☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਅੱਠਵਾਂ ਭਾਗ







http://nehklankharshabad.com/

## ✪ ਤਤਕਰਾ ✪





| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੦੧ ਪੋਹ ੨੦੧੫ ਬਿਕ੍ਰਮੀ | ਅਠਾਠ ਦਿਨ ਦੇ ਦੌਰੇ ਬਾਅਦ ਦਰਬਾਰ ਵਿਚ ਜੇਠੂਵਾਲ | | | ੦੦੧ |
| ੦੨ ਪੋਹ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੦੨੨ |
| ੨੬ ਪੋਹ ੨੦੧੫ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੦੩੮ |
| ੨੮ ਪੋਹ ੨੦੧੫ ਬਿਕ੍ਰਮੀ | ਜਸਬੀਰ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸਪੁਰ | ੦੮੮ |
| ੨੯ ਪੋਹ ੨੦੧੫ ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਹਿ | ਭੋਲੇ ਕੇ | ਗੁਰਦਾਸਪੁਰ | ੦੯੫ |
| ੨੯ ਪੋਹ ੨੦੧੫ ਬਿਕ੍ਰਮੀ | ਚਰਨ ਸਿੰਘ ਦੇ ਗ੍ਰਹਿ | ਕਲਾਰ | ਗੁਰਦਾਸਪੁਰ | ੧੦੦ |
| ੨੯ ਪੋਹ ੨੦੧੫ ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਹਿ | ਬਲ | ਗੁਰਦਾਸਪੁਰ | ੧੦੨ |
| ੨੯ ਪੋਹ ੨੦੧੫ ਬਿਕ੍ਰਮੀ | ਮੱਸਾ ਸਿੰਘ ਦੇ ਨਵਿਤ | ਬਲ | ਗੁਰਦਾਸਪੁਰ | ੧੧੧ |
| ੩੦ ਪੋਹ ੨੦੧੫ ਬਿਕ੍ਰਮੀ | ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੧੪ |
| ੦੧ ਮਾਘ ੨੦੧੫ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਟਾਂਗਰਾ | ਅੰਮ੍ਰਿਤਸਰ | ੧੧੬ |
| ੨੧ ਮਾਘ ੨੦੧੫ ਬਿਕ੍ਰਮੀ | ਜਾਗੀਰ ਸਿੰਘ ਦੇ ਗ੍ਰਹਿ | ਸੋਹਲ | ਗੁਰਦਾਸਪੁਰ | ੧੨੩ |
| ੨੧ ਮਾਘ ੨੦੧੫ ਬਿਕ੍ਰਮੀ | ਚਰਨ ਸਿੰਘ ਦੇ ਗ੍ਰਹਿ | ਮਹਰਾਜਪੁਰ | ਗੁਰਦਾਸਪੁਰ | ੧੨੮ |
| ੨੨ ਮਾਘ ੨੦੧੫ ਬਿਕ੍ਰਮੀ | ਰਾਜ ਸਿੰਘ ਦੇ ਗ੍ਰਹਿ | ਮਹਰਾਜਪੁਰ | ਗੁਰਦਾਸਪੁਰ | ੧੩੮ |
| ੨੨ ਮਾਘ ੨੦੧੫ ਬਿਕ੍ਰਮੀ | ਮਹਿੰਗਾ ਸਿੰਘ ਦੇ ਗ੍ਰਹਿ | ਸਦਾ ਸਿੰਘ ਵਾਲਾ | ਗੁਰਦਾਸਪੁਰ | ੧੪੦ |
| ੨੨ ਮਾਘ ੨੦੧੫ ਬਿਕ੍ਰਮੀ | ਅਤਰ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੪੧ |
| ੨੩ ਮਾਘ ੨੦੧੫ ਬਿਕ੍ਰਮੀ | ਲੱਖਾ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੫੦ |
| ੨੪ ਮਾਘ ੨੦੧੫ ਬਿਕ੍ਰਮੀ | ਮੁਨਸ਼ਾ ਸਿੰਘ ਦੇ ਗ੍ਰਹਿ | ਨੌਸ਼ਹਿਰਾ | ਗੁਰਦਾਸਪੁਰ | ੧੫੩ |
| ੨੪ ਮਾਘ ੨੦੧੫ ਬਿਕ੍ਰਮੀ | ਚਰਨ ਸਿੰਘ ਦੇ ਗ੍ਰਹਿ | ਸੁਲਤਾਨੀ | ਗੁਰਦਾਸਪੁਰ | ੧੫੯ |
| ੨੪ ਮਾਘ ੨੦੧੫ ਬਿਕ੍ਰਮੀ | ਬੁੜ ਸਿੰਘ ਦੇ ਗ੍ਰਹਿ | ਵਜ਼ੀਰ ਪੁਰ | ਗੁਰਦਾਸਪੁਰ | ੧੬੧ |
| ੨੫ ਮਾਘ ੨੦੧੫ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਦੁਰਾਂਗਲਾ | ਗੁਰਦਾਸਪੁਰ | ੧੬੭ |






1




| | | | |
|---|---|---|---|
| ੨੫ ਮਾਘ ੨੦੧੫ ਬਿਕ੍ਰਮੀ ਬਚਨ ਸਿੰਘ ਦੇ ਗ੍ਰਹਿ | ਕਾਣਾ ਕੋਟਾ | ਗੁਰਦਾਸਪੁਰ | ੧੭੦ |
| ੨੬ ਮਾਘ ੨੦੧੫ ਬਿਕ੍ਰਮੀ ਸੰਤ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੧੭੫ |
| ੨੬ ਮਾਘ ੨੦੧੫ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੧੮੧ |
| ੨੭ ਮਾਘ ੨੦੧੫ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ | ਅੱਲੜਪਿੰਡੀ | ਗੁਰਦਾਸਪੁਰ | ੧੮੮ |
| ੨੮ ਮਾਘ ੨੦੧੫ ਬਿਕ੍ਰਮੀ — | ਤਾਰਾ ਚੱਕ | ਗੁਰਦਾਸਪੁਰ | ੨੦੧ |
| ੨੯ ਮਾਘ ੨੦੧੫ ਬਿਕ੍ਰਮੀ ਕਪਤਾਨ ਬੰਤਾ ਸਿੰਘ ਦੇ ਗ੍ਰਹਿ | ਪੰਜ ਗਰਾਈ | ਗੁਰਦਾਸਪੁਰ | ੨੦੫ |
| ੨੯ ਮਾਘ ੨੦੧੫ ਬਿਕ੍ਰਮੀ ਅਮੀਰ ਚੰਦ ਗੁਲਾਟੀ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੨੦੮ |
| ੨੯ ਮਾਘ ੨੦੧੫ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੨੧੪ |
| ੦੧ ਫੱਗਣ ੨੦੧੫ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੨੨ |
| ੦੧ ਫੱਗਣ ੨੦੧੫ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੨੭ |
| ੦੨ ਫੱਗਣ ੨੦੧੫ ਹਰਬੰਸ ਸਿੰਘ ਬਲਵੰਤ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੨੩੪ |
| ੦੩ ਫੱਗਣ ੨੦੧੫ ਬਲਦੇਵ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੨੪੬ |
| ੦੩ ਫੱਗਣ ੨੦੧੫ ਬੇਲਾ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੨੫੨ |
| ੦੩ ਫੱਗਣ ੨੦੧੫ ਅਵਤਾਰ ਸਿੰਘ ਦੇ ਗ੍ਰਹਿ | ਕਾਉਂਕੇ | ਅੰਮ੍ਰਿਤਸਰ | ੨੫੪ |
| ੧੪ ਫੱਗਣ ੨੦੧੫ ਦਿੱਲੀ ਸਿੰਘਾਸਣ ਪਰ | ਦਿੱਲੀ | ਦਿੱਲੀ | ੨੬੧ |
| ੧੪ ਫੱਗਣ ੨੦੧੫ ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | ਗੁੜਗਾਉਂ | ੨੭੩ |
| ੦੧ ਚੇਤ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੨੭੫ |
| ੧੨ ਚੇਤ ੨੦੧੬ ਬਿਕ੍ਰਮੀ ਮੋਹਣ ਸਿੰਘ ਦੇ ਗ੍ਰਹਿ | ਸਕਿਆਂ ਵਾਲੀ | ਅੰਮ੍ਰਿਤਸਰ | ੨੯੨ |
| ੧੩ ਚੇਤ ੨੦੧੬ ਬਿਕ੍ਰਮੀ — | ਭਲਾਈ ਪੁਰ ਡੋਗਰਾਂ | ਅੰਮ੍ਰਿਤਸਰ | ੩੦੩ |
| ੧੫ ਚੇਤ ੨੦੧੬ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੩੦੬ |
| ੧੬ ਚੇਤ ੨੦੧੬ ਬਿਕ੍ਰਮੀ ਸੁਖਦੇਵ ਰਾਜ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੧੧ |
| ੧੭ ਚੇਤ ੨੦੧੬ ਬਿਕ੍ਰਮੀ ਅਰੂੜ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੩੨ |




2 ੦੮

2 ੦੮




| | | | |
|---|---|---|---|
| ੧੭ ਚੇਤ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੪ |
| ੧੭ ਚੇਤ ੨੦੧੬ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੪ |
| ੧੭ ਚੇਤ ੨੦੧੬ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੫ |
| ੧੭ ਚੇਤ ੨੦੧੬ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੫ |
| ੧੭ ਚੇਤ ੨੦੧੬ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੫ |
| ੧੭ ਚੇਤ ੨੦੧੬ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੬ |
| ੧੭ ਚੇਤ ੨੦੧੬ ਬਿਕ੍ਰਮੀ ਸਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੩੨੬ |
| ੧੭ ਚੇਤ ੨੦੧੬ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੩੨੭ |
| ੧੮ ਚੇਤ ੨੦੧੬ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੩੩੦ |
| ੧੮ ਚੇਤ ੨੦੧੬ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹਿ | ਮਾਲਚੱਕ | ਅੰਮ੍ਰਿਤਸਰ | ੩੩੪ |
| ੧੮ ਚੇਤ ੨੦੧੬ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੩੫ |
| ੧੮ ਚੇਤ ੨੦੧੬ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ ਚੰਬਲ | ਉਸਮਾ | ਅੰਮ੍ਰਿਤਸਰ | ੩੫੧ |
| ੧੮ ਚੇਤ ੨੦੧੬ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੫੮ |
| ੧੯ ਚੇਤ ੨੦੧੬ ਬਿਕ੍ਰਮੀ ਚੰਨਣ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੬੧ |
| ੧੯ ਚੇਤ ੨੦੧੬ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੬੩ |
| ੧੯ ਚੇਤ ੨੦੧੬ ਬਿਕ੍ਰਮੀ ਕੁਲਵੰਤ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੬੩ |
| ੧੯ ਚੇਤ ੨੦੧੬ ਬਿਕ੍ਰਮੀ ਮੋਹਣ ਸਿੰਘ ਦੇ ਗ੍ਰਿਹਿ | ਉਸਮਾ | ਅੰਮ੍ਰਿਤਸਰ | ੩੬੪ |
| ੧੯ ਚੇਤ ੨੦੧੬ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਿਹਿ | ਜੱਟਾ | ਅੰਮ੍ਰਿਤਸਰ | ੩੬੫ |
| ੧੯ ਚੇਤ ੨੦੧੬ ਬਿਕ੍ਰਮੀ ਨਿਰੰਜਣ ਸਿੰਘ ਕਰਤਾਰ ਸਿੰਘ ਦੇ ਗ੍ਰਿਹਿ ਚੰਬਲ | | ਅੰਮ੍ਰਿਤਸਰ | ੩੬੬ |
| ੧੯ ਚੇਤ ੨੦੧੬ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੩੬੭ |
| ੧੯ ਚੇਤ ੨੦੧੬ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੩੬੯ |
| ੧੯ ਚੇਤ ੨੦੧੬ ਬਿਕ੍ਰਮੀ ਕੇਸੋ ਰਾਮ ਦੇ ਗ੍ਰਿਹਿ | ਸਰਹਾਲੀ ਜੰਡੋ ਕੇ | ਅੰਮ੍ਰਿਤਸਰ | ੩੭੦ |




3

3




| | | | |
|---|---|---|---|
| ੨੦ ਚੇਤ ੨੦੧੬ ਬਿਕ੍ਰਮੀ ਸੱਜਣ ਸਿੰਘ ਦੇ ਗ੍ਰਹਿ | ਸਰਹਾਲੀ ਜੰਡੋ ਕੇ | ਅੰਮ੍ਰਿਤਸਰ | ੩੭੭ |
| ੨੦ ਚੇਤ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੩੮੧ |
| ੨੧ ਚੇਤ ੨੦੧੬ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੩੮੮ |
| ੨੧ ਚੇਤ ੨੦੧੬ ਬਿਕ੍ਰਮੀ ਜਾਗੀਰ ਸਿੰਘ ਦੇ ਗ੍ਰਹਿ | ਗੱਗੋ ਬੂਆ | ਅੰਮ੍ਰਿਤਸਰ | ੩੮੯ |
| ੨੧ ਚੇਤ ੨੦੧੬ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ ਸੋਹਲ | ਗੱਗੋ ਬੂਆ | ਅੰਮ੍ਰਿਤਸਰ | ੩੯੦ |
| ੨੧ ਚੇਤ ੨੦੧੬ ਬਿਕ੍ਰਮੀ ਸੁਰਜਨ ਸਿੰਘ ਦੇ ਗ੍ਰਹਿ | ਭੁੱਚਰ | ਅੰਮ੍ਰਿਤਸਰ | ੩੯੩ |
| ੨੨ ਚੇਤ ੨੦੧੬ ਬਿਕ੍ਰਮੀ ਮਨੀ ਰਾਮ ਦੇ ਗ੍ਰਹਿ | ਸਿਧਵਾ | ਅੰਮ੍ਰਿਤਸਰ | ੪੦੦ |
| ੨੨ ਚੇਤ ੨੦੧੬ ਬਿਕ੍ਰਮੀ — | ਮਾੜੀ ਮੇਘਾ | ਅੰਮ੍ਰਿਤਸਰ | ੪੦੪ |
| ੨੩ ਚੇਤ ੨੦੧੬ ਬਿਕ੍ਰਮੀ — | ਨਾਰਲਾ | ਅੰਮ੍ਰਿਤਸਰ | ੪੧੫ |
| ੨੩ ਚੇਤ ੨੦੧੬ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਤਰਨ ਤਾਰਨ | ਅੰਮ੍ਰਿਤਸਰ | ੪੧੮ |
| ੨੩ ਚੇਤ ੨੦੧੬ ਬਿਕ੍ਰਮੀ — | ਸਫੀ ਪੁਰ | ਅੰਮ੍ਰਿਤਸਰ | ੪੨੫ |
| ੨੩ ਚੇਤ ੨੦੧੬ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੯ |
| ੨੪ ਚੇਤ ੨੦੧੬ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੩੪ |
| ੨੪ ਚੇਤ ੨੦੧੬ ਬਿਕ੍ਰਮੀ — | ਬੰਡਾਲਾ | ਅੰਮ੍ਰਿਤਸਰ | ੪੩੭ |
| ੨੪ ਚੇਤ ੨੦੧੬ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੩੮ |
| ੨੪ ਚੇਤ ੨੦੧੬ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੪੩੮ |
| ੨੪ ਚੇਤ ੨੦੧੬ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੪੪੨ |
| ੨੪ ਚੇਤ ੨੦੧੬ ਬਿਕ੍ਰਮੀ ਟੇਕ ਚੰਦ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੪੪੫ |
| ੦੧ ਵਿਸਾਖ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੪੫ |
| ੦੧ ਜੇਠ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੫੪ |
| ੦੧ ਜੇਠ ੨੦੧੬ ਬਿਕ੍ਰਮੀ ਮਹਾਰਾਜਾ ਸੰਗਰੂਰ ਰਾਜਬੀਰ ਸਿੰਘ ਨੂੰ ਸ਼ਬਦ ਭੇਜਿਆ | | ਅੰਮ੍ਰਿਤਸਰ | ੪੭੫ |
| ੦੨ ਜੇਠ ੨੦੧੬ ਬਿਕ੍ਰਮੀ ਬੰਤਾ ਸਿੰਘ ਦੇ ਗ੍ਰਹਿ | ਨਿਜਰ | ਅੰਮ੍ਰਿਤਸਰ | ੪੭੮ |








| | | | | | | | |
|---|---|---|---|---|---|---|---|
| ੦੫ | ਜੇਠ | ੨੦੧੬ | ਬਿਕ੍ਰਮੀ | ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੪੮੬ |
| ੧੪ | ਜੇਠ | ੨੦੧੬ | ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਿਹ | ਗੁੜਗਾਉਂ | ਗੁੜਗਾਉਂ | ੫੦੦ |
| ੨੧ | ਜੇਠ | ੨੦੧੬ | ਬਿਕ੍ਰਮੀ | ਚੇਲਾ ਸਿੰਘ ਦੇ ਗ੍ਰਿਹ | ਵਜਾਰਤ ਰੋਡ | ਜੰਮੂ | ੫੦੩ |
| ੨੨ | ਜੇਠ | ੨੦੧੬ | ਬਿਕ੍ਰਮੀ | ਤੇਜ ਭਾਨ ਦੇ ਗ੍ਰਿਹ | ਸੇਖ਼ਸਰ | ਜੰਮੂ | ੫੨੦ |
| ੨੩ | ਜੇਠ | ੨੦੧੬ | ਬਿਕ੍ਰਮੀ | ਰਾਮ ਲਾਲ ਦੇ ਗ੍ਰਿਹ | ਸਰਦਾਰੀ | ਜੰਮੂ | ੫੩੦ |
| ੨੩ | ਜੇਠ | ੨੦੧੬ | ਬਿਕ੍ਰਮੀ | ਕਰਨ ਸਿੰਘ ਦੇ ਗ੍ਰਿਹ | ਸੇਖ਼ਸਰ | ਜੰਮੂ | ੫੪੦ |
| ੨੩ | ਜੇਠ | ੨੦੧੬ | ਬਿਕ੍ਰਮੀ | ਤੇਜ ਭਾਨ ਦੇ ਗ੍ਰਿਹ | ਸੇਖ਼ਸਰ | ਜੰਮੂ | ੫੪੧ |
| ੨੪ | ਜੇਠ | ੨੦੧੬ | ਬਿਕ੍ਰਮੀ | ਗੂੜਾ ਰਾਮ ਦੇ ਗ੍ਰਿਹ | ਸੇਖ਼ਸਰ | ਜੰਮੂ | ੫੫੦ |
| ੨੪ | ਜੇਠ | ੨੦੧੬ | ਬਿਕ੍ਰਮੀ | ਤੇਜ ਭਾਨ ਦੇ ਗ੍ਰਿਹ | ਸੇਖ਼ਸਰ | ਜੰਮੂ | ੫੫੫ |
| ੨੪ | ਜੇਠ | ੨੦੧੬ | ਬਿਕ੍ਰਮੀ | ਦੇਵਾ ਸਿੰਘ ਦੇ ਗ੍ਰਿਹ | ਧੰਗਾਲੀ | ਜੰਮੂ | ੫੫੬ |
| ੨੫ | ਜੇਠ | ੨੦੧੬ | ਬਿਕ੍ਰਮੀ | ਸੰਸਾਰ ਸਿੰਘ ਦੇ ਗ੍ਰਿਹ | ਛੰਬ | ਜੰਮੂ | ੫੭੨ |
| ੨੬ | ਜੇਠ | ੨੦੧੬ | ਬਿਕ੍ਰਮੀ | ਗੁਰਦਵਾਰੇ ਵਿਚ | ਛੰਬ | ਜੰਮੂ | ੫੮੨ |
| ੨੬ | ਜੇਠ | ੨੦੧੬ | ਬਿਕ੍ਰਮੀ | ਗੁਰਦਵਾਰੇ ਵਿਚ | ਛੰਬ | ਜੰਮੂ | ੫੮੩ |
| ੨੬ | ਜੇਠ | ੨੦੧੬ | ਬਿਕ੍ਰਮੀ | ਸ਼ੰਕਰ ਦਾਸ ਦੇ ਗ੍ਰਿਹ | ਝੰਡੇ | ਜੰਮੂ | ੫੮੫ |
| ੨੬ | ਜੇਠ | ੨੦੧੬ | ਬਿਕ੍ਰਮੀ | ਭਾਗ ਸਿੰਘ ਦੇ ਗ੍ਰਿਹ | ਝੰਡੇ | ਜੰਮੂ | ੫੮੯ |
| ੨੬ | ਜੇਠ | ੨੦੧੬ | ਬਿਕ੍ਰਮੀ | ਪੂਰਨ ਚੰਦ ਦੇ ਗ੍ਰਿਹ | ਝੰਡੇ | ਜੰਮੂ | ੫੯੦ |
| ੨੬ | ਜੇਠ | ੨੦੧੬ | ਬਿਕ੍ਰਮੀ | ਸਾਂਈ ਦਾਸ ਦੇ ਗ੍ਰਿਹ | ਝੰਡੇ | ਜੰਮੂ | ੫੯੦ |
| ੨੬ | ਜੇਠ | ੨੦੧੬ | ਬਿਕ੍ਰਮੀ | ਬੀਬੀ | ਛੰਬ | ਜੰਮੂ | ੫੯੧ |
| ੨੭ | ਜੇਠ | ੨੦੧੬ | ਬਿਕ੍ਰਮੀ | ਭੋਲਾ ਰਾਮ ਦੇ ਗ੍ਰਿਹ | ਜੌੜੀਆਂ | ਜੰਮੂ | ੫੯੭ |
| ੨੭ | ਜੇਠ | ੨੦੧੬ | ਬਿਕ੍ਰਮੀ | ਪ੍ਰਕਾਸ਼ ਚੰਦ ਦੇ ਗ੍ਰਿਹ | ਜੌੜੀਆਂ | ਜੰਮੂ | ੬੦੦ |
| ੨੮ | ਜੇਠ | ੨੦੧੬ | ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹ | ਬਟਾਲਾ | ਗੁਰਦਾਸਪੁਰ | ੬੦੯ |
| ੦੧ | ਹਾੜ | ੨੦੧੬ | ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੧੧ |

5 ੦੮

5 ੦੮








| | | | |
|---|---|---|---|
| ੧੧ ਹਾੜ ਬਿਕ੍ਰਮੀ ੨੦੧੬ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੨੭ |
| ੧੨ ਹਾੜ ੨੦੧੬ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ | ਵੈਰੋਵਾਲ | ਅੰਮ੍ਰਿਤਸਰ | ੬੪੪ |
| ੧੨ ਹਾੜ ੨੦੧੬ ਬਿਕ੍ਰਮੀ ਅਮਰਜੀਤ ਸਿੰਘ ਦੇ ਅਨੰਦ ਕਾਰਜ ਪਿਛੋਂ | | | ੬੫੨ |
| ੧੨ ਹਾੜ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੫੩ |
| ੧੬ ਹਾੜ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੫੮ |
| ੧੭ ਹਾੜ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੬੬੫ |
| ੨੮ ਹਾੜ ੨੦੧੬ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | ਗੁੜਗਾਉਂ | ੭੧੫ |
| ੨੮ ਹਾੜ ੨੦੧੬ ਬਿਕ੍ਰਮੀ ਦਿੱਲੀ ਸਿੰਘਾਸਣ ਦਰਬਾਰ ਵਿਚ | ਦਿੱਲੀ | ਦਿੱਲੀ | ੭੧੮ |
| ੨੮ ਹਾੜ ੨੦੧੬ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਵੈਸਟ ਈਸਟ ਏਰੀਆ ਦਿੱਲੀ | | ੭੨੧ |
| ੦੧ ਸਾਵਣ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੨੪ |
| ੦੨ ਸਾਵਣ ੨੦੧੬ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ | ਰਜੀਵਾਲਾ | ਫਿਰੋਜਪੁਰ | ੭੩੨ |
| ੦੨ ਸਾਵਣ ੨੦੧੬ ਬਿਕ੍ਰਮੀ ਮਲ ਸਿੰਘ ਦੇ ਗ੍ਰਹਿ | ਰਜੀਵਾਲਾ | ਫਿਰੋਜਪੁਰ | ੭੩੫ |
| ੦੩ ਸਾਵਣ ੨੦੧੬ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਹਿ | ਅਜਿਤਵਾਲ | ਫਿਰੋਜਪੁਰ | ੭੪੦ |
| ੦੪ ਸਾਵਣ ੨੦੧੬ ਬਿਕ੍ਰਮੀ ਮਿਹਰ ਸਿੰਘ ਦੇ ਗ੍ਰਹਿ | ਜਗਰਾਉਂ ਸ਼ਹਿਰ | ਫਿਰੋਜਪੁਰ | ੭੫੧ |
| ੦੪ ਸਾਵਣ ੨੦੧੬ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਹਿ | ਸਦਾ ਸਿੰਘ ਵਾਲਾ | ਫਿਰੋਜਪੁਰ | ੭੫੫ |
| ੦੫ ਸਾਵਣ ੨੦੧੬ ਬਿਕ੍ਰਮੀ ਜੋਰਾ ਸਿੰਘ ਦੇ ਗ੍ਰਹਿ | ਸਦਾ ਸਿੰਘ ਵਾਲ | ਫਿਰੋਜਪੁਰ | ੭੬੧ |
| ੦੫ ਸਾਵਣ ੨੦੧੬ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜਪੁਰ | ੭੬੫ |
| ੦੫ ਸਾਵਣ ੨੦੧੬ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜਪੁਰ | ੭੬੭ |
| ੦੬ ਸਾਵਣ ੨੦੧੬ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜਪੁਰ | ੭੭੨ |
| ੦੬ ਸਾਵਣ ੨੦੧੬ ਬਿਕ੍ਰਮੀ ਬੁੜ ਸਿੰਘ ਦੇ ਘਰ | ਨਾਥੇਵਾਲ | ਫ਼ਿਰੋਜ਼ਪੁਰ | ੭੭੭ |
| ੦੭ ਸਾਵਣ ੨੦੧੬ ਬਿਕ੍ਰਮੀ ਮੁਕੰਦ ਸਿੰਘ ਦੇ ਗ੍ਰਹਿ | ਮਹਰਾਜ | ਫਿਰੋਜਪੁਰ | ੭੮੧ |
| ੦੮ ਸਾਵਣ ੨੦੧੬ ਬਿਕ੍ਰਮੀ ਵਧਾਵਾ ਸਿੰਘ ਦੇ ਗ੍ਰਹਿ | ਮਹਰਾਜ | ਫਿਰੋਜਪੁਰ | ੭੮੯ |





6 ੦੮




| | | | | |
|---|---|---|---|---|
| ੦੯ ਸਾਵਣ ੨੦੧੬ ਬਿਕ੍ਰਮੀ | ਅਜੈਬ ਸਿੰਘ ਦੇ ਗ੍ਰਿਹਿ | ਅਰਨੀ ਵਾਲਾ ਮਲੋਟ ਮੰਡੀ | | ੮੦੦ |
| ੧੦ ਸਾਵਣ ੨੦੧੬ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਅਬੋਹਰ ਸ਼ਹਿਰ | ਫਿਰੋਜਪੁਰ | ੮੦੫ |
| ੧੧ ਸਾਵਣ ੨੦੧੬ ਬਿਕ੍ਰਮੀ | | ਭੁੰਡਰ | ਫਿਰੋਜਪੁਰ | ੮੧੫ |
| ੧੧ ਸਾਵਣ ੨੦੧੬ ਬਿਕ੍ਰਮੀ | ਬੀਬੀ ਪ੍ਰੀਤੋ ਦੇ ਗ੍ਰਿਹਿ | ਮਦਰਸਾ | ਫਿਰੋਜਪੁਰ | ੮੧੭ |
| ੧੨ ਸਾਵਣ ੨੦੧੬ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਸਾਦਕ | ਫਿਰੋਜਪੁਰ | ੮੧੯ |
| ੧੩ ਸਾਵਣ ੨੦੧੬ ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜਪੁਰ | ੮੨੭ |
| ੧੪ ਸਾਵਣ ੨੦੧੬ ਬਿਕ੍ਰਮੀ | — | | ਫਿਰੋਜਪੁਰ | ੮੩੮ |
| ੧੪ ਸਾਵਣ ੨੦੧੬ ਬਿਕ੍ਰਮੀ | ਧਰਮ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜਪੁਰ | ੮੩੯ |
| ੧੪ ਸਾਵਣ ੨੦੧੬ ਬਿਕ੍ਰਮੀ | ਸੁਚਾ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜਪੁਰ | ੮੪੩ |
| ੧੫ ਸਾਵਣ ੨੦੧੬ ਬਿਕ੍ਰਮੀ | ਅਰਜਨ ਸਿੰਘ ਦੇ ਗ੍ਰਿਹਿ | ਪਿਪਲੀ | ਫਿਰੋਜਪੁਰ | ੮੪੯ |
| ੧੫ ਸਾਵਣ ੨੦੧੬ ਬਿਕ੍ਰਮੀ | — | ਗੋਲੇਵਾਲ | ਫਿਰੋਜਪੁਰ | ੮੫੪ |
| ੧੫ ਸਾਵਣ ੨੦੧੬ ਬਿਕ੍ਰਮੀ | ਰਾਮ ਸਿੰਘ ਦੇ ਗ੍ਰਿਹਿ | ਫਿਰੋਜਪੁਰ ਛਾਉਣੀ | ਫਿਰੋਜਪੁਰ | ੮੫੭ |
| ੧੬ ਸਾਵਣ ੨੦੧੬ ਬਿਕ੍ਰਮੀ | ਗੁਰਚਰਨ ਕੌਰ ਦੇ ਗ੍ਰਿਹਿ | ਫਿਰੋਜਪੁਰ | ਫਿਰੋਜਪੁਰ | ੮੬੭ |
| ੧੭ ਸਾਵਣ ੨੦੧੬ ਬਿਕ੍ਰਮੀ | ਸੁਲੱਖਣ ਸਿੰਘ ਦੇ ਗ੍ਰਿਹਿ | ਰੁਗਨਾ ਮੂੰਗਲਾ | ਫਿਰੋਜਪੁਰ | ੮੮੨ |
| ੧੭ ਸਾਵਣ ੨੦੧੬ ਬਿਕ੍ਰਮੀ | ਜਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜਪੁਰ | ੮੮੪ |
| ੧੮ ਸਾਵਣ ੨੦੧੬ ਬਿਕ੍ਰਮੀ | ਗੁਰਦਾਸ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੮੮੭ |
| ੧੮ ਸਾਵਣ ੨੦੧੬ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾਂ | ਫਿਰੋਜ਼ਪੁਰ | ੮੯੧ |
| ੧੯ ਸਾਵਣ ੨੦੧੬ ਬਿਕ੍ਰਮੀ | ਬਲੀ ਸਿੰਘ ਦੇ ਗ੍ਰਿਹਿ | ਕੈਰੋਂ | ਅੰਮ੍ਰਿਤਸਰ | ੮੯੮ |
| ੦੧ ਭਾਦਰੋਂ ੨੦੧੬ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੦੬ |
| ੦੨ ਭਾਦਰੋਂ ੨੦੧੬ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੧੮ |
| ੦੨ ਭਾਦਰੋਂ ੨੦੧੬ ਬਿਕ੍ਰਮੀ | ਹਜਾਰਾ ਸਿੰਘ ਦੇ ਗ੍ਰਿਹਿ | ਛੀਨੇ | ਅੰਮ੍ਰਿਤਸਰ | ੯੧੯ |
| ੦੩ ਭਾਦਰੋਂ ੨੦੧੬ ਬਿਕ੍ਰਮੀ | | ਮਾਨਾ ਵਾਲਾ | ਅੰਮ੍ਰਿਤਸਰ | ੯੩੦ |





7 ੦੮






8 8
੦੮ ੦੮

| | | | | | | | |
|---|---|---|---|---|---|---|---|
| ੦੪ | ਭਾਦਰੋਂ | ੨੦੧੯ | ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਹਿ | ਮਾਨਾ ਵਾਲਾ | ਅੰਮ੍ਰਿਤਸਰ | ੯੩੪ |
| ੦੪ | ਭਾਦਰੋਂ | ੨੦੧੯ | ਬਿਕ੍ਰਮੀ | ਸੁਰਿੰਦਰ ਸਿੰਘ ਦੇ ਗ੍ਰਹਿ | ਭੁੱਲਰ | ਅੰਮ੍ਰਿਤਸਰ | ੯੪੨ |
| ੦੫ | ਭਾਦਰੋਂ | ੨੦੧੯ | ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਸਾਰਿੰਗੜਾ | ਅੰਮ੍ਰਿਤਸਰ | ੯੬੪ |
| ੦੬ | ਭਾਦਰੋਂ | ੨੦੧੯ | ਬਿਕ੍ਰਮੀ | ਅਵਤਾਰ ਸਿੰਘ ਦੇ ਗ੍ਰਹਿ | ਕਾਉਂਕੇ | ਅੰਮ੍ਰਿਤਸਰ | ੯੭੪ |
| ੦੬ | ਭਾਦਰੋਂ | ੨੦੧੯ | ਬਿਕ੍ਰਮੀ | ਹਜ਼ਾਰਾ ਸਿੰਘ ਦੇ ਗ੍ਰਹਿ | ਕਾਉਂਕੇ | ਅੰਮ੍ਰਿਤਸਰ | ੯੮੩ |
| ੦੬ | ਭਾਦਰੋਂ | ੨੦੧੯ | ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੯੮੫ |
| ੦੭ | ਭਾਦਰੋਂ | ੨੦੧੯ | ਬਿਕ੍ਰਮੀ | ਬਲਦੇਵ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੯੯੫ |
| ੦੭ | ਭਾਦਰੋਂ | ੨੦੧੯ | ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਗੁਮਾਨ ਪੁਰਾ | ਅੰਮ੍ਰਿਤਸਰ | ੯੯੯ |
| ੦੭ | ਭਾਦਰੋਂ | ੨੦੧੯ | ਬਿਕ੍ਰਮੀ | ਨਰਾਇਣ ਸਿੰਘ ਦੇ ਘਰ ਪਿੰਡ | ਗੁਮਾਨ ਪੁਰ | ਅੰਮ੍ਰਿਤਸਰ | ੧੦੦੧ |
| ੦੭ | ਭਾਦਰੋਂ | ੨੦੧੯ | ਬਿਕ੍ਰਮੀ | — | ਵੇਰਕਾ | ਅੰਮ੍ਰਿਤਸਰ | ੧੦੦੭ |
| ੦੧ | ਅੱਸੂ | ੨੦੧੯ | ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੧੭ |
| ੦੨ | ਅੱਸੂ | ੨੦੧੯ | ਬਿਕ੍ਰਮੀ | ਕੇਸਰ ਸਿੰਘ ਦੇ ਗ੍ਰਹਿ | ਡੱਲੇ ਵਾਲਾ | ਜਲੰਧਰ | ੧੦੩੨ |
| ੦੩ | ਅੱਸੂ | ੨੦੧੯ | ਬਿਕ੍ਰਮੀ | ਮਹਾਰਾਜ ਰਾਜਬੀਰ ਸਿੰਘ | ਮੁਬਾਰਕ ਕੋਠੀ | ਸੰਗਰੂਰ | ੧੦੩੮ |
| ੦੪ | ਅੱਸੂ | ੨੦੧੯ | ਬਿਕ੍ਰਮੀ | ਨਿਰੰਜਣ ਸਿੰਘ ਦੇ ਗ੍ਰਹਿ | ਉਚੀ ਬਸਤੀ | ਲੁਧਿਆਣਾ | ੧੦੪੦ |
| ੦੫ | ਅੱਸੂ | ੨੦੧੯ | ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੪੬ |
| ੦੬ | ਅੱਸੂ | ੨੦੧੯ | ਬਿਕ੍ਰਮੀ | ਸੁਰਜਣ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੫੮ |
| ੦੬ | ਅੱਸੂ | ੨੦੧੯ | ਬਿਕ੍ਰਮੀ | ਬਿਸ਼ਨ ਦਾਸ ਦੇ ਗ੍ਰਹਿ | ਢਿਕੀ ਚੱਕੀਆਂ | ਜਲੰਧਰ | ੧੦੫੯ |
| ੨੪ | ਅੱਸੂ | ੨੦੧੯ | ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | ਗੁੜਗਾਉਂ | ੧੦੬੨ |
| ੨੪ | ਅੱਸੂ | ੨੦੧੯ | ਬਿਕ੍ਰਮੀ | ਮਸਤੂਆਣੇ ਦੇ ਸੰਤਾਂ ਨੂੰ | ਗੁੜਗਾਉਂ | ਗੁੜਗਾਉਂ | ੧੦੬੬ |
| ੨੬ | ਅੱਸੂ | ੨੦੧੯ | ਬਿਕ੍ਰਮੀ | ਚੰਨਨ ਸਿੰਘ ਦੇ ਗ੍ਰਹਿ | ਦਿਲੀ ਛਾਉਣੀ | ਦਿਲੀ | ੧੦੬੯ |
| ੨੬ | ਅੱਸੂ | ੨੦੧੯ | ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਹਿ | ਕਰੋਲ ਬਾਗ | ਦਿਲੀ | ੧੦੭੦ |
| ੨੬ | ਅੱਸੂ | ੨੦੧੯ | ਬਿਕ੍ਰਮੀ | ਦਰਬਾਰ ਵਿਚ | ਦਿਲੀ | ਦਿਲੀ | ੧੦੭੬ |




| | | | |
|---|---|---|---|
| ੦੧ ਕੱਤਕ ੨੦੧੬ ਬਿਕ੍ਰਮੀ ੧੫ ਕੱਤਕ ਨਵਿਤ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੮੩ |
| ੧੫ ਕੱਤਕ ੨੦੧੬ ਬਿਕ੍ਰਮੀ | ਮਸਤੂਆਣਾ | | ੧੧੦੫ |
| ੧੬ ਕੱਤਕ ੨੦੧੬ ਬਿਕ੍ਰਮੀ ਤਰਲੋਕ ਸਿੰਘ ਦੇ ਗ੍ਰਹਿ | ਸਨਾਮ ਸ਼ਹਿਰ | | ੧੧੩੩ |
| ੧੭ ਕੱਤਕ ੨੦੧੬ ਬਿਕ੍ਰਮੀ ਸੰਤ ਤੇਜਾ ਸਿੰਘ ਨਾਲ | ਚੀਮੇ | ਸੰਗਰੂਰ | ੧੧੪੨ |
| ੧੭ ਕੱਤਕ ੨੦੧੬ ਬਿਕ੍ਰਮੀ ਸਰਦੂਲ ਸਿੰਘ ਦੇ ਗ੍ਰਹਿ | ਕਹੇਰੂ | ਸੰਗਰੂਰ | ੧੧੪੩ |
| ੧੮ ਕੱਤਕ ੨੦੧੬ ਬਿਕ੍ਰਮੀ ਬੱਗਾ ਸਿੰਘ ਦੇ ਘਰ | ਨੱਤ | ਲੁਧਿਆਣਾ | ੧੧੫੮ |
| ੧੯ ਕੱਤਕ ੨੦੧੬ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੧੫੪ |
| ੨੦ ਕੱਤਕ ੨੦੧੬ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਝੰਡੇਰ | ਜਲੰਧਰ | ੧੧੭੯ |
| ੨੧ ਕੱਤਕ ੨੦੧੬ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਹਿ | ਦੁਸ਼ਾਂਝ ਖੁਰਦ | ਜਲੰਧਰ | ੧੧੮੫ |
| ੨੨ ਕੱਤਕ ੨੦੧੬ ਬਿਕ੍ਰਮੀ ਮਲ ਸਿੰਘ ਦੇ ਗ੍ਰਹਿ | ਲੱਲੀਆਂ ਕਲਾਂ | ਜਲੰਧਰ | ੧੧੯੨ |
| ੨੨ ਕੱਤਕ ੨੦੧੬ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ | ਲੱਲੀਆਂ ਕਲਾਂ | ਜਲੰਧਰ | ੧੨੦੦ |
| ੨੩ ਕੱਤਕ ੨੦੧੬ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਹਿ | ਬੋਪਾ ਰਾਏ | ਜਲੰਧਰ | ੧੨੦੫ |
| ੨੪ ਕੱਤਕ ੨੦੧੬ ਬਿਕ੍ਰਮੀ ਲਾਲ ਸਿੰਘ ਦੇ ਗ੍ਰਹਿ | ਹੇਰ | ਜਲੰਧਰ | ੧੨੧੦ |
| ੨੫ ਕੱਤਕ ੨੦੧੬ ਬਿਕ੍ਰਮੀ ਰਤਨ ਸਿੰਘ ਦੇ ਗ੍ਰਹਿ | ਨੂਰ ਪੁਰ | ਜਲੰਧਰ | ੧੨੧੭ |
| ੨੬ ਕੱਤਕ ੨੦੧੬ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਹਿ | ਕਰਤਾਰਪੁਰ | ਜਲੰਧਰ | ੧੨੨੩ |
| ੦੧ ਮੱਘਰ ੨੦੧੬ ਬਿਕ੍ਰਮੀ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੨੩੧ |
| ੨੧ ਮੱਘਰ ੨੦੧੬ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ | ਅੱਲੜ ਪਿੰਡੀ | ਗੁਰਦਾਸਪੁਰ | ੧੨੪੪ |
| ੨੨ ਮੱਘਰ ੨੦੧੬ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੧੨੫੫ |
| ੨੩ ਮੱਘਰ ੨੦੧੬ ਬਿਕ੍ਰਮੀ ਲੰਗਰ ਵਾਸਤੇ ਲੋਹ ਪੁੱਟਣ ਸਮੇਂ | ਨਾਥੇਵਾਲ | ਫਿਰੋਜ਼ਪੁਰ | ੧੨੬੫ |
| ੨੩ ਮੱਘਰ ੨੦੧੬ ਬਿਕ੍ਰਮੀ ਲੰਗਰ ਵਰਤੌਣ ਸਮੇਂ | ਨਾਥੇਵਾਲ | ਫਿਰੋਜ਼ਪੁਰ | ੧੨੬੯ |





9 ੦੮



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ✪ ਪਹਿਲੀ ਪੋਹ ੨੦੧੫ ਬਿਕ੍ਰਮੀ ਨੂੰ ਅਠਾਠ ਦਿਨ ਦੌਰੇ ਤੋਂ ਬਾਅਦ ਆਏ ਜੇਠੂਵਾਲ ਦਰਬਾਰ ਵਿਚ ਸੰਗਤ ਸਮੇਤ ✪

ਨਿਹਕਲੰਕ ਹਰਿ ਅਵਤਾਰ, ਆਪਣੀ ਕਲ ਵਰਤਾਇੰਦਾ । ਆਪਣਾ ਪਰਦਾ ਦਏ ਉਤਾਰ, ਆਪਣਾ ਨੂਰ ਦਰਸਾਇੰਦਾ । ਆਪਣਾ ਮਹੱਲ ਲਏ ਉਸਾਰ, ਆਪੇ ਆਸਣ ਲਾਇੰਦਾ । ਪੁਰਖ ਨਿਰੰਜਣ ਅਗੰਮ ਅਪਾਰ, ਲੋਕਮਾਤ ਅਲਖ ਜਗਾਇੰਦਾ । ਹੋਏ ਪਰਤੱਖ ਵਿਚ ਸੰਸਾਰ, ਆਪ ਆਪਣਾ ਰੂਪ ਵਟਾਇੰਦਾ । ਜਲ ਥਲ ਪਾਵਣਹਾਰਾ ਸਾਰ, ਸਾਰੰਗ ਧਰ ਆਪ ਹੋ ਜਾਇੰਦਾ । ਖੇਲੇ ਖੇਲ ਨਾਰੀ ਨਰ, ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪ ਚਲਾਇੰਦਾ । ਨਿਰਗੁਣ ਧਾਰ ਆਪੇ ਧਰ, ਆਪੇ ਬਣਤ ਬਣਾਈਆ । ੧
ਜੋਤੀ ਨੂਰ ਜੋਤ ਕਰ, ਹਰਿ ਜੋਤ ਕਰੇ ਰੁਸ਼ਨਾਈਆ । ਆਪ ਚੁਕਾਇਆ ਦੋ ਜਹਾਨ ਡਰ, ਪਰਦਾ ਉਹਲਾ ਰਹੇ ਨਾ ਰਾਈਆ । ਆਪੇ ਵਸਿਆ ਸਾਚੇ ਘਰ, ਹਰਿ ਦਾਤਾ ਬੇਪਰਵਾਹੀਆ । ਆਪਣੀ ਤਰਨੀ ਆਪੇ ਰਿਹਾ ਤਰ, ਤਾਰਨਹਾਰ ਆਪ ਹੋ ਜਾਈਆ । ਆਪੇ ਦੇਵਣਹਾਰਾ ਸਾਚਾ ਵਰ, ਅੱਗੇ ਆਪਣੀ ਝੋਲੀ ਡਾਹੀਆ । ਜੁਗਾ ਜੁਗੰਤਰ ਖੇਲ ਕਰ, ਆਦਿ ਅੰਤ ਆਪਣੇ ਹੱਥ ਰਖਾਈਆ । ਆਪਣਾ ਘਾੜਨ ਆਪੇ ਘੜ, ਆਪੇ ਭੰਨ ਵਖਾਈਆ । ਆਪਣੇ ਆਸਣ ਆਪੇ ਚੜ੍ਹ, ਆਪੇ ਕਰੇ ਰੁਸ਼ਨਾਈਆ । ਆਪਣਾ ਖੰਡਾ ਆਪੇ ਫੜ, ਆਪੇ ਰਿਹਾ ਚਮਕਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਿੰਘ ਸ਼ੇਰ ਨਜ਼ਰ ਨਾ ਆਈਆ । ਕਲਜੁਗ ਅਗਨੀ ਗਿਆ ਸੜ, ਨਿਰਗੁਣ ਜੋਤ ਜਗਾਈਆ । ਦਸਮ ਦਵਾਰੀ ਬੈਠਾ ਅੱਗੇ ਖੜ, ਗੁਰਮੁਖਾਂ ਆਪ ਜਗਾਈਆ । ਗੁਰਸਿਖ ਨੌਂ ਦਵਾਰ ਪੰਚ ਵਿਕਾਰ ਨਾ ਸਕੇ ਅੜ, ਦਰ ਦਵਾਰਾ ਇਕ ਸੁਹਾਈਆ । ਆਪੇ ਤੋੜ ਹੰਕਾਰੀ ਗੜ੍ਹ, ਆਪਣੀ ਆਸਾ ਪੂਰ ਕਰਾਈਆ । ਸਾਚੇ ਪੌੜੇ ਆਪੇ ਚੜ੍ਹ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪ ਚਲਾਈਆ । ਨਿਹਕਲੰਕ ਹਰਿ ਬਲਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਉਠੇ ਜੋਧਾ ਸੂਰਬੀਰ ਬਲੀ ਬਲਵਾਨ, ਆਪ ਆਪਣਾ ਬਲ ਧਰਾਈਆ । ਨਾਮ ਖੰਡਾ ਰਸਨਾ ਤੀਰ ਕਮਾਨ, ਸੋ ਪੁਰਖ ਨਿਰੰਜਣ ਇਕ ਉਠਾਈਆ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਮੰਦਰ ਇਕ ਮਹਾਨ, ਨੌਂ ਖੰਡ ਪ੍ਰਿਥਮੀ ਰਿਹਾ ਬਣਾਈਆ । ਨੌਂ ਖੰਡ ਵੇਖ ਵਖਾਣ, ਆਪਣੀ ਕਲ ਵਰਤਾਈਆ । ਨੌਂ ਦਰ ਦਰ ਪਰਵਾਨ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦੁਰਕਾਏ ਪੰਜ ਸ਼ੈਤਾਨ, ਸਤਿਗੁਰ ਪੂਰੇ ਹੱਥ ਵਡਿਆਈਆ । ਦੇਵਣਹਾਰਾ ਸਾਚਾ

੦੮

ਮਾਣ, ਜੁਗ ਕਰਤਾ ਆਪ ਹੋ ਜਾਈਆ । ਆਪੇ ਜਾਣੇ ਆਪਣੀ ਆਣ, ਨਾ ਕੋਈ ਹੋਰ ਸੰਗ ਰਖਾਈਆ । ਦੇਵਣਹਾਰਾ ਧੁਰ ਫ਼ਰਮਾਣ, ਲੋਕਮਾਤ
ਕਰੇ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸਾਰੇ ਗਾਣ, ਅੱਠੇ ਪਹਿਰ ਏਕਾ ਲਿਵ ਲਾਈਆ । ਗੁਰਮੁਖ ਸਾਚਾ ਚਤੁਰ ਸੁਜਾਣ, ਮੇਲ ਮਿਲਾਵਾ ਧੁਰਦਰਗਾਹੀਆ ।
ਸੰਮਤ ਵੀਹ ਸੌ ਪੰਦਰਾਂ ਇਕ ਨਿਸ਼ਾਨ, ਸਚ ਸੁੱਚ ਰਿਹਾ ਝੁਲਾਈਆ । ਤੀਰਥ ਤੱਟਾਂ ਵੇਖ ਦੁਕਾਨ, ਆਪਣਾ ਫੇਰਾ ਪਾਈਆ । ਆਪ ਆਪਣੀ
ਕਰ ਪਛਾਣ, ਆਪ ਆਪਣੇ ਰੰਗ ਸਮਾਈਆ । ਨਾ ਕੋਈ ਪਵਣ ਪਾਣੀ ਮਸਾਣ, ਜਲ ਬਿੰਬ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ, ਘਰ ਬੈਠਾ ਬੇਪਰਵਾਹੀਆ । ਆਪੇ ਬੇਪਰਵਾਹ ਜਗਤ ਮਲਾਹ, ਆਦਿ ਪੁਰਖ ਨਿਰੰਜਣ ਆਪ ਅਖਵਾਇਆ । ਕਲਜੁਗ
ਅੰਤਮ ਇਕ ਸਲਾਹ, ਸਾਚਾ ਮਤਾ ਪਕਾਇਆ । ਭੇਖ ਪਖੰਡਾ ਮੇਟੇ ਰਾਹ, ਅਠਸਠ ਡੇਰਾ ਢਾਇਆ । ਗੁਰਮੁਖਾਂ ਪਕੜੇ ਆਪੇ ਬਾਂਹ, ਆਪਣਾ
ਲੜ ਆਪ ਫੜਾਇਆ । ਪਾਏ ਸਾਰ ਥਾਉਂ ਥਾਂ, ਨਿਥਾਵਿਆਂ ਮਾਣ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ
ਕਰਨੀ ਕਿਰਤ ਕਮਾਇਆ । ਜੁਗ ਜੁਗ ਖੇਲ ਅਪਾਰ, ਜੋਤ ਅਕਾਲ ਜਗਾਈਆ । ਏਕਾ ਡੰਕਾ ਅਪਰ ਅਪਾਰ, ਆਪਣਾ ਨਾਮ ਵਜਾਈਆ ।
ਵੇਖਣਹਾਰਾ ਸਾਧ ਸੰਤ ਗੁਰ ਪੀਰ ਅਵਤਾਰ, ਖਾਣੀ ਬਾਣੀ ਡੇਰਾ ਲਾਈਆ । ਲੱਖ ਚੁਰਾਸੀ ਕਰ ਪਸਾਰ, ਆਪ ਆਪਣੀ ਵਸਤ ਟਿਕਾਈਆ ।
ਆਪੇ ਕੱਢਣਹਾਰਾ ਬਾਹਰ, ਔਂਦਾਂ ਜਾਂਦਾ ਦਿਸ ਨਾ ਆਈਆ । ਕਲਜੁਗ ਅੰਤਮ ਪਾਵੇ ਸਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜਾਮਾ
ਭੇਖ ਨਿਆਰ, ਨਿਹਕਲੰਕਾ ਨਾਉਂ ਰਖਾਈਆ । ਸਿੰਘ ਸ਼ੇਰ ਨਾ ਕੋਈ ਧਾਰ, ਸਿੰਘ ਸ਼ੇਰ ਸਰੂਪ ਨਾ ਕੋਈ ਦਰਸਾਈਆ । ਵਜਾਏ ਮਰਦੰਗ ਸਾਚੀ
ਕਿੰਗ ਅਪਰ ਅਪਾਰ, ਸੱਚ ਸਤਾਰ ਨਾਉਂ ਰਖਾਈਆ । ਗੁਰਮੁਖ ਬਣਾਏ ਆਪਣੀ ਬਿੰਦ, ਪੂਤ ਸਪੂਤੇ ਆਪੇ ਜਾਈਆ । ਲਹਿਣਾ ਦੇਣ ਚੁਕਾਏ
ਸਰਬ ਸੰਸਾਰ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਸ਼ਿਵ ਸ਼ੰਕਰ ਦਾਤਾ ਦਾਨੀ ਆਪ ਬਖ਼ਸ਼ਿੰਦ, ਲਹਿਣਾ ਝੋਲੀ ਪਾਈਆ । ਬ੍ਰਹਮਾ ਵੇਖੇ ਗੁਣੀ
ਗਹਿੰਦ, ਗਹਿਰ ਗੰਭੀਰ ਹਰਿ ਰਘੁਰਾਈਆ । ਆਪੇ ਮੇਟਣਹਾਰਾ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਈ ਵਖਾਈਆ । ਹਰਿ ਸੰਗਤ ਆਪੇ ਹੋ
ਬਖ਼ਸ਼ਿੰਦ, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ
ਨਰ, ਜੋਤੀ ਜਾਮਾ ਭੇਖ ਵਟਾਈਆ । ਉਠਿਆ ਸ਼ੇਰ ਸ਼ੇਰ ਦਲੇਰ, ਆਪਣਾ ਪਰਦਾ ਆਪੇ ਲਾਹਿੰਦਾ । ਸ੍ਰਿਸ਼ਟ ਸਬਾਈ ਰਿਹਾ ਘੇਰ, ਦਿਸ ਕਿਸੇ
ਨਾ ਆਇੰਦਾ । ਜਨ ਭਗਤਾਂ ਵਸੇ ਨੇਰਨ ਨੇਰ, ਨਿਝ ਘਰ ਆਤਮ ਡੇਰਾ ਲਾਇੰਦਾ । ਕਰੇ ਖੇਲ ਪਹਿਲੀ ਵੇਰ, ਆਪ ਆਪਣੀ ਬਣਤ ਬਣਾਇੰਦਾ ।
ਆਪ ਭੁਲਾਏ ਕਰ ਕਰ ਹੇਰ ਫੇਰ, ਅਛਲ ਅਛੱਲ ਆਪ ਹੋ ਜਾਇੰਦਾ । ਤਾਰਨਹਾਰਾ ਕਰ ਕਰ ਆਪਣੀ ਮਿਹਰ, ਮਿਹਰਵਾਨ ਨਾਉਂ ਰਖਾਇੰਦਾ ।
ਆਪੇ ਵਸੇ ਅੰਡਜ ਜੇਰ, ਉਤਭੁਜ ਸੇਤਜ ਡੇਰਾ ਲਾਇੰਦਾ । ਆਪ ਮਿਟਾਵਣਹਾਰਾ ਤ੍ਰਿਲੋਕੀ ਢੇਰ, ਚੌਦਾਂ ਹੱਟਾਂ ਵੇਖ ਵਖਾਇੰਦਾ । ਆਪੇ ਦੇਵਣਹਾਰਾ
ਗੇੜ, ਗੇੜਾ ਆਪੇ ਆਪ ਭਵਾਇੰਦਾ । ਆਪਣੀ ਛੇੜਾਂ ਰਿਹਾ ਛੇੜ, ਆਪੇ ਵੇਖ ਵਖਾਇੰਦਾ । ਸਿੰਘ ਸ਼ੇਰ ਕਰੇ ਭੇੜ, ਨਿਹਕਲੰਕ ਨਾਉਂ ਰਖਾਇੰਦਾ ।
ਦੋ ਜਹਾਨਾਂ ਕਰੇ ਸੈਰ, ਧਰਤ ਧਵਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੰਡਾ
ਵਿਚ ਬ੍ਰਹਿਮੰਡਾਂ ਆਪ ਚਮਕਾਇੰਦਾ । ਸ਼ਬਦ ਖੰਡਾ ਹਰਿ ਦਾਤਾਰ, ਏਕਾ ਏਕ ਉਠਾਈਆ । ਕਰੇ ਖੇਲ ਅਪਰ ਅਪਾਰ, ਆਦਿ ਜੁਗਾਦਿ ਵਡ

ਵਡਿਆਈਆ । ਨਾਉਂ ਨਰਾਇਣ ਨਿਰਗੁਣ ਧਾਰ, ਨਿਰਵੈਰ ਆਪ ਸਮਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਸਤਿਵਾਦੀ ਆਪ ਕਰਾਈਆ । ਬੋਧ ਅਗਾਧੀ ਸ਼ਬਦ ਧੁਨਕਾਰ, ਅਨਾਦੀ ਨਾਦ ਵਜਾਈਆ । ਗੁਰਮੁਖ ਸਾਚੇ ਲਏ ਉਭਾਰ, ਸਗਲਾ ਸੰਗ ਨਿਭਾਈਆ । ਆਤਮ ਅੰਤਰ ਇਕ ਪਿਆਰ, ਏਕਾ ਬ੍ਰਹਮ ਜਣਾਈਆ । ਪੰਜ ਦਸ ਖੇਲ ਨਿਆਰ, ਪੰਦਰਾਂ ਮੋਖ ਰਖਾਈਆ । ਪੰਦਰਾਂ ਅੰਦਰ ਆਪੇ ਵਾੜ, ਆਪੇ ਵੇਖ ਵਖਾਈਆ । ਦਸ ਨੌ ਬੰਨੇ ਧਾਰ, ਨੌ ਦਸ ਵੱਜੇ ਵਧਾਈਆ । ਖੇਲੇ ਖੇਲ ਨਾੜ ਨਾੜ, ਰੱਤੀ ਰੱਤ ਆਪ ਸਮਾਈਆ । ਪੰਜ ਦਸ ਵੇਖ ਉਜਾੜ, ਪੰਜ ਦਸ ਜੰਗਲ ਜੂਹ ਸਮਾਈਆ । ਦਸ ਪੰਜ ਚਬਾਏ ਆਪਣੀ ਦਾੜ੍ਹ, ਦਸ ਪੰਜ ਕਰੇ ਵਡਿਆਈਆ । ਦਸ ਪੰਜ ਸਤਾਰਾ ਹਾੜ, ਦਸ ਪੰਜ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜ ਦਸ ਆਪ ਸਮਾਈਆ । ਇਕ ਅਕੱਲਾ ਕਰ ਅਕਾਰ, ਏਕੰਕਾਰ ਅਖਵਾਇੰਦਾ । ਸ੍ਰਿਸ਼ਟ ਸਬਾਈ ਕਰ ਪਸਾਰ, ਦੂਜਾ ਨਾਉਂ ਧਰਾਇੰਦਾ । ਤੀਜਾ ਨੇਤਰ ਇਕ ਵਿਚਾਰ, ਇਕ ਗਿਆਨ ਦ੍ਰਿੜਾਇੰਦਾ । ਚੌਥੇ ਪਦ ਮੇਲ ਭਤਾਰ, ਸਾਚੀ ਸੇਜਾ ਇਕ ਹੰਢਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਨਰ ਨਰਾਇਣ ਆਪ ਕਰਾਇੰਦਾ । ਛੇਵੇ ਛੱਪਰ ਛੰਨ ਨਾ ਕੋਈ ਮੁਨਾਰ, ਸਾਚਾ ਮੰਦਰ ਇਕ ਸੁਹਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਸਤਿ ਸਤਿਵਾਦੀ ਵੇਖ ਵਖਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਜੁਗ ਕਰਤਾ ਆਪ ਕਰਾਇੰਦਾ । ਅੱਠਾ ਤੱਤਾਂ ਹੋਇਆ ਬਾਹਰ, ਆਪ ਆਪਣਾ ਵੇਸ ਵਟਾਇੰਦਾ । ਨੌ ਦਵਾਰੇ ਬੰਦ ਜਗਤ ਕਿਵਾੜ, ਆਪਣਾ ਮੁਖ ਛੁਪਾਇੰਦਾ । ਦਸਵੇ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਜਗਾਇੰਦਾ । ਕਮਲਾਪਾਤੀ ਮੀਤ ਮੁਰਾਰ, ਕਵਲ ਨੈਣਾਂ ਵੇਖ ਵਖਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਧਾਰਾ ਮੁਖ ਚੁਆਇੰਦਾ । ਆਤਮ ਤਾਕੀ ਖੋਲ੍ਹ ਕਿਵਾੜ, ਆਪ ਆਪਣਾ ਦਰਸ ਦਿਖਾਇੰਦਾ । ਫੁਲ ਫੁਲਵਾੜੀ ਲਾਈ ਸਤਾਰਾ ਹਾੜ, ਆਪ ਆਪਣਾ ਬੀਜ ਬਿਜਾਇੰਦਾ । ਏਕਾ ਏਕ ਦੇਵੇ ਵਾੜ, ਸਚ ਸਾਚੀ ਦਇਆ ਕਮਾਇਆ । ਇਕ ਦਸ ਲਗਾ ਅਖਾੜ, ਦੋ ਦਸ ਬਾਰਾਂ ਕਰੇ ਰੁਸ਼ਨਾਇਆ । ਤੇਰਾਂ ਤੇਰਾਂ ਇਕ ਅਖਾੜ, ਸ਼ਬਦੀ ਆਪਣਾ ਡੰਕ ਵਜਾਇਆ । ਚੌਦਾਂ ਚੌਦਾਂ ਮੇਟ ਮਿਟਾਏ ਝੂਠੀ ਧਾੜ, ਏਕਾ ਇਕੀ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜ ਦਸ ਦਸ ਪੰਜ ਆਪਣਾ ਲਹਿਣਾ ਆਪਣੀ ਝੋਲੀ ਪਾਇਆ । ਪੰਜ ਦਸ ਲਹਿਣਾ ਦੇਣਾ ਰਿਹਾ ਚੁੱਕ, ਹਰਿ ਸਾਚਾ ਆਪ ਚੁਕਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਜੁਗ ਜੁਗ ਆਪ ਵਰਤਾਇੰਦਾ । ਤੀਰਥ ਤੱਟਾਂ ਸਰੋਵਰ ਰਿਹਾ ਸੁੱਕ, ਅੰਮ੍ਰਿਤ ਜਲ ਨਾ ਕੋਈ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੇਲ ਆਪਣੇ ਵਿਚ ਕਰਾਇੰਦਾ । ਪੰਜ ਦਸ ਜਗਤ ਪਸਾਰਾ, ਹਰਿ ਹਰਿ ਵੇਖ ਵਖਾਈਆ । ਸਤਿਜੁਗ ਸਾਚਾ ਤਟ ਕਿਨਾਰਾ, ਤ੍ਰੇਤਾ ਆਪ ਸਮਾਈਆ । ਦੁਆਪਰ ਵੇਖੇ ਜਲ ਧਾਰਾ, ਸਾਚਾ ਸੀਰ ਚੁਆਈਆ । ਕਲਜੁਗ ਖੇਲ ਅਗੰਮ ਅਪਾਰਾ, ਅਚਰਜ ਬਣਤ ਬਣਾਈਆ । ਜੋਤੀ ਜਾਮਾ ਭੇਖ ਨਿਆਰਾ, ਨਿਰਗੁਣ ਵਡ ਵਡਿਆਈਆ । ਸਰਗੁਣ ਸਾਚਾ ਕਰ ਪਸਾਰਾ, ਸਤਿ ਸਤਿ ਕਰੇ ਰੁਸ਼ਨਾਈਆ । ਸੰਗ ਰਖਾਇਆ ਸਿੱਖ ਦੁਲਾਰਾ, ਸਾਚੀ ਸੇਵ ਕਮਾਈਆ । ਏਕਾ ਇਕੀ ਕਰ ਪਿਆਰਾ, ਇਕੀ ਕੁਲਾਂ ਰਿਹਾ ਤਰਾਈਆ । ਸਾਚੀ ਸਿਖੀ ਵੇਖਣਹਾਰਾ, ਧਾਰੋਂ ਤਿਖੀ ਆਪ ਰਖਾਈਆ । ਵਾਲੋਂ ਨਿਕੀ ਨਾ ਕੋਈ ਪਾਵੇ ਸਾਰਾ, ਨੇਤਰ ਨੈਣ ਦਿਸ ਨਾ ਆਈਆ । ਆਪਣੇ ਨੇਤਰ ਆਪੇ ਪੇਖ ਹਰਿ ਗਿਰਧਾਰਾ,


੩
0t

ਜੋਤੀ ਜੋਤ ਕਰੇ ਰੁਸ਼ਨਾਈਆ । ਤੀਰਥ ਤੱਟਾਂ ਪਾਵੇ ਸਾਰਾ, ਜਲ ਧਾਰਾ ਚਰਨ ਛੁਹਾਈਆ । ਇਕ ਦ੍ਰਿਸ਼ਟ ਇਕ ਇਸ਼ਟ ਇਕ ਸ੍ਰਿਸ਼ਟ ਏਕਾ
ਘਰ ਏਕਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਤੀਰਥ ਤੱਟਾਂ ਫੇਰਾ ਪਾ,
ਗੁਰਮੁਖ ਸਾਚੇ ਆਪ ਜਗਾਇੰਦਾ । ਕਲਜੁਗ ਲਹਿਣਾ ਦਏ ਚੁਕਾ, ਨੇਤਰ ਨੈਣਾਂ ਆਪ ਦਰਸਾਇੰਦਾ । ਗੁਰਮੁਖਾਂ ਗਹਿਣਾ ਦੇਵੇ ਪਾ, ਸਾਚਾ ਕੰਗਨ
ਇਕ ਲਟਕਾਇੰਦਾ । ਗੰਗਾ ਗੋਦਾਵਰੀ ਰਹੀ ਸ਼ਰਮਾ, ਮੁਖ ਘੁੰਘਟ ਕੋਈ ਨਾ ਲਾਹਿੰਦਾ । ਗੁਰਮੁਖ ਸਗਨ ਰਹੇ ਮਨਾ, ਸਾਚਾ ਗਾਨਾ ਹੱਥ ਬੰਧਾਇੰਦਾ ।
ਦੋਹਾਂ ਵਿਚੋਲਾ ਬੇਪਰਵਾਹ, ਦਿਸ ਕਿਸੇ ਨਾ ਆਇੰਦਾ । ਵੇਖਣਹਾਰਾ ਥਾਉਂ ਥਾਂ, ਜੁਗ ਜੁਗ ਆਪ ਚੁਕਾਇੰਦਾ । ਆਪ ਜਪਾਇਆ ਆਪਣਾ ਨਾਂ,
ਆਪਣੇ ਮਾਰਗ ਆਪੇ ਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਚਰਨ ਧੂੜ ਅਸਨਾਨ ਕਰਾਇੰਦਾ । ਨਿਥਾਵਿਆਂ ਦੇਵਣਹਾਰਾ ਥਾਂ, ਦਰ ਦਵਾਰਾ
ਇਕ ਸੁਹਾਇੰਦਾ । ਆਪਣੀ ਹੱਥੀਂ ਪਕੜੇ ਬਾਂਹ, ਨੌਂ ਦਵਾਰੇ ਪਾਰ ਕਰਾਇੰਦਾ । ਅਜੂਨੀ ਰਹਿਤ ਬਣਿਆ ਮਾਂ, ਪੰਜ ਤੱਤ ਦਿਸ ਨਾ ਆਇੰਦਾ ।
ਕਰਨਹਾਰਾ ਸਚ ਨਿਆਂ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਦਰਾਂ
ਸਾਲ ਨਾ ਮੁਖ ਵਖਾਇੰਦਾ । ਪੰਜ ਤੱਤ ਤੇਰਾ ਨਾਤਾ, ਹਰਿ ਸਾਚੇ ਆਪ ਬੰਧਾਇਆ । ਆਪੇ ਹੋਇਆ ਪੁਰਖ ਬਿਧਾਤਾ, ਪਾਰਬ੍ਰਹਮ ਰੂਪ ਸਮਾਇਆ ।
ਉਤਮ ਰੱਖੀ ਆਪਣੀ ਜ਼ਾਤਾ, ਵਰਨ ਗੋਤ ਨਾ ਕੋਈ ਰਖਾਇਆ । ਆਪਣੇ ਭਗਤਾਂ ਦੇਵਣ ਆਇਆ ਸਾਚੀ ਦਾਤਾਂ, ਆਪ ਆਪਣੀ ਵੰਡ ਵੰਡਾਇਆ ।
ਕਲਜੁਗ ਵੇਖ ਅੰਧੇਰੀ ਰਾਤਾ, ਆਪਣਾ ਮੁਖ ਛੁਪਾਇਆ । ਸਾਧ ਸੰਤ ਮੰਦਰ ਅੰਦਰ ਬਹਿ ਬਹਿ ਕਰਨ ਬਾਤਾਂ, ਹਰਿ ਕਾ ਸ਼ਬਦ ਕਿਸੇ ਨਾ ਪਾਇਆ ।
ਡੂੰਘੀ ਕੰਦਰ ਮਾਰੇ ਝਾਤਾ, ਆਪਣਾ ਮੁਖ ਛੁਪਾਇਆ । ਬੈਠਾ ਰਹੇ ਇਕ ਅਕਾਂਤਾ, ਸਚ ਸਿੰਘਾਸਣ ਇਕ ਵਿਛਾਇਆ । ਸ਼ਾਹ ਸੁਲਤਾਨ ਨਾਂ ਕਿਸੇ
ਪਛਾਤਾ, ਪੰਦਰਾਂ ਸਾਲ ਆਪ ਲੰਘਾਇਆ । ਗੁਪਤੀ ਗੁਪਤ ਜਣਾਏ ਆਪਣੀ ਗਾਥਾ, ਸੋਹੰ ਸ਼ਬਦ ਪੜ੍ਹਾਇਆ । ਕਿਸੇ ਦਰਸ ਨਾ ਪਾਇਆ ਮਸਤਕ
ਮਾਥਾ, ਬਿਧਨਾ ਲੇਖ ਨਾ ਕੋਈ ਮਿਟਾਇਆ । ਨਜ਼ਰ ਨਾ ਆਇਆ ਸਗਲਾ ਸਾਥਾ, ਆਪਣਾ ਆਪ ਗਵਾਇਆ । ਸਰਬ ਕਲਾ ਆਪੇ ਸਮਰਾਥਾ,
ਆਪਣਾ ਵੇਲਾ ਲਏ ਸੁਹਾਇਆ । ਲਹਿਣ ਦੇਣ ਚੁਕਾਏ ਤੀਰਥ ਤਾਟਾ, ਗੁਰ ਦਰ ਮੰਦਰ ਮਸਜਿਦ ਵੇਖ ਵਖਾਇਆ । ਸਾਧਾਂ ਸੰਤਾਂ ਖਾਲੀ ਕਰਿਆ
ਕਾਇਆ ਬਾਟਾ, ਸੁਰਤੀ ਸ਼ਬਦ ਨਾ ਕੋਈ ਮਿਲਾਇਆ । ਪੰਜ ਦਸ ਤੇਰਾ ਕਲਜੁਗ ਘਾਟਾ, ਪੂਰਾ ਨਾ ਕੋਈ ਕਰਾਇਆ । ਖੇਲਣ ਆਇਆ ਜਗਤ
ਤਮਾਸ਼ਾ, ਜੋਤੀ ਜਾਮਾ ਭੇਖ ਵਟਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਹਵਨ ਵਖਾਇਆ । ਨਾ ਕੋਈ ਮਾਲਾ ਫੇਰੇ ਅਠੋਤਰੀ ਆਠਾ,
ਦਿਵਸ ਰੈਣ ਨਾ ਕੋਈ ਜਗਾਇਆ । ਨਾ ਕੋਈ ਤਨ ਜਲਾਏ ਅਗਨੀ ਕਾਠਾ, ਜਲ ਧਾਰ ਨਾ ਕੋਈ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਬਿਰਧ ਰਖਾਇਆ । ਆਪਣਾ ਬਿਰਧ ਆਪੇ ਰੱਖ, ਆਪੇ ਵੇਖ ਵਖਾਈਆ ।
ਆਪੇ ਪਰਗਟ ਹੋ ਪਰਤੱਖ, ਆਪੇ ਪੜਦਾ ਲਾਹੀਆ । ਆਪੇ ਭਾਂਡੇ ਕਰੇ ਸਖ, ਆਪੇ ਗੁਰਸਿਖਾਂ ਰਿਹਾ ਭਰਾਈਆ । ਆਪੇ ਕਰਨਹਾਰਾ ਵੱਖ,
ਆਪੇ ਮੇਲ ਮਿਲਾਈਆ । ਆਪੇ ਏਥੇ ਓਥੇ ਲਏ ਰੱਖ, ਆਪੇ ਪਰਦਾ ਮੁਖ ਤੋਂ ਲਾਹੀਆ । ਸਰਬ ਕਲਾਂ ਆਪੇ ਸਮਰਥ, ਸਮਰਥ ਪੁਰਖ ਆਪ
ਅਖਵਾਈਆ । ਹਰਿ ਕਾ ਮੰਦਰ ਨਾ ਜਾਏ ਢੱਠ, ਹਰਿ ਸਾਚੇ ਬਣਤ ਬਣਾਈਆ । ਹਰਿ ਸੰਗਤ ਸਾਚੀ ਕਰ ਅਕੱਠ, ਨੌਂ ਦਵਾਰੇ ਸ਼ਬਦ ਜਗਾਈਆ ।

੪ ੦੮

ਗੁਰਸਿਖ ਨਾ ਜਾਏ ਤੀਰਥ ਤਟ, ਦੂਜਾ ਦਰ ਨਾ ਕੋਈ ਰਖਾਈਆ । ਇਕ ਰਖਾਇਆ ਸਾਚਾ ਹੱਟ, ਨਾਮ ਕੰਡਾ ਹੱਥ ਉਠਾਈਆ । ਦਿਸ ਨਾ ਆਏ ਬੂੰਦ ਰਕਤ, ਸਿੰਘ ਸ਼ੇਰ ਰੂਪ ਵਟਾਈਆ । ਜੋਤੀ ਜਗੇ ਲਟ ਲਟ, ਕਲਜੁਗ ਆਪ ਜਗਾਈਆ । ਗੁਰਮੁਖਾਂ ਤਨ ਪਹਿਨਾਏ ਸ਼ਬਦ ਪਟ, ਦਿਵਸ ਰੈਣ ਤਾਣਾ ਪੇਟਾ ਆਪ ਚਲਾਈਆ । ਆਪਣੀ ਮਾਲਾ ਆਪੇ ਰਟ, ਮਨ ਕਾ ਮਣਕਾ ਆਪ ਭਵਾਈਆ । ਗੁਰਮੁਖ ਲਾਹਾ ਲੈਣ ਖਟ, ਜੋ ਜਨ ਨੇਤਰ ਦਰਸਨ ਪਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਸਰ ਸਰੋਵਰ ਇਕ ਵਖਾਈਆ । ਖੇਲੇ ਖੇਲ ਨੱਠ ਨੱਠ, ਪੰਜ ਦਸ ਰਚਨ ਰਚਾਈਆ । ਸ਼ਬਦ ਨਗਾਰੇ ਮਾਰ ਸੱਟ, ਸ੍ਰਿਸ਼ਟ ਸਬਾਈ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚਾ ਹੱਟ ਖੋਲ੍ਹ ਦਵਾਰ, ਹਰਿ ਹਰਿ ਆਸਣ ਲਾਇੰਦਾ । ਹਰਿ ਅਬਿਨਾਸ਼ਾ ਸੁਹਾਏ ਸਚਖੰਡ ਘਰ ਬਾਰ, ਆਪਣਾ ਦਰ ਸੁਹਾਇੰਦਾ । ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਨਾਉਂ ਧਰਾਇੰਦਾ । ਆਦਿਨ ਅੰਤਾ ਕਰ ਪਸਾਰ, ਆਪੇ ਵੇਖ ਵਖਾਇੰਦਾ । ਭਗਤਨ ਮੀਤਾ ਭਗਤ ਪਿਆਰ, ਭਗਤ ਭਗਵੰਤ ਡੇਰਾ ਲਾਇੰਦਾ । ਠਾਂਡਾ ਸੀਤਾ ਓਅੰਕਾਰ, ਸਰਗੁਣ ਰੂਪ ਵਟਾਇੰਦਾ । ਸਦਾ ਅਤੀਤਾ ਕਰ ਪਸਾਰ, ਦਰ ਸਾਚਾ ਇਕ ਸੁਹਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤਾ, ਆਪ ਆਪਣੀ ਰਚਨ ਰਚਾਇੰਦਾ । ਨਾ ਕੋਈ ਗੁਰ ਨਾ ਅਵਤਾਰ, ਮੰਦਰ ਮਸਜਿਦ ਮੱਠ ਗੁਰਦਵਾਰ ਨਾ ਕੋਈ ਵਖਾਇੰਦਾ । ਕਰੇ ਕਰਾਏ ਪਤਤ ਪੁਨੀਤਾ, ਨੌ ਦਰ ਪਾਰ ਕਰਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਮੇਲ ਮਿਲਾਇੰਦਾ । ਮੀਠਾ ਕਰੇ ਕੌੜਾ ਰੀਠਾ, ਰਸਨਾ ਸੋਹੰ ਜੋ ਜਨ ਗਾਇੰਦਾ । ਵਸਣਹਾਰਾ ਸਦਾ ਚੀਤਾ, ਘਰ ਘਰ ਵਿਚ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਸਗਨ ਮਨਾਇੰਦਾ । ਆਪਣਾ ਸਗਨ ਆਪ ਮਨਾ, ਆਪੇ ਖ਼ੁਸ਼ੀ ਕਰਾਇੰਦਾ । ਆਪਣਾ ਅੰਗਨ ਆਪ ਸੁਹਾ, ਆਪੇ ਵੇਖ ਵਖਾਇੰਦਾ । ਆਪਣੀ ਰੰਗਣ ਆਪ ਚੜ੍ਹਾ, ਆਪੇ ਰੰਗ ਰੰਗਾਇੰਦਾ । ਆਪਣਾ ਮੰਗਲ ਆਪੇ ਗਾ, ਆਪੇ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾਇੰਦਾ । ਨਰ ਰੂਪ ਆਪਣਾ ਧਾਰ, ਆਪਣੀ ਖੇਲ ਖਿਲਾਈਆ । ਅੰਤਮ ਤਜਨਾ ਜਗਤ ਸੰਸਾਰ, ਅਗਨੀ ਅੱਗ ਸਮਾਈਆ । ਜੋਤੀ ਜੋਤ ਹੋ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਵਰਨ ਗੋਤੀ ਵਸਿਆ ਬਾਹਰ, ਆਪ ਆਪਣੀ ਦਏ ਵਡ ਵਡਿਆਈਆ । ਸ਼ਬਦ ਸੁਰਤੀ ਫੜ ਕਰਤਾਰ, ਲਏ ਇਕ ਅੰਗੜਾਈਆ । ਚੜ੍ਹਿਆ ਚੋਟੀ ਧੁਰ ਦਰਬਾਰ, ਉਚ ਮਹੱਲ ਅਟੱਲ ਸੁਹਾਈਆ । ਪੰਜ ਤੱਤ ਮੀਤਾ ਕਰ ਪਿਆਰ, ਸਾਚਾ ਧਾਮ ਸੁਹਾਈਆ । ਸੰਬਲ ਨਗਰੀ ਹੋ ਉਜਿਆਰ, ਬੈਠਾ ਆਸਣ ਲਾਈਆ । ਸ਼ਬਦ ਡੰਕਾ ਅਪਰ ਅਪਾਰ, ਆਪ ਆਪਣਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਸਣਹਾਰਾ ਸਾਚੇ ਘਰ, ਆਪਣਾ ਮੁਖ ਆਪਣੀ ਕੁੱਖ ਆਪੇ ਰਿਹਾ ਸੁਹਾਈਆ । ਆਪੇ ਸੁਹਾਏ ਆਪਣੀ ਕੁੱਖ, ਆਪ ਆਪਣਾ ਮੁਖ ਛੁਪਾਈਆ । ਆਪ ਉਠਾਏ ਆਪਣਾ ਦੁੱਖ, ਦੁੱਖੀ ਦਰਦ ਆਪ ਹੋ ਜਾਈਆ । ਆਪੇ ਲਟਕੇ ਉਲਟਾ ਰੁੱਖ, ਆਪੇ ਸੀਰ ਰਿਹਾ ਚੁੰਘਾਈਆ । ਆਪੇ ਮਾਨਸ ਆਪ ਮਨੁਖ, ਜੂਨੀ ਜੂਨ ਆਪ ਫਿਰਾਈਆ । ਆਪੇ ਤ੍ਰਿਸਨਾ ਆਪੇ ਭੁੱਖ, ਸਾਂਤਕ ਸਤਿ ਆਪ ਵਰਤਾਈਆ । ਆਪੇ ਸੀਸ ਨਿਵਾਏ ਝੁਕ ਝੁਕ, ਜਗਦੀਸ ਆਪ ਅਖਵਾਈਆ । ਆਪੇ ਬੈਠਾ ਆਪਣੇ


੫ ੦੮

ਮੰਦਰ ਲੁਕ, ਆਪੇ ਪਰਦਾ ਲਾਹੀਆ । ਸਿੰਘ ਸ਼ੇਰ ਦਲੇਰ ਪਿਆ ਬੁੱਕ, ਦਸ ਪੰਜ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੇਤਰ ਆਪ ਖੁਲ੍ਹਾਈਆ । ਆਪਣਾ ਨੇਤਰ ਆਪੇ ਖੋਲ੍ਹ, ਹਰਿ ਸੰਗਤ ਵੇਖ ਵਖਾਇੰਦਾ । ਸ਼ਬਦ ਅਗੰਮੀ ਆਪੇ ਬੋਲ, ਪੰਜ ਸ਼ਬਦ ਨਾਉਂ ਰਖਾਇੰਦਾ । ਨਾਮ ਮਰਦੰਗਾ ਵੱਜੇ ਢੋਲ, ਸਚ ਨਗਾਰਾ ਇਕ ਵਜਾਇੰਦਾ । ਤੋਲਣਹਾਰਾ ਸਾਚਾ ਤੋਲ, ਨਾਮ ਖੰਡਾ ਵਿਚ ਬ੍ਰਹਿਮੰਡਾਂ ਆਪਣੇ ਹੱਥ ਉਠਾਇੰਦਾ । ਆਪੇ ਖੇਲੇ ਹੋਲੀ ਹੋਲ, ਜਗਤ ਤ੍ਰਿਸਨਾ ਨਾ ਕੋਈ ਵਖਾਇੰਦਾ । ਆਪਣੀ ਸ਼ਕਤੀ ਆਪੇ ਮਵਲ, ਆਪਣੀ ਭਗਤੀ ਆਪੇ ਪੂਰ ਕਰਾਇੰਦਾ । ਆਪਣਾ ਅੰਮ੍ਰਿਤ ਭਰਿਆ ਆਪੇ ਕਵਲ, ਆਪੇ ਬੰਦ ਕਰਾਇੰਦਾ । ਆਪੇ ਬੈਠਾ ਰਹੇ ਅਡੋਲ, ਦੋ ਜਹਾਨਾਂ ਨਾ ਕੋਈ ਡੁਲਾਇੰਦਾ । ਕਰਨਹਾਰਾ ਪੂਰਾ ਕੌਲ, ਗੋਬਿੰਦ ਤੇਰਾ ਦਰ ਸੁਹਾਇੰਦਾ । ਆਪ ਤਕਾਈ ਧਰਨੀ ਧੌਲ, ਧਰਤ ਧਵਲ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਨੇਤਰ ਖੋਲ੍ਹ ਸਤਿਗੁਰ ਪੂਰਾ, ਆਪਣਾ ਦਰਸ ਦਿਖਾਈਆ । ਨਾਤਾ ਤੋੜਨ ਆਇਆ ਕੂੜੇ ਕੂੜਾ, ਸਚ ਸੁੱਚ ਵਰਤਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਆਪ ਆਪਣੇ ਰੰਗ ਰੰਗਾਈਆ । ਨੌਂ ਦਵਾਰੇ ਅੰਦਰ ਜੋ ਜਨ ਲਾਏ ਚਰਨ ਧੂੜਾ, ਸਚ ਦਰਸ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਲੱਖ ਚੁਰਾਸੀ ਸੁਰਤ ਕਵਾਰੀ ਨਜ਼ਰੀ ਆਈਆ । ਸੁਰਤ ਸਵਾਣੀ ਕੰਨਿਆ, ਦਿਵਸ ਰੈਣ ਕਰੇ ਪੁਕਾਰ । ਸਾਚਾ ਸੰਤ ਨਾ ਕੋਈ ਜਣਿਆ, ਨੌਂ ਦਰ ਹੋਏ ਖ਼ਵਾਰ । ਪੰਚ ਵਿਕਾਰਾ ਦੇਵੇ ਡੰਨਿਆ, ਚੜ੍ਹਿਆ ਕਾਮ ਕਰੋਧ ਲੋਭ ਮੋਹ ਹੰਕਾਰ । ਨਾ ਵਸਤ ਨਾ ਸੱਚਾ ਸਚ ਧਨਿਆ, ਝੂਠੀ ਮਾਇਆ ਮੋਹ ਪਿਆਰ । ਜੋਤ ਨਿਰੰਜਣ ਨਾ ਚੜ੍ਹਿਆ ਚੰਨਿਆ, ਦਿਵਸ ਰੈਣ ਅੰਧ ਅੰਧਿਆਰ । ਅਨਹਦ ਰਾਗ ਨਾ ਸੁਣੇ ਕੰਨਿਆ, ਗਾ ਗਾ ਥੱਕੇ ਜਗਤ ਮਲ੍ਹਾਰ । ਭਾਂਡਾ ਗੜ੍ਹ ਕਿਸੇ ਨਾ ਭੰਨਿਆ, ਮਿਲਿਆ ਮੇਲ ਨਾ ਸਚ ਭਤਾਰ । ਰਾਹ ਦਿਸ ਨਾ ਆਏ ਅੰਤਮ ਅੰਨਿਆ, ਚਾਰੋਂ ਕੁੰਟ ਹੋਏ ਖੁਵਾਰ । ਕਲਜੁਗ ਸੁੱਤ ਦੁਲਾਰਾ ਹਰਿ ਹਰਿ ਏਕਾ ਜਣਿਆ, ਲੱਖ ਚੁਰਾਸੀ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਰਬ ਸੰਸਾਰ । ਸੁਰਤ ਸਵਾਣੀ ਰਹੀ ਰੋ, ਨੇਤਰ ਨੀਰ ਵਹਾਈਆ । ਦੁਰਮਤ ਮੈਲ ਨਾ ਸਕੇ ਕੋਈ ਧੋ, ਸਾਧਾਂ ਸੰਤਾਂ ਸਾਚੀ ਵਸਤ ਨਾ ਕੋਈ ਰਖਾਈਆ । ਆਤਮ ਹਲ ਨਾ ਸਕੇ ਕੋਈ ਜੋ, ਨਾਮ ਬੀਜ ਨਾ ਕੋਈ ਬਿਜਾਈਆ । ਸ਼ਬਦ ਸੁਨੇਹੜਾ ਨਾ ਦੇਵੇ ਕੋਈ ਢੋ, ਢੋਲਕ ਛੈਣੇ ਰਿਹਾ ਵਜਾਈਆ । ਦਰਸ ਨਾ ਪਾਇਆ ਅੱਗੇ ਹੋ, ਕਲਜੁਗ ਸ਼ਬਦੀ ਰੈਣ ਵਹਾਈਆ । ਨਾਤਾ ਬੱਧਾ ਮਾਵਾਂ ਪੁਤਰਾਂ ਮੋਹ, ਜਗਤ ਮੋਹ ਨਾ ਕੋਈ ਚੁਕਾਈਆ । ਗੁਰ ਕਾ ਸ਼ਬਦ ਨਾ ਗਿਆ ਛੋਹ, ਘਰ ਸਚ ਨਾ ਹੋਈ ਕੁੜਮਾਈਆ । ਮਾਨਸ ਜਨਮ ਰਹੇ ਖੋ, ਕਲਜੁਗ ਡੌਰੂ ਇਕ ਵਜਾਈਆ । ਕਰੇ ਕਰਾਏ ਸੋ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜ ਦਸ ਖੇਲ ਖਿਲਾਈਆ । ਸੁਰਤ ਸਵਾਣੀ ਅੰਤਮ ਨਾਅਰਾ, ਏਕਾ ਏਕ ਲਗਾਇਆ । ਨਾ ਕੋਈ ਦਿਸੇ ਪਤੀ ਪਿਆਰਾ, ਸਾਚਾ ਕੰਤ ਨਾ ਨਜ਼ਰੀ ਆਇਆ । ਸਾਧ ਸੰਤ ਬੈਠੇ ਜੰਗਲ ਜੂਹ ਉਜਾੜ ਪਹਾੜਾ, ਤਨ ਸ਼ੰਗਾਰ ਨਾ ਕੋਈ ਵਖਾਇਆ । ਮੰਦਰ ਨਾ ਵਸਿਆ ਕਿਸੇ ਝਾੜਾ, ਮਹੱਲ ਅਟੱਲ ਨਾ ਕੋਈ ਸੁਹਾਇਆ । ਦੀਪਕ ਜੋਤ ਨਾ ਕੋਇ ਉਜਿਆਰਾ, ਅਗਿਆਨ ਅੰਧੇਰ ਨਾ ਕੋਈ ਮਿਟਾਇਆ ।


੬
ot

ਸਾਚਾ ਰਾਗ ਨਾ ਕੋਈ ਧੁਨਕਾਰਾ, ਧੁਨੀ ਨਾਦ ਨਾ ਕੋਈ ਸੁਣਾਇਆ । ਨਾ ਕੋਈ ਮੀਤ ਮੁਰਾਰ, ਨਾ ਕੋਈ ਅੰਕ ਰਖਾਇਆ । ਨਾ ਕੋਈ ਸੰਤ ਕੰਤ ਭਤਾਰ, ਸਾਚੀ ਸੇਜ ਨਾ ਕੋਈ ਹੰਢਾਇਆ । ਕਲਜੁਗ ਅੰਤਮ ਝੂਠੀ ਧਾਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਸੰਤ ਨਾ ਦਿਸੇ ਤਟ ਕਿਨਾਰ, ਖਾਲੀ ਹੱਟ ਕਰਾਇਆ । ਲੱਖ ਚੁਰਾਸੀ ਕਰੇ ਪੁਕਾਰ, ਤੁਧ ਬਿਨ ਕੋਈ ਨਾ ਨਜ਼ਰੀ ਆਇਆ । ਸ੍ਰਿਸ਼ਟ ਸਬਾਈ ਕੰਤ ਭਤਾਰ, ਲੋਕਮਾਤ ਜੋਤ ਕਰੇ ਰੁਸ਼ਨਾਇਆ । ਹਰਿ ਸੰਗਤ ਵਖਾਏ ਇਕ ਅਖਾੜ, ਨੌਂ ਦਵਾਰੇ ਪਾਰ ਕਰਾਇਆ । ਦਸਵੇਂ ਮੇਲ ਅਗੰਮ ਅਪਾਰ, ਆਪਣਾ ਰੂਪ ਦਰਸਾਇਆ । ਅਪਣਾ ਪਰਦਾ ਲਾਹੇ ਭਾਰ, ਪੰਦਰਾਂ ਸਾਲ ਜੋ ਮੁਖ ਰਖਾਇਆ । ਛੱਬੀ ਪੋਹ ਬੋਲ ਜੈਕਾਰ, ਗੁਰਸਿਖਾਂ ਅੰਦਰ ਮੰਦਰ ਦੇਵੇ ਡੇਰਾ ਲਾਇਆ । ਕੋਟਨ ਕੋਟ ਸਾਧ ਸੰਤ ਜੀਵ ਜੰਤ ਕੱਢਣ ਹਾੜ, ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਆਪ ਲਗਾਏ ਸਚਖੰਡ ਅਖਾੜ, ਗੁਰਸਿਖ ਗੋਪੀ ਕਾਹਨ ਆਪ ਨਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਮੁਖ ਗੁਰਮੁਖਾਂ ਸੁਖ ਮੇਟੇ ਦੁੱਖ ਸੁਫਲ ਕੁੱਖ, ਆਵਣ ਜਾਵਣ ਪਤਤ ਪਾਵਣ ਭੇਖ ਬਾਵਨ ਕਲਜੁਗ ਵਰਨਾਂ ਮੇਟ ਮਿਟਾਇਆ । ਸਖੀ ਸੁਲਤਾਨ ਹਰਿ ਮਿਹਰਵਾਨ, ਹਰਿਜਨ ਮੇਲ ਮਿਲਾਈਆ । ਸਤਿਗੁਰ ਪੂਰਾ ਪੁਰਖ ਸੁਲਤਾਨ, ਸ਼ਾਹੋ ਭੂਪ ਅਖਵਾਈਆ । ਇਕ ਉਠਾਏ ਹੱਥ ਨਿਸ਼ਾਨ, ਆਪੇ ਰਿਹਾ ਝੁਲਾਈਆ । ਆਪੇ ਦੇਵਣਹਾਰਾ ਦਾਨ, ਆਪਣੀ ਭਿਛਿਆ ਆਪੇ ਪਾਈਆ । ਆਪੇ ਵਸਣਹਾਰਾ ਸਚ ਮਕਾਨ, ਕਾਇਆ ਗੜ੍ਹ ਆਪ ਸੁਹਾਈਆ । ਅੰਤਮ ਕਲਜੁਗ ਜੰਮਿਆ ਘਰ ਤ੍ਰਖਾਣ, ਸ੍ਰਿਸ਼ਟ ਸਬਾਈ ਤੁਛ ਮੁਛ ਆਪ ਕਰਾਈਆ । ਨਾਮ ਰੰਦਾ ਲਾਹੇ ਘਾਣ, ਝੂਠੀ ਖੱਲ ਰਹੇ ਨਾ ਰਾਈਆ । ਗੁਰਮੁਖ ਸਾਚੇ ਕਰ ਪਛਾਨ, ਸਿਰ ਆਪਣੇ ਛਤਰ ਟਿਕਾਈਆ । ਸੇਵਕ ਸੇਵਾ ਲਾਏ ਸ੍ਰੀ ਭਗਵਾਨ, ਨੌਂ ਦਵਾਰੇ ਮੋਹ ਚੁਕਾਈਆ । ਦਸਮ ਦਵਾਰੀ ਦਰਸ ਦਿਖਾਏ ਦਰ ਘਰ ਆਣ, ਬੈਠਾ ਧੁਰਦਰਗਾਹੀਆ । ਸਾਢੇ ਤਿੰਨ ਹੱਥ ਨਾ ਕੋਈ ਤੇਰੀ ਮਕਾਣ, ਨੇਤਰ ਨੀਰ ਨਾ ਕੋਈ ਵਹਾਈਆ । ਸੱਤ ਰੰਗ ਝੁਲਾਏ ਇਕ ਨਿਸ਼ਾਨ, ਵੇਖਣਹਾਰਾ ਥਾਉਂ ਥਾਈਂਆ । ਸ਼ੇਰ ਸਿੰਘ ਕਰਨ ਆਇਆ ਤੇਰੀ ਕਲਿਆਣ, ਕਰਤਾ ਪੁਰਖ ਆਪ ਅਖਵਾਈਆ । ਪੰਦਰਾਂ ਸਾਲਾ ਬਾਲ ਅੰਞਾਣ, ਬਾਲੀ ਬੁਧ ਰਖਾਈਆ । ਸੰਮਤ ਸੋਲਾਂ ਹੋ ਬਲਵਾਨ, ਆਪਣੀ ਖੇਲ ਖਿਲਾਈਆ । ਨਾਤਾ ਜੋੜੇ ਰਾਜ ਰਾਜਾਨ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭੇਵ ਅਭੇਦਾ ਅਛਲ ਅਛੇਦਾ ਵੇਦ ਕਤੇਬਾਂ ਦਿਸ ਨਾ ਆਈਆ ।



੭
੦੮

ਆਪਣਾ ਘਾੜਣ ਆਪੇ ਘੜ, ਪੰਜ ਤੱਤ ਮੇਲ ਮਿਲਾਇਆ । ਹੱਡ ਮਾਸ ਨਾੜੀ ਜੋੜ ਜੜ, ਰਕਤ ਬੂੰਦ ਸੁਹਾਇਆ । ਆਪੇ ਸੀਸ ਆਪੇ ਧੜ, ਜਗਤ ਜਗਦੀਸ ਆਪ ਅਖਵਾਇਆ । ਆਪੇ ਸੰਬਲ ਨਗਰੀ ਬੈਠਾ ਵੜ, ਗੋਬਿੰਦ ਰੂਪ ਵਟਾਇਆ । ਆਪੇ ਕਰੇ ਹਰਿ ਪਰਕਾਸ਼ ਬਹੱਤਰ ਨੜ, ਜੋਤੀ ਨੂਰੋ ਨੂਰ ਜਗਾਇਆ । ਆਪਣੀ ਅਗਨੀ ਆਪੇ ਸੜ, ਖ਼ਾਕੀ ਖ਼ਾਕ ਆਪ ਹੋ ਜਾਇਆ । ਆਪਣੀ ਲਾਏ ਆਪੇ ਜੜ੍ਹ, ਦਸਮ ਦਵਾਰੀ ਇਕ ਸੁਹਾਇਆ । ਆਪੇ ਫੜਾਏ ਆਪਣਾ ਲੜ, ਘਰ ਸਾਚੇ ਡੇਰਾ ਲਾਇਆ । ਲਹਿਣ ਦੇਣਾ ਚੁਕਾਏ ਨੌਂ ਦਰ, ਜੀਵ ਜੰਤ ਫੇਰਾ ਪਾਇਆ ।

ਨਾ ਜਨਮੇ ਨਾ ਜਾਏ ਮਰ, ਆਪ ਆਪਣਾ ਵੇਸ ਵਟਾਇਆ । ਆਪਣੀ ਕਰਨੀ ਆਪੇ ਕਰ, ਕਰਨਹਾਰ ਆਪ ਅਖਵਾਇਆ । ਆਪਣੀ ਜੋਤੀ ਧਰਨੀ ਧਰ, ਧਰਤ ਧਵਲ ਸੁਹਾਇਆ । ਸਾਢੇ ਤਿੰਨ ਹੱਥ ਤੇਰਾ ਚੁੱਕੇ ਡਰ, ਸਿੰਘ ਮਨਜੀਤਾ ਰਾਹ ਚਲਾਇਆ । ਜਗਤ ਜਗਦੀਸਾ ਵੇਖੇ ਘਰ, ਨੌ ਦਵਾਰ ਪੰਧ ਮੁਕਾਇਆ । ਹਰਿ ਸੰਗਤ ਤੇਰੇ ਕੁਕਰਮਾਂ ਗਿਆ ਸੜ, ਹਰਿ ਸਾਚੇ ਹਵਨ ਵਖਾਇਆ । ਛੱਤੀ ਫੁਟ ਉਪਰ ਚੜ੍ਹ, ਛੱਤੀ ਜੁਗਾਂ ਰਾਹ ਤਕਾਇਆ । ਆਪ ਫੜਾਏ ਆਪਣਾ ਲੜ, ਆਪ ਆਪਣਾ ਮੁਖ ਛੁਪਾਇਆ । ਸਿੰਘ ਪੂਰਨ ਅੰਦਰ ਬੈਠਾ ਵੜ, ਔਂਦਾ ਜਾਂਦਾ ਦਿਸ ਨਾ ਆਇਆ । ਨਾ ਕੋਈ ਚੋਟੀ ਨਾ ਕੋਈ ਜੜ, ਸੀਸ ਧੜ ਨਾ ਕੋਈ ਰਖਾਇਆ । ਸ੍ਰਿਸ਼ਟ ਸਬਾਈ ਰਿਹਾ ਫੜ, ਸ਼ਬਦ ਡੋਰੀ ਇਕ ਖੁਲ੍ਹਾਇਆ । ਕੋਈ ਨਾ ਸਕੇ ਅੱਗੇ ਖੜ, ਏਕਾ ਖੰਡਾ ਰਿਹਾ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਧੁਰ ਫ਼ਰਮਾਣਾ, ਹਰਿ ਹਰਿ ਆਪ ਸੁਣਾਈਆ । ਦਰ ਘਰ ਸਾਚੇ ਸਚ ਟਿਕਾਣਾ, ਗੁਰਸਿਖਾਂ ਧਾਮ ਰਖਾਈਆ । ਏਕਾ ਨਾਮ ਆਪ ਜਪਾਣਾ, ਏਕ ਕਰੇ ਪੜ੍ਹਾਈਆ । ਏਕਾ ਜਾਮ ਆਪ ਪਿਆਣਾ, ਆਪ ਆਪਣਾ ਮੁਖ ਛੁਪਾਈਆ । ਇਕ ਸੁਣਾਏ ਸਾਚਾ ਗਾਣਾ, ਏਕਾ ਰਾਗ ਅਲਾਈਆ । ਏਕਾ ਤਖ਼ਤ ਤਾਜ ਸੁਹਾਣਾ, ਰਾਜਨ ਰਾਜ ਇਕ ਅਖਵਾਈਆ । ਦੇਸ ਮਾਝਨ ਖੇਲ ਖਿਲਾਣਾ, ਖੇਲਣਹਾਰਾ ਹਰਿ ਰਘੁਰਾਈਆ । ਸ਼ਬਦ ਅਵਾਜ਼ ਗੁਰਸਿਖ ਉਠਾਣਾ, ਸਗਲਾ ਸੰਗ ਤਜਾਈਆ । ਚਰਨ ਦਵਾਰੇ ਦੇਵੇ ਮਾਣਾ, ਆਪ ਆਪਣੀ ਸਰਨ ਰਖਾਈਆ । ਆਪਣਾ ਵਰਤਣਹਾਰਾ ਭਾਣਾ, ਆਪੇ ਵੇਖ ਵਖਾਈਆ । ਆਪਣਾ ਬਦਲਿਆ ਚੋਲਾ ਆਪੇ ਪਹਿਨੇ ਆਪਣਾ ਬਾਣਾ, ਆਪ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਈਆ ।

ਸਤਿ ਪੁਰਖ ਨਿਰੰਜਣ ਖੇਲ ਅਪਾਰ, ਆਪਣੀ ਆਪ ਕਰਾਈਆ । ਆਪਣੇ ਘਰ ਕਰ ਪਸਾਰ, ਆਪੇ ਬੈਠਾ ਆਸਣ ਲਾਈਆ । ਆਪਣੀ ਜੋਤੀ ਕਰ ਉਜਿਆਰ, ਨਿਰਗੁਣ ਨੂਰ ਸਮਾਈਆ । ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਆਪਣੀ ਕਿਰਪਾ ਆਪੇ ਧਾਰ, ਆਪ ਆਪਣਾ ਰੂਪ ਦਰਸਾਈਆ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਇਕ ਸੁਹਾਈਆ । ਸਚਖੰਡ ਦਵਾਰ ਸਾਚੀ ਧਾਰ, ਹਰਿ ਹਰਿ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਆਪੇ ਪਾਏ ਆਪਣੀ ਸਾਰ, ਆਪਣਾ ਦਰ ਸੁਹਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਜੁਗ ਜੁਗ ਰਚਨ ਰਚਾਇੰਦਾ । ਖੇਲੇ ਖੇਲ ਖੇਲਣਹਾਰ, ਸਤਿਜੁਗ ਸਚ ਸਚ ਵਰਤਾਇੰਦਾ । ਤ੍ਰੇਤਾ ਤੇਰਾ ਰੂਪ ਨਿਆਰ, ਨਾਰੀ ਕੰਤ ਵੇਸ ਵਟਾਇੰਦਾ । ਦੁਆਪਰ ਤੇਰਾ ਪਾਰ ਕਿਨਾਰ, ਨਾਮ ਬੰਸਰੀ ਇਕ ਰਖਾਇੰਦਾ । ਕਲਜੁਗ ਤੇਰੀ ਅੰਤਮ ਧਾਰ, ਚੌਥਾ ਜੁਗ ਵੇਖ ਵਖਾਇੰਦਾ । ਚਾਰੇ ਕੁੰਟਾਂ ਹੋ ਉਜਿਆਰ, ਦਹਿ ਦਿਸ਼ਾ ਫੇਰੀ ਪਾਇੰਦਾ । ਬ੍ਰਹਿਮੰਡ ਖੰਡ ਦਏ ਹੁਲਾਰ, ਲੋਆਂ ਪੁਰੀਆਂ ਆਪ ਸੁਹਾਇੰਦਾ । ਵੰਡੇ ਵੰਡ ਆਪ ਕਰਤਾਰ, ਆਪ ਆਪਣੀ ਵੰਡ ਵੰਡਾਇੰਦਾ । ਜੇਰਜ ਅੰਡ ਕਰ ਤਿਆਰ, ਉਤਭੁਜ ਸੇਤਜ ਡੇਰਾ ਲਾਇੰਦਾ । ਬ੍ਰਹਮਾ ਮੀਤਾ ਸੁੱਤ ਦੁਲਾਰ, ਆਪ ਆਪਣਾ ਅੰਗ ਕਟਾਇੰਦਾ । ਵਿਸ਼ਨੂੰ ਵੰਸੀ ਲੇਖ ਨਿਆਰ,

੮
੦੮

ਬਾਸ਼ਕ ਸੇਜਾ ਆਪ ਹੰਢਾਇੰਦਾ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਮੇਲ ਮਿਲਾਇੰਦਾ । ਪੰਜ ਤੱਤ ਖੇਲ ਅਪਾਰ, ਖੇਲਣਹਾਰ ਖੇਲ ਖਿਲਾਇੰਦਾ । ਆਦਿ ਨਿਰੰਜਣ ਹੋ ਤਿਆਰ, ਜੋਤ ਨਿਰੰਜਣ ਵੇਖ ਵਖਾਇੰਦਾ । ਜੋਤ ਨਿਰੰਜਣ ਕਰੇ ਖ਼ਬਰਦਾਰ, ਸਾਚਾ ਹੁਕਮ ਸੁਣਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਤਖ਼ਤ ਤਾਜ ਇਕ ਵਖਾਇੰਦਾ । ਆਪ ਆਪਣੀ ਜਾਣੇ ਕਾਰ, ਕਰਤਾ ਪੁਰਖ ਵਡ ਵਡਿਆਇੰਦਾ । ਪੁਰਖ ਅਗੰਮਾ ਅਗੰਮ ਅਪਾਰ, ਅਗੰਮੜੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਆਪਣਾ ਬੰਧਨ ਆਪੇ ਪਾ, ਪੁਰਖ ਅਬਿਨਾਸ਼ ਖੇਲ ਖਿਲਾਇੰਦਾ । ਆਪਣੇ ਤੰਦਨ ਆਪ ਬੰਨ੍ਹਾ, ਆਪੇ ਅੰਤ ਖੁਲ੍ਹਾਇੰਦਾ । ਆਪਣੇ ਪਰਮਾਨੰਦਨ ਆਪ ਸਮਾ, ਆਪੇ ਵੇਖ ਵਖਾਇੰਦਾ । ਆਪਣਾ ਚੰਦਨ ਟਿੱਕਾ ਆਪੇ ਲਾ, ਆਪੇ ਮੁਖ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੇਖ ਵਖਾਇੰਦਾ । ਆਦਿ ਅਨਾਦੀ ਏਕਾ ਧਾਰ, ਆਪਣੀ ਆਪ ਬੰਧਾਈਆ । ਤ੍ਰੈ ਤ੍ਰੈ ਕਰੇ ਸਚ ਪਿਆਰ, ਤ੍ਰੈ ਤ੍ਰੈ ਮੇਲ ਮਿਲਾਈਆ । ਪੰਚਮ ਪੰਚਮ ਪੰਚ ਜੈਕਾਰ, ਪੰਚਮ ਪੰਚ ਸਮਾਈਆ । ਪੰਚਮ ਧੁਨ ਨਾਦ ਜੈਕਾਰ, ਪੰਚਮ ਨਾਹਰਾ ਲਾਈਆ । ਪੰਚਮ ਭਰੇ ਹਰਿ ਭੰਡਾਰ, ਪੰਚਮ ਦਏ ਵਰਤਾਈਆ । ਪੰਚਮ ਕਰੇ ਪੰਚ ਸ਼ੰਗਾਰ, ਪੰਚਮ ਵੇਖ ਵਖਾਈਆ । ਪੰਚਮ ਵੇਖੇ ਏਕਾ ਘਰ ਬਾਰ, ਪੰਚਮ ਧਾਰਾ ਇਕ ਸੁਹਾਈਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਪਾਇਆ ਹਰਿ ਹਰਿ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪੰਚਮ ਤੱਤ ਰਖਾਈਆ । ਪੰਚਮ ਤ੍ਰੈਗੁਣ ਨਾਤਾ ਜੋੜ, ਸਾਚਾ ਖੇਲ ਖਿਲਾਇੰਦਾ । ਆਪੇ ਚੜ੍ਹਿਆ ਸਾਚੇ ਘੋੜ, ਆਪੇ ਵੇਖ ਵਖਾਇੰਦਾ । ਜੁਗ ਜੁਗ ਆਵੇ ਜਾਵੇ ਆਪੇ ਦੌੜ, ਆਪ ਆਪਣਾ ਮਤਾ ਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਧਰਨੀ ਧਰ, ਆਪਣਾ ਆਪ ਟਿਕਾਈਆ । ਆਪਣੀ ਵਰਨੀ ਆਪੇ ਵਰ, ਆਪੇ ਸੰਗ ਰਖਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਆਪ ਹੋ ਜਾਈਆ । ਆਪਣੀ ਸਰਨੀ ਆਪੇ ਪੜ, ਆਪੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਈਆ । ਕਲਜੁਗ ਪੰਜ ਤੱਤ ਕਰ ਪਰਵਾਨ, ਪੰਚਮ ਮੇਲ ਮਿਲਾਈਆ । ਦਾਤਾ ਦਾਨੀ ਹਰਿ ਭਗਵਾਨ, ਸਾਚੀ ਵਸਤ ਝੋਲੀ ਪਾਈਆ । ਪਾਰਬ੍ਰਹਮ ਬ੍ਰਹਮ ਇਕ ਪਛਾਣ, ਏਕਾ ਅੰਗ ਕਟਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਰਿਹਾ ਵਸਾਈਆ । ਏਕਾ ਨੇਤਰ ਏਕਾ ਕਾਨ, ਏਕਾ ਗਿਆਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪੇ ਰਿਹਾ ਖਿਲਾਈਆ । ਆਪ ਉਪਾਏ ਆਪ ਉਠਾਏ, ਆਦਿ ਅੰਤ ਏਕੰਕਾਰਿਆ । ਜੁਗ ਜੁਗ ਆਪਣਾ ਵੇਸ ਵਟਾਏ, ਖੇਲੇ ਖੇਲ ਅਗੰਮ ਅਪਾਰਿਆ । ਨਰ ਨਰੇਸ਼ ਆਪ ਹੋ ਜਾਏ, ਨਰ ਨਰੇਸ਼ ਰੂਪ ਕਰਤਾਰਿਆ । ਬ੍ਰਹਮਾ ਵਿਸ਼ਨ ਗਣੇਸ਼ ਮਹੇਸ਼ ਦਰ ਦਰਵੇਸ ਬਹਾਏ, ਕੋਟਨ ਕੋਟ ਕਰਨ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜ ਤੱਤ ਪਾਵਣਹਾਰਾ ਸਾਰਿਆ । ਪੰਜ ਤੱਤ ਤੇਰਾ ਸਾਚਾ ਰੂਪ, ਹਰਿ ਹਰਿ ਬਣਤ ਬਣਾਈਆ । ਆਪੇ ਵਸਿਆ ਹਰਿ ਹਰਿ ਭੂਪ, ਆਪ ਆਪਣਾ ਆਸਣ ਲਾਈਆ । ਆਪੇ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਆਪਣਾ ਹੁਲਾਰਾ ਆਪੇ ਰਿਹਾ ਝੂਟ, ਆਪੇ ਰਿਹਾ ਝੁਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਸਾਚਾ ਪੰਜ ਤੱਤ ਦੇਵੇ ਵਰ, ਨੌ ਦਵਾਰ ਆਪ ਖੁਲ੍ਹਾਈਆ । ਏਕਾ ਏਕ ਗ਼ਰੀਬ ਨਿਵਾਜਾ, ਆਪਣੀ ਕਲ ਵਰਤਾਈਆ । ਅਸਵ ਘੋੜਾ ਰੱਖੇ ਤਾਜਾ, ਦੋ ਜਹਾਨਾਂ ਆਪ ਦੌੜਾਈਆ । ਕਲਜੁਗ ਅੰਤਮ ਪਰਗਟ ਹੋਏ ਦੇਸ ਮਾਝਾ, ਲੋਕਮਾਤ ਵੱਜੀ ਵਧਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਇਕ ਅਖਵਾਈਆ । ਏਕਾ ਹੋਏ ਸ਼ਾਹ ਨਵਾਬਾ, ਨਬੀ ਰਸੂਲ ਆਪ ਹੋ ਜਾਈਆ । ਆਪੇ ਮੇਲ ਮਿਲਾਵਾ ਦੋ ਦੋ ਆਬਾ, ਆਪ ਆਪਣਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਦਵਾਰ ਵੇਖੇ ਸਰਬ ਲੋਕਾਈਆ । ਨੌ ਦਵਾਰ ਹਰਿ ਹਰਿ ਖੋਲ੍ਹ, ਆਪਣਾ ਖੇਲ ਖਿਲਾਇੰਦਾ । ਆਪਣੀ ਧਾਰਾ ਆਪੇ ਬੋਲ, ਆਪੇ ਆਪ ਸੁਣਾਇੰਦਾ । ਆਪੇ ਵਸੇ ਕਾਇਆ ਚੋਲ, ਆਪੇ ਵੇਸ ਵਟਾਇੰਦਾ । ਆਪ ਵਜਾਵਣਹਾਰਾ ਢੋਲ, ਏਕਾ ਮਰਦੰਗ ਆਪ ਉਠਾਇੰਦਾ । ਸ੍ਰਿਸ਼ਟ ਸਬਾਈ ਪਿਆ ਘੋਲ, ਲੇਖਾ ਲੇਖ ਨਾ ਕੋਈ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰ ਇਕ ਬੰਧਾਇੰਦਾ । ਨੌ ਦਵਾਰੇ ਹਰਿ ਧੜਵਾਈ, ਏਕਾ ਤੱਕੜ ਹੱਥ ਰਖਾਇਆ । ਨਿਰਗੁਣ ਜੋਤੀ ਕਰ ਰੁਸ਼ਨਾਈ, ਅੰਧ ਅੰਧੇਰ ਮਿਟਾਇਆ । ਗੁਰਮੁਖ ਸਾਚੇ ਕਰ ਕੁੜਮਾਈ, ਆਪਣਾ ਸਗਨ ਮਨਾਇਆ । ਸਚਖੰਡ ਵੱਜੇ ਵਧਾਈ, ਬ੍ਰਹਮਾ ਸ਼ਿਵ ਨੇਤਰ ਨੈਣ ਰਹੇ ਉਠਾਇਆ । ਅਬਿਨਾਸ਼ੀ ਕਰਤਾ ਦਾਇਆ ਦਾਈ, ਆਪ ਉਪਾਏ ਆਪੇ ਲਏ ਮਿਟਾਇਆ । ਆਦਿ ਜੁਗਾਦੀ ਰਚਨ ਰਚਾਈ, ਵੇਦ ਪੁਰਾਨਾ ਭੇਵ ਨਾ ਪਾਇਆ । ਖਾਣੀ ਬਾਣੀ ਰਹੀ ਗਾਈ, ਨੇਤਰ ਨੈਣ ਨਾ ਕੋਈ ਦਿਸਾਇਆ । ਕਲਜੁਗ ਵੇਖੇ ਥਾਉਂ ਥਾਈਂ, ਥਿਰ ਘਰ ਬੈਠਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰ ਇਕ ਬੰਧਾਇਆ । ਚਾਰ ਜੁਗ ਤੇਰਾ ਜੁਗ ਜੁਗ ਜਾਪ, ਹਰਿ ਆਪੇ ਆਪ ਜਪਾਈਆ । ਆਪੇ ਕਰੇ ਵਡ ਪਰਤਾਪ, ਆਪੇ ਮੇਟ ਮਿਟਾਈਆ । ਆਪੇ ਵੇਖੇ ਪੁੰਨ ਪਾਪ, ਪੁੰਨ ਸਵਾਬ ਆਪ ਹੋ ਜਾਈਆ । ਆਪੇ ਮੇਟੇ ਤੀਨੋ ਤਾਪ, ਤ੍ਰੈਗੁਣ ਆਪੇ ਸੰਗ ਨਿਭਾਈਆ । ਆਪੇ ਮਾਈ ਆਪੇ ਬਾਪ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਖਿਲਾਈਆ । ਆਪੇ ਜਪ ਤਪ ਹਠ, ਆਪੇ ਪੂਜ ਕਰਾਇੰਦਾ । ਆਪੇ ਪੂਜਾ ਆਪੇ ਪਾਠ, ਆਪੇ ਹਵਨ ਕਰਾਇੰਦਾ । ਆਪੇ ਸਰ ਸਰੋਵਰ ਮਾਰੇ ਠਾਠ, ਤਟ ਕਿਨਾਰਾ ਆਪ ਵਖਾਇੰਦਾ । ਆਪੇ ਖੋਲ੍ਹਣਹਾਰਾ ਹਾਟ, ਚੌਦਾਂ ਲੋਕਾਂ ਵੇਖ ਵਖਾਇੰਦਾ । ਆਪੇ ਵੇਖਣਹਾਰਾ ਆਪਣਾ ਘਾਟ, ਆਪ ਆਪਣਾ ਕੰਢਾ ਪਾਰ ਕਰਾਇੰਦਾ । ਆਪੇ ਜੋਤ ਜਗਾਵਣਹਾਰਾ ਲਿਲਾਟ, ਜੋਤ ਲਿਲਾਟੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲਾਇੰਦਾ । ਆਪੇ ਵੇਦ ਪਾਠ ਪੁਰਾਨਾ, ਆਪੇ ਕਰੇ ਜਣਾਈਆ । ਆਪੇ ਬ੍ਰਹਮਾ ਵਿਸ਼ਨ ਖੇਲ ਮਹਾਨਾ, ਸ਼ਿਵ ਸ਼ੰਕਰ ਆਪ ਉਪਾਈਆ । ਆਪੇ ਲੱਖ ਚੁਰਾਸੀ ਹੋ ਪਰਧਾਨਾ, ਪੰਜ ਤੱਤ ਮੇਲ ਮਿਲਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਖੇਲ ਖਿਲਾਈਆ । ਆਪੇ ਮਰਦ ਆਪ ਮਰਦਾਨਾ, ਜੋਧਾ ਸੂਰਬੀਰ ਆਪ ਹੋ ਜਾਈਆ । ਆਪੇ ਪੁਰਖ ਆਪ ਸੁਲਤਾਨਾ, ਸ਼ਾਹੋ ਭੂਪ ਨਾਉਂ ਰਖਾਈਆ । ਆਪੇ ਅੰਜੀਲ ਆਪ ਕੁਰਾਨਾ, ਪੀਰ ਦਸਤਗੀਰ ਆਪ ਸਿਖਾਈਆ । ਆਪੇ ਖ਼ਲਕ ਖ਼ੁਦਾਈ ਨੌਜਵਾਨਾ, ਆਪੇ ਖਾਲਕ ਰੂਪ ਵਟਾਈਆ । ਆਪੇ ਖੇਲੇ ਖੇਲ ਦੋ ਜਹਾਨਾਂ, ਜੁਗ ਜੁਗ ਵੱਡੀ ਵਡਿਆਈਆ । ਆਪੇ ਰਾਗ ਆਪ ਤਰਾਨਾ,

੧੦

ਆਪੇ ਨਾਦ ਵਜਾਈਆ । ਆਪੇ ਪਵਣ ਆਪ ਮਸਾਣਾ, ਆਪੇ ਪਾਨੀ ਵਿਚ ਟਿਕਾਈਆ । ਆਪੇ ਖਾਣੀ ਆਪੇ ਬਾਣੀ ਆਪੇ ਲਾਵਣਹਾਰਾ ਬਾਣਾ, ਆਪ ਆਪਣਾ ਤੀਰ ਚਲਾਈਆ । ਆਪੇ ਵਰਤੇ ਆਪੇ ਭਾਣਾ, ਆਪਣੇ ਭਾਣੇ ਵਿਚ ਸਮਾਈਆ । ਆਪੇ ਚਤੁਰ ਸੁਘੜ ਸਿਆਣਾ, ਮੂਰਖ ਮੂੜ੍ਹ ਆਪ ਹੋ ਜਾਈਆ । ਆਪੇ ਹੋਇ ਗੁਣ ਨਿਧਾਨਾ, ਗੁਣਵੰਤਾ ਨਾਉਂ ਰਖਾਈਆ । ਆਪੇ ਜਾਪ ਜਪ ਅਜਪਾ ਜਾਪ ਹੋ ਜਾਣਾ, ਜਾਗਰਤ ਜੋਤ ਆਪ ਆਪ ਅਖਵਾਈਆ । ਆਪੇ ਵਸੇ ਮਹੱਲ ਅਟੱਲ ਉਚ ਮਕਾਨਾ, ਥਿਰ ਘਰ ਆਪੇ ਡੇਰਾ ਲਾਈਆ । ਆਪ ਉਡਾਏ ਸਤਿ ਬਿਬਾਨਾ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਅੰਤਮ ਹੋ ਪਰਧਾਨਾ, ਆਪ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਬੱਧਾ ਗਾਨਾ, ਏਕਾ ਦਿਵਸ ਸੁਹਾਈਆ । ਗੁਰਮੁਖ ਸਾਚੇ ਕਰ ਪਰਵਾਨਾ, ਆਪ ਆਪਣੀ ਬੂਝ ਬੁਝਾਈਆ । ਦਰਗਹਿ ਸਾਚੀ ਦੇਵੇ ਮਾਣਾ, ਬੰਕ ਦਵਾਰੀ ਵੇਖ ਵਖਾਈਆ । ਦੀਪਕ ਜੋਤੀ ਇਕ ਜਗਾਨਾ, ਲੋਕਮਾਤ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਿਰਿਆ ਰਿਹਾ ਮਿਟਾਈਆ । ਕਲਜੁਗ ਤੇਰਾ ਕੂੜਾ ਨਾਤਾ, ਹਰਿ ਹਰਿ ਤੋੜ ਤੁੜਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਦ ਚੜ੍ਹਾਇੰਦਾ । ਪਰਗਟ ਹੋਏ ਪੁਰਖ ਬਿਧਾਤਾ, ਪਾਰਬ੍ਰਹਮ ਵੇਸ ਵਟਾਇੰਦਾ । ਬੈਠਾ ਰਹੇ ਇਕ ਅਕਾਂਤਾ, ਸਚ ਸਿੰਘਾਸਣ ਆਸਣ ਲਾਇੰਦਾ । ਦੋ ਜਹਾਨਾਂ ਮਾਰੇ ਧਿਆਨਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਜਨ ਭਗਤਾਂ ਦੇਵੇ ਏਕਾ ਦਾਨਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਅੰਤਮ ਪੁੱਛਣ ਆਇਆ ਵਾਤਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਦਰ ਸਾਚਾ ਵੇਖ ਵਖਾਇੰਦਾ । ਨੌਂ ਦਰ ਤੇਰਾ ਹੱਟ ਪਸਾਰਾ, ਹਰਿ ਹਰਿ ਆਪ ਕਰਾਇਆ । ਚਾਰ ਜੁਗ ਜੀਵ ਜੰਤ ਕਰ ਵਣਜਾਰਾ, ਸਾਧ ਸੰਤ ਵੇਖ ਵਖਾਇਆ । ਨਾਲ ਰਲਾਇਆ ਤੀਰਥ ਤਟ ਕਿਨਾਰਾ, ਜਲ ਧਾਰਾ ਨੀਰ ਸਮਾਇਆ । ਧਰਨੀ ਖੇਲ ਅਪਰ ਅਪਾਰਾ, ਗੁਰ ਦਰ ਮੰਦਰ ਮਸਜਿਦ ਆਪ ਸੁਹਾਇਆ । ਆਪੇ ਵਸਿਆ ਸਭ ਤੋਂ ਬਾਹਰਾ, ਭੇਵ ਕਿਸੇ ਨਾ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰਾ, ਪੰਚਮ ਤੱਤ ਦ੍ਰਿੜਾਇਆ । ਆਸਾ ਤ੍ਰਿਸਨਾ ਕਰ ਸ਼ੰਗਾਰਾ, ਸਾਚੇ ਘਰ ਬਹਾਇਆ । ਹਉਮੇ ਹੰਗਤਾ ਭਰ ਭੰਡਾਰਾ, ਜਗਤ ਦਵਾਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਡੇਰਾ ਆਪੇ ਢਾਇਆ । ਕਲਜੁਗ ਖੇੜਾ ਰਿਹਾ ਢੱਠ, ਹਰਿ ਸਾਚੇ ਖੇਲ ਖਿਲਾਈਆ । ਚਰਨ ਦਵਾਰੇ ਲਿਆਏ ਤੀਰਥ ਤਟ, ਅਠਸਠ ਜੁਗ ਚੌਥੇ ਚੌਥੇ ਵਿਚ ਸਮਾਈਆ । ਚੌਦਾਂ ਲੋਕ ਖਾਲੀ ਹੱਟ, ਲੱਖ ਚੁਰਾਸੀ ਵੇਖ ਸਰਬ ਲੋਕਾਈਆ । ਸਚਖੰਡ ਦਵਾਰੇ ਇਕ ਅਕੱਠ, ਜੋਤੀ ਨੂਰੋ ਨੂਰ ਰੁਸ਼ਨਾਈਆ । ਵਸਣਹਾਰਾ ਘਟ ਘਟ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਚੇ ਵੇਖ ਵਖਾਈਆ । ਸਾਚਾ ਘਰ ਸਚ ਦਵਾਰਾ, ਹਰਿ ਸਾਚੀ ਰਚਨ ਰਚਾਈਆ । ਸਾਚਾ ਸੱਜਣ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਸਾਚੀ ਰੰਗਤ ਰੰਗੇ ਕਰਤਾਰਾ, ਉਤਰ ਕਦੇ ਨਾ ਜਾਈਆ । ਸਾਚਾ ਵਰ ਪਾਇਆ ਭਤਾਰ, ਘਰ ਸਾਚੇ ਮੇਲ ਮਿਲਾਈਆ । ਸੋਭਾਵੰਤੀ ਸਾਚੀ ਨਾਰ, ਘਰ ਸਾਚੇ ਸਗਨ ਮਨਾਈਆ । ਸਚ ਮਹੱਲੇ ਦੀਵਾ ਬਾਤੀ ਕਰ ਉਜਿਆਰ, ਕਮਲਾਪਾਤਾ ਰਾਹ ਤਕਾਈਆ । ਕਮਲਾਪਾਤੀ ਖੇਲ ਅਪਾਰ, ਆਪਣੀ ਲਏ ਆਪ ਅੰਗੜਾਈਆ । ਮਾਰੇ ਝਾਤੀ ਦਸਮ ਦਵਾਰ, ਦਰ ਦਵਾਰਾ ਆਪ ਸੁਹਾਈਆ । ਅੱਗੇ ਤਾਕੀ ਬੰਦ ਕਿਵਾੜ, ਨੌਂ ਦਵਾਰ ਮੁਖ ਛੁਪਾਈਆ ।

ਪੰਚਮ ਰੱਖੇ ਪਹਿਰੇਦਾਰ, ਝੂਠੀ ਧਾੜ ਬੰਧਾਈਆ । ਜਗਤ ਤ੍ਰਿਸਨਾ ਰਹੀ ਸਾੜ, ਅਗਨੀ ਅੱਗ ਨਾ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਇਕ ਸੁਹਾਈਆ । ਸਾਚੀ ਨਾਰੀ ਕਰ ਸ਼ੰਗਾਰ, ਆਪਣਾ ਆਪ ਸ਼ੰਗਾਰਿਆ । ਨੇਤਰ ਨੈਣਾਂ ਕੱਜਲ ਧਾਰ, ਏਕਾ ਰੂਪ ਅਪਾਰਿਆ । ਸਾਚਾ ਸੱਜਣ ਮੀਤ ਮੁਰਾਰ, ਘਰ ਆਏ ਬੰਕ ਦਵਾਰਿਆ । ਚਰਨ ਕਵਲ ਰੱਖੇ ਇਕ ਪਿਆਰ, ਆਪ ਅਪਣਾ ਉਤੋਂ ਵਾਰਿਆ । ਆਪੇ ਢਹਿ ਢਹਿ ਮੰਗੇ ਮੰਗ ਭਿਖਾਰ, ਆਪਣੀ ਝੋਲੀ ਆਪ ਭਰਾਇਆ । ਸਾਚਾ ਮੀਤਾ ਹਰਿ ਨਿਰੰਕਾਰ, ਆਪ ਆਪਣਾ ਖੇਲ ਖਿਲਾਇਆ । ਇਕ ਅਤੀਤਾ ਹੋ ਤਿਆਰ, ਨਿਰਗੁਣ ਜੋਤੀ ਜੋਤ ਜਗਾਇਆ । ਠਾਂਡਾ ਸੀਤਾ ਸਚਖੰਡ ਦਵਾਰ, ਸਚ ਸਿੰਘਾਸਣ ਵੇਖ ਵਖਾਇਆ । ਕਲਜੁਗ ਤੇਰੀ ਅੰਤਮ ਵਰ, ਪਾਰਬ੍ਰਹਮ ਪ੍ਰਭ ਪਾਏ ਸਾਰ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖ ਸਾਚੇ ਵੇਖ ਵਖਾਇਆ । ਚੌਥੇ ਜੁਗ ਚੌਥੀ ਧਾਰ, ਚੌਥੇ ਪਦ ਦਸਾਈਆ । ਚੌਥੇ ਘਰ ਕਰ ਵਿਚਾਰ, ਚੌਥਾ ਰਾਹ ਮਿਟਾਈਆ । ਚੌਥੇ ਦਰ ਹਰਿ ਉਜਿਆਰ, ਚੌਥਾ ਪਦ ਰਖਾਈਆ । ਚਾਰ ਜੁਗਾਂ ਏਕਾ ਧਾਰ, ਜੁਗਾ ਜੁਗੰਤ ਆਪ ਵਰਤਾਈਆ । ਕਲਜੁਗ ਅੰਤਮ ਮਾਰੇ ਮਾਰ, ਨਾਮ ਖੰਡਾ ਹੱਥ ਉਠਾਈਆ । ਸੰਤ ਸੁਹੇਲੇ ਸਚ ਦੁਲਾਰ, ਘਰ ਸਾਚੇ ਲਏ ਬੁਲਾਈਆ । ਪੰਚਮ ਮੀਤਾ ਖ਼ਬਰਦਾਰ, ਪੰਚਮ ਮੇਲ ਮਿਲਾਈਆ । ਸਾਚਾ ਦੀਵਾ ਬਾਤੀ ਕਰ ਉਜਿਆਰ, ਘਿਰਤੀ ਘਿਰਤ ਸਮਾਈਆ । ਸ੍ਰਿਸ਼ਟ ਸਬਾਈ ਧੂੰਆਂਧਾਰ, ਨੌਂ ਦਵਾਰ ਪਈ ਲੜਾਈਆ । ਗੁਰਸਿਖ ਬੋਲਣ ਇਕ ਜੈਕਾਰ, ਮਿਲਿਆ ਮੇਲ ਸਾਚੇ ਮਾਹੀਆ । ਪਾਇਆ ਵਰ ਹਰਿ ਭਤਾਰ, ਵਿਛੜ ਕਦੇ ਨਾ ਜਾਈਆ । ਕਰਨਹਾਰਾ ਸਚ ਪਿਆਰ, ਸਾਚੀ ਕਰਨੀ ਕਿਰਤ ਕਮਾਈਆ । ਵੇਖਣਹਾਰਾ ਨੌਂ ਦਵਾਰ, ਨੌਂ ਦਰਵਾਜੇ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲੇਖੇ ਲਾਈਆ ।

੧੨ ੦੮

ਪਹਿਲੇ ਦਰ ਨਿਰਗੁਣ ਧਾਰ, ਨਰ ਨਰਾਇਣ ਚਲਾਈਆ । ਗੁਰਮੁਖ ਸਾਚੇ ਕਰ ਪਿਆਰ, ਸਾਚੇ ਦਰ ਸੁਹਾਈਆ । ਜੋਤ ਨਿਰੰਜਣ ਕਰ ਤਿਆਰ, ਗਗਨ ਮੰਡਲ ਆਪ ਟਿਕਾਈਆ । ਸੁਖਮਨ ਤੇਰੀ ਡੂੰਘੀ ਗਾਰ, ਰਾਹ ਵਿਚ ਨਾ ਕੋਈ ਅਟਕਾਈਆ । ਸ਼ਬਦੀ ਗੁਰ ਹੋ ਤਿਆਰ, ਲਹਿਣਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਵਰ, ਨੂਰੋ ਨੂਰ ਸਮਾਈਆ । ਜੋਤੀ ਨੂਰ ਸ਼ਬਦੀ ਬਾਣਾ, ਹਰਿ ਹਰਿ ਤਨ ਸਜਾਇਆ । ਧੁਰਦਰਗਾਹੀ ਸਾਚਾ ਰਾਣਾ, ਲੋਕਮਾਤ ਵੇਖ ਵਖਾਇਆ । ਜਨ ਭਗਤਾਂ ਕਰੇ ਆਪ ਪਛਾਨਾ, ਜੁਗ ਵਿਛੜੇ ਮੇਲ ਮਿਲਾਇਆ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਵਿਚ ਰਖਾਇਆ । ਆਪੇ ਪਾਏ ਆਪਣੀ ਆਣਾ, ਆਪਣਾ ਹੁਕਮ ਚਲਾਇਆ । ਆਪੇ ਹੋਇਆ ਜਾਣੀ ਜਾਣਾ, ਹਰ ਘਟ ਬੈਠਾ ਆਸਣ ਲਾਇਆ । ਆਪੇ ਦੇਵਣਹਾਰਾ ਮਾਣਾ, ਗਰੀਬ ਨਿਮਾਣੇ ਗਲੇ ਲਗਾਇਆ । ਆਪੇ ਗਾਏ ਸਾਚਾ ਗਾਨਾ, ਧੁਨ ਅਨਾਦੀ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਏਕੰਕਾਰਾ ਰੂਪ ਵਟਾਇਆ । ਦੂਜੇ ਦਰ ਤੇਰਾ ਰੰਗ, ਹਰਿ ਸਾਚਾ ਆਪ ਰੰਗਾਈਆ । ਸ਼ਬਦ ਸਿੰਘਾਸਣ ਬੈਠ ਪਲੰਘ, ਆਪ ਆਪਣਾ ਵੇਖ ਵਖਾਈਆ ।

ਆਪ ਆਪਣੀ ਮੰਗੀ ਮੰਗ, ਚਾਰ ਜੁਗ ਜੋੜ ਜੁੜਾਈਆ । ਆਪ ਵਹਾਈ ਧਾਰ ਗੰਗ, ਤੀਰਥ ਤਟ ਆਪ ਸੁਹਾਈਆ । ਆਪੇ ਕਰਕੇ ਆਇਆ ਨੰਗ, ਪਰਦਾ ਉਪਰ ਨਾ ਕੋਈ ਪਾਈਆ । ਸਾਚੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਪਾਈਆ । ਕੋਟਨ ਕੋਟ ਬ੍ਰਹਿਮੰਡ ਖੰਡ ਰਿਹਾ ਮੰਗ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਅੰਤਮ ਤੇਰੀ ਵੰਡ, ਗੁਰਮੁਖਾਂ ਆਪ ਵੰਡਾਈਆ । ਪਾਵਣਹਾਰਾ ਸਾਚੀ ਠੰਡ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੀ ਹੱਥੀਂ ਬੰਨੇ ਨਾਮ ਗੰਢ, ਪੂਜਾ ਪਾਠ ਨਾ ਕੋਈ ਵਖਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਕੰਤ ਸੁਹਾਗੀ ਮੇਲ ਮਿਲਾਈਆ । ਲੇਖੇ ਲਾਏ ਜੇਰਜ ਅੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਗੁਰਮੁਖ ਵਸੇ ਸਾਚੇ ਘਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਾਚਾ ਬਸਤਰ ਹਰਿ ਹਰਿ ਬਾਣਾ, ਆਪਣੇ ਤਨ ਛੁਹਾਇੰਦਾ । ਖੇਲੇ ਖੇਲ ਦੋ ਜਹਾਨਾਂ, ਜੁਗ ਜੁਗ ਵੇਸ ਵਟਾਇੰਦਾ । ਆਪਣਾ ਰੰਗ ਆਪੇ ਮਾਣਾ, ਆਪੇ ਵੇਖ ਵਖਾਇੰਦਾ । ਆਪਣਾ ਤਣਿਆ ਆਪੇ ਤਾਣਾ, ਆਪੇ ਵਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦੋਏ ਦੋਏ ਵੇਖ ਵਖਾਇੰਦਾ । ਤੀਜਾ ਦਰ ਤੀਜਾ ਨੈਣ, ਹਰਿ ਹਰਿ ਆਪ ਖੁਲ੍ਹਾਈਆ । ਗੁਰਮੁਖਾਂ ਮਿਲਿਆ ਸਾਕ ਸੱਜਣ ਸੈਣ, ਵਡ ਦਾਤਾ ਬੇਪਰਵਾਹੀਆ । ਆਪ ਚੁਕਾਏ ਲਹਿਣ ਦੇਣ, ਪਿਛਲਾ ਮੂਲ ਚੁਕਾਈਆ । ਗੁਰਸਿਖ ਧਾਮ ਅਕੱਠੇ ਬਹਿਣ, ਏਕਾ ਦਰ ਵਸਾਈਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਤ੍ਰੈ ਤ੍ਰੈ ਲੋਕਾਂ ਵੇਖ ਵਖਾਈਆ । ਸੁਰਪਤ ਤੇਰੀ ਧਾਰ, ਹਰਿ ਹਰਿ ਵੇਖ ਵਖਾਇੰਦਾ । ਆਦਿ ਜੁਗਾਦੀ ਜਗਤ ਸ਼ੰਗਾਰ, ਰੂਪ ਅਨੂਪ ਵਟਾਇੰਦਾ । ਤ੍ਰੈਗੁਣ ਅਤੀਤਾ ਇਕ ਵਿਹਾਰ, ਆਪਣਾ ਆਪ ਕਰਾਇੰਦਾ । ਆਪੇ ਜਾਣੇ ਆਪਣੀ ਰੀਤਾ, ਆਪੇ ਵੇਖ ਵਖਾਇੰਦਾ । ਏਕਾ ਰੰਗ ਹਸਤ ਕੀਟਾ, ਨੇਤਰ ਗਿਆਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਜੇ ਦਰ ਸਾਚਾ ਵਰ, ਗੁਰਮੁਖਾਂ ਚੁਕਾਏ ਜਗਤ ਡਰ, ਏਕਾ ਬ੍ਰਹਮ ਨਜ਼ਰੀ ਆਇੰਦਾ । ਚੌਥਾ ਦਰ ਆਪੇ ਖੋਲ੍ਹ ਆਪਣੀ ਰਚਨ ਰਚਾਈਆ । ਧੁਨ ਅਨਾਦੀ ਆਪੇ ਬੋਲ, ਸ਼ਬਦੀ ਗੀਤ ਸੁਣਾਈਆ । ਆਪਣੀ ਕਾਇਆ ਆਪੇ ਮੌਲ, ਆਪ ਆਪਣਾ ਵੇਸ ਵਟਾਈਆ । ਲਹਿਣਾ ਦੇਣਾ ਚੁਕੇ ਧਰਤ ਧਵਲ, ਖਾਕੀ ਖਾਕ ਨਾ ਕੋਈ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਚੌਥਾ ਇਕ ਸੁਹਾਈਆ । ਚੌਥੇ ਪਦ ਸਾਚਾ ਨਦ, ਹਰਿ ਹਰਿ ਆਪ ਵਜਾਇੰਦਾ । ਕਲਜੁਗ ਅੰਤਮ ਤੇਰੀ ਹੱਦ, ਆਪੇ ਵੇਖ ਵਖਾਇੰਦਾ । ਸੰਤ ਸੁਹੇਲੇ ਸਾਚੇ ਸਦ, ਸਾਚਾ ਰੰਗ ਚੜ੍ਹਾਇੰਦਾ । ਆਪ ਬਣਾਏ ਆਪਣੀ ਯੱਦ, ਆਪੇ ਬੰਸ ਰਖਾਇੰਦਾ । ਆਪ ਪਿਆਏ ਆਪਣੀ ਮਦ, ਅੰਮ੍ਰਿਤ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਦਰਸਾਇੰਦਾ । ਸਚ ਦਵਾਰਾ ਕਮਲਾਪਾਤੀ, ਨਿਰਗੁਣ ਰੂਪ ਸਮਾਇਆ । ਗੁਰਮੁਖ ਜੋਤ ਏਕਾ ਬਾਤੀ, ਏਕਾ ਵੇਖ ਵਖਾਇਆ । ਮਿਟੀ ਰੈਣ ਅੰਧੇਰੀ ਰਾਤੀ, ਸਾਚਾ ਚੰਦ ਚੜ੍ਹਾਇਆ । ਦੇਵਣਹਾਰਾ ਸਾਚੀ ਦਾਤੀ ਦਾਤਾ ਦਾਨੀ ਆਪ ਅਖਵਾਇਆ । ਅੱਠੇ ਪਹਿਰ ਰੱਖੇ ਪਰਭਾਤੀ, ਅੰਮ੍ਰਿਤ ਵੇਲਾ ਇਕ ਸੁਹਾਇਆ । ਦੇਵਣਹਾਰਾ ਬੂੰਦ ਸਵਾਂਤੀ, ਕਵਲ ਨਾਭ ਆਪ ਉਲਟਾਇਆ । ਗੁਰਮੁਖ ਤੇਰੀ ਉਤਮ ਜਾਤੀ, ਆਵਣ ਜਾਵਣ ਵਿਚ ਨਾ ਆਇਆ । ਚੌਥੇ ਘਰ ਸਚ ਬਰਾਤੀ, ਸੰਤ ਸੁਹੇਲੇ ਮੇਲ ਮਿਲਾਇਆ । ਚਰਨ ਕਵਲ ਬੰਧਾਏ ਏਕਾ

੧੩
0t

ਨਾਤੀ, ਨਾ ਕੋਈ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਵੇਖ ਵਖਾਇਆ । ਚੌਥੇ ਦਰ ਬਸਤਰ ਭੂਸ਼ਨ ਵੇਖ, ਆਪਣੀ ਖੇਲ ਖਿਲਾਈਆ । ਆਪੇ ਧਰਿਆ ਆਪਣਾ ਭੇਖ, ਆਪਣਾ ਚੋਲਾ ਆਪ ਬਦਲਾਈਆ । ਲੋਕਮਾਤ ਨਾ ਦਿਸੇ ਰੇਖ, ਪੰਜ ਤੱਤ ਨਾ ਵੱਜੇ ਵਧਾਈਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਮੂੰਡ ਮੁੰਡਾਏ ਨਜ਼ਰ ਨਾ ਆਈਆ । ਚੌਥੇ ਘਰ ਆਪ ਆਪਣਾ ਵੇਖ, ਗੁਰਮੁਖ ਸਾਚੇ ਲਏ ਮਿਲਾਈਆ । ਲਿਖਣਹਾਰਾ ਸਾਚੇ ਲੇਖ, ਵਡ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਲਾਏ ਆਪਣੀ ਮੇਖ, ਨਾ ਸਕੇ ਕੋਈ ਉਖੜਾਈਆ । ਪੁਰਖ ਅਗੰਮਾ ਦਰ ਦਰਵੇਸ, ਪੰਚਮ ਦੇਸ ਡੇਰਾ ਲਾਈਆ । ਸਚ ਦਵਾਰੇ ਨਰ ਨਰੇਸ਼, ਨਿਰਗੁਣ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ਾਤੀ ਜੋਤ ਇਕ ਜਗਾਈਆ । ਜੋਤ ਜਾਤੀ ਜਾਗਰਤ ਵੇਖ, ਆਪਣਾ ਵੇਖ ਵਖਾਇਆ । ਕਰ ਕਰ ਆਪ ਅਵੱਲਾ ਵੇਸ, ਵੇਸ ਅਨੇਕਾ ਰੂਪ ਵਟਾਇਆ । ਦੇਵਣਹਾਰਾ ਸਚ ਸੰਦੇਸ, ਸਚ ਸੁਨੇਹੜਾ ਇਕ ਘਲਾਇਆ । ਜੋਤੀ ਜੋਤ ਜੋਤ ਪਰਵੇਸ਼, ਜੋਤੀ ਜੋਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਦਰ, ਦਰ ਸਾਚਾ ਇਕ ਸੁਹਾਇਆ । ਪੰਚਮ ਘਰ ਪੰਚ ਪਰਵਾਨਾ, ਪੰਚਮ ਵੇਖ ਵਖਾਈਆ । ਪੰਚਮ ਰਾਗ ਪੰਚਮ ਤਰਾਨਾ, ਪੰਚਮ ਇਸ਼ਟ ਜਣਾਈਆ । ਪੰਚਮ ਪੰਚਮ ਹੋ ਪਰਧਾਨਾ, ਪੰਚਮ ਵੇਖ ਵਖਾਈਆ । ਪੰਚਮ ਬੰਨ੍ਹਣਹਾਰਾ ਗਾਨਾ, ਪੰਚਮ ਸਗਨ ਮਨਾਈਆ । ਪੰਚਮ ਖੇਲੇ ਖੇਲ ਮਹਾਨਾ, ਪੰਚਮ ਪੰਚ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਚਮ ਮੇਲਾ ਸਹਿਜ ਸਬਾਈਆ । ਪੰਚਮ ਬਸਤਰ ਭੂਸ਼ਨ ਆਪੇ ਤਜ, ਆਪਣੀ ਜੋਤ ਜਗਾਈਆ । ਸਚ ਸਿੰਘਾਸਣ ਚੜ੍ਹਿਆ ਭੱਜ, ਨਿਰਗੁਣ ਵਡ ਵਡਿਆਈਆ । ਗੁਰਮੁਖਾਂ ਪੜਦੇ ਰਿਹਾ ਕਜ, ਨਾਮ ਦੋਸ਼ਾਲਾ ਹੱਥ ਉਠਾਈਆ । ਸਚ ਦਵਾਰੇ ਬੈਠਾ ਸੱਜ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਪੰਚਮ ਦਰ ਸਚ ਦਰਵਾਜਾ, ਹਰਿ ਹਰਿ ਆਪ ਖੁਲ੍ਹਾਇੰਦਾ । ਸਾਚਾ ਮਾਰਗ ਗਰੀਬ ਨਿਵਾਜਾ, ਏਕਾ ਏਕ ਵਖਾਇੰਦਾ । ਏਕਾ ਮਾਰਨਹਾਰਾ ਵਾਜਾ, ਏਕਾ ਏਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਵੇਖ ਵਖਾਇੰਦਾ । ਥਿਰ ਘਰ ਹਰਿ ਭਗਵਾਨਾ, ਆਪਣਾ ਖੇਲ ਖਿਲਾਈਆ । ਇਕ ਵਖਾਏ ਸਚ ਨਿਸ਼ਾਨਾ, ਏਕਾ ਰਿਹਾ ਝੁਲਾਈਆ । ਛੇਵੇ ਦਰ ਹੋ ਮਿਹਰਵਾਨਾ, ਆਪ ਆਪਣਾ ਮੁਖ ਦਿਖਾਈਆ । ਛੱਪਰ ਛੰਨ ਨਾ ਕੋਈ ਮਕਾਨਾ, ਨਾ ਕੋਈ ਬਾਢੀ ਬਣਤ ਬਣਾਈਆ । ਦੀਵਾ ਬਾਤੀ ਇਕ ਮਹਾਨਾ, ਆਪੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਵੇਖ ਵਖਾਇਆ । ਪੰਚਮ ਘਰ ਹਰਿ ਭਗਵਾਨ, ਆਪਣਾ ਖੇਲ ਖਿਲਾਇਆ । ਇਕ ਵਖਾਏ ਸਚ ਨਿਸ਼ਾਨ, ਆਪੇ ਰਿਹਾ ਝੁਲਾਈਆ । ਛੇਵੇ ਦਰ ਹੋ ਮਿਹਰਵਾਨ, ਆਪਣੀ ਕਲ ਵਰਤਾਈਆ । ਛੱਪਰ ਛੰਨ ਨਾ ਕੋਈ ਮਕਾਨ, ਨਾ ਕੋਈ ਬਾਢੀ ਬਣਤ ਬਣਾਈਆ । ਦੀਵਾ ਬਾਤੀ ਇਕ ਮਹਾਨ, ਆਪੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਛੱਪਰ ਛੰਨ ਨਾ ਕੋਈ ਮਕਾਨਾ, ਹਰਿ ਹਰਿ ਬਣਤ ਬਣਾਈਆ । ਜੋਤੀ ਨੂਰ ਨੂਰ ਮਹਾਨਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਾਰੀ ਨਾਰ ਇਕ ਤਰਾਨਾ, ਏਕਾ ਰਿਹਾ ਗਾਈਆ । ਬਸਤਰ ਤਨ

ਨਾ ਕੋਈ ਛੁਹਾਨਾ, ਨਾ ਕੋਈ ਸਾਂਗ ਵਖਾਈਆ । ਗੁਰਮੁਖ ਸਾਚੇ ਕਰ ਪਰਧਾਨਾ, ਆਪ ਆਪਣਾ ਦਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਸਚ ਦਵਾਰੇ ਫੇਰਾ ਪਾਈਆ । ਸਚ ਦਵਾਰਾ ਹਰਿ ਨਿਰੰਕਾਰ, ਆਪੇ ਆਪ ਸੁਹਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸੱਤਵਾਂ ਦਰ ਖੁਲ੍ਹਾਇੰਦਾ । ਅਲਖ ਅਗੋਚਰ ਅਗੰਮ ਅਪਾਰ, ਰੂਪ ਨਾ ਕੋਈ ਵਖਾਇੰਦਾ । ਰਵ ਸਸ ਨਾ ਕੋਈ ਸਤਾਰ, ਗਗਨ ਮੰਡਲ ਨਾ ਕੋਈ ਰਖਾਇੰਦਾ । ਧਰਤ ਧਵਲ ਨਾ ਕੋਈ ਅਕਾਰ, ਜਲ ਬਿੰਬ ਨਾ ਕੋਈ ਟਿਕਾਇੰਦਾ । ਪਵਣੀ ਪਵਣ ਨਾ ਕੋਈ ਹੁਲਾਰ, ਨਾ ਕੋਈ ਵੇਖ ਵਖਾਇੰਦਾ । ਇਕ ਅਕੱਲਾ ਏਕੰਕਾਰ, ਨਿਰਗੁਣ ਜੋਤੀ ਇਕ ਜਗਾਇੰਦਾ । ਸਤਿ ਸਰੂਪ ਸਾਚੀ ਧਾਰ, ਆਪਣੀ ਆਪ ਬੰਧਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਹਰਿਜਨ ਸਾਚੇ ਵੇਖ ਵਖਾਇੰਦਾ । ਲੋਕਮਾਤ ਲੈ ਅਵਤਾਰਾ, ਆਪ ਆਪਣਾ ਕਰਮ ਕਮਾਇੰਦਾ । ਸੰਗਤ ਤੇਰਾ ਆਪਣੇ ਸਿਰ ਚੁਕਿਆ ਭਾਰਾ, ਆਪਣੇ ਕੰਠ ਲਗਾਇੰਦਾ । ਖੇਲੇ ਖੇਲ ਅਪਰ ਅਪਾਰਾ, ਆਪਣੀ ਕਲ ਵਰਤਾਇੰਦਾ । ਜਾਗਰਤ ਜੋਤ ਹੋ ਉਜਿਆਰਾ, ਨਿਝ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਵੇਂ ਦਰ ਦੇਵੇ ਵਰ, ਦਰ ਸਾਚਾ ਇਕ ਸੁਹਾਇੰਦਾ । ਸਤਿ ਦਰ ਦਰ ਦਰਵੇਸ਼, ਨਿਰਗੁਣ ਆਪ ਅਖਵਾਈਆ । ਆਪੇ ਕਰੇ ਅਵੱਲੜਾ ਵੇਸ, ਆਦਿ ਜੁਗਾਦੀ ਵੇਸ ਵਟਾਈਆ । ਜੋਤੀ ਜਾਮਾ ਧਰਿਆ ਭੇਸ, ਕਲਜੁਗ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਸਤਰ ਆਪਣਾ ਚੋਲਾ ਆਪੇ ਛੱਡ, ਆਪਣਾ ਆਪ ਕੀਤਾ ਅੱਡ, ਨਾ ਕੋਈ ਮਾਸ ਨਾੜੀ ਦਿਸੇ ਹੱਡ, ਏਕਾ ਏਕ ਨੂਰ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ, ਏਕਾ ਏਕੰਕਾਰਿਆ । ਖੇਲੇ ਖੇਲ ਆਦਿ ਜੁਗਾਦੀ, ਜੁਗ ਜੁਗ ਲਏ ਅਵਤਾਰਿਆ । ਪਾਵੇ ਸਾਰ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਵੇਸ ਵਟਾ ਰਿਹਾ । ਆਪੇ ਮਾਧਾ ਹੋਏ ਮਾਧੀ, ਆਪੇ ਮੇਟ ਮਿਟਾ ਰਿਹਾ । ਆਪਣੀ ਵਸਤ ਆਪੇ ਲਾਧੀ, ਆਪਣੀ ਝੋਲੀ ਆਪੇ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਵਾ ਬਾਤੀ ਏਕਾ ਧਰ, ਲੱਖ ਚੁਰਾਸੀ ਡੇਰਾ ਲਾ ਰਿਹਾ । ਏਕਾ ਜੋਤੀ ਜੋਤ ਉਜਿਆਰ, ਆਦਿ ਨਿਰੰਜਣ ਵਡ ਵਡਿਆਈਆ । ਜੋਤ ਨਿਰੰਜਣ ਸੇਵਾਦਾਰ, ਲੋਕਮਾਤ ਕਰੇ ਰੁਸ਼ਨਾਈਆ । ਦੋਹਾਂ ਵਿਚੋਲਾ ਆਪ ਕਰਤਾਰ, ਸ਼ਬਦੀ ਰੂਪ ਵਟਾਈਆ । ਸਾਚਾ ਢੋਲਾ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਬੋਲਾ ਹਰਿ ਗਿਰਧਾਰ, ਆਪਣਾ ਆਪ ਸੁਣਾਈਆ । ਏਕਾ ਤੋਲਾ ਵਿਚ ਸੰਸਾਰ, ਸ਼ਬਦ ਕੰਡਾ ਹੱਥ ਉਠਾਈਆ । ਸਤਿ ਪੁਰਖ ਨਿਰੰਜਣ ਕਰ ਪਸਾਰ, ਲੋਕਮਾਤ ਵੇਖ ਵਖਾਈਆ । ਜੁਗ ਜੁਗ ਵਿਛੜੇ ਸਾਚੇ ਯਾਰ, ਪੰਚਮ ਮੇਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਦਏ ਆਧਾਰ, ਕਲਜੁਗ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਪਤਮ ਦਵਾਰ ਛੱਡਿਆ ਘਰ, ਆਪ ਆਪਣੀ ਖੇਲ ਖਿਲਾਈਆ । ਸਤਿ ਦਰਬਾਰ ਆਪੇ ਛਡ, ਆਪਣੀ ਰਚਨ ਰਚਾਇੰਦਾ । ਆਪਣੀ ਜੋਤੀ ਆਪੇ ਕੱਢ, ਲੋਕਮਾਤ ਡੇਰਾ ਲਾਇੰਦਾ । ਆਪਣਾ ਮੁਕਾ ਆਪੇ ਪੰਧ, ਆਪੇ ਵੇਖ ਵਖਾਇੰਦਾ । ਆਪਣਾ ਗਾ ਆਪੇ ਛੰਦ, ਆਪੇ ਰਾਗ ਅਲਾਇੰਦਾ । ਆਪੇ ਜਾਣੇ ਆਪਣਾ ਅਨੰਦ, ਪਰਮਾਨੰਦ ਵਿਚ ਸਮਾਇੰਦਾ । ਆਪਣਾ ਹੋਇਆ ਆਪ ਬਖ਼ਸ਼ਿੰਦ, ਬਖ਼ਸ਼ਣਹਾਰ ਵੇਸ ਵਟਾਇੰਦਾ । ਨੌ ਦਵਾਰੇ ਅੱਠ ਤੱਤ, ਹਰਿ ਹਰਿ ਰਚਨ ਰਚਾਈਆ । ਗਰੀਬ ਨਿਵਾਜੇ, ਏਕਾ ਬ੍ਰਹਮ ਪੜ੍ਹਾਈਆ । ਏਕਾ ਧੀਰਜ ਏਕਾ ਸਤਿ, ਸਤਿ ਸੰਤੋਖ

੧੫
੦੮

ਇਕ ਅਖਵਾਈਆ । ਏਕਾ ਨਾਮ ਏਕਾ ਜਾਪ, ਏਕਾ ਰਿਹਾ ਚਲਾਈਆ । ਏਕਾ ਪੂਜਾ ਏਕਾ ਪਾਠ, ਏਕਾ ਰਿਹਾ ਸੁਣਾਈਆ । ਏਕਾ ਤੀਰਥ ਏਕਾ ਤਾਟ, ਏਕਾ ਘਾਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠਾਂ ਤੱਤਾਂ ਵਿਚ ਨਾ ਆਈਆ । ਅਠ ਤੱਤ ਨਾਤਾ ਤੋੜ, ਆਪਣਾ ਮੋਹ ਚੁਕਾਈਆ । ਆਪ ਆਪਣੀ ਵਾਗਾ ਮੋੜ, ਆਪੇ ਫੇਰਾ ਪਾਈਆ । ਧੁਰਦਰਗਾਹੀ ਆਇਆ ਦੌੜ, ਆਪੇ ਫੇਰਾ ਪਾਈਆ । ਆਦਿ ਜੁਗਾਦੀ ਆਇਆ ਦੌੜ, ਆਪ ਆਪਣੀ ਕਲ ਵਰਤਾਈਆ । ਸਚ ਮਹੱਲੇ ਲਾਇਆ ਪੌੜ, ਚੜ੍ਹਿਆ ਉਪਰ ਬੇਪਰਵਾਹੀਆ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਰਸਨਾ ਰਸ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਬਾਤੀ ਕਮਲਾਪਾਤੀ ਆਪਣੀ ਆਪ ਜਗਾਈਆ । ਅਠ ਤੱਤ ਨਾ ਕੋਈ ਪਸਾਰਾ, ਨਿਰਗੁਣ ਜੋਤ ਜਗਾਇੰਦਾ । ਆਪੇ ਸਭ ਤੋਂ ਵਸਿਆ ਬਾਹਰਾ, ਭੇਦ ਅਭੇਦਾ ਭੇਵ ਚੁਕਾਇੰਦਾ । ਆਪ ਆਪਣਾ ਬੋਲ ਜੈਕਾਰਾ, ਆਪਣਾ ਨਾਅਰਾ ਲਾਇੰਦਾ । ਗੁਰਮੁਖਾਂ ਕੱਢੀ ਜਾਏ ਮਨ ਮਤ ਵਿਕਾਰਾ, ਤਨ ਵਿਕਾਰਾ ਜਨ ਵਿਕਾਰਾ ਆਪਣੇ ਕੰਧ ਉਠਾਇੰਦਾ । ਆਪ ਉਠਾਇਆ ਆਪਣਾ ਭਾਰਾ, ਆਪੇ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੱਠ ਅੱਠ ਅੱਠ ਵੇਖ ਵਖਾਇੰਦਾ । ਅੱਠ ਅੱਠ ਤੇਰੀ ਧਾਰ, ਅੱਠ ਅੱਠ ਸਮਾਈਆ । ਅੱਠ ਅੱਠ ਹੋ ਉਜਿਆਰ, ਅਠ ਅਠ ਵੇਖ ਵਖਾਈਆ । ਅੱਠ ਅੱਠ ਪਾਰ ਕਿਨਾਰ, ਅੱਠ ਅੱਠ ਧੀਰ ਨਾ ਕੋਈ ਧਰਾਈਆ । ਅੱਠ ਅੱਠ ਵੇਖ ਅਖਾੜ, ਅੱਠ ਅੱਠ ਕਰੇ ਲੜਾਈਆ । ਅੱਠ ਅੱਠ ਏਕਾ ਧਾੜ, ਏਕਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਦਰ ਸੁਹਾਈਆ । ਆਪਣਾ ਦਰ ਆਪੇ ਜਾਣ, ਆਪਣੀ ਰਚਨ ਰਚਾਇੰਦਾ । ਨੌ ਖੰਡ ਹੋ ਮਿਹਰਵਾਨ, ਨੌ ਨਿਧਾ ਮੇਟ ਮਿਟਾਇੰਦਾ । ਨੌ ਨੌ ਦੇਵਣਹਾਰਾ ਗਿਆਨ, ਨੌ ਨੌ ਬੂਝ ਬੁਝਾਇੰਦਾ । ਨੌ ਨੌ ਬੈਠਾ ਇਕ ਬਲਵਾਨ, ਨੌ ਨੌ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਵਰ, ਨੌ ਨੌ ਲੇਖ ਚੁਕਾਇੰਦਾ । ਨੌ ਦਵਾਰ ਜਗਤ ਕੁੜਮਾਈ, ਸਤਿ ਪੁਰਖ ਆਪ ਕਰਵਾਈਆ । ਦਿਵਸ ਰੈਣ ਰਹੇ ਲੜਾਈ, ਪੰਚਮ ਪੰਚਮ ਹਲਕਾਈਆ । ਸਾਚੀ ਵੱਜੇ ਨਾ ਕੋਈ ਵਧਾਈ, ਸਾਚਾ ਮੰਗਲ ਨਾ ਕੋਈ ਗਾਈਆ । ਨਿਰਗੁਣ ਜੋਤ ਨਾ ਕੋਈ ਰੁਸ਼ਨਾਈ, ਅੰਧ ਅੰਧੇਰ ਨਾ ਕੋਈ ਮਿਟਾਈਆ । ਕਲਜੁਗ ਲੇਖਾ ਪੂਰ ਕਰਾਈ, ਗੁਰ ਪੂਰੇ ਹੱਥ ਵਡਿਆਈਆ । ਸਾਚਾ ਨਾਦ ਤੂਰ ਵਜਾਈ, ਅਨਹਦ ਆਪ ਅਲਾਈਆ । ਆਸਾ ਮਨਸਾ ਪੂਰ ਆਪ ਹੋ ਜਾਈ, ਪਰਮ ਪੁਰਖ ਬੇਪਰਵਾਹੀਆ । ਹਾਜ਼ਰ ਹਜ਼ੂਰ ਜੋਤ ਜਗਾਈ, ਘਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਮਿਲਾਈਆ । ਨੌ ਦਰ ਤੇਰਾ ਤੁਟਾ ਨਾਤਾ, ਹਰਿ ਹਰਿ ਆਪ ਤੁੜਾਇੰਦਾ । ਗੁਰਮੁਖ ਸਾਜਣ ਆਪ ਪਛਾਤਾ, ਆਪੇ ਵੇਖ ਵਖਾਇੰਦਾ । ਆਪ ਜਣਾਈ ਆਪਣੀ ਗਾਥਾ, ਆਪੇ ਸ਼ਬਦ ਅਲਾਇੰਦਾ । ਆਪੇ ਵੇਖੇ ਮਸਤਕ ਮਾਥਾ, ਲਹਿਣਾ ਦੇਣਾ ਆਪ ਚੁਕਾਇੰਦਾ । ਆਪੇ ਚੜ੍ਹਿਆ ਆਪਣੇ ਰਾਥਾ, ਰਥ ਰਥਵਾਹੀ ਆਪ ਹੋ ਜਾਇੰਦਾ । ਆਪ ਰਖਾਏ ਸਗਲਾ ਸਾਥਾ, ਸਗਲਾ ਸੰਗ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਮੇਲ ਮਿਲਾਇੰਦਾ । ਨੌ ਦਵਾਰੇ ਹਰਿਜਨ ਤਜ, ਹਰਿ ਹਰਿ ਦਇਆ ਕਮਾਈਆ । ਸਾਚੀ ਸੇਜ ਚੜ੍ਹਨਾ ਭੱਜ, ਮੇਲ ਮਿਲਾਵਾ ਸਾਚੇ ਮਾਹੀਆ । ਆਪਣਾ ਪੜਦਾ ਆਪੇ

ਕੱਜ, ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਘਰ ਸਾਚੇ ਡੇਰਾ ਲਾਈਆ । ਨੌਂ ਦਵਾਰੇ ਤੇਰਾ ਰਾਜ, ਜਗਤ ਮੂਲ ਚੁਕਾਇਆ । ਪੁਰਖ ਅਬਿਨਾਸ਼ੀ ਰਚਿਆ ਕਾਜ, ਲੋਕਮਾਤ ਵੇਖ ਵਖਾਇਆ । ਸੋ ਪੁਰਖ ਨਿਰੰਜਣ ਮੇਲਾ ਜਗ, ਨਾਮ ਨਾਮਾ ਆਪ ਧਰਾਇਆ । ਸੇਵਕ ਸੇਵ ਲਾਏ ਦੇਸ ਮਾਝ, ਦੇਸ ਦਸੰਤਰ ਫੇਰਾ ਪਾਇਆ । ਗੁਰਮੁਖ ਰੱਖਣ ਆਇਆ ਲਾਜ, ਵੇਲਾ ਅੰਤਮ ਇਕ ਸੁਹਾਇਆ । ਆਪ ਸੁਣਾਈ ਆਪਣੀ ਆਵਾਜ਼, ਸ਼ਬਦ ਸੁਨੇਹੜਾ ਇਕ ਘਲਾਇਆ । ਸਾਚੇ ਨਗਰ ਔਣਾ ਭਾਜ, ਸੰਬਲ ਨਗਰੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਵਾ ਬਾਤੀ ਆਪ ਜਗਾਇਆ । ਦੀਵਾ ਬਾਤੀ ਕਰ ਉਜਿਆਰ, ਨਿਰਗੁਣ ਨੂਰ ਸਮਾਇਆ । ਪੁੱਛੇ ਵਾਤੀ ਵਿਚ ਸੰਸਾਰ, ਕਲਜੁਗ ਅੰਤਮ ਆਇਆ । ਦੇਵੇ ਦਾਤੀ ਨਾਮ ਭੰਡਾਰ, ਧੁਰਦਰਗਾਹੀ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਨੌਂ ਦਰ ਲੇਖਾ ਆਪ ਚੁਕਾਇਆ । ਨੌਂ ਦਵਾਰੇ ਪਾਰ ਕਰ, ਗੁਰਮੁਖ ਲੇਖ ਲਿਖਾਇੰਦਾ । ਜੋਤੀ ਨੂਰ ਆਪ ਕਰ, ਆਪੇ ਡਗਮਗਾਇੰਦਾ । ਆਪਣੇ ਬਸਤਰ ਆਪਣੇ ਹੱਥ ਫੜ, ਆਪੇ ਤਨ ਛੁਹਾਇੰਦਾ । ਆਪ ਬੰਧਾਏ ਆਪਣੇ ਲੜ, ਆਪਣੇ ਪੱਲੂ ਆਪ ਉਡਾਇੰਦਾ । ਨੌਂ ਦਵਾਰੇ ਅੱਗੇ ਖੜ, ਗੁਰਮੁਖ ਸਾਚੇ ਪਾਰ ਕਰਾਇੰਦਾ । ਪਹਿਲੇ ਪੌੜੇ ਜਾਏ ਚੜ੍ਹ, ਦੂਜਾ ਰਾਹ ਤਕਾਇੰਦਾ । ਤੀਜਾ ਨੈਣ ਖੋਲ੍ਹੇ ਦਰ ਚੌਥੇ ਪਦ ਸਮਾਇੰਦਾ । ਪੰਚਮ ਦੇਵਣਹਾਰਾ ਵਰ, ਮਾਇਆ ਮੋਹ ਚੁਕਾਇੰਦਾ । ਛੇਵੇਂ ਵੇਖੇ ਛੇ ਘਰ, ਲੇਖਾ ਅਪਣੇ ਹੱਥ ਰਖਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਰਨੀ ਕਰ, ਕਾਰਜ ਕਰਤਾ ਆਪ ਕਰਾਇੰਦਾ । ਅੱਠਾਂ ਤੱਤਾਂ ਆਪੇ ਲੜ, ਅਠ ਦਰ ਵੇਖ ਵਖਾਇੰਦਾ । ਨੌਂ ਦਵਾਰੇ ਤੋੜ ਗੜ੍ਹ, ਗੁਰਮੁਖ ਸਾਚੇ ਪਾਰ ਲੰਘਾਇੰਦਾ । ਦੀਵਾ ਬਾਤੀ ਆਪੇ ਫੜ, ਆਪੇ ਅੰਧੇਰ ਮਿਟਾਇੰਦਾ । ਗੁਰਮੁਖਾਂ ਕਰਮਾਂ ਆਪੇ ਸੜ, ਆਪਣਾ ਤਨ ਜਲਾਇੰਦਾ । ਸ਼ਬਦੀ ਸ਼ਬਦ ਸੁਰਤੀ ਲਏ ਫੜ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਨੌਂ ਦਰ, ਜਗਤ ਦਵਾਰਾ ਆਪ ਸੁਹਾਇੰਦਾ । ਨੌਂ ਦਵਾਰੇ ਹਰਿ ਹਰਿ, ਚਰਨ ਕਵਲ ਧਿਆਨ ਲਗਾਈਆ । ਲੱਖ ਚੁਰਾਸੀ ਚੁੱਕੇ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਲਏ ਵਰ, ਚਿਤੁਰ ਗੁਪਤ ਨਾ ਹਿਸਾਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਚਰਨ ਕਵਲ ਚਰਨ ਜੋੜਾ, ਹਰਿ ਹਰਿ ਆਪ ਰਖਾਈਆ । ਗੁਰਮੁਖਾਂ ਦਿਤਾ ਸਾਚਾ ਘੋੜਾ, ਆਪੇ ਰਿਹਾ ਚੜ੍ਹਾਈਆ । ਪੁਰਖ ਨਿਰੰਜਣ ਆਪੇ ਬੌਹੜਾ, ਅਲਖ ਨਿਰੰਜਣ ਵਡ ਵਡਿਆਈਆ । ਲੱਖ ਚੁਰਾਸੀ ਫਲ ਵੇਖੇ ਮਿਠਾ ਕੌੜਾ, ਸ਼ਬਦ ਡਾਹਣੀ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਨੌਂ ਦਰ ਮੂਲ ਚੁਕਾਈਆ । ਨੌਂ ਦਰ ਲੇਖਾ ਜਾਏ ਮੁੱਕ, ਹਰਿ ਸਾਚਾ ਆਪ ਮੁਕਾਇੰਦਾ । ਉਜਲ ਕਰੇ ਮਾਤ ਮੁੱਖ, ਸਾਚਾ ਸੁਖ ਦਰਸਾਇੰਦਾ । ਸੁਫਲ ਕਰਾਏ ਮਾਤ ਕੁੱਖ, ਮਾਤ ਗਰਭ ਫੰਦ ਕਟਾਇੰਦਾ । ਲੇਖੇ ਲੱਗੇ ਉਲਟਾ ਰੁੱਖ, ਆਪਣਾ ਲੇਖਾ ਆਪ ਗਣਾਇੰਦਾ । ਚੌਥਾ ਜੁਗ ਸੁਖਣਾ ਰਿਹਾ ਸੁਖ ਕਲਜੁਗ ਅੰਤਮ ਮੂਲ ਚੁਕਾਇੰਦਾ । ਹਰਿ ਸੰਗਤ ਤੇਰੀ ਤ੍ਰਿਸਨਾ ਭੁੱਖ, ਆਪਣੀ ਝੋਲੀ ਪਾਇੰਦਾ । ਨਾ ਮਾਨਸ ਨਾ ਮਾਨੁਖ, ਨਿਰਗੁਣ ਧਾਰ ਆਪ ਵਹਾਇੰਦਾ । ਆਪ ਆਪਣੀ ਵੜਿਆ ਕੁੱਖ, ਪਿਤਾ ਮਾਤ ਨਾ ਕੋਇ ਬਣਾਇੰਦਾ । ਆਪਣੇ ਅੰਦਰ ਆਪੇ ਲੁਕ, ਆਪਣਾ ਮੂੰਹ ਵਖਾਇੰਦਾ ।

ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਪੜਦਾ ਆਪੇ ਚੁੱਕ, ਨੌਂ ਦਵਾਰੇ ਜੋਤ ਜਗਾਇੰਦਾ । ਆਪਣੀ ਕਰੇ ਨਿਮਸਕਾਰ ਝੁਕ, ਗੁਰਸਿਖਾਂ ਚਰਨਾਂ ਰਾਹ ਤਕਾਇੰਦਾ । ਵੇਖਣਹਾਰਾ ਚੌਦਾਂ ਲੋਕ, ਲੋਕ ਪਰਲੋਕ ਡੇਰਾ ਲਾਇੰਦਾ । ਦੇਵਣਹਾਰਾ ਸਾਚੀ ਮੋਖ, ਜੀਵਣ ਮੁਕਤ ਆਪ ਕਰਾਇੰਦਾ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਈ ਵਖਾਇੰਦਾ । ਆਪ ਚੁਗਾਏ ਆਪਣੀ ਚੋਗ, ਆਪਣਾ ਨਾਮ ਮੁਖ ਲਗਾਇੰਦਾ । ਆਪ ਆਪਣਾ ਕਰਿਆ ਭੋਗ, ਆਪ ਆਪਣਾ ਰਸ ਵਖਾਇੰਦਾ । ਆਪ ਆਪਣਾ ਕਰਿਆ ਜੋਗ, ਆਪ ਆਪਣਾ ਹੱਠ ਨਿਭਾਇੰਦਾ । ਆਪ ਆਪਣਾ ਦੇਵਣਹਾਰਾ ਦਰਸ ਅਮੋਘ, ਦਸਮ ਦਵਾਰੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਗੁਣ ਆਪ ਹੋ ਜਾਇੰਦਾ । ਦਸਮ ਦਵਾਰੀ ਸਚ ਸਿੰਘਾਸਣ, ਹਰਿ ਹਰਿ ਸੇਜ ਵਛਾਈਆ । ਉਪਰ ਬੈਠ ਪੁਰਖ ਅਬਿਨਾਸ਼ਨ, ਗੁਰਮੁਖਾਂ ਰਾਹ ਤਕਾਈਆ । ਸਾਚੇ ਮੰਡਲ ਪਾਈ ਰਾਸਨ, ਸਾਚੇ ਦੀਪਕ ਕਰ ਰੁਸ਼ਨਾਈਆ । ਵੇਖਣਹਾਰਾ ਪ੍ਰਿਥਮੀ ਅਕਾਸ਼ਨ, ਗਗਨ ਪਤਾਲਾਂ ਫੋਲ ਫੋਲਾਈਆ । ਚੌਥੇ ਜੁਗ ਜਨ ਭਗਤਾਂ ਪੂਰੀ ਕਰੇ ਆਸਣ, ਆਸ ਨਿਰਾਸ ਨਾ ਕੋਈ ਵਖਾਈਆ । ਜੋ ਜਨ ਤਜਾਏ ਮਦਿਰਾ ਮਾਸਨ, ਨੌਂ ਦਵਾਰੇ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਏ ਸਵਾਸ ਸਵਾਸਨ, ਸਚਖੰਡ ਦਵਾਰੇ ਆਪ ਬਿਠਾਈਆ । ਸਚ ਘਰ ਆਤਮ ਰੱਖੇ ਵਾਸਨ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਵਰ, ਨੌਂ ਦਰ ਬੰਦ ਕਰਾਈਆ । ਨੌਂ ਦਰ ਬੰਦ ਦਰਵਾਜਾ, ਹਰਿ ਹਰਿ ਆਪ ਕਰਾਇੰਦਾ । ਖੇਲੇ ਖੇਲ ਗਰੀਬ ਨਿਵਾਜਾ, ਗਰੀਬ ਨਿਮਾਣੇ ਦਇਆ ਕਮਾਇੰਦਾ । ਸਤਿਜੁਗ ਤੇਰਾ ਰਚਿਆ ਕਾਜਾ, ਸਾਚੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਸਣਹਾਰਾ ਸਾਚੇ ਘਰ, ਨੌਂ ਦਰ ਡੇਰਾ ਢਾਇੰਦਾ । ਨੌਂ ਦਰ ਡੇਰਾ ਜਾਏ ਢੱਠ, ਹਰਿ ਸਾਚਾ ਆਪੇ ਢਾਈਆ । ਤ੍ਰੈਗੁਣ ਤੇਰਾ ਬੁਝੇ ਮੱਠ, ਅਗਨੀ ਅੱਗ ਨਾ ਕੋਈ ਜਲਾਈਆ । ਇਕ ਵਖਾਏ ਤੀਰਥ ਤਟ, ਤਟ ਕਿਨਾਰਾ ਇਕ ਸੁਹਾਈਆ । ਇਕ ਖੁਲ੍ਹਾਏ ਸਾਚਾ ਹੱਟ, ਹੱਟ ਹਟਵਾਣਾ ਆਪ ਖੁਲ੍ਹਾਈਆ । ਜੋਤ ਜਗਾਏ ਲਟ ਲਟ, ਘਰ ਸਾਚੇ ਕਰੇ ਰੁਸ਼ਨਾਈਆ । ਮਾਰੇ ਸ਼ਬਦ ਸਾਚੀ ਸੱਟ, ਤਨ ਨਗਾਰਾ ਆਪ ਵਜਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਹਰਿ ਸੰਗਤ ਲਾਹਾ ਲਏ ਖੱਟ, ਦਰ ਆਏ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਕਰੇ ਰੁਸ਼ਨਾਈਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਹਰਿ ਜੋਤ ਜਗਾਈਆ ।

ਸਤਿਜੁਗ ਸਾਚੀ ਬੰਨੇ ਧਾਰ, ਸਤਿ ਪੁਰਖ ਵੱਡੀ ਵਡਿਆਈਆ । ਨਾਮ ਵਿਚੋਲਾ ਅਪਰ ਅਪਾਰ, ਆਪਣਾ ਰੂਪ ਆਪ ਬਣਾਈਆ । ਸਾਚਾ ਤੋਲਾ ਤੋਲਣਹਾਰ, ਸ੍ਰਿਸ਼ਟ ਸਬਾਈ ਰਿਹਾ ਤੁਲਾਈਆ । ਗੁਰਮੁਖ ਸਾਜਨ ਸੰਤ ਦੁਲਾਰ, ਆਪੇ ਵੇਖ ਵਖਾਈਆ । ਮਨਮੁਖ ਭੁੱਲੇ ਜੀਵ ਗਵਾਰ, ਹਰਿ ਕਾ ਭੇਵ ਨਾ ਕੋਈ ਪਾਈਆ । ਮਾਇਆ ਰੁਲੇ ਗੜ੍ਹ ਹੰਕਾਰ, ਮਮਤਾ ਮੋਹ ਰਖਾਈਆ । ਅੰਤਮ ਵੇਖੇ ਵਿਚ ਸੰਸਾਰ, ਫਲ ਫੁਲ ਨਾ ਕੋਈ ਲਗਾਈਆ । ਗੁਰਮੁਖ ਅਨਮੁਲੇ ਲਾਲ ਦੁਲਾਰ, ਹਰਿ ਸਾਚਾ ਆਪ ਜਗਾਈਆ । ਜੁਗਾਂ ਜੁਗਾਂ ਦਾ ਚੁੱਕਿਆ ਭਾਰ, ਆਪੇ ਦਏ ਲਾਹੀਆ ।

ਨਾਮ ਭਗਤੀ ਕਰਜ਼ ਉਤਾਰ, ਆਪਣੀ ਖ਼ੁਸ਼ੀ ਮਨਾਈਆ । ਸਾਚਾ ਫਰਜ਼ ਹਰਿ ਗਿਰਧਾਰ, ਆਪਣਾ ਆਪ ਨਿਭਾਈਆ । ਏਕਾ ਤਰਜ਼ ਨਾਮ ਜੈਕਾਰ, ਏਕਾ ਢੋਲਾ ਗਾਈਆ । ਰੰਗੇ ਰੰਗ ਅਪਰ ਅਪਾਰ, ਰੰਗ ਰੰਗੀਲਾ ਮੋਹਣ ਮਾਧਵ ਮਾਹੀਆ । ਛੈਲ ਛਬੀਲਾ ਹੋ ਤਿਆਰ, ਭਗਤ ਕਬੀਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਹਰਿ ਮੇਟ ਮਿਟਾਈਆ । ਸਤਿਜੁਗ ਸਾਚਾ ਕਰ ਪਿਆਰਾ, ਲੋਕਮਾਤ ਤਰਾਈਆ । ਗੁਰਮੁਖ ਸੱਜਣ ਮੀਤ ਮੁਰਾਰਾ, ਆਪਣਾ ਮੇਲ ਮਿਲਾਈਆ । ਨੌਂ ਦਵਾਰੇ ਪਾਰ ਕਿਨਾਰਾ, ਹਰਿ ਸਾਚਾ ਆਪ ਕਰਾਈਆ । ਦੀਵਾ ਬਾਤੀ ਕਰ ਉਜਿਆਰਾ, ਨਿਰਗੁਣ ਨੂਰ ਰੁਸ਼ਨਾਈਆ । ਸ਼ਬਦ ਲਗਾਏ ਸੱਚੀ ਧੁਨਕਾਰਾ, ਅਗਾਧ ਬੋਧ ਜਣਾਈਆ । ਸਾਜਣ ਮੀਤਾ ਮੀਤ ਮੁਰਾਰਾ, ਸਤਿ ਸਤਿ ਕਰੇ ਕੁੜਮਾਈਆ । ਬੈਠ ਅਤੀਤ ਹਰਿ ਦਵਾਰਾ, ਹਰ ਘਟ ਵੇਖ ਵਖਾਈਆ । ਸ਼ਬਦ ਸਿੰਘਾਸਣ ਅਪਰ ਅਪਾਰਾ, ਜੋਤੀ ਨੂਰ ਰੁਸ਼ਨਾਈਆ । ਦਸਮ ਦਵਾਰੀ ਦਰ ਦਰਬਾਰਾ, ਆਪੇ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਘਰ ਸਾਚਾ ਇਕ ਖੁਲ੍ਹਾਈਆ । ਸਾਚਾ ਘਰ ਗਿਆ ਖੁਲ੍ਹ, ਹਰਿ ਸਾਚਾ ਆਪ ਖੁਲਾਇੰਦਾ । ਕੋਈ ਨਾ ਲਾਏ ਭਗਤੀ ਮੁੱਲ, ਆਪ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਗਾਇਣ ਸਾਚੇ ਬੁਲ, ਰਸਨਾ ਜਿਹਵਾ ਆਪ ਚਲਾਇੰਦਾ । ਗੁਰਸਿਖ ਧਰਨੀ ਧਰਤ ਧਵਲ ਜਲ ਕਵਲ ਫੁਲ, ਲੋਕਮਾਤ ਆਪ ਤਰਾਇੰਦਾ । ਦਰ ਦਵਾਰ ਜੋ ਜਨ ਆਏ ਭੁੱਲ, ਹਰਿ ਸੰਗਤ ਸੰਗ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਾਚਾ ਹਰਿ ਹਰਿ ਰਾਹ, ਆਪਣਾ ਆਪ ਚਲਾਈਆ । ਸਤਿਗੁਰ ਪੂਰਾ ਬਣ ਮਲਾਹ, ਬੇੜਾ ਆਪ ਉਠਾਈਆ । ਦੇਵਣਹਾਰਾ ਸਿਫ਼ਤ ਸਲਾਹ, ਸਾਚੀ ਸਿਖਿਆ ਇਕ ਪੜ੍ਹਾਈਆ । ਏਕਾ ਨੱਯਾ ਦਏ ਚਲਾ, ਏਕਾ ਚੱਪੂ ਨਾਮ ਲਗਾਈਆ । ਭੈਣਾਂ ਭਈਆ ਮੇਲ ਮਿਲਾ, ਸਾਚਾ ਸਈਆ ਵੇਖ ਵਖਾਈਆ । ਲਹਿਣਾ ਦੇਣਾ ਚੁੱਕਿਆ ਬੇਪਰਵਾਹ, ਜੁਗ ਜੁਗ ਵੇਸ ਵਟਾਈਆ । ਏਕਾ ਢਈਆ ਲੇਖ ਲਿਖਾ, ਆਪੇ ਦਏ ਢਾਹੀਆ । ਨੌਂ ਦਵਾਰੇ ਭੇਟ ਚੜ੍ਹਾ, ਆਪਣਾ ਮੂਲ ਚੁਕਾਈਆ । ਖੇਵਟ ਖੇਟ ਆਪ ਅਖਵਾ, ਗੁਰਮੁਖ ਸਾਚੇ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਈਆ । ਦੀਵਾ ਬਾਤੀ ਆਪੇ ਬਾਲ, ਆਪੇ ਵੇਖ ਵਖਾਈਆ । ਆਪ ਰਖਾਏ ਕਾਇਆ ਧਰਮ ਸੱਚੀ ਧਰਮਸਾਲ, ਦਰ ਦਰਵਾਰਾ ਇਕ ਸੁਹਾਈਆ । ਆਪੇ ਚਲੇ ਆਪਣੀ ਚਾਲ, ਜਗ ਅਵੱਲੜੀ ਚਾਲ ਰਖਾਈਆ । ਆਪ ਆਪਣੇ ਆਪੇ ਭਾਲ, ਆਪੇ ਵੇਖੇ ਥਾਉਂ ਥਾਈਂਆ । ਆਪਣਾ ਦੀਪਕ ਆਪੇ ਬਾਲ, ਆਪੇ ਕਰੇ ਰੁਸ਼ਨਾਈਆ । ਨੌਂ ਦਵਾਰੇ ਸਾਚੇ ਲਾਲ, ਕਰਤਾ ਕੀਮਤ ਆਪੇ ਪਾਈਆ । ਜੁਗਾ ਜੁਗੰਤਰ ਘਾਲੀ ਘਾਲ, ਅੰਤਮ ਅੰਤ ਮੁਕਾਈਆ । ਕਰੇ ਕਰਾਏ ਸਦਾ ਪ੍ਰਿਤਪਾਲ, ਪਿਤਪਾਲਕ ਵਡ ਵਡਿਆਈਆ । ਦੇਵਣਹਾਰਾ ਨਾਮ ਸੱਚਾ ਧਨ ਮਾਲ, ਸਚ ਖ਼ਜੀਨਾ ਇਕ ਵਰਤਾਈਆ । ਤੋੜਨਹਾਰਾ ਜਗਤ ਜੰਜਾਲ, ਜਗਤ ਜੰਜਾਲਾ ਦਏ ਤੁੜਾਈਆ । ਆਪੇ ਸ਼ਾਹ ਆਪੇ ਕੰਗਾਲ, ਸ਼ਾਹ ਕੰਗਾਲਾ ਰੂਪ ਵਟਾਈਆ । ਭਗਤਨ ਮੀਤਾ ਬਣ ਦਲਾਲ, ਲੋਕਮਾਤ ਫੇਰਾ ਪਾਈਆ । ਇਕ ਵਖਾਏ ਸਾਚਾ ਤਾਲ, ਸਰ ਸਰੋਵਰ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰਾ ਸਾਚਾ ਘਰ, ਦਰ ਸਾਚਾ ਇਕ ਸੁਹਾਈਆ । ਹਰਿ

ਸੰਗਤ ਹਰਿ ਸਾਚਾ ਪਾਇਆ, ਭਾਵੀ ਮੇਟ ਮਿਟਾਈਆ । ਅਲਖ ਨਿਰੰਜਣ ਏਕਾ ਪਾਇਆ, ਪੁਰਖ ਅਬਿਨਾਸ਼ੀ ਇਕ ਮਨਾਈਆ । ਸਾਚਾ ਸੱਜਣ ਨੇੜੇ ਆਇਆ, ਦੂਰ ਦੁਰਾਡਾ ਪੰਧ ਮੁਕਾਈਆ । ਕਾਇਆ ਖੇੜਾ ਡੇਰਾ ਲਾਇਆ, ਸਾਚਾ ਧਾਮ ਸੁਹਾਈਆ । ਝੂਠਾ ਝੇੜਾ ਰਿਹਾ ਮੁਕਾਇਆ, ਸਚ ਸੁੱਚ ਵਰਤਾਈਆ । ਹੱਕ ਨਿਬੇੜਾ ਆਪ ਕਰਾਇਆ, ਹੱਕ ਹਕੀਕਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਨਵ ਦਰ, ਨੌ ਨੌ ਫੇਰਾ ਪਾਈਆ । ਨਵ ਰੰਗ ਨਵ ਰਾਤਾ, ਨੌ ਨੌ ਖੇਲ ਖਿਲਾਈਆ । ਨਵ ਰੰਗ ਨਵ ਜਾਤਾ, ਨੌ ਨੌ ਜੋਤ ਜਗਾਈਆ । ਨਵ ਸੰਗ ਨਵ ਸਗਲਾ ਸਾਥਾ, ਨੌ ਨੌ ਵੇਖ ਵਖਾਈਆ । ਨਵ ਮਰਦੰਗ ਨਵ ਗਾਥਾ, ਨੌ ਨੌ ਕਰੇ ਪੜ੍ਹਾਈਆ । ਨਵ ਸ਼ਬਦ ਨਵ ਰਾਥਾ, ਨਵ ਪੂਰ ਰਿਹਾ ਚਲਾਈਆ । ਨੌ ਨੌ ਸਰਬ ਕਲ ਆਪੇ ਸਮਰਾਥਾ, ਨੌ ਖੰਡ ਵੇਖ ਵਖਾਈਆ । ਮਹਿਮਾ ਜਗਤ ਅਕਥਨੀ ਅਕਾਥਾ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਉਪਾਈਆ । ਉਪਜਿਆ ਪੂਤ ਸੁੱਤ ਦੁਲਾਰ, ਘਰ ਸਾਚੇ ਵੱਜੀ ਵਧਾਈਆ । ਨਾਤਾ ਤੁਟਾ ਜਗਤ ਸੰਸਾਰ, ਜਗ ਜੀਵਣ ਦਾਤਾ ਮੇਲ ਮਿਲਾਈਆ । ਮਨ ਜੀਤਿਆ ਤੁਟਾ ਹੰਕਾਰਾ, ਸਾਚਾ ਧਾਮ ਸੁਹਾਈਆ । ਅਟੱਲ ਅਚੱਲ ਇਕ ਮੁਨਾਰਾ, ਆਪ ਆਪਣਾ ਬੰਕ ਰਖਾਈਆ । ਸਾਢੇ ਤਿੰਨ ਹੱਥ ਤੇਰਾ ਅੰਤ ਕਿਨਾਰਾ, ਲਹਿਣਾ ਮੂਲ ਚੁਕਾਈਆ । ਨੌ ਦਵਾਰੇ ਖੋਲ੍ਹ ਕਿਵਾੜਾ, ਦਰ ਦਰਬਾਰ ਇਕ ਸੁਹਾਈਆ । ਧੁਰਦਰਗਾਹੀ ਸਾਚਾ ਲਾੜਾ, ਘਰ ਬੈਠਾ ਸੇਜ ਵਿਛਾਈਆ । ਗੁਰਮੁਖਾਂ ਕਰੇ ਸਤਿ ਪਿਆਰਾ, ਸਾਂਤਕ ਸਤਿ ਵਰਤਾਈਆ । ਮੇਲ ਮਿਲਾਏ ਵਿਚ ਸੰਸਾਰਾ, ਆਤਮ ਬ੍ਰਹਮ ਜਣਾਈਆ । ਆਪਣੇ ਰੰਗ ਰਵੇ ਕਰਤਾਰਾ, ਹਰਿ ਕਰਤਾ ਵੇਸ ਵਟਾਈਆ । ਗੁਰਸਿਖ ਸੱਜਣ ਪਾਰ ਕਰਾਏ ਨੌ ਦਵਾਰਾ, ਆਪ ਆਪਣਾ ਦਰਸ ਦਿਖਾਈਆ । ਆਪੇ ਦੀਪਕ ਜੋਤੀ ਕਰ ਉਜਿਆਰਾ, ਆਪ ਆਪਣੇ ਵਿਚ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਜ ਦਸ ਦਸ ਪੰਜ ਲੇਖ ਰੇਖ ਭੇਖ ਆਪਣੇ ਹੱਥ ਰਖਾਈਆ ।



੨੦ ot

ਆਪਣੀ ਜੋਤ ਆਪ ਜਗਾ, ਆਪਣੇ ਵਿਚ ਸਮਾਈਆ । ਆਪਣੀ ਜੋਤ ਆਪ ਟਿਕਾ, ਆਪੇ ਵੇਖ ਵਖਾਈਆ । ਆਪਣੀ ਜੋਤੀ ਆਪ ਬਲਾ, ਆਪੇ ਕਰੇ ਰੁਸ਼ਨਾਈਆ । ਅੰਤਮ ਆਪਣੀ ਗੋਦੀ ਲਏ ਸਵਾ, ਗੁਰਸਿਖਾਂ ਵਡ ਵਡਿਆਈਆ । ਕਾਮੀ ਕਰੋਧੀ ਨੇੜ ਨਾ ਸਕੇ ਆ, ਸ਼ਬਦ ਖੰਡਾ ਰਿਹਾ ਡਰਾਈਆ । ਆਤਮ ਸੋਧੀ ਬੇਪਰਵਾਹ, ਜੋ ਜਨ ਚਰਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ ਏਕਾ ਦੀਪ ਰਖਾਈਆ । ਆਪਣਾ ਆਪ ਕਰ ਪਰਕਾਸ਼, ਆਪੇ ਵੇਖ ਵਖਾਇੰਦਾ । ਆਦਿ ਨਿਰੰਜਣ ਪੁਰਖ ਅਬਿਨਾਸ਼, ਆਪਣਾ ਖੇਲ ਖਿਲਾਇੰਦਾ । ਜੁਗਾ ਜੁਗੰਤਰ ਨਾ ਹੋਏ ਵਿਨਾਸ, ਆਪ ਆਪਣਾ ਵੇਸ ਵਟਾਇੰਦਾ । ਸਚ ਵਸਤ ਰੱਖੀ ਗੁਰ ਸਤਿਗੁਰ ਪਾਸ, ਆਪੇ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਪੂਰਨ ਕਰਨਹਾਰਾ ਆਸ, ਜਗਤ ਪਿਆਸ ਆਪ ਬੁਝਾਇੰਦਾ ।

ਏਕਾ ਜੋਤੀ ਜੋਤ ਉਜਾਲਾ, ਨੂਰੋ ਨੂਰ ਆਪ ਅਖਵਾਈਆ । ਆਪੇ ਗੁਰ ਆਪੇ ਗੋਪਾਲਾ, ਆਪੇ ਗੋਬਿੰਦ ਨਾਉਂ ਧਰਾਈਆ । ਆਪੇ ਵੇਖੇ ਧਰਮ ਸੱਚੀ ਧਰਮਸਾਲਾ, ਆਪ ਆਪਣਾ ਡੇਰਾ ਲਾਈਆ । ਆਪੇ ਖੇਲੇ ਖੇਲ ਨਿਰਾਲਾ, ਜੁਗ ਜੁਗ ਵੱਡੀ ਵਡਿਆਈਆ । ਆਪੇ ਕਰੇ ਗੁਰਸਿਖ ਸਦਾ ਪ੍ਰਿਤਪਾਲਾ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖ ਵਖਾਈਆ ।

ਜੋਤੀ ਨੂਰ ਹਰਿ ਨਿਰੰਕਾਰ, ਏਕਾ ਨੂਰ ਰਖਾਈਆ । ਆਦਿ ਅੰਤ ਇਕ ਅਵਤਾਰ, ਏਕਾ ਰੂਪ ਸਮਾਈਆ । ਏਕਾ ਸ਼ਬਦ ਇਕ ਪਿਆਰ, ਏਕਾ ਬੂਝ ਬੁਝਾਈਆ । ਏਕਾ ਵਣਜ ਇਕ ਵਾਪਾਰ, ਏਕਾ ਹੱਟ ਖੁਲ੍ਹਾਈਆ । ਗੁਰਮੁਖ ਸਾਚੇ ਕਰ ਤਿਆਰ, ਆਪ ਆਪਣਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚੇ ਮੇਲ ਮਿਲਾਈਆ । ਹਰਿ ਹਰਿ ਜੋਤੀ ਸਾਚਾ ਚਾਨਨ, ਹਰਿ ਹਰਿ ਆਪ ਉਪਾਇੰਦਾ । ਆਪੇ ਦੇਵਣਹਾਰਾ ਦਾਨਨ, ਆਪੇ ਵੇਖ ਵਖਾਇੰਦਾ । ਆਪੇ ਹੋਏ ਸਾਚਾ ਕਾਹਨਨ, ਆਪੇ ਰਾਸ ਰਚਾਇੰਦਾ । ਆਪੇ ਭੇਖਾ ਧਾਰੀ ਬਾਵਨ, ਬਲ ਛਲ ਆਪ ਵਖਾਇੰਦਾ । ਆਪੇ ਧੁਰਦਰਗਾਹੀ ਸਾਚਾ ਜ਼ਾਮਨ, ਆਪ ਆਪਣਾ ਕਰਮ ਕਰਾਇੰਦਾ । ਆਪੇ ਫੜੇ ਆਪਣਾ ਦਾਮਨ, ਗੁਰਮੁਖ ਸਾਚੇ ਸੰਗ ਰਲਾਇੰਦਾ । ਆਪ ਜਪਾਏ ਆਪਣਾ ਨਾਮਨ, ਨਾਮ ਨਾਮਾ ਝੋਲੀ ਪਾਇੰਦਾ । ਪੂਰਨ ਕਰਨਹਾਰਾ ਕਾਮਨ, ਗੁਰਮੁਖ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਦੀਵਾ ਬਾਤੀ ਇਕ ਰਖਾਇੰਦਾ । ਹਰਿ

੨੧ ੦੮ ਜੋਤ ਹਰਿ ਚਮਤਕਾਰ, ਹਰਿ ਹਰਿ ਆਪ ਕਰਾਈਆ । ਗੁਰਸਿਖ ਉਤਾਰੇ ਸਾਚੇ ਘਾਟ, ਜਗਤ ਕਿਨਾਰਾ ਪਾਰ ਵਖਾਈਆ । ਇਕ ਵਖਾਏ ਤੀਰਥ ਤਾਟ, ਅਠਸਠ ਲੇਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਘਰ ਸਾਚੇ ਵੱਜੇ ਵਧਾਈਆ । ਦੀਵਾ ਬਾਤੀ ਇਕ ਚਿਰਾਗ, ਗੁਰ ਪੂਰਾ ਆਪ ਜਗਾਇੰਦਾ । ਧੋਵਣਹਾਰਾ ਝੂਠੇ ਦਾਗ਼, ਆਪਣਾ ਕਰਮ ਕਮਾਇੰਦਾ । ਦਰਗਹਿ ਸਾਚੀ ਪਕੜੇ ਵਾਗ, ਸਾਚਾ ਰਾਹ ਵਖਾਇੰਦਾ । ਆਦਿ ਜੁਗਾਦੀ ਰਿਹਾ ਜਾਗ, ਗੁਰਸਿਖ ਸਾਚੇ ਆਪ ਉਠਾਇੰਦਾ । ਧੰਨ ਵਡਿਆਈ ਵਡ ਵਡ ਭਾਗ, ਜੋ ਜੋ ਹਰਿ ਹਰਿ ਦਰਸ਼ਨ ਪਾਇੰਦਾ । ਪੰਚ ਵਿਕਾਰਾ ਨੌਂ ਦਰ ਤ੍ਰੈਗੁਣ ਲੱਗੀ ਬੁਝੇ ਆਗ, ਸਾਚਾ ਤੱਤ ਵਖਾਇੰਦਾ । ਚਰਨ ਪ੍ਰੀਤੀ ਇਕ ਵੈਰਾਗ, ਜਗਤ ਨਾਤਾ ਤੋੜ ਤੁੜਾਇੰਦਾ । ਮੇਲ ਮਿਲਾਵਾ ਕੰਤ ਸੁਹਾਗ, ਸਾਚੀ ਸੇਜਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਵੇਖਣਹਾਰਾ ਜਗਤ ਦਰ, ਦਰ ਦਵਾਰਾ ਵੇਖ ਵਖਾਇੰਦਾ । ਆਪੇ ਦੀਵਾ ਆਪੇ ਬਾਤੀ, ਆਪੇ ਕਰੇ ਰੁਸ਼ਨਾਈਆ । ਆਪੇ ਕਮਲ ਕਮਲਾਪਾਤੀ, ਆਪ ਆਪਣਾ ਨਾਉਂ ਧਰਾਈਆ । ਆਪੇ ਲਹਿਣਾ ਦੇਵਣਹਾਰਾ ਬਾਕੀ, ਜੁਗ ਜੁਗ ਮੂਲ ਚੁਕਾਈਆ । ਆਪੇ ਬਣਿਆ ਸਾਚਾ ਸਾਕੀ, ਅੰਮ੍ਰਿਤ ਜਾਮ ਪਿਆਲਾ ਇਕ ਪਿਆਈਆ । ਆਪੇ ਖੋਲ੍ਹਣਹਾਰਾ ਬੰਦ ਤਾਕੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਪੰਜ ਤੱਤ ਹੋਏ ਖਾਕੀ, ਖਾਕੀ ਖਾਕ ਆਪ ਸਮਾਈਆ । ਆਪੇ ਚੜ੍ਹੇ ਅਸਵ ਘੋੜੇ ਸਾਚੇ ਰਾਕੀ, ਸ਼ਬਦੀ ਸ਼ਬਦ ਆਪ ਦੌੜਾਈਆ । ਆਪੇ ਰੱਖੇ ਚਾਲ ਬਾਂਕੀ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ

੨੧ ੦੮

ਇਕ ਦਰਸਾਈਆ । ਨੌ ਦਰ ਦੀਵਾ ਹੋਇਆ ਗੁਲ, ਹਰਿ ਹਰਿ ਆਪ ਬੁਝਾਇੰਦਾ । ਹਰਿ ਸੰਗਤ ਤੇਰਾ ਪਾਇਆ ਮੁੱਲ, ਜਗ ਕੀਮਤ ਨਾ ਕੋਈ ਚੁਕਾਇੰਦਾ । ਲੋਕਮਾਤ ਨਾ ਜਾਣਾ ਰੁੱਲ, ਮਾਨਸ ਜਨਮ ਲੇਖੇ ਲਾਇੰਦਾ । ਤਾਰਨਹਾਰਾ ਇਕੀ ਕੁੱਲ, ਇਕੀ ਸਿਖੀ ਸੇਵਾ ਲਾਇੰਦਾ । ਗੁਰਮੁਖ ਬਣਾਏ ਸਾਚੇ ਫੁਲ, ਫੁਲ ਫੁਲਵਾੜੀ ਵੇਖ ਵਖਾਇੰਦਾ । ਨਿਰਗੁਣ ਬੂਟਾ ਨਾ ਜਾਏ ਹੁਲ, ਨਿਰਗੁਣ ਅੰਮ੍ਰਿਤ ਸਿੰਚ ਕਿਆਰੀ ਹਰੀ ਆਪ ਕਰਾਇੰਦਾ । ਅੰਤਮ ਤੋਲੇ ਪੂਰੇ ਤੋਲ, ਤੋਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਦਵਾਰੇ ਅੰਦਰ ਵੜ, ਗੁਰਸਿਖ ਸਾਚੇ ਲਏ ਫੜ, ਸਾਚਾ ਮਾਰਗ ਇਕ ਜਣਾਇੰਦਾ । ਸਾਚਾ ਮਾਰਗ ਆਪੇ ਦਸ, ਆਪ ਆਪਣੀ ਬੂਝ ਬੁਝਾਈਆ । ਹਰਿ ਸੰਗਤ ਹਰਿ ਹਿਰਦੇ ਵਸ, ਹਰੀ ਹਰਿ ਰੂਪ ਦਰਸਾਈਆ । ਪ੍ਰੇਮ ਨਿਰਾਲਾ ਤੀਰ ਮਾਰੇ ਕਸ, ਤਿਖੀ ਧਾਰ ਇਕ ਵਖਾਈਆ । ਜਗਤ ਰੰਡੇਪਾ ਜਾਏ ਨੱਸ, ਸੁਹਾਗ ਇਕ ਹੰਢਾਈਆ । ਮਾਇਆ ਮੋਹਣੀ ਨਾ ਜਾਏ ਡੱਸ, ਅਗਨੀ ਅੱਗ ਨਾ ਕੋਈ ਜਲਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਵੱਜੇ ਵਧਾਈਆ । ਗੁਰਸਿਖ ਜਗਾਏ ਨੱਸ ਨੱਸ, ਕਲਜੁਗ ਤੇਰਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਦਰ ਦਵਾਰਾ ਅਲਖ ਜਗਾਈਆ । ਅਲਖ ਨਿਰੰਜਣ ਅਲਖ ਜਗਾ, ਅਲਖ ਅਲਖ ਅਲਾਇੰਦਾ । ਜੋਤੀ ਨੂਰ ਪਰਤੱਖ ਕਰਾ, ਹਾਜ਼ਰ ਹਜ਼ੂਰ ਅਖਵਾਇੰਦਾ । ਭਰੇ ਭਾਂਡੇ ਸੱਖ ਕਰਾ, ਸਖਣੇ ਆਪ ਭਰਾਇੰਦਾ । ਹਰਿ ਸੰਗਤ ਸਾਚੀ ਵੱਖ ਕਰਾ, ਸਾਚੇ ਮਾਰਗ ਲਾਇੰਦਾ । ਏਕਾ ਵਸਤ ਝੋਲੀ ਪਾ, ਇਕ ਭੰਡਾਰ ਵਰਤਾਇੰਦਾ । ਏਕਾ ਮੰਤਰ ਨਾਮ ਦ੍ਰਿੜਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਨੌ ਦਵਾਰੇ ਡੇਰਾ ਢਾਹ, ਆਪ ਆਪਣਾ ਘਰ ਵਸਾਇੰਦਾ । ਲੱਖ ਚੁਰਾਸੀ ਕੱਟੇ ਫਾਹ, ਧਰਮ ਰਾਏ ਮੁਖ ਸ਼ਰਮਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਚਰਨ ਦਵਾਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸੌ ਪੰਦਰਾਂ ਬਿਕ੍ਰਮੀ ਚੁਕਾਏ ਡਰ, ਮਾਤ ਗਰਭ ਗੁਰਸਿਖ ਨਾ ਕੋਈ ਆਇੰਦਾ । ਜਗਤ ਭੂਸ਼ਨ ਜਗਤ ਸ਼ੰਗਾਰ, ਹਰਿ ਹਰਿ ਆਪ ਕਰਾਇਆ । ਪੰਜ ਤੱਤ ਕਰ ਪਿਆਰ, ਕਾਇਆ ਚੋਲਾ ਇਕ ਹੰਢਾਇਆ । ਵਾਸ਼ਨਾ ਰਹੀ ਨੌ ਦਵਾਰ, ਪੁਤਰ ਧੀਆਂ ਸਾਕ ਸੈਣ ਵੇਖ ਵਖਾਇਆ । ਅੰਤਮ ਨਾਤਾ ਤੁਟਾ ਵਿਚ ਸੰਸਾਰ, ਜੂਠਾ ਝੂਠਾ ਮੋਹ ਚੁਕਾਇਆ । ਇਕ ਸੁਹਾਇਆ ਸਚ ਦਰਬਾਰ, ਥਿਰ ਘਰ ਸਾਚੇ ਡੇਰਾ ਲਾਇਆ । ਆਪਣੀ ਜੋਤੀ ਕਰ ਉਜਿਆਰ, ਆਪਣਾ ਖੇਲ ਖਿਲਾਇਆ । ਲੋਕਮਾਤ ਹਰਿ ਹੋ ਤਿਆਰ, ਘਰ ਸਾਚਾ ਵੇਖ ਵਖਾਇਆ । ਗੋਬਿੰਦ ਮੀਤਾ ਮੀਤ ਮੁਰਾਰ, ਸੰਬਲ ਨਗਰੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਘਰ ਸਾਚਾ ਹਰਿ ਹਰਿ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰਾ ਖੋਲ੍ਹ ਦਰ, ਦਰ ਦਰਬਾਨਾ ਸੇਵ ਕਮਾਇਆ ।

## ੨ ਪੋਹ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ

ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਏਕੰਕਾਰਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਦਿ ਅੰਤ ਅਵਤਾਰਿਆ । ਸਤਿਗੁਰ ਪੂਰਾ

ਹਰਿ ਭਗਵਾਨ, ਜੋਤੀ ਨੂਰ ਉਜਿਆਰਿਆ । ਸਤਿਗੁਰ ਪੂਰਾ ਹਰਿ ਭਗਵਾਨ, ਅਕਲ ਕਲਾ ਅਖਵਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਆਦਿ ਪੁਰਖ ਨਿਰੰਜਣ ਨਾਉਂ ਰਖਾ ਲਿਆ । ਸਤਿਗੁਰ ਪੂਰਾ ਹਰਿ ਭਗਵਾਨ, ਕਰਨੀ ਕਰਤਾ ਕਰਮ ਕਮਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਅਕਾਲ ਮੂਰਤ ਵੇਸ ਵਟਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਆਦਿ ਸ਼ਕਤ ਵੇਖ ਵਖਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਨੂਰ ਖ਼ੁਦਾਈ ਇਕ ਚਮਕਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਆਪਣਾ ਵੇਸ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਤਿਗੁਰ ਨਾਮ ਅਖਵਾ ਲਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਦਿ ਜੁਗਾਦਿ ਸਮਾਇਆ । ਸਤਿਗੁਰ ਪੂਰਾ ਹਰਿ ਭਗਵਾਨ, ਸਾਚਾ ਸਾਕੀ ਜਾਮ ਪਿਆਇਆ । ਸਤਿਗੁਰ ਪੂਰਾ ਹਰਿ ਭਗਵਾਨ, ਆਪਣੀ ਤਾਕੀ ਸ਼ਬਦ ਖੁਲ੍ਹਾਇਆ । ਸਤਿਗੁਰ ਪੂਰਾ ਹਰਿ ਭਗਵਾਨ, ਲਹਿਣਾ ਦੇਣਾ ਬਾਕੀ ਆਪ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਨਾਉਂ ਧਰਾਇਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਬੰਕ ਸੁਹਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਘਰ ਬੈਠਾ ਬੇਪਰਵਾਹੀਆ । ਸਤਿਗੁਰ ਪੂਰਾ ਹਰਿ ਭਗਵਾਨ, ਪੁਰਖ ਅਲਖ ਅਲਖ ਅਲਖ ਆਪ ਹੋ ਜਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਅਗੰਮ ਅਗੰਮੜੀ ਕਾਰ ਕਮਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਜਗਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਆਪਣਾ ਆਪ ਉਪਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਆਪਣਾ ਆਪ ਦਰਸਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪਣੀ ਭਿਛਿਆ ਆਪੇ ਮੰਗ ਮੰਗਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪਣੀ ਇਛਿਆ ਆਪ ਕਰਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਪਾਏ ਆਪਣੇ ਹਿਸਿਆ, ਆਪੇ ਵੰਡ ਵੰਡਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪਣੇ ਨੇਤਰ ਆਪੇ ਪੇਖਿਆ, ਆਪੇ ਵੇਖ ਵਖਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਲਿਖਣਹਾਰਾ ਲੇਖਿਆ, ਆਪੇ ਮੇਟ ਮਿਟਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਨਰ ਆਪ ਨਰੇਸਿਆ, ਨਰ ਨਰੇਸ਼ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਜਗਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਹਰਿ ਜੋਤੀ ਜੋਤ ਜਗਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਨਿਰਗੁਣ ਧਾਰ ਇਕ ਬੰਧਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਏਕੰਕਾਰਾ ਰੂਪ ਸਮਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਸਚ ਭੰਡਾਰ ਇਕ ਵਖਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਬੈਠਾ ਬੇਪਰਵਾਹੀਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਏਕ ਗਰੀਬ ਨਿਵਾਜਿਆ । ਸਤਿਗੁਰ ਪੂਰਾ ਹਰਿ ਭਗਵਾਨ, ਸ਼ਾਹੋ ਭੂਪ ਵਡ ਰਾਜਨ ਰਾਜਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਰਚਾਏ ਆਪਣਾ ਕਾਜਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਰੱਖਣਹਾਰਾ ਆਪਣੀ ਲਾਜਿਆ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਆਪਣਾ ਆਪ ਜਹਾਜਿਆ । ਸਤਿਗੁਰ ਪੂਰਾ ਹਰਿ ਭਗਵਾਨ, ਏਕ ਧਾਰ ਬਹਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਰਾਮ ਅਖਵਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਨਾਮ ਜਪਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਕਾਮ ਕਰਾਈਆ ।

੨੩
੦੮

ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਨਗਰ ਗਰਾਮ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਅਭੇਦ ਅਭੇਵ ਅਭੇਦਿਆ । ਸਤਿਗੁਰ ਪੂਰਾ ਹਰਿ ਭਗਵਾਨ, ਅਛਲ ਅਛੱਲ ਅਛੇਦਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਪਣਾ ਲੇਖਾ ਆਪੇ ਲੇਖਿਆ । ਸਤਿਗੁਰ ਪੂਰਾ ਹਰਿ ਭਗਵਾਨ, ਨਾ ਕੋਈ ਮੁਛ ਦਾੜ੍ਹੀ ਨਾ ਕੇਸਿਆ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਲੇਖਾ ਵੇਖਿਆ । ਸਤਿਗੁਰ ਪੂਰਾ ਹਰਿ ਭਗਵਾਨ, ਸੱਚੋ ਸਚ ਨਿਸ਼ਾਨਿਆ । ਸਤਿਗੁਰ ਪੂਰਾ ਹਰਿ ਭਗਵਾਨ, ਜੀਆਂ ਜੰਤਾਂ ਦੇਵੇ ਮਾਣਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਦਿ ਅੰਤ ਇਕ ਵਖਾਨਿਆ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਚਲੇ ਆਪਣੇ ਭਾਣਿਆ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰੇ ਆਪ ਪਛਾਨਿਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਖੇਲ ਖਿਲਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਆਪਣਾ ਮੇਲ ਮਿਲਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਆਪਣਾ ਸਗਨ ਮਨਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਆਪਣੀ ਲਗਨ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਟਿਕਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਜਗਨ ਨਾਥ ਅਖਵਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਸਗਲਾ ਸੰਗ ਨਿਭਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਅੰਗ ਸੰਗ ਸਮਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਭੁੱਖ ਨੰਗ ਨਾ ਕੋਈ ਰਖਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਧਾਰ ਗੰਗ ਨਾ ਕੋਈ ਵਹਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਜਗਤ ਮਰਦੰਗ ਨਾ ਕੋਈ ਵਜਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਸੂਰਾ ਸਰਬੰਗ ਆਪ ਅਖਵਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪੇ ਬੈਠਾ ਸਚ ਪਲੰਘ ਸਚ ਸਿੰਘਾਸਣ ਆਪ ਸੁਹਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਆਪਣਾ ਦਰ ਆਪੇ ਲੰਘ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਦਰਸਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਸੱਜਣ ਮੀਤ ਮੁਰਾਰਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਅਚਰਜ ਰੀਤੀ ਆਪ ਚਲਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਸਤ ਕੀਟੀ ਮੇਲ ਮਿਲਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਅਨਡੀਠੀ ਖੇਲ ਖਿਲਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਪਣੀ ਪ੍ਰੀਤੀ ਆਪੇ ਆਪ ਸਿਖਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਵੇਖ ਵਖਾ ਰਿਹਾ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਹੱਥ ਵਖਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਏਕਾ ਤਟ ਨੁਹਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਘਟ ਘਟ ਡੇਰਾ ਲਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਅਠਸਠ ਵੇਖ ਵਖਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਲੋਆਂ ਪੁਰੀਆਂ ਆਪ ਸਮਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਅਲੱਖ ਜਗਾਈਆ । ਸਤਿਗੁਰ ਪੂਰਾ ਹਰਿ ਕਰਤਾਰ, ਅਗੰਮ ਅਗੰਮ ਅਗੰਮ ਅਖਵਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਅਲਖ ਅਲਖ ਹੋ ਜਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਪਰਤੱਖ ਪਰਤੱਖ ਰੂਪ ਵਟਾਇੰਦਾ । ਸਤਿਗੁਰ ਪੂਰਾ ਹਰਿ ਭਗਵਾਨ, ਵਸਣਹਾਰਾ ਵੱਖ ਹਰ ਘਟ ਆਪੇ ਡੇਰਾ ਲਾਇੰਦਾ ।

੨੪
੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਭਗਵਾਨ ਰੂਪ ਵਟਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਰਿ ਸੰਤਨ ਵੇਖ ਵਖਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਜੀਆਂ ਜੰਤਾ ਆਪ ਤਰਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਗੁਣੀ ਗਹਿੰਦ ਗਹਿਰ ਗੰਭੀਰ ਸਮਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਧੰਨ ਧੰਨਵੰਤ ਵਡ ਵਡਿਆਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਬੇਅੰਤ ਬੇਅੰਤ ਭੇਵ ਕੋਇ ਨਾ ਪਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਸਾਚੇ ਤਖ਼ਤ ਆਪ ਸੁਹੰਜਣਾ ਬੈਠਾ ਆਸਣ ਲਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਜੁਗ ਜੁਗ ਜਨ ਭਗਤ ਦੁਵਾਰੇ ਹੋਏ ਮੰਗਤਾ, ਅੱਗੇ ਆਪਣੀ ਝੋਲੀ ਡਾਹੀਆ । ਚਰਨ ਧੂੜ ਵੇਖੇ ਸਾਚੀ ਸੰਗਤਾ, ਨਿਰਮਲ ਨਿਰਮਲ ਨਿਰਮਲ ਪਰਕਾਸ਼ ਕਰਾਈਆ । ਦਰ ਦਵਾਰ ਮੂਲ ਨਾ ਸੰਗਦਾ, ਲੋਕ ਲੱਜਿਆ ਆਪ ਤਜਾਈਆ । ਦਰ ਦਵਾਰੇ ਅੰਦਰ ਲੰਘਦਾ, ਆਪਣੀ ਅੱਖ ਖੁਲ੍ਹਾਈਆ । ਆਪਣੀ ਚੋਲੀ ਆਪੇ ਰੰਗਦਾ, ਗੁਰਸਿਖ ਪ੍ਰੀਤ ਰੰਗਣ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਸ਼ਬਦੀ ਸ਼ਬਦ ਨਿਸ਼ਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਧੁਨ ਤਰਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਰਾਗ ਸੁਣਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਦੇਵੇ ਜੀਆ ਦਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਬ੍ਰਹਮ ਪਛਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਤੋੜੇ ਮਾਣ ਅਭਿਮਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਮੇਲ ਮਿਲਾਏ ਸ੍ਰੀ ਭਗਵਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਵਣ ਜਾਵਣ ਚੁਕਾਏ ਕਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਪ ਰਖਾਏ ਆਪਣੇ ਭਾਣਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਘਰ ਸਾਚੇ ਦੇਵੇ ਮਾਣਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਰਾਓ ਰੰਕਾਂ ਇਕ ਪਛਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਭੇਖ ਵਟਾਨਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਜੋਤ ਜਗਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਵਰਨ ਗੋਤ ਨਾ ਕੋਈ ਰਖਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਕੋਟੀ ਕੋਟ ਜੀਵ ਤਰਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਤਨ ਨਗਾਰੇ ਚੋਟ ਇਕ ਲਗਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਕਾਇਆ ਕੱਢੇ ਖੋਟ ਹਉਮੇ ਮੈਲ ਧੁਵਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਲਣਿਉਂ ਡਿਗੇ ਬੋਟ, ਜੀਵ ਜੰਤ ਲਏ ਉਠਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਧਰਮੀ ਧਰਮ ਜੈਕਾਰਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਨਿਹਕਰਮੀ ਕਰਮ ਕਮਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਵਰਨ ਅਵਰਨੀ ਡੇਰਾ ਲਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਸਾਚੀ ਤਰਨੀ ਗੁਰਸਿਖ ਆਪ ਤਰਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਰਨੀ ਫਰਨੀ ਨੈਣ ਖੁਲ੍ਹਾ ਲਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਕਰਤਾ ਕਰਨੀ ਕਰਮ ਕਮਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਰਿ ਸੰਗਤ ਹਰਿ ਜੋਤੀ ਆਪ ਟਿਕਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਵਣ ਜਾਵਣ ਮਰਨੀ ਮਰਨ ਚੁਕਾ ਰਿਹਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾ ਰਿਹਾ । ਸਤਿਗੁਰ

ਪੂਰਾ ਹਰਿ ਮਿਹਰਵਾਨ, ਸਾਖਯਾਤ ਜੋਤ ਜਗਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਗੁਰਸਿਖ ਬਾਲ ਅੰਵਾਣੇ ਪਾਰਜ਼ਾਤ ਆਪ ਬਣਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਦਿਵਸ ਰੈਣ ਏਕਾ ਰੰਗ ਰੰਗਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਪਿਤਾ ਮਾਤ ਆਪ ਹੋ ਜਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਦੇਵੇ ਨਾਮ ਸਾਚੀ ਦਾਤ, ਹਰਿ ਸੰਗਤ ਝੋਲੀ ਪਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਜ਼ਾਤ ਪਾਤ ਊਚ ਨੀਚ ਨਾ ਕੋਈ ਵਖਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਇਕ ਇਕਾਂਤ ਰੂਪ ਦਰਸਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਰ ਘਟ ਅੰਦਰ ਮਾਰੇ ਝਾਤ ਆਪਣੀ ਤਾਕੀ ਮੁਖ ਖੁਲ੍ਹਾਇੰਦਾ । ਕਲਜੁਗ ਅੰਤਮ ਨਾਲ ਰਖਾਈ ਸਚ ਬਰਾਤ, ਸਾਚਾ ਲਾੜਾ ਵੇਸ ਵਟਾਇੰਦਾ । ਨੌ ਖੰਡ ਪ੍ਰਿਥਮੀ ਚਾਰ ਕੁੰਟ ਦਹਿ ਦਿਸ਼ਾ ਮਾਰ ਝਾਤ ਲਗਾਈ ਇਕ ਕਿਨਾਤ, ਗਗਨ ਮੰਡਲ ਵੇਖ ਵਖਾਇੰਦਾ । ਖੇਲੇ ਖੇਲ ਸਾਤ ਸਾਤ, ਚੌਦਾਂ ਚੌਦਾਂ ਭੇਵ ਚੁਕਾਇੰਦਾ । ਇਕੀ ਸਿਖ ਚੜ੍ਹੀ ਬਰਾਤ, ਸਾਚਾ ਸਗਨ ਮਨਾਇੰਦਾ । ਆਪੇ ਚੜ੍ਹਿਆ ਆਪਣੇ ਘਾਟ, ਕਲਜੁਗ ਤੀਰਥ ਤਟ ਵਖਾਇੰਦਾ । ਆਪੇ ਖਿਚਣਹਾਰਾ ਜੋਤ ਲਿਲਾਟ, ਆਪੇ ਵਿਚ ਟਿਕਾਇੰਦਾ । ਆਪ ਉਪਜਾਏ ਪੂਜਾ ਪਾਠ, ਆਪੇ ਮੇਟ ਮਿਟਾਇੰਦਾ । ਆਪ ਕਰਾਏ ਆਪਣਾ ਜਾਪ, ਜਪ ਤਪ ਹਠ ਆਪੇ ਵੇਖ ਵਖਾਇੰਦਾ । ਆਪ ਵਿਕਾਏ ਜਗਤ ਘਾਟ, ਆਪੇ ਕੀਮਤ ਪਾਇੰਦਾ । ਆਪੇ ਜੋਤੀ ਆਦਿ ਸ਼ਕਤ ਲਿਲਾਟ, ਨੂਰੋ ਨੂਰ ਵਖਾਇੰਦਾ । ਆਪੇ ਆਪਣਾ ਪੜਦਾ ਜਾਏ ਪਾਟ, ਆਪੇ ਮੁਖ ਛੁਪਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਨ ਬਾਟ ਵਿਚ ਨਾ ਆਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਮਾਰ ਧਿਆਨ, ਨਿਹਕਲੰਕਾ ਨਾਉਂ ਰਖਾਇੰਦਾ । ਕਵਣ ਕੂਟ ਗੋਪੀਆਂ ਕਾਹਨ ਬਹਿ ਬਹਿ ਗਾਨ, ਦਿਵਸ ਰੈਣ ਸੀਸ ਝੁਕਾਇੰਦਾ । ਕੋਟਨ ਕੋਟ ਰਾਮ ਰਾਮ ਰਹੇ ਵਖਾਨ, ਦਸਰਥ ਬੇਟਾ ਸੰਗ ਰਖਾਇੰਦਾ । ਕੋਟਨ ਕੋਟ ਮੁਹੰਮਦ ਪਏ ਪਛਤਾਨ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਕੋਟਨ ਕੋਟ ਪੜ੍ਹ ਪੜ੍ਹ ਥੱਕੇ ਵੇਦ ਵਿਦਾਨ, ਵੇਦ ਵਿਦਾਂਤੀ ਦਿਸ ਨਾ ਆਇੰਦਾ । ਕੋਟਨ ਕੋਟ ਵੇਦ ਵਿਆਸਾ ਲਿਖ ਲਿਖ ਥੱਕੇ ਪੁਰਾਨ, ਭੇਵ ਅਭੇਵਾ ਅਭੇਦ ਕੋਈ ਨਾ ਪਾਇੰਦਾ । ਨਾਨਕ ਮੰਗੇ ਦਰ ਦਰਬਾਨ ਹਰਿ ਮਿਹਰਵਾਨ, ਆਪਣੀ ਝੋਲੀ ਅੱਗੇ ਡਾਹਿੰਦਾ । ਆਪਣਾ ਆਪ ਆਪ ਪਛਾਣ, ਆਪਣਾ ਮੂਲ ਚੁਕਾਇੰਦਾ । ਬੇਅੰਤ ਬੇਅੰਤ ਬੇਅੰਤ ਸ੍ਰੀ ਭਗਵਾਨ, ਰਸਨਾ ਜਿਹਵਾ ਆਪੇ ਗਾਇੰਦਾ । ਸ਼ਾਹੋ ਭੂਪ ਪੁਰਖ ਸੁਲਤਾਨ, ਆਦਿ ਜੁਗਾਦਿ ਅਖਵਾਇੰਦਾ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਵੇਸ ਵਟਾਇੰਦਾ । ਸਤਿਗੁਰ ਸੂਰਬੀਰ ਬਲਵਾਨ, ਗੋਬਿੰਦ ਨਾਉਂ ਧਰਾਇੰਦਾ । ਅੱਠੇ ਪਹਿਰ ਮੰਗੇ ਚਰਨ ਧਿਆਨ, ਦਿਵਸ ਰੈਣ ਰਾਹ ਤਕਾਇੰਦਾ । ਪਾਰਬ੍ਰਹਮ ਪ੍ਰਭ ਕਰ ਪਛਾਣ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸਚਖੰਡ ਸਚ ਨਿਸ਼ਾਨ, ਆਪਣਾ ਆਪ ਉਠਾਇੰਦਾ । ਆਪਣਾ ਮੰਦਰ ਵੇਖ ਮਕਾਨ, ਆਪੇ ਕੁੰਡਾ ਲਾਇੰਦਾ । ਆਪੇ ਜੋਤ ਸਰੂਪ ਸ੍ਰੀ ਭਗਵਾਨ, ਨਿਰਗੁਣ ਨਾਉਂ ਰਖਾਇੰਦਾ । ਆਪੇ ਸਤਿ ਪੁਰਖ ਨੌਜਵਾਨ, ਨਵ ਜੋਬਨ ਆਪ ਹੰਢਾਇੰਦਾ । ਆਪੇ ਆਪਣਾ ਦੇਵੇ ਦਾਨ, ਦਾਤਾ ਦਾਨੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਮਿਹਰਵਾਨ, ਮਿਹਰਵਾਨ ਆਪ ਹੋ ਜਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨਾ, ਹਰਿ ਹਰਿ ਖੇਲ ਖਿਲਾਈਆ । ਆਦਿ ਜੁਗਾਦੀ ਇਕ ਤਰਾਨਾ, ਏਕਾ ਰਾਗ ਅਲਾਈਆ । ਛੱਤੀ ਰਾਗ ਨਾ ਕਰਨ ਪਛਾਣਾ, ਨਾਰ ਸੁਰਸਤੀ ਰਹੀ ਗਾਈਆ ।


੨੬
ot

ਜਨ ਭਗਤਾਂ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਵੱਡੀ ਵਡਿਆਈਆ । ਸਾਚੇ ਦਰ ਮੰਗਲ ਏਕਾ ਗਾਣਾ, ਏਕਾ ਸੁਰ ਰਖਾਈਆ । ਗਣ ਗੰਧਰਬ ਦੇਵਤ ਸੁਰ ਹੋਏ ਹੈਰਾਨਾ, ਯਕਸ਼ ਗੰਧਰਬ ਰਹੇ ਮੁਖ ਸ਼ਰਮਾਈਆ । ਕਰੋੜ ਤੇਤੀਸਾ ਬਾਲ ਨਿਧਾਨਾ, ਆਪਣੀ ਸੂਝ ਨਾ ਆਈਆ । ਸ਼ਿਵ ਸ਼ੰਕਰ ਵੇਖੇ ਇਕ ਗਿਆਨਾ, ਏਕਾ ਇਸ਼ਟ ਮਨਾਈਆ । ਵਿਸ਼ਨੂੰ ਵੰਸੀ ਹੋ ਪਰਧਾਨਾ, ਆਪਣਾ ਰੂਪ ਦਰਸਾਈਆ । ਬ੍ਰਹਮਾ ਵੇਤਾ ਲੇਖ ਲਿਖਾਨਾ, ਆਪਣਾ ਲੇਖਾ ਮੂਲ ਨਾ ਆਈਆ । ਭਰਮ ਭੁਲੇਖਾ ਆਪੇ ਰੱਖੇ ਸ੍ਰੀ ਭਗਵਾਨਾ, ਚਲੇ ਨਾ ਕਿਸੇ ਚਤੁਰਾਈਆ । ਆਪ ਉਪਜਾਏ ਆਪੇ ਮੇਟ ਮਿਟਾਨਾ, ਆਪੇ ਵੇਖ ਵਖਾਈਆ । ਚੌਥੇ ਜੁਗ ਬੱਧਾ ਗਾਨਾ, ਸਾਚਾ ਸਗਨ ਮਨਾਈਆ । ਖੇਲੇ ਖੇਲ ਦੋ ਜਹਾਨਾਂ, ਅਲਖ ਨਿਰੰਜਣ ਵਡ ਵਡਿਆਈਆ । ਗੁਰਸਿਖ ਸਾਚੇ ਕਰ ਪਰਧਾਨਾ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਨੂਰ ਕਰੇ ਰੁਸ਼ਨਾਈਆ । ਆਪੇ ਧਰਤ ਧਵਲ ਅਕਾਸ਼, ਆਪੇ ਕਰੇ ਪਸਾਰਿਆ । ਆਪੇ ਰਵ ਸਸ ਪਰਕਾਸ਼, ਆਪੇ ਅੰਧ ਅੰਧੇਰ ਅੰਧਿਆਰਿਆ । ਮੰਡਲ ਮੰਡਪ ਪਾਵੇ ਰਾਸ, ਆਪੇ ਸੂਰਜ ਚੰਨ ਸਤਾਰਿਆ । ਆਪੇ ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਆਪੇ ਡੇਰਾ ਲਾ ਰਿਹਾ । ਲੋਆਂ ਪੁਰੀਆਂ ਖੇਲ ਤਮਾਸ਼, ਹਰਿ ਸਾਚਾ ਆਪ ਕਰਾ ਰਿਹਾ । ਲੱਖ ਚੁਰਾਸੀ ਆਪੇ ਵਾਸ, ਵਸ ਵਸ ਮੇਲਾ ਆਪ ਮਿਲਾ ਲਿਆ । ਆਪੇ ਪੂਰੀ ਕਰਨਹਾਰਾ ਆਸ, ਆਪੇ ਡੇਰਾ ਢਾਹ ਲਿਆ । ਆਪੇ ਵਸੇ ਸਦਾ ਪਾਸ, ਆਪਣਾ ਵਿਛੋੜਾ ਆਪ ਵਖਾ ਲਿਆ । ਆਪੇ ਦੇਵੇ ਸਾਸ ਗਰਾਸ, ਆਪੇ ਮੁਕਤ ਕਰਾ ਲਿਆ । ਆਪੇ ਨਿਝ ਘਰ ਰੱਖੇ ਵਾਸ, ਆਪੇ ਮੁਖ ਛੁਪਾ ਲਿਆ । ਆਪੇ ਬਖ਼ਸ਼ੇ ਚਰਨ ਭਰਵਾਸ, ਆਪੇ ਦਰ ਦਰਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਸੰਗ ਨਿਭਾ ਲਿਆ । ਸਗਲਾ ਸੰਗ ਸੰਗ ਨਿਭਾ, ਆਪਣੀ ਦਇਆ ਕਮਾਈਆ । ਗੁਰਮੁਖ ਸਾਚੇ ਆਪ ਜਣਾ, ਆਪਣੀ ਬੂਝ ਬੁਝਾਈਆ । ਸਚ ਦਵਾਰੇ ਆਪ ਮਿਲਾ, ਸਾਚੀ ਕਰੇ ਪੜ੍ਹਾਈਆ । ਸਚ ਸਿੰਘਾਸਣ ਆਪ ਵਿਛਾ, ਆਪੇ ਰਿਹਾ ਸੁਹਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾ, ਆਪੇ ਕਲ ਵਰਤਾਈਆ । ਦਰ ਘਰ ਸਾਚੇ ਤੇਲ ਚੜ੍ਹਾ, ਸਚਖੰਡ ਵੱਜੇ ਵਧਾਈਆ । ਆਪਣਾ ਹੁਕਮ ਦਏ ਸੁਣਾ, ਹੁਕਮੇ ਆਪ ਸਮਾਈਆ । ਕਲਜੁਗ ਕਰੇ ਸ਼ਬਦ ਨਿਆਂ, ਸਤਿ ਪੁਰਖ ਵੱਡੀ ਵਡਿਆਈਆ । ਬ੍ਰਹਮਾ ਵੇਤਾ ਪਕੜਿਆ ਬਾਂਹ, ਅਪਣੇ ਦਰ ਬਹਾਈਆ । ਗੋਬਿੰਦ ਸਾਚਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਇਕ ਸੁਹਾਈਆ । ਸਾਚੇ ਸੰਗ ਸਚ ਪ੍ਰੀਤ, ਹਰਿ ਹਰਿ ਆਪ ਨਿਭਾਈਆ । ਕਾਇਆ ਰੱਖੀ ਠੰਡੀ ਸੀਤ, ਚਰਨ ਧਾਰਾ ਇਕ ਵਹਾਈਆ । ਏਕਾ ਬੈਠਾ ਹਰਿ ਅਤੀਤ, ਆਦਿ ਅੰਤ ਅਖਵਾਈਆ । ਆਪੇ ਜਾਣੇ ਆਪਣੀ ਰੀਤ, ਆਪਣੀ ਬਣਤ ਬਣਾਈਆ । ਇਕ ਸੁਣਾਇਆ ਸੁਹਾਗੀ ਗੀਤ, ਸੋਹੰ ਰਸਨਾ ਗਾਈਆ । ਨਾ ਕੋਈ ਮੰਦਰ ਨਾ ਮਸੀਤ,ਗੁਰੂਦਵਾਰ, ਨਾ ਕੋਈ ਜਣਾਈਆ । ਹਰਿਜਨ ਹਰਿ ਹਰਿ ਰੱਖੇ ਚੀਤ, ਚਿਤ ਵਿਤ ਠਗੌਰੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਹੋ ਮਿਹਰਵਾਨ, ਏਕੰਕਾਰ ਆਪ ਅਖਵਾਈਆ । ਸਤਿਗੁਰ ਪੂਰਾ ਹਰਿ ਭਗਵਾਨ, ਪੁਰਖ ਅਗੰਮ ਅਖਵਾਇੰਦਾ । ਆਦਿ ਜੁਗਾਦੀ ਇਕ ਨਿਸ਼ਾਨ, ਏਕਾ ਧਰਮ ਧਰਾਇੰਦਾ । ਏਕ ਦਾਨੀ ਦੇਵਣਹਾਰਾ ਜੀਆ

ਦਾਨ, ਏਕਾ ਝੋਲੀ ਪਾਇੰਦਾ । ਏਕਾ ਖੇਲੇ ਖੇਲ ਦੋ ਜਹਾਨ, ਸਗਲਾ ਸੰਗ ਵੇਖ ਵਖਾਇੰਦਾ । ਏਕਾ ਦੇਵਣਹਾਰਾ ਮਾਣ, ਮਾਣ ਨਿਮਾਣਿਆਂ ਆਪ ਹੋ ਜਾਇੰਦਾ । ਬ੍ਰਹਮਾ ਵੇਤਾ ਕਰ ਪਛਾਣ, ਅੰਤਮ ਮੂਲ ਚੁਕਾਇੰਦਾ । ਜੋਤੀ ਜੋਤ ਖਿਚੇ ਭਗਵਾਨ, ਜੋਤੀ ਜੋਤ ਸਮਾਇੰਦਾ । ਗੁਰਮੁਖ ਸਾਚਾ ਨੌਜਵਾਨ, ਸਾਚੇ ਰੰਗ ਰੰਗਾਇੰਦਾ । ਸ਼ਾਹੋ ਭੂਪ ਸਖੀ ਸੁਲਤਾਨ, ਘਰ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰੀ ਬ੍ਰਹਮ ਸੁਹਾਇੰਦਾ । ਪੁਰੀ ਬ੍ਰਹਮ ਪਾਰਬ੍ਰਹਮ, ਪਰਮ ਪੁਰਖ ਵਖਾਈਆ । ਲਿਖਣਹਾਰਾ ਸਾਚਾ ਕਰਮ, ਨਿਹਕਰਮੀ ਨਾਉਂ ਰਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਸਾਚੇ ਤਰਨੀ ਤਰਨ, ਤਾਰਨਹਾਰ ਹਰਿ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਧਾਮ ਸੁਹਾਈਆ । ਸਿੰਘ ਪਾਲ ਹਰਿ ਕਿਰਪਾਲ, ਦੀਨ ਦਿਆਲ ਅਖਵਾਇਆ । ਆਪ ਉਠਾਇਆ ਆਪਣਾ ਲਾਲ, ਆਪਣੀ ਬੂਝ ਬੁਝਾਇਆ । ਲੋਕਮਾਤ ਕਰ ਰਖਵਾਲ, ਸਾਚਾ ਸਮਾਂ ਸੁਹਾਇਆ । ਅੰਤਮ ਫਲ ਲੱਗਾ ਸਾਚੇ ਡਾਲ੍ਹ, ਫਲ ਫੁਲਵਾੜੀ ਵੇਖ ਵਖਾਇਆ । ਬ੍ਰਹਮ ਬ੍ਰਹਮ ਲਏ ਸਮਾਲ, ਪਾਰਬ੍ਰਹਮ ਸੱਚੀ ਸਰਨਾਇਆ । ਗੁਰਮੁਖ ਸਾਚਾ ਦਏ ਬਹਾਲ, ਸਾਚਾ ਦਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਹੇਠ ਵਿਛਾਇਆ । ਸਚ ਸਿੰਘਾਸਣ ਹਰਿ ਦਾਤਾਰ, ਆਪਣਾ ਆਪ ਰਖਾਈਆ । ਗੋਬਿੰਦ ਸਾਜਨ ਕਰ ਪਿਆਰ, ਉਪਰ ਆਪ ਬਿਠਾਈਆ । ਬ੍ਰਹਮ ਪੁਰੀ ਕਰ ਵਿਚਾਰ, ਪੂਰਬ ਲਹਿਣਾ ਵੇਖ ਵਖਾਈਆ । ਅਲਖ ਅਗੋਚਰ ਅਗੰਮ ਅਪਾਰ, ਉਚ ਮਹੱਲੇ ਬੈਠਾ ਡੇਰਾ ਲਾਈਆ । ਆਪੇ ਬਖ਼ਸ਼ੇ ਅੰਮ੍ਰਿਤ ਧਾਰ, ਚਰਨ ਚਰਨ ਵਹਾਈਆ । ਸੀਸ ਜਗਦੀਸ ਇਕ ਪਿਆਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸਾਚੇ ਘਰ ਸੁੱਤ ਦੁਲਾਰਾ, ਹਰਿ ਹਰਿ ਆਪ ਸੁਹਾਇਆ । ਨਾਤਾ ਤੁਟਿਆ ਪੰਜ ਤੱਤ ਅਕਾਰਾ, ਤੱਤਵ ਤੱਤ ਨਾ ਕੋਈ ਬਣਾਇਆ । ਸ਼ਬਦੀ ਸ਼ਬਦ ਸ਼ਬਦ ਵਰਤਾਰਾ, ਸ਼ਬਦੀ ਸ਼ਬਦ ਖੇਲ ਖਿਲਾਇਆ । ਜੋਤੀ ਜੋਤ ਜੋਤ ਉਜਿਆਰਾ, ਜੋਤੀ ਜੋਤ ਜਗਾਇਆ । ਨਾਮ ਨਾਮ ਨਾਮ ਭੰਡਾਰਾ, ਨਾਮ ਨਾਮ ਨਾਮ ਆਪ ਵਰਤਾਇਆ । ਚਰਨ ਕਵਲ ਬਖ਼ਸ਼ੇ ਇਕ ਪਿਆਰਾ, ਏਕਾ ਘਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਦਰ ਦਰ ਸਾਚਾ ਇਕ ਖੁਲ੍ਹਾਇਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਲੋਆਂ ਪੁਰੀਆਂ ਆਪ ਸਮਾਈਆ । ਜੁਗ ਜੁਗ ਖੇਲੇ ਖੇਲ ਮਹਾਨ, ਜੁਗ ਜੁਗ ਵੱਡੀ ਵਡਿਆਈਆ । ਵਿਸ਼ਨੂੰ ਵੰਸੀ ਭੇਵ ਚੁਕਾਨ, ਆਪ ਆਪਣਾ ਵੇਖ ਵਖਾਈਆ । ਸ਼ਿਵ ਸ਼ੰਕਰ ਲੇਖਾ ਬਾਲ ਨਿਧਾਨ, ਜਗਤ ਜਗਦੀਸਾ ਪੰਧ ਚੁਕਾਈਆ । ਨੌ ਦਵਾਰੇ ਖੋਲ੍ਹ ਦੁਕਾਨ, ਨੌ ਖੰਡ ਕਰੇ ਰੁਸ਼ਨਾਈਆ । ਪਰਮ ਪੁਰਖ ਹਰਿ ਸੁਲਤਾਨ, ਘਰ ਬੈਠਾ ਆਸਣ ਲਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਕਲਕੀ ਕਲ ਨਾਮ ਰਖਾਈਆ । ਨਿਹਕਲੰਕ ਬਲੀ ਬਲਵਾਨ, ਜੋਧਾ ਸੂਰਬੀਰ ਆਪ ਹੋ ਜਾਈਆ । ਸੱਤ ਰੰਗ ਝੁਲਾਏ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਸਾਢੇ ਤਿੰਨ ਹੱਥ ਤੇਰੀ ਚੁਕੇ ਕਾਨ, ਧਰਨੀ ਧਰਤ ਵੰਡ ਵੰਡਾਈਆ । ਏਕਾ ਦੇਵੇ ਧੁਰ ਫ਼ਰਮਾਣ, ਏਕਾ ਸ਼ਬਦ ਪੜ੍ਹਾਈਆ । ਬਾਲ ਅੰਵਾਣਾ ਬਲੀ ਦਾਨ, ਸਿੰਘ ਮਨਜੀਤਾ ਆਪ ਕਰਾਈਆ । ਅੱਗੇ ਖੜ ਸ੍ਰੀ ਭਗਵਾਨ, ਆਪਣੀ ਗੋਦ ਉਠਾਈਆ । ਕਰੋੜ ਤੇਤੀਸਾ ਮਾਰੇ ਬਾਣ, ਸੁਰਪਤ ਰਾਜਾ ਇੰਦ ਰਹਿਣ ਨਾ ਪਾਈਆ । ਦਰ ਦਵਾਰੇ ਦੇਵੇ ਮਾਣ, ਵੱਜਦੀ ਰਹੇ ਵਧਾਈਆ । ਦਿਵਸ ਰੈਣ ਸਾਰੇ ਗਾਣ,


੨੮
੦੮

ਗਾਵਤ ਗਾਵਤ ਸਹਿਜ ਸੁਖ ਪਾਈਆ । ਇਕ ਵਖਾਇਆ ਪਦ ਨਿਰਬਾਨ, ਪਰਮ ਪੁਰਖ ਵਡਿਆਈਆ । ਧਰਮ ਝੁਲਾਏ ਸਚ ਨਿਸ਼ਾਨ, ਆਪਣੇ ਹੱਥ ਉਠਾਈਆ । ਬਾਲ ਨਿਧਾਨਾ ਕਰ ਪਰਵਾਨ, ਸਤ ਤਿੰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਮਿਹਰਵਾਨ ਆਪ ਹੋ ਜਾਈਆ । ਧਰਮੀ ਧਰਮ ਧਰਮ ਜੈਕਾਰ, ਧਰਮੀ ਧਰਮ ਵੇਖ ਵਖਾਇੰਦਾ । ਸਚ ਸਪੁਤਰ ਸੁੱਤ ਦੁਲਾਰ, ਆਪੇ ਲੇਖੇ ਲਾਇੰਦਾ । ਬਾਲ ਨਿਧਾਨਾ ਧਰੂ ਪਿਆਰ, ਏਕਾ ਬ੍ਰਹਮ ਜਣਾਇੰਦਾ । ਦਰਸ਼ਨ ਦੇਵੇ ਅਗੰਮ ਅਪਾਰ, ਤ੍ਰਿਸਨਾ ਭੁੱਖ ਮਿਟਾਇੰਦਾ । ਮੰਗੇ ਮੰਗ ਮੰਗ ਦਵਾਰ, ਚਰਨ ਧੂੜੀ ਮਸਤਕ ਲਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਮੂਲ ਚੁਕਾਇੰਦਾ । ਦਰ ਘਰ ਆਪੇ ਆਪ , ਆਪੇ ਆਪ ਬੂਝ ਬੁਝਾਈਆ । ਆਪ ਲਗਾਇਆ ਆਪਣਾ ਨੇਂਹ, ਆਪੇ ਤੋੜ ਤੁੜਾਈਆ । ਆਪੇ ਬਰਖਣਹਾਰਾ ਅੰਮ੍ਰਿਤ ਮੀਂਹ, ਆਪੇ ਤ੍ਰਿਖਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਝੋਲੀ ਪਾਈਆ । ਧਰੂ ਧਰ ਧਰੂ ਧਰ, ਧਰ ਧਰਨੀ ਆਪ ਸੁਹਾਇਆ । ਕਰਤਾ ਕਰਨੀ ਆਪੇ ਕਰ, ਆਪੇ ਵੇਖ ਵਖਾਇਆ । ਆਪ ਚੁਕਾਵਣਹਾਰਾ ਡਰ, ਆਪ ਆਪਣਾ ਮੇਲ ਮਿਲਾਇਆ । ਲੋਕਮਾਤ ਖੇਲ ਕਰ, ਗੁਰਮੁਖ ਸਾਚੇ ਲਏ ਰਖਾਇਆ । ਗੁਰੂ ਗੁਰ ਚੇਲਾ ਆਪ ਹਰਿ, ਹਰਿਜਨ ਸਾਚੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਵਰਨਾ ਵੇਸ ਵਟਾਇਆ । ਸਤਿ ਸਤਿਵਾਦ ਆਦਿ ਜੁਗਾਦਿ, ਏਕਾ ਏਕ ਅਖਵਾਈਆ । ਏਕਾ ਸ਼ਬਦ ਵਜਾਏ ਨਾਦ, ਸ੍ਰਿਸ਼ਟ ਸਬਾਈ ਆਪ ਜਗਾਈਆ । ਮਾਤ ਜਣਾਈ ਬੋਧ ਅਗਾਧ, ਆਪਣਾ ਭੇਵ ਖੁਲ੍ਹਾਈਆ । ਖੇਲੇ ਖੇਲ ਬ੍ਰਹਿਮਾਦਿ, ਪਾਰਬ੍ਰਹਮ ਰੂਪ ਵਟਾਈਆ । ਸੰਤ ਸੁਹੇਲੇ ਆਪੇ ਲਾਧ, ਸਾਚਾ ਮੇਲ ਮਿਲਾਈਆ । ਦਿਵਸ ਰੈਣ ਜੋ ਰਹੇ ਅਗਾਧ, ਆਪੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਆਪ ਅਖਵਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨਾ, ਏਕਾ ਰੂਪ ਸਮਾਈਆ । ਭਗਤ ਸੁਹੇਲਾ ਪੈਜ ਰਖਾਨਾ, ਸ਼ਬਦ ਕਰੇ ਕੁੜਮਾਈਆ । ਸਾਚਾ ਮੰਦਰ ਇਕ ਸੁਹਾਨਾ, ਏਕਾ ਏਕ ਵੇਖ ਵਖਾਈਆ । ਆਪਣਾ ਦੀਪਕ ਆਪ ਜਗਾਨਾ, ਜਗਤ ਕਰੇ ਰੁਸ਼ਨਾਈਆ । ਆਪੇ ਰਾਗ ਆਪ ਤਰਾਨਾ, ਏਕਾ ਤਾਲ ਵਜਾਈਆ । ਏਕਾ ਅੰਮ੍ਰਿਤ ਪੀਣਾ ਖਾਣਾ, ਏਕਾ ਧੀਰ ਬੰਧਾਈਆ । ਮਰਨਾ ਜੀਣਾ ਇਕ ਕਰਾਨਾ, ਭੈ ਭਿਆਨਕ ਨਾ ਕੋਈ ਜਣਾਈਆ । ਲੋਕਾਂ ਤੀਨਾਂ ਪਾਰ ਕਰਾਨਾ, ਤ੍ਰੈਗੁਣ ਤਨ ਜਲਾਈਆ । ਪੰਜਾਂ ਤੱਤਾਂ ਵੇਖ ਵਖਾਨਾ, ਪੰਝੀ ਸੰਗ ਛੁਡਾਈਆ । ਦਸ ਪੰਜ ਕਰ ਕੁਰਬਾਨਾ, ਆਪਣਾ ਭੇਟ ਚੜ੍ਹਾਈਆ । ਬੀਸ ਬੀਸਾ ਹਰਿ ਭਗਵਾਨਾ, ਏਕਾ ਦੂਆ ਰਿਹਾ ਬਣਾਈਆ । ਦੂਆ ਵੇਖੇ ਦੋ ਜਹਾਨਾਂ, ਤਿੰਨ ਤ੍ਰੈ ਤਿੰਨੇ ਲੋਕ ਮਿਟਾਈਆ । ਪਰਗਟ ਹੋਇਆ ਸ੍ਰੀ ਭਗਵਾਨਾ, ਨਿਹਕਲੰਕਾ ਨਾਉਂ ਰਖਾਈਆ । ਜਨ ਭਗਤਾਂ ਦੇਵੇ ਸਾਚਾ ਦਾਨਾ, ਆਤਮ ਬ੍ਰਹਮ ਵਖਾਈਆ । ਛੱਤੀ ਜੁਗ ਨਾ ਕਿਸੇ ਪਛਾਨਾ, ਸਾਰੇ ਗਾ ਗਾ ਬੈਠੇ ਰਾਹ ਤਕਾਈਆ । ਗੁਰ ਪੀਰ ਅਵਤਾਰ ਹੋਏ ਮਹਾਨਾ, ਹਰਿ ਭਾਣੇ ਵਿਚ ਸਮਾਈਆ । ਪੁਰਖ ਅਗੰਮਾ ਬੈਠਾ ਸ਼ਾਹ ਸੁਲਤਾਨਾ, ਏਕਾ ਰਿਹਾ ਫਿਰਾਈਆ । ਕਲਜੁਗ ਅੰਤਮ ਪਰਗਟ ਹੋਇਆ ਗਹਿਰ ਗੰਭੀਰ ਗੁਣ ਨਿਧਾਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਰਨ ਕਵਲ ਧਿਆਨ ਇਕ ਰਖਾਨਾ, ਏਕਾ ਰਾਹ ਵਖਾਈਆ । ਰਾਏ ਧਰਮ ਦਰ ਦੁਰਕਾਨਾ,

ਗੁਰਸਿਖ ਤੇਰੀ ਪਾਹਨੀ ਸੀਸ ਲਗਾਈਆ । ਨੌ ਦਵਾਰੇ ਜੋਤ ਜਗਾਨਾ, ਆਪਣਾ ਜੋੜਾ ਵਿਚ ਵਖਾਈਆ । ਨੌ ਦਰਵਾਜੇ ਦਿਸੇ ਸ੍ਰੀ ਭਗਵਾਨਾ, ਗੁਰਸਿਖ ਚਿੰਦਾ ਆਪ ਮਿਟਾਈਆ । ਚਿੱਟੇ ਬਸਤਰ ਪਹਿਰਿਆ ਬਾਣਾ, ਨੌ ਦਰ ਅੱਗੇ ਖੜਾ ਬੇਪਰਵਾਹੀਆ । ਨੌ ਨਿਧਾ ਮੇਟ ਮਿਟਾਨਾ, ਨੌਆਂ ਸਿਖਾਂ ਹੱਥ ਰੁਸ਼ਨਾਈਆ । ਨੌਆਂ ਬਸਤਰ ਹੱਥ ਫੜਾਨਾ, ਦੋਹਾਂ ਜੋੜ ਜੁੜਾਈਆ । ਅਠਾਰਾਂ ਸਿੱਧਾ ਮਾਰ ਮੁਕਾਣਾ, ਗੁਰਸਿਖ ਤੇਰੀ ਚਰਨ ਖ਼ਾਕ ਰੁਲਾਈਆ । ਤੇਰੇ ਸੀਸ ਜਗਦੀਸ ਸ਼ਬਦ ਤਾਜ ਇਕ ਪਹਿਨਾਨਾ, ਗੁਰ ਗੋਬਿੰਦ ਬੈਠਾ ਆਪ ਬਣਾਈਆ । ਕਲਗੀ ਤੋੜਾ ਇਕ ਵਖਾਨਾ, ਸੋਹੰ ਸੱਸੇ ਉਪਰ ਹੋੜਾ ਏਕਾ ਲਾਈਆ । ਦੋਵੇਂ ਮੁਖ ਆਪ ਖੁਲਾਨਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਸ਼ਾਹੋ ਭੂਪ ਸਚ ਸੁਲਤਾਨਾ, ਲੋਕਮਾਤ ਬੈਠਾ ਡੇਰਾ ਲਾਈਆ । ਗੁਰਮੁਖਾਂ ਹੱਥੀਂ ਬੰਨਣ ਆਇਆ ਗਾਨਾ, ਫੂਲਣਹਾਰ ਹੱਥ ਚਮਕਾਈਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਬੇਪਰਵਾਹੀਆ । ਦਰਗਹਿ ਸਾਚੀ ਸਚ ਟਿਕਾਨਾ, ਘਰ ਸਾਚਾ ਆਪ ਸੁਹਾਈਆ । ਦਰਸ਼ਨ ਲੋਚੇ ਰਾਜਾ ਰਾਣਾ, ਹਰਿ ਦਿਸ ਕਿਸੇ ਨਾ ਆਈਆ । ਸਾਧਾਂ ਸੰਤਾਂ ਕਾਇਆ ਤਨ ਹੋਇਆ ਵੈਰਾਨਾ, ਘਰ ਮੰਦਰ ਨਾ ਕੋਈ ਸੁਹਾਈਆ । ਰਾਗੀ ਨਾਦੀ ਗੌਂਦੇ ਗਾਣਾ, ਦਿਵਸ ਰੈਣ ਤਾਲ ਵਜਾਈਆ । ਹਰਿ ਕਾ ਰੂਪ ਨਾ ਕਰੇ ਪਛਾਨਾ, ਗੁਰ ਦਰ ਮੰਦਰ ਮਸਜਿਦ ਬੈਠੇ ਡੇਰੇ ਲਾਈਆ । ਅੰਤਮ ਸਹਿਣਾ ਪੈਣਾ ਭਾਣਾ, ਨਾ ਸਕੇ ਕੋਈ ਬਚਾਈਆ । ਪ੍ਰਭ ਆਪਣਾ ਤਣਦਾ ਆਇਆ ਤਾਣਾ, ਇਕੀ ਸਿਖਾਂ ਸੇਵਾ ਲਾਈਆ । ਪਹਿਲਾ ਤੀਰਥ ਤੱਟਾਂ ਚੁਕਾਇਆ ਮਾਣਾ, ਗੰਗਾ ਗੋਦਾਵਰੀ ਸੁਰਸਤੀ ਆਪਣੇ ਵਿਚ ਸਮਾਈਆ । ਜਗਨ ਨਾਥ ਖੇਲ ਮਹਾਨਾ, ਕ੍ਰਿਸ਼ਨ ਰਾਮ ਵੱਡੀ ਵਡਿਆਈਆ । ਸ਼ਾਹੋ ਭੂਪ ਆਇਆ ਹਰਿ ਭਗਵਾਨਾ, ਲੋਕਮਾਤ ਖੇਲ ਖਿਲਾਈਆ । ਕਲਜੁਗ ਤੇਰਾ ਪੀਣਾ ਖਾਣਾ, ਅੰਤਮ ਰਿਹਾ ਚੁਕਾਈਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਘਰ ਸਾਚੇ ਲਏ ਬੁਲਾਈਆ । ਦਰ ਦਰਵਾਜਾ ਲੇਖ ਲਿਖਾਨਾ, ਗਰੀਬ ਨਿਵਾਜਾ ਸੇਵ ਕਮਾਈਆ । ਸੰਬਲ ਨਗਰੀ ਸਚ ਟਿਕਾਣਾ, ਮਾਝਾ ਦੇਸ ਰੁਸ਼ਨਾਈਆ । ਹਰਿ ਸੰਗਤ ਕਰੇ ਦਰ ਪਰਵਾਨਾ, ਲੇਖਾ ਲੇਖੇ ਲਾਈਆ । ਸ਼ਬਦ ਗੋਬਿੰਦ ਉਠੇ ਬਲਵਾਨਾ, ਚਿੱਲਾ ਤੀਰ ਚਲਾਈਆ । ਜੋਤੀ ਨੂਰ ਸ੍ਰੀ ਭਗਵਾਨਾ, ਨੂਰੋ ਨੂਰ ਰੁਸ਼ਨਾਈਆ । ਤੀਰਥ ਤੱਟਾਂ ਤੁੱਟਾ ਮਾਣਾ, ਸਤਿ ਸੀਰ ਨਾ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਵੱਜੇ ਵਧਾਈਆ । ਆਪਣਾ ਤਨ ਆਪੇ ਸਾੜ, ਹਰਿ ਸੰਗਤ ਭੇਟ ਕਰਾਇੰਦਾ । ਆਪਣੀ ਜੋਤ ਆਪਣੇ ਮੰਦਰ ਆਪੇ ਵਾੜ, ਆਪੇ ਬਾਹਰ ਕਢਾਇੰਦਾ । ਆਪੇ ਵੇਖਣਹਾਰਾ ਗੁਰਮੁਖ ਸਾਚੇ ਲਾੜ, ਸਾਚਾ ਲੇਖ ਲਿਖਾਇੰਦਾ । ਬਾਲ ਅੰਞਾਣੇ ਲੇਖੇ ਲਾਏ ਨਾੜ ਨਾੜ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਨੌ ਦਵਾਰੇ ਜਗਤ ਅਖਾੜ, ਜਗਤ ਜਗਦੀਸਾ ਦਰ ਸੁਹਾਇੰਦਾ । ਸੱਤ ਰੰਗ ਨਿਸ਼ਾਨਾ ਆਪੇ ਚਾੜ੍ਹ, ਗੁਰਸਿਖ ਸਾਚੇ ਆਪ ਝੁਲਾਇੰਦਾ । ਆਪੇ ਘੜਿਆ ਆਪਣਾ ਘਾੜ, ਆਪੇ ਭੰਨ ਵਖਾਇੰਦਾ । ਹਰਿ ਸੰਗਤ ਲੇਖਾ ਲਿਖਿਆ ਸਤਾਰਾ ਹਾੜ, ਨਾ ਕੋਈ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਤਨ ਮੰਦਰ ਅੰਦਰ ਡੇਰਾ ਲਾਇੰਦਾ । ਆਪਣਾ ਆਪ ਕਰਿਆ ਭੇਟਾ, ਏਕਾ ਖੇਲ ਖਿਲਾਈਆ । ਦੂਜੇ ਗੁਰਸਿਖ ਚੜ੍ਹਿਆ ਭੇਟਾ, ਸਾਚੇ ਘਰ ਵੱਜੀ ਵਧਾਈਆ । ਤੀਜਾ ਲਾਲ ਆਪ ਲਪੇਟਾ, ਤ੍ਰੈ ਤ੍ਰੈ ਵੇਖ ਵਖਾਈਆ । ਚੌਥਾ ਬਣਿਆ ਖੇਵਟ ਖੇਟਾ, ਹਰਿ ਸਾਚਾ ਸ਼ਬਦ ਚਲਾਈਆ । ਲਹਿਣਾ ਦੇਣਾ ਚੁਕਾਇਆ ਆਪਣੇ ਤਨ ਪੰਚਮ ਜੇਠਾ, ਹਾੜ ਸਤਾਰਾ ਸਗਨ ਮਨਾਈਆ ।

ਹਰਿ ਸੰਗਤ ਰੱਖੇ ਸਾਇਆ ਹੇਠਾਂ, ਸਿਰ ਸਮਰਥ ਹੱਥ ਟਿਕਾਈਆ । ਮੇਟ ਮਿਟਾਏ ਵਡ ਵਡ ਸੇਠਾ, ਰਾਜੇ ਰਾਣਿਆ ਖ਼ਾਕ ਮਿਲਾਈਆ । ਕਲਜੁਗ ਕੂੜਾ ਹੋਇਆ ਰੇਠਾ, ਅੰਤਮ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਦਰ ਸੁਹਾਈਆ । ਤੀਰਥ ਤੱਟਾਂ ਪਾਰ ਕਿਨਾਰਾ, ਪਾਰਬ੍ਰਹਮ ਕਰਾਇੰਦਾ । ਭਗਤ ਵਛਲ ਆਪ ਗਿਰਧਾਰਾ, ਏਕਾ ਰਾਹ ਚਲਾਇੰਦਾ । ਏਕਾ ਨਾਮ ਸਤਿ ਜੈਕਾਰਾ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਕਾਇਆ ਵਤ ਸਿੰਚ ਕਿਆਰਾ, ਸਾਚਾ ਫੁਲ ਉਗਾਇੰਦਾ । ਫੁਲ ਫੁਲਵਾੜੀ ਭਰੇ ਭੰਡਾਰਾ, ਅੰਮ੍ਰਿਤ ਫਲ ਖਵਾਇੰਦਾ । ਸਤਿਜੁਗ ਸਾਚੇ ਕਰ ਵਿਚਾਰਾ, ਸਾਚਾ ਮਾਰਗ ਲਾਇੰਦਾ । ਏਕਾ ਰੰਗ ਰੰਗੇ ਨਾਰੀ ਨਾਰਾ, ਨਰ ਨਰਾਇਣ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਵਰ, ਸਤਿ ਸੱਜਣ ਮੀਤ ਅਖਵਾਇੰਦਾ । ਹਰਿ ਸੱਜਣ ਮੀਤ ਮੁਰਾਰੜਾ, ਬੇਅੰਤ ਪਰਵਰਦਗਾਰਿਆ । ਕਰੇ ਖੇਲ ਨਿਰਾਲੜਾ, ਖਲਕ ਖੁਦਾਈ ਵੇਖ ਵਖਾ ਰਿਹਾ । ਸੱਥਰ ਵੇਖੇ ਚੰਗੇ ਯਾਰੜਾ, ਗੁਰਸਿਖਾਂ ਦੇਹਾਂ ਸੇਜ ਵਿਛਾ ਰਿਹਾ । ਆਪੇ ਵਸੇ ਧਾਮ ਨਿਆਰੜਾ, ਆਪੇ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾ ਰਿਹਾ । ਸਾਚਾ ਦਰ ਹਰਿ ਨਿਰੰਕਾਰ, ਏਕਾ ਏਕ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਇਕ ਪਿਆਰ, ਏਕਾ ਰਾਹ ਵਖਾਈਆ । ਇਕ ਕੰਤ ਇਕ ਭਤਾਰ, ਏਕਾ ਸੇਜ ਸੁਹਾਈਆ । ਏਕਾ ਦਰ ਬੰਕ ਦਵਾਰ, ਦਰ ਦਰਬਾਨ ਇਕ ਹੋ ਜਾਈਆ । ਏਕਾ ਮੰਗ ਇਕ ਭਿਖਾਰ, ਏਕਾ ਝੋਲੀ ਪਾਈਆ । ਏਕਾ ਅੰਗ ਅੰਗੀਕਾਰ, ਏਕਾ ਅੰਗਨ ਬੈਠਾ ਮਾਹੀਆ । ਏਕਾ ਪਲੰਘ ਏਕਾ ਸੇਜ ਇਕ ਦਵਾਰ, ਏਕਾ ਰਿਹਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਆਪ ਉਠਾਈਆ । ਗੁਰਸਿਖ ਸੁੱਤਾ ਹਰਿ ਹਰਿ ਜਾਗੇ, ਸੇਵਕ ਸੇਵ ਕਮਾਇੰਦਾ । ਆਪੇ ਫਿਰੇ ਪਿੱਛੇ ਆਗੇ, ਖੇੜਾ ਰਾਹ ਨਾ ਕੋਈ ਵਖਾਇੰਦਾ । ਆਪੇ ਚਰਨ ਰੱਖੇ ਨਾਂਗੇ, ਗੁਰਸਿਖ ਚਰਨ ਆਪਣੇ ਕੰਧ ਉਠਾਇੰਦਾ । ਚਰਨ ਪ੍ਰੀਤੀ ਜੋ ਜਨ ਮਾਂਗੇ, ਘਰ ਜਾ ਜਾ ਭਿਛਿਆ ਪਾਇੰਦਾ । ਆਪਣਾ ਵਰਤੇ ਆਪੇ ਸਾਂਗੇ, ਆਪੇ ਖੇਲ ਖਿਲਾਇੰਦਾ । ਗੁਰਸਿਖ ਤੇਰੀ ਆਤਮ ਵੈਰਾਗੇ, ਆਪਣਾ ਨੀਰ ਵਹਾਇੰਦਾ । ਆਪੇ ਧੋਵਣਹਾਰਾ ਦਾਗੇ, ਆਪੇ ਮੈਲ ਮਿਟਾਇੰਦਾ । ਆਪੇ ਹੰਸ ਬਣਾਏ ਕਾਗੇ, ਸੋਹੰ ਮੋਤੀ ਚੋਗ ਚੁਗਾਇੰਦਾ । ਹਰਿ ਹਰਿ ਹਰਿ ਘਰ ਵਡ ਵਡ ਭਾਗੇ, ਹਰਿ ਸੰਗਤ ਦਰਸ਼ਨ ਪਾਇੰਦਾ । ਏਕਾ ਧੂੜ ਮਜਨ ਮਾਘੇ, ਸਤਿ ਸੰਤੋਖ ਰਖਾਇੰਦਾ । ਸਤਿ ਪੁਰਖ ਨਿਰੰਜਣ ਸਰਨ ਸਰਨਾਈ ਜੋ ਜਨ ਲਾਗੇ, ਆਪ ਆਪਣਾ ਮੇਲ ਮਿਲਾਇੰਦਾ । ਮਿਲੇ ਮੇਲ ਹਰਿ ਕੰਤ ਸੁਹਾਗੇ, ਸਾਚੀ ਸਖੀਆਂ ਸਗਨ ਮਨਾਇੰਦਾ । ਸਤਿਗੁਰ ਪੂਰਾ ਆਪੇ ਜਾਗੇ, ਗੁਰਸਿਖ ਗੂੜ੍ਹੀ ਨੀਂਦ ਸਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਫਿਰੇ ਭਾਗੇ, ਦਰ ਦਰ ਅਲਖ ਜਗਾਇੰਦਾ । ਗੁਰਸਿਖ ਸੋਇਆ ਸੁੱਤ ਦੁਲਾਰਾ, ਹਰਿ ਹਰਿ ਆਪ ਸਵਾਈਆ । ਅੰਦਰ ਮੰਦਰ ਕਰੇ ਪਿਆਰਾ, ਆਪ ਆਪਣਾ ਦਰਸ ਦਿਖਾਈਆ । ਸੁਖਮਨ ਨਾ ਦੀਸੇ ਡੂੰਘੀ ਗਾਰਾ, ਟੇਡੀ ਬੰਕ ਨਾ ਕਿਸੇ ਫਿਰਾਈਆ । ਨੌ ਦਵਾਰੇ ਪਾਰ ਕਿਨਾਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਚਿੱਟੇ ਬਸਤਰ ਗਿਰਧਾਰਾ, ਆਪਣਾ ਸ਼ਬਦ ਵਖਾਈਆ । ਗੁਰਸਿਖੀ ਖਿਚੀ ਜਾਏ ਵਾਰੋ ਵਾਰਾ, ਤੰਦਨ ਤੰਦ ਬੰਧਾਈਆ । ਸ਼ਬਦੀ ਸ਼ਬਦ ਸੱਚੀ ਧੁਨਕਾਰਾ, ਅਨਹਦ ਰਾਗ ਸੁਣਾਈਆ । ਆਪੇ ਬੋਲ ਕਰੇ ਪਿਆਰਾ, ਆਪੇ ਕਰੇ

੩੧
੦੮

ਜਣਾਈਆ । ਆਪੇ ਹੁਕਮ ਸੁਣਾਏ ਪਾਵੇ ਸਾਰਾ, ਆਪੇ ਵੇਖ ਵਖਾਈਆ । ਆਪੇ ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਸਾਂਤਕ ਸਤਿ ਕਰਾਈਆ । ਆਪਣਾ ਪੜਦਾ ਆਪੇ ਪਾੜਾ, ਆਪੇ ਮੁਖ ਵਖਾਈਆ । ਆਪੇ ਮੇਲੇ ਸਾਚਾ ਲਾੜਾ, ਦਸਮ ਦਵਾਰੀ ਆਪ ਸੁਹਾਈਆ । ਗੁਰਸਿਖ ਸਾਚਾ ਚਰਨ ਕਵਲ ਪ੍ਰੀਤੀ ਕੱਢੇ ਹਾੜਾ, ਦੂਜੀ ਵਸਤ ਨਾ ਕੋਈ ਮੰਗਾਈਆ । ਸਚਖੰਡ ਵਖਾਏ ਸਚ ਅਖਾੜਾ, ਸਾਚੇ ਘਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਿਆ ਤਰਾਈਆ । ਅੰਦਰ ਮੰਦਰ ਹਰਿ ਹਰਿ ਦਰਸ, ਗੁਰਮੁਖਾਂ ਆਪ ਵਖਾਇੰਦਾ । ਗਰੀਬ ਨਿਮਾਣਿਆਂ ਕਰਿਆ ਤਰਸ, ਜਪ ਤਪ ਨਾ ਕੋਈ ਕਰਾਇੰਦਾ । ਆਪਣਾ ਅੰਮ੍ਰਿਤ ਆਪੇ ਬਰਖ, ਤ੍ਰਿਸਨਾ ਭੁੱਖ ਮਿਟਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਏਕਾ ਰੰਗ ਰੰਗਾਇੰਦਾ । ਆਪਣੇ ਆਪ ਆਪੇ ਲਏ ਪਰਖ, ਆਪਣੀ ਘਸਵਟੀ ਆਪ ਉਠਾਇੰਦਾ । ਜੂਠੇ ਝੂਠੇ ਆਪ ਚੜ੍ਹਾਏ ਕਲਜੁਗ ਚਰਖ, ਆਪਣਾ ਗੇੜਾ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਸਿਖ ਸੋਇਆ ਕਰ ਧਿਆਨ, ਚਰਨ ਕਵਲ ਧਿਆਨਿਆ । ਸਤਿਗੁਰ ਪੂਰਾ ਜਾਣੀ ਜਾਣ, ਦੇਵੇ ਮਾਣ ਨਿਮਾਣਿਆ । ਆਏ ਘਰ ਪੁਰਖ ਸੁਲਤਾਨ, ਦਰਸ ਦਿਖਾਏ ਸ੍ਰੀ ਭਗਵਾਨਿਆ । ਚਿੰਤਾ ਸੋਗ ਰੋਗ ਸਰਬ ਮਿਟ ਜਾਣ, ਪਾਇਆ ਪਰਮ ਪੁਰਖ ਸੁਲਤਾਨਿਆ । ਨੇਤਰ ਨੈਣ ਜਗਤ ਸ਼ਰਮਾਣ, ਆਤਮ ਉਪਜੇ ਇਕ ਤਰਾਨਿਆ । ਨਾਰੀ ਪੁਰਖ ਇਕ ਗਿਆਨ, ਏਕਾ ਰੰਗ ਰੰਗਾਨਿਆ । ਏਕਾ ਸਤਿਗੁਰ ਸਾਚਾ ਕਾਹਨ, ਸਾਚੀ ਸਖੀਆਂ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਕਰੇ ਪਰਵਾਨਿਆ । ਸਾਚਾ ਘਰ ਦਰ ਪਰਵਾਨ, ਗੁਰਸਿਖ ਗੁਰ ਪਿਆਰਿਆ । ਦੇਵਣਹਾਰਾ ਧੁਰ ਫ਼ਰਮਾਣ, ਗੁਰਮੁਖ ਸਾਚੇ ਆਪ ਸੁਣਾ ਰਿਹਾ । ਹਰਿ ਸੰਗਤ ਮੇਲਾ ਦੋ ਜਹਾਨ, ਗੁਰ ਚੇਲਾ ਆਪ ਅਖਵਾ ਰਿਹਾ । ਦੇਵਣ ਆਇਆ ਸਾਚਾ ਦਾਨ, ਦੇਵਤ ਸੁਰ ਇਸ਼ਟ ਨਾ ਕੋਈ ਵਖਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਸੰਗਤ ਤੇਰੀ ਸੇਵ ਕਮਾਨ, ਹਰਿ ਸਾਚਾ ਸੰਗ ਰਖਾ ਲਿਆ । ਰਾਮ ਰਮਈਆ ਬਲੀ ਬਲਵਾਨ, ਤੀਰ ਕਮਾਨ ਹੱਥ ਉਠਾ ਲਿਆ । ਕਾਹਨਾ ਕ੍ਰਿਸ਼ਨਾ ਚਰਨ ਧਿਆਨ, ਚਰਨ ਕਵਲ ਇਕ ਸੁਹਾ ਲਿਆ । ਈਸਾ ਮੂਸਾ ਫੜ ਨਿਸ਼ਾਨ, ਅੱਗੇ ਰਾਹੇ ਪਾ ਲਿਆ । ਸੰਗ ਮੁਹੰਮਦ ਦਰ ਦਰਬਾਨ, ਰਾਹ ਵਿਚ ਆਪ ਅਟਕਾ ਲਿਆ । ਨਾਨਕ ਦੇਵਣਹਾਰਾ ਧੁਰ ਫ਼ਰਮਾਣ, ਲੋਕਮਾਤ ਜੀਵ ਜੰਤ ਆਪ ਜਗਾ ਰਿਹਾ । ਗੋਬਿੰਦ ਮੰਗੇ ਸਾਚਾ ਦਾਨ, ਪ੍ਰਭ ਅੱਗੇ ਝੋਲੀ ਡਾਹ ਲਿਆ । ਝੂਠਾ ਮਿਟੇ ਕਲ ਨਿਸ਼ਾਨ, ਕਲਜੁਗ ਕਰਨੀ ਆਪ ਕਰਾ ਲਿਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਪਣਾ ਸ਼ਬਦ ਸੁਣਾ ਲਿਆ । ਅੰਤਮ ਪਰਗਟ ਹੋਵੇ ਏਕਾ ਸੂਰਬੀਰ ਬਲੀ ਬਲਵਾਨ, ਪੰਜ ਤੱਤ ਨਾ ਕੋਈ ਰਖਾ ਲਿਆ । ਗੋਬਿੰਦ ਮੰਗੇ ਸਾਚਾ ਦਾਨ, ਕਵਣ ਧਾਮ ਡੇਰਾ ਲਾ ਲਿਆ । ਸ਼ਬਦੀ ਸ਼ਬਦ ਇਕ ਗਿਆਨ, ਗੁਰ ਗੋਬਿੰਦ ਆਪ ਸੁਣਾ ਰਿਹਾ । ਸੰਬਲ ਨਗਰੀ ਸਚ ਮਕਾਨ, ਸਾਢੇ ਤਿੰਨ ਹੱਥ ਆਪ ਬਣਾ ਲਿਆ । ਗੋਬਿੰਦ ਤੇਰੀ ਕਰ ਪਛਾਨ, ਤੇਰਾ ਦਰ ਸੁਹਾ ਲਿਆ । ਸ਼ਬਦ ਧੁਨ ਸੱਚੀ ਧੁਨਕਾਨ, ਬ੍ਰਹਿਮੰਡਾਂ ਖੰਡਾਂ ਆਪ ਉਪਾ ਰਿਹਾ । ਰਸਨਾ ਚਿੱਲਾ ਤੀਰ ਕਮਾਨ, ਸੋਹੰ ਖੰਡਾ ਬ੍ਰਹਿਮੰਡਾਂ ਖੰਡਾਂ ਆਪ ਉਪਾ ਰਿਹਾ । ਰਸਨਾ ਚਿੱਲਾ ਤੀਰ ਕਮਾਨ, ਸੋਹੰ ਖੰਡਾ ਹੱਥ ਉਠਾ ਰਿਹਾ । ਜੋਤੀ ਨੂਰ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਰਖਾ ਲਿਆ । ਧਰਮ ਝੁਲਾਉਣਾ ਇਕ ਨਿਸ਼ਾਨ, ਆਪੇ ਬਣਤ ਬਣਾ ਰਿਹਾ । ਮੇਟ ਮਿਟਾਏ ਰਾਜ ਰਾਜਾਨ, ਗਰੀਬ ਨਿਮਾਣੇ ਗਲੇ ਲਗਾ ਰਿਹਾ । ਗੁਰਸਿਖ

ਸਾਚੇ ਬਾਲ ਨਿਧਾਨ, ਆਪ ਆਪਣੀ ਗੋਦ ਉਠਾ ਰਿਹਾ । ਦੇਵਣਹਾਰਾ ਧੁਰ ਫ਼ਰਮਾਣ, ਸਤਿਜੁਗ ਸਾਚਾ ਜਾਪ ਜਪਾ ਰਿਹਾ । ਗੁਰਸਿਖ ਆਪਣੀ ਕਰਨ ਆਪ ਪਛਾਣ, ਦੂਜਾ ਗੁਰੂ ਨਾ ਕੋਈ ਮਨਾ ਲਿਆ । ਪੁਰਖ ਅਕਾਲ ਗੁਣ ਨਿਧਾਨ, ਏਕਾ ਹਰਿ ਵਖਾ ਰਿਹਾ । ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖਾਂ ਉਤੋਂ ਆਪਣਾ ਆਪ ਦਿਤਾ ਵਾਰ, ਆਪਣੀ ਭੇਟਾ ਆਪ ਚੜ੍ਹਾ ਰਿਹਾ । ਆਪਣਾ ਆਪ ਆਪੇ ਵਾਰ, ਗੁਰਮੁਖਾਂ ਸੇਵ ਕਮਾਈਆ । ਜੋਤੀ ਜੋਤ ਕਰ ਉਜਿਆਰ, ਜਾਗਰਤ ਜੋਤ ਜਗਾਈਆ । ਸ਼ਬਦੀ ਸ਼ਬਦ ਸ਼ਬਦ ਭੰਡਾਰ, ਗੁਰ ਸ਼ਬਦੀ ਆਪ ਵਰਤਾਈਆ । ਕਰਨੀ ਕਰਤਾ ਕਰਨੇਹਾਰ, ਕਰਤਾ ਪੁਰਖ ਨਾਉਂ ਰਖਾਈਆ । ਨਿਰਗੁਣ ਸਰਗੁਣ ਵੇਖ ਵਿਚਾਰ, ਆਪ ਆਪਣੀ ਅਲਖ ਜਗਾਈਆ । ਹਰਿ ਸੱਜਣ ਹਰਿਜਨ ਮੀਤ ਮੁਰਾਰ, ਹਰਿ ਮੰਦਰ ਵੇਖ ਵਖਾਈਆ । ਡੂੰਘੀ ਕੰਦਰ ਪਾਰ ਕਿਨਾਰ, ਨੌਂ ਦਰ ਨਾ ਕੋਈ ਹਲਕਾਈਆ । ਆਪਣੇ ਅੰਦਰ ਆਪੇ ਵਾੜ, ਸ਼ਬਦੀ ਡੋਰੀ ਤੰਦ ਬੰਧਾਈਆ । ਗੁਰਮੁਖਾਂ ਕਰੇ ਤਨ ਸ਼ੰਗਾਰ, ਸੋਲਾਂ ਇਛਿਆ ਪੂਰ ਕਰਾਈਆ । ਆਪਣੀ ਹੱਥੀਂ ਪਾਏ ਫੁਲਣਹਾਰ, ਬਿਰਧ ਬਾਲ ਨਾ ਕੋਈ ਜਣਾਈਆ । ਜੋ ਜਨ ਨੇਤਰ ਲੋਚਣ ਦਰਸ਼ਨ ਕਰੇ ਆਨ, ਜਮ ਕਾ ਡੰਡ ਰਹੇ ਨਾ ਰਾਈਆ । ਦਰਗਹਿ ਸਾਚੀ ਦੇਵੇ ਮਾਣ, ਸਚਖੰਡ ਦਵਾਰੇ ਬੈਠਾ ਬੇਪਰਵਾਹੀਆ । ਭਗਤ ਸੁਹੇਲੇ ਜੁਗ ਜੁਗ ਲਏ ਪਛਾਣ, ਆਪਣੀ ਕਰਵਟ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਇਕੀ ਸਾਚੀ ਸਿਖੀ ਧਾਰੋਂ ਤਿਖੀ ਵਾਲੋਂ ਨਿਕੀ ਗੋਬਿੰਦ ਵੇਖ ਵਖਾਈਆ । ਸਾਚੀ ਸਿਖੀ ਸਾਚੇ ਪੌੜੇ, ਆਪੇ ਆਪ ਚੜ੍ਹਾਇੰਦਾ । ਆਪ ਬੁਝਾਏ ਲੱਗੀ ਔੜੇ, ਅੰਮ੍ਰਿਤ ਮੇਘ ਬਰਸਾਇੰਦਾ । ਆਪੇ ਕਰੇ ਰੀਠੇ ਮਿਠੇ ਕੌੜੇ, ਅੰਮ੍ਰਿਤ ਮੁਖ ਚੁਆਇੰਦਾ । ਧੁਰ ਦਰਗਾਹੀ ਆਪੇ ਬੌਹੜੇ, ਸਾਚੀ ਭਗਤੀ ਇਕ ਰਖਾਇੰਦਾ । ਚਰਨ ਕਵਲ ਜੋ ਜਨ ਆਏ ਦੌੜੇ, ਮਾਨਸ ਜਨਮ ਲੇਖੇ ਲਾਇੰਦਾ । ਹਰਿ ਕਾ ਸ਼ਬਦ ਕੋਇ ਨਾ ਮੋੜੇ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਗੁਰਸਿਖਾਂ ਭਾਰ ਉਠਾਏ ਦਿਨ ਰਹਿ ਗਏ ਥੋੜੇ, ਲਹਿਣਾ ਲਹਿਣਾ ਝੋਲੀ ਪਾਇੰਦਾ । ਕਲਜੁਗ ਸਤਿਜੁਗ ਉਪਜੇ ਜੋੜੇ, ਆਪੇ ਮੇਟੇ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰਾ ਵਰ, ਹਰਿ ਹਰਿ ਸੇਵ ਕਮਾਇੰਦਾ । ਹਰਿ ਸੇਵਕ ਸਤਿਗੁਰ ਮਿਹਰਵਾਨ, ਗੁਰਮੁਖਾਂ ਆਪ ਕਰਾਈਆ । ਆਤਮ ਅੰਤਰ ਇਕ ਗਿਆਨ, ਏਕਾ ਇਸ਼ਟ ਮਨਾਈਆ । ਏਕਾ ਚਰਨ ਇਕ ਧਿਆਨ, ਏਕਾ ਗੁਰ ਸਮਝਾਈਆ । ਏਕਾ ਮੰਦਰ ਇਕ ਮਕਾਨ, ਏਕ ਮੇਲ ਮਿਲਾਈਆ । ਅਠਸਠ ਤੀਰਥ ਚੁੱਕੇ ਕਾਨ, ਗੁਰਸਿਖ ਕੋਇ ਨਾ ਨਹਾਵਣ ਜਾਈਆ । ਜੋ ਜਨ ਮੰਗੇ ਜੀਆ ਦਾਨ, ਰਸਨਾ ਸੋਹੰ ਗਾਈਆ । ਦਰਸ ਦਿਖਾਏ ਪਰਗਟ ਹੋ ਸ੍ਰੀ ਭਗਵਾਨ, ਆਪ ਆਪਣਾ ਰੂਪ ਵਟਾਈਆ । ਆਈ ਸੰਗਤ ਕਰ ਪਰਵਾਨ, ਦਰਗਹਿ ਸਾਚੀ ਲੇਖੇ ਲਾਈਆ । ਸ਼ਬਦ ਸੁਣਾਇਆ ਸਾਚੇ ਕਾਨ, ਦਸਮ ਦਵਾਰੀ ਆਪ ਵਖਾਈਆ । ਨੇਤਰ ਦਰਸ਼ਨ ਪਦ ਨਿਰਬਾਨ, ਜੋਤੀ ਜੋਤ ਜਗਾਈਆ । ਜੋਤੀ ਜੋਤ ਸ੍ਰੀ ਭਗਵਾਨ, ਜੋਤ ਰੂਪ ਆਪ ਹੋ ਜਾਈਆ । ਤੀਰਥ ਤੱਟਾਂ ਕਰ ਪਛਾਨ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਹਰਿ ਸੰਗਤ ਕੋਲੋਂ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਹਰਿ ਸੰਗਤ ਕਰਨੀ ਆਪ ਪਰਵਾਨ, ਤੇਰੀ ਵਡ ਵਡਿਆਈਆ । ਸਚ ਪ੍ਰੀਤੀ ਸਚ ਨਿਸ਼ਾਨ, ਸਾਚਾ ਧਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਸਾਚੇ ਘਰ, ਘਰ ਵੱਜਦੀ

ਰਹੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੀਹ ਸਦ ਪੰਦਰਾਂ ਬਿਕ੍ਰਮੀ ਲਹਿਣਾ ਦੇਣਾ ਮਿਟਾਏ ਆਪਣੀ ਦਇਆ ਕਮਾਈਆ । ਗੁਰਸਿਖ ਕਾਇਆ ਗੜ, ਫੂਲਣ ਬਰਖਾ ਆਪੇ ਲਾਈਆ । ਸਾਚਾ ਅੱਖਰ ਆਪੇ ਪੜ੍ਹ, ਜਗਤ ਵਿਦਿਆ ਮੂਲ ਚੁਕਾਈਆ । ਦਰਸ ਦਿਖਾਏ ਅੱਗੇ ਖੜ, ਨਿਰਗੁਣ ਨੂਰੋ ਨੂਰ ਰੁਸ਼ਨਾਈਆ । ਨਾ ਕੋਈ ਸੀਸ ਨਾ ਕੋਈ ਧੜ, ਆਪਣੀ ਭੇਟਾ ਹਰਿ ਸੰਗਤ ਤੇਰੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਦਸਮ ਦਵਾਰੀ ਗਰੀਬ ਨਿਮਾਣੇ ਅੱਠੇ ਪਹਿਰ ਬਹਾਈਆ ।

ਸਾਚੀ ਸਿਖਿਆ ਸਿਖ ਵਿਚਾਰ, ਸਤਿਗੁਰ ਸਾਚੀ ਬੂਝ ਬੁਝਾਈਆ । ਲੇਖਾ ਲਿਖਿਆ ਧੁਰ ਦਰਬਾਰ, ਲੋਕਮਾਤ ਪੂਰ ਕਰਾਈਆ । ਗੋਬਿੰਦ ਮੰਗੀ ਭਿਛਿਆ ਵਿਚ ਸੰਸਾਰ, ਪ੍ਰਭ ਸਾਚਾ ਝੋਲੀ ਪਾਈਆ । ਏਕਾ ਇਕੀ ਕਰ ਪਿਆਰ, ਏਕਾ ਸੰਗ ਨਿਭਾਈਆ । ਲਿਖਤ ਲੇਖ ਆਪੇ ਲਿਖੀ, ਆਪੇ ਪੂਰ ਕਰਾਈਆ । ਰੱਖੇ ਲਾਜ ਮੁੱਛ ਦਾੜ੍ਹੀ ਕੇਸੀ, ਮੂੰਡ ਮੁੰਡਾਏ ਆਪ ਤਰਾਈਆ । ਸਗਲਾ ਸਾਥੀ ਦਸ ਦਸਮੇਸੀ, ਦਰ ਦਰ ਅਲਖ ਜਗਾਈਆ । ਨਾਲ ਰਲਾਏ ਬ੍ਰਹਮਾ ਵਿਸ਼ਨ ਮਹੇਸ਼ੀ, ਆਪਣਾ ਲੜ ਫੜਾਈਆ । ਆਪਣਾ ਕੀਤਾ ਆਪੇ ਵੇਖੀ, ਆਪੇ ਫੇਰਾ ਪਾਈਆ । ਤੀਰਥ ਤੱਟਾਂ ਨਰ ਨਰੇਸੀ, ਸਾਚਾ ਚਰਨ ਛੁਹਾਈਆ । ਕਲਜੁਗ ਤੇਰੀ ਅੰਤਮ ਪੇਸ਼ੀ, ਇਕੀ ਸਿਖ ਗਵਾਹ ਰਖਾਈਆ । ਨਾਨਕ ਹੱਥ ਖੂੰਡੀ ਮੋਢੇ ਭੂਰੀ ਖੇਸੀ, ਸੇਲੀ ਟੋਪੀ ਸੀਸ ਬੰਧਾਈਆ । ਛੱਤੀ ਬਰਸ ਬਣ ਪਰਦੇਸੀ, ਛੱਤੀ ਜੁਗਾਂ ਰਾਹ ਤਕਾਈਆ । ਮੂਰਤ ਅਕਾਲ ਨਰ ਨਰੇਸੀ, ਅੰਤਮ ਲੇਖਾ ਲਾਈਆ । ਜੋਤੀ ਜਾਮਾ ਧਰਿਆ ਵੇਸੀ, ਵੇਸ ਅਵੱਲਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਭੁੱਲੇ ਮਾਰਗ ਲਾਈਆ । ਭੁੱਲੇ ਮਾਰਗ ਆਪਣੇ ਲਾ, ਆਪਣੀ ਦਇਆ ਕਮਾਇੰਦਾ । ਖੁਲ੍ਹੇ ਭੰਡਾਰੇ ਆਪਣੇ ਆਪ ਵਰਤਾ, ਨਾਮ ਨਾਮਾ ਝੋਲੀ ਪਾਇੰਦਾ । ਆਪਣੀ ਸੇਵਾ ਆਪ ਕਮਾ, ਗੁਰਸਿਖ ਇਸ਼ਟ ਆਪਣਾ ਆਪ ਮਨਾਇੰਦਾ । ਅਲਖ ਅਭੇਵ ਵੇਖ ਵਖਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਰਸਨਾ ਜਿਹਵਾ ਗੁਣ ਸਾਚਾ ਗਾ, ਗੁਰਸਿਖਾਂ ਬਣਤ ਬਣਾਇੰਦਾ । ਭਾਰਤ ਖੰਡ ਵੰਡ ਵੰਡਾ, ਅਠਸਠ ਝੋਲੀ ਪਾਇੰਦਾ । ਅੰਤਮ ਪੱਲੇ ਗੰਢ ਦਏ ਬੰਨ੍ਹਾ, ਨਾ ਕੋਈ ਖੋਲ੍ਹ ਖੁਲ੍ਹਾਇੰਦਾ । ਭੇਖ ਪਖੰਡਾ ਗੁਰਸਿਖ ਨਾ ਸਕੇ ਕੋਈ ਭਰਮਾ, ਭਰਮੀ ਗੜ੍ਹ ਤੁੜਾਇੰਦਾ । ਏਕਾ ਹਿਰਦੇ ਨਾਮ ਵਸਾ, ਸਾਚਾ ਮਾਰਗ ਲਾਇੰਦਾ । ਸ਼ਬਦ ਸਰੂਪੀ ਫੜ ਫੜ ਬਾਂਹ, ਆਪਣੇ ਨਾਲ ਮਿਲਾਇੰਦਾ । ਕਰਨਹਾਰਾ ਸਚ ਨਿਆਂ, ਗੋਪੀ ਕਾਹਨ ਆਪ ਹੋ ਜਾਇੰਦਾ । ਤ੍ਰਿਬੈਣੀ ਤੇਰਾ ਦਰ ਸੁਹਾ, ਇਕੀ ਸਿਖਾਂ ਵੇਖ ਵਖਾਇੰਦਾ । ਅੰਮ੍ਰਿਤ ਧਾਰ ਆਪ ਚੁਆ, ਆਪਣੇ ਵਿਚ ਟਿਕਾਇੰਦਾ । ਬੁਧ ਬੁਧ ਵੇਖ ਵਖਾ, ਫਲਗੂ ਡੇਰਾ ਲਾਇੰਦਾ । ਗੋਤਮ ਬੈਠਾ ਗਿਆ ਲਿਖਾ, ਅੰਤਮ ਵੇਖ ਵਖਾਇੰਦਾ । ਪੰਡਤ ਪਾਂਧੇ ਰਿਹਾ ਭੁੱਲਾ, ਕਾਸ਼ੀ ਮੂਲ ਚੁਕਾਇੰਦਾ । ਪਟਨੇ ਵਾਲਾ ਬੇਪਰਵਾਹ, ਬਾਲਾ ਬਾਲ ਰੂਪ ਵਟਾਇੰਦਾ । ਸ਼ਬਦ ਲਾਲ ਆਪ ਉਠਾ, ਆਪੇ ਫੇਰਾ ਪਾਇੰਦਾ । ਆਪੇ ਚਰਨ ਰੱਖੇ ਟਿਕਾ, ਸਿੰਘ ਬਿਸ਼ਨ ਸੇਵ ਕਮਾਇੰਦਾ । ਬੋਧ ਗਇਆ ਵੇਖ ਵਖਾ, ਬੋਧ ਧਰਾਇੰਦਾ । ਕਾਲੀ ਕਾਲਾ ਵੇਸ ਵਟਾ, ਕਲੂ ਕਾਲ ਖਪਾਇੰਦਾ । ਕਲਕੀ ਕਲ ਆਪ ਅਖਵਾ,

ਕਲਕੱਤਾ ਚਰਨ ਛੁਹਾਇੰਦਾ । ਜਗਨ ਨਾਥ ਹਰਿ ਡੇਰਾ ਲਾ, ਹਰੀ ਹਰਿ ਵਖਾਇੰਦਾ । ਕ੍ਰਿਸ਼ਨਾ ਸੁਭਦਰਾ ਮੇਲ ਮਿਲਾ, ਸਾਚਾ ਜੋੜ ਜੁੜਾਇੰਦਾ । ਆਪਣੀ ਭਿਛਿਆ ਆਪੇ ਪਾ, ਆਪਣੇ ਹੱਥ ਰਖਾਇੰਦਾ । ਆਪਣੀ ਵਸਤ ਆਪ ਟਿਕਾ, ਆਪੇ ਲੇਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਰਾਮ ਰਮੇਸ਼ਵਰ ਰਾਮ ਈਸ਼ਵਰ ਧਾਰ, ਆਪਣੀ ਆਪ ਚਲਾਈਆ । ਲੰਕਾ ਤੁੱਟਾ ਗੜ੍ਹ ਹੰਕਾਰ, ਘਰ ਸਾਚੇ ਵੱਜੀ ਵਧਾਈਆ । ਸੀਤਾ ਸੁਰਤ ਸਵਾਣੀ ਕਰ ਪਿਆਰ, ਸਾਚੀ ਸਖੀਆਂ ਮੇਲ ਮਿਲਾਈਆ । ਆਤਮ ਅੰਮ੍ਰਿਤ ਇਕ ਆਧਾਰ, ਏਕਾ ਰੂਪ ਦਰਸਾਈਆ । ਜੁਗ ਜੁਗ ਪਾਵਣਹਾਰਾ ਸਾਰ, ਆਪੇ ਵੇਖ ਵਖਾਈਆ । ਕਲਜੁਗ ਅੰਤਮ ਹੋ ਤਿਆਰ, ਆਪਣਾ ਚਰਨ ਛੁਹਾਈਆ । ਲਹਿਣਾ ਦੇਣਾ ਚੁਕੇ ਭਬੀਖਣ ਯਾਰ, ਪਿਛਲਾ ਮੂਲ ਰਹੇ ਨਾ ਰਾਈਆ । ਧਨੁਸ਼ ਕੋਡੀ ਖ਼ਬਰਦਾਰ, ਨਾਮ ਧਨੁਸ਼ ਇਕ ਉਠਾਈਆ । ਚੜ੍ਹਿਆ ਚੋਟੀ ਆਪ ਕਰਤਾਰ, ਨਾ ਸਕੇ ਕੋਈ ਲਾਹੀਆ । ਵਾਸਨਾ ਖੋਟੀ ਸਰਬ ਸੰਸਾਰ, ਹਰਿ ਸਾਚਾ ਆਪ ਕਢਾਈਆ । ਹਰਿ ਸੰਗਤ ਸਾਚੀ ਕਰ ਪਿਆਰ, ਪੂਨੇ ਚਰਨ ਛੁਹਾਈਆ । ਸਤਿਜੁਗ ਬਣਾਏ ਸਚ ਦਵਾਰ, ਸਾਚੇ ਧਾਮ ਦਏ ਵਡਿਆਈਆ । ਆਪਣੀ ਕਿਰਪਾ ਆਪੇ ਧਾਰ, ਗਰੀਬ ਨਿਮਾਣੇ ਗਲੇ ਲਗਾਈਆ । ਸਚ ਸਪੁਤਰੀ ਕਰ ਪਿਆਰ, ਬੰਬਈ ਚਰਨ ਛੁਹਾਈਆ । ਨਾਸਕ ਤੇਰਾ ਪਾਰ ਕਿਨਾਰ, ਰਾਮ ਰਾਮਾ ਡੇਰਾ ਢਾਹੀਆ । ਗੰਗਾ ਗੋਦਾਵਰੀ ਗਈ ਹਾਰ, ਪ੍ਰਭ ਦੀਦ ਅੰਤ ਚੁਕਾਈਆ । ਹਾਜ਼ਰ ਹਜ਼ੂਰ ਹੋ ਤਿਆਰ, ਨਦੇੜ ਵੇਖ ਵਖਾਈਆ । ਸਚਖੰਡ ਪਾਵੇ ਸਾਰ, ਗੋਬਿੰਦ ਰੂਪ ਵਟਾਈਆ । ਗ੍ਰੰਥੀ ਪੰਥੀ ਕਰੇ ਖ਼ਬਰਦਾਰ, ਸੇਵਕ ਸੇਵਾ ਆਪ ਕਰਾਈਆ । ਸਾਧਾਂ ਸੰਤਾਂ ਦਏ ਅਧਾਰ, ਆਪ ਆਪਣੀ ਬੂਝ ਬੁਝਾਈਆ । ਆਪਣਾ ਖੇਲ ਕਰ ਤਿਆਰ, ਆਪੇ ਰਿਹਾ ਛੁਪਾਈਆ । ਗਰੀਬ ਨਿਮਾਣੇ ਪਾਵੇ ਸਾਰ, ਮਨਵਾੜ ਡੇਰਾ ਲਾਈਆ । ਚੱਲੇ ਚਾਲ ਆਪਣੀ ਧਾਰ, ਹਰਿ ਸੰਗਤ ਸੰਗ ਰਖਾਈਆ । ਗੁਰਸਿਖ ਸਾਚੇ ਲਾਏ ਪਾਰ, ਇਟਾਰਸੀ ਵੇਖ ਵਖਾਈਆ । ਹਰਿ ਗੋਬਿੰਦ ਤੇਰਾ ਪਿਆਰ, ਪੁਰਖ ਅਬਿਨਾਸ਼ੀ ਭੁੱਲ ਨਾ ਜਾਈਆ । ਜੋਤੀ ਜਾਮਾ ਭੇਖ ਨਿਆਰ, ਕਿਲੇ ਕੋਟ ਵੇਖ ਵਖਾਈਆ । ਗੁਆਲੀਅਰ ਅੰਦਰ ਹੋ ਉਜਿਆਰ, ਬਵੰਜਾ ਦੇਸਾਂ ਕਰੇ ਜਣਾਈਆ । ਬਵੰਜਾ ਕਲੀਆਂ ਕਰ ਪਿਆਰ, ਬਵੰਜਾ ਧਾਰ ਆਪ ਬੰਧਾਈਆ । ਬਵੰਜਾ ਅੱਖਰ ਬਾਵਨ ਨਰ ਨਿਰੰਕਾਰ, ਆਪੇ ਵੇਖ ਵਖਾਈਆ । ਦਿਆਲ ਬਾਗ ਕਰ ਖ਼ਵਾਰ, ਅੰਤਮ ਦੇਵੇ ਡੇਰਾ ਢਾਹੀਆ । ਮੁਖ ਛੁਪਾਇਆ ਆਪ ਕਰਤਾਰ, ਨੇਤਰ ਨੈਣ ਦਿਸ ਨਾ ਆਈਆ । ਮਥਰਾ ਗੋਕਲ ਪਾਵੇ ਸਾਰ, ਬਿੰਦਰਾਬਨ ਲੇਖ ਖੁਲ੍ਹਾਈਆ । ਯੱਗ ਹਵਨ ਧੂਪ ਦੀਪ ਫੂਲਨ ਧਾਰ, ਜਗਤ ਸੁਗੰਧੀ ਵੇਖ ਵਖਾਈਆ । ਆਤਮ ਬ੍ਰਹਮ ਨਾ ਕਿਸੇ ਵਿਚਾਰ, ਅਗਨੀ ਤੱਤ ਨਾ ਕੋਈ ਬੁਝਾਈਆ । ਕਾਇਆ ਮੰਦਰ ਧੂੰਆਂਧਾਰ, ਜਗਤ ਚਾਨਣ ਕਰੇ ਰੁਸ਼ਨਾਈਆ । ਇਕ ਅਕੱਲਾ ਏਕੰਕਾਰ, ਸਚ ਸਮਗਰੀ ਵੇਖ ਵਖਾਈਆ । ਸਚ ਵਸਤ ਨਾ ਕੋਈ ਤਿਆਰ, ਨਾਮ ਘਿਰਤ ਨਾ ਕੋਈ ਪਾਈਆ । ਕਮਲਾਪਾਤੀ ਨਾ ਮੀਤ ਮੁਰਾਰ, ਕਾਹਨਾ ਕ੍ਰਿਸ਼ਨਾ ਨਜ਼ਰ ਨਾ ਆਈਆ । ਗੋਕਲ ਬਨ ਬਿੰਦਰਾ ਬੰਸਰੀ ਧਾਰ, ਸਾਚੀ ਸਖੀਆਂ ਨਾ ਕੋਈ ਨਚਾਈਆ । ਸਾਵਲ ਸੁੰਦਰ ਨਾ ਮੀਤ ਮੁਰਾਰ, ਕਲਜੁਗ ਨੈਣ ਨਾ ਕੋਈ ਵਖਾਈਆ । ਕਵਲ ਨੈਣ ਨਾ ਕੋਈ ਉਜਿਆਰ, ਸਾਚਾ ਧਾਮ ਨਾ ਕੋਈ ਸੁਹਾਈਆ । ਪ੍ਰਭ ਪਾਵਣਹਾਰਾ ਸਾਰ, ਹਰ ਘਟ ਵੇਖ ਵਖਾਈਆ । ਆਪਣੀ ਬੰਨੇ ਆਪੇ ਧਾਰ, ਗੁਰਮੁਖ ਸਾਚੇ ਲਏ ਤਰਾਈਆ । ਆਪ ਸੁਹਾਏ ਦਿਲੀ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗਰੀਬ ਨਿਮਾਣੇ ਲਾਵੇ ਪਾਰ, ਗੁਰਮੁਖਾਂ

ਦੇਵੇ ਵਡ ਵਡਿਆਈਆ । ਮੇਰਠ ਤੇਰੀ ਏਕਾ ਧਾਰ, ਏਕਾ ਰੰਗ ਸਮਾਈਆ । ਹਰਿ ਸੰਗਤ ਤੇਰਾ ਸਚ ਵਿਹਾਰ, ਆਪੇ ਰਿਹਾ ਕਰਾਈਆ । ਹਰਿ ਜੋਤੀ ਜੋਤ ਕਰ ਉਜਿਆਰ, ਹਰਿਦਵਾਰ ਡੇਰਾ ਲਾਈਆ । ਗੰਗਾ ਮਾਤਾ ਢਹਿ ਢਹਿ ਪਏ ਚਰਨ ਦਵਾਰ, ਪ੍ਰਭ ਅੱਧਾ ਚਰਨ ਛੁਹਾਈਆ । ਅੰਗੂਠਾ ਚੁੰਮੇ ਮੁਖ ਰਸ ਅਪਾਰ, ਛੱਡ ਨਾ ਸਕੇ ਬੇਪਰਵਾਹੀਆ । ਆਪੇ ਵਿਚੋਂ ਖਿਚੀ ਬਾਹਰ, ਆਪੇ ਆਪ ਲਟਕਾਈਆ । ਬਹਿ ਬਹਿ ਨਾਲ ਕਰੇ ਪਿਆਰ, ਵਿਸ਼ਨੂੰ ਸੰਗ ਰਲਾਈਆ । ਹਰਿ ਕੀ ਪੌੜੀ ਆਪੇ ਚਾੜ੍ਹ, ਆਪਣੇ ਚਰਨ ਬਹਾਈਆ । ਨਾਲ ਰਲਾਇਆ ਰਵਦਾਸ ਚੁਮਿਆਰ, ਪਿਛਲਾ ਕੰਗਣ ਹੱਥੋਂ ਲਾਹੀਆ । ਗੁਰਮੁਖ ਤੇਰਾ ਸਚ ਪਿਆਰ, ਗੰਗਾ ਮਾਈ ਵੇਖ ਵਖਾਈਆ । ਤੇਰਾ ਕਸੀਰਾ ਹੋ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਰਿਖੀ ਕੇਸ਼ ਹਰਿ ਨਿਰੰਕਾਰ, ਸਾਧ ਸੰਤ ਕਰੇ ਜਣਾਈਆ । ਸ਼ਬਦ ਡੰਕਾ ਅਪਰ ਅਪਾਰ, ਆਪ ਆਪਣਾ ਰਿਹਾ ਵਜਾਈਆ । ਵਾਸੀ ਪੁਰੀ ਘਨਕਾ ਖੇਲ ਅਪਾਰ, ਆਪ ਆਪਣਾ ਆਪ ਵਖਾਈਆ । ਪਰਗਟ ਜੋਤ ਅਨਕ ਬਾਰ, ਅਨਕ ਕਲਾ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿੰਘ ਹਰਬੰਸ ਤਰਾਈਆ । ਗੁਰਸਿਖ ਸਾਚਾ ਆਪੇ ਤਾਰ, ਆਪਣੀ ਦਇਆ ਕਮਾਇੰਦਾ । ਕੁਰੂ ਕੁਸ਼ੇਤਰ ਤੇਰੀ ਨੱਯਾ ਮੰਝ ਧਾਰ ਵਖਾਇੰਦਾ । ਯੁਧਿਸ਼ਟਰ ਯੁਧ ਅਪਰ ਅਪਾਰ, ਆਪਣਾ ਆਪ ਕਰਾਇੰਦਾ । ਰਥ ਰਥਵਾਹੀ ਨਾ ਕਿਸੇ ਬਹੇ ਕੁੱਦ, ਤੀਰ ਕਮਾਨ ਨਾ ਕੋਈ ਉਠਾਇੰਦਾ । ਨਾ ਕੋਈ ਰਹਿਣ ਦੇਵੇ ਸਾਚੀ ਬੁਧ, ਗੀਤਾ ਗਿਆਨ ਨਾ ਕੋਈ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਿਛਲਾ ਲਹਿਣਾ ਮੂਲ ਚੁਕਾਇੰਦਾ । ਪਿਛਲਾ ਲਹਿਣਾ ਆਪ ਚੁਕਾਏ, ਆਪਣੇ ਹੱਥ ਰੱਖੇ ਵਡਿਆਈਆ । ਪਿਛਲਾ ਲੇਖਾ ਆਪ ਲਿਖਾ, ਆਪੇ ਪੂਰ ਕਰਾਈਆ । ਸਾਚਾ ਡੇਰਾ ਆਪ ਵਸਾ, ਆਪੇ ਮੇਟ ਮਿਟਾਈਆ । ਹਰਿ ਸੰਗਤ ਸਾਚੀ ਸੰਗ ਰਖਾ, ਹਰਿ ਸਾਚਾ ਵੇਖ ਵਖਾਈਆ । ਏਕਾ ਰੰਗਣ ਨਾਮ ਰੰਗਾ, ਏਕਾ ਭਿਛਿਆ ਝੋਲੀ ਪਾਈਆ । ਏਕਾ ਆਪਣਾ ਵੇਸ ਵਟਾ, ਭੱਜਾ ਫਿਰੇ ਵਾਹੋ ਦਾਹੀਆ । ਗੁਰਸਿਖ ਸਾਚੇ ਆਪ ਤਰਾ, ਅੰਬਾਲਾ ਸ਼ਹਿਰ ਪਾਰ ਕਰਾਈਆ । ਨਾਭੇ ਬੈਠਾ ਡੇਰਾ ਲਾ, ਓਮ ਪਰਕਾਸ਼ ਘਰ ਵੱਜੀ ਵਧਾਈਆ । ਬਾਲ ਨਿਮਾਣਾ ਗਲੇ ਲਗਾ, ਸਿੰਘ ਬਖ਼ਸ਼ੀਸ਼ ਰਿਹਾ ਤਰਾਈਆ । ਸਚ ਸੁਨੇਹੜਾ ਇਕ ਸੁਣਾ, ਸਨਾਮ ਰਿਹਾ ਤਰਾਈਆ । ਸਿੰਘ ਤ੍ਰਿਲੋਕ ਆਪ ਉਠਾ, ਆਪੇ ਅੰਕ ਲਗਾਈਆ । ਲੁਧਿਆਣੇ ਫੇਰਾ ਪਾ, ਨਿਰੰਜਣ ਅੰਜਨ ਏਕਾ ਪਾਈਆ । ਗਰੀਬ ਨਿਮਾਣੇ ਲਏ ਤਰਾ, ਦਰ ਦਰਵੇਸਾ ਵੇਖ ਵਖਾਈਆ । ਧੰਨੇ ਧੰਨ ਦਏ ਜਣਾ, ਧੰਨ ਧੰਨ ਵੱਡੀ ਵਡਿਆਈਆ । ਸ਼ਬਦ ਗਹਿਣਾ ਤਨ ਛੁਹਾ, ਆਪੇ ਵੇਖ ਵਖਾਈਆ । ਸਾਚੇ ਨਗਰ ਖੇੜਾ ਆਪ ਵਸਾ, ਬੜਹੇੜੀ ਫੇਰਾ ਪਾਈਆ । ਸਿੰਘ ਨੱਥਾ ਲਏ ਉਠਾ, ਆਪਣੀ ਬੂਝ ਬੁਝਾਈਆ । ਪਿਛਲਾ ਭਰਮ ਭੁਲੇਖਾ ਲਏ ਕਢਾ, ਸਿੰਘ ਬਿਸ਼ਨ ਫੇਰ ਉਠਾਈਆ । ਚੇਲਾ ਗੁਰ ਦਏ ਬਣਾ, ਬਿਸ਼ਨ ਬਿਸ਼ਨ ਵਡ ਵਡਿਆਈਆ । ਸਾਚੀ ਸਿਖਿਆ ਦਏ ਸਮਝਾ, ਸਿੰਘ ਮਨੀ ਰੂਪ ਵਟਾਈਆ । ਆਪ ਆਪਣਾ ਦਰਸ ਦਿਖਾ, ਪਿਛਲਾ ਮੂਲ ਚੁਕਾਈਆ । ਜੋਤੀ ਜੋਤ ਭੇਖ ਵਟਾ, ਭੇਖਾ ਧਾਰੀ ਭੇਵ ਨਾ ਰਾਈਆ । ਗੁਰਮੁਖ ਸਾਚੇ ਮੇਲ ਮਿਲਾ, ਸਿੰਘ ਮਿਹਰ ਅੰਕ ਸਮਾਈਆ । ਦੋ ਦੋਸਾਂਝ ਵੇਖ ਵਖਾ, ਗੁਰਦੇਵ ਇਸ਼ਟ ਰਖਾਈਆ । ਮਹਿੰਗਾ ਧੰਨ ਆਪ ਲੁਟਾ, ਸਿੰਘ ਮਹਿੰਗਾ ਹੱਟ ਵਿਕਾਈਆ । ਸਿੰਘ ਲਾਲ ਲਾਲ ਗੁਲਾਲਾ ਰੰਗ ਆਪ ਚੜ੍ਹਾ, ਆਪਣੀ ਸੁਧ ਭੁਲਾਈਆ । ਦੀਨ ਦਿਆਲਾ ਫੇਰਾ ਪਾ, ਨਗਰ

੩੬
ot

ਮੁਧ ਸਿੰਘ ਸਰੂਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ ਸਿੰਘ ਤਾਰੂ ਜੋੜ ਜੁੜਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਗਰੀਬ ਨਿਮਾਣੇ ਕਰ ਧਿਆਨ, ਬਾਲ ਅੰਞਾਣੇ ਗਲੇ ਲਗਾਇੰਦਾ । ਮਾਂਗਾ ਸਰਾਏ ਕਰ ਪਰਧਾਨ, ਸਾਰੀ ਸੰਗਤ ਮੇਲ ਮਿਲਾਇੰਦਾ । ਲੇਖੇ ਲਾਏ ਬਿਰਧ ਬਾਲ ਜਵਾਨ, ਜਿਸ ਜਨ ਚਰਨ ਛੁਹਾਇੰਦਾ । ਅੰਤਮ ਦੇਵਣਹਾਰਾ ਧੁਰ ਫ਼ਰਮਾਣ, ਦਰ ਦਰਵੇਸ਼ ਆਪ ਅਖਵਾਇੰਦਾ । ਦਰ ਵੇਰਕਾ ਕਰ ਪਰਵਾਨ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਸਿੰਘ ਪਸ਼ੌਰਾ ਗੁਣ ਨਿਧਾਨ, ਗੁਣਵੰਤਾ ਝੋਲੀ ਪਾਇੰਦਾ । ਗੁਰਨਾਮ ਗੁਰ ਚਰਨ ਧਿਆਨ, ਗੁਰ ਗੁਰ ਵੇਖ ਵਖਾਇੰਦਾ । ਅਠਾਠ ਦਿਨ ਤੇਰਾ ਜਗਤ ਨਿਸ਼ਾਨ, ਪ੍ਰਭ ਆਪਣਾ ਆਪ ਝੁਲਾਇੰਦਾ । ਅਠਸਠ ਵੇਖ ਸਰਬ ਅਸਥਾਨ, ਗੁਰ ਦਰ ਮੰਦਰ ਫੇਰਾ ਪਾਇੰਦਾ । ਜਨਮ ਭੂਮਕਾ ਖੇਲ ਮਹਾਨ, ਅੰਤਮ ਗੜ੍ਹ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਪੰਦਰਾਂ ਤੇਰਾ ਵਰ, ਤੇਰੀ ਝੋਲੀ ਪਾਇੰਦਾ । ਪਹਿਲੀ ਚੇਤਰ ਕਰ ਤਿਆਰੀ, ਸੰਮਤ ਪੰਦਰਾਂ ਜੋਤ ਜਗਾਈਆ । ਸਚਖੰਡ ਖੇਲ ਅਪਾਰੀ, ਬ੍ਰਹਮ ਲੋਕ ਵੇਖ ਵਖਾਈਆ । ਸ਼ਿਵ ਲੋਕ ਹਰਿ ਨਿਰੰਕਾਰੀ, ਪੁਰੀ ਇੰਦਰ ਡੇਰਾ ਲਾਈਆ । ਚੌਦਾਂ ਲੋਕਾਂ ਖੇਲ ਖਿਲਾਰੀ, ਆਪੇ ਵੇਖ ਵਖਾਈਆ । ਨੌ ਖੰਡ ਇਕ ਉਡਾਰੀ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਤੀਰਥ ਤੱਟਾਂ ਪਾਵੇ ਸਾਰੀ, ਬਵੰਜਾ ਦਿਵਸ ਵੰਡ ਵੰਡਾਈਆ । ਸੋਲਾਂ ਦਿਵਸ ਹਰਿ ਨਿਰੰਕਾਰੀ, ਗੁਰਮੁਖਾਂ ਆਪ ਤਰਾਈਆ । ਸੋਲਾਂ ਕਰੇ ਤਨ ਸ਼ੰਗਾਰੀ, ਦੇਵੇ ਵਡ ਵਡਿਆਈਆ । ਉਣੰਤੀ ਮੱਘਰ ਕਰ ਖੁਵਾਰੀ, ਕੂੜੀ ਕਿਰਿਆ ਦਏ ਮਿਟਾਈਆ । ਪਹਿਲੀ ਪੋਹ ਨਿਰਗੁਣ ਨੂਰ ਨਿਰੰਕਾਰੀ, ਜੋਤੀ ਨੂਰ ਕਰੇ ਰੁਸ਼ਨਾਈਆ । ਪੰਦਰਾਂ ਸਾਲ ਪਰਦਾ ਰਿਹਾ ਭਾਰੀ, ਆਪ ਆਪਣਾ ਆਪੇ ਲਾਹੀਆ । ਗੁਰਮੁਖਾਂ ਸੁਰਤੀ ਰਹੀ ਕਵਾਰੀ, ਅੰਤ ਲਏ ਪਰਨਾਈਆ । ਕਲਜੁਗ ਕੂੜੀ ਕਿਰਿਆ ਧਰਮ ਰਾਏ ਦੀ ਧੀ ਮੁਟਿਆਰੀ, ਦੇਵੇ ਦਰ ਦੁਰਕਾਈਆ । ਗੁਰ ਸੰਗਤ ਕਰੇ ਚਰਨ ਪਨਹਾਰੀ, ਆਪ ਆਪਣੀ ਸੇਵ ਵਖਾਈਆ । ਫੜ ਫੜ ਬਾਂਹੋਂ ਜਾਏ ਤਾਰੀ, ਜੁਗ ਵਿਛੜੇ ਜਗ ਮੇਲ ਮਿਲਾਈਆ । ਦਿਵਸ ਰੈਣ ਫਿਰੇ ਪਿੱਛੇ ਅਗਾੜੀ, ਆਲਸ ਨਿੰਦਰਾ ਵਿਚ ਨਾ ਆਈਆ । ਬੀਜ ਬੀਜਿਆ ਸਤਾਰਾਂ ਹਾੜੀ, ਫਲ ਮੇਵਾ ਆਪ ਲਗਾਈਆ । ਰੱਖੇ ਲਾਜ ਚਰਨ ਛੁਹਾਈ ਦਾੜ੍ਹੀ, ਜੋ ਜਨ ਦਰਸ਼ਨ ਪਾਈਆ । ਦਰ ਨਾ ਆਏ ਮੌਤ ਲਾੜੀ, ਕੱਜਲ ਨੈਣ ਨਾ ਕੋਈ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰਾ ਵਰ, ਪਹਿਲੀ ਪੋਹ ਜਗਤ ਨਾਤਾ ਤੁਟੇ ਮੋਹ, ਕਰੇ ਕਰਾਏ ਸੋਈ ਹੋ, ਆਤਮ ਬੀਜ ਦੇਵੇ ਬੋ, ਸੋ ਪੁਰਖ ਨਿਰੰਜਣ ਅੱਗੇ ਹੋ, ਹਰਿ ਕਾ ਭੇਵ ਨਾ ਜਾਣੇ ਕੋ, ਪੰਡਤ ਪਾਂਧੇ ਗ੍ਰੰਥੀ ਪੰਥੀ ਮੁੱਲਾਂ ਸ਼ੇਖ਼ ਮੁਸਾਇਕ ਪੀਰ ਰਹੇ ਰੋ, ਗੁਰਮੁਖ ਗੁਰਮੁਖ ਹਰਿਜਨ ਹਰਿ ਸੰਗਤ ਆਪਣੀ ਦੁਰਮਤ ਮੈਲ ਰਹੇ ਧੋ, ਨਿਰਮਲ ਨੀਰ ਗੁਰ ਚਰਨ ਦਵਾਰ ਸਚ ਸਰੋਵਰ ਆਤਮ ਅੰਤਰ ਇਕ ਅਸ਼ਨਾਨ ਕਰਾਈਆ । ਸਰਬ ਜੀਆਂ ਦਾ ਦਾਤਾ ਸ੍ਰੀ ਭਗਵਾਨ, ਏਕਾ ਪੁਰਖ ਅਖਵਾਈਆ । ਰਲ ਮਿਲ ਸਖੀਆਂ ਮੰਗਲ ਗਾਣ, ਘਰ ਸਾਚੇ ਵੱਜੀ ਵਧਾਈਆ । ਆਪਣਾ ਦਰ ਆਪੇ ਲੈਣ ਪਛਾਣ, ਸ਼ਬਦ ਨਿਸ਼ਾਨ ਇਕ ਵਖਾਈਆ । ਨਾਨਕ ਗੋਬਿੰਦ ਬਹਿ ਬਹਿ ਗਾਣ, ਸੀਤਾ ਰਾਮ ਕ੍ਰਿਸ਼ਨ ਆਪ ਧਿਆਈਆ । ਗੁਰਸਿਖਾਂ ਦੇਵੇ ਪਦ ਨਿਰਬਾਨ, ਪਰਮ ਪੁਰਖ ਵੱਡੀ ਵਡਿਆਈਆ । ਅੱਠੇ ਪਹਿਰ ਨਿਗਹਬਾਨ, ਵਿਸਰ ਕਦੇ ਨਾ ਜਾਈਆ । ਕਲਜੁਗ ਅੰਤਮ ਗੁਰਸਿਖਾਂ ਕੇਸੀ ਆਪੇ ਛਤਰ ਝੁਲਾਨ, ਗੋਬਿੰਦ ਗੁਰ ਲਿਖਿਆ ਲੇਖਾ ਸਾਚੇ

੩੮
੦੮

ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਸੁੱਤਾ ਜੰਗਲ ਜੂਹ ਉਜਾੜ ਪਹਾੜ ਸੁੰਞ ਮਸਾਣ ਗੁਰਸਿਖ ਕਾਇਆ ਘਰ ਸਾਚਾ ਖੇੜਾ ਆਪੇ ਰਿਹਾ ਵਸਾਈਆ ।

## ✪ ੨੯ ਪੋਹ ੨੦੧੫ ਬਿਕ੍ਰਮੀ ਦਰਬਾਰ ਵਿਚ ਲਿਖਤ ਹੋਈ ਜੇਠੂਵਾਲ ✪

ਨਿਰਗੁਣ ਹਰਿ ਨਿਰਗੁਣ ਧਾਰ, ਨਿਰਗੁਣ ਆਪ ਚਲਾਈਆ । ਨਿਰਗੁਣ ਰੂਪ ਆਪ ਕਰਤਾਰ, ਨਿਰਗੁਣ ਵੇਖ ਵਖਾਈਆ । ਨਿਰਗੁਣ ਖੇਲ ਅਗੰਮ ਅਪਾਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਜੋਤੀ ਕਰ ਉਜਿਆਰ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਰਖਾਈਆ । ਨਿਰਗੁਣ ਰੂਪ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਕਰ ਪਸਾਰਾ, ਜੁਗ ਜੁਗ ਵੇਖ ਵਖਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਭੇਵ ਕੋਈ ਨਾ ਪਾਇੰਦਾ । ਆਪੇ ਜਾਣੇ ਆਪਣੀ ਕਾਰਾ, ਆਪਣੀ ਕਰਨੀ ਕਰਤਾ ਕਿਰਤ ਕਮਾਇੰਦਾ । ਨਾ ਕੋਈ ਦੂਸਰ ਸੰਗ ਮੀਤ ਮੁਰਾਰਾ, ਸਗਲਾ ਸੰਗ ਨਾ ਕੋਈ ਵਖਾਇੰਦਾ । ਗਗਨ ਮੰਡਲ ਨਾ ਕੋਈ ਸਤਾਰਾ, ਅਕਾਸ਼ ਪਰਕਾਸ਼ ਨਾ ਕੋਈ ਜਣਾਇੰਦਾ । ਅਕਾਸ਼ ਪਰਕਾਸ਼ ਨਾ ਕੋਈ ਉਜਿਆਰਾ, ਰਵ ਸਸ ਮੰਡਲ ਮੰਡਪ ਨਾ ਕੋਈ ਵਖਾਇੰਦਾ । ਗੁਰ ਪੀਰ ਨਾ ਕੋਈ ਅਵਤਾਰਾ, ਸਾਧ ਸੰਤ ਨਾ ਕੋਈ ਉਪਾਇੰਦਾ । ਲੋਆਂ ਪੁਰੀਆਂ ਨਾ ਪਸਰ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਨਾ ਰਚਨ ਰਚਾਇੰਦਾ । ਲੱਖ ਚੁਰਾਸੀ ਨਾ ਕੋਈ ਧਾਰਾ, ਤ੍ਰੈਗੁਣ ਮੇਲ ਨਾ ਕੋਈ ਮਿਲਾਇੰਦਾ । ਪੰਜ ਤੱਤ ਨਾ ਕਰ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਸੁਹਾਇੰਦਾ । ਹੱਡ ਮਾਸ ਨਾੜੀ ਚੰਮ ਨਾ ਕੋਈ ਮਹੱਲ ਉਸਾਰਾ, ਨੌਂ ਦਰ ਨਾ ਕੋਈ ਖੁਲ੍ਹਾਇੰਦਾ । ਮਨੂਆ ਜੋਤ ਨਾ ਹੋਏ ਉਜਿਆਰਾ, ਅੰਧੇਰ ਪਰਕਾਸ਼ ਨਾ ਕੋਈ ਵਖਾਇੰਦਾ । ਬੁੱਧੀ ਮੱਤ ਨਾ ਖੇਲ ਖਿਲਾਰਾ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਵੇਦ ਕਤੇਬ ਨਾ ਕੋਈ ਲਿਖਾਰਾ, ਗਿਆਨ ਧਿਆਨ ਨਾ ਕੋਈ ਦ੍ਰਿੜਾਇੰਦਾ । ਅੱਖਰ ਵੱਖਰ ਹਰਿ ਨਿਰੰਕਾਰਾ, ਏਕਾ ਆਪਣਾ ਆਪ ਰਖਾਇੰਦਾ । ਇਕ ਅਕੱਲਾ ਕਰ ਪਸਾਰਾ, ਆਪ ਆਪਣਾ ਵੇਖ ਵਖਾਇੰਦਾ । ਆਪਣਾ ਦੀਵਾ ਬਾਤੀ ਕਰ ਉਜਿਆਰਾ, ਆਪ ਆਪਣਾ ਦਰ ਸੁਹਾਇੰਦਾ । ਨਾ ਕੋਈ ਮੰਦਰ ਮਸਜਿਦ ਚਾਰ ਦਿਵਾਰਾ, ਗਗਨ ਗਗਨੰਤਰ ਨਾ ਕੋਈ ਰਚਾਇੰਦਾ । ਜਗਤ ਬਸੰਤਰ ਨਾ ਕੋਈ ਜਲ ਧਾਰਾ, ਤੱਤਵ ਤੱਤ ਨਾ ਕੋਈ ਰਖਾਇੰਦਾ । ਅਬਿਨਾਸ਼ੀ ਕਰਤਾ ਖੇਲ ਅਪਾਰਾ, ਆਪ ਆਪਣਾ ਆਪ ਰਚਾਇੰਦਾ । ਆਪਣੇ ਦਰਸੀ ਆਪੇ ਕਰ ਵਿਚਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪੇ ਹੱਕ ਹਕੀਕਤ ਵੇਖੇ ਬੇਐਬ ਪਰਵਰਦਿਗਾਰਾ, ਨੂਰ ਅਲਾਹੀ ਆਪ ਹੋ ਜਾਇੰਦਾ । ਆਪੇ ਰਾਮ ਰੂਪ ਧਰ ਸੰਸਾਰਾ, ਕ੍ਰਿਸ਼ਨ ਮੁਰਾਰਾ ਆਪਣਾ ਮੇਲ ਮਿਲਾਇੰਦਾ । ਆਪ ਸੁਹਾਏ ਆਪਣਾ ਬੰਕ ਦਵਾਰਾ, ਥਿਰ ਘਰ ਨਾਮ ਰਖਾਇੰਦਾ । ਆਦਿ ਜੁਗਾਦੀ ਕਰ ਪਸਾਰਾ, ਜਾਗਰਤ ਜੋਤ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਸਿਆ ਏਕਾ ਘਰ, ਘਰ ਸੁਹੰਜਣਾ ਆਪ ਸੁਹਾਇੰਦਾ । ਨਰ ਨਰਾਇਣ ਹਰਿ ਕਰਤਾਰਾ, ਏਕਾ ਏਕ ਏਕੰਕਾਰਿਆ । ਖੇਲੇ ਖੇਲ ਦਰ ਦਵਾਰਾ, ਆਪ ਆਪਣੀ ਕਲ ਧਾਰਿਆ । ਲੋਆਂ ਪੁਰੀਆਂ ਬੰਨੇ ਧਾਰਾ, ਆਪ ਆਪਣੀ ਰਚਨ ਰਚਾ

ਲਿਆ । ਥਿਰ ਘਰ ਬੈਠ ਸਚ ਸੁਲਤਾਨਾ, ਸ਼ਾਹੋ ਭੂਪ ਖੇਲ ਖਿਲਾ ਰਿਹਾ । ਰੂਪ ਰੰਗ ਨਾ ਕੋਈ ਮਕਾਨਾ, ਦਰ ਦਰਵਾਜ਼ਾ ਨਾ ਕੋਈ ਖੁਲ੍ਹਾ ਰਿਹਾ । ਆਪਣਾ ਦੇਵਣਹਾਰਾ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਚਲਾ ਰਿਹਾ । ਆਪ ਆਪਣੀ ਪਾਏ ਆਣਾ, ਆਪ ਆਪਣਾ ਸਿਰ ਨਿਵਾ ਰਿਹਾ । ਆਪ ਆਪਣਾ ਕਰ ਪਰਵਾਨਾ, ਆਪ ਆਪਣੀ ਬਣਤ ਬਣਾ ਰਿਹਾ । ਥਿਰ ਘਰ ਬੈਠ ਸ੍ਰੀ ਭਗਵਾਨਾ, ਉਚ ਅਗੰਮ ਅਥਾਹ ਬੇਪਰਵਾਹ ਵੇਸ ਵਟਾ ਰਿਹਾ । ਲੱਖ ਚੁਰਾਸੀ ਜੀਵ ਜੰਤ ਕੋਈ ਜਾਣੇ ਨਾ, ਹਰਿ ਕਾ ਭੇਵ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਕਰ, ਘਰ ਸਾਚੇ ਵੇਸ ਵਟਾ ਰਿਹਾ । ਸਚ ਮਹੱਲਾ ਹਰਿ ਅਟਾਰੀ, ਥਿਰ ਘਰ ਆਪ ਵਸਾਇਆ । ਇਕ ਅਕੱਲਾ ਬੈਠਾ ਨਰ ਨਿਰੰਕਾਰੀ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਾ ਕੋਈ ਵੇਦ ਵਿਦਾਂਤਾ ਬ੍ਰਹਮਾ ਵੇਤਾ ਲਿਖੇ ਲਿਖਾਰੀ, ਜਗਤ ਗੀਤਾ ਨਾ ਕੋਇ ਮਨਾਇਆ । ਆਪ ਆਪਣਾ ਕਰ ਉਜਿਆਰੀ, ਆਪ ਆਪਣਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਇਕ ਅਕੱਲਾ ਏਕੰਕਾਰ ਅਜੂਨੀ ਰਹਿਤ ਵਸੇ ਨਿਰਾਧਾਰ, ਅਨਭਵ ਪਰਕਾਸ਼ ਸਮਾਇਆ । ਅਨਭਵ ਪਰਕਾਸ਼ ਹਰਿ ਨਿਰੰਕਾਰਾ, ਅਜੂਨੀ ਰਹਿਤ ਮੂਰਤ ਅਕਾਲਿਆ । ਭੈ ਭੰਜਨ ਸਰਬ ਸੰਸਾਰਾ, ਆਦਿ ਨਿਰੰਜਣ ਨਾਉਂ ਰਖਾ ਲਿਆ । ਜੁਗ ਜੁਗ ਖੇਲੇ ਖੇਲ ਖੇਲਣਹਾਰਾ, ਅਕਲ ਕਲਧਾਰੀ ਆਪ ਅਖਵਾ ਰਿਹਾ । ਸੁਹਾਏ ਦਰ ਦਰ ਬੰਕ ਦਵਾਰਾ, ਨਿਰਗੁਣ ਨੂਰ ਇਕ ਉਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਲੋਆਂ ਪੁਰੀਆਂ ਅਵਣ ਗਵਣ ਤ੍ਰੈਭਵਣ ਧਰਤ ਧਵਲ ਰਿਹਾ ਮਵਲ, ਜਲ ਬਿੰਬ ਫੁਲ ਕਵਲ ਅਕਾਸ਼ ਪਰਕਾਸ਼ ਨਿਰਗੁਣ ਧਾਰ ਰਸਨ ਸਵਾਸ ਮਨ ਮਤ ਬੁਧ ਕਰ ਉਜਿਆਰ, ਪੰਜ ਤੱਤ ਹੱਡ ਮਾਸ ਨਾੜੀ ਰੱਤ ਨਿਰਗੁਣ ਵਸਤ ਏਕਾ ਘੱਤ, ਲੱਖ ਚੁਰਾਸੀ ਰਥ ਚਲਾ ਰਿਹਾ । ਸਰਬ ਕਲਾ ਆਪੇ ਸਮਰਥ, ਆਦਿ ਜੁਗਾਦੀ ਸ਼ਬਦ ਡੋਰੀ ਪਾਏ ਨੱਥ, ਜਨ ਭਗਤਾਂ ਦੇਵਣਹਾਰਾ ਸਾਚੀ ਵੱਥ, ਛੱਬੀ ਪੋਹ ਕਰ ਭਗਤਨ ਮੋਹ, ਆਪਣਾ ਮੂਲ ਕੰਤ ਕੰਤੂਹਲ ਨਿਰਗੁਣ ਧਾਰ ਗੁਰਮੁਖਾਂ ਝੋਲੀ ਪਾ ਰਿਹਾ ।

ਨਿਰਗੁਣ ਧਾਰ ਸਰਬ ਗੁਣਵੰਤਾ, ਆਦਿ ਪੁਰਖ ਨਿਰੰਜਣਾ । ਜੋਤ ਪਰਕਾਸ਼ ਇਕ ਰਖੰਤਾ, ਪਾਰਬ੍ਰਹਮ ਦਰਦ ਦੁੱਖ ਭੈ ਭੰਜਨਾ । ਆਦਿ ਜੁਗਾਦਿ ਖੇਲ ਖਿਲੰਤਾ, ਅਬਿਨਾਸ਼ੀ ਕਰਤਾ ਸਾਚਾ ਸੱਜਣਾ । ਤੋੜਨਹਾਰਾ ਗੜ੍ਹ ਹਉਮੇ ਹੰਗਤਾ, ਬਖ਼ਸ਼ਣਹਾਰ ਚਰਨ ਧੂੜ ਸਾਚਾ ਮਜਨਾ । ਲੇਖੇ ਲਾਏ ਭੁੱਖਾ ਨੰਗਤਾ, ਲੱਖ ਚੁਰਾਸੀ ਪੜਦਾ ਕੱਜਣਾ । ਕਾਇਆ ਚੋਲੀ ਨਾਮ ਰੰਗਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਦਵਾਰ ਆਪੇ ਭਜਨਾ । ਆਦਿ ਪੁਰਖ ਹਰਿ ਨਿਰੰਕਾਰਾ, ਏਕਾ ਜੋਤ ਜਗਾਈਆ । ਜੁਗ ਜੁਗ ਮਾਤ ਲਏ ਅਵਤਾਰਾ, ਆਪ ਆਪਣਾ ਖੇਲ ਖਿਲਾਈਆ । ਭਗਤਨ ਮੀਤਾ ਵਡ ਸੰਸਾਰਾ, ਸਾਰੰਗ ਧਰ ਆਪ ਹੋ ਜਾਈਆ । ਸ਼ਬਦੀ ਡੰਕ ਅਪਰ ਅਪਾਰਾ, ਲੋਆਂ ਪੁਰੀਆਂ ਆਪ ਵਜਾਈਆ । ਥਿਰ ਘਰ ਬੈਠ ਦਵਾਰਾ, ਸਚ ਸਿੰਘਾਸਣ ਇਕ ਸੁਹਾਈਆ । ਅਲਖ ਅਗੋਚਰ ਅਗੰਮ ਅਪਾਰਾ, ਆਦਿ ਅਨਾਦਿ ਇਕ ਅਖਵਾਈਆ । ਖੋਜਤ ਖੋਜ ਖੋਜ ਬ੍ਰਹਿਮਾਦਿ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਈਆ ।

ਜੁਗ ਕਰਤਾ ਕਰਨੇਹਾਰਾ, ਏਕਾ ਰੂਪ ਸਮਾਇਆ । ਆਦਿ ਜੁਗਾਦੀ ਕਰਨੀ ਕਰਤਾਰਾ, ਏਕਾ ਕਰਮ ਕਮਾਇਆ । ਨਿਰਗੁਣ ਖੇਲੇ ਖੇਲ ਨਿਆਰਾ, ਏਕਾ ਲੇਖਾ ਕਲਜੁਗ ਵਿਚ ਨਾ ਆਇਆ । ਇਕ ਸੁਹਾਏ ਸਚ ਦਵਾਰਾ, ਥਿਰ ਘਰ ਬੈਠਾ ਬੇਪਰਵਾਹਿਆ । ਸ਼ਬਦ ਸ਼ਬਦੀ ਬੋਲ ਜੈਕਾਰਾ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਲੱਖ ਚੁਰਾਸੀ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਆਦਿ ਨਿਰੰਜਣ, ਹਰਿ ਹਰਿ ਵੇਸ ਵਟਾਇੰਦਾ । ਗਗਨ ਪਤਾਲਾ ਸਾਚਾ ਸੱਜਣ, ਲੋਕਮਾਤ ਰਾਹ ਤਕਾਇੰਦਾ । ਜਗਤ ਨਗਾਰੇ ਦੋ ਜਹਾਨੀ ਵੱਜਣ, ਸਾਚਾ ਤਾਲ ਆਪ ਰਖਾਇੰਦਾ । ਆਪ ਚਲਾਏ ਆਪਣਾ ਜਹਾਜਨ, ਆਪ ਆਪਣਾ ਰਾਹ ਤਕਾਇੰਦਾ । ਆਪੇ ਮਾਰੇ ਸ਼ਬਦ ਅਗੰਮੀ ਅਵਾਜਨ, ਸੰਤ ਸੁਹੇਲੇ ਆਪ ਉਠਾਇੰਦਾ । ਆਪੇ ਚਰਨ ਘੋੜੇ ਅਸਵ ਚਰਨ ਦੇ ਰਕਾਬਨ, ਸ਼ਾਹ ਅਸਵਾਰ ਆਪ ਹੋ ਜਾਇੰਦਾ । ਆਪੇ ਬੇਐਬ ਪਰਵਰਦਿਗਾਰ ਹੋਏ ਹਾਜੀ ਹਾਜਨ, ਸਾਚਾ ਹੱਜ ਆਪ ਕਰਾਇੰਦਾ । ਆਪੇ ਸ਼ਾਹ ਆਪ ਨਵਾਬਨ, ਪੁੰਨ ਸਵਾਬ ਵੇਖ ਵਖਾਇੰਦਾ । ਆਪੇ ਮੇਲ ਮਿਲਾਏ ਵਡ ਵਡ ਰਾਜਨ, ਆਪੇ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਅਕਲ ਕਲਾ ਹਰਿ ਹਰਿ ਧਾਰ, ਆਪਣਾ ਵੇਸ ਵਟਾਇਆ । ਇਕ ਅਕੱਲਾ ਕਰ ਪਸਾਰ, ਲੱਖ ਚੁਰਾਸੀ ਡੇਰਾ ਲਾਇਆ । ਕਲਜੁਗ ਅੰਤਮ ਪਾਵੇ ਸਾਰ, ਆਪ ਆਪਣਾ ਰੂਪ ਵਟਾਇਆ । ਬ੍ਰਹਮਾ ਵੇਤਾ ਲਿਖ ਲਿਖ ਗਿਆ ਹਾਰ, ਚਾਰ ਵੇਦਾਂ ਰਸਨ ਅਲਾਇਆ । ਪੁਰਾਨ ਅਠਾਰਾਂ ਕਰ ਵਿਚਾਰ, ਵੇਦ ਵਿਆਸਾ ਮੁਖ ਛੁਪਾਇਆ । ਐਨਲਹੱਕ ਦਏ ਸਹਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਆਦਿ ਨਿਰੰਜਣ ਜੋਤ ਉਜਿਆਰ, ਨਿਰਗੁਣ ਨੂਰ ਸਮਾਇਆ । ਖੇਲੇ ਖੇਲ ਦਰ ਦਵਾਰ, ਆਪ ਆਪਣੀ ਕਾਰ ਕਰਾਇਆ । ਕਲਜੁਗ ਤੇਰਾ ਵੇਖ ਦਵਾਰ, ਦਰ ਦਰਵੇਸਾ ਨਾਉਂ ਧਰਾਇਆ । ਈਸਾ ਮੂਸਾ ਪਾਵੇ ਸਾਰ, ਚਾਰ ਯਾਰੀ ਫੋਲ ਫੁਲਾਇਆ । ਹੱਕ ਮੁਹੰਮਦ ਤੇਰਾ ਨਾਅਰਾ, ਅੱਲਾ ਰਾਣੀ ਦਏ ਉਠਾਇਆ । ਨਾਨਕ ਗੁਰ ਖੋਲ੍ਹ ਕਿਵਾੜ, ਆਪ ਆਪਣੀ ਬੂਝ ਬੁਝਾਇਆ । ਗੋਬਿੰਦ ਮਿਟਾਈ ਝੂਠੀ ਧਾੜ, ਸਾਚਾ ਮਾਰਗ ਲਾਇਆ । ਨੌ ਖੰਡ ਵੇਖੇ ਇਕ ਅਖਾੜ, ਲੋਆਂ ਪੁਰੀਆਂ ਗਗਨ ਮੰਡਲ ਅਕਾਸ਼ ਪਰਕਾਸ਼ ਫੇਰਾ ਪਾਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਜ ਤੱਤ ਰਹਿਣ ਨਾ ਪਾਇਆ । ਲੱਗੇ ਅੱਗ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਦਏ ਜਲਾਇਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਫੋਲ ਫੋਲਾਇਆ । ਲੇਖਾ ਗਿਣੇ ਲਿਖਣਹਾਰਾ ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਆਪ ਆਪਣੀ ਧਾਰ ਬੰਧਾਇਆ । ਏਕੰਕਾਰਾ ਇਕ ਅਨਾਦਿ, ਧੁਨ ਅਨਾਦੀ ਆਪ ਸੁਣਾਇਆ । ਪਾਰਬ੍ਰਹਮ ਮਾਧਵ ਮਾਧ, ਮੋਹਣ ਮੋਹਣੀ ਰੂਪ ਵਟਾਇਆ । ਆਪ ਆਪਣੇ ਲਏ ਲਾਧ, ਆਪ ਆਪਣਾ ਮੇਲ ਮਿਲਾਇਆ । ਆਪੇ ਸੰਤ ਆਪੇ ਸਾਧ, ਆਪੇ ਸਤਿਗੁਰ ਨਾਮ ਧਰਾਇਆ । ਆਪੇ ਵੇਖੇ ਵਾਦ ਵਿਵਾਦ, ਹਉਮੇ ਹੰਗਤਾ ਆਪ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਆਪ ਬੰਧਾਇਆ । ਆਪਣੀ ਧਾਰ ਆਪੇ ਬੰਨ, ਆਪੇ ਹੁਕਮ ਚਲਾਈਆ । ਲਹਿਣਾ ਦੇਣਾ ਚੁੱਕੇ ਰਵ ਸਸ ਸੂਰਜ ਚੰਨ, ਤਾਰਾ ਮੰਡਲ ਵੇਖ ਵਖਾਈਆ । ਬ੍ਰਹਮਾ ਸੁਣੇ ਆਪਣਾ ਰਾਗ ਆਪਣੇ ਕੰਨ, ਹਰਿ ਸਾਚਾ ਦਏ ਸੁਣਾਈਆ । ਸ਼ਿਵ ਸ਼ੰਕਰ ਵੇਖੇ ਛੰਪਰ ਛੰਨ, ਆਪ ਆਪਣੀ ਅੱਖ ਖੁਲ੍ਹਾਈਆ । ਕਰੋੜ ਤੇਤੀਸਾ ਦੇਵਣਹਾਰਾ ਡੰਨ, ਸੁਰਪਤ ਰਾਜਾ

ਇੰਦ ਰਿਹਾ ਕੁਰਲਾਈਆ । ਲੋਕਮਾਤ ਹਰਿ ਭਗਤ ਜਨਨੀ ਜਣਿਆ ਸਾਚਾ ਜਨ, ਹਰਿ ਸਾਚਾ ਮੇਲ ਮਿਲਾਈਆ ਦੇਵੇ ਵਸਤ ਨਾਮ ਸੱਚਾ ਮਾਲ ਧਨ, ਸਚ ਖਜ਼ਾਨਾ ਇਕ ਭਰਾਈਆ । ਪੰਜ ਵਿਕਾਰਾ ਕੱਢੇ ਤਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਕਲਜੁਗ ਤੇਰਾ ਖੇਲ ਨਿਆਰਾ, ਹਰਿ ਸਾਚੇ ਖੇਲ ਖਿਲਾਈਆ । ਐੜਾ ਅਥਰਬਣ ਕਰ ਪਿਆਰਾ, ਏਕਾ ਅੱਖ ਖੁਲ੍ਹਾਈਆ । ਵਰਨਾਂ ਬਰਨਾਂ ਵਸਿਆ ਬਾਹਰਾ, ਚਾਰ ਅਠਾਰਾਂ ਨਾ ਭੇਵ ਖੁਲ੍ਹਾਈਆ । ਨੌਂ ਨੌਂ ਖੋਲ੍ਹ ਕਿਵਾੜਾ, ਨੌਂ ਨਿਧ ਵੇਖ ਵਖਾਈਆ । ਸਤਿ ਸਤਿ ਕਰੇ ਪਸਾਰਾ, ਸਤਿ ਸਤਿ ਵੱਜੇ ਵਧਾਈਆ । ਬ੍ਰਹਮਤ ਵੇਖ ਉਤਪਤ, ਸਤਿਜੁਗ ਰਚਨ ਰਚਾਈਆ । ਡਾਲ੍ਹੀ ਪੱਤ ਪੱਤ ਕਰੇ ਵਿਚਾਰਾ, ਜੇਰਜ ਅੰਡ ਉਤਭੁਜ ਸੇਤਜ ਆਪ ਜਣਾਈਆ । ਹੱਡ ਮਾਸ ਨਾੜੀ ਰੱਤ ਪੰਜ ਤੱਤ ਲਾਇਆ ਗਾਰਾ, ਆਪ ਆਪਣਾ ਜੋੜ ਜੁੜਾਈਆ । ਸਾਢੇ ਤਿੰਨ ਹੱਥ ਬਣਿਆ ਸਚ ਮੁਨਾਰਾ, ਚਾਰ ਦਵਾਰੀ ਇਕ ਵਖਾਈਆ । ਨੌਂ ਦਵਾਰੇ ਖੋਲ੍ਹ ਕਿਵਾੜਾ, ਤ੍ਰੈਗੁਣ ਬੰਧਨ ਪਾਈਆ । ਮਹੱਲ ਅਟੱਲ ਉਚ ਮੁਨਾਰਾ, ਅੰਦਰ ਮੰਦਰ ਆਪ ਟਿਕਾਈਆ । ਦੀਵਾ ਬਾਤੀ ਕਰ ਉਜਿਆਰਾ, ਦਿਵਸ ਰੈਣ ਡਗਮਗਾਈਆ । ਸ਼ਬਦ ਧੁਨ ਸੱਚੀ ਜੈਕਾਰਾ, ਸ਼ਬਦ ਤਾਲ ਵਜਾਈਆ । ਛੱਤੀ ਰਾਗ ਨਾ ਪਾਇਣ ਸਾਰਾ, ਅਭੇਵ ਭੇਵ ਛੁਪਾਈਆ । ਮੁਨ ਰਿਖ ਨਾ ਵੇਖੇ ਕੋਈ ਦਵਾਰਾ, ਅਕਾਲ ਮੂਰਤ ਨਜ਼ਰ ਨਾ ਆਈਆ । ਆਪ ਆਪਣੇ ਸੁੱਤਾ ਪੈਰ ਪਸਾਰਾ, ਆਪ ਆਪਣਾ ਮੁਖ ਛੁਪਾਈਆ । ਹੱਕ ਹਕੀਕਤ ਕਰ ਤਿਆਰਾ, ਖਲਕ ਖੁਦਾਈ ਆਪ ਅਖਵਾਈਆ । ਨੂਰੋ ਨੂਰ ਨੂਰ ਉਜਿਆਰਾ, ਨੂਰੀ ਬਿਸਮਿਲ ਆਪ ਹੋ ਜਾਈਆ । ਸਤਿ ਸਤਿ ਸਤਿ ਕਰ ਵਰਤਾਰਾ, ਸਤਿ ਪੁਰਖ ਨਾਉਂ ਧਰਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਾਨਕ ਸ਼ਬਦ ਜਣਾਈਆ । ਗੋਬਿੰਦ ਮੰਗੇ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹੀਆ । ਅਕਾਲ ਪੁਰਖ ਅਬਿਨਾਸ਼ੀ ਕਰਤਾ ਪਾਰਬ੍ਰਹਮ ਦਾਤਾਰਾ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਲਏ ਅਵਤਾਰਾ, ਜੁਗ ਕਰਤਾ ਨਾਉਂ ਰਖਾਈਆ । ਪ੍ਰਿਥਮੀ ਆਕਾਸ਼ ਦਏ ਹੁਲਾਰਾ, ਗਗਨ ਮੰਡਲ ਆਪ ਹਿਲਾਈਆ । ਜਾਗਰਤ ਜੋਤ ਕਰ ਉਜਿਆਰਾ, ਨਿਰਗੁਣ ਵੇਸ ਵਟਾਈਆ । ਬ੍ਰਹਿਮੰਡ ਖੰਡ ਪਾਵੇ ਸਾਰਾ, ਜੇਰਜ ਅੰਡ ਫੋਲ ਫੋਲਾਈਆ । ਨਾਮ ਖੰਡਾ ਤੇਜ਼ ਕਟਾਰਾ, ਆਪ ਆਪਣੇ ਹੱਥ ਉਠਾਈਆ । ਚਾਰੋਂ ਕੁੰਟ ਕਰਾਏ ਧੂੰਆਂਧਾਰਾ, ਦਹਿ ਦਿਸ਼ਾ ਫੇਰੀ ਪਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਖ਼ਬਰਦਾਰਾ, ਸੀਸ ਤਾਜ ਨਾ ਕੋਇ ਟਿਕਾਈਆ । ਦੋ ਜਹਾਨ ਨਾ ਦਿਸੇ ਕੋਈ ਦਵਾਰਾ, ਦਰ ਦਵਾਰ ਨਾ ਕੋਈ ਜਣਾਈਆ । ਉਚ ਮਹੱਲ ਨਾ ਦਿਸੇ ਪਸਰ ਪਸਾਰਾ, ਰਾਜ ਬਣਤਰ ਨਾ ਕੋਈ ਵਖਾਈਆ । ਅੰਤਮ ਤੋੜੇ ਗੜ੍ਹ ਹੰਕਾਰਾ, ਆਪ ਆਪਣੀ ਕਲ ਵਰਤਾਈਆ । ਸਤਿ ਪੁਰਖ ਨਿਰੰਜਣ ਹੋ ਤਿਆਰਾ, ਆਪ ਆਪਣਾ ਬਲ ਵਖਾਈਆ । ਵੀਹ ਸਦ ਬਿਕ੍ਰਮੀ ਤੇਰਾ ਪਿਆਰਾ, ਭੁੱਲ ਕੋਈ ਨਾ ਜਾਈਆ । ਇਕ ਅਕੱਲਾ ਭੁੱਜਾਂ ਪਸਾਰਾ, ਚੌਥੇ ਜੁਗ ਫੇਰੀ ਪਾਈਆ । ਵੱਜਿਆ ਡੰਕ ਸ਼ਬਦ ਨਗਾਰਾ, ਰਣਜੀਤ ਆਪ ਵਜਾਈਆ । ਤ੍ਰੈਗੁਣ ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਚੌਥੇ ਯੁਗ ਇਕ ਵਜਾਏ ਆਪਣਾ ਨਦ, ਜਨ ਭਗਤਾਂ ਅੱਗੇ ਮੰਗੇ ਮੰਗ ਅੱਗੇ ਆਪਣੀ ਝੋਲੀ ਡਾਹੀਆ । ਵੀਹ ਸਦ ਪੰਜ ਲਹਿਣਾ ਦੇਣਾ ਚੁੱਕੇ ਕਾਰੂ ਗੰਜ, ਮਾਇਆ ਧਾਰ ਦਿਸ ਨਾ ਆਈਆ । ਛੇਵੇ ਛੱਪਰ ਛੰਨ ਇਕ ਚੜ੍ਹਾਏ ਆਪ ਚੰਨ, ਸਾਚੀ ਕਰ ਰੁਸ਼ਨਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਵੇਖੇ ਘਰ ਸਾਚੇ ਜਾਏ ਮੰਨ, ਨਿਰਗੁਣ ਨਿਰਗੁਣ

ਨੂਰ ਸਮਾਈਆ । ਅੱਠਾਂ ਤੱਤਾਂ ਬੇੜਾ ਦੇਵੇ ਬੰਨ, ਦਸ ਅਠ ਕਰ ਕੁੜਮਾਈਆ । ਬੀਸ ਨੌ ਕੱਢੇ ਜਨ, ਨੌ ਦਵਾਰੇ ਫੋਲ ਫੋਲਾਈਆ । ਵੀਹ ਸੌ ਦਸ ਬਿਕ੍ਰਮੀ ਧੰਨ ਧੰਨ, ਲੋਆਂ ਪੁਰੀਆਂ ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਜੈ ਜੈਕਾਰ ਕਰਾਈਆ । ਸਾਚੇ ਬਾਲੇ ਰਾਗ ਸੁਣਾਇਆ ਕੰਨ, ਧੁਨ ਅਨਾਦੀ ਇਕ ਵਜਾਈਆ । ਸਾਢੇ ਤਿੰਨ ਹੱਥ ਸੀਆਂ ਦਿਤਾ ਡੰਨ, ਰਵਦਾਸ ਚੁਮਿਆਰਾ ਲੇਖੇ ਲਾਈਆ । ਸਾਚੇ ਲੇਖੇ ਲਗਾ ਤਨ, ਕਲਜੁਗ ਮੁਲ ਚੁਕਾਈਆ । ਕਾਇਆ ਭਾਂਡਾ ਦੇਵੇ ਭੰਨ, ਦਰ ਦਵਾਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਰੁੱਤ ਸੁਹਾਈਆ । ਕਲਜੁਗ ਤੇਰਾ ਸਚ ਹੁਲਾਰਾ, ਹਰਿ ਸਾਚਾ ਆਪ ਦਵਾਇੰਦਾ । ਸ੍ਰਿਸ਼ਟ ਸਬਾਈ ਹੋਏ ਖਵਾਰਾ, ਚਾਰੋਂ ਕੁੰਟ ਭਵਾਇੰਦਾ । ਨਾ ਕੋਈ ਦਿਸੇ ਮੀਤ ਮੁਰਾਰਾ, ਸਾਕ ਸੈਣ ਨਾ ਕੋਈ ਬਚਾਇੰਦਾ । ਨਾ ਕੋਈ ਨਾਰੀ ਕੰਤ ਕਰੇ ਪਿਆਰਾ, ਨਾਰ ਭਤਾਰ ਨਾ ਕੋਈ ਮਿਲਾਇੰਦਾ । ਨਾ ਕੋਈ ਦਾਰਾ ਸੁੱਤ ਹੋਏ ਉਜਿਆਰਾ, ਨਾ ਕੋਈ ਸਗਲਾ ਸੰਗ ਨਿਭਾਇੰਦਾ । ਨਾ ਕੋਈ ਖੜਗ ਖੰਡਾ ਤੇਜ਼ ਕਟਾਰਾ, ਤੀਰ ਕਮਾਨ ਨਾ ਕੋਈ ਉਠਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ ਹਰਿ ਨਿਰੰਕਾਰਾ, ਆਪ ਆਪਣਾ ਕਰਮ ਕਮਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਏਕਾ ਨਾਅਰਾ ਲਾਇੰਦਾ । ਊਚਾਂ ਨੀਚਾਂ ਕਰ ਪਿਆਰਾ, ਆਪ ਆਪਣਾ ਦਰ ਸੁਹਾਇੰਦਾ । ਵੀਹ ਸਦ ਬਾਰਾਂ ਹੋ ਉਜਿਆਰਾ, ਹਾੜ ਸਤਾਰਾਂ ਵੇਖ ਵਖਾਇੰਦਾ । ਹਰਿ ਸੰਗਤ ਮੇਲਾ ਵਿਚ ਸੰਸਾਰਾ, ਸਾਂਤਕ ਸਤਿ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਬਣਤ ਆਪਣੀ ਜੁਗਤ ਆਪੇ ਆਪ ਜਣਾਇੰਦਾ । ਸੰਮਤ ਤੇਰਾ ਸਾਚਾ ਰਾਹ, ਨਾਨਕ ਏਕਾ ਗਾਈਆ । ਸ਼ਬਦ ਤੋਲਾ ਬਣ ਮਲਾਹ, ਹਰਿਜਨ ਵੇਖ ਵਖਾਈਆ । ਏਕਾ ਢੋਲਾ ਰਿਹਾ ਗਾ, ਲੇਖਾ ਲਿਖਤ ਵਿਚ ਨਾ ਆਈਆ । ਚੌਦਾਂ ਵਿਦਿਆ ਰਿਹਾ ਭੁਲਾ, ਚੌਦਾਂ ਹੱਟਾਂ ਖੋਜ ਖੋਜਾਈਆ । ਚੌਦਾਂ ਲੋਕ ਬੇਪਰਵਾਹ, ਚਰਨਾਂ ਹੇਠ ਦਬਾਈਆ । ਬ੍ਰਹਮਾ ਰੋਵੇ ਮਾਰੇ ਧਾ, ਅੱਠੇ ਨੇਤਰ ਨੀਰ ਵਹਾਈਆ । ਸ਼ਿਵ ਸ਼ੰਕਰ ਸੀਸ ਰਿਹਾ ਨਿਵਾ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਇੰਦ ਇੰਦਰਾਸਨ ਦਏ ਤਜਾ, ਹਰਿਜਨ ਸਾਚੇ ਵਡ ਵਡਿਆਈਆ । ਕਰੋੜ ਤੇਤੀਸਾ ਲੋਕਮਾਤ ਦਏ ਉਪਜਾ, ਸਤਿਗੁਰ ਪੂਰੇ ਹੱਥ ਵਡਿਆਈਆ । ਸੰਤ ਸੁਹੇਲੇ ਲਏ ਜਗਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਆਪਣਾ ਮੇਲਾ ਲਏ ਮਿਲਾ, ਆਪ ਆਪਣੀ ਬੂਝ ਬੁਝਾਈਆ । ਗੁਰ ਚੇਲਾ ਏਕ ਧਾਮ ਬਹਾ, ਏਕਾ ਰੰਗ ਰੰਗਾਈਆ । ਥਿਰ ਘਰ ਬੈਠਾ ਸਗਨ ਮਨਾ, ਜੋਤੀ ਖ਼ੁਸ਼ੀ ਮਨਾਈਆ । ਸ਼ਬਦ ਸੁੱਤ ਤੇਰਾ ਸਾਚਾ ਸਾਹ, ਸਾਚਾ ਦਿਵਸ ਸੁਹਾਈਆ । ਕਲਜੁਗ ਅੰਤਮ ਫੇਰਾ ਪਾ, ਵੀਹ ਸਦ ਤੇਰਾਂ ਵਡ ਵਡਿਆਈਆ । ਜਗਤ ਸੰਤਾਂ ਦਏ ਭੁਲਾ, ਮਨ ਮਤ ਕਰ ਕੁੜਮਾਈਆ । ਭਰਮ ਭੁਲੇਖਾ ਆਪੇ ਪਾ, ਆਪਣਾ ਆਪ ਛੁਪਾਈਆ । ਜਗਤ ਭਗਤੀ ਤੇਰਾ ਲਹਿਣਾ ਦਏ ਚੁਕਾ, ਅਭਿਆਸ ਜੋਗ ਪੰਧ ਦਏ ਮੁਕਾਈਆ । ਵੇਦ ਪੁਰਾਨ ਅੰਜੀਲ ਕੁਰਾਨ ਰਹੇ ਗਾ, ਹਰਿ ਕਾ ਰੂਪ ਦਿਸ ਨਾ ਆਈਆ । ਸਾਰਿੰਗ ਢੋਲਕ ਜੋ ਜਨ ਰਹੇ ਵਜਾ, ਅਨਹਦ ਰਾਗ ਨਾ ਸੁਣਨੇ ਪਾਈਆ । ਨਿਉਂ ਨਿਉਂ ਸਯਦਾ ਜੋ ਰਹੇ ਕਮਾ, ਸਾਚਾ ਸੀਸ ਨਾ ਭੇਟ ਚੜ੍ਹਾਈਆ । ਅਹਿਮਦ ਮੁਹੰਮਦ ਰਹੇ ਗਾ, ਸਚ ਮੁਹੰਮਦ ਦਿਸ ਨਾ ਆਈਆ । ਜਗਤ ਸਤਾਰਾ ਰਹੇ ਵਜਾ, ਤਨ ਸਤਾਰ ਨਾ ਕੋਈ ਵਜਾਈਆ । ਛੱਤੀ ਰਾਗਾਂ ਰਹੇ ਗਾ, ਗਾਵਣਹਾਰਾ ਦਿਸ ਨਾ ਆਈਆ । ਗੁਰ ਦਰ ਮੰਦਰ ਬੈਠੇ ਡੇਰਾ ਲਾ, ਮਨ ਕਾ ਡੇਰਾ ਕੋਈ ਨਾ ਢਾਹੀਆ । ਤਨ ਬਿਭੂਤੀ ਮਲ ਸੁਆਹ, ਬੈਠੇ ਖ਼ਾਕ ਰਲਾਈਆ ।

ਆਪਣਾ ਆਪ ਨਾ ਮਿਲਾਇਆ ਬੇਪਰਵਾਹ, ਜਗਤ ਵਿਛੋੜਾ ਨਾ ਕੋਈ ਕਟਾਈਆ । ਕਲਜੁਗ ਅੰਤਮ ਨਿਥਾਵਿਆਂ ਦੇਵਣਹਾਰਾ ਸਾਚਾ ਥਾਂ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਪਕੜੇ ਆਪੇ ਬਾਂਹ, ਦਰ ਦਰ ਘਰ ਘਰ ਅਲਖ ਜਗਾਈਆ । ਫੜ ਫੜ ਹੰਸ ਬਣਾਏ ਕਾਂ, ਅੰਮ੍ਰਿਤ ਆਤਮ ਜਾਮ ਪਿਆਈਆ । ਆਪੇ ਪਿਤਾ ਆਪੇ ਮਾਂ, ਹਰਿਜਨ ਸਾਚੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਤੇਰਾਂ ਤੇਰਾ ਰੰਗ ਤੇਰੇ ਤਨ ਚੜ੍ਹਾਈਆ । ਚੜ੍ਹਿਆ ਰੰਗ ਹਰਿ ਚਲੂਲ, ਹਰਿ ਨਾਮੇ ਆਪ ਚੜ੍ਹਾਇਆ । ਨਾਨਕ ਗੁਰ ਨਾ ਗਿਆ ਭੂਲ, ਘਰ ਸਾਚੇ ਮੰਗ ਮੰਗਾਇਆ । ਆਤਮ ਅੰਤਰ ਆਪੇ ਬੋਲ, ਆਦਿ ਨਿਰੰਜਣ ਸੇਵਾ ਲਾਇਆ । ਸ਼ਬਦ ਪੰਘੂੜਾ ਆਪੇ ਝੂਲ, ਸਚ ਸਿੰਘਾਸਣ ਇਕ ਵਿਛਾਇਆ । ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਇਆ । ਆਪੇ ਜਾਣੇ ਆਪਣਾ ਮੂਲ, ਆਦਿ ਅੰਤ ਆਪ ਹੋ ਜਾਇਆ । ਆਪੇ ਨਾਰੀ ਕੰਤ ਕੰਤੂਹਲ, ਸਚ ਸੁਹੰਜਣੀ ਸੇਜ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਸਗਨ ਮਨਾਇਆ । ਦਰ ਘਰ ਸਾਚੇ ਸਚ ਵਸੇਰਾ, ਹਰਿ ਸਾਚਾ ਆਪ ਕਰਾਇਆ । ਆਪੇ ਕਰੇ ਹੱਕ ਨਿਬੇੜਾ, ਆਦਿ ਅੰਤ ਵੇਖ ਵਖਾਇਆ । ਆਪੇ ਦੇਵਣਹਾਰਾ ਉਲਟਾ ਗੇੜਾ, ਲੱਖ ਚੁਰਾਸੀ ਆਪ ਭਵਾਇਆ । ਆਪੇ ਵੇਖੇ ਪੰਚਾਂ ਝੇੜਾ, ਆਪੇ ਪੰਚਮ ਸ਼ਬਦ ਸੁਣਾਇਆ । ਆਪੇ ਕਰਨਹਾਰਾ ਖੁਲ੍ਹਾ ਵੇਹੜਾ, ਆਪੇ ਧਰਨੀ ਧਵਲ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਮ੍ਰਿਤ ਆਤਮ ਨਾਭੀ ਕਵਲ ਦਏ ਭਰਾਇਆ । ਨਾਭ ਕਵਲ ਅੰਮ੍ਰਿਤ ਧਾਰ, ਹਰਿ ਹਰਿ ਆਪ ਲਗਾਈਆ । ਸਰ ਸਰੋਵਰ ਕਰ ਤਿਆਰ, ਮੰਦਰ ਅੰਦਰ ਆਪ ਸਮਾਈਆ । ਦੀਵਾ ਬਾਤੀ ਕਰ ਉਜਿਆਰ, ਏਕਾ ਏਕ ਕਰੇ ਰੁਸ਼ਨਾਈਆ । ਏਕਾ ਸ਼ਬਦ ਸੱਚੀ ਧੁਨਕਾਰ, ਏਕਾ ਰਿਹਾ ਸੁਣਾਈਆ । ਏਕਾ ਮੰਗਲ ਗਾਏ ਵਾਰੋ ਵਾਰ, ਏਕਾ ਮੇਲਾ ਸਹਿਜ ਸੁਭਾਈਆ । ਏਕਾ ਮੇਲ ਮਿਲਾਵਾ ਮੀਤ ਮੁਰਾਰ, ਮੀਤ ਮੁਰਾਰਾ ਵਿਛੜ ਨਾ ਜਾਈਆ । ਜੁਗ ਜੁਗ ਲਹਿਣਾ ਦੇਣਾ ਮੂਲ ਚੁਕਾਏ ਦੇਵਣਹਾਰ, ਦਾਤਾ ਦਾਨੀ ਆਪ ਹੋ ਜਾਈਆ । ਜੁਗ ਜੁਗ ਲਾਏ ਪਾਰ ਕਿਨਾਰ, ਜੁਗ ਜੁਗ ਨੀਂਹ ਰਖਾਈਆ । ਜੋਤੀ ਜਾਮਾ ਭੇਖ ਨਿਆਰ, ਆਪ ਆਪਣੀ ਕਲ ਵਰਤਾਈਆ । ਬਸਤਰ ਤਨ ਕਰ ਸ਼ੰਗਾਰ, ਪੰਜ ਤੱਤ ਹੰਢਾਈਆ । ਮਨ ਮਤ ਬੁਧ ਦਰ ਦਰ ਸੇਵਕ ਸੇਵਾਦਾਰ, ਆਪਣੀ ਆਪ ਕਾਰ ਕਰਾਈਆ । ਪੰਜ ਵਿਕਾਰਾ ਢਹਿ ਢਹਿ ਦਵਾਰ, ਨਿਉਂ ਨਿਉਂ ਸੀਸ ਝੁਕਾਈਆ । ਸੰਮਤ ਚੌਦਾਂ ਵੀਹ ਸਦ ਹੋ ਖ਼ਬਰਦਾਰ, ਆਪ ਆਪਣੀ ਖੇਲ ਖਿਲਾਈਆ । ਏਕਾ ਇਕੀ ਕਰ ਤਿਆਰ, ਏਕੰਕਾਰਾ ਵਿਚ ਸਮਾਈਆ । ਸਤਿ ਨਾਮ ਦਏ ਅਧਾਰ, ਅਕਾਲ ਮੂਰਤ ਇਕ ਦਰਸਾਈਆ । ਅਜੂਨੀ ਰਹਿਤ ਹੋਇਆ ਖ਼ਬਰਦਾਰ, ਦਿਸ ਕਿਸੇ ਨਾ ਆਈਆ । ਗੁਰਸਿਖ ਸਾਚੇ ਕਰ ਪਿਆਰ, ਘਰ ਘਰ ਲਏ ਜਗਾਈਆ । ਗਰੀਬ ਨਿਮਾਣਿਆਂ ਪਾਵੇ ਸਾਰ, ਸ਼ੂਦਰ ਬ੍ਰਹਿਮਣ ਸ਼ੱਤਰੀ ਵੈਸ਼ ਨਾ ਕੋਈ ਰਖਾਈਆ । ਕੱਖਾਂ ਕੁਲੀ ਸੁੱਤਾ ਪੈਰ ਪਸਾਰ, ਸ਼ਾਹ ਸੁਲਤਾਨਾ ਦਰ ਦੁਰਕਾਈਆ । ਰਾਜ ਰਾਜਾਨਾ ਕਰਿਆ ਖ਼ਬਰਦਾਰ, ਕਲਜੁਗ ਨੀਂਦ ਨਾ ਕੋਈ ਖੁਲ੍ਹਾਈਆ । ਅੰਤਮ ਲਹਿਣਾ ਦੇਣਾ ਚੁਕਿਆ ਵਾਰੋ ਵਾਰ, ਸੀਸ ਤਾਜ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੰਮਤੀ ਵੇਖ ਵਖਾਈਆ । ਸੰਮਤ ਸੰਮਤੀ ਹਰਿ ਹਰਿ ਫੇਰਾ, ਹਰਿ ਹਰਿ ਵੇਸ ਵਟਾਇੰਦਾ । ਆਪੇ ਵਸੇ ਨੇਰਨ ਨੇਰਾ, ਦੂਰ

ਦੁਰਾਡਾ ਆਪ ਹੋ ਜਾਇੰਦਾ । ਵੇਖਣਹਾਰਾ ਕਾਇਆ ਖੇੜਾ, ਜੀਉ ਪਿੰਡ ਇੰਡ ਬ੍ਰਹਿਮੰਡ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਜਗਤ ਨਿਰਾਲੀ ਧਾਰ ਰੱਖੀ, ਦੂਜੀ ਧਾਰ ਨਾ ਕੋਈ ਵਖਾਇੰਦਾ । ਦੋ ਜਹਾਨਾਂ ਹਰਿ ਅਭੇਦਾ, ਏਕਾ ਏਕੰਕਾਰਿਆ । ਲੇਖਾ ਲਿਖ ਲਿਖ ਥੱਕੇ ਚਾਰੇ ਵੇਦਾ, ਪਾਰ ਕਿਨਾਰਾ ਨਾ ਕੋਈ ਦਿਸਾ ਰਿਹਾ । ਜਗਤ ਬਾਣੀ ਪੜ੍ਹ ਪੜ੍ਹ ਥੱਕੇ ਕਤੇਬਾ, ਦਵਾਰ ਬੰਕ ਨਾ ਕੋਈ ਸੁਹਾ ਰਿਹਾ । ਕੋਟਨ ਕੋਟੀ ਗਾ ਗਾ ਥੱਕੇ ਰਸਨਾ ਜੇਹਵਾ, ਜੀਵ ਜਾਗਰਤ ਜੋਤ ਨਾ ਕੋਈ ਮਿਲਾ ਲਿਆ । ਆਦਿ ਜੁਗਾਦੀ ਅਗੰਮ ਅਗੋਚਰ ਬੇਪਰਵਾਹ, ਸ਼ਬਦ ਮਲਾਹ ਆਪਣਾ ਰਾਹ ਆਪ ਚਲਾ ਲਿਆ । ਗੁਰਮੁਖਾਂ ਪਕੜਨਹਾਰਾ ਬਾਂਹ, ਨਿਹਕਲੰਕ ਕੂੜੋ ਕੂੜਾ ਨਾਤਾ ਤੋੜ ਤੁੜਾ ਲਿਆ । ਸਚ ਸੁੱਚ ਕਰੇ ਸਚ ਨਿਆਂ, ਸਾਖਯਾਤ ਰੂਪ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਡੰਕ ਵਜਾ ਲਿਆ । ਸ਼ਬਦ ਡੰਕਾ ਅਪਰ ਅਪਾਰ, ਆਪਣਾ ਆਪ ਵਜਾਇੰਦਾ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਲੋਆਂ ਪੁਰੀਆਂ ਆਪ ਉਠਾਇੰਦਾ । ਸ਼ਾਹ ਸੁਲਤਾਨਾ ਦਏ ਹੁਲਾਰ, ਪੀਰ ਫਕੀਰਾ ਸ਼ਾਹ ਹਕੀਰਾ ਵੇਖ ਵਖਾਇੰਦਾ । ਸਾਧਾਂ ਸੰਤਾਂ ਨੇਤਰ ਦਏ ਉਘਾੜ, ਅੰਧ ਅੰਧੇਰ ਮਿਟਾਇੰਦਾ । ਮਨਮੁਖ ਜੀਵ ਚਬਾਏ ਆਪਣੀ ਦਾਹੜ, ਆਪਣੇ ਭਾਣੇ ਆਪ ਰਹਾਇੰਦਾ । ਏਕਾ ਥਿਤ ਵਖਾਏ ਸਤਾਰਾਂ ਹਾੜ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਗਰ ਸ਼ਹਿਰ ਉਜਾੜ ਪਹਾੜ, ਏਕਾ ਧਾਰ ਵਹਾਇੰਦਾ । ਜਨ ਭਗਤਾਂ ਹਰਿ ਸੰਤਾਂ ਗੁਰਮੁਖਾਂ ਫਿਰੇ ਪਿੱਛੇ ਅਗਾੜ, ਆਪ ਆਪਣੀ ਸੇਵਾ ਲਾਇੰਦਾ । ਸਚਖੰਡ ਦਵਾਰੇ ਸਾਚੇ ਦੇਵੇ ਵਾੜ, ਧਰਮ ਰਾਏ ਮੁਖ ਸ਼ਰਮਾਇੰਦਾ । ਲਾੜੀ ਮੌਤ ਧੀ ਮੁਟਿਆਰ, ਗੁਰਸਿਖ ਨਾ ਕੋਈ ਪਰਨਾਇੰਦਾ । ਚਿਤੁਰ ਗੁਪਤ ਲੇਖਾ ਦੇਵੇ ਪਾੜ, ਜੋ ਜਨ ਸਰਨਾਈ ਸੀਸ ਝੁਕਾਇੰਦਾ । ਦਰਗਹਿ ਸਾਚੀ ਸਾਚਾ ਲਾੜ, ਸਾਚਾ ਬੰਕ ਰਖਾਇੰਦਾ । ਸ਼ਬਦ ਘੋੜੇ ਦੇਵੇ ਚਾੜ੍ਹ, ਵਾਗਾਂ ਆਪਣੇ ਹੱਥ ਰਖਾਇੰਦਾ । ਤ੍ਰਿਲੋਕੀ ਪੈਰਾਂ ਹੇਠ ਲਤਾੜ, ਸਚ ਦਵਾਰਾ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਚੌਦਾਂ ਧਾਰ, ਚੌਦਾਂ ਲੋਕ ਕਰ ਵਿਚਾਰ, ਚੌਦਾਂ ਤਬਕਾਂ ਵੇਖ ਵਿਚਾਰ, ਚੌਦਾਂ ਅੱਲਾ ਰਾਣੀ ਅੱਲਾ ਹੂ ਹੂ ਨਾਅਰਾ ਲਾਇੰਦਾ । ਪਾਰਬ੍ਰਹਮ ਪ੍ਰਭ ਇਕ ਅਕੱਲਾ, ਪਰਵਰਦਿਗਾਰ ਨਾਉਂ ਰਖਾਇਆ । ਵਸਣਹਾਰਾ ਜਲਾਂ ਥਲਾਂ, ਪੁਰੀਆਂ ਲੋਆਂ ਡੇਰਾ ਲਾਇਆ । ਜੁਗ ਜੁਗ ਵੇਖਣਹਾਰਾ ਤੇਰਾ ਸਲਾ, ਸਾਲਸ ਸ਼ਬਦ ਇਕ ਬਣਾਇਆ । ਸਚ ਦਵਾਰਾ ਆਪੇ ਮਲਾ, ਸਚ ਸਿੰਘਾਸਣ ਇਕ ਸੁਹਾਇਆ । ਆਪਣੀ ਜੋਤੀ ਆਪੇ ਰਲਾ, ਦਿਸ ਕਿਸੇ ਨਾ ਆਇਆ । ਆਪਣੇ ਦੀਪਕ ਆਪੇ ਬਲਾ, ਆਪ ਆਪਣਾ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦਿਤਾ ਵਰ, ਗੁਰਮੁਖ ਸਾਚੇ ਲਏ ਤਰਾਇਆ । ਗੁਰਮੁਖ ਸਾਚੇ ਸਾਚੀ ਇਕੀ, ਏਕਾ ਧਾਰ ਬੰਧਾਈਆ । ਸ਼ਬਦ ਖੰਡਿਓ ਰੱਖੀ ਤਿਖੀ, ਨਾ ਕੋਈ ਮੇਟ ਮਿਟਾਈਆ । ਪਾਰਬ੍ਰਹਮ ਪ੍ਰਭ ਲੇਖਾ ਰਿਹਾ ਲਿਖੀ, ਆਦਿ ਨਿਰੰਜਣ ਵਡ ਵਡਿਆਈਆ । ਆਪਣੇ ਨੇਤਰ ਆਪੇ ਪੇਖੀ, ਆਪ ਆਪਣਾ ਨੈਣ ਖੁਲਾਈਆ । ਆਪੇ ਫਿਰੇ ਦੇਸ ਪਰਦੇਸੀ, ਦਰ ਤੇਰਾ ਨਾ ਕੋਈ ਵਖਾਈਆ । ਆਪੇ ਨਾਨਕ ਜੋਤ ਦਸ ਦਸਮੇਸੀ, ਨਿਰਗੁਣ ਨਾਉਂ ਧਰਾਈਆ । ਆਪ ਰਾਮ ਕ੍ਰਿਸ਼ਨ ਕਰੇ ਵੇਸੀ, ਵੇਸ ਅਵੱਲਾ ਆਪ ਅਖਵਾਈਆ । ਆਪੇ ਈਸਾ ਮੂਸਾ ਸੰਗ ਮੁਹੰਮਦ ਨਰ ਨਰੇਸ਼ੀ, ਆਪੇ ਆਪਣਾ ਨਾਅਰਾ ਲਾਈਆ । ਆਪੇ ਲਾਜ ਰਖਾਏ ਮੁੱਛ ਦਾੜ੍ਹੀ ਕੇਸੀ, ਮੂੰਡ ਮੁੰਡਾਏ ਆਪੇ ਲਏ ਤਰਾਈਆ । ਜੋ

੪੪
੦੮

੪੫
੦੮

ਜਨ ਨੇਤਰ ਲੋਚਣ ਨੈਣ ਦਰ ਦਵਾਰੇ ਆਏ ਰਹੇ ਵੇਖੀ, ਲੱਖ ਚੁਰਾਸੀ ਫੰਦ ਕਟਾਈਆ । ਨਰ ਨਰਾਇਣ ਵਡ ਮਰਗੇਸ਼ੀ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਈਆ । ਆਪੇ ਪੀਰ ਦਸਤਗੀਰ ਮੂਲਾਂ ਮੁਲਾਨਾ ਸ਼ੇਖੀ, ਸ਼ਾਹ ਹਕੀਰ ਆਪ ਹੋ ਜਾਈਆ । ਆਪਣੀ ਤਕਦੀਰ ਆਪੇ ਲਿਖੀ ਰੇਖੀ, ਆਪੇ ਮੇਟ ਮਿਟਾਈਆ । ਆਪਣੇ ਦਰ ਲੱਖ ਚੁਰਾਸੀ ਤੇਰੀ ਮੰਗੇ ਆਪੇ ਪੇਸ਼ੀ, ਸਚ ਅਦਾਲਤ ਇਕ ਵਖਾਈਆ । ਸੂਫੀ ਪੰਡਤ ਆਤਮ ਬ੍ਰਹਮ ਗਿਆਨੀ ਆਪੇ ਰਹੇ ਵੇਖੀ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਚੌਦਾਂ ਵਡ ਵਡਿਆਈਆ । ਚੌਦਾਂ ਲੋਕ ਚੋਦਾਂ ਹੱਟ, ਹਰਿ ਹਰਿ ਹੱਟ ਖੁਲ੍ਹਾਇਆ । ਗੁਰਸਿਖ ਵਿਰਲਾ ਲਾਹਾ ਰਿਹਾ ਖੱਟ, ਲੱਖ ਚੁਰਾਸੀ ਦਿਸ ਨਾ ਆਇਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਸਵਾਂਗ ਰਚਾਇਆ । ਵਸਣਹਾਰਾ ਘਟ ਘਟ, ਅੰਤਰਜਾਮੀ ਨਾਉਂ ਧਰਾਇਆ । ਦੀਪਕ ਜੋਤੀ ਲਟ ਲਟ, ਇਕ ਪਰਕਾਸ਼ ਕਰਾਇਆ । ਸ਼ਬਦ ਨਗਾਰੇ ਮਾਰੇ ਸੱਟ, ਅਨਹਦ ਸੇਵਾ ਲਾਇਆ । ਮਨ ਕਾ ਬੁਰਜ ਜਾਏ ਢੱਠ, ਮਤ ਬੁਧ ਰਹੀ ਸ਼ਰਮਾਇਆ । ਗੁਰਸਿਖ ਤਨ ਲਪੇਟੇ ਆਪਣੇ ਪਟ, ਸ਼ਬਦੀ ਪੜਦਾ ਪਾਇਆ । ਭਰਮ ਭੁਲੇਖਾ ਕੱਢੇ ਵੱਟ, ਦੂਈ ਦਵੈਤੀ ਰਹਿਣ ਨਾ ਪਾਇਆ । ਲਹਿਣਾ ਦੇਣਾ ਚੁੱਕੇ ਆਨ ਬਾਟ, ਮਾਤ ਗਰਭ ਫੇਰ ਨਾ ਆਇਆ । ਨੂਰੋ ਨੂਰ ਨੂਰ ਲਿਲਾਟ, ਮਸਤਕ ਲੇਖਾ ਲੇਖ ਚੁਕਾਇਆ । ਆਪ ਚੜ੍ਹਾਏ ਔਖੇ ਘਾਟ, ਜਿਸ ਜਨ ਦਰ ਦਵਾਰੇ ਦਰਸ਼ਨ ਪਾਇਆ । ਦੁਰਮਤ ਮੈਲ ਦੇਵੇ ਕਾਟ, ਨਿਰਮਲ ਅੰਮ੍ਰਿਤ ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਸੰਮਤ ਚੌਦਾਂ ਚੌਦਾਂ ਲੋਕ, ਹਰਿ ਸਾਚੇ ਰਚਨ ਰਚਾਈਆ । ਸੋਹੰ ਸ਼ਬਦ ਸਚ ਸਲੋਕ, ਏਕਾ ਆਪ ਅਲਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੰਗ ਮੁਹੰਮਦ ਚਾਰ ਯਾਰ ਨਾ ਸਕੇ ਕੋਈ ਰੋਕ, ਅਧ ਵਿਚ ਬੈਠੇ ਰਾਹ ਤਕਾਈਆ । ਗੁਰਸਿਖ ਨਾ ਮੰਗੇ ਕੋਈ ਮੋਖ, ਸਤਿਗੁਰ ਪੂਰਾ ਕਰੇ ਪੜ੍ਹਾਈਆ । ਆਵਣ ਜਾਵਣ ਚੁੱਕੇ ਦੋਖ, ਲੱਖ ਚੁਰਾਸੀ ਫੰਦ ਕਟਾਈਆ । ਸਚਖੰਡ ਦਵਾਰੇ ਪਾਰ ਕਰਾਏ ਤੀਨੋ ਲੋਕ, ਤ੍ਰੈਗੁਣ ਨੇੜ ਨਾ ਆਈਆ । ਆਪ ਸਵਾਰੇ ਲੋਕ ਪਰਲੋਕ, ਜੋ ਜਨ ਰਹੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਚਮਤਕਾਰ, ਏਕਾ ਰੂਪ ਵਟਾਇਆ । ਖੜਗ ਖੰਡਾ ਤੇਜ਼ ਕਟਾਰ, ਸ਼ਬਦੀ ਨਾਉਂ ਰਖਾਇਆ । ਤਿਖੀਆਂ ਰੱਖੇ ਦੋਵੇਂ ਧਾਰ, ਭੇਵ ਕੋਈ ਨਾ ਪਾਇਆ । ਗੁਰਮੁਖਾਂ ਕਰੇ ਮਾਤ ਪਿਆਰ, ਮਨਮੁਖਾਂ ਦਏ ਸਜਾਇਆ । ਨੂਰੋ ਨੂਰ ਕਰ ਉਜਿਆਰ, ਨੂਰੋ ਨੂਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਤ੍ਰੈ ਤ੍ਰੈ ਵੇਸ ਵਟਾਇਆ । ਤ੍ਰੈ ਤ੍ਰੈ ਵੇਸ ਹਰਿ ਕਰਤਾਰ, ਆਪਣਾ ਆਪ ਕਰਾਈਆ । ਸਤ ਸਤ ਸਤ ਹੋ ਉਜਿਆਰ, ਸਤ ਸਤ ਵੇਖ ਵਖਾਈਆ । ਨੌ ਨੌ ਖੋਲ੍ਹ ਕਿਵਾੜ, ਨੌ ਨੌ ਅਲਖ ਜਗਾਈਆ । ਬਵੰਜਾ ਬਵੰਜਾ ਤੇਰੀ ਧਾਰ, ਬਵੰਜਾ ਅੱਖਰ ਵੇਖ ਵਖਾਈਆ । ਪੈਂਤੀਸ ਅੱਖਰ ਹੋ ਉਜਿਆਰ, ਬਾਣੀ ਬੋਧ ਨਾਮ ਧਰਾਈਆ । ਸਤ ਸਤਾਰਾਂ ਪਾਰ ਕਿਨਾਰ, ਦਸ ਸਤ ਦਿਸ ਨਾ ਆਈਆ । ਗੁਰ ਪੀਰ ਨਾ ਪਾਵੇ ਕੋਈ ਸਾਰ, ਬੇਅੰਤ ਬੇਅੰਤ ਬੇਪਰਵਾਹੀਆ । ਕਲਜੁਗ ਅੰਤਮ ਪਰਗਟ ਹੋ ਵਿਚ ਸੰਸਾਰ, ਆਪਣਾ ਲੇਖਾ ਦਏ ਮਿਟਾਈਆ । ਸੰਮਤ ਵੀਹ ਸਦ ਪੰਦਰਾਂ ਖੇਲ ਕਰਤਾਰ, ਤੀਰਥ ਤੱਟਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ

ਸ਼ਾਹੋ ਭੂਪ ਸਤਿ ਸਰੂਪ ਵੇਖ ਵਖਾਈਆ । ਸਤਿ ਸਰੂਪ ਸਰਬ ਸੁੱਖ ਦਾਤਾ, ਏਕ ਰੰਗ ਕਰਤਾਰਿਆ । ਵੇਖਣਹਾਰਾ ਗੋਦਾਵਰੀ ਗੰਗਾ ਜਗਤ ਮਾਤਾ, ਅਠਸਠ ਤੀਰਥ ਪਾਵੇ ਸਾਰਿਆ । ਕਲਜੁਗ ਅੰਤਮ ਤੋੜੇ ਨਾਤਾ, ਨਾ ਕੋਈ ਮੇਲ ਮਿਲਾ ਰਿਹਾ । ਲਹਿਣਾ ਦੇਣ ਚੁਕਾਇਆ ਹੱਥੋ ਹਾਥਾ, ਆਪ ਆਪਣਾ ਚਰਨ ਛੁਹਾ ਲਿਆ । ਆਪ ਸੁਣਾਈ ਆਪਣੀ ਗਾਥਾ, ਅੰਤਰ ਮੰਤਰ ਇਕ ਵਸਾ ਲਿਆ । ਤੀਰਥ ਤਟ ਚੜ੍ਹਾਏ ਕਲਜੁਗ ਰਾਥਾ, ਪਿੱਛੋਂ ਧੱਕਾ ਏਕਾ ਲਾ ਰਿਹਾ । ਨਾ ਕੋਈ ਕਿਨਾਰਾ ਨਾ ਕੋਈ ਤਾਟਾ, ਸਰ ਸਰੋਵਰ ਨਾ ਕੋਈ ਜਣਾ ਰਿਹਾ । ਕਲਜੁਗ ਜੀਵਾਂ ਪਿਆ ਘਾਟਾ, ਪੂਰਾ ਦਾਮ ਨਾ ਕੋਈ ਵਟਾ ਰਿਹਾ । ਵੇਖਣਹਾਰਾ ਚੌਦਾਂ ਹਾਟਾ, ਲੋਕਮਾਤ ਫੇਰਾ ਪਾ ਰਿਹਾ । ਆਦਿ ਸ਼ਕਤ ਖਿਚ ਲਿਲਾਟਾ, ਜੋਤ ਜਵਾਲਾ ਸੰਗ ਰਲਾ ਲਿਆ । ਵੀਹ ਸਦ ਪੰਦਰਾਂ ਤੇਰੀ ਵਾਟਾ, ਤੇਰਾ ਪੰਧ ਮੁਕਾ ਲਿਆ । ਸਤਿਜੁਗ ਤ੍ਰੇਤਾ ਦੁਆਪਰ ਸੁਆਇਆ ਆਪਣੀ ਖਾਟਾ, ਰਾਮ ਕ੍ਰਿਸ਼ਨ ਸੇਵਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਪੰਦਰਾਂ ਵੇਖ ਵਖਾ ਰਿਹਾ । ਵੀਹ ਸੌ ਪੰਦਰਾਂ ਅੰਦਰ ਵੜ, ਹਰਿ ਸਾਚੇ ਖੇਲ ਖਿਲਾਇਆ । ਨਾ ਕੋਈ ਸੀਸ ਨਾ ਕੋਈ ਧੜ, ਜਗਤ ਨੇਤਰ ਦਿਸ ਨਾ ਆਇਆ । ਸਾਧ ਸੰਤ ਨਾ ਸਕੇ ਫੜ, ਵੇਦ ਕਤੇਬ ਭੇਵ ਨਾ ਪਾਇਆ । ਗੁਰਸਿਖ ਮੰਦਰ ਡੂੰਘੀ ਕੰਦਰ ਆਪਣੇ ਪੌੜੇ ਆਪੇ ਜਾਏ ਚੜ੍ਹ, ਆਪ ਆਪਣੀ ਦਇਆ ਕਮਾਇਆ । ਲੱਖ ਚੁਰਾਸੀ ਨਾਲ ਰਿਹਾ ਲੜ, ਖਾਲੀ ਹੱਥ ਵਖਾਇਆ । ਨਾ ਕੋਈ ਕਿਲਾ ਨਾ ਕੋਈ ਕੋਟ ਬਣਾਇਆ ਗੜ੍ਹ, ਲਸ਼ਕਰ ਫੌਜ ਨਾ ਕੋਈ ਵਖਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਉਖੇੜੇ ਲੱਗੀ ਜੜ, ਲੋਕਮਾਤ ਨਾ ਕੋਈ ਲਗਾਇਆ । ਨਾ ਕੋਈ ਰਸਨਾ ਪੀਵੇ ਹੁੱਕਾ ਨੜ, ਮਦਿਰਾ ਪਾਨ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਲੇਖ ਲਿਖਾਇਆ । ਵੀਹ ਸੌ ਪੰਦਰਾਂ ਡੂੰਘੀ ਕੰਦਰ, ਹਰਿ ਜੋਤੀ ਜੋਤ ਜਗਾਈਆ । ਆਪੇ ਵੇਖਣਹਾਰਾ ਮੰਦਰ, ਆਪ ਆਪਣੀ ਕਲ ਵਰਤਾਈਆ । ਆਪੇ ਤੋੜਨਹਾਰਾ ਜੰਦਰ, ਆਪੇ ਦਏ ਲਗਾਈਆ । ਆਪੇ ਟਿੱਲੇ ਉਚੇ ਵਸਿਆ ਗੋਰਖ ਮਛੰਦਰ, ਆਪੇ ਢੇਰੀਆਂ ਢਾਹੀਆ । ਆਪੇ ਦਰ ਦਰ ਘਰ ਘਰ ਲੱਖ ਚੁਰਾਸੀ ਨਚਾਏ ਬੰਦਰ, ਨੌ ਦਵਾਰੇ ਆਪ ਭਵਾਈਆ । ਜਨ ਭਗਤਾਂ ਆਦਿ ਜੁਗਾਦਿ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਵਡ ਵਡਿਆਈਆ । ਪਾਰ ਉਤਾਰੇ ਭਾਗਾਂ ਮੰਦ, ਜੋ ਚਲ ਆਏ ਸਰਨਾਈਆ । ਆਪ ਉਠਾਏ ਆਪਣੇ ਕੰਧ, ਭਵ ਸਾਗਰ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਪੰਦਰਾਂ ਵੇਖ ਵਖਾਈਆ । ਵੀਹ ਸਦ ਪੰਦਰਾਂ ਤੇਰੀ ਧਾਰ, ਹਰਿ ਸਾਚੇ ਸਚ ਵਰਤਾਇਆ । ਲੰਕਾ ਗੜ੍ਹ ਤੋੜ ਹੰਕਾਰ, ਕਲਜੁਗ ਵੇਖ ਪਾਰ ਕਿਨਾਰ, ਅੰਤਮ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇਆ । ਰਾਹ ਤਕਾਏ ਮੁਹੰਮਦੀ ਯਾਰ, ਆਪਣਾ ਨੈਣ ਖੁਲ੍ਹਾਇਆ । ਦਰ ਦਵਾਰ ਨਾ ਦੇਵੇ ਕੋਈ ਪਿਆਰ, ਬੈਠੇ ਮੁਖ ਭਵਾਇਆ । ਅਠਸਠ ਕਰਿਆ ਖ਼ਬਰਦਾਰ, ਹਰਿ ਸਾਚਾ ਵੇਖ ਵਖਾਇਆ । ਗੁਰਸਿਖ ਸਾਚੇ ਕਰ ਉਜਿਆਰ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਵੇਖ ਵਖਾਇਆ । ਵੀਹ ਸਦ ਪੰਦਰਾਂ ਤੇਰਾ ਰੰਗ, ਸ੍ਰਿਸ਼ਟ ਸਬਾਈ ਆਪ ਚੜ੍ਹਾਨਿਆ । ਸ਼ਾਹ ਸੁਲਤਾਨ ਫਿਰਨ ਨੰਗ, ਦਰ ਦਰ ਘਰ ਘਰ ਭੰਨਿਆ । ਚਿੱਟੇ ਅਸਵ ਕਸਿਆ ਤੰਗ, ਲੇਖਾ ਜਾਣੇ ਦੋ ਜਹਾਨਿਆ । ਨੌ ਖੰਡ ਸੱਤ ਦੀਪ ਆਪੇ ਲੰਘ, ਆਪਣਾ ਤਾਲ ਸੁਣਾਏ ਆਪਣੇ ਕੰਨਿਆ । ਆਪੇ ਹੋਏ ਬਾਲ ਭੁਯੰਗ,

੪੬
੦੮

੪੭ ੦੮

ਜੋਧਾ ਸੂਰਬੀਰ ਬਲਵਾਨ ਆਪ ਅਖਵਾਨਿਆ । ਆਪੇ ਹੋਏ ਸ਼ਾਹ ਫਰੰਗ, ਈਸਾ ਮੂਸਾ ਆਪੇ ਮੰਨਿਆ । ਆਪੇ ਵੇਖਣਹਾਰਾ ਕਲਜੁਗ ਨੰਗ, ਆਪੇ ਰੂਸਾ ਚੀਨਾ ਚਾੜ੍ਹੇ ਚਨਿਆ । ਸੰਮਤ ਪੰਦਰਾਂ ਸ਼ਬਦ ਸਿੰਘਾਸਣ ਬੈਠ ਪਲੰਘ, ਪ੍ਰਭ ਦੇਵਣਹਾਰਾ ਡੰਨਿਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰ ਮੰਦਰ ਅੰਦਰ ਨੌ ਦਵਾਰੇ ਆਪ ਲੰਘ, ਮਨ ਮਨੂਆ ਏਕਾ ਮੰਨਿਆ । ਸਦਾ ਸੁਹੇਲਾ ਵਸੇ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲੰਨਿਆ । ਵੀਹ ਸਦ ਪੰਦਰਾਂ ਪੈਂਡਾ ਰਿਹਾ ਮੁੱਕ, ਹਰਿ ਸਾਚਾ ਆਪ ਮੁਕਾਈਆ । ਸਰ ਸਰੋਵਰ ਅੰਮ੍ਰਿਤ ਰਿਹਾ ਸੁੱਕ, ਸਾਚਾ ਜਲ ਨਾ ਕੋਈ ਭਰਾਈਆ । ਜੂਠਿਆਂ ਝੂਠਿਆਂ ਸਾਧਾਂ ਸੰਤਾਂ ਮੁਖ ਪਿਆ ਥੁੱਕ, ਥੁੱਕੀਂ ਮੁਖ ਭਰਾਈਆ । ਮਨ ਮਤੀ ਸੁਫਲ ਨਾ ਹੋਈ ਮਾਤ ਕੁੱਖ, ਲੱਖ ਚੁਰਾਸੀ ਆਪ ਭਵਾਈਆ । ਹਉਮੇ ਹੰਗਤਾ ਉਲਟਾ ਰੁੱਖ, ਆਪੇ ਆਪ ਰਖਾਈਆ । ਨਾ ਓਹ ਮਾਨਸ ਨਾ ਮਨੁਖ, ਜੋ ਹਰਿ ਹਰਿ ਗਏ ਭੁਲਾਈਆ । ਕਲਜੁਗ ਅੰਤਮ ਦੇਵਣਹਾਰਾ ਦੁੱਖ, ਘਰ ਘਰ ਦਏ ਸਜਾਈਆ । ਰਾਏ ਧਰਮ ਸੁਖਣਾ ਰਿਹਾ ਸੁੱਖ, ਆਪਣੀ ਝੋਲੀ ਅੱਗੇ ਡਾਹੀਆ । ਲਾੜ੍ਹੀ ਮੌਤ ਮੁਖ ਘੁੰਘਟ ਚੁੱਕ ਵੇਖੇ ਲੁਕ ਲੁਕ, ਦੂਰ ਦੁਰਾਡੀ ਦਰਸ਼ਨ ਪਾਈਆ । ਚਿਤਰ ਗੁਪਤ ਲੈਣਾ ਦੇਣਾ ਵਖਾਏ ਝੁਕ, ਆਪ ਆਪਣਾ ਫੋਲ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਗੁਰਮੁਖਾਂ ਗੁਰਸਿਖਾਂ ਹਰਿਜਨ ਹਰਿ ਭਗਤਾਂ ਆਪਣੀ ਗੋਦੀ ਲਏ ਚੁੱਕ, ਜੁਗ ਜੁਗ ਵੱਡੀ ਵਡਿਆਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਵੀਹ ਸਦ ਪੰਦਰਾਂ ਵੇਖਣਹਾਰਾ ਉਚੇ ਮੰਦਰਾਂ, ਚਾਰੋਂ ਕੁੰਟ ਫੇਰਾ ਪਾਈਆ । ਵੀਹ ਸਦ ਪੰਦਰਾਂ ਅੰਤ ਕਰਾਇਆ, ਹਰਿ ਪੂਰੇ ਵਡ ਵਡਿਆਈਆ । ਕਲਜੁਗ ਲਹਿਣਾ ਝੋਲੀ ਪਾਇਆ, ਮੋਹ ਰਹੇ ਨਾ ਰਾਈਆ । ਸ਼ਬਦ ਪੰਘੂੜਾ ਇਕ ਲਿਆਇਆ, ਦਰ ਆਪਣੇ ਆਪ ਰਖਾਈਆ । ਹਰਿ ਸੰਗਤ ਸਾਚਾ ਮੇਲ ਮਿਲਾਇਆ, ਘਰ ਸਾਚੇ ਵੱਜੀ ਵਧਾਈਆ । ਅਬਿਨਾਸ਼ੀ ਕਰਤਾ ਖੇਲ ਖਿਲਾਇਆ, ਸਚਖੰਡ ਰੰਗ ਰੰਗਾਈਆ । ਵਿਸ਼ਨੂੰ ਵੰਸੀ ਵੇਖਣ ਆਇਆ, ਪਹਿਲੇ ਦਰ ਸੀਸ ਝੁਕਾਈਆ । ਬ੍ਰਹਮਾ ਨਿਉਂ ਨਿਉਂ ਸੀਸ ਝੁਕਾਇਆ, ਦੂਜੇ ਦਰ ਖ਼ੁਸ਼ੀ ਮਨਾਈਆ । ਸ਼ਿਵ ਸ਼ੰਕਰ ਹੱਥ ਤ੍ਰਿਸੂਲ ਸੁਟਾਇਆ, ਦਰ ਤੀਜੇ ਮਿਲਿਆ ਬੇਪਰਵਾਹੀਆ । ਸੁਰਪਤ ਰਾਜਾ ਇੰਦ ਰੋ ਰੋ ਨੀਰ ਵਹਾਇਆ, ਨੇਤਰ ਨੈਣ ਰਹੇ ਸ਼ਰਮਾਈਆ । ਚੌਥਾ ਦਰ ਆਪ ਖੁਲ੍ਹਾਇਆ, ਹਰਿ ਸਾਚੇ ਵਡ ਵਡਿਆਈਆ । ਪੰਚਮ ਵੇਖਣਹਾਰਾ ਵੇਖ ਵਖਾਇਆ, ਦਿਸ ਕਿਸੇ ਨਾ ਆਈਆ । ਕਰੋੜ ਤੇਤੀਸਾ ਗਲ ਵਿਚ ਪੱਲਾ ਪਾਇਆ, ਲੋਕਮਾਤ ਰਾਹ ਤਕਾਈਆ । ਛੇਵੇਂ ਦਰ ਖੇਲ ਖਿਲਾਇਆ, ਸ਼ਬਦੀ ਧੁਨ ਰਖਾਈਆ । ਸਤਿ ਪੁਰਖ ਨਿਰੰਜਣ ਸੱਤਵਾਂ ਦਰ ਰਿਹਾ ਸੁਹਾਇਆ, ਨਾ ਕੋਈ ਦੂਸਰ ਸੰਗ ਰਲਾਈਆ । ਅੱਠਾਂ ਤੱਤਾਂ ਮੇਲ ਮਿਲਾਇਆ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਸੰਗ ਨਿਭਾਈਆ । ਅੱਠਵੇਂ ਦਰ ਡੇਰਾ ਢਾਹਿਆ, ਗੁਰਮੁਖ ਮਿਲੇ ਵਧਾਈਆ । ਨੌ ਦਵਾਰੇ ਨਿਰਗੁਣ ਜੋਤ ਕਰ ਰੁਸ਼ਨਾਇਆ, ਅੰਧ ਅੰਧੇਰਾ ਦਏ ਮਿਟਾਈਆ । ਸੰਝ ਸਵੇਰਾ ਇਕ ਬਣਾਇਆ, ਸ਼ਬਦੀ ਸਾਚਾ ਚੰਨ ਚੜ੍ਹਾਈਆ । ਮੰਡਲ ਮੰਡਪ ਇਕ ਬਣਾਇਆ, ਗਗਨ ਗਗਨੰਤਰ ਜੁਗਤ ਰਖਾਈਆ । ਸਾਚਾ ਚੰਦਨ ਆਪ ਸੁਹਾਇਆ, ਅਕਾਲ ਮੂਰਤ ਸੇਵਾ ਲਾਈਆ । ਜੋਤੀ ਧਾਰ ਨੂਰ ਪਰਗਟਾਇਆ, ਸ਼ਬਦੀ ਡੰਕ ਸੁਣਾਈਆ । ਸ਼ਬਦ ਦੁਲਾਰਾ ਵੇਖ ਵਖਾਇਆ, ਵਡ ਦਾਤਾ ਬੇਪਰਵਾਹੀਆ । ਸਾਢੇ ਤਿੰਨ ਹੱਥ ਇਕ ਸਿੰਘਾਸਣ ਆਪ ਰਖਾਇਆ, ਕਲਜੁਗ ਸੀਆਂ ਵੰਡ ਵੰਡਾਈਆ । ਚਵਰ ਸੀਸ ਆਪ ਝੁਲਾਇਆ, ਜਗਦੀਸ ਖੇਲ ਖਿਲਾਈਆ ।

ਗੁਰ ਪੀਰ ਸਾਧ ਸੰਤ ਨਹੀਂ ਨਾਮ ਧਰਾਇਆ, ਪਾਰਬ੍ਰਹਮ ਵਡ ਵਡਿਆਈਆ । ਅਕਾਲ ਪੁਰਖ ਪ੍ਰਭ ਕਲ ਵਿਚ ਆਇਆ, ਨਿਹਕਲੰਕਾ ਨਾਉਂ ਰਖਾਈਆ । ਸੋਹੰ ਡੰਕਾ ਇਕ ਵਜਾਇਆ, ਗੁਰਮੁਖਾਂ ਵਿਚ ਸਮਾਈਆ । ਗੁਰਸਿਖ ਭਗਤ ਜਨਕਾ ਇਕ ਤਰਾਇਆ, ਕੋਟਨ ਕੋਟ ਨਾਲ ਤਰਾਈਆ । ਬਾਰ ਅਨਕਾ ਵੇਸ ਵਟਾਇਆ, ਨਿਹਕਲੰਕਾ ਨੂਰ ਰੁਸ਼ਨਾਈਆ । ਵਾਸੀ ਪੁਰੀ ਘਨਕਾ ਨਾਉਂ ਰਖਾਇਆ, ਗੁਰ ਗੋਬਿੰਦ ਸੇਵਾ ਲਾਈਆ । ਮਨ ਕਾ ਮਣਕਾ ਦਏ ਭਵਾਇਆ, ਮਨ ਮਮਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਨੌ ਦਰ, ਦਰ ਦਰਵਾਜ਼ੇ ਵੇਖ ਵਖਾਈਆ । ਨੌ ਦਰ ਛੁੱਟਾ ਨਾਤਾ, ਹਰਿਜਨ ਹਰਿ ਹਰਿ ਮੂਲ ਚਕਾਇਆ । ਦਸਵੇਂ ਘਰ ਪੁਰਖ ਬਿਧਾਤਾ, ਸ਼ਬਦ ਸਿੰਘਾਸਣ ਡੇਰਾ ਲਾਇਆ । ਨਾ ਕੋਈ ਜਾਤ ਨਾ ਕੋਈ ਪਾਤਾ, ਊਚ ਨੀਚ ਨਾ ਕੋਈ ਰਖਾਇਆ । ਨਾ ਕੋਈ ਸ਼ਰਅ ਨਾ ਹਜਾਮਤਾ, ਰੋਜ਼ਾ ਬਾਗ ਨਾ ਕੋਈ ਜਣਾਇਆ । ਵੇਖਣਹਾਰਾ ਸ੍ਰਿਸ਼ਟ ਸਬਾਈ ਕਾਇਨਾਤਾ, ਖਾਕੀ ਖਾਕ ਡੇਰਾ ਲਾਇਆ । ਹਰ ਘਟ ਅੰਦਰ ਮੰਦਰ ਬਹਿ ਬਹਿ ਮਾਰੇ ਝਾਤਾ, ਨੂਰ ਅਲਾਹੀ ਨੂਰ ਸਮਾਇਆ । ਮੇਟਣਹਾਰਾ ਅੰਧੇਰੀ ਰਾਤਾ, ਆਪ ਆਪਣਾ ਚੰਨ ਚੜ੍ਹਾਇਆ । ਇਕ ਚਲਾਏ ਸਾਚੀ ਗਾਥਾ, ਸਤਿਜੁਗ ਸਾਚਾ ਰਾਹ ਵਖਾਇਆ । ਆਪੇ ਹੋਏ ਤ੍ਰਿਲੋਕੀ ਨਾਥਾ, ਅਕਾਲ ਪੁਰਖ ਆਪਣਾ ਨਾਉਂ ਧਰਾਇਆ । ਆਪੇ ਸੰਮਤ ਪੰਦਰਾਂ ਤੇਰਾ ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਸਾਧਾਂ ਸੰਤਾਂ ਵੇਖ ਵਖਾਇਆ । ਲੇਖੇ ਲੱਗੇ ਨਾ ਕਿਸੇ ਪੂਜਾ ਪਾਠਾ, ਜਿਸ ਜਨ ਹਰਿ ਹਰਿ ਨਾ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਮਤ ਪੰਦਰਾਂ ਤੇਰਾ ਪੰਧ ਆਪੇ ਚੁਕਾਇਆ । ਸੰਮਤ ਪੰਦਰਾਂ ਪੰਧ ਮੁਕਾਵਣਾ, ਬ੍ਰਹਿਮੰਡ ਖੰਡ ਵਧਾਈ । ਨੌ ਨੌ ਸਤ ਸਤ ਫੇਰਾ ਪਾਵਣਾ, ਤ੍ਰੈ ਤ੍ਰੈ ਵੰਡ ਵੰਡਾਈ । ਜੇਰਜ ਅੰਡ ਵੇਖ ਵਖਾਵਣਾ, ਉਤਭੁਜ ਸੇਤਜ ਡੇਰਾ ਢਾਈ । ਭੇਖ ਪਖੰਡਾ ਸ੍ਰਿਸ਼ਟ ਸਬਾਈ ਆਪ ਮਿਟਾਵਣਾ, ਏਕਾ ਰੰਗ ਰੰਗਾਈ । ਆਤਮ ਬ੍ਰਹਮ ਸਰਬ ਜਨਾਵਣਾ, ਨਿਝ ਆਤਮ ਡੇਰਾ ਲਾਈ । ਅੰਮ੍ਰਿਤ ਆਤਮ ਆਪ ਪਿਆਵਣਾ, ਕਾਇਆ ਭਰੀ ਸਚ ਸੁਰਾਹੀ । ਸ਼ਬਦ ਅਨਾਦੀ ਆਪ ਸੁਣਾਵਣਾ, ਆਪੇ ਰਿਹਾ ਗਾਈ । ਹਰਿ ਸੰਗਤ ਸਾਚੀ ਸਗਨ ਮਨਾਵਣਾ, ਹਰਿ ਸਾਚਾ ਵੇਖ ਵਖਾਈ । ਆਪਣੀ ਹੱਥੀਂ ਗਾਨਾ ਆਪ ਬੰਧਾਵਣਾ, ਹਰਿ ਕੰਤ ਲਏ ਪਰਨਾਈ । ਸਾਚੀ ਸੇਜਾ ਮੇਲ ਮਿਲਾਵਣਾ, ਘਰ ਮੇਲਾ ਬੇਪਰਵਾਹੀਆ । ਤ੍ਰੇਤਾ ਤੇਰਾ ਮੂਲ ਚੁਕਾਵਣਾ, ਤੇਰੀ ਪੂਜ ਕਰਾਈ । ਦੁਆਪਰ ਸਾਚੀ ਖ਼ੁਸ਼ੀ ਮਨਾਵਣਾ, ਪ੍ਰਭ ਸਾਚਾ ਹੋਏ ਸਹਾਈ । ਸਤਿਜੁਗ ਤੇਰਾ ਰੰਗ ਰੰਗਾਵਣਾ, ਤੇਰੀ ਵੰਡ ਵੰਡਾਈ । ਕਲਜੁਗ ਕੂੜ ਕੁੜਿਆਰਾ ਗਲੋਂ ਲਾਹਵਣਾ, ਦੁਰਮਤ ਮੈਲ ਧੁਆਈ । ਵੀਹ ਸਦ ਪੰਦਰਾਂ ਤੇਰੀ ਅੰਤਮ ਧਾਰ ਹਰਿ ਹਰਿ ਸਾਚੇ ਦਿਵਸ ਸੁਹਾਵਣਾ, ਹਰਿ ਸਾਚਾ ਖੇਲ ਖਿਲਾਈ । ਛੱਬੀ ਪੋਹ ਹੋ ਉਜਿਆਰ, ਸੰਮਤ ਸੋਲਾ ਕਰ ਪਿਆਰ, ਛੈਲ ਛਬੀਲਾ ਚੜ੍ਹਨੇਹਾਰ ਘੋੜੇ ਨੀਲਾ, ਆਪ ਆਪਣਾ ਮੇਲ ਮਿਲਾਈਆ । ਤਨ ਛੁਹਾਏ ਬਸਤਰ ਪੀਲਾ, ਪੀਲੀ ਧਾਰ ਪਾਰ ਕਰਾਈਆ । ਪਹਿਲੀ ਰਾਤ ਹਰਿ ਸੰਗਤ ਆਪਣਾ ਕਰਨਾ ਹੀਲਾ, ਲੱਖ ਚੁਰਾਸੀ ਫੰਦ ਕਟਾਵਣ ਆਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਲਏ ਵਰ, ਦਰਸ਼ਨ ਦੇਵੇ ਘਰ ਘਰ, ਦੂਰ ਦੁਰਾਡਾ ਨਾ ਕੋਈ ਰਖਾਈਆ । ਸਾਚਾ ਤੰਦਨ ਬੱਧਾ ਤੰਦ, ਹਰਿ ਸਾਚਾ ਸਗਨ ਮਨਾਵਨਾ । ਖ਼ੁਸ਼ੀ ਕਰਾਏ ਬੰਦ ਬੰਦ, ਪੰਜ ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣਾ । ਨਿਰਗੁਣ ਜੋਤ ਚੜ੍ਹਾਏ ਸਾਚਾ ਚੰਦ, ਸੂਰਜ

ਚੰਨ ਮੁਖ ਸ਼ਰਮਾਵਣਾ । ਏਕਾ ਰਾਗ ਸੁਣਾਏ ਕੰਨ, ਰਾਗੀ ਨਾਦੀ ਕਿਸੇ ਨਾ ਗਾਵਣਾ । ਭਾਡਾਂ ਗੜ੍ਹ ਹੰਕਾਰੀ ਦੇਵੇ ਭੰਨ, ਦਰ ਆਇਆ ਪੂਰ ਕਰਾਏ ਭਾਵਨਾ । ਲੇਖੇ ਲੱਗੇ ਜਨਨੀ ਜਨ, ਛੱਬੀ ਪੋਹ ਜਿਸ ਜਨ ਦਰਸ਼ਨ ਪਾਵਨਾ । ਆਪੇ ਬੰਨਣਹਾਰਾ ਮਨ ਕਾ ਮਨ, ਮਨ ਮਤੀ ਮੇਟ ਮਿਟਾਵਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚਖੰਡ ਦਵਾਰੇ ਘਰ ਹਰਿ ਸਾਚੇ ਆਪ ਵਸਾਵਨਾ । ਸਾਚੇ ਹੱਥ ਬੰਨੇ ਡੋਰ, ਹਰਿ ਸਾਚੇ ਵਡ ਵਡਿਆਈਆ । ਪਾਰ ਕਰਾਏ ਅੰਧ ਘੋਰ, ਅਗਿਆਨ ਅੰਧੇਰ ਮਿਟਾਈਆ । ਮੇਟ ਮਿਟਾਏ ਪੰਜ ਚੋਰ, ਪੰਜ ਚੋਰ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁਕਾਏ ਮੋਰ ਤੋਰ, ਤੇਰਾ ਮੇਰਾ ਆਪ ਮੁਕਾਈਆ । ਹਰਿ ਬਿਨ ਅਵਰ ਨਾ ਦਿਸੇ ਕੋਈ ਹੋਰ, ਹਰਿ ਸਾਚਾ ਮਾਰਗ ਲਾਈਆ । ਚਰਨ ਕਵਲ ਪ੍ਰੀਤੀ ਲਏ ਜੋੜ, ਨਾ ਕੋਈ ਤੋੜ ਤੁੜਾਈਆ । ਪੁਰਖ ਅਬਿਨਾਸ਼ੀ ਸ਼ਬਦ ਚੜ੍ਹਾਏ ਸਾਚੇ ਘੋੜ, ਹੰ ਹੰਗਤਾ ਵਾਗ ਭਵਾਈਆ । ਵਰ ਪਾਏ ਜੇਹਾ ਮਨ ਲੋੜ, ਜੋ ਜਨ ਰਹੇ ਸਰਨਾਈਆ । ਏਥੇ ਉਥੇ ਜਾਏ ਬੌਹੜ, ਕੋਟਨ ਕੋਟ ਯੋਜਨ ਪੰਧ ਮੁਕਾਈਆ । ਗੁਰਸਿਖਾਂ ਆਤਮ ਅੰਤਰ ਲੱਗੀ ਔੜ, ਦੇਵੇ ਪਿਆਸ ਬੁਝਾਈਆ । ਪਰਗਟ ਹੋਇਆ ਪੂਤ ਸਪੂਤਾ ਬ੍ਰਹਿਮਣ ਗੌੜ, ਬਰਨ ਸ਼ੰਕਰ ਰਹੇ ਨਾ ਰਾਈਆ । ਸੱਚੀ ਦਰਗਹਿ ਲਾਏ ਆਪਣਾ ਪੌੜ, ਆਪੇ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖਣਹਾਰਾ ਮਿਠੇ ਕੌੜ, ਨਾ ਕੋਈ ਸਕੇ ਭੇਵ ਛੁਪਾਈਆ । ਗੁਰਮੁਖਾਂ ਗੁਰਸਿਖਾਂ ਆਪੇ ਰਿਹਾ ਹੋੜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਲਹਿਣਾ ਦੇਣਾ ਜਗਤ ਚੁਕਾਏ ਦਰ, ਦੋਏ ਜੋੜ ਮੂਲ ਚੁਕਾਈਆ । ਸ਼ਬਦ ਗਾਨਾ ਹਰਿ ਸਮਰਥ, ਤੰਦਨ ਜਗਤ ਬੰਧਾਇੰਦਾ । ਰੱਖਣਹਾਰਾ ਦੇ ਕਰ ਹੱਥ, ਆਪਣੇ ਮਾਰਗ ਲਾਇੰਦਾ । ਸੋਹੰ ਸ਼ਬਦ ਸਾਚੀ ਵੱਥ, ਸਾਢੇ ਦਸ ਝੋਲੀ ਪਾਇੰਦਾ । ਅਗੰਮ ਅਥਾਹ ਬੇਪਰਵਾਹ ਆਇਆ ਨੱਠ, ਆਪ ਆਪਣਾ ਪੰਧ ਮੁਕਾਇੰਦਾ । ਹਰਿ ਸੰਗਤ ਹਰਿ ਘਰ ਕਰ ਅਕੱਠ, ਸਾਚਾ ਦਰ ਸੁਹਾਇੰਦਾ । ਦੇਵਣਹਾਰਾ ਸਾਚੀ ਵੱਥ, ਪੜਦਾ ਉਹਲਾ ਆਪ ਚੁਕਾਇੰਦਾ । ਸੋਲਾਂ ਸੋਲਾਂ ਸੋਲਾਂ ਚਲਾਏ ਜਗਤ ਰਥ, ਰਥ ਰਥਵਾਹੀ ਫੇਰਾ ਪਾਇੰਦਾ । ਜਗਤ ਸਿਆਸਤ ਹੋਈ ਭੱਠ, ਬਿਨ ਹਰਿ ਕੋਈ ਨਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਨਰ ਹਰਿ ਹਰੀ ਹਰਿ ਏਕਾ ਘਰ ਸੁਹਾਇੰਦਾ ।



ਹਰਿ ਪਰਕਾਸ਼ ਸਰਬ ਘਟ ਅੰਤਰ, ਹਰਿ ਹਰਿ ਜੋਤ ਜਗਾਈਆ । ਹਰਿ ਹਰਿ ਖੇਲ ਜੁਗਾ ਜੁਗੰਤਰ, ਜੁਗ ਜੁਗ ਵੇਸ ਵਟਾਈਆ । ਹਰਿ ਹਰਿ ਵੇਖ ਮਨੂ ਮਨਵੰਤਰ, ਹਰਿ ਹਰਿ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਇਕ ਅਖਵਾਈਆ । ਨਿਰਗੁਣ ਰੂਪ ਹਰਿ ਪਸਾਰਾ, ਨਿਰਗੁਣ ਧਾਰ ਚਲਾਈਆ । ਨਿਰਗੁਣ ਸ਼ਾਹੋ ਭੂਪ ਵਡ ਸਿਕਦਾਰਾ, ਸਚ ਸੁਲਤਾਨ ਅਖਵਾਈਆ । ਨਿਰਗੁਣ ਨਾਉਂ ਏਕੰਕਾਰਾ, ਅਕਲ ਕਲਾ ਅਖਵਾਈਆ । ਨਿਰਗੁਣ ਅਗੰਮ ਅਗੰਮ ਪੁਰਖ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਈਆ । ਨਿਰਗੁਣ ਅਲੱਖ ਨਿਰੰਜਣ ਖੇਲ ਨਿਆਰਾ, ਅਲੱਖ ਨਾ ਲੱਖਿਆ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਕਰੇ ਰੁਸ਼ਨਾਈਆ ।

ਨਿਰਗੁਣ ਨੂਰ ਹਰਿ ਉਜਾਲਾ, ਅਨਭਵ ਪਰਕਾਸ਼ ਕਰਾਇਆ । ਨਿਰਗੁਣ ਧਾਰ ਸਰਬ ਪ੍ਰਿਤਪਾਲਾ, ਪ੍ਰਿਤਪਾਲਕ ਆਪ ਅਖਵਾਇਆ । ਨਿਰਗੁਣ ਵਸਿਆ ਧਾਮ ਨਿਰਾਲਾ, ਧਾਮ ਅਵੱਲੜਾ ਇਕ ਵਖਾਇਆ । ਨਿਰਮਲ ਨਿਰਗੁਣ ਜੋਤ ਜੋਤ ਇਕ ਅਕਾਲਾ, ਪੁਰਖ ਅਕਾਲ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਹਰਿ ਅਵੱਲਾ, ਆਦਿ ਜੁਗਾਦਿ ਕਰਾਇੰਦਾ । ਨਿਰਗੁਣ ਬੈਠਾ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਨਿਰਗੁਣ ਵਸਿਆ ਸਚ ਮਹੱਲਾ, ਸਚ ਸਿੰਘਾਸਣ ਲਾਇੰਦਾ । ਨਿਰਗੁਣ ਜੋਤੀ ਆਪਣੀ ਆਪੇ ਬਲਾ, ਆਪ ਆਪਣਾ ਜੌਹਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬਿਨਾਸ਼ੀ ਕਰਤਾ ਨਾਉਂ ਰਖਾਇੰਦਾ । ਅਬਿਨਾਸ਼ੀ ਕਰਤਾ ਹਰਿ ਕਰਤਾਰ, ਏਕਾ ਜੋਤ ਜਗਾਈਆ । ਆਪ ਆਪਣਾ ਕਰ ਉਜਿਆਰ, ਆਪੇ ਵੇਖ ਵਖਾਈਆ । ਆਪ ਆਪਣਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਈਆ । ਆਪੇ ਖੇਲੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਪਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਿਲਾਈਆ । ਪਵਣ ਸਵਾਸੀ ਨਾ ਲਏ ਦਮ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਆਪੇ ਜਾਣੇ ਆਪਣਾ ਕੰਮ, ਆਪਣੇ ਹੱਥ ਰੱਖੇ ਵਡਿਆਈਆ । ਆਪ ਮਿਟਾਏ ਆਪਣਾ ਤਮ, ਤ੍ਰਿਸਨਾ ਭੁੱਖ ਨਾ ਕੋਈ ਵਧਾਈਆ । ਆਪਣਾ ਬੇੜਾ ਆਪੇ ਬੰਨ, ਆਪੇ ਰਿਹਾ ਚਲਾਈਆ । ਆਪਣੀ ਜਣੀ ਆਪੇ ਜਣੇ ਆਪਣਾ ਜਨ, ਪਿਤਾ ਮਾਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਕ ਸਮਾਈਆ । ਆਪ ਆਪਣਾ ਆਪੇ ਰੰਕ, ਆਪੇ ਆਪ ਰਖਾਇੰਦਾ । ਆਪ ਸੁਹਾਏ ਆਪਣਾ ਦਵਾਰ ਬੰਕ, ਦਰ ਦਵਾਰਾ ਵੇਖ ਵਖਾਇੰਦਾ । ਆਪੇ ਖੇਲ ਖੇਲ ਬਾਰ ਅਨਕ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਨਾਉਂ ਰਖਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਪੁਰਖ ਅਬਿਨਾਸ਼ਿਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਖੇਲ ਤਮਾਸ਼ਿਆ । ਏਕਾ ਮਹੱਲ ਅਟੱਲ ਉਚ ਮੁਨਾਰਾ, ਏਕਾ ਰੱਖਣਹਾਰਾ ਵਾਸਿਆ । ਏਕਾ ਦੀਪਕ ਸਚ ਉਜਿਆਰਾ, ਏਕਾ ਏਕ ਪਰਕਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਨ, ਹਰਿ ਸਾਜਣ ਮੀਤ ਇਕ ਅਤੀਤ ਨਾਉਂ ਧਰਾਇੰਦਾ । ਇਕ ਅਤੀਤਾ ਹਰਿ ਨਿਰੰਕਾਰ, ਏਕਾ ਜੋਤ ਜਗਾਈਆ । ਮੰਦਰ ਮਸਜਿਦ ਨਾ ਕੋਈ ਦਵਾਰ, ਛੱਪਰ ਛੰਨ ਨਾ ਕੋਈ ਰਖਾਈਆ । ਸਾਧ ਸੰਤ ਨਾ ਕੋਈ ਦੁਲਾਰ, ਗੁਰ ਪੀਰ ਨਾ ਕੋਈ ਅਖਵਾਈਆ । ਸ਼ਬਦ ਧੁਨ ਨਾ ਕੋਈ ਜੈਕਾਰ, ਅਨਹਦ ਰਾਗ ਨਾ ਕੋਈ ਸੁਣਾਈਆ । ਤਾਲ ਤਲਵਾੜਾ ਨਾ ਕੋਈ ਸਤਾਰ, ਜ਼ਿਮੀ ਅਸਮਾਨ, ਦਿਸ ਨਾ ਆਈਆ । ਗਗਨ ਗਗਨੰਤਰ ਨਾ ਕੋਈ ਵਿਚਾਰ, ਨਾਮ ਮੰਤਰ ਨਾ ਕੋਈ ਸੁਣਾਈਆ । ਜੰਗਲ ਜੂਹ ਨਾ ਕੋਈ ਪਹਾੜ, ਜਲ ਧਾਰਾ ਨਾ ਕੋਈ ਵਹਾਈਆ । ਨੌਂ ਖੰਡ ਨਾ ਕੋਈ ਅਖਾੜ, ਸੱਤ ਦੀਪ ਨਾ ਰਚਨ ਰਚਾਈਆ । ਵਾ ਨਾ ਕੋਈ ਤੱਤੀ ਹਾੜ, ਰੁੱਤ ਮਾਸ ਨਾ ਵੇਖ ਵਖਾਈਆ । ਪੰਜ ਤੱਤ ਨਾ ਕੋਈ ਹੱਡ ਮਾਸ, ਰਕਤ ਬੂੰਦ ਨਾ ਕੋਈ ਉਪਾਈਆ । ਨਾ ਕੋਈ ਲਾੜੀ ਨਾ ਕੋਈ ਲਾੜ, ਨਾ ਕੋਈ ਸਗਨ ਮਨਾਈਆ । ਨਾ ਕੋਈ ਅੰਦਰ ਮੰਦਰ ਦੇਵੇ ਵਾੜ, ਨਾ ਕੋਈ ਸਾਚੀ ਸੇਜ ਹੰਢਾਈਆ । ਇਕ ਅਕੱਲਾ ਕਰ ਪਸਾਰ, ਨਿਰਗੁਣ ਬੈਠਾ ਬੇਪਰਵਾਹੀਆ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਅਲਾਹੀ ਆਪ ਅਖਵਾਈਆ । ਆਪ ਆਪਣੀ ਪਾਵੇ ਸਾਰ, ਨਾ ਕੋਈ ਕਲਮਾ ਰਿਹਾ ਅਲਾਈਆ । ਨਾ ਕੋਈ ਤਬਕ ਦਏ

ਹੁਲਾਰ, ਨਾ ਕੋਈ ਆਪਣਾ ਤੇਜ਼ ਚਲਾਈਆ । ਜਲਵਾ ਜਲਾਲ ਨਾ ਕੋਈ ਪਿਆਰ, ਹੱਕ ਹਕੂਕ ਨਾ ਕੋਈ ਰਖਾਈਆ । ਐਨਲਹੱਕ ਨਾ ਕੋਈ ਨਾਅਰ, ਮੁਕਾਮੇ ਹੱਕ ਨਾ ਕੋਈ ਪੁਜਾਈਆ । ਅਹਿਬਾਬ ਰਬਾਬ ਨਾ ਵਜਾਏ ਕੋਈ ਸਤਾਰ, ਆਬ ਹਯਾਤ ਨਾ ਕੋਈ ਪਿਆਈਆ । ਕਾਇਨਾਤ ਨਾ ਰਿਹਾ ਮਹੱਲ ਉਸਾਰ, ਨਬੀ ਰਸੂਲ ਨਾ ਕੋਈ ਵਖਾਈਆ । ਸ਼ਾਹ ਸੁਲਤਾਨ ਨਾ ਕੋਈ ਸਿਕਦਾਰ, ਨਾ ਕੋਈ ਹੁਕਮ ਚਲਾਈਆ । ਨਾ ਕੋਈ ਦਿਸੇ ਬੰਕ ਦਵਾਰ, ਦਰ ਦਰਵੇਸ਼ ਨਾ ਅਲਖ ਜਗਾਈਆ । ਨੂਰੋ ਨੂਰ ਨੂਰ ਹੋ ਉਜਿਆਰ, ਨੂਰੋ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੇ ਅੰਕ ਸਮਾਈਆ । ਨਿਰਗੁਣ ਰੰਗ ਹਰਿ ਰੰਗ ਰਾਤਾ, ਏਕਾ ਰੰਗ ਰੰਗਾਇਆ । ਵਰਨ ਬਰਨ ਨਾ ਕੋਈ ਦਰਸਾਇਆ , ਰੂਪ ਰੇਖ ਨਾ ਕੋਈ ਜਣਾਇਆ । ਨਾ ਕੋਈ ਮਾਤ ਨਾ ਕੋਈ ਬਾਲਕ ਗੋਦ ਉਠਾਇਆ ਭਾਈ ਭੈਣ ਨਾ ਕੋਈ ਨਾਤਾ, ਸਾਕ ਸੱਜਣ ਨਾ ਕੋਈ ਰਖਾਇਆ । ਨਾ ਕੋਈ ਸੁਣੇ ਸੁਣਾਏ ਗਾਥਾ, ਗਾਵਤ ਗੁਣ ਨਾ ਕੋਈ ਜਣਾਇਆ । ਨਾ ਕੋਈ ਪਵਣ ਨਾ ਕੋਈ ਰਾਥਾ, ਰਥ ਰਥਵਾਹੀ ਨਾ ਕੋਈ ਰਖਾਇਆ । ਨਾ ਕੋਈ ਮਸਤਕ ਨਾ ਕੋਈ ਮਾਥਾ, ਨਾ ਕੋਈ ਜੋਤ ਲਿਲਾਟ ਜਗਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਨਾ ਕੋਈ ਗਗਨ ਮੰਡਲ ਪ੍ਰਿਥਮੀ ਅਕਾਸ਼ਾ, ਅਪ ਤੇਜ਼ ਵਾਏ ਨਾ ਕੋਈ ਸੁਹਾਇਆ । ਮਨ ਮਤ ਬੁਧ ਨਾ ਕੋਈ ਪਰਕਾਸ਼ਾ, ਦੀਵਾ ਬੱਤੀ ਨਾ ਕੋਈ ਜਗਾਇਆ । ਨਾ ਕੋਈ ਰੋਣਾ ਨਾ ਕੋਈ ਹਾਸਾ, ਮੰਡਲ ਰਾਸ ਨਾ ਕੋਈ ਰਚਾਇਆ । ਨਾ ਕੋਈ ਵਸਿਆ ਆਸ ਪਾਸਾ, ਦੂਰ ਨੇੜ ਨਾ ਬੰਧਨ ਪਾਇਆ । ਨਾ ਕੋਈ ਥਾਲੀ ਨਾ ਕੋਈ ਕਾਸਾ, ਨਾ ਕੋਈ ਅਲਖ ਜਗਾਇਆ । ਨਾ ਕੋਈ ਮਦਿਰਾ ਨਾ ਕੋਈ ਮਾਸਾ, ਭੁਨ ਕਬਾਬ ਕੋਈ ਨਾ ਖਾਇਆ । ਨਾ ਕੋਈ ਮਹੱਲ ਅਟੱਲ ਰੱਖੇ ਵਾਸਾ, ਸੂਲਾਂ ਸੇਜ ਨਾ ਕੋਈ ਹੰਢਾਇਆ । ਇਕ ਅਕੱਲਾ ਪੁਰਖ ਅਬਿਨਾਸ਼ਾ, ਥਿਰ ਘਰ ਬੈਠਾ ਡੇਰਾ ਲਾਇਆ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਨਿਰਗੁਣ ਭੇਵ ਕਿਸੇ ਨਾ ਪਾਇਆ । ਆਪ ਆਪਣਾ ਹੋਏ ਦਾਸੀ ਦਾਸਾ, ਆਪ ਆਪਣੀ ਸੇਵ ਕਮਾਇਆ । ਆਪ ਆਪਣੀ ਕਰੇ ਪੂਰੀ ਆਸਾ, ਆਸਾ ਪੂਰਨ ਨਾਮ ਧਰਾਇਆ । ਆਪਣੇ ਘਰ ਕਰਿਆ ਵਾਸਾ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਅਕੱਲਾ ਏਕਾ ਘਰ, ਏਕਾ ਦਰ ਰਿਹਾ ਵਖਾਇਆ । ਇਕ ਅਕੱਲਾ ਹਰਿ ਨਿਰੰਕਾਰ, ਅਕਲ ਕਲਾ ਅਖਵਾਈਆ । ਜੋਤੀ ਨੂਰ ਕਰ ਉਜਿਆਰ, ਨੂਰੋ ਨੂਰ ਸਮਾਈਆ । ਸਚ ਮਹੱਲੇ ਸਚ ਪਿਆਰ, ਘਰ ਸਾਚੇ ਬੈਠਾ ਬੇਪਰਵਾਹੀਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਨਾ ਕੋਈ ਵੇਦ ਕਤੇਬ ਰਿਹਾ ਵਿਚਾਰ, ਨਾ ਕੋਈ ਰਿਹਾ ਮੁੱਖ ਖੁਲ੍ਹਾਈਆ । ਨਾ ਕੋਈ ਵਿਸ਼ਨੂੰ ਵੰਸੀ ਕਰੇ ਅਕਾਰ, ਨਾ ਕੋਈ ਦੂਸਰ ਸੇਜ ਹੰਢਾਈਆ । ਸਾਂਗੋ ਪਾਂਗ ਨਾ ਕੋਈ ਪਿਆਰ, ਆਲਸ ਨਿੰਦਰਾ ਨਾ ਕੋਈ ਵਖਾਈਆ । ਬਸਤਰ ਭੂਸ਼ਨ ਨਾ ਕੋਈ ਤਿਆਰ, ਲਾਲ ਰੰਗ ਨਾ ਕੋਈ ਚੜ੍ਹਾਈਆ । ਨਾ ਕੋਈ ਲਛਮੀ ਖ਼ਬਰਦਾਰ, ਚਰਨ ਦਵਾਰ ਨਾ ਸੋਭਾ ਪਾਈਆ । ਨਾ ਕੋਈ ਦਿਸੇ ਧੂੰਆਂਧਾਰ, ਧੁੰਧੂਕਾਰ ਰੰਗ ਸਮਾਈਆ । ਸ਼ਿਵ ਸ਼ੰਕਰ ਨਾ ਕੋਈ ਪਿਆਰ, ਜਟਾ ਜੂਟ ਨਾ ਕੋਈ ਵਖਾਈਆ । ਨਾ ਕੋਈ ਤ੍ਰਿਸੂਲ ਤਿਖੀ ਧਾਰ, ਨਾ ਕੁੰਡਲ ਰਿਹਾ ਪਾਈਆ । ਨਾ ਕੋਈ ਮੁਖੀ ਮਾਰੇ ਮਾਰ, ਮਮਤਾ ਭੁੱਖੀ ਨਾ ਕੋਈ ਤ੍ਰਿਸਾਈਆ । ਨਾ ਕੋਈ ਕੁੱਖੀ ਬਣਾਇਆ ਘਰ ਬਾਰ, ਮਾਤ ਗਰਭ ਨਾ ਕੋਈ ਵਡਿਆਈਆ । ਇਕ ਅਕੱਲਾ ਕਰ ਪਸਾਰ, ਘਰ ਬੈਠਾ ਬੇਪਰਵਾਹੀਆ ।

ਆਪ ਆਪਣਾ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਆਦਿ ਜੁਗਾਦੀ ਖੇਲ ਨਿਆਰ, ਜੁਗ ਜੁਗ ਵੱਡੀ ਵਡਿਆਈਆ । ਪੁਰਖ ਨਿਰੰਜਣ ਹੋ ਤਿਆਰ, ਆਪ ਆਪਣੀ ਰਚਨ ਰਚਾਈਆ । ਨਾ ਕੋਈ ਦੇਵਤ ਸੁਰ ਸੋਹੇ ਦਵਾਰ, ਨਾ ਕੋਈ ਮੰਗਲ ਗਾਈਆ । ਨਾ ਕੋਈ ਗਣ ਗੰਧਰਬ ਗਾਏ ਧੁਨਕਾਰ, ਮੰਗਲਾਚਾਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਬੈਠਾ ਹਰ ਘਟ ਥਾਈਂਆ । ਨਿਰਗੁਣ ਪੁਰਖ ਹਰਿ ਕਰਤਾਰਾ, ਏਕਾ ਧਾਰ ਚਲਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ । ਆਪਣਾ ਸੁਹਾਏ ਆਪ ਦਵਾਰਾ, ਦਰ ਦਰਵਾਜ਼ੇ ਸੋਭਾ ਪਾਈਆ । ਨਾ ਕੋਈ ਦਿਸੇ ਚਾਰ ਦਿਵਾਰਾ, ਛੱਪਰ ਛੰਨ ਨਾ ਕੋਈ ਰਖਾਈਆ । ਨਾ ਕੋਈ ਲਾਏ ਇੱਟਾਂ ਗਾਰਾ, ਨਾ ਕੋਈ ਬਾਢੀ ਬਣਤ ਬਣਾਈਆ । ਦੀਵਾ ਬਾਤੀ ਨਾ ਕੋਈ ਉਜਿਆਰਾ, ਘਿਰਤ ਸਮਗਰੀ ਨਾ ਕੋਈ ਰਖਾਈਆ । ਨਿਰਗੁਣ ਜੋਤੀ ਕਰ ਉਜਿਆਰਾ, ਆਪ ਆਪਣਾ ਡਗਮਗਾਈਆ । ਰਵ ਸਸ ਨਾ ਕੋਈ ਸਤਾਰਾ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਅਨਹਦ ਤਾਲ ਨਾ ਕੋਈ ਤਲਵਾੜਾ, ਬਹੱਤਰ ਨਾੜ ਨਾ ਕੋਈ ਕੁੜਮਾਈਆ । ਪੰਚ ਵਿਕਾਰ ਨਾ ਪੰਚਮ ਧਾੜਾ, ਪੰਜ ਪੰਜੀ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਆਪ ਆਪਣੀ ਖੇਲ ਖਿਲਾਈਆ । ਖੇਲੇ ਖੇਲ ਪੁਰਖ ਅਲੱਖ, ਲੇਖਾ ਲੇਖ ਨਾ ਜਾਨਿਆ । ਆਦਿ ਜੁਗਾਦਿ ਹੋ ਪਰਤੱਖ, ਖੇਲੇ ਖੇਲ ਦੋ ਜਹਾਨਿਆ । ਆਪ ਆਪਣਾ ਕਰ ਵੱਖ, ਆਪ ਆਪਣਾ ਅੰਗ ਕਟਾਨਿਆ । ਆਪ ਆਪਣਾ ਕਰੇ ਸੱਖ, ਆਪ ਆਪਣਾ ਘਰ ਭਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਨਿਰਗੁਣ ਖੇਲੇ ਖੇਲ ਮਹਾਨਿਆ । ਨਿਰਗੁਣ ਖੇਲ ਹਰਿ ਮਹਾਨ, ਆਦਿ ਪੁਰਖ ਵਡਿਆਈਆ । ਰੂਪ ਰੰਗ ਨਾ ਕੋਈ ਨਿਸ਼ਾਨ, ਨੇਤਰ ਨੈਣ ਨਾ ਕੋਈ ਵਖਾਈਆ । ਗਾਇਤਰੀ ਮੰਤਰ ਨਾ ਕੋਈ ਗਿਆਨ, ਇਸ਼ਟ ਦੇਵ ਨਾ ਕੋਈ ਮਨਾਈਆ । ਸਰ ਸਰੋਵਰ ਨਾ ਕੋਈ ਅਸਨਾਨ, ਤੀਰਥ ਤਟ ਨਾ ਕੋਈ ਨਹਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਮੰਡਲ ਰਾਸ ਨਾ ਕੋਈ ਰਚਾਈਆ । ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਲੰਕਾ ਗੜ੍ਹ ਤੁੜਾਈਆ । ਨਾ ਕੋਈ ਪਵਣ ਪਾਣੀ ਮਸਾਣ, ਅਗਨੀ ਤੱਤ ਨਾ ਕੋਈ ਜਣਾਈਆ । ਨਾ ਕੋਈ ਪੀਣ ਨਾ ਕੋਈ ਖਾਣ, ਨਾ ਕੋਈ ਤ੍ਰਿਸਨ ਹਲਕਾਈਆ । ਹੱਥ ਮੂੰਹ ਨੱਕ ਨਾ ਦਿਸੇ ਕਾਨ, ਗੁਦਾ ਲਿੰਗ ਨਾ ਕੋਈ ਜਣਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਅਕੱਲਾ ਇਕ ਬੈਠਾ ਬੇਪਰਵਾਹੀਆ । ਆਪ ਝੁਲਾਏ ਆਪਣਾ ਸਚ ਨਿਸ਼ਾਨ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਦੇਵੇ ਆਪਣਾ ਦਾਨ, ਆਪ ਆਪਣੀ ਝੋਲੀ ਅੱਗੇ ਡਾਹੀਆ । ਆਪਣਾ ਰੱਖੇ ਆਪੇ ਮਾਣ, ਮਾਣ ਨਿਮਾਣਾ ਆਪ ਹੋ ਜਾਈਆ । ਆਪੇ ਜਾਣੇ ਜਣਾਏ ਧੁਰ ਫ਼ਰਮਾਣ, ਧੁਰ ਦਾਤਾ ਬੇਪਰਵਾਹੀਆ । ਆਪੇ ਸੁੱਤਾ ਸੁੰਞ ਮਸਾਣ, ਆਪ ਆਪਣਾ ਜਲਵਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਹਰਿ ਮੀਤਾ, ਹਰਿ ਹਰਿ ਆਪ ਅਖਵਾਇੰਦਾ । ਹਰੀ ਹਰਿ ਠਾਂਡਾ ਸੀਤਾ, ਏਕ ਸਤਿ ਰਖਾਇੰਦਾ । ਆਪੇ ਜਾਣੇ ਆਪਣਾ ਕੀਤਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਨਾ ਕੋਈ ਹਸਤ ਨਾ ਕੋਈ ਕੀਟਾ, ਊਚ ਨੀਚ ਨਾ ਕੋਈ ਜਣਾਇੰਦਾ । ਨਾ ਕੋਈ ਮਿਠਾ ਨਾ ਕੋਈ ਕੌੜਾ ਰੀਠਾ, ਅੰਮ੍ਰਿਤ ਫਲ ਨਾ ਕੋਈ ਚਖਾਇੰਦਾ । ਨਾ ਕੋਈ ਤ੍ਰੈਗੁਣ ਮਾਇਆ ਪੀਸਣ ਪੀਸਾ, ਜੂਠ ਝੂਠ ਨਾ ਸੰਗ ਰਲਾਇੰਦਾ । ਇਕ ਅਕੱਲਾ ਬੈਠਾ ਹਰਿ ਅਨਡੀਠਾ, ਦਿਸ ਕਿਸੇ ਨਾ ਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਇੰਦਾ । ਆਪਣੀ ਬਣਤ ਆਪ ਬਣਾ, ਆਪਣੀ ਕਲ ਹਰਿ ਧਾਰਿਆ । ਆਪਣੀ ਸੇਜ ਆਪ ਹੰਢਾ, ਆਪ ਆਪਣਾ ਮੇਲ ਮਿਲਾਇਆ । ਆਪਣੀ ਨਾਰੀ ਆਪ ਅਖਵਾ, ਆਪ ਆਪਣਾ ਕੰਤ ਮਨਾ ਰਿਹਾ । ਆਪ ਆਪਣੇ ਵਿਚ ਆਪ ਟਿੱਕਾ, ਆਪ ਆਪਣਾ ਵੇਖ ਵਖਾ ਰਿਹਾ । ਬ੍ਰਹਿਮੰਡ ਖੰਡ ਰਚਨ ਰਚਾ, ਲੋਆਂ ਪੁਰੀਆਂ ਵੇਖ ਵਖਾ ਰਿਹਾ । ਬ੍ਰਹਮਾ ਵੇਤਾ ਲਏ ਉਪਾ, ਕਵਲ ਨਾਭੀ ਫੁੱਲ ਖਿਲਾ ਲਿਆ । ਅੰਮ੍ਰਿਤ ਜਾਮ ਲਏ ਪਿਲਾ, ਨਿਝਰ ਧਾਰ ਮੁਖ ਚੁਆ ਲਿਆ । ਸ਼ਬਦ ਜਣਾਈ ਦਏ ਜਣਾ, ਦੂਈ ਦਵੈਤੀ ਪੜਦਾ ਲਾਹ ਲਿਆ । ਏਕਾ ਬ੍ਰਹਮ ਦਏ ਵਖਾ, ਪਾਰਬ੍ਰਹਮ ਅੰਗ ਕਟਾ ਲਿਆ । ਨਿਰਗੁਣ ਸਰਗੁਣ ਜੋਤ ਜਗਾ, ਜਾਗਰਤ ਦਿਸ਼ਾ ਬਣਾ ਰਿਹਾ । ਆਪ ਆਪਣਾ ਭੇਵ ਖੁਲ੍ਹਾ, ਆਪਣਾ ਮਾਰਗ ਆਪੇ ਲਾ ਰਿਹਾ । ਲੱਖ ਚੁਰਾਸੀ ਬਣਤ ਬਣਾ, ਪੰਜ ਤੱਤ ਡੇਰਾ ਢਾਹ ਰਿਹਾ । ਆਪਣੀ ਕਥਾ ਆਪੇ ਸੁਣਾ, ਆਪੇ ਮੁਖ ਸਲਾ ਲਿਆ । ਆਪਣੇ ਰਥ ਆਪ ਚੜ੍ਹਾ, ਦਹਿ ਦਿਸ਼ਾ ਆਪ ਫਿਰਾ ਲਿਆ । ਸਾਚਾ ਸੰਗ ਆਪ ਨਿਭਾ, ਸਾਚੇ ਰਾਹੇ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਰਚਨ ਰਚਾਈ ਹਰਿ ਕਰਤਾਰ, ਲੱਖ ਚੁਰਾਸੀ ਬਣਤ ਬਣਾਈਆ । ਆਪ ਉਪਾਏ ਆਪ ਖਪਾਏ ਆਪ ਆਪਣੀ ਬੰਨੇ ਧਾਰ, ਆਪੇ ਦੇਵੇ ਰਿਜ਼ਕ ਸਬਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਰਗੁਣ ਤੇਰਾ ਸਚ ਪਿਆਰ, ਸਾਚੀ ਕਲ ਵਰਤਾਈਆ । ਵੰਡੇ ਵੰਡ ਅਪਰ ਅਪਾਰ, ਵੰਡਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਈਆ । ਵੰਡੀ ਵੰਡ ਪੁਰਖ ਅਕਾਲ, ਜਿਨ ਇਹ ਖੇਲ ਖਿਲਾਇਆ । ਜੁਗ ਜੁਗ ਚਲੀ ਅਵੱਲੜੀ ਚਾਲ, ਭੇਵ ਕਿਸੇ ਨਾ ਪਾਇਆ । ਸ਼ਬਦ ਸੁੱਤ ਕਰ ਦਲਾਲ, ਲੋਕਮਾਤ ਵੇਖ ਵਖਾਇਆ । ਨਾਲ ਰਖਾਇਆ ਕਾਲ ਮਹਾਂਕਾਲ, ਕਾਲ ਨਗਾਰਾ ਇਕ ਵਜਾਇਆ । ਆਪੇ ਹੋਇਆ ਦੀਨ ਦਿਆਲ, ਦਇਆ ਨਿਧ ਨਾਮ ਧਰਾਇਆ । ਸੰਤ ਸੁਹੇਲੇ ਲਏ ਭਾਲ, ਆਪ ਆਪਣਾ ਨਾਮ ਜਪਾਇਆ । ਆਪਣੀ ਗੋਦ ਉਠਾਏ ਬਾਲ, ਬਾਲ ਨਿਧਾਨਾ ਗਲੇ ਲਗਾਇਆ । ਵੇਖੇ ਪਰਖੇ ਅਨਮੁਲੜੇ ਲਾਲ, ਕਰਤਾ ਕੀਮਤ ਆਪ ਗਣਾਇਆ । ਤੋੜਣਹਾਰਾ ਜਗਤ ਜੰਜਾਲ, ਜੁਗ ਆਪਣਾ ਵੇਸ ਵਟਾਇਆ । ਭਾਗ ਲਗਾਏ ਮਾਟੀ ਖਾਲ, ਆਪ ਆਪਣੀ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨਹਾਰ ਹਰਿ ਸਮਰਥ, ਜੁਗ ਜੁਗ ਮਹਿਮਾ ਅਕਥਨਾ ਅਕੱਥ, ਰਸਨਾ ਕਥ ਨਾ ਸਕੇ ਰਾਇਆ । ਹਰਿ ਕਾ ਭੇਵ ਸਦਾ ਅਕੱਥ, ਭੇਵ ਕੋਈ ਨਾ ਪਾਨਿਆ । ਦਾਤਾ ਦਾਨੀ ਹਰਿ ਸਮਰਥ, ਖੇਲੇ ਖੇਲ ਦੋ ਜਹਾਨਿਆ । ਆਦਿ ਜੁਗਾਦਿ ਚਲਾਏ ਰਥ, ਰਥ ਰਥਵਾਹੀ ਸ੍ਰੀ ਭਗਵਾਨਿਆ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਭਵਾਨਿਆ । ਹਰਿ ਭਗਤਨ ਮੇਲਾ ਦਰ ਘਰ ਸਾਚੇ ਕਰ ਅਕੱਠ, ਦੇਵੇ ਨਾਮ ਸੱਚਾ ਧਨ ਮਾਲਿਆ । ਆਪੇ ਦੇਵੇ ਧੀਰਜ ਹਠ, ਸਤਿ ਸੰਤੋਖ ਬ੍ਰਹਮ ਗਿਆਨਿਆ । ਦਰਸ ਦਿਖਾਏ ਨੱਠ ਨੱਠ, ਭੇਖਾਧਾਰੀ ਭੇਖ ਵਟਾਨਿਆ । ਨਾ ਕੋਈ ਗੁਰ ਦਰ ਮੰਦਰ ਮਸਜਿਦ ਮੱਠ, ਸ਼ਿਵਦਵਾਲਾ ਨਾ ਕੋਈ ਉਪਾਨਿਆ । ਨਾ ਕੋਈ ਤੀਰਥ ਅਠ ਸਠ, ਸਰ ਸਰੋਵਰ ਨਾ ਕੋਈ ਬਣਾਨਿਆ । ਵਸਣਹਾਰਾ ਘਟ ਘਟ, ਸ਼ਾਹੋ ਭੂਪ ਪੁਰਖ ਸੁਲਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖਣਹਾਰਾ ਘਰ, ਘਰ ਸਾਚਾ ਖੇਲ ਖਿਲਾਨਿਆ । ਜੁਗ ਕਰਤਾ ਹਰਿ ਨਿਰੰਕਾਰ, ਨਿਰਗੁਣ ਨਾਉਂ ਧਰਾਇਆ ।

੫੩
੦੮

ਸਤਿਜੁਗ ਸਾਚੇ ਕਰ ਪਿਆਰ, ਆਪ ਆਪਣਾ ਵੇਸ ਵਟਾਇਆ । ਇਕ ਅਕੱਲਾ ਖੇਲ ਅਪਾਰ, ਦੂਈ ਕੁਦਰਤ ਮੇਲ ਮਿਲਾਇਆ । ਤੀਜੇ ਨੇਤਰ ਹੋ ਉਜਿਆਰ, ਆਪਣੀ ਬੂਝ ਬੁਝਾਇਆ । ਚੌਥੇ ਪਦ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਦਰ ਸੁਹਾਇਆ । ਛੇਵੇਂ ਛੱਪਰ ਛੰਨ ਨਾ ਕੋਈ ਸਹਾਰ, ਘਰ ਸ਼ਬਦੀ ਜੋਤ ਜਗਾਇਆ । ਸੱਤਵੇਂ ਸਤਿ ਸਤਿ ਕਰ ਪਸਾਰ, ਸਤਿ ਸਤਿ ਸਮਾਇਆ । ਅਠ ਤੱਤ ਨਾਤਾ ਤੁੱਟਾ ਯਾਰ, ਦਰ ਸਾਚਾ ਇਕ ਸੁਹਾਇਆ । ਨੌ ਦਰ ਕੀਤੇ ਬੰਦ ਕਿਵਾੜ, ਆਪ ਆਪਣੀ ਦਇਆ ਕਮਾਇਆ । ਦਸਮ ਦਵਾਰੀ ਦੇਵੇ ਵਾੜ, ਪਹਿਲੇ ਪੌੜੇ ਆਪ ਚੜ੍ਹਾਇਆ । ਦਰਸ ਦਿਖਾਏ ਆਪ ਕਰਤਾਰ, ਨਿਰਗੁਣ ਨੂਰ ਕਰ ਰੁਸ਼ਨਾਇਆ । ਸੰਤ ਸੁਹੇਲੇ ਇਕ ਪਿਆਰ, ਆਪਣੀ ਗੋਦ ਬਿਠਾਇਆ । ਦਸਮ ਦਵਾਰੀ ਹੋਵੇ ਬਾਹਰ, ਸੁਨ ਅਗੰਮੀ ਡੇਰਾ ਲਾਇਆ । ਸੁਨ ਅਗੰਮੀ ਤੇਰੀ ਧਾਰ, ਸਾਚੇ ਸੰਤਾਂ ਸੰਗ ਨਿਭਾਇਆ । ਸਤਿਗੁਰ ਰੂਪ ਆਪ ਕਰਤਾਰ, ਸਾਚੇ ਰਾਹੇ ਲਏ ਪਾਇਆ । ਸੋ ਪੁਰਖ ਨਿਰੰਜਣ ਕਰ ਵਿਚਾਰ, ਹੰ ਬ੍ਰਹਮ ਇਕ ਰਘੁਰਾਇਆ । ਸਚਖੰਡ ਦਵਾਰਾ ਸੁਹਾਏ ਆਪ ਕਰਤਾਰ, ਬੈਠਾ ਆਸਣ ਲਾਇਆ । ਅਲਖ ਅਗੋਚਰ ਭੇਵ ਨਿਆਰ, ਲੇਖਾ ਲਿਖਤ ਵਿਚ ਨਾ ਆਇਆ । ਅਗੰਮ ਅਗੰਮੜਾ ਕਰੇ ਆਪਣੀ ਕਾਰ, ਸਤਿ ਪੁਰਖ ਨਿਰੰਜਣ ਮੇਲ ਮਿਲਾਇਆ । ਸਤਿਜੁਗ ਤੇਰਾ ਸਚ ਪਿਆਰ, ਹਰਿ ਸਾਚਾ ਪੂਰ ਕਰਾਇਆ । ਤ੍ਰੇਤਾ ਤੇਰਾ ਨਾਮ ਜੈਕਾਰ, ਰਾਰਾ ਰਾਮ ਧਿਆਇਆ । ਏਕਾ ਦੂਜਾ ਭੌ ਨਿਵਾਰ, ਦਰ ਤੀਜਾ ਵੇਖ ਵਖਾਇਆ । ਚੌਥੇ ਸੋਹੇ ਬੰਕ ਦਵਾਰ, ਘਰ ਘਰ ਮੰਗਲ ਗਾਇਆ । ਧੁਨ ਅਨਾਦੀ ਅਪਰ ਅਪਾਰ, ਸ਼ਬਦ ਬ੍ਰਹਿਮਾਦੀ ਆਪ ਵਜਾਇਆ । ਆਦਿ ਜੁਗਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਮਾਇਆ । ਤ੍ਰੀਆ ਤ੍ਰੇਤਾ ਉਤਰਿਆ ਪਾਰ, ਤ੍ਰੈਗੁਣ ਮੂਲ ਚੁਕਾਇਆ । ਦੁਆਪਰ ਸਾਜਣ ਵੇਖ ਵਿਚਾਰ, ਸਾਚਾ ਬੰਕ ਸੁਹਾਇਆ । ਵੇਦ ਵਿਆਸਾ ਨਿਰਾਕਾਰ, ਏਕਾ ਇਸ਼ਟ ਮਨਾਇਆ । ਨਾਰਦ ਮੁਨ ਪਾਵੇ ਸਾਰ, ਬ੍ਰਹਮਾ ਸਲੋਕ ਜਣਾਇਆ । ਬਾਰਾਂ ਅੱਖਰ ਏਕਾ ਧਾਰ, ਸਗਲਾ ਸੰਗ ਨਿਭਾਇਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਗੀਤਾ ਗਿਆਨ ਦ੍ਰਿੜ੍ਹਾਇਆ । ਗਰੀਬ ਨਿਮਾਣੇ ਪਾਵੇ ਸਾਰ, ਰਾਜ ਰਾਜਾਨਾ ਮੇਟ ਮਿਟਾਇਆ । ਸ਼ਬਦ ਨਿਸ਼ਾਨਾ ਤੀਰ ਨਿਆਰ, ਤੀਰ ਨਿਸ਼ਾਨਾ ਇਕ ਚਲਾਇਆ । ਰਥ ਰਥਵਾਹੀ ਵਿਚ ਸੰਸਾਰ, ਸਗਲਾ ਰਥ ਚਲਾਇਆ । ਸ੍ਰਿਸ਼ਟ ਸਬਾਈ ਵੇਖ ਕਰੇ ਖੁਵਾਰ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਸਚ ਮਹੱਲਾ ਘਰ ਸਾਚਾ ਇਕ ਵਸਾਇਆ । ਸਚ ਮਹੱਲਾ ਹਰਿ ਹਰਿ ਖੇਲ, ਹਰਿ ਹਰਿ ਬਣਤ ਬਣਾਈਆ । ਆਦਿ ਨਿਰੰਜਣ ਚਾੜ੍ਹੇ ਤੇਲ, ਜੋਤ ਨਿਰੰਜਣ ਖੁਸ਼ੀ ਮਨਾਈਆ । ਪੁਰਖ ਅਗੰਮਾ ਸੱਜਣ ਸੁਹੇਲ, ਘਰ ਬੈਠਾ ਬੇਪਰਵਾਹੀਆ । ਆਪੇ ਗੁਰੂ ਗੁਰੂ ਗੁਰ ਚੇਲ, ਗੁਰੂ ਰੂਪ ਸਮਾਈਆ । ਆਪੇ ਵਸਿਆ ਰੰਗ ਨਵੇਲ, ਧਾਮ ਅਵੱਲੜਾ ਇਕ ਵਖਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਆਪਣਾ ਦਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਆਪਣਾ ਨਾਮ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਕਰਨੀ ਆਪੇ ਕਰ, ਆਪੇ ਵੇਖ ਵਖਾਈਆ । ਆਪ ਸੁਹਾਏ ਸਾਚਾ ਦਰ, ਜਿਸ ਦਰ ਡੇਰਾ ਲਾਈਆ । ਨਿਰਗੁਣ ਜੋਤੀ ਵੇਸ ਕਰ, ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖਣਹਾਰਾ ਘਰ, ਘਰ ਸੁਹੰਜਣਾ ਇਕ ਸੁਹਾਈਆ । ਘਰ ਸੁਹੰਜਣਾ ਪੁਰਖ ਅਕਾਲ, ਆਪਣਾ

ਆਪ ਉਪਾਇਆ । ਆਪਣੀ ਖੇਲ ਆਪੇ ਜਾਣ, ਵੇਦ ਕਤੇਬ ਕਿਸੇ ਭੇਵ ਨਾ ਪਾਇਆ । ਲੱਖ ਚੁਰਾਸੀ ਬਣ ਦਲਾਲ, ਆਪ ਆਪਣਾ ਮਤਾ ਪਕਾਇਆ । ਆਪੇ ਜਾਣੇ ਜਲਵਾ ਜਲਾਲ, ਨੂਰੋ ਨੂਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇਆ । ਈਸਾ ਮੂਸਾ ਵੰਡੀ ਵੰਡ, ਵੰਡਣਹਾਰ ਕਰਤਾਰਾ । ਖੇਲੇ ਖੇਲ ਵਿਚ ਬ੍ਰਹਿਮੰਡ, ਜੇਰਜ ਅੰਡ ਕਰ ਪਸਾਰਾ । ਆਪੇ ਜਾਣੇ ਭੇਖ ਪਖੰਡ, ਆਪੇ ਤੋੜ । ਆਪੇ ਨਾਰ ਦੁਹਾਗਣ ਰੰਡ, ਆਪੇ ਮੇਲਾ ਕੰਤ ਭਤਾਰਾ । ਆਪੇ ਸੁੱਤਾ ਦੇ ਕਰ ਕੰਡ, ਆਪੇ ਗੁਪਤ ਆਪੇ ਜਾਹਰਾ । ਆਪੇ ਹੋਏ ਤੇਜ਼ ਚੰਡ ਪਰਚੰਡ, ਆਪੇ ਨਾਮ ਖੰਡਾ ਦੋ ਧਾਰਾ । ਆਪੇ ਵੱਢਣਹਾਰਾ ਕੰਡ, ਆਪੇ ਦੇਵੇ ਸ਼ਬਦ ਹੁਲਾਰਾ । ਆਪੇ ਪਾਵਣਹਾਰਾ ਠੰਡ, ਆਪੇ ਅਗਨੀ ਲਾਏ ਅੰਗਿਆਰਾ । ਆਪੇ ਵਸਣਹਾਰਾ ਜੇਰਜ ਅੰਡ, ਆਪੇ ਉਤਭੁਜ ਸੇਤਜ ਕਰੇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਆਪ ਨਿਭਾਏ ਸਾਚਾ ਸੰਗ, ਮੁਹੰਮਦ ਚਾਰ ਯਾਰਾ । ਚਾਰ ਯਾਰੀ ਕਰ ਤਿਆਰ, ਹਰਿ ਹਰਿ ਮਤਾ ਪਕਾਇਆ । ਆਪ ਆਪਣਾ ਕਰ ਉਜਿਆਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਘਾੜਨ ਘੜ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅਲਫੀ ਆਪ ਰੰਗਾਇਆ । ਆਪਣੀ ਅਲਫੀ ਆਪੇ ਰੰਗ, ਆਪਣੇ ਤਨ ਸਜਾਈਆ । ਆਪ ਆਪਣਾ ਸ਼ਾਹ ਮਲੰਘ, ਦਰ ਦਰ ਘਰ ਘਰ ਫੇਰੀ ਪਾਈਆ । ਆਪਣੀ ਮੰਗੀ ਆਪੇ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਕਰੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਨਾਉਂ ਧਰਾਈਆ । ਆਪੇ ਜੂਠ ਝੂਠ ਮਿਟਾਏ ਭੇਖ ਪਖੰਡ, ਆਪੇ ਸਗਲਾ ਸੰਗ ਰਖਾਈਆ । ਆਪੇ ਕਰਨਹਾਰਾ ਖੰਡ ਖੰਡ, ਹਰਿ ਬੈਠਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਨੂਰੋ ਨੂਰ ਹਰਿ ਕਰਤਾਰ, ਏਕਾ ਏਕ ਅਖਵਾਇਆ । ਪੰਜ ਤੱਤ ਕਰ ਪਿਆਰ, ਨਿਰਗੁਣ ਖੇਲ ਖਿਲਾਇਆ । ਨਾਨਕ ਮੀਤ ਹਰਿ ਗਿਰਧਾਰ, ਘਰ ਸਾਚਾ ਵੇਖ ਵਖਾਇਆ । ਆਪ ਸੁਹਾਏ ਥਿਰ ਘਰ ਦਵਾਰ, ਉਚ ਮੁਨਾਰ ਆਪ ਸੁਹਾਇਆ । ਆਸਣ ਲਾਇਆ ਗੁਰ ਗੋਬਿੰਦ ਮੀਤ ਮੁਰਾਰ, ਆਪੇ ਵੇਖ ਵਖਾਇਆ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇਆ । ਵੇਦ ਪੁਰਾਨ ਸ਼ਾਸਤਰ ਸਿਮਰਤ ਨਾ ਪਾਇਣ ਸਾਰ, ਅੰਜੀਲ ਕੁਰਾਨ ਨਾ ਲੇਖ ਲਿਖਾਇਆ । ਸ਼ਬਦ ਸ਼ਬਦੀ ਸ਼ਬਦ ਜੈਕਾਰ, ਏਕਾ ਨਾਅਰਾ ਲਾਇਆ । ਏਕਾ ਪੁਰਖ ਅਕਾਲ ਕਰ ਪਿਆਰ, ਏਕਾ ਇਸ਼ਟ ਵਖਾਇਆ । ਏਕਾ ਏਕ ਬਣ ਲਿਖਾਰ, ਏਕਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਵੇਸ ਹਰਿ ਕਰਨੇਹਾਰਾ, ਆਦਿ ਪੁਰਖ ਅਖਵਾਇੰਦਾ । ਖੇਲੇ ਖੇਲ ਵਿਚ ਸੰਸਾਰਾ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਨੂਰ ਹੋ ਉਜਿਆਰਾ, ਨੂਰੋ ਨੂਰ ਸਮਾਇੰਦਾ । ਆਪ ਆਪਣੀ ਬੰਨ੍ਹੇ ਧਾਰਾ, ਆਪ ਆਪਣੀ ਰਚਨ ਰਚਾਇੰਦਾ । ਪੰਜ ਤੱਤ ਕਰ ਪਿਆਰਾ, ਰਕਤ ਬੂੰਦ ਸਮਾਇੰਦਾ । ਆਪੇ ਅੰਦਰ ਆਪੇ ਬਾਹਰਾ, ਦਸ ਦਸ ਮਾਸ ਲੇਖ ਲਿਖਾਇੰਦਾ । ਪਿਤਾ ਪੂਤ ਕਰ ਪਿਆਰਾ, ਮਾਤਾ ਗੋਦ ਸੁਹਾਇੰਦਾ । ਆਪੇ ਹੋਏ ਸੁੱਤ ਦੁਲਾਰਾ, ਜੀਅ ਜਗਤ ਆਪ ਅਖਵਾਇੰਦਾ । ਏਕਾ ਏਕ ਵਿਚਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਤਮ ਬ੍ਰਹਮ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਆਪਣਾ ਆਪ ਪਰਗਟਾਇੰਦਾ । ਸ਼ਬਦ ਸ਼ਬਦੀ ਸ਼ਬਦ ਕਟਾਰਾ, ਸਾਚੇ ਦਰ ਵਖਾਇੰਦਾ । ਅੰਮ੍ਰਿਤ ਜਲ ਠੰਡਾ ਠਾਰਾ, ਏਕਾ ਮੁੱਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੫
੦ਟ

ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਗਤ ਹਰਿ ਹਰਿ ਵੇਸ ਵਟਾ, ਆਪਣੀ ਬਣਤ ਬਣਾਇੰਦਾ । ਆਪ ਆਪਣੀ ਰਚਨ ਰਚਾ, ਆਪ ਆਪਣਾ ਨਾਉਂ ਧਰਾਇੰਦਾ । ਆਪ ਆਪਣਾ ਲੇਖਾ ਆਪ ਲਿਖਾ, ਆਪੇ ਗਣਤ ਗਣਾਇੰਦਾ । ਆਪਣੀ ਮੇਖ ਆਪ ਲਗਾ, ਆਪੇ ਵੇਖ ਵਖਾਇੰਦਾ । ਦੋ ਜਹਾਨਾਂ ਫੇਰੀ ਪਾ, ਨੌ ਖੰਡ ਆਪ ਜਗਾਇੰਦਾ । ਸੱਤਾਂ ਦੀਪਾਂ ਆਪ ਜਗਾ, ਏਕਾ ਨਾਅਰਾ ਲਾਇੰਦਾ । ਪੁਰੀਆਂ ਲੋਆਂ ਦਏ ਹਿਲਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੋਇਆ ਕੋਈ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਬੇਪਰਵਾਹ, ਏਕਾ ਧੱਕਾ ਲਾਇੰਦਾ । ਹਰਿਜਨ ਸਾਚੇ ਮੇਲ ਮਿਲਾ, ਆਪਣੀ ਬੂਝ ਬੁਝਾਇੰਦਾ । ਕਵਲ ਨੈਣ ਦਰਸ ਦਿਖਾ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਸਾਚਾ ਸਈਆ ਰੂਪ ਵਟਾ, ਨਾਮ ਨੱਯਾ ਆਪ ਚੜ੍ਹਾਇੰਦਾ । ਭੈਣਾ ਭਈਆ ਨਾਤਾ ਦਏ ਤੁੜਾ, ਏਕਾ ਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੁਖ ਵਖਾਇੰਦਾ । ਵਰਤੇ ਕਲ ਹਰਿ ਕਰਤਾਰ, ਕਰਤਾ ਪੁਰਖ ਵਡ ਵਡਿਆਈਆ । ਸਗਲ ਸਮਗਰੀ ਕਰ ਤਿਆਰ, ਆਪਣੀ ਖੇਲ ਖਿਲਾਈਆ । ਜੋਤ ਉਜਗਰੀ ਇਕ ਉਜਿਆਰ, ਨੂਰੋ ਨੂਰ ਡਗਮਗਾਈਆ । ਸਚ ਸੌਦਾਗਰੀ ਵਣਜ ਵਾਪਾਰ, ਲੱਖ ਚੁਰਾਸੀ ਆਪ ਕਰਾਈਆ । ਲੱਖ ਚੁਰਾਸੀ ਵਣਜ ਵਾਪਾਰ, ਏਕਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਈਆ । ਪੰਜ ਤੱਤ ਕਰ ਪਰਧਾਨ, ਹਰਿ ਸਾਚੇ ਨਾਉਂ ਰਖਾਇਆ । ਅੰਤਮ ਮੇਟ ਜਗਤ ਨਿਸ਼ਾਨ, ਖ਼ਾਕੀ ਖ਼ਾਕ ਸਮਾਇਆ । ਸਾਚੇ ਘਰ ਸਾਚੇ ਦਰ ਸਾਚੇ ਹਰਿ ਬੱਧਾ ਗਾਨਾ, ਸਾਚਾ ਸਗਨ ਮਨਾਇਆ । ਪੁਰਖ ਅਕਾਲ ਗਾਏ ਤਰਾਨਾ, ਆਦਿ ਸ਼ਕਤ ਸੀਸ ਝੁਕਾਇਆ । ਪਾਰਬ੍ਰਹਮ ਹੋਇਆ ਦਰ ਦਰਬਾਨਾ, ਆਪ ਆਪਣਾ ਦਰ ਸੁਹਾਇਆ । ਅਜੂਨੀ ਰਹਿਤ ਹਰਿ ਮਿਹਰਵਾਨਾ, ਏਕਾ ਏਕ ਏਕ ਵਡਿਆਇਆ । ਆਪੇ ਮਰਦ ਮਰਦ ਮਰਦਾਨਾ, ਆਪ ਆਪਣਾ ਖੇਲ ਖਿਲਾਇਆ । ਆਪੇ ਸ਼ਾਹੋ ਭੂਪ ਸੁਲਤਾਨਾ, ਰਾਓ ਰੰਕ ਆਪ ਹੋ ਜਾਇਆ । ਆਪੇ ਦੇਵਣਹਾਰਾ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਚਲਾਇਆ । ਆਪੇ ਬਿਰਧ ਬਾਲ ਜਵਾਨਾ, ਆਦਿ ਅੰਤ ਰੂਪ ਵਟਾਇਆ । ਆਪੇ ਧੁਨ ਸੁਨ ਮੁਨ ਤਰਾਨਾ, ਅਨਡਿਠ ਧਾਮ ਇਕ ਸੁਹਾਇਆ । ਆਪੇ ਗੁਣ ਅਵਗੁਣ ਕਰ ਪਛਾਨਾ, ਨਿਰਗੁਣ ਸਰਗੁਣ ਵੇਖ ਵਖਾਇਆ । ਸੰਤ ਸੁਹੇਲੇ ਜੁਗ ਜੁਗ ਜਨ ਦੇਵੇ ਨਾਮ ਨਿਧਾਨਾ, ਕਾਇਆ ਮੰਦਰ ਦਏ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਏ ਪੁਰਖ ਅਕਾਲਾ, ਪਰਮ ਪੁਰਖ ਸੁਲਤਾਨਿਆ । ਆਪ ਸੁਹਾਏ ਸੱਚੀ ਧਰਮਸਾਲਾ, ਦਰ ਮੰਦਰ ਇਕ ਪਛਾਨਿਆ । ਵੇਖਣਹਾਰਾ ਅਗਨੀ ਜੋਤ ਜਵਾਲਾ, ਚਾਰੋਂ ਕੁੰਟ ਹੋਏ ਪਰਧਾਨਿਆ । ਲੱਖ ਚੁਰਾਸੀ ਦੀਪਕ ਬਾਲਾ, ਆਪੇ ਹੋਏ ਅੰਧ ਅੰਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰੇ ਆਪ ਪਛਾਨਿਆ । ਆਪਣੀ ਕਰੇ ਆਪ ਪਛਾਣ, ਹਰਿ ਸਾਚੇ ਹੱਥ ਵਡ ਵਡਿਆਈਆ । ਸ਼ਾਸਤਰ ਸਿਮਰਤ ਸਾਰੇ ਗਾਨ, ਅੰਜੀਲ, ਕੁਰਾਨ ਦਏ ਵਧਾਈਆ । ਖਾਣੀ ਬਾਣੀ ਹੋ ਪਰਧਾਨ, ਏਕਾ ਰਾਹ ਤਕਾਈਆ । ਸ਼ਾਹੋ ਭੂਪ ਵਡ ਸੁਲਤਾਨ, ਵਡ ਦਾਤਾ ਬੇਪਰਵਾਹੀਆ । ਗਿਆਨ ਧਿਆਨ ਨਾ ਸਕੇ ਜਾਣ, ਜੋਗ ਅਭਿਆਸ ਨਾ ਵਡ ਵਡਿਆਈਆ । ਰਿਖੀ ਮੁਨੀ ਜਪੀ ਤਪੀ ਹਠੀ ਸਤੀ ਰਾਹ ਤਕਾਨ, ਦਿਵਸ ਰੈਣ ਧੂਣੀਆਂ ਤਾਈਆ । ਸਨਿਆਸੀ ਵੈਰਾਗੀ ਤਿਆਗੀ

ਸਾਰੇ ਗਾਣ, ਵਡਿਆਈ ਕੋਈ ਨਾ ਪਾਈਆ । ਕਾਗੀ ਹੰਸ ਸਰਬ ਕੁਰਲਾਨ, ਮਾਣਕ ਮੋਤੀ ਚੋਗ ਨਾ ਕੋਈ ਚੁਗਾਈਆ । ਕਾਇਆ ਦਾਗੀ ਸਰਬ
ਸ਼ਰਮਾਣ, ਨੇਤਰ ਨੈਣ ਨਾ ਕੋਈ ਉਠਾਈਆ । ਮਦਿਰਾ ਮਾਸ ਪੀਣ ਖਾਣ, ਦਰ ਦਵਾਰ ਦਿਸ ਨਾ ਆਈਆ । ਰਾਮ ਕ੍ਰਿਸ਼ਨ ਨਾ ਕਰੇ ਪਰਵਾਨ,
ਸਿਗਰਟ ਪਾਨ ਜੋ ਮੁਖ ਰਖਾਈਆ । ਸੰਗ ਮੁਹੰਮਦ ਨਾ ਕੋਈ ਮਿਲਾਨ, ਜੂਠ ਝੂਠ ਕਰੀ ਕੁੜਮਾਈਆ । ਸ਼ਰਅ ਸ਼ਰੀਅਤ ਹੋਈ ਨਿਧਾਨ, ਕਲਮਾ
ਅਮਾਮ ਨਾ ਕੋਈ ਸਿਖਾਈਆ । ਸਚ ਮੁਹੰਮਦ ਨਾ ਮਿਲਿਆ ਨਿਗਹਬਾਨ, ਕਾਇਆ ਕਾਅਬਾ ਨਾ ਕੋਈ ਵਖਾਈਆ । ਨਿਉਂ ਨਿਉਂ ਸੀਸ ਸਰਬ
ਝੁਕਾਨ, ਜਗਤ ਮਸੱਲਾ ਹੇਠ ਵਿਛਾਈਆ । ਇਕ ਅਕੱਲਾ ਵੇਖੇ ਮਾਰ ਧਿਆਨ, ਘਰ ਬੈਠਾ ਬੇਪਰਵਾਹੀਆ । ਰਾਗੀ ਨਾਦੀ ਸਾਰੇ ਗਾਣ, ਆਤਮ
ਰਾਗ ਨਾ ਕੋਈ ਜਣਾਈਆ । ਗੁਰ ਦਰ ਮੰਦਰ ਮਠ ਪਛਾਨ, ਸਾਚਾ ਮੰਦਰ ਨਾ ਕੋਈ ਵਸਾਈਆ । ਨੌ ਦਵਾਰ ਸਰਬ ਪਛਤਾਨ, ਕਾਮ ਕਰੋਧ
ਲੋਭ ਮੋਹ ਆਸਾ ਤ੍ਰਿਸਨਾ ਰਹੀ ਹਲਕਾਈਆ । ਸਤਿਗੁਰ ਪੂਰਾ ਜਾਣੀ ਜਾਣ, ਜੁਗ ਜੁਗ ਆਪਣੀ ਖੇਲ ਖਿਲਾਈਆ । ਲੋਕਮਾਤ ਹੋ ਪਰਧਾਨ,
ਆਪ ਆਪਣੀ ਕਾਰ ਕਮਾਈਆ । ਆਪੇ ਹੋਏ ਬੁਧ ਬਿਬੇਕੀ ਇਕ ਗਿਆਨ, ਏਕਾ ਮਤ ਬੁਝਾਈਆ । ਆਪ ਮਤ ਮਤਵਾਲੀ ਕਰੇ ਪਛਾਨ, ਆਪ
ਆਪਣੀ ਸਰਨ ਲਗਾਈਆ । ਆਪੇ ਮਨੂਆ ਮਨ ਬਾਂਧੇ ਹੋ ਮਿਹਰਵਾਨ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਾਚਾ ਮੰਦਰ ਇਕ ਮਕਾਨ, ਸਾਢੇ
ਤਿੰਨ ਹੱਥ ਬਣਤ ਬਣਾਈਆ । ਉਚਾ ਨਗਰ ਨਿਗਹਬਾਨ, ਦਸਮ ਦਵਾਰੀ ਬੈਠਾ ਡੇਰਾ ਲਾਈਆ । ਆਤਮ ਸੇਜਾ ਹੋ ਪਰਧਾਨ, ਮੇਲ ਮਿਲਾਵਾ
ਸਾਚੇ ਮਾਹੀਆ । ਸੁਰਤੀ ਨਾਰੀ ਬਾਲ ਨਿਧਾਨ, ਬੈਠੀ ਰਾਹ ਤਕਾਈਆ । ਛੈਲ ਛਬੀਲਾ ਨੌਜਵਾਨ, ਹਰਿ ਸ਼ਬਦ ਵੱਡੀ ਵਡਿਆਈਆ । ਸਾਚਾ
ਚਿੱਲਾ ਤੀਰ ਕਮਾਨ, ਆਪਣਾ ਆਪ ਉਠਾਈਆ । ਬੂਰਾ ਕੱਕਾ ਬਿੱਲਾ ਹੋਏ ਹੈਰਾਨ, ਈਸਾ ਮੂਸਾ ਵੇਖ ਵਖਾਈਆ । ਰੂਸਾ ਚੀਨਾ ਹੋ ਪਰਧਾਨ,
ਆਪ ਆਪਣਾ ਰੰਗ ਰੰਗਾਈਆ । ਭਾਰਤ ਖੰਡ ਇਕ ਗਿਆਨ, ਆਪਣਾ ਆਪ ਜਣਾਈਆ । ਲੱਖ ਚੁਰਾਸੀ ਲੋਆਂ ਪੁਰੀਆਂ ਬ੍ਰਹਿਮੰਡ ਖੰਡ ਕਰ
ਪੁਣ ਛਾਣ, ਆਪਣੀ ਸੇਵਾ ਆਪ ਕਮਾਈਆ । ਕਲਜੁਗ ਅੰਤਮ ਆਪ ਝੁਲਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਈਆ । ਚਾਰ ਵਰਨਾਂ
ਏਕਾ ਮਾਣ, ਊਚਾਂ ਨੀਚਾਂ ਮੇਲ ਮਿਲਾਈਆ । ਰਾਓ ਰੰਕ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਈਆ । ਕੁਲਵੰਤਾ ਹਰਿ ਭਗਵੰਤਾ, ਏਕਾ ਰੂਪ ਸਮਾਇਆ । ਖੇਲੇ
ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇਆ । ਆਪੇ ਨਾਰੀ ਆਪੇ ਕੰਤਾ, ਕੰਤ ਕੰਤੂਹਲ ਆਪ ਹੋ ਜਾਇਆ । ਆਪ ਕਾਇਆ ਚੋਲੀ ਚਾੜ੍ਹੇ
ਰੰਗ ਬਸੰਤਾ, ਆਪੇ ਫੂਲਨ ਬਰਖਾ ਲਾਇਆ । ਆਪੇ ਤੋੜਣਹਾਰਾ ਗੜ੍ਹ ਹਉਮੇ ਹੰਗਤਾ, ਆਪੇ ਮਾਇਆ ਮੋਹ ਵਧਾਇਆ । ਆਪੇ ਭੁੱਖਾ ਆਪੇ
ਨੰਗਤਾ, ਆਪੇ ਗੁਰਸਿਖਾਂ ਦਰ ਦਵਾਰੇ ਮੰਗਣ ਆਇਆ । ਆਪਣਾ ਦਰ ਆਪੇ ਲੰਘਦਾ, ਦਰ ਦਰਵਾਜਾ ਖੋਲ੍ਹ ਵਖਾਇਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਚਾ ਸਗਨ ਮਨਾਇਆ । ਸਾਚਾ ਸਗਨ ਸ੍ਰੀ ਭਗਵਾਨਾ, ਆਪਣਾ
ਆਪ ਮਨਾਇਆ । ਵੇਖਣਹਾਰਾ ਜ਼ਿਮੀ ਅਸਮਾਨਾ, ਗਗਨ ਪਤਾਲਾ ਫੇਰਾ ਪਾਇਆ । ਵਰਤੇ ਵਰਤਾਵੇ ਆਪਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇਆ ।
ਸ਼ਾਹੋ ਭੂਪ ਵਡ ਰਾਜ ਰਾਜਾਨਾ, ਏਕਾ ਏਕ ਨਾਉਂ ਧਰਾਇਆ । ਆਪਣੇ ਦਰ ਹੋ ਪਰਧਾਨਾ, ਆਪ ਆਪਣਾ ਮਾਰਗ ਲਾਇਆ । ਜੁਗ ਜੁਗ ਖੇਲੇ

ਖੇਲ ਮਹਾਨਾ, ਕਲਜੁਗ ਕੂੜਾ ਵੇਸ ਵਟਾਇਆ । ਸਤਿ ਪੁਰਖ ਨਿਰੰਜਣ ਕਰੇ ਕਲਿਆਣਾ, ਦੂਸਰ ਕੋਇ ਨਾ ਸੰਗ ਰਲਾਇਆ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨਾ, ਲੋਕਮਾਤ ਫੇਰਾ ਪਾਇਆ । ਵੀਹ ਸਦ ਬਿਕ੍ਰਮੀ ਨੌਜਵਾਨਾ, ਆਪ ਆਪਣਾ ਰੂਪ ਵਟਾਇਆ । ਏਕਾ ਦੂਜਾ ਖੇਲ ਮਹਾਨਾ, ਤੀਜਾ ਚੌਥਾ ਸੰਗ ਰਲਾਇਆ । ਪੰਚਮ ਛੇਵਾਂ ਛਲ ਛਲਾਨਾ, ਸੱਤਵਾਂ ਅੱਠਵਾਂ ਜੋੜ ਜੁੜਾਇਆ । ਨੌਵੇ ਵੇਖ ਵਖਾਨਾ, ਘਰ ਸਾਚਾ ਇਕ ਬਣਾਇਆ । ਗਿਆਰਾਂ ਬਾਰਾਂ ਤੇਲ ਚੜ੍ਹਾਨਾ, ਸਾਢੇ ਤਿੰਨ ਹੱਥ ਨੌ ਦਰ ਜੋੜ ਜੁੜਾਇਆ । ਤੇਰਾਂ ਚੌਦਾਂ ਪੁਰਖ ਸੁਲਤਾਨਾ, ਏਕਾ ਇਕੀ ਵੇਖ ਵਖਾਇਆ । ਪੰਦਰਾਂ ਪੰਦਰਾਂ ਹੋ ਪਰਧਾਨਾ, ਪਰਮ ਪੁਰਖ ਪੁਰਖ ਨਾਉਂ ਧਰਾਇਆ । ਸ਼ਬਦ ਉਠਾਏ ਤੀਰ ਕਮਾਨਾ, ਰਸਨਾ ਚਿੱਲੇ ਆਪ ਚੜ੍ਹਾਇਆ । ਦਹਿ ਦਿਸ਼ਾ ਵੇਖੇ ਮਾਰ ਧਿਆਨਾ, ਆਪ ਆਪਣਾ ਨੈਣ ਉਠਾਇਆ । ਲੱਖ ਚੁਰਾਸੀ ਬਾਲ ਨਿਧਾਨਾ, ਭੇਵ ਕੋਈ ਨਾ ਪਾਇਆ । ਬ੍ਰਹਮਾ ਰੋਵੇ ਨੀਰ ਵਹਾਏ ਧੀਰਨ ਧੀਰ ਨਾ ਕੋਈ ਧਰਾਨਾ, ਵੇਲਾ ਅੰਤਮ ਆਇਆ । ਆਪੇ ਜਾਣੇ ਆਪਣਾ ਪਦ ਨਿਰਬਾਨਾ, ਨਿਰਭੈ ਰੂਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਆਦਿ ਨਿਰੰਜਣ, ਜੁਗ ਜੁਗ ਵੇਸ ਅਵੱਲਾ । ਏਕੰਕਾਰ ਸੈਣ ਸੱਜਣ, ਆਪੇ ਕਰੇ ਕਰਾਏ ਵਲ ਛਲਾ । ਆਪੇ ਆਏ ਪੜਦੇ ਕੱਜਣ, ਆਪੇ ਫੜਿਆ ਹੱਥ ਵਿਚ ਭੱਲਾ । ਆਪੇ ਚਰਨ ਧੂੜ ਕਰਾਏ ਮਜਨ, ਆਪੇ ਵਸਿਆ ਨੇਹਚਲ ਧਾਮ ਅਟੱਲਾ । ਚਾਰੇ ਕੁੰਟ ਕਾਲ ਨਗਾਰੇ ਵੱਜਣ, ਵਜਾਵਣਹਾਰਾ ਇਕ ਅਕੱਲਾ । ਜੋ ਘੜੇ ਸੋ ਅੰਤਮ ਭੱਜਨ, ਲੁਕਿਆ ਰਹੇ ਨਾ ਜਲਾਂ ਥਲਾਂ । ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਰਬਾਰ ਆਪਣਾ ਤਜਨ, ਸੌਣਾ ਮਿਲੇ ਨਾ ਵਿਚ ਮਹੱਲਾ । ਸਚ ਘੋੜੇ ਤੰਗ ਨਾ ਮਿਲੇ ਕਸਣ, ਨਾ ਕੋਈ ਸਹਾਈ ਘੜੀ ਪਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਇਕ ਅਵੱਲਾ । ਖੇਲ ਅਵੱਲਾ ਪੁਰਖ ਅਬਿਨਾਸ਼ੀ, ਆਪਣਾ ਆਪ ਕਰਾਇਆ । ਆਪੇ ਗਗਨ ਗਗਨੰਤਰ ਮੰਡਲ ਮੰਡਪ ਪਾਵੇ ਰਾਸੀ, ਆਕਾਸ਼ ਪਰਕਾਸ਼ ਆਪ ਟਿਕਾਇਆ । ਆਪੇ ਘਟ ਘਟ ਰੱਖਣਹਾਰਾ ਵਾਸੀ, ਨਿਰਗੁਣ ਨਾਉਂ ਧਰਾਇਆ । ਆਪੇ ਜੋਤੀ ਨੂਰ ਉਜਿਆਰ ਇਕ ਪਰਕਾਸੀ, ਆਪ ਆਪਣਾ ਵੇਖ ਵਖਾਇਆ । ਆਪੇ ਦਿਵਸ ਰੈਣ ਬਰਸ ਮਾਸੀ, ਜੁਗ ਜੋਗ ਆਪ ਕਮਾਇਆ । ਆਪੇ ਵੇਦ ਆਪ ਵਿਦਾਂਤੀ, ਪੁਰਾਨ ਆਪਣਾ ਆਪ ਜਿਸ ਆਪੇ ਗਾਇਆ । ਆਪੇ ਅੰਜੀਲ ਕੁਰਾਨ ਖੇਲੇ ਖੇਲ ਤਮਾਸ਼ੀ, ਆਪੇ ਤੀਸ ਬਤੀਸ ਹਦੀਸ ਆਪ ਪੜ੍ਹਾਇਆ । ਆਪੇ ਪੰਡਤ ਹੋਏ ਕਾਸ਼ੀ, ਗੀਤਾ ਗਿਆਨ ਆਪ ਜਣਾਇਆ । ਆਪੇ ਹੋਏ ਚੁਮਿਆਰ ਰਵਦਾਸੀ, ਗੰਗਾ ਭੇਟ ਵੇਖ ਵਖਾਇਆ । ਜਲ ਧਾਰਾ ਆਪੇ ਜੋਤ ਪਰਕਾਸ਼ੀ, ਕਬੀਰ ਜੁਲਾਹਾ ਤਰਾਇਆ । ਆਦਿ ਅੰਤ ਇਕ ਅਬਿਨਾਸ਼ੀ, ਕਰਤਾ ਪੁਰਖ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਕਰਾਂ, ਆਪਣੀ ਕਲ ਵਰਤਾਈਆ । ਸ਼ੇਰ ਸਿੰਘ ਹਰਿ ਨਾਮ ਧਰਾ, ਪੰਜ ਤੱਤ ਉਪਜਾਈਆ । ਸੰਤ ਮਨੀ ਸਿੰਘ ਸ਼ਬਦ ਜਣਾ, ਸ਼ਬਦ ਕਰੀ ਕੁੜਮਾਈਆ । ਜੋਤੀ ਜੋਤ ਦਏ ਜਗਾ, ਪੂਰੇ ਹੱਥ ਵਡਿਆਈਆ । ਸਤਿ ਲੰਗੋਟੀ ਤੇੜ ਬੰਧਾ, ਧੀਰਜ ਧੀਰ ਰਖਾਈਆ । ਸਾਚੀ ਚੋਟੀ ਆਪ ਚੜ੍ਹਾ, ਆਪਣਾ ਦਰਸ ਦਿਖਾਈਆ । ਵਾਸ਼ਨਾ ਖੋਟੀ ਦਏ ਕਢਾ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਲੇਖੇ ਲਾ, ਪੰਜ ਤੱਤ ਵੱਜੇ ਵਧਾਈਆ । ਕੋਟਨ ਕੋਟੀ ਰਹੇ ਗਾ, ਦਿਵਸ ਰੈਣ ਘਾਲ ਘੋਲੀ ਘੋਲ ਘੁਮਾਈਆ ।

ਸਾਚੇ ਸੰਤਾਂ ਆਪਣਾ ਮੇਲ ਮੇਲਾ ਲਏ ਮਿਲਾ, ਵਡ ਦਾਤਾ ਬੇਪਰਵਾਹੀਆ । ਕਾਲ ਮਹਾਂਕਾਲ ਦਰ ਦਵਾਰੇ ਸੀਸ ਰਹੇ ਝੁਕਾ, ਚਰਨ ਧੂੜ ਮਸਤਕ ਲਾਇਣ ਛਾਹੀਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਰਾਹ ਤਕਾ, ਨੇਤਰ ਆਪਣੇ ਆਪ ਉਠਾਈਆ । ਕਰੋੜ ਤੇਤੀਸ ਫੁਲ ਰਿਹਾ ਬਰਖਾ, ਫੂਲਨ ਖਾਰੀ ਸੀਸ ਉਠਾਈਆ । ਸੰਤਨ ਮੀਤਾ ਬੇਪਰਵਾਹ, ਲੇਖਾ ਲਿਖਤ ਵਿਚ ਨਾ ਆਈਆ । ਕਲਜੁਗ ਅੰਤਮ ਲਏ ਮਿਲਾ, ਗੁਰਮੁਖਾਂ ਮੇਲ ਮਿਲਾਈਆ । ਸੋ ਪੁਰਖ ਨਿਰੰਜਣ ਦੇਵੇ ਸਚ ਸਲਾਹ, ਸਾਚੀ ਭਿਛਿਆ ਝੋਲੀ ਪਾਈਆ । ਅੰਦਰ ਮੰਦਰ ਔਜੜ ਰਾਹ, ਬਿਨ ਗੁਰ ਪੂਰੇ ਨਾ ਕੋਈ ਲੰਘਾਈਆ । ਥਾਂ ਥਾਂ ਬੈਠੇ ਵੰਡਾਂ ਪਾ, ਕਾਮ ਕਰੋਧ ਲੋਭ ਮੋਹ ਹੰਕਾਰ ਆਸਣ ਲਾਈਆ । ਆਸਾ ਤ੍ਰਿਸਨਾ ਰਹੀ ਭਰਮਾ, ਆਪਣਾ ਰੂਪ ਦਰਸਾਈਆ । ਨੌ ਅਠਾਰਾਂ ਰਹੀ ਗਾ, ਆਪਣੀ ਘੁਮਰ ਪਾਈਆ । ਸਾਧ ਸੰਤ ਲਏ ਬੁਲਾ, ਆਪਣੀ ਉਂਗਲ ਲਾਈਆ । ਸਤਿਗੁਰ ਪੂਰਾ ਬਣ ਮਲਾਹ, ਆਪਣਾ ਪੱਲੂ ਦਏ ਫੜਾਈਆ । ਸ਼ਬਦ ਖੰਡੇ ਦਏ ਡਰਾ, ਮੁਖੜਾ ਮੁਖ ਛੁਪਾਈਆ । ਬ੍ਰਹਿਮੰਡ ਖੋਜ ਆਪ ਖੁਜਾ, ਸਾਚੇ ਡੰਡੇ ਹੱਥ ਫੜਾਈਆ । ਪਾਰ ਕੰਢੇ ਦਏ ਲਗਾ, ਅਧਵਿਚਕਾਰ ਨਾ ਕੋਈ ਰੁੜਾਈਆ । ਭੇਖ ਪਖੰਡਾ ਦਏ ਮਿਟਾ, ਸਚ ਸੁੱਚ ਕਰੇ ਕੁੜਮਾਈਆ । ਨਾਰ ਦੁਹਾਗਣ ਰੰਡੀ ਦਿਸੇ ਨਾ ਕਿਸੇ ਥਾਂ, ਜਿਸ ਮਿਲਿਆ ਬੇਪਰਵਾਹੀਆ । ਸਾਚੀ ਵੰਡੀ ਦਏ ਵੰਡਾ, ਸੰਤ ਮਨੀ ਸਿੰਘ ਲੇਖ ਲਿਖਾਈਆ । ਜੋਤੀ ਜਾਮਾ ਕਰ ਰੁਸ਼ਨਾ, ਆਪ ਆਪਣੀ ਕਰੇ ਰੁਸ਼ਨਾਈਆ । ਦੋ ਜਹਾਨਾਂ ਲਏ ਜਗਾ, ਤਿੰਨਾਂ ਲੋਕਾਂ ਪੈਰਾਂ ਹੇਠ ਦਬਾਈਆ । ਚੌਦਾਂ ਤਬਕਾਂ ਕੁੰਡੇ ਦਏ ਖੁਲ੍ਹਾ, ਚੌਦਾਂ ਹੱਟ ਹਿਲਾਈਆ । ਸਾਧਾਂ ਸੰਤਾਂ ਗੁਰੂਆਂ ਪੀਰਾਂ ਦਰ ਦਵਾਰੇ ਲਏ ਬੁਲਾ, ਜੋਤੀ ਜੋਤ ਵੇਖ ਵਖਾਈਆ । ਗੁਰਮੁਖ ਸਾਚੇ ਲਏ ਜਗਾ, ਆਪਣੀ ਆਪ ਆਪੇ ਬੂਝ ਬੁਝਾਈਆ । ਇਕ ਜਪਾਏ ਸਾਚਾ ਨਾਂ, ਸੋ ਪੁਰਖ ਨਿਰੰਜਣ ਆਪੇ ਗਾਈਆ । ਫੜ ਫੜ ਹੰਸ ਬਣਾਏ ਕਾਂ, ਸਰ ਸਰੋਵਰ ਇਕ ਨੁਹਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਾਹ ਸਾਚੀ ਬਣਤ ਬਣਾਈਆ । ਨਿਹਕਲੰਕ ਨਾਉਂ ਰਖਾ, ਸ਼ਬਦ ਡੰਕਾ ਦਏ ਵਜਾਈਆ । ਪੁਰੀ ਘਨਕਾ ਭੇਵ ਛੁਪਾ, ਬਵੰਜਾ ਸਾਲ ਭੇਵ ਛੁਪਾਈਆ । ਸੰਤ ਸਨਕ ਸਨੰਦਨ ਸੇਵਾ ਲਾ, ਸਨਾਤਨ ਸੰਗ ਰਲਾਈਆ । ਆਪਣਾ ਕਲਮਾ ਦਏ ਪੜ੍ਹਾ, ਏਕਾ ਨਬੀ ਰਸੂਲ ਅਖਵਾਈਆ । ਇਕ ਜੈਕਾਰਾ ਦਏ ਲਗਾ, ਏਕਾ ਨਾਮ ਤਰਾਈਆ । ਜੋਤ ਅਕਾਰਾ ਆਪ ਕਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰ ਗੋਬਿੰਦ ਮੇਲ ਮਿਲਾ, ਸਗਲੀ ਚਿੰਦਾ ਦਏ ਗਵਾਈਆ । ਗੁਣੀ ਗਹਿੰਦਾ ਆਪ ਅਖਵਾ, ਗਹਿਰ ਗੰਭੀਰ ਨਾਉਂ ਧਰਾਈਆ । ਗੁਰਮੁਖ ਸਾਚੇ ਮਾਰਗ ਪਾ, ਮਾਇਆ ਮੋਹ ਤੁੜਾਈਆ । ਸੰਤ ਮਨੀ ਸਿੰਘ ਸੰਗ ਰਲਾ, ਸਾਚਾ ਨਾਮ ਜਪਾਈਆ । ਸਾਚੇ ਸੁਖ ਵਖਾਏ ਏਕਾ ਰਾਹ, ਏਕਾ ਘਰ ਸੁਹਾਈਆ । ਉਚੇ ਪੌੜੇ ਦਏ ਚੜ੍ਹਾ, ਆਪਣੇ ਕੰਧ ਆਪ ਉਠਾਈਆ । ਏਕਾ ਅੱਖਰ ਦਏ ਪੜ੍ਹਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਲੱਖ ਚੁਰਾਸੀ ਸੱਥਰ ਦਏ ਵਿਛਾ, ਧਰਤ ਮਾਤ ਝੋਲੀ ਅੱਗੇ ਡਾਹੀਆ । ਗੁਰਮੁਖ ਸਾਚੇ ਲਏ ਮਿਲਾ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਫੂਲਣ ਬਰਖਾ ਆਪੇ ਲਾ, ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਦੀਨ ਦਿਆਲ, ਕਰੇ ਕਰਾਏ ਸਰਬ ਪ੍ਰਿਤਪਾਲ, ਤੋੜਨਹਾਰਾ ਜਗਤ ਜੰਜਾਲ, ਗੁਰਮੁਖ ਸਾਚੇ ਲਏ ਤਰਾਈਆ । ਨਿਹਕਲੰਕ ਧਰਿਆ ਨਾਉਂ, ਹਰਿ ਸਾਚੇ ਜੋਤ ਜਗਾਈਆ । ਨਾ ਕੋਈ ਨਗਰ ਨਾ ਕੋਈ ਗਰਾਉਂ, ਨਾ ਕੋਈ ਸ਼ਹਿਰ ਵਖਾਈਆ । ਨਾ ਕੋਈ ਪਿਤਾ ਨਾ ਕੋਈ ਮਾਉਂ, ਦਾਈ ਦਾਇਆ ਨਾ ਕੋਈ ਬਣਾਈਆ ।

ਹੱਥ ਮੂੰਹ ਨੱਕ ਨਾ ਦਿਸੇ ਪਾਉਂ, ਨਾ ਕੋਈ ਤਨ ਉਪਾਈਆ । ਨਾ ਕੋਈ ਉਂਗਲੀ ਫੜੇ ਬਾਂਹੋਂ, ਗਲੀ ਕੂਚੇ ਨਾ ਕੋਈ ਫਿਰਾਈਆ । ਆਪਣਾ ਕਰਨਹਾਰਾ ਆਪ ਨਿਆਉਂ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਆਪਣਾ ਖੇਲ ਖਿਲਾਈਆ । ਨਿਹਕਲੰਕ ਹਰਿ ਨਰਾਇਣ ਨਰ, ਹਰਿ ਰੂਪ ਸਮਾਇਆ । ਹਰਿ ਹਰਿ ਹਰਿ ਸਾਰੇ ਕਹਿਣ, ਹਰਿ ਹਰਿ ਦਿਸ ਕਿਸੇ ਨਾ ਆਇਆ । ਆਪ ਚੁਕਾਏ ਲਹਿਣ ਦੇਣ, ਜੁਗ ਜੁਗ ਵੇਸ ਵਟਾਇਆ । ਸਖਾ ਸਹਾਈ ਸਾਕ ਸੱਜਣ ਸੈਣ, ਨਿਤ ਨਵਿਤ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪੇ ਕਰ, ਆਪ ਆਪਣਾ ਪੜਦਾ ਲਾਹਿਆ । ਪਹਿਲੇ ਸਾਲ ਜੋਤ ਅਕਾਲੀ, ਨਿਰਗੁਣ ਧਾਰ ਚਲਾਈਆ । ਦੂਜਾ ਰੰਗ ਅਗਨ ਜਵਾਲੀ, ਆਦਿ ਸ਼ਕਤ ਅਖਵਾਈਆ । ਤੀਜੇ ਖੇਲੇ ਖੇਲ ਨਿਰਾਲੀ, ਤ੍ਰੀਆ ਵੇਸ ਵਟਾਈਆ । ਚੌਥੇ ਬਣਿਆ ਸਾਚਾ ਮਾਲੀ, ਚਾਤਰਕ ਤ੍ਰਿਖਾ ਬੁਝਾਈਆ । ਪੰਚਮ ਮੀਤਾ ਪੰਚਮ ਪਾਲੀ, ਪੰਚਮ ਵੇਖ ਵਖਾਈਆ । ਛੇਵੇਂ ਵਿਚ ਖੜਾ ਸੁਆਲੀ, ਆਪਣੀ ਝੋਲੀ ਅੱਗੇ ਡਾਹੀਆ । ਸੱਤਵੇਂ ਸਤਿ ਪੁਰਖ ਸਦਾ ਕਿਰਪਾਲੀ, ਨਿਰਧਨ ਸਰਧਨ ਰਿਹਾ ਤਰਾਈਆ । ਅਠ ਅਠ ਤੇਰਾ ਬਣਿਆ ਮਾਲੀ, ਸੋਹੰ ਨਾਮ ਜਪਾਈਆ । ਨੌ ਦਵਾਰੇ ਕੀਤੇ ਖਾਲੀ, ਗੁਰਮੁਖਾਂ ਪੰਧ ਮੁਕਾਈਆ । ਦਸਵੇਂ ਜੋਤੀ ਇਕ ਅਕਾਲੀ, ਅਕਲ ਕਲਾ ਵਰਤਾਈਆ । ਧੁਰਦਰਗਾਹੀ ਸਾਚਾ ਮਾਲੀ, ਸੰਤ ਸੁਹੇਲੇ ਬੂਟੇ ਰਿਹਾ ਉਗਾਈਆ । ਵੇਖੇ ਫਲ ਪੱਤ ਪੱਤ ਡਾਲ੍ਹੀ, ਲੁਕਿਆ ਕੋਈ ਰਹਿਣ ਨਾ ਪਾਈਆ । ਚਾਰ ਜੁਗ ਜਿਸ ਘਾਲਨ ਘਾਲੀ, ਕਲਜੁਗ ਅੰਤਮ ਲਏ ਮਿਲਾਈਆ । ਆਪੇ ਬਣਿਆ ਸਚ ਦਲਾਲੀ, ਆਪ ਆਪਣਾ ਵੇਸ ਵਟਾਈਆ । ਜੋਤ ਨਿਰੰਜਣ ਆਪੇ ਭਾਲੀ, ਆਦਿ ਨਿਰੰਜਣ ਸੇਵ ਕਮਾਈਆ । ਸਾਚੇ ਮੰਦਰ ਬਣਿਆ ਹਾਲੀ, ਆਪਣਾ ਹਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਦਸਵਾਂ ਇਕ ਵਖਾਈਆ । ਦਸਵਾਂ ਦਰ ਦਰ ਦਰਵਾਜਾ, ਹਰਿ ਹਰਿ ਆਪ ਖੁਲ੍ਹਾਇਆ । ਕਲਜੁਗ ਰਚਿਆ ਆਪਣਾ ਕਾਜਾ, ਭੇਵ ਕਿਸੇ ਨਾ ਪਾਇਆ । ਪਰਗਟ ਹੋਇਆ ਦੇਸ ਮਾਝਾ, ਗੁਰ ਗੋਬਿੰਦ ਲੇਖ ਲਿਖਾਇਆ । ਸੰਬਲ ਨਗਰੀ ਮਾਰੇ ਵਾਜਾ, ਏਕਾ ਬੰਕ ਸੁਹਾਇਆ । ਸ਼ਬਦ ਘੋੜਾ ਰੱਖੇ ਤਾਜਾ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਦੋ ਜਹਾਨਾਂ ਰਚਿਆ ਕਾਜਾ, ਕਾਦਰ ਕਰਤਾ ਵੇਖ ਵਖਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਰਾਓ ਰੰਕ ਆਪ ਹੋ ਜਾਇਆ । ਜਨ ਭਗਤਾਂ ਰੱਖਣਹਾਰਾ ਲਾਜਾ, ਧਰੂ ਪ੍ਰਹਿਲਾਦ ਤਰਾਇਆ । ਗਰੀਬ ਨਿਮਾਣਿਆਂ ਮਾਰੇ ਵਾਜਾ, ਰਾਤੀ ਸੁਤਿਆ ਆਪ ਉਠਾਇਆ । ਦਿਵਸ ਰੈਣ ਫਿਰੇ ਭਾਜਾ, ਆਲਸ ਨਿੰਦਰਾ ਵਿਚ ਨਾ ਆਇਆ । ਇਕ ਚਲਾਇਆ ਸਚ ਜਹਾਜਾ, ਚਾਰੇ ਵਰਨਾਂ ਲਏ ਚੜ੍ਹਾਇਆ । ਖੇਲੇ ਖੇਲ ਕਲ ਕੇ ਆਜਾ, ਆਪਣੀ ਕਲ ਵਰਤਾਇਆ । ਮਨਮੁਖ ਜੀਵਾਂ ਬੰਨੇ ਦਾਜਾ, ਜੂਠ ਝੂਠ ਬੰਧ ਬੰਧਾਇਆ । ਅੰਤਮ ਕੋਈ ਨਾ ਰੱਖੇ ਲਾਜਾ, ਪਤਿਪਰਮੇਸ਼ਵਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਸਮ ਦਵਾਰੀ ਦਰ ਸੁਹਾਇਆ । ਦਸਮ ਦਵਾਰੀ ਆਪੇ ਖੋਲ੍ਹ, ਆਪੇ ਰੰਗ ਰੰਗਾਈਆ । ਸ਼ਬਦ ਨਿਸ਼ਅੱਖਰ ਆਪੇ ਬੋਲ, ਆਪੇ ਰਿਹਾ ਸੁਣਾਈਆ । ਆਪ ਵਜਾਏ ਮਰਦੰਗਾ ਢੋਲ, ਅਨਹਦ ਆਪ ਅਲਾਹੀਆ । ਆਪੇ ਵਸਿਆ ਗੁਰਮੁਖਾਂ ਕੋਲ, ਜੰਗਲ ਜੂਹ ਉਜਾੜ ਪਹਾੜ, ਢੂਡਣ ਕੋਈ ਨਾ ਜਾਈਆ । ਹਰ ਘਟ ਮੰਦਰ ਪੜਦਾ ਰਿਹਾ ਫੋਲ, ਜੋ ਆਏ ਚਲ ਸਰਨਾਈਆ । ਜੂਠ ਝੂਠ ਮੱਚਿਆ

ਘੋਲ, ਕੂੜੀ ਕਿਰਿਆ ਰਹੀ ਕੁਰਲਾਈਆ । ਸਾਚੇ ਕੰਡੇ ਨਾ ਕੋਈ ਤੋਲੇ ਤੋਲ, ਜਗਤ ਤੱਕੜ ਰਿਹਾ ਤੁਲਾਈਆ । ਤੇਰਾਂ ਤੇਰਾਂ ਤੇਰਾ ਨਾ ਕੋਈ ਦੇਵੇ ਬੋਲ, ਨਾਨਕ ਗਿਆ ਸਮਝਾਈਆ । ਹਰਿ ਕਾ ਰੂਪ ਜਗਤ ਮਖੌਲ, ਦਿਸ ਕਿਸੇ ਨਾ ਆਈਆ । ਅੰਤਮ ਕੱਢਣਹਾਰਾ ਪੋਲ, ਲੱਖ ਚੁਰਾਸੀ ਦਏ ਸਜਾਈਆ । ਖੇਲਣਹਾਰਾ ਹੋਲੀ ਹੋਲ, ਮਨਮਤ ਹੋਲੀ ਦਏ ਜਲਾਈਆ । ਪੂਰਨ ਕਰਨ ਆਇਆ ਕੌਲ, ਕੀਤਾ ਕੌਲ ਆਪ ਨਿਭਾਈਆ । ਆਦਿ ਅੰਤ ਸਦਾ ਅਡੋਲ, ਨਾ ਡੋਲੇ ਡੋਲ ਡੁਲਾਈਆ । ਸ੍ਰਿਸ਼ਟ ਸਬਾਈ ਸੁੱਤੀ ਅਨਭੋਲ, ਗੁਰ ਗੋਬਿੰਦ ਫੇਰਾ ਪਾਈਆ । ਜਨ ਭਗਤਾਂ ਕਰੇ ਉਲਟਾ ਨਾਭ ਕਵਲ, ਅੰਮ੍ਰਿਤ ਆਤਮ ਮੁਖ ਚੁਆਈਆ । ਦੇਵੇ ਵਡਿਆਈ ਉਪਰ ਧੌਲ, ਧਰਤ ਧਵਲ ਸੁਹਾਈਆ । ਜੋ ਜਨ ਮੰਗੇ ਦਰਸ ਕਾਹਨਾ ਕ੍ਰਿਸ਼ਨਾ ਸਵਲ, ਰਾਮ ਰੂਪ ਆਪ ਹੋ ਜਾਈਆ । ਹਰ ਘਟ ਆਪੇ ਰਿਹਾ ਮਵਲ, ਮੌਲਾ ਨੂਰ ਆਪ ਖ਼ੁਦਾਈਆ । ਆਪੇ ਖ਼ਲਕ ਖ਼ੁਦਾਈ ਹੋਇਆ ਬਵਲ, ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਸਮ ਦਵਾਰੀ ਵੇਖ ਵਖਾਈਆ । ਦਸਮ ਦਵਾਰੀ ਸਚ ਸਿੰਘਾਸਣ, ਹਰਿ ਹਰਿ ਆਪ ਰਖਾਇਆ । ਆਪੇ ਵੇਖੇ ਸਚ ਤਮਾਸ਼ਨ, ਨਿਰਗੁਣ ਧਾਰ ਇਕ ਚਲਾਇਆ । ਨਿਝ ਘਰ ਆਤਮ ਰੱਖੇ ਵਾਸਨ, ਨਿਝ ਘਰ ਬੈਠਾ ਡੇਰਾ ਲਾਇਆ । ਸਚ ਮੰਦਰ ਪਾਵੇ ਰਾਸਨ, ਮੰਡਲ ਮੰਡਪ ਇਕ ਸੁਹਾਇਆ । ਦਾਤਾ ਦਾਨੀ ਗਰੀਬ ਨਿਵਾਜਨ, ਸਾਚਾ ਸਾਜਨ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਸ ਮਾਝਨ ਸਾਚਾ ਧਾਮ ਸੁਹਾਇਆ । ਦੇਸ ਮਾਝਨ ਸਚ ਦਵਾਰਾ, ਹਰਿ ਹਰਿ ਜੋਤ ਜਗਾਈਆ । ਨੌ ਦਵਾਰੇ ਕਰ ਪਸਾਰਾ, ਸਗਲੀ ਸ੍ਰਿਸ਼ਟ ਭੁਲਾਈਆ । ਸਾਧਾਂ ਸੰਤਾਂ ਮਾਰੇ ਮਾਰਾ, ਜੋ ਭੇਖ ਪਖੰਡ ਵਖਾਈਆ । ਤੋੜਨਹਾਰਾ ਗੜ੍ਹ ਹੰਕਾਰਾ, ਘਰ ਬੈਠਾ ਆਸਣ ਲਾਈਆ । ਜੋ ਜਨ ਲੰਘੇ ਨੌ ਦਵਾਰਾ, ਨਿਉਂ ਨਿਉਂ ਸੀਸ ਝੁਕਾਈਆ । ਇਕ ਵਖਾਏ ਸਚ ਦਰਬਾਰਾ, ਘਰ ਬੈਠਾ ਬੇਪਰਵਾਹੀਆ । ਨਿਰਗੁਣ ਜੋਤੀ ਨੂਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਸ਼ਬਦੀ ਡੰਕ ਸੁਣਾਈਆ । ਮੋਹਣ ਮਾਧਵ ਮੀਤ ਮੁਰਾਰਾ, ਮਾਨਸ ਮਾਨੁਖ ਨਾ ਕੋਈ ਅਖਵਾਈਆ । ਪੰਜ ਤੱਤ ਜਗਤ ਪਸਾਰਾ, ਸ੍ਰਿਸ਼ਟ ਸਬਾਈ ਆਪ ਭੁਲਾਈਆ । ਆਪੇ ਵਸਿਆ ਸਦ ਨਿਆਰਾ, ਅਜੂਨੀ ਰਹਿਤ ਆਪ ਅਖਵਾਈਆ । ਆਪੇ ਭਰਿਆ ਸਚ ਭੰਡਾਰਾ, ਆਪੇ ਰਿਹਾ ਵਰਤਾਈਆ । ਆਪੇ ਲਏ ਆਪਣਾ ਅਵਤਾਰਾ, ਆਪੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਆਪ ਅਖਵਾਈਆ । ਨਿਹਕਲੰਕਾ ਪੁਰਖ ਅਗੰਮ, ਏਕਾ ਏਕ ਅਖਵਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਨਾ ਕੋਈ ਜਨਨੀ ਲਏ ਜਨ, ਨਾ ਕੋਈ ਗੋਦ ਉਠਾਇੰਦਾ । ਪੰਜ ਤੱਤ ਨਾ ਦਿਸੇ ਤਨ, ਰਕਤ ਬੂੰਦ ਨਾ ਮੇਲ ਮਿਲਾਇੰਦਾ । ਨੌ ਦਵਾਰੇ ਕੋਈ ਨਾ ਦੇਵੇ ਡੰਨ, ਨਾ ਕੋਈ ਦਰਦ ਵਖਾਇੰਦਾ । ਆਪਣਾ ਬੇੜਾ ਆਪੇ ਬੰਨ, ਆਪੇ ਵੇਖ ਵਖਾਇੰਦਾ । ਆਪਣਾ ਭਾਣਾ ਆਪੇ ਮੰਨ, ਆਪਣੇ ਭਾਣੇ ਵਿਚ ਸਮਾਇੰਦਾ । ਜੁਗ ਜੁਗ ਚੜ੍ਹਾਏ ਸਾਚਾ ਚੰਨ, ਅੰਧ ਅੰਧੇਰ ਮਿਟਾਇੰਦਾ । ਜਗਤ ਵਿਕਾਰਾ ਕਰੇ ਖੰਨ ਖੰਨ, ਨਾਮ ਖੰਡਾ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਹਰਿ ਨਿਰੰਕਾਰਾ, ਸਚ ਧਾਰਾ ਇਕ ਚਲਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਘਰ ਘਰ

ਵੇਖ ਵਖਾਈਆ । ਹਰਿਜਨ ਮੇਲਾ ਮੀਤ ਮੁਰਾਰਾ, ਹਰੀ ਹਰਿ ਰਾਗ ਸੁਣਾਈਆ । ਪੀਆ ਪੀਆ ਕਰ ਪਿਆਰਾ, ਪਿਆਰਾ ਪ੍ਰੀਤਮ ਨਾ ਕੋਈ ਵਿਆਹੀਆ । ਸੁਰਤੀ ਨਾਰ ਨਾਰ ਮੁਟਿਆਰਾ, ਵੇਸ ਆਪਣਾ ਰਹੀ ਕਰਾਈਆ । ਮਿਲੇ ਮੇਲ ਵਿਚ ਸੰਸਾਰਾ, ਘਰ ਸਾਚੇ ਵੱਜੀ ਵਧਾਈਆ । ਆਪੇ ਸੇਜਾ ਕੰਤ ਭਤਾਰਾ, ਅੱਠੇ ਪਹਿਰ ਰਾਹ ਤਕਾਈਆ । ਨੇਤਰ ਨੈਣ ਕੱਜਲ ਪਾਇਆ ਅਪਰ ਅਪਾਰਾ, ਨਾਮ ਧਾਰਾ ਇਕ ਬੰਧਾਈਆ । ਬਸਤਰ ਭੂਸ਼ਨ ਕਰ ਤਿਆਰਾ, ਗੁਰ ਕਾ ਸ਼ਬਦ ਹੰਢਾਈਆ । ਉਚ ਮਹੱਲੇ ਬੈਠ ਮੁਨਾਰਾ, ਆਪਣੀ ਲਏ ਅੰਗੜਾਈਆ । ਗੀਤ ਸੁਹਾਗੀ ਗਾਏ ਵਾਰੋ ਵਾਰਾ, ਪੰਚਮ ਸਖੀਆਂ ਸੰਗ ਰਖਾਈਆ । ਮਿਲੇ ਮੇਲ ਹਰਿ ਮੀਤ ਮੁਰਾਰਾ, ਜਗਤ ਵਿਛੋੜਾ ਰਿਹਾ ਸਤਾਈਆ । ਸਤਿਗੁਰ ਪੂਰਾ ਪਾਵੇ ਸਾਰਾ, ਗੁਰ ਪੂਰੇ ਹੱਥ ਵਡਿਆਈਆ । ਚਤੁਰਭੁਜ ਹੋ ਤਿਆਰਾ, ਆਵੇ ਵਾਹੋ ਦਾਹੀਆ । ਆਪਣੀਆਂ ਭੁਜਾਂ ਆਪ ਪਸਾਰਾ, ਆਪੇ ਲਏ ਉਠਾਈਆ । ਮੇਲ ਮਿਲਾਵਾ ਸਚ ਦਵਾਰਾ, ਦਰ ਦਵਾਰਾ ਇਕ ਸੁਹਾਈਆ । ਨਿਰਗੁਣ ਜੋਤੀ ਨਿਰਗੁਣ ਧਾਰਾ, ਨਿਰਗੁਣ ਨਾਰੀ ਨਿਰਗੁਣ ਕੰਤ ਭਤਾਰਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਕਰਿਆ ਖੇਲ ਅਗੰਮ ਅਪਾਰਾ, ਅਗਾਧ ਬੋਧ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰਾ, ਦਸਮ ਦਵਾਰਾ ਇਕ ਵਖਾਈਆ । ਦਸਮ ਦਵਾਰਾ ਹਰਿ ਸੁਹਾਇਆ, ਹਰਿ ਹਰਿ ਰਚਨ ਰਚਾਈਆ । ਗੁਰਮੁਖ ਸਾਚੇ ਲਏ ਮਿਲਾਇਆ, ਧੁਰ ਦਰਗਾਹੀ ਆਇਆ ਬੇਪਰਵਾਹੀਆ । ਆਪੇ ਪੂਜਾ ਪਾਠ ਕਰਾਇਆ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਸੋ ਪੁਰਖ ਨਿਰੰਜਣ ਵੇਖ ਵਖਾਇਆ, ਹੰ ਹੰਗਤਾ ਦਏ ਗਵਾਈਆ । ਜਿਉਂ ਨਾਨਕ ਅੰਗਦ ਅੰਗ ਲਗਾਇਆ, ਜੋਤੀ ਜੋਤ ਟਿਕਾਈਆ । ਸਾਧਾਂ ਸੰਤਾਂ ਦਵਾਰੇ ਮੰਗਦਾ ਜੋ ਸਚ ਦਵਾਰੇ ਆਇਆ, ਪ੍ਰਭ ਝੋਲੀ ਦਏ ਭਰਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਇਕ ਅਕੇਲਾ ਕਾਇਆ ਚੋਲੀ ਰੰਗਦਾ ਆਇਆ, ਰੰਗ ਮਜੀਠੀ ਇਕ ਚੜ੍ਹਾਈਆ । ਅਸਵ ਘੋੜੇ ਸਾਚੇ ਤਾਜੀ ਧੁਰ ਦਰਗਾਹੀ ਹਾਜੀ ਸਾਚਾ ਤੰਗ ਕਸਦਾ ਆਇਆ, ਸ਼ਾਹ ਅਸਵਾਰ ਫੇਰਾ ਪਾਈਆ । ਪੁਰੀਆਂ ਲੋਆਂ ਖੰਡਾਂ ਬ੍ਰਹਿਖੰਡਾਂ ਆਪੇ ਲੰਘਦਾ ਆਇਆ, ਲੋਕਮਾਤ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀਆਂ ਵੰਡਾਂ ਵੰਡਦਾ ਆਇਆ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਹਰਿ ਨਿਰੰਕਾਰ, ਆਪ ਆਪਣਾ ਕਰ ਪਸਾਰ, ਵੇਖਣਹਾਰਾ ਦਸਮ ਦਵਾਰ, ਨੌਂ ਦਵਾਰੇ ਡੇਰਾ ਢਾਈਆ । ਨੌਂ ਦਵਾਰੇ ਡੇਰਾ ਢਾਏ, ਢਾਵਣਹਾਰਾ ਕਰਤਾਰਾ । ਗੀਤ ਸੁਹਾਗੀ ਏਕਾ ਗਾਏ, ਗਾਵਣਹਾਰ ਮੀਤ ਮੁਰਾਰਾ । ਧੁਨ ਅਨਾਦੀ ਨਾਦ ਵਜਾਏ, ਆਪ ਸੁਣਾਏ ਧੁਨੀ ਧੁਨਕਾਰਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਏ, ਪਾਰਬ੍ਰਹਮ ਗੁਰ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਇਕ ਵਖਾਏ ਦਰ ਦਵਾਰਾ । ਏਕਾ ਦਰ ਏਕਾ ਅੱਖਰ, ਏਕਾ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਨਾਲੋਂ ਕੀਤਾ ਵੱਖਰ, ਆਪ ਆਪਣੀ ਰਚਨ ਰਚਾਈਆ । ਜਨ ਭਗਤਾਂ ਤੋੜੇ ਬਜਰ ਕਪਾਟੀ ਪੱਥਰ, ਸ਼ਬਦ ਨਿਸ਼ਾਨਾ ਤੀਰ ਲਗਾਈਆ । ਨੇਤਰ ਨੀਰ ਵਰੋਲੇ ਅੱਥਰ, ਨੈਣਾਂ ਧਾਰ ਨਾ ਕੋਈ ਚਲਾਈਆ । ਪੰਚ ਵਿਕਾਰਾ ਕਰੇ ਸੱਥਰ, ਢਹਿ ਢਹਿ ਪਏ ਸਰਨਾਈਆ । ਨਾਮ ਨਿਧਾਨਾ ਬੰਨੇ ਗੱਠੜ, ਏਕਾ ਗੰਢ ਬੰਧਾਈਆ । ਆਇਆ ਦਰ ਨਾ ਜਾਏ ਸੱਖਣ, ਖਾਲੀ ਰਿਹਾ ਭਰਾਈਆ । ਲੱਖ ਚੁਰਾਸੀ ਛਾਛ ਵਰੋਲੇ ਮੱਖਣ, ਗੁਰਸਿਖ ਸਾਚੇ ਲਏ ਮਿਲਾਈਆ । ਅੰਤਮ ਲੱਜਿਆ ਆਇਆ ਰੱਖਣ,

ਹਰਿ ਸਾਹਿਬ ਵੱਡੀ ਵਡਿਆਈਆ । ਜਗਤ ਅੰਗਿਆਰੇ ਚਾਰੋਂ ਕੁੰਟ ਭਖਣ, ਧੁੰਆਂਧਾਰ ਸਮਾਈਆ । ਸ਼ਾਹ ਸੁਲਤਾਨਾ ਰਾਜ ਰਾਜਾਨਾ ਜਗਤ ਭੰਡਾਰੇ ਹੋਣ ਸੱਖਣ, ਨਾ ਸਕੇ ਕੋਈ ਭਰਾਈਆ । ਅੰਤ ਮੁੱਲ ਨਾ ਪਿਆ ਕੌਡੀ ਲੱਖਣ, ਲੱਖੋਂ ਕੱਖ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦਸਮ ਦਵਾਰੀ ਇਕ ਸੁਹਾਈਆ । ਦਸਮ ਦਵਾਰੀ ਤਾਲ ਸੁਹਾਵਾ, ਹਰਿ ਹਰਿ ਆਪ ਸੁਹਾਇਆ । ਸਾਚੇ ਤੀਰਥ ਆਪ ਨੁਹਾਵਾ, ਆਪ ਆਪਣੀ ਮੈਲ ਗਵਾਇਆ । ਸਾਚੇ ਮੰਦਰ ਸਾਚਾ ਦਾਅਵਾ, ਹਰਿ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਸਮ ਦਵਾਰੀ ਕਰ ਤਿਆਰ, ਲੋਕਮਾਤ ਇਕ ਪਸਾਰ, ਸਾਚਾ ਥਾਨ ਵਖਾਇਆ । ਸਾਚਾ ਥਾਨ ਹਰਿ ਸੁਹੰਜਣਾ, ਹਰਿ ਹਰਿ ਖੇਲ ਖਿਲਾਇਆ । ਜਗੀ ਜੋਤ ਆਦਿ ਨਿਰੰਜਣਾ, ਆਦਿ ਪੁਰਖ ਵੇਸ ਵਟਾਇਆ । ਸ਼ਬਦ ਸਿੰਘਾਸਣ ਏਕਾ ਮੱਲਣਾ, ਪੁਰਖ ਅਬਿਨਾਸ਼ਨ ਵੇਖ ਵਖਾਇਆ । ਨੌ ਖੰਡ ਪ੍ਰਿਥਮੀ ਅੰਤਮ ਹਿਲਣਾ, ਹਰਿ ਸਾਚਾ ਦਏ ਹਿਲਾਇਆ । ਤੀਰ ਕਮਾਨ ਰਸਨਾ ਚਿੱਲੇ ਚੜ੍ਹੇ ਚਿਲਨਾ, ਇਕ ਨਿਸ਼ਾਨ ਲਗਾਇਆ । ਭੈਣਾਂ ਭਈਆ ਮਿਲੇ ਨਾ ਮਿਲਣਾ, ਕਲਜੁਗ ਵੇਲਾ ਅੰਤਮ ਆਇਆ । ਲਹਿਣਾ ਚੁੱਕੇ ਸਤੀ ਸਿਲਾ ਸਿਲਨਾ, ਦਰ ਸਾਚੇ ਵੇਖ ਵਖਾਇਆ । ਨਾ ਕੋਈ ਕੋਟ ਕਿਲਾ ਕਿਲਨਾ, ਚਾਰ ਦਿਵਾਰ ਨਾ ਕੋਈ ਬਣਾਇਆ । ਨਾ ਕੋਈ ਉਚਾ ਪਰਬਤ ਟਿਲਨਾ, ਡੂੰਘੀ ਗਾਰ ਨਾ ਡੇਰਾ ਲਾਇਆ । ਗਗਨ ਪਾਤਾਲ ਸਾਰਾ ਹਿਲਣਾ, ਹਰਿ ਸਾਚਾ ਰਿਹਾ ਹਿਲਾਇਆ । ਗੁਰਸਿਖ ਸਾਚੇ ਫੁਲ ਸਾਚਾ ਦਰ ਘਰ ਸਾਚੇ ਖੁਲ੍ਹਣਾ, ਹਰਿ ਸਾਚਾ ਰਿਹਾ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਧਾਰ ਰਿਹਾ ਚਲਾਇਆ । ਸ਼ਬਦ ਧਾਰ ਸਾਚਾ ਜੋਗ, ਹਰਿ ਹਰਿ ਆਪ ਜਣਾਇੰਦਾ । ਆਤਮ ਰਸ ਸਾਚਾ ਭੋਗ, ਰਸਨਾ ਰਸ ਤਜਾਇੰਦਾ । ਜਗਤ ਤ੍ਰਿਸਨਾ ਮਿਟੇ ਵਿਜੋਗ, ਮਾਇਆ ਮੋਹ ਗਵਾਇੰਦਾ । ਦੂਈ ਦਵੈਤੀ ਕੱਟੇ ਰੋਗ, ਸਾਚਾ ਸੰਗ ਰਖਾਇੰਦਾ । ਆਪ ਕਰਾਏ ਸਚ ਸੰਜੋਗ, ਘਰ ਸਾਚੇ ਮੇਲ ਮਿਲਾਇੰਦਾ । ਆਤਮ ਦਰਸ ਆਤਮ ਸੇਜਾ ਏਕਾ ਭੋਗ, ਏਕਾ ਏਕ ਜਣਾਇੰਦਾ । ਇਕ ਜਣਾਈ ਤਿੰਨਾਂ ਲੋਕ, ਤ੍ਰੈ ਤ੍ਰੈ ਵੇਖ ਵਖਾਇੰਦਾ । ਏਕਾ ਸ਼ਬਦ ਇਕ ਸਲੋਕ, ਏਕ ਰਾਗ ਅਲਾਇੰਦਾ । ਏਕਾ ਮਾਰਗ ਏਕਾ ਮੋਖ, ਏਕਾ ਦਰ ਸੁਹਾਇੰਦਾ । ਨਾ ਕੋਈ ਹਰਖ ਨਾ ਕੋਈ ਸੋਗ, ਜੋ ਪ੍ਰਭ ਸਰਨਾਈ ਆਇੰਦਾ । ਸੋਹੰ ਚੁਗੇ ਸਾਚੀ ਚੋਗ, ਤ੍ਰਿਸਨਾ ਭੁੱਖ ਮਿਟਾਇੰਦਾ । ਆਪ ਸੁਣਾਏ ਆਪਣੀ ਕੂਕ, ਆਪਣਾ ਨਾਮ ਅਲਾਇੰਦਾ । ਲੱਖ ਚੁਰਾਸੀ ਦੇਵੇ ਫੂਕ, ਨਾ ਕੋਈ ਮਾਤ ਬਚਾਇੰਦਾ । ਗੁਰਸਿਖ ਸੁਰਤੀ ਜਾਤ ਮਲੂਕ, ਨਾਮ ਮਸ਼ੂਕ ਇਕ ਰਖਾਇੰਦਾ । ਅੰਤਮ ਆਪਣਾ ਲੈਣਾ ਸਚ ਹਕੂਕ, ਪਿਛਲਾ ਕੀਤਾ ਝੋਲੀ ਪਾਇੰਦਾ । ਨਾ ਕੋਈ ਖੰਡਾ ਤਲਵਾਰ ਤਬਕ ਨਾ ਕੋਈ ਬੰਦੂਕ, ਤੀਰ ਨਿਸ਼ਾਨ ਨਾ ਕੋਈ ਲਗਾਇੰਦਾ । ਸ਼ਬਦ ਨਗਾਰਾ ਏਕਾ ਨਾਅਰਾ ਏਕਾ ਕੂਕ, ਲੋਆਂ ਪੁਰੀਆਂ ਆਪ ਸੁਣਾਇੰਦਾ । ਪਰਗਟ ਹੋਇਆ ਸਚ ਮਹਿਬੂਬ, ਮਿਹਰਵਾਨ ਦਇਆ ਕਮਾਇੰਦਾ । ਲੱਖ ਚੁਰਾਸੀ ਆਪ ਉਡਾਏ ਨਾ ਕੋਈ ਰੱਖੇ ਬਰੂਦ, ਜਗਤ ਪਲੀਤਾ ਨਾ ਕੋਈ ਲਗਾਇੰਦਾ । ਮਨਮੁਖ ਗੂੜ੍ਹੀ ਨੀਂਦੇ ਸੁੱਤੇ ਘੂਕ, ਕਲਜੁਗ ਆਪਣਾ ਪੜਦਾ ਪਾਇੰਦਾ । ਆਪਣੀ ਧੂਣੀ ਜਾਏ ਫੂਕ, ਨਾ ਕੋਈ ਮੇਲ ਮਿਲਾਇੰਦਾ । ਝੂਠਾ ਕੰਗਣ ਹੱਥ ਖਾਲੀ ਭੂਕ, ਅੰਤਮ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਬੈਠਾ ਵੜ, ਸਚ ਸਿੰਘਾਸਣ ਇਕ ਵਿਛਾਇੰਦਾ । ਵਿਛੀ ਸੇਜ ਸਚ ਸੁਲਤਾਨ, ਹਰਿ

੬੩

ਸਾਚੇ ਆਸਣ ਲਾਇਆ । ਆਪੇ ਹੋਇਆ ਬੇਪਹਿਚਾਨ, ਗੁਰਸਿਖ ਅੱਗੇ ਡਾਹਿਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਖੇਲ ਖਿਲਾਰੀ ਆਪ ਅਖਵਾਇਆ । ਵੀਹ ਸਦ ਬਿਕ੍ਰਮੀ ਕਰ ਪਰਧਾਨ, ਆਪਣਾ ਆਪ ਲਏ ਉਪਾਇਆ । ਵੀਹ ਸਦ ਪੰਦਰਾਂ ਕਰ ਪਛਾਣ, ਤੀਰਥ ਤੱਟਾਂ ਮੂਲ ਚੁਕਾਇਆ । ਸਾਧਾਂ ਸੰਤਾਂ ਵੇਖ ਗਿਆਨ, ਗਿਆਨ ਗੁਰੂ ਨਾ ਭੇਟ ਚੜ੍ਹਾਇਆ । ਨਾ ਕੋਈ ਮੂੰਹ ਦਿਸੇ ਕਾਨ, ਉਚੀ ਬਾਂਗ ਸਦਾ ਨਾ ਕੋਈ ਅਲਾਇਆ । ਨਾ ਕੋਈ ਸਵਾਂਗੀ ਰਚੇ ਸਵਾਂਗ, ਨਾ ਕੋਈ ਨੇਤਰ ਨੈਣ ਬੰਦ ਵਖਾਇਆ । ਨਾ ਕੋਈ ਪੱਕੇ ਭੋਜਨ ਪਕਵਾਨ, ਜੰਗਲ ਜੂਹ ਨਾ ਕੋਈ ਫਿਰਾਇਆ । ਆਪਣਾ ਘਰ ਆਪੇ ਕਰ ਪਛਾਨ, ਆਪਣਾ ਮੂਲ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਪੰਦਰਾਂ ਹੋਏ ਸਹਾਇਆ । ਪੰਜ ਦਸ ਹੋ ਉਜਿਆਰਾ, ਹਰਿ ਹਰਿ ਬਣਤ ਬਣਾਈਆ । ਏਥੇ ਉਥੇ ਇਕ ਸਹਾਰਾ, ਏਕਾ ਮੇਲ ਮਿਲਾਈਆ । ਆਰ ਪਾਰ ਵੇਖ ਕਿਨਾਰਾ, ਨਿਝਰ ਧਾਰਾ ਫੇਰਾ ਪਾਈਆ । ਆਪੇ ਦੇਵਣਹਾਰਾ ਸਚ ਸਹਾਰਾ, ਸਾਚੀ ਨੱਯਾ ਰਿਹਾ ਚਲਾਈਆ । ਨਾਮ ਕਰਾਏ ਵਣਜ ਵਪਾਰਾ, ਏਕਾ ਵਸਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੁਗ ਵਿਛੜੇ ਮੇਲ ਮਿਲਾਈਆ । ਸਤਿਜੁਗ ਵਿਛੋੜਾ ਆਪ ਕਰਾਇਆ, ਆਪੇ ਬਣਤ ਬਣਾਇੰਦਾ । ਤ੍ਰੇਤਾ ਦੇਹੁਰਾ ਆਪ ਫਿਰਾਇਆ, ਆਪਣੀ ਧਾਰ ਚਲਾਇੰਦਾ । ਦੁਆਪਰ ਗੇੜਾ ਆਪ ਦਵਾਇਆ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਖੇੜਾ ਵੇਖ ਵਖਾਇਆ, ਜੋਤ ਸਰੂਪੀ ਜੋਤ ਡਗਮਗਾਇੰਦਾ । ਅੰਤਮ ਨਿਬੇੜਾ ਹੱਕ ਕਰਾਇਆ, ਹੱਕ ਬਹੱਕ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਸਣਹਾਰਾ ਸਾਚੇ ਘਰ, ਸੰਮਤ ਪੰਦਰਾਂ ਦੇਵੇ ਵਰ, ਅੰਤਮ ਮੂਲ ਚੁਕਾਇਆ । ਸੰਮਤ ਪੰਦਰਾਂ ਤੇਰਾ ਮੁੱਲ, ਹਰਿ ਹਰਿ ਆਪੇ ਪਾਇੰਦਾ । ਗੁਰਮੁਖ ਵੇਖੇ ਸਾਚੀ ਕੁਲ, ਆਪਣਾ ਸੰਗ ਰਖਾਇੰਦਾ । ਦਰ ਦਵਾਰੇ ਜੋ ਆਇਆ ਭੁੱਲ, ਲੇਖਾ ਲੇਖੇ ਲਾਇੰਦਾ । ਮਾਨਸ ਬੂਟਾ ਨਾ ਜਾਏ ਹੁਲ, ਸਚ ਫਲ ਖੁਵਾਇੰਦਾ । ਸੋਹੰ ਕੰਡੇ ਜਾਏ ਤੁਲ, ਹਰਿ ਤੋਲਾ ਆਪ ਤੁਲਾਇੰਦਾ । ਪਾਣੀ ਨਾ ਪਏ ਕਾਇਆ ਚੁਲ੍ਹ, ਅਗਨੀ ਤੱਤ ਨਾ ਕੋਈ ਬੁਝਾਇੰਦਾ । ਚਰਨ ਪ੍ਰੀਤ ਜੋ ਗਿਆ ਘੁਲ, ਲੱਖ ਚੁਰਾਸੀ ਫੰਦ ਕਟਾਇੰਦਾ । ਸਚ ਦਵਾਰ ਗਿਆ ਖੁਲ੍ਹ, ਚਾਰ ਵਰਨਾਂ ਆਪ ਸੁਣਾਇੰਦਾ । ਲੱਖ ਚੁਰਾਸੀ ਗਾਏ ਮੁੱਖ, ਨਿਹਕਲੰਕ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਚ ਦਿਹਾੜਾ ਇਕ ਸੁਹਾਇੰਦਾ । ਸਾਚਾ ਦਿਵਸ ਛੱਬੀ ਪੋਹ, ਹਰਿ ਹਰਿ ਰਚਨ ਰਚਾਈਆ । ਨਾਤਾ ਤੋੜੇ ਜਗਤ ਮੋਹ, ਤਨ ਖ਼ਾਕੀ ਖ਼ਾਕ ਸਮਾਈਆ । ਆਪਣੇ ਨਾਲ ਕਰ ਆਪ ਧਰੋ, ਆਪ ਆਪਣਾ ਦਏ ਖਪਾਈਆ । ਆਪੇ ਜੋਤ ਰਲਿਆ ਪੁਰਖ ਨਿਰੰਜਣ ਸੋ, ਪੁਰਖ ਨਿਰੰਜਣ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਦਿਵਸ ਦਏ ਵਡਿਆਈਆ । ਸਾਚਾ ਦਿਵਸ ਜਗਤ ਉਜਾਗਰ, ਹਰਿ ਹਰਿ ਆਪ ਕਰਾਇਆ । ਗੁਰਮੁਖ ਵਿਰਲਾ ਬਣੇ ਸੌਦਾਗਰ, ਮਨਮੁਖਾਂ ਹੱਥ ਨਾ ਆਇਆ । ਨਾਮ ਅਨਮੁਲਾ ਕਾਇਆ ਗਾਗਰ, ਰਤਨ ਅਮੋਲਕ ਦਏ ਧਰਾਇਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਦਰ ਦਵਾਰੇ ਫੇਰਾ ਪਾਇਆ । ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਆਪ ਰੰਗਾਇਆ । ਬੈਠਾ ਰਹੇ ਇਕ ਅਕਾਗਰ, ਏਕਾ ਰੂਪ


੬੪
੦੮

ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਇਆ । ਵੇਖਣਹਾਰਾ ਹਰਿ ਸਮਰਥ, ਆਪਣਾ ਦਰ ਦਵਾਰਿਆ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਵੇਦ ਕਤੇਬ ਭੇਵ ਨਾ ਪਾ ਰਿਹਾ । ਆਪ ਚਲਾਏ ਆਪਣਾ ਰਥ, ਚਾਰੇ ਕੁੰਟਾਂ ਆਪ ਫਿਰਾ ਰਿਹਾ । ਵੇਖਣਹਾਰਾ ਮੰਦਰ ਮਸਜਿਦ ਮੱਠ, ਤੀਰਥ ਤਟ ਤਟ ਕਿਨਾਰਿਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਆਪ ਆਪਣਾ ਮੇਲ ਮਿਲਾ ਰਿਹਾ । ਦੇਵਣਹਾਰਾ ਸਾਚੀ ਵੱਥ, ਸੋਹੰ ਭਰੇ ਆਪ ਭੰਡਾਰਿਆ । ਆਤਮ ਸੇਜਾ ਚੜ੍ਹੇ ਨੱਠ, ਖੋਲ੍ਹੇ ਬੰਦ ਕਿਵਾੜਿਆ । ਤ੍ਰੈਗੁਣ ਅਗਨੀ ਲਾਏ ਮੱਠ, ਮਿਟੇ ਪੰਚਮ ਧਾੜਿਆ । ਅੰਮ੍ਰਿਤ ਆਤਮ ਮਾਣ ਚੁਕਾਏ ਤੀਰਥ ਅਠਸਠ, ਅੰਮ੍ਰਿਤ ਪਿਆਏ ਠੰਡੀ ਠਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੇਲ ਮਿਲਾ ਰਿਹਾ । ਮੇਲ ਮਿਲਾਵਾ ਹਰਿ ਹਰਿ ਦਵਾਰਾ, ਬੰਦ ਦਵਾਰ ਸੁਹਾਈਆ । ਸਾਚੇ ਸੁੱਤ ਕਰ ਪਿਆਰਾ, ਸਚ ਸੁੱਚ ਵੱਜੇ ਵਧਾਈਆ । ਵੇਖਣਹਾਰਾ ਏਕੰਕਾਰਾ, ਆਪਣੀ ਕਲ ਵਰਤਾਈਆ । ਬੋਧ ਅਗਾਧੀ ਸ਼ਬਦ ਜੈਕਾਰਾ, ਸ਼ਬਦੀ ਧੁਨ ਸੁਣਾਈਆ । ਡੰਕ ਵਜਾਏ ਨਾਮ ਨਗਾਰਾ, ਨਾਮ ਨਾਮਾ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਪੜਦਾ ਆਪੇ ਲਾਹੀਆ । ਸੰਮਤ ਪੰਦਰਾਂ ਪੜਦਾ ਲਾਹ, ਆਪਣੀ ਖੇਲ ਖਿਲਾਇੰਦਾ । ਜਨ ਭਗਤਾਂ ਜਾਣੇ ਜਗਤ ਮਲਾਹ, ਜਾਗਰਤ ਜੋਤ ਜਗਾਇੰਦਾ । ਮਨਮੁੱਖਾਂ ਖ਼ਾਕ ਦਏ ਰਲਾ, ਸਾਚੇ ਹੱਟ ਨਾ ਕੋਈ ਵਿਕਾਇੰਦਾ । ਦੋਹਾਂ ਵਿਚੋਲਾ ਆਪ ਅਖਵਾ, ਭੇਵ ਅਭੇਦ ਛੁਪਾਇੰਦਾ । ਹਰਿ ਸੱਜਣ ਸਾਚੇ ਵੇਖ ਵਖਾ, ਦਰ ਦਵਾਰੇ ਆਪ ਬਹਾਇੰਦਾ । ਹਰਿ ਸੰਗਤ ਸਾਚਾ ਸੰਗ ਰਲਾ, ਸਾਚਾ ਸਗਨ ਮਨਾਇੰਦਾ । ਸਾਚਾ ਗਾਨਾ ਦਏ ਬੰਨਾ, ਨਾ ਕੋਈ ਤੋੜ ਤੁੜਾਇੰਦਾ । ਨਾਮ ਨਿਧਾਨਾ ਜਾਮ ਪਲਾ, ਇਕ ਖ਼ੁਮਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਸੋਲਾਂ ਕਲ ਵਰਤਾਇੰਦਾ । ਸੋਲਾਂ ਸ਼ੰਗਾਰ ਸੋਲਾਂ ਪਿਆਰ, ਸੋਲਾਂ ਧਾਰ ਬੰਧਾਈਆ । ਸੋਲਾਂ ਸੋਲਾਂ ਹੋ ਉਜਿਆਰ, ਏਕਾ ਸੋਹਲਾ ਦਏ ਸੁਣਾਈਆ । ਸੋਲਾਂ ਸੋਲਾਂ ਕਰ ਖੁਵਾਰ, ਸੋਲਾਂ ਸੋਲਾਂ ਕਰੇ ਹਲਕਾਈਆ । ਸੋਲਾਂ ਸੋਲਾਂ ਮੀਤ ਮੁਰਾਰ, ਸੁਰਤੀ ਸੁਰਤ ਉਠਾਈਆ । ਅਕਾਲ ਮੂਰਤੀ ਖੇਲ ਨਿਆਰ, ਕਲਜੁਗ ਅੰਤਮ ਵੇਖਣ ਆਈਆ । ਸਾਚਾ ਸਗਨ ਧੁਰ ਦਰਬਾਰ, ਥਿਰ ਘਰ ਆਪੇ ਰਿਹਾ ਪਾਈਆ । ਗੁਰਸਿਖ ਨਾਰ ਹੋਈ ਮੁਟਿਆਰ, ਵੇਖਣ ਆਇਆ ਬੇਪਰਵਾਹੀਆ । ਸ਼ਬਦ ਵਿਚੋਲਾ ਫੇਰੇ ਮਾਰੇ ਵਾਰੋ ਵਾਰ, ਘਰ ਘਰ ਸੁੱਤੇ ਰਿਹਾ ਉਠਾਈਆ । ਖਿਚ ਲਿਆਇਆ ਸਚ ਦਵਾਰ, ਏਕਾ ਬੰਕ ਸੁਹਾਈਆ । ਸਾਚੀ ਥਿਤ ਸਾਚੀ ਵਾਰ, ਸਾਚੀ ਦਏ ਸਲਾਹੀਆ । ਮਿਲੇ ਵਰ ਪੁਰਖ ਭਤਾਰ, ਸਾਚਾ ਕੰਤ ਇਕ ਮਨਾਈਆ । ਸਾਚੇ ਘਰ ਘਰ ਹੋਏ ਜੈ ਜੈਕਾਰ, ਮੰਗਲਾਚਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਦੇਵੇ ਵਰ, ਗੁਰਮੁਖ ਸਾਚੇ ਆਪ ਉਠਾਈਆ । ਗੁਰਸਿਖ ਸਾਚਾ ਉਠਿਆ ਜਾਗ, ਹਰਿ ਸਾਚੇ ਆਪ ਜਗਾਇਆ । ਪੰਜ ਤੱਤ ਲੱਗਾ ਭਾਗ, ਘਰ ਸਾਚਾ ਵੇਖ ਵਖਾਇਆ । ਸੁਨਾਵਣਹਾਰਾ ਏਕਾ ਰਾਗ, ਏਕਾ ਰਿਹਾ ਅਲਾਇਆ । ਹੰਸ ਬਣਾਏ ਫੜ ਫੜ ਕਾਗ, ਕਾਗੋਂ ਹੰਸ ਬਣਾਇਆ । ਆਪਣੀ ਹੱਥੀਂ ਬੰਨੇ ਸਾਚਾ ਤਾਗ, ਸਾਚਾ ਸਗਨ ਮਨਾਇਆ । ਦਿਵਸ ਰੈਣ ਰਹੇ ਵੈਰਾਗ, ਏਕਾ ਲਿਵ ਰਖਾਇਆ । ਚਰਨ ਧੂੜੀ ਸਾਚਾ ਮਜਨ ਮਾਘ, ਸਤਿਗੁਰ ਪੂਰਾ ਆਪ ਕਰਾਇਆ । ਜੋ ਜਨ ਸਰਨ ਸਰਨਾਈ ਗਏ ਲਾਗ, ਆਵਣ

ਜਾਵਣ ਦਏ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਰਾਹ ਤਕਾਇਆ । ਸੰਮਤ ਸੋਲਾਂ ਹਰਿ ਬਲਵਾਨਾ, ਏਕ ਏਕ ਅਖਵਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ, ਆਪ ਆਪਣਾ ਨਾਉਂ ਧਰਾਇੰਦਾ । ਸਾਚਾ ਚਿੱਲਾ ਤੀਰ ਕਮਾਨਾ, ਆਪਣਾ ਆਪ ਉਠਾਇੰਦਾ । ਚਾਰੇ ਕੁੰਟ ਵੇਖੇ ਮਾਰ ਧਿਆਨਾ, ਦਹਿ ਦਿਸ਼ਾ ਫੋਲ ਫੋਲਾਇੰਦਾ । ਗੁਰਮੁਖਾਂ ਬੰਨਣ ਆਇਆ ਗਾਨਾ, ਕਲਜੁਗ ਅੰਤਮ ਵੇਸ ਵਟਾਇੰਦਾ । ਅੰਤਮ ਚੁੱਕੇ ਪੀਣਾ ਖਾਣਾ, ਮਾਨਸ ਜਨਮ ਲੇਖੇ ਲਾਇੰਦਾ । ਸਾਚੇ ਧਾਮ ਆਪ ਬਹਾਣਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਕਿਸੇ ਹੱਥ ਨਾ ਆਏ ਰਾਜੇ ਰਾਣਾ, ਸ਼ਾਹ ਸੁਲਤਾਨ ਨਾ ਕੋਈ ਰਖਾਇੰਦਾ । ਆਪੇ ਬਖ਼ਸ਼ਣਹਾਰਾ ਪਦ ਨਿਰਬਾਨਾ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਦੇਵੇ ਬ੍ਰਹਮ ਗਿਆਨਾ, ਆਤਮ ਬ੍ਰਹਮ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਵਟਾਇੰਦਾ । ਸਤਿਗੁਰ ਪੂਰੇ ਬਦਲਿਆ ਚੋਲਾ, ਹਰਿ ਸਾਚੀ ਬਣਤ ਬਣਾਈਆ । ਸੰਮਤ ਸੋਲਾਂ ਰਹਿਣ ਨਾ ਦੇਵੇ ਪੜਦਾ ਉਹਲਾ, ਨਿਹਕਲੰਕ ਵੱਜੇ ਵਧਾਈਆ । ਗੁਰਮੁਖਾਂ ਪੜਦਾ ਆਪੇ ਖੋਲ੍ਹਾ, ਆਪਣੀ ਹੱਥੀਂ ਪੱਟੀ ਆਪੇ ਲਾਹੀਆ । ਆਪੇ ਗਾਵਣਹਾਰਾ ਢੋਲਾ, ਆਪੇ ਰਿਹਾ ਸੁਣਾਈਆ । ਆਪੇ ਬਣਿਆ ਲੋਕਮਾਤ ਵਿਚੋਲਾ, ਗਰੀਬ ਨਿਵਾਜਾ ਸੇਵ ਕਮਾਈਆ । ਆਪਣਾ ਪੜਦਾ ਆਪੇ ਫੋਲਾ, ਦੂਸਰ ਦਿਸ ਕਿਸੇ ਨਾ ਆਈਆ । ਕਰੇ ਖੇਲ ਹੌਲਾ ਹੌਲਾ, ਗੁਰ ਗੋਬਿੰਦ ਆਪ ਸਮਝਾਈਆ । ਨਾਨਕ ਰਲਿਆ ਨਾਲ ਤੋਲਾ, ਸਾਚਾ ਕੰਡਾ ਹੱਥ ਉਠਾਈਆ । ਸੋਹੰ ਸ਼ਬਦ ਏਕਾ ਬੋਲਾ, ਸਤਿ ਪੁਰਖ ਨਿਰੰਜਣ ਆਪ ਸੁਣਾਈਆ । ਆਪੇ ਧਾਰੇ ਭੇਖ ਮੌਲਾ, ਆਪ ਆਪਣਾ ਰੂਪ ਵਟਾਈਆ । ਸੰਮਤ ਸੋਲਾਂ ਸ੍ਰਿਸ਼ਟ ਸਬਾਈ ਪਏ ਰੌਲਾ, ਨਿਹਕਲੰਕ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਮੁਖ ਆਪੇ ਰਿਹਾ ਉਠਾਈਆ । ਆਪਣਾ ਪੜਦਾ ਆਪੇ ਲਾਹ, ਆਪਣਾ ਨੂਰ ਦਰਸਾਇਆ । ਆਪਣੀ ਜੋਤੀ ਆਪ ਜਗਾ, ਆਪੇ ਡਗਮਗਾਇਆ । ਘਰ ਘਰ ਦੀਵੇ ਦਏ ਜਗਾ, ਗੁਰਮੁਖ ਸਾਚੇ ਕਰ ਰੁਸ਼ਨਾਇਆ । ਸਾਚਾ ਘਿਰਤ ਆਪੇ ਪਾ, ਆਪੇ ਬੱਤੀ ਦਏ ਲਗਾਇਆ । ਨਿਰਤ ਸੁਰਤ ਆਪੇ ਵੇਖ ਵਖਾ, ਅਕਾਲ ਮੂਰਤ ਇਕ ਮਿਲਾਇਆ । ਨਾਦ ਤੂਰਤ ਆਪਣਾ ਆਪ ਵਜਾ, ਆਪੇ ਦਏ ਸੁਣਾਇਆ । ਆਪਣੀ ਲਾਜ ਆਪ ਰਖਾ, ਆਪਣਾ ਪੜਦਾ ਦੇਵੇ ਪਾਇਆ । ਆਪਣੇ ਸੀਸ ਤਾਜ ਆਪ ਟਿਕਾ, ਰਾਜ ਰਾਜਾਨਾਂ ਦੇਵੇ ਖ਼ਾਕ ਮਿਲਾਇਆ । ਆਪਣਾ ਜਹਾਜ ਸਾਚਾ ਆਪ ਚਲਾ, ਕਲਜੁਗ ਕੂੜਾ ਦਏ ਰੁੜਾਇਆ । ਮਾਝੇ ਦੇਸ ਜੋਤ ਜਗਾ, ਸੰਬਲ ਨਗਰੀ ਡੇਰਾ ਲਾਇਆ । ਗੁਰ ਗੋਬਿੰਦ ਸਿੰਘ ਸਿੰਘ ਰਿਹਾ ਉਠਾ, ਸੋਇਆ ਸਿੰਘ ਰਹੇ ਨਾ ਰਾਇਆ । ਸ਼ੇਰ ਦਲੇਰਾ ਆਪ ਹੋ ਜਾ, ਨੇਰਨ ਨੇਰ ਰੂਪ ਵਟਾਇਆ । ਨੌ ਖੰਡ ਪ੍ਰਿਥਮੀ ਘੇਰਾ ਲਏ ਪਾ, ਸ਼ਬਦ ਡੋਰੀ ਇਕ ਬੰਧਾਇਆ । ਚਿੱਟਾ ਅਸਵ ਘੋੜਾ ਰਿਹਾ ਦੌੜਾ, ਸੋਲਾਂ ਕਲੀਆਂ ਆਸਣ ਲਾਇਆ । ਸੋਲਾਂ ਇਛਿਆ ਪੂਰ ਕਰਾ, ਸਾਚੀ ਭਿਛਿਆ ਝੋਲੀ ਪਾਇਆ । ਦਹਿ ਦਿਸ਼ਾ ਹਰਿ ਫੇਰੀ ਪਾ, ਗੁਰਸਿਖ ਆਪਣਾ ਲਏ ਜਗਾਇਆ । ਸਾਚੀ ਸਿਖਿਆ ਇਕ ਸਮਝਾ, ਚਾਰ ਵਰਨਾਂ ਦਰ ਬੁਲਾਇਆ । ਮੁਸਲਮ ਹਿੰਦੂ ਸਿਖ ਈਸਾਈ ਨਾ ਕੋਈ ਰਿਹਾ ਜਣਾ, ਜਾਤ ਪਾਤੀ ਨਿਜਾਤ ਦਵਾਇਆ । ਕਮਲਾਪਾਤੀ ਇਕ ਮਿਲਾ, ਅੰਮ੍ਰਿਤ ਬੂੰਦ ਦਏ ਪਿਆਇਆ । ਆਤਮ ਤਾਕੀ ਆਪ ਖੁਲ੍ਹਾ, ਲਹਿਣਾ ਦੇਣਾ ਬਾਕੀ ਲਏ ਚੁਕਾਇਆ । ਸਾਚਾ ਸਾਕੀ ਬੇਪਰਵਾਹ, ਅੰਮ੍ਰਿਤ ਜਾਮ ਦਏ ਪਿਆਇਆ । ਬਾਂਕੀ ਚਾਲ ਇਕ

ਰਖਾ, ਧੁਰਦਰਗਾਹੀ ਡੇਰਾ ਲਾਇਆ । ਖ਼ਾਕੀ ਖ਼ਾਕ ਰਿਹਾ ਸਮਾ, ਪਾਕੀ ਪਾਕ ਆਪ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੋਲਾਂ ਸੋਲਾਂ ਰੰਗ ਰੰਗਾਇਆ । ਸੋਲਾਂ ਰੰਗ ਸੂਰਾ ਸਰਬੰਗ, ਆਪਣਾ ਆਪ ਚੜ੍ਹਾਇੰਦਾ । ਸੋਲਾਂ ਇਛਿਆ ਕਰੇ ਭੰਗ, ਮਨਮੁਖਾਂ ਵੇਖ ਵਖਾਇੰਦਾ । ਸੋਲਾਂ ਹੋਏ ਦਰ ਦਰ ਮਲੰਘ, ਦਰ ਦਰਵੇਸ਼ ਅਖਵਾਇੰਦਾ । ਸੋਲਾਂ ਚਾੜ੍ਹੇ ਆਪਣੀ ਗੰਗ, ਆਪਣੀ ਧਾਰ ਵਹਾਇੰਦਾ । ਸੋਲਾਂ ਗੁਰਮੁਖ ਲਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਦਰ ਸੁਹਾਇੰਦਾ । ਆਪਣਾ ਦਰ ਸੁਹਾਏ ਹਰਿ ਅਬਿਨਾਸ਼ਾ, ਰੂਪ ਰੰਗ ਨਾ ਰੇਖਿਆ । ਵੇਖਣ ਆਇਆ ਜਗਤ ਤਮਾਸ਼ਾ, ਧਾਰੇ ਜੋਤੀ ਭੇਸ ਮੁੱਛ ਦਾੜ੍ਹੀ ਨਾ ਦਿਸੇ ਕੇਸਿਆ । ਵੇਸ ਵਟਾਇਆ ਦਸ ਦਸਮੇਸਾ, ਮੂੰਡ ਮੁੰਡਾਇਆ ਰੱਖੇ ਲੇਖਾ, ਆਪਣੇ ਨੇਤਰ ਆਪੇ ਪੇਖਿਆ । ਆਪੇ ਜਾਣੇ ਸ਼ਿਵ ਸ਼ੰਕਰ ਗਣਪਤ ਗਣੇਸ਼ਾ, ਬ੍ਰਹਮਾ ਵੇਤਾ ਵੇਖ ਵਖਾਇਆ । ਆਪ ਉਪਜਾਏ ਦੇਵੀ ਦੇਵਤਿਆ, ਸੁਰ ਨਰ ਆਪ ਅਖਵਾਇਆ । ਲੱਖ ਚੁਰਾਸੀ ਆਪੇ ਪਾਏ ਆਪਣਾ ਕੇਤਿਆ, ਆਪ ਆਪਣਾ ਰੰਗ ਰੰਗਾਇਆ । ਆਪ ਉਠਾਈ ਸਤ ਚੇਤਿਆ, ਚੇਤਨ ਰੂਪ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੇਲ ਮਿਲਾਇਆ । ਮੇਲ ਮਿਲਾਵਣਹਾਰ ਨਿਰੰਜਣ, ਆਦਿ ਜੁਗਾਦਿ ਵੱਡੀ ਵਡਿਆਈਆ । ਭਗਤ ਸੁਹੇਲਾ ਸਾਚਾ ਸੱਜਣ, ਲੋਕਮਾਤ ਆਇਆ ਬੇਪਰਵਾਹੀਆ । ਸੰਤ ਸੁਹੇਲੇ ਮੰਗ ਏਕਾ ਮੰਗਣ, ਦਿਵਸ ਰੈਣ ਰਹੇ ਕੁਰਲਾਈਆ । ਕਾਇਆ ਚੋਲੀ ਚਾੜ੍ਹੇ ਰੰਗਣ, ਨੌਂ ਦਵਾਰੇ ਪੰਧ ਮੁਕਾਈਆ । ਡੂੰਘੀ ਕੰਦਰ ਮਿਲੇ ਸੱਜਣ, ਸੁਖਮਨ ਮੁਖ ਭਵਾਈਆ । ਧੁਨ ਅਨਾਦੀ ਤਾਲ ਵੱਜਣ, ਸਾਚਾ ਸਗਨ ਮਨਾਈਆ । ਸਰ ਸਰੋਵਰ ਮਿਲੇ ਮਜਨ, ਸਰ ਸਰੋਵਰ ਇਕ ਨੁਹਾਈਆ । ਬਜਰ ਕਪਾਟੀ ਭਾਂਡੇ ਭੱਜਣ, ਭਵ ਸਾਗਰ ਆਪ ਤਰਾਈਆ । ਆਪਣੀ ਸੇਜਾ ਬਹਿ ਬਹਿ ਸਜਣ, ਮੇਲ ਮਿਲਾਵਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਫੜਨ ਆਇਆ ਆਪੇ ਬਾਂਹੀਆ । ਗੁਰਮੁਖ ਸੱਜਣ ਲਏ ਫੜ, ਆਪਣੀ ਦਇਆ ਕਮਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਦਿਸ ਕਿਸੇ ਨਾ ਆਇੰਦਾ । ਅੰਦਰੇ ਅੰਦਰ ਜਾਏ ਚੜ੍ਹ, ਦਰ ਮੰਦਰ ਆਪ ਖੁਲ੍ਹਾਇੰਦਾ । ਤੋੜਨਹਾਰਾ ਹੰਕਾਰੀ ਗੜ੍ਹ, ਸੱਸਾ ਕਿਲਾ ਇਕ ਵਖਾਇੰਦਾ । ਉਤੇ ਹੋੜਾ ਦੇਵੇ ਧਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਹੰ ਬ੍ਰਹਮ ਜਾਏ ਮਰ, ਸੋਹੰ ਸੋ ਸਚ ਅਲਾਇੰਦਾ । ਓਅੰ ਰੂਪ ਆਪ ਹਰਿ, ਏਕੰਕਾਰਾ ਨਾਮ ਧਰਾਇੰਦਾ । ਇਕ ਅਕੱਲਾ ਦੇਵੇ ਵਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਪਾਏ ਡਰ, ਸੁੱਤੇ ਆਪ ਉਠਾਇੰਦਾ । ਬ੍ਰਹਮਾ ਵੇਤਾ ਅੱਗੇ ਖੜ, ਆਪਣਾ ਲੇਖ ਮੁਕਾਇੰਦਾ । ਵਿਸ਼ਨੂੰ ਫਿਰੇ ਦਰ ਦਰ, ਘਰ ਘਰ ਭਿਛਿਆ ਝੋਲੀ ਪਾਇੰਦਾ । ਸ਼ਿਵ ਸ਼ੰਕਰ ਅੰਤਮ ਲਏ ਫੜ, ਲਹਿਣਾ ਦੇਣਾ ਮੂਲ ਚੁਕਾਇੰਦਾ । ਧਰਮ ਰਾਏ ਲੇਖਾ ਮੰਗੇ ਅੱਗੇ ਖੜ, ਅੱਗੇ ਲੰਘ ਨਾ ਕੋਈ ਜਾਇੰਦਾ । ਲਾੜ੍ਹੀ ਮੌਤ ਮੰਗੇ ਵਰ, ਆਪ ਆਪਣਾ ਸਗਨ ਮਨਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਬ੍ਰਹਮਾ ਰਿਹਾ ਜਗਤ ਉਪਾ, ਹਰਿ ਸਾਚੇ ਵਡ ਵਡਿਆਈਆ । ਵਿਸ਼ਨੂੰ ਵੰਸੀ ਸੇਵਾ ਲਾ, ਸਾਚਾ ਰਿਜ਼ਕ ਸਬਾਈਆ । ਸ਼ਿਵ ਸ਼ੰਕਰ ਅੰਤਮ ਦਏ ਮਿਟਾ, ਲੇਖਾ ਲੇਖ ਮੁਕਾਈਆ । ਏਕਾ ਮਾਲੀ ਜਗਤ ਉਪਾ,

ਤ੍ਰੈਗੁਣ ਰਚਨ ਰਚਾਈਆ । ਸਚਖੰਡ ਨਿਵਾਸੀ ਫੇਰਾ ਪਾ, ਸਤਿਜੁਗ ਆਪਣਾ ਵੇਸ ਵਟਾਈਆ । ਹੇਰਾ ਫੇਰਾ ਜਗਤ ਭੁੱਲਾ, ਭਰਮ ਭੁਲਾਏ ਸਰਬ ਲੋਕਾਈਆ । ਗੁਰਮੁਖ ਸਾਜਨ ਲਏ ਉਠਾ, ਸੰਤ ਸੁਹੇਲੇ ਵੇਖ ਵਖਾਈਆ । ਏਕਾ ਅੱਖਰ ਦਏ ਪੜ੍ਹਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਆਤਮ ਬ੍ਰਹਮ ਦਏ ਜਣਾ, ਏਕਾ ਰੂਪ ਦਰਸਾਈਆ । ਸਾਚੇ ਮੰਦਰ ਆਪ ਵਸਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਵੇਖੇ ਘਰ ਘਰ, ਘਰ ਸਾਚਾ ਬੇਪਰਵਾਹੀਆ । ਘਰ ਸਾਚਾ ਹਰਿ ਵੇਖਣ ਆਇਆ ਲੋਕਮਾਤ ਉਜਿਆਰਾ । ਔਲੀਆ ਪੀਰ ਸ਼ੇਖ਼ ਮੁਸਾਇਕ ਗੌਂਸ ਮੇਟਣ ਆਇਆ, ਐਲੀ ਅਲ੍ਹਾ ਏਕਾ ਨਾਅਰਾ । ਸਾਚੀ ਮੇਖਾ ਮੇਖ ਆਪੇ ਲਾਵਣ ਆਇਆ, ਸਤਿ ਪੁਰਖ ਨਿਰੰਜਣ ਮੀਤ ਮੁਰਾਰਾ । ਦਰ ਦਰਵੇਸਾ ਫੇਰਾ ਫੇਰੀ ਪਾਵਣ ਆਇਆ, ਏਕਾ ਸ਼ਬਦ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਦੇਵੇ ਸਾਚਾ ਵਰ, ਦੇਵਣ ਆਏ ਚਲ ਦਵਾਰਾ । ਆਏ ਦਰ ਚਰਨ ਭਿਖਾਰ, ਹਰਿ ਸਾਚਾ ਬੰਕ ਸੁਹਾਇਆ । ਦੇਵਣਹਾਰਾ ਨਾਮ ਭੰਡਾਰ, ਦਾਤਾ ਦਾਨੀ ਆਪ ਵਰਤਾਇਆ । ਸਾਚਾ ਕਰੇ ਸਚ ਸ਼ੰਗਾਰ, ਸਚ ਸ਼ੰਗਾਰ ਇਕ ਕਰਾਇਆ । ਬੰਨੇ ਗਾਨਾ ਹਰਿ ਮਿਹਰਵਾਨਾ ਵਿਚ ਸੰਸਾਰ, ਨਾਤਾ ਬਿਧਾਤਾ ਜੋੜ ਜੁੜਾਇਆ । ਛੱਬੀ ਪੋਹ ਸਾਚਾ ਮੋਹ, ਹਰਿਜਨ ਹਰਿ ਮੀਤ ਮੁਰਾਰ ਆਪਣਾ ਮੇਲ ਮਿਲਾਇਆ । ਸ਼ਬਦ ਜਣਾਇਆ ਸੋਹੰ ਸੋ, ਭੁੱਲ ਰਹੇ ਨਾ ਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਜਨ ਸਾਚੇ ਆਪਣੀ ਕੁਲ ਉਪਜਾਇਆ ।

੬੮

੦੮

ਸਤਿ ਪੁਰਖ ਨਿਰੰਜਣ ਸਾਚਾ ਚਾਨਣ, ਹਰਿ ਹਰਿ ਆਪ ਕਰਾਇਆ । ਭਗਤਨ ਮੀਤ ਆਇਆ ਭਗਤਾਂ ਪਛਾਨਣ, ਆਪ ਆਪਣਾ ਵੇਸ ਵਟਾਇਆ । ਸ਼ਬਦ ਸਰੂਪੀ ਪਕੜੇ ਦਾਮਨ, ਦਾਮਨਗੀਰ ਨਾਮ ਧਰਾਇਆ । ਮੇਟ ਮਿਟਾਏ ਕਾਮਨੀ ਕਾਮਨ, ਕਾਮ ਕਰੋਧ ਨਾ ਹੋਏ ਹਲਕਾਇਆ । ਦਰਗਹਿ ਸਾਚੀ ਬਣਿਆ ਜਾਮਨ, ਦੋ ਜਹਾਨਾਂ ਵੇਖ ਵਖਾਇਆ । ਮਿਟੇ ਰੈਣ ਅੰਧੇਰੀ ਸ਼ਾਮਨ, ਸਾਚਾ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਵੇਖ ਵਖਾਇਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਏਕ ਏਕੰਕਾਰਿਆ । ਸੰਤ ਸੁਹੇਲੇ ਕਰ ਪਛਾਨ, ਘਰ ਸਾਚੇ ਮੇਲ ਮਿਲਾ ਰਿਹਾ । ਕਾਇਆ ਮੰਦਰ ਬੈਠ ਮਕਾਨ, ਘਰ ਘਰ ਵਿਚ ਆਸਣ ਲਾ ਰਿਹਾ । ਦੀਵਾ ਬਾਤੀ ਇਕ ਮਹਾਨ, ਜੋਤ ਨਿਰੰਜਣ ਸੇਵਾ ਲਾ ਰਿਹਾ । ਧੁਨੀ ਨਾਦ ਅਨਾਦੀ ਗਾਨ ਆਪੇ ਗਾਣ, ਸ੍ਰੀ ਭਗਵਾਨ ਤਾਲ ਤਲਵਾੜਾ ਆਪ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਵੇਖ ਵਖਾ ਰਿਹਾ । ਸੰਮਤ ਸੰਮਤੀ ਹਰਿ ਸਾਖਯਾਤ, ਨਿਰਗੁਣ ਜੋਤ ਜਗਾਈਆ । ਅਕਲ ਕਲਾ ਕਲ ਕਮਲਾਪਾਤ, ਗੁਣ ਅਵਗੁਣ ਨਾ ਕੋਈ ਵਖਾਈਆ । ਆਦਿ ਜੁਗਾਦੀ ਸਗਲਾ ਸਾਥ, ਸਾਚਾ ਸੰਗ ਨਿਭਾਈਆ । ਜੁਗ ਜੁਗ ਚਲਾਏ ਆਪਣਾ ਰਾਥ, ਰਥ ਰਥਵਾਹੀ ਬੇਪਰਵਾਹੀਆ । ਸ਼ਬਦੀ ਸ਼ਬਦ ਜਣਾਏ ਗਾਥ, ਸੋ ਪੁਰਖ ਏਕਾ ਗਾਈਆ । ਕਲਜੁਗ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਹਰਿਜਨ ਸੇਵ ਕਮਾਈਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਨ ਲਹਿਣਾ ਝੋਲੀ ਪਾਈਆ । ਲਹਿਣਾ ਦੇਣਾ ਚੁੱਕਿਆ ਪੂਜਾ ਪਾਠ, ਏਕਾ

ਆਪਣਾ ਦਰਸ ਦਿਖਾਈਆ । ਸਚ ਸਰੋਵਰ ਮਾਰੇ ਠਾਠ, ਆਤਮ ਅੰਮ੍ਰਿਤ ਆਪ ਨੁਹਾਈਆ । ਪੱਲੇ ਬੰਨੇ ਨਾਮ ਗਾਠ, ਏਕਾ ਵਸਤ ਆਪ ਵਖਾਈਆ । ਪੰਜ ਤੱਤ ਜਲੇ ਕਾਇਆ ਕਾਠ, ਅਗਨੀ ਅੱਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਸਿਖ ਸਾਜਣ ਹਰਿ ਹਰਿ ਪਾਇਆ, ਘਰ ਸਾਚੇ ਵੱਜੀ ਵਧਾਈਆ । ਆਤਮ ਅੰਤਰ ਇਕ ਲਿਵ ਲਾਇਆ, ਏਕਾ ਬੂਝ ਬੁਝਾਈਆ । ਪੁਰਖ ਅਬਿਨਾਸ਼ੀ ਏਕਾ ਗਾਇਆ, ਘਟ ਘਟ ਵੇਖ ਵਖਾਈਆ । ਜੋਤ ਪਰਕਾਸ਼ ਨਜ਼ਰੀ ਆਇਆ, ਸਚ ਸਿੰਘਾਸਣ ਡੇਰਾ ਲਾਈਆ । ਦਾਸਨ ਦਾਸੀ ਸੇਵ ਕਮਾਇਆ, ਆਪ ਆਪਣਾ ਖੇਲ ਖਿਲਾਈਆ । ਰਸਨ ਸਵਾਸੀ ਲਏ ਤਰਾਇਆ, ਜੋ ਜਨ ਰਹੇ ਗਾਈਆ । ਮਦਿਰਾ ਮਾਸੀ ਲਏ ਖਪਾਇਆ, ਖੰਡਾ ਹੱਥ ਉਠਾਈਆ । ਘਨਕਪੁਰ ਵਾਸੀ ਸੰਬਲ ਨਗਰੀ ਡੇਰਾ ਲਾਇਆ, ਦੇਸ ਪਰਦੇਸਾ ਫੇਰਾ ਪਾਈਆ । ਨਰ ਨਰੇਸਾ ਨਾਉਂ ਧਰਾਇਆ, ਦਸ ਦਸਮੇਸਾ ਮੇਲ ਮਿਲਾਈਆ । ਗਣਪਤ ਗਣੇਸ਼ਾ ਨਾ ਕੋਈ ਮਨਾਇਆ, ਸੀਸ ਜਗਦੀਸ ਨਾ ਕੋਈ ਝੁਕਾਈਆ । ਆਪਣਾ ਵੇਸਾ ਆਪ ਵਟਾਇਆ, ਵੇਸ ਅਵੱਲਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾ ਰਾਹ ਤਕਾਈਆ । ਸੰਮਤ ਸੋਲਾਂ ਗਿਆ ਚੜ੍ਹ, ਹਰਿ ਸਾਚੇ ਆਪ ਚੜ੍ਹਾਇਆ । ਦੂਏ ਅੱਗੇ ਬਿੰਦੀ ਧਰ, ਬੀਸ ਬੀਸਾ ਖੇਲ ਕਰਾਇਆ । ਇਕ ਅਕੱਲਾ ਵੇਖੇ ਖੜ, ਛੇ ਘਰ ਰੂਪ ਦਰਸਾਇਆ । ਲੱਖ ਚੁਰਾਸੀ ਆਪੇ ਲੜ, ਆਪੇ ਹੁਕਮ ਸੁਣਾਇਆ । ਸੰਤ ਸੁਹੇਲੇ ਲਏ ਫੜ, ਜੁਗ ਵਿਛੜੇ ਮੇਲ ਮਿਲਾਇਆ । ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਭੇਵ ਮਿਟਾਇਆ । ਸਾਚੇ ਮੰਦਰ ਜਾਏ ਚੜ੍ਹ, ਸਚ ਦਵਾਰੀ ਕੁੰਡਾ ਲਾਹਿਆ । ਨਾ ਕੋਈ ਸੀਸ ਨਾ ਕੋਈ ਧੜ, ਔਂਦਾ ਜਾਂਦਾ ਦਿਸ ਨਾ ਆਇਆ । ਕਰੇ ਪਰਕਾਸ਼ ਬਹੱਤਰ ਨਾੜ, ਅਗਿਆਨ ਅੰਧੇਰ ਮਿਟਾਇਆ । ਮੇਟ ਮਿਟਾਏ ਪੰਚਮ ਧਾੜ, ਸਾਚਾ ਰਾਹ ਵਖਾਇਆ । ਲੇਖਾ ਜਾਣੇ ਸਤਾਰਾਂ ਹਾੜ, ਹਰਿ ਹਰਿ ਰੂਪ ਸਮਾਇਆ । ਸੰਤ ਸਾਜਣ ਸਾਚੇ ਲਾੜ, ਮੁਖ ਸਾਚਾ ਸਗਨ ਲਗਾਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਜ ਤੱਤ ਅਗਨੀ ਤੱਤ ਜਲਾਇਆ । ਦਰ ਘਰ ਸਾਚੇ ਦੇਵੇ ਵਾੜ, ਨੌਂ ਦਵਾਰੇ ਬੰਦ ਰਖਾਇਆ । ਆਪੇ ਪਰਖੇ ਚੰਗੇ ਮਾੜ, ਪਰਖਣਹਾਰਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਨੀਂਹ ਰਖਾਇਆ । ਸੰਮਤ ਸੋਲਾਂ ਨੀਂਹ ਰੱਖ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸ੍ਰਿਸ਼ਟ ਸਬਾਈ ਪਰਤੱਖ, ਸ਼ਬਦ ਨਗਾਰਾ ਦਏ ਵਜਾਇਆ । ਲੱਖ ਚੁਰਾਸੀ ਉਡਨੇ ਕੱਖ, ਨਾ ਕੋਈ ਧੀਰ ਧਰਾਇਆ । ਸਾਧਾਂ ਸੰਤਾਂ ਭਾਂਡੇ ਸੱਖ, ਨਾਮ ਭੰਡਾਰਾ ਦਏ ਵਰਤਾਇਆ । ਵੇਖਣਹਾਰਾ ਕਿਸਨਾ ਸੁਖਲਾ ਪੱਖ, ਪੜਦਾ ਉਹਲਾ ਆਪ ਚੁਕਾਇਆ । ਕਾਮ ਕਰੋਧ ਅੰਗਯਾਰੇ ਰਹੇ ਭਖ, ਅੰਮ੍ਰਿਤ ਜਲ ਨਾ ਕੋਈ ਪਿਆਇਆ । ਫੇਰਾ ਪਾਏ ਉਤਰ ਪੂਰਬ ਪੱਛਮ ਦੱਖ, ਦਹਿ ਦਿਸ਼ਾ ਫੇਰਾ ਪਾਇਆ । ਸਿੰਘ ਸ਼ੇਰ ਲੁਕਿਆ ਲੋਕਮਾਤ ਢੱਕ, ਚੋਰ ਯਾਰ ਮੁਖ ਛੁਪਾਇਆ । ਨਾ ਕੋਈ ਦਿਸੇ ਝੂਠਾ ਠੱਗ, ਠੱਗ ਠਗੌਰੀ ਨਾ ਕੋਈ ਵਖਾਇਆ । ਪਕੜਨਹਾਰਾ ਉਪਰ ਸ਼ਾਹ ਰਗ, ਦਿਸ ਕਿਸੇ ਨਾ ਆਇਆ । ਜਨ ਭਗਤਾਂ ਬੰਨ੍ਹੇ ਸਾਚਾ ਤਗ, ਜੁਗ ਜੁਗ ਮਾਣ ਰਖਾਇਆ । ਬਣਾਏ ਹੰਸ ਫੜ ਕੱਗ, ਰੂਪ ਅਨੂਪ ਵਟਾਇਆ । ਸਚ ਸਰਨਾਈ ਆਪੇ ਲੱਗ, ਗੁਰਮੁਖ ਸਾਚੇ ਸੇਵ ਕਮਾਇਆ । ਆਪਣੇ ਸੀਸ ਗੁਰਮੁਖ ਤੇਰੀ ਸਾਚੀ ਪਗ, ਸਾਚਾ ਤਾਜ ਆਪ ਸੁਹਾਇਆ । ਅੰਤਮ ਪਰਗਟ ਹੋਵੇ ਵਿਚ ਜਗ, ਸਤਿਜੁਗ ਸਾਚਾ ਮਾਰਗ ਲਾਇਆ । ਕਲਜੁਗ ਕੂੜਾ ਰਿਹਾ ਭੱਜ, ਨੇਤਰ ਰੋ ਰੋ

ਨੀਰ ਵਹਾਇਆ । ਲੌਣ ਨਾ ਦੇਵੇ ਕੋਈ ਅਜ ਪਜ, ਵੇਖਣਹਾਰਾ ਥਾਉਂ ਥਾਇਆ । ਜੋ ਘੜਿਆ ਸੋ ਰਿਹਾ ਭੱਜ, ਘੜਨ ਭੰਨਣਹਾਰ ਸਮਰਥ ਪੁਰਖ ਅਖਵਾਇਆ । ਸ਼ਬਦ ਜੈਕਾਰੇ ਰਿਹਾ ਗੱਜ, ਆਪ ਆਪਣਾ ਨਾਅਰਾ ਲਾਇਆ । ਗੁਰਮੁਖਾਂ ਕਰਾਏ ਸਾਚਾ ਹੱਜ, ਕਾਇਆ ਕਾਅਬਾ ਖੋਲ੍ਹ ਵਖਾਇਆ । ਨੌਂ ਦਵਾਰੇ ਬੈਠਾ ਤਜ, ਦਸਮ ਦਵਾਰੀ ਡੇਰਾ ਲਾਇਆ । ਹਰਿ ਸੰਗਤ ਮੇਲਾ ਰੱਜ ਰੱਜ, ਮਨਮੁਖ ਦਏ ਦੁਰਕਾਇਆ । ਅੰਤਮ ਰੱਖਣਹਾਰਾ ਲਜ, ਨਾਮ ਪੜਦਾ ਦੇਵੇ ਪਾਇਆ । ਪਰਗਟ ਹੋਇਆ ਦੇਸ ਮਝ, ਸੰਬਲ ਨਗਰੀ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾ ਧਾਰ ਬੰਧਾਇਆ । ਸੋਲਾਂ ਧਾਰ ਹਰਿ ਨਿਰੰਕਾਰ ਅਪਰ ਅਪਾਰ, ਆਪਣੀ ਆਪ ਚਲਾਇੰਦਾ । ਸੰਗਤ ਮੀਤਾ ਕਰ ਪਿਆਰ, ਧੁਰਦਰਗਾਹੀ ਹੋ ਤਿਆਰ, ਹਰਿਜਨ ਪਾਵੇ ਸਾਰ, ਨੇਤਰ ਨੈਣ ਇਕ ਖੁਲ੍ਹਾਇੰਦਾ । ਸ਼ਬਦੀ ਧੁਨ ਸੱਚੀ ਧੁਨਕਾਰ, ਅਨਹਦ ਲਾਏ ਸੇਵਾਦਾਰ, ਸੁਣੇ ਸੁਣਾਏ ਸੁਨਣੇਹਾਰ, ਆਪ ਆਪਣਾ ਕਰਮ ਕਮਾਇੰਦਾ । ਵੇਖਣਹਾਰਾ ਡੂੰਘੀ ਗਾਰ, ਜੋਤ ਸਰੂਪੀ ਕਰ ਉਜਿਆਰ, ਨਿਰਗੁਣ ਵੇਖ ਸਰਗੁਣ ਪਿਆਰ, ਸਤਿਗੁਰ ਸਾਚਾ ਰਾਹ ਚਲਾਇੰਦਾ । ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਕਰ ਪਸਾਰ, ਸ਼ਬਦ ਬ੍ਰਹਿਮਾਦੀ ਏਕਾ ਧਾਰ, ਏਕਾ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੜਦਾ ਆਪੇ ਲਾਹਿੰਦਾ । ਆਪਣਾ ਪੜਦਾ ਮੁਖ ਨਕਾਬ, ਹਰਿ ਸਾਚੇ ਆਪ ਚੁਕਾਈਆ । ਆਪੇ ਪਰਗਟ ਹੋਇਆ ਹੱਕ ਜਨਾਬ, ਮੁਕਾਮੇ ਹੱਕ ਵਖਾਏ ਖ਼ੁਦਾਈਆ । ਸ੍ਰਿਸ਼ਟ ਸਬਾਈ ਨਕੇਲ ਪਾਏ ਨਾਕ, ਚਾਰੋਂ ਕੁੰਟ ਨਚਾਈਆ । ਪੂਰਨ ਕਰਨ ਆਇਆ ਆਪਣੇ ਵਾਕ, ਗੁਰ ਗੋਬਿੰਦ ਗਿਆ ਲਿਖਾਈਆ । ਪੁਰਖ ਅਬਿਨਾਸ਼ੀ ਬਣਿਆ ਸਾਚਾ ਸੱਜਣ ਸਾਕ, ਵਡ ਦਾਤਾ ਬੇਪਰਵਾਹੀਆ । ਅੱਗੇ ਕੋਈ ਨਾ ਦਿਸੇ ਆਕੀ ਆਕ, ਲੋਆਂ ਪੁਰੀਆਂ ਪੈਰਾਂ ਹੇਠ ਦਬਾਈਆ । ਗੁਰਮੁਖ ਵਿਰਲਾ ਪਾਕੀ ਪਾਕ, ਪਤਤ ਪਾਵਨ ਜਿਸ ਕਰਾਈਆ । ਆਪੇ ਵੇਖੇ ਮਾਰ ਝਾਕ, ਸਚ ਦਵਾਰੇ ਡੇਰਾ ਲਾਈਆ । ਨਿਰਗੁਣ ਸਰਗੁਣ ਖੋਲ੍ਹੇ ਤਾਕ, ਦਰ ਦਵਾਰਾ ਆਪ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਗਨ ਮਨਾਈਆ । ਸਾਚਾ ਸਗਨ ਹਰਿ ਮਨਾਇਆ, ਘਰ ਸਾਚੇ ਵੱਜੀ ਵਧਾਈਆ । ਜੋਤੀ ਸ਼ਬਦੀ ਜੋੜ ਜੁੜਾਇਆ, ਸਾਚਾ ਮੰਗਲ ਗਾਈਆ । ਏਕਾ ਘੋੜੀ ਆਪ ਚੜ੍ਹਾਇਆ, ਸਾਚਾ ਸੀਸ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਖੀਆਂ ਸੰਗ ਨਿਭਾਈਆ । ਸਾਚੀ ਸਖੀਆਂ ਲਾਇਆ ਮੇਲਾ, ਹਰਿ ਹਰਿ ਵੇਖ ਵਖਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੁਰਸਿਖ ਵਿਚ ਸਮਾਇੰਦਾ । ਆਪੇ ਖੇਲ ਖੇਲੇ ਆਪੇ ਵਸੇ ਰੰਗ ਨਵੇਲਾ, ਆਪੇ ਨਿਝ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਵੇਖੇ ਖੜ, ਗੜ੍ਹ ਹੰਕਾਰੀ ਰਹਿਣ ਨਾ ਪਾਇੰਦਾ । ਸੰਮਤ ਸੋਲਾਂ ਸਚ ਸਿੰਘਾਸਣ, ਹਰਿ ਸਾਚੀ ਸੇਜ ਵਿਛਾਈਆ । ਧੁਰਦਰਗਾਹੀ ਪੁਰਖ ਅਬਿਨਾਸ਼ਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਮਨਮਤੀ ਜੀਵ ਕਰਨ ਹਾਸਨ, ਗੁਰਮੁਖ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਰਿਹਾ ਮੁਕਾਈਆ । ਆਪਣਾ ਲਹਿਣਾ ਆਪ ਮੁਕਾਇਆ, ਹਰਿ ਸਾਚਾ ਖੇਲ ਖਿਲਾਇੰਦਾ । ਪੰਜ ਤੱਤ ਹਰਿ ਡੇਰਾ ਢਾਇਆ, ਨਾ ਕੋਈ ਬਣਤ ਬਣਾਇੰਦਾ । ਪੰਦਰਾਂ ਸਾਲ ਮੁੱਖ ਛੁਪਾਇਆ, ਮੁਖ ਆਪਣਾ ਬੰਦ ਕਰਾਇੰਦਾ ।

ਜਗਤ ਸਿੰਘਾਸਣ ਡੇਰਾ ਲਾਇਆ, ਸਿੰਘ ਸ਼ੇਰ ਨਾਉਂ ਉਪਾਇੰਦਾ । ਸੰਮਤ ਪੰਦਰਾਂ ਪੂਰਾ ਕਰਾਇਆ, ਆਪ ਆਪਣਾ ਦਰ ਸੁਹਾਇੰਦਾ । ਨੌ ਦਵਾਰੇ ਜਗਤ ਤਜਾਇਆ, ਦਸਵਾਂ ਘਰ ਵਸਾਇੰਦਾ । ਦਸਵੇਂ ਘਰ ਪੰਜ ਤੱਤ ਕੋਈ ਦਿਸ ਨਾ ਆਇਆ, ਨਾ ਕੋਇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਮੁਕਾਇੰਦਾ । ਸੰਮਤ ਪੰਦਰਾਂ ਮੁੱਕਿਆ ਲੇਖਾ, ਹਰਿ ਸਾਚੇ ਆਪ ਮੁਕਾਇਆ । ਆਪਣਾ ਦਰ ਦਵਾਰ ਆਪੇ ਵੇਖਾ, ਆਪੇ ਬਣਤ ਬਣਾਇਆ । ਆਪੇ ਪਾਵਣਹਾਰਾ ਭਰਮ ਭੁਲੇਖਾ, ਆਪੇ ਪੜਦਾ ਦੇਵੇ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਸੰਮਤ ਸੋਲਾ ਚੜ੍ਹਿਆ ਚੰਨ, ਘਰ ਸਾਚੇ ਵੱਜੀ ਵਧਾਈਆ । ਗੁਰਮੁਖਾਂ ਦੇਵੇ ਪਰਮਾਨੰਦ, ਨਿਜਾ ਨੰਦ ਆਪ ਸਮਾਈਆ । ਬਜਰ ਕਪਾਟੀ ਤੋੜੇ ਜੰਦ, ਤ੍ਰੈ ਧਾਤੂ ਵੇਖ ਵਖਾਈਆ । ਦੂਈ ਦਵੈਤੀ ਢਾਹੀ ਕੰਧ, ਭਰਮ ਗੜ੍ਹ ਰਹਿਣ ਨਾ ਪਾਈਆ । ਧੁਨ ਅਨਾਦੀ ਸੁਣਾਏ ਸਾਚਾ ਛੰਦ, ਅਨਹਦ ਧੁਨ ਸੁਣਾਈਆ । ਸਰਬ ਜੀਆਂ ਦਾਤਾ ਬਖ਼ਸ਼ੰਦ, ਬਖ਼ਸ਼ਣਹਾਰ ਵਡ ਵਡਿਆਈਆ । ਜੋ ਜਨ ਤਜਾਏ ਮਦਿਰਾ ਮਾਸ ਰਸਨਾ ਗੰਦ, ਗੁਰ ਗੋਬਿੰਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚ ਪਿਆਰੇ ਰਿਹਾ ਉਠਾਈਆ । ਪੰਚਮ ਮੀਤਾ ਸਾਚਾ ਸੰਗ, ਹਰਿ ਸਾਚਾ ਆਪ ਰਖਾਇੰਦਾ । ਗੁਰੂ ਗੁਰ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹਿੰਦਾ । ਕਲਜੁਗ ਅੰਤਮ ਚੜ੍ਹੇ ਰੰਗ, ਸਾਚੀ ਚੋਲੀ ਆਪ ਰੰਗਾਇੰਦਾ । ਜਗਤ ਦਵਾਰਾ ਆਪੇ ਲੰਘ, ਸਤਿਗੁਰ ਪੂਰਾ ਵੇਖ ਵਖਾਇੰਦਾ । ਲਹਿਣਾ ਦੇਣ ਚੁਕਾਏ ਗੋਦਾਵਰੀ ਗੰਗ, ਗੁਰਮੁਖ ਧਾਰਾ ਆਪ ਚਲਾਇੰਦਾ । ਸਚ ਸਿੰਘਾਸਣ ਬੈਠ ਪਲੰਘ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਕਲਜੁਗ ਮੰਗੀ ਏਕਾ ਮੰਗ, ਪ੍ਰਭ ਅੱਗੇ ਝੋਲੀ ਡਾਹਿੰਦਾ । ਲੱਖ ਚੁਰਾਸੀ ਭੁੱਖ ਨੰਗ, ਨਾਮ ਭੰਡਾਰ ਨਾ ਕੋਈ ਵਰਤਾਇੰਦਾ । ਮਾਇਆ ਮਮਤਾ ਲੱਗਾ ਜੰਗ, ਦਿਵਸ ਰੈਣ ਲੜਾਇੰਦਾ । ਸਾਧਾਂ ਸੰਤਾਂ ਆਤਮ ਰੰਡ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਵਰਨਾਂ ਬਰਨਾਂ ਹੋਇਆ ਘਮੰਡ, ਸਚ ਰੂਪ ਨਾ ਕੋਈ ਦਰਸਾਇੰਦਾ । ਕਲਜੁਗ ਠੱਗਣ ਭੇਖ ਪਖੰਡ, ਕਾਮ ਕਰੋਧ ਸਤਾਇੰਦਾ । ਹਉਮੇ ਹੰਗਤਾ ਪਾਵੇ ਦੰਡ, ਨਾ ਕੋਈ ਬੰਨ ਵਖਾਇੰਦਾ । ਸਤਿਗੁਰ ਪੂਰਾ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਖੋਜੇ ਵਿਚ ਬ੍ਰਹਿਮੰਡ, ਜੇਰਜ ਅੰਡ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੀਤਾ ਪੰਚਮ ਮੰਗ ਮੰਗਾਇੰਦਾ । ਪੰਚਮ ਮੀਤਾ ਪੰਚ ਪਿਆਰਾ, ਸਾਚਾ ਸੰਗ ਰਖਾਈਆ । ਹਰਿ ਸੰਗਤ ਸਾਚੀ ਕਰ ਉਜਿਆਰਾ, ਪੋਹ ਛੱਬੀ ਰੁੱਤ ਸੁਹਾਈਆ । ਸੰਮਤ ਪੰਦਰਾਂ ਤੇਰਾ ਪਾਰ ਕਿਨਾਰਾ, ਸੰਮਤ ਸੋਲਾ ਰਾਹ ਤਕਾਈਆ । ਸੰਮਤ ਸੋਲਾਂ ਖੇਲ ਨਿਆਰਾ, ਹਰਿ ਆਪਣਾ ਆਪ ਜਣਾਈਆ । ਹਰਿ ਸੰਗਤ ਤੇਰੇ ਅੱਗੇ ਬਣ ਭਿਖਾਰਾ, ਆਪਣੀ ਝੋਲੀ ਡਾਹੀਆ । ਤੇਰਾ ਦਵਾਰਾ ਅਪਰ ਅਪਾਰਾ, ਦੋਏ ਜੋੜ ਸੀਸ ਝੁਕਾਈਆ । ਸੋਹੰ ਸ਼ਬਦ ਸਚ ਵਣਜਾਰਾ, ਏਕਾ ਵਣਜ ਵਖਾਈਆ । ਨਾਨਕ ਗਾਇਆ ਹਰਿ ਪਿਆਰਾ, ਹਰਿ ਹਰਿ ਵਿਚ ਸਮਾਈਆ । ਨਾ ਕੋਈ ਦਿਸੇ ਹੋਰ ਕਿਨਾਰਾ, ਨਾ ਕੋਈ ਦਰ ਸੁਹਾਈਆ । ਏਕਾ ਇਕੀ ਖੇਲ ਅਪਾਰਾ, ਖਾਲਕ ਵਿਚ ਖ਼ੁਦਾਈਆ । ਪੁਰਖ ਅਗੰਮੜਾ ਅਗੰਮੜੀ ਧਾਰਾ, ਆਪੇ ਰਿਹਾ ਚਲਾਈਆ । ਹੱਡ ਮਾਸ ਨਾੜੀ ਪਿੰਜਰ ਕੀਆ ਪਾਰ ਕਿਨਾਰਾ, ਗੁਰਸਿਖਾਂ ਉਤੋਂ ਭੇਟ ਚੜ੍ਹਾਈਆ । ਸ੍ਰਿਸ਼ਟ ਸਬਾਈ ਧੁੰਧੂਕਾਰਾ, ਪ੍ਰਭ ਸਾਚੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਈਆ । ਹਰਿ ਹਰਿ ਸਾਚਾ ਘਰ ਬੁਝਾਵਣਾ,

ਘਰ ਸਾਚੇ ਜੋਤ ਜਗਾਇੰਦਾ । ਭੇਵ ਅਭੇਦ ਭੇਵ ਖੁਲ੍ਹਾਵਨਾ, ਆਪ ਆਪਣਾ ਸ਼ਬਦ ਅਲਾਇੰਦਾ । ਏਕਾ ਮਾਰਗ ਸਾਚਾ ਲਾਵਨਾ, ਸਚ ਸੁੱਚ ਵਰਤਾਇੰਦਾ । ਕਲਜੁਗ ਕੂੜਾ ਮੇਟ ਮਿਟਾਵਨਾ, ਸ਼ੌਹ ਦਰਯਾ ਰੁੜ੍ਹਾਇੰਦਾ । ਸਤਿ ਸੰਤੋਖੀ ਸਾਚਾ ਧਾਮ ਸੁਹਾਵਣਾ, ਵਰਨ ਬਰਨ ਨਾ ਕੋਈ ਉਪਾਇੰਦਾ । ਇਕ ਮਹੱਲੇ ਡੇਰਾ ਲਾਵਣਾ, ਏਕਾ ਘਰ ਵਸਾਇੰਦਾ । ਇਕ ਅਕੱਲੇ ਖੇਲ ਰਚਾਵਣਾ, ਲੱਖ ਚੁਰਾਸੀ ਆਪ ਪਰਨਾਇੰਦਾ । ਸ਼ਬਦ ਨਗਾਰਾ ਇਕ ਵਜਾਵਣਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਗੁਰਮੁਖ ਸੋਇਆ ਆਪ ਉਠਾਵਣਾ, ਸ਼ਬਦ ਹਲੂਣਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਜਗਤ ਭੁਲੇਖਾ ਭਰਮੀ ਭਰਮ ਭੁਲਾਇੰਦਾ । ਭਰਮੀ ਨਿਵਾਰੇ ਗੜ੍ਹ ਹੰਕਾਰ, ਨਾਮ ਖੰਡਾ ਹੱਥ ਉਠਾਈਆ । ਚੰਡੀ ਚਮਕੇ ਤੇਜ ਕਟਾਰ, ਚੰਡ ਪਰਚੰਡ ਵਖਾਈਆ । ਖੰਡ ਖੰਡ ਕਰੇ ਸੰਸਾਰ, ਖੜਗ ਖੰਡਾ ਵਖਾਈਆ । ਬ੍ਰਹਿਮੰਡ ਖੇਲੇ ਖੇਲ ਅਪਾਰ, ਜੇਰਜ ਅੰਡ ਫੋਲ ਫੁਲਾਈਆ । ਦੇਵੇ ਦੰਡ ਕੂੜ ਪਸਾਰ, ਜੂਠ ਝੂਠ ਵੇਖ ਵਖਾਈਆ । ਗੁਰਮੁਖ ਸਾਚੇ ਕਰੇ ਪਿਆਰ, ਗੁਰ ਮੰਤਰ ਨਾਮ ਦ੍ਰਿੜਾਈਆ । ਅੰਤਰ ਮੰਤਰ ਇਕ ਅਧਾਰ, ਜਗਤ ਬਸੰਤਰ ਦਏ ਬੁਝਾਈਆ । ਪੁਰਖ ਅਕਾਲਾ ਦੀਨ ਦਿਆਲਾ ਮੀਤ ਮੁਰਾਰ, ਜੁਗ ਜੁਗ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪੇ ਰਿਹਾ ਬੁਝਾਈਆ । ਚੜ੍ਹਿਆ ਜੋਧਾ ਸ਼ਬਦ ਜਵਾਨੀ, ਹਰਿ ਸਾਚੀ ਲਏ ਅੰਗੜਾਈਆ । ਸੋਹੰ ਚਿੱਲਾ ਤੀਰ ਕਮਾਨੀ, ਆਪੇ ਰਿਹਾ ਉਠਾਈਆ । ਵੇਖਣਹਾਰਾ ਦੋ ਜਹਾਨੀ, ਦਾਤਾ ਦਾਨੀ ਬੇਪਰਵਾਹੀਆ । ਮਾਰਨਹਾਰਾ ਏਕਾ ਕਾਨੀ, ਲੋਆਂ ਪੁਰੀਆਂ ਦਏ ਹਿਲਾਈਆ । ਲੱਖ ਚੁਰਾਸੀ ਤੇਰਾ ਬਾਨੀ, ਪਰਗਟ ਹੋਇਆ ਬੇਪਰਵਾਹੀਆ । ਧੁਰਦਰਗਾਹੀ ਸਾਚੀ ਬਾਣੀ, ਪੁਰਖ ਅਕਾਲਾ ਆਪ ਸੁਣਾਈਆ । ਇਕ ਵਖਾਏ ਪਦ ਨਿਰਬਾਨੀ, ਹਰਿਜਨ ਸਾਚੇ ਲਏ ਚੜ੍ਹਾਈਆ । ਆਪੇ ਹੋਇਆ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਭਰ ਪਿਆਲਾ ਆਪ ਪਿਆਈਆ । ਸਤਿਗੁਰ ਪੂਰਾ ਸਾਚਾ ਹਾਣੀ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਈਆ । ਗੁਰਮੁਖ ਸਾਚੇ ਹਰਿ ਹਰਿ ਪੇਖਨ, ਹਰਿ ਹਰਿ ਰੂਪ ਸਮਾਇਆ । ਆਪੇ ਲਿਖਣਹਾਰਾ ਲੇਖਣ, ਆਪੇ ਲੇਖਾ ਲੇਖ ਵਖਾਇਆ । ਆਪੇ ਨਰ ਨਰਾਇਣ ਨਰ ਨਰੇਸ਼ਨ, ਆਪੇ ਨਿਰਗੁਣ ਧਾਰ ਚਲਾਇਆ । ਜੁਗ ਜੁਗ ਕਰੇ ਅਵੱਲੜਾ ਵੇਸਨ, ਨਿਤ ਨਵਿਤ ਖੇਲ ਖਿਲਾਇਆ । ਆਪੇ ਕਰਨਹਾਰਾ ਸਾਚਾ ਹੇਤਨ, ਮੀਤ ਮੁਰਾਰਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਛੱਬੀ ਪੋਹ ਪੁਰਖ ਅਬਿਨਾਸ਼ੀ ਪਰਗਟ ਹੋ, ਸੰਮਤ ਸੋਲਾਂ ਵੇਖ ਵਖਾਇਆ । ਸੰਮਤ ਸੋਲਾ ਸ਼ਾਹ ਭੂਪ, ਸ਼ਬਦੀ ਸ਼ਬਦ ਅਖਵਾਇਆ । ਨਾ ਕੋਈ ਰੰਗ ਨਾ ਕੋਈ ਰੂਪ, ਨਾ ਕੋਈ ਬਣਤ ਬਣਾਇਆ । ਵੇਖਣਹਾਰਾ ਜੂਠ ਝੂਠ, ਕਲਜੁਗ ਕਿਰਿਆ ਬੰਧਨ ਪਾਇਆ । ਗੁਰਸਿਖਾਂ ਆਪੇ ਗਿਆ ਤੁਠ, ਆਪ ਆਪਣੇ ਘਰ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਰਿਹਾ ਸਮਝਾਇਆ । ਸੰਮਤ ਸੋਲਾ ਹਰਿ ਸਮਝਾਵਨਾ, ਹਰਿ ਸੰਗਤ ਦਏ ਸਲਾਹੀਆ । ਪੰਜ ਤੱਤ ਨਾ ਕਿਸੇ ਸੀਸ ਨਿਵਾਵਨਾ, ਗੁਰ ਪੀਰ ਨਾ ਕੋਈ ਅਖਵਾਈਆ । ਬ੍ਰਹਮ ਬ੍ਰਹਮ ਸਭ ਨਜ਼ਰੀ ਆਵਨਾ, ਪਾਰਬ੍ਰਹਮ ਇਕ ਹੋ ਜਾਈਆ । ਖਾਲੀ ਭਾਂਡੇ ਡੰਕ ਵਜਾਵਨਾ, ਆਪ ਆਪਣੀ ਅਵਾਜ਼ ਸੁਣਾਈਆ । ਗੁਰਮੁਖ ਸੁਰਤੀ ਜਨਕ ਸਪੁਤਰੀ ਆਪ ਪਰਨਾਵਨਾ, ਸੀਤਾ ਸੁਰਤੀ ਲਏ ਉਪਾਈਆ । ਸਾਚੀ ਸਖੀਆਂ ਮੰਗਲ ਗਾਵਨਾ, ਬ੍ਰਹਿਮੰਡ

ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਨਾ, ਸਤਿਜੁਗ ਸਾਚਾ ਮਾਰਗ ਲਾਈਆ । ਪੰਜ ਤੱਤ ਨਾ ਤਖ਼ਤ ਬਹਾਵਨਾ, ਨਾ ਕੋਈ ਪੂਜ ਪੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਪੰਜ ਤੱਤ ਛੱਡਿਆ ਨਾਤਾ, ਦਸ ਪੰਜ ਵੇਖ ਵਖਾਇਆ । ਪਰਗਟ ਹੋਇਆ ਪੁਰਖ ਬਿਧਾਤਾ, ਸੋਲਾਂ ਸੋਲਾਂ ਧਾਰ ਬੰਧਾਇਆ । ਆਪੇ ਗਾਏ ਆਪਣੀ ਗਾਥਾ, ਏਕਾ ਸ਼ਬਦ ਸੁਣਾਇਆ । ਬਿਨਾ ਹਰਿ ਸ਼ਬਦ ਨਾ ਟੇਕੋ ਮਾਥਾ, ਚਾਰ ਵਰਨ ਏਕਾ ਮਾਰਗ ਲਾਇਆ । ਸਾਧਾ ਸੰਤਾਂ ਆਇਆ ਘਾਟਾ, ਆਪਣਾ ਘਾਟਾ ਨਾ ਪੂਰ ਕਰਾਇਆ । ਪ੍ਰਭ ਖਾਲੀ ਕੀਤਾ ਕਾਇਆ ਬਾਟਾ, ਛੱਬੀ ਪੋਹ ਦਿਵਸ ਸੁਹਾਇਆ । ਨਾ ਕੋਈ ਸਹਾਈ ਤੀਰਥ ਤਾਟਾ, ਅਠਸਠ ਮੂਲ ਚੁਕਾਇਆ । ਹਰਿਜਨ ਸਾਚੇ ਆਤਮ ਰਸ ਚਾਟਾ, ਨਿਝਰ ਧਾਰ ਵਹਾਇਆ । ਮਸਤਕ ਜੋਤ ਜਗਾਏ ਲਿਲਾਟਾ, ਅੰਧ ਅੰਧੇਰ ਮਿਟਾਇਆ । ਨਿਰਗੁਣ ਸਰਗੁਣ ਪੂਜਾ ਪਾਠਾ, ਸੋਹੰ ਨਾਮ ਧਰਾਇਆ । ਅੱਗੇ ਨੇੜੇ ਰੱਖੇ ਵਾਟਾ, ਚੌਥੇ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਪੌੜੇ ਰਿਹਾ ਚੜ੍ਹਾਇਆ । ਏਕਾ ਪੌੜਾ ਏਕੰਕਾਰਾ, ਆਪਣੇ ਘਰ ਲਗਾਈਆ । ਸਤਿ ਪੁਰਖ ਨਿਰੰਜਣ ਕਰ ਪਿਆਰਾ, ਸਾਚੀ ਸੇਵ ਕਮਾਈਆ । ਅਲਖ ਅਗੋਚਰ ਖੇਲ ਨਿਆਰਾ, ਏਕੰਕਾਰ ਅਲਖ ਕਰਾਈਆ । ਸਚਖੰਡ ਸੁਹਾਏ ਬੰਕ ਦਵਾਰਾ, ਵਡ ਦਾਤਾ ਬੇਪਰਵਾਹੀਆ । ਸੰਤ ਸੁਹੇਲੇ ਲਾਏ ਪਾਰ, ਗੁਰਮੁਖ ਚੇਲੇ ਲਏ ਤਰਾਈਆ । ਨਾ ਕੋਈ ਵਸੇ ਅੰਧ ਅੰਧਿਆਰ, ਸੁਨ ਸਮਾਧ ਨਾ ਕੋਈ ਵਖਾਈਆ । ਕਲਜੁਗ ਨਾਤਾ ਦਸਮ ਦਵਾਰ, ਦਰ ਦਰਵਾਜ਼ਾ ਇਕ ਸੁਹਾਈਆ । ਪੰਜ ਤੱਤ ਘਰੋਂ ਹੋਇਆ ਬਾਹਰ, ਸਿੰਘ ਸ਼ੇਰ ਮੂਲ ਚੁਕਾਈਆ । ਕਾਇਆ ਨਾਤਾ ਛੁਟਾ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖੜਗ ਖੰਡਾ ਤੇਜ਼ ਕਟਾਰ, ਨਾਮ ਨਾਮਾ ਹੱਥ ਉਠਾਈਆ । ਰਾਜ ਰਾਜਾਨਾ ਦਏ ਹੁਲਾਰ, ਸ਼ਾਹ ਸੁਲਤਾਨਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਨਿਰਗੁਣ ਧਾਰ, ਪੁਰਖ ਅਬਿਨਾਸ਼ੀ ਕਰ ਉਜਿਆਰ, ਆਪ ਆਪਣਾ ਰੂਪ ਦਰਸਾਈਆ । ਰੂਪ ਅਨੂਪ ਹਰਿ ਹਰਿ ਰੰਗਾ, ਹਰਿ ਹਰਿ ਰੂਪ ਸਮਾਇਆ । ਆਪੇ ਖੜਗ ਆਪੇ ਖੰਡਾ, ਤੀਰ ਕਮਾਨ ਆਪ ਹੋ ਜਾਇਆ । ਆਪੇ ਚੰਡ ਪਰਚੰਡ ਪਾਏ ਵੰਡ, ਬ੍ਰਹਿਮੰਡ ਖੰਡ ਡੇਰਾ ਲਾਇਆ । ਆਪੇ ਤੋੜਣਹਾਰਾ ਜਗਤ ਘਮੰਡ, ਅੰਡਜ ਜੇਰਜ ਫੋਲ ਫੋਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਦਰ ਘਰ ਸਾਚੇ ਮੇਲ ਮਿਲਾਇਆ ।

ਅਬਿਨਾਸ਼ੀ ਕਰਤਾ ਏਕੰਕਾਰ, ਆਦਿ ਜੁਗਾਦਿ ਸਮਾਇਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰ, ਪਰਵਰਦਿਗਾਰ ਖੇਲ ਖਿਲਾਇਆ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਅਕਲ ਕਲਾ ਕਲ ਆਪੇ ਧਾਰ, ਅਕਲ ਕਲਧਾਰੀ ਖੇਲ ਖਿਲਾਇਆ । ਅਲਖ ਅਗੋਚਰ ਅਗੰਮ ਅਪਾਰ, ਆਦਿ ਨਿਰੰਜਣ ਭੇਵ ਨਾ ਰਾਇਆ । ਪੁਰਖ ਪਰਖੋਤਮ ਖੇਲ ਨਿਆਰ, ਭੇਵ ਅਭੇਦ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਜੋਤੀ ਨੂਰ ਪੁਰਖ ਅਕਾਲ, ਏਕਾ ਰੂਪ ਸਮਾਈਆ । ਆਪੇ ਨੂਰ ਜਲਵਾ ਜਲਾਲ, ਆਪੇ ਵੇਖ ਵਖਾਈਆ । ਆਪੇ ਹੋਏ ਦੀਨ ਦਿਆਲ, ਦਇਆ ਨਿਧ ਵੇਸ ਵਟਾਈਆ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ ।

ਆਪੇ ਵਸੇ ਆਪਣੀ ਧਰਮਸਾਲ, ਆਪ ਆਪਣਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰਾ, ਆਦਿ ਜੁਗਾਦਿ ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਨਾਉਂ ਪਰਗਟਾਇੰਦਾ । ਆਪੇ ਬੰਨਣਹਾਰਾ ਧਾਰਾ, ਆਪੇ ਬਣਤ ਬਣਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰਾ, ਗਗਨ ਪਤਾਲਾ ਵੇਖ ਵਖਾਇੰਦਾ । ਮੰਡਲ ਮੰਡਪ ਦਏ ਸਹਾਰਾ, ਰਵ ਸਸ ਪਰਕਾਸ਼ ਰਖਾਇੰਦਾ । ਗਗਨ ਗਗਨੰਤਰ ਹੋ ਉਜਿਆਰਾ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਨ ਵੇਸ ਵਟਾਇੰਦਾ । ਆਦਿ ਨਿਰੰਜਣ ਹਰਿ ਭਗਵਾਨਾ, ਏਕਾ ਜੋਤ ਜਗਾਈਆ । ਖੇਲੇ ਖੇਲ ਦੋ ਜਹਾਨਾ, ਜੁਗ ਜੁਗ ਵੱਡੀ ਵਡਿਆਈਆ । ਇਕ ਵਖਾਏ ਸਚ ਨਿਸ਼ਾਨਾ, ਦਰ ਸਾਚੇ ਆਪ ਝੁਲਾਈਆ । ਏਕਾ ਰਾਗ ਇਕ ਤਰਾਨਾ, ਏਕਾ ਰਿਹਾ ਗਾਈਆ । ਏਕਾ ਜੋਧਾ ਸੂਰਬੀਰ ਬਲਵਾਨਾ, ਬਲ ਧਾਰੀ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਅਖਵਾਈਆ । ਆਦਿਨ ਅੰਤਾ ਏਕਾ ਹਰਿ, ਹਰੀ ਹਰਿ ਰੂਪ ਸਮਾਇਆ । ਆਪਣੀ ਕਰਨੀ ਆਪੇ ਕਰ, ਕਰਨੀ ਕਰਤਾ ਆਪ ਹੋ ਜਾਇਆ । ਆਪੇ ਖੋਲ੍ਹੇ ਆਪਣੇ ਦਰ, ਦਰ ਦਰਵਾਜ਼ਾ ਵੇਖ ਵਖਾਇਆ । ਆਪ ਚੁਕਾਏ ਆਪਣਾ ਡਰ, ਨਿਰਭੌ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਜੋਤੀ ਨੂਰ ਇਕ ਅਕੱਲਾ, ਹਰਿ ਹਰਿ ਵੇਸ ਵਟਾਇੰਦਾ । ਵਸਣਹਾਰਾ ਸਚ ਮਹੱਲਾ, ਥਿਰ ਘਰ ਡੇਰਾ ਲਾਇੰਦਾ । ਏਕਾ ਰੱਖੇ ਨੇਹਚਲ ਧਾਮ ਅਟੱਲਾ, ਏਕਾ ਅਗੰਮ ਅਥਾਹ ਬੇਪਰਵਾਹ ਵੇਖ ਵਖਾਇੰਦਾ । ਆਪੇ ਜਾਣੇ ਆਪਣੇ ਨਾ, ਨਾਉਂ ਨਿਰੰਕਾਰ ਆਪ ਅਖਵਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਸਾਕ ਸੈਣ ਨਾ ਕੋਈ ਜਣਾਇੰਦਾ । ਨਾ ਕੋਈ ਪਕੜਣਹਾਰਾ ਬਾਂਹ, ਨਾ ਕੋਈ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਰੂਪ ਅਨੇਕਾ ਹਰਿ ਕਰਤਾਰ, ਆਪਣੀ ਬਣਤ ਬਣਾਈਆ । ਅਛਲ ਅਛੱਲ ਖੇਲ ਨਿਆਰ, ਆਪ ਆਪਣਾ ਰਿਹਾ ਕਰਾਈਆ । ਜੋਤੀ ਨੂਰ ਅਗੰਮ ਅਪਾਰ, ਉਚ ਮਹੱਲ ਅਟਾਰ ਆਪ ਰਖਾਈਆ । ਸਾਚੇ ਦਰ ਹੋ ਉਜਿਆਰ, ਏਕਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਵੱਡੀ ਵਡਿਆਈਆ । ਪਾਰਬ੍ਰਹਮ ਅਕਾਲ ਮੂਰਤ, ਹਰਿ ਹਰਿ ਆਪ ਅਖਵਾਇੰਦਾ । ਨਾ ਕੋਈ ਰੰਗ ਨਾ ਕੋਈ ਸੂਰਤ, ਨਾ ਕੋਈ ਮੂਲ ਵਖਾਇੰਦਾ । ਨਾ ਕੋਈ ਨਾਦ ਨਾ ਕੋਈ ਤੂਰਤ, ਨਾ ਕੋਈ ਰਾਗ ਅਲਾਇੰਦਾ । ਨਾ ਕੋਈ ਸਚ ਨਾ ਕੋਈ ਕੂੜਤ, ਨਾ ਕੋਈ ਮੰਦਰ ਬਣਤ ਬਣਾਇੰਦਾ । ਨਾ ਕੋਈ ਮੂਰਖ ਨਾ ਕੋਈ ਮੂੜਤ, ਨਾ ਕੋਈ ਗਿਆਨ ਦ੍ਰਿੜਾਇੰਦਾ । ਨਾ ਕੋਈ ਚਰਨ ਨਾ ਕੋਈ ਧੂੜਤ, ਨਾ ਕੋਈ ਮਸਤਕ ਲਾਇੰਦਾ । ਇਕ ਅਕੱਲਾ ਏਕੰਕਾਰ, ਆਪ ਆਪਣਾ ਕਰ ਪਸਾਰ, ਆਪੇ ਚਾੜ੍ਹੇ ਰੰਗ ਗੂੜ੍ਹਤ, ਉਤਰ ਕਦੀ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਏਕੰਕਾਰ ਖੇਲ ਨਿਆਰਾ, ਆਦਿ ਜੁਗਾਦੀ ਬੰਨੇ ਧਾਰ, ਆਪ ਆਪਣਾ ਦਰ ਸੁਹਾਇੰਦਾ । ਸਾਚਾ ਹਰਿ ਹਰਿ ਦਰ ਦਰਵਾਜ਼ਾ, ਆਪਣਾ ਆਪ ਸੁਹਾਇਆ । ਆਪੇ ਆਪ ਵਸਿਆ ਗਰੀਬ ਨਿਵਾਜਾ, ਨਾ ਕੋਈ ਦੂਸਰ ਸੰਗ ਰਖਾਇਆ । ਆਪਣਾ ਰਚਿਆ ਆਪੇ ਕਾਜਾ, ਆਪੇ ਵੇਖਣ ਆਇਆ । ਆਪ ਆਪਣੀ ਮਾਰੇ ਵਾਜਾ, ਆਪ ਆਪਣੇ ਕੰਨ ਸੁਣਾਇਆ । ਆਪ ਆਪਣੀ ਰੱਖੇ ਲਾਜਾ, ਲਾਜਾਵੰਤ


੭੪
ot

ਨਾਮ ਧਰਾਇਆ । ਆਪੇ ਰੱਖੇ ਆਪਣਾ ਤਾਜਾ, ਆਪਣਾ ਅਸਵ ਆਪ ਦੌੜਾਇਆ । ਖੇਲੇ ਖੇਲ ਗਰੀਬ ਨਿਵਾਜਾ, ਆਪ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਖ ਵਖਾਇਆ । ਵੇਖਣਹਾਰਾ ਹਰਿ ਸਮਰਥ, ਏਕਾ ਏਕੰਕਾਰਿਆ । ਆਪਣੀ ਮਹਿਮਾ ਜਾਣੇ ਅਕੱਥ, ਨਾ ਕੋਈ ਲੇਖਾ ਲੇਖ ਵਿਚਾਰਿਆ । ਆਪਣੀ ਗਾਏ ਆਪੇ ਗਾਥ, ਆਪ ਆਪਣਾ ਨਾਉਂ ਉਪਾ ਰਿਹਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾਇਆ । ਆਪਣੇ ਮੰਦਰ ਕਰ ਅਕੱਠ, ਆਪਣਾ ਮਤਾ ਪਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਭੇਵ ਖੁਲ੍ਹਾਇਆ । ਨਿਰਗੁਣ ਨਿਰਗੁਣ ਸਾਚਾ ਖੇਲਾ, ਹਰਿ ਹਰਿ ਖੇਲ ਖਿਲਾਇੰਦਾ । ਆਪ ਆਪਣਾ ਕਰਿਆ ਮੇਲਾ, ਆਪ ਆਪਣਾ ਦਰ ਸੁਹਾਇੰਦਾ । ਆਪੇ ਵਸਿਆ ਰੰਗ ਨਵੇਲਾ, ਆਪ ਆਪਣੀ ਬਣਤ ਬਣਾਇੰਦਾ । ਆਪ ਆਪਣਾ ਚਾੜ੍ਹੇ ਤੇਲਾ, ਆਪ ਆਪਣਾ ਸਗਨ ਮਨਾਇੰਦਾ । ਆਪ ਆਪਣਾ ਸੱਜਣ ਸੁਹੇਲਾ, ਮੀਤ ਮੁਰਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਰੀ ਪੁਰਖ ਆਪ ਅਖਵਾਇੰਦਾ । ਨਾਰੀ ਪੁਰਖ ਪੁਰਖ ਸੁਲਤਾਨ, ਹਰਿ ਹਰਿ ਆਪ ਅਖਵਾਇਆ । ਜੋਤੀ ਨੂਰ ਸ੍ਰੀ ਭਗਵਾਨ, ਏਕਾ ਏਕ ਡਗਮਗਾਇਆ । ਆਪੇ ਦਾਤਾ ਦਾਨੀ ਦਾਨ, ਆਪਣੀ ਝੋਲੀ ਰਿਹਾ ਭਰਾਇਆ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਹੁਕਮ ਸੁਣਾਇਆ । ਆਪੇ ਵੇਖੇ ਜ਼ਿਮੀ ਅਸਮਾਨ, ਗਗਨ ਗਗਨੰਤਰ ਵੇਖ ਵਖਾਇਆ । ਲੋਆਂ ਪੁਰੀਆਂ ਕਰ ਧਿਆਨ, ਸ਼ਬਦ ਡੋਰੀ ਬੰਧ ਬੰਧਾਇਆ । ਧਰਤ ਧਵਲ ਹੋ ਪਰਧਾਨ, ਜਲ ਬਿੰਬ ਆਪ ਟਿਕਾਇਆ । ਤ੍ਰੈਗੁਣ ਤੇਰੀ ਕਰ ਕਲਿਆਣ, ਤੇਰਾ ਰੂਪ ਵਟਾਇਆ । ਤ੍ਰੈ ਤ੍ਰੈ ਦੇਵੇ ਇਕ ਗਿਆਨ, ਏਕਾ ਸ਼ਬਦ ਜਣਾਇਆ । ਏਕਾ ਬਾਣੀ ਸਾਰੇ ਗਾਨ, ਏਕਾ ਨਜ਼ਰੀ ਆਇਆ । ਏਕਾ ਨਿਗਹਬਾਨ, ਏਕਾ ਵੇਖ ਵਖਾਇਆ । ਏਕਾ ਧੁਨ ਅਨਾਦੀ ਖੇਲ ਮਹਾਨ, ਆਦਿ ਜੁਗਾਦੀ ਆਪ ਸੁਣਾਇਆ । ਸ਼ਬਦ ਬ੍ਰਹਿਮਾਦੀ ਨੌਜਵਾਨ, ਦਹਿ ਦਿਸ਼ਾ ਚਾਰੇ ਕੂਟਾਂ ਫੇਰਾ ਪਾਇਆ । ਪਾਰਬ੍ਰਹਮ ਸਚ ਸੁਲਤਾਨ, ਘਰ ਸਾਚੇ ਬੈਠਾ ਆਸਣ ਲਾਇਆ । ਥਿਰ ਘਰ ਆਦੇਸਾ ਇਕ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਧਾਰ ਬੰਧਾਇਆ । ਥਿਰ ਘਰ ਸਾਚਾ ਸਚ ਦਵਾਰ, ਹਰਿ ਹਰਿ ਆਪ ਬਣਾਇੰਦਾ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਵਖਾਇੰਦਾ । ਨਾ ਕੋਈ ਦੀਵਾ ਬਾਤੀ ਕੀਆ ਉਜਿਆਰ, ਨਾ ਕੋਈ ਵੇਖ ਵਖਾਇੰਦਾ । ਨਾ ਕੋਈ ਨਾਰੀ ਕੰਤ ਭਤਾਰ, ਨਾ ਕੋਈ ਸੇਜ ਹੰਢਾਇੰਦਾ । ਨਾ ਕੋਈ ਸਾਜਨ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਵਖਾਇੰਦਾ । ਨਾ ਕੋਈ ਗੀਤ ਸੁਹਾਗੀ ਗਾਏ ਵਾਰੋ ਵਾਰ, ਤਾਲ ਤਲਵਾੜਾ ਨਾ ਕੋਈ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਬੰਕ ਸੁਹਾਇੰਦਾ । ਥਿਰ ਘਰ ਸਾਚਾ ਹਰਿ ਹਰਿ ਬੰਕ, ਹਰਿ ਹਰਿ ਆਪ ਸੁਹਾਇੰਦਾ । ਆਪੇ ਖੇਲੇ ਖੇਲ ਆਦਿ ਅੰਤ, ਆਪ ਆਪਣੀ ਖੇਲ ਖਿਲਾਇੰਦਾ । ਆਪ ਬਣਾਏ ਆਪਣੀ ਬਣਤ, ਆਪਣੀ ਧਾਰ ਵਿਚ ਬੰਧਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਨਾ ਕੋਈ ਅਖਵਾਇੰਦਾ । ਨਾ ਕੋਈ ਜੀਵ ਨਾ ਕੋਈ ਜੰਤ, ਨਾ ਕੋਈ ਰਾਹ ਤਕਾਇੰਦਾ । ਨਾ ਕੋਈ ਮਣੀਆ ਨਾ ਕੋਈ ਮਣਤ, ਨਾ ਕੋਈ ਨਾਮ ਦ੍ਰਿੜਾਇੰਦਾ । ਨਾ ਕੋਈ ਨਾਰੀ ਨਾ ਕੋਈ ਕੰਤ, ਨਾ ਕੋਈ ਸੇਜ ਹੰਢਾਇੰਦਾ । ਨਾ ਕੋਈ ਚਾੜ੍ਹੇ ਰੰਗ ਬਸੰਤ, ਰੰਗ ਮਜੀਠੀ ਨਾ ਕੋਈ ਵਖਾਇੰਦਾ । ਇਕ ਅਕੱਲਾ ਸ੍ਰੀ ਭਗਵੰਤ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਹਰਿ ਉਜਾਲਾ, ਆਪਣਾ ਆਪ ਕਰੇ ਪਸਾਰਿਆ । ਆਪੇ ਸਤਿਗੁਰ ਰੂਪ ਗੋਪਾਲਾ, ਆਪੇ ਖੇਲੇ ਖੇਲ ਅਪਾਰਿਆ । ਆਪੇ ਜਾਣੇ ਆਪਣੀ ਚਾਲਾ, ਆਪਣਾ ਅਸਵ ਆਪ ਦੌੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸੇ ਸਾਚੇ ਘਰ, ਘਰ ਸੁਹੰਜਣਾ ਇਕ ਵਖਾਇਆ । ਥਿਰ ਘਰ ਸਾਚਾ ਹਰਿ ਸੁਹੰਜਣਾ, ਹਰਿ ਸਾਚੇ ਜੋਤ ਜਗਾਈਆ । ਅਕਾਲ ਪੁਰਖ ਆਦਿ ਨਿਰੰਜਣਾ, ਬੈਠਾ ਡੇਰਾ ਲਾਈਆ । ਦਰਦ ਦੁੱਖ ਹਰਿ ਭੈ ਭੰਜਨਾ, ਆਪ ਆਪਣਾ ਵੇਸ ਵਟਾਈਆ । ਆਦਿ ਜੁਗਾਦੀ ਏਕਾ ਹੱਜਨਾ, ਏਕਾ ਅਲਖ ਜਗਾਈਆ । ਅਗੰਮ ਅਗੰਮੜੇ ਧਾਮ ਬਹਿ ਬਹਿ ਸਜਣਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਧਾਰ ਹਰਿ ਕਰਤਾਰ, ਆਪਣੀ ਆਪ ਬਣਾਈਆ । ਨਿਰਗੁਣ ਰੂਪ ਅਪਰ ਅਪਾਰ, ਸ਼ਾਹੋ ਭੂਪ ਆਪ ਅਖਵਾਈਆ । ਨਿਰਗੁਣ ਨੂਰ ਜੋਤ ਉਜਿਆਰ, ਇਕ ਅਕੱਲਾ ਖੇਲ ਖਿਲਾਈਆ । ਨਿਰਗੁਣ ਨਿਰਗੁਣ ਕਰ ਵਿਚਾਰ, ਨਿਰਗੁਣ ਨਿਰਗੁਣ ਬੂਝ ਬੁਝਾਈਆ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜਾਹਰ, ਨਿਰਗੁਣ ਨਿਰਗੁਣ ਡੇਰਾ ਲਾਈਆ । ਨਿਰਗੁਣ ਹੋਇਆ ਖ਼ਬਰਦਾਰ, ਨਿਰਗੁਣ ਮੀਤ ਮੁਰਾਰ, ਨਿਰਗੁਣ ਨਾਰੀ ਕੰਤ ਭਤਾਰ, ਨਿਰਗੁਣ ਸੇਜਾ ਰਿਹਾ ਹੰਢਾਈਆ । ਨਿਰਗੁਣ ਸੁੱਤ ਨਿਰਗੁਣ ਦੁਲਾਰ, ਨਿਰਗੁਣ ਕਰੇ ਸਚ ਪਿਆਰ, ਨਿਰਗੁਣ ਬੈਠਾ ਕਿਰਪਾ ਧਾਰ, ਨਿਰਗੁਣ ਵਡ ਵੱਡੀ ਵਡਿਆਈਆ । ਨਿਰਗੁਣ ਸਾਂਝਾ ਦਿਸੇ ਯਾਰ, ਨਿਰਗੁਣ ਖੇਲ ਅਗੰਮ ਅਪਾਰ, ਨਿਰਗੁਣ ਅਲੱਖ ਨਿਰੰਜਣ ਏਕਾ ਲਾਏ ਨਾਅਰ, ਨਿਰਗੁਣ ਏਕਾ ਨਾਮ ਉਪਾਈਆ । ਨਿਰਗੁਣ ਰਾਜਾ ਬੰਕ ਦਵਾਰ, ਨਿਰਗੁਣ ਆਪਣੇ ਦਰ ਭਿਖਾਰ, ਨਿਰਗੁਣ ਮੰਗੇ ਵਾਰੋ ਵਾਰ, ਅੱਗੇ ਆਪਣੀ ਝੋਲੀ ਡਾਹੀਆ । ਨਿਰਗੁਣ ਰੂਪ ਏਕੰਕਾਰ, ਨਿਰਗੁਣ ਕਰੇ ਸਗਲ ਪਸਾਰ, ਨਿਰਗੁਣ ਹੋਇਆ ਨਿਰਾਕਾਰ, ਨਿਰਗੁਣ ਨਿਰਧਨ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਨਿਰਗੁਣ ਮੀਤਾ ਨਿਰਗੁਣ ਠਾਂਡਾ ਨਿਰਗੁਣ ਸੀਤਾ, ਨਿਰਗੁਣ ਬੈਠਾ ਰਹੇ ਅਤੀਤਾ, ਨਿਰਗੁਣ ਆਪਣੀ ਚਲਤ ਚਲਾਈਆ । ਨਿਰਗੁਣ ਮਰਿਆ ਨਿਰਗੁਣ ਜੀਤਾ, ਨਿਰਗੁਣ ਨਾਮ ਨਿਧਾਨਾ ਪੀਤਾ, ਨਿਰਗੁਣ ਰੂਪ ਨਿਰਗੁਣ ਕੀਤਾ, ਨਿਰਗੁਣ ਨਿਰਗੁਣ ਆਪ ਉਪਾਈਆ । ਨਿਰਗੁਣ ਹਸਤ ਨਿਰਗੁਣ ਕੀਟਾ, ਨਿਰਗੁਣ ਵਸਿਆ ਧਾਮ ਅਨਡੀਠਾ, ਨਿਰਗੁਣ ਆਪਣਾ ਪੀਸਣ ਪੀਠਾ, ਆਪਣੀ ਚੱਕੀ ਆਪ ਚਲਾਈਆ । ਨਿਰਗੁਣ ਧਾਰ ਨਿਰਗੁਣ ਰੀਤਾ, ਨਾ ਕੋਈ ਮੰਦਰ ਦੇਹੁਰਾ ਮਸੀਤਾ, ਗੁਰ ਦਵਾਰ ਨਾ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ । ਨਿਰਗੁਣ ਧਾਰ ਨਿਰਗੁਣ ਰੰਗ, ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਮੰਗੇ ਆਪਣੀ ਮੰਗ, ਨਿਰਗੁਣ ਝੋਲੀ ਡਾਹਿੰਦਾ । ਨਿਰਗੁਣ ਦਰ ਦਵਾਰਾ ਵੇਖੇ ਲੰਘ, ਨਿਰਗੁਣ ਮੁਖ ਦਿਖਾਇੰਦਾ । ਥਿਰ ਘਰ ਰਖਾਇਆ ਇਕ ਪਲੰਘ, ਪਾਵਾ ਚੂਲ ਨਾ ਕੋਈ ਰਖਾਇੰਦਾ । ਆਦਿ ਜੁਗਾਦਿ ਨਾ ਹੋਏ ਭੰਗ, ਆਦਿ ਜੁਗਾਦਿ ਨਾ ਮੇਟ ਮਿਟਾਇੰਦਾ । ਆਪਣੇ ਦਰ ਨਾ ਰਿਹਾ ਸੰਗ, ਆਪ ਆਪਣਾ ਹੁਕਮ ਚਲਾਇੰਦਾ । ਨਾ ਕੋਈ ਦਿਸੇ ਬਨੇਰਾ ਕੰਧ, ਇੱਟ ਗਾਰਾ ਨਾ ਕੋਈ ਲਗਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਗਗਨ ਮੰਡਲ ਨਾ ਕੋਈ ਵਖਾਇੰਦਾ । ਨਾ ਕੋਈ ਘੜੇ ਨਾ ਦੇਵੇ ਭੰਨ, ਨਾ ਕੋਈ ਬਣਤ ਬਣਾਇੰਦਾ । ਆਪਣਾ ਬੇੜਾ ਆਪੇ ਬੰਨ, ਆਪੇ ਆਪ ਚਲਾਇੰਦਾ ।

੭੬
੦੮

ਨਾ ਕੋਈ ਜਨਨੀ ਜਣੇ ਜਨ, ਨਾ ਕੋਈ ਪੂਤ ਗੋਦ ਉਠਾਇੰਦਾ । ਨਾ ਕੋਈ ਮਾਲ ਨਾ ਕੋਈ ਧਨ, ਨਾ ਕੋਈ ਖ਼ਜ਼ਾਨਾ ਕੋਈ ਕਢਾਇੰਦਾ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਧੁਨ ਉਪਜਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਨਾ ਕੋਈ ਡੇਰਾ ਲਾਇੰਦਾ । ਨਾ ਕੋਈ ਬੁਧੀ ਨਾ ਕੋਈ ਮਤ ਨਾ ਕੋਈ ਮਨ, ਨਾ ਕੋਈ ਤ੍ਰੈਗੁਣ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਸਾਚਾ ਉਚ ਮਿਨਾਰ, ਹਰਿ ਸਾਚੀ ਜੋਤ ਜਗਾਈਆ । ਇਕ ਅਕੱਲਾ ਕਰ ਪਸਾਰ, ਬੈਠਾ ਬੇਪਰਵਾਹੀਆ । ਆਦਿ ਜੁਗਾਦੀ ਖੇਲ ਨਿਆਰ, ਲੇਖਾ ਲਿਖਤ ਵਿਚ ਨਾ ਆਈਆ । ਪਾਰਬ੍ਰਹਮ ਪੁਰਖ ਭਤਾਰ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਹੋਏ ਆਪਣੀ ਜੋਤ ਉਜਿਆਰ, ਆਪ ਆਪਣਾ ਵੇਖ ਵਖਾਈਆ । ਜੋਧਾ ਸੂਰਬੀਰ ਬਲਕਾਰ, ਆਪਣੀ ਕਲ ਵਰਤਾਈਆ । ਨਾ ਕੋਈ ਖੰਡਾ ਤੇਜ਼ ਕਟਾਰ, ਨਾ ਕੋਈ ਗਾਤਰਾ ਰਿਹਾ ਲਟਕਾਈਆ । ਨਾ ਕੋਈ ਮੁੱਛ ਦਾੜ੍ਹੀ ਕੇਸ ਦਿਸੇ ਦਸਤਾਰ, ਨਾ ਕੋਈ ਮੂੰਡ ਮੁੰਡਾਈਆ । ਨਾ ਕੋਈ ਰਸਨਾ ਜੇਹਵਾ ਲਾਏ ਨਾਅਰ, ਬੱਤੀ ਦੰਦ ਨਾ ਕੋਈ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਸਾਚਾ ਬੇਪਰਵਾਹ, ਆਪਣਾ ਆਸਣ ਲਾਇੰਦਾ । ਆਪ ਆਪਣਾ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਪੇ ਜਾਣੇ ਆਪਣਾ ਰਾਹ, ਆਪੇ ਮਾਰਗ ਪਾਇੰਦਾ । ਆਪੇ ਵਸੇ ਸਾਚੇ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਆਪੇ ਕਰੇ ਸਚ ਨਿਆਂ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣੀ ਆਪੇ ਪਕੜਨਹਾਰਾ ਬਾਂਹ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਜੋਤ ਹੋ ਪਰਤੱਖ, ਲੋਕਮਾਤ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸ਼ਿਵ ਸ਼ੰਕਰ ਰਾਹ ਰਿਹਾ ਤੱਕ, ਨੇਤਰ ਲੋਚਣ ਨੈਣ ਉਠਾਈਆ । ਸਾਧ ਸੰਤ ਗਏ ਅੱਕ, ਦਿਵਸ ਰੈਣ ਨਾਮ ਧਿਆਈਆ । ਵਰਭੰਡੀ ਵੇਖੇ ਏਕਾ ਢਕ, ਬ੍ਰਹਿਮੰਡੀ ਖੋਜ ਖੁਜਾਈਆ । ਜੇਰਜ ਅੰਡੀ ਝਟ, ਉਤਭੁਜ ਸੇਤਜ ਫੋਲ ਫੋਲਾਈਆ । ਸ਼ਬਦ ਨਕੇਲ ਪਾਏ ਨੱਕ, ਲੱਖ ਚੁਰਾਸੀ ਆਪ ਭਵਾਈਆ । ਆਪਣੀ ਧਾਰ ਆਪੇ ਰੱਖ, ਆਪੇ ਕਰੇ ਰੁਸ਼ਨਾਈਆ । ਆਪੇ ਹੋਇਆ ਸਭ ਤੋਂ ਵੱਖ, ਆਪੇ ਹਰ ਘਟ ਬੈਠਾ ਆਸਣ ਲਾਈਆ । ਆਪੇ ਆਪਣੀ ਕੀਮਤ ਪਾਏ ਲੱਖ, ਆਪੇ ਕੌਡੀ ਕੌਡੀ ਹੱਟ ਵਿਕਾਈਆ । ਆਪ ਛਾਛ ਵਰੋਲੇ ਮੱਖ, ਸਾਚਾ ਸੀਰ ਆਪ ਸਮਾਈਆ । ਆਪੇ ਪਰਗਟ ਹੋਇਆ ਮਾਤ ਪਰਤੱਖ, ਆਪ ਆਪਣੀ ਬੂਝ ਬੁਝਾਈਆ । ਆਪ ਆਪਣੇ ਲਏ ਰੱਖ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਲੋਕਮਾਤੀ ਕਰ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਡਗਮਗਾ, ਆਪਣਾ ਕਰਮ ਕਮਾਇੰਦਾ । ਆਦਿ ਜੁਗਾਦੀ ਵੇਸ ਵਟਾ, ਜੁਗ ਜੁਗ ਫੇਰੀ ਪਾਇੰਦਾ । ਲਹਿਣਾ ਦੇਣਾ ਲੇਖਾ ਰਿਹਾ ਆਪ ਚੁਕਾ, ਆਪਣਾ ਮੂਲ ਵਖਾਇੰਦਾ । ਬਸਤਰ ਸ਼ਸਤਰ ਗਹਿਣ ਏਕਾ ਪਾ, ਹਰਿਜਨ ਮੇਲ ਮਿਲਾਇੰਦਾ । ਨੇਤਰ ਨੈਣਾਂ ਦਰਸ ਦਿਖਾ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਭਾਣਾ ਸਹਿਣਾ ਹੁਕਮ ਸੁਣਾ, ਆਪ ਆਪਣੀ ਚਲਤ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਬੰਧਨਹਾਰਾ ਹਰਿ ਭਗਵੰਤਾ, ਆਪਣੀ ਧਾਰ ਬੰਧਾਈਆ । ਪੁਰਖ ਪੁਰਖੋਤਮ ਨਾਰੀ ਕੰਤਾ, ਕੰਤ ਕੰਤੂਹਲ ਆਪ ਹੋ ਜਾਈਆ । ਆਪੇ ਜੋਗ ਜੁਗੀਸ਼ਰ ਹੋਏ ਜੁਗਾ

ਜੁਗੰਤਾ, ਮੁਨੀਸ਼ਰ ਤਪੀਸ਼ਰ ਆਪ ਕਰਾਈਆ । ਆਪੇ ਹਉਮੇ ਆਪੇ ਹੰਗਤਾ, ਆਪੇ ਗੜ੍ਹ ਤੁੜਾਈਆ । ਆਪੇ ਭੁੱਖਾ ਆਪੇ ਨੰਗਤਾ, ਆਪੇ ਦਰ ਦਰ ਅਲਖ ਜਗਾਈਆ । ਆਪੇ ਮੰਗਣਹਾਰ ਮੰਗਤਾ, ਆਪੇ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੱਡ ਵੱਡੀ ਵਡਿਆਈਆ । ਨਿਰਗੁਣ ਸੱਚੀ ਧਾਰ, ਹਰਿ ਸਾਚਾ ਆਪ ਚਲਾਇੰਦਾ । ਪਰਗਟ ਹੋਏ ਵਿਚ ਸੰਸਾਰ, ਜੁਗ ਜੁਗ ਨਾਉਂ ਧਰਾਇੰਦਾ । ਸਤਿਜੁਗ ਸਾਚਾ ਮੀਤ ਮੁਰਾਰ, ਅੱਠ ਦਸ ਵੇਖ ਵਖਾਇੰਦਾ । ਤ੍ਰੇਤਾ ਤੇਰਾ ਰੂਪ ਅਪਾਰ, ਦੋ ਦੋ ਰੰਗ ਚੜ੍ਹਾਇੰਦਾ । ਦੁਆਪਰ ਤੇਰਾ ਸਾਂਝਾ ਯਾਰ, ਏਕਾ ਦੂਜਾ ਵੇਖ ਵਖਾਇੰਦਾ । ਪੰਚਾਂ ਮੀਤਾ ਇਕ ਅਖਾੜ, ਇਕ ਗਿਆਨ ਦ੍ਰਿੜਾਇੰਦਾ । ਸਾਚੇ ਦਰ ਆਪੇ ਵਾੜ, ਆਪਣਾ ਮੂਲ ਚੁਕਾਇੰਦਾ । ਵੇਖਣਹਾਰਾ ਜਗਤ ਅਖਾੜ, ਆਪਣਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਆਪਣਾ ਵੇਸ ਆਪ ਧਰਾਇਆ, ਹਰਿ ਸਾਚੇ ਵਡ ਵਡਿਆਈਆ । ਜੁਗ ਜੁਗ ਆਪਣਾ ਖੇਲ ਖਿਲਾਇਆ, ਜੁਗ ਜੁਗ ਵੇਖ ਵਖਾਈਆ । ਜੁਗ ਜੁਗ ਕਰਤੇ ਕਰਮ ਕਮਾਇਆ, ਕਰਨੀ ਕਰਤਾ ਆਪ ਹੋ ਜਾਈਆ । ਜੁਗ ਜੁਗ ਧਰਨੀ ਧਰਤ ਧਵਲ ਸੁਹਾਇਆ, ਜੁਗ ਜੁਗ ਬੰਧਨ ਪਾਈਆ । ਜੁਗ ਜੁਗ ਜਨ ਭਗਤਾਂ ਅੰਮ੍ਰਿਤ ਆਤਮ ਕਵਲ ਚੁਆਇਆ, ਉਲਟੀ ਨਾਭ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਛਾਹੀਆ । ਕਲਜੁਗ ਕੂੜਾ ਸੱਚਾ ਸ਼ਾਹ, ਹਰਿ ਹਰਿ ਆਪ ਉਪਾਇਆ । ਜੂਠ ਝੂਠ ਦਏ ਸਲਾਹ, ਮਾਇਆ ਮਮਤਾ ਮਤਾ ਪਕਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਵੇਖੇ ਸਾਚਾ ਥਾਂ, ਸਗਲਾ ਸੰਗ ਨਿਭਾਇਆ । ਆਸਾ ਤ੍ਰਿਸਨਾ ਪਕੜੇ ਬਾਂਹ, ਦਰ ਸਾਚਾ ਇਕ ਸੁਹਾਇਆ । ਫੜ ਫੜ ਹੰਸ ਬਣਾਏ ਕਾਂ, ਕਾਗ ਕਾਗੀ ਆਪ ਉਡਾਇਆ । ਈਸਾ ਮੂਸਾ ਸ਼ਬਦ ਜਣਾ, ਸੰਗ ਮੁਹੰਮਦ ਆਪ ਰਲਾਇਆ । ਚਾਰ ਯਾਰੀ ਦੇਵੇ ਸੁਣਾ, ਰਾਣੀ ਅੱਲਾ ਨਾਅਰਾ ਲਾਇਆ । ਐਨਲਹੱਕ ਇਕ ਜਣਾ, ਮੁਕਾਮੇ ਹੱਕ ਵੇਖ ਵਖਾਇਆ । ਖ਼ੁਦੀ ਖ਼ੁਦਾਈ ਦਏ ਵਸਾ, ਪਰਵਰਦਿਗਾਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਲੋਕਮਾਤੀ ਦੀਵਾ ਬਾਤੀ ਆਪ ਜਗਾਇਆ । ਦੀਵਾ ਬਾਤੀ ਕਰ ਉਜਿਆਰ, ਹਰਿ ਆਪਣੀ ਕਲ ਚਲਾਈਆ । ਵੇਖਣਹਾਰਾ ਸੰਗ ਮੁਹੰਮਦ ਚਾਰ ਯਾਰ, ਖੇਲੇ ਖੇਲ ਨੂਰ ਅਲਾਹੀਆ । ਦੋ ਦੋ ਆਇਆ ਕਰ ਪਸਾਰ, ਦੋਏ ਦੋਏ ਧਾਰ ਬੰਧਾਈਆ । ਅਹਿਬਾਬ ਰਬਾਬ ਵਜਾਏ ਸਤਾਰ, ਸਚ ਸਾਰਿੰਗਾ ਆਪ ਉਠਾਈਆ । ਕਲਮਾ ਨਬੀ ਕਰ ਤਿਆਰ, ਏਕਾ ਮੁਖ ਸਲਾਹੀਆ । ਸ਼ਾਹ ਨਵਾਬਾ ਖ਼ਬਰਦਾਰ, ਆਪ ਆਪਣਾ ਹੁਕਮ ਚਲਾਈਆ । ਚਰਨ ਰਕਾਬਾ ਦੇ ਹੋਏ ਅਸਵਾਰ, ਏਕਾ ਅਸਵ ਰਿਹਾ ਦੌੜਾਈਆ । ਦਏ ਅਜ਼ਾਬਾ ਅੰਤਮ ਵਾਰ, ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਅਖਵਾਈਆ । ਆਦਿ ਅੰਤ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਸੁੰਨ ਅਗੰਮੀ ਪਾਰ ਕਿਨਾਰਾ, ਆਪ ਆਪਣਾ ਰਾਹ ਤਕਾਇੰਦਾ । ਬ੍ਰਹਮਾ ਵੇਤਾ ਕਰ ਪਿਆਰਾ, ਏਕਾ ਸ਼ਬਦ ਜਣਾਇੰਦਾ । ਚਾਰੇ ਵੇਦਾ ਬਣ ਲਿਖਾਰਾ, ਲੋਕਮਾਤ ਆਪ ਧਰਾਇੰਦਾ । ਵਿਸ਼ਨੂੰ ਵੰਸੀ ਹੋ ਉਜਿਆਰਾ, ਸਾਚੀ ਸੇਵ ਕਮਾਇੰਦਾ । ਸ਼ਿਵ ਸ਼ੰਕਰ ਸਿਰ ਚੁੱਕੇ ਭਾਰਾ, ਲੱਖ ਚੁਰਾਸੀ ਪੰਡ ਉਠਾਇੰਦਾ । ਸੁਰਪਤ ਰੋਵੇ ਆਪਣੀ ਵਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਕਰੋੜ ਤੇਤੀਸਾ ਕਰ ਪਿਆਰਾ, ਏਕਾ ਧਾਮ

ਬਹਾਇੰਦਾ । ਲੋਕਮਾਤ ਖੇਲ ਨਿਆਰਾ, ਆਪਣਾ ਆਪ ਕਰਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਸਾਚਾ ਵੇਖ ਵਖਾਇੰਦਾ । ਹੱਕ ਹਕੀਕਤ ਵੇਖੇ ਨਾਅਰਾ, ਸਚ ਦਵਾਰੇ ਆਪੇ ਲਾਇੰਦਾ । ਸ਼ਰਅ ਸ਼ਰੀਅਤ ਪਾਰ ਕਿਨਾਰਾ, ਬੰਧਨ ਆਪਣਾ ਆਪੇ ਪਾਇੰਦਾ । ਲਾਸ਼ਰੀਕ ਇਕ ਖ਼ੁਦਾਏ ਪਰਵਰਦਿਗਾਰਾ, ਏਕਾ ਨਾਮ ਅਲਾਇੰਦਾ । ਖੇਲੇ ਖੇਲ ਆਪਣੀ ਵਾਰਾ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਹਰਿ ਕਰਤਾਰ, ਆਪਣਾ ਆਪ ਕਰਾਇਆ । ਕਲਜੁਗ ਤੇਰਾ ਕੂੜ ਪਸਾਰ, ਆਪੇ ਵੇਖਣ ਆਇਆ । ਨੱਨਾ ਨਿਰਗੁਣ ਕਰ ਉਜਿਆਰ, ਨੱਨਾ ਨਿਰਗੁਣ ਮੇਲ ਮਿਲਾਇਆ । ਕੱਕਾ ਕਰਮਾਂ ਪਾਵੇ ਸਾਰ, ਕੱਚਾ ਘੜਾ ਆਪ ਉਠਾਇਆ । ਆਪੇ ਬੰਨੇ ਲਾਏ ਪ੍ਰਿਥਮੀ ਅਕਾਸ਼ ਹੋ ਉਜਿਆਰ, ਰਕਤ ਬੂੰਦ ਮਾਸ ਨਾੜੀ ਰੱਤ ਆਪਣੇ ਲੇਖੇ ਲਾਇਆ । ਜੋਤੀ ਜੋਤ ਕਰ ਉਜਿਆਰ, ਕਮਲਾਪਾਤੀ ਖੇਲ ਖਿਲਾਇਆ । ਨਾਨਕ ਸਾਚਾ ਨਾਮ ਰੱਖ, ਸਾਚਾ ਰਥ ਚਲਾਇਆ । ਸ਼ਬਦ ਜਣਾਈ ਅਕਥਨਾ ਅਕਥ, ਆਪਣਾ ਭੇਵ ਖੁਲ੍ਹਾਇਆ । ਆਪੇ ਰੱਖੇ ਦੇ ਕਰ ਹੱਥ, ਆਪ ਆਪਣੀ ਬੂਝ ਬੁਝਾਇਆ । ਸਰਬ ਕਲਾ ਆਪੇ ਸਮਰਥ, ਨਾਨਕ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇਆ । ਨਾਨਕ ਜੋਤ ਹਰਿ ਜਗਾ, ਆਪਣਾ ਨੂਰ ਦਰਸਾਇਆ । ਆਪਣਾ ਦਰਸ ਆਪ ਦਿਖਾ, ਆਪ ਆਪਣਾ ਖੇਲ ਖਿਲਾਇਆ । ਏਕਾ ਦੂਜਾ ਭੌ ਚੁਕਾ, ਦੋਏ ਦੋਏ ਮੇਟ ਮਿਟਾਇਆ । ਤੀਜਾ ਨੈਣ ਇਕ ਖੁਲ੍ਹਾ, ਏਕਾ ਰਾਹ ਚਲਾਇਆ । ਚੌਥੇ ਪਦ ਰਿਹਾ ਸਮਾ, ਭੁੱਲ ਰਹੇ ਨਾ ਰਾਇਆ । ਪੰਚਮ ਮੇਲਾ ਸਹਿਜ ਸਭਾ, ਘਰ ਸਾਚੇ ਦਏ ਕਰਾਇਆ । ਛੱਪਰ ਛੰਨ ਨਾ ਲਿਆ ਰਖਾ, ਮਹੱਲ ਅਟੱਲ ਨਾ ਕੋਈ



ਬਣਾਇਆ । ਥਿਰ ਘਰ ਬੈਠਾ ਬੇਪਰਵਾਹ, ਨਿਰਗੁਣ ਜੋਤ ਕਰ ਰੁਸ਼ਨਾਇਆ । ਨਾਨਕ ਦਰਸ਼ਨ ਸਾਚਾ ਪਾ, ਨਿਉਂ ਨਿਉਂ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਪਕੜਨਹਾਰਾ ਬਾਂਹ, ਆਪ ਆਪਣੇ ਗਲੇ ਲਗਾਇਆ । ਮੇਰਾ ਤੇਰਾ ਇਕ ਨਿਆਂ, ਭੁੱਲ ਰਹੇ ਨਾ ਰਾਇਆ । ਨਾਨਕ ਸਤਿਗੁਰ ਚੜ੍ਹਿਆ ਚਾ, ਸਾਚਾ ਮੰਗਲ ਗਾਇਆ । ਸੋਹੰ ਨਾਅਰਾ ਦਿਤਾ ਲਾ, ਘਰ ਸਾਚੇ ਵੇਸ ਵਟਾਇਆ । ਹੰ ਬ੍ਰਹਮ ਨਾ ਕੋਈ ਜਣਾ, ਪਾਰਬ੍ਰਹਮ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਾਮ ਸਤਿ ਝੋਲੀ ਪਾਇਆ । ਨਾਮ ਸਤਿ ਕਰ ਪਰਕਾਸ਼, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਹੋਇਆ ਦਾਸ, ਨਾਨਕ ਗਿਆ ਸਮਾਈਆ । ਪੂਰੀ ਕਰਨ ਆਇਆ ਆਸ, ਜੋ ਜਨ ਬੈਠੇ ਰਾਹ ਤਕਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਪੁਰੀਆਂ ਲੋਆਂ ਫੇਰਾ ਪਾਈਆ । ਘਟ ਘਟ ਆਪੇ ਰੱਖੇ ਵਾਸ, ਘਟ ਘਟ ਆਪੇ ਰਿਹਾ ਉਠਾਈਆ । ਪਾਵਣਹਾਰਾ ਸਾਚੀ ਰਾਸ, ਦੇਵੇ ਸ਼ਬਦ ਸਲਾਹੀਆ । ਲੱਖ ਚੁਰਾਸੀ ਕਰੇ ਬੰਦ ਖੁਲਾਸ, ਜੋ ਜਨ ਦਰਸ਼ਨ ਪਾਈਆ । ਲਹਿਣਾ ਚੁਕੇ ਹੱਡ ਨਾੜੀ ਮਾਸ, ਪੰਜ ਤੱਤ ਵਿਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦੀ ਸ਼ਬਦ ਪੜ੍ਹਾਈਆ । ਸ਼ਬਦ ਢੋਲਾ ਹਰਿ ਨਿਰੰਕਾਰ, ਆਪਣਾ ਆਪ ਲਗਾਇਆ । ਨਾਨਕ ਚੋਲਾ ਕਰ ਪਿਆਰ, ਪੰਜ ਤੱਤ ਸਮਾਇਆ । ਪੜਦਾ ਉਹਲਾ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਆਪ ਵਜਾਏ ਸਚ ਸਤਾਰ, ਮਰਦ ਮਰਦਾਨਾ ਸੇਵਾ ਲਾਇਆ । ਗਾਏ ਗੀਤ ਵਾਰੋ ਵਾਰ, ਹਰਿ ਸਾਚਾ ਰਿਹਾ ਸੁਣਾਇਆ । ਇਕ ਅਤੀਤਾ ਪਾਵੇ ਸਾਰ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਏਕਾ ਸਿਖਿਆ ਰਿਹਾ ਸਿਖਾਇਆ । ਨਾਨਕ ਸਤਿਗੁਰ ਸਾਚੀ ਸਿਖਿਆ, ਆਪਣੀ ਆਪ ਸੁਣਾਈਆ । ਧੁਰਦਰਗਾਹੀ ਪਾਈ ਭਿਛਿਆ, ਆਪੇ ਨਿਰਗੁਣ ਆਪੇ ਸਰਗੁਣ ਆਪੇ ਆਪਣੀ ਝੋਲੀ ਅੱਗੇ ਡਾਹੀਆ । ਆਪਣਾ ਲੇਖਾ ਆਪੇ ਲਿਖਿਆ, ਆਪੇ ਪੂਰ ਕਰਾਈਆ । ਲੱਖ ਚੁਰਾਸੀ ਦਿਸੇ ਮਿਥਿਆ, ਥਿਰ ਕੋਈ ਰਹਿਣ ਨਾ ਪਾਈਆ । ਆਪੇ ਸੁੱਤਾ ਦੇ ਕਰ ਪੀਠਾ, ਆਪ ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰ ਬੰਧਾਈਆ । ਸਾਚੀ ਧਾਰ ਬੰਨੇ ਕਰਤਾਰ, ਏਕਾ ਸ਼ਬਦ ਸੁਣਾਇੰਦਾ । ਸਤਿ ਨਾਮ ਕਰ ਪਿਆਰ, ਸੱਸਾ ਸਤਿਗੁਰ ਰੂਪ ਵਟਾਇੰਦਾ । ਤੱਤਾ ਤੱਤ ਨਾ ਹੋਏ ਖ਼ਵਾਰ, ਨੱਨਾ ਨਿਰਗੁਣ ਮੇਲ ਮਿਲਾਇੰਦਾ । ਮੰਮਾ ਮੋਹ ਚੁਕੇ ਸੰਸਾਰ, ਜੋ ਜਨ ਨਾਨਕ ਦਰਸ਼ਨ ਪਾਇੰਦਾ । ਆਤਮ ਅੰਤਰ ਇਕ ਵਿਚਾਰ, ਏਕਾ ਬ੍ਰਹਮ ਜਣਾਇੰਦਾ । ਜਗਤ ਬਸੰਤਰ ਹੋਏ ਖ਼ਵਾਰ, ਤੱਤ ਵਿਕਾਰਾ ਨੇੜ ਨਾ ਆਇੰਦਾ । ਨਾਮ ਮੰਤਰ ਇਕ ਜੈਕਾਰ, ਅਨਹਦ ਧੁਨ ਸੁਣਾਇੰਦਾ । ਰਾਗੀ ਨਾਦੀ ਨਾ ਪਾਵੇ ਸਾਰ, ਬ੍ਰਹਿਮਾਦੀ ਵੇਖ ਵਖਾਇੰਦਾ । ਆਦਿ ਜੁਗਾਦੀ ਏਕੰਕਾਰ, ਅਕਲ ਕਲਾ ਅਖਵਾਇੰਦਾ । ਬੋਧ ਅਗਾਧੀ ਸ਼ਬਦ ਭੰਡਾਰ, ਨਾਨਕ ਹੱਥ ਫੜਾਇੰਦਾ । ਨਾਨਕ ਸਤਿਗੁਰ ਹੋ ਤਿਆਰ, ਲੋਕਮਾਤ ਵਰਤਾਇੰਦਾ । ਚਾਰ ਵਰਨਾਂ ਇਕ ਪਿਆਰ, ਏਕਾ ਧਾਮ ਸੁਹਾਇੰਦਾ । ਰਾਓ ਰੰਕ ਨਾ ਕੋਈ ਵਿਚਾਰ, ਊਚਾਂ ਨੀਚਾਂ ਮੇਲ ਮਿਲਾਇੰਦਾ । ਅੰਤਰ ਆਤਮ ਠੰਡੀ ਠਾਰ, ਸਾਚਾ ਜਲ ਪਿਆਇੰਦਾ । ਹਉਮੇ ਹੰਗਤਾ ਕਰ ਖੁਵਾਰ, ਦੂਈ ਦਵੈਤੀ ਪੜਦਾ ਲਾਹਿੰਦਾ । ਗਰੀਬ ਨਿਮਾਣੇ ਲਏ ਉਭਾਰ, ਆਪ ਆਪਣੇ ਗਲ ਲਗਾਇੰਦਾ । ਧੁਰ ਫ਼ਰਮਾਣਾ ਸੁਣਾਏ ਵਾਰੋ ਵਾਰ, ਪੰਜ ਤੱਤ ਰਸਨਾ ਗਾਇੰਦਾ । ਮਿਲਿਆ ਮੇਲ ਪੁਰਖ ਭਤਾਰ, ਨਾਰੀ ਰੂਪ ਆਪ ਹੋ ਜਾਇੰਦਾ । ਏਕਾ ਸੇਜਾ ਸੁੱਤਾ ਪੈਰ ਪਸਾਰ, ਲੋਕਮਾਤ ਨਾ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਸ਼ਬਦੀ ਧਾਰ ਨਾਮ ਜੈਕਾਰ, ਗੁਰ ਸਤਿਗੁਰ ਆਪ ਅਲਾਇਆ । ਏਕਾ ਰੂਪ ਦਸ ਅਵਤਾਰ, ਏਕਾ ਵੇਖ ਵਖਾਇਆ । ਪੁਰਖ ਅਕਾਲ ਕਰ ਪਿਆਰ, ਅਕਾਲ ਮੂਰਤ ਨਜ਼ਰੀ ਆਇਆ । ਅਜੂਨੀ ਰਹਿਤ ਸਚ ਸਚਿਆਰਾ, ਸਾਚਾ ਦਰ ਰਿਹਾ ਸੁਹਾਇਆ । ਸਤਿ ਨਾਮ ਵੰਡ ਭੰਡਾਰਾ, ਲੱਖ ਚੁਰਾਸੀ ਦਏ ਤਰਾਇਆ । ਕਰਤਾ ਪੁਰਖ ਖੇਲ ਅਪਾਰਾ, ਆਪ ਆਪਣਾ ਰਿਹਾ ਕਰਾਇਆ । ਸਤਿਗੁਰ ਨਾਨਕ ਵਡ ਸਿਕਦਾਰਾ, ਸਚ ਸੁਲਤਾਨ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਰਥ ਚਲਾਇਆ । ਸਚ ਰਥਵਾਹੀ ਚਲਾਏ ਰਥ, ਕਲਜੁਗ ਆਪ ਚਲਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਫਿਰਾਇੰਦਾ । ਵਰਨਾਂ ਬਰਨਾਂ ਦੇਵੇ ਮਥ, ਵਰਨੀ ਬਰਨੀ ਲੇਖ ਲਿਖਾਇੰਦਾ । ਜਗਤ ਨਿਰਾਲਾ ਕਮਲਾਪਤਿ, ਕੰਤ ਕੰਤੂਹਲ ਨਾਉਂ ਧਰਾਇੰਦਾ । ਆਪੇ ਧੀਰਜ ਜਤ ਸਤਿ ਸੰਤੋਖ ਸਤਿ, ਸਤਿ ਸਾਂਤਕ ਸਤਿ ਸਮਾਇੰਦਾ । ਆਪੇ ਬ੍ਰਹਮ ਹੋਏ ਉਤਪਤ, ਬ੍ਰਹਮ ਬ੍ਰਹਮ ਆਪ ਹੋ ਜਾਇੰਦਾ । ਆਪੇ ਬ੍ਰਹਮ ਜਾਣੇ ਮਿਤ ਗਤ, ਜੁਗ ਜੁਗ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਸਲਾਹਿੰਦਾ । ਸਲਾਹੀ ਸਲਾਹ ਸਿਫ਼ਤ ਸਲਾਹ, ਸਤਿਗੁਰ ਨਾਉਂ ਧਰਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਫੜ ਫੜ ਬਾਂਹੋਂ ਪਾਰ ਕਰਾਈਆ । ਹੰਸ ਬਣਾਏ ਫੜ ਫੜ ਕਾਉਂ, ਅੰਮ੍ਰਿਤ ਜਾਮ ਪਿਆਈਆ । ਦੇਵਣਹਾਰਾ ਠੰਡੀ ਛਾਂ, ਸਮਰਥ ਪੁਰਖ ਹੱਥ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪ ਬੁਝਾਈਆ । ਨਾਨਕ ਸਤਿਗੁਰ ਸ਼ਬਦ ਜਣਾ, ਚਾਰ ਕੁੰਟ ਉਠ ਧਾਇਆ । ਆਪਣੀ ਸੇਵਾ ਆਪ ਕਮਾ, ਆਪੇ ਮੂਲ ਚੁਕਾਇਆ । ਆਪਣਾ ਲੇਖਾ ਆਪ ਚੁਕਾ, ਆਪੇ ਵੇਖ ਵਖਾਇਆ । ਆਪਣੀ ਵੰਡ ਆਪ ਵੰਡਾ, ਆਪੇ ਭੇਖ ਵਟਾਇਆ । ਅੰਗਦ ਅੰਗੀਕਾਰ ਕਰਾ, ਆਪਣੇ ਰੰਗ ਰੰਗਾਇਆ । ਨਿਰਗੁਣ ਬਾਤੀ ਜੋਤੀ ਦਏ ਜਗਾ, ਅਗਿਆਨ ਅੰਧੇਰ ਮਿਟਾਇਆ । ਸ਼ਬਦ ਸੋਟੀ ਦਏ ਫੜਾ, ਜਗਤ ਸਹਾਰਾ ਇਕ ਕਰਾਇਆ । ਸਾਚੀ ਚੋਟੀ ਦਏ ਚੜ੍ਹਾ, ਬੰਦ ਕਿਵਾੜਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਕਰ ਪਿਆਰ, ਝੂਠਾ ਨਾਤਾ ਤੋੜ ਤੁੜਾਇਆ । ਪੰਜ ਤੱਤ ਹੋਇਆ ਪਾਰ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਸ਼ਬਦੀ ਜੋਤੀ ਜੁੜਿਆ ਨਾਤਾ, ਹਰਿ ਸਾਚਾ ਆਪ ਜੁੜਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਆਪ ਆਪਣਾ ਖੇਲ ਖਿਲਾਇੰਦਾ । ਅੰਗਦ ਅੰਗੀ ਇਕ ਪਛਾਤਾ, ਏਕਾ ਅੰਗ ਲਗਾਇੰਦਾ । ਦੇਵਣਹਾਰਾ ਸਾਚੀ ਦਾਤਾ, ਸਾਚਾ ਮੰਦਰ ਇਕ ਸੁਹਾਇੰਦਾ । ਵਸਣਹਾਰਾ ਇਕ ਇਕਾਂਤਾ, ਆਪਣੀ ਕਲ ਵਰਤਾਇੰਦਾ । ਬਿਰਧ ਅਵਸਥਾ ਸ਼ਬਦ ਸੁੱਤ ਜੰਮਿਆ ਨਾ ਕੋਈ ਪਿਤਾ ਨਾ ਕੋਈ ਮਾਤਾ, ਅੰਗਦ ਗੋਦੀ ਆਪ ਟਿਕਾਇੰਦਾ । ਗੁਰਸਿਖ ਕੀਨੀ ਉਤਮ ਜ਼ਾਤਾ, ਸਿਰ ਆਪਣਾ ਹੱਥ ਟਿਕਾਇੰਦਾ । ਆਪ ਜਣਾਈ ਸਾਚੀ ਗਾਥਾ, ਹਰਿ ਹਰਿ ਰਸਨਾ ਗਾਇੰਦਾ । ਪੰਜ ਤੱਤ ਨਾਨਕ ਸਾਚੀ ਜੋਤ ਗੁਰ ਅੰਗਦ ਟੇਕੇ ਆਪੇ ਮਾਥਾ, ਨਿਉਂ ਨਿਉਂ ਸੀਸ ਝੁਕਾਇੰਦਾ । ਸ੍ਰਿਸ਼ਟ ਸਬਾਈ ਸਗਲ ਵਿਸੂਰਾ ਲਾਥਾ, ਪੰਜ ਤੱਤ ਗੁਰੂ ਨਾ ਕੋਈ ਅਖਵਾਇੰਦਾ । ਹਰਿ ਕਾ ਸ਼ਬਦ ਸਾਚੀ ਪੂਜਾ ਪਾਠਾ, ਹਰਿ ਹਰਿ ਮੰਤਰ ਸੁਣਾਇੰਦਾ । ਹਰਿ ਕਾ ਨਾਮ ਸਚ ਸਰੋਵਰ ਤੀਰਥ ਤਾਟਾ, ਦੁਰਮਤ ਮੈਲ ਗਵਾਇੰਦਾ । ਭਰਿਆ ਪਿਆਲਾ ਕਾਇਆ ਬਾਟਾ, ਗੁਰਸਿਖਾਂ ਆਪ ਪਿਆਇੰਦਾ । ਅਮਰੂ ਨਿਥਾਵਾਂ ਆਪੇ ਨਾਠਾ, ਜਲ ਧਾਰਾ ਸੇਵ ਕਮਾਇੰਦਾ । ਅੰਗਦ ਖੋਲ੍ਹਿਆ ਸਾਚਾ ਹਾਟਾ, ਚੌਦਾਂ ਲੋਕ ਚਰਨਾਂ ਹੇਠ ਦਬਾਇੰਦਾ । ਨਾਨਕ ਸ਼ਬਦ ਪੂਰਾ ਕਰਨ ਆਇਆ ਘਾਟਾ, ਚੌਥੇ ਜੁਗ ਵੇਖ ਵਖਾਇੰਦਾ । ਜੋਤ ਸਰੂਪੀ ਸੇਵਾ ਕਰੇ ਆਦਿ ਸ਼ਕਤ ਲਿਲਾਟਾ, ਅੱਠੇ ਪਹਿਰ ਡਗਮਗਾਇੰਦਾ । ਗਗਨ ਪਤਾਲਾ ਪੜਦਾ ਪਾਟਾ, ਤੀਰ ਨਿਰਾਲਾ ਇਕ ਲਗਾਇੰਦਾ । ਆਪੇ ਸੁੱਤਾ ਆਪਣੀ ਸੇਜਾ ਸਾਚੀ ਖਾਟਾ, ਸਚ ਸਿੰਘਾਸਣ ਇਕ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰ ਸਰੋਵਰ ਦੇਵੇ ਭਰ, ਅੰਮ੍ਰਿਤ ਆਤਮ ਸੁਹਾਇੰਦਾ । ਅੰਮ੍ਰਿਤ ਆਤਮ ਸਾਚਾ ਤਾਲ, ਗੁਰ ਸਤਿਗੁਰ ਆਪ ਭਰਾਇੰਦਾ । ਅਮਰਦਾਸ ਗੁਰ ਆਪੇ ਭਾਲ, ਅਮਰਾ ਪਦ ਰਖਾਇੰਦਾ । ਤੋੜਨਹਾਰਾ ਜਗਤ ਜੰਜਾਲ, ਜਾਗਰਤ ਜੋਤ ਜਗਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਆਪੇ ਮੰਗਣ ਮੰਗ ਮੰਗਾਇੰਦਾ । ਆਪੇ ਜਗਤ ਧੂੰਆਂ ਹੋਏ ਜਵਾਲ, ਨਾਮ ਲਾਲ ਆਪ ਉਪਾਇੰਦਾ । ਆਪੇ ਨਿਰਗੁਣ ਸਰਗੁਣ ਜੋਤੀ ਬਾਲ, ਬ੍ਰਹਮ ਪਾਰਬ੍ਰਹਮ ਟਿਕਾਇੰਦਾ । ਆਪੇ ਸਿੰਘ ਸ਼ੇਰ ਬਣ ਦਲਾਲ, ਜਗਤ ਵਿਚੋਲਾ ਨਾਉਂ ਰਖਾਇੰਦਾ । ਜਗਤ ਅਵੱਲੜੀ ਚਲੇ ਚਾਲ, ਬਾਲ ਨਿਧਾਨਾ ਵੇਖ ਵਖਾਇੰਦਾ । ਦਾਸ ਰਾਮ ਆਪੇ ਭਾਲ, ਆਪਣੇ ਦਰ ਸੁਹਾਇੰਦਾ । ਸਰ ਸਰੋਵਰ ਸੁਹਾਇਆ ਤਾਲ, ਹਰਿ ਮੰਦਰ ਡੇਰਾ ਲਾਇੰਦਾ । ਗੁਰ ਅਰਜਨ ਮੀਤਾ ਏਕਾ ਭਾਲ, ਅਬਿਨਾਸ਼ੀ ਪੁਰਖ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਇੰਦਾ । ਬੋਧ ਅਗਾਧਾ ਸ਼ਬਦ ਗਿਆਨਾ, ਅਰਜਨ ਹਰਿ ਜਣਾਈਆ । ਮਿਲਿਆ ਮੇਲ ਸ੍ਰੀ ਭਗਵਾਨਾ, ਗੁਰ ਸਤਿਗੁਰ ਘਰ ਮੇਂ ਪਾਈਆ । ਨਾਤਾ ਤੋੜ ਜਗਤ ਜਹਾਨਾਂ, ਘਰ ਸਾਚਾ ਵੇਖ ਵਖਾਈਆ ।

ਉਪਜੇ ਧੁਨ ਸਚ ਤਰਾਨਾ, ਸਾਚਾ ਰਾਗ ਅਲਾਈਆ । ਆਦਿ ਨਿਰੰਜਣ ਬੰਨ੍ਹੇ ਗਾਨਾ, ਜੋਤ ਨਿਰੰਜਣ ਆਪ ਪਰਨਾਈਆ । ਮਿਲਿਆ ਮੇਲ ਮਰਦ ਮਰਦਾਨਾ, ਘਰ ਸਾਚੇ ਵੱਜੀ ਵਧਾਈਆ । ਉਠੇ ਜੋਧਾ ਸੂਰਬੀਰ ਬਲੀ ਬਲਵਾਨਾ, ਚਾਰੋਂ ਕੁੰਟ ਲਏ ਅੰਗੜਾਈਆ । ਵੇਦ ਪੁਰਾਨਾ ਫੋਲ ਫੁਲਾਨਾ, ਹਰਿ ਕਾ ਭੇਵ ਕੋਈ ਨਾ ਪਾਈਆ । ਨਾਨਕ ਸਤਿਗੁਰ ਸ਼ਬਦ ਇਕ ਧਿਆਨਾ, ਏਕਾ ਦਰ ਸੁਹਾਈਆ । ਏਕਾ ਪੁਰਖ ਇਕ ਸੁਲਤਾਨਾ, ਏਕਾ ਬਣਤ ਬਣਾਈਆ । ਦਰ ਦਵਾਰੇ ਕੋਟਨ ਕੋਟ ਗੋਪੀ ਕਾਹਨਾ, ਮੰਡਲ ਰਾਸ ਰਹੇ ਪਾਈਆ । ਕੋਟਨ ਕੋਟੀ ਬ੍ਰਹਮਾ ਵਿਸ਼ਨ ਸ਼ਿਵ ਚਰਨ ਕਵਲ ਕਰਨ ਧਿਆਨਾ, ਨੇਤਰ ਨੈਣ ਨਾ ਕੋਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਨਾਨਕ ਅੰਗਦ ਏਕਾ ਧਾਰ, ਏਕਾ ਜੋਤ ਜਗਾਇੰਦਾ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਏਕਾ ਗੁਰ ਇਕ ਅਵਤਾਰ, ਪਾਰਬ੍ਰਹਮ ਇਕ ਅਖਵਾਇੰਦਾ । ਏਕਾ ਬ੍ਰਹਮ ਪਾਏ ਸਾਰ, ਏਕਾ ਰੂਪ ਵਟਾਇੰਦਾ । ਸੰਤਨ ਮੀਤਾ ਸੁੱਤ ਦੁਲਾਰ, ਸਾਚਾ ਸੰਗ ਰਖਾਇੰਦਾ । ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਵੇਖ ਵਖਾਇੰਦਾ । ਸਾਚਾ ਦਰ ਕਰ ਤਿਆਰ, ਘਰ ਸਾਚੇ ਮੰਗਲ ਗਾਇੰਦਾ । ਤ੍ਰੈਗੁਣ ਤੇਰਾ ਇਕ ਪਿਆਰ, ਰਜੋ ਤਮੋ ਸਤੋ ਮੇਲ ਮਿਲਾਇੰਦਾ । ਪੰਚਮ ਮੋਹ ਵੇਖ ਵਿਚਾਰ, ਪੰਚਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰੂ ਬਣਾਇੰਦਾ । ਏਕਾ ਸ਼ਬਦ ਗੁਰ ਏਕਾ ਇਸ਼ਟ ਗੁਰੂ ਗ੍ਰੰਥ ਮਨਾਈਆ । ਅਕਾਲ ਪੁਰਖ ਖੋਲ੍ਹੇ ਦ੍ਰਿਸ਼ਟ, ਆਪਣੇ ਹੱਥ ਰੱਖੇ ਵਡਿਆਈਆ । ਧੁਰਦਰਗਾਹੀ ਵਸਿਆ ਸ੍ਰਿਸ਼ਟ, ਹਰ ਘਟ ਬੈਠਾ ਬੇਪਰਵਾਹੀਆ । ਆਪੇ ਰਾਮਾ ਗੁਰ ਵਸ਼ਿਸ਼ਟ, ਆਪੇ ਮੰਤਰ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਨੂਰ ਕਰੇ ਰੁਸ਼ਨਾਈਆ । ਏਕਾ ਜੋਤੀ ਦੋਏ ਧਾਰ, ਸ਼ਬਦੀ ਗੁਰ ਅਖਵਾਇਆ । ਗੁਰੂ ਗ੍ਰੰਥ ਕਰ ਤਿਆਰ, ਹਰਿ ਗੋਬਿੰਦ ਡੇਰਾ ਲਾਇਆ । ਜੋਧਾ ਸੂਰ ਬਲੀ ਬਲਕਾਰ, ਖੜਗ ਖੰਡਾ ਹੱਥ ਉਠਾਇਆ । ਆਪੇ ਆਪਣੀ ਕਰੇ ਕਾਰ, ਭੇਵ ਕਿਸੇ ਨਾ ਪਾਇਆ । ਨਿਵਣ ਸੋ ਅੱਖਰ ਮਿਲਿਆ ਮੀਤ ਮੁਰਾਰ, ਸਾਚੀ ਨਾਰੀ ਕੰਤ ਉਪਾਇਆ । ਏਕਾ ਜੋਧਾ ਏਕਾ ਬਲਕਾਰ, ਆਪ ਆਪਣਾ ਬਲ ਵਖਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੂਜਾ ਲੇਖ ਲਿਖਾਇਆ । ਨਾਮ ਖੰਡਾ ਕਰ ਪਿਆਰ, ਗੋਬਿੰਦ ਹੱਥ ਫੜਾਇਆ । ਖੇਲੇ ਖੇਲ ਅਗੰਮ ਅਪਾਰ, ਹਰਿ ਹਰਿ ਵੇਖ ਵਖਾਇਆ । ਹਰਿਰਾਏ ਕਰ ਸੁੱਤ ਦੁਲਾਰ, ਦੇ ਮਤ ਆਪ ਸਮਝਾਇਆ । ਬਾਲ ਅਵਸਥਾ ਕਰ ਪਿਆਰ, ਦਰ ਸੁਹੰਜਣਾ ਮੇਲ ਮਿਲਾਇਆ । ਨੌਂਵੇ ਦਰ ਕਰ ਖੁਵਾਰ, ਸ੍ਰਿਸ਼ਟ ਸਬਾਈ ਆਪ ਭੁਲਾਇਆ । ਤੇਗ ਬਹਾਦਰ ਸਾਂਝਾ ਯਾਰ, ਕਾਇਆ ਨਾਤਾ ਆਪ ਤੁੜਾਇਆ । ਪਾਇਆ ਵਰ ਹਰਿ ਕੰਤ ਭਤਾਰ, ਵਿਛੜ ਕਦੇ ਨਾ ਜਾਇਆ । ਲਹਿਣਾ ਚੁੱਕੇ ਵਿਚ ਸੰਸਾਰ, ਨੌਂਵਾ ਗੁਰ ਵੇਖ ਵਖਾਇਆ । ਨੌ ਦਵਾਰੇ ਖੋਲ੍ਹ ਕਿਵਾੜ, ਤੇਰਾ ਲਹਿਣਾ ਰਿਹਾ ਚੁਕਾਇਆ । ਲੱਗੇ ਅੱਗ ਸ੍ਰਿਸ਼ਟ ਸਬਾਈ ਤੱਤੀ ਹਾੜ, ਅਰਜਨ ਤਵੀਆਂ ਹੇਠ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਨੂਰ ਕਰ, ਨੂਰੋ ਨੂਰ ਰੁਸ਼ਨਾਇਆ । ਜੋਤੀ ਨੂਰ ਸ਼ਬਦ ਵਣਜਾਰਾ, ਹਰਿ ਹਰਿ ਆਪ ਅਖਵਾਇੰਦਾ । ਪਾਰਬ੍ਰਹਮ ਗੁਰ ਲਏ ਅਵਤਾਰਾ, ਆਪ ਆਪਣਾ ਵੇਸ ਵਟਾਇੰਦਾ । ਗੁਰ ਗੋਬਿੰਦ ਕਰ ਪਿਆਰਾ, ਸਾਚਾ ਸੁੱਤ ਉਪਜਾਇੰਦਾ । ਦੁਸ਼ਟ ਦਮਨ ਦਏ ਹੁਲਾਰਾ, ਟਿੱਲੇ ਪਰਬਤ ਵੇਖ ਵਖਾਇੰਦਾ । ਲੋਕਮਾਤ ਪਾਵੇ ਸਾਰਾ, ਆਪ ਆਪਣਾ ਰਾਹ ਚਲਾਇੰਦਾ । ਦੇਵੇ ਖੰਡਾ ਤੇਜ ਕਟਾਰਾ,

ਨੈਣਾਂ ਦੇਵੀ ਮੇਲ ਮਿਲਾਇੰਦਾ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਦਰਸ ਦਿਖਾਇੰਦਾ । ਪੰਚਮ ਮੀਤਾ ਹੋ ਤਿਆਰਾ, ਪੰਚਮ ਸੰਗ ਰਲਾਇੰਦਾ । ਬੰਕ ਬੰਕ ਦਰ ਦਰ ਪਾਵੇ ਸਾਰ, ਘਰ ਘਰ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤੀ ਏਕਾ ਘਰ, ਏਕਾ ਸ਼ਬਦ ਸੁਣਾਇੰਦਾ । ਪੰਚਮ ਮੀਤਾ ਪੰਚਮ ਪਿਆਰ, ਪੰਚਮ ਜੋਤ ਜਗਾਇੰਦਾ । ਪੰਚਮ ਦੇਵੇ ਸਚ ਭੰਡਾਰ, ਆਤਮ ਤਾਲ ਭਰਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰ, ਸਾਚਾ ਨਾਮ ਵਿਚ ਟਿਕਾਇੰਦਾ । ਖੰਡਾ ਫੜੇ ਵਾਰੋ ਵਾਰ, ਚਾਰੋਂ ਕੁੰਟ ਭਵਾਇੰਦਾ । ਸ਼ਬਦ ਚੜ੍ਹੇ ਸ਼ਬਦ ਜੈਕਾਰ, ਏਕੰਕਾਰ ਸੇਵਾ ਲਾਇੰਦਾ । ਸਾਚਾ ਕਰ ਜਗਤ ਵਿਹਾਰ, ਆਪੇ ਵੇਖ ਵਖਾਇੰਦਾ । ਅੰਤਮ ਜੋਤੀ ਕਰ ਉਜਿਆਰ, ਆਪੇ ਡਗਮਗਾਇੰਦਾ । ਆਪੇ ਢਹਿ ਪਿਆ ਦਵਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਪਹਿਲੋਂ ਬੰਨੀ ਆਪਣੀ ਧਾਰ, ਦੋ ਧਾਰ ਰਖਾਇੰਦਾ । ਬੰਸ ਸਰਬੰਸ ਸਾਚਾ ਵਰ, ਦਰ ਆਪਣਾ ਬੇੜਾ ਆਪ ਡੁਬਾਇੰਦਾ । ਸਾਚਾ ਬੇੜਾ ਕਰ ਤਿਆਰ, ਗੁਰਮੁਖ ਆਪ ਚੜ੍ਹਾਇੰਦਾ । ਸੇਵਕ ਸੇਵਾ ਕਰੇ ਅਪਾਰ, ਦਿਵਸ ਰੈਣ ਸੇਵ ਕਮਾਇੰਦਾ । ਵੇਖੇ ਰਾਹ ਮੀਤ ਮੁਰਾਰ, ਪੁਰਖ ਅਕਾਲਾ ਇਕ ਮਨਾਇੰਦਾ । ਸੂਲਾਂ ਸੱਥਰ ਸੇਜਾ ਸੁੱਤਾ ਪੈਰ ਪਸਾਰ, ਆਪ ਆਪਣਾ ਦੁੱਖ ਗਵਾਇੰਦਾ । ਸ਼ਬਦ ਸੁਨੇਹੁੜਾ ਦੇਵੇ ਵਾਰੋ ਵਾਰ, ਨਾ ਕੋਈ ਸੰਗ ਰਖਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਦੋ ਜਹਾਨਾਂ ਵੇਖ ਵਖਾਇੰਦਾ । ਗੁਰ ਗੋਬਿੰਦ ਤੇਰਾ ਭੰਡਾਰ, ਸਿੰਘ ਰੂਪ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਦਰ ਸਾਚੇ ਪੂਰ ਕਰਾਇੰਦਾ । ਗੁਰ ਗੋਬਿੰਦ ਸਿੰਘ, ਸਿੰਘ ਏਕਾ ਨਾਉਂ ਧਰਾਇਆ । ਕਾਲ ਕਾਲੀ ਪਰਬਤ ਹਿੰਗ, ਹਿੰਗ ਲਾਜ ਆਪ ਹੋ ਜਾਇਆ । ਤੇਰੇ ਨਾਮ ਮਰਦੰਗੇ ਕਿੰਗਰੇ ਕਿੰਗਰੇ ਵੱਜੇ ਮਰਦੰਗ, ਕਲਜੁਗ ਅੰਤਮ ਵੇਖ ਵਖਾਇਆ । ਲੇਖੇ ਲੱਗੇ ਸਾਚੀ ਬਿੰਦ, ਪੂਤ ਸਪੂਤਾ ਲੇਖੇ ਲਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇਆ । ਸਦਾ ਸੁਹੇਲਾ ਇਕ ਬਖ਼ਸ਼ਿੰਦ, ਏਕਾ ਰੂਪ ਵਟਾਇਆ । ਮੇਟਣਹਾਰਾ ਸਗਲੀ ਚਿੰਦ, ਚਿੰਤਾ ਚਿਖਾ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦੇਵੇ ਸ਼ਬਦ ਜਣਾਇਆ । ਸ਼ਬਦ ਸਲਾਹ ਹਰਿ ਮਲਾਹ, ਗੁਰ ਸਤਿਗੁਰ ਆਪ ਜਣਾਈਆ । ਕਲਜੁਗ ਅੰਤਮ ਫੇਰਾ ਪਾ, ਤੇਰਾ ਤੇਰਾ ਲਏ ਵਡਿਆਈਆ । ਸਾਚੇ ਸਿਖ ਰਿਹਾ ਜਗਾ, ਜਾਗਰਤ ਜੋਤ ਇਕ ਜਗਾਈਆ । ਗੁਰਸਿਖ ਤੇਰਾ ਸੋਹੇ ਖੇੜਾ ਨਗਰ ਗਰਾਂ, ਸੰਬਲ ਨਗਰੀ ਨਾਉਂ ਰਖਾਈਆ । ਗੋਬਿੰਦ ਸ਼ਬਦ ਦਏ ਜਣਾ, ਆਪ ਆਪਣਾ ਮਰਦੰਗ ਵਜਾਈਆ । ਪਾਰਬ੍ਰਹਮ ਪ੍ਰਭ ਬਣੇ ਮਲਾਹ, ਹਰਿ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਥਾ ਆਪੇ ਰਿਹਾ ਸੁਣਾਈਆ । ਸਤਿਗੁਰ ਪੂਰਾ ਗੁਰ ਗੋਬਿੰਦ, ਪਾਰਬ੍ਰਹਮ ਸਮਾਇੰਦਾ । ਕਵਣ ਨਾਮ ਗੁਣੀ ਗਹਿੰਦ, ਕਵਣ ਰੂਪ ਵਟਾਇੰਦਾ । ਕਵਣ ਮੇਟੇ ਸਗਲੀ ਚਿੰਦ, ਕਵਣ ਅੰਕ ਸਮਾਇੰਦਾ । ਕਵਣ ਲਾਏ ਸ੍ਰਿਸ਼ਟੀ ਨਿੰਦ, ਕਵਣ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਵੇਲਾ ਅੰਤਮ ਆਵਣਾ, ਹਰਿ ਸਾਚੇ ਸ਼ਬਦ ਜਣਾਈਆ । ਨਿਹਕਲੰਕਾ ਨਾਉਂ ਰਖਾਵਣਾ, ਜੋਤੀ ਨੂਰ ਕਰੇ ਰੁਸ਼ਨਾਈਆ । ਤੇਰਾ ਡੰਕ ਸ਼ਬਦ ਵਜਾਵਣਾ, ਗੁਰ ਗੋਬਿੰਦ ਵਡ ਵਡਿਆਈਆ । ਸੰਬਲ ਨਗਰੀ ਡੇਰਾ ਲਾਵਣਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਮੰਦਰ ਮਸਜਿਦ ਉਚੇ ਡੂੰਘੀ ਕੰਦਰ ਕਿਸੇ

ਹੱਥ ਨਾ ਆਵਣਾ, ਅਠਸਠ ਤੀਰਥ ਫੋਲ ਫੁਲਾਈਆ । ਗੁਰ ਗੁਰਮੁਖ ਵਿਰਲੇ ਲੋਕਮਾਤ ਪਾਵਣਾ, ਜਿਸ ਜਨ ਆਪਣੀ ਬੂਝ ਬੁਝਾਈਆ । ਤੇਰਾ ਘਾਟਾ ਪੂਰ ਕਰਾਵਣਾ, ਜੋ ਸਰਸੇ ਗਿਆ ਰੁੜਾਈਆ । ਕਲਜੁਗ ਨੀਂਹ ਆਪ ਉਖੜਾਵਣਾ, ਛੋਟੇ ਬਾਲਾਂ ਭੇਟ ਚੜ੍ਹਾਈਆ । ਸਾਢੇ ਤਿੰਨ ਹੱਥ ਤੇਰਾ ਮੂਲ ਚੁਕਾਵਣਾ, ਸਿੰਘ ਫਤਿਹ ਡੰਕਾ ਲਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਨਾ ਕਿਸੇ ਜ਼ੋਰ ਲਗਾਵਣਾ, ਜ਼ੋਰਾਵਰ ਨੀਆਂ ਹੇਠ ਦਬਾਈਆ । ਗੁਰ ਤੇਗ ਬਹਾਦਰ ਤੇਰੀ ਨਿਸ਼ਾਨੀ ਨੌ ਦਵਾਰ ਦਰ ਦਰਬਾਰ ਸੁਹਾਵਣਾ, ਸ੍ਰਿਸ਼ਟ ਸਬਾਈ ਲਏ ਜਗਾਈਆ । ਗੁਰ ਗੋਬਿੰਦ ਨੀਲੀ ਧਾਰੋਂ ਨੀਲਾ ਘੋੜਾ ਪਾਰ ਕਰਾਵਣਾ, ਸ਼ਬਦੀ ਸ਼ਬਦ ਕਰੇ ਚੜ੍ਹਾਈਆ । ਅਨਹਦ ਨਗਾਰਾ ਇਕ ਵਜਾਵਣਾ, ਪੁਰੀ ਅਨੰਦ ਪਰਮਾਨੰਦ ਅਖਵਾਈਆ । ਪੰਚਮ ਮੀਤਾ ਪੰਚਮ ਸੰਗ ਰਲਾਵਣਾ, ਪੰਚਮ ਸ਼ਬਦ ਧੁਨ ਏਕਾ ਰਿਹਾ ਸੁਣਾਈਆ । ਸੰਬਲ ਨਗਰੀ ਵੇਸ ਵਟਾਵਣਾ, ਸਚ ਸਿੰਘਾਸਣ ਆਸਣ ਲਾਈਆ । ਵੀਹ ਸੌ ਬਿਕ੍ਰਮੀ ਖੇਲ ਖਿਲਾਵਣਾ, ਪੰਜ ਤੱਤ ਗੁਰੂ ਨਾ ਕੋਈ ਅਖਵਾਈਆ । ਗੁਰੂ ਗ੍ਰੰਥ ਇਸ਼ਟ ਇਕ ਮਨਾਵਣਾ, ਏਕਾ ਬੂਝ ਬੁਝਾਈਆ । ਅਕਾਲ ਪੁਰਖ ਲੋਕਮਾਤ ਅੰਤਮ ਫੇਰਾ ਪਾਵਣਾ, ਜੋਤੀ ਜੋਤ ਕਰ ਰੁਸ਼ਨਾਈਆ । ਬ੍ਰਹਮਾ ਸ਼ਿਵ ਮੇਟ ਮਿਟਾਵਣਾ, ਸੁਰਪਤ ਰਾਜਾ ਇੰਦ ਹਿਲਾਈਆ । ਧਰੂ ਪ੍ਰਹਿਲਾਦ ਲੇਖ ਚੁਕਾਵਣਾ, ਕਲਜੁਗ ਅੰਤਮ ਵਜੇ ਵਧਾਈਆ । ਧਰਤ ਮਾਤ ਦਰ ਭਾਰ ਮਿਟਾਵਣਾ, ਜੂਠ ਝੂਠ ਰਹੀ ਦਬਾਈਆ । ਧਰਮ ਰਾਏ ਦਰ ਲੇਖਾ ਪੂਰ ਕਰਾਵਣਾ, ਜਿਉਂ ਜਨਕਾ ਰਿਹਾ ਜਣਾਈਆ । ਚਿਤਰ ਗੁਪਤ ਦਰ ਵੇਖ ਵਖਾਵਣਾ, ਆਪ ਆਪਣਾ ਰਹੇ ਨਾ ਰਾਈਆ । ਲਾੜੀ ਮੌਤ ਸਗਨ ਮਨਾਵਣਾ, ਹੱਥੀਂ ਮਹਿੰਦੀ ਲਾਲ ਰੰਗਾਈਆ । ਕਲਜੁਗ ਕੂੜਾ ਖੇਲ ਮਿਟਾਵਣਾ, ਕੂੜੀ ਧਾਰ ਚਲਾਈਆ । ਭੂਸ਼ਨ ਬਸਤਰ ਇਕ ਸੁਹਾਵਣਾ, ਮਾਇਆ ਮਮਤਾ ਨਾਲ ਰਲਾਈਆ । ਜਗਤ ਦੂਸ਼ਨ ਆਪੇ ਲਾਵਣਾ, ਦੂਤੀ ਦੁਸ਼ਟ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵੀਹ ਸਦ ਬਿਕ੍ਰਮੀ ਜੋਤੀ ਉਜਾਲੀ, ਹਰਿ ਸਾਚੇ ਨੂਰ ਕਰਾਇਆ । ਆਪਣੇ ਮੰਦਰ ਆਪੇ ਭਾਲੀ, ਆਪੇ ਵੇਖ ਵਖਾਇਆ । ਸਤਿਜੁਗ ਸਾਚੇ ਚੜ੍ਹੇ ਲਾਲੀ, ਕਲਜੁਗ ਅੰਧੇਰ ਮਿਟਾਇਆ । ਚਾਰੋਂ ਕੁੰਟਾਂ ਕਰੇ ਖਾਲੀ, ਲੋਆਂ ਪੁਰੀਆਂ ਫੇਰਾ ਪਾਇਆ । ਪਰਗਟ ਹੋਇਆ ਸਾਚਾ ਮਾਲੀ, ਧੁਰ ਦਾ ਲੇਖਾ ਰਿਹਾ ਜਣਾਇਆ । ਵਰਨਾਂ ਬਰਨਾਂ ਬਣਿਆ ਹਾਲੀ, ਸਾਚਾ ਹਲ ਚਲਾਇਆ । ਨਿਰਗੁਣ ਜੋਤੀ ਇਕ ਅਕਾਲੀ, ਅਕਲ ਕਲਾ ਅਖਵਾਇਆ । ਹੱਕ ਖੁਦਾਏ ਹੱਕ ਹਲਾਲੀ, ਹੱਕ ਹਕੀਕਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਡੰਕ ਵਜਾਇਆ । ਵੀਹ ਸਦ ਪੰਦਰਾਂ ਹਰਿ ਹਰਿ ਡੰਕ, ਜੋਤੀ ਸ਼ਬਦ ਵਜਾਇੰਦਾ । ਪਰਗਟ ਹੋਇਆ ਵਾਸੀ ਪੁਰੀ ਘਨਕ, ਆਪਣੀ ਕਲ ਰਖਾਇੰਦਾ । ਸ੍ਰਿਸ਼ਟ ਸਬਾਈ ਲਾਏ ਤਨਕ, ਤ੍ਰੈ ਤ੍ਰੈ ਲੋਕਾਂ ਡੇਰਾ ਡਾਹਿੰਦਾ । ਚੌਥੇ ਪਦ ਸੰਤ ਸੁਹੇਲੇ ਸਾਚੇ ਜਨਕ, ਆਪ ਆਪਣਾ ਮੇਲ ਮਿਲਾਇੰਦਾ । ਪੰਚਮ ਮੀਤਾ ਖੇਲੇ ਖੇਲ ਬਾਰ ਅਨਕ, ਅਨਕ ਕਲਾ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੇ ਸੱਤ ਅੱਠ ਨੌ, ਲੱਖ ਚੁਰਾਸੀ ਅੰਦਰ ਮੰਦਰ ਰਿਹਾ ਸੌਂ, ਦਿਸ ਕਿਸੇ ਨਾ ਆਇੰਦਾ । ਦਸਮ ਦਵਾਰੀ ਹਰਿ ਕਰਤਾਰਾ, ਵੀਹ ਦਸ ਵੇਖ ਵਖਾਇੰਦਾ । ਆਪ ਆਪਣਾ ਕਰ ਪਿਆਰਾ, ਗੁਰਸਿਖ ਸਾਚੇ ਆਪ ਜਗਾਇੰਦਾ । ਦੇਵੇ ਦਰਸ ਦਰ ਦਵਾਰਾ, ਘਰ ਘਰ ਅਲੱਖ ਜਗਾਇੰਦਾ । ਵੀਹ ਸੌ ਗਿਆਰਾ, ਹੋ ਨਿਆਰਾ ਆਪਣਾ ਥਾਨ ਸੁਹਾਇੰਦਾ । ਸਾਢੇ ਤਿੰਨ ਹੱਥ

ਬੁਰਜ ਮੁਨਾਰਾ, ਕਲਜੁਗ ਨੀਂਹ ਰਖਾਇੰਦਾ । ਸਤਾਰਾਂ ਹਾੜੀ ਖੇਲ ਅਪਾਰਾ, ਆਪਣਾ ਬੰਧਨ ਪਾਇੰਦਾ । ਵੀਹ ਸਦ ਬਾਰਾਂ ਕਰ ਪਸਾਰਾ, ਨੌਂ ਦਵਾਰ ਵੇਖ ਵਖਾਇੰਦਾ । ਹਾੜ ਸਤਾਰਾਂ ਹੋ ਉਜਿਆਰਾ, ਹਰਿ ਸੰਗਤ ਮੇਲ ਮਿਲਾਇੰਦਾ । ਵੀਹ ਸਦ ਤੇਰਾਂ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਰਾਜ ਰਾਜਾਨਾ ਪਾਏ ਘੇਰਾ, ਸਾਧਾਂ ਸੰਤਾਂ ਆਪ ਹਿਲਾਇੰਦਾ । ਚੌਂਦਾਂ ਚੌਂਦਾਂ ਹੱਟ ਪਸਾਰਾ, ਚੌਂਦਾਂ ਲੋਕਾਂ ਆਪ ਖਲਾਇੰਦਾ । ਗੁਰਮੁਖ ਸਾਚੇ ਕਰ ਉਜਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਇਕੀ ਬੰਨੇ ਧਾਰਾ, ਗੋਬਿੰਦ ਸਿਖੀ ਆਪ ਤਰਾਇੰਦਾ । ਵਾਲੋਂ ਨਿੱਕੀ ਧਾਰੋਂ ਤਿਖੀ ਵੇਖੇ ਵਿਚ ਸੰਸਾਰਾ, ਆਪ ਆਪਣੀ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਚੌਂਦਾਂ ਚੌਂਦਾਂ ਲੋਕ ਇਕ ਸੁਣਾਏ ਸ਼ਬਦ ਸਲੋਕ, ਏਕਾ ਨਾਅਰਾ ਲਾਇੰਦਾ । ਸ਼ਬਦ ਨਾਅਰਾ ਸਚ ਜੈਕਾਰਾ, ਹਰਿ ਹਰਿ ਆਪ ਲਗਾਇੰਦਾ । ਆਪੇ ਹੋਏ ਵਡ ਭੰਡਾਰਾ, ਆਪਣਾ ਆਪੇ ਆਪ ਵਰਤਾਇੰਦਾ । ਆਪਣਾ ਦੇਵਣਹਾਰ ਸਹਾਰਾ, ਆਪਣਾ ਲੜ ਫੜਾਇੰਦਾ । ਆਪੇ ਕਰੇ ਪਾਰ ਕਿਨਾਰਾ, ਮੰਝ ਧਾਰ ਆਪ ਰੁੜ੍ਹਾਇੰਦਾ । ਵੀਹ ਸਦ ਪੰਦਰਾਂ ਖੇਲ ਨਿਆਰਾ, ਤੀਰਥ ਤੱਟਾਂ ਫੇਰਾ ਪਾਇੰਦਾ । ਸਾਧਾਂ ਸੰਤਾਂ ਵੇਖੇ ਕਾਇਆ ਮੰਦਰ ਦਵਾਰਾ, ਕਵਣ ਦਵਾਰੇ ਆਸਣ ਲਾਇੰਦਾ । ਕਵਣ ਸੁੱਤਾ ਪੈਰ ਪਸਾਰਾ, ਕਵਣ ਜਾਗ ਖੁਲ੍ਹਾਇੰਦਾ । ਕਵਣ ਗੁਰਸਿਖ ਕਰੇ ਪਿਆਰਾ, ਕਵਣ ਮੁਖ ਭੁਵਾਇੰਦਾ । ਕਵਣ ਗੀਤ ਸੁਹਾਗੀ ਗਾਏ ਏਕਾ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਅਠਸਠ ਤੀਰਥ ਵੇਖ ਵਖਾਇੰਦਾ । ਅਠਸਠ ਤੀਰਥ ਜਲ ਜਲ ਧਾਰ, ਹਰਿ ਸਾਚਾ ਵੇਖ ਵਖਾਈਆ । ਤਟ ਕਿਨਾਰਾ ਆਰ ਪਾਰ, ਮੰਝਧਾਰ ਬੇਪਰਵਾਹੀਆ । ਸਮੁੰਦ ਸਾਗਰ ਪਾਏ ਸਾਰ, ਧਰਤ ਧਵਲ ਵੇਖ ਵਖਾਇੰਦਾ । ਕਾਇਆ ਗਾਗਰ ਹੋ ਉਜਿਆਰ, ਦਿਵਸ ਰੈਣ ਡਗਮਗਾਈਆ । ਸ਼ਬਦ ਸ਼ਬਦੀ ਕਰ ਵਿਚਾਰ, ਸ਼ਬਦ ਸ਼ਬਦੀ ਬੂਝ ਬੁਝਾਈਆ । ਸ਼ਬਦ ਗੁਰ ਮੀਤ ਮੁਰਾਰ, ਗੁਰ ਨਾਨਕ ਆਪ ਸਮਝਾਈਆ । ਸ੍ਰਿਸ਼ਟ ਸਬਾਈ ਹੋਏ ਖ਼ਵਾਰ, ਗੁਰ ਗੋਬਿੰਦ ਮੂਲ ਮੁਕਾਈਆ । ਪਰਗਟ ਹੋਏ ਆਪ ਕਰਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਖੜਗ ਖੰਡਾ ਨਾ ਕੋਈ ਕਟਾਰ, ਸ਼ਬਦ ਸ਼ਬਦੀ ਆਪ ਚਲਾਈਆ । ਪੰਦਰਾਂ ਪੰਦਰਾਂ ਮਾਰੇ ਮਾਰ, ਪੰਜ ਦਸ ਵੇਖ ਵਖਾਈਆ । ਪੰਜ ਦਸ ਹੋਏ ਪਨਹਾਰ, ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਸੋਲਾਂ ਵੇਖ ਵਖਾਈਆ । ਵੀਹ ਸਦ ਸੋਲਾਂ ਰੰਗ ਕਰਤਾਰਾ, ਗੁਰਮੁਖਾਂ ਆਪ ਚੜ੍ਹਾਇੰਦਾ । ਨਾਮ ਬੰਨੇ ਸੀਸ ਦਸਤਾਰਾ, ਸਾਚਾ ਸਗਨ ਮਨਾਇੰਦਾ । ਸੁਹਾਏ ਬੰਕ ਬੰਕ ਦਆਰਾ, ਬੰਕ ਦਵਾਰੀ ਵੇਖ ਵਖਾਇੰਦਾ । ਮੰਗਲ ਗਾਇਆ ਵਾਰੋ ਵਾਰਾ, ਏਕਾ ਮੇਲ ਮਿਲਾਇੰਦਾ । ਜੂਠਾ ਝੂਠਾ ਨਾਤਾ ਛੁੱਟੇ ਸਰਬ ਸੰਸਾਰਾ, ਸਾਚਾ ਸੰਗ ਨਿਭਾਇੰਦਾ । ਲੱਖ ਚੁਰਾਸੀ ਉਤਰੇ ਪਾਰਾ, ਜੋ ਜਨ ਦਰਸ਼ਨ ਪਾਇੰਦਾ । ਛੱਬੀ ਪੋਹ ਸਚ ਦਿਹਾੜਾ, ਆਪੇ ਲਿਖੇ ਲੇਖੇ ਆਪੇ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚੇ ਹਰਿ ਹਰਿ ਮੇਲਾ, ਹਰਿ ਹਰਿ ਆਪ ਕਰਾਇੰਦਾ । ਗੁਰੂ ਗੁਰ ਗੁਰੂ ਗੁਰ ਚੇਲਾ, ਗੁਰ ਚੇਲਾ ਨਾਉਂ ਧਰਾਇੰਦਾ । ਆਪੇ ਸਾਜਨ ਸੱਜਣ ਸੁਹੇਲਾ, ਘਰ ਸਾਚੇ ਡੇਰਾ ਲਾਇੰਦਾ । ਆਪੇ ਕੱਟੇ ਧਰਮ ਰਾਏ ਦੀ ਜੇਲਾ, ਆਪ ਆਪਣੇ ਲੇਖੇ ਲਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ,

ਵੇਦ ਕਤੇਬ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਚੋਜ ਕਰਾਇੰਦਾ । ਹਰਿ ਸੱਜਣ ਹਰਿ ਚੋਜੀ ਚੋਜ, ਆਪਣਾ ਆਪ ਕਰਾਈਆ । ਗੁਰਮੁਖ ਵਿਰਲਾ ਖੋਜੀ ਖੋਜ, ਗੁਰ ਗੋਬਿੰਦ ਸੰਗ ਗਿਆ ਬਣਾਈਆ । ਅੰਦਰ ਮੰਦਰ ਵੇਖੇ ਲੱਗੀ ਮੌਜ, ਸਤਿਗੁਰ ਪੂਰਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪੂਰੀ ਆਸ ਕਰਾਈਆ । ਗੁਰਸਿਖ ਤੇਰੀ ਪੂਰਨ ਆਸ, ਸਤਿਗੁਰ ਪੂਰਾ ਆਪ ਕਰਾਇੰਦਾ । ਸਰਸੇ ਕਲਜੁਗ ਲੱਗੀ ਪਿਆਸ, ਗੁਰਸਿਖ ਭੇਟ ਚੜ੍ਹਾਇੰਦਾ । ਗੁਰਸਿਖ ਨਾ ਹੋਏ ਕਦੇ ਨਿਰਾਸ, ਹਰਿ ਸ਼ਬਦ ਸੇਵ ਕਮਾਇੰਦਾ । ਸਦਾ ਸੁਹੇਲਾ ਵਸੇ ਪਾਸ, ਜਲ ਧਾਰਾ ਨਾ ਕੋਈ ਰੁੜ੍ਹਾਇੰਦਾ । ਆਤਮ ਸ਼ਬਦੀ ਕਰਿਆ ਵਾਸ, ਲੋਕਮਾਤ ਮੇਲ ਮਿਲਾਇੰਦਾ । ਗੁਰਸਿਖਾਂ ਕਰੇ ਬੰਦ ਖੁਲਾਸ, ਇਕੀ ਕੁਲਾਂ ਨਾਲ ਤਰਾਇੰਦਾ । ਨਿਝ ਆਤਮ ਨਿਝ ਘਰ ਰੱਖੇ ਵਾਸ, ਨਾ ਕੋਈ ਬਾਹਰ ਕਢਾਇੰਦਾ । ਹਰਿ ਸੰਗਤ ਤੇਰਾ ਦਾਸੀ ਦਾਸ, ਹਰਿ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਵੇਖ ਵਖਾਇੰਦਾ । ਸੰਮਤ ਸੋਲਾਂ ਗੁਰਸਿਖ ਜਾਗੇ, ਹਰਿ ਸਾਚਾ ਆਪ ਜਗਾਇੰਦਾ । ਧੁਰ ਮਸਤਕ ਭਾਗ ਵਡ ਵਡ ਭਾਗੇ, ਵਡ ਭਾਗੀ ਵੇਖ ਵਖਾਇੰਦਾ । ਹੰਸ ਬਣਾਏ ਫੜ ਫੜ ਕਾਗੇ, ਮਾਣਕ ਮੋਤੀ ਨਾਮ ਚੋਗ ਚੁਗਾਇੰਦਾ । ਅੰਤਰ ਆਤਮ ਉਪਜੇ ਇਕ ਵੈਰਾਗੇ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਹਰਿ ਸਰਨਾਈ ਜੋ ਜਨ ਲਾਗੇ, ਨਾਨਕ ਗੋਬਿੰਦ ਦਰਸ ਦਿਖਾਇੰਦਾ । ਚਰਨ ਧੂੜ ਕਰਾਏ ਮਜਨ ਮਾਘੇ, ਆਪਣੇ ਦਰਸ ਸਰੋਵਰ ਆਪ ਨੁਹਾਇੰਦਾ । ਜਗਤ ਵਿਕਾਰਾ ਬੁਝੇ ਆਗੇ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇੰਦਾ । ਆਪਣੇ ਹੱਥ ਸ੍ਰਿਸ਼ਟ ਸਬਾਈ ਪੁਰਖ ਅਬਿਨਾਸ਼ੀ ਰੱਖੀ ਵਾਗੇ, ਜੁਗ ਜੁਗ ਆਪ ਭੁਵਾਇੰਦਾ । ਗੁਰਮੁਖ ਨਾਰੀ ਮਿਲਿਆ ਕੰਤ ਸੁਹਾਗੇ, ਛੱਬੀ ਪੋਹ ਦਿਵਸ ਸੁਹਾਇੰਦਾ । ਹੱਥੀਂ ਬੰਨੇ ਨਾਮ ਤਾਗੇ, ਨਾ ਕੋਈ ਤੋੜ ਤੁੜਾਇੰਦਾ । ਹਰਿ ਸੰਗਤ ਬਣਾਈ ਭੈਣ ਭਾਈ ਸਤਿਗੁਰ ਪੂਰਾ ਬਣਿਆ ਪਿਤਾ ਮਾਤੇ, ਸਾਚਾ ਨਾਤਾ ਜੋੜ ਜੁੜਾਈਆ । ਜਗਤ ਮਿਟੇ ਅੰਧੇਰੀ ਰਾਤੇ, ਜੂਠ ਝੂਠ ਰਹਿਣ ਨਾ ਪਾਈਆ । ਗੁਰਸਿਖ ਨਾਰੀ ਪੁਰਸ਼ ਪੁਰਸ਼ ਨਾਰ ਕਿਸੇ ਵਲ ਨਾ ਝਾਕੇ, ਪ੍ਰਭ ਸਾਚਾ ਦਏ ਸਜਾਈਆ । ਪੂਰਨ ਕਰਨ ਆਇਆ ਭਵਿਖਤ ਵਾਕੇ, ਜੋ ਗੋਬਿੰਦ ਗਿਆ ਲਿਖਾਈਆ । ਪਾਰਬ੍ਰਹਮ ਪ੍ਰਭ ਪਾਕੀ ਪਾਕੇ, ਏਕਾ ਨਾਮ ਖ਼ੁਦਾਈਆ । ਚੜ੍ਹਕੇ ਆਇਆ ਸਾਚੇ ਰਾਕੇ, ਸ਼ਬਦ ਘੋੜਾ ਇਕ ਦੌੜਾਈਆ । ਲੋਆਂ ਪੁਰੀਆਂ ਨੌ ਖੰਡ ਸੱਤ ਦੀਪ ਫਿਰ ਸਰਬ ਇਲਾਕੇ, ਨਾ ਕੋਈ ਰੋਕੇ ਰੋਕ ਰੁਕਾਈਆ । ਅੱਗੇ ਦਿਸੇ ਨਾ ਕੋਈ ਆਕੇ, ਸਾਚਾ ਖੰਡਾ ਹੱਥ ਉਠਾਈਆ । ਸੰਮਤ ਸੋਲਾਂ ਸੋਲਾਂ ਕਲੀਆਂ ਆਸਣ ਪਾਇਆ ਪਹਿਲੀ ਚੜ੍ਹਿਆ ਮਾਰ ਪਲਾਕੇ, ਚਰਨ ਰਕਾਬ ਆਪ ਟਿਕਾਈਆ । ਆਪਣੀ ਚਾਲ ਰੱਖੇ ਬਾਂਕੇ, ਦੋ ਜਹਾਨਾਂ ਵੇਖ ਵਖਾਈਆ । ਗੁਰਸਿਖਾਂ ਕਾਇਆ ਅੰਦਰ ਮੰਦਰ ਬਹਿ ਬਹਿ ਝਾਕੇ, ਦਿਵਸ ਰੈਣ ਵੇਖ ਵਖਾਈਆ । ਕਲਜੁਗ ਅੰਤਮ ਪੜਦਾ ਢਾਕੇ, ਨਾਮ ਦੋਸ਼ਾਲਾ ਉਪਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਲੇਖੇ ਲੱਗੇ ਘਰ, ਨੌ ਦਵਾਰੇ ਚੁਕਾਏ ਡਰ, ਦਸਵੇਂ ਮੇਲਾ ਮੇਲ ਮਿਲਾਈਆ । ਮਿਲਿਆ ਮੇਲ ਹਰਿ ਭਗਵਾਨ, ਆਪਣੀ ਦਇਆ ਕਮਾਈਆ । ਗੁਰਸਿਖ ਤੇਰਾ ਧਰਮ ਨਿਸ਼ਾਨ, ਸਤਿਗੁਰ ਪੂਰਾ ਦਏ ਝੁਲਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਨੌਆਂ ਸੱਤਾਂ ਕਰ ਰੁਸ਼ਨਾਈਆ । ਸੱਤ ਰੰਗ ਕਰ ਪਰਧਾਨ, ਸਾਢੇ ਤਿੰਨ ਹੱਥ ਸੀਂ ਰਖਾਈਆ । ਚਵੀ ਹੱਥ

ਉਚ ਨਿਸ਼ਾਨ, ਚਵੀਆਂ ਅਵਤਾਰ ਰਿਹਾ ਚੜ੍ਹਾਈਆ । ਭਰਮ ਭੁੱਲੇ ਨਾ ਕੋਈ ਜੀਵ ਨਿਧਾਨ, ਪਰਗਟ ਹੋਇਆ ਸਾਚਾ ਮਾਹੀਆ । ਈਸਾ ਮੂਸਾ
ਸੰਗ ਮੁਹੰਮਦ ਸਾਰੇ ਗਾਣ, ਵੇਦ ਵਿਆਸਾ ਲੇਖ ਲਿਖਾਈਆ । ਨਾਨਕ ਗੋਬਿੰਦ ਲੇਖਾ ਕਰ ਪਰਵਾਨ, ਲੋਕਮਾਤ ਆਇਆ ਵਾਹੋ ਦਾਹੀਆ । ਸਤਿਜੁਗ
ਖੋਲ੍ਹੇ ਸਚ ਦੁਕਾਨ, ਨਾਮ ਭੰਡਾਰਾ ਇਕ ਵਰਤਾਈਆ । ਊਚ ਨੀਚ ਸਰਬ ਮਿਟ ਜਾਣ, ਹਰਿ ਸਾਚਾ ਮੇਟ ਮਿਟਾਈਆ । ਇਕ ਸੁਹਾਏ ਭੂਮਕਾ
ਅਸਥਾਨ, ਏਕਾ ਰਾਮ ਖ਼ੁਦਾਈਆ । ਏਕਾ ਅੱਖਰ ਸਾਰੇ ਗਾਨ, ਵਾਹਿਗੁਰੂ ਵਾਹ ਵਾਹ ਗੁਰ ਵਡਿਆਈਆ । ਨਾਮ ਮੰਤਰ ਸ਼ਬਦ ਪਰਧਾਨ, ਲੱਖ
ਚੁਰਾਸੀ ਦਏ ਸੁਣਾਈਆ । ਸਾਂਤਕ ਸਤਿ ਸਰਬ ਗਿਆਨ, ਆਤਮ ਬ੍ਰਹਮ ਜਣਾਈਆ । ਸਰ ਸਰੋਵਰ ਅੰਮ੍ਰਿਤ ਪੀਣ ਖਾਣ, ਨਿਜਾਨੰਦ ਆਪ ਦਰਸਾਈਆ ।
ਕਾਇਆ ਮੰਦਰ ਸਚ ਮਕਾਨ, ਘਰ ਘਰ ਵਿਚ ਦਏ ਦਿਖਾਈਆ । ਅਨਹਦ ਧੁਨ ਸੱਚੀ ਧੁਨਕਾਨ, ਸਾਚਾ ਰਾਗ ਅਲਾਈਆ । ਪੰਚਮ ਮੀਤਾ
ਹੋ ਮਿਹਰਵਾਨ, ਪੰਚਮ ਸਖੀਆਂ ਲਏ ਮਿਲਾਈਆ । ਦੇਵੇ ਦਰਸ ਸ੍ਰੀ ਭਗਵਾਨ, ਸਵੱਛ ਸਰੂਪੀ ਨਜ਼ਰੀ ਆਈਆ । ਗੁਰਸਿਖ ਗੁਰਸਿਖ ਆਪਣਾ
ਪੜਦਾ ਆਪੇ ਲਾਹਣ, ਦੂਈ ਦਵੈਤੀ ਰਹਿਣ ਨਾ ਪਾਈਆ । ਸੋਹੰ ਢੋਲਾ ਸਤਿਗੁਰ ਨਾਨਕ ਤੇਰਾ ਬੋਲਾ ਸਾਰੇ ਗਾਣ, ਲੋਕਮਾਤ ਵੱਜੇ ਵਧਾਈਆ ।
ਕਾਇਆ ਬਦਲਿਆ ਹਰਿ ਹਰਿ ਚੋਲਾ, ਪੜਦਾ ਉਹਲਾ ਨਾ ਕੋਈ ਰਖਾਈਆ । ਪੰਦਰਾਂ ਸਾਲ ਬਣਿਆ ਰਿਹਾ ਭਾਲਾ ਭੋਲਾ, ਆਪ ਆਪਣਾ ਮੁਖ
ਲੋਕਾਈਆ । ਸੰਮਤ ਸੋਲਾਂ ਸਾਲ ਸੋਲਵੇਂ ਬਣਿਆ ਤੋਲਾ, ਆਪਣਾ ਕੰਡਾ ਹੱਥ ਉਠਾਈਆ । ਆਦਿ ਅੰਤ ਕਦੇ ਨਾ ਡੋਲਾ, ਸ੍ਰਿਸ਼ਟ ਸਬਾਈ ਰਿਹਾ
ਡੁਲਾਈਆ । ਖੇਲਣ ਆਇਆ ਕਲਜੁਗ ਹੋਲਾ, ਲੱਖ ਚੁਰਾਸੀ ਰੰਗ ਚੜ੍ਹਾਈਆ । ਦੇਵਣਹਾਰਾ ਸ਼ਬਦ ਝਕੋਲਾ, ਲੋਆਂ ਪੁਰੀਆਂ ਰਿਹਾ ਹਿਲਾਈਆ ।
ਜੂਠਿਆਂ ਝੂਠਿਆਂ ਕੱਢੇ ਪੋਲਾ, ਬਾਂਹੋਂ ਫੜ ਉਠਾਈਆ । ਭੇਖ ਪਖੰਡਾ ਪਿਆ ਰੌਲਾ, ਪ੍ਰਭ ਸਾਚਾ ਕਰੇ ਸਫਾਈਆ । ਆਪਣਾ ਬਦਲਿਆ ਆਪੇ
ਚੋਲਾ, ਰੂਪ ਅਨੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ
ਨਰ, ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣੀ ਲਏ ਉਭਾਰ, ਸ੍ਰਿਸ਼ਟ ਸਬਾਈ ਪਾਏ ਸਾਰ, ਨੌ ਖੰਡ ਪ੍ਰਿਥਮੀ ਏਕਾ ਧਾਰ, ਏਕਾ ਵੇਖ ਵਖਾਈਆ ।
ਸੰਮਤ ਸੋਲਾਂ ਹਰਿ ਹਰਿ ਸਾਚਾ, ਸਚ ਸਚ ਵਰਤਾਇਆ । ਜੀਉ ਪਿੰਡ ਤਨ ਵੇਖੇ ਕਾਚਾ, ਲੱਖ ਚੁਰਾਸੀ ਡੇਰਾ ਢਾਹਿਆ । ਨੌ ਦਵਾਰੇ ਮਨਮੁਖ
ਨਾਚਾ, ਮਨ ਕਾ ਮਣਕਾ ਨਾ ਕੋਈ ਭਵਾਇਆ । ਨਾਨਕ ਸ਼ਬਦ ਨਾ ਹਿਰਦੇ ਵਾਚਾ, ਹਰਿ ਕਾ ਰੂਪ ਦਿਸ ਨਾ ਆਇਆ । ਅਗਨੀ ਅੱਗ ਲਾਏ
ਤਮਾਚਾ, ਤਨ ਖ਼ਾਕੀ ਖ਼ਾਕ ਮਿਲਾਇਆ । ਕਰੋਧ ਹੰਕਾਰ ਦਰ ਦਵਾਰੇ ਨਾਚਾ, ਨਾ ਕੋਈ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ । ਹਰਿ ਸੰਗਤ ਹਰਿਜਨ ਹਰਿ ਦੇਵਣਹਾਰਾ ਸਾਚਾ ਵਰ, ਜੁਗ
ਜੁਗ ਦਇਆ ਕਮਾਇਆ । ਜਗਤ ਭੰਡਾਰੇ ਆਪੇ ਭਰ, ਨਾਮ ਭੰਡਾਰੀ ਵੇਖ ਵਖਾਇਆ । ਲੇਖੇ ਲਾਏ ਜੋ ਆਏ ਦਰ, ਸ਼ਬਦ ਗਹਿਣਾ ਤਨ ਪਹਿਨਾਇਆ ।
ਗੁਰਮੁਖਾਂ ਅੰਦਰ ਜਾਏ ਵੜ, ਔਂਦਾਂ ਜਾਂਦਾ ਦਿਸ ਨਾ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ, ਸ੍ਰਿਸ਼ਟ
ਸਬਾਈ ਨਾਲ ਰਿਹਾ ਲੜ, ਹੱਥ ਖੰਡਾ ਨਾ ਕੋਈ ਉਠਾਇਆ । ਜਗਤ ਵਿਦਿਆ ਨਾ ਕੋਈ ਗਿਆ ਪੜ੍ਹ, ਆਦਿ ਜੁਗਾਦੀ ਏਕਾ ਸ਼ਬਦ ਰਿਹਾ
ਚਲਾਇਆ । ਅਗਨੀ ਹਵਨ ਨਾ ਗਿਆ ਸੜ, ਸ੍ਰਿਸ਼ਟ ਸਬਾਈ ਅਗਨ ਜਲਾਇਆ । ਗੁਰਸਿਖਾਂ ਗੁਰਮੁਖਾਂ ਦਰਸ ਦਿਖਾਏ ਦਇਆ ਕਮਾਏ ਘਰ

ਘਰ, ਰਾਤੀ ਸੁੱਤਿਆਂ ਆਪ ਉਠਾਇਆ । ਜੰਗਲ ਜੂਹ ਉਜਾੜ ਪਹਾੜ, ਸਾਗਰ ਨਦੀ ਨਾਲੇ ਦਰਯਾ ਪਾਰ ਕਰ, ਆਪ ਆਪਣਾ ਪੰਧ ਮੁਕਾਇਆ । ਅੰਦਰੇ ਅੰਦਰ ਜਾਏ ਚੜ੍ਹ, ਦਸਮ ਦਵਾਰੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਸਾਚੀ ਕਰ ਪਰਧਾਨ, ਪਰਮਾਨੰਦ ਆਪ ਸਮਾਇਆ ।

## ✪ ੨੮ ਪੋਹ ੨੦੧੫ ਬਿਕ੍ਰਮੀ ਜਸਬੀਰ ਸਿੰਘ ਦੇ ਘਰ ਪਿੰਡ ਭੋਲੇਕੇ ਜ਼ਿਲਾ ਗੁਰਦਾਸ ਪੁਰ ✪

ਹਰਿ ਜੋਤ ਹਰਿ ਪਰਕਾਸ਼, ਹਰਿ ਹਰਿ ਆਪ ਕਰਾਈਆ । ਹਰਿ ਪੁਰਖ ਇਕ ਅਬਿਨਾਸ਼, ਏਕੰਕਾਰਾ ਨਾਉਂ ਧਰਾਈਆ । ਹਰ ਘਟ ਅੰਦਰ ਰੱਖਣਹਾਰਾ ਵਾਸ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਮੰਡਲ ਮੰਡਪ ਪਾਵੇ ਰਾਸ, ਆਦਿ ਜੁਗਾਦਿ ਵੱਡੀ ਵਡਿਆਈਆ । ਹਰਿ ਪ੍ਰਿਥਮੀ ਹਰਿ ਅਕਾਸ਼, ਗਗਨ ਮੰਡਲ ਹਰਿ ਸੁਹਾਈਆ । ਹਰਿ ਪਵਣ ਹਰਿ ਸਵਾਸ, ਹਰਿ ਸ਼ਬਦੀ ਸ਼ਬਦ ਚਲਾਈਆ । ਹਰਿ ਸੇਵਕ ਹਰਿ ਦਾਸੀ ਦਾਸ, ਜੁਗ ਜੁਗ ਆਪਣੀ ਸੇਵ ਕਮਾਈਆ । ਹਰਿ ਪੂਰਨ ਕਰਨਹਾਰਾ ਆਸ, ਪਾਰਬ੍ਰਹਮ ਵੱਡੀ ਵਡਿਆਈਆ । ਹਰਿ ਵੇਖਣਹਾਰਾ ਇਕ ਤਮਾਸ਼, ਜੁਗ ਕਰਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤ ਨੂਰ ਰੁਸ਼ਨਾਈਆ । ਹਰਿ ਜੋਤ ਹਰਿ ਪੁਰਖ ਅਕਾਲ, ਏਕਾ ਰੰਗ ਸਮਾਇਆ । ਹਰਿ ਸਤਿਗੁਰ ਹਰਿ ਦੀਨ ਦਿਆਲ, ਹਰਿ ਗੁਰੂ ਗੁਰ ਵੇਸ ਵਟਾਇਆ । ਹਰਿ ਨਾਮ ਧਨ ਸੱਚਾ ਧਨ ਮਾਲ, ਹਰਿ ਖਜ਼ਾਨਾ ਇਕ ਭਰਾਇਆ । ਹਰਿ ਹਰਿ ਮੰਦਰ ਹਰਿ ਹਰਿ ਗੁਰੂ ਦਵਾਰ, ਹਰਿ ਧਰਮਸਾਲ, ਥਿਰ ਘਰ ਸਾਚਾ ਹਰਿ ਸੁਹਾਇਆ । ਹਰਿ ਦੀਪਕ ਹਰਿ ਹਰਿ ਜੋਤੀ ਹਰਿ ਜੋਤ ਦੇਵੇ ਬਾਲ, ਹਰਿ ਨਿਰਗੁਣ ਡਗਮਗਾਇਆ । ਹਰਿ ਅੰਮ੍ਰਿਤ ਹਰਿ ਸੁਹਾਏ ਤਾਲ, ਹਰਿ ਸਾਚੇ ਆਪ ਭਰਾਇਆ । ਹਰੀ ਹਰਿ ਕਰਨ ਆਇਆ ਸਰਬ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇਆ । ਆਪੇ ਸ਼ਾਹ ਆਪੇ ਕੰਗਾਲ, ਆਪੇ ਲੇਖਾ ਮੰਗ ਮੰਗਾਇਆ । ਆਪੇ ਬਣਿਆ ਜਗਤ ਦਲਾਲ, ਜਗਤ ਵਿਚੋਲਾ ਨਾਮ ਧਰਾਇਆ । ਆਪੇ ਚਲੇ ਅਵੱਲੜੀ ਚਾਲ, ਹਰਿ ਹਰਿ ਭੇਵ ਕਿਸੇ ਨਾ ਪਾਇਆ । ਹਰਿਜਨ ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇਆ । ਹਰਿ ਹਰਿ ਵੇਖੇ ਅਨਮੁਲੜੇ ਲਾਲ, ਹਰਿ ਸੱਜਣ ਮੇਲ ਮਿਲਾਇਆ । ਹਰਿ ਆਪ ਆਪਣੇ ਲਏ ਭਾਲ, ਸੰਤ ਸੁਹੇਲੇ ਅੰਗ ਲਗਾਇਆ । ਹਰਿ ਮਾਰਨਹਾਰਾ ਸਚ ਉਛਾਲ, ਮਾਣਕ ਮੋਤੀ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਖੇਲ ਖਿਲਾਇਆ । ਹਰਿ ਜੋਤ ਅਨਭਵ ਪਰਕਾਸ਼, ਹਰਿ ਸਾਚੇ ਵਡ ਵਡਿਆਈਆ । ਆਦਿ ਅੰਤ ਨਾ ਜਾਏ ਵਿਨਾਸ, ਜੁਗ ਜੁਗ ਖੇਲ ਖਿਲਾਇਆ । ਆਪੇ ਪਾਵਣਹਾਰਾ ਰਾਸ, ਆਪੇ ਵੇਖ ਵਖਾਈਆ । ਆਪ ਉਪਾਏ ਬਰਖ ਦਿਵਸ ਮਾਸ, ਘੜੀ ਪਲ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਆਪਣਾ ਖੇਲ ਖਿਲਾਈਆ । ਹਰਿ ਸਾਚਾ ਖੇਲ ਖਿਲੰਦੜਾ, ਆਦਿਨ ਅੰਤਾ ਏਕਾ ਏਕੰਕਾਰ । ਹਰਿ ਆਪਣਾ ਭੇਖ ਵਟੰਦੜਾ, ਨਿਰਗੁਣ ਜੋਤੀ ਕਰ ਉਜਿਆਰ । ਹਰਿ ਸਾਚਾ ਸ਼ਬਦ ਚਲੰਦੜਾ, ਪੁਰਖ ਅਗੰਮੜਾ ਅਗੰਮੜੀ ਕਾਰ । ਹਰਿ ਸਾਚਾ ਧਾਮ ਸੁਹੰਦੜਾ, ਥਿਰ ਘਰ ਬੈਠ ਸੱਚੇ ਦਰਬਾਰ । ਹਰਿ ਸਾਚਾ ਸਚ ਸਿੰਘਾਸਣ ਆਪ ਵਖੰਦੜਾ, ਸ਼ਾਹੋ ਭੂਪ

੮੮
੦੮

ਸੱਚੀ ਸਰਕਾਰ । ਹਰਿ ਸਾਚਾ ਹੁਕਮ ਚਲੰਦੜਾ, ਸ਼ਬਦ ਸ਼ਬਦੀ ਸੇਵਾਦਾਰ । ਹਰਿ ਸਾਚਾ ਦਰ ਖੁਲੰਦੜਾ, ਏਕਾ ਦੋ ਪੁਰਖ ਕਰਤਾਰ । ਹਰਿ ਦਾਤਾ ਗੁਣੀ ਗਹਿੰਦੜਾ, ਗੁਣਵੰਤਾ ਬੇਸ਼ੁਮਾਰ । ਹਰਿ ਦਾਤਾ ਸਦ ਬਖ਼ਸ਼ਿੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਖੇਲ ਕਰ, ਜੋਤੀ ਜੋਤ ਕਰੇ ਉਜਿਆਰ । ਹਰਿ ਜੋਤ ਉਜਾਲ ਬੈਠੀ ਜਗ ਅੰਦਰ, ਆਦਿ ਜੁਗਾਦਿ ਸਮਾਈਆ । ਆਪੇ ਵਸੇ ਸਾਢੇ ਤਿੰਨ ਹੱਥ ਮੰਦਰ, ਨੌ ਦਰ ਆਪੇ ਰਿਹਾ ਖੁਲ੍ਹਾਈਆ । ਆਪੇ ਧੂੰਆਂਧਾਰ ਅੰਧੇਰੀ ਕੰਦਰ, ਸੁਨ ਸਮਾਧ ਆਪ ਹੋ ਜਾਈਆ । ਆਪੇ ਚੇਤਨ ਆਪੇ ਅੰਧੜ, ਆਪੇ ਬੈਠਾ ਸੱਥਰ ਵਛਾਈਆ । ਆਪੇ ਵਾਸਨਾ ਆਪੇ ਗੰਦੜ, ਆਪੇ ਰਿਹਾ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਖ ਘਰ, ਹਰਿ ਸਾਚੀ ਖੇਲ ਖਿਲਾਈਆ । ਹਰਿ ਸਾਚਾ ਪ੍ਰਭ ਏਕ ਹੈ, ਏਕਾ ਰੂਪ ਸਮਾਏ । ਹਰਿ ਸਾਚਾ ਸਾਚੀ ਟੇਕ ਹੈ, ਸਤਿਗੁਰ ਨਾਮ ਧਰਾਏ । ਹਰਿ ਸਾਚਾ ਬੁਧ ਬਿਬੇਕ ਹੈ, ਮੂਰਖ ਆਪ ਹੋ ਜਾਏ । ਹਰਿ ਸਾਚਾ ਲਿਖੇ ਲੇਖ ਹੈ, ਲੇਖਾ ਲਿਖਣਹਾਰ ਆਪ ਹੋ ਜਾਏ । ਹਰਿ ਸਾਚਾ ਨਰ ਨਰੇਸ਼ ਹੈ, ਨਿਰਗੁਣ ਭੂਪ ਨਾਮ ਧਰਾਏ । ਹਰਿ ਸਾਚਾ ਹਰ ਘਟ ਰਿਹਾ ਵੇਖ ਹੈ, ਆਪ ਆਪਣਾ ਮੁਖ ਛੁਪਾਏ । ਹਰਿ ਸਾਚਾ ਨਾ ਕੋਈ ਮੁੱਛ ਦਾੜ੍ਹੀ ਨਾ ਕੇਸ ਹੈ, ਪੰਜ ਤੱਤ ਨਾ ਕੋਈ ਜਾਏ । ਹਰਿ ਸਾਚਾ ਦਰ ਦਰਵੇਸ਼ ਹੈ, ਅਲਖ ਅਲਖਣਾ ਅਲਖ ਜਗਾਏ । ਹਰਿ ਸਾਚਾ ਅਗੰਮੜਾ ਵੇਸ ਹੈ, ਧਾਮ ਅਗੰਮੜੇ ਡੇਰਾ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦੀ ਕਰ ਪਿਆਰ, ਹਰਿ ਜੋਤ ਕਰੇ ਰੁਸ਼ਨਾਏ । ਹਰਿ ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਡਗਮਗਾਈਆ । ਹਰਿ ਹਰਿ ਖੇਲੇ ਖੇਲ ਨਿਰਾਲਾ, ਲੇਖਾ ਲਿਖਤ ਨਾ ਕੋਈ ਲਿਖਾਈਆ । ਹਰਿ ਹਰਿ ਚਲੇ ਅਵੱਲੜੀ ਚਾਲਾ, ਹਰਿਜਨ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਆਪਣੇ ਨਗਰ ਨਗਰ ਸੁਹੰਜਣਾ, ਜਗੇ ਜੋਤ ਆਦਿ ਨਿਰੰਜਣਾ, ਨਿਰਗੁਣ ਬੈਠਾ ਬੇਪਰਵਾਹੀਆ । ਨਿਰਗੁਣ ਨੂਰ ਸਾਚਾ ਹਰਿ, ਏਕਾ ਜੋਤ ਜਗਾਇੰਦਾ । ਨਾ ਜੰਮੇ ਨਾ ਜਾਏ ਮਰ, ਮਾਤ ਗਰਭ ਨਾ ਕੋਈ ਟਿਕਾਇੰਦਾ । ਨਾ ਕੋਈ ਗੋਤ ਨਾ ਕੋਈ ਵਰਨ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਨਾ ਕੋਈ ਧਰਨੀ ਨਾ ਕੋਈ ਧਰਨ, ਧਰਤ ਧਵਲ ਨਾ ਕੋਈ ਜਣਾਇੰਦਾ । ਨਾ ਕੋਈ ਸਰਨੀ ਨਾ ਕੋਈ ਸਰਨ, ਨਾ ਕੋਈ ਸੀਸ ਝੁਕਾਇੰਦਾ । ਨਾ ਕੋਈ ਹਰਨੀ ਨਾ ਕੋਈ ਫਰਨੀ ਨਾ ਕੋਈ ਖੋਲ੍ਹੇ ਹਰਨ ਫਰਨ, ਨੇਤਰ ਨੈਣ ਨਾ ਕੋਈ ਖੁਲ੍ਹਾਇੰਦਾ । ਆਪਣੀ ਕਰਨੀ ਕਰਤਾ ਆਪੇ ਕਰਨ, ਕਰਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਏਕਾ ਵੇਸ ਵਟਾਇੰਦਾ । ਨਿਰਗੁਣ ਰੂਪ ਹਰਿ ਹਰਿ ਦਾਤਾ, ਸਮਰਥ ਪੁਰਖ ਅਖਵਾਇੰਦਾ । ਆਪੇ ਜਾਣੇ ਆਪਣੀ ਗਾਥਾ, ਜੁਗ ਜੁਗ ਆਪ ਚਲਾਇੰਦਾ । ਆਪ ਚਲਾਏ ਆਪਣਾ ਰਾਥਾ, ਰਬ ਰਬਵਾਹੀ ਫੇਰਾ ਪਾਇੰਦਾ । ਆਪੇ ਜਾਣੇ ਪੂਜਾ ਪਾਠਾ, ਆਪੇ ਨਾਮ ਦ੍ਰਿੜਾਇੰਦਾ । ਆਪੇ ਮਾਰੇ ਸਰੋਵਰ ਠਾਠਾ, ਅੰਮ੍ਰਿਤ ਜਲ ਆਪ ਭਰਾਇੰਦਾ । ਆਪੇ ਤੀਰਥ ਹੋਏ ਅਠ ਸਾਠਾ, ਆਪੇ ਦੁਰਮਤ ਮੈਲ ਮਿਟਾਇੰਦਾ । ਆਪੇ ਦੋ ਜਹਾਨਾ ਫਿਰੇ ਨਾਠਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਆਪੇ ਲੱਖ ਚੁਰਾਸੀ ਆਏ ਆਨ ਬਾਟਾ, ਆਪੇ ਦਸ ਦਸ ਵੇਖ ਵਖਾਇੰਦਾ । ਆਪੇ ਬੈਠਾ ਚੌਦਾਂ ਹਾਟਾ, ਚੌਦਾਂ ਤਬਕਾਂ ਡੇਰਾ ਲਾਇੰਦਾ । ਆਪੇ ਖੇਲੇ ਖੇਲ ਨਟੂਆ ਨਾਟਾ, ਸਵਾਂਗੀ ਸਵਾਂਗ ਰਚਾਇੰਦਾ । ਆਪੇ ਆਦਿ ਸ਼ਕਤ ਜੋਤ ਲਿਲਾਟਾ, ਆਪੇ ਨੂਰੋ ਨੂਰ ਉਪਾਇੰਦਾ । ਆਪੇ ਬ੍ਰਹਿਮੰਡਾਂ

੮੯
੦੮

ਖੰਡਾਂ ਕੱਟੇ ਵਾਟਾ, ਆਪੇ ਆਪਣਾ ਪੰਧ ਮੁਕਾਇੰਦਾ । ਆਪੇ ਆਪਣਾ ਪੂਰਨ ਕਰਨਹਾਰਾ ਘਾਟਾ, ਆਪਣੇ ਕੰਡੇ ਆਪ ਤੁਲਾਇੰਦਾ । ਆਪੇ ਜਾਗਰਤ ਜੋਤ ਆਪ ਆਪਣਾ ਆਪੇ ਜਾਤਾ, ਜੋਤੀ ਜੋਤ ਆਪ ਜਗਾਇੰਦਾ । ਆਪੇ ਹੋ ਤ੍ਰਿਲੋਕੀ ਨਾਥਾ, ਆਪ ਆਪਣਾ ਕਰਮ ਕਮਾਇੰਦਾ । ਆਪੇ ਬਣੇ ਸਗਲਾ ਸਾਥਾ, ਸਗਲਾ ਸੰਗ ਨਿਭਾਇੰਦਾ । ਆਪੇ ਲਹਿਣ ਦੇਣਾ ਚੁਕਾਏ ਮਸਤਕ ਮਾਥਾ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਚ ਮਹੱਲਾ ਉਚ ਮਿਨਾਰ । ਇਕ ਅਕੱਲਾ ਕਰ ਪਸਾਰ, ਏਕਾ ਏਕੰਕਾਰਾ ਜੋਤੀ ਧਾਰ ਜੋਤੀ ਨੂਰ ਰਖਾਇੰਦਾ । ਜੋਤੀ ਨੂਰ ਬੇਪਰਵਾਹ, ਪਾਰਬ੍ਰਹਮ ਅਖਵਾਇੰਦਾ । ਆਪੇ ਜਾਣੇ ਸਿਫ਼ਤ ਸਲਾਹ, ਆਪੇ ਹੁਕਮ ਚਲਾਇੰਦਾ । ਆਪੇ ਬਣੇ ਜਗਤ ਮਲਾਹ, ਆਪੇ ਚੱਪੂ ਲਾਇੰਦਾ । ਆਪੇ ਬੇੜੇ ਦਏ ਚੜ੍ਹਾ, ਆਪੇ ਪਾਰ ਕਰਾਇੰਦਾ । ਆਪੇ ਨੇਤਰ ਨਾਮ ਦਏ ਦ੍ਰਿੜਾ, ਹਰਿ ਆਪਣੀ ਜੇਹਵਾ ਆਪ ਹਿਲਾਇੰਦਾ । ਆਪੇ ਆਪਣੀ ਵਿਦਿਆ ਲਏ ਪੜ੍ਹਾ, ਆਪ ਆਪਣੀ ਦਇਆ ਕਮਾਇੰਦਾ । ਆਪ ਆਪਣੇ ਪੌੜੇ ਲਏ ਚੜ੍ਹਾ, ਸਾਚਾ ਪੌੜਾ ਇਕ ਵਖਾਇੰਦਾ । ਆਪੇ ਕੌੜੇ ਮਿਠੇ ਲਏ ਬਣਾ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਵਸਾਏ ਅਨਡਿਠੇ ਥਾਂ, ਸਚਖੰਡ ਦਵਾਰਾ ਇਕ ਸੁਹਾਇੰਦਾ । ਆਪੇ ਪਿਤਾ ਆਪੇ ਮਾਂ, ਲੱਖ ਚੁਰਾਸੀ ਆਪਣੀ ਗੋਦ ਉਠਾਇੰਦਾ । ਆਪੇ ਪਕੜਨਹਾਰਾ ਬਾਂਹ, ਆਪੇ ਸਤਿਗੁਰ ਨਾਉਂ ਉਪਾਇੰਦਾ । ਆਪੇ ਦੇਵਣਹਾਰ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਹੰਸ ਬਣਾਏ ਕਾਂ, ਆਪੇ ਮੋਤੀ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਦਰ ਦਰਵਾਜਾ ਇਕ ਸੁਹਾਇੰਦਾ । ਨਿਰਗੁਣ ਤੇਰਾ ਸਚ ਦਰਵਾਜਾ, ਸਾਚੀ ਬਣਤ ਬਣਾਈਆ । ਏਕਾ ਵਸਿਆ ਗਰੀਬ ਨਿਵਾਜਾ, ਨਾ ਕੋਈ ਦੂਸਰ ਸੰਗ ਰਖਾਈਆ । ਏਕਾ ਰਚਿਆ ਆਪਣਾ ਕਾਜਾ, ਏਕਾ ਵੇਖ ਵਖਾਈਆ । ਏਕਾ ਰੱਖਣਹਾਰਾ ਲਾਜਾ, ਏਕਾ ਨਾਮ ਖ਼ੁਦਾਈਆ । ਇਕ ਵਜਾਏ ਸਾਚਾ ਵਾਜਾ, ਅਨਹਦ ਨਾਉਂ ਧਰਾਈਆ । ਏਕਾ ਚੜ੍ਹਿਆ ਅਸਵ ਤਾਜਾ, ਸਾਚਾ ਘੋੜਾ ਆਪ ਦੌੜਾਈਆ । ਆਪ ਚਲਾਏ ਸਚ ਜਹਾਜਾ, ਜੁਗ ਜੁਗ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਹਰਿ ਮੰਦਰ ਅੰਦਰ ਡੇਰਾ ਲਾਈਆ । ਹਰਿ ਮੰਦਰ ਹਰਿ ਬਣਤ ਬਣਾ, ਆਪਣਾ ਦਰ ਸੁਹਾਈਆ । ਆਪਣੀ ਗਣਤ ਆਪ ਗਣਾ, ਆਪੇ ਲੇਖਾ ਰਿਹਾ ਚੁਕਾਈਆ । ਆਪਣੇ ਅੰਗ ਆਪ ਕਰਾ, ਆਪੇ ਲਏ ਉਪਜਾਈਆ । ਆਪਣੀ ਬਣਤ ਆਪ ਬਣਾ, ਆਪੇ ਪੂਜ ਪੁਜਾਈਆ । ਆਪਣੀ ਵੰਡ ਆਪ ਵੰਡਾ, ਆਪੇ ਰੱਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਏਕੰਕਾਰ, ਅਕਾਲ ਮੂਰਤ ਭੇਵ ਨਿਆਰ, ਪਵਣ ਰਹਿਤ ਵੱਡੀ ਵਡਿਆਈਆ । ਅਜੂਨੀ ਰਹਿਤ ਪੁਰਖ ਅਕਾਲਾ, ਏਕਾ ਰੂਪ ਸਮਾਇੰਦਾ । ਆਪੇ ਕਾਲ ਆਪੇ ਮਹਾਂਕਾਲਾ, ਆਪੇ ਆਪਣੀ ਰਚਨ ਰਚਾਇੰਦਾ । ਆਪੇ ਦੀਨ ਆਪੇ ਦਿਆਲਾ, ਆਪੇ ਦੋਏ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਏਕਾ ਘਰ, ਸਚ ਮਹੱਲਾ ਉਚ ਅਟੱਲਾ ਏਕਾ ਏਕ ਸੁਹਾਇੰਦਾ । ਸਚ ਮਹੱਲਾ ਉਚ ਅਟੱਲ ਮਿਨਾਰ, ਹਰਿ ਸਾਚਾ ਆਪ ਉਪਾਈਆ । ਇਕ ਅਕੱਲਾ ਕਰ ਪਸਾਰ, ਬੈਠਾ ਬੇਪਰਵਾਹੀਆ । ਨਿਰਗੁਣ ਬਾਤੀ ਕਰ ਉਜਿਆਰ, ਕਮਲਾਪਾਤੀ ਆਪ ਕਰਾਈਆ । ਨਾ ਕੋਈ ਤਾਕੀ ਨਾ ਕਿਵਾੜ, ਛੱਪਰ ਛੰਨ ਨਾ ਕੋਈ ਰਖਾਈਆ । ਨਾ ਕੋਈ ਦਿਸੇ ਚਾਰ ਦਿਵਾਰ, ਨਾ ਕੋਈ ਬਾਢੀ ਬਣਤ ਬਣਾਈਆ । ਅਕਾਲ ਮੂਰਤ ਭੇਵ ਨਿਆਰ,

ਅਨਭਵ ਪਰਕਾਸ਼ ਵਖਾਈਆ । ਜੋਤੀ ਜੋਤ ਜਗੇ ਅਪਾਰ, ਅਲਖ ਅਗੋਚਰ ਅਗੰਮ ਵਡ ਵਡਿਆਈਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸਈਆਂ ਮੰਗਲ ਗਾਈਆ । ਨਾ ਕੋਈ ਸ਼ਬਦ ਧੁਨੀ ਧੁਨਕਾਰ, ਧੁਨ ਅਨਾਦ ਨਾ ਕੋਇ ਸੁਣਾਈਆ । ਇਕ ਅਕੱਲਾ ਏਕਾ ਧਾਰ, ਏਕਾ ਰਿਹਾ ਚਲਾਈਆ । ਜਲਾਂ ਥਲਾਂ ਰਿਹਾ ਪਸਾਰ, ਆਪ ਆਪਣਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਏਕਾ ਰੰਗ ਰੰਗਾਈਆ । ਹਰਿ ਭਗਵੰਤਾ ਹਰਿ ਹਰਿ ਮੀਤ, ਏਕਾ ਨਾਉਂ ਧਰਾਇੰਦਾ । ਆਦਿ ਜੁਗਾਦੀ ਆਪਣੀ ਰੀਤ, ਆਪੇ ਆਪ ਚਲਾਇੰਦਾ । ਬੈਠਾ ਰਹੇ ਇਕ ਅਤੀਤ, ਮਮਤਾ ਮੋਹ ਨਾ ਕੋਈ ਰਖਾਇੰਦਾ । ਨਾ ਠੰਡਾ ਹੋਏ ਸੀਤ, ਅਗਨੀ ਤੱਤ ਨਾ ਕੋਈ ਰਖਾਇੰਦਾ । ਨਾ ਕੋਈ ਹਸਤ ਨਾ ਕੋਈ ਕੀਟ, ਏਕਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰੀ ਹਰਿ ਹਰਿ ਆਪ ਅਖਵਾਇੰਦਾ । ਹਰੀ ਹਰਿ ਹਰਿ ਨਰਾਇਣ, ਏਕਾ ਜੋਤ ਜਗਾਈਆ । ਏਕਾ ਬੈਨ ਏਕਾ ਨੈਨ, ਏਕਾ ਸੈਨ ਅਖਵਾਈਆ । ਏਕਾ ਬਸਤਰ ਏਕਾ ਬੈਨ, ਏਕਾ ਤਨ ਛੁਹਾਈਆ । ਏਕਾ ਚੁਕਾਏ ਲਹਿਣ ਦੇਣ, ਏਕਾ ਏਕ ਵੱਡੀ ਵਡਿਆਈਆ । ਏਕਾ ਏਕ ਆਦਿ ਜੁਗਾਦੀ ਸਾਰੇ ਕਹਿਣ, ਅਕਲ ਕਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਰੰਗ ਹਰਿ ਰਤੜਾ, ਹਰਿ ਮੇਲਾ ਬੇਪਰਵਾਹੀਆ । ਹਰਿ ਰੰਗ ਹਰਿ ਚਲੂਲ, ਹਰਿ ਆਪਣਾ ਆਪ ਰੰਗਾਇੰਦਾ । ਆਪੇ ਨਾਰੀ ਆਪੇ ਕੰਤ ਕੰਤੂਹਲ, ਆਪੇ ਆਪਣੀ ਸੇਜ ਹੰਢਾਇੰਦਾ । ਸਚ ਸਿੰਘਾਸਣ ਨਾ ਕੋਈ ਪਾਵਾ ਨਾ ਕੋਈ ਚੂਲ, ਥਿਰ ਘਰ ਸਾਚੇ ਆਪੇ ਡਾਹਿੰਦਾ । ਨਿਰਗੁਣ ਸ਼ਬਦ ਹੁਲਾਰੇ ਰਿਹਾ ਝੂਲ, ਸਚ ਹੁਲਾਰਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤੇ ਪਰਕਾਸ਼ ਆਪ ਕਰਾਇੰਦਾ । ਸੁਤੇ ਪਰਕਾਸ਼ ਹਰਿ ਹਰਿ ਹੋਇਆ, ਆਪਣੀ ਧਾਰ ਬੰਧਾਈਆ । ਹਰਿ ਬਿਨ ਅਵਰ ਨਾ ਜਾਣੇ ਕੋਆ, ਨਾ ਕੋਈ ਲੇਖ ਲਿਖਾਈਆ । ਨਾ ਮਰਿਆ ਨਾ ਜੰਮਿਆ ਮੋਆ, ਮਾਤ ਗਰਭ ਨਾ ਕੋਈ ਟਿਕਾਈਆ । ਆਲਸ ਨਿੰਦਰਾ ਵਿਚ ਨਾ ਸੋਇਆ, ਨਾ ਕੋਈ ਖਾਟ ਹੇਠ ਰਖਾਈਆ । ਆਦਿ ਜੁਗਾਦੀ ਨਵਾਂ ਨਰੋਆ, ਏਕਾ ਏਕ ਅਖਵਾਈਆ । ਆਪ ਲਿਆਏ ਆਪਣਾ ਢੋਆ, ਦਰ ਆਪਣੇ ਸੋਭਾ ਪਾਈਆ । ਏਕਾ ਅੰਮ੍ਰਿਤ ਆਪੇ ਚੋਆ, ਆਪੇ ਮੁਖ ਭਰਾਈਆ । ਆਪੇ ਕਰੇ ਆਪਣੀ ਲੋਆ, ਆਪ ਆਪਣਾ ਅੰਧੇਰ ਗਵਾਈਆ । ਆਪ ਆਪਣਾ ਬੀਜ ਆਪੇ ਬੋਇਆ, ਆਪਣੀ ਗੋਦੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਚੇ ਵਡ ਵਡਿਆਈਆ । ਹਰਿ ਵੱਡਾ ਸਚਿਆਰ, ਏਕਾ ਨੂਰ ਅਕਾਲਿਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਿਰਾਲਿਆ । ਆਦਿ ਜੁਗਾਦੀ ਬੰਨੇ ਧਾਰ, ਕਰੇ ਕਰਾਏ ਸੱਚੀ ਪ੍ਰਿਤਪਾਲਿਆ । ਏਕਾ ਏਕ ਹੋ ਉਜਿਆਰ, ਏਕਾ ਆਪਣਾ ਮਾਰਗ ਲਾ ਲਿਆ । ਸ਼ਬਦੀ ਸ਼ਬਦ ਅਪਰ ਅਪਾਰ, ਏਕਾ ਸੁੱਤ ਰਖਾ ਲਿਆ । ਸਚ ਸ਼ਬਦ ਸੱਚੀ ਸਰਕਾਰ, ਘਰ ਸਾਚੇ ਆਪ ਜਣਾ ਲਿਆ । ਠਾਂਡਾ ਵੇਖ ਇਕ ਦਰਬਾਰ, ਸਾਂਤਕ ਸਤਿ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਮੇਲਾ ਨਾ ਕੋਈ ਗੁਰੂ ਨਾ ਕੋਈ ਚੇਲਾ, ਨਾ ਕੋਈ ਵੇਖ ਵਖਾ ਰਿਹਾ । ਆਪੇ ਗੁਰੂ ਆਪੇ ਚੇਲਾ, ਆਪਣੀ ਬਣਤ ਬਣਾਇੰਦਾ । ਆਪੇ ਸੱਜਣ ਆਪੇ ਸੁਹੇਲਾ, ਆਪੇ ਮੇਲ ਮਿਲਾਇੰਦਾ । ਆਪੇ ਵਸਿਆ ਸਦਾ ਅਕੇਲਾ, ਆਪੇ ਆਪਣੇ ਰੰਗ ਰੰਗਾਇੰਦਾ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਈ ਰਖਾਇੰਦਾ । ਅਚਰਜ ਖੇਲ ਪਾਰਬ੍ਰਹਮ

੯੧
੦੮

ਕਲ ਖੇਲਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗਾ ਜੁਗੰਤਾ ਵੇਖ ਵਖਾਇੰਦਾ । ਆਦਿਨ ਅੰਤਾ ਏਕਾ ਕਾਹਨ, ਏਕਾ ਰੂਪ ਸਮਾਈਆ । ਏਕਾ ਵੇਖੇ ਮਾਰ ਧਿਆਨ, ਏਕਾ ਨੈਣ ਉਠਾਈਆ । ਏਕਾ ਕਰਨਹਾਰ ਪਛਾਨ, ਭੁੱਲ ਰਹੇ ਨਾ ਰਾਈਆ । ਏਕਾ ਦੇਵਣਹਾਰਾ ਦਾਨ, ਜੀਆ ਦਾਨ ਝੋਲੀ ਪਾਈਆ । ਏਕਾ ਨਿਰਗੁਣ ਸਚ ਮਕਾਨ, ਥਿਰ ਘਰ ਸਾਚਾ ਆਸਣ ਲਾਈਆ । ਏਕਾ ਤਖ਼ਤ ਇਕ ਸੁਲਤਾਨ, ਸ਼ਾਹੋ ਭੂਪ ਇਕ ਹੋ ਜਾਈਆ । ਏਕਾ ਹੁਕਮ ਇਕ ਫ਼ਰਮਾਣ, ਏਕਾ ਰਿਹਾ ਸੁਣਾਈਆ । ਏਕਾ ਜੋਧਾ ਸੂਰਬੀਰ ਬਲੀ ਬਲਵਾਨ, ਏਕਾ ਡੰਕ ਵਜਾਈਆ । ਏਕਾ ਏਕ ਇਕ ਰਾਜਾਨ, ਏਕਾ ਰਈਅਤ ਵਿਚ ਸਮਾਈਆ । ਏਕਾ ਤੀਰ ਇਕ ਕਮਾਨ, ਏਕਾ ਚਿੱਲਾ ਰਿਹਾ ਚੜ੍ਹਾਈਆ । ਏਕਾ ਘਰ ਇਕ ਮਕਾਨ, ਚੌਦਾਂ ਹੱਟਾਂ ਇਕ ਵਖਾਈਆ । ਏਕਾ ਨੇਤਰ ਇਕ ਗਿਆਨ, ਏਕਾ ਸ਼ਬਦ ਪੜ੍ਹਾਈਆ । ਏਕਾ ਰਵ ਸਸ ਉਪਾਏ ਕੋਟਨ ਭਾਨ, ਕੋਟੀ ਕੋਟ ਕਰੇ ਰੁਸ਼ਨਾਈਆ । ਏਕਾ ਹੋਇਆ ਜਾਣੀ ਜਾਣ, ਏਕਾ ਏਕ ਵੱਡੀ ਵਡਿਆਈਆ । ਏਕਾ ਲੇਖਾ ਲਿਖੇ ਮਹਾਨ, ਲਿਖਣਹਾਰ ਭੁੱਲ ਨਾ ਰਾਈਆ । ਨਿਰਗੁਣ ਜੋਤ ਸ੍ਰੀ ਭਗਵਾਨ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਮੰਗ ਮੰਗਾਈਆ । ਆਪਣੀ ਮੰਗ ਆਪੇ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਆਪਣਾ ਲਾਇਆ ਆਪੇ ਰੰਗ, ਘਰ ਆਪਣੇ ਖ਼ੁਸ਼ੀ ਮਨਾਈਆ । ਆਪਣਾ ਦਰਵਾਜਾ ਆਪੇ ਲੰਘ, ਆਪੇ ਮੇਲ ਮਿਲਾਈਆ । ਆਪ ਆਪਣੇ ਚੜ੍ਹਿਆ ਪਲੰਘ, ਆਪ ਆਪਣੀ ਸੇਜ ਸੁਹਾਈਆ । ਆਪ ਵਜਾਇਆ ਆਪਣਾ ਮਰਦੰਗ, ਆਪੇ ਰਿਹਾ ਸੁਣਾਈਆ । ਆਪੇ ਦਾਤਾ ਦਾਨੀ ਸੂਰ ਸਰਬੰਗ, ਆਪ ਆਪਣੀ ਲਏ ਅੰਗੜਾਈਆ । ਆਪੇ ਧਾਰ ਵਹਾਏ ਅੰਮ੍ਰਿਤ ਗੰਗ, ਸਰ ਸਰੋਵਰ ਆਪ ਉਪਾਈਆ । ਆਪੇ ਭੁੱਖ ਆਪੇ ਨੰਗ, ਆਪੇ ਰਾਜ ਜੋਗ ਸਮਾਈਆ । ਆਪੇ ਹੋਇਆ ਪਰਮਾਨੰਦ, ਪਰਮ ਪੁਰਖ ਵੱਡੀ ਵਡਿਆਈਆ । ਆਪੇ ਵਸਣਹਾਰਾ ਬੰਦ ਬੰਦ, ਆਪ ਆਪਣੀ ਖ਼ੁਸ਼ੀ ਕਰਾਈਆ । ਆਪੇ ਸੂਰਜ ਆਪੇ ਚੰਦ, ਆਪੇ ਕਰੇ ਰੁਸ਼ਨਾਈਆ । ਆਪੇ ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਏਕਾ ਏਕ ਅਖਵਾਈਆ । ਹਰਿ ਵੇਲਾ ਹਰਿ ਜਾਣਿਆ, ਆਦਿ ਅੰਤ ਉਜਿਆਰ । ਪ੍ਰਭ ਆਪਣਾ ਆਪ ਪਛਾਣਿਆ, ਆਪੇ ਵੇਖੇ ਕਰੇ ਵਿਚਾਰ । ਆਪੇ ਚਲੇ ਆਪਣੇ ਭਾਣਿਆ, ਭਾਣਾ ਭਾਵੀ ਦਰ ਦਵਾਰ । ਰੰਗ ਆਪਣਾ ਆਪੇ ਮਾਣਿਆ, ਘਰ ਸਾਚੇ ਕਰ ਪਿਆਰ । ਆਪੇ ਹੋਇਆ ਬਾਲ ਅੰਞਾਣਿਆ, ਆਪੇ ਆਪਣਾ ਦਏ ਸਹਾਰ । ਆਪੇ ਦੇਵਣਹਾਰਾ ਮਾਣਿਆ, ਆਪ ਆਪਣਾ ਚੁੱਕੇ ਭਾਰ । ਆਪੇ ਗਾਏ ਆਪਣਾ ਗਾਣਿਆ, ਸੁਣਾਏ ਧੁਨ ਅਪਰ ਅਪਾਰ । ਆਪੇ ਪਵਣ ਪਾਣੀ ਪਵਣ ਮਸਾਣਿਆ, ਆਪੇ ਹੋਇਆ ਧੂੰਆਂਧਾਰ । ਆਪੇ ਅੰਧ ਅੰਧੇਰ ਵਖਾਣਿਆ, ਆਪੇ ਬੈਠਾ ਵਿਚ ਉਜਿਆਰ । ਆਪੇ ਪੀਣਾ ਆਪੇ ਖਾਣਿਆ, ਆਪੇ ਭਰਨਹਾਰ ਭੰਡਾਰ । ਆਪੇ ਅੰਨ ਆਪੇ ਦਾਣਿਆ, ਆਪੇ ਦੇਵਣਹਾਰ ਸਹਾਰ । ਆਦਿ ਪੁਰਖ ਆਪ ਅਖਵਾਣਿਆ, ਹਰਿ ਸਾਚਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਾਚੇ ਘਰ, ਘਰ ਸਾਚੇ ਇਕ ਪਿਆਰ । ਸਚ ਪਿਆਰਾ ਹਰਿ ਦਵਾਰਾ, ਹਰਿ ਹਰਿ ਜੋਤ ਜਗਾਇੰਦਾ । ਆਪ ਆਪਣਾ ਕਰ ਪਿਆਰਾ, ਆਪੇ ਵੇਖ ਵਖਾਇੰਦਾ । ਆਦਿ ਜੁਗਾਦੀ ਏਕੰਕਾਰਾ, ਏਕਾ ਕਿਰਤ ਕਮਾਇੰਦਾ । ਸ਼ਬਦ ਬ੍ਰਹਿਮਾਦੀ ਖੇਲ ਨਿਆਰਾ, ਬ੍ਰਹਮ ਬ੍ਰਹਿਮੰਡ ਟਿਕਾਇੰਦਾ । ਜੋਤੀ

੯੨
੦੮

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਹਰਿ ਨਿਰੰਕਾਰ ਵੇਸ ਅਵੱਲਾ, ਆਪਣਾ ਆਪ ਕਰਾਈਆ । ਆਪਣੇ ਦਰ ਆਪੇ ਖੱਲਾ, ਆਪੇ ਵੇਖ ਵਖਾਈਆ । ਨੇਹਚਲ ਧਾਮ ਵੇਖੇ ਉਚ ਅਟੱਲਾ, ਆਪੇ ਲਿਆ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪੁਰਖ ਸਮਰਥ, ਸਰਬ ਕਲਾ ਭਰਪੂਰਿਆ । ਹਰਿ ਕਾ ਮੰਦਰ ਨਾ ਜਾਏ ਢੱਠ, ਨਾ ਦੂਰ ਨਾ ਨੇੜਿਆ । ਇੱਟ ਗਾਰਾ ਨਾ ਲਾਈ ਕਾਠ, ਖੇਲੇ ਖੇਲ ਹਾਜਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਦੇਵੇ ਵਰ, ਜੁਗ ਜੁਗ ਲੋਕਮਾਤ ਖੇਲ ਅਪਾਰਾ, ਹਰਿ ਹਰਿ ਆਪ ਕਰਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰ, ਸਤਿਗੁਰ ਰੂਪ ਦਰਸਾਇੰਦਾ । ਜੋਤੀ ਜੋਤ ਜੋਤ ਉਜਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸਰਗੁਣ ਭਰੇ ਸ਼ਬਦ ਭੰਡਾਰਾ, ਨਿਰਗੁਣ ਆਪ ਵਰਤਾਇੰਦਾ । ਸਰਗੁਣ ਚੋਲਾ ਕਰ ਪਿਆਰਾ, ਆਪ ਆਪਣਾ ਵਿਚ ਛੁਪਾਇੰਦਾ । ਸਰਗੁਣ ਰਸਨਾ ਬੋਲ ਜੈਕਾਰਾ, ਨਿਰਗੁਣ ਸ਼ਬਦ ਸੁਣਾਇੰਦਾ । ਸਰਗੁਣ ਤੇਰਾ ਨੌਂ ਦਵਾਰਾ, ਨਿਰਗੁਣ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਹਰਿ ਕਰਨੇਹਾਰਾ ਕਰਨਹਾਰ ਅਖਵਾਇੰਦਾ । ਨਿਰਗੁਣ ਸਰਗੁਣ ਬੰਨੇ ਧਾਰ, ਸਾਖਯਾਤ ਰੂਪ ਵਟਾਇਆ । ਸ਼ਬਦ ਡੰਕ ਅਪਰ ਅਪਾਰ, ਲੋਕਮਾਤ ਵਜਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰ ਤਿਆਰ, ਆਪ ਆਪਣੀ ਸੇਵਾ ਲਾਇਆ । ਤ੍ਰੈਗੁਣ ਮਾਇਆ ਤੇਰਾ ਸਚ ਵਿਹਾਰ, ਪੰਜ ਤੱਤ ਨਾਲ ਰਲਾਇਆ । ਨਿਰਗੁਣ ਨਿਰਗੁਣ ਆਪਣੀ ਧਾਰ, ਮਨ ਮਤ ਬੁਧ ਦਏ ਦਰਸਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮੇਲ ਮਿਲਾਇਆ । ਹਉਮੇ ਹੰਗਤਾ ਗੜ੍ਹ ਤਿਆਰ, ਰਕਤ ਬੂੰਦ ਆਪ ਮਿਟਾਇਆ । ਘਰ ਵਿਚ ਘਰ ਹਰਿ ਉਸਾਰ, ਆਪ ਆਪਣਾ ਆਸਣ ਲਾਇਆ । ਆਪੇ ਕਰੇ ਬੰਦ ਕਿਵਾੜ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਇਆ । ਦਸਮ ਦਵਾਰੀ ਬੈਠਾ ਜੰਦਰ ਮਾਰ, ਬਜਰ ਕਪਾਟੀ ਅੱਗੇ ਡਾਹਿਆ । ਕਰੇ ਵਸੇਰਾ ਬਹੱਤਰ ਨਾੜ, ਤਿੰਨ ਸੌ ਸਠ ਹਾਡੀ ਜੋੜ ਜੁੜਾਇਆ । ਆਪਣਾ ਘੜਨ ਆਪੇ ਘਾੜ, ਘੜਨਹਾਰ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰਤਾ ਨਿਰਗੁਣ ਸਰਗੁਣ ਵੇਖ ਵਖਾਇਆ । ਨਿਰਗੁਣ ਸਰਗੁਣ ਸਾਚਾ ਮੀਤਾ, ਸਾਚੀ ਬਣਤ ਬਣਾਈਆ । ਆਪ ਚਲਾਏ ਆਪਣੀ ਰੀਤਾ, ਆਪ ਆਪਣੀ ਵੰਡ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਹਰਿ ਆਪੇ ਜੀਤਾ, ਆਪ ਆਪਣਾ ਨਾਉਂ ਚਲਾਈਆ । ਹੰ ਬ੍ਰਹਮ ਆਪ ਅਨਡੀਠਾ, ਸੋਹੰ ਰੂਪ ਆਪ ਹੋ ਜਾਈਆ । ਗੁਰ ਇਸ਼ਟ ਦੇਵ ਆਪੇ ਨੀਕਨ ਨੀਕਾ, ਸਰਬ ਸ੍ਰਿਸ਼ਟ ਰਿਹਾ ਸਮਾਈਆ । ਆਪੇ ਭੇਵ ਜਾਣੇ ਜੀਵ ਜੀਅ ਕਾ, ਹਰ ਘਟ ਵੇਖੇ ਬੇਪਰਵਾਹੀਆ । ਆਪੇ ਰਾਮ ਨਾਮ ਕੀਆ ਮੀਠਾ, ਆਪੇ ਕਰੇ ਪੜ੍ਹਾਈਆ । ਆਪੇ ਮੇਲਾ ਸੁਰਤ ਸੁਵਾਣੀ ਸਾਚੀ ਸੀਤਾ, ਸਾਚੇ ਦਰ ਮਿਲਾਈਆ । ਆਪੇ ਕਾਹਨ ਕ੍ਰਿਸ਼ਨ ਚਲਾਈ ਰੀਤਾ, ਸਖੀਆਂ ਮੰਗਲ ਮੇਲ ਮਿਲਾਈਆ । ਆਪੇ ਕਲਜੁਗ ਵਸਿਆ ਚੀਤਾ, ਆਪ ਆਪਣੀ ਧਾਰ ਬੰਧਾਈਆ । ਆਪ ਉਪਾਏ ਮੰਦਰ ਮਸੀਤਾ, ਆਪ ਆਪਣੀ ਚਲਤ ਚਲਾਈਆ । ਈਸਾ ਮੂਸਾ ਆਪੇ ਜੀਤਾ, ਸੰਗ ਮੁਹੰਮਦ ਚਾਰ ਯਾਰ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਨਿਰਗੁਣ ਸਰਗੁਣ ਵਿਚ ਸਮਾਈਆ । ਨਿਰਗੁਣ ਸਰਗੁਣ ਏਕਾ ਧਾਰ, ਏਕਾ ਰੰਗ ਰੰਗਾਇਆ । ਨਾਨਕ ਨਾਮ ਹੋ ਉਜਿਆਰ, ਲੋਕਮਾਤ ਫੇਰਾ ਪਾਇਆ । ਮਿਲਿਆ ਮੇਲ ਸਚ ਦਰਬਾਰ, ਵਿਛੜ

ਕਦੇ ਨਾ ਜਾਇਆ । ਆਪ ਸੁਹਾਏ ਬੰਕ ਦਵਾਰ, ਸਾਚੇ ਮੰਦਰ ਡੇਰਾ ਲਾਇਆ । ਏਕਾ ਸ਼ਬਦ ਸੱਚੀ ਧੁਨਕਾਰ, ਏਕਾ ਰਾਗ ਅਲਾਇਆ । ਮਿਲਿਆ ਮੀਤ ਹਰਿ ਨਿਰੰਕਾਰ, ਸਾਚਾ ਦਰ ਸੁਹਾਇਆ । ਵੱਜੀ ਵਧਾਈ ਅਪਰ ਅਪਾਰ, ਮੰਗਲਾਚਾਰ ਗਾਇਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹਰਿ ਹਰਿ ਆਪ ਹੋ ਜਾਇਆ । ਏਕਾ ਬ੍ਰਹਮ ਹੋ ਉਜਿਆਰ, ਪਾਰਬ੍ਰਹਮ ਮਾਤ ਅਖਵਾਇਆ । ਨੱਨਾ ਨਿਰਗੁਣ ਏਕਾ ਕਾਰ, ਏਕਾ ਰਿਹਾ ਜਣਾਇਆ । ਨਰ ਨਰਾਇਣ ਪਾਵੇ ਸਾਰ, ਮਹੱਲ ਅਟੱਲ ਡੇਰਾ ਲਾਇਆ । ਕਲਜੁਗ ਕਰੇ ਪਾਰ, ਆਪ ਆਪਣਾ ਰੰਗ ਰੰਗਾਇਆ । ਮੁਕਤਾ ਸਿਆਰੀ ਔਂਕੜ ਤੇਰੀ ਧਾਰ, ਏਕਾ ਨਾਨਕ ਨਾਮ ਰਖਾਇਆ । ਏਕਾ ਜੋਤੀ ਹੋ ਉਜਿਆਰ, ਦਸ ਦਸ ਵੇਸ ਵਟਾਇਆ । ਕਾਇਆ ਨਾਤਾ ਤੋੜ ਸੰਸਾਰ, ਜੋਤੀ ਜੋਤ ਜਗਾਇਆ । ਸਾਚਾ ਗੁਰੂ ਕਰ ਤਿਆਰ, ਏਕਾ ਸ਼ਬਦ ਧਰਾਇਆ । ਪੰਚਮ ਲਾਏ ਸਚ ਆਵਾਜ਼, ਸਾਚੀ ਨੀਂਹ ਰਖਾਇਆ । ਆਪੇ ਸੁੱਤਾ ਪੈਰ ਪਸਾਰ, ਦਿਸ ਕਿਸੇ ਨਾ ਆਇਆ । ਖੇਲੇ ਖੇਲ ਅਗੰਮ ਅਪਾਰ, ਕਲਜੁਗ ਅੰਤਮ ਡੇਰਾ ਢਾਹਿਆ । ਪਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਆਪ ਬਣਾਇਆ । ਨਾ ਕੋਈ ਦਿਸੇ ਠੱਗ ਚੋਰ ਯਾਰ, ਕਾਮ ਕਰੋਧ ਮੋਹ ਨਾ ਕੋਈ ਹਲਕਾਇਆ । ਸਾਚਾ ਮੰਦਰ ਕਰ ਤਿਆਰ, ਹਰਿ ਸਾਚਾ ਵੇਖ ਵਖਾਇਆ । ਹਰਿ ਮੰਦਰ ਤੇਰਾ ਖੇਲ ਅਪਾਰ, ਹਰਿ ਜੂ ਆਪੇ ਮੇਲ ਮਿਲਾਇਆ । ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਸਤਿਗੁਰ ਪੂਰਾ ਪੁਰਖ ਕਰਤਾਰ, ਕਰਤਾ ਪੁਰਖ ਨਾਉਂ ਰਖਾਇਆ । ਅਕਾਲ ਮੂਰਤ ਭੇਵ ਨਿਆਰ, ਵੇਦ ਕਤੇਬ ਨਾ ਕਿਸੇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਜਨ ਭਗਤਾਂ ਵੇਸ ਵਟਾਇਆ । ਭਗਤਨ ਮੀਤਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਆਦਿ ਜੁਗਾਦਿ ਪਾਵੇ ਸਾਰ, ਜੁਗ ਜੁਗ ਨਾਉਂ ਰਖਾਇੰਦਾ । ਮੇਟਣਹਾਰਾ ਕੂੜ ਪਸਾਰ, ਸਾਚਾ ਮਾਰਗ ਲਾਇੰਦਾ । ਕਲਜੁਗ ਵੇਖੇ ਧੁੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜੀਵ ਜੰਤ ਆਪ ਆਪਣਾ ਗਏ ਹਾਰ, ਨਾ ਕੋਈ ਧੀਰ ਧਰਾਇੰਦਾ । ਪਿਤਾ ਪੂਤ ਨਾ ਕੋਈ ਪਿਆਰ, ਭੈਣ ਭਾਈ ਨਾ ਕੋਈ ਅਖਵਾਇੰਦਾ । ਜਤ ਸਤਿ ਛੁੱਟਾ ਸੰਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਏ ਕਰਾਇੰਦਾ । ਮਿਲਿਆ ਮੇਲ ਨਾ ਮੀਤ ਮੁਰਾਰ, ਮੰਦਰ ਮਸੀਤ ਗੁਰੂ ਦਵਾਰ ਨਾ ਕੋਈ ਜਣਾਇੰਦਾ । ਗਾ ਗਾ ਰਾਗ ਗਏ ਹਾਰ, ਅਨਹਦ ਰਾਗ ਨਾ ਕੋਈ ਅਲਾਇੰਦਾ । ਰਸਨਾ ਲਾ ਲਾ ਥੱਕੇ ਸਵਾਦ, ਆਤਮ ਰਸ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਕਲਜੁਗ ਕੂੜਾ ਵੇਖ ਪਸਾਰਾ, ਹਰਿ ਹਰਿ ਜੋਤ ਜਗਾਈਆ । ਰਾਜਾ ਰਾਣਾ ਨਾ ਕੋਈ ਸਿਕਦਾਰਾ, ਸਾਚੀ ਸਿਖਿਆ ਨਾ ਕੋਈ ਸਿਖਾਈਆ । ਗੁਰ ਦਰ ਮੰਦਰ ਮਸਜਿਦ ਹੋਏ ਵਿਭਚਾਰਾ, ਨਾਰ ਵੇਸਵਾ ਰਹੇ ਹੰਢਾਈਆ । ਸੰਖ ਬਾਂਗ ਧੁਨ ਨਾ ਕੋਈ ਜੈਕਾਰਾ, ਪੁਰਖ ਅਕਾਲ ਨਾ ਕੋਈ ਮਨਾਈਆ । ਮਾਇਆ ਮਮਤਾ ਭੁੱਲਾ ਸਰਬ ਸੰਸਾਰਾ, ਨਾਨਕ ਸਿਖਿਆ ਹੱਥ ਨਾ ਆਈਆ । ਗੁਰ ਗੋਬਿੰਦ ਜੈਕਾਰ ਨਾ ਕਰਿਆ ਕੋਈ ਪਿਆਰਾ, ਪੰਜ ਕੱਕੇ ਨਾ ਕੋਈ ਸਮਾਈਆ । ਮੁਸਲਮ ਸੁੰਨੀ ਐਨਲਹੱਕ ਨਾ ਲਾਇਆ ਨਾਅਰਾ, ਮੁਕਾਮੇ ਹੱਕ ਨਾ ਮੇਲਾ ਖ਼ੁਦਾਈਆ । ਪੰਡਤ ਪਾਂਧੇ ਗਏ ਹਾਰਾ, ਜੂਠਾ ਝੂਠਾ ਤਿਲਕ ਲਗਾਈਆ । ਕੋਈ ਨਾ ਖੋਲ੍ਹੇ ਬੰਦ ਕਿਵਾੜਾ, ਰਾਮ ਕ੍ਰਿਸ਼ਨ ਨਾ ਕੋਈ ਮਿਲਾਈਆ । ਨਾਤਾ ਤੁਟਾ ਸੰਗ ਮੁਹੰਮਦ ਚਾਰ ਯਾਰਾ, ਉਮਤ ਨਬੀ ਰਸੂਲ ਰਹੀ ਕੁਰਲਾਈਆ । ਹੱਕ ਹਕੀਕਤ ਪਾਵੇ ਸਾਰਾ, ਬੇਐਬ


੯੪
੦੮

ਪਰਵਰਦਿਗਾਰ ਵੱਡੀ ਵਡਿਆਈਆ । ਗੁਰ ਗੋਬਿੰਦ ਤੇਰਾ ਸਚ ਨਾ ਦਿਸੇ ਕੋਈ ਦੁਲਾਰਾ, ਨਾਮ ਖੰਡਾ ਜੋ ਚਮਕਾਈਆ । ਭੇਖ ਪਖੰਡਾ ਸਰਬ ਸੰਸਾਰਾ, ਨਿਰਗੁਣ ਨੂਰ ਦਿਸ ਨਾ ਆਈਆ । ਰਾਮ ਦਾਸ ਤੇਰਾ ਅੰਮ੍ਰਿਤ ਭੰਡਾਰਾ, ਕਲਜੁਗ ਜੀਵ ਨਾ ਮੁਖ ਚੁਆਈਆ । ਧੀਆਂ ਭੈਣਾਂ ਕਰਨ ਪਿਆਰਾ, ਹਰਿ ਮੰਦਰ ਫੇਰਾ ਪਾਈਆ । ਨਾਨਕ ਨਿਰਗੁਣ ਵੇਖਣਹਾਰਾ, ਭੁੱਲ ਰਹੇ ਨਾ ਰਾਈਆ । ਆਦਿ ਜੁਗਾਦੀ ਕਰ ਪਸਾਰਾ, ਜੁਗ ਜੁਗ ਧਾਰ ਬੰਧਾਈਆ । ਗੁਰ ਗੋਬਿੰਦ ਤੇਰਾ ਸਚ ਦਵਾਰਾ, ਹਰਿ ਸਾਚਾ ਰਿਹਾ ਸਮਾਈਆ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਰਖਾਈਆ । ਸ੍ਰਿਸ਼ਟ ਸਬਾਈ ਮਾਰੇ ਵਾਰੋ ਵਾਰਾ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਸੱਤਾਂ ਦੀਪਾਂ ਦਏ ਹੁਲਾਰਾ, ਲੱਖ ਚੁਰਾਸੀ ਆਪ ਉਠਾਈਆ । ਬ੍ਰਹਮਾ ਵੇਤਾ ਰੋਵੇ ਜ਼ਾਰੋ ਜ਼ਾਰਾ, ਉਚੀ ਕੂਕੇ ਦਏ ਦੁਹਾਈਆ । ਵਿਸ਼ਨੂੰ ਤੇਰਾ ਏਕਾ ਨਾਅਰਾ, ਏਕਾ ਦਏ ਸੁਣਾਈਆ । ਸ਼ਿਵ ਸ਼ੰਕਰ ਤੇਰਾ ਖਾਲੀ ਕਰੇ ਚੁਬਾਰਾ, ਪ੍ਰਭ ਸਾਚੇ ਹੱਥ ਵਡਿਆਈਆ । ਸੁਰਪਤ ਰਾਜਾ ਇੰਦ ਢਹਿ ਪਏ ਦਵਾਰਾ, ਸਾਚੀ ਭੁੱਲ ਨਾ ਕੋਈ ਬਖ਼ਸ਼ਾਈਆ । ਕਰੋੜ ਤੇਤੀਸਾ ਹਾਹਾਕਾਰਾ, ਦਿਵਸ ਰੈਣ ਰਹੇ ਕੁਰਲਾਈਆ । ਕਲਜੁਗ ਤੇਰਾ ਕੂੜ ਸਹਾਰਾ, ਚਾਰੋਂ ਕੁੰਟ ਡੰਕ ਵਜਾਈਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਨਕ ਗੋਬਿੰਦ ਗਿਆ ਲਿਖਾਈਆ । ਨਿਰਗੁਣ ਜੋਤੀ ਨੂਰ ਉਜਿਆਰਾ, ਸ਼ਬਦੀ ਨਾਉਂ ਰਖਾਈਆ । ਸੰਬਲ ਨਗਰੀ ਵਸਿਆ ਧਾਮ ਨਿਆਰਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਗੁਰਸਿਖ ਵੇਖੇ ਮੀਤ ਮੁਰਾਰਾ, ਜੁਗ ਵਿਛੜੇ ਮੇਲ ਮਿਲਾਈਆ । ਸਿੰਘ ਜਸਬੀਰ ਸਚ ਦੁਲਾਰਾ, ਪ੍ਰਭ ਆਪਣੀ ਗੋਦ ਉਠਾਈਆ । ਭਰਿਆ ਰਹੇ ਨਾਮ ਭੰਡਾਰਾ, ਅਤੋਟ ਅਤੁਟ ਰਖਾਈਆ । ਦੇਵੇ ਦਰਸ ਵਾਰੋ ਵਾਰਾ, ਦਿਵਸ ਰੈਣ ਨਾ ਕੋਈ ਜਣਾਈਆ । ਖਿੜਿਆ ਰਹੇ ਕਾਇਆ ਮੰਦਰ ਅੰਦਰ ਡੂੰਘੀ ਗਾਰਾ, ਫੜ ਬਾਂਹੋਂ ਆਪ ਉਠਾਈਆ । ਪੰਚ ਵਿਕਾਰਾ ਕਰੇ ਖ਼ਵਾਰਾ, ਨਾਮ ਖੰਡਾ ਇਕ ਚਮਕਾਈਆ । ਕਾਲੀ ਨੀਲੀ ਪਾਰ ਕਰਾਏ ਧਾਰਾ, ਪੀਲੀ ਵਿਚ ਸਮਾਈਆ । ਚਿੱਟੀ ਮੇਲਾ ਦਸਮ ਦਵਾਰਾ, ਕੰਚਨ ਵਿਚ ਸਮਾਈਆ । ਸੂਹਾ ਵੇਸ ਅਗੰਮ ਅਪਾਰਾ, ਕੰਚਨ ਰੰਗ ਰੰਗਾਈਆ । ਲਾਲ ਗੁਲਾਲ ਦੀਨ ਦਿਆਲਾ, ਆਪ ਆਪਣੇ ਵਿਚ ਟਿਕਾਈਆ । ਲੱਖਣ ਪੁਸ਼ਕਰ ਕਰੋਚ ਆਪ ਵਖਾਏ ਧਰਮਸਾਲਾ, ਧਰਮ ਧਰਮੀ ਧਰਮ ਕਮਾਈਆ । ਸਲਮਲ ਸਾਨ ਹੋਏ ਪਾਰਾ, ਕੁਸ਼ਾ ਡੇਰਾ ਢਾਹੀਆ । ਸਤਿਗੁਰ ਪੂਰਾ ਸਦਾ ਰਖਵਾਲਾ, ਗੁਰਮੁਖ ਸਾਚੇ ਸੇਵ ਕਮਾਈਆ । ਲੱਖ ਚੁਰਾਸੀ ਤੋੜ ਜੰਜਾਲਾ, ਆਵਣ ਜਾਵਣ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਏਕਾ ਰੰਗ ਸਮਾਈਆ ।

## ✪ ੨੯ ਪੋਹ ੨੦੧੫ ਬਿਕ੍ਰਮੀ ਸੋਹਣ ਸਿੰਘ ਦੇ ਘਰ ਪਿੰਡ ਭੋਲੇਕੇ ਜ਼ਿਲਾ ਗੁਰਦਾਸ ਪੁਰ ✪

ਆਦਿ ਪੁਰਖ ਨਾਉਂ ਨਿਰੰਕਾਰ, ਅਕਲ ਕਲਾ ਅਖਵਾਈਆ । ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦ ਸਮਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਏਕ ਏਕੰਕਾਰਾ ਇਕ ਖ਼ੁਦਾਈਆ । ਆਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਸਮਾਈਆ । ਨਿਰਗੁਣ ਨਿਰਗੁਣ ਕਰ ਤਿਆਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਅਕਾਲ ਪੁਰਖ ਏਕਾ ਧਾਰ, ਏਕਾ ਰੰਗ ਰੰਗਾਈਆ । ਅਜੂਨੀ ਰਹਿਤ ਸਰਬ ਸੁਖ ਸਾਰ, ਸਤਿ ਸਤਿ

ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਹੋ ਜਾਈਆ । ਅਬਿਨਾਸ਼ੀ ਕਰਤਾ ਹਰਿ ਨਰਾਇਣ, ਏਕਾ ਏਕੰਕਾਰਿਆ । ਆਪੇ ਜਾਣੇ ਆਪਣਾ ਲਹਿਣ ਦੇਣ, ਆਪ ਆਪਣਾ ਸੰਗ ਰਖਾ ਲਿਆ । ਆਪੇ ਵੇਖੇ ਆਪਣਾ ਆਪਣੇ ਨੈਣ, ਦੂਜਾ ਨੈਣ ਨਾ ਕੋਈ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਆਪ ਆਪਣਾ ਕਰ ਉਜਿਆਰ, ਆਪੇ ਵੇਖ ਵਖਾਇਆ । ਜਾਗਰਤ ਜੋਤ ਜਗੇ ਅਪਾਰ, ਰੂਪ ਰੰਗ ਨਾ ਕੋਈ ਵਖਾਇਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸੁਲਤਾਨਾ ਨਾਉਂ ਧਰਾਇਆ । ਦਾਤਾ ਦਾਨੀ ਮਿਹਰਵਾਨ, ਆਪ ਆਪਣੀ ਝੋਲੀ ਆਪ ਭਰਾਇਆ । ਆਪ ਆਪਣਾ ਹੋਏ ਨਿਗਹਬਾਨ, ਆਪ ਆਪਣੀ ਸੇਵ ਕਮਾਇਆ । ਆਪ ਆਪਣਾ ਜਾਣੀ ਜਾਣ, ਜਾਨਣਹਾਰ ਸਮਰਥ ਪੁਰਖ ਵਡਿਆਇਆ । ਆਪੇ ਵਸਿਆ ਸਚ ਮਕਾਨ, ਸਾਚਾ ਮੰਦਰ ਆਪ ਸੁਹਾਇਆ । ਉਚ ਮਹੱਲ ਅਟੱਲ ਦੋ ਜਹਾਨ, ਨਾ ਕੋਈ ਬਾਢੀ ਬਣਤ ਬਣਾਇਆ । ਇਕ ਅਕੱਲਾ ਬੈਠ ਸ੍ਰੀ ਭਗਵਾਨ, ਆਪ ਆਪਣਾ ਦਰ ਸੁਹਾਇਆ । ਜੋਤੀ ਜਗੇ ਇਕ ਮਹਾਨ, ਅੰਧ ਅੰਧੇਰ ਨਾ ਕੋਈ ਵਖਾਇਆ । ਸਚ ਸਿੰਘਾਸਣ ਲਾਏ ਆਸਣ, ਪਾਵਾ ਚੂਲ ਨਾ ਕੋਈ ਧਰਾਇਆ । ਮੰਡਲ ਆਪਣੇ ਪਾਵੇ ਰਾਸਨ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਵੇਖਣਹਾਰਾ ਹਰਿ ਕਰਤਾਰਾ, ਆਪ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਲੈ ਅਵਤਾਰਾ, ਆਪ ਆਪਣਾ ਵੇਸ ਵਟਾਇੰਦਾ । ਸ਼ਬਦ ਸ਼ਬਦੀ ਕਰ ਉਜਿਆਰਾ, ਸ਼ਬਦ ਡੰਕ ਵਜਾਇੰਦਾ । ਲੋਆਂ ਪੁਰੀਆਂ ਏਕਾ ਨਾਅਰਾ, ਏਕਾ ਰਾਗ ਸੁਣਾਇੰਦਾ । ਦੇਵਤ ਸੁਰ ਕਰੇ ਖ਼ਵਾਰਾ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ । ਲੋਕਮਾਤ ਹੋ ਉਜਿਆਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਪੇ ਜਾਣੇ ਆਪਣੀ ਕਾਰਾ, ਵੇਦ ਕਤੇਬ ਨਾ ਕੋਈ ਗਿਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਖੇਲ ਸਰਗੁਣ ਧਾਰ, ਹਰਿ ਹਰਿ ਜੋਤ ਜਗਾਇੰਦਾ । ਏਕੰਕਾਰਾ ਕਰ ਅਕਾਰ, ਨਿਰਾਕਾਰਾ ਸਾਕਾਰ ਰੂਪ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰ, ਭੇਦ ਅਭੇਦਾ ਭੇਵ ਖੁਲ੍ਹਾਇੰਦਾ । ਲੱਖ ਚੁਰਾਸੀ ਵਸਿਆ ਬਾਹਰ, ਘਟ ਘਟ ਆਪੇ ਡੇਰਾ ਲਾਇੰਦਾ । ਆਪ ਉਪਾਏ ਆਪੇ ਲਏ ਮਾਰ, ਆਪ ਆਪਣੀ ਖੇਲ ਖਿਲਾਇੰਦਾ । ਆਪੇ ਸ਼ਬਦ ਗੁਰ ਪੀਰ ਅਵਤਾਰ, ਆਪੇ ਆਪਣਾ ਨਾਉਂ ਧਰਾਇੰਦਾ । ਆਪੇ ਨਾਰੀ ਪ੍ਰਭ ਕੰਤ ਭਤਾਰ, ਆਪੇ ਆਪਣੀ ਸੇਜ ਹੰਢਾਇੰਦਾ । ਆਪੇ ਪੰਜ ਤੱਤ ਨੌ ਦਵਾਰ, ਆਪੇ ਕਾਇਆ ਰਚਨ ਰਚਾਇੰਦਾ । ਆਪੇ ਮਹੱਲ ਅੰਦਰ ਮਹੱਲ ਉਸਾਰ, ਆਪੇ ਮੁਖ ਛੁਪਾਇੰਦਾ । ਆਪੇ ਕਰੇ ਬੰਦ ਕਿਵਾੜ, ਆਪੇ ਕੁੰਡਾ ਲਾਹਿੰਦਾ । ਆਪੇ ਵਸਿਆ ਦਸਮ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਆਪੇ ਅੰਮ੍ਰਿਤ ਠੰਡਾ ਠਾਰ, ਆਪੇ ਜਲ ਵਹਾਇੰਦਾ । ਆਪੇ ਅਨਹਦ ਧੁਨ ਸੱਚੀ ਧੁਨਕਾਰ, ਧੁਨ ਅਨਾਦੀ ਆਪ ਵਜਾਇੰਦਾ । ਆਪੇ ਸਤਿਗੁਰ ਮੀਤ ਮੁਰਾਰ, ਜੁਗ ਜੁਗ ਸਾਚਾ ਰਾਹ ਚਲਾਇੰਦਾ । ਸਾਚੀ ਸਿਖਿਆ ਇਕ ਵਿਚਾਰ, ਗੁਰ ਮਤੀ ਇਹ ਸਮਝਾਇੰਦਾ । ਨਾਮ ਧੁਨ ਕਰਾਏ ਵਣਜ ਵਪਾਰ, ਸਚ ਖ਼ਜ਼ਾਨਾ ਆਪ ਭਰਾਇੰਦਾ । ਦਾਤਾ ਦਾਨੀ ਵਿਚ ਸੰਸਾਰ, ਦੀਨਾਂ ਨਾਥਾ ਦਰ ਦਵਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਡਗਮਗਾਇੰਦਾ । ਸਰਗੁਣ ਪਾਵੇ ਸਾਚੀ ਸਾਰ, ਨਿਰਗੁਣ ਬੂਝ ਬੁਝਾਇੰਦਾ । ਨਿਰਗੁਣ ਸ਼ਬਦੀ ਡੰਕ ਅਪਾਰ, ਸਰਗੁਣ ਮੁਖ ਸਲਾਹਿੰਦਾ । ਸਚ ਵਿਚੋਲਾ ਆਪ ਕਰਤਾਰ,

੯੬
੦੮

ਆਪਣਾ ਮੇਲ ਮਿਲਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜਾਹਰ ਆਪ ਹੋ ਜਾਇੰਦਾ । ਆਪੇ ਕਲਜੁਗ ਸਤਿਜੁਗ ਤ੍ਰੇਤਾ ਪਾਏ ਸਾਰ, ਆਪੇ ਦੁਆਪਰ ਵੇਖ ਵਖਾਇੰਦਾ । ਆਪੇ ਢਹਿ ਢਹਿ ਪਏ ਦਵਾਰ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਛਤਰ ਤਾਜ ਦਏ ਹੁਲਾਰ, ਆਪੇ ਤਖ਼ਤ ਤਾਜ ਸੁਹਾਇੰਦਾ । ਆਪੇ ਰਾਜ ਜੋਗ ਅਪਾਰ, ਆਪੇ ਖ਼ਾਕੀ ਖ਼ਾਕ ਸਮਾਇੰਦਾ । ਆਪੇ ਕਾਗੀ ਕਾਗ ਹੋਏ ਉਡਾਰ, ਆਪੇ ਆਪਣੀ ਚੋਗ ਚੁਗਾਇੰਦਾ । ਆਪੇ ਪਾਰਬ੍ਰਹਮ ਗੁਰ ਅਵਤਾਰ, ਆਪੇ ਵਿਸ਼ਨੂੰ ਰੂਪ ਵਟਾਇੰਦਾ । ਆਪੇ ਸ਼ੰਕਰ ਦਏ ਹੁਲਾਰ, ਆਪੇ ਸਰਨ ਬਣਾਇੰਦਾ । ਆਪੇ ਬ੍ਰਹਮ ਕਰ ਉਜਿਆਰ, ਪਾਰਬ੍ਰਹਮ ਨਾਉਂ ਰਖਾਇੰਦਾ । ਆਪੇ ਕਰਮ ਆਪੇ ਧਰਮ ਆਪੇ ਜਰਮ, ਆਪੇ ਵਰਨ ਉਪਾਇੰਦਾ । ਆਪੇ ਹੋਇਆ ਕਰਨੀ ਕਰਨ, ਕਰਤਾ ਕਾਦਰ ਨਾਉਂ ਰਖਾਇੰਦਾ । ਆਪੇ ਨਿਰਭੌ ਆਪੇ ਡਰਨੀ ਡਰਨ, ਭੈ ਭਿਆਨਕ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਏਕੰਕਾਰ, ਆਦਿ ਜੁਗਾਦੀ ਕਰ ਪਸਾਰ, ਜੁਗ ਜੁਗ ਆਪਣੀ ਬੰਨ੍ਹੇ ਧਾਰ, ਭੇਵ ਕੋਈ ਨਾ ਪਾਇੰਦਾ । ਹਰਿ ਕਾ ਭੇਵ ਹਰਿ ਅਵੱਲਾ, ਆਪਣਾ ਆਪ ਰਖਾਈਆ । ਵਸਿਆ ਨੇਹਚਲ ਧਾਮ ਅਟੱਲਾ, ਦਿਸ ਕਿਸੇ ਨਾ ਆਈਆ । ਸ਼ਬਦੀ ਜੋਤੀ ਆਪੇ ਰੱਲਾ, ਬ੍ਰਹਿਮੰਡ ਖੰਡ ਡੇਰਾ ਲਾਈਆ । ਸਚ ਸਿੰਘਾਸਣ ਸਾਚਾ ਮੱਲਾ, ਜਲ ਥਲ ਰਿਹਾ ਸਮਾਈਆ । ਖੇਲੇ ਖੇਲ ਇਕ ਅਕੱਲਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਆਪੇ ਪੰਚ ਵਿਕਾਰਾ ਕਰੇ ਹੱਲਾ, ਆਪੇ ਸ਼ਬਦ ਖੰਡਾ ਚਮਕਾਈਆ । ਆਪੇ ਵਸੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਉਚੇ ਪਰਬਤ ਆਪੇ ਡੇਰਾ ਲਾਈਆ । ਆਪੇ ਹਰਿਜਨ ਹਰਿਭਗਤ ਗੁਰਮੁਖ ਸੰਤ ਦਵਾਰੇ ਖਲਾ, ਆਪ ਆਪਣਾ ਰੂਪ ਵਟਾਈਆ । ਵੇਸ ਵਟਾਇਆ

੬੭

ot

ਹਰਿ ਨਿਰੰਕਾਰ, ਏਕਾ ਗੁਰ ਦਰਸਾਇਆ । ਸਤਿਜੁਗ ਸਤਿ ਸਤਿ ਕਰ ਵਰਤਾਰ, ਅੰਤਮ ਲੇਖ ਚੁਕਾਇਆ । ਤ੍ਰੇਤਾ ਬੰਨੀ ਆਪਣੀ ਧਾਰ, ਤ੍ਰੈ ਤ੍ਰੈ ਮੇਲ ਮਿਲਾਇਆ । ਦੁਆਪਰ ਵੇਖੇ ਅਧਵਿਚਕਾਰ, ਪ੍ਰਭ ਆਪਣਾ ਖੇਲ ਖਿਲਾਇਆ । ਕਲਜੁਗ ਡਿਗਾ ਮੂੰਹ ਦੇ ਭਾਰ, ਜੂਠ ਝੂਠ ਰਿਹਾ ਕੁਰਲਾਇਆ । ਚਾਰੋਂ ਕੁੰਟ ਵੇਖ ਵਿਚਾਰ, ਚਾਰ ਯਾਰ ਸੰਗ ਮੁਹੰਮਦ ਨਾਲ ਰਲਾਇਆ । ਅੱਲਾ ਰਾਣੀ ਮਾਰੇ ਨਾਅਰ, ਹੂ ਹੂ ਏਕਾ ਨਾਅਰਾ ਲਾਇਆ । ਨਾਨਕ ਸਤਿਗੁਰ ਕਰ ਪਿਆਰ, ਸਤਿਨਾਮ ਮੰਤਰ ਦ੍ਰਿੜਾਇਆ । ਚਾਰ ਵਰਨਾਂ ਸਾਂਝਾ ਯਾਰ, ਲੋਕਮਾਤ ਫੇਰਾ ਪਾਇਆ । ਗਰੀਬ ਨਿਮਾਣਿਆਂ ਪਾਵੇ ਸਾਰ, ਊਚਾਂ ਨੀਚਾਂ ਮੇਲ ਮਿਲਾਇਆ । ਇਕ ਵਖਾਏ ਧੁਰ ਦਰਬਾਰ, ਸਚਖੰਡ ਦਵਾਰਾ ਇਕ ਸੁਹਾਇਆ । ਰਾਓ ਰੰਕ ਕਰੇ ਖ਼ਬਰਦਾਰ, ਚਾਰੋਂ ਕੁੰਟ ਫੇਰਾ ਪਾਇਆ । ਹਿੰਦੂ ਮੁਸਲਮ ਸਿੱਖ ਈਸਾਈ ਏਕਾ ਧਾਰ, ਏਕਾ ਰੰਗ ਰੰਗਾਇਆ । ਆਪੇ ਲਿਖੇ ਬਣ ਲਿਖਾਰ, ਸੇਲੀ ਟੋਪੀ ਸੀਸ ਬੰਧਾਇਆ । ਨਾਉਂ ਗਾਏ ਨਿਰੰਕਾਰ ਨਿਰੰਕਾਰ, ਨਿਰਗੁਣ ਧਾਰ ਇਕ ਚਲਾਇਆ । ਸ੍ਰਿਸ਼ਟ ਸਬਾਈ ਕਰ ਉਜਿਆਰ, ਏਕਾ ਮਾਰਗ ਰਿਹਾ ਲਗਾਇਆ । ਏਕ ਜੋਤੀ ਦਸ ਅਵਤਾਰ, ਏਕਾ ਰੂਪ ਸਮਾਇਆ । ਗੋਬਿੰਦ ਮੰਗੇ ਬਣ ਭਿਖਾਰ, ਪ੍ਰਭ ਅਬਿਨਾਸ਼ੀ ਅੱਗੇ ਝੋਲੀ ਡਾਹਿਆ । ਕਲਜੁਗ ਉਤਰੇ ਕਵਣ ਕਿਨਾਰ, ਕਵਣ ਬੇੜਾ ਰਿਹਾ ਚਲਾਇਆ । ਪੁਰਖ ਅਕਾਲ ਜੋਤ ਆਪਣੀ ਧਾਰ, ਆਪ ਆਪਣਾ ਸ਼ਬਦ ਸੁਣਾਇਆ । ਮਰੇ ਨਾ ਜੰਮੇ ਆਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਇਆ । ਕਲਜੁਗ ਕੂੜਾ ਹੋਏ ਕੁੜਿਆਰ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਈ ਨਾਰੀ ਨਾ ਭਤਾਰ, ਵਿਭਚਾਰ ਸ੍ਰਿਸ਼ਟ ਸਬਾਇਆ । ਮਾਤਾ ਪੂਤ ਕਰੇ ਪਿਆਰ, ਆਪ ਆਪਣਾ ਕਰਮ ਗਵਾਇਆ । ਰਾਜ ਰਾਜਾਨਾ ਕਰੇ ਖ਼ਬਰਦਾਰ, ਸ਼ਾਹ ਸੁਲਤਾਨ ਨਾ ਕੋਈ

ਅਖਵਾਇਆ । ਮੰਦਰ ਮਸਜਿਦ ਹੋਏ ਖ਼ਵਾਰ, ਧੀਆਂ ਭੈਣਾਂ ਰਹੇ ਤਕਾਇਆ । ਜੂਠਾ ਝੂਠਾ ਵਣਜ ਵਾਪਾਰ, ਸਾਧਾਂ ਸੰਤਾਂ ਹੱਟ ਖੁਲ੍ਹਾਇਆ । ਏਕਾ ਭੁੱਲਿਆ ਏਕਾ ਏਕੰਕਾਰ, ਆਪਣਾ ਆਪੇ ਮਾਰਗ ਲਾਇਆ । ਪਾਵਣਹਾਰਾ ਸਾਚੀ ਸਾਰ, ਆਦਿ ਜੁਗਾਦਿ ਸਮਾਇਆ । ਅੰਤਮ ਪਰਗਟ ਹੋਏ ਵਿਚ ਸੰਸਾਰ, ਆਪ ਆਪਣਾ ਰੂਪ ਵਟਾਇਆ । ਮਾਤ ਪਿਤ ਨਾ ਕੋਈ ਪਿਆਰ, ਨਾ ਕੋਈ ਗੋਦ ਉਠਾਇਆ । ਨਾ ਕੋਈ ਦਾਈ ਦਾਇਆ ਦਿਸੇ ਦਵਾਰ, ਨਾ ਕੋਈ ਨੁਹਾਵਣ ਨਹਾਇਆ । ਨਾ ਕੋਈ ਥਿਤ ਨਾ ਕੋਈ ਵਾਰ, ਦਿਵਸ ਮਾਸ ਨਾ ਕੋਈ ਜਣਾਇਆ । ਨਿਤ ਨਵਿਤ ਸਾਚੀ ਕਾਰ, ਜੁਗ ਕਰਤਾ ਆਪ ਕਰਾਇਆ । ਧਰਨੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਭਗਤਾਂ ਸੰਤਾਂ ਆਤਮ ਰਹੀ ਪੁਕਾਰ, ਦਿਵਸ ਰੈਣ ਰਾਹ ਤਕਾਇਆ । ਮਨਮੁਖ ਜੀਵ ਕਰਨ ਹੰਕਾਰ, ਮਾਇਆ ਮਮਤਾ ਮੋਹ ਵਧਾਇਆ । ਕਾਮ ਕਰੋਧ ਕਰ ਪਿਆਰ, ਆਸਾ ਤ੍ਰਿਸਨਾ ਨਾਲ ਰਲਾਇਆ । ਭੇਖ ਪਖੰਡਾ ਚਾਰ ਦੀਵਾਰ, ਕਾਇਆ ਮੰਦਰ ਆਪ ਟਿਕਾਇਆ । ਮਨੂਆ ਠੱਗ ਚੋਰ ਯਾਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਪਾਵਣਹਾਰ ਸਾਚੀ ਸਾਰ, ਆਪ ਆਪਣਾ ਲੇਖ ਲਿਖਾਇਆ । ਹੱਥ ਸ਼ਬਦ ਖੰਡਾ ਦੋ ਧਾਰ, ਲੋਕਮਾਤ ਫੇਰੀ ਪਾਇਆ । ਸਾਚੇ ਅਸਵ ਹੋਏ ਅਸਵਾਰ, ਲੋਆਂ ਪੁਰੀਆਂ ਪਾਰ ਕਰਾਇਆ । ਨੀਲਾ ਨੀਲੀ ਧਾਰੋਂ ਕੱਢੇ ਬਾਹਰ, ਚੌਥਾ ਪੌੜਾ ਇਕ ਉਠਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ ਕਰ ਆਕਾਰ, ਉਚੇ ਟਿੱਲੇ ਪਰਬਤ ਵੇਖ ਵਖਾਇਆ । ਧੁਰ ਦਰਗਾਹੀ ਆਇਆ ਦੌੜ ਹਰਿ ਨਿਰੰਕਾਰ, ਆਪ ਆਪਣਾ ਤੇਜ ਦਏ ਵਧਾਇਆ । ਸ਼ਬਦ ਡੰਕਾ ਵਜਾਏ ਇਕ ਨਗਾਰ, ਲੱਖ ਚੁਰਾਸੀ ਦਏ ਉਠਾਇਆ । ਖੜਗ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਭਵਾਇਆ । ਜੇਰਜ ਅੰਡਾਂ ਲਏ ਉਭਾਰ, ਉਤਭੁਜ ਸੇਤਜ ਫੋਲ ਫੁਲਾਇਆ । ਕਲਜੁਗ ਤੇਰਾ ਵੇਖੇ ਪਾਰ ਕੰਢਾ, ਨਿਰਗੁਣ ਨਿਰਗੁਣ ਜੋਤ ਜਗਾਇਆ । ਮਨਮੁਖ ਜੀਵਾਂ ਵੱਢੇ ਕੰਡਾਂ, ਗੁਰਮੁਖ ਸਾਚੇ ਲਏ ਤਰਾਇਆ । ਸਤਿ ਰੰਗ ਨਿਸ਼ਾਨਾ ਝੁਲਾਏ ਨੌ ਖੰਡ ਰਖਾਏ ਏਕ ਡੰਡਾ, ਏਕਾ ਹੱਥ ਉਠਾਇਆ । ਤੋੜਨਹਾਰ ਮਾਨ ਅਭਿਮਾਨ ਘਮੰਡਾ, ਰਾਜ ਰਾਜਾਨ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਨਿਰੰਕਾਰ ਆਪਣਾ ਰੱਖ, ਨਿਹਕਲੰਕ ਵੱਡੀ ਵਡਿਆਈਆ । ਸ਼ਬਦੀ ਜੋਤ ਹੋ ਪਰਤੱਖ, ਨੂਰੋ ਨੂਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵੇਖੇ ਭਾਂਡੇ ਸੱਖ, ਪੰਜ ਤੱਤ ਘਰ ਘਰ ਫੇਰੀ ਪਾਈਆ । ਸੰਤ ਸੁਹੇਲੇ ਕਰੇ ਵੱਖ, ਜੋ ਜਨ ਰਸਨਾ ਰਹੇ ਗਾਈਆ । ਜਗਤ ਅੰਗਿਆਰੇ ਜਾਣ ਭਖ, ਮਨਮਤ ਕਰੇ ਪੜ੍ਹਾਈਆ । ਏਕਾ ਰਾਹ ਆਪੇ ਦੱਸ, ਝੂਠੇ ਧੰਦੇ ਸ੍ਰਿਸ਼ਟ ਲਗਾਈਆ । ਗੁਰਮੁਖ ਵਿਰਲੇ ਦੇਵੇ ਨਾਮ ਵੱਥ, ਆਤਮ ਅੰਤਰ ਝੋਲੀ ਭਰਾਈਆ । ਜਗਤ ਜਹਾਨਾ ਹੋਏ ਸੱਥ, ਧਰਤ ਮਾਤ ਸੱਥਰ ਰਹੀ ਵਿਛਾਈਆ । ਜਗਤ ਭੰਡਾਰਾ ਹੋਏ ਭੱਠ, ਸਾਚਾ ਨਾਮ ਨਾ ਕੋਈ ਵਰਤਾਈਆ । ਲਹਿਣਾ ਦੇਣਾ ਚੁੱਕੇ ਤੀਰਥ ਤਟ, ਅਠਸਠ ਮੁਖ ਛੁਪਾਈਆ । ਵੇਖਣਹਾਰਾ ਮੰਦਰ ਮਸਜਿਦ ਗੁਰੂ ਦਵਾਰ ਮੱਠ, ਸ਼ਿਵਦਵਾਲਾ ਫੋਲ ਫੋਲਾਈਆ । ਠੱਗਾਂ ਚੋਰਾਂ ਹੋਇਆ ਅਕੱਠ, ਸਾਧਾਂ ਸੰਤਾਂ ਪਏ ਲੜਾਈਆ । ਪਰਗਟ ਹੋਏ ਹਰਿ ਸਮਰਥ, ਗੁਰ ਗੋਬਿੰਦ ਵਡ ਵਡਿਆਈਆ । ਆਪ ਚਲਾਏ ਸਾਚਾ ਰਥ, ਚਾਰ ਵਰਨਾਂ ਲਏ ਚੜ੍ਹਾਈਆ । ਦੂਈ ਦਵੈਤੀ ਮੰਦਰ ਜਾਏ ਢੱਠ, ਹਉਮੇ ਗੜ੍ਹ ਰਹਿਣ ਨਾ ਪਾਈਆ । ਗੇੜਨਹਾਰਾ ਉਲਟੀ ਲੱਠ, ਆਪੇ ਰਿਹਾ ਭਵਾਈਆ । ਵੀਹ ਸਦ ਬਿਕ੍ਰਮੀ ਕਰੇ ਚੱਠ, ਵੀਹ ਸਦ ਬੀਸ ਵੱਜੇ ਵਧਾਈਆ । ਖੇਲੇ ਖੇਲ ਨੱਠ ਨੱਠ, ਨਟੂਆ ਸਾਂਗ ਵਰਤਾਈਆ । ਜਨ ਭਗਤਾਂ ਅੰਮ੍ਰਿਤ ਆਤਮ

ਪਿਆਏ ਘੁੱਟ, ਨਿਝਰ ਧਾਰ ਵਹਾਈਆ । ਚੌਦਾਂ ਲੋਕਾਂ ਖੋਲ੍ਹੇ ਹੱਟ, ਚੌਦਾਂ ਤਬਕਾਂ ਵੇਖ ਵਖਾਈਆ । ਸਚ ਨਗਾਰੇ ਵੱਜੇ ਸੱਟ, ਰਣਜੀਤ ਨਗਾਰਾ ਇਕ ਬਣਾਈਆ । ਗੁਰਮੁਖਾਂ ਗੁਰਸਿਖਾਂ ਹਰਿ ਸ਼ਬਦ ਵਖਾਏ ਸਾਚਾ ਪੱਟ, ਸਚ ਸੰਜੋਆ ਇਕ ਬਣਾਈਆ । ਤੀਰ ਕਮਾਨ ਬਣਾਏ ਸਾਚ ਭੱਥ, ਏਕਾ ਸ਼ਬਦ ਰਸਨਾ ਗਾਈਆ । ਜਗਤ ਵਿਕਾਰਾ ਪਾਏ ਨੱਥ, ਸ਼ਬਦ ਡੋਰੀ ਨਾਲ ਬੰਧਾਈਆ । ਸਾਚਾ ਮਾਰਗ ਆਪੇ ਦੱਸ, ਸਾਚੀ ਕਰੇ ਪੜ੍ਹਾਈਆ । ਵੇਖਣਹਾਰਾ ਰਵ ਸਸ, ਮੰਡਲ ਮੰਡਪ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖਾਂ ਦੇਵੇ ਨਾਮ ਵਰ, ਕਾਇਆ ਕੰਦਰ ਖੋਜ ਖੁਜਾਈਆ । ਕਾਇਆ ਕੰਦਰ ਡੂੰਘੀ ਗਾਰ, ਹਰਿ ਸਾਚਾ ਵੇਖ ਵਖਾਇੰਦਾ । ਸ਼ਬਦੀ ਗੁਰ ਹੋ ਤਿਆਰ, ਆਪਣਾ ਰਾਹ ਚਲਾਇੰਦਾ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਇੰਦਾ । ਨਾਨਕ ਸਤਿਗੁਰ ਕਰ ਪਿਆਰ, ਗੁਰ ਗੋਬਿੰਦ ਵੇਖ ਵਖਾਇੰਦਾ । ਗੁਰਮੁਖ ਮਿਲਿਆ ਮੀਤ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਾਂਤਕ ਸਤਿ ਵਰਤਾਇੰਦਾ । ਕੇਸ ਕੰਘਾ ਅਪਰ ਅਪਾਰ, ਸੀਸ ਜਗਦੀਸ ਹੰਢਾਇੰਦਾ । ਨਾਮ ਕੜਾ ਕਰ ਤਿਆਰ, ਹੱਥੀਂ ਕੰਗਨ ਬੰਨਾਇੰਦਾ । ਧੀਰਜ ਜਤ ਅਪਰ ਅਪਾਰ, ਸਤਿ ਸੰਤੋਖੀ ਕਛ ਰਖਾਇੰਦਾ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਗੁਰੂ ਗ੍ਰੰਥ ਗੁਰ ਹੋਇਆ ਖ਼ਬਰਦਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਪੰਚਮ ਮੀਤਾ ਪੰਚ ਅਧਾਰ, ਪੰਚਮ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਵਰ, ਏਕਾ ਆਪ ਦਵਾਇੰਦਾ । ਆਪੇ ਵਰ ਦਾਤਾ ਭੰਡਾਰੀ, ਆਪੇ ਭਿਛਿਆ ਪਾਇੰਦਾ । ਆਪੇ ਨਿਰਗੁਣ ਜੋਤ ਨਿਰੰਕਾਰੀ, ਆਪੇ ਸਰਗੁਣ ਮੇਲ ਮਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰੀ, ਆਪੇ ਦੇਵਤ ਸੁਰ ਸੇਵਾ ਲਾਇੰਦਾ । ਆਪੇ ਲੱਖ ਚੁਰਾਸੀ ਖੇਲ ਖਿਲਾਰੀ, ਆਪੇ ਮੇਟ ਮਿਟਾਇੰਦਾ । ਆਪੇ ਪਾਰਬ੍ਰਹਮ ਆਪੇ ਬ੍ਰਹਮ ਹੋਏ ਹੰਕਾਰੀ, ਆਪ ਆਪਣਾ ਸਗਨ ਮਨਾਇੰਦਾ । ਆਪੇ ਪੰਜ ਪੰਜੀ ਸੇਵਾਦਾਰੀ, ਦਸ ਪੰਜ ਆਪ ਰਖਾਇੰਦਾ । ਆਪੇ ਤ੍ਰੈਗੁਣ ਤੇਰਾ ਕਰਮ ਕਾਰੀ, ਰਜੋ ਤਮੋ ਸਤੋ ਆਪ ਹੋ ਜਾਇੰਦਾ । ਆਪੇ ਬਣੇ ਬ੍ਰਹਮ ਬ੍ਰਹਮਚਾਰੀ, ਆਪੇ ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਆਪੇ ਰਕਤ ਬੂੰਦ ਹੱਡ ਮਾਸ ਨਾੜੀ, ਆਪੇ ਤੱਤ ਸੁਹਾਇੰਦਾ । ਆਪੇ ਖੋਲ੍ਹੇ ਨੌਂ ਦਵਾਰੀ, ਆਪੇ ਦਸਵੇਂ ਡੇਰਾ ਲਾਇੰਦਾ । ਆਪੇ ਸਾਧ ਸੰਤ ਗੁਰ ਪੀਰ ਅਵਤਾਰੀ, ਜੁਗ ਜੁਗ ਨਾਉਂ ਰਖਾਇੰਦਾ । ਆਪੇ ਆਦਿ ਨਿਰੰਜਣ ਜੋਤ ਨਿਰੰਕਾਰੀ, ਕਰਤਾ ਪੁਰਖ ਆਪ ਅਖਵਾਇੰਦਾ । ਆਪੇ ਅਕਾਲ ਪੁਰਖ ਕਰੇ ਸੱਚੀ ਸਿਕਦਾਰੀ, ਸਾਚਾ ਤਖ਼ਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਆਪਣਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਭਗਵਾਨ, ਆਦਿ ਜੁਗਾਦਿ ਸਮਾਈਆ । ਧੁਰਦਰਗਾਹੀ ਦੇਵਣਹਾਰਾ ਧੁਰ ਫ਼ਰਮਾਣ, ਸ਼ਬਦ ਸੁਨੇਹੜਾ ਇਕ ਸੁਣਾਈਆ । ਗੁਰਮੁਖ ਵਿਰਲਾ ਪਾਵੇ ਮਾਨ, ਜਿਸ ਜਨ ਆਤਮ ਅੰਤਰ ਬੂਝ ਬੁਝਾਈਆ । ਧਰਮ ਵਖਾਏ ਸਚ ਨਿਸ਼ਾਨ, ਸਤਿਗੁਰ ਪੂਰਾ ਆਪ ਝੁਲਾਈਆ । ਪਾਰ ਵਖਾਏ ਜ਼ਿਮੀ ਅਸਮਾਨ, ਰਵ ਸਸ ਨਾ ਕੋਈ ਰੁਸ਼ਨਾਈਆ । ਉਚ ਮਹੱਲ ਅਟੱਲ ਮਕਾਨ, ਥਿਰ ਘਰ ਬੈਠਾ ਬੇਪਰਵਾਹੀਆ । ਲੋਕਮਾਤ ਆਵੇ ਜਾਵੇ ਵਾਲੀ ਦੋ ਜਹਾਨ, ਨਾਨਕ ਸਤਿਗੁਰ ਇਹ ਬੁਝਾਈਆ । ਗੁਰ ਗੋਬਿੰਦ ਮੇਲ ਮਿਲਾਨ, ਪੂਤ ਸਪੂਤਾ ਆਪ ਜਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਬੰਨੇ ਧਾਰ ਪੁਰਖ ਬਿਧਾਤਾ,

ਆਪ ਆਪਣੇ ਰੰਗ ਰਤੜਾ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਊਚ ਨੀਚ ਨਾ ਕੋਈ ਵਖੰਦੜਾ । ਨਾ ਕੋਈ ਦਿਵਸ ਨਾ ਕੋਈ ਰਾਤਾ, ਬਾਲ ਬਿਰਧ ਨਾ ਵਖੰਦੜਾ । ਨਾ ਕੋਈ ਪਿਤਾ ਨਾ ਕੋਈ ਮਾਤਾ, ਨਾ ਕੋਈ ਗੋਦ ਉਠੰਦੜਾ । ਆਪਣਾ ਬੰਨੇ ਆਪੇ ਨਾਤਾ, ਆਪੇ ਮੇਲ ਮਿਲੰਦੜਾ । ਆਪੇ ਨਾਰੀ ਆਪੇ ਕਮਲਾਪਾਤਾ, ਆਪ ਆਪਣੀ ਸੇਜ ਹਢੰਦੜਾ । ਆਪੇ ਬੈਠਾ ਰਹੇ ਇਕ ਇਕਾਂਤਾ, ਆਪੇ ਘਟ ਘਟ ਵੇਸ ਵਟੰਦੜਾ । ਆਪੇ ਜੁਗ ਜੁਗ ਰਥ ਰਥਵਾਈ ਚਲਾਏ ਰਾਥਾ, ਆਪ ਆਪਣੀ ਸੇਵ ਕਮੰਦੜਾ । ਆਪੇ ਆਪ ਹੋਏ ਤ੍ਰਿਲੋਕੀ ਨਾਥਾ, ਸਚਖੰਡ ਦਵਾਰਾ ਆਪ ਸੁਹੰਦੜਾ । ਆਪੇ ਨਾਨਕ ਗੋਬਿੰਦ ਵੇਖੇ ਮਾਥਾ, ਆਪੇ ਮਸਤਕ ਲਹਿਣਾ ਦੇਣ ਚੁਕੰਦੜਾ । ਆਪੇ ਪੁਰਖ ਅਗੰਮ ਸਰਬ ਕਲਾ ਸਮਰਾਥਾ, ਘਰ ਸਾਚੇ ਆਪ ਵਸੰਦੜਾ । ਆਪੇ ਗਲ ਲਗਾਏ ਗਰੀਬ ਨਿਮਾਣੇ ਅਨਾਥ ਅਨਾਥਾ, ਜੁਗ ਜੁਗ ਨਾਉਂ ਧਰੰਦੜਾ । ਆਪੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਗਾਥਾ, ਆਪ ਆਪਣਾ ਭੇਵ ਖੁਲ੍ਹੰਦੜਾ । ਆਪੇ ਪੂਜਾ ਆਪੇ ਪਾਠਾ, ਆਪੇ ਮੰਤਰ ਗਿਆਨ ਦ੍ਰਿੜਦੰੜਾ । ਆਪੇ ਤੀਰਥ ਆਪੇ ਤਾਟਾ, ਸਰ ਸਰੋਵਰ ਆਪ ਅਖਵੰਦੜਾ । ਆਪੇ ਕਰਨਹਾਰਾ ਪੂਰਾ ਘਾਟਾ, ਗੁਰਮੁਖ ਸਾਚੇ ਮੇਲ ਮਿਲੰਦੜਾ । ਆਪੇ ਹੋਏ ਆਨ ਬਾਟਾ, ਦਸ ਦਸ ਮਾਸ ਡੇਰਾ ਲਗੰਦੜਾ । ਆਪੇ ਦੋ ਜਹਾਨਾ ਕੱਟੇ ਵਾਟਾ, ਆਪੇ ਪਾਂਧੀ ਪੰਧ ਵਖੰਦੜਾ । ਆਪੇ ਨਾਨਕ ਜੋਤ ਘਰ ਘਰ ਜਗੇ ਲਿਲਾਟਾ, ਆਪੇ ਗੋਬਿੰਦ ਖੰਡਾ ਨਾਮ ਚਮਕੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਵੇਖੇ ਸਾਚਾ ਘਰ, ਨਾਨਕ ਚੁਕਾਏ ਜਗਤ ਡਰ, ਆਪ ਸੁਹਾਏ ਬੰਕ ਦਵਾਰਾ, ਸੰਬਲ ਨਗਰੀ ਜੋਤ ਅਕਗਰੀ ਸ਼ਬਦ ਸਮਗਰੀ ਇਕ ਰਖੰਦੜਾ ।





## ੨੯ ਪੋਹ ੨੦੧੫ ਬਿਕ੍ਰਮੀ ਚਰਨ ਸਿੰਘ ਦੇ ਘਰ ਪਿੰਡ ਕਲਾਰ

ਭਗਤਨ ਹਰਿ ਭਗਵਾਨ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਵੇਸ ਵਟਾਇਆ । ਕਲਜੁਗ ਅੰਤਮ ਮਾਰ ਧਿਆਨ, ਆਪ ਆਪਣੀ ਕਲ ਵਰਤਾਇਆ । ਜੋਧਾ ਸੂਰਬੀਰ ਬਲੀ ਬਲਵਾਨ, ਰੂਪ ਅਨੂਪ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਪੁਰਖ ਕਰਤਾਰਾ, ਪਾਰਬ੍ਰਹਮ ਅਖਵਾਇਆ । ਖੇਲੇ ਖੇਲ ਅਗੰਮ ਅਪਾਰਾ, ਲੇਖਾ ਲੇਖ ਨਾ ਕੋਈ ਜਣਾਇਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਇਆ । ਏਕਾ ਲਾਏ ਸਾਚਾ ਨਾਅਰਾ, ਸੋ ਪੁਰਖ ਨਿਰੰਜਣ ਗਾਇਆ । ਹੰ ਹੰਗਤਾ ਪਾਰ ਕਿਨਾਰਾ, ਹੰ ਬ੍ਰਹਮ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਖੇਲੇ ਖੇਲ ਅਪਰ ਅਪਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਆਦਿ ਜੁਗਾਦੀ ਅਛਲ ਅਛੇਦਾ, ਆਪੇ ਵਰਤੇ ਆਪਣੇ ਭਾਣਿਆ । ਪੜ੍ਹ ਪੜ੍ਹ ਥੱਕੇ ਵੇਦ ਕਤੇਬਾ, ਹਰਿ ਕਾ ਰੂਪ ਕਿਸੇ ਨਾ ਜਾਣਿਆ । ਗਾ ਗਾ ਥੱਕੇ ਰਸਨਾ ਜੇਹਵਾ, ਅੰਦਰ ਮੰਦਰ ਨਾ ਕਿਸੇ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਿਹਮਾਦਿ ਹਰਿਜਨ ਸਾਚੇ ਮੇਲ ਮਿਲਾਨਿਆ । ਹਰਿਜਨ ਸਾਚਾ ਮੇਲ ਮਿਲੰਨਾ, ਗੁਰ ਸਤਿਗੁਰ ਵਡ ਵਡਿਆਈਆ । ਇਕ ਚੜ੍ਹਾਏ ਸਾਚਾ ਚੰਨਾ, ਦਿਵਸ ਰੈਣ ਕਰੇ ਰੁਸ਼ਨਾਈਆ । ਰਾਗ ਸੁਣਾਏ ਅਨਹਦ ਕੰਨਾ, ਧੁਨ ਅਨਾਦੀ ਆਪ

ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਕਰਤਾਰਾ, ਆਪਣਾ ਆਪ ਉਪਜਾਇੰਦਾ । ਵੇਖੇ ਖੇਲ ਸਰਬ ਸੰਸਾਰਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਭਗਤਨ ਮੀਤਾ ਅੰਦਰ ਮੰਦਰ ਖੋਲ੍ਹ ਕਿਵਾੜਾ, ਡੂੰਘੀ ਕੰਦਰ ਆਸਣ ਲਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਜਲਾਂ ਥਲਾਂ ਫੋਲ ਫੋਲਾਇੰਦਾ । ਨੌ ਖੰਡ ਪ੍ਰਿਥਮੀ ਤੇਰਾ ਵੇਖੇ ਅੰਤ ਅਖਾੜਾ, ਆਪ ਆਪਣੀ ਕਲ ਵਰਤਾਇੰਦਾ । ਧੁਰ ਦਰਗਾਹੀ ਸਾਚਾ ਲਾੜਾ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਜੀਆਂ ਜੰਤਾਂ ਸਾਧਾਂ ਸੰਤਾਂ ਲੁੱਟੀ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖੇ ਘਰ, ਘਰ ਸੁਹੰਜਣਾ ਇਕ ਸੁਹਾਇੰਦਾ । ਘਰ ਸੁਹੰਜਣਾ ਆਤਮ ਬ੍ਰਹਮ, ਹਰਿ ਹਰਿ ਆਪ ਜਣਾਈਆ । ਆਪੇ ਜਾਣੇ ਆਪਣਾ ਕਰਮ, ਜੁਗ ਜੁਗ ਵੇਖ ਵਖਾਈਆ । ਆਪੇ ਵੇਖੇ ਸਾਚਾ ਧਰਮ, ਧਰਮ ਦਵਾਰਾ ਇਕ ਸੁਹਾਈਆ । ਨਾ ਕੋਈ ਗੋਤੀ ਨਾ ਕੋਈ ਵਰਨ, ਊਚ ਨੀਚ ਨਾ ਕੋਈ ਬਣਾਈਆ । ਪਾਰਬ੍ਰਹਮ ਤੇਰੀ ਸਾਚੀ ਸਰਨ, ਗੁਰਮੁਖ ਵਿਰਲੇ ਮਾਤ ਤਕਾਈਆ । ਆਪੇ ਖੋਲ੍ਹੇ ਹਰਨ ਫਰਨ, ਨੇਤਰ ਲੋਚਣ ਆਪ ਖੁਲ੍ਹਾਈਆ । ਕਲਜੁਗ ਜੀਵ ਮਾਇਆ ਤਰਨੀ ਝੂਠੀ ਤਰਨ, ਭਵ ਸਾਗਰ ਰਿਹਾ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਵੇਸ ਕਰ, ਹਰਿ ਸੰਤਨ ਲਏ ਤਰਾਈਆ । ਸੰਤਨ ਮੀਤਾ ਇਕ ਅਕੱਲਾ, ਏਕਾ ਏਕ ਏਕੰਕਾਰਿਆ । ਵਸਣਹਾਰਾ ਸਚ ਮਹੱਲਾ, ਥਿਰ ਘਰ ਮਹੱਲ ਅਟੱਲ ਉਚ ਮੁਨਾਰਿਆ । ਘਟ ਘਟ ਅੰਦਰ ਆਪੇ ਰਲਾ, ਜੋਤੀ ਨੂਰ ਡਗਮਗਾ ਰਿਹਾ । ਸ਼ਬਦ ਸੁਨੇਹੜਾ ਜੁਗ ਜੁਗ ਆਪਣਾ ਘਲਾ, ਆਪਣਾ ਮਾਰਗ ਲਾ ਰਿਹਾ । ਮੇਟਣਹਾਰਾ ਆਪੇ ਸੱਲਾ, ਆਪੇ ਸੰਤ ਭਗਤ ਜੋਗ ਜੁਗਤ ਜਗਤ ਆਪੇ ਵੇਖ ਵਖਾ ਰਿਹਾ । ਜਾਗਰਤ ਜੋਤ ਹਰਿਜਨ ਜਗਾ, ਆਤਮ ਬ੍ਰਹਮ ਜਣਾਈਆ । ਅੰਧ ਅੰਧੇਰ ਦਏ ਮਿਟਾ, ਸਤਿਗੁਰ ਪੂਰੇ ਹੱਥ ਵਡਿਆਈਆ । ਅੰਮ੍ਰਿਤ ਜਾਮ ਦਏ ਪਿਲਾ, ਨਿਝਰ ਰਸ ਚੁਆਈਆ । ਦੁਰਮਤ ਮੈਲ ਗਵਾ, ਸਰ ਸਰੋਵਰ ਇਕ ਨੁਹਾਈਆ । ਕਾਗੋਂ ਹੰਸ ਦਏ ਬਣਾ, ਜੋ ਜਨ ਆਏ ਸਰਨਾਈਆ । ਮਾਨਸ ਦੇਹੀ ਲੇਖੇ ਲਾ, ਲੱਖ ਚੁਰਾਸੀ ਫੰਦ ਕਟਾਈਆ । ਚਰਨ ਦਾਸੀ ਆਪ ਬਣਾ, ਸਿਰ ਆਪਣਾ ਹੱਥ ਟਿਕਾਈਆ । ਨਿਜ ਘਰ ਵਾਸੀ ਨਿਜ ਆਤਮ ਡੇਰਾ ਲਾ, ਪਰਮਾਨੰਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸ਼ਾਹੋ ਭੂਪ ਵਡ ਰਾਜ ਰਾਜਨ, ਆਪ ਸਵਾਰੇ ਜੁਗ ਜੁਗ ਕਾਜਨ, ਪਰਗਟੇ ਜੋਤ ਦੇਸ ਮਾਝਨ, ਕਲਜੁਗ ਤੇਰੀ ਰੁੱਤ ਸੁਹਾਈਆ । ਕਲਜੁਗ ਤੇਰੀ ਸਾਚੀ ਰੁੱਤ, ਹਰਿ ਸਾਚਾ ਆਪ ਸੁਹਾਇੰਦਾ । ਪਰਗਟ ਹੋਏ ਅਬਿਨਾਸ਼ੀ ਅਚੁਤ, ਏਕਾ ਮੰਗਲ ਗਾਇੰਦਾ । ਵਸਣਹਾਰਾ ਕਾਇਆ ਬੁੱਤ, ਦਿਸ ਕਿਸੇ ਨਾ ਆਇੰਦਾ । ਪੰਜ ਤੱਤ ਅੰਦਰ ਬੈਠਾ ਲੁਕ, ਨਿਰਗੁਣ ਧਾਰ ਚਲਾਇੰਦਾ । ਗੁਰਮੁਖ ਵਿਰਲਾ ਵੇਖੇ ਝੁਕ, ਜਿਸ ਜਨ ਹਉਮੇ ਗੜ੍ਹ ਤੁੜਾਇੰਦਾ । ਕਲਜੁਗ ਪੈਂਡਾ ਰਿਹਾ ਮੁਕ, ਨੇੜੇ ਰਾਹ ਰਖਾਇੰਦਾ । ਜੂਠਾ ਝੂਠਾ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਈ ਕਰਾਇੰਦਾ । ਚਾਰ ਕੁੰਟਾਂ ਦਹਿ ਦਿਸ਼ਾ ਲੱਖ ਚੁਰਾਸੀ ਪਈ ਲੁਟ, ਮਾਇਆ ਮਮਤਾ ਮੋਹ ਹਲਕਾਇੰਦਾ । ਦਰ ਦਵਾਰਿਉਂ ਬੈਠੇ ਰੁਠ, ਸਾਚਾ ਇਸ਼ਟ ਦੇਵ ਗੁਰੂ ਨਾ ਕੋਈ ਮਨਾਇੰਦਾ । ਖਾਲੀ ਦਿਸੇ ਭਾਂਡੇ ਠੂਠ, ਨਾਮ ਵਸਤ ਨਾ ਕੋਈ ਟਿਕਾਇੰਦਾ । ਜੰਗਲ ਜੂਹ ਉਜਾੜ ਪਹਾੜ, ਮੰਦਰ ਅੰਦਰ ਤਟ ਕਿਨਾਰ ਲੱਭਦੇ ਫਿਰਦੇ ਕੋਟੀ ਕੋਟ, ਹਰਿ ਸਾਚਾ ਦਿਸ ਨਾ ਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲਣਹਾਰਾ ਸਾਚੇ ਘਰ, ਗੁਰਮੁਖ ਸਾਜਨ ਲਏ ਵਰ, ਹਉਮੇ ਰੋਗ ਚੁਕਾਏ ਡਰ, ਆਪ ਆਪਣੇ ਦਰ ਬਹਾਇੰਦਾ । ਚਰਨ ਸਰਨ ਸਰਨ ਚਰਨ ਜਨ ਜਾਏ ਪੜ੍ਹ, ਜਾਗਰਤ ਜੋਤ ਇਕ ਜੋਤ ਜਗਾਇੰਦਾ । ਏਕੰਕਾਰਾ ਏਕਾ ਅੱਖਰ ਰਿਹਾ ਪੜ, ਸ੍ਰਿਸ਼ਟ ਸਬਾਈ ਵੱਖਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਰੰਗਾਇੰਦਾ ।

## ✪ ੨੯ ਪੋਹ ੨੦੧੫ ਬਿਕ੍ਰਮੀ ਮੱਸਾ ਸਿੰਘ ਦੇ ਘਰ ਬਲ ਪਿੰਡ ਗੁਰਦਾਸਪੁਰ ✪

ਹਰਿ ਪੁਰਖ ਸੁਲਤਾਨ, ਆਦਿ ਜੁਗਾਦਿਆ । ਹਰਿ ਪੁਰਖ ਮਿਹਰਵਾਨ, ਖੇਲੇ ਖੇਲ ਬ੍ਰਹਿਮਾਦਿਆ । ਹਰਿ ਦੇਵਣਹਾਰਾ ਹਰਿ ਹਰਿ ਦਾਨ, ਦਾਤਾ ਦਾਨੀ ਆਦਿ ਜੁਗਾਦਿਆ । ਹਰਿ ਵਸੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਵਜਾਏ ਆਪਣਾ ਨਾਦਿਆ । ਸ਼ਬਦ ਨਾਦਿ ਸਾਚੀ ਤੂਰ, ਹਰਿ ਹਰਿ ਆਪ ਵਜਾਇੰਦਾ । ਸਰਬ ਕਲਾ ਆਪੇ ਭਰਪੂਰ, ਏਕਾ ਏਕ ਅਖਵਾਇੰਦਾ । ਆਪੇ ਨੇੜੇ ਆਪੇ ਦੂਰ, ਹਰ ਘਟ ਆਪ ਸਮਾਇੰਦਾ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਏਕਾ ਰੂਪ ਵਟਾਇੰਦਾ । ਨਾਤਾ ਤੋੜੇ ਕੂੜੋ ਕੂੜ, ਜੁਗ ਜੁਗ ਖੇਲ ਖਿਲਾਇੰਦਾ । ਹਰਿ ਸੰਤਨ ਦੇਵੇ ਸਾਚੀ ਧੂੜ, ਸਤਿਗੁਰ ਨਾਉਂ ਉਪਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਇੰਦਾ । ਆਦਿ ਨਿਰੰਜਣ ਸਰਬ ਸੁੱਖ ਦਾਤਾ, ਏਕਾ ਏਕ ਅਖਵਾ ਰਿਹਾ । ਖੇਲੇ ਖੇਲ ਪੁਰਖ ਬਿਧਾਤਾ, ਲੋਕਮਾਤ ਲੈ ਅਵਤਾਰਿਆ । ਜਨ ਭਗਤਾਂ ਚਰਨ ਪ੍ਰੀਤੀ ਨਿਭੇ ਨਾਤਾ, ਮੇਲ ਮਿਲਾਏ ਵਿਚ ਸੰਸਾਰਿਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਕਾਇਆ ਕਰੇ ਠੰਡੀ ਠਾਰਿਆ । ਮਿਟੇ ਰੈਣ ਅੰਧੇਰੀ ਰਾਤਾ, ਨਿਰਗੁਣ ਜੋਤੀ ਇਕ ਜਗਾ ਰਿਹਾ । ਬੈਠਾ ਰਹੇ ਇਕ ਅਕਾਂਤਾ, ਏਕਾ ਦਰ ਸੁਹਾ ਰਿਹਾ । ਘਟ ਘਟ ਅੰਦਰ ਮਾਰੇ ਝਾਤਾ, ਆਪ ਆਪਣਾ ਮੁਖ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾ ਰਿਹਾ । ਆਦਿ ਜੁਗਾਦੀ ਹਰਿ ਹਰਿ ਮੀਤਾ, ਪੁਰਖ ਨਿਰੰਜਣ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਰੀਤਾ, ਆਪੇ ਮਾਰਗ ਲਾਇੰਦਾ । ਆਪੇ ਪਰਖਣਹਾਰਾ ਨੀਤਾ, ਲੱਖ ਚੁਰਾਸੀ ਵੇਖ ਵਖਾਇੰਦਾ । ਆਪੇ ਹਸਤ ਆਪੇ ਕੀਟਾ, ਆਪੇ ਖ਼ਾਕੀ ਖ਼ਾਕ ਸਮਾਇੰਦਾ । ਆਪੇ ਵਸਿਆ ਧਾਮ ਅਨਡੀਠਾ, ਨੇਹਚਲ ਧਾਮ ਇਕ ਸੁਹਾਇੰਦਾ । ਆਪ ਤਪਾਏ ਤ੍ਰੈਗੁਣ ਅੰਗੀਠਾ, ਪੰਜ ਤੱਤ ਆਪ ਜਲਾਇੰਦਾ । ਆਪੇ ਜਾਣੇ ਆਪਣਾ ਭਾਣਾ ਮੀਠਾ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਧਾਰ ਅਵੱਲੀ ਹਰਿ ਨਿਰੰਕਾਰ, ਆਦਿ ਜੁਗਾਦਿ ਚਲਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਏਕ ਅਨੇਕਾ ਵੇਸ ਵਟਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਧੁਨ ਅਨਾਦੀ ਨਾਅਰਾ ਲਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਸੁਨ ਸਮਾਧੀ ਕਰ ਉਜਿਆਰ, ਧੂੰਆਂਧਾਰ ਮਿਟਾਈਆ । ਰਵ ਸਸ ਸੇਵਾਦਾਰ, ਸੇਵਕ ਸੇਵ ਲਗਾਈਆ । ਬ੍ਰਹਮਾ ਵਿਸ਼ਨ ਖ਼ਬਰਦਾਰ, ਸ਼ਿਵ ਸ਼ੰਕਰ ਬੂਝ ਬੁਝਾਈਆ ।

ਕਰੋੜ ਤੇਤੀਸਾ ਦਰ ਭਿਖਾਰ, ਸੁਰਪਤ ਰਾਜਾ ਇੰਦ ਮੰਗ ਮੰਗਾਈਆ । ਲੋਆਂ ਪੁਰੀਆਂ ਦਏ ਸਹਾਰ, ਨਾਮ ਡੋਰੀ ਬੰਧਨ ਪਾਈਆ । ਗਗਨ ਪਤਾਲਾਂ ਖੇਲ ਅਪਾਰ, ਧਰਤ ਧਵਲ ਸੁਹਾਈਆ । ਅਕਾਸ਼ ਪਰਕਾਸ਼ ਵੇਖੇ ਚੰਦ ਸਤਾਰ, ਮੰਡਲ ਮੰਡਪ ਡੇਰਾ ਲਾਈਆ । ਲੱਖ ਚੁਰਾਸੀ ਕਰੇ ਆਪੇ ਦਾਸ, ਘਰ ਘਰ ਵਿਚ ਆਪ ਟਿਕਾਈਆ । ਆਪੇ ਪਵਣ ਆਪੇ ਸਵਾਸ, ਆਪੇ ਰਸਨ ਚਲਾਈਆ । ਆਪੇ ਕਰੇ ਬੰਦ ਖਲਾਸ, ਬੰਦੀਖਾਨੇ ਆਪੇ ਪਾਈਆ । ਆਦਿ ਪੁਰਖ ਇਕ ਅਬਿਨਾਸ਼, ਅਬਿਨਾਸ਼ੀ ਕਰਤਾ ਵਡ ਵਡਿਆਈਆ । ਜੁਗ ਜੁਗ ਵੇਖੇ ਖੇਲ ਤਮਾਸ਼, ਜੁਗ ਕਰਤਾ ਖੇਲ ਖਿਲਾਈਆ । ਆਪ ਉਪਜਾਏ ਆਪੇ ਕਰੇ ਨਾਸ, ਨਾ ਕੋਈ ਦੂਸਰ ਸੰਗ ਰਲਾਈਆ । ਗੁਣਵੰਤਾ ਸਰਬ ਗੁਣਤਾਸ, ਗੁਣ ਨਿਧਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਏਕੰਕਾਰਾ ਨਾਉਂ ਧਰਾਈਆ । ਏਕੰਕਾਰਾ ਹਰਿ ਭਗਵਾਨਾ, ਏਕਾ ਜੋਤ ਜਗਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਸ਼ਬਦ ਅਲਾਇੰਦਾ । ਏਕਾ ਸ਼ਾਹ ਭੂਪ ਸੁਲਤਾਨਾ, ਏਕਾ ਤਖ਼ਤ ਸੁਹਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਆਸਣ ਲਾਇੰਦਾ । ਏਕਾ ਸੂਰਬੀਰ ਨੌਜਵਾਨਾ, ਏਕਾ ਹੁਕਮ ਚਲਾਇੰਦਾ । ਏਕਾ ਖੇਲੇ ਖੇਲ ਦੋ ਜਹਾਨਾ, ਦਿਸ ਕਿਸੇ ਨਾ ਆਇੰਦਾ । ਏਕਾ ਰਸਨਾ ਚਿੱਲਾ ਤੀਰ ਕਮਾਨਾ, ਏਕਾ ਹੱਥ ਉਠਾਇੰਦਾ । ਏਕਾ ਲੱਖ ਚੁਰਾਸੀ ਬੰਨੇ ਗਾਨਾ, ਏਕਾ ਸਗਨ ਮਨਾਇੰਦਾ । ਏਕਾ ਜੇਰਜ ਅੰਡ ਭਵਾਨਾ, ਉਤਭੁਜ ਸੇਤਜ ਇਕ ਫਿਰਾਇੰਦਾ । ਏਕਾ ਵਰਨ ਬਰਨ ਬਨਾਣਾ, ਊਚ ਨੀਚ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਧਾਰ ਅਗੰਮੀ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਖੇਲੇ ਖੇਲ ਵਿਚ ਸੰਸਾਰ, ਜੁਗ ਜੁਗ ਵੇਸ ਵਟਾਈਆ । ਕਲਜੁਗ ਤੇਰਾ ਭੇਵ ਨਿਆਰ, ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਗਈ ਹਾਰ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਹਰਿ ਹਰਿ ਨੂਰ ਜੋਤ ਉਜਾਲਾ, ਹਰਿ ਹਰਿ ਆਪ ਕਰਾਇੰਦਾ । ਪਰਗਟ ਹੋਇਆ ਦੀਨ ਦਿਆਲਾ, ਦਇਆ ਨਿਧ ਆਪ ਅਖਵਾਇੰਦਾ । ਵਸਣਹਾਰਾ ਸੱਚੀ ਧਰਮਸਾਲਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਭਗਤਨ ਮੀਤਾ ਸਤਿ ਰਖਵਾਲਾ, ਨਿਤ ਨਵਿਤ ਵੇਸ ਵਟਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖਣਹਾਰਾ, ਏਕਾ ਏਕ ਅਵਤਾਰਿਆ । ਜੋਤੀ ਜਾਮਾ ਭੇਖ ਨਿਆਰਾ, ਦਿਸ ਕਿਸੇ ਨਾ ਆ ਰਿਹਾ । ਡੰਕ ਵਜਾਏ ਸ਼ਬਦ ਅਪਾਰਾ, ਸਚ ਨਗਾਰਾ, ਇਕ ਸੁਣਾ ਰਿਹਾ । ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰਾ, ਲੋਆਂ ਪੁਰੀਆਂ ਆਪ ਜਗਾ ਰਿਹਾ । ਨੌਂ ਖੰਡ ਪ੍ਰਿਥਮੀ ਦਏ ਹੁਲਾਰਾ, ਸੱਤਾਂ ਦੀਪਾਂ ਆਪ ਉਠਾ ਰਿਹਾ । ਸਾਧਾਂ ਸੰਤਾਂ ਕਰ ਪਿਆਰਾ, ਆਤਮ ਬ੍ਰਹਮ ਜਣਾ ਰਿਹਾ । ਮੇਟ ਮਿਟਾਏ ਧੁੰਧੂਕਾਰਾ, ਸਚ ਗਿਆਨ ਦ੍ਰਿੜ੍ਹਾ ਰਿਹਾ । ਦੀਪਕ ਜੋਤੀ ਕਰ ਉਜਿਆਰਾ, ਜੋਤ ਨਿਰੰਜਣ ਸੇਵਾ ਲਾ ਰਿਹਾ । ਅਨਹਦ ਸ਼ਬਦ ਸੁਣਾਏ ਸੱਚੀ ਧੁਨਕਾਰਾ, ਕਾਇਆ ਮੰਦਰ ਤਾਲ ਵਜਾ ਰਿਹਾ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰਾ, ਨਾਮ ਪਿਆਲਾ ਭਰ ਪਿਆ ਰਿਹਾ । ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰਾ, ਸ਼ਬਦ ਖੰਡਾ ਆਪ ਉਠਾ ਰਿਹਾ । ਖੋਲ੍ਹਣਹਾਰਾ ਬੰਦ ਕਿਵਾੜਾ, ਬਜਰ ਕਪਾਟੀ ਆਪ ਤੁੜਾ ਰਿਹਾ । ਆਤਮ ਸੇਜਾ ਕਰ ਪਿਆਰਾ, ਹਰਿਜਨ ਸਾਚੇ ਆਪ ਜਗਾ ਰਿਹਾ । ਸਾਚੀ

ਸੇਜਾ ਪੈਰ ਪਸਾਰਾ, ਨਿਰਗੁਣ ਨਿਰਗੁਣ ਡੇਰਾ ਲਾ ਰਿਹਾ । ਏਕਾ ਦਰ ਏਕਾ ਘਰ ਏਕਾ ਹਰਿ ਮਿਲੇ ਮੇਲ ਕੰਤ ਭਤਾਰਾ, ਘਰ ਸਾਚੇ ਮੰਗਲ ਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਆਪਣਾ ਨਾਉਂ ਧਰਾ ਲਿਆ । ਨਾਉਂ ਅਵੱਲਾ ਹਰਿ ਨਿਰੰਕਾਰ, ਆਦਿ ਜੁਗਾਦਿ ਰਖਾਇੰਦਾ । ਵਲ ਛਲ ਸਰਬ ਸੰਸਾਰ, ਵੇਦ ਕਤੇਬ ਨਾ ਕੋਈ ਲਿਖਾਇੰਦਾ । ਇਕ ਅਕੱਲਾ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਜਲਾਂ ਥਲਾਂ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੋਲਾਇੰਦਾ । ਸਚ ਮਹੱਲਾ ਕਰ ਤਿਆਰ, ਨਿਰਗੁਣ ਦੀਵਾ ਬੱਤੀ ਇਕ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕਾ ਹਰਿ ਸਮਰਥ, ਅਕਲ ਕਲਾ ਅਖਵਾਈਆ । ਸ਼ਬਦ ਜਣਾਈ ਮਹਿਮਾ ਅਕੱਥ, ਭੇਵ ਕੋਈ ਨਾ ਪਾਈਆ । ਆਪ ਚਲਾਏ ਆਪਣਾ ਰਥ, ਵਡ ਦਾਤਾ ਬੇਪਰਵਾਹੀਆ । ਜਗਤ ਵਿਕਾਰਾ ਪਾਏ ਨੱਥ, ਮਾਇਆ ਮਮਤਾ ਮੋਹ ਤਜਾਈਆ । ਦੇਵਣਹਾਰਾ ਸਾਚੀ ਵੱਥ, ਸਚ ਭੰਡਾਰਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਕਰੇ ਜਣਾਈਆ । ਸਾਚਾ ਨਾਮ ਸ਼ਬਦ ਭੰਡਾਰਾ, ਹਰਿ ਸਤਿਗੁਰ ਆਪ ਵਰਤਾਇੰਦਾ । ਚਾਰੇ ਕੁੰਟਾਂ ਪਾਵੇ ਸਾਰਾ, ਦਹਿ ਦਿਸ਼ਾ ਵੇਖ ਵਖਾਇੰਦਾ । ਲੱਖ ਚੁਰਾਸੀ ਦਏ ਅਧਾਰਾ, ਏਕਾ ਨਾਮ ਧਰਾਇੰਦਾ । ਸਾਚੇ ਕੰਡੇ ਤੋਲੇ ਤੋਲਣਹਾਰਾ, ਤੇਰਾਂ ਤੇਰੀ ਧਾਰ ਚਲਾਇੰਦਾ । ਗੁਰ ਨਾਨਕ ਬੋਲੇ ਬੋਲਣਹਾਰਾ, ਏਕਾ ਬੋਲਾ ਰਸਨ ਅਲਾਇੰਦਾ । ਕਾਇਆ ਚੋਲਾ ਨਾ ਕੋਈ ਪਿਆਰਾ, ਜੋਤੀ ਸ਼ਬਦੀ ਮੇਲ ਮਿਲਾਇੰਦਾ । ਸੋਹੰ ਢੋਲਾ ਬੋਲ ਜੈਕਾਰਾ, ਨਿਰਗੁਣ ਨਿਰਗੁਣ ਦਰਸ਼ਨ ਪਾਇੰਦਾ । ਆਪੇ ਬੈਠਾ ਸਚ ਦਵਾਰਾ, ਅਬਿਨਾਸ਼ੀ ਕਰਤਾ ਪੁਰਖ ਮਨਾਇੰਦਾ । ਦੇਵੇ ਦਰਸ ਅਗੰਮ ਅਪਾਰਾ, ਅਲਖ ਅਲਖਨਾ ਦਰਸ ਦਿਖਾਇੰਦਾ । ਮੇਲ ਮਿਲਾਏ ਮੀਤ ਮੁਰਾਰਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਬੈਠ ਸੱਚੀ ਸਰਕਾਰਾ, ਸਾਚਾ ਧਾਮ ਸੁਹਾਇੰਦਾ । ਨਾਨਕ ਸਤਿਗੁਰ ਕਰ ਪਿਆਰਾ, ਏਕਾ ਵਸਤ ਝੋਲੀ ਪਾਇੰਦਾ । ਨਾਮ ਸਤਿ ਭਰ ਭੰਡਾਰਾ, ਆਪਣੀ ਦਇਆ ਕਮਾਇੰਦਾ । ਚਾਰ ਵਰਨ ਬਣ ਵਰਤਾਰਾ, ਉਚਾਂ ਨੀਚਾਂ ਝੋਲੀ ਪਾਇੰਦਾ । ਚਾੜ੍ਹੇ ਰੰਗ ਅਪਰ ਅਪਾਰਾ, ਜੋ ਜਨ ਰਸਨਾ ਗਾਇੰਦਾ । ਕਲਜੁਗ ਵੇਖੇ ਕੂੜ ਪਸਾਰਾ, ਅੰਤਮ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਬਣ ਭਿਖਾਰਾ, ਦਰ ਅੱਗੇ ਸੀਸ ਝੁਕਾਇੰਦਾ । ਚੌਥੇ ਜੁਗ ਹੋਇਆ ਜ਼ਾਹਿਰਾ, ਚੌਦਾਂ ਚੌਦਾਂ ਵੇਖ ਵਖਾਇੰਦਾ । ਚੌਦਾਂ ਤਬਕਾਂ ਇਕ ਪਿਆਰਾ, ਏਕਾ ਆਸਣ ਲਾਇੰਦਾ । ਚੌਦਾਂ ਸਦ ਮੇਲ ਭਤਾਰਾ, ਸਾਚਾ ਰਾਹ ਤਕਾਇੰਦਾ । ਅੰਤਮ ਛੱਡਣਾ ਪਏ ਸੰਸਾਰਾ, ਥਿਰ ਕੋਈ ਰਹਿਣ ਨਾ ਪਾਇੰਦਾ । ਆਪੇ ਡਿਗਾ ਚਰਨ ਦਵਾਰਾ, ਰੋ ਰੋ ਨੀਰ ਵਹਾਇੰਦਾ । ਸਤਿਗੁਰ ਨਾਨਕ ਕਰ ਪਿਆਰਾ, ਆਪਣੀ ਗੋਦ ਉਠਾਇੰਦਾ । ਏਕਾ ਜੋਤੀ ਦਸ ਅਵਤਾਰਾ, ਤੇਰਾ ਮੂਲ ਚੁਕਾਇੰਦਾ । ਰਾਣੀ ਅੱਲਾ ਲਾਏ ਨਾਅਰਾ, ਹੂ ਹੂ ਵੇਖ ਵਖਾਇੰਦਾ । ਐਨਲਹੱਕ ਹੋ ਖੁਵਾਰਾ, ਹੱਕ ਹਕੀਕਤ ਧੱਕਾ ਲਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਸ਼ਰਅ ਸ਼ਰੀਅਤ ਆਪ ਜਣਾਇੰਦਾ । ਲਾਸ਼ਰੀਕ ਵੇਖ ਸੰਸਾਰਾ, ਸਾਚਾ ਖੇਲ ਖਿਲਾਇੰਦਾ । ਨਬੀ ਰਸੂਲਾਂ ਪਾਰ ਕਿਨਾਰਾ, ਕੁਤਬ ਗੌਂਸ ਨਾ ਕੋਈ ਸਦਾਇੰਦਾ । ਮੁੱਲਾਂ ਸ਼ੇਖ਼ ਕਰਨ ਹਾਹਾਕਾਰਾ, ਬਗਲ ਕੁਰਾਨ ਉਠਾਇੰਦਾ । ਤੀਸ ਬਤੀਸ ਨਾ ਕਰੇ ਪਿਆਰਾ, ਸਚ ਮੁਸੱਲਾ ਨਾ ਕੋਈ ਵਿਛਾਇੰਦਾ । ਰੋਜ਼ਾ ਬਾਂਗ ਹਾਹਾਕਾਰਾ, ਘਰ ਘਰ ਆਪ ਕਰਾਇੰਦਾ । ਉਮਤ ਉਮਤੀ ਹੋਏ ਖੁਵਾਰਾ,

ਨਾ ਕੋਈ ਧੀਰ ਧਰਾਇੰਦਾ । ਮੱਕਾ ਕਾਅਬਾ ਪਾਵੇ ਸਾਰਾ, ਦੋ ਦੋ ਆਬਾ ਵੇਖ ਵਖਾਇੰਦਾ । ਹੱਕ ਜਨਾਬਾ ਖੇਲ ਨਿਆਰਾ, ਆਪ ਆਪਣਾ ਖੇਲ ਖਿਲਾਇੰਦਾ । ਪੰਡਤ ਪਾਂਧੇ ਮਾਰੇ ਮਾਰਾ, ਜੂਠ ਝੂਠ ਰਹਿਣ ਨਾ ਪਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਹਰਿ ਕਾ ਭੇਵ ਖੁਲ੍ਹਾਇੰਦਾ । ਪਰਗਟ ਹੋਵੇ ਵਿਚ ਸੰਸਾਰਾ, ਪੂਤ ਸਪੂਤਾ ਨਾਉਂ ਰਖਾਇੰਦਾ । ਗੌੜ ਬ੍ਰਹਿਮਣ ਮੀਤ ਮੁਰਾਰਾ, ਉਚੇ ਟਿੱਲੇ ਨਾਅਰਾ ਲਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਏਕਾ ਜੋਤੀ ਡਗਮਗਾਇੰਦਾ । ਸਾਚੇ ਅਸਵ ਹੋ ਅਸਵਾਰਾ, ਸੋਲਾਂ ਕਲੀਆਂ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਸਚ ਸਿੰਘਾਸਣ ਡੇਰਾ ਲਾਇੰਦਾ । ਸਰਬ ਗੁਣ ਤਾਸ ਮੀਤ ਮੁਰਾਰਾ, ਆਦਿ ਪੁਰਖ ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਜੁਗ ਜੁਗ ਜਾਣੇ ਆਪਣੀ ਕਾਰਾ, ਆਪਣਾ ਕਰਮ ਕਮਾਇੰਦਾ । ਵੇਦ ਕਤੇਬ ਨਾ ਪਾਵਣ ਸਾਰਾ, ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ । ਕੋਟਨ ਕੋਟ ਮੰਗਣ ਦਰ ਦਵਾਰਾ, ਹਰਿ ਸਾਚਾ ਭਿਛਿਆ ਪਾਇੰਦਾ । ਆਪੇ ਸਤਿਗੁਰ ਗੁਰ ਅਵਤਾਰਾ, ਪਾਰਬ੍ਰਹਮ ਨਾ ਕੋਈ ਅਖਵਾਇੰਦਾ । ਆਪੇ ਨਰ ਨਰਾਇਣ ਹੋ ਉਜਿਆਰਾ, ਆਪ ਆਪਣੀ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਆਪ ਜਗਾ, ਆਪਣੀ ਦਇਆ ਕਮਾਈਆ । ਪੰਜ ਤੱਤ ਸਾਚਾ ਮੇਲ ਮਿਲਾ, ਨਾਨਕ ਨਿਰਗੁਣ ਵਿਚ ਸਮਾਈਆ । ਏਕਾ ਵਸਿਆ ਸਾਚੇ ਥਾਂ, ਥਾਨ ਥਨੰਤਰ ਡੇਰਾ ਲਾਈਆ । ਸ਼ਬਦ ਅਨਾਦੀ ਏਕਾ ਗਾ, ਇਕ ਸਤਾਰ ਹਿਲਾਈਆ । ਬੋਧ ਅਗਾਧੀ ਭੇਵ ਖੁਲ੍ਹਾ, ਲੱਖ ਚੁਰਾਸੀ ਰਿਹਾ ਸਮਝਾਈਆ । ਮੋਹਣ ਮਾਧਵ ਮਾਧੀ ਮੇਲ ਮਿਲਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖ ਵਖਾਈਆ । ਵੇਖਣਹਾਰਾ ਨਿਰਗੁਣ ਧਾਰ, ਏਕਾ ਪੁਰਖ ਅਕਾਲ । ਸਾਚੇ ਸੰਤਾਂ ਕਰੇ ਪਿਆਰ, ਦੀਨਾਂ ਬੰਧਪ ਦੀਨ ਦਿਆਲ । ਏਕਾ ਬਖ਼ਸ਼ੇ ਅੰਮ੍ਰਿਤ ਧਾਰ, ਨੇੜ ਨਾ ਆਏ ਕਾਲ ਮਹਾਂਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੋੜਨਹਾਰਾ ਜਗਤ ਜੰਜਾਲ । ਕਲਜੁਗ ਤੇਰਾ ਜਗਤ ਜੰਜਾਲਾ, ਤ੍ਰੈਗੁਣ ਬੰਧਨ ਪਾਇਆ । ਸ੍ਰਿਸ਼ਟ ਸਬਾਈ ਹੋਏ ਬੇਹਾਲਾ, ਪੰਜ ਤੱਤ ਵਿਕਾਰਾ ਛਾਇਆ । ਨਾ ਕੋਈ ਸ਼ਾਹ ਨਾ ਕੰਗਾਲਾ, ਧਰਮ ਹੱਟ ਨਾ ਕੋਈ ਖੁਲ੍ਹਾਇਆ । ਨਾ ਕੋਈ ਜੋਤੀ ਅਗਨੀ ਸ਼ਕਤ ਜਵਾਲਾ, ਨਾ ਕੋਈ ਰੂਪ ਵਟਾਇਆ । ਨਾ ਕੋਈ ਮੇਲ ਮਿਲਾਏ ਹਰਿ ਗੋਪਾਲਾ, ਹਰਿ ਹਰਿ ਦਰਸ਼ਨ ਕਿਸੇ ਨਾ ਪਾਇਆ । ਗਲ ਅਠੋਤਰੀ ਏਕਾ ਮਾਲਾ, ਅਠ ਤੱਤ ਨਾ ਕੋਈ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਤੇਰਾ ਵੇਖਣ ਆਇਆ । ਕਲਜੁਗ ਤੇਰਾ ਕੂੜ ਪਸਾਰਾ, ਚਾਰ ਕੁੰਟ ਦੁਹਾਈਆ । ਭਰਮੇ ਭੁੱਲਾ ਸਰਬ ਸੰਸਾਰਾ, ਭਰਮ ਗੜ੍ਹ ਨਾ ਕੋਈ ਤੁੜਾਈਆ । ਹਰਿ ਕਾ ਸ਼ਬਦ ਨਾ ਕਿਸੇ ਵਿਚਾਰਾ, ਫੋਕਟ ਸਭ ਪੜ੍ਹਾਈਆ । ਧੁਨੀ ਨਾਦ ਨਾ ਸੁਣੇ ਅਨਹਦ ਧਾਰਾ, ਢੋਲਕ ਛੈਣੇ ਰਹੇ ਵਜਾਈਆ । ਅੰਮ੍ਰਿਤ ਮਿਲਿਆ ਨਾ ਠੰਡੀ ਠਾਰਾ, ਸਰ ਸਰੋਵਰ ਰਿਹਾ ਨੁਹਾਈਆ । ਦੁਰਮਤ ਮੈਲ ਨਾ ਕੋਈ ਉਤਾਰਾ, ਮਨਮਤ ਹੋਈ ਹਲਕਾਈਆ । ਨੇਤਰ ਲੋਚਣ ਨੈਣ ਦਰਸ ਨਾ ਪਾਇਆ ਪੁਰਖ ਕਰਤਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਈਆ । ਆਪਣਾ ਰੰਗ ਆਪੇ ਰੰਗ, ਆਪੇ ਵੇਖ ਵਖਾਇਆ । ਗੁਰਮੁਖਾਂ ਹੋਏ ਸਦਾ ਸੰਗ, ਸਗਲਾ ਸੰਗ ਨਿਭਾਇੰਦਾ । ਦੋ ਜਹਾਨਾਂ ਚੁੱਕੇ ਪੰਧ, ਸਾਚੇ

੧੦੫
੦੮

ਦਰ ਬਹਾਇੰਦਾ । ਮੀਤਨ ਮੀਤ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਦਇਆ ਕਮਾਇੰਦਾ । ਲੇਖੇ ਲਾਏ ਰਸਨਾ ਜਿਹਵਾ ਬੱਤੀ ਦੰਦ, ਜੋ ਜਨ ਹਰਿ ਹਰਿ ਰਸਨ ਧਿਆਇੰਦਾ । ਜਗਤ ਤਜਾਏ ਮਦਿਰਾ ਮਾਸ ਗੰਦ, ਘਰ ਸਾਚਾ ਸੋਭਾ ਪਾਇੰਦਾ । ਆਪ ਉਪਜਾਏ ਪਰਮਾਨੰਦ, ਨਿਜਾਨੰਦ ਸਮਾਇੰਦਾ । ਸਤਿਗੁਰ ਸਾਚਾ ਪ੍ਰਕਾਸ਼ ਕਰੇ ਏਕਾ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਪੰਜ ਤੱਤ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤੀ ਨੂਰੋ ਨੂਰ ਦਿਵਸ ਰੈਣ ਡਗਮਗਾਇਆ । ਜੋਤੀ ਸ਼ਬਦ ਕਰ ਉਜਾਗਰ, ਹਰਿ ਹਰਿ ਕਰਮ ਕਮਾਇਆ । ਗੁਰਮੁਖ ਵਿਰਲੇ ਬਣੇ ਸੌਦਾਗਰ, ਮਨਮੁਖ ਜੀਵਾਂ ਦਿਸ ਨਾ ਆਇਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣਾ ਮੇਲ ਮਿਲਾਇਆ । ਦੇਵੇ ਨਾਮ ਰੱਤੀ ਰਤਨਾਗਰ, ਕਾਇਆ ਚੋਲੀ ਰੰਗ ਚੜ੍ਹਾਇਆ । ਕਰੇ ਪਰਕਾਸ਼ ਕਾਇਆ ਗਾਗਰ, ਮਹੱਲ ਅਟੱਲ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਉਠਾਇਆ । ਗੁਰਮੁਖ ਸਾਚੇ ਹਰਿ ਹਰਿ ਮੇਲਾ, ਗੁਰ ਸਤਿਗੁਰ ਆਪ ਕਰਾਇਆ । ਆਪੇ ਗੁਰ ਆਪੇ ਚੇਲਾ, ਸਾਚੇ ਧਾਮ ਆਪ ਸੁਹਾਇਆ । ਅਚਰਜ ਖੇਲ ਪਾਰਬ੍ਰਹਮ ਖੇਲਾ, ਭੇਵ ਕੋਈ ਨਾ ਪਾਇਆ । ਦੋ ਜਹਾਨਾਂ ਸੱਜਣ ਸੁਹੇਲਾ, ਲੋਕਮਾਤ ਵੇਖ ਵਖਾਇਆ । ਕੱਟਣਹਾਰਾ ਲੱਖ ਚੁਰਾਸੀ ਧਰਮ ਰਾਏ ਦੀ ਜੇਲਾ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇਆ । ਗੁਰਮੁਖ ਸਾਜਣ ਸਚ ਦਵਾਰ, ਏਕਾ ਮੰਗਲ ਗਾਈਆ । ਮਨਮੁਖ ਜੀਵ ਦੁਸ਼ਟ ਦੁਰਾਚਾਰ, ਜਿਹਵਾ ਕਾਗ ਵਾਂਗ ਕੁਰਲਾਈਆ । ਹਰਿਜਨ ਮੇਲਾ ਇਕ ਕਰਤਾਰ, ਏਕਾ ਵੇਖ ਵਖਾਈਆ । ਮਨਮੁਖ ਭੁੱਲੇ ਜੀਵ ਗਵਾਰ, ਹਉਮੇ ਹੰਗਤਾ ਰੋਗ ਸਤਾਈਆ । ਗੁਰਮੁਖ ਸਾਜਣ ਕਰ ਉਜਿਆਰ, ਜੁਗ ਜੁਗ ਦੇਵੇ ਮਾਣ ਵਡਿਆਈਆ । ਮਨਮੁਖ ਜੀਵਾਂ ਦੇਵੇ ਮਾਰ, ਰਾਏ ਧਰਮ ਦਏ ਸਜਾਈਆ । ਗੁਰਮੁਖ ਸਾਜਣ ਕਰਿਆ ਖ਼ਬਰਦਾਰ, ਸਵੱਛ ਸਰੂਪੀ ਦਰਸ ਦਿਖਾਈਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਗੁਰਮੁਖਾਂ ਮੇਲਾ ਸਚ ਦਰਬਾਰ, ਸੱਚਖੰਡ ਦਵਾਰਾ ਇਕ ਵਖਾਈਆ । ਮਨਮੁਖਾਂ ਧੱਕਾ ਦੇਵੇ ਮਾਰ, ਸ਼ੌਹ ਦਰਯਾਏ ਆਪ ਡੁਬਾਈਆ । ਨਿਰਗੁਣ ਸਰਗੁਣ ਕਰ ਪਿਆਰ, ਸਾਚਾ ਚਲਤ ਚਲਾਈਆ । ਨਾਨਕ ਗੋਬਿੰਦ ਬਣ ਲਿਖਾਰ, ਲੇਖਾ ਗਏ ਲਿਖਾਈਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸੰਬਲ ਨਗਰੀ ਡੇਰਾ ਲਾਈਆ । ਹਰਿ ਮੰਦਰ ਜੋਤੀ ਕਰ ਉਜਿਆਰ, ਅੰਦਰੇ ਅੰਦਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਉਭਾਰ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਚਾਰ ਵਰਨਾਂ ਸਾਂਝਾ ਯਾਰ, ਏਕੰਕਾਰਾ ਰੂਪ ਵਟਾਈਆ । ਬੇਐਬ ਖ਼ੁਦਾ ਪਰਵਰਦਿਗਾਰ, ਨੂਰੋ ਨੂਰ ਨੂਰ ਉਪਜਾਈਆ । ਰਾਮ ਰੂਪ ਆਪ ਕਰਤਾਰ, ਕਾਹਨਾ ਕ੍ਰਿਸ਼ਨਾ ਆਪ ਅਖਵਾਈਆ । ਈਸਾ ਮੂਸਾ ਏਕਾ ਧਾਰ, ਏਕਾ ਅੰਕ ਜਣਾਈਆ । ਵੇਖਣਹਾਰਾ ਸੰਗ ਮੁਹੰਮਦ ਚਾਰ ਯਾਰ, ਸਾਚੀ ਯਾਰੀ ਪੂਰ ਕਰਾਈਆ । ਰਾਣੀ ਅੱਲਾ ਲਾਏ ਨਾਅਰ, ਮਹਿਬਾਨ ਬੀਦੋ ਨਾਮ ਖ਼ੁਦਾਈਆ । ਨਾਨਕ ਨਿਰਗੁਣ ਸ਼ਬਦ ਜੈਕਾਰ, ਇਕ ਸਤਾਰ ਹਿਲਾਈਆ । ਗੋਬਿੰਦ ਖੰਡਾ ਕਰ ਤਿਆਰ, ਲੋਕਮਾਤ ਗਿਆ ਚਮਕਾਈਆ । ਕਲਜੁਗ ਵੰਡਾ ਪਾਏ ਹਰਿ ਗਿਰਧਾਰ, ਚਾਰੇ ਕੁੰਟ ਫੇਰੀ ਪਾਈਆ । ਭੇਖ ਪਖੰਡਾ ਬਣੇ ਭਿਖਾਰ, ਘਰ ਘਰ ਅਲਖ ਜਗਾਈਆ । ਕਲਜੁਗ ਅੰਤਮ ਕੰਢਾ ਵੇਖ ਕਿਨਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਬ੍ਰਹਿਮੰਡਾਂ ਪਾਵਣਹਾਰਾ

੧੦੬
੦੮

ਸਾਰ, ਲੋਕਮਾਤ ਆਏ ਕਰ ਕਰ ਧਾਈਆ । ਜੇਰਜ ਅੰਡਾਂ ਵਸਿਆ ਬਾਹਰ, ਉਤਭੁਜ ਸੇਤਜ ਭੇਵ ਨਾ ਰਾਈਆ । ਅੰਦਰ ਮੰਦਰ ਗੁਪਤ ਜ਼ਾਹਰ, ਹਾਜ਼ਰ ਹਜ਼ੂਰ ਆਪ ਹੋ ਜਾਈਆ । ਸ਼ਬਦ ਅਨਾਦੀ ਏਕਾ ਕਾਰ, ਧੁਨ ਅਨਾਦਿ ਰਖਾਈਆ । ਬੋਧ ਅਗਾਧੀ ਤੇਰੀ ਧਾਰ, ਅਰਜਨ ਬੂਝ ਬੁਝਾਈਆ । ਗੁਰ ਕਾ ਰੂਪ ਸ਼ਬਦ ਅਪਾਰ, ਗੁਰੂ ਗ੍ਰੰਥ ਸਮਝਾਈਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਘਰ ਸਾਚੇ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੂਪ ਆਪ ਵਟਾਈਆ । ਰੂਪ ਵਟਾਇਆ ਪੁਰਖ ਅਬਿਨਾਸ਼ੀ, ਆਪਣੀ ਕਲ ਵਰਤਾਇੰਦਾ । ਖੇਲੇ ਖੇਲ ਘਨਕਪੁਰ ਵਾਸੀ, ਭੇਵ ਕੋਈ ਨਾ ਪਾਇੰਦਾ । ਪੰਜ ਤੱਤ ਕਰ ਉਦਾਸੀ, ਸ਼ਬਦ ਉਡਾਰੀ ਇਕ ਲਗਾਇੰਦਾ । ਸਚਖੰਡ ਸਾਚੇ ਕਰ ਨਿਵਾਸੀ, ਆਪ ਆਪਣਾ ਰਾਹ ਤਕਾਇੰਦਾ । ਆਪੇ ਪਾਰ ਪ੍ਰਿਥਮੀ ਅਕਾਸ਼ੀ, ਗਗਨ ਪਤਾਲਾ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਪਾਰਬ੍ਰਹਮ ਬੇਅੰਤਿਆ । ਕਲਜੁਗ ਅੰਤਮ ਲਏ ਅਵਤਾਰਾ, ਖੇਲੇ ਖੇਲ ਸ੍ਰੀ ਭਗਵੰਤਿਆ । ਨਾਮ ਡੰਕਾ ਇਕ ਨਗਾਰਾ, ਲੋਆਂ ਪੁਰੀਆਂ ਆਪ ਸੁਣੰਤਿਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹੰਤਿਆ । ਵਿਸ਼ਨੂੰ ਢਹਿ ਢਹਿ ਪਏ ਦਵਾਰਾ, ਪ੍ਰਭ ਸਾਚਾ ਖੇਲ ਖਿਲੰਤਿਆ । ਸ਼ਿਵ ਸ਼ੰਕਰ ਮੰਗੇ ਬਣ ਭਿਖਾਰਾ, ਬਾਸ਼ਕ ਤਸ਼ਕਾ ਗਲੋਂ ਲਹੰਤਿਆ । ਕਰੋੜ ਤੇਤੀਸਾ ਮੰਗੇ ਮੰਗ ਦਵਾਰਾ, ਰਾਜਾ ਇੰਦ ਵੇਸ ਵਟੰਤਿਆ । ਗਣ ਗੰਧਰਬ ਹੋਏ ਖਵਾਰਾ, ਸਾਚਾ ਰਾਗ ਨਾ ਕੋਈ ਸੁਣੰਤਿਆ । ਨਾ ਕੋਈ ਅਪੱਛਰਾਂ ਗਾਏ ਵਿਚ ਦਵਾਰਾ, ਨਾ ਕੋਈ ਧਾਮ ਸੁਹੰਤਿਆ । ਕਿੰਨਰ ਯਸ਼ਪ ਨਾ ਪਾਇਣ ਸਾਰਾ, ਅੰਤਮ ਮੁਖ ਛੁਪੰਤਿਆ । ਰਵ ਸਸ ਨਿਉਂ ਨਿਉਂ ਕਰਨ ਨਿਮਸਕਾਰਾ, ਦੋਏ ਜੋੜ ਸੀਸ ਝੁਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਤੇਜ਼ ਵਖੰਤਿਆ । ਜੋਤੀ ਤੇਜ਼ ਸ਼ਬਦ ਬਲਵਾਨ, ਹਰਿ ਸਾਚਾ ਆਪ ਉਠਾਈਆ । ਪਾਰਬ੍ਰਹਮ ਪ੍ਰਭ ਨੌਜਵਾਨ, ਜੋਧਾ ਸੂਰਬੀਰ ਆਪ ਅਖਵਾਈਆ । ਆਦਿ ਨਿਰੰਜਣ ਇਕ ਨਿਸ਼ਾਨ, ਏਕਾ ਇਸ਼ਟ ਵਖਾਈਆ । ਹਰੀ ਹਰਿ ਖੇਲ ਮਹਾਨ, ਖੇਲਣਹਾਰ ਭੇਵ ਨਾ ਰਾਈਆ । ਬੈਠਾ ਇਕ ਸਚ ਮਕਾਨ, ਥਿਰ ਘਰ ਬੰਕ ਸੁਹਾਈਆ । ਨਾ ਕੋਈ ਰੰਕ ਨਾ ਰਾਜਾਨ, ਸ਼ਾਹ ਸੁਲਤਾਨ ਬੇਪਰਵਾਹੀਆ । ਜੁਗ ਜੁਗ ਦੇਵਣਹਾਰਾ ਦਾਨ, ਜੁਗ ਜੁਗ ਝੋਲੀ ਰਿਹਾ ਭਰਾਈਆ । ਜੁਗ ਜੁਗ ਤੋੜੇ ਮਾਨ ਅਭਿਮਾਨ, ਦਇਆਵਾਨ ਜੁਗ ਜੁਗ ਅਖਵਾਈਆ । ਜੁਗ ਜੁਗ ਖੇਲੇ ਖੇਲ ਗੋਪੀ ਕਾਹਨ, ਜੁਗ ਜੁਗ ਮੰਡਲ ਮੰਡਪ ਰਾਸ ਰਚਾਈਆ । ਜੁਗ ਜੁਗ ਸੀਤਾ ਸੀਤਾ ਰਾਮ, ਸਾਚੇ ਘਰ ਵੱਜੇ ਵਧਾਈਆ । ਜੁਗ ਜੁਗ ਗੀਤਾ ਗਿਆਨ, ਜੁਗ ਜੁਗ ਬ੍ਰਹਮ ਬਣਾਈਆ । ਜੁਗ ਜੁਗ ਅੱਖਰ ਵੱਖਰ ਕਰ ਪਛਾਨ, ਜੁਗ ਜੁਗ ਨਿਸ਼ਅੱਖਰ ਆਪ ਸਮਾਈਆ । ਜੁਗ ਜੁਗ ਵੇਖੇ ਸੁੰਝ ਮਸਾਣ, ਜੁਗ ਜੁਗ ਲੱਖ ਚੁਰਾਸੀ ਆਪ ਉਪਾਈਆ । ਜੁਗ ਜੁਗ ਪਵਣ ਪਾਣੀ ਬੰਧ ਬੰਧਾਨ, ਜੁਗ ਜੁਗ ਧਰਨੀ ਧਵਲ ਆਪ ਟਿਕਾਈਆ । ਜੁਗ ਜੁਗ ਜਲ ਬਿੰਬ ਹੋ ਮਿਹਰਵਾਨ, ਆਪ ਆਪਣਾ ਬੰਧਨ ਪਾਈਆ । ਸ੍ਰਿਸ਼ਟ ਸਬਾਈ ਹਰਿ ਹਰਿ ਖੇਲਾ, ਹਰਿ ਹਰਿ ਖੇਲ ਖਿਲਾਇੰਦਾ । ਝੂਠਾ ਝੂਠਾ ਲੱਗਾ ਮੇਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਇੰਦਾ । ਤਾਲ ਵਜਾਏ ਗੁਰੂ ਗੁਰੂ ਚੇਲਾ, ਆਸਾ ਤ੍ਰਿਸਨਾ ਮੇਲ ਮਿਲਾਇੰਦਾ । ਕੂੜ ਕੁੜਿਆਰਾ ਹੋਇਆ ਵੇਲਾ, ਅੰਧ ਅੰਧੇਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ


੧੦੭
੦੮

ਆਪਣਾ ਰੰਗ ਰੰਗਾਇੰਦਾ । ਕਲਜੁਗ ਕੂੜਾ ਕੂੜੀ ਧਾਰ, ਚਾਰ ਕੁੰਟ ਹਲਕਾਈਆ । ਜੂਠ ਝੂਠ ਹੋਏ ਸਿਕਦਾਰ, ਸਚ ਸੁੱਚ ਨਾ ਕੋਈ ਵਡਿਆਈਆ । ਸ੍ਰਿਸ਼ਟ ਸਬਾਈ ਨਾਰ ਵਿਭਚਾਰ, ਹਰਿ ਕੰਤ ਨਾ ਕੋਈ ਹੰਢਾਈਆ । ਮਾਇਆ ਮਮਤਾ ਕਰ ਪਿਆਰ, ਹਉਮੇ ਤਨ ਜਲਾਈਆ । ਸ੍ਰਿਸ਼ਟ ਸਬਾਈ ਦੱਬੀ ਭਾਰ, ਦਿਵਸ ਰੈਣ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਅੱਗੇ ਬਣੇ ਭਿਖਾਰ, ਝੋਲੀ ਆਪਣੀ ਡਾਹੀਆ । ਨੇਤਰ ਰੋਵੇ ਜ਼ਾਰੋ ਜ਼ਾਰ, ਖੁਲ੍ਹੜੇ ਕੇਸ ਵਖਾਈਆ । ਗੋਬਿੰਦ ਤੇਰੀ ਤੇਜ਼ ਕਟਾਰ, ਦਰ ਦਸਵੇਂ ਹਉਂ ਛੁਪਾਈਆ । ਤੇਰਾ ਤੇਰੀ ਕਰੇ ਖੁਵਾਰ, ਨਾ ਦੀਸੇ ਕੋਈ ਸਹਾਈਆ । ਮਨ ਮਤ ਹੋਈ ਮੁਟਿਆਰ, ਆਪਣਾ ਜੋਬਨ ਰਹੀ ਹੰਢਾਈਆ । ਗੁਰਮਤ ਭੁੱਲੇ ਜੀਵ ਗਵਾਰ, ਗੁਰ ਨਾਨਕ ਗਿਆ ਸਮਝਾਈਆ । ਫਲੇ ਫੁਲੇ ਅੰਤਮ ਹੋਏ ਉਜਾੜ, ਪੱਤ ਡਾਲ੍ਹੀ ਰਹਿਣ ਨਾ ਪਾਈਆ । ਲੱਗੀ ਅੱਗ ਤੱਤੀ ਹਾੜ, ਸੀਤਲ ਧਾਰ ਨਾ ਕੋਈ ਵਹਾਈਆ । ਲੱਗੀ ਅੱਗ ਬਹੱਤਰ ਨਾੜ, ਦਿਵਸ ਰੈਣ ਰਹੀ ਤਪਾਈਆ । ਕਲਜੁਗ ਤੇਰਾ ਵੇਖ ਅਖਾੜ, ਚਾਰੋਂ ਕੁੰਟ ਪਈ ਦੁਹਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਲੋਕਮਾਤ ਵੱਜੀ ਵਧਾਈਆ । ਸਾਧਾਂ ਸੰਤਾਂ ਕਰੇ ਪਿਆਰ, ਜੋ ਅੰਦਰ ਮੰਦਰ ਅੰਤਰ ਬੈਠੇ ਲਿਵ ਲਾਈਆ । ਮਨਮੁਖ ਜੀਵਾਂ ਕਰੇ ਖੁਵਾਰ, ਚਾਰੋਂ ਕੁੰਟ ਭਵਾਈਆ । ਵੇਖਣਹਾਰਾ ਨਾਰੀ ਨਾਰ, ਬਿਰਧ ਬਾਲ ਜਵਾਨਾ ਫੇਰੀ ਪਾਈਆ । ਸੁੱਤਾ ਰਹੇ ਨਾ ਕੋਈ ਜੀਵ ਗਵਾਰ, ਵੇਖਣਹਾਰਾ ਹਰਿ ਰਘੁਰਾਈਆ । ਲੇਖਾ ਮੰਗੇ ਦਰ ਦਵਾਰ, ਧਰਮ ਰਾਏ ਸੇਵ ਕਮਾਈਆ । ਚਿਤਰ ਗੁਪਤ ਲੇਖ ਲਿਖਾਰ, ਦਿਵਸ ਰੈਣ ਕਲਮ ਚਲਾਈਆ । ਲਾੜੀ ਮੌਤ ਕਰ ਸ਼ੰਗਾਰ, ਕਲਜੁਗ ਅੰਤਮ ਸਗਨ ਮਨਾਈਆ । ਹੱਥੀਂ ਮਹਿੰਦੀ ਕਜਲਾ ਧਾਰ, ਨੈਣ ਰਹੀ ਮਟਕਾਈਆ । ਦਹਿ ਦਿਸ਼ਾ ਉਠ ਉਠ ਵੇਖੇ ਕੰਤ ਭਤਾਰ, ਲੱਖ ਚੁਰਾਸੀ ਰਾਹ ਤਕਾਈਆ । ਸਾਚੀ ਸਖੀਆਂ ਕਰ ਤਿਆਰ, ਗੀਤ ਆਪਣਾ ਰਹੀ ਗਾਈਆ । ਮਨਮੁਖ ਜੀਵ ਦਿਸਨ ਕੁਵਾਰ, ਸਾਚੀ ਵੰਡ ਵੰਡਾਈਆ । ਦੋਹਾਂ ਮੇਲਾ ਧਰਮ ਦਵਾਰ, ਰਾਏ ਧਰਮ ਮੇਲ ਮਿਲਾਈਆ । ਝੂਠ ਜੂਠ ਪਾਣੀ ਉਤੋਂ ਦੇਵੇ ਵਾਰ, ਧਰਤ ਮਾਤ ਨਾ ਲਏ ਅੰਗੜਾਈਆ । ਅਠਾਰਾਂ ਕੁੰਡ ਸੇਜਾ ਸੁੱਤਾ ਬਣ ਕੰਤ ਭਤਾਰ, ਅਠਾਈ ਕੁੰਡਾਂ ਆਪ ਫਿਰਾਈਆ । ਛੈਲ ਛਬੀਲਾ ਮੁੰਡਾ ਜੀਵ ਗਵਾਰ, ਲੱਖ ਚੁਰਾਸੀ ਆਪ ਪਰਨਾਈਆ । ਲਾੜੀ ਮੌਤ ਕਰੇ ਪਿਆਰ, ਆਪਣੀਆਂ ਭੁਜਾਂ ਆਪ ਉਠਾਈਆ । ਪੁਰਖ ਅਬਿਨਾਸ਼ੀ ਵੇਖੇ ਖੇਲ ਖੇਲਣਹਾਰ, ਥਿਰ ਘਰ ਬੈਠਾ ਬੇਪਰਵਾਹੀਆ । ਗੁਰ ਗੁਰ ਚੇਲੇ ਪਾਵੇ ਸਾਰ, ਜੋ ਬੈਠੇ ਰਾਮ ਭੁਲਾਈਆ । ਸੰਤ ਸੁਹੇਲੇ ਸੁੱਤ ਦੁਲਾਰ, ਆਪ ਆਪਣੇ ਲਏ ਜਗਾਈਆ । ਏਕਾ ਦੇਵੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲਾ ਆਪੇ ਕਰ ਮੇਲ ਮਿਲਾਵਾ ਸਾਚੇ ਘਰ, ਘਰ ਸਾਚੇ ਵੱਜੇ ਵਧਾਈਆ । ਸਾਚਾ ਘਰ ਸਚਖੰਡ ਦਵਾਰਾ, ਹਰਿ ਹਰਿ ਆਪ ਸੁਹਾਇੰਦਾ । ਹਰਿਜਨ ਵਿਰਲਾ ਪਾਵੇ ਸਾਰਾ, ਜਿਸ ਜਨ ਬੂਝ ਬੁਝਾਇੰਦਾ । ਕੋਟਨ ਕੋਟੀ ਫਿਰਨ ਅਵਾਰਾ, ਸਾਚਾ ਰਾਹ ਨਾ ਕੋਈ ਚਲਾਇੰਦਾ । ਕੋਟਨ ਕੋਟੀ ਗੜ੍ਹ ਹੰਕਾਰਾ, ਮੰਡਲ ਮੰਡਪ ਵਖਾਇੰਦਾ । ਕੋਟਨ ਕੋਟੀ ਨਿਉਂ ਨਿਉਂ ਕਰਨ ਨਿਮਸਕਾਰਾ, ਕੋਟਨ ਕੋਟੀ ਰਸਨਾ ਜਿਹਵਾ ਗਾਇੰਦਾ । ਕੋਟਨ ਕੋਟੀ ਮਨ ਮਤ ਲੱਗਾ ਅਖਾੜਾ, ਦਿਵਸ ਰੈਣ ਨਚਾਇੰਦਾ । ਕੋਟਨ ਕੋਟੀ ਮੇਲਾ ਪੰਚਮ ਧਾੜਾ, ਕੋਟਨ ਕੋਟੀ ਮੁਖ ਸ਼ਰਮਾਇੰਦਾ । ਗੁਰਮੁਖ ਵਿਰਲਾ ਚੜ੍ਹਿਆ ਚੋਟੀ ਮਿਲਿਆ ਮੇਲ ਹਰਿ ਪੁਰਖ ਭਤਾਰਾ, ਸਾਚਾ ਲਾੜਾ ਆਪ ਅਖਵਾਇੰਦਾ । ਸਾਢੇ ਤਿੰਨ ਹੱਥ ਦਿਸੇ ਸਚ ਮੁਨਾਰਾ, ਜੋ ਜਨ ਦਰਸ਼ਨ ਪਾਇੰਦਾ । ਆਵਣ ਜਾਵਣ

ਪਾਰ ਕਿਨਾਰਾ, ਮਾਤ ਗਰਭ ਫੰਦ ਕਟਾਇੰਦਾ । ਲਹਿਣਾ ਦੇਣਾ ਚੁੱਕੇ ਨੌ ਦਵਾਰਾ, ਦਸਮ ਦਵਾਰੀ ਮੇਲ ਮਿਲਾਇੰਦਾ । ਨਿਰਗੁਣ ਦੀਵਾ ਕਰ ਉਜਿਆਰਾ, ਨਾਮ ਬਾਤੀ ਵਿਚ ਰਖਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਸਾਚਾ ਸਗਨ ਮਨਾਇੰਦਾ । ਖੋਲ੍ਹੇ ਤਾਕੀ ਬੰਦ ਕਿਵਾੜਾ, ਆਪਣਾ ਮੁਖ ਵਖਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਪੰਚਮ ਸ਼ਬਦ ਜਣਾਇੰਦਾ । ਗਾਵਣਹਾਰਾ ਵਾਰੋ ਵਾਰਾ, ਸਾਚਾ ਤਾਲ ਵਜਾਇੰਦਾ । ਅਨਹਦ ਸੇਵਕ ਸੇਵਾਦਾਰਾ, ਸਾਚੀ ਸੇਵ ਕਮਾਇੰਦਾ । ਢੋਲ ਮਰਦੰਗਾ ਇਕ ਨਗਾਰਾ, ਬਹੱਤਰ ਨਾੜ ਤਲਵਾੜ ਰਖਾਇੰਦਾ । ਸਾਚਾ ਮੰਦਰ ਗੁਰੂਦਵਾਰਾ, ਘਰ ਘਰ ਵਿਚ ਬਣਾਇੰਦਾ । ਨਾਨਕ ਮੇਲਾ ਸਚ ਚੁਬਾਰਾ, ਗੁਰ ਅੰਗਦ ਵੇਖ ਵਖਾਇੰਦਾ । ਗੁਰ ਅਮਰਦਾਸ ਅੰਮ੍ਰਿਤ ਪੀਵੇ ਠੰਡੀ ਠਾਰਾ, ਕਾਇਆ ਅੰਮ੍ਰਿਤ ਤਾਲ ਸੁਹਾਇੰਦਾ । ਰਾਮਦਾਸ ਭਰ ਭੰਡਾਰਾ, ਲੋਕਮਾਤ ਆਪ ਟਿਕਾਇੰਦਾ । ਸਰ ਸਰੋਵਰ ਕਰ ਤਿਆਰਾ, ਹਰਿ ਮੰਦਰ ਵਿਚ ਸਮਾਇੰਦਾ । ਗੁਰੂ ਅਰਜਨ ਗੁਰ ਗੁਰ ਬਣ ਲਿਖਾਰਾ, ਬੋਧ ਅਗਾਧ ਜਣਾਇੰਦਾ । ਸੰਤਾਂ ਭਗਤਾਂ ਇਕ ਦਵਾਰਾ, ਗੁਰ ਮਤ ਗੁਰ ਮੇਲ ਮਿਲਾਇੰਦਾ । ਆਪੇ ਸ਼ਬਦ ਖੰਡਾਂ ਤੇਜ਼ ਕਟਾਰਾ, ਪਾਰਬ੍ਰਹਮ ਵੇਸ ਵਟਾਇੰਦਾ । ਨਿਰਗੁਣ ਸਰਗੁਣ ਦੋਵੇ ਧਾਰਾਂ, ਭੇਵ ਕੋਈ ਨਾ ਪਾਇੰਦਾ । ਸਰਗੁਣ ਗੁਰ ਗੁਰ ਗੋਬਿੰਦ ਹਰਿ ਗੋਬਿੰਦ ਉਜਿਆਰਾ, ਹਰਿ ਸਾਚਾ ਮਾਣ ਰਖਾਇੰਦਾ । ਨਿਰਗੁਣ ਗੁਰ ਗੁਰੂ ਗ੍ਰੰਥ ਉਜਿਆਰਾ, ਸ਼ਬਦੀ ਸ਼ਬਦ ਟਿਕਾਇੰਦਾ । ਦੋਵੇ ਰੱਖੇ ਤਿਖੀਆਂ ਧਾਰਾ, ਮੀਰੀ ਅਮੀਰੀ ਫਕੀਰੀ ਆਪ ਹੰਢਾਇੰਦਾ । ਜੀਵ ਜੰਤ ਨਾ ਪਾਏ ਸਾਰਾ, ਦੇਹ ਜੋਤ ਰੰਗ ਰੰਗਾਇੰਦਾ । ਸ਼ਬਦ ਗੁਰ ਕਰ ਤਿਆਰਾ, ਗੁਰੂ ਗ੍ਰੰਥ ਬਣਾਇੰਦਾ । ਦੋਹਾਂ ਦੇਵੇ ਆਪ ਸਹਾਰਾ, ਪੁਰਖ ਅਕਾਲ ਨਾਉਂ ਰਖਾਇੰਦਾ । ਜੁਗ ਜੁਗ ਬਣੇ ਮਾਤ ਵਣਜਾਰਾ, ਜਨ ਭਗਤਾਂ ਵਣਜ ਕਰਾਇੰਦਾ । ਸਾਚਾ ਖੋਲ੍ਹੇ ਹੱਟ ਪਸਾਰਾ, ਏਕਾ ਹੱਟ ਵਖਾਇੰਦਾ । ਚਾਰ ਵਰਨਾਂ ਕਰੇ ਪਿਆਰਾ, ਸਾਚਾ ਨਾਮ ਦ੍ਰਿੜਾਇੰਦਾ । ਜੋ ਜਨ ਆਏ ਚਲ ਦਵਾਰਾ, ਖਾਲੀ ਕੋਈ ਨਾ ਜਾਇੰਦਾ । ਸੁਲੱਖਣੀ ਲੇਖਾ ਲਿਖਣਹਾਰ, ਆਪਣਾ ਹੱਥ ਉਠਾਇੰਦਾ । ਗੁਰੂ ਗ੍ਰੰਥ ਸਚ ਜੈਕਾਰ, ਧੁਰ ਦਾ ਸ਼ਬਦ ਅਲਾਇੰਦਾ । ਬਿਨ ਸਤਿਗੁਰ ਕੋਈ ਨਾ ਪਾਏ ਸਾਰਾ, ਨਾ ਕੋਈ ਬੂਝ ਬੁਝਾਇੰਦਾ । ਦੇਹ ਜੋਤ ਇਕ ਪਿਆਰਾ, ਸ਼ਬਦੀ ਸੰਗ ਨਿਭਾਇੰਦਾ । ਹਰਿ ਗੋਬਿੰਦ ਨਾ ਰਸਨ ਸ਼ਬਦ ਉਚਾਰਾ, ਗੁਰੂ ਗ੍ਰੰਥ ਵਖਾਇੰਦਾ । ਹਰਿਰਾਏ ਕਰ ਪਿਆਰਾ, ਆਪਣੀ ਗੋਦ ਉਠਾਇੰਦਾ । ਬਾਲ ਅਵਸਥਾ ਖੇਲ ਨਿਆਰਾ, ਹਰਿ ਕ੍ਰਿਸ਼ਨਾ ਵੇਸ ਵਟਾਇੰਦਾ । ਤੇਗ ਬਹਾਦਰ ਤੇਰੀ ਧਾਰਾ, ਤੇਰਾ ਰੂਪ ਸਮਾਇੰਦਾ । ਤੇਰਾ ਤਨ ਕੀਤਾ ਬੰਦ ਕਿਵਾੜਾ, ਫੇਰ ਆਪਣਾ ਸ਼ਬਦ ਸੁਣਾਇੰਦਾ । ਸਿਖ ਗੁਰ ਨਾ ਕੋਈ ਸੁਹੇਲਾ ਸਖਾ ਯਾਰਾ, ਸਗਲਾ ਸੰਗ ਤਜਾਇੰਦਾ । ਦਿਲੀ ਬੈਠਾ ਕਰ ਪਸਾਰਾ, ਏਕਾ ਪੁਰਖ ਅਕਾਲ ਮਨਾਇੰਦਾ । ਮਨ ਪਾਏ ਤੈਨੂੰ ਧ੍ਰਿਗ ਧ੍ਰਿਗਕਾਰਾ, ਤੇਰਾ ਕੋਈ ਨਾ ਬੇਲੀ ਅੰਤ ਅਖਵਾਇੰਦਾ । ਬਿਨ ਹਰਿ ਕੋਈ ਨਾ ਪਾਵੇ ਸਾਰਾ, ਝੂਠਾ ਨਾਤਾ ਜਗਤ ਵਖਾਇੰਦਾ । ਗੁਰੂ ਗ੍ਰੰਥ ਤੇਰਾ ਵੇਖਿਆ ਪਾਰ ਕਿਨਾਰਾ, ਗੁਰ ਤੇਗ਼ ਬਹਾਦਰ ਆਪਣਾ ਸੀਸ ਤੇਰੀ ਸ਼ਬਦ ਭੇਟ ਚੜ੍ਹਾਇੰਦਾ । ਪਰਗਟ ਹੋਇਆ ਸਾਚਾ ਸੁੱਤ ਦੁਲਾਰਾ, ਪ੍ਰਭ ਆਪਣਾ ਵੇਸ ਵਟਾਇੰਦਾ । ਗੁਰ ਗੋਬਿੰਦ ਕਰ ਪਿਆਰਾ, ਸਿੰਘ ਰੂਪ ਆਪ ਵਖਾਇੰਦਾ । ਨਾਮ ਖੰਡਾ ਸਚ ਕਟਾਰਾ, ਤਨ ਗਾਤਰੇ ਆਪ ਲਟਕਾਇੰਦਾ । ਅੰਮ੍ਰਿਤ ਜਲ ਠੰਡੀ ਠਾਰਾ, ਘਰ ਸਾਚਾ ਆਪ ਪਿਆਇੰਦਾ । ਮੁੱਛ ਦਾੜ੍ਹੀ ਕੇਸ ਰੱਖ ਦਸਮੇਸ ਦਰਸ ਦਿਖਾਏ ਹਰਿ ਨਿਰੰਕਾਰਾ, ਆਪ ਆਪਣੇ ਰੰਗ ਰੰਗਾਇੰਦਾ । ਆਪਣੀ ਹੱਥੀਂ ਬੰਨ ਦਸਤਾਰਾ, ਕਲਗੀ ਤੋੜਾ ਸੀਸ ਟਿਕਾਇੰਦਾ । ਆਪੇ ਅੰਦਰ ਆਪੇ ਬਾਹਰਾ,

ਆਪੇ ਗੁਪਤ ਆਪੇ ਜਾਹਰਾ, ਬਿਨ ਸਤਿਗੁਰ ਦਿਸ ਕਿਸੇ ਨਾ ਆਇੰਦਾ। ਆਪੇ ਵੇਖੇ ਸਚ ਦਿਹਾੜਾ, ਸਾਚਾ ਸਗਨ ਮਨਾਇੰਦਾ। ਸਤਿਗੁਰ ਪੂਰਾ ਸਾਚਾ ਲਾੜਾ, ਆਪ ਆਪਣਾ ਖੇਲ ਖਿਲਾਇੰਦਾ। ਆਪ ਲਗਾਇਆ ਧਰਮ ਅਖਾੜਾ, ਹਰਿ ਸੰਗਤ ਮੇਲ ਮਿਲਾਇੰਦਾ। ਬੋਲੇ ਸ਼ਬਦ ਸਚ ਜੈਕਾਰਾ, ਏਕਾ ਏਕ ਸੁਣਾਇੰਦਾ। ਕਵਣ ਸਿਖ ਗੁਰਸਿਖ ਪਿਆਰਾ, ਜੋ ਗੁਰ ਚਰਨੀ ਸੀਸ ਭੇਟ ਚੜ੍ਹਾਇੰਦਾ। ਹੱਥ ਖੰਡਾ ਤੇਜ ਕਟਾਰਾ, ਅਕਾਲ ਪੁਰਖ ਜੋ ਹੱਥ ਉਠਾਇੰਦਾ। ਉਠਿਆ ਸੁੱਤ ਸੁੱਤ ਦੁਲਾਰਾ, ਦਇਆ ਦਇਆ ਰੂਪ ਸਮਾਇੰਦਾ। ਮੇਲੀ ਜਾਏ ਵਾਰੋ ਵਾਰਾ, ਪੰਚਮ ਮੁਖ ਸਲਾਹਿੰਦਾ। ਗੁਰਮੁਖ ਤੇਰਾ ਪਿਆਰ ਤਿਖੀ ਧਾਰ, ਪ੍ਰੇਮ ਰੰਗਣ ਲਾਲ ਰੰਗਾਇੰਦਾ। ਮਨਮਤ ਦਿਤੀ ਮਾਰ, ਗੁਰਮਤ ਆਪ ਉਪਜਾਇੰਦਾ। ਜੀਵਤ ਮਰੇ ਵਿਚ ਸੰਸਾਰ, ਜੀਵਣ ਮੁਕਤ ਨਾਮ ਰਖਾਇੰਦਾ। ਸਾਚੀ ਸ਼ਕਤੀ ਭਰ ਅੰਮ੍ਰਿਤ ਭੰਡਾਰ, ਸਾਚਾ ਖੰਡਾ ਵਿਚ ਫਿਰਾਇੰਦਾ। ਚਾਰ ਵਰਨਾਂ ਮਿਠਾ ਕਰ ਤਿਆਰ, ਸਾਚੇ ਬਾਟੇ ਆਪੇ ਪਾਇੰਦਾ। ਅਰਜਨ ਸ਼ਬਦ ਬੰਨੇ ਧਾਰ, ਨਾਨਕ ਸੰਗ ਰਲਾਇੰਦਾ। ਗੁਰੂ ਗ੍ਰੰਥ ਹੋਇਆ ਸੇਵਾਦਾਰ, ਗੁਰਮੁਖਾਂ ਸੇਵ ਕਮਾਇੰਦਾ। ਆਪਣੇ ਮੁਖ ਸਲਾਹੇ ਵਾਰੋ ਵਾਰ, ਧੰਨ ਗੁਰ ਨਾਨਕ ਜੋ ਸਾਚਾ ਬੀਜ ਬਿਜਾਇੰਦਾ। ਸਚ ਕਿਆਰੀ ਆਪ ਕਰਤਾਰ, ਆਪਣਾ ਬੂਟਾ ਆਪ ਲਗਾਇੰਦਾ। ਪੰਚਮ ਮੀਤਾ ਪੰਚਮ ਕਰ ਤਿਆਰ, ਪੰਚਮ ਆਪਣਾ ਆਪ ਸੁਣਾਇੰਦਾ। ਪੰਚਮ ਤਨ ਕਰ ਸ਼ੰਗਾਰ, ਪੰਚਮ ਵੇਖ ਵਖਾਇੰਦਾ। ਪੰਚਮ ਸ਼ਬਦ ਸੱਚੀ ਧੁਨਕਾਰ, ਘਰ ਘਰ ਤਾਲ ਵਜਾਇੰਦਾ। ਗੁਰਮੁਖ ਸਾਚੇ ਕਰ ਪਿਆਰ, ਵਾਹਿਗੁਰੂ ਵਾਹ ਵਾਹ ਗੁਰੂ ਆਪ ਅਖਵਾਇੰਦਾ। ਹਰਿ ਕਾ ਪੰਥ ਕਰ ਤਿਆਰ, ਹਰਿ ਹਰਿ ਵਿਚ ਟਿਕਾਇੰਦਾ। ਗੁਰੂ ਗ੍ਰੰਥ ਸਾਚਾ ਯਾਰ, ਸ਼ਬਦੀ ਗੁਰ ਅਖਵਾਇੰਦਾ। ਨਾ ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਨਾ ਕੋਈ ਰਖਾਇੰਦਾ। ਰਾਗ ਰਾਗਨੀ ਰਹੇ ਉਚਾਰ, ਏਕਾ ਰਾਗ ਅਲਾਇੰਦਾ। ਇਕਵੰਜਾ ਬਵੰਜਾ ਏਕਾ ਧਾਰ, ਏਕਾ ਅੰਗ ਸਮਾਇੰਦਾ। ਇਕ ਚਾਰ ਖੇਲ ਅਪਾਰ, ਤੀਸ ਬਤੀਸ ਸਲਾਹਿੰਦਾ। ਚੌਦਾਂ ਸਦੀਆਂ ਹੋਣ ਖੁਵਾਰ, ਤੀਸ ਬਤੀਸ ਸਪਾਰਾ ਰਹਿਣ ਨਾ ਪਾਇੰਦਾ। ਉਪਰ ਮੋਹਰ ਲਾਈ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ। ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਗੁਰ ਅਖਵਾਇੰਦਾ। ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਦਿਸੇ ਨੌ ਦਵਾਰ, ਹੱਥ ਮੂੰਹ ਨੱਕ ਨਾ ਕੋਈ ਉਪਾਇੰਦਾ। ਨਿਰਗੁਣ ਆਪਣਾ ਖੇਲ ਖਿਲਾਰ, ਨਿਰਗੁਣ ਸ਼ਬਦ ਚਲਾਇੰਦਾ। ਬੀਸ ਦਸ ਪੰਜ ਕਰ ਤਿਆਰ, ਪੈਂਤੀਸ ਅੱਖਰ ਜੋੜ ਜੁੜਾਇੰਦਾ। ਦਸ ਪੰਜ ਕਰ ਤਿਆਰ, ਬੀਸ ਬੀਸਾ ਵੇਖ ਵਖਾਇੰਦਾ। ਲੇਖਾ ਗਿਣ ਨਾ ਸਕੇ ਵਿਚ ਕੋਈ ਸੰਸਾਰ, ਅਗਣਤ ਅਗਣਤ ਆਪ ਅਖਵਾਇੰਦਾ। ਮੇਟਣਹਾਰਾ ਕੂੜ ਪਸਾਰ, ਕੂੜ ਕੂੜਾ ਨੇਂਹ ਤੁੜਾਇੰਦਾ। ਨਾਨਕ ਗੋਬਿੰਦ ਸਚ ਪਿਆਰ, ਸਗਲਾ ਸੰਗ ਰਖਾਇੰਦਾ। ਨਾਨਕ ਸ਼ਬਦੀ ਵਾਜਾਂ ਰਿਹਾ ਮਾਰ, ਗੋਬਿੰਦ ਦਿਵਸ ਰੈਣ ਧਿਆਇੰਦਾ। ਪਾਰਬ੍ਰਹਮ ਪ੍ਰਭ ਲਏ ਅਵਤਾਰ, ਆਪਣਾ ਮੇਲ ਮਿਲਾਇੰਦਾ। ਸੰਬਲ ਨਗਰੀ ਧਾਮ ਨਿਆਰ, ਸਾਚਾ ਦਰ ਸੁਹਾਇੰਦਾ। ਨਿਰਗੁਣ ਨੂਰ ਨੂਰ ਉਜਿਆਰ, ਜੋਤੀ ਜੋਤ ਜੋਤ ਡਗਮਗਾਇੰਦਾ। ਖੜਗ ਖੰਡਾ ਤੇਜ ਕਟਾਰ, ਸ਼ਬਦੀ ਸ਼ਬਦ ਉਠਾਇੰਦਾ। ਬ੍ਰਹਿਮੰਡ ਬ੍ਰਹਿਮੰਡ ਪਾਵੇ ਸਾਰ, ਬ੍ਰਹਿਮੰਡੀ ਖੋਜ ਖੁਜਾਇੰਦਾ। ਸਤਿਜੁਗ ਸਾਚੀ ਬੰਨੇ ਧਾਰ, ਸਤਿ ਸਰੂਪ ਸਮਾਇੰਦਾ। ਏਕਾ ਬੋਲੇ ਸ਼ਬਦ ਜੈਕਾਰ, ਸੋ ਪੁਰਖ ਨਿਰੰਜਣ ਆਪ ਲਗਾਇੰਦਾ। ਹੰ ਹੰਗਤਾ ਦੇਵੇ ਮਾਰ, ਹਾਹਾਕਾਰ ਨਾ ਕੋਈ ਕਰਾਇੰਦਾ। ਮੰਗਤਾ ਦਰ ਬਣ ਭਿਖਾਰ, ਹਰਿਜਨ ਸਾਚੇ ਵੇਖ ਵਖਾਇੰਦਾ। ਭੁੱਖਾ ਨੰਗਤਾ ਨਰ ਨਿਰੰਕਾਰ, ਨਿਰਗੁਣ ਖਾਲੀ ਹੱਥ ਰਖਾਇੰਦਾ।

ਕਾਇਆ ਚੋਲੀ ਲੋਕਮਾਤ ਜਨ ਭਗਤਾਂ ਰੰਗਦਾ, ਜਨ ਆਪਣੀ ਕਿਰਪਾ ਧਾਰ । ਸਾਚੇ ਮੰਦਰ ਅੰਦਰ ਆਪੇ ਲੰਘਦਾ, ਆਪੇ ਸੁੱਤਾ ਪੈਰ ਪਸਾਰ । ਔਂਦਾਂ ਜਾਂਦਾ ਮੂਲ ਨਾ ਸੰਗਦਾ, ਅਜੂਨੀ ਰਹਿਤ ਨਰ ਨਿਰੰਕਾਰ । ਜੁਗ ਜੁਗ ਖੇਲ ਸੂਰੇ ਸਰਬੰਗ ਦਾ, ਖੇਲੇ ਖੇਲ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਲਏ ਵਰ, ਆਪ ਬਹਾਏ ਆਪਣੇ ਦਰ, ਦੇਵੇ ਦਰਸ ਅਗੰਮ ਅਪਾਰ ।

## ✪ ਮੱਸਾ ਸਿੰਘ ਦੇ ਨਵਿਤ ✪

ਕੱਲਰ ਬੂਟਾ ਨਾਮ ਜੜ, ਸਚਖੰਡ ਰਖਾਈਆ । ਮਾਲੀ ਬਣਿਆ ਸਾਚਾ ਹਰਿ, ਸਾਚੇ ਦਰ ਚਲਾਈਆ । ਕਰਮ ਧਰਮ ਲਏ ਫੜ, ਏਕਾ ਦੂਜਾ ਜੋੜ ਜੁੜਾਈਆ । ਆਪੇ ਵੇਖੇ ਅੱਗੇ ਪਿਛੇ ਖੜ, ਆਪੇ ਰਿਹਾ ਲੋਕਾਈਆ । ਢਾਉਂਦਾ ਜਾਏ ਕਿਲੇ ਗੜ੍ਹ, ਚਾਰੋਂ ਕੁੰਟ ਫਿਰਾਈਆ । ਆਪੇ ਬੁੱਕੇ ਅੱਖਰ ਏਕਾ ਖੜ, ਸੋ ਪੁਰਖ ਵੱਡੀ ਵਡਿਆਈਆ । ਚਾਰੋਂ ਕੁੰਟ ਕਿਤੇ ਨਾ ਲੁਕੇ, ਭੱਜਾ ਫਿਰੇ ਵਾਹੋ ਦਾਹੀਆ । ਸੋ ਪੁਰਖ ਨਿਰੰਜਣ ਸਤਿਗੁਰ ਪੂਰਾ ਮੁਖ ਚਾੜ੍ਹੇ ਛਿਕੇ, ਹੰ ਹੰ ਬੰਦ ਕਰਾਈਆ । ਆਪਣਾ ਪੈਂਡਾ ਆਪੇ ਲਿਖੇ, ਦਿਵਸ ਰੈਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪੰਜਾਲੀ ਇਕ ਉਠਾਈਆ । ਕਰਮ ਧਰਮ ਦੋਏ ਰੱਖ, ਹਰਿ ਸਾਚਾ ਹਲ ਚਲਾਇੰਦਾ । ਖੇਲੇ ਖੇਲ ਹੋ ਪਰਤੱਖ, ਭੇਵ ਕੋਈ ਨਾ ਪਾਇੰਦਾ । ਕੂੜੀ ਕਿਰਿਆ ਕਰਦਾ ਜਾਏ ਵੱਖ, ਡੂੰਘੀ ਧਾਰ ਆਪ ਰਖਾਇੰਦਾ । ਲੋਆਂ ਪੁਰੀਆਂ ਭਾਂਡੇ ਕਰੀ ਜਾਏ ਸੱਖ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਆਪ ਉਘਾੜੀ ਆਪਣੀ ਅੱਖ, ਆਪੇ ਰਾਹ ਤਕਾਇੰਦਾ । ਏਕਾ ਰਾਸ ਫੜੀ ਨੱਥ, ਆਪੇ ਆਪਣੀ ਤਨਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵੇਲਾ ਆਪ ਸੁਹਾਇੰਦਾ । ਕਰਮ ਵਿਚਾਰਾ ਰਿਹਾ ਰੋ, ਅੰਤਮ ਪੰਧ ਮੁਕਾਇਆ । ਧਰਮ ਵੇਖੇ ਦੂਰ ਦੁਰਾਡਾ ਖਲੋ, ਸਾਚਾ ਘਰ ਨਾ ਕੋਈ ਜਣਾਇਆ । ਕੂੜੀ ਕਿਰਿਆ ਜਗਤ ਹੋਇਆ ਮੋਹ, ਸਾਚਾ ਬੀਜ ਨਾ ਕੋਈ ਬਿਜਾਇਆ । ਸਾਚਾ ਜਲ ਅੰਮ੍ਰਿਤ ਕਿਸੇ ਨਾ ਦਿਤਾ ਚੋ, ਸਾਚਾ ਫਲ ਨਾ ਕੋਈ ਵਖਾਇਆ । ਅੱਗੇ ਆਵਣ ਵਾਲਾ ਦਰ ਨਾ ਦਿਸੇ ਕੋ, ਚਾਰੋਂ ਕੁੰਟ ਅੰਧੇਰਾ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਸਾਚਾ ਹਾਲੀ ਆਪ ਅਖਵਾਇਆ । ਸਾਚਾ ਹਾਲੀ ਹਰਿ ਕਿਰਸਾਨ, ਆਪਣਾ ਬੀਜ ਬਿਜਾਇੰਦਾ । ਆਪੇ ਰਾਖੀ ਕਰੇ ਦੋ ਜਹਾਨ, ਆਪੇ ਵੇਖੇ ਵੇਖ ਵਖਾਇੰਦਾ । ਆਪੇ ਪਵਣ ਪਾਣੀ ਕਰ ਪਰਧਾਨ, ਆਪੇ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਬੰਧਾਇੰਦਾ । ਸਚ ਕਿਰਸਾਣੇ ਹੱਲ ਚਲਾਇਆ, ਦਿਵਸ ਰੈਣ ਪ੍ਰਭਾਤੀ । ਸਾਚੀ ਜੋਤੀ ਸੇਵ ਕਮਾਇਆ, ਆਤਮ ਹਰਿ ਹਰਿ ਪਛਾਤੀ । ਨਿਰਗੁਣ ਧਾਰਾ ਆਪੇ ਜਾਗੀ ਆਪੇ ਸੁੱਤੀ, ਆਪੇ ਦਿਵਸ ਆਪੇ ਰਾਤੀ ਆਪੇ ਮਤਾ ਪਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਲਾਇਆ । ਜੋਤੀ ਮਾਤ ਬਣਾਏ ਭੱਤਾ, ਆਪਣੀ ਸੇਵ ਲਗਾਈਆ । ਨਾ ਕੋਈ ਠੰਡਾ ਤੱਤਾ, ਤੱਤਵ ਤੱਤ ਨਾ ਕੋਈ ਰਖਾਈਆ । ਆਪਣੇ ਪਿਆਰ ਆਪੇ ਮਰਤਾ, ਨਾ ਦੂਸਰ ਵਸਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਸਾਚਾ ਭੱਤਾ ਸਿਰ ਰੱਖ, ਉਠੀ ਜੋਤ ਸਵਾਣੀਆ । ਸਾਚਾ ਰਾਹ ਰਹੀ


੧੨੧
੦੮

ਤੱਕ, ਕਿਥੇ ਗਿਆ ਵਡ ਕਿਰਸਾਣੀਆ । ਪੁਰਖ ਅਗੰਮਾ ਉਤੋਂ ਆਇਆ ਨੱਠ, ਮਿਲਿਆ ਮੇਲ ਸਾਚਾ ਮਾਹੀਆ । ਸਚਖੰਡ ਦਵਾਰੇ ਸਾਚਾ ਉਠ, ਵੇਖ ਵਖਾਣੇ ਦੋ ਜਹਾਨੀਆ । ਨਿਉਂ ਨਿਉਂ ਸੀਸ ਨਿਵਾਏ ਕਮਲਾਪਤ, ਹੋਈ ਸੁਘੜ ਸਿਆਣੀਆ । ਆਪਣਾ ਪਕਿਆ ਦਏ ਅੱਗੇ ਰੱਖ, ਖੋਲੀ ਗੰਢ ਵਖਾਨੀਆ । ਪੁਰਖ ਅਬਿਨਾਸ਼ੀ ਲਏ ਚੁੱਕ, ਆਪ ਆਪਣਾ ਮੁਖ ਛੁਪਾਣੀਆ । ਮੰਗੇ ਜਲ ਪੁਰਖ ਸਮਰਥ, ਏਕ ਏਕੰਕਾਰਾ ਠੰਡਾ ਪਾਣੀਆ । ਜੋਤੀ ਨਾਰ ਜੋੜੇ ਹੱਥ ਤੇਰੇ ਦਰ, ਤੇਰੇ ਘਰ ਸਾਚਾ ਖੂਹਾ ਇਕ ਵਖਾਣੀਆ । ਮਹਿਮਾ ਕੋਈ ਨਾ ਸਕੇ ਕੱਥ, ਹਰਿ ਵੇਖੇ ਗੁਣ ਨਿਧਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਏ ਸ਼ਬਦ ਇਕ ਨੌਜਵਾਨੀਆ । ਸਚ ਕਿਰਸਾਨ ਨੌਜਵਾਨ, ਏਕਾ ਸ਼ਬਦ ਅਲਾਇੰਦਾ । ਸੁਣ ਸੁਵਾਣੀ ਕਰ ਧਿਆਨ, ਸਾਚਾ ਬਚਨ ਸੁਣਾਇੰਦਾ । ਤੇਰਾ ਮੇਰਾ ਇਕ ਗਿਆਨ, ਦੂਜੀ ਧਾਰ ਨਾ ਕੋਈ ਵਖਾਇੰਦਾ । ਤੇਰਾ ਦਰਸ ਮੇਰੀ ਪ੍ਰੀਤ, ਮੇਰਾ ਦਰਸ ਤੇਰੀ ਤ੍ਰਿਖਾ ਬੁਝਾਇੰਦਾ । ਦੋਹਾਂ ਵਿਚੋਲਾ ਅੰਮ੍ਰਿਤ ਮੇਘ ਦੇਵੇ ਬਰਸ, ਸਤਿ ਸਰੂਪ ਅਖਵਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਤੇਰਾ ਭੱਤਾ ਤੇਰਾ ਸ਼ਾਹੋ ਤੇਰੇ ਰੰਗ ਰਤਾ, ਆਪਣੇ ਮੁਖ ਲਗਾਇੰਦਾ । ਬੀਜ ਬੀਜਿਆ ਆਪਣੇ ਵੱਤਾ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਆਦਿ ਨਿਰੰਜਣ ਵਡ ਕਿਰਸਾਨਾ, ਆਪਣੀ ਕਿਰਤ ਕਮਾਈਆ । ਜੋਤੀ ਸ਼ਕਤੀ ਹਰਿ ਗਿਰਧਾਰਾ, ਸਾਚੀ ਸੇਵ ਕਮਾਈਆ । ਸੁਘੜ ਸੁਆਨੀ ਘਰ ਸੰਭਾਲੇ ਬਾਲਾ, ਸ਼ਬਦ ਸੁੱਤ ਝੋਲੀ ਪਾਈਆ । ਸਤਿਗੁਰ ਪੂਰਾ ਆਪੇ ਦੇਵੇ ਪੀਣਾ ਖਾਣਾ, ਆਪੇ ਰਿਜ਼ਕ ਸਬਾਈਆ । ਸਚ ਘਰ ਬੈਠ ਏਕਾ ਵੇਖਣ ਧੁਰ ਟਿਕਾਨਾ, ਸਾਚੇ ਘਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਬੀਜ ਉਗਾਈਆ । ਸਾਚਾ ਬੀਜ ਗਿਆ ਫੁਲ, ਹਰਿ ਸਾਚਾ ਆਪ ਉਪਜਾਇਆ । ਆਪੇ ਤੋੜੇ ਤੋੜ ਤੁੜਾਏ ਕਮਲਾਪਾਤੀ ਪਾਵੇ ਮੁਲ, ਜੋਤੀ ਨਾਰੀ ਮਾਲਨ ਨਾਲ ਰਲਾਇਆ । ਦੋਹਾਂ ਰੱਖੀ ਇਕੋ ਕੁਲ, ਏਕਾ ਸਗਨ ਮਨਾਇਆ । ਉਤੇ ਅੰਮ੍ਰਿਤ ਆਪੇ ਡੋਲ, ਸਚ ਸੁਗੰਧੀ ਆਪ ਭਰਾਇਆ । ਵਿਚੋਂ ਪਰਗਟਿਆ ਕਵਲ ਫੁਲ, ਸਚ ਪਿਆਰਾ ਮੇਲ ਮਿਲਾਇਆ । ਪਾਰਬ੍ਰਹਮ ਅਪਣੀ ਜੋਤੀ ਆਪੇ ਭੁੱਲ, ਆਪ ਆਪਣਾ ਬੀਜ ਬਿਜਾਇਆ । ਆਪੇ ਤੁਲਿਆ ਆਪਣੇ ਤੁਲ, ਆਪਣਾ ਕੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਾਰੀ ਵੇਖੇ ਘਰ, ਹਰਿ ਸਾਚਾ ਕੰਤ ਸੁਹਾਇਆ । ਨਾਰੀ ਕੰਤਾ ਇਕ ਪਿਆਰ, ਏਕਾ ਘਰ ਸੁਹਾਇੰਦਾ । ਕਰਤਾ ਪੁਰਖ ਖੇਲ ਅਪਾਰ, ਨਿਰਗੁਣ ਨੂਰ ਵਟਾਇੰਦਾ । ਸਾਚੀ ਸੇਜਾ ਹਰਿ ਉਜਿਆਰ, ਸਾਚਾ ਸਗਨ ਮਨਾਇੰਦਾ । ਆਪੇ ਅੰਦਰ ਆਪੇ ਬਾਹਰ, ਆਪ ਆਪਣਾ ਮੇਲ ਮਿਲਾਇੰਦਾ । ਸਾਚੀ ਨਾਰੀ ਕਰ ਸ਼ੰਗਾਰ, ਫੂਲਨ ਕਲੀਆਂ ਹਾਰ ਗੁੰਦਾਇੰਦਾ । ਆਪੇ ਗੁੰਦੇ ਵਾਰੋ ਵਾਰ, ਦਿਸ ਕੋਈ ਨਾ ਆਇੰਦਾ । ਕਵਲ ਫੁੱਲ ਆਪ ਆਪਣਾ ਲਏ ਉਭਾਰ, ਆਪ ਆਪਣਾ ਰੰਗ ਚਮਕਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੇਸਾ ਕਰ ਕਰਤਾਰ, ਵਿਸ਼ਨੂੰ ਨਾਉਂ ਧਰਾਇੰਦਾ । ਅੰਮ੍ਰਿਤ ਭਰਿਆ ਠੰਡੀ ਠਾਰ, ਕਵਲਾ ਕਵਲ ਟਿਕਾਇੰਦਾ । ਸਾਚਾ ਬੀਜ ਕਰ ਤਿਆਰ, ਆਪੇ ਬਾਹਰ ਕਢਾਇੰਦਾ । ਖਿੜੇ ਫੁੱਲ ਸੱਚੀ ਗੁਲਜ਼ਾਰ, ਹਰਿ ਸਾਚਾ ਮਾਲੀ ਆਪ ਲਗਾਇੰਦਾ । ਆਪੇ ਵੇਖਣਹਾਰ ਬਹਾਰ, ਚਾਰੋਂ ਕੁੰਟ ਫੇਰੀ ਪਾਇੰਦਾ । ਪਾਰਬ੍ਰਹਮ ਬ੍ਰਹਮ ਉਤਪਤ ਕਰ ਆਪ ਆਪਣਾ ਦਏ ਸਹਾਰ, ਰਕਤ ਬੂੰਦ ਆਪ ਆਪਣੀ ਵਖਾਇੰਦਾ । ਏਕਾ ਸ਼ਬਦ ਦਏ ਹੁਲਾਰ, ਏਕਾ ਬੂਝ ਬੁਝਾਇੰਦਾ । ਬ੍ਰਹਮ

ਸਰੂਪ ਢਹਿ ਪਏ ਦਵਾਰ, ਪਾਰਬ੍ਰਹਮ ਸੀਸ ਟਿਕਾਇੰਦਾ । ਲੋਕਮਾਤ ਰਹਿਣਾ ਖ਼ਬਰਦਾਰ, ਹਰਿ ਸਾਚਾ ਸੇਵਾ ਲਾਇੰਦਾ । ਬ੍ਰਹਮ ਰੋਵੇ ਜ਼ਾਰੋ ਜ਼ਾਰ, ਦੋਏ ਦੋਏ ਜੋੜ ਸੀਸ ਝੁਕਾਇੰਦਾ । ਤੇਰਾ ਲੱਗੇ ਸਚ ਦਰਬਾਰ, ਦੂਜਾ ਦਰ ਨਾ ਕੋਈ ਵਖਾਇੰਦਾ । ਪੁਰਖ ਅਬਿਨਾਸ਼ੀ ਬੰਨੇ ਧਾਰ, ਦੇ ਹੁਕਮ ਜਨਾਬ ਤੇਰਾ ਬੀਜ ਬੀਜੇ ਸਰਬ ਸੰਸਾਰ, ਲੱਖ ਚੁਰਾਸੀ ਆਪ ਉਪਾਇੰਦਾ । ਵਸਣਹਾਰ ਘਰ ਤੀਜੇ, ਚੌਥਾ ਦਰ ਖੁਲ੍ਹਾਇੰਦਾ । ਚੌਥੇ ਜੁਗ ਆਪ ਪਤੀਜੇ, ਆਪ ਆਪਣਾ ਵੇਖ ਵਖਾਇੰਦਾ । ਬ੍ਰਹਮਾ ਤੇਰੀ ਫੇਰ ਕਰੇ ਰੀਝੇ, ਤੇਰਾ ਵਿਛੋੜਾ ਆਪ ਕਟਾਇੰਦਾ । ਗੁਰਸਿਖਾਂ ਗੁਰਮੁਖਾਂ ਅੰਦਰ ਸੋਹੰ ਨਾਮ ਬੀਜੇ, ਆਪ ਆਪਣਾ ਤੇਰੀ ਝੋਲੀ ਪਾਇੰਦਾ । ਜਨ ਭਗਤਾਂ ਕਰੇ ਅੰਤਮ ਹੱਥੀਂ ਰੀਝੇ, ਤਨ ਸ਼ੰਗਾਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਸਾਚਾ ਦਰ, ਫੁਲ ਫੁਲਵਾੜੀ ਆਪ ਲਗਾਇੰਦਾ । ਫੁਲ ਫੁਲਵਾੜੀ ਆਪੇ ਲਾਏ, ਹਰਿ ਵਾਲੀ ਦੋ ਜਹਾਨੀਆ । ਏਕਾ ਸਾਚਾ ਬੀਜ ਬਿਜਾਏ, ਖੇਲੇ ਖੇਲ ਪੁਰਖ ਸੁਲਤਾਨੀਆ । ਹਾਲ ਬੇਹਾਲੀ ਖੇਲ ਖਿਲਾਏ, ਭੇਵ ਅਭੇਦਾ ਭੇਵ ਛੁਪਾਨੀਆ । ਵਡ ਕਿਰਸਾਣੀ ਵੰਡ ਵੰਡਾਏ, ਵੰਡੇ ਵੰਡ ਕਰ ਮਿਹਰਵਾਨੀਆ । ਲੱਖ ਚੁਰਾਸੀ ਫਲ ਲਗਾਏ, ਆਪੇ ਹੋਇਆ ਜਾਣੀ ਜਾਣੀਆ । ਤਿਖੀ ਦਾਤਰ ਰਿਹਾ ਕਰਾਏ, ਸੋਹੰ ਸ਼ਬਦ ਚਾੜ੍ਹੇ ਪਾਣੀਆ । ਕਰਤਾ ਕਾਦਰ ਖੇਲ ਰਚਾਏ, ਆਦਿ ਜੁਗਾਦੀ ਖੇਲ ਮਹਾਨੀਆ । ਏਕੋ ਵਕਤ ਏਕਾ ਵੇਲਾ ਏਕਾ ਪੁਰਖ ਏਕਾ ਵਡ ਵਖਾਏ, ਸੁੰਞਾ ਕਰੇ ਜਗਤ ਜੀਵ ਨਿਧਾਨੀਆ । ਸਾਚੀ ਹਾੜੀ ਸਤਾਰਾਂ ਹਾੜੀ ਲੇਖੇ ਲਾਏ, ਜੁਗ ਕਰਤਾ ਆਪ ਭਗਵਾਨੀਆ । ਧਰਮ ਰਾਏ ਦੇ ਹੱਟ ਵਿਕਾਏ, ਕੰਡਾ ਰੱਖੇ ਬੇਈਮਾਨੀਆ । ਗੁਰਮੁਖ ਸੱਜਣ ਸੰਤ ਸੁਹੇਲੇ ਸਾਚੀ ਗੰਢ ਬੰਧਾਏ, ਬੀਜ ਰੱਖੇ ਆਪ ਆਪਣੇ ਘਰ ਛੁਪਾਨੀਆ । ਸਤਿਜੁਗ ਸਾਚੇ ਹੋ ਪਰਤੱਖੇ, ਧਰਤ ਦੇਵੇ ਸਚ ਨਿਸ਼ਾਨੀਆ । ਨੌ ਖੰਡ ਪ੍ਰਿਥਮੀ ਗੁਰਮੁਖ ਗੁਰਸਿਖ ਹਰਿ ਸੰਤ ਬੀਜ ਸਾਚਾ ਰੱਖੇ ਏਕਾ ਗਾਏ ਸ਼ਬਦ ਸਾਚੀ ਬਾਣੀਆ । ਇਕ ਦੂਜੇ ਵਲ ਕੋਈ ਨਾ ਤੱਕੇ, ਨਾ ਕੋਈ ਮਾਰੇ ਬਿਰਹੋਂ ਤੀਰ ਕਾਨੀਆ । ਏਕਾ ਆਪਣੀ ਛੱਤਰ ਛਾਇਆ ਹੇਠ ਰੱਖੇ, ਏਕਾ ਹੋਏ ਪਰਤੱਖ ਮਿਹਰਵਾਨੀਆ । ਏਕਾ ਕੀਮਤ ਪਾਏ ਅਲੱਖਣਾ ਅਲੱਖੇ, ਲੱਖ ਕਰੋੜੀ ਕੋਈ ਨਾ ਦੀਸੇ ਬਾਣੀਆ । ਗੁਰਮੁਖਾਂ ਰਾਹ ਆਪੇ ਤੱਕੇ, ਨਾ ਭੁੱਲੇ ਦੋ ਜਹਾਨੀਆ । ਚਰਨ ਕਵਲ ਵਖਾਏ ਮਦੀਨੇ ਮੱਕੇ, ਸਾਚੇ ਮੰਦਰ ਗੁਰੂਦਵਾਰ ਏਕਾ ਏਕ ਨਿਗਹਬਾਨੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬਣਾਏ ਭੈਣ ਭਾਈ ਸਕੇ, ਏਕਾ ਨਾਰ ਬਣਾਏ, ਸਚ ਸੁਵਾਣੀਆ । ਲੱਜ ਪਤ ਸਰਬ ਦੀ ਰੱਖੇ, ਖਾਲੀ ਗੋਦ ਨਾ ਕੋਈ ਵਖਾਣੀਆ । ਸੰਤ ਸੁਹੇਲਾ ਜੁਗ ਜੁਗ ਪੜਦਾ ਢਕੇ, ਆਪ ਆਪਣੀ ਦੇਵੇ ਨਾਮ ਨਿਸ਼ਾਨੀਆ । ਗੁਰਸਿਖ ਸਾਚੇ ਆਪਣੀ ਗੋਦ ਆਪੇ ਰੱਖੇ, ਦੇਵੇ ਪਦ ਇਕ ਨਿਰਬਾਨੀਆ । ਦੂਸਰ ਦਰ ਨਾ ਕੋਈ ਟੇਕਨ ਜਾਏ ਮੱਥੇ, ਏਕਾ ਪੁਰਖ ਮਿਲੇ ਪੁਰਖ ਅਕਾਲ ਨਿਗਹਬਾਨੀਆ । ਧਰਤੀ ਜਲ ਅੰਦਰ ਮੇਘ ਰਸਨਾ ਜਲ ਕੋਈ ਨਾ ਲੱਕੇ, ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀਆ । ਜਗਤ ਮੱਠ ਨਾ ਕੋਈ ਵਜਾਏ ਢੋਲ ਢਮੱਕੇ, ਅੰਦਰ ਅਨਹਦ ਵੱਜੇ ਸਾਚਾ ਤਾਲੀਆ । ਆਪਣਾ ਸੀਸ ਹਰਿ ਜਗਦੀਸ ਗੁਰਮੁਖਾਂ ਚਰਨਾਂ ਅੱਗੇ ਰੱਖੇ, ਅੱਗੇ ਬਣੇ ਆਪ ਸਵਾਲੀਆ । ਕਰਮ ਧਰਮ ਸ਼ਰਮ ਵਰਨ ਬਰਨ ਖਾਣ ਧੱਕੇ, ਪ੍ਰਭ ਚਲੇ ਚਾਲ ਨਿਰਾਲੀਆ । ਬਿਨ ਹਰਿ ਨਿਰੰਕਾਰ ਦੂਸਰ ਘਰ ਨਾ ਕੋਈ ਤੱਕੇ, ਨਾ ਕੋਈ ਪੂਜੇ ਜੋਤ ਜਵਾਲੀਆ । ਏਕਾ ਮੰਦਰ ਏਕਾ ਅੰਦਰ ਏਕਾ ਗੁਰੂਦਵਾਰ ਏਕਾ ਮਸਜਿਦ ਏਕਾ ਮੱਠ ਏਕਾ ਘਰ ਬਹਿਣ ਸਭੇ, ਏਕਾ ਦਰਸ ਦਿਖਾਏ ਆਪ ਆਪਣਾ ਮੇਲ ਮਿਲਾਨੀਆ । ਪੰਜ ਤੱਤ ਧਰਨੀ ਕੋਈ ਨਾ ਦੱਬੇ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਦਿ ਜੁਗਾਦਿ ਬੀਜਣਹਾਰਾ ਸਾਚਾ ਬੀਜ ਵੇਖ ਫੁਲ ਫੁਲਵਾੜੀ ਆਪ ਆਪਣਾ ਨਿਗਹਬਾਨੀਆ ।

## ੩੦ ਪੋਹ ੨੦੧੫ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਘਰ ਕਾਦਰਾਬਾਦ

ਨਿਰਗੁਣ ਰੂਪ ਸਤਿ, ਸਤਿ ਸਮਾਇਆ । ਆਪ ਆਪਣਾ ਕਰ ਉਤਪਤ, ਆਪੇ ਵੇਖ ਵਖਾਇਆ । ਆਪੇ ਪਰਮ ਪੁਰਖ ਪ੍ਰਭ ਕਮਲਾਪਾਤ, ਆਪੇ ਨਾਰੀ ਵੇਸ ਵਟਾਇਆ । ਆਪੇ ਆਪਣਾ ਅੰਤਰ ਬੀਜੇ ਆਪਣੇ ਵਤ, ਆਪੇ ਖੇਲ ਖਿਲਾਇਆ । ਆਪੇ ਜਾਣੇ ਆਪਣੀ ਗਤ ਮਿਤ, ਆਪ ਆਪਣੇ ਭੇਵ ਸਮਾਇਆ । ਆਪੇ ਆਪਣੀ ਰੱਖੇ ਪਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਉਤਪਤ ਕਰਨੇਹਾਰਾ ਆਦਿ ਨਿਰੰਜਣ, ਏਕਾ ਏਕ ਏਕੰਕਾਰਿਆ । ਆਪੇ ਸਾਜਣ ਆਪੇ ਸੱਜਣ, ਹਰਿ ਆਪੇ ਮੀਤ ਮੁਰਾਰਿਆ । ਆਪ ਚਲਾਏ ਆਪਣਾ ਜਹਾਜ਼ਨ, ਆਪੇ ਵੇਖੇ ਪਾਰ ਕਿਨਾਰਿਆ । ਆਪ ਸਵਾਰੇ ਆਪਣਾ ਕਾਜਨ, ਆਪ ਆਪਣਾ ਕਰਮ ਕਮਾ ਰਿਹਾ । ਆਪ ਆਪਣਾ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਰਿਹਾ । ਹਰਿ ਕਾ ਰੂਪ ਅਪਰ ਅਪਾਰ, ਆਪੇ ਆਪ ਉਪਾਈਆ । ਨਾ ਕੋਈ ਪਾਵਣਹਾਰਾ ਸਾਰ, ਨਾ ਕੋਈ ਵੇਖ ਵਖਾਈਆ । ਨਾ ਕੋਈ ਲੇਖਾ ਲਿਖੇ ਸੰਸਾਰ, ਨਾ ਕੋਈ ਕਲਮ ਚਲਾਈਆ । ਅਲਖ ਅਗੋਚਰ ਅਗੰਮ ਅਪਾਰ, ਅਗੰਮ ਅਗੰਮੜਾ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਉਤਪਤ ਆਪੇ ਨਾਉਂ ਧਰਾਈਆ । ਆਪਣਾ ਆਪ ਆਪੇ ਰੱਖ, ਆਪਣੀ ਕਲ ਵਰਤਾਇੰਦਾ । ਅਬਿਨਾਸ਼ੀ ਕਰਤਾ ਹੋ ਪਰਤੱਖ, ਆਪਣਾ ਦਰਸ ਦਿਖਾਇੰਦਾ । ਆਪ ਆਪਣਾ ਕਰੇ ਵੱਖ, ਆਪ ਆਪਣੀ ਵੰਡ ਵੰਡਾਇੰਦਾ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਨਾਉਂ ਧਰਾਇੰਦਾ । ਆਪੇ ਗਾਏ ਆਪਣੀ ਕਥਾ ਅਕੱਥ, ਆਪਣਾ ਸ਼ਬਦ ਅਲਾਇੰਦਾ । ਆਪੇ ਦੇਵੇ ਆਪਣੀ ਵੱਥ, ਆਪਣਾ ਅੰਗ ਕਟਾਇੰਦਾ । ਪਾਰਬ੍ਰਹਮ ਬ੍ਰਹਮ ਖੋਲ੍ਹੇ ਅੱਖ, ਆਪ ਆਪਣਾ ਨੂਰ ਚਮਕਾਇੰਦਾ । ਲੱਖ ਚੁਰਾਸੀ ਅੰਦਰ ਰੱਖ, ਦਿਵਸ ਰੈਣ ਡਗਮਗਾਇੰਦਾ । ਆਪਣੇ ਪਰਦੇ ਆਪੇ ਢਕ, ਆਪਣਾ ਮੁਖ ਛੁਪਾਇੰਦਾ । ਖੇਲੇ ਖੇਲ ਅਲਖਣਾ ਅਲੱਖ, ਭੇਵ ਕੋਇ ਨਾ ਪਾਇੰਦਾ । ਬ੍ਰਹਮ ਵਿਸ਼ਨ ਸ਼ਿਵ ਕੋਈ ਨਾ ਚਲੇ ਵਸ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਜੁਗ ਜੁਗ ਰਾਹ ਰਿਹਾ ਦੱਸ, ਆਪਣਾ ਕਰਮ ਕਮਾਇੰਦਾ । ਲੋਆਂ ਪੁਰੀਆਂ ਆਪੇ ਨੱਸ, ਬ੍ਰਹਿਮੰਡ ਖੰਡ ਫਿਰਾਇੰਦਾ । ਆਪੇ ਜਾਣੇ ਆਪਣਾ ਜਸ, ਸਿਫ਼ਤ ਸਲਾਹੀ ਆਪ ਅਖਵਾਇੰਦਾ । ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਹਿਰਦੇ ਅੰਦਰ ਵਸ, ਆਪ ਆਪਣਾ ਭੇਵ ਖੁਲਾਇੰਦਾ । ਕੋਟਨ ਕੋਟ ਪਰਕਾਸ਼ ਕਰੇ ਰਵ ਸਸ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਉਤਪਤ ਕਮਲਾਪਤ, ਲੱਖ ਚੁਰਾਸੀ ਆਪ ਸਮਾਇੰਦਾ । ਆਦਿ ਨਿਰੰਜਣ ਆਤਮ ਬ੍ਰਹਮ, ਆਪਣੀ ਅੰਸ ਬਣਾਈਆ । ਆਪੇ ਦੇਵਣਹਾਰਾ ਜਨਮ, ਆਪੇ ਲਏ ਮਿਲਾਈਆ । ਆਪੇ ਸੰਗ ਰਲਾਏ ਕਰਮ, ਕਰਮ ਕਰਮਾਂ ਲੇਖ ਲਿਖਾਈਆ । ਆਪ ਜਣਾਏ ਆਪਣਾ ਧਰਮ, ਆਪੇ ਦਏ ਵਡਿਆਈਆ । ਆਪੇ ਵੇਖੇ ਵਰਨ ਬਰਨ, ਆਪੇ ਖੇਲ ਖਿਲਾਈਆ । ਆਪ ਬੁਝਾਏ ਆਪਣੀ ਸਰਨ, ਜਿਸ ਜਨ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਤਰਨੀ

ਤਰਨ, ਤਾਰਨਹਾਰ ਆਪ ਹੋ ਜਾਈਆ । ਗੁਰਮੁਖ ਸਾਚੇ ਕਰਨੀ ਕਰਨ, ਕਿਰਿਆ ਕਿਰਤ ਇਕ ਵਖਾਈਆ । ਖੋਲ੍ਹਣਹਾਰ ਹਰਨ ਫਰਨ, ਨੇਤਰ ਨੈਣ ਇਕ ਖੁਲ੍ਹਾਈਆ । ਆਪ ਚੁਕਾਏ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰਾਈਆ । ਸੰਤ ਸੁਹੇਲੇ ਤੇਰਾ ਰੰਗ, ਹਰਿ ਸਾਚਾ ਆਪ ਰੰਗਾਈਆ । ਸਚ ਸਿੰਘਾਸਣ ਬੈਠ ਪਲੰਘ, ਸਚਖੰਡ ਦਵਾਰਾ ਇਕ ਵੇਖ ਵਖਾਈਆ । ਅੰਮ੍ਰਿਤ ਧਾਰਾ ਏਕਾ ਗੰਗ, ਚਰਨ ਕਵਲ ਹਰਿ ਵਹਾਈਆ । ਕੱਟਣਹਾਰਾ ਭੁੱਖ ਨੰਗ, ਵਡ ਦਾਤਾ ਬੇਪਰਵਾਹੀਆ । ਭਗਤਨ ਮੀਤਾ ਵਸਿਆ ਸੰਗ, ਵਿਛੜ ਕਦੇ ਨਾ ਜਾਈਆ । ਆਪਣੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਪਾਈਆ । ਸ਼ਾਹ ਸਵਾਰਾ ਹਰਿ ਮਲੰਘ, ਦਿਸ ਕਿਸੇ ਨਾ ਆਈਆ । ਚੌਦਾਂ ਲੋਕਾਂ ਰਿਹਾ ਲੰਘ, ਤ੍ਰਿਲੋਕੀ ਚਰਨਾ ਹੇਠ ਦਬਾਈਆ । ਭਗਤ ਦਵਾਰਾ ਰਿਹਾ ਲੰਘ, ਹਰਿ ਵਡ ਵੱਡਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿਜਨ ਸਾਚੇ ਲਏ ਤਰਾਈਆ । ਭਗਤ ਵਛਲ ਹਰਿ ਗਿਰਧਾਰਾ, ਆਦਿ ਜੁਗਾਦਿ ਸਮਾਇਆ । ਨਿਤ ਨਵਿਤ ਲੈ ਅਵਤਾਰਾ, ਹਰਿਜਨ ਸਾਚੇ ਲਏ ਤਰਾਇਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰਾ, ਭੇਵ ਕਿਸੇ ਨਾ ਪਾਇਆ । ਏਕਾ ਏਕੰਕਾਰਾ ਖੇਲ ਨਿਆਰਾ, ਆਪ ਆਪਣਾ ਰਿਹਾ ਕਰਾਇਆ । ਆਪੇ ਨਿਰਗੁਣ ਨੂਰ ਕਰ ਉਜਿਆਰਾ, ਆਪ ਆਪਣਾ ਡਗਮਗਾਇਆ । ਆਪੇ ਥਿਰ ਘਰ ਬੈਠ ਸੱਚੇ ਦਰਬਾਰਾ, ਸਚ ਸਿੰਘਾਸਣ ਆਪ ਸੁਹਾਇਆ । ਆਪੇ ਸ਼ਾਹੋ ਭੂਪ ਸਿਕਦਾਰਾ, ਸਚ ਸੁਲਤਾਨ ਆਪ ਅਖਵਾ ਰਿਹਾ । ਆਪੇ ਜਾਣੇ ਆਪਣੀ ਧਾਰਾ, ਨਾ ਕੋਈ ਸੰਗ ਰਲਾ ਲਿਆ । ਇਕ ਅਕੱਲਾ ਖੇਲ ਅਪਾਰਾ, ਅਕਲ ਕਲਾ ਵਰਤਾ ਰਿਹਾ । ਆਦਿ ਨਿਰੰਜਣ ਹੋ ਉਜਿਆਰਾ, ਅਬਿਨਾਸ਼ੀ ਪੁਰਖ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਰਿਹਾ । ਆਦਿ ਪੁਰਖ ਨਿਰੰਜਣ ਕਰਤਾ ਅਬਿਨਾਸ਼ੀ, ਏਕਾ ਏਕ ਅਖਵਾਈਆ । ਜੁਗ ਜੁਗ ਖੇਲੇ ਖੇਲ ਤਮਾਸ਼ੀ, ਸਤਿਗੁਰ ਨਾਉਂ ਧਰਾਈਆ । ਗਗਨ ਮੰਡਲ ਪਾਵੇ ਰਾਸੀ, ਲੋਕ ਪਰਲੋਕ ਵੇਖ ਵਖਾਈਆ । ਸਚਖੰਡ ਦਵਾਰੇ ਕਰਿਆ ਵਾਸੀ, ਨੂਰ ਨੂਰ ਕਰੇ ਰੁਸ਼ਨਾਈਆ । ਪਾਵੇ ਸਾਰ ਪ੍ਰਿਥਮੀ ਅਕਾਸ਼ੀ, ਅਕਾਸ਼ ਪਾਤਾਲਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਸਰਬ ਗੁਣ ਦਾਤਾ, ਏਕਾ ਏਕ ਅਖਵਾਇੰਦਾ । ਪੁਰਖ ਅਕਾਲ ਪੁਰਖ ਬਿਧਾਤਾ, ਏਕਾ ਜੋਤ ਡਗਮਗਾਇੰਦਾ । ਆਪੇ ਜਾਣੇ ਆਪਣੀ ਜਾਤਾ, ਆਪੇ ਆਪਣਾ ਧਰਮ ਰਖਾਇੰਦਾ । ਆਪਣੀ ਕਲ ਆਪ ਪਛਾਤਾ, ਕੁਲਵੰਤਾ ਨਾਉਂ ਧਰਾਇੰਦਾ । ਆਪੇ ਪਿਤਾ ਆਪੇ ਮਾਤਾ, ਆਪੇ ਬਾਲਕ ਰੂਪ ਅਖਵਾਇੰਦਾ । ਆਪੇ ਦੇਵਣਹਾਰਾ ਦਾਤਾਂ, ਆਪੇ ਝੋਲੀ ਅੱਗੇ ਡਾਹਿੰਦਾ । ਆਪੇ ਬੈਠਾ ਰਹੇ ਇਕ ਇਕਾਂਤਾ, ਆਦਿ ਜੁਗਾਦਿ ਰਹਾਇੰਦਾ । ਆਪੇ ਆਪਣੀ ਪੁੱਛਣਹਾਰਾ ਵਾਤਾ, ਹਰਿ ਆਪੇ ਆਪਣੀ ਦਇਆ ਕਮਾਇੰਦਾ । ਆਪੇ ਪੁਰਖ ਪੁਰਖ ਸਮਰਾਥਾ, ਸਮਰਥ ਪੁਰਖ ਅਖਵਾਇੰਦਾ । ਆਪੇ ਵੇਖ ਅਨਾਥ ਅਨਾਥਾਂ, ਨਾਥ ਅਨਾਥੀ ਆਪ ਹੋ ਜਾਇੰਦਾ । ਆਪੇ ਜਾਣੇ ਆਪਣੀ ਗਾਥਾ, ਜੁਗ ਜੁਗ ਆਪ ਅਲਾਇੰਦਾ । ਆਪ ਚਲਾਏ ਆਪਣਾ ਰਾਥਾ, ਰਥਵਾਹੀ ਦਿਸ ਨਾ ਆਇੰਦਾ । ਆਪੇ ਹੋਏ ਸਗਲਾ ਸਾਥਾ, ਸਾਚਾ ਸੰਗ ਨਿਭਾਇੰਦਾ । ਆਪੇ ਹੋਏ ਤ੍ਰਿਲੋਕੀ ਨਾਥਾ, ਤ੍ਰੈ ਤ੍ਰੈ ਲੋਕ ਵੇਸ ਵਟਾਇੰਦਾ । ਆਪੇ ਫੋਲੇ ਚੌਦਾਂ ਹਾਟਾਂ, ਚੌਦਾਂ ਹੱਟ ਮੂਲ ਚੁਕਾਇੰਦਾ । ਆਪੇ ਖੇਲੇ ਖੇਲ ਬਾਜ਼ੀਗਰ ਨਾਟਾ, ਨਟ ਨਟੂਆ ਸਾਂਗ ਵਰਤਾਇੰਦਾ । ਆਪੇ ਆਦਿ ਸ਼ਕਤ ਜੋਤ ਲਿਲਾਟਾ, ਆਪੇ

ਨੂਰੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸੁਲਤਾਨਾ, ਏਕ ਏਕ ਅਖਵਾਈਆ । ਖੇਲੇ ਖੇਲ ਦੋ ਜਹਾਨਾ, ਭੇਵ ਕੋਈ ਨਾ ਪਾਈਆ । ਆਪ ਝੁਲਾਏ ਸਚ ਨਿਸ਼ਾਨਾ, ਸਚਖੰਡ ਦਵਾਰਾ ਵੇਖ ਵਖਾਈਆ । ਰਾਗ ਅਲਾਏ ਸਚ ਤਰਾਨਾ, ਘਰ ਸਾਚੇ ਵੱਜੇ ਵਧਾਈਆ ।

## ✪ ਪਹਿਲੀ ਮਾਘ ੨੦੧੫ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਟਾਂਗਰਾ ਜ਼ਿਲਾ ਅੰਮ੍ਰਿਤਸਰ ✪

ਆਦਿ ਪੁਰਖ ਹਰਿ ਭਗਵੰਤਾ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਜੁਗਾ ਜੁਗੰਤਾ, ਪੁਰਖ ਅਕਾਲ ਵਡ ਵਡਿਆਇਆ । ਜੋਤੀ ਨੂਰ ਹਰਿ ਜੋਤ ਜਗੰਤਾ, ਭੇਵ ਕੋਈ ਨਾ ਪਾਇਆ । ਸਚ ਦਵਾਰੇ ਆਪ ਰਹੰਤਾ, ਅਗੰਮ ਅਗੰਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਾਉਂ ਧਰਾਇਆ । ਨਿਰਗੁਣ ਨਾਉਂ ਹਰਿ ਨਿਰੰਕਾਰ, ਏਕਾ ਏਕ ਏਕੰਕਾਰਿਆ । ਆਪ ਆਪਣਾ ਕਰ ਅਕਾਰ, ਆਪੇ ਵੇਖੇ ਪਸਰ ਪਸਾਰਿਆ । ਆਪੇ ਜੋਤ ਸ਼ਬਦ ਧਾਰ, ਆਪ ਆਪਣੀ ਬਣਤ ਬਣਾ ਰਿਹਾ । ਆਪੇ ਲੋਆਂ ਪੁਰੀਆਂ ਮਹੱਲ ਉਸਾਰ, ਗਗਨ ਪਤਾਲਾਂ ਆਪ ਉਪਾ ਰਿਹਾ । ਆਪੇ ਬ੍ਰਹਮਾ ਸ਼ਿਵ ਵਿਸ਼ਨ ਸੇਵਾਦਾਰ, ਸੇਵਕ ਸੇਵਾ ਆਪ ਕਰਾ ਰਿਹਾ । ਆਪੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਕਰ ਪਿਆਰ, ਆਪ ਆਪਣੇ ਰੰਗ ਰੰਗਾ ਰਿਹਾ । ਆਪੇ ਰਵ ਸਸ ਚੰਨ ਸਤਾਰ, ਮੰਡਲ ਮੰਡਪ ਆਪ ਸੁਹਾ ਰਿਹਾ । ਆਪੇ ਨਿਰਗੁਣ ਨੂਰ ਕਰ ਉਜਿਆਰ, ਆਪ ਆਪਣਾ ਡਗਮਗਾ ਰਿਹਾ । ਆਪੇ ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਆਪ ਸੁਹਾ ਰਿਹਾ । ਆਪੇ ਸ਼ਾਹੋ ਭੂਪ ਸਿਕਦਾਰ, ਸਚ ਸੁਲਤਾਨ ਆਪ ਅਖਵਾ ਰਿਹਾ । ਆਪੇ ਜਾਣੇ ਆਪਣੀ ਧਾਰ, ਨਾ ਕੋਈ ਦੂਸਰ ਸੰਗ ਰਲਾ ਲਿਆ । ਇਕ ਅਕੱਲਾ ਖੇਲ ਅਪਾਰ, ਅਕਲ ਕਲਾ ਵਰਤਾ ਰਿਹਾ । ਆਦਿ ਨਿਰੰਜਣ ਹੋ ਉਜਿਆਰ, ਅਬਿਨਾਸ਼ੀ ਪੁਰਖ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਰਿਹਾ । ਏਕਾ ਏਕ ਆਦਿ ਨਿਰੰਜਣ, ਆਦਿ ਪੁਰਖ ਅਖਵਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਆਪ ਆਪਣਾ ਖੇਲ ਖਿਲਾਇਆ । ਆਪ ਆਪਣਾ ਬਣਿਆ ਸੱਜਣ, ਘਰ ਸਾਚੇ ਮੇਲ ਮਿਲਾਇਆ । ਅਲਖ ਅਗੋਚਰ ਅਗੰਮ ਅਥਾਹ, ਆਪੇ ਕਰੇ ਆਪਣਾ ਮਜਨ, ਆਪੇ ਆਪਣਾ ਤਾਲ ਸੁਹਾਈਆ । ਬੇਐਬ ਪਰਵਰਦਿਗਾਰ ਸਚ ਮਲਾਹ, ਮੁਕਾਮੇ ਹੱਕ ਇਕ ਖ਼ੁਦਾਇਆ । ਨੂਰੀ ਨੂਰ ਨੂਰ ਅਲ੍ਹਾ, ਅਲਾਹੀ ਨੂਰ ਭੇਵ ਨਾ ਰਾਇਆ । ਸਚ ਹਦੀਸ ਰਿਹਾ ਸੁਣਾ, ਏਕਾ ਨਾਅਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਏਕਾ ਏਕ ਅਖਵਾਇਆ । ਏਕੰਕਾਰ ਇਕ ਅਕੱਲਾ, ਅਕਲ ਕਲਾ ਅਖਵਾਈਆ । ਆਪੇ ਵਸਿਆ ਸਚ ਮਹੱਲਾ, ਉਚ ਮਹੱਲ ਅਟੱਲ ਮਿਨਾਰ ਵਡ ਵਡਿਆਈਆ । ਆਪਣੀ ਜੋਤੀ ਆਪੇ ਰੱਲਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਆਪਣੇ ਦੀਪਕ ਆਪੇ ਬੱਲਾ, ਆਪਣੀ ਕਰੇ ਆਪ ਰੁਸ਼ਨਾਈਆ । ਆਪਣਾ ਮੇਟੇ ਆਪੇ ਸਲਾ, ਨਾ ਕੋਈ ਦੁਰਮਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਪੁਰਖ ਵੱਡੀ ਵਡਿਆਈਆ । ਅਬਿਨਾਸ਼ੀ ਪੁਰਖ ਹਰਿ ਭਗਵਾਨਾ, ਏਕਾ ਰੂਪ ਸਮਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗ

ਜੁਗ ਨਾਉਂ ਧਰਾਇੰਦਾ । ਆਪੇ ਜੋਧਾ ਸੂਰਬੀਰ ਬਲੀ ਬਲਵਾਨਾ, ਪਾਰਬ੍ਰਹਮ ਆਪ ਅਖਵਾਇੰਦਾ । ਆਪੇ ਮਾਰੇ ਸਚ ਨਿਸ਼ਾਨਾ, ਸਾਚਾ ਚਿੱਲਾ ਆਪ ਉਠਾਇੰਦਾ । ਆਪੇ ਵਸੇ ਸਚ ਮਕਾਨਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਆਪ ਉਡਾਏ ਸਚ ਬਿਬਾਣਾ, ਆਪ ਆਪਣੀ ਕਲ ਵਰਤਾਇੰਦਾ । ਆਪੇ ਸ਼ਾਹੋ ਭੂਪ ਸੁਲਤਾਨਾ, ਰੰਕ ਰਾਜਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਘਰ ਸੁਹੰਜਣਾ ਹਰਿ ਨਿਰੰਕਾਰ, ਏਕਾ ਏਕ ਉਪਾਈਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਵਖਾਈਆ । ਨਾ ਕੋਈ ਬਾਡੀ ਕਰੇ ਤਿਆਰ, ਨਾ ਕੋਈ ਬਣਤ ਬਣਾਈਆ । ਲੋਆਂ ਪੁਰੀਆਂ ਵਸਿਆ ਬਾਹਰ, ਅਗੰਮ ਅਗੰਮੜੇ ਧਾਮ ਸੁਹਾਈਆ । ਆਪੇ ਜਾਣੇ ਆਪਣੀ ਕਾਰ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਵਸਿਆ ਧੁੰਧੂਕਾਰ, ਦੀਪ ਉਜਾਲਾ ਆਪ ਕਰਾਈਆ । ਆਪੇ ਪੁਰਖ ਆਪੇ ਨਾਰ, ਆਪ ਆਪਣੀ ਸੇਜ ਹੰਢਾਈਆ । ਆਪੇ ਕੰਤ ਆਪੇ ਭਤਾਰ, ਸਖਾ ਸਖਾਈ ਆਪ ਹੋ ਜਾਈਆ । ਆਪੇ ਜਾਏ ਆਪਣੀ ਧਾਰ, ਆਪੇ ਧਾਰ ਚਲਾਈਆ । ਏਕੰਕਾਰ ਕਰ ਅਕਾਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਬਣਤ ਬਣਾਈਆ । ਲੋਆਂ ਪੁਰੀਆਂ ਦਏ ਸਹਾਰ, ਬ੍ਰਹਿਮੰਡਾਂ ਖੰਡਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਖੇਲ ਕਰੇ ਰਘੁਰਾਈਆ । ਏਕਾ ਖੇਲ ਹਰਿ ਭਗਵਾਨ, ਆਪਣਾ ਆਪ ਕਰਾਇਆ । ਆਪੇ ਹੋਇਆ ਜਾਣੀ ਜਾਣਾ, ਭੇਵ ਨਾ ਕੋਈ ਪਾਇਆ । ਆਪੇ ਪੀਣਾ ਆਪੇ ਖਾਣਾ, ਤ੍ਰੈ ਤ੍ਰੈ ਤ੍ਰਿਪਤ ਕਰਾਇਆ । ਆਪੇ ਦਾਨਾ ਆਪੇ ਬੀਨਾ, ਬੀਨਾ ਦਾਨਾ ਆਪ ਹੋ ਜਾਈਆ । ਆਪੇ ਵਸੇ ਲੋਕਾ ਤੀਨਾਂ, ਅਵਣ ਗਵਣ ਆਪ ਸਮਾਇਆ । ਆਪੇ ਰੰਗ ਰੱਖੇ ਭੀਨਾ, ਆਪ ਆਪਣਾ ਲਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਏਕਾ ਏਕ ਕਰਾਇਆ । ਨਿਰਗੁਣ ਨੂਰ ਸਚ ਸਿਕਦਾਰ, ਸਚ ਤਖ਼ਤ ਸੁਲਤਾਨਿਆ । ਸਚ ਸਿੰਘਾਸਣ ਅਪਰ ਅਪਾਰ, ਹਰਿ ਬੈਠਾ ਵਡ ਮਿਹਰਵਾਨਿਆ । ਆਪੇ ਜਾਣੇ ਆਪਣੀ ਕਾਰ, ਆਪ ਆਪਣਾ ਖੇਲ ਖਿਲਾਨਿਆ । ਦੇਵੇ ਹੁਕਮ ਅਪਰ ਅਪਾਰ, ਸ਼ਬਦੀ ਸ਼ਬਦ ਸੁਣਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜਗੰਤ ਹਰਿ ਭਗਵੰਤ, ਆਪ ਆਪਣਾ ਵੇਸ ਵਟਾਨਿਆ । ਜੁਗ ਜੁਗ ਕਰਤਾ ਵੇਸ ਕਰ, ਆਪਣੀ ਕਾਰ ਕਮਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਸ਼ਕਤੀ ਕਰ, ਆਪੇ ਆਸਣ ਲਾਇੰਦਾ । ਆਪੇ ਗਣਪਤ ਗਣੇਸ਼ ਧਰ, ਆਪੇ ਪੂਜ ਪੁਜਾਇੰਦਾ । ਆਪੇ ਨਰ ਨਰੇਸ਼ ਦਰ, ਨਰ ਨਰਾਇਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕਾ ਘਰ, ਘਰ ਸਾਚਾ ਆਪ ਸੁਹਾਇੰਦਾ । ਘਰ ਸੁਹਾਇਆ ਹਰਿ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਏਕਾ ਰੰਗ ਏਕਾ ਰੂਪ ਅਪਾਰ, ਏਕਾ ਰੂਪ ਸਮਾਈਆ । ਏਕਾ ਦਰ ਇਕ ਦਵਾਰ, ਏਕਾ ਘਰ ਲਗਾਈਆ । ਨਾ ਕੋਈ ਦੂਸਰ ਦਿਸੇ ਮੀਤ ਮੁਰਾਰ, ਨਾ ਕੋਈ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਆਪ ਹੋ ਜਾਈਆ । ਆਪੇ ਜੋਤੀ ਜੋਤ ਉਜਾਲਾ, ਆਦਿ ਨਿਰੰਜਣ ਵਡ ਵਡਿਆਈਆ । ਆਪੇ ਪੁਰਖ ਪੁਰਖ ਅਕਾਲਾ, ਅਕਾਲ ਮੂਰਤ ਆਪ ਅਖਵਾਈਆ । ਆਪੇ ਦੀਨਾਂ ਬੰਧਪ ਦੀਨ ਦਿਆਲਾ, ਦਇਆ ਨਿਧ ਨਾਉਂ ਰਖਾਈਆ । ਆਪੇ ਚਲੇ ਜੁਗ ਜੁਗ ਅਵੱਲੜੀ ਚਾਲਾ, ਭੇਵ ਕੋਈ ਨਾ ਪਾਈਆ । ਆਪੇ ਵਸਿਆ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰਾ ਇਕ ਸੁਹਾਈਆ । ਆਪੇ ਆਪਣੀ

ਘਾਲ ਰਿਹਾ ਘਾਲਾ, ਸਾਚੀ ਘਾਲ ਆਪ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਕਰ, ਦਰ ਦਰਵੇਸ਼ ਆਪ ਅਖਵਾਈਆ । ਪੁਰਖ ਅਬਿਨਾਸ਼ ਦਰ ਦਰਵੇਸ਼, ਏਕਾ ਰੂਪ ਸਮਾਇਆ । ਆਪਣੇ ਘਰ ਕਰੇ ਅਦੇਸ, ਆਪੇ ਮੰਗਣ ਆਇਆ । ਆਪੇ ਬਣਿਆ ਨਰ ਨਰੇਸ਼, ਆਪੇ ਹੁਕਮ ਚਲਾਇਆ । ਆਪ ਆਪਣਾ ਆਪੇ ਵੇਖ, ਆਪ ਆਪਣਾ ਮੇਲ ਮਿਲਾਇਆ । ਆਪੇ ਲਿਖਣਹਾਰਾ ਲੇਖ, ਆਪੇ ਦਏ ਮਿਟਾਇਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਬਾਲ ਬਿਰਧ ਜਵਾਨ ਨਾ ਕੋਈ ਵਰੇਸ, ਏਕਾ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਅਪਾਰ, ਲੇਖਾ ਲਿਖਤ ਵਿਚ ਨਾ ਆਇਆ । ਏਕੰਕਾਰਾ ਪੁਰਖ ਅਨਾਦੀ, ਏਕਾ ਏਕ ਅਖਵਾਇਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਅਖਵਾਇਆ । ਏਕਾ ਰੂਪ ਆਦਿ ਜੁਗਾਦੀ, ਆਪਣਾ ਵੇਸ ਵਟਾਇਆ । ਏਕਾ ਮੋਹਣ ਮਾਧਵ ਮਾਧੀ, ਮੁਕੰਦ ਮਨੋਹਰ ਇਕ ਅਖਵਾਇਆ । ਏਕਾ ਕੰਤ ਹੋਏ ਸੁਹਾਗੀ, ਏਕਾ ਨਾਰ ਪਰਨਾਇਆ । ਏਕਾ ਪ੍ਰੀਤ ਏਕਾ ਦਰ ਲਾਗੀ, ਏਕਾ ਤੋੜ ਨਿਭਾਇਆ । ਏਕਾ ਹੰਸ ਏਕਾ ਕਾਗੀ, ਏਕਾ ਚੋਗ ਚੁਗਾਇਆ । ਏਕਾ ਰੱਖਣਹਾਰਾ ਲਾਜੀ, ਲਾਜਾਵੰਤ ਨਾਮ ਖ਼ੁਦਾਇਆ । ਏਕਾ ਸਾਜਣ ਰਿਹਾ ਸਾਜੀ, ਏਕਾ ਮੇਟ ਮਿਟਾਇਆ । ਏਕਾ ਖੋਲ੍ਹਣਹਾਰਾ ਪਾਜੀ, ਏਕਾ ਭੇਵ ਛੁਪਾਇਆ । ਏਕਾ ਅਸਵ ਏਕਾ ਤਾਜੀ, ਸ਼ਾਹ ਅਸਵਾਰ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਡੇਰਾ ਲਾਇਆ । ਸਾਚਾ ਘਰ ਹਰਿ ਸੁਹਾਏ, ਹਰਿ ਸਾਚੀ ਵਡ ਵਡਿਆਈਆ । ਵੇਦ ਕਤੇਬ ਕੋਈ ਭੇਵ ਨਾ ਪਾਏ, ਨਾ ਕੋਈ ਲੇਖਾ ਲੇਖ ਲਿਖਾਈਆ । ਕੋਟਨ ਕੋਟ ਬ੍ਰਹਮਾ ਸ਼ਿਵ ਰਹੇ ਰਾਹ ਤਕਾਏ, ਦਿਵਸ ਰੈਣ ਨੈਣ ਉਠਾਈਆ । ਕੋਟਨ ਕੋਟ ਗਣ ਗੰਧਰਬ ਰਹੇ ਅਲ੍ਹਾਏ, ਆਪ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਘਰ ਵਸਿਆ ਬੇਪਰਵਾਹੀਆ । ਬੇਪਰਵਾਹੀ ਹਰਿ ਹਰਿ ਮੀਤ, ਏਕਾ ਏਕ ਅਖਵਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤ, ਆਪਣੀ ਕਾਰ ਕਮਾਇੰਦਾ । ਸ਼ਬਦ ਅਨਾਦੀ ਸਾਚਾ ਗੀਤ, ਲੋਕਮਾਤ ਆਪ ਉਪਜਾਇੰਦਾ । ਵੇਖਣਹਾਰਾ ਹਸਤ ਕੀਟ, ਲੱਖ ਚੁਰਾਸੀ ਵਿਚ ਸਮਾਇੰਦਾ । ਆਪੇ ਵਸਿਆ ਧਾਮ ਅਨਡੀਠ, ਭੇਵ ਕੋਈ ਨਾ ਪਾਇੰਦਾ । ਆਪੇ ਮਿਠਾ ਕੌੜਾ ਰੀਠ, ਆਪੇ ਅੰਮ੍ਰਿਤ ਰਸ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰਾ ਧੁਰ ਦਰਬਾਰਾ, ਹਰਿ ਸਾਚਾ ਅਲੱਖ ਜਗਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਗਾਧ ਬੋਧ ਅਲਾਇੰਦਾ । ਨਰ ਨਰਾਇਣ ਭੇਵ ਨਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਅੰਤਮ ਢਾਇੰਦਾ । ਘੜਨ ਭੰਨਣਹਾਰ ਖੇਲ ਨਿਆਰਾ, ਘੜੇ ਭੰਨੇ ਆਪਣੇ ਚੋਜ ਵਖਾਇੰਦਾ । ਆਪੇ ਸਭ ਤੋਂ ਵਸੇ ਨਿਆਰਾ, ਆਪ ਆਪਣੇ ਵਿਚ ਸਮਾਇੰਦਾ । ਜਾਗਰਤ ਜੋਤ ਹੋ ਉਜਿਆਰਾ, ਅੰਤਮ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਨਿਰੰਜਣ ਨਾਉਂ ਰਖਾਇੰਦਾ । ਅਲਖ ਨਿਰੰਜਣ ਹਰਿ ਭਗਵੰਤ, ਅਕਲ ਕਲਾ ਕਲ ਧਾਰੀਆ । ਆਪੇ ਸਾਧ ਆਪੇ ਸੰਤ, ਗੁਰ ਰੂਪ ਆਪ ਅਖਵਾ ਰਿਹਾ । ਆਪੇ ਜੀਵ ਆਪੇ ਜੰਤ, ਆਪੇ ਘਟ ਘਟ ਡੇਰਾ ਲਾ ਰਿਹਾ । ਆਪੇ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਆਪੇ ਪੰਜ ਤੱਤ ਲੇਖਾ ਲਾ ਰਿਹਾ । ਆਪੇ ਖੇਲੇ ਖੇਲ ਅਗਣਤ, ਲੇਖਾ ਗਣਤ ਨਾ ਕੋਈ ਗਣਾ ਰਿਹਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬਣਾ ਰਿਹਾ । ਜੁਗ ਜੁਗ ਧਾਰ ਹਰਿ ਕਰਤਾਰ, ਆਪਣੀ ਆਪ ਚਲਾਈਆ । ਬ੍ਰਹਮਾ ਵੇਤਾ ਕਰ ਤਿਆਰ, ਸ਼ਬਦੀ ਸ਼ਬਦ ਜਣਾਈਆ । ਵਿਸ਼ਨੂੰ ਲਾਇਆ ਸੇਵਾਦਾਰ, ਸਾਚੀ ਸੇਵ ਕਮਾਈਆ । ਸ਼ਿਵ ਸ਼ੰਕਰ ਰਿਹਾ ਸੰਘਾਰ, ਆਪਣੀ ਆਪਣੀ ਚਾਲ ਚਲਾਈਆ । ਆਪੇ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਤੇਰੀ ਧਾਰ, ਪ੍ਰਭ ਸਾਚੇ ਆਪ ਚਲਾਈਆ । ਤ੍ਰੈਗੁਣ ਤੇਰਾ ਕਰਿਆ ਪਾਰ, ਪਾਰਬ੍ਰਹਮ ਕਰੀ ਕੁੜਮਾਈਆ । ਸਾਚਾ ਮੰਦਰ ਇਕ ਉਸਾਰ, ਨੌਂ ਦਰ ਖੋਲ੍ਹ ਖੁਲ੍ਹਾਈਆ । ਆਪੇ ਵਸਿਆ ਗੁਪਤ ਜ਼ਾਹਰ, ਅੰਦਰ ਮੰਦਰ ਡੇਰਾ ਲਾਈਆ । ਦਸਮ ਦਵਾਰੀ ਬੰਦ ਕਿਵਾੜ, ਆਪੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਈਆ । ਜੁਗ ਕਰਤਾ ਕਰਨੇਹਾਰਾ, ਪਾਰਬ੍ਰਹਮ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰਾ, ਹਰਿ ਸਾਚਾ ਮੂਲ ਚੁਕਾਇਆ । ਕਲਜੁਗ ਕੂੜਾ ਕਰ ਪਸਾਰਾ, ਕੂੜਾ ਡੰਕ ਵਜਾਇਆ । ਜੂਠ ਝੂਠ ਮੀਤ ਮੁਰਾਰਾ, ਹਰਿ ਸਗਲਾ ਸੰਗ ਨਿਭਾਇਆ । ਮੇਲ ਮਿਲਾਏ ਕਾਮ ਕਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸਨਾ ਲੜ ਬੰਧਾਇਆ । ਹਉਮੇ ਹੰਗਤਾ ਭਰ ਭੰਡਾਰਾ, ਸ੍ਰਿਸ਼ਟ ਸਬਾਈ ਝੋਲੀ ਪਾਇਆ । ਆਪੇ ਸਾਧ ਸੰਤ ਗੁਰ ਪੀਰ ਅਵਤਾਰਾ, ਪੀਰ ਦਸਤਗੀਰ ਸ਼ਾਹ ਹਕੀਰ ਵੇਸ ਵਟਾਇਆ । ਆਪੇ ਮੁੱਲਾ ਸ਼ੇਖ਼ ਕਾਜ਼ੀ ਲਾਏ ਨਾਅਰਾ, ਆਪੇ ਤਕਦੀਰ ਤਦਬੀਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਚਾਲ ਚਲਾਇਆ । ਚਾਲ ਅਵੱਲੜੀ ਹਰਿ ਆਪਣੀ ਆਪ ਚਲਾਈਆ । ਕੂੜੀ ਕਿਰਿਆ ਕਰ ਪਸਾਰ, ਚਾਰੋਂ ਕੁੰਟ ਤਕਾਈਆ । ਦਹਿ ਦਿਸ਼ਾ ਏਕਾ ਧਾਰ, ਭੁੱਲ ਰਹੇ ਨਾ ਰਾਈਆ । ਲੱਖ ਚੁਰਾਸੀ ਪਾਵੇ ਸਾਰ, ਸਾਚਾ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੰਗ ਤੇਰੇ ਤਨ ਆਪੇ ਰਿਹਾ ਚੜ੍ਹਾਈਆ । ਕਲਜੁਗ ਰੰਗ ਹਰਿ ਰੰਗਾਇਆ, ਆਪਣੀ ਦਇਆ ਕਮਾਈਆ । ਕਾਲਾ ਸੂਸਾ ਤਨ ਛੁਹਾਇਆ, ਵੇਖੇ ਸਰਬ ਲੋਕਾਈਆ । ਈਸਾ ਮੂਸਾ ਮੇਲ ਮਿਲਾਇਆ, ਏਕਾ ਨਾਅਰਾ ਲਾਈਆ । ਅੰਜੀਲ ਕੁਰਾਨਾ ਆਪ ਪੜ੍ਹਾਇਆ, ਤੀਸ ਬਤੀਸ ਗਾਈਆ । ਖ਼ਲਕ ਖ਼ੁਦਾਈ ਵੇਖ ਵਖਾਇਆ, ਖ਼ਲਕ ਖ਼ੁਦਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ਼ਕ ਰਹੀਮ ਆਪ ਹੋ ਜਾਈਆ । ਅਜ਼ਮਤੋ ਕਸਮਤੋ ਭੇਵ ਨਾ ਰਾਇਆ, ਆਪ ਆਪਣਾ ਮੁਖ ਲਗਾਈਆ । ਮਿਹਬਾਨ ਬੀਦੋ ਬੀ ਖੈਰ ਖ਼ੁਦਾਇਆ, ਬੀ ਖੈਰ ਯਾ ਅੱਲਾ ਤੇਰੀ ਵਡ ਵਡਿਆਈਆ । ਸਚ ਮੁਸੱਲਾ ਨਾਲ ਰਲਾਇਆ, ਖਾਕੀ ਖਾਕ ਟਿਕਾਈਆ । ਪੀਰ ਦਸਤਗੀਰ ਵੇਸ ਵਟਾਇਆ, ਮੁਖ ਇਕ ਚੀਰ ਉਠਾਈਆ । ਜਗਤ ਨਕ਼ਾਬ ਪੜਦਾ ਪਾਇਆ, ਨੇਤਰ ਨੈਣ ਛੁਪਾਈਆ । ਪੁੰਨ ਸਵਾਬ ਨਾ ਕੋਈ ਰਖਾਇਆ, ਹੱਕ ਹਕੀਕਤ ਦਏ ਸਲਾਹੀਆ । ਸ਼ਾਹ ਨਵਾਬ ਆਪ ਹੋ ਜਾਇਆ, ਬੇਐਬ ਪਰਵਰਦਿਗਾਰ ਨਾਮ ਖ਼ੁਦਾਈਆ । ਏਕਾ ਕਲਮਾ ਰਿਹਾ ਪੜ੍ਹਾਇਆ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਖਲਕ ਖ਼ੁਦਾਈਆ । ਖ਼ਲਕ ਖ਼ਾਲਕ ਆਪ ਸਮਾ, ਆਪਣਾ ਸਗਨ ਵਿਚਾਰਿਆ । ਅੱਲਾ ਰਾਣੀ ਨਾਲ ਰਲਾ, ਐਨਲਹੱਕ ਲਾਏ ਨਾਅਰਿਆ । ਸਾਚਾ ਬਣ ਆਪ ਮਲਾਹ, ਉਮਤ ਉਮਤੀ ਬੇੜਾ ਚਲਾ ਰਿਹਾ । ਵੇਖਣਹਾਰਾ ਬੇਪਰਵਾਹ, ਸੰਗ ਮੁਹੰਮਦੀ ਮੇਲ ਮਿਲਾ ਰਿਹਾ । ਚਾਰ ਯਾਰੀ ਪਕੜੇ ਬਾਂਹ, ਚਾਰੇ ਦਰ ਭੁਲਾ ਰਿਹਾ । ਅਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫੀਲ ਦਰ ਆਪ ਬਹਾ,

ਆਪ ਆਪਣਾ ਹੁਕਮ ਸੁਣਾ ਰਿਹਾ । ਸੇਵਕ ਸੇਵਾ ਸਾਚੀ ਲਾ, ਦਿਵਸ ਰੈਣ ਕਰਮ ਕਮਾ ਰਿਹਾ । ਚੌਦਾਂ ਤਬਕਾਂ ਚੌਦਾਂ ਹੱਟਾ ਚੌਦਾਂ ਲੋਕਾਂ ਫੋਲ ਫੁਲਾ, ਦੂਈ ਦੁਵੈਤੀ ਪੜਦਾ ਲਾਹ ਰਿਹਾ । ਏਕਾ ਨਾਅਰਾ ਆਪੇ ਲਾ, ਏਕਾ ਏਕ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੂਰੋ ਨੂਰ ਨੂਰ ਉਪਾ ਲਿਆ । ਨੂਰ ਅਲਾਹੀ ਸਚ ਖ਼ੁਦਾ, ਹਰਿ ਸਾਚੇ ਰੂਪ ਵਟਾਇਆ । ਨਿਰਗੁਣ ਨਿਰਗੁਣ ਹੋਏ ਜੁਦਾ, ਨਿਰਗੁਣ ਨਿਰਗੁਣ ਵਿਚ ਸਮਾਇਆ । ਨਿਰਗੁਣ ਨਿਰਗੁਣ ਆਪੇ ਹੋਏ ਫਿਦਾ, ਨਿਰਗੁਣ ਆਪਣਾ ਆਪ ਵਾਰ ਵਖਾਇਆ । ਆਪਣੀ ਰਬਾਬ ਆਪ ਵਜਾ, ਅਹਿਬਾਬ ਰਿਹਾ ਸੁਣਾਇਆ । ਆਬੇ ਹਯਾਤ ਰਹੇ ਹੱਥ ਰਖਾ, ਏਕਾ ਮੁਖ ਲਗਾਇਆ । ਦੋ ਦੋ ਆਬਾ ਮੇਲ ਮਿਲਾ, ਵੇਖਣਹਾਰ ਆਪ ਹੋ ਜਾਇਆ । ਸਾਚੇ ਘੋੜੇ ਚਰਨ ਰਕਾਬ ਆਪ ਟਿਕਾ, ਆਪੇ ਰਿਹਾ ਦੌੜਾਇਆ । ਪਾਕੀ ਪਾਕ ਵੇਖ ਖ਼ੁਦਾ, ਬਿਸਮਲ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਪਰਵਰਦਿਗਾਰੀ ਹਰਿ ਹਰਿ ਖੇਲਾ, ਆਪਣਾ ਖੇਲ ਖਿਲਾਇੰਦਾ । ਖਲਕ ਖ਼ੁਦਾਈ ਲੱਗਾ ਮੇਲਾ, ਨਾ ਕੋਈ ਧੀਰ ਧਰਾਇੰਦਾ । ਨਾ ਕੋਈ ਗੁਰੂ ਨਾ ਕੋਈ ਚੇਲਾ, ਪੀਰ ਦਸਤਗੀਰ ਨਾ ਕੋਈ ਅਖਵਾਇੰਦਾ । ਜੀਵ ਜੰਤ ਪਾਏ ਆਪਣੀ ਬੰਦੀਖਾਨਾ ਜੇਲਾ, ਸਾਚਾ ਫੰਦ ਨਾ ਕੋਈ ਕਟਾਇੰਦਾ । ਘਰ ਘਰ ਦੀਵਾ ਬੱਤੀ ਚਿਰਾਗ ਪਾਇਣ ਤੇਲਾ, ਆਤਮ ਜੋਤ ਨਾ ਕੋਈ ਜਗਾਇੰਦਾ । ਘਰ ਘਰ ਭੇਟਾ ਦੇਵਣ ਬੱਕਰਾ ਛੇਲਾ, ਆਪਣੀ ਭੇਟ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਸਚ ਸਿੰਘਾਸਣ ਆਸਣ ਲਾਇੰਦਾ । ਸਚ ਸਿੰਘਾਸਣ ਆਸਣ ਲਾ, ਹਰਿ ਸਾਚਾ ਵੇਖ ਵਖਾਇੰਦਾ । ਵੇਖਣਹਾਰਾ ਨੌ ਖੰਡ ਪ੍ਰਿਥਮੀ ਸੱਤ ਦੀਪ ਸਾਰੇ ਥਾਂ, ਗਗਨ ਮੰਡਲ ਬ੍ਰਹਿਮੰਡ ਖੰਡ ਉਤਭੁਜ ਸੇਤਜ ਜੇਰਜ ਅੰਡਜ ਫੋਲ ਫੋਲਾਇੰਦਾ । ਆਦਿ ਜੁਗਾਦੀ ਵੰਡੀ ਵੰਡ, ਆਪ ਆਪਣੀ ਵੰਡ ਵੰਡਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਆਪੇ ਮੁਖ ਭਵਾਇੰਦਾ । ਆਪੇ ਨਾਰ ਦੁਹਾਗਣ ਰੰਡ, ਆਪੇ ਕੰਤ ਹੰਢਾਇੰਦਾ । ਆਪੇ ਦੇਵਣਹਾਰਾ ਦੰਡ, ਆਪੇ ਭਗਤ ਤਰਾਇੰਦਾ । ਆਪੇ ਵੱਢਣਹਾਰਾ ਕੰਡ, ਆਪੇ ਗਲੇ ਲਗਾਇੰਦਾ । ਆਪੇ ਚੰਡ ਆਪ ਪਰਚੰਡ, ਆਪੇ ਸ਼ਬਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਲ ਵਰਤਾਇੰਦਾ । ਕਲਜੁਗ ਵਰਤੇ ਆਪਣੀ ਕਲ, ਹਰਿ ਸਾਚੇ ਜੋਤ ਜਗਾਈਆ । ਨਿਰਗੁਣ ਜੋਤ ਵਲ ਛਲ, ਭੇਵ ਕੋਇ ਨਾ ਪਾਈਆ । ਵਸਣਹਾਰਾ ਜਲ ਥਲ, ਜਲ ਥਲ ਰਿਹਾ ਸਮਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲ, ਚਾਰੋਂ ਕੁੰਟ ਫੇਰਾ ਪਾਈਆ । ਲੱਖ ਚੁਰਾਸੀ ਆਤਮ ਅੰਤਰ ਸਚ ਸਿੰਘਾਸਣ ਬੈਠਾ ਮੱਲ, ਦਿਸ ਕਿਸੇ ਨਾ ਆਈਆ । ਸਚ ਸਨੇਹੁੜਾ ਆਪੇ ਘਲ, ਆਪੇ ਰਿਹਾ ਸੁਣਾਈਆ । ਏਕਾ ਵਸਿਆ ਧਾਮ ਅਟੱਲ, ਉਚ ਅਗੰਮ ਅਥਾਹ ਬੇਪਰਵਾਹੀਆ । ਖੇਲੇ ਖੇਲ ਅੱਜ ਕਿ ਕਲ, ਖੇਲਣਹਾਰ ਆਪ ਅਖਵਾਈਆ । ਆਪਣੀ ਜੋਤੀ ਆਪੇ ਰਲ, ਸਾਚਾ ਸ਼ਬਦ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਥਾਉਂ ਥਾਈਆ । ਥਾਨ ਥਨੰਤਰ ਹਰਿ ਹਰਿ ਵੇਖ, ਆਪਣੀ ਦਇਆ ਕਮਾਇੰਦਾ । ਜੋਤੀ ਜਾਮਾ ਧਾਰੇ ਭੇਖ, ਭੇਵ ਕੋਈ ਨਾ ਪਾਇੰਦਾ । ਆਪੇ ਦਾਤਾ ਦਾਨੀ ਦਸ ਦਸਮੇਸ, ਦਰ ਦਰ ਅਲਖ ਜਗਾਇੰਦਾ । ਆਪੇ ਨਾਨਕ ਨਿਰਗੁਣ ਨਰ ਨਰੇਸ਼, ਆਪੇ ਨਾਮ ਸਤਿ ਮੰਤਰ ਦ੍ਰਿੜਾਇੰਦਾ । ਆਪੇ ਫਿਰੇ ਦੇਸ ਪਰਦੇਸ, ਆਪੇ ਸਾਚੇ

ਧਾਮ ਸੋਭਾ ਪਾਇੰਦਾ । ਆਪੇ ਹੋਏ ਰਿਖੀ ਕੇਸ, ਆਪੇ ਗਵਰਧਨ ਹੱਥ ਉਠਾਇੰਦਾ । ਆਪੇ ਲਾਵਣਹਾਰਾ ਮੇਖ, ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਆਪਣੇ ਹੱਥ ਰੱਖ, ਹਰਿ ਸਾਚਾ ਕਰਮ ਕਮਾਇੰਦਾ । ਆਦਿ ਜੁਗਾਦਿ ਜੁਗ ਜੁਗ ਦੇਵੇ ਆਪਣੀ ਵੱਥ, ਆਪਣੀ ਧਾਰ ਬੰਧਾਇੰਦਾ । ਲੱਖ ਚੁਰਾਸੀ ਪਾਵੇ ਨੱਥ, ਚਾਰੋਂ ਕੁੰਟ ਫਿਰਾਇੰਦਾ । ਸ਼ਬਦ ਜਣਾਈ ਅਕਥਨਾ ਅਕੱਥ, ਏਕਾ ਏਕ ਰਖਾਇੰਦਾ । ਦੋ ਜਹਾਨਾਂ ਚਲਾਏ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਸਰਬ ਕਲਾ ਆਪੇ ਸਮਰਥ, ਹਰਿ ਹਰਿ ਸਾਚੀ ਧਾਰ ਬੰਧਾਇੰਦਾ । ਜਨ ਭਗਤਾਂ ਦੇ ਕਰ ਰੱਖੇ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਵਿਕਾਰਾ ਦੇਵੇ ਮਥ, ਮਨ ਮਤ ਦੁਰਕਾਇੰਦਾ । ਇਕ ਦਵਾਰਾ ਤੀਰਥ ਅਠ ਸਠ, ਆਤਮ ਸਰ ਸਰੋਵਰ ਆਪ ਨੁਹਾਇੰਦਾ । ਸ਼ਬਦ ਜਣਾਈ ਪੂਜਾ ਪਾਠ, ਅਨਹਦ ਤਾਲ ਵਜਾਇੰਦਾ । ਆਤਮ ਅੰਦਰ ਮਾਰੇ ਠਾਠ, ਸਾਚਾ ਗੁਣ ਵਖਾਇੰਦਾ । ਨਿਰਗੁਣ ਜੋਤ ਜਗੇ ਲਿਲਾਟ, ਹਰਿ ਸਾਚੀ ਆਪ ਜਗਾਇੰਦਾ । ਆਪ ਉਤਾਰੇ ਆਪਣੇ ਘਾਟ, ਪਾਰ ਕਿਨਾਰਾ ਆਪ ਵਖਾਇੰਦਾ । ਲੇਖੇ ਲਾਏ ਕਾਇਆ ਮਾਟ, ਆਪ ਆਪਣਾ ਪੰਜ ਤੱਤ ਮੂਲ ਚੁਕਾਇੰਦਾ । ਲਹਿਣਾ ਦੇਣ ਚੁਕਾਏ ਆਨ ਬਾਟ, ਲੱਖ ਚੁਰਾਸੀ ਫੰਦ ਕਟਾਇੰਦਾ । ਤਨ ਲਪੇਟੇ ਸ਼ਬਦ ਪਟ, ਪੀਤ ਪੀਤੰਬਰ ਇਕ ਸੁਹਾਇੰਦਾ । ਦੁਰਮਤ ਮੈਲ ਦੇਵੇ ਕੱਟ, ਆਪ ਆਪਣੇ ਰੰਗ ਰੰਗਾਇੰਦਾ । ਆਪ ਵਿਕਾਏ ਸਾਚੇ ਹੱਟ, ਚੌਦਾਂ ਹੱਟਾਂ ਮੁਖ ਭਵਾਇੰਦਾ । ਗੁਰਮੁਖ ਵਿਰਲਾ ਅੰਮ੍ਰਿਤ ਰਸ ਲਏ ਚੱਟ, ਮਨਮੁਖਾਂ ਹੱਥ ਨਾ ਆਇੰਦਾ । ਜੁਗ ਜੁਗ ਪੂਰਾ ਕਰਨਹਾਰਾ ਘਾਟ, ਲਹਿਣਾ ਦੇਣਾ ਮੂਲ ਚੁਕਾਇੰਦਾ । ਜ਼ਿਮੀ ਅਸਮਾਨਾ ਪੜਦਾ ਰਿਹਾ ਪਾਟ, ਨਾ ਕੋਈ ਮੇਟ ਮਿਟਾਇੰਦਾ । ਕਲਜੁਗ ਸੁੰਞੀ ਦਿਸੇ ਖਾਟ, ਸਚ ਵਿਛੌਣਾ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੇਖੇ ਵਾਟ, ਅੰਤਮ ਪੰਧ ਮੁਕਾਇੰਦਾ । ਕਲਜੁਗ ਅੰਤਮ ਪੰਧ ਮੁਕੌਣਾ, ਹਰਿ ਸਾਚੇ ਵਡ ਵਡਿਆਈਆ । ਜੂਠਾ ਝੂਠਾ ਮੋਹ ਚੁਕੌਣਾ, ਮਾਇਆ ਮਮਤਾ ਰਹਿਣ ਨਾ ਪਾਈਆ । ਕਾਮ ਕਰੋਧ ਰਹਿਣ ਨਾ ਪੌਣਾ, ਪੰਜ ਤੱਤ ਨਾ ਕਰੇ ਕੁੜਮਾਈਆ । ਆਸਾ ਤ੍ਰਿਸਨਾ ਨਾ ਕਿਸੇ ਸਤੌਣਾ, ਹਉਮੇ ਹੰਗਤਾ ਨਾ ਕੋਈ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕਿਸੇ ਮਨੌਣਾ, ਨਾ ਕੋਈ ਪੂਜ ਪੁਜਾਈਆ । ਕਲਮਾ ਅਮਾਮ ਨਾ ਕਿਸੇ ਪੜ੍ਹੌਣਾ, ਕਾਇਨਾਤ ਦਏ ਜਣਾਈਆ । ਰਾਮ ਨਾਮ ਨਾ ਕਿਸੇ ਗੌਣਾ, ਭੁੱਲੀ ਸਰਬ ਲੋਕਾਈਆ । ਕਾਹਨ ਕ੍ਰਿਸ਼ਨਾ ਮੇਲ ਮਿਲੌਣਾ, ਆਪੇ ਰਹੇ ਵਿਚ ਟਿਕਾਈਆ । ਈਸਾ ਮੂਸਾ ਲੇਖ ਚੁਕੌਣਾ, ਅੱਲਾ ਰਾਣੀ ਦਏ ਦੁਹਾਈਆ । ਸੰਗ ਮੁਹੰਮਦ ਚਾਰ ਯਾਰ ਵੇਖੇ ਭਾਣਾ ਆਪਣੇ ਨੈਣਾਂ, ਆਪਣੀ ਮੰਗ ਮੰਗਾਈਆ । ਸਦੀ ਚੌਧਵੀ ਪਾਏ ਗਹਿਣਾ, ਤਨ ਸ਼ੰਗਾਰ ਇਕ ਵਖਾਈਆ । ਉਮਤ ਉਮਤੀ ਭਾਣਾ ਸਹਿਣਾ, ਦੇਵਣਹਾਰ ਹਰਿ ਸਜਾਈਆ । ਅੰਤਮ ਮੰਨਣਾ ਪਏ ਕਹਿਣਾ, ਹੋਣੀ ਮਾਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਆਪੇ ਰੱਖ, ਆਪਣੀ ਕਲ ਵਰਤਾਈਆ । ਸਰਬ ਕਲਾ ਹੋ ਪਰਤੱਖ, ਪੰਡਤ ਪਾਂਧੇ ਲਏ ਸਮਝਾਈਆ । ਸ਼ਿਵ ਸ਼ੰਕਰ ਨਾ ਸਕੇ ਕੋਈ ਰੱਖ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਬ੍ਰਹਮਾ ਰੋਵੇ ਨੇਤਰ ਅੱਖ, ਨੇਤਰ ਨੀਰ ਵਹਾਈਆ । ਕਰੋੜ ਤੇਤੀਸਾ ਭਾਂਡੇ ਸੱਖ, ਪ੍ਰਭ ਸਾਚਾ ਆਪ ਕਰਾਈਆ । ਚਾਰੋਂ ਕੁੰਟ ਉਡਣੇ ਕੱਖ, ਨਾ ਸਕੇ ਕੋਈ ਬਚਾਈਆ । ਸੁਰਪਤ ਰਾਜਾ ਇੰਦ ਹੋਇਆ ਵੱਖ, ਤਖ਼ਤ ਤਾਜ

ਰਹਿਣ ਨਾ ਪਾਈਆ । ਸ਼ਿਵ ਸ਼ੰਕਰ ਪ੍ਰਭ ਕੱਢੇ ਧੱਕ, ਬ੍ਰਹਮੇ ਪੜਦਾ ਦੇਵੇ ਢਕ, ਧਰੂ ਪ੍ਰਹਿਲਾਦ ਲਾਜ ਲਏ ਰੱਖ, ਆਪ ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਨਕੇਲ ਪਾਏ ਨੱਕ, ਲੋਕਮਾਤ ਵੇਖ ਵਖਾਈਆ । ਚਾਰ ਵਰਨਾਂ ਮਾਰੇ ਧੱਕ, ਨਾ ਕੋਈ ਸਕੇ ਬਚਾਈਆ । ਨਾਨਕ ਲੇਖਾ ਗਿਆ ਲਿਖ, ਨਾ ਕੋਈ ਸਕੇ ਮਿਟਾਈਆ । ਗੁਰ ਗੋਬਿੰਦ ਬਣਾਏ ਸਾਚੇ ਸਿਖ, ਸਾਚੀ ਸਿਖਿਆ ਇਕ ਸਮਝਾਈਆ । ਆਪਣੇ ਨੇਤਰ ਆਪੇ ਪੇਖ, ਆਪੇ ਦਏ ਵਡਿਆਈਆ । ਸਚ ਸੁਲਤਾਨ ਨਰ ਨਰੇਸ਼, ਘਰ ਸਾਚੇ ਸਿਫ਼ਤ ਸਲਾਹੀਆ । ਲੋਆਂ ਪੁਰੀਆਂ ਫਿਰੇ ਦੇਸ ਪਰਦੇਸ, ਦਰ ਦਰ ਅਲਖ ਜਗਾਈਆ । ਅੰਦਰ ਮੰਦਰ ਆਪੇ ਰਿਹਾ ਵੇਖ, ਆਪ ਆਪਣਾ ਮੁਖ ਛੁਪਾਈਆ । ਬ੍ਰਹਮ ਬ੍ਰਹਮ ਪਾਰਬ੍ਰਹਮ ਕਰੇ ਆਦੇਸ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਹੰ ਬ੍ਰਹਮ ਏਕਾ ਵੇਸ, ਏਕਾ ਰੰਗ ਰੰਗਾਈਆ । ਆਪੇ ਸੁੱਤਾ ਸੇਜਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਈਆ । ਆਪੇ ਵਿਸ਼ਨੂੰ ਵੰਸੀ ਕਰੇ ਵੇਸ, ਆਪਣੀ ਕੁਲ ਤਰਾਈਆ । ਆਪੇ ਪਾਰਬ੍ਰਹਮ ਪ੍ਰਭ ਕਰੇ ਆਦੇਸ, ਆਦਿ ਪੁਰਖ ਵਡ ਵਡਿਆਈਆ । ਅਕਾਲ ਮੂਰਤ ਆਪ ਆਪਣੀ ਆਪੇ ਵੇਖ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਡੰਕ ਵਜਾਈਆ । ਨਾਮ ਵੱਜੇ ਸਾਚਾ ਡੰਕਾ, ਹਰਿ ਸਾਚੇ ਆਪ ਵਜਾਵਣਾ । ਆਪ ਉਠਾਏ ਰਾਓ ਰੰਕਾ, ਰਾਜ ਰਾਜਾਨਾ ਆਪ ਹਿਲਾਵਣਾ । ਆਪੇ ਵਿਸ਼ਨੂੰ ਸ਼ਿਵ ਬ੍ਰਹਮ ਅੰਦਰ ਵੇਖੇ ਪੁਰੀ ਘਨਕਾ, ਘਨਕ ਪੁਰ ਵਾਸੀ ਆਪ ਅਖਵਾਵਣਾ । ਆਪੇ ਜੋਤੀ ਨੂਰ ਉਜਾਲਾ ਹਰਿ ਗੋਪਾਲਾ ਲਾਏ ਤਨਕਾ, ਦਹਿ ਦਿਸ਼ਾ ਆਪ ਹਿਲਾਵਣਾ । ਆਪ ਉਠਾਏ ਜਨ ਜਨ ਜਨਕਾ, ਮਨ ਕਾ ਮਨਕਾ ਆਪ ਭਵਾਵਣਾ । ਆਪ ਉਪਾਏ ਬ੍ਰਹਮਾ ਸੁੱਤ ਸ਼ਨਕ ਸਨਾਤਨ ਸੰਤ ਕੁਮਾਰ ਸਨਕਾ, ਆਪੇ ਬਰਾਹ ਰਿਹਾ ਵਟਾਇਆ । ਆਪੇ ਯਗੈ ਪੁਰਖ ਹਾਵ ਗਰੀਵ ਖੇਲ ਖਿਲਾਇਆ । ਆਪੇ ਨਰ ਨਰਾਇਣ ਹੋਏ ਬਾਰ ਅਨਕਾ ਮਾਰੇ ਡੰਕਾ, ਆਪ ਆਪਣਾ ਤਾਲ ਵਜਾਵਣਾ । ਆਪੇ ਕਪਲਮੁਨ ਕੱਢੇ ਸ਼ੰਕਾ, ਦੱਤਾ ਤ੍ਰੈ ਆਪ ਸਮਝਾਵਣਾ । ਆਪੇ ਰਿਖਭ ਦੇਵ ਲਾਏ ਡੰਕਾ, ਆਪੇ ਪ੍ਰਿਥੂ ਵੇਖ ਵਖਾਵਣਾ । ਆਪੇ ਮਤਸ ਮੋਹ ਮਛ ਬਣਾਕਾ, ਕਛਪ ਰੂਪ ਆਪ ਵਟਾਵਣਾ । ਆਪ ਮੋਹਨ ਮੋਹਨੀ ਧਾਰ ਖੇਲੇ ਆਪਣੀ ਅੰਤਾ, ਅੰਤ ਕਿਸੇ ਨਾ ਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਵਣਾ । ਜੁਗ ਜੁਗ ਵੇਸ ਹਰਿ ਵਟਾਵਣਾ, ਆਪਣੀ ਕਲ ਧਾਰੀਆ । ਆਦਿ ਜੁਗਾਦੀ ਇਕ ਅਖਵਾਵਣਾ, ਇਕ ਅਕੱਲਾ ਏਕੰਕਾਰੀਆ । ਨਾਮ ਜਹਾਜਨਾ ਇਕ ਚਲਾਵਣਾ, ਆਪ ਆਪਣੀ ਆਪੇ ਵਾਰੀਆ । ਅਸਵ ਘੋੜਾ ਤਾਜਾ ਇਕ ਦੌੜਾਵਣਾ, ਸ਼ਾਹੋ ਭੂਪ ਸਚ ਅਸਵਾਰੀਆ । ਰਾਜਨ ਰਾਜਾ ਆਪ ਹੋ ਜਾਵਣਾ, ਥਿਰ ਘਰ ਬੈਠ ਸੱਚੀ ਸਿਕਦਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਉਜਿਆਰੀਆ । ਨਿਰਗੁਣ ਜੋਤ ਨਿਹਕਲੰਕ, ਆਪਣੀ ਆਪ ਉਪਜਾਇੰਦਾ । ਆਪ ਬਣਾਏ ਆਪਣੀ ਬਣਤ, ਆਪ ਆਪਣੇ ਦਰ ਸੁਹਾਇੰਦਾ । ਆਪੇ ਗਾਏ ਆਪਣਾ ਛੰਤ, ਆਪ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਧਾਮ ਸੁਹਾਇੰਦਾ । ਪੁਰਖ ਅਬਿਨਾਸ਼ੀ ਧਾਮ ਨਿਆਰਾ, ਏਕਾ ਏਕ ਉਪਾਈਆ । ਨਿਰਗੁਣ ਜੋਤ ਕਰ ਉਜਿਆਰਾ, ਬੈਠਾ ਬੇਪਰਵਾਹੀਆ । ਸ਼ਬਦ ਖੰਡਾ ਫੜ ਦੋ ਧਾਰਾ, ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ

੧੨੨
੦੮

ਗੁਰ ਚੇਲੇ ਵੇਖ ਵਖਾਈਆ । ਗੁਰ ਗੁਰ ਚੇਲਾ ਆਪੇ ਵੇਖ, ਆਪਣੀ ਦਇਆ ਕਮਾਇਆ । ਆਪੇ ਦਾਤਾ ਦਸ ਦਸਮੇਸ, ਦਹਿ ਦਿਸ਼ਾ ਫੇਰੀ ਪਾਇਆ । ਗੁਰਮੁਖ ਸਾਜਨ ਨੇਤਰ ਪੇਖ, ਆਪਣੇ ਸੰਗ ਰਲਾਇਆ । ਆਤਮ ਅੰਤਰ ਲਾਏ ਮੇਖ, ਨਾ ਕੋਈ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਿਰਗੁਣ ਨਾਉਂ ਨਰ ਨਿਰੰਕਾਰ, ਨਿਹਕਲੰਕ ਰਖਾਇਆ । ਜੋਤੀ ਜਾਮਾ ਭੇਖ ਅਪਾਰ, ਦਿਸ ਕਿਸੇ ਨਾ ਆਇਆ । ਹਰ ਘਟ ਅੰਦਰ ਕਰ ਪਸਾਰ, ਬੈਠਾ ਡੇਰਾ ਲਾਇਆ । ਜਨ ਭਗਤਾਂ ਦੇਵੇ ਨਾਮ ਅਧਾਰ, ਆਪ ਆਪਣੀ ਬੂਝ ਬੁਝਾਇਆ । ਰਸਨਾ ਜੇਹਵਾ ਗੁਣ ਵਿਚਾਰ, ਪਵਣ ਸਵਾਸੀ ਸੇਵਾ ਲਾਇਆ । ਮੰਦਰ ਅੰਦਰ ਖੋਲ੍ਹ ਕਿਵਾੜ, ਆਪੇ ਕੁੰਡਾ ਲਾਹਿਆ । ਮੇਟ ਮਿਟਾਏ ਪੰਚਮ ਧਾੜ, ਸ਼ਬਦੀ ਵੇਖ ਵਖਾਇਆ । ਵਾ ਨਾ ਲੱਗੇ ਤੱਤੀ ਹਾੜ, ਸਾਂਤਕ ਸਤਿ ਕਰਾਇਆ । ਕਰੇ ਪਰਕਾਸ਼ ਬਹੱਤਰ ਨਾੜ, ਨੂਰੋ ਨੂਰ ਰਖਾਇਆ । ਸਚ ਵਖਾਏ ਧਰਮ ਅਖਾੜ, ਅਨਹਦ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਦਲੀਪ ਲਏ ਤਰਾਇਆ ।

### ✪ ੨੧ ਮਾਘ ੨੦੧੫ ਬਿਕ੍ਰਮੀ ਜਾਗੀਰ ਸਿੰਘ ਦੇ ਘਰ ਪਿੰਡ ਸੋਹਲ ਗੁਰਦਾਸਪੁਰ ✪



ਆਦਿ ਪੁਰਖ ਪੁਰਖ ਅਬਿਨਾਸ਼ਾ, ਏਕਾ ਏਕੰਕਾਰਿਆ । ਆਦਿ ਜੁਗਾਦਿ ਜੁਗ ਜੁਗ ਪਾਵੇ ਰਾਸਾ, ਜੁਗ ਜੁਗ ਖੇਲ ਅਪਾਰਿਆ । ਇਕ ਅਕੱਲਾ ਏਕੰਕਾਰ ਆਪੇ ਖੇਲੇ ਖੇਲ ਤਮਾਸ਼ਾ, ਖੇਲਣਹਾਰ ਆਪ ਅਖਵਾ ਰਿਹਾ । ਆਦਿ ਅੰਤ ਨਾ ਹੋਏ ਵਿਨਾਸਾ, ਆਪਣੀ ਕਲ ਆਪ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾ ਰਿਹਾ । ਖੇਲਣਹਾਰ ਪੁਰਖ ਅਗੰਮ, ਆਦਿ ਜੁਗਾਦਿ ਸਮਾਇਆ । ਆਪੇ ਜਾਣੇ ਆਪਣਾ ਕੰਮ, ਵੇਦ ਕਤੇਬ ਨਾ ਕਿਸੇ ਲਿਖਾਇਆ । ਮਾਤ ਗਰਭ ਨਾ ਪਏ ਜੰਮ, ਪਵਣ ਸਵਾਸਾ ਨਾ ਕੋਇ ਚਲਾਇਆ । ਆਪੇ ਜਾਣੇ ਆਪਣਾ ਨਾਮ, ਆਪੇ ਲਏ ਉਪਾਇਆ । ਆਪੇ ਵਸਿਆ ਸਾਚੇ ਧਾਮ, ਸਚ ਸਿੰਘਾਸਣ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਇਆ । ਆਦਿ ਜੁਗਾਦੀ ਇਕ ਅਕੱਲਾ, ਏਕਾ ਰੂਪ ਸਮਾਇੰਦਾ । ਆਪੇ ਵਸੇ ਸਚ ਮਹੱਲਾ, ਘਰ ਸਾਚਾ ਆਪ ਸੁਹਾਇੰਦਾ । ਦੀਪਕ ਜੋਤੀ ਏਕਾ ਬਲਾ, ਇਕ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਅਪਣਾ ਮੇਲ ਮਿਲਾਇੰਦਾ । ਆਪਣਾ ਮੇਲ ਹਰਿ ਹਰਿ ਮੇਲਾ, ਆਪੇ ਕਿਰਤ ਕਮਾਈਆ । ਆਪੇ ਗੁਰੂ ਗੁਰ ਚੇਲਾ, ਚੇਲਾ ਗੁਰ ਨਾਮ ਰਖਾਈਆ । ਆਪੇ ਸੱਜਣ ਸੱਜਣ ਸੰਤ ਸੁਹੇਲਾ, ਆਪੇ ਸਤਿਗੁਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਅਕਲ ਕਲਾ ਅਖਵਾਈਆ । ਅਕਲ ਕਲ ਪੁਰਖ ਅਕਾਲਾ, ਏਕ ਏਕੰਕਾਰਿਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਭੇਵ ਕੋਈ ਨਾ ਪਾ ਰਿਹਾ । ਖੇਲੇ ਖੇਲ ਖੇਲ ਨਿਰਾਲਾ, ਖੇਲਣਹਾਰ ਆਪ ਅਖਵਾ ਰਿਹਾ । ਜਾਣੇ ਜਣਾਏ ਦੋ ਜਹਾਨਾਂ, ਦੋ ਜਹਾਨੀ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ ਏਕਾ ਏਕ ਅਖਵਾ ਰਿਹਾ । ਆਦਿਨ ਅੰਤਾ ਹਰਿ ਭਗਵੰਤਾ, ਏਕਾ

ਰੂਪ ਸਮਾਈਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੱਡੀ ਵਡਿਆਈਆ । ਆਪ ਉਠਾਏ ਸਾਚੇ ਸੰਤਾ, ਹਰਿ ਸਾਚੀ ਬੂਝ ਬੁਝਾਈਆ । ਆਪੇ ਨਾਰੀ ਆਪੇ ਕੰਤਾ, ਆਪੇ ਸੇਜ ਹੰਢਾਈਆ । ਆਪ ਆਪਣੀ ਬਣਾਏ ਬਣਤਾ, ਆਪੇ ਵੇਖ ਵਖਾਈਆ । ਆਪ ਚਾੜ੍ਹੇ ਰੰਗ ਬਸੰਤਾ, ਆਪਣੀ ਚੋਲੀ ਆਪ ਰੰਗਾਈਆ । ਆਪੇ ਜਾਣੇ ਮਹਿਮਾ ਅਗਣਤਾ, ਆਪੇ ਆਪ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਵਡ ਵਡਿਆਈਆ । ਵਡ ਵਡਿਆਈ ਹਰਿ ਸਮਰਥ, ਏਕਾ ਏਕੰਕਾਰਿਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾ ਰਿਹਾ । ਆਪਣੇ ਭਗਤਾਂ ਦੇਵੇ ਸਾਚੀ ਵੱਥ, ਆਪ ਆਪਣਾ ਨਾਮ ਜਣਾ ਰਿਹਾ । ਸਚ ਦਵਾਰੇ ਇਕ ਅਕੱਥ, ਸਚਖੰਡ ਦਵਾਰ ਆਪ ਅਖਵਾ ਰਿਹਾ । ਏਕਾ ਤੀਰਥ ਏਕਾ ਤਟ, ਤਟ ਕਿਨਾਰਾ ਆਪ ਅਖਵਾ ਰਿਹਾ । ਚੌਦਾਂ ਲੋਕ ਏਕਾ ਹੱਟ, ਹਰਿ ਸਾਚਾ ਆਪ ਖੁਲ੍ਹਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਚਰਨ ਦਵਾਰੇ ਰਹੇ ਢੱਠ, ਨਿਉਂ ਨਿਉਂ ਸੀਸ ਝੁਕਾ ਰਿਹਾ । ਆਪੇ ਗੇੜਣਹਾਰਾ ਆਪਣੀ ਲੱਠ, ਗੇੜਾ ਆਪਣੇ ਹੱਥ ਰਖਾ ਰਿਹਾ । ਆਪੇ ਜਾਣੇ ਪੂਜਾ ਪਾਠ, ਅੰਤਰ ਆਤਮ ਆਪ ਜਣਾ ਰਿਹਾ । ਆਪੇ ਚਾੜ੍ਹੇ ਔਖੇ ਘਾਟ, ਸਚ ਕਿਨਾਰਾ ਆਪ ਅਖਵਾ ਰਿਹਾ । ਆਪੇ ਬਜਰ ਕਪਾਟੀ ਦੇਵੇ ਪਾੜ, ਦੂਈ ਦਵੈਤੀ ਮੇਟ ਮਿਟਾ ਰਿਹਾ । ਆਪੇ ਜੋਤ ਨਿਰੰਜਣ ਵੇਖ ਲਿਲਾਟ, ਨਿਰਗੁਣ ਨਿਰਗੁਣ ਆਪ ਚਮਕਾ ਰਿਹਾ । ਆਪੇ ਸ਼ਬਦ ਅਗੰਮੀ ਮਾਰੇ ਸਾਟ, ਤਾਲ ਤਲਵਾੜਾ ਆਪ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਵਟਾ ਰਿਹਾ । ਜੁਗ ਜੁਗ ਵੇਸ ਹਰਿ ਕਰਤਾਰ, ਆਪਣਾ ਆਪ ਉਪਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਕਲਜੁਗ ਵੇਖ ਵਖਾਈਆ । ਲੋਆਂ ਪੁਰੀਆਂ ਪਾਰ ਕਿਨਾਰ, ਬ੍ਰਹਿਮੰਡ ਖੰਡ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਬੇਪਰਵਾਹੀਆ ।



ਹਰਿ ਕਿਰਪਾ ਹਰਿ ਜਾਣਿਆ, ਸਤਿਗੁਰ ਪੁਰਖ ਕਰਤਾਰ । ਗੁਰ ਸਤਿਗੁਰ ਮੇਲ ਮੇਲਾਨਿਆ, ਘਰ ਮੇਲਾ ਹਰਿ ਨਿਰੰਕਾਰ । ਆਤਮ ਬ੍ਰਹਮ ਪਛਾਨਿਆ, ਵਿਛੜਿਆ ਸੰਸਾਰ । ਘਰ ਮਿਲਿਆ ਨਾਮ ਨਿਧਾਨਿਆ, ਖੁਲ੍ਹਿਆ ਬੰਦ ਕਿਵਾੜ । ਨਾਤਾ ਤੁਟਾ ਪੰਜ ਸ਼ੈਤਾਨਿਆ, ਤ੍ਰੈਗੁਣ ਅਗਨ ਨਾ ਲੱਗੇ ਤੱਤੀ ਹਾੜ । ਸਤਿ ਸੰਤੋਖੀ ਬੱਧਾ ਗਾਨਿਆ, ਬਣਿਆ ਸਾਚਾ ਲਾੜ । ਪਾਇਆ ਪਦ ਇਕ ਨਿਰਬਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚੇ ਦੇਵੇ ਵਾੜ । ਹਰਿ ਪੁਰਖ ਸੁਲਤਾਨ ਸ਼ਾਹੋ ਭੂਪ, ਸਤਿਗੁਰ ਨਾਮ ਧਰਾਇਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਮੇਖ ਨਾ ਕੋਈ ਲਗਾਇਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਮਿਲਾਇਆ । ਸਤਿਗੁਰ ਪੁਰਖ ਦੀਨ ਦਿਆਲ, ਗੁਰ ਸਤਿਗੁਰ ਨਾਮ ਧਰਾਈਆ । ਗੁਰਸਿਖ ਵੇਖੇ ਸਾਚੇ ਲਾਲ, ਜੁਗ ਜੁਗ ਮੇਲ ਮਿਲਾਈਆ । ਸ਼ਬਦ ਗੁਰ ਬਣ ਦਲਾਲ, ਘਰ ਘਰ ਅਲਖ ਜਗਾਈਆ । ਅੰਮ੍ਰਿਤ ਆਤਮ ਨੁਹਾਏ ਸਾਚੇ ਤਾਲ, ਦੁਰਮਤ ਮੈਲ ਗਵਾਈਆ । ਇਕ ਵਖਾਏ ਬੇਹੰਗਮ ਚਾਲ, ਸਾਚੇ ਪੌੜੇ ਆਪ ਚੜ੍ਹਾਈਆ । ਫਲ ਲਗਾਏ ਕਾਇਆ ਡਾਲ੍ਹ, ਸਾਚਾ ਮੇਵਾ

ਫਲ ਲਗਾਈਆ । ਤੋੜਣਹਾਰਾ ਜਗਤ ਜੰਜਾਲ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਸ਼ਾਹ ਆਪੇ ਕੰਗਾਲ, ਗੁਰਮੁਖਾਂ ਨਾਮ ਖਜਾਨਾ ਦਏ ਵਰਤਾਈਆ । ਅੰਦਰ ਮੰਦਰ ਵਜਾਏ ਤਾਲ, ਅਨਹਦ ਸੇਵਾ ਲਾਈਆ । ਜੋਤ ਨਿਰੰਜਣ ਦੀਪਕ ਬਾਲ, ਅੰਧ ਅੰਧੇਰ ਮਿਟਾਈਆ । ਸ਼ਬਦੀ ਸ਼ਬਦ ਆਪੇ ਭਾਲ, ਗੁਰ ਸਤਿਗੁਰ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਮ ਵਡਿਆਈਆ । ਜੁਗ ਕਰਤਾ ਹਰਿ ਕਰਨੇਹਾਰਾ, ਆਦਿ ਪੁਰਖ ਅਖਵਾਇਆ । ਜਨ ਭਗਤਾਂ ਮੇਲਾ ਵਿਚ ਸੰਸਾਰਾ, ਜੁਗ ਜੁਗ ਕਰਦਾ ਆਇਆ । ਨਿਰਗੁਣ ਰੂਪ ਲੈ ਅਵਤਾਰਾ, ਸਰਗੁਣ ਮੇਲ ਮਿਲਾਇਆ । ਸਰਗੁਣ ਬੰਨੇ ਸਾਚੀ ਧਾਰਾ, ਲੋਕਮਾਤ ਰਾਹ ਚਲਾਇਆ । ਸ਼ਬਦ ਵਿਚੋਲਾ ਖੇਲ ਨਿਆਰਾ, ਦਿਸ ਕਿਸੇ ਨਾ ਆਇਆ । ਅੰਦਰ ਮੰਦਰ ਬੈਠ ਮਹੱਲ ਅਟੱਲ ਉਚ ਮੁਨਾਰਾ, ਘਰ ਘਰ ਵਿਚ ਡੇਰਾ ਲਾਇਆ । ਜਿਸ ਜਨ ਖੋਲ੍ਹੇ ਬੰਦ ਕਿਵਾੜਾ, ਆਪ ਆਪਣਾ ਦਰਸ ਦਿਖਾਇਆ । ਆਪੇ ਫਿਰੇ ਪਿੱਛੇ ਅਗਾੜਾ, ਦੂਰ ਨੇੜੇ ਨਾ ਕੋਈ ਜਣਾਇਆ । ਧੁਰ ਦਰਗਾਹੀ ਸਾਚਾ ਲਾੜਾ, ਥਿਰ ਘਰ ਬੈਠਾ ਬੇਪਰਵਾਹਿਆ । ਵੇਖ ਵਖਾਏ ਬਹੱਤਰ ਨਾੜਾ, ਪੰਜ ਤੱਤ ਫੋਲ ਫੋਲਾਇਆ । ਮਨ ਮਤ ਬੁਧ ਕੱਢੇ ਹਾੜਾ, ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਜਨ ਲਏ ਤਰਾਇਆ । ਹਰਿਜਨ ਹਰਿ ਹਰਿ ਮੀਤੜਾ, ਪਰਮ ਪੁਰਖ ਕਰਤਾਰ । ਰੰਗਣਹਾਰਾ ਕਾਇਆ ਚੀਥੜਾ, ਰੂਪ ਅਗੰਮ ਅਪਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਦਿਸ ਨਾ ਆਏ ਵਿਚ ਸੰਸਾਰ । ਮਿਠਾ ਕਰੇ ਕੌੜਾ ਕਾਇਆ ਰੀਠੜਾ, ਆਪ ਆਪਣੀ ਕਿਰਪਾ ਧਾਰ । ਆਪੇ ਪਤਤ ਆਪ ਪੁਨੀਤੜਾ, ਪਤਤ ਪਾਪੀ ਲਏ ਤਾਰ । ਨਾ ਕੋਈ ਮੰਦਰ ਨਾ ਮਸੀਤੜਾ, ਕਾਇਆ ਅੰਦਰ ਗੁਰੂਦਵਾਰ । ਜਿਸ ਜਨ ਹਰਿ ਸਤਿਗੁਰ ਰੱਖਿਆ ਚੀਤੜਾ, ਸੋ ਜਨ ਉਤਰੇ ਪਾਰ । ਹਰਿਜਨ ਹਰਿ ਭਾਣਾ ਲੱਗੇ ਮੀਠੜਾ, ਮਨਮੁਖ ਵਿਖਿਆ ਰਸ ਰਹੇ ਉਚਾਰ । ਮਾਨਸ ਜਨਮ ਗੁਰਮੁਖ ਵਿਰਲੇ ਜੀਤੜਾ, ਲੱਖ ਚੁਰਾਸੀ ਨਾ ਹੋਏ ਖ਼ਵਾਰ । ਤ੍ਰੈਗੁਣ ਤੱਤ ਪੰਜ ਨਾ ਤਪੇ ਅੰਗੀਠੜਾ, ਮਿਲਿਆ ਮੇਲ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਇਕ ਸੁਹਾਏ ਬੰਕ ਦਵਾਰ । ਬੰਕ ਦਵਾਰਾ ਹਰਿ ਸੁਹੰਜਣਾ, ਏਕਾ ਜੋਤ ਨੂਰ ਰੁਸ਼ਨਾਈਆ । ਸਤਿਗੁਰ ਪੂਰਾ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਪਾਏ ਅੰਜਨਾ, ਗੁਰ ਪੂਰੇ ਹੱਥ ਵਡਿਆਈਆ । ਚਰਨ ਧੂੜ ਕਰਾਏ ਮਜਨਾ, ਅਠਸਠ ਮੂਲ ਚੁਕਾਈਆ । ਦੋ ਜਹਾਨਾਂ ਪੜਦਾ ਕਜਨਾ, ਜੋ ਜਨ ਰਹੇ ਸਰਨਾਈਆ । ਕਾਇਆ ਚੋਲਾ ਸਭ ਨੇ ਤਜਣਾ, ਗੁਰ ਪੀਰ ਅਵਤਾਰ ਥਿਰ ਕੋਈ ਰਹਿਣ ਨਾ ਪਾਈਆ । ਸਾਧਾਂ ਸੰਤਾਂ ਭਾਂਡਾ ਭੱਜਣਾ, ਤੱਤਵ ਤੱਤ ਰਹਿਣ ਨਾ ਪਾਈਆ । ਬਿਨ ਗੁਰ ਪੂਰੇ ਪੜਦਾ ਕਿਸੇ ਨਾ ਕੱਜਣਾ, ਅੱਗੇ ਧਰਮ ਰਾਏ ਦਏ ਸਜਾਈਆ । ਆਪੇ ਵੇਖਣਹਾਰਾ ਮੱਕਾ ਕਾਅਬਾ ਹਾਜੀ ਹਜਨਾ, ਕਾਇਆ ਮਹਿਰਾਬ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਿਹਾ ਸੁਣਾਈਆ । ਸ਼ਬਦ ਡੰਕ ਅਪਰ ਅਪਾਰ, ਹਰਿ ਹਰਿ ਸਾਚੇ ਆਪ ਵਜਾਇਆ । ਬ੍ਰਹਮਾ ਨੇਤਰ ਰੋਵੇ ਜ਼ਾਰੋ ਜ਼ਾਰ, ਜਲ ਜਲ ਧਾਰਾ ਧੀਰ ਨਾ ਕੋਈ ਧਰਾਇਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹੇ ਹਾਰ, ਵੇਲਾ ਅੰਤਮ ਆਇਆ । ਕਰੋੜ ਤੇਤੀਸਾ ਕਰੇ ਵਿਚਾਰ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਵਰਨ ਬਰਨ ਨਾ ਕੋਇ ਪਿਆਰ, ਸਾਚੀ ਸਰਨ ਨਾ ਕੋਈ ਤਕਾਇਆ । ਨਾਤਾ ਤੁਟਾ ਮੁਹੰਮਦੀ ਯਾਰ, ਅੱਲਾ


੧੨੫
੦੮

ਰਾਣੀ ਮੁਖ ਸ਼ਰਮਾਇਆ । ਰਾਮ ਨਾਮ ਨਾ ਕੋਈ ਪਿਆਰ, ਸੀਤਾ ਸੁਰਤੀ ਰਾਮ ਸ਼ਬਦ ਨਾ ਕੋਇ ਮਿਲਾਇਆ । ਗੀਤਾ ਗਿਆਨ ਨਾ ਕੋਇ ਆਧਾਰ, ਰਾਧਾ ਕ੍ਰਿਸ਼ਨ ਨਾ ਵੇਖ ਵਖਾਇਆ । ਵੇਦ ਵਿਆਸਾ ਨਾ ਕੋਈ ਧਾਰ, ਪੁਰਾਨ ਅਠਾਰਾਂ ਨਾ ਮੂਲ ਚੁਕਾਇਆ । ਕਲਜੁਗ ਕੂੜਾ ਜੋਧਾ ਸੂਰ ਬਲੀ ਬਲਕਾਰ, ਆਪ ਆਪਣਾ ਖੇਲ ਰਿਹਾ ਖਲਾਇਆ । ਨਾਨਕ ਨਿਰਗੁਣ ਬਣ ਲਿਖਾਰ, ਸਰਗੁਣ ਵੇਖ ਵਖਾਇਆ । ਗੋਬਿੰਦ ਮੇਲਾ ਵਿਚ ਸੰਸਾਰ, ਦੋਹਾਂ ਵਿਚੋਲਾ ਆਪ ਨਿਰੰਕਾਰ, ਸ਼ਬਦੀ ਢੋਲਾ ਏਕਾ ਗਾਇਆ । ਸਤਿ ਨਾਮ ਕਰ ਉਜਿਆਰ, ਚਾਰ ਵਰਨਾਂ ਆਪ ਪਰਨਾਇਆ । ਏਕਾ ਜੋਤੀ ਦਸ ਅਵਤਾਰ, ਦਹਿ ਦਿਸ਼ਾ ਵੇਖ ਵਖਾਇਆ । ਵਰਨ ਗੋਤੀ ਵਸਿਆ ਬਾਹਰ, ਅਲਖ ਨਿਰੰਜਣ ਵਡ ਵੱਡੀ ਵਡਿਆਇਆ । ਅਗੰਮ ਅਗੰਮੜਾ ਅਗੰਮੜੀ ਕਾਰ, ਨਾੜੀ ਚਮੜਾ ਵੇਸ ਵਟਾਇਆ । ਦਮੜੀ ਦਮ ਨਾ ਕੋਈ ਵਣਜ ਵਪਾਰ, ਸਰਸੇ ਗਿਆ ਰੁੜ੍ਹਾਇਆ । ਹਰਿ ਸੱਜਣ ਪਾਇਆ ਇਕ ਹਰਿ ਕਰਤਾਰ, ਸੂਲਾਂ ਸੱਥਰ ਹੇਠ ਵਿਛਾਇਆ । ਏਕਾ ਦੂਜਾ ਭੌ ਨਿਵਾਰ, ਨਾਨਕ ਨਿਰਗੁਣ ਨਜ਼ਰੀ ਆਇਆ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਨੂਰ ਦਰਸਾਇਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸ਼ਬਦੀ ਢੋਲਾ ਏਕਾ ਗਾਇਆ । ਸਾਚਾ ਸੁੱਤ ਸੁੱਤ ਦੁਲਾਰ, ਘਰ ਸਾਚਾ ਵੇਖ ਵਖਾਇਆ । ਅਬਿਨਾਸ਼ੀ ਅਚੁੱਤ ਪਾਰਬ੍ਰਹਮ ਆਪ ਨਿਰੰਕਾਰ, ਨਿਜ ਧਾਰਾ ਰਿਹਾ ਚਲਾਇਆ । ਸ਼ਬਦ ਸੁਨੇਹੜਾ ਸਾਚੇ ਯਾਰ, ਅੰਦਰ ਮੰਦਰ ਆਪ ਗਾਇਆ । ਮਿਲਿਆ ਮਾਹੀ ਸਾਂਝਾ ਯਾਰ, ਸਗਲ ਸ੍ਰਿਸ਼ਟੀ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲਹਿਣਾ ਆਪੇ ਦੇਣਾ ਆਪੇ ਮੂਲ ਚੁਕਾਇਆ । ਹਰਿ ਹਰਿ ਲਹਿਣਾ ਹਰਿ ਹਰਿ ਦੇਣਾ, ਹਰਿ ਹਰਿ ਮੂਲ ਚੁਕਾਈਆ । ਹਰਿ ਹਰਿ ਵੇਖੇ ਆਪਣੇ ਨੈਣਾਂ, ਨਾ ਕੋਈ ਦੂਸਰ ਵੇਖ ਵਖਾਈਆ । ਹਰਿ ਹਰਿ ਧਾਮ ਅਵੱਲੇ ਆਪੇ ਬਹਿਣਾ, ਥਿਰ ਘਰ ਸਾਚਾ ਧਾਮ ਸੁਹਾਈਆ । ਹਰਿ ਹਰਿ ਲੱਖ ਚੁਰਾਸੀ ਵਹਾਏ ਆਪਣੇ ਵਹਿਣਾ, ਕਲਜੁਗ ਕੂੜੀ ਵਡ ਵਡਿਆਈਆ । ਮਨਮੁਖਤਾ ਖਾਏ ਮੌਤ ਲਾੜੀ ਡਾਇਣਾ, ਚਾਰੋਂ ਕੁੰਟ ਫਿਰੇ ਜਗਤ ਦੁਹਾਈਆ । ਨਾਤਾ ਤੋੜੇ ਭਾਈ ਭੈਣਾਂ, ਸਗਲਾ ਸੰਗ ਨਾ ਕੋਇ ਨਿਭਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਮਾਤ ਰਹਿਣਾ, ਕੂੜੀ ਕਿਰਿਆ ਦਏ ਮਿਟਾਈਆ । ਨਾਨਕ ਸਤਿਗੁਰ ਧਨ ਪਾਇਆ ਗਹਿਣਾ, ਸ਼ਬਦ ਚੋਲੀ ਇਕ ਰੰਗਾਈਆ । ਗੋਬਿੰਦ ਗੁਰ ਮੰਨਿਆ ਕਹਿਣਾ, ਸਚ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਬਣਤ ਬਣਾਈਆ । ਆਪਣੀ ਬਣਤ ਆਪ ਬਣਾ, ਆਪਣੀ ਕਲ ਵਰਤਾਇੰਦਾ । ਆਪਣਾ ਲੇਖਾ ਆਪ ਲਿਖਾ, ਆਪੇ ਪੂਰ ਕਰਾਇੰਦਾ । ਆਪਣਾ ਭਰਮ ਭੁਲੇਖਾ ਆਪੇ ਪਾ, ਆਪੇ ਭਰਮ ਗੜ੍ਹ ਤੁੜਾਇੰਦਾ । ਆਪਣਾ ਰੂਪ ਧਾਰੀ ਕੇਸਾ ਆਪ ਵਟਾ, ਮੂੰਡ ਮੁੰਡਾਇਆ ਆਪ ਹੋ ਜਾਇੰਦਾ । ਦਸ ਦਸਮੇਸਾ ਨਿਰਗੁਣ ਜੋਤ ਆਪ ਅਖਵਾ, ਪੂਤ ਸਪੂਤਾ ਨਾਉਂ ਧਰਾਇੰਦਾ । ਸਾਚੀ ਚੋਟੀ ਆਪ ਚੜ੍ਹਾ, ਘਰ ਸਾਚੇ ਮੇਲ ਮਿਲਾਇੰਦਾ । ਜਗਤ ਵਾਸਨਾ ਖੋਟੀ ਵੇਖ ਵਖਾ, ਆਪਣਾ ਭੇਵ ਖੁਲ੍ਹਾਇੰਦਾ । ਅਲਖ ਨਿਰੰਜਣ ਢੋਲਾ ਗਾ, ਆਪਣਾ ਆਪ ਉਪਾਇੰਦਾ । ਗੋਬਿੰਦ ਗੁਰ ਦਏ ਸਲਾਹ, ਸਾਚਾ ਮਾਰਗ ਇਕ ਵਖਾਇੰਦਾ । ਅੰਤਮ ਪਰਗਟ ਹੋਵੇ ਬੇਪਰਵਾਹ, ਲੋਕਮਾਤੀ ਵੇਸ ਵਟਾਇੰਦਾ । ਵਸਣਹਾਰਾ ਸਚ ਗਰਾਂ, ਸੰਬਲ ਨਗਰੀ ਨਾਉਂ ਰਖਾਇੰਦਾ । ਸਾਢੇ ਤਿੰਨ ਹੱਥ ਬਣਤ ਬਣਾ, ਨਿਰਗੁਣ ਸਰਗੁਣ ਵਿਚ ਟਿਕਾਇੰਦਾ । ਜੋਤ ਸਰੂਪੀ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਰਖਾਇੰਦਾ । ਆਪੇ ਪਿਤਾ ਆਪੇ ਮਾਂ,

ਆਪੇ ਬਾਲ ਬਿਰਧ ਹੋ ਜਾਇੰਦਾ । ਆਪੇ ਨੌ ਖੰਡ ਪ੍ਰਿਥਮੀ ਵੇਖੇ ਥਾਉਂ ਥਾਂ, ਸੱਤਾਂ ਦੀਪਾਂ ਫੋਲ ਫੋਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੱਸੇ ਸਚ ਨਿਆ, ਬੀਸ ਬੀਸਾ ਆਪ ਅਖਵਾਇੰਦਾ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਸਰਨਾਈ ਆਇੰਦਾ । ਨਥਾਵਿਆਂ ਦੇਵਣਹਾਰਾ ਸਾਚਾ ਥਾਂ, ਸਤਿਗੁਰ ਪੂਰਾ ਸੋ ਅਖਵਾਇੰਦਾ । ਵੀਹ ਸਦ ਇਕੀ ਨੌ ਖੰਡ ਪ੍ਰਿਥਮੀ ਜੀਆਂ ਜੰਤਾਂ ਆਪੇ ਪਕੜੇ ਬਾਂਹ, ਜਗਤ ਜਗਦੀਸ ਦਇਆ ਕਮਾਇੰਦਾ । ਸਾਧੋ ਸੰਤੋ ਭੁੱਲੋ ਨਾ, ਨਿਹਕਲੰਕ ਨਰਾਇਣ ਨਰ ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਘਰ ਘਰ, ਘਰ ਘਰ ਵਿਚ ਫੋਲ ਫੋਲਾਇੰਦਾ । ਘਰ ਵਿਚ ਘਰ ਘਰ ਵਿਚ ਤਾਕੀ, ਹਰਿ ਸਾਚੇ ਬਣਤ ਬਣਾਈਆ । ਘਰ ਵਿਚ ਅਸਵ ਘਰ ਵਿਚ ਰਾਕੀ, ਘਰ ਵਿਚ ਸ਼ਾਹ ਸਵਾਰ ਬੈਠਾ ਡੇਰਾ ਲਾਈਆ । ਘਰ ਵਿਚ ਅੰਮ੍ਰਿਤ ਘਰ ਵਿਚ ਸਾਕੀ, ਘਰ ਘਰ ਵਿਚ ਰਿਹਾ ਪਿਆਈਆ । ਘਰ ਵਿਚ ਬੈਠਾ ਦੇਵਣਹਾਰਾ ਬਾਕੀ, ਭੁੱਲ ਰਹੇ ਨਾ ਰਾਈਆ । ਘਰ ਵਿਚ ਮਨੂਆਂ ਹੋਇਆ ਆਕੀ, ਸਾਧਾਂ ਸੰਤਾਂ ਪੱਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨਿਰਗੁਣ ਧਾਰ, ਸ਼ਬਦੀ ਬਣਤ ਬਣਾਇੰਦਾ । ਸ਼ਬਦ ਗੁਰ ਲੈ ਅਵਤਾਰ, ਸ਼ਬਦੀ ਸ਼ਬਦ ਸਮਾਇੰਦਾ । ਸ਼ਬਦ ਸਾਧ ਸੰਤ ਸ਼ਬਦ ਪੀਰ ਦਸਤਗੀਰ, ਗੁਪਤ ਜ਼ਾਹਰ ਸ਼ਾਹ ਹਕੀਰ ਸ਼ਬਦ ਅਖਵਾਇੰਦਾ । ਸ਼ਬਦ ਚੋਟੀ ਚੜ੍ਹ ਅਖ਼ੀਰ, ਸ਼ਬਦ ਖ਼ਾਕੀ ਖ਼ਾਕ ਮਿਲਾਇੰਦਾ । ਸ਼ਬਦ ਬਸਤਰ ਗਹਿਣਾ ਚੀਰ, ਸ਼ਬਦ ਸੀਸ ਤਾਜ ਪਹਿਨਾਇੰਦਾ । ਸ਼ਬਦ ਕੱਟਣਹਾਰਾ ਹਉਮੇ ਪੀੜ, ਸ਼ਬਦ ਦੂਈ ਦਵੈਤ ਮੇਟ ਮਿਟਾਇੰਦਾ । ਸ਼ਬਦ ਗੁਰ ਬੰਨ੍ਹਣਹਾਰਾ ਬੀੜ, ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਚਾਰ ਵਰਨ ਅਠਾਰਾਂ ਬਰਨ ਕੋਈ ਨਾ ਦੇਵੇ ਕਿਸੇ ਧੀਰ, ਸਾਧ ਸੰਤ ਜੀਵ ਜੰਤ ਰਾਜ ਰਾਜਾਨ ਸ਼ਾਹੋ ਸੁਲਤਾਨ ਰਾਓ ਰੰਕ ਸਰਬ ਕੁਰਲਾਇੰਦਾ । ਪਾਰਬ੍ਰਹਮ ਪੁਰਖ ਪੁਰਖੋਤਮ ਇਕ ਨਿਰਾਲਾ ਮਾਰੇ ਤੀਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਚੌਦਾਂ ਲੋਕਾਂ ਹੋਏ ਵਹੀਰ, ਚੌਦਾਂ ਤਬਕਾਂ ਆਪ ਉਠਾਇੰਦਾ । ਕਿਸੇ ਹੱਥ ਨਾ ਔਣਾ ਅੰਮ੍ਰਿਤ ਨੀਰ, ਅਠਸਠ ਵੇਖ ਵਖਾਇੰਦਾ । ਆਪੇ ਲਿਖਣਹਾਰਾ ਤਕਦੀਰ, ਤਕਸੀਰ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਹਰਿ ਭਗਵਾਨਾ ਸ਼ਬਦੀ ਦੇਵੇ ਧੁਰ ਫ਼ਰਮਾਨਾ ਆਦਿ ਜੁਗਾਦੀ ਖੇਲ ਮਹਾਨਾ, ਖੇਲੇ ਖੇਲ ਗੁਣ ਨਿਧਾਨਾ, ਗੁਣ ਵੰਤਾ ਨਾਉਂ ਰਖਾਇੰਦਾ । ਗੁਣਵੰਤਾ ਹਰਿ ਭਗਵਾਨ, ਹਰਿ ਹਰਿ ਵੱਡੀ ਵਡਿਆਈਆ । ਕਲਜੁਗ ਵੇਖੇ ਕੂੜ ਨਿਸ਼ਾਨ, ਚਾਰੋਂ ਕੁੰਟ ਫੇਰੀ ਪਾਈਆ । ਜੂਠੀ ਝੂਠੀ ਜਗਤ ਦੁਕਾਨ, ਜੂਠੇ ਝੂਠੇ ਰਹੇ ਚਲਾਈਆ । ਸਾਚਾ ਨਾਮ ਮਿਲਿਆ ਨਾ ਪੀਣ ਖਾਣ, ਜਗਤ ਤ੍ਰਿਸ਼ਨਾ ਨਾ ਕੋਇ ਗਵਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਰਸਨਾ ਬਹਿ ਬਹਿ ਸਾਰੇ ਗਾਣ, ਨੇਤਰ ਲੋਚਣ ਦਰਸ ਕੋਇ ਨਾ ਪਾਈਆ । ਕਾਇਆ ਮੰਦਰ ਅੰਦਰ ਹੋਇਆ ਸੁੰਞ ਮਸਾਣ, ਫੁਲ ਫਲਵਾੜੀ ਨਾ ਕੋਇ ਮਹਿਕਾਈਆ । ਆਪਣੀ ਆਪ ਵਜਾਇਣ ਤਾਨ, ਧੁਨ ਅਨਾਦੀ ਨਾ ਕੋਇ ਸੁਣਾਈਆ । ਜਗਤ ਵਿਦਿਆ ਸੁਣ ਸੁਣ ਥੱਕੇ ਕਾਨ, ਅਨਹਦ ਰਾਗ ਨਾ ਕੋਇ ਅਲਾਈਆ । ਜਗਤ ਮਹੱਲੇ ਬੈਠ ਮਕਾਨ, ਖ਼ੁਸ਼ੀਆਂ ਰਹੇ ਮਨਾਈਆ । ਨੌ ਦਵਾਰੇ ਕਰ ਧਿਆਨ, ਜਗਤ ਤ੍ਰਿਸ਼ਨਾ ਰਸਨ ਹਲਕਾਈਆ । ਦਸਮ ਦਵਾਰੀ ਮੇਲ ਮਿਲਾਵਾ ਜਾਣੀ ਜਾਣ, ਜਾਨਣਹਾਰੇ ਵਡ ਵਡਿਆਈਆ । ਆਤਮ ਸੇਜਾ ਕਰ ਪਰਧਾਨ, ਬੈਠਾ ਬੇਪਰਵਾਹੀਆ । ਜੋਤੀ ਜੋਤ

੧੨੭ ੦੮

ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਨਿਰਗੁਣ ਧਾਰ, ਨਿਰਗੁਣ ਆਪ ਚਲਾਈਆ । ਨਿਰਗੁਣ ਪੁਰਖ ਪੁਰਖ ਕਰਤਾਰ, ਨਿਰਗੁਣ ਅਗੰਮ ਅਥਾਹ, ਬੇਪਰਵਾਹ ਆਪ ਅਖਵਾਈਆ । ਨਿਰਗੁਣ ਸ਼ਬਦ ਸ਼ਬਦ ਕਟਾਰ, ਨਿਰਗੁਣ ਨਿਰਗੁਣ ਹੱਥ ਉਠਾਈਆ । ਨਿਰਗੁਣ ਸਰਬ ਜੀਆਂ ਦਾ ਸਾਂਝਾ ਯਾਰ, ਵਰਨ ਬਰਨ ਨਾ ਕੋਇ ਜਣਾਈਆ । ਨਿਰਗੁਣ ਸਾਧਾਂ ਸੰਤਾਂ ਕਰ ਪਿਆਰ, ਆਪ ਆਪਣੀ ਬੂਝ ਬੁਝਾਈਆ । ਰੰਗੇ ਰੰਗ ਅਪਰ ਅਪਾਰ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚੇ ਘਰ ਘਰ ਸਾਚੇ ਬੈਠਾ ਆਸਣ ਲਾਈਆ ।

### ✪ ੨੧ ਮਾਘ ੨੦੧੫ ਬਿਕ੍ਰਮੀ ਚਰਨ ਸਿੰਘ ਦੇ ਘਰ ਪਿੰਡ ਮਹਰਾਜ ਪੁਰ ਜ਼ਿਲਾ ਗੁਰਦਾਸ ਪੁਰ ✪

ਨਿਰਗੁਣ ਰੂਪ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਮੂਰਤ ਅਕਾਲ ਖੇਲ ਅਪਾਰ, ਭੇਵ ਕਿਸੇ ਨਾ ਪਾਇਆ । ਅਲਖ ਅਗੋਚਰ ਅਗੰਮ ਅਪਾਰ, ਪਾਰਬ੍ਰਹਮ ਅਖਵਾਇਆ । ਇਕ ਇਕੱਲਾ ਖੇਲ ਨਿਆਰ, ਅਕਲ ਕਲਾ ਵਰਤਾਇਆ । ਏਕਾ ਵਸੇ ਧਾਮ ਨਿਆਰ, ਧਾਮ ਅਵੱਲੜਾ ਇਕ ਸੁਹਾਇਆ । ਮਹੱਲ ਅਟੱਲ ਉਚ ਮੁਨਾਰ, ਥਿਰ ਘਰ ਆਪ ਸੁਹਾਇਆ । ਨਿਰਗੁਣ ਦੀਪਕ ਕਰ ਉਜਿਆਰ, ਜੋਤੀ ਨੂਰ ਕਰੇ ਰੁਸ਼ਨਾਇਆ । ਸਚ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਪ ਸੁਹਾਇਆ । ਆਪੇ ਜਾਣੇ ਅਪਣੀ ਕਾਰ, ਕਰਤਾ ਪੁਰਖ ਆਪ ਹੋ ਜਾਇਆ । ਆਪ ਆਪਣਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇਆ । ਆਪੇ ਵਸੇ ਸਚ ਸੱਚੇ ਘਰ ਬਾਰ, ਘਰ ਸਾਚਾ ਆਪ ਸੁਹਾਇਆ । ਆਪੇ ਪੁਰਖ ਆਪੇ ਨਾਰ, ਨਾਰੀ ਕੰਤਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਅਬਿਨਾਸ਼ੀ ਕਰਤਾ ਹਰਿ ਹਰਿ ਖੇਲ, ਆਪਣਾ ਆਪ ਕਰਾਇੰਦਾ । ਆਪ ਆਪਣਾ ਸੱਜਣ ਸੁਹੇਲ, ਆਪ ਆਪਣਾ ਅੰਕ ਲਗਾਇੰਦਾ । ਆਪ ਆਪਣਾ ਕਰੇ ਮੇਲ, ਆਪ ਆਪਣੀ ਮੰਗ ਮੰਗਾਇੰਦਾ । ਆਪੇ ਵਸਿਆ ਰੰਗ ਨਵੇਲ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਹਰਿ ਚਮਤਕਾਰਾ, ਆਦਿ ਪੁਰਖ ਅਖਵਾਇਆ । ਇਕ ਇਕੱਲਾ ਏਕਉਂਕਾਰਾ, ਆਪ ਆਪਣੀ ਕਲ ਵਰਤਾਇਆ । ਆਪ ਉਪਾਏ ਸੁੱਤ ਦੁਲਾਰਾ, ਸ਼ਬਦੀ ਨਾਉਂ ਰਖਾਇਆ । ਸ਼ਬਦ ਸ਼ਬਦੀ ਕਰ ਪਿਆਰਾ, ਘਰ ਸਾਚਾ ਮੇਲ ਮਿਲਾਇਆ । ਬੋਧ ਅਗਾਧ ਅਗਾਧ ਬੋਧ ਸੱਚੀ ਧੁਨਕਾਰਾ, ਆਪ ਆਪਣੀ ਰਿਹਾ ਸੁਣਾਇਆ । ਜੋਧਾ ਸੂਰਬੀਰ ਬਲੀ ਬਲਕਾਰਾ, ਪਾਰਬ੍ਰਹਮ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਜੋਤੀ ਨੂਰ ਉਜਾਲਾ, ਹਰਿ ਆਪਣਾ ਆਪ ਕਰਾਇੰਦਾ । ਆਪੇ ਸਤਿਗੁਰ ਪੁਰਖ ਦੀਨ ਦਿਆਲਾ, ਦਇਆ ਨਿਧ ਨਾਮ ਰਖਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਆਪ ਆਪਣੀ ਚਾਲ ਚਲਾਇੰਦਾ । ਆਪੇ ਵਸਿਆ ਸਚ ਸੱਚੀ ਧਰਮਸਾਲਾ, ਸਚਖੰਡ ਦਵਾਰਾ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਆਪ ਅਖਵਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਆਪ ਆਪਣਾ ਕਰ ਉਜਿਆਰ, ਆਪੇ ਵੇਖ ਵਖਾਈਆ ।

ਆਪ ਆਪਣੀ ਪਾਵੇ ਸਾਰ, ਸਗਲਾ ਸੰਗ ਆਪ ਨਿਭਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੁੱਤ ਉਪਜਾਈਆ । ਉਪਜਿਆ ਸੁੱਤ ਨਾਮ ਸਹਾਰਾ, ਏਕਾ ਨਾਉਂ ਰਖਾਇਆ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਖੇਲ ਕਰਾਇਆ । ਲੋਆਂ ਪੁਰੀਆਂ ਕਰ ਉਸਾਰਾ, ਹਰਿ ਸਾਚੀ ਸੇਵਾ ਲਾਇਆ । ਰਵ ਸਸ ਗਗਨ ਮੰਡਲ ਸਤਾਰਾ, ਆਪ ਆਪਣੀ ਰਚਨ ਰਚਾਇਆ । ਚੌਦਾਂ ਲੋਕ ਖੋਲ੍ਹ ਦਵਾਰਾ, ਸਾਚਾ ਹੱਟ ਉਪਾਇਆ । ਬ੍ਰਹਿਮੰਡ ਖੰਡ ਵੇਸ ਨਿਆਰਾ, ਵੇਸ ਅਨੇਕਾ ਆਪ ਕਰਾਇਆ । ਤ੍ਰੈਗੁਣ ਤੇਰਾ ਕੰਤ ਭਤਾਰਾ, ਹਰਿ ਹਰਿ ਜੀ ਨਾਉਂ ਧਰਾਇਆ । ਪੰਚਮ ਮੀਤਾ ਪੰਚਮ ਪਿਆਰਾ, ਪੰਚਮ ਵੇਖ ਵਖਾਇਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਆਪੇ ਪਾਏ ਸਾਰਾ, ਆਪ ਆਪਣਾ ਸੰਗ ਰਖਾਇਆ । ਲੋਕਮਾਤ ਲੈ ਅਵਤਾਰਾ, ਆਪ ਆਪਣੀ ਖੇਲ ਰਚਾਈਆ । ਸਾਲ ਬਸਾਲਾ ਖੇਲ ਕਰਤਾਰਾ, ਦਿਵਸ ਰੈਣ ਕਰਾਈਆ । ਹਾਲ ਬੇਹਾਲਾ ਸਰਬ ਸੰਸਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਅਵੱਲੜੀ ਚਾਲਾ ਰਾਜ ਰਾਜਾਨ, ਸ਼ਾਹ ਸੁਲਤਾਨ ਭੇਵ ਨਾ ਰਾਈਆ । ਆਦਿ ਅੰਤ ਜੀਵ ਜੰਤ ਸਰਬ ਕੁਰਲਾਨ, ਪੁਰਖ ਅਬਿਨਾਸ਼ੀ ਪ੍ਰਭ ਸਾਚੇ ਖੇਲ ਵਰਤਾਈਆ । ਲਿਖਿਆ ਲੇਖ ਲੇਖ ਮਹਾਨ, ਵੇਦ ਵਿਆਸਾ ਕਲਮ ਚਲਾਈਆ । ਈਸਾ ਮੂਸਾ ਮਾਰ ਧਿਆਨ, ਏਕਾ ਰਾਹ ਵਖਾਈਆ । ਨਾਨਕ ਨਿਰਗੁਣ ਖੇਲ ਮਹਾਨ, ਆਪਣਾ ਭੇਵ ਖੁਲ੍ਹਾਈਆ । ਗੋਬਿੰਦ ਜੋਧਾ ਸੂਰ ਬਲੀ ਬਲਵਾਨ, ਲੋਕਮਾਤ ਕਰੇ ਕੁੜਮਾਈਆ । ਲੇਖਾ ਲਿਖੇ ਸ੍ਰੀ ਭਗਵਾਨ, ਲਿਖਣਹਾਰਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਈਆ । ਵੀਹ ਸਦ ਪੰਦਰਾਂ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਨਿਰਗੁਣ ਜੋਤੀ ਕਰ ਉਜਿਆਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਕੂੜ ਕੁੜਿਆਰਾ ਧੂੰਆਂਧਾਰ, ਚਾਰੋਂ ਕੁੰਟ ਆਪਣਾ ਫੇਰਾ ਪਾਈਆ । ਨਾ ਕੋਈ ਦੀਸੇ ਸਚ ਦਵਾਰ, ਜੂਠੇ ਝੂਠੇ ਰਹੇ ਅਲਖ ਜਗਾਈਆ । ਰਾਜ ਰਾਜਾਨ ਹੋਏ ਭਿਖਾਰ, ਆਪਣੀ ਝੋਲੀ ਰਹੇ ਫੈਲਾਈਆ । ਗ਼ਰੀਬ ਨਿਮਾਣੇ ਰੋਵਣ ਜ਼ਾਰੋ ਜ਼ਾਰ, ਸਾਚਾ ਦਰ ਨਾ ਕੋਇ ਸੁਹਾਈਆ । ਗੋਬਿੰਦ ਮਾਰੀ ਸਾਚੀ ਮਾਰ, ਲੇਖਾ ਲਿਖਤ ਗਿਆ ਲਿਖਾਈਆ । ਸ੍ਰਿਸ਼ਟ ਦੱਬੇ ਆਪਣੇ ਭਾਰ, ਕਲਜੁਗ ਆਪਣੀ ਕਲ ਵਰਤਾਈਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਕਰਤਾ ਰਿਹਾ ਕਰਾਈਆ । ਬ੍ਰਹਮਾ ਵੇਤਾ ਬਣ ਲਿਖਾਰ, ਚਾਰੇ ਵੇਦਾਂ ਕਰੇ ਪੜ੍ਹਾਈਆ । ਵਿਸ਼ਨੂੰ ਵੰਸੀ ਹੋਇਆ ਖ਼ਬਰਦਾਰ, ਦੇਵਣਹਾਰਾ ਰਿਜ਼ਕ ਸਬਾਈਆ । ਸ਼ਿਵ ਸ਼ੰਕਰ ਕਰੇ ਆਪਣਾ ਪਿਆਰ, ਆਪਣੀ ਗੋਦ ਉਠਾਈਆ । ਕਰੋੜ ਤੇਤੀਸਾ ਕਰ ਪੁਕਾਰ, ਨੇਤਰ ਨੀਰ ਰਹੇ ਵਹਾਈਆ । ਨੌਂ ਖੰਡ ਪ੍ਰਿਥਮੀ ਖੇਲ ਅਪਾਰ, ਹਰਿ ਕਰਤਾ ਰਿਹਾ ਕਰਾਈਆ । ਕੂੜੀ ਕਿਰਿਆ ਮੇਟੇ ਆਪ ਨਿਰੰਕਾਰ, ਜੂਠ ਝੂਠ ਰਹਿਣ ਨਾ ਪਾਈਆ । ਤੀਰਥ ਤਟ ਵੇਖੇ ਜਗਤ ਕਿਨਾਰ, ਅਠਸਠ ਫੋਲ ਫੋਲਾਈਆ । ਗੁਰਦਰ ਮੰਦਰ ਮਸਜਿਦ ਵੇਖੇ ਮੱਠ, ਸਾਚੀ ਧੀਰਜ ਨਾ ਕੋਇ ਰਖਾਈਆ । ਸਾਧਾਂ ਸੰਤਾਂ ਤੁੱਟਾ ਹੱਠ, ਆਤਮ ਬ੍ਰਹਮ ਨਾ ਕੋਇ ਜਣਾਈਆ । ਵਰਨੀ ਵਰਨਾਂ ਹੋਇਆ ਇਕੱਠ, ਬਰਨੀ ਬਰਨ ਲੜਾਈਆ । ਆਤਮ ਅੰਤਰ ਵਸਿਆ ਹਰ ਘਟ ਘਟ, ਭੇਵ ਕੋਇ ਨਾ ਪਾਈਆ । ਜਗਤ ਵਿਕਾਰਾ ਰਹੇ ਚੱਟ, ਆਤਮ ਰਸ ਹੱਥ ਨਾ ਆਈਆ । ਰਸਨਾ ਬੋਲ ਮਾਰਨ ਸੱਟ, ਅਨਹਦ ਤਾਲ ਨਾ ਕੋਇ ਵਜਾਈਆ । ਪਰਗਟ ਹੋਏ ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਤੇਰਾ ਵੇਖੇ ਘਾਟ, ਆਪੇ ਚੜ੍ਹੇ ਜਗਤ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਲੱਖ ਚੁਰਾਸੀ ਵਾਂਗ ਬੰਦਰਾਂ ਰਿਹਾ ਨਚਾਈਆ । ਵੀਹ ਸਦ ਪੰਦਰਾਂ ਤੇਰਾ ਰੰਗ, ਕਲਜੁਗ ਆਪ ਚੜ੍ਹਾਇਆ । ਘਰ ਘਰ ਵੇਖੇ ਝੂਠ ਪਖੰਡ, ਸਾਚਾ ਦਰ ਨਾ ਕੋਇ ਸੁਹਾਇਆ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਰੰਡ, ਸਾਚਾ ਹਰਿ ਕੰਤ ਨਾ ਕੋਇ ਹੰਢਾਇਆ । ਪੰਚ ਵਿਕਾਰਾ ਕਰਿਆ ਖੰਡ ਖੰਡ, ਅੰਗ ਅੰਗ ਨਾ ਕੋਇ ਸਮਾਇਆ । ਆਪਣੀ ਆਪਣੀ ਕਰਨ ਵੰਡ, ਹਰਿ ਕਾ ਭੇਵ ਕਿਸੇ ਨਾ ਪਾਇਆ । ਵਸਣਹਾਰਾ ਵਿਚ ਬ੍ਰਹਿਮੰਡ, ਲੋਕਮਾਤ ਵੇਖ ਵਖਾਇਆ । ਪਾਏ ਸਾਰ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਇਆ । ਤੋੜਨਹਾਰਾ ਜਗਤ ਘਮੰਡ, ਨਾਮ ਖੰਡਾ ਹੱਥ ਉਠਾਇਆ । ਦੇਵਣਹਾਰਾ ਦੋ ਜਹਾਨੀ ਦੰਡ, ਆਪ ਆਪਣਾ ਖੇਲ ਖਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਜੀਵਾਂ ਜਗਤ ਲਹਿਣਾ ਲਹਿਣਾ ਝੋਲੀ ਪਾਇਆ । ਕਲਜੁਗ ਕਿਰਿਆ ਕੂੜ ਕੁੜਿਆਰ, ਜੀਵ ਜੰਤ ਰਹੇ ਕਮਾਈਆ । ਸਾਧਾਂ ਸੰਤਾਂ ਵਗੀ ਮਾਰ, ਧੀਆਂ ਭੈਣਾਂ ਰਹੇ ਤਕਾਈਆ । ਗੁਰ ਦਰ ਮੰਦਰ ਮਸਜਿਦ ਨਾ ਕੋਇ ਪਿਆਰ, ਜਗਤ ਅਖਾੜੇ ਰਹੇ ਵਖਾਈਆ । ਹਰਿ ਕਾ ਰੂਪ ਦਿਸ ਨਾ ਆਏ ਅਪਰ ਅਪਾਰ, ਪੰਜ ਤੱਤ ਹੋਏ ਹਲਕਾਈਆ । ਹਉਮੇ ਹੰਗਤਾ ਲੋਭ ਅਪਾਰ, ਜਗਤ ਤ੍ਰਿਸਨਾ ਰਹੀ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਲਹਿਣਾ ਝੋਲੀ ਪਾਈਆ । ਕਲਜੁਗ ਕੂੜਾ ਮਾਤ ਸਿਕਦਾਰ, ਅੰਤਮ ਲਏ ਅੰਗੜਾਈਆ । ਵੀਹ ਸਦ ਪੰਦਰਾਂ ਬਿਕ੍ਰਮੀ ਹੋਇਆ ਖ਼ਬਰਦਾਰ, ਪ੍ਰਭ ਸਾਚਾ ਆਪ ਜਗਾਈਆ । ਰਾਮ ਰਾਮਾ ਖੇਲ ਅਪਾਰ, ਹੰਕਾਰੀ ਰਾਵਨ ਵੇਖ ਵਖਾਈਆ । ਲੰਕਾ ਵੇਖ ਗੜ੍ਹ ਹੰਕਾਰ, ਆਪ ਆਪਣੀ ਰਚਨ ਰਚਾਈਆ । ਕਾਹਨਾ ਕ੍ਰਿਸ਼ਨਾ ਹੋ ਤਿਆਰ, ਦੋਏ ਦੋਏ ਧਾਰ ਬੰਧਾਈਆ । ਗੋਬਿੰਦ ਮੀਤਾ ਹਰਿ ਨਿਰੰਕਾਰ, ਸ਼ਬਦ ਖੰਡਾ ਰਿਹਾ ਚਮਕਾਈਆ । ਰਸਨਾ ਚਿੱਲਾ ਅਪਰ ਅਪਾਰ, ਏਕਾ ਤੀਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਤੇਰੀ ਝੋਲੀ ਪਾਈਆ । ਕਲਜੁਗ ਜੀਵ ਝੂਠਾ ਮੋਹ, ਮਾਇਆ ਮਮਤਾ ਤਨ ਵਸਾਇਆ । ਨੌ ਦਵਾਰੇ ਬੈਠੇ ਰਹੇ ਰੋ, ਦਸਮ ਦਵਾਰੀ ਦਿਸ ਨਾ ਆਇਆ । ਜੀਵਾਂ ਜੰਤਾਂ ਰਹੇ ਕੋਹ, ਸ਼ਾਹ ਸੁਲਤਾਨਾ ਵੇਸ ਵਟਾਇਆ । ਮਾਂਵਾਂ ਪੁੱਤਰ ਸੰਗ ਧਰੋਹ, ਦਰ ਘਰ ਸਾਚਾ ਇਕ ਭੁਲਾਇਆ । ਪੁਰਖ ਅਬਿਨਾਸ਼ੀ ਪਰਗਟ ਹੋ, ਕਲਜੁਗ ਤੇਰਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਲੇਖ ਜਣਾਇਆ । ਨਾਮ ਭਿਖ ਜਗਤ ਭਿਖਾਰੀ, ਸਚ ਵਸਤ ਹੱਥ ਨਾ ਆਈਆ । ਮੰਗਦੇ ਫਿਰਦੇ ਦਰ ਦਵਾਰੀ, ਬੈਠੇ ਅਲਖ ਜਗਾਈਆ । ਮੂਰਖ ਮੁੜ੍ਹੇ ਸੁੱਤੇ ਪੈਰ ਪਸਾਰੀ, ਕਲਜੁਗ ਗੂੜ੍ਹੀ ਨੀਂਦ ਸੁਆਈਆ । ਨਾਨਕ ਗੋਬਿੰਦ ਬਣ ਲਿਖਾਰੀ, ਲੇਖਾ ਗਏ ਲਿਖਾਈਆ । ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰੀ, ਬੀਸ ਬੀਸਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਈਆ । ਸੰਮਤ ਪੰਦਰਾਂ ਉਠ ਬਲਵਾਨ, ਇਕ ਨਿਸ਼ਾਨ ਝੁਲਾਇੰਦਾ । ਅਠਸਠ ਵੇਖੇ ਮਾਰ ਧਿਆਨ, ਨੌ ਖੰਡ ਫੇਰਾ ਪਾਇੰਦਾ । ਸੱਤਾਂ ਦੀਪਾਂ ਜਗਤ ਦੁਕਾਨ, ਹਰਿ ਹਰਿ ਫੋਲ ਫੋਲਾਇੰਦਾ । ਪੰਜ ਤੱਤ ਵੇਖੇ ਤਨ ਸ਼ੈਤਾਨ, ਕਵਣ ਕੂਟੇ ਡੇਰਾ ਲਾਇੰਦਾ । ਕਵਣ ਗੁਰਸਿਖ ਰਸਨਾ ਗਾਨ, ਕਵਣ ਭਗਤ ਭਗਤੀ ਵਖਾਇੰਦਾ । ਕਵਣ ਮੇਲਾ ਇਕ ਮਕਾਨ, ਕਵਣ ਰਾਹ ਚਲਾਇੰਦਾ । ਪਰਗਟ ਹੋ ਸ੍ਰੀ

ਭਗਵਾਨ, ਆਪ ਆਪਣੀ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਸੰਮਤ ਸੋਲਾਂ ਰਾਹ ਤਕਾਇੰਦਾ । ਸੰਮਤ ਸੋਲਾਂ ਹਰਿ ਹਰਿ ਜਾਗੇ, ਜਾਗਰਤ ਜੋਤ ਜਗਾਈਆ । ਲੱਗੇ ਭਾਗ ਦੇਸ ਮਾਝੇ, ਸੰਬਲ ਨਗਰੀ ਡੇਰਾ ਲਾਈਆ । ਗੁਰਮੁਖ ਹੰਸ ਬਣਾਏ ਕਾਗੇ, ਅੰਮ੍ਰਿਤ ਆਤਮ ਜਾਮ ਪਿਆਈਆ । ਨੌ ਖੰਡ ਪ੍ਰਿਥਮੀ ਬੁਝੇ ਚਿਰਾਗੇ, ਦੀਵਾ ਬੱਤੀ ਨਾ ਕੋਇ ਵਖਾਈਆ । ਪੰਜ ਤੱਤ ਲੱਗੇ ਆਗੇ, ਨਾ ਸਕੇ ਕੋਇ ਬੁਝਾਈਆ । ਦਰ ਦਰਵੇਸ ਫਿਰਨ ਭਾਗੇ, ਸੀਸ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾਂ ਭੇਵ ਖੁਲ੍ਹਾਈਆ । ਸੰਮਤ ਸੋਲਾਂ ਭੇਵ ਖੁਲ੍ਹੌਣਾ, ਹਰਿ ਸਾਚੇ ਹੱਥ ਵਡਿਆਈਆ । ਆਪ ਆਪਣਾ ਚਰਨ ਉਠੌਣਾ, ਚਿੱਟੇ ਅਸਵ ਡੇਰਾ ਲਾਈਆ । ਲੋਆਂ ਪੁਰੀਆਂ ਆਪ ਦੁੜੌਣਾ, ਚਾਰੋਂ ਕੁੰਟ ਵੇਖ ਵਖਾਈਆ । ਭਰ ਕੇ ਪੇਟ ਕਿਸੇ ਨਾ ਸੌਣਾ, ਜਿਨ ਵਿਸਰੇ ਹਰਿ ਰਘੁਰਾਈਆ । ਕਲਜੁਗ ਅੰਤਮ ਲੋਕਮਾਤ ਧਰਤ ਮਾਤ ਦੀ ਗੋਦੀ ਬੈਠਾ ਪਰਾਹੁਣਾ, ਅਜ ਕਲ ਉਠ ਉਠ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਖੇਲ ਵਰਤਾਈਆ । ਖੇਲ ਵਰਤੰਤਾ ਹਰਿ ਭਗਵੰਤਾ, ਭੇਵ ਅਭੇਵ ਛੁਪਾਇਆ । ਆਪੇ ਜਾਣੇ ਆਪਣੀ ਬਣਤਾ, ਆਪੇ ਵੇਖ ਵਖਾਇਆ । ਆਪ ਉਪਾਏ ਸਾਚੇ ਸੰਤਾ, ਆਪੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਮ ਭੁੱਖ ਜਗਤ ਦੁੱਖ ਜੀਵਾਂ ਜੰਤਾ ਝੋਲੀ ਪਾਇਆ । ਜਗਤ ਭੁੱਖ ਤ੍ਰਿਸਨਾ ਅੱਗ, ਘਰ ਘਰ ਰਹੀ ਜਲਾਈਆ । ਏਕਾ ਵਾ ਤੱਤੀ ਰਹੀ ਵਗ, ਲੋਆਂ ਪੁਰੀਆਂ ਆਪ ਵਗਾਈਆ । ਖੇਲੇ ਖੇਲ ਸੂਰਾ ਸਰਬੱਗ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਘਰ ਘਰ ਸੰਮਤ ਸੋਲਾਂ ਰਾਹ ਤਕਾਈਆ ।

ਸਤਿਗੁਰ ਪੂਰਾ ਧੰਨ ਹੈ, ਮਨ ਮਨੂਆ ਬੰਧ ਬੰਧਾਏ । ਨਿਰਗੁਣ ਜੋਤੀ ਚਾੜ੍ਹੇ ਚੰਨ ਹੈ, ਅੰਧ ਅੰਧੇਰ ਮਿਟਾਏ । ਸਾਚਾ ਰਾਗ ਸੁਣਾਏ ਕੰਨ ਹੈ, ਅਨਹਦ ਤਾਲ ਵਜਾਏ । ਦੋ ਜਹਾਨਾਂ ਬੇੜਾ ਦੇਵੇ ਬੰਨ ਹੈ, ਸਿਰ ਆਪਣਾ ਹੱਥ ਰਖਾਏ । ਮਨ ਮਨੂਆ ਜਾਏ ਮੰਨ ਹੈ, ਦਹਿ ਦਿਸ਼ਾ ਨਾ ਉਠ ਉਠ ਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੋਰੀ ਤੰਦ ਰਖਾਏ । ਸ਼ਬਦ ਡੋਰ ਸਾਚਾ ਤਾਗਾ, ਹਰਿ ਆਪਣੇ ਹੱਥ ਰਖਾਇਆ । ਜਨ ਭਗਤਾਂ ਮਗਰ ਪਿੱਛੇ ਭਾਗਾ, ਮਨ ਮਨੂਆ ਫੜ ਫੜਾਇਆ । ਪੰਚ ਵਿਕਾਰਾ ਬੁਝੇ ਆਗਾ, ਹਉਮੇ ਹੰਗਤਾ ਨਾ ਰੋਗ ਸਤਾਇਆ । ਮਾਇਆ ਡੱਸਣੀ ਨਾ ਡੱਸੇ ਨਾਗਾ, ਕਾਮ ਕਰੋਧ ਨਾ ਹੋਏ ਹਲਕਾਇਆ । ਸਾਚਾ ਦੀਪਕ ਜਗੇ ਚਿਰਾਗਾ, ਨੂਰੋ ਨੂਰ ਕਰੇ ਰੁਸ਼ਨਾਇਆ । ਫੜ ਫੜ ਹੰਸ ਬਣਾਏ ਕਾਗਾ, ਸਰ ਸਰੋਵਰ ਇਕ ਨੁਹਾਇਆ । ਦੁਰਮਤ ਮੈਲ ਧੋਵੇ ਦਾਗ਼ਾ, ਗੁਰ ਪੂਰਾ ਵਡ ਵਡਿਆਇਆ । ਨਾ ਸੋਇਆ ਨਾ ਦਿਸੇ ਜਾਗਾ, ਏਕਾ ਰੰਗ ਵਖਾਇਆ । ਸੁਰਤ ਸਵਾਣੀ ਮਾਰੇ ਵਾਜਾ, ਸਾਚਾ ਸ਼ਬਦ ਅਲਾਇਆ । ਸ਼ਬਦ ਦੇਵੇ ਅਸਵ ਤਾਜਾ, ਆਪੇ ਲਏ ਚੜ੍ਹਾਇਆ । ਸਚ ਭੂਪ ਹਰਿ ਰਾਜਨ ਰਾਜਾ, ਸਚ ਸੁਲਤਾਨ ਅਖਵਾਇਆ । ਮਨ ਮਨੂਆ ਦੋਏ ਜੋੜ ਬੈਠਾ ਰਹੇ ਦਰਵਾਜਾ, ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਿਤਾ ਸਾਚਾ ਵਰ, ਮਨ ਬੰਧਨ ਨਾਮ ਬੰਧਾਇਆ । ਹਰਿ ਰੂਪ ਅਪਾਰ, ਸਤਿਗੁਰ ਨਾਮ ਧਰਾਇਆ । ਸਤਿਗੁਰ ਸ਼ਬਦ ਅਪਾਰ, ਗੁਰ ਗੁਰ ਵਿਚ ਸਮਾਇਆ । ਗੁਰ ਗੁਰ ਮੀਤ ਮੁਰਾਰ, ਗੁਰਸਿਖ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪ ਆਪਣਾ ਸ਼ਬਦ ਅਲਾਇਆ । ਹਰਿ ਨਿਰੰਕਾਰ ਪੁਰਖ ਸੁਲਤਾਨਾ, ਸਤਿਗੁਰ ਨਾਉਂ ਧਰਾਇੰਦਾ । ਸਤਿਗੁਰ ਗੁਰ ਗੁਰ ਮਿਹਰਵਾਨਾ, ਗੁਰ ਗੁਰ ਵੇਖ ਵਖਾਇੰਦਾ । ਗੁਰ ਗੁਰ ਦੇਵੇ ਏਕਾ ਦਾਨਾ, ਗੁਰਸਿਖ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ਼ਬਦੀ ਆਪੇ ਬੂਝ ਬੁਝਾਇੰਦਾ । ਹਰਿ ਮਿਹਰਵਾਨ ਨਰ ਨਿਰੰਕਾਰ, ਸਤਿਗੁਰ ਪੁਰਖ ਅਖਵਾਇੰਦਾ । ਸਤਿਗੁਰ ਜੋਧਾ ਸੂਰ ਬਲੀ ਬਲਕਾਰ, ਗੁਰ ਗੁਰ ਵੇਖ ਵਖਾਇੰਦਾ । ਗੁਰ ਗੁਰ ਕਰੇ ਆਪਣੀ ਕਾਰ, ਆਪਣਾ ਰਾਹ ਵਖਾਇੰਦਾ । ਗੁਰਮੁਖ ਸਾਜਣ ਕਰ ਪਿਆਰ, ਏਕਾ ਦਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਹਰਿ ਨਿਰੰਕਾਰਾ, ਸਤਿਗੁਰ ਮੀਤਾ, ਗੁਰ ਗੁਰ ਆਪ ਸਮਾਇਆ । ਆਦਿ ਨਿਰੰਜਣ ਇਕ ਅਤੀਤਾ, ਸ਼ਬਦੀ ਪੂਤ ਰਖਾਇਆ । ਜਨ ਭਗਤਾਂ ਨਾਮ ਸਚ ਦ੍ਰਿੜੀਤਾ, ਸਚ ਗਿਆਨ ਦ੍ਰਿੜਾਇਆ । ਮੇਲ ਮਿਲਾਵਾ ਇਕ ਅਤੀਤਾ, ਨਿਰਗੁਣ ਸਰਗੁਣ ਭੇਵ ਨਾ ਰਾਇਆ । ਹਰਿ ਸੰਗਤ ਕਰਨਾ ਸਚ ਧਿਆਨ, ਹਰਿ ਸਾਚੇ ਸ਼ਬਦ ਜਣਾਈਆ । ਸਤਿਗੁਰ ਪੂਰਾ ਮਿਹਰਵਾਨ, ਪੁਰਖ ਅਕਾਲ ਅਖਵਾਈਆ । ਸ਼ਬਦੀ ਦੇਵੇ ਏਕਾ ਦਾਨ, ਏਕਾ ਝੋਲੀ ਭਰਾਈਆ । ਪੁੱਤ ਪੋਤਾ ਇਕ ਵਖਾਣ, ਏਕਾ ਬ੍ਰਹਮ ਵਖਾਈਆ । ਆਤਮ ਅੰਤਰ ਮਾਰ ਧਿਆਨ, ਆਪ ਆਪਣਾ ਮੇਲ ਮਿਲਾਈਆ । ਗੁਰਮੁਖ ਸਾਚੇ ਕਰ ਪਰਵਾਨ, ਹਰਿ ਸੰਗਤ ਵਡ ਵਡਿਆਈਆ । ਗਿਆਨੀ ਧਿਆਨੀ ਨਾ ਕਰਨ ਪਛਾਣ, ਮੂਰਖ ਮੂੜ੍ਹੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਉਤਰ ਸ਼ਬਦ ਵਿਚ ਸੁਣਾਈਆ । ਸ਼ਬਦ ਉਤਰ ਸ਼ਬਦ ਸੰਦੇਸ, ਸ਼ਬਦੀ ਸ਼ਬਦ ਉਪਾਇਆ । ਕਿਸੇ ਨਾ ਚਲੇ ਕੋਈ ਪੇਸ਼, ਮਨ ਮਤ ਬੁਧ ਨਾ ਕੋਇ ਦ੍ਰਿੜਾਇਆ । ਸ਼ਾਹੋ ਭੂਪ ਹਰਿ ਨਰ ਨਰੇਸ਼, ਆਪਣਾ ਭੇਵ ਆਪੇ ਰਿਹਾ ਖੁਲ੍ਹਾਇਆ । ਆਪਣਾ ਨਾਮ ਆਪੇ ਵੇਖ, ਆਪੇ ਗਿਆਨ ਗੋਝ ਜਣਾਇਆ । ਆਪੇ ਪੁੱਤ ਪੋਤਾ ਲਿਖਣਹਾਰਾ ਲੇਖ, ਦੂਸਰ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਵੇਖੇ ਸਾਚਾ ਦਰ, ਸ਼ਬਦ ਸ਼ਬਦੀ ਮੇਲ ਮਿਲਾਇਆ । ਸ਼ਬਦ ਗੌਣਾ ਸ਼ਬਦ ਸੁਣੌਣਾ, ਨਾਨਕ ਵਡ ਵਡਿਆਈਆ । ਪੁਰਖ ਅਗੰਮਾ ਏਕਾ ਪੌਣਾ, ਸਤਿਗੁਰ ਰੂਪ ਸਮਾਈਆ । ਗੁਰ ਗੁਰ ਵੇਸ ਅਨੇਕ ਕਰੌਣਾ, ਆਪਣੀ ਕਲ ਵਰਤਾਈਆ । ਪੁੱਤ ਪੋਤਾ ਵੇਖ ਵਖੌਣਾ, ਪੂਤ ਸਪੂਤਾ ਸੰਗ ਨਿਭਾਈਆ । ਏਕਾ ਦੀਪਕ ਜੋਤੀ ਰਿਦੇ ਜਗੌਣਾ, ਨਿਰਗੁਣ ਸਰਗੁਣ ਧਾਰ ਚਲਾਈਆ । ਆਪਣਾ ਗਿਆਨ ਆਪ ਪੁਛੌਣਾ, ਗਿਆਨ ਗੁਰ ਆਪ ਅਖਵਾਈਆ । ਬ੍ਰਹਮ ਪਾਰਬ੍ਰਹਮ ਮੇਲ ਮਲੌਣਾ, ਘਰ ਸਾਚੇ ਵੱਜੀ ਵਧਾਈਆ । ਓਤ ਪੋਤ ਸਗਲਾ ਸੰਗ ਨਿਭੌਣਾ, ਧੀ ਦੋਤ ਨਾਲ ਰਲਾਈਆ । ਵਰਨ ਗੋਤ ਨਾ ਕੋਈ ਰਖੌਣਾ, ਜੋਤੀ ਜੋਤ ਡਗਮਗਾਈਆ । ਸ਼ਬਦ ਅਗੰਮੀ ਪੁਰਖ ਅਕਾਲ ਗੌਣਾ, ਪੁਰਖ ਅਕਾਲ ਭੇਵ ਖੁਲ੍ਹਾਈਆ । ਬਿਨ ਸਤਿਗੁਰ ਪੂਰੇ ਹਰਿ ਸੰਗਤ ਦੂਸਰ ਕਿਸੇ ਹੱਥ ਨਾ ਔਣਾ, ਜਗਤ ਵਿਦਿਆ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦੇਵੇ ਵਰ, ਸ਼ਬਦ ਸ਼ਬਦ ਕਰੇ ਜਣਾਈਆ । ਸ਼ਬਦੀ ਢੋਲਾ ਸ਼ਬਦੀ ਬੋਲਾ, ਸ਼ਬਦੀ ਸ਼ਬਦ ਉਪਾਇੰਦਾ । ਸ਼ਬਦੀ ਪਵਿਤ ਸ਼ਬਦੀ ਤੋਲਾ, ਸ਼ਬਦ ਸ਼ਬਦੀ ਪੂਤ ਪੂਤ ਅਖਵਾਇੰਦਾ । ਸ਼ਬਦੀ ਗਿਆਨ ਸ਼ਬਦੀ ਗੋਲਾ, ਸ਼ਬਦੀ ਮੁਖ ਭਵਾਇੰਦਾ । ਸ਼ਬਦੀ ਪਾਵਣਹਾਰਾ ਮੋਲਾ, ਸ਼ਬਦੀ ਬੂਝ ਬੁਝਾਇੰਦਾ । ਸ਼ਬਦ ਸ਼ਬਦੀ ਪੜਦਾ ਖੋਲ੍ਹਾ, ਸ਼ਬਦ ਸ਼ਬਦੀ ਬੰਦ ਕਰਾਇੰਦਾ । ਸ਼ਬਦ ਸ਼ਬਦੀ ਆਪੇ ਮਵਲਾ, ਰੂਪ ਅਨੂਪ ਆਪ ਅਖਵਾਇੰਦਾ । ਸ਼ਬਦ ਸ਼ਬਦੀ

ਖੇਲ ਧਵਲ ਧਵਲਾ, ਅਕਾਸ਼ ਪਰਕਾਸ਼ ਲੋਆਂ ਪੁਰੀਆਂ ਆਪ ਸੁਹਾਇੰਦਾ । ਸ਼ਬਦ ਸ਼ਬਦੀ ਕਰੇ ਉਲਟਾ ਨਾਭ ਕਵਲਾ, ਅੰਮ੍ਰਿਤ ਆਤਮ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਧਾਰ ਸ਼ਬਦ ਵਿਚ ਰਖਾਇੰਦਾ । ਨਾਮ ਗੰਢ ਹਰਿ ਹਰਿ ਖੋਲ੍ਹੇ, ਆਪੇ ਆਪ ਦਵਾਈਆ । ਜਗਤ ਰਸਨ ਕਦੇ ਨਾ ਬੋਲੇ, ਲੱਖ ਚੁਰਾਸੀ ਆਪ ਬੁਲਾਈਆ । ਆਪਣੇ ਕੰਡੇ ਆਪੇ ਤੋਲੇ, ਤੋਲਣਹਾਰਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਵੰਡ ਸ਼ਬਦੀ ਸ਼ਬਦ ਕਰਾਈਆ । ਸ਼ਬਦੀ ਗੰਢ ਖੋਲ੍ਹਣਹਾਰਾ, ਏਕਾ ਏਕਉਂਕਾਰਿਆ । ਪੁੱਤ ਪੋਤਾ ਪਾਈ ਵੰਡ, ਭੇਵ ਅਭੇਦਾ ਆਪ ਛੁਪਾ ਰਿਹਾ । ਆਪੇ ਪਾਵਣਹਾਰਾ ਠੰਡ, ਆਪੇ ਅਗਨੀ ਤੱਤ ਜਲਾ ਰਿਹਾ । ਆਪੇ ਵੇਖਣਹਾਰਾ ਹਰਿ ਬ੍ਰਹਿਮੰਡ, ਆਪੇ ਮੁਖ ਭੁਆ ਰਿਹਾ । ਆਪੇ ਹੋਏ ਗਿਆਨ ਪਰਚੰਡ, ਗਿਆਨ ਗੋਝ ਆਪ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਮੇਲ ਮਿਲਾ ਰਿਹਾ । ਸ਼ਬਦੀ ਮੇਲਾ ਧੁਰ ਦਰਗਾਹ, ਹਰਿ ਹਰਿ ਆਪ ਕਰਾਇਆ । ਸ਼ਬਦੀ ਦੇਵਣਹਾਰਾ ਸਚ ਸਲਾਹ, ਨਾਨਕ ਨਿਰਗੁਣ ਸੇਵਾ ਲਾਇਆ । ਸ਼ਬਦੀ ਸ਼ਬਦ ਉਪਾਏ ਨਾਂ, ਨਾਮ ਸਤਿ ਮੰਤਰ ਦ੍ਰਿੜਾਇਆ । ਸ਼ਬਦੀ ਸ਼ਬਦ ਵੇਖੇ ਥਾਂ, ਸ਼ਬਦ ਅੰਗੀ ਅੰਗ ਕਰਾਇਆ । ਸ਼ਬਦ ਸ਼ਬਦ ਨਾਨਕ ਅੰਗਦ ਵਿਚ ਟਿਕਾ, ਆਪਣਾ ਰੂਪ ਦਰਸਾਇਆ । ਸ਼ਬਦ ਘੋੜਾ ਆਪ ਦੌੜਾ, ਅਮਰੂ ਆਪ ਲਏ ਚੜ੍ਹਾਇਆ । ਸਰੋਵਰ ਸਰ ਸੇਵ ਕਮਾ, ਰਾਮ ਦਾਸ ਲੇਖ ਲਿਖਾਇਆ । ਸ਼ਬਦੀ ਦੋਹਰਾ ਆਪੇ ਗਾ, ਗੁਰ ਅਰਜਨ ਖੇਲ ਖਲਾਇਆ । ਗੁਰੂ ਗ੍ਰੰਥ ਇਕ ਬਣਾ, ਗੁਰ ਸ਼ਬਦੀ ਮਾਰਗ ਲਾਇਆ । ਦੂਜਾ ਅੱਖਰ ਨਾ ਦਿਤਾ ਕੋਈ ਲਿਖਾ, ਜਗਤ ਵਿਦਿਆ ਨਾ ਕੋਇ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਬੋਧ ਅਗਾਧ ਸ਼ਬਦੀ ਸ਼ਬਦ ਉਪਾਇਆ । ਹਰਿਸੰਗਤ ਹਰਿ ਵਸਿਆ, ਗੁਰ ਪਾਰਬ੍ਰਹਮ ਕਰਤਾਰ । ਹਰਿਸੰਗਤ ਰਾਹ ਸਾਚਾ ਦੱਸਿਆ, ਹਰਿਜਨ ਮੇਲਾ ਮੀਤ ਮੁਰਾਰ । ਹਰਿਸੰਗਤ ਮੇਟੇ ਰੈਣ ਅੰਧੇਰੀ ਮੱਸਿਆ, ਗੁਰਮੁਖ ਗੁਰਮਤ ਕਰਨ ਵਿਚਾਰ । ਹਰਿ ਹਿਰਦੇ ਅੰਦਰ ਹਰ ਘਟ ਫਿਰੇ ਨੱਸਿਆ, ਆਪ ਆਪਣਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਜੋ ਜਨ ਰਹੇ ਦਵਾਰ ।

ਇਕ ਇਕੱਲਾ ਏਕੰਉਂਕਾਰਾ, ਆਦਿ ਜੁਗਾਦਿ ਸਮਾਇਆ । ਅਲਖ ਅਗੋਚਰ ਅਗੰਮ ਅਪਾਰਾ, ਭੇਵ ਕੋਇ ਨਾ ਰਾਇਆ । ਸਤਿ ਪੁਰਖ ਨਿਰੰਜਣ ਸਤਿ ਵਰਤਾਰਾ, ਸਤਿ ਸਰੂਪੀ ਸਤਿ ਸਮਾਇਆ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰਾ, ਆਪ ਆਪਣਾ ਖੇਲ ਖਲਾਇਆ । ਆਦਿ ਨਿਰੰਜਣ ਜੋਤ ਉਜਿਆਰਾ, ਨੂਰੋ ਨੂਰ ਕਰਾਇਆ । ਬੇਐਬ ਖ਼ੁਦਾ ਪਰਵਰਦਿਗਾਰਾ, ਭੇਵ ਅਭੇਦ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਖੇਲ ਤਮਾਸ਼ਾ, ਜੁਗ ਜੁਗ ਵੇਖ ਵਖਾਇੰਦਾ । ਸਾਚੇ ਮੰਡਲ ਪਾਵੇ ਰਾਸਾ, ਦਰ ਘਰ ਸਾਚਾ ਆਪ ਰਖਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਕਲ ਵਰਤਾਇੰਦਾ । ਪੁਰਖ ਅਕਾਲ

੧੩੩
੦੮

ਅਕਲ ਕਲ ਧਾਰੀ, ਏਕਾ ਹਰਿ ਨਿਰੰਕਾਰਿਆ । ਨਿਰਗੁਣ ਜੋਤੀ ਕਰ ਉਜਿਆਰੀ, ਨੂਰੋ ਨੂਰ ਵੇਖ ਵਖਾ ਰਿਹਾ । ਆਪ ਆਪਣੀ ਪਾਵੇ ਸਾਰੀ, ਆਪ ਆਪਣਾ ਭੇਵ ਖੁਲ੍ਹਾ ਰਿਹਾ । ਆਪੇ ਸੋਹੇ ਦਰ ਦਰਬਾਰੀ, ਧੁਰ ਦਰਬਾਰਾ ਵੇਖ ਵਖਾ ਰਿਹਾ । ਸਚ ਸਿੰਘਾਸਣ ਖੇਲ ਨਿਆਰੀ, ਹਰਿ ਸਾਚਾ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਆਪ ਉਪਾ ਰਿਹਾ । ਨਿਰਗੁਣ ਰੂਪ ਹਰਿ ਕਰਤਾਰਾ, ਏਕਾ ਏਕ ਅਖਵਾਈਆ । ਆਪਣਾ ਕਰੇ ਆਪ ਪਸਾਰਾ, ਆਪੇ ਵੇਖ ਵਖਾਈਆ । ਆਪਣੀ ਬੰਨੇ ਆਪੇ ਧਾਰਾ, ਆਪੇ ਰਿਹਾ ਚਲਾਈਆ । ਆਪਣਾ ਨਾਉਂ ਕਰ ਉਜਿਆਰਾ, ਆਪੇ ਸਿਫ਼ਤ ਸਾਲਾਹੀਆ । ਆਪੇ ਵਸੇ ਸਚ ਮੁਨਾਰਾ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹੋ ਭੂਪ ਆਪ ਅਖਵਾਈਆ । ਸ਼ਾਹੋ ਭੂਪ ਹਰਿ ਸੁਲਤਾਨ, ਹਰਿ ਸਾਚੇ ਤਖ਼ਤ ਬਰਾਜਿਆ । ਆਪੇ ਹੋਏ ਨਿਗਹਬਾਨ, ਆਪੇ ਕਰੇ ਕਰਾਏ ਆਪਣਾ ਕਾਜਿਆ । ਆਪੇ ਵੇਖੇ ਸਚ ਨਿਸ਼ਾਨ, ਆਪੇ ਰੱਖਣਹਾਰਾ ਲਾਜਿਆ । ਆਪੇ ਗਾਏ ਆਪਣਾ ਗਾਣ, ਆਪੇ ਮਾਰੇ ਆਪਣੀ ਵਾਜਿਆ । ਆਪੇ ਦੇਵਣਹਾਰ ਫ਼ਰਮਾਣ, ਆਪੇ ਫਿਰੇ ਭਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਵਡ ਸ਼ਾਹੋ ਰਾਜਨ ਰਾਜਿਆ । ਰਾਜ ਰਾਜਾਨ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਸਚ ਤਖ਼ਤ ਸੱਚੀ ਸਰਕਾਰਾ, ਸਚ ਸਿੰਘਾਸਣ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਵੇਸ ਅਪਾਰਾ, ਨਿਰਗੁਣ ਆਪਣਾ ਆਪ ਪਰਗਟਾਇੰਦਾ । ਨਿਰਗੁਣ ਸਾਜਣ ਮੀਤ ਮੁਰਾਰਾ, ਹਰਿ ਸੱਜਣ ਆਪ ਅਖਵਾਇੰਦਾ । ਨਿਰਗੁਣ ਜਾਣੇ ਆਪਣੀ ਕਾਰਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਹਰਿ ਕਰਤਾਰਾ, ਸਾਚੀ ਰਚਨ ਰਚਾਇੰਦਾ । ਆਪੇ ਬਣਿਆ ਕੰਤ ਭਤਾਰਾ, ਆਪੇ ਨਾਰੀ ਰੂਪ ਵਟਾਇੰਦਾ । ਆਪਣੀ ਸੇਜਾ ਕਰ ਪਿਆਰਾ, ਆਪਣਾ ਸਗਨ ਮਨਾਇੰਦਾ । ਆਪ ਉਪਜਾਏ ਸੁੱਤ ਦੁਲਾਰਾ, ਸ਼ਬਦੀ ਨਾਉਂ ਰਖਾਇੰਦਾ । ਅਕਾਲ ਪੁਰਖ ਖੇਲ ਨਿਆਰਾ, ਅਜੂਨੀ ਰਹਿਤ ਭੇਵ ਨਾ ਆਇੰਦਾ । ਆਦਿ ਸ਼ਕਤ ਦਏ ਸਹਾਰਾ, ਸਾਚਾ ਸੰਗ ਨਿਭਾਇੰਦਾ । ਸ਼ਬਦ ਸੁੱਤ ਬਣ ਵਣਜਾਰਾ, ਸਾਚਾ ਵਣਜ ਕਰਾਇੰਦਾ । ਆਪਣਾ ਨਾਉਂ ਆਪ ਉਚਾਰਾ, ਸੋਹੰ ਨਾਉਂ ਰਖਾਇੰਦਾ । ਸੋ ਪੁਰਖ ਅਕਾਲ, ਆਪਣੀ ਦਇਆ ਕਮਾਈਆ । ਸੁੱਤ ਉਠਾਏ ਬਾਲ ਨਿਧਾਨ, ਸ਼ਬਦੀ ਬ੍ਰਹਮ ਜਣਾਈਆ । ਆਪੇ ਜਾਣੇ ਆਪਣੀ ਚਾਲ, ਲੇਖਾ ਲਿਖਤ ਵਿਚ ਨਾ ਆਈਆ । ਥਿਰ ਘਰ ਬੈਠ ਸੱਚੀ ਧਰਮਸਾਲ, ਘਰ ਬੰਕ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਸ਼ਬਦੀ ਨਾਤਾ ਹਰਿ ਹਰਿ ਜੋੜ, ਆਪਣਾ ਕਰਮ ਕਮਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚਾ ਸਗਨ ਮਨਾਇੰਦਾ । ਸ਼ਬਦੀ ਸ਼ਬਦ ਰਿਹਾ ਦੌੜ, ਸਾਚੀ ਸੇਵਾ ਲਾਇੰਦਾ । ਸ਼ਬਦ ਸ਼ਬਦੀ ਆਪੇ ਬੌਹੜ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸ਼ਬਦੀ ਖੇਲ ਹਰਿ ਕਰਤਾਰਾ, ਆਪਣਾ ਆਪ ਕਰਾਇੰਦਾ । ਆਪੇ ਬਣ ਨਾਮ ਭੰਡਾਰਾ, ਆਪੇ ਹਰਿ ਵਰਤਾਇੰਦਾ । ਆਪੇ ਕਰੇ ਸਚ ਪਿਆਰਾ, ਆਪੇ ਸੰਗ ਰਖਾਇੰਦਾ । ਸਾਚਾ ਸੁੱਤ ਘਰ ਸਾਚੇ ਸੋਹੇ ਆਪੇ ਵਖਾਏ ਏਕਾ ਧਾਰਾ, ਏਕਾ ਰੰਗ ਰੰਗਾਇੰਦਾ । ਜੋਤੀ ਦੇਵੇ ਇਕ ਪਿਆਰਾ, ਨਿਰਗੁਣ ਵੇਖ ਵਖਾਇੰਦਾ । ਇਕ ਅਕੱਲਾ ਖੇਲ ਨਿਆਰਾ, ਨਿਰੰਕਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਪੁਰਖ ਅਬਿਨਾਸ਼ਾ, ਆਪਣਾ ਵੇਖੇ ਆਪ ਤਮਾਸ਼ਾ, ਦੂਸਰ ਕੋਈ

ਨਾ ਸੰਗ ਜਣਾਇੰਦਾ । ਸ਼ਬਦ ਸੁੱਤ ਕਰ ਸਚ ਉਜਾਗਰ, ਆਪਣੀ ਬਣਤ ਬਣਾਈਆ । ਥਿਰ ਘਰ ਬਣਿਆ ਇਕ ਸੌਦਾਗਰ, ਏਕਾ ਵਣਜ ਵਖਾਈਆ । ਏਕਾ ਨਾਮ ਰਤਨ ਰਤਨਾਗਰ, ਏਕਾ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਉਪਾਈਆ । ਨਿਰਗੁਣ ਜੋਤ ਹਰਿ ਨਿਰੰਕਾਰ, ਰੂਪ ਰੰਗ ਨਾ ਰਾਇਆ । ਨਿਰਗੁਣ ਸ਼ਬਦ ਕਰ ਤਿਆਰ, ਸਾਚਾ ਸੰਗ ਰਖਾਇਆ । ਨਿਰਗੁਣ ਸੇਵਾ ਸੇਵਾਦਾਰ, ਸੇਵਾ ਰਿਹਾ ਕਮਾਇਆ । ਨਿਰਗੁਣ ਲੋਆਂ ਪੁਰੀਆਂ ਲਏ ਉਸਾਰ, ਨਿਰਗੁਣ ਸ਼ਬਦੀ ਵਿਚ ਟਿਕਾਇਆ । ਨਿਰਗੁਣ ਰਵ ਸਸ ਲਏ ਉਭਾਰ, ਤਾਰਾ ਮੰਡਲ ਸੰਗ ਰਖਾਇਆ । ਨਿਰਗੁਣ ਵੇਖੇ ਸਚਖੰਡ ਦਵਾਰ, ਸਚ ਸਿੰਘਾਸਣ ਆਸਣ ਲਾਇਆ । ਨਿਰਗੁਣ ਹੋਇਆ ਧੁੰਆਂਧਾਰ, ਆਪ ਆਪਣਾ ਭੇਖ ਵਟਾਇਆ । ਨਿਰਗੁਣ ਰੂਪ ਵੇਸ ਕਰਤਾਰ, ਵੇਸ ਅਨੇਕਾ ਆਪ ਵਖਾਇਆ । ਨਿਰਗੁਣ ਤੱਤ ਤੱਤ ਵਿਚਾਰ, ਪਾਰਬ੍ਰਹਮ ਵੱਡੀ ਵਡਿਆਇਆ । ਏਕਾ ਹਰਿ ਹਰਿ ਏਕਾ ਧਾਰ, ਏਕਾ ਕਵਲ ਖਿਲਾਇਆ । ਨਿਰਗੁਣ ਨਿਰਗੁਣ ਹੋ ਉਜਿਆਰ, ਵਿਸ਼ਨੂੰ ਰੂਪ ਵਟਾਇਆ । ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਇਆ । ਆਪੇ ਜਾਣੇ ਆਪਣੀ ਧਾਰ, ਧਾਰ ਨਿਰਾਲੀ ਇਕ ਰਖਾਇਆ । ਕੱਟਿਆ ਅੰਗ ਆਪ ਕਰਤਾਰਾ, ਸੂਰਾ ਸਰਬੰਗ ਹੋਏ ਸਹਾਇਆ । ਬ੍ਰਹਮ ਪਾਰਬ੍ਰਹਮ ਏਕਾ ਕਾਰ, ਏਕਾ ਚਲਤ ਚਲਾਇਆ । ਚਾਰੇ ਮੁਖ ਦਏ ਅਧਾਰ, ਚਾਰੇ ਕੂਟਾਂ ਵੇਖ ਵਖਾਇਆ । ਦਹਿ ਦਿਸ਼ਾ ਪਾਵੇ ਸਾਰ, ਵੇਖਣਹਾਰਾ, ਆਪ ਹੋ ਜਾਇਆ । ਸ਼ਬਦੀ ਸ਼ਬਦ ਕਰ ਪਿਆਰ, ਸ਼ਬਦ ਸ਼ਬਦੀ ਮੇਲ ਮਿਲਾਇਆ । ਸ਼ਬਦ ਧੁਨ ਸੱਚੀ ਧੁਨਕਾਰ, ਸ਼ਬਦੀ ਰਿਹਾ ਸੁਣਾਇਆ । ਸ਼ਬਦੀ ਗਾਵੇ ਅਪਰ ਅਪਾਰ, ਆਪ ਆਪਣਾ ਰਾਗ ਅਲਾਇਆ । ਸ਼ਬਦੀ ਖੋਜ ਖੋਜ ਕਰੇ ਵਿਚਾਰ, ਖੋਜੀ ਖੋਜ ਨਾਮ ਰਖਾਇਆ । ਬ੍ਰਹਮਾ ਨੇਤਰ ਲੋਚਣ ਦਏ ਉਘਾੜ, ਆਪ ਆਪਣੀ ਅੱਖ ਵਖਾਇਆ । ਏਕਾ ਅੰਦਰ ਦੇਵੇ ਵਾੜ, ਨਿਰਗੁਣ ਨਿਰਗੁਣ ਵਿਚ ਟਿਕਾਇਆ । ਤ੍ਰੈਗੁਣ ਤੇਰੀ ਬੰਨੇ ਧਾਰ, ਤ੍ਰੈ ਤ੍ਰੈ ਵੇਸ ਵਟਾਇਆ । ਤ੍ਰਿਲੋਕੀ ਵੇਖੇ ਇਕ ਅਖਾੜ, ਸਚ ਅਖਾੜਾ ਆਪ ਲਗਾਇਆ । ਚੌਦਾਂ ਹੱਟਾਂ ਖੋਲ ਕਿਵਾੜ, ਚੌਦਾਂ ਲੋਕਾਂ ਦਏ ਸਰਨਾਇਆ । ਪੰਜ ਤੱਤ ਕਰ ਉਜਿਆਰ, ਆਪ ਆਪਣਾ ਮੇਲ ਮਿਲਾਇਆ । ਆਪਣੀ ਕਿਰਪਾ ਆਪੇ ਧਾਰ, ਨਿਰਗੁਣ ਨਿਰਗੁਣ ਆਪ ਅਖਵਾਇਆ । ਮਨ ਮਤ ਬੁਧ ਕਰ ਉਜਿਆਰ, ਆਪਣਾ ਸੰਗ ਨਿਭਾਇਆ । ਨੌਂ ਦਰ ਖੋਲ੍ਹੇ ਜਗਤ ਕਿਵਾੜ, ਲੱਖ ਚੁਰਾਸੀ ਵੇਖ ਵਖਾਇਆ । ਜੇਰਜ ਅੰਡ ਪਾਵੇ ਸਾਰ, ਉਤਭੁਜ ਸੇਤਜ ਰਚਨ ਰਚਾਇਆ । ਮਹੱਲ ਅੰਦਰ ਆਪਣਾ ਮਹੱਲ ਉਸਾਰ, ਆਪੇ ਬੈਠਾ ਬੇਪਰਵਾਹਿਆ । ਆਪਣਾ ਰੂਪ ਆਪ ਕਰਤਾਰ, ਆਪੇ ਰਿਹਾ ਛੁਪਾਇਆ । ਬਜਰ ਕਪਾਟੀ ਲਾਏ ਤਾਲ, ਨਾ ਕੋਈ ਸਕੇ ਜਗਤ ਖੁਲ੍ਹਾਇਆ । ਵਸਣਹਾਰਾ ਧਰਮ ਸੱਚੀ ਧਰਮਸਾਲ, ਨਿਝ ਘਰ ਸਾਚਾ ਇਕ ਸੁਹਾਇਆ । ਜੋਤ ਨਿਰੰਜਣ ਦੀਪਕ ਬਾਲ, ਪਰਕਾਸ਼ ਪਰਕਾਸ਼ ਰਖਾਇਆ । ਅਨਹਦ ਧੁਨ ਵਜਾਏ ਤਾਲ, ਰਾਗ ਅਨਾਦੀ ਏਕਾ ਗਾਇਆ । ਅੰਮ੍ਰਿਤ ਆਤਮ ਸੁਹਾਵਾ ਤਾਲ, ਤੀਰ ਨਿਰਾਲਾ ਇਕ ਰਖਾਇਆ । ਆਤਮ ਸੇਜਾ ਹੋ ਉਜਿਆਰ, ਬੈਠਾ ਆਸਣ ਲਾਇਆ । ਦਿਵਸ ਰੈਣ ਏਕਾ ਧਾਰ, ਘੜੀ ਪਲ ਨਾ ਕੋਈ ਰਖਾਇਆ । ਮਰੇ ਨਾ ਜਮੇ ਵਿਚ ਸੰਸਾਰ, ਆਪ ਆਪਣਾ ਵੇਸ ਕਰਾਇਆ । ਹੱਡ ਮਾਸ ਨਾੜੀ ਰਤ ਚਾਰ ਦਿਵਾਰ, ਨਾੜ ਨਾੜ ਜੋੜ ਜੁੜਾਇਆ । ਖੇਲੇ ਖੇਲ ਅਗੰਮ ਅਪਾਰ, ਅਪਰ ਅਪਾਰੀ ਆਪ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਨਿਰਗੁਣ ਰੂਪ ਏਕਾ ਹਰਿ, ਘਟ ਘਟ ਬੈਠਾ ਆਸਣ ਲਾਇਆ । ਘਰ

ਮਹੱਲਾ ਘਰ ਮਕਾਨ, ਘਰ ਬੈਠਾ ਬੇਪਰਵਾਹੀਆ । ਘਰ ਸ਼ਬਦ ਘਰ ਨਿਸ਼ਾਨ, ਘਰ ਸਾਚੇ ਰਿਹਾ ਝੁਲਾਈਆ । ਘਰ ਸ਼ਬਦ ਘਰ ਧੁੰਨਕਾਨ, ਘਰ ਸਾਚੇ ਰਿਹਾ ਸੁਣਾਈਆ । ਘਰ ਪੁਰਖ ਘਰ ਸੁਲਤਾਨ, ਘਰ ਬੈਠਾ ਬੇਪਰਵਾਹੀਆ । ਘਰ ਰੰਕ ਘਰ ਰਾਜਾਨ, ਸ਼ਾਹੋ ਭੂਪ ਘਰ ਦਿਸਾਈਆ । ਘਰ ਘਰ ਮੇਲਾ ਪੰਜ ਸ਼ੈਤਾਨ, ਘਰ ਘਰ ਝੂਠੀ ਵੱਜੇ ਵਧਾਈਆ । ਘਰ ਘਰ ਜਗਤ ਤ੍ਰਿਸਨਾ ਪੀਣ ਖਾਣ, ਘਰ ਘਰ ਕਾਮ ਕਰੋਧ ਲੋਭ ਮੋਹ ਹਲਕਾਈਆ । ਘਰ ਵਿਚ ਪੰਡਤ ਘਰ ਵਿਚ ਗਿਆਨ, ਘਰ ਘਰ ਵਿਦਿਆ ਰਹੇ ਪੜ੍ਹਾਈਆ । ਘਰ ਘਰ ਪੂਜਾ ਘਰ ਘਰ ਪਾਠ ਘਰ ਘਰ ਮੇਲ ਸ੍ਰੀ ਭਗਵਾਨ, ਘਰ ਘਰ ਇਸ਼ਟ ਦੇਵ ਰਹੇ ਮਨਾਈਆ । ਘਰ ਘਰ ਸੀਤਾ ਘਰ ਘਰ ਰਾਮ, ਸੀਤਾ ਸੁਰਤ ਨਾ ਸ਼ਬਦ ਪਰਨਾਈਆ । ਘਰ ਘਰ ਰਾਧਾ ਘਰ ਘਰ ਕ੍ਰਿਸ਼ਨਾ ਘਰ ਘਰ ਕਾਹਨ, ਨਾਮ ਬੰਸਰੀ ਨਾ ਕੋਈ ਵਜਾਈਆ । ਘਰ ਘਰ ਵੇਦ ਪਾਠ ਪੁਰਾਨ, ਘਰ ਘਰ ਗਾਇਤਰੀ ਮੰਤਰ ਰਹੇ ਸੁਣਾਈਆ । ਘਰ ਘਰ ਬੈਠੇ ਕਰਨ ਵਖਿਆਨ, ਘਰ ਘਰ ਅਲਖ ਜਗਾਈਆ । ਘਰ ਘਰ ਦਿਸੇ ਸੁੰਞ ਮਸਾਣ, ਘਰ ਘਰ ਕਾਗ ਰਹੇ ਕੁਰਲਾਈਆ । ਘਰ ਘਰ ਮੇਲਾ ਗੁਣ ਨਿਧਾਨ, ਘਰ ਘਰ ਸਾਚਾ ਆਪ ਸੁਹਾਈਆ । ਘਰ ਵਿਚ ਘਰ ਕਰ ਪਰਵਾਨ, ਘਰ ਬੈਠਾ ਸ਼ਬਦ ਸਲਾਹੀਆ । ਘਰ ਵਿਚ ਦੇਵਣਹਾਰਾ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਏਕਾ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਵਰ ਘਰ ਪਾਇਆ, ਦੇਵਣਹਾਰ ਨਿਰੰਕਾਰਾ । ਬ੍ਰਹਮਾ ਵੇਤਾ ਸੇਵਾ ਲਾਇਆ, ਮੇਲ ਮਿਲਾਇਆ ਸਰਬ ਸੰਸਾਰਾ । ਵਿਸ਼ਨੂੰ ਵੰਸੀ ਖੇਲ ਖਿਲਾਇਆ, ਆਤਮ ਅੰਤਰ ਭਰ ਭੰਡਾਰਾ । ਸ਼ਿਵ ਸ਼ੰਕਰ ਹਰਿ ਹਰਿ ਵੇਖ ਵਖਾਇਆ, ਅੰਤ ਅੰਤ ਕਰੇ ਸ਼ੰਘਾਰਾ । ਆਪ ਆਪਣਾ ਬਾਹਰ ਰਖਾਇਆ, ਹੋਇਆ ਬੰਦ ਨਾ ਕਿਸੇ ਕਿਵਾੜਾ । ਥਿਰ ਘਰ ਬੈਠਾ ਆਸਣ ਲਾਇਆ, ਜੰਗਲ ਜੂਹ ਨਾ ਕੋਈ ਉਜਾੜ ਪਹਾੜਾ । ਸਚ ਸਿੰਘਾਸਣ ਇਕ ਸੁਹਾਇਆ, ਨਜ਼ਰ ਆਏ ਨਾ ਪੰਚਮ ਧਾੜਾ । ਨਿਰਗੁਣ ਜੋਤੀ ਸੇਵਾ ਲਾਇਆ, ਸਚਖੰਡ ਰਚਾਇਆ ਇਕ ਅਖਾੜਾ । ਆਦਿ ਜੁਗਾਦੀ ਵੇਸ ਵਟਾਇਆ, ਲੋਕਮਾਤ ਲਏ ਅਵਤਾਰਾ । ਜੁਗ ਕਰਤਾ ਹਰਿ ਨਾਮ ਧਰਾਇਆ, ਕਰੇ ਕਰਾਏ ਕਰਨੇਹਾਰਾ । ਸਾਧਾਂ ਸੰਤਾਂ ਸੇਵਾ ਲਾਇਆ, ਆਪੇ ਜਾਣੇ ਪਰਉਪਕਾਰਾ । ਆਪ ਆਪਣਾ ਨਾਉਂ ਜਣਾਇਆ, ਦੇਵੇ ਸਚ ਭੰਡਾਰਾ । ਲੋਕਮਾਤ ਹਰਿ ਮਾਰ ਝਾਤ ਨਿਤ ਨਵਿਤ ਵੇਖਣ ਆਇਆ, ਵੇਖਣਹਾਰ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਸਰਗੁਣ ਸੰਗ ਨਿਭਾਇਆ । ਨਿਰਗੁਣ ਖੇਲ ਹਰਿ ਕਰਤਾਰ, ਸਰਗੁਣ ਸੰਗ ਰਖਾਈਆ । ਸਰਗੁਣ ਮੇਲਾ ਵਿਚ ਸੰਸਾਰ, ਨਿਰਗੁਣ ਧਾਰ ਚਲਾਈਆ । ਨਿਰਗੁਣ ਜੋਤ ਕਰ ਉਜਿਆਰ, ਸਰਗੁਣ ਵਿਚ ਟਿਕਾਈਆ । ਸਰਗੁਣ ਪਾਏ ਪੁਰਖ ਅਪਾਰ, ਨਿਝ ਘਰ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਹੰ ਬ੍ਰਹਮ ਕਰ ਪਿਆਰ, ਏਕਾ ਦਰ ਸੁਹਾਈਆ । ਸੋਹੰ ਰੂਪ ਰੂਪ ਕਰਤਾਰ, ਏਕਾ ਦੂਜਾ ਭੌ ਚੁਕਾਈਆ । ਏਕਾ ਨੇਤਰ ਲਏ ਉਘਾੜ, ਦੋਏ ਲੋਚਣ ਬੰਦ ਰਖਾਈਆ । ਮੇਟ ਮਿਟਾਏ ਪੰਚਮ ਧਾੜ, ਸਚ ਸੁੱਚ ਕਰੇ ਵਡਿਆਈਆ । ਏਕਾ ਰੂਪ ਨਜ਼ਰੀ ਆਏ ਧੁਰ ਦਰਬਾਰ, ਰੂਪ ਅਨੂਪਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਦੇਵੇ ਵਰ, ਸੋ ਪੁਰਖ ਵਡ ਵਡਿਆਈਆ । ਸੋ ਪੁਰਖ ਹਰਿ ਸੁਲਤਾਨ, ਸ਼ਾਹੋ ਭੂਪ ਸਿਕਦਾਰਾ । ਹੰ ਬ੍ਰਹਮ ਕਰ ਪਛਾਨ, ਖੇਲੇ ਖੇਲ ਅਪਾਰਾ । ਦੋਹਾਂ ਮੇਲਾ ਇਕ ਮੈਦਾਨ, ਪੰਜ ਤੱਤ ਉਜਿਆਰਾ ।

ਦੇਵਣਹਾਰਾ ਸਾਚਾ ਦਾਨ, ਭਰੇ ਸਚ ਭੰਡਾਰਾ । ਆਪ ਸੁਹਾਏ ਇਕ ਮਕਾਨ, ਥਿਰ ਘਰ ਮਹੱਲ ਅਟੱਲ ਮੁਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਅੰਦਰ ਨਿਰਗੁਣ ਵੜ, ਆਪਣੀ ਪੌੜੀ ਆਪੇ ਚੜ੍ਹ, ਆਪਣੇ ਦਵਾਰ ਆਪੇ ਖੜ੍ਹ, ਆਪੇ ਹੋਏ ਉਜਿਆਰਾ । ਸਚ ਦਵਾਰ ਸਚ ਮਹੱਲਾ, ਹਰਿ ਹਰਿ ਆਪ ਵਸਾਇਆ । ਆਪੇ ਬੈਠ ਇਕ ਅਕੱਲਾ, ਲੱਖ ਚੁਰਾਸੀ ਰਿਹਾ ਚਲਾਇਆ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਡੇਰਾ ਲਾਇਆ । ਜਨ ਭਗਤਾਂ ਫੜਾਏ ਆਪਣਾ ਪੱਲਾ, ਜੁਗ ਜੁਗ ਵੇਸ ਵਟਾਇਆ । ਆਪੇ ਸ਼ਬਦ ਸ਼ਬਦੀ ਕਰੇ ਹੱਲਾ, ਆਪੇ ਵੇਖ ਵਖਾਇਆ । ਆਪੇ ਦੂਈ ਦਵੈਤੀ ਹੋਏ ਸਲਾ, ਆਪੇ ਦੋਏ ਦੋਏ ਰੰਗ ਰੰਗਾਇਆ । ਆਪੇ ਸ਼ਬਦ ਕਟਾਰ, ਬਣੇ ਭੱਲਾ, ਤੀਰ ਤਫੰਗ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਨਿਰਗੁਣ ਘਰ, ਨਾਮ ਮਰਦੰਗ ਇਕ ਵਜਾਇਆ । ਨਾਮ ਮਰਦੰਗ ਸਾਚਾ ਢੋਲ, ਹਰਿ ਸਤਿਗੁਰ ਆਪ ਵਜਾਈਆ । ਜਨ ਭਗਤ ਆਤਮ ਅੰਤਰ ਪੜਦਾ ਖੋਲ੍ਹ, ਆਪ ਆਪਣਾ ਦਏ ਬੁਝਾਈਆ । ਸ਼ਬਦ ਕੰਡੇ ਸਚ ਤਰਾਜ਼ੂ ਆਪੇ ਤੋਲ, ਕਰਤਾ ਕੀਮਤ ਦਏ ਪਾਈਆ । ਸਚ ਵਸਤ ਸਦ ਰੱਖੇ ਕੋਲ, ਘਰ ਆਪਣੇ ਆਪ ਰਖਾਈਆ । ਕਲਜੁਗ ਮਾਇਆ ਜੀਵ ਜੰਤ ਕਰੇ ਅਨਭੋਲ, ਨਾਮ ਗਠੜੀ ਨਾ ਕੋਈ ਖੁਲ੍ਹਾਈਆ । ਝੂਠੀ ਖਾਕ ਰਹੇ ਵਰੋਲ, ਸਚ ਲਾਲ ਹੱਥ ਨਾ ਆਈਆ । ਹਰਿ ਕਾ ਸ਼ਬਦ ਜਗਤ ਮਖੌਲ, ਸਾਚੀ ਭਿਛਿਆ ਕੋਈ ਨਾ ਪਾਈਆ । ਉਲਟਾ ਕਰੇ ਨਾ ਕੋਈ ਨਾਭ ਕਵਲ, ਅੰਮ੍ਰਿਤ ਝਿਰਨਾ ਨਾ ਕੋਈ ਝਿਰਾਈਆ । ਪਾਰਬ੍ਰਹਮ ਤੇਰਾ ਕੱਢਦੇ ਫਿਰਦੇ ਪੋਲ, ਆਪਣਾ ਪੋਲ ਨਾ ਵੇਖ ਵਖਾਈਆ । ਹਰ ਘਟ ਅੰਦਰ ਰਿਹਾ ਮੌਲ, ਨਾ ਕੋਈ ਸਕੇ ਭੇਵ ਛੁਪਾਈਆ । ਮਨ ਮਤ ਰਚਾਇਆ ਜਗਤ ਘੋਲ, ਦਿਵਸ ਰੈਣ ਰਹੇ ਕਰਾਈਆ । ਗੁਰਮੁਖ ਸੁੱਤੇ ਸਦਾ ਅਨਭੋਲ, ਸਤਿਗੁਰ ਪੂਰਾ ਲਏ ਜਗਾਈਆ । ਹੌਲੀ ਹੌਲੀ ਅੰਦਰ ਮੰਦਰ ਬੋਲ, ਆਪਣਾ ਰਾਹ ਰਿਹਾ ਵਖਾਈਆ । ਕਲਜੁਗ ਅੰਤਮ ਕਰੇ ਚੋਹਲ, ਕਾਇਆ ਚੋਲਾ ਲਏ ਬਦਲਾਈਆ । ਕਿਸੇ ਹੱਥ ਨਾ ਆਏ ਪੰਡਤ ਪਾਂਧੇ ਰੌਲ, ਗਿਆਨ ਧਿਆਨ ਨਾ ਕੋਈ ਵਡਿਆਈਆ । ਜੋ ਜਨ ਚਰਨ ਪ੍ਰੀਤੀ ਰਹੇ ਘੋਲ, ਤਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਦਾਤਾ ਬੇਪਰਵਾਹ, ਸਤਿਗੁਰ ਆਪ ਅਖਵਾਇੰਦਾ । ਨਿਰਗੁਣ ਬਣੇ ਜਗਤ ਮਲਾਹ, ਭਵ ਸਾਗਰ ਪਾਰ ਤਰਾਇੰਦਾ । ਸਤਿਗੁਰ ਪੂਰਾ ਸਿਫ਼ਤ ਸਲਾਹ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਜਿਸ ਜਨ ਜਪਾਏ ਆਪਣਾ ਨਾਂ, ਸੋਹੰ ਰੂਪ ਸ਼ਬਦ ਜਣਾਇੰਦਾ । ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਚਰਨ ਧਿਆਨ ਰਖਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਉਠਾਇੰਦਾ । ਕਲਜੁਗ ਅੰਤਮ ਪਕੜਨ ਆਇਆ ਬਾਂਹ, ਨਿਹਕਲੰਕਾ ਨਾਉਂ ਰਖਾਇੰਦਾ । ਦੋ ਜਹਾਨੀ ਕਰੇ ਸਚ ਨਿਆਂ, ਜਗਤ ਝਗੜਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ ਖੇਲ ਨਿਰਗੁਣ ਮੇਲ, ਨਿਰਗੁਣ ਵੱਜੀ ਵਧਾਈਆ । ਸਰਗੁਣ ਚੜ੍ਹਿਆ ਸਾਚਾ ਤੇਲ, ਜੋਤ ਨਿਰੰਜਣ ਸੇਵ ਕਮਾਈਆ । ਨਿਰਗੁਣ ਹੋਇਆ ਸੱਜਣ ਸੁਹੇਲ, ਘਰ ਸਾਚਾ ਬੇਪਰਵਾਹੀਆ । ਨਿਰਗੁਣ ਸਰਗੁਣ ਗੁਰੂ ਗੁਰ ਚੇਲ, ਚੇਲਾ ਗੁਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੧੩੮
੦੮

ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਾਰ ਕਮਾਈਆ । ਨਿਰਗੁਣ ਧਾਰ ਜੋਤ ਨਿਰੰਜਣ, ਆਦਿ ਨਿਰੰਜਣ ਖੇਲ ਖਿਲਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਆਪ ਤਰਾਇੰਦਾ । ਜਿਸ ਜਨ ਨੇਤਰ ਦੇਵੇ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਧੁਨ ਅਨਾਦੀ ਸ਼ਬਦ ਤਾਲ ਮੰਦਰ ਅੰਦਰ ਕਾਇਆ ਵੱਜਣ, ਸੁੰਨ ਸਮਾਧ ਆਪ ਖੁਲ੍ਹਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਨ, ਭਰਮ ਗੜ੍ਹ ਤੁੜਾਇੰਦਾ । ਜਗਤ ਵਿਕਾਰਾ ਗੁਰਮੁਖ ਗੁਰਸਿਖ ਸਾਚੇ ਤਜਨ, ਘਰ ਸਾਚਾ ਇਕ ਦਰਸਾਇੰਦਾ । ਵੇਲੇ ਅੰਤਮ ਰੱਖੇ ਲੱਜਨ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਦਰ ਦਰ ਘਰ ਘਰ ਨਰ ਹਰਿ ਕੰਤ ਭਤਾਰ, ਏਕਾ ਹਰਿ ਨਿਰੰਕਾਰ, ਸੁਰਤੀ ਸ਼ਬਦੀ ਏਕਾ ਧਾਰ, ਆਤਮ ਸੇਜਾ ਹੋ ਉਜਿਆਰ, ਏਕਾ ਪੁਰਖ ਏਕਾ ਨਾਰ, ਦਸਮ ਦਵਾਰੀ ਦਰ ਵਖਾਇੰਦਾ ।

## ੨੨ ਮਾਘ ੨੦੧੫ ਬਿਕ੍ਰਮੀ ਰਾਜ ਸਿੰਘ ਦੇ ਘਰ ਪਿੰਡ ਮਹਰਾਜਪੁਰ ਜ਼ਿਲਾ ਗੁਰਦਾਸਪੁਰ

ਸੱਚ ਤਖ਼ਤ ਸੁਲਤਾਨ, ਹਰੀ ਹਰਿ ਸੁਹਾਇਆ । ਭਗਤ ਵਛਲ ਭਗਵਾਨ, ਭਗਤੀ ਰੂਪ ਅਖਵਾਇਆ । ਸੁਰਤੀ ਸ਼ਬਦੀ ਸ਼ਬਦ ਗਿਆਨ, ਨਾਮ ਨਾਮਾ ਵਣਜ ਵਖਾਇਆ । ਆਤਮ ਅੰਤਰ ਇਕ ਧਿਆਨ, ਏਕਾ ਬ੍ਰਹਮ ਰਖਾਇਆ । ਖੇਲੇ ਖੇਲ ਸਰਬ ਘਟ ਜਾਣ, ਘਟ ਘਟ ਵਾਸੀ ਵੇਸ ਵਟਾਇਆ । ਸਾਚਾ ਮੰਦਰ ਸਚ ਮਕਾਨ, ਸਚ ਸਿੰਘਾਸਣ ਇਕ ਸੁਹਾਇਆ । ਚਤੁਰਭੁਜ ਖੇਲ ਮਹਾਨ, ਚਤੁਰ ਕੂਟ ਵੇਖ ਵਖਾਇਆ । ਅਸਟ ਇਸ਼ਟ ਇਕ ਦਰਬਾਨ, ਦ੍ਰਿਸ਼ਟ ਦਰਵੇਸ਼ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਚ ਮਾਰਗ ਲਾਇਆ । ਸਚ ਤਖ਼ਤ ਹਰਿ ਮਿਹਰਵਾਨ, ਸ਼ਬਦੀ ਸ਼ਬਦ ਬਰਾਜਿਆ । ਜੋਧਾ ਸੂਰਬੀਰ ਨੌਜਵਾਨ, ਵਡ ਵੱਡਾ ਰਾਜਨ ਰਾਜਿਆ । ਨਾਮ ਖੰਡਾ ਤੀਰ ਕਮਾਨ, ਫੜ ਸ਼ਸਤਰ ਗਾਜਿਆ । ਨਿਰਗੁਣ ਬੈਠ ਇਕ ਬਬਾਣ, ਲੋਆਂ ਪੁਰੀਆਂ ਫਿਰੇ ਭਾਜਿਆ । ਲੱਖ ਚੁਰਾਸੀ ਕਰ ਪਛਾਣ, ਹਰਿਜਨ ਸਾਚਾ ਸਾਜਨ ਸਾਜਿਆ । ਦੇਵੇ ਦਰਸ ਦਰ ਦਰ ਆਣ, ਮਾਨਸ ਜਨਮ ਸਵਾਰੇ ਕਾਜਿਆ । ਨਾਮ ਨਿਧਾਨਾ ਪੀਣ ਖਾਣ, ਧੁਰ ਦਰਗਾਹੀ ਦੇਵੇ ਦਾਜਿਆ । ਸੁਰਤੀ ਸ਼ਬਦੀ ਇਕ ਗਿਆਨ, ਏਕਾ ਨਾਮ ਇਕ ਆਵਾਜ਼ਿਆ । ਸਤਿਗੁਰ ਪੂਰਾ ਹੋ ਮਿਹਰਵਾਨ, ਆਪਣੇ ਚਾੜ੍ਹੇ ਆਪ ਜਹਾਜ਼ਿਆ । ਜਗਤ ਵਣਜਾਰਾ ਝੂਠ ਦੁਕਾਨ, ਅੰਤਮ ਕੋਇ ਨਾ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚਾ ਦਰ, ਸ਼ਾਹ ਸਵਾਰਾ ਚਿੱਟੇ ਤਾਜਿਆ । ਸ਼ਾਹ ਸਵਾਰਾ ਸਤਿ ਸਰੂਪ, ਸਤਿ ਪੁਰਖ ਅਖਵਾਈਆ । ਨਾ ਕੋਈ ਰੰਗ ਨਾ ਕੋਈ ਰੂਪ, ਰੂਪ ਅਨੂਪ ਆਪ ਹੋ ਜਾਈਆ । ਅਬਿਨਾਸ਼ੀ ਕਰਤਾ ਏਕਾ ਭੂਪ, ਆਪਣੀ ਕਲ ਵਰਤਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਕਲਜੁਗ ਮੇਟੇ ਜੂਠ ਝੂਠ, ਕੂੜੀ ਕਿਰਿਆ ਰਿਹਾ ਮਿਟਾਈਆ । ਜਨ ਭਗਤਾਂ ਉਪਰ ਆਪੇ ਤੂਠ, ਆਪ ਆਪਣਾ ਮੇਲ ਮਿਲਾਈਆ । ਅੰਮ੍ਰਿਤ ਆਤਮ ਨਾਮ ਦੇਵੇ ਘੁਟ, ਭਰ ਪਿਆਲਾ ਮੁਖ ਲਗਾਈਆ । ਜਗਤ ਤ੍ਰਿਸਨਾ ਜਾਏ ਛੁੱਟ, ਹਰਿ ਹਰਿ ਰਸਨਾ ਜਿਹਵਾ ਗਾਈਆ । ਭਗਤ ਵਿਕਾਰਾ ਕੱਢੇ ਕੁੱਟ, ਸਾਚੀ ਸਿਖਿਆ ਇਕ ਸਮਝਾਈਆ । ਦੂਈ ਦਵੈਤੀ ਨਿਕਲੇ ਫੁੱਟ, ਸਗਲਾ ਸੰਗ ਰਖਾਈਆ । ਸਾਚਾ ਸ਼ਬਦ ਸਾਚੀ ਚੋਟ, ਸਚ ਨਗਾਰੇ ਆਪ ਲਗਾਈਆ । ਚਰਨ

ਪ੍ਰੀਤੀ ਦੱਸੇ ਓਟ, ਸੋਹੰ ਸ਼ਬਦ ਸਚ ਪੜ੍ਹਾਈਆ । ਆਪੇ ਬੰਨਣਹਾਰ ਲੰਗੋਟ, ਧੀਰਜ ਜਤ ਹੱਥ ਵਡਿਆਈਆ । ਆਪੇ ਚੜ੍ਹੇ ਆਪਣੀ ਚੋਟ, ਮਹੱਲ ਅਟੱਲ ਚਰਨ ਟਿਕਾਈਆ । ਆਪੇ ਵੇਖਣਹਾਰਾ ਕੋਟੀ ਕੋਟ, ਕੋਟੀ ਕੋਟ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਦਰ ਦਰ, ਦਰ ਦਰ ਅਲਖ ਜਗਾਈਆ । ਆਦਿ ਨਿਰੰਜਣ ਇਕ ਅਲੱਖ, ਏਕਾ ਅਲੱਖ ਜਗਾਈਆ । ਸਤਿਗੁਰ ਰੂਪ ਹੋ ਪਰਤੱਖ, ਗੁਰ ਗੁਰ ਨਾਉਂ ਧਰਾਈਆ । ਸੱਜਣ ਮੀਤ ਆਪੇ ਰੱਖ, ਆਪੇ ਰਿਹਾ ਤਰਾਈਆ । ਕਰੇ ਕਰਾਏ ਆਪੇ ਵੱਖ, ਹਰਿ ਵੱਖਰੀ ਧਾਰ ਚਲਾਈਆ । ਲੱਖੋਂ ਕਰਨਹਾਰਾ ਕੱਖ, ਕੱਖੋਂ ਲੱਖ ਬਣਾਈਆ । ਸਾਚਾ ਮਾਰਗ ਆਪੇ ਦੱਸ, ਦਹਿ ਦਿਸ਼ਾ ਪੰਧ ਚੁਕਾਈਆ । ਹਰਿਜਨ ਹਿਰਦੇ ਜਾਏ ਵਸ, ਸਤਿਗੁਰ ਪੂਰੇ ਵਡ ਵਡਿਆਈਆ । ਮੇਲ ਮਿਲਾਵਾ ਨੱਸ ਨੱਸ, ਘਰ ਸਾਚੇ ਵੱਜੇ ਵਧਾਈਆ । ਮਿਟੇ ਰੈਣ ਅੰਧੇਰੀ ਮੱਸ, ਰਵ ਸਸ ਕਰੇ ਰੁਸ਼ਨਾਈਆ । ਹਰਿਜਨ ਮੇਲਾ ਹੱਸ ਹੱਸ, ਬੰਕ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਦਰ ਦਰ, ਦਰ ਦਰ ਖੇਲ ਖਲਾਈਆ । ਦਰ ਦਰ ਖੇਲ ਹਰਿ ਭਗਵਾਨਾ, ਭਗਤੀ ਭਗਤ ਦ੍ਰਿੜਾਇੰਦਾ । ਦੇਵੇ ਨਾਮ ਧੁਰ ਫ਼ਰਮਾਨਾ, ਆਪਣੀ ਸ਼ਕਤੀ ਆਪ ਭਰਾਇੰਦਾ । ਸਤਿ ਸੰਤੋਖੀ ਬੰਨੇ ਗਾਨਾ, ਸਾਂਤਕ ਸਤਿ ਵਰਤਾਇੰਦਾ । ਆਪੇ ਪਾਏ ਆਪਣੀ ਆਨਾ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਘਟ ਘਟ ਅੰਦਰ ਜਾਣੀ ਜਾਣਾ, ਘਟ ਘਟ ਡੇਰਾ ਲਾਇੰਦਾ । ਸਾਚਾ ਮੰਦਰ ਸਚ ਮਕਾਨਾ, ਸਚ ਸਿੰਘਾਸਣ ਆਪ ਸੁਹਾਇੰਦਾ । ਦੇਵਣਹਾਰਾ ਜੀਆ ਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਦਰ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸਾਚਾ ਦਰ ਹਰਿ ਦਰਵਾਜ਼ਾ, ਜਨ ਜਨ ਆਪ ਖੁਲ੍ਹਾਈਆ । ਮੇਲ ਮਿਲਾਏ ਗ਼ਰੀਬ ਨਿਵਾਜਾ, ਗਰੀਬ ਨਿਮਾਣੇ ਗਲੇ ਲਗਾਈਆ । ਕਲਜੁਗ ਅੰਤਮ ਰਚਿਆ ਕਾਜਾ, ਲੱਖ ਚੁਰਾਸੀ ਰਿਹਾ ਉਠਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਵੇਖਣਹਾਰ ਦਿਸ ਨਾ ਆਈਆ । ਸ਼ਬਦ ਅਗੰਮੀ ਮਾਰੇ ਵਾਜਾ, ਹਰਿ ਭਗਤੀ ਭਗਤ ਉਠਾਈਆ । ਸੰਤ ਸੁਹੇਲਾ ਰੱਖੇ ਲਾਜਾ, ਲਾਜਾਵੰਤ ਵਡ ਵਡਿਆਈਆ । ਇਕ ਚਲਾਏ ਸਚ ਜਹਾਜ਼ਾ, ਸੋ ਪੁਰਖ ਨਿਰੰਜਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਦਰ ਦਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਸਚ ਟਿਕਾਣਾ, ਹਰਿ ਸਾਚੇ ਸਚ ਸੁਹਾਇਆ । ਸ਼ਬਦੀ ਗੁਰ ਗੁਰ ਬਣ ਬਬਾਣਾ, ਗੁਰਮੁਖ ਸਾਚੇ ਰਿਹਾ ਚੜ੍ਹਾਇਆ । ਏਕਾ ਮੰਤਰ ਏਕਾ ਗਾਣਾ, ਏਕਾ ਰਾਗ ਸੁਣਾਇਆ । ਏਕਾ ਅੰਮ੍ਰਿਤ ਪੀਣਾ ਖਾਣਾ, ਤ੍ਰਿਸਨਾ ਭੁੱਖ ਮਿਟਾਇਆ । ਏਕਾ ਪਦ ਨਿਰਬਾਣਾ ਪਾਣਾ, ਦੂਸਰ ਧਾਰ ਨਾ ਕੋਇ ਜਣਾਇਆ । ਜਗਤ ਸੰਘਮ ਮੇਟ ਮਿਟਾਨਾ, ਬੇਹੰਗਮ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਦਰ ਦਰ, ਦਰ ਭਿਖਾਰੀ ਨਾਮ ਧਰਾਇਆ । ਦਰ ਭਿਖਾਰੀ ਦਰ ਦਰਵੇਸ਼, ਦਰ ਦਰ ਫੇਰਾ ਪਾਈਆ । ਦਰ ਦਰ ਹਰਿ ਹਰਿ ਰਿਹਾ ਵੇਖ, ਦਰ ਦਰ ਘਰ ਘਰ ਫੋਲ ਫੋਲਾਈਆ । ਦਰ ਦਰ ਫਿਰੇ ਨਰ ਨਰੇਸ਼, ਨਿਰਗੁਣ ਨੂਰ ਕਰੇ ਰੁਸ਼ਨਾਈਆ । ਦਰ ਦਰ ਸੰਗ ਰਖਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗੁਰਮੁਖਾਂ ਦਰਸ ਕਰਾਈਆ । ਤਿੰਨੇ ਬਹਿ ਬਹਿ ਕਰਨ ਆਦੇਸ਼, ਪਾਰਬ੍ਰਹਮ ਵੱਡੀ ਵਡਿਆਈਆ । ਗੁਰਮੁਖ ਔਂਦੇ ਰਹਿਣ ਹਮੇਸ਼, ਲੋਕਮਾਤ ਵੱਜਦੀ ਰਹੇ ਵਧਾਈਆ । ਨਿਉਂ ਨਿਉਂ ਚਰਨ ਚੁੰਮੇ ਬਾਸ਼ਕ ਸ਼ੇਸ਼, ਗੁਰਸਿਖ ਮਹਿਮਾ ਗਣਤ ਗਣੀ ਨਾ ਜਾਈਆ । ਲਛਮੀ ਨੇਤਰ ਚੁੱਕ ਚੁੱਕ ਰਹੀ ਵੇਖ, ਆਪਣਾ

ਪਰਦਾ ਘੁੰਗਟ ਲਾਹੀਆ । ਹਰਿ ਜੀ ਕਰਿਆ ਵਿਸ਼ਨੂੰ ਵੇਸ, ਭੇਵ ਕੋਇ ਨਾ ਪਾਈਆ । ਸਚ ਤਖ਼ਤ ਸੁਲਤਾਨੀ ਨਰ ਨਰੇਸ਼, ਲੋਕਮਾਤ ਬੈਠਾ ਬੇਪਰਵਾਹੀਆ । ਚਰਨ ਧੂੜ ਮੰਗਨ ਗਣਪਤ ਗਣੇਸ਼, ਹੱਥ ਕਿਸੇ ਨਾ ਆਈਆ । ਕਲਜੁਗ ਤੇਰਾ ਵੇਖੇ ਭੇਸ, ਆਪ ਆਪਣੀ ਕਲ ਵਰਤਾਈਆ । ਅੰਤਮ ਪਰਗਟ ਹੋਇਆ ਮਾਝੇ ਦੇਸ, ਵੇਦ ਕਤੇਬ ਲੇਖਾ ਲਿਖ ਨਾ ਸਕੇ ਰਾਈਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਸੀਸ ਮੂੰਡ ਮੁੰਡਾਈਆ । ਜੋਤੀ ਨੂਰ ਹਾਜ਼ਰ ਹਜ਼ੂਰ ਕਰ ਪਰਵੇਸ਼, ਗੁਰ ਗੋਬਿੰਦ ਸੰਗ ਰਖਾਈਆ । ਗ਼ਰੀਬ ਨਿਮਾਣੇ ਜਗਤ ਨਿਤਾਣੇ ਗੁਰਮੁਖ ਸਾਜਣ ਆਪਣੇ ਵੇਖ, ਘਰ ਆਪਣੇ ਆਇਆ ਚਾਈਂ ਚਾਈਂਆ । ਤ੍ਰਿਲੋਕੀ ਪੈਂਡਾ ਰੱਖੇ ਚਰਨਾਂ ਹੇਠ, ਬ੍ਰਹਿਮੰਡ ਖੰਡ ਗੁਰਸਿਖ ਤੇਰੇ ਚਰਨਾਂ ਹੇਠ ਦਬਾਈਆ । ਤੇਰਾ ਰਾਹ ਬੇਪਰਵਾਹ ਆਪੇ ਰਿਹਾ ਵੇਖ, ਛੱਤੀ ਯੁਗ ਰਾਹ ਤਕਾਈਆ । ਰਵਿਦਾਸੇ ਮੰਗੀ ਮੰਗ ਪ੍ਰਭ ਅਬਿਨਾਸ਼ੀ ਮਸਤਕ ਲਿਖੀ ਰੇਖ, ਲੇਖਾ ਲਿਖਿਆ ਨਾ ਕੋਇ ਮਿਟਾਈਆ । ਅੰਤਮ ਵੇਲਾ ਆਪਣੇ ਨੇਤਰ ਆਪਣਾ ਰੂਪ ਆਪਣੇ ਅੰਦਰ ਲੈਣਾ ਵੇਖ, ਗੁਰਮੁਖ ਗੁਰਮੁਖ ਵਡ ਵਡਿਆਈਆ । ਬਾਲਮੀਕ ਨੀਕਨ ਨੀਕ, ਏਕਾ ਸਿਖਿਆ ਗਿਆ ਸੀਖ, ਸਾਚੀ ਸਿਖਿਆ ਆਪ ਸਮਝਾਈਆ । ਕਲਜੁਗ ਅੰਤਮ ਮੇਲਾ ਇਕ ਤਰੀਕ, ਏਕਾ ਸਗਨ ਏਕਾ ਸਾਹ ਸੁਧਾਈਆ । ਲੱਖ ਚੁਰਾਸੀ ਸਾਧ ਸੰਤ ਹਰਿ ਭਗਵੰਤ ਕਰਨ ਪਰੀਖ, ਪਰੀਖਿਆ ਵਿਚ ਕਿਸੇ ਨਾ ਆਈਆ । ਗੁਰਮੁਖਾਂ ਗੁਰਸਿਖਾਂ ਦਰ ਦਰ ਘਰ ਘਰ ਜਾਏ ਮੰਗੇ ਭਿਖ, ਜਗਤ ਭਿਖਾਰੀ ਆਪ ਹੋ ਜਾਈਆ । ਆਪਣੇ ਸ਼ਬਦ ਲੇਖਾ ਦਏ ਲਿਖ, ਨਾ ਸਕੇ ਕੋਇ ਮਿਟਾਈਆ । ਦੋ ਜਹਾਨ ਮਿਟਾਏ ਤ੍ਰਿਸ਼ਨਾ ਤ੍ਰਿਖ, ਭੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸਾਧ ਸੰਤ ਗੁਰਮੁਖ ਗੁਰਸਿਖ ਗੁਰ ਗੁਰ ਧਾਰ ਸ਼ਬਦ ਪਿਆਰ, ਆਪਣਾ ਆਪ ਉਤੋਂ ਵਾਰ, ਹੰ ਸੋ ਸੋ ਹੰ ਆਪ ਹੋ ਜਾਈਆ ।



### ✪ ੨੨ ਮਾਘ ੨੦੧੫ ਬਿਕ੍ਰਮੀ ਮਹਿੰਗਾ ਸਿੰਘ ਦੇ ਘਰ ਪਿੰਡ ਸਦਾ ਸਿੰਘ ਵਾਲਾ ਗੁਰਦਾਸਪੁਰ ✪

ਹਰਿਜਨ ਅੰਮ੍ਰਿਤ ਧਾਰ, ਪ੍ਰੇਮ ਪਿਆਰ ਵਹਾਈਆ । ਧਰਤੀ ਧਵਲ ਕਰੇ ਪੁਕਾਰ, ਰੋ ਰੋ ਨੀਰ ਵਹਾਈਆ । ਪੁਰਖ ਅਗੰਮੜਾ ਪਾਵੇ ਸਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਸੰਤ ਸੁਹੇਲੇ ਕਰ ਤਿਆਰ, ਲੋਕਮਾਤ ਜਨਮ ਦਵਾਈਆ । ਵੇਖੇ ਵਿਗਸੇ ਕਰੇ ਵਿਚਾਰ, ਕਰਤਾ ਕਰਨੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਹਰਿਜਨ ਸਾਚੇ ਵੇਖ ਵਖਾਈਆ । ਅੰਮ੍ਰਿਤ ਮੇਘ ਸਾਚਾ ਰਸ, ਹਰੀ ਹਰਿ ਆਪ ਚੁਆਇੰਦਾ । ਸੰਤ ਸੁਹੇਲੇ ਹੱਸ ਹੱਸ, ਘਰ ਸਾਚੇ ਸਗਨ ਮਨਾਇੰਦਾ । ਸੰਗਤ ਮੇਲਾ ਨੱਸ ਨੱਸ, ਜਗਤ ਵਿਛੋੜੇ ਪੰਧ ਮੁਕਾਇੰਦਾ । ਚਰਨ ਦਵਾਰਾ ਏਕਾ ਦੱਸ, ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇੰਦਾ । ਹਰਿ ਸੱਜਣ ਗੁਰਮੁਖ ਮੇਲਿਆ ਗੁਰ ਪਾਰਬ੍ਰਹਮ ਕਰਤਾਰ । ਘਰ ਪਾਇਆ ਸੱਜਣ ਸਹੇਲਿਆ, ਸਾਜਨ ਮੀਤ ਮੁਰਾਰ । ਜਗ ਚੁੱਕਿਆ ਵਕ਼ਤ ਦੁਹੇਲਿਆ, ਮੇਲ ਮਿਲਾਵਾ ਏਕੰਕਾਰ । ਏਕਾ ਖੇਲ ਆਪੇ ਖੇਲਿਆ, ਆਪੇ ਹੋਏ ਖੇਲਣਹਾਰ । ਵਸਣਹਾਰਾ ਰੰਗ ਨਵੇਲਿਆ,

ਗੁਰਮੁਖਾਂ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਏ ਸਾਰ । ਅੰਮ੍ਰਿਤ ਮੇਘ ਹਰਿ ਵਸੰਦੜਾ, ਦਿਵਸ ਰੈਣ ਪਰਭਾਤ । ਹਰਿਜਨ ਸਾਚਾ ਵੇਖ ਵਖੰਦੜਾ, ਬੈਠਾ ਰਹੇ ਇਕ ਅਕਾਂਤ । ਲੱਖ ਚੁਰਾਸੀ ਭਰਮ ਭੁਲੰਦੜਾ, ਪਾਰਬ੍ਰਹਮ ਪੁਰਖ ਅਬਿਨਾਸ਼ । ਜਨ ਭਗਤਾਂ ਦਵਾਰਾ ਇਕ ਵਖੰਦੜਾ, ਨਿਰਗੁਣ ਜੋਤੀ ਖੇਲ ਤਮਾਸ਼ । ਸਰਬ ਜੀਆਂ ਆਪ ਬਖ਼ਸ਼ੰਦੜਾ, ਦਾਤਾ ਦਾਨੀ ਸ਼ਾਹੋ ਸ਼ਾਬਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਰਬ ਗੁਣ ਤਾਸ । ਸ਼ਾਹੋ ਸ਼ਾਬਾਸ਼ ਹਰਿ ਭਗਵਾਨਾ, ਹਰਿ ਹਰਿ ਖੇਲ ਖਿਲਾਈਆ । ਜੋਤੀ ਸ਼ਬਦੀ ਜੋਤ ਜਗਾਨਾਂ, ਨਿਰਗੁਣ ਨਿਰਗੁਣ ਧਾਰ ਚਲਾਈਆ । ਸੰਤ ਸੁਹੇਲੇ ਕਰ ਪਰਵਾਨਾ, ਪਰਮ ਪੁਰਖ ਗਲੇ ਲਗਾਈਆ । ਦੇਵਣਹਾਰਾ ਜੀਆ ਦਾਨਾ, ਜੀਅ ਦਾਤਾ ਆਪ ਹੋ ਜਾਈਆ । ਲੋਕਮਾਤ ਦੇਵੇ ਮਾਣਾ, ਮਾਣ ਨਿਮਾਣਿਆ ਆਪ ਅਖਵਾਈਆ । ਸਤਿ ਸਰੂਪੀ ਬੰਨੇ ਗਾਨਾ, ਸਾਚਾ ਸਗਨ ਮਨਾਈਆ । ਲੇਖਾ ਚੁੱਕੇ ਆਵਣ ਜਾਣਾ, ਦੋ ਜਹਾਨਾ ਪੰਧ ਮੁਕਾਈਆ । ਹਰਿ ਸੰਗਤ ਸਾਚੀ ਮੇਲ ਮਿਲਾਨਾ, ਦਰਗਹਿ ਸਾਚੀ ਧਾਮ ਸੁਹਾਈਆ । ਸਤਿਗੁਰ ਪੁਰਖ ਇਕ ਸੁਲਤਾਨਾ, ਘਰ ਬੈਠਾ ਆਸਣ ਲਾਈਆ । ਆਦਿ ਜੁਗਾਦਿ ਸਦਾ ਮਿਹਰਵਾਨਾ, ਕਰ ਕਿਰਪਾ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਘਰ ਬਾਤੀ ਕਰ ਰੁਸ਼ਨਾਈਆ । ਦੀਆ ਬਾਤੀ ਕਰ ਉਜਾਲਾ, ਆਪਣਾ ਕਰਮ ਕਮਾਇੰਦਾ । ਸਤਿਗੁਰ ਪੁਰਖ ਦੀਨ ਦਿਆਲਾ, ਗੁਰਮੁਖ ਸਾਜਨ ਆਪ ਉਠਾਇੰਦਾ । ਆਪ ਉਠਾਏ ਆਪਣੇ ਬਾਲਾ, ਆਪ ਆਪਣੀ ਗੋਦ ਉਠਾਇੰਦਾ । ਸਖਾ ਸਹਾਈ ਸਦਾ ਸਦ ਕਰੇ ਪ੍ਰਿਤਪਾਲਾ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜੁਗ ਚਲੇ ਨਾਲ ਨਾਲਾ, ਸਗਲਾ ਸੰਗ ਰਖਾਇੰਦਾ । ਸੁਹਾਏ ਬੰਕ ਜਗਤ ਦਵਾਰ, ਭਗਤਨ ਅੰਦਰ ਭਗਤੀ ਪਿਆਰ, ਨਾਮ ਧੰਨ ਸ਼ਬਦ ਸ਼ੰਗਾਰ, ਬਸਤਰ ਚੀਰ ਗੁਣੀ ਗਹੀਰ ਕਾਇਆ ਮਾਟੀ ਕੱਚ ਏਕਾ ਨਾਮ ਸਾਚੋ ਸਚ, ਸਾਚਾ ਗਹਿਣਾ ਨੇਤਰ ਨੈਣਾਂ, ਆਪੇ ਰੱਖਿਆ ਆਪਣਾ ਭਾਣਾ, ਪਿਤਾ ਪੂਤ ਪੂਤ ਪਿਤਾ ਆਪਣੇ ਲੇਖੇ ਲਾਇੰਦਾ ।



### ✪ ੨੨ ਮਾਘ ੨੦੧੫ ਬਿਕ੍ਰਮੀ ਅਤਰ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਆਦਿ ਪੁਰਖ ਹਰਿ ਸਮਰਥ, ਏਕਾ ਏਕ ਏਕੰਕਾਰਿਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਖੇਲ ਨਿਆਰਿਆ । ਸ਼ਬਦੀ ਜਣਾਈ ਮਹਿਮਾ ਅਕੱਥ, ਭਰੇ ਨਾਮ ਭੰਡਾਰਿਆ । ਦੇਵਣਹਾਰਾ ਸਾਚੀ ਵੱਥ, ਲੋਆਂ ਪੁਰੀਆਂ ਆਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾ ਰਿਹਾ । ਪੁਰਖ ਅਬਿਨਾਸ਼ੀ ਅਕਲ ਕਲ ਧਾਰੀ, ਏਕਾ ਏਕ ਅਖਵਾਈਆ । ਆਦਿ ਜੁਗਾਦੀ ਖੇਲ ਅਪਾਰੀ, ਜੁਗ ਜੁਗ ਵੇਸ ਵਟਾਈਆ । ਆਦਿਨ ਅੰਤਾ ਏਕਾ ਏਕੰਕਾਰੀ, ਏਕਾ ਏਕ ਅਖਵਾਈਆ । ਨਾਮ ਡੰਕਾ ਸ਼ਬਦ ਧੁਨਕਾਰੀ, ਸਾਚਾ ਸ਼ਬਦ ਅਲਾਈਆ । ਅਲੱਖ ਅਗੋਚਰ ਅਗੰਮ ਅਪਾਰੀ, ਭੇਵ ਅਭੇਦਾ ਆਪ ਅਖਵਾਈਆ । ਸ਼ਾਹੋ ਭੂਪ ਸੱਚੀ ਸਿਕਦਾਰੀ, ਸਚ ਸੁਲਤਾਨ ਵਡ ਵਡਿਆਈਆ । ਨਿਰਗੁਣ ਜੋਤ ਨੂਰ ਉਜਿਆਰੀ, ਨੂਰੋ ਨੂਰ ਸਮਾਈਆ । ਇਕ ਅਕੱਲਾ ਖੇਲ ਅਪਾਰੀ, ਦੂਸਰ ਸੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਹਰਿ ਭਗਵਾਨਾ, ਪਾਰਬ੍ਰਹਮ ਅਖਵਾਇੰਦਾ । ਸ਼ਬਦ ਅਨਾਦੀ ਇਕ ਤਰਾਨਾ, ਏਕਾ ਰਾਗ ਅਲਾਇੰਦਾ । ਏਕਾ ਮੰਦਰ ਸਚ ਮਕਾਨਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਏਕਾ ਤਖ਼ਤ ਤਾਜ ਸੁਲਤਾਨਾ, ਏਕਾ ਸੀਸ ਟਿਕਾਇੰਦਾ । ਏਕਾ ਜੋਧਾ ਸੂਰਬੀਰ ਬਲਵਾਨਾ, ਏਕਾ ਆਪਣਾ ਨਾਉਂ ਉਪਾਇੰਦਾ । ਏਕਾ ਖੇਲੇ ਖੇਲ ਦੋ ਜਹਾਨਾ, ਆਪ ਆਪਣਾ ਵੇਸ ਵਟਾਇੰਦਾ । ਏਕਾ ਲੋਆਂ ਪੁਰੀਆਂ ਬੰਨੇ ਗਾਨਾ, ਬ੍ਰਹਮਾ ਵਿਸ਼ਨ ਮਹੇਸ਼ਾ ਸੇਵਾ ਲਾਇੰਦਾ । ਏਕਾ ਨੂਰ ਹੋ ਪਰਧਾਨਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ ਖੇਲ ਹਰਿ ਭਗਵੰਤ, ਆਦਿ ਪੁਰਖ ਅਬਿਨਾਸ਼ਿਆ । ਆਪੇ ਨਾਰੀ ਆਪੇ ਕੰਤ, ਆਪੇ ਖੇਲੇ ਖੇਲ ਤਮਾਸ਼ਿਆ । ਆਪੇ ਆਦਿ ਆਪੇ ਅੰਤ, ਆਪੇ ਜੁਗ ਜੁਗ ਨਾਮ ਧਰਾਸਿਆ । ਆਪੇ ਜੀਵ ਆਪੇ ਜੰਤ, ਆਪੇ ਜੰਗਲ ਜੂਹ ਉਜਾੜ ਪਰਭਾਸਿਆ । ਆਪੇ ਸਾਧ ਆਪੇ ਸੰਤ, ਆਪ ਮਾਇਆ ਮਮਤਾ ਕਰੇ ਨਿਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਵੇਖ ਵਖਾਏ ਪ੍ਰਿਥਮੀ ਅਕਾਸ਼ਿਆ । ਪ੍ਰਿਥਮੀ ਅਕਾਸ਼ ਸਾਚੀ ਰਾਸ, ਹਰਿ ਸਾਚੇ ਆਪ ਸੁਹਾਈਆ । ਨਿਰਗੁਣ ਜੋਤੀ ਕਰ ਪਰਕਾਸ਼, ਰਵ ਸਸ ਆਪ ਟਿਕਾਈਆ । ਮੰਡਲ ਮੰਡਪ ਪਾਵੇ ਰਾਸ, ਚੰਨ ਸਤਾਰ ਸੁਹਾਈਆ । ਆਦਿ ਅੰਤ ਨਾ ਜਾਏ ਵਿਨਾਸ, ਹਰਿ ਵਡ ਵੱਡਾ ਵਡਿਆਈਆ । ਦਾਤਾ ਦਾਨੀ ਸਰਬ ਗੁਣਤਾਸ, ਗਹਿਰ ਗੰਭੀਰ ਸਮਾਈਆ । ਤ੍ਰੈਗੁਣ ਮੀਤਾ ਵਸਿਆ ਪਾਸ, ਤ੍ਰੈਗੁਣ ਅੰਕ ਸਮਾਈਆ । ਆਪੇ ਪੂਰੀ ਕਰਨਹਾਰਾ ਆਸ, ਆਪੇ ਇਛਿਆ ਭਿਛਿਆ ਝੋਲੀ ਪਾਈਆ । ਆਪੇ ਆਪਣਾ ਹੋਵੇ ਦਾਸ, ਸੇਵਕ ਸੇਵਾ ਕਮਾਈਆ । ਆਪ ਆਪਣਾ ਸਾਸ ਗਰਾਸ, ਆਪਣਾ ਲਹਿਣਾ ਆਪ ਚੁਕਾਈਆ । ਆਪੇ ਆਪਣਾ ਕਰੇ ਭੋਗ ਬਿਲਾਸ, ਆਪ ਆਪਣੀ ਸੇਜ ਹੰਢਾਈਆ । ਆਪੇ ਕਰੇ ਆਪਣੀ ਬੰਦ ਖੁਲਾਸ, ਬੰਦੀ ਤੋੜ ਨਾਮ ਅਖਵਾਈਆ । ਨਿਰਗੁਣ ਰੂਪ ਸ਼ਾਹੋ ਸ਼ਾਬਾਸ਼, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਇਕ ਸਮਾਈਆ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਇੰਦਾ । ਅਗੰਮੜਾ ਕਰੇ ਅਗੰਮੜੀ ਕਾਰ, ਭੇਵ ਕੋਈ ਨਾ ਪਾਇੰਦਾ । ਅਲੱਖ ਨਿਰੰਜਣ ਖੇਲ ਅਪਾਰ, ਇਕ ਅਲੱਖ ਜਗਾਇੰਦਾ । ਵੇਖਣਹਾਰਾ ਸਚ ਦਵਾਰ, ਥਿਰ ਘਰ ਵਾਸੀ ਫੋਲ ਫੋਲਾਇੰਦਾ । ਸਚ ਸਿੰਘਾਸਣ ਸੱਚੀ ਸਰਕਾਰ, ਸਚ ਸੁਲਤਾਨ ਆਪ ਅਖਵਾਇੰਦਾ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਰਚਨ ਰਚਾਇੰਦਾ । ਪੰਚਮ ਪੰਚਮ ਕਰ ਤਿਆਰ, ਪੰਚਮ ਵਿਚ ਸਮਾਇੰਦਾ । ਲੱਖ ਚੁਰਾਸੀ ਕਰ ਸ਼ੰਗਾਰ, ਤ੍ਰੈ ਤ੍ਰੈ ਵੇਖ ਵਖਾਇੰਦਾ । ਚੌਦਾਂ ਲੋਕਾਂ ਹੱਟ ਪਸਾਰ, ਏਕਾ ਘਰ ਉਪਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲਾ ਨਿਰਗੁਣ ਮੇਲਾ ਨਿਰਗੁਣ ਨਿਰਗੁਣ ਆਪ ਕਰਾਇੰਦਾ । ਨਿਰਗੁਣ ਰੂਪ ਆਦਿ ਨਿਰੰਜਣ, ਏਕਾ ਏਕ ਅਖਵਾਈਆ । ਨਾ ਕੋਈ ਦੂਸਰ ਸਾਕ ਸੱਜਣ, ਨਾ ਕੋਈ ਸੰਗ ਨਿਭਾਈਆ । ਕਿਸੇ ਨਾ ਚੜ੍ਹੇ ਕੋਈ ਜਹਾਜਨ, ਨਾ ਬੇੜਾ ਕੋਈ ਵਖਾਈਆ । ਨਾ ਕੋਈ ਰੱਖਣਹਾਰਾ ਲਾਜਣ, ਨਾ ਕੋਈ ਸੀਸ ਹੱਥ ਟਿਕਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਕਰੇ ਆਪਣਾ ਕਾਜਨ, ਆਪ ਆਪਣੀ ਬਣਤ ਬਣਾਈਆ । ਲੱਖ ਚੁਰਾਸੀ ਸਾਚੀ ਸਾਜਣ, ਸਾਜਣਹਾਰਾ ਭੇਵ ਨਾ ਰਾਈਆ । ਆਪਣੇ ਅਸਵ ਚੜ੍ਹੇ ਸਾਚੇ ਤਾਜਨ, ਨਾਮ ਘੋੜਾ ਇਕ ਦੌੜਾਈਆ । ਲੋਕਮਾਤ ਆਵੇ ਜਾਵੇ ਰਾਜ ਰਾਜਨ, ਆਪ

ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਮਾਰੇ ਵਾਜਨ, ਸ਼ਬਦ ਧੁਨ ਸੁਣਾਈਆ । ਭਗਤ ਸੁਹੇਲੇ ਉਠ ਭਾਜਨ, ਨੇਤਰ ਨੈਣ ਰਹੇ ਸ਼ਰਮਾਈਆ । ਗੁਰਮੁਖ ਸਵਾਰੇ ਆਪੇ ਕਾਜਨ, ਗੁਰ ਪੂਰੇ ਵਡ ਵਡਿਆਈਆ । ਨਾਮ ਚੜ੍ਹਾਏ ਸਚ ਜਹਾਜਨ, ਲੋਕਮਾਤ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਜੋਤ ਉਜਾਲਾ, ਅਕਲ ਕਲਾ ਕਲ ਧਾਰੀਆ । ਖੇਲੇ ਖੇਲ ਗੁਰ ਗੋਪਾਲਾ, ਆਦਿ ਅੰਤ ਇਕ ਅਵਤਾਰੀਆ । ਪਾਰਬ੍ਰਹਮ ਦੀਨ ਦਿਆਲਾ, ਲੋਕਮਾਤ ਲਏ ਅਵਤਾਰੀਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਲੇਖਾ ਲਿਖਤ ਨਾ ਕੋਈ ਲਿਖਾ ਰਿਹਾ । ਆਪੇ ਜਾਣੇ ਧਰਮ ਸੱਚੀ ਧਰਮਸਾਲਾ, ਦਰ ਘਰ ਸਾਚੇ ਡੇਰਾ ਲਾ ਰਿਹਾ । ਚਰਨ ਰਖਾਏ ਕਾਲ ਮਹਾਂਕਾਲਾ, ਆਪ ਆਪਣੀ ਕਲ ਵਰਤਾ ਰਿਹਾ । ਸ਼ਬਦ ਅਨਾਦੀ ਧੁਰ ਦਰਗਾਹੀ ਵਜਾਏ ਆਪਣਾ ਤਾਲਾ, ਤਾਲ ਤਲਵਾੜਾ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਵੇਸ ਕਰ, ਵੇਸ ਅਨੇਕਾ ਆਪ ਵਟਾ ਰਿਹਾ । ਵੇਸ ਅਨੇਕਾ ਹਰਿ ਅਵੱਲਾ, ਹਰੀ ਹਰਿ ਆਪ ਕਰਾਈਆ । ਪਾਰਬ੍ਰਹਮ ਬੈਠਾ ਇਕ ਇਕੱਲਾ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਆਦਿ ਨਿਰੰਜਣ ਸਚ ਸਿੰਘਾਸਣ ਏਕਾ ਮੱਲਾ, ਦਿਸ ਕਿਸੇ ਨਾ ਆਈਆ । ਸ੍ਰੀ ਭਗਵਾਨ ਦਰ ਦਵਾਰੇ ਆਪਣੇ ਆਪੇ ਖੱਲਾ, ਘਰ ਸਾਚਾ ਆਪ ਸੁਹਾਈਆ । ਨਰ ਨਰਾਇਣ ਵਸਿਆ ਨਿਹਚਲ ਧਾਮ ਅਟੱਲਾ, ਉਚ ਅਥਾਹ ਬੇਪਰਵਾਹੀਆ । ਆਪਣੀ ਜੋਤੀ ਸ਼ਬਦੀ ਆਪੇ ਰਲਾ, ਜੋਤੀ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਘਰ, ਨਿਰਗੁਣ ਨਿਰਗੁਣ ਰਿਹਾ ਮਿਲਾਈਆ । ਨਿਰਗੁਣ ਮਿਲਿਆ ਪਾਰਬ੍ਰਹਮ, ਭੇਵ ਅਭੇਦ ਛੁਪਾਇਆ । ਨਾ ਮਰੇ ਨਾ ਪਏ ਜੰਮ, ਮਾਤ, ਗਰਭ ਨਾ ਕੋਇ ਟਿਕਾਇਆ । ਨਾ ਕੋਈ ਪਵਣ ਸਵਾਸੀ ਦਮ, ਨੇਤਰ ਨੀਰ ਨਾ ਕੋਇ ਵਹਾਇਆ । ਆਪੇ ਜਾਣੇ ਆਪਣਾ ਕੰਮ, ਆਪ ਆਪਣਾ ਖੇਲ ਖਲਾਇਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਇਆ । ਆਪ ਉਪਾਏ ਸੂਰਜ ਚੰਨ, ਮੰਡਲ ਮੰਡਪ ਆਪ ਸੁਹਾਇਆ । ਆਪੇ ਵਸਿਆ ਛੱਪਰੀ ਛੰਨ, ਆਪੇ ਹਰ ਘਟ ਡੇਰਾ ਲਾਇਆ । ਆਪੇ ਜਗਤ ਨਿਰਾਲਾ ਬਾਹਰ ਤਨ, ਪੰਜ ਤੱਤ ਨਾ ਕੋਇ ਰਖਾਇਆ । ਆਪੇ ਦੇਵਣਹਾਰਾ ਡੰਨ, ਏਕਾ ਡੰਕਾ ਨਾਮ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਦਿ ਜੁਗਾਦੀ ਜੁਗ ਜੁਗ ਆਪਣਾ ਨਾਮ ਧਰਾਇਆ । ਜੁਗ ਜੁਗ ਵੇਸ ਪੁਰਖ ਕਰਤਾਰਾ, ਆਪਣਾ ਆਪ ਕਰਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਅਭੇਦ ਖੁਲ੍ਹਾਈਆ । ਪਾਵਣਹਾਰਾ ਆਪਣੀ ਸਾਰਾ, ਆਪ ਆਪਣੀ ਰਚਨ ਰਚਾਈਆ । ਸ਼ਬਦੀ ਸ਼ਬਦ ਬਣ ਸਹਾਰਾ, ਸ਼ਬਦ ਸ਼ਬਦੀ ਰਿਹਾ ਤਰਾਈਆ । ਬ੍ਰਹਮ ਬ੍ਰਹਿਮਾਦੀ ਇਕ ਕਿਨਾਰਾ, ਪਾਰਬ੍ਰਹਮ ਆਪ ਅਖਵਾਈਆ । ਧੁੰਨ ਅਨਾਦੀ ਏਕਾ ਨਾਅਰਾ, ਪੁਰਖ ਅਕਾਲਾ ਆਪ ਲਗਾਈਆ । ਜੂਨੀ ਰਹਿਤ ਖੇਲ ਅਪਾਰਾ, ਘਰ ਸਾਚੇ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਸਾਚਾ ਘਰ, ਘਰ ਮੰਦਰ ਇਕ ਸੁਹਾਈਆ । ਨਿਰਗੁਣ ਮੰਦਰ ਸ਼ਬਦ ਟਿਕਾਣਾ, ਹਰਿ ਸਾਚੀ ਰਚਨ ਰਚਾਇੰਦਾ । ਸ਼ਾਹੋ ਭੂਪ ਸਚ ਸੁਲਤਾਨਾ, ਹਰਿ ਮਿਹਰਵਾਨਾ ਆਪ ਅਖਵਾਇੰਦਾ । ਲੱਖ ਚੁਰਾਸੀ ਨਿਗਹਬਾਨਾ, ਦੇਵਤ ਸੁਰ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਧਿਆਨਾ, ਇਕ ਗਿਆਨ ਦ੍ਰਿੜ੍ਹਾਇੰਦਾ । ਵਸਣਹਾਰਾ ਜੀਵ ਜਹਾਨਾ, ਜੀਵਾਂ ਜੰਤਾਂ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ

ਵਸਿਆ ਸਾਚੇ ਘਰ, ਸਚ ਮਹੱਲਾ ਸਚ ਅਟਾਰੀ, ਨਿਰਗੁਣ ਜੋਤ ਇਕ ਨਿਰੰਕਾਰੀ, ਏਕਾ ਨੂਰ ਦਰਸਾਇੰਦਾ । ਏਕਾ ਨੂਰ ਹਰਿ ਗੋਬਿੰਦ, ਹਰਿ ਹਰਿ ਰੂਪ ਵਟਾਇਆ । ਮੇਟਣਹਾਰਾ ਸਗਲੀ ਚਿੰਦ, ਆਪ ਆਪਣੀ ਦਇਆ ਕਮਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਹੋ ਜਾਇਆ । ਨਾਮ ਭੰਡਾਰੀ ਸਾਗਰ ਸਿੰਧ, ਘਰ ਸਾਚੇ ਆਸਣ ਲਾਇਆ । ਭਗਤ ਸੁਹੇਲੇ ਨਾਦੀ ਬਿੰਦ, ਪੂਤ ਸਪੂਤੇ ਆਪ ਉਪਾਇਆ । ਜੋਧਾ ਸੂਰ ਬਲੀ ਮਰਗਿੰਦ, ਏਕਾ ਏਕ ਏਕ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਹਰਿ ਸਾਚੇ ਮੇਲ ਮਿਲਾਇਆ । ਆਦਿ ਨਿਰੰਜਨ ਜੋਤੀ ਮੇਲਾ, ਸ਼ਬਦੀ ਸੰਗ ਰਖਾਈਆ । ਹਰਿ ਹਰਿ ਗੁਰ ਸ਼ਬਦੀ ਚੇਲਾ, ਚੇਲਾ ਗੁਰ ਭੇਵ ਨਾ ਰਾਈਆ । ਏਕਉਂਕਾਰਾ ਸੱਜਣ ਸੁਹੇਲਾ, ਏਕਾ ਧਾਰ ਬੰਧਾਈਆ । ਆਪੇ ਵਸਿਆ ਰੰਗ ਨਵੇਲਾ, ਨਿਜ ਘਰ ਆਪਣਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਰਿਹਾ ਕਰ, ਜੁਗ ਜੁਗ ਵੇਖੇ ਮਾਤ ਲੋਕਾਈਆ । ਲੋਕਮਾਤ ਹਰਿ ਅਵਤਾਰਾ, ਹਰਿ ਹਰਿ ਰਚਨ ਰਚਾਇੰਦਾ । ਖੇਲੇ ਖੇਲ ਅਪਰ ਅਪਾਰਾ, ਪਾਰਬ੍ਰਹਮ ਵਡ ਵਡਿਆਇੰਦਾ । ਨਾ ਜਨਮੇ ਨਾ ਕਦੇ ਮਰਾ, ਆਵਣ ਜਾਵਣ ਖੇਲ ਖਿਲਾਇੰਦਾ । ਆਪਣਾ ਨਾਮ ਆਪੇ ਧਰਾ, ਜਪਤ ਜਾਪ ਆਪ ਜਪਾਇੰਦਾ । ਆਪੇ ਜ਼ਾਤ ਪਾਤ ਕੌਮ ਮਜ਼੍ਹਬ ਹੋਏ ਸ਼ਰਅ, ਸ਼ਰੀਅਤ ਆਪ ਵਖਾਇੰਦਾ । ਆਪੇ ਹਰਿ ਨਰਾਇਣ ਨਾਰੀ ਨਰਾ, ਬਾਲ ਬਿਰਧ ਜਵਾਨ ਰੂਪ ਵਟਾਇੰਦਾ । ਪੰਜ ਤੱਤ ਤੱਤ ਬ੍ਰਹਮ ਆਪਣਾ ਧਰਾ, ਪਾਰਬ੍ਰਹਮ ਅੰਗ ਕਟਾਇੰਦਾ । ਅੰਮ੍ਰਿਤ ਜਲ ਕਰੇ ਹਰਾ, ਦਿਵਸ ਰੈਣ ਛੜਕਾਇੰਦਾ । ਘਰ ਵਿਚ ਬਣਾਇਆ ਸਾਚਾ ਘਰ, ਹਰਿ ਦਰ ਦਰਵਾਜ਼ਾ ਨਾ ਕੋਈ ਖੁਲ੍ਹਾਇੰਦਾ । ਨਿਰਗੁਣ ਰੂਪ ਆਪੇ ਖੜ, ਸਾਚੀ ਸੇਜਾ ਵੇਖ ਵਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤੱਤਵ ਤੱਤ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਮਾਰ ਝਾਤ, ਆਪਣਾ ਵੇਸ ਵਟਾਇੰਦਾ । ਲੋਕਮਾਤ ਤੇਰੀ ਧਾਰ, ਹਰਿ ਆਪਣੇ ਹੱਥ ਰਖਾਈਆ । ਜੁਗ ਜੁਗ ਵੰਡੇ ਵੰਡ ਅਪਾਰ, ਆਪਣੀ ਵੰਡੀ ਆਪ ਵੰਡਾਈਆ । ਬ੍ਰਹਮਾ ਵੇਤਾ ਬਣੇ ਭਿਖਾਰ, ਪ੍ਰਭ ਸਾਚੀ ਭਿਛਿਆ ਝੋਲੀ ਪਾਈਆ । ਏਕਾ ਸ਼ਬਦ ਕਰ ਉਜਿਆਰ, ਚਾਰੇ ਵੇਦਾਂ ਰਿਹਾ ਪੜ੍ਹਾਈਆ । ਚਾਰੇ ਖਾਣੀ ਕਰ ਤਿਆਰ, ਉਤਭੁਜ ਸੇਤਜ ਜੇਰਜ ਅੰਡਜ ਆਪ ਟਿਕਾਈਆ । ਵਿਸ਼ਨੂੰ ਵੰਸੀ ਸੇਵਾ ਦਾਰ, ਦਿਵਸ ਰੈਣ ਸੇਵ ਕਮਾਈਆ । ਸ਼ੰਕਰ ਕਰੇ ਅੰਤ ਪਿਆਰ, ਆਪ ਆਪਣੀ ਗੋਦ ਉਠਾਈਆ । ਧਰਮ ਰਾਏ ਨਾ ਕਰੇ ਖੁਵਾਰ, ਆਪ ਆਪਣੀ ਦਇਆ ਕਮਾਈਆ । ਚਿਤਰ ਗੁਪਤ ਨਾ ਦਏ ਅਧਾਰ, ਲੇਖਾ ਆਪਣਾ ਆਪ ਜਣਾਈਆ । ਲਾੜੀ ਮੌਤ ਕਰ ਸ਼ੰਗਾਰ, ਘਰ ਆਏ ਵਾਹੋ ਦਾਹੀਆ । ਜੋ ਉਪਜਾਏ ਸੋ ਲਏ ਸੰਘਾਰ, ਪ੍ਰਭ ਸਾਚੇ ਵਡ ਵਡਿਆਈਆ । ਸੰਤ ਸੁਹੇਲੇ ਪਾਵੇ ਸਾਰ, ਆਪ ਆਪਣੀ ਬੂਝ ਬੁਝਾਈਆ । ਆਤਮ ਅੰਤਰ ਇਕ ਅਧਾਰ, ਏਕਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਬਾਣੀ ਕਰ ਉਜਿਆਰ, ਸਾਚੀ ਬੂਝ ਬੁਝਾਈਆ । ਧੁਨ ਅਨਾਦੀ ਸ਼ਬਦ ਧੁਨਕਾਰ, ਅਨਹਦ ਤਾਲ ਵਜਾਈਆ । ਅੰਮ੍ਰਿਤ ਆਤਮ ਦੇਵੇ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਬਜਰ ਕਪਾਟੀ ਪੜਦਾ ਪਾੜ, ਦੂਈ ਦਵੈਤੀ ਦਏ ਮਿਟਾਈਆ । ਨੇੜ ਨਾ ਆਏ ਕਾਮ ਕਰੋਧ ਲੋਭ ਮੋਹ ਹੰਕਾਰ, ਜਗਤ ਤ੍ਰਿਸਨਾ ਦਏ ਮਿਟਾਈਆ । ਦਰਸ ਦਿਖਾਏ ਅਗੰਮ ਅਪਾਰ, ਆਤਮ ਦਰਸ ਵਡ ਵਡਿਆਈਆ । ਦਸਮ ਦਵਾਰੀ ਖੋਲ੍ਹ ਕਿਵਾੜ, ਮੇਲ ਮਿਲਾਵਾ ਸਾਚੇ ਮਾਹੀਆ । ਸੰਤਨ ਮੇਲਾ


੧੪੪
੦੮

ਏਕਾ ਵਾਰ, ਘਰ ਸਾਚੇ ਵੱਜੇ ਵਧਾਈਆ । ਨਾਰੀ ਕੰਤਾ ਮੀਤ ਭਤਾਰ, ਵਰ ਘਰ ਪਾਇਆ ਸਹਿਜ ਸੁਭਾਈਆ । ਜਨ ਭਗਤਾਂ ਨਾਤਾ ਤੁੱਟੇ ਸਰਬ ਸੰਸਾਰ, ਘਰ ਸਾਚਾ ਇਕ ਸੁਹਾਈਆ । ਚਰਨ ਪ੍ਰੀਤੀ ਇਕ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਨਿਤ ਨਵਿਤ ਸੰਤਾਂ ਭਗਤਾਂ ਆਪ ਆਪਣੀ ਕਰੇ ਰੁਸ਼ਨਾਈਆ । ਭਗਤਨ ਮੀਤਾ ਹਰਿ ਨਿਰੰਕਾਰਾ, ਆਦਿ ਪੁਰਖ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਲੈ ਅਵਤਾਰਾ, ਆਪ ਆਪਣੀ ਬਣਤ ਬਣਾਇੰਦਾ । ਆਪੇ ਨਾਮ ਸ਼ਬਦ ਜੈਕਾਰਾ, ਆਪੇ ਰਸਨਾ ਗਾਇੰਦਾ । ਆਪੇ ਵਸਿਆ ਧੁੰਧੂਕਾਰਾ, ਅਗਿਆਨ ਅੰਧੇਰ ਮਿਟਾਇੰਦਾ । ਆਪੇ ਖੜਗ ਖੰਡਾ ਤੇਜ਼ ਕਟਾਰਾ, ਤੀਰ ਕਮਾਨ ਆਪ ਉਠਾਇੰਦਾ । ਆਪੇ ਹੋਇਆ ਗੜ੍ਹ ਹੰਕਾਰਾ, ਆਪੇ ਸ਼ਾਂਤਕ ਸਤਿ ਵਰਤਾਇੰਦਾ । ਆਪੇ ਵੇਦ ਕਤੇਬ ਬਣ ਲਿਖਾਰਾ, ਆਪਣਾ ਭੇਵ ਖੁਲਾਇੰਦਾ । ਆਪੇ ਵਰਤੇ ਵਰਤਾਵੇ ਵਿਚ ਸੰਸਾਰਾ, ਦਿਸ ਕਿਸੇ ਨਾ ਆਇੰਦਾ । ਗੁਰ ਪੀਰ ਇਕ ਅਵਤਾਰਾ, ਏਕਾ ਰੂਪ ਜਣਾਇੰਦਾ । ਸੇਵਕ ਸੇਵਾ ਲਾਏ ਸੇਵਾਦਾਰਾ, ਸਾਚੀ ਸੇਵਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਲੋਕਮਾਤ ਜੋਤ ਧਰ, ਗੁਰ ਸਤਿਗੁਰ ਨਾਉਂ ਧਰਾਇੰਦਾ । ਸਤਿਗੁਰ ਨਾਮ ਨਿਰੰਜਣ, ਆਦਿ ਪੁਰਖ ਅਖਵਾਇਆ । ਦੀਨਾਂ ਨਾਥ ਦਰਦ ਦੁੱਖ ਭੰਜਨ, ਭਵ ਸਾਗਰ ਆਪ ਤਰਾਇਆ । ਗਰੀਬ ਨਿਮਾਣਿਆਂ ਬਣੇ ਸੱਜਣ, ਆਪ ਆਪਣੇ ਗਲੇ ਲਗਾਇਆ । ਚਰਨ ਧੂੜੀ ਕਰਾਏ ਮਜਨ, ਦੁਰਮਤ ਮੈਲ ਧੁਆਇਆ । ਦੁਆਪਰ ਤ੍ਰੇਤਾ ਸਤਿਜੁਗ ਆਇਆ ਪੜਦੇ ਕੱਜਣ, ਰੂਪ ਅਨੇਕਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਏ ਕਰ, ਲੋਕਮਾਤ ਫੇਰਾ ਪਾਇਆ । ਲੋਕਮਾਤ ਹਰਿ ਹਰਿ ਫੇਰਾ, ਹਰਿ ਹਰਿ ਅਲੱਖ ਜਗਾਇੰਦਾ । ਲੱਖ ਚੁਰਾਸੀ ਵਸਿਆ ਨੇਰਨ ਨੇਰਾ, ਵਰਨ ਅਵਰਨ ਆਪ ਹੋ ਜਾਇੰਦਾ । ਭਗਤ ਜਨਾਂ ਮਨ ਚਾਓ ਘਨੇਰਾ, ਆਤਮ ਦਰਸ ਦਿਖਾਇੰਦਾ । ਭਰਮਾਂ ਢਾਏ ਝੂਠਾ ਡੇਰਾ, ਸਾਚਾ ਸੰਗ ਨਿਭਾਇੰਦਾ । ਇਕ ਵਖਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਈ ਰਖਾਇੰਦਾ । ਪੰਚ ਵਿਕਾਰਾ ਪਾਏ ਘੇਰਾ, ਨਾਮ ਡੋਰੀ ਬੰਧ ਬੰਧਾਇੰਦਾ । ਵਸਣਹਾਰਾ ਕਾਇਆ ਖੇੜਾ, ਘਰ ਘਰ ਵਿਚ ਆਪ ਸੁਹਾਇੰਦਾ । ਮੇਟਣਹਾਰਾ ਪੰਚਮ ਝੇੜਾ, ਪੰਚਮ ਮੂਲ ਚੁਕਾਇੰਦਾ । ਬੰਨਣਹਾਰਾ ਸਾਚਾ ਬੇੜਾ, ਸਤਿਗੁਰ ਨਾਉਂ ਰਖਾਇੰਦਾ । ਜੁਗ ਜੁਗ ਧਰਤ ਮਾਤ ਤੇਰਾ ਕਰਨਹਾਰਾ ਖੁਲ੍ਹਾ ਵੇਹੜਾ, ਜੁਗ ਜੁਗ ਰੂਪ ਵਟਾਇੰਦਾ । ਹਰਿ ਕਾ ਭੇਵ ਜਾਣੇ ਕਿਹੜਾ, ਬ੍ਰਹਮਾ ਵਿਸ਼ਨ ਸ਼ਿਵ ਕੋਟਨ ਕੋਟ ਨਿਉਂ ਨਿਉਂ ਸੀਸ ਝੁਕਾਇੰਦਾ । ਆਦਿ ਜੁਗਾਦੀ ਜੁਗ ਜੁਗ ਆਪਣਾ ਜਾਣੇ ਆਪੇ ਗੇੜਾ, ਆਪਣੀ ਲੱਠ ਆਪੇ ਆਪ ਭੁਵਾਇੰਦਾ । ਕਰੇ ਕਰਾਏ ਹੱਕ ਨਿਬੇੜਾ, ਭੇਵ ਅਭੇਦਾ ਭੇਵ ਨਾ ਕੋਈ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਕਰ, ਹਰੀ ਹਰਿ ਹਰਿ ਰੂਪ ਵਟਾਇੰਦਾ । ਹਰੀ ਹਰਿ ਹਰਿ ਕਰਤਾਰਾ, ਹਰਿ ਹਰਿ ਰੂਪ ਸਮਾਇਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਖੇਲ ਖਿਲਾਇਆ । ਏਕਾ ਪੁਰਖ ਏਕਾ ਨਾਰਾ, ਏਕਾ ਸੰਗ ਨਿਭਾਇਆ । ਏਕਾ ਘਰ ਇਕ ਦਰਬਾਰਾ, ਏਕਾ ਦਰ ਸੁਹਾਇਆ । ਇਕ ਸ਼ਾਹ ਇਕ ਸਿਕਦਾਰਾ, ਸ਼ਾਹ ਸੁਲਤਾਨ ਇਕ ਅਖਵਾਇਆ । ਏਕਾ ਇਕ ਇਕ ਭਿਖਾਰਾ, ਏਕਾ ਮੰਗਤਾ ਜੁਗ ਜੁਗ ਆਇਆ । ਏਕਾ ਭਗਤ ਇਕ ਵਣਜਾਰਾ, ਏਕਾ ਭਗਤੀ ਵਣਜ ਵਖਾਇਆ । ਇਕ ਸ਼ਬਦੀ ਇਕ ਜੈਕਾਰਾ, ਏਕਾ ਨਾਅਰਾ ਰਿਹਾ ਸੁਣਾਇਆ । ਇਕ ਖ਼ੁਦਾਈ ਬੇਐਬ ਪਰਵਰਦਿਗਾਰਾ,

ਏਕਾ ਕਲਮਾ ਰਿਹਾ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪਣਾ ਕਰ, ਜਗਤ ਮਹੱਲਾ ਫੋਲ ਫੋਲਾਇਆ । ਜਗਤ ਮਹੱਲਾ ਨੌ ਖੰਡ, ਨੌ ਦਰ ਰਚਨ ਰਚਾਈਆ । ਵਸਣਹਾਰਾ ਵਿਚ ਬ੍ਰਹਿਮੰਡ, ਜੇਰਜ ਅੰਡ ਵੇਖ ਵਖਾਈਆ । ਜਾਣੇ ਭੇਵ ਜੇਰਜ ਅੰਡ, ਉਤਭੁਜ ਸੇਤਜ ਆਪ ਸਮਾਈਆ । ਵੇਖਣਹਾਰਾ ਜਗਤ ਪਖੰਡ, ਖਾਲਕ ਖਲਕ ਆਪ ਹੋ ਜਾਈਆ । ਆਪੇ ਨਾਰ ਦੁਹਾਗਣ ਰੰਡ, ਕੰਤ ਕੰਤੂਹਲ ਆਪ ਅਖਵਾਈਆ । ਆਪਣੀ ਦਾਤ ਆਪੇ ਵੰਡ, ਜੁਗ ਜੁਗ ਮੁਲ ਚੁਕਾਈਆ । ਆਪੇ ਕਰਨਹਾਰਾ ਖੰਡ ਖੰਡ, ਖੜਗ ਖੰਡਾ ਆਪ ਚਮਕਾਈਆ । ਆਪੇ ਨਾਮ ਸ਼ਬਦ ਤੇਜ਼ ਚੰਡ ਪਰਚੰਡ, ਸ੍ਰੀ ਭਗੌਤੀ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਅਨੇਕਾ ਹਰਿ ਨਿਰੰਕਾਰਾ, ਆਪਣਾ ਆਪ ਕਰਾਇੰਦਾ । ਭਗਤ ਵਛਲ ਮੀਤ ਮੁਰਾਰਾ, ਘਰ ਸਾਚਾ ਇਕ ਸੁਹਾਇੰਦਾ । ਭਗਤ ਭਗਵੰਤ ਇਕ ਦਵਾਰਾ, ਏਕਾ ਵੇਖ ਵਖਾਇੰਦਾ । ਸੰਤ ਸੁਹੇਲਾ ਹੋ ਤਿਆਰਾ, ਸ਼ਬਦੀ ਡੰਕ ਵਜਾਇੰਦਾ । ਕਲਜੁਗ ਤੇਰਾ ਰੂਪ ਅਪਾਰਾ, ਤੇਰਾ ਸੰਗ ਨਿਭਾਇੰਦਾ । ਮੰਗੀ ਮੰਗ ਧੁਰ ਦਰਬਾਰਾ, ਪ੍ਰਭ ਸਾਚਾ ਝੋਲੀ ਪਾਇੰਦਾ । ਜੂਠ ਝੂਠ ਕਰ ਪਿਆਰਾ, ਕੂੜ ਕੂੜਾ ਨਾਲ ਰਲਾਇੰਦਾ । ਮਾਇਆ ਮਮਤਾ ਹੋ ਤਿਆਰਾ, ਕਾਮ ਕਰੋਧ ਲੋਭ ਮੋਹ ਹੰਕਾਰ ਰਖਾਇੰਦਾ । ਘਟ ਘਟ ਅੰਦਰ ਪਾਵੇ ਸਾਰਾ, ਪੰਜ ਤੱਤ ਉਠਾਇੰਦਾ । ਮਨਮੁਖ ਸੁੱਤੇ ਪੈਰ ਪਸਾਰਾ, ਭੇਵ ਕੋਈ ਨਾ ਪਾਇੰਦਾ । ਗੁਰਮੁਖ ਵਿਰਲਾ ਸੁੱਤ ਦੁਲਾਰਾ, ਹਰਿ ਸਾਚਾ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਆਪਣਾ ਖੇਲਾ, ਹਰਿ ਸਾਚੇ ਵਡ ਵਡਿਆਈਆ । ਈਸਾ ਮੂਸਾ ਸੱਜਣ ਸੁਹੇਲਾ, ਕਲਮਾ ਨਬੀ ਰਸੂਲਾ ਆਪ ਪੜ੍ਹਾਈਆ । ਆਪੇ ਜਾਣੇ ਆਪਣਾ ਕਬੀਲਾ, ਆਪੇ ਵੇਖ ਵਖਾਈਆ । ਆਪੇ ਬਣੇ ਛੈਲ ਛਬੀਲਾ, ਚਾਰ ਯਾਰ ਕਰੇ ਕੁੜਮਾਈਆ । ਅੱਲਾ ਰਾਣੀ ਕਰ ਕਰ ਮੇਲਾ, ਨੇਤਰ ਨੈਣ ਰਹੀ ਖੁਲ੍ਹਾਈਆ । ਹਕੀਕਤ ਹੱਕ ਇਕ ਵਸੀਲਾ, ਮੁਕਾਮੇ ਹੱਕ ਸਚ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਪਰਗਟ ਨੂਰੋ ਨੂਰ ਅਲਾਹੀਆ । ਨੂਰ ਅਲਾਹੀ ਕਾਇਨਾਤ, ਕਲਮਾ ਅਮਾਮ ਪੜ੍ਹਾਇੰਦਾ । ਸ਼ਰਅ ਸ਼ਰੀਅਤ ਇਕ ਹਮਾਇਤ, ਏਕਾ ਰਾਹ ਵਖਾਇੰਦਾ । ਇਕ ਹਦੀਸ ਏਕਾ ਆਇਤ, ਏਕਾ ਵੇਖ ਵਖਾਇੰਦਾ । ਏਕਾ ਦੇਵਣਹਾਰਾ ਦਾਤ, ਜੁਗ ਜੁਗ ਖੇਲ ਖਿਲਾਇੰਦਾ । ਦੋ ਜਹਾਨਾਂ ਜੁਗ ਜੁਗ ਵੇਖੇ ਮਾਰ ਝਾਤ, ਏਕ ਰੰਗ ਸਮਾਇੰਦਾ । ਆਪੇ ਪੰਜ ਤੱਤ ਖੋਲ੍ਹਣਹਾਰਾ ਤਾਕ, ਆਪੇ ਬੰਦ ਵਖਾਇੰਦਾ । ਆਪੇ ਚੜ੍ਹਿਆ ਦੁਲਦੁਲ ਰਾਕ, ਐਲੀ ਅੱਲਾ ਨਾਮ ਰਖਾਇੰਦਾ । ਆਪ ਆਪਣਾ ਹੋ ਮੁਸ਼ਤਾਕ, ਅਹਿਬਾਬ ਰਬਾਬ ਆਪ ਵਜਾਇੰਦਾ । ਆਪੇ ਹੋਇਆ ਪਾਕੀ ਪਾਕ, ਖ਼ਾਕੀ ਖ਼ਾਕ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਕਰ, ਕਲਜੁਗ ਤੇਰੀ ਅੰਤਮ ਵਾਰ ਵੇਖ ਵਖਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਹਰਿ ਹਰਿ ਜੋਤ ਜਗਾਇੰਦਾ । ਰਾਣੀ ਅੱਲਾ ਕਰ ਪਿਆਰੀ, ਸੰਗ ਮੁਹੰਮਦ ਵੇਖ ਵਖਾਇੰਦਾ । ਚਾਰ ਯਾਰਾਂ ਸੱਚੀ ਯਾਰੀ, ਚੌਦਾਂ ਤਬਕਾਂ ਡੇਰਾ ਲਾਇੰਦਾ । ਏਕਾ ਨੇਤਰ ਅੱਖ ਉਘਾੜੀ, ਏਕਾ ਦਰ ਖੁਲ੍ਹਾਇੰਦਾ । ਇਕ ਵਖਾਏ ਮਾਤ ਫੁਲਵਾੜੀ, ਏਕਾ ਬੂਟਾ ਲਾਇੰਦਾ । ਏਕਾ ਫਸਲ ਪੱਕੇ ਹਾੜੀ, ਉਮਤ ਉਮਤੀ ਆਪ ਉਪਾਇੰਦਾ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਫੋਲ ਫੁਲਾਇੰਦਾ । ਚੌਦਾਂ ਚੌਦਾਂ ਕਰ ਤਿਆਰੀ, ਚੌਦਾਂ ਚੌਦਾਂ ਰੰਗ ਰੰਗਾਇੰਦਾ । ਐਨਲਹੱਕ

੧੪੬
ot

ਖ਼ਬਰਦਾਰੀ, ਹੂ ਹੂ ਆਪ ਉਠਾਇੰਦਾ । ਖੇਲੇ ਖੇਲ ਅਗੰਮ ਅਪਾਰੀ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਨਿਰਗੁਣ ਨਿਰਗੁਣ ਨਾਉਂ ਰਖਾਇੰਦਾ । ਨਿਰਗੁਣ ਨਾਉਂ ਪੰਜ ਤੱਤ, ਹਰਿ ਹਰਿ ਕਰੀ ਕੁੜਮਾਈਆ । ਨਾਨਕ ਨਾਮ ਲਿਆ ਰੱਖ, ਲੋਆਂ ਪੁਰੀਆਂ ਵੱਜੀ ਵਧਾਈਆ । ਪਾਰਬ੍ਰਹਮ ਹੋ ਪਰਤੱਖ, ਵੇਖ ਵਖਾਣੇ ਸ੍ਰਿਸ਼ਟ ਸਬਾਈਆ । ਖਾਲੀ ਭਾਂਡੇ ਭਰੇ ਭਰ ਭਰ ਕਰੇ ਸੱਖ, ਸਤਿਗੁਰ ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਏਕਾ ਧਰ, ਏਕਾ ਕਰਮ ਕਮਾਈਆ । ਨਿਰਗੁਣ ਜੋਤੀ ਨਾਮ ਪਿਆਰ, ਨਾਨਕ ਸ਼ਬਦ ਸਲਾਹੀਆ । ਏਕਾ ਸ਼ਬਦ ਇਕ ਧੁਨਕਾਰ, ਏਕਾ ਰਿਹਾ ਸੁਣਾਈਆ । ਏਕਾ ਮੇਲਾ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਮਿਲਿਆ ਸੱਜਣ ਹਰਿ ਕਰਤਾਰ, ਘਰ ਸੱਜਣ ਸਾਚਾ ਮਾਹੀਆ । ਸੁਹਾਏ ਸਚਖੰਡ ਦਵਾਰ, ਘਰ ਸਾਚੇ ਵੱਜੀ ਵਧਾਈਆ । ਆਪ ਆਪਣਾ ਭਰ ਭੰਡਾਰ, ਨਾਮ ਭੰਡਾਰਾ ਰਿਹਾ ਵਰਤਾਈਆ । ਸਤਿ ਨਾਮ ਸਤਿ ਆਧਾਰ, ਸਤਿ ਸੰਤੋਖੀ ਇਕ ਜਣਾਈਆ । ਚਾਰ ਵਰਨਾਂ ਕਰ ਪਿਆਰ, ਚਾਰੋਂ ਕੁੰਟ, ਫੇਰਾ ਪਾਈਆ । ਦਹਿ ਦਿਸ਼ਾ ਏਕਾ ਧਾਰ, ਉਚੇ ਟਿੱਲੇ ਵੇਖ ਵਖਾਈਆ । ਰਾਓ ਰੰਕਾਂ ਇਕ ਆਧਾਰ, ਸਾਧਾਂ ਸੰਤਾਂ ਮੇਲ ਮਿਲਾਈਆ । ਤੋੜਨਹਾਰਾ ਗੜ੍ਹ ਹੰਕਾਰ, ਸ਼ਬਦ ਖੰਡਾ ਇਕ ਚਮਕਾਈਆ । ਬ੍ਰਹਿਮੰਡਾਂ ਪਾਵਣਹਾਰਾ ਸਾਰ, ਪੰਜ ਤੱਤ ਬੈਠਾ ਆਸਣ ਲਾਈਆ । ਨਿਰਗੁਣ ਰੂਪ ਆਪ ਕਰਤਾਰ, ਨਾਨਕ ਢੋਲਾ ਸਾਚਾ ਗਾਈਆ । ਸੋਹੰ ਸ਼ਬਦ ਇਕ ਜੈਕਾਰ, ਰਸਨਾ ਜਿਹਵਾ ਆਪ ਸੁਣਾਈਆ । ਤੋਲਾ ਬਣਿਆ ਅਪਰ ਅਪਾਰ, ਤੇਰਾਂ ਤੇਰਾਂ ਧਾਰ ਬੰਧਾਈਆ । ਹੋਲਾ ਖੇਲ੍ਹੇ ਸਰਬ ਸੰਸਾਰ, ਸਤਿਗੁਰ ਨਾਨਕ ਗਿਆ ਲਿਖਾਈਆ । ੧੪੭
ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਅਪਰ ਅਪਾਰ, ਲੋਆਂ ਪੁਰੀਆਂ ਆਪ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰ, ਗਣ ਗੰਧਰਬ ਯਸ਼ਪ ਕਿੰਨਰ ਆਪ ਉਠਾਈਆ । ਲੱਖ ਚੁਰਾਸੀ ਪਾਵੇ ਸਾਰ, ਲੋਕਮਾਤ ਵੇਖ ਵਖਾਈਆ । ਸੱਤਾਂ ਦੀਪਾਂ ਹੋ ਉਜਿਆਰ, ਏਕ ਸ਼ਬਦ ਸੁਣਾਈਆ । ਨੌਂ ਖੰਡ ਪ੍ਰਿਥਮੀ ਚਰਨ ਦਵਾਰ, ਜਗਤ ਵਿਕਾਰਾ ਚਰਨਾਂ ਹੇਠ ਦਬਾਈਆ । ਤਖ਼ਤ ਨਿਵਾਸੀ ਸਚ ਦਵਾਰ, ਸਚ ਦਵਾਰਕਾ ਇਕ ਵਖਾਈਆ । ਵਰਨ ਬਰਨ ਪ੍ਰਭ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਬਣਾਈਆ । ਰਾਓ ਰੰਕ ਨਾ ਕੋਇ ਦਵਾਰ, ਊਚ ਨੀਚ ਨਾ ਵਡ ਵਡਿਆਈਆ । ਸਰਬ ਜੀਆਂ ਦਾ ਸਾਂਝਾ ਯਾਰ, ਹਰਿ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਪਾਵੇ ਸਾਰ, ਆਪ ਆਪਣੀ ਕਲ ਵਰਤਾਈਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਗੁਰ ਵਡਿਆਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਪੰਚਮ ਮੀਤਾ ਪੰਚਮ ਕਰ ਤਿਆਰ, ਕੇਸ ਸੀਸ ਜਗਦੀਸ ਰਚਨ ਰਚਾਈਆ । ਸਾਚੀ ਬੰਨ੍ਹੇ ਆਪੇ ਧਾਰ, ਪੰਚਮ ਵੇਖ ਵਖਾਈਆ । ਪੰਚਮ ਦੇਵੇ ਸਚ ਭੰਡਾਰ, ਅੰਮ੍ਰਿਤ ਸਾਚਾ ਜਾਮ ਪਿਆਈਆ । ਪੰਚਮ ਢਹਿ ਢਹਿ ਪਏ ਦਵਾਰ, ਪੰਚਮ ਸੀਸ ਝੁਕਾਈਆ । ਏਕਾ ਦਰ ਸੱਚਾ ਦਰਬਾਰ, ਏਕਾ ਘਰ ਸਮਝਾਈਆ । ਅਕਾਲ ਪੁਰਖ ਏਕਉਂਕਾਰ, ਨਿਰਗੁਣ ਨੂਰ ਸਚ ਖ਼ੁਦਾਈਆ । ਜ਼ਾਹਰ ਜ਼ਹੂਰ ਬੇਐਬ ਪਰਵਰਦਿਗਾਰ, ਏਥੇ ਉਥੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਆਪੇ ਕਰ, ਸਰਗੁਣ ਸਾਚਾ ਮੇਲ ਮਿਲਾਈਆ । ਨਿਰਗੁਣ ਸਰਗੁਣ ਸਾਚਾ ਸੰਗ, ਜੋਤੀ ਸ਼ਬਦ ਹੰਢਾਇਆ । ਨਾਮ ਵੱਜੇ ਇਕ ਮਰਦੰਗ, ਨਾਨਕ ਗੁਰ ਵਜਾਇਆ । ਅੰਗਦ ਆਪਣਾ ਦਰ ਆਪੇ

ਲੰਘ, ਗੁਰ ਸਤਿਗੁਰ ਵੇਖ ਵਖਾਇਆ । ਅਮਰੂ ਮੰਗੀ ਆਪਣੀ ਮੰਗ, ਅਮਰਾ ਪਦ ਪਾਇਆ । ਰਾਮ ਦਾਸ ਬੈਠਾ ਸਚ ਪਲੰਘ, ਸ਼ਬਦ ਸਿੰਘਾਸਣ ਇਕ ਵਿਛਾਇਆ । ਗੁਰ ਅਰਜਨ ਵਜਾਏ ਧੁਰ ਮਰਦੰਗ, ਅਗਾਧ ਬੋਧ ਲੇਖ ਲਿਖਾਇਆ । ਹਰਿ ਗੋਬਿੰਦ ਲੱਗਾ ਅੰਗ, ਅੰਗੀਕਾਰ ਆਪ ਸਮਾਇਆ । ਹਰਿਰਾਏ ਹਰਿ ਕਸਿਆ ਤੰਗ, ਸਾਚੇ ਘੋੜੇ ਆਪ ਚੜ੍ਹਾਇਆ । ਹਰਿਕ੍ਰਿਸ਼ਨ ਲੋਆਂ ਪੁਰੀਆਂ ਆਪੇ ਲੰਘ, ਬਾਲ ਬਾਲਾ ਵਿਚ ਸਮਾਇਆ । ਤੇਗ ਬਹਾਦਰ ਨਿਰਗੁਣ ਸੰਗ, ਆਪਣਾ ਲਹਿਣਾ ਮੂਲ ਚੁਕਾਇਆ । ਗੁਰ ਗੋਬਿੰਦ ਮੰਗੀ ਮੰਗ, ਆਪਣੀ ਝੋਲੀ ਅੱਗੇ ਡਾਹਿਆ । ਪੁਰਖ ਅਬਿਨਾਸ਼ੀ ਤੇਰਾ ਸੰਗ, ਪੁਰਖ ਅਕਾਲ ਵਿਛੜ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪ ਆਪਣਾ ਸ਼ਬਦ ਸੁਣਾਇਆ । ਸ਼ਬਦ ਸੁਨੇਹੜਾ ਹਰਿ ਕਰਤਾਰ, ਗੁਰ ਗੋਬਿੰਦ ਆਪ ਜਣਾਈਆ । ਪੂਤ ਸਪੂਤਾ ਸੇਵਾਦਾਰ, ਤੇਰੀ ਵਡ ਵਡਿਆਈਆ । ਤੇਰਾ ਨਾਂ ਮੇਰਾ ਜੈਕਾਰ, ਲੋਆਂ ਪੁਰੀਆਂ ਦਏ ਸੁਣਾਇਆ । ਕਲਜੁਗ ਅੰਤਮ ਪਾਵੇ ਸਾਰ, ਵਡ ਦਾਤਾ ਬੇਪਰਵਾਹੀਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਦਰ ਤੇਰਾ ਵੇਖ ਵਖਾਈਆ । ਸੰਬਲ ਨਗਰੀ ਧਾਮ ਨਿਆਰ, ਸਾਢੇ ਤਿੰਨ ਹੱਥ ਆਪ ਬਣਾਈਆ । ਸਚ ਮਹੱਲਾ ਕਰ ਤਿਆਰ, ਨੌ ਦਵਾਰੇ ਬੰਦ ਕਰਾਈਆ । ਦਸਵੀਂ ਜੋਤੀ ਦਸ ਅਵਤਾਰ, ਘਰ ਸਾਚੇ ਵੱਜੀ ਵਧਾਈਆ । ਸ਼ਬਦ ਅਗੰਮੀ ਆਵੇ ਧਾਰ, ਸੁਣ ਅਗੰਮੋ ਪਾਰ ਕਰਾਈਆ । ਸਚਖੰਡ ਸੁਹਾਏ ਸੱਚਾ ਘਰ ਬਾਰ, ਹਰਿ ਸਾਚਾ ਵੇਖ ਵਖਾਈਆ । ਨਿਰਗੁਣ ਜੋਤੀ ਨੂਰੋ ਨੂਰ ਹੋਏ ਉਜਿਆਰ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰ, ਨੌ ਖੰਡ ਸੱਤ ਦੀਪ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਵੇਸ ਆਪਣਾ ਕਰ, ਜੋਤੀ ਜਾਮਾ ਭੇਖ ਧਰ, ਭੇਖਾ ਧਾਰੀ ਭੇਖ ਵਟਾਈਆ । ਜੋਤੀ ਜਾਮਾ ਧਰਿਆ ਭੇਖ, ਹਰਿ ਸਾਚਾ ਵਡ ਵਡਿਆਇਆ । ਨਾਨਕ ਗੋਬਿੰਦ ਲਿਖਿਆ ਲੇਖ, ਪ੍ਰਭ ਸਾਚੇ ਆਪ ਲਿਖਾਇਆ । ਆਪੇ ਅੰਤਮ ਲਏ ਵੇਖ, ਨਾ ਸਕੇ ਕੋਇ ਮਿਟਾਇਆ । ਲੱਖ ਚੁਰਾਸੀ ਤੇਰੀ ਰੇਖ, ਤੇਰਾ ਲਹਿਣਾ ਰਹੀ ਮੁਕਾਇਆ । ਵੇਖਣਹਾਰਾ ਧਾਰੀ ਕੇਸ, ਮੂੰਡ ਮੁੰਡਾਇਆ ਫੋਲ ਫੋਲਾਇਆ । ਨਿਰਗੁਣ ਜੋਤੀ ਦਸ ਦਸਮੇਸ, ਸੰਬਲ ਨਗਰੀ ਇਕ ਸੁਹਾਇਆ । ਕਾਹਨਾ ਕ੍ਰਿਸ਼ਨਾ ਗਵਰਧਨ ਧਾਰੀ ਰਿਖੀ ਕੇਸ, ਬਨ ਬਿੰਦਰਾ ਫੇਰਾ ਪਾਇਆ । ਰਾਮ ਰਾਮਾ ਇਕ ਨਰੇਸ਼, ਰਾਵਣ ਗੜ੍ਹ ਦਏ ਤੁੜਾਇਆ । ਸਹੰਸਰ ਮੁਖ ਵੇਖੇ ਸ਼ੇਸ਼, ਦੋ ਸਹੰਸਰ ਜੇਹਵਾ ਆਪ ਹਿਲਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਵੇਖ, ਕਲਜੁਗ ਸੋਏ ਲਏ ਜਗਾਇਆ । ਫਿਰਨਹਾਰਾ ਦੇਸ ਪਰਦੇਸ, ਦੇਸ ਦਿਸੰਤਰ ਡੇਰਾ ਲਾਇਆ । ਆਦਿ ਨਿਰੰਜਣ ਅਵੱਲੜਾ ਭੇਸ, ਕਲਜੁਗ ਅੰਤਮ ਆਪ ਵਟਾਇਆ । ਲਹਿਣਾ ਦੇਣਾ ਚੁੱਕੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਲੇਖਾ ਰਿਹਾ ਮੁਕਾਇਆ । ਗੁਰਸਿਖ ਸਾਚੇ ਗਰੀਬ ਨਿਮਾਣੇ ਆਪੇ ਵੇਖ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਮਿਲਾਇਆ । ਹਰਿਜਨ ਹਰਿ ਹਰਿ ਪਾਇਆ, ਸਮਰਥ ਪੁਰਖ ਕਰਤਾਰ । ਗੁਰ ਸ਼ਬਦੀ ਮੇਲ ਮਿਲਾਇਆ, ਭਰਿਆ ਨਾਮ ਭੰਡਾਰ । ਜਗਤ ਤ੍ਰਿਸਨਾ ਭੁੱਖ ਮਿਟਾਇਆ, ਮੇਟ ਮਿਟਾਏ ਲੋਭ ਹੰਕਾਰ । ਸਾਚੀ ਸਿਖਿਆ ਇਕ ਸਮਝਾਇਆ, ਘਰ ਮੇਲਾ ਆਪ ਕਰਤਾਰ । ਦਰ ਦਰਵੇਸ਼ਾ ਵੇਸ ਵਟਾਇਆ, ਆਪ ਆਪਣੀ ਕਿਰਪਾ ਧਾਰ । ਜਗਤ ਨਿਮਾਣੇ ਲਏ ਤਰਾਇਆ,



੧੪੮
੦੮

ਫੜ ਬਾਂਹੋਂ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਕਰ, ਏਕਾ ਕਾਰ ਕਮਾਇਆ । ਸਾਚੀ ਕਾਰ ਸਾਚੇ ਘਰ, ਹਰਿ ਸਾਚਾ ਆਪ ਕਰਾਇੰਦਾ । ਗੁਰਮੁਖਾਂ ਦੇਵੇ ਸਾਚਾ ਵਰ, ਜੁਗ ਜੁਗ ਵੇਖ ਵਖਾਇੰਦਾ । ਧਰਨੀ ਧਵਲ ਅੱਗੇ ਸੀਸ ਆਪਣਾ ਧਰ, ਧੁਰ ਦਾਤਾ ਪੁਰਖ ਬਿਧਾਤਾ ਸਰਬ ਗਿਆਤਾ ਸਰਬ ਲੇਖੇ ਲੇਖ ਵੇਖ ਵਖਾਇੰਦਾ । ਹਰਿਜਨ ਤੇਰਾ ਚੁੱਕੇ ਡਰ, ਰਾਏ ਧਰਮ ਨਾ ਲਏ ਫੜ, ਦਰ ਘਰ ਸਾਚੇ ਜਾਏ ਵੜ, ਦਰਗਹਿ ਸਾਚੀ ਧਾਮ ਸੁਹਾਇੰਦਾ । ਕਲਜੁਗ ਜੀਵ ਅੰਤਮ ਮਾਇਆ ਰਹੇ ਸੜ, ਆਤਮ ਵਿਦਿਆ ਨਾ ਸਕੇ ਕੋਈ ਪੜ੍ਹ, ਨਾ ਕੋਈ ਤੋੜੇ ਹੰਕਾਰੀ ਗੜ੍ਹ, ਦਰਸ ਨਾ ਪਾਏ ਉਪਰ ਚੜ੍ਹ, ਸਾਧ ਸੰਤ ਨੌਂ ਦਵਾਰੇ ਬੈਠੇ ਵੜ, ਮਾਇਆ ਛਾਇਆ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਗੁਰ ਸੱਜਣ ਹਰਿ ਪਾਇਆ, ਸਤਿਗੁਰ ਮੀਤ ਮੁਰਾਰ । ਆਪ ਆਪਣਾ ਭੇਟ ਚੜ੍ਹਾਇਆ, ਏਕਾ ਦੂਜਾ ਭੌ ਨਿਵਾਰ । ਖੇਵਟ ਖੇਟ ਵੇਖ ਵਖਾਇਆ, ਅੰਤਮ ਭਵਜਲ ਕਰੇ ਪਾਰ । ਮਾਤ ਪਿਤ ਬੇਟੀ ਬੇਟ ਲੇਖੇ ਲਾਇਆ, ਜੋ ਜਨ ਆਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਘਰ ਸਾਚਾ ਬੰਕ ਦਵਾਰ । ਘਰ ਸਾਚਾ ਹਰਿ ਪਾਇਆ, ਪਰਮ ਪੁਰਖ ਭਗਵੰਤ । ਸਾਚੀ ਸਿਖਿਆ ਮੰਗਲ ਗਾਇਆ, ਵੱਜੀ ਵਧਾਈ ਸਾਚੇ ਸੰਤ । ਜਗਤ ਸੰਸਾ ਰੋਗ ਗਵਾਇਆ, ਮਨ ਕੀ ਮਣੀਆ ਏਕਾ ਮੰਤ । ਪੰਚ ਵਿਕਾਰ ਅੰਤ ਜਲਾਇਆ, ਏਕਾ ਗਾਇਆ ਸੁਹਾਗੀ ਛੰਤ । ਸਤਿਗੁਰ ਸਾਜਨ ਨਜ਼ਰੀ ਆਇਆ, ਨਿਰਗੁਣ ਜੋਤ ਪੂਰਨ ਭਗਵੰਤ । ਪਾਰਬ੍ਰਹਮ ਬ੍ਰਹਮ ਸਮਾਇਆ । ਖੇਲੇ ਖੇਲ ਆਦਿ ਅੰਤ । ਨਿਹਕਰਮੀ ਕਰਮ ਕਮਾਇਆ, ਭੇਵ ਨਾ ਜਾਣੇ ਜੀਵ ਜੰਤ । ਜੁਗ ਜੁਗ ਵਿਛੜੇ ਮੇਲ ਮਿਲਾਇਆ । ਆਪ ਬਣਾਈ ਆਪਣੀ ਬਣਤ । ਹਰਿ ਸੰਗਤ ਦਰ ਸੁਹਾਇਆ, ਘਰ ਸਾਚਾ ਹਰਿ ਹਰਿ ਕੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਕਾਇਆ ਚੋਲੀ ਰੰਗ ਚਲੂਲ, ਗੁਰ ਸਤਿਗੁਰ ਆਪ ਚੜ੍ਹਾਨਿਆ । ਆਦਿ ਜੁਗਾਦਿ ਨਾ ਜਾਏ ਭੂਲ, ਲੋਕਮਾਤ ਖੇਲ ਖਲਾਨਿਆ । ਹਰਿਜਨ ਮੇਲਾ ਕੰਤ ਕੰਤੂਹਲ, ਘਰ ਸਾਚਾ ਵੇਖ ਵਖਾਨਿਆ । ਆਤਮ ਸੇਜਾ ਬਰਖੇ ਫੂਲ, ਜਿਸ ਜਨ ਹਰਿ ਹਰਿ ਭਾਣਾ ਮੰਨਿਆ । ਆਪ ਚੁਕਾਏ ਲਹਿਣਾ ਦੇਣਾ ਪਿਛਲਾ ਮੂਲ, ਜਿਉਂ ਮਾਲ ਚਰਾਏ ਧੰਨਿਆ । ਸਚ ਸਿੰਘਾਸਣ ਹਰਿ ਬਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਉਪਰ ਛੱਪਰ ਛੰਨਿਆ । ਗੁਰਸਿਖ ਗੁਰ ਸ਼ਬਦ ਪੰਘੂੜਾ ਲੈਣਾ ਝੂਲ, ਧੁਰ ਦਰਗਾਹੀ ਆਇਆ ਭੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਜਨ ਜਨਨੀ ਸਾਚਾ ਜਨਿਆ । ਜਨਨੀ ਜਨ ਜਨਿਆ, ਏਕਾ ਭਗਤ ਭਗਵੰਤ । ਕਾਇਆ ਬੁਧ ਹੋਈ ਬਿਬੇਕ, ਪਾਇਆ ਹਰਿ ਹਰਿ ਕੰਤ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਨਾਤਾ ਤੁੱਟਾ ਜੀਵ ਜੰਤ । ਆਪਣੇ ਨੇਤਰ ਲੋਚਣ ਨੈਣ ਦਰਸ਼ਨ ਪੇਖ, ਆਪੇ ਜਾਣਿਆ ਆਪਣਾ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜੋਤ ਮਾਤ ਧਰ, ਨਿਰਗੁਣ ਸਰਗੁਣ ਅੰਦਰ ਵੜ, ਭਗਤ ਸੰਤ ਲਏ ਫੜ, ਗੁਰਸਿਖ ਗੁਰਮੁਖ ਘਾੜਨ ਘੜ, ਆਪ ਬੰਨਾਏ ਆਪਣੇ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਜਗਤ ਵੱਖਰ ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ ।

## ✪ ੨੩ ਮਾਘ ੨੦੧੫ ਬਿਕ੍ਰਮੀ ਲੱਖਾ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ✪

ਏਕਉਂਕਾਰਾ ਏਕਾ ਨਾਮ, ਏਕਾ ਰੂਪ ਸਮਾਈਆ । ਆਦਿ ਅਨਾਦੀ ਅਗੰਮ ਅਥਾਹ, ਏਕਾ ਏਕ ਅਖਵਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਬੇਅੰਤ ਰੂਪ ਸਮਾਈਆ । ਆਪੇ ਵਸੇ ਆਪਣੇ ਥਾਂ, ਥਾਨ ਥਨੰਤਰ ਇਕ ਸੁਹਾਈਆ । ਕਰੇ ਕਰਾਏ ਸਚ ਨਿਆਂ, ਜੁਗ ਜੁਗ ਵੱਡੀ ਵਡਿਆਈਆ । ਸਤਿਗੁਰ ਸ਼ਬਦ ਬਣ ਮਲਾਹ, ਲੋਕਮਾਤ ਫੇਰਾ ਪਾਈਆ । ਸੰਤ ਸੁਹੇਲੇ ਲਏ ਜਗਾ, ਦੇਵੇ ਵਡ ਵਡਿਆਈਆ । ਅੰਦਰ ਮੰਦਰ ਜੋਤ ਜਗਾ, ਅੰਧ ਅੰਧੇਰਾ ਦਏ ਮਿਟਾਈਆ । ਸਾਚੀ ਰੰਗਣ ਨਾਮ ਚੜ੍ਹਾ, ਏਕਾ ਰੰਗ ਰੰਗਾਈਆ । ਅੰਗੀਕਾਰ ਆਪ ਕਰਾ, ਆਪਣੀ ਗੋਦ ਉਠਾਈਆ । ਸਾਚਾ ਸੰਗੀ ਸੰਗ ਨਿਭਾ, ਦਿਵਸ ਰੈਣ ਸੇਵ ਕਮਾਈਆ । ਬ੍ਰਹਿਮੰਡ ਖੰਡ ਵੇਖ ਵਖਾ, ਗਗਨ ਪਾਤਾਲਾਂ ਫੋਲ ਫੋਲਾਈਆ । ਭੇਵ ਅਭੇਦਾ ਭੇਵ ਖੁਲ੍ਹਾ, ਆਪ ਆਪਣੀ ਬੂਝ ਬੁਝਾਈਆ । ਨਿਰਗੁਣ ਬਾਤੀ ਇਕ ਟਿਕਾ, ਸਰਗੁਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਏਕਾ ਨਾਮ ਇਕ ਨਿਰੰਜਣ, ਏਕਾ ਪੁਰਖ ਅਖਵਾਇੰਦਾ । ਅਬਿਨਾਸ਼ੀ ਕਰਤਾ ਸਰਬ ਘਟ ਸੱਜਣ, ਘਟ ਘਟ ਡੇਰਾ ਲਾਇੰਦਾ । ਭਗਤਨ ਮੀਤਾ ਕਰੇ ਕਰਾਏ ਸਾਚਾ ਮਜਨ, ਲੋਕਮਾਤ ਵੇਖ ਵਖਾਇੰਦਾ । ਗੁਰਮੁਖਾਂ ਆਏ ਪੜਦੇ ਕੱਜਣ, ਨਿਤ ਨਵਿਤ ਕਾਰ ਕਮਾਇੰਦਾ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਰੱਖੇ ਲੱਜਣ, ਜੀਵ ਜੰਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਧਾਰ ਧਰਾਇੰਦਾ । ਧਾਰ ਅਵੱਲੀ ਪੁਰਖ ਕਰਤਾਰ, ਖੇਲੇ ਖੇਲ ਨਿਰੰਕਾਰਿਆ । ਭੇਵ ਨਾ ਪਾਏ ਕੋਇ ਸੰਸਾਰ, ਵੇਦ ਕਤੇਬ ਨਾ ਕੋਇ ਜਣਾ ਰਿਹਾ । ਇਕ ਇਕੱਲਾ ਕਰ ਪਸਾਰ, ਏਕ ਅਨੇਕਾ ਰੂਪ ਵਟਾ ਰਿਹਾ । ਨਿਰਗੁਣ ਸਰਗੁਣ ਹੋ ਉਜਿਆਰ, ਸਾਚੀ ਚਲਤ ਚਲਾ ਰਿਹਾ । ਅੰਦਰ ਬਾਹਰ ਗੁਪਤ ਜ਼ਾਹਰ, ਆਪ ਆਪਣਾ ਖੇਲ ਖਲਾ ਰਿਹਾ । ਲੋਆਂ ਪੁਰੀਆਂ ਮਹੱਲ ਉਸਾਰ, ਕੋਟਨ ਕੋਟ ਬ੍ਰਹਿਮੰਡ ਟਿਕਾ ਰਿਹਾ । ਸੇਵਕ ਸੇਵਾ ਲਾਏ ਰਵ ਸਸ ਸਤਾਰ, ਦਿਵਸ ਰੈਣ ਆਪ ਜਣਾ ਰਿਹਾ । ਘੜੀ ਪਲ ਖੇਲ ਅਪਾਰ, ਵੇਲਾ ਵਕਤ ਨਾ ਕਿਸੇ ਉਪਾ ਲਿਆ । ਆਪੇ ਜਾਣੇ ਸਿਰਜਣਹਾਰ, ਲੇਖਾ ਆਪਣੇ ਹੱਥ ਰਖਾ ਲਿਆ । ਜੁਗ ਜੁਗ ਖੇਲ ਕਰੇ ਸੰਸਾਰ, ਜੁਗ ਕਰਤਾ ਵੇਸ ਵਟਾ ਲਿਆ । ਧਰਨੀ ਧਰਤ ਧਵਲ ਦਏ ਸਹਾਰ, ਅਕਾਸ਼ ਪਰਕਾਸ਼ ਡੇਰਾ ਲਾ ਲਿਆ । ਵੇਖਣਹਾਰ ਜੰਗਲ ਜੂਹ ਉਜਾੜ ਪਰਭਾਸ, ਜਲਾਂ ਥਲਾਂ ਆਪ ਅਖਵਾ ਲਿਆ । ਆਦਿ ਅੰਤ ਨਾ ਜਾਏ ਵਿਨਾਸ, ਹਰਿ ਹਰਿ ਆਪਣਾ ਨਾਮ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਜੋਤ ਜਗਾ ਲਿਆ । ਏਕਾ ਜੋਤ ਅਲੱਖ ਅਭੇਵ, ਆਦਿ ਪੁਰਖ ਅਖਵਾਇੰਦਾ । ਲੱਖ ਚੁਰਾਸੀ ਕਰੇ ਸੇਵ, ਆਪ ਆਪਣੀ ਕਿਰਤ ਕਮਾਇੰਦਾ । ਹਰ ਘਟ ਅੰਦਰ ਲਾਈ ਜਿਹਵ, ਪਵਨ ਸਵਾਸੀ ਆਪ ਚਲਾਇੰਦਾ । ਜੋਤ ਨਿਰੰਜਣ ਮਸਤਕ ਥੇਵ, ਤਿਲਕ ਲਲਾਟੀ ਆਪ ਟਿਕਾਇੰਦਾ । ਜਿਸ ਜਨ ਖੁਲ੍ਹਾਏ ਆਪਣਾ ਭੇਵ, ਸੋ ਜਨ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਰਚਨਹਾਰਾ, ਏਕਾ ਏਕ ਅਖਵਾਈਆ । ਦੋ ਜਹਾਨਾਂ ਖੇਲ ਨਿਆਰਾ, ਤ੍ਰਿਲੋਕੀ ਬੰਧਨ ਪਾਈਆ । ਚੌਦਾਂ ਲੋਕਾਂ ਹੱਟ ਪਸਾਰਾ, ਏਕਾ ਘਾਟ ਜਣਾਈਆ । ਲੱਖ ਚੁਰਾਸੀ ਕਰ ਵਣਜਾਰਾ, ਏਕਾ ਵਸਤ ਰਿਹਾ

ਵਰਤਾਈਆ । ਨਿਰਗੁਣ ਰੂਪ ਅਗੰਮ ਅਪਾਰਾ, ਤ੍ਰੈ ਤ੍ਰੈ ਵੇਸ ਵਟਾਈਆ । ਪੰਚਮ ਪੰਚਮ ਮੀਤ ਮੁਰਾਰਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਰੰਗ ਰੰਗਾਈਆ । ਮਨ ਮਤ ਬੁਧ ਦਏ ਆਧਾਰਾ, ਪੰਜ ਤੱਤ ਮੇਲ ਮਿਲਾਈਆ । ਅਠ ਤੱਤ ਬਣਾਏ ਇਕ ਮੁਨਾਰਾ, ਨੌ ਦਰ ਖੋਲ੍ਹ ਖੁਲ੍ਹਾਈਆ । ਆਪਣਾ ਖੇਲ ਕਰੇ ਅਪਾਰਾ, ਘਰ ਘਰ ਵਿਚ ਲਏ ਟਿਕਾਈਆ । ਉਚ ਮਹੱਲ ਅਟੱਲ ਮੁਨਾਰਾ, ਚਾਰ ਦਿਵਾਰ ਨਾ ਕੋਇ ਰਖਾਈਆ । ਦੀਵਾ ਬਾਤੀ ਇਕ ਉਜਿਆਰਾ, ਦਿਵਸ ਰੈਣ ਡਗਮਗਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਅਨਹਦ ਤਾਲ ਵਜਾਈਆ । ਅੰਮ੍ਰਿਤ ਬਰਖ਼ੇ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਕਵਲ ਕਵਲਾ ਮੁਖ ਉਘਾੜਾ, ਨਾਭੀ ਨਾਭ ਭਵਾਈਆ । ਬਜਰ ਕਪਾਟੀ ਤੋੜੇ ਤਾਲਾ, ਵਡ ਦਾਤਾ ਬੇਪਰਵਾਹੀਆ । ਆਤਮ ਸੇਜਾ ਸਚ ਅਖਾੜਾ, ਆਪੇ ਬੈਠਾ ਲਾਈਆ । ਹੋਏ ਪਰਕਾਸ਼ ਬਹੱਤਰ ਨਾੜਾ, ਅੰਧ ਅੰਧੇਰ ਦਿਸ ਨਾ ਆਈਆ । ਸ਼ਬਦ ਗੁਰ ਸਾਚਾ ਲਾੜਾ, ਨਿਜ ਨੇਤਰ ਬੈਠਾ ਰਾਹ ਤਕਾਈਆ । ਗੁਰਮੁਖ ਨਾਰੀ ਕਰ ਪਿਆਰਾ, ਆਪਣੇ ਅੰਕ ਸਮਾਈਆ । ਏਕਾ ਸੇਜਾ ਸੁੱਤੇ ਪੈਰ ਪਸਾਰਾ, ਜੋਤੀ ਸ਼ਬਦੀ ਕਰੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਰੂਪ ਅਪਾਰਾ, ਭੇਵ ਅਭੇਦ ਆਪ ਹੋ ਜਾਈਆ । ਰਵ ਸਸ ਨਾ ਕੋਇ ਉਜਿਆਰਾ, ਸੂਰਜ ਚੰਨ ਨਾ ਕੋਇ ਰੁਸ਼ਨਾਈਆ । ਮਾਤ ਪਿਤ ਨਾ ਕੋਇ ਪਿਆਰਾ, ਭਾਈ ਭੈਣ ਨਾ ਕੋਇ ਦਸਾਈਆ । ਧੀਆਂ ਪੁੱਤਰ ਨਾ ਕੋਇ ਪਸਾਰਾ, ਨਾਰ ਕੰਤ ਨਾ ਕੋਇ ਹੰਢਾਈਆ । ਨਿਰਗੁਣ ਮੇਲਾ ਨਿਰਗੁਣ ਧਾਰਾ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਜੋਤ ਜਗੇ ਅਗੰਮ ਅਪਾਰਾ, ਕਾਇਆ ਮੰਦਰ
੧੫੧ ਆਪ ਸੁਹਾਈਆ । ਸੰਤ ਸੁਹੇਲੇ ਕਰ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਗੁਰਮੁਖ ਰਖਾਏ ਚਰਨ ਦਵਾਰਾ, ਚਰਨ ਚਰਨੋਦਕ ਮੁਖ ੧੫੧
੦੮ ਚਵਾਈਆ । ਸਫ਼ਲ ਕਰਾਏ ਕੁੱਖ ਵਿਚ ਸੰਸਾਰਾ, ਜੋ ਜਨ ਰਹੇ ਸਰਨਾਈਆ । ਮਨਮੁਖ ਲੁਕ ਲੁਕ ਵੇਖਣ ਭੇਵ ਨਾ ਪਾਇਣ ਹਰਿ ਕਰਤਾਰਾ, ਕਾਮ ੦੮
ਕਰੋਧ ਲੋਭ ਮੋਹ ਹੰਕਾਰ ਹੋਈ ਹਲਕਾਈਆ । ਜਗਤ ਤ੍ਰਿਸਨਾ ਹਾਹਾਕਾਰਾ, ਦਿਵਸ ਰੈਣ ਰਹੀ ਕੁਰਲਾਈਆ । ਜੂਠਾ ਝੂਠਾ ਲਾਇਆ ਨਾਅਰਾ, ਚਾਰੋਂ ਕੁੰਟ ਸੁਣਾਈਆ । ਨਾਤਾ ਤੁੱਟਾ ਪਰਵਰਦਿਗਾਰਾ, ਮਿਲਿਆ ਮੇਲ ਨਾ ਸਾਚੇ ਮਾਹੀਆ । ਵਿਭਚਾਰ ਹੋਈ ਨਾਰ ਕਮਜ਼ਾਤਾ, ਉਤਮ ਜ਼ਾਤਾ ਨਾ ਕੋਇ ਬਣਾਈਆ । ਪਾਇਆ ਦਰਸ ਨਾ ਪੁਰਖ ਬਿਧਾਤਾ, ਮਾਨਸ ਮਾਨੁਖ ਗਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਆਪਣੀ ਕਾਰ ਕਮਾਈਆ । ਕਾਰ ਕਰਾਏ ਹਰਿ ਹਰਿ ਮੀਤਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਜਾਣੇ ਆਪਣੀ ਰੀਤਾ, ਆਪ ਆਪਣੀ ਬਣਤ ਬਣਾਇਆ । ਆਪੇ ਠਾਂਡਾ ਆਪੇ ਸੀਤਾ, ਆਪੇ ਅਗਨੀ ਤੱਤ ਜਲਾਇਆ । ਆਪੇ ਮਨ ਮਤ ਵੇਖੇ ਆਪਣੀ ਰੀਤਾ, ਆਪੇ ਸਾਂਤਕ ਸਤਿ ਕਰਾਇਆ । ਆਪੇ ਵੇਦ ਪੁਰਾਨ ਸ਼ਾਸਤਰ ਗਾਏ ਗੀਤਾ, ਅੰਜੀਲ ਕੁਰਾਨ ਆਪ ਅਲਾਇਆ । ਆਪੇ ਵਸਿਆ ਹਸਤ ਕੀਟਾ, ਊਚਾਂ ਨੀਚਾਂ ਡੇਰਾ ਲਾਇਆ । ਆਪੇ ਖਾਣੀ ਬਾਣੀ ਵਸੇ ਹਰਿ ਹਰਿ ਮੀਠਾ, ਹਰਿ ਮੀਠਾ ਨਾਮ ਉਪਾਇਆ । ਆਪੇ ਸ਼ਬਦ ਅਨਾਦੀ ਗਾਏ ਅਨਡੀਠਾ, ਲਿਖਤ ਪੜ੍ਹਨ ਵਿਚ ਨਾ ਆਇਆ । ਆਪੇ ਤ੍ਰੈਗੁਣ ਮਾਇਆ ਤਪਿਆ ਅੰਗੀਠਾ, ਲੱਖ ਚੁਰਾਸੀ ਦਏ ਜਲਾਇਆ । ਆਪੇ ਕੌੜਾ ਕਰੇ ਮਿਠਾ ਰੀਠਾ, ਗੁਰਮੁਖ ਸਾਚੇ ਲਏ ਤਰਾਇਆ । ਆਪੇ ਪਰਖਣਹਾਰਾ ਨੀਤਾ, ਨਿਝ ਘਰ ਬੈਠਾ ਸੇਜ ਵਛਾਇਆ । ਆਪੇ ਪਤਤ ਆਪ ਪੁਨੀਤਾ, ਪਤਤ ਪਾਪੀ ਆਪ ਅਖਵਾਇਆ । ਆਪੇ ਮੰਦਰ ਮਸਜਿਦ ਦੇਹੁਰਾ ਗੁਰੂਦਵਾਰ ਮੱਠ ਮਸੀਤਾ, ਸ਼ਿਵਦਵਾਲਾ ਆਪ ਉਪਾਇਆ । ਆਪੇ

ਰਾਮਾ ਆਪੇ ਸੀਤਾ, ਆਪੇ ਰਾਧਾ ਕ੍ਰਿਸ਼ਨ ਹੰਢਾਇਆ । ਆਪੇ ਭਗਤ ਸੰਤ ਰਹੇ ਅਤੀਤਾ, ਰਾਮ ਨਾਮ ਆਪ ਦ੍ਰਿੜਾਇਆ । ਆਪੇ ਈਸਾ ਮੂਸਾ ਵੇਸ ਕੀਤਾ, ਆਪ ਆਪਣੀ ਅਲਖ ਜਗਾਇਆ । ਆਪੇ ਸੰਗ ਮੁਹੰਮਦ ਚਾਰ ਯਾਰ ਵਸਿਆ ਚੀਤਾ, ਅੱਲਾ ਰਾਣੀ ਆਪ ਪਰਨਾਇਆ । ਆਪੇ ਨਿਰਗੁਣ ਨਾਨਕ ਖੇਵਟ ਖੇਟਾ, ਪਾਰਬ੍ਰਹਮ ਵੇਸ ਵਟਾਇਆ । ਆਪੇ ਗੋਬਿੰਦ ਦਸ ਦਸ ਮੀਤਾ, ਘਰ ਸਾਚਾ ਇਕ ਵਖਾਇਆ । ਵਰਨ ਬਰਨ ਆਪੇ ਜਾਣੇ ਆਪਣੀ ਰੀਤਾ, ਜੁਗ ਜੁਗ ਆਪਣੀ ਧਾਰ ਚਲਾਇਆ । ਜਨ ਭਗਤਾਂ ਵਸਿਆ ਕਾਇਆ ਮੰਦਰ ਤਨ ਤਨ ਮਨ ਮਨ ਚੀਤਾ, ਤਨ ਮਨ ਭਰਮ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਖੇਲ ਖਲਾਇਆ । ਸਰਗੁਣ ਮੇਲਾ ਹਰਿ ਕਰਤਾਰਾ, ਆਦਿ ਜੁਗਾਦਿ ਕਰਾਇੰਦਾ । ਜੁਗ ਜੁਗ ਖੇਲੇ ਖੇਲ ਅਪਾਰਾ, ਆਪਣੀ ਕਲ ਵਰਤਾਇੰਦਾ । ਜੋਤੀ ਨੂਰ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਨਾਮ ਨਾਮ ਨਾਮ ਭੰਡਾਰਾ, ਹਰਿ ਨਾਮਾ ਆਪ ਵਰਤਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਏਕਾ ਨਾਅਰਾ ਲਾਇੰਦਾ । ਗੁਰੂ ਗੁਰੂ ਗੁਰ ਅਵਤਾਰਾ, ਪਾਰਬ੍ਰਹਮ ਵੇਸ ਵਟਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਲੇਖਾ ਲਿਖਤ ਵਿਚ ਨਾ ਆਇੰਦਾ । ਨਾ ਜਨਮੇ ਨਾ ਮਰੇ ਆਵੇ ਜਾਵੇ ਵਾਰੋ ਵਾਰਾ, ਸਰਗੁਣ ਨਿਰਗੁਣ ਵੇਖ ਵਖਾਇੰਦਾ । ਬ੍ਰਹਮ ਪਾਰਬ੍ਰਹਮ ਏਕਾ ਧਾਰਾ, ਏਕਾ ਰੰਗ ਰੰਗਾਇੰਦਾ । ਕੂੜੀ ਕਿਰਿਆ ਮੇਟ ਪਸਾਰਾ, ਸਤਿ ਸਤਿ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਅੰਤਮ ਡੇਰਾ ਢਾਇੰਦਾ । ਚਾਰੋਂ ਕੁੰਟ ਪਾਵੇ ਸਾਰਾ, ਦਹਿ ਦਿਸ਼ਾ ਫੋਲ ਫੋਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਆਪ ਉਠਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਉਠਾਏ ਏਕਾ ਵਾਰਾ, ਏਕਾ ਧੱਕਾ ਲਾਇੰਦਾ । ਮੱਕਾ ਕਾਅਬਾ ਪਾਏ ਸਾਰਾ, ਦੋ ਦੋ ਆਬਾ ਵੇਖ ਵਖਾਇੰਦਾ । ਹੱਕ ਜਨਾਬ ਪਰਵਰਦਿਗਾਰਾ, ਖ਼ਲਕ ਖ਼ੁਦਾਈ ਵਿਚ ਸਮਾਇੰਦਾ । ਖ਼ਾਲਕ ਖ਼ਲਕ ਇਕ ਪਿਆਰਾ, ਏਕਾ ਘਰ ਵਖਾਇੰਦਾ । ਏਕਾ ਹੱਕ ਬਹੱਕ ਲਾਏ ਨਾਅਰਾ, ਹੱਕ ਹਕੀਕਤ ਇਕ ਜਣਾਇੰਦਾ । ਲਾਸ਼ਰੀਕ ਇਕ ਨਿਰੰਕਾਰਾ, ਵਾਹਦ ਖ਼ੁਦਾ ਆਪ ਅਖਵਾਇੰਦਾ । ਰਾਮ ਕ੍ਰਿਸ਼ਨ ਰੂਪ ਹਰਿ ਨਿਰੰਕਾਰਾ, ਵੇਸ ਵੇਸੀ ਆਪ ਵਟਾਇੰਦਾ । ਦੇਸ ਪਰਦੇਸਾ ਬੋਲ ਜੈਕਾਰਾ, ਜੁਗ ਜੁਗ ਆਪਣੀ ਅਲਖ ਜਗਾਇੰਦਾ । ਅੰਜੀਲ ਕੁਰਾਨ ਕਰ ਤਿਆਰਾ, ਤੀਸ ਬਤੀਸ ਆਪੇ ਗਾਇੰਦਾ । ਰਾਗ ਛਤੀਸ ਹੋ ਉਜਿਆਰਾ, ਘਰ ਘਰ ਮੰਗਲ ਸੁਣਾਇੰਦਾ । ਪੁਰਾਨ ਅਠਾਰਾਂ ਕਰ ਤਿਆਰਾ, ਵੇਦ ਵਿਆਸਾ ਰੰਗ ਰੰਗਾਇੰਦਾ । ਚਾਰੇ ਵੇਦਾਂ ਖ਼ਬਰਦਾਰਾ, ਚਾਰੇ ਯੁਗ ਸੇਵ ਕਮਾਇੰਦਾ । ਬ੍ਰਹਮਾ ਵੇਤਾ ਬਣ ਵਰਤਾਰਾ, ਜਗਤ ਭੰਡਾਰਾ ਹੱਥ ਰਖਾਇੰਦਾ । ਵਿਸ਼ਨੂੰ ਦੇਵੇ ਇਕ ਸਹਾਰਾ, ਏਕਾ ਕਰਮ ਕਮਾਇੰਦਾ । ਸ਼ੰਕਰ ਤੇਰਾ ਖੇਲ ਨਿਆਰਾ, ਪ੍ਰਭ ਸਾਚੀ ਸੇਵ ਲਾਇੰਦਾ । ਨਿਰਗੁਣ ਵਸਿਆ ਸਭ ਤੋਂ ਬਾਹਰਾ, ਆਦਿ ਜੁਗਾਦੀ ਨਾਉਂ ਧਰਾਇੰਦਾ । ਲੱਖ ਚੁਰਾਸੀ ਹੋ ਉਜਿਆਰਾ, ਘਰ ਘਰ ਡੰਕ ਵਜਾਇੰਦਾ । ਸਾਧਾਂ ਸੰਤਾਂ ਪਾਵੇ ਸਾਰਾ, ਆਪ ਆਪਣਾ ਦਰ ਸੁਹਾਇੰਦਾ । ਕਲਜੁਗ ਅੰਤਮ ਕੂੜੋ ਕੂੜ ਵੇਖ ਪਸਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸ਼ਬਦ ਗੁਰ ਲਏ ਅਵਤਾਰਾ, ਜੋਤ ਨਿਰੰਜਣ ਸੇਵਾ ਲਾਇੰਦਾ । ਆਦਿ ਨਿਰੰਜਣ ਪਾਏ ਸਾਰਾ, ਏਕਾ ਦਰ ਖੁਲ੍ਹਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਸੋ ਪੁਰਖ ਨਿਰੰਜਣ ਹੱਥ ਉਠਾਇੰਦਾ । ਹੰ ਹੰਗਤਾ ਕਰੇ ਖੁਆਰਾ, ਏਕਾ ਬ੍ਰਹਮ ਵਖਾਇੰਦਾ । ਚਾਰ ਵਰਨ ਸੁਹਾਏ ਇਕ ਦਵਾਰਾ, ਜ਼ਾਤ ਪਾਤ ਨਾ ਕੋਈ ਬਣਾਇੰਦਾ । ਏਕਾ ਸ਼ਬਦ ਏਕਾ ਨਾਅਰਾ, ਏਕਾ ਕਲਮਾ ਅਮਾਮ ਪੜ੍ਹਾਇੰਦਾ । ਏਕਾ

ਰਾਮ ਕ੍ਰਿਸ਼ਨ ਕਰ ਪਿਆਰਾ, ਨਾਨਕ ਗੋਬਿੰਦ ਵੇਖ ਵਖਾਇੰਦਾ । ਸੋਹੰ ਸ਼ਬਦ ਹਰਿ ਅਪਾਰਾ, ਆਦਿ ਜੁਗਾਦੀ ਆਪ ਚਲਾਇੰਦਾ । ਸਤਿਜੁਗ ਤੇਰੀ ਬੰਨੇ ਧਾਰਾ, ਆਪ ਆਪਣੀ ਕਲ ਵਰਤਾਇੰਦਾ । ਨੌ ਖੰਡ ਪ੍ਰਿਥਮੀ ਇਕ ਜੈਕਾਰਾ, ਸੱਤਾਂ ਦੀਪਾਂ ਆਪ ਜਣਾਇੰਦਾ । ਸਰਬ ਜੀਆਂ ਦਾ ਇਕ ਭੰਡਾਰਾ, ਏਕਾ ਹਰਿ ਵਰਤਾਇੰਦਾ । ਬੁੱਧ ਬਿਬੇਕੀ ਕਰ ਅਧਾਰਾ, ਸਾਂਤਕ ਸਤਿ ਰਖਾਇੰਦਾ । ਰਾਜਸ ਰਾਜ ਜੋਗ ਇਕ ਅਧਾਰਾ, ਏਕਾ ਮਾਰਗ ਲਾਇੰਦਾ । ਤਾਮਸ ਤ੍ਰਿਸਨਾ ਕਰ ਖੁਵਾਰਾ, ਕਲਜੁਗ ਝੋਲੀ ਪਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਸਚ ਸਿੰਘਾਸਣ ਬੈਠ ਆਪ ਕਰਤਾਰਾ, ਜਰਮ ਕਰਮ ਧਰਮ ਸਰਬ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਦਰ ਘਰ ਏਕਾ ਏਕ ਬੁਝਾਇੰਦਾ ।

ਦੇਵਣਹਾਰਾ ਸਾਚੀ ਵੱਥ, ਏਕਾ ਪੁਰਖ ਅਕਾਲਿਆ । ਸਰਬ ਕਲ ਆਪੇ ਸਮਰਥ, ਦੀਨ ਮਜ਼੍ਹਬ ਦੀਨ ਦਿਆਲਿਆ । ਹਰਿਜਨ ਚੜ੍ਹਾਏ ਨਾਮ ਰਥ, ਜੁਗ ਜੁਗ ਅਵੱਲੜੀ ਚਾਲਿਆ । ਸ਼ਬਦ ਜਣਾਈ ਮਹਿਮਾ ਅਕਥ, ਕਾਇਆ ਮੰਦਰ ਸੱਚੀ ਧਰਮਸਾਲਿਆ । ਜਗਤ ਵਿਕਾਰਾ ਪਾਏ ਨੱਥ, ਡੋਰੀ ਆਪਣੇ ਹੱਥ ਰਖਾ ਲਿਆ । ਲਹਿਣਾ ਦੇਣਾ ਚੁਕਾਏ ਮਸਤਕ ਮੱਥ, ਪੂਰਬ ਝੋਲੀ ਆਪ ਭਰਾ ਰਿਹਾ । ਹਉਮੇ ਹੰਗਤਾ ਬੁਰਜ ਜਾਏ ਢੱਠ, ਜਿਸ ਜਨ ਰਸਨਾ ਸੋਹੰ ਗਾ ਲਿਆ । ਲੇਖਾ ਚੁਕੇ ਤੀਰਥ ਅਠਸਠ, ਚਰਨ ਧੂੜ ਜਨ ਨੁਹਾ ਲਿਆ । ਸਾਚੀ ਪੂਜਾ ਪਾਠ, ਅੱਖਰ ਵੱਖਰ ਇਕ ਸੁਣਾ ਲਿਆ । ਮੇਟੇ ਰੈਣ ਅੰਧੇਰੀ ਰਾਤ, ਗੁਰ ਸ਼ਬਦੀ ਚੰਦ ਚੜ੍ਹਾ ਲਿਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਾਮ ਪਿਆਲਾ ਆਪ ਪਿਆ ਲਿਆ । ਆਪ ਜਣਾਏ ਆਪਣੀ ਗਾਥ, ਆਪਣਾ ਮਾਰਗ ਆਪ ਸਿਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਇਕ ਸੁਹਾ ਲਿਆ । ਘਰ ਮੰਦਰ ਸਚ ਦਵਾਰਾ, ਹਰਿ ਸੱਜਣ ਵੇਖ ਵਖਾਈਆ । ਦਰਸ ਦਿਖਾਏ ਅਗੰਮ ਅਪਾਰਾ, ਆਪ ਆਪਣਾ ਰੂਪ ਵਟਾਈਆ । ਨੇਤਰ ਜੋਤ ਕਰ ਉਜਿਆਰਾ, ਦਿਬ ਨੇਤਰ ਆਪ ਖੁਲਾਈਆ । ਸ਼ਬਦੀ ਸ਼ਬਦ ਸ਼ਬਦ ਭੰਡਾਰਾ, ਗੁਰ ਸਤਿਗੁਰ ਝੋਲੀ ਪਾਈਆ । ਸੰਤਨ ਸਤਿ ਸਤਿ ਮੀਤ ਮੁਰਾਰਾ, ਸਤਿ ਪੁਰਖ ਵੱਡੀ ਵਡਿਆਈਆ । ਖੇਲੇ ਖੇਲ ਏਕੰਕਾਰਾ, ਅਕਲ ਕਲ ਧਾਰੀ ਭੇਵ ਨਾ ਰਾਈਆ । ਜ਼ਾਤ ਅਜ਼ਾਤੀ ਵਸਿਆ ਬਾਹਰਾ, ਵਰਨ ਗੋਤ ਨਾ ਕੋਈ ਬਣਾਈਆ । ਊਚਾਂ ਨੀਚਾਂ ਕਰੇ ਇਕ ਪਿਆਰਾ, ਗਰੀਬ ਨਿਮਾਣੇ ਗਲੇ ਲਗਾਈਆ । ਸਾਚੋ ਸਚ ਸਚ ਵਰਤਾਰਾ, ਸਚ ਸੁੱਚ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਏਕਾ ਵਰ, ਏਕਾ ਘਰ ਏਕਾ ਦਰ ਏਕਾ ਹਰਿ ਖੁਲ੍ਹਾਈਆ ।

✪ ੨੩ ਮਾਘ ੨੦੧੫ ਬਿਕ੍ਰਮੀ ਮੁਨਸ਼ਾ ਸਿੰਘ ਦੇ ਘਰ ਪਿੰਡ ਨੌਸ਼ਹਿਰਾ ਗੁਰਦਾਸ ਪੁਰ ✪

ਸਤਿਗੁਰ ਪੂਰਾ ਸਰਬੰਗ ਪੁਰਖ ਅਕਾਲ ਅਖਵਾ ਰਿਹਾ । ਨਿਰਗੁਣ ਜੋਤ ਨੂਰ ਉਜਾਲਾ, ਏਕਾ ਏਕ ਏਕੰਕਾਰਿਆ । ਪਰਗਟ ਹੋਏ

ਗੁਰ ਗੋਪਾਲਾ, ਸ਼ਬਦੀ ਡੰਕ ਵਜਾ ਰਿਹਾ । ਆਦਿ ਜੁਗਾਦੀ ਖੇਲ ਨਿਰਾਲਾ, ਭੇਵ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਖ ਵਖਾ ਰਿਹਾ । ਨਿਰਗੁਣ ਜੋਤ ਮੂਰਤ ਅਕਾਲ, ਅਜੂਨੀ ਰਹਿਤ ਅਖਵਾਇੰਦਾ । ਸਚ ਘਰ ਬੈਠ ਸੱਚੀ ਧਰਮਸਾਲ, ਥਿਰ ਘਰ ਸਾਚੇ ਆਸਣ ਲਾਇੰਦਾ । ਸ਼ਬਦੀ ਸ਼ਬਦ ਵਜਾਏ ਤਾਲ, ਨਾਦ ਅਨਾਦੀ ਇਕ ਵਜਾਇੰਦਾ । ਆਪੇ ਚਲੇ ਆਪਣੀ ਚਾਲ, ਚਾਲ ਅਵੱਲੜੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਰੂਪ ਸ਼ਾਹੋ ਭੂਪ, ਹਰਿ ਪੁਰਖ ਸੁਲਤਾਨਿਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਲ ਫੁਲਾਨਿਆ । ਆਪਣੀ ਜੋਤੀ ਆਪੇ ਰਿਹਾ ਫੂਟ, ਪਾਰਬ੍ਰਹਮ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਦੋ ਜਹਾਨਿਆ । ਨਿਰਗੁਣ ਖੇਲ ਪੁਰਖ ਸਮਰਥ, ਹਰਿ ਹਰਿ ਵੱਡੀ ਵਡਿਆਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਬੇਪਰਵਾਹੀਆ । ਜਗਤ ਵਿਕਾਰਾ ਦੇਵੇ ਮੱਥ, ਸ਼ਬਦ ਖੰਡਾ ਹੱਥ ਉਠਾਈਆ । ਜਨ ਭਗਤਾਂ ਦੇਵੇ ਨਾਮ ਵੱਥ, ਅੰਤਰ ਮੰਤਰ ਇਕ ਜਣਾਈਆ । ਸਗਲ ਵਿਸੂਰੇ ਜਾਇਣ ਲੱਥ, ਜਿਸ ਜਨ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਜੁਗ ਜੁਗ ਧਾਰ ਹਰਿ ਕਰਤਾਰ, ਆਪਣੀ ਆਪ ਬੰਧਾਇਆ । ਅਲਖ ਅਗੋਚਰ ਅਗੰਮ ਅਪਾਰ, ਬੇਪਰਵਾਹ ਆਪ ਅਖਵਾਇਆ । ਅਕਲ ਕਲ ਏਕੰਕਾਰ, ਅਕਲ ਕਲ ਸਮਾਇਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇਆ । ਕਲ ਵਰਤੰਤਾ ਹਰਿ ਭਗਵੰਤਾ, ਏਕਾ ਪੁਰਖ ਅਕਾਲਿਆ । ਖੇਲੇ ਖੇਲ ਜੁਗਾ ਜੁਗੰਤਾ, ਦੀਨਾਂ ਬੰਧਪ ਦੀਨ ਦਿਆਲਿਆ । ਮੇਲ ਮਿਲਾਵਾ ਸਾਚੇ ਸੰਤਾ, ਘਰ ਸਾਚਾ ਇਕ ਸੁਹਾ ਲਿਆ । ਆਪਣੀ ਮਹਿਮਾ ਜਾਣੇ ਅਗਣਤਾ, ਲੇਖਾ ਲਿਖਤ ਨਾ ਕਿਸੇ ਵਖਾ ਲਿਆ । ਆਪੇ ਨਾਰੀ ਆਪੇ ਕੰਤਾ, ਪੂਤ ਸਪੂਤਾ ਆਪ ਅਖਵਾ ਲਿਆ । ਆਪੇ ਲੱਖ ਚੁਰਾਸੀ ਵਸਿਆ ਜੀਆਂ ਜੰਤਾ, ਅਜੂਨੀ ਰਹਿਤ ਨਾਮ ਧਰਾ ਲਿਆ । ਆਪੇ ਰਸਨਾ ਜੇਹਵਾ ਮਣੀਆ ਮੰਤਾ, ਪਵਣ ਸਵਾਸੀ ਆਪ ਚਲਾ ਲਿਆ । ਆਪੇ ਹਉਮੇ ਗੜ੍ਹ ਹੰਗਤਾ, ਆਪੇ ਮਾਇਆ ਮੋਹ ਫਸਾ ਲਿਆ । ਆਪੇ ਭੁੱਖਾ ਆਪੇ ਨੰਗਤਾ, ਆਪੇ ਦਰ ਦਰ ਅਲਖ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾ ਲਿਆ । ਆਪਣਾ ਜੁਗ ਜੁਗ ਖੇਲ ਆਪੇ ਕਰ, ਆਪਣੀ ਕਲ ਵਰਤਾਇੰਦਾ । ਸਤਿਜੁਗ ਤ੍ਰੇਤਾ ਗਿਆ ਹਰ, ਦੁਆਪਰ ਪਾਰ ਵਖਾਇੰਦਾ । ਕਲਜੁਗ ਸਾਜਣ ਘਾੜਨ ਘੜ, ਲੋਕਮਾਤ ਵਖਾਇੰਦਾ । ਵਰਨ ਬਰਨਾਂ ਵੇਖੇ ਖੜ, ਜੀਵ ਜੰਤ ਕੁਰਲਾਇੰਦਾ । ਅਗਨੀ ਅਗਨ ਰਹੇ ਸੜ, ਸਾਂਤਕ ਸਤਿ ਨਾ ਕੋਈ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਪਰਗਟ ਹੋਇਆ ਹਰਿ ਨਿਹਕਲੰਕ, ਲੋਕਮਾਤ ਵੱਜੀ ਵਧਾਈਆ । ਆਪ ਉਠਾਏ ਰਾਓ ਰੰਕ, ਸਾਹ ਸੁਲਤਾਨਾਂ ਆਪ ਜਗਾਈਆ । ਨਾਉਂ ਧਰਾਏ ਵਾਸੀ ਪੁਰੀ ਘਨਕ, ਸੰਬਲ ਡੇਰਾ ਲਾਈਆ । ਗੁਰਸਿਖ ਉਧਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਈਆ । ਜੋਤੀ ਸ਼ਬਦੀ ਲਾਏ ਤਨਕ, ਏਕਾ ਏਕ ਵਖਾਈਆ । ਗੁਰਸਿਖਾਂ ਸੁਹਾਏ ਦਵਾਰ ਬੰਕ, ਸਤਿਗੁਰ ਪੂਰੇ ਹੱਥ ਵਡਿਆਈਆ । ਜਿਸ ਜਨ ਆਪ ਫਿਰਾਏ ਮਨ ਕਾ ਮਨਕ, ਸੋ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਕਰੇ ਰੁਸ਼ਨਾਈਆ । ਨਿਹਕਲੰਕ ਜੋਤੀ ਜਾਮਾ, ਹਰਿ ਹਰਿ ਆਪੇ ਪਾਇੰਦਾ । ਸੋਹੰ ਵੱਜੇ ਸਚ ਦਮਾਮਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਆਪੇ ਜਾਣੇ ਆਪਣਾ ਕੰਮਾ, ਕਰਨਹਾਰ ਆਪ ਅਖਵਾਇੰਦਾ । ਆਪੇ ਕ੍ਰਿਸ਼ਨ ਆਪੇ ਰਾਮਾ, ਰੂਪ ਰਾਮ ਆਪ ਵਖਾਇੰਦਾ । ਨਾਨਕ ਗੋਬਿੰਦ ਹੋ ਪਰਧਾਨਾ, ਕਲਜੁਗ ਅੰਤਮ ਵੇਖ ਵਖਾਇੰਦਾ । ਨਾਮ ਸਤਿ ਧੁਰ ਫ਼ਰਮਾਣਾ, ਜੀਆਂ ਜੰਤਾਂ ਆਪ ਸੁਣਾਇੰਦਾ । ਚਾਰ ਵਰਨਾਂ ਦੇਵੇ ਇਕ ਗਿਆਨਾ, ਏਕਾ ਬੂਝ ਬੁਝਾਇੰਦਾ । ਸਤਿ ਪੁਰਖ ਨਿਰੰਜਣ ਮੇਲ ਮਿਲਾਨਾ, ਏਕਾ ਰੰਗ ਰੰਗਾਇੰਦਾ । ਸਤਿ ਸੰਤੋਖੀ ਬੰਨੇ ਗਾਨਾ, ਧੀਰਜ ਜਤ ਧਰਾਇੰਦਾ । ਚਰਨ ਧੂੜ ਕਰਾਏ ਸਚ ਅਸਨਾਨਾ, ਸਤਿਗੁਰ ਨਾਨਕ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਨਾਉਂ ਰਖਾਇੰਦਾ । ਸਤਿਗੁਰ ਨਾਨਕ ਨਿਰਗੁਣ ਧਾਰ, ਲੋਕਮਾਤ ਆਪ ਚਲਾਈਆ । ਲੋਕਮਾਤ ਕਰ ਉਜਿਆਰ, ਚਾਰੋਂ ਕੁੰਟ ਫੇਰਾ ਪਾਈਆ । ਵਰਨਾਂ ਬਰਨਾਂ ਇਕ ਅਧਾਰ, ਏਕਾ ਬੂਝ ਬੁਝਾਈਆ । ਕਰੇ ਕਰਾਏ ਏਕਾ ਕਾਰ, ਏਕਾ ਵੇਖ ਵਖਾਈਆ । ਜੁਗ ਜੁਗ ਬੰਨੇ ਸਾਚੀ ਧਾਰ, ਸਾਚੇ ਵਡ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰ ਪਸਾਰ, ਵੇਖਣਹਾਰਾ ਸਹਿਜ ਸਬਾਈਆ । ਪੰਜ ਤੱਤ ਕਰ ਅਕਾਰ, ਮਨ ਮਤ ਬੁਧ ਵਿਚ ਟਿਕਾਈਆ । ਕਲਜੁਗ ਕਾਇਆ ਦਏ ਅਧਾਰ, ਏਕਾ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਏਕਾ ਕਰ, ਏਕਾ ਅਲਖ ਜਗਾਈਆ ।

੧੫੫
੦੮
੧੫੫
੦੮

ਨਿਰਗੁਣ ਜੋਤ ਸੱਚੇ ਪਾਤਸ਼ਾਹ, ਪੰਜ ਤੱਤ ਨਾ ਕੋਈ ਰਖਾਈਆ । ਹਰਿ ਸ਼ਬਦ ਚਲਾਏ ਸਾਚਾ ਰਥ, ਹਰਿ ਵੱਡਾ ਵਡ ਵਡਿਆਈਆ । ਪੁਰਖ ਅਕਾਲ ਜਪਾਏ ਏਕਾ ਨਾਂ, ਨਾ ਕੋਈ ਪੂਜ ਪੁਜਾਈਆ । ਸ੍ਰਿਸ਼ਟ ਸਬਾਈ ਪਿਤਾ ਮਾਂ, ਏਕਾ ਏਕ ਅਖਵਾਈਆ । ਚਾਰ ਵਰਨਾਂ ਪਕੜੇ ਬਾਂਹ, ਅਠਾਰਾਂ ਵਰਨ ਦਏ ਸਰਨਾਈਆ । ਨਾਨਕ ਨਿਰਗੁਣ ਗਿਆ ਸਮਝਾ, ਊਚ ਨੀਚ ਨਾ ਕੋਈ ਦਿਸਾਈਆ । ਗੁਰ ਗੋਬਿੰਦ ਅੰਮ੍ਰਿਤ ਗਿਆ ਪਿਆ, ਇਕ ਪਿਆਲਾ ਭਰ ਵਖਾਈਆ । ਗੁਰੂ ਗ੍ਰੰਥ ਵਿਚੋਲਾ ਵਿਚ ਧਰਾ, ਸਤਿਗੁਰ ਅਰਜਨ ਲੇਖ ਲਿਖਾਈਆ । ਦੂਈ ਦਵੈਤੀ ਨਾ ਵਸੇ ਕਿਸੇ ਥਾਂ, ਜੋ ਜਨ ਸ਼ਬਦੀ ਖੋਜ ਖੋਜਾਈਆ । ਸ੍ਰਿਸ਼ਟ ਸਬਾਈ ਨਾਤਾ ਤੁਟੇ ਭੈਣ ਭਰਾ, ਏਕਾ ਅੱਖਰ ਵਖਾਈਆ । ਦੁਰਮਤ ਮੈਲ ਦਏ ਗਵਾ, ਜੋ ਜਨ ਨਾਨਕ ਮਾਰਗ ਪਾਈਆ । ਗੁਰ ਗੋਬਿੰਦ ਦਰਸ ਦਏ ਦਿਖਾ, ਪੰਚਮ ਪੰਚਮ ਮੋਹ ਚੁਕਾਈਆ । ਸ੍ਰਿਸ਼ਟ ਸਬਾਈ ਹਰਿ ਕਾ ਨਾਮ ਗਈ ਭੁਲਾ, ਘਰ ਘਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਸਾ ਤ੍ਰਿਸਨਾ ਲਈ ਵਧਾ, ਸਾਂਤਕ ਸਤਿ ਨਾ ਕੋਈ ਵਸਾਈਆ । ਅਕਾਲ ਪੁਰਖ ਪ੍ਰਭ ਬੇਪਰਵਾਹ, ਆਦਿ ਜੁਗਾਦਿ ਵੇਖੇ ਵੇਖ ਵਖਾਈਆ । ਕਲਜੁਗ ਅੰਤਮ ਪਰਗਟ ਹੋਵੇ ਆਪੇ ਜਾਣੇ ਆਪਣਾ ਨਾਂ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਨਾਨਕ ਗੋਬਿੰਦ ਜੋ ਜੋ ਲਿਖਤ ਗਏ ਕਰਾ, ਉਸ ਦਾ ਪੂਰਨਾ ਰਿਹਾ ਪਾਈਆ । ਭਰਮ ਭੁਲੇਖਾ ਕੋਈ ਰੱਖੇ ਨਾ, ਏਕਾ ਜੋਤ ਆਦਿ ਜੁਗਾਦਿ ਸਮਾਈਆ । ਗੁਰੂ ਗ੍ਰੰਥ ਗੁਰ ਇਸ਼ਟ ਮਨਾ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਦੂਜਾ ਪੁਰਖ ਅਕਾਲ ਲੈਣਾ ਮਨਾ, ਜੋ ਗੋਬਿੰਦ ਲੇਖ ਲਿਖਾਈਆ । ਸੁੱਤ ਦੁਲਾਰਾ ਆਪ ਅਖਵਾ, ਦੁਸ਼ਟ ਦਮਨ ਸੇਵ ਕਮਾਈਆ । ਤਨ ਬਸਤਰ ਸੰਗਾਰ ਆਪ ਕਰਾ, ਕੰਘਾ ਕਛ ਕੜਾ ਕਿਰਪਾਨ ਸੀਸ ਜਗਦੀਸ ਇਕ

ਸੁਹਾਈਆ । ਅੰਮ੍ਰਿਤ ਧਾਰਾ ਮੁਖ ਚੁਆ, ਚਾਰ ਵਰਨਾਂ ਏਕਾ ਜਾਮ ਪਿਆਈਆ । ਆਪਣਾ ਅੱਗੇ ਦਿਤਾ ਸੀਸ ਝੁਕਾ, ਹਰਿ ਸੰਗਤ ਵਡ ਵਡਿਆਈਆ । ਕਲਜੁਗ ਅੰਤਮ ਕਰੇ ਸਚ ਨਿਆ, ਹਰਿ ਦਾਤਾ ਬੇਪਰਵਾਹੀਆ । ਗੁਰ ਗੋਬਿੰਦ ਵੇਖੇ ਥਾਉਂ ਥਾਂ, ਨਿਥਾਵਿਆਂ ਥਾਨ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖੇ ਘਰ ਅੰਤਮ ਪੂਰਾ ਦਏ ਕਰ, ਜੋ ਨਾਨਕ ਗਿਆ ਲਿਖਾਈਆ । ਨਾਨਕ ਗੋਬਿੰਦ ਲੇਖ ਲਿਖਾਇਆ, ਭੁੱਲ ਰਹੇ ਨਾ ਰਾਈਆ । ਅੰਗਦ ਅੰਗੀਕਾਰ ਕਰਾਇਆ, ਏਕਾ ਅੰਗ ਸਮਾਈਆ । ਅਮਰੂ ਅਮਰਾ ਪਦ ਬਹਾਇਆ, ਘਰ ਸਾਚੇ ਵੱਜੀ ਵਧਾਈਆ । ਆਤਮ ਅੰਤਰ ਇਕ ਨੁਹਾਇਆ, ਅੰਮ੍ਰਿਤ ਸਰ ਵਖਾਈਆ । ਰਾਮਦਾਸ ਗੁਰ ਸੇਵਾ ਲਾਇਆ, ਸਾਚਾ ਧਾਮ ਸੁਹਾਈਆ । ਗੁਰ ਅਰਜਨ ਸ਼ਬਦ ਬੋਧ ਅਗਾਧ ਜਣਾਇਆ, ਗੁਰੂ ਗ੍ਰੰਥ ਉਪਜਾਈਆ । ਸੰਤਾਂ ਭਗਤਾਂ ਗੁਰਮੁਖਾਂ ਗੁਰਸਿਖਾਂ ਗੁਰ ਸਤਿਗੁਰ ਏਕਾ ਰੰਗ ਰੰਗਾਇਆ, ਜੋ ਖੋਜੇ ਸੋ ਪਾਈਆ । ਹਰਿ ਮੰਦਰ ਅੰਦਰ ਆਪ ਟਿਕਾਇਆ, ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਖੁਲ੍ਹਾਈਆ । ਆਪ ਆਪਣਾ ਖੇਲ ਖਿਲਾਇਆ, ਹਰਿ ਗੋਬਿੰਦ ਜੋਤ ਰੁਸ਼ਨਾਈਆ । ਦੋਏ ਧਾਰਾਂ ਆਪ ਬੰਧਾਇਆ, ਦੇਹ ਜੋਤ ਕਰੇ ਕੁੜਮਾਈਆ । ਸ਼ਬਦ ਗੁਰ ਵੰਡ ਵੰਡਾਇਆ, ਗੁਰੂ ਗ੍ਰੰਥ ਸਹਾਈਆ । ਆਪਣਾ ਭੇਵ ਨਾ ਕਿਸੇ ਜਣਾਇਆ, ਹਰਿਰਾਏ ਇਹ ਸਮਝਾਈਆ । ਰਾਮ ਰਾਏ ਅਗਨੀ ਤੱਤ ਜਲਾਇਆ, ਭੁੱਲ ਰਹੇ ਨਾ ਰਾਈਆ । ਹਰਿ ਕ੍ਰਿਸ਼ਨਾ ਏਕਾ ਤੱਤ ਵਖਾਇਆ, ਬਾਲ ਬਾਲਾ ਵਿਚ ਟਿਕਾਈਆ । ਆਪ ਆਪਣਾ ਭੇਟ ਚੜ੍ਹਾਇਆ, ਸਿਖੀ ਸਾਚੀ ਸਿਫ਼ਤ ਸਲਾਹੀਆ । ਪੁਰਖ ਅਬਿਨਾਸ਼ੀ ਵੇਖ ਵਖਾਇਆ, ਆਪ ਆਪਣਾ ਰੰਗ ਰੰਗਾਈਆ । ਪੂਤ ਸਪੂਤਾ ਸੁੱਤ ਦੁਲਾਰਾ ਨਾਮ ਧਰਾਇਆ, ਗੁਰ ਗੋਬਿੰਦ ਵੱਜੀ ਵਧਾਈਆ । ਸਿੰਘ ਰੂਪ ਹੋ ਦਰਸ ਦਿਖਾਇਆ, ਸਾਚਾ ਵੇਸ ਵਟਾਈਆ । ਸਾਚਾ ਖੰਡਾ ਹੱਥ ਫੜਾਇਆ, ਸ੍ਰੀ ਭਗੌਤੀ ਆਪ ਸਹਾਈਆ । ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇਆ, ਗੁਰ ਗੋਬਿੰਦ ਹਰਿ ਤੁਧ ਬਿਨ ਅਵਰ ਨਾ ਦੀਸੇ ਕੌਣ ਦੋ ਜਹਾਨਾਂ ਕਰੇ ਰੁਸ਼ਨਾਈਆ । ਕੇਸ ਸੀਸ ਜਗਦੀਸ ਆਪ ਉਪਾਇਆ, ਸਚ ਦਸਤਾਰ ਆਪ ਟਿਕਾਈਆ । ਸਾਚਾ ਖੰਡਾ ਇਕ ਵਖਾਇਆ, ਤਨ ਗਾਤਰੇ ਰਿਹਾ ਲਟਕਾਈਆ ।

ਹਰਿ ਸ਼ਬਦੀ ਸ਼ਬਦ ਬਲਵਾਨਾ, ਗੁਰ ਸਤਿਗੁਰ ਨਾਉਂ ਰਖਾਈਆ । ਪਾਰਬ੍ਰਹਮ ਪੁਰਖ ਸੁਲਤਾਨਾ, ਸੂਰਬੀਰ ਵਡ ਵਡਿਆਈਆ । ਮੂਰਤ ਅਕਾਲ ਗੁਣ ਨਿਧਾਨਾ, ਗੁਣਵੰਤਾ ਸਹਿਜ ਸੁਖਦਾਈਆ । ਆਦਿ ਨਿਰੰਜਣ ਦੋ ਜਹਾਨਾਂ, ਹਰਿ ਸਾਚਾ ਖੇਲ ਖਲਾਈਆ । ਨਾਮ ਖੰਡਾ ਤੀਰ ਕਮਾਨਾ, ਘਰ ਸਾਚੇ ਆਪ ਉਠਾਈਆ । ਲੋਆਂ ਪੁਰੀਆਂ ਇਕ ਨਿਸ਼ਾਨਾ, ਬ੍ਰਹਿਮੰਡ ਖੰਡ ਪਾਰ ਕਰਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨਾ, ਥਿਰ ਘਰ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਸ਼ਬਦ ਗੁਰ ਸਚ ਸਿਕਦਾਰਾ, ਸਾਚਾ ਕਰਮ ਕਮਾਇੰਦਾ । ਲੱਖ ਚੁਰਾਸੀ ਬੰਨ੍ਹੇ ਧਾਰਾ, ਮਾਰਗ ਆਪਣਾ ਲਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਪੰਜ ਤੱਤ ਡੇਰਾ ਲਾਇੰਦਾ । ਦੀਵਾ ਬਾਤੀ ਕਰ ਉਜਿਆਰਾ, ਕਾਇਆ ਗੜ੍ਹ ਸੁਹਾਇੰਦਾ । ਸਾਧਾਂ ਸੰਤਾਂ ਕਰ ਪਿਆਰਾ, ਸਾਚੀ ਬੂਝ ਬੁਝਾਇੰਦਾ । ਕਵਲਾਪਤ ਹਰਿ ਮੀਤ ਮੁਰਾਰਾ, ਪਰਮ ਪੁਰਖ ਅਖਵਾਇੰਦਾ । ਨਾਮ ਅਨਾਦੀ ਧੁਰ ਜੈਕਾਰਾ, ਨਰ ਨਿਰੰਕਾਰਾ ਆਪ ਲਗਾਇੰਦਾ । ਪਾਰਬ੍ਰਹਮ ਗੁਰ ਲੈ ਅਵਤਾਰਾ, ਜੁਗ ਜੁਗ

ਵੇਸ ਧਰਾਇੰਦਾ । ਵੇਖਣਹਾਰਾ ਜਗਤ ਕਿਨਾਰਾ, ਆਰ ਪਾਰਾ ਡੇਰਾ ਲਾਇੰਦਾ । ਭੇਵ ਨਾ ਪਾਏ ਜੀਵ ਗਵਾਰਾ, ਵੇਦ ਕਤੇਬ ਨਾ ਕੋਇ ਲਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਲੇਖ ਲਿਖਾਇੰਦਾ । ਸ਼ਬਦ ਗੁਰ ਸਦਾ ਮਿਹਰਵਾਨਾ, ਸਾਚੇ ਤਖ਼ਤ ਸੁਹਾਈਆ । ਖੇਲੇ ਖੇਲ ਰਾਜ ਰਾਜਾਨਾ, ਤ੍ਰੈਗੁਣ ਵਸਿਆ ਸਰਬ ਲੋਕਾਈਆ । ਭਗਤਨ ਦੇਵੇ ਇਕ ਗਿਆਨਾ, ਆਤਮ ਬ੍ਰਹਮ ਜਣਾਈਆ । ਮੰਦਰ ਵਸਾਏ ਇਕ ਮਕਾਨਾ, ਘਰ ਵਿਚ ਘਰ ਰੁਸ਼ਨਾਈਆ । ਸਤਿ ਸੰਤੋਖੀ ਬੰਨ੍ਹੇ ਗਾਨਾ, ਸਤਿਗੁਰ ਪੂਰਾ ਦਇਆ ਕਮਾਈਆ । ਅਨਹਦ ਸੁਣਾਏ ਆਪਣਾ ਗਾਨਾ, ਛੱਤੀ ਰਾਗ ਭੇਵ ਨਾ ਰਾਈਆ । ਸ਼ਬਦੀ ਸ਼ਬਦੀ ਸਚ ਤਰਾਨਾ, ਹਰਿ ਸੱਜਣ ਆਪ ਸੁਣਾਈਆ । ਏਕਾ ਰੰਗ ਰੰਗੇ ਸ੍ਰੀ ਭਗਵਾਨਾ, ਹਰਿਜਨ ਸਾਚੇ ਆਪ ਰੰਗਾਈਆ । ਪੁਰਖ ਅਬਿਨਾਸ਼ੀ ਬੀਨਾ ਦਾਨਾ, ਦਾਤਾ ਦਾਨਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟੇ ਕੂੜੀ ਸ਼ਾਹੀਆ । ਸਤਿਗੁਰ ਸੱਚਾ ਸ਼ਹਿਨਸ਼ਾਹ, ਸ਼ਬਦ ਗੁਰੂ ਗੁਰ ਦੇਵ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਦਿ ਨਿਰੰਜਣ ਅਲਖ ਅਭੇਵ । ਕਲਜੁਗ ਅੰਤਮ ਬਣੇ ਮਲਾਹ, ਹਰਿਜਨ ਲਾਏ ਸਾਚੀ ਸੇਵ । ਸ਼ਬਦ ਸੁਨੇਹੁੜਾ ਦਏ ਸੁਣਾ, ਅੰਮ੍ਰਿਤ ਆਤਮ ਸਾਚਾ ਮੇਵ । ਜਨ ਜਮ ਕਾ ਜੇੜਾ ਦਏ ਕਟਾ, ਜੋ ਗਾਏ ਰਸਨਾ ਜਿਹਵ । ਨਗਰ ਖੇੜਾ ਦਏ ਵਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕ ਅਨੇਕ ਏਕ ਨਿਹਕੇਵ । ਸ਼ਬਦ ਗੁਰ ਗੁਰ ਸਾਖਯਾਤ, ਕਲਜੁਗ ਜੋਤ ਜਗਾਈਆ । ਗੁਰਸਿਖ ਬਣਾਏ ਪਾਰਜਾਤ, ਘਰ ਮੇਲਾ ਸਹਿਜ ਸੁਭਾਈਆ । ਦੀਨਾਂ ਬੰਧਪ ਦੀਨਾਂ ਨਾਥ, ਹੋਏ ਸਹਾਈ ਅਨਾਥਾਂ ਨਾਥ, ਸਿਰ ਆਪਣਾ ਹੱਥ ਟਿਕਾਈਆ । ਸੱਜਣ ਸੁਹੇਲਾ ਸਗਲਾ ਸਾਥ, ਤ੍ਰਿਲੋਕੀ ਨੰਦਨ ਆਪ ਅਖਵਾਈਆ । ਆਪ ਸੁਣਾਏ ਸਤਿਜੁਗ ਗਾਥ, ਸੋਹੰ ਸ਼ਬਦ ਪੜ੍ਹਾਈਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਹਿੰਦੂ ਮੁਸਲਮ ਸਿਖ ਨਾ ਕੋਇ ਵਖਾਈਆ । ਦੁਰਮਤ ਮੈਲ ਦੇਵੇ ਕਾਟ, ਜੋ ਜਨ ਆਏ ਸਰਨਾਈਆ । ਚੌਦਾਂ ਲੋਕ ਵਖਾਏ ਏਕਾ ਹਾਟ, ਪ੍ਰਭ ਬੈਠਾ ਆਪ ਖੁਲ੍ਹਾਈਆ । ਕਲਜੁਗ ਖੇਲ ਬਾਜ਼ੀਗਰ ਨਟੂਆ ਨਾਟ, ਘਰ ਘਰ ਬੈਠਾ ਸਾਂਗ ਵਰਤਾਈਆ । ਕੋਇ ਨਾ ਉਤਰੇ ਪੂਰੇ ਘਾਟ, ਜੂਠੇ ਝੂਠੇ ਰਹੇ ਕੁਰਲਾਈਆ । ਗੁਰਮੁਖ ਵਿਰਲੇ ਬਜਰ ਕਪਾਟੀ ਜਾਏ ਪਾਟ, ਨੌਂ ਦਵਾਰੇ ਪੰਧ ਮੁਕਾਈਆ । ਏਕਾ ਸ਼ਬਦ ਸਿੰਘਾਸਣ ਵੇਖੇ ਖਾਟ, ਹਰਿ ਸੁੱਤਾ ਬੇਪਰਵਾਹੀਆ । ਨਿਰਗੁਣ ਜੋਤੀ ਜਗੇ ਲਲਾਟ, ਅੱਠੇ ਪਹਿਰ ਰੁਸ਼ਨਾਈਆ । ਗੁਰਸਿਖਾਂ ਨੇੜ ਰਖਾਏ ਵਾਟ, ਜਗਤ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਰਿਹਾ ਮੁਕਾਈਆ । ਕਲਜੁਗ ਲੇਖਾ ਅੰਤ ਮੁਕੌਣਾ, ਹਰਿ ਸਾਚਾ ਜੋਤ ਜਗਾਇੰਦਾ । ਚਾਰ ਵਰਨ ਏਕਾ ਮਾਰਗ ਲੌਣਾ, ਏਕਾ ਰਾਹ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸੇਵਾ ਲੌਣਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਜਗਤ ਅੰਧੇਰਾ ਅੰਤ ਮਿਟੌਣਾ, ਨਾਮ ਸਾਚਾ ਚੰਨ ਚੜ੍ਹਾਇੰਦਾ । ਲੱਖ ਚੁਰਾਸੀ ਬਸਤਰ ਤਨ ਇਕ ਪਹਿਨੌਣਾ, ਸ਼ਬਦ ਸ਼ਬਦੀ ਜੜਤ ਜੜਾਇੰਦਾ । ਰਾਜਾ ਰਾਣਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਗਿਆਨੀਆਂ ਧਿਆਨੀਆਂ ਮਾਣ ਗਵੌਣਾ, ਦਰ ਦਵਾਰੇ ਆਪ ਭਵਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਰਹਿਣ ਨਾ ਪੌਣਾ, ਹਰਿ ਜੋਤੀ ਜੋਤ ਖਚਾਇੰਦਾ । ਪੰਡਤ ਪਾਂਧੇ ਮਸਤਕ ਤਿਲਕ ਨਾ ਕਿਸੇ ਲਗੌਣਾ, ਜਗਤ ਰੀਤੀ ਵੇਖ ਵਖਾਇੰਦਾ । ਏਕਾ ਢੋਲਾ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਗੌਣਾ, ਪ੍ਰਭ ਸਾਚਾ ਆਪ ਸੁਣਾਇੰਦਾ ।

ਚਰਨ ਕਵਲ ਸਚ ਸਰੋਵਰ ਸ੍ਰਿਸ਼ਟ ਸਬਾਈ ਨਹੌਣਾ, ਅਠਸਠ ਮੂਲ ਚੁਕਾਇੰਦਾ । ਪਾਰਬ੍ਰਹਮ ਪ੍ਰਭ ਇਕ ਮਨੌਣਾ, ਇਸ਼ਟ ਦੇਵ ਆਪ ਅਖਵਾਇੰਦਾ । ਰਾਮਾ ਕ੍ਰਿਸ਼ਨ ਨਜ਼ਰੀ ਔਣਾ, ਈਸਾ ਮੂਸਾ ਸੰਗ ਰਖਾਇੰਦਾ । ਨਾਨਕ ਗੋਬਿੰਦ ਜੋਤ ਜਗੌਣਾ, ਨੂਰੋ ਨੂਰ ਸਮਾਇੰਦਾ । ਕਾਇਨਾਤ ਕਲਮਾ ਇਕ ਪੜ੍ਹੌਣਾ, ਸ਼ਰਅ ਸ਼ਰੀਅਤ ਇਕ ਵਖਾਇੰਦਾ । ਗਿਆਨ ਧਿਆਨ ਇਕ ਦ੍ਰਿੜ੍ਹੌਣਾ, ਏਕਾ ਮਾਰਗ ਲਾਇੰਦਾ । ਹੱਠ ਤਪ ਜੋਗ ਸਨਿਆਸ ਬੈਰਾਗ ਇਕ ਰਖੌਣਾ, ਏਕਾ ਰਾਹ ਚਲਾਇੰਦਾ । ਮੰਦਰ ਮਸੀਤ ਗੁਰੂਦਵਾਰਾ ਸ਼ਿਵਦਵਾਲਾ ਮੱਠ ਆਪ ਸੁਹੌਣਾ, ਏਕਾ ਰੰਗ ਰੰਗਾਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਹੰਕਾਰੀ ਗੜ੍ਹ ਭਾਂਡਾ ਭਰਮ ਆਪ ਭੰਨੌਣਾ, ਦੂਈ ਦਵੈਤੀ ਮੇਟ ਮਿਟਾਇੰਦਾ । ਗੁਰਸਿਖ ਕਾਗੋਂ ਹੰਸ ਬਣੌਣਾ, ਸੋਹੰ ਚੋਗ ਚੁਗਾਇੰਦਾ । ਊਚਾਂ ਨੀਚਾਂ ਏਕਾ ਧਾਮ ਬਹੌਣਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਮਿਟੌਣਾ, ਜਗਤ ਤ੍ਰਿਸਨਾ ਅੱਗ ਬੁਝਾਇੰਦਾ । ਜੋਧਾ ਸੂਰਬੀਰ ਹਰਿ ਆਪ ਅਖਵੌਣਾ, ਲੋਆਂ ਪੁਰੀਆਂ ਫੇਲ ਫੇਲਾਇੰਦਾ । ਸਚ ਤਖ਼ਤ ਹਰਿ ਸੁਲਤਾਨ ਪੁਰਖ ਅਬਿਨਾਸ਼ੀ ਆਸਣ ਲੌਣਾ, ਪਾਰਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜ ਕੂੜਾ ਮੇਟ ਮਿਟਾਇੰਦਾ । ਕਲਜੁਗ ਮੇਟੇ ਕੂੜੀ ਸ਼ਾਹੀ, ਹਰਿ ਦਾਤਾ ਵਡ ਮਿਹਰਵਾਨਿਆ । ਜਨ ਭਗਤਾਂ ਦੇਵੇ ਆਪ ਗਵਾਹੀ, ਸ਼ਬਦ ਗੁਰ ਦਰ ਦਰਬਾਨਿਆ । ਮਨਮੁਖਾਂ ਅੰਤਮ ਪਾਏ ਫਾਹੀ, ਰਾਏ ਧਰਮ ਰਾਹ ਤਕਾਨਿਆ । ਲਾੜੀ ਮੌਤ ਕਰੇ ਕੁੜਮਾਈ, ਹੱਥੀਂ ਬੰਨ੍ਹੇ ਮਾਇਆ ਗਾਨਿਆ । ਘਰ ਘਰ ਕਾਗ ਰਹੀ ਉਡਾਈ, ਮਨ ਮਤ ਦਿਸੇ ਸੁੰਜ ਮਸਾਨਿਆ । ਗੁਰਮਤ ਵੇਖੇ ਥਾਉਂ ਥਾਈਂ, ਹਰਿ ਦਾਤਾ ਗੁਣ ਨਿਧਾਨਿਆ । ਸੰਤ ਸੁਹੇਲਾ ਪਕੜੇ ਬਾਂਹੀਂ, ਆਪ ਆਪਣਾ ਰੂਪ ਪਛਾਨਿਆ । ਮਨਮੁਖਾਂ ਅੰਤਮ ਦਏ ਸਜ਼ਾਈਂ, ਸ਼ੌਹ ਦਰਿਆਏ ਆਪ ਰੁੜ੍ਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਤੇਰਾ ਕੂੜ ਪਸਾਰਾ ਚਾਰੋਂ ਕੁੰਟ ਜਗਤ ਹੰਕਾਰਾ, ਸੀਤਲ ਸਤਿ ਨਾ ਕੋਇ ਰਖਾ ਲਿਆ । ਕਲਜੁਗ ਕੂੜ ਜਗਤ ਹੰਕਾਰ, ਮਨਮਤ ਰਹੀ ਕੁਰਲਾਈਆ । ਨਾਰ ਦੁਹਾਗਣ ਕਰ ਸ਼ਿੰਗਾਰ, ਮਨਮਤ ਫਿਰਦੀ ਵਾਹੋ ਦਾਹੀਆ । ਜੂਠ ਝੂਠ ਨਾਲ ਪਿਆਰ, ਆਪ ਆਪਣੇ ਲੜ ਬੰਧਾਈਆ । ਜਗਤ ਤ੍ਰਿਸਨਾ ਹੋਈ ਖੁਆਰ, ਘਰ ਘਰ ਅਲਖ ਜਗਾਈਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸੁਆਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਲੋਕਮਾਤ ਜੋਤੀ ਜਾਮਾ ਭੇਖ ਵਟਾਈਆ । ਗੁਰਸਿਖ ਸਾਚੇ ਲਏ ਉਭਾਰ, ਪੂਰਬ ਲਹਿਣਾ ਝੋਲੀ ਪਾਈਆ । ਦੇਵਣਹਾਰਾ ਦਰਸ ਅਪਾਰ, ਅਗੰਮ ਅਗੰਮੜੀ ਕਾਰ ਕਰਾਈਆ । ਕਿਸੇ ਹੱਥ ਨਾ ਆਏ ਹੱਟ ਬਾਜ਼ਾਰ, ਕੋਟੀ ਕੋਟ ਵੇਖ ਵਖਾਈਆ । ਕੋਈ ਫੜ ਨਾ ਸਕੇ ਤਟ ਕਿਨਾਰ, ਅਠਸਠ ਬੈਠੇ ਧੂਣੀਆਂ ਤਾਈਆ । ਜਟਾ ਜੂਟ ਹੋ ਖੁਆਰ, ਜੰਗਲ ਜੂਹ ਉਜਾੜ ਪਹਾੜ ਬੈਠੇ ਰਾਹ ਤਕਾਈਆ । ਗੁਰਮੁਖਾਂ ਮੇਲ ਮਿਲਾਏ ਕਿਰਪਾ ਧਾਰ, ਕਲਜੁਗ ਸੋਏ ਆਪ ਜਗਾਈਆ । ਨੀਚਾਂ ਅੰਦਰ ਨੀਚ ਕਰੇ ਪਿਆਰ, ਨੀਚੋ ਨੀਚ ਆਪ ਅਖਵਾਈਆ । ਸਚ ਸੁੱਚ ਸ਼ਬਦੀ ਧਾਰ, ਤਨ ਸਾਚੇ ਆਪ ਟਿਕਾਈਆ । ਕਾਦਰ ਕਰੀਮ ਕਰੇ ਉਦਾਰ, ਦੇਵੇ ਰਿਜਕ ਸਬਾਹੀਆ । ਖ਼ਾਲਕ ਖ਼ਲਕ ਇਕ ਆਧਾਰ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਰੇਖਾ ਵੇਖ ਵਖਾਈਆ । ਕਲਜੁਗ ਤੇਰੀ ਕੂੜੀ ਰੇਖਾ, ਕੂੜਾ ਕਰਮ ਕਮਾਈਆ । ਵਰਨਾਂ ਬਰਨਾਂ ਭਰਮ ਭੁਲੇਖਾ, ਭਰਮੀ ਭਰਮ ਲੋਕਾਈਆ । ਸ਼ਾਹੋ ਭੂਪ ਹਰਿ ਨਰ ਨਰੇਸ਼ਾ, ਹਰ

ਘਰ ਮੰਦਰ ਅੰਦਰ ਰਿਹਾ ਸਮਾਈਆ । ਗੁਰਸਿਖ ਵਿਰਲੇ ਨੇਤਰ ਪੇਖਾ, ਜਿਸ ਜਨ ਮਾਇਆ ਮੋਹ ਚੁਕਾਈਆ । ਵੇਖਣਹਾਰਾ ਧਾਰੀ ਕੇਸਾ, ਮੂੰਡ ਮੁੰਡਾਏ ਗਲੇ ਲਗਾਈਆ । ਆਪੇ ਜਾਣੇ ਆਪਣਾ ਲੇਖਾ, ਬ੍ਰਹਮਾ ਲੇਖਾ ਰਿਹਾ ਸਮਝਾਈਆ । ਸਤਿ ਪੁਰਖ ਸਦ ਆਦੇਸਾ, ਸਤਿ ਵਜਦੀ ਰਹੇ ਵਧਾਈਆ । ਜੋਤੀ ਜਾਮਾ ਜੋਤ ਪਰਵੇਸਾ, ਲੋਕਮਾਤ ਵੇਖ ਵਖਾਈਆ । ਬੰਕ ਦਵਾਰੇ ਗਣਪਤ ਗਣੇਸ਼ਾ, ਸ਼ਿਵ ਵਿਸ਼ਨ ਰਹੇ ਸੀਸ ਝੁਕਾਈਆ । ਨਿਉਂ ਨਿਉਂ ਵੇਖੇ ਬ੍ਰਹਮਾ ਵੇਤਾ, ਹਰਿ ਸਾਚਾ ਕਵਣ ਕੂਟੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕਲਜੁਗ ਤੇਰਾ ਲਹਿਣਾ ਕੂੜ ਪਸਾਰਾ, ਚਾਰ ਕੁੰਟ ਉਠ ਧਾਇਆ । ਸ਼ਾਹ ਸੁਲਤਾਨਾ ਹਾਹਾਕਾਰਾ, ਗਰੀਬ ਨਿਮਾਣੇ ਨਾ ਕੋਈ ਸਹਾਇਆ । ਅੱਲਾ ਰਾਣੀ ਏਕਾ ਨਾਅਰਾ, ਹੂ ਹੂ ਰਾਗ ਅਲਾਇਆ । ਖੇਲੇ ਖੇਲ ਮੁਹੰਮਦੀ ਯਾਰਾ, ਚਾਰ ਯਾਰੀ ਮਤਾ ਪਕਾਇਆ । ਈਸਾ ਮੂਸਾ ਖ਼ਬਰਦਾਰਾ, ਏਕਾ ਰਿਹਾ ਉਠਾਇਆ । ਕਲਜੁਗ ਸਾਚਾ ਮੀਤ ਮੁਰਾਰਾ, ਘਰ ਆਪਣਾ ਵੇਖਣ ਆਇਆ । ਚੌਦਾਂ ਤਬਕਾਂ ਇਕ ਹੁਲਾਰਾ, ਹਰਿ ਸਾਚਾ ਇਕ ਹਿਲਾਇਆ । ਮੰਗੀ ਮੰਗ ਅੰਤਮ ਵਾਰਾ, ਚੌਦਾਂ ਸਦ ਪੂਰ ਕਰਾਇਆ । ਨਾਨਕ ਗਾਈ ਤੇਰਾਂ ਧਾਰਾ, ਤੇਰਾਂ ਤੇਰੀ ਝੋਲੀ ਪਾਈਆ । ਪਰਗਟ ਹੋਇਆ ਬੇਐਬ ਪਰਵਰਦਿਗਾਰਾ, ਜੋਤੀ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਖੇਲ ਥਾਉਂ ਥਾਈਂਆ । ਕਲਜੁਗ ਰੂਪ ਨੌ ਖੰਡ, ਸੱਤ ਦੀਪ ਦੇਵੇ ਰੁਸ਼ਨਾਇਆ । ਜੀਵ ਜੰਤ ਭੇਖ ਪਖੰਡ, ਕਾਲਾ ਸੂਸਾ ਤਨ ਹੰਢਾਇਆ । ਆਪਣੀ ਆਪਣੀ ਕਰਨ ਵੰਡ, ਹਰਿ ਕਾ ਭੇਵ ਕਿਸੇ ਨਾ ਪਾਇਆ । ਲੱਖ ਚੁਰਾਸੀ ਖੰਡ ਖੰਡ, ਖੜਗ ਖੰਡਾ ਇਕ ਚਮਕਾਇਆ । ਪੱਲੇ ਨਾ ਕਿਸੇ ਨਾਮ ਗੰਢ, ਚਾਰੇ ਕੰਨੀਆਂ ਰਹੇ ਝੜਾਇਆ । ਵੇਖਣਹਾਰਾ ਜੇਰਜ ਅੰਡ, ਲੋਕਮਾਤ ਫੇਰਾ ਪਾਇਆ । ਕਲਜੁਗ ਅੰਤਮ ਏਕਾ ਅੱਖਰ ਦੇਵੇ ਵੰਡ, ਨਾਮ ਨਾਮਾ ਝੋਲੀ ਪਾਇਆ । ਹੰ ਬ੍ਰਹਮ ਪਾਵੇ ਠੰਡ, ਪਾਰਬ੍ਰਹਮ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਇਆ ।

## ੨੪ ਮਾਘ ੨੦੧੫ ਬਿਕ੍ਰਮੀ ਚਰਨ ਸਿੰਘ ਦੇ ਘਰ ਪਿੰਡ ਸੁਲਤਾਨੀ

ਨਿਰਗੁਣ ਰੂਪ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਇਕ ਅਕੱਲਾ ਏਕੰਕਾਰ, ਅਕਲ ਕਲਾ ਅਖਵਾਇਆ । ਆਦਿ ਨਿਰੰਜਣ ਭੇਵ ਅਪਾਰ, ਭੇਵ ਕਿਸੇ ਨਾ ਪਾਇਆ । ਅਗੰਮ ਅਗੰਮੜਾ ਅਗੰਮੜੀ ਕਾਰ, ਹਰਿ ਆਪਣੀ ਆਪ ਕਰਾਇਆ । ਨਿਰਗੁਣ ਜੋਤੀ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਆਦਿ ਪੁਰਖ ਪੁਰਖ ਅਬਿਨਾਸ਼ਾ, ਏਕਾ ਏਕੰਕਾਰਿਆ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਖੇਲਣਹਾਰ, ਆਪ ਅਖਵਾ ਰਿਹਾ । ਲੋਆਂ ਪੁਰੀਆਂ ਮੰਡਲ ਮੰਡਪ ਪਾਵੇ ਰਾਸਾ, ਗਗਨ ਪਤਾਲਾ ਜੋਤ ਜਗਾ ਰਿਹਾ । ਸ਼ਬਦੀ ਸ਼ਬਦ ਸ਼ਬਦ ਭਰਵਾਸਾ, ਹਰਿ ਸ਼ਬਦੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਰੂਪ ਉਪਾ ਰਿਹਾ । ਨਿਰਗੁਣ ਰੂਪ ਅਪਰ ਅਪਾਰ, ਰੂਪ ਰੰਗ ਨਾ ਰੇਖਿਆ । ਇਕ ਅਕੱਲਾ ਪਾਵੇ ਸਾਰ, ਆਪ ਆਪਣਾ


੧੫੯ ੦੮

ਜਾਣੇ ਭੇਖਿਆ । ਆਪਣੀ ਕਲ ਆਪੇ ਧਾਰ, ਆਪੇ ਲਿਖਣਹਾਰਾ ਲੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਆਪੇ ਵੇਖਿਆ । ਨਿਰਗੁਣ ਨੂਰ ਹਰਿ ਅਕੱਲਾ, ਏਕਾ ਧਾਮ ਸੁਹਾਈਆ । ਆਦਿ ਜੁਗਾਦੀ ਅਛਲ ਅਛੱਲਾ, ਅਛਲ ਅਛੱਲ ਵਖਾਈਆ । ਲੱਖ ਚੁਰਾਸੀ ਹਰ ਘਟ ਆਸਣ ਆਪੇ ਮੱਲਾ, ਆਪ ਆਪਣਾ ਮੁਖ ਛੁਪਾਈਆ । ਵਸਣਹਾਰਾ ਜਲਾਂ ਥਲਾਂ, ਬੇਅੰਤ ਨਾਮ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਦਰ ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਥਿਰ ਦਰਬਾਰਾ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਪਾਵਾ ਚੂਲ ਨਾ ਕੋਈ ਰਖਾਇੰਦਾ । ਤਖ਼ਤ ਤਾਜ ਸੱਚਾ ਸਿਕਦਾਰਾ, ਏਕਾ ਏਕੰਕਾਰਾ ਨਾਉਂ ਧਰਾਇੰਦਾ । ਬ੍ਰਹਿਮੰਡ ਖੰਡ ਦਏ ਸਹਾਰਾ, ਜੇਰਜ ਅੰਡ ਆਪ ਸੁਹਾਇੰਦਾ । ਉਤਭੁਜ ਸੇਤਜ ਕਰ ਪਿਆਰਾ, ਆਪ ਆਪਣਾ ਬੰਧਨ ਪਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਜੁਗ ਜੁਗ ਵੇਸ ਨੂਰ ਜੋਤੀ ਕਰ ਉਜਿਆਰਾ, ਲੋਕਮਾਤ ਫੇਰਾ ਪਾਇੰਦਾ । ਸਾਧਾਂ ਸੰਤਾਂ ਨਾਮ ਪਿਆਰਾ, ਵਣਜ ਵਪਾਰਾ ਇਕ ਵਖਾਇੰਦਾ । ਸ਼ਬਦ ਅਨਾਦੀ ਧੁਨੀ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਤੋੜਨਹਾਰਾ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਦਸਮ ਦਵਾਰਾ ਸੱਚਾ ਘਰ ਬਾਰਾ, ਹਰਿਜਨ ਸਾਚੇ ਆਪ ਵਖਾਇੰਦਾ । ਆਤਮ ਸੇਜਾ ਹੋ ਉਜਿਆਰਾ, ਸਚ ਸਿੰਘਾਸਣ ਆਸਣ ਲਾਇੰਦਾ । ਸੁਰਤੀ ਸ਼ਬਦੀ ਮੇਲ ਕੰਤ ਭਤਾਰਾ, ਘਰ ਸਾਚਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਮੇਲਾ ਵਿਚ ਸੰਸਾਰ, ਹਰਿ ਸਾਚਾ ਆਪ ਕਰਾਈਆ । ਪਾਰਬ੍ਰਹਮ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਆਦਿ ਜੁਗਾਦੀ ਗੁਰ ਅਵਤਾਰ, ਪਰਮ ਪੁਰਖ ਅਖਵਾਈਆ । ਸ਼ਬਦ ਡੰਕਾ ਇਕ ਨਿਰੰਕਾਰ, ਆਪਣਾ ਆਪ ਵਜਾਈਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਸਾਧਾਂ ਸੰਤਾਂ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਧਾਰ ਹਰਿ ਕਰਤਾਰ, ਆਪਣੀ ਆਪ ਚਲਾਇੰਦਾ । ਪਰਮ ਪੁਰਖ ਪੁਰਖ ਖੇਲ ਅਪਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਬਦ ਵਿਚੋਲਾ ਵਿਚ ਸੰਸਾਰ, ਜੋਤੀ ਜੋਤ ਡਗਮਗਾਇੰਦਾ । ਵਰਨ ਬਰਨ ਇਕ ਪਿਆਰ, ਸਾਚੀ ਸਰਨ ਇਕ ਰਖਾਇੰਦਾ । ਊਚ ਨੀਚ ਰਾਓ ਰੰਕ ਇਕ ਘਰ ਬਾਰ, ਸਾਚਾ ਧਾਮ ਆਪ ਸੁਹਾਇੰਦਾ । ਭਗਤ ਭਗਵੰਤ ਮੀਤ ਮੁਰਾਰ, ਸਾਚੀ ਭਗਤੀ ਨਾਮ ਦ੍ਰਿੜਾਇੰਦਾ । ਸਾਧ ਸੰਤ ਨਾਰ ਕੰਤ ਭਤਾਰ, ਆਪ ਆਪਣੇ ਅੰਗ ਲਗਾਇੰਦਾ । ਗੁਰਮੁਖ ਗੁਰਸਿਖ ਕਰ ਉਜਿਆਰ, ਆਪ ਆਪਣਾ ਮਾਰਗ ਲਾਇੰਦਾ । ਮੇਲ ਮਿਲਾਵਾ ਇਕ ਗਿਰਧਾਰ, ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਪੁਰਖ ਅਬਿਨਾਸ਼ਾ ਘਟ ਘਟ ਵੇਖੇ ਆਪ ਤਮਾਸ਼ਾ, ਘਰ ਘਰ ਵਿਚ ਆਸਣ ਲਾਇੰਦਾ । ਘਰ ਮੰਦਰ ਉਚ ਅਟਾਰੀ, ਹਰਿ ਸਾਚਾ ਆਪ ਸੁਹਾਇੰਦਾ । ਨਿਰਗਣ ਜੋਤ ਕਰ ਉਜਿਆਰੀ, ਹਰਿਜਨ ਮੇਲ ਮਿਲਾਇੰਦਾ । ਸੰਤ ਮਿਲਾਵਾ ਵਿਚ ਸੰਸਾਰੀ, ਸਾਚਾ ਘਰ ਸੁਹਾਇੰਦਾ । ਏਕਾ ਰੰਗ ਰੰਗੇ ਕਰਤਾਰੀ, ਕਰਤਾ ਪੁਰਖ ਆਪ ਅਖਵਾਇੰਦਾ । ਆਦਿ ਜੁਗਾਦੀ ਖੇਲ ਨਿਆਰੀ, ਸਤਿਜੁਗ ਤ੍ਰੇਤਾ ਦੁਆਪਰ ਧਾਰ ਬੰਧਾਇੰਦਾ ।

ਰਾਮ ਰੂਪ ਕ੍ਰਿਸ਼ਨ ਮੁਰਾਰੀ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੂਲ ਚੁਕਾਇੰਦਾ ।

## ✪ ੨੪ ਮਾਘ ੨੦੧੫ ਬਿਕ੍ਰਮੀ ਬੂੜ ਸਿੰਘ ਦੇ ਘਰ ਵਜ਼ੀਰ ਪੁਰ ✪

ਸਤਿਗੁਰ ਪੂਰਾ ਹਰਿ ਮਿਹਰਵਾਨ, ਪਾਰਬ੍ਰਹਮ ਬੇਅੰਤ । ਖੇਲੇ ਖੇਲ ਦੋ ਜਹਾਨ, ਮਹਿਮਾ ਅਗਣਤ ਅਗਣਤ । ਲੱਖ ਚੁਰਾਸੀ ਜਾਣੀ ਜਾਣ, ਮੇਲ ਮਿਲਾਵਾ ਸਾਚੇ ਸੰਤ । ਸ਼ਬਦੀ ਸ਼ਬਦ ਸ਼ਬਦ ਨਿਧਾਨ, ਆਪ ਚਲਾਏ ਜੁਗਾ ਜੁਗੰਤ । ਥਿਰ ਘਰ ਵਾਸੀ ਹਰਿ ਸੁਲਤਾਨ, ਪਰਉਪਕਾਰੀ ਜੀਆ ਜੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਬਣਤ । ਸਤਿਗੁਰ ਪੂਰਾ ਹਰਿ ਨਿਰੰਕਾਰ, ਏਕਾ ਪੁਰਖ ਅਕਾਲਿਆ । ਸਤਿ ਸਰੂਪ ਸਤਿ ਵਰਤਾਰ, ਖੇਲੇ ਖੇਲ ਨਿਰਾਲਿਆ । ਜੁਗਾ ਜੁਗੰਤਰ ਬੰਨੇ ਧਾਰ, ਸ਼ਬਦ ਸ਼ਬਦੀ ਬੰਧਨ ਪਾ ਲਿਆ । ਨਿਰਗੁਣ ਨਿਰਗੁਣ ਨੂਰ ਨੂਰ ਉਜਿਆਰ, ਜੋਤੀ ਜੋਤ ਡਗਮਗਾ ਲਿਆ । ਬ੍ਰਹਿਮੰਡ ਖੰਡ ਮਹੱਲ ਉਸਾਰ, ਲੋਆਂ ਪੁਰੀਆਂ ਡੇਰਾ ਲਾ ਲਿਆ । ਰਵ ਸਸ ਮੇਲ ਸਤਾਰ, ਗਗਨ ਮੰਡਲ ਆਪ ਬਣਾ ਲਿਆ । ਲੱਖ ਚੁਰਾਸੀ ਕਰ ਪਿਆਰ, ਹਰ ਘਟ ਆਸਣ ਲਾ ਲਿਆ । ਨਾਮ ਨਾਮਾਂ ਅਪਰ ਅਪਾਰ, ਆਪਣਾ ਆਪ ਉਪਾ ਲਿਆ । ਧੁਨ ਅਨਾਦਿ ਸੱਚੀ ਧੁਨਕਾਰ, ਘਰ ਸਾਚੇ ਆਪ ਸੁਹਾ ਲਿਆ । ਅਗੰਮ ਅਗੰਮੜਾ ਖੇਲ ਨਿਆਰ, ਅਲਖ ਨਿਰੰਜਣ ਲੇਖ ਲਿਖਾ ਲਿਆ । ਸਚਖੰਡ ਦਵਾਰਾ ਭਰ ਭੰਡਾਰ, ਹਰਿ ਸਾਚਾ ਆਪ ਸੁਹਾ ਰਿਹਾ । ਸੰਤ ਸੁਹੇਲੇ ਪਾਵੇ ਸਾਰ, ਲੋਕਮਾਤੀ ਮੇਲ ਮਿਲਾ ਲਿਆ । ਗੁਰ ਚੇਲਾ ਸੋਹੇ ਇਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਸਤਿਗੁਰ ਪੂਰਾ ਹਰਿ ਸਮਰਥ, ਏਕਾ ਏਕ ਏਕੰਕਾਰਿਆ । ਜੁਗ ਜੁਗ ਦੇਵੇ ਨਾਮ ਵੱਥ, ਆਪਣੀ ਵਸਤ ਝੋਲੀ ਪਾ ਰਿਹਾ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾ ਰਿਹਾ । ਸ਼ਬਦ ਜਣਾਈ ਅਕਥਨਾ ਅਕੱਥ, ਕਥਨੀ ਕਥਾ ਨਾ ਕਿਸੇ ਗਾ ਲਿਆ । ਸ੍ਰਿਸ਼ਟ ਸਬਾਈ ਪਾਏ ਨੱਥ, ਲੱਖ ਚੁਰਾਸੀ ਬੰਧ ਬੰਧਾ ਲਿਆ ਆਪ ਉਪਾਏ ਆਪੇ ਦੇਵੇ ਮਥ, ਦੂਸਰ ਸੰਗ ਨਾ ਕੋਈ ਰਖਾ ਲਿਆ । ਸੰਤ ਸੁਹੇਲੇ ਰੱਖੇ ਦੇ ਕਰ ਹੱਥ, ਆਪ ਆਪਣੀ ਦਇਆ ਕਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾ ਲਿਆ । ਸਤਿਗੁਰ ਨਾਉਂ ਹਰਿ ਨਿਰੰਕਾਰ, ਏਕਾ ਸ਼ਬਦ ਜਣਾਈਆ । ਲੋਆਂ ਪੁਰੀਆਂ ਕਰ ਅਕਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਕਰੋੜ ਤੇਤੀਸਾ ਇਕ ਅਧਾਰ, ਸੁਰਪਤ ਰਾਜਾ ਇੰਦ ਜਗਾਈਆ । ਧਰਤ ਧਵਲ ਦਏ ਸਹਾਰ, ਜਲ ਬਿੰਬ ਆਪ ਟਿਕਾਈਆ । ਇਕ ਅਕੱਲਾ ਏਕੰਕਾਰ, ਆਪਣੀ ਕਲ ਵਰਤਾਈਆ । ਆਦਿ ਨਿਰੰਜਣ ਜੋਤ ਉਜਿਆਰ, ਜੋਤ ਨਿਰੰਜਣ ਵਡ ਵਡਿਆਈਆ । ਲੋਕਮਾਤ ਖੇਲ ਅਪਾਰ, ਹਰਿ ਸਾਚਾ ਆਪ ਕਰਾਈਆ । ਆਦਿ ਜੁਗਾਦੀ ਇਕ ਅਵਤਾਰ, ਏਕਾ ਗੁਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਅਲਖ ਜਗਾਈਆ । ਸਤਿਗੁਰ ਪੂਰਾ ਪਾਰਬ੍ਰਹਮ ਹਰਿ, ਹਰੀ ਹਰਿ ਰੂਪ ਵਟਾਇੰਦਾ । ਆਪੇ ਕਰਨੀ ਆਪੇ ਕਰ, ਆਪੇ ਵੇਖ ਵਖਾਇੰਦਾ ।

ਆਪਣੀ ਧਰਨੀ ਆਪੇ ਧਰ, ਆਪੇ ਧਵਲ ਸੁਹਾਇੰਦਾ । ਆਪਣੀ ਤਰਨੀ ਆਪੇ ਤਰ, ਤਾਰਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਇੰਦਾ । ਸਤਿਗੁਰ ਪੂਰਾ ਬਣਤ ਬਣਾਏ, ਆਪਣੇ ਹੱਥ ਰੱਖੇ ਵਡਿਆਈਆ । ਦੂਸਰ ਕੋਈ ਭੇਵ ਨਾ ਪਾਏ, ਕੋਟਨ ਕੋਟ ਬ੍ਰਹਮਾ ਬੈਠੇ ਸੀਸ ਨਿਵਾਈਆ । ਅਲਖ ਅਲਖਣਾ ਲੇਖ ਲਿਖਾਏ, ਵਿਸ਼ਨੂੰ ਵੰਸਾ ਸੰਗ ਰਖਾਈਆ । ਬਾਸ਼ਕ ਤਸ਼ਕਾ ਗਲ ਲਟਕਾਏ, ਸ਼ਿਵ ਸ਼ੰਕਰ ਮੇਲ ਮਿਲਾਈਆ । ਥਿਰ ਘਰ ਬੈਠਾ ਬੇਪਰਵਾਹੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵੇਦ ਕਤੇਬ ਕੋਈ ਭੇਵ ਨਾ ਪਾਏ, ਹਰਿ ਸਾਚੀ ਵਡ ਵਡਿਆਈਆ । ਆਦਿ ਪੁਰਖ ਨਿਰੰਜਣ ਆਦਿ ਜੁਗਾਦੀ ਖੇਲ ਖਿਲਾਏ, ਆਦਿ ਸ਼ਕਤ ਰੰਗ ਵਟਾਈਆ । ਰੂਪ ਰੰਗ ਨਾ ਰੇਖ ਵਖਾਏ, ਅਨਭਵ ਪਰਕਾਸ਼ ਸਮਾਈਆ । ਜੂਨੀ ਰਹਿਤ ਆਪ ਹੋ ਜਾਏ, ਅਕਾਲ ਮੂਰਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਸਤਿਗੁਰ ਪੂਰਾ ਇਕ ਇਕੱਲਾ, ਏਕਾ ਘਰ ਸੁਹਾਇੰਦਾ । ਥਿਰ ਘਰ ਵੇਖੇ ਸਚ ਮਹੱਲਾ, ਸਚ ਸਿੰਘਾਸਣ ਇਕ ਰਖਾਇੰਦਾ । ਨਿਰਗੁਣ ਦੀਪਕ ਜੋਤੀ ਏਕਾ ਬੱਲਾ, ਇਕ ਪਰਕਾਸ਼ ਕਰਾਇੰਦਾ । ਸ਼ਬਦ ਅਨਾਦੀ ਗਾਏ ਢੋਲਾ, ਆਪ ਆਪਣਾ ਆਪ ਸੁਣਾਇੰਦਾ । ਧੁਰਦਰਗਾਹੀ ਸਾਚਾ ਤੋਲਾ, ਨਾਮ ਖੰਡਾ ਹੱਥ ਉਠਾਇੰਦਾ । ਆਦਿ ਅੰਤ ਹਰਿ ਅਡੋਲਾ, ਏਕਾ ਧਾਮ ਵਖਾਇੰਦਾ । ਆਪਣੀ ਸ਼ਕਤੀ ਆਪੇ ਮੌਲਾ, ਪਰਵਰਦਿਗਾਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਸਤਿਗੁਰ ਪੂਰਾ ਸੁਹਾਏ ਦਰ, ਦਰ ਸਾਚਾ ਇਕ ਸੁਹਾਈਆ । ਥਿਰ ਘਰ ਵਸੇਰਾ ਏਕਾ ਘਰ, ਛੱਪਰ ਛੰਨ ਨਾ ਕੋਇ ਬਣਾਈਆ । ਨਾ ਕੋਈ ਵਸੇ ਚਾਰ ਦੀਵਾਰ, ਨਾ ਕੋਈ ਬਾਢੀ ਵੇਖ ਵਖਾਈਆ । ਨਾ ਕੋਈ ਦਿਸੇ ਨਾਰੀ ਨਰ, ਪੰਜ ਤੱਤ ਨਾ ਕੋਇ ਕੁੜਮਾਈਆ । ਪਾਰਬ੍ਰਹਮ ਬੇਪਰਵਾਹ ਨਿਰਗੁਣ ਜੋਤੀ ਬੈਠਾ ਧਰ, ਅੱਠੇ ਪਹਿਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਘਰ ਸਾਚਾ ਇਕ ਸੁਹਾਈਆ । ਸਤਿਗੁਰ ਪੂਰਾ ਸੁਹਾਏ ਦਰ ਦਰਵਾਜ਼ਾ, ਏਕਾ ਬੰਕ ਦਵਾਰਿਆ । ਬੇਪਰਵਾਹ ਗ਼ਰੀਬ ਨਿਵਾਜ਼ਾ, ਬੇਐਬ ਖ਼ੁਦਾ ਪਰਵਰਦਿਗਾਰਿਆ । ਆਪ ਆਪਣਾ ਸਾਜਣ ਸਾਜਾ, ਆਪ ਬਣਿਆ ਮੀਤ ਮੁਰਾਰਿਆ । ਸ਼ਾਹੋ ਭੂਪ ਵਡ ਰਾਜਨ, ਰਾਜਾ ਪਾਰਬ੍ਰਹਮ ਆਪ ਅਖਵਾ ਰਿਹਾ । ਆਪੇ ਜਾਣੇ ਆਪਣਾ ਕਾਜਾ, ਜੁਗ ਜੁਗ ਵੇਸ ਵਟਾ ਰਿਹਾ । ਲੱਖ ਚੁਰਾਸੀ ਚਲਾਏ ਜਹਾਜ਼ਾ, ਲੋਕਮਾਤ ਆਪ ਧਰਾ ਰਿਹਾ । ਜਨ ਭਗਤਾਂ ਮਾਰੇ ਅਗੰਮੀ ਵਾਜਾ, ਸ਼ਬਦ ਸੁਨੇਹੜਾ ਇਕ ਘਲਾ ਰਿਹਾ । ਅਸਵ ਘੋੜਾ ਰੱਖੇ ਤਾਜਾ, ਸੋਲਾਂ ਕਲੀਆਂ ਆਸਣ ਪਾ ਰਿਹਾ । ਲੋਆਂ ਪੁਰੀਆਂ ਫਿਰੇ ਭਾਜਾ, ਆਪ ਆਪਣੀ ਸੇਵ ਕਮਾ ਰਿਹਾ । ਗੁਰਸਿਖ ਰੱਖਣਹਾਰਾ ਲਾਜਾ, ਲਾਜਾਵੰਤ ਵੇਸ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਚ ਸਰ, ਸਚ ਸਰੋਵਰ ਇਕ ਸੁਹਾ ਲਿਆ । ਸਰ ਸਰੋਵਰ ਸਾਚਾ ਸਰ, ਗੁਰ ਸਤਿਗੁਰ ਚਰਨ ਦਵਾਰਿਆ । ਪੁਰਖ ਅਬਿਨਾਸ਼ੀ ਭੰਡਾਰਾ ਦਿਤਾ ਭਰ, ਜੁਗ ਜੁਗ ਬਣੇ ਆਪ ਵਰਤਾਰਿਆ । ਸੰਤ ਸੁਹੇਲੇ ਸਾਚੀ ਤਰਨੀ ਗਏ ਤਰ, ਮਨਮੁਖ ਡੁੱਬੇ ਅਧਵਿਚਕਾਰਿਆ । ਆਪਣੀ ਕਰਨੀ ਆਪੇ ਕਰ, ਆਪੇ ਪਾਵੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਲਿਆ । ਸਤਿਗੁਰ ਪੂਰਾ ਰੰਗੇ ਰੰਗ, ਗੁਰ ਸਤਿਗੁਰ ਹੱਥ ਵਡਿਆਈਆ । ਸਾਚੇ ਬੈਠਾ ਇਕ ਪਲੰਘ, ਸ਼ਬਦ ਸਿੰਘਾਸਣ ਡੇਰਾ ਲਾਈਆ । ਬ੍ਰਹਮਾ ਵਿਸ਼ਨ

ਸ਼ਿਵ ਰਹੇ ਮੰਗ, ਦੋਏ ਜੋੜ ਸੀਸ ਝੁਕਾਈਆ । ਭਗਤਨ ਮੇਲਾ ਅੰਗੀ ਅੰਗ, ਅੰਗੀ ਕਾਰ ਆਪ ਸਮਾਈਆ । ਸ਼ਬਦ ਡੋਰੀ ਨਾਮ ਪਤੰਗ, ਹਰਿ ਸੱਜਣ ਰਿਹਾ ਉਡਾਈਆ । ਦਰ ਦਰਵਾਜ਼ਾ ਆਪੇ ਲੰਘ, ਸੰਤ ਸੁਹੇਲਾ ਲਏ ਉਠਾਈਆ । ਲਹਿਣਾ ਦੇਣਾ ਚੁਕਾਏ ਕਾਇਆ ਮਾਟੀ ਕਾਚੀ ਵੰਗ, ਭਾਂਡਾ ਭਰਮ ਭੰਨਾਈਆ । ਅਨਹਦ ਸ਼ਬਦ ਵਜਾਏ ਸੱਚਾ ਮਰਦੰਗ, ਤਾਲ ਤਲਵਾੜਾ ਆਪ ਖੜਕਾਈਆ । ਅੰਮ੍ਰਿਤ ਆਤਮ ਸਚ ਸਰੋਵਰ ਦੇਵੇ ਸਾਚੀ ਗੰਗ, ਦੁਰਮਤ ਮੈਲ ਗਵਾਈਆ । ਸਦਾ ਸੁਹੇਲਾ ਵਸੇ ਸੰਗ, ਸਤਿਗੁਰ ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਸਤਿਗੁਰ ਨਾਮ ਧਰਾਇਆ । ਲੋਕਮਾਤ ਲੈ ਅਵਤਾਰਾ, ਆਪ ਆਪਣਾ ਬਿਰਧ ਰਖਾਇਆ । ਜੀਵਾਂ ਜੰਤਾਂ ਦਏ ਸਹਾਰਾ, ਸਾਚਾ ਮੰਤਰ ਨਾਮ ਦ੍ਰਿੜਾਇਆ । ਇਕ ਵਖਾਏ ਹਰਿ ਦਵਾਰਾ, ਦੂਜਾ ਦਰ ਨਾ ਕੋਇ ਸੁਹਾਇਆ । ਸਤਿ ਸੰਤੋਖ ਸਚ ਭਰ ਭੰਡਾਰਾ, ਸਚ ਸਮਗਰੀ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਕਰ, ਜੁਗ ਜੁਗ ਆਪਣੀ ਕਿਰਤ ਕਰਾਇਆ । ਜੁਗ ਜੁਗ ਕਾਰ ਹਰਿ ਕਰੰਦੜਾ, ਪਰਮ ਪੁਰਖ ਕਰਤਾਰ । ਸਤਿਗੁਰ ਪੂਰਾ ਆਪ ਅਖਵੰਦੜਾ, ਨਿਰਗੁਣ ਸਰਗੁਣ ਮੇਲ ਕੰਤ ਭਤਾਰ । ਲੋਕਮਾਤ ਵੇਸ ਵਟੰਦੜਾ, ਪੰਜ ਤੱਤ ਨਾ ਕਰ ਪਿਆਰ । ਧੁਰਦਰਗਾਹੀ ਸ਼ਬਦ ਇਕ ਸੁਨੰਦੜਾ, ਆਪ ਆਪਣਾ ਕਰ ਉਜਿਆਰ । ਹਰਿਜਨ ਸਾਚੇ ਵੇਖ ਵਖੰਦੜਾ, ਅੰਦਰ ਮੰਦਰ ਖੋਲ੍ਹ ਕਿਵਾੜ । ਆਪ ਆਪਣਾ ਭੇਵ ਖੁਲ੍ਹੰਦੜਾ, ਲੇਖ ਚੁਕਾਏ ਨੌਂ ਦਵਾਰ । ਬਜਰ ਕਪਾਟੀ ਤੋੜ ਤੁੜੰਦੜਾ, ਮਾਰ ਸ਼ਬਦ ਤੇਜ਼ ਕਟਾਰ । ਦਸਮ ਦਵਾਰੀ ਮੇਲ ਮਲੰਦੜਾ, ਏਕਾ ਦੂਜਾ ਭੌ ਨਵਾਰ । ਤੀਜਾ ਨੇਤਰ ਇਕ ਖੁਲ੍ਹੰਦੜਾ, ਨਿਰਗੁਣ ਨੂਰ ਕਰੇ ਉਜਿਆਰ । ਆਤਮ ਸੇਜਾ ਸਚ ਸੁਹੰਦੜਾ, ਸੋ ਪੁਰਖ ਨਿਰੰਜਣ ਕਰ ਪਿਆਰ । ਹੰ ਬ੍ਰਹਮ ਇਕ ਵਖੰਦੜਾ, ਪਾਰਬ੍ਰਹਮ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਵਰ, ਜੁਗ ਜੁਗ ਭੇਖ ਵਟੰਦੜਾ । ਭੇਖ ਵਟਾਏ ਪੁਰਖ ਅਬਿਨਾਸ਼ਾ, ਹਰਿ ਹਰਿ ਵੱਡੀ ਵਡਿਆਈਆ । ਖੇਲੇ ਖੇਲ ਜਗਤ ਤਮਾਸ਼ਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਮੰਡਲ ਮੰਡਪ ਪਾਵੇ ਰਾਸਾ, ਚੌਦਾਂ ਲੋਕ ਵੇਖ ਵਖਾਈਆ । ਚੌਦਾਂ ਤਬਕਾਂ ਪੂਰਨ ਆਸਾ, ਪੂਰਾ ਰਿਹਾ ਕਰਾਈਆ । ਵੇਖਣਹਾਰਾ ਅਕਾਸ਼ ਅਕਾਸ਼ਾ, ਅਕਾਸ਼ ਭੇਵ ਨਾ ਰਾਈਆ । ਜਨ ਭਗਤਾਂ ਕਰੇ ਪੂਰੀ ਆਸਾ, ਨਿਤ ਨਵਿਤ ਵੇਖ ਵਖਾਈਆ । ਸੰਤ ਸੁਹੇਲਾ ਦਾਸੀ ਦਾਸਾ, ਸੇਵਕ ਸੇਵ ਕਮਾਈਆ । ਜੋ ਜਨ ਰਹੇ ਦਰਸ ਪਿਆਸਾ, ਕਰ ਕਿਰਪਾ ਦਰਸ ਦਿਖਾਈਆ । ਨਿਝ ਘਰ ਆਤਮ ਰੱਖੇ ਵਾਸਾ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਈਆ । ਜੁਗ ਜੁਗ ਆਪਣੀ ਬਣਤ ਬਣਾ, ਆਪਣਾ ਰੰਗ ਰੰਗਾਇਆ । ਸਤਿਜੁਗ ਸਾਚਾ ਵੇਖ ਵਖਾ, ਤ੍ਰੇਤਾ ਪਾਰ ਕਰਾਇਆ । ਦੁਆਪਰ ਤੇਰੇ ਅੰਕ ਸਮਾ, ਆਪਣੇ ਅੰਗ ਲਗਾਇਆ । ਕਲਜੁਗ ਲੋਕਮਾਤ ਧਰਾ, ਸਾਚੀ ਸੇਵਾ ਲਾਇਆ । ਧੁਰ ਫ਼ਰਮਾਣਾ ਆਪ ਜਣਾ, ਆਪਣੇ ਭਾਣੇ ਆਪ ਸਮਾਇਆ । ਸਾਚਾ ਰਾਣਾ ਆਪ ਅਖਵਾ, ਸਾਚਾ ਤਾਜ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇਆ । ਕਲਜੁਗ ਕੂੜਾ ਬਣ ਸਿਕਦਾਰ, ਲੋਕਮਾਤ ਉਠ ਧਾਇਆ । ਮੰਗੇ ਮੰਗ ਦਰ ਭਿਖਾਰ, ਅੱਗੇ ਆਪਣੀ ਝੋਲੀ ਡਾਹਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਘਰ ਦਏ ਸੁਹਾਇਆ । ਜੂਠ ਝੂਠ ਕਰ ਤਿਆਰ, ਹਉਮੇ

੧੬੪
੦੮

ਹੰਗਤਾ ਨਾਲ ਰਲਾਇਆ । ਮਾਇਆ ਮਮਤਾ ਦਏ ਅਧਾਰ, ਕਾਮ ਕ੍ਰੋਧ ਲੋਭ ਮੋਹ ਹਲਕਾਇਆ । ਆਸਾ ਤ੍ਰਿਸਨਾ ਤਨ ਸ਼ੰਗਾਰ, ਕੂੜਾ ਗਹਿਣਾ ਤਨ ਪਹਿਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਮੇਟ ਮਿਟਾਇਆ । ਦਰ ਘਰ ਸਾਚਾ ਹਰਿ ਦਰ ਪਾ, ਆਪਣੀ ਅਲਖ ਜਗਾਇੰਦਾ । ਰਾਜ ਰਾਜਾਨਾ ਦਏ ਭੁਲਾ, ਸ਼ਾਹ ਸੁਲਤਾਨ ਭਰਮ ਵਖਾਇੰਦਾ । ਆਤਮ ਗਿਆਨ ਨਾ ਸਕੇ ਕੋਈ ਜਣਾ, ਆਤਮ ਅੰਤਰ ਬੰਦ ਵਖਾਇੰਦਾ । ਧੁਨ ਅਨਾਦੀ ਨਾ ਸਕੇ ਕੋਈ ਵਜਾ, ਅਠਸਠ ਤਾਲ ਨਾ ਕੋਈ ਰਖਾਇੰਦਾ । ਸ੍ਰਿਸ਼ਟ ਸਬਾਈ ਰਿਹਾ ਭੁਲਾ, ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਰ ਸਾਚਾ ਝੋਲੀ ਪਾਇੰਦਾ । ਦਰ ਘਰ ਸਾਚਾ ਹਰਿ ਅਪਣਾ, ਆਪਣਾ ਕਰਮ ਕਮਾਇੰਦਾ । ਈਸਾ ਮੂਸਾ ਸੰਗ ਰਲਾ, ਆਪ ਆਪਣੀ ਰਚਨ ਰਚਾਇੰਦਾ । ਚਾਰ ਯਾਰ ਮੁਹੰਮਦੀ ਅਪਣਾ, ਆਪ ਆਪਣੀ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਆਪ ਆਪਣਾ ਖੇਲ ਖਿਲਾਇੰਦਾ । ਚਾਰ ਯਾਰੀ ਬੱਧਾ ਨਾਤਾ, ਹਰਿ ਸਾਚੀ ਰਚਨ ਰਚਾਈਆ । ਸਤਿਗੁਰ ਨਾਨਕ ਪੁਰਖ ਬਿਧਾਤਾ, ਆਪਣਾ ਰੂਪ ਵਟਾਈਆ । ਚਾਰ ਵਰਨਾਂ ਦੇਵੇ ਇਕ ਗਿਆਤਾ, ਏਕਾ ਕਰੇ ਪੜ੍ਹਾਈਆ । ਸਤਿ ਨਾਮ ਅੰਮ੍ਰਿਤ ਬੂੰਦ ਸਵਾਂਤਾ, ਹਰਿਜਨ ਮੁਖ ਚੁਆਈਆ । ਦਰਸ ਦਿਖਾਏ ਇਕ ਇਕਾਂਤਾ, ਆਪ ਆਪਣੀ ਕਲ ਵਰਤਾਈਆ । ਚਾਰੋਂ ਕੁੰਟ ਕਰੇ ਖੇਲ ਬਹੁ ਬਹੁ ਭਾਂਤਾ, ਭੇਵ ਕੋਈ ਨਾ ਪਾਈਆ । ਕਲਜੁਗ ਵੇਖੇ ਰੈਣ ਅੰਧੇਰੀ ਰਾਤਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਈਆ । ਨਾਨਕ ਜੋਤ ਹਰਿ ਨਿਰੰਕਾਰ, ਨਿਰਗੁਣ ਵੇਸ ਵਟਾਇਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਦਰ ਸੁਹਾਇਆ । ਆਪੇ ਪਾਵਣਹਾਰਾ ਸਾਰ, ਆਪੇ ਬੈਠਾ ਮੁਖ ਛੁਪਾਇਆ । ਸਰਬ ਜੀਆਂ ਦਾ ਸਾਝਾਂ ਯਾਰ, ਲੋਕਮਾਤ ਵੇਖ ਵਖਾਇਆ । ਚਾਰ ਵਰਨਾਂ ਏਕਾ ਧਾਰ, ਊਚ ਨੀਚ ਨਾ ਕੋਈ ਜਣਾਇਆ । ਰਾਓ ਰੰਕ ਸੋਹਿਣ ਦਰਬਾਰ, ਦਰ ਦਰਬਾਰਾ ਇਕ ਬਣਾਇਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਗੁਰ ਮੇਲ ਮਿਲਾਇਆ । ਗੋਬਿੰਦ ਲੇਖਾ ਅਪਰ ਅਪਾਰ, ਨਾ ਕੋਈ ਸਕੇ ਮੇਟ ਮਿਟਾਇਆ । ਸੁੱਤ ਦੁਲਾਰਾ ਖ਼ਬਰਦਾਰ, ਹਰਿ ਸਾਚੇ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਦਰ ਦਰਵੇਸਾ ਫੇਰੀ ਪਾਇਆ । ਦਰ ਦਰਵੇਸਾ ਗੁਰ ਗੋਬਿੰਦ, ਸਾਚੀ ਅਲਖ ਜਗਾਇੰਦਾ । ਖੇਲੇ ਖੇਲ ਭਾਰਤ ਖੰਡ, ਭਾਂਡਾ ਭਰਮ ਭੰਨਾਇੰਦਾ । ਸਰਬ ਜੀਆਂ ਸਦਾ ਬਖ਼ਸ਼ਿੰਦ, ਜੀਆ ਦਾਨਾ ਨਾਮ ਧਰਾਇੰਦਾ । ਆਪ ਉਪਜਾਏ ਆਪਣੀ ਬਿੰਦ, ਆਪਣਾ ਨਾਉਂ ਰਖਾਇੰਦਾ । ਗਹਿਰ ਗੰਭੀਰ ਸਾਗਰ ਸਿੰਧ, ਭੇਵ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰਮ ਕਮਾਇੰਦਾ । ਗੋਬਿੰਦ ਸੂਰਾ ਸਾਚਾ ਮੀਤਾ, ਸਰਬ ਜੀਆਂ ਸੁਖਦਾਈਆ । ਵਰਨਾਂ ਬਰਨਾਂ ਊਚਾਂ ਨੀਚਾਂ ਏਕਾ ਕੀਤਾ, ਏਕਾ ਅੰਮ੍ਰਿਤ ਜਾਮ ਪਿਆਈਆ । ਆਪੇ ਹੋਇਆ ਠੰਡਾ ਸੀਤਾ, ਗੁਰਮੁਖਾਂ ਸਾਂਤਕ ਸਤਿ ਵਰਤਾਈਆ । ਕਰੇ ਖੇਲ ਪਤਤ ਪੁਨੀਤਾ, ਪਤਤ ਪਾਵਣ ਭੇਵ ਨਾ ਰਾਈਆ । ਨਾ ਮਰਿਆ ਨਾ ਕਦੇ ਜੀਤਾ, ਜਨਮ ਮਰਨ ਵਿਚ ਨਾ ਆਈਆ । ਗੁਰ ਗੋਬਿੰਦ ਵਸਿਆ ਧਾਮ ਅਨਡੀਠਾ, ਸਚਖੰਡ ਦਵਾਰ ਇਕ ਸੁਹਾਈਆ । ਤ੍ਰੈਗੁਣ ਮਾਇਆ ਕਲਜੁਗ ਤਪਦਾ ਰਹੇ ਅੰਗੀਠਾ, ਪੰਜ ਤੱਤ ਅਗਨੀ ਲਾਈਆ । ਗੁਰਮੁਖਾਂ ਵਖਾਏ ਭਾਣਾ ਮੀਠਾ, ਜੋ ਸਰਸੇ

ਸੇਵ ਕਮਾਈਆ । ਆਦਿਨ ਅੰਤਾ ਵਸਿਆ ਚੀਤਾ, ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਗੋਬਿੰਦ ਸੰਗ ਅਖਵਾਈਆ । ਗੋਬਿੰਦ ਸਿੰਘ ਸਿੰਘ ਸੂਰਬੀਰ, ਹਰਿ ਸਾਚੇ ਆਪ ਬਣਾਇਆ । ਸ਼ਬਦ ਨਿਰਾਲਾ ਦਿਤਾ ਤੀਰ, ਹੱਥ ਸਾਚੇ ਆਪ ਫੜਾਇਆ । ਦੋ ਜਹਾਨਾ ਪੈਂਡਾ ਚੀਰ, ਏਕਾ ਧਾਰ ਬੰਧਾਇਆ । ਆਪੇ ਚੋਟੀ ਚੜ੍ਹਿਆ ਅਖ਼ੀਰ, ਦਿਸ ਕਿਸੇ ਨਾ ਆਇਆ । ਪਰਗਟ ਜੋਧਾ ਪੀਰਨ ਪੀਰ, ਪੀਰ ਪੀਰਾਂ ਹੋਏ ਸਹਾਇਆ । ਆਪੇ ਬਖ਼ਸ਼ੇ ਆਪਣਾ ਸੀਰ, ਨੀਰ ਸੀਰ ਸ਼ਬਦ ਸਮਾਇਆ । ਦੂਈ ਦਵੈਤੀ ਪੜਦਾ ਚੀਰ, ਗੁਰਸਿਖ ਏਕਾ ਰੰਗ ਰੰਗਾਇਆ । ਚਰਨ ਕਵਲ ਦਵਾਰਾ ਬਖ਼ਸ਼ੀ ਧੀਰ, ਪੁਰੀ ਅਨੰਦ ਸੁਹਾਇਆ । ਹਉਮੇ ਹੰਗਤਾ ਕੱਢੀ ਪੀੜ, ਚਾਰ ਵਰਨ ਭੈਣਾਂ ਭਾਈ ਆਪ ਜਣਾਇਆ । ਬ੍ਰਹਿਮਣ ਛੱਤਰੀ ਸ਼ੂਦਰ ਵੈਸ਼ ਨਾ ਕੋਇ ਲਕੀਰ, ਏਕਾ ਦਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੇਵਣਹਾਰਾ ਵਰ, ਕਲਜੁਗ ਅੰਤਮ ਵੇਖ ਵਖਾਇਆ । ਗੋਬਿੰਦ ਗੁਰ ਵਡ ਬਲਕਾਰਾ, ਨਾਮ ਕਟਾਰਾ ਹੱਥ ਉਠਾਇੰਦਾ । ਪੰਚਮ ਮੀਤਾ ਪੰਚ ਪਿਆਰਾ, ਪੰਚਮ ਮੋਹ ਚੁਕਾਇੰਦਾ । ਪੰਚਮ ਕਰੇ ਤਨ ਸ਼ਿੰਗਾਰਾ, ਪੰਚਮ ਸੰਗ ਰਖਾਇੰਦਾ । ਪੰਚਮ ਦੇਵੇ ਇਕ ਅਧਾਰਾ, ਪੰਚਮ ਜੋੜ ਜੁੜਾਇੰਦਾ । ਪੰਚਮ ਕਰੇ ਦਰ ਭਿਖਾਰਾ, ਪੰਚਮ ਦਰ ਦੁਰਕਾਇੰਦਾ । ਪੰਚਮ ਭਰ ਨਾਮ ਭੰਡਾਰਾ, ਪੰਚਮ ਹਰਿ ਵਰਤਾਇੰਦਾ । ਪੰਚਮ ਗੁਰ ਬਣ ਲਿਖਾਰਾ, ਗੁਰੂ ਗ੍ਰੰਥ ਸੁਹਾਇੰਦਾ । ਏਕਾ ਗੁਰੂ ਜਗਤ ਜ਼ਾਹਰਾ, ਦੂਸਰ ਕੋਇ ਨਜ਼ਰ ਨਾ ਆਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰੂ ਗ੍ਰੰਥ ਵਿਚ ਸਮਾਇੰਦਾ । ਪੜ੍ਹੇ ਸ਼ਬਦ ਪਾਵੇ ਸਾਰਾ, ਸੋ ਜਨ ਮੋਹੇ ਭਾਇੰਦਾ । ਖੋਜਤ ਖੋਜਤ ਕਰੇ ਪਿਆਰਾ, ਮਾਇਆ ਮੋਹ ਚੁਕਾਇੰਦਾ । ਬੋਲਤ ਬੋਲਤ ਵਧੇ ਵਿਕਾਰਾ, ਸਤਿਗੁਰ ਪੂਰੇ ਮੂਲ ਨਾ ਭਾਇੰਦਾ । ਕਾਇਆ ਗੋਲਕ ਕਰ ਤਿਆਰਾ, ਨਾਮ ਖ਼ਜ਼ਾਨਾ ਵਿਚ ਟਿਕਾਇੰਦਾ । ਪੰਥ ਅਮੋਲਕ ਕਰ ਤਿਆਰਾ, ਸਾਚੀ ਸਿਖਿਆ ਇਹ ਸਮਝਾਇੰਦਾ । ਅਕਾਲ ਪੁਰਖ ਪ੍ਰਭ ਭੇਵ ਨਿਆਰਾ, ਭੇਵ ਕੋਇ ਨਾ ਪਾਇੰਦਾ । ਅਗੰਮ ਅਗੰਮੜਾ ਕਰੇ ਅਗੰਮੜੀ ਕਾਰਾ, ਲੇਖਾ ਲਿਖਤ ਨਾ ਕੋਇ ਲਿਖਾਇੰਦਾ । ਵਸੇ ਸਦਾ ਧਾਮ ਨਿਆਰਾ, ਧਾਮ ਅਵੱਲੜਾ ਇਕ ਸੁਹਾਇੰਦਾ । ਜੋਤੀ ਜਗੇ ਅਗੰਮ ਅਪਾਰਾ, ਏਕ ਨੂਰ ਦਰਸਾਇੰਦਾ । ਪਿਤਾ ਪੂਤ ਪੂਤ ਪਿਤ ਮੇਲ ਸਚ ਦਵਾਰਾ, ਘਰ ਸਾਚਾ ਮੋਹੇ ਭਾਇੰਦਾ । ਏਕਾ ਰੰਗ ਰਵੇ ਨਿਰੰਕਾਰਾ, ਦੂਸਰ ਰੰਗ ਨਾ ਕੋਇ ਰੰਗਾਇੰਦਾ । ਆਦਿ ਜੁਗਾਦਿ ਜੁਗ ਜੁਗ ਆਪੇ ਬੰਨ੍ਹੇ ਧਾਰਾ, ਆਪਣੀ ਧਾਰਾ ਆਪ ਚਲਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਜੋੜ ਜੁੜਾਇੰਦਾ । ਮਨ ਮਤ ਬੁਧ ਦਏ ਅਧਾਰਾ, ਨਿਰਗੁਣ ਤੱਤ ਵਖਾਇੰਦਾ । ਘਰ ਵਿਚ ਘਰ ਕਰ ਉਜਿਆਰਾ, ਆਪ ਆਪਣਾ ਚਲਤ ਚਲਾਇੰਦਾ । ਬ੍ਰਹਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਭੇਵ ਰਖਾਇੰਦਾ । ਮਰੇ ਨਾ ਪਏ ਜੰਮ, ਆਵਣ ਜਾਵਣ ਪਤਤ ਪਾਵਨ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਲੇਖ ਚੁਕਾਇੰਦਾ । ਕਲਜੁਗ ਤੇਰਾ ਲੇਖ ਚੁਕੌਣਾ, ਸਤਿਗੁਰ ਪੂਰੇ ਲੇਖ ਲਿਖਾਇਆ । ਆਦਿ ਜੁਗਾਦੀ ਇਕ ਅਖਵੌਣਾ, ਏਕਾ ਨਾਮ ਧਰਾਇਆ । ਵੇਸ ਅਨੇਕਾ ਆਪ ਕਰੌਣਾ, ਜੋਤੀ ਸ਼ਬਦੀ ਜੋੜ ਜੁੜਾਇਆ । ਡੰਕ ਅਨਾਦੀ ਇਕ ਵਜੌਣਾ, ਨਾਮ ਤਰਾਨਾ ਇਕ ਸੁਣਾਇਆ । ਗੁਰ ਗੋਬਿੰਦ ਤੇਰਾ ਭੇਵ ਖੁਲ੍ਹੌਣਾ, ਕਲਜੁਗ ਅੰਤਮ ਦਏ ਸੁਹਾਇਆ । ਸੰਬਲ ਨਗਰੀ ਡੇਰਾ ਲੌਣਾ, ਸਾਢੇ ਤਿੰਨ ਹੱਥ ਰਚਨ ਰਚਾਇਆ । ਪੂਤ ਸਪੂਤਾ ਆਪ ਉਠੌਣਾ, ਬ੍ਰਹਿਮਣ ਗੌੜਾ, ਵੇਸ

ਵਟਾਇਆ । ਉਚੇ ਟਿੱਲੇ ਪਰਬਤ ਫੋਲ ਫੁਲੌਣਾ, ਡੂੰਘੀ ਕੰਦਰ ਭੇਵ ਨਾ ਰਾਇਆ । ਜਲਾਂ ਥਲਾਂ ਆਪ ਸਮੌਣਾ, ਘਟ ਘਟ ਆਪਣਾ ਆਪ ਵਖਾਇਆ । ਆਪਣਾ ਕੀਤਾ ਆਪ ਪਾਉਣਾ, ਨਾ ਕੋਈ ਦੂਸਰ ਵੇਖ ਵਖਾਇਆ । ਧਰੂ ਪ੍ਰਹਿਲਾਦ ਲੇਖ ਚੁਕੌਣਾ, ਪੂਰਬ ਲਹਿਣਾ ਝੋਲੀ ਪਾਇਆ । ਬ੍ਰਹਮਾ ਵੇਤਾ ਜੋਤ ਸਮੌਣਾ, ਜੋਤੀ ਜੋਤ ਟਿਕਾਇਆ । ਵਿਸ਼ਨੂੰ ਵੰਸੀ ਸੇਵ ਕਮੌਣਾ, ਆਪ ਆਪਣੀ ਸੇਵਾ ਲਾਇਆ । ਸ਼ਿਵ ਸ਼ੰਕਰ ਤੇਰਾ ਦਰ ਸੁਹੌਣਾ, ਗੁਰਮੁਖ ਸਾਜਣ ਮੇਲ ਮਿਲਾਇਆ । ਸੁਰਪਤ ਤੇਰਾ ਰੰਗ ਰੰਗੌਣਾ, ਛੋਟਾ ਬਾਲਾ ਲਏ ਉਠਾਇਆ । ਸੱਤ ਰੰਗ ਨਿਸ਼ਾਨਾ ਆਪ ਝੁਲੌਣਾ, ਸੱਤਾਂ ਦੀਪਾਂ ਵੇਖ ਵਖੌਣਾ, ਪੁਸ਼ਕਰ ਕਰੌਚ ਆਪ ਉਠੌਣਾ, ਲੱਖਣ ਵੇਖ ਵਖਾਈਆ । ਜੰਬੂ ਦੀਪ ਖੇਲ ਖਲੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਲਮਲ ਤੇਰਾ ਭਾਰ ਵੰਡੌਣਾ, ਸਾਨ ਖ਼ਾਕੀ ਖ਼ਾਕ ਸਮਾਈਆ । ਕੁਸ਼ਾ ਤੇਰਾ ਲੇਖ ਲਿਖ਼ੌਣਾ, ਭੁੱਲ ਰਹੇ ਨਾ ਰਾਈਆ । ਗੋਬਿੰਦ ਸੂਰਾ ਲੋਕਮਾਤ ਵੇਖ ਵਖੌਣਾ, ਆਪ ਆਪਣਾ ਲਏ ਉਪਜਾਈਆ । ਨੀਲਾ ਨੀਲੀ ਧਾਰੋਂ ਪਾਰ ਕਰੌਣਾ, ਸਾਚਾ ਅਸਵ ਰਿਹਾ ਦੌੜਾਈਆ । ਕਲਗੀ ਤੋੜਾ ਨਾਮ ਚਮਕੌਣਾ, ਸੋ ਪੁਰਖ ਵੱਡੀ ਵਡਿਆਈਆ । ਸਚ ਸਿੰਘਾਸਣ ਆਸਣ ਲੌਣਾ, ਦਿਸ ਕਿਸੇ ਨਾ ਆਈਆ । ਸੰਬਲ ਨਗਰੀ ਮਾਣ ਦਵੌਣਾ, ਤ੍ਰੈਲੋਕ ਵੱਜੇ ਵਧਾਈਆ । ਸ਼ਬਦ ਖੰਡਾ ਹੱਥ ਫੜੌਣਾ, ਲੋਆਂ ਪੁਰੀਆਂ ਆਪ ਫਿਰਾਈਆ । ਲੱਖ ਚੁਰਾਸੀ ਤੇਰਾ ਲਹਿਣਾ ਦੇਣ ਚੁਕੌਣਾ, ਲੇਖਾ ਰਹੇ ਨਾ ਰਾਈਆ । ਰਾਏ ਧਰਮ ਸੁੱਤਾ ਆਪ ਉਠੌਣਾ, ਸ਼ਬਦ ਹਲੂਣਾ ਆਪ ਲਗਾਈਆ । ਲਾੜੀ ਮੌਤ ਘਰ ਘਰ ਫਿਰੌਣਾ, ਕਲਜੁਗ ਅੰਤਮ ਸਗਨ ਮਨਾਈਆ । ਲਾਲ ਮੈਂਹਦੀ ਰੰਗ ਰੰਗੌਣਾ, ਅਠਾਰਾਂ ਅਠਾਈ ਖ਼ੁਸ਼ੀ ਮਨਾਈਆ । ਮਨਮੁਖ ਜੀਵ ਕੰਤ ਸਰਬ ਬਣੌਣਾ, ਏਕਾ ਘਰ ਹੋਏ ਕੁੜਮਾਈਆ । ਗੁਰਮੁਖ ਵਿਰਲੇ ਸ਼ਬਦ ਅਨਾਦੀ ਗੌਣਾ, ਏਕਾ ਓਟ ਪੁਰਖ ਅਕਾਲ ਰਖਾਈਆ । ਦੀਨ ਇਸਲਾਮ ਵੇਖ ਵਖੌਣਾ, ਪੀਰ ਦਸਤਗੀਰ ਸ਼ਾਹ ਹਕੀਰ ਔਲੀਏ ਸ਼ੇਖ਼ ਮੁਸਾਇਕ ਪੀਰ ਭੇਵ ਨਾ ਰਾਈਆ । ਪੰਡਤ ਪਾਂਧੇ ਭੇਵ ਖਲੌਣਾ, ਜੋਤ ਲਿਲਾਟੀ ਫੋਲ ਫੁਲਾਈਆ । ਗਰੀਬ ਨਿਮਾਣੇ ਗਲੇ ਲਗੌਣਾ, ਦਿਵਸ ਰੈਣ ਰਹੇ ਕੁਰਲਾਈਆ । ਰਾਜਿਆਂ ਰਾਣਿਆਂ ਤਖ਼ਤੋਂ ਲਾਹਉਣਾ, ਸੀਸ ਤਾਜ ਨਾ ਕੋਈ ਟਿਕਾਈਆ । ਜੰਗਲ ਜੂਹ ਉਜਾੜ ਪਹਾੜ ਫਿਰੌਣਾ, ਦਰ ਮੰਗਿਆਂ ਭਿਛ ਨਾ ਪਾਈਆ । ਗੁਰਮੁਖ ਕਾਗੋਂ ਹੰਸ ਬਣੌਣਾ, ਸੋਹੰ ਚੋਗ ਚੁਗਾਈਆ । ਨਾਨਕ ਸਤਿਗੁਰ ਨਾਮ ਵਡਿਔਣਾ, ਜੋ ਰਸਨਾ ਗਿਆ ਗਾਈਆ । ਹੰ ਬ੍ਰਹਮ ਵਿਚ ਸਮੌਣਾ, ਪਾਰਬ੍ਰਹਮ ਸੱਚੀ ਸਰਨਾਈਆ । ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਬਹੌਣਾ, ਚਾਰ ਵਰਨ ਅਠਾਰਾਂ ਵਰਨ ਏਕਾ ਢੋਲਾ ਰਹੇ ਸੁਣਾਈਆ । ਨੌ ਖੰਡ ਪ੍ਰਿਥਮੀ ਏਕੋ ਰੰਗ ਰੰਗੌਣਾ, ਏਕਾ ਹੁਕਮ ਜਣਾਈਆ । ਸਤਿਗੁਰ ਪੂਰਾ ਹਰਿ ਅਖਵਾਉਣਾ, ਸਿਆਸਤ ਵਰਾਸਤ ਨਾ ਕੋਈ ਰਖਾਈਆ । ਆਸਤਕ ਨਾਸਤਕ ਏਕਾ ਧਾਮ ਬਹੌਣਾ, ਏਕਾ ਧੀਰ ਧਰਾਈਆ । ਦੇਵ ਆਤਮ ਦਰਸ ਦਿਖੌਣਾ, ਵਾਸਤਕ ਵਾਸਤਕ ਰੂਪ ਸਮਾਈਆ । ਫਤਿਹ ਡੰਕਾ ਇਕ ਵਜੌਣਾ, ਵਾਹਿਗੁਰੂ ਨਾਮ ਸਹਾਈਆ । ਰਾਮ ਰਾਮਾ ਦਰਸ ਦਿਖੌਣਾ, ਸੀਤਾ ਸੁਰਤੀ ਲਏ ਪਰਨਾਈਆ । ਕਾਹਨਾ ਕ੍ਰਿਸ਼ਨਾ ਮੋਰ ਮੁਕਟ ਸੀਸ ਟਿਕੌਣਾ, ਕਵਲ ਨੈਣ ਲਏ ਮਟਕਾਈਆ । ਐਨਲਹੱਕ ਨਾਅਰਾ ਏਕਾ ਲੌਣਾ, ਅੱਲਾ ਰਾਣੀ ਵੇਖ ਵਖਾਈਆ । ਅੰਤਮ ਧਾਮ ਇਕ ਸੁਹੌਣਾ, ਘਰ ਸਾਚੇ ਵੱਜੇ ਵਧਾਈਆ । ਨਿਹਕਲੰਕ ਪ੍ਰਭ ਨਾਮ ਧਰੌਣਾ, ਮਾਨਸ ਤੱਤ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਹਰੀ ਹਰਿ, ਆਪਣੀ ਕਿਰਪਾ ਦੇਵੇ ਕਰ, ਸਤਿਗੁਰ ਪੂਰਾ ਸਹਿਜ ਸੁਭਾਈਆ ।

ਨਿਰਗੁਣ ਜੋਤ ਹਰਿ ਨਿਰੰਕਾਰ, ਆਦਿ ਪੁਰਖ ਅਬਿਨਾਸ਼ਿਆ । ਅਗੰਮ ਅਗੰਮੜਾ ਅਗੰਮੜੀ ਕਾਰ, ਅਲਖ ਅਲਖਣਾ ਖੇਲ ਤਮਾਸ਼ਿਆ । ਥਿਰ ਘਰ ਬੈਠ ਸੱਚੇ ਦਰਬਾਰ, ਪੁਰਖ ਸੁਲਤਾਨ ਸ਼ਾਹੋ ਸ਼ਬਾਸ਼ਿਆ । ਕਰੇ ਕਰਾਏ ਆਪਣੀ ਕਾਰ, ਆਪਣੇ ਮੰਡਲ ਪਾਵੇ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਪ੍ਰਿਥਮੀ ਅਕਾਸਿਆ । ਨਿਰਗੁਣ ਰੂਪ ਸਰਬ ਗੁਣਵੰਤਾ, ਹਰਿ ਹਰਿ ਆਪ ਅਖਵਾਇੰਦਾ । ਪੂਰਨ ਜੋਤ ਸ੍ਰੀ ਭਗਵੰਤਾ, ਆਪ ਆਪਣੀ ਕਲ ਵਰਤਾਇੰਦਾ । ਆਦਿ ਜੁਗਾਦੀ ਵੇਸ ਵਟੰਤਾ, ਜੁਗ ਜੁਗ ਭੇਖ ਧਰਾਇੰਦਾ । ਲੱਖ ਚੁਰਾਸੀ ਭੇਵ ਖੁਲ੍ਹੰਤਾ, ਹਰ ਘਟ ਆਸਣ ਲਾਇੰਦਾ । ਗੁਰਮੁਖ ਸਾਜਣ ਆਪ ਉਠੰਤਾ, ਆਪਣੀ ਦਇਆ ਕਮਾਇੰਦਾ । ਮੇਲ ਮਿਲਾਏ ਸਾਚੇ ਸੰਤਾ, ਸ਼ਬਦ ਅਨਾਦੀ ਇਕ ਸੁਣਾਇੰਦਾ । ਸ਼ਬਦ ਅਨਾਦੀ ਬਣਾਏ ਬਣਤਾ, ਗੁਰ ਸਤਿਗੁਰ ਵੇਖ ਵਖਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ, ਪੰਚ ਵਿਕਾਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਕਰਾਇੰਦਾ । ਖੇਲਣਹਾਰ ਪੁਰਖ ਸਮਰਥ, ਏਕਾ ਏਕ ਏਕੰਕਾਰਿਆ । ਹਰਿਜਨ ਰੱਖੇ ਦੇ ਕਰ ਹੱਥ, ਦੇਵੇ ਨਾਮ ਭੰਡਾਰਿਆ । ਧੁਰ ਦਰਗਾਹੀ ਸਾਚੀ ਵੱਥ, ਹਰਿਜਨ ਸਾਚੀ ਝੋਲੀ ਪਾ ਰਿਹਾ । ਆਪ ਚੜ੍ਹਾਏ ਆਪਣੇ ਰਥ, ਨੌ ਦਵਾਰੇ ਪਾਰ ਕਰਾ ਰਿਹਾ । ਪੰਚ ਵਿਕਾਰਾ ਦੇਵੇ ਮੱਥ, ਜਗਤ ਤ੍ਰਿਸਨਾ ਮੋਹ ਚੁਕਾ ਰਿਹਾ । ਮਾਇਆ ਮਮਤਾ ਪਾਏ ਨੱਥ, ਸਾਚਾ ਮਾਰਗ ਇਕ ਚਲਾ ਰਿਹਾ । ਦੂਈ ਦਵੈਤੀ ਕਰੇ ਭੱਠ, ਜੂਠ ਝੂਠ ਮੇਟ ਮਿਟਾ ਰਿਹਾ । ਸੰਤਨ ਮੇਲਾ ਨੱਠ ਨੱਠ, ਗੁਰਮਤ ਗੁਰ ਆਪ ਕਰਾ ਰਿਹਾ । ਕਾਇਆ ਮੰਦਰ ਸਚ ਅਕੱਠ, ਦਰ ਦਵਾਰ ਇਕ ਵਖਾ ਰਿਹਾ । ਅੰਮ੍ਰਿਤ ਸਰ ਸਰੋਵਰ ਨੁਹਾਏ ਤੀਰਥ ਅਠਸਠ, ਜਲ ਧਾਰਾ ਮੁਖ ਚੁਆ ਰਿਹਾ । ਅਨਹਦ ਸ਼ਬਦ ਨਗਾਰੇ ਲਾਏ ਸੱਟ, ਪੰਚਮ ਤਾਲ ਆਪ ਵਜਾ ਰਿਹਾ । ਸਚ ਕਿਵਾੜ ਖੋਲ੍ਹੇ ਹੱਟ, ਦਰ ਸਾਚਾ ਆਪ ਖੁਲਾ ਲਿਆ । ਬਜਰ ਕਪਾਟੀ ਜਾਏ ਢੱਠ, ਆਪ ਆਪਣਾ ਪੜਦਾ ਲਾਹ ਰਿਹਾ । ਆਤਮ ਸੇਜਾ ਸਾਚਾ ਸਤਿ, ਸਤਿ ਸਰੂਪੀ ਆਪ ਵਖਾ ਰਿਹਾ । ਮੇਲ ਮਿਲਾਏ ਕਮਲਾਪਤ, ਸੁਰਤੀ ਸ਼ਬਦੀ ਸ਼ਬਦ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਸੰਗ ਨਿਭਾ ਰਿਹਾ । ਭਗਤਨ ਮੀਤਾ ਇਕ ਅਕੱਲਾ, ਆਦਿ ਜੁਗਾਦਿ ਸਮਾਇਆ । ਵਸਣਹਾਰਾ ਸਚ ਮਹੱਲਾ, ਨੇਹਚਲ ਅਟੱਲ ਧਾਮ ਸੁਹਾਇਆ । ਵੇਖ ਵਖਾਏ ਜਲਾਂ ਥਲਾਂ, ਡੂੰਘੇ ਸਾਗਰ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਿਰਤ ਕਮਾਇਆ । ਕਰੇ ਕਰਾਏ ਕਰਨੇਹਾਰਾ, ਏਕਾ ਜੋਤ ਜਗਾਈਆ । ਜੁਗ ਜੁਗ ਖੇਲੇ ਖੇਲ ਅਪਾਰਾ, ਲੋਕਮਾਤ ਵੇਖ ਵਖਾਈਆ । ਧੁਰ ਦਰਗਾਹੀ ਸ਼ਬਦ ਅਪਾਰਾ, ਆਪ ਆਪਣਾ ਨਾਦ ਵਜਾਈਆ । ਅਲੱਖ ਅਗੋਚਰ ਖੇਲ ਨਿਆਰਾ, ਭੇਵ ਅਭੇਦ ਛੁਪਾਈਆ । ਹਰਿ ਸੰਤਨ ਖੋਲ੍ਹੇ ਬੰਦ ਕਿਵਾੜਾ, ਆਪ ਆਪਣਾ ਦਰਸ ਦਿਖਾਈਆ । ਕਰੇ ਪਰਕਾਸ਼ ਬਹੱਤਰ ਨਾੜਾ, ਅੰਧ ਅੰਧੇਰ ਮਿਟਾਈਆ । ਮੇਟ ਮਿਟਾਏ ਪੰਚਮ ਧਾੜਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਚ ਵਖਾਏ ਧਰਮ ਅਖਾੜਾ, ਸਾਚੀ ਸਿਖਿਆ ਮੰਗਲ ਗਾਈਆ । ਸ਼ਬਦ ਗੁਰੂ ਗੁਰ ਸਾਚਾ ਲਾੜਾ, ਹਰਿਜਨ ਸਾਚੇ ਲਏ ਪਰਨਾਈਆ । ਆਪਣੇ ਮੰਦਰ ਆਪੇ ਵਾੜਾ, ਆਪੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖਣਹਾਰਾ ਦਰ, ਦਰ ਘਰ

ਘਰ ਵਿਚ ਫੇਰਾ ਪਾਈਆ । ਘਰ ਘਰ ਗੁਰਮੁਖ ਮੇਲਿਆ, ਘਰ ਘਰ ਵੱਜੀ ਵਧਾਈਆ । ਗੁਰ ਸ਼ਬਦੀ ਗੁਰੂ ਗੁਰ ਚੇਲਿਆ, ਰੂਪ ਰੰਗ ਨਾ ਕੋਈ ਜਣਾਈਆ । ਸਾਜਣ ਮੀਤ ਸੱਜਣ ਸਹੇਲਿਆ, ਨਿਰਗੁਣ ਨੂਰੋ ਨੂਰ ਸਮਾਈਆ । ਜੋਤ ਨਿਰੰਜਣ ਚਾੜ੍ਹੇ ਤੇਲਿਆ, ਲੋਕਮਾਤ ਸਗਨ ਮਨਾਈਆ । ਅਚਰਜ ਖੇਲ ਅਬਿਨਾਸ਼ੀ ਕਰਤਾ ਆਪਣਾ ਆਪੇ ਖੇਲਿਆ, ਭੇਵ ਕੋਇ ਨਾ ਪਾਈਆ । ਗੁਰਸਿਖਾਂ ਧਰਮ ਰਾਏ ਦੀ ਕੱਟੇ ਜੇਲਿਆ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਕਰ, ਏਕਾ ਘਰ ਬਹਾਈਆ । ਸਾਚਾ ਘਰ ਸਚ ਮਕਾਨ, ਹਰਿ ਸਾਚਾ ਸਚ ਸੁਹਾਇੰਦਾ । ਗੁਰਮੁਖਾਂ ਦੇਵੇ ਧੁਰ ਫ਼ਰਮਾਣ, ਬੋਧ ਅਗਾਧੀ ਸ਼ਬਦ ਸੁਣਾਇੰਦਾ । ਆਤਮ ਅੰਤਰ ਇਕ ਗਿਆਨ, ਏਕਾ ਬੂਝ ਬੁਝਾਇੰਦਾ । ਧੁਨੀ ਨਾਦ ਸ਼ਬਦ ਧੁਨਕਾਨ, ਰਾਗ ਅਨਾਦੀ ਆਪ ਸੁਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਇਕ ਵਖਾਇੰਦਾ । ਕਾਗੀ ਕਾਗ ਹੰਸ ਬਣ ਜਾਣ, ਦੁਰਮਤ ਮੈਲ ਗਵਾਇੰਦਾ । ਦੇਵਣਹਾਰਾ ਨਾਮ ਨਿਧਾਨ, ਸੰਤਨ ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਜਣ ਵੇਖਿਆ, ਗੁਰ ਸਤਿਗੁਰ ਕਿਰਪਾ ਧਾਰ । ਪੂਰਬ ਲਹਿਣਾ ਜਾਣੇ ਲੇਖਿਆ, ਮਾਨਸ ਜਨਮਾ ਪਾਵੇ ਸਾਰ । ਵੇਖ ਵਖਾਣੇ ਧਾਰੀ ਕੇਸਿਆ, ਮੂੰਡ ਮੁੰਡਾਏ ਇਕ ਗਿਆਨ । ਨਿਰਗੁਣ ਜੋਤੀ ਹਰ ਘਟ ਪਰਵੇਸਿਆ, ਵਸਿਆ ਕਾਇਆ ਮੰਦਰ ਮਕਾਨ । ਆਪੇ ਜਾਣੇ ਆਪਣਾ ਭੇਖਿਆ, ਭੇਖਾਧਾਰੀ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਾਮ ਵਸਤ ਅੰਦਰ ਧਰ, ਮੂਰਖ ਮੂੜ੍ਹ ਬਣਾਏ ਚਤੁਰ ਸੁਜਾਨ । ਨਾਮ ਵਸਤ ਸਚ ਭੰਡਾਰਾ, ਗੁਰ ਸਤਿਗੁਰ ਆਪ ਵਰਤਾਈਆ । ਗੁਰਮੁਖਾਂ ਲੋਕਮਾਤ ਕਰ ਪਿਆਰਾ, ਆਤਮ ਝੋਲੀ ਰਿਹਾ ਭਰਾਈਆ । ਤਨ ਕਰਾਏ ਇਕ ਸ਼ਿੰਗਾਰਾ, ਬਸਤਰ ਗਹਿਣਾ ਸ਼ਬਦ ਵਖਾਈਆ । ਨੇਤਰ ਨੈਣਾਂ ਦਰਸ ਗਿਰਧਾਰਾ, ਲੋਚਣ ਏਕਾ ਏਕ ਖੁਲ੍ਹਾਈਆ । ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਸਗਨ ਮਨਾਈਆ । ਸੁਖਮਨ ਟੇਢੀ ਪਾਰ ਕਿਨਾਰਾ, ਹਰਿ ਸੱਜਣ ਆਪ ਕਰਾਈਆ । ਸਤਿਗੁਰ ਆਏ ਬੰਕ ਦਵਾਰਾ, ਸ਼ਬਦੀ ਲੜ ਫੜਾਈਆ । ਦਿਸ ਨਾ ਆਏ ਵਿਚ ਸੰਸਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਹਰਿਜਨ ਵਿਰਲਾ ਪਾਵੇ ਸਾਰਾ, ਜਿਸ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਨਰ ਨਰੇਸ਼, ਨਿਰਗੁਣ ਆਪ ਅਖਵਾਇੰਦਾ । ਸਤਿਗੁਰ ਗੁਰ ਸ਼ਬਦ ਸੰਦੇਸ਼, ਜਨ ਭਗਤਾਂ ਆਪ ਸੁਣਾਇੰਦਾ । ਆਪਣੇ ਨੇਤਰ ਆਪੇ ਵੇਖ, ਸੋਏ ਮਾਤ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਗੁਰ ਸਤਿਗੁਰ ਮੇਲਾ ਏਕਾ ਘਰ, ਸ਼ਬਦ ਸ਼ਬਦੀ ਆਪ ਕਰਾਇੰਦਾ ।



ਹਰਿ ਸ਼ਬਦ ਰੂਪ ਅਪਾਰ, ਹਰੀ ਹਰਿ ਆਪ ਚਲਾਇਆ । ਭਗਤਨ ਦੇਵੇ ਵਿਚ ਸੰਸਾਰ, ਜੁਗ ਜੁਗ ਵੇਸ ਵਟਾਇਆ । ਅੰਤਰ ਆਤਮ ਇਕ ਆਧਾਰ, ਏਕਾ ਬ੍ਰਹਮ ਜਣਾਇਆ । ਪਾਰਬ੍ਰਹਮ ਖੇਲ ਅਪਾਰ, ਨਿਰਗੁਣ ਸਰਗੁਣ ਲਏ ਜਗਾਇਆ । ਜੋਤ ਨਿਰੰਜਣ ਕਰ ਉਜਿਆਰ, ਅੰਧ

ਅੰਧੇਰਾ ਦਏ ਮਿਟਾਇਆ । ਸ਼ਬਦੀ ਸ਼ਬਦ ਧੁਰ ਫ਼ਰਮਾਨ, ਧੁਨੀ ਧੁਨ ਉਪਜਾਇਆ । ਰਾਗ ਨਾਦ ਸਾਰੇ ਗਾਨ, ਗੁਰ ਕਾ ਸ਼ਬਦ ਸ਼ਬਦ ਸਲਾਹਿਆ । ਆਪ ਵਸਾਏ ਸਚ ਮਕਾਨ, ਸਾਢੇ ਤਿੰਨ ਹੱਥ ਕਾਇਆ ਬਣਤ ਬਣਾਇਆ । ਅੰਮ੍ਰਿਤ ਸਰੋਵਰ ਪੀਣ ਖਾਣ, ਕਵਲ ਨਾਭੀ ਮੁਖ ਭਵਾਇਆ । ਦਰਸ ਦਿਖਾਏ ਜਨ ਪਛਾਣ, ਜਾਨਣਹਾਰ ਭੇਵ ਨਾ ਰਾਇਆ । ਘਟ ਘਟ ਅੰਦਰ ਖੇਲ ਮਹਾਨ, ਹਰ ਬੈਠਾ ਬੇਪਰਵਾਹਿਆ । ਜਿਸ ਜਨ ਦੇਵੇ ਭਗਤੀ ਦਾਨ, ਆਪਣੇ ਮਾਰਗ ਆਪੇ ਲਾਇਆ । ਚਰਨ ਧੂੜ ਸੱਚਾ ਅਸ਼ਨਾਨ, ਸਤਿਗੁਰ ਪੂਰਾ ਮੁਖ ਛੁਹਾਇਆ । ਜੋਤ ਲਲਾਟੀ ਸਚ ਨਿਸ਼ਾਨ, ਆਪ ਆਪਣਾ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਲਹਿਣਾ ਲਹਿਣਾ ਝੋਲੀ ਪਾਇਆ । ਆਤਮ ਅੰਤਰ ਨੇਤਰ ਖੋਲ੍ਹ, ਹਰਿਜਨ ਆਪ ਜਗਾਈਆ । ਸ਼ਬਦ ਅਗੰਮੀ ਆਪੇ ਬੋਲ, ਆਪ ਆਪਣਾ ਰਾਗ ਅਲਾਈਆ । ਅਨਹਦ ਵਜਾਏ ਸਾਚਾ ਢੋਲ, ਤਾਲ ਤਲਵਾੜਾ ਇਕ ਵਖਾਈਆ । ਪੰਚ ਵਿਕਾਰ ਨਾ ਕਰੇ ਘੋਲ, ਜਿਸ ਸਿਰ ਸਮਰਥ ਹੱਥ ਟਿਕਾਈਆ । ਆਪਣੇ ਸ਼ਬਦ ਆਪੇ ਜਾਏ ਮੌਲ, ਜੋਤੀ ਨੂਰ ਕਰੇ ਰੁਸ਼ਨਾਈਆ । ਉਲਟਾ ਕਰੇ ਨਾਭ ਕੌਲ, ਝਿਰਨਾ ਅੰਮ੍ਰਿਤ ਬੂੰਦ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਆਤਮ ਦਰਸੀ ਦਰਸ ਦਿਖਾਈਆ । ਆਤਮ ਦਰਸੀ ਸਚ ਮਕਾਨਾ, ਕਾਇਆ ਗੜ੍ਹ ਸੁਹਾਇਆ । ਹਰਿਜਨ ਮਾਰੇ ਤੀਰ ਨਿਸ਼ਾਨਾ, ਬਜਰ ਕਪਾਟੀ ਤੋੜ ਤੁੜਾਇਆ । ਦੂਈ ਦਵੈਤੀ ਮੇਟ ਮਿਟਾਨਾ, ਏਕਾ ਰੰਗ ਰੰਗਾਇਆ । ਦੇਵੇ ਨਾਮ ਇਕ ਗਿਆਨਾ, ਬ੍ਰਹਮ ਪਾਰਬ੍ਰਹਮ ਸਮਾਇਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਹਰਿਜਨ ਸਾਚੇ ਲਏ ਤਰਾਇਆ । ਹੱਥੀਂ ਬੰਨ੍ਹੇ ਏਕਾ ਗਾਨਾ, ਲੋਕਮਾਤੀ ਸਗਨ ਮਨਾਇਆ । ਲੱਖ ਚੁਰਾਸੀ ਫੰਦ ਕਟਾਨਾ, ਦਸ ਦਸ ਮਾਸਾ ਗੇੜ ਰਹੇ ਨਾ ਰਾਇਆ । ਦਰਗਹਿ ਸਾਚੀ ਮੇਲ ਮਿਲਾਨਾ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸ਼ਬਦ ਬਬਾਣੇ ਲਏ ਚੜ੍ਹਾਇਆ । ਕਿਰਪਾ ਕਰ ਕਰ ਮੇਲਿਆ, ਆਪ ਆਪਣੀ ਕਿਰਪਾ ਧਾਰ । ਸ਼ਬਦ ਗੁਰੂ ਗੁਰਸਿਖ ਚੇਲਿਆ, ਦੋਏ ਸੋਹਣ ਇਕ ਦਵਾਰ । ਏਥੇ ਓਥੇ ਸੱਜਣ ਸੁਹੇਲਿਆ, ਮੇਲ ਮਿਲਾਏ ਵਿਚ ਸੰਸਾਰ । ਸਦ ਵਸੇ ਰੰਗ ਨਵੇਲਿਆ, ਜਨ ਭਗਤਾਂ ਕਰੇ ਪਿਆਰ । ਅਚਰਜ ਖੇਲ ਨਿਤ ਨਵਿਤ ਖੇਲਿਆ, ਜੀਵ ਜੰਤ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਲਾਏ ਪਾਰ । ਕਰ ਕਿਰਪਾ ਹਰਿ ਜਾਣਿਆ, ਜੁਗ ਜੁਗ ਵਿਛੜਿਆ ਜਨ । ਆਪ ਆਪਣਾ ਮੂਲ ਪਛਾਨਿਆ, ਰਾਮ ਨਾਮ ਵੇਖਿਆ ਸਾਚਾ ਧਨ । ਏਕਾ ਰੀਤੀ ਇਕ ਗਿਆਨਿਆ, ਏਕਾ ਰਾਗ ਏਕਾ ਕੰਨ । ਏਕਾ ਦਰਸ ਸ੍ਰੀ ਭਗਵਾਨਿਆ, ਦੂਈ ਦਵੈਤੀ ਭਾਂਡਾ ਭੰਨ । ਸੁਣੇ ਸੁਣਾਏ ਧੁਰ ਫ਼ੁਰਮਾਨਿਆ, ਜੋਤੀ ਨੂਰ ਨਿਰਗੁਣ ਚੰਨ । ਜਾਨਣਹਾਰਾ ਅਨਹਦ ਬਾਣੀਆ, ਭਾਗ ਲਗਾਏ ਕਾਇਆ ਤਨ । ਅੰਮ੍ਰਿਤ ਦੇਵੇ ਠੰਡਾ ਪਾਣੀਆ, ਆਪ ਆਪਣਾ ਆਪੇ ਜਾਏ ਮੰਨ । ਵਡ ਦਾਤਾ ਗੁਣ ਨਿਧਾਨੀਆ, ਕਾਮ ਕਰੋਧ ਲੋਭ ਮੋਹ ਹੰਕਾਰ ਪੰਚਾਂ ਦੇਵੇ ਡੰਨ । ਜਗਤ ਤ੍ਰਿਸਨਾ ਵੇਖ ਵਖਾਨੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਣਹਾਰਾ ਸਾਚੇ ਦਰ, ਦਰ ਸਾਚਾ ਇਕ ਵਖਾਨੀਆ । ਦਰ ਘਰ ਸੱਚਾ ਹਰਿ ਦਵਾਰ, ਹਰਿ ਸਾਚੇ ਆਪ ਸੁਹਾਇਆ । ਕਾਇਆ ਮੰਦਰ ਖੇਲ ਅਪਾਰ, ਘਰ ਘਰ ਵਿਚ ਡੇਰਾ ਲਾਇਆ । ਨਿਰਗੁਣ ਜੋਤੀ ਕਰ ਉਜਿਆਰ, ਬੈਠਾ ਦੀਪ ਜਗਾਇਆ । ਆਤਮ ਸੇਜਾ ਹੋ ਤਿਆਰ, ਏਕਾ ਰਾਹ ਦਿਖਾਇਆ । ਸ਼ਬਦ ਗੁਰ

ਵਡ ਬਲਕਾਰ, ਬਜਰ ਕਪਾਟੀ ਤੋੜ ਤੁੜਾਇਆ । ਸੁਖਮਨ ਨਾੜੀ ਡੂੰਘੀ ਗਾਰ, ਆਪ ਆਪਣਾ ਵੇਖ ਵਖਾਇਆ । ਪਿੰਗਲਾ ਈੜਾ ਕਰਨ ਨਿਮਸਕਾਰ, ਦੋਏ ਜੋੜ ਸੀਸ ਝੁਕਾਇਆ । ਪੰਚਮ ਵਿਕਾਰਾ ਮਾਰੇ ਮਾਰ, ਨਾਮ ਖੰਡਾ ਇਕ ਚਮਕਾਇਆ । ਸੁਰਤ ਸਵਾਣੀ ਕਰ ਪਿਆਰ, ਆਪਣੇ ਲੜ ਬੰਧਾਇਆ । ਨੌ ਦਵਾਰੇ ਕੱਢੇ ਬਾਹਰ, ਦਸਵੇਂ ਮੇਲ ਮਿਲਾਇਆ । ਅੰਦਰ ਬਾਹਰ ਗੁਪਤ ਜਾਹਰ, ਏਕਾ ਰੂਪ ਨਜ਼ਰੀ ਆਇਆ । ਜਨ ਭਗਤਾਂ ਭਰੇ ਨਾਮ ਭੰਡਾਰ, ਤੋਟ ਰਹੇ ਨਾ ਰਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਸਚ ਖ਼ਜ਼ਾਨਾ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇਆ ।

## ✪ ੨੫ ਮਾਘ ੨੦੧੫ ਬਿਕ੍ਰਮੀ ਬਚਨ ਸਿੰਘ ਦੇ ਘਰ ਪਿੰਡ ਕਾਣਾ ਕੌਟਾ ਜ਼ਿਲਾ ਗੁਰਦਾਸ ਪੁਰ ✪

ਨਿਰਗੁਣ ਧਾਰ ਸ਼ਬਦ ਭੰਡਾਰਾ, ਪੁਰਖ ਅਕਾਲ ਰਖਾਇੰਦਾ । ਰੂਪ ਅਨੂਪ ਹਰਿ ਕਰਤਾਰਾ, ਸ਼ਾਹੋ ਭੂਪ ਅਖਵਾਇੰਦਾ । ਸਾਚੇ ਤਖ਼ਤ ਸਚ ਸਿਕਦਾਰਾ, ਸਾਚਾ ਰਾਜ ਕਮਾਇੰਦਾ । ਏਕਾ ਏਕ ਏਕੰਕਾਰਾ, ਆਪਣੀ ਕਲ ਵਰਤਾਇੰਦਾ । ਨਾਮ ਅਗੰਮੀ ਸਤਿ ਸਤਾਰਾ, ਆਪਣੀ ਆਪ ਵਜਾਇੰਦਾ । ਦੀਪਕ ਦੀਪਕ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸ਼ਬਦ ਗੁਰ ਸਰਬ ਜੀਆ ਦਾਤਾ, ਹਰਿ ਸਾਚਾ ਆਪ ਉਪਾਇਆ । ਆਪੇ ਪਿਤਾ ਆਪੇ ਮਾਤਾ, ਬਾਲ ਬਾਲਾ ਰੂਪ ਵਟਾਇਆ । ਆਪੇ ਬੰਨੇ ਸਾਚੇ ਨਾਤਾ, ਆਪੇ ਵੇਖ ਵਖਾਇਆ । ਆਪੇ ਰਿਹਾ ਇਕ ਇਕਾਂਤਾ, ਹਰ ਘਟ ਆਪ ਸਮਾਇਆ । ਆਪ ਆਪਣੀ ਅੰਧੇਰੀ ਰਾਤਾ, ਆਪ ਆਪਣਾ ਪਰਕਾਸ਼ ਰਖਾਇਆ । ਆਪੇ ਜਾਣੇ ਆਪਣੀ ਗਾਥਾ, ਆਪੇ ਆਪਣਾ ਰਾਗ ਅਲਾਇਆ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਬੇਪਰਵਾਹਿਆ । ਆਪੇ ਹੋਏ ਤ੍ਰਿਲੋਕੀ ਨਾਥਾ, ਆਪ ਆਪਣਾ ਖੇਲ ਖਿਲਾਇਆ । ਆਪੇ ਖੋਲ੍ਹ ਚੌਦਾਂ ਹਾਟਾ, ਆਪਣਾ ਵਣਜ ਕਰਾਇਆ । ਆਪੇ ਸਰਬ ਕਲਾ ਪੁਰਖ ਸਮਰਾਥਾ, ਪਾਰਬ੍ਰਹਮ ਆਪ ਅਖਵਾਇਆ । ਆਪ ਸਹਾਈ ਨਾਥ ਅਨਾਥਾ, ਨਾਥ ਅਨਾਥਾ ਗਲੇ ਲਗਾਇਆ । ਆਪ ਨਿਭਾਏ ਸਗਲਾ ਸਾਥਾ, ਜੁਗ ਜੁਗ ਵੇਸ ਵਟਾਇਆ । ਆਪੇ ਜਾਣੇ ਲਹਿਣਾ ਦੇਣਾ ਮਸਤਕ ਮਾਥਾ, ਆਪੇ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਿਲਾਇਆ । ਸ਼ਬਦ ਗੁਰ ਹਰਿ ਮਿਹਰਵਾਨਾ, ਸ਼ਬਦੀ ਤੀਰ ਚਲਾਇੰਦਾ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਨਾਮ ਉਪਾਇੰਦਾ । ਏਕਾ ਸ਼ਸਤਰ ਤੀਰ ਕਮਾਨਾ, ਏਕਾ ਖੰਡਾ ਹੱਥ ਉਠਾਇੰਦਾ । ਏਕਾ ਵੇਖੇ ਮਾਰ ਧਿਆਨਾ, ਏਕਾ ਖੇਲ ਖਿਲਾਇੰਦਾ । ਏਕਾ ਲੋਆਂ ਪੁਰੀਆਂ ਦੇਵੇ ਦਾਨਾ, ਏਕਾ ਮੂਲ ਚੁਕਾਇੰਦਾ । ਏਕਾ ਲੱਖ ਚੁਰਾਸੀ ਬੰਨੇ ਗਾਨਾ, ਏਕਾ ਸਗਨ ਮਨਾਇੰਦਾ । ਏਕਾ ਹੋਏ ਜਾਣੀ ਜਾਣਾ, ਜਾਣਨਹਾਰ ਇਕ ਅਖਵਾਇੰਦਾ । ਏਕਾ ਤਨ ਦਰ ਰਹੇ ਨਿਮਾਣਾ, ਜੁਗ ਜੁਗ ਖੇਲ ਖਿਲਾਇੰਦਾ । ਏਕਾ ਤਖ਼ਤ ਏਕਾ ਰਾਜਾ ਏਕਾ ਰਾਣਾ, ਸ਼ਾਹੋ ਭੂਪ ਇਕ ਅਖਵਾਇੰਦਾ । ਏਕਾ ਹੁਕਮ ਇਕ ਫ਼ਰਮਾਣਾ, ਸਿਫ਼ਤ ਸਲਾਹ ਇਕ ਰਖਾਇੰਦਾ । ਏਕਾ ਰਾਗ ਏਕਾ ਗਾਣਾ, ਏਕਾ ਤਾਲ ਵਜਾਇੰਦਾ । ਏਕਾ ਪਦ ਵਖਾਏ ਨਿਰਬਾਨਾ, ਥਿਰ ਘਰ ਬੈਠਾ ਆਪ ਸੁਹਾਇੰਦਾ । ਆਦਿ ਜੁਗਾਦਿ ਜੁਗ ਜੁਗ ਖੇਲ ਮਹਾਨਾ, ਆਪ ਆਪਣਾ ਖੇਲ ਖਿਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਧਾਰ ਚਲਾਇੰਦਾ । ਨਿਰਗੁਣ ਧਾਰ ਹਰਿ ਕਰਨੇਹਾਰਾ, ਕਰਤਾ ਪੁਰਖ ਅਖਵਾਇਆ । ਵਰਤੇ ਵਰਤਾਵੇ ਵਿਚ ਸੰਸਾਰਾ, ਲੋਆਂ ਪੁਰੀਆਂ ਮੇਲ ਮਿਲਾਇਆ । ਮੰਡਲ ਮੰਡਪ ਦਏ ਸਹਾਰਾ, ਸ਼ਬਦੀ ਸ਼ਬਦ ਟਿਕਾਇਆ । ਸ਼ਬਦੀ ਸ਼ਬਦ ਜੈ ਜੈ ਜੈਕਾਰਾ, ਸ਼ਬਦੀ ਸ਼ਬਦ ਉਪਾਇਆ । ਸ਼ਬਦੀ ਸ਼ਬਦ ਹਰਿ ਭੰਡਾਰਾ, ਸ਼ਬਦੀ ਆਪ ਵਰਤਾਇਆ । ਸ਼ਬਦੀ ਪੁਰਖ ਸ਼ਬਦੀ ਨਾਰਾ, ਨਰ ਨਰਾਇਣ ਸ਼ਬਦ ਅਖਵਾਇਆ । ਸ਼ਬਦ ਗੁਰ ਸ਼ਬਦ ਅਵਤਾਰਾ, ਸ਼ਬਦ ਪੰਜ ਤੱਤ ਉਪਜਾਇਆ । ਸ਼ਬਦ ਮੀਤ ਸ਼ਬਦ ਮੁਰਾਰਾ, ਸ਼ਬਦ ਵਿਛੋੜਾ ਵੇਖ ਵਖਾਇਆ । ਸ਼ਬਦ ਮਹੱਲ ਸ਼ਬਦ ਮੁਨਾਰਾ, ਸ਼ਬਦ ਬੈਠਾ ਆਸਣ ਲਾਇਆ । ਸ਼ਬਦੀ ਸ਼ਬਦ ਹਰਿ ਨਿਰੰਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਕਰ ਪਸਾਰਾ, ਸ਼ਬਦ ਸ਼ਬਦੀ ਜੋੜ ਜੁੜਾਇਆ । ਆਦਿ ਨਿਰੰਜਣ ਕਰ ਅਕਾਰਾ, ਜੋਤ ਨਿਰੰਜਣ ਮੂੰਡ ਮੁੰਡਾਇਆ । ਜੋਤ ਨਿਰੰਜਣ ਸੇਵਾਦਾਰਾ, ਘਟ ਘਟ ਦੀਪ ਵਖਾਇਆ । ਸ਼ਬਦੀ ਸ਼ਬਦ ਸ਼ਬਦ ਧੁਨਕਾਰਾ, ਘਰ ਮੰਦਰ ਆਪ ਸੁਹਾਇਆ । ਤਾਲ ਅਨਾਦੀ ਅਪਰ ਅਪਾਰਾ, ਗੁਰ ਸਤਿਗੁਰ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਘਰ, ਨੂਰੋ ਨੂਰ ਕਰੇ ਰੁਸ਼ਨਾਇਆ । ਨੂਰ ਰੁਸ਼ਨਾਈ ਲੋਕਮਾਤ, ਜੋਤੀ ਜੋਤ ਜਗਾਈਆ । ਜੁਗ ਜੁਗ ਵੇਖੇ ਮਾਰ ਝਾਤ, ਆਤਮ ਝੋਲੀ ਆਪ ਭਰਾਈਆ । ਅੰਤਮ ਵੇਲੇ ਪੁੱਛੇ ਵਾਤ, ਘਰ ਲੇਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਨਾਉਂ ਨਿਰੰਜਣ ਹਰਿ ਨਿਰੰਕਾਰ, ਅਗਾਧ ਬੋਧ ਅਖਵਾਇੰਦਾ । ਅਕਲ ਕਲਾ ਕਲ ਪਸਾਰ, ਆਪੇ ਵੇਖ ਵਖਾਇੰਦਾ । ਜਲ ਥਲ ਮਹੀਅਲ ਡੂੰਘੀ ਧਾਰ, ਨਿਝਰ ਧਾਰ ਆਪ ਚਲਾਇੰਦਾ । ਦੋ ਜਹਾਨਾਂ ਦਏ ਸਹਾਰ, ਆਪ ਆਪਣਾ ਰੰਗ ਰੰਗਾਇੰਦਾ । ਗੁਰ ਗੁਰ ਵੇਸ ਅਪਰ ਅਪਾਰ, ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਇੰਦਾ । ਆਪਣਾ ਭੇਵ ਆਪੇ ਖੋਲ੍ਹ, ਆਪੇ ਸ਼ਬਦ ਜਣਾਈਆ । ਏਕਾ ਅੱਖਰ ਸ਼ਬਦ ਬੋਲ, ਹਉਮੇ ਬੂਝ ਬੁਝਾਈਆ । ਸਾਚੇ ਕੰਡੇ ਆਪੇ ਤੋਲ, ਆਪੇ ਵੰਡ ਵੰਡਾਈਆ । ਸਤਿਜੁਗ ਵਜਾ ਸਾਚਾ ਢੋਲ, ਲੋਕਮਾਤ ਕਰੇ ਜਣਾਈਆ । ਤ੍ਰੇਤਾ ਤ੍ਰੀਆ ਰਿਹਾ ਮੌਲ, ਤੇਰਾ ਮੇਰਾ ਰੂਪ ਵਟਾਈਆ । ਦੁਆਪਰ ਖੇਲੇ ਏਕਾ ਹੋਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਹਰਿ ਸਾਚੇ ਪਾਰ ਉਤਾਰਿਆ । ਕਲਜੁਗ ਲੋਕਮਾਤ ਲਏ ਅਵਤਾਰ, ਧਰਨੀ ਧਰਤ ਆਪ ਸੁਹਾ ਰਿਹਾ । ਦਰ ਦਰਵੇਸਾ ਮੰਗੇ ਮੰਗ ਭਿਖਾਰ, ਘਰ ਸਾਚੇ ਆਪ ਸੁਹਾ ਰਿਹਾ । ਕੂੜਾ ਕੂੜਾ ਕਰ ਪਸਾਰ, ਤੇਰਾ ਭਾਰ ਆਪ ਉਠਾ ਲਿਆ । ਜੂਠ ਝੂਠ ਨਾਲ ਪਿਆਰ, ਮਾਇਆ ਮਮਤਾ ਸੰਗ ਨਿਭਾ ਲਿਆ । ਹਉਮੇ ਹੰਗਤਾ ਗੜ੍ਹ ਹੰਕਾਰ, ਮਾਇਆ ਬੁਰਜ ਬਣਾ ਰਿਹਾ । ਭੁੱਖਾ ਨੰਗਤਾ ਦਰ ਭਿਖਾਰ, ਚਾਰੋਂ ਕੁੰਟ ਵੇਸ ਵਟਾ ਲਿਆ । ਤੇਰੀ ਮਦਦ ਚਾਰ ਯਾਰ, ਸੰਗ ਮੁਹੰਮਦ ਇਕ ਰਖਾ ਲਿਆ । ਬੇਐਬ ਖ਼ੁਦਾਈ ਪਰਵਰਦਿਗਾਰ, ਖ਼ੁਦੀ ਖ਼ੁਦਾਈ ਮੇਲ ਮਿਲਾ ਰਿਹਾ । ਅੱਲਾ ਰਾਣੀ ਕਰ ਤਿਆਰ, ਹੂ ਹੂ ਨਾਅਰਾ ਇਕ ਵਖਾ ਲਿਆ । ਬਿਸਮਲ ਤੇਰਾ ਰੂਪ ਅਪਾਰ, ਆਪ ਆਪਣੇ ਵਿਚ ਸਮਾ ਲਿਆ । ਏਕਾ ਕਲਮਾ ਕਰ ਤਿਆਰ, ਨਬੀ ਰਸੂਲਾਂ ਆਪ ਪੜ੍ਹਾ ਲਿਆ । ਸ਼ਰਅ ਸ਼ਰੀਅਤ ਖ਼ਬਰਦਾਰ, ਜਗਤ ਮਸੱਲਾ ਹੱਥ ਫੜਾ ਲਿਆ । ਵੁਜ਼ੂ ਬਾਂਗ ਕਰ ਉਜਿਆਰ, ਨਾਅਰਾ ਐਨਲਹੱਕ

ਵਖਾ ਲਿਆ । ਖ਼ਲਕ ਖ਼ੁਦਾਈ ਵਸਿਆ ਬਾਹਰ, ਖ਼ਾਲਕ ਖ਼ਲਕ ਭੇਵ ਨਾ ਪਾ ਲਿਆ । ਦੋਹਾਂ ਮੇਲਾ ਵਿਚ ਸੰਸਾਰ, ਹਰਿ ਸਾਚੇ ਆਪ ਕਰਾ ਲਿਆ । ਸ਼ਰਅ ਸ਼ਰੀਅਤ ਆਪਣਾ ਡੰਕ ਵਜਾ ਲਿਆ । ਰਾਮ ਨਾਮ ਕਰ ਖੁਵਾਰ, ਚਾਰੋਂ ਕੁੰਟ ਫੇਰਾ ਪਾ ਲਿਆ । ਗਰੀਬ ਨਿਮਾਣੇ ਹਾਹਾਕਾਰ, ਜੀਵ ਜੰਤ ਸਰਬ ਕੁਰਲਾ ਰਿਹਾ । ਕਲਜੁਗ ਕੂੜਾ ਖ਼ਬਰਦਾਰ, ਆਪ ਆਪਣਾ ਡੰਕ ਵਜਾ ਰਿਹਾ । ਮੁਹੰਮਦ ਹੋਇਆ ਪਹਿਰੇਦਾਰ, ਆਪਣੀ ਸੇਵਾ ਆਪ ਕਮਾ ਰਿਹਾ । ਦੋ ਜਹਾਨਾਂ ਮੇਲਾ ਹਰਿ ਕਰਤਾਰ, ਹਰਿ ਸਾਚਾ ਇਹ ਸਮਝਾ ਰਿਹਾ । ਅੰਤਮ ਔਣਾ ਦਰ ਦਵਾਰ, ਆਪ ਆਪਣਾ ਹੁਕਮ ਸੁਣਾ ਲਿਆ । ਮੁਹੰਮਦ ਮੰਗੇ ਬਣ ਭਿਖਾਰ, ਅੱਗੇ ਝੋਲੀ ਆਪਣੀ ਡਾਹ ਰਿਹਾ । ਚੌਦਾਂ ਤਬਕਾਂ ਇਕ ਪਿਆਰ, ਏਕਾ ਘਰ ਵਸਾ ਲਿਆ । ਚੌਦਾਂ ਸਦ ਕਰ ਉਜਿਆਰ, ਲੋਕਮਾਤ ਰਾਜ ਕਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਖਿਲਾ ਰਿਹਾ । ਚੌਦਾਂ ਸਦ ਵਰ ਘਰ ਪਾ, ਮੁਹੰਮਦ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਬੇਪਰਵਾਹ, ਜੀਆਂ ਜੰਤਾਂ ਵੇਖੇ ਥਾਉਂ ਥਾਈਂਆ । ਗਰੀਬ ਨਿਮਾਣੇ ਰਹੇ ਕੁਰਲਾ, ਦਿਵਸ ਰੈਣ ਮਾਰੇ ਧਾਈਆ । ਨਿਰਗੁਣ ਜੋਤੀ ਨੂਰ ਆਪ ਜਗਾ, ਆਪਣੀ ਕਰੇ ਆਪ ਰੁਸ਼ਨਾਈਆ । ਨਾਨਕ ਸਤਿਗੁਰ ਲੋਕਮਾਤ ਉਪਾ, ਸ਼ਬਦ ਸੁਨੇਹੁੜਾ ਇਕ ਸੁਣਾਈਆ । ਸਤਿ ਨਾਮ ਦਏ ਦ੍ਰਿੜਾ, ਸਾਚੀ ਸਿਖਿਆ ਇਕ ਪੜ੍ਹਾਈਆ । ਹਿੰਦੂ ਮੁਸਲਮ ਨਾ ਕੋਈ ਵਖਾ, ਏਕਾ ਬ੍ਰਹਮ ਜਣਾਈਆ । ਦੂਈ ਦਵੈਤੀ ਪੜਦਾ ਲਾਹ, ਏਕਾ ਘਰ ਬਹਾਈਆ । ਮੁਲਾ ਸ਼ੇਖ਼ ਪੀਰ ਦਸਤਗੀਰ ਦਏ ਸਮਝਾ, ਸ਼ਾਹ ਸੁਲਤਾਨਾ ਹੁਕਮ ਜਣਾਈਆ । ਨੂਰੀ ਜਲਵਾ ਆਪ ਵਖਾ, ਜਲਵਾ ਜਲਾਲ ਆਪ ਖ਼ੁਦਾਈਆ । ਏਕਾ ਸਜਦਾ ਦਏ ਕਰਾ, ਸਾਚਾ ਕਾਅਬਾ ਵੇਖ ਵਖਾਈਆ ।

੧੭੨ ਦੋ ਦੋ ਆਬ ਮੇਲ ਮਿਲਾ, ਹੱਕ ਜਨਾਬਾ ਵਡ ਵਡਿਆਈਆ । ਸਚ ਰਬਾਬਾ ਇਕ ਵਜਾ, ਨਿਰੰਕਾਰ ਨਿਰੰਕਾਰ ਰਿਹਾ ਗਾਈਆ । ਜੋਤੀ ਜੋਤ ੧੭੨

੦੮ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੋਤੀ ਨੂਰ ਕਰ, ਨਾਨਕ ਨਿਰਗੁਣ ਵੇਸ ਵਟਾਈਆ । ਨਾਨਕ ਸਤਿਗੁਰ ਏਕਾ ਆਇਆ, ਸ੍ਰਿਸ਼ਟ ੦੮

ਸਬਾਈ ਕਰੇ ਜਣਾਈਆ । ਏਕਾ ਜੋਤੀ ਪੂਤ ਸਪੂਤਾ ਹਰਿ ਆਪੇ ਜਾਇਆ, ਗੁਰ ਗੋਬਿੰਦ ਨਾਉਂ ਰਖਾਈਆ । ਸਿੰਘ ਰੂਪ ਹੋ ਸਿੰਘ ਸਜਾਇਆ, ਨਾਮ ਖੰਡਾ ਤਨ ਲਟਕਾਈਆ । ਕਲਗੀ ਤੋੜਾ ਸੀਸ ਟਿਕਾਇਆ, ਪੰਚਮ ਹੱਥ ਵਖਾਈਆ । ਪੰਚਮ ਮੇਲਾ ਆਪ ਕਰਾਇਆ, ਪੰਚਮ ਗਿਆ ਆਪ ਸਮਾਈਆ । ਅੰਤਮ ਆਪਣਾ ਖੇਲ ਖਿਲਾਇਆ, ਆਪਣੀ ਸੇਵਾ ਆਪ ਕਰਾਈਆ । ਬੰਸ ਸਰਬੰਸਾ ਲੇਖੇ ਲਾਇਆ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਦੀਨ ਦਿਆਲ ਦਇਆ ਕਮਾਇਆ, ਆਪੇ ਸਿਫ਼ਤੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਾਚਾ ਘਰ, ਹਰਿ ਸਾਚਾ ਵੇਖ ਵਖਾਈਆ । ਗੋਬਿੰਦ ਸਿੰਘ ਸਿੰਘ ਬਲਕਾਰਾ, ਹਰਿ ਹਰਿ ਆਪ ਉਪਾਇਆ । ਪੰਚਮ ਮੀਤਾ ਪੰਚਮ ਕਰ ਪਿਆਰਾ, ਪੰਚਮ ਏਕਾ ਰੰਗ ਰੰਗਾਇਆ । ਗੁਰੂ ਗ੍ਰੰਥ ਗੁਰੂਦਵਾਰਾ, ਗੁਰ ਗੁਰ ਆਪ ਸਮਝਾਇਆ । ਜੀਵ ਜੰਤ ਨਾ ਭੁੱਲੇ ਕੋਈ ਸੰਸਾਰਾ, ਸਾਚਾ ਮਾਰਗ ਇਕ ਵਖਾਇਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਸੰਬਲ ਨਗਰੀ ਧਾਮ ਨਿਆਰਾ, ਹਰਿ ਸਾਚਾ ਦਏ ਵਸਾਇਆ । ਉਚ ਅਟੱਲ ਅਟੱਲ ਮੁਨਾਰਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸ੍ਰਿਸ਼ਟ ਸਬਾਈ ਪਾਵੇ ਸਾਰਾ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸੋਏ ਆਪ ਜਗਾਇਆ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਹੱਥ ਚਮਕਾਇਆ । ਰਾਜ

ਰਾਜਾਨਾ ਕਰੇ ਖੁਵਾਰਾ, ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਇਆ । ਏਕਾ ਨਾਮ ਇਕ ਜੈਕਾਰਾ, ਏਕਾ ਫਤਿਹ ਡੰਕ ਵਜਾਇਆ । ਏਕਾ ਘਰ ਇਕ ਘਰ ਬਾਰਾ, ਧੁਰ ਦਰਬਾਰਾ ਇਕ ਸੁਹਾਇਆ । ਬੀਸ ਬੀਸਾ ਹੋਏ ਖ਼ਬਰਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਵੇਖ ਵਖਾਇਆ । ਕਲਜੁਗ ਤੇਰਾ ਅੰਤਮ ਲਹਿਣਾ, ਹਰਿ ਸਾਚਾ ਆਪ ਚੁਕਾਈਆ । ਚਾਰ ਯਾਰੀ ਬਸਤਰ ਗਹਿਣਾ, ਏਕਾ ਏਕ ਪਹਿਨਾਈਆ । ਅੱਲਾ ਰਾਣੀ ਨੇਤਰ ਰੋਵੇ ਨੈਣਾਂ, ਧੀਰ ਨਾ ਕੋਈ ਧਰਾਈਆ । ਨਬੀ ਰਸੂਲਾ ਮਿਲੇ ਨਾ ਬਹਿਣਾ, ਸ਼ਰਅ ਸ਼ਰੀਅਤ ਰਹੀ ਤਪਾਈਆ । ਸ਼ਾਹ ਸਿਕਦਾਰ ਝੂਠੇ ਵਹਿਣ ਵਹਿਣਾ, ਧੀਰਜ ਧੀਰ ਨਾ ਕੋਈ ਧਰਾਈਆ । ਅਮਾਮ ਅਮਾਮਾਂ ਨਾਲ ਖਹਿਣਾ, ਖਹਿ ਖਹਿ ਅਗਨ ਜਲਾਈਆ । ਪੁਰਖ ਅਬਿਨਾਸ਼ੀ ਚੁਕਾਏ ਲਹਿਣਾ ਦੇਣਾ, ਚੌਦਾਂ ਚੌਦਾਂ ਵੇਖ ਵਖਾਈਆ । ਨਾਤਾ ਤੁੱਟੇ ਭਾਈ ਭੈਣਾ, ਸਗਲਾ ਸੰਗ ਨਾ ਕੋਈ ਨਿਭਾਈਆ । ਵਰ ਮੰਗੇ ਲਾੜੀ ਮੌਤ ਡੈਣਾ, ਲਾਲ ਮਹਿੰਦੀ ਹੱਥੀਂ ਲਾਈਆ । ਧਰਮ ਰਾਏ ਅੱਗੇ ਹੋ ਹੋ ਬਹਿਣਾ, ਆਪ ਆਪਣਾ ਘਰ ਵਖਾਈਆ । ਚਿਤਰ ਗੁਪਤ ਉਚੀ ਕੂਕ ਕਹਿਣਾ, ਮੇਰਾ ਲੇਖਾ ਜਾਏ ਮੁਕਾਈਆ । ਹਰਿ ਕਾ ਭਾਣਾ ਸਹਿਣਾ ਪੈਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਨਕ ਗੁਰ ਵੇਖੇ ਆਪਣੇ ਨੈਣਾਂ, ਆਪਣੇ ਨੈਣਾਂ ਆਪੇ ਗਏ ਲਗਾਈਆ । ਗੁਰਮੁਖ ਵਿਰਲੇ ਮਾਤ ਰਹਿਣਾ, ਜਿਸ ਸਿਰ ਹੱਥ ਸਮਰਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਹਰਿ ਹਰਿ ਜਾਮਾ, ਹਰਿ ਹਰਿ ਖੇਲ ਖਿਲਾਇੰਦਾ । ਆਪੇ ਰਾਮ ਰਮਈਆ ਰਾਮਾ, ਕਾਹਨਾ ਕ੍ਰਿਸ਼ਨਾ ਨਾਮ ਧਰਾਇੰਦਾ । ਆਪੇ ਖੇਲੇ ਖੇਲ ਦੋ ਜਹਾਨਾਂ, ਜੁਗ ਜੁਗ ਧਾਰ ਚਲਾਇੰਦਾ । ਆਪੇ ਈਸਾ ਮੂਸਾ ਧੁਰ ਫ਼ਰਮਾਨਾ, ਆਪਣਾ ਆਪ ਸੁਣਾਇੰਦਾ । ਆਪੇ ਮਜ਼੍ਹਬ ਦੀਨ ਹੋਏ ਇਸਲਾਮਾ, ਆਪ ਆਪਣੀ ਵੰਡ ਵੰਡਾਇੰਦਾ । ਆਪੇ ਨਿਰਗੁਣ ਜੋਤੀ ਅੰਤਰਜਾਮਾ, ਆਪੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਖ ਵਟਾਇੰਦਾ । ਭੇਖ ਵਟਾਇਆ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਪੰਜ ਤੱਤ ਨਾ ਕੋਇ ਆਕਾਰ, ਹੱਡ ਮਾਸ ਨਾੜੀ ਰੱਤ ਨਾ ਕੋਇ ਦਸਾਈਆ । ਮਨ ਮਤ ਬੁਧ ਨਾ ਕੋਇ ਆਧਾਰ, ਬ੍ਰਹਮ ਬ੍ਰਹਮ ਨਾ ਨਜ਼ਰੀ ਆਈਆ । ਪਾਰਬ੍ਰਹਮ ਬੇਐਬ ਪਰਵਰਦਿਗਾਰ, ਏਕਾ ਏਕ ਨੂਰ ਇਲਾਹੀਆ । ਗੋਬਿੰਦ ਤੇਰੀ ਸਾਚੀ ਧਾਰ, ਸਿੰਘ ਰੂਪ ਆਪ ਸਮਾਈਆ । ਨਾਨਕ ਤੇਰਾ ਸਚ ਭੰਡਾਰ, ਸੋਹੰ ਸ਼ਬਦ ਦਏ ਵਰਤਾਈਆ । ਚਾਰ ਯਾਰੀ ਖੋਲ੍ਹ ਕਿਵਾੜ, ਲਹਿਣਾ ਦਏ ਮੁਕਾਈਆ । ਥਿਤ ਸੁਹਾਏ ਸਤਾਰਾਂ ਹਾੜ, ਪ੍ਰਭ ਸਾਚੇ ਵਡ ਵਡਿਆਈਆ । ਲੱਗੇ ਅੱਗ ਨਾੜ ਨਾੜ, ਨਾ ਸਕੇ ਕੋਇ ਬੁਝਾਈਆ । ਆਪੇ ਜਾਣੇ ਆਪਣੀ ਅਗੰਮੜੀ ਧਾੜ, ਆਪਣੇ ਹੱਥ ਰੱਖੇ ਵਡਿਆਈਆ । ਜ਼ਿਮੀ ਅਸਮਾਨਾ ਪੜਦਾ ਦੇਵੇ ਪਾੜ, ਪਾਰਬ੍ਰਹਮ ਭੇਵ ਨਾ ਰਾਈਆ । ਨੌਂ ਖੰਡ ਪ੍ਰਿਥਮੀ ਬਣਾਏ ਇਕ ਅਖਾੜ, ਸੱਤਾਂ ਦੀਪਾਂ ਨਾਲ ਰਲਾਈਆ । ਫਿਰੇ ਦੁਹਾਈ ਜੰਗਲ ਜੂਹ ਉਜਾੜ ਪਹਾੜ, ਰਾਜ ਮੰਦਰ ਨਾ ਕੋਇ ਸੁਹਾਈਆ । ਰਾਜੇ ਰਾਣੇ ਹੋਣ ਖੁਆਰ, ਤਖ਼ਤ ਤਾਜ ਨਾ ਕੋਇ ਹੰਢਾਈਆ । ਸਖੀਆ ਮੰਗਲ ਨਾ ਮੰਗਲਾਚਾਰ, ਘਰ ਘਰ ਸਗਨ ਨਾ ਕੋਇ ਮਨਾਈਆ । ਨਾ ਕੋਈ ਸਾਜਣ ਮੀਤ ਮੁਰਾਰ, ਸਖਾ ਸਹਾਈ ਨਾ ਕੋਈ ਅਖਵਾਈਆ । ਪਿਤਾ ਪੂਤ ਨਾ ਕੋਈ ਪਿਆਰ, ਭੱਜਣ ਵਾਹੋ ਦਾਹੀਆ । ਖੇਲੇ ਖੇਲ ਆਪ ਕਰਤਾਰ, ਕਲਜੁਗ ਵੇਖੇ ਝੂਠੀ ਸ਼ਾਹੀਆ । ਕੂੜਾ ਰੂਪ ਹੋਇਆ ਸਿਕਦਾਰ, ਕੂੜੀ ਕਿਰਿਆ ਨਾਲ ਰਲਾਈਆ ।

ਸਾਧ ਸੰਤ ਨਾ ਕੋਇ ਪਿਆਰ, ਸਾਚਾ ਘਰ ਨਾ ਕੋਇ ਸਹਾਈਆ । ਕਲਜੁਗ ਜੀਵ ਹੋਏ ਵਿਭਚਾਰ, ਹਰਿ ਕਾ ਰੂਪ ਦਿਸ ਨਾ ਆਈਆ । ਮਨਮਤ ਹੋਈ ਦੁਹਾਗਣ ਨਾਰ, ਪਤਤ ਪਾਪੀ ਲਏ ਪਰਨਾਈਆ । ਸੰਤ ਕੰਤ ਮੀਤ ਭਤਾਰ, ਗੁਰਮੁਖ ਵਿਰਲਾ ਨਜ਼ਰੀ ਆਈਆ । ਗੁਰ ਨਾਨਕ ਮੇਲਾ ਇਕ ਦਵਾਰ, ਗੁਰ ਗੋਬਿੰਦ ਵੇਖ ਵਖਾਈਆ । ਦੂਸਰ ਦਿਸੇ ਨਾ ਕੋਇ ਧਾਰ, ਸਾਚੀ ਧਾਰਾ ਆਪ ਬੰਧਾਈਆ । ਸਤਿਜੁਗ ਸਾਚਾ ਕਰੇ ਉਜਿਆਰ, ਸਚ ਸੁੱਚ ਵੱਡੀ ਵਡਿਆਈਆ । ਦਿਲੀ ਤਖ਼ਤ ਸੁਹਾਏ ਦਰ ਦਰਬਾਰ, ਸੀਸ ਗੰਜ ਨਾਮ ਰਖਾਈਆ । ਗੁਰ ਤੇਗ਼ ਬਹਾਦਰ ਤੇਰੀ ਧਾਰ, ਗ਼ਰੀਬ ਨਿਮਾਣੇ ਲਏ ਤਰਾਈਆ । ਕਲਜੁਗ ਅੰਤਮ ਹੋ ਉਜਿਆਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਵਡ ਦਾਤਾ ਬੇਪਰਵਾਹੀਆ । ਆਦਿ ਜੁਗਾਦੀ ਜਾਣੇ ਆਪਣੀ ਕਾਰ, ਬੀਸ ਬੀਸਾ ਨਾਉਂ ਧਰਾਈਆ । ਜਗਤ ਜਗਦੀਸਾ ਭੇਸ ਨਿਆਰ, ਭੇਖ ਅਵੱਲਾ ਇਕ ਵਖਾਈਆ । ਸ਼ਬਦੀ ਡੰਕ ਡੰਕ ਸੰਸਾਰ, ਆਪਣਾ ਆਪ ਸੁਣਾਈਆ । ਨਿਹਕਲੰਕ ਹਰਿ ਲੈ ਅਵਤਾਰ, ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਤੇਰੀ ਝੋਲੀ ਪਾਈਆ । ਕਲਜੁਗ ਲੇਖਾ ਰਿਹਾ ਚੁੱਕ, ਪ੍ਰਭ ਸਾਚਾ ਆਪ ਚੁਕਾਈਆ । ਸੰਮਤ ਸੰਮਤੀ ਪੈਂਡਾ ਰਿਹਾ ਮੁੱਕ, ਨੇੜੇ ਪੰਧ ਵਖਾਈਆ । ਸਾਲ ਬਸਾਲਾ ਰਿਹਾ ਢੁਕ, ਆਪਣਾ ਰਾਹ ਤਕਾਈਆ । ਪੁਰਖ ਅਕਾਲ ਦੀਨ ਦਿਆਲ ਸੰਤ ਸੁਹੇਲੇ ਵੇਖੇ ਝੁਕ, ਲੋਕਮਾਤ ਰਹੇ ਕੁਰਲਾਈਆ । ਕਲਜੁਗ ਸ਼ੇਰ ਰਿਹਾ ਬੁੱਕ, ਚਾਰੋਂ ਕੁੰਟ ਢਕ ਬਣਾਈਆ । ਹਰਿਆ ਬੂਟਾ ਰਿਹਾ ਸੁੱਕ, ਮਾਨਸ ਅੰਮ੍ਰਿਤ ਨਾ ਮੁੱਖ ਚਵਾਈਆ । ਘਰ ਘਰ ਬਣੀ ਅੰਤਮ ਫੁੱਟ, ਨਾ ਕੋਈ ਮੇਲ ਮਿਲਾਈਆ । ਭਾਈਆਂ ਭਾਈ ਰਹੇ ਲੁੱਟ, ਪਿਤਾ ਪੂਤ ਲੜਾਈਆ । ਮਦਿਰਾ ਜਾਮ ਪੀ ਪੀ ਘੁੱਟ, ਹਰਿ ਕਾ ਨਾਮ ਭੁਲਾਈਆ । ਨਾਨਕ ਗੋਬਿੰਦ ਤੇਰਾ ਲੜ ਨਾ ਜਾਏ ਛੁੱਟ, ਸ਼ਬਦ ਵਿਚੋਲਾ ਢੋਲਾ ਗਾਈਆ । ਹਰਿਜਨ ਵਿਰਲੇ ਲਾਹਾ ਰਹੇ ਲੁੱਟ, ਆਤਮ ਅੰਤਰ ਇਕ ਪ੍ਰੀਤ ਵਖਾਈਆ । ਅੰਮ੍ਰਿਤ ਪਿਆਏ ਸਾਚਾ ਘੁੱਟ, ਅਗਨੀ ਤੱਤ ਬੁਝਾਈਆ । ਲੱਖ ਚੁਰਾਸੀ ਜਾਏ ਛੁੱਟ, ਜਿਸ ਮਿਲਿਆ ਬੇਪਰਵਾਹੀਆ । ਕਲਜੁਗ ਅੰਤਮ ਕੂੜ ਕੁੜਿਆਰਾ ਜੜ ਦੇਵੇ ਪੁੱਟ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਧਰਤ ਮਾਤ ਆਪਣੀ ਗੋਦੀ ਲਏ ਚੁੱਕ, ਆਪ ਆਪਣੀ ਖ਼ੁਸ਼ੀ ਮਨਾਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਜੋਤੀ ਬੈਠਾ ਲੁਕ, ਸ਼ਬਦੀ ਰਿਹਾ ਜਗਾਈਆ । ਪਾਰਬ੍ਰਹਮ ਸਤਿਗੁਰ ਪੂਰਾ ਨਾ ਮਾਨਸ ਨਾ ਦਿਸੇ ਮਾਨੁਖ, ਨਿਰਗੁਣ ਸਰਗੁਣ ਵਿਚ ਸਮਾਈਆ । ਮਾਤ ਗਰਭ ਨਾ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਨਾ ਕੋਈ ਤ੍ਰਿਸਨਾ ਨਾ ਕੋਈ ਭੁੱਖ, ਆਸ ਨਿਰਾਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਦਏ ਚੁਕਾਈਆ । ਹਰਿ ਸੰਗਤ ਹਰਿ ਰੰਗ ਹੈ, ਹਰਿ ਦੇਵੇ ਨਾਮ ਭੰਡਾਰ । ਜੋ ਜਨ ਮੰਗੇ ਨਾਮ ਮੰਗ ਹੈ, ਆਤਮ ਅੰਤਰ ਦੇਵੇ ਧਾਰ । ਮੇਲ ਮਿਲਾਏ ਸੂਰੇ ਸਰਬੰਗ ਹੈ, ਦਰਸ ਦਿਖਾਏ ਨਾਨਕ ਗੁਰ ਅਵਤਾਰ । ਸਚ ਮਹੱਲਾ ਵਖਾਏ ਪਲੰਘ ਹੈ, ਨਿਰਗੁਣ ਜੋਤ ਨੂਰ ਉਜਿਆਰ । ਨਾਮ ਵਜਾਏ ਸੱਚਾ ਮਰਦੰਗ ਹੈ, ਕਾਇਆ ਮੰਦਰ ਸੱਚੀ ਧੁਨਕਾਰ । ਅੰਮ੍ਰਿਤ ਪਿਆਏ ਧਾਰਾ ਗੰਗ ਹੈ, ਸਰ ਸਰੋਵਰ ਇਕ ਵਖਾਲ । ਕੱਟਣਹਾਰਾ ਭੁੱਖ ਨੰਗ ਹੈ, ਲੋਕਮਾਤ ਗੁਰ ਸ਼ਬਦ ਦਲਾਲ । ਨਾਮ ਡੋਰੀ ਬੰਨ੍ਹੇ ਪਤੰਗ ਹੈ, ਸੁਰਤੀ ਸੁਰਤ ਕਰੇ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵਸੇ ਨਾਲ ਨਾਲ ।

੧੮੪
੦੮

ਹਰਿ ਸੰਗਤ ਹਰਿ ਵਸਿਆ, ਸਤਿਗੁਰ ਮੀਤ ਮੁਰਾਰ । ਰਾਹ ਏਕਾ ਸੱਚਾ ਦੱਸਿਆ, ਨਾਤਾ ਛੁੱਟੇ ਨੌ ਦਵਾਰ । ਮੇਟੇ ਰੈਣ ਅੰਧੇਰੀ ਮੱਸਿਆ, ਕੋਟਨ ਰਵ ਸਸ ਕਰੇ ਉਜਿਆਰ । ਦਰ ਘਰ ਸਾਚੇ ਆਏ ਨੱਸਿਆ, ਦੇਵੇ ਦਰਸ ਖੋਲ੍ਹ ਕਿਵਾੜ । ਤੀਰ ਨਿਰਾਲਾ ਏਕਾ ਕਸਿਆ, ਸੋਹੰ ਮੁੱਖੀ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਾਚੇ ਘਰ, ਸੁਹਾਏ ਬੰਕ ਦਵਾਰ । ਹਰਿ ਸੰਗਤ ਹਰਿ ਜਾਣਿਆ, ਪਰਮ ਪੁਰਖ ਕਰਤਾਰ । ਆਪ ਚਲਾਏ ਆਪਣੇ ਭਾਣਿਆ, ਦੇਵੇ ਨਾਮ ਆਧਾਰ । ਚਰਨ ਪ੍ਰੀਤੀ ਬਖ਼ਸ਼ੇ ਇਕ ਧਿਆਨਿਆ, ਏਕਾ ਪੈਜ ਸੁਆਰ । ਸ਼ਬਦ ਜਣਾਈ ਬ੍ਰਹਮ ਗਿਆਨਿਆ, ਭਾਂਡਾ ਭਰਮ ਨਿਵਾਰ । ਦਾਤਾ ਦਾਨੀ ਦੇਵੇ ਦਾਨਿਆ, ਦੇਵਣਹਾਰ ਸਰਬ ਸੰਸਾਰ । ਸਤਿ ਸੰਤੋਖੀ ਬੰਨ੍ਹੇ ਗਾਨਿਆ, ਗੁਰ ਮੂਰਤ ਕਰੇ ਸ਼ੰਗਾਰ । ਜੋਨੀ ਰਹਿਤ ਸ੍ਰੀ ਭਗਵਾਨਿਆ, ਏਕਉਂਕਾਰਾ ਅਕਲ ਪਸਾਰ । ਕਲਜੁਗ ਅੰਤਮ ਵੇਖ ਵਖਾਨਿਆ, ਜੋਤੀ ਜਾਮਾ ਭੇਖ ਅਪਾਰ । ਚਾਰ ਵਰਨਾਂ ਦੇਵੇ ਧੁਰ ਫ਼ਰਮਾਨਿਆ, ਸ਼ਬਦ ਸੁਨੇਹੜਾ ਮੀਤ ਮੁਰਾਰ । ਸਤਿਜੁਗ ਸਾਚੀ ਧਾਰ ਬੰਧਾਨਿਆ, ਬੀਸ ਬੀਸਾ ਖ਼ਬਰਦਾਰ । ਸਤ ਰੰਗ ਝੁਲਾਏ ਇਕ ਨਿਸ਼ਾਨਿਆ, ਸ਼ਾਹੋ ਭੂਪ ਸੱਚੀ ਸਰਕਾਰ । ਨੌ ਖੰਡ ਸਖੀ ਇਕ ਵਖਾਨਿਆ, ਸੱਤਾਂ ਦੀਪਾਂ ਇਕ ਪਿਆਰ । ਹਰਿ ਸੰਗਤ ਤੇਰਾ ਰੂਪ ਹਰਿ ਸਾਚਾ ਵੇਖ ਵਖਾਨਿਆ, ਜੋਤੀ ਨੂਰ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਨਾਮ ਵਰ, ਜਗਤ ਭੰਡਾਰੇ ਦੇਵੇ ਭਰ, ਜੋ ਜਨ ਆਏ ਦਰ ਦਵਾਰ । ਦਰ ਦਵਾਰ ਗੁਰ ਦਰਸ਼ਨ ਪਾ, ਆਤਮ ਤ੍ਰਿਖਾ ਬੁਝਾਈਆ । ਸਤਿਗੁਰ ਪੂਰਾ ਹੋਏ ਸਹਾ, ਸਗਲੀ ਚਿੰਤ ਮਿਟਾਈਆ । ਨਿਥਾਵਿਆਂ ਦੇਵੇ ਏਕਾ ਥਾਂ, ਸਾਚੀ ਦਰਗਹਿ ਆਪ ਬਹਾਈਆ । ਲਾਡ ਲਡਾਏ ਜਿਉਂ ਪੁਤਰਾਂ ਮਾਂ, ਆਪਣੀ ਗੋਦ ਉਠਾਈਆ । ਫੜ ਫੜ ਹੰਸ ਬਣਾਏ ਕਾਂ, ਸਾਚੀ ਚੋਗ ਨਾਮ ਚੁਗਾਈਆ । ਸਿਰ ਰੱਖੇ ਹੱਥ ਦੇ ਕਰ ਠੰਡੀ ਛਾਂ, ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਘਰ ਘਰ ਵੱਜਦੀ ਰਹੇ ਵਧਾਈਆ ।



## ੨੯ ਮਾਘ ੨੦੧੫ ਬਿਕ੍ਰਮੀ ਸੰਤ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਨਿਰਗੁਣ ਜੋਤ ਹਰਿ ਭਗਵਾਨ, ਪਾਰਬ੍ਰਹਮ ਅਵਤਾਰਿਆ । ਧਰਮ ਝੁਲਾਏ ਇਕ ਨਿਸ਼ਾਨ, ਲੋਆਂ ਪੁਰੀਆਂ ਅਗੰਮ ਅਪਾਰਿਆ । ਸ੍ਰਿਸ਼ਟ ਸਬਾਈ ਏਕਾ ਗਿਆਨ, ਏਕਾ ਮੰਤਰ ਨਾਮ ਦ੍ਰਿੜ੍ਹਾ ਰਿਹਾ । ਖੇਲੇ ਖੇਲ ਦੋ ਜਹਾਨ, ਲੋਕਮਾਤ ਵੇਖ ਵਖਾ ਲਿਆ । ਦਾਤਾ ਜੋਧਾ ਸੂਰ ਬਲੀ ਬਲਵਾਨ, ਆਪ ਆਪਣਾ ਵੇਸ ਵਟਾ ਲਿਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਸਚ ਨਗਾਰਾ ਇਕ ਵਜਾ ਲਿਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਬਨ ਖੰਡ ਫੇਰਾ ਆਪੇ ਪਾ ਲਿਆ । ਮੰਦਰ ਮਸਜਿਦ ਵੇਖ ਜਗਤ ਮਕਾਨ, ਤੀਰਥ ਤਟ ਕਿਨਾਰਾ ਚਰਨ ਛੁਹਾ ਲਿਆ । ਪੂਜਾ ਪਾਠ ਜਗਤ ਗਿਆਨ, ਨੇਮ ਧਰਮ ਫੋਲ ਫੁਲਾ ਰਿਹਾ । ਸ਼ਬਦੀ ਸ਼ਬਦ ਹੋ ਪਰਧਾਨ, ਦਹਿ ਦਿਸ਼ਾ ਅਲਖ ਜਗਾ ਰਿਹਾ । ਹਰਿਜਨ ਵੇਖੇ ਚਤਰ ਸੁਜਾਨ, ਸਚ ਦਵਾਰੇ ਆਪ ਸੁਹਾ ਰਿਹਾ । ਭਗਤਨ ਭਗਤੀ ਕਰ ਪਰਵਾਨ, ਆਪਣੇ ਲੇਖੇ ਆਪੇ ਲਾ ਲਿਆ । ਸਾਧਾਂ ਸੰਤਾਂ ਹੋ ਮਿਹਰਵਾਨ, ਸਾਰੰਗ ਧਰ ਮੇਲ ਮਿਲਾ ਲਿਆ । ਸੀਤਾ ਸੁਰਤੀ ਸਾਚਾ ਕਾਹਨ, ਰਾਮਾ ਕ੍ਰਿਸ਼ਨਾ ਰੰਗ ਸਮਾ ਲਿਆ । ਨਾਨਕ ਨਿਰਗੁਣ ਪਦ ਨਿਰਬਾਨ, ਸਚਖੰਡ ਦਵਾਰਾ ਇਕ ਵਖਾ

ਲਿਆ । ਗੋਬਿੰਦ ਅੰਮ੍ਰਿਤ ਪੀਣ ਖਾਣ, ਨਾਮ ਪਿਆਲਾ ਜਾਮ ਪਿਆ ਲਿਆ । ਪੁਰਖ ਅਕਾਲ ਘਟ ਘਟ ਜਾਣੀ ਜਾਣ, ਹਰ ਘਟ ਆਪੇ ਵੇਖ ਵਖਾ ਲਿਆ । ਰਾਗੀ ਨਾਦ ਸ਼ਬਦ ਧੁਨ ਕਾਨ, ਪਵਣ ਪਾਣੀ ਰੰਗ ਰੰਗਾ ਲਿਆ । ਤੇਜ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਮਿਟਾ ਲਿਆ । ਚੌਦਾਂ ਲੋਕ ਇਕ ਦੁਕਾਨ, ਏਕਾ ਹੱਟ ਵਖਾ ਲਿਆ । ਬ੍ਰਹਮਾ ਵੇਤਾ ਲੇਖ ਲਖਾਨ, ਚਾਰੇ ਜੋੜ ਜੁੜਾ ਰਿਹਾ । ਵੇਦ ਵਿਆਸਾ ਬਣ ਪਰਧਾਨ, ਅੱਠ ਅਠਾਰਾਂ ਅੰਕ ਸਮਾ ਲਿਆ । ਅਰਜਨ ਗੀਤਾ ਇਕ ਗਿਆਨ, ਏਕਾ ਘਰ ਸੁਹਾ ਲਿਆ । ਅੰਜੀਲ ਕੁਰਾਨਾਂ ਖੇਲ ਮਹਾਨ, ਸਾਚਾ ਨਾਅਰਾ ਇਕ ਵਖਾ ਲਿਆ । ਨਾਨਕ ਦੇਵੇ ਧੁਰ ਫ਼ਰਮਾਨ, ਸ਼ਬਦ ਜਣਾਈ ਹਰਿ ਜਣਾ ਰਿਹਾ । ਅਰਜਨ ਗੁਰ ਚੁਕਾਏ ਮਾਣ, ਬੋਧ ਅਗਾਧ ਟਿਕਾ ਲਿਆ । ਇਕ ਵਖਾਏ ਦਰ ਦਰਬਾਨ, ਦਰ ਦਰਵੇਸ਼ਾ ਇਕ ਬਹਾ ਲਿਆ । ਏਕਾ ਮੰਦਰ ਇਕ ਮਕਾਨ, ਏਕਾ ਥਾਨ ਸੁਹਾ ਲਿਆ । ਮਿਲਿਆ ਮੇਲ ਸ੍ਰੀ ਭਗਵਾਨ, ਸਰ ਸਰੋਵਰ ਸਾਚੇ ਨਹਾ ਲਿਆ । ਕਲਜੁਗ ਆਏ ਮੰਗੇ ਦਾਨ, ਦੋਏ ਜੋੜ ਸੀਸ ਝੁਕਾ ਲਿਆ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਇਕ ਨਿਸ਼ਾਨ, ਮੇਰਾ ਮੇਰਾ ਹੱਥ ਉਠਾ ਲਿਆ । ਅਰਜਨ ਮਾਰ ਨਿਰਾਲਾ ਬਾਣ, ਸ਼ਬਦੀ ਸ਼ਬਦ ਅਲਾ ਲਿਆ । ਤੇਰਾ ਅੰਤਮ ਮੇਲਾ ਹੋਏ ਵਿਚ ਜਹਾਨ, ਹਰਿ ਸਾਚਾ ਵੇਖ ਵਖਾ ਲਿਆ । ਅੰਤਮ ਪਰਗਟ ਹੋਏ ਨਿਹਕਲੰਕ ਬਲੀ ਬਲਵਾਨ, ਕੂੜੀ ਕਿਰਿਆ ਲੇਖੇ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ । ਪਾਰਬ੍ਰਹਮ ਸਰਬ ਜੀਅ ਦਾਤਾ, ਜਾਗਰਤ ਜੋਤ ਜਗਾਇੰਦਾ । ਘਟ ਘਟ ਅੰਦਰ ਦੇ ਗਿਆਤਾ, ਆਪੇ ਵੇਖ ਵਖਾਇੰਦਾ । ਲੱਖ ਚੁਰਾਸੀ ਪਿਤਾ ਮਾਤਾ, ਬਾਲ ਬਾਲਾ ਗੋਦ ਉਠਾਇੰਦਾ । ਬੈਠਾ ਰਹੇ ਇਕ ਇਕਾਂਤਾ, ਅਕਲ ਕਲ ਵਰਤਾਇੰਦਾ । ਥਿਰ ਘਰ ਬੈਠਾ ਮਾਰੇ ਝਾਤਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਚਲਾਏ ਆਪਣਾ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਕੂੜੀ ਕਿਰਿਆ ਕੂੜੀ ਗਾਥਾ, ਕੂੜਾ ਕਰਮ ਕਮਾਇੰਦਾ । ਬਿਨ ਹਰਿ ਕੋਇ ਨਾ ਦਿਸੇ ਸਗਲਾ ਸਾਥਾ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਜੋਤੀ ਨੂਰ ਅਕਾਲ, ਅਕਲ ਕਲਾ ਸਮਾਈਆ । ਕਲਜੁਗ ਬਣ ਸ਼ਬਦ ਦਲਾਲ, ਨਾਮ ਵਣਜਾਰਾ ਇਕ ਵਖਾਈਆ । ਨਵ ਸਤ ਅਵੱਲੜੀ ਚਾਲ, ਬ੍ਰਹਮ ਮਤ ਇਕ ਪੜ੍ਹਾਈਆ । ਏਕਾ ਤੱਤ ਦਏ ਵਖਾਲ, ਰੰਗਣ ਰੰਗ ਰੰਗਾਈਆ । ਕਮਲਾਪਤ ਦੀਨ ਦਿਆਲ, ਹਰਿਜਨ ਸਾਚੇ ਲਏ ਉਠਾਈਆ । ਆਪ ਆਪਣਾ ਬਿਰਧ ਸੰਭਾਲ, ਲੋਕਮਾਤ ਲਏ ਅੰਗੜਾਈਆ । ਵੇਖ ਵਖਾਏ ਸ਼ਾਹ ਕੰਗਾਲ, ਗਰੀਬ ਨਿਮਾਣੇ ਅੰਕ ਸਮਾਈਆ । ਦਹਿ ਦਿਸ਼ਾ ਚਾਰੇ ਕੂਟਾਂ ਆਪੇ ਭਾਲ, ਡੋਰੀ ਨਾਮ ਤੰਦ ਬੰਧਾਈਆ । ਜੁਗ ਜੁਗ ਜਨਮ ਜਨਮ ਜੋ ਜਨ ਘਾਲਨਾ ਰਹੇ ਘਾਲ, ਅੰਤਮ ਲੇਖੇ ਲਾਈਆ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਮੇਵਾ ਇਕ ਖਵਾਈਆ । ਆਪੇ ਚਲੇ ਨਾਲ ਨਾਲ, ਸਗਲਾ ਸੰਗੀ ਸੰਗ ਰਖਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਜਨ ਆਪਣੇ ਲੜ ਬੰਧਾਈਆ । ਸਰ ਸਰੋਵਰ ਦਏ ਨੁਹਾਲ, ਚਰਨ ਧੂੜੀ ਮਜਨ ਮਾਘ ਆਪ ਕਰਾਈਆ । ਇਕ ਵਖਾਏ ਸੱਚੀ ਧਰਮਸਾਲ, ਘਰ ਬੈਠਾ ਬੇਪਰਵਾਹੀਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਪਾਰਬ੍ਰਹਮ ਸੇਵ ਕਮਾਈਆ । ਲੋਕਮਾਤ ਮਾਰੇ ਇਕ ਉਛਾਲ, ਕਲਜੁਗ ਡੂੰਘਾ ਸਾਗਰ ਗੁਰਮੁਖ ਲਾਲ ਬਾਹਰ ਕਢਾਈਆ । ਵੇਖਣਹਾਰਾ ਹੱਕ ਹਲਾਲ, ਹੱਕ ਹਕੀਕਤ ਫੋਲ ਫੋਲਾਈਆ । ਜਲਵਾ ਨੂਰੀ ਨੂਰ ਜਲਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਲੋਆਂ

ਪੁਰੀਆਂ ਆਪ ਵਜਾਏ ਆਪਣਾ ਤਾਲ, ਸੋਹੰ ਸ਼ਬਦ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਆਪਣੀ ਖੇਲ ਖਿਲਾਈਆ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਸਾਚਾ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਸੱਜਣ ਸੁਹੇਲਾ, ਮਨਮਤ ਗੁਰਮਤ ਵੇਖ ਵਖਾਇੰਦਾ । ਦੋ ਜਹਾਨਾਂ ਬਣਿਆ ਤੋਲਾ, ਸੋਹੰ ਕੰਡਾ ਹੱਥ ਉਠਾਇੰਦਾ । ਸਚ ਜੈਕਾਰਾ ਏਕਾ ਬੋਲਾ, ਬ੍ਰਹਮਾ ਆਪਣਾ ਨੇਤਰ ਸ਼ਰਮਾਇੰਦਾ । ਵਿਸ਼ਨੂੰ ਵੰਸੀ ਬਣੇ ਵਿਚੋਲਾ, ਆਪਣਾ ਰਾਗ ਅਲਾਇੰਦਾ । ਸ਼ਿਵ ਸ਼ੰਕਰ ਵੇਖੇ ਨਾਥ ਭੋਲਾ, ਭੋਲੇ ਨਾਥ ਆਪ ਉਠਾਇੰਦਾ । ਕਰੋੜ ਤੇਤੀਸਾ ਆਪੇ ਮੌਲਾ, ਸੁਰਪਤ ਰਾਜਾ ਨਾਲ ਰਲਾਇੰਦਾ । ਨੌ ਖੰਡ ਪ੍ਰਿਥਮੀ ਡਾਂਵਾਂ ਡੋਲਾ, ਨਾ ਕੋਈ ਧੀਰ ਧਰਾਇੰਦਾ । ਜੀਵਾਂ ਜੰਤਾਂ ਪਿਆ ਰੌਲਾ, ਦਿਵਸ ਰੈਣ ਸਰਬ ਕੁਰਲਾਇੰਦਾ । ਨੂਰ ਇਲਾਹੀ ਭੁੱਲਿਆ ਮੌਲਾ, ਮੌਲਾ ਰੂਪ ਨਾ ਕੋਇ ਦਸਾਇੰਦਾ । ਕੂੜ ਕੁੜਿਆਰਾ ਭਾਰ ਨਾ ਚੁੱਕੇ ਧਰਤੀ ਧੌਲਾ, ਧਰਤ ਮਾਤ ਦੁੱਖ ਨਾ ਕੋਇ ਵੰਡਾਇੰਦਾ । ਵੇਖ ਵਖਾਏ ਸਾਵਲ ਸਵਲਾ, ਸਾਵਲ ਸੁੰਦਰ ਰੂਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਖੇਲ ਖਿਲਾਇੰਦਾ । ਕਲਜੁਗ ਅੰਤਮ ਕੂੜਾ ਭਾਰ, ਧਰਤ ਰਹੀ ਕੁਰਲਾਈਆ । ਹਰਿ ਬਿਨ ਕੋਇ ਨਾ ਪਾਵੇ ਸਾਰ, ਸਾਧ ਸੰਤ ਬੈਠੇ ਮੁਖ ਛੁਪਾਈਆ । ਪੀਰ ਫ਼ਕੀਰ ਗਏ ਹਾਰ, ਸ਼ਾਹ ਹਕੀਰ ਨਾ ਕੋਇ ਜਣਾਈਆ । ਨੌ ਨੌ ਨਾਥ ਕਰਨ ਵਿਚਾਰ, ਸਿਧ ਚੁਰਾਸੀ ਦੇਣ ਦੁਹਾਈਆ । ਪੰਡਤ ਪਾਂਧੇ ਹਾਹਾਕਾਰ, ਵੇਦ ਕਤੇਬ ਨਾ ਕੋਇ ਛੁਡਾਈਆ । ਅੰਜੀਲ ਕੁਰਾਨ ਕਰਨ ਵਿਚਾਰ, ਬਹਿ ਬਹਿ ਮਤਾ ਪਕਾਈਆ । ਤੀਸ ਬਤੀਸਾ ਏਕਾ ਧਾਰ, ਛਤੀਸਾ ਘਰ ਰੁਸ਼ਨਾਈਆ । ਜਗਤ ਅੰਧੇਰਾ ਧੂੰਆਂਧਾਰ, ਸਾਚਾ ਚੰਦ ਨਾ ਕੋਇ ਵਖਾਈਆ । ਰਵ ਸਸ ਕਰਨ ਪੁਕਾਰ, ਨੇਤਰ ਆਪਣਾ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਰੇ ਰੁਸ਼ਨਾਈਆ । ਧਰਤ ਧਵਲ ਹਾਹਾਕਾਰ, ਨੇਤਰ ਨੀਰ ਵਹਾਇਆ । ਚੁੱਕਿਆ ਨਾ ਜਾਏ ਧਰਨੀ ਭਾਰ, ਜੂਠ ਝੂਠ ਸਿਰ ਟਿਕਾਇਆ । ਨਾਰ ਦੁਹਾਗਣ ਹੋਈ ਵਿਭਚਾਰ, ਸ੍ਰਿਸ਼ਟ ਸਬਾਈ ਸਤਿ ਗਵਾਇਆ । ਨਾਮ ਨਾ ਦੀਸੇ ਵਣਜ ਵਪਾਰ, ਨਾਨਕ ਗੁਰਮਤ ਗਏ ਭੁਲਾਇਆ । ਧੀਆਂ ਭੈਣਾਂ ਕਰਨ ਵਪਾਰ, ਗੁਰ ਗੁਰ ਹੱਟੋ ਹੱਟ ਵਿਕਾਇਆ । ਕਿਸੇ ਤਨ ਨਾ ਦੀਸੇ ਖੜਗ ਕਟਾਰ, ਧੀਰਜ ਜਤ ਨਾ ਕੋਇ ਸਹਾਇਆ । ਮੰਤਰ ਵੇਦ ਰਹੇ ਉਚਾਰ, ਮਨ ਕਾ ਮੰਤਰ ਦਿਸ ਨਾ ਆਇਆ । ਕਲਜੁਗ ਕੂੜਾ ਹੋ ਉਜਿਆਰ, ਚਾਰੋਂ ਕੁੰਟ ਕਰੇ ਰੁਸ਼ਨਾਇਆ । ਧਰਤੀ ਦੱਬੀ ਪਾਪਾਂ ਭਾਰ, ਬਿਨ ਹਰਿ ਸਾਚੇ ਕੋਇ ਨਾ ਭਾਰ ਵੰਡਾਇਆ । ਨਾਨਕ ਸਤਿਗੁਰ ਪਾਵੇ ਸਾਰ, ਆਪਣਾ ਲੇਖਾ ਗਿਆ ਲਿਖਾਇਆ । ਗੋਬਿੰਦ ਕਰੇ ਇਕ ਪਿਆਰ, ਵੇਲਾ ਅੰਤ ਸੁਹਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸੰਬਲ ਨਗਰੀ ਡੇਰਾ ਲਾਇਆ । ਕੂੜੀ ਕਿਰਿਆ ਦਏ ਨਵਾਰ, ਜੂਠ ਝੂਠ ਰਹਿਣ ਨਾ ਪਾਇਆ । ਸਚ ਸੁੱਚ ਕਰੇ ਵਰਤਾਰ, ਸਤਿਜੁਗ ਸਾਚਾ ਮਾਰਗ ਲਾਇਆ । ਬੀਸ ਬੀਸਾ ਹਰਿ ਨਿਰੰਕਾਰ, ਜਗਤ ਜਗਦੀਸਾ ਵੇਸ ਵਟਾਇਆ । ਚੌਦਾਂ ਚੌਦਾਂ ਖ਼ਬਰਦਾਰ, ਹਰਿਜਨ ਸਾਚੇ ਲਏ ਉਠਾਇਆ । ਪੰਦਰਾਂ ਪੰਦਰਾਂ ਅੰਦਰ ਮਾਰ, ਮਾਇਆ ਮਮਤਾ ਮੋਹ ਚੁਕਾਇਆ । ਨਿਰਗੁਣ ਸਰਗੁਣ ਕਰ ਪਿਆਰ, ਨਿਰਗੁਣ ਦਰਸ ਦਿਖਾਇਆ । ਹਉਮੇ ਹੰਗਤਾ ਤੋੜ ਹੰਕਾਰ, ਕਾਇਆ ਗੜ੍ਹ ਸੁਹਾਇਆ । ਕੰਤ ਮਿਲਾਵਾ ਸਾਚੀ ਨਾਰ, ਸੰਤ ਸੁਹਾਗੀ ਵੇਖ ਵਖਾਇਆ । ਨਾਮ ਭੰਡਾਰਾ ਬਣ ਵਰਤਾਰ, ਸ਼ਬਦ ਅਤੁੱਟ ਵਰਤਾਇਆ ।

ਅਸਵ ਘੋੜੇ ਹੋ ਸਵਾਰ, ਚਿੱਟੀ ਧਾਰੋਂ ਪਾਰ ਕਰਾਇਆ । ਮੇਲਾ ਮਿਲਿਆ ਮੀਤ ਮੁਰਾਰ, ਨਿਰਗੁਣ ਸਰਗੁਣ ਖੇਲ ਖਿਲਾਇਆ । ਸੋਲਾਂ ਕਲੀਆਂ ਤਨ ਸ਼ਿੰਗਾਰ, ਪੁਰਖ ਅਬਿਨਾਸ਼ੀ ਆਸਣ ਲਾਇਆ । ਨਾਮ ਖੰਡਾ ਫੜ ਕਟਾਰ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮਾ ਕੀਆ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਵਿਸ਼ਨੂੰ ਲਛਮੀ ਦਏ ਆਧਾਰ, ਲਾਲ ਭੂਸ਼ਨ ਰੰਗ ਰੰਗਾਇਆ । ਆਦਿ ਸ਼ਕਤ ਰੂਪ ਅਪਾਰ, ਇਸ਼ਟ ਦੇਵ ਆਪ ਹੋ ਜਾਇਆ । ਅਲੱਖ ਅਭੇਵ ਹਰਿ ਨਿਰੰਕਾਰ, ਅਗਾਧ ਬੋਧ ਸੁਣਾਇਆ । ਸ਼ਿਵ ਸ਼ੰਕਰ ਅੰਤਮ ਦਏ ਆਧਾਰ, ਆਪ ਆਪਣੇ ਵਿਚ ਟਿਕਾਇਆ । ਸਾਚਾ ਤਖ਼ਤ ਸਚ ਸੁਲਤਾਨ, ਹਰਿ ਬੈਠ ਆਪ ਰਘੁਰਾਇਆ । ਆਪਣਾ ਸ਼ਬਦ ਧੁਰ ਫ਼ਰਮਾਣ, ਆਪੇ ਰਿਹਾ ਸੁਣਾਇਆ । ਸੋ ਪੁਰਖ ਨਿਰੰਜਣ ਵਡ ਬਲਵਾਨ, ਅਬਿਨਾਸ਼ੀ ਕਰਤਾ ਖੇਲ ਖਲਾਇਆ । ਹੰ ਬ੍ਰਹਮ ਏਕਾ ਦਾਨ, ਬ੍ਰਹਮੇ ਝੋਲੀ ਪਾਇਆ । ਲੱਖ ਚੁਰਾਸੀ ਕਰ ਪਰਵਾਨ, ਪੰਜ ਤੱਤ ਟਿਕਾਇਆ । ਮਨ ਮਤ ਬੁਧ ਜਗਤ ਗਿਆਨ, ਵਿਦਿਆ ਅੱਖਰ ਇਕ ਪੜ੍ਹਾਇਆ । ਪੰਜ ਰਲਾਏ ਨਾਲ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਵਸਾਇਆ । ਸੁਰਤੀ ਸੁਰਤ ਕਰ ਪਰਧਾਨ, ਨਿਝ ਆਤਮ ਡੇਰਾ ਲਾਇਆ । ਨਿਰਗੁਣ ਜੋਤ ਸ੍ਰੀ ਭਗਵਾਨ, ਸਚ ਸਿੰਘਾਸਣ ਵੇਖ ਵਖਾਇਆ । ਬ੍ਰਹਮੇ ਦੇਵੇ ਇਕ ਗਿਆਨ, ਮੇਰਾ ਤੇਰਾ ਤੇਰਾ ਮੇਰਾ ਤੇਰਾ ਰੂਪ ਵਟਾਇਆ । ਸੇਵਾ ਲਾਏ ਖੇਲ ਮਹਾਨ, ਭੇਵ ਅਭੇਦਾ ਭੇਵ ਛੁਪਾਇਆ । ਜੁਗਾ ਜੁਗੰਤਰ ਕਰ ਪਰਧਾਨ, ਜੁਗ ਜੁਗ ਨਾਮ ਧਰਾਇਆ । ਆਪ ਉਪਾਏ ਆਪੇ ਮੇਟੇ ਜੀਵ ਜਹਾਨ, ਨਾ ਕੋਈ ਦੂਸਰ ਸੰਗ ਰਖਾਇਆ । ਕਲਜੁਗ ਅੰਤਮ ਮਾਰ ਧਿਆਨ, ਧਰਤ ਮਾਤ ਵੇਖ ਵਖਾਇਆ । ਜੀਵ ਜੰਤ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇਆ । ਭਰਮੇ ਭੁੱਲੇ ਜੀਵ ਨਾਦਾਨ, ਮਾਇਆ ਪੜਦਾ ਏਕਾ ਪਾਇਆ । ਰਾਜ ਰਾਜਾਨ ਹੋਏ ਬੇਈਮਾਨ, ਗ਼ਰੀਬ ਨਿਮਾਣੇ ਨਾ ਗਲੇ ਲਗਾਇਆ । ਪਰਗਟ ਹੋਏ ਆਪ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਝੂਠੀ ਛਾਹੀ ਮੇਟੇ ਜਗਤ ਦੁਕਾਨ, ਕਲਜੁਗ ਕੂੜਾ ਰਹਿਣ ਨਾ ਪਾਇਆ । ਸੰਮਤ ਪੰਦਰਾਂ ਨੌਜਵਾਨ, ਅਠਸਠ ਤੀਰਥ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਇਆ । ਉਠਿਆ ਜੋਧਾ ਸੂਰ ਬਲੀ ਬਲਵਾਨਾ, ਏਕਾ ਏਕਓਂਕਾਰਿਆ । ਸ਼ਬਦ ਖੰਡਾ ਤੀਰ ਨਿਸ਼ਾਨਾ, ਲੋਆਂ ਪੁਰੀਆਂ ਆਪੇ ਮਾਰਿਆ । ਜਨ ਭਗਤਾਂ ਹੱਥੀਂ ਬੰਨ ਗਾਨਾ, ਸੰਮਤ ਪੰਦਰਾਂ ਰਾਹ ਵਿਚਾਰਿਆ । ਜੋਤੀ ਨੂਰ ਬਖ਼ਸ਼ੇ ਨੂਰ ਨੁਰਾਨਾ, ਕਾਇਆ ਮਹੱਲ ਅਟੱਲ ਉਚ ਮਨਾਰਿਆ । ਸ਼ਬਦੀ ਰਾਗ ਸੱਚੀ ਧੁਨਕਾਨਾ, ਸੋ ਪੁਰਖ ਨਿਰੰਜਣ ਆਪ ਸੁਣਾ ਰਿਹਾ । ਏਕਾ ਰਾਗ ਇਕ ਤਰਾਨਾ, ਏਕਾ ਰਸਨਾ ਗਾ ਰਿਹਾ । ਏਕਾ ਪੁਰਖ ਇਕ ਸੁਲਤਾਨਾ, ਏਕਾ ਮੇਲ ਮਿਲਾ ਰਿਹਾ । ਏਕਾ ਰਾਜ ਇਕ ਰਾਜਾਨਾ, ਏਕਾ ਰੱਯਤ ਵੇਖ ਵਖਾ ਰਿਹਾ । ਏਕ ਪੀਣਾ ਏਕਾ ਖਾਣਾ, ਏਕਾ ਜਾਮ ਪਿਆ ਰਿਹਾ । ਏਕਾ ਰਾਜਾ ਏਕਾ ਰਾਣਾ, ਗ਼ਰੀਬ ਨਿਮਾਣਾ ਏਕਾ ਧਾਮ ਬਹਾ ਰਿਹਾ । ਹਿੰਦੂ ਮੁਸਲਮ ਸਿੱਖ ਈਸਾਈ ਇਕ ਕਰਾਨਾ, ਸੰਮਤ ਸੋਲਾਂ ਨੀਂਹ ਰਖਾ ਲਿਆ । ਹਾੜ ਸਤਾਰਾਂ ਲੇਖ ਮਹਾਨਾ, ਆਪ ਆਪਣਾ ਸ਼ਬਦ ਲਿਖਾ ਲਿਆ । ਲਿਖੇ ਲੇਖ ਸ੍ਰੀ ਭਗਵਾਨਾ, ਲੇਖਾ ਲਿਖਤ ਵਿਚ ਨਾ ਆ ਰਿਹਾ । ਜਨ ਭਗਤਾਂ ਦੇਵੇ ਆਤਮ ਅੰਤਰ ਬ੍ਰਹਮ ਗਿਆਨਾ, ਏਕਾ ਜੋਤੀ ਦਰਸ਼ਨ ਪਾ ਰਿਹਾ । ਮਨਮੁਖ ਵੇਖੇ ਜੀਵ ਸ਼ੈਤਾਨਾ, ਕੂੜੀ ਕਿਰਿਆ ਫੋਲ ਫੁਲਾ ਰਿਹਾ । ਲਹਿਣਾ ਦੇਣ ਚੁਕਾਏ ਰਾਜ ਰਾਜਾਨਾ, ਪੂਰਬ ਪੂਰਬ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ

੧੭੮
੦੮

ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਜਾਮਾ ਭੇਖ ਵਟਾ ਲਿਆ । ਨਿਰਗੁਣ ਜਾਮਾ ਹਰਿ ਹਰਿ ਰਾਮਾ, ਰਾਮਾ ਰੂਪ ਅਖਵਾਇੰਦਾ । ਨਾਮ ਵਜਾਏ ਸਚ ਦਮਾਮਾ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਜਗਤ ਜਪਾਏ ਹਰਿ ਹਰਿ ਨਾਮਾ, ਰਸਨਾ ਜਿਹਵਾ ਆਪ ਹਲਾਇੰਦਾ । ਮੇਟਣਹਾਰ ਅੰਧੇਰੀ ਸ਼ਾਮਾ, ਜਗਤ ਅੰਧੇਰਾ ਆਪ ਚੁਕਾਇੰਦਾ । ਅੰਮ੍ਰਿਤ ਆਤਮ ਦੇਵੇ ਜਾਮਾ, ਸਾਂਤਕ ਸਤਿ ਵਰਤਾਇੰਦਾ । ਇਕ ਵਖਾਏ ਸਾਚਾ ਧਾਮਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਕਰੇ ਖੇਲ ਬਹੁ ਬਿਧ ਰੂਪ ਨਾਨਾ, ਨਿਰਗੁਣ ਆਪਣੀ ਕਲ ਵਰਤਾਇੰਦਾ । ਸਰਬ ਜੀਆਂ ਪ੍ਰਭ ਅੰਤਰ ਜਾਮਾ, ਘਟ ਘਟ ਵੇਖ ਵਖਾਇੰਦਾ । ਕਾਰਜ ਕਰਤਾ ਪੂਰਨ ਕਰੇ ਕਾਮਾ, ਕਰਤਾ ਪੁਰਖ ਆਪ ਅਖਵਾਇੰਦਾ । ਧਰਨੀ ਧਰਤਾ ਧਰਤ ਧਵਲ ਦਏ ਦਾਨਾ, ਆਪਣੀ ਭਿਛਿਆ ਝੋਲੀ ਪਾਇੰਦਾ । ਸਤਿਜੁਗ ਉਠਾਏ ਸੁੱਤ ਬਾਲ ਅੰਞਾਣਾ, ਆਪ ਆਪਣਾ ਕਰਮ ਕਮਾਇੰਦਾ । ਹੱਥੀਂ ਬੰਨ੍ਹੇ ਸਾਚਾ ਗਾਨਾ, ਗੁਰਮੁਖ ਸਾਚੇ ਸੰਗ ਵਖਾਇੰਦਾ । ਘਰ ਘਰ ਵੇਖੇ ਮਾਰ ਧਿਆਨਾ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਨਾਮ ਮਸਤੀ ਸ਼ਬਦ ਮਸਤਾਨਾ, ਮਦਿ ਪਿਆਲਾ ਇਕ ਵਖਾਇੰਦਾ । ਹੱਕ ਹਲਾਲ ਪੀਣਾ ਖਾਣਾ, ਜ਼ੋਰੂ ਜ਼ਰ ਨਾ ਕੋਇ ਚੁਰਾਇੰਦਾ । ਸ਼ਾਹੋ ਭੂਪ ਰਾਜ ਰਾਜਾਨਾ, ਸ਼ਾਹ ਸੁਲਤਾਨਾ ਏਕਾ ਏਕ ਬਣਾਇੰਦਾ । ਸ੍ਰਿਸ਼ਟ ਸਬਾਈ ਇਕ ਗਿਆਨਾ, ਸਾਚਾ ਮਾਰਗ ਆਪੇ ਲਾਇੰਦਾ । ਇਕ ਵਖਾਏ ਹਰਿ ਨਿਸ਼ਾਨਾ, ਸੱਤ ਰੰਗਾ ਆਪ ਚੜ੍ਹਾਇੰਦਾ । ਸਤਿ ਪੁਰਖ ਨਿਰੰਜਣ ਖੇਲ ਮਹਾਨਾ, ਲਾਲ ਗੁਲਾਲਾ ਆਪ ਹੋ ਜਾਇੰਦਾ । ਕੰਚਨ ਖੇਲ ਦੋ ਜਹਾਨਾਂ, ਸੂਹਾ ਵੇਸ ਵਟਾਇੰਦਾ । ਚਿੱਟੀ ਧਾਰ ਗੁਣ ਨਿਧਾਨਾ, ਆਪਣਾ ਰੰਗ ਵਖਾਇੰਦਾ । ਪੀਲਾ ਬਸਤਰ ਲੋਕਮਾਤ ਨਿਸ਼ਾਨਾ, ਆਪ ਆਪਣਾ ਵੇਖ ਵਖਾਇੰਦਾ । ਨੀਲਾ ਨੀਲੀ ਧਾਰੋਂ ਪਾਰ ਕਰਾਨਾ, ਭੇਵ ਕੋਇ ਨਾ ਪਾਇੰਦਾ । ਕਾਲਾ ਵੇਸ ਦਰ ਦਰਵੇਸ ਵੇਖ ਵਖਾਨਾ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਈਸਾ ਮੂਸਾ ਚਲੇ ਨਾ ਪੇਸ਼, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਹਰਿ ਪਾਇਆ, ਹਰਿ ਸ਼ਬਦ ਵੱਜੀ ਵਧਾਈਆ । ਬ੍ਰਹਮਾ ਵੇਤਾ ਸਗਨ ਮਨਾਇਆ, ਚਾਰੇ ਮੁਖ ਸਲਾਹੀਆ । ਵਿਸ਼ਨੂੰ ਢੋਲਾ ਏਕਾ ਗਾਇਆ, ਮੈਂ ਤੇਰਾ ਤੂੰ ਮੇਰਾ ਮਾਹੀਆ । ਸ਼ੰਕਰ ਧੂੰਆਂਧਾਰ ਮਿਟਾਇਆ, ਬਾਸ਼ਕ ਤਸ਼ਕਾ ਗਲ ਸੁਹਾਈਆ । ਕਰੋੜ ਤੇਤੀਸਾ ਮੰਗਲ ਗਾਇਆ, ਬਰਖਾ ਫੂਲਨ ਲਾਈਆ । ਸੁਰਪਤ ਇੰਦ ਸੀਸ ਝੁਕਾਇਆ, ਦੋਏ ਜੋੜ ਰਹੇ ਸਰਨਾਈਆ । ਗਣ ਗੰਧਰਬ ਵੇਖ ਵਖਾਇਆ, ਆਪਣਾ ਤਾਣ ਸੁਣਾਈਆ । ਨਾਚ ਅਪੱਛਰਾਂ ਵੇਸ ਕਰਾਇਆ, ਏਕ ਡੌਰੂ ਵਾਈਆ । ਰਾਏ ਧਰਮ ਸੀਸ ਝੁਕਾਇਆ, ਨੇਤਰ ਦਰਸ਼ਨ ਪਾਈਆ । ਚਿਤਰ ਗੁਪਤ ਕਲਮ ਸਲਾਹਿਆ, ਲੇਖਾ ਲਿਖੇ ਵਡਿਆਈਆ । ਲਾੜੀ ਮੌਤ ਅੱਗੇ ਰੋ ਰੋ ਨੀਰ ਵਹਾਇਆ, ਬਿਨ ਤੇਰੇ ਨਾ ਕੋਇ ਸਹਾਈਆ । ਰਵ ਸਸ ਰਹੇ ਸ਼ਰਮਾਇਆ, ਆਪਣਾ ਮੁਖ ਛੁਪਾਈਆ । ਧਰਤ ਮਾਤ ਰਹੀ ਕੁਰਲਾਇਆ, ਖੁਲੜ੍ਹੇ ਕੇਸ ਦਏ ਦੁਹਾਈਆ । ਈਸਾ ਮੂਸਾ ਖੇਲ ਖਲਾਇਆ, ਚਾਰ ਯਾਰੀ ਵੰਡ ਵੰਡਾਈਆ । ਕਾਲਾ ਸੂਸਾ ਤਨ ਛੁਹਾਇਆ, ਕਾਲੀ ਨਗਰੀ ਇਕ ਵਸਾਈਆ । ਕਲਜੁਗ ਕੂੜੇ ਭਰਮ ਭੁਲਾਇਆ, ਭੁੱਲੀ ਭਰਮ ਸਰਬ ਲੋਕਾਈਆ । ਪਿਤਾ ਪੂਤ ਕੋਈ ਨਜ਼ਰ ਨਾ ਆਇਆ, ਭੈਣਾਂ ਭੱਯਾ ਸੰਗ ਨਿਭਾਈਆ । ਤ੍ਰੈਗੁਣ ਮਾਇਆ ਵੇਸ ਵਟਾਇਆ, ਘਰ ਘਰ ਨਾਚ ਵਖਾਈਆ । ਹੋਈ ਵਿਭਚਾਰ ਮੁਖ ਤੋਂ ਘੁੰਗਟ ਲਾਹਿਆ, ਲੋਕਲਾਜ ਤਜਾਈਆ । ਸਚ ਸੁੱਚ ਕਿਸੇ ਦਿਸ ਨਾ ਆਇਆ, ਕੂੜ ਅੰਧੇਰਾ ਛਾਈਆ । ਸਚ ਤਰਾਜੂ ਨਾ ਕੋਈ ਤੋਲ

੧੭੯
੦੮

ਤੁਲਾਇਆ, ਨਾਮ ਕੰਡਾ ਨਾ ਕੋਇ ਉਠਾਈਆ । ਹਉਮੇ ਗੋਲਾ ਜਗਤ ਬਣਾਇਆ, ਝੂਠਾ ਬੋਲ ਕਰੀ ਕੁੜਮਾਈਆ । ਆਤਮ ਪੜਦਾ ਕਿਸੇ ਨਾ ਫੋਲ ਫੋਲਾਇਆ, ਗੁਰ ਨਾਨਕ ਨਾਮ ਗਏ ਭੁਲਾਈਆ । ਨਾਮ ਸਤਿ ਕਿਸੇ ਨਜ਼ਰ ਨਾ ਆਇਆ, ਰਸਨਾ ਗਾ ਗਾ ਹੋਏ ਹਲਕਾਈਆ । ਗੁਰ ਗੋਬਿੰਦ ਵਿਚੋਲਾ ਦਿਸ ਨਾ ਆਇਆ, ਦੋ ਜਹਾਨਾਂ ਸਾਚਾ ਮਾਹੀਆ । ਗੋਬਿੰਦ ਅੰਤਮ ਲੇਖ ਲਿਖਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਕਲਜੁਗ ਅੰਤਮ ਤੇਰਾ ਨਾ ਹੋਏ ਕੋਈ ਸਹਾਇਆ, ਵਰਨਾਂ ਬਰਨਾਂ ਪਏ ਲੜਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਘਟ ਘਟ ਅੰਦਰ ਜੁਗ ਜੁਗ ਵੇਖ ਵਖਾਇਆ, ਭੁੱਲ ਰਹੇ ਨਾ ਰਾਈਆ । ਸੰਬਲ ਨਗਰੀ ਦੇਵੇ ਧਾਮ ਸੁਹਾਇਆ, ਨੌਂ ਖੰਡ ਪ੍ਰਿਥਮੀ ਹੱਥ ਨਾ ਆਈਆ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਰਹਿਣ ਸਰਨਾਇਆ, ਦੋਏ ਜੋੜ ਸੀਸ ਝੁਕਾਈਆ । ਨਿਹਕਲੰਕ ਪ੍ਰਭ ਨਾਉਂ ਰਖਾਇਆ, ਪੰਜ ਤੱਤ ਨਾ ਕੋਇ ਵਖਾਈਆ । ਜਿਸ ਜਨ ਆਪਣਾ ਮੇਲ ਮਿਲਾਇਆ, ਸੋ ਬੂਝੇ ਹਰਿ ਰਘੁਰਾਈਆ । ਜਗਤ ਵਿਦਿਆ ਨਾ ਕਿਸੇ ਹੱਥ ਫੜਾਇਆ, ਹਰਿ ਕਾ ਰੂਪ ਦਿਸ ਨਾ ਆਈਆ । ਸਤਿਗੁਰ ਪੂਰੇ ਜਿਸ ਜਨ ਆਪਣੇ ਸ਼ਬਦ ਘੋੜੇ ਆਪ ਚੜ੍ਹਾਇਆ, ਵਾਗਾਂ ਆਪਣੇ ਹੱਥ ਉਠਾਈਆ । ਧੁਰ ਦਰਗਾਹੀ ਲੋਕਮਾਤ ਕਲਜੁਗ ਅੰਤਮ ਫੇਰਾ ਪਾਇਆ, ਘਰ ਘਰ ਪਈ ਦੁਹਾਈਆ । ਗੁਰਮੁਖਾਂ ਅੰਮ੍ਰਿਤ ਆਤਮ ਬੂੰਦ ਸਵਾਂਤ ਚੁਆਇਆ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਅਕਾਲ ਪੁਰਖ ਪ੍ਰਭ ਤੇਰੇ ਚਰਨ ਨਾਤਾ ਇਕ ਜੁੜਾਇਆ, ਨਾ ਕੋਈ ਤੋੜੇ ਤੋੜ ਤੁੜਾਈਆ । ਉਤਮ ਜ਼ਾਤਾ ਇਕ ਵਖਾਇਆ, ਚਾਰ ਵਰਨਾਂ ਭੈਣਾਂ ਭਾਈਆ । ਸ੍ਰਿਸ਼ਟ ਸਬਾਈ ਪਿਤਾ ਮਾਤਾ ਆਪ ਰਘੁਰਾਇਆ, ਆਪ ਆਪਣੀ ਗੋਦ ਸੁਹਾਈਆ । ਸਾਚੀ ਗਾਥਾ ਰਿਹਾ ਅਲਾਇਆ, ਸਤਿਗੁਰ ਨਾਨਕ ਰਸਨਾ ਗਾਈਆ । ਸੋਹੰ ਸਾਚਾ ਸ਼ਬਦ ਚਲਾਇਆ, ਸਤਿਜੁਗ ਸਾਚੀ ਵੱਜੇ ਵਧਾਈਆ । ਜਿਸ ਜਨ ਰਸਨਾ ਜਿਹਵਾ ਗਾਇਆ, ਜਨਮ ਮਰਨ ਵਿਚ ਨਾ ਆਈਆ । ਸਤਿਗੁਰ ਪੂਰੇ ਕੌਸਤਕ ਮਣੀਆ ਮਸਤਕ ਥੇਵਾ ਆਪ ਲਗਾਇਆ, ਚੌਦਾਂ ਰਤਨ ਰਹੇ ਸ਼ਰਮਾਈਆ । ਆਦਿ ਨਿਰੰਜਣ ਅਲਖ ਅਭੇਵਾ ਘਰ ਘਰ ਹਰਿ ਹਰਿ ਨਰ ਨਰ ਦਰਸ਼ਨ ਪਾਇਆ, ਨਰ ਨਾਰੀ ਸਰਬ ਤਰਾਈਆ । ਕਾਲ ਫਾਸ ਦੇ ਵਿਚ ਨਾ ਆਇਆ, ਜੋ ਜਨ ਰਹੇ ਸਰਨਾਈਆ । ਰਸਨ ਸਵਾਸ ਲੇਖੇ ਲਾਇਆ, ਜੋ ਜਨ ਰਹੇ ਗਾਈਆ । ਮਦਿਰਾ ਮਾਸ ਜਿਸ ਰਸਨ ਤਜਾਇਆ, ਪ੍ਰਭ ਮਿਲਿਆ ਬੇਪਰਵਾਹੀਆ । ਜਗਤ ਸੰਸਾ ਰੋਗ ਮਿਟਾਇਆ, ਮੇਟੀ ਭਰਮ ਕੀ ਕਾਈਆ । ਏਕਾ ਗੁਰੂ ਗ੍ਰੰਥ ਗੁਰ ਇਸ਼ਟ ਦੇਵ ਵਖਾਇਆ, ਅਕਾਲ ਪੁਰਖ ਸੱਚੀ ਕੁੜਮਾਈਆ । ਕਲਜੁਗ ਅੰਤਮ ਗੁਰਸਿਖਾਂ ਆਪੇ ਲੈਣ ਆਇਆ, ਆਪਣਾ ਡੋਲਾ ਕੰਧ ਉਠਾਈਆ । ਭੋਲੇ ਭਾ ਲਏ ਜਗਾਇਆ, ਕੋਟਨ ਧੰਨੇ ਲਏ ਬਣਾਈਆ । ਕੱਖਾਂ ਕੁੱਲੀ ਚਰਨ ਛੁਹਾਇਆ, ਮਹੱਲ ਅਟੱਲ ਉਚੇ ਮੁਨਾਰੇ ਰਿਹਾ ਢਾਹੀਆ । ਹਰਿ ਸੰਗਤ ਤੇਰਾ ਮੇਲ ਮਿਲਾਇਆ, ਵਿਚ ਵਿਚੋਲਾ ਆਪ ਅਖਵਾਈਆ । ਤੇਰਾ ਪਿਆਰ ਅੰਮ੍ਰਿਤ ਨੇਤਰ ਨੀਰ ਵਹਾਇਆ, ਬ੍ਰਹਮੇ ਵੇਤੇ ਹੱਥ ਨਾ ਆਈਆ । ਕਰੋੜ ਤੇਤੀਸ ਹੋਇਆ ਹਲਕਾਇਆ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਕਲਜੁਗ ਅੰਤਮ ਫੇਰਾ ਪਾਇਆ, ਗ਼ਰੀਬ ਨਿਮਾਣੇ ਗਲੇ ਲਗਾਈਆ । ਗਿਆਨੀ ਧਿਆਨੀ ਕਿਸੇ ਦਿਸ ਨਾ ਆਇਆ, ਵਿਦਵਾਨੀ ਰਹੇ ਸ਼ਰਮਾਈਆ । ਜਿਸ ਜਨ ਆਪਣਾ ਭੇਵ ਖੁਲ੍ਹਾਇਆ, ਆਪਣਾ ਪੜਦਾ ਆਪੇ ਲਾਹੀਆ । ਸਾਚੀ ਡੋਰੀ ਤੰਦ ਬੰਨਾਇਆ, ਏਕਾ ਸਗਨ ਮਨਾਈਆ । ਛੱਬੀ ਪੋਹ ਦਿਵਸ ਸੁਹਾਇਆ, ਪੰਦਰਾਂ ਪੰਦਰਾਂ ਅੰਦਰੇ ਅੰਦਰ ਵੇਖ ਵਖਾਈਆ । ਕਿਸੇ ਹੱਥ ਨਾ ਆਇਆ ਡੂੰਘੀ ਕੰਦਰਾਂ, ਉਚੇ ਟਿੱਲੇ ਬੈਠੇ ਧੂਣੀਆਂ

ਤਾਈਆ । ਗੋਰਖ ਨਾਥ ਵੇਖ ਮਛੰਦਰਾਂ, ਖ਼ਾਕੀ ਖ਼ਾਕ ਭਸਮ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਹਰਿਜਨ ਸਾਚੇ ਲਏ ਵਰ, ਦਰਸ ਦਿਖਾਏ ਅੱਗੇ ਖੜ, ਮੰਦਰ ਅੰਦਰ ਆਪੇ ਚੜ੍ਹ, ਚੜ੍ਹਨਹਾਰ ਹਰਿ ਨਿਰੰਕਾਰ ਜੋਤ ਨਿਰਾਕਾਰ ਸ਼ਬਦ ਧਾਰ ਅਸਵ ਅਸਵਾਰ, ਲੋਆਂ ਪੁਰੀਆਂ ਵਸਿਆ ਬਾਹਰ, ਅਗੰਮ ਅਗੋਚਰ ਬੇਐਬ ਪਰਵਰਦਿਗਾਰ, ਗ਼ਰੀਬ ਨਿਮਾਣਿਆਂ ਜਗਤ ਨਿਤਾਣਿਆਂ ਸਾਂਝਾ ਯਾਰ, ਖ਼ਲਕ ਖ਼ੁਦਾਈ ਨੂਰ ਇਲਾਹੀ ਰਾਮ ਰਮੱਯਾ ਮੀਤ ਮੁਰਾਰ, ਕਰ ਪਿਆਰ ਨਾਨਕ ਨਿਰੰਕਾਰ, ਗੋਬਿੰਦ ਅੰਮ੍ਰਿਤ ਠੰਡੀ ਠਾਰ, ਨਿਹਕਲੰਕ ਚਰਨ ਪਿਆਰ, ਗੁਰ ਸੰਗਤ ਹਰਿ ਹਰਿ ਹਰਿ ਰੂਪ ਜਾਏ ਤਾਰ, ਅਧਵਿਚਕਾਰ ਨਾ ਕੋਇ ਡੁਬਾਈਆ ।

## ੨੬ ਮਾਘ ੨੦੧੫ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਘਰ ਅੱਲੜ੍ਹਪਿੰਡੀ ਜ਼ਿਲਾ ਗੁਰਦਾਸਪੁਰ

ਹਰਿਜਨ ਹਰਿ ਉਪੰਨਿਆ, ਲੋਕਮਾਤ ਕੁੜਮਾਈ । ਸਤਿਗੁਰ ਸਚ ਚੜ੍ਹਾਏ ਚੰਨਿਆ, ਦਿਵਸ ਰੈਣ ਕਰੇ ਰੁਸ਼ਨਾਈ । ਭਾਂਡਾ ਭਰਮ ਹਰਿ ਹਰਿ ਭੰਨਿਆ, ਆਤਮ ਬ੍ਰਹਮ ਜਣਾਈ । ਸਾਚਾ ਰਾਗ ਸੁਣਾਇਆ ਕੰਨਿਆ, ਏਕਾ ਰਾਗ ਇਲਾਹੀ । ਦਰ ਘਰ ਸਾਚੇ ਬੇੜਾ ਬੰਨ੍ਹਿਆ, ਏਕਾ ਚੱਪੂ ਨਾਮ ਲਗਾਈ । ਸੇਵਕ ਸੇਵਾ ਕਰੇ ਜਿਉਂ ਮਾਲ ਚਰਾਏ ਧੰਨਿਆ, ਦਿਸ ਕਿਸੇ ਨਾ ਆਈ । ਰਾਮ ਰਾਮਾ ਆਪੇ ਮੰਨਿਆ, ਮਨ ਚਿੰਦਿਆ ਰਹੇ ਨਾ ਰਾਈ । ਵਸਣਹਾਰਾ ਛੱਪਰ ਛੰਨਿਆ, ਛਹਿਬਰ ਬਰਖਾ ਰਿਹਾ ਲਾਈ । ਸਾਂਤਕ ਸਤਿ ਕਰਾਏ ਤਨਿਆ, ਤੱਤਵ ਅੱਗ ਬੁਝਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਿਫ਼ਤ ਸਲਾਹੀ । ਹਰਿਜਨ ਸਾਚਾ ਹਰਿ ਹਰਿ ਮੇਲਾ, ਭਗਤੀ ਭਗਤ ਸਮਾਇੰਦਾ । ਵਕ਼ਤ ਚੁਕਾਏ ਜਗਤ ਦੁਹੇਲਾ, ਸਾਚਾ ਰਾਹ ਵਖਾਇੰਦਾ । ਮੇਲ ਮਿਲਾਵਾ ਗੁਰੂ ਗੁਰ ਚੇਲਾ, ਗੁਰ ਚੇਲਾ ਰੰਗ ਰੰਗਾਇੰਦਾ । ਸਤਿਗੁਰ ਪੂਰਾ ਸੱਜਣ ਸੁਹੇਲਾ, ਸਾਖਯਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਸੱਚਾ ਸੁੱਚਾ ਲਾਲ, ਹਰਿ ਸਾਚੇ ਹੱਟ ਵਿਕਾਇੰਦਾ । ਆਪੇ ਜੌਹਰੀ ਬਣ ਦਲਾਲ, ਸ਼ਬਦ ਦਲਾਲ ਨਾਲ ਰਖਾਇੰਦਾ । ਪਰਖਣਹਾਰਾ ਪੁਰਖ ਅਕਾਲ, ਨਾਮ ਕਸਵਟੀ ਆਪੇ ਲਾਇੰਦਾ । ਆਪਣੀ ਗਠੜੀ ਆਪੇ ਲਏ ਸੰਭਾਲ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਾਜਣ ਮੀਤਾ ਸੁੱਤ ਦੁਲਾਰਾ, ਹਰਿ ਹਰਿ ਆਪ ਉਪਾਇੰਦਾ । ਮੇਲ ਮਿਲਾਵਾ ਵਿਚ ਸੰਸਾਰਾ, ਗੁਰ ਸਤਿਗੁਰ ਵੇਖ ਵਖਾਇੰਦਾ । ਨਰ ਨਰਾਇਣ ਕਰ ਅਕਾਰਾ, ਨਿਰਗੁਣ ਵੇਸ ਵਟਾਇੰਦਾ । ਸ਼ਬਦ ਸ਼ਬਦੀ ਖੇਲ ਅਪਾਰਾ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਮੰਗਣਹਾਰਾ ਭਗਤ ਦਵਾਰਾ, ਜੁਗ ਜੁਗ ਅਲਖ ਜਗਾਇੰਦਾ । ਪਾਵੇ ਸਾਰ ਨਾਮ ਭੰਡਾਰਾ, ਅਤੋਟ ਅਤੁੱਟ ਰਖਾਇੰਦਾ । ਖੇਲੇ ਖੇਲ ਵਾਰੋ ਵਾਰਾ, ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸੱਚਾ ਹਰਿ ਹਰਿ ਵੇਖਿਆ, ਆਪ ਆਪਣੀ ਕਿਰਪਾ ਧਾਰ । ਆਪੇ ਬਹਿ ਬਹਿ ਲਿਖਿਆ ਲੇਖਿਆ, ਆਪੇ ਪਾਵਣਹਾਰਾ ਸਾਰ । ਆਪ ਜਣਾਏ ਜਗਤ ਸੰਸਾਰਾ ਮਿਥਿਆ, ਇਕ ਵਖਾਏ ਬੰਕ ਦਵਾਰ । ਆਪੇ ਪਾਏ ਸਾਚੀ ਭਿਛਿਆ, ਹਰਿ ਭਰਿਆ ਨਾਮ ਭੰਡਾਰ । ਪੂਰਨ ਕਰਦਾ ਆਇਆ

ਇਛਿਆ, ਜੁਗ ਜੁਗ ਕਰਤਾ ਆਪ ਕਰਤਾਰ । ਆਉਂਦਾ ਜਾਂਦਾ ਕਿਸੇ ਨਾ ਵੇਖਿਆ, ਹਰਿ ਸੱਜਣ ਮੀਤ ਮੁਰਾਰ । ਕਿਸੇ ਨਾ ਆਏ ਵਿਚ ਪਰੀਖਿਆ, ਪਰਖਣਹਾਰ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਉਭਾਰ । ਹਰਿ ਸੱਜਣ ਖੋਜ ਖੋਜੰਦੜਾ, ਪਾਰਬ੍ਰਹਮ ਬੇਅੰਤ । ਗੁਰਸਿਖ ਮੇਲ ਮਿਲੰਦੜਾ, ਮੇਲ ਮਿਲਾਵਾ ਸਾਚਾ ਸੰਤ । ਘਰ ਸਾਚਾ ਇਕ ਸੁਹੰਦੜਾ, ਇਕ ਸੁਣਾਏ ਸੁਹਾਗੀ ਛੰਤ । ਤਾਲ ਤਲਵਾੜਾ ਇਕ ਵਜੰਦੜਾ, ਹਰਿ ਮਹਿਮਾ ਗਣਤ ਅਗਣਤ । ਭੇਖਾਧਾਰੀ ਭੇਖ ਵਟੰਦੜਾ, ਖੇਲੇ ਖੇਲ ਆਦਿ ਅੰਤ । ਜੁਗ ਜੁਗ ਆਪਣੀ ਧਾਰ ਚਲੰਦੜਾ, ਆਪੇ ਸਾਧ ਆਪੇ ਸੰਤ । ਗੁਰ ਪੀਰ ਅਵਤਾਰ ਆਪ ਅਖਵੰਦੜਾ, ਆਪੇ ਨਾਰੀ ਆਪੇ ਕੰਤ । ਸਾਚੀ ਸੇਜਾ ਆਪ ਹਢੰਦੜਾ, ਹਰਿ ਭੋਗੀ ਭੋਗ ਭੋਗੰਤ । ਨਿਰਾਕਾਰ ਰੂਪ ਸੁਹੰਦੜਾ, ਆਪੇ ਵਸਿਆ ਆਪਣੇ ਲੋਕ । ਦੀਪਕ ਜੋਤੀ ਇਕ ਜਗੰਦੜਾ, ਨਿਰਗੁਣ ਵਸੇ ਲੋਕ ਪਰਲੋਕ । ਗਹਿਰ ਗੰਭੀਰ ਗੁਣਵੰਤਾ ਆਪ ਅਖਵੰਦੜਾ, ਆਪ ਚਲਾਏ ਸ਼ਬਦ ਸਲੋਕ । ਜੁਗ ਜੁਗ ਭਾਣਾ ਆਪਣਾ ਆਪ ਵਰਤੰਦੜਾ, ਨਾ ਸਕੇ ਕੋਈ ਰੋਕ । ਗੁਰਮੁਖਾਂ ਆਪੇ ਆਪ ਸਲਹੰਦੜਾ, ਸਚ ਸਲਾਹੀ ਦੇਵਣਹਾਰਾ ਸਾਚੀ ਮੋਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਘੋਖ । ਹਰਿ ਸੱਜਣ ਹਰਿ ਪਾਇਆ, ਸੁਣਿਆ ਸਚ ਸੰਦੇਸ਼ । ਘਰ ਸਾਚਾ ਇਕ ਵਸਾਇਆ, ਮਿਲਿਆ ਨਰ ਨਰੇਸ਼ । ਨਿਜ ਆਤਮ ਇਕ ਸੁਹਾਇਆ, ਵੇਖਿਆ ਦੇਸ ਪਰਦੇਸ । ਸਾਚਾ ਮੰਤਰ ਇਕ ਜਪਾਇਆ, ਨਾਮ ਦ੍ਰਿੜਾਇਆ ਰਸਨਾ ਗਾਇਆ ਕਿਸੇ ਨਾ ਸ਼ੇਸ਼ । ਆਪਣੇ ਮਾਰਗ ਆਪੇ ਲਾਇਆ, ਆਪੇ ਬੁਧੀ ਕਰੇ ਵਿਸ਼ੇਸ਼ । ਮਨ ਮਨੂਆ ਆਪ ਬੰਧਾਇਆ, ਦਹਿ ਦਿਸ਼ਾ ਨਾ ਸਕੇ ਵੇਖ । ਮਤ ਮੰਤਰ ਇਕ ਸੁਣਾਇਆ, ਆਪਣੇ ਨੇਤਰ ਆਪੇ ਪੇਖ । ਹਰਿ ਸਤਿਗੁਰ ਦਰਸ ਦਿਖਾਇਆ, ਘਰ ਸਾਚੇ ਹੋਈ ਆਦੇਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਨਾਨਕ ਗਹਿਣਾ ਦਰਸ਼ਨ ਨੈਣਾਂ ਆਪਣਾ ਆਪ ਵਖਾਇਆ ।



ਵਸਣਹਾਰਾ ਘਟ ਘਟ, ਨਰ ਨਰਾਇਣ ਨਿਰੰਕਾਰਿਆ । ਸ਼ਬਦ ਵਣਜਾਰਾ ਖੋਲ੍ਹ ਹੱਟ, ਲੋਕਮਾਤ ਜੋਤ ਜਗਾ ਰਿਹਾ । ਹਰਿਜਨ ਪਹਿਨਾਏ ਤਨ ਪਟ, ਸਚ ਸ਼ੰਗਾਰ ਇਕ ਵਖਾ ਰਿਹਾ । ਦੁਰਮਤ ਮੈਲ ਦੇਵੇ ਕੱਟ, ਦੂਈ ਦਵੈਤੀ ਪੜਦਾ ਲਾਹ ਰਿਹਾ । ਖੇਲੇ ਖੇਲ ਨਟੂਆ ਨੱਟ, ਸਵਾਂਗੀ ਸਵਾਂਗ ਰਚਾ ਰਿਹਾ । ਪਾਵੇ ਸਾਰ ਤੀਰਥ ਤਟ, ਅਠਸਠ ਵੇਖ ਵਖਾ ਲਿਆ । ਲੋਆਂ ਪੁਰੀਆਂ ਨੱਠ ਨੱਠ, ਗਗਨ ਪਾਤਾਲਾ ਪੰਧ ਮੁਕਾ ਲਿਆ । ਕਲਜੁਗ ਗੇੜੇ ਉਲਟੀ ਲੱਠ, ਆਪ ਆਪਣਾ ਬਿਰਧ ਰਖਾ ਲਿਆ । ਤ੍ਰੈਗੁਣ ਮਾਇਆ ਤਪਿਆ ਮਠ, ਪੰਚ ਵਿਕਾਰਾ ਲੰਬੂ ਲਾ ਲਿਆ । ਕਲਜੁਗ ਕੂੜ ਕੁੜਿਆਰੀ ਮਾਰੇ ਸੱਟ, ਜੀਵ ਜੰਤ ਸਰਬ ਕੁਰਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵਣਜ ਕਰਾ ਲਿਆ । ਸ਼ਬਦ ਵਣਜਾਰਾ ਨਾਮ ਅਨਮੋਲਾ, ਹਰਿ ਸਤਿਗੁਰ ਆਪ ਕਰਾਇੰਦਾ । ਪੁਰਖ ਅਗੰਮਾ ਬਣਿਆ ਤੋਲਾ, ਦਿਸ ਕਿਸੇ ਨਾ ਆਇੰਦਾ । ਨੌ ਖੰਡ ਪ੍ਰਿਥਮੀ ਪਿਆ ਰੌਲਾ, ਸੱਤਾਂ ਦੀਪਾਂ ਆਪ ਹਿਲਾਇੰਦਾ । ਕਿਸੇ ਨਜ਼ਰ ਨਾ ਆਏ ਹਰਿ ਹਰਿ ਮੌਲਾ, ਮੌਲਾ ਰੂਪ ਸਰਬ ਸਮਾਇੰਦਾ । ਕਲਜੁਗ

ਅੰਤਮ ਬਦਲਿਆ ਚੋਲਾ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਅਨਾਦੀ ਗਾਏ ਢੋਲਾ, ਸੋ ਪੁਰਖ ਨਿਰੰਜਣ ਆਪ ਅਲਾਇੰਦਾ । ਗੁਰਮੁਖਾਂ ਸੁਣਾਏ
ਹੋਲਾ ਹੋਲਾ, ਅੰਦਰ ਮੰਦਰ ਆਪ ਜਗਾਇੰਦਾ । ਸਤਿਗੁਰ ਪੂਰਾ ਨਾਮ ਸਤਿ ਦਏ ਝਕੋਲਾ, ਸਚ ਹੁਲਾਰਾ ਆਪ ਰਖਾਇੰਦਾ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਵਰਤਾਰਾ ਆਪ ਅਖਵਾਇੰਦਾ । ਸਚ ਵਰਤਾਰ ਪੁਰਖ ਅਬਿਨਾਸ਼ਾ, ਏਕਾ
ਏਕ ਅਖਵਾਇਆ । ਕਲਜੁਗ ਖੇਲ ਪ੍ਰਿਥਮੀ ਅਕਾਸ਼ਾ, ਗਗਨ ਪਾਤਾਲਾ ਫੋਲ ਫੋਲਾਇਆ । ਲੱਖ ਚੁਰਾਸੀ ਵੇਖੇ ਕਾਇਆ ਕਾਸਾ, ਪੰਜ ਤੱਤ ਡੇਰਾ
ਢਾਇਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਮੇਲ ਮਿਲਾਏ ਪਵਣ ਸਵਾਸਾ, ਰਸਨਾ ਜਿਹਵਾ ਜੋ ਜਨ ਗਾਇਆ । ਆਦਿਨ ਅੰਤਾ ਹਰਿ ਭਗਵੰਤਾ
ਜੁਗਾ ਜੁਗੰਤਾ ਗੁਰਮੁਖਾਂ ਪੂਰਨ ਕਰੇ ਆਸਾ, ਜਗਤ ਨਿਰਾਸਾ ਨਾ ਕੋਇ ਵਖਾਇਆ । ਪਰਗਟ ਹੋਇਆ ਸਰਬ ਗੁਣ ਤਾਸਾ, ਮੂਰਤ ਅਕਾਲ ਦੀਨ
ਦਿਆਲ ਸਰਬ ਪ੍ਰਿਤਪਾਲ ਆਦਿ ਨਿਰੰਜਣ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,
ਨਾਮ ਭੰਡਾਰ ਹਰਿ ਦਾਤਾਰ ਆਪਣਾ ਆਪ ਵਰਤਾਇਆ । ਨਾਮ ਭੰਡਾਰਾ ਭਗਵਨ ਧਾਰੀ, ਹਰਿ ਹਰਿ ਆਪ ਵਰਤਾਇੰਦਾ । ਨਿਰਗੁਣ ਨੂਰ ਜੋਤ
ਉਜਿਆਰੀ, ਅਗੰਮ ਅਗੰਮੜੀ ਕਾਰ ਕਮਾਇੰਦਾ । ਕਾਲ ਮਹਾਂਕਾਲ ਦਰ ਭਿਖਾਰੀ, ਭਿਛਿਆ ਆਪਣੇ ਹੱਥ ਰਖਾਇੰਦਾ । ਵੇਖੇ ਖੇਲ ਵਡ ਸੰਸਾਰੀ,
ਸੰਸਾਰ ਸਾਗਰ ਵੇਖ ਵਖਾਇੰਦਾ । ਫੋਲ ਫੁਲਾਏ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਵੇਸ ਵਟਾਇੰਦਾ । ਲੱਖ ਚੁਰਾਸੀ ਲੁੱਟੀ ਜਾਏ ਦਿਨ
ਦਿਹਾੜੀ, ਦਿਸ ਕਿਸੇ ਨਾ ਆਇੰਦਾ । ਕਲਜੁਗ ਮਾਇਆ ਰਹੀ ਸਾੜੀ, ਰਾਜਾ ਰਾਣਾ ਸਰਬ ਕੁਰਲਾਇੰਦਾ । ਜੀਵਾਂ ਜੰਤਾ ਕਰਮਾਂ ਪੱਕੀ ਹਾੜੀ,
੧੮੩ ੦੮ ਹਰਿ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਚ ਭੰਡਾਰਾ ਨਾਮ ਵਰਤਾਇੰਦਾ । ੧੮੩ ੦੮
ਨਾਮ ਭੰਡਾਰਾ ਆਪੇ ਖੋਲ੍ਹ, ਆਪੇ ਰਿਹਾ ਵਰਤਾਈਆ । ਸ਼ਬਦ ਨਿਸ਼ਅੱਖਰ ਆਪੇ ਬੋਲ, ਆਪਣੀ ਕਰੇ ਪੜ੍ਹਾਈਆ । ਸਦਾ ਸੁਹੇਲਾ ਵਸਿਆ ਕੋਲ,
ਦਿਵਸ ਰੈਣ ਨਾ ਕੋਇ ਵਖਾਈਆ । ਰੁੱਤ ਬਸੰਤੀ ਰਿਹਾ ਮੌਲ, ਫਲ ਫੁਲਵਾੜੀ ਆਪ ਉਪਾਈਆ । ਨਾਮ ਮਰਦੰਗ ਵਜਾਏ ਢੋਲ, ਬ੍ਰਹਿਮੰਡਾਂ ਖੰਡਾਂ
ਆਪ ਸੁਣਾਈਆ । ਸ੍ਰਿਸ਼ਟ ਸਬਾਈ ਤੋਲੇ ਆਪਣੇ ਤੋਲ, ਸੇਰ ਧੜੀ ਨਾ ਕੋਇ ਰਖਾਈਆ । ਭੇਵ ਨਾ ਪਾਏ ਪਾਂਧਾ ਰੌਲ, ਹਿਸਾਬ ਕਿਤਾਬ ਨਾ
ਕੋਇ ਵਖਾਈਆ । ਗੁਰ ਗੋਬਿੰਦ ਤੇਰਾ ਪੂਰਾ ਕਰੇ ਕੋਲ, ਪਾਰਬ੍ਰਹਮ ਵੱਡੀ ਵਡਿਆਈਆ । ਧਰਤ ਧਵਲੀ ਗੋਦ ਰਿਹਾ ਫੋਲ, ਪੂਤ ਸਪੂਤੇ ਵੇਖ
ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਮ ਭੰਡਾਰ ਇਕ ਰਖਾਈਆ । ਨਾਮ ਭੰਡਾਰ
ਹਰਿ ਵਰਤੰਤਾ, ਪਾਰਬ੍ਰਹਮ ਪੁਰਖ ਸੁਲਤਾਨਿਆ । ਸਾਚਾ ਧਾਮ ਇਕ ਸੁਹੰਤਾ, ਦੀਪਕ ਜੋਤ ਜਗੇ ਮਹਾਨਿਆ । ਸਾਚਾ ਨਾਦ ਇਕ ਵਜੰਤਾ, ਅਨਹਦ
ਰਾਗ ਅਲਾਨਿਆ । ਮੁਕਾਮੇ ਹੱਕ ਇਕ ਵਖੰਤਾ, ਜਲਵਾ ਨੂਰੋ ਨੂਰ ਨੂਰਾਨਿਆ । ਰਾਮ ਰਾਮਾ ਹਰਿ ਵੇਸ ਵਟੰਤਾ, ਨਿਰਗੁਣ ਖੇਲ ਸ੍ਰੀ ਭਗਵਾਨਿਆ ।
ਕਾਹਨਾ ਕ੍ਰਿਸ਼ਨਾ ਜੋਤ ਜਗੰਤਾ, ਤ੍ਰਿਲੋਕੀ ਨਾਥ ਵਡ ਬਲਵਾਨਿਆ । ਭੇਖਾ ਧਾਰੀ ਭੇਖ ਵਟੰਤਾ, ਬਲ ਬਾਵਨ ਰੂਪ ਪਛਾਨਿਆ । ਈਸਾ ਮੂਸਾ ਜੋੜ
ਜੁੜੰਤਾ, ਜੋੜੀ ਜੋੜ ਆਪਾ ਗੁਣ ਨਿਧਾਨਿਆ । ਚਾਰ ਯਾਰੀ ਸੰਗ ਰਖੰਤਾ, ਸੰਗ ਮੁਹੰਮਦ ਨੌਜਵਾਨਿਆ । ਅੱਲਾ ਰਾਣੀ ਮੇਲ ਮਿਲੰਤਾ, ਘਰ
ਸਾਚਾ ਸਗਨ ਮਨਾਨਿਆ । ਏਕਾ ਐਨਲਹੱਕ ਅੱਲਾ ਹੂ ਅੰਨਾ ਹੂ ਨਾਅਰਾ ਆਪ ਲਗੰਤਾ, ਤਬਕਾਂ ਤਬਕਾਂ ਆਪ ਸੁਣਾਨਿਆ । ਸਾਚਾ ਸੰਖ ਇਕ

ਵਜੰਤਾ, ਅਸ਼ਟਭੁਜ ਸੇਵਾ ਲਾਨਿਆ । ਕਲਜੁਗ ਕੂੜ ਕੁੜਿਆਰਾ ਮੇਟ ਮਿਟੰਤਾ, ਸੁੰਭ ਨਸੁੰਭ ਆਪ ਪਛਾਨਿਆ । ਫੜਿਆ ਸ਼ਬਦ ਤੀਰ ਕਮੰਦਾ, ਹਰਿ ਮਾਰੇ ਦੋ ਜਹਾਨਿਆ । ਭਗਤ ਜਨਾਂ ਆਪ ਬਖ਼ਸ਼ੰਦਾ, ਵਡ ਦਾਤਾ ਵਡ ਮਿਹਰਵਾਨਿਆ । ਗਹਿਰ ਗੰਭੀਰ ਸਾਗਰ ਸਿੰਧਾ, ਹਰਿ ਕਾ ਭੇਵ ਕੋਇ ਨਾ ਪਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕ ਸ਼ਬਦ ਕਰੇ ਪਰਧਾਨਿਆ । ਹਰਿ ਕਾ ਸ਼ਬਦ ਸ਼ਬਦ ਪਰਧਾਨ, ਹਰਿ ਸਾਚੇ ਬਣਤ ਬਣਾਈਆ । ਹੱਥ ਉਠਾਇਆ ਇਕ ਨਿਸ਼ਾਨ, ਆਪੇ ਰਿਹਾ ਝੁਲਾਈਆ । ਉਤੇ ਲਿਖਿਆ ਲੇਖ ਮਹਾਨ, ਕਲਮੀ ਕਲਮ ਨਾ ਕੋਇ ਸਲਾਹੀਆ । ਭੇਵ ਨਾ ਪਾਏ ਕੋਈ ਵਿਦਵਾਨ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਚੌਦਾਂ ਵਿਦਿਆ ਹੋਣ ਹੈਰਾਨ, ਸੋਲਾਂ ਕਲ ਨਾ ਕਲ ਵਰਤਾਈਆ । ਅਨੰਤ ਕਲ ਸ੍ਰੀ ਭਗਵਾਨ, ਆਪਣੀ ਖੇਲ ਰਿਹਾ ਖਿਲਾਈਆ । ਸ਼ਬਦ ਸੁਨੇਹੜਾ ਧੁਰ ਫ਼ਰਮਾਨ, ਲੋਕਮਾਤ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਬੂਝ ਬੁਝਾਈਆ । ਏਕਾ ਮੰਦਰ ਇਕ ਮਕਾਨ, ਘਰ ਏਕਾ ਦਏ ਵਖਾਈਆ । ਨਾਨਕ ਨਿਰਗੁਣ ਕਰ ਪਰਵਾਨ, ਸਰਗੁਣ ਵੇਖੇ ਸਹਿਜ ਸਭਾਈਆ । ਗੁਰ ਗੋਬਿੰਦ ਜੋਧਾ ਸੂਰਾ ਵਡ ਬਲੀ ਬਲਵਾਨ, ਨਾਮ ਖੰਡਾ ਤੇਜ਼ ਪਰਚੰਡਾ ਆਪਣਾ ਹੱਥ ਉਠਾਈਆ । ਪੁਰੀਆਂ ਲੋਆਂ ਵੇਖੇ ਮਾਰ ਧਿਆਨ, ਬ੍ਰਹਿਮੰਡਾਂ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਡੰਕ ਵਜਾਈਆ । ਸ਼ਬਦ ਡੰਕ ਨਰ ਨਿਰੰਕਾਰਾ, ਏਕਾ ਏਕ ਵਜਾਇੰਦਾ । ਕਰੇ ਖੇਲ ਪੁਰਖ ਕਰਤਾਰਾ, ਪਰਮ ਪੁਰਖ ਵੇਖ ਵਖਾਇੰਦਾ । ਲੋਕਮਾਤ ਹੋ ਉਜਿਆਰਾ, ਆਪ ਆਪਣਾ ਵੇਸ ਵਟਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰਾ, ਸੋਇਆ ਕੋਇ
੧੯੪ ਰਹਿਣ ਨਾ ਪਾਇੰਦਾ । ਤੋੜਨਹਾਰਾ ਗੜ੍ਹ ਹੰਕਾਰਾ, ਗੜ੍ਹ ਹੰਕਾਰੀ ਕਿਲਾ ਢਾਇੰਦਾ । ਮੇਟ ਮਿਟਾਏ ਦੁਸ਼ਟ ਦੁਰਾਚਾਰਾ, ਦੂਈ ਦਵੈਤੀ ਰਹਿਣ ੧੯੪
੦੮ ਨਾ ਪਾਇੰਦਾ । ਵਰਨ ਬਰਨ ਕਰਾਏ ਇਕ ਪਿਆਰਾ, ਏਕਾ ਘਰ ਵਸਾਇੰਦਾ । ਅੰਮ੍ਰਿਤ ਦੇਵੇ ਠੰਡੀ ਠਾਰਾ, ਜਲ ਧਾਰਾ ਆਪ ਚੁਆਇੰਦਾ । ੦੮
ਰਾਜ ਜੋਗ ਸੱਚੀ ਸਿਕਦਾਰਾ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਘਟ ਘਟ ਵਾਸਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸ਼ਬਦੀ ਰੰਗ ਰੰਗਾਇੰਦਾ । ਸ਼ਬਦ ਸ਼ਬਦੀ ਰੰਗ ਚਲੂਲ, ਹਰਿ ਸਾਚਾ ਆਪ ਚੜ੍ਹਾਈਆ । ਲਾਲੋ ਲਹਿਣਾ ਨਾ ਗਿਆ ਭੁਲ, ਗੁਰੂ ਨਾਨਕ ਵਡ ਵਡਿਆਈਆ । ਕੋਦਰਾ ਖਾਏ ਚੁਕਾਏ ਮੂਲ, ਆਪ ਆਪਣਾ ਮੇਲ ਮਿਲਾਈਆ । ਫਲ ਫੁਲਵਾੜੀ ਵੇਖੇ ਫੂਲ, ਰੁੱਤ ਬਸੰਤੀ ਇਕ ਸੁਹਾਈਆ । ਸਚ ਪੰਘੂੜਾ ਰਿਹਾ ਝੂਲ, ਪ੍ਰਭ ਸਾਚਾ ਆਪ ਝੁਲਾਈਆ । ਮਿਲਿਆ ਮੇਲ ਕੰਤ ਕੰਤੂਹਲ, ਗੁਰਮੁਖ ਨਾਰੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਸ਼ਬਦੀ ਨਾਤਾ ਹਰਿ ਹਰਿ ਜੋੜ, ਹਰਿਜਨ ਆਪ ਤਰਾਇੰਦਾ । ਆਪੇ ਚਾੜ੍ਹੇ ਆਪਣੇ ਘੋੜ, ਦਰ ਦਰਵਾਜ਼ਾ ਵੇਖ ਵਖਾਇੰਦਾ । ਵੇਖਣਹਾਰਾ ਮਿਠਾ ਕੌੜ, ਰਸ ਆਪਣੇ ਹੱਥ ਰਖਾਇੰਦਾ । ਧੁਰ ਦਰਗਾਹੀ ਆਇਆ ਦੌੜ, ਲੋਕਮਾਤ ਫੇਰਾ ਪਾਇੰਦਾ । ਪੂਤ ਸਪੂਤਾ ਬ੍ਰਹਿਮਣ ਗੋੜ, ਵੇਦ ਵਿਆਸਾ ਅੰਕ ਸਮਾਇੰਦਾ । ਸੰਬਲ ਨਗਰ ਨਾ ਕੋਈ ਜਾਣੇ ਲੰਮਾ ਚੌੜ, ਗੁਰ ਗੋਬਿੰਦ ਲੇਖ ਲਿਖਾਇੰਦਾ । ਗੁਰ ਅਰਜਨ ਲਾਇਆ ਏਕਾ ਪੌੜ, ਚੌਥੇ ਘਰ ਬਹਾਇੰਦਾ । ਪੁਰਖ ਅਕਾਲ ਵੇਖੇ ਦੌੜ ਦੌੜ, ਰੂਪ ਰੰਗ ਨਾ ਕੋਇ ਜਣਾਇੰਦਾ । ਗੁਰਮੁਖਾਂ ਅੰਤਮ ਜਾਏ ਬੌਹੜ, ਲਹਿਣਾ ਦੇਣਾ ਝੋਲੀ ਪਾਇੰਦਾ ।

ਚਰਨ ਪ੍ਰੀਤੀ ਨਿਭੇ ਤੋੜ, ਜਿਸ ਜਨ ਆਪਣੀ ਚਰਨੀ ਲਾਇੰਦਾ। ਜੁਗਾਂ ਜੁਗਾਂ ਦੀ ਮੇਟੇ ਔੜ, ਅੰਮ੍ਰਿਤ ਆਤਮ ਮੇਘ ਬਰਸਾਇੰਦਾ। ਕੂੜੀ ਕਿਰਿਆ ਰਿਹਾ ਹੋੜ, ਸਚ ਸੁੱਚ ਰਖਾਇੰਦਾ। ਵਰ ਪਾਇਆ ਗੁਰਮੁਖ ਜਿਹਾ ਲੋੜ, ਘਰ ਸਾਚਾ ਸਗਨ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਮ ਨਾਮ ਨਾਮਾ ਝੋਲੀ ਪਾਇੰਦਾ। ਨਿਰਗੁਣ ਜੋਤੀ ਨਾਮ ਭੰਡਾਰਨ, ਹਰਿ ਸਾਚੇ ਆਪ ਬਣਾਈਆ। ਵੇਖੇ ਕਰ ਕਰ ਤਨ ਸ਼ੰਗਾਰਨ, ਸੋਲਾਂ ਕਲੀਆਂ ਰੰਗ ਰੰਗਾਈਆ। ਏਕਾ ਏਕ ਪੁਰਖ ਨਾਰਨ, ਨਰ ਨਰਾਇਣ ਵੱਡੀ ਵਡਿਆਈਆ। ਸੰਤ ਸੁਹੇਲਾ ਆਇਆ ਕਾਜ ਸਵਾਰਨ, ਹਰਿ ਦਾਤਾ ਬੇਪਰਵਾਹੀਆ। ਕਲਜੁਗ ਸੋਏ ਆਪ ਉਠਾਲਣ, ਆਪ ਆਪਣੀ ਆਵਾਜ਼ ਲਗਾਈਆ। ਸੋ ਪੁਰਖ ਬਣਿਆ ਵਿਚ ਦਲਾਲਣ, ਹੰ ਬ੍ਰਹਮ ਗਲੇ ਲਗਾਈਆ। ਨਿਰਗੁਣ ਜੋਤੀ ਸਾਚੀ ਮਾਲਣ, ਹਰਿਜਨ ਸਾਚੇ ਹਾਰ ਗੁੰਦਾਈਆ। ਆਪਣੀ ਖਾਰੀ ਆਪ ਆਇਆ ਉਠਾਲਣ, ਸੇਵਕ ਸੇਵਾ ਰਿਹਾ ਕਮਾਈਆ। ਜਲਵਾ ਨੂਰ ਖ਼ੁਦਾਈ ਜਲਾਲਣ, ਬੇਐਬ ਪਰਵਰਦਿਗਾਰ ਬੇਗੁਨਾਹੀਆ। ਇਕ ਬਹਾਏ ਸੱਚੀ ਧਰਮਸਾਲਣ, ਸਚਖੰਡ ਦਵਾਰਾ ਇਕ ਵਖਾਈਆ। ਨਿਰਗੁਣ ਜੋਤ ਜਗੀ ਅਕਾਲਣ, ਕਲਜੁਗ ਮੇਟੇ ਕਾਲੀ ਸ਼ਾਹੀਆ। ਗੁਰਸਿਖਾ ਪੂਰੀ ਕਰੇ ਘਾਲੀ ਘਾਲਣ, ਘਾਲੀ ਘਾਲ ਲੇਖੇ ਲਾਈਆ। ਆਪ ਵਜਾਏ ਆਪਣਾ ਤਾਲਣ, ਸ੍ਰਿਸ਼ਟ ਸਬਾਈ ਰਿਹਾ ਉਠਾਈਆ। ਚਲੇ ਚਲਾਏ ਅਵੱਲੜੀ ਚਾਲਣ, ਵੇਦ ਕਤੇਬ ਭੇਵ ਨਾ ਰਾਈਆ। ਲੱਖ ਚੁਰਾਸੀ ਹਾਲ ਬੇਹਾਲਣ, ਖੁਲ੍ਹੜੇ ਕੇਸ ਵਖਾਈਆ। ਨਾ ਕੋਇ ਤੋੜੇ ਜਗਤ ਜੰਜਾਲਣ, ਜਗਤ ਜੰਜਾਲਾ ਬੰਧਨ ਪਾਈਆ। ਫਲ ਨਾ ਦਿਸੇ ਕਿਸੇ ਡਾਲਣ, ਸਿੰਮਲ ਰੁੱਖ ਰਹੇ ਲਹਿਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਕਰੇ ਸ਼ਨਵਾਈਆ। ਸ਼ਬਦ ਸਨਵਾਈ ਹਰਿ ਸੁਣਾਈ, ਆਪਣਾ ਤਾਲ ਵਜਾਇੰਦਾ। ਜੋਤ ਨਿਰੰਜਣ ਸੇਵਾ ਲਾਈ, ਅੰਧ ਅੰਧੇਰ ਮਿਟਾਇੰਦਾ। ਪੰਚਮ ਸਖੀਆਂ ਮੰਗਲ ਗਾਈ, ਸਾਚਾ ਰਾਗ ਅਲਾਇੰਦਾ। ਅਨਹਦ ਧੁਨ ਆਪ ਸੁਣਾਈ, ਗੁਰਮੁਖ ਸੋਏ ਉਠਾਇੰਦਾ। ਵੇਖਣ ਆਇਆ ਚਾਈਂ ਚਾਈਂ, ਜੋਤੀ ਜਾਮਾ ਭੇਖ ਵਟਾਇੰਦਾ। ਗੋਬਿੰਦ ਮੇਲ ਮਿਲਾਇਆ ਛੀਬੇ ਨਾਈ, ਝੀਵਰ ਜੱਟ ਸੰਗ ਰਖਾਇੰਦਾ। ਲਾਲੋ ਤੇਰੀ ਕਰ ਕੁੜਮਾਈ, ਸੇਜ ਸੁਖਦਾਈ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਦੇਵੇ ਸ਼ਬਦੀ ਵਰ, ਵਰ ਦਾਤਾ ਆਪ ਅਖਵਾਇੰਦਾ। ਵਡ ਦਾਤਾ ਪੁਰਖ ਅਕਾਲ, ਏਕਾ ਏਕ ਏਕੰਕਾਰਿਆ। ਦੀਨਾ ਬੰਧਪ ਦੀਨ ਦਿਆਲ, ਲੋਕਮਾਤ ਲਏ ਅਵਤਾਰਿਆ। ਸੰਬਲ ਨਗਰੀ ਸਾਚੀ ਧਰਮਸਾਲ, ਗੁਰ ਗੋਬਿੰਦ ਮੇਲ ਮਿਲਾ ਲਿਆ। ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤੱਤ ਰੰਗ ਰੰਗਾ ਲਿਆ। ਸਾਢੇ ਤਿੰਨ ਹੱਥ ਤੇਰਾ ਇਕ ਉਛਾਲ, ਲੋਆਂ ਪੁਰੀਆਂ ਪਾਰ ਕਰਾ ਲਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੋਏ ਆਪ ਉਠਾ ਲਿਆ। ਗੁਰਸਿਖ ਉਠ ਉਠ ਜਾਗ, ਹਰਿ ਸਾਚੇ ਜਾਗ ਖੁਲ੍ਹਾਈਆ। ਕਲਜੁਗ ਅੰਤਮ ਲੱਗਾ ਭਾਗ, ਸਾਚੀ ਵੱਜੇ ਵਧਾਈਆ। ਦੀਪਕ ਜਗਿਆ ਇਕ ਚਿਰਾਗ਼, ਏਕਾ ਨੂਰ ਕਰੇ ਰੁਸ਼ਨਾਈਆ। ਦੁਰਮਤ ਮੈਲ ਧੋਵੇ ਦਾਗ਼, ਕਾਇਆ ਸਿੰਚ ਕਿਆਰੀ ਹਰੀ ਕਰਾਈਆ। ਜਗਤ ਤ੍ਰਿਸਨਾ ਬੁਝਾਏ ਆਗ, ਜਨ ਰਾਖੇ ਸਰਨ ਸਰਨਾਈਆ। ਫੜ ਫੜ ਹੰਸ ਬਣਾਏ ਕਾਗ, ਸੋਹੰ ਅਜਪਾ ਜਾਪ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸ਼ਬਦੀ ਧੁਨਕਾਰ ਸੁਣਾਈਆ।

ਧੁਨੀ ਨਾਦ ਵੱਜੇ ਬ੍ਰਹਿਮਾਦਿ, ਹਰਿ ਸਾਚਾ ਆਪ ਵਜਾਇੰਦਾ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਜਨ ਭਗਤਾਂ ਦੇਵਣਹਾਰਾ ਦਾਦ, ਘਰ ਸਾਚੇ ਵਸਤ ਟਿਕਾਇੰਦਾ । ਸ਼ਬਦ ਜਣਾਈ ਬੋਧ ਅਗਾਧ, ਗੁਰ ਅਰਜਨ ਭੇਵ ਖੁਲ੍ਹਾਇੰਦਾ । ਗੁਰਮੁਖ ਵਿਰਲਾ ਲਏ ਲਾਧ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਲਜੁਗ ਮਾਇਆ ਭਰਮ ਭੁਲਾਏ ਸਾਧ, ਸੰਤ ਹਰਿ ਕਾ ਭੇਵ ਕੋਈ ਨਾ ਪਾਇੰਦਾ । ਨਿਰਗੁਣ ਸ਼ਬਦ ਨਿਰਗੁਣ ਧਾਰ ਨਿਰਗੁਣ ਰੂਪ ਜੋ ਜਨ ਰਹੇ ਅਰਾਧ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਵੇਖ ਵਖਾਏ ਸੁੰਨ ਸਮਾਧ, ਸੁੰਨ ਅਗੰਮੀ ਪਾਰ ਕਰਾਇੰਦਾ । ਸਚਖੰਡ ਦਵਾਰਾ ਆਦਿ ਜੁਗਾਦਿ, ਆਪਣਾ ਆਪ ਸੁਹਾਇੰਦਾ । ਅਲਖ ਅਲਖਣਾ ਖੇਲੇ ਖੇਲ ਜੁਗਾਦਿ, ਜੁਗਾਦਿ ਜੁਗ ਜੁਗ ਵੇਸ ਵਟਾਇੰਦਾ । ਅਗੰਮ ਅਗੰਮ ਆਦਿ, ਅੰਤ ਆਦਿ ਅੰਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਸ਼ਬਦ ਸੁਨੇਹੜਾ ਸਚ ਜੈਕਾਰਾ, ਹਰਿ ਸਾਚਾ ਆਪ ਸੁਣਾਈਆ । ਸਤਿਜੁਗ ਤੇਰਾ ਸਾਚਾ ਨਾਅਰਾ, ਨਰ ਨਰਾਇਣ ਸੁਣਾਈਆ । ਰਾਮ ਰਾਮ ਕਰੇ ਪਿਆਰਾ, ਕ੍ਰਿਸ਼ਨ ਕ੍ਰਿਸ਼ਨ ਵਡਿਆਈਆ । ਈਸਾ ਮੂਸਾ ਇਕ ਅਧਾਰਾ, ਮੁਹੰਮਦ ਮੁਹੰਮਦੀ ਮੇਲ ਮਿਲਾਈਆ । ਨਾਨਕ ਨਾਨਕ ਕਰ ਪਿਆਰਾ, ਗੋਬਿੰਦ ਡੰਕ ਸੁਣਾਈਆ । ਫਤਹਿ ਫਤਹਿ ਵਾਹਿਗੁਰੂ ਪਿਆਰਾ, ਵਾਹਿਗੁਰ ਫਤਹਿ ਸੁਹਾਈਆ । ਵਰਨਾਂ ਬਰਨਾਂ ਇਕ ਅਧਾਰਾ, ਏਕਾ ਜੋਤ ਟਿਕਾਈਆ । ਏਕਾ ਦਰ ਇਕ ਦਰਬਾਰਾ, ਏਕਾ ਘਰ ਸੁਹਾਈਆ । ਇਕ ਸੁਲਤਾਨ ਇਕ ਸਿਕਦਾਰਾ, ਏਕਾ ਰਈਯਤ ਰਿਹਾ ਬਣਾਈਆ । ਏਕਾ ਨਾਮ ਇਕ ਭੰਡਾਰਾ, ਏਕਾ ਰਿਹਾ ਵਰਤਾਈਆ । ਨੌ ਸੱਤ ਤਪਾਏ ਇਕ ਦਵਾਰਾ, ਏਕਾ ਵੇਖ ਵਖਾਈਆ । ਏਕਾ ਧਰਮ ਏਕਾ ਧਾਰਾ, ਸ਼ਰਅ ਸ਼ਰੀਅਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਜੈਕਾਰਾ ਏਕਾ ਨਾਅਰਾ ਸੋਹੰ ਢੋਲਾ ਗਾਈਆ । ਸੋਹੰ ਢੋਲਾ ਹਰਿ ਸਮਰਥ, ਏਕਾ ਆਪ ਉਪਾਇੰਦਾ । ਨਾਨਕ ਨਿਰਗੁਣ ਦਿਤੀ ਵੱਥ, ਘਰ ਵਿਚ ਘਰ ਟਿਕਾਇੰਦਾ । ਕਲਜੁਗ ਅੰਤਮ ਖੋਲ੍ਹੇ ਹੱਟ, ਤੇਰਾਂ ਤੇਰਾਂ ਤੋਲ ਤੁਲਾਇੰਦਾ । ਲਹਿਣਾ ਦੇਣਾ ਚੁਕਾਏ ਤੀਰਥ ਅਠਸਠ, ਗੰਗਾ ਗੋਦਾਵਰੀ ਫੋਲ ਫੁਲਾਇੰਦਾ । ਪਾਵੇ ਸਾਰ ਮੰਦਰ ਮਸਜਿਦ ਮਠ, ਗੁਰਦਵਾਰੇ ਹਰਿ ਹਰਿ ਵੇਖ ਵਖਾਇੰਦਾ । ਖੇਲੇ ਖੇਲ ਨੱਠ ਨੱਠ, ਭੇਵ ਕੋਈ ਨਾ ਪਾਇੰਦਾ । ਅੰਤਮ ਕਰੇ ਇਕ ਅਕੱਠ, ਸਗਲਾ ਸੰਗ ਨਿਭਾਇੰਦਾ । ਏਕਾ ਪੂਜਾ ਪਾਠ, ਇਸ਼ਟ ਦੇਵ ਇਕ ਵਖਾਇੰਦਾ । ਇਕ ਸਰੋਵਰ ਮਾਰੇ ਠਾਠ, ਸੁਹਾਵਾ ਤਾਲ ਇਕ ਉਪਾਇੰਦਾ । ਕਲਜੁਗ ਬੇੜੀ ਕਾਇਆ ਕਾਠ, ਅੰਤਮ ਆਪ ਜਲਾਇੰਦਾ । ਆਪ ਉਤਾਰੇ ਆਪਣੇ ਘਾਟ, ਆਪਣਾ ਪੰਧ ਮੁਕਾਇੰਦਾ । ਸੋਹੰ ਸ਼ਬਦ ਵਿਕਾਏ ਸਾਚੇ ਹਾਟ, ਸਤਿਜੁਗ ਸਾਚਾ ਮਾਰਗ ਲਾਇੰਦਾ । ਹਰਿਜਨ ਹਰਿ ਹਰਿ ਰਸ ਰਿਹਾ ਚਾਟ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਆਪੇ ਜਾਣੇ ਨੇੜੇ ਦੂਰ ਵਾਟ, ਦੂਰ ਨੇੜਾ ਨਾ ਕੋਈ ਰਖਾਇੰਦਾ । ਏਕਾ ਜੋਤੀ ਜਗੇ ਲਿਲਾਟ, ਹਰਿਜਨ ਸਾਚੇ ਵੇਖ ਵਖਾਇੰਦਾ । ਬਜਰ ਕਪਾਟੀ ਪੜਦਾ ਜਾਏ ਪਾਟ, ਜੋ ਜਨ ਰਸਨਾ ਸੋਹੰ ਗਾਇੰਦਾ । ਸਤਿਜੁਗ ਤੇਰਾ ਸਾਚਾ ਘਾਟ, ਪ੍ਰਭ ਲੋਕਮਾਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਸਿੰਘਾਸਣ ਇਕ ਵਿਛਾਇੰਦਾ । ਸ਼ਬਦ ਸਿੰਘਾਸਣ ਸਾਚੀ ਸੇਜ, ਹਰਿ ਸਾਚੇ ਆਪ ਉਪਾਈਆ । ਜੋਤੀ ਨੂਰ ਕਰ ਕਰ ਤੇਜ਼, ਦਿਵਸ ਰੈਣ ਕਰੇ ਰੁਸ਼ਨਾਈਆ । ਸਚ ਸੁਨੇਹੜਾ ਏਕਾ ਭੇਜ, ਹਰਿਜਨ ਸਾਚੇ ਰਿਹਾ ਜਗਾਈਆ । ਕਲਜੁਗ ਅਗਨੀ

ਵੇਖ ਸ਼ਮਸ਼ ਤਬਰੇਜ਼, ਗੁਰਮੁਖ ਸਾਚੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸ਼ਬਦੀ ਸੰਖ ਵਜਾਈਆ । ਸ਼ਬਦੀ ਸੰਖ ਹਰਿ ਬ੍ਰਿਹਮਾਦਿ, ਆਪਣਾ ਆਪ ਵਜਾਇਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਅਰਾਧ, ਸਾਚਾ ਢੋਲਾ ਆਪ ਸੁਣਾਇਆ । ਆਪੇ ਦੇਵਣਹਾਰਾ ਦਾਦ, ਆਪੇ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਪਰਗਟ ਜੋਤ ਦੇਸ ਮਾਝ, ਸੰਬਲ ਨਗਰੀ ਡੇਰਾ ਲਾਇਆ । ਆਪ ਚਲਾਏ ਸਤਿਜੁਗ ਕਲਜੁਗ ਜਗਤ ਜਹਾਜ਼, ਆਪ ਆਪਣੀ ਸੇਵ ਕਮਾਇਆ । ਦੋ ਜਹਾਨਾ ਕਮਾਏ ਸਾਚਾ ਰਾਜ, ਸ਼ਹਿਨਸ਼ਾਹ ਸ਼ਾਹ ਭੂਪ ਅਖਵਾਇਆ । ਆਪੇ ਜਾਣੇ ਜਗਤ ਸਮਾਜ, ਜੁਗ ਰੀਤੀ ਵੇਖ ਵਖਾਇਆ । ਆਪੇ ਮੱਕਾ ਕਾਅਬਾ ਹਾਜੀ ਹਾਜ, ਆਪੇ ਦੋ ਦੋ ਆਬਾ ਮੇਲ ਮਿਲਾਇਆ । ਆਪੇ ਅਸਵ ਘੋੜੇ ਚੜ੍ਹੇ ਸਾਚੇ ਤਾਜ, ਸਤਿਗੁਰ ਪੂਰਾ ਰਿਹਾ ਦੌੜਾਇਆ । ਗੁਰਮੁਖਾਂ ਰੱਖਣਹਾਰਾ ਲਾਜ, ਲਾਲ ਦੁਲਾਰੇ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਧਾਰ ਹਰਿ ਨਿਰੰਕਾਰ ਸ਼ਬਦੀ ਸ਼ਬਦ ਸਮਾਇਆ । ਸ਼ਬਦੀ ਧਾਰ ਨਿਰਗੁਣ ਰੂਪ, ਨਿਰਗੁਣ ਰੂਪ ਵਿਚ ਸਮਾਈਆ । ਪਾਰਬ੍ਰਹਮ ਪ੍ਰਭ ਸਤਿ ਸਰੂਪ, ਸਤਿ ਸਤਿਵਾਦ ਅਖਵਾਈਆ । ਕਲਜੁਗ ਮੇਟੇ ਜੂਠ ਝੂਠ, ਕੂੜੀ ਕਿਰਿਆ ਰਹਿਣ ਨਾ ਪਾਈਆ । ਗੁਰਸਿਖਾਂ ਉਪਰ ਜਾਏ ਤੁਠ, ਦੇਵੇ ਨਾਮ ਵਡ ਵਡਿਆਈਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁਠ, ਜੋ ਵਿਛੜਿਆ ਸੋ ਮੇਲ ਮਿਲਾਈਆ । ਲੱਖ ਚੁਰਾਸੀ ਜਾਏ ਛੁਟ, ਜੋ ਜਨ ਨੇਤਰ ਲੋਚਣ ਦਰਸ਼ਨ ਪਾਈਆ । ਮੁਕਤ ਜੁਗਤ ਕਰਾਈ ਲੁੱਟ, ਕਲਜੁਗ ਅਚਰਜ ਰੀਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲਾ ਕਾਇਆ ਘਰ, ਮੰਦਰ ਮਸੀਤ ਇਕ ਵਖਾਈਆ । ਮੰਦਰ ਮਸੀਤ ਗੁਰੂਦਵਾਰ, ਹਰਿ ਕਾਇਆ ਗੜ੍ਹ ਬਣਾਇਆ । ਨਿਰਗੁਣ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਟਿਕਾਇਆ । ਕਮਲਾਪਾਤੀ ਕਰ ਸ਼ੰਗਾਰ, ਘਰ ਬੈਠਾ ਆਸਣ ਲਾਇਆ । ਗੁਰਮੁਖ ਨਾਰੀ ਨਾਰ ਮੁਟਿਆਰ, ਆਪ ਆਪਣਾ ਰਾਹ ਤਕਾਇਆ । ਸ਼ਬਦ ਵਿਚੋਲਾ ਹੋ ਤਿਆਰ, ਲੋਕਮਾਤ ਫੇਰਾ ਪਾਇਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਹੰ ਬ੍ਰਹਮ ਲਏ ਉਠਾਇਆ । ਪਾਰਬ੍ਰਹਮ ਮੇਲ ਕਰਤਾਰ, ਬ੍ਰਹਮ ਬ੍ਰਹਮ ਵਿਚ ਸਮਾਇਆ । ਸੁਰਤ ਸ਼ਬਦ ਸ਼ਬਦ ਸੁਰਤ ਕਰ ਪਿਆਰ, ਪਰਮਾਨੰਦ ਰਖਾਇਆ । ਏਕਾ ਘਰ ਇਕ ਦਵਾਰ, ਏਕਾ ਸੇਜਾ ਰਿਹਾ ਹੰਢਾਇਆ । ਏਕਾ ਨਾਰੀ ਕੰਤ ਭਤਾਰ, ਏਕਾ ਮੇਲ ਮਿਲਾਇਆ । ਕਲਜੁਗ ਅੰਤਮ ਵੇਖ ਵਿਚਾਰ, ਪ੍ਰਭ ਸਾਚੇ ਖੇਲ ਰਚਾਇਆ । ਜਪ ਤਪ ਗਏ ਹਾਰ, ਤੀਰਥ ਤਟ ਨਾ ਪਾਰ ਕਰਾਇਆ । ਸਾਧਾਂ ਸੰਤਾਂ ਮਨ ਮਤ ਬੁਧ ਨਾਰ ਵਿਭਚਾਰ, ਸੁਹਾਗੀ ਕੰਤ ਨਾ ਵੇਖ ਵਖਾਇਆ । ਮਾਇਆ ਭਰੇ ਨਾ ਕੋਈ ਭੰਡਾਰ, ਜੀਵ ਜੰਤ ਹੋਏ ਹਲਕਾਇਆ । ਗੁਰਮੁਖ ਸਾਜਣ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਰਹੇ ਵਹਾਇਆ । ਕਦ ਹੋਸੀ ਪ੍ਰਭ ਤੇਰਾ ਦੀਦਾਰ, ਛਿਕਾ ਛਿਕ ਪ੍ਰਭ ਆਪਣਾ ਵਕ਼ਤ ਲੰਘਾਇਆ । ਖੁਲ੍ਹੜੇ ਕੇਸ ਦਰ ਦਰਵੇਸ਼ ਹਾਹਾਕਾਰ, ਨਰ ਨਰਾਇਣ ਰਹੇ ਮੰਗ ਮੰਗਾਇਆ । ਕਲਜੁਗ ਕੂੜਾ ਰਿਹਾ ਦੁਰਕਾਰ, ਆਪ ਆਪਣਾ ਤੇਜ ਵਖਾਇਆ । ਮੂਰਖ ਮੂੜ੍ਹੇ ਕਰ ਪਿਆਰ, ਆਪਣੇ ਧੰਦੇ ਆਪੇ ਲਾਇਆ । ਸ੍ਰਿਸ਼ਟ ਸਬਾਈ ਧੂੰਆਂਧਾਰ, ਸਾਚਾ ਚੰਦ ਨਾ ਕੋਈ ਚੜ੍ਹਾਇਆ । ਨਾਨਕ ਸਤਿਗੁਰ ਬਣ ਭਿਖਾਰ, ਹਰਿ ਕਾ ਲੇਖਾ ਗਏ ਲਿਖਾਇਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਹਰਿ ਰੂਪ ਰੰਗ ਨਾ ਕੋਈ ਵਖਾਇਆ । ਸਾਧਾਂ ਸੰਤਾਂ ਲਏ ਉਭਾਰ, ਜਿਸ ਜਨ ਆਪਣਾ ਮੇਲ ਮਿਲਾਇਆ । ਦੀਨਾਂ ਅਨਾਥਾਂ ਦਏ ਸਹਾਰ, ਅਨਾਥ

ਅਨਾਥੀ ਵੇਸ ਵਟਾਇਆ । ਲੱਖ ਚੁਰਾਸੀ ਤੇਰਾ ਸਾਂਝਾ ਯਾਰ, ਕਾਦਰ ਕਰਤਾ ਆਪ ਅਖਵਾਇਆ । ਘੜਨ ਭੰਨਣਹਾਰ ਕਰਤਾਰ, ਸਮਰਥ ਪੁਰਖ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਰੱਖ, ਲੱਖ ਚੁਰਾਸੀ ਵਿਚੋਂ ਕਰੇ ਵੱਖ, ਮਾਟੀ ਭਾਂਡੇ ਭੰਨ ਵਖਾਇਆ । ਘੜੇ ਭੰਨੇ ਹਰਿ ਹਰਿ ਕਾਰ, ਆਦਿ ਜੁਗਾਦਿ ਵਡ ਵਡਿਆਈਆ । ਕਲਜੁਗ ਕੂੜਾ ਕੂੜ ਪਸਾਰ, ਸਤਿਜੁਗ ਸਾਚੀ ਕਰੇ ਰੁਸ਼ਨਾਈਆ । ਇਕ ਵਖਾਏ ਸਚ ਦਰਬਾਰ, ਸ਼ਬਦ ਸੰਦੇਸਾ ਇਕ ਸੁਣਾਈਆ । ਸੰਤ ਸੁਹੇਲਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਗੁਰੂ ਗੁਰ ਚੇਲਾ ਉਧਰੇ ਪਾਰ, ਜਿਸ ਜਨ ਪੁਰਖ ਅਕਾਲ ਓਟ ਰਖਾਈਆ । ਹਰਿਜਨ ਮੇਲਾ ਅਪਰ ਅਪਾਰ, ਸਤਿਗੁਰ ਪੂਰਾ ਆਪ ਕਰਾਈਆ । ਲਾਲੋ ਬੇੜਾ ਰਿਹਾ ਤਾਰ, ਕਲਜੁਗ ਅੰਤ ਨਾ ਕੋਈ ਡੁਬਾਈਆ । ਆਪਣਾ ਪੂਰ ਆਪੇ ਚਾੜ੍ਹ, ਜਗਤ ਮਲਾਹ ਆਪ ਅਖਵਾਈਆ । ਧੁਰ ਦਰਗਾਹੀ ਸਾਚਾ ਲਾੜ, ਹਰਿ ਸਾਚਾ ਆਪ ਹੋ ਜਾਈਆ । ਕਲਜੁਗ ਅੰਤਮ ਲਹਿਣਾ ਚੁਕੇ ਸਤਾਰਾਂ ਹਾੜ, ਬੀਸ ਬੀਸਾ ਵੇਖ ਵਖਾਈਆ । ਇਕ ਅਕੇਲਾ ਧਰਮ ਅਖਾੜ, ਜਗਤ ਜਗਦੀਸਾ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੇਲਾ ਸਹਿਜ ਸਭਾਈਆ ।



### ✪ ੨੭ ਮਾਘ ੨੦੧੫ ਬਿਕ੍ਰਮੀ ਕਿਸ਼ਨ ਸਿੰਘ ਦੇ ਘਰ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ✪

੧੮੮ ੦੮

ਏਕਾ ਏਕ ਏਕੰਕਾਰ, ਅਕਲ ਕਲਾ ਅਖਵਾਈਆ । ਸਤਿਨਾਮ ਸਤਿ ਵਰਤਾਰ, ਸਤਿ ਪੁਰਖ ਆਪ ਵਰਤਾਈਆ । ਕਰਤਾ ਪੁਰਖ ਕਰਨੀ ਕਰੇ ਕਾਰ, ਕਰਣਹਾਰ ਆਪ ਹੋ ਜਾਈਆ । ਅਕਾਲ ਮੂਰਤ ਅਪਰ ਅਪਾਰ, ਰੂਪ ਰੰਗ ਨਾ ਕੋਈ ਜਣਾਈਆ । ਅਜੂਨੀ ਰਹਿਤ ਹਰਿ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਦਿ ਜੁਗਾਦੀ ਬੰਨੇ ਧਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਆਦਿ ਨਿਰੰਜਣ ਖੇਲ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਇਕ ਪਸਾਰਾ ਇਕ ਨਿਰੰਕਾਰਾ, ਏਕਾ ਏਕ ਕਰਾਇੰਦਾ । ਆਪੇ ਖੇਲੇ ਖੇਲ ਅਪਾਰਾ, ਖੇਲਣਹਾਰ ਦਿਸ ਨਾ ਆਇੰਦਾ । ਨਿਰਗੁਣ ਦੀਪਕ ਕਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰਾ, ਆਪ ਆਪਣਾ ਨਾਉਂ ਰਖਾਇੰਦਾ । ਸਾਚਾ ਘਰ ਸਚ ਦਰਬਾਰਾ, ਹਰਿ ਸਾਚਾ ਆਪ ਸੁਹਾਇੰਦਾ । ਆਪ ਆਪਣਾ ਦਏ ਸਹਾਰਾ, ਆਪ ਆਪਣਾ ਥਾਨ ਸੁਹਾਇੰਦਾ । ਸਚ ਸੁਲਤਾਨ ਸਚ ਸਿਕਦਾਰਾ, ਸ਼ਾਹੋ ਭੂਪ ਆਪ ਅਖਵਾਇੰਦਾ । ਸਾਜਣ ਮੀਤ ਮੀਤ ਮੁਰਾਰਾ, ਹਰਿ ਆਪਣਾ ਆਪ ਉਪਾਇੰਦਾ । ਆਪੇ ਬੰਨੇ ਆਪਣੀ ਧਾਰਾ, ਆਪਣੀ ਰਚਨ ਰਚਾਇੰਦਾ । ਸਤਿ ਸਰੂਪੀ ਖੇਲ ਨਿਆਰਾ, ਸਤਿ ਸਤਿਵਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਧਾਰ ਬੰਧਾਇੰਦਾ । ਨਿਰਗੁਣ ਧਾਰ ਰੂਪ ਅਗੰਮ, ਹਰਿ ਸਾਚਾ ਆਪ ਉਪਾਈਆ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਈ ਅਖਵਾਈਆ । ਆਪੇ ਜਾਣੇ ਆਪਣਾ ਕੰਮ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਪ੍ਰਭ ਆਪ ਅਖਵਾਇਆ । ਪਾਰਬ੍ਰਹਮ ਪ੍ਰਭ ਅਬਿਨਾਸ਼ਾ, ਏਕਾ ਰੂਪ ਸਮਾਇਆ ।

ਆਪਣਾ ਵੇਖੇ ਆਪ ਤਮਾਸ਼ਾ, ਆਪਣਾ ਖੇਲ ਆਪ ਖਿਲਾਇਆ । ਆਪਣੇ ਮੰਡਲ ਪਾਵੇ ਰਾਸਾ, ਹਰਿ ਸਾਚਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਨੂਰ ਉਜਾਲਾ, ਏਕਾ ਏਕ ਅਖਵਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਪਾਰਬ੍ਰਹਮ ਭੇਵ ਨਾ ਆਇੰਦਾ । ਆਪਣੇ ਰੰਗ ਰੰਗ ਗੁਲਾਲਾ, ਦੂਸਰ ਰੰਗ ਨਾ ਕੋਈ ਵਖਾਇੰਦਾ । ਜੋਤੀ ਜੋਤ ਜੋਤ ਉਜਾਲਾ, ਏਕਾ ਏਕ ਡਗਮਗਾਇੰਦਾ । ਆਪ ਆਪਣੀ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਆਪ ਅਖਵਾਇੰਦਾ । ਆਪ ਆਪਣੀ ਵਸਿਆ ਧਰਮ ਸੱਚੀ ਧਰਮਸਾਲਾ, ਥਿਰ ਘਰ ਸਾਚਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪੇ ਕਰ, ਆਪੇ ਵੇਖ ਵਖਾਇੰਦਾ । ਨਿਰਗੁਣ ਨੂਰ ਨਿਰਾਕਾਰ, ਆਪਣਾ ਆਪ ਧਰਾਇੰਦਾ । ਆਪੇ ਵੇਖੇ ਪਾਵੇ ਸਾਰ, ਦਿਸ ਕਿਸੇ ਨਾ ਆਇੰਦਾ । ਸਚ ਸਿੰਘਾਸਣ ਖੇਲ ਨਿਆਰ, ਆਪ ਆਪਣੀ ਚਲਤ ਚਲਾਇੰਦਾ । ਸ਼ਾਹ ਸੁਹਾਨਾ ਇਕ ਅਧਾਰ, ਏਕਾ ਦਰ ਸੁਹਾਇੰਦਾ । ਆਪਣੇ ਦਰ ਕਰੇ ਵਾਸੀ ਵਾਸ, ਨਿਵਾਸਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਆਪ ਆਪਣੇ ਰੰਗ ਰੰਗਾਇੰਦਾ । ਨਿਰਗੁਣ ਰੂਪ ਹਰਿ ਹਰਿ ਰੰਗ, ਦਿਸ ਕਿਸੇ ਨਾ ਆਇਆ । ਥਿਰ ਘਰ ਬੈਠ ਸਚ ਪਲੰਘ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਆਪਣੀ ਮੰਗੇ ਆਪੇ ਮੰਗ, ਆਪਣੀ ਝੋਲੀ ਆਪ ਭਰਾਇਆ । ਆਪਣਾ ਰੱਖੇ ਆਪੇ ਸੰਗ, ਹਰਿ ਦਾਤਾ ਬੇਪਰਵਾਹਿਆ । ਆਪਣੇ ਮੰਦਰ ਆਪੇ ਲੰਘ, ਹਰਿ ਬੈਠਾ ਜੋਤ ਜਗਾਇਆ । ਜੋਧਾ ਸੂਰਬੀਰ ਸਰਬੰਗ, ਏਕਾ ਏਕ ਏਕੰਕਾਰਾ ਨਾਮ ਧਰਾਇਆ । ਆਪ ਵਜਾਏ ਆਪਣਾ ਮਰਦੰਗ, ਆਪੇ ਦਰ ਸੁਹਾਇਆ । ਆਪੇ ਖੜਗ ਖੰਡਾ ਹੋਏ ਪਰਚੰਡ, ਚੰਡ ਪਰਚੰਡ ਆਪ ਹੋ ਜਾਇਆ । ਆਪ ਉਪਾਏ ਕੋਟ ਬ੍ਰਹਿਮੰਡ, ਬ੍ਰਹਮਾ ਨਾ ਡੇਰਾ ਲਾਇਆ । ਆਪੇ ਜਾਣੇ ਆਪਣੀ ਵੰਡ, ਹਰਿ ਕਾ ਭੇਵ ਕਿਸੇ ਨਾ ਪਾਇਆ । ਆਪੇ ਵਸਿਆ ਆਪਣੇ ਪਰਮਾਨੰਦ, ਪਰਮ ਪੁਰਖ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਥਿਰ ਘਰ ਬੈਠਾ ਆਸਣ ਲਾਇਆ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਸਾਚਾ ਆਪ ਉਪਾਇੰਦਾ । ਪਾਰਬ੍ਰਹਮ ਪ੍ਰਭ ਬੈਠਾ ਇਕ ਅਕੱਲਾ, ਦੂਸਰ ਕੋਈ ਦਿਸ ਨਾ ਆਇੰਦਾ । ਆਪਣੀ ਜੋਤੀ ਆਪੇ ਰਲਾ, ਆਪਣਾ ਦੀਪਕ ਆਪ ਜਗਾਇੰਦਾ । ਆਪਣਾ ਘਰ ਆਪੇ ਮੱਲਾ, ਘਰ ਸਾਚਾ ਆਪ ਸੁਹਾਇੰਦਾ । ਆਪੇ ਹੋਏ ਉਚ ਅਟੱਲਾ, ਦਿਸ ਕਿਸੇ ਨਾ ਆਇੰਦਾ । ਆਪੇ ਵਸਿਆ ਡੂੰਘੀ ਡੱਲਾ, ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣਾ ਹੱਲਾ, ਆਪ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਾਚੇ ਘਰ, ਘਰ ਸਾਚਾ ਆਪ ਸੁਹਾਇੰਦਾ । ਸਾਚਾ ਘਰ ਹਰਿ ਦਰਵਾਜ਼ਾ, ਏਕਾ ਰੰਗ ਰੰਗਾਇੰਦਾ । ਵੇਖਣਹਾਰ ਗ਼ਰੀਬ ਨਿਵਾਜਾ, ਆਪ ਆਪਣਾ ਰਾਹ ਤਕਾਇੰਦਾ । ਆਪ ਆਪਣਾ ਸਾਜਣ ਸਾਜਾ, ਸਾਜਣਹਾਰ ਦਿਸ ਨਾ ਆਇੰਦਾ । ਆਪ ਆਪਣੀ ਮਾਰੇ ਵਾਜਾ, ਆਪ ਆਪਣਾ ਆਪ ਉਠਾਇੰਦਾ । ਆਪ ਆਪਣਾ ਬਣਿਆ ਰਾਜਾ, ਰਾਜ ਰਾਜਾਨ ਆਪ ਅਖਵਾਇੰਦਾ । ਆਪ ਆਪਣਾ ਰਚਿਆ ਕਾਜਾ, ਆਪ ਆਪਣਾ ਮੰਗਲ ਗਾਇੰਦਾ । ਆਪ ਆਪਣੀ ਰੱਖੇ ਲਾਜਾ, ਆਪ ਆਪਣਾ ਸਗਨ ਮਨਾਇੰਦਾ । ਆਪ ਆਪਣੇ ਚੜ੍ਹੇ ਅਸਵ ਤਾਜਾ, ਆਪ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਏਕਓਂਕਾਰਾ ਹਰਿ ਨਿਰੰਕਾਰਾ ਜੋਤ ਸਰੂਪ ਸ਼ਾਹੋ ਭੂਪ ਸਤਿ ਸਰੂਪ ਇਕ

੧੮੯
੦੮

ਵਖਾਇੰਦਾ । ਸਤਿ ਸਰੂਪ ਸੱਚੀ ਸਲਾਹ, ਭੇਵ ਕਿਸੇ ਨਾ ਆਇਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਘਰ ਸਾਚੇ ਬੈਠਾ ਆਸਣ ਲਾਇਆ । ਆਪਣਾ ਬਣੇ ਆਪ ਮਲਾਹ, ਆਪਣਾ ਬੇੜਾ ਆਪ ਚਲਾਇਆ । ਆਪਣੀ ਫੜੇ ਆਪੇ ਬਾਂਹ, ਆਪ ਆਪਣਾ ਨਾਲ ਰਲਾਇਆ । ਆਪਣਾ ਪਿਤਾ ਬਣੇ ਆਪੇ ਮਾਂ, ਆਪ ਆਪਣਾ ਗੋਦ ਉਠਾਇਆ । ਆਪ ਰਖਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਜਣਾਇਆ । ਆਪ ਵਸਾਏ ਸਾਚਾ ਗਰਾਂ, ਥਿਰ ਘਰ ਸਾਚੇ ਡੇਰਾ ਲਾਇਆ । ਆਪੇ ਕਰੇ ਸਚ ਨਿਆਂ, ਅਦਲ ਅਦਾਲਤ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨੂਰ ਰੁਸ਼ਨਾਇਆ । ਨਿਰਗੁਣ ਜੋਤ ਆਦਿ ਨਿਰੰਜਣ, ਆਦਿ ਪੁਰਖ ਵਡਿਆਈਆ । ਆਪ ਆਪਣਾ ਬਣਿਆ ਸੱਜਣ, ਸਾਕ ਸੈਣ ਆਪ ਅਖਵਾਈਆ । ਆਪ ਆਪਣੀ ਰੱਖੇ ਲੱਜਣ, ਲਾਜਾਵੰਤ ਵਡ ਵਡਿਆਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਨਾ ਕੋਇ ਲਿਖਾਈਆ । ਜੋਤੀ ਨੂਰ ਸ੍ਰੀ ਭਗਵੰਤ, ਸਤਿ ਸਤਿ ਸਤਿ ਸੱਚੀ ਸਰਨਾਈਆ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ ਹੰਢਾਈਆ । ਆਪ ਬਣਾਏ ਆਪਣੀ ਬਣਤ, ਹਰਿ ਦਾਤਾ ਬੇਪਰਵਾਹੀਆ । ਆਪ ਉਪਜਾਏ ਆਪਣਾ ਸੁੱਤ ਸ਼ਬਦ ਛੰਤ, ਪੂਤ ਸਪੂਤਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਉਪਾਈਆ । ਉਪਜੇ ਸ਼ਬਦ ਸੁੱਤ ਦੁਲਾਰਾ, ਘਰ ਸਾਚਾ ਇਕ ਸੁਹਾਇੰਦਾ । ਪੁਰਖ ਅਕਾਲ ਕਰ ਪਿਆਰਾ, ਆਪਣਾ ਮਾਰਗ ਲਾਇੰਦਾ । ਏਕਾ ਦੇਵੇ ਚਰਨ ਪਿਆਰਾ, ਸਾਚੀ ਓਟ ਵਖਾਇੰਦਾ । ਆਪਣੀ ਕਿਰਪਾ ਭਰੇ ਭੰਡਾਰਾ, ਆਪ ਆਪਣਾ ਵਿਚ ਟਿਕਾਇੰਦਾ । ਆਪੇ ਬਣੇ ਸੰਗ ਵਰਤਾਰਾ, ਸੇਵਕ ਸੇਵਾ ਸਾਚੀ ਲਾਇੰਦਾ । ਸ਼ਬਦ ਸੁੱਤ ਢਹਿ ਪਿਆ ਦਵਾਰਾ, ਪ੍ਰਭ ਸਾਚਾ ਆਪ ਉਠਾਇੰਦਾ । ਮੇਰਾ ਤੇਰਾ ਇਕ ਸਹਾਰਾ, ਤੂੰ ਮੇਰਾ ਮੈਂ ਤੋਹੇ ਭਾਇੰਦਾ । ਸੋ ਪੁਰਖ ਹਰਿ ਖੇਲ ਨਿਆਰਾ, ਹੰ ਸ਼ਬਦ ਰੂਪ ਵਟਾਇੰਦਾ । ਇਕ ਅਕੱਲਾ ਕਰ ਆਕਾਰਾ, ਆਪ ਆਪਣੀ ਚਲਤ ਚਲਾਇੰਦਾ । ਸ਼ਬਦ ਸੁੱਤ ਹੋ ਉਜਿਆਰਾ, ਆਪਣਾ ਕਰਮ ਕਮਾਇੰਦਾ । ਲੋਆਂ ਪੁਰੀਆਂ ਕਰ ਤਿਆਰਾ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਵਿਸ਼ਨੂੰ ਰੂਪ ਅਪਾਰਾ, ਹਰਿ ਸਾਚਾ ਆਪ ਵਟਾਇੰਦਾ । ਅੰਮ੍ਰਿਤ ਜਲ ਭਰ ਭੰਡਾਰਾ, ਕਵਲੀ ਕਵਲ ਟਿਕਾਇੰਦਾ । ਕਵਲ ਕਵਲਾ ਕਰ ਤਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਆਦਿ ਅੰਤ ਨਾ ਕੋਇ ਜਣਾਇੰਦਾ । ਸਾਚਾ ਸੁੱਤ ਘਰ ਘਰ ਪਿਆਰਾ, ਸਾਚੀ ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਬੰਨ੍ਹੇ ਧਾਰਾ, ਆਪਣਾ ਤੱਤ ਟਿਕਾਇੰਦਾ । ਰਾਜਸ ਤਾਮਸ ਸਾਂਤਕ ਦੇ ਸਹਾਰਾ, ਹਰਿ ਸਾਚਾ ਮੇਲ ਮਿਲਾਇੰਦਾ । ਆਕਾਸ਼ ਪਰਕਾਸ਼ ਇਕ ਕਿਨਾਰਾ, ਆਪਣਾ ਆਪ ਜਣਾਇੰਦਾ । ਸਾਚਾ ਸ਼ਬਦ ਸੱਚੀ ਧੁਨਕਾਰਾ, ਹਰਿ ਸਾਚਾ ਆਪ ਅਲਾਇੰਦਾ । ਕਵਲੀ ਕਵਲਾ ਕਰ ਆਧਾਰਾ, ਕਵਲ ਕਵਲਾ ਮੁਖ ਖੁਲ੍ਹਾਇੰਦਾ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਪਾਵੇ ਸਾਰਾ, ਚਾਰੇ ਮੁਖ ਰਖਾਇੰਦਾ । ਅੱਠੇ ਨੇਤਰ ਇਕ ਉਘਾੜਾ, ਬ੍ਰਹਿਮੰਡ ਵੰਡ ਵੰਡਾਇੰਦਾ । ਦੇਵਣਹਾਰ ਹਰਿ ਭੰਡਾਰਾ, ਸਾਚੀ ਕਲ ਵਰਤਾਇੰਦਾ । ਪਾਰਬ੍ਰਹਮ ਪ੍ਰਭ ਰੂਪ ਅਪਾਰਾ, ਆਪਣਾ ਅੰਗ ਕਟਾਇੰਦਾ । ਵਿਸ਼ਨੂੰ ਸੇਵਕ ਸੇਵਾਦਾਰਾ, ਸਾਚੀ ਸੇਵ ਕਮਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰ ਤਿਆਰਾ, ਪਾਰਬ੍ਰਹਮ ਵੇਖ ਵਖਾਇੰਦਾ । ਗਗਨ ਮੰਡਲ ਇਕ ਉਜਿਆਰਾ, ਰਵ ਸਸ ਇਕ ਚੜ੍ਹਾਇੰਦਾ । ਆਪੇ ਦੇਵਣਹਾਰ ਸਹਾਰਾ, ਆਪ ਆਪਣਾ ਬੰਧਨ ਪਾਇੰਦਾ । ਜਲ ਬਿੰਬ ਰੂਪ ਅਪਾਰਾ, ਹਰਿ ਸਾਚਾ ਸੰਗ ਸਮਾਇੰਦਾ । ਧਰਨੀ ਧਰਤ ਧਵਲ ਕਰ ਉਜਿਆਰਾ, ਆਪ ਆਪਣਾ ਖੇਲ ਖਿਲਾਇੰਦਾ ।


੧੯੦
੦੮

ਭੇਟਾ ਦੇਵੇ ਵਿਚ ਸੰਸਾਰਾ, ਸਾਚੀ ਚਲਤ ਚਲਾਇੰਦਾ । ਬਾਸ਼ਕ ਤਸ਼ਕਾ ਕਰ ਪਿਆਰਾ, ਸਾਂਗੋ ਪਾਂਗ ਹੰਢਾਇੰਦਾ । ਉਤੇ ਸੁੱਤਾ ਨੈਣ ਮੁੰਧਾਰਾ, ਚਤੁਰਭੁਜ ਭੇਵ ਨਾ ਆਇੰਦਾ । ਆਦਿ ਸ਼ਕਤ ਖੇਲ ਨਿਆਰਾ, ਹਰਿ ਸਾਚਾ ਆਪ ਕਰਾਇੰਦਾ । ਸਚ ਖ਼ੁਦਾ ਬੇਐਬ ਪਰਵਰਦਿਗਾਰਾ, ਆਪਣਾ ਦਰ ਹਰਿ ਸਾਚਾ ਆਪ ਸੁਹਾਇੰਦਾ । ਬ੍ਰਹਮਾ ਵੇਤਾ ਨਾਮ ਆਧਾਰਾ, ਏਕਾ ਸ਼ਬਦ ਸੁਣਾਇੰਦਾ । ਪੰਜ ਤੱਤ ਕਰ ਪਸਾਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾਲ ਰਲਾਇੰਦਾ । ਲੱਖ ਚੁਰਾਸੀ ਵਣਜ ਵਣਜਾਰਾ, ਸਾਚੇ ਹੱਟ ਵਖਾਇੰਦਾ । ਚੌਦਾਂ ਚੌਦਾਂ ਖੋਲ੍ਹ ਕਿਵਾੜਾ, ਏਕਾ ਮੁਖ ਬਣਾਇੰਦਾ । ਜ਼ਿਮੀਂ ਅਸਮਾਨਾਂ ਰਖਿਆ ਪਾੜਾ, ਨਾ ਕੋਈ ਮੇਲ ਮਿਲਾਇੰਦਾ । ਆਪੇ ਖੇਲ ਆਪੇ ਵੇਖੇ ਜਗਤ ਅਖਾੜਾ, ਲੋਕਮਾਤੀ ਬਣਤ ਬਣਾਇੰਦਾ । ਲੱਖ ਚੁਰਾਸੀ ਕਰ ਪਿਆਰਾ, ਮਨ ਮਤ ਬੁਧ ਵਿਚ ਰਖਾਇੰਦਾ । ਨਿਰਗੁਣ ਖੇਲ ਅਪਰ ਅਪਾਰਾ, ਨਿਰਾਧਾਰ ਆਪ ਹੋ ਜਾਇੰਦਾ । ਸਰਗੁਣ ਮੇਲਾ ਕਰ ਸੰਸਾਰਾ, ਸਾਚੀ ਰਚਨ ਰਚਾਇੰਦਾ । ਬ੍ਰਹਮਾ ਸੇਵਕ ਸੇਵਾਦਾਰਾ, ਸਾਚੀ ਸੇਵ ਕਮਾਇੰਦਾ । ਵਿਸ਼ਨੂੰ ਦੇਵੇ ਇਕ ਆਧਾਰਾ, ਘਰ ਘਰ ਰਿਜ਼ਕ ਪੁਚਾਇੰਦਾ । ਪੰਜ ਤੱਤ ਭਰ ਭੰਡਾਰਾ, ਆਪੇ ਵੇਖ ਵਖਾਇੰਦਾ । ਘਰ ਵਿਚ ਘਰ ਕਰੇ ਤਿਆਰਾ, ਹਰਿ ਸਾਚੀ ਬਣਤ ਬਣਾਇੰਦਾ । ਆਪੇ ਖੋਲ੍ਹੇ ਨੌ ਦਵਾਰਾ, ਆਪੇ ਵੇਖ ਵਖਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਹਰਿ ਸਾਚਾ ਰੰਗ ਰੰਗਾਇੰਦਾ । ਦਸਮ ਦਵਾਰੀ ਧਰਮ ਅਖਾੜਾ, ਘਰ ਘਰ ਵਿਚ ਆਪ ਟਿਕਾਇੰਦਾ । ਅੰਦਰ ਬੈਠਾ ਸਾਚਾ ਲਾੜਾ, ਆਪ ਆਪਣਾ ਮੁਖ ਛੁਪਾਇੰਦਾ । ਨਾਤਾ ਜੁੜਿਆ ਬਹੱਤਰ ਨਾੜਾ, ਲਹੂ ਮਿਝ ਹੱਡੀ ਰੱਤ ਮੇਲ ਮਿਲਾਇੰਦਾ । ਨਾਲ ਰਲਾਏ ਪੰਚਮ ਧਾੜਾ, ਮੁੱਖੀ ਬਾਹਰ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰਾ, ਏਕਾ ਤੱਤ ਜਣਾਇੰਦਾ । ਅੰਦਰ ਕਰ ਨਾਮ ਵਰਤਾਰਾ, ਪੰਚਮ ਆਪ ਉਠਾਇੰਦਾ । ਪੰਚ ਸ਼ਬਦ ਸੱਚੀ ਧੁਨਕਾਰਾ, ਦਿਵਸ ਰੈਣ ਆਪ ਅਲਾਇੰਦਾ । ਅਨਹਦ ਵੱਜੇ ਸਾਚਾ ਤਾੜਾ, ਤਾਲ ਤਲਵਾੜਾ ਆਪ ਵਜਾਇੰਦਾ । ਆਪੇ ਰੱਖਿਆ ਅੰਧ ਅੰਧਿਆਰਾ, ਡੂੰਘੀ ਕੰਦਰ ਆਪ ਵਖਾਇੰਦਾ । ਆਪੇ ਜੋਤ ਨਿਰੰਜਣ ਕਰ ਉਜਿਆਰਾ, ਸਾਚਾ ਚੰਦ ਚੜ੍ਹਾਇੰਦਾ । ਅੰਮ੍ਰਿਤ ਰੱਖਿਆ ਠੰਡੀ ਠਾਰਾ, ਕਵਲ ਨਾਭੀ ਆਪ ਭਰਾਇੰਦਾ । ਝਿਰਨਾ ਝਿਰੇ ਅਪਰ ਅਪਾਰਾ, ਹਰਿ ਸਾਚਾ ਆਪ ਝਿਰਾਇੰਦਾ । ਆਪੇ ਕਰੇ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਇੰਦਾ । ਆਪੇ ਸਚ ਸਿੰਘਾਸਣ ਵਸੇ ਧਾਮ ਨਿਆਰਾ ਆਤਮ ਸੇਜਾ ਆਪ ਸੁਹਾਇੰਦਾ । ਜੋਤੀ ਨੂਰ ਨੂਰ ਉਜਿਆਰਾ, ਸ਼ਬਦ ਸ਼ਬਦੀ ਰੰਗ ਰੰਗਾਇੰਦਾ । ਘਰ ਮੇਲਾ ਹਰਿ ਕੰਤ ਭਤਾਰਾ, ਹਰਿ ਸਾਚਾ ਮੇਲ ਮਿਲਾਇੰਦਾ । ਲੱਖ ਚੁਰਾਸੀ ਪਸਰ ਪਸਾਰਾ, ਮਾਨਸ ਮਾਨੁਖ ਆਪ ਵਡਿਆਇੰਦਾ । ਆਪ ਆਪਣਾ ਕਰੇ ਖੇਲ ਨਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਵਿਚੋਲਾ ਹਰਿ ਨਿਰੰਕਾਰਾ, ਆਪਣਾ ਸਾਂਗ ਵਰਤਾਇੰਦਾ । ਆਪੇ ਲੇਖਾ ਲਿਖੇ ਵੇਦ ਚਾਰਾ, ਚਾਰੇ ਯੁਗਾਂ ਵੰਡ ਵੰਡਾਇੰਦਾ । ਆਪੇ ਭਗਤ ਭਗਵੰਤ ਹੋਏ ਉਜਿਆਰਾ, ਸਾਧ ਸੰਤ ਆਪ ਅਖਵਾਇੰਦਾ । ਆਪੇ ਦੂਤੀ ਦੁਸ਼ਟ ਹੋਏ ਹੰਕਾਰਾ, ਕਾਇਆ ਗੜ੍ਹ ਆਪ ਸੁਹਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਅਭੇਦ ਭੇਵ ਕੋਇ ਨਾ ਪਾਇੰਦਾ । ਸੰਤ ਸਾਜਨ ਮੀਤ ਮੁਰਾਰਾ, ਹਰਿ ਸਾਚਾ ਆਪ ਅਖਵਾਇੰਦਾ । ਆਪੇ ਹੋਏ ਦੁਸ਼ਟ ਦੁਰਾਚਾਰਾ, ਆਪਣੀ ਦੂਸ਼ਨਾ ਆਪੇ ਲਾਇੰਦਾ । ਆਪੇ ਨਿਤ ਨਵਿਤ ਜੋਤੀ ਨੂਰ ਕਰੇ ਉਜਿਆਰਾ, ਗੁਰ ਅਵਤਾਰ ਆਪ ਅਖਵਾਇੰਦਾ । ਸਤਿਜੁਗ ਸਾਚੇ ਪਾਵੇ ਸਾਰਾ, ਭਗਤ ਵਛਲ ਭੇਵ ਨਾ ਆਇੰਦਾ । ਤ੍ਰੇਤਾ ਤੇਰਾ ਰੂਪ ਨਿਆਰਾ, ਤ੍ਰੀਆ ਵੇਸ ਵਟਾਇੰਦਾ । ਰਾਮ ਨਾਮ ਨਾਮ ਆਧਾਰਾ, ਆਪ ਆਪਣਾ ਆਪ ਸੁਣਾਇੰਦਾ ।

ਆਦਿ ਜੁਗਾਦੀ ਏਕਾ ਕਾਰਾ, ਏਕਾ ਕਲ ਵਰਤਾਇੰਦਾ । ਦੁਆਪਰ ਤੇਰਾ ਵੇਖ ਪਸਾਰਾ, ਪੁਰਾਣ ਅਠਾਰਾ ਵੇਦ ਵਿਆਸਾ ਆਪ ਲਿਖਾਇੰਦਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਅੰਤਮ ਕਰੇ ਪਾਰ ਕਿਨਾਰਾ, ਹਰਿਜਨ ਸਾਚੇ ਆਪ ਤਰਾਇੰਦਾ । ਕਲਜੁਗ ਕੂੜਾ ਹੋ ਉਜਿਆਰਾ, ਲੋਕਮਾਤ ਚਰਨ ਟਿਕਾਇੰਦਾ । ਜੂਠਾ ਝੂਠਾ ਭਰ ਭੰਡਾਰਾ, ਸਾਚਾ ਸਗਨ ਮਨਾਇੰਦਾ । ਚਾਰ ਕੁੰਟ ਦਹਿ ਦਿਸ਼ਾ ਬਣ ਵਰਤਾਰਾ, ਆਪਣੀ ਹੱਥੀਂ ਆਪ ਵਰਤਾਇੰਦਾ । ਦੇਵੇ ਵਰ ਸੱਚੀ ਸਰਕਾਰਾ, ਹਰਿ ਸਾਚਾ ਹੁਕਮ ਸੁਣਾਇੰਦਾ । ਨਾ ਕੋਈ ਮੇਟੇ ਨਾ ਮੇਟਣਹਾਰਾ ਹਰਿ ਕਾ ਭਾਣਾ, ਹਰਿ ਆਪਣੇ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣਾ ਵੇਸ ਵਟਾਇੰਦਾ । ਹਰਿ ਨਿਰੰਕਾਰਾ ਵੇਸ ਵਟੰਦੜਾ, ਆਦਿ ਪੁਰਖ ਅਖਵਾਇਆ । ਦੋ ਜਹਾਨੀ ਖੇਲ ਖਲੰਦੜਾ, ਧੁਰ ਦੀ ਬਾਣ ਚਲਾਇਆ । ਭਗਤ ਭਗਵੰਤ ਮੇਲ ਮਲੰਦੜਾ, ਭਗਤ ਭਗਤੀ ਲੇਖੇ ਲਾਇਆ । ਸੰਤ ਦੁਲਾਰੇ ਅੰਗ ਰਖੰਦੜਾ, ਅੰਗੀਕਾਰ ਆਪ ਕਰਾਇਆ । ਗੁਰਸਿਖ ਸਾਚਾ ਦਰ ਸੁਹੰਦੜਾ, ਦਰ ਘਰ ਫੇਰਾ ਪਾਇਆ । ਹਰਿਜਨ ਸਾਚੇ ਪਾਰ ਕਰੰਦੜਾ, ਜੋ ਜਨ ਹਰਿ ਹਰਿ ਰਹੇ ਧਿਆਇਆ । ਕਲਜੁਗ ਕੂੜਾ ਵੇਖ ਵਖੰਦੜਾ, ਨੇਤਰ ਰੋ ਰੋ ਨੀਰ ਵਹਾਇਆ । ਮੈਂ ਕੀ ਕਰਾਂ ਇਕ ਅਕਲੜਾ, ਤੇਰੀ ਧਾਰ ਨਾ ਕੋਈ ਜਣਾਇਆ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦੜਾ, ਦੇਵੇ ਸ਼ਬਦ ਸੁਣਾਇਆ । ਈਸਾ ਮੂਸਾ ਤੇਰਾ ਸੰਗ ਵਖੰਦੜਾ, ਹਰਿ ਸਾਚਾ ਲਏ ਉਪਾਇਆ । ਸੰਗ ਮੁਹੰਮਦ ਰੰਗ ਰੰਗਦੜਾ, ਚਾਰ ਯਾਰੀ ਮਤਾ ਪਕਾਇਆ । ਅੱਲਾ ਰਾਣੀ ਮੇਲ ਮਿਲੰਦੜਾ, ਏਕਾ ਨਾਅਰਾ ਰਿਹਾ ਸੁਣਾਇਆ । ਐਨਲਹੱਕ ਵੇਖ ਵਖੰਦੜਾ, ਹੱਕ ਹਕੀਕਤ ਵੇਖ ਵਖਾਇਆ । ਸ਼ਰਅ ਸ਼ਰੀਅਤ ਪਾਏ ਬੰਧਨਾ, ਬੰਦੀ ਤੋੜ ਭੇਵ ਨਾ ਰਾਇਆ । ਕਲਜੁਗ ਤੇਰਾ ਵੇਖੇ ਚਾਂਦ ਚੰਦਨਾ, ਚੰਦ ਨੌਂ ਚੰਦੀ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ ਕਾਰਨ ਕਰਤਾ ਆਪ ਅਖਵਾਇਆ । ਕਾਰਨ ਕਰਤਾ ਆਪ ਪ੍ਰਭ, ਭੇਵ ਕੋਇ ਨਾ ਪਾਇੰਦਾ । ਆਪਣਾ ਕਹਿਣਾ ਜਾਣੇ ਸਭ, ਆਪੇ ਹੁਕਮ ਚਲਾਇੰਦਾ । ਆਪੇ ਸਚ ਸਿੰਘਾਸਣ ਬੈਠਾ ਫਬ, ਦਰਗਾਹ ਸਾਚੀ ਡੇਰਾ ਲਾਇੰਦਾ । ਆਪੇ ਜੀਵ ਜੰਤ ਜਗਤ ਵਿਕਾਰੇ ਲਏ ਦਬ, ਆਪੇ ਭਾਰ ਲਾਹਿੰਦਾ । ਆਪੇ ਪਰਗਟ ਜੋਤ ਕਰੇ ਝਬ, ਨਿਰ ਅਕਾਰ ਨਿਰੰਕਾਰ ਨਾਨਕ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਵੇਸ ਵਟਾਇੰਦਾ । ਨਿਰਗੁਣ ਨਾਨਕ ਜੋਤ ਜਗਾ, ਹਰਿ ਸਾਚਾ ਕਰੇ ਰੁਸ਼ਨਾਈਆ । ਗਰੀਬ ਨਿਮਾਣੇ ਗਲੇ ਲਗਾ, ਏਕਾ ਰਾਹ ਵਖਾਈਆ । ਚਾਰ ਵਰਨ ਬਣਾਏ ਭੈਣ ਭਰਾ, ਸਾਚਾ ਸਗਨ ਇਕ ਮਨਾਈਆ । ਸਤਿਨਾਮ ਮੰਤਰ ਦ੍ਰਿੜਾ, ਸਾਚੀ ਕਰੇ ਪੜ੍ਹਾਈਆ । ਊਚਾਂ ਨੀਚਾਂ ਏਕਾ ਧਾਮ ਬਹਾ, ਜ਼ਾਤ ਪਾਤ ਰਿਹਾ ਮਿਟਾਈਆ । ਹਿੰਦੂ ਮੁਸਲਮ ਸਿਖ ਈਸਾਈ ਇਕ ਜਣਾ, ਇਕ ਵਖਾਏ ਹੱਕ ਖ਼ੁਦਾਈਆ । ਰਾਮ ਰਾਮਾ ਰਾਮ ਸਮਾ, ਰਾਮ ਰਾਮਾ ਭੇਵ ਚੁਕਾਈਆ । ਕਾਹਨਾ ਕ੍ਰਿਸ਼ਨਾ ਭਰਮ ਤੁੜਾ, ਭਰਮ ਗੜ੍ਹ ਰਹੇ ਨਾ ਰਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਕ ਸੇਵਾਦਾਰ ਦਏ ਵਖਾ, ਆਪ ਆਪਣੀ ਬੂਝ ਬੁਝਾਈਆ । ਫੜ ਫੜ ਬਾਂਹੋਂ ਰਾਹੇ ਦਏ ਪਾ, ਜੋ ਭੁੱਲੇ ਕਲਜੁਗ ਰਾਹੀਆ । ਸਾਚਾ ਕਲਮਾ ਰਿਹਾ ਪੜ੍ਹਾ, ਕਾਇਨਾਤ ਵੇਖ ਵਖਾਈਆ । ਮੱਕਾ ਕਾਅਬਾ ਚਰਨ ਛੁਹਾ, ਸ਼ਰਅ ਸ਼ਰੀਅਤ ਇਕ ਸਫਾਈਆ । ਮੁਹੰਮਦੀ ਦੀਨਾਂ ਦਏ ਸੁਣਾ, ਨੇਤਰ ਨੂਰ ਨੂਰ ਅਲਾਹੀਆ । ਜਗਤ ਅਧੀਨਾ ਆਪ ਅਖਵਾ, ਖ਼ਾਕੀ ਖ਼ਾਕ ਰਮਾਈਆ । ਦਾਨਾ ਬੀਨਾ ਸਹਿਜ ਸੁਭਾ, ਡੂੰਘੇ ਸਾਗਰ

ਰਿਹਾ ਸਮਾਈਆ । ਨਾਨਕ ਨਿਰਗੁਣ ਨਾਮ ਧਰਾ, ਨਾਨਾ ਰੂਪ ਕਰੇ ਰੁਸ਼ਨਾਈਆ । ਸਾਚੀ ਬਖ਼ਸ਼ੇ ਇਕ ਸਰਨਾ, ਪੁਰਖ ਅਕਾਲ ਮਨਾਈਆ । ਸਚ ਸਤਾਰ ਰਿਹਾ ਵਜਾ, ਨਿਰੰਕਾਰ ਇਹ ਸਮਝਾਈਆ । ਗੁਣਵੰਤਾ ਗੁਣ ਦਏ ਦਿਖਾ, ਗੁਰ ਪੂਰੇ ਏਹ ਵਡਿਆਈਆ । ਸਾਧਾਂ ਸੰਤਾਂ ਮੇਲ ਮਿਲਾ, ਘਰ ਸਾਚਾ ਇਕ ਵਖਾਈਆ । ਚੌਥੇ ਪਦ ਦਏ ਚੜ੍ਹਾ, ਏਕਾ ਡੰਡਾ ਨਾਮ ਫੜਾਈਆ । ਪਾਰ ਕੰਢਾ ਆਪ ਕਰਾ, ਲੱਖ ਚੁਰਾਸੀ ਦਏ ਕਟਾਈਆ । ਬ੍ਰਹਿਮੰਡਾਂ ਬ੍ਰਹਮ ਖੋਜ ਖੁਜਾ, ਨਾਨਕ ਹਰਿ ਹਰਿ ਅੰਗ ਸਮਾਈਆ । ਉਚੇ ਟਿੱਲੇ ਪਰਬਤ ਵੇਖੇ ਥਾਉਂ ਥਾਂ, ਗੋਰਖ ਮਛੰਦਰ ਰਹੇ ਹਿਲਾਈਆ । ਕਰਨਹਾਰਾ ਸਚ ਨਿਆਂ, ਕਲਜੁਗ ਦਾਤਾ ਬੇਪਰਵਾਹੀਆ । ਨਾਨਕ ਸਤਿਗੁਰ ਰਿਹਾ ਸਮਝਾ, ਭੁੱਲ ਰਹੇ ਨਾ ਰਾਈਆ । ਨਾਮ ਸਤਿ ਰਸਨਾ ਗੁਣ ਹਰਿਜਨ ਲਏ ਗਾ, ਗਾਵਤ ਗਾਵਤ ਰੈਣ ਵਿਹਾਈਆ । ਕਲਜੁਗ ਜੀਵ ਕੋਈ ਭੁੱਲੇ ਨਾ, ਕਲਜੁਗ ਅੰਤਮ ਰੈਣ ਅੰਧੇਰੀ ਛਾਈਆ । ਨਾਤਾ ਤੁਟੇ ਪੁੱਤਰਾ ਮਾਂ, ਭੈਣ ਭਾਈ ਦਿਸ ਨਾ ਆਈਆ । ਰਾਜ ਰਾਜਾਨ ਕੋਈ ਨਾ ਪਕੜੇ ਬਾਂਹ, ਗਰੀਬ ਨਿਮਾਣੇ ਰਹੇ ਕੁਰਲਾਈਆ । ਨਾ ਕੋਈ ਦੇਵੇ ਠੰਡੀ ਛਾਂ, ਕਲਜੁਗ ਅਗਨੀ ਮਠ ਤਪਾਈਆ । ਜੂਠ ਝੂਠ ਅੰਤਮ ਕਰ ਕੇ ਬਹਿ ਜਾਏ ਹਾਂ, ਸਚ ਸੁੱਚ ਨਜ਼ਰ ਨਾ ਆਈਆ । ਘਰ ਘਰ ਝੂਠੇ ਉਡਣੇ ਕਾਂ, ਕਾਮ ਕਰੋਧ ਹੰਕਾਰ ਹਲਕਾਈਆ । ਸੁਣੇ ਫਰਯਾਦ ਕੋਈ ਨਾ, ਗੁਰ ਗੋਬਿੰਦ ਵਡ ਵਡਿਆਈਆ । ਏਕਾ ਜੋਤ ਦਸ ਜਾਮਾ ਪਾ, ਦਸ ਦਸਮੇਸਾ ਆਪ ਅਖਵਾਈਆ । ਪੂਤ ਸਪੂਤਾ ਨਾਉਂ ਧਰਾ, ਆਪ ਆਪਣੀ ਸੇਵ ਕਮਾਈਆ । ਲੇਖਾ ਆਪਣਾ ਦਏ ਚੁਕਾ, ਅਗਲਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਵੇਸ ਕਰ, ਨੂਰੋ ਨੂਰ ਡਗਮਗਾਈਆ । ਨੂਰ ਉਜਾਲਾ ਹਰਿ ਗੋਪਾਲਾ, ਸਰਬ ਕਲ ਅਖਵਾਇਆ । ਨਾਨਕ ਸਤਿਗੁਰ ਬਣ ਰਖਵਾਲਾ, ਲੋਕਮਾਤ ਉਠ ਧਾਇਆ । ਗੋਬਿੰਦ ਨੂਰ ਕਰੇ ਪ੍ਰਿਤਪਾਲਾ, ਸਾਚਾ ਖੰਡਾ ਹੱਥ ਉਠਾਇਆ । ਗੁਰ ਅਰਜਨ ਬਣਿਆ ਸ਼ਬਦ ਦਲਾਲਾ, ਗੁਰੂ ਗ੍ਰੰਥ ਲਿਖਾਇਆ । ਚਾਰ ਵਰਨਾਂ ਕਰਿਆ ਮਾਲੋ ਮਾਲਾ, ਜੋ ਧਨ ਸਾਚਾ ਲੇਵਣ ਆਇਆ । ਫਲ ਲਗਾਏ ਸਾਚੇ ਡਾਲ੍ਹਾ, ਖੋਜ ਖੋਜ ਸ਼ਬਦ ਜਨ ਪਾਇਆ । ਕਲਜੁਗ ਅੰਤਮ ਹੋਏ ਬੇਹਾਲਾ, ਨਾਨਕ ਗੋਬਿੰਦ ਲੇਖ ਲਿਖਾਇਆ । ਕੂੜ ਕੁੜਿਆਰਾ ਮਾਰੇ ਛਾਲਾ, ਚਾਰੋਂ ਕੁੰਟ ਅੰਧੇਰਾ ਛਾਇਆ । ਸ੍ਰਿਸ਼ਟ ਸਬਾਈ ਹਾਲ ਬੇਹਾਲਾ, ਨਾ ਕੋਈ ਧੀਰ ਧਰਾਇਆ । ਸਾਧ ਸੰਤ ਅਵੱਲੜੀ ਚਾਲਾ, ਘਰ ਘਰ ਬੈਠੇ ਇਸ਼ਟ ਮਨਾਇਆ । ਏਕਾ ਭੁੱਲੇ ਪੁਰਖ ਅਕਾਲਾ, ਹਰਿ ਕਾ ਰੂਪ ਦਿਸ ਨਾ ਆਇਆ । ਸਰਬ ਜੀਆਂ ਹਰਿ ਆਪ ਰਖਵਾਲਾ, ਆਪ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇਆ । ਨਾਨਕ ਗੋਬਿੰਦ ਸਾਚੀ ਧਾਰ, ਚਾਰ ਵਰਨ ਜਣਾਈਆ । ਹਿੰਦੂ ਸਿਖ ਨਾ ਕੋਇ ਵਿਚਾਰ, ਮੁਸਲਮ ਸੰਗ ਰਖਾਈਆ । ਈਸਾ ਮੂਸਾ ਇਕ ਅਧਾਰ, ਏਕਾ ਨਾਮ ਕੁੜਮਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਢੋਲਾ ਗਾਈਆ । ਏਕਾ ਰਾਮ ਰੂਪ ਅਵਤਾਰ, ਏਕਾ ਕ੍ਰਿਸ਼ਨਾ ਰੂਪ ਵਟਾਈਆ । ਏਕਾ ਅੱਲਾ ਰਾਣੀ ਨੂਰ ਉਜਿਆਰ, ਏਕਾ ਬਿਸਮਲ ਰੂਪ ਸਮਾਈਆ । ਏਕ ਨਾਮ ਸਤਿ ਕਰਤਾਰ, ਏਕਾ ਵਾਹਿਗੁਰੂ ਫਤਹਿ ਗਜਾਈਆ । ਚਾਰ ਵਰਨਾਂ ਇਕ ਪਿਆਰ, ਪਾਰਬ੍ਰਹਮ ਵੇਖ ਵਖਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਲੋਕਮਾਤ ਡੇਰਾ ਲਾਈਆ । ਹੰ ਬ੍ਰਹਮ ਕਰ ਪਿਆਰ, ਏਕਾ ਰੂਪ ਦਰਸਾਈਆ । ਸੋਹੰ ਸ਼ਬਦ ਨਾਨਕ ਗਾਇਆ ਨਿਰਗੁਣ ਧਾਰ, ਭੇਵ ਕੋਇ ਨਾ ਪਾਈਆ । ਅੰਤਮ ਵੇਖੇ ਸੰਬਲ ਨਗਰੀ ਸਚ ਕਿਨਾਰ, ਗੁਰ ਗੋਬਿੰਦ ਸਾਚਾ ਮਾਹੀਆ ।

੧੯੩ ੦੮

ਗੁਰ ਚੇਲੇ ਹੋਇਆ ਇਕ ਪਿਆਰ, ਸੋਹੰ ਰੂਪ ਆਪ ਹੋ ਜਾਈਆ । ਏਕਾ ਬ੍ਰਹਮ ਪਾਰਬ੍ਰਹਮ ਰੂਪ ਕਰਤਾਰ, ਦੂਸਰ ਕੋਇ ਦਿਸ ਨਾ ਆਈਆ । ਆਪਣੀ ਜੋਤੀ ਆਪੇ ਗਿਆ ਜੰਮ, ਆਪ ਆਪਣੀ ਰੁੱਤ ਸੁਹਾਈਆ । ਆਪਣਾ ਕਰਨ ਆਇਆ ਕੰਮ, ਵਡ ਦਾਤਾ ਬੇਪਰਵਾਹੀਆ । ਹੱਡ ਮਾਸ ਨਾੜੀ ਨਾ ਦੀਸੇ ਚੰਮ, ਪੰਜ ਤੱਤ ਨਾ ਕੋਇ ਰਖਾਈਆ । ਸ਼ਾਹ ਸੁਲਤਾਨ ਰਾਜ ਰਾਜਾਨ, ਬੰਦੀਖਾਨੇ ਨਾ ਕੋਈ ਸਕੇ ਬੰਨ, ਹੱਥ ਕਿਸੇ ਨਾ ਆਈਆ । ਨਾ ਹੋਏ ਵਸੇਰਾ ਛੱਪਰੀ ਛੰਨ, ਥਿਰ ਘਰ ਦਾਤਾ ਥਿਰ ਘਰ ਬੈਠਾ ਆਸਣ ਲਾਈਆ । ਰਾਹ ਤੱਕਣ ਸੂਰਜ ਚੰਨ, ਆਪ ਆਪਣੀ ਧਾਰ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪਣਾ ਬੇੜਾ ਰਹੇ ਬੰਨ, ਪ੍ਰਭ ਸਾਚਾ ਹੁਕਮ ਚਲਾਈਆ । ਲੋਕਮਾਤ ਜਨਨੀ ਕਰੇ ਧੰਨ ਧੰਨ, ਜਨ ਭਗਤ ਜਣੇਂਦੀ ਮਾਈਆ । ਆਦਿ ਜੁਗਾਦਿ ਬੇੜਾ ਦੇਵੇ ਬੰਨ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਰਾਗ ਸੁਣਾਏ ਕੰਨ, ਹਰਿ ਸ਼ਬਦ ਆਪ ਅਲਾਈਆ । ਨਿਰਗੁਣ ਜੋਤ ਉਜਾਲੀ ਤਨ, ਨੂਰੋ ਨੂਰ ਰੁਸ਼ਨਾਈਆ । ਭਾਂਡਾ ਭਰਮ ਦੇਵੇ ਭੰਨ, ਝੂਠਾ ਗੜ੍ਹ ਮੇਟ ਮਿਟਾਈਆ । ਕਲਜੁਗ ਅੰਤਮ ਜਨ ਭਗਤਾਂ ਦੇਵੇ ਨਾਮ ਧਨ, ਸਾਚੀ ਭਿਛਿਆ ਝੋਲੀ ਪਾਈਆ । ਕੋਈ ਲਾ ਨਾ ਸਕੇ ਸੰਨ, ਘਰ ਲੁੱਟ ਨਾ ਕੋਇ ਲੈ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਹਰਿ ਨੂਰ ਜਗਤ ਉਜਾਲਾ, ਪ੍ਰਭ ਸਾਚਾ ਆਪ ਕਰਾਇੰਦਾ । ਕਲਜੁਗ ਅੰਤਮ ਖੇਲੇ ਖੇਲ ਨਿਰਾਲਾ, ਖੇਲ ਖਿਲਾਰੀ ਭੇਵ ਨਾ ਪਾਇੰਦਾ । ਲੱਖ ਚੁਰਾਸੀ ਕੱਢੇ ਦੀਵਾਲਾ, ਹਿਸਾਬ ਕਿਤਾਬ ਵੇਖ ਵਖਾਇੰਦਾ । ਧਰਮ ਰਾਏ ਤੇਰਾ ਤੋੜ ਤਾਲਾ, ਅਠਾਰਾਂ ਅਠਾਈ ਫੋਲ ਫੋਲਾਇੰਦਾ । ਜਨਕ ਮੀਤਾ ਬਣਿਆ ਜਗਤ ਦਲਾਲਾ, ਤ੍ਰੈ ਤ੍ਰੈ ਮੂਲ ਚੁਕਾਇੰਦਾ । ਕਲਜੁਗ ਵੇਖੇ ਰਾਹ ਸੁਖਾਲਾ, ਮਨ ਮਤ ਨਾਲ ਰਲਾਇੰਦਾ । ਆਸਾ ਤ੍ਰਿਸਨਾ ਹੋਈ ਕੰਗਾਲਾ, ਮਨ ਮਤ ਨਾਲ ਰਲਾਇੰਦਾ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਫਲ ਨਾ ਦਿਸੇ ਕਿਸੇ ਡਾਲ੍ਹਾ, ਕਲਜੁਗ ਰੁੱਤ ਬਸੰਤ ਨਾ ਕੋਈ ਸੁਹਾਇੰਦਾ । ਗੁਰਮੁਖ ਵਿਰਲੇ ਹਰਿ ਮਿਲਿਆ ਧਾਮ ਨਿਰਾਲਾ, ਆਤਮ ਸੇਜਾ ਇਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸੰਗ ਰਖਾਇੰਦਾ । ਸਗਲਾ ਸੰਗ ਹਰਿ ਨਿਰੰਕਾਰ, ਹਰਿ ਹਰਿ ਸ਼ਬਦ ਉਪਜਾਈਆ । ਜੋਤੀ ਨੂਰ ਨੂਰ ਉਜਿਆਰ, ਦਿਵਸ ਰੈਣ ਡਗਮਗਾਈਆ । ਲੋਆਂ ਪੁਰੀਆਂ ਮਾਰੇ ਮਾਰ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਫੋਲ ਫੋਲਾਈਆ । ਨਾਨਕ ਗੋਬਿੰਦ ਵੰਡੀ ਵੰਡ, ਕਲਜੁਗ ਅੰਤਮ ਵੇਖਣ ਆਈਆ । ਮੇਟ ਮਿਟਾਏ ਭੇਖ ਪਖੰਡ, ਝੂਠੀ ਕਿਰਿਆ ਰਹਿਣ ਨਾ ਪਾਈਆ । ਮਾਇਆ ਮਮਤਾ ਦੇਵੇ ਦੰਡ, ਨਾਮ ਖੰਡਾ ਹੱਥ ਉਠਾਈਆ । ਸ਼ਬਦ ਚਮਕਾਏ ਚੰਡ ਪਰਚੰਡ, ਦੇਵੇ ਤਿਖੀ ਧਾਰ ਬੰਧਾਈਆ । ਨਾਰ ਦੁਹਾਗਣ ਮੇਟੇ ਰੰਡ, ਵਿਭਚਾਰ ਨਾ ਕੋਈ ਕਰਾਈਆ । ਸਾਚਾ ਨਾਮ ਏਕਾ ਵੰਡ, ਮੇਰਾ ਤੇਰਾ ਤੇਰਾ ਮੇਰਾ ਇਕ ਕਰਾਈਆ । ਜਗਤ ਵਿਕਾਰਾ ਖੰਡ ਖੰਡ, ਸਤਿਗੁਰ ਪੂਰਾ ਆਪ ਵਖਾਈਆ । ਮਨਮੁਖਾਂ ਸਿਰ ਉਠਾਏ ਪੰਡ, ਪਾਪਾਂ ਗਠੜੀ ਆਪ ਚੁਕਾਈਆ । ਰਾਏ ਧਰਮ ਦੇਵੇ ਡੰਨ, ਰਾਹ ਵਿਚ ਬੈਠਾ ਰਾਹ ਤਕਾਈਆ । ਚਿਤਰ ਗੁਪਤ ਲੇਖਾ ਸੁਣਾਏ ਕੰਨ, ਭਰਮ ਰਹੇ ਨਾ ਰਾਈਆ । ਸਤਿਗੁਰ ਪੂਰਾ ਹਰਿਜਨ ਬੇੜਾ ਜਾਏ ਬੰਨ, ਚਾਰ ਵਰਨ ਜੋ ਜਨ ਰਹੇ ਗਾਈਆ । ਹਰਿ ਕਾ ਭਾਣਾ ਹਰਿਜਨ ਮੰਨ, ਹਰ ਅੰਤਰ ਹਰਿ ਲਿਵ ਲਾਈਆ । ਦਿਸ ਨਾ ਆਏ ਜੀਵ ਅੰਨ੍ਹ, ਕਾਗੀ ਕਾਗ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਜਨ ਸਾਜਣ ਮੀਤ, ਕਰੇ

ਕਰਾਏ ਪਤਤ ਪੁਨੀਤ, ਪਤਤ ਪਾਵਨ ਆਪ ਅਖਵਾਈਆ । ਪਤਤ ਪਾਵਨ ਸਤਿਗੁਰ ਦਾਤਾ, ਸਤਿ ਪੁਰਖ ਅਖਵਾਇਆ । ਸਰਬ ਜੀਆਂ ਪਿਤਾ ਮਾਤਾ, ਬਾਲ ਅੰਞਾਣੇ ਗੋਦ ਉਠਾਇਆ । ਮੇਟਣਹਾਰਾ ਅੰਧੇਰੀ ਰਾਤਾ, ਜੁਗ ਜੁਗ ਆਪਣਾ ਚੰਨ ਚੜ੍ਹਾਇਆ । ਆਪ ਚਲਾਏ ਆਪਣੀ ਗਾਥਾ, ਆਪਣਾ ਨਾਮ ਦ੍ਰਿੜ੍ਹਾਇਆ । ਆਪ ਚਲਾਏ ਸਾਚਾ ਰਾਥਾ, ਰਥ ਰਥਵਾਹੀ ਵੇਸ ਵਟਾਇਆ । ਆਪੇ ਹੋ ਤ੍ਰਿਲੋਕੀ ਨਾਥਾ, ਤ੍ਰੈ ਤ੍ਰੈ ਮੇਲ ਮਿਲਾਇਆ । ਆਪੇ ਗੁਰਮੁਖਾਂ ਦੇਵਣਹਾਰਾ ਸਾਚੀ ਵੱਥ, ਏਕਾ ਨਾਮ ਝੋਲੀ ਪਾਇਆ । ਆਪੇ ਸਰਬ ਕਲਾ ਸਮਰਥ, ਹਰਿ ਸੱਜਣ ਇਕ ਰਘੁਰਾਇਆ । ਕਲਜੁਗ ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਫੇਰਾ ਪਾਇਆ । ਗੁਰਸਿਖ ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਲੇਖਾ ਲਿਖਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਨਾਮ ਉਪਾਇਆ । ਨਾਮ ਉਪਾਏ ਹਰਿ ਨਿਰੰਕਾਰਾ, ਆਪਣੀ ਬਣਤ ਬਣਾਇੰਦਾ । ਰਾਮ ਰਾਮ ਰਾਮ ਉਜਿਆਰਾ, ਰਾਮ ਰੂਪ ਆਪ ਅਖਵਾਇੰਦਾ । ਕਾਹਨਾ ਕ੍ਰਿਸ਼ਨਾ ਕ੍ਰਿਸ਼ਨ ਮੁਰਾਰਾ, ਕਾਹਨਾ ਗੋਪੀਆਂ ਆਪ ਨਚਾਇੰਦਾ । ਅੱਲਾ ਹੂ ਦਏ ਸਹਾਰਾ, ਏਕਾ ਨਾਅਰਾ ਆਪ ਉਪਾਇੰਦਾ । ਤੇਰਾਂ ਤੇਰਾਂ ਤੋਲੇ ਧਾਰਾ, ਤੇਰਾ ਤੇਰੀ ਝੋਲੀ ਪਾਇੰਦਾ । ਨਾਨਕ ਅੰਗਦ ਕਰ ਪਿਆਰਾ, ਆਪਣੀ ਬੂਝ ਬੁਝਾਇੰਦਾ । ਅਮਰੂ ਸੁੱਤ ਸਚ ਦੁਲਾਰਾ, ਸ਼ਬਦੀ ਸ਼ਬਦ ਉਪਜਾਇੰਦਾ । ਰਾਮ ਦਾਸ ਹੋ ਉਜਿਆਰਾ, ਸਾਚਾ ਤਾਲ ਸੁਹਾਇੰਦਾ । ਅੰਮ੍ਰਿਤ ਸਾਚਾ ਭਰ ਭੰਡਾਰਾ, ਹਰਿ ਮੰਦਰ ਵੇਖ ਵਖਾਇੰਦਾ । ਗੁਰ ਅਰਜਨ ਬਣਿਆ ਸ਼ਬਦ ਲਿਖਾਰਾ, ਅਗਾਧ ਬੋਧ ਸੁਣਾਇੰਦਾ । ਗੁਰੂ ਗ੍ਰੰਥ ਕਰ ਤਿਆਰਾ, ਸੰਤਾਂ ਭਗਤਾਂ ਬੰਧਨ ਪਾਇੰਦਾ । ਛੇਵਾਂ ਗੁਰੂ ਜੋਤ ਉਜਿਆਰਾ, ਗੁਰ ਗੁਰ ਰੂਪ ਵਟਾਇੰਦਾ । ਸੱਤਵੇਂ ਦੇਵੇ ਸਤਿ ਵਰਤਾਰਾ, ਸਾਚੀ ਸਤਿਆ ਪਾਇੰਦਾ । ਅੱਠਵੇਂ ਅੱਠਾਂ ਤੱਤਾਂ ਵਸਿਆ ਬਾਹਰਾ, ਬਾਲ ਬਾਲਾ ਵਿਚ ਟਿਕਾਇੰਦਾ । ਨਾਵਾਂ ਗੁਰ ਤੇਗ ਬਹਾਦਰ ਲੇਖਾ ਰੱਖੇ ਯਾਦ ਦਵਾਰਾ, ਘਰ ਸਾਚਾ ਇਕ ਸੁਹਾਇੰਦਾ । ਝੂਠਾ ਤਨ ਦਿਤਾ ਵਾਰਾ, ਸਾਚੀ ਸਿਖਿਆ ਇਕ ਸਿਖਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਕੂੜੀ ਕਿਰਿਆ ਮਾਤ ਵਰਤਾਇੰਦਾ । ਆਪ ਉਪਜਾਏ ਸੁੱਤ ਦੁਲਾਰਾ, ਗੁਰ ਗੋਬਿੰਦ ਨਾਮ ਧਰਾਇੰਦਾ । ਦੁਸ਼ਟ ਦਮਨ ਕਰ ਪਿਆਰਾ, ਪੂਤ ਸਪੂਤਾ ਲੇਖੇ ਲਾਇੰਦਾ । ਆਪੇ ਬੰਨ੍ਹ ਸੀਸ ਦਸਤਾਰਾ, ਕਲਗੀ ਤੋੜਾ ਆਪ ਟਿਕਾਇੰਦਾ । ਆਪੇ ਖੰਡਾ ਖਿਚ ਕਟਾਰਾ, ਸ੍ਰੀ ਭਗਵੰਤ ਹੱਥ ਫੜਾਇੰਦਾ । ਆਪੇ ਮੇਲਾ ਪੰਜ ਪਿਆਰਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਆਪਣਾ ਆਪੇ ਵਾਰਾ, ਆਪ ਆਪਣੀ ਸੇਵ ਕਮਾਇੰਦਾ । ਹਰਿ ਸੰਗਤ ਤੇਰਾ ਰੂਪ ਅਪਾਰਾ, ਗੁਰ ਆਪਣੇ ਵਿਚ ਟਿਕਾਇੰਦਾ । ਗੁਰ ਗੁਰ ਵਸਿਆ ਦਰ ਦਰ ਦਵਾਰਾ, ਗੁਰਮੁਖ ਜੋ ਜਨ ਰਸਨਾ ਗਾਇੰਦਾ । ਸਚ ਸੁਨੇਹੜਾ ਮੀਤ ਮੁਰਾਰਾ, ਗੁਰ ਪੂਰਾ ਆਪ ਸੁਣਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਅਕਾਲ ਪੁਰਖ ਵੇਖ ਵਖਾਇੰਦਾ । ਗੋਬਿੰਦ ਤੇਰਾ ਮੇਰਾ ਇਕ ਪਿਆਰਾ, ਨਾ ਕੋਈ ਤੋੜ ਤੁੜਾਇੰਦਾ । ਕਲਜੁਗ ਅੰਤਮ ਆਏ ਦਵਾਰਾ, ਗੋਬਿੰਦ ਅੱਗੇ ਸੀਸ ਨਿਵਾਇੰਦਾ । ਚੌਦਾਂ ਸਦ ਨਾ ਪਾਰ ਕਿਨਾਰਾ, ਸੰਗ ਮੁਹੰਮਦ ਇਕ ਕੁਰਲਾਇੰਦਾ । ਸਤਿਗੁਰ ਪੂਰਾ ਦਏ ਸਹਾਰਾ, ਦਰ ਆਇਆ ਗਲੇ ਲਗਾਇੰਦਾ । ਏਕਾ ਢੱਯਾ ਵਿਚ ਸੰਸਾਰਾ, ਸਦ ਸਦ ਵੇਖ ਵਖਾਇੰਦਾ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਗੋਬਿੰਦ ਮੇਲ ਮਿਲਾਇੰਦਾ । ਸੰਬਲ ਨਗਰੀ ਉਚ ਮਨਾਰਾ, ਉਚ ਮਹੱਲਾ ਆਪ ਸੁਹਾਇੰਦਾ । ਸਾਢੇ ਤਿੰਨ ਹੱਥ ਬਣਾਏ ਹਰਿ ਮਨਾਰਾ, ਨਾ ਕੋਈ ਬਾਢੀ ਨਾਲ ਰਖਾਇੰਦਾ । ਬ੍ਰਹਮ

ਪਾਰਬ੍ਰਹਮ ਏਕਾ ਧਾਰਾ, ਏਕਾ ਸ਼ਬਦ ਸਮਾਇੰਦਾ । ਜੋਤੀ ਜੋਤ ਕਰ ਪਸਾਰਾ, ਸ਼ਬਦੀ ਡੰਕ ਵਜਾਇੰਦਾ । ਬੀਸ ਬੀਸਾ ਖੇਲ ਅਪਾਰਾ, ਜਗਤ ਜਗਦੀਸਾ ਆਪ ਕਰਾਇੰਦਾ । ਗੁਰਸਿਖ ਸਾਜਣ ਮੀਤ ਮੁਰਾਰਾ, ਫੜ ਬਾਂਹੋਂ ਗਲੇ ਲਗਾਇੰਦਾ । ਗ਼ਰੀਬ ਨਿਮਾਣਿਆ ਦਏ ਸਹਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਊਚਾਂ ਨੀਚਾਂ ਇਕ ਦਵਾਰਾ, ਰਾਜ ਰਾਜਾਨਾ ਖ਼ਾਕ ਮਿਲਾਇੰਦਾ । ਏਕਾ ਸ਼ਬਦ ਸਚ ਭੰਡਾਰਾ, ਸੋਹੰ ਨਾਮ ਵਰਤਾਇੰਦਾ । ਸਿੰਘ ਕਿਸ਼ਨ ਤੇਰਾ ਸਚ ਦਵਾਰਾ, ਹਰਿ ਸਾਚਾ ਆਪ ਵਸਾਇੰਦਾ । ਲਾਲੋ ਲਾਲ ਵਣਜ ਕੀਆ ਵਪਾਰਾ, ਸਾਚੇ ਹੱਟ ਵਿਕਾਇੰਦਾ । ਕੋਧਰਾ ਖਾ ਨਾ ਭੁੱਲੇ ਪਰਵਰਦਿਗਾਰਾ, ਨਾਨਕ ਨਿਰਗੁਣ ਮੂਲ ਚੁਕਾਇੰਦਾ । ਹਰਿ ਸੰਗਤ ਤੇਰਾ ਸਤਿ ਪਿਆਰਾ, ਸਤਿਗੁਰ ਪੂਰੇ ਵਿਚ ਸਮਾਇੰਦਾ । ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਦਰ ਬਣਿਆ ਰਹੇ ਭਿਖਾਰਾ, ਭੇਖਾਧਾਰੀ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੰਗਤ ਮੇਲਾ ਸਾਚੇ ਘਰ, ਘਰ ਸੁਹੰਜਣਾ, ਜਗੇ ਜੋਤ ਆਦਿ ਨਿਰੰਜਣਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮੇਲ ਮਿਲਾਵਾ ਘਨਕਪੁਰ ਵਾਸੀ, ਰਸਨ ਸਵਾਸੀ ਆਪ ਤਰਾਇੰਦਾ ।

ਨੀਚਾਂ ਅੰਦਰ ਨੀਚ ਜ਼ਾਤ, ਹਰਿ ਹਰਿ ਆਪ ਅਖਵਾਈਆ । ਆਪੇ ਦੇਵੇ ਸਾਚੀ ਦਾਤ, ਸਚ ਵਸਤ ਝੋਲੀ ਪਾਈਆ । ਗਰੀਬ ਨਿਮਾਣਿਆਂ ਪਿਤਾ ਮਾਤ, ਬਾਲ ਅੰਵਾਣਾ ਗੋਦ ਉਠਾਈਆ । ਅੰਮ੍ਰਿਤ ਬੂੰਦ ਦੇਵੇ ਸਵਾਂਤ, ਸਾਂਤਕ ਸਤਿ ਵਰਤਾਈਆ । ਦਰਸ ਦਿਖਾਏ ਇਕ ਇਕਾਂਤ, ਬਾਲੀ ਬੁਧ ਤਰਾਈਆ । ਆਪੇ ਵੇਖੇ ਮਾਰ ਝਾਤ, ਦੂਸਰ ਦਿਸ ਕਿਸੇ ਨਾ ਆਈਆ । ਨੀਚੋਂ ਊਚ ਕਰੇ ਹਰਿ ਕਮਲਾਪਾਤ, ਹਰਿ ਸੰਗਤ ਸੰਗ ਰਲਾਈਆ । ਆਪਣਾ ਲੇਖਾ ਜਾਣੇ ਵੱਡਾ ਸ਼ਾਹ ਖਾਤਾ ਖਾਤ, ਜੁਗ ਜੁਗ ਦਾਤਾ ਬੇਪਰਵਾਹੀਆ । ਪਾਰਬ੍ਰਹਮ ਤੇਰੀ ਏਕਾ ਜ਼ਾਤ, ਆਤਮ ਬ੍ਰਹਮ ਵਖਾਈਆ । ਕਲਜੁਗ ਕੂੜਾ ਫਿਰੇ ਵਾਦ ਵਿਵਾਦ ਰਿਹਾ ਝਾਕ, ਪੇਸ਼ ਕੋਈ ਨਾ ਜਾਈਆ । ਨਿਹਕਲੰਕ ਲੋਕਮਾਤ ਆਪਣਾ ਖੋਲ੍ਹਿਆ ਤਾਕ, ਨਿਹਕਲੰਕ ਕਰੇ ਰੁਸ਼ਨਾਈਆ । ਪਤਤ ਪਾਪੀਆਂ ਕਰੇ ਪਾਕੀ ਪਾਕ, ਪਾਰਬ੍ਰਹਮ ਆਪ ਅਖਵਾਈਆ । ਆਪੇ ਬਣਿਆ ਸੱਜਣ ਸਾਕ, ਭੈਣ ਭਾਈ ਸੰਗ ਰਿਹਾ ਬਣਾਈਆ । ਜੀਵ ਜੰਤ ਕੋਈ ਨਾ ਸਕੇ ਕਿਸੇ ਝਾਕ, ਸਿਰ ਆਪਣਾ ਹੱਥ ਟਿਕਾਈਆ । ਮਾਨਸ ਜਨਮ ਲੱਜਿਆ ਲਏ ਰਾਖ, ਆਪ ਆਪਣੀ ਦਇਆ ਕਮਾਈਆ । ਪੂਰਬ ਲਹਿਣਾ ਚੁੱਕਿਆ ਮਸਤਕ ਮਾਥ, ਸ਼ਬਦ ਗਹਿਣਾ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਬੰਨਾਏ ਸਾਚੇ ਲੜ, ਸਦਾ ਸੁਹੇਲਾ ਸਾਚਾ ਬੰਕ ਸੁਹਾਈਆ ।

ਅਕਾਲ ਪੁਰਖ ਅਜੂਨੀ ਰਹਿਤ ਅਖਵੌਣ ਵਾਲਾ, ਜੋਤੀ ਜੋਤ ਜੋਤ ਜਗ ਆਇਆ । ਆਦਿ ਜੁਗਾਦਿ ਜੁਗ ਜੁਗ ਆਪਣਾ ਰੰਗ ਰੰਗੌਣ ਵਾਲਾ, ਆਪ ਆਪਣਾ ਵੇਸ ਵਟਾ ਆਇਆ । ਖੰਡ ਬ੍ਰਹਿਮੰਡਾਂ ਰਚਨ ਰਚੌਣ ਵਾਲਾ, ਨੂਰ ਨੂਰ ਹੀ ਡਗਮਗਾ ਆਇਆ । ਬ੍ਰਹਮਾ ਵਿਸ਼ਨ ਸ਼ਿਵ ਨਚੌਣ ਵਾਲਾ, ਆਪ ਆਪਣਾ ਖੇਲ ਖਿਲਾ ਆਇਆ । ਰਵ ਸਸ ਚੰਨ ਸਤਾਰ ਚੜ੍ਹੌਣ ਵਾਲਾ, ਨਿਰਗੁਣ ਵੇਸ ਅਵੱਲੜਾ ਕਰਾ ਆਇਆ । ਚਾਰੇ ਵਿਦਿਆ

੧੯੭ ੦੮

ਆਪ ਪੜ੍ਹੌਣ ਵਾਲਾ, ਵੇਦ ਵਿਦਾਤਾਂ ਆਪ ਲਿਖਾ ਆਇਆ । ਕਰੋੜ ਤੇਤੀਸਾ ਸੇਵ ਲਗੌਣ ਵਾਲਾ, ਸੁਰਪਤ ਰਾਜਾ ਇੰਦ ਆਪ ਉਠਾ ਆਇਆ । ਅੰਮ੍ਰਿਤ ਮੇਘ ਆਪ ਬਰਸੌਣ ਵਾਲਾ, ਅੰਮ੍ਰਿਤ ਧਾਰ ਨਾਲ ਰਲਾ ਆਇਆ । ਜੁਗ ਚੌਕੜੀਆਂ ਆਪ ਬਣੌਣ ਵਾਲਾ, ਬ੍ਰਹਮਾ ਮਨਵੰਤਰ ਵੇਖ ਵਖਾ ਆਇਆ । ਰਾਮ ਰਾਜਕ ਰਿਜ਼ਕ ਵੀ ਆਪ ਅਖਵੌਣ ਵਾਲਾ, ਨਾਮ ਭੰਡਾਰ ਵੀ ਬੰਨ ਭਾਰ ਆਇਆ । ਗੁਰ ਪੀਰ ਅਵਤਾਰ ਘਲੌਣ ਵਾਲਾ, ਜੋਤੀ ਜਾਮਾ ਧਾਰ ਕੇ ਵਿਚ ਸੰਸਾਰ ਆਇਆ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਬਣੌਣ ਵਾਲਾ, ਬਰਾਹ ਰੂਪ ਵੀ ਵੇਖ ਵਖੌਣ ਆਇਆ । ਯਗੈ ਪੁਰਖ ਦਾ ਲੇਖ ਲਿਖੌਣ ਵਾਲਾ, ਹਾਵ ਗਰੀਵ ਵੀ ਕਰ ਪਾਰ ਆਇਆ । ਨਰ ਨਰਾਇਣ ਪ੍ਰਭ ਆਪ ਅਖਵੌਣ ਵਾਲਾ, ਕਪਲ ਮੁਨ ਤੇ ਦੱਤਾ ਤ੍ਰੈ ਵੀ ਆਪ ਉਠਾ ਆਇਆ । ਰਿਖਵ ਦੇਵ ਦੀ ਵੰਡ ਵੰਡੌਣ ਵਾਲਾ, ਪ੍ਰਿਥੁ ਆਪਣਾ ਸੰਗ ਨਿਭਾ ਆਇਆ । ਮਤਸਯ ਕਛਪ ਮਿੰਦਰਾ ਚਲ ਉਠੌਣ ਵਾਲਾ, ਆਪ ਆਪਣਾ ਖੇਲ ਖਿਲਾ ਆਇਆ । ਧਨੰਤਰ ਵੈਦ ਵੈਦ ਅਖਵੌਣ ਵਾਲਾ, ਮੋਹਣੀ ਰੂਪ ਕਰਕੇ ਅਪਰ ਅਪਾਰ ਆਇਆ । ਨਰ ਸਿੰਘ ਦਰ ਵੇਸ ਵਖੌਣ ਵਾਲਾ, ਹੰਸ ਹੰਸਾ ਦੀ ਚਾਲ ਚਲੌਣ ਆਇਆ । ਭੇਖਾਧਾਰੀ ਬਲ ਬਣੌਣ ਵਾਲਾ, ਆਪ ਆਪਣਾ ਰੰਗ ਰੰਗੌਣ ਆਇਆ । ਹਰੀ ਹਰਿ ਨਰਾਇਣ ਪਛੌਣ ਵਾਲਾ, ਤੰਦਨ ਤੋੜ ਤੇ ਗਜ ਉਠੌਣ ਆਇਆ । ਪਰਸਰਾਮ ਤੇ ਰਾਮ ਸਮੌਣ ਵਾਲਾ, ਰਾਵਣ ਗੜ੍ਹ ਹੰਕਾਰ ਨੂੰ ਢੌਹਣ ਆਇਆ । ਵੇਦ ਵਿਆਸ ਦਰਵੇਸ ਬਣੌਣ ਵਾਲਾ, ਅਠਾਰਾਂ ਪੁਰਾਨ ਲਿਖਣ ਲਿਖੌਣ ਆਇਆ । ਕਾਹਨਾ ਕ੍ਰਿਸ਼ਨਾ ਨਾਮ ਧਰੌਣ ਵਾਲਾ, ਤ੍ਰਿਲੋਕੀ ਨਾਥ ਬੰਨ ਕੇ ਸਾਚਾ ਕਾਹਨ ਆਇਆ । ਨਾਲ ਗੋਪੀਆਂ ਸਗਨ ਮਨੌਣ ਵਾਲਾ, ਬਿਦਰ ਸੁਦਾਮਾ ਦਾ ਬੰਨ ਕੇ ਪਿਆਰ ਲਿਆਇਆ । ਦਰੋਪਦ ਲੱਜਿਆ ਲਾਜ ਰਖੌਣ ਵਾਲਾ, ਗੀਤਾ ਗਿਆਨ ਅਰਜਨ ਦ੍ਰਿੜਾਵਣ ਆਇਆ । ਪੰਚਮ ਪਿਆਰ ਤੇ ਪੰਜ ਬਣੌਣ ਵਾਲਾ, ਸ੍ਰਿਸ਼ਟ ਸਬਾਈ ਕਰਨ ਸੰਘਾਰ ਆਇਆ । ਈਸਾ ਮੂਸਾ ਦਾ ਮੋਹ ਰਖੌਣ ਵਾਲਾ, ਮਾਇਆ ਤੋੜ ਕੇ ਮੋਹ ਜੰਜਾਲ ਆਇਆ । ਮੁਹੰਮਦ ਅਹਿਮਦ ਅੰਗ ਲਗੌਣ ਵਾਲਾ, ਚੌਦਾਂ ਤਬਕਾਂ ਦਾ ਖੋਲ੍ਹ ਕਿਵਾੜ ਆਇਆ । ਨੂਰੋ ਨੂਰ ਜੋਤੀ ਡਗਮਗੌਣ ਵਾਲਾ, ਬੇਐਬ ਪਰਵਰਦਿਗਾਰ ਸਚ ਖ਼ੁਦਾ ਆਪਣਾ ਨਾਮ ਧਰੌਣ ਆਇਆ । ਕਲਮਾ ਸਚ ਦਾ ਸਚ ਪੜ੍ਹੌਣ ਵਾਲਾ, ਅੱਲਾ ਰਾਣੀ ਨੂੰ ਮਾਤ ਪਰਨੌਣ ਆਇਆ । ਨਾਨਕ ਗੁਰ ਦਾ ਰੂਪ ਵਖੌਣ ਵਾਲਾ, ਨਿਰਗੁਣ ਧਾਰ ਕਰ ਪਿਆਰ ਉਜਿਆਰ ਨੂਰ ਨੂਰੋ ਨਬੀ ਆਪ ਟਪਕੌਣ ਆਇਆ । ਨਾਮ ਸਤਿ ਦਾ ਮੰਤਰ ਜਪੌਣ ਵਾਲਾ, ਸਤਿ ਪੁਰਖ ਆਪ ਦਾਤਾਰ ਆਇਆ । ਅੰਗਦ ਅੰਗ ਲਾ ਕੇ ਪਾਰ ਕਰੌਣ ਵਾਲਾ, ਅੰਗੀਕਾਰ ਸਾਚਾ ਹਰਿ ਯਾਰ ਆਇਆ । ਅਮਰਦਾਸ ਤੋਂ ਅਮਰ ਕਰੌਣ ਵਾਲਾ, ਅੰਮ੍ਰਿਤ ਭਰ ਪਿਆਲਾ ਤਿਆਰ ਹਰਿ ਤਿਆਰ ਆਇਆ । ਰਾਮਦਾਸ ਸਰੋਵਰ ਨਹੌਣ ਵਾਲਾ, ਸਰ ਸਰੋਵਰ ਆ ਇਕ ਵਖੌਣ ਆਇਆ । ਗੁਰੂ ਅਰਜਨ ਨੂੰ ਬੋਧ ਅਗਾਧ ਜਣੌਣ ਵਾਲਾ, ਸ਼ਬਦ ਸ਼ਬਦ ਦੀ ਲੈ ਕੇ ਧਾਰ ਆਇਆ । ਹਰਿ ਗੋਬਿੰਦ ਨੂੰ ਘੋੜੀ ਚੜ੍ਹੌਣ ਵਾਲਾ, ਮੀਰੀ ਪੀਰੀ ਦਾ ਸ਼ਾਹ ਸਵਾਰ ਆਇਆ । ਹਰਿ ਰਾਏ ਨੂੰ ਹਰਿ ਰੰਗ ਰੰਗੌਣ ਵਾਲਾ, ਰਾਗੀ ਆਪਣਾ ਰਾਗ ਨਾਦ ਵਜੌਣ ਆਇਆ । ਹਰਿਕਿਸ਼ਨ ਨੂੰ ਮੇਲ ਮਿਲੌਣ ਵਾਲਾ, ਮੇਲਾ ਦੋ ਜਹਾਨ ਕਰੌਣ ਆਇਆ । ਤੇਗ਼ ਬਹਾਦਰ ਨੂੰ ਤੇਗ ਦੀ ਧਾਰ ਲਗੌਣ ਵਾਲਾ, ਖ਼ੂਨ ਰੰਗ ਕੇ ਲਾਲ ਗੁਲਾਲ ਆਇਆ । ਗੁਰ ਗੋਬਿੰਦ ਨੂੰ ਸੁੱਤ ਉਪਜੌਣ ਵਾਲਾ, ਸਿੰਘ ਰੂਪ ਹੋ ਆਪ ਭਗਵਾਨ ਆਇਆ । ਪ੍ਰਹਿਲਾਦ ਕੀ ਰੱਖਿਆ ਕਰੌਣ ਵਾਲਾ, ਹਰਨਕਸਪ ਦਾ ਮੂਲ ਚੁਕੌਣ ਆਇਆ । ਬਾਲੇ ਧਰੂ ਨੂੰ ਗਲੇ ਲਗੌਣ

ਵਾਲਾ, ਜੰਗਲ ਜੂਹਾਂ ਅੰਦਰ ਫੇਰੀ ਪਾਉਣ ਆਇਆ । ਬਲ ਰਾਜੇ ਨੂੰ ਪਾਰ ਕਰਾਉਣ ਵਾਲਾ, ਬਲ ਧਾਰ ਕੇ ਆਪ ਨਿਰੰਕਾਰ ਆਇਆ । ਅਮਰੀਕ ਦਾ ਲਹਿਣਾ ਚੁਕੌਣ ਵਾਲਾ, ਚੱਕਰ ਸੁਦਰਸ਼ਨ ਲੈ ਵਿਚ ਸੰਸਾਰ ਆਇਆ । ਰਾਜੇ ਜਨਕ ਨੂੰ ਦਰਸ ਵਖੌਣ ਵਾਲਾ, ਖਾਲੀ ਭਰਨ ਫੇਰ ਭੰਡਾਰ ਆਇਆ । ਹਰੀ ਚੰਦ ਨੂੰ ਮੇਲ ਮਿਲਾਉਣ ਵਾਲਾ, ਤਾਰਾ ਰਾਣੀ ਦਾ ਕਰ ਪਿਆਰ ਆਇਆ । ਬਿਦਰ ਸੁਦਾਮੇ ਨੂੰ ਆਪ ਰਖੌਣ ਵਾਲਾ, ਨਾਮ ਦੇਵ ਦਾ ਕਰ ਜੈਕਾਰ ਆਇਆ । ਸਧਨਾ ਤ੍ਰਲੋਚਣ ਪਾਰ ਲੰਘੌਣ ਵਾਲਾ, ਰਵਿਦਾਸ ਚਮਾਰ ਵੀ ਨਾਲ ਤਰਾਉਣ ਆਇਆ । ਕਬੀਰ ਸਾਚੇ ਘਰ ਮਿਲਾਉਣ ਵਾਲਾ, ਨਾਮੇ ਛੱਪਰੀ ਆਪ ਬਨੋਣ ਆਇਆ । ਸੈਣ ਭਗਤ ਭਗਵੰਤ ਅਖਵਾਉਣ ਵਾਲਾ, ਖਿਮਾਂ ਗਰੀਬੀ ਦਾ ਵੇਸ ਵਟਾ ਆਇਆ । ਗਨਕਾ ਪਾਪਨ ਨੂੰ ਪਾਰ ਕਰਾਉਣ ਵਾਲਾ, ਪਤਿਤ ਪੁਨੀਤ ਆਪ ਕਰਤਾਰ ਆਇਆ । ਅਜਾਮਲ ਦਾ ਲੇਖ ਲਿਖਾਉਣ ਵਾਲਾ, ਅਲਖ ਨਿਰੰਜਣ ਆਪ ਕਰਤਾਰ ਆਇਆ । ਬੱਧਕ ਦੇ ਫੰਦ ਕਟੌਣ ਵਾਲਾ, ਜਾਮਾ ਧਾਰ ਕੇ ਕ੍ਰਿਸ਼ਨ ਭਗਵਾਨ ਆਇਆ । ਬਾਲਮੀਕ ਬਟਵਾਰਾ ਸਮਝਾਉਣ ਵਾਲਾ, ਨਾਲ ਲੈ ਕੇ ਸ਼ਬਦ ਗਿਆਨ ਆਇਆ । ਭਗਤਾਂ ਸੰਗ ਆ ਸਦਾ ਬਠੌਣ ਵਾਲਾ, ਖਾਲੀ ਹੱਥ ਵਿਚ ਸੰਸਾਰ ਵਖੌਣ ਆਇਆ । ਲੱਖ ਚੁਰਾਸੀ ਦੀ ਬਣਤ ਬਣੌਣ ਵਾਲਾ, ਕਰ ਵੇਸ ਅਵੱਲੜਾ ਸਾਵਲ ਯਾਰ ਆਇਆ । ਧਰਤ ਧਵਲ ਜਲ ਆਪ ਟਿਕਾਉਣ ਵਾਲਾ, ਆਕਾਸ਼ ਪਰਕਾਸ਼ ਰਖਾਨ ਆਇਆ । ਬਾਸ਼ਕ ਸੇਜ ਤੇ ਸੇਜ ਵਖੌਣ ਵਾਲਾ, ਵਿਸ਼ਨੂੰ ਰੂਪ ਆ ਲੇਖ ਲਿਖਾਉਣ ਆਇਆ । ਸਹੰਸਰ ਮੁਖ ਨੂੰ ਮੁਖ ਚਲੌਣ ਵਾਲਾ, ਵਾਰ ਸਹੰਸਰ ਜੇਹਵਾ ਆਪ ਹਿਲਾਉਣ ਆਇਆ । ਕਲਜੁਗ ਦੀ ਬਣਤ ਬਣੌਣ ਵਾਲਾ, ਲਹਿਣਾ ਦੇਣ ਆ ਅੰਤ ਚਕੌਣ ਆਇਆ । ਗੁਰਮੁਖਾਂ ਦੇ ਮੁਖ ਮਿਲਾਉਣ ਵਾਲਾ, ਮਾਤਾ ਕੁੱਖ ਤੋਂ ਵਖਰਾ ਆਪ ਆਇਆ । ਹਰਿ ਸੰਗਤ ਦੇ ਦੁੱਖ ਮਿਟਾਉਣ ਵਾਲਾ, ਆਪ ਆਪਣਾ ਦੁੱਖ ਗਵਾ ਆਇਆ । ਮਾਤ ਕੁੱਖ ਨੂੰ ਸਫਲ ਕਰਾਉਣ ਵਾਲਾ, ਦਸ ਦਸ ਮਾਸ ਅੰਦਰ ਫੇਰਾ ਪਾ ਆਇਆ । ਉਲਟੇ ਰੁਖ ਨੂੰ ਵੇਖ ਵਖਾਉਣ ਵਾਲਾ, ਨਜ਼ਰ ਵਿਚ ਨਾ ਕਿਸੇ ਸੰਸਾਰ ਆਇਆ । ਬੂਟੇ ਸੁਕਦੇ ਹਰੇ ਕਰਾਉਣ ਵਾਲਾ, ਅੰਮ੍ਰਿਤ ਜਲ ਲੈ ਕੇ ਧੁਰ ਦਰਬਾਰ ਆਇਆ । ਆਪ ਆਪਣੇ ਲੇਖੇ ਲਾਉਣ ਵਾਲਾ, ਲੇਖਾ ਲਿਖ ਕੇ ਹੱਥ ਸੱਚੀ ਸਰਕਾਰ ਆਇਆ । ਆਦਿ ਜੁਗਾਦਿ ਦੇ ਨਾਮ ਜਪੌਣ ਵਾਲਾ, ਸੋਹੰ ਸ਼ਬਦ ਦਾ ਸਚ ਭੰਡਾਰ ਲਿਆਇਆ । ਤੀਨੋਂ ਤਾਪ ਦੇ ਤਪ ਨੂੰ ਲਾਉਣ ਵਾਲਾ, ਤ੍ਰੈਗੁਣ ਦੀ ਬੰਨ ਕੇ ਧਾਰ ਲਿਆਇਆ । ਤਿੰਨ ਤਾਪ ਦੇ ਸਾਰ ਨੂੰ ਪਾਉਣ ਵਾਲਾ, ਸਾਖਿਯਾਤ ਹੋ ਕੇ ਪਰਵਰਦਿਗਾਰ ਆਇਆ । ਆਪਣੇ ਆਪ ਨੂੰ ਆਪ ਅਖਵਾਉਣ ਵਾਲਾ, ਧੁਰਦਰਗਾਹੀ ਸੱਚਾ ਸਿਕਦਾਰ ਆਇਆ । ਰਾਜ ਰਾਜਾਨਾ ਨੂੰ ਰਾਜ ਦਵਾਉਣ ਵਾਲਾ, ਰਾਜ ਜੋਗ ਹਰਿ ਆਪ ਕਮਾਉਣ ਆਇਆ । ਲੋਕ ਪਰਲੋਕ ਹਰਿ ਆਪ ਬਣਾਉਣ ਵਾਲਾ, ਆਪਣੀ ਬਣੀ ਨੂੰ ਆਪੇ ਹੀ ਢਾਉਣ ਆਇਆ । ਹਰਿ ਸੰਗਤ ਨੂੰ ਸਚ ਸਲੋਕ ਸਨਾਉਣ ਵਾਲਾ, ਲੈ ਕੇ ਗੁਣ ਨਿਧਾਨ ਆਇਆ । ਛੱਤੀ ਰਾਗਾਂ ਦੇ ਵਿਚ ਸਮਾਉਣ ਵਾਲਾ, ਬਹੱਤਰ ਨਾੜ ਤਾੜਾ ਵਜਾਉਣ ਆਇਆ । ਕਾਗੋਂ ਹੰਸ ਬਣਾਉਣ ਵਾਲਾ, ਸਚ ਸਰੋਵਰ ਵੇਖ ਵਖਾਣ ਆਇਆ । ਗੁਰਸਿਖਾਂ ਨੂੰ ਸਿਖਿਆ ਦਵਾਉਣ ਵਾਲਾ, ਸਾਚੀ ਸਿਖਿਆ ਸਿਖਣ ਆਪ ਨਿਰੰਕਾਰ ਆਇਆ । ਸ੍ਰਿਸ਼ਟ ਸਬਾਈ ਨੂੰ ਭਿਛਿਆ ਪਾਉਣ ਵਾਲਾ, ਮੰਗਣ ਭਿਛਿਆ ਸਿਖਾ ਦੇ ਦਵਾਰ ਆਇਆ । ਖਾਲਕ ਖਲਕ ਦੇ ਵਿਚ ਸਮਾਉਣ ਵਾਲਾ, ਖ਼ਾਕੀ ਖ਼ਾਕ ਦਰ ਖ਼ਾਕ ਅਖਵਾਉਣ ਆਇਆ । ਸੰਤਾਂ ਭਗਤਾਂ ਨੂੰ ਦਰਸ ਕਰਾਉਣ ਵਾਲਾ, ਹਰਿ ਸੰਗਤ ਤੇਰਾ ਦਰਸ ਕਰਨ

੧੯੮
੦੮

੧੯੯ ੦੮

ਨਿਰਗੁਣ ਧਾਰ ਜਾਮਾ ਸਰਗੁਣ ਪਿਆਰ ਆਇਆ । ਕਿਲਾ ਕਾਇਆ ਦੇ ਵਿਚ ਰਚਾਉਣ ਵਾਲਾ, ਸ਼ਬਦ ਘੋੜੇ ਚੜ੍ਹ ਅਸਵਾਰ ਆਇਆ । ਕਲਗੀ ਤੋੜਾ ਸੀਸ ਤੇ ਲੌਣ ਵਾਲਾ, ਨੀਲਾ ਨੀਲੀ ਧਾਰੋਂ ਕਰ ਕੇ ਪਾਰ ਆਇਆ । ਬਵੰਜਾ ਬਵੰਜਾ ਦੀ ਧਾਰ ਚਲਾਉਣ ਵਾਲਾ, ਬਵੰਜਾ ਕਰ ਆ ਸੜ ਉਜਿਆਰ ਆਇਆ । ਬਵੰਜਾ ਕਲੀਆਂ ਦੇ ਨਾਲ ਨਿਭਾਉਣ ਵਾਲਾ, ਬਵਿੰਜਾ ਅੰਦਰੋਂ ਬਾਹਰ ਕਰਾਉਣ ਆਇਆ । ਬਵੰਜਾ ਸਾਲ ਲੋਕਮਾਤ ਹੰਢਾਉਣ ਵਾਲਾ ਕਲਜੁਗ ਅੰਤਮ ਲੁੱਕ ਕੇ ਵਿਚ ਸੰਸਾਰ ਆਇਆ । ਸੰਬਲ ਨਗਰੀ ਧਾਮ ਸੁਹਾਉਣ ਵਾਲਾ, ਰੂਪ ਰੰਗ ਨਾ ਕੋਇ ਨਿਖਾਰ ਆਇਆ । ਲੋਕ ਪਰਲੋਕ ਡੰਕ ਵਜਾਉਣ ਵਾਲਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰ ਖ਼ਬਰਦਾਰ ਆਇਆ । ਸਿੰਘ ਦੀਦਾਰ ਨੂੰ ਦਰਸ ਵਖੌਣ ਵਾਲਾ, ਪਰਗਟ ਹੋ ਸੰਗਤ ਵਿਚਕਾਰ ਆਇਆ । ਜਗਤ ਅਲ੍ਹਾਮੇ ਗੁਰਮੁਖਾਂ ਦੇ ਲਾਹੁਣ ਵਾਲਾ, ਪਹਿਲੋਂ ਆਪਣਾ ਮੂੰਹ ਫਟਕਾਰ ਆਇਆ । ਗੁਰਮੁਖਾਂ ਦੇ ਭਾਰ ਉਠਾਉਣ ਵਾਲਾ, ਪਹਿਲੋਂ ਆਪਣਾ ਭਾਰ ਦਬਾ ਆਇਆ । ਹਰਿ ਸੰਗਤ ਦੇ ਬੱਚੇ ਬਚਾਉਣ ਵਾਲਾ, ਬੱਚੇ ਨੀਆਂ ਦੇ ਹੇਠ ਰਖਾ ਆਇਆ । ਸਾਢੇ ਤਿੰਨ ਹੱਥ ਦਾ ਮੁਲ ਚੁਕੌਣ ਵਾਲਾ, ਸਿੰਘ ਮਨਜੀਤੇ ਨੂੰ ਸੇਵਾ ਲਾ ਆਇਆ । ਚਿੱਟਾ ਦਾਗ ਕਾਲੇ ਉਤੇ ਪਾਉਣ ਵਾਲਾ, ਚਿੱਟੀ ਕੁੱਲੀ ਨੂੰ ਡਗਮਗਾ ਆਇਆ । ਨੌ ਦਵਾਰੇ ਪਾਰ ਕਰਾਉਣ ਵਾਲਾ, ਨੌ ਦਰਵਾਜੇ ਦਰਬਾਰ ਸੁਹਾ ਆਇਆ । ਹਰਿ ਜਗਦੀਸ ਨੂੰ ਆਪ ਮਿਲਾਉਣ ਵਾਲਾ, ਸਿੰਘ ਜਗਦੀਸ ਤਾਈ ਲੇਖੇ ਲਾ ਆਇਆ । ਦਸਮ ਦਵਾਰੀ ਮੇਲ ਮਿਲਾਉਣ ਵਾਲਾ, ਸਚ ਸਿੰਘਾਸਣ ਆਸਣ ਵਿਛਾ ਆਇਆ । ਵਿਛੜੇ ਮੇਲ ਮਿਲਾਉਣ ਵਾਲਾ, ਧੁਰ ਦਰਗਾਹੀ ਚਲ ਕੇ ਆਪ ਮਲਾਹ ਆਇਆ । ਨਿਥਾਵਿਆਂ ਥਾਨ ਦਿਵੌਣ ਵਾਲਾ, ਦਰਗਹਿ ਸਾਚੀ ਸਾਚਾ ਧਾਮ ਬਣਾ ਆਇਆ । ਜੋਤੀ ਜੋਤ ਦੇ ਨਾਲ ਜਗਾਉਣ ਵਾਲਾ, ਜੋਤੀ ਰੂਪ ਕਰ ਆਪ ਨਿਰੰਕਾਰ ਆਇਆ । ਵਰਨ ਗੋਤੀ ਨੂੰ ਮੇਟ ਮਿਟਾਉਣ ਵਾਲਾ, ਪੰਜ ਤੱਤ ਪਿੰਜਰਾ ਆਪਣਾ ਸਾੜ ਆਇਆ । ਮੜੀ ਗੋਰ ਦੇ ਵਿਚ ਦਬਾਉਣ ਵਾਲਾ, ਚਾਲ ਵੱਖਰੀ ਹੋਰ ਦੀ ਹੋਰ ਕਰ ਆਇਆ । ਰਾਮ ਨਾਮ ਤੇ ਕ੍ਰਿਸ਼ਨ ਬਣਾਉਣ ਵਾਲਾ, ਸੀਤਾ ਰਾਧਾ ਵੀ ਨਾਲ ਰਲਾ ਲਿਆਇਆ । ਅੱਲਾ ਨਾਅਰਾ ਭੀ ਆਪ ਅਖਵਾਉਣ ਵਾਲਾ, ਐਲੀ ਅੱਲਾ ਭੀ ਇਕ ਸਲਾਹ ਲਿਆਇਆ । ਨਾਮ ਸਤਿ ਦਾ ਸਤਿ ਵਰਤਾਉਣ ਵਾਲਾ, ਵਾਹਿਗੁਰੂ ਫਤਿਹ ਗਜਾ ਆਇਆ । ਚਾਰ ਵਰਨਾਂ ਨੂੰ ਏਕਾ ਧਾਮ ਬਹਾਉਣ ਵਾਲਾ, ਏਕਾ ਰੂਪ ਆਪ ਅਖਵਾ ਆਇਆ । ਬ੍ਰਹਮ ਪਾਰਬ੍ਰਹਮ ਵਿਚ ਮਿਲਾਉਣ ਵਾਲਾ, ਸੋਹੰ ਸ਼ਬਦ ਨੂੰ ਆਪ ਪੜ੍ਹਾਉਣ ਆਇਆ । ਹਰਿਜਨ ਹਰਿਭਗਤ ਹਰਿਸੰਤ ਗੁਰਸਿਖ ਗੁਰਮੁਖ ਗੁਰ ਮਿਲਾਉਣ ਵਾਲਾ, ਮਨਮੁਖਾਂ ਨੂੰ ਕਰਨ ਸਵਾਹ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਰ, ਦਰਗਹਿ ਸਾਚੀ ਦਾ ਸਚ ਮਲਾਹ ਆਇਆ ।

ਹਰਿ ਸੰਗਤ ਹਰਿ ਦਵਾਰ, ਭਿੰਨੜੀ ਰੈਣ ਸੁਹਾਈਆ । ਰੈਣ ਭਿੰਨੜੀ ਬਣ ਭਿਖਾਰ, ਮੰਗਣ ਦਵਾਰੇ ਆਈਆ । ਧਰਤ ਮਾਤ ਰਹੀ ਪੁਕਾਰ, ਗੀਤ ਸੁਹਾਗੀ ਗਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਜੈ ਜੈਕਾਰ, ਆਪਣੇ ਮੁਖ ਰਹੇ ਸਲਾਹੀਆ । ਸੁਰਪਤ ਬਰਸੇ ਮੇਘਲਾ ਧਾਰ, ਛਹਿਬਰ ਏਕਾ ਲਾਈਆ । ਸਤਿਗੁਰ ਪੂਰਾ ਕਰੇ ਪਿਆਰ, ਲੋਕਮਾਤ ਖ਼ੁਸ਼ੀ ਮਨਾਈਆ । ਘਟ ਘਟ ਵੱਜੇ ਨਾਮ ਸਤਾਰ, ਸਾਚੀ ਰਿਹਾ ਵਜਾਈਆ । ਸੋਹੰ

੧੯੯ ੦੮

ਸ਼ਬਦ ਸੁਣ ਜੈਕਾਰ, ਰਵ ਸਸ ਸੀਸ ਝੁਕਾਈਆ । ਗੁਰ ਸੰਗਤ ਵੇਖੇ ਇਕ ਪਿਆਰ, ਸਾਂਝਾ ਨਾਤਾ ਭੈਣਾ ਭਾਈਆ । ਸਤਿਜੁਗ ਤੇਰੀ ਬੰਨੇ ਧਾਰ, ਸਚ ਸੁੱਚ ਕਰੇ ਪੜ੍ਹਾਈਆ । ਆਦਿ ਸ਼ਕਤ ਅੰਮ੍ਰਿਤ ਪਾਣੀ ਦੇਵੇ ਵਾਰ, ਸਾਚਾ ਸਗਨ ਮਨਾਈਆ । ਸਾਚੀ ਸਖੀਆਂ ਮੰਗਲਚਾਰ, ਪੰਚਮ ਸ਼ਬਦ ਸੁਣਾਈਆ । ਮਹੱਲ ਅਟੱਲ ਉਚ ਮਨਾਰ, ਘਰ ਸਾਚਾ ਇਕ ਵਖਾਈਆ । ਡਗਮਗ ਜੋਤੀ ਜਗੇ ਅਪਾਰ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਹਰਿ ਸੰਗਤ ਤੇਰਾ ਸਤਿ ਦਰਬਾਰ, ਸਤਿ ਪੁਰਖ ਨਿਰੰਜਣ ਆਪ ਲਗਾਈਆ । ਖਾਲੀ ਭਰੇ ਭੰਡਾਰ, ਵਡ ਭੰਡਾਰੀ ਆਪ ਅਖਵਾਈਆ । ਨਿਰਗੁਣ ਸਰਗੁਣ ਬਣ ਦਾਤਾਰ, ਸਰਗੁਣ ਨਿਰਗੁਣ ਵਿਚ ਟਿਕਾਈਆ । ਗੁਰਮੁਖ ਸਾਚੇ ਕਰ ਜਾਏ ਪਾਰ, ਜੋ ਜਨ ਆਏ ਸ਼ਰਨਾਈਆ । ਆਂਢ ਗੁਆਂਢ ਦਏ ਆਧਾਰ, ਜੋ ਨੇਤਰ ਦਰਸ਼ਨ ਪਾਈਆ । ਹੇਮਰਾਜ ਓਗਰਾ ਇਕ ਪਿਆਰ, ਨਵ ਸ਼ਾਹ ਮੇਲ ਮਿਲਾਈਆ । ਵਜ਼ੀਰ ਅਖ਼ੀਰ ਏਕਾ ਧਾਰ, ਏਕਾ ਅੰਕ ਸਮਾਈਆ । ਕਾਣਾ ਕੌਂਟਾ ਜਾਏ ਤਾਰ, ਬਾਊਪੁਰ ਮਿਲੇ ਵਡਿਆਈਆ । ਅੱਲ੍ਹੜਪਿੰਡੀ ਸ਼ਬਦ ਜੈਕਾਰ, ਡੰਕਾ ਨਾਮ ਵਜਾਈਆ । ਭੁੱਲਾ ਰਹੇ ਨਾ ਵਿਚ ਸੰਸਾਰ, ਪਰਗਟ ਹੋਇਆ ਬੇਪਰਵਾਹੀਆ । ਕਰੇ ਕਰਾਏ ਖ਼ਬਰਦਾਰ, ਭਿੰਨੜੀ ਰੈਣ ਨਾਲ ਰਲਾਈਆ । ਭਿੰਨੜੀ ਰੈਣ ਗਾਏ ਆਪਣੀ ਵਾਰ, ਛੱਤੀ ਰਾਗ ਭੇਵ ਨਾ ਪਾਈਆ । ਧੁਰ ਦਾ ਢੋਲਾ ਧੁਰ ਦਾ ਤੋਲਾ ਧੁਰ ਦਾ ਬੋਲਾ ਆਪ ਸੁਣਾਏ ਸੱਚੀ ਸਰਕਾਰ, ਸਾਚੀ ਸੇਵਾ ਆਪ ਕਮਾਈਆ । ਹਰਿ ਸੰਗਤ ਤੇਰਾ ਬਣਿਆ ਗੋਲਾ, ਗੁਰ ਪਾਰਬ੍ਰਹਮ ਵਡਿਆਈਆ । ਤੇਰਾ ਅੰਤਮ ਕਲਜੁਗ ਚੁੱਕਣ ਆਇਆ ਡੋਲਾ, ਚਾਰ ਕਹਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸੱਜਣ ਮੇਲ ਮਿਲਾਈਆ । ਚਾਰ ਕਹਾਰ ਚਾਰ ਯਾਰੀ, ਕਲਜੁਗ ਵੰਡ ਵੰਡਾਈਆ । ਪੰਚਮ ਮੀਤਾ ਧੁਰ ਦਰਬਾਰੀ, ਪੰਚਮ ਵੇਖ ਵਖਾਈਆ । ਗੁਰਮੁਖਾਂ ਕਰੇ ਤਨ ਸ਼ਿੰਗਾਰੀ, ਸੋਲਾਂ ਕਲੀਆਂ ਤਨ ਬੰਧਾਈਆ । ਗਹਿਣਾ ਬਸਤਰ ਪਾਏ ਭਾਰੀ, ਨੈਣੀ ਕਜਲਾ ਧਾਰ ਵਖਾਈਆ । ਸੀਸ ਗੁੰਦੇ ਆਪ ਨਿਰੰਕਾਰੀ, ਖੁਲੜੀ ਗੁੱਤ ਨਾ ਕੋਇ ਵਖਾਈਆ । ਸਦਾ ਸੁਹਾਗਣ ਜੈ ਜੈਕਾਰੀ, ਜਗਤ ਰੰਡੇਪਾ ਦਏ ਗਵਾਈਆ । ਚਰਨ ਪ੍ਰੀਤੀ ਆਪ ਵਖਾਏ ਆਪਣੀ ਵਾਰੋ ਵਾਰੀ, ਥਿਤ ਵਾਰ ਨਾ ਕੋਇ ਵਖਾਈਆ । ਕਰੇ ਇਛਿਆ ਫਿਰੇ ਪਿੱਛੇ ਅਗਾੜੀ, ਭੱਜਾ ਫਿਰਦਾ ਵਾਹੋ ਦਾਹੀਆ । ਬੁਝਾਏ ਅਗਨੀ ਤੱਤੀ ਹਾੜੀ, ਹਾੜ ਸਤਾਰਾਂ ਆਪ ਸੁਹਾਈਆ । ਲੇਖੇ ਲੱਗੇ ਚਰਨ ਛੁਹਾਈ ਦਾੜ੍ਹੀ, ਦਰ ਘਰ ਸਾਚਾ ਇਕ ਵਖਾਈਆ । ਨੇੜ ਨਾ ਆਏ ਮੌਤ ਲਾੜੀ, ਸਤਿਗੁਰ ਪੂਰਾ ਦਏ ਦੁਰਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਿਤਾ ਵਰ, ਗੁਰ ਸੰਗਤ ਮੇਲਾ ਏਕਾ ਘਰ, ਘਰ ਸਾਚਾ ਇਕ ਵਖਾਈਆ । ਭਿੰਨੜੀ ਰੈਣ ਚੜ੍ਹਿਆ ਚਾ, ਆਈ ਚਲ ਦਵਾਰ । ਪਾਰਬ੍ਰਹਮ ਬਣਿਆ ਜਗਤ ਮਲਾਹ, ਗੁਰਸਿਖਾਂ ਬੇੜਾ ਕਰੇ ਪਾਰ । ਚਾਰ ਵਰਨਾਂ ਜਪਾਏ ਏਕਾ ਨਾਂ, ਸੋਹੰ ਜੈ ਜੈਕਾਰ । ਨਿਥਾਵਿਆਂ ਦੇਵੇ ਚਰਨ ਕਵਲ ਸਾਚਾ ਥਾਂ, ਆਪ ਆਪਣੀ ਕਿਰਪਾ ਧਾਰ । ਕਰੇ ਰੱਛਿਆ ਗ਼ਰੀਬ ਗਾਂ, ਗਊ ਗ਼ਰੀਬਾਂ ਲਏ ਉਭਾਰ । ਸਦਾ ਸੁਹੇਲਾ ਰੱਖੇ ਠੰਡੀ ਛਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵਣਹਾਰਾ ਵਰ, ਦੇਵੇ ਵਰ ਆਪ ਦਾਤਾਰ । ਭਿੰਨੜੀ ਰੈਣ ਸਗਨ ਮਨਾਇਆ, ਘਰ ਘਰ ਵੱਜੇ ਵਧਾਈਆ । ਗੁਰਮੁਖਾਂ ਸਦ ਗੁਰ ਚਰਨ ਬਹਾਇਆ, ਜਗ ਨਾਤਾ ਆਪ ਜੁੜਾਈਆ । ਪੁਰਖ ਬਿਧਾਤਾ ਸੇਵਾ ਲਾਇਆ, ਹਰਿ ਸੰਗਤ ਤੇਰੀ ਵਡ ਵਡਿਆਈਆ । ਧੁਰ ਦੀ ਦਾਤ ਧੁਰ ਦਾ ਦਾਤਾ ਲੈ ਕੇ ਆਇਆ, ਹਰਿਜਨ ਝੋਲੀ ਰਿਹਾ ਭਰਾਈਆ ।

ਆਪਣੀ ਗਾਥਾ ਆਪ ਸੁਣਾਇਆ, ਗਾਏ ਢੋਲਾ ਸਾਚਾ ਮਾਹੀਆ । ਮਾਛੂਵਾੜਾ ਆਪ ਤਜਾਇਆ, ਸਚ ਦਵਾਰਾ ਇਕ ਵਖਾਈਆ । ਗੁਰ ਸੰਗਤ ਅਖਾੜਾ ਆਪ ਲਗਾਇਆ, ਆਪੇ ਗਾਏ ਆਪ ਸੁਣਾਏ ਸੁਨਣੇਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਾਚੇ ਘਰ, ਭਿੰਨੜੀ ਰੈਣ ਨਾਲ ਰਲਾਈਆ । ਭਿੰਨੜੀ ਰੈਣ ਗੁੰਦ ਗੁੰਦ ਹਾਰ, ਗੁਰਸਿਖਾਂ ਤਨ ਪਹਿਨਾਇੰਦੀ । ਪੁਰਖ ਅਬਿਨਾਸ਼ੀ ਤੇਰਾ ਪਿਆਰ, ਹਰਿ ਸੰਗਤ ਬੋਲ ਸੁਣਾਇੰਦੀ । ਜੁਗ ਜੁਗ ਵੇਖੇ ਵੇਖਣਹਾਰ, ਭੁੱਲ ਨਾ ਕੋਇ ਰਖਾਇੰਦੀ । ਆਦਿ ਜੁਗਾਦਿ ਰਹੇ ਮੁਟਿਆਰ, ਬਿਰਧ ਬਾਲ ਨਾ ਵਸਤ ਰਖਾਇੰਦੀ । ਕਰ ਕਰ ਬੈਠੀ ਸਦਾ ਸ਼ੰਗਾਰ, ਕੰਤ ਕੰਤੂਹਲਾ ਇਕ ਹੰਢਾਇੰਦੀ । ਆਪਣਾ ਝਕੋਲਾ ਆਪੇ ਦਏ ਹੁਲਾਰ, ਦੋ ਜਹਾਨਾਂ ਹੁਲਾਰਾ ਇਕ ਰਖਾਇੰਦੀ । ਕੰਤ ਕੰਤੂਹਲਾ ਬਣਿਆ ਤੋਲਾ ਵਿਚ ਸੰਸਾਰ, ਨਾਮ ਕੰਡਾ ਹੱਥ ਫੜਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਦੇਵੇ ਕਰ, ਭਿੰਨੜੀ ਰੈਣ ਮੁਖ ਸਲਾਹਿੰਦੀ । ਭਿੰਨੜੀ ਰੈਣ ਹਰਿ ਹਰਿ ਗਾਏ, ਪਾਇਆ ਹਰਿ ਗੋਬਿੰਦ । ਗੁਰਮੁਖ ਸਾਚੇ ਸੰਗ ਰਲਾਏ, ਮਿਟੀ ਸਗਲੀ ਚਿੰਦ । ਸਤਿਜੁਗ ਸਾਚੀ ਵੰਡ ਵੰਡਾਏ, ਘਰ ਪਾਇਆ ਗੁਣੀ ਗਹਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਮੇਟਣ ਆਇਆ ਚਿੰਦ ।



## ✪ ੨੮ ਮਾਘ ੨੦੧੫ ਬਿਕ੍ਰਮੀ ਪਿੰਡ ਤਾਰਾ ਚੱਕ ✪



ਨਿਰਗੁਣ ਰੂਪ ਭਗਤਨ ਮੀਤਾ, ਆਦਿ ਜੁਗਾਦਿ ਸਮਾਇਆ । ਇਕ ਅਕੱਲਾ ਏਕਉਂਕਾਰਾ ਬੈਠਾ ਰਹੇ ਅਤੀਤਾ, ਆਪ ਆਪਣਾ ਧਾਮ ਸੁਹਾਇਆ । ਜੁਗ ਜੁਗ ਚਲਾਏ ਆਪਣੀ ਰੀਤਾ, ਆਪ ਆਪਣੀ ਧਾਰ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਭਗਤਨ ਮੀਤਾ ਹਰਿ ਨਿਰੰਕਾਰ, ਏਕਾ ਏਕਉਂਕਾਰਿਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਭੇਵ ਅਭੇਦਾ ਆਪ ਰਖਾ ਲਿਆ । ਨਿਰਗੁਣ ਜੋਤ ਕਰ ਉਜਿਆਰ, ਨੂਰੋ ਨੂਰ ਡਗਮਗਾ ਰਿਹਾ । ਸ਼ਬਦ ਅਨਾਦ ਸੱਚੀ ਧੁਨਕਾਰ, ਕਰਨੀ ਕਰਤਾ ਆਪ ਸੁਣਾ ਰਿਹਾ । ਬ੍ਰਹਿਮੰਡਾਂ ਖੰਡਾਂ ਇਕ ਜੈਕਾਰ, ਲੋਆਂ ਪੁਰੀਆਂ ਨਾਅਰਾ ਲਾ ਲਿਆ । ਏਕਾ ਘਰ ਸੱਚਾ ਦਰਬਾਰ, ਦਰ ਘਰ ਸਾਚਾ ਆਪ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਉਪਾ ਲਿਆ । ਨਿਰਗੁਣ ਨਾਉਂ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਸਤਿ ਸਰੂਪ ਸੱਚੀ ਸਰਕਾਰਾ, ਘਰ ਸਾਚੇ ਆਪ ਸੁਹਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਅਗਾਧ ਬੋਧ ਅਖਵਾਇੰਦਾ । ਆਦਿ ਜੁਗਾਦਿ ਅਗੰਮੜੀ ਕਾਰਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਸ਼ਬਦੀ ਸ਼ਬਦ ਭਰ ਭੰਡਾਰਾ, ਹਰਿ ਸਾਚਾ ਆਪ ਵਰਤਾਇੰਦਾ । ਨਿਰਗੁਣ ਰੂਪ ਮੇਲ ਸੰਸਾਰਾ, ਸਰਗੁਣ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਬ੍ਰਹਮ ਬ੍ਰਹਮ ਬ੍ਰਹਮ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪੇ ਕਰ, ਆਪੇ ਵੇਸ ਵਟਾਇੰਦਾ । ਵੇਸ ਵਟਾਏ ਇਕ ਅਕੱਲਾ, ਏਕਾ ਏਕਉਂਕਾਰਿਆ । ਵਸਣਹਾਰਾ ਸਚ ਮਹੱਲਾ, ਲੱਖ ਚੁਰਾਸੀ ਆਪ ਪਸਾਰਿਆ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਪਹਾੜ ਡੂੰਘੀ ਗਾਰਿਆ । ਆਪਣੇ ਦੀਪਕ ਆਪੇ ਬਲਾ, ਆਪ ਆਪਣਾ ਕਰ ਉਜਿਆਰਿਆ ।

ਘਟ ਘਟ ਆਸਣ ਆਪੇ ਮੱਲਾ, ਆਪ ਆਪਣਾ ਥਾਨ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਉਪਾ ਲਿਆ । ਨਿਰਗੁਣ ਰੂਪ ਹਰਿ ਹਰਿ ਸੱਜਣ, ਏਕਾ ਏਕ ਅਖਵਾਇੰਦਾ । ਆਪ ਕਰਾਏ ਆਪਣਾ ਮਜਨ, ਹਰਿ ਸੰਤਨ ਵੇਖ ਵਖਾਇੰਦਾ । ਸ਼ਬਦ ਅਨਾਦੀ ਤਾਲ ਵੱਜਣ, ਧੁਨ ਅਨਾਦੀ ਇਕ ਰਖਾਇੰਦਾ । ਆਦਿ ਜੁਗਾਦੀ ਪੜਦੇ ਕੱਜਨ, ਆਪਣਾ ਨਾਉਂ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਦਰ, ਏਕਾ ਘਰ ਸੁਹਾਇੰਦਾ । ਸਰਗੁਣ ਮੇਲਾ ਨਿਰਗੁਣ ਧਾਰ, ਜੋਤੀ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਹਰਿ ਸਾਚਾ ਸਚ ਕਰਾਈਆ । ਅੰਦਰ ਮੰਦਰ ਖੋਲ੍ਹ ਕਿਵਾੜ, ਆਪ ਆਪਣੀ ਬੂਝ ਬੁਝਾਈਆ । ਮੇਟ ਮਿਟਾਏ ਪੰਚਮ ਧਾੜ, ਕੂੜੀ ਕਿਰਿਆ ਦਏ ਮਿਟਾਈਆ । ਧਰਮ ਵਖਾਏ ਇਕ ਅਖਾੜ, ਘਰ ਸਾਚੇ ਵੱਜੇ ਵਧਾਈਆ । ਕਰੇ ਪਰਕਾਸ਼ ਬਹੱਤਰ ਨਾੜ, ਜੋਤ ਨਿਰੰਜਣ ਸੇਵਾ ਲਾਈਆ । ਮੇਟ ਮਿਟਾਏ ਅੰਧ ਅੰਧਿਆਰ, ਆਪ ਆਪਣੀ ਦਇਆ ਕਮਾਈਆ । ਹਰਿਜਨ ਮੀਤਾ ਹਰਿ ਨਿਰੰਕਾਰ, ਨਿਤ ਨਵਿਤ ਵੇਖ ਵਖਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਕਰ, ਏਕਾ ਥਾਨ ਸੁਹਾਈਆ । ਥਾਨ ਥਨੰਤਰ ਹਰਿ ਹਰਿ ਵਸਿਆ, ਆਦਿ ਪੁਰਖ ਅਬਿਨਾਸ਼ਾ । ਜਨ ਭਗਤਾਂ ਮਾਰਗ ਆਪੇ ਦੱਸਿਆ, ਸ੍ਰਿਸ਼ਟ ਸਬਾਈ ਵੇਖੇ ਤਮਾਸ਼ਾ । ਸਾਚੇ ਮੰਦਰ ਬਹਿ ਬਹਿ ਹੱਸਿਆ, ਮੰਡਲ ਮੰਡਪ ਪਾਵੇ ਰਾਸਾ । ਆਪੇ ਹੋਏ ਰੈਣ ਅੰਧੇਰੀ ਮੱਸਿਆ, ਆਪੇ ਨਿਰਗੁਣ ਜੋਤ ਕਰੇ ਪਰਕਾਸ਼ਾ । ਹਰਿ ਘਟ ਘਟ ਆਪੇ ਵਸਿਆ, ਆਪੇ ਲੇਖਾ ਜਾਣੇ ਦਸ ਦਸ ਮਾਸਾ । ਜਨ ਭਗਤਾਂ ਦਵਾਰੇ ਫਿਰੇ ਨੱਸਿਆ, ਪਾਰ ਕਰਾਏ ਪ੍ਰਿਥਮੀ ਅਕਾਸ਼ਾ । ਕੋਟਨ ਕੋਟ ਬ੍ਰਹਿਮੰਡ ਚਰਨਾ ਹੇਠ ਝੱਸਿਆ, ਬ੍ਰਹਮਾ ਸ਼ਿਵ ਦਾਸੀ ਦਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਰਗੁਣ ਘਰ, ਹਰਿ ਸਾਚੇ ਅੰਦਰ ਵਸਿਆ । ਸਾਚਾ ਮੰਦਰ ਉਚ ਅਟਾਰੀ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰੀ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਕਮਲਾਪਾਤੀ ਮੀਤ ਮੁਰਾਰੀ, ਆਪ ਆਪਣਾ ਵੇਖ ਵਖਾਇੰਦਾ । ਗਾਵਤ ਗਾਵਤ ਗਾਏ ਸਾਚੀ ਨਾਰੀ, ਨਰ ਨਰਾਇਣ ਨਾਮ ਰਖਾਇੰਦਾ । ਆਦਿ ਨਿਰੰਜਣ ਵਡ ਬਲਕਾਰੀ, ਆਪ ਆਪਣਾ ਬਲ ਧਰਾਇੰਦਾ । ਸ਼ਾਹੋ ਭੂਪ ਸੱਚੀ ਸਿਕਦਾਰੀ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਨਿਆਰੀ, ਆਪ ਆਪਣੀ ਚਾਲ ਚਲਾਇੰਦਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਭਗਤ ਭਗਤੀ ਲੇਖੇ ਲਾਇੰਦਾ । ਦਰ ਦਰਵੇਸਾ ਬਣੇ ਭਿਖਾਰੀ, ਦਰ ਦਰ ਅਲਖ ਜਗਾਇੰਦਾ । ਸੇਵਕ ਸੇਵਾ ਕਰੇ ਅਪਾਰੀ, ਸੇਵਾਦਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਹਰਿ ਮੇਲਿਆ, ਗੁਰ ਸਤਿਗੁਰ ਕਿਰਪਾ ਧਾਰ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਿਆ, ਮੇਲ ਮਿਲਾਵਾ ਮੀਤ ਮੁਰਾਰ । ਦਰਸ਼ਨ ਪਾਇਆ ਇਕ ਅਕੇਲਿਆ, ਵਿਛੜਿਆ ਸੰਸਾਰ । ਦਰ ਘਰ ਸਾਚੇ ਚੜ੍ਹੇ ਤੇਲਿਆ, ਖ਼ੁਸ਼ੀ ਮਨਾਈ ਆਪ ਕਰਤਾਰ । ਅਚਰਜ ਖੇਲ ਆਦਿ ਜੁਗਾਦਿ ਜੁਗ ਜੁਗ ਪਾਰਬ੍ਰਹਮ ਪ੍ਰਭ ਖੇਲਿਆ, ਲੋਕਮਾਤ ਲਏ ਅਵਤਾਰ । ਆਪੇ ਵਸੇ ਰੰਗ ਨਵੇਲਿਆ, ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਕਰੇ ਕਰਾਏ ਆਪਣੀ ਕਾਰ । ਕਾਰ ਕਰੰਤਾ ਹਰਿ ਭਗਵਾਨਾ, ਆਦਿ ਜੁਗਾਦਿ ਅਖਵਾਇੰਦਾ । ਖੇਲੇ

੨੦੨ ੦੮

ਖੇਲ ਦੋ ਜਹਾਨਾਂ, ਤ੍ਰਿਲੋਕੀ ਨੰਦਨ ਵੇਸ ਵਟਾਇੰਦਾ । ਏਕਾ ਏਕ ਇਕ ਨਿਸ਼ਾਨਾ, ਏਕਾ ਤੀਰ ਚਲਾਇੰਦਾ । ਦੋਏ ਦੋਏ ਰੂਪ ਸ੍ਰੀ ਭਗਵਾਨਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਤੀਜਾ ਨੇਤਰ ਇਕ ਧਿਆਨਾ, ਏਕਾ ਰੰਗ ਰੰਗਾਇੰਦਾ । ਚੌਥਾ ਪਦ ਪਦ ਨਿਰਬਾਨਾ, ਹਰਿ ਸਾਚਾ ਆਪ ਸੁਹਾਇੰਦਾ । ਪੰਚਮ ਪੰਚਮ ਪੰਚ ਤਰਾਨਾ, ਪੰਚਮ ਰਾਗ ਅਲਾਇੰਦਾ । ਛੇਵੇਂ ਛੱਪਰ ਛੰਨ ਨਾ ਕੋਈ ਮਕਾਨਾ, ਘਰ ਸਾਚੇ ਆਸਣ ਲਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਸਦ ਮਿਹਰਵਾਨਾ, ਸਤਿ ਸਤਿਵਾਦੀ ਆਪ ਅਖਵਾਇੰਦਾ । ਅੱਠਵੇਂ ਅੱਠਾਂ ਤੱਤਾਂ ਕਰੇ ਪਰਧਾਨਾ, ਆਪ ਆਪਣਾ ਤੱਤ ਜਣਾਇੰਦਾ । ਨੌ ਦਰ ਖੋਲ੍ਹ ਜਗਤ ਮਕਾਨਾ, ਕਾਇਆ ਹੱਟ ਚਲਾਇੰਦਾ । ਦਸਵੇਂ ਬੈਠ ਸਾਚਾ ਕਾਹਨਾ, ਨਾਮ ਬੰਸਰੀ ਇਕ ਵਜਾਇੰਦਾ । ਸੇਵਕ ਸੇਵਾ ਰਵ ਸਸ ਭਾਨਾ, ਸੂਰਜ ਚੰਨ ਵੇਖ ਵਖਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਆਪ ਆਪਣੀ ਕਲ ਵਰਤਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਉਪਾਇੰਦਾ । ਖੜਗ ਖੰਡਾ ਤੀਰ ਕਮਾਨਾ, ਸ਼ਬਦੀ ਨਾਉਂ ਰਖਾਇੰਦਾ । ਮਾਰਨਹਾਰਾ ਸਚ ਨਿਸ਼ਾਨਾ, ਏਕਾ ਵਾਰ ਚਲਾਇੰਦਾ । ਭਗਤਨ ਮੀਤਾ ਗੁਣ ਨਿਧਾਨਾ, ਗੁਣਵੰਤਾ ਵੇਖ ਵਖਾਇੰਦਾ । ਆਪ ਉਠਾਏ ਬਾਲ ਨਿਧਾਨਾ, ਲੋਕਮਾਤ ਆਪ ਜਗਾਇੰਦਾ । ਦਰ ਘਰ ਸਾਚੇ ਕਰ ਪਰਵਾਨਾ, ਆਪ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਹੋ ਪਰਧਾਨਾ, ਸਦਾ ਸੁਹੇਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਜੋਤ ਜਗਾਇੰਦਾ । ਸੰਤ ਸੁਹੇਲੇ ਲਏ ਵਰ, ਆਪਣੇ ਸ਼ਬਦ ਕਰੇ ਕੁੜਮਾਈਆ । ਜਗਤ ਜੰਜਾਲਾ ਚੁੱਕੇ ਡਰ, ਏਕਾ ਦੂਜਾ ਮੇਟ ਮਿਟਾਈਆ । ਅੰਮ੍ਰਿਤ ਵੇਖੇ ਸਾਚਾ ਸਰ, ਸਰ ਸਰੋਵਰ ਏਕਾ ਨਹਾਈਆ । ਏਕਾ ਅੱਖਰ ਜਾਏ ਪੜ੍ਹ, ਜਗਤ ਵਿਦਿਆ ਮੂਲ ਨਾ ਭਾਈਆ । ਸਾਚੇ ਪੌੜੇ ਜਾਏ ਚੜ੍ਹ, ਨਾਮ ਡੰਡਾ ਹੱਥ ਫੜਾਈਆ । ਆਪਣੇ ਅੰਦਰ ਜਾਏ ਵੜ, ਘਰ ਮੇਲਾ ਬੇਪਰਵਾਹੀਆ । ਜਗਤ ਅਗਨ ਨਾ ਜਾਏ ਸੜ, ਪੰਚ ਵਿਕਾਰ ਨਾ ਕੋਈ ਸਤਾਈਆ । ਦਰਸ਼ਨ ਦੇਵੇ ਅੱਗੇ ਖੜ, ਗੁਰ ਪੂਰੇ ਹੱਥ ਵਡਿਆਈਆ । ਨਾ ਕੋਈ ਸੀਸ ਨਾ ਕੋਈ ਧੜ, ਹਰ ਘਟ ਬੈਠਾ ਆਸਣ ਲਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਈਆ । ਹਰਿਜਨ ਫੜਾਏ ਆਪਣਾ ਲੜ, ਆਪ ਆਪਣੇ ਲੜ ਬੰਧਾਈਆ । ਜੁਗ ਜੁਗ ਆਪਣਾ ਵੇਸ ਕਰ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਘਰ ਸਾਚੇ ਵੱਜੇ ਵਧਾਈਆ । ਸਾਚੇ ਘਰ ਸਚ ਵਧਾਈ, ਸਤਿਗੁਰ ਸਾਚਾ ਆਪ ਵਜਾਇੰਦਾ । ਸੁਰਤ ਸ਼ਬਦ ਕਰੇ ਕੁੜਮਾਈ, ਸਾਚਾ ਸਗਨ ਮਨਾਇੰਦਾ । ਪੰਚਮ ਸਖੀਆਂ ਗਾਇਣ ਚਾਈਂ ਚਾਈਂ, ਸਾਚਾ ਮੰਗਲ ਇਕ ਅਲਾਇੰਦਾ । ਆਪੇ ਪਕੜਨਹਾਰਾ ਬਾਹੀਂ, ਆਪ ਆਪਣੀ ਭੁਜਾ ਉਠਾਇੰਦਾ । ਫੜ ਫੜ ਹੰਸ ਬਣਾਏ ਕਾਂਈ, ਏਕਾ ਸਾਚੀ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਵਾ ਸੱਜਣ ਸ਼ਾਹ, ਪਾਇਆ ਪੁਰਖ ਅਪਾਰਿਆ । ਗੁਰਮੁਖ ਮਿਲਿਆ ਗੁਰ ਮਲਾਹ, ਦੇਵੇ ਨਾਮ ਸਹਾਰਿਆ । ਸ਼ਬਦ ਜਣਾਈ ਸਚ ਸਲਾਹ, ਸਾਚਾ ਮਾਰਗ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਸੰਤਨ ਮੀਤਾ ਇਕ ਅਤੀਤਾ, ਪਤਤ ਪੁਨੀਤਾ ਨਾਮ ਧਰਾ ਲਿਆ । ਪਤਤ ਪੁਨੀਤਾ ਆਦਿ ਨਿਰੰਜਣ, ਏਕਾ ਰੂਪ ਸਮਾਈਆ । ਹਸਤ ਕੀਟਾਂ ਸਾਚਾ ਸੱਜਣ, ਊਚਾਂ ਨੀਚਾਂ ਵਿਚ ਸਮਾਈਆ । ਜਨ ਭਗਤਾਂ ਕਰਾਏ ਆਪਣਾ ਮਜਨ,

ਦੁਰਮਤ ਮੈਲ ਗਵਾਈਆ । ਆਪੇ ਹੋਏ ਪੜਦੇ ਕੱਜਣ, ਨਾਮ ਦੋਸ਼ਾਲਾ ਹੱਥ ਉਠਾਈਆ । ਅਨਹਦ ਤਾਲ ਤਲਵਾੜੇ ਵੱਜਣ, ਸਾਚਾ ਢੋਲਾ ਸਾਚੇ ਮਾਹੀਆ । ਹੰਕਾਰੀ ਗੜ੍ਹ ਭਾਂਡੇ ਭੱਜਣ, ਭਰਮ ਗੜ੍ਹ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਵਟੰਦੜਾ ਪੁਰਖ ਅਕਾਲਾ, ਅਕਲ ਕਲਾ ਅਖਵਾਇਆ । ਹਰਿਜਨ ਸਾਚੇ ਮੇਲ ਮਿਲੰਦੜਾ ਦੀਨ ਦਿਆਲਾ, ਦਇਆ ਨਿਧ ਵੇਖ ਵਖਾਇਆ । ਦਰ ਘਰ ਸਾਚਾ ਵੇਖ ਵਖੰਦੜਾ ਗੁਰਮੁਖ ਉਠਾਏ ਸਾਚਾ ਲਾਲਾ, ਆਪ ਆਪਣੀ ਗੋਦ ਉਠਾਇਆ । ਜਗਤ ਵਿਛੋੜਾ ਆਪ ਕਟੰਦੜਾ ਮੇਲ ਮਿਲਾਏ ਸੱਚੀ ਧਰਮਸਾਲਾ, ਸਚਖੰਡ ਦਵਾਰਾ ਇਕ ਸੁਹਾਇਆ । ਰਾਜ ਜੋਗ ਇਕ ਵਖੰਦੜਾ ਫਲ ਲਗਾਏ ਕਾਇਆ ਡਾਲ੍ਹਾ, ਨਾਮ ਸਤਿਨਾਮ ਮੰਤਰ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇਆ । ਸਤਿਜੁਗ ਤ੍ਰੇਤਾ ਦੁਆਪਰ ਹਰਿ ਹਰਿ ਵੇਸ, ਆਪਣਾ ਰੂਪ ਵਟਾਈਆ । ਸ਼ਾਹੋ ਭੂਪ ਵਡ ਨਰੇਸ਼, ਨਿਰਗੁਣ ਭੇਵ ਕੋਈ ਨਾ ਪਾਈਆ । ਆਪਣੀ ਕਰੇ ਆਪ ਅਦੇਸ, ਆਪੇ ਸੀਸ ਝੁਕਾਈਆ । ਕੋਟਨ ਕੋਟੀ ਦਰ ਦਰਵੇਸ, ਬ੍ਰਹਮਾ ਵਿਸ਼ਨ ਮਹੇਸ਼ ਬੈਠੇ ਆਸਣ ਲਾਈਆ । ਆਪੇ ਵਸਿਆ ਸੇਜਾ ਸ਼ੇਸ਼, ਸਾਂਗੋ ਪਾਂਗ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਜੋਤ ਜਗਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਮਰੇ ਨਾ ਜਨਮੇ ਵਿਚ ਸੰਸਾਰ, ਆਵਣ ਜਾਵਣ ਖੇਲ ਖਿਲਾਇੰਦਾ । ਮਾਤ ਪਿਤ ਨਾ ਕੋਈ ਸਹਾਰ, ਭੈਣ ਭਾਈ ਨਾ ਕੋਇ ਰਖਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਏਕੰਕਾਰਾ ਆਪਣੀ ਕਾਰ ਕਮਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਦੀਪਕ ਜੋਤ ਜੋਤ ਉਜਿਆਰ, ਨੂਰੋ ਨੂਰ ਅਖਵਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਆਪ ਆਪਣਾ ਨਾਉਂ ਧਰਾਇੰਦਾ । ਲੋਕਮਾਤ ਪਾਵੇ ਸਾਰ, ਪੰਚਮ ਤੱਤ ਤੱਤ ਵਖਾਇੰਦਾ । ਈਸਾ ਮੂਸਾ ਨਾਰ ਭਤਾਰ, ਆਪਣਾ ਸੰਗ ਰਖਾਇੰਦਾ । ਅੱਲਾ ਰਾਣੀ ਕੰਨਿਆ ਕੁਵਾਰ, ਏਕਾ ਹੁਕਮ ਆਪ ਪੜ੍ਹਾਇੰਦਾ । ਕਾਇਨਾਤ ਕਰ ਉਜਿਆਰ, ਬਿਸਮਲ ਰੂਪ ਸਮਾਇੰਦਾ । ਸੰਗ ਮੁਹੰਮਦ ਹੋ ਉਜਿਆਰ, ਚਾਰ ਯਾਰੀ ਰੰਗ ਰੰਗਾਇੰਦਾ । ਨਿਰਗੁਣ ਰੂਪ ਅਪਰ ਅਪਾਰ, ਨਾਨਕ ਜੋਤੀ ਆਪ ਟਿਕਾਇੰਦਾ । ਏਕਾ ਜੋਤੀ ਦਸ ਅਵਤਾਰ, ਦਹਿ ਦਿਸ਼ਾ ਵੇਖ ਵਖਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਨਾ ਕੋਈ ਭੇਵ ਛੁਪਾਇੰਦਾ । ਮਿਲਿਆ ਮੇਲ ਹਰਿ ਨਿਰੰਕਾਰ, ਵਿਛੜ ਕਦੇ ਨਾ ਜਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਏਕ ਅਖਵਾਇੰਦਾ । ਵਰਨ ਗੋਤੀ ਵਸਿਆ ਬਾਹਰ, ਜਾਤ ਪਾਤ ਨਾ ਕੋਈ ਰਖਾਇੰਦਾ । ਕੋਟੀ ਕੋਟ ਮੰਗਣ ਬਣ ਭਿਖਾਰ, ਘਟ ਘਟ ਭਿਛਿਆ ਆਪੇ ਪਾਇੰਦਾ । ਚੋਟੀ ਚੜ੍ਹ ਗੁਰਮੁਖ ਵਿਰਲਾ ਪਾਏ ਸਾਰ, ਸਚ ਗੇੜਾ ਆਪ ਦ੍ਰਿੜਾਇੰਦਾ । ਨਾਮ ਸਤਿ ਸਤਿ ਵਰਤਾਰ, ਕਲਜੁਗ ਆਪ ਕਰਾਇੰਦਾ । ਖੜਗ ਖੰਡਾ ਤੇਜ਼ ਕਟਾਰ, ਚੰਡ ਪਰਚੰਡ ਆਪ ਚਮਕਾਇੰਦਾ । ਵੰਡਣਹਾਰਾ ਸਾਚੀ ਵੰਡ, ਪੰਚਮ ਮੇਲ ਮਿਲਾਇੰਦਾ । ਜੂਠ ਝੂਠ ਮੇਟੇ ਭੇਖ ਪਖੰਡ, ਅੰਮ੍ਰਿਤ ਧਾਰਾ ਮੁਖ ਚਵਾਇੰਦਾ । ਗੁਰਸਿਖ ਨਾਰ ਨਾ ਹੋਏ ਰੰਡ, ਸਾਚਾ ਕੰਤ ਸੁਹਾਗੀ ਇਕ ਵਖਾਇੰਦਾ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਇੰਦਾ । ਸਤਿਗੁਰ ਪੂਰਾ ਪਾਏ ਵੰਡ, ਗੁਰ ਗੋਬਿੰਦ ਨਾਉਂ ਰਖਾਇੰਦਾ । ਕਲਜੁਗ ਅੰਤਮ ਦੇਵੇ ਦੰਡ, ਆਪਣਾ ਲੇਖ ਲਿਖਾਇੰਦਾ । ਲੱਖ

ਚੁਰਾਸੀ ਖੰਡ ਖੰਡ, ਨਾ ਕੋਈ ਮਾਤ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਸੰਤਨ ਮੀਤਾ ਹਰਿ ਭਗਵਾਨਾ, ਏਕਾ ਦੇਵੇ ਧੁਰ ਫ਼ਰਮਾਨਾ, ਸ਼ਬਦ ਅਨਾਦੀ ਆਪ ਸੁਣਾਇੰਦਾ । ਸ਼ਬਦ ਅਨਾਦੀ ਸਾਚਾ ਢੋਲਾ, ਹਰਿਜਨ ਆਪ ਸੁਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਬੋਲਾ, ਆਪੇ ਬੁਝ ਬੁਝਾਈਆ । ਆਪੇ ਬਣਿਆ ਸਾਚਾ ਤੋਲਾ, ਨਾਨਕ ਨਿਰਗੁਣ ਵੇਸ ਵਟਾਈਆ । ਲੱਖ ਚੁਰਾਸੀ ਤੱਤ ਵਰੋਲਾ, ਏਕਾ ਕੰਡੇ ਰਿਹਾ ਪਾਈਆ । ਕਲਜੁਗ ਅੰਤਮ ਖੇਲੇ ਹੋਲਾ, ਚਾਰੋਂ ਕੁੰਟ ਵੇਖ ਵਖਾਈਆ । ਮਨ ਮਤ ਪਾਏ ਰੌਲਾ, ਗੁਰਮਤ ਸਾਰ ਨਾ ਪਾਈਆ । ਭਾਰ ਨਾ ਚੁੱਕੇ ਧਰਨੀ ਧਵਲਾ, ਦਿਵਸ ਰੈਣ ਰਹੀ ਕੁਰਲਾਈਆ । ਕਿਸੇ ਹੱਥ ਨਾ ਆਏ ਅੰਮ੍ਰਿਤ ਆਤਮ ਨਾਭੀ ਕਵਲਾ, ਸਾਧ ਸੰਤ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਏਕਾ ਦਰ, ਇਕ ਅਕੱਲਾ ਰਿਹਾ ਕਰਾਈਆ । ਸਾਚਾ ਸ਼ਬਦ ਸਚ ਜੈਕਾਰਾ, ਹਰਿ ਹਰਿ ਆਪ ਲਗਾਇੰਦਾ । ਆਦਿ ਅੰਤ ਇਕ ਅਵਤਾਰਾ, ਏਕਾ ਰੂਪ ਵਟਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਲੇਖਾ ਲਿਖੇ ਵੇਦ ਚਾਰਾ, ਚਾਰ ਚਾਰਾਂ ਤੋਲ ਤੁਲਾਇੰਦਾ । ਚਾਰੇ ਕੂਟਾਂ ਪਾਵੇ ਸਾਰਾ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਇੰਦਾ । ਆਪੇ ਲਾਏ ਆਪਣਾ ਨਾਅਰਾ, ਆਪਣਾ ਸੋਹਲਾ ਆਪੇ ਗਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਹੋਈ ਵਿਭਚਾਰਾ, ਧੀਰਜ ਜਤ ਨਾ ਕੋਇ ਧਰਾਇੰਦਾ । ਭਰਮੇ ਭੁੱਲੇ ਪੁਰਖ ਨਾਰਾ, ਨਰ ਨਰਾਇਣ ਦਿਸ ਨਾ ਆਇੰਦਾ । ਬਣਿਆ ਗੜ੍ਹ ਕਾਮ ਕਰੋਧ ਲੋਭ ਮੋਹ ਹੰਕਾਰਾ, ਘਰ ਘਰ ਬੁਰਜ ਸੁਹਾਇੰਦਾ । ਜੂਠ ਝੂਠ ਦਏ ਲਲਕਾਰਾ, ਸਚ ਸੁੱਚ ਦਿਸ ਨਾ ਪਾਇੰਦਾ । ਆਸਾ ਤ੍ਰਿਸ਼ਨਾ ਕਰੇ ਵਿਚਾਰਾ, ਤ੍ਰਿਖਾ ਤ੍ਰਿਪਤ ਨਾ ਕੋਇ ਵਖਾਇੰਦਾ । ਕਿਸੇ ਨਾ ਦਿਸੇ ਪਾਰ ਕਿਨਾਰਾ, ਆਰ ਪਾਰ ਨਾ ਕੋਇ ਸੁਹਾਇੰਦਾ । ਮਾਤ ਪਿਤ ਨਾ ਕੋਇ ਪਿਆਰਾ, ਪਿਤਾ ਪੂਤ ਨਾ ਮੇਲ ਮਿਲਾਇੰਦਾ । ਧੀਆਂ ਭੈਣਾਂ ਕਰਨ ਵਪਾਰਾ, ਕਲਜੁਗ ਕਲ ਵਰਤਾਇੰਦਾ । ਗੁਰਦਰ ਮੰਦਰ ਮਸਜਿਦ ਬਣ ਅਖਾੜਾ, ਮਾਇਆ ਮਮਤਾ ਖੇਲ ਖਿਲਾਇੰਦਾ । ਨਾਨਕ ਗੋਬਿੰਦ ਬਣ ਲਿਖਾਰਾ, ਹਰਿ ਹਰਿ ਭੇਵ ਖੁਲ੍ਹਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚਾ ਵੇਸ ਵਟਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਨਗਰੀ ਧਾਮ ਸੁਹਾਇੰਦਾ । ਜੋਤੀ ਜੋਤ ਜਗੇ ਪੁਰਖ ਕਰਤਾਰਾ, ਪਰਮ ਪੁਰਖ ਵੇਖ ਵਖਾਇੰਦਾ । ਸ਼ਬਦ ਸ਼ਬਦ ਸ਼ਬਦ ਜੈਕਾਰਾ, ਹਰਿ ਸ਼ਬਦੀ ਨਾਦ ਵਜਾਇੰਦਾ । ਗੁਰਸਿਖਾਂ ਵੇਖੇ ਦਰ ਦਵਾਰਾ, ਆਪ ਆਪਣਾ ਚਰਨ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਸ ਧਰ, ਹਰਿਜਨ ਬਾਂਹੋਂ ਲਏ ਫੜ, ਆਪ ਬੰਧਾਏ ਆਪਣੇ ਲੜ, ਨਾ ਕੋਈ ਤੋੜ ਤੁੜਾਇੰਦਾ ।

### ✪ ੨੯ ਮਾਘ ੨੦੧੫ ਬਿਕ੍ਰਮੀ ਕਪਤਾਨ ਬੰਤਾ ਸਿੰਘ ਦੇ ਘਰ ਪੰਜ ਗਰਾਈ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਪੂਰਾ ਹਰਿ ਮਿਹਰਬਾਨ, ਸਤਿ ਸਰੂਪ ਸਮਾਇਆ । ਵਸਣਹਾਰਾ ਸਚ ਮਕਾਨ, ਭੇਵ ਕਿਸੇ ਨਾ ਪਾਇਆ । ਏਕਉਂਕਾਰ ਸ੍ਰੀ ਭਗਵਾਨ, ਨਿਰਗੁਣ ਜੋਤ ਨੂਰ ਰੁਸ਼ਨਾਇਆ । ਦਾਤਾ ਦਾਨੀ ਦੋ ਜਹਾਨ, ਦੋ ਜਹਾਨਾ ਡੇਰਾ ਲਾਇਆ । ਆਦਿ ਸ਼ਕਤ ਰੂਪ ਮਹਾਨ, ਸੁਤੇ ਪਰਕਾਸ਼ ਕਰਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪ ਅਖਵਾਇਆ । ਆਦਿ ਜੁਗਾਦਿ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਸਤਿਗੁਰ ਪੂਰਾ ਗੁਣ ਨਿਧਾਨਾ, ਆਪ ਆਪਣਾ ਨਾਉਂ ਰਖਾਇੰਦਾ । ਆਪੇ ਦੇਵਣਹਾਰਾ ਦਾਨਾ, ਆਪਣੀ ਝੋਲੀ ਆਪ ਭਰਾਇੰਦਾ । ਆਪੇ ਦੇਵੇ ਆਪਣਾ ਮਾਣਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਆਪ ਵਖਾਏ ਧੁਰ ਨਿਸ਼ਾਨਾ, ਸਚ ਨਿਸ਼ਾਨਾ ਆਪ ਝੁਲਾਇੰਦਾ । ਆਪੇ ਸ਼ਾਹੋ ਭੂਪ ਸੁਲਤਾਨਾ, ਰਾਜ ਰਾਜਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਖਿਲਾਇੰਦਾ । ਆਦਿ ਜੁਗਾਦੀ ਏਕਉਂਕਾਰਾ, ਏਕਾ ਰੂਪ ਸਮਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ । ਨਿਰਗੁਣ ਦੀਪਕ ਕਰ ਉਜਿਆਰਾ, ਸਚ ਮਹੱਲ ਕਰੇ ਰੁਸ਼ਨਾਈਆ । ਥਿਰ ਘਰ ਬੈਠਾ ਇਕ ਦਵਾਰਾ, ਏਕਾ ਘਰ ਵਸਾਈਆ । ਸਚ ਸਿੰਘਾਸਣ ਭੇਵ ਅਪਾਰਾ, ਹਰਿ ਸਾਚੀ ਬਣਤ ਬਣਾਈਆ । ਨਾ ਕੋਈ ਦੀਸੇ ਚੋਬਦਾਰਾ, ਨਾ ਕੋਈ ਅਲਖ ਜਗਾਈਆ । ਨਾ ਕੋਈ ਸੱਜਣ ਮੀਤ ਮੁਰਾਰਾ, ਸਖਾ ਸਖਾਈ ਨਾ ਕੋਇ ਵਖਾਈਆ । ਨਾ ਕੋਈ ਸੱਜਣ ਮੀਤ ਮੁਰਾਰਾ, ਭੈਣ ਭਾਈ ਨਾ ਕੋਇ ਉਪਜਾਈਆ । ਮਾਤ ਪਿਤ ਨਾ ਸੁੱਤ ਦੁਲਾਰਾ, ਜਨਣੀ ਗੋਦ ਨਾ ਕੋਇ ਉਠਾਈਆ । ਨਾ ਕੋਈ ਦੇਵੇ ਪਵਣ ਹੁਲਾਰਾ, ਜਲ ਧਾਰ ਨਾ ਕੋਇ ਵਗਾਈਆ । ਨਾ ਕੋਈ ਦੀਸੇ ਰਵ ਸਸ ਸਤਾਰਾ, ਗਗਨ ਮੰਡਲ ਨਾ ਕੋਇ ਜਣਾਈਆ । ਨਾ ਕੋਈ ਧਰਤ ਧਵਲ ਦਏ ਸਹਾਰਾ, ਨਾ ਕੋਇ ਸ਼ੇਸ਼ ਮੁਖ ਖੁਲ੍ਹਾਈਆ । ਨਾ ਕੋਈ ਬ੍ਰਹਮਾ ਵੇਦ ਵਿਚਾਰਾ, ਨਾ ਵਿਸ਼ਨੂੰ ਰਿਜ਼ਕ ਸਬਾਈਆ । ਨਾ ਕੋਈ ਸ਼ੰਕਰ ਕਰੇ ਸੰਘਾਰਾ, ਦੇਵਤ ਸੁਰ ਨਾ ਕੋਇ ਗਾਈਆ । ਨਾ ਕੋਈ ਇੰਦਰ ਬਰਖੇ ਧਾਰਾ, ਨਾ ਕੋਈ ਛਹਿਬਰ ਵੇਖ ਵਖਾਈਆ । ਗਣ ਗੰਧਰਬ ਨਾ ਕੋਈ ਅਖਾੜਾ, ਅਪੱਛਰਾਂ ਨਾਚ ਨਾ ਕੋਇ ਨਚਾਈਆ । ਤ੍ਰੈਗੁਣ ਮਾਇਆ ਨਾ ਕੋਇ ਪਸਾਰਾ, ਰਾਜਸ ਤਾਮਸ ਸਤਿ ਨਾ ਕੋਇ ਜਣਾਈਆ । ਨਾ ਕੋਈ ਪੰਚਮ ਮੋਹ ਪਿਆਰਾ, ਪੰਚਮ ਜੜਤ ਨਾ ਕੋਇ ਜੜਾਈਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਮਨ ਮਤ ਬੁਧ ਨਾ ਕੋਇ ਵਖਾਈਆ । ਨਾ ਕੋਈ ਦੀਸੇ ਨੌਂ ਦਵਾਰਾ, ਦਸਵੇਂ ਆਸਣ ਕੋਇ ਨਾ ਲਾਈਆ । ਨਾ ਕੋਈ ਉਤਭੁਜ ਸੇਤਜ ਜੇਰਜ ਅੰਡ ਵਰਤਾਰਾ, ਨਾ ਕੋਈ ਖਾਣੀ ਰਚਨ ਰਚਾਈਆ । ਨਾ ਕੋਈ ਸ਼ਬਦ ਨਾ ਧੁਨਕਾਰਾ, ਨਾ ਕੋਈ ਤਾਲ ਵਜਾਈਆ । ਨਾ ਕੋਈ ਰਾਮ ਕ੍ਰਿਸ਼ਨ ਅਵਤਾਰਾ, ਨਾ ਕੋਈ ਤੱਤਵ ਤੱਤ ਸਮਾਈਆ । ਨਾ ਕੋਈ ਵੇਦ ਵਿਆਸ ਬਣੇ ਲਿਖਾਰਾ, ਆਪ ਆਪਣੀ ਕਰ ਵਡਿਆਈਆ । ਨਾ ਕੋਈ ਗੀਤਾ ਗਿਆਨ ਉਜਿਆਰਾ, ਵਿਸ਼ਨ ਵਰਾਟ ਨਾ ਕੋਇ ਉਪਾਈਆ । ਈਸਾ ਮੂਸਾ ਨਾ ਕੋਈ ਸਹਾਰਾ, ਅਹਿਮਦ ਮੁਹੰਮਦ ਨਾ ਕੋਇ ਕੁੜਮਾਈਆ । ਨਾ ਕੋਈ ਨਿਰਗੁਣ ਤੱਤ ਕਰੇ ਪਿਆਰਾ, ਨਾਨਕ ਨਾਮ ਨਾ ਕੋਇ ਧਰਾਈਆ । ਨਾ ਕੋਈ ਗੋਬਿੰਦ ਬੋਲ ਜੈਕਾਰਾ, ਫਤਹਿ ਡੰਕ ਵਜਾਈਆ । ਲੋਆਂ ਪੁਰੀਆਂ ਨਾ ਕੋਇ ਮੁਨਾਰਾ, ਨੌਂ ਖੰਡ ਨਾ ਰਚਨ ਰਚਾਈਆ । ਸੱਤ ਦੀਪ ਨਾ ਕੋਇ ਸਹਾਰਾ, ਸਤਿ ਸਫ਼ੈਦ ਨਾ ਕੋਇ ਰਖਾਈਆ । ਛੱਤੀ ਰਾਗ ਨਾ ਕੋਇ ਗਾਣਾ, ਗਾਵਣਹਾਰ ਦਿਸ ਨਾ ਆਈਆ । ਨਾ ਕੋਈ ਪਵਣੀ ਪਵਣ ਮਸਾਣਾ, ਅਕਾਸ਼ ਪਰਕਾਸ਼ ਨਾ ਕੋਇ ਟਿਕਾਈਆ । ਅਵਨ ਗਵਨ ਨਾ ਕੋਇ ਨਗਾਰਾ, ਨਾ ਕੋਈ ਤਾਲ ਵਜਾਈਆ । ਚਿਤਰ ਗੁਪਤ ਨਾ ਕੋਇ ਲਿਖਾਰਾ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਕਰੇ ਸ਼ੰਗਾਰਾ, ਨਾ ਕੋਈ ਘੁੰਗਟ ਮੁਖ ਤੇ ਪਾਈਆ । ਨਰਕ ਸੁਰਗ ਨਾ ਕੋਇ ਵਿਹਾਰਾ, ਨਾ ਕੋਈ ਰਾਹ ਵਖਾਈਆ । ਗੁਰ ਪੀਰ ਨਾ ਕੋਇ ਅਵਤਾਰਾ, ਸਾਧ ਸੰਤ ਨਾ ਕੋਇ ਜਣਾਈਆ । ਅਬਿਨਾਸ਼ੀ ਕਰਤਾ

ਇਕ ਅਕੱਲਾ ਏਕਉਂਕਾਰਾ, ਆਪ ਆਪਣਾ ਰੂਪ ਉਪਾਈਆ । ਜੋਤੀ ਨੂਰ ਨੂਰ ਉਜਿਆਰਾ, ਨੂਰ ਨੂਰ ਵਿਚ ਸਮਾਈਆ । ਆਦਿ ਨਿਰੰਜਣ ਖੇਲ
ਅਪਾਰਾ, ਖੇਲੇ ਖੇਲ ਬੇਪਰਵਾਹੀਆ । ਅਲਖ ਅਗੋਚਰ ਭੇਵ ਨਿਆਰਾ, ਅਲੱਖ ਅਲੱਖਣਾ ਲਖਿਆ ਨਾ ਜਾਈਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰਾ,
ਪਰਮ ਪੁਰਖ ਅਖਵਾਈਆ । ਆਪੇ ਜਾਣੇ ਆਪਣੀ ਕਾਰਾ, ਆਪ ਆਪਣੀ ਰਚਨ ਰਚਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ ।
ਲੋਆਂ ਪੁਰੀਆਂ ਦਏ ਸਹਾਰਾ, ਲੋਕਮਾਤ ਵੰਡ ਵੰਡਾਈਆ । ਜੁਗ ਜੁਗ ਲੈ ਆਪ ਅਵਤਾਰਾ, ਖੇਲੇ ਖੇਲ ਹਰਿ ਘਟ ਥਾਈਆ । ਸ਼ਬਦੀ ਸ਼ਬਦ
ਸ਼ਬਦ ਜੈਕਾਰਾ, ਗੁਰ ਸ਼ਬਦੀ ਨਾਉਂ ਧਰਾਈਆ । ਸਾਧਾਂ ਸੰਤਾਂ ਕਰ ਪਿਆਰਾ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਆਦਿ ਜੁਗਾਦਿ ਵੇਸ ਕਰ, ਜੁਗ ਜੁਗ ਆਪਣਾ ਰਾਹ ਤਕਾਈਆ । ਆਤਮ ਅੰਤਰ ਹਰਿ ਹਰਿ ਜਾਣ, ਆਪੇ ਬੂਝ ਬੁਝਾਇੰਦਾ ।
ਸੁਰਤੀ ਅੰਦਰ ਸੁਰਤ ਧਿਆਨ, ਸੁਰਤੀ ਸੁਰਤ ਸਮਾਇੰਦਾ । ਸ਼ਬਦੀ ਸ਼ਬਦ ਸ਼ਬਦ ਨਿਗਹਬਾਨ, ਸ਼ਬਦੀ ਨਾਮ ਦ੍ਰਿੜਾਇੰਦਾ । ਅੰਦਰ ਮੰਦਰ ਮੰਗੇ
ਦਾਨ, ਡੂੰਘੀ ਕੰਦਰ ਵੇਖ ਵਖਾਇੰਦਾ । ਸੁਣੇ ਸੁਣਾਏ ਆਪਣੇ ਕਾਨ, ਰਾਗ ਅਨਾਦੀ ਤਾਲ ਅਲਾਇੰਦਾ । ਅਨਹਦ ਸੁਨੇਹੜਾ ਸਚ ਮਕਾਨ, ਆਪਣਾ
ਆਪ ਜਣਾਇੰਦਾ । ਬੰਨੇ ਬੇੜਾ ਵਿਚ ਜਹਾਨ, ਸਾਚਾ ਖੇੜਾ ਆਪ ਵਸਾਇੰਦਾ । ਦਰ ਦਵਾਰੇ ਬਖ਼ਸ਼ੇ ਮਾਣ, ਆਤਮ ਭਿਛਿਆ ਇਛਿਆ ਝੋਲੀ
ਪਾਇੰਦਾ । ਸਾਚਾ ਲੇਖਾ ਧੁਰ ਫ਼ਰਮਾਣ, ਅਗਾਧ ਬੋਧ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਅੰਤਰ
ਵਸੇ ਘਰ, ਘਰ ਸਾਚਾ ਇਕ ਸੁਹਾਇੰਦਾ । ਆਤਮ ਅੰਤਰ ਹਰਿਜਨ ਆਸ, ਆਪਣੀ ਆਪ ਉਪਜਾਈਆ । ਆਪ ਬੁਝਾਏ ਜਗਤ ਪਿਆਸ, ਜਗਤ
ਪਿਆਸ ਆਪ ਬੁਝਾਈਆ । ਦਾਤਾ ਦਾਨੀ ਸਰਬ ਗੁਣਤਾਸ, ਦਇਆਵਾਨ ਅਖਵਾਈਆ । ਵੇਖਣਹਾਰਾ ਪ੍ਰਿਥਮੀ ਅਕਾਸ਼, ਕਾਇਆ ਡੂੰਘੀ ਕੰਦਰ
ਫੋਲ ਫੋਲਾਈਆ । ਕਰੇ ਕਰਾਏ ਪੂਰੀ ਆਸ, ਸਤਿਗੁਰ ਪੂਰੇ ਹੱਥ ਵਡਿਆਈਆ । ਮਾਇਆ ਮਮਤਾ ਮੋਹ ਦਏ ਨਿਵਾਸ, ਮਨ ਡੋਰੀ ਸ਼ਬਦ ਬੰਨਾਈਆ ।
ਬੁਧ ਬਿਬੇਕੀ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਮਤ ਮਤਵਾਲੀ ਪਾਵੇ ਰਾਸ, ਰਸ ਰਸੀਆ ਵੇਖ ਵਖਾਈਆ । ਵਸਣਹਾਰਾ ਵਿਚ
ਸਵਾਸ ਸਵਾਸ, ਪਵਣ ਪਵਣ ਰੂਪ ਹੋ ਜਾਈਆ । ਬਾਲ ਅੰਞਾਣੀ ਜਗਤ ਨਿਮਾਣੀ ਨਾ ਰਹੇ ਉਦਾਸ, ਕਿਰਪਾ ਕਰੇ ਕਰਨੇਹਾਰ ਵਡ ਵਡਿਆਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਝੀ ਪਾਈਆ । ਘਰ ਸੁਝਿਆ ਹਰਿ ਹਰਿ ਬੁਝਿਆ,
ਆਪਣਾ ਮੂਲ ਪਛਾਨ । ਲਹਿਣਾ ਦੇਣ ਚੁਕਾਏ ਭੇਵ ਗੁਝਿਆ, ਗੁਰਮੁਖ ਸਕੇ ਨਾ ਰਸਨਾ ਗਾਣ । ਚਰਨ ਪ੍ਰੀਤੀ ਆਤਮ ਨੀਤੀ ਸਾਚੀ ਰੀਤੀ ਜੋ
ਜਨ ਲੁਝਿਆ, ਅੰਮ੍ਰਿਤ ਮਿਲੇ ਪੀਣ ਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਜਾਣੇ ਬਾਲ
ਨਿਧਾਨ । ਬਾਲ ਬਾਲਾ ਬਾਲੀ ਬੁਧ, ਰਸਨ ਕਹਿਣ ਨਾ ਜਾਈਆ । ਅੰਦਰ ਵਸੇ ਦੇਵੇ ਸੁਧ, ਆਪਣੀ ਬੂਝ ਬੁਝਾਈਆ । ਸਚ ਸਿੰਘਾਸਣ ਆਤਮ
ਸੇਜਾ ਬਹੇ ਕੁੱਦ, ਗੁਰ ਸ਼ਬਦ ਵੱਡੀ ਵਡਿਆਈਆ । ਪੰਚ ਵਿਕਾਰਾ ਕਰੇ ਯੁੱਧ, ਸ਼ਬਦ ਖੰਡੇ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਜੀਓ ਪਿੰਡ ਇੰਡ ਬ੍ਰਹਿਮੰਡੇ ਖੋਜ ਖੋਜਾਈਆ । ਕਾਇਆ ਮੰਦਰ ਆਤਮ ਝਾਕੀ, ਹਰਿ ਹਰਿ ਖੋਲ੍ਹਣਹਾਰਾ
ਤਾਕੀ, ਦੂਈ ਦਵੈਤੀ ਪੜਦਾ ਲਾਹੀਆ । ਪਤਤ ਪੁਨੀਤ ਕਰੇ ਪਾਕਨ ਪਾਕੀ, ਪਤਤ ਪਵਣ ਆਪ ਅਖਵਾਇਆ । ਸਤਿਗੁਰ ਪੂਰਾ ਸੱਜਣ ਸਾਕੀ,

ਸਗਲਾ ਸੰਗ ਰਖਾਇਆ । ਏਕਾ ਰੱਖੇ ਚਾਲ ਬਾਂਕੀ, ਬੇਹੰਗਮ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਆਪਣਾ ਵਰ, ਪੂਰਨ ਆਸਾ ਜਗਤ ਭਰਵਾਸਾ ਸ਼ਬਦ ਦਿਲਾਸਾ ਕਾਇਆ ਮੰਦਰ ਸਾਚੇ ਅੰਦਰ ਕਰ ਪਿਆਰ, ਹਰਿ ਨਿਰੰਕਾਰ ਜਨ ਪਾਏ ਸਾਰ, ਆਰ ਪਾਰ ਅਧਵਿਚਕਾਰ ਵੇਖ ਵਖਾਇਆ ।

२੦੮

੦੮

## ✪ ੨੯ ਮਾਘ ੨੦੧੫ ਬਿਕ੍ਰਮੀ ਅਮੀਰ ਚੰਦ ਗੁਲਾਟੀ ਦੇ ਘਰ ਬਟਾਲਾ ਜ਼ਿਲਾ ਗੁਰਦਾਸਪੁਰ ✪

ਆਦਿ ਨਿਰੰਜਣ ਅਕਲ ਕਲਧਾਰੀ, ਏਕਾ ਏਕ ਏਕੰਕਾਰਿਆ । ਨਿਰਗੁਣ ਜੋਤੀ ਜੋਤ ਉਜਿਆਰੀ, ਰੂਪ ਅਗੰਮ ਅਪਾਰਿਆ । ਪਾਰਬ੍ਰਹਮ ਪ੍ਰਭ ਖੇਲ ਨਿਆਰੀ, ਭੇਵ ਅਭੇਦ ਖੁਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾ ਰਿਹਾ । ਅਬਿਨਾਸ਼ੀ ਕਰਤਾ ਹਰਿ ਕਰਤਾਰ, ਏਕਾ ਰੂਪ ਸਮਾਈਆ । ਏਕਾ ਨੂਰ ਕਰ ਉਜਿਆਰ, ਏਕਾ ਡਗਮਗਾਈਆ । ਆਦਿਨ ਅੰਤਾ ਕਰ ਪਸਾਰ, ਆਪੇ ਵੇਖ ਵਖਾਈਆ । ਜੁਗਾ ਜੁਗੰਤਰ ਸਾਚੀ ਕਾਰ, ਹਰਿ ਸਾਚੇ ਆਪ ਕਰਾਈਆ । ਆਪ ਆਪਣੀ ਪਾਵੇ ਸਾਰ, ਘਰ ਸਾਚੇ ਬੇਪਰਵਾਹੀਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਵਖਾਈਆ । ਇਕ ਅਕੱਲਾ ਏਕਾ ਧਾਰ, ਏਕਾ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਰੂਪ ਵਟਾਈਆ । ਆਦਿ ਸ਼ਕਤ ਹਰਿ ਭਗਵਾਨਾ, ਹਰੀ ਹਰਿ ਹਰਿ ਆਪ ਅਖਵਾਇੰਦਾ । ਏਕਾ ਵਸਿਆ ਸਚ ਮਕਾਨਾ, ਘਰ ਸਾਚਾ ਆਪ ਸੁਹਾਇੰਦਾ । ਦੀਪਕ ਜੋਤ ਇਕ ਵਖਾਨਾ, ਇਕ ਪਰਕਾਸ਼ ਕਰਾਇੰਦਾ । ਦਾਤਾ ਦਾਨੀ ਗੁਣ ਨਿਧਾਨਾ, ਗਹਿਰ ਗੰਭੀਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਅਖਵਾਇੰਦਾ । ਆਦਿ ਅੰਤਾ ਹਰਿ ਭਗਵਾਨਾ, ਆਪਣੀ ਕਲ ਵਰਤਾਈਆ । ਖੇਲੇ ਖੇਲ ਦੋ ਜਹਾਨਾ, ਸ਼ਾਹੋ ਭੂਪ ਸਹਿਜ ਸੁਖਦਾਈਆ । ਆਪੇ ਪਾਏ ਆਪਣੀ ਆਣਾ, ਆਪਣੇ ਭਾਣੇ ਆਪ ਸਮਾਈਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਖੇਲ ਖਿਲਾਈਆ । ਖੇਲਣਹਾਰ ਹਰਿ ਸਮਰਥ, ਏਕਾ ਏਕ ਅਖਵਾਈਆ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਆਪ ਚਲਾਏ ਆਪਣਾ ਰਥ, ਰਥਵਾਹੀ ਆਪ ਅਖਵਾਈਆ । ਆਪੇ ਜਾਣੇ ਆਪਣੀ ਗਾਥ, ਆਪੇ ਰਾਗ ਅਲਾਈਆ । ਆਪ ਨਿਭਾਏ ਆਪਣਾ ਸਾਥ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਗੋਬਿੰਦ, ਏਕਾ ਰੰਗ ਰੰਗਾਈਆ । ਦਾਤਾ ਦਾਨੀ ਸਾਗਰ ਸਿੰਧ, ਘਰ ਆਸਣ ਲਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਚਿੰਦ, ਆਲਸ ਨਿੰਦਰਾ ਨਾ ਕੋਈ ਰਖਾਈਆ । ਨਾ ਕੋਈ ਮਾਤ ਪਿਤਾ ਉਪਜਾਏ ਬਿੰਦ, ਨਾ ਕੋਈ ਬਾਲਕ ਗੋਦ ਉਠਾਈਆ । ਆਪ ਆਪਣਾ ਬਣ ਬਖ਼ਸ਼ਿੰਦ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਨਿਰਗੁਣ ਰੂਪ ਪਾਰਬ੍ਰਹਮ, ਆਦਿ ਪੁਰਖ ਅਖਵਾਇਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਵੇਸ ਵਟਾਇਆ । ਆਪੇ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਅਖਵਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਰੂਪ ਵਟਾਇਆ । ਨਿਰਗੁਣ ਰੂਪ ਮੂਰਤ ਅਕਾਲ, ਏਕਾ ਅੰਕ ਸਮਾਈਆ । ਆਪੇ ਹੋਏ ਦੀਨ ਦਿਆਲ, ਦਇਆਨਿਧ ਵਡ ਵਡਿਆਈਆ । ਆਪ ਆਪਣਾ ਬਣ ਦਲਾਲ, ਆਪ ਆਪਣਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਏਕਾ ਏਕੰਕਾਰ, ਏਕਾ ਕਰਮ ਕਮਾਈਆ । ਏਕੰਕਾਰ ਪੁਰਖ ਅਬਿਨਾਸ਼ਾ, ਆਪਣੀ ਕਲ ਵਰਤਾਇੰਦਾ । ਆਪਣੇ ਮੰਦਰ ਕਰੇ ਵਾਸਾ, ਆਪੇ ਬਣਤ ਬਣਾਇੰਦਾ । ਆਪੇ ਸਾਹੋ ਭੂਪ ਰਾਜ ਰਾਜਾਨ ਸ਼ਾਹ ਸ਼ਬਾਸ਼ਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪਣੇ ਮੰਡਲ ਪਾਵੇ ਰਾਸਾ, ਥਾਨ ਥਨੰਤਰ ਆਪ ਸੁਹਾਇੰਦਾ । ਆਪੇ ਪ੍ਰਿਥਮੀ ਆਪੇ ਅਕਾਸ਼ਾ, ਗਗਨ ਗਗਨੰਤਰ ਆਪ ਸੁਹਾਇੰਦਾ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਵੇਖਣਹਾਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਹਰਿ, ਵੇਸ ਅਨੇਕਾ ਆਪ ਕਰਾਇੰਦਾ । ਵੇਸ ਅਨੇਕਾ ਹਰਿ ਹਰਿ ਜੋਤ, ਆਪਣੀ ਕਲ ਵਰਤਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਈ ਰਖਾਈਆ । ਸ਼ਬਦ ਨਗਾਰੇ ਲੱਗੇ ਚੋਟ, ਏਕਾ ਧੁਨ ਉਪਜਾਈਆ । ਆਪੇ ਵਸਿਆ ਕੋਟੀ ਕੋਟ, ਕੋਟਨ ਕੋਟੀ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣੇ ਰੰਗ ਸਮਾਈਆ । ਅੰਕ ਸਮਾਇਆ ਇਕ ਅਕੱਲਾ, ਏਕਾ ਘਰ ਸੁਹਾਇੰਦਾ । ਆਪੇ ਵਸਿਆ ਸਚ ਮਹੱਲਾ, ਘਰ ਸਾਚਾ ਆਪ ਉਪਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਆਪ ਆਪਣਾ ਆਸਣ ਲਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਆਪੇ ਹੁਕਮ ਅਲਾਇੰਦਾ । ਸ਼ਬਦ ਸੁਨੇਹੜਾ ਏਕਾ ਘੱਲਾ, ਏਕਾ ਡੰਕ ਵਜਾਇੰਦਾ । ਵਸਣਹਾਰਾ ਜਲਾਂ ਥਲਾਂ, ਘਟ ਘਟ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੁਗ ਜੁਗ ਧਾਰ ਹਰਿ ਕਰਤਾਰ, ਆਪਣੀ ਆਪ ਚਲਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਆਪੇ ਨਿਰਗੁਣ ਬੰਨੇ ਧਾਰ, ਆਪੇ ਸਰਗੁਣ ਸਗਲਾ ਸੰਗ ਰਖਾਇੰਦਾ । ਆਪੇ ਗੁਪਤ ਆਪੇ ਜਾਹਰ, ਬੰਦ ਕਿਵਾੜ ਮੁਖ ਛੁਪਾਇੰਦਾ । ਆਪੇ ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਨਾਉਂ ਰਖਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਭਰ ਭੰਡਾਰ, ਆਪੇ ਹਰਿ ਵਰਤਾਇੰਦਾ । ਇਕ ਇਕਾਂਤੀ ਖ਼ਬਰਦਾਰ, ਆਪ ਆਪਣੀ ਦਇਆ ਕਮਾਇੰਦਾ । ਮਾਰੇ ਝਾਕੀ ਸਰਬ ਸੰਸਾਰ, ਭੁੱਲਿਆ ਕੋਇ ਰਹਿਣ ਨਾ ਪਾਇੰਦਾ । ਦੇਵੇ ਬਾਕੀ ਅਪਰ ਅਪਾਰ, ਦੇਵਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਆਪ ਆਪਣਾ ਖੇਲ ਖਿਲਾਇੰਦਾ । ਹਰਿ ਭਗਵੰਤ ਹਰਿ ਵਡਿਆਈ, ਹਰਿ ਹਰਿ ਬੂਝ ਬੁਝਾਇੰਦਾ । ਹਰਿ ਜੋਤ ਹਰਿ ਰੁਸ਼ਨਾਈ, ਹਰਿ ਹਰਿ ਵੇਖ ਵਖਾਇੰਦਾ । ਹਰ ਘਰ ਹਰਿ ਬੈਠਾ ਆਸਣ ਲਾਈ, ਹਰਿ ਹਰਿ ਸੰਗ ਰਲਾਇੰਦਾ । ਹਰਿ ਹਰਿ ਹੁਕਮ ਰਿਹਾ ਚਲਾਈ, ਹਰੀ ਹਰਿ ਹਰਿ ਸੇਵ ਕਮਾਇੰਦਾ । ਹਰਿ ਹਰਿ ਬੈਠਾ ਬੇਪਰਵਾਹੀ, ਹਰਿ ਹਰਿ ਅਲਖ ਜਗਾਇੰਦਾ । ਹਰਿ ਹਰਿ ਕਰੇ ਸਚ ਨਿਆਈਂ, ਸਾਚਾ ਤਖ਼ਤ ਸੁਲਤਾਨ ਸੁਹਾਇੰਦਾ । ਹਰਿ ਹਰਿ ਵਸਿਆ ਥਾਉਂ ਥਾਈਂ, ਹਰਿ ਹਰਿ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਸਦਾ ਨਿਰਭੈ, ਏਕਾ ਰੂਪ ਸਮਾਈਆ । ਧਾਮ ਅਵੱਲੇ ਏਕਾ ਰਹੇ, ਥਿਰ ਘਰ ਆਸਣ ਲਾਈਆ ।

ਆਪ ਉਪਾਏ ਆਪੇ ਕਰੇ ਖੈ, ਆਪ ਆਪਣਾ ਮਾਰਗ ਲਾਈਆ । ਆਪਣਾ ਭਾਣਾ ਆਪੇ ਸਹੇ, ਆਪਣੇ ਭਾਣੇ ਸਰਬ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਇਕ ਰਘੁਰਾਈਆ । ਇਕ ਰਘੁਰਾਈ ਇਕ ਰਘੁਨਾਥ, ਏਕਾ ਰੂਪ ਸਮਾਇੰਦਾ । ਇਕ ਰਖਾਏ ਆਪਣਾ ਸਾਥ, ਏਕਾ ਸੰਗ ਨਿਭਾਇੰਦਾ । ਇਕ ਚਲਾਏ ਸਾਚਾ ਰਾਥ, ਏਕਾ ਵੇਖ ਵਖਾਇੰਦਾ । ਇਕ ਉਪਜਾਏ ਆਪਣੀ ਗਾਥ, ਏਕਾ ਢੋਲਾ ਗਾਇੰਦਾ । ਏਕਾ ਰੂਪ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਲੋਕਾਂ ਮੇਟ ਮਿਟਾਇੰਦਾ । ਏਕਾ ਲਹਿਣ ਦੇਣ ਚੁਕਾਏ ਮਸਤਕ ਮਾਥ, ਜੋਤ ਲਲਾਟੀ ਵੇਖ ਵਖਾਇੰਦਾ । ਏਕਾ ਉਤਾਰੇ ਆਪਣੇ ਘਾਟ, ਪਾਰ ਕਿਨਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਓਂਕਾਰਾ ਕਰ ਪਸਾਰਾ ਆਪ ਆਪਣਾ ਪੜਦਾ ਲਾਹਿੰਦਾ । ਆਪਣਾ ਪੜਦਾ ਆਪੇ ਖੋਲ੍ਹ, ਹਰਿ ਸ਼ਬਦ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਆਪੇ ਬੋਲ, ਆਪਣਾ ਨਾਅਰਾ ਲਾਈਆ । ਸਾਚੇ ਕੰਡੇ ਆਪੇ ਤੋਲ, ਤੋਲਣਹਾਰ ਆਪ ਅਖਵਾਈਆ । ਆਪਣੀ ਸ਼ਕਤੀ ਆਪੇ ਮੌਲ, ਫੁਲ ਫੁਲਵਾੜੀ ਆਪ ਉਗਾਈਆ । ਆਪ ਉਪਾਏ ਧਰਨੀ ਧੌਲ, ਧਰਤ ਧਵਲ ਆਪ ਸੁਹਾਈਆ । ਆਪੇ ਕਰੇ ਪੂਰਾ ਆਪਣਾ ਕੌਲ, ਭੁੱਲ ਕਦੇ ਨਾ ਜਾਈਆ । ਆਪੇ ਸੁੰਦਰ ਸਾਂਵਲ ਖੇਲੇ ਖੇਲ ਅਨਭੋਲ, ਭਗਵਨ ਜੋਤੀ ਨੂਰ ਰੁਸ਼ਨਾਈਆ । ਰਾਮ ਰਾਮਾ ਸਦਾ ਅਡੋਲ, ਅਡੋਲ ਅਡੋਲ ਅਖਵਾਈਆ । ਆਪੇ ਲੱਖ ਚੁਰਾਸੀ ਕਰੇ ਘੋਲ, ਆਪੇ ਸੁੱਤਾ ਸੇਜ ਵਿਛਾਈਆ । ਆਪੇ ਘਟ ਘਟ ਪੜਦੇ ਰਿਹਾ ਫੋਲ, ਬੰਦ ਕਿਵਾੜਾ ਆਪ ਕਰਾਈਆ । ਆਪੇ ਜੁਗ ਜੁਗ ਵਜਾਏ ਆਪਣਾ ਢੋਲ, ਡੌਰੂ ਡੰਕਾ ਇਕ ਵਜਾਈਆ । ਆਪੇ ਕੂੜ ਕੁੜਿਆਰਾ ਕੱਢੇ ਪੋਲ, ਅੰਦਰ ਮੰਦਰ ਖੋਜ ਖੋਜਾਈਆ । ਆਪੇ ਹੋਏ ਕਲਾ ਸੋਲ, ਆਪੇ ਨਿਰਧਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਪਣੀ ਰਚਨਾ ਆਪੇ ਰਚ, ਆਪੇ ਵੇਖ ਵਖਾਇੰਦਾ । ਸ਼ਬਦ ਉਪਾਇਆ ਸਾਚੋ ਸਚ, ਸ਼ਬਦੀ ਬਣਤ ਰਖਾਇੰਦਾ । ਲੋਆਂ ਪੁਰੀਆਂ ਆਪੇ ਨੱਚ, ਆਪਣਾ ਰਾਗ ਸੁਣਾਇੰਦਾ । ਆਪ ਉਪਾਏ ਕਾਇਆ ਮਾਟੀ ਭਾਂਡਾ ਕੱਚ, ਪੰਚਮ ਜੋੜ ਜੁੜਾਇੰਦਾ । ਆਪ ਤ੍ਰੈਗੁਣ ਅੰਦਰ ਗਿਆ ਰਚ, ਆਪ ਆਪਣਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਧਰਾਇੰਦਾ । ਵੇਸ ਅਨੇਕਾ ਹਰਿ ਨਿਰੰਕਾਰ, ਜੁਗ ਜੁਗ ਆਪ ਕਰਾਇੰਦਾ । ਬ੍ਰਹਮਾ ਬ੍ਰਹਮ ਪਾਵੇ ਸਾਰ, ਪਾਰਬ੍ਰਹਮ ਰੂਪ ਵਟਾਇੰਦਾ । ਵਿਸ਼ਨੂੰ ਵੰਸੀ ਇਕ ਆਧਾਰ, ਏਕਾ ਰੰਗ ਰੰਗਾਇੰਦਾ । ਅੰਮ੍ਰਿਤ ਭਰਿਆ ਹਰਿ ਭੰਡਾਰ, ਸਾਚਾ ਤਾਲ ਸੁਹਾਇੰਦਾ । ਸ਼ਿਵ ਸ਼ੰਕਰ ਕਰ ਇਕ ਪਿਆਰ, ਭੋਲੇ ਨਾਥ ਗਲੇ ਲਗਾਇੰਦਾ । ਬਾਸ਼ਕ ਤਸ਼ਕਾ ਪਾਇਆ ਹਾਰ, ਹੱਥ ਤ੍ਰਿਸੂਲ ਫੜਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਆਪ ਆਪਣਾ ਸੰਗ ਨਿਭਾਇੰਦਾ । ਰੂਪ ਰੰਗ ਨਾ ਕੋਇ ਸੰਸਾਰ, ਦਿਸ ਕਿਸੇ ਨਾ ਆਇੰਦਾ । ਦਾਤਾ ਸੂਰਾ ਸਰਬੰਗ ਹਰਿ ਸਿਰਜਣਹਾਰ, ਸਮਰਥ ਪੁਰਖ ਅਖਵਾਇੰਦਾ । ਵੇਦ ਕਤੇਬ ਨਾ ਪਾਇਣ ਸਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਰਾਗ ਨਾਦ ਨਾ ਸਕੇ ਉਚਾਰ, ਗਾ ਗਾ ਸੀਸ ਝੁਕਾਇੰਦਾ । ਪਾਰਬ੍ਰਹਮ ਅਪਰੰਪਰ ਆਪ ਬੇਐਬ ਖ਼ੁਦਾਈ ਪਰਵਰਦਿਗਾਰ, ਨੂਰੋ ਨੂਰ ਸਮਾਇੰਦਾ । ਨੂਰ ਉਜਾਲਾ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਉਪਾਇਆ । ਜਗੇ ਜੋਤ ਆਦਿ ਪੁਰਖ ਨਿਰੰਜਣਾ, ਪਾਰਬ੍ਰਹਮ ਪ੍ਰਭ ਵੇਖ ਵਖਾਇਆ । ਮੀਤ ਮੁਰਾਰਾ ਸਾਚਾ ਸੱਜਣਾ,

ਸਾਚਾ ਸਤਿਗੁਰ ਨਾਉਂ ਰਖਾਇਆ । ਆਦਿ ਜੁਗਾਦੀ ਆਪਣਾ ਆਪੇ ਪੜਦਾ ਕਜਨਾ, ਆਪੇ ਦਏ ਲਾਇਆ । ਲੱਖ ਚੁਰਾਸੀ ਜੋ ਘੜਿਆ ਸੋ ਭੱਜਣਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਰਹਿਣ ਨਾ ਪਾਇਆ । ਆਪ ਆਪਣਾ ਸਭ ਨੇ ਤਜਣਾ, ਹਰਿ ਸਾਚੇ ਭੇਵ ਨਾ ਰਾਇਆ । ਏਕਾ ਸ਼ਬਦ ਹਰਿ ਹਰਿ ਆਦਿ ਜੁਗਾਦਿ ਗੱਜਣਾ, ਨਾ ਮਰੇ ਨਾ ਜਾਇਆ । ਦਰਗਹਿ ਸਾਚੀ ਤਾਲਾ ਕਦੇ ਨਾ ਵੱਜਣਾ, ਘਰ ਬੈਠਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪੇ ਕਰ, ਆਪ ਆਪਣਾ ਵੇਖ ਵਖਾਇਆ । ਨਿਰਗੁਣ ਧਾਰ ਜੋਤ ਨਿਰੰਕਾਰੀ, ਹਰਿ ਹਰਿ ਆਪ ਉਪਾਈਆ । ਆਪੇ ਕਰੇ ਹਿਤ ਹਿਤਕਾਰੀ, ਨਿਤ ਨਵਿਤ ਮੇਲ ਮਿਲਾਈਆ । ਅਬਿਨਾਸ਼ੀ ਅਚੁੱਤ ਪਹਿਰੇਦਾਰੀ, ਸੇਵਕ ਸੇਵਾ ਰਿਹਾ ਕਮਾਈਆ । ਨਾ ਕੋਈ ਪੰਜ ਤੱਤ ਦਿਸੇ ਬੁੱਤ, ਨਾ ਕੋਈ ਕਾਇਆ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਜੁਗ ਕਰਤਾ ਨਾਉਂ ਰਖਾਈਆ । ਜੁਗ ਜੁਗ ਕਰਤਾ ਹਰਿ ਕਰਤਾਰਾ, ਕਰਨਹਾਰ ਅਖਵਾਇਆ । ਆਪ ਆਪਣਾ ਲੈ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇਆ । ਸ਼ਬਦੀ ਸ਼ਬਦ ਭਰ ਭੰਡਾਰਾ, ਲੋਕਮਾਤ ਆਪ ਧਰਾਇਆ । ਆਪੇ ਬਣੇ ਆਪ ਵਰਤਾਰਾ, ਆਪੇ ਰਿਹਾ ਵਰਤਾਇਆ । ਜਨ ਭਗਤਾਂ ਕਰਾਏ ਵਣਜ ਵਪਾਰਾ, ਆਤਮ ਅੰਤਰ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਰਗੁਣ ਕਰ, ਸਰਗੁਣ ਸਾਚਾ ਲਏ ਉਪਜਾਇਆ । ਨਿਰਗੁਣ ਜੋਤੀ ਸਰਗੁਣ ਧਾਰ, ਹਰਿ ਸਾਚੇ ਆਪ ਟਿਕਾਈਆ । ਸਰਗੁਣ ਮੇਲਾ ਹਰਿ ਕਰਤਾਰ, ਏਕਾ ਰੰਗ ਰੰਗਾਈਆ । ਸ਼ਬਦ ਵਿਚੋਲਾ ਵਿਚ ਸੰਸਾਰ, ਏਕਾ ਏਕ ਉਪਾਈਆ । ਵਰਨਾਂ ਬਰਨਾਂ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਜਣਾਈਆ । ਹਰਿਜਨ ਸਾਚੇ ਲਏ ਉਭਾਰ, ਆਪ ਆਪਣੇ ਲਏ ਉਠਾਈਆ । ਕਰੇ ਕਰਾਏ ਖ਼ਬਰਦਾਰ, ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੇਲਾ ਸਹਿਜ ਸੁਭਾਈਆ । ਸਰਗੁਣ ਮੇਲਾ ਹਰਿ ਅਵਤਾਰਾ, ਗੁਰ ਗੁਰ ਆਪ ਅਖਵਾਇੰਦਾ । ਪੰਜ ਤੱਤ ਕਰ ਪਿਆਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਅੰਦਰ ਮੰਦਰ ਤਾਲ ਵਜਾਇੰਦਾ । ਅਨਹਦ ਸੇਵਕ ਸੇਵਾਦਾਰਾ, ਸਾਚੀ ਸੇਵ ਕਮਾਇੰਦਾ । ਜੋਤ ਨਿਰੰਜਣ ਕਰ ਪਿਆਰਾ, ਦੀਪਕ ਇਕ ਰਖਾਇੰਦਾ । ਅੰਮ੍ਰਿਤ ਦੇਵੇ ਠੰਡੀ ਠਾਰਾ, ਸਾਂਤਕ ਸਤਿ ਵਰਤਾਇੰਦਾ । ਸਤਿਗੁਰ ਪੂਰਾ ਹੋ ਤਿਆਰਾ, ਸਾਚਾ ਵੇਸ ਵਟਾਇੰਦਾ । ਹਉਮੇ ਹੰਗਤਾ ਤੋੜ ਗੜ੍ਹ ਹੰਕਾਰਾ, ਮਾਇਆ ਮਮਤਾ ਮੋਹ ਚੁਕਾਇੰਦਾ । ਆਸਾ ਤ੍ਰਿਸਨਾ ਪਾਰ ਕਿਨਾਰਾ, ਸਾਚਾ ਹਿੱਸਾ ਨਾਮ ਵੰਡਾਇੰਦਾ । ਆਪਣਾ ਨੇਤਰ ਇਕ ਉਘਾੜਾ, ਇਕ ਗਿਆਨ ਦ੍ਰਿੜਾਇੰਦਾ । ਸਾਚਾ ਵੇਖੇ ਧਰਮ ਅਖਾੜਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਭੇਵ ਭੇਦ ਨਾ ਰਾਇਆ । ਆਪ ਉਠਾਏ ਸਾਚੇ ਸੰਤਾ, ਸਚ ਰੂਪ ਦਰਸਾਇਆ । ਮੇਲ ਮਿਲਾਵਾ ਨਾਰੀ ਕੰਤਾ, ਸਾਚੀ ਸੇਜ ਸੁਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇਆ । ਮੂਲ ਚੁਕਾਏ ਹਉਮੇ ਹੰਗਤਾ, ਨੀਚੋ ਨੀਚ ਅਖਵਾਇਆ । ਲੇਖੇ ਲਾਏ ਭੁੱਖਾ ਨੰਗਤਾ, ਨਾਮ ਧੰਨ ਖ਼ਜ਼ਾਨਾ ਝੋਲੀ ਦਏ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣਾ ਵੇਸ ਕਰ, ਦਰ ਦਰਵੇਸ਼ ਭਗਤ ਦਵਾਰ ਬਣ ਭਿਖਾਰੀ ਆਪ ਅਖਵਾਇਆ । ਜਗਤ ਭਿਖਾਰੀ ਹਰਿ

ਨਿਰੰਕਾਰਾ, ਆਪਣਾ ਰੂਪ ਵਟਾਇੰਦਾ । ਜਨ ਭਗਤ ਮੰਗੇ ਇਕ ਦਵਾਰਾ, ਆਪਣੀ ਅਲਖ ਜਗਾਇੰਦਾ । ਪਾਰ ਕਰਾਏ ਦੁਸ਼ਟ ਦੁਰਾਚਾਰਾ, ਦੂਰ ਦੁਰਾਡਾ ਨੇੜੇ ਆਇੰਦਾ । ਖੜਗ ਖੰਡਾ ਤੇਜ਼ ਕਟਾਰਾ, ਸ਼ਬਦ ਸ਼ਬਦੀ ਹੱਥ ਉਠਾਇੰਦਾ । ਬ੍ਰਹਿਮੰਡਾਂ ਪਾਵਣਹਾਰਾ ਸਾਰਾ, ਜੇਰਜ ਅੰਡਾਂ ਫੋਲ ਫੋਲਾਇੰਦਾ । ਭੇਖ ਪਖੰਡਾ ਕਰ ਖ਼ੁਆਰਾ, ਨਾਮ ਡੰਡਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਆਪੇ ਕਰ, ਆਪ ਆਪਣੀ ਖੇਲ ਖਲਾਇੰਦਾ । ਸਤਿਜੁਗ ਤ੍ਰੇਤਾ ਖੇਲਿਆ ਖੇਲ, ਹਰਿ ਸਾਚਾ ਚਲਤ ਚਲਾਇੰਦਾ । ਭਗਤਾਂ ਸੰਤਾਂ ਕਰ ਕਰ ਮੇਲ, ਲੋਕਮਾਤ ਰਾਹ ਵਖਾਇੰਦਾ । ਦਰ ਘਰ ਸਾਚੇ ਚਾੜ੍ਹੇ ਤੇਲ, ਸਾਚਾ ਸਗਨ ਮਨਾਇੰਦਾ । ਮੇਲ ਮਿਲਾਵਾ ਸੱਜਣ ਸੁਹੇਲ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਰੰਗ ਰੰਗਣਹਾਰਾ ਆਪਣਾ ਰੰਗ ਰੰਗਾਈਆ । ਜਨ ਭਗਤਾਂ ਦਰ ਦਵਾਰਾ, ਮੰਗਣਹਾਰਾ ਆਪਣਾ ਫੇਰਾ ਆਪੇ ਪਾਈਆ । ਊਚਾਂ ਨੀਚਾਂ ਵਿਚ ਨਾ ਸੰਗਣਹਾਰਾ, ਗ਼ਰੀਬ ਨਿਮਾਣਿਆ ਵੇਖ ਵਖਾਈਆ । ਚਿੱਟੇ ਅਸਵ ਤੰਗ ਕਸਣਹਾਰਾ, ਸ਼ਾਹ ਸਵਾਰਾ ਵਡ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਰਾਂ ਹੇਠ ਝੱਸਣਹਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਹਿਰਦੇ ਅੰਦਰ ਮੰਦਰ ਬਹਿ ਬਹਿ ਹੱਸਣ ਵਾਲਾ, ਸਾਚਾ ਸਗਨ ਮਨਾਈਆ । ਤੀਰ ਨਿਰਾਲਾ ਕਸਣ ਵਾਲਾ, ਏਕਾ ਚਿੱਲਾ ਨਾਮ ਉਠਾਈਆ । ਜੁਗ ਜੁਗ ਆਪਣਾ ਰਾਹ ਦੱਸਣਹਾਰਾ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਹਰ ਘਟ ਹਰਿ ਹਰਿ ਵਸਣ ਵਾਲਾ, ਹਰਿ ਹਰਿ ਬੈਠਾ ਸਰਬ ਭੁਲਾਈਆ । ਦੋ ਜਹਾਨਾਂ ਦਰਗਹਿ ਸਾਚੀ ਸੁਨਣ ਵਾਲਾ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ ਸਤਿਜੁਗ ਤ੍ਰੇਤਾ ਦੁਆਪਰ ਆਪਣੇ ਅੰਕ ਸਮਾਈਆ । ਤ੍ਰੈ ਤ੍ਰੈ ਜੁਗ ਅੰਗ ਸਮਾ, ਅੰਗੀਕਾਰ ਅਖਵਾਇਆ । ਚੌਥਾ ਚੌਥਾ ਮਾਤ ਧਰਾ, ਘਰ ਚੌਥੇ ਵੇਖ ਵਖਾਇਆ । ਕੂੜ ਕੁੜਿਆਰਾ ਨਾਲ ਰਲਾ, ਲੋਕਮਾਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਕਰਮ ਕਮਾਇਆ । ਕਲਜੁਗ ਕੂੜਾ ਜਗਤ ਬਲਵਾਨ, ਆਪ ਆਪਣਾ ਵੇਖ ਵਖਾਇੰਦਾ । ਆਪਣਾ ਫੜ ਹੱਥ ਨਿਸ਼ਾਨ, ਚਾਰੋਂ ਕੁੰਟ ਫਿਰਾਇੰਦਾ । ਕਿਸੇ ਦਰ ਨਾ ਦਿਸੇ ਕੋਇ ਗਿਆਨ, ਧਿਆਨੀ ਧਿਆਨ ਨਾ ਕੋਇ ਜਣਾਇੰਦਾ । ਅੰਦਰ ਮੰਦਰ ਨਾ ਕੋਇ ਧੁਨਕਾਨ, ਸਾਚਾ ਰਾਗ ਨਾ ਕੋਈ ਸੁਣਾਇੰਦਾ । ਦਿਵਸ ਰੈਣ ਪੀਣ ਖਾਣ, ਆਤਮ ਤ੍ਰਿਖ ਨਾ ਕੋਇ ਬੁਝਾਇੰਦਾ । ਨਾਦ ਸੰਖ ਸਰਬ ਵਜਾਇਣ, ਆਤਮ ਨਾਦ ਨਾ ਕੋਇ ਵਜਾਇੰਦਾ । ਜਗਤ ਚਲਾਈ ਸਰਬ ਦੁਕਾਨ, ਨਾਮ ਧਨ ਨਾ ਕੋਇ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਵੇਸਾ ਧਾਰੀ ਭੇਖ ਵਟਾਇੰਦਾ । ਭੇਖ ਵਟੰਤਾ ਆਦਿ ਪੁਰਖ ਅਬਿਨਾਸ਼ਾ, ਕਲਜੁਗ ਰੂਪ ਵਟਾਇਆ । ਨੌ ਸੱਤ ਵੇਖੇ ਨੌ ਨੌ ਤਮਾਸ਼ਾ, ਨੌ ਨੌ ਰੰਗ ਰੰਗਾਇਆ । ਸਤਿ ਸਤਿ ਕਰੇ ਭੋਗ ਬਿਲਾਸਾ, ਭਵ ਸਾਗਰ ਇਕ ਵਖਾਇਆ । ਜੂਠ ਝੂਠ ਭਰਿਆ ਕਾਸਾ, ਜਗਤ ਪਿਆਲਾ ਹੱਥ ਫੜਾਇਆ । ਗੁਰਮੁਖ ਵਿਰਲਾ ਰਸਨਾ ਨਾਮ ਜਪੇ ਸਵਾਸ ਸਵਾਸਾ, ਜਿਸ ਜਨ ਆਪਣੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਲੇਖਾ ਲਿਖ, ਹਰਿ ਸਾਚਾ ਰਚਨ ਰਚਾਇੰਦਾ । ਆਪੇ ਪਾਵਣਹਾਰਾ ਭਿਖ, ਆਪੇ ਮੂਲ ਚੁਕਾਇੰਦਾ । ਜਗਤ ਨੇਤਰ ਨਾ ਰਿਹਾ ਦਿਸ, ਗਿਆਨ ਨੇਤਰ ਬੰਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ,

੨੧੨
੦੮

ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਜੋਤ ਜਗਾਇੰਦਾ । ਏਕਾ ਜੋਤ ਹਰਿ ਅਵੱਲੜੀ, ਏਕਾ ਕਲ ਵਰਤਾਈਆ । ਰਾਮ ਰਾਮਾ ਵੇਸ ਹਰੀ, ਹਰਿ ਕ੍ਰਿਸ਼ਨਾ ਰੂਪ ਵਟਾਈਆ । ਖੇਲੇ ਖੇਲ ਅਪਰ ਅਪਾਰ ਆਦਿ ਜੁਗਾਦਿ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਚੁਕਾਈਆ । ਕਲਜੁਗ ਅੰਤਮ ਲੇਖ ਚੁਕੌਣਾ, ਹਰਿ ਸਾਚਾ ਸਚ ਵਰਤਾਇੰਦਾ । ਨਾਮ ਸਤਿ ਸਤਿ ਵਰਤੌਣਾ, ਸਾਂਤਕ ਸਤਿ ਜਣਾਇੰਦਾ । ਜੂਠਾ ਝੂਠਾ ਭੇਖ ਮਟੌਣਾ, ਕੂੜੀ ਕਿਰਿਆ ਵੇਖ ਵਖਾਇੰਦਾ । ਊਚਾਂ ਨੀਚਾਂ ਅੰਗ ਲਗੌਣਾ, ਏਕਾ ਧਾਮ ਸੁਹਾਇੰਦਾ । ਵਰਨ ਬਰਨ ਇਕ ਕਰੌਣਾ, ਏਕਾ ਰਾਗ ਸੁਣਾਇੰਦਾ । ਰਾਜਾ ਰਾਣਾ ਤਖ਼ਤੋਂ ਲੌਹਣਾ, ਸ਼ਾਹ ਸੁਲਤਾਨ ਨਾ ਕੋਇ ਅਖਵਾਇੰਦਾ । ਮਾਇਆਧਾਰੀ ਖ਼ਾਕ ਮਿਲੌਣਾ, ਕਲਜੁਗ ਪੂਰਾ ਤੋਲ ਤੁਲਾਇੰਦਾ । ਗਊ ਗ਼ਰੀਬਾਂ ਗਲੇ ਲਗੌਣਾ, ਗੁਰ ਗੋਬਿੰਦ ਵੇਸ ਵਟਾਇੰਦਾ । ਨਾਨਕ ਤੋਲਾ ਇਕ ਬਣੌਣਾ, ਤੇਰਾਂ ਤੇਰਾਂ ਧਾਰ ਚਲਾਇੰਦਾ । ਰਾਮ ਰਾਮਾ ਹਰਿ ਨਜ਼ਰੀ ਆਉਣਾ, ਸੀਤਾ ਸੁਰਤੀ ਆਪ ਪਰਨਾਇੰਦਾ । ਕਾਹਨਾ ਕ੍ਰਿਸ਼ਨਾ ਨਾਮ ਵਖੌਣਾ, ਨਾਮ ਬੰਸਰੀ ਇਕ ਵਜਾਇੰਦਾ । ਸਾਚੀ ਸਖੀਆਂ ਨਾਚ ਕਰੌਣਾ, ਗੁਰਮੁਖ ਸਾਚੇ ਆਪ ਨਚਾਇੰਦਾ । ਐਨਲਹੱਕ ਨਾਅਰਾ ਲਾਉਣਾ, ਮੁਕਾਮੇ ਹੱਕ ਆਪ ਸਮਾਇੰਦਾ । ਸਤਿਗੁਰ ਨਾਨਕ ਨਿਰਗੁਣ ਰੂਪ ਜੋਤ ਜਗੌਣਾ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਖੰਡਾ ਹੱਥ ਉਠੌਣਾ, ਤਿਖੀ ਧਾਰ ਰਖਾਇੰਦਾ । ਗੋਬਿੰਦ ਸੂਰਾ ਨਾਲ ਰਲੌਣਾ, ਹਰਿ ਸਾਚੀ ਬਣਤ ਬਣਾਇੰਦਾ । ਚਾਰ ਯਾਰੀ ਵੇਖ ਵਖੌਣਾ, ਪੰਚਮ ਰੰਗ ਰੰਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠੌਣਾ, ਸੋਇਆ ਕੋਈ ਰਹਿਣ ਨਾ ਪਾਇੰਦਾ । ਪੰਡਤ ਪਾਂਧੇ ਭੇਵ ਖਲੌਣਾ, ਹਰਿ ਸਾਚਾ ਰਾਹ ਤਕਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਹਿਲੌਣਾ, ਏਕਾ ਹੁਕਮ ਜਣਾਇੰਦਾ । ਸਾਚੀ ਸਿਖਿਆ ਇਕ ਸਮਝੌਣਾ, ਸਿਖੀ ਸਿਖਿਆ ਵਿਚ ਟਿਕਾਇੰਦਾ । ਦਰ ਘਰ ਸਾਚਾ ਇਕ ਸੁਹੌਣਾ, ਸਾਚਾ ਤਾਲ ਰਖਾਇੰਦਾ । ਸ਼ਾਹ ਸੁਲਤਾਨਾ ਮੇਲ ਮਿਲੌਣਾ, ਰਾਜ ਰਾਜਾਨਾਂ ਵੇਸ ਵਟਾਇੰਦਾ । ਚਾਰ ਵਰਨ ਅਠਾਰਾਂ ਬਰਨਾਂ ਏਕਾ ਧਾਮ ਬਹੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪ੍ਰਭ ਕਾ ਹੁਕਮ ਨਾ ਕਿਸੇ ਮਿਟੌਣਾ, ਲਿਖਣਹਾਰਾ ਆਪ ਅਖਵਾਇੰਦਾ । ਸ਼ਬਦ ਡੰਕਾ ਇਕ ਵਜੌਣਾ, ਏਕਾ ਰਾਗ ਅਲਾਇੰਦਾ । ਬੀਸ ਬੀਸਾ ਹਰਿ ਅਖਵਾਉਣਾ, ਜਗਤ ਜਗਦੀਸਾ ਨਾਉਂ ਧਰਾਇੰਦਾ । ਬੰਸ ਬੰਸਾ ਲੇਖੇ ਲਾਉਣਾ, ਆਪ ਆਪਣਾ ਵੇਖ ਵਖਾਇੰਦਾ । ਇਕ ਇਕੀਸਾ ਖੇਲ ਖਲੌਣਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਸ਼ਬਦ ਹਦੀਸਾ ਇਕ ਪੜ੍ਹੌਣਾ, ਏਕਾ ਆਇਤ ਬਣਾਇੰਦਾ । ਵੇਦ ਕਤੇਬਾ ਰੰਗ ਰੰਗੌਣਾ, ਸ਼ਾਸਤਰ ਸਿਮਰਤ ਫੋਲ ਫੁਲਾਇੰਦਾ । ਸਭ ਤੋਂ ਬਾਹਰ ਆਪ ਅਖਵਾਉਣਾ, ਦਿਸ ਕਿਸੇ ਨਾ ਆਇੰਦਾ । ਅਕਾਲ ਮੂਰਤ ਨਜ਼ਰੀ ਆਉਣਾ, ਆਪ ਆਪਣਾ ਰੂਪ ਵਟਾਇੰਦਾ । ਜੂਨੀ ਰਹਿਤ ਖੇਲ ਖਿਲਾਉਣਾ, ਖੇਲਣਹਾਰ ਭੇਵ ਨਾ ਪਾਇੰਦਾ । ਨਾਮ ਸਤਿ ਸਤਿ ਵਰਤੌਣਾ, ਸਾਚੀ ਵਸਤ ਇਕ ਵਖਾਇੰਦਾ । ਕੱਖੋ ਕੱਖ ਹਰਿ ਲੱਖ ਬਣੌਣਾ, ਕਰੋੜੀ ਖ਼ਾਕ ਮਿਲਾਇੰਦਾ । ਜੋਗੀ ਜਤੀਏ ਹਠੀਏ ਤਪੀਏ ਵੇਖ ਵਖੌਣਾ, ਵੇਖਣਹਾਰਾ ਆਪ ਹੋ ਜਾਇੰਦਾ । ਗੰਗਾ ਗੋਦਾਵਰੀ ਅਠਸਠ ਤੀਰਥ ਜਲ ਜਲ ਧਾਰ ਆਪਣੇ ਵਿਚ ਟਿਕਾਉਣਾ, ਸਰ ਸਰੋਵਰ ਆਪ ਅਖਵਾਇੰਦਾ । ਤਿਲਕ ਰਾਜ ਜੋਗ ਹਰਿ ਸਾਚੇ ਇਕ ਬਣੌਣਾ, ਏਕਾ ਹੁਕਮ ਸੁਣਾਇੰਦਾ । ਸੱਤ ਰੰਗ ਨਿਸ਼ਾਨਾ ਆਪ ਚੜ੍ਹਾਉਣਾ, ਰਾਸ਼ਟਰਪਤ ਸੇਵਾ ਲਾਇੰਦਾ । ਭਰਮ ਭੁਲੇਖਾ ਸਰਬ ਕਢੌਣਾ, ਸੰਮਤ ਸੰਮਤੀ ਆਪ ਚਲਾਇੰਦਾ । ਹਰਿਜਨ ਸਾਚੇ ਮੇਲ ਮਿਲਾਉਣਾ, ਹਿੰਦੂ ਮੁਸਲਮ

ਸਿਖ ਈਸਾਈ ਨਾ ਕੋਈ ਵੰਡ ਵੰਡਾਇੰਦਾ । ਜੋ ਜਨ ਰਸਨਾ ਹਰਿ ਹਰਿ ਰਹੇ ਗਾਈ, ਹਰਿ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਵੇਖ ਵਖਾਈਆ । ਆਪ ਉਤਾਰੇ ਅੰਤ ਕਿਨਾਰ, ਏਕਾ ਘਰ ਸੁਹਾਈਆ । ਸਤਿਜੁਗ ਸਾਚਾ ਕਰ ਤਿਆਰ, ਲੋਕਮਾਤ ਕਰੇ ਕੁੜਮਾਈਆ । ਦੇਵੇ ਵਸਤ ਇਕ ਅਪਾਰ, ਸਚ ਭੰਡਾਰ ਸ਼ਬਦ ਭਰਾਈਆ । ਸੋ ਪੁਰਖ ਨਿਰੰਜਣ ਆਪ ਕਰਤਾਰ, ਕਾਦਰ ਕਰਤਾ ਆਪ ਅਖਵਾਈਆ । ਹੰ ਬ੍ਰਹਮ ਇਕ ਵਿਚਾਰ, ਏਕਾ ਰੂਪ ਰਖਾਈਆ । ਓਅੰ ਸੋਹੰ ਸੋਇਮ ਰੂਪ ਨਿਰਾਕਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਸਤਿ ਪੁਰਖ ਵੱਡੀ ਵਡਿਆਈਆ ।

## ✪ ੨੯ ਮਾਘ ੨੦੧੫ ਬਿਕ੍ਰਮੀ ਅਜੀਤ ਸਿੰਘ ਦੇ ਘਰ ਦਇਆ ਹੋਈ ਬਟਾਲਾ ਜ਼ਿਲਾ ਗੁਰਦਾਸਪੁਰ ✪

ਖ਼ੁਦਾਈ ਨੂਰ ਅਲਾ, ਨੂਰ ਇਲਾਹੀਆ । ਬੇਐਬ ਪਰਵਰਦਿਗਾਰ ਖ਼ੁਦਾ, ਸਿਫ਼ਤ ਸਾਲਾਹੀਆ । ਪਾਰਬ੍ਰਹਮ ਨੂਰ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਪੁਰਖ ਅਕਾਲ ਏਕਾ ਨਾਂ, ਏਕਾ ਰੂਪ ਸਮਾਈਆ । ਆਦਿ ਜੁਗਾਦੀ ਵਸਣ ਏਕਾ ਥਾਂ, ਦੂਸਰ ਵੰਡ ਨਾ ਕੋਇ ਵੰਡਾਈਆ । ਸਾਚੇ ਘਰ ਸਚ ਨਿਆ, ਕਾਦਰ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਆਪ ਸਮਾਈਆ । ਨੂਰ ਅਲਾਹੀ ਬੇਐਬ ਪਰਵਰਦਿਗਾਰ, ਪਾਰਬ੍ਰਹਮ ਅਖਵਾਇਆ । ਏਕਾ ਵਸੇ ਧਾਮ ਨਿਆਰ, ਦਰਗਹਿ ਸਾਚੀ ਡੇਰਾ ਲਾਇਆ । ਰੂਪ ਰੰਗ ਅਪਰ ਅਪਾਰ, ਆਪ ਆਪਣਾ ਵੇਖ ਵਖਾਇਆ । ਨਾ ਕੋਈ ਦੂਸਰ ਹੋਰ ਅਕਾਰ, ਨਿਰਾਕਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾਇਆ । ਨੂਰੋ ਨੂਰ ਹਰਿ ਨਿਰੰਕਾਰ, ਏਕਾ ਏਕ ਅਖਵਾਈਆ । ਏਕਾ ਸ਼ਬਦ ਇਕ ਧੁਨਕਾਰ, ਏਕਾ ਰਿਹਾ ਸੁਣਾਈਆ । ਏਕਾ ਹੁਕਮ ਅਪਰ ਅਪਾਰ, ਆਪ ਆਪਣਾ ਆਪ ਉਪਾਈਆ । ਸਖਾ ਸਖਾਈ ਸਾਚਾ ਯਾਰ, ਸਾਚੀ ਵਸਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਏਕ ਵਡਿਆਈਆ । ਇਕ ਅਕੱਲਾ ਹਰਿ ਖ਼ੁਦਾ, ਖ਼ੁਦੀ ਵਿਚ ਕਦੇ ਨਾ ਆਇੰਦਾ । ਇਕ ਲਗਾਏ ਆਪਣੀ ਸਦਾ, ਇਕ ਅਵਾਜ਼ ਸੁਣਾਇੰਦਾ । ਆਦਿ ਜੁਗਾਦਿ ਨਾ ਹੋਏ ਜੁਦਾ, ਹਰਿ ਅੰਗ ਅੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਨੂਰ ਡਗਮਗਾਇੰਦਾ । ਨੂਰੋ ਨੂਰ ਹਰਿ ਨਿਰੰਕਾਰ, ਨਿਰਗੁਣ ਆਪ ਅਖਵਾਇਆ । ਆਪ ਆਪਣਾ ਕਰ ਉਜਿਆਰ, ਆਪੇ ਵੇਖ ਵਖਾਇਆ । ਆਪੇ ਨਾਮ ਸੱਚੀ ਧੁਨ ਜੈਕਾਰ, ਆਪੇ ਨਾਅਰਾ ਲਾਇਆ । ਆਪੇ ਮੁਕਾਮੇ ਹੱਕ ਮੀਤ ਮੁਰਾਰ, ਸਚਖੰਡ ਦਵਾਰ ਆਪ ਸੁਹਾਇਆ । ਹੱਕ ਹਕੀਕਤ ਆਪੇ ਪਾਵੇ ਸਾਰ, ਦਰ ਘਰ ਆਪੇ ਵੇਖ ਵਖਾਇਆ । ਲਾਸ਼ਰੀਕ ਮੀਤ ਮੁਰਾਰ, ਪੁਰਖ ਕਰਤਾਰ ਆਪ ਅਖਵਾਇਆ । ਏਕਾ ਜਾਣੇ ਆਪਣੀ ਕਾਰ, ਏਕਾ ਵੇਖ ਵਖਾਇਆ । ਏਕਾ ਰੂਪ ਅਗੰਮ ਅਪਾਰ, ਭੇਵ ਕੋਇ ਨਾ ਆਇਆ । ਰਵ ਸਸ ਕਰ ਉਜਿਆਰ, ਆਪ ਆਪਣਾ ਵਿਚ ਟਿਕਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਸਾਚੀ ਗਣਤ ਗਣਾਇਆ । ਚੌਦਾਂ ਤਬਕਾਂ ਕਰ ਉਜਿਆਰ, ਆਪ ਆਪਣਾ ਬੰਧਨ

ਪਾਇਆ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਨੂਰੋ ਨੂਰ ਹਰਿ ਰਹਿਮਾਨ, ਏਕਾ ਏਕ ਅਖਵਾਇੰਦਾ । ਵਸਣਹਾਰਾ ਜ਼ਮੀਨ ਅਸਮਾਨ, ਆਪ ਆਪਣਾ ਖੇਲ ਖਿਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਸ਼ਬਦ ਸੁਣਾਇੰਦਾ । ਆਪੇ ਹੋਏ ਜਾਣੀ ਜਾਣ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਪੇ ਵੇਦ ਪੁਰਾਨੀ ਪਾਵੇ ਆਣ, ਅੰਜੀਲ ਕੁਰਾਨਾ ਆਪ ਲਿਖਾਇੰਦਾ । ਖਾਣੀ ਬਾਣੀ ਹੋ ਪਰਧਾਨ, ਆਪ ਆਪਣਾ ਹੁਕਮ ਚਲਾਇੰਦਾ । ਸ਼ਰਅ ਸ਼ਰੀਅਤ ਇਕ ਵਖਾਨ, ਏਕਾ ਕਰਮ ਕਮਾਇੰਦਾ । ਇਕ ਹਦੀਸ ਏਕਾ ਆਣ, ਕਲਮਾ ਇਕ ਪੜ੍ਹਾਇੰਦਾ । ਇਕ ਰਹੀਮ ਏਕਾ ਰਾਮ, ਏਕਾ ਕ੍ਰਿਸ਼ਨ ਵੇਸ ਵਟਾਇੰਦਾ । ਏਕਾ ਨਾਨਕ ਕਰ ਪਰਵਾਨ, ਗੋਬਿੰਦ ਸੰਗ ਨਿਭਾਇੰਦਾ । ਐਥੇ ਉਥੇ ਇਕ ਮਕਾਨ, ਏਕਾ ਨੂਰ ਵਖਾਇੰਦਾ । ਏਕਾ ਚਿੱਲਾ ਇਕ ਕਮਾਨ, ਏਕਾ ਤੀਰ ਉਠਾਇੰਦਾ । ਏਕਾ ਧਰਮ ਇਕ ਨਿਸ਼ਾਨ, ਏਕਾ ਮਾਰਗ ਲਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਆਪ ਆਪਣਾ ਨਾਉਂ ਰਖਾਇੰਦਾ । ਈਸਾ ਮੂਸਾ ਹੋ ਪਰਧਾਨ, ਆਪ ਆਪਣਾ ਵੇਖ ਵਖਾਇੰਦਾ । ਸੰਗ ਮੁਹੰਮਦ ਏਕਾ ਜਾਣ, ਏਕਾ ਅੰਗ ਲਗਾਇੰਦਾ । ਚਾਰ ਯਾਰੀ ਕਰ ਪਰਧਾਨ, ਸਾਚਾ ਮੇਲ ਮਿਲਾਇੰਦਾ । ਬੀਸ ਬੀਸਾ ਇਕ ਵਿਧਾਨ, ਆਪਣਾ ਆਪ ਬੰਧਾਇੰਦਾ । ਜਾਨਣਹਾਰਾ ਗੀਤਾ ਗਿਆਨ, ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਨੂਰੋ ਨੂਰ ਡਗਮਗਾਇੰਦਾ । ਨੂਰ ਨੁਰਾਨੀ ਸੱਚਾ ਸ਼ਾਹ, ਏਕਾ ਏਕਉਂਕਾਰਿਆ । ਏਕਾ ਖ਼ੁਦਾ ਬਣ ਮਲਾਹ, ਵੇਖੇ ਸਰਬ ਸੰਸਾਰਿਆ । ਏਕਾ ਰਾਮ ਰਿਹਾ ਸਮਾ, ਦੂਸਰ ਦਿਸ ਕੋਇ ਨਾ ਆ ਰਿਹਾ । ਘਟ ਘਟ ਦੀਵਾ ਆਪ ਜਗਾ, ਆਪੇ ਵੇਖ ਵਖਾ ਰਿਹਾ । ਕਾਇਆ ਕਾਅਬਾ ਆਪ ਬਣਾ, ਸਚ ਰਬਾਬਾ ਆਪ ਵਜਾ ਰਿਹਾ । ਪੁਨ ਸੁਆਬਾ ਆਪ ਜਣਾ, ਆਪੇ ਵੇਖ ਵਖਾ ਰਿਹਾ । ਨੂਰ ਅਲਾਹੀ ਸਚ ਨਵਾਬਾ ਮੇਲ ਮਿਲਾ, ਘਰ ਸਾਚਾ ਵੇਖ ਵਖਾ ਰਿਹਾ । ਦੋ ਦੋ ਆਬਾ ਏਕਾ ਥਾਂ, ਏਕਾ ਦਰ ਸੁਹਾ ਰਿਹਾ । ਆਬ ਹਯਾਤਾ ਮੁਖ ਚੁਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹਿਬੂਬ ਆਪ ਅਖਵਾ ਰਿਹਾ । ਸਾਚੀ ਸਿਫ਼ਤ ਸਚ ਸਲਾਹ, ਹਰਿ ਸਾਚਾ ਆਪ ਵਖਾਈਆ । ਆਪ ਆਪਣਾ ਨਾਮ ਉਪਾ, ਆਪੇ ਰਿਹਾ ਜਪਾਈਆ । ਆਪੇ ਵਸੇ ਥਾਂ ਥਾਂ, ਆਪੇ ਦਰ ਦਰ ਅਲਖ ਜਗਾਈਆ । ਗੁਰ ਪੀਰ ਅਵਤਾਰ ਆਪ ਅਖਵਾ, ਸਾਧ ਸੰਤ ਕਰੇ ਰੁਸ਼ਨਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਆਪੇ ਲੇਖੇ ਲਾ, ਆਪ ਆਪਣੀ ਬੂਝ ਬੁਝਾਈਆ । ਦਰ ਦਰਵੇਸ਼ਾ ਫੇਰੀ ਪਾ, ਦਰ ਦਰਬਾਨ ਆਪ ਹੋ ਜਾਈਆ । ਕਾਇਨਾਤ ਬਣਤ ਬਣਾ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਰੂਪ ਦਏ ਦਰਸਾ, ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾਈਆ । ਏਕਾ ਅਮਾਮਾ ਏਕਾ ਦੂਜਾ, ਏਕਾ ਹਾਜੀ ਹੱਜ ਗੁਜ਼ਾਰਿਆ । ਨਾ ਕੋਈ ਦੀਸੇ ਹੋਰ ਦੂਜਾ, ਨੂਰੋ ਨੂਰ ਆਪ ਅਖਵਾ ਰਿਹਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਲਾਏ ਪੂਜਾ, ਇਸ਼ਟ ਦੇਵ ਆਪ ਅਖਵਾ ਰਿਹਾ । ਆਪੇ ਭੇਵ ਖੁਲ੍ਹਾਏ ਗੂਝਾ, ਨਬੀ ਰਸੂਲ ਆਪ ਉਪਾ ਰਿਹਾ । ਆਪਣਾ ਦਰ ਆਪੇ ਬੂਝਾ, ਆਪੇ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਅਲਾਹੀ ਬੇਪਰਵਾਹੀ ਆਪਣੀ ਕਲਾਮ ਆਪ ਸੁਣਾ ਰਿਹਾ । ਇਕ ਕਲਾਮ ਇਕ ਅਮਾਮ, ਹਰਿ ਖ਼ੁਦਾ ਉਪਾਇੰਦਾ । ਆਪ ਪਿਆਏ ਆਪਣਾ ਜਾਮ, ਆਪਣੇ ਸੰਗ ਰਖਾਇੰਦਾ । ਆਪੇ ਜਾਣੇ ਆਪਣਾ ਕਾਮ, ਜਗਤ ਦਮਾਮਾ ਆਪ ਵਜਾਇੰਦਾ । ਨਾ ਕੋਈ ਤ੍ਰਿਸਨਾ ਨਾ ਕੋਈ ਤਾਮ, ਅਗਨੀ ਅੱਗ ਨਾ ਕੋਇ

ਜਲਾਇੰਦਾ । ਨਾ ਕੋਈ ਸੁਬਹ ਨਾ ਕੋਈ ਸ਼ਾਮ, ਰੈਣ ਅੰਧੇਰ ਨਾ ਕੋਇ ਵਖਾਇੰਦਾ । ਨਾ ਕੋਈ ਸੂਰਜ ਨਾ ਕੋਈ ਭਾਨ, ਚੰਦ ਸਤਾਰ ਨਾ ਕੋਇ ਲਟਕਾਇੰਦਾ । ਨਾ ਕੋਈ ਨਗਰ ਨਾ ਗਰਾਮ, ਚਾਰ ਦੀਵਾਰ ਨਾ ਰਚਨ ਰਚਾਇੰਦਾ । ਇਕ ਅਕੱਲਾ ਏਕਾ ਏਕ ਆਪੇ ਜਾਣੇ ਆਪਣਾ ਕਾਮ, ਕਰਤਾ ਕਾਰਨ ਆਪ ਅਖਵਾਇੰਦਾ । ਰਾਮ ਰਹਿਮਾਨਾ ਇਕ ਨਿਸ਼ਾਨਾ, ਹਰਿ ਹਰਿ ਆਪ ਰਖਾਇੰਦਾ । ਹਾਜ਼ਰ ਹਜ਼ੂਰ ਮਿਹਰਵਾਨਾ, ਨੂਰੋ ਨੂਰ ਡਗਮਗਾਇੰਦਾ । ਆਪੇ ਚੋਟੀ ਚੜ੍ਹ ਕੋਹਤੂਰ ਸੁਣਾਏ ਤਰਾਨਾ, ਜਲਵਾ ਜਲਾਲੀ ਆਪ ਅਖਵਾਇੰਦਾ । ਆਪ ਵਜਾਏ ਸਚ ਸ਼ਾਦਿਆਨਾ, ਆਪ ਆਪਣੀ ਬਾਂਗ ਸੁਣਾਇੰਦਾ । ਆਪੇ ਸਯਦਾ ਕਰੇ ਬਣ ਨਿਮਾਣਾ, ਆਪੇ ਨੇਤਰ ਨੈਣ ਬੰਕ ਵਖਾਇੰਦਾ । ਆਪੇ ਹੱਥ ਰੱਖੇ ਕਾਨਾ, ਆਪ ਆਪਣੀ ਧੁਨ ਵਜਾਇੰਦਾ । ਆਪੇ ਮੱਕਾ ਕਾਅਬਾ ਹੋ ਪਰਧਾਨਾ, ਆਪਣਾ ਨੂਰ ਦਰਸਾਇੰਦਾ । ਆਪੇ ਸ਼ਾਹੋ ਭੂਪ ਸੁਲਤਾਨਾ, ਰਾਜ ਜੋਗ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕਾ ਏਕ ਏਕ ਹੋ ਜਾਇੰਦਾ । ਆਦਿ ਜੁਗਾਦੀ ਇਕ ਅਕੱਲਾ, ਏਕ ਏਕ ਅਖਵਾਈਆ । ਦਰਗਹਿ ਸਾਚੀ ਬੈਠਾ ਸਚ ਮਹੱਲਾ, ਥਿਰ ਘਰ ਸਾਚੇ ਆਸਣ ਲਾਈਆ । ਵਸਣਹਾਰਾ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਈਆ । ਆਪਣੇ ਦੀਪਕ ਆਪੇ ਬਲਾ, ਆਪਣਾ ਨੂਰ ਕਰੇ ਰੁਸ਼ਨਾਈਆ । ਆਪਣੀ ਮੇਟੇ ਆਪੇ ਸਲਾ, ਦੂਈ ਦਵੈਤੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਨੂਰ ਧਰ, ਨੂਰੋ ਨੂਰ ਡਗਮਗਾਈਆ । ਨੂਰੋ ਨੂਰ ਜਲਵਾ ਜਲਾਲ, ਜਾਗਰਤ ਜੋਤ ਜਗਾਇੰਦਾ । ਵੇਖਣਹਾਰਾ ਹੱਕ ਹਲਾਲ, ਹੱਕ ਹਕੀਕਤ ਫੋਲ ਫੋਲਾਇੰਦਾ । ਸ਼ਰਅ ਸ਼ਰੀਅਤ ਇਕ ਕਮਾਲ, ਲਾਸ਼ਰੀਕ ਆਪ ਅਖਵਾਇੰਦਾ । ਸਚ ਤੌਫੀਕ ਇਕ ਖ਼ੁਦਾ, ਨਬੀ ਰਸੂਲਾ ਆਪ ਉਪਾਇੰਦਾ । ਸਚ ਸੁਨੇਹੜਾ ਦਏ ਸੁਣਾ, ਇਕ ਅਵਾਜ਼ ਲਗਾਇੰਦਾ । ਆਪਣਾ ਮਾਰਗ ਆਪੇ ਦਏ ਵਖਾ, ਸਾਚਾ ਰਾਹ ਚਲਾਇੰਦਾ । ਸਾਚੀ ਸਿਖਿਆ ਇਕ ਸਮਝਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਰਾਜ਼ਕ ਰਹੀਮ ਬੇਪਰਵਾਹ, ਘਟ ਘਟ ਰਿਜ਼ਕ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦਸਤਗੀਰ ਆਪ ਹੋ ਆਇੰਦਾ । ਪੀਰ ਦਸਤਗੀਰ ਸ਼ਾਹ ਹਕੀਰ, ਆਪੇ ਆਪ ਅਖਵਾਈਆ । ਆਪੇ ਦਾਤਾ ਗੁਣੀ ਗਹੀਰ, ਗਹਿਰ ਗੰਭੀਰ ਆਪ ਸਹਾਈਆ । ਆਪੇ ਦੇਵੇ ਅੰਮ੍ਰਿਤ ਨੀਰ, ਆਬੇ ਹਯਾਤ ਆਪ ਪਿਆਈਆ । ਆਪੇ ਦੂਈ ਪੜਦਾ ਦੇਵੇ ਚੀਰ, ਆਪੇ ਏਕਾ ਏਕ ਵਖਾਈਆ । ਆਪੇ ਐਲੀ ਅੱਲਾ ਹੋਏ ਫਕੀਰ, ਅੱਲਾ ਰੂਪ ਆਪ ਦਰਸਾਈਆ । ਆਪੇ ਬੰਨੇ ਜਗਤ ਛੱਲਾ, ਦਰ ਦਰ ਫਿਰੇ ਅਲਖ ਜਗਾਈਆ । ਆਪਣੀ ਜੋਤੀ ਆਪੇ ਰੱਲਾ, ਨੂਰ ਨੂਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਵੇਖਣਹਾਰਾ ਏਕਾ ਅੰਗ, ਏਕਾ ਏਕ ਅਖਵਾਇੰਦਾ । ਸਦਾ ਸੁਹੇਲਾ ਸਾਚਾ ਸੰਗ, ਆਪ ਆਪਣਾ ਸੰਗ ਨਿਭਾਇੰਦਾ । ਸਚ ਸਿੰਘਾਸਣ ਬੈਠ ਪਲੰਘ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ੍ਰਿਸ਼ਟ ਸਬਾਈ ਰਹੀ ਮੰਗ, ਆਪਣੀ ਭਿਛਿਆ ਆਪੇ ਪਾਇੰਦਾ । ਆਪੇ ਆਪਣਾ ਆਪੇ ਕਸ ਤੰਗ, ਚਿੱਟਾ ਅਸਵ ਆਪਣਾ ਆਪ ਦੌੜਾਇੰਦਾ । ਆਪੇ ਲੋਕ ਪਰਲੋਕ ਵੰਡੇ ਵੰਡ, ਤ੍ਰੈ ਲੋਕ ਵੇਖ ਵਖਾਇੰਦਾ । ਆਪੇ ਦੋਜ਼ਖ਼ ਬਹਿਸ਼ਤ ਦੇਵੇ ਵੰਡ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਟੁੱਟੀ ਲਏ ਗੰਢ, ਜੋ ਰਸਨਾ ਕਲਮਾ ਅਮਾਮ ਸੁਣਾਇੰਦਾ । ਮੇਟਣਹਾਰਾ ਭੇਖ ਪਾਖੰਡ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਾਚਾ ਖੰਡਾ ਚੰਡ ਪਰਚੰਡ, ਏਕਾ ਨਾਮ ਹੱਥ ਉਠਾਇੰਦਾ । ਗੜ੍ਹ

ਹੰਕਾਰੀ ਦੇਵੇ ਭੰਨ, ਜੂਠ ਝੂਠ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਤੇਰਾ ਭੇਸ, ਹਰਿ ਸਾਚਾ ਵੇਖ ਵਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਇ ਦਿਸੇ ਨਰ ਨਰੇਸ਼, ਸਚ ਸੁੱਚ ਨਾ ਕੋਇ ਵਰਤਾਇੰਦਾ । ਸ੍ਰਿਸ਼ਟ ਸਬਾਈ ਮਾਇਆ ਮਮਤਾ ਭੇਖ, ਸਾਚੀ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਆਪ ਵਰਤਾ, ਆਪਣੀ ਖੇਲ ਖਲਾਈਆ । ਈਸਾ ਮੂਸਾ ਆਪ ਅਖਵਾ, ਆਪਣੀ ਪੱਟੀ ਆਪ ਪੜ੍ਹਾਈਆ । ਕੁਰਾਨ ਹਦੀਸਾ ਆਪ ਲਿਖਾ, ਆਪੇ ਲੇਖਾ ਰਿਹਾ ਚੁਕਾਈਆ । ਤੀਸ ਬਤੀਸਾ ਆਪੇ ਗਾ, ਆਪੇ ਸਿਫ਼ਤ ਸਲਾਹੀਆ । ਆਪੇ ਬਣੇ ਜਗਤ ਮਲਾਹ, ਜਗਤ ਨੌਕਾ ਆਪ ਚਲਾਈਆ । ਚੌਦਾਂ ਚੌਦਾਂ ਵੇਖ ਵਖਾ, ਚੌਦਾਂ ਚੌਦਾਂ ਫੇਰਾ ਪਾਈਆ । ਇਕੋ ਨੂਰ ਨੂਰ ਖ਼ੁਦਾ, ਆਪਣਾ ਨੂਰ ਕਰੇ ਰੁਸ਼ਨਾਈਆ । ਦੀਨ ਅਸਲਾਮ ਆਪ ਬਣਾ, ਦੀਨਾ ਨਾਥ ਵੇਖ ਵਖਾਈਆ । ਅਮਾਮ ਮੈਂਹਦੀ ਨਾਮ ਧਰਾ, ਇਕ ਇਮਾਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਅਹਿਮਦ ਮਦਿ ਆਪ ਪਿਆ, ਏਕਾ ਰੰਗ ਰੰਗਾਇਆ । ਘਰ ਘਰ ਸਦਾ ਦਏ ਸੁਣਾ, ਧੁਰ ਦਰਗਾਹੀ ਦਾਤਾ ਵੇਖ ਵਖਾਇਆ । ਹਰਿ ਕਾ ਬੱਧਾ ਨਾ ਸਕੇ ਕੋਈ ਛੁਡਾ, ਕਾਦਰ ਕੁਦਰਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੂਰਤ ਇਕ ਵਖਾਇਆ । ਸਾਚੀ ਸੂਰਤ ਸਚ ਧਾਰ, ਹਰਿ ਸਾਚ ਆਪ ਉਪਾਇੰਦਾ । ਨਿਰਗੁਣ ਰੂਪ ਅਪਰ ਅਪਾਰ, ਨਿਰਗੁਣ ਵੇਖ ਵਖਾਇੰਦਾ । ਸਤਿਗੁਰ ਸਾਚਾ ਹੋ ਉਜਿਆਰ, ਦਰ ਘਰ ਸਾਚਾ ਵੇਖ ਵਖਾਇੰਦਾ । ਨਬੀ ਰਸੂਲਾਂ ਇਕ ਪਿਆਰ, ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਲੇਖ ਧਰ ਧਰ ਭੇਖ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਸਾਚਾ ਮੌਲਾ, ਮੌਲਾ ਰੂਪ ਆਪ ਅਖਵਾਇੰਦਾ । ਧਰੇ ਜੋਤ ਉਪਰ ਧਵਲਾ, ਧਰਤ ਧਵਲ ਸੁਹਾਇੰਦਾ । ਆਪੇ ਹੋਏ ਕਾਹਨਾ ਕ੍ਰਿਸ਼ਨਾ ਕਲਾ ਸੋਲਾ, ਰਾਮ ਨਾਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇੰਦਾ । ਰਾਮ ਕ੍ਰਿਸ਼ਨ ਹਰਿ ਅਵਤਾਰਾ, ਈਸਾ ਮੂਸਾ ਜੋਤ ਜਗਾਈਆ । ਮੇਲ ਮਿਲਾਵਾ ਮੁਹੰਮਦੀ ਯਾਰਾ, ਚਾਰ ਯਾਰੀ ਸੰਗ ਨਿਭਾਈਆ । ਚੌਦਾਂ ਸਦੀਆਂ ਚੌਦਾਂ ਲੋਕ ਚੌਦਾਂ ਹੱਟ ਚੋਦਾਂ ਤਬਕ ਖੋਲ੍ਹ ਕਿਵਾੜਾ, ਆਪ ਆਪਣੀ ਬੂਝ ਬੁਝਾਈਆ । ਏਕਾ ਕਲਮਾ ਕਰ ਉਜਿਆਰਾ, ਏਕਾ ਰਿਹਾ ਸੁਣਾਈਆ । ਪੂਜਾ ਬੁੱਤ ਨਾ ਕੋਈ ਜਗਤ ਦਵਾਰਾ, ਮੇਲ ਮਿਲਾਵਾ ਸਚ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪੇ ਵੇਖੇ ਵੇਖਣਹਾਰ, ਦੂਸਰ ਦਿਸ ਕਿਸੇ ਨਾ ਆਈਆ । ਨਾਨਕ ਗੋਬਿੰਦ ਆਪੇ ਧਾਰ, ਆਪਣੀ ਚਲਤ ਚਲਾਇੰਦਾ । ਆਪੇ ਪਾਵਣਹਾਰਾ ਸਾਰ, ਜੁਗ ਜੁਗ ਨਾਉਂ ਉਪਾਇੰਦਾ । ਆਪੇ ਖਾਣੀ ਬਾਣੀ ਹੋ ਉਜਿਆਰ, ਆਪਣਾ ਲੇਖਾ ਆਪ ਗਣਾਇੰਦਾ । ਆਪੇ ਸ਼ਬਦ ਸ਼ਬਦੀ ਪਾਵੇ ਸਾਰ, ਸ਼ਬਦ ਸ਼ਬਦੀ ਰਚਨ ਰਚਾਇੰਦਾ । ਆਪੇ ਗੁਰੂ ਗੁਰੂ ਕਰਤਾਰ, ਗੁਰ ਕਰਤਾ ਰਾਮ ਅਖਵਾਇੰਦਾ । ਆਪੇ ਰਾਮ ਰਾਮ ਰੂਪ ਅਵਤਾਰ, ਲੰਕਾ ਗੜ੍ਹ ਆਪ ਤੁੜਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਹੋਏ ਖ਼ਬਰਦਾਰ, ਦੂਤੀ ਦੁਸ਼ਟ ਮੇਟ ਮਿਟਾਇੰਦਾ । ਆਪੇ ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਪੰਜ ਤੱਤ ਨਾ ਕੋਈ ਆਕਾਰ, ਮਾਨਸ ਮਾਨੁਖ ਨਜ਼ਰ ਨਾ ਆਇੰਦਾ । ਰੂਹ ਬੁੱਤ ਨਾ ਕੋਈ ਪਿਆਰ, ਸਾਚਾ ਸੁੱਤ ਸ਼ਬਦ ਅਖਵਾਇੰਦਾ ।

੨੧੭
੦੮

ਸ੍ਰਿਸ਼ਟ ਸਬਾਈ ਹਾਹਾਕਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਗੁਰ ਦਰ ਮੰਦਰ ਮਸਜਿਦ ਨਾ ਕੋਈ ਪਿਆਰ, ਏਕਾ ਰੰਗ ਨਾ ਕੋਇ ਸੁਹਾਇੰਦਾ । ਕੂੜੀ ਕਿਰਿਆ ਕਰ ਪਸਾਰ, ਕੂੜ ਕੁੜਿਆਰਾ ਵੇਖ ਵਖਾਇੰਦਾ । ਭਰਿਆ ਜੋਬਨ ਕਾਮ ਕਰੋਧ ਲੋਭ ਮੋਹ ਹੰਕਾਰ, ਚਾਰੇਂ ਕੁੰਟ ਡੰਕ ਵਜਾਇੰਦਾ । ਵਰਨਾਂ ਬਰਨਾਂ ਹਾਹਾਕਾਰ, ਹਰਿ ਕਾ ਰੂਪ ਦਿਸ ਨਾ ਆਇੰਦਾ । ਮੁਸਲਮ ਸੁੰਨੀ ਨਾ ਕੋਇ ਪਿਆਰ, ਸਿਖ ਸਿੰਘ ਨਾ ਮੇਲ ਮਿਲਾਇੰਦਾ । ਹਿੰਦੂ ਈਸਾਈ ਨਾ ਸੁਣਨ ਗੁਫ਼ਤਾਰ, ਘਰ ਘਰ ਆਪਣਾ ਮਤਾ ਪਕਾਇੰਦਾ । ਮਨਮਤ ਦੁਹਾਗਣ ਹੋਈ ਨਾਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਪੰਡਤ ਪਾਂਧੇ ਰਹੇ ਪੁਕਾਰ, ਕਲਜੁਗ ਕੂਕੇ ਦਏ ਦੁਹਾਈਆ । ਮੁੱਲਾ ਸ਼ੇਖ਼ ਮੁਸਾਇਕ ਕੋਈ ਨਾ ਬੰਨੇ ਧਾਰ, ਸ਼ਰਅ ਸ਼ਰੀਅਤ ਇਕ ਜਣਾਈਆ । ਗ੍ਰੰਥੀ ਪੰਥੀ ਹਾਹਾਕਾਰ, ਆਪ ਆਪਣਾ ਬਲ ਵਖਾਈਆ । ਹਰਿ ਕਾ ਭੇਵ ਨਾ ਪਾਏ ਸੰਸਾਰ, ਸਰਬ ਜੀਆਂ ਦਾ ਦਾਤਾ ਇਕ ਅਖਵਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਖ਼ੁਦੀ ਖ਼ੁਦਾ ਮੂਲ ਨਾ ਭਾਈਆ । ਅੰਤਮ ਪਰਗਟ ਹੋਵੇ ਬੇਐਬ ਪਰਵਰਦਿਗਾਰ, ਨੂਰੋ ਨੂਰ ਆਪ ਅਖਵਾਈਆ । ਕਾਇਨਾਤ ਦੇਵੇ ਇਕ ਆਧਾਰ, ਏਕਾ ਕਲਮਾ ਆਪ ਪੜ੍ਹਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਢੋਲਾ ਦਏ ਸੁਣਾਈਆ । ਏਕਾ ਦਰ ਇਕ ਦਵਾਰ, ਨੌ ਖੰਡ ਪ੍ਰਿਥਮੀ ਆਪ ਅਖਵਾਈਆ । ਊਚ ਨੀਚ ਨਾ ਕੋਈ ਰਾਜ ਰਾਜਾਨ, ਸ਼ਾਹ ਸੁਲਤਾਨ ਏਕਾ ਧਾਮ ਬਹਾਈਆ । ਚਾਰ ਵਰਨ ਅਠਾਰਾਂ ਬਰਨ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਜੂਠ ਝੂਠ ਸਰਬ ਸ਼ਰਮਾਨ, ਲੋਕਮਾਤ ਰਹਿਣ ਨਾ ਪਾਈਆ । ਕੂੜ ਕੁੜਿਆਰੀ ਮੇਟੇ ਦੁਕਾਨ, ਸਚ ਵਸਤ ਇਕ ਰਖਾਈਆ । ਆਪੇ ਹੋਏ ਮਿਹਰਵਾਨ, ਮਿਹਰਵਾਨ ਆਪ ਅਖਵਾਈਆ । ਆਤਮ ਬ੍ਰਹਮ ਪਾਏ ਝੋਲੀ ਦਾਨ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਦਰ, ਨੂਰ ਇਲਾਹੀ ਕਰੇ ਰੁਸ਼ਨਾਈਆ । ਨੂਰ ਇਲਾਹੀ ਹਰਿ ਮਹਿਵਾਨ, ਮਿਹਰਵਾਨ ਅਖਵਾਇਆ । ਬੀ ਖ਼ੈਰ ਯਾ ਅੱਲਾ ਇਕ ਗਿਆਨ, ਏਕਾ ਦਏ ਸੁਣਾਇਆ । ਏਕਾ ਬਖ਼ਸ਼ੇ ਹਰਿ ਧਿਆਨ, ਦੂਜੇ ਭੌ ਚੁਕਾਇਆ । ਤੀਜੇ ਨੇਤਰ ਹੋ ਪਰਧਾਨ, ਏਕਾ ਰੂਪ ਦਰਸਾਇਆ । ਚੌਥਾ ਪਦ ਹਰਿ ਭਗਵਾਨ, ਆਪ ਆਪਣਾ ਵੇਖ ਵਖਾਇਆ । ਪੰਚਮ ਮੇਲਾ ਦੋ ਜਹਾਨ, ਛੇਵੇਂ ਛੱਪਰ ਛੰਨ ਨਾ ਕੋਇ ਜਣਾਇਆ । ਸੱਤ ਜ਼ਿਮੀ ਸੱਤ ਅਸਮਾਨ, ਚੌਦਾਂ ਤਬਕਾਂ ਸਤਿ ਪੁਰਖ ਆਪ ਸਮਾਇਆ । ਬੇਅੰਤ ਬੇਅੰਤ ਬੇਅੰਤ ਹਰਿ ਗੁਣ ਨਿਧਾਨ, ਅੱਠਾਂ ਤੱਤਾਂ ਗੁਣ ਨਾ ਗਾਇਆ । ਨੌ ਦਰ ਵੇਖੇ ਜਗਤ ਦੁਕਾਨ, ਜਗਤ ਤ੍ਰਿਸਨਾ ਵਿਚ ਫਸਾਇਆ । ਕਾਇਆ ਅੰਦਰ ਸਚ ਮਕਾਨ, ਘਰ ਘਰ ਵਿਚ ਆਪ ਟਿਕਾਇਆ । ਆਪੇ ਬੈਠਾ ਸਦ ਨਿਗਹਬਾਨ, ਸਾਜਣ ਮੀਤ ਆਪ ਅਖਵਾਇਆ । ਦਏ ਪਿਆਲਾ ਨਾਮ ਨਿਧਾਨ, ਅੰਮ੍ਰਿਤ ਜਾਮ ਮੁਖ ਚਵਾਇਆ । ਹੰਸ ਕਾਗ ਸਰਬ ਬਣ ਜਾਣ, ਸਰ ਸਰੋਵਰ ਜੋ ਜਨ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਆਪ ਅਖਵਾਇਆ । ਹਾਜ਼ਰ ਹਜ਼ੂਰਾ ਸਰਬ ਕਲ ਭਰਪੂਰਾ, ਏਕਾ ਨਾਮ ਰਖਾਇਆ । ਆਪੇ ਵਸਿਆ ਨੇੜੇ ਦੂਰਾ, ਦੂਰ ਨੇੜ ਆਪ ਜਣਾਇਆ । ਆਪੇ ਹੋਏ ਚਰਨ ਧੂੜਾ, ਖ਼ਾਕੀ ਖ਼ਾਕ ਆਪ ਰਮਾਇਆ । ਆਪੇ ਹੋਏ ਮੂਰਖ ਮੂੜ੍ਹਾ, ਗਿਆਨ ਧਿਆਨ ਆਪ ਦ੍ਰਿੜ੍ਹਾਇਆ । ਆਪੇ ਨਾਤਾ ਤੋੜੇ ਕੂੜੋ ਕੂੜਾ, ਸਚ ਗਿਆਨ ਆਪ ਅਖਵਾਇਆ । ਆਪੇ ਹੋਏ ਸਤਿ ਸਰੂਰਾ, ਨਾਮ ਜਾਮ ਮੁਖ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਅੰਤਮ ਖੇਲ ਕਰ, ਆਪ ਆਪਣਾ ਖੇਲ ਖਲਾਇਆ । ਹਰਿ ਹਰਿ ਨੂਰ ਨਿਹਕਲੰਕ, ਏਕਾ ਏਕ ਅਖਵਾਈਆ । ਸ਼ਬਦੀ ਸ਼ਬਦ ਵੱਜੇ ਡੰਕ, ਘਰ ਸਾਚੇ ਆਪ ਲਗਾਈਆ । ਸ੍ਰਿਸ਼ਟ ਸਬਾਈ ਕੱਢੇ ਸ਼ੰਕ, ਜਗਤ ਸੰਸਾ ਮੂਲ ਚੁਕਾਈਆ । ਨੌ ਖੰਡ ਬਣਾਏ ਏਕਾ ਬੰਕ, ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਬਹਾਈਆ । ਏਕਾ ਅੱਖ ਹੋ ਪਰਤੱਖ ਵੇਖੇ ਰਾਓ ਰੰਕ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਲੋਕਮਾਤ ਏਕਾ ਏਕ ਕਰੇ ਪੜ੍ਹਾਈਆ । ਏਕਾ ਏਕ ਅਮਾਮ ਮਹਿੰਦੀ, ਹਰਿ ਹਰਿ ਆਪ ਅਖਵਾਇੰਦਾ । ਆਪੇ ਵੇਖੇ ਦਿਸ਼ਾ ਲਹਿੰਦੀ, ਚਾਰੇ ਦਿਸ਼ਾ ਫੋਲ ਫੋਲਾਇੰਦਾ । ਸ਼ਰਅ ਸ਼ਰੀਅਤ ਸਾਚੀ ਕਹਿੰਦੀ, ਲਾਸ਼ਰੀਕ ਇਕ ਅਖਵਾਇੰਦਾ । ਉਮਤ ਰਸੂਲ ਭਾਣਾ ਰਸੂਲ ਸਹਿੰਦੀ, ਰਸੂਲੱਲਾ ਵੇਖ ਵਖਾਇੰਦਾ । ਬਿਸਮਲ ਹੋ ਕੇ ਕੋਈ ਬਹਿੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ ਆਪ ਆਪਣਾ ਘਰ ਸੁਹਾਇੰਦਾ । ਰਾਮ ਰਾਮ ਰਾਮ ਅਵਤਾਰਾ, ਘਰ ਘਰ ਰਹੇ ਗਾਈਆ । ਘਰ ਘਰ ਰਸਨਾ ਰਸਨ ਜੈਕਾਰਾ, ਘਰ ਘਰ ਵੱਜੇ ਵਧਾਈਆ । ਘਰ ਘਰ ਮੇਲਾ ਮੀਤ ਮੁਰਾਰਾ, ਘਰ ਘਰ ਵੇਖ ਵਖਾਈਆ । ਕਲਜੁਗ ਢਾਏ ਝੂਠਾ ਬੁਰਜ ਮੁਨਾਰਾ, ਵੇਲਾ ਅੰਤਮ ਆਈਆ । ਨਾਮ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਫੋਲ ਫੋਲਾਈਆ । ਤਿਖੀਆਂ ਰੱਖੇ ਦੋਵੇਂ ਧਾਰਾ, ਆਪਣੇ ਹੱਥ ਰਿਹਾ ਚਮਕਾਈਆ । ਮੇਟਣਹਾਰਾ ਕੂੜ ਪਸਾਰਾ, ਏਕਾ ਏਕ ਅਖਵਾਈਆ । ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵੇਦ ਵਿਆਸਾ ਬਣ ਲਿਖਾਰਾ, ਆਪਣੀ ਗਣਤ ਗਣਾਇੰਦਾ । ਕਲਜੁਗ ਅੰਤਮ ਹੋਏ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਮੱਸਿਆ ਰੈਣ ਅੰਧੇਰੀ ਭਾਰੀ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਵੇਦ ਪੁਰਾਨਾ ਕੋਇ ਨਾ ਪਾਏ ਸਾਰੀ, ਘਰ ਘਰ ਆਪਣੀ ਅਲਖ ਜਗਾਇੰਦਾ । ਪੰਡਤ ਪਾਂਧੇ ਗਏ ਹਾਰੀ, ਹਰਿ ਕਾ ਰੂਪ ਦਿਸ ਨਾ ਆਇੰਦਾ । ਮਾਇਆ ਮਮਤਾ ਭਰ ਭੰਡਾਰੀ, ਮਾਇਆ ਜਾਲ ਵਛਾਇੰਦਾ । ਧੀਆਂ ਭੈਣਾਂ ਕਰਨ ਵਪਾਰੀ, ਕਵਾਰ ਕੰਨਿਆ ਸਤਿ ਨਾ ਕੋਇ ਵਖਾਇੰਦਾ । ਵੇਖਣਹਾਰਾ ਹਰਿ ਨਿਰੰਕਾਰੀ, ਜੁਗ ਜੁਗ ਵੇਖ ਵਖਾਇੰਦਾ । ਅੰਤਮ ਪਰਗਟ ਹੋਵੇ ਵਡ ਬਲਕਾਰੀ, ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਇੰਦਾ । ਆਪੇ ਈਸਾ ਮੂਸਾ ਸਚ ਲਿਖਾਰਾ, ਸਾਚਾ ਲੇਖ ਲਿਖਾਇਆ । ਬੀਸ ਬੀਸਾ ਹੋਏ ਅੰਧ ਅੰਧਿਆਰਾ, ਦਿਸ ਕੋਇ ਨਾ ਪਾਇਆ । ਚੌਦਾਂ ਚੌਦਾਂ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇਆ । ਸ੍ਰਿਸ਼ਟ ਸਬਾਈ ਹੋਏ ਖ਼ੁਆਰਾ, ਮੇਲੀ ਮੇਲ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਨਾਨਕ ਗੁਰ ਸਚ ਸਿਕਦਾਰ, ਆਪਣਾ ਭੇਵ ਖੁਲ੍ਹਾਇੰਦਾ । ਸਤਿ ਨਾਮ ਕਰ ਪਿਆਰ, ਸ੍ਰਿਸ਼ਟ ਸਬਾਈ ਆਪ ਵਰਤਾਇੰਦਾ । ਚਾਰ ਵਰਨਾਂ ਇਕ ਅਧਾਰ, ਏਕਾ ਬੂਝ ਬੁਝਾਇੰਦਾ । ਇਕ ਸੁਹਾਏ ਬੰਕ ਦਵਾਰ, ਏਕਾ ਘਰ ਵਖਾਇੰਦਾ । ਮੱਕਾ ਕਾਅਬਾ ਕਰ ਉਜਿਆਰ, ਆਪ ਆਪਣੀ ਫੇਰੀ ਪਾਇੰਦਾ । ਹੇਠ ਮਸੱਲਾ ਨਮਾਜ਼ ਗੁਜ਼ਾਰ, ਸਾਚਾ ਸਯਦਾ ਆਪ ਵਖਾਇੰਦਾ । ਹੱਕ ਮੁਕਾਮ ਸਾਚਾ ਯਾਰ, ਘਰ ਸਾਚੇ ਮੇਲ ਮਿਲਾਇੰਦਾ । ਉਚ ਮਹਿਰਾਬੇ ਕਰ ਪਿਆਰ, ਆਪ ਆਪਣਾ ਮੁਖ ਸਲਾਹਿੰਦਾ । ਏਕਾ ਮੇਲਾ ਪਰਵਰਦਿਗਾਰ, ਬੇਪਰਵਾਹ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਿਰਗੁਣ ਨਾਉਂ ਰਖਾਇੰਦਾ । ਨਿਰਗੁਣ ਨਾਨਕ ਸ਼ਬਦ ਡੰਕਾ, ਆਪਣਾ

ਆਪ ਸੁਣਾਇਆ । ਆਪ ਉਠਾਏ ਰਾਓ ਰੰਕਾ, ਗ਼ਰੀਬ ਨਿਮਾਣਿਆ ਗਲੇ ਲਗਾਇਆ । ਗੁਰਮੁਖ ਮੇਲਾ ਜਿਉਂ ਜਨ ਜਨਕਾ, ਜਨ ਜਨਨੀ ਲਏ ਤਰਾਇਆ । ਜੋਤੀ ਸ਼ਬਦੀ ਏਕਾ ਤਨਕਾ, ਏਕਾ ਰਾਹ ਚਲਾਇਆ । ਪਾਰਬ੍ਰਹਮ ਪ੍ਰਭ ਵੇਸ ਵਟਾਏ ਵਾਰ ਅਨਕਾ, ਅਕਲ ਕਲਾ ਅਖਵਾਇਆ । ਆਪੇ ਫੇਰਨਹਾਰਾ ਮਨ ਕਾ ਮਨਕਾ, ਮਨ ਮਮਤਾ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇਆ । ਨਾਨਕ ਨਿਰਗੁਣ ਸ਼ਬਦ ਜੈਕਾਰਾ, ਏਕਾ ਏਕ ਸੁਣਾਇੰਦਾ । ਹਿੰਦੂ ਮੁਸਲਮ ਇਕ ਪਿਆਰਾ, ਏਕਾ ਮੇਲ ਮਿਲਾਇੰਦਾ । ਸਾਚਾ ਘਰ ਸਚਾ ਦਵਾਰਾ, ਦਰ ਸਾਚਾ ਵੇਖ ਵਖਾਇੰਦਾ । ਨਿਉਂ ਨਿਉਂ ਚਲੇ ਵਿਚ ਸੰਸਾਰਾ, ਹੰਕਾਰੀਆਂ ਹੰਕਾਰ ਗਵਾਇੰਦਾ । ਅੰਤਮ ਬਣਿਆ ਲੇਖ ਲਿਖਾਰਾ, ਆਪਣਾ ਲੇਖ ਲਿਖਾਇੰਦਾ । ਕਲਜੁਗ ਅੰਤਮ ਹੋਏ ਧੂੰਆਂਧਾਰਾ, ਧੁਦੂੰਕਾਰ ਨਾ ਕੋਇ ਮਿਟਾਇੰਦਾ । ਮਾਤ ਪਿਤ ਨਾ ਕੋਇ ਪਿਆਰਾ, ਪਿਤਾ ਪੂਤ ਨਾ ਸੰਗ ਰਖਾਇੰਦਾ । ਨਾਰੀ ਕੰਤ ਨਾ ਕੋਇ ਆਧਾਰਾ, ਜ਼ੋਰੂ ਜ਼ਰ ਸਰਬ ਕੁਰਲਾਇੰਦਾ । ਚਾਰੋਂ ਕੁੰਟ ਝੂਠੀ ਧਾੜਾ, ਸਾਚਾ ਦਰ ਨਾ ਕੋਇ ਵਖਾਇੰਦਾ । ਪਰਗਟ ਹੋਏ ਹਰਿ ਨਿਰੰਕਾਰਾ, ਆਪ ਆਪਣਾ ਵੇਸ ਵਟਾਇੰਦਾ । ਨਿਹਕਲੰਕਾ ਡੰਕ ਅਪਾਰਾ, ਸ਼ਬਦੀ ਸ਼ਬਦ ਵਜਾਇੰਦਾ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰਾ, ਸਾਚਾ ਮਾਰਗ ਲਾਇੰਦਾ । ਸਚ ਸੁੱਚ ਕਰੇ ਵਰਤਾਰਾ, ਸੋ ਪੁਰਖ ਨਿਰੰਜਣ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਵੇਸ ਕਰ, ਘਰ ਸਾਚੇ ਮੇਲ ਮਿਲਾਇੰਦਾ । ਦਸਵਾਂ ਘਰ ਦਸਵੀਂ ਜੋਤ, ਹਰਿ ਸਾਚੇ ਆਪ ਜਗਾਈਆ । ਲਹਿਣਾ ਦੇਣ ਚੁਕਾਇਆ ਵਰਨ ਗੋਤ, ਏਕਾ ਅੰਮ੍ਰਿਤ ਜਾਮ ਪਿਆਈਆ । ਸਚ ਨਗਾਰੇ ਲਾਈ ਚੋਟ, ਨਾਮ ਧੌਂਸਾ ਇਕ ਵਜਾਈਆ । ਕੂੜੀ ਕਿਰਿਆ ਕੱਢੇ ਖੋਟ, ਸਾਚੀ ਕਰੇ ਸਤਿ ਪੜ੍ਹਾਈਆ । ਮਾਇਆ ਮਮਤਾ ਕੋਈ ਨਾ ਭਰੇ ਪੋਟ, ਆਪਣੀ ਸਰਸੇ ਗਿਆ ਰੁੜ੍ਹਾਈਆ । ਅਕਾਲ ਪੁਰਖ ਹਰਿ ਏਕਾ ਓਟ, ਦੂਜੀ ਸਰਨ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਈਆ । ਗੋਬਿੰਦ ਗੁਰ ਜਗਤ ਮਲਾਹ, ਏਕਾ ਫੇਰਾ ਪਾਇਆ । ਚਾਰ ਵਰਨਾਂ ਦੇਵੇ ਸਚ ਸਲਾਹ, ਊਚਾਂ ਨੀਚਾਂ ਮੇਲ ਮਿਲਾਇਆ । ਹਿੰਦੂ ਮੁਸਲਮ ਕੋਈ ਜਾਣੇ ਨਾ, ਸਿਖ ਈਸਾਈ ਨਾ ਭੇਵ ਧਰਾਇਆ । ਮਜ਼੍ਹਬ ਸ਼ਰਅ ਨਾ ਬੰਧਨ ਦਿਤਾ ਪਾ, ਹਉਮੇ ਗੜ੍ਹ ਨਾ ਕੋਇ ਉਪਾਇਆ । ਜ਼ੋਰ ਜ਼ੁਲਮ ਹਟੌਣਾ ਖੰਡਾ ਹੱਥ ਫੜਾ, ਦੇ ਮਤ ਸਮਝਾਇਆ । ਸਭ ਦੀ ਰੱਛਿਆ ਕਰਨੀ ਗਿਆ ਸਿਖਾ, ਸਾਚਾ ਰੱਛਕ ਆਪ ਆਇਆ । ਕਲਜੁਗ ਅੰਤਮ ਸਿਖਿਆ ਦਏ ਭੁੱਲਾ, ਦਰ ਘਰ ਸਾਚਾ ਸਚ ਕਰ ਪਾਇਆ । ਗੁਰ ਗੋਬਿੰਦ ਲੇਖਾ ਰਿਹਾ ਲਿਖਾ, ਨਾ ਕੋਈ ਮੇਟੇ ਮੇਟ ਮਿਟਾਇਆ । ਕਲਜੁਗ ਅੰਤਮ ਪਰਗਟ ਹੋਵੇ ਬੇਪਰਵਾਹ, ਨਿਹਕਲੰਕਾ ਨਾਉਂ ਰਖਾਇਆ । ਅਮਾਮ ਮਹਿੰਦੀ ਆਪ ਅਖਵਾ, ਇਕ ਅਮਾਮ ਬਣਾਇਆ । ਅਹਿਮਦ ਰੂਪ ਨੂਰ ਖ਼ੁਦਾ, ਨੂਰੋ ਨੂਰ ਡਗਮਗਾਇਆ । ਸ਼ਬਦ ਸਜਦਾ ਇਕ ਵਖਾ, ਸਾਖਯਾਤ ਰੂਪ ਦਸਾਇਆ । ਆਪਣੀ ਆਇਤ ਇਕ ਸੁਣਾ, ਇਕ ਸਦਾ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪੇ ਧਰ, ਆਪ ਆਪਣਾ ਖੇਲ ਕਰਾਇਆ । ਕਲਜੁਗ ਕੂੜਾ ਕੂੜ ਮਿਟੌਣਾ, ਹਰਿ ਸਾਚੇ ਸਚ ਵਡਿਆਈਆ । ਖ਼ਲਕ ਖ਼ੁਦਾਈ ਮੇਲ ਮਿਲੌਣਾ, ਖ਼ਾਲਕ ਖ਼ਲਕ ਆਪ ਅਖਵਾਈਆ । ਰਾਜ਼ਕ ਰਹੀਮ ਰਹਿਮ ਕਮੌਣਾ, ਹਰਿ ਰਹਿਮਤ ਵਡ ਸ਼ਰਨਾਈਆ । ਅਜ਼ਮਤੋ ਕਸਮਤੋ ਅਜਿਬਵਾ ਅਤਿਲਹੇ ਆਪ ਆਪਣਾ ਸੰਗ ਰਖੌਣਾ, ਸਗਲਾ ਸੰਗ ਨਿਭਾਈਆ । ਇਜ਼ਰਾਈਲ ਜਬਰਾਈਲ

ਮੇਕਾਈਲ ਅਸਰਾਫ਼ੀਲ ਸੇਵ ਕਮੌਣਾ, ਸਾਚੀ ਸੇਵ ਕਮਾਈਆ । ਮੜੀ ਗੌਰ ਵੇਖ ਵਖੌਣਾ, ਸੋਏ ਆਪ ਉਠਾਈਆ । ਆਬੇ ਹਯਾਤ ਪਿਆਲਾ ਇਕ ਪਿਔਣਾ, ਹੱਥ ਫੜੇ ਸਚ ਸੁਰਾਹੀਆ । ਅੱਲਾ ਹੂ ਅੱਲਾ ਹੂ ਅੰਨਾ ਹੂ ਨਾਅਰਾ ਲੌਣਾ, ਆਪ ਆਪਣੀ ਅਲਖ ਜਗਾਈਆ । ਰਾਮ ਰੂਪ ਪਰਤੱਖ ਵਖੌਣਾ, ਧਨੁਸ਼ ਬਾਣ ਹੱਥ ਉਠਾਈਆ । ਕਾਹਨਾ ਕ੍ਰਿਸ਼ਨਾ ਵੇਸ ਵਟੌਣਾ, ਰਥ ਰਥਵਾਹੀ ਰਥ ਚਲਾਈਆ । ਯਸੂ ਮਸੀਹ ਵੇਖ ਵਖੌਣਾ, ਆਪ ਆਪਣਾ ਭੇਟ ਚੜ੍ਹਾਈਆ । ਸਚ ਮੁਹੰਮਦ ਸੰਗ ਨਿਭੌਣਾ, ਸਾਚੀ ਦਏ ਸਲਾਹੀਆ । ਨਾਨਕ ਨਿਰਗੁਣ ਮੇਲ ਮਿਲੌਣਾ, ਗੁਰ ਗੋਬਿੰਦ ਵੱਜੇ ਵਧਾਈਆ । ਪਿਛਲਾ ਲਹਿਣਾ ਮੂਲ ਚੁਕੌਣਾ, ਹਰਿ ਸਾਚਾ ਭੇਵ ਨਾ ਗਾਈਆ । ਅੱਗੇ ਏਕਾ ਮਾਰਗ ਲੌਣਾ, ਏਕਾ ਰਾਹ ਵਖਾਈਆ । ਸਾਚਾ ਨਾਮ ਆਪ ਸੁਣੌਣਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਅਮਲ ਅਮਾਮ ਇਕ ਵਖੌਣਾ, ਆਪੇ ਕਾਰ ਕਰਾਈਆ । ਮੌਲਾ ਮੌਲਾ ਮੌਲਿਆ ਨਜ਼ਰੀ ਔਣਾ, ਦੂਸਰ ਦੂਈ ਦਵੈਤ ਰਹੇ ਨਾ ਰਾਈਆ । ਵਰਨ ਬਰਨ ਨਾਤਾ ਭੈਣ ਭਾਈ ਬਣੌਣਾ, ਖ਼ੁਦਾਵੰਦ ਕਰੀਮ ਇਕ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਸਿਆ ਘਰ, ਸ੍ਰਿਸ਼ਟ ਸਬਾਈ ਦੇਵਣਹਾਰਾ ਵਰ, ਜੁਗ ਜੁਗ ਰੱਖੇ ਸਿਰ ਹੱਥ ਸਮਰਥ ਵਡ ਵਡਿਆਈਆ । ਸਾਂਝਾ ਕਲਮਾ ਸਾਂਝੀ ਧਾਰ, ਸਾਂਝੀਵਾਲ ਚਲਾਇੰਦਾ । ਸਾਂਝਾ ਸੱਜਣ ਸਾਂਝਾ ਮੀਤ ਮੁਰਾਰ, ਸਾਂਝਾ ਹੁਕਮ ਸੁਣਾਇੰਦਾ । ਸਾਂਝਾ ਕਰੇ ਖ਼ਬਰਦਾਰ, ਸਾਂਝਾ ਸਾਂਝੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਲੇਖਾ ਆਪੇ ਲਿਖ ਲਿਖ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਸਾਂਝਾ ਕਲਮਾ ਸਚ ਜ਼ਬਾਨ, ਹਰਿ ਸਾਚਾ ਆਪ ਲਿਖਾਈਆ । ਸਾਚੀ ਸ਼ਰਅ ਸਚ ਅਮਾਮ, ਸ਼ਰੀਅਤ ਸਚ ਜਣਾਈਆ । ਸਾਚਾ ਰੂਪ ਸ੍ਰੀ ਭਗਵਾਨ, ਏਕਾ ਏਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਲਮਾ ਆਪੇ ਕਲਪਤ ਰਿਹਾ ਕਰਾਈਆ । ਕਲਮਾ ਸੋ ਜੋ ਹਰਿ ਹਰਿ ਭਾਏ, ਹਰਿ ਸਾਚਾ ਆਪ ਉਪਾਇੰਦਾ । ਹੰ ਬ੍ਰਹਮ ਇਕ ਅਖਵਾਏ, ਏਕਾ ਰੂਪ ਦਰਸਾਇੰਦਾ । ਮਹਾਰਾਜ ਤਾਜ ਸੀਸ ਟਿਕਾਏ, ਨਬੀ ਰਸੂਲ ਆਪ ਹੋ ਜਾਇੰਦਾ । ਸ਼ੇਰ ਸ਼ੇਰ ਵਿਚ ਸੰਸਾਰ ਨਜ਼ਰੀ ਆਏ, ਸਿੰਘ ਸਿੰਘ ਭੇਖ ਵਟਾਇੰਦਾ । ਵਿਸ਼ਨੂੰ ਆਕਾਰ ਇਕ ਜਣਾਏ, ਸ੍ਰਿਸ਼ਟ ਸਬਾਈ ਰਿਜ਼ਕ ਸਬਾਇੰਦਾ । ਭਗਵਨ ਜੋਤ ਜੋਤ ਡਗਮਗਾਏ, ਵਰਨ ਗੋਤ ਨਾ ਕੋਇ ਰਖਾਇੰਦਾ । ਜਨਮ ਮਰਨ ਦੇ ਵਿਚ ਨਾ ਆਏ, ਮਾਤ ਗਰਭ ਨਾ ਆਸਣ ਲਾਇੰਦਾ । ਮਾਤ ਪਿਤਾ ਨਾ ਕੋਈ ਗੋਦ ਉਠਾਏ, ਭੈਣ ਭਾਈ ਨਾ ਮੇਲ ਮਿਲਾਇੰਦਾ । ਖਾਣ ਪੀਣ ਨਾ ਕੋਇ ਰਖਾਏ, ਜਗਤ ਤ੍ਰਿਸਨਾ ਵਿਚ ਨਾ ਆਇੰਦਾ । ਸਚ ਸਦਾ ਇਕ ਖ਼ੁਦਾ ਆਪ ਅਲ੍ਹਾਏ, ਸੋ ਕਲਮਾ ਨਬੀ ਅਖਵਾਇੰਦਾ । ਬੀਸ ਬੀਸਾ ਕਰ ਰੁਸ਼ਨਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਂ ਰਖਾਇੰਦਾ । ਸ੍ਰਿਸ਼ਟ ਸਬਾਈ ਏਕਾ ਬੋਲ, ਏਕਾ ਦਏ ਕਰਾਈਆ । ਪਹਿਲੋਂ ਪਾਏ ਜਗਤ ਘੋਲ, ਚਾਰੋਂ ਕੁੰਟ ਹੋਏ ਲੜਾਈਆ । ਕੌਮਾਂ ਮਜ਼੍ਹਬਾਂ ਦੀਨ ਇਸਲਾਮਾ ਵੱਜੇ ਢੋਲ, ਨੌਂ ਖੰਡ ਖੇਲ ਖਿਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਉਚੇ ਮੰਦਰ ਲਏ ਫੋਲ, ਤਖ਼ਤ ਤਾਜ ਰਹਿਣ ਨਾ ਪਾਈਆ । ਅੰਤਮ ਦੀਨਾਂ ਮਜ਼੍ਹਬਾਂ ਕੱਢੇ ਪੋਲ, ਆਪ ਆਪਣਾ ਰੂਪ ਪਰਗਟਾਈਆ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਰਾਮ ਕ੍ਰਿਸ਼ਨ ਬ੍ਰਹਮਾ ਪੂਰੇ ਕਰੇ ਕੌਲ, ਕੀਤਾ ਕੌਲ ਆਪ ਨਿਭਾਈਆ । ਏਕਾ ਮਾਰਗ ਧਰੇ ਉਪਰ ਧੌਲ, ਏਕਾ ਕਰੇ ਪੜ੍ਹਾਈਆ । ਜੀਵ ਜੰਤ ਜੈਕਾਰਾ ਏਕਾ ਲੈਣ ਬੋਲ, ਏਕਾ ਵਿਦਿਆ ਦਏ ਸਿਖਾਈਆ । ਖ਼ੁਦਾਵੰਦ ਕਰੀਮ ਹਰਿ ਨਿਰੰਕਾਰ ਰਾਮ ਰੂਪ ਖੇਲ

ਅਪਾਰ ਏਕਾ ਕੰਡੇ ਤੋਲੇ ਤੋਲ, ਤੋਲਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗਲਾ ਲੇਖਾ ਆਪਣੇ ਰੱਖੇ ਹੱਥ, ਸਮਰਥ ਵੇਖ ਵਖਾਈਆ ।

## ✪ ਪਹਿਲੀ ਫੱਗਣ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਹਰਿਜਨ ਹਰਿ ਹਰਿ ਪਾਇਆ, ਸਤਿਗੁਰ ਪੁਰਖ ਅਪਾਰ । ਗੁਰ ਸਤਿਗੁਰ ਮੇਲ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਸਾਚਾ ਮੰਦਰ ਇਕ ਸੁਹਾਇਆ, ਕਾਇਆ ਕਾਅਬਾ ਕਰ ਵਿਚਾਰ । ਨਿਰਗੁਣ ਜੋਤ ਕਰੇ ਰੁਸ਼ਨਾਇਆ, ਮੇਟ ਮਿਟਾਏ ਅੰਧ ਅੰਧਿਆਰ । ਅੰਮ੍ਰਿਤ ਆਤਮ ਤਾਲ ਸੁਹਾਇਆ, ਦੇਵਣਹਾਰਾ ਠੰਡੀ ਠਾਰ । ਬਜਰ ਕਪਾਟੀ ਕੁੰਡਾ ਲਾਹਿਆ, ਦੂਈ ਦਵੈਤੀ ਦਏ ਉਤਾਰ । ਸ਼ਰਅ ਸ਼ਰੀਅਤ ਇਕ ਵਖਾਇਆ, ਨਾਮ ਨਾਮਾ ਕਰ ਪਿਆਰ । ਅਨਹਦ ਸਾਚਾ ਤਾਲ ਵਜਾਇਆ, ਧੁਨੀ ਤਾਰ ਅਗੰਮ ਅਪਾਰ । ਪੰਚਮ ਸਖੀਆਂ ਮੰਗਲ ਗਾਇਆ, ਆਪ ਸੁਹਾਇਆ ਸੱਚਾ ਘਰ ਬਾਰ । ਤਾਲ ਅਨਾਦੀ ਇਕ ਵਜਾਇਆ, ਦਿਸ ਨਾ ਆਏ ਵਿਚ ਸੰਸਾਰ । ਨੇਤਰ ਲੋਚਣ ਇਕ ਖੁਲ੍ਹਾਇਆ, ਆਪ ਆਪਣਾ ਕਰ ਉਜਿਆਰ । ਜੋਤ ਨਿਰੰਜਣ ਸੇਵ ਕਮਾਇਆ, ਮੇਟ ਮਿਟਾਏ ਅੰਧ ਅੰਧਿਆਰ । ਬੰਕ ਦਵਾਰੇ ਬੰਦ ਰਖਾਇਆ, ਮੇਟ ਮਿਟਾਏ ਪੰਚਮ ਧਾੜ । ਕਾਮ ਕਰੋਧ ਨਾ ਨੇੜੇ ਆਇਆ, ਤ੍ਰਿਸਨਾ ਤ੍ਰਿਖਾ ਦੇਵੇ ਮਾਰ । ਪਾਰ ਕਰਾਏ ਸੁਖਮਨ ਨਾੜੀ ਡੂੰਘੀ ਗਾਰ । ਤ੍ਰੈ ਤ੍ਰੈ ਆਪਣਾ ਵੇਸ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਹਰਿ ਹਰਿ ਪੁਰਖ ਮੇਲਾ, ਹਰਿ ਸਾਚਾ ਮੇਲ ਮਿਲਾਇੰਦਾ । ਦੋ ਜਹਾਨਾਂ ਸੱਜਣ ਸੁਹੇਲਾ, ਏਕਾ ਰਾਹ ਵਖਾਇੰਦਾ । ਅਬਿਨਾਸ਼ੀ ਕਰਤਾ ਇਕ ਅਕੇਲਾ, ਏਕਓਂਕਾਰਾ ਨਾਉਂ ਰਖਾਇੰਦਾ । ਆਦਿ ਜੁਗਾਦੀ ਜੁਗ ਜੁਗ ਜਾਣੇ ਆਪਣਾ ਵੇਲਾ, ਨਿਤ ਨਵਿਤ ਖੇਲ ਖਿਲਾਇੰਦਾ । ਜਨ ਭਗਤਾਂ ਚਾੜ੍ਹੇ ਸਾਚਾ ਤੇਲਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਹਰਿ ਹਰਿ ਪਾਇਆ, ਮਿਲਿਆ ਪੁਰਖ ਕਰਤਾਰ । ਹਉਮੇ ਰੋਗ ਗਵਾਇਆ, ਟੁੱਟਾ ਗੜ੍ਹ ਹੰਕਾਰ । ਕਾਇਆ ਖੇੜਾ ਕੂੜ ਤਜਾਇਆ, ਸਚ ਸੁੱਚ ਭਰੇ ਭੰਡਾਰ । ਏਕਾ ਮੰਤਰ ਨਾਮ ਵਖਾਇਆ, ਰਸਨਾ ਜੇਹਵਾ ਇਕ ਆਧਾਰ । ਪਵਣ ਸਵਾਸੀ ਆਪ ਵਸਾਇਆ, ਆਪ ਚਲਾਏ ਆਪਣੀ ਧਾਰ । ਰੰਗ ਮਹੱਲ ਆਪ ਉਪਾਇਆ, ਘਰ ਘਰ ਵਿਚ ਕਰ ਉਜਿਆਰ । ਦੀਵਾ ਬਾਤੀ ਇਕ ਟਿਕਾਇਆ, ਆਪੇ ਜਾਣੇ ਆਪਣੀ ਕਾਰ । ਕਮਲਾਪਾਤੀ ਵੇਖ ਵਖਾਇਆ, ਕਮਲ ਨੈਣ ਨੈਣ ਮੰਧਾਰ । ਆਤਮ ਤਾਕੀ ਆਪ ਖੁਲ੍ਹਾਇਆ, ਆਪੇ ਬੰਦ ਕਿਵਾੜ । ਆਪਣੀ ਛਾਤੀ ਆਪੇ ਲਾਇਆ, ਘਰ ਸਾਚੇ ਕਰੇ ਪਿਆਰ । ਹਰਿਜਨ ਅੰਮ੍ਰਿਤ ਬੂੰਦ ਸਵਾਂਤੀ ਆਪ ਪਿਆਇਆ, ਨਿਝਰ ਬਰਖੇ ਠੰਡੀ ਠਾਰ । ਕਾਗੋਂ ਹੰਸ ਬਣਾਇਆ, ਸਚ ਸਰੋਵਰ ਦੇਵੇ ਤਾਰ । ਸੁਰਤੀ ਸ਼ਬਦੀ ਮੇਲ ਮਿਲਾਇਆ, ਆਤਮ ਬ੍ਰਹਮ ਵਿਚਾਰ । ਆਤਮ ਸੇਜਾ ਸਚ ਸੁਹਾਇਆ, ਘਰ ਮੇਲਾ ਮੀਤ ਮੁਰਾਰ । ਇਕ ਅਤੀਤਾ ਨਜ਼ਰੀ ਆਇਆ, ਪਤਤ ਪੁਨੀਤਾ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਹਰਿ ਹਰਿ ਮੀਤੜਾ, ਪਰਮ ਪੁਰਖ ਸੁਲਤਾਨ । ਕਾਇਆ ਚੋਲੀ

ਰੰਗੇ ਚੀਥੜਾ, ਏਕਾ ਦੇਵੇ ਸ਼ਬਦ ਗਿਆਨ । ਇਕ ਵਖਾਏ ਸਾਚਾ ਗੁਰੁਦਵਾਰ ਮੰਦਰ ਮਸੀਤੜਾ, ਘਰ ਮੇਲ ਸ੍ਰੀ ਭਗਵਾਨ । ਜੁਗ ਜੁਗ ਆਪੇ ਜਾਣੇ ਆਪਣੀ ਰੀਤੜਾ, ਵੇਦ ਕਤੇਬ ਭੇਵ ਨਾ ਪਾਣ । ਭਗਤਨ ਮੀਤਾ ਭਗਤੀ ਬੀਠਲਾ, ਮੇਲ ਮਿਲਾਵਾ ਦੋ ਜਹਾਨ । ਆਦਿ ਜੁਗਾਦੀ ਠੰਡਾ ਸੀਤਲਾ, ਸਤਿ ਸਰੂਪ ਸਤਿ ਨਿਸ਼ਾਨ । ਏਕਾ ਰੰਗ ਰੰਗਾਏ ਹਸਤ ਕੀਟਲਾ, ਊਚੋ ਊਚ ਨੀਚਾਂ ਨੀਚ ਆਪ ਮਿਹਰਵਾਨ । ਜਨ ਭਗਤਾਂ ਵਸਿਆ ਚੀਤਲਾ, ਦਿਵਸ ਰੈਣ ਇਕ ਧਿਆਨ । ਆਪੇ ਪਤਿਤ ਆਪ ਪੁਨੀਤੜਾ, ਪਤਿਤ ਪਾਵਨ ਰੂਪ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਪਰਧਾਨ । ਹਰਿਜਨ ਹਰਿ ਹਰਿ ਪੇਖਿਆ, ਨੇਤਰ ਨੈਣ ਉਘਾੜ । ਹਰਿ ਲਿਖਣਹਾਰਾ ਲੇਖਿਆ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ । ਆਪੇ ਫਿਰੇ ਦੇਸ ਪਰਦੇਸਿਆ, ਲੋਆਂ ਪੁਰੀਆਂ ਇਕ ਅਖਾੜ । ਸ਼ਾਹੋ ਭੂਪ ਵਡ ਨਰ ਨਰੇਸ਼ਿਆ, ਧੁਰ ਦਰਗਾਹੀ ਸਾਚਾ ਲਾੜ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ਿਆ, ਕਰੇ ਕਰਾਏ ਸੱਚੀ ਸਿਕਦਾਰ । ਸ਼ਿਵ ਸ਼ੰਕਰ ਸਚ ਅਦੇਸਿਆ, ਆਪ ਆਪਣੇ ਕਰੇ ਜੈਕਾਰ । ਸਚ ਸਿੰਘਾਸਣ ਆਪੇ ਬੈਠਿਆ, ਥਿਰ ਘਰ ਬੈਠ ਸਚ ਦਰਬਾਰ । ਪਾਰਬ੍ਰਹਮ ਦੋ ਜਹਾਨਾਂ ਖੇਵਟ ਖੇਟਿਆ, ਆਪ ਉਠਾਏ ਸਗਲਾ ਭਾਰ । ਹਰਿਜਨ ਸ਼ਬਦ ਦੋਸ਼ਾਲ ਲਪੇਟਿਆ, ਆਪ ਆਪਣੀ ਕਿਰਪਾ ਧਾਰ । ਮਾਤ ਪਿਤ ਆਪੇ ਹੋਏ ਆਪੇ ਚੁੱਕੇ ਆਪਣੇ ਬੇਟਿਆ, ਆਪੇ ਚਲੇ ਨਾਲ ਨਾਲ । ਵੇਖਣਹਾਰਾ ਕਾਇਆ ਖੇਤਿਆ, ਪੰਜ ਤੱਤ ਰੂਪ ਵਸਾਲ । ਆਪੇ ਹੋਏ ਸਤਿ ਚੇਤਿਆ, ਚੇਤਨ ਰੂਪ ਦੀਨ ਦਿਆਲ । ਆਪੇ ਦਿਸੇ ਨੇਤਨ ਨੇਤਿਆ, ਆਪੇ ਵੇਖੇ ਕਾਲ ਮਹਾਂਕਾਲ । ਗੁਰਮੁਖ ਗੁਰਸਿਖ ਹਰਿਜਨ ਹਰਿ ਸਾਚੇ ਆਪੇ ਵੇਖਿਆ, ਆਪ ਆਪਣੇ ਲਏ ਭਾਲ । ਆਪੇ ਵਸੇ ਸੌਹਰੇ ਪੇਕਿਆ, ਨਾਰੀ ਕੰਤਾ ਰੂਪ ਕਮਾਲ । ਨਾ ਕੋਈ ਜਾਣੇ ਧਾਰੀ ਕੇਸਿਆ, ਮੂੰਡ ਮੁੰਡਾਏ ਲਏ ਸੰਭਾਲ । ਜਿਸ ਜਨ ਹਰਿ ਹਰਿ ਚੇਤਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਏਕਾ ਨਾਮ ਸੱਚਾ ਧਨ ਮਾਲ । ਸਾਚੀ ਵਸਤ ਹਰਿ ਧਨ ਮਾਲ, ਹਰਿਜਨ ਝੋਲੀ ਪਾਈਆ । ਤੋੜਨਹਾਰਾ ਜਗਤ ਜੰਜਾਲ, ਕੂੜੀ ਕਿਰਿਆ ਮੇਟ ਮਿਟਾਈਆ । ਸੰਤ ਸੁਹੇਲੇ ਆਪੇ ਭਾਲ, ਆਪ ਆਪਣਾ ਦਰਸ ਵਖਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਗੁਰ ਬਣਾਏ ਸਚ ਦਲਾਲ, ਪੁਰਖ ਅਕਾਲ ਵੇਖ ਵਖਾਈਆ । ਕਾਇਆ ਮੰਦਰ ਅੰਦਰ ਧਰਮ ਸੱਚੀ ਧਰਮਸਾਲ, ਘਰ ਬੈਠਾ ਬੇਪਰਵਾਹੀਆ । ਸਰ ਸਰੋਵਰ ਇਕ ਉਛਾਲ, ਲਾਲ ਅਨਮੁਲੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਹਰਿ ਸੱਜਣ ਮੇਲ ਮਿਲਾਈਆ । ਸੱਜਣ ਹਰਿ ਅਨਡਿਠੜਾ, ਰੂਪ ਰੰਗ ਨਾ ਰੇਖ । ਘਟ ਘਟ ਸੁੱਤਾ ਦੇ ਕਰ ਪੀਠੜਾ, ਨਾ ਸਕੇ ਕੋਈ ਵੇਖ । ਸ਼ਬਦ ਗੁਰ ਗਹਿਰ ਗੰਭੀਰ ਗੁਣੀ ਗਹਿੰਦੜਾ ਬਖ਼ਸ਼ਿੰਦੜਾ, ਆਪੇ ਲਿਖਣਹਾਰਾ ਲੇਖ । ਹਰਿਜਨ ਸਾਚੇ ਮੇਲ ਮਿਲੰਦੜਾ, ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਕਰ, ਆਪੇ ਕਰੇ ਬੁਧ ਬਿਬੇਕ । ਬੁਧ ਬਿਬੇਕ ਆਤਮ ਜਾਤੀ, ਹਰਿ ਹਰਿ ਆਪ ਕਰਾਈਆ । ਦਿਵਸ ਰੈਣ ਪੁੱਛੇ ਵਾਤੀ, ਸੰਝ ਸਵੇਰ ਨਾ ਕੋਇ ਰਖਾਈਆ । ਦਰਸ ਵਖਾਏ ਇਕ ਅਕਾਂਤੀ, ਇਕ ਅਕੱਲਾ ਵਡ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਦੇਵਣਹਾਰਾ ਬਾਕੀ, ਆਪ ਆਪਣਾ ਵੇਸ ਵਟਾਈਆ । ਅੰਮ੍ਰਿਤ ਜਾਮ ਪਿਆਏ ਬਣ ਬਣ ਸਾਕੀ, ਸਚ ਪਿਆਲਾ ਹੱਥ ਉਠਾਈਆ । ਗੁਰ

ਕਾ ਸ਼ਬਦ ਭਵਿਖਤ ਵਾਕੀ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਘੋੜੇ ਹਰਿਜਨ ਚੜ੍ਹੇ ਮਾਰ ਪਲਾਕੀ, ਲੋਆਂ ਪੁਰੀਆਂ ਪਾਰ ਕਰਾਈਆ । ਭੇਵ ਨਾ ਜਾਣੇ ਬੰਦਾ ਖ਼ਾਕੀ, ਖ਼ਾਕੀ ਖ਼ਾਕ ਰਿਹਾ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਉਚ ਮਹੱਲ, ਹਰਿ ਸਾਚਾ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਭੇਵ ਕੋਇ ਨਾ ਪਾਇੰਦਾ । ਗੁਰਮੁਖ ਵਿਰਲੇ ਬੂਟੇ ਲਾਏ ਫਲ, ਸਿਮਲ ਰੁਖ ਸਰਬ ਹਲਾਇੰਦਾ । ਖੇਲੇ ਖੇਲ ਜਲ ਥਲ, ਮਈਅਲ ਆਪ ਸਮਾਇੰਦਾ । ਆਪਣੀ ਜੋਤੀ ਆਪੇ ਗਿਆ ਬਲ, ਦੀਪਕ ਗਿਆਨ ਇਕ ਜਗਾਇੰਦਾ । ਆਪਣੇ ਸ਼ਬਦ ਆਪੇ ਗਿਆ ਰਲ, ਗੁਰ ਸ਼ਬਦੀ ਨਾਉਂ ਧਰਾਇੰਦਾ । ਆਪਣੀ ਮੇਟੇ ਆਪੇ ਸਲ, ਆਪਣੀ ਸਿਖਿਆ ਆਪ ਸੁਣਾਇੰਦਾ । ਆਪਣਾ ਚਲਾਏ ਆਪੇ ਹੱਲ, ਆਪਣਾ ਬੀਜ ਆਪ ਬਜਾਇੰਦਾ । ਆਪਣੀ ਵੜਿਆ ਆਪੇ ਝੱਲ, ਆਰ ਪਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਸਾਚਾ ਘਰ ਇਕ ਸੁਹਾਇੰਦਾ । ਸਾਚਾ ਘਰ ਉਚ ਮੁਨਾਰਾ, ਹਰਿ ਸਾਚੇ ਆਪ ਉਪਾਇਆ । ਨਿਰਗੁਣ ਜੋਤੀ ਕਰ ਉਜਿਆਰਾ, ਬੈਠਾ ਆਸਣ ਲਾਇਆ । ਆਦਿ ਨਿਰੰਜਣ ਖੇਲ ਅਪਾਰਾ, ਪਾਰਬ੍ਰਹਮ ਪ੍ਰਭ ਵੇਸ ਵਟਾਇਆ । ਆਦਿ ਸ਼ਕਤ ਕੰਤ ਭਤਾਰਾ, ਸਾਚਾ ਸੰਗ ਰਖਾਇਆ । ਦੀਵਾ ਬਾਤੀ ਇਕ ਉਜਿਆਰਾ, ਕਮਲਾਪਾਤੀ ਆਪ ਕਰਾਇਆ । ਸ਼ਬਦ ਅਗੰਮੀ ਇਕ ਜੈਕਾਰਾ, ਏਕਾ ਰਿਹਾ ਸੁਣਾਇਆ । ਸਚ ਸਿੰਘਾਸਣ ਹਰਿ ਨਿਰੰਕਾਰਾ, ਥਿਰ ਘਰ ਬੈਠਾ ਆਸਣ ਲਾਇਆ । ਲੋਆਂ ਪੁਰੀਆਂ ਮਾਰੇ ਮਾਰਾ, ਚੌਦਾਂ ਲੋਕਾਂ ਵੇਖ ਵਖਾਇਆ । ਤ੍ਰਿਲੋਕੀ ਨੰਦਨ ਆਪੇ ਜਾਣੇ ਆਪਣੀ ਕਾਰਾ, ਜਗਤ ਬੰਧਨ ਤੋੜ ਤੁੜਾਇਆ । ਗੁਰਮੁਖ ਮੇਲਾ ਪਰਮਾਨੰਦਨ, ਪਰਮਾਨੰਦ ਆਪ ਸਮਾਇਆ । ਹਰਿਜਨ ਵੇਖੇ ਚੰਦ ਚੰਦਨ, ਰੈਣ ਅੰਧੇਰਾ ਮੇਟ ਮਿਟਾਇਆ । ਸਰਬ ਜੀਆਂ ਆਪੇ ਬਖ਼ਸ਼ੰਦਨ, ਭਵਸਾਗਰ ਪਾਰ ਕਰਾਇਆ । ਵਡ ਦਾਤਾ ਦਾਨੀ ਗੁਣੀ ਗਹਿੰਦਨ, ਗੁਰ ਸਤਿਗੁਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਵਖਾਇਆ । ਸਚ ਘਰ ਦਰ ਦਰਬਾਰਾ, ਇਕ ਅਲਖ ਜਗਾਇੰਦਾ । ਅਲਖ ਅਗੋਚਰ ਅਗੰਮ ਅਪਾਰਾ, ਅਗਾਧ ਬੋਧ ਉਪਾਇੰਦਾ । ਨਾਦ ਅਨਾਦੀ ਧੁਨ ਜੈਕਾਰਾ, ਸ਼ਬਦ ਬ੍ਰਿਹਿਮਾਦੀ ਆਪ ਅਲਾਇੰਦਾ । ਵਿਸਮਾਦੀ ਵਿਸਮਾਦ ਖੇਲ ਨਿਆਰਾ, ਭੇਵ ਕੋਇ ਨਾ ਪਾਇੰਦਾ । ਮੇਲ ਮਿਲਾਵਾ ਸੰਤਨ ਸਾਧੀ, ਸੰਤ ਸਾਧ ਵੇਖ ਵਖਾਇੰਦਾ । ਜੋ ਜਨ ਰਸਨਾ ਰਹੇ ਅਰਾਧੀ, ਘਰ ਘਰ ਫੇਰੀ ਪਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧੀ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਹੋ ਆਇੰਦਾ । ਆਪੇ ਜਾਣ ਬਾਣ ਧੁਰਾਂ ਦੀ, ਧੁਰ ਦਾਤਾ ਭੇਖ ਵਟਾਇੰਦਾ । ਵੇਖਣਹਾਰਾ , ਆਪ ਆਪਣੀ ਅੱਖ ਖੁਲ੍ਹਾਇੰਦਾ । ਜੁਗ ਜੁਗ ਦੇਵਣਹਾਰਾ ਦਾਦੀ, ਸਾਚੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਕੰਤ ਕੰਤੂਹਲ ਆਪ ਅਖਵਾਇੰਦਾ । ਕੰਤ ਕੰਤੂਹਲ ਨਰ ਨਰਾਇਣ, ਏਕਾ ਏਕਓਂਕਾਰਿਆ । ਹਰਿਜਨ ਚੁਕਾਏ ਲਹਿਣ ਦੇਣ, ਪਾਰ ਕਰਾਏ ਜਗਤ ਕਨਾਰਿਆ । ਦਰਸ ਵਖਾਏ ਏਕਾ ਨੈਣ, ਲੋਚਣ ਨੇਤਰ ਆਪ ਖੁਲ੍ਹਾ ਰਿਹਾ । ਸਖਾ ਸਖਾਈ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸਗਲਾ ਸੰਗ ਨਿਭਾ ਰਿਹਾ । ਲਾੜੀ ਮੌਤ ਨਾ ਖਾਏ ਡਾਇਨ, ਵੇਲਾ ਅੰਤਮ ਆਪਣੇ ਹੱਥ ਰਖਾ ਰਿਹਾ । ਚਿਤਰ ਗੁਪਤ ਨਾ ਹਿਸਾਬ ਕਿਤਾਬ ਜਨ ਭਗਤਾਂ ਅੰਤਮ ਆਏ ਲੈਣ, ਜਿਉਂ ਬਾਲਕ ਮਾਤਾ ਗੋਦ ਉਠਾ

ਰਿਹਾ । ਧਾਮ ਅਵੱਲੇ ਸਾਚੇ ਬਹਿਣ, ਸਚਖੰਡ ਦਵਾਰਾ ਆਪ ਉਪਾ ਲਿਆ । ਜੋਤੀ ਜੋਤ ਸਰਬ ਰਲ ਜਾਣ, ਜੋਤੀ ਉਪਜੇ ਜੋਤੀ ਬਿਨਸੇ ਜੋਤੀ ਵਿਚ ਟਿਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਦਰ, ਦਰ ਘਰ ਸਾਚਾ ਆਪ ਸੁਹਾ ਲਿਆ । ਹਰਿਜਨ ਮਿਲਿਆ ਹਰਿ ਸੱਜਣ ਸ਼ਾਹ, ਏਕਾ ਦੂਜਾ ਭੌ ਨਿਵਾਰਿਆ । ਜੋਤੀ ਜੋਤ ਗਏ ਸਮਾ, ਦਿਸ ਨਾ ਆਏ ਵਿਚ ਸੰਸਾਰਿਆ । ਲੱਖ ਚੁਰਾਸੀ ਗੇੜ ਚੁਕਾ, ਆਪਣੇ ਅੰਗ ਲਗਾ ਲਿਆ । ਦਰਗਹਿ ਸਾਚੀ ਖੁਲ੍ਹਾ ਵੇਹੜਾ ਆਪ ਰਖਾ, ਸੰਤ ਸੁਹੇਲੇ ਫੁਲ ਫੁਲਵਾੜੀ ਆਪ ਲਗਾ ਰਿਹਾ । ਜੁਗ ਜੁਗ ਬੇੜਾ ਰਿਹਾ ਚਲਾ, ਲੋਕਮਾਤ ਫੇਰਾ ਪਾ ਲਿਆ । ਹਰਿਜਨ ਹਰਿ ਸੰਤ ਕਾਇਆ ਖੇੜਾ ਦਏ ਵਸਾ, ਜਿਸ ਜਨ ਆਪਣਾ ਸ਼ਬਦ ਸੁਣਾ ਲਿਆ । ਜਗਤ ਵਿਦਿਆ ਦਏ ਭੁਲਾ, ਆਤਮ ਵਿਦਿਆ ਮੇਲ ਮਿਲਾ ਲਿਆ । ਹੰਗਤਾ ਗੜ੍ਹ ਦਏ ਤੁੜਾ, ਹੰ ਬ੍ਰਹਮ ਇਕ ਅਖਵਾ ਲਿਆ । ਸੋ ਪੁਰਖ ਨਿਰੰਜਣ ਦਇਆ ਕਮਾ, ਸੋਹੰ ਰੂਪ ਆਪ ਵਟਾ ਲਿਆ । ਰਾਮ ਰਾਮਾ ਨਜ਼ਰੀ ਆ, ਕ੍ਰਿਸ਼ਨਾ ਕ੍ਰਿਸ਼ਨ ਵਖਾ ਲਿਆ । ਨੂਰ ਅਲਾਹੀ ਨੂਰ ਰੁਸ਼ਨਾ, ਪੰਜ ਤੱਤ ਨਾ ਕੋਇ ਮਨਾ ਲਿਆ । ਨਾਨਕ ਗੋਬਿੰਦ ਦਰਸ ਵਖਾ, ਨਿਰਗੁਣ ਆਪਣੇ ਵਿਚ ਸਮਾ ਲਿਆ । ਭਗਤ ਭਗਵੰਤ ਲੋਕਮਾਤ ਧਰਾ, ਜੁਗ ਜੁਗ ਆਪਣਾ ਨਾਮ ਦ੍ਰਿੜਾ ਲਿਆ । ਸੰਤ ਸੁਹੇਲੇ ਵੇਖ ਵਖਾ, ਸਾਚਾ ਮਾਰਗ ਇਕ ਰਖਾ ਲਿਆ । ਜੋਤੀ ਜੋਤ ਜੋਤ ਟਿਕਾ, ਗੁਰ ਸਤਿਗੁਰ ਵੇਸ ਵਟਾ ਲਿਆ । ਵਰਨ ਗੋਤ ਨਾ ਕੋਈ ਰਿਹਾ ਰਖਾ, ਨਿਰਗੁਣ ਨਾਉਂ ਨਿਰੰਕਾਰ ਧਰਾ ਲਿਆ । ਸ਼ਬਦ ਸੋਟੀ ਹੱਥ ਫੜਾ, ਗੁਰ ਪੀਰ ਲੋਕਮਾਤ ਆਪ ਫਿਰਾ ਰਿਹਾ । ਚੋਟੀ ਚੜ੍ਹ ਬੈਠਾ ਬੇਪਰਵਾਹ, ਜਨਮ ਮਰਨ ਨਾ ਕੋਇ ਰਖਾ ਲਿਆ । ਕੋਟਨ ਕੋਟੀ ਰਹੇ ਧਿਆ, ਧਿਆਨ ਵਿਚ ਨਾ ਕੋਇ ਲਗਾ ਰਿਹਾ । ਬੋਟੀ ਬੋਟੀ ਰਹੇ ਕਟਾ, ਮਨ ਕਾ ਟੁਕੜਾ ਨਾ ਕੋਇ ਰਖਾ ਰਿਹਾ । ਤਨ ਲੰਗੋਟੀ ਰਹੇ ਬੰਨ੍ਹਾ, ਧੀਰਜ ਜਤ ਨਾ ਕੋਇ ਕਰਾ ਰਿਹਾ । ਵਾਸਨਾ ਖੋਟੀ ਰਹੇ ਕਢਾ, ਵਾਸਦੇਵ ਦਿਸ ਨਾ ਆ ਰਿਹਾ । ਆਦਿ ਸ਼ਕਤ ਰਹੇ ਮਨਾ, ਆਦਿ ਭਵਾਨੀ ਨਾ ਨਾਤਾ ਜੋੜ ਜੁੜਾ ਰਿਹਾ । ਬ੍ਰਹਮਾ ਬ੍ਰਹਮ ਰਹੇ ਸੁਣਾ, ਬ੍ਰਹਮ ਬ੍ਰਹਮ ਭੇਵ ਨਾ ਪਾ ਲਿਆ । ਵਿਸ਼ਨ ਵਿਸ਼ਨ ਰਹੇ ਗਾ, ਸ਼ੇਸ਼ ਨਾਗ ਆਸਣ ਦਿਸ ਨਾ ਆ ਰਿਹਾ । ਸ਼ੰਕਰ ਸ਼ੰਕਰ ਅਲਖ ਜਗਾ, ਮਨ ਕਾ ਸ਼ੰਕਾ ਨਾ ਕੋਇ ਗਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਭਗਤ ਸੁਹੇਲੇ ਲਏ ਵਰ, ਹਰਿਜਨ ਸਾਚੇ ਸੰਗ ਰਖਾ ਲਿਆ । ਹਰਿਜਨ ਤੇਰਾ ਸਗਲਾ ਸਾਥ, ਏਕਾ ਪੁਰਖ ਅਬਿਨਾਸ਼ਿਆ । ਜੁਗ ਜੁਗ ਚਲਾਏ ਆਪਣਾ ਰਾਥ, ਖੇਲੇ ਖੇਲ ਪ੍ਰਿਥਮੀ ਅਕਾਸ਼ਿਆ । ਆਪ ਜਣਾਏ ਆਪਣੀ ਗਾਥ, ਸਾਚਾ ਸ਼ਬਦ ਵਿਚ ਭਰਵਾਸਿਆ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਹਿਰਦੇ ਹਰਿ ਹਰਿ ਵਾਸਿਆ । ਆਪ ਚੜ੍ਹਾਏ ਆਪਣੇ ਰਾਥ, ਧੁਰ ਦਾਤਾ ਦੇਵੇ ਧੁਰ ਭਰਵਾਸਿਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਲੱਖ ਚੁਰਾਸੀ ਫੰਦ ਕਟਾਸਿਆ । ਲੇਖੇ ਲਾਏ ਪੂਜਾ ਪਾਠ, ਜੋ ਜਨ ਗਾਏ ਰਸਨਾ ਜਿਹਵ ਸਵਾਸਿਆ । ਲਹਿਣਾ ਦੇਣਾ ਚੁੱਕੇ ਅਠ ਸਾਠ, ਜਿਸ ਜਨ ਪਾਇਆ ਸ਼ਾਹੋ ਸ਼ਾਬਾਸਿਆ । ਸਤਿਗੁਰ ਪੂਰਾ ਕਰਨੇਹਾਰਾ ਘਾਟ, ਫ਼ਰਕ ਰਹੇ ਨਾ ਰੱਤੀ ਮਾਸਿਆ । ਲੇਖ ਚੁਕਾਏ ਦਸ ਦਸ ਮਾਸ, ਪਾਰ ਕਰਾਏ ਗਰਭ ਵਾਸਿਆ । ਹਰਿਜਨ ਹਰਿ ਹਰਿ ਪੂਰੀ ਕਰੇ ਆਸ, ਦੇਵਣਹਾਰਾ ਨਾਮ ਦਿਲਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਜਣ ਵੇਖੇ ਘਰ ਆਦਿ ਜੁਗਾਦਿ ਨਾ ਕਦੇ ਵਿਨਾਸਿਆ । ਨਾਮ ਵਸਤ ਸਚ ਭੰਡਾਰ, ਸਤਿਗੁਰ

ਹੱਥ ਵਡਿਆਈਆ । ਦੇਵਣਹਾਰਾ ਵਿਚ ਸੰਸਾਰ, ਦਾਤਾ ਦਾਨੀ ਆਪ ਅਖਵਾਈਆ । ਗੁਰਮੁਖਾਂ ਦੇਵੇ ਕਰ ਪਿਆਰ, ਆਪ ਆਪਣੀ ਬੂਝ ਬੁਝਾਈਆ । ਜਗਤ ਤ੍ਰਿਸਨਾ ਦੇਵੇ ਮਾਰ, ਜੂਠਾ ਝੂਠਾ ਮੋਹ ਚੁਕਾਈਆ । ਪੰਚਮ ਨਾਤਾ ਤੋੜ ਹੰਕਾਰ, ਪੰਚਮ ਪੰਚ ਕਰੇ ਕੁੜਮਾਈਆ । ਸਾਚੀ ਸਿਖਿਆ ਗੁਰ ਵੀਚਾਰ, ਕਲਜੁਗ ਬੇੜਾ ਪਾਰ ਕਰਾਈਆ । ਲੇਖਾ ਲਿਖਿਆ ਧੁਰ ਦਰਬਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਏਥੇ ਓਥੇ ਹੋਏ ਸਹਾਰ, ਸਤਿਗੁਰ ਪੂਰਾ ਇਕ ਅਖਵਾਈਆ । ਮਾਨਸ ਨੱਯਾ ਨਾ ਡੁੱਬੇ ਅਧਵਿਚਕਾਰ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਸਾਚਾ ਸੱਯਾ ਮੀਤ ਮੁਰਾਰ, ਏਕਓਂਕਾਰ ਆਪ ਅਖਵਾਈਆ । ਰਾਏ ਧਰਮ ਨਾ ਕੱਢੇ ਵਹੀਆ, ਨਾ ਕੋਈ ਲੇਖ ਚੁਕਾਈਆ । ਨਾ ਕੋਈ ਦਿਸੇ ਭੈਣਾਂ ਭੱਯਾ, ਮਾਤ ਪਿਤ ਨਾ ਸੰਗ ਰਖਾਈਆ । ਗੁਰ ਕਾ ਸ਼ਬਦ ਸਦਾ ਸੰਗ ਰਹੀਆ, ਸਗਲਾ ਸੰਗ ਰਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਅਰਾ ਇਕ ਲਗਈਆ, ਪੰਜੇ ਸ਼ਬਦ ਰਹੇ ਗਾਈਆ । ਰਾਮ ਕ੍ਰਿਸ਼ਨਾ ਮੇਲ ਮਿਲਈਆ, ਨਾਨਕ ਗੋਬਿੰਦ ਵਿਚ ਸਮਾਈਆ । ਆਦਿ ਨਿਰੰਜਣ ਇਕ ਅਖਵਈਆ, ਅੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਲੱਖ ਚੁਰਾਸੀ ਬੇੜਾ ਪਾਰ ਕਰਾਈਆ । ਨਾਮ ਭੰਡਾਰ ਸ਼ਬਦ ਅਖੁਟ, ਹਰਿ ਸਤਿਗੁਰ ਆਪ ਵਰਤਾਇੰਦਾ । ਜਗਤ ਵਿਕਾਰਾ ਦੇਵੇ ਪੁੱਟ, ਜਿਸ ਜਨ ਦਇਆ ਕਮਾਇੰਦਾ । ਅੰਮ੍ਰਿਤ ਆਤਮ ਪਿਆਏ ਘੁੱਟ, ਸੀਤਲ ਧਾਰ ਵਹਾਇੰਦਾ । ਕਾਇਆ ਤਨ ਨਗਾਰੇ ਲਾਏ ਚੋਟ, ਅਨਹਦ ਤਾਲ ਵਜਾਇੰਦਾ । ਹਉਮੇ ਹੰਗਤਾ ਕੱਢੇ ਖੋਟ, ਸਾਚਾ ਸ਼ਬਦ ਸੁਣਾਇੰਦਾ । ਸਚ ਦਰ ਨਾ ਰਹੇ ਕੋਈ ਤੋਟ, ਦੂਜਾ ਦਰ ਨਾ ਮੰਗਣ ਜਾਇੰਦਾ । ਲਹਿਣਾ ਦੇਣਾ ਚੁਕਾਏ ਪੂਰਬ ਜਨਮ ਕੋਟੀ ਕੋਟ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਸੋ ਪੁਰਖ ਨਿਰੰਜਣ ਝੋਲੀ ਪਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵਾਨ, ਏਕਾ ਏਕ ਅਖਵਾਈਆ । ਹੰ ਬ੍ਰਹਮ ਕਰ ਪਰਧਾਨ, ਪੰਜ ਤੱਤ ਵਟਾਈਆ । ਬ੍ਰਹਮ ਪਾਰਬ੍ਰਹਮ ਦਿਸੇ ਨਾ ਕੋਈ ਨਿਸ਼ਾਨ, ਜਗਤ ਨੇਤਰ ਸ੍ਰਿਸ਼ਟ ਸਬਾਈ ਵੇਖ ਵਖਾਈਆ । ਜਿਸ ਜਨ ਦੇਵੇ ਆਤਮ ਗਿਆਨ, ਤਿਸ ਜਨ ਬੂਝ ਬੁਝਾਈਆ । ਸ਼ਬਦ ਜਣਾਈ ਧੁਰ ਫ਼ਰਮਾਨ, ਸਤਿਜੁਗ ਸਾਚਾ ਰਾਹ ਵਖਾਈਆ । ਨਾਨਕ ਨਿਰਗੁਣ ਗਾਇਆ ਜਗਤ ਜ਼ਬਾਨ, ਸੋਹੰ ਢੋਲਾ ਇਕ ਇਲਾਹੀਆ । ਕਲਜੁਗ ਅੰਤਮ ਖੇਲੇ ਖੇਲ ਸ੍ਰੀ ਭਗਵਾਨ, ਚਾਰ ਵਰਨਾਂ ਕਰੇ ਪੜ੍ਹਾਈਆ । ਲੱਖ ਚੁਰਾਸੀ ਝੂਲਣਾ ਇਕ ਨਿਸ਼ਾਨ, ਪ੍ਰਭ ਸਾਚਾ ਆਪ ਝੁਲਾਈਆ । ਉਪਰ ਲੇਖ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਜੈ ਜੈਕਾਰ ਆਪ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਸਾਰੇ ਗਾਣ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਨਾ ਰਾਈਆ । ਰਾਮ ਕ੍ਰਿਸ਼ਨ ਇਕ ਵਿਧਾਨ, ਏਕਾ ਮਾਰਗ ਲਾਈਆ । ਮੁਸਲਮ ਸੁੰਨੀ ਕਰ ਪਰਵਾਨ, ਸਾਚਾ ਨਬੀ ਆਪ ਹੋ ਜਾਈਆ । ਨਾਨਕ ਗੋਬਿੰਦ ਕਰ ਪਛਾਨ, ਜੋਤੀ ਨੂਰ ਕਰੇ ਰੁਸ਼ਨਾਈਆ । ਸਰਬ ਜੀਆਂ ਦਾ ਜਾਣੀ ਜਾਣ, ਇਕ ਅਕੱਲਾ ਬੇਪਰਵਾਹੀਆ । ਜੁਗ ਜੁਗ ਆਪ ਸੁਣਾਏ ਆਪਣਾ ਧੁਰ ਫ਼ਰਮਾਣ, ਸ਼ਬਦ ਸੁਨੇਹੜਾ ਇਕ ਘਲਾਈਆ । ਭੇਵ ਨਾ ਪਾਏ ਕੋਈ ਵਿਦਵਾਨ, ਪੰਡਤ ਪਾਂਧਾ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਸਚ ਭੰਡਾਰ ਦੇਵੇ ਭਰ, ਸਤਿ ਸਰੂਪ ਸ਼ਾਹੋ ਭੂਪ ਅਨ ਰੰਗ ਰੂਪ ਇਸ਼ਟ ਦ੍ਰਿਸ਼ਟ ਇਕ ਵਖਾਈਆ । ਨਾਮ ਭੰਡਾਰ ਜਗਤ ਵਰਤੰਤ, ਹਰੀ ਹਰਿ ਆਪ ਵਰਤਾਇਆ । ਗ਼ਰੀਬ ਨਿਮਾਣਿਆਂ ਬਣਾਏ

ਬਣਤ, ਸ਼ਬਦ ਗੁਰ ਸਗਲਾ ਸੰਗ ਰਖਾਇਆ । ਸਾਚਾ ਮੇਲਾ ਨਾਰੀ ਕੰਤ, ਸੁਰਤ ਸਵਾਣੀ ਵਿਛੜੀ ਕੰਤ ਮਿਲਾਇਆ । ਆਪੇ ਪਾਏ ਮਾਇਆ ਬੇਅੰਤ, ਆਪੇ ਪੜਦਾ ਪਰੇ ਹਟਾਇਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇਆ । ਹਰਿਜਨ ਹਰਿ ਭਗਤ ਗੁਰਮੁਖ ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਮਜੀਠੀ ਰੰਗ ਰੰਗਾਇਆ । ਆਪੇ ਵਸੇ ਮਣੀਆ ਮੰਤ, ਮਨ ਮਨਕਾ ਦਏ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਨਾਮ ਖ਼ਜ਼ਾਨਾ ਇਕ ਰਖਾਇਆ ।

## ✪ ਪਹਿਲੀ ਫੱਗਣ ੨੦੧੫ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਪੂਰਨ ਸਤਿਗੁਰ ਪੂਰਾ, ਪਾਰਬ੍ਰਹਮ ਵਡਿਆਈਆ । ਆਦਿ ਜੁਗਾਦਿ ਹਾਜ਼ਰ ਹਜ਼ੂਰਾ, ਨਿਰਗੁਣ ਨੂਰ ਰੁਸ਼ਨਾਈਆ । ਸ਼ਬਦ ਵਜਾਏ ਸਾਚੀ ਤੂਰਾ, ਏਕਾ ਤਾਲ ਰਖਾਈਆ । ਨਾਤਾ ਤੋੜੇ ਕੂੜੇ ਕੂੜਾ, ਘਰ ਸਾਚਾ ਮੇਲ ਮਿਲਾਈਆ । ਸਤਿਗੁਰ ਪੂਰੇ ਬਖ਼ਸ਼ੀ ਆਪਣੀ ਧੂੜਾ, ਧੂੜੀ ਧੂੜ ਸਮਾਈਆ । ਸਾਚੀ ਨਾਰੀ ਏਕਾ ਨਾਮ ਰੰਗਣ ਸਾਚਾ ਚਾੜ੍ਹੇ ਚੂੜਾ, ਲਾਲ ਮੈਂਹਦੀ ਹੱਥ ਰੰਗਾਈਆ । ਮੇਲ ਮਿਲਾਵਾ ਕੰਤ ਸਤਿ ਸਰੂਰਾ, ਸਾਂਤਕ ਸਤਿ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਪੂਰਾ ਆਪ ਕਰਾਈਆ । ਪੂਰਨ ਪੂਰਾ ਹਰਿ ਸਮਰਥ, ਆਦਿ ਜੁਗਾਦਿ ਅਖਵਾਇਆ । ਪੂਰਨ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇਆ । ਪੂਰਨ ਪਾਈ ਆਪਣੀ ਨੱਥ, ਸ਼ਬਦ ਡੋਰੀ ਆਪ ਬੰਧਾਇਆ । ਪੂਰਨ ਚਲਾਏ ਹਰਿ ਹਰਿ ਰਥ, ਰਥ ਰਥਵਾਹੀ ਵੇਸ ਵਟਾਇਆ । ਪੂਰਨ ਅਬਿਨਾਸ਼ੀ ਕਰਤਾ ਰੂਪ ਦਸਾਇਆ । ਪੂਰਨ ਲਹਿਣਾ ਚੁਕਿਆ ਸਾਢੇ ਤਿੰਨ ਤਿੰਨ ਹਾਥਾ, ਮਹੱਲ ਅਟੱਲ ਇਕ ਵਖਾਇਆ । ਪੂਰਨ ਜਣਾਈ ਆਪਣੀ ਗਾਥਾ, ਲੇਖਾ ਲਿਖਤ ਵਿਚ ਨਾ ਆਇਆ । ਪੂਰਨ ਹੋਇਆ ਹਰਿ ਹਰਿ ਦਾਸੀ ਦਾਸਾ, ਸੇਵਕ ਸੇਵਾ ਰਿਹਾ ਕਮਾਇਆ । ਪੂਰਨ ਪਾਰ ਕਿਨਾਰਾ ਪੂਜਾ ਪਾਠਾ, ਤ੍ਰੈਲੋਕੀ ਵਿਚ ਨਾ ਆਇਆ । ਪੂਰਨ ਨਾ ਕੋਈ ਪਵਣ ਨਾ ਸਵਾਸਾ, ਰਸਨਾ ਜਿਹਵਾ ਨਾ ਕੋਈ ਹਿਲਾਇਆ । ਪੂਰਨ ਖੇਲ ਪੁਰਖ ਅਬਿਨਾਸ਼ਾ, ਘਟ ਘਟ ਆਪੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਪੂਰੇ ਵਿਚ ਸਮਾਇਆ । ਪੂਰਨ ਪੂਰਾ ਆਪ ਕਰਤਾਰ, ਏਕਾ ਏਕਉਂਕਾਰਿਆ । ਭਰਿਆ ਨਾਮ ਸ਼ਬਦ ਭੰਡਾਰ, ਸਤਿਗੁਰ ਪੂਰਾ ਨਾਉਂ ਧਰਾ ਰਿਹਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸਾਚਾ ਨਾਅਰਾ ਅਲਖ ਲਗਾ ਲਿਆ । ਸਚ ਮਹੱਲਾ ਉਚ ਮੁਨਾਰ, ਪੁਰਖ ਅਬਿਨਾਸ਼ੀ ਆਪ ਸੁਹਾ ਲਿਆ । ਪੂਰਨ ਪੂਰਾ ਕਰ ਤਿਆਰ, ਆਦਿ ਨਿਰੰਜਣ ਉਪਰ ਬਹਾ ਲਿਆ । ਨਿਰਗੁਣ ਜੋਤ ਜਗੇ ਅਗੰਮ ਅਪਾਰ, ਨੂਰੋ ਨੂਰ ਡਗਮਗਾ ਲਿਆ । ਇਕ ਅਕੱਲਾ ਕਰਾ ਅਕਾਰ, ਨਿਰਾਕਾਰ ਵੇਸ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਜੋਤ ਆਪ ਉਪਾ ਲਿਆ । ਪੂਰਨ ਜੋਤ ਪੁਰਖ ਅਕਾਲ, ਏਕਾ ਰੂਪ ਸਮਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਆਪੇ ਵਸਿਆ ਧਰਮ ਸੱਚੀ ਧਰਮਸਾਲ, ਥਿਰ ਘਰ ਬੈਠਾ ਆਸਣ ਲਾਈਆ । ਨੂਰੀ ਜਲਵਾ ਨੂਰ ਜਲਾਲ, ਬੇਐਬ ਆਪ ਖ਼ੁਦਾਈਆ । ਆਪੇ ਬਣੇ ਸਚ ਦਲਾਲ, ਸਚ ਵਣਜਾਰਾ ਆਪ ਹੋ ਜਾਈਆ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ

ਅਖਵਾਈਆ । ਪੂਰਨ ਕਰੇ ਸਰਬ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਪੂਰਨ ਹਰਿ ਪੁਰਖ ਅਬਿਨਾਸ਼ਾ ਏਕਾ ਏਕ ਅਖਵਾਇੰਦਾ । ਆਦਿ ਜੁਗਾਦਿ ਖੇਲੇ ਖੇਲ ਹਰਿ ਤਮਾਸ਼ਾ, ਆਪ ਆਪਣੀ ਰਚਨ ਰਚਾਇੰਦਾ । ਆਪਣੇ ਮੰਡਲ ਪਾਵੇ ਰਾਸਾ, ਆਪੇ ਵੇਖ ਵਖਾਇੰਦਾ । ਆਦਿ ਅੰਤ ਨਾ ਕਦੇ ਵਿਨਾਸਾ, ਜੁਗ ਜੁਗ ਵੇਸ ਵਟਾਇੰਦਾ । ਪੂਰਨ ਹੋਇਆ ਦਾਸੀ ਦਾਸਾ, ਸੇਵਕ ਸੇਵਕ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਜੋਤ ਆਪ ਜਗਾਇੰਦਾ । ਪੂਰਨ ਜੋਤ ਹਰਿ ਭਗਵਾਨ, ਏਕਾ ਏਕ ਜਗਾਈਆ । ਏਕਾ ਸ਼ਬਦ ਇਕ ਨਿਸ਼ਾਨ, ਏਕਾ ਵੇਖ ਵਖਾਈਆ । ਏਕਾ ਮੰਦਰ ਇਕ ਮਕਾਨ, ਏਕਾ ਮੇਲ ਮਿਲਾਈਆ । ਏਕਾ ਰਾਗ ਏਕਾ ਧੁਨਕਾਨ, ਏਕਾ ਰਿਹਾ ਸੁਣਾਈਆ । ਏਕਾ ਜੋਧਾ ਸੂਰ ਬਲੀ ਬਲਵਾਨ, ਏਕਉਂਕਾਰਾ ਆਪ ਅਖਵਾਈਆ । ਏਕਾ ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਏਕਾ ਰੂਪ ਸ੍ਰੀ ਭਗਵਾਨ, ਦੂਸਰ ਕੋਇ ਦਿਸ ਨਾ ਆਈਆ । ਤਿੰਨਾਂ ਲੋਕਾਂ ਏਕਾ ਆਣ, ਚੌਥੇ ਪਦ ਆਪ ਸਮਾਈਆ । ਪੰਚਮ ਬੈਠਾ ਹੋ ਪਰਧਾਨ, ਭੇਵ ਕੋਇ ਨਾ ਪਾਈਆ । ਛੇਵੇਂ ਛੱਪਰ ਛੰਨ ਨਾ ਕੋਇ ਮਕਾਨ, ਸਚਖੰਡ ਬੈਠਾ ਬੇਪਰਵਾਹੀਆ । ਸੱਤਵੇਂ ਸਤਿ ਪੁਰਖ ਹਰਿ ਮਿਹਰਵਾਨ, ਆਪ ਆਪਣੀ ਕਲ ਵਰਤਾਈਆ । ਪੂਰਨ ਦੇਵੇ ਪੂਰਾ ਦਾਨ, ਪੂਰਨ ਪਾਰਬ੍ਰਹਮ ਵਡਿਆਈਆ । ਪੂਰਨ ਪਤਵੰਤਾ ਹਰਿ ਨਿਰੰਕਾਰ, ਏਕਾ ਧਾਮ ਬਹਾਇੰਦਾ । ਏਕਾ ਜੋਤੀ ਜੋਤ ਜੁਗੰਤਾ, ਜੋਤੀ ਜੋਤ ਡਗਮਗਾਇੰਦਾ । ਏਕਾ ਨੂਰ ਨੂਰ ਵਖੰਤਾ, ਨੂਰੋ ਨੂਰ ਆਪ ਅਖਵਾਇੰਦਾ । ਏਕਾ ਤੂਰ ਤੂਰ ਸੁਨੰਤਾ, ਨਾਦ ਅਨਾਦੀ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਦਿ ਅੰਤ ਇਕ ਅਖਵਾਇੰਦਾ । ਆਦਿ ਅੰਤ ਪ੍ਰਭ ਏਕਾ ਪੂਰਨ, ਆਦਿ ਅੰਤ ਅਖਵਾਇਆ । ਆਪੇ ਵਜਾਏ ਆਪਣਾ ਨਾਦ ਤੂਰਨ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਵੇਸ ਵਟਾਇਆ । ਆਪੇ ਵਸੇ ਨੇੜੇ ਦੂਰਨ, ਦੂਰ ਨੇੜਾ ਆਪ ਜਣਾਇਆ । ਆਪੇ ਸਰਬ ਕਲਾ ਭਰਪੂਰਨ, ਸਮਰਥ ਪੁਰਖ ਨਾਉਂ ਧਰਾਇਆ । ਆਪੇ ਨਾਤਾ ਤੋੜੇ ਕੂੜ ਕੂੜਨ, ਕੂੜੀ ਕਿਰਿਆ ਮੇਟ ਮਿਟਾਇਆ । ਆਪੇ ਚਤੁਰ ਸੁਘੜ ਬਣਾਏ ਮੂਰਖ ਮੂੜ੍ਹਨ, ਜਿਸ ਜਨ ਦਇਆ ਕਮਾਇਆ । ਆਪੇ ਬਖ਼ਸ਼ੇ ਚਰਨ ਧੂੜਨ, ਚਰਨ ਚਰਨੋਦਕ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਨੂਰੋ ਨੂਰ ਦਰਸਾਇਆ । ਨੂਰੋ ਨੂਰ ਨੂਰ ਉਜਾਲਾ, ਹਰਿ ਸਤਿਗੁਰ ਰੂਪ ਵਟਾਇੰਦਾ । ਪੂਰਨ ਪੁਰਖ ਦੀਨ ਦਿਆਲਾ, ਦੀਨ ਦਿਆਲਾ ਆਪ ਹੋ ਜਾਇੰਦਾ । ਪੂਰਨ ਪੂਰਾ ਹੋਏ ਰਖਵਾਲਾ, ਆਪ ਆਪਣੀ ਸੇਵ ਕਮਾਇੰਦਾ । ਪੂਰਨ ਵੇਖੇ ਸਚ ਸੱਚੀ ਧਰਮਸਾਲਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਪੂਰਨ ਪੂਰਨ ਸਾਚਾ ਲਾਲਾ, ਲਾਲ ਅਨਮੁਲੜਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਪੂਰਨ ਪੂਰਨ ਬੂਝ ਬੁਝਾਇੰਦਾ । ਪੂਰਨ ਬੁੱਝਿਆ ਨਰ ਨਿਰੰਕਾਰ, ਹਰਿ ਸਾਚੇ ਬੂਝ ਬੁਝਾਈਆ । ਪੂਰਨ ਛੁਪਿਆ ਸਰਬ ਸੰਸਾਰ, ਮਿਲਿਆ ਮੇਲ ਸਾਚੇ ਮਾਹੀਆ । ਪੂਰਨ ਤੁਟਾ ਗੜ੍ਹ ਹੰਕਾਰ, ਕਾਮ ਕਰੋਧ ਲੋਭ ਮੋਹ ਰਹੇ ਨਾ ਰਾਈਆ । ਪੂਰਨ ਲੁੱਟਿਆ ਸੱਚਾ ਘਰ ਬਾਰ, ਹਰਿ ਖ਼ਜ਼ਾਨਾ ਆਪ ਲੁਟਾਈਆ । ਪੂਰਨ ਆਪਣੇ ਘਰ ਭਰਿਆ ਆਪ ਭੰਡਾਰ, ਨਾਮ ਵਸਤ ਵਿਚ ਟਿਕਾਈਆ । ਪੂਰਨ ਗੁਰ ਹਰਿ ਕਿਰਪਾ ਧਾਰ, ਪੂਰ ਰਿਹਾ ਵਖਾਏ ਸਭਨੀ ਥਾਈਂਆ । ਪੂਰਨ ਬਣਿਆ ਸਾਚੀ ਨਾਰ, ਮਿਲਿਆ ਕੰਤ ਬੇਪਰਵਾਹੀਆ । ਪੂਰਨ

ਭਗਤੀ ਭਗਤ ਆਧਾਰ, ਪੂਰਨ ਲੇਖੇ ਲਏ ਲਗਾਈਆ । ਪੂਰਨ ਸਾਚਾ ਸੁੱਤ ਦੁਲਾਰ, ਸਤਿਗੁਰ ਪੂਰਾ ਆਪ ਉਪਜਾਈਆ । ਪੂਰਨ ਰੁੱਤ ਬਸੰਤ ਬਹਾਰ, ਫੁਲ ਫੁਲਵਾੜੀ ਵੇਖ ਵਖਾਈਆ । ਪੂਰਨ ਅਬਿਨਾਸ਼ੀ ਅਚੁੱਤ ਮੀਤ ਮੁਰਾਰ, ਦੂਜਾ ਸੰਗ ਨਾ ਕੋਇ ਵਖਾਈਆ । ਪੂਰਨ ਪਾਇਆ ਪੁਰਖ ਅਪਾਰ, ਵਿਛੜ ਕਦੇ ਨਾ ਜਾਈਆ । ਪੂਰਨ ਘਰ ਵਿਚ ਘਰ ਕਰ ਤਿਆਰ, ਘਰ ਮੇਲਾ ਸਹਿਜ ਸੁਭਾਈਆ । ਪੂਰਨ ਸੇਵ ਲਗਾਈ ਜੋਤ ਨਿਰੰਜਣ ਸੇਵਾਦਾਰ, ਆਦਿ ਨਿਰੰਜਣ ਵਡ ਵਡਿਆਈਆ । ਪੂਰਨ ਸ਼ਬਦ ਸੱਚੀ ਧੁਨਕਾਰ, ਪੂਰਨ ਪੂਰਾ ਰਿਹਾ ਸੁਣਾਈਆ । ਪੂਰਨ ਤੋੜੇ ਬੰਦ ਕਿਵਾੜ, ਦੂਈ ਦਵੈਤੀ ਮੇਟ ਮਿਟਾਈਆ । ਪੂਰਨ ਨਾਤਾ ਤੁਟਾ ਪੰਚਮ ਧਾੜ, ਆਸਾ ਤ੍ਰਿਸਨਾ ਰਹਿਣ ਨਾ ਪਾਈਆ । ਆਦਿ ਪੂਰਨ ਵੇਖੇ ਇਕ ਅਖਾੜ, ਘਰ ਸਾਚਾ ਇਕ ਸੁਹਾਈਆ । ਪੂਰਨ ਸਾਚੇ ਪੌੜੇ ਆਪੇ ਦੇਵੇ ਚਾੜ੍ਹ, ਚਾੜ੍ਹਨਹਾਰਾ ਬੇਪਰਵਾਹੀਆ । ਪੂਰਨ ਬਣਿਆ ਸਾਚਾ ਲਾੜ, ਸ਼ਬਦ ਸਿਹਰਾ ਸੀਸ ਗੁੰਦਾਈਆ । ਸਾਚੀ ਸਖੀਆਂ ਵੇਖਣ ਆਏ ਸਤਾਰਾਂ ਹਾੜ, ਭੁੱਲ ਰਹੇ ਨਾ ਰਾਈਆ । ਗੁਰਸਿਖਾਂ ਦਰਸ ਦਿਖਾਏ ਨਾੜ ਨਾੜ, ਬਹੱਤਰ ਨਾੜ ਕਰੇ ਰੁਸ਼ਨਾਈਆ । ਪੂਰਨ ਲਾਏ ਸਚ ਅਖਾੜ, ਹਰਿ ਸੰਗਤ ਮੇਲ ਮਿਲਾਈਆ । ਫੜ ਫੜ ਬਾਂਹ ਅੰਦਰ ਦੇਵੇ ਵਾੜ, ਪੂਜਾ ਪਾਠ ਨਾ ਕੋਇ ਕਰਾਈਆ । ਵਾ ਨਾ ਲੱਗੇ ਤੱਤੀ ਹਾੜ, ਅੰਮ੍ਰਿਤ ਅੰਮ੍ਰਿਤ ਬਰਖਾ ਏਕਾ ਲਾਈਆ । ਪੂਰਨ ਘੜਨਹਾਰਾ ਸਾਚੇ ਘਾੜ, ਆਪੇ ਘੜੇ ਆਪੇ ਭੰਨ ਵਖਾਈਆ । ਪੂਰਨ ਵਸਣਹਾਰਾ ਜੰਗਲ ਜੂਹ ਉਜਾੜ ਪਹਾੜ, ਜਲਾਂ ਥਲਾਂ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪੇ ਕਰ, ਪੂਰਨ ਵਿਚ ਸਮਾਈਆ । ਪੂਰਨ ਸਤਿਗੁਰ ਪੂਰਾ ਪਾਇਆ, ਆਦਿ ਪੁਰਖ ਅਬਿਨਾਸ਼ਿਆ । ਨਾ ਮਰੇ ਨਾ ਕਦੇ ਜਾਇਆ, ਮੜੀ ਗੋਰ ਨਾ ਰੱਖੇ ਵਾਸਿਆ । ਸਾਚੇ ਤਖ਼ਤ ਸਚ ਸੁਲਤਾਨ ਸੁਹਾਇਆ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਵੇਖੇ ਖੇਲ ਤਮਾਸ਼ਿਆ । ਉਤਭੁਜ ਸੇਤਜ ਜੇਰਜ ਅੰਡਜ ਵਿਚ ਕਦੇ ਨਾ ਆਇਆ, ਤ੍ਰੈਗੁਣ ਬੰਧਨ ਨਾ ਬੰਧਾਸਿਆ । ਪੰਜ ਤੱਤ ਨਾ ਕੋਇ ਵਖਾਇਆ, ਜੋਤੀ ਸ਼ਬਦੀ ਮੇਲ ਮਿਲਾਸਿਆ । ਪਿਤਾ ਪੂਤ ਨਾ ਕੋਇ ਬਣਾਇਆ, ਮਾਤ ਗੋਦ ਨਾ ਕੋਇ ਉਠਾਸਿਆ । ਭੈਣਾਂ ਭੱਯਾ ਨਾ ਸਾਕ ਜਣਾਇਆ, ਨਾ ਕੋਈ ਗੇੜਾ ਲੱਖ ਚੁਰਾਸੀਆ । ਪੂਰਨ ਪੂਰਾ ਪੂਰੇ ਨਜ਼ਰੀ ਏਕੋ ਆਇਆ, ਥਿਰ ਘਰ ਬੈਠਾ ਸ਼ਾਹੋ ਸ਼ਾਬਾਸੀਆ । ਕਰਤਾ ਕਾਦਰ ਆਪਣੀ ਕਰਨੀ ਕਰਦਾ ਆਇਆ, ਆਪੇ ਜਾਣੇ ਆਪਣੀ ਰਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਮੇਲਾ ਸਾਚੇ ਘਰ ਘਰ ਮੇਲਾ ਸ਼ਾਹੋ ਸ਼ਾਬਾਸੀਆ । ਸ਼ਾਹੋ ਭੂਪ ਸਚ ਸੁਲਤਾਨ, ਘਰ ਸਾਚੇ ਆਪ ਸੁਹਾਇੰਦਾ । ਸਤਿ ਪੁਰਖ ਸਦਾ ਮਿਹਰਵਾਨ, ਸਤਿ ਸਤਿਵਾਦੀ ਆਪ ਅਖਵਾਇੰਦਾ । ਆਪ ਉਪਾਏ ਦਇਆ ਕਮਾਏ ਆਪ ਜਣਾਏ ਆਪਣਾ ਧੁਰ ਫ਼ਰਮਾਨ, ਆਪੇ ਬੰਦ ਕਰਾਸੀਆ । ਪੂਰਨ ਪੂਰਾ ਦੇਵੇ ਦਾਨ, ਸਚ ਭੰਡਾਰ ਇਕ ਵਰਤਾਸੀਆ । ਛੱਤਰ ਝੁਲੇ ਦੋ ਜਹਾਨ, ਨਿਰਗੁਣ ਰੂਪ ਆਪ ਝੁਲਾਸੀਆ । ਏਕਾ ਏਕ ਰੱਖੇ ਆਣ, ਦੂਜਾ ਹੁਕਮ ਨਾ ਕੋਇ ਸੁਣਾਸੀਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਦੋ ਜਹਾਨਾਂ ਹਰਿ ਮਿਹਰਵਾਨਾਂ ਏਕਾ ਦੇਵੇ ਧੁਰ ਫ਼ਰਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਪੂਰੀ ਧਾਰ ਆਪ ਚਲਾਸੀਆ । ਪੂਰਨ ਧਾਰ ਵਿਚ ਸੰਸਾਰ, ਹਰਿ ਜੁਗ ਜੁਗ ਆਪ ਚਲਾਇੰਦਾ । ਪੂਰਨ ਗੁਰ ਲੈ ਅਵਤਾਰ, ਗੁਰ ਪੂਰਾ ਵੇਸ ਵਟਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਨਾਮ ਜੈਕਾਰਾ ਇਕ ਸੁਣਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ । ਕਰੋੜ ਤੇਤੀਸਾ ਦਏ ਹੁਲਾਰ,

ਸੁਰਪਤ ਰਾਜਾ ਇੰਦ ਸੋਇਆ ਰਹਿਣ ਨਾ ਪਾਇੰਦਾ । ਗਣ ਗੰਧਰਬ ਨੇਤਰ ਦਏ ਉਘਾੜ, ਏਕਾ ਨਾਦ ਵਜਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਨੂਰ ਕਰ ਉਜਿਆਰ, ਏਕਾ ਡਗਮਗਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਆਪ ਆਪਣੀ ਕਲ ਵਰਤਾਇੰਦਾ । ਜੂਠ ਝੂਠ ਮਾਰੇ ਮਾਰ, ਸਾਧ ਸੰਤ ਵੇਖ ਵਖਾਇੰਦਾ । ਗੁਰਮੁਖ ਸਾਜਣ ਮੀਤ ਮੁਰਾਰ, ਕਾਇਆ ਮੰਦਰ ਅੰਦਰ ਫੋਲ ਫੋਲਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਡੂੰਘੀ ਭਵਰੀ ਪਾਰ ਕਰਾਇੰਦਾ । ਨਾਤਾ ਛੁੱਟੇ ਨੌ ਦਵਾਰ, ਨੇਤਰ ਨੈਣ ਇਕ ਖੁਲ੍ਹਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਨਾਭ ਕਵਲੀ ਊਧੇ ਭਾਰ, ਮੁੱਖੜਾ ਮੁਖ ਭਵਾਇੰਦਾ । ਜੋਤੀ ਨੂਰ ਨੂਰ ਉਜਿਆਰ, ਏਕਾ ਨੂਰ ਵਖਾਇੰਦਾ । ਬਜਰ ਕਪਾਟੀ ਦੇਵੇ ਪਾੜ, ਨਾਮ ਖੰਡਾ ਏਕਾ ਰੂਪ ਦਸਮ ਦਵਾਰੀ ਖੋਲ੍ਹ ਕਿਵਾੜ, ਆਪ ਆਪਣਾ ਰਾਹ ਚਲਾਇੰਦਾ । ਆਤਮ ਸੇਜਾ ਵੇਖ ਵਿਚਾਰ, ਆਪ ਆਪਣਾ ਮੇਲ ਮਿਲਾਇੰਦਾ । ਚਤਰਭੁਜ ਹੋ ਤਿਆਰ, ਆਪ ਆਪਣੀ ਗੋਦ ਉਠਾਇੰਦਾ । ਨਿਰਗੁਣ ਰੂਪ ਅਪਰ ਅਪਾਰ, ਜਗਤ ਨੇਤਰ ਦਿਸ ਨਾ ਆਇੰਦਾ । ਬ੍ਰਹਮ ਬ੍ਰਹਮ ਇਕ ਆਧਾਰ, ਪਾਰਬ੍ਰਹਮ ਵਿਚ ਸਮਾਇੰਦਾ । ਸੁਰਤੀ ਸ਼ਬਦ ਪੁਰਖ ਨਾਰ, ਸਾਚੀ ਸੇਜ ਸੁਹਾਇੰਦਾ । ਦੋਹਾਂ ਸਾਂਝਾ ਇਕ ਪਿਆਰ, ਏਕਾ ਸਗਨ ਮਨਾਇੰਦਾ । ਆਪੇ ਖਿਚੇ ਅੰਦਰੋਂ ਬਾਹਰ, ਆਪ ਆਪਣੇ ਅੰਗ ਲਗਾਇੰਦਾ । ਦਸਮ ਦਵਾਰੀ ਵੇਖ ਵਿਚਾਰ, ਸੁੰਨ ਅਗੰਮੋਂ ਪਾਰ ਕਰਾਇੰਦਾ । ਸਚ ਘਰ ਆਪੇ ਦੇਵੇ ਵਾੜ, ਸੋ ਪੁਰਖ ਨਿਰੰਜਣ ਖੇਲ ਖਿਲਾਇੰਦਾ । ਹੰ ਬ੍ਰਹਮ ਨਾ ਕੋਇ ਵਿਚਾਰ, ਏਕਾ ਰੰਗ ਰੰਗਾਇੰਦਾ । ਸੰਤ ਸੁਹੇਲੇ ਕਰ ਤਿਆਰ, ਸਚਖੰਡ ਦਵਾਰਾ ਇਕ ਵਖਾਇੰਦਾ । ਗੁਰੂ ਗੁਰ ਚੇਲੇ ਇਕ ਆਧਾਰ, ਏਕਾ ਵੇਖ ਵਖਾਇੰਦਾ । ਅਲੱਖ ਨਿਰੰਜਣ ਭੇਵ ਨਿਆਰ, ਭੇਵ ਕੋਇ ਨਾ ਪਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਆਪਣੀ ਆਪ ਕਮਾਇੰਦਾ । ਸਤਿ ਪੁਰਖ ਨਿਰੰਜਣ ਸਤਿ ਪਿਆਰ, ਪੂਰਨ ਪੂਰਾ ਵਿਚ ਸਮਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਆਇੰਦਾ । ਆਪੇ ਜੁਗ ਜੁਗ ਪਾਵੇ ਸਾਰ, ਜੁਗ ਕਰਤਾ ਨਾਉਂ ਰਖਾਇੰਦਾ । ਆਪੇ ਲੋਆਂ ਪੁਰੀਆਂ ਮਹੱਲ ਲਏ ਉਸਾਰ, ਰਵ ਸਸ ਸਤਾਰ ਆਪ ਲਟਕਾਇੰਦਾ । ਆਪੇ ਬ੍ਰਹਿਮੰਡ ਖੰਡ ਕਰ ਉਜਿਆਰ, ਸ਼ਬਦ ਡੋਰੀ ਬੰਧ ਬੰਧਾਇੰਦਾ । ਗਗਨ ਪਾਤਾਲਾਂ ਇਕ ਆਧਾਰ, ਧਰਤ ਧਵਲ ਆਪ ਸੁਹਾਇੰਦਾ । ਆਕਾਸ਼ ਪਰਕਾਸ਼ ਖੇਲ ਅਪਾਰ, ਜੋਤੀ ਨੂਰ ਡਗਮਗਾਇੰਦਾ । ਆਪੇ ਵਿਸ਼ਨੂੰ ਵੇਸ ਨਿਆਰ, ਬਾਸ਼ਕ ਸੇਜਾ ਆਪ ਹੰਢਾਇੰਦਾ । ਆਪ ਆਪਣਾ ਕਰ ਪਿਆਰ, ਕਵਲ ਨਾਭੀ ਖੇਲ ਖਿਲਾਇੰਦਾ । ਪੂਰਨ ਜੋਤ ਅਗੰਮ ਅਪਾਰ, ਭੇਵ ਕੋਇ ਨਾ ਪਾਇੰਦਾ । ਵਿਸ਼ਨੂੰ ਮੇਲਾ ਅਪਰ ਅਪਾਰ, ਸਾਚਾ ਫਲ ਲਗਾਇੰਦਾ । ਫੁਲ ਫੁਲਵਾੜ ਖਿੜੀ ਗੁਲਜ਼ਾਰ, ਪਾਰਬ੍ਰਹਮ ਆਪਣਾ ਰੂਪ ਬ੍ਰਹਮ ਵਖਾਇੰਦਾ । ਬ੍ਰਹਮਾ ਵੇਤਾ ਕਰ ਤਿਆਰ, ਚਾਰੇ ਮੁਖ ਸਲਾਹਿੰਦਾ । ਉਤਰ ਪੂਰਬ ਪੱਛਮ ਦੱਖਣ ਇਕ ਆਧਾਰ, ਦਹਿ ਦਿਸ਼ਾਂ ਫੋਲ ਫੋਲਾਇੰਦਾ । ਏਕਾ ਸ਼ਬਦ ਇਕ ਧੁਨਕਾਰ, ਏਕਾ ਨਾਦ ਵਜਾਇੰਦਾ । ਆਪੇ ਬਖ਼ਸ਼ੇ ਚਰਨ ਪਿਆਰ, ਆਪੇ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਵਸਤ ਅਪਾਰ, ਬ੍ਰਹਮੇ ਝੋਲੀ ਪਾਇੰਦਾ । ਪੰਜ ਤੱਤ ਏਕਾ ਧਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਆਪ ਬਣਾਇੰਦਾ । ਲੱਖ ਚੁਰਾਸੀ ਖ਼ਬਰਦਾਰ, ਆਪ ਆਪਣੀ ਵੰਡ ਵੰਡਾਇੰਦਾ । ਤ੍ਰੈ ਤ੍ਰੈ ਮੀਤ ਆਪ ਨਿਰੰਕਾਰ, ਆਪਣਾ ਅੰਗ ਕਟਾਇੰਦਾ । ਮਨ ਮਤ ਬੁਧ ਨਿਰਾਕਾਰ, ਨਿਰਗੁਣ ਜੋਤੀ ਜੋਤ ਵਖਾਇੰਦਾ । ਅੱਠ ਤੱਤ ਇਕ ਆਧਾਰ, ਨੌ ਦਰ ਆਪ ਖੁਲ੍ਹਾਇੰਦਾ । ਆਪੇ ਵਸਿਆ ਮੀਤ ਮੁਰਾਰ, ਘਟ ਘਟ ਆਸਣ ਲਾਇੰਦਾ । ਮਹੱਲ ਅਟੱਲ ਉਚ ਮੁਨਾਰ,

ਦਸਮ ਦਵਾਰੀ ਆਪ ਸੁਹਾਇੰਦਾ । ਆਪੇ ਭਰੇ ਸ਼ਬਦ ਭੰਡਾਰ ਆਪੇ ਬੰਦ ਰਖਾਇੰਦਾ । ਆਪੇ ਅੰਮ੍ਰਿਤ ਆਤਮ ਸਰ ਸਰੋਵਰ ਲਏ ਨੁਹਾਲ, ਆਪੇ ਬਾਹਰ ਕਢਾਇੰਦਾ । ਆਪੇ ਨਾਦ ਅਨਾਦੀ ਵਜਾਏ ਤਾਲ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਆਪੇ ਕਾਲ ਮਹਾਂਕਾਲ ਆਪਣੇ ਦਰ ਦਵਾਰੇ ਲਏ ਬਹਾਲ, ਆਪ ਆਪਣਾ ਹੁਕਮ ਸੁਣਾਇੰਦਾ । ਆਪੇ ਤ੍ਰੈਗੁਣ ਮਾਇਆ ਪਾਇਆ ਜਾਲ, ਆਪੇ ਤੋੜ ਤੁੜਾਇੰਦਾ । ਆਪੇ ਧਰਮ ਰਾਏ ਦੇਵੇ ਸੁਰਤ ਸੰਭਾਲ, ਆਪਣੀ ਸੇਵਾ ਆਪੇ ਲਾਇੰਦਾ । ਆਪੇ ਚਿਤਰ ਗੁਪਤ ਰਿਹਾ ਉਠਾਲ, ਲੇਖਾ ਲਿਖਿਆ ਆਪ ਸਮਝਾਇੰਦਾ । ਆਪੇ ਲਾੜੀ ਮੌਤ ਕਰ ਸ਼ੰਗਾਰ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮਾ ਸੇਵਕ ਸੇਵਾਦਾਰ, ਸਾਚੀ ਸੇਵ ਕਮਾਇੰਦਾ । ਉਪਜਣਹਾਰਾ ਲੱਖ ਚੁਰਾਸੀ ਦਏ ਅਧਾਰ, ਅੱਠੇ ਨੇਤਰ ਵੇਖ ਵਖਾਇੰਦਾ । ਵਿਸ਼ਨੂੰ ਵੰਸੀ ਕਰ ਪਿਆਰ, ਘਰ ਘਰ ਰਿਜ਼ਕ ਪੁਚਾਇੰਦਾ । ਸ਼ਿਵ ਸ਼ੰਕਰ ਅੰਤਮ ਰਿਹਾ ਸ਼ੰਘਾਰ, ਸਾਚਾ ਮਾਰਗ ਇਕ ਵਖਾਇੰਦਾ । ਲਾੜੀ ਮੌਤ ਨਾਲ ਕਰੇ ਤਿਆਰ, ਲੋਕਮਾਤ ਵੇਸ ਵਟਾਇੰਦਾ । ਆਦਿ ਜੁਗਾਦੀ ਅਬਿਨਾਸ਼ੀ ਕਰਤਾ ਖੇਲੇ ਖੇਲ ਅਪਰ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਜੋਤੀ ਪੂਰਨ ਵਿਚ ਟਿਕਾਇੰਦਾ । ਪੂਰਨ ਜੋਤ ਆਪ ਜਗਾਈ, ਘਟ ਘਟ ਵਾਸ ਰਖਾਇਆ । ਆਦਿ ਪੁਰਖ ਹਰਿ ਵਡ ਵਡਿਆਈ, ਭੇਵ ਕਿਸੇ ਨਾ ਪਾਇਆ । ਜੁਗ ਜੁਗ ਵੱਜਦੀ ਰਹੇ ਵਧਾਈ, ਘਰ ਸਾਚੇ ਮੰਗਲ ਗਾਇਆ । ਸ਼ਬਦ ਜੋਤ ਹੋਏ ਕੁੜਮਾਈ, ਸਾਚਾ ਨਾਤਾ ਜੋੜ ਜੁੜਾਇਆ । ਇਕ ਦੂਜੇ ਨੂੰ ਵੇਖਣ ਚਾਈਂ ਚਾਈਂ, ਏਕਾ ਦੂਜਾ ਮੇਲ ਮਿਲਾਇਆ । ਨਿਰਗੁਣ ਨਿਰਗੁਣ ਪਕੜੇ ਬਾਂਹੀਂ, ਰੂਪ ਰੰਗ ਨਾ ਕੋਇ ਰਖਾਇਆ । ਥਿਰ ਘਰ ਬੈਠਾ ਆਸਣ ਲਾਈ, ਮਹੱਲ ਅਟੱਲ ਇਕ ਸੁਹਾਇਆ । ਚਾਰ ਦੀਵਾਰ ਨਾ ਕੋਇ ਬਣਾਈ, ਛੱਪਰ ਛੰਨ ਨਾ ਕੋਇ ਬਣਾਇਆ । ਸਚ ਸਿੰਘਾਸਣ ਏਕਾ ਡਾਹੀ, ਪਾਵਾ ਚੂਲ ਨਾ ਕੋਇ ਜਣਾਇਆ । ਉਪਰ ਬੈਠਾ ਬੇਪਰਵਾਹੀ, ਘਰ ਸੁਹੰਜਣਾ ਇਕ ਸੁਹਾਇਆ । ਨਿਰਗੁਣ ਜੋਤ ਕਰ ਰੁਸ਼ਨਾਈ, ਨੂਰੋ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ, ਪੂਰਨ ਪੂਰੇ ਵਿਚ ਸਮਾਇਆ । ਪੂਰਨ ਮੇਲਾ ਧੁਰ ਦਰਗਹਿ, ਹਰਿ ਸਾਚੇ ਆਪ ਕਰਾਇਆ । ਪੁਰਖ ਅਕਾਲ ਬਣ ਮਲਾਹ, ਆਪਣੇ ਬੇੜੇ ਆਪ ਚੜ੍ਹਾਇਆ । ਦੂਸਰ ਕਿਸੇ ਨਾਲ ਨਾ ਕਰੀ ਸਲਾਹ, ਸਾਧ ਸੰਤ ਭੇਵ ਨਾ ਆਇਆ । ਆਦਿ ਜੁਗਾਦਿ ਜਪੌਣ ਵਾਲਾ ਆਪਣਾ ਨਾਂ, ਪੂਰਨ ਅੰਦਰ ਡੇਰਾ ਲਾਇਆ । ਲੱਖ ਚੁਰਾਸੀ ਪਿਤਾ ਮਾਂ, ਘਰ ਸਾਚਾ ਰਿਹਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਰੰਗ ਰੰਗਾਇਆ । ਨਿਰਗੁਣ ਰੰਗ ਅਗੰਮ ਅਪਾਰ, ਹਰਿ ਸਾਚਾ ਆਪ ਰੰਗਾਈਆ । ਨਾ ਕੋਈ ਰੰਗੇ ਵਿਚ ਸੰਸਾਰ, ਜਗਤ ਲਲਾਰੀ ਦਿਸ ਨਾ ਆਈਆ । ਆਪ ਆਪਣਾ ਕਰ ਪਿਆਰ, ਸਚ ਪ੍ਰੀਤੀ ਰੰਗ ਵਖਾਈਆ । ਨਿਰਗੁਣ ਨਿਰਗੁਣ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਾਮ ਮਰਦੰਗ ਸਚ ਜੈਕਾਰ, ਸਾਚਾ ਢੋਲਾ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਮੇਲਾ ਸਾਚੇ ਘਰ, ਜਗਤ ਤੋਲਾ ਆਪ ਅਖਵਾਈਆ । ਪੂਰਨ ਤੋਲਾ ਵਿਚ ਸੰਸਾਰ, ਹਰਿ ਸਾਚਾ ਆਪ ਉਪਾਇੰਦਾ । ਬਦਲਿਆ ਚੋਲਾ ਆਪ ਨਿਰੰਕਾਰ, ਲੇਖਾ ਲਿਖਤ ਨਾ ਕੋਇ ਲਿਖਾਇੰਦਾ । ਸਾਚਾ ਢੋਲਾ ਇਕ ਜੈਕਾਰ, ਏਕਾ ਪੁਰਖ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਧਾਰ ਬੰਧਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਜੁਗ ਜੁਗ ਆਪ

ਚਲਾਈਆ । ਸਤਿਜੁਗ ਖੇਲੇ ਖੇਲ ਅਪਾਰ, ਸਤਿ ਸਤਿਵਾਦੀ ਨਾਉਂ ਧਰਾਈਆ । ਚਾਰੇ ਵੇਦਾਂ ਦਏ ਅਧਾਰ, ਏਕਾ ਹਰਿ ਹਰਿ ਪੜ੍ਹਾਈਆ । ਵੰਡੇ ਵੰਡ ਵਿਚ ਸੰਸਾਰ, ਸਾਚੀ ਸੇਵਾ ਆਪ ਲਗਾਈਆ । ਮਾਨਸ ਮਾਨੁਖ ਕਰ ਤਿਆਰ, ਆਪ ਆਪਣਾ ਖੇਲ ਖਿਲਾਈਆ । ਆਪੇ ਬਣੇ ਗੜ੍ਹ ਹੰਕਾਰ, ਨਿਉਂ ਨਿਉਂ ਸੀਸ ਝੁਕਾਈਆ । ਆਪੇ ਬੁਧ ਬਿਬੇਕੀ ਕਰ ਉਜਿਆਰ, ਆਪੇ ਮਨ ਮਤ ਕਰੇ ਵਡਿਆਈਆ । ਆਪੇ ਮਨੂਆ ਮਨ ਦਹਿ ਦਿਸ਼ਾਂ ਦਏ ਉਡਾਰ, ਆਪੇ ਬੰਧਨ ਪਾਈਆ । ਆਪੇ ਸ਼ਬਦੀ ਨਾਮ ਭਰ ਭੰਡਾਰ, ਆਪੇ ਰਿਹਾ ਵਰਤਾਈਆ । ਆਪੇ ਸਾਧਾਂ ਸੰਤਾਂ ਦਏ ਅਧਾਰ, ਆਪ ਆਪਣੀ ਜੋਤ ਜਗਾਈਆ । ਨਿਰਗੁਣ ਖੇਲ ਅਪਰ ਅਪਾਰ, ਲੋਕਮਾਤ ਵੇਖ ਵਖਾਈਆ । ਸਰਗੁਣ ਰੂਪ ਕਰਤਾਰ, ਬ੍ਰਹਮ ਪਾਰਬ੍ਰਹਮ ਮਿਲਾਈਆ । ਗੁਰ ਪੀਰ ਬਣ ਅਵਤਾਰ, ਭਗਤ ਭਗਵੰਤ ਵੱਡੀ ਵਡਿਆਈਆ । ਜੀਆਂ ਜੰਤਾਂ ਦਏ ਅਧਾਰ, ਜੀਵਣ ਦਾਤਾ ਆਪ ਅਖਵਾਈਆ । ਜਨਮਾਂ ਕਰਮਾਂ ਧਰਮਾਂ ਨਿਹਕਰਮੀ ਜਾਣੇ ਸਾਰ, ਕਰਮ ਗਤ ਆਪ ਜਣਾਈਆ । ਵਰਨਾਂ ਬਰਨਾਂ ਕਰ ਉਜਿਆਰ, ਆਪੇ ਵੇਖ ਵਖਾਈਆ । ਖੇਲੇ ਖੇਲ ਅਗੰਮ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖਣਹਾਰਾ ਹਰਿ, ਪੂਰਨ ਜੋਤ ਕਰੇ ਰੁਸ਼ਨਾਈਆ । ਸਤਿਜੁਗ ਤੇਰਾ ਸਚ ਦਵਾਰ, ਹਰਿ ਸਾਚਾ ਵੇਖ ਵਖਾਇੰਦਾ । ਨਿਤ ਨਵਿਤ ਭਗਤ ਅਧਾਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਤਾਰਨਹਾਰਾ, ਏਕਾ ਪੁਰਖ ਅਖਵਾਇਆ । ਰਾਮ ਰੂਪ ਵਟਾਵਣਹਾਰਾ, ਤ੍ਰੈ ਤ੍ਰੈ ਮੇਲ ਮਿਲਾਇਆ । ਗੜ੍ਹ ਹੰਕਾਰੀ ਤੋੜਨਹਾਰਾ, ਆਪੇ ਵੇਖੇ ਵੇਖ ਵਖਾਇਆ । ਦੁਆਪਰ ਦੋਏ ਦੋਏ ਹੋ ਉਜਿਆਰਾ, ਆਪ ਆਪਣਾ ਰੰਗ ਰੰਗਾਇਆ । ਰਥ ਰਥਵਾਹੀ ਪਾਵੇ ਸਾਰਾ, ਮਹਾਂਸਾਰਥੀ ਨਾਉਂ ਧਰਾਇਆ । ਕਲਜੁਗ ਕਲ ਡੰਕ ਡੰਫਾਰਾ, ਆਪੇ ਰਿਹਾ ਵਜਾਇਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਖੇਲ ਖਿਲਾਇਆ । ਨਾਨਕ ਨਿਰਗੁਣ ਕਰ ਪਿਆਰਾ, ਪੰਜ ਤੱਤ ਵਡਿਆਇਆ । ਨਾਮ ਸਤਿ ਭਰ ਭੰਡਾਰਾ, ਲੋਕਮਾਤ ਵਰਤਾਇਆ । ਚਾਰ ਵਰਨਾਂ ਇਕ ਦਵਾਰਾ, ਏਕਾ ਘਰ ਵਖਾਇਆ । ਏਕਾ ਪੁਰਖ ਸ੍ਰਿਸ਼ਟ ਸਬਾਈ ਨਾਰਾ, ਸਾਚੀ ਬੂਝ ਬੁਝਾਇਆ । ਸਾਚਾ ਮੇਲ ਕੰਤ ਭਤਾਰਾ, ਆਤਮ ਸੇਜਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਇਆ । ਪੂਰਨ ਜੋਤ ਗੁਰ ਅਵਤਾਰ, ਏਕਾ ਰੂਪ ਵਟਾਇੰਦਾ । ਨਾਨਕ ਸਾਜਣ ਮੀਤ ਮੁਰਾਰ, ਪੁਰਖ ਅਕਾਲ ਅਖਵਾਇੰਦਾ । ਸ੍ਰਿਸ਼ਟ ਸਬਾਈ ਦਏ ਅਧਾਰ, ਸ਼ਬਦ ਵਿਚੋਲਾ ਇਕ ਰਖਾਇੰਦਾ । ਤੋਲਾ ਤੋਲੇ ਸਾਚੀ ਧਾਰ, ਤੇਰਾਂ ਤੇਰਾਂ ਨਾਉਂ ਰਖਾਇੰਦਾ । ਏਕਾ ਜੋਤੀ ਦਸ ਨੂਰ ਉਜਿਆਰ, ਦਹਿ ਦਿਸ਼ਾ ਵੇਖ ਵਖਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਪੰਚਮ ਮੇਲਾ ਵਿਚ ਸੰਸਾਰ, ਸਾਚੀ ਰੀਤੀ ਆਪ ਚਲਾਇੰਦਾ । ਜੁਗ ਜੁਗ ਖੇਲੇ ਖੇਲ ਕਰਤਾਰ, ਕਰਨੀ ਕਰਤਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਇਛਿਆ ਨਾਮ ਭਿਛਿਆ ਝੋਲੀ ਪਾਇੰਦਾ । ਪੂਰਨ ਭਿਛਿਆ ਭਰ ਭੰਡਾਰ, ਹਰਿ ਸਾਚਾ ਦਰ ਸੁਹਾਇੰਦਾ । ਕਰੇ ਰੱਛਿਆ ਵਿਚ ਸੰਸਾਰ, ਸਮਰਥ ਪੁਰਖ ਅਖਵਾਇੰਦਾ । ਇਕ ਲਗਾਏ ਸਾਚਾ ਨਾਅਰਾ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਨਿਰਗੁਣ ਹਰਿ ਹਰਿ ਮੇਲਾ, ਹਰਿ ਸਾਚਾ ਆਪ ਕਰਾਈਆ । ਏਕਾ

੨੩੩
੦੮

ਰੂਪ ਗੁਰੂ ਗੁਰ ਚੇਲਾ, ਗੁਰ ਚੇਲਾ ਵਿਚ ਸਮਾਈਆ । ਏਕਾ ਮੀਤ ਸੱਜਣ ਸੁਹੇਲਾ, ਹਰਿ ਸੱਜਣ ਆਪ ਅਖਵਾਈਆ । ਏਕਾ ਖੇਲ ਅਗੰਮੀ ਖੇਲਾ, ਖੇਲ ਖਿਲੰਤਾ ਭੇਵ ਨਾ ਰਾਈਆ । ਏਕਾ ਵਸਿਆ ਰੰਗ ਨਵੇਲਾ, ਏਕਾ ਘਟ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਾਣੇ ਖੇਲ ਬੇਪਰਵਾਹੀਆ । ਬੇਪਰਵਾਹ ਬੇਐਬ ਪਰਵਰਦਿਗਾਰ, ਨੂਰੋ ਨੂਰ ਅਲਾਹਿਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਪੂਰਨ ਵਿਚ ਸਮਾਇਆ । ਖ਼ਲਕ ਖ਼ੁਦਾਈ ਕਰੇ ਪਿਆਰ, ਖ਼ਾਲਕ ਖ਼ਲਕ ਵਿਚ ਰਮਾਇਆ । ਅਰਸ਼ ਫਰਸ ਕੁਰਸ਼ ਇਕ ਆਧਾਰ, ਆਪੇ ਖ਼ਲਕ ਹੋਏ ਰੁਸ਼ਨਾਇਆ । ਆਪੇ ਰਬਾਬ ਵਜਾਏ ਇਕ ਸਤਾਰ, ਸਚ ਝੂਠ ਲਏ ਵਜਾਇਆ । ਹੱਕ ਜਨਾਬ ਸੱਚੀ ਸਰਕਾਰ, ਹੱਕ ਹਕੀਕਤ ਵੇਖ ਵਖਾਇਆ । ਲਾਸ਼ਰੀਕ ਅਪਰ ਅਪਾਰ, ਵਾਹਦ ਖ਼ੁਦਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਦੇਵੇ ਪੂਰਾ ਵਰ, ਜਗਤ ਤ੍ਰਿਸਨਾ ਰਹੇ ਨਾ ਰਾਇਆ । ਪੂਰਨ ਮੇਲਾ ਹਰਿ ਹਰਿ ਰਾਮ, ਹਰਿ ਸਾਚੇ ਆਪ ਕਰਾਇਆ । ਇਕ ਪਿਆਇਆ ਸਾਚਾ ਜਾਮ, ਨਾਮ ਪਿਆਲਾ ਹੱਥ ਉਠਾਇਆ । ਵਸਿਆ ਖੇੜਾ ਨਗਰ ਗਰਾਮ, ਜਿਸ ਘਰ ਬੈਠਾ ਆਸਣ ਲਾਇਆ । ਲਹਿਣਾ ਦੇਣਾ ਚੁਕਾਏ ਹੱਡ ਮਾਸ ਨਾੜੀ ਚਾਮ, ਘਰ ਘਰ ਵਿਚ ਤਖ਼ਤ ਸੁਹਾਇਆ । ਸ਼ਬਦ ਘੋੜੇ ਸਚ ਲਗਾਮ, ਸੋਲਾਂ ਕਲੀਆਂ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਮੇਲਾ ਸਾਚੇ ਘਰ, ਘਰ ਸਾਚੇ ਹੋਏ ਰੁਸ਼ਨਾਇਆ । ਪੂਰਨ ਮੇਲਾ ਕ੍ਰਿਸ਼ਨਾ ਕਾਹਨ, ਰੂਪ ਆਪ ਅਖਵਾਇੰਦਾ । ਸਾਚੀ ਗੋਪੀ ਕਰ ਪਰਵਾਨ, ਆਪਣੇ ਅੰਗ ਲਗਾਇੰਦਾ । ਅੱਠੇ ਪਹਿਰ ਵੇਖੇ ਮਾਰ ਧਿਆਨ, ਆਲਸ ਨਿੰਦਰਾ ਵਿਚ ਨਾ ਆਇੰਦਾ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਪੂਰਨ ਪੂਰਾ ਦੇਵੇ ਮਾਣ, ਦਰ ਘਰ ਸਾਚੇ ਮਾਣ ਆਪਣਾ ਆਪ ਰਖਾਇੰਦਾ । ਸ਼ਬਦ ਜਣਾਈ ਧੁਰ ਫ਼ਰਮਾਣ, ਲੋਕਮਾਤ ਡੰਕ ਵਜਾਇੰਦਾ । ਸਾਧ ਸੰਤ ਜੀਵ ਜੰਤ ਪੰਡਤ ਪਾਂਧੇ ਗ੍ਰੰਥੀ ਪੰਥੀ ਮੁੱਲਾਂ ਸ਼ੇਖ਼ ਮੁਸਾਇਕ ਕੋਈ ਨਾ ਸਕੇ ਪਛਾਣ, ਨੇਤਰ ਦਿਸ ਕਿਸੇ ਨਾ ਆਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਪਾ ਪਾ ਦੱਸਣ ਕਥਾਣ, ਹੱਥ ਨਾ ਕੋਇ ਫੜਾਇੰਦਾ । ਉਚੀ ਕੂਕਣ ਵਡ ਵਿਦਵਾਨ, ਹਰਿ ਕਾ ਰੂਪ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਕਲਜੁਗ ਅੰਤਮ ਘੱਟਾ ਰਹੀ ਛਾਣ, ਨਾਮ ਅਨਮੁਲੜਾ ਸਾਚਾ ਲਾਲ ਹੱਥ ਕਿਸੇ ਨਾ ਆਇੰਦਾ । ਜਗਤ ਪ੍ਰੀਤੀ ਪੀਣ ਖਾਣ, ਆਤਮ ਤ੍ਰਿਪਤ ਨਾ ਕੋਇ ਕਰਾਇੰਦਾ । ਘਰ ਘਰ ਮਨਮਤ ਵੇਸਵਾ ਨਾਰ ਰਕਾਨ, ਕੂੜ ਕੁੜਿਆਰੀ ਸੇਜ ਹੰਢਾਇੰਦਾ । ਪੀਰ ਫਕੀਰਾਂ ਭੁੱਲਿਆ ਹਰਿ ਮਿਹਰਵਾਨ, ਜਗਤ ਪਨਾਹ ਨਾ ਕੋਇ ਸੁਣਾਇੰਦਾ । ਦੀਨ ਮਜ਼੍ਹਬ ਈਮਾਨ ਆਪਣਾ ਆਪ ਰਹੇ ਵਖਾਣ, ਸਾਚਾ ਕਲਮਾ ਅਮਾਮ ਨਾ ਕੋਇ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੂਰਨ ਪੂਰਨ ਮੇਲ ਮਿਲਾਇੰਦਾ । ਪੂਰਨ ਮੇਲਾ ਸੱਚੇ ਪਾਤਸ਼ਾਹ, ਹਰਿ ਸਤਿਗੁਰ ਆਪ ਮਿਲਾਇਆ । ਪਾਰਬ੍ਰਹਮ ਬਣਿਆ ਵਿਚ ਮਲਾਹ, ਸ਼ਬਦ ਵਿਚੋਲਾ ਵਿਚ ਰਲਾਇਆ । ਏਕਉਂਕਾਰਾ ਦੇਵੇ ਸਚ ਸਲਾਹ, ਨਾਮ ਸਤਿ ਵੱਡੀ ਵਡਿਆਇਆ । ਕਰਤਾ ਪੁਰਖ ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਆਪੇ ਕਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਪੂਰਨ ਪਾਇਆ ਹਰਿ ਹਰਿ ਮੀਤਾ, ਹਰੀ ਹਰਿ ਵਿਚ ਰੂਪ ਵਟਾਈਆ । ਏਕ ਵਸਿਆ ਧਾਮ ਅਨਡੀਠਾ, ਦਿਸ ਕਿਸੇ ਨਾ ਆਈਆ । ਆਦਿ

ਜੁਗਾਦਿ ਪਤਿਤ ਪੁਨੀਤਾ, ਪਤਿਤ ਪਾਵਨ ਵਡ ਵਡਿਆਈਆ । ਕਿਸੇ ਹੱਥ ਨਾ ਆਏ ਗੁਰੂਦਵਾਰੇ ਮੰਦਰ ਮਸੀਤਾ, ਕਾਇਆ ਕਾਅਬਾ ਸਚ ਮਹਿਰਾਬਾ ਬੈਠਾ ਆਸਣ ਲਾਈਆ । ਅੰਮ੍ਰਿਤ ਮੁਖ ਚੁਆਏ ਕਵਲ ਨਾਭਾ, ਆਬੇ ਹਯਾਤ ਪਿਆਈਆ । ਸਤਿਗੁਰ ਪੂਰਨ ਹੱਥ ਵਡਿਆਈ ਨਾ ਕੋਈ ਪੁਨ ਨਾ ਸਵਾਬਾ, ਨਜ਼ਰ ਮਿਹਰ ਨਾਲ ਤਰਾਈਆ । ਨਾ ਕੋਈ ਦੇਵੇ ਦੋਜ਼ਖ਼ ਬਹਿਸ਼ਤ ਅਜ਼ਾਬਾ, ਅਜਰਾਈਲ ਜਬਰਾਈਲ ਅਸਰਾਫੀਲ ਮੇਕਾਈਲ ਨਾ ਕੋਈ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਦਿਤਾ ਆਪਣਾ ਵਰ, ਆਪਣੀ ਨਕਾਬ ਆਪਣਾ ਪੜਦਾ ਦੇਵੇ ਲਾਹੀਆ । ਆਪਣੀ ਨਕਾਬ ਪੜਦਾ ਖੋਲ੍ਹ, ਨੂਰੀ ਮੁਖ ਵਖਾਇਆ । ਆਪਣੀ ਸਦਾ ਆਪੇ ਬੋਲ, ਆਪਣਾ ਨਾਅਰਾ ਲਾਇਆ । ਆਪੇ ਨਿਉਂ ਨਿਉਂ ਸਜਦਾ ਕਰੇ ਅੰਦਰ ਬੈਠਾ ਕੋਲ, ਆਪ ਆਪਣਾ ਨਾਅਰਾ ਲਾਇਆ । ਆਪ ਵਜਾਏ ਸਚ ਮਰਦੰਗਾ ਏਕਾ ਢੋਲ, ਚੌਦਾਂ ਤਬਕਾਂ ਦਏ ਸੁਣਾਇਆ । ਆਪੇ ਨਬੀ ਰਸੂਲਾਂ ਆਪਣੇ ਕੰਡੇ ਰਿਹਾ ਤੋਲ, ਕਲਜੁਗ ਅੰਤਮ ਤੋਲਾ ਬਣ ਕੇ ਆਇਆ । ਜੂਠ ਝੂਠ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਕੱਢੇ ਪੋਲ, ਪੜਦਾ ਕੋਇ ਰਹਿਣ ਨਾ ਪਾਇਆ । ਪੂਰਨ ਵਡਿਆਈ ਕੀਤੀ ਪੰਜ ਤੱਤ ਕਰ ਮਖੌਲ, ਪੂਰਨ ਪੂਰੇ ਨਾਲ ਸਮਾਇਆ । ਪੂਰਨ ਪੂਰਾ ਕਰੇ ਕੋਲ, ਗੁਰ ਗੋਬਿੰਦ ਜੋ ਆਪ ਕਰਾਇਆ । ਅਕਾਲ ਪੁਰਖ ਨਿਰਗੁਣ ਜੋਤੀ ਰਿਹਾ ਮੌਲ, ਮੌਲਾ ਰੂਪ ਆਪ ਵਟਾਇਆ । ਆਪੇ ਕਾਹਨਾ ਕ੍ਰਿਸ਼ਨਾ ਸਾਂਵਲ ਸੌਲ, ਰਾਮ ਨਾਮ ਆਪ ਉਪਾਇਆ । ਆਪੇ ਜਾਨਣਹਾਰ ਪੰਡਤ ਪਾਂਧੇ ਰੌਲ, ਹਿਸਾਬ ਵਿਚ ਕਿਸੇ ਨਾ ਆਇਆ । ਨਾਨਕ ਗੋਬਿੰਦ ਤੇਰਾ ਲੇਖਾ ਮਿਟੇ ਨਾ ਰੱਤੀ ਚੌਲ, ਹਰਿ ਸਾਚਾ ਪੂਰਾ ਦਏ ਕਰਾਇਆ । ਸਤਿਗੁਰ ਪੂਰਾ ਪੂਰਨ ਅੰਦਰ ਰਿਹਾ ਬੋਲ, ਸ਼ਬਦ ਗੁਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪੇ ਦਿਸ ਨਾ ਆਇਆ ।

### ✪ ੨ ਫੱਗਣ ੨੦੧੫ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ ਦੇ ਘਰ ਪਿੰਡ ਮਾਹਲ ਅੰਮ੍ਰਿਤਸਰ ✪

ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕਉਂਕਾਰਿਆ । ਅਲਖ ਅਗੋਚਰ ਅਗੰਮ ਅਪਾਰ, ਭੇਵ ਕੋਇ ਨਾ ਪਾ ਰਿਹਾ । ਆਦਿ ਨਿਰੰਜਨ ਖੇਲ ਅਪਾਰ, ਆਪਣਾ ਆਪ ਖਿਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪ ਸਮਾ ਰਿਹਾ । ਨਿਰਗੁਣ ਧਾਰ ਆਦਿ ਨਿਰੰਜਣ, ਹਰਿ ਆਪਣੀ ਆਪ ਚਲਾਇੰਦਾ । ਪੁਰਖ ਅਬਿਨਾਸ਼ੀ ਸਾਚਾ ਸੱਜਣ, ਸਾਚਾ ਮੇਲ ਮਿਲਾਇੰਦਾ । ਸਾਚੇ ਤਾਲ ਦਰ ਘਰ ਸਾਚੇ ਵੱਜਣ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਇਕ ਰਖਾਇੰਦਾ । ਨਿਰਗੁਣ ਨੂਰ ਹਰਿ ਭਗਵਾਨਾ, ਏਕਾ ਏਕ ਸਮਾਈਆ । ਖੇਲੇ ਖੇਲ ਦੋ ਜਹਾਨਾ, ਜੁਗ ਜੁਗ ਵੱਡੀ ਵਡਿਆਈਆ । ਥਿਰ ਘਰ ਵਸੇ ਸਚ ਮਕਾਨਾ, ਘਰ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਬੇਪਰਵਾਹੀਆ । ਨਿਰਗੁਣ ਨੂਰ ਬੇਪਰਵਾਹ, ਏਕਾ ਏਕ ਅਖਵਾਇੰਦਾ । ਆਪੇ ਪਿਤਾ ਆਪੇ ਮਾਂ, ਆਪਣੀ ਗੋਦ ਉਠਾਇੰਦਾ । ਆਪ ਆਪਣਾ ਰੱਖੇ ਨਾ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਆਪ ਆਪਣੀ ਰੱਖੇ ਛਾਂ, ਸਮਰਥ ਹੱਥ ਆਪ ਟਿਕਾਇੰਦਾ । ਆਪ ਆਪਣੇ ਵਸੇ ਥਾਂ, ਧਾਮ ਅਵੱਲੜਾ ਇਕ ਸੁਹਾਇੰਦਾ । ਆਦਿ ਜੁਗਾਦੀ ਜੁਗ

ਜੁਗ ਆਪਣਾ ਕਰੇ ਆਪ ਨਿਆਂ, ਆਪੇ ਹੁਕਮ ਚਲਾਇੰਦਾ । ਸ਼ਾਹ ਸੁਲਤਾਨ ਆਪ ਅਖਵਾ, ਰਾਜ ਰਾਜਾਨਾਂ ਨਾਉਂ ਧਰਾਇੰਦਾ । ਸੀਸ ਜਗਦੀਸ ਤਾਜ ਟਿਕਾ, ਤਖ਼ਤ ਤਾਜ ਸੁਹਾਇੰਦਾ । ਆਦਿ ਪੁਰਖ ਨਿਰੰਜਣ ਆਪ ਆਪਣੀ ਅਲਖ ਜਗਾ, ਆਪ ਆਪਣੀ ਮੰਗ ਮੰਗਾਇੰਦਾ । ਆਪਣੀ ਝੋਲੀ ਆਪ ਭਰਾ, ਆਪੇ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਜੋਤ ਉਜਾਲਾ, ਹਰਿ ਸਾਚਾ ਆਪ ਕਰਾਇੰਦਾ । ਆਪ ਆਪਣੀ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਰਖਾਇੰਦਾ । ਆਪੇ ਹੋਏ ਦੀਨ ਦਿਆਲਾ, ਦਇਆਨਿਧ ਭੇਵ ਨਾ ਆਇੰਦਾ । ਆਪੇ ਵਸਿਆ ਸਚ ਸੱਚੀ ਧਰਮਸਾਲਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਅਕਲ ਕਲਧਾਰ, ਅਕਲ ਕਲਾ ਅਖਵਾਈਆ । ਮਹੱਲ ਅਟੱਲ ਉਚ ਮੁਨਾਰ, ਬੈਠਾ ਆਸਣ ਲਾਈਆ । ਦੀਪਕ ਜੋਤੀ ਕਰ ਉਜਿਆਰ, ਆਪਣੀ ਆਪ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਆਪਣਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਆਪੇ ਕਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਅੰਦਰ ਨਿਰਗੁਣ ਰੱਖ, ਨਿਰਗੁਣ ਵੇਖ ਵਖਾਈਆ । ਨਿਰਗੁਣ ਰੂਪ ਹੋ ਪਰਤੱਖ, ਆਪ ਆਪਣਾ ਵੇਸ ਵਟਾਈਆ । ਨਿਰਗੁਣ ਅਲੱਖ ਅਲੱਖਣਾ ਅਲੱਖ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣਾ ਆਪ ਸੁਹਾਈਆ । ਨਿਰਗੁਣ ਸਾਚਾ ਘਰ ਸੁਹਾਇਆ, ਘਰ ਸਾਚੇ ਵੱਜੀ ਵਧਾਈਆ । ਪਾਰਬ੍ਰਹਮ ਪ੍ਰਭ ਡੇਰਾ ਲਾਇਆ, ਆਪ ਆਪਣਾ ਆਸਣ ਲਾਈਆ । ਨਾਰੀ ਕੰਤ ਮੇਲ ਮਿਲਾਇਆ, ਮੇਲ ਮਿਲਾਵਾ ਬੇਪਰਵਾਹੀਆ । ਦੂਸਰ ਕੋਈ ਦਿਸ ਨਾ ਆਇਆ, ਨਾ ਕੋਈ ਰਚਨ ਰਚਾਈਆ । ਆਪ ਆਪਣਾ ਸੁੱਤ ਉਪਜਾਇਆ, ਸ਼ਬਦੀ ਨਾਉਂ ਧਰਾਈਆ । ਸ਼ਬਦ ਜੈਕਾਰਾ ਏਕਾ ਲਾਇਆ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਮਾਣ ਆਪ ਵਡਿਆਈਆ । ਸ਼ਬਦ ਸੁੱਤ ਕਰ ਪਿਆਰਾ, ਹਰਿ ਸਾਚੀ ਦਇਆ ਕਮਾਇੰਦਾ । ਦੇਵੇ ਵਰ ਧੁਰ ਦਰਬਾਰਾ, ਧੁਰ ਲੇਖਾ ਆਪਣੇ ਹੱਥ ਰਖਾਇੰਦਾ । ਸਤਿਗੁਰ ਰੂਪ ਰੂਪ ਕਰਤਾਰਾ, ਸ਼ਬਦੀ ਰੰਗ ਚੜ੍ਹਾਇੰਦਾ । ਅਗਾਧ ਬੋਧ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁੱਤ ਦੇਵੇ ਸਾਚਾ ਵਰ, ਸਾਚਾ ਹੁਕਮ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਸ਼ਬਦੀ ਸ਼ਬਦ ਜਣਾਈਆ । ਦੇਵਣਹਾਰ ਸ੍ਰੀ ਭਗਵਾਨਾ, ਆਪ ਆਪਣੀ ਬੂਝ ਬੁਝਾਈਆ । ਨਾਦੀ ਨਾਦ ਇਕ ਤਰਾਨਾ, ਏਕਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਬੰਕ ਸੁਹਾਈਆ । ਸ਼ਬਦ ਦਰ ਘਰ ਸਾਚਾ ਪਾਇਆ, ਘਰ ਘਰ ਖ਼ੁਸ਼ੀ ਮਨਾਈਆ । ਲੋਆਂ ਪੁਰੀਆਂ ਰਚਨ ਰਚਾਇਆ, ਬ੍ਰਹਿਮੰਡ ਖੰਡ ਡੇਰਾ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇਆ, ਤ੍ਰੈਗੁਣ ਤੰਦ ਬੰਧਾਈਆ । ਪੰਚਮ ਤੱਤ ਜੋੜ ਜੁੜਾਇਆ, ਤੱਤਵ ਤੱਤ ਆਪ ਅਖਵਾਈਆ । ਨਿਰਗੁਣ ਆਪਣਾ ਅੰਗ ਕਟਾਇਆ, ਬ੍ਰਹਮ ਪਾਰਬ੍ਰਹਮ ਅਖਵਾਈਆ । ਮਨ ਮਤ ਡੇਰਾ ਆਪ ਲਗਾਇਆ, ਸਾਚੀ ਵਸਤ ਟਿਕਾਈਆ । ਘਰ ਵਿਚ ਸਾਚਾ ਨਗਰ ਬਣਾਇਆ, ਘਰ ਬੈਠਾ ਸਾਚਾ ਮਾਹੀਆ । ਲੋਕਮਾਤ ਹਰਿ ਖੇਲ ਖਲਾਇਆ, ਖੇਲੇ ਖੇਲ ਅਗੰਮ ਅਥਾਹੀਆ । ਜੀਵ ਜੰਤ ਜੋਤ ਜਗਾਇਆ, ਲੱਖ

ਚੁਰਾਸੀ ਡੇਰਾ ਲਾਈਆ । ਰਵ ਸਸ ਸੇਵ ਕਮਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦ ਵਡਿਆਈਆ । ਸ਼ਬਦ ਗੁਰ ਸਾਚਾ ਮੀਤਾ, ਹਰਿ ਸਾਚਾ ਆਪ ਉਪਾਇੰਦਾ । ਜੁਗ ਜੁਗ ਚਲਾਏ ਆਪਣੀ ਰੀਤਾ, ਸਾਚੀ ਬਣਤ ਬਣਾਇੰਦਾ । ਬੈਠਾ ਰਹੇ ਇਕ ਅਤੀਤਾ, ਦਰ ਘਰ ਇਕ ਸੁਹਾਇੰਦਾ । ਵੇਖਣਹਾਰਾ ਹਸਤ ਕੀਟਾ, ਵਰਨਾਂ ਬਰਨਾਂ ਫੋਲ ਫੋਲਾਇੰਦਾ । ਨਾਮ ਜਣਾਏ ਇਕ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਸ਼ਬਦ ਗੁਰ ਵਡ ਬਲਵਾਨਾ, ਹਰਿ ਸਾਚਾ ਆਪ ਉਪਾਇੰਦਾ । ਇਕ ਸੁਣਾਏ ਰਾਗ ਤਰਾਨਾ, ਲੋਆਂ ਪੁਰੀਆਂ ਆਪ ਜਗਾਇੰਦਾ । ਏਕਾ ਦੇਵੇ ਧੁਰ ਫ਼ਰਮਾਣਾ, ਗੀਤ ਸੁਹਾਗੀ ਏਕਾ ਗਾਇੰਦਾ । ਏਕਾ ਮੰਦਰ ਇਕ ਟਿਕਾਨਾ, ਏਕਾ ਘਰ ਵਖਾਇੰਦਾ । ਦੋ ਜਹਾਨਾਂ ਇਕ ਬਬਾਣਾ, ਗੁਰ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਲਏ ਵਰ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਸ਼ਬਦ ਗੁਰ ਸਚ ਮਲਾਹ, ਹਰਿ ਸਾਚਾ ਆਪ ਉਪਾਇੰਦਾ । ਜੁਗ ਜੁਗ ਦੇਵੇ ਸਚ ਸਲਾਹ, ਜਨ ਭਗਤਾਂ ਆਪ ਉਠਾਇੰਦਾ । ਇਕ ਜਪਾਏ ਸਾਚਾ ਨਾਂ, ਨਾਮ ਨਿਧਾਨਾ ਝੋਲੀ ਪਾਇੰਦਾ । ਫੜ ਫੜ ਹੰਸ ਬਣਾਏ ਕਾਂ, ਸਰ ਸਰੋਵਰ ਇਕ ਨੁਹਾਇੰਦਾ । ਨਥਾਵਿਆਂ ਦੇਵੇ ਸਾਚਾ ਥਾਂ, ਗੁਰ ਸ਼ਬਦੀ ਸ਼ਬਦ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਹਰਿ ਹਰਿ ਵੱਡੀ ਵਡਿਆਈਆ । ਜੁਗ ਜੁਗ ਮੇਲ ਮਿਲਾਵਾ ਸਾਚੇ ਸੰਤਾ, ਆਪ ਆਪਣੀ ਬੂਝ ਬੁਝਾਈਆ । ਸਾਚਾ ਮੰਦਰ ਇਕ ਸੁਹੰਤਾ, ਘਰ ਸਾਚਾ ਇਕ ਵਖਾਈਆ । ਤੋੜੇ ਗੜ੍ਹ ਹਉਮੇ ਹੰਗਤਾ, ਦੂਈ ਦਵੈਤੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਸੇਵ ਕਮਾਈਆ । ਗੁਰ ਸ਼ਬਦੀ ਸਾਚਾ ਸੇਵਾਦਾਰ, ਹਰਿ ਸਾਚਾ ਆਪ ਉਪਾਇੰਦਾ । ਭਗਤਨ ਮੀਤਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਰਾਜ ਜੋਗ ਸੱਚਾ ਸਿਕਦਾਰ, ਸਚ ਸੁਲਤਾਨ ਵੇਖ ਵਖਾਇੰਦਾ । ਵਰਨਾਂ ਬਰਨਾਂ ਇਕ ਪਿਆਰ, ਊਚਾਂ ਨੀਚਾਂ ਡੇਰਾ ਲਾਇੰਦਾ । ਜੂਨੀ ਰਹਿਤ ਆਪ ਕਰਤਾਰ, ਅਨਭਵ ਪਰਕਾਸ਼ ਕਰਾਇੰਦਾ । ਅਕਾਲ ਮੂਰਤ ਖੇਲ ਅਪਾਰ, ਘਟ ਘਟ ਵੇਖ ਵਖਾਇੰਦਾ । ਹਰਿਜਨ ਸਾਚੇ ਲਏ ਉਭਾਰ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਵੇਸ ਆਪੇ ਕਰ, ਆਪੇ ਵੇਖ ਵਖਾਇੰਦਾ । ਜੁਗ ਜੁਗ ਖੇਲ ਹਰਿ ਅਵਤਾਰਾ, ਆਪਣੀ ਚਲਤ ਚਲਾਇੰਦਾ । ਚਲੇ ਚਲਾਏ ਵਿਚ ਸੰਸਾਰਾ, ਸਾਰੰਗ ਧਰ ਆਪ ਅਖਵਾਇੰਦਾ । ਪੁਰਖ ਪੁਰਖੋਤਮ ਖੇਲ ਨਿਆਰਾ, ਆਪ ਆਪਣੀ ਰਚਨ ਰਚਾਇੰਦਾ । ਸ਼ਬਦ ਗੁਰ ਗੁਰ ਜੋਤ ਸਹਾਰਾ, ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਸਰਗੁਣ ਕਰ ਪਿਆਰਾ, ਘਰ ਘਰ ਵਿਚ ਮੇਲ ਮਿਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਜੁਗ ਜੁਗ ਕਰੇ ਪਾਰ ਕਿਨਾਰਾ, ਜੁਗ ਜੁਗ ਰਥ ਚਲਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਏਕਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰਾ ਹਰਿ ਭਗਵਾਨਾ, ਅੰਤਮ ਕਲਜੁਗ ਵੇਖ ਵਖਾਈਆ । ਸ਼ਬਦੀ ਤੀਰ ਇਕ ਨਿਸ਼ਾਨਾ, ਏਕਾ ਚਿੱਲਾ ਰਿਹਾ ਉਠਾਈਆ । ਜੋਧਾ ਸੂਰ ਮਰਦ ਮਰਦਾਨਾ, ਪਾਰਬ੍ਰਹਮ ਆਪ ਅਖਵਾਈਆ । ਵੇਖਣਹਾਰਾ ਦੋ ਜਹਾਨਾਂ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ


੨੩੬
ot

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਸ੍ਰਿਸ਼ਟ ਸਬਾਈਆ । ਕਲਜੁਗ ਤੇਰਾ ਵੇਖ ਪਸਾਰਾ, ਹਰਿ ਸਾਚੀ ਜੋਤ ਜਗਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰਾ, ਰੂਪ ਅਨੂਪ ਦਰਸਾਇੰਦਾ । ਜੂਨੀ ਰਹਿਤ ਖੇਲ ਨਿਆਰਾ, ਨਾਮ ਸਤਿ ਡੰਕ ਵਜਾਇੰਦਾ । ਧੁਰ ਦਰਗਾਹੀ ਸਾਚਾ ਲਾੜਾ, ਸ਼ਬਦ ਘੋੜਾ ਇਕ ਦੌੜਾਇੰਦਾ । ਆਪੇ ਹੋ ਸ਼ਾਹਸਵਾਰਾ, ਸੋਲਾਂ ਕਲੀਆਂ ਆਸਣ ਪਾਇੰਦਾ । ਲੋਆਂ ਪੁਰੀਆਂ ਦਏ ਹੁਲਾਰਾ, ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਇੰਦਾ । ਨੌ ਖੰਡ ਪ੍ਰਿਥਮੀ ਇਕ ਜੈਕਾਰਾ, ਸੱਤਾਂ ਦੀਪਾਂ ਆਪ ਸੁਣਾਇੰਦਾ । ਚਾਰ ਵਰਨਾਂ ਵਣਜ ਵਪਾਰਾ, ਏਕਾ ਨਾਮ ਵਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਰਾਓ ਰੰਕ ਬਹਾਏ ਇਕ ਦਵਾਰਾ, ਊਚਾਂ ਨੀਚਾਂ ਮੇਲ ਮਿਲਾਇੰਦਾ । ਨਾਮ ਖੰਡਾ ਖੜਕ ਕਟਾਰਾ, ਤੇਜ਼ ਪਰਚੰਡਾ ਹੱਥ ਉਠਾਇੰਦਾ । ਤਿਖੀਆਂ ਰੱਖੇ ਦੋਵੇਂ ਧਾਰਾ, ਗੁਰਮੁਖ ਮਨਮੁਖ ਵੇਖ ਵਖਾਇੰਦਾ । ਰਾਮ ਰੂਪ ਅਪਰ ਅਪਾਰਾ, ਹੰਕਾਰੀ ਗੜ੍ਹ ਤੁੜਾਇੰਦਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਰਥ ਰਥਵਾਹੀ ਆਪ ਚਲਾਇੰਦਾ । ਈਸਾ ਮੂਸਾ ਖ਼ਬਰਦਾਰਾ, ਸੰਗ ਮੁਹੰਮਦ ਮੇਲ ਮਿਲਾਇੰਦਾ । ਚੌਦਾਂ ਤਬਕਾਂ ਪਾਵੇ ਸਾਰਾ, ਅੱਲਾ ਰਾਣੀ ਘੁੰਗਟ ਲਾਹਿੰਦਾ । ਨਾਨਕ ਗੋਬਿੰਦ ਇਕ ਆਧਾਰਾ, ਏਕਾ ਸ਼ਬਦ ਸਲਾਹਿੰਦਾ । ਏਕਾ ਵਣਜ ਇਕ ਵਪਾਰਾ, ਏਕਾ ਵਸਤ ਝੋਲੀ ਪਾਇੰਦਾ । ਚਾਰ ਯਾਰੀ ਪਾਰ ਕਿਨਾਰਾ, ਹਰਿ ਸਾਚਾ ਆਪ ਕਰਾਇੰਦਾ । ਪੰਚਮ ਮੀਤਾ ਹੋ ਉਜਿਆਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਲੱਖ ਚੁਰਾਸੀ ਦਏ ਹੁਲਾਰਾ, ਭੇਵ ਕੋਇ ਨਾ ਪਾਇੰਦਾ । ਸ਼ਾਹ ਸੁਲਤਾਨਾਂ ਮਾਰੇ ਮਾਰਾ, ਤਖ਼ਤ ਤਾਜ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਅਪਣੀ ਕਲ ਵਰਤਾਇੰਦਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਵੇਖ ਵਖਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਭੁੱਲ ਰਹੇ ਨਾ ਰਾਈਆ । ਨਿਰਗੁਣ ਜੋਤ ਨੂਰ ਆਕਾਰ, ਪੁਰਖ ਅਕਾਲ ਵੱਡੀ ਵਡਿਆਈਆ । ਸ਼ਬਦ ਖੰਡਾ ਗੋਬਿੰਦ ਪਿਆਰ, ਬ੍ਰਹਿਮੰਡਾਂ ਵੇਖ ਵਖਾਈਆ । ਜੇਰਜ ਅੰਡਾ ਆਰ ਪਾਰ, ਉਤਭੁਜ ਸੇਤਜ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਜੁਗ ਜੁਗ ਹਰਿ ਹਰਿ ਰੰਗ ਰੰਗ, ਸਾਚੀ ਰੰਗਣ ਆਪ ਚੜ੍ਹਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸੂਰਬੀਰ ਆਪ ਹੋ ਜਾਇੰਦਾ । ਆਪਣੇ ਅਸਵ ਆਪੇ ਕਸੇ ਤੰਗ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਨਾਮ ਵਜਾਏ ਸੱਚਾ ਮਰਦੰਗ, ਲੱਖ ਚੁਰਾਸੀ ਆਪ ਉਠਾਇੰਦਾ । ਆਪਣਾ ਦਵਾਰਾ ਆਪੇ ਲੰਘ, ਲੋਕਮਾਤ ਵੇਖ ਵਖਾਇੰਦਾ । ਪਾਵੇ ਸਾਰ ਗੋਦਾਵਰੀ ਗੰਗ, ਅਠਸਠ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਮ ਖੰਡਾ ਇਕ ਚਮਕਾਇੰਦਾ । ਨਾਮ ਖੰਡਾ ਸਚ ਕਟਾਰ, ਹਰਿ ਗੋਬਿੰਦ ਹੱਥ ਉਠਾਈਆ । ਪੂਤ ਸਪੂਤਾ ਕਰ ਪਿਆਰ, ਗੌੜ ਬ੍ਰਹਮਣ ਵੱਡੀ ਵਡਿਆਈਆ । ਉਚੇ ਟਿੱਲੇ ਮੀਤ ਮੁਰਾਰ, ਬੈਠਾ ਆਸਣ ਲਾਈਆ । ਦਿਸ ਨਾ ਆਏ ਵਿਚ ਸੰਸਾਰ, ਪੰਡਤ ਪਾਂਧੇ ਰਹੇ ਕੁਰਲਾਈਆ । ਆਦਿ ਜੁਗਾਦੀ ਆਪਣੀ ਕਾਰ, ਆਪੇ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸ਼ਬਦੀ ਆਪ ਹੋ ਜਾਈਆ । ਸ਼ਬਦ ਤਰਾਨਾ ਸ਼ਬਦ ਨਾਦ, ਹਰਿ ਸਾਚਾ ਆਪ ਵਜਾਇੰਦਾ । ਸ਼ਬਦ ਬ੍ਰਹਮ ਸ਼ਬਦ ਬ੍ਰਹਿਮਾਦਿ, ਹਰਿ ਸ਼ਬਦੀ ਵੇਖ ਵਖਾਇੰਦਾ । ਸ਼ਬਦ ਗੁਰ ਆਦਿ ਜੁਗਾਦਿ, ਜੁਗ ਜੁਗ ਸ਼ਬਦ ਵੇਸ ਵਟਾਇੰਦਾ । ਸ਼ਬਦ ਸ਼ਬਦੀ ਦੇਵੇ ਦਾਦ, ਸ਼ਬਦ ਸ਼ਬਦੀ ਝੋਲੀ ਪਾਇੰਦਾ । ਸ਼ਬਦ ਮੋਹਣ ਮਾਧਵ ਮਾਧ, ਸਾਚੀ

੨੩੭ ੦੮

੨੩੮
੦੮

ਸਖੀਆਂ ਸ਼ਬਦ ਮੇਲ ਮਿਲਾਇੰਦਾ । ਸ਼ਬਦ ਸ਼ਬਦੀ ਰਿਹਾ ਅਰਾਧ, ਸ਼ਬਦੀ ਸ਼ਬਦ ਆਪ ਸੁਣਾਇੰਦਾ । ਸ਼ਬਦੀ ਗੁਰ ਗੁਰ ਸ਼ਬਦ ਲਾਧ, ਗੁਰ ਗੁਰ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਗੁਰ ਵਡਿਆਇੰਦਾ । ਸ਼ਬਦ ਗੁਰ ਵਡ ਬਲਕਾਰਾ, ਏਕਾ ਨਾਅਰਾ ਲਾਇੰਦਾ । ਪਰਗਟ ਹੋ ਵਿਚ ਸੰਸਾਰਾ, ਕਲਜੁਗ ਢੋਲ ਵਜਾਇੰਦਾ । ਕਿਸੇ ਨਾ ਦੀਸੇ ਕੋਈ ਕਿਨਾਰਾ, ਚਾਰੋਂ ਕੁੰਟ ਸਰਬ ਕੁਰਲਾਇੰਦਾ । ਕੂੜ ਕਿਰਿਆ ਬੰਨ ਅਖਾੜਾ, ਮਨਮਤ ਜਗਤ ਨਚਾਇੰਦਾ । ਮਗਰ ਲਗਾਈ ਪੰਚਮ ਧਾੜਾ, ਮਾਇਆ ਮੋਹ ਫਸਾਇੰਦਾ । ਲੱਗੀ ਅੱਗ ਬਹੱਤਰ ਨਾੜਾ, ਨਾ ਕੋਈ ਮਾਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਾਇੰਦਾ । ਹਰਿ ਹਰਿ ਨਾਉਂ ਨਰ ਨਿਰੰਕਾਰ, ਨਿਰਗੁਣ ਨੂਰ ਰੁਸ਼ਨਾਈਆ । ਸ਼ਬਦੀ ਗੁਰ ਭਰ ਭੰਡਾਰ, ਗੁਰ ਸਤਿਗੁਰ ਆਪ ਵਰਤਾਈਆ । ਹਰਿਜਨ ਦੇਵੇ ਕਰ ਪਿਆਰ, ਆਤਮ ਝੋਲੀ ਆਪ ਭਰਾਈਆ । ਕਾਇਆ ਕਰੇ ਸਚ ਸ਼ੰਗਾਰ, ਤਨ ਬਸਤਰ ਇਕ ਵਖਾਈਆ । ਦੁਰਮਤ ਮੈਲ ਦਏ ਉਤਾਰ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਪਾਰਬ੍ਰਹਮ ਪੁਰਖ ਕਰਤਾਰਿਆ । ਕਲਜੁਗ ਅੰਤਮ ਵੇਖੇ ਝੂਠ ਦੁਕਾਨ, ਲੋਕਮਾਤ ਲਏ ਅਵਤਾਰਿਆ । ਲੱਖ ਚੁਰਾਸੀ ਕਰੇ ਪਛਾਨ, ਘਟ ਘਟ ਮੰਦਰ ਵੇਖ ਵਖਾ ਰਿਹਾ । ਏਕਾ ਦੇਵੇ ਧੁਰ ਫ਼ਰਮਾਨ, ਸ਼ਬਦ ਜਣਾਈ ਆਪ ਕਰਾ ਰਿਹਾ । ਸੋ ਪੁਰਖ ਨਿਰੰਜਣ ਵਡ ਬਲਵਾਨ, ਹੰ ਹੰਗਤਾ ਮੇਟ ਮਿਟਾ ਰਿਹਾ । ਧਰਮ ਝੁਲਾਏ ਇਕ ਨਿਸ਼ਾਨ, ਸਾਚੀ ਸਿਖਿਆ ਆਪ ਜਣਾ ਰਿਹਾ । ਚਾਰ ਵਰਨਾਂ ਇਕ ਧਿਆਨ, ਏਕਾ ਘਰ ਬਹਾ ਰਿਹਾ । ਊਚ ਨੀਚ ਨਾ ਕੋਇ ਵਖਾਨ, ਰਾਓ ਰੰਕ ਨਾ ਕੋਇ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾ ਲਿਆ । ਸਤਿਗੁਰ ਪੂਰਾ ਹਰਿ ਸੁਲਤਾਨਾ, ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨਾ, ਮਨਮੁਖ ਮੂੜ੍ਹੇ ਰਹੇ ਕੁਰਲਾਈਆ । ਹਰਿ ਕਾ ਰੂਪ ਨਾ ਕਿਸੇ ਪਛਾਨਾ, ਗਾ ਗਾ ਥੱਕੀ ਸਰਬ ਲੋਕਾਈਆ । ਗੁਰਮੁਖ ਵਿਰਲਾ ਪਾਏ ਪਦ ਨਿਰਬਾਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਕਲਜੁਗ ਵੇਖੇ ਇਕ ਮੈਦਾਨਾ, ਨੌਂ ਖੰਡ ਰਾਹ ਤਕਾਈਆ । ਮਨਮਤ ਬੰਨ੍ਹੇ ਹੱਥੀਂ ਗਾਨਾਂ, ਕੂੜੀ ਮੈਂਹਦੀ ਲਾਲ ਰੰਗਾਈਆ । ਜੂਠਾ ਝੂਠਾ ਪੀਣਾ ਖਾਣਾ, ਝੂਠੀ ਕਿਰਿਆ ਰਹੇ ਕਮਾਈਆ । ਗੁਰ ਕਾ ਸ਼ਬਦ ਨਾ ਕਿਸੇ ਪਛਾਨਾ, ਗੁਰ ਦਰ ਨਾ ਕੋਇ ਵਡਿਆਈਆ । ਹਉਮੇ ਹੰਗਤਾ ਗਾਇਆ ਗਾਣਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹੇ ਸੁਣਾਈਆ । ਸਚ ਨਾ ਮਿਲਿਆ ਨਾਮ ਤਰਾਨਾ, ਅਨਹਦ ਤਾਲ ਨਾ ਕੋਇ ਜਣਾਈਆ । ਏਕਾ ਰੂਪ ਸ੍ਰੀ ਭਗਵਾਨਾ, ਰਾਮ ਕ੍ਰਿਸ਼ਨ ਆਪ ਅਖਵਾਈਆ । ਈਸਾ ਮੂਸਾ ਜੋੜ ਜੁੜਾਨਾ, ਸੰਗ ਮੁਹੰਮਦ ਕਰੇ ਕੁੜਮਾਈਆ । ਨਾਨਕ ਗੋਬਿੰਦ ਗੁਣ ਨਿਧਾਨਾ, ਏਕਾ ਅੰਕ ਲਗਾਈਆ । ਕਲਜੁਗ ਅੰਤਮ ਹੋ ਪਰਧਾਨਾ, ਨਿਹਕਲੰਕਾ ਨਾਉਂ ਰਖਾਈਆ । ਸ਼ਾਹ ਭੂਪ ਹਰਿ ਵਡ ਸੁਲਤਾਨਾ, ਸਚ ਸਿਕਦਾਰ ਆਪ ਅਖਵਾਈਆ । ਖੇਲੇ ਖੇਲ ਗੋਪੀ ਕਾਹਨਾ, ਰਾਸ ਮੰਡਲ ਆਪ ਨਚਾਈਆ । ਜਨਕ ਸਪੁਤਰੀ ਕਰ ਪਰਵਾਨਾ, ਰਾਮ ਰਮੱਯਾ ਵੇਸ ਵਟਾਈਆ । ਅੱਲਾ ਰਾਣੀ ਹੋ ਪਰਧਾਨਾ, ਆਪਣਾ ਨਾਅਰਾ ਇਕ ਸੁਣਾਈਆ । ਨਾਨਕ ਨਿਰਗੁਣ ਵਡ ਬਲਵਾਨਾ, ਨਾਮ ਖੰਡਾ ਹੱਥ ਉਠਾਈਆ । ਗੋਬਿੰਦ ਹਰਿ ਹਰਿ ਇਕ ਪਛਾਨਾ, ਅਕਾਲ ਪੁਰਖ ਇਕ ਮਨਾਈਆ । ਸਰਬ

੨੩੯
੦੮

ਜੀਆਂ ਪ੍ਰਭ ਬੀਨਾ ਦਾਨਾ, ਏਕਉਂਕਾਰਾ ਆਪ ਅਖਵਾਈਆ । ਪਰਗਟ ਹੋਏ ਵਿਚ ਜਹਾਨਾ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਰਾਮ ਨਾਮ ਸਾਚੀ ਡੋਰ, ਹਰਿ ਸਾਚੇ ਤੰਦ ਬੰਧਾਇੰਦਾ । ਕਾਹਨਾ ਕ੍ਰਿਸ਼ਨਾ ਮੇਟੇ ਅੰਧੇਰਾ ਘੋਰ, ਗਿਆਨ ਪਰਕਾਸ਼ ਇਕ ਕਰਾਇੰਦਾ । ਈਸਾ ਮੂਸਾ ਆਪੇ ਹੋੜ, ਆਪਣਾ ਮਾਰਗ ਆਪੇ ਲਾਇੰਦਾ । ਸੰਗ ਮੁਹੰਮਦ ਵੇਖੇ ਜ਼ੋਰ, ਚਾਰ ਯਾਰੀ ਮੇਲ ਮਿਲਾਇੰਦਾ । ਨਾਨਕ ਨਿਰਗੁਣ ਆਪੇ ਬੌਹੜ, ਆਪਣਾ ਮੂਲ ਚੁਕਾਇੰਦਾ । ਗੁਰ ਗੋਬਿੰਦ ਮੇਲਾ ਦੌੜ ਦੌੜ, ਘਰ ਸਾਚਾ ਆਪ ਸੁਹਾਇੰਦਾ । ਜਨ ਭਗਤਾਂ ਆਤਮ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਬਰਸਾਇੰਦਾ । ਪ੍ਰਗਟ ਹੋਇਆ ਪੂਤ ਸਪੂਤਾ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਆਸਣ ਲਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿੱਠੇ ਕੌੜ, ਫਿਕਾ ਰਸ ਰਹਿਣ ਨਾ ਪਾਇੰਦਾ । ਸੰਬਲ ਨਗਰੀ ਲਾਇਆ ਪੌੜ, ਚੌਥਾ ਪਦ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇੰਦਾ । ਰਾਮ ਰੂਪ ਹਰਿ ਭਗਵਾਨ, ਹਰਿ ਹਰਿ ਸੱਚਾ ਅਵਤਾਰਿਆ । ਮੁਕੰਦ ਮਨੋਹਰ ਲੱਖਮੀ ਨਰਾਇਣ ਇਕ ਨਿਸ਼ਾਨ, ਏਕਾ ਨੂਰ ਡਗਮਗਾ ਰਿਹਾ । ਈਸਾ ਮੂਸਾ ਕਰ ਪਰਧਾਨ, ਆਪ ਆਪਣੀ ਕਾਰੇ ਲਾ ਲਿਆ । ਸੰਗ ਮੁਹੰਮਦ ਨੌਜਵਾਨ ਸੋਇਆ ਆਪ ਉਠਾ ਲਿਆ । ਨਾਨਕ ਨਿਰਗੁਣ ਇਕ ਵਖਾਣ, ਏਕਾ ਬੂਝ ਬੁਝਾ ਲਿਆ । ਗੋਬਿੰਦ ਸੂਰਾ ਕਰ ਪਰਵਾਨ, ਘਰ ਸਾਚੇ ਮੇਲ ਮਿਲਾ ਲਿਆ । ਅੰਤਮ ਖੇਲੇ ਖੇਲ ਮਹਾਨ, ਹਰਿ ਸਾਚੇ ਸ਼ਬਦ ਜਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਵੇਸ ਵਟਾ ਲਿਆ । ਰਾਮ ਰੂਪ ਹਰਿ ਭਗਵੰਤ, ਅਚਰਜ ਖੇਲ ਖਿਲਾਇੰਦਾ । ਏਕਾ ਜੋਤ ਆਦਿਨ ਅੰਤ, ਰਥ ਰਥਵਾਹੀ ਨਾਉਂ ਧਰਾਇੰਦਾ । ਈਸਾ ਮੂਸਾ ਚਾਲ ਚਲੰਤ, ਚਾਲ ਨਿਰਾਲੀ ਇਕ ਰਖਾਇੰਦਾ । ਨਾਨਕ ਨਿਰਗੁਣ ਗਿਆਨ ਦ੍ਰਿੜ੍ਹੰਤ, ਸਤਿ ਨਾਮ ਵਰਤਾਇੰਦਾ । ਗੋਬਿੰਦ ਸਾਚਾ ਧਾਮ ਸੁਹੰਤ, ਘਰ ਸਾਚਾ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਖੇਲ ਖਲੰਤ, ਭੇਵ ਕੋਇ ਨਾ ਪਾਇੰਦਾ । ਆਏ ਜਾਏ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਮੇਲ ਮਿਲਾਵਾ ਸਾਚੇ ਸੰਤ, ਸੰਤ ਸੁਹੇਲੇ ਵੇਖ ਵਖਾਇੰਦਾ । ਭਗਤ ਦਵਾਰੇ ਹੋਏ ਮੰਗਤ, ਆਪ ਆਪਣੀ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਰਾਮ ਰੂਪ ਅਪਰ ਅਪਾਰ, ਕ੍ਰਿਸ਼ਨਾ ਨੂਰ ਰੁਸ਼ਨਾਈਆ । ਈਸਾ ਮੂਸਾ ਏਕਾ ਧਾਰ, ਜੋਤੀ ਨੂਰ ਅਲਾਹੀਆ । ਨਾਨਕ ਗੋਬਿੰਦ ਇਕ ਜੈਕਾਰ, ਏਕਾ ਡੰਕਾ ਰਹੇ ਵਜਾਈਆ । ਸੁਣੇ ਸੁਣਾਏ ਸੁਨਣੇਹਾਰ, ਦਰਗਹਿ ਬੈਠਾ ਆਸਣ ਲਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਆਪ ਉਸਾਰ, ਆਪ ਆਪਣਾ ਮੇਲ ਮਿਲਾਈਆ । ਰਵ ਸਸ ਸੂਰਜ ਚੰਨ ਸਤਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਸ਼ਬਦੀ ਭਰਿਆ ਰਹੇ ਭੰਡਾਰ, ਹਰਿ ਸਾਚਾ ਆਪ ਵਰਤਾਈਆ । ਕਲਜੁਗ ਅੰਤਮ ਵੇਖ ਵਿਚਾਰ, ਦਹਿ ਦਿਸ਼ਾ ਫੋਲ ਫੋਲਾਈਆ । ਸ੍ਰਿਸ਼ਟ ਸਬਾਈ ਹਾਹਾਕਾਰ, ਰੋ ਰੋ ਰਹੀ ਕੁਰਲਾਈਆ । ਮਨ ਮਤ ਹੋਈ ਵਿਭਚਾਰ, ਨਾਰ ਦੁਹਾਗਣ ਮਨਮਤ ਨੇਤਰ ਨੈਣ ਰਹੀ ਕੁਰਲਾਈਆ । ਕੋਈ ਨਾ ਦਿਸੇ ਕਿਸੇ ਯਾਰ, ਘਰ ਘਰ ਅਗਨੀ ਤੱਤ ਜਲਾਈਆ । ਆਪਾ ਭੁੱਲਾ ਸਰਬ ਸੰਸਾਰ, ਆਪ ਆਪਣਾ ਨਾ ਵੇਖ ਵਖਾਈਆ । ਪੇਕੇ ਮਿਲਿਆ ਨਾ ਮੀਤ ਮੁਰਾਰ, ਸੌਹਰੇ ਢੋਈ ਨਾ ਰਾਈਆ । ਦੋ ਜਹਾਨੀ ਰਹੇ ਹਾਰ, ਆਪਣੀ ਪਤ ਗਵਾਈਆ । ਕਲਜੁਗ ਕੂੜਾ ਰਿਹਾ ਲਲਕਾਰ, ਚਾਰੋਂ ਕੁੰਟ ਰਿਹਾ ਸੁਣਾਈਆ । ਧਰਨੀ ਰੋਵੇ ਧਾਹਾਂ ਮਾਰ, ਧੀਰਜ

ਧੀਰ ਨਾ ਕੋਇ ਕਰਾਈਆ । ਲਾੜੀ ਮੌਤ ਕਰੇ ਸ਼ੰਗਾਰ, ਤਨ ਬਸਤਰ ਇਕ ਸੁਹਾਈਆ । ਧਰਮ ਰਾਏ ਵੇਖੇ ਇਕ ਅਖਾੜ, ਬਨ ਖੰਡ ਫੇਰਾ ਪਾਈਆ । ਚਿਤਰ ਗੁਪਤ ਨਾ ਕਰੇ ਉਧਾਰ, ਲਹਿਣਾ ਲਹਿਣਾ ਅੱਗੇ ਡਾਹੀਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਲੱਖ ਚੁਰਾਸੀ ਰਹਿਣ ਨਾ ਪਾਈਆ । ਵਿਸ਼ਨੂੰ ਵੇਤਾ ਬਣ ਭਿਖਾਰ, ਬੰਸ ਸਰਬੰਸ ਫੋਲ ਫੋਲਾਈਆ । ਸ਼ੰਕਰ ਬਾਹਾਂ ਰਿਹਾ ਹੁਲਾਰ, ਆਪਣੀ ਤ੍ਰਿਸੂਲ ਹੱਥ ਉਠਾਈਆ । ਕਰੋੜ ਤੇਤੀਸਾ ਕਰੇ ਪੁਕਾਰ, ਨਿਉਂ ਨਿਉਂ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਰਮ ਕਰਮ ਧਰਮ ਜਾਣੇ ਸਰਬ ਸੰਸਾਰ, ਨਿਹਕਰਮੀ ਵੇਖ ਵਖਾਈਆ । ਆਦਿ ਜੁਗਾਦੀ ਆਪਣੀ ਕਾਰ, ਜੁਗ ਕਰਤਾ ਆਪ ਕਰਾਈਆ । ਨਿਰਭੈ ਰੂਪ ਫਿਰੇ ਸੰਸਾਰ, ਮੂਰਤ ਅਕਾਲ ਵਡ ਵਡਿਆਈਆ । ਜੂਨੀ ਰਹਿਤ ਨਾ ਕੋਇ ਵਿਚਾਰ, ਜੂਨ ਅਜੂਨੀ ਵੇਖ ਵਖਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਏਕਉਂਕਾਰਾ ਆਪ ਅਖਵਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰੋ ਨੂਰ ਨੂਰ ਅਲਾਹੀਆ । ਰਾਮ ਕ੍ਰਿਸ਼ਨਾ ਇਕ ਅਧਾਰ, ਨਾਨਕ ਗੋਬਿੰਦ ਮੇਲਾ ਸਹਿਜ ਸੁਭਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਕਲਜੁਗ ਅੰਤਮ ਵੱਜੇ ਵਧਾਈਆ । ਹਰਿ ਕਾ ਸ਼ਬਦ ਕਰੇ ਖ਼ਬਰਦਾਰ, ਸੋਈ ਸੁਰਤੀ ਆਪ ਉਠਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਨਾ ਡੁੱਬੇ ਵਿਚ ਮੰਝਧਾਰ, ਜੋ ਜਨ ਹਰਿ ਹਰਿ ਰਸਨਾ ਰਹੇ ਗਾਈਆ । ਸਵੇਰ ਸੰਝ ਨਾ ਦਿਸੇ ਕੋਈ ਵਿਚ ਸੰਸਾਰ, ਰੈਣ ਅੰਧੇਰੀ ਏਕਾ ਛਾਈਆ । ਇਕ ਮੁਹੰਮਦ ਕਰੇ ਵਿਚਾਰ, ਸਦੀ ਚੌਧਵੀਂ ਵੇਖ ਵਖਾਈਆ । ਚੌਦਾਂ ਤਬਕਾਂ ਪੈਣੀ ਮਾਰ, ਪ੍ਰਭ ਮਾਰੇ ਬੇਪਰਵਾਹੀਆ । ਸਦਮਾ ਝੱਲੇ ਅੱਲਾ ਰਾਣੀ ਵਿਚ ਸੰਸਾਰ, ਸਚ ਸਲਾਹ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰੋਂ ਕੁੰਟ ਵੇਖ ਵਖਾਈਆ । ਰਾਮ ਰੂਪ ਆਦਿ ਨਿਰੰਜਣ, ਆਦਿ ਜੁਗਾਦਿ ਸਮਾਇਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਕਾਹਨਾ ਬੰਸਰੀ ਨਾਮ ਵਜਾਇਆ । ਈਸਾ ਮੂਸਾ ਸਾਚਾ ਸੱਜਣ, ਕਲਜੁਗ ਸਾਚਾ ਮੇਲ ਮਿਲਾਇਆ । ਕਲਜੁਗ ਕੂੜ ਨਗਾਰੇ ਅੰਤਮ ਵੱਜਣ, ਨਾਨਕ ਨਿਰਗੁਣ ਵੇਖਣ ਆਇਆ । ਗੋਬਿੰਦ ਹੋਇਆ ਪੜਦੇ ਕੱਜਣ, ਪ੍ਰਭ ਸਾਚੀ ਸੇਵਾ ਲਾਇਆ । ਚਾਰ ਵਰਨ ਕਰਾਏ ਏਕਾ ਮਜਨ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਜਣਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਦਏ ਭੰਨਾਇਆ । ਸ਼ਾਹ ਸੁਲਤਾਨ ਰਾਜ ਰਾਜਾਨ ਦਰ ਦਰਬਾਰ ਆਪਣਾ ਤਜਣ, ਸੀਸ ਤਾਜ ਰਹਿਣ ਨਾ ਪਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਦਰ ਘਰ ਸਾਚੇ ਬਹਿ ਬਹਿ ਗੱਜਣ, ਨਾਮ ਜੈਕਾਰਾ ਏਕਾ ਲਾਇਆ । ਪਾਰਬ੍ਰਹਮ ਚਲਾਏ ਸਾਚਾ ਜਹਾਜਨ, ਸ਼ੱਤਰੀ ਸ਼ੂਦਰ ਵੈਸ ਬ੍ਰਹਿਮਣ ਹਰਿਜਨ ਸਾਚੇ ਲਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤੇ ਰੂਪ ਵਟਾਇਆ । ਰਾਮ ਰੂਪ ਪੁਰਖ ਸੁਲਤਾਨਾ, ਪਾਰਬ੍ਰਹਮ ਅਖਵਾਇੰਦਾ । ਤ੍ਰਿਲੋਕੀ ਨੰਦਨ ਖੇਲ ਮਹਾਨਾ, ਆਪ ਆਪਣੀ ਕਲ ਵਰਤਾਇੰਦਾ । ਈਸਾ ਮੂਸਾ ਇਕ ਫ਼ਰਮਾਨਾ, ਏਕਾ ਹੁਕਮ ਜਣਾਇੰਦਾ । ਨਾਨਕ ਗੋਬਿੰਦ ਕਰ ਪਰਧਾਨਾ, ਲੋਕਮਾਤ ਵੇਖ ਵਖਾਇੰਦਾ । ਸਤਿ ਸੰਤੋਖੀ ਬੱਧਾ ਗਾਨਾ, ਧੀਰਜ ਜਤ ਜਣਾਇੰਦਾ । ਆਤਮ ਅੰਤਰ ਇਕ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਧੁਨ ਅਨਾਦੀ ਸਚ ਤਰਾਨਾ, ਅਨਹਦ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ ਤ੍ਰਿਸਨਾ ਭੁੱਖ ਗਵਾਇੰਦਾ । ਦੂਈ ਦਵੈਤੀ ਪੜਦਾ ਲਾਹਣਾ, ਬਜਰ ਕਪਾਟੀ ਤੋੜ ਤੁੜਾਇੰਦਾ । ਸਾਚੀ ਹਾਟੀ ਇਕ ਵਖਾਣਾ, ਕਾਇਆ ਗੜ੍ਹ ਸੁਹਾਇੰਦਾ । ਆਤਮ ਸੇਜਾ ਹਰਿ ਮਿਹਰਵਾਨਾ, ਸਚ ਸਿੰਘਾਸਣ

੨੪੦

ਇਕ ਵਛਾਇੰਦਾ । ਨਿਰਗੁਣ ਜੋਤੀ ਦੀਪਕ ਇਕ ਬਲਾਨਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਕਮਲਾਪਾਤੀ ਮੇਲ ਮਿਲਾਨਾ, ਸਾਚੀ ਨਾਰੀ ਰਾਹ ਤਕਾਇੰਦਾ । ਸੁਰਤ ਸਵਾਣੀ ਬੱਧਾ ਗਾਨਾ, ਗੁਰ ਸ਼ਬਦੀ ਸਗਨ ਮਨਾਇੰਦਾ । ਦੋਹਾਂ ਮੇਲਾ ਇਕ ਮਕਾਨਾ ਘਰ ਘਰ ਵਿਚ ਡੇਰਾ ਲਾਇੰਦਾ । ਸਤਿ ਪੁਰਖ ਹਰਿ ਸਦ ਮਿਹਰਵਾਨਾ, ਸਤਿ ਸਰੂਪ ਰੂਪ ਅਨੂਪ ਆਪ ਰਖਾਇੰਦਾ । ਕਲਜੁਗ ਅੰਤਮ ਵੇਖੇ ਮਾਰ ਧਿਆਨਾ, ਗੁਰਮੁਖ ਸੋਏ ਆਪ ਜਗਾਇੰਦਾ । ਗੋਬਿੰਦ ਦੇਵੇ ਸਾਚਾ ਦਾਨਾ, ਨਾਨਕ ਨਾਮ ਭੰਡਾਰਾ ਆਪ ਵਰਤਾਇੰਦਾ । ਈਸਾ ਮੂਸਾ ਸ਼ਾਹ ਸੁਲਤਾਨਾ, ਸ਼ਾਹ ਸਵਾਰ ਵੇਖ ਵਖਾਇੰਦਾ । ਕਾਹਨਾ ਕ੍ਰਿਸ਼ਨਾ ਨੌਜਵਾਨਾ, ਸੋਲਾਂ ਕਲ ਧਾਰ ਬੰਧਾਇੰਦਾ । ਰਾਮ ਰੂਪ ਵੇਖ ਮਹਾਨਾ, ਰਾਵਣ ਗੜ੍ਹ ਤੁੜਾਇੰਦਾ । ਕਲਜੁਗ ਅੰਤਮ ਇਕ ਨਿਸ਼ਾਨਾ, ਚੌਥਾ ਜੁਗ ਵੇਖ ਵਖਾਇੰਦਾ । ਚਾਰ ਲੱਖ ਹਜਾਰ ਬੱਤੀ ਤੇਰਾ ਮੂਲ ਚੁਕਾਨਾ, ਤੇਰੀ ਆਯੂ ਆਪਣੇ ਵਿਚ ਟਿਕਾਇੰਦਾ । ਸਤਿਜੁਗ ਸਾਚਾ ਕਰ ਪਰਧਾਨਾ, ਹਰਿ ਸਾਚਾ ਆਪ ਉਠਾਇੰਦਾ । ਕਲਜੁਗ ਤੇਰਾ ਲੇਖਾ ਚੁੱਕੇ ਲੋਕਮਾਤ ਜਗਤ ਜਹਾਨਾ, ਲਹਿਣਾ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਕਾ ਇਕ ਵਜਾਇੰਦਾ । ਸ਼ਬਦ ਡੰਕ ਸਚ ਘਨਘੋਰ, ਹਰਿ ਸਾਚੇ ਆਪ ਸੁਣਾਈਆ । ਕਲਜੁਗ ਭੱਜਾ ਜਾਏ ਚੋਰ, ਥਿਰ ਰਹਿਣ ਨਾ ਪਾਈਆ । ਲੋਕਮਾਤ ਨਾ ਪਕੜੇ ਕੋਈ ਡੋਰ, ਝੂਠੀ ਦੱਸੀ ਸਰਬ ਲੋਕਾਈਆ । ਪਾਪਾਂ ਚੜ੍ਹਿਆ ਸਾਚੇ ਘੋੜ, ਸ਼ੌਹ ਦਰਯਾ ਰਾਹ ਤਕਾਈਆ । ਧਰਮ ਰਾਏ ਘਰ ਲੱਗੀ ਔੜ, ਲੱਖ ਚੁਰਾਸੀ ਦਏ ਬੁਝਾਈਆ । ਨੀਲਾ ਮਾਰੇ ਪਹਿਲਾ ਪੌੜ, ਸੰਮਤ ਸੋਲਾਂ ਰਾਹ ਤਕਾਈਆ । ਅਬਿਨਾਸ਼ੀ ਕਰਤਾ ਰਿਹਾ ਬੌਹੜ, ਬੇਅੰਤ ਨਾਮ ਖ਼ੁਦਾਈਆ । ਆਪ ਵਿਛੋੜੇ ਆਪੇ ਲਏ ਜੋੜ, ਜੁਗ ਜੁਗ ਆਪਣੀ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਕਲਜੁਗ ਕੂੜਾ ਕਰੇ ਪੁਕਾਰ, ਨੇਤਰ ਨੀਰ ਵਹਾਇੰਦਾ । ਲੱਖ ਚੁਰਾਸੀ ਛੁੱਟਾ ਸੰਸਾਰ, ਸਗਲਾ ਸੰਗ ਨਾ ਕੋਇ ਰਖਾਇੰਦਾ । ਨਾਤਾ ਗਿਆ ਮੁਹੰਮਦੀ ਯਾਰ, ਚਾਰ ਯਾਰੀ ਨਾ ਮੇਲ ਮਿਲਾਇੰਦਾ । ਨਾ ਕੋਈ ਅੰਮ੍ਰਿਤ ਦੇਵੇ ਠੰਡਾ ਠਾਰ, ਗੁਰ ਗੋਬਿੰਦ ਧੱਕਾ ਲਾਇੰਦਾ । ਮਦੀਨਾਂ ਮੱਕਾ ਪਾਵੇ ਸਾਰ, ਐਨਲਹੱਕ ਵੇਖ ਵਖਾਇੰਦਾ । ਮੁਕਾਮੇ ਹੱਕ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਬੂਰਾ ਕੱਕਾ ਅੱਖ ਦਏ ਉਘਾੜ, ਏਕਾ ਨੇਤਰ ਨੈਣ ਉਠਾਇੰਦਾ । ਕਲਜੁਗ ਅਗਨੀ ਤੱਤੀ ਤਪੇ ਹਾੜ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਜੀਵ ਜੰਤ ਅਗਨੀ ਲੱਗੇ ਨਾੜ ਨਾੜ, ਬਹੱਤਰ ਨਾੜ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਦੇਵੇ ਸਾੜ, ਆਪ ਆਪਣਾ ਕਰਮ ਕਮਾਇੰਦਾ । ਪੰਜ ਤਤ ਵੇਖ ਅਖਾੜ, ਘਟ ਘਟ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਦਰਸਾਇੰਦਾ । ਕਲਜੁਗ ਕੂੜਾ ਕਰ ਵਿਹਾਰ, ਕੂੜੀ ਰਾਸ ਕਮਾਈਆ । ਹਰਿ ਕਾ ਨਾਮ ਨਾ ਕੋਇ ਪਿਆਰ, ਜਗਤ ਪਿਆਸ ਨਾ ਕੋਇ ਬੁਝਾਈਆ । ਮਨਮਤ ਹੰਢਾਈ ਦੁਹਾਗਣ ਨਾਰ, ਸਾਚੀ ਸਖੀ ਨਾ ਮੇਲ ਮਿਲਾਈਆ । ਮਿਲਿਆ ਮੀਤ ਨਾ ਕੰਤ ਭਤਾਰ, ਸਾਚੇ ਘਰ ਨਾ ਵੱਜੀ ਵਧਾਈਆ । ਉਪਜੀ ਸਪੁਤਰੀ ਮਨਮਤ ਵਿਭਚਾਰ, ਆਪ ਆਪਣੀ ਲਏ ਅੰਗੜਾਈਆ । ਧਰਤ ਧਵਲ ਹੋਈ ਸੇਵਾਦਾਰ, ਸੇਵਕ ਸੇਵਾ ਰਹੀ ਕਮਾਈਆ । ਚੜ੍ਹਿਆ ਜੋਬਨ ਨੌਜਵਾਨ ਵੇਖੇ ਮਾਰ ਧਿਆਨ, ਧਰਮ ਰਾਏ ਦੀ ਧੀ ਮੁਟਿਆਰ, ਵਰ ਢੂੰਡਣ ਏਕਾ ਆਈਆ । ਲੱਖ ਚੁਰਾਸੀ ਕਰ ਪਿਆਰ, ਏਕਾ ਕੰਤ ਲਏ ਮਨਾਈਆ ।

ਸਾਧਾਂ ਸੰਤਾਂ ਨਿਉਂ ਨਿਉਂ ਕਰੇ ਨਿਮਸਕਾਰ, ਗੁਰਮੁਖ ਰਾਹ ਖਹਿੜਾ ਦਿਸ ਨਾ ਆਈਆ । ਕਲਜੁਗ ਖੇੜਾ ਹੋਏ ਉਜਾੜ, ਨਾ ਸਕੇ ਕੋਇ ਵਸਾਈਆ । ਅਬਿਨਾਸ਼ੀ ਕਰਤਾ ਆਪ ਉਠਾਏ ਅਗੰਮੀ ਧਾੜ, ਦਿਸ ਕਿਸੇ ਨਾ ਆਈਆ । ਘੜਨਹਾਰਾ ਆਪੇ ਘਾੜ, ਆਪੇ ਭੰਨ ਵਖਾਈਆ । ਆਪ ਚਬਾਏ ਆਪਣੀ ਦਾੜ੍ਹ, ਨਾ ਕੋਈ ਦੂਸਰ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਤੇਰਾ ਤੇਰੀ ਝੋਲੀ ਪਾਈਆ । ਸੁੱਤ ਦੁਲਾਰਾ ਹਰਿ ਨਿਰੰਕਾਰ, ਆਪਣਾ ਆਪ ਉਪਾਇੰਦਾ । ਦੁਸ਼ਟ ਦਮਨ ਕਰ ਪਿਆਰ, ਆਪਣਾ ਹੁਕਮ ਮਨਾਇੰਦਾ । ਹੇਮ ਕੁੰਡੋਂ ਕੱਢ ਬਾਹਰ, ਗੁਜਰੀ ਕੁੱਖ ਸੁਹਾਇੰਦਾ । ਤੇਗ਼ ਬਹਾਦਰ ਕਰ ਉਧਾਰ, ਉਰਧ ਕਵਲ ਵਖਾਇੰਦਾ । ਆਪ ਖਿੜਾਏ ਸੱਚੀ ਗੁਲਜ਼ਾਰ, ਹਰਿ ਸਾਚਾ ਵੇਖ ਵਖਾਇੰਦਾ । ਮਾਤ ਗਰਭ ਬ੍ਰਹਮ ਧਾਰ, ਬਾਹਰ ਕੁੱਖ ਪਾਰਬ੍ਰਹਮ ਵਿਚ ਸਮਾਇੰਦਾ । ਸਾਚੇ ਘਰ ਗਿਆ ਜੰਮ, ਜਨ ਜਨਨੀ ਵੇਖ ਵਖਾਇੰਦਾ । ਪੁਰਖ ਅਕਾਲ ਆਪੇ ਜਾਣੇ ਆਪਣਾ ਕੰਮ, ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨੂਰ ਉਪਾਇੰਦਾ । ਚਾਰ ਪੂਤ ਸੁਤ ਦੁਲਾਰਾ, ਪੂਰਨ ਗੁਰ ਉਪਾਇਆ । ਆਪ ਵਸਾਏ ਵਿਚ ਸੰਸਾਰਾ, ਵੇਖਣਹਾਰ ਆਪ ਹੋ ਜਾਇਆ । ਸਾਚਾ ਮੰਦਰ ਇਕ ਮਨਾਰਾ, ਹਰਿ ਸਾਚੇ ਡੇਰਾ ਲਾਇਆ । ਨਿਰਗੁਣ ਨੂਰ ਕਰ ਉਜਿਆਰਾ, ਗੁਜਰੀ ਕੁੱਖ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰ, ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇਆ । ਸੁੱਤ ਦੁਲਾਰਾ ਹਰਿ ਉਪੰਨਿਆ, ਆਪਣੀ ਕਿਰਪਾ ਆਪੇ ਧਾਰ । ਕਲਜੁਗ ਚੜ੍ਹਿਆ ਸਾਚਾ ਚੰਨਿਆ, ਮੇਟ ਮਿਟਾਏ ਅੰਧ ਅੰਧਿਆਰ । ਪੰਚ ਵਿਕਾਰੇ ਦੇਵੇ ਡੰਨਿਆ, ਫੜ ਸ਼ਬਦ ਖੰਡਾ ਦੋ ਧਾਰ । ਚਾਰੋਂ ਕੁੰਟ ਫਿਰੇ ਭੰਨਿਆ, ਦਹਿ ਦਿਸ਼ਾ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਸੁੱਤ ਦੁਲਾਰ । ਸਾਚਾ ਮੇਲਾ ਗੁਰੂ ਗੁਰ ਚੇਲਾ, ਹਰਿ ਗੋਬਿੰਦ ਰੂਪ ਸਮਾਇਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਨਿਜ ਘਰ ਬੈਠਾ ਆਸਣ ਲਾਇਆ । ਆਦਿ ਜੁਗਾਦੀ ਇਕ ਅਕੇਲਾ, ਕਲ ਧਾਰੀ ਵੇਸ ਵਟਾਇਆ । ਲੋਕਮਾਤ ਸਾਚਾ ਮੇਲਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤ ਨਿਰੰਜਣ ਚੜ੍ਹਿਆ ਤੇਲਾ, ਆਦਿ ਨਿਰੰਜਣ ਸਗਨ ਮਨਾਇਆ । ਪਾਰਬ੍ਰਹਮ ਪ੍ਰਭ ਆਪਣਾ ਖੇਲ ਆਪੇ ਖੇਲਾ, ਘਰ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਨੂਰ ਨੂਰ ਦਰਸਾਇਆ । ਗੋਬਿੰਦ ਨੂਰ ਇਲਾਹੀ ਅੱਲਾ, ਆਲਮ ਉਲਮਾ ਅਖਵਾਇੰਦਾ । ਖੇਲੇ ਖੇਲ ਇਕ ਅਕੱਲਾ, ਤੁਲਬਾ ਤਾਲਬ ਨਾ ਕੋਇ ਵਖਾਇੰਦਾ । ਏਕਾ ਵਸਿਆ ਸਚ ਮਹੱਲਾ, ਅਨੰਦ ਪੁਰੀ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਆਪ ਸੁਹਾਇੰਦਾ । ਐੜਾ ਅੱਖ ਇਕ ਉਘਾੜ, ਅਨਨ ਰੂਪ ਦਰਸਾਈਆ । ਨੱਨਾ ਨਿਰਗੁਣ ਖੇਲ ਕਰੇ ਕਰਤਾਰ, ਜੋਤੀ ਜੋਤ ਡਗਮਗਾਈਆ । ਦੱਦਾ ਦੋ ਜਹਾਨਾਂ ਪਾਵੇ ਸਾਰ, ਅਨੰਦ ਅਨੰਦ ਅਨੰਦ ਆਪ ਅਖਵਾਈਆ । ਪੱਪਾ ਪੂਰਨ ਗੁਰ ਅਵਤਾਰ, ਲੋਕਮਾਤ ਵੱਜੇ ਵਧਾਈਆ । ਰਾਰਾ ਰੇਖ ਵੇਖੇ ਸਰਬ ਸੰਸਾਰ, ਲੱਖ ਚੁਰਾਸੀ ਫੋਲ ਫੋਲਾਈਆ । ਅਨੰਦ ਪੁਰ ਧਾਮ ਨਿਆਰ, ਦਰਗਹਿ ਸਾਚੀ ਇਕ ਰਖਾਈਆ । ਪਾਰਬ੍ਰਹਮ ਪ੍ਰਭ ਪਹਿਰੇਦਾਰ, ਦੂਸਰ ਕੋਇ ਦਿਸ ਨਾ ਆਈਆ । ਗੋਬਿੰਦ ਸੂਰਾ ਕਰ ਵਿਚਾਰ, ਆਪ ਆਪਣੀ ਦਇਆ ਕਮਾਈਆ । ਲੋਕਮਾਤ ਮਹੱਲ ਦਏ ਉਸਾਰ, ਪੁਰੀ ਅਨੰਦ ਨਾਉਂ

ਧਰਾਈਆ । ਅੱਠੇ ਪਹਿਰ ਖ਼ਬਰਦਾਰ, ਸੋਏ ਸਿਖ ਰਿਹਾ ਉਠਾਈਆ । ਸਾਚਾ ਮੀਤਾ ਮੀਤ ਮੁਰਾਰ, ਆਪਣਾ ਆਪ ਵਖਾਈਆ । ਆਪ ਆਪਣਾ ਕਰ ਤਿਆਰ, ਹਰਿਜਨ ਮੇਲ ਮਿਲਾਈਆ । ਪੰਚਮ ਤਨ ਕਰ ਸ਼ੰਗਾਰ, ਪੰਚਮ ਦਏ ਵਡਿਆਈਆ । ਪੰਚਮ ਅੰਮ੍ਰਿਤ ਠੰਡਾ ਠਾਰ, ਗੁਰ ਸ਼ਬਦੀ ਵਿਚ ਟਿਕਾਈਆ । ਸ਼ਬਦ ਗੁਰ ਵਡ ਮਿਹਰਵਾਨ, ਆਦਿ ਜੁਗਾਦਿ ਅਖਵਾਈਆ । ਤ੍ਰੈਗੁਣ ਤੇਰਾ ਰੂਪ ਮਹਾਨ, ਗੁਰ ਗੋਬਿੰਦ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਤ੍ਰੈਗੁਣ ਤੇਰਾ ਕਲਜੁਗ ਨਾਤਾ, ਗੁਰ ਗੋਬਿੰਦ ਵੇਖ ਵਖਾਇੰਦਾ । ਕਰੇ ਖੇਲ ਪੁਰਖ ਬਿਧਾਤਾ, ਜੀਵ ਜੰਤ ਭੇਵ ਕੋਇ ਨਾ ਪਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਦੇਵਣਹਾਰਾ ਦਾਤਾ, ਸਚ ਭੰਡਾਰਾ ਇਕ ਵਰਤਾਇੰਦਾ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਗਾਥਾ, ਗਹਿਰ ਗੰਭੀਰ ਆਪ ਅਖਵਾਇੰਦਾ । ਆਪੇ ਲਹਿਣਾ ਦੇਣਾ ਚੁਕਾਏ ਪੂਰਬ ਮਸਤਕ ਮਾਥਾ, ਕਰਮ ਜਰਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵੇਖੇ ਸਾਚਾ ਘਰ, ਘਰ ਸਾਚਾ ਆਪ ਸੁਹਾਇੰਦਾ । ਤ੍ਰੈਗੁਣ ਤੇਰਾ ਰੰਗ ਚਲੂਲ, ਹਰਿ ਸਾਚਾ ਵੇਖ ਵਖਾਇੰਦਾ । ਆਦਿ ਅੰਤ ਨਾ ਜਾਏ ਭੂਲ, ਜੁਗ ਜੁਗ ਕਰਮ ਕਮਾਇੰਦਾ । ਆਪੇ ਜਾਣੇ ਆਪਣਾ ਮੂਲ, ਆਪੇ ਮੂਲ ਚੁਕਾਇੰਦਾ । ਆਪੇ ਬਰਸਣਹਾਰਾ ਫੂਲ, ਆਪੇ ਅਗਨ ਮੇਘ ਵਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਏਕਾ ਵਰ, ਏਕਾ ਚੌਕਾ ਰੂਪ ਵਟਾਇੰਦਾ । ਏਕਾ ਗੁਰ ਇਕ ਅਵਤਾਰ, ਜੁਗ ਚੌਥੇ ਵੱਜੀ ਵਧਾਈਆ । ਚੌਥਾ ਜੁਗ ਹੋਏ ਖ਼ਬਰਦਾਰ, ਗੁਰ ਗੋਬਿੰਦ ਆਪ ਕਰਾਈਆ । ਸੇਵਾ ਲਾਏ ਹਰਿ ਕਰਤਾਰ, ਪਾਰਬ੍ਰਹਮ ਵੱਡੀ ਵਡਿਆਈਆ । ਸਾਚੀ ਬਿੰਦ ਕਰ ਤਿਆਰ, ਰਕਤ ਬੂੰਦ ਸਮਾਈਆ । ਸਾਗਰ ਸਿੰਧ ਖੇਲ ਨਿਆਰ, ਸਾਚੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਚੌਕਾ ਏਕਾ ਦਰ, ਏਕਾ ਵੇਖ ਵਖਾਈਆ । ਇਕ ਅਕੱਲਾ ਏਕਓਂਕਾਰ, ਦੂਜੀ ਸ਼ਬਦ ਵੱਜੇ ਵਧਾਈਆ । ਤੀਜਾ ਨੇਤਰ ਇਕ ਉਘਾੜ, ਚੌਥੇ ਪਦ ਰਿਹਾ ਸਮਾਈਆ । ਏਕਾ ਗੁਰ ਗੁਰ ਕਰਤਾਰ, ਗੋਬਿੰਦ ਨਾਉਂ ਧਰਾਈਆ । ਚੌਥੇ ਯੁਗ ਕਰ ਪਿਆਰ, ਚਾਰੇ ਸੁੱਤ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਹਿਮਾ ਆਪੇ ਜਾਣੇ ਨਾ ਕੋਈ ਲੇਖ ਲਿਖਾਈਆ । ਚੌਥੇ ਜੁਗ ਚਾਰ ਦੁਲਾਰੇ, ਗੋਬਿੰਦ ਮੇਲ ਮਿਲਾਇਆ । ਲਹਿਣਾ ਦੇਣ ਚੁਕਾਏ ਮੁਹੰਮਦੀ ਯਾਰੇ, ਏਕਾ ਚੌਕਾ ਚੌਦਾਂ ਸਦ ਵੇਖ ਵਖਾਇਆ । ਕਰੇ ਖੇਲ ਅਗੰਮ ਅਪਾਰੇ, ਮਤ ਬੁਧ ਭੇਵ ਨਾ ਰਾਇਆ । ਵੇਖਣਹਾਰਾ ਚਾਰ ਮੁਨਾਰੇ, ਚਾਰੇ ਕੂਟਾਂ ਡੇਰਾ ਲਾਇਆ । ਸਤਿਜੁਗ ਤ੍ਰੇਤਾ ਖੇਲ ਨਿਆਰੇ, ਦੁਆਪਰ ਕਲਜੁਗ ਆਪ ਸੁਹਾਇਆ । ਅਜੀਤ ਮੇਲਾ ਸਿੰਘ ਜੁਝਾਰੇ, ਸਾਚੀ ਰੀਤੀ ਆਪ ਦਿਖਾਇਆ । ਜ਼ੋਰਾਵਰ ਸਿੰਘ ਫਤਹਿ ਨਗਾਰੇ, ਸਾਚਾ ਡੰਕਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਯੁਗ ਚੌਥੇ ਵੇਸ ਵਟਾਇਆ । ਸੁੱਤ ਦੁਲਾਰੇ ਘਰ ਉਪਜਾ, ਗੁਰ ਗੋਬਿੰਦ ਰੰਗ ਚੜ੍ਹਾਇਆ । ਆਪਣਾ ਭਾਣਾ ਆਪ ਸਮਝਾ, ਆਪੇ ਵੇਖ ਵਖਾਇਆ । ਬਸਤਰ ਗਹਿਣਾ ਤਨ ਸਜਾ, ਸੋਲਾਂ ਕਲੀਆਂ ਸ਼ੰਗਾਰ ਲਗਾਇਆ । ਨੇਤਰ ਨੈਣਾਂ ਕਜਲਾ ਪਾ, ਨਾਮ ਧਾਰਾ ਇਕ ਵਖਾਇਆ । ਸਾਚੇ ਸੱਜਣਾ ਮੇਲ ਮਿਲਾ, ਦਰ ਘਰ ਸਾਚਾ ਇਕ ਸੁਹਾਇਆ । ਨਾਮ ਖੰਡਾ ਤਨ ਲਟਕਾ, ਤਨ ਗਾਤਰੇ ਆਪ ਵਖਾਇਆ । ਬਾਲੀ ਬੁਧ ਭੇਵ ਚੁਕਾ, ਇਕਬਾਲੀ ਮੁਖੋਂ ਆਪ ਕਰਾਇਆ ।

ਨਾਮ ਦਲਾਲ ਵਿਚ ਰਖਾ, ਸੀਸ ਦਸਤਾਰ ਸਜਾਇਆ । ਕੇਸਰ ਟਿੱਕਾ ਤਿਲਕ ਲਗਾ, ਬ੍ਰਹਮ ਆਹੂਤੀ ਨਾਲ ਮਿਲਾਇਆ । ਵੱਡਾ ਨਿੱਕਾ ਕੋਈ ਜਾਣੇ ਨਾ, ਨਿੱਕਾ ਵੱਡਾ ਬਣ ਅਖਵਾਇਆ । ਫਿੱਕਾ ਰਸ ਕੋਈ ਮਾਣੇ ਨਾ, ਝੂਠਾ ਫਲ ਨਾ ਕੋਇ ਖਵਾਇਆ । ਜਗਤ ਮਾਇਆ ਕੋਈ ਪੁਣ ਛਾਣੇ ਨਾ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਇਆ । ਚਾਰ ਸੁੱਤ ਚਾਰ ਦੀਵਾਰ, ਚਾਰ ਕੁੰਟ ਉਪਜਾਈਆ । ਗੁਰ ਗੋਬਿੰਦ ਹੋਇਆ ਸੇਵਾਦਾਰ, ਦਿਵਸ ਰੈਣ ਸੇਵ ਕਮਾਈਆ । ਗੁਰਸਿਖ ਰੱਖੇ ਅਧਵਿਚਕਾਰ, ਬਾਹਰ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜਾ ਕੂੜ ਕੁੜਿਆਰ, ਜੂਠਾ ਝੂਠਾ ਡੰਕ ਵਜਾਈਆ । ਸਤਿਗੁਰ ਪੂਰਾ ਕਰ ਪਿਆਰ, ਸਾਚੇ ਸੁੱਤ ਕਰੇ ਕੁੜਮਾਈਆ । ਅਬਿਨਾਸ਼ੀ ਅਚੁੱਤ ਜੋਤ ਉਜਿਆਰ, ਸਾਚੀ ਸਖੀ ਵੇਖ ਵਖਾਈਆ । ਸਾਚਾ ਸਿਹਰਾ ਅਪਰ ਅਪਾਰ, ਨਿਗਹ ਮਿਹਰ ਨਾਲ ਬੰਧਾਈਆ । ਆਦਿ ਨਿਰੰਜਣ ਕਰ ਪਿਆਰ, ਆਪ ਆਪਣੇ ਘਰ ਬੁਲਾਈਆ । ਮੇਲ ਮਿਲਾਵਾ ਅਪਰ ਅਪਾਰ, ਨਾਰੀ ਕੰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖੇ ਦਰ, ਹਰਿ ਜੋਤ ਅਜੀਤ ਜੁਝਾਰ ਲੋਕਮਾਤ ਵਿਆਵਣ ਆਈਆ । ਲੋਕਮਾਤ ਸਾਚੇ ਲਾੜੇ, ਹਰਿ ਸਾਚਾ ਵੇਖ ਵਖਾਇੰਦਾ । ਕਲਜੁਗ ਅੰਤਮ ਖਾਰੇ ਚਾੜ੍ਹੇ, ਦਰ ਸਾਚਾ ਇਕ ਸੁਹਾਇੰਦਾ । ਗੁਰਮਤ ਉਤੋਂ ਪਾਣੀ ਵਾਰੇ, ਮਨਮਤ ਮੁਖ ਸ਼ਰਮਾਇੰਦਾ । ਰੰਗ ਬਸੰਤੀ ਅਪਰ ਅਪਾਰੇ, ਫੁਲ ਫੁਲਵਾੜੀ ਗੁਰਸਿਖ ਆਪ ਖਿਲਾਇੰਦਾ । ਆਪਣੇ ਪੌੜੇ ਆਪੇ ਚਾੜ੍ਹੇ, ਆਪ ਆਪਣਾ ਦਰ ਸੁਹਾਇੰਦਾ । ਦੂਤੀ ਦੁਸ਼ਟ ਨਾ ਕੋਈ ਮਾਰੇ, ਨਾ ਕੋਈ ਮਾਰ ਮਿਟਾਇੰਦਾ । ਆਪੇ ਰੱਖੇ ਨੀਆਂ ਅਧਵਿਚਕਾਰੇ, ਆਪੇ ਗੜ੍ਹੀ ਚਮਕੌਰ ਸੁਹਾਇੰਦਾ । ਆਪੇ ਜਾਣੇ ਤਿਖੀ ਧਾਰੇ, ਤਿਖੀ ਧਾਰ ਆਪ ਰਖਾਇੰਦਾ । ਕਲਜੁਗ ਤੇਰੇ ਅੰਤ ਪਿਆਰੇ, ਗੁਰ ਗੋਬਿੰਦ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਘਰ, ਘਰ ਸਾਚਾ ਇਕ ਸੁਹਾਇੰਦਾ । ਚਾਰੇ ਸੁੱਤ ਸੂਰ ਬਲਵਾਨ, ਧਰਮ ਨਿਸ਼ਾਨ ਹੱਥ ਉਠਾਇਆ । ਹਰਿ ਕਾ ਭੇਵ ਜੁਗ ਜੁਗ ਮਹਾਨ, ਵੇਦ ਕਤੇਬ ਕਿਸੇ ਨਾ ਗਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਅੰਜੀਲ ਕੁਰਾਨ ਮਤਾ ਪਕਾਇਆ । ਸ਼ਾਸਤਰ ਸਿਮਰਤ ਹੋਣ ਹੈਰਾਨ, ਮਤ ਬੁਧ ਭੇਵ ਦਿਸ ਨਾ ਆਇਆ । ਗੁਰ ਗੁਰ ਗੀਤਾ ਇਕ ਗਿਆਨ, ਅਠਾਰਾਂ ਧਿਆਏ ਅਠ ਦਸ ਡੇਰਾ ਲਾਇਆ । ਖਾਣੀ ਬਾਣੀ ਇਕ ਗਿਆਨ, ਏਕਾ ਮੰਤਰ ਵੇਖ ਵਖਾਇਆ । ਸ਼ਬਦ ਗੁਰ ਗੁਣ ਨਿਧਾਣ, ਗੁਣਵੰਤਾ ਨਾਉਂ ਰਖਾਇਆ । ਪੰਚਮ ਪੰਚਮ ਕਰ ਪਰਵਾਨ, ਚਾਰ ਯਾਰੀ ਮੇਟ ਮਿਟਾਇਆ । ਚੌਥੇ ਜੁਗ ਦਰ ਦਰਬਾਨ, ਦਰ ਦਰਵੇਸਾ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਰਾਹ ਚਲਾਇਆ । ਦੋ ਜਹਾਨਾਂ ਸਾਚਾ ਰਾਹ, ਗੁਰ ਗੋਬਿੰਦ ਇਕ ਚਲਾਇੰਦਾ । ਚਾਰ ਵਰਨਾਂ ਏਕਾ ਧਾਮ ਬਹਾ, ਅੰਮ੍ਰਿਤ ਜਾਮ ਇਕ ਪਿਆਇੰਦਾ । ਸੋ ਪੁਰਖ ਨਿਰੰਜਣ ਨਾਉਂ ਰਖਾ, ਹੰ ਬ੍ਰਹਮ ਇਕ ਦਰਸਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਸੁੱਤ ਦੁਲਾਰੇ ਸਾਚੇ ਮਾਰਗ ਆਪ ਰਖਾਇੰਦਾ । ਅਜੀਤ ਜੁਝਾਰੇ ਸਾਚਾ ਰੰਗ, ਹਰਿ ਸਾਚੇ ਆਪ ਚੜ੍ਹਾਇਆ । ਆਪ ਬਹਾਏ ਸਚ ਪਲੰਘ, ਸਚ ਸਿੰਘਾਸਣ ਵੇਖ ਵਖਾਇਆ । ਕਲਜੁਗ ਅੰਤਮ ਮੰਗੀ ਮੰਗ, ਦੇਵਣਹਾਰ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਆ ਦੂਆ ਏਕਾ ਰੰਗ ਰੰਗਾਇਆ । ਰੰਗਿਆ ਰੰਗ ਪੁਰਖ ਕਰਤਾਰਾ, ਦੋ ਸੁੱਤ ਮਿਲੀ ਵਡਿਆਈਆ । ਸਤਿਜੁਗ

੨੪੪
੦੮

ਤੇਰਾ ਸਚ ਜੈਕਾਰਾ, ਗੁਰ ਨਾਨਕ ਰਸਨਾ ਗਾਈਆ । ਅੰਤਮ ਵੇਲੇ ਪਾਵੇ ਸਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਹਕਲੰਕ ਨਰਾਇਣ ਨਰ ਲੈ ਅਵਤਾਰਾ, ਸੋਹੰ ਸ਼ਬਦ ਆਪ ਅਲਾਈਆ । ਅਜੀਤ ਜੁਝਾਰ ਇਕ ਪਿਆਰਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਖੇਲ ਕਰੇ ਨਿਆਰਾ, ਦਿਸ ਕਿਸੇ ਨਾ ਆਈਆ । ਛੋਟਾ ਬਾਲਾ ਬਾਲ ਨਿਧਾਨ, ਆਪੇ ਲੇਖੇ ਲਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਪ੍ਰਭ ਅਬਿਨਾਸ਼ੀ ਖੇਲ ਖਲਾਇਆ । ਸਾਢੇ ਤਿੰਨ ਹੱਥ ਬਣਾਏ ਜਗਤ ਮਕਾਨ, ਕਲਜੁਗ ਲਹਿਣਾ ਦਏ ਚੁਕਾਇਆ । ਕਿਰਪਾ ਕਰੇ ਆਪ ਭਗਵਾਨ, ਘਰ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਇਆ । ਆਪੇ ਨੀਹਾਂ ਹੇਠ ਰਿਹਾ ਰੱਖ, ਆਪ ਲਏ ਉਪਜਾਈਆ । ਆਪੇ ਲੋਕਮਾਤ ਕਰੇ ਪਰਤੱਖ, ਸਾਢੇ ਤਿੰਨ ਹੱਥ ਬਣਤ ਬਣਾਈਆ । ਕਲਜੁਗ ਵੰਡ ਕਰੀ ਵੱਖ, ਮਨ ਜਿਤ ਵੱਜੀ ਵਧਾਈਆ । ਸ਼ਬਦ ਸ਼ਹੀਦ ਨਾ ਲੱਭਾ ਕਿਸੇ ਸੱਥ, ਨਾ ਕੋਈ ਸੱਥਰ ਹੇਠ ਵਿਛਾਈਆ । ਗੁਰ ਗੋਬਿੰਦ ਨਾ ਨੇਤਰ ਵਗਾਇਆ ਅੱਥ, ਗੁਰ ਸੰਗਤ ਗਿਆ ਸਮਝਾਈਆ । ਕਲਜੁਗ ਜੀਵ ਧੀਰ ਨਾ ਸਕੇ ਰੱਖ, ਪੁੱਤ ਦੇ ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ, ਸਾਖਿਯਾਤ ਖੇਲ ਖਲਾਈਆ । ਸਾਚੀ ਖੇਲ ਖੇਲਣਹਾਰਾ, ਕਲਜੁਗ ਅੰਤਮ ਰਚਨ ਰਚਾਇੰਦਾ । ਛੋਟਾ ਬਾਲਾ ਕਰ ਉਜਿਆਰਾ, ਸਾਚੀ ਸੇਵ ਕਮਾਇੰਦਾ । ਆਪੇ ਖਿਚੇ ਚਰਨ ਦਵਾਰਾ, ਸਾਧ ਸੰਗਤ ਸੰਗ ਰਖਾਇੰਦਾ । ਇਕ ਉਪਜਾਏ ਜਗਤ ਮੁਨਾਰਾ, ਰਵਿਦਾਸ ਚੁਮਾਰਾ ਨਾਲ ਰਲਾਇੰਦਾ । ਸੂਰਜ ਚੰਨ ਕਰਨ ਨਿਮਸਕਾਰਾ, ਦੋਏ ਦੋਏ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸੁੱਤ ਦਿਤਾ ਵਰ, ਕਲਜੁਗ ਅੰਤਮ ਲੇਖ ਮੁਕਾਇੰਦਾ । ਬਾਲ ਨਿਧਾਨਾ ਫਤਿਹ ਡੰਕਾ ਏਕਾ ਏਕ ਵਜਾਈਆ । ਖੇਲੇ ਖੇਲ ਬਾਰ ਅਨਕਾ, ਹਰਿ ਗੋਬਿੰਦ ਵਡ ਵਡਿਆਈਆ । ਬਿਨ ਗੁਰ ਪੂਰੇ ਲੱਖ ਚੁਰਾਸੀ ਤੇਰਾ ਕੋਈ ਨਾ ਕੱਢੇ ਸ਼ੰਕਾ, ਗਿਆਨੀ ਧਿਆਨੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕਾ ਨਿੱਕੀ ਧਾਰ ਰਖਾਈਆ । ਨਿੱਕੀ ਧਾਰ ਸਾਚੀ ਸਿਖੀ, ਨੌਂ ਦਰ ਪਾਰ ਕਰਾਈਆ । ਕਿਸੇ ਹੱਥ ਨਾ ਆਏ ਮੁਨੀ ਰਿਖੀ, ਜਪੀ ਤਪੀ ਹਠੀ ਸਤੀ ਰਹੇ ਕੁਰਲਾਈਆ । ਆਪੇ ਧਾਰ ਰੱਖੀ ਤਿਖੀ, ਦੋ ਧਾਰਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੇਵਾ ਆਪ ਕਮਾਈਆ । ਸੇਵਕ ਸੇਵਾਦਾਰ ਗੋਬਿੰਦ, ਸਾਚੀ ਸੇਵ ਕਮਾਇੰਦਾ । ਦਾਤਾ ਜੋਧਾ ਸੂਰ ਵਡ ਮਰਗਿੰਦ, ਗਹਿਰ ਗੰਭੀਰ ਸਮਾਇੰਦਾ । ਕਰੇ ਖੇਲ ਭਾਰਤ ਹਿੰਦ, ਹਿੰਦਵਾਇਨ ਵੇਖ ਵਖਾਇੰਦਾ । ਅਥਾਹ ਡੂੰਘਾ ਸਾਗਰ ਸਿੰਧ, ਬੇਪਰਵਾਹ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁੱਤ ਦੁਲਾਰਾ ਵੇਖ ਵਖਾਇੰਦਾ । ਸੁੱਤ ਦੁਲਾਰਾ ਨੌਜਵਾਨਾ, ਬਾਲਾ ਬਾਲ ਉਪਾਈਆ । ਕਲਜੁਗ ਅੰਤਮ ਰੰਗ ਸੱਤ ਝੁਲਾਏ ਇਕ ਨਿਸ਼ਾਨਾ, ਨੌ ਖੰਡ ਸਾਇਆ ਹੇਠ ਰਖਾਈਆ । ਨੌ ਦਰ ਵੇਖੇ ਜਗਤ ਮਕਾਨਾ, ਘਰ ਦਸਵੇਂ ਮੇਲਾ ਸਾਚੇ ਮਾਹੀਆ । ਗੁਰਮੁਖਾਂ ਬੰਨੇ ਸਾਚਾ ਗਾਨਾ, ਹਰਿ ਸਾਚਾ ਤੰਦ ਉਠਾਈਆ । ਗੁਰ ਗੋਬਿੰਦ ਮਰਦ ਮਰਦਾਨਾ, ਏਕਾ ਨੇਤਰ ਵੇਖ ਵਖਾਈਆ । ਕਲਜੁਗ ਮੇਟੇ ਕੂੜ ਦੁਕਾਨਾ, ਸਾਚਾ ਮਾਰਗ ਇਕ ਲਗਾਈਆ । ਵਾਹ ਵਾਹ ਗੁਰੂ ਗੁਰ ਆਪ ਪਛਾਨਾ, ਇਸ਼ਟ ਦੇਵ ਗੁਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਯੁਗ ਤੇਰਾ ਘਰ, ਅੰਤਮ ਦਏ ਮਿਟਾਈਆ ।

ਚਾਰ ਸੁੱਤ ਚਾਰ ਯਾਰੀ, ਚਾਰੋਂ ਕੁੰਟ ਖਵਾਰਿਆ । ਚਾਰੇ ਤੋੜੇ ਗੜ੍ਹ ਹੰਕਾਰੀ, ਚਾਰੇ ਮਾਰੇ ਮਾਰਿਆ । ਏਕਾ ਚੌਕਾ ਚੌਦਾਂ ਹੱਟ ਖਲਾਰੀ, ਚੌਦਾਂ ਤਬਕਾਂ ਫੋਲ ਫੋਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤ ਦੁਲਾਰੇ ਲਏ ਵਰ, ਘਰ ਸਾਚੇ ਮੇਲ ਮਿਲਾਈਆ । ਹਰਿ ਸ਼ਬਦ ਗੁਰ ਸਹਾਰਾ, ਸਤਿਗੁਰ ਨਾਮ ਧਰਾਈਆ । ਗੁਰਮੁਖਾਂ ਕਰੇ ਸਚ ਪਿਆਰਾ, ਘਰ ਸਾਚੇ ਮੇਲ ਮਿਲਾਈਆ । ਆਪੇ ਬਖ਼ਸ਼ੇ ਬਖ਼ਸ਼ਣਹਾਰਾ, ਪਿਛਲਾ ਲਹਿਣਾ ਮੂਲ ਚੁਕਾਈਆ । ਅੱਗੇ ਦੇਵੇ ਨਾਮ ਅਧਾਰਾ, ਚਰਨ ਪ੍ਰੀਤੀ ਇਕ ਸਖਾਈਆ । ਸਾਚਾ ਵਣਜ ਕਰਾਏ ਸਚ ਵਣਜਾਰਾ, ਨਾਮ ਅਨਮੁੱਲਾ ਝੋਲੀ ਪਾਈਆ । ਸਾਚੇ ਕੰਡੇ ਤੋਲੇ ਤੋਲਣਹਾਰਾ, ਨਾਨਕ ਨਿਰਗੁਣ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰ ਪੁਰਖ ਸਮਰਥ, ਆਦਿ ਜੁਗਾਦਿ ਅਖਵਾਇਆ । ਹਰਿਜਨ ਰੱਖੇ ਦੇ ਕਰ ਹੱਥ, ਜੋ ਜਨ ਸਰਨਾਈ ਆਇਆ । ਸਗਲ ਵਿਸੂਰੇ ਜਾਇਣ ਲੱਥ, ਆਤਮ ਅੰਤਰ ਨੇਤਰ ਦਰਸ਼ਨ ਪਾਇਆ । ਹਉਮੇ ਗੜ੍ਹ ਜਾਏ ਢੱਠ, ਸਾਚੀ ਰੀਤੀ ਇਕ ਵਖਾਇਆ । ਉਲਟੀ ਗੇੜਨਹਾਰਾ ਲੱਠ, ਲੱਖ ਚੁਰਾਸੀ ਦਏ ਕਟਾਇਆ । ਆਪ ਰਖਾਏ ਸਰ ਸਰੋਵਰ ਏਕਾ ਤਟ, ਘਾਟ ਕਿਨਾਰੇ ਮੇਲ ਮਿਲਾਇਆ । ਦੂਈ ਦਵੈਤੀ ਮੇਟੇ ਫਟ, ਅੰਮ੍ਰਿਤ ਆਤਮ ਮੁਖ ਚਵਾਇਆ । ਸ਼ਬਦ ਨਗਾਰੇ ਲਾਏ ਸੱਟ, ਅਨਹਦ ਤਾਲ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਭੁੱਲੇ ਲਏ ਤਰਾਇਆ । ਸ੍ਰਿਸ਼ਟ ਸਬਾਈ ਭੁੱਲਣਹਾਰੀ, ਅਨਭੁਲ ਆਪ ਅਖਵਾਏ । ਜੋ ਜਨ ਮੰਗੇ ਬਣ ਭਿਖਾਰੀ, ਸਾਚੀ ਵਸਤ ਝੋਲੀ ਪਾਏ । ਮਿਲੇ ਮੇਲ ਨਰ ਨਿਰੰਕਾਰੀ, ਨਿਰਗੁਣ ਨਿਰਗੁਣ ਨਿਰਗੁਣ ਨਜ਼ਰੀ ਆਏ । ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰੀ, ਆਸਾ ਤ੍ਰਿਸਨਾ ਨਾ ਮੂਲ ਸਤਾਏ । ਜਨ ਭਗਤਾਂ ਪੈਜ ਰਿਹਾ ਸਵਾਰੀ, ਰਾਏ ਧਰਮ ਨਾ ਦਏ ਸਜ਼ਾਏ । ਲੇਖਾ ਲਿਖੇ ਨਾ ਚਿਤਰ ਗੁਪਤ ਲਿਖਾਰੀ, ਲਾੜੀ ਮੌਤ ਨਾ ਨੈਣ ਮਟਕਾਏ । ਗੁਰਸਿਖ ਅੰਤਮ ਮੇਲੇ ਜੋਤ ਨਿਰੰਕਾਰੀ, ਜੋਤੀ ਜੋਤ ਵਿਚ ਟਿਕਾਏ । ਧਾਮ ਸੁਹਾਏ ਬਹਾਏ ਇਕ ਨਿਆਰੀ, ਸਚਖੰਡ ਦਵਾਰਾ ਵੇਖ ਵਖਾਏ । ਤਿੰਨਾਂ ਲੋਕਾਂ ਪਾਰ ਕਿਨਾਰੀ, ਜੋ ਜਨ ਬ੍ਰਹਮ ਦਰਸ਼ਨ ਪਾਏ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਗੁਰਸਿਖ ਨਿਉਂ ਨਿਉਂ ਕਰਨ ਨਿਮਸਕਾਰੀ, ਸਤਿਗੁਰ ਆਪਣੀ ਉਂਗਲੀ ਆਪੇ ਲਾਏ । ਦਰਗਹਿ ਸਾਚੀ ਦੇਵੇ ਸੱਚੀ ਸਰਦਾਰੀ, ਸਾਚੇ ਤਖ਼ਤ ਸੁਹਾਏ । ਲੋਕਮਾਤ ਵੇਖੇ ਕਲਜੁਗ ਅੰਤਮ ਫੁਲ ਫੁਲਵਾੜੀ, ਗੁਰ ਗੋਬਿੰਦ ਹੱਥੀਂ ਲਾਏ । ਫੜ ਫੜ ਪੌੜੇ ਰਿਹਾ ਚਾੜ੍ਹੀ, ਜੋ ਜਨ ਵਰ ਘਰ ਸਾਚੇ ਸਾਚਾ ਸਾਜਨ ਵੇਖਣ ਆਏ । ਕਲਜੁਗ ਅੰਤਮ ਪੱਕੀ ਹਾੜ੍ਹੀ, ਹਰਿ ਕਿਰਸਾਨ ਏਕ ਵਕ਼ਤ ਵਢਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਆਪਣਾ ਵਰ, ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਜਮ ਕੀ ਫਾਸੀ ਬੰਧਨ ਬੰਦੀ ਤੋੜ ਆਪ ਕਟਾਏ ।

## ✪ ੩ ਫੱਗਣ ੨੦੧੫ ਬਿਕ੍ਰਮੀ ਬਲਦੇਵ ਸਿੰਘ ਦੇ ਘਰ ਦਇਆ ਹੋਈ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਨਿਰਗੁਣ ਰੂਪ ਸ੍ਰੀ ਭਗਵਾਨਾ, ਆਦਿ ਪੁਰਖ ਅਖਵਾਇੰਦਾ । ਆਦਿ ਨਿਰੰਜਣ ਖੇਲ ਮਹਾਨਾ, ਹਰਿ ਆਪਣਾ ਆਪ ਕਰਾਇੰਦਾ । ਖੇਲੇ ਖੇਲ ਦੋ ਜਹਾਨਾਂ, ਆਦਿ ਜੁਗਾਦਿ ਭੇਵ ਨਾ ਆਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸ਼ਬਦ ਅਨਾਦੀ ਇਕ ਤਰਾਨਾ, ਏਕਾ ਧੁਨ ਰਖਾਇੰਦਾ ।

ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਸਚ ਸਿੰਘਾਸਣ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸਾਚਾ ਤਖ਼ਤ ਤਾਜ ਸੁਹਾਇੰਦਾ । ਆਪੇ ਜਾਣੇ ਆਪਣਾ ਧੁਰ ਫ਼ਰਮਾਣਾ, ਆਪੇ ਹੁਕਮ ਚਲਾਇੰਦਾ । ਰਵ ਸਸ ਜੋਤ ਮਹਾਨਾ, ਨਿਰਗੁਣ ਆਪਣੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਨਿਰਗੁਣ ਧਾਰ ਏਕਉਂਕਾਰ, ਆਪਣੀ ਆਪ ਚਲਾਈਆ । ਇਕ ਅਕੱਲਾ ਭੇਵ ਅਪਾਰ, ਲੇਖਾ ਲਿਖਤ ਨਾ ਕੋਇ ਲਿਖਾਈਆ । ਅਲਖ ਅਗੋਚਰ ਅਗੰਮ ਅਪਾਰ, ਬੇਪਰਵਾਹ ਆਪ ਅਖਵਾਈਆ । ਥਿਰ ਘਰ ਬੈਠਾ ਸਚ ਦਰਬਾਰ, ਸਚ ਸਿੰਘਾਸਣ ਆਸਣ ਲਾਈਆ । ਨਿਰਮਲ ਜੋਤੀ ਕਰ ਉਜਿਆਰ, ਇਕ ਪਰਕਾਸ਼ ਰਖਾਈਆ । ਕਮਲਾਪਾਤੀ ਮੀਤ ਮੁਰਾਰ, ਪਾਰਬ੍ਰਹਮ ਵੱਡੀ ਵਡਿਆਈਆ । ਸਤਿ ਸਰੂਪੀ ਸਾਚੀ ਕਾਰ, ਹਰਿ ਸਾਚਾ ਆਪ ਕਰਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਬੇਪਰਵਾਹੀਆ । ਆਦਿ ਜੁਗਾਦਿ ਹਰਿ ਭਗਵੰਤ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਆਪੇ ਮਹਿਮਾ ਜਾਣੇ ਅਗਣਤ, ਲੇਖਾ ਗਣਤ ਨਾ ਕੋਇ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਰੂਪ ਹਰਿ ਸੁਲਤਾਨ, ਏਕਾ ਏਕ ਮਿਹਰਵਾਨਿਆ । ਆਪੇ ਵੇਖੇ ਸਚ ਨਿਸ਼ਾਨ, ਆਪ ਝੁਲਾਏ ਦੋ ਜਹਾਨਿਆ । ਆਪ ਉਪਾਏ ਦਯਾ ਕਮਾਏ ਆਪੇ ਰੱਖੇ ਆਪਣੀ ਆਣ, ਆਪੇ ਹੋਏ ਜਾਣੀ ਜਾਣਿਆ । ਆਪੇ ਵਿਸ਼ਨ ਬ੍ਰਹਮਾ ਕਰ ਪਰਧਾਨ, ਸੇਵਕ ਲਾਏ ਨੌਜਵਾਨਿਆ । ਆਪੇ ਸ਼ੰਕਰ ਸ਼ਿਵ ਦੇਵੇ ਦਾਨ, ਰੂਪ ਅਨੂਪ ਆਪ ਦਰਸਾਨਿਆ । ਆਪੇ ਗਗਨ ਮੰਡਲ ਬੈਠ ਮਕਾਨ, ਗਗਨ ਗਗਨੰਤਰ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਮਹਾਨਿਆ । ਆਦਿ ਜੁਗਾਦਿ ਕਰਨੇਹਾਰਾ, ਕਰਤਾ ਕਰਨੀ ਕਮਾਈਆ । ਦੂਜਾ ਨਾ ਕੋਈ ਪਾਵੇ ਸਾਰਾ, ਦਿਸ ਕਿਸੇ ਨਾ ਆਈਆ । ਉਚ ਮਹੱਲ ਅਟੱਲ ਮੁਨਾਰਾ, ਪ੍ਰਭ ਬੈਠਾ ਆਸਣ ਲਾਈਆ । ਨਿਰਗੁਣ ਨੂਰ ਨੂਰ ਉਜਿਆਰਾ, ਏਕਾ ਏਕ ਅਖਵਾਈਆ । ਨਾ ਕੋਈ ਦੂਸਰ ਮੀਤ ਮੁਰਾਰਾ, ਨਾ ਕੋਈ ਸੰਗ ਰਖਾਈਆ । ਆਪ ਆਪਣਾ ਕਰ ਪਸਾਰਾ, ਨਿਰਾਕਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਬੇਪਰਵਾਹੀਆ । ਆਦਿ ਸ਼ਕਤ ਨੂਰ ਉਜਾਲਾ, ਹਰਿ ਨੂਰੋ ਨੂਰ ਉਪਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦੀਨਾਂ ਨਾਥ ਆਪ ਅਖਵਾਇੰਦਾ । ਕਰੇ ਕਰਾਏ ਆਪ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਰਖਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਸੁੱਤੇ ਪਰਕਾਸ਼, ਆਪਣਾ ਆਪ ਰਖਾਈਆ । ਆਪੇ ਵੇਖੇ ਖੇਲ ਤਮਾਸ਼, ਖੇਲ ਖਿਲੰਤਾ ਨਾਉਂ ਧਰਾਈਆ । ਮੰਡਲ ਮੰਡਪ ਪਾਵੇ ਰਾਸ, ਲੋਆਂ ਪੁਰੀਆਂ ਫੇਰਾ ਪਾਈਆ । ਵੇਖ ਵਖਾਏ ਪ੍ਰਿਥਮੀ ਅਕਾਸ਼, ਜਲ ਥਲ ਮਹੀਅਲ ਰੂਪ ਵਟਾਈਆ । ਆਦਿ ਅੰਤ ਨਾ ਹੋਏ ਵਿਨਾਸ, ਨਾ ਮਰੇ ਨਾ ਜਾਈਆ । ਏਕਾ ਹਰਿ ਸ਼ਾਹੋ ਸ਼ਾਬਾਸ਼, ਸ਼ਾਹੋ ਭੂਪ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਹਰਿ ਹਰਿ ਨੂਰ, ਆਪਣਾ ਆਪ ਉਪਾਈਆ । ਸਰਬ ਕਲ ਆਪੇ ਭਰਪੂਰ, ਅਕਲ ਕਲ ਵਡਿਆਈਆ । ਆਪੇ ਵਸੇ ਨੇੜੇ ਦੂਰ, ਦੂਰ ਨੇੜਾ ਨਾ ਕੋਇ ਜਣਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਹਰਿ

੨੪੭
੦੮

ਦਰ ਬੈਠਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਵੱਛ ਸਰੂਪ ਆਪ ਹੋ ਜਾਈਆ । ਪਾਰਬ੍ਰਹਮ ਪੁਰਖ ਆਦੇਸਾ, ਏਕਾ ਵੇਸ ਸੁਹਾਇੰਦਾ । ਨਿਰਗੁਣ ਜੋਤ ਜੁਗ ਜੁਗ ਵੇਸਾ, ਲੋਕਮਾਤ ਰਖਾਇੰਦਾ । ਦੇਵਣਹਾਰਾ ਸਚ ਸੰਦੇਸਾ, ਸ਼ਬਦੀ ਡੰਕ ਵਜਾਇੰਦਾ । ਨਰ ਨਰਾਇਣ ਨਰ ਨਰੇਸ਼ਾ, ਨਿਰਗੁਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਅਲਖ ਅਭੇਵਾ, ਏਕਾ ਏਕ ਅਖਵਾਈਆ । ਆਪੇ ਹੋਏ ਵਡ ਦੇਵੀ ਦੇਵਾ, ਵਾਸਦੇਵ ਵੱਡੀ ਵਡਿਆਈਆ । ਆਪੇ ਜਾਣੇ ਆਪਣੀ ਸੇਵਾ, ਜੁਗ ਜੁਗ ਕਰਤਾ ਆਪ ਕਰਾਈਆ । ਆਪ ਉਪਾਏ ਆਪਣਾ ਮੇਵਾ, ਅੰਮ੍ਰਿਤ ਫਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਰਚਨਹਾਰ ਪੁਰਖ ਸਮਰਥ, ਅਕਲ ਕਲਾ ਕਲਧਾਰੀਆ । ਆਪੇ ਜਾਣੇ ਆਪਣੀ ਤ੍ਰੈਗੁਣ ਵੱਥ, ਤ੍ਰੈ ਤ੍ਰੈ ਮੇਲ ਅਪਾਰੀਆ । ਆਪੇ ਪੰਜ ਤੱਤ ਚਲਾਏ ਰਥ, ਪਾਰਬ੍ਰਹਮ ਸੱਚਾ ਸਿਕਦਾਰੀਆ । ਆਪੇ ਜਾਣੇ ਮਹਿਮਾ ਅਕਥਨੀ ਅਕਥ, ਲੇਖਾ ਲਿਖੇ ਅਪਰ ਅਪਾਰੀਆ । ਆਪੇ ਜਾਣੇ ਨਾਮ ਗਾਥ, ਦੇਵਣਹਾਰ ਜਗਤ ਭੰਡਾਰੀਆ । ਆਪੇ ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਨ ਗੁਰ ਆਪ ਅਵਤਾਰੀਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਵਸੇ ਸਾਥ, ਗੁਰ ਕਿਰਪਾ ਖੇਲ ਅਪਾਰੀਆ । ਆਪੇ ਮੰਤਰ ਨਾਮ ਪੂਜਾ ਪਾਠ, ਚਾਰੇ ਵੇਦ ਆਪ ਲਖਾਰੀਆ । ਆਪੇ ਸਰ ਸਰੋਵਰ ਮਾਰੇ ਠਾਠ, ਆਪੇ ਅੰਮ੍ਰਿਤ ਭਰੇ ਭੰਡਾਰੀਆ । ਆਪੇ ਤੀਰਥ ਆਪੇ ਤਾਟ, ਤਟ ਤੀਰਥ ਆਪ ਸੁਹਾ ਰਿਹਾ । ਆਪੇ ਚੜ੍ਹੇ ਔਖੇ ਘਾਟ, ਆਪੇ ਪੰਧ ਮੁਕਾ ਰਿਹਾ । ਆਪੇ ਖੇਲੇ ਖੇਲ ਨਟੂਆ ਨਾਟ, ਸਵਾਂਗੀ ਸਵਾਂਗ ਆਪ ਰਚਾ ਰਿਹਾ । ਆਪੇ ਵੇਖੇ ਚੌਦਾਂ ਹਾਟ, ਦਰ ਦਰਬਾਨ ਆਪ ਅਖਵਾ ਰਿਹਾ । ਆਪੇ ਨਿਰਗੁਣ ਜੋਤੀ ਨੂਰ ਲਲਾਟ, ਜੋਤ ਨਿਰੰਜਣ ਡਗਮਗਾ ਰਿਹਾ । ਆਪੇ ਨੇੜੇ ਜਾਣੇ ਆਪਣੀ ਵਾਟ, ਦੂਰ ਦੁਰਾਡਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਕਰ, ਵੇਸ ਅਵੱਲਾ ਇਕ ਰਖਾ ਰਿਹਾ । ਹਰਿ ਹਰਿ ਵੇਸ ਜਗ ਅਵੱਲਾ, ਆਪਣੀ ਬਣਤ ਬਣਾਇੰਦਾ । ਧੁਰ ਦਰਗਾਹੀ ਇਕ ਅਕੱਲਾ, ਕਲ ਧਾਰ ਨਾਉਂ ਵਟਾਇੰਦਾ । ਆਪ ਹੋਏ ਅਛਲ ਅਛੱਲਾ, ਅਛਲ ਅਛੱਲ ਵਖਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜਾਂ ਡੇਰਾ ਲਾਇੰਦਾ । ਆਪਣੀ ਜੋਤ ਆਪੇ ਰਲਾ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਸੰਗ ਰਖਾਇੰਦਾ । ਨਿਰਗੁਣ ਸ਼ਬਦ ਨਿਰਗੁਣ ਰੰਗ, ਨਿਰਗੁਣ ਸੰਗ ਰਖਾਈਆ । ਸਤਿ ਸਰੂਪੀ ਬੈਠ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਸ਼ਬਦ ਨਗਾਰਾ ਵੱਜੇ ਸਚ ਮਰਦੰਗ, ਹਰਿ ਸਾਚਾ ਆਪ ਵਜਾਈਆ । ਵਸਣਹਾਰਾ ਜੇਰਜ ਅੰਡ, ਉਤਭੁਜ ਸੇਤਜ ਰਿਹਾ ਸਮਾਈਆ । ਆਪੇ ਸੁੱਤਾ ਦੇ ਕਰ ਕੰਡ, ਆਪੇ ਮੁਖ ਭੁਵਾਈਆ । ਆਪੇ ਆਪਣੀਆਂ ਵੰਡਾਂ ਰਿਹਾ ਵੰਡ, ਸੰਤ ਸੁਹੇਲੇ ਲਏ ਉਠਾਈਆ । ਆਪੇ ਖੇਲੇ ਖੇਲ ਭੇਖ ਪਖੰਡ, ਆਪੇ ਭਗਤਨ ਮੀਤ ਹੋ ਜਾਈਆ । ਆਪੇ ਵਸਣਹਾਰਾ ਵਿਚ ਬ੍ਰਹਿਮੰਡ, ਜੀਓ ਪਿੰਡ ਆਪ ਅਖਵਾਈਆ । ਆਪੇ ਹੋਏ ਨਾਰ ਸੁਹਾਗਣ ਆਪੇ ਦੀਸੇ ਰੰਡ, ਕੰਤ ਕੰਤੂਹਲਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਿਰਗੁਣ ਜੋਤ ਹਰਿ ਮਿਹਰਵਾਨ, ਏਕਾ ਏਕ ਅਖਵਾਈਆ । ਭਗਤ ਵਛਲ ਸ੍ਰੀ ਭਗਵਾਨ, ਜੁਗ ਕਰਤਾ ਵਡ ਵਡਿਆਈਆ । ਹਰਿਜਨ ਦੇਵੇ ਭਗਤੀ ਦਾਨ, ਆਤਮ

ਬ੍ਰਹਮ ਜਣਾਈਆ । ਏਕਾ ਬ੍ਰਹਮ ਕਰ ਪਛਾਨ, ਏਕਾ ਵਿਚ ਸਮਾਈਆ । ਸੁਰਤੀ ਸ਼ਬਦ ਸ਼ਬਦ ਗਿਆਨ, ਹਰਿ ਸ਼ਬਦ ਕਰੇ ਪੜ੍ਹਾਈਆ । ਆਤਮ ਅੰਤਰ ਪੀਣ ਖਾਣ, ਅੰਮ੍ਰਿਤ ਆਤਮ ਇਕ ਵਖਾਈਆ । ਨੌ ਦਵਾਰੇ ਜਗਤ ਦੁਕਾਨ, ਜਗਤ ਵਾਸਨਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਲਾ ਸਾਚੇ ਹਰਿ, ਹਰਿ ਸਾਚਾ ਆਪ ਕਰਾਈਆ । ਸਾਚਾ ਮੇਲਾ ਸਾਜਣ ਮੀਤ, ਹਰਿ ਸੱਜਣ ਆਪ ਕਰਾਇੰਦਾ । ਪਾਰਬ੍ਰਹਮ ਪ੍ਰਭ ਪਤਿਤ ਪੁਨੀਤ, ਪਤਤ ਪਾਵਨ ਨਾਉਂ ਰਖਾਇੰਦਾ । ਸ਼ਬਦ ਸੁਣਾਏ ਸੁਹਾਗੀ ਗੀਤ, ਨਾਦ ਅਨਾਦੀ ਨਾਅਰਾ ਏਕਾ ਲਾਇੰਦਾ । ਨਾ ਕੋਈ ਗੁਰੂਦਵਾਰਾ ਮੰਦਰ ਮਸੀਤ, ਹਰ ਘਟ ਬੈਠਾ ਡਗਮਗਾਇੰਦਾ । ਆਪੇ ਜਾਣੇ ਆਪਣੀ ਰੀਤ, ਹਰਿਜਨ ਸੋਏ ਆਪ ਉਠਾਇੰਦਾ । ਚੇਤਨ ਵਸਿਆ ਸਦਾ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚਾਂ ਨੀਚਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਗੁਰ ਅਵਤਾਰ, ਵੇਸ ਅਵੇਸਾ ਆਪ ਵਟਾਈਆ । ਲੋਕਮਾਤ ਹੋ ਉਜਿਆਰ, ਨਿਰਗੁਣ ਸਰਗੁਣ ਵਿਚ ਟਿਕਾਈਆ । ਸ਼ਬਦ ਵਿਚੋਲਾ ਅਪਰ ਅਪਾਰ, ਸਾਚਾ ਢੋਲਾ ਗਾਈਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਹੰ ਬ੍ਰਹਮ ਇਕ ਅਖਵਾਈਆ । ਆਪ ਆਪਣਾ ਕਰੇ ਪਿਆਰ, ਆਪ ਆਪਣੇ ਅੰਗ ਲਗਾਈਆ । ਦਾਤਾ ਦਾਨੀ ਸੂਰਾ ਸਰਬੰਗ, ਨਿਰਾਕਾਰ ਸਾਕਾਰ ਆਪ ਹੋ ਜਾਈਆ । ਆਪ ਵਸੇ ਅੰਗ ਸੰਗ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਜੁਗ ਖੇਲ ਪਾਰਬ੍ਰਹਮ, ਹਰਿ ਵਡ ਵੱਡੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਜੂਨੀ ਰਹਿਤ ਆਪ ਅਖਵਾਈਆ । ਅਕਾਲ ਮੂਰਤ ਨਾ ਹੋਏ ਭੰਗ, ਮਾਤ ਪਿਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਸੁਹਾਨਾ, ਸਾਚੀ ਵੱਜੀ ਵਧਾਈਆ । ਸਾਚਾ ਦੀਪਕ ਇਕ ਵਖਾਨਾ, ਨਿਰਮਲ ਨੂਰ ਕਰੇ ਰੁਸ਼ਨਾਈਆ । ਸਾਚਾ ਤਖ਼ਤ ਇਕ ਸੁਹਾਨਾ, ਨਾ ਕੋਈ ਬਾਢੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਆਦਿ ਜੁਗਾਦਿ ਵਡ ਵਡਿਆਈਆ । ਆਦਿ ਜੁਗਾਦੀ ਹਰਿ ਹਰਿ ਖੇਲਾ, ਲੱਖ ਚੁਰਾਸੀ ਵੇਖ ਵਖਾਈਆ । ਆਪੇ ਵਸੇ ਰੰਗ ਨਵੇਲਾ, ਆਪੇ ਘਟ ਘਟ ਰਿਹਾ ਸਮਾਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਮੰਤਰ ਨਾਮ ਆਪ ਦ੍ਰਿੜਾਈਆ । ਆਪੇ ਹੋਏ ਸੱਜਣ ਸੁਹੇਲਾ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ ਜੁਗਾ ਜੁਗੰਤ ਆਪਣੇ ਹੱਥ ਰੱਖੇ ਵਡਿਆਈਆ । ਜੁਗ ਕਰਤਾ ਹਰਿ ਕਰਨੇਹਾਰਾ, ਸਰਬ ਕਲਾ ਸਮਰਥ । ਆਪ ਆਪਣਾ ਕਰ ਪਸਾਰਾ, ਆਪ ਚਲਾਏ ਆਪਣਾ ਰਥ । ਆਪੇ ਜਾਣੇ ਆਪਣੀ ਧਾਰਾ, ਆਪ ਜਣਾਈ ਸ਼ਬਦ ਮਹਿਮਾ ਅਕਥ । ਆਪੇ ਪੁਰਖ ਆਪੇ ਨਾਰਾ, ਆਪੇ ਦੇਵੇ ਆਪਣੀ ਵੱਥ । ਆਪੇ ਭਗਤ ਆਪ ਭੰਡਾਰਾ, ਆਪੇ ਦੇ ਕਰ ਰੱਖੇ ਹੱਥ । ਆਪੇ ਵਣਜ ਆਪ ਵਣਜਾਰਾ, ਆਪੇ ਆਪਣੀ ਕਰੇ ਆਪ ਪਰਖ । ਆਪੇ ਕਰਨੀ ਕਰਤਾ ਬਣ ਸੰਸਾਰਾ, ਆਪੇ ਲੱਖ ਚੁਰਾਸੀ ਪਾਏ ਨੱਥ । ਆਪੇ ਜੀਵ ਜੰਤ ਦਏ ਆਧਾਰਾ, ਨਿਰਗੁਣ ਜੋਤੀ ਅੰਦਰ ਰੱਖ । ਆਪੇ ਬ੍ਰਹਮਾ ਵੇਤਾ ਸੇਵਾਦਾਰਾ, ਸੇਵਾ ਕਰੇ ਆਪ ਸਮਰਥ । ਆਪੇ


੨੪੯
੦੮

ਵਿਸ਼ਨੂੰ ਵੰਸੀ ਬਣ ਵਰਤਾਰਾ, ਆਪੇ ਵਸਤੂ ਵਸਤ ਅੰਦਰ ਦੇਵੇ ਘੱਤ । ਆਪੇ ਸ਼ੰਕਰ ਸ਼ੰਕਰ ਬਣ ਸੰਘਾਰਾ, ਆਪੇ ਬਾਸ਼ਕ ਤਸ਼ਕਾ ਰਿਹਾ । ਆਪੇ ਸਾਂਗੋਂ ਪਾਂਗ ਕਰ ਪਿਆਰਾ, ਸੇਜਾ ਬਾਸ਼ਕ ਬੈਠਾ ਖਟ । ਆਪੇ ਲੋਕਮਾਤ ਲੈ ਅਵਤਾਰਾ, ਜੁਗ ਜੁਗ ਲਏ ਸਾਂਗ ਪਲਟ । ਆਪੇ ਭਗਤਨ ਮੀਤਾ ਭਗਤਨ ਕਰੇ ਪਿਆਰਾ, ਇਕ ਵਖਾਏ ਨਾਮ ਹੱਟ । ਆਪੇ ਵਸੇ ਪਾਰ ਕਿਨਾਰਾ, ਆਪੇ ਚੌਦਾਂ ਲੋਕਾਂ ਮੇਟੇ ਫਟ । ਆਪੇ ਤ੍ਰਿਲੋਕੀ ਨਾਥ ਅਨਾਥ ਆਧਾਰਾ, ਆਪ ਆਪਣਾ ਲਾਹਾ ਲਏ ਖੱਟ । ਆਪੇ ਨਾਮ ਨਾਮ ਹੋ ਜੈਕਾਰਾ, ਆਪੇ ਕਾਇਆ ਮੰਦਰ ਮਾਰੇ ਸੱਟ । ਆਪੇ ਤੀਰਥ ਤਟ ਬਣ ਕਿਨਾਰਾ, ਆਪੇ ਅੰਮ੍ਰਿਤ ਦੇਵੇ ਝੱਟ । ਆਪੇ ਜੰਗਲ ਜੂਹ ਬਣ ਪਹਾੜਾ, ਆਪੇ ਡੂੰਘੀ ਕੰਦਰ ਸੱਥਰ ਬੈਠਾ ਘਤ । ਆਪੇ ਰਵ ਸਸ ਸਤਾਰਾ, ਆਪੇ ਜੋਤੀ ਜਗੇ ਲਟ ਲਟ । ਆਪੇ ਲੋਆਂ ਪੁਰੀਆਂ ਬਣ ਸਹਾਰਾ, ਆਪੇ ਭਾਰ ਰਿਹਾ ਚੱਕ । ਆਪੇ ਧਰਤ ਧਵਲ ਕਰ ਪਸਾਰਾ, ਜਲ ਬਿੰਬ ਉਪਰ ਦੇਵੇ ਰੱਖ । ਆਪੇ ਲੱਖ ਚੁਰਾਸੀ ਕਰ ਉਜਿਆਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾਲ ਰਲਾਏ ਬੁਧ ਮਨ ਮਤ । ਆਪੇ ਖੋਲ੍ਹੇ ਨੌ ਦਵਾਰਾ, ਆਪੇ ਦਸਵੇਂ ਬੈਠਾ ਹਰਿ ਸਮਰਥ । ਹਰਿਜਨ ਮੇਲਾ ਵਿਚ ਸੰਸਾਰਾ, ਦੇਵੇ ਦਰਸ ਮਹਿਮਾਂ ਅਕੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਚਲਾਏ ਆਪਣਾ ਰਥ । ਰਥ ਰਥਵਾਹੀ ਪੁਰਖ ਬਿਧਾਤਾ, ਏਕਾ ਏਕ ਅਖਵਾਈਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਏਕਾ ਰੰਗ ਰੰਗਾਈਆ । ਦੇਵਣਹਾਰਾ ਸਾਚੀ ਦਾਤਾ, ਸਚ ਵਸਤ ਝੋਲੀ ਪਾਈਆ । ਆਪ ਉਪਾਏ ਆਪਣੀ ਗਾਥਾ, ਆਪੇ ਕਰੇ ਪੜ੍ਹਾਈਆ । ਸਤਿਜੁਗ ਤੇਰਾ ਸਾਚਾ ਸਾਥਾ, ਸੋਇਮ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਤਿਜੁਗ ਸਾਚਾ ਪਾਰ ਉਤਾਰਾ, ਹਰਿ ਸਾਚਾ ਵੇਖ ਵਖਾਇੰਦਾ । ਦੂਤਾਂ ਦੁਸ਼ਟਾਂ ਆਪ ਸੰਘਾਰਾ, ਹਰਿਜਨ ਸਾਚੇ ਆਪ ਤਰਾਇੰਦਾ । ਨਾਮ ਝੂਟਾ ਆਪ ਅਪਰ ਅਪਾਰਾ, ਨਰ ਨਿਰੰਕਾਰਾ ਆਪ ਉਪਾਇੰਦਾ । ਧਰੂ ਪ੍ਰਹਿਲਾਦਾ ਦਏ ਸਹਾਰਾ, ਹੰਕਾਰੀ ਦੁਸ਼ਟ ਖਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਵੇਸ ਵਟਾਇਆ, ਲੋਕਮਾਤ ਵੱਜੇ ਵਧਾਈਆ । ਤ੍ਰੇਤਾ ਤੇਰਾ ਭੇਖ ਵਟਾਇਆ, ਲੇਖਾ ਲਿਖਿਆ ਬੇਪਰਵਾਹੀਆ । ਬ੍ਰਹਮਾ ਵੇਤਾ ਸੇਵ ਕਮਾਇਆ, ਚਾਰੇ ਵੇਦਾਂ ਕਰੇ ਪੜ੍ਹਾਈਆ । ਸ਼ਾਮ ਰਿਗ ਖੇਲ ਖਲਾਇਆ, ਰਘੁਵੰਸਾ ਨਾਉਂ ਰਖਾਈਆ । ਤਿਰਿਆ ਤ੍ਰੇਤਾ ਮੇਲ ਮਿਲਾਇਆ, ਜਨਕ ਸਪੁਤਰੀ ਵਡ ਵਡਿਆਈਆ । ਲੰਕਾ ਗੜ੍ਹ ਦਏ ਤੁੜਾਇਆ, ਰਾਵਣ ਹੰਕਾਰੀ ਦਿਸ ਨਾ ਆਈਆ । ਗਰੀਬ ਨਿਮਾਣੇ ਗਲੇ ਲਗਾਇਆ, ਭੀਲਣੀ ਮੁਖ ਸੁਹਾਈਆ । ਪੁਰਖ ਅਬਿਨਾਸ਼ੀ ਖੇਲ ਖਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਧਰ, ਰਾਮ ਰਾਮ ਨਾਮ ਵਡਿਆਈਆ । ਰਾਮ ਨਾਮ ਸਚ ਸੁਲਤਾਨਾ, ਹਰਿ ਸਾਚੇ ਮਾਤ ਧਰਾਇਆ । ਹਰਿਜਨ ਮੇਲਾ ਗੁਣ ਨਿਧਾਨਾ, ਘਰ ਸਾਚਾ ਇਕ ਸੁਹਾਇਆ । ਆਪ ਚੁਕਾਏ ਆਵਣ ਜਾਣਾ, ਜਿਸ ਜਨ ਰਸਨਾ ਗਾਇਆ । ਦਰਗਹਿ ਸਾਚੀ ਸਾਚਾ ਮਾਣਾ, ਸਚ ਦਵਾਰਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਆਪ ਉਪਾਈਆ । ਦੁਆਪਰ ਤੇਰੀ ਪਾਵੇ ਸਾਰ, ਦੋਏ ਦੋਏ ਲੋਚਣ ਵੇਖ ਵਖਾਈਆ । ਵੇਦ ਵਿਆਸਾ ਕਰ ਪਿਆਰ, ਏਕਾ ਬ੍ਰਹਮ ਜਣਾਈਆ । ਪਾਰਬ੍ਰਹਮ ਪ੍ਰਭ ਮੇਲ ਅਪਾਰ, ਮੇਲ ਮਿਲਾਵਾ ਸਾਚੇ ਮਾਹੀਆ । ਨਾਰਦ ਮੁਨ ਖੇਲ ਸੰਸਾਰ, ਸਗਲਾ ਸੰਗ ਨਿਭਾਈਆ । ਚਾਰ ਸਲੋਕ ਬ੍ਰਹਮਾ ਦਏ ਉਚਾਰ, ਬਾਰਾਂ

੨੫੦
੦੮

ਅੱਖਰ ਨਾਮ ਪੜ੍ਹਾਈਆ । ਪੁਰਾਨ ਅਠਾਰਾਂ ਇਕ ਆਧਾਰ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਗਣਾਈਆ । ਕਾਹਨਾ ਕ੍ਰਿਸ਼ਨਾ ਆਪ ਕਰਤਾਰ, ਨਾਮ ਬੰਸਰੀ ਇਕ ਵਜਾਈਆ । ਸਖੀਆਂ ਮੇਲਾ ਮੀਤ ਮੁਰਾਰ, ਮੰਗਲਾਚਾਰ ਇਕ ਵਖਾਈਆ । ਬਣਿਆ ਗੋਲਾ ਵਿਚ ਸੰਸਾਰ, ਗਵਾਲਾ ਰੂਪ ਵਟਾਈਆ । ਅੰਤਮ ਤੋਲਾ ਤੋਲੇ ਆਪਣੇ ਕੰਡੇ ਧਾਰ, ਲੱਖ ਚੁਰਾਸੀ ਆਪ ਤੁਲਾਈਆ । ਭਗਤਨ ਮੀਤਾ ਕਰ ਪਿਆਰ, ਬਿਦਰ ਸੁਦਾਮਾਂ ਲਏ ਤਰਾਈਆ । ਲੱਜਿਆ ਰੱਖੇ ਵਿਚ ਦਰਬਾਰ, ਦਰੋਪਦ ਸੁੱਤ ਉਠਾਈਆ । ਤੋੜਨਹਾਰਾ ਗੜ੍ਹ ਹੰਕਾਰ, ਦੂਤੀ ਦੁਸ਼ਟ ਦਏ ਮਿਟਾਈਆ । ਪੰਜਾਂ ਬਖ਼ਸ਼ੇ ਇਕ ਪਿਆਰ, ਧਰਮ ਸੁੱਤ ਨਾਰ ਇਕ ਅਖਵਾਈਆ । ਰਥ ਰਥਵਾਹੀ ਸਾਚਾ ਯਾਰ, ਮਹਾਂਸਾਰਥੀ ਆਪ ਅਖਵਾਈਆ । ਦੇਵੇ ਨਾਮ ਸ਼ਬਦ ਗਿਆਨ, ਗੀਤਾ ਗੋਝ ਸੁਣਾਈਆ । ਅਠਾਰਾਂ ਧਿਆਏ ਕਰ ਪਰਧਾਨ, ਅਠਾਰਾਂ ਅਕਸ਼ੂਨੀਆਂ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਲਏ ਅੰਗੜਾਈਆ । ਲੋਕਮਾਤ ਕਰ ਪਸਾਰਾ, ਜੂਠ ਝੂਠ ਕਰੇ ਕੁੜਮਾਈਆ । ਮਾਇਆ ਮਮਤਾ ਵਣਜ ਵਪਾਰਾ, ਚਾਰੋਂ ਕੁੰਟ ਫਿਰਾਈਆ । ਹੋਏ ਦਰੋਹੀ ਚੌਹ ਯਾਰਾਂ, ਚਾਰ ਯਾਰੀ ਲਏ ਉਪਾਈਆ । ਈਸਾ ਮੂਸਾ ਏਕਾ ਨਾਅਰਾ, ਏਕਾ ਅਲਫ਼ ਸਿਖਾਈਆ । ਗਲ ਅਲਫ਼ੀ ਪਾਏ ਪਰਵਰਦਿਗਾਰਾ, ਕਾਲੀ ਚੋਲੀ ਇਕ ਸੁਹਾਈਆ । ਅੱਲਾ ਹੂ ਹੂ ਨਾਅਰਾ, ਅੱਲਾ ਹੂ ਹੂ ਵਿਚ ਸਮਾਈਆ । ਖ਼ਾਲਕ ਖ਼ਲਕ ਹੋ ਉਜਿਆਰਾ, ਆਪ ਆਪਣਾ ਰੰਗ ਵਟਾਈਆ । ਚੌਦਾਂ ਤਬਕਾਂ ਦਏ ਸਹਾਰਾ, ਜਲਵਾ ਨੂਰ ਇਲਾਹੀਆ । ਆਪੇ ਜਾਣੇ ਆਪਣੀ ਕਾਰਾ, ਭੇਵ ਕੋਇ ਨਾ ਪਾਈਆ । ਨਾਨਕ ਦਿਤਾ ਨਾਮ ਭੰਡਾਰਾ, ਲੋਕਮਾਤ ਵਰਤਾਈਆ । ਉਚਾਂ ਨੀਚਾਂ ਇਕ ਦਵਾਰਾ, ਰਾਓ ਰੰਕਾਂ ਇਕ ਸਰਨਾਈਆ । ਆਤਮ ਬ੍ਰਹਮ ਕਰੇ ਵਿਚਾਰਾ, ਬ੍ਰਹਮ ਬ੍ਰਹਮ ਬ੍ਰਹਮ ਨਜ਼ਰੀ ਆਈਆ । ਸ੍ਵਯੰ ਰੂਪ ਹਰਿ ਨਿਰੰਕਾਰਾ, ਨਿਰਗੁਣ ਜੋਤ ਇਕ ਰੁਸ਼ਨਾਈਆ । ਦੋਇਮ ਰੂਪ ਸ਼ਬਦ ਭੰਡਾਰਾ, ਹਰਿ ਸਾਚਾ ਆਪ ਵਰਤਾਈਆ । ਤੀਜਾ ਨੈਣ ਇਕ ਉਘਾੜਾ, ਹਰਿ ਸੰਤਨ ਮੇਲ ਮਿਲਾਈਆ । ਚੌਥਾ ਘਰ ਸਚ ਅਖਾੜਾ, ਹਰਿ ਸਾਚਾ ਰਿਹਾ ਵਖਾਈਆ । ਪੰਚਮ ਮੀਤਾ ਹਰਿ ਨਿਰੰਕਾਰਾ, ਪੰਚਮ ਮੋਹ ਚੁਕਾਈਆ । ਛੇਵੇਂ ਛੰਨ ਨਾ ਕੋਈ ਉਸਾਰਾ, ਸਚਖੰਡ ਬੈਠਾ ਆਸਣ ਲਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਨਿਰਾਕਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਅਟੱਲ ਮਹੱਲ ਉਚ ਮੁਨਾਰਾ, ਚਾਰ ਦੀਵਾਰ ਨਾ ਕੋਇ ਵਖਾਈਆ । ਏਕਾ ਬੈਠਾ ਏਕਉਂਕਾਰਾ, ਇਕ ਅਕੱਲਾ ਸਹਿਜ ਸੁਖਦਾਈਆ । ਜੁਗ ਜੁਗ ਪਾਵੇ ਲੋਕਮਾਤ ਸਾਰਾ, ਲੱਖ ਚੁਰਾਸੀ ਵੇਖ ਵਖਾਈਆ । ਭਰਮੇ ਭੁੱਲੇ ਜੀਵ ਗਵਾਰਾ, ਭਰਮੀ ਭਰਮ ਰਖਾਈਆ । ਮਨਮਤ ਹੋਏ ਨਾਰ ਵਿਭਚਾਰਾ, ਘਰ ਘਰ ਵੇਸ ਕਰਾਈਆ । ਗੁਰ ਕਾ ਨਾਮ ਨਾ ਰਸਨ ਉਚਾਰਾ, ਹਰਿ ਮੰਤਰ ਨਾ ਕੋਇ ਦ੍ਰਿੜਾਈਆ । ਘਰ ਘਰ ਝੂਠਾ ਝੂਠ ਪਸਾਰਾ, ਕਲਜੁਗ ਕੂਕੇ ਦਏ ਦੁਹਾਈਆ । ਨਾਨਕ ਗੋਬਿੰਦ ਇਕ ਜੈਕਾਰਾ, ਏਕਾ ਸਿਫ਼ਤ ਸਲਾਹੀਆ । ਵਰਨ ਬਰਨ ਨਾ ਕੋਇ ਵਿਹਾਰਾ, ਨਾ ਕੋਈ ਵੰਡ ਵੰਡਾਈਆ । ਸਾਚਾ ਮੰਦਰ ਗੁਰੂਦਵਾਰਾ, ਕਾਇਆ ਕਾਅਬਾ ਇਕ ਵਖਾਈਆ । ਨਿਰਮਲ ਜੋਤ ਜਗੇ ਅਪਾਰਾ, ਦਿਵਸ ਰੈਣ ਰਹੇ ਰੁਸ਼ਨਾਈਆ । ਆਤਮ ਧੁੰਨ ਸੱਚੀ ਧੁਨਕਾਰਾ, ਅਨਹਦ ਰਿਹਾ ਸੁਣਾਈਆ । ਪੰਚਮ ਸਖੀਆਂ ਗਾਇਣ ਵਾਰੋ ਵਾਰਾ, ਆਪ ਆਪਣਾ ਤਾਲ ਵਜਾਈਆ । ਜਨ ਭਗਤਾਂ ਅੰਮ੍ਰਿਤ ਦੇਵੇ ਠੰਡੀ ਠਾਰਾ, ਕਵਲ ਕਵਲਾ ਮੁਖ ਚਵਾਈਆ । ਆਪੇ ਤੋੜੇ ਬਜਰ ਕਿਵਾੜਾ, ਅਗਨੀ ਸਾੜਾ ਦਏ ਮਿਟਾਈਆ । ਕਰੇ ਪਰਕਾਸ਼

ਬਹੱਤਰ ਨਾੜਾ, ਹਰਿ ਸੱਜਣ ਸਹਿਜ ਸੁਭਾਈਆ । ਆਤਮ ਸੇਜਾ ਸਾਚੀ ਕਰ ਪਸਾਰਾ, ਚਤੁਰਭੁਜ ਬੈਠਾ ਰਾਹ ਤਕਾਈਆ । ਸੁਰਤੀ ਸ਼ਬਦੀ ਮੇਲਾ ਕੰਤ ਭਤਾਰਾ, ਨਾਰੀ ਨਾਰਾ ਵਿਚ ਸਮਾਈਆ । ਨਰ ਨਰਾਇਣ ਇਕ ਆਧਾਰਾ, ਏਕਾ ਅੰਕ ਲਗਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਬੂਝ ਬੁਝਾਈਆ । ਕਲਜੁਗ ਲੱਖ ਚੁਰਾਸੀ ਸੁੱਤੀ ਪੈਰ ਪਸਾਰਾ, ਹਉਮੇ ਗੂੜ੍ਹੀ ਨੀਂਦ ਸਵਾਈਆ । ਗ੍ਰੰਥੀ ਪੰਥੀ ਕਰਨ ਵਿਚਾਰਾ, ਗਾ ਗਾ ਥੱਕੇ ਕਰਨ ਪੜ੍ਹਾਈਆ । ਅੰਜੀਲ ਕੁਰਾਨ ਲਾਇਨ ਨਾਅਰਾ, ਐਨਲਹੱਕ ਨਾ ਵੇਖ ਵਖਾਈਆ । ਪੰਡਤ ਪਾਂਧੇ ਬੋਲ ਜੈਕਾਰਾ, ਜੀਵਾਂ ਜੰਤਾਂ ਰਹੇ ਸੁਣਾਈਆ । ਕਲਜੁਗ ਭੁਲਿਆ ਸਰਬ ਸੰਸਾਰਾ, ਹਰਿ ਕੀ ਗਤ ਕੋਇ ਨਾ ਪਾਈਆ । ਵੇਦ ਵਿਆਸਾ ਬਣ ਲਿਖਾਰਾ, ਏਕਾ ਲੇਖਾ ਗਿਆ ਸਮਝਾਈਆ । ਕਲਜੁਗ ਆਯੂ ਚਾਰ ਲੱਖ ਬੱਤੀ ਹਜ਼ਾਰਾ, ਬੱਤੀ ਦੰਦੀ ਆਪੇ ਗਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਜੋਤ ਨੂਰ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਮਾਰੇ ਮਾਰਾ, ਕਰਮ ਕੁਕਰਮਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਕਰਨਹਾਰ ਪੁਰਖ ਸਮਰਥ ਅਕਲ ਕਲ ਧਾਰ, ਨਰ ਨਿਰੰਕਾਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਏਕ ਆਪ ਅਖਵਾਈਆ ।



## ✪ ੩ ਫੱਗਣ ੨੦੧੫ ਬਿਕ੍ਰਮੀ ਬੇਲਾ ਸਿੰਘ ਦੇ ਘਰ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਜ਼ਾਤ ਪਾਤ ਹਰਿ ਨਿਆਰਾ, ਗੁਣ ਅਵਗੁਣ ਨਾ ਕੋਇ ਜਣਾਈਆ । ਜਨ ਭਗਤਾਂ ਕਰੇ ਜਗਤ ਪਿਆਰਾ, ਨਿਰਗੁਣ ਸਰਗੁਣ ਵਡ ਵਡਿਆਈਆ । ਬਖ਼ਸ਼ਣਹਾਰਾ ਚਰਨ ਪਿਆਰਾ, ਸਰਨਗਤ ਇਕ ਸਮਝਾਈਆ । ਦੇਵਣਹਾਰਾ ਨਾਮ ਭੰਡਾਰਾ, ਨਾਮ ਵਸਤ ਝੋਲੀ ਪਾਈਆ । ਬਣਿਆ ਰਹੇ ਸਦ ਵਰਤਾਰਾ, ਆਪ ਆਪਣੀ ਸੇਵ ਕਮਾਈਆ । ਰਾਗ ਨਾਦ ਨਾ ਪਾਇਣ ਸਾਰਾ, ਭੇਵ ਅਭੇਦਾ ਬੇਪਰਵਾਹੀਆ । ਅਬਿਨਾਸ਼ੀ ਕਰਤਾ ਏਕਓਂਕਾਰਾ, ਅਕਲ ਕਲ ਅਖਵਾਈਆ । ਮੇਲ ਮਿਲਾਵਾ ਸੰਤ ਦੁਲਾਰਾ, ਸੰਤਨ ਸੰਗ ਰਖਾਈਆ । ਏਕਾ ਦੇਵੇ ਸਚ ਹੁਲਾਰਾ, ਸਚ ਸੁੱਚ ਵਧਾਈਆ । ਸਾਚਾ ਮੰਦਰ ਵੇਖ ਦਵਾਰਾ, ਦੇਵੇ ਦਰ ਸੁਹਾਈਆ । ਦਰ ਦਰਵਾਜ਼ਾ ਖੋਲ੍ਹ ਕਿਵਾੜਾ, ਆਪਣੀ ਬੂਝ ਬੁਝਾਈਆ । ਸ਼ਬਦੀ ਮੀਤਾ ਸਾਚਾ ਲਾੜਾ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਵੇਖ ਵਖਾਈਆ । ਕਾਇਆ ਖੇੜਾ ਸਾਚਾ ਨਗਰ, ਹਰਿ ਹਰਿ ਹੱਟ ਖੁਲ੍ਹਾਇਆ । ਨਿਰਮਲ ਹੋਏ ਕਰਮ ਉਜਾਗਰ, ਪ੍ਰਭ ਨੇਤਰ ਦਰਸ਼ਨ ਪਾਇਆ । ਨਾਮ ਵਣਜ ਸਚ ਸੌਦਾਗਰ, ਘਰ ਵਣਜਾਰਾ ਏਕਾ ਆਇਆ । ਭਰੇ ਖ਼ਜ਼ਾਨਾ ਕਾਇਆ ਗਾਗਰ, ਗਹਿਰ ਗੰਭੀਰ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਨਾਮ ਖ਼ਜ਼ਾਨਾ ਸਾਚੀ ਵਸਤ, ਗੁਰ ਸਤਿਗੁਰ ਹੱਟ ਵਿਕਾਈਆ । ਗੁਰਮੁਖਾਂ ਦੇਵੇ ਦਸਤ ਬਦਸਤ, ਉਧਾਰ ਨਾ ਕੋਇ ਕਰਾਈਆ । ਦਿਵਸ ਰੈਣ ਰੱਖੇ ਮਸਤ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਏਕਾ ਰੰਗ ਰੰਗਾਏ ਕੀਟ ਹਸਤ, ਆਪ ਆਪਣੀ ਦਇਆ ਕਮਾਈਆ । ਤਨ ਪਹਿਨਾਏ ਸਾਚਾ ਬਸਤ, ਬਸਤਰ ਗਹਿਣਾ ਸ਼ਬਦ ਸੁਹਾਈਆ । ਕੀਮਤ ਕਰਤੇ ਰੱਖੀ ਸਸਤ, ਦੋਏ ਜੋੜ ਚਰਨ ਸੀਸ ਝੁਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਥਾਉਂ ਟਿਕਾਨਾ ਘਰ ਘਰ ਮੰਦਰ, ਹਰਿ ਸਾਚੇ ਆਪ ਉਪਾਇਆ । ਆਪੇ ਬਹਿ ਬਹਿ ਵੇਖੇ ਅੰਦਰ, ਨਿਜ ਘਰ ਵਾਸੀ ਨਿਜ ਘਰ ਰਿਹਾ ਸੁਹਾਇਆ । ਦਿਸ ਨਾ ਆਏ ਭਾਗਾਂਮੰਦੜ, ਗੁਰਮੁਖ ਸਾਚੇ ਮੇਲ ਮਿਲਾਇਆ । ਮਾਇਆ ਮਮਤਾ ਹੋਈ ਅੰਧੜ, ਗੁਰੂ ਗਿਆਨ ਨਾ ਕੋਇ ਜਣਾਇਆ । ਦੂਈ ਦਵੈਤੀ ਝੂਠਾ ਕੰਧੜ, ਹਉਮੇ ਹੰਗਤਾ ਪੜਦਾ ਪਾਇਆ । ਮਨਮੁਖ ਜੀਵ ਜੂਠਾ ਝੂਠਾ ਗੰਦੜ, ਰਸਨਾ ਜਿਹਵਾ ਨਾ ਹਰਿ ਹਰਿ ਗਾਇਆ । ਭਗਤ ਜਨਾਂ ਹਰਿ ਆਪ ਬਖ਼ਸ਼ੰਦੜ, ਫੜ ਫੜ ਗਲੇ ਲਗਾਇਆ । ਦੋ ਜਹਾਨਾਂ ਮੇਟੇ ਪੰਧੜ, ਪਾਂਧੀ ਆਪੇ ਬਣ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਸਾਚਾ ਪਾਂਧੀ ਰਿਹਾ ਚਲ, ਦਿਵਸ ਰੈਣ ਪਰਭਾਤੀਆ । ਵਸਣਹਾਰਾ ਨਿਹਚਲ ਧਾਮ ਅਟੱਲ, ਕਲਜੁਗ ਮਾਰਨ ਆਇਆ ਝਾਤੀਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਗੁਰਮੁਖਾਂ ਚੁਕਾਏ ਲਹਿਣ ਦੇਣ ਬਾਕੀਆ । ਆਪਣੇ ਦੀਪਕ ਆਪਣੀ ਜੋਤੀ ਆਪੇ ਬਲ, ਸਚ ਗਿਆਨ ਕਰੇ ਪਰਕਾਸ਼ਿਆ । ਆਪਣੇ ਸ਼ਬਦ ਸ਼ਬਦੀ ਆਪੇ ਰਲ, ਆਪਣਾ ਢੋਲਾ ਗਾਏ ਸ਼ਾਹੋ ਸਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਾਂ ਕਰੇ ਬੰਦ ਖੁਲ੍ਹਾਸੀਆ । ਬੰਦ ਖਲਾਸੀ ਬੰਧਨ ਤੋੜ, ਪਾਰਬ੍ਰਹਮ ਅਖਵਾਇਆ । ਚਰਨ ਪ੍ਰੀਤੀ ਨਿਭੇ ਤੋੜ, ਨਾ ਤੁੱਟੇ ਨਾ ਕੋਈ ਤੋੜ ਤੁੜਾਇਆ । ਸਤਿਗੁਰ ਪੂਰਾ ਚੜ੍ਹਿਆ ਘੋੜ, ਸ਼ਬਦ ਡੰਕਾ ਹੱਥ ਉਠਾਇਆ । ਗੁਰਸਿਖਾਂ ਮੇਲ ਮਿਲਾਏ ਦੌੜ ਦੌੜ, ਸੋਏ ਕੋਇ ਰਹਿਣ ਨਾ ਪਾਇਆ । ਵੇਖਣਹਾਰਾ ਫਲ ਮਿਠਾ ਕੌੜ, ਲੱਖ ਚੁਰਾਸੀ ਫੋਲ ਫੁਲਾਇਆ । ਦਰਗਹਿ ਸਾਚੀ ਲਾਇਆ ਏਕਾ ਪੌੜ, ਏਕਾ ਡੰਡਾ ਹੱਥ ਫੜਾਇਆ । ਸੋ ਪੁਰਖ ਨਿਰੰਜਣ ਰਿਹਾ ਬੌਹੜ, ਆਪ ਆਪਣਾ ਕਰਮ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਲੇਖੇ ਲਾਇਆ । ਲੇਖਾ ਲੇਖੇ ਜਾਏ ਲੱਗ, ਗੁਰ ਸਤਿਗੁਰ ਆਪ ਲਗਾਈਆ । ਦਰਸ ਵਖਾਏ ਸੂਰਾ ਸਰਬੰਗ, ਨੇਤਰ ਲੋਚਣ ਨੈਣ ਬਿਗਸਾਈਆ । ਨਿਰਗੁਣ ਜੋਤ ਦੀਪਕ ਗਿਆ ਜਗ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਲੱਖ ਚੁਰਾਸੀ ਲੱਗੀ ਅੱਗ, ਬਿਨ ਹਰਿ ਨਾ ਕੋਇ ਬੁਝਾਈਆ । ਤਨ ਨਾ ਦਿਸੇ ਕਿਸੇ ਤਗ, ਤਨ ਤੜਾਗ ਨਾ ਮਾਤ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖ ਵਖਾਏ ਸਰਬ ਲੋਕਾਈਆ । ਸਰਬ ਲੋਕਾਈ ਬੈਠਾ ਲੁਕ, ਦਿਸ ਕਿਸੇ ਨਾ ਆਇੰਦਾ । ਗੁਰਮੁਖਾਂ ਵਖਾਏ ਆਪਣਾ ਮੁਖ, ਮੁਖੜਾ ਅਲਖ ਸਲਾਹਿੰਦਾ । ਆਵਣ ਜਾਵਣ ਕੱਟੇ ਦੁੱਖ, ਘਰ ਸਾਚਾ ਇਕ ਸੁਹਾਇੰਦਾ । ਨਾ ਮਾਨਸ ਨਾ ਦਿਸੇ ਮਾਨੁਖ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਸੰਤ ਸੁਹੇਲੇ ਆਪਣੀ ਗੋਦੀ ਲਏ ਚੁੱਕ, ਬਾਲ ਅੰਵਾਣ ਗੋਦ ਉਠਾਇੰਦਾ । ਸਤਿਗੁਰ ਬੂਟਾ ਨਾ ਜਾਏ ਸੁੱਕ, ਹਰਿਆ ਸਿੰਚ ਅੰਮ੍ਰਿਤ ਆਪ ਕਰਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਰੂਪ ਸ਼ਾਹੋ ਰੂਪ ਸਿੰਘ ਸ਼ੇਰ ਸ਼ੇਰ ਰਿਹਾ ਬੁੱਕ, ਕਲਜੁਗ ਢੋਂਗ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਰੱਖ, ਆਪੇ ਕੀਮਤ ਪਾਏ ਲੱਖ, ਲੱਖੋਂ ਕੱਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਤਰਾਇੰਦਾ । ਹਰਿਜਨ ਉਤਰੇ ਪਾਰ ਕਿਨਾਰਾ, ਗੁਰ ਸਤਿਗੁਰ ਆਪ ਕਰਾਈਆ । ਨਾਮ ਚੱਪੂ ਸਚ ਸਹਾਰਾ, ਹਰਿ ਸਾਚਾ ਆਪੇ ਲਾਈਆ । ਖੇਵਟ ਖੇਟਾ ਕਰ ਪਿਆਰਾ, ਕਾਇਆ ਬੇੜਾ ਰਿਹਾ ਚਲਾਈਆ । ਪਾਰਬ੍ਰਹਮ ਬ੍ਰਹਮ ਸੁੱਤ ਦੁਲਾਰਾ, ਆਪ ਆਪਣਾ ਮੇਲ ਮਿਲਾਈਆ । ਦਰ ਘਰ

੨੫੩
੦੮

ਵੇਖੇ ਧਾਮ ਨਿਆਰਾ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਰ ਪਾਰਾ, ਜਨ ਭਗਤਾਂ ਦੇਵੇ ਚਰਨ ਸਹਾਰਾ, ਕਲਜੁਗ ਤੇਰੀ ਅੰਤਮ ਵਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ ।

## ✪ ੩ ਫੱਗਣ ੨੦੧੫ ਬਿਕ੍ਰਮੀ ਅਵਤਾਰ ਸਿੰਘ ਦੇ ਘਰ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✪

ਏਕਉਂਕਾਰ ਹਰਿ ਸੁਲਤਾਨ, ਪਾਰਬ੍ਰਹਮ ਅਭੇਦਿਆ । ਅਲਖ ਨਿਰੰਜਣ ਵਾਲੀ ਦੋ ਜਹਾਨ, ਆਦਿ ਜੁਗਾਦਿ ਅਛਲ ਅਛੇਦਿਆ । ਜੋਤੀ ਨੂਰ ਸ੍ਰੀ ਭਗਵਾਨ, ਭੇਵ ਨਾ ਪਾਇਣ ਚਾਰੇ ਵੇਦਿਆ । ਆਦਿ ਜੁਗਾਦੀ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਵਿਦਿਆ । ਪੁਰਖ ਅਬਿਨਾਸ਼ ਸਰਬ ਜੀਅ ਦਾਤਾ, ਏਕਾ ਏਕਉਂਕਾਰਿਆ । ਖੇਲੇ ਖੇਲ ਪੁਰਖ ਬਿਧਾਤਾ, ਅਲਖ ਅਗੋਚਰ ਅਗੰਮ ਭੇਵ ਨਿਆਰਿਆ । ਜੁਗਾ ਜੁਗੰਤਰ ਬੰਨੇ ਨਾਤਾ, ਆਪ ਆਪਣਾ ਖੇਲ ਖਿਲਾ ਰਿਹਾ । ਲੱਖ ਚੁਰਾਸੀ ਪਿਤਾ ਮਾਤਾ, ਆਪ ਆਪਣੇ ਅੰਗ ਸਮਾ ਰਿਹਾ । ਬੈਠਾ ਰਹੇ ਇਕ ਅਕਾਂਤਾ, ਅਕਲ ਕਲਾ ਵਰਤਾ ਰਿਹਾ । ਜਗਤ ਖੇਲ ਦਿਵਸ ਰਾਤਾ, ਦੀਨ ਦਿਆਲ ਆਪ ਕਰਾ ਰਿਹਾ । ਆਪ ਜਣਾਏ ਆਪਣੀ ਗਾਥਾ, ਸ਼ਬਦੀ ਸ਼ਬਦ ਨਾਉਂ ਧਰਾ ਰਿਹਾ । ਸਤਿ ਸਤਿਵਾਦ ਚਲਾਏ ਰਾਥਾ, ਰਥ ਰਥਵਾਹੀ ਦਿਸ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾ ਰਿਹਾ । ਨਿਰਗੁਣ ਧਾਰ ਪੁਰਖ ਕਰਤਾਰਾ, ਕਰਤਾ ਕਰਤਾ ਆਪ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਨਿਆਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਸ਼ਬਦ ਡੰਕਾ ਅਪਰ ਅਪਾਰਾ, ਹਰਿ ਹਰਿ ਕਾ ਨਾਉਂ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਆਲਸ ਨਿੰਦਰਾ ਸਰਬ ਗਵਾਇੰਦਾ । ਰਵ ਸਸ ਸਤਾਰਾ, ਮੰਡਲ ਮੰਡਪ ਫੇਰਾ ਪਾਇੰਦਾ । ਗਗਨ ਪਾਤਾਲਾਂ ਇਕ ਹੁਲਾਰਾ, ਬ੍ਰਹਿਮੰਡ ਖੰਡ ਖੋਜ ਖੋਜਾਇੰਦਾ । ਜੋਤੀ ਨੂਰ ਕਰ ਉਜਿਆਰਾ, ਆਦਿ ਜੁਗਾਦਿ ਡਗਮਗਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਥਿਰ ਘਰ ਸਾਚੇ ਆਪ ਵਛਾਇੰਦਾ । ਸ਼ਾਹੋ ਭੂਪ ਸਚ ਸਿਕਦਾਰਾ, ਹਰਿ ਸਾਚਾ ਆਸਣ ਲਾਇੰਦਾ । ਤਖ਼ਤ ਤਾਜ ਸੁਹਾਏ ਇਕ ਦਵਾਰਾ, ਬੰਕ ਦਵਾਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਰੂਪ ਸਚ ਸਿਕਦਾਰ, ਏਕਾ ਏਕਉਂਕਾਰਿਆ । ਖੇਲੇ ਖੇਲ ਆਪ ਕਰਤਾਰ, ਆਪਣੀ ਕੀਮਤ ਕਰਤਾ ਆਪੇ ਪਾ ਰਿਹਾ । ਦਰ ਦਰਵਾਜਾ ਖੋਲ੍ਹ ਕਿਵਾੜ, ਆਪ ਆਪਣਾ ਰਾਹ ਚਲਾ ਰਿਹਾ । ਸਤਿ ਸਰੂਪੀ ਪਹਿਰੇਦਾਰ, ਬਿਨ ਰੰਗ ਰੂਪੀ ਸੇਵ ਕਮਾ ਰਿਹਾ । ਇਕ ਅਕੱਲਾ ਖ਼ਬਰਦਾਰ, ਸਚ ਮਹੱਲਾ ਆਪ ਸੁਹਾ ਰਿਹਾ । ਉਚ ਅਟੱਲ ਕਰ ਤਿਆਰ, ਨਿਜ ਘਰ ਆਪਣਾ ਆਪ ਉਪਾ ਲਿਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਇਕ ਅਖਵਾ ਰਿਹਾ । ਆਦਿ ਨਿਰੰਜਣ ਪੁਰਖ ਅਬਿਨਾਸ਼ਾ, ਪਾਰਬ੍ਰਹਮ ਅਖਵਾਇੰਦਾ । ਜੁਗਾ ਜੁਗੰਤਰ ਖੇਲ ਤਮਾਸ਼ਾ, ਜਾਗਰਤ ਜੋਤ ਇਕ ਵਖਾਇੰਦਾ । ਚੌਦਾਂ ਲੋਕ ਮੰਡਲ ਰਾਸਾ, ਆਪ ਆਪਣੀ ਰਾਸ ਵਖਾਇੰਦਾ । ਲੱਖ ਚੁਰਾਸੀ ਪਵਣ ਸਵਾਸਾ, ਪੰਜ ਤੱਤ ਡੇਰਾ ਲਾਇੰਦਾ । ਘਟ ਘਟ ਅੰਦਰ ਰੱਖੇ ਵਾਸਾ, ਦਿਸ ਕਿਸੇ ਨਾ ਆਇੰਦਾ । ਸ਼ਬਦ

ਸੁਹਾਏ ਪ੍ਰਿਥਮੀ ਆਕਾਸਾ, ਨਾਮ ਡੋਰੀ ਤੰਦ ਬੰਧਾਇੰਦਾ । ਆਪਣੀ ਕਰੇ ਆਪੇ ਪੂਰੀ ਆਸਾ, ਆਪਣੀ ਭਿਛਿਆ ਝੋਲੀ ਪਾਇੰਦਾ । ਆਪਣਾ ਰੱਖ ਸਚ ਭਰਵਾਸਾ, ਆਪ ਆਪਣਾ ਤਾਲ ਵਜਾਇੰਦਾ । ਆਪਣਾ ਆਪ ਹੋਏ ਦਾਸ ਦਾਸਾ, ਸੇਵਕ ਸੇਵਾ ਆਪ ਕਮਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜਨਮ ਮਰਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਓਅੰਕਾਰਾ ਕਰ ਪਸਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਕਾਇਆ ਚੋਲਾ, ਤ੍ਰੈਗੁਣ ਬ੍ਰਹਮ ਕੁੜਮਾਈਆ । ਪੰਚਮ ਵੇਖੇ ਸਾਚਾ ਡੋਲਾ, ਵਿਸ਼ਨੂੰ ਸੇਵ ਕਮਾਈਆ । ਅੰਤਮ ਖੇਲੇ ਆਪਣਾ ਹੋਲਾ, ਸ਼ੰਕਰ ਹੱਥ ਵਡਿਆਈਆ । ਅਬਿਨਾਸ਼ੀ ਕਰਤਾ ਏਕਾ ਤੋਲਾ, ਸਾਚਾ ਕੰਡਾ ਹੱਥ ਉਠਾਈਆ । ਆਦਿ ਅੰਤ ਰਹੇ ਅਡੋਲਾ, ਡੋਲ ਕਦੇ ਨਾ ਜਾਈਆ । ਆਪਣਾ ਨਾਮ ਰਖਾਏ ਮੌਲਾ, ਪਰਵਰਦਿਗਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਦਾਤਾ ਹਰਿ ਭਗਵਾਨਾ, ਅਕਲ ਕਲਾ ਕਲ ਧਾਰੀਆ । ਖੇਲੇ ਖੇਲ ਦੋ ਜਹਾਨਾ, ਜੋਧਾ ਸੂਰਬੀਰ ਬਲੀ ਬਲਕਾਰੀਆ । ਲੱਖ ਚੁਰਾਸੀ ਦੇਵੇ ਦਾਨਾ, ਪਾਰਬ੍ਰਹਮ ਬ੍ਰਹਮ ਉਪਜਾ ਰਿਹਾ । ਸਤਿ ਸਰੂਪੀ ਬੱਧੇ ਗਾਨਾ, ਮਨ ਮਤ ਬੁਧ ਵਿਚ ਲਗਾ ਰਿਹਾ । ਸਚ ਵਖਾਏ ਸਚ ਮਕਾਨਾ, ਘਰ ਸਾਚਾ ਆਪ ਸੁਹਾ ਰਿਹਾ । ਨੌ ਦਰ ਵੇਖੇ ਆਪ ਦੁਕਾਨਾ, ਨੌ ਦਰ ਮੁਖ ਖੁਲ੍ਹਾ ਲਿਆ । ਦਸ ਦਸ ਮੇਲਾ ਗੁਣ ਨਿਧਾਨਾ, ਗਰਭਵਾਸ ਵੇਸ ਵਟਾ ਲਿਆ । ਰਕਤ ਬੂੰਦ ਲੇਖੇ ਲਾਣਾ, ਲੇਖਾ ਆਪਣਾ ਆਪ ਚੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਧਰਾ ਲਿਆ । ਨਿਰਗੁਣ ਨਾਉਂ ਹਰਿ ਨਿਰੰਕਾਰ, ਆਪਣਾ ਆਪ ਉਪਾਇੰਦਾ । ਆਪੇ ਮੀਤਾ ਮੀਤ ਮੁਰਾਰ, ਮੀਤ ਮੁਰਾਰੀ ਆਪ ਅਖਵਾਇੰਦਾ । ਆਪੇ ਮੇਲ ਮਿਲਾਏ ਦਰ ਦਰਬਾਰ, ਦਰ ਘਰ ਸਾਚਾ ਇਕ ਸੁਹਾਇੰਦਾ । ਆਪੇ ਬੋਲੇ ਨਾਮ ਜੈਕਾਰ, ਸ਼ਬਦ ਜੈਕਾਰਾ ਇਕ ਅਲਾਇੰਦਾ । ਆਪੇ ਭਰੇ ਸਤਿ ਭੰਡਾਰ, ਨਾਮ ਸਤਿ ਆਪ ਅਖਵਾਇੰਦਾ । ਆਪੇ ਬਖ਼ਸ਼ੇ ਅੰਮ੍ਰਿਤ ਠੰਡੀ ਠਾਰ, ਸਰ ਸਰੋਵਰ ਆਪ ਅਖਵਾਇੰਦਾ । ਆਪੇ ਨਿਰਗੁਣ ਜੋਤ ਕਰੇ ਉਜਿਆਰ, ਜੋਤ ਨਿਰੰਜਣ ਰੂਪ ਵਟਾਇੰਦਾ । ਆਪੇ ਧੁਨ ਅਨਾਦੀ ਸੱਚੀ ਧੁਨਕਾਰ, ਅਨਹਦ ਰਾਗ ਅਲਾਇੰਦਾ । ਆਪੇ ਸੁੰਨ ਅਗੰਮ ਰਿਹਾ ਪਸਾਰ, ਅੰਧ ਅੰਧੇਰ ਆਪ ਵਖਾਇੰਦਾ । ਆਪੇ ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਆਪੇ ਸਚਖੰਡ ਬੈਠਾ ਹੋ ਤਿਆਰ, ਸਚ ਸਮਗਰੀ ਇਕ ਰਖਾਇੰਦਾ । ਅਲੱਖ ਨਿਰੰਜਣ ਖੇਲ ਨਿਆਰ, ਅਲਖ ਅਲਖਣਾ ਭੇਵ ਨਾ ਆਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਆਪ ਆਪਣੀ ਆਪ ਕਰਾਇੰਦਾ । ਪਿਤਾ ਪੂਤ ਅੰਮੀ ਅੰਮੜਾ ਨਾ ਕੋਈ ਪਿਆਰ, ਭੈਣ ਭਾਈ ਨਾ ਕੋਈ ਵਖਾਇੰਦਾ । ਨਿਰਗੁਣ ਜੋਤੀ ਇਕ ਨਿਰੰਕਾਰ, ਨਿਰਗੁਣ ਰੂਪ ਆਪ ਅਖਵਾਇੰਦਾ । ਨਿਰਾਕਾਰ ਕਰ ਅਕਾਰ, ਸਾਕਾਰ ਰੂਪ ਵਟਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਿਆਰ, ਪਰਮ ਪੁਰਖ ਅਖਵਾਇੰਦਾ । ਲੋਕਮਾਤ ਕਰ ਵਿਚਾਰ, ਜੀਵਾਂ ਜੰਤਾਂ ਵੇਖ ਵਖਾਇੰਦਾ । ਧਰਤ ਧਵਲ ਪਾਵੇ ਸਾਰ, ਜਲ ਬਿੰਬ ਫੋਲ ਫੋਲਾਇੰਦਾ । ਕਵਲ ਨਾਭ ਵੇਖ ਭੰਡਾਰ, ਘਰ ਘਰ ਅੰਮ੍ਰਿਤ ਮੁਖ ਚੁਆਇੰਦਾ । ਝੂਠੀ ਕਿਰਿਆ ਵੇਖੇ ਨੌ ਦਵਾਰ, ਨੌ ਖੰਡ ਪ੍ਰਿਥਮੀ ਫੋਲ ਫੋਲਾਇੰਦਾ । ਸੱਤਾਂ ਦੀਪਾਂ ਸਾਚੀ ਧਾਰ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਬੋਧ ਅਗਾਧੀ ਖੇਲ ਅਪਾਰ, ਸ਼ਬਦ ਅਨਾਦੀ ਇਕ ਰਖਾਇੰਦਾ । ਬ੍ਰਹਮ ਬ੍ਰਹਿਮਾਦੀ ਦਏ ਆਧਾਰ, ਆਪ ਆਪਣਾ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ

ਧਾਰਾ ਇਕ ਚਲਾਇੰਦਾ । ਨਿਰਗੁਣ ਧਾਰ ਪਾਰਬ੍ਰਹਮ, ਆਪਣੀ ਆਪ ਚਲਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਫੇਰ ਨਾ ਆਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨੇਤਰ ਨੀਰ ਨਾ ਰੋਏ ਛੰਮ ਛੰਮ, ਬੱਤੀ ਦੰਦ ਨਾ ਕੋਇ ਗਣਾਈਆ । ਆਪੇ ਜਾਣੇ ਆਪਣਾ ਕੰਮ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਘੜੇ ਆਪੇ ਲਏ ਭੰਨ, ਸਮਰਥ ਪੁਰਖ ਹੱਥ ਵਡਿਆਈਆ । ਆਪੇ ਰਵ ਸਸ ਸੂਰਜ ਚਾੜ੍ਹੇ ਚੰਨ, ਆਪੇ ਲਏ ਛੁਪਾਈਆ । ਆਪੇ ਚੌਦਾਂ ਲੋਕਾਂ ਦੇਵੇ ਡੰਨ, ਆਪੇ ਚੌਦਾਂ ਹੱਟ ਖੁਲ੍ਹਾਈਆ । ਆਪੇ ਲੋਆਂ ਪੁਰੀਆਂ ਆਕਾਸ਼ ਪਰਕਾਸ਼ਾ ਬੇੜਾ ਦੇਵੇ ਬੰਨ, ਆਪੇ ਰਿਹਾ ਰੁੜ੍ਹਾਈਆ । ਆਪੇ ਲੱਖ ਚੁਰਾਸੀ ਜਨਣੀ ਜਣੇ ਜਨ, ਆਪੇ ਆਪਣੇ ਵਿਚ ਸਮਾਈਆ । ਆਪੇ ਰਾਗ ਅਨਾਦਿ ਸੁਣਾਏ ਕੰਨ, ਆਪੇ ਅੰਦਰ ਮੰਦਰ ਬੰਦ ਰਖਾਈਆ । ਆਪੇ ਤ੍ਰੈਗੁਣ ਮਾਇਆ ਪੰਜ ਤੱਤ, ਤ੍ਰੈ ਵਾਸ ਜਾਲ ਬੰਧਾਈਆ । ਆਪੇ ਵਸਿਆ ਛੱਪਰ ਛੰਨ,, ਆਪੇ ਮਹੱਲ ਅਟੱਲ ਸੁਹਾਈਆ । ਆਪੇ ਵਸਿਆ ਜਲ ਥਲ, ਜੰਗਲ ਜੂਹ ਉਜਾੜ ਪਹਾੜ ਆਪੇ ਡੇਰਾ ਲਾਈਆ । ਆਪੇ ਵਸਿਆ ਡੂੰਘੀ ਡਲ, ਗਹਿਰ ਗੰਭੀਰ ਆਪ ਅਖਵਾਈਆ । ਆਪੇ ਥਿਰ ਘਰ ਸਚ ਸਿੰਘਾਸਣ ਬੈਠਾ ਮੱਲ, ਆਪੇ ਕੀਟਾਂ ਅੰਦਰ ਡੇਰਾ ਲਾਈਆ । ਆਪੇ ਆਪਣੀ ਜੋਤੀ ਦੀਪਕ ਗਿਆ ਬਲ, ਅੰਧ ਅੰਧੇਰ ਆਪ ਅਖਵਾਈਆ । ਆਪੇ ਸ਼ਬਦ ਸ਼ਬਦੀ ਗਿਆ ਰਲ, ਆਪੇ ਸ਼ਬਦੀ ਡੰਕ ਸੁਣਾਈਆ । ਆਪੇ ਹੋਏ ਅਛਲ ਅਛੱਲ, ਅਛਲ ਅਛੇਦਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਸ਼ਬਦ ਜੈਕਾਰ, ਏਕਾ ਨਾਅਰਾ ਲਾਈਆ । ਸ਼ਬਦ ਨਾਅਰਾ ਸਚ ਜੈਕਾਰ, ਆਦਿ ਜੁਗਾਦਿ ਲਗਾਇੰਦਾ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਲੋਕਮਾਤ ਲੈ ਅਵਤਾਰ, ਆਪ ਆਪਣਾ ਨਾਉਂ ਰਖਾਇੰਦਾ । ਤ੍ਰੈ ਤ੍ਰੈ ਮੇਲਾ ਵਿਚ ਸੰਸਾਰ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਇੰਦਾ । ਕਰੋੜ ਤੇਤੀਸਾ ਦਏ ਹੁਲਾਰ, ਸੁਰਪਤ ਸੋਇਆ ਆਪ ਉਠਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਹਰ ਘਟ ਆਪੇ ਡੇਰਾ ਲਾਇੰਦਾ । ਆਪੇ ਕਰੇ ਪਾਰ ਕਿਨਾਰ, ਆਪੇ ਵਿਚ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਆਪੇ ਕਰ, ਖ਼ਾਲਕ ਖ਼ਲਕ ਆਪ ਅਖਵਾਇੰਦਾ । ਖ਼ਾਲਕ ਖ਼ਲਕ ਹਰਿ ਮਖਲੂਕ, ਏਕਾ ਨਾਮ ਖ਼ੁਦਾਈਆ । ਸਦਾ ਬਾਂਗ ਸੁਣਾਏ ਆਪਣੀ ਕੂਕ, ਏਕਾ ਅੱਲਾ ਅਲਾਹੀਆ । ਆਪੇ ਮਾਰੇ ਆਪਣੀ ਫੂਕ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਪੁਰਖ ਸਮਰਾਥ, ਪਾਰਬ੍ਰਹਮ ਅਖਵਾਇਆ । ਆਪ ਚਲਾਏ ਆਪਣਾ ਰਾਥ, ਨਾ ਕੋਈ ਦੂਸਰ ਸੰਗ ਰਖਾਇਆ । ਆਦਿ ਜੁਗਾਦੀ ਸਾਚੀ ਗਾਥ, ਸਾਚਾ ਨਾਉਂ ਧਰਾਇਆ । ਆਪੇ ਜਾਣੇ ਪੂਜਾ ਪਾਠ, ਆਪੇ ਮਾਰਗ ਲਾਇਆ । ਆਪੇ ਲੇਖਾ ਲਾਏ ਤੀਰਥ ਤਾਟ, ਤਟ ਕਿਨਾਰਾ ਆਪ ਸੁਹਾਇਆ । ਆਪੇ ਵਸੇ ਕਾਇਆ ਘਾਟ, ਔਖੀ ਘਾਟੀ ਆਪ ਚੜ੍ਹਾਇਆ । ਆਪੇ ਵਿਕੇ ਹਾਟੋ ਹਾਟ, ਸਤਿਗੁਰ ਹੱਟ ਇਕ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਬਣਤ ਬਣਾਇਆ । ਬਣਤ ਬਣਾ ਹਰਿ ਬਨਵਾਰੀ, ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਗੁਰ ਬਣ ਅਵਤਾਰੀ, ਲੋਕਮਾਤ ਵੇਖ ਵਖਾਇੰਦਾ । ਭਗਤ ਭਗਵੰਤ ਮੀਤ ਮੁਰਾਰੀ, ਆਪ ਆਪਣਾ ਮੇਲ ਮਿਲਾਇੰਦਾ । ਸਾਧ ਸੰਤ ਸੋਹਿਣ ਦਵਾਰੀ, ਘਰ ਸਾਚਾ ਇਕ ਵਖਾਇੰਦਾ । ਦੇਵੇ ਦਾਤ ਸ਼ਬਦ ਭੰਡਾਰੀ, ਨਾਮ ਭੰਡਾਰਾ ਆਪ ਵਰਤਾਇੰਦਾ । ਹਉਮੇ ਹੰਗਤਾ ਕੱਟ ਬੀਮਾਰੀ, ਸਾਚਾ ਮਾਰਗ

ਇਕ ਵਖਾਇੰਦਾ । ਦਿਵਸ ਰੈਣ ਰਹੇ ਖ਼ੁਮਾਰੀ, ਏਕਾ ਜਾਮ ਪਿਆਇੰਦਾ । ਬੈਠਾ ਰਹੇ ਦਰ ਦਵਾਰੀ, ਦਰ ਦਰਵੇਸ਼ ਆਪ ਅਖਵਾਇੰਦਾ । ਜੁਗ ਜੁਗ ਜਾਣੇ ਆਪਣੀ ਕਾਰੀ, ਸਤਿਜੁਗ ਤ੍ਰੇਤਾ ਪਾਰ ਕਰਾਇੰਦਾ । ਰਾਵਣ ਤੋੜੇ ਗੜ੍ਹ ਹੰਕਾਰੀ, ਲੰਕਾਸਾ ਕੋਟ ਵੇਖ ਵਖਾਇੰਦਾ । ਦੁਆਪਰ ਤੇਰੀ ਖੇਲ ਨਿਆਰੀ, ਮੋਰ ਮੁਕਟ ਸੀਸ ਟਿਕਾਇੰਦਾ । ਖਾਲੀ ਹੱਥੀਂ ਪਾਰ ਉਤਾਰੀ, ਤੀਰ ਕਮਾਨ ਨਾ ਕੋਇ ਰਖਾਇੰਦਾ । ਸ਼ਬਦ ਗਿਆਨ ਵੱਡਾ ਬਲਕਾਰੀ, ਅਰਜਨ ਹੱਥ ਫੜਾਇੰਦਾ । ਰਥ ਰਥਵਾਹੀ ਕਰ ਸਵਾਰੀ, ਮਹਾਂਸਾਰਥੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਇਕ ਅਕੱਲਾ, ਅਕਲ ਕਲਾ ਅਖਵਾਈਆ । ਲੋਕਮਾਤ ਵੇਖ ਮਹੱਲਾ, ਆਪਣਾ ਨੂਰ ਕਰੇ ਰੁਸ਼ਨਾਈਆ । ਆਪੇ ਜਾਣੇ ਆਪਣੀ ਚਾਲਾ, ਚਾਲ ਨਿਰਾਲੀ ਇਕ ਵਖਾਈਆ । ਲੱਖ ਚੁਰਾਸੀ ਬਣੇ ਦਲਾਲਾ, ਸਾਧਾਂ ਸੰਤਾਂ ਲਏ ਮਿਲਾਈਆ । ਭਗਤ ਵਛਲ ਸਦਾ ਕਿਰਪਾਲਾ, ਪ੍ਰਿਤਪਾਲਕ ਨਾਉਂ ਰਖਾਈਆ । ਗੁਰਮੁਖ ਫਲ ਲਗਾਏ ਡਾਲਾ, ਹਰਿਜਨ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਈਆ । ਖੇਲ ਖਿਲੰਤਾ ਹਰਿ ਕਰਤਾਰਾ, ਜੁਗਾਂ ਜੁਗੰਤ ਅਖਵਾਇੰਦਾ । ਭੇਖ ਵਟੰਤਾ ਵਿਚ ਸੰਸਾਰਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤੀ ਜੋਤ ਜੁਗੰਤਾ ਨੂਰ ਉਜਿਆਰਾ, ਦਿਵਸ ਰੈਣ ਡਗਮਗਾਇੰਦਾ । ਅਕਲ ਕਲ ਧਾਰਾ ਸ੍ਰੀ ਭਗਵੰਤਾ ਖੇਲ ਨਿਆਰਾ, ਲੇਖਾ ਲਿਖਤ ਨਾ ਕੋਇ ਲਿਖਾਇੰਦਾ । ਸ਼ਬਦ ਅਗੰਮੀ ਭਰ ਭੰਡਾਰਾ, ਹਰਿ ਵਰਤੰਤਾ ਨਿਰਾਕਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਅਪਰੰਪਰ ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗਾ ਜੁਗੰਤਰ ਜਾਗਰਤ ਧਾਰ, ਜਗਤ ਜੋਗੀਸ਼ਰ ਆਪ ਰਖਾਈਆ । ਮੁਨੀ ਮੁਨੀਸ਼ਰ ਪਾਵੇ ਸਾਰ, ਸਾਧਕ ਬੁਧ ਵੇਖ ਵਖਾਈਆ । ਤਪੀ ਤਪੀਸ਼ਰ ਲਏ ਅਧਾਰ, ਤ੍ਰਿਖਾ ਤਿਪਤ ਕਰਾਈਆ । ਹਰੀ ਸਤੀ ਕਰ ਪਿਆਰ, ਸਾਚਾ ਸਤਿ ਇਕ ਬੁਝਾਈਆ । ਵਾ ਤੱਤੀ ਵੇਖੇ ਸੰਸਾਰ, ਜੁਗ ਜੁਗ ਬੇਪਰਵਾਹੀਆ । ਨਾਮ ਰੱਤੀ ਕਰ ਵਰਤਾਰ, ਰੱਤੀ ਰੱਤ ਦਏ ਸੁਕਾਈਆ । ਦੇਵੇ ਮਤੀ ਹਰਿ ਗਿਰਧਾਰ, ਮਤ ਮਤਵਾਲੀ ਆਪ ਸਮਝਾਈਆ । ਬੁਧ ਬਿਬੇਕੀ ਖ਼ਬਰਦਾਰ, ਆਪੇ ਰਿਹਾ ਉਠਾਈਆ । ਮਨੂਆ ਤੋੜੇ ਫੜ ਹੰਕਾਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ਼ਬਦੀ ਦੇਵੇ ਸ਼ਬਦ ਪਿਆਰ, ਸ਼ਬਦ ਗੁਰ ਸ਼ਬਦ ਪੜ੍ਹਾਈਆ । ਸੁਰਤੀ ਮੇਲਾ ਸੁਰਤ ਦਵਾਰ, ਸੁਰਤ ਸੁਰਤ ਵਖਾਈਆ । ਜੂਨੀ ਰਹਿਤ ਕਿਰਪਾ ਧਾਰ, ਰਾਜ ਜੋਗ ਇਕ ਵਖਾਈਆ । ਅਕਾਲ ਮੂਰਤ ਹੋ ਤਿਆਰ, ਲੋਕਮਾਤ ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦਾਤਾ ਬੇਪਰਵਾਹੀਆ । ਜੁਗ ਦਾਤਾ ਹਰਿ ਭਗਵੰਤੜਾ, ਪਾਰਬ੍ਰਹਮ ਬੇਅੰਤ । ਘਰ ਆਪਣਾ ਆਪ ਸੁਹੰਦੜਾ, ਭੇਵ ਨਾ ਪਾਏ ਸਾਧ ਸੰਤ । ਜੁਗ ਜੁਗ ਆਪਣਾ ਵੇਸ ਵਟੰਦੜਾ, ਖੇਲੇ ਖੇਲ ਨਾਰੀ ਕੰਤ । ਗੁਰ ਪੀਰ ਆਪ ਅਖਵੰਦੜਾ, ਪੰਜ ਤੱਤ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ । ਨਿਰਗੁਣ ਧਾਰਾ ਵਿਚ ਰਖੰਦੜਾ, ਆਪ ਬਣਾਏ ਬ੍ਰਹਮ ਪਾਰਬ੍ਰਹਮ ਬਣਤ । ਸਾਚਾ ਧਾਮ ਇਕ ਸੁਹੰਦੜਾ, ਦੀਪਕ ਜੋਤੀ ਜੋਤ ਜਗੰਤ । ਧੁਨ ਅਨਾਦੀ ਇਕ ਵਜੰਦੜਾ, ਸ਼ਬਦ ਸੁਹਾਗੀ ਸੁਣਾਏ ਛੰਤ । ਕਲਜੁਗ ਕੂੜਾ ਵੇਖ ਵਖੰਦੜਾ, ਮਹਿਮਾ ਗਣਤ ਅਗਣਤ । ਈਸਾ ਮੂਸਾ ਹੁਕਮ ਸੁਣੰਦੜਾ, ਕਾਲਾ ਸੂਸਾ ਰੰਗ ਰਗੰਤ । ਚਾਰ ਯਾਰੀ ਜੋੜ ਜੁੜੰਦੜਾ, ਸੰਗ ਮੁਹੰਮਦ ਵੇਖ ਵਖੰਤ । ਅੱਲਾ ਰਾਣੀ ਨਾਲ ਪਰਨੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ

ਰੂਪ ਵੇਸ ਕਰ, ਖੇਲੇ ਖੇਲ ਆਦਿ ਅੰਤ । ਆਦਿ ਅੰਤ ਹਰਿ ਖੇਲ ਖਲੰਦੜਾ, ਭੇਵ ਅਭੇਦ ਛੁਪਾਇਓ । ਬ੍ਰਹਮਾ ਵੇਦ ਨਾ ਭੇਵ ਖੁਲੰਦੜਾ, ਚਾਰੇ ਮੁਖ ਰਿਹੋ ਗਾਇਓ । ਜੋਗੀ ਜਪੀ ਨਾ ਵੇਖ ਵਖੰਦੜਾ, ਥਿਰ ਘਰ ਬੈਠਾ ਡੇਰਾ ਲਾਇਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲਖ ਅਭੇਵ ਵਡ ਦੇਵੀ ਦੇਵ ਨਿਹਕੇਵ ਆਪ ਅਖਵਾਇਓ । ਭੇਵ ਅਭੇਦ ਅਕਲ ਕਲ ਧਾਰਾ, ਨਿਰਗੁਣ ਨੂਰ ਉਪਾਇੰਦਾ । ਆਦਿ ਪੁਰਖ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਪੇ ਰਚਨਹਾਰ ਸਰਬ ਸੰਸਾਰਾ, ਲੱਖ ਚੁਰਾਸੀ ਆਪ ਉਪਾਇੰਦਾ । ਆਪੇ ਬ੍ਰਹਮ ਪਾਰਬ੍ਰਹਮ ਕਰ ਉਜਿਆਰਾ, ਅੰਮ੍ਰਿਤ ਅੰਮ੍ਰਿਤ ਮੁਖ ਚਵਾਇੰਦਾ । ਆਪੇ ਚਾਰ ਵੇਦ ਬਣ ਲਿਖਾਰਾ, ਆਪਣੀ ਵੰਡ ਵੰਡਾਇੰਦਾ । ਆਪੇ ਗੁਰ ਪੀਰ ਅਵਤਾਰਾ, ਸਾਧ ਸੰਤ ਆਪ ਅਖਵਾਇੰਦਾ । ਆਪੇ ਭਗਤ ਭਗਤੀ ਹੋ ਉਜਿਆਰਾ, ਨਿਤ ਨਵਿਤ ਲੱਜਿਆ ਆਪ ਰਖਾਇੰਦਾ । ਆਪੇ ਨਾਮ ਸ਼ਬਦ ਤੇਜ਼ ਕਟਾਰਾ, ਸਾਚਾ ਖੰਡਾ ਹੱਥ ਚਮਕਾਇੰਦਾ । ਆਪੇ ਇਸ਼ਟ ਦੇਵ ਹੋ ਉਜਿਆਰਾ, ਆਪ ਆਪਣਾ ਇਸ਼ਟ ਕਮਾਇੰਦਾ । ਆਪੇ ਅਸ਼ਟਭੁਜ ਸਿੰਘ ਅਸਵਾਰਾ, ਖੜਗ ਖੰਡਾ ਕਟਾਰ ਆਪ ਚਮਕਾਇੰਦਾ । ਖੇਲੇ ਖੇਲ ਪੁਰਖ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪਣਾ ਕਰ, ਨਿਰਗੁਣ ਧਾਰੀ ਧਾਰ ਬੰਧਾਇੰਦਾ । ਧਾਰ ਅਵੱਲੀ ਜੋਤ ਅਕੱਲੀ, ਆਦਿ ਜੁਗਾਦਿ ਚਲਾਈਆ । ਸੂਰਾ ਬਲੀ ਵਲੀ ਛਲੀ, ਅਛਲ ਅਛੱਲ ਵਖਾਈਆ । ਨਿਹਚਲ ਧਾਮ ਅਟੱਲੀ ਸਾਚੀ ਗਲੀ, ਨਿਰਗੁਣ ਬੈਠਾ ਡੇਰਾ ਲਾਈਆ । ਦੀਪਕ ਜੋਤੀ ਬਲੀ ਜਲ ਥਲ ਮਹੀਅਲ ਰਲੀ, ਦਿਸ ਕਿਸੇ ਨਾ ਆਈਆ । ਸਚਖੰਡ ਦਵਾਰੇ ਪਲੀ, ਘਰ ਆਪਣੇ ਫਲੀ, ਲੋਕਮਾਤ ਫੁਲ ਫੁਲਵਾੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਕਲਜੁਗ ਵੇਸ ਵਟਾਈਆ । ਕਲਜੁਗ ਵੇਸ ਹਰਿ ਨਿਰੰਕਾਰ, ਨਾਨਕ ਨਿਰਗੁਣ ਜੋਤ ਜਗਾਈਆ । ਸਤਿ ਸਤਿ ਭਰ ਭੰਡਾਰ, ਸਤਿ ਸਤਿ ਵਿਚ ਟਿਕਾਈਆ । ਮੇਲ ਮਿਲਾਏ ਸਚ ਦਵਾਰ, ਸਚ ਦਵਾਰਾ ਇਕ ਸੁਹਾਈਆ । ਨਿਰਗੁਣ ਜੋਤ ਜੋਤ ਉਜਿਆਰ, ਨਾਨਕ ਨਿਰਗੁਣ ਵੇਖ ਵਖਾਈਆ । ਦੋਹਾਂ ਮੇਲਾ ਧਾਮ ਨਿਆਰ, ਦਿਸ ਕਿਸੇ ਨਾ ਆਈਆ । ਏਕਉਂਕਾਰਾ ਮੀਤ ਮੁਰਾਰ, ਨਾਨਕ ਮਿਲਿਆ ਬੇਪਰਵਾਹੀਆ । ਚਰਨ ਕਵਲ ਢਹਿ ਪਿਆ ਦਵਾਰ, ਏਕਾ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੋ ਪੁਰਖ ਨਿਰੰਜਣ ਬੂਝ ਬੁਝਾਈਆ । ਵਰ ਘਰ ਪਾਇਆ ਇਕ ਕਰਤਾਰ, ਨਾਰੀ ਕੰਤ ਰੂਪ ਵਟਾਈਆ । ਪੁਰਖ ਅਕਾਲ ਬਣਿਆ ਸਚ ਭਤਾਰ, ਨਾਨਕ ਨਾਰ ਰੂਪ ਅਖਵਾਈਆ । ਵੱਜੀ ਵਧਾਈ ਧੁਰ ਦਰਬਾਰ, ਨਾ ਵੇਖੇ ਜੀਵ ਲੋਕਾਈਆ । ਵੇਦ ਕਤੇਬ ਨਾ ਪਾਇਣ ਸਾਰ, ਉਚ ਅਥਾਹ ਬੇਪਰਵਾਹ ਹਰਿ ਮਲਾਹ, ਨਾਨਕ ਹਰਿ ਹੋਈ ਕੁੜਮਾਈਆ । ਸਚ ਦਵਾਰੇ ਚੜ੍ਹਿਆ ਚਾ, ਪਾਇਆ ਪੁਰਖ ਬੇਪਰਵਾਹੀਆ । ਏਕਾ ਢੋਲਾ ਲਿਆ ਗਾ, ਸੋਹੰ ਸ਼ਬਦ ਆਪ ਅਲਾਈਆ । ਨਾਨਕ ਨਿਰਗੁਣ ਨਿਰਗੁਣ ਵਿਚ ਰਿਹਾ ਸਮਾ, ਪਾਰਬ੍ਰਹਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਬੋਲਾ ਨਿਰਗੁਣ ਤੋਲਾ ਨਿਰਗੁਣ ਚੋਲਾ ਦਏ ਤਜਾਈਆ । ਸਾਚੇ ਘਰ ਬੋਲ ਜੈਕਾਰਾ, ਨਾਨਕ ਹਰਿ ਹਰਿ ਗਾਇਆ । ਸੋਹੰ ਸ਼ਬਦ ਅਪਰ ਅਪਾਰਾ, ਥਿਰ ਘਰ ਮੇਲਾ ਬੇਪਰਵਾਹਿਆ । ਏਕਾ ਦੂਜਾ ਪਾਰ ਕਿਨਾਰਾ, ਤੀਜਾ ਦਰ ਰਹਿਣ ਨਾ ਪਾਇਆ । ਚੌਥੇ ਪਦ ਪੁਰਖ ਅਪਾਰਾ, ਘਰ ਬੈਠਾ ਰਾਹ ਤਕਾਇਆ । ਪੰਚਮ ਮਿਲਿਆ ਮੀਤ ਮੁਰਾਰਾ, ਪੰਚਮ ਮੋਹ ਚੁਕਾਇਆ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰਾ, ਨਿਰਗੁਣ ਬੈਠਾ ਜੋਤ

ਜਗਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਨਿਰਾਕਾਰਾ, ਨਿਰਗੁਣ ਨਿਰਗੁਣ ਨਿਰਗੁਣ ਆਪ ਅਖਵਾਇਆ । ਨਾਨਕ ਮਿਲਿਆ ਇਕ ਦਵਾਰਾ, ਦੂਸਰ ਹੱਥ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਆਪ ਆਪਣੀ ਬੂਝ ਬੁਝਾਇਆ । ਤਿੰਨਾਂ ਲੋਕਾਂ ਵਸਿਆ ਬਾਹਰਾ, ਚੌਦਾਂ ਚਰਨਾਂ ਹੇਠ ਦਬਾਇਆ । ਰਵ ਸਸ ਨਾ ਕੋਇ ਸਤਾਰਾ, ਮੰਡਲ ਮੰਡਪ ਨਾ ਕੋਇ ਵਖਾਇਆ । ਜ਼ਿਮੀ ਅਸਮਾਨ ਨਾ ਕੋਇ ਪਾੜਾ, ਬ੍ਰਹਮਾ ਵਿਸ਼ਨ ਸ਼ਿਵ ਨਾ ਸੇਵ ਕਮਾਇਆ । ਤ੍ਰੈਗੁਣ ਨਾ ਲੱਗਾ ਕੋਇ ਅਖਾੜਾ, ਅਵਣ ਗਵਣ ਨਾ ਡੇਰਾ ਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਏਕਾ ਵਰ, ਤੇਰਾ ਮੇਰਾ ਮੇਰਾ ਤੇਰਾ ਏਕਾ ਰੂਪ ਸਮਾਇਆ । ਸੋਹੰ ਸ਼ਬਦ ਸਤਿਗੁਰ ਨਾਨਕ ਗਾ, ਸਚਖੰਡ ਸੁਣਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਦੇਵੇ ਵਡ ਵਡਿਆਈਆ । ਅੰਦਰ ਮੰਦਰ ਬੰਦ ਦਏ ਕਰਾ, ਆਪਣੀ ਹੱਥੀਂ ਕੁੰਡਾ ਲਾਈਆ । ਨਿਰਗੁਣ ਵਿਚੋਲਾ ਆਪ ਅਖਵਾ, ਸਾਚੀ ਸੇਵ ਕਮਾਈਆ । ਸਾਚਾ ਢੋਲਾ ਦਏ ਸੁਣਾ, ਨਾਨਕ ਸਤਿਗੁਰ ਤੇਰੀ ਵਡ ਵਡਿਆਈਆ । ਤੇਰਾ ਲਹਿਣਾ ਤੇਰੀ ਝੋਲੀ ਦੇਵੇ ਪਾ, ਵਾਰ ਥਿਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਬੋਲਾ ਨਿਰਗੁਣ ਤੋਲਾ ਨਾਨਕ ਢੋਲਾ, ਕਾਇਆ ਚੋਲਾ ਨਾ ਕੋਇ ਰਖਾਈਆ । ਸੋਹੰ ਸ਼ਬਦ ਬੰਦ ਭੰਡਾਰਾ, ਹਰਿ ਆਪਣੇ ਹੱਥ ਉਠਾਇਆ । ਨਾਨਕ ਦੇਵੇ ਇਕ ਸਹਾਰਾ, ਏਕਾ ਬੂਝ ਬੁਝਾਇਆ । ਸਤਿ ਨਾਮ ਮੰਤਰ ਅਪਾਰਾ, ਲੋਕਮਾਤ ਵੇਖ ਵਖਾਇਆ । ਚਾਰ ਵਰਨਾਂ ਬਣ ਵਣਜਾਰਾ, ਜੀਵਾਂ ਜੰਤਾਂ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰ, ਆਪ ਆਪਣਾ ਖੇਲ ਖਲਾਇਆ । ਸੋਹੰ ਸ਼ਬਦ ਸਚ ਭੰਡਾਰਾ, ਸਤਿ ਪੁਰਖ ਹੱਥ ਰਖਾਇੰਦਾ । ਨਾਨਕ ਦੇਵੇ ਇਕ ਆਧਾਰਾ, ਏਕਾ ਮੰਤਰ ਦ੍ਰਿੜਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਅੰਤਮ ਖੋਲ੍ਹੇ ਸਚ ਦਵਾਰਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਤੇਰਾ ਲਹਿਣਾ ਦਏ ਆਧਾਰਾ, ਪਿਛਲਾ ਲੇਖਾ ਆਪ ਮੁਕਾਇੰਦਾ । ਪੰਜ ਤੱਤ ਕਰੇ ਪਾਰ ਕਿਨਾਰਾ, ਕਾਇਆ ਤੱਤ ਨਾ ਕੋਇ ਵਖਾਇੰਦਾ । ਸਰਗੁਣ ਛੱਡ ਵਿਚ ਸੰਸਾਰਾ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਨਿਰਗੁਣ ਲਏ ਭੰਡਾਰਾ, ਨਿਰਗੁਣ ਸੇਵ ਕਮਾਇੰਦਾ । ਸੋਹੰ ਸ਼ਬਦ ਕਰੇ ਵਰਤਾਰਾ, ਆਪ ਆਪਣਾ ਰੰਗ ਰੰਗਾਇੰਦਾ । ਨਿਹਕਲੰਕ ਲੈ ਅਵਤਾਰਾ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਨਾਮ ਸਤਿ ਸਤਿ ਵਰਤਾਰਾ, ਨਾਨਕ ਨਾਮ ਜਣਾਇਆ । ਏਕਾ ਜੋਤੀ ਦਸ ਅਵਤਾਰਾ, ਲੇਖਾ ਲੇਖ ਲਖਾਇਆ । ਅਰਜਨ ਮੀਤਾ ਹਰਿ ਨਿਰੰਕਾਰਾ, ਬੋਧ ਗਿਆਨ ਵਰਤਾਇਆ । ਸ਼ਬਦੀ ਸ਼ਬਦ ਭਰ ਭੰਡਾਰਾ, ਗ੍ਰੰਥ ਗੁਰੂ ਉਪਾਇਆ । ਸਿਖਿਆ ਦੇਵੇ ਸਰਬ ਸੰਸਾਰਾ, ਵਰਨ ਬਰਨ ਨਾ ਕੋਇ ਰਖਾਇਆ । ਊਚਾਂ ਨੀਚਾਂ ਇਕ ਸਹਾਰਾ, ਜੋ ਜਨ ਸਰਨਾਈ ਆਇਆ । ਖੁਲ੍ਹੇ ਤਾਕ ਬੰਦ ਕਿਵਾੜਾ, ਜਿਸ ਜਨ ਸ਼ਬਦੀ ਸ਼ਬਦ ਗੁਰ ਗਾਇਆ । ਮਿਲੇ ਮੇਲ ਪ੍ਰਭ ਸਾਚੇ ਲਾੜਾ, ਦਰ ਘਰ ਸਾਚਾ ਵੇਖ ਵਖਾਇਆ । ਕਲਜੁਗ ਕਾਇਆ ਲੱਗੀ ਅੱਗ ਤੱਤੀ ਹਾੜਾ, ਨਾ ਕੋਈ ਸਕੇ ਮਾਤ ਬੁਝਾਇਆ । ਹਉਮੇ ਹੰਗਤਾ ਬਣ ਅਖਾੜਾ, ਜਗਤ ਸਿਆਸਤ ਵੇਸ ਵਟਾਇਆ । ਲੁੱਟੀ ਜਾਏ ਧਰਮ ਦਿਨ ਦਿਹਾੜਾ, ਜੀਵ ਜੰਤ ਨਾ ਸਕੇ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਆਪ ਆਪਣਾ ਲੇਖ ਚੁਕਾਇਆ । ਆਪਣਾ ਲੇਖਾ ਆਪ ਚੁਕਾਏ, ਹਰਿ

ਸਤਿਗੁਰ ਵਡ ਵਡਿਆਈਆ । ਜੀਵ ਜੰਤ ਕੋਈ ਭੇਵ ਨਾ ਪਾਏ, ਸਾਧ ਸੰਤ ਰਹੇ ਸਭ ਗਾਈਆ । ਵੇਦ ਪੁਰਾਨ ਸਿਮਰਤ ਸ਼ਾਸਤਰ ਨਾ ਗਣਤ ਗਣਾਏ, ਅੰਜੀਲ ਕੁਰਾਨ ਨਾ ਤੋਲ ਤੁਲਾਈਆ । ਖਾਣੀ ਬਾਣੀ ਰਾਹ ਬਣਾਏ, ਅਭੇਵ ਅਭੇਦਾ ਭੇਵ ਨਾ ਰਾਈਆ । ਨਿਰਗੁਣ ਸਰਗੁਣ ਵੇਸ ਵਟਾਏ, ਪੰਜ ਤੱਤ ਕਰੇ ਰੁਸ਼ਨਾਈਆ । ਗੋਬਿੰਦ ਲੇਖਾ ਲੇਖ ਲਿਖਾਏ, ਲਿਖਿਆ ਲੇਖ ਨਾ ਕੋਇ ਮਿਟਾਈਆ । ਕਲਜੁਗ ਮੇਟੇ ਕੂੜੀ ਸ਼ਾਹੀ, ਸ਼ਾਹ ਸੁਲਤਾਨਾ ਦਏ ਸਜ਼ਾਈਆ । ਅੰਤਮ ਆਏ ਸਾਚਾ ਮਾਹੀ, ਬੇਪਰਵਾਹੀ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਨੂਰੋ ਨੂਰ ਡਗਮਗਾਈਆ । ਨੂਰ ਉਜਾਲਾ ਗੁਰ ਗੋਪਾਲਾ, ਦੀਨ ਦਿਆਲਾ ਆਪ ਅਖਵਾਇੰਦਾ । ਕਲਜੁਗ ਖੇਲੇ ਖੇਲ ਨਿਰਾਲਾ, ਅਵੱਲੜੀ ਚਾਲਾ ਦਿਸ ਕਿਸੇ ਨਾ ਆਇੰਦਾ । ਤੋੜਨਹਾਰਾ ਜਗਤ ਜੰਜਾਲਾ, ਸ਼ਬਦ ਵਜਾਏ ਸਾਚਾ ਤਾਲਾ, ਰਾਗ ਅਨਾਦੀ ਇਕ ਰਖਾਇੰਦਾ । ਨਾਮ ਧਨ ਸੱਚਾ ਧਨ ਮਾਲਾ, ਗੁਰਸਿਖਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪ ਅਖਵਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਆਦਿ ਜੁਗਾਦੀ ਇਕ ਦਲਾਲਾ, ਏਕਾ ਕਰਮ ਕਮਾਇੰਦਾ । ਲੱਖ ਚੁਰਾਸੀ ਫਲ ਵੇਖੇ ਡਾਲ੍ਹਾ, ਥਿਰ ਘਰ ਬੈਠ ਸੱਚੀ ਧਰਮਸਾਲਾ, ਲੋਆਂ ਪੁਰੀਆਂ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਜੋਤ ਜਗਾਏ, ਆਦਿ ਪੁਰਖ ਅਬਿਨਾਸ਼ਿਆ । ਲੋਆਂ ਪੁਰੀਆਂ ਫੇਰੀ ਪਾਏ, ਬ੍ਰਹਮਾ ਵਿਸ਼ਨ ਸ਼ਿਵ ਉਠਾਏ, ਖੇਲੇ ਖੇਲ ਪ੍ਰਿਥਮੀ ਅਕਾਸ਼ਿਆ । ਦੇਵਤ ਸੁਰ ਸੋਇਆ ਰਹਿਣ ਨਾ ਪਾਏ, ਗਣ ਗੰਧਰਬ ਅੱਖ ਖੁਲ੍ਹਾਏ, ਪਰਗਟ ਹੋਏ ਸ਼ਾਹੋ ਸ਼ਾਬਾਸਿਆ । ਰਵ ਸਸ ਆਪ ਚਮਕਾਏ, ਮੰਡਲ ਮੰਡਪ ਸਤਾਰ ਲਟਕਾਏ, ਲੱਖ ਚੁਰਾਸੀ ਘਟ ਘਟ ਰੱਖੇ ਵਾਸਿਆ । ਨਿਰਗੁਣ ਧਾਰਾ ਇਕ ਬੰਧਾਏ, ਭੇਵ ਨਾ ਆਏ ਪਾਰਬ੍ਰਹਮ ਖੇਲ ਤਮਾਸਿਆ । ਕਲਜੁਗ ਅੰਤਮ ਵੇਖ ਵਖਾਏ, ਪੜਦਾ ਲਾਹੇ ਬਲ ਧਾਰੇ ਆਦਿ ਪੁਰਖ ਅਬਿਨਾਸਿਆ । ਲਹਿਣਾ ਦੇਣਾ ਮੂਲ ਚੁਕਾਏ, ਪਿਛਲਾ ਲੇਖਾ ਝੋਲੀ ਪਾਏ, ਅਗਲਾ ਮਾਰਗ ਆਪ ਲਖਾਸਿਆ । ਸਤਿਜੁਗ ਸਾਚਾ ਆਪ ਉਠਾਏ, ਧਰਤ ਮਾਤ ਦੀ ਗੋਦ ਬਿਠਾਏ, ਦੇਵਣਹਾਰਾ ਨਾਮ ਦਲਾਸਿਆ । ਚਾਰ ਵਰਨਾਂ ਇਕ ਕਰਾਏ, ਊਚ ਨੀਚ ਕੋਈ ਰਹਿਣ ਨਾ ਪਾਏ, ਸਾਧਾਂ ਸੰਤਾਂ ਕਰੇ ਬੰਦ ਖਲਾਸੀਆ । ਏਕਾ ਮੰਤਰ ਨਾਮ ਦ੍ਰਿੜਾਏ, ਦਰ ਦਰਵਾਜ਼ਾ ਇਕ ਖੁਲ੍ਹਾਏ, ਜੋਧਾ ਸੂਰਬੀਰ ਆਪ ਅਖਵਾਸੀਆ । ਤਖ਼ਤ ਤਾਜ ਕੋਈ ਰਹਿਣ ਨਾ ਪਾਏ, ਸ਼ਾਹ ਸੁਲਤਾਨਾਂ ਖ਼ਾਕ ਮਿਲਾਏ, ਆਪੇ ਜਾਣੇ ਆਪਣੀ ਰਾਸੀਆ । ਨੌਂ ਖੰਡ ਫੇਰਾ ਆਪੇ ਪਾਏ, ਸੱਤਾਂ ਦੀਪਾਂ ਚਰਨਾਂ ਹੇਠ ਦਬਾਏ, ਸੱਤ ਰੰਗ ਨਿਸ਼ਾਨਾ ਇਕ ਵਖਾਸੀਆ । ਅਕਾਲ ਮੂਰਤ ਨਜ਼ਰੀ ਆਏ, ਨਿਰਗੁਣ ਜੋਤ ਕਰੇ ਰੁਸ਼ਨਾਏ, ਪੁਰਖ ਅਕਾਲ ਇਕ ਮਨਾਸੀਆ । ਨਾ ਕੋਈ ਕਾਸੀ ਪੰਡਤ ਜਾਏ, ਵੇਦ ਪੁਰਾਨ ਨਾ ਕੋਈ ਪੜ੍ਹਾਏ, ਅੰਜੀਲ ਕੁਰਾਨ ਨਾ ਕੋਈ ਅਲ੍ਹਾਏ, ਬਾਂਗ ਸਦਾ ਨਾ ਕੋਈ ਅਲ੍ਹਾਏ, ਰੋਜ਼ਾ ਬਾਂਗ ਨਾ ਕੋਈ ਅਲ੍ਹਾਏ, ਨਿਉਂ ਨਿਉਂ ਸਜਦਾ ਨਾ ਕੋਈ ਕਰਾਏ, ਸਾਚਾ ਵੁਜ਼ੂ ਨਾਮ ਕਰਾਸੀਆ । ਗ੍ਰੰਥੀ ਪੰਥੀ ਵੇਖ ਵਖਾਏ, ਧਰਤ ਮਾਤ ਸੱਥਰ ਵਛਾਏ, ਬ੍ਰਹਮਾ ਵਿਸ਼ਨ ਸ਼ਿਵ ਅੱਥਰ ਵਹਾਏ, ਧੀਰਜ ਧੀਰ ਨਾ ਕੋਇ ਧਰਾਸੀਆ । ਹਰਿਜਨ ਸਾਚੇ ਲਏ ਤਰਾਏ, ਏਕਾ ਬਖ਼ਸ਼ੇ ਚਰਨ ਸਰਨਾਏ, ਫੜ ਫੜ ਬਾਂਹੋਂ ਗਲੇ ਲਗਾਏ, ਮਾਤ ਪਿਤ ਆਪ ਅਖਵਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਜੋਤੀ ਜੋਤ ਡਗਮਗਾਏ । ਜੋਤੀ ਜੋਤ ਡਗਮਗਾਹਟ,

੨੬੦
੦੮

ਚਾਰ ਕੁੰਟ ਰੁਸ਼ਨਾਈਆ । ਵਰਨਾਂ ਬਰਨਾਂ ਪਿਆ ਘਬਰਾਟ, ਘਰ ਘਰ ਪਈ ਲੜਾਈਆ । ਅੱਲਾ ਰਾਣੀ ਸੁੱਤੀ ਖਾਟ, ਕਾਲਾ ਸੂਸਾ ਤਨ ਛੁਹਾਈਆ । ਧਰਮ ਵਿਕਿਆ ਹਾਟੋ ਹਾਟ, ਧਰਤੀ ਧਵਲ ਕੁਰਲਾਈਆ । ਦਿਸ ਨਾ ਆਇਆ ਤੀਰਥ ਤਾਟ, ਲਜਪਤ ਰਹੀ ਸ਼ਰਮਾਈਆ । ਗੁਰਦਰ ਮੰਦਰ ਮਸਜਿਦ ਕੋਈ ਨਾ ਦਿਸੇ ਨੇੜੇ ਵਾਟ, ਸਾਚਾ ਇਸ਼ਟ ਨਾ ਕੋਇ ਵਖਾਈਆ । ਆਪੋ ਆਪਣੇ ਚੜ੍ਹੇ ਘਾਟ, ਮਨਮਤ ਨਾਲ ਰਲਾਈਆ । ਕੂੜ ਵਿਕਾਰਾ ਮਾਰੇ ਠਾਠ, ਠੌਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ ਦਏ ਮਿਟਾਈਆ ।



## ✪ ੧੪ ਫੱਗਣ ੨੦੧੫ ਬਿਕ੍ਰਮੀ ਦਿਲੀ ਸਿੰਘਾਸਣ ਪਰ ✪

ਚਾਰ ਯੁਗ ਸਚ ਧਾਰ, ਲੋਕਮਾਤ ਹਰਿ ਚਲਾਈਆ । ਗੁਰ ਪੀਰ ਸਾਧ ਸੰਤ ਅਵਤਾਰ, ਜੁਗ ਜੁਗ ਸੇਵਾ ਲਾਈਆ । ਅਗੰਮ ਅਗੋਚਰ ਭੇਵ ਨਿਆਰ, ਆਪ ਆਪਣੀ ਬਣਤ ਬਣਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ ਖਿਲਾਈਆ । ਹੱਡ ਮਾਸ ਨਾੜੀ ਚੰਮ ਨਾ ਕੋਇ ਪਿਆਰ, ਤ੍ਰੈਗੁਣ ਤੱਤ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਈਆ । ਸਾਚੀ ਧਾਰ ਜੁਗ ਨਿਰਾਲੀ, ਕਰਨੀ ਕਰਤਾ ਆਪ ਚਲਾਇੰਦਾ । ਨਿਰਗੁਣ ਜੋਤ ਨੂਰ ਅਕਾਲੀ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਗਗਨ ਮੰਡਲ ਸਾਚੀ ਥਾਲੀ, ਦੀਪਕ ਰਵ ਸਸ ਤਾਰ ਚਮਕਾਇੰਦਾ । ਪੰਜ ਤੱਤ ਬਣ ਜੰਜਾਲੀ, ਜਾਗਰਤ ਜੋਤ ਵਿਚ ਟਿਕਾਇੰਦਾ । ਵੇਖੇ ਫਲ ਪੱਤ ਡਾਲ੍ਹੀ, ਫੁਲ ਫੁਲਵਾੜੀ ਮਾਤ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਚੌਥੇ ਜੁਗ ਚੌਥਾ ਦਰ, ਚੌਥਾ ਘਰ ਹਰਿ ਹਰਿ, ਵੇਖ ਵਖਾਇੰਦਾ । ਥਿਰ ਘਰ ਬੈਠ ਨਰਾਇਣ ਨਰ, ਜੋਤ ਨਿਰੰਜਣ ਮੇਲ ਮਿਲਾਇੰਦਾ । ਜੋਤ ਸਰੂਪੀ ਵਸੇ ਘਰ, ਘਰ ਸਾਚਾ ਇਕ ਸੁਹਾਇੰਦਾ । ਦੋ ਜਹਾਨੀ ਚੁੱਕੇ ਡਰ, ਸ਼ਬਦ ਨਿਸ਼ਾਨੀ ਹੱਥ ਫੜਾਇੰਦਾ । ਅਨਹਦ ਬਾਣੀ ਦੇਵੇ ਵਰ, ਘਰ ਮੰਗਲ ਏਕਾ ਗਾਇੰਦਾ । ਪਵਣ ਪਾਣੀ ਚਵਰ ਕਰ, ਸੀਸ ਤਾਜ ਸੁਹਾਇੰਦਾ । ਮੇਲ ਮਿਲਾਵਾ ਹਰੀ ਹਰਿ, ਹਰਿ ਸਾਚੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਹਰਿ ਨਿਰੰਕਾਰ, ਵੀਹ ਸਦ ਬਿਕ੍ਰਮੀ ਤੇਰਾਂ ਵਡ ਵਡਿਆਈਆ । ਚਰਨ ਛੁਹਾਇਆ ਦਿਲੀ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੰਚਮ ਮੁਖ ਤਾਜ ਸ਼ੰਗਾਰ, ਸੀਸ ਜਗਦੀਸ ਆਪ ਟਿਕਾਈਆ । ਸੱਤ ਰੰਗ ਨਿਸ਼ਾਨਾ ਇਕ ਹੁਲਾਰ, ਸੱਤਾਂ ਦੀਪਾਂ ਰਿਹਾ ਉਠਾਈਆ । ਪੰਚਮ ਨਿਸ਼ਾਨਾ ਕਰ ਪਿਆਰ, ਪੰਚਮ ਮੁਖ ਸਲਾਹੀਆ । ਸ਼ਬਦ ਡੰਡਾ ਅਪਰ ਅਪਾਰ, ਬ੍ਰਹਿਮੰਡ ਖੰਡ ਰਿਹਾ ਉਠਾਈਆ । ਚਰਨ ਜੋੜਾ ਚਰਨ ਪਿਆਰ, ਗੁਰਮੁਖ ਸਾਚੇ ਮੇਲ ਮਿਲਾਈਆ । ਅੱਸੂ ਤਿੰਨ ਕਰਿਆ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਮਾਰੇ ਮਾਰ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਦੋ ਜਹਾਨਾਂ ਹੋ ਉਜਿਆਰ, ਲੋਕਮਾਤ ਵੇਖ ਵਖਾਈਆ । ਗੋਪੀ ਕਾਹਨਾ ਇਕ ਪਿਆਰ, ਸਾਚੀ ਸਖੀਆਂ ਮੰਗਲ ਗਾਈਆ । ਆਪ ਸੁਹਾਏ ਬੰਕ ਦਵਾਰ, ਬੰਕ ਦਵਾਰੀ ਭੇਵ ਨਾ ਰਾਈਆ । ਜੋਤੀ ਜੋਤ

੨੬੧
੦੮

ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਥਾ ਵੇਖ ਵਖਾਈਆ । ਚੌਥੇ ਜੁਗ ਜਗਤ ਵਿਹਾਰ, ਹਰਿ ਸਾਚਾ ਸਚ ਕਰਾਇੰਦਾ । ਵਰਨਾਂ ਬਰਨਾਂ ਵਸੇ ਬਾਹਰ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਤੱਤਵ ਤੱਤ ਨਾ ਕੋਈ ਵਿਚਾਰ, ਮਨ ਮਤ ਬੁਧ ਨਾ ਕੋਈ ਪਰਗਟਾਇੰਦਾ । ਵੇਦ ਕਤੇਬ ਨਾ ਪਾਇਣ ਸਾਰ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਅਲਖ ਅਗੋਚਰ ਅਗੰਮ ਅਪਾਰ, ਅਗਾਧ ਬੋਧ ਬੋਧ ਅਗਾਧ ਆਪ ਅਖਵਾਇੰਦਾ । ਆਦਿ ਜੁਗਾਦੀ ਖੇਲ ਨਿਆਰ, ਕਲਜੁਗ ਅੰਤਮ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਬੰਨੇ ਧਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਪਰਗਟ ਹੋਇਆ ਸਾਂਝਾ ਯਾਰ, ਸਾਂਝੀਵਾਲ ਇਕ ਹੋ ਜਾਇੰਦਾ । ਖੇਲ ਖਿਲਾਏ ਨਾਰੀ ਨਾਰ, ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਪ੍ਰੀਤੀ ਰੀਤ ਆਪ ਚਲਾਇੰਦਾ । ਜਗਤ ਰੀਤ ਹਰਿ ਭਗਵਾਨ, ਸ਼ਬਦੀ ਬੰਨ ਬਣਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਮਾਰਗ ਰਿਹਾ ਲਗਾਈਆ । ਊਚ ਨੀਚ ਨਾ ਕੋਇ ਵਖਾਨ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਜਣਾਈਆ । ਏਕਾ ਵੇਦ ਇਕ ਪੁਰਾਨ, ਏਕਾ ਗੀਤਾ ਕਰੇ ਪੜ੍ਹਾਈਆ । ਅੰਜੀਲ ਕੁਰਾਨ ਇਕ ਧਿਆਨ, ਮੁਸਲਮ ਸੁੰਨੀ ਵੇਖ ਵਖਾਈਆ । ਨਾਨਕ ਗੋਬਿੰਦ ਇਕ ਨਿਸ਼ਾਨ, ਗੁਰ ਬਾਣੀ ਨਾਮ ਵਡਿਆਈਆ । ਪਰਗਟ ਹੋਇਆ ਵਾਲੀ ਦੋ ਜਹਾਨ, ਆਪ ਆਪਣੀ ਕਲ ਵਰਤਾਈਆ । ਸਤਿਜੁਗ ਸਾਚਾ ਕਰ ਪਰਧਾਨ, ਲੋਕਮਾਤ ਧਰਤ ਮਾਤ ਦੀ ਗੋਦ ਬਿਠਾਈਆ । ਕਲਜੁਗ ਕੂੜਾ ਬੇਈਮਾਨ, ਨੌ ਦਰਵਾਜ਼ੇ ਬਾਹਰ ਕਢਾਈਆ । ਸਚ ਤਖ਼ਤ ਬੈਠ ਸਚ ਸੁਲਤਾਨ, ਸਾਚੀ ਸਖੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪੇ ਰਿਹਾ ਸਿਖਾਈਆ । ਲੇਖਾ ਲਿਖਿਆ ਧੁਰ ਕਰਤਾਰ, ਆਪਣਾ ਆਪ ਲਿਖਾਇੰਦਾ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਖੇਲ ਖਿਲਾਏ ਦਇਆ ਕਮਾਏ ਮੇਲ ਮਿਲਾਏ ਨਾਰੀ ਨਾਰ, ਨਾਰੀ ਕੰਤ ਵੇਸ ਵਟਾਇੰਦਾ । ਸਤਿ ਸਤਿਵੰਤ ਘਰ ਸਚ ਪਿਆਰ, ਸ਼ਬਦ ਸਿੰਘਾਸਣ ਇਕ ਵਖਾਇੰਦਾ । ਰੰਗ ਬਸੰਤੀ ਵਿਚ ਸੰਸਾਰ, ਸਾਚਾ ਰੂਪ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਦਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਸਚ ਦਵਾਰ, ਹਰਿਜਨ ਹਰਿ ਉਪਾਇਆ । ਰਸਨਾ ਸਗਨ ਨਾਮ ਅਪਾਰ, ਮੋਖ ਮੁਕਤ ਇਕ ਰਖਾਇਆ । ਮੇਲ ਮਿਲਾਵਾ ਕੰਤ ਭਤਾਰ, ਆਤਮ ਸੇਜਾ ਦਰ ਸੁਹਾਇਆ । ਸਾਚੀ ਸੇਜਾ ਹੋ ਉਜਿਆਰ, ਆਪ ਆਪਣਾ ਦਰਸ ਦਿਖਾਇਆ । ਸੁਰਤ ਸਵਾਣੀ ਹੋਈ ਮੁਟਿਆਰ, ਦਰ ਵੇਖੇ ਲੋਕ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਦਰ ਸਾਚਾ ਇਕ ਖੁਲ੍ਹਾਇਆ । ਸੁਰਤ ਸਵਾਣੀ ਨੌਜਵਾਨ, ਲੋਕਮਾਤ ਲਏ ਅੰਗੜਾਈਆ । ਚਾਰ ਕੁੰਟ ਵੇਖੇ ਮਾਰ ਧਿਆਨ, ਕਵਣ ਦੂਲ੍ਹਾ ਬੈਠਾ ਰਾਹ ਤਕਾਈਆ । ਕਰਨਹਾਰ ਸ੍ਰੀ ਭਗਵਾਨ, ਆਪ ਆਪਣਾ ਵੇਸ ਵਟਾਈਆ । ਦੇਵਣਹਾਰਾ ਧੁਰ ਫ਼ਰਮਾਣ, ਸ਼ਬਦੀ ਸ਼ਬਦ ਡੰਕ ਵਜਾਈਆ । ਸਚ ਸੁੱਚ ਸ਼ਬਦੀ ਬੰਨੇ ਗਾਨ, ਨਾਮ ਸਗਨ ਇਕ ਮਨਾਈਆ । ਗੀਤ ਸੁਹਾਗੀ ਗਾਏ ਗਾਨ, ਰਾਗ ਅਨਾਦੀ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਸਾਚੇ ਘਰ ਵੱਜੀ ਵਧਾਈਆ । ਸ਼ਬਦੀ ਸ਼ਬਦ ਕੁੜਮਾਇਆ । ਏਕਾ ਦਰ ਧੀ ਜਵਾਈ, ਹਰਿ ਮੇਲਾ ਮੇਲ ਮਿਲਾਇਆ । ਸਾਚੀ ਰੁਤੜੀ ਰੁੱਤ ਸੁਹਾਈ, ਰੁਤ ਬਸੰਤੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੨੬੨
੦੮

ਕਰ, ਦੇਵਣਹਾਰਾ ਸਾਚਾ ਵਰ, ਫਲਗੁਣ ਤੇਰਾ ਚੁੱਕੇ ਡਰ, ਗੁਣਵੰਤਾ ਵੇਖ ਵਖਾਇਆ । ਗੁਣਵੰਤਾ ਹਰਿ ਭਗਵਾਨ, ਭਗਤੀ ਭਗਤ ਵਡਿਆਈਆ । ਵੇਖ ਵਖਾਏ ਸਾਚਾ ਕਾਹਨ, ਘਰ ਸਾਚੇ ਫੇਰਾ ਪਾਈਆ । ਮੋਰ ਮੁਕਟ ਸੀਸ ਤਾਜ ਮਹਾਨ, ਆਪਣੀ ਹੱਥੀਂ ਰਿਹਾ ਟਿਕਾਈਆ । ਜੀਵ ਜੰਤ ਨਾ ਸਕੇ ਕੋਈ ਪਛਾਨ, ਹਰਿ ਕਾ ਭੇਵ ਨਾ ਕੋਈ ਜਣਾਈਆ । ਸਤਿਜੁਗ ਸਾਚੇ ਦੇਵੇ ਮਾਣ, ਪਤਤ ਪੁਨੀਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪੇ ਵਰ, ਘਰ ਘਰ ਦਰ ਦਰ ਮੇਲ ਮਿਲਾਈਆ । ਸਾਚਾ ਦਰ ਹਰਿ ਸੁਹਾ, ਸਾਚੀ ਦਇਆ ਕਮਾਇੰਦਾ । ਹਰਿਜਨ ਸੱਜਣ ਮੇਲ ਮਿਲਾ, ਮੇਲ ਮਿਲਾਵਾ ਇਕ ਵਖਾਇੰਦਾ । ਪੜਦੇ ਕੱਜਣ ਆਪ ਅਖਵਾ, ਸਚ ਦੁਸ਼ਾਲਾ ਉਪਰ ਪਾਇੰਦਾ । ਚਰਨ ਧੂੜੀ ਮਜਨ ਆਪ ਕਰਾ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਹਾਰਾ ਅੱਗੇ ਧਰ, ਦਰ ਦਵਾਰਾ ਵੇਖ ਵਖਾਇੰਦਾ । ਨਾਮ ਸ਼ਬਦ ਸਚ ਦਸਤਾਰ, ਗੁਰਮੁਖ ਸੀਸ ਟਿਕਾਈਆ । ਬੀਸ ਬੀਸਾ ਖੇਲ ਅਪਾਰ, ਸਾਚਾ ਸਗਨ ਰਿਹਾ ਮਨਾਈਆ । ਵੇਖ ਵਖਾਣੇ ਪੰਦਰਾਂ ਕੱਤਕ ਦਿਵਸ ਵਿਚਾਰ, ਜੋਤੀ ਨੂਰ ਕਰ ਰੁਸ਼ਨਾਈਆ । ਰਾਜ ਰਾਜਾਨ ਢਹਿ ਢਹਿ ਪੈਣ ਚਰਨ ਦਵਾਰ, ਚਰਨ ਚਰਨੋਦਕ ਹੱਥ ਨਾ ਆਈਆ । ਗੁਰਮੁਖ ਸੱਜਣ ਲਏ ਉਭਾਰ, ਗਰੀਬ ਨਿਮਾਣੇ ਗਲੇ ਲਗਾਈਆ । ਭਰਿਆ ਆਪੇ ਭਗਤੀ ਭਗਤ ਭੰਡਾਰ, ਅਤੋਟ ਅਤੁਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਛਮਣ ਸਿੰਘ ਦਿਤਾ ਜਗਤ ਵਰ, ਜੋਗ ਜੁਗਤ ਆਪਣੇ ਹੱਥ ਰਖਾਈਆ ।


੨੬੩
੦੮

ਨਿਰਗੁਣ ਰੂਪ ਅਕਲ ਕਲ ਧਾਰ, ਏਕਾ ਏਕੰਕਾਰਿਆ । ਆਦਿ ਜੁਗਾਦੀ ਹਰਿ ਪਸਾਰ, ਭੇਵ ਕੋਈ ਨਾ ਪਾ ਰਿਹਾ । ਇਕ ਅਕੱਲਾ ਕਰ ਅਕਾਰ, ਨਿਰਾਕਾਰ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾ ਰਿਹਾ । ਨਿਰਗੁਣ ਰੂਪ ਪੁਰਖ ਕਰਤਾਰਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਆਪ ਆਪਣਾ ਖੇਲ ਖਿਲਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰਾ, ਹਰਿ ਸਾਚਾ ਬਣਤ ਬਣਾਇੰਦਾ । ਮੰਡਲ ਮੰਡਪ ਦਏ ਸਹਾਰਾ, ਗਗਨ ਗਗਨੰਤਰ ਵੇਖ ਵਖਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਨਾਉਂ ਧਰਾਇੰਦਾ । ਜੋਤੀ ਦੀਪਕ ਭੇਵ ਨਿਆਰਾ, ਆਦਿਨ ਅੰਤ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਆਦਿ ਜੁਗਾਦਿ ਸਮਾਇਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਨਾਮ ਰਖਾਇਆ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇਆ । ਥਿਰ ਘਰ ਬੈਠ ਸੱਚੀ ਧਰਮਸਾਲ, ਸਚਖੰਡ ਦਵਾਰਾ ਇਕ ਸੁਹਾਇਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਆਪ ਆਪਣੀ ਵੇਖ ਵਖਾਇਆ । ਨਾ ਕੋਈ ਦੂਸਰ ਕਰੇ ਪਿਆਰ, ਦਰ ਦਵਾਰ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਸਮਾਇਆ । ਨਿਰਗੁਣ ਨੂਰ ਆਦਿ ਨਿਰੰਜਣ ਏਕਾ ਏਕ ਅਖਵਾਈਆ । ਆਪ ਆਪਣਾ ਬਣਿਆ ਸੱਜਣ, ਘਰ ਸਾਚੇ ਸੰਗ ਨਿਭਾਈਆ । ਆਪ ਆਪਣਾ ਕਰਿਆ ਮਜਨ, ਮੇਲ ਮਿਲਾਵਾ ਸਹਿਜ

ਸੁਭਾਈਆ । ਆਪ ਆਪਣਾ ਹੋਇਆ ਪੜਦੇ ਕੱਜਣ, ਆਪਣੇ ਹੱਥ ਰੱਖੇ ਵਡਿਆਈਆ । ਆਪ ਚਲਾਏ ਆਪਣਾ ਸਚ ਜਹਾਜਨ, ਵਡ ਦਾਤਾ ਬੇਪਰਵਾਹੀਆ । ਆਪੇ ਸ਼ਾਹੋ ਭੂਪ ਵਡ ਰਾਜ ਰਾਜਨ, ਸਚ ਸੁਲਤਾਨ ਇਕ ਅਖਵਾਈਆ । ਆਪੇ ਜਾਣੇ ਆਪਣਾ ਕਾਜਨ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਧਰ, ਨੂਰੋ ਨੂਰ ਉਜਾਲਾ ਹਰਿ ਵਡ ਵੱਡੀ ਵਡਿਆਈਆ । ਆਦਿ ਪੁਰਖ ਗੁਰ ਗੋਪਾਲਾ, ਗੋਬਿੰਦ ਨਾਉਂ ਧਰਾਈਆ । ਖੇਲੇ ਖੇਲ ਖੇਲ ਨਿਰਾਲਾ, ਖੇਲਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਰੂਪ ਸਮਾਈਆ । ਨਿਰਗੁਣ ਰੂਪ ਸੁਤੇ ਪਰਕਾਸ਼, ਹਰਿ ਆਪਣਾ ਆਪ ਕਰਾਇੰਦਾ । ਆਪਣੇ ਮੰਦਰ ਰੱਖੇ ਵਾਸ, ਸਾਚਾ ਮੰਦਰ ਇਕ ਸੁਹਾਇੰਦਾ । ਆਦਿ ਅੰਤ ਨਾ ਹੋਏ ਵਿਨਾਸ, ਨਾ ਕੋਈ ਬਣਤ ਬਣਾਇੰਦਾ । ਲੋਆਂ ਪੁਰੀਆਂ ਮੰਡਲ ਮੰਡਪ ਪਾਵੇ ਰਾਸ, ਆਪਣੀ ਰਚਨਾ ਆਪ ਰਚਾਇੰਦਾ । ਆਪੇ ਵਸਿਆ ਪ੍ਰਿਥਮੀ ਅਕਾਸ਼, ਅਕਾਸ਼ ਪਰਕਾਸ਼ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਨੂਰੋ ਨੂਰ ਦਰਸਾਇੰਦਾ । ਨਿਰਗੁਣ ਨੂਰ ਅਪਰ ਅਪਾਰ, ਹਰਿ ਆਪਣਾ ਆਪ ਉਪਾਇਆ । ਆਪ ਸੁਹਾਏ ਆਪਣਾ ਸਚ ਦਵਾਰ, ਦਰ ਦਵਾਰਾ ਇਕ ਖੁਲ੍ਹਾਇਆ । ਇਕ ਅਕੱਲਾ ਬੈਠ ਨਿਰੰਕਾਰ, ਨਿਰਗੁਣ ਬੈਠਾ ਬੇਪਰਵਾਹਿਆ । ਨਾ ਕੋਈ ਦੂਸਰ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਰਖਾਇਆ । ਨਾ ਕੋਈ ਛੱਪਰ ਛੰਨ ਮੁਨਾਰ, ਚਾਰ ਦੀਵਾਰ ਨਾ ਕੋਈ ਰਖਾਇਆ । ਥਿਰ ਘਰ ਸਾਚਾ ਕਰ ਤਿਆਰ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਨਾਉਂ ਨਿਰੰਜਣ ਰੂਪ ਉਪਾਇਆ । ਆਪਣਾ ਨਾਉਂ ਆਪੇ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਸਰਬ ਕਲਾ ਆਪੇ ਸਮਰਥ, ਘਰ ਸਾਚੇ ਸੋਭਾ ਪਾਈਆ । ਆਪੇ ਆਪਣੀ ਬਖ਼ਸ਼ੇ ਵੱਥ, ਆਪਣੀ ਝੋਲੀ ਆਪ ਭਰਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਈਆ । ਆਪ ਆਪਣੀ ਮਹਿਮਾ ਜਾਣੇ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਇਕ ਅਖਵਾਈਆ । ਨਿਰਗੁਣ ਦਾਤਾ ਸੂਰਬੀਰ, ਏਕਾ ਏਕ ਅਖਵਾਇਆ । ਆਪ ਆਪਣੀ ਬੰਨੇ ਧੀਰ, ਆਪਣਾ ਬੇੜਾ ਇਕ ਚਲਾਇਆ । ਆਪ ਆਪਣਾ ਜਾਣੇ ਅਖ਼ੀਰ, ਆਦਿ ਆਦਿ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪੇ ਕਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਏ ਇਕ ਅਕੱਲਾ, ਏਕਾ ਰੰਗ ਸਮਾਈਆ । ਵਸਣਹਾਰਾ ਉਚ ਮਹੱਲਾ, ਅਗੰਮ ਅਥਾਹ ਬੇਪਰਵਾਹੀਆ । ਆਪਣੀ ਜੋਤੀ ਆਪੇ ਬਲਾ, ਆਪਣਾ ਦੀਪਕ ਆਪ ਕਰੇ ਰੁਸ਼ਨਾਈਆ । ਆਪਣਾ ਘਰ ਸਚ ਸਿੰਘਾਸਣ ਆਪੇ ਮਲਾ, ਆਪੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਕਰ, ਇਕ ਇਕੱਲਾ ਵੇਖ ਵਖਾਈਆ । ਇਕ ਅਕੱਲਾ ਕਰ ਅਕਾਰ, ਆਪਣੀ ਕਲ ਵਰਤਾਇੰਦਾ । ਦੀਪਕ ਜੋਤੀ ਕਰ ਉਜਿਆਰ, ਏਕਾ ਡਗਮਗਾਇੰਦਾ । ਏਕਾ ਦੀਪਕ ਜਗਨ ਅਪਾਰ, ਏਕਾ ਦਰ ਸੁਹਾਇੰਦਾ । ਏਕਾ ਤਖ਼ਤ ਤਾਜ ਸਿਕਦਾਰ, ਏਕਾ ਤੇਜ਼ ਚਲਾਇੰਦਾ । ਏਕਾ ਕਰਿਆ ਖ਼ਬਰਦਾਰ, ਏਕਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਏਕਾ ਕਰ, ਏਕਾ ਏਕ ਡਗਮਗਾਇੰਦਾ । ਏਕਾ ਹਰਿ ਏਕਾ ਦਰ, ਏਕਾ ਘਰ ਖੁਲ੍ਹਾਈਆ । ਏਕਾ ਦੇਵਣਹਾਰਾ ਵਰ, ਏਕਾ ਮੇਲ ਮਿਲਾਈਆ ।

ਏਕਾ ਪਾਏ ਆਪਣਾ ਡਰ, ਏਕਾ ਦਏ ਚੁਕਾਈਆ । ਏਕਾ ਤਰਨੀ ਰਿਹਾ ਤਰ, ਤਾਰਨਹਾਰ ਇਕ ਅਖਵਾਈਆ । ਆਪਣੀ ਕਰਨੀ ਰਿਹਾ ਕਰ, ਕਾਰਨ ਕਰਤਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਉਜਾਲਾ, ਪਾਰਬ੍ਰਹਮ ਪ੍ਰਭ ਦੀਨ ਦਿਆਲਾ, ਬੇਅੰਤ ਬੇਪਰਵਾਹ ਆਪ ਅਖਵਾਈਆ । ਬੇਅੰਤ ਬੇਪਰਵਾਹ, ਏਕਾ ਏਕ ਅਖਵਾਇੰਦਾ । ਆਪ ਆਪਣਾ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਪੇ ਜਾਣੇ ਆਪਣੀ ਸਿਫ਼ਤ ਸਲਾਹ, ਆਪ ਆਪਣਾ ਨਾਮ ਜਪਾਇੰਦਾ । ਆਪੇ ਜਾਣੇ ਆਪਣਾ ਰਾਹ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਜਾਣੇ ਆਪੇ ਥਾਂ, ਸਾਚਾ ਧਾਮ ਇਕ ਸੁਹਾਇੰਦਾ । ਆਪੇ ਪਿਤਾ ਆਪੇ ਮਾਂ, ਬਾਲ ਅੰਞਾਣਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਸਚ ਮਹੱਲਾ ਇਕ ਅਕੱਲਾ ਆਪ ਵਸਾਇੰਦਾ । ਸਚ ਮਹੱਲਾ ਉਚ ਅਟਾਰੀ, ਹਰਿ ਸਾਚੇ ਆਪ ਸੁਹਾਈਆ । ਨਿਰਗੁਣ ਜੋਤ ਜਗੇ ਨਿਰੰਕਾਰੀ, ਏਕਾ ਦੀਪਕ ਡਗਮਗਾਈਆ । ਖੇਲੇ ਖੇਲ ਅਗੰਮ ਅਪਾਰੀ, ਅਗੰਮ ਅਗੰਮੜੀ ਕਾਰ ਕਰਾਈਆ । ਅਲਖ ਅਲਖ ਅਲਖਣਾ ਆਪੇ ਬਣੇ ਲੇਖ ਲਿਖਾਰੀ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਆਪਣਾ ਵਰ, ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਨੂਰ ਜਗਾਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤੱਤ ਵਖਾਇਆ । ਨਾ ਕੋਈ ਕਿਲਾ ਕੋਟ ਦਿਸੇ ਗੜ੍ਹ, ਧੁੰਧੂਕਾਰ ਨਾ ਕੋਈ ਉਪਾਇਆ । ਨਾ ਕੋਈ ਵੇਖੇ ਅੱਗੇ ਖੜ, ਨੂਰੀ ਨੂਰ ਕਿਸੇ ਦਿਸ ਨਾ ਆਇਆ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਨਾ ਕੋਈ ਲੇਖਾ ਲਿਖਤ ਜਣਾਇਆ । ਆਪਣਾ ਆਪ ਆਪਣੇ ਅੰਦਰ ਧਰ, ਆਪ ਆਪਣਾ ਬੀਜ ਬਿਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਉਪਾਇਆ । ਨਿਰਗੁਣ ਪਿਤਾ ਨਿਰਗੁਣ ਮਾਤਾ, ਨਿਰਗੁਣ ਰੂਪ ਵਟਾਇੰਦਾ । ਨਿਰਗੁਣ ਦੇਵਣਹਾਰਾ ਦਾਤਾ, ਨਿਰਗੁਣ ਝੋਲੀ ਪਾਇੰਦਾ । ਨਿਰਗੁਣ ਰੱਖੀ ਉਤਮ ਜਾਤਾ, ਜਾਤ ਅਜਾਤੀ ਇਕ ਵਖਾਇੰਦਾ । ਨਿਰਗੁਣ ਬੈਠਾ ਰਹੇ ਇਕਾਂਤਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਆਪਣੀ ਕਲ ਵਰਤਾਇਆ । ਪੂਰਨ ਜੋਤ ਸ੍ਰੀ ਭਗਵੰਤਾ, ਭੇਵ ਕੋਈ ਨਾ ਪਾਇਆ । ਖੇਲੇ ਖੇਲ ਜੁਗਾਂ ਜੁਗੰਤਾ, ਜੁਗ ਕਰਤਾ ਨਾਉਂ ਰਖਾਇਆ । ਮਹਿਮਾ ਜਾਣੇ ਗਣਤ ਅਗਣਤਾ, ਵੇਦ ਕਤੇਬ ਨਾ ਭੇਵ ਖੁਲ੍ਹਾਇਆ । ਆਪੇ ਜਾਣੇ ਆਪਣੀ ਬਣਤਾ, ਆਪ ਆਪਣਾ ਨਾਮ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਨਿਰਗੁਣ ਚੇਲਾ ਨਿਰਗੁਣ ਗੁਰ ਨਿਰਗੁਣ ਧੁਰ ਨਿਰਗੁਣ ਰਿਹਾ ਜੁੜ, ਨਿਰਗੁਣ ਨਿਰਗੁਣ ਨਾਉਂ ਰਖਾਇਆ । ਨਿਰਗੁਣ ਰੰਗ ਨਿਰਗੁਣ ਸੰਗ, ਨਿਰਗੁਣ ਰੂਪ ਵਟਾਇੰਦਾ । ਨਿਰਗੁਣ ਬੈਠ ਸਚ ਪਲੰਘ, ਨਿਰਗੁਣ ਸੇਜ ਹੰਢਾਇੰਦਾ । ਨਿਰਗੁਣ ਮੰਗੇ ਸਾਚੀ ਮੰਗ, ਨਿਰਗੁਣ ਪੂਰ ਕਰਾਇੰਦਾ । ਨਿਰਗੁਣ ਰੂਪ ਨਿਰਗੁਣ ਰੰਗ, ਨਿਰਗੁਣ ਸਰਬੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰੋ ਨੂਰ ਆਪ ਉਪਾਇੰਦਾ । ਅਪਰ ਅਪਾਰਾ ਹਰਿ ਭਗਵਾਨ, ਏਕਾ ਰੰਗ ਰੰਗਾਈਆ । ਖੇਲੇ ਖੇਲ ਖੇਲ ਮਹਾਨ, ਖੇਲਣਹਾਰ ਵਡ ਵਡਿਆਈਆ । ਪਾਵੇ ਸਾਰ ਦੋ ਜਹਾਨ, ਦੋ ਜਹਾਨ ਵੱਜੇ ਵਧਾਈਆ । ਆਪੇ ਜਾਣੇ ਆਪਣਾ ਸਚ ਨਿਸ਼ਾਨ, ਆਪੇ ਰਿਹਾ ਝੁਲਾਈਆ । ਆਪੇ ਮਰਦ ਮਰਦਾਨਾ,

ਪਾਰਬ੍ਰਹਮ ਆਪ ਅਖਵਾਈਆ । ਆਪੇ ਜੋਧਾ ਸੂਰਬੀਰ ਸੁਲਤਾਨਾ, ਸ਼ਾਹੋ ਭੂਪ ਆਪ ਅਖਵਾਈਆ । ਆਪੇ ਕਿਲਾ ਕੋਟ ਗੜ੍ਹ ਮਕਾਨਾ, ਮੰਡਲ ਮੰਡਪ ਆਪ ਛੁਹਾਈਆ । ਆਪੇ ਰਵ ਸਸ ਹੋ ਪਰਧਾਨਾ, ਆਪਣੀ ਆਪ ਕਰੇ ਰੁਸ਼ਨਾਈਆ । ਆਪੇ ਧਰਤ ਧਵਲ ਵੇਖੇ ਮਾਰ ਧਿਆਨਾ, ਜਲ ਬਿੰਬ ਆਪ ਹੋ ਜਾਈਆ । ਆਪੇ ਵਸੇ ਆਪਣੇ ਸਚ ਮਕਾਨਾ, ਥਿਰ ਘਰ ਸਾਚਾ ਇਕ ਸੁਹਾਈਆ । ਆਪ ਉਪਾਏ ਆਪਣਾ ਧੁਰ ਫ਼ਰਮਾਣਾ, ਹਰਿ ਸੰਤਨ ਨਾਉਂ ਧਰਾਈਆ । ਸ਼ਬਦੀ ਸ਼ਬਦ ਸ਼ਬਦ ਨੌਜਵਾਨਾ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਸ਼ਬਦ ਸੁੱਤ ਸਚ ਦੁਲਾਰਾ, ਨਿਰਗੁਣ ਪੂਤ ਉਪਾਇਆ । ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਮੇਲ ਮਿਲਾਇਆ । ਧੁਨ ਅਨਾਦੀ ਇਕ ਜੈਕਾਰਾ, ਪੁਰਖ ਅਕਾਲ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪੇ ਧਰ, ਨੂਰੀ ਨੂਰ ਨੂਰ ਰਖਾਇਆ । ਨੂਰ ਉਪੰਨਾ ਸਾਚਾ ਪੂਤਾ, ਸਤਿ ਸਤਿਵਾਦ ਸਮਾਇਆ । ਪਾਵੇ ਸਾਰ ਚਾਰੇ ਕੂਟਾ, ਦਹਿ ਦਿਸ਼ਾ ਡੇਰਾ ਲਾਇਆ । ਥਿਰ ਘਰ ਲਗਾਏ ਸਾਚਾ ਬੂਟਾ, ਫਲ ਫੁਲਵਾੜੀ ਵੇਖ ਵਖਾਇਆ । ਆਪੇ ਦੇਵੇ ਆਪਣਾ ਹੂਟਾ, ਸਚ ਹੁਲਾਰਾ ਇਕ ਰਖਾਇਆ । ਅਬਿਨਾਸ਼ੀ ਕਰਤਾ ਆਪੇ ਤੁਠਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਇਕ ਉਪਾਇਆ । ਸ਼ਬਦ ਦੁਲਾਰਾ ਨੌਜਵਾਨ, ਸੋਹੇ ਸਚ ਦਵਾਰਿਆ । ਮੇਲ ਮਿਲਾਵਾ ਸ੍ਰੀ ਭਗਵਾਨ, ਏਕਾ ਰੰਗ ਰੰਗਾ ਲਿਆ । ਇਕ ਸੁਨੇਹੜਾ ਇਕ ਧੁਨਕਾਨ, ਏਕਾ ਰਾਗ ਅਲਾ ਰਿਹਾ । ਇਕ ਵਖਾਏ ਸਚ ਮਕਾਨ, ਬ੍ਰਹਿਮੰਡ ਇਕ ਵਖਾ ਰਿਹਾ । ਇਕ ਜਣਾਏ ਸਚ ਦੁਕਾਨ, ਚੌਦਾਂ ਲੋਕ ਹੱਟ ਖੁਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਾ ਰਿਹਾ । ਹਰਿ ਹਰਿ ਨਾਉਂ ਹਰਿ ਉਪੰਨਿਆ, ਪਾਰਬ੍ਰਹਮ ਵਡਿਆਈਆ । ਪੁਰਖ ਅਬਿਨਾਸ਼ੀ ਏਕਾ ਮੰਨਿਆ, ਆਪਣੀ ਕਰੇ ਜੋਤ ਰੁਸ਼ਨਾਈਆ । ਆਪੇ ਚਾੜ੍ਹੇ ਆਪਣਾ ਚੰਨਿਆ, ਰਵ ਸਸ ਸੇਵਾ ਲਾਈਆ । ਆਪਣਾ ਬੇੜਾ ਆਪੇ ਬੰਨਿਆ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਦਾਤਾ ਸੱਚਾ ਸ਼ਾਹ, ਏਕਾ ਏਕੰਕਾਰਿਆ । ਆਪ ਉਪਾਏ ਆਪਣਾ ਨਾਂ, ਆਪੇ ਸੁਣੇ ਪੁਕਾਰਿਆ । ਆਪ ਆਪਣੀ ਪਕੜੀ ਬਾਂਹ, ਆਪੇ ਦਏ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ । ਵੇਸ ਵਟਾਏ ਪੁਰਖ ਅਬਿਨਾਸ਼ਾ, ਆਪ ਆਪਣੀ ਕਲ ਧਾਰਿਆ । ਆਪਣਾ ਖੇਲੇ ਖੇਲ ਤਮਾਸ਼ਾ, ਆਦਿ ਅਨਾਦੀ ਇਕ ਅਵਤਾਰਿਆ । ਆਪਣੇ ਮੰਡਲ ਪਾਈ ਰਾਸਾ, ਸ਼ਾਹੋ ਭੂਪ ਸਚ ਸਿਕਦਾਰਿਆ । ਆਪਣੀ ਪੂਰੀ ਕਰੇ ਆਸਾ, ਆਪਣੀ ਇਛਿਆ ਭਿਛਿਆ ਇਕ ਵਖਾ ਰਿਹਾ । ਆਪ ਆਪਣਾ ਹੋਇਆ ਦਾਸੀ ਦਾਸਾ, ਸੇਵਕ ਸੇਵਾ ਆਪ ਕਮਾ ਰਿਹਾ । ਆਪ ਆਪਣੇ ਅੰਦਰ ਕੀਆ ਵਾਸਾ, ਵਾਸ ਨਿਵਾਸੀ ਆਪ ਅਖਵਾ ਰਿਹਾ । ਆਪ ਆਪਣਾ ਕਰ ਭਰਵਾਸਾ, ਆਪ ਆਪਣਾ ਇਸ਼ਟ ਮਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਵੇਖ ਵਖਾ ਰਿਹਾ । ਨਿਰਗੁਣ ਰੂਪ ਅਗੰਮ ਅਥਾਹ, ਹਰਿ ਆਪਣਾ ਆਪ ਉਪਾਇਆ । ਆਪੇ ਬਣਿਆ ਪਿਤਾ ਮਾਂ, ਆਪ ਆਪਣਾ ਸ਼ਬਦ ਉਪਾਇਆ । ਬ੍ਰਹਮਾ ਸ਼ਿਵ ਵਿਸ਼ਨ ਨਾਉਂ ਧਰਾ, ਆਪ ਆਪਣਾ ਰੰਗ ਰੰਗਾਇਆ । ਅੰਮ੍ਰਿਤ ਸਾਚਾ ਇਕ ਵਖਾ, ਸਾਚਾ ਜਲ ਸੁਹਾਇਆ । ਨਾਭੀ ਕਵਲੀ ਆਪ

ਲਗਾ, ਆਪੇ ਰੂਪ ਵਖਾਇਆ । ਕਵਲ ਕਵਲਾ ਲਏ ਫਲਾ, ਫਲ ਫੁਲਵਾੜੀ ਮੇਵਾ ਲਾਇਆ । ਏਕਾ ਰੂਪ ਰੂਪ ਵਟਾ, ਪਾਰਬ੍ਰਹਮ ਅੰਗ ਕਟਾਇਆ । ਅੰਗੀਕਾਰ ਆਪ ਅਖਵਾ, ਸਾਚਾ ਸੰਗੀ ਸੇਵ ਕਮਾਇਆ । ਬ੍ਰਹਮ ਬ੍ਰਹਮ ਹਰਿ ਨਾਉਂ ਧਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਧਾਰ ਚਲਾਇਆ । ਨਿਰਗੁਣ ਵੰਡੀ ਆਪਣੀ ਵੰਡ, ਆਪਣੇ ਹੱਥ ਰੱਖੀ ਵਡਿਆਈਆ । ਆਪਣਾ ਅੰਗ ਕੀਆ ਖੰਡ, ਬ੍ਰਹਿਮੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ, ਖੇਲਣਹਾਰ ਦਿਸ ਨਾ ਆਈਆ । ਇਕ ਬ੍ਰਹਮਾ ਇਕ ਅਕਾਰ, ਏਕਾ ਏਕ ਕਰਾਇੰਦਾ । ਇਕ ਕਵਲ ਇਕ ਪਿਆਰ, ਏਕਾ ਰੰਗ ਰੰਗਾਇੰਦਾ । ਏਕਾ ਸ਼ਬਦ ਇਕ ਜੈਕਾਰ, ਚਾਰੋਂ ਕੁੰਟ ਸੁਣਾਇੰਦਾ । ਦਹਿ ਦਿਸ਼ਾ ਇਕ ਆਧਾਰ, ਏਕਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਸ ਬੰਸ ਸਰਬੰਸ ਆਪ ਆਪਣਾ ਵੇਖ ਵਖਾਇੰਦਾ । ਆਪੇ ਬ੍ਰਹਮਾ ਅਤੀਤ, ਹਰਿ ਆਪਣਾ ਆਪ ਕਰਾਈਆ । ਆਪੇ ਬ੍ਰਹਮਾ ਕਮਲਾਪਤ, ਕੰਤ ਕੰਤੂਹਲ ਵਡ ਵਡਿਆਈਆ । ਆਪੇ ਜੋਤੀ ਆਪੇ ਸਤਿ, ਆਪੇ ਸਤਿ ਸਤਿ ਟਿਕਾਈਆ । ਆਪੇ ਬੂੰਦ ਆਪੇ ਰੱਤ, ਆਪੇ ਤੱਤ ਬਣਾਈਆ । ਆਪੇ ਬੀਜ ਆਪੇ ਵਤ, ਆਪੇ ਹਲ ਚਲਾਈਆ । ਆਪੇ ਵੇਖੇ ਆਪਣਾ ਖੇਤ, ਆਪੇ ਲਏ ਉਪਾਈਆ । ਆਪੇ ਕਰੇ ਆਪਣਾ ਹੇਤ, ਹਰਿ ਸਾਚੇ ਵਡ ਵਡਿਆਈਆ । ਆਪੇ ਵਸਿਆ ਨੇਤਨ ਨੇਤ, ਨਿਤ ਨਵਿਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਆਪੇ ਕਰ, ਨਿਰਗੁਣ ਨਿਰਗੁਣ ਸੰਗ ਨਿਭਾਈਆ । ਨਿਰਗੁਣ ਮੇਲਾ ਨਿਰਗੁਣ ਚੇਲਾ, ਨਿਰਗੁਣ ਗੁਰ ਅਵਤਾਰਿਆ । ਨਿਰਗੁਣ ਸਾਜਣ ਸੱਜਣ ਸੁਹੇਲਾ, ਨਿਰਗੁਣ ਪਾਵੇ ਸਾਰਿਆ । ਨਿਰਗੁਣ ਵਸੇ ਇਕ ਅਕੇਲਾ, ਨਿਰਗੁਣ ਵਿਸ਼ਨੂੰ ਰੂਪ ਵਟਾ ਲਿਆ । ਨਿਰਗੁਣ ਖੇਲ ਆਪਣਾ ਖੇਲਾ, ਹਰਿ ਪਾਰਬ੍ਰਹਮ ਰੂਪ ਵਟਾ ਲਿਆ । ਨਿਰਗੁਣ ਚਾੜ੍ਹੇ ਆਪਣਾ ਤੇਲਾ, ਆਦਿ ਨਿਰੰਜਣ ਸੰਗ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ ਆਪ ਆਪਣਾ ਕਰ ਪਸਾਰ, ਅਕਲ ਕਲ ਧਾਰੀ ਨਾਉਂ ਰਖਾ ਲਿਆ । ਨਿਰਗੁਣ ਵਲੀਆ ਨਿਰਗੁਣ ਛਲੀਆ, ਨਿਰਗੁਣ ਭੇਵ ਨਾ ਆਇਆ । ਨਿਰਗੁਣ ਵਸੇ ਉਚ ਮਹੱਲ ਅਟੱਲੀਆ, ਥਿਰ ਘਰ ਸਾਚਾ ਇਕ ਸੁਹਾਇਆ । ਨਿਰਗੁਣ ਜੋਧਾ ਸੂਰਬੀਰ ਵਡ ਬਲੀਆ, ਨਿਰਗੁਣ ਆਪਣੀ ਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਰਿਹਾ ਧਰਾਇਆ । ਪਾਰਬ੍ਰਹਮ ਹਰਿ ਆਪਣਾ ਅੰਗ ਕਟਾ, ਆਪਣੇ ਅੰਗ ਸਮਾਇਆ । ਏਕਾ ਬ੍ਰਹਮ ਖੋਲ੍ਹ ਹੱਟਾ, ਬ੍ਰਹਮੇ ਝੋਲੀ ਪਾਇਆ । ਸਾਚਾ ਸ਼ਬਦ ਲਾਏ ਸੱਟਾ, ਸਚ ਨਗਾਰਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਖੇਲ ਅਪਾਰਾ, ਆਪਣੀ ਦਇਆ ਕਮਾਇੰਦਾ । ਸ਼ਬਦੀ ਸ਼ਬਦ ਭਰ ਭੰਡਾਰਾ, ਬ੍ਰਹਮੇ ਮੁਖ ਸਲਾਹਿੰਦਾ । ਤ੍ਰੈਗੁਣ ਮਾਇਆ ਤੱਤ ਉਜਿਆਰਾ, ਕਰ ਕਿਰਪਾ ਆਪ ਉਠਾਇੰਦਾ । ਮਿਲਿਆ ਮੇਲਾ ਸਚ ਦਵਾਰਾ, ਦੋਹਾਂ ਮੇਲਾ ਇਕ ਵਖਾਇੰਦਾ । ਜੁੜਿਆ ਜੋੜ ਜੋੜ ਕਰਤਾਰਾ, ਸਾਚੀ ਜੋੜੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅਨਾਦੀ ਹਰਿ ਬ੍ਰਹਿਮਾਦੀ ਸ਼ਬਦ ਜੁਗਾਦੀ ਇਕ ਵਖਾਇੰਦਾ । ਆਦਿ ਜੁਗਾਦੀ ਸਾਚਾ ਢੋਲਾ, ਹਰਿ ਸ਼ਬਦੀ ਸ਼ਬਦ ਜਣਾਇਆ । ਪਾਰਬ੍ਰਹਮ ਬ੍ਰਹਮ ਰੂਪ ਹੋ ਬੋਲਾ, ਆਪ ਆਪਣਾ ਨਾਉਂ ਅਲਾਇਆ । ਪੁਰਖ ਅਕਾਲ ਬਣਿਆ ਤੋਲਾ, ਸਾਚਾ ਕੰਡਾ ਹੱਥ ਉਠਾਇਆ । ਆਪੇ ਚੁੱਕਿਆ ਆਪਣਾ

੨੬੭
੦੮

ਡੋਲਾ, ਆਪੇ ਰਿਹਾ ਫਿਰਾਇਆ । ਆਪਣੀ ਸ਼ਕਤੀ ਆਪੇ ਮੌਲਾ, ਫੁਲ ਫੁਲਵਾੜੀ ਵੇਖ ਵਖਾਇਆ । ਆਪ ਉਪਾਏ ਆਪਣੀ ਧਰਤੀ ਧਵਲ, ਜਲ ਬਿੰਬ ਆਪ ਤਰਾਇਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮੌਲਾ, ਤੱਤਵ ਤੱਤ ਆਪ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਨਾਉਂ ਧਰਾਇਆ । ਵਰ ਦਾਤਾ ਸ਼ਬਦ ਭੰਡਾਰੀ, ਹਰਿ ਸਾਚਾ ਆਪ ਅਖਵਾਇੰਦਾ । ਸੇਵਕ ਸੇਵਾ ਕਰੇ ਨਿਆਰੀ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਕਰ ਪਸਾਰੀ, ਘਟ ਘਟ ਆਸਣ ਲਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜੀ, ਲੋਕਮਾਤ ਰਾਹ ਚਲਾਇੰਦਾ । ਮਨ ਮਤ ਬੁਧ ਕਰ ਸ਼ਿੰਗਾਰੀ, ਨਿਰਗੁਣ ਵਿਚ ਟਿਕਾਇੰਦਾ । ਘਰ ਵਿਚ ਘਰ ਘਰ ਅਟਾਰੀ, ਘਰ ਸਾਚਾ ਆਪ ਸੁਹਾਇੰਦਾ । ਆਪੇ ਬੈਠਾ ਨਿਰਾਧਾਰੀ, ਨਿਰਗੁਣ ਵੇਸ ਵਟਾਇੰਦਾ । ਮਹੱਲ ਅਟੱਲ ਕਰ ਤਿਆਰੀ, ਆਪ ਆਪਣਾ ਆਸਣ ਲਾਇੰਦਾ । ਪੰਜ ਤੱਤ ਕਰ ਅਕਾਰਾ, ਹਰਿ ਸਾਚੀ ਬਣਤ ਬਣਾਈਆ । ਰਕਤ ਬੂੰਦ ਹੱਡ ਮਾਸ ਜੋ ਲਾਇਆ ਗਾਰਾ, ਕਾਇਆ ਮਹੱਲ ਇਕ ਬਣਾਈਆ । ਸਾਚਾ ਘਰ ਸੋਹੇ ਦਵਾਰਾ, ਹਰਿ ਸਾਚੀ ਰਚਨ ਰਚਾਈਆ । ਅੰਮ੍ਰਿਤ ਭਰਿਆ ਅਮਰ ਭੰਡਾਰਾ, ਆਪਣਾ ਤਾਲ ਸੁਹਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਅਨਹਦ ਤਾਲ ਵਜਾਈਆ । ਬਜਰ ਕਪਾਟੀ ਲਾਏ ਤਾਲਾ, ਤ੍ਰੈ ਤ੍ਰੈ ਲੇਖ ਲਿਖਾਈਆ । ਦਸਮ ਦਵਾਰੀ ਖੇਲ ਅਪਾਰਾ, ਨਿਝਰ ਧਾਰ ਆਪ ਚਲਾਈਆ । ਸਾਚੀ ਸੇਜਾ ਮੀਤ ਮੁਰਾਰਾ, ਬੈਠਾ ਆਸਣ ਲਾਈਆ । ਦਿਵਸ ਰੈਣ ਰਹੇ ਉਜਿਆਰਾ, ਅੱਠੇ ਪਹਿਰ ਡਗਮਗਾਈਆ । ਜੀਵ ਜੀਵ ਪਾਏ ਸਾਰਾ, ਆਤਮ ਆਤਮ ਸੰਗ ਨਿਭਾਈਆ । ਬ੍ਰਹਮਾ ਬ੍ਰਹਮ ਖੇਲ ਨਿਆਰਾ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਬਦ ਵਿਚੋਲਾ ਕਰ ਤਿਆਰਾ, ਲੋਕਮਾਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਏਕਾ ਏਕ ਅਖਵਾਈਆ । ਇਕ ਅਕੱਲਾ ਕਰ ਪਸਾਰ, ਏਕਾ ਏਕ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਕਰ ਤਿਆਰ, ਸਚ ਮਹੱਲਾ ਇਕ ਵਸਾਇੰਦਾ । ਸੱਤਾਂ ਦੀਪਾਂ ਏਕਾ ਧਾਰ, ਏਕਾ ਰੰਗ ਰੰਗਾਇੰਦਾ । ਨੌਂ ਦਸ ਗਿਆਰਾ, ਬੀਸ ਤੀਸ ਚਾਰ ਹੋ ਉਜਿਆਰ, ਲੱਖ ਚੁਰਾਸੀ ਡਗਮਗਾਇੰਦਾ । ਅੰਡਜ ਜੇਰਜ ਖ਼ਬਰਦਾਰ, ਉਤਭੁਜ ਸੇਤਜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਅੰਦਰ ਨਿਰਗੁਣ ਪਿਆਰ, ਲੋਕਮਾਤ ਵੱਜੇ ਵਧਾਈਆ । ਮਾਨਸ ਮਾਨੁਖ ਪਾਵੇ ਸਾਰ, ਦੇਵੇ ਮਾਣ ਵੱਡੀ ਵਡਿਆਈਆ । ਆਪ ਆਪਣਾ ਕਰ ਉਜਿਆਰ, ਆਪਣੀ ਕਰੇ ਆਪ ਰੁਸ਼ਨਾਈਆ । ਆਪੇ ਜੀਵ ਆਤਮ ਬ੍ਰਹਮ ਕਰ ਵਿਚਾਰ, ਪਾਰਬ੍ਰਹਮ ਆਪ ਅਖਵਾਈਆ । ਆਪ ਆਪਣਾ ਲਏ ਅਵਤਾਰ, ਆਪ ਆਪਣਾ ਰੂਪ ਵਟਾਈਆ । ਆਪੇ ਮਨ ਮਤ ਬੁਧ ਪਾਏ ਸਾਰ, ਆਪੇ ਘਟ ਘਟ ਖੋਜ ਖੋਜਾਈਆ । ਆਪੇ ਅਸਵ ਘੋੜੇ ਹੋ ਅਸਵਾਰ, ਲੋਆਂ ਪੁਰੀਆਂ ਰਿਹਾ ਦੌੜਾਈਆ । ਆਪੇ ਸ਼ਾਹੋ ਭੂਪ ਸੁਲਤਾਨ ਸੱਚੀ ਸਰਕਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਆਪੇ ਸ਼ਬਦ ਸੁਣਾਏ ਸੱਚੀ ਧੁਨਕਾਰ, ਧੁਰਦਰਗਾਹੀ ਨੂਰ ਅਲਾਹੀਆ । ਆਪੇ ਸੰਤ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਆਪੇ ਮਨ ਮਤ ਹੋਏ ਹੰਕਾਰ, ਪੰਚ ਵਿਕਾਰਾ ਆਪ ਅਖਵਾਈਆ । ਆਪੇ ਅੰਮ੍ਰਿਤ ਠੰਡੀ ਠਾਰ, ਅਗਨੀ ਤੱਤ ਆਪ ਹੋ ਜਾਈਆ । ਆਪੇ ਨਾਮ ਤੇਜ਼ ਕਟਾਰ, ਆਪੇ ਬੈਠਾ ਮੁਖ ਭਵਾਈਆ । ਆਪੇ ਪਾਏ ਸਭ ਦੀ ਸਾਰ, ਆਪੇ ਸੁੱਤਾ ਬੇਪਰਵਾਹੀਆ । ਆਪੇ ਇਕ ਅਕੱਲਾ ਏਕੰਕਾਰ, ਆਪੇ ਲੱਖ ਚੁਰਾਸੀ ਬੈਠਾ ਸੇਜ ਵਿਛਾਈਆ । ਆਪੇ ਜਾਣੇ ਆਪਣੀ ਧਾਰ, ਦੂਸਰ ਭੇਵ ਕੋਈ

੨੬੮
੦੮

ਨਾ ਪਾਈਆ । ਆਦਿਨ ਅੰਤਾ ਕਰ ਅਕਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਕਰਨੇ ਯੋਗ, ਏਕਾ ਏਕ ਅਖਵਾਇੰਦਾ । ਆਪੇ ਰਸੀਆ ਰਸ ਰਸ ਭੋਗ, ਭੋਗੀ ਭੋਗ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਜੋਗ, ਜੋਗ ਜੁਗਤ ਆਪ ਜਣਾਇੰਦਾ । ਆਪੇ ਹਰਖ ਆਪੇ ਸੋਗ, ਆਪੇ ਸਾਚਾ ਮਾਰਗ ਪਾਇੰਦਾ । ਆਪੇ ਹਉਮੇ ਆਪੇ ਰੋਗ, ਆਪੇ ਸਾਂਤਕ ਸਤਿ ਵਰਤਾਇੰਦਾ । ਆਪੇ ਦੇਵਣਹਾਰਾ ਦਰਸ ਅਮੋਘ, ਜੁਗ ਜੁਗ ਵੇਸ ਵਟਾਇੰਦਾ । ਆਪੇ ਦੇਵਣਹਾਰਾ ਮੋਖ, ਆਪ ਆਪਣੀ ਦਇਆ ਕਮਾਇੰਦਾ । ਆਪੇ ਸ਼ਬਦ ਆਪੇ ਜੋਗ, ਆਪੇ ਕਾਗੀ ਕਾਗ ਵਖਾਇੰਦਾ । ਆਪੇ ਵਸਣਹਾਰਾ ਚੌਦਾਂ ਲੋਕ, ਆਪੇ ਹੱਟੋ ਹੱਟ ਵਿਕਾਇੰਦਾ । ਆਪੇ ਦੇਵਣਹਾਰਾ ਮੋਖ, ਆਪੇ ਜੂਨੀ ਲੱਖ ਫਿਰਾਇੰਦਾ । ਆਪੇ ਸੁਨਾਵਣਹਾਰਾ ਸਚ ਸਲੋਕ, ਸ਼ਬਦ ਤਰਾਨਾ ਏਕਾ ਗਾਇੰਦਾ । ਆਪੇ ਲੱਖ ਚੁਰਾਸੀ ਦੇਵੇ ਝੋਕ, ਆਪੇ ਬ੍ਰਹਮਾ ਵਿਸ਼ਨ ਸ਼ਿਵ ਇਸ਼ਟ ਕਰਾਇੰਦਾ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਸਰਗੁਣ ਖੇਲ ਖਿਲਾਇੰਦਾ । ਸਰਗੁਣ ਮੇਲਾ ਸਾਚੀ ਕਾਰ, ਹਰਿ ਸਾਚਾ ਆਪ ਕਰਾਇੰਦਾ । ਇਕ ਅਕੱਲਾ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਜੀਆਂ ਜੰਤਾਂ ਦਏ ਆਧਾਰ, ਸਾਧਾਂ ਸੰਤਾਂ ਬੂਝ ਬੁਝਾਇੰਦਾ । ਭਗਤ ਭਗਤੀ ਇਕ ਪਿਆਰ, ਹਰਿ ਭਗਵਨ ਵੇਖ ਵਖਾਇੰਦਾ । ਜੁਗਾ ਜੁਗੰਤਾ ਹੋ ਉਜਿਆਰ, ਜੋਤੀ ਨੂਰ ਡਗਮਗਾਇੰਦਾ । ਕਰੇ ਕਰਾਏ ਖ਼ਬਰਦਾਰ, ਨਾਮ ਡੰਕਾ ਇਕ ਵਜਾਇੰਦਾ । ਰਾਓ ਰੰਕਾਂ ਇਕ ਵਿਚਾਰ, ਊਚ ਨੀਚ ਜ਼ਾਤ ਪਾਤ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਨਿਰਗੁਣ ਵੰਡੇ ਵੰਡ ਵਿਚ ਬ੍ਰਹਿਮੰਡ ਬ੍ਰਹਮੇ ਬ੍ਰਹਮ ਸੇਵ ਕਮਾਈਆ । ਜੁਗਾ ਜੁਗੰਤਰ ਚੁੱਕੇ ਪੈਂਡਾ ਸੀਸ ਆਪਣਾ ਹੱਥ ਟਿਕਾਈਆ । ਆਪੇ ਕਰੇ ਕਰਾਏ ਖੰਡ ਖੰਡ, ਖੜਗ ਖੰਡਾ ਹੱਥ ਚਮਕਾਈਆ । ਆਪੇ ਲੱਖ ਚੁਰਾਸੀ ਕਰੇ ਵੰਡ, ਆਪੇ ਕੰਤ ਸੁਹਾਗ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਏਕਾ ਧਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਸਰਗੁਣ ਮੇਲਾ ਸਾਚੇ ਦਰ, ਦਰ ਸਾਚੇ ਆਪ ਕਰਾਇਆ । ਬ੍ਰਹਮਾ ਵੇਤਾ ਆਪੇ ਵਰ, ਚਾਰੇ ਮੁਖ ਸਲਾਹਿਆ । ਏਕਾ ਅੱਖਰ ਰਿਹਾ ਪੜ੍ਹ, ਏਕਾ ਮੰਗਲ ਗਾਇਆ । ਏਕਾ ਅੰਦਰ ਗਿਆ ਵੜ, ਏਕਾ ਨਜ਼ਰੀ ਆਇਆ । ਏਕਾ ਲਾਵਣਹਾਰਾ ਜੜ, ਏਕਾ ਦਏ ਉਖੜਾਇਆ । ਏਕਾ ਤੋੜਨਹਾਰਾ ਗੜ੍ਹ, ਏਕਾ ਬੰਕ ਸੁਹਾਇਆ । ਏਕਾ ਫੜਾਇਆ ਸਾਚਾ ਲੜ, ਏਕਾ ਪੱਲੂ ਰਿਹਾ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੇਵੇ ਆਪਣਾ ਵਰ, ਚਾਰੇ ਵੇਦਾਂ ਵੇਖ ਵਖਾਇਆ । ਚਾਰੇ ਵੇਦਾਂ ਸਾਚੀ ਧਾਰ, ਹਰਿ ਸਾਚੇ ਸ਼ਬਦ ਸਲਾਹੀਆ । ਹੰ ਬ੍ਰਹਮ ਬ੍ਰਹਮ ਹੰ ਸੋਇਮ ਰੂਪ ਕਰਤਾਰ, ਪਾਰਬ੍ਰਹਮ ਵੇਖ ਵਖਾਈਆ । ਦੋਏ ਦੋਏ ਕਰ ਵਿਚਾਰ, ਤ੍ਰੈ ਲੋਕਨ ਬੂਝ ਬੁਝਾਈਆ । ਚੌਥੇ ਪਦ ਖ਼ਬਰਦਾਰ, ਪੰਚਮ ਜੋੜ ਜੁੜਾਈਆ । ਪੰਚਮ ਮੀਤਾ ਹੋ ਤਿਆਰ, ਚੌਥੇ ਬੈਠਾ ਡੇਰਾ ਲਾਈਆ । ਤਿੰਨਾਂ ਗੁਣਾਂ ਵਸਿਆ ਬਾਹਰ, ਰਜੋ ਤਮੋ ਸਤੋ ਨਾ ਕੋਈ ਪਰਨਾਈਆ । ਦੋ ਜਹਾਨਾਂ ਪਾਵੇ ਸਾਰ, ਦਿਸ ਕਿਸੇ ਨਾ ਆਈਆ । ਇਕ ਅਕੱਲਾ ਏਕੰਕਾਰ, ਆਪਣੀ ਕਲ ਰਿਹਾ ਵਰਤਾਈਆ । ਆਪੇ ਜਾਣੇ ਆਪਣਾ ਕਾਰ, ਆਪਣਾ ਹਿੱਸਾ ਆਪ ਕਰਾਈਆ । ਸਤਿਜੁਗ ਸਾਚੇ ਹੋ ਉਜਿਆਰ, ਸਾਚੀ ਸਿਖਿਆ ਇਕ ਪੜ੍ਹਾਈਆ । ਸੋਇਮ ਰੂਪ ਨਿਰਾਕਾਰ, ਓਮ ਓਮ ਆਪ

ਅਖਵਾਈਆ । ਹੰ ਬ੍ਰਹਮ ਕਰ ਤਿਆਰ, ਆਪ ਆਪਣਾ ਰੂਪ ਦਰਸਾਈਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਾਚੀ ਸਿਖਿਆ ਇਕ ਸਮਝਾਈਆ । ਸੋਹੰ ਸ਼ਬਦ ਅਪਰ ਅਪਾਰ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਸਾਚਾ ਦਾਤਾ, ਏਕਾ ਰੰਗ ਅਖਵਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਗਿਆਤਾ, ਏਕਾ ਗਿਆਨ ਦ੍ਰਿੜਾਇੰਦਾ । ਲੱਖ ਚੁਰਾਸੀ ਰਚਿਆ ਕਾਜਾ, ਦਿਵਸ ਰੈਣ ਵੇਖ ਵਖਾਇੰਦਾ । ਨਾ ਆਪਣਾ ਖੋਲ੍ਹੇ ਆਪੇ ਤਾਕਾ, ਨਾ ਦੂਸਰ ਕੋਈ ਖੁਲ੍ਹਾਇੰਦਾ । ਸ਼ਬਦ ਅਗੰਮੀ ਸਾਚਾ ਵਾਕਾ, ਸਾਚਾ ਢੋਲਾ ਇਕ ਸੁਣਾਇੰਦਾ । ਸਤਿ ਸਰੂਪੀ ਏਕਾ ਰਾਕਾ, ਚਿੱਟਾ ਅਸਵ ਆਪ ਦੌੜਾਇੰਦਾ । ਲੱਖ ਚੁਰਾਸੀ ਸੱਜਣ ਸਾਕਾ, ਘਟ ਘਟ ਵੇਖ ਵਖਾਇੰਦਾ । ਜੁਗ ਜੁਗ ਲਹਿਣਾ ਦੇਣਾ ਦੇਵੇ ਬਾਕਾ, ਪਿਛਲਾ ਹਿਸਾਬ ਮੁਕਾਇੰਦਾ । ਆਪੇ ਅਰਸ਼ ਫਰਸ਼ ਖ਼ਾਕੀ ਖ਼ਾਕਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਵਰ, ਸਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਖੇਲ ਹਰਿ ਹਰਿ ਕੀਨਾ, ਲੇਖਾ ਲਿਖਤ ਵਿਚ ਨਾ ਆਇਆ । ਆਪਣੇ ਘਰ ਦਾਨਾ ਬੀਨਾ, ਬੀਨਾ ਦਾਨਾ ਨਾਉਂ ਧਰਾਇਆ । ਰਸਨਾ ਜੇਹਵਾ ਜਿਸ ਜਨ ਚੀਨਾ, ਕਰ ਕਿਰਪਾ ਪਾਰ ਕਰਾਇਆ । ਭਗਤ ਭਗਵੰਤ ਨਾ ਹੋਏ ਵਿਛੋੜਾ ਜਿਉਂ ਜਲ ਮੀਨਾ, ਜਲ ਜਲ ਧਾਰਾ ਆਪ ਸਮਾਇਆ । ਆਪੇ ਵਸਿਆ ਲੋਕ ਤੀਨਾ, ਚੌਦਾਂ ਲੋਕਾਂ ਹੱਟ ਵਖਾਇਆ । ਆਪੇ ਹੋਏ ਰੰਗ ਰੰਗੀਲਾ ਮੋਹਣ ਮਾਧਵ ਭੀਨਾ, ਦਰ ਦਰ ਬੈਠਾ ਅਲੱਖ ਜਗਾਇਆ । ਆਪੇ ਮਰਨਾ ਆਪੇ ਜੀਨਾ, ਅਜੂਨੀ ਰਹਿਤ ਨਾਮ ਧਰਾਇਆ । ਆਪੇ ਕਰੇ ਠੰਡਾ ਸੀਨਾ, ਆਪੇ ਅਗਨੀ ਤੱਤ ਜਲਾਇਆ । ਆਪੇ ਆਪ ਆਪਣਾ ਆਪ ਵੱਖ ਕੀਨਾ, ਆਪੇ ਬ੍ਰਹਮ ਪਾਰਬ੍ਰਹਮ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੁਗ ਜੁਗ ਖੇਲ ਖਿਲੰਦੜਾ, ਪਾਰਬ੍ਰਹਮ ਕਰਤਾਰ । ਜੋਤੀ ਨੂਰ ਜੋਤ ਜਗੰਦੜਾ, ਲੋਕਮਾਤ ਪਾਵੇ ਸਾਰ । ਗੁਰ ਅਵਤਾਰ ਆਪ ਅਖਵੰਦੜਾ, ਪੰਜ ਤੱਤ ਕਰ ਅਕਾਰ । ਸਚ ਨਗਾਰਾ ਇਕ ਵਜੰਦੜਾ, ਸਾਧਾਂ ਸੰਤਾਂ ਕਰੇ ਖ਼ਬਰਦਾਰ । ਦਰਗਹਿ ਸਾਚੀ ਧਾਮ ਸੁਹੰਦੜਾ, ਸਚਖੰਡ ਬੈਠਾ ਆਸਣ ਡਾਰ । ਰਸ ਆਤਮ ਵੇਖ ਵਖੰਦੜਾ, ਮੇਟ ਮਿਟਾਏ ਧੂੰਆਂਧਾਰ । ਹਰਿਜਨ ਸਾਚੇ ਮੇਲ ਮਿਲੰਦੜਾ, ਮੇਲ ਮਿਲਾਵਾ ਦਸਮ ਦਵਾਰ । ਆਤਮ ਸਾਚੀ ਸੇਜ ਸੁਹੰਦੜਾ, ਘਰ ਬੈਠਾ ਮੀਤ ਮੁਰਾਰ । ਅੰਮ੍ਰਿਤ ਆਤਮ ਜਾਮ ਪਿਲੰਦੜਾ, ਦੇਵੇ ਸੀਰ ਠੰਡਾ ਠਾਰ । ਹਰਿ ਸਾਚਾ ਰਾਗ ਸੁਨੰਦੜਾ, ਗੀਤ ਸੁਹਾਗੀ ਗਾਏ ਵਾਰੋ ਵਾਰ । ਪੰਚ ਵਿਕਾਰਾ ਮੇਟ ਮਿਟੰਦੜਾ, ਮਾਰੇ ਖੰਡਾ ਨਾਮ ਕਟਾਰ । ਬੁਧ ਬਿਬੇਕ ਆਪ ਕਰੰਦੜਾ, ਜਿਸ ਜਨ ਬਖ਼ਸ਼ੇ ਆਪ ਪਿਆਰ । ਮਤ ਮਤਵਾਲੀ ਮੋਹ ਚੁਕੰਦੜਾ, ਮਿਟੇ ਮੋਹ ਹੰਕਾਰ । ਮਨ ਆਪਣੇ ਸ਼ਬਦ ਬੰਧੜਾ, ਬੰਧਨ ਪਾਏ ਨਿਰਗੁਣ ਧਾਰ । ਦਹਿ ਦਿਸ਼ਾ ਵੇਖ ਵਖੰਦੜਾ, ਚਾਰ ਕੁੰਟ ਨਾ ਹਾਹਾਕਾਰ । ਗੁਰਮੁਖ ਸੋਏ ਆਪ ਉਠੰਦੜਾ, ਗੁਰ ਪੂਰਾ ਇਕ ਅਵਤਾਰ । ਦਰਗਹਿ ਸਾਚੀ ਧਾਮ ਸੁਹੰਦੜਾ, ਨਿਰਗੁਣ ਬਾਤੀ ਜੋਤ ਉਜਿਆਰ । ਜੁਗ ਜੁਗ ਦਾਤਾ ਵੇਸ ਵਟੰਦੜਾ, ਸਤਿਜੁਗ ਬੇੜਾ ਹੋਇਆ ਪਾਰ । ਤ੍ਰੇਤਾ ਧਰਤ ਮਾਤ ਦੀ ਗੋਦ ਬਿਠੰਦੜਾ, ਆਪ ਆਪਣੀ ਕਿਰਪਾ ਧਾਰ । ਤ੍ਰੀਆ ਵੇਸ ਆਪ ਵਟੰਦੜਾ, ਆਪੇ ਪੁਰਖ ਆਪੇ ਨਾਰ । ਰਾਮ ਰਾਮ ਆਪ ਅਖਵੰਦੜਾ, ਨਾਮ ਨਾਮ ਜੈਕਾਰ । ਲੰਕਾ ਗੜ੍ਹ ਆਪ ਸੁਹੰਦੜਾ, ਆਪੇ ਰਾਵਣ ਕਰ ਤਿਆਰ । ਆਪੇ ਤੀਰ ਕਮਾਨ ਉਠੰਦੜਾ, ਆਪੇ ਸ਼ਸਤਰ ਬਸਤਰ ਤੇਜ਼ ਕਟਾਰ । ਜੋਧਾ ਸੂਰਬੀਰ ਆਪ ਅਖਵੰਦੜਾ,

੨੭੦
੦t

ਆਪੇ ਦਰ ਦਰ ਹੋਏ ਖੁਵਾਰ । ਆਪੇ ਗਰੀਬ ਨਿਮਾਣੇ ਵੇਖ ਵਖੰਦੜਾ, ਭਗਤ ਭਗਵੰਤ ਮੀਤ ਮੁਰਾਰ । ਤ੍ਰੇਤਾ ਤੇਰਾ ਲੇਖ ਚੁਕੰਦੜਾ, ਹਰਿ ਹਰਿ ਪਾਵਣਹਾਰਾ ਸਾਰ । ਦੁਆਪਰ ਸਾਚੀ ਸੇਜ ਸੁਹੰਦੜਾ, ਲੋਕਮਾਤ ਕਰੇ ਉਜਿਆਰ । ਵੇਦ ਵਿਆਸਾ ਲੇਖ ਲਿਖੰਦੜਾ, ਆਪੇ ਜਾਣੇ ਆਪਣੀ ਕਾਰ । ਪੁਰਾਨ ਅਠਾਰਾਂ ਲੇਖ ਲਿਖੰਦੜਾ, ਲੱਖ ਚਾਰ ਹਜ਼ਾਰ ਸਤਾਰ । ਏਕਾ ਦੀਪਕ ਦੀਪ ਜਗੰਦੜਾ, ਜੋਤੀ ਨੂਰ ਨੂਰ ਉਜਿਆਰ । ਮੁਕੰਦ ਮਨੋਹਰ ਨਾਮ ਰਖੰਦੜਾ, ਲੱਖਮੀ ਨਰਾਇਣ ਨਾਮ ਉਜਿਆਰ । ਨਾਮ ਬੰਸਰੀ ਇਕ ਵਜੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਾਣੇ ਆਪਣੀ ਕਾਰ । ਜੁਗ ਜੁਗ ਆਪਣੀ ਕਾਰ ਕਮਾਏ, ਹਰਿ ਸਾਚੇ ਹੱਥ ਵਡਿਆਈਆ । ਨਿਰਗੁਣ ਨੂਰ ਡਗਮਗਾਏ, ਸਰਗੁਣ ਕਰ ਰੁਸ਼ਨਾਈਆ । ਸਰਗੁਣ ਕਾਇਆ ਰਥ ਚਲਾਏ, ਵਡ ਦਾਤਾ ਬੇਪਰਵਾਹੀਆ । ਸ੍ਰਿਸ਼ਟ ਸਬਾਈ ਮਥ ਵਖਾਏ, ਏਕਾ ਅਰਜਨ ਮੁਖ ਸਲਾਹੀਆ । ਕਲਜੁਗ ਅੰਤਮ ਵੇਖ ਵਖਾਏ, ਆਪ ਆਪਣੀ ਕਲ ਵਰਤਾਈਆ । ਕੂੜ ਕੁੜਿਆਰਾ ਸੰਗ ਰਲਾਏ, ਚਾਰੋਂ ਕੁੰਟ ਝੂਠੀ ਛਾਹੀਆ । ਈਸਾ ਮੂਸਾ ਆਪ ਉਪਾਏ, ਆਪ ਆਪਣੀ ਕਰੇ ਪੜ੍ਹਾਈਆ । ਨੂਰ ਅਲਾਹੀ ਆਪਣਾ ਨਾਉਂ ਧਰਾਏ, ਏਕਾ ਨਾਅਰਾ ਲਾਈਆ । ਸੰਗ ਮੁਹੰਮਦ ਚਾਰ ਯਾਰ ਰਲਾਏ, ਅੱਲਾ ਰਾਣੀ ਦਏ ਸਲਾਹੀਆ । ਹੱਕ ਹਕੀਕਤ ਵੇਖ ਵਖਾਏ, ਬੇਐਬ ਪਰਵਰਦਿਗਾਰ ਖ਼ੁਦਾਈਆ । ਏਕਾ ਕਲਮਾ ਨਬੀ ਪੜ੍ਹਾਏ, ਏਕਾ ਆਇਤ ਸੁਣਾਈਆ । ਸ਼ਰਅ ਸ਼ਰੀਅਤ ਇਕ ਸੁਣਾਏ, ਸਚ ਹਦੀਸ ਇਕ ਵਖਾਈਆ । ਕਾਇਨਾਤ ਆਪ ਜਗਾਏ, ਕਾਇਆ ਕਾਅਬਾ ਖੋਜ ਖੁਜਾਈਆ । ਦੋ ਦੋ ਆਬਾ ਮੇਲ ਮਿਲਾਏ, ਦਸਤਗੀਰ ਵਡ ਵਡਿਆਈਆ । ਸ਼ਾਹ ਹਕੀਰ ਫ਼ਕੀਰ ਵੇਖ ਵਖਾਏ, ਅਹਿਬਾਬ ਰਬਾਬ ਵਜਾਈਆ । ਅੰਜੀਲ ਕੁਰਾਨਾ ਲੇਖ ਲਿਖਾਏ, ਤੀਸ ਬਤੀਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਕਰਾਈਆ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਇੰਦਾ । ਪੰਜ ਤੱਤ ਕਰ ਪਿਆਰ, ਨਾਨਕ ਨਾਉਂ ਰਖਾਇੰਦਾ । ਮਿਲਿਆ ਮੇਲ ਧੁਰ ਦਰਬਾਰ, ਦਰ ਦਵਾਰ ਇਕ ਸੁਹਾਇੰਦਾ । ਏਕਾ ਬ੍ਰਹਮ ਪ੍ਰਭ ਕਰ ਪਸਾਰ, ਸਾਚਾ ਸਗਨ ਮਨਾਇੰਦਾ । ਪੁਰਖ ਅਕਾਲ ਕੰਤ ਭਤਾਰ, ਨਾਰੀ ਸਾਚੀ ਸੇਜ ਹੰਢਾਇੰਦਾ । ਅੰਗੀਕਾਰ ਕਰੇ ਅਪਾਰ, ਆਪ ਆਪਣੇ ਅੰਕ ਸਮਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਸਾਚਾ ਰਾਗ ਅਲਾਇੰਦਾ । ਆਪ ਸੁਹਾਏ ਸਚ ਦਰਬਾਰ, ਹਰਿ ਸਤਿ ਪੁਰਖ ਨਿਰੰਜਣ ਵੇਖ ਵਖਾਇੰਦਾ । ਪਾਇਆ ਪੁਰਖ ਅਗੰਮ ਅਪਾਰ, ਨਾਨਕ ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਨਾਨਕ ਮੇਲਾ ਧੁਰ ਦਰਗਾਹ, ਨਿਰਗੁਣ ਨਿਰਗੁਣ ਆਪ ਕਰਾਇਆ । ਪੁਰਖ ਅਬਿਨਾਸ਼ੀ ਬਣ ਮਲਾਹ, ਆਪਣਾ ਮੇਲ ਮਿਲਾਇਆ । ਸਾਚੀ ਦੇਵੇ ਸ਼ਬਦ ਸਲਾਹ, ਸਾਚਾ ਮੰਤਰ ਇਕ ਦ੍ਰਿੜਾਇਆ । ਨਾਮ ਸਤਿ ਝੋਲੀ ਪਾ, ਜਗਤ ਭੰਡਾਰ ਭਰਾਇਆ । ਚਾਰ ਵਰਨਾਂ ਰਾਹੇ ਪਾ, ਏਕਾ ਮਾਰਗ ਰਿਹਾ ਵਖਾਇਆ । ਊਚਾਂ ਨੀਚਾਂ ਮੇਟ ਮਿਟਾ, ਰਾਓ ਰੰਕਾਂ ਏਕਾ ਧਾਮ ਬਹਾਇਆ । ਸਚ ਸੁਨੇਹੜਾ ਰਿਹਾ ਸੁਣਾ, ਰਸਨਾ ਢੋਲਾ ਏਕਾ ਗਾਇਆ । ਸੋ ਪੁਰਖ ਨਿਰੰਜਣ ਦਰਸ ਪਾ, ਆਪ ਆਪਣਾ ਮੂਲ ਚੁਕਾਇਆ । ਨਾਨਕ ਮਿਲਿਆ ਬੇਪਰਵਾਹ, ਘਰ ਸਾਚੇ ਵੱਜੀ ਵਧਾਇਆ । ਏਕਾ ਅੱਖਰ ਰਿਹਾ ਗਾ, ਏਕਾ ਨਾਮ ਧਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਸਾਚੇ ਦਰ, ਘਰ ਸੁਹੰਜਣਾ ਇਕ ਸੁਹਾਇਆ । ਨਾਨਕ ਮੇਲਾ ਸਚ ਘਰ, ਘਰ ਸਾਚੇ ਵੱਜੀ ਵਧਾਈਆ । ਧੁਰ

੨੭੧
੦੮

ਫ਼ਰਮਾਣਾ ਮਿਲਿਆ ਵਰ, ਦਰ ਸਾਚੇ ਸੋਭਾ ਪਾਈਆ । ਤੇਰਾ ਮੇਰਾ ਨਾਤਾ ਨਾਰੀ ਨਰ, ਨਰ ਨਰਾਇਣ ਆਪ ਸੁਣਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਪਣੀ ਗੋਦ ਬਿਠਾਈਆ । ਨਾਨਕ ਮੇਲਾ ਹਰੀ ਹਰਿ, ਹਰਿ ਹਰਿ ਗੁਣ ਆਪੇ ਗਾਈਆ । ਸੋਹੰ ਸ਼ਬਦ ਏਕਾ ਪੜ੍ਹ, ਤੇਰਾ ਤੇਰਾ ਤੇਰੇ ਵਿਚ ਸਮਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ, ਅਧਵਿਚਕਾਰ ਨਾ ਕੋਈ ਟਿਕਾਈਆ । ਏਕਾ ਫੜਿਆ ਤੇਰਾ ਲੜ, ਦੂਸਰ ਦਰ ਨਾ ਕੋਈ ਜਣਾਈਆ । ਅਬਿਨਾਸ਼ੀ ਕਰਤਾ ਕਿਰਪਾ ਕਰ, ਆਪ ਆਪਣੀ ਦਏ ਵਡਿਆਈਆ । ਸਤਿਨਾਮ ਭੰਡਾਰਾ ਭਰ, ਸਿਰ ਸਮਰਥ ਹੱਥ ਟਿਕਾਈਆ । ਲੋਕਮਾਤ ਖੁਲ੍ਹੌਣਾ ਦਰ, ਸਾਚਾ ਵਣਜ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਸਾਚਾ ਵਰ, ਧਰਤ ਮਾਤ ਖ਼ੁਸ਼ੀ ਮਨਾਈਆ । ਧਰਤ ਧਵਲ ਖ਼ੁਸ਼ੀ ਮਨਾ, ਆਪਣਾ ਗੀਤ ਅਲਾਇੰਦਾ । ਅੱਲਾ ਰਾਣੀ ਨਾਅਰਾ ਲਾ, ਐਨਲਹੱਕ ਸੁਣਾਇੰਦਾ । ਏਕਾ ਕਲਮਾ ਨਬੀ ਪੜ੍ਹਾ, ਹੱਕ ਹਕੀਕਤ ਵੰਡ ਵੰਡਾਇੰਦਾ । ਨਾਨਕ ਨਿਰਗੁਣ ਸ਼ਬਦ ਦ੍ਰਿੜ੍ਹਾ, ਸਾਚੀ ਸਿਖਿਆ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸਾਚਾ ਨਾਮ ਸਤਿ ਦਿਤਾ ਧਰ, ਸਤਿ ਸਤਿ ਖੇਲ ਖਿਲਾਇੰਦਾ । ਨਾਮ ਸਤਿ ਜਗਤ ਵਣਜਾਰਾ, ਲੋਕਮਾਤੀ ਹੱਟ ਖੁਲ੍ਹਾਇਆ । ਨਾਨਕ ਬੋਲੇ ਤੋਲੇ ਤੇਰਾਂ ਧਾਰ, ਤੇਰਾ ਤੇਰੀ ਝੋਲੀ ਪਾਇਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਨਾਉਂ ਧਰਾਇਆ । ਗੋਬਿੰਦ ਸੂਰਾ ਵਡ ਬਲਕਾਰ, ਸਾਚਾ ਖੰਡਾ ਹੱਥ ਚਮਕਾਇਆ । ਭੇਖ ਪਖੰਡਾ ਕਰੇ ਖ਼ਵਾਰ ਬ੍ਰਹਿਮੰਡਾਂ ਏਕਾ ਡੰਡਾ ਹੱਥ ਫੜਾਇਆ । ਚੰਡ ਪਰਚੰਡ ਕਰ ਤਿਆਰ, ਤਿਖੀ ਧਾਰ ਇਕ ਜਣਾਇਆ । ਚਾਰ ਯਾਰੀ ਕਰ ਖੁਵਾਰ, ਪੰਚ ਪਿਆਰਾ ਮੇਲ ਮਿਲਾਇਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਇਕੀਸ ਸੀਸ ਜਗਦੀਸ ਸੁਹਾਇਆ । ਪੰਜ ਤੱਤ ਕਰ ਪਿਆਰ, ਪੰਚਮ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪੇ ਕਰ, ਜੁਗ ਜੁਗ ਖੇਲ ਖਿਲਾਇਆ । ਗੋਬਿੰਦ ਚੇਲਾ ਹਰਿ ਕਰਤਾਰ, ਸਾਚਾ ਸੁੱਤ ਅਖਵਾਇੰਦਾ । ਗੁਣੀ ਗੁਹੇਲਾ ਗਹਿਰ ਗੰਭੀਰ ਪਾਵੇ ਸਾਰ, ਸਾਚੀ ਧਾਰ ਵੇਖ ਵਖਾਇੰਦਾ । ਆਪੇ ਆਪਾ ਆਪੇ ਵਾਰ, ਆਪ ਆਪਾ ਮੇਲ ਮਿਲਾਇੰਦਾ । ਮੰਗੇ ਮੰਗ ਧੁਰ ਦਰਬਾਰ, ਪੁਰਖ ਅਕਾਲਾ ਇਕ ਧਿਆਇੰਦਾ । ਦੀਨ ਦਿਆਲਾ ਖ਼ਬਰਦਾਰ, ਸਚ ਸੁਨੇਹੜਾ ਸ਼ਬਦ ਜਣਾਇੰਦਾ । ਜੋਤ ਉਜਾਲਾ ਵਿਚ ਸੰਸਾਰ, ਨੂਰੋ ਨੂਰ ਡਗਮਗਾਇੰਦਾ । ਕਰੇ ਪ੍ਰਿਤਪਾਲਾ ਆਪ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੋਬਿੰਦ ਏਕਾ ਘਰ, ਏਕਾ ਦਰ ਸੁਹਾਇੰਦਾ । ਏਕਾ ਘਰ ਇਕ ਦਰਵਾਜਾ, ਏਕਾ ਧਾਮ ਸੁਹਾਈਆ । ਏਕਾ ਅਸਵ ਏਕਾ ਤਾਜਾ, ਏਕਾ ਰਿਹਾ ਦੌੜਾਈਆ । ਇਕ ਸੁਲਤਾਨ ਏਕਾ ਰਾਜਾ, ਸ਼ਾਹੋ ਭੂਪ ਇਕ ਅਖਵਾਈਆ । ਏਕਾ ਦਾਨੀ ਗਰੀਬ ਨਿਵਾਜਾ, ਗਰੀਬ ਨਿਮਾਣੇ ਗਲੇ ਲਗਾਈਆ । ਨਾਨਕ ਗੋਬਿੰਦ ਮਾਰੇ ਵਾਜਾ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਕੂੜਾ ਹੋਇਆ ਕਾਜਾ, ਕੂੜੀ ਦਿਸੇ ਛਾਹੀਆ । ਪੁਰਖ ਅਕਾਲ ਤੇਰਾ ਸਾਜਣ ਸਾਜਾ, ਤੇਰੀ ਤੇਰੇ ਹੱਥ ਵਡਿਆਈਆ । ਅੰਤਮ ਰੱਖੇ ਕੌਣ ਲਾਜਾ, ਜਨ ਭਗਤਾਂ ਕਵਣ ਤਰਾਈਆ । ਪਾਰਬ੍ਰਹਮ ਸ਼ਬਦ ਅਨਾਦੀ ਮਾਰ ਵਾਜਾ, ਏਕਾ ਸ਼ਬਦ ਸੁਨੇਹੜਾ ਰਿਹਾ ਗਾਈਆ । ਕਲਜੁਗ ਅੰਤਮ ਪਰਗਟ ਹੋਏ ਦੇਸ ਮਾਝਾ, ਨਿਹਕਲੰਕਾ ਨਾਉਂ ਰਖਾਈਆ । ਸਾਢੇ ਤਿੰਨ ਹੱਥ ਨਗਰੀ ਸਚ ਜਹਾਜਾ, ਸੰਬਲ ਮੇਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ

੨੭੨ ੦੮

ਜੁਗ ਵੇਸ ਆਪਣਾ ਕਰ, ਆਪਣੇ ਹੱਥ ਰੱਖੀ ਵਡਿਆਈਆ । ਸੰਬਲ ਨਗਰੀ ਸਚ ਟਿਕਾਨਾ, ਹਰਿ ਸਾਚੇ ਸਚ ਜਣਾਇਆ । ਸਤਿ ਸਰੂਪੀ ਇਕ ਬਿਬਾਨਾ, ਹਰਿ ਆਪਣਾ ਆਪ ਉਪਾਇਆ । ਆਪੇ ਜਾਣੇ ਆਪਣੇ ਭਾਣਾ, ਆਪਣੇ ਭਾਣੇ ਆਪ ਸਮਾਇਆ । ਕਿਸੇ ਹੱਥ ਨਾ ਆਏ ਰਾਜੇ ਰਾਣਾ, ਰਾਜ ਰਾਜਾਨਾ ਦਿਸ ਨਾ ਆਇਆ । ਲੇਖਾ ਲਿਖ ਨਾ ਸਕੇ ਕੋਈ ਸੁਘੜ ਸਿਆਣਾ, ਵੇਦ ਕਤੇਬ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਸੰਬਲ ਨਗਰੀ ਸਚ ਮਕਾਨ, ਸਾਚੀ ਜੋਤ ਕਰੇ ਰੁਸ਼ਨਾਈਆ । ਗੋਬਿੰਦ ਜੋਧਾ ਸੂਰਬੀਰ ਬਲੀ ਬਲਵਾਨ, ਸ਼ਬਦ ਖੰਡਾ ਹੱਥ ਉਠਾਈਆ । ਰਸਨਾ ਚਿੱਲਾ ਤੀਰ ਕਮਾਨ, ਨਾਉਂ ਨਿਰੰਕਾਰਾ ਇਕ ਚਲਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਕਰੋੜ ਤੇਤੀਸਾ ਬਾਲ ਨਿਧਾਨ, ਸੁਰਪਤ ਰਾਜਾ ਇੰਦ ਦਏ ਹਿਲਾਈਆ । ਨੌ ਖੰਡ ਪ੍ਰਿਥਮੀ ਵੇਖ ਦੁਕਾਨ, ਸੱਤਾਂ ਦੀਪਾਂ ਖੋਜ ਖੋਜਾਈਆ । ਰਵ ਸਸ ਕਰੇ ਪੁਣ ਛਾਣ, ਮੰਡਲ ਮੰਡਪ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਘਰ ਘਰ ਖੋਜੇ ਬੇਪਰਵਾਹੀਆ । ਜੂਠ ਝੂਠ ਵੇਖ ਨਿਸ਼ਾਨ, ਪਰਗਟ ਹੋਏ ਬੇਪਰਵਾਹੀਆ । ਸਾਢੇ ਤਿੰਨ ਹੱਥ ਦਿਸੇ ਸਚ ਮਕਾਨ, ਸੰਬਲ ਨਗਰੀ ਨਾਉਂ ਰਖਾਈਆ । ਪੰਡਤ ਪਾਂਧੇ ਬਹਿ ਬਹਿ ਗਾਣ, ਪੂਤ ਸਪੂਤਾ ਬ੍ਰਹਿਮਣ ਗੌੜਾ ਦਿਸ ਨਾ ਆਈਆ । ਕਿਸੇ ਹੱਥ ਨਾ ਆਏ ਜਗਤ ਵਿਦਵਾਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਤੀਰਥ ਤਟ ਰਹੇ ਛਾਣ, ਜਲ ਵਰੋਲੇ ਲਾਲ ਹੱਥ ਨਾ ਆਈਆ । ਦੀਨ ਦਿਆਲ ਆਪਣੇ ਕੰਡੇ ਆਪੇ ਤੋਲੇ, ਗੁਰਮੁਖ ਸਾਚੇ ਲਏ ਚੜ੍ਹਾਈਆ । ਮੇਲ ਮਿਲਾਏ ਕਾਇਆ ਮੰਦਰ ਕਾਇਆ ਮਾਟੀ ਚੋਲੇ, ਗੁਰਦਰ ਮੰਦਰ ਮਸਜਿਦ ਵੇਖ ਵਖਾਈਆ । ਲੱਖ ਚੁਰਾਸੀ ਪੜਦਾ ਆਪੇ ਫੋਲੇ, ਲਹਿਣਾ ਦੇਣਾ ਰਿਹਾ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਉਂ ਰਖਾਈਆ ।

## ੧੪ ਫੱਗਣ ੨੦੧੫ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ

ਹਰਿ ਸੱਜਣ ਸਤਿਗੁਰ ਮਿਹਰਵਾਨ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਆਦਿ ਜੁਗਾਦੀ ਖੇਲੇ ਖੇਲ ਦੋ ਜਹਾਨ, ਵੇਖ ਵਖਾਏ ਪ੍ਰਿਥਮੀ ਅਕਾਸ਼ਿਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਪਾਵੇ ਸਾਚੀ ਰਾਸਿਆ । ਲੱਖ ਚੁਰਾਸੀ ਜਾਣੀ ਜਾਣ, ਘਟ ਘਟ ਅੰਦਰ ਰੱਖੇ ਵਾਸਿਆ । ਆਦਿ ਜੁਗਾਦੀ ਖੇਲ ਮਹਾਨ, ਭੇਵ ਅਭੇਦ ਇਕ ਵਖਾਸਿਆ । ਧੁਰਦਰਗਾਹੀ ਇਕ ਨਿਸ਼ਾਨ, ਆਪ ਝੁਲਾਏ ਸਾਚੇ ਤਖ਼ਤ ਨਿਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਇਕ ਪਰਕਾਸਿਆ । ਪਾਰਬ੍ਰਹਮ ਆਦਿ ਨਾ ਅੰਤਾ ਏਕੰਕਾਰਾ, ਜੁਗ ਜੁਗ ਵੱਡੀ ਵਡਿਆਈਆ । ਜੋਤ ਨੂਰਾਨੀ ਸ਼ਬਦ ਅਗੰਮੀ ਲਏ ਅਵਤਾਰਾ, ਆਦਿ ਪੁਰਖ ਨਿਰੰਜਣ ਅਲੱਖ ਅਗੋਚਰ ਨਾਮ ਧਰਾਈਆ । ਅਥਾਹ ਬੇਪਰਵਾਹ ਨਿਰਗੁਣ ਧਾਰਾ, ਨੂਰੋ ਨੂਰ ਡਗਮਗਾਈਆ । ਅਕਲ ਕਲਾ ਕਲ ਖੇਲ ਨਿਆਰਾ, ਲੇਖਾ ਲੇਖ ਨਾ ਕੋਈ ਜਣਾਈਆ । ਵਰਤੇ ਵਰਤਾਵੇ ਵਿਚ ਸੰਸਾਰਾ, ਸਾਰੰਗ ਧਰ ਭਗਵਾਨ ਬੀਠਲੋ ਲੱਖਮੀ ਨਰਾਇਣ ਆਪ ਅਖਵਾਈਆ । ਜੁਗਾਂ ਜੁਗੰਤਰ ਦਏ ਸਹਾਰਾ, ਧਰਤ ਧਵਲ ਸੁਹਾਈਆ । ਲੱਖ ਚੁਰਾਸੀ ਕਰ ਪਸਾਰਾ,

ਪਾਰਬ੍ਰਹਮ ਬ੍ਰਹਮ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਖੇਲ ਖਿਲਾਈਆ । ਆਦਿਨ ਅੰਤਾ ਹਰਿ ਭਗਵੰਤਾ, ਏਕਾ ਏਕੰਕਾਰਿਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣੀ ਧਾਰ ਚਲਾ ਰਿਹਾ । ਪੁਰਖ ਸੁਲਤਾਨਾ ਹਰਿ ਮਿਹਰਵਾਨਾ, ਆਪੇ ਨਾਰੀ ਆਪੇ ਕੰਤਾ, ਸਤਿ ਸੁਹੰਜਣੀ ਸੇਜ ਆਪ ਹੰਢਾ ਰਿਹਾ । ਪੁਰਖ ਅਕਾਲ ਦੀਨ ਦਿਆਲਾ ਆਪ ਬਣਾਏ ਆਪਣੀ ਬਣਤਾ, ਆਦਿ ਸ਼ਕਤ ਸੇਵ ਕਮਾ ਰਿਹਾ । ਆਪੇ ਰਾਮ ਆਪੇ ਨਾਮ ਆਪੇ ਬਣਿਆ ਜੇਹਵਾ ਮੰਨਤਾ, ਰਸਨਾ ਗੁਣ ਆਪੇ ਗਾ ਰਿਹਾ । ਆਪੇ ਚਾੜ੍ਹਨਹਾਰਾ ਸਾਚਾ ਰੰਗ ਬਸੰਤਾ, ਰੰਗ ਮਜੀਠੀ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਖੇਲ ਖਿਲਾ ਰਿਹਾ । ਆਦਿਨ ਅੰਤਾ ਹਰਿ ਭਗਵੰਤਾ, ਏਕਾ ਏਕੰਕਾਰਿਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣੀ ਧਾਰ ਚਲਾ ਰਿਹਾ । ਪੁਰਖ ਸੁਲਤਾਨਾ ਹਰਿ ਗਿਰਧਾਰ ਅਕਲ ਕਲਾ ਕਲ ਧਾਰ ਹਰਿ ਭਗਵਾਨਾ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਦੋ ਜਹਾਨਾ, ਜੋਤੀ ਨੂਰ ਨੂਰ ਰੁਸ਼ਨਾਇਆ । ਸ਼ਬਦ ਜਣਾਈ ਧੁਰ ਫ਼ਰਮਾਣਾ, ਗੁਰ ਸਤਿਗੁਰ ਨਾਉਂ ਰਖਾਇਆ । ਆਪੇ ਜਾਣੇ ਆਪਣੀ ਆਣਾ, ਆਪਣੇ ਭਾਣੇ ਵਿਚ ਸਮਾਇਆ । ਸ਼ਾਹੋ ਭੂਪ ਵਡ ਰਾਜਨ ਰਾਣਾ, ਦਰ ਦਰਬਾਨਾ ਆਪ ਅਖਵਾਇਆ । ਆਪੇ ਗਾਏ ਧੁਨ ਅਨਾਦੀ ਅਗੰਮ ਅਗੰਮੜਾ ਸਚ ਤਰਾਨਾ, ਬ੍ਰਹਮ ਬ੍ਰਹਿਮਾਦੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ ਏਕਾ ਖੇਲ ਖਿਲਾਇਆ । ਏਕੰਕਾਰ ਹਰਿ ਪਸਾਰਾ, ਹਰਿ ਸਾਚੇ ਵਡ ਵਡਿਆਈਆ । ਜੋਤੀ ਨੂਰ ਦੀਪ ਉਜਿਆਰਾ, ਆਦਿ ਜੁਗਾਦਿ ਡਗਮਗਾਈਆ । ਸੇਵਕ ਸੇਵਾ ਲਾਏ ਰਵ ਸਸ ਸੂਰਜ ਚੰਨ ਸਤਾਰਾ, ਮੰਡਲ ਮੰਡਪ ਆਪ ਸੁਹਾਈਆ । ਖੇਲੇ ਖੇਲ ਖੇਲ ਕਰਤਾਰਾ, ਲੇਖਾ ਲੇਖ ਨਾ ਕੋਈ ਜਣਾਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰਾ, ਆਪ ਆਪਣਾ ਵਿਚ ਟਿਕਾਈਆ । ਆਪ ਆਪਣਾ ਤੱਤ ਕਰ ਨਿਆਰਾ, ਤੱਤਵ ਤੱਤ ਵਿਚ ਸਮਾਈਆ । ਆਪੇ ਬ੍ਰਹਮ ਅਤੀਤ ਹਰਿ ਕਰਤਾਰਾ, ਪਾਰਬ੍ਰਹਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਨਿਰਾਕਾਰ, ਨਿਰਵੈਰ ਰੂਪ ਅਖਵਾਈਆ । ਅਜੂਨੀ ਰਹਿਤ ਆਦਿ ਅਬਿਨਾਸ਼ਾ, ਏਕਾ ਰੰਗ ਸਮਾਇੰਦਾ । ਆਪੇ ਖੇਲੇ ਖੇਲ ਤਮਾਸ਼ਾ, ਜੁਗ ਜੁਗ ਵੇਸ ਵਟਾਇੰਦਾ । ਆਪੇ ਭਗਤ ਭਗਵੰਤ ਹੋਏ ਦਾਸੀ ਦਾਸਾ, ਆਪੇ ਹਰਿਜਨ ਸੇਵ ਕਮਾਇੰਦਾ । ਆਪੇ ਘਟ ਘਟ ਅੰਦਰ ਰੱਖੇ ਵਾਸਾ, ਆਪੇ ਦਿਸ ਕਿਸੇ ਨਾ ਆਇੰਦਾ । ਆਪੇ ਪਵਣ ਆਪ ਸਵਾਸਾ, ਆਪੇ ਰਸਨਾ ਜੇਹਵਾ ਹਿਲਾਇੰਦਾ । ਆਪੇ ਧੁਰ ਦਰਗਾਹੀ ਸਗਲਾ ਸਾਥਾ, ਆਪ ਆਪਣਾ ਸੰਗ ਨਿਭਾਇੰਦਾ । ਆਪੇ ਤ੍ਰਿਲੋਕੀ ਨੰਦਨ ਚਲਾਏ ਸਾਚਾ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਰਾਮ ਨਾਮ ਜਣਾਏ ਅਪਣੀ ਗਾਥਾ, ਸਚ ਜੈਕਾਰ ਆਪੇ ਲਾਇੰਦਾ । ਆਪੇ ਪੂਜਾ ਆਪੇ ਪਾਠਾ, ਵੇਦ ਵਿਦਾਂਤਾ ਆਪ ਅਖਵਾਇੰਦਾ । ਆਪੇ ਤੀਰਥ ਆਪੇ ਤਾਟਾ, ਆਪੇ ਅਠਸਠ ਲੇਖੇ ਲਾਇੰਦਾ । ਆਪੇ ਆਦਿ ਸ਼ਕਤੀ ਜੋਤ ਲਲਾਟਾ, ਦੁਰਗਾ ਇਸ਼ਟ ਆਪ ਅਖਵਾਇੰਦਾ । ਆਪੇ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੇਵ ਕਮਾਇੰਦਾ । ਆਪੇ ਸਤਿਗੁਰ ਪੂਰਾ ਕਰੇ ਘਾਟਾ, ਆਪੇ ਹੱਥ ਰਖਾਇੰਦਾ । ਆਪੇ ਬ੍ਰਹਮਾ ਵੇਦਾ ਰਾਟਾ, ਚਾਰੇ ਮੁਖ ਸਲਾਹਿੰਦਾ । ਆਪੇ ਵਿਸ਼ਨੂੰ ਆਪੇ ਆਨ ਬਾਟਾ, ਆਪੇ ਆਪਣਾ ਰੂਪ ਵਟਾਇੰਦਾ । ਆਪੇ ਪਾਰਬ੍ਰਹਮ ਅਬਿਨਾਸ਼ੀ ਕਰਤਾ ਖੇਲੇ ਖੇਲ ਬਾਜ਼ੀਗਰ ਨਾਟਾ, ਵੇਦ ਕਤੇਬ ਭੇਵ ਕੋਈ ਨਾ ਪਾਇੰਦਾ । ਆਪੇ ਖੋਲ੍ਹੇ ਚੌਦਾਂ ਲੋਕ ਹਾਟਾ, ਆਪੇ

੨੭੪
੦੮

ਤ੍ਰੈਭਵਣ ਸਮਾਇੰਦਾ । ਆਪੇ ਲੋਆਂ ਪੁਰੀਆਂ ਫਿਰੇ ਨਾਠਾ, ਬ੍ਰਹਿਮੰਡ ਖੰਡ ਆਪੇ ਡੇਰਾ ਲਾਇੰਦਾ । ਆਪੇ ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪੰਜ ਤੱਤ ਨੇੜੇ ਕਰੇ ਵਾਟਾ, ਮਨ ਮਤ ਬੁਧ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵੇਖ ਵਖਾਇੰਦਾ । ਵੇਖਣਹਾਰਾ ਹਰਿ ਸਮਰਾਥਾ, ਏਕਾ ਰੰਗ ਸਮਾਇਆ । ਜੁਗ ਜੁਗ ਮਹਿਮਾ ਜਗਤ ਅਕੱਥ, ਸੰਤ ਸਾਧ ਸੇਵਾ ਲਾਇਆ । ਆਪ ਜਣਾਏ ਆਪਣੀ ਗਾਥ, ਭਗਤ ਭਗਵੰਤ ਭੇਵ ਚੁਕਾਇਆ । ਆਪੇ ਜਾਣੇ ਆਪਣਾ ਮਸਤਕ ਮਾਥ, ਪੂਰਬ ਕਰਮਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਧਰਾਇਆ ।

## ✪ ਪਹਿਲੀ ਚੇਤ ੨੦੧੬ ਬਿਕ੍ਰਮੀ ਦਰਬਾਰ ਵਿਖੇ ਜੇਠੂਵਾਲ ✪

ਏਕਾ ਏਕ ਏਕ ਏਕਉਂਕਾਰ, ਇਕ ਅਵਤਾਰਿਆ । ਦੂਜੇ ਸ਼ਬਦ ਨਾਮ ਜੈਕਾਰ, ਨਾਦ ਅਨਾਦੀ ਆਪ ਵਜਾ ਰਿਹਾ । ਤੀਜੇ ਨੈਣ ਇਕ ਉਘਾੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਵੇਖ ਵਖਾ ਰਿਹਾ । ਚੌਥੇ ਚੌਥੇ ਘਰ ਹੋ ਉਜਿਆਰ, ਦੀਵਾ ਬਾਤੀ ਕਮਲਾਪਾਤੀ ਇਕ ਜਗਾ ਰਿਹਾ । ਪੰਚਮ ਰੂਪ ਆਪ ਕਰਤਾਰ, ਪੰਚਮ ਮੇਲਾ ਆਪ ਮਿਲਾ ਰਿਹਾ । ਛੇਵੇ ਛੱਪਰ ਛੰਨ ਨਾ ਕੋਇ ਉਸਾਰ, ਸਚਖੰਡ ਦਵਾਰਾ ਇਕ ਸੁਹਾ ਰਿਹਾ । ਸੱਤਵੇਂ ਸਤਿ ਸਰੂਪੀ ਸਾਚੀ ਧਾਰ, ਸਰਗੁਣ ਆਪਣੀ ਆਪ ਵਰਤਾ ਰਿਹਾ । ਅੱਠਵੇਂ ਅੱਠ ਤੱਤ ਅਧਾਰ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਆਪ ਸਮਝਾ ਰਿਹਾ । ਨੌਵੇ ਨੌਂ ਦਰ ਖੋਲ੍ਹ ਕਿਵਾੜ, ਜਗਤ ਨਾਤਾ ਜੋੜ ਜੁੜਾ ਰਿਹਾ । ਦਸਵੇਂ ਬੈਠ ਸਿਰਜਣਹਾਰ, ਸਚ ਸਿੰਘਾਸਣ ਆਪ ਸੁਹਾ ਰਿਹਾ । ਇਕ ਗਿਆਨ ਕਰ ਵਿਚਾਰ, ਆਪਣੀ ਕਲ ਵਰਤਾ ਰਿਹਾ । ਕਲਜੁਗ ਅੰਤਮ ਪਾਵੇ ਸਾਰ, ਜਗਤ ਮਹੱਲ ਇਕ ਵਖਾ ਰਿਹਾ । ਸਾਢੇ ਤਿੰਨ ਹੱਥ ਕਰ ਤਿਆਰ, ਜੀਵਾਂ ਜੰਤਾਂ ਆਪ ਸਮਝਾ ਰਿਹਾ । ਉਤਰ ਪੂਰਬ ਪੱਛਮ ਦੱਖਣ ਪਾਵੇ ਸਾਰ, ਦਹਿ ਦਿਸ਼ਾ ਵੇਖ ਵਖਾ ਰਿਹਾ । ਰਵ ਸਸ ਕਰਨ ਨਿਮਸਕਾਰ, ਮੰਡਲ ਮੰਡਪ ਸੀਸ ਨਵਾ ਰਿਹਾ । ਕਰੋੜ ਤੇਤੀਸਾ ਢਹਿ ਢਹਿ ਪਏ ਦਵਾਰ, ਸੁਰਪਤ ਰਾਜਾ ਇੰਦ ਸੀਸ ਝੁਕਾ ਰਿਹਾ । ਆਪੇ ਜਾਣੇ ਆਪਣੀ ਕਾਰ, ਆਪਣੀ ਕਲਾ ਆਪ ਵਰਤਾ ਰਿਹਾ । ਜੋਤੀ ਨੂਰ ਕਰ ਉਜਿਆਰ, ਨੂਰੋ ਨੂਰ ਡਗਮਗਾ ਰਿਹਾ । ਵੀਹ ਸਦ ਹੋਇਆ ਖ਼ਬਰਦਾਰ, ਕਾਇਆ ਨਾਤਾ ਤੋੜ ਤੁੜਾ ਰਿਹਾ । ਭਗਤਨ ਮੀਤਾ ਮੀਤ ਮੁਰਾਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਦੂਜੇ ਖੋਲ੍ਹ ਦਰ ਕਿਵਾੜ, ਲੋਕਮਾਤ ਬੰਕ ਸੁਹਾ ਲਿਆ । ਤੀਜੇ ਘੋੜੇ ਦੇਵੇ ਚਾੜ੍ਹ, ਚੌਥੇ ਦਰ ਬਹਾ ਲਿਆ । ਪੰਚਮ ਮੇਲਾ ਸਾਚੇ ਲਾੜ, ਜਿਉਂ ਸਖੀਆਂ ਮੰਗਲ ਗਾ ਲਿਆ । ਸੱਤਵੇਂ ਸਤਿ ਪੁਰਖ ਨਿਰੰਜਣ ਕਿਰਪਾ ਧਾਰ, ਅੱਠਵੇਂ ਉਠ ਉਠ ਗਲ ਲਗਾ ਲਿਆ । ਨੌਵੇ ਨੌਂ ਨੌਂ ਖੰਡ ਕਰੇ ਪਾਰ, ਹਰਿ ਸੰਗਤ ਵੇਖ ਵਖਾ ਲਿਆ । ਦਸਵੇਂ ਜੋਤੀ ਜਗੇ ਅਪਾਰ, ਨਿਰਗੁਣ ਧਾਰਾ ਇਕ ਚਲਾ ਲਿਆ । ਕਲਜੁਗ ਅੰਤਮ ਪਾਵੇ ਸਾਰ, ਕੂੜ ਕੁੜਿਆਰਾ ਵੇਖ ਵਖਾ ਲਿਆ । ਮਨਮਤ ਵੇਖੇ ਨਾਰ ਵਿਭਚਾਰ, ਮੁਖ ਘੁੰਗਟ ਆਪੇ ਲਾ ਲਿਆ । ਖੇਲੇ ਖੇਲ ਖੇਲ ਅਪਾਰ, ਤ੍ਰਲੋਕੀ ਨੰਦਨ ਆਪ ਕਰਾ ਰਿਹਾ । ਚੌਦਾਂ ਲੋਕਾਂ ਹੋ ਉਜਿਆਰ, ਚੌਦਾਂ ਲੋਕ ਆਪ ਹਿਲਾ ਰਿਹਾ । ਅਕਾਸ਼ ਪਰਕਾਸ਼ ਦਏ ਹੁਲਾਰ, ਧਰਤ ਧਵਲ ਵੇਖ ਵਖਾ ਰਿਹਾ । ਬ੍ਰਹਮਾ ਨੇਤਰ ਦਏ ਉਘਾੜ, ਆਪ ਆਪਣੀ

ਬੂਝ ਬੁਝਾ ਲਿਆ । ਸ਼ਿਵ ਸ਼ੰਕਰ ਵਖਾਏ ਇਕ ਅਖਾੜ, ਨਾਮ ਤ੍ਰਿਸੂਲਾ ਹੱਥ ਚਮਕਾ ਲਿਆ । ਇੰਦ ਇੰਦਰਾਸਣ ਪਾਵੇ ਸਾਰ, ਸਚ ਸਿੰਘਾਸਣ ਖੇਲ ਖਿਲਾ ਲਿਆ । ਸ਼ਾਹੋ ਸ਼ਾਬਾਸ਼ ਗੁਰ ਅਵਤਾਰ, ਪੁਰਖ ਅਬਿਨਾਸ਼ੀ ਵੇਸ ਵਟਾ ਲਿਆ । ਖੜਗ ਖੰਡਾ ਫੜ ਕਟਾਰ, ਬ੍ਰਹਿਮੰਡਾਂ ਫੋਲ ਫੁਲਾ ਲਿਆ । ਜੇਰਜ ਅੰਡਾਂ ਕਰ ਵਿਚਾਰ, ਉਤਭੁਜ ਸੇਤਜ ਪਾਰ ਕਰਾ ਲਿਆ । ਵੇਖੇ ਕੰਡਾ ਵਿਚ ਸੰਸਾਰ, ਤੋਲਣਹਾਰ ਤੋਲ ਤੁਲਾ ਲਿਆ । ਬੋਲ ਬੋਲਾ ਅਪਰ ਅਪਾਰ, ਘਰ ਸਾਚੇ ਢੋਲਾ ਗਾ ਲਿਆ । ਬਦਲਿਆ ਚੋਲਾ ਸਿਰਜਣਹਾਰ, ਜਗਤ ਵਿਚੋਲਾ ਨਾ ਕੋਇ ਰਖਾ ਲਿਆ । ਭੋਲਾ ਭਾਲਾ ਬੇਐਬ ਪਰਵਰਦਿਗਾਰ, ਖ਼ਲਕ ਖ਼ੁਦਾਈ ਵੇਖ ਵਖਾ ਲਿਆ । ਰਾਮ ਕ੍ਰਿਸ਼ਨ ਪਾਵੇ ਸਾਰ, ਈਸਾ ਮੂਸਾ ਅੰਗ ਲਗਾ ਲਿਆ । ਵੇਦ ਪੁਰਾਨੀ ਮੀਤ ਮੁਰਾਰ, ਅੰਜੀਲ ਕੁਰਾਨੀ ਆਪੇ ਗਾ ਲਿਆ । ਨਾਨਕ ਗੋਬਿੰਦ ਏਕਾ ਧਾਰ, ਏਕਾ ਰੰਗ ਸਮਾ ਲਿਆ । ਸ਼ਬਦੀ ਡੰਕ ਡੰਕ ਨਿਰੰਕਾਰ, ਚਾਰੋਂ ਕੁੰਟ ਵਜਾ ਲਿਆ । ਸੰਤ ਸਾਜਣ ਲਏ ਉਭਾਰ, ਜੁਗ ਜੁਗ ਕਰਮ ਕਮਾ ਲਿਆ । ਭਗਤ ਭਗਤੀ ਦਿਤਾ ਅਧਾਰ, ਆਪ ਆਪਣਾ ਰੂਪ ਵਟਾ ਲਿਆ । ਸੁਹਾਏ ਮਹੱਲ ਅਟੱਲ ਉਚ ਮੁਨਾਰ, ਨਾ ਕੋਈ ਬਣਤ ਬਣਾ ਲਿਆ । ਇਕ ਅਕੱਲਾ ਕਰ ਪਿਆਰ, ਦਰ ਸਾਚਾ ਇਕ ਵਖਾ ਲਿਆ । ਕਲਜੁਗ ਕਰਿਆ ਖ਼ਬਰਦਾਰ, ਸੋਇਆ ਲੋਕਮਾਤ ਉਠਾ ਲਿਆ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਫੂਲਨ ਬਰਖਾ ਆਪੇ ਲਾ ਲਿਆ । ਚਿੱਟਾ ਬਾਣਾ ਇਕ ਅਧਾਰ, ਚਿੱਟੀ ਧਾਰੀ ਰੂਪ ਸਮਾ ਲਿਆ । ਸਾਚਾ ਰਾਣਾ ਸਿਰਜਣਹਾਰ, ਦੋ ਜਹਾਨਾਂ ਭਰਮ ਚੁਕਾ ਲਿਆ । ਦੇਵੇ ਮਾਣਾਂ ਚਰਨ ਦਵਾਰ, ਚਰਨ ਚਰਨੋਦਕ ਮੁਖ ਪਿਆ ਲਿਆ । ਦੱਸੇ ਰਾਹ ਸਖਾਲਾ ਵਿਚ ਸੰਸਾਰ, ਚਾਰ ਵਰਨਾਂ ਆਪ ਰਖਾ ਲਿਆ । ਵਰਤੇ ਭਾਣਾ ਅਪਰ ਅਪਾਰ, ਹਰਿ ਕਾ ਭੇਵ ਕਿਸੇ ਨਾ ਪਾ ਲਿਆ । ਰਾਜਾ ਰਾਣਾ ਹੋਏ ਖੁਵਾਰ, ਤਖ਼ਤ ਤਾਜ਼ ਨਾ ਕੋਇ ਸੁਹਾ ਲਿਆ । ਸਾਧਾਂ ਸੰਤਾਂ ਆਏ ਹਾਰ, ਕੂੜੀ ਕਿਰਿਆ ਡੰਕ ਵਜਾ ਲਿਆ । ਮਾਇਆ ਮਮਤਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾ ਲਿਆ । ਹਉਮੇ ਹੰਗਤਾ ਤੁਟੇ ਗੜ੍ਹ ਹੰਕਾਰ, ਸ਼ਬਦੀ ਖੰਡਾ ਹੱਥ ਉਠਾ ਲਿਆ । ਆਦਿਨ ਅੰਤਾ ਪਾਵੇ ਸਾਰ, ਜੁਗਾਂ ਜੁਗੰਤਾ ਵੇਸ ਵਟਾ ਲਿਆ । ਸਿੰਘ ਸ਼ੇਰ ਸ਼ੇਰ ਹੋ ਅਸਵਾਰ, ਸੋਲਾਂ ਕਲੀਆਂ ਆਸਣ ਲਾ ਲਿਆ । ਆਇਆ ਚਲ ਦਰ ਦਰਬਾਰ, ਗੁਰਮੁਖਾਂ ਰਾਹ ਤਕਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਵਿਚਾਰ, ਭੇਵ ਅਭੇਦਾ ਭੇਵ ਨਾ ਪਾ ਲਿਆ । ਕਲਜੁਗ ਅੰਤਮ ਕਰ ਪਿਆਰ, ਸੋਏ ਸੁੱਤ ਆਪ ਉਠਾ ਲਿਆ । ਅਬਿਨਾਸ਼ੀ ਅਚੁੱਤ ਹੋ ਉਜਿਆਰ, ਕਰਨੀ ਕਰਤਾ ਕਰਮ ਕਮਾ ਲਿਆ । ਸੁਹਾਏ ਆਪਣੀ ਰੁੱਤ ਆਪ ਕਰਤਾਰ, ਫੁਲ ਫੁਲਵਾੜੀ ਆਪ ਮਹਿਕਾ ਲਿਆ । ਪੰਜ ਵਿਕਾਰਾ ਕੁੱਟ ਕੱਢੇ ਬਾਹਰ, ਅੰਮ੍ਰਿਤ ਆਤਮ ਜਾਮ ਪਿਆ ਲਿਆ । ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਆਪਣਾ ਦਰਸ ਵਖਾ ਲਿਆ । ਪਹਿਲੋਂ ਆਪਣਾ ਆਪ ਘਰ ਲਿਆ ਪੁੱਟ, ਪੰਜ ਤੱਤ ਖ਼ਾਕੀ ਖ਼ਾਕ ਸਮਾ ਲਿਆ । ਧੁਰ ਦਰਗਾਹ ਸ਼ਬਦ ਨਗਾਰੇ ਲਾਈ ਚੋਟ, ਏਕਾ ਡੰਡਾ ਹੱਥ ਉਠਾ ਲਿਆ । ਜੁਗ ਜੁਗ ਵਿਛੜੇ ਗੁਰਸਿਖ ਉਠਾਵਣ ਆਇਆ ਆਲ੍ਹਣਿਉਂ ਡਿਗੇ ਬੋਟ, ਚਤੁਰਭੁਜ ਵੇਸ ਵਟਾ ਲਿਆ । ਏਕਉਂਕਾਰਾ ਆਦਿ ਪੁਰਖ ਅਬਿਨਾਸ਼ੀ ਕਰਤਾ ਆਦਿ ਜੁਗਾਦੀ ਏਕਾ ਓਟ, ਗੁਰ ਪੀਰ ਅਵਤਾਰ ਸਾਧ ਸੰਤ ਸੇਵਾ ਲਾ ਲਿਆ । ਲੱਖ ਚੁਰਾਸੀ ਤੇਰੇ ਕੱਢਣ ਆਇਆ ਖੋਟ, ਨਿਰਗੁਣ ਤੋਲਾ ਨਾਮ ਬਣਾ ਲਿਆ । ਇਕ ਅਕੱਲਾ ਏਕਉਂਕਾਰੀ ਏਕਾ ਜੋਤ, ਵਰਨ ਗੋਤ ਨਾ ਕੋਇ ਰਖਾ ਲਿਆ । ਗੁਰਸਿਖ ਬਣਾਏ ਓਤ ਪੋਤ, ਬੰਸ ਸਰਬੰਸਾ ਨਾਉਂ ਧਰਾ ਲਿਆ । ਦੁਰਮਤ ਮੈਲ ਦੇਵੇ ਧੋਤ,

੨੭੭
੦੮

ਨਿਰਮਲ ਸੀਰ ਨੀਰ ਪਿਆ ਲਿਆ । ਲੱਭਦੇ ਫਿਰਦੇ ਕੋਟੀ ਕੋਟ, ਹਰਿ ਕਾ ਦਰਸ ਕਿਸੇ ਨਾ ਪਾ ਲਿਆ । ਤੀਰਥ ਤੱਟਾਂ ਬੰਨ ਲੰਗੋਟ, ਸਾਧਾਂ ਸੰਤਾਂ ਡੇਰਾ ਲਾ ਲਿਆ । ਕੋਈ ਨਾ ਚੜ੍ਹੇ ਉਪਰ ਚੋਟ, ਜਗਤ ਅਭਿਆਸ ਬਹੁਤ ਵਖਾ ਲਿਆ । ਕੋਟੀ ਕੋਟ ਹਿਲੌਂਦੇ ਫਿਰਨ ਹੋਟ, ਹਰਿ ਕਾ ਰੂਪ ਬੱਤੀ ਦੰਦ ਬੰਦ ਨਾ ਕਿਸੇ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਦਸ ਏਕਾ ਖੇਲ ਖਿਲਾ ਰਿਹਾ । ਵੀਹ ਦਸ ਤੇਰਾ ਰੰਗ ਮਹੱਲਾ, ਹਰਿ ਸਾਚੇ ਆਪ ਉਪਾਇਆ । ਖੇਲੇ ਖੇਲ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਲਾਇਆ । ਆਪੇ ਵਸਿਆ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੇਰਾ ਆਪੇ ਲਾਇਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸਚਖੰਡ ਦਵਾਰਾ ਆਪੇ ਮੱਲਾ, ਥਿਰ ਘਰ ਬੈਠਾ ਜੋਤ ਜਗਾਇਆ । ਆਪੇ ਕਰੇ ਵਲਾ ਛਲਾ, ਅਛਲ ਅਛੱਲ ਆਪ ਅਖਵਾਇਆ । ਸ਼ਬਦੀ ਜੋਤੀ ਆਪੇ ਰੱਲਾ, ਆਪੇ ਧੂੰਆਂਧਾਰ ਵਖਾਇਆ । ਧਾਮ ਸੁਹਾਏ ਇਕ ਅਟੱਲਾ, ਉਚ ਮਹੱਲਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਦਸ ਵੇਖੇ ਸਾਚਾ ਘਰ, ਹਰਿਜਨ ਸਾਚੇ ਲਏ ਮਿਲਾਇਆ । ਵੀਹ ਦਸ ਤੇਰਾ ਸਤਿ ਪਿਆਰਾ, ਹਰਿ ਸਾਚਾ ਸਚ ਕਰਾਇੰਦਾ । ਹਰਿ ਸੰਗਤ ਕਰਾਏ ਵਣਜ ਵਪਾਰਾ, ਨਾਮ ਹਾਟੀ ਇਕ ਖੁਲ੍ਹਾਇੰਦਾ । ਤੀਰਥ ਤਾਟੀ ਪਾਰ ਕਿਨਾਰਾ, ਅਠਸਠ ਮੂਲ ਚੁਕਾਇੰਦਾ । ਅੰਮ੍ਰਿਤ ਰਸ ਠੰਡੀ ਠਾਰਾ, ਨਿਝਰ ਧਾਰਾ ਆਪ ਵਹਾਇੰਦਾ । ਅੰਧੇਰੀ ਰਾਤੀ ਪਾਰ ਕਿਨਾਰਾ, ਨਿਰਮਲ ਸਾਚਾ ਚੰਦ ਚੜ੍ਹਾਇੰਦਾ । ਆਪ ਸੁਹਾਏ ਬੰਕ ਦਵਾਰਾ, ਦਰ ਦਰਵਾਜਾ ਖੋਲ੍ਹ ਖੁਲ੍ਹਾਇੰਦਾ । ਸਤਿਜੁਗ ਤੇਰੀ ਬੰਨ੍ਹੇ ਧਾਰਾ, ਸਾਚੀ ਰਚਨਾ ਆਪ ਰਚਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਕਵਲ ਨੈਣ ਆਪ ਮਟਕਾਇੰਦਾ । ਦੀਵਾ ਬਾਤੀ ਇਕ ਉਜਿਆਰਾ, ਏਕ ਘਰ ਟਿਕਾਇੰਦਾ । ਮਾਰੇ ਝਾਤੀ ਵਿਚ ਸੰਸਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਦੇਵੇ ਬਾਕੀ ਗੋਬਿੰਦ ਧਾਰਾ, ਪਿਛਲਾ ਮੂਲ ਚੁਕਾਇੰਦਾ । ਆਪਣਾ ਕੀਆ ਆਪ ਪਿਆਰਾ, ਆਪੇ ਵਕ਼ਤ ਸੁਹਾਇੰਦਾ । ਭਗਤ ਭਗਤੀ ਕਰੇ ਪੁਕਾਰਾ, ਦਿਵਸ ਰੈਣ ਰਾਹ ਤਕਾਇੰਦਾ । ਵੀਹ ਦਸ ਦਸ ਵੀਹ ਵੀਹ ਦਸ ਕਰ ਵਿਚਾਰਾ, ਸਾਚਾ ਸਗਨ ਮਨਾਇੰਦਾ । ਛੋਟਾ ਬਾਲਾ ਖੇਲ ਨਿਆਰਾ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਤੇਰਾ ਕਰ ਪਿਆਰਾ, ਆਪਣੀ ਇਛਿਆ ਭਿਛਿਆ ਮੰਗ ਮੰਗਾਇੰਦਾ । ਆਪੇ ਢਹਿ ਢਹਿ ਪਏ ਦਵਾਰਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਦਰ ਦਰਵੇਸ ਬਣੇ ਭਿਖਾਰਾ, ਪਾ ਅਲਫ਼ੀ ਅਲਖ ਜਗਾਇੰਦਾ । ਆਪੇ ਬਣੇ ਭਗਤ ਭੰਡਾਰਾ, ਭਰ ਪਿਆਲਾ ਜਾਮ ਪਿਆਇੰਦਾ । ਆਪੇ ਖੇਲੇ ਖੇਲ ਵਿਚ ਸੰਸਾਰਾ, ਜੁਗ ਜੁਗ ਵੇਸ ਵਟਾਇੰਦਾ । ਆਦਿ ਜੁਗਾਦੀ ਏਕਾ ਧਾਰਾ, ਏਕਾ ਰੰਗ ਰੰਗਾਇੰਦਾ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਰਹਿਣ ਦਵਾਰਾ, ਆਦਿ ਜੁਗਾਦੀ ਭਿਛਿਆ ਪਾਇੰਦਾ । ਆਪੇ ਕਰੇ ਪਾਰ ਕਿਨਾਰਾ, ਆਪਣਾ ਲੇਖਾ ਆਪ ਗਣਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚਾ ਖੇਲ ਖਿਲਾਇੰਦਾ । ਇੰਦ ਇੰਦਰਾਸਨ ਦਏ ਹੁਲਾਰਾ, ਸ਼ਬਦ ਹਲੂਣਾ ਇਕ ਲਗਾਇੰਦਾ । ਆਪਣੀ ਜਾਣੇ ਆਪੇ ਕਾਰਾ, ਲੋਕਮਾਤ ਖੇਲ ਖਲਾਇੰਦਾ । ਗੁਰਮੁਖਾਂ ਸਿਰ ਤੋਂ ਲਾਹੇ ਭਾਰਾ, ਆਪ ਆਪਣਾ ਭਾਰ ਉਠਾਇੰਦਾ । ਗੋਬਿੰਦ ਗੁਰੂ ਦਏ ਸਹਾਰਾ, ਸਾਚਾ ਮਾਰਗ ਇਕ ਵਖਾਇੰਦਾ । ਸੱਤਾਂ ਲੋਕਾਂ ਹੋ ਉਜਿਆਰਾ, ਸੱਤ ਸੱਤ ਬੰਧ ਬੰਧਾਇੰਦਾ । ਤ੍ਰੈਗੁਣ ਤੇਰਾ ਪਾਰ ਕਿਨਾਰਾ, ਤੇਰਾ ਮੂਲ ਚੁਕਾਇੰਦਾ । ਗੁਰਸਿਖਾਂ ਦੇਵੇ ਸਚ ਭੰਡਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਸਿੰਘ ਗੁਰਮੁਖ ਬਣੇ

ਨਾਲ ਲਿਖਾਰਾ, ਲੇਖਾ ਆਪਣਾ ਆਪ ਜਣਾਇੰਦਾ । ਪਾਲ ਸਿੰਘ ਦਾ ਖੋਲ੍ਹ ਕਿਵਾੜਾ, ਨਾਮ ਧਾਰਾ ਮੁਖ ਚੁਆਇੰਦਾ । ਅੰਦਰ ਵਸਿਆ ਗੁਪਤ ਜ਼ਾਹਰਾ, ਦਿਸ ਕਿਸੇ ਨਾ ਆਇੰਦਾ । ਅਸ਼ਟਭੁਜ ਆਏ ਦਵਾਰਾ, ਸ਼ਸਤਰ ਬਸਤਰ ਇਕ ਚਮਕਾਇੰਦਾ । ਖੇਲੇ ਖੇਲ ਸ਼ਾਹ ਅਸਵਾਰਾ, ਸ਼ਾਹ ਸੁਲਤਾਨਾ ਵੇਸ ਵਟਾਇੰਦਾ । ਹਰਿ ਸੰਗਤ ਤੇਰਾ ਸਚ ਪਿਆਰਾ, ਸਤਿਗੁਰ ਪੂਰਾ ਆਪ ਕਰਾਇੰਦਾ । ਸਾਚੀ ਸਖੀ ਮਹੱਲ ਉਸਾਰਾ, ਡੂੰਘੀ ਨੀਂਹ ਧਰਾਇੰਦਾ । ਗੁਣ ਅਵਗੁਣ ਨਾ ਕੋਇ ਵਿਚਾਰਾ, ਗੁਣ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਨੱਯਾ ਆਪ ਚਲਾਇੰਦਾ । ਸਾਚੀ ਨੱਯਾ ਸਾਚਾ ਬੇੜਾ, ਹਰਿ ਸਾਚੇ ਆਪ ਚਲਾਇਆ । ਆਪ ਵਸਾਇਆ ਸਾਚਾ ਖੇੜਾ, ਆਪੇ ਵੇਖ ਵਖਾਇਆ । ਆਪੇ ਕਰੇ ਹੱਕ ਨਿਬੇੜਾ, ਆਪੇ ਡੋਬੇ ਲਏ ਤਰਾਇਆ । ਆਪੇ ਕਰੇ ਖੁਲ੍ਹਾ ਵੇਹੜਾ, ਆਪੇ ਆਪਣੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚੇ ਸਚ ਦਵਾਰਾ, ਹਰਿ ਸਾਚੇ ਆਪ ਸੁਹਾਇਆ । ਗੁਰਮੁਖ ਸਾਚੇ ਕਰ ਸ਼ੰਗਾਰਾ, ਸਾਚਾ ਤਨ ਸਜ਼ਾਇਆ । ਸਗਨ ਮਨਾਇਆ ਪਹਿਲੀ ਵਾਰਾ, ਲੇਖਾ ਲੇਖ ਨਾ ਕੋਇ ਲਖਾਇਆ । ਸ਼ਬਦ ਬੰਨ੍ਹ ਸੀਸ ਦਸਤਾਰਾ, ਸਾਚਾ ਲਾੜਾ ਆਪ ਸਜਾਇਆ । ਹਰਿ ਸੰਗਤ ਬੰਨਿਆ ਇਕ ਅਖਾੜਾ, ਸਖੀਆਂ ਮੰਗਲ ਏਕਾ ਗਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬਣ ਕੇ ਮੰਗਤਾ ਮੰਗਣ ਆਇਆ ਆਪਣਾ ਵਾੜਾ, ਆਪਣੀ ਝੋਲੀ ਅੱਗੇ ਡਾਹਿਆ । ਨਿਉਂ ਨਿਉਂ ਸੀਸ ਜਗਦੀਸ ਗੁਰਸਿਖਾਂ ਅੱਗੇ ਕੱਢੇ ਹਾੜਾ, ਤੇਰਾ ਮੇਰਾ ਮੇਰਾ ਤੇਰਾ ਨਾਤਾ ਤੁਟ ਕਦੇ ਨਾ ਜਾਇਆ । ਲੱਖ ਚੁਰਾਸੀ ਕਰੇ ਝੇੜਾ, ਹਰਿ ਕਾ ਭੇਵ ਕਿਸੇ ਨਾ ਪਾਇਆ । ਪ੍ਰਭ ਦੇਵਣ ਆਇਆ ਉਲਟਾ ਗੇੜਾ, ਕਲਜੁਗ ਉਲਟੀ ਲੱਠ ਗਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਦਸ ਬਿਕ੍ਰਮੀ ਦੇਵੇ ਵਰ, ਘਰ ਸਾਚਾ ਇਕ ਸੁਹਾਇਆ । ਸਾਚੇ ਘਰ ਵਡ ਵਡਿਆਈ, ਹਰਿਜਨ ਸਾਚੇ ਆਪ ਰਖਾਈਆ । ਆਪਣੀ ਕਰੇ ਆਪ ਕੁੜਮਾਈ, ਆਪ ਆਪਣਾ ਸਗਨ ਮਨਾਈਆ । ਸੁਰਤੀ ਸ਼ਬਦੀ ਧੀ ਜਵਾਈ, ਦੋਵੇਂ ਵੇਖੇ ਬੇਪਰਵਾਹੀਆ । ਜਗਤ ਵਿਚੋਲਾ ਬਣਿਆ ਨਾਈ, ਦੋ ਜਹਾਨਾਂ ਫੇਰਾ ਪਾਈਆ । ਲੋਕਮਾਤ ਆਇਆ ਚਾਈਂ ਚਾਈਂ, ਪੱਲੇ ਸੋਹੰ ਗੰਢ ਬੰਧਾਈਆ । ਸੋਲਾਂ ਮੱਘਰ ਰੁੱਤ ਸੁਹਾਈ, ਨਿਰਗੁਣ ਜੋਤ ਕਰ ਰੁਸ਼ਨਾਈਆ । ਵੀਹ ਦਸ ਬਿਕ੍ਰਮੀ ਵੱਜੀ ਵਧਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਈਆ । ਸਾਚਾ ਸਗਨ ਮੁਖ ਲਗੌਣਾ, ਘਰ ਸਾਚੇ ਮੱਤਾ ਪਕਾਇੰਦਾ । ਸਚਖੰਡ ਦਵਾਰ ਇਕ ਸੁਹੌਣਾ, ਸਾਚਾ ਸੁਲਤਾਨ ਡੇਰਾ ਲਾਇੰਦਾ । ਗਰੀਬ ਨਿਵਾਜ ਆਪ ਅਖਵੌਣਾ, ਗਰੀਬ ਨਿਮਾਣੇ ਗਲੇ ਲਗਾਇੰਦਾ । ਕਲਜੁਗ ਕੂੜਾ ਵੇਸ ਮਿਟੌਣਾ, ਕੂੜੀ ਕਿਰਿਆ ਵੇਖ ਵਖਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਸਾਚੀ ਸਿਖਿਆ ਇਕ ਸਮਝਾਇੰਦਾ । ਵਰਨ ਬਰਨ ਨਾ ਕੋਇ ਰਖੌਣਾ, ਚਾਰ ਅਠਾਰਾਂ ਮੂਲ ਚੁਕਾਇੰਦਾ । ਇਸ਼ਟ ਦੇਵ ਗੁਰ ਇਕ ਮਨੌਣਾ, ਏਕਾ ਰੂਪ ਦਰਸਾਇੰਦਾ । ਸ਼ਬਦ ਮੰਤਰ ਨਾਮ ਇਕ ਜਪੌਣਾ, ਰਸਨਾ ਜਿਹਵਾ ਇਕ ਹਿਲਾਇੰਦਾ । ਏਕਾ ਜੋਤੀ ਨੂਰ ਡਗਮਗੌਣਾ, ਅਕਾਲ ਪੁਰਖ ਇਕ ਅਖਵਾਇੰਦਾ । ਜੂਨੀ ਰਹਿਤ ਨਜ਼ਰੀ ਔਣਾ, ਮਾਤ ਗਰਭ ਨਾ ਕੋਇ ਧਰਾਇੰਦਾ । ਅਨਭਵ ਪਰਕਾਸ਼ ਆਪ ਕਰੌਣਾ, ਅਗਿਆਨ ਅੰਧੇਰ ਗਵਾਇੰਦਾ । ਸੁਤੇ ਪਰਕਾਸ਼ ਹਰਿ ਖੇਲ ਖਲੌਣਾ, ਗੁਰਮੁਖਾਂ ਸੁਰਤੀ ਵੇਖ ਵਖਾਇੰਦਾ । ਜਪ ਤਪ ਹਠ ਸੁੱਚ ਸੰਜਮ ਅਭਿਆਸ ਇਕ ਵਖੌਣਾ, ਨੇਤਰ

ਨੈਣਾਂ ਦਰਸ ਦਿਖਾਇੰਦਾ । ਕਾਇਆ ਕਵਰੀ ਡੂੰਘੀ ਭਵਰੀ ਨੌਂ ਦਵਾਰੇ ਪਾਰ ਕਰੌਣਾ, ਦਰ ਦਰਵਾਜਾ ਇਕ ਖੁਲ੍ਹਾਇੰਦਾ । ਪੰਜ ਤੱਤ ਮੂਲ ਚੁਕੌਣਾ, ਰੱਤੀ ਰੱਤ ਰਹਿਣ ਨਾ ਪੌਣਾ, ਗਤ ਮਿਤ ਇਕ ਵਖਾਇੰਦਾ । ਬ੍ਰਹਮ ਮਤ ਬ੍ਰਹਮ ਵਿਚ ਸਮੌਣਾ, ਮੇਟ ਮਿਟਾਏ ਅਵਣਾ ਗਵਣਾ, ਆਵਣ ਜਾਵਣ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਦਸ ਵੀਹ ਦਸ ਦਸ ਵੀਹ ਵੇਖ ਵਖਾਇੰਦਾ । ਦਸਮ ਦਵਾਰੀ ਦਰ ਦਰਵਾਜਾ, ਹਰਿ ਆਪਣਾ ਆਪ ਖੁਲ੍ਹਾਇਆ । ਵੀਹ ਸੌ ਬਿਕ੍ਰਮੀ ਗਰੀਬ ਨਿਵਾਜਾ, ਆਪਣਾ ਰੂਪ ਵਟਾਇਆ । ਵੀਹ ਦਸ ਬਿਕ੍ਰਮੀ ਚੜ੍ਹਿਆ ਅਸਵ ਤਾਜਾ, ਚਿੱਟਾ ਘੋੜਾ ਰਿਹਾ ਦੌੜਾਇਆ । ਵੀਹ ਸੌ ਬਿਕ੍ਰਮੀ ਰਾਜਨ ਰਾਜਾ, ਸ਼ਾਹੋ ਭੂਪ ਨਾਉਂ ਧਰਾਇਆ । ਵੀਹ ਦਸ ਬਿਕ੍ਰਮੀ ਰਚਿਆ ਕਾਜਾ, ਹਰਿ ਸੰਗਤ ਮੇਲ ਮਿਲਾਇਆ । ਵੀਹ ਸੌ ਬਿਕ੍ਰਮੀ ਦੇਸ ਮਾਝਾ, ਅੰਤਮ ਆਪਣਾ ਲੇਖ ਚੁਕਾਇਆ । ਵੀਹ ਦਸ ਬਿਕ੍ਰਮੀ ਚਲਾਏ ਜਹਾਜ਼ਾ, ਭਵ ਸਾਗਰ ਆਪ ਤਰਾਇਆ । ਸੋਲਾਂ ਮੱਘਰ ਹਰਿ ਸੰਗਤ ਮਾਰੇ ਆਪੇ ਵਾਜਾ, ਸੁੱਤਿਆ ਲਏ ਉਠਾਇਆ । ਦੋ ਜਹਾਨਾਂ ਦਿਤਾ ਸਾਚਾ ਦਾਜਾ, ਪੱਲੇ ਗੰਢ ਨਾਮ ਬੰਧਾਇਆ । ਅੰਤਮ ਆਪੇ ਰੱਖੇ ਲਾਜਾ, ਅੰਤ ਕੰਤ ਸੰਤ ਹੋਏ ਸਹਾਇਆ । ਧੁਰ ਦਰਗਾਹੀ ਆਇਆ ਭਾਜਾ, ਵੇਸ ਅਵੇਸਾ ਆਪ ਵਟਾਇਆ । ਕਲਜੁਗ ਕੂੜੀ ਕਿਰਿਆ ਖੋਲ੍ਹੇ ਪਾਜਾ, ਸਚ ਸੁੱਚ ਇਕ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਿਤਾ ਸਾਚਾ ਵਰ, ਛੋਟਾ ਬਾਲਾ ਅੱਗੇ ਲਾਇਆ । ਛੋਟਾ ਬਾਲਾ ਸ਼ਬਦ ਅਸਵਾਰ, ਨਾਮ ਘੋੜੇ ਹਰਿ ਚੜ੍ਹਾਇਆ । ਗੁਰਸਿਖਾਂ ਕਹੇ ਜਗਤ ਵੰਗਾਰ, ਬਾਲੀ ਬੁੱਧ ਹੋ ਰੁਸ਼ਨਾਇਆ । ਪਾਇਆ ਪੁਰਖ ਹਰਿ ਨਿਰੰਕਾਰ, ਸਾਚੀ ਨਾਰੀ ਸਗਨ ਮਨਾਇਆ । ਚੁੱਕਿਆ ਡੋਲਾ ਵਿਚ ਸੰਸਾਰ, ਸਚ ਕਹਾਰਾ ਵੇਸ ਵਟਾਇਆ । ਗੁਰਸਿਖ ਨਾ ਮਰੇ ਨਾ ਜੰਮੇ ਵਿਚ ਸੰਸਾਰ, ਹਰਿ ਸਾਚੇ ਸਰਨ ਲਗਾਇਆ । ਆਪ ਬਹਾਏ ਧੁਰ ਦਰਗਾਹੀ ਸਚ ਦਰਬਾਰ, ਸਚਖੰਡ ਦਵਾਰਾ ਇਕ ਸੁਹਾਇਆ । ਕਲਜੁਗ ਤੇਰਾ ਤੇਰੇ ਉਤੋਂ ਦਿਤਾ ਵਾਰ, ਤੇਰਾ ਤੇਰੀ ਝੋਲੀ ਪਾਇਆ । ਸਾਢੇ ਤਿੰਨ ਹੱਥ ਮਹੱਲ ਉਸਾਰ, ਸਾਢੇ ਤਿੰਨ ਹੱਥ ਵਕ਼ਤ ਚੁਕਾਇਆ । ਪਹਿਲੋਂ ਮੰਗੀ ਮੰਗ ਰਵਦਾਸ ਚੁਮਾਰ, ਅੰਤਮ ਗੁਰਮੁਖ ਲੇਖ ਲਿਖਾਇਆ । ਭਗਤਾਂ ਲੇਖਾ ਰੱਖੇ ਨਾ ਕੋਈ ਉਧਾਰ, ਜੁਗ ਜੁਗ ਦਏ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਸਾਢੇ ਤਿੰਨ ਹੱਥ ਹਰਿ ਜਗਤ ਮਨਾਰਾ, ਹਰਿਜਨ ਆਪ ਉਪਾਇੰਦਾ । ਹਰਿ ਸੰਗਤ ਦੇਵੇ ਇਕ ਸਹਾਰਾ, ਚਰਨ ਪ੍ਰੀਤੀ ਇਕ ਵਖਾਇੰਦਾ । ਧੁਰਦਰਗਾਹੀ ਸਾਚਾ ਲਾੜਾ, ਦਰ ਦਰਵੇਸਾ ਫੇਰੀ ਪਾਇੰਦਾ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਯਾਮਬੀਨ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਗਿਆਰਾਂ ਵੇਖ ਵਖਾਇੰਦਾ । ਵੀਹ ਸਦ ਗਿਆਰਾਂ ਸਾਚਾ ਤੋਲ, ਹਰਿ ਸਾਚੇ ਆਪ ਤੁਲਾਇਆ । ਨਿਸ਼ਅੱਖਰ ਵੱਖਰ ਨਾਨਕ ਬੋਲ, ਸੋਹੰ ਬੋਲ ਅਲਾਇਆ । ਹਰਿ ਜੋਤੀ ਹਰਿ ਗਿਆ ਮੋਲ, ਹਰਿ ਸੰਗਤ ਫੁਲ ਫੁਲਵਾੜੀ ਲਾਇਆ । ਆਦਿ ਅੰਤ ਸਦਾ ਅਡੋਲ, ਨਾ ਡੋਲੇ ਨਾ ਕੋਇ ਡੋਲ ਡੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਵੇਖ ਵਖਾਇਆ । ਸਤਿਜੁਗ ਸਾਚੀ ਨੀਂਹ, ਹਰਿ ਸਾਚੇ ਵੰਡ ਵੰਡਾਈਆ । ਲਹਿਣਾ ਚੁਕੇ ਸਾਢੇ ਤਿੰਨ ਹੱਥ ਸੀਂ, ਹਰਿਜਨ ਸਾਚੇ ਲੇਖੇ ਲਾਈਆ । ਅੰਮ੍ਰਿਤ ਆਤਮ ਬਰਖੇ ਮੀਂਹ, ਨਿਝਰ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਈਆ । ਆਪਣਾ ਖੇਲ ਆਪ ਖਿਲਾਇਆ, ਹਰਿ ਵਡ ਵੱਡੀ ਵਡਿਆਈਆ । ਵੇਦ ਕਤੇਬ ਕਿਸੇ ਭੇਵ ਨਾ ਪਾਇਆ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਹਰਿਜਨ ਸਾਚੇ ਆਪਣਾ ਮੇਲ ਮਿਲਾਇਆ, ਲੋਕਮਾਤ ਵੇਖ ਵਖਾਈਆ । ਜੋਤ ਨਿਰੰਜਣ ਤੇਲ ਚੜ੍ਹਾਇਆ, ਆਦਿ ਨਿਰੰਜਣ ਸੇਵ ਕਮਾਈਆ । ਧੁਨ ਅਨਾਦੀ ਮੰਗਲ ਗਾਇਆ, ਸਾਚੀ ਸਖੀਆਂ ਵੇਖ ਵਖਾਈਆ । ਬੰਕ ਦਵਾਰਾ ਇਕ ਸੁਹਾਇਆ, ਦਰ ਦਰਵਾਜਾ ਖੋਲ੍ਹ ਖੁਲ੍ਹਾਈਆ । ਨਾਮ ਮਹਿੰਦੀ ਰੰਗਣ ਰੰਗ ਚੜ੍ਹਾਇਆ, ਸਾਚਾ ਸੀਸ ਇਕ ਗੁੰਦਾਈਆ । ਫੂਲਨ ਸਿਹਰਾ ਆਪ ਸਜਾਇਆ, ਘਰ ਸਾਚੇ ਸੋਭਾ ਪਾਈਆ । ਸਾਚੇ ਘੋੜੇ ਵਾਗ ਗੁੰਦਾਇਆ, ਤ੍ਰੈਗੁਣ ਮੋਤੀ ਤੰਦ ਬੰਧਾਈਆ । ਚਰਨ ਚਰਨੋਦਕ ਉਤੋ ਵਾਰ ਵਖਾਇਆ, ਅੰਮ੍ਰਿਤ ਜਲ ਇਕ ਪਿਆਈਆ । ਏਕਾ ਘਰ ਮੇਲ ਮਿਲਾਇਆ, ਏਕਾ ਕੰਨਿਆ ਵੇਖ ਵਖਾਈਆ । ਹਰਿਜਨ ਨਿਰਗੁਣ ਧਾਰ ਜੋਬਨ ਇਕ ਰਖਾਇਆ, ਬਿਰਧ ਬਾਲ ਨਾ ਕੋਇ ਬਣਾਈਆ । ਗੁਰਮੁਖ ਸਾਚੇ ਮੇਲ ਮਿਲਾਇਆ, ਘਰ ਸਾਚੇ ਵੱਜੀ ਵਧਾਈਆ । ਸਾਚੀ ਜੋੜੀ ਜੋੜ ਜੁੜਾਇਆ, ਵਿਚ ਵਿਚੋਲਾ ਬੇਪਰਵਾਹੀਆ । ਥੋੜੀ ਥੋੜੀ ਉਤੋਂ ਵੇਲ ਪਾਇਆ, ਸਾਚਾ ਘੁੰਘਟ ਖੋਲ੍ਹ ਅਪਣਾ ਮੁਖ ਦੂਈ ਦਵੈਤੀ ਪਰੇ ਹਟਾਈਆ । ਸਾਚਾ ਸ਼ਬਦ ਮੁਖੋ ਬੋਲ ਸੁਣਾਇਆ, ਹੰ ਬ੍ਰਹਮ ਹੋਈ ਕੁੜਮਾਈਆ । ਪਾਰਬ੍ਰਹਮ ਬ੍ਰਹਮ ਸਾਚੀ ਸੇਜ ਸਵਾਇਆ, ਆਪ ਆਪਣੇ ਅੰਗ ਲਗਾਈਆ । ਸਾਚਾ ਮੰਦਰ ਦਰ ਵਖਾਇਆ, ਹਰਿਜਨ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਿਤਾ ਸਾਚਾ ਵਰ, ਨੌ ਦਵਾਰੇ ਦਏ ਤਜਾਈਆ । ਸਿੰਘ ਜਗਦੀਸ ਵਰ ਘਰ ਪਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਏਕਾ ਨਾਰੀ ਲਏ ਪਰਨਾ, ਸਾਚਾ ਨਾਤਾ ਜੋੜ ਜੁੜਾਇੰਦਾ । ਦਰਗਹਿ ਸਾਚੀ ਹੋਇਆ ਵਿਆਹ, ਵਾਹ ਵਾ ਮੰਗਲ ਗਾਇੰਦਾ । ਏਕਾ ਲੱਗਾ ਸਾਚਾ ਥਾਂ, ਸਾਚਾ ਘਰ ਸੁਹਾਇੰਦਾ । ਨਾਤਾ ਤੋੜਿਆ ਪਿਤਾ ਮਾਂ, ਭੈਣ ਭਰਾ ਨਾ ਕੋਇ ਵਖਾਇੰਦਾ । ਮਿਲਿਆ ਮੇਲ ਬੇਪਰਵਾਹ, ਗੁਰਮੁਖਾਂ ਇਹ ਸਮਝਾਇੰਦਾ । ਦੇਵਣਹਾਰਾ ਠੰਡੀ ਛਾਂ, ਲੋਆਂ ਪੁਰੀਆਂ ਵੇਖ ਵਖਾਇੰਦਾ । ਸ਼ੰਕਰ ਪਕੜ ਉਠਾਏ ਆਪਣੀ ਬਾਂਹ, ਬਾਲ ਨਿਮਾਣੇ ਮਾਣ ਦਵਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਂ, ਪਿਛਲਾ ਲਹਿਣਾ ਮੂਲ ਚੁਕਾਇੰਦਾ । ਇਕ ਜਪੌਣਾ ਹਰਿ ਹਰਿ ਨਾਂ, ਨੇਤਰ ਨੈਣਾਂ ਦਰਸ ਵਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਜੋ ਜਨ ਚਰਨ ਧੂੜੀ ਅਸ਼ਨਾਨ ਕਰਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਂ, ਇਕ ਅਕੱਲਾ ਆਪ ਅਖਵਾਇੰਦਾ । ਗੁਰਮੁਖਾਂ ਹਰਿ ਭਗਤਾਂ ਅੱਗੇ ਕਰੀ ਨਾ ਨਾਂਹ, ਆਪ ਆਪਣਾ ਬਿਰਧ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਆਪੇ ਕਰ, ਆਪਣਾ ਖੇਲ ਖਿਲਾਇੰਦਾ । ਨੌ ਦਰਵਾਜ਼ੇ ਜਗਤ ਤਜ, ਸਿੰਘ ਜਗਦੀਸ ਕਰੇ ਜੈਕਾਰਾ । ਸਚ ਸਿੰਘਾਸਣ ਚੜ੍ਹਿਆ ਭੱਜ, ਦੋਏ ਜੋੜ ਕਰੇ ਨਿਮਸਕਾਰਾ । ਹਰਿ ਕਾ ਸ਼ਬਦ ਨਗਾਰਾ ਰਿਹਾ ਵੱਜ, ਚਾਰੋਂ ਕੁੰਟ ਕਰੇ ਖ਼ਬਰਦਾਰਾ । ਸਤਿਗੁਰ ਪੂਰਾ ਪਰਦੇ ਲਏ ਕੱਜ, ਜੋ ਜਨ ਚਲ ਆਏ ਦਵਾਰਾ । ਆਪ ਕਰਾਏ ਸਾਚਾ ਹੱਜ, ਕਾਇਆ ਕਾਅਬਾ ਖੋਲ੍ਹ ਕਿਵਾੜਾ । ਅੰਮ੍ਰਿਤ ਪਿਆਏ ਰੱਜ ਰੱਜ, ਗੁਰ ਗੋਬਿੰਦ ਮੀਤ ਮੁਰਾਰਾ । ਲੋਕਮਾਤ ਰੱਖੇ ਲਜ, ਨਾਨਕ ਗੋਬਿੰਦ ਵਿਚ ਸੰਸਾਰਾ । ਅਗਨੀ ਤੱਤ ਨਾ ਜਾਏ ਦਝ, ਮੇਲ ਮਿਲਾਵਾ ਰਾਮ ਪਿਆਰਾ । ਲੌਣ ਨਾ ਦੇਵੇ ਅਜ ਪਜ, ਕਾਹਨਾ ਕ੍ਰਿਸ਼ਨਾ ਖੇਲ ਨਿਆਰਾ । ਕਲਜੁਗ ਅੰਤਮ ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਗਗਨ ਪਾਤਾਲਾਂ ਦੋ ਜਹਾਨਾਂ ਰਿਹਾ ਭੱਜ, ਨਿਰਗੁਣ ਜੋਤ ਕਰ ਉਜਿਆਰਾ । ਹਰਿ ਸੰਗਤ ਵਿਚ

੨੮੦
੦੮

ਬਹੇ ਸਜ, ਦਿਸ ਨਾ ਆਏ ਜੀਵ ਗਵਾਰਾ । ਜੋ ਘੜਿਆ ਸੋ ਜਾਏ ਭੱਜ, ਘੜਨ ਭੰਨਣਹਾਰ ਆਪ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖੇ ਦਰ ਸੱਚਾ ਦਰਬਾਰਾ । ਗੁਰਮੁਖ ਸਾਚਾ ਅੱਗੇ ਰੱਖ, ਹਰਿ ਸਾਚੀ ਬਣਤ ਬਣਾਈਆ । ਪੁਰਖ ਅਬਿਨਾਸ਼ੀ ਹੋ ਪਰਤੱਖ, ਆਪ ਆਪਣੀ ਖੇਲ ਖਿਲਾਈਆ । ਹਰਿਜਨ ਕੀਨੇ ਆਪੇ ਵੱਖ, ਆਪਣਾ ਲੇਖਾ ਆਪ ਜਣਾਈਆ । ਕਰਤਾ ਕੀਮਤ ਪਾਏ ਕਰੋੜੀ ਲੱਖ, ਆਪੇ ਲੱਖੇ ਕੱਖ ਵਕਾਈਆ । ਹਰਿ ਸੰਗਤ ਰਾਹ ਸਾਚਾ ਦੱਸ, ਜਗਤ ਜਗਦੀਸ ਵੱਡੀ ਵਡਿਆਈਆ । ਛੱਤੀ ਯੁਗ ਹਿਰਦੇ ਵਸ, ਗੁਰਮੁਖਾਂ ਕਾਇਆ ਫੋਲ ਫੋਲਾਈਆ । ਚੌਵੀਆਂ ਅਵਤਾਰ ਨੱਸ ਨੱਸ, ਨਵ ਖੰਡ ਕਰੇ ਰੁਸ਼ਨਾਈਆ । ਸ਼ਬਦ ਨਿਰਾਲਾ ਤੀਰ ਕਸ, ਚਿੱਲੇ ਆਪਣੇ ਆਪ ਚੜ੍ਹਾਈਆ । ਵੇਖ ਵਖਾਣੇ ਰਵ ਸਸ, ਸਮੁੰਦ ਸਾਗਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚੇ ਘਰ, ਘਰ ਸਾਚੇ ਦਏ ਜਣਾਈਆ । ਏਕਾ ਕਲਾ ਏਕਾ ਧਾਰ, ਦਸ ਏਕਾ ਆਪ ਜਣਾਈਆ । ਸਾਚਾ ਕਰਮ ਕਰਤਾ ਕਰਨੀ ਕਰੇ ਵਿਚਾਰ, ਕਾਰਜ ਕਰਤੇ ਵਡ ਵਡਿਆਈਆ । ਧਰਨੀ ਦੱਬੀ ਧਰਤ ਭਾਰ, ਧਵਲ ਰਹੀ ਕੁਰਲਾਈਆ । ਮੰਗੇ ਮੰਗ ਬਣ ਭਿਖਾਰ, ਰੋ ਰੋ ਨੀਰ ਵਹਾਈਆ । ਪੁਰਖ ਅਬਿਨਾਸ਼ੀ ਪਾਏ ਸਾਰ, ਕਲਜੁਗ ਅੰਤਮ ਵੇਖ ਵਖਾਈਆ । ਗੁਰਸਿਖ ਸਾਜਣ ਕਰ ਤਿਆਰ, ਸਾਚੀ ਸੇਵਾ ਲਾਈਆ । ਦੇਸ ਮਾਝਨ ਖ਼ਬਰਦਾਰ, ਆਪ ਆਪਣੀ ਲਏ ਅੰਗੜਾਈਆ । ਸਤਿਜੁਗ ਸਾਚੀ ਨੀਂਹ ਦਏ ਉਸਾਰ, ਗੁਰਮੁਖ ਨੀਹਾਂ ਹੇਠ ਦਬਾਈਆ । ਹਰਿ ਸੰਗਤ ਤੇਰਾ ਚੁੱਕਿਆ ਭਾਰ, ਆਪ ਆਪਣੀ ਦਇਆ ਕਮਾਈਆ । ਸਿੰਘ ਜਗਦੀਸ਼ਾ ਦਿਤਾ ਵਾਰ, ਸਾਚੀ ਸਿਖਿਆ ਇਕ ਸਮਝਾਈਆ । ਕੌਰ ਰਣਜੀਤ ਦਏ ਪਿਆਰ, ਮਾਂ ਪੁੱਤਰ ਸੰਗ ਰਖਾਈਆ । ਗੁਰ ਸੰਗਤ ਕਰਨਾ ਇਕ ਵਿਚਾਰ, ਹਰਿ ਸਾਚੇ ਬਣਤ ਬਣਾਈਆ । ਮਰੇ ਪੁੱਤ ਮਾਤ ਨਾ ਰੋਵੇ ਜ਼ਾਰੋ ਜ਼ਾਰ, ਹਰਿ ਸਾਚੀ ਸਿਖ ਮਤ ਸਮਝਾਈਆ । ਸਤਿਜੁਗ ਵਰਤੇ ਵਿਚ ਸੰਸਾਰ, ਗੁਰਸਿਖ ਬੈਠਾ ਆਸ ਲਗਾਈਆ । ਪਹਿਲੋਂ ਕੀਨਾ ਆਪਣੇ ਉਤੇ ਵਾਰ, ਸ਼ਬਦ ਖੰਡਾ ਹੱਥ ਉਠਾਈਆ । ਹੱਡੀਆਂ ਬਾਲਨ ਕਰ ਤਿਆਰ, ਤ੍ਰੈਗੁਣ ਅਗਨੀ ਭੇਟ ਚੜ੍ਹਾਈਆ । ਸਚ ਨਿਸ਼ਾਨਾ ਕਰ ਤਿਆਰ, ਸੱਤ ਰੰਗਾਂ ਵੇਖ ਵਖਾਈਆ । ਸਤਿ ਪੁਰਖ ਖੇਲ ਅਪਰ ਅਪਾਰ, ਕਲਜੁਗ ਅੰਤਮ ਆਪ ਚਲਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਲੇਖ ਆਪ ਨਿਰੰਕਾਰ, ਜੈ ਜੈ ਜੈਕਾਰ ਕਰੇ ਸਰਬ ਲੋਕਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਢਹਿ ਪੈਣ ਦਵਾਰ, ਉਨੀ ਉਨੀਸਾ ਵੇਖ ਵਖਾਈਆ । ਉਨੀ ਕੱਤਕ ਰੰਗ ਕਰਤਾਰ, ਲਾਲ ਗੁਲਾਲਾ ਉਪਰ ਦਏ ਰੰਗਾਈਆ । ਕੰਚਨ ਧਾਰ ਸੰਗਤ ਪਿਆਰ, ਹਰਿ ਸਾਚਾ ਸੰਗ ਵਖਾਈਆ । ਸੂਹਾ ਵੇਸ ਦਰ ਦਰਵੇਸ਼, ਲੋਕਮਾਤ ਆਏ ਫੇਰਾ ਪਾਈਆ । ਚਿੱਟੀ ਧਾਰ ਦਸਮ ਦਵਾਰ, ਗੁਰਸਿਖਾਂ ਮੇਲ ਮਿਲਾਈਆ । ਪੀਲਾ ਬਸਤਰ ਤਨ ਸ਼ੰਗਾਰ, ਗੋਬਿੰਦ ਵੇਸ ਵਟਾਈਆ । ਨੀਲਾ ਨੀਲੀ ਧਾਰੋਂ ਕਰੇ ਬਾਹਰ, ਆਪ ਆਪਣੀ ਖੇਲ ਖਿਲਾਈਆ । ਕਾਲੀ ਧਾਰ ਕਰ ਪਿਆਰ, ਪੰਚਮ ਪੋਹ ਦਿਵਸ ਵਿਚਾਰ, ਕਾਲਾ ਸੂਸਾ ਤਨ ਛੁਹਾਈਆ । ਨੌ ਦਰ ਮੰਦਰ ਦਏ ਉਸਾਰ, ਸਾਚੀ ਬਣਤ ਬਣਾਈਆ । ਸਿੰਘ ਲਛਮਣ ਕਰਿਆ ਖ਼ਬਰਦਾਰ, ਦਿਲੀ ਦਵਾਰਾ ਵੇਖ ਵਖਾਈਆ । ਨੌ ਸੱਤ ਇਕ ਆਧਾਰ, ਅਠ ਨੌ ਵੱਜੇ ਵਧਾਈਆ । ਨੌ ਅੱਠ ਪਾਰ ਕਿਨਾਰ, ਸੱਤ ਨੌ ਵੇਖ ਵਖਾਈਆ । ਚੌਥੇ ਯੁਗ ਕਰ ਪਿਆਰ, ਚਾਰੇ ਕੂਟਾਂ ਮੁਖ ਸਾਲਾਹੀਆ । ਸਾਢੇ ਤਿੰਨ ਹੱਥ ਪਲੰਘ ਇਕ ਕਰਤਾਰ, ਚਾਰੋਂ ਕੁੰਟ ਲਕਾਰ ਖਚਾਈਆ । ਇਕੀ ਦਿਨ ਕਰ ਵਿਹਾਰ, ਇਕ ਇਕੀਸਾ ਵੇਖ

੨੮੨
੦੮

ਵਖਾਈਆ । ਨੌ ਦਵਾਰੀ ਲੰਘ ਦਵਾਰ, ਦਸਵੇਂ ਆਪੇ ਡਾਹੀਆ । ਨਿਰਗੁਣ ਜੋਤ ਕਰ ਉਜਿਆਰ, ਸਰਗੁਣ ਮੇਲ ਮਿਲਾਈਆ । ਗੋਬਿੰਦ ਗੁਰ ਲੇਖਾ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਬਲ ਨਗਰੀ ਧਾਮ ਨਿਆਰ, ਹਰਿ ਸਾਚਾ ਵੇਖ ਵਖਾਈਆ । ਸ਼ਬਦੀ ਸ਼ਬਦ ਬੋਲ ਜੈਕਾਰ, ਗੋਬਿੰਦ ਨਾਉਂ ਰਖਾਈਆ । ਜੋਤੀ ਜਗੇ ਅਗੰਮ ਅਪਾਰ, ਨਿਰਗੁਣ ਵੇਸ ਵਟਾਈਆ । ਹਰਿ ਸੰਗਤ ਮੇਲਾ ਵਿਚ ਸੰਸਾਰ, ਹਰਿ ਸਾਚਾ ਆਪ ਕਰਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਵਿਛੜ ਕਦੇ ਨਾ ਜਾਈਆ । ਅਚਰਜ ਖੇਲ ਖੇਲਾ ਪਾਰਬ੍ਰਹਮ ਨਰ ਅਵਤਾਰ, ਨਰ ਨਰਾਇਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਏਕਾ ਦਏ ਵਡਿਆਈਆ । ਇਕੀ ਦਿਵਸ ਜਗਤ ਵਿਹਾਰਾ, ਹਰਿ ਸਾਚੇ ਸੇਵ ਕਮਾਈਆ । ਸਿੰਘ ਬਿਸ਼ਨ ਕਰ ਪਿਆਰਾ, ਲੇਖਾ ਲੇਖ ਵਖਾਈਆ । ਹਰਿ ਸੰਗਤ ਬੰਨ੍ਹੇ ਸੀਸ ਦਸਤਾਰਾ, ਹਰਿ ਸਾਚੇ ਵਡ ਵਡਿਆਈਆ । ਕਲਜੁਗ ਵਹਿਣ ਡੂੰਘੀ ਗਾਰਾ, ਲੱਖ ਚੁਰਾਸੀ ਰਹੀ ਰੁੜ੍ਹਾਈਆ । ਨੇਤਰ ਰੋਵੇ ਗੰਗਾ ਧਾਰਾ, ਜਮਨਾ ਸੁਰਸਤੀ ਰਹੀ ਕੁਰਲਾਈਆ । ਗੋਦਾਵਰੀ ਕੰਢੇ ਬਹਿ ਬਹਿ ਕੱਢੇ ਹਾੜ੍ਹਾ, ਗੋਬਿੰਦ ਤੇਰਾ ਰਾਹ ਤਕਾਈਆ । ਮੰਦਰ ਮਸਜਿਦ ਬਣਿਆ ਅਖਾੜਾ, ਗੁਰ ਦਰ ਵੇਸਵਾ ਮਾਇਆ ਨਾਚ ਰਹੀ ਨਚਾਈਆ । ਪੁਰਖ ਅਕਾਲ ਨਾ ਦਿਸੇ ਸਾਚਾ ਲਾੜਾ, ਨੇਤਰ ਨੈਣ ਨਾ ਦਰਸ਼ਨ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾ, ਜਲਾਂ ਥਲਾਂ ਫੋਲ ਫੋਲਾਈਆ । ਪਹਿਲੀ ਚੇਤਰ ਦਿਵਸ ਵਿਚਾਰਾ, ਲੇਖਾ ਜਾਣੇ ਵੀਹ ਸੌ ਬਾਰਾ, ਗੁਰਮੁਖਾਂ ਲੇਖ ਲਿਖਾਈਆ । ਪੁਰਖ ਅਗੰਮੜਾ ਅਗੰਮੜੀ ਕਾਰਾ, ਭੇਵ ਕੋਇ ਨਾ ਪਾਈਆ । ਔਣਾ ਚਲ ਚਰਨ ਦਵਾਰਾ, ਮੇਲ ਮਿਲਾਵੇ ਸਾਚੇ ਮਾਹੀਆ । ਸ਼ਬਦ ਜੈਕਾਰਾ ਇਕ ਬੁਲੌਣਾ, ਪੂਜਾ ਪਾਠ ਨਾ ਕੋਇ ਵਖਾਈਆ । ਫੜ ਫੜ ਬਾਂਹੋਂ ਪਾਰ ਲੰਘੌਣਾ, ਅਧਵਿਚਕਾਰ ਨਾ ਕੋਇ ਡੁਬਾਈਆ । ਗੁਰਸਿਖਾਂ ਦੇ ਬਾਂਹ ਸਰਹਾਣੇ ਲੋਕਮਾਤ ਸੌਣਾ, ਸਤਿਗੁਰ ਪੂਰਾ ਸੇਵਾ ਆਪ ਕਮਾਈਆ । ਨਾਮ ਜਹਾਜ਼ ਇਕ ਚਲੌਣਾ, ਆਪਣਾ ਚੱਪੂ ਲਿਆ ਉਠਾਈਆ । ਚੌਥੇ ਜੁਗ ਵੇਖ ਵਖੌਣਾ, ਤੀਸ ਬਤੀਸ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖ ਲਿਖ ਲੇਖਾ ਗੁਰਮੁਖ ਸਾਚੇ ਲਏ ਜਗਾਈਆ । ਪਹਿਲੀ ਚੇਤਰ ਲੇਖ ਲਿਖਾਇਆ, ਵੀਹ ਸਦ ਬਾਰਾਂ ਵੱਜੀ ਵਧਾਈਆ । ਗੁਰਮੁਖ ਸਾਚਾ ਆਪ ਜਗਾਇਆ, ਸੋਇਆ ਕੋਇ ਰਹਿਣ ਨਾ ਪਾਈਆ । ਜ਼ਾਤ ਪਾਤ ਨਾ ਕੋਇ ਜਣਾਇਆ, ਊਚ ਨੀਚ ਨਾ ਕੋਇ ਵਖਾਈਆ । ਆਪ ਆਪਣਾ ਤਰਸ ਕਮਾਇਆ, ਗੁਣ ਅਵਗੁਣ ਨਾ ਕੋਇ ਜਣਾਈਆ । ਪੂਰਬ ਲਹਿਣਾ ਝੋਲੀ ਪਾਇਆ, ਪਿਛਲਾ ਲੇਖਾ ਦਏ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਮਾਣ ਦਵਾਇਆ, ਕਲਜੁਗ ਅੰਤਮ ਹੋਏ ਸਹਾਈਆ । ਸਾਚਾ ਬਸਤਰ ਤਨ ਸਜਾਇਆ, ਏਕਾ ਭੂਸ਼ਨ ਵੇਖ ਵਖਾਈਆ । ਨੇਤਰ ਨੈਣਾਂ ਕੱਜਲ ਪਾਇਆ, ਲੋਇਨ ਅੱਖ ਖੁਲ੍ਹਾਈਆ । ਦੋ ਜਹਾਨਾਂ ਸੱਜਣ ਲੋਕਮਾਤ ਆਇਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਚਰਨ ਧੂੜ ਕਰੌਣ ਮਜਨ ਆਇਆ, ਦੁਰਮਤ ਮੈਲ ਦਏ ਗਵਾਈਆ । ਅੰਤਮ ਪੜਦੇ ਕੱਜਣ ਆਇਆ, ਨਾਮ ਦੋਸ਼ਾਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸੌ ਬਾਰਾਂ ਵੇਖ ਵਖਾਈਆ । ਵੀਹ ਸਦ ਬਾਰਾਂ ਹਰਿ ਰੰਗ ਲਾਇਆ, ਗੁਰਮੁਖਾਂ ਵੱਜੀ ਵਧਾਈਆ । ਆਪਣਾ ਲੇਖਾ ਆਪ ਜਣਾਇਆ, ਘਰ ਦੀਵਾ ਬਾਤੀ ਕਰ ਰੁਸ਼ਨਾਈਆ । ਅੰਧ ਅੰਧੇਰਾ ਜਗਤ ਮਿਟਾਇਆ, ਨਾਤਾ ਤੋੜਿਆ ਭੈਣਾਂ ਭਾਈਆ । ਸੰਝ ਸਵੇਰਾ ਇਕ ਵਖਾਇਆ, ਗੁਰਮੁਖ ਮੇਲਾ

ਸਹਿਜ ਸੁਭਾਈਆ । ਚੰਦ ਨੌਚੰਦੀ ਇਕ ਚੜ੍ਹਾਇਆ, ਦਿਵਸ ਰੈਣ ਕਰੇ ਰੁਸ਼ਨਾਈਆ । ਸੁਹਾਗੀ ਛੰਦੀ ਇਕ ਸੁਣਾਇਆ, ਅਲਖ ਅਲਖਣਾ ਆਪੇ ਗਾਈਆ । ਬੰਦੀਖ਼ਾਨਾ ਤੋੜ ਤੁੜਾਇਆ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਦਾ ਲੇਖ ਮੁਕਾਇਆ, ਵਹੀ ਖਾਤਾ ਨਾ ਕੋਇ ਫੁਲਾਈਆ । ਲਾੜੀ ਮੌਤ ਨਾ ਵੇਸ ਵਟਾਇਆ, ਵੇਲੇ ਅੰਤ ਨਾ ਲਏ ਪਰਨਾਈਆ । ਸਾਚਾ ਮਾਰਗ ਇਕ ਵਖਾਇਆ, ਸਾਚੀ ਬਖ਼ਸ਼ੀ ਹਰਿ ਸਰਨਾਈਆ । ਗੁਰੂ ਸ਼ਬਦ ਇਕ ਜਣਾਇਆ, ਦੂਸਰ ਓਟ ਨਾ ਕੋਇ ਤਕਾਈਆ । ਲੱਖ ਚੁਰਾਸੀ ਫੰਦ ਕਟਾਇਆ, ਲੱਖ ਚੁਰਾਸੀ ਤਨ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਬਾਰਾਂ ਦੇਵੇ ਵਰ, ਵਰ ਦਾਤਾ ਬੇਪਰਵਾਹੀਆ । ਆਪੇ ਦੇਵੇ ਵਰ, ਆਪ ਵਡਿਆਈਆ । ਆਪੇ ਵੇਖੇ ਘਰ, ਆਪ ਉਪਜਾਈਆ । ਆਪ ਉਪਾਏ ਸਰ, ਆਪ ਤਰਾਈਆ । ਆਪੇ ਘਾੜਨ ਘੜ, ਆਪ ਭੰਨਾਈਆ । ਆਪੇ ਅੱਖਰ ਪੜ੍ਹ, ਆਪੇ ਕਰੇ ਪੜ੍ਹਾਈਆ । ਆਪੇ ਹਰ ਘਟ ਅੰਦਰ ਬੈਠਾ ਵੜ, ਆਪੇ ਮੁਖ ਛੁਪਾਈਆ । ਆਪੇ ਗੁਰਮੁਖਾਂ ਫੜਾਏ ਆਪਣਾ ਲੜ, ਜੁਗ ਜੁਗ ਵੇਸ ਵਟਾਈਆ । ਕਲਜੁਗ ਲੇਖਾ ਜਾਣੇ ਸਤਾਰਾਂ ਹਾੜ, ਹਰਿ ਸਾਚਾ ਲੇਖ ਲਿਖਾਈਆ । ਗੁਰਸਿਖ ਲੇਖੇ ਲੱਗੇ ਨਾੜ ਨਾੜ, ਤਨ ਮਾਟੀ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਆਪ ਲਿਖਾਈਆ । ਹਾੜ ਸਤਾਰਾਂ ਦਿਵਸ ਸੁਹਾਇਆ, ਹਰਿ ਸੰਗਤ ਮੇਲ ਮਲੰਨਿਆ । ਆਵਣ ਜਾਵਣ ਪੰਧ ਮੁਕਾਇਆ, ਦਿਸ ਨਾ ਆਇਆ ਆਤਮ ਅੰਨਿਆ । ਦਰ ਘਰ ਸਾਚੇ ਦਰਸ ਦਿਖਾਇਆ, ਨੌਂ ਦਰ ਡੇਰਾ ਭੰਨਿਆ । ਦਸਮ ਦਵਾਰੀ ਮੇਲ ਮਿਲਾਇਆ, ਸਤਿਗੁਰ ਪੂਰਾ ਆਪੇ ਮੰਨਿਆ । ਸੋ ਪੁਰਖ ਨਿਰੰਜਣ ਸਾਚਾ ਰਾਗ ਸੁਣਾਇਆ, ਛੰਤ ਸੁਹਾਗੀ ਏਕਾ ਕੰਨਿਆ, ਦੁਰਮਤ ਮੈਲ ਦਾਗੀ ਧੋ ਵਖਾਇਆ, ਨਿਰਮਲ ਕਰੀਆਂ ਚਾਰੇ ਕੰਨੀਆਂ । ਧੁਰ ਦਾ ਵਾਗੀ ਆਪੇ ਆਇਆ, ਮੇਲ ਮਿਲਾਵਾ ਚਿਰੀ ਵਿਛੁਨਿਆ । ਆਤਮ ਸੋਈ ਜਾਗੀ ਆਪ ਜਗਾਇਆ, ਜਗਤ ਵਿਕਾਰਾ ਦੇਵੇ ਡੰਨਿਆ । ਮਾਇਆ ਤਿਆਗੀ ਵੇਸ ਵਟਾਇਆ, ਮਾਇਆ ਮਮਤਾ ਖੰਨ ਖੰਨਿਆ । ਲਿਵ ਲਾਗੀ ਜਿਸ ਦਰਸ਼ਨ ਪਾਇਆ, ਮਨ ਮਨੂਆ ਆਪੇ ਮੰਨਿਆ । ਬੁਧ ਬਿਬੇਕੀ ਦਏ ਵਖਾਇਆ, ਹਰਿ ਸੰਗਤ ਦਰ ਸੁਹੰਨਿਆ । ਮਤ ਮਤਵਾਲੀ ਰਹੇ ਸਰਨਾਇਆ, ਹਰਿ ਕਾ ਸ਼ਬਦ ਗੁਰੂ ਕਰ ਮੰਨਿਆ । ਸਾਚਾ ਜੋਗ ਅਭਿਆਸ ਇਕ ਵਖਾਇਆ, ਗੁਰਸਿਖੋ ਦਰ ਆਓ ਦਰਸ਼ਨ ਪਾਓ, ਨਿਰਗੁਣ ਜੋਤ ਨਿਰੰਕਾਰ ਨਿਰਾਕਾਰ ਲੋਕਮਾਤ ਚੜ੍ਹਿਆ ਸਾਚਾ ਚੰਨਿਆ । ਚੜ੍ਹਿਆ ਚੰਨ ਹੋਇਆ ਪਰਕਾਸ਼, ਹਰਿ ਸੰਗਤ ਵੇਖ ਵਖਾਈਆ । ਮਿਲਿਆ ਮੇਲ ਸ਼ਾਹੋ ਸ਼ਾਬਾਸ, ਦਸਮ ਦਵਾਰਾ ਨਜ਼ਰੀ ਆਈਆ । ਸਤਿਗੁਰ ਪੂਰਾ ਪੁਰਖ ਅਬਿਨਾਸ਼, ਏਕਉਂਕਾਰਾ ਇਕ ਅਖਵਾਈਆ । ਜਨ ਭਗਤਾਂ ਕਰੇ ਬੰਦ ਖ਼ਲਾਸ, ਨਿਤ ਨਵਿਤ ਫੇਰਾ ਪਾਈਆ । ਕਲਜੁਗ ਅੰਤਮ ਪੂਰੀ ਕਰਨ ਆਇਆ ਆਸ, ਹਰਿ ਸੰਗਤ ਦੇਵੇ ਧੁਰ ਧਰਵਾਸ, ਸਾਚੀ ਸੰਗਤ ਧਰੂ ਪ੍ਰਹਿਲਾਦ ਸਰਬ ਬਣਾਈਆ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਗਰਭ ਵਾਸ ਨਾ ਫੇਰ ਰਖਾਈਆ । ਪਾਰ ਕਰਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਰਵ ਸਸ ਚਰਨਾਂ ਹੇਠ ਦਬਾਈਆ । ਗੁਰਸਿਖਾਂ ਅੰਦਰ ਕਰਿਆ ਆਪੇ ਵਾਸ, ਕਵਣ ਜੇਹਵਾ ਹਰਿ ਗੁਣ ਗਾਈਆ । ਸਤਿਗੁਰ ਮਿਲਿਆ ਪੂਰਾ ਹੋਇਆ ਅਭਿਆਸ, ਛੁੱਟੀ ਸਰਬ ਲੋਕਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਦਿ ਜੁਗਾਦੀ ਜਨ ਭਗਤਾਂ ਅੱਗੇ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਗੁਰਸਿਖ ਤੇਰੀ ਕਾਇਆ ਗਗਨ ਆਪੇ ਪਾਏ ਰਾਸ, ਰਾਤੀ ਸੁੱਤਿਆਂ ਦਰਸ ਦਿਖਾਈਆ । ਦੀਪਕ ਜੋਤ

ਜਗੇ ਹੋਏ ਪਰਕਾਸ਼, ਜਿਸ ਘਰ ਆਵੇ ਬੇਪਰਵਾਹੀਆ । ਅੰਧ ਅੰਧੇਰਾ ਜਾਏ ਵਿਨਾਸ, ਜੋਤ ਨਿਰੰਜਣ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਬਾਰਾਂ ਦਿਤਾ ਵਰ, ਹਾੜ ਸਤਾਰਾਂ ਦਿਵਸ ਸੁਹਾਈਆ । ਹਾੜ ਸਤਾਰਾਂ ਰੰਗਣ ਰੰਗ, ਹਰਿ ਸੰਗਤ ਆਪਣੇ ਰੰਗ ਰੰਗਾਈਆ । ਏਕਾ ਦਰ ਪ੍ਰਭ ਅਬਿਨਾਸ਼ੀ ਲਿਆ ਮੰਗ, ਦੂਜੇ ਦਰ ਨਾ ਮੰਗਣ ਜਾਈਆ । ਚਰਨ ਧੂੜ ਨੁਹਾਏ ਸਾਚੀ ਗੰਗ, ਦੁਰਮਤ ਮੈਲ ਗਵਾਈਆ । ਮਿਲਿਆ ਦਾਤਾ ਦਾਨੀ ਸੂਰਾ ਸਰਬੰਗ, ਸਰਬ ਕਲਾ ਆਪ ਅਖਵਾਈਆ । ਗੁਰਸਿਖ ਪਹਿਲੋਂ ਤੇਰੇ ਅੰਦਰ ਵਿਛਾਈ ਫੂਲਾਂ ਸੇਜ ਪਲੰਘ, ਸਚ ਦੁਸ਼ਾਲਾ ਫੇਰ ਉਠਾਈਆ । ਨੌਂ ਦਵਾਰੇ ਆਪੇ ਗਿਆ ਲੰਘ, ਤੇਰਾ ਜਗਤ ਪੈਂਡਾ ਟੇਢੀ ਬੰਕ ਪਾਰ ਕਰਾਈਆ । ਤੇਰੇ ਦਰ ਗੌਂਦਾ ਜਾਏ ਵਜਾਏ ਧੁਨ ਸ਼ਬਦ ਨਾਮ ਮਰਦੰਗ, ਅਨਹਦ ਰਾਗ ਆਪ ਅਲਾਈਆ । ਬਜਰ ਕਪਾਟੀ ਤੋੜ ਜੰਦ, ਕਲਜੁਗ ਖੇੜਾ ਵੇਖ ਵਖਾਈਆ । ਚਾਰੋਂ ਕੁੰਟ ਦਹਿ ਦਿਸ਼ਾਂ ਗੁਰਸਿਖਾਂ ਨੇੜੇ ਆਪੇ ਕਰੇ ਪੰਧ, ਆਪੇ ਜਾਏ ਕਰ ਕਰ ਧਾਈਆ । ਆਪੇ ਦੇਵੇ ਪਰਮਾਨੰਦ, ਨਿਜਾਨੰਦ ਆਪ ਸਮਾਈਆ । ਆਪ ਤਜਾਇਆ ਰਸਨਾ ਗੰਦ, ਮਾਇਆ ਮੋਹ ਆਪ ਮਿਟਾਈਆ । ਆਪ ਲਗਾਇਆ ਆਪਣੇ ਅੰਗ, ਅੰਗੀਕਾਰ ਕਰੇ ਬੇਪਰਵਾਹੀਆ । ਆਦਿ ਜੁਗਾਦਿ ਸਦਾ ਬਖ਼ਸ਼ੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਲੇਖਾ ਰਿਹਾ ਮੁਕਾਈਆ । ਜਗਤ ਪੰਧ ਆਪ ਮੁਕਾਇਆ, ਘਰ ਘਰ ਫੇਰੀ ਪਾਇੰਦਾ । ਗੁਰਸਿਖ ਸੋਇਆ ਆਪ ਉਠਾਇਆ, ਆਪਣੀ ਸੇਵ ਕਮਾਇੰਦਾ । ਗੁਰਸਿਖ ਤੇਰਾ ਸਾਚਾ ਨਾਂ ਹਰਿ ਸਾਚੇ ਗਾਇਆ, ਗਾਵਣਹਾਰਾ ਦਿਸ ਨਾ ਆਇੰਦਾ । ਸ਼ਬਦ ਡੋਰੀ ਤੰਦ ਬੰਧਾਇਆ, ਮਨ ਮਨੂਆ ਬੰਧ ਵਖਾਇੰਦਾ । ਹੌਲੀ ਹੌਲੀ ਖਿਚ ਲਿਆਇਆ, ਰਾਹ ਖਹਿੜਾ ਆਪ ਵਖਾਇੰਦਾ । ਨੌਂ ਦਵਾਰੇ ਲੇਖ ਲਖਾਇਆ, ਭੇਵ ਕੋਇ ਨਾ ਪਾਇੰਦਾ । ਗੁਰਮੁਖ ਸਾਜਣ ਮੇਲ ਮਿਲਾਇਆ, ਘਰ ਸੱਚਾ ਇਕ ਸੁਹਾਇੰਦਾ । ਦਸਮ ਦਵਾਰੀ ਡੇਰਾ ਲਾਇਆ, ਜਗ ਝੇੜਾ ਆਪ ਮਿਟਾਇੰਦਾ । ਅੰਤਮ ਬੇੜਾ ਬੰਨ੍ਹ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਬਾਰਾਂ ਕਰ ਪਿਆਰਾ, ਹਰਿ ਸੰਗਤ ਵੇਖ ਵਖਾਇਆ । ਹਰਿ ਸੰਗਤ ਫਲ ਫੁਲਵਾੜੀ ਗਈ ਫੁੱਲ, ਲੋਕਮਾਤ ਮਹਿਕਾਈਆ । ਆਪਣੇ ਕੰਡੇ ਗਈ ਤੁਲ, ਤੋਲਣਹਾਰਾ ਤੋਲ ਤੁਲਾਈਆ । ਸਚ ਭੰਡਾਰਾ ਗਿਆ ਖੁਲ੍ਹ, ਏਕਾ ਨਾਮ ਰਿਹਾ ਵਰਤਾਈਆ । ਰਾਜ ਰਾਜਾਨਾਂ ਕੋਈ ਨਾ ਪਾਏ ਮੁੱਲ, ਊਚਾਂ ਨੀਚਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਸ਼ਾਹੀਆ । ਕਲਜੁਗ ਤੇਰਾ ਵੇਖ ਪਸਾਰਾ, ਹਰਿ ਸਾਚਾ ਖੇਲ ਖਿਲਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਵੀਹ ਸਦ ਤੇਰਾਂ ਕਰ ਪਿਆਰਾ, ਸਾਧਾਂ ਸੰਤਾਂ ਵੇਖ ਵਖਾਇੰਦਾ । ਰਾਜ ਰਾਜਾਨਾਂ ਮਾਰੇ ਮਾਰਾ, ਸ਼ਬਦ ਨਾਅਰਾ ਇਕ ਲਗਾਇੰਦਾ । ਸੀਸ ਬੰਨ੍ਹਾਇਆ ਜਗਤ ਦਸਤਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਅੰਤਮ ਔਣਾ ਚਰਨ ਦਵਾਰਾ, ਦਰ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਤੇਰਾਂ ਤੇਰੀ ਧਾਰ, ਦਸ ਦਸ ਵੇਖੇ ਪਾਵੇ ਸਾਰ, ਨਾਰੀ ਪੁਰਖ ਨਾ ਕੋਇ ਮਨਾਇੰਦਾ । ਵੀਹ ਸਦ ਤੇਰਾਂ ਉਤਰਿਆ ਪਾਰ, ਆਪਣੀ ਵੰਡ ਵੰਡਾਈਆ । ਦਸ ਚਾਰ ਚੌਦਾਂ ਹੋ ਉਜਿਆਰ, ਚੌਦਾਂ ਤਬਕਾਂ ਕਰੇ ਰੁਸ਼ਨਾਈਆ । ਚੌਦਾਂ ਹੱਟਾਂ ਵਣਜ ਵਪਾਰ, ਚੌਦਾਂ ਲੋਕ ਇਕ ਜਣਾਈਆ । ਸਚਖੰਡ ਦਏ ਅਧਾਰ, ਬ੍ਰਹਮਲੋਕ ਲਏ ਉਠਾਈਆ । ਸ਼ਿਵਲੋਕ ਵੇਖ ਪਸਾਰ, ਭੋਲੇ

ਨਾਥ ਇਹ ਸਮਝਾਈਆ । ਕਰੋੜ ਤੇਤੀਸਾ ਖ਼ਬਰਦਾਰ, ਸੁਰਪਤ ਰਾਜਾ ਇੰਦ ਹਲਾਈਆ । ਤ੍ਰੈ ਤ੍ਰੈ ਇਕ ਆਧਾਰ, ਤ੍ਰੈ ਤ੍ਰੈ ਰੰਗ ਰੰਗਾਈਆ । ਸਤਿ ਸਤਿ ਕਰ ਪਸਾਰ, ਸਤਿ ਸਤਿਵਾਦ ਹੱਥ ਵਡਿਆਈਆ । ਚੌਦਾਂ ਚੌਦਾਂ ਬੰਨ੍ਹੇ ਧਾਰ, ਆਪ ਆਪਣੀ ਕਲ ਵਰਤਾਈਆ । ਲੋਕਮਾਤ ਖੇਲ ਅਪਾਰ, ਹਰਿਜਨ ਸਾਚੇ ਲਏ ਉਠਾਈਆ । ਗੋਬਿੰਦ ਲਹਿਣਾ ਦਏ ਉਤਾਰ, ਪਿਛਲਾ ਮੂਲ ਚੁਕਾਈਆ । ਏਕਾ ਇਕੀ ਕਰ ਤਿਆਰ, ਸਾਚੀ ਸਿਖੀ ਵੇਖ ਵਖਾਈਆ । ਸਿਖੀ ਸਿਖਿਆ ਗੁਰ ਵਿਚਾਰ, ਕਰਨੀ ਕਰਤਾ ਆਪ ਕਮਾਈਆ । ਫੜ ਫੜ ਬੇੜਾ ਕਰੇ ਪਾਰ, ਪਾਰ ਕਿਨਾਰਾ ਆਪ ਜਣਾਈਆ । ਪਹਿਲੀ ਚੇਤਰ ਹੋ ਉਜਿਆਰ, ਵੀਹ ਸੌ ਚੌਦਾਂ ਕਰੇ ਜਣਾਈਆ । ਇਕੀ ਦਿਵਸ ਬੰਨ੍ਹੇ ਧਾਰ, ਏਕਾ ਏਕ ਵੱਡੀ ਵਡਿਆਈਆ । ਲਿਖੀ ਰੇਖ ਵਿਚ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਸੰਗਤ ਤੇਰਾ ਸਚ ਦਵਾਰ, ਦਰਗਹਿ ਸਾਚੀ ਧਾਮ ਸੁਹਾਈਆ । ਮੇਲ ਮਿਲਾਵਾ ਮੀਤ ਮੁਰਾਰ, ਪਾਰਬ੍ਰਹਮ ਸਹਿਜ ਸੁਖਦਾਈਆ । ਸਚ ਸਿੰਘਾਸਣ ਹਰਿ ਨਿਰੰਕਾਰ, ਨਿਰਗੁਣ ਬੈਠਾ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਏ ਵਡਿਆਈਆ । ਗੁਰਸਿਖਾਂ ਸਚ ਰਾਹ ਵਖਾਇਆ, ਹਰਿ ਸਾਚੇ ਮੇਲ ਮਿਲਾਇਆ । ਸਾਚਾ ਮੰਤਰ ਨਾਮ ਦ੍ਰਿੜਾਇਆ, ਭਾਂਡਾ ਭਰਮ ਭੌ ਭੰਨਾਇਆ । ਏਕਾ ਰੰਗਣ ਰੰਗ ਰੰਗਾਇਆ, ਰੰਗ ਮਜੀਠੀ ਇਕ ਚੜ੍ਹਾਇਆ । ਗੁਰਸਿਖਾਂ ਦਵਾਰੇ ਮੰਗਣ ਆਪੇ ਆਇਆ, ਗੁਰਸਿਖ ਮੰਗਣ ਕਿਸੇ ਘਰ ਨਾ ਜਾਇਆ । ਗੁਰਸਿਖਾਂ ਨੇੜਨ ਨੇੜ ਹੋ ਦਰਸ ਦਿਖਾਇਆ, ਕਵਣ ਕੂਟੇ ਗੁਰਮੁਖ ਜਾਵਣ ਰਾਹ ਤਕਾਇਆ । ਨਾਮ ਪਘੂੰੜੇ ਸਾਚੇ ਝੂਟੇ ਆਪ ਝੁਲਾਇਆ, ਸਚ ਹੁਲਾਰਾ ਇਕ ਰਖਾਇਆ । ਸਤਿਗੁਰ ਪੂਰਾ ਤੁਠੇ ਬੇੜਾ ਜਗਤ ਤਰਾਇਆ, ਅਧਵਿਚਕਾਰ ਨਾ ਕੋਇ ਡੁਬਾਇਆ । ਲੁਕਿਆ ਰਹੇ ਨਾ ਕਿਸੇ ਗੁੱਠੇ, ਜਿਸ ਜਨ ਸਤਿਜੁਗ ਤ੍ਰੇਤਾ ਦੁਆਪਰ ਹਰਿ ਹਰਿ ਰਸਨਾ ਗਾਇਆ । ਅੰਤਮ ਬੱਧਾ ਏਕਾ ਮੁੱਠੇ, ਸੋਹੰ ਤੰਦੀ ਤੰਦ ਬੰਧਾਇਆ । ਕਲਜੁਗ ਸੰਤ ਰਹਿ ਗਏ ਰੁਠੇ, ਮਾਇਆ ਮਾਣ ਨਾ ਮਨੋਂ ਗਵਾਇਆ । ਪੁਰਖ ਅਬਿਨਾਸ਼ੀ ਖ਼ਾਲੀ ਕੀਤੇ ਠੂਠੇ, ਗੁਰਮੁਖਾਂ ਘਰ ਭਰਾਇਆ । ਅੰਤਮ ਆਪਣੀ ਕਰਨੀ ਜਾਣ ਲੁੱਟੇ, ਠੱਗ ਚੋਰ ਯਾਰ ਬੈਠੇ ਅੰਦਰ ਡੇਰਾ ਲਾਇਆ । ਜੋ ਜਨ ਹਰਿ ਸਰਨਾਈ ਏਕਾ ਓਟ ਰੱਖੇ, ਵੇਲੇ ਅੰਤਮ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸਿਖੀ ਦਏ ਬਣਾਇਆ । ਸਾਚੀ ਸਿਖੀ ਸਾਚੀ ਧਾਰ, ਹਰਿ ਸਾਚੇ ਆਪ ਉਪਾਈਆ । ਚਾਰ ਵਰਨਾਂ ਇਕ ਪਿਆਰ, ਊਚਾਂ ਨੀਚਾਂ ਇਕ ਵਡਿਆਈਆ । ਏਕਾ ਸ਼ਬਦ ਇਕ ਜੈਕਾਰ, ਆਤਮ ਅੰਤਰ ਇਕ ਲਿਵ ਲਾਈਆ । ਏਕਾ ਵਣਜ ਇਕ ਵਪਾਰ, ਇਕ ਭੰਡਾਰ ਰਿਹਾ ਵਰਤਾਈਆ । ਏਕਾ ਦਾਤਾ ਦਾਨੀ ਦੇਵਣਹਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਸ਼ਬਦ ਨਿਸ਼ਾਨੀ ਧੁਰ ਦਰਬਾਰ, ਗੁਰਮੁਖਾਂ ਰਿਹਾ ਵਖਾਈਆ । ਵੀਹ ਸਦ ਪੰਦਰਾਂ ਹੋ ਉਜਿਆਰ, ਆਪ ਆਪਣੀ ਕਲ ਵਰਤਾਈਆ । ਨੌ ਨੌ ਖੇਲ ਕਰੇ ਕਰਤਾਰ, ਨੌ ਨੌ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ, ਪਾਰਬ੍ਰਹਮ ਬੇਅੰਤ ਬੇਪਰਵਾਹ ਅਖਵਾਈਆ । ਸਚਖੰਡ ਬ੍ਰਹਮ ਲੋਕ ਸ਼ਿਵ ਇੰਦ ਸੁਹਾਇਆ, ਚੌਦਾਂ ਚੌਦਾਂ ਰਿਹਾ ਝੋਕ, ਚੌਦਾਂ ਚੌਦਾਂ ਵੇਖ ਵਖਾਇਆ । ਨੌ ਸੱਤ ਨਾ ਸਕੇ ਕੋਈ ਰੋਕ, ਆਪ ਆਪਣੀ ਕਲ ਵਰਤਾਇਆ । ਲੋਆਂ ਪੁਰੀਆਂ ਸੁਣਾਏ ਸਚ ਸਲੋਕ, ਸਾਚਾ ਢੋਲਾ ਏਕਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਪੰਦਰਾਂ ਵੰਡ

ਵੰਡਾਇਆ । ਸੰਮਤ ਪੰਦਰਾਂ ਵੰਡੀ ਵੰਡ, ਹਰਿ ਸਾਚੇ ਹੱਥ ਵਡਿਆਈਆ । ਗੁਰ ਗੋਬਿੰਦ ਤੇਜ਼ ਚੰਡ ਪਰਚੰਡ, ਆਪਣੇ ਹੱਥ ਉਠਾਈਆ । ਜਗਤ ਵਿਕਾਰਾ ਵੇਖ ਬ੍ਰਹਿਮੰਡ, ਜੀਉ ਪਿੰਡ ਖੋਜ ਖੋਜਾਈਆ । ਸਤਿ ਸ੍ਰਿਸ਼ਟ ਸਬਾਈ ਦੇਵਣਹਾਰਾ ਦੰਡ, ਬੈਠਾ ਮੁਖ ਛੁਪਾਈਆ । ਕਲਜੁਗ ਨਾਰ ਦੁਹਾਗਣ ਹੋਈ ਰੰਡ, ਸਿਰ ਪੱਲੂ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਪੰਦਰਾਂ ਮੰਦਰਾਂ ਅੰਦਰ ਫੇਰਾ ਪਾਈਆ । ਸੰਮਤ ਪੰਦਰਾਂ ਹਰਿ ਕਰਤਾਰ, ਆਪਣੀ ਖੇਲ ਖਲਾਈਆ । ਅਠਸਠ ਤੇਰੀ ਵੇਖ ਵਿਚਾਰ, ਆਪਣੀ ਅਲਖ ਜਗਾਈਆ । ਤੀਰਥ ਤਟ ਆਪੇ ਦਏ ਆਧਾਰ, ਆਪੇ ਮੇਟ ਮਿਟਾਈਆ । ਗੰਗਾ ਗੋਦਾਵਰੀ ਸੁਰਸਤੀ ਨਾਰ, ਤਿੰਨੇ ਲਏ ਪਰਨਾਈਆ । ਗੁਰਮੁਖ ਸਾਚੇ ਸਾਜਣ ਯਾਰ, ਮੀਤ ਮੁਰਾਰੇ ਸੰਗ ਰਲਾਈਆ । ਅਠਸਠ ਕਰੇ ਪਾਰ ਕਿਨਾਰ, ਜਗਤ ਕਿਨਾਰਾ ਵੇਖ ਵਖਾਈਆ । ਗੁਰਮੁਖ ਸਾਜਣ ਲਏ ਉਭਾਰ, ਹਰਿ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਵੇਖ ਵਖਾਈਆ । ਵੀਹ ਸਦ ਪੰਦਰਾਂ ਤੁੱਟਾ ਨਾਤਾ, ਨਾਤਾ ਬਿਧਾਤਾ ਆਪ ਤੁੜਾਇੰਦਾ । ਸੰਮਤ ਸੋਲਾਂ ਵੇਖੇ ਅੰਧੇਰੀ ਰਾਤਾ, ਆਪਣਾ ਮੁਖ ਛੁਪਾਇੰਦਾ । ਗੁਰਸਿਖਾਂ ਸੁਣਾਏ ਆਪਣੀ ਗਾਥਾ, ਦੂਸਰ ਕੋਇ ਨਾ ਅੰਗ ਲਗਾਇੰਦਾ । ਖੇਲੇ ਖੇਲ ਤ੍ਰਿਲੋਕੀ ਨਾਥਾ, ਨਾਥ ਅਨਾਥਾਂ ਮਾਣ ਦਵਾਇੰਦਾ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਵੇਸ ਵਟਾਇੰਦਾ । ਆਪੇ ਜਾਣੇ ਆਪਣਾ ਸਾਥਾ, ਆਪੇ ਆਪਣਾ ਸੰਗ ਨਿਭਾਇੰਦਾ । ਗੁਰਸਿਖਾਂ ਲਹਿਣ ਦੇਣ ਚੁਕਾਇਆ ਪੂਜਾ ਪਾਠਾ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਮੂਲ ਚੁਕਾਇਆ ਮਣਕਾ ਇਕ ਸੌ ਆਠਾ, ਮਨ ਕਾ ਮਣਕਾ ਆਪ ਭੁਵਾਇੰਦਾ । ਪੂਰ ਕਰਾਏ ਘਾਟਾ ਤੀਰਥ ਅਠਸਾਠਾ, ਸਾਲ ਅਠਾਰਵਾਂ ਖ਼ੁਸ਼ੀ ਮਨਾਇੰਦਾ । ਬਵੰਜਾ ਸਾਲ ਪੰਜ ਤੱਤ ਤੇਰੀਆ ਕੱਢੀਆਂ ਵਾਟਾ, ਕਲਜੁਗ ਚੋਲਾ ਆਪ ਹੰਢਾਇੰਦਾ । ਸੋਲਾਂ ਸਾਲ ਸੋਲਾਂ ਕਲੀ ਸੋਲਾਂ ਧਾਰ ਜੋਤੀ ਅਗਨੀ ਜਗੇ ਲਲਾਟਾ, ਲਾਟ ਲਲਾਟੀ ਵੇਖ ਵਖਾਇੰਦਾ । ਗੁਰਸਿਖਾਂ ਤਨ ਸੀਵੇ ਪਾਟਾ, ਆਪਣੀ ਹੱਥੀਂ ਸੂਈ ਨਾਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਦਿਵਸ ਆਪ ਸੁਹਾਇੰਦਾ । ਸੰਮਤ ਸੋਲਾਂ ਪਹਿਲੀ ਚੇਤਰ ਦਿਵਸ ਸੁਹੌਣਾ, ਹਰਿ ਸਾਚੀ ਜੋਤ ਰੁਸ਼ਨਾਈਆ । ਨਿਹਕਲੰਕਾ ਨਾਉਂ ਰਖਾਉਣਾ, ਭੁੱਲ ਰਹੇ ਨਾ ਰਾਈਆ । ਹਿੰਦੂ ਮੁਸਲਮ ਸਿਖ ਈਸਾਈ ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਏਕਾ ਰੰਗ ਰੰਗੌਣਾ, ਏਕਾ ਰੂਪ ਦਰਸਾਈਆ । ਚਾਰੋਂ ਕੁੰਟ ਦਹਿ ਦਿਸ਼ਾ ਉਠ ਉਠ ਫੇਰਾ ਪੌਣਾ, ਆਪ ਆਪਣੀ ਬਣਤ ਬਣਾਈਆ । ਪੰਚ ਪਿਆਰੇ ਸੰਗ ਰਖੌਣਾ, ਸਾਚੀ ਧਾਰ ਚਲਾਈਆ । ਨਾਮ ਲਿਖਾਰੀ ਲੇਖੇ ਲੌਣਾ, ਨਾਮ ਨਾਮਾ ਝੋਲੀ ਪਾਈਆ । ਆਪ ਆਪਣਾ ਵੇਸ ਵਟੌਣਾ, ਦਿਸ ਕਿਸੇ ਨਾ ਆਈਆ । ਲਸ਼ਕਰ ਸ਼ਾਹੀ ਨਾ ਕੋਈ ਰਖੌਣਾ, ਖਾਲੀ ਹੱਥ ਵਖਾਈਆ । ਨੌਂ ਖੰਡ ਪ੍ਰਿਥਮੀ ਡੇਰਾ ਢੌਣਾ, ਢੌਂਦਿਆਂ ਡੇਰ ਨਾ ਲਾਈਆ । ਵਾਲੀ ਹਿੰਦ ਆਪ ਜਗੌਣਾ, ਸੰਮਤ ਸੋਲਾਂ ਕੂਕੇ ਦਏ ਦੁਹਾਈਆ । ਮੁਸਲਮ ਸੁੰਨੀ ਆਪ ਜਗੌਣਾ, ਆਲਸ ਨਿੰਦਰਾ ਦਏ ਮਿਟਾਈਆ । ਕਿਲੇ ਸ਼ਾਹੀ ਚਰਨ ਛੁਹੌਣਾ, ਝੂਠੀ ਸ਼ਾਹੀ ਰਹਿਣ ਨਾ ਪਾਈਆ । ਦਰ ਦਰਵਾਜਾ ਬੰਦ ਕਰੌਣਾ, ਨਾ ਸਕੇ ਕੋਈ ਖੁਲ੍ਹਾਈਆ । ਲਾਹੌਰ ਸ਼ਹਿਰ ਕਹਿਰ ਵਰਤੌਣਾ, ਗੁਰੂ ਗ੍ਰੰਥ ਵਡਿਆਈਆ । ਪੰਥ ਪੰਥੀ ਮਾਰਗ ਲੌਣਾ, ਭਰਮ ਭੁਲੇਖਾ ਦਏ ਕਢਾਈਆ । ਜਗਤ ਲੇਖਾ ਆਪਣੇ ਹੱਥ ਰਖੌਣਾ, ਸਾਧ ਸੰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਵਿਹਾਰ ਹਰਿ ਨਿਰੰਕਾਰ

੨੮੬
੦੮

ਲੋਕਮਾਤ ਆਪ ਕਰਾਈਆ । ਜਗਤ ਵਿਹਾਰਾ ਸਾਚੀ ਧਾਰ, ਹਰਿ ਸਾਚਾ ਆਪ ਕਰਾਇੰਦਾ । ਸ਼ਾਹ ਸੁਲਤਾਨਾ ਆਏ ਹਾਰ, ਨਾ ਕੋਈ ਧੀਰ ਧਰਾਇੰਦਾ । ਮਹੱਲ ਅਟੱਲ ਨਾ ਕੋਇ ਮੁਨਾਰ, ਨਾ ਕੋਈ ਬੰਕ ਸੁਹਾਇੰਦਾ । ਜਲ ਅੰਨ ਨਾ ਠੰਡੀ ਠਾਰ, ਭਰ ਪਿਆਲਾ ਨਾ ਕੋਇ ਪਿਆਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਹਰਿ ਪ੍ਰਭਾਸ ਡੇਰਾ ਲਾਇੰਦਾ । ਨੌ ਖੰਡ ਤੇਰਾ ਇਕ ਅਖਾੜ, ਹਰਿ ਸਾਚਾ ਵੇਖ ਵਖਾਇੰਦਾ । ਗੁਰਸਿਖਾਂ ਪਹਿਲੋਂ ਬਜਰ ਕਪਾਟੀ ਦਿਤੀ ਪਾੜ, ਫਿਰ ਆਪਣਾ ਰਾਹ ਵਖਾਇੰਦਾ । ਕਰਿਆ ਪਰਕਾਸ਼ ਬਹੱਤਰ ਨਾੜ, ਅੱਠੇ ਪਹਿਰ ਖੁਮਾਰ ਜਣਾਇੰਦਾ । ਦਰ ਘਰ ਸਾਚੇ ਦਿਤਾ ਵਾੜ, ਨਾ ਕੋਈ ਬਾਹਰ ਕਢਾਇੰਦਾ । ਜਗਤ ਤ੍ਰਿਸਨਾ ਦਿਤੀ ਸਾੜ, ਚਰਨ ਕਵਲ ਪ੍ਰੀਤੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਆਪ ਉਠਾਇੰਦਾ । ਸੰਮਤ ਸੋਲਾਂ ਸੋਇਆ ਗਿਆ ਉਠ, ਹਰਿ ਸਾਚੇ ਆਪ ਉਠਾਇਆ । ਸਾਧਾਂ ਸੰਤਾਂ ਕੋਲੋਂ ਸਤਿਗੁਰ ਪੂਰਾ ਗਿਆ ਰੁਠ, ਕਲਜੁਗ ਕਾਲਾ ਪੜਦਾ ਪਾਇਆ । ਗੁਰਮੁਖਾਂ ਨਾਮ ਦਿਤਾ ਆਪਣੀ ਮੁਠ, ਹਰਿ ਸਾਚੇ ਆਪ ਵਰਤਾਇਆ । ਮਿਹਰਵਾਨ ਦਾਤਾ ਗਿਆ ਤੁਠ, ਤੋਟ ਰਹੇ ਨਾ ਰਾਇਆ । ਦਸਮ ਦਵਾਰੀ ਮੇਲ ਮਿਲਾਇਆ ਇਕ ਸੁਹਾਇਆ ਕਿਲਾ ਕੋਟ, ਨੌ ਦਰ ਬੰਦ ਰਖਾਇਆ । ਰਸਨਾ ਗਾ ਗਾ ਥੱਕੀ ਭਰੀ ਜਗਤ ਨਾ ਪੋਟ, ਹਰਿ ਹਿਰਦੇ ਨਜ਼ਰ ਨਾ ਆਇਆ । ਹਰਿ ਸੰਗਤ ਤੇਰਾ ਆਪੇ ਕੱਢੇ ਖੋਟ, ਕੰਚਨ ਨਾਮ ਸੁਹਾਗਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦਰਵੇਸ ਫੇਰੀ ਪਾਇਆ । ਸੰਮਤ ਸੋਲਾਂ ਕਰ ਕਰ ਓਹਲਾ, ਆਪਣਾ ਵਕਤ ਲੰਘਾਵਣਾ । ਗੁਰਸਿਖਾਂ ਰੰਗੇ ਕਾਇਆ ਚੋਲਾ, ਰੰਗ ਮਜੀਠੀ ਇਕ ਚੜ੍ਹਾਉਣਾ । ਅੰਤਮ ਬਣੇ ਸਾਚਾ ਤੋਲਾ, ਪੂਰੇ ਕੰਡੇ ਤੋਲ ਤੁਲਾਵਣਾ । ਸ਼ਾਹ ਸੁਲਤਾਨ ਖੇਲੇ ਆਪਣਾ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਵਣਾ । ਵੇਖਣ ਆਇਆ ਈਸਾ ਮੂਸਾ ਮੌਲਾ, ਮੌਲਾ ਰੂਪ ਵਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸੰਗ ਨਿਭਾਵਣਾ । ਸੰਮਤ ਸੋਲਾਂ ਰਿਹਾ ਲਲਕਾਰ, ਪਹਿਲੀ ਚੇਤ ਦਏ ਲਲਕਾਰਾ । ਪੁਰਖ ਅਬਿਨਾਸ਼ੀ ਪਾਏ ਸਾਰ, ਬੇਐਬ ਪਰਵਰਦਿਗਾਰਾ । ਅੱਲਾ ਰਾਣੀ ਕਰੇ ਪਿਆਰ, ਵੇਖ ਵਖਾਏ ਮੁਹੰਮਦੀ ਯਾਰਾ । ਐਨਲਹੱਕ ਖ਼ਬਰਦਾਰ, ਮੁਕਾਮੇ ਹੱਕ ਏਕਾ ਨਾਅਰਾ । ਔਲੀਏ ਪੀਰ ਗੌਸ ਕੁਤਬ ਕਰੇ ਖ਼ਬਰਦਾਰ, ਦਸਤਗੀਰ ਮੀਤ ਮੁਰਾਰਾ । ਮੁੱਲਾ ਸ਼ੇਖ਼ ਕਰੇ ਵਿਚਾਰ, ਮਸਜਿਦ ਵੇਖੇ ਉਚ ਮਨਾਰਾ । ਮੱਕਾ ਕਾਅਬਾ ਦਏ ਅਧਾਰ, ਦੋ ਦੋ ਆਬਾ ਪਾਵੇ ਸਾਰਾ । ਹੱਕ ਜਣਾਇਆ ਸਾਂਝਾ ਯਾਰ, ਲੋਕਮਾਤ ਲੈ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਵੇਖ ਜਗਤ ਪਸਾਰਾ । ਐਨਲਹੱਕ ਹੱਕ ਖ਼ੁਦਾਈ, ਹਰਿ ਸਾਚਾ ਵੇਖ ਵਖਾਇੰਦਾ । ਕਿਲਾ ਸ਼ਾਹੀ ਨੂਰ ਅਲਾਹੀ, ਜੋਤੀ ਜੋਤ ਡਗਮਗਾਇੰਦਾ । ਬੰਦੀਖਾਨਾ ਨਾ ਕੋਇ ਵਖਾਈ, ਹਰਿ ਬੰਧਨ ਤੋੜ ਤੁੜਾਇੰਦਾ । ਚਿੱਟੇ ਉਪਰ ਕਾਲਾ ਲੇਖਾ ਰਿਹਾ ਲਿਖਾਈ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਰਾਹ ਵਖਾਇੰਦਾ । ਸੰਮਤ ਸੋਲਾਂ ਰਾਹ ਵਖੌਣਾ, ਹਰਿ ਸਾਚੇ ਕਰਮ ਕਮਾਇਆ । ਪਹਿਲੀ ਚੇਤਰ ਦਿਵਸ ਸੁਹੌਣਾ, ਦੇਵ ਨੇਤ ਉਠ ਧਾਇਆ । ਗਹਿਰ ਗੰਭੀਰ ਖੇਲ ਰਚੌਣਾ, ਗੁਣੀ ਗਹੀਰ ਭੇਵ ਨਾ ਆਇਆ । ਜਗਤ ਜ਼ੰਜੀਰ ਇਕ ਬਣੌਣਾ, ਸ਼ਰਅ ਸ਼ਰੀਅਤ ਮੇਲ ਮਿਲਾਇਆ । ਪੀਰ ਫਕੀਰ ਵੇਖ ਵਖੌਣਾ, ਆਪ ਆਪਣਾ ਵੇਸ ਵਟਾਇਆ । ਤੀਰ ਨਿਸ਼ਾਨਾ ਇਕ ਚਲੌਣਾ, ਨਾ

ਕੋਈ ਮੋੜੇ ਮੋੜ ਮੁੜਾਇਆ । ਜਗਤ ਵਹੀਰ ਆਪ ਕਰੌਣਾ, ਨਾ ਕੋਈ ਧੀਰਜ ਧੀਰ ਧਰਾਇਆ । ਤਖ਼ਤ ਤਾਜ ਸ੍ਰਿਸ਼ਟ ਸਬਾਈ ਲੋਕਮਾਤ ਉਠੌਣਾ, ਰਾਜ ਰਾਜਾਨਾ ਦਏ ਸਜ਼ਾਇਆ । ਆਪਣਾ ਪੜਦਾ ਆਪੇ ਲੌਹਣਾ, ਮੁਖ ਨਕ਼ਾਬ ਰਹਿਣ ਨਾ ਪਾਇਆ । ਸਾਚੀ ਰਬਾਬ ਅਹਿਬਾਬ ਇਕ ਵਜੌਣਾ, ਸਚ ਸਤਾਰ ਇਕ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਤੇਰਾ ਦੁੱਖੜਾ ਮੇਟ ਮਿਟੌਣਾ । ਹਰਿ ਸੰਗਤ ਤੇਰੀ ਵੰਡ ਵੰਡਾਏ, ਹਰਿ ਸੱਜਣ ਦੀਨ ਦਿਆਲਿਆ । ਕਲਜੁਗ ਭੇਖ ਪਾਖੰਡ ਮਿਟਾਏ, ਮੇਟੇ ਰੈਣ ਅੰਧੇਰੀ ਘਟਾ ਕਾਲੀਆ । ਬ੍ਰਹਿਮੰਡ ਖੰਡ ਖੋਜ ਖੁਜਾਏ, ਖੇਲੇ ਖੇਲ ਆਪ ਨਿਰਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਗੁਰਮੁਖ ਸਾਜਣ ਮੇਲ ਮਿਲਾ ਲਿਆ । ਹਰਿ ਸੰਗਤ ਤੇਰਾ ਸਚ ਭੰਡਾਰਾ, ਘਰ ਸਾਚੇ ਆਪ ਵਰਤਾਵਣਾ । ਸ੍ਰਿਸ਼ਟ ਸਬਾਈ ਹੋਏ ਖਵਾਰਾ, ਗੁਰਮੁਖਾਂ ਬਣੇ ਜਾਮਣਾ । ਆਪੇ ਬਖ਼ਸ਼ੇ ਚਰਨ ਪਿਆਰਾ, ਆਪ ਫੜਾਏ ਆਪਣਾ ਦਾਮਨਾ । ਸੇਵਕ ਕਰੇ ਸੇਵਾਦਾਰਾ, ਇਕੀ ਸਿਖਾਂ ਨਾਲ ਰਲਾਵਣਾ । ਪਹਿਲੀ ਪੋਹ ਕੀਆ ਵਿਹਾਰਾ, ਪਹਿਲੀ ਚੇਤਰ ਤੋੜ ਚੜ੍ਹਾਵਣਾ । ਅਠਸਠ ਤੀਰਥ ਪਾਰ ਕਿਨਾਰਾ, ਹਰਿ ਸੰਗਤ ਵਡ ਵਡਿਆਵਣਾ । ਪਹਿਲੀ ਚੇਤ ਕਰਾਏ ਵਣਜ ਵਾਪਾਰਾ, ਧੰਨ ਖ਼ਜਾਨਾ ਆਪ ਲੁਟਾਵਣਾ । ਭਰਮੇ ਭੁੱਲਾ ਭਰਮ ਸੰਸਾਰਾ, ਗੁਰਸਿਖ ਭਰਮੀ ਗੜ੍ਹ ਤੁੜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਸਾਚਾ ਖੇਲ ਖਿਲਾਵਣਾ । ਸਾਚਾ ਖੇਲ ਹਰਿ ਖਿਲੰਦੜਾ, ਕਰਨ ਕਰਾਵਣ ਜੋਗ । ਏਕਾ ਇਕੀ ਵੇਖ ਵਖੰਦੜਾ, ਆਤਮ ਰਸੀਆ ਰਸ ਰਸ ਭੋਗ । ਸਾਚੀ ਸਿਖੀ ਚੋਗ ਚੁਗੰਦੜਾ, ਦੇਵੇ ਦਰਸ ਅਮੋਘ । ਸਚ ਭੰਡਾਰ ਆਪ ਵਰਤੰਦੜਾ, ਕੱਟੇ ਹਉਮੇ ਰੋਗ । ਦਰ ਦਿਸੇ ਨਾ ਕੋਇ ਮਦਿਰਾ ਮਾਸੀ ਗੰਦੜਾ, ਹੋਏ ਜਗਤ ਵਿਜੋਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਮਿਲਾਵਾ ਧੁਰ ਸੰਜੋਗ । ਸਚ ਭੰਡਾਰਾ ਆਪ ਉਪਾਇਆ, ਆਪੇ ਬਣਤ ਬਣਾਈਆ । ਚੌਥੇ ਜੁਗ ਚਾਰੇ ਸਿਖ ਸੇਵਾ ਲਾਇਆ, ਪੰਚਮ ਸਹਿਜ ਸੁਖਦਾਈਆ । ਹਰਿ ਸੰਗਤ ਪਿਆਰ ਸਾਚਾ ਘਰ ਸਤਿ ਵਿਚ ਟਿਕਾਇਆ, ਨਿਮਖ ਨਿਮਖ ਗੁਣ ਗਾਈਆ । ਰਸਨਾ ਪੀਸ ਪੀਸ ਪੀਸ ਵੇਖ ਵਖਾਇਆ, ਅੰਮ੍ਰਿਤ ਜਲ ਵਿਚ ਛੁਹਾਈਆ । ਸਖੀਆਂ ਰਲ ਮਿਲ ਗੁੰਨ ਵਖਾਇਆ, ਏਕਾ ਧਾਰ ਬੰਧਾਈਆ । ਸਾਚੇ ਚਿੱਲੇ ਹਵਣ ਕਰਾਇਆ, ਅਗਨੀ ਤੱਤ ਜਲਾਈਆ । ਤ੍ਰੈਗੁਣ ਮਾਇਆ ਅੰਦਰ ਡਾਹਿਆ, ਸਿੰਘ ਗਿਰਧਾਰਾ ਲੰਬੂ ਲਾਈਆ । ਪਾਲ ਪਾਬੀ ਰਿਹਾ ਉਠਾਇਆ, ਬਖ਼ਸ਼ੀਸ਼ ਹੱਥ ਬਖ਼ਸ਼ਸ਼ ਫੜਾਈਆ । ਮਸ ਮਸ ਮੱਸਾ ਮਸ ਵਖਾਇਆ, ਦੂਜੀ ਧਾਰ ਰਹੇ ਨਾ ਰਾਈਆ । ਹੱਸ ਹੱਸ ਪਕਵਾਨ ਪਕਾਇਆ, ਕਲਜੁਗ ਅੰਤਮ ਵੇਖ ਵਖਾਈਆ । ਰਾਹ ਤੱਕ ਤੱਕ ਗੁਰਮੁਖ ਤੇਰਾ ਵਕ਼ਤ ਲੰਘਾਇਆ, ਅੰਤਮ ਰੈਣ ਸੁਹੰਜਣੀ ਆਈਆ । ਭਿੰਨੜੀ ਰੈਣ ਖ਼ੁਸ਼ੀ ਮਨਾਇਆ, ਗਾਏ ਚਾਈਂ ਚਾਈਂਆ । ਸਾਚਾ ਦਰ ਇਕ ਵਖਾਇਆ, ਵੱਜਦੀ ਰਹੇ ਸਦਾ ਵਧਾਈਆ । ਹਿਰਖ ਸੋਗ ਵਿਚ ਕਦੇ ਨਾ ਆਇਆ, ਸੋ ਮਿਲਿਆ ਸਾਚਾ ਮਾਹੀਆ । ਅੰਦਰ ਮੰਦਰ ਬਹਿ ਬਹਿ ਢੋਲਾ ਗਾਇਆ, ਢੋਲਕ ਛੈਣਾ ਨਾ ਕੋਇ ਵਜਾਈਆ । ਸਾਚਾ ਕੀਰਤਨ ਕੀਰਤਨ ਵਿਚ ਤਨ ਸੁਣਾਇਆ, ਤੱਤਵ ਤੱਤ ਵਿਚ ਸਮਾਈਆ । ਗੁਰਸਿਖ ਧੰਨ ਧੰਨ ਜਣੇਂਦੀ ਮਾਇਆ, ਜੋ ਜਨ ਆਏ ਸਰਨਾਈਆ । ਤੀਨ ਲੋਕ ਰਹੇ ਸ਼ਰਮਾਇਆ, ਨੇਤਰ ਨੈਣ ਬੰਦ ਕਰਾਈਆ । ਬ੍ਰਹਮਾ ਰੋ ਰੋ ਨੀਰ ਰਿਹਾ ਵਹਾਇਆ, ਅੱਠੇ ਪਹਿਰ ਕੁਰਲਾਈਆ । ਸ਼ਿਵ ਸ਼ੰਕਰ ਹਰਿ ਹਰਿ ਭੇਵ ਨਾ ਰਾਇਆ, ਹਰਿ ਹਰਿ

ਜੂ ਵਿਚ ਟਿਕਾਈਆ । ਇੰਦਰ ਇੰਦਰਾਸਣ ਮੁਖ ਭਵਾਇਆ, ਆਪ ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਸ ਵਟਾਇਆ, ਲੋਕਮਾਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਜਾਮਾ ਪਾਇਆ, ਗੋਬਿੰਦ ਮੇਲਾ ਮੇਲ ਮਿਲਾਈਆ । ਸ਼ਬਦ ਅਗੰਮੀ ਗੀਤ ਅਨਾਦੀ ਗਾਇਆ, ਲਿਖਣ ਪੜ੍ਹਣ ਵਿਚ ਨਾ ਆਈਆ । ਹਰਿ ਹਰਿ ਬ੍ਰਹਿਮਾਦੀ ਖੋਜ ਖੋਜਾਇਆ, ਆਦਿ ਜੁਗਾਦੀ ਇਕ ਅਖਵਾਈਆ । ਹੀਰਾ ਲਾਲ ਰਤਨ ਅਮੋਲਕ ਗੁਰਮੁਖ ਸਾਚੀ ਵੱਥ ਲਭਾਇਆ, ਲੱਭਣਹਾਰ ਆਪ ਹੋ ਜਾਈਆ । ਲੱਖ ਚੁਰਾਸੀ ਮੱਥ ਵਰੋਲ ਵਖਾਇਆ, ਨਾਮ ਮਧਾਨਾ ਏਕਾ ਪਾਈਆ । ਅੰਤਮ ਪੜਦਾ ਗੁਰਸਿਖ ਕਾਇਆ ਖੋਲ੍ਹ ਵਖਾਇਆ, ਆਪ ਆਪਣਾ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਢੋਲਾ ਆਪੇ ਗਾਇਆ, ਸੋਹੰ ਦਏ ਸੁਣਾਈਆ । ਸੋਹੰ ਗਾਇਆ ਵਰ ਘਰ ਪਾਇਆ, ਪਾਇਆ ਪੁਰਖ ਬੇਅੰਤਾ । ਏਕਾ ਸਾਚੀ ਸੇਜ ਸੁਹਾਇਆ, ਮੇਲ ਮਿਲਾਇਆ ਨਾਰੀ ਕੰਤਾ । ਨਾਰੀ ਕੰਤ ਮੇਲ ਮਿਲਾਇਆ, ਰੰਗ ਚੜ੍ਹਾਇਆ ਇਕ ਬਸੰਤਾ । ਗੁਰਮੁਖ ਸਾਜਣ ਵੇਖਣ ਆਇਆ, ਪਹਿਲੋਂ ਤੋੜੇ ਗੜ੍ਹ ਹਉਮੇ ਹੰਗਤਾ । ਫਿਰ ਆਪਣੀ ਗੋਦ ਉਠਾਇਆ, ਪਹਿਲੋਂ ਬਣਾਇਆ ਦਰ ਦਰ ਮੰਗਤਾ । ਭੁੱਖਾ ਨੰਗਤਾ ਹਰਿ ਰਘੁਰਾਇਆ, ਖਾਲੀ ਹੱਥ ਫਿਰੰਤਾ । ਗੁਰਮੁਖਾਂ ਭੰਡਾਰਾ ਰਿਹਾ ਭਰਾਇਆ, ਦਿਸ ਨਾ ਆਏ ਕਲਜੁਗ ਜਣਤਾ । ਜਾਗਰਤ ਜੋਤ ਇਕ ਜਗਾਇਆ, ਸੰਬਲ ਨਗਰੀ ਧਾਮ ਸੁਹੰਤਾ । ਨੌ ਦਵਾਰੇ ਪਾਰ ਕਰਾਇਆ, ਦਸਮ ਦਵਾਰੀ ਵੇਖ ਵਖੰਤਾ । ਆਤਮ ਸੇਜਾ ਡੇਰਾ ਲਾਇਆ, ਵਡ ਦਾਤਾ ਗੁਣੀ ਗਹੰਤਾ । ਤੇਰਾ ਮੇਰਾ ਮੇਰਾ ਤੇਰਾ ਦਏ ਚੁਕਾਇਆ, ਨਾਮ ਰੰਗਣ ਏਕਾ ਰਗੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਜਣ ਸਾਚੇ ਦਰ ਵਹੰਤਾ । ਦਰ ਗੁਰਮੁਖ ਵਰਿਆ ਕੰਤ ਭਤਾਰਾ, ਸਾਚਾ ਦਰ ਸੁਹਾਈਆ । ਨਰ ਨਰਾਇਣ ਨਾਰੀ ਨਾਰਾ, ਨਿਜ ਘਰ ਵੇਖ ਵਖਾਈਆ । ਅੰਮ੍ਰਿਤ ਬਰਖੇ ਠੰਡੀ ਠਾਰਾ, ਧਾਰਾ ਆਪ ਚਲਾਈਆ । ਰੰਗ ਮਹੱਲ ਉਚ ਅਟੱਲ ਮੁਨਾਰਾ, ਹਰਿ ਸਾਚੇ ਬਣਤ ਬਣਾਈਆ । ਏਕਾ ਵਸਿਆ ਇਕ ਅਕੱਲਾ ਏਕਉਂਕਾਰਾ, ਅਕਾਲ ਪੁਰਖ ਅਖਵਾਈਆ । ਜੂਨੀ ਰਹਿਤ ਨਿਰਾਧਾਰਾ, ਨਿਰਵੈਰ ਆਪ ਅਖਵਾਈਆ । ਕਲਜੁਗ ਅੰਤਮ ਵੇਖੇ ਕੂੜ ਪਸਾਰਾ, ਲੋਕਮਾਤ ਵਡ ਵਡਿਆਈਆ । ਸੰਮਤ ਸੋਲਾਂ ਹੋ ਉਜਿਆਰਾ, ਵੀਹ ਸਦ ਬਿਕ੍ਰਮੀ ਮੇਲ ਮਿਲਾਈਆ । ਘਰ ਸਾਚੇ ਮੰਦਰ ਦੇਵੇ ਇਕ ਭੰਡਾਰਾ, ਆਪੇ ਦਏ ਵਰਤਾਈਆ । ਬਿਰਧ ਬਾਲ ਜਵਾਨ ਨਾ ਕੋਈ ਕਰੇ ਵਿਚਾਰਾ, ਨਾਰੀ ਪੁਰਖ ਨਾ ਵੇਖ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਸਗਲੀ ਸ੍ਰਿਸ਼ਟ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਦੇਵੇ ਸਾਚਾ ਵਰ, ਵਰ ਦਾਤਾ ਆਪ ਹੋ ਜਾਈਆ । ਹਰੀ ਹਰਿ ਹਰਿ ਹਰਿ ਭੇਖ, ਹਰੀ ਹਰਿ ਵੇਸ ਵਟਾਈਆ । ਹਰੀ ਹਰਿ ਏਕਾ ਰੇਖ, ਹਰੀ ਹਰਿ ਏਕਾ ਰੂਪ ਜਣਾਈਆ । ਹਰੀ ਹਰਿ ਕਲਮਾ ਏਕ, ਏਕਾ ਰਿਹਾ ਪੜ੍ਹਾਈਆ । ਹਰੀ ਹਰਿ ਏਕਾ ਕੁਤਬ ਗੌਂਸ ਮੁੱਲਾਂ ਵੇਖੇ ਸ਼ੇਖ਼, ਸ਼ਾਹ ਫ਼ਕੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਕਰੇ ਰੁਸ਼ਨਾਈਆ । ਨੂਰ ਇਲਾਹੀ ਅੱਲਾ ਨੂਰ, ਆਲਮੀਨ ਅਖਵਾਇਆ । ਖ਼ਲਕ ਖ਼ੁਦਾਈ ਹਾਜ਼ਰ ਹਜ਼ੂਰ, ਤਾਮੀਲ ਤਕਮੀਲ ਇਕ ਵਖਾਇਆ । ਸ਼ਰਅ ਸ਼ਰੀਅਤ ਨੇੜੇ ਦੂਰ, ਇਜ਼ਰਾਈਲ ਜਬਰਾਈਲ ਮੇਲ ਮਿਲਾਇਆ । ਸਚ ਹਦੀਸ ਵੇਖ ਕੋਹਤੂਰ ਮੇਕਾਈਲ ਅਸਰਾਫ਼ੀਲ ਸਿਫ਼ਤ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਆਪਣੇ ਨੂਰ ਡਗਮਗਾਇਆ । ਨੂਰੀ ਅੱਲਾ ਜੋਤ ਨੂਰਾਨੀ, ਕਲਮਾ ਮਹਿਬੂਬ ਜਣਾਈਆ । ਪਰਵਰਦਿਗਾਰਾ ਇਕ ਨਿਸ਼ਾਨੀ, ਸਚ ਹਦੂਦ ਵੰਡਾਈਆ । ਇਕ ਅਕੱਲਾ ਨਿਗਹਬਾਨੀ, ਏਕਾ ਸਾਲਸ ਰਾਹ ਤਕਾਈਆ । ਏਕਾ ਬਖ਼ਸ਼ੇ ਆਬ ਹਯਾਤ ਪਾਣੀ, ਏਕਾ ਬਖ਼ਸ਼ਿਸ਼ ਰਿਹਾ ਕਰਾਈਆ । ਏਕਾ ਜਾਣੇ ਆਲਮੇ ਜਾਵਦਾਨੀ, ਕਾਇਨਾਤ ਇਕ ਸਮਾਈਆ । ਏਕਾ ਵਖਾਣੇ ਦੁਨੀਆ ਫ਼ਾਨੀ, ਏਕਾ ਵੇਖ ਵਖਾਈਆ । ਏਕਾ ਨਬੀ ਰਸੂਲ ਹੋਏ ਦਿਲ ਜਾਨੀ, ਦੀਦਾਰ ਜਲਵਾ ਇਕ ਵਖਾਈਆ । ਏਕਾ ਮਹਿਬਾਨ ਹੋਏ ਲਾਸਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਡਗਮਗਾਈਆ । ਨੂਰੀ ਜੋਤ ਹਰਿ ਅੱਲ੍ਹਾ, ਆਲਮ ਉਲਮਾ ਅਖਵਾਇੰਦਾ । ਬੇਐਬ ਬੇਐਬਾ ਬਣ ਮਲਾਹ, ਸਿਫ਼ਤੀ ਸਿਫ਼ਤ ਨਾ ਕੋਇ ਜਣਾਇੰਦਾ । ਆਪੇ ਵੇਖੇ ਆਪਣੀ ਖ਼ਾਨਗਾਹ, ਚੌਦਾਂ ਤਬਕਾਂ ਫੇਰਾ ਪਾਇੰਦਾ । ਆਪੇ ਆਪਣਾ ਕਰੇ ਨਕਾਹ, ਹੱਕ ਹਕੀਕਤ ਵੇਖ ਵਖਾਇੰਦਾ । ਆਪੇ ਆਪਣਾ ਅਮਾਮ ਲਏ ਉਪਾ, ਕਲਮੀ ਕਲਮਾ ਆਪ ਅਖਵਾਇੰਦਾ । ਆਪੇ ਆਪਣਾ ਦਾਮ ਲਏ ਫੜਾ, ਦਾਮਨਗੀਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣਾ ਆਪ ਸੁਹਾਇੰਦਾ । ਘਰ ਸੁਹਾਇਆ ਦਰ ਦਰਵੇਸ਼, ਦਰ ਦਰ ਫੇਰਾ ਪਾਈਆ । ਆਦਿ ਜੁਗਾਦੀ ਰਿਖੀ ਕੇਸ਼, ਜਗਤ ਗੋਵਰਧਨ ਵੇਖ ਵਖਾਈਆ । ਅਬਿਨਾਸ਼ੀ ਕਰਤਾ ਨਰ ਨਰੇਸ਼, ਦਸ ਦਸਮੇਸ ਮੇਲ ਮਿਲਾਈਆ । ਆਪੇ ਹੱਥ ਖੂੰਡੀ ਮੋਢੇ ਧਰੇ ਖੇਸ, ਆਪੇ ਹਰਿਆ ਭਰਾ ਕਰਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਲਿਖਿਆ ਪੂਰ ਕਰਾਈਆ । ਆਪੇ ਜੰਗਲ ਜੂਹਾਂ ਕੰਦਰ ਰਿਹਾ ਵੇਖ, ਆਪੇ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਪੂਰਾ ਕਰੇ ਹਰਿ ਸੰਦੇਸਾ, ਆਪਣਾ ਆਪ ਸੁਣਾਇਆ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਏਕਾ ਹੁਕਮ ਚਲਾਇਆ । ਚਾਰ ਯਾਰੀ ਨਾ ਚਲੇ ਪੇਸ਼ਾ, ਪੰਚਮ ਮਤਾ ਪਕਾਇਆ । ਲਹਿਣਾ ਦੇਣਾ ਚੁਕੇ ਗਣਪਤ ਗਣੇਸ਼ਾ, ਆਦਿ ਸ਼ਕਤ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਵੇਖਣ ਆਇਆ ਪਾਰਬ੍ਰਹਮ ਕਰਤਾਰਾ । ਮੇਲ ਮਿਲਾਏ ਸੰਗ ਮੁਹੰਮਦ ਮੁਹੰਮਦੀ ਯਾਰਾ, ਅੱਲਾ ਰਾਣੀ ਸੀਸ ਗੁੰਦਾਇਆ । ਆਪ ਉਠਾਇਆ ਆਪਣਾ ਖਾਰਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਅਵੱਲਾ, ਨਿਰਗੁਣ ਨੂਰ ਰੁਸ਼ਨਾਈਆ । ਧੁਰਦਰਗਾਹੀ ਸਚ ਮਹੱਲਾ, ਸਚ ਸਿੰਘਾਸਣ ਡੇਰਾ ਲਾਈਆ । ਆਪੇ ਬਣਿਆ ਅਛਲ ਅਛਲਾ, ਵਲ ਛਲ ਧਾਰੀ ਖੇਲ ਖਲਾਈਆ । ਚਾਰੋਂ ਕੁੰਟ ਦਹਿ ਦਿਸ਼ਾ ਲੋਆਂ ਪੁਰੀਆਂ ਫਿਰੇ ਇਕ ਅਕੱਲਾ, ਅਕਲ ਕਲਾ ਵਡਿਆਈਆ । ਸਚ ਸੁਨੇਹੜਾ ਏਕਾ ਘੱਲਾ, ਸੋਹੰ ਰੂਪ ਆਪ ਸਮਾਈਆ । ਹੰ ਬ੍ਰਹਮ ਧਾਮ ਇਕ ਵਖੱਲਾ, ਏਕਾ ਕੂਟ ਰੁਸ਼ਨਾਈਆ । ਵੇਖ ਵਖਾਣੇ ਆਪਣਾ ਨੂਰ ਨੂਰੀ ਅੱਲਾ, ਅੱਲਾ ਮਲਾਹ ਆਪ ਹੋ ਜਾਈਆ । ਆਪਣੇ ਸਾਂਚੇ ਆਪੇ ਢਲਾ, ਆਪੇ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਵਡਿਆਈ ਰੱਖ, ਰੱਖਣਹਾਰਾ ਨਾਉਂ ਧਰਾਇਆ । ਕਲਮੀ ਕਲਮਾ ਕਰੇ ਵੱਖ, ਇਲਮ ਉਲਮਾ ਵੇਖ ਵਖਾਇਆ । ਏਕਾ ਅਲਫ਼ੀ ਅਲਫ਼ ਕਰੇ ਪੱਖ, ਆਲਮਗੀਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿੰਦੀ ਦਿਸ਼ਾ ਫੇਰਾ ਪਾਇਆ । ਲਹਿੰਦੀ ਦਿਸ਼ਾ ਹਰਿ ਬਲਵਾਨ, ਆਪਣਾ ਚਰਨ ਟਿਕਾਇੰਦਾ । ਉਠੇ

੨੯੦ ੦੮

ਜੋਧਾ ਸੂਰਬੀਰ ਨੌਜਵਾਨ, ਨੌ ਨੌ ਵੇਖ ਵਖਾਇੰਦਾ । ਮਨਕਾ ਤਸਬੀ ਕਰੇ ਮਾਤ ਪਛਾਨ, ਪਰੀਖਿਆ ਵਿਚ ਆਪ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ ਆਪ ਸਮਝਾਇੰਦਾ । ਸਚ ਮੁਸੱਲਾ ਇਕ ਅਕੱਲਾ, ਆਪਣੇ ਹੱਥ ਉਠਾਈਆ । ਰੋਜ਼ਾ ਬਾਂਗ ਜਲਾਂ ਥਲਾਂ, ਸਚ ਸਦਾ ਆਪ ਸੁਣਾਈਆ । ਸੱਚਾ ਸਜਦਾ ਨਿਹਚਲ ਧਾਮ ਅਟੱਲਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੀ ਸ਼ਾਹੀਆ । ਆਪਣੀ ਸ਼ਾਹੀ ਵੇਖਣਹਾਰਾ, ਹਰਿ ਜੂ ਹਰਿ ਅਖਵਾਇੰਦਾ । ਕਲਜੁਗ ਮੁਹੰਮਦ ਮੀਤ ਮੁਰਾਰਾ, ਸਾਚਾ ਸੰਗ ਨਿਭਾਇੰਦਾ । ਮੇਲ ਮਿਲਾਵਾ ਚਾਰ ਯਾਰਾ, ਸਾਚੀ ਯਾਰੀ ਤੋੜ ਨਿਭਾਇੰਦਾ । ਕੂੜ ਕੁੜਿਆਰਾ, ਭਰ ਭੰਡਾਰਾ, ਆਪਣਾ ਆਪ ਵਰਤਾਇੰਦਾ । ਉਮਤ ਉਮਤੀ ਕਰ ਪਸਾਰਾ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲਾਏ ਆਪਣਾ ਨਾਅਰਾ, ਆਪੇ ਆਪਣੇ ਵਿਚ ਟਿਕਾਇੰਦਾ । ਸਾਚਾ ਨਾਅਰਾ ਹੱਕ ਹਕੀਕਤ ਬੋਲ, ਆਪਣਾ ਹੱਕ ਜਣਾਈਆ । ਸ਼ਰਅ ਸ਼ਰੀਅਤ ਕੁੰਡਾ ਖੋਲ੍ਹ, ਲੋਕਮਾਤ ਵੇਖ ਵਖਾਈਆ । ਆਪਣੀ ਆਇਤ ਆਪਣਾ ਅੱਖਰ ਆਪੇ ਬੋਲ, ਆਪਣੀ ਕਰੇ ਪੜ੍ਹਾਈਆ । ਆਪੇ ਕਾਇਨਾਤ ਗਿਆ ਮੌਲ, ਮੌਲਾ ਰੂਪ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੀ ਸ਼ਾਹੀਆ । ਆਪੇ ਸ਼ਾਹ ਨਵਾਬ, ਸ਼ਾਹੋ ਭੂਪ ਸੁਲਤਾਨਿਆ । ਆਪੇ ਅਸਵ ਘੋੜੇ ਚਰਨ ਦਏ ਰਕਾਬ, ਆਪੇ ਫਿਰੇ ਦੋ ਜਹਾਨਿਆ । ਆਪੇ ਪੁਨ ਆਪ ਸਵਾਬ, ਆਪੇ ਮਾਰਨਹਾਰਾ ਕਾਨਿਆ । ਆਪੇ ਦੇਵਣਹਾਰ ਅਜ਼ਾਬ, ਆਪੇ ਲੇਖਾ ਜਾਣੇ ਪੰਚ ਸ਼ੈਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਕਰੇ ਪਰਵਾਨਿਆ । ਆਪਣਾ ਦਰ ਕਰ ਪਰਵਾਨ, ਆਪ ਅਪਣਾ ਵੇਖ ਵਖਾਇੰਦਾ । ਚੌਦਾਂ ਚੌਦਾਂ ਵੇਖੇ ਮਾਰ ਧਿਆਨ, ਚੌਦਾਂ ਚੌਦਾਂ ਮੂਲ ਚੁਕਾਇੰਦਾ । ਚੌਦਾਂ ਚੌਦਾਂ ਵੇਖ ਈਮਾਨ, ਚੌਦਾਂ ਚੌਦਾਂ ਮੁਖ ਅਲਾਇੰਦਾ । ਚੌਦਾਂ ਹੋਇਆ ਜਾਣੀ ਜਾਣ, ਆਪ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸੰਮਤ ਸੋਲਾਂ ਖੇਲੇ ਖੇਲਾ, ਖੇਲਣਹਾਰ ਖ਼ੁਦਾਇਆ । ਵਿਛੜਿਆਂ ਪ੍ਰਭ ਕਰੇ ਮੇਲਾ, ਜਗਤ ਵਿਛੋੜਾ ਦਏ ਕਟਾਇਆ । ਆਪੇ ਹੋਏ ਸੱਜਣ ਸੁਹੇਲਾ, ਦਰ ਘਰ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕਾਜ ਰਚਾਇਆ । ਰਚਿਆ ਕਾਜ ਹਰਿ ਨਿਰੰਕਾਰ, ਸੰਤ ਮਨੀ ਸਿੰਘ ਹੱਥ ਵਡਿਆਈਆ । ਲਿਖਿਆ ਲੇਖ ਅਪਰ ਅਪਾਰ, ਹਰਿ ਸਾਚਾ ਆਪ ਲਿਖਾਈਆ । ਫੜਿਆ ਦਰ ਜਗਤ ਸਰਕਾਰ, ਬੈਠੀ ਬੰਦ ਕਰਾਈਆ । ਪੰਚਮ ਜੇਠ ਕਰੇ ਖ਼ਬਰਦਾਰ, ਸ਼ਾਹ ਸੰਗਰੂਰ ਆਪ ਉਠਾਈਆ । ਆਪਣਾ ਲੇਖਾ ਆਪੇ ਪਾਏ ਸਾਰ, ਆਪੇ ਲਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਦੀਖ਼ਾਨਾ ਆਪੇ ਤੋੜ ਤੁੜਾਈਆ । ਆਪਣਾ ਬੰਦੀਖ਼ਾਨਾ ਆਪੇ ਤੋੜ, ਸ੍ਰਿਸ਼ਟ ਸਬਾਈ ਬੰਦੀਖ਼ਾਨੇ ਪਾਇੰਦਾ । ਸੱਸਾ ਕਿਲਾ ਉਪਰ ਹੋੜ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਹੰ ਬ੍ਰਹਮ ਨਾਤਾ ਜੋੜ, ਪਾਰਬ੍ਰਹਮ ਦਰਸਾਇੰਦਾ । ਅਲੱਖ ਨਿਰੰਜਣ ਚੜ੍ਹੇ ਘੋੜ, ਸਾਚਾ ਅਸਵ ਆਪ ਦੌੜਾਇੰਦਾ । ਆਪਣਾ ਮਾਰੇ ਆਪੇ ਪਹਿਲਾ ਪੌੜ, ਆਪਣੀ ਦਿਸ਼ਾ ਵੇਖ ਵਖਾਇੰਦਾ । ਵੇਖੇ ਫਲ ਮਿਠਾ ਕੌੜ, ਰਸ ਰਸਨਾ ਕਵਣ ਰਖਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜ, ਵੇਦ ਵਿਆਸਾ ਆਪ ਉਠਾਇੰਦਾ । ਧੁਰਦਰਗਾਹੀ ਆਏ ਦੌੜ, ਨੇੜਾ ਦੂਰ ਨਾ ਕੋਇ ਜਣਾਇੰਦਾ । ਦੋ ਜਹਾਨੀ ਲਾਏ

੨੯੨
੦੮

ਏਕਾ ਪੌੜ, ਸੋਹੰ ਡੰਡਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਜਗਤ ਸਲਾਹਿੰਦਾ । ਪੰਚਮ ਜੇਠੀ ਹਰਿ ਹਰਿ ਧਾਰ, ਸ਼ਾਹ ਸੁਲਤਾਨਾ ਲਏ ਉਠਾਈਆ । ਸੰਤ ਮਨੀ ਸਿੰਘ ਲੇਖ ਪਿਆਰ, ਲੇਖਾ ਲਏ ਕਢਾਈਆ । ਆਪਣਾ ਅੰਦਰੋਂ ਕੱਢੇ ਬਾਹਰ, ਆਪਣਾ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਦੂਜੀ ਧਾਰ ਵਹਾਈਆ । ਤੀਜਾ ਲੇਖਾ ਜਾਣੇ ਸਤਾਰਾਂ ਹਾੜ, ਅਗਲਾ ਸ਼ਬਦ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਮ ਕਲਮਾ ਕਲਮੀ ਕਲਮ ਲੇਖ ਲਿਖਾਈਆ ।

## ✪ ੧੨ ਚੇਤ ੨੦੧੬ ਬਿਕ੍ਰਮੀ ਮੋਹਣ ਸਿੰਘ ਦੇ ਘਰ ਸਕਿਆਂਵਾਲੀ ਜ਼ਿਲਾ ਅੰਮ੍ਰਿਤਸਰ ✪

ਪਰਵਰਦਿਗਾਰ ਸਰਬ ਜੀ ਦਾਤਾ, ਏਕੰਉਂਕਾਰ ਪੁਰਖ ਅਬਿਨਾਸ਼ਿਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਨੂਰ ਨੁਰਾਨੀ ਸ਼ਾਹੋ ਸ਼ਾਬਾਸ਼ਿਆ । ਬੈਠਾ ਰਹੇ ਇਕ ਅਕਾਂਤਾ, ਲੱਖ ਚੁਰਾਸੀ ਖੇਲ ਤਮਾਸ਼ਿਆ । ਜੋਤੀ ਨੂਰ ਪਰਕਾਸ਼ ਬਹੁ ਬਹੁ ਭਾਂਤਾ, ਗਗਨ ਮੰਡਲ ਪਾਵੇ ਰਾਸਿਆ । ਹਰਿਜਨ ਚਰਨ ਕਵਲ ਬੰਧਾਏ ਸਾਚਾ ਨਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਪ੍ਰਿਥਮੀ ਅਕਾਸ਼ਿਆ । ਪ੍ਰਿਥਮੀ ਅਕਾਸ਼ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਰਾਇਆ । ਵੇਦ ਕਤੇਬ ਨਾ ਪਾਵਣ ਸਾਰ, ਲੇਖਾ ਲਿਖਤ ਵਿਚ ਨਾ ਆਇਆ । ਕੋਟਨ ਕੋਟੀ ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਬੈਠੇ ਖੜੇ ਦਵਾਰ, ਨਿਉਂ ਨਿਉਂ ਰਹੇ ਸੀਸ ਝੁਕਾਇਆ । ਅਲਖ ਨਿਰੰਜਣ ਭੇਵ ਨਿਆਰ, ਗਿਆਨ ਨੇਤਰ ਇਕ ਸੁਹਾਇਆ । ਜੁਗਾ ਜੁਗੰਤਰ ਸਾਚੀ ਕਾਰ, ਕਰਨੀ ਕਰਤਾ ਰਿਹਾ ਕਮਾਇਆ । ਲੋਕ ਪਰਲੋਕ ਪਾਵੇ ਸਾਰ, ਤ੍ਰਿਲੋਕੀ ਨੰਦਨ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਇਆ । ਆਦਿ ਜੁਗਾਦੀ ਇਕ ਅਕੱਲਾ, ਹਰਿ ਹਰਿ ਇਕ ਅਖਵਾਇੰਦਾ । ਥਿਰ ਘਰ ਵੇਖੇ ਸਚ ਮਹੱਲਾ, ਸਚ ਸਿੰਘਾਸਣ ਆਪਣਾ ਮੱਲਾ, ਦਿਸ ਕਿਸੇ ਨਾ ਆਇੰਦਾ । ਵਸੇ ਨਿਹਚਲ ਧਾਮ ਅਟੱਲਾ, ਊਚ ਅਗੰਮ ਅਥਾਹ ਬੇਪਰਵਾਹ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਵੇਸ ਵਟਾਇੰਦਾ । ਏਕਉਂਕਾਰ ਪੁਰਖ ਅਬਿਨਾਸ਼, ਆਦਿ ਜੁਗਾਦਿ ਸਮਾਇਆ । ਸਾਚੇ ਮੰਡਲ ਪਾਏ ਰਾਸ, ਭੇਵ ਅਭੇਦਾ ਭੇਵ ਛੁਪਾਇਆ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼, ਆਤਮ ਅੰਤਰ ਆਤਮ ਹਰਿ ਬ੍ਰਹਮ ਪਾਰਬ੍ਰਹਮ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਇਆ । ਜੁਗ ਕਰਤਾ ਹਰਿ ਕਰਨੇਹਾਰਾ ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਖੇਲ ਨਿਆਰਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਨੂਰ ਉਜਿਆਰਾ, ਨੂਰੋ ਨੂਰ ਸਮਾਇੰਦਾ । ਰਵ ਸਸ ਨਾ ਕੋਇ ਸਤਾਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਨਿਰਾਕਾਰ ਆਪ ਲਗਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਬ੍ਰਹਮਾ ਵੇਤਾ ਚਾਰੇ ਮੁਖ ਅੱਠੇ ਨੇਤਰ ਨੈਣ ਉਘਾੜਾ, ਰਸਨਾ ਜੇਹਵਾ ਆਪ ਹਿਲਾਇੰਦਾ । ਬਾਸ਼ਕ ਸੇਜਾ ਸੇਜ ਨਿਆਰਾ, ਸਾਂਗੋ ਪਾਂਗ ਹੰਢਾਇੰਦਾ । ਸਹੰਸਰ ਮੁਖ ਗਾਏ ਵਾਰੋ ਵਾਰਾ, ਸਹੰਸਰ ਜੇਹਵ

ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਘਰ ਸੁਹੰਜਣਾ ਇਕ ਸੁਹਾਇੰਦਾ । ਘਰ ਸੁਹੰਜਣਾ ਹਰਿ ਹਰਿ, ਦਰ ਦਰ ਸਾਚਾ ਆਪ ਸੁਹਾਇਆ । ਆਪ ਆਪਣਾ ਦੇਵੇ ਵਰ, ਵਰ ਦਾਤਾ ਆਪ ਅਖਵਾਇਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਨਾਉਂ ਧਰਾਇਆ । ਆਪਣੀ ਸੁਰਤੀ ਆਪੇ ਫੜ, ਆਪ ਆਪਣਾ ਸੀਸ ਝੁਕਾਇਆ । ਆਪਣੇ ਅੰਦਰ ਆਪੇ ਵੜ, ਆਪੇ ਵੇਖ ਵਖਾਇਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਜੋਤ ਨੂਰ ਰੁਸ਼ਨਾਇਆ । ਸੰਤ ਸੁਹੇਲੇ ਆਦਿ ਜੁਗਾਦੀ ਲਏ ਫੜ, ਮਨਮੁਖ ਜੀਵਾਂ ਦਿਸ ਨਾ ਆਇਆ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕਿਤੇ ਦਬਾਇਆ । ਗੁਰਸਿਖ ਤੇਰੇ ਸਚ ਦਵਾਰ, ਇਕ ਅਕੇਲਾ ਆਪੇ ਵੇਖੇ ਖੜ, ਆਪ ਆਪਣਾ ਦਰ ਖੁਲ੍ਹਾਇਆ । ਕਰੇ ਪਰਕਾਸ਼ ਬਹੱਤਰ ਨੜ, ਅਗਿਆਨ ਅੰਧੇਰ ਮਿਟਾਇਆ, ਸਤਿ ਸਤਿਵਾਦੀ ਲਾਏ ਜੜ, ਲੋਕਮਾਤ ਆਪ ਉਪਜਾਇਆ । ਏਕਾ ਅੱਖਰ ਏਕਾ ਵਿਦਿਆ ਏਕਾ ਨਾਉਂ ਜਾਏ ਪੜ੍ਹ, ਏਕਾ ਏਕ ਮੇਲ ਮਿਲਾਇਆ । ਹਰਿ ਕਾ ਨਾਮ ਸਾਚਾ ਲੜ ਲਏ ਫੜ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗਾਂ ਜੁਗੰਤਾ ਵੇਸ ਵਟਾਇਆ । ਜੁਗ ਜੁਗ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੁੰਦਰ ਫੇਰਾ ਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕ ਮੱਲਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਸ਼ਬਦ ਜੋਤੀ ਆਪ ਰੱਲਾ, ਏਕਾ ਧਾਰ ਬੰਧਾਇੰਦਾ । ਆਪੇ ਹੋਏ ਅਛਲ ਅਛੱਲਾ, ਅਛਲ ਛਲ ਧਾਰੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਜੋਤ ਡਗਮਗਾਇੰਦਾ । ਨਿਰਗੁਣ ਨੂਰ ਸ਼ਬਦ ਜੈਕਾਰਾ, ਹਰਿ ਹਰਿ ਆਪ ਲਗਾਇਆ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਲੱਖਣਾ ਲੇਖ ਨਾ ਕੋਇ ਲਿਖਾਇਆ । ਆਵੇ ਜਾਵੇ ਵਾਰੋ ਵਾਰਾ, ਸਤਿਜੁਗ ਤ੍ਰੇਤਾ ਵੇਸ ਵਟਾਇਆ । ਦੁਆਪਰ ਤੇਰੀ ਪਾਵੇ ਸਾਰਾ, ਦੋਏ ਦੋਏ ਰੂਪ ਸਮਾਇਆ । ਏਕਾ ਨੇਤਰ ਨੈਣ ਉਘਾੜਾ, ਏਕਾ ਰਾਹ ਰਖਾਇਆ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਚਾਰੋਂ ਕੁੰਟ ਨਾਰ ਵਿਭਚਾਰਾ, ਸਾਚਾ ਕੰਤ ਨਾ ਕੋਇ ਹੰਢਾਇਆ । ਹਉਮੇ ਹੰਗਤਾ ਗੜ੍ਹ ਹੰਕਾਰਾ, ਆਪੇ ਤੋੜ ਤੁੜਾਇਆ । ਭੁੱਖਾ ਨੰਗਤਾ ਜੀਵ ਗਵਾਰਾ, ਹਰਿ ਕਾ ਨਾਮ ਧੰਨ ਪੱਲੇ ਨਾ ਕੋਇ ਬੰਧਾਇਆ । ਨਾਨਕ ਗੋਬਿੰਦ ਬਣ ਲਿਖਾਰਾ, ਏਕਾ ਲੇਖਾ ਗਿਆ ਲਿਖਾਇਆ । ਲੇਖਾ ਲਿਖੇ ਧੁਰ ਦਰਬਾਰਾ, ਭੇਵ ਨਾ ਕੋਈ ਜਣਾਇਆ । ਸ਼ਬਦੀ ਸ਼ਬਦ ਸ਼ਬਦ ਭੰਡਾਰਾ, ਸਤਿਗੁਰ ਪੂਰਾ ਦਏ ਵਰਤਾਇਆ । ਲੋਆਂ ਪੁਰੀਆਂ ਪਾਵੇ ਸਾਰਾ, ਧਰਤ ਧਵਲ ਦਏ ਸੁਹਾਇਆ । ਅਕਾਸ਼ ਪਰਕਾਸ਼ ਕਰ ਉਜਿਆਰਾ, ਮੰਡਲ ਮੰਡਪ ਡੇਰਾ ਲਾਇਆ । ਬ੍ਰਹਮਾ ਵਿਸ਼ਨ ਸ਼ਿਵ ਪਾਏ ਸਾਰਾ, ਦੇਵਤ ਸੁਰ ਲਏ ਹਿਲਾਇਆ । ਜੇਰਜ ਅੰਡਜ ਪਾਰ ਕਿਨਾਰਾ, ਉਤਭੁਜ ਸੇਤਜ ਵੇਖ ਵਖਾਇਆ । ਹਰਿਜਨ ਬਖ਼ਸ਼ੇ ਚਰਨ ਪਿਆਰਾ, ਆਤਮ ਦਰਸੀ ਦਰਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਕਾਰ ਕਰਾਇਆ । ਕਰਨੇਹਾਰ ਪੁਰਖ ਸਮਰਥ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਕੂੜ ਕੁੜਿਆਰਾ ਚਲਾਏ ਰਥ, ਚਾਰੋਂ ਕੁੰਟ ਹੋਏ ਹਲਕਾਈਆ । ਲੱਖ ਚੁਰਾਸੀ ਪਾਈ ਨੱਥ, ਪੰਚਮ ਪੰਚਮ ਰਿਹਾ ਭੁਵਾਈਆ । ਆਤਮ ਅੰਤਰ ਕੋਇ ਨਾ ਹਠ, ਅਠਸਠ ਤੀਰਥ ਰਹੀ ਨੁਹਾਈਆ । ਕਾਇਆ ਮੰਦਰ ਗੇੜੀ ਉਲਟੀ ਲੱਠ, ਸਾਚਾ ਧਾਮ ਨਾ ਕੋਇ ਸੁਹਾਈਆ । ਮਾਨਸ ਮਾਨੁਖ ਹੋਏ ਭੱਠ, ਜੂਨੀ ਰਹਿਤ ਨਾ ਮੇਲ

ਮਿਲਾਈਆ । ਦੁਰਮਤ ਮੈਲ ਨਾ ਦੇਵੇ ਕੋਈ ਕੱਟ, ਸਰ ਸਰੋਵਰ ਰਹੇ ਨੁਹਾਈਆ । ਸਾਚੀ ਵਸਤ ਨਾ ਮਿਲੇ ਕਿਸੇ ਹੱਟ, ਚੌਦਾਂ ਲੋਕਾਂ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਨੂਰ ਨੂਰ ਅੱਲਾ, ਬੇਐਬ ਆਪ ਅਖਵਾਇਆ । ਦੂਈ ਦਵੈਤੀ ਮੇਟੇ ਸੱਲਾ, ਸਾਲਸ ਸਤਿਗੁਰ ਬਣ ਕੇ ਆਇਆ । ਪੰਜ ਵਿਕਾਰਾ ਮਾਰੇ ਹੱਲਾ, ਕੂੜੀ ਕਿਰਿਆ ਦਏ ਮਿਟਾਇਆ । ਏਕਾ ਜੋਤ ਜਗਾਏ ਘੜੀ ਘੜੀ ਪਲ ਪੱਲਾ, ਦੋ ਜਹਾਨਾ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰ ਖੇਲ ਖਿਲੰਦੜਾ, ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਵੇਸ ਵਟੰਦੜਾ, ਜੋਤੀ ਜਾਮਾ ਨਾਉਂ ਧਰਾਇੰਦਾ । ਲੱਖ ਚੁਰਾਸੀ ਜੋਤ ਜਗੰਦੜਾ, ਬ੍ਰਹਮ ਵੇਤਾ ਬ੍ਰਹਮ ਸੇਵਾ ਲਾਇੰਦਾ । ਗੁਰਮੁਖ ਸਾਚੇ ਸਚ ਦਵਾਰ ਤੇਰਾ ਇਕ ਸੁਹੰਦੜਾ, ਅਲਖ ਨਿਰੰਜਣ ਆਪਣੀ ਅਲਖ ਆਪ ਜਗਾਇੰਦਾ । ਦੂਈ ਦਵੈਤੀ ਤੋੜੇ ਜਿੰਦਰਾ, ਬਜਰ ਕਪਾਟੀ ਤੋੜ ਤੁੜਾਇੰਦਾ । ਦੀਪਕ ਗਿਆਨ ਇਕ ਜਗੰਦੜਾ, ਅੰਧ ਅਗਿਆਨ ਮਿਟਾਇੰਦਾ । ਸਰਬ ਜੀਆਂ ਆਪੇ ਬਖ਼ਸ਼ਿੰਦੜਾ, ਪਾਰਬ੍ਰਹਮ ਆਪ ਅਖਵਾਇੰਦਾ । ਆਪੇ ਜਾਣੇ ਪਰਮਾਨੰਦੜਾ, ਨਿਜਾਨੰਦ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਆਪ ਆਪਣਾ ਵੇਸ ਕਰ, ਹਰਿ ਸਾਚੀ ਬਣਤ ਬਣਾਈਆ । ਚਾਰ ਯਾਰੀ ਦਰ ਦਰਵੇਸਾ ਧਰ, ਦਰ ਦਰ ਅਲੱਖ ਜਗਾਈਆ । ਨਰ ਨਰੇਸ਼ ਲਏ ਫੜ, ਦਸ ਦਸਮੇਸ ਫੇਰਾ ਪਾਈਆ । ਤੋੜਨਹਾਰਾ ਕਿਲਾ ਹੰਕਾਰੀ ਗੜ੍ਹ, ਨਾਮ ਖੰਡਾ ਹੱਥ ਉਠਾਈਆ । ਦਹਿ ਦਿਸ਼ਾ ਚਾਰੇ ਕੂਟ ਗਗਨ ਮੰਡਲ ਵੇਖੇ ਚੜ੍ਹ, ਇੰਡ ਪਿੰਡ ਬ੍ਰਹਿਮੰਡ ਖੋਜ ਖੁਜਾਈਆ । ਇਕ ਅਕੱਲਾ ਲੱਖ ਚੁਰਾਸੀ ਨਾਲ ਰਿਹਾ ਲੜ, ਦਿਸ ਕਿਸੇ ਨਾ ਆਈਆ । ਆਪਣਾ ਘਾੜਨ ਆਪੇ ਘੜ, ਆਪੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਨੂਰੋ ਨੂਰ ਡਗਮਗਾਈਆ । ਨੂਰ ਨੂਰੀ ਕਰ ਆਕਾਰ, ਨਿਰਾਕਾਰ ਉਠ ਧਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਵਰਨ ਬਰਨ ਨਾ ਕੋਇ ਰਖਾਇਆ । ਅਠਾਰਾਂ ਬਰਨਾਂ ਕਰੇ ਪਿਆਰ, ਚਾਰ ਵਰਨਾਂ ਵੇਖ ਵਖਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖੁਆਰ, ਤਖ਼ਤ ਤਾਜ ਕੋਇ ਰਹਿਣ ਨਾ ਪਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਫੜ, ਫੜ ਬਾਹੋਂ ਲਾਏ ਪਾਰ, ਆਪ ਆਪਣਾ ਦਰਸ ਵਖਾਇਆ । ਧਰਮ ਰਾਏ ਦੀ ਕੱਟੇ ਜੇਲੇ ਆਵਣ ਜਾਵਣ ਗੇੜ ਨਵਾਰ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਇਆ । ਆਦਿ ਪੁਰਖ ਏਕਉਂਕਾਰ, ਅਕਲ ਕਲਾ ਅਖਵਾਈਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਈਆ । ਆਪੇ ਰੂਪ ਅਗੰਮ ਅਪਾਰ, ਰੂਪ ਅਨੂਪ ਆਪ ਦਰਸਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਅਬਿਨਾਸ਼ੀ ਕਰਤਾ ਪੁਰਖ ਅਕਾਲ, ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਆਪ ਆਪਣੀ ਦਇਆ ਕਮਾਇੰਦਾ । ਆਪ ਆਪਣੀ ਕਰੇ ਪ੍ਰਿਤਪਾਲ, ਸੇਵਕ ਸੇਵਾਦਾਰ ਆਪ ਅਖਵਾਇੰਦਾ । ਆਪ ਆਪਣਾ ਤੋੜ ਜੰਜਾਲ, ਆਪ ਆਪਣੀ ਕਲ ਵਰਤਾਇੰਦਾ । ਆਪ ਆਪਣੀ ਘਾਲਨ ਘਾਲ, ਆਪ ਆਪਣੀ ਖੇਲ ਖਿਲਾਇੰਦਾ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਸਾਚਾ ਸੁਹੰਜਣਾ, ਹਰਿ ਸਾਚੇ ਜੋਤ ਜਗਾਈਆ । ਪੁਰਖ ਅਬਿਨਾਸ਼ੀ ਬੈਠਾ ਆਦਿ ਨਿਰੰਜਣਾ, ਨਾ ਕੋਈ ਦੂਸਰ ਸੰਗ ਰਖਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਏਕਾ ਏਕ ਏਕ ਰਘੁਰਾਈਆ । ਆਪ ਆਪਣਾ ਬਣੇ ਸੱਜਣਾ, ਸਾਕ ਸੱਜਣ ਆਪ ਅਖਵਾਈਆ । ਆਪੇ ਕਰੇ ਕਰਾਏ ਸਾਚਾ ਮਜਨਾ, ਸਾਚਾ ਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਕਲ ਵਰਤਾਈਆ । ਇਕ ਅਕੱਲਾ ਕਰ ਪਸਾਰਾ, ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਭੇਵ ਕੋਇ ਨਾ ਪਾਇੰਦਾ । ਮਹੱਲ ਅਟੱਲ ਉਚ ਮਨਾਰਾ, ਘਰ ਆਪਣਾ ਇਕ ਸੁਹਾਇੰਦਾ । ਰਵ ਸਸ ਨਾ ਕੋਇ ਸਤਾਰਾ, ਸੂਰਜ ਚੰਨ ਨਾ ਕੋਇ ਦਰਸਾਇੰਦਾ । ਮੰਡਲ ਮੰਡਪ ਨਾ ਕੋਇ ਪਸਾਰਾ, ਗਗਨ ਗਗਨੰਤਰ ਵੇਖ ਵਖਾਇੰਦਾ । ਧਰਤ ਧਵਲ ਨਾ ਕੋਇ ਵਿਚਾਰਾ, ਜਲ ਬਿੰਬ ਨਾ ਕੋਇ ਟਿਕਾਇੰਦਾ । ਆਦਿ ਜੁਗਾਦੀ ਇਕ ਨਿਰਾਕਾਰਾ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਘਰ ਸਾਚਾ ਹਰਿ ਸੁਹਾਇਆ, ਨਿਰਗੁਣ ਨੂਰ ਰੁਸ਼ਨਾਈਆ । ਆਪ ਆਪਣਾ ਵੇਖ ਵਖਾਇਆ, ਆਪ ਆਪਣੀ ਖ਼ੁਸ਼ੀ ਮਨਾਈਆ । ਆਪ ਆਪਣਾ ਲੇਖ ਲਿਖਾਇਆ, ਆਪੇ ਲੇਖਾ ਰਿਹਾ ਗਣਾਈਆ । ਆਪ ਆਪਣਾ ਵੇਸ ਵਟਾਇਆ, ਆਪ ਆਪਣਾ ਰੂਪ ਦਰਸਾਈਆ । ਆਪ ਆਪਣਾ ਮੰਗਲ ਗਾਇਆ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਇਕ ਰਖਾਈਆ । ਨਿਰਗੁਣ ਨੂਰ ਕਰ ਉਜਿਆਰਾ, ਹਰਿ ਸਾਚੇ ਰੂਪ ਦਰਸਾਇਆ । ਆਪ ਆਪਣਾ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇਆ । ਆਪ ਸੁਹਾਏ ਆਪਣਾ ਸੱਚਾ ਘਰ ਬਾਰਾ, ਘਰ ਬਾਰੀ ਨਾਉਂ ਧਰਾਇਆ । ਆਪ ਆਪਣਾ ਬਣਿਆ ਕੰਤ ਭਤਾਰਾ, ਆਪਣੀ ਨਾਰੀ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇਆ । ਆਪੇ ਨਾਰੀ ਆਪੇ ਕੰਤ, ਹਰਿ ਵਡ ਵੱਡੀ ਵਡਿਆਈਆ । ਆਪਣੀ ਮਹਿਮਾ ਜਾਣੇ ਆਪ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਪੇ ਪਾਰਬ੍ਰਹਮ ਪ੍ਰਭ ਬੇਅੰਤ ਬੇਅੰਤ ਬੇਅੰਤ, ਅਲੱਖ ਅਗੋਚਰ ਅਥਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਆਪ ਪਰਨਾਈਆ । ਨਾਰੀ ਕੰਤ ਵੇਸ ਵਟਾ, ਹਰਿ ਸਾਚਾ ਕਰਮ ਕਮਾਇਆ । ਨਿਰਗੁਣ ਨਿਰਗੁਣ ਵਿਚ ਸਮਾ, ਨਿਰਗੁਣ ਜੋੜ ਜੁੜਾਇਆ । ਨਿਰਗੁਣ ਨਿਰਗੁਣ ਵਿਚ ਦਿਤਾ ਟਿਕਾ, ਨਿਰਗੁਣ ਨਿਰਗੁਣ ਲਏ ਪਰਗਟਾਇਆ । ਨਿਰਗੁਣ ਦਰ ਦਵਾਰਾ ਬੰਕ ਦਏ ਸੁਹਾ, ਨਿਰਗੁਣ ਬੈਠਾ ਡੇਰਾ ਲਾਇਆ । ਨਿਰਗੁਣ ਥਿਰ ਘਰ ਵਾਸੀ ਆਪ ਅਖਵਾ, ਪੁਰਖ ਅਕਾਲ ਨਾਉਂ ਧਰਾਇਆ । ਜੂਨੀ ਰਹਿਤ ਬੇਪਰਵਾਹ, ਏਕਾ ਏਕ ਆਪ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪਣਾ ਰੰਗ ਆਪੇ ਰੰਗ, ਆਪਣੀ ਖੇਲ ਖਿਲਾਈਆ । ਨਾਰੀ ਕੰਤ ਮੰਗੀ ਮੰਗ, ਸੇਜ ਸੁਹੰਜਣੀ ਇਕ ਵਿਛਾਈਆ । ਆਪਣੇ ਅੰਦਰ ਆਪੇ ਲੰਘ, ਆਪੇ ਬੈਠਾ ਬੇਪਰਵਾਹੀਆ । ਪੁਰਖ ਅਬਿਨਾਸ਼ੀ ਆਪ ਵਿਛਾਇਆ ਸਚ ਪਲੰਘ, ਪਾਵਾ ਚੂਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਜ ਸੁਹੰਜਣੀ ਇਕ ਹੰਢਾਈਆ । ਸੇਜ ਸੁਹੰਜਣੀ ਆਪੇ ਚੜ੍ਹ, ਆਪਣਾ ਆਪ ਮਨਾਇਆ । ਆਪਣੇ ਅੰਦਰ ਆਪੇ ਵੜ, ਆਪ ਆਪਣਾ ਰੂਪ ਵਟਾਇਆ । ਆਪਣਾ ਲੜ ਆਪੇ ਫੜ, ਆਪੇ ਬੰਧ

ਬੰਧਾਇਆ । ਆਪ ਆਪਣੀ ਲਾਈ ਜੜ, ਨਾ ਕੋਈ ਦੂਸਰ ਸੰਗ ਰਖਾਇਆ । ਆਪੇ ਵੇਖੇ ਹਰਿ ਹਰਿ ਖੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਇਕ ਦਰਸਾਇਆ । ਜੋਤੀ ਅੰਦਰ ਜੋਤ ਸਮਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਰਗੁਣ ਪਿਤਾ ਨਿਰਗੁਣ ਮਾਂ, ਨਿਰਗੁਣ ਧਾਮ ਸੁਹਾਈਆ । ਨਿਰਗੁਣ ਦੇਵੇ ਸਾਚੀ ਛਾਂ, ਨਿਰਗੁਣ ਸਾਚਾ ਹੱਥ ਸੀਸ ਟਿਕਾਈਆ । ਨਿਰਗੁਣ ਨਗਰ ਖੇੜਾ ਨਿਰਗੁਣ ਗਰਾਂ, ਨਿਰਗੁਣ ਵਸਿਆ ਆਪ ਅਲਾਈਆ । ਨਿਰਗੁਣ ਪਕੜੇ ਆਪਣੀ ਬਾਂਹ, ਨਿਰਗੁਣ ਰਿਹਾ ਚਲਾਈਆ । ਨਿਰਗੁਣ ਕਰੇ ਸਚ ਨਿਆਂ, ਦਰਗਹਿ ਸਾਚੀ ਧਾਮ ਸੁਹਾਈਆ । ਸਚਖੰਡ ਦਵਾਰਾ ਇਕ ਬਣਾ, ਪੁਰਖ ਅਗੰਮਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਨਿਰਗੁਣ ਰੂਪ ਪੁਰਖ ਅਕਾਲ, ਨਿਰਗੁਣ ਜੋਤ ਮਾਤ ਪਰਨਾਈਆ । ਨਿਰਗੁਣ ਵੇਖ ਸੱਚੀ ਧਰਮਸਾਲ, ਥਿਰ ਘਰ ਬੈਠਾ ਡੇਰਾ ਲਾਈਆ । ਨਿਰਗੁਣ ਫਲ ਲਗਾਏ ਆਪਣੇ ਡਾਲ੍ਹ, ਆਪ ਆਪਣਾ ਖੇਲ ਖਿਲਾਈਆ । ਨਿਰਗੁਣ ਆਪ ਆਪਣਾ ਆਪਣੇ ਵਿਚੋਂ ਲਏ ਭਾਲ, ਆਪ ਆਪਣਾ ਵੇਖ ਵਖਾਈਆ । ਨਿਰਗੁਣ ਬੈਠਾ ਨਿਰਗੁਣ ਦਲਾਲ, ਦੂਸਰ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਸੁਹਾਈਆ । ਸਾਚੇ ਘਰ ਵੱਜੀ ਵਧਾਈ, ਹਰਿ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਹੋਈ ਕੁੜਮਾਈ, ਆਪ ਅਪਣਾ ਮੇਲ ਮਿਲਾਇੰਦਾ । ਆਪਣਾ ਮੰਗਲ ਆਪੇ ਗਾਈ, ਆਪ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੀਜ ਬਿਜਾਇੰਦਾ । ਨਿਰਗੁਣ ਧਾਰ ਨਿਰਗੁਣ ਰੂਪ, ਨਿਰਗੁਣ ਵਿਚ ਟਿਕਾਈਆ । ਨਿਰਗੁਣ ਦਾਤਾ ਸ਼ਾਹੋ ਭੂਪ, ਸਤਿ ਸਰੂਪ ਵੇਖ ਵਖਾਈਆ । ਨਿਰਗੁਣ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਨਿਰਗੁਣ ਆਪਣੇ ਉਪਰ ਜਾਏ ਤੁਠ, ਆਦਿ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਨਿਰਗੁਣ ਨਿੰਮਿਆ ਨਿਰਗੁਣ ਜੰਮਿਆ, ਨਿਰਗੁਣ ਨਾਉਂ ਉਪਾਇਆ । ਜੋਤੀ ਮਾਤਾ ਸਤਿ ਸਰੂਪ ਪਾਏ ਮੰਮਿਆ, ਸ਼ਬਦ ਸ਼ਬਦੀ ਸੁੱਤ ਉਠਾਇਆ । ਅਬਿਨਾਸ਼ੀ ਕਰਤੇ ਆਪੇ ਜਾਣੇ ਆਪਣਾ ਕੰਮਿਆ, ਚੁਣ ਚੁਣ ਆਪਣੀ ਝੋਲੀ ਪਾਇਆ । ਆਪੇ ਜਾਣੇ ਗੁਣ ਅਵਗੁਣਿਆ, ਲੇਖਾ ਲੇਖ ਨਾ ਕੋਇ ਲਿਖਾਇਆ । ਆਪਣੀ ਧੁਨ ਅਨਾਦ ਆਪੇ ਸੁਣਿਆ, ਸੁੰਨ ਸਮਾਧ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਿਤਾ ਆਪੇ ਵਰ, ਆਪ ਆਪਣਾ ਸੁੱਤ ਉਪਜਾਇਆ । ਸ਼ਬਦ ਸੁੱਤ ਹਰਿ ਦੁਲਾਰਾ, ਆਪਣਾ ਆਪ ਉਪਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਸਾਚੇ ਧਾਮ ਸੁਹਾਇੰਦਾ । ਆਦਿ ਸ਼ਕਤੀ ਹਿਤ ਨਿਆਰਾ, ਨਿਜ ਘਰ ਆਪਣਾ ਆਪ ਕਰਾਇੰਦਾ । ਆਦਿ ਨਿਰੰਜਣ ਵੇਸ ਅਪਾਰਾ, ਵੇਸ ਅਵੇਸਾ ਆਪ ਵਟਾਇੰਦਾ । ਮੂਰਤ ਅਕਾਲ ਜੋਤ ਨਿਰਾਕਾਰਾ, ਨਿਰਾਕਾਰ ਨਾਉਂ ਧਰਾਇੰਦਾ । ਸ਼ਬਦੀ ਸੁੱਤ ਸ਼ਬਦ ਜੈਕਾਰਾ, ਏਕਾ ਨਾਅਰਾ ਲਾਇੰਦਾ । ਆਪੇ ਸੁਣੇ ਸੁਨਣੇਹਾਰਾ, ਆਪ ਆਪਣੇ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਆਪਣਾ ਸੁੱਤ ਕਰ ਤਿਆਰ, ਹਰਿ ਸਾਚੀ ਸੇਵ ਕਰਾਇੰਦਾ । ਸ਼ਬਦੀ ਸ਼ਬਦ ਕਰ ਪਿਆਰ, ਸ਼ਬਦ ਸ਼ਬਦੀ ਢੋਲਾ ਗਾਇੰਦਾ । ਧੁਰ ਦਾ ਤੋਲਾ ਬਣ ਵਣਜਾਰ, ਸਾਚਾ ਤੋਲਾ ਆਪ ਰਖਾਇੰਦਾ । ਬਦਲਿਆ ਚੋਲਾ ਆਪ ਨਿਰੰਕਾਰ, ਆਪਣਾ ਡੋਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਸ਼ਬਦ ਸੁੱਤ ਦਿਤਾ ਵਰ, ਸਾਚੀ ਸਿਫ਼ਤ ਸਲਾਹ ਆਪਣੀ ਆਪ ਜਣਾਇੰਦਾ । ਸ਼ਬਦ ਸੁੱਤ ਲੈ ਅੰਗੜਾਈ, ਦੋਏ ਜੋੜ ਕਰੇ ਨਿਮਸਕਾਰਿਆ । ਪਾਰਬ੍ਰਹਮ ਤੇਰੀ ਸਚ ਸਰਨਾਈ, ਤੇਰਾ ਅੰਤ ਨਾ ਪਾਰਾਵਾਰਿਆ । ਸੇਵਕ ਸੇਵਾ ਬਖ਼ਸ਼ੀ ਚਾਈਂ ਚਾਈਂ, ਚੱਕਰ ਚੇਹਨ ਨਾ ਕੋਇ ਜਣਾ ਰਿਹਾ । ਸਦਾ ਸੁਹੇਲਾ ਪਕੜੇ ਬਾਂਹੀ, ਏਕਾ ਓਟ ਤੇਰੀ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਆਪ ਸਮਝਾ ਲਿਆ । ਸ਼ਬਦ ਸੁੱਤ ਤੇਰਾ ਸਚ ਪਿਆਰ, ਹਰਿ ਸਾਚਾ ਆਪ ਉਪਾਇੰਦਾ । ਆਪ ਕਰਾਏ ਵਣਜ ਵਾਪਾਰ, ਤੇਰਾ ਤੇਰੀ ਝੋਲੀ ਪਾਇੰਦਾ । ਭਰਿਆ ਸ਼ਬਦੀ ਸ਼ਬਦ ਭੰਡਾਰ, ਨਾਮ ਨਾਮਾ ਝੋਲੀ ਪਾਇੰਦਾ । ਵਸਿਆ ਘਰ ਸੱਚਾ ਘਰ ਬਾਰ, ਬੰਕ ਦਵਾਰਾ ਇਕ ਸੁਹਾਇੰਦਾ । ਸਚ ਸਿੰਘਾਸਣ ਪੁਰਖ ਕਰਤਾਰ, ਆਪ ਆਪਣਾ ਆਸਣ ਲਾਇੰਦਾ । ਧੁਰ ਫ਼ਰਮਾਣ ਦੇਵੇ ਸੱਚੀ ਸਰਕਾਰ, ਸਾਚੀ ਸਿਫ਼ਤ ਸਲਾਹ ਆਪ ਜਣਾਇੰਦਾ । ਨਿਰਾਕਾਰ ਕਰ ਆਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦਿਤਾ ਸਾਚਾ ਵਰ, ਘਰ ਸਾਚੇ ਮੂਲ ਚੁਕਾਇੰਦਾ । ਵਰ ਘਰ ਸਾਚਾ ਹਰਿ ਹਰਿ ਪਾਇਆ, ਵੱਜੀ ਨਾਮ ਵਧਾਈਆ । ਪੁਰਖ ਅਬਿਨਾਸ਼ੀ ਇਕ ਮਨਾਇਆ, ਨਿਉਂ ਨਿਉਂ ਸੀਸ ਝੁਕਾਈਆ । ਦਰ ਦਰਵਾਜਾ ਆਪ ਖੁਲ੍ਹਾਇਆ, ਬੰਦ ਕਿਵਾੜਾ ਰਹਿਣ ਨਾ ਪਾਈਆ । ਆਪਣੀ ਧਾਰਾ ਆਪ ਚਲਾਇਆ, ਆਪੇ ਲਏ ਉਪਾਈਆ । ਆਪ ਆਪਣਾ ਰੂਪ ਵਟਾਇਆ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਆਪ ਵੰਡਾਈਆ । ਅਪਣੀ ਵੰਡ ਆਪੇ ਵੰਡ, ਹਰਿ ਸਾਚਾ ਵੇਖ ਵਖਾਇੰਦਾ । ਖੇਲੇ ਖੇਲ ਵਿਚ ਬ੍ਰਹਿਮੰਡ, ਆਪ ਆਪਣੀ ਕਲ ਚਲਾਇੰਦਾ । ਆਪ ਆਪਣਾ ਕਰੇ ਖੰਡ ਖੰਡ, ਆਪ ਆਪਣੇ ਅੰਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇੰਦਾ । ਆਪਣਾ ਵੇਸ ਆਪੇ ਧਰ, ਆਪਣੀ ਕਲ ਵਰਤਾਈਆ । ਵਿਸ਼ਨ ਵਰਾਟੀ ਆਪੇ ਹਰਿ, ਆਪ ਆਪਣੀ ਖੇਲ ਖਿਲਾਈਆ । ਨਿਰਾਕਾਰ ਸਾਕਾਰ ਘਾੜਨ ਘੜ, ਬੈਠਾ ਡੇਰਾ ਲਾਈਆ । ਆਪਣੇ ਅੰਦਰ ਆਪਣੀ ਲਾਈ ਜੜ, ਸਰ ਸਰੋਵਰ ਤਾਲ ਭਰਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਈਆ । ਅੰਮ੍ਰਿਤ ਰਸ ਸਾਚੀ ਧਾਰ, ਆਪਣੀ ਆਪ ਚਲਾਇੰਦਾ । ਆਪ ਆਪਣਾ ਕਰ ਪਿਆਰ, ਆਪ ਆਪਣਾ ਦਰ ਸੁਹਾਇੰਦਾ । ਆਪ ਆਪਣਾ ਕਰਿਆ ਬਾਹਰ, ਆਪ ਆਪਣਾ ਰੂਪ ਵਟਾਇੰਦਾ । ਆਪੇ ਖਿੜਿਆ ਫੁਲ ਸੱਚੀ ਗੁਲਜ਼ਾਰ, ਕਵਲਾ ਕਵਲ ਨਾਮ ਧਰਾਇੰਦਾ । ਨਾਭੀ ਫੁੱਟੀ ਹੋਈ ਉਜਿਆਰ, ਆਪਣੀ ਟੁੱਟੀ ਆਪੇ ਗੰਢ ਵਖਾਇੰਦਾ । ਆਪਣੀ ਚੋਟੀ ਆਪੇ ਚੜ੍ਹੇ ਸਿਰਜਣਹਾਰ, ਨਾ ਕੋਈ ਦੂਸਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਚਲਤ ਚਲਾਇੰਦਾ । ਚਾਲ ਨਿਰਾਲੀ ਜੋਤ ਅਕਾਲੀ ਨਿਰਗੁਣ ਆਪ ਚਲਾਈਆ । ਆਪੇ ਬਣਿਆ ਆਪਣਾ ਪਾਲੀ, ਆਪ ਆਪਣੀ ਸੇਵ ਕਮਾਈਆ । ਆਪੇ ਆਪਣਾ ਦਰ ਵੇਖੇ ਖਾਲੀ, ਆਪੇ ਰਿਹਾ ਭੰਡਾਰ ਭਰਾਈਆ । ਆਪੇ ਆਪਣਾ ਫਲ ਲਗਾਏ ਡਾਲ੍ਹੀ, ਕਵਲ ਫੁਲ ਆਪ ਖਲਾਈਆ । ਆਪੇ ਸ਼ਾਹ ਆਪੇ ਕੰਗਾਲੀ, ਸ਼ਾਹ ਸੁਲਤਾਨਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡਨ ਆਪ ਕਰਾਈਆ । ਨਾਭੀ ਕਵਲੀ ਸਾਚਾ ਫੁੱਲ, ਹਰਿ ਹਰਿ ਆਪ ਖਿਲਾਨਿਆ । ਆਪਣੇ ਕੰਡੇ ਆਪੇ ਤੁਲ, ਆਪ ਆਪਣਾ ਤੋਲ ਤੁਲਾਨਿਆ । ਆਪ ਉਪਜਾਈ ਆਪਣੀ

ਕੁਲ, ਆਪ ਆਪਣਾ ਨਾਉਂ ਰਖਾਨਿਆ । ਆਪਣਾ ਪਾਇਆ ਆਪੇ ਮੁਲ, ਕਰਤਾ ਕੀਮਤ ਆਪ ਚੁਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਪ ਕਰੇ ਪਰਵਾਨਿਆ । ਆਪਣਾ ਰਸ ਆਪਣੀ ਧਾਰ, ਹਰਿ ਸਾਚੇ ਆਪ ਚਲਾਈਆ । ਆਪਣਾ ਰੂਪ ਆਪ ਕਰਤਾਰ, ਆਪੇ ਲਏ ਵਟਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਬੇਅੰਤ ਨਾਮ ਖ਼ੁਦਾਈਆ । ਇਕ ਅਕੱਲਾ ਹੋ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਵਲੀ ਫੁਲ ਫੁਲ ਨਿਆਰ, ਪੰਖੜੀਆਂ ਆਪ ਖੁਲ੍ਹਾਈਆ । ਕਿਰਪਾ ਕਰੀ ਕਰਨੇਹਾਰ, ਕਰਨੀ ਕਰਤਾ ਆਪ ਅਖਵਾਈਆ । ਏਕਾ ਰੂਪ ਸਤਿ ਸਰੂਪ ਆਇਆ ਬਾਹਰ, ਮਾਤ ਪਿਤ ਨਾ ਕੋਇ ਵਖਾਈਆ । ਜਨਨੀ ਜਨ ਨਾ ਕਰੇ ਪਿਆਰ, ਨਾ ਕੋਈ ਗੋਦ ਉਠਾਈਆ । ਸੀਰ ਨਾ ਰਸ ਠੰਡੀ ਠਾਰ, ਰਸਨਾ ਜਿਹਵਾ ਨਾ ਮੁਖ ਚਵਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਆਪਣਾ ਅੰਗ ਆਪ ਕਟਾਈਆ । ਪਾਰਬ੍ਰਹਮ ਬ੍ਰਹਮ ਰੂਪ ਨਿਆਰ, ਬ੍ਰਹਮ ਬ੍ਰਹਮ ਦਏ ਉਪਜਾਈਆ । ਸ਼ਬਦ ਮਰਦੰਗਾ ਅਪਰ ਅਪਾਰ, ਏਕਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪੇ ਝੋਲੀ ਰਿਹਾ ਭਰਾਈਆ । ਬ੍ਰਹਮਾ ਵੇਤਾ ਬ੍ਰਹਮ ਸੁੱਤ, ਪਾਰਬ੍ਰਹਮ ਉਪਾਇਆ । ਆਪੇ ਜਾਣੇ ਆਪਣੀ ਰੁੱਤ, ਸਾਚੀ ਸੇਵਾ ਲਾਇਆ । ਪੁਰਖ ਅਬਿਨਾਸ਼ੀ ਆਪੇ ਤੁਠ, ਤ੍ਰੈਗੁਣ ਵੇਸ ਵਟਾਇਆ । ਰਜੋ ਤਮੋ ਸਤੋ ਆਪੇ ਸੁੱਟ, ਆਪ ਆਪਣੇ ਦਰ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਭੰਡਾਰੀ ਨਾਉਂ ਧਰਾਇਆ । ਨਾਮ ਭੰਡਾਰਾ ਅਪਰ ਅਪਾਰਾ, ਪਾਰਬ੍ਰਹਮ ਬ੍ਰਹਮ ਵੰਡਾਈਆ । ਸ਼ਬਦੀ ਸ਼ਬਦ ਸਚ ਵਣਜ ਵਪਾਰਾ, ਆਪੇ ਰਿਹਾ ਕਰਾਈਆ । ਤ੍ਰੈਗੁਣ ਬੰਨ੍ਹੇ ਸਾਚੀ ਧਾਰਾ, ਤ੍ਰੈ ਤ੍ਰੈ ਮੇਲ ਮਿਲਾਈਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਕਰ ਤਿਆਰਾ, ਪੰਜਾਂ ਤੱਤਾਂ ਜੋੜ ਜੁੜਾਈਆ । ਪੰਚਮ ਪੰਚਮ ਹੋ ਉਜਿਆਰਾ, ਪਚੀਸ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਈ ਭਿਛਿਆ ਆਪੇ ਦਏ ਸਲਾਹੀਆ । ਆਪਣੀ ਭਿਛਿਆ ਆਪੇ ਪਾ, ਆਪੇ ਰੰਗ ਰੰਗਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਲਏ ਉਪਾ, ਆਪੇ ਸੇਵ ਕਮਾਇੰਦਾ । ਆਪੇ ਸ਼ਬਦੀ ਸ਼ਬਦ ਜਣਾ, ਧੁਨ ਅਨਾਦੀ ਰਾਗ ਅਲਾਇੰਦਾ । ਅਗਾਧ ਬੋਧ ਬੋਧ ਅਗਾਧ ਆਪ ਅਖਵਾ, ਸੁੰਨ ਸਮਾਧ ਆਪ ਅਖਵਾਇੰਦਾ । ਆਦਿ ਜੁਗਾਦਿ ਜੁਗਾਦਿ ਆਦਿ ਵੇਸ ਵਟਾ, ਜੁਗ ਜੁਗ ਖੇਲ ਖਲਾਇੰਦਾ । ਆਤਮ ਜੀਵ ਜੀਵ ਆਤਮਾ ਆਪ ਬਣਾ, ਆਪਣੀ ਕਰਨੀ ਕਿਰਤ ਕਮਾਇੰਦਾ । ਆਪਣੇ ਭਾਣੇ ਆਪ ਚਲਾ, ਹੁਕਮੀ ਹੁਕਮ ਚਲਾਇੰਦਾ । ਬ੍ਰਹਮਾ ਵਿਸ਼ਨ ਸੇਵਾ ਲਾ, ਸਾਚੀ ਸੇਵਾ ਇਕ ਜਣਾਇੰਦਾ । ਆਪੇ ਸ਼ੰਕਰ ਲਏ ਉਪਾ, ਧੂੰਆਂਧਾਰ ਰਖਾਇੰਦਾ । ਬਾਸ਼ਕ ਤਸ਼ਕਾ ਗਲ ਲਟਕਾ, ਹੱਥ ਤ੍ਰਿਸੂਲ ਉਠਾਇੰਦਾ । ਏਕਾ ਇਸ਼ਟ ਗੁਰਦੇਵ ਇਕ ਜਣਾ, ਇਸ਼ਟ ਰੂਪ ਆਪ ਅਖਵਾਇੰਦਾ । ਲੱਖ ਚੁਰਾਸੀ ਬਣਤ ਬਣਾ, ਤ੍ਰੈਗੁਣ ਸੰਗ ਰਲਾਇੰਦਾ । ਪੰਜ ਤੱਤ ਤੇਰਾ ਜੋੜ ਜੁੜਾ, ਰਕਤ ਬੂੰਦ ਸੁਹਾਇੰਦਾ । ਨਿਰਗੁਣ ਨਿਰਗੁਣ ਧਾਰਾ ਦਏ ਟਿਕਾ, ਮਨ ਨਿਰਗੁਣ ਆਪ ਵਖਾਇੰਦਾ । ਮਤ ਮਤਵਾਲੀ ਨਾਲ ਰਲਾ, ਘਰ ਸਾਚੇ ਆਪ ਬਹਾਇੰਦਾ । ਬੁਧ ਬਿਬੇਕੀ ਵੇਖ ਵਖਾ, ਏਕਾ ਰੰਗ ਰੰਗਾਇੰਦਾ । ਨੌ ਦਵਾਰੇ ਦਰ ਖੁਲ੍ਹਾ, ਸਾਚਾ ਗੜ੍ਹ ਸੁਹਾਇੰਦਾ । ਘਰ ਵਿਚ ਘਰ ਲਏ ਉਪਾ, ਡੂੰਘੀ ਕੰਦਰ ਵੇਖ ਵਖਾਇੰਦਾ । ਜੋਤ ਨਿਰੰਜਣ ਸੇਵਾ ਲਾ, ਆਪਣਾ ਹੁਕਮ ਚਲਾਇੰਦਾ । ਅੰਮ੍ਰਿਤ ਜਲ ਸਚ ਭਰਾ, ਸਾਚਾ ਤਾਲ ਸੁਹਾਇੰਦਾ । ਅਨਹਦ ਮਰਦੰਗਾ ਰਿਹਾ ਵਜਾ, ਤਾਲ ਤਲਵਾੜਾ ਇਕ ਰਖਾਇੰਦਾ । ਬਜਰ ਕਪਾਟੀ ਕੁੰਡਾ ਲਾ, ਆਪ ਆਪਣਾ ਮੁਖ ਛੁਪਾਇੰਦਾ ।

ਲੱਖ ਚੁਰਾਸੀ ਜੀਵ ਜੰਤ ਦਸ ਵੀਹ ਗਿਆਰਾਂ ਤੀਸ ਨੌ ਚਾਰ ਜੋਨੀ ਆਪ ਫਿਰਾਇੰਦਾ । ਸੰਤ ਸੁਹੇਲੇ ਲਏ ਜਗਾ, ਆਪ ਆਪਣੀ ਬੂਝ ਬੁਝਾਇੰਦਾ । ਸ਼ਬਦ ਅਗੰਮੀ ਆਪ ਸੁਣਾ, ਧੁਨ ਆਤਮਕ ਰਾਗ ਅਲਾਇੰਦਾ । ਆਪਣਾ ਘਰ ਆਪੇ ਦਏ ਵਖਾ, ਦੂਈ ਦਵੈਤੀ ਪੜਦਾ ਲਾਹਿੰਦਾ । ਅੰਮ੍ਰਿਤ ਆਤਮ ਜਾਮ ਪਿਆ, ਸਾਂਤਕ ਸਤਿ ਕਰਾਇੰਦਾ । ਆਤਮ ਸੇਜਾ ਇਕ ਸੁਹਾ, ਡੂੰਘੀ ਭਵਰੀ ਪਾਰ ਕਰਾਇੰਦਾ । ਸੁਖਮਨ ਤੇਰਾ ਟੇਢਾ ਰਾਹ, ਆਪੇ ਵੇਖ ਵਖਾਇੰਦਾ । ਬੇਹੰਗਮ ਚਾਲ ਆਪ ਚਲਾ, ਜਨ ਭਗਤਾਂ ਰਾਹ ਵਖਾਇੰਦਾ । ਲੋਕਮਾਤ ਵੇਸ ਵਟਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਗੁਰਸਿਖਾਂ ਪਕੜੇ ਆਪੇ ਬਾਂਹ, ਮਨਮੁਖਾਂ ਦਿਸ ਨਾ ਆਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਪੁਰਖ ਅਬਿਨਾਸ਼ੀ ਪਿਤਾ ਮਾਂ, ਗੁਰਸਿਖ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਦੋ ਜਹਾਨੀ ਕਰੇ ਸਚ ਨਿਆਂ ਦਰ ਘਰ ਸਾਚੇ ਵੇਖ ਵਖਾਇੰਦਾ । ਰਾਏ ਧਰਮ ਨਾ ਦਏ ਸਜ਼ਾ, ਚਿਤਰ ਗੁਪਤ ਨੇੜ ਨਾ ਆਇੰਦਾ । ਲਾੜੀ ਮੌਤ ਨਾ ਲਏ ਪਰਨਾ, ਮੈਂਹਦੀ ਰੰਗਣ ਲਾਲ ਨਾ ਰੰਗ ਚੜ੍ਹਾਇੰਦਾ । ਜੂਨੀ ਜੂਨ ਨਾ ਲਏ ਭਵਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਧਰਾਇੰਦਾ । ਆਪਣੀ ਵੰਡ ਆਪੇ ਵੰਡ, ਆਪੇ ਵੇਖ ਵਖਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇੰਦਾ । ਆਪੇ ਨਾਰ ਦੁਹਾਗਣ ਬਣੇ ਰੰਡ, ਸੂਹਾ ਵੇਸ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਖੇਲ ਖਲਾਵਣਹਾਰ ਨਿਰੰਕਾਰਾ, ਸਚ ਸੱਚੀ ਵਡਿਆਈਆ । ਲੱਖ ਚੁਰਾਸੀ ਕਰ ਪਸਾਰਾ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜੁਗਾ ਜੁਗੰਤਰ ਪਾਵੇ ਸਾਰਾ, ਭਗਤ ਭਗਤੀ ਨਾਮ ਦ੍ਰਿੜਾਈਆ । ਸੰਤ ਸਿਖ ਸਚ ਦੁਲਾਰਾ, ਸਤਿਗੁਰ ਸਾਚਾ ਵੇਖ ਵਖਾਈਆ । ਸ਼ਬਦੀ ਸ਼ਬਦ ਦਏ ਹੁਲਾਰਾ, ਨਾਮ ਝਕੋਲਾ ਇਕ ਲਗਾਈਆ । ਆਪੇ ਜਾਣੇ ਆਰ ਪਾਰ ਕਿਨਾਰਾ, ਚੌਦਾਂ ਲੋਕਾਂ ਫੋਲ ਫੋਲਾਈਆ । ਗਗਨ ਮੰਡਲ ਹੱਟ ਪਸਾਰਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੀਓ ਪਿੰਡ ਜਿਸ ਜਨ ਅਪਾਰਾ, ਸੋ ਪੁਰਖ ਬੇਪਰਵਾਹੀਆ । ਹੰ ਬ੍ਰਹਮ ਇਕ ਉਜਿਆਰਾ, ਏਕਾ ਰੂਪ ਦਰਸਾਈਆ । ਪੰਜ ਤੱਤ ਭਾਂਡੇ ਆਪੇ ਘੜੇ ਆਪੇ ਲਏ ਭੰਨ, ਭੰਨਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪੇ ਰਚ, ਲੱਖ ਚੁਰਾਸੀ ਅੰਦਰ ਵਸ, ਸਚ ਸਚ ਸਚ ਕਰੀ ਕੁੜਮਾਈਆ । ਆਪਣੀ ਰਚਨ ਹਰਿ ਰਚਾਈ, ਆਪਣਾ ਮੂਲ ਚੁਕਾਇਆ । ਲੱਖ ਚੁਰਾਸੀ ਗੇੜ ਬਣਾਈ, ਕਰਮ ਕੁਕਰਮਾਂ ਮੇਲ ਮਿਲਾਇਆ । ਨਾਮ ਵਿਚੋਲਾ ਇਕ ਰਖਾਈ, ਲੋਕਮਾਤ ਢੋਲਾ ਗਾਇਆ । ਆਪ ਆਪਣਾ ਰੂਪ ਵਟਾਈ, ਗੁਰ ਅਵਤਾਰ ਆਪ ਅਖਵਾਇਆ । ਸਾਧ ਸੰਤ ਲਏ ਉਪਜਾਈ, ਸਾਚਾ ਮਾਰਗ ਆਪ ਜਣਾਇਆ । ਆਪਣਾ ਨਾਮ ਆਪ ਜਪਾਈ, ਰਸਨਾ ਜੇਹਵਾ ਆਪ ਹਲਾਇਆ । ਆਪੇ ਅੰਤ ਸੰਤ ਕੰਤ ਭਗਵੰਤ ਲਏ ਮਿਲਾਈ, ਗੁਰ ਮਿਲਿਆ ਵਿਛੜ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਪਾਰਬ੍ਰਹਮ ਬ੍ਰਹਮ ਰੂਪ ਆਪ ਵਟਾਇਆ । ਸਤਿਗੁਰ ਪੂਰਾ ਗਹਿਰ ਗੁਣ ਸਾਗਰ, ਦੀਨ ਦਿਆਲ ਅਖਵਾਇੰਦਾ । ਗੁਰਸਿਖਾਂ ਨਿਰਮਲ ਕਰਮ ਕਰੇ ਉਜਾਗਰ, ਦੇ ਮਤ ਆਪ ਸਮਝਾਇੰਦਾ । ਵਣਜ ਕਰਾਏ ਨਾਮ ਸੌਦਾਗਰ, ਸਾਚੀ ਵਸਤ ਝੋਲੀ ਪਾਇੰਦਾ । ਭਾਗ ਲਗਾਏ ਕਾਇਆ ਗਾਗਰ, ਨਿਰਮਲ ਦੀਪ

ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਸਾਚੇ ਜੋਤ ਜਗਾਈਆ । ਏਕਾ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਨਾਮ ਰਖਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਘਰ ਮੇਲਾ ਸਹਿਜ ਸੁਭਾਈਆ । ਨਾ ਕੋਈ ਵਕ਼ਤ ਨਾ ਕੋਈ ਵੇਲਾ, ਅੱਠੇ ਪਹਿਰ ਏਕਾ ਰੰਗ ਲਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਖ਼ਾਲਕ ਖ਼ਲਕ ਵਿਚ ਸਮਾਈਆ । ਧਰਮ ਰਾਏ ਦੀ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪਣਾ ਨਾਉਂ ਰਖਾਈਆ । ਆਪਣਾ ਨਾਉਂ ਆਪੇ ਰੱਖ, ਆਪੇ ਕਰੇ ਭਗਤ ਵਡਿਆਈਆ । ਸੰਤ ਸੁਹੇਲੇ ਲਏ ਰੱਖ, ਆਦਿ ਜੁਗਾਦਿ ਜੁਗ ਜੁਗ ਸੇਵ ਕਮਾਈਆ । ਆਪੇ ਦਰਸ ਦਿਖਾਏ ਹੋ ਪਰਤੱਖ, ਸਵੱਛ ਸਰੂਪੀ ਆਪ ਹੋ ਜਾਈਆ । ਚਾਰ ਵਰਨਾਂ ਕਿਸੇ ਨਾ ਕਰੇ ਕੋਈ ਪੱਖ, ਵਰਨ ਗੋਤ ਨਾ ਕੋਇ ਰਖਾਈਆ । ਕਲਜੁਗ ਵਿਕਾਰਾ ਦੇਵੇ ਮੱਥ, ਪੰਜ ਤੱਤ ਰਿਹਾ ਸ਼ਰਮਾਈਆ । ਹਉਮੇ ਹੰਗਤਾ ਕਰੇ ਸੱਥ, ਜਗਤ ਤ੍ਰਿਸਨਾ ਦਏ ਬੁਝਾਈਆ । ਗੁਰਸਿਖਾਂ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰੇ ਵੰਡ ਵੰਡਾਈਆ । ਮਨਮੁਖਤਾ ਅੰਤਮ ਹੋਈ ਭੱਠ, ਦੇਵਣਹਾਰਾ ਹਰਿ ਸਜ਼ਾਈਆ । ਹਰਿ ਚਰਨ ਦਵਾਰੇ ਸਚ ਇਕੱਠ, ਹਰਿ ਸੰਗਤ ਮੇਲ ਮਿਲਾਈਆ । ਜੋ ਦੀਸੇ ਸੋ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਏਕਾ ਪੂਜਾ ਏਕਾ ਪਾਠ, ਏਕਾ ਨਾਮ ਰਸਨਾ ਜੇਹਵਾ ਹਰੀ ਹਰੀ ਗੁਣ ਗਾਈਆ । ਏਕਾ ਸਰ ਸਰੋਵਰ ਮਾਰੇ ਠਾਠ, ਅੰਮ੍ਰਿਤ ਧਾਰਾ ਇਕ ਚਵਾਈਆ । ਏਕਾ ਗੇੜੇ ਉਲਟੀ ਲਾਠ, ਚਾਰੋਂ ਕੁੰਟ ਦਏ ਫਰਾਈਆ । ਚੌਦਾਂ ਤਬਕਾਂ ਖੋਲ੍ਹੇ ਏਕਾ ਹਾਟ, ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸ਼ਾਹ ਹਕੀਰ ਏਕਾ ਧਾਮ ਬਹਾਈਆ । ਖੇਲੇ ਖੇਲ ਨਟੂਆ ਨਾਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਜ਼ਿਮੀ ਅਸਮਾਨੀ ਪੜਦਾ ਜਾਏ ਪਾਟ, ਅਜ਼ਮਤੇ ਕਸਮਤੇ ਵੇਖ ਵਖਾਈਆ । ਇਜ਼ਰਾਈਲ ਜਬਰਾਈਲ ਚੁੱਕੀ ਖਾਟ, ਮੇਕਾਈਲ ਅਸਰਾਫੀਲ ਦੇਣ ਸਲਾਹੀਆ । ਅੱਲਾ ਰਾਣੀ ਵਿਕੇ ਹਾਟੋ ਹਾਟ, ਗਲ ਤਸਬੀ ਏਕਾ ਪਾਈਆ । ਅਲਫ਼ ਅਲਫ਼ੀ ਗਈ ਪਾਟ, ਨੁਕਤਾ ਬੇ ਨਾ ਕੋਈ ਜਣਾਈਆ । ਜੋਤੀ ਨੂਰ ਨਾ ਕੋਈ ਲਲਾਟ, ਕੋਹਤੂਰ ਨਾ ਕੋਇ ਰੁਸ਼ਨਾਈਆ । ਅੰਜੀਲ ਕੁਰਾਨ ਨਾ ਉਤਰੀ ਕਿਸੇ ਘਾਟ, ਅਧ ਵਿਚ ਬੈਠੀ ਰਾਹ ਤਕਾਈਆ । ਈਸਾ ਮੂਸਾ ਤੱਕੇ ਵਾਟ, ਨੇਤਰ ਨੈਣ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਨਿਰਗੁਣ ਬੋਲਾ ਨਿਰਗੁਣ ਧਾਰ, ਨਾਨਕ ਨਾਮ ਚਲਾਈਆ । ਸੋਹੰ ਬੋਲਾ ਜਗਤ ਵਿਚੋਲਾ ਆਪ ਕਰਤਾਰ, ਕਲਜੁਗ ਅੰਤਮ ਦਏ ਕਰਾਈਆ । ਬਣਿਆ ਤੋਲਾ ਤੋਲੇ ਤੇਰਾਂ ਧਾਰ, ਤੇਰਾਂ ਤੇਰਾਂ ਆਪ ਕਰਾਈਆ । ਸ਼ਬਦ ਵਿਚੋਲਾ ਬਣ ਸੰਸਾਰ, ਗੁਰ ਗੋਬਿੰਦ ਸੰਗ ਰਖਾਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਲੋਆਂ ਪੁਰੀਆਂ ਫੋਲ ਫੋਲਾਈਆ । ਸੰਗ ਮੁਹੰਮਦ ਵੇਖੇ ਚਾਰ ਯਾਰ, ਹੱਕ ਹਕੀਕਤ ਦਏ ਗਵਾਹੀਆ । ਲਾਸ਼ਰੀਕ ਪਰਵਰਦਿਗਾਰ, ਜਲਵਾ ਨੂਰ ਇਕ ਅਲਾਹੀਆ । ਕਲਜੁਗ ਅੰਤਮ ਲੈ ਅਵਤਾਰ, ਨਾਮ ਅਮਾਮ ਇਕ ਅਖਵਾਈਆ । ਕਲਮੀ ਕਲਮਾ ਪਾਏ ਸਾਰ, ਕਾਇਨਾਤ ਦਏ ਪੜ੍ਹਾਈਆ । ਖ਼ਾਲਕ ਖ਼ਲਕ ਖ਼ਲਕ ਖ਼ਾਲਕ ਏਕਾ ਧਾਰ, ਮਖਲੂਕ ਰਹਿਨੁਮਾਈਆ । ਸਾਲਸ ਬਣੇ ਆਪ ਨਿਰੰਕਾਰ, ਸਖੀ ਸਰਵਰ ਸੇਵਾ ਲਾਈਆ । ਐਨਲਹੱਕ ਦਏ ਪਿਆਰ, ਏਕਾ ਹੂ ਹੂ ਦਏ ਸੁਣਾਈਆ । ਮੁਕਾਮੇ ਹੱਕ ਮੀਤ ਮੁਰਾਰ, ਬੈਠਾ ਰਾਹ ਤਕਾਈਆ ।

੩੦੧
੦੮

ਖ਼ਾਕੀ ਖ਼ਾਕ ਪਾਏ ਸਾਰ, ਏਕਾ ਏਕ ਨਾਇਕ ਅਖਵਾਈਆ । ਪਾਕੀ ਪਾਕ ਹੋ ਤਿਆਰ, ਦੀਨ ਅਲਾਹੀ ਰਿਹਾ ਸਮਾਈਆ । ਮੱਕਾ ਕਾਅਬਾ ਹੋ ਉਜਿਆਰ, ਦੋ ਦੋ ਆਬਾ ਵੇਖ ਵਖਾਈਆ । ਸਾਚਾ ਹਾਜ਼ੀ ਕਰੇ ਹੱਜ਼ ਅਪਾਰ, ਕਾਲਾ ਸੂਸਾ ਤਨ ਛੁਹਾਈਆ । ਸੰਮਤ ਸੋਲਾਂ ਹੋਇਆ ਖ਼ਬਰਦਾਰ, ਸ੍ਰਿਸ਼ਟ ਸਬਾਈ ਲਏ ਉਠਾਈਆ । ਸਚ ਮਸਲਾ ਕਰ ਤਿਆਰ, ਆਪੇ ਤੁਰਿਆ ਵੱਡਾ ਪਾਹੀਆ । ਨਿਉਂ ਨਿਉਂ ਸਜਦਾ ਕਰੇ ਸਚ ਦਰਬਾਰ, ਜਗਤ ਮਹਿਰਾਬ ਵੇਖ ਵਖਾਈਆ । ਇਕ ਵਜਾਏ ਨਾਮ ਸਤਾਰ, ਤੂਹੀ ਤੂੰ ਰਿਹਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮੌਲਾਨਾ ਮੌਲਾ ਰੂਪ ਆਪ ਅਖਵਾਈਆ । ਮੌਲਾ ਅਮਲ ਗੁਣ, ਗੁਣ ਕਰਤਾ ਨਾ ਕੋਇ ਵਚਾਰਿਆ । ਲੱਖ ਚੁਰਾਸੀ ਫਰਯਾਦ ਰਿਹਾ ਸੁਣ, ਅੰਦਰ ਮੰਦਰ ਗੁਪਤ ਜਾਹਰਿਆ । ਆਪ ਆਪਣੇ ਲਏ ਚੁਣ, ਨੌ ਖੰਡ ਪ੍ਰਿਥਮੀ ਪਾਵੇ ਸਾਰਿਆ । ਸੱਤਾਂ ਦੀਪਾਂ ਏਕਾ ਧੁਨ, ਏਕਾ ਰਾਗ ਅਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਮੇਲ ਮਿਲਾ ਲਿਆ । ਮੇਲ ਮਿਲਾਵਾ ਸਾਚੇ ਘਰ, ਘਰ ਘਰ ਘਰ ਵੱਜੇ ਵਧਾਈਆ । ਗੁਰਮੁਖ ਸਾਜਣ ਲਏ ਵਰ, ਸਤਿਗੁਰ ਪੂਰੇ ਹੱਥ ਵਡਿਆਈਆ । ਨਾਮ ਭੰਡਾਰਾ ਦੇਵੇ ਭਰ, ਤੋਟ ਰਹੇ ਨਾ ਰਾਈਆ । ਦਰਸ ਵਖਾਏ ਅੱਗੇ ਖੜ, ਨੇਤਰ ਲੋਚਨ ਇਕ ਖੁਲ੍ਹਾਈਆ । ਆਤਮ ਸੇਜਾ ਆਪੇ ਚੜ੍ਹ, ਆਪ ਆਪਣਾ ਰੂਪ ਵਟਾਈਆ । ਸੁਰਤ ਸਵਾਣੀ ਲਏ ਫੜ, ਸ਼ਬਦ ਹਾਣੀ ਮੇਲ ਮਿਲਾਈਆ । ਜਗਤ ਕਹਾਣੀ ਜਾਏ ਸੜ, ਅਕਥ ਕਥਾ ਆਪ ਸੁਣਾਈਆ । ਆਪ ਫੜਾਏ ਆਪਣਾ ਲੜ, ਦਸਮ ਦਵਾਰੀ ਬਾਹਰ ਕਢਾਈਆ । ਸੁੰਨ ਅਗੰਮੀ ਪਾਰ ਕਰ, ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਵਿਛੋੜਾ ਸ਼ਬਦੀ ਜੋਤੀ ਜੋੜਾ, ਪੁਰਖ ਅਗੰਮੀ ਘੋੜਾ ਏਕਾ ਰਿਹਾ ਦੌੜਾਈਆ । ਸਾਚਾ ਘੋੜਾ ਅਸਵ ਹਰਿ ਅਸਵਾਰ, ਉਤਰ ਪੂਰਬ ਪੱਛਮ ਦੱਖਣ ਚਾਰੋਂ ਦਿਸ਼ਾ ਫਿਰਾਈਆ । ਗੁਰਮੁਖ ਸਾਜਣ ਲਏ ਉਭਾਰ, ਜੁਗ ਵਿਛੜੇ ਮੇਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਿਚਾਰ, ਕਲਜੁਗ ਮੇਲਾ ਸਹਿਜ ਸਭਾਈਆ । ਗੁਰਮੁਖ ਪਾਇਆ ਵਰ ਘਰ ਨਰ ਹਰਿ ਕੰਤ ਭਤਾਰ, ਨਰ ਨਰਾਇਣ ਨਜ਼ਰੀ ਆਈਆ । ਸਾਚੇ ਮੰਦਰ ਖੋਲ੍ਹ ਕਿਵਾੜ, ਸਚ ਸਿੰਘਾਸਣ ਦਏ ਬਠਾਈਆ । ਦੇਵੀ ਦੇਵਤ ਕਰਨ ਨਿਮਸਕਾਰ, ਕਰੋੜ ਤੇਤੀਸਾ ਸੀਸ ਝੁਕਾਈਆ । ਗਣ ਗੰਧਰਬ ਹਾਹਾਕਾਰ, ਦਿਵਸ ਰੈਣ ਰਹੇ ਸੁਣਾਈਆ । ਸ਼ਿਵ ਸ਼ੰਕਰ ਗਲੋਂ ਲਾਹੇ ਹਾਰ, ਬਾਸ਼ਕ ਤਸ਼ਕਾ ਪਰੇ ਸੁਟਾਈਆ । ਬ੍ਰਹਮਾ ਨੇਤਰ ਰਿਹਾ ਉਘਾੜ, ਗੁਰਸਿਖ ਤੇਰਾ ਰਾਹ ਤਕਾਈਆ । ਵਿਸ਼ਨੂੰ ਕਰੇ ਸਚ ਪਿਆਰ, ਦੇਵੇ ਰਿਜ਼ਕ ਸਬਾਈਆ । ਸਤਿਗੁਰ ਪੂਰਾ ਖ਼ਬਰਦਾਰ, ਗੁਰਮੁਖ ਸਾਚੇ ਲਏ ਜਗਾਈਆ । ਦੋ ਜਹਾਨਾਂ ਕਰੇ ਪਾਰ ਦਰਗਹਿ ਸਾਚੀ ਸਾਚੇ ਧਾਮ ਬਹਾਈਆ । ਆਵਣ ਜਾਵਣ ਛੁਟੇ ਸੰਸਾਰ, ਮਾਤ ਗਰਭ ਫੇਰ ਨਾ ਆਈਆ । ਪਾਇਆ ਪੁਰਖ ਪੁਰਖ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਈਆ । ਗੁਰਮੁਖ ਤੇਰੀ ਸਾਚੀ ਰੀਤ, ਹਰਿ ਸਾਚਾ ਆਪ ਚਲਾਇੰਦਾ । ਕਾਇਆ ਮੰਦਰ ਦੇਹੁਰਾ ਗੁਰੂਦਵਾਰ ਮੰਦਰ ਮਸੀਤ, ਸ਼ਿਵਦਵਾਲਾ ਮੱਠ ਆਪ ਕਰਾਇੰਦਾ । ਆਪੇ ਕਰੇ ਪਤਿਤ ਪੁਨੀਤ, ਪਤਿਤ ਪਾਵਨ ਆਪ ਧਰਾਇੰਦਾ । ਲੇਖੇ ਲਾਏ ਹਸਤ ਕੀਟ, ਜੋ ਜਨ ਸਰਨਾਈ ਆਇੰਦਾ । ਦੇਵੇ ਨਾਮ ਸ਼ਬਦ ਅਨਡੀਠ, ਸੋ ਪੁਰਖ ਨਿਰੰਜਣ ਝੋਲੀ ਪਾਇੰਦਾ । ਅੰਦਰ ਅੰਤਰ ਸੁੱਤਾ ਦੇ ਕਰ ਪੀਠ, ਆਪ ਆਪਣਾ ਮੁਖ ਭਵਾਇੰਦਾ । ਮਿੱਠਾ ਕਰੇ ਕੌੜਾ ਰੀਠ, ਜੋ ਜਨ ਰਸਨਾ ਸੋਹੰ ਗਾਇੰਦਾ । ਨਾਨਕ ਗਾਇਆ ਸੁਹਾਗੀ ਗੀਤ,

ਪਾਰਬ੍ਰਹਮ ਸਰਨਾਇੰਦਾ । ਮਾਨਸ ਦੇਹੀ ਲਏ ਜੀਤ, ਜਨ ਜਨਣੀ ਲੇਖੇ ਲਾਇੰਦਾ । ਚਰਨ ਕਵਲ ਨਿਭੇ ਪ੍ਰੀਤ, ਸਤਿਗੁਰ ਪੂਰਾ ਲੱਗੀ ਤੋੜ ਨਿਭਾਇੰਦਾ । ਏਕਉਂਕਾਰਾ ਏਕਾ ਸਾਚਾ ਮੀਤ, ਦੂਜੇ ਸ਼ਬਦੀ ਲੜ ਫੜ ਤੀਜੇ ਮੰਤਰ ਇਕ ਕਾਇਆ ਠੰਡੀ ਸੀਤ, ਚੌਥੇ ਚੌਥੇ ਪਦ ਸਮਾਇੰਦਾ । ਪੰਚਮ ਪੰਚਮ ਪਰਖਣਹਾਰਾ ਨੀਤ, ਦਿਵਸ ਰੈਣ ਵੇਖ ਵਖਾਇੰਦਾ । ਸਦਾ ਸੁਹੇਲਾ ਇਕ ਅਤੀਤ, ਆਪ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਰਿਹਾ ਬੀਤ, ਚਾਰ ਬੱਤੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਘਰ ਸੁਹਾਵਾ ਸੁਹਾਵੀ ਰੁੱਤ, ਫੁਲ ਫੁਲਵਾੜੀ ਵੇਖ ਵਖਾਈਆ । ਸੰਤ ਸੁਹੇਲਾ ਸਾਚਾ ਸੁੱਤ, ਸਤਿ ਪੁਰਖ ਨਿਰੰਜਣ ਆਪ ਉਠਾਈਆ । ਪੰਜ ਵਿਕਾਰਾ ਕੱਢੇ ਕੁਟ, ਮਾਇਆ ਮੋਹ ਨਾ ਹੋਏ ਹਲਕਾਈਆ । ਲੱਭਦੇ ਫਿਰਦੇ ਕੋਟੀ ਕੋਟ, ਕੋਟ ਕੋਟੀ ਰਹੇ ਧਿਆਈਆ । ਤਨ ਨਗਾਰੇ ਕਿਸੇ ਨਾ ਲੱਗੇ ਸ਼ਬਦ ਚੋਟ, ਬੈਠੇ ਧੂਣੀਆਂ ਤਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਮਾਇਆ ਮਮਤਾ ਭਰੀ ਨਾ ਪੋਟ, ਰਸਨਾ ਜੇਹਵਾ ਹੋਈ ਹਲਕਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕੱਢੇ ਖੋਟ, ਨਾਮ ਖਮਾਰੀ ਨਾ ਕੋਇ ਚੜ੍ਹਾਈਆ । ਕਲਜੁਗ ਜੀਵ ਆਲਣਿਉਂ ਡਿਗੇ ਬੋਟ, ਨਾ ਸਕੇ ਕੋਈ ਉਠਾਈਆ । ਤੀਰਥ ਤਟਾਂ ਬੰਨੀ ਫਿਰਦੇ ਤਨ ਲੰਗੋਟ, ਜਤ ਸਤਿ ਨਾ ਕੋਇ ਰਖਾਈਆ । ਕੋਟੀ ਕੋਟ ਨਾਮ ਜਪ ਜਪ ਹਲਾਇਣ ਹੋਟ, ਅੰਤਰ ਮੰਤਰ ਨਾਮ ਨਾ ਕੋਇ ਦ੍ਰਿੜਾਈਆ । ਕੋਟਨ ਕੋਟ ਰਾਹ ਤੱਕਨ ਦੂਧ ਪੂਤ, ਮਨ ਮਨੂਆ ਨਾ ਕੋਇ ਸਮਝਾਈਆ । ਕੋਟਨ ਕੋਟ ਘਰ ਘਰ ਚਾਰ ਦੀਵਾਰੀ ਅੰਦਰ ਜਗਾਇਣ ਜੋਤ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਹਰਿ ਸਰਨਾਈ ਰੱਖੀ ਏਕਾ ਓਟ, ਵੇਲੇ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਈਆ । ਆਇਆ ਹਰਿ ਜਗਤ ਗੁਰਦੇਵਾ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਗੁਰਸਿਖਾਂ ਲੇਖੇ ਲਾਏ ਸੇਵਾ, ਆਪ ਆਪਣੇ ਰੰਗ ਰੰਗਾਇੰਦਾ । ਅੰਮ੍ਰਿਤ ਆਤਮ ਦੇਵੇ ਸਾਚਾ ਮੇਵਾ, ਦਰਗਹਿ ਸਾਚੀ ਫਲ ਖੁਵਾਇੰਦਾ । ਕੌਸਤਕ ਮਣੀਆ ਮਸਤਕ ਲਾਵੇ ਥੇਵਾ, ਰਤਨ ਜਵਾਹਰ ਮਾਣਕ ਮੋਤੀ ਗੁਰਸਿਖ ਹੀਰੇ ਲਾਲ ਜੜਾਇੰਦਾ । ਜਿਸ ਜਨ ਰਸਨਾ ਗਾਇਆ ਹਰਿ ਹਰਿ ਜਿਹਵਾ, ਲਹਿਣਾ ਲਹਿਣੇ ਝੋਲੀ ਪਾਇੰਦਾ । ਪਾਰਬ੍ਰਹਮ ਪ੍ਰਭ ਅਲਖ ਅਭੇਵਾ, ਵੇਦ ਕਤੇਬ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਾਰੀ ਵੇਖ ਵਖਾਇੰਦਾ । ਨਰ ਨਰਾਇਣ ਸਰਬ ਗੁਣਵੰਤਾ, ਅਕਲ ਕਲਾ ਅਖਵਾਈਆ । ਮੇਲ ਮਿਲਾਵਾ ਸਾਚੇ ਸੰਤਾ, ਸਹਿਜ ਸਭਾਈਆ । ਸਾਚੀ ਸੇਜਾ ਨਾਰੀ ਕੰਤਾ, ਕੰਤ ਕੰਤੂਹਲ ਵੇਖ ਵਖਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤਾ, ਨਿਵਣ ਸੋ ਅੱਖਰ ਇਕ ਜਣਾਈਆ । ਜੋ ਜਨ ਦਰ ਦਵਾਰੇ ਆਏ ਮੰਗਤਾ, ਦੇਵੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲਾ ਕਰਾਈਆ । ਮਿਲਿਆ ਮੇਲਾ ਸਤਿਗੁਰ ਪੂਰੇ, ਹਰਿ ਸਾਚੀ ਬਣਤ ਬਣਾਈਆ । ਵਾਜੇ ਵੱਜੇ ਅਨਹਦ ਤੂਰੇ, ਅਨਹਦ ਮੰਗਲ ਏਕਾ ਗਾਈਆ । ਨਾਤਾ ਤੁੱਟੇ ਜਗਤ ਕੂੜੇ, ਕੂੜੀ ਕਿਰਿਆ ਦਏ ਮਿਟਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜੇ, ਦੁਰਮਤ ਮੈਲ ਦਏ ਕਟਾਈਆ । ਰੰਗਣ ਰੰਗ ਰੰਗੇ ਗੂੜ੍ਹੇ, ਲਾਲ ਗੁਲਾਲਾ ਆਪ

੩੦੨

੩੦੩
੦੮

ਰੰਗਾਈਆ । ਆਸਾ ਮਨਸਾ ਹਰਿਜਨ ਹਰਿ ਜੀ ਆਪੇ ਪੂਰੇ, ਜੋ ਮੰਗੇ ਮੰਗ ਹਰਿ ਸਰਨਾਈਆ । ਸਖਾ ਸੁਹੇਲਾ ਹਾਜ਼ਰ ਹਜ਼ੂਰੇ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਜ਼ਾਹਰ ਜ਼ਹੂਰ ਹਾਜ਼ਰ ਹਜ਼ੂਰ ਆਪ ਅਖਵਾਈਆ ।

## ✪ ੧੩ ਚੇਤ ੨੦੧੬ ਬਿਕ੍ਰਮੀ ਪਿੰਡ ਭਲਾਈ ਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਦ ਬਲਹਾਰ ਦਰਦ ਦੁੱਖ ਭੈ ਭੰਜਨ, ਹਰਿ ਸੱਜਣ ਵਡ ਵਡਿਆਈਆ । ਨੇਤਰ ਨਾਮ ਨਿਧਾਨ ਪਾਏ ਅੰਜਨ, ਆਪ ਆਪਣੀ ਦਇਆ ਕਮਾਈਆ । ਹਰਿਜਨ ਹਰੀ ਹਰਿ ਮੇਲਾ ਸਾਚੇ ਸੱਜਣ, ਸਤਿਗੁਰ ਪੁਰਖ ਆਪ ਕਰਾਈਆ । ਚਰਨ ਧੂੜ ਸਚ ਸਰੋਵਰ ਕਰਾਏ ਸਾਚਾ ਮਜਨ, ਦੁਰਮਤ ਮੈਲ ਰਹਿਣ ਨਾ ਪਾਈਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਦੋ ਜਹਾਨੀ ਪੜਦੇ ਕੱਜਣ, ਪੁਰਖ ਅਕਾਲ ਇਕ ਅਖਵਾਈਆ । ਸਾਚੇ ਦਰ ਸਾਚੇ ਘਰ ਸ਼ਬਦ ਅਨਾਦੀ ਤਾਲ ਵੱਜਣ, ਪਾਰਬ੍ਰਹਮ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਧਰਾਈਆ । ਬਲਹਾਰੀ ਹਰਿ ਪਾਇਆ, ਪਰਮ ਪੁਰਖ ਕਰਤਾਰ । ਨੇਤਰ ਨੈਣ ਇਕ ਖੁਲ੍ਹਾਇਆ, ਵਿਛੜਿਆ ਸੰਸਾਰ । ਘਰ ਦੀਪਕ ਇਕ ਜਗਾਇਆ, ਮਿਟਿਆ ਅੰਧ ਅੰਧਿਆਰ । ਦਰ ਮੰਗਲ ਸਾਚਾ ਗਾਇਆ, ਹਰਿ ਸ਼ਬਦ ਸੱਚੀ ਧੁਨਕਾਰ । ਬੰਕ ਦਵਾਰਾ ਇਕ ਸੁਹਾਇਆ, ਪਾਇਆ ਪਰਮ ਪੁਰਖ ਕੰਤ ਭਤਾਰ । ਏਕਾ ਦੂਜਾ ਭੌ ਚੁਕਾਇਆ, ਮੇਲ ਮਿਲਾਵਾ ਮੀਤ ਮੁਰਾਰ । ਆਪ ਆਪਣਾ ਰੂਪ ਵਟਾਇਆ, ਖੇਲੇ ਖੇਲ ਅਗੰਮ ਅਪਾਰ । ਗੁਰਮੁਖ ਸਾਜਣ ਲਏ ਜਗਾਇਆ, ਜੁਗ ਜੁਗ ਮੇਲਾ ਮੇਲਣਹਾਰ । ਤਨ ਕੱਪੜ ਵੇਖ ਵਖਾਇਆ, ਘਰ ਮੰਦਰ ਮਹੱਲ ਅਟੱਲ ਉਚ ਮਨਾਰ । ਡੂੰਘੀ ਕੰਦਰ ਫੋਲ ਫੋਲਾਇਆ, ਮਨ ਮਤ ਬੁਧ ਪਾਵੇ ਸਾਰ । ਬਜਰ ਕਪਾਟੀ ਤੋੜ ਤੁੜਾਇਆ, ਨਾਮ ਖੰਡਾ ਤੇਜ਼ ਕਟਾਰ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖ ਵਖਾਇਆ, ਜੀਵਾਂ ਜੰਤਾਂ ਰਿਹਾ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦਏ ਜੀਅ ਆਧਾਰ । ਹਰਿ ਵੱਡਾ ਵਡ ਵਡਿਆਈ, ਪੁਰਖ ਅਗੰਮ ਅਥਾਹ । ਸਤਿਗੁਰ ਪੂਰੇ ਸਚ ਸਰਨਾਈ, ਸ਼ਬਦ ਮਿਲਾਵਾ ਸਚ ਮਲਾਹ । ਆਦਿ ਜੁਗਾਦੀ ਵੇਖ ਵਖਾਨੀ, ਸ਼ਬਦ ਅਨਾਦੀ ਏਕਾ ਨਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਈਂ ਥਾਉਂ । ਬਲਹਾਰੀ ਘਰ ਜਾਣਿਆ, ਘਰ ਘਰ ਰੂਪ ਅਪਾਰ । ਸਤਿਗੁਰ ਪੂਰਾ ਇਕ ਪਛਾਨਿਆ, ਮੇਲ ਮਿਲਾਵਾ ਹਰਿ ਨਿਰੰਕਾਰ । ਭਾਂਡਾ ਭਰਮ ਭੌ ਭੰਨਾਨਿਆ, ਤੋੜੇ ਗੜ੍ਹ ਲੰਕਾ ਹੰਕਾਰ । ਗੁਰਮੁਖ ਸਾਜਣ ਚਲੇ ਚਲਾਏ ਆਪਣੇ ਭਾਣਿਆ, ਭਵ ਸਾਗਰ ਉਤਰੇ ਪਾਰ । ਕਿਸੇ ਹੱਥ ਨਾ ਆਏ ਰਾਜੇ ਰਾਣਿਆ, ਗ਼ਰੀਬ ਨਿਮਾਣਿਆ ਲਏ ਉਭਾਰ । ਖੇਲੇ ਖੇਲ ਦੋ ਜਹਾਨਿਆਂ, ਪੁਰੀਆਂ ਲੋਆਂ ਗਗਨ ਪਾਤਾਲਾਂ ਪਾਵੇ ਸਾਰ । ਸ਼ਬਦ ਚਲਾਏ ਧੁਰ ਦੀ ਬਾਣੀਆਂ, ਬਾਣ ਨਿਰਾਲਾ ਤੀਰ ਮਾਰ । ਆਪੇ ਜਾਣੇ ਅਕੱਥ ਕਥਾ ਕਹਾਣੀਆ, ਲੇਖਾ ਲਿਖ ਨਾ ਸਕੇ ਵੇਦ ਚਾਰ । ਗੁਰਮੁਖ ਸਾਚਾ ਚਤੁਰ ਸੁਘੜ ਸਿਆਣਿਆ, ਜਿਸ ਪਾਇਆ ਧੁਰ ਦਰਬਾਰ । ਚੌਥਾ ਪਦ ਇਕ ਵਖਾਣਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਉਜਿਆਰ । ਵਡ ਵਡਿਆਈ ਵੱਡਾ ਸ਼ਾਹ ਸੁਲਤਾਨ, ਸਤਿਗੁਰ ਪੁਰਖ ਅਖਵਾਇੰਦਾ । ਆਦਿ ਜੁਗਾਦੀ ਇਕ ਨਿਸ਼ਾਨ, ਜੁਗ ਜੁਗ ਆਪ ਝੁਲਾਇੰਦਾ । ਦਰਗਹਿ ਸਾਚੀ ਸਚ ਮਕਾਨ, ਥਿਰ ਘਰ ਵਾਸੀ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ

ਖੇਲ ਮਹਾਨ, ਸਚ ਸਿੰਘਾਸਣ ਇਕ ਸੁਹਾਇੰਦਾ । ਦੇਵਣਹਾਰਾ ਧੁਰ ਫ਼ਰਮਾਨ, ਆਪ ਆਪਣਾ ਹੁਕਮ ਚਲਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਧਾਨ, ਪੰਜ ਤੱਤ ਸਮਾਇੰਦਾ । ਤ੍ਰੈਗੁਣ ਦੇਵੇ ਆਪਣਾ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਆਪੇ ਸੁਰਤੀ ਸ਼ਬਦੀ ਕਾਹਨ, ਮੰਡਲ ਰਾਸ ਆਪ ਰਚਾਇੰਦਾ । ਆਪੇ ਬੈਠੇ ਸਚ ਬਬਾਨ, ਚਾਰੋਂ ਕੁੰਟ ਦਹਿ ਦਿਸ਼ਾ ਆਪ ਉਡਾਇੰਦਾ । ਆਪੇ ਵੇਖੇ ਮਾਰ ਧਿਆਨ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਨੂਰ ਉਜਾਲਾ, ਹਰਿ ਹਰਿ ਆਪ ਅਖਵਾਇੰਦਾ । ਦੀਨਾ ਬੰਧਪ ਦੀਨ ਦਿਆਲਾ, ਦਇਆ ਨਿਧ ਨਾਉਂ ਧਰਾਇੰਦਾ । ਹਰਿਜਨ ਮੇਲਾ ਸਚ ਸੱਚੀ ਧਰਮਸਾਲਾ, ਘਰ ਮੰਦਰ ਇਕ ਵਖਾਇੰਦਾ । ਤੋੜਨਹਾਰਾ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਸਿਰ ਸਮਰਥ ਹੱਥ ਟਿਕਾਇੰਦਾ । ਸ਼ਬਦ ਅਨਾਦੀ ਵੱਜੇ ਤਾਲਾ, ਅਨਹਦ ਸੇਵਾ ਲਾਇੰਦਾ । ਆਪੇ ਸ਼ਾਹ ਆਪੇ ਕੰਗਾਲਾ, ਨਾਮ ਧਨ ਖ਼ਜ਼ੀਨਾ ਆਪ ਭਰਾਇੰਦਾ । ਆਪੇ ਫਲ ਲਗਾਏ ਕਾਇਆ ਡਾਲ੍ਹਾ, ਫਲ ਫੁਲਵਾੜੀ ਗੁਰਮੁਖ ਵੇਖ ਵਖਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਵੇਦ ਕਤੇਬ ਭੇਵ ਨਾ ਪਾਇੰਦਾ । ਸ਼ਬਦੀ ਸ਼ਬਦ ਸ਼ਬਦ ਗੁਰ ਬਣ ਦਲਾਲਾ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਭਗਵਾਨਾ, ਹਰਿ ਹਰਿ ਜੋਤ ਜਗਾਈਆ । ਖੇਲੇ ਖੇਲ ਦੋ ਜਹਾਨਾਂ, ਪੁਰਖ ਅਕਾਲ ਭੇਵ ਨਾ ਰਾਈਆ । ਜੂਨੀ ਰਹਿਤ ਨਾ ਕੋਈ ਕਰੇ ਪਛਾਨਾ, ਆਵਣ ਜਾਵਣ ਚਲਤ ਚਲਾਈਆ । ਗੁਰਮੁਖ ਸਾਜਣ ਕਰ ਪਰਵਾਨਾ, ਆਪ ਆਪਣੀ ਬੂਝ ਬੁਝਾਈਆ । ਆਤਮ ਅੰਤਰ ਇਕ ਗਿਆਨਾ, ਏਕਾ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਈਆ । ਬਲਹਾਰੀ ਹਰਿ ਪੇਖਿਆ, ਨੇਤਰ ਨੈਣ ਉਘਾੜ । ਆਪੇ ਲਿਖਣਹਾਰਾ ਲੇਖਿਆ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ । ਲੋਕਮਾਤ ਕਰੇ ਵੇਸਿਆ, ਵੇਸ ਅਨੇਕਾ ਆਪ ਕਰਤਾਰ । ਆਪੇ ਜਾਣੇ ਮੁੱਛ ਦਾੜ੍ਹੀ ਕੇਸਿਆ, ਮੂੰਡ ਮੁੰਡਾਏ ਸਿਰਜਣਹਾਰ । ਸ਼ਾਹ ਸੁਲਤਾਨਾ ਨਰ ਨਰੇਸ਼ਿਆ, ਨਿਰਗੁਣ ਜੋਤੀ ਨੂਰ ਅਪਾਰ । ਆਪੇ ਹੋਏ ਦਸ ਦਸਮੇਸਿਆ, ਆਪੇ ਸ਼ਬਦ ਖੰਡਾ ਤੇਜ਼ ਕਟਾਰ । ਆਪੇ ਵੇਖੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਆਪਣੇ ਦਰ ਦਰ ਬਣੇ ਭਿਖਾਰ । ਆਪੇ ਮਾਣੇ ਸੇਜ ਸ਼ੇਸ਼ਿਆ, ਸਹੰਸਰ ਮੁਖ ਆਪ ਆਪਣਾ ਰਿਹਾ ਉਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰ । ਬਲਹਾਰੀ ਹਰਿ ਸੱਜਣ ਮੀਤੜਾ, ਏਕਾ ਰੰਗ ਰੰਗਾਇਆ । ਕਾਇਆ ਚੋਲੀ ਰੰਗੇ ਚੀਥੜਾ, ਨਾਮ ਮਜੀਠੀ ਇਕ ਚੜ੍ਹਾਇਆ । ਦੇਵੇ ਨਾਮ ਸ਼ਬਦ ਅਨਡੀਠੜਾ, ਲਿਖਣ ਪੜ੍ਹਨ ਵਿਚ ਨਾ ਆਇਆ । ਮਿਠਾ ਕਰੇ ਕਾਇਆ ਕੌੜਾ ਰੀਠੜਾ, ਅੰਮ੍ਰਿਤ ਆਤਮ ਫਲ ਖਵਾਇਆ । ਆਪੇ ਸੁੱਤਾ ਦੇ ਕਰ ਪੀਠੜਾ, ਆਪੇ ਰਿਹਾ ਮੁਖ ਭੁਵਾਇਆ । ਜਿਸ ਜਨ ਹਰਿ ਹਰਿ ਵਸਿਆ ਚੀਤੜਾ, ਚਿਤ ਵਿਤ ਠਗੌਰੀ ਕੋਇ ਨਾ ਪਾਇਆ । ਲੱਖ ਚੁਰਾਸੀ ਪਰਖਣਹਾਰਾ ਨੀਤੜਾ, ਦਿਵਸ ਰੈਣ ਵੇਖ ਵਖਾਇਆ । ਆਪੇ ਜਾਣੇ ਆਪਣਾ ਕੀਤੜਾ, ਕਰਨੀ ਕਰਤਾ ਨਾਉਂ ਧਰਾਇਆ । ਆਪਣਾ ਭਾਣਾ ਰੱਖੇ ਮੀਠੜਾ, ਹਰਿ ਭਾਣੇ ਵਿਚ ਸਮਾਇਆ । ਆਪੇ ਠੰਡਾ ਤੱਤਾ ਸੀਤੜਾ, ਗੁਣ ਅਵਗੁਣ ਨਾ ਕੋਇ ਜਣਾਇਆ । ਆਪੇ ਹੋਏ ਪੁਰਾਨਾ ਚੀਥੜਾ, ਆਪੇ ਸਚ ਦੋਸ਼ਾਲਾ ਓੜ੍ਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਬਲਹਾਰੀ ਸਤਿਗੁਰ ਪੂਰੇ, ਪੂਰਨ

ਬ੍ਰਹਮ ਜਣਾਇੰਦਾ । ਆਸਾ ਮਨਸਾ ਹਰਿਜਨ ਪੂਰੇ, ਦੂਈ ਦਵੈਤੀ ਰੋਗ ਮਿਟਾਇੰਦਾ । ਨਾਤਾ ਤੋੜੇ ਕੂੜੋ ਕੂੜੇ, ਕੂੜੀ ਕਿਰਿਆ ਰਹਿਣ ਨਾ ਪਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੇ, ਜੋ ਜਨ ਸਰਨਾਈ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ੍ਹੇ, ਲੱਖ ਚੁਰਾਸੀ ਫੰਦ ਕਟਾਇੰਦਾ । ਸ਼ਬਦ ਅਨਾਦੀ ਆਤਮਕ ਧੁਨ ਅਨਹਦ ਤੂਰੇ, ਆਪ ਆਪਣੀ ਆਪ ਉਪਜਾਇੰਦਾ । ਸਤਿਗੁਰ ਪੂਰਾ ਸਦਾ ਹਾਜ਼ਰ ਹਜ਼ੂਰੇ, ਵਿਛੜ ਕਦੇ ਨਾ ਜਾਇੰਦਾ । ਦਾਤਾ ਜੋਧਾ ਵਡ ਸੂਰਨ ਸੂਰੇ, ਸੂਰਬੀਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਬਲਹਾਰੀ ਘਟ ਵਸਿਆ, ਪਰਮ ਪੁਰਖ ਕਰਤਾਰ । ਜਨ ਭਗਤਾਂ ਮਾਰਗ ਏਕਾ ਦੱਸਿਆ, ਕਾਇਆ ਮੰਦਰ ਖੋਲ੍ਹ ਕਿਵਾੜ । ਸਚ ਦਵਾਰੇ ਬਹਿ ਬਹਿ ਹੱਸਿਆ, ਮੇਟ ਮਿਟਾਏ ਪੰਚਮ ਧਾੜ । ਦੋ ਜਹਾਨੀ ਫਿਰੇ ਨੱਸਿਆ, ਜਨ ਭਗਤਾਂ ਪਿੱਛੇ ਅਗਾੜ । ਕਲਜੁਗ ਵੇਖੇ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਅਗਨੀ ਤੱਤੀ ਹਾੜ । ਮੁਖ ਸ਼ਰਮਾਇਣ ਰਵ ਸਸਿਆ, ਨੇਤਰ ਰੋ ਰੋ ਨੀਰ ਵਹਾਇਣ ਸਤਾਰ । ਧਰਤ ਧਵਲ ਆਪਣਾ ਰੋ ਰੋ ਹਾਲ ਦੱਸਿਆ, ਕੂੜ ਕੂੜਾ ਝੱਲਿਆ ਨਾ ਜਾਏ ਭਾਰ । ਪੁਰਖ ਅਬਿਨਾਸ਼ੀ ਪਾਰਬ੍ਰਹਮ ਲੋਕਮਾਤ ਆਏ ਨੱਸਿਆ, ਆਪ ਆਪਣੀ ਕਿਰਪਾ ਧਾਰ । ਸ਼ਬਦ ਨਿਰਾਲਾ ਤੀਰ ਏਕਾ ਕਸਿਆ, ਚਾਰੇ ਕੂਟਾਂ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਬਲਹਾਰੀ ਪੁਰਖ ਅਗੰਮੜਾ, ਏਕਾ ਏਕਉਂਕਾਰਿਆ । ਹੱਡ ਮਾਸ ਨਾ ਨਾੜੀ ਚੰਮੜਾ, ਮਾਤ ਪਿਤ ਨਾ ਕੋਇ ਬਣਾ ਰਿਹਾ । ਨਾ ਮਰੇ ਨਾ ਜੰਮੜਾ, ਗੋਦੀ ਗੋਦ ਨਾ ਕੋਇ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾ ਰਿਹਾ । ਬਲਹਾਰੀ ਹਰਿ ਖੇਲਿਆ, ਖੇਲਣਹਾਰ ਪੁਰਖ ਸਮਰਥ । ਆਪੇ ਗੁਰੂ ਗੁਰੂ ਗੁਰ ਚੇਲਿਆ, ਆਪੇ ਲੱਖ ਚੁਰਾਸੀ ਪਾਏ ਨੱਥ । ਆਪੇ ਸਤਿਗੁਰ ਸੱਜਣ ਸੁਹੇਲਿਆ, ਆਪੇ ਦੇਵਣਹਾਰਾ ਨਾਮ ਵੱਥ । ਆਪੇ ਵਸੇ ਇਕ ਅਕੇਲਿਆ, ਆਪ ਚਲਾਏ ਆਪਣੀ ਗਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣੀ ਮਹਿਮਾ ਆਪੇ ਜਾਣੇ, ਆਪਣੀ ਕਥਨੀ ਰਿਹਾ ਕਥ । ਆਪਣੀ ਕਥਾ ਆਪੇ ਕਥ, ਅਲੱਖ ਅਲੱਖਣਾ ਵਡ ਵਡਿਆਈਆ । ਸਤਿ ਸਰੂਪੀ ਚਲਾਏ ਰਥ, ਸਤਿ ਸਤਿਵਾਦੀ ਨਾਉਂ ਧਰਾਈਆ । ਕਲਜੁਗ ਅੰਤਮ ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰੇ ਲੇਖਾ ਲਾਈਆ । ਜੋ ਘੜਿਆ ਸੋ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਰਜੋ ਤਮੋ ਸਤੋ ਤੇਰਾ ਆਪ ਤਪਾਇਆ ਮੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਪੰਚਮ ਅਗਨੀ ਆਪੇ ਡਾਹੀਆ । ਜੋਤ ਅਕਾਲਾ ਆਪੇ ਗੇੜਣਹਾਰਾ ਉਲਟੀ ਲੱਠ, ਚੌਥੇ ਗੇੜਾ ਆਪ ਦਵਾਈਆ । ਗੁਰਸਿਖਾਂ ਮੇਲ ਮਿਲਾਏ ਨੱਠ ਨੱਠ, ਜੁਗ ਵਿਛੜੇ ਵੇਖ ਵਖਾਈਆ । ਹਰਿ ਚਰਨ ਦਵਾਰਾ ਸਚ ਇਕੱਠ, ਸਚਖੰਡ ਦਵਾਰਾ ਇਕ ਜਣਾਈਆ । ਕਰਮ ਕੁਕਰਮਾਂ ਕਰੇ ਭੱਠ, ਜੋ ਜਨ ਨੇਤਰ ਲੋਚਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਦਾਨੀ ਆਪ ਅਖਵਾਈਆ ।

## ✪ ੧੫ ਚੇਤ ੨੦੧੬ ਬਿਕ੍ਰਮੀ ਸੋਹਣ ਸਿੰਘ ਦੇ ਘਰ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ✪

ਆਦਿ ਪੁਰਖ ਸਰਬ ਜੀਅ ਦਾਤਾ, ਏਕਾ ਏਕਉਂਕਾਰਿਆ । ਖੇਲੇ ਖੇਲ ਖੇਲ ਤਮਾਸ਼ਾ, ਭੇਵ ਅਭੇਦਾ ਭੇਵ ਕੋਇ ਨਾ ਪਾ ਰਿਹਾ । ਲੱਖ ਚੁਰਾਸੀ ਪਿਤਾ ਮਾਤਾ, ਇਕ ਅਕੇਲਾ ਆਪ ਅਖਵਾ ਰਿਹਾ । ਹਰਿਜਨ ਬੰਧੇ ਚਰਨ ਕਵਲ ਨਾਤਾ, ਚਰਨ ਪ੍ਰੀਤੀ ਇਕ ਸਿਖਾ ਰਿਹਾ । ਸ਼ਬਦ ਜਣਾਈ ਸਾਚੀ ਗਾਥਾ, ਬੋਧ ਅਗਾਧ ਅਲ੍ਹਾ ਰਿਹਾ । ਜੁਗ ਜੁਗ ਚਲਾਏ ਸਾਚਾ ਰਾਥਾ, ਰਥ ਰਥਵਾਹੀ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲਧਾਰੀ ਨਾਉਂ ਰਖਾ ਲਿਆ । ਅਕਲ ਕਲ ਧਾਰ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਆਦਿ ਜੁਗਾਦੀ ਇਕ ਅਵਤਾਰ, ਏਕਾ ਰੂਪ ਸਮਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਲੱਖਣਾ ਲੇਖ ਨਾ ਰਾਈਆ । ਨਿਰਗੁਣ ਜੋਤੀ ਨੂਰ ਉਜਿਆਰ, ਨੂਰੋ ਨੂਰ ਡਗਮਗਾਈਆ । ਥਿਰ ਘਰ ਸਾਚੇ ਕਰ ਪਸਾਰ, ਹਰਿ ਬੈਠਾ ਬੇਪਵਾਹੀਆ । ਸ਼ਬਦ ਅਨਾਦ ਸੱਚੀ ਧੁਨਕਾਰ, ਆਪ ਆਪਣੀ ਰਿਹਾ ਵਜਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਸੰਤ ਸੁਹੇਲੇ ਆਪੇ ਲਾਧ, ਜੁਗ ਜੁਗ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਨਿਰਾਕਾਰ, ਏਕਾ ਏਕ ਅਖਵਾਇੰਦਾ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰ ਤਿਆਰ, ਗਣ ਗੰਧਰਬ ਲੇਖ ਲਿਖਾਇੰਦਾ । ਰਵ ਸਸ ਕਰ ਪਿਆਰ, ਮੰਡਲ ਮੰਡਪ ਆਪ ਸੁਹਾਇੰਦਾ । ਸ਼ਾਹੋ ਸ਼ਾਬਾਸ਼ ਖੇਲ ਅਪਾਰ, ਨਿਰਗੁਣ ਧਾਰਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਆਪ ਸੁਹਾਇੰਦਾ । ਸਚ ਮਹੱਲਾ ਇਕ ਅਕੱਲਾ, ਹਰਿ ਹਰਿ ਆਪ ਸੁਹਾਇੰਦਾ । ਆਪੇ ਵੇਖੇ ਜਲਾਂ ਥਲਾਂ, ਡੂੰਘੀ ਕੰਦਰ ਫੋਲ ਫੁਲਾਇੰਦਾ । ਆਪਣੀ ਜੋਤੀ ਆਪੇ ਬਲਾ, ਪਰਕਾਸ਼ ਪਰਕਾਸ਼ ਵਖਾਇੰਦਾ । ਸ਼ਬਦ ਅਗੰਮੀ ਕਰੇ ਹੱਲਾ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਜੀਵ ਜੰਤ ਭੁਲਾਏ ਕਰ ਕਰ ਵਲ ਛੱਲਾ, ਅਛਲ ਛਲ ਧਾਰੀ ਭੇਵ ਨਾ ਆਇੰਦਾ । ਜਨ ਭਗਤ ਦਵਾਰੇ ਆਪੇ ਖਲਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਸਚ ਸਿੰਘਾਸਣ ਹਰਿ ਹਰਿ ਮੱਲਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਇਕ ਸੁਨੇਹੜਾ ਏਕਾ ਘਲਾ, ਏਕਾ ਰਾਗ ਅਲਾਇੰਦਾ । ਜੋਤੀ ਦੀਪਕ ਏਕ ਬੱਲਾ, ਅਗਿਆਨ ਅੰਧੇਰ ਮਿਟਾਇੰਦਾ । ਆਪੇ ਫੁਲਿਆ ਆਪੇ ਫਲਾ, ਫੁਲ ਫੁਲਵਾੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਹਰਿ ਅਕਾਲ, ਆਪਣੀ ਕਲ ਵਰਤਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਦੀਨਾਂ ਨਾਥਾਂ ਵੇਖ ਵਖਾਈਆ । ਹਰਿਜਨ ਵੇਖੇ ਸਾਚੇ ਲਾਲ, ਜੁਗ ਜੁਗ ਵੱਡੀ ਵਡਿਆਈਆ । ਸ਼ਬਦੀ ਸ਼ਬਦ ਸ਼ਬਦ ਗੁਰ ਬਣ ਦਲਾਲ, ਲੋਕਮਾਤ ਫੇਰਾ ਪਾਈਆ । ਤੋੜਨਹਾਰਾ ਜਗਤ ਜੰਜਾਲ, ਦਾਤਾ ਦਾਨੀ ਬੇਪਰਵਾਹੀਆ । ਇਕ ਵਖਾਏ ਸਚ ਸੱਚੀ ਧਰਮਸਾਲ, ਅਨਹਦ ਰਾਗ ਅਨਾਦੀ ਗਾਈਆ । ਅੰਮ੍ਰਿਤ ਸੋਹੇ ਸਾਚਾ ਤਾਲ, ਤ੍ਰਿਬੈਣੀ ਨੈਣੀ ਇਕ ਸੁਹਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ, ਏਕਾ ਰੰਗ ਸਮਾਇੰਦਾ । ਉਤਮ ਰੱਖੇ ਆਪਣੀ ਜਾਤਾ, ਵਰਨ ਗੋਤ ਨਾ ਕੋਇ ਬਣਾਇੰਦਾ । ਸੰਤ ਭਗਵੰਤ ਚਰਨ ਕਵਲ ਬੰਧਾਏ

ਸਾਚਾ ਨਾਤਾ, ਚਰਨ ਚਰਨੋਦਕ ਮੁਖ ਚਵਾਇੰਦਾ । ਦੋ ਜਹਾਨੀ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਆਪੇ ਹੋ ਤ੍ਰਿਲੋਕੀ ਨਾਥਾ, ਨਾਥ ਅਨਾਥਾ ਗਲੇ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਚਲਾਏ ਆਪਣੀ ਗਾਥਾ, ਗੀਤ ਸੁਹਾਗੀ ਗਾਇੰਦਾ । ਆਪੇ ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲ ਮਿਲਾਇੰਦਾ । ਭੇਵ ਖੁਲ੍ਹਾਏ ਸਾਢੇ ਤਿੰਨ ਤਿੰਨ ਹਾਥਾ, ਰਵਦਾਸ ਚੁਮਾਰਾ ਮੁਖ ਸਲਾਹਿੰਦਾ । ਕਲਜੁਗ ਅੰਤਮ ਹਰਿਜਨ ਸਾਚੇ ਤੇਰਾ ਕਰਨ ਆਇਆ ਪੂਰਾ ਘਾਟਾ, ਆਤਮ ਅੰਤਰ ਇਕ ਗਿਆਨ ਸ਼ਬਦੀ ਸ਼ਬਦ ਜਣਾਇੰਦਾ । ਜੋਤ ਨਿਰੰਜਣ ਜਗੇ ਲਲਾਟਾ, ਆਦਿ ਨਿਰੰਜਣ ਸੇਵਾ ਲਾਇੰਦਾ । ਆਤਮ ਸੇਜਾ ਵੇਖੇ ਸਾਚੀ ਖਾਟਾ, ਹਰਿ ਗੋਬਿੰਦ ਸ਼ਬਦ ਮਿਲਾਇੰਦਾ । ਦਰ ਘਰ ਸਾਚੇ ਸਾਚੀ ਵਾਟਾ, ਦੂਰ ਨੇੜੇ ਨਾ ਕੋਇ ਰਖਾਇੰਦਾ । ਅੰਮ੍ਰਿਤ ਪਿਆ ਸਾਚੇ ਬਾਟਾ, ਕਾਇਆ ਕਾਸਾ ਆਪ ਭਰਾਇੰਦਾ । ਲਹਿਣਾ ਦੇਣ ਚੁਕਾਏ ਹਾਥੋ ਹਾਥਾ, ਵਣਜ ਵਣਜਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਖਲਾਇੰਦਾ । ਨਿਰਗੁਣ ਖੇਲ ਹਰਿ ਹਰਿ ਖੇਲਾ, ਹਰਿ ਸਾਚੇ ਵਡ ਵਡਿਆਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੂਪ ਸਮਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਜੁਗਾ ਜੁਗੰਤਰ ਵੇਸ ਵਟਾਈਆ । ਆਪੇ ਵਸੇ ਸਦ ਨਵੇਲਾ, ਹਰ ਘਟ ਆਪੇ ਡੇਰਾ ਲਾਈਆ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਆਪ ਭਵਾਈਆ । ਆਪੇ ਸਚ ਦਰਬਾਰੇ ਸਚ ਚੜ੍ਹਾਏ ਤੇਲਾ, ਸਾਚਾ ਸਗਨ ਆਪ ਮਨਾਈਆ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਆਪੇ ਘੜੇ ਆਪੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਵਾਸਾ ਪੁਰਖ ਅਬਿਨਾਸ਼ਾ, ਖੇਲੇ ਖੇਲ ਨਰ ਨਿਰੰਕਾਰੀਆ । ਲੱਖ ਚੁਰਾਸੀ ਵੇਖ ਤਮਾਸ਼ਾ, ਜੀਵਾਂ ਜੰਤਾਂ ਪਾਵੇ ਸਾਰੀਆ । ਜਨ ਭਗਤਾਂ ਦੇਵੇ ਚਰਨ ਕਵਲ ਭਰਵਾਸਾ, ਆਤਮ ਅੰਤਰ ਇਕ ਪਿਆਰੀਆ । ਸੰਤ ਸੁਹੇਲਾ ਦਾਸੀ ਦਾਸਾ, ਸੇਵਕ ਸੇਵਾ ਆਪ ਕਮਾ ਰਿਹਾ । ਜਾਣੇ ਜਣਾਏ ਪ੍ਰਿਥਮੀ ਆਕਾਸ਼ਾ, ਗਗਨ ਪਾਤਾਲਾਂ ਫੇਰਾ ਪਾ ਰਿਹਾ । ਸਾਚੇ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾ ਰਿਹਾ । ਆਪੇ ਰਸਨ ਆਪ ਸਵਾਸਾ, ਗੁਰਸਿਖ ਕਾਇਆ ਗੜ੍ਹ ਸੁਹਾ ਰਿਹਾ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸਾ, ਸ਼ਾਹ ਸੁਲਤਾਨ ਨਾਮ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੀਵਾ ਨਿਰਗੁਣ ਬਾਤੀ ਆਪ ਜਗਾਏ ਕਮਲਾਪਾਤੀ ਉਚ ਮਹੱਲ ਅਟੱਲ ਮੁਨਾਰ ਆਪ ਟਿਕਾ ਲਿਆ । ਮਹੱਲ ਅਟੱਲ ਉਚ ਮੁਨਾਰਾ, ਹਰਿ ਸਾਚੇ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਪੁਰਖ ਕਰਤਾਰਾ, ਭੈ ਭੰਜਨ ਆਪ ਅਖਵਾਈਆ । ਜੂਨੀ ਰਹਿਤ ਖੇਲ ਨਿਆਰਾ, ਅਕਲ ਕਲ ਧਾਰੀ ਵੇਸ ਵਟਾਈਆ । ਸਚਖੰਡ ਸੁਹਾਏ ਸਚ ਦਵਾਰਾ, ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਥਿਰ ਘਰ ਵਸੇ ਇਕ ਦਵਾਰਾ, ਦਰ ਦਰਵੇਸ਼ਾ ਵੇਖ ਵਖਾਈਆ । ਸ਼ਬਦ ਸ਼ਬਦੀ ਬੋਲ ਜੈਕਾਰਾ, ਏਕਾ ਨਾਅਰਾ ਲਾਈਆ । ਅਲਖ ਅਗੰਮ ਕਰੇ ਖ਼ਬਰਦਾਰਾ, ਸਚਖੰਡ ਵੱਜੇ ਵਧਾਈਆ । ਸੁੰਨ ਅਗੰਮ ਪਾਰ ਕਿਨਾਰਾ, ਆਪ ਆਪਣਾ ਰਾਹ ਤਕਾਈਆ । ਲੋਆਂ ਪੁਰੀਆਂ ਦਏ ਸਹਾਰਾ, ਗਗਨ ਗਗਨੰਤਰ ਵੇਖ ਵਖਾਈਆ । ਜੁਗਾ ਜੁਗੰਤਰ ਸਾਚੀ ਧਾਰਾ, ਆਪ ਆਪਣੀ ਰਿਹਾ ਚਲਾਈਆ । ਸਾਂਤਕ ਸਤਿ ਸਤਿ ਸਤਿ ਵਰਤੇ ਹਰਿ ਕਰਤਾਰਾ, ਕਰਨੀ ਕਰਤਾ ਆਪ ਅਖਵਾਈਆ । ਸੱਚ ਖ਼ੁਦਾ ਬੇਐਬ ਪਰਵਰਦਿਗਾਰਾ, ਨੂਰੋ ਨੂਰ ਨੂਰ ਇਲਾਹੀਆ । ਹੱਕ ਹਕੀਕਤ ਪਾਵੇ ਸਾਰਾ, ਮੁਕਾਮੇ ਹੱਕ ਵੇਖ ਵਖਾਈਆ । ਲਾਸ਼ਰੀਕ ਲਾਏ ਏਕਾ

ਨਾਅਰਾ, ਏਕਾ ਕਲਮਾ ਦਏ ਪੜ੍ਹਾਈਆ । ਲੋਕਮਾਤ ਹੋ ਉਜਿਆਰਾ, ਆਪ ਆਪਣਾ ਵੇਖ ਵਖਾਈਆ । ਕਲਜੁਗ ਤੇਰੀ ਕਾਲੀ ਧਾਰਾ, ਕਾਲਾ ਸੂਸਾ ਤਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੀ ਅੱਲਾ ਅੱਲਾ ਨੂਰ ਡਗਮਗਾਈਆ । ਨੂਰੀ ਅੱਲਾ ਸ਼ਾਹ ਨਵਾਬ, ਪਰਵਰਦਿਗਾਰ ਆਪ ਅਖਵਾਇੰਦਾ । ਹੱਕ ਹਕੀਕਤ ਵੇਖ ਜ਼ਨਾਬ, ਦੋ ਦੋ ਆਬ ਫੋਲ ਫੋਲਾਇੰਦਾ । ਆਪਣਾ ਵੇਖ ਆਪ ਆਫ਼ਤਾਬ, ਨੂਰੀ ਨੂਰ ਆਪ ਸਮਾਇੰਦਾ । ਆਪਣੇ ਹੱਥ ਰੱਖ ਆਬ ਹਯਾਤ, ਆਪਣੀ ਉਮਤ ਆਪ ਪਿਲਾਇੰਦਾ । ਆਪੇ ਆਪਣਾ ਬਣ ਆਪ ਅਹਿਬਾਬ, ਆਪਣੀ ਰਬਾਬ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਇਲਾਹੀ ਆਪ ਅਖਵਾਇੰਦਾ । ਨੂਰੀ ਅੱਲਾ ਪਰਵਰਦਿਗਾਰ, ਏਕਾ ਏਕਉਂਕਾਰਿਆ । ਵਾਸਤਕ ਰੂਪ ਨਿਰਾਧਾਰ, ਨਿਰਗੁਣ ਧਾਰ ਇਕ ਚਲਾ ਰਿਹਾ । ਕਲਮੀ ਕਲਮਾ ਕਰ ਤਿਆਰ, ਕਾਇਨਾਤ ਆਪ ਪੜ੍ਹਾ ਰਿਹਾ । ਚਾਰੇ ਵੇਦਾਂ ਪਾਵੇ ਸਾਰ, ਪੁਰਾਨ ਅਠਾਰਾਂ ਫੋਲ ਫੋਲਾ ਰਿਹਾ । ਸਿਮਰਤ ਸ਼ਾਸਤਰ ਦਏ ਆਧਾਰ, ਮਨ ਮਤ ਬੁਧ ਮੇਲ ਮਿਲਾ ਰਿਹਾ । ਕਾਇਆ ਕਾਅਬਾ ਕਰ ਤਿਆਰ, ਸਾਚਾ ਹਾਜ਼ੀ ਹੱਜ ਵਖਾ ਰਿਹਾ । ਅੰਮ੍ਰਿਤ ਨਾਭਾ ਭਰ ਭੰਡਾਰ, ਹਰਿਜਨ ਸਾਚੇ ਆਪ ਵਰਤਾ ਰਿਹਾ । ਪੁੰਨ ਸਵਾਬਾ ਵਸਿਆ ਬਾਹਰ, ਆਪਣੀ ਅਜ਼ਮਤ ਆਪ ਜਮਾ ਰਿਹਾ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾ ਲਿਆ । ਸ਼ਬਦ ਡੰਕਾ ਅਪਰ ਅਪਾਰ, ਚਾਰੇ ਕੁੰਟਾਂ ਦਹਿ ਦਿਸ਼ਾ ਆਪ ਸੁਣਾ ਲਿਆ । ਚਾਰ ਯਾਰੀ ਕਰੇ ਖ਼ਬਰਦਾਰ, ਸੰਗ ਮੁਹੰਮਦ ਆਪ ਉਠਾ ਲਿਆ । ਈਸਾ ਮੂਸਾ ਦਏ ਹੁਲਾਰ, ਕਲਜੁਗ ਅੰਤ ਹੁਲਾਰਾ ਏਕਾ ਲਾ ਲਿਆ । ਅੰਜੀਲ ਕੁਰਾਨਾ ਪਾਵੇ ਸਾਰ, ਤੀਸ ਬਤੀਸਾ ਆਪੇ ਗਾ ਲਿਆ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਵੇਖੇ ਸ਼ਾਹ ਅਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾ ਲਿਆ । ਦੀਨ ਇਸਲਾਮ ਹੋ ਤਿਆਰ, ਨਿਸ਼ਕਾਮ ਆਪਣਾ ਕਾਮ ਕਰਾ ਰਿਹਾ । ਜੋਤੀ ਨੂਰ ਨੂਰ ਉਜਿਆਰ, ਜਲਵਾ ਨੂਰ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾ ਲਿਆ । ਕਾਲਾ ਸੂਸਾ ਕਾਲੀ ਧਾਰ, ਕਲਜੁਗ ਆਪ ਚਲਾਈਆ । ਲੱਖ ਚੁਰਾਸੀ ਪਾਵੇ ਸਾਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੇਰਜ ਅੰਡਜ ਹੋ ਉਜਿਆਰ, ਉਤਭੁਜ ਸੇਤਜ ਫੋਲ ਫੋਲਾਈਆ । ਬ੍ਰਹਮੇ ਨੇਤਰ ਦਏ ਉਘਾੜ, ਆਪ ਆਪਣੇ ਅੰਗ ਸੁਹਾਈਆ । ਸ਼ਿਵ ਸ਼ੰਕਰ ਟੋਹੇ ਨਾੜ ਨਾੜ, ਭੋਲਾ ਨਾਥ ਸੋਇਆ ਰਹਿਣ ਨਾ ਪਾਈਆ । ਕਰੋੜ ਤੇਤੀਸਾ ਵਖਾਏ ਇਕ ਅਖਾੜ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਚੌਦਾਂ ਲੋਕਾਂ ਵਾ ਤੱਤੀ ਹਾੜ, ਚੌਦਾਂ ਤਬਕਾਂ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਕਲਮਾ ਰਿਹਾ ਪੜ੍ਹਾਈਆ । ਏਕਾ ਕਲਮਾ ਹਰਿ ਅਮਾਮ, ਆਪਣਾ ਆਪ ਉਪਾਇੰਦਾ । ਆਪੇ ਸੀਤਾ ਆਪੇ ਰਾਮ, ਕਾਹਨਾ ਬੰਸਰੀ ਆਪ ਵਜਾਇੰਦਾ । ਆਪੇ ਨਿਰਗੁਣ ਵਸੇ ਸਾਚੇ ਧਾਮ, ਆਪ ਆਪਣਾ ਜਾਮ ਪਿਆਇੰਦਾ । ਆਪੇ ਕਰੇ ਆਪਣਾ ਤਾਮ, ਆਪਣੀ ਤ੍ਰਿਸਨਾ ਭੁੱਖ ਆਪ ਮਿਟਾਇੰਦਾ । ਆਪੇ ਸੁਬਹ ਆਪੇ ਸ਼ਾਮ, ਰੈਣ ਅੰਧੇਰੀ ਆਪ ਰਖਾਇੰਦਾ । ਆਪੇ ਨਗਰ ਆਪ ਗਰਾਮ, ਕਾਇਆ ਖੇੜਾ ਆਪ ਸੁਹਾਇੰਦਾ । ਆਪੇ ਦੇਵੇ ਭਰ ਭਰ ਜਾਮ, ਸਾਚਾ ਸਾਕੀ ਦਿਸ ਨਾ ਆਇੰਦਾ । ਆਪੇ ਲੇਖੇ ਲਾਏ ਕਾਇਆ ਮਾਟੀ ਹੱਡ ਨਾੜੀ ਮਾਸ ਚਾਮ, ਪੰਜ ਤੱਤ ਫੋਲ ਫੋਲਾਇੰਦਾ । ਆਪੇ ਹੋਏ ਜਾਣੀ ਜਾਣ, ਲੱਖ ਚੁਰਾਸੀ ਵੇਖ ਵੇਸ ਵਟਾਇੰਦਾ । ਆਪੇ ਖਾਣੀ ਬਾਣੀ ਕਰ ਪਛਾਣ, ਨਿਰਗੁਣ ਰਾਣੀ ਆਪ ਬਣਾਇੰਦਾ । ਆਪੇ

੩੦੮
੦੮

ਤ੍ਰੈਗੁਣ ਮਾਇਆ ਚੋਲਾ ਰਿਹਾ ਤਾਣੀ, ਸੋਲਾਂ ਕਲੀਆਂ ਆਪ ਗੁੰਦਾਇੰਦਾ । ਆਪੇ ਜਾਣੇ ਆਪਣਾ ਪਦ ਨਿਰਬਾਣੀ, ਥਿਰ ਘਰ ਸਾਚਾ ਆਪ ਸੁਹਾਇੰਦਾ । ਆਪੇ ਗਾਏ ਆਪਣੀ ਅਕੱਥ ਕਹਾਣੀ, ਦੂਸਰ ਕੋਇ ਨਾ ਆਖ ਸੁਣਾਇੰਦਾ । ਆਪਣੇ ਘਰ ਆਪੇ ਬਣੇ ਸਚ ਸਵਾਣੀ, ਸਾਚਾ ਕੰਤ ਆਪ ਹੰਢਾਇੰਦਾ । ਆਪੇ ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਨਿਝਰ ਧਾਰਾ ਆਪ ਚਲਾਇੰਦਾ । ਆਪੇ ਸ਼ਬਦ ਗੁਰ ਬਣ ਸਾਚਾ ਹਾਣੀ, ਨਾਨਕ ਸੁਰਤੀ ਆਪ ਪਰਨਾਇੰਦਾ । ਦਰਗਹਿ ਸਾਚੀ ਇਕ ਵਖਾਨੀ, ਦੋ ਜਹਾਨਾਂ ਪੰਧ ਮੁਕਾਇੰਦਾ । ਏਕਾ ਰਾਗ ਅਨਹਦ ਧੁਨ ਸੱਚੀ ਬਾਣੀ, ਧੁਨੀ ਨਾਦ ਆਪ ਵਜਾਇੰਦਾ । ਵੇਖ ਵਖਾਏ ਅੱਲਾ ਰਾਣੀ, ਮੁਖ ਕਾਲਾ ਘੁੰਗਟ ਲਾਹਿੰਦਾ । ਚੌਦਾਂ ਤਬਕਾਂ ਬਣ ਹਟਵਾਨੀ, ਤੇਰਾਂ ਤੋਲਾ ਧਾਰ ਚਲਾਇੰਦਾ । ਕਲਜੁਗ ਅੰਤਮ ਲੇਖੇ ਲਾਏ ਚਾਰੇ ਖਾਣੀ, ਚੌਥੇ ਜੁਗ ਵੇਸ ਵਟਾਇੰਦਾ । ਗੁਰਮੁਖਾਂ ਮਿਲੇ ਸ਼ਬਦ ਗੁਰ ਪੂਰਾ ਸਾਚਾ ਹਾਣੀ, ਗੁਰ ਗੋਬਿੰਦ ਵਿਛੜ ਨਾ ਜਾਇੰਦਾ । ਆਵਣ ਜਾਵਣ ਚੁੱਕੇ ਕਾਣੀ, ਧਰਮ ਰਾਏ ਨੇੜ ਨਾ ਆਇੰਦਾ । ਪਾਰਬ੍ਰਹਮ ਵਡ ਦਾਤਾ ਦਾਨੀ, ਨਾਮ ਭੰਡਾਰਾ ਇਕ ਵਰਤਾਇੰਦਾ । ਗੁਰਮੁਖਾਂ ਦੇਵੇ ਸਚ ਨਿਸ਼ਾਨੀ, ਜਗਤ ਨਿਸ਼ਾਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲ ਵਰਤੰਤਾ ਹਰਿ ਭਗਵੰਤਾ, ਭਗਵਨ ਵੇਸ ਵਟਾਈਆ । ਖੇਲੇ ਖੇਲ ਜੁਗਾਂ ਜੁਗੰਤਾ, ਜੁਗ ਕਰਤੇ ਵਡ ਵਡਿਆਈਆ । ਦਰਸ ਦਿਖਾਏ ਸਾਚੇ ਸੰਤਾ, ਆਤਮ ਬ੍ਰਹਮਾ ਬ੍ਰਹਮ ਜਣਾਈਆ । ਤੋੜੇ ਗੜ੍ਹ ਹਉਮੇ ਹੰਗਤਾ, ਮਾਇਆ ਮਮਤਾ ਰਹਿਣ ਨਾ ਪਾਈਆ । ਹਰਿਜਨ ਅੰਗ ਲਗਾਏ ਜਿਉਂ ਨਾਨਕ ਅੰਗਦਾ, ਅੰਗੀਕਾਰ ਆਪ ਅਖਵਾਈਆ । ਨਾਮ ਦਾਨ ਜੋ ਸਾਚਾ ਮੰਗਦਾ, ਸਾਚੀ ਭਿਛਿਆ ਝੋਲੀ ਪਾਈਆ । ਕਾਇਆ ਚੋਲੀ ਗੁਰਸਿਖ ਰੰਗਦਾ, ਨਾਮ ਮਜੀਠੀ ਰੰਗ ਚੜ੍ਹਾਈਆ । ਔਂਦਾ ਜਾਂਦਾ ਮੂਲ ਨਾ ਸੰਗਦਾ, ਲੋਕ ਲੱਜਿਆ ਨਾ ਕੋਇ ਵਖਾਈਆ । ਗੁਰਸਿਖ ਤੇਰੇ ਨੌਂ ਦਵਾਰੇ ਆਪੇ ਲੰਘਦਾ, ਦਸਵੇਂ ਮੇਲ ਮਿਲਾਈਆ । ਮਾਣੇ ਰਸ ਆਤਮ ਸੇਜ ਪਲੰਘ ਦਾ, ਸਾਚੀ ਸੇਜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਹਰਿ ਧਰਿਆ, ਪੁਰਖ ਅਕਾਲ ਵਡਿਆਇਆ । ਨਰ ਨਰਾਇਣ ਆਪੇ ਨਰਿਆ, ਨਰ ਹਰਿ ਨਾਉਂ ਧਰਾਇਆ । ਅਗੰਮ ਅਗੰਮੜੀ ਕਾਰ ਕਰਿਆ, ਹੱਡ ਮਾਸ ਨਾੜੀ ਚਮੜਾ ਨਾ ਮੇਲ ਮਿਲਾਇਆ । ਨਿਰਭੌ ਰੂਪ ਕਦੇ ਨਾ ਡਰਿਆ, ਨਾ ਮਰੇ ਨਾ ਜਾਇਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜਿਆ, ਜੁਗ ਜੁਗ ਆਪਣੀ ਦਇਆ ਕਮਾਇਆ । ਮਨਮੁਖਤਾ ਤੇਰੇ ਨਾਲ ਸਦ ਸਦ ਲੜਿਆ, ਨਾਮ ਖੰਡਾ ਹੱਥ ਉਠਾਇਆ । ਸ਼ਾਹ ਸੁਲਤਾਨ ਕੋਇ ਨਾ ਅੜ੍ਹਿਆ, ਗੜ੍ਹ ਹੰਕਾਰੀ ਰਹਿਣ ਨਾ ਪਾਇਆ । ਖੇਲੇ ਖੇਲ ਬਹੱਤਰ ਨੜਿਆ, ਨਾੜੀ ਨਾੜੀ ਵੇਖ ਵਖਾਇਆ । ਗੁਰਸਿਖ ਤੇਰੀ ਕਾਇਆ ਪੌੜੇ ਆਪੇ ਚੜ੍ਹਿਆ, ਹਰਿ ਮੰਦਰ ਡੇਰਾ ਲਾਇਆ । ਨਾ ਕੋਈ ਸੀਸ ਨਾ ਕੋਈ ਧੜਿਆ, ਪੰਜ ਤੱਤ ਨਾ ਕੋਇ ਜਣਾਇਆ । ਹਿੰਦੂ ਮੁਸਲਮ ਸਿਖ ਈਸਾਈ ਆਪੇ ਫੜਿਆ, ਫੜਨਹਾਰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਲੇਖ ਲਿਖਾਇਆ । ਲੇਖਾ ਲਿਖਣਹਾਰ ਪੁਰਖ ਸਮਰਥ, ਹਰਿ ਹਰਿ ਵੱਡੀ ਵਡਿਆਈਆ । ਆਪੇ ਗਾਏ ਆਪਣਾ ਗਾਥ, ਚਾਰ ਵਰਨਾਂ ਕਰੇ ਪੜ੍ਹਾਈਆ । ਬਰਨ ਅਠਾਰਾਂ ਏਕਾ ਸਾਥ, ਊਚਾਂ ਨੀਚਾਂ ਮੇਲ ਮਿਲਾਈਆ । ਜਗਤ ਦਾਤਾ ਜਗਨ ਨਾਥ, ਜਗਤ ਜੁਗਤ ਇਕ ਜਣਾਈਆ । ਤ੍ਰੈ ਤ੍ਰੈ ਲੋਕਾਂ ਤ੍ਰੈਲੋਕੀ ਨਾਥ, ਤ੍ਰੈ

ਤ੍ਰੈ ਮਾਇਆ ਬੰਧਨ ਪਾਈਆ । ਚੌਥੇ ਜੁਗ ਚੌਥੇ ਘਰ ਸਾਥ, ਜਨ ਭਗਤਾਂ ਆਪ ਰਖਾਈਆ । ਪੰਚਮ ਮੇਲਾ ਹਰਿ ਸੱਜਣ ਸੁਹੇਲਾ ਲਹਿਣਾ ਚੁੱਕੇ ਪੂਜਾ ਪਾਠ, ਨੇਤਰ ਲੋਚਨ ਦਰਸ਼ਨ ਪਾਈਆ । ਛੇਵੇ ਛੱਪਰ ਛੰਨ ਨਾ ਕੋਈ ਠਾਠ, ਮਹੱਲ ਅਟੱਲ ਨਾ ਕੋਇ ਵਖਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਜੋਤ ਨਿਰੰਕਾਰੀ ਏਕ ਲਾਟ, ਨੂਰ ਨੁਰਾਨੀ ਡਗਮਗਾਈਆ । ਅੱਠ ਤੱਤ ਨਾ ਤੀਰਥ ਅਠਸਠ, ਜਲ ਧਾਰਾ ਨਾ ਕੋਇ ਵਹਾਈਆ । ਨੌ ਦਵਾਰੇ ਕਰੇ ਭੱਠ, ਨੌ ਨੌ ਖੰਡ ਫੇਰਾ ਪਾਈਆ । ਦਸਮ ਦਵਾਰੀ ਸਾਚਾ ਹੱਟ, ਸਤਿਗੁਰ ਪੂਰਾ ਆਪ ਖ਼ੁਲ੍ਹਾਈਆ । ਗੁਰਮੁਖ ਵਿਰਲੇ ਲਾਹਾ ਲੈਣ ਖੱਟ, ਮਨਮੁਖ ਗੂੜ੍ਹੀ ਨੀਂਦ ਸੁਵਾਈਆ । ਕਲਜੁਗ ਸਭ ਦੀ ਚੋਟੀ ਰਿਹਾ ਕੱਟ, ਲਜਪਤ ਅੰਤ ਰਹਿਣ ਨਾ ਪਾਈਆ । ਖੇਲੇ ਖੇਲ ਨਟੂਆ ਨੱਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਗੁਰਸਿਖਾਂ ਤਨ ਪਹਿਨਾਏ ਪਟ, ਆਪਣੀ ਅਲਫ਼ੀ ਆਪੇ ਲਾਹੀਆ । ਅੰਮ੍ਰਿਤ ਆਤਮ ਸਚ ਸਰੋਵਰ ਕਾਇਆ ਮੰਦਰ ਦਏ ਝੱਟ, ਮਾਨ ਸਰੋਵਰ ਇਕ ਸੁਹਾਈਆ । ਦੂਈ ਦਵੈਤੀ ਮੇਟੇ ਫਟ, ਅੰਮ੍ਰਿਤ ਆਤਮ ਜਾਮ ਪਿਆਈਆ । ਦੁਰਮਤ ਮੈਲ ਦੇਵੇ ਕੱਟ, ਨਿਰਮਲ ਨਿਰਮਲ ਆਪ ਵਖਾਈਆ । ਅਨਹਦ ਨਗਾਰੇ ਮਾਰੇ ਸੱਟ, ਤਾਲ ਤਲਵਾੜਾ ਇਕ ਵਜਾਈਆ । ਹਉਮੇ ਹੰਗਤਾ ਜਾਏ ਢੱਠ, ਪੰਚ ਵਿਕਾਰ ਮੁਖ ਛੁਪਾਈਆ । ਗੁਰਸਿਖਾਂ ਵਸੇ ਘਟ ਘਟ, ਹਰ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਜੋਤ ਕਰ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਹੱਕ ਖ਼ੁਦਾਈਆ । ਹੱਕ ਖ਼ੁਦਾਮਤੀ ਗਨੀਮ, ਗਫਲਤ ਵਿਚ ਕਦੇ ਨਾ ਆਇੰਦਾ । ਆਪੇ ਅਲਫ਼ ਡੰਡਾ ਜਾਣੇ ਨੁਕਤਾ ਮੀਮ, ਨੂਨ ਆਪ ਟਿਕਾਇੰਦਾ । ਆਪੇ ਤ੍ਰਿਲੋਕੀ ਤੇਰੇ ਤ੍ਰੈਮੁਖ ਜਾਣੇ ਸੀਨ, ਸਾਚਾ ਸਈਆ ਵੇਖ ਵਖਾਇੰਦਾ । ਆਪੇ ਚਾਰ ਯਾਰ ਸੰਗ ਮੁਹੰਮਦ ਅੱਲਾ ਰਾਣੀ ਹੋ ਅਧੀਨ, ਕਲਮੀ ਕਲਮਾ ਇਕ ਅਖਵਾਇੰਦਾ । ਆਪੇ ਨਬੀ ਰਸੂਲ ਬਾਬੀਣ, ਗੁਰਮਤੋ ਕਸਤਮੋ ਆਪਣੇ ਤੋਲ ਤੁਲਾਇੰਦਾ । ਆਪੇ ਦਾਤਾ ਦਾਨੀ ਵਡ ਪਰਬੀਣ, ਪਾਰਬ੍ਰਹਮ ਆਪ ਅਖਵਾਇੰਦਾ । ਆਪਣੀ ਵਸਤ ਦੇਵੇ ਦਸਤ ਆਪੇ ਲਏ ਛੀਣ, ਦੂਸਰ ਕੋਇ ਨਾ ਸੰਗ ਰਖਾਇੰਦਾ । ਆਪੇ ਹਰਿਜਨ ਹਰਿ ਹਰਿ ਜਿਉਂ ਜਲ ਮੀਨ, ਜਲ ਧਾਰਾ ਰੂਪ ਵਟਾਇੰਦਾ । ਆਪੇ ਵਜਾਏ ਹੰਕਾਰੀ ਬੀਨ, ਭੰਨਣਹਾਰ ਆਪ ਅਖਵਾਇੰਦਾ । ਆਪੇ ਹੋਇਆ ਮੁਹੰਮਦੀ ਦੀਨ, ਆਪਣਾ ਵੇਸ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅਮਾਮ ਇਕ ਇਕ ਸੁਹਾਇੰਦਾ । ਇਕ ਅਮਾਮ ਅਮਾਮ ਮੈਂਹਦੀ, ਏਕਾ ਕਲ ਵਰਤਾਇੰਦਾ । ਖੇਲੇ ਖੇਲ ਦਿਸ਼ਾ ਲਹਿੰਦੀ, ਪਹਿਲੀ ਕੂਟੇ ਫੇਰਾ ਪਾਇੰਦਾ । ਅੰਜੀਲ ਕੁਰਾਨ ਇਕ ਦੂਜੇ ਦੇ ਨਾਲ ਖਹਿੰਦੀ, ਜਗਤ ਮਸੱਲਾ ਹੇਠ ਵਛਾਇੰਦਾ । ਅੱਲਾ ਰਾਣੀ ਰੋ ਰੋ ਕਹਿੰਦੀ, ਪੱਲੂ ਨਾ ਕੋਇ ਟਿਕਾਇੰਦਾ । ਪੰਜ ਸ਼ੈਤਾਨ ਨਦੀ ਵਹਿੰਦੀ, ਬੇੜਾ ਪਾਰ ਨਾ ਕੋਇ ਕਰਾਇੰਦਾ । ਚਾਰ ਯਾਰੀ ਪਿੱਛੇ ਹੋ ਹੋ ਬਹਿੰਦੀ, ਸੰਗ ਮੁਹੰਮਦ ਨੈਣ ਸ਼ਰਮਾਇੰਦਾ । ਗੋਬਿੰਦ ਧਾਰਾ ਤਿਖੀ ਹੋ ਹੋ ਤੇਰਾ ਵਾਰ ਸਹਿੰਦੀ, ਪ੍ਰਭ ਸਾਚਾ ਹੱਥ ਉਠਾਇੰਦਾ । ਅੰਤਮ ਏਕਾ ਗਾਹੇ ਵੇਖੋ ਗਹਿੰਦੀ, ਪਾਰਬ੍ਰਹਮ ਆਪਣਾ ਖੇਲ ਖਿਲਾਇੰਦਾ । ਧਰਤ ਮਾਤ ਤੇਰੀ ਹੱਥੀਂ ਲਾਏ ਮਹਿੰਦੀ, ਤੇਰਾ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਾਲਾ ਸੂਸਾ ਵੇਖੇ ਖੇਲ ਈਸਾ ਮੂਸਾ ਸ਼ਾਹ ਅਬਨੂਸਾ ਸੰਗ ਰਲਾਇੰਦਾ । ਧਰਤ ਮਾਤ ਲਾਲ ਰੰਗ ਰੰਗਣ ਆਇਆ, ਪਾਰਬ੍ਰਹਮ ਪ੍ਰਭ ਬੇਅੰਤ । ਲੱਖ ਚੁਰਾਸੀ ਧਰਮ ਰਾਏ ਦਰ ਟੰਗਣ ਆਇਆ,

ਮੇਲ ਮਿਲਾਏ ਸਾਚੇ ਸੰਤ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘਣ ਆਇਆ, ਤੋੜੇ ਗੜ੍ਹ ਹੰਕਾਰੀ ਹੰਗਤ । ਗੁਰਮੁਖਾਂ ਅੱਗੇ ਨਾਮ ਭਿਛਿਆ ਮੰਗਣ ਆਇਆ, ਸਤਿਗੁਰ ਪੂਰਾ ਆਪਣੀ ਰੰਗਤ । ਗਰੀਬ ਨਿਮਾਣਿਆਂ ਗੁਰਮੁਖਾਂ ਕਾਇਆ ਚੋਲੀ ਰੰਗਣ ਆਇਆ । ਆਪੇ ਹੋਇਆ ਭੁੱਖਾ ਨੰਗਤ । ਸਾਚਾ ਨਾਮ ਕੰਗਣ ਤਨ ਪਹਿਨਾਵਣ ਆਇਆ, ਚਾਰ ਵਰਨ ਬਣਾਏ ਸਾਚੀ ਸੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਖੇਲ ਆਪਣੇ । ਆਇਆ ਪੁਰਖ ਪੁਰਖ ਸੁਲਤਾਨ, ਹਰਿ ਵੱਡਾ ਸ਼ਾਹੋ ਭੂਪਿਆ । ਧਰਮ ਉਠਾਏ ਇਕ ਨਿਸ਼ਾਨ, ਨਾ ਜਣਾਏ ਰੇਖ ਰੂਪਿਆ । ਸ੍ਰਿਸ਼ਟ ਸਬਾਈ ਪਾਏ ਏਕਾ ਆਣ, ਵੇਖ ਵਖਾਏ ਚਾਰੇ ਕੂਟਿਆ । ਮੇਟ ਮਿਟਾਏ ਰਾਜ ਰਾਜਾਨ, ਖ਼ਾਕ ਰਲਾਏ ਜੂਠ ਝੂਠਿਆ । ਜਨ ਭਗਤਾਂ ਦੇਵੇ ਏਕਾ ਦਾਨ, ਹਰਿ ਹਰਿ ਸਾਚਾ ਆਪੇ ਤੂਠਿਆ । ਆਪੇ ਵਾਸਾ ਰੱਖੇ ਕਬਰਸਤਾਨ, ਦੋਜ਼ਖ ਬਹਿਸ਼ਤ ਆਪੇ ਨੱਠ ਨੱਠ ਉਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਨਗਾਰੇ ਲਾਏ ਏਕਾ ਚੋਟਿਆ । ਸ਼ਬਦ ਨਗਾਰੇ ਲਾਈ ਚੋਟ, ਹਰਿ ਸਾਚੇ ਆਪ ਵਜਾਇਆ । ਕੂੜੀ ਕਿਰਿਆ ਕੱਢੇ ਖੋਟ, ਕਲਜੁਗ ਵੇਲਾ ਅੰਤਮ ਆਇਆ । ਸਾਧਾਂ ਸੰਤਾਂ ਭਰੀ ਨਾ ਪੋਟ, ਮਾਇਆ ਮਮਤਾ ਮੋਹ ਵਧਾਇਆ । ਤੀਰਥ ਤੱਟਾਂ ਬੰਨ ਲੰਗੋਟ, ਜਗਤ ਵੇਸਵਾ ਵੇਸ ਹੰਢਾਇਆ । ਲੱਭਦੇ ਫਿਰਦੇ ਕੋਟੀ ਕੋਟ, ਕੋਟਨ ਕੋਟਾਂ ਦਿਸ ਨਾ ਆਇਆ । ਕੋਟੀ ਕੋਟ ਚੜ੍ਹੇ ਪਰਬਤ ਚੋਟ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੁੰਦਰ ਕੋਟੀ ਕੋਟ ਫਿਰਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਜਿਸ ਜਨ ਰੱਖੀ ਓਟ, ਵੇਲੇ ਅੰਤਮ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਵੇਸ ਵਟਾਇਆ ।

## ੧੯ ਚੇਤ ੨੦੧੯ ਬਿਕ੍ਰਮੀ ਸੁਖਦੇਵ ਰਾਜ ਦੇ ਘਰ ਦਇਆ ਹੋਈ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਅਲਖ ਅਗੰਮ ਅਥਾਹ ਸ੍ਰੀ ਭਗਵਾਨ, ਏਕਾ ਏਕਉਂਕਾਰਿਆ । ਦੋ ਜਹਾਨ ਖੇਲ ਮਹਾਨ, ਪਾਰਬ੍ਰਹਮ ਪ੍ਰਭ ਭੇਵ ਨਿਆਰਿਆ । ਥਿਰ ਘਰ ਵਸੇ ਸਚ ਮਕਾਨ, ਸਚ ਸਿੰਘਾਸਣ ਆਪ ਸੁਹਾ ਲਿਆ । ਸ਼ਾਹੋ ਭੂਪ ਪੁਰਖ ਸੁਲਤਾਨ, ਰਾਜ ਰਾਜਾਨ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਿਲਾ ਰਿਹਾ । ਆਦਿ ਜੁਗਾਦੀ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਭੇਵ ਕੋਇ ਨਾ ਪਾਇੰਦਾ । ਥਿਰ ਘਰ ਵੇਖੇ ਸਚ ਟਿਕਾਨਾ, ਘਰ ਸਾਚਾ ਆਪ ਸੁਹਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਪਾਰਬ੍ਰਹਮ ਆਪ ਅਖਵਾਇੰਦਾ । ਰਾਗੀ ਨਾਦ ਅਨਾਦੀ ਧੁਨ ਤਰਾਨਾ, ਆਪ ਆਪਣਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਖਿਲਾਇੰਦਾ । ਇਕ ਅਕੱਲਾ ਅਕਲ ਕਲ ਧਾਰ, ਏਕਾ ਰੂਪ ਸਮਾਇੰਦਾ । ਆਦਿ ਜੁਗਾਦੀ ਗੁਰ ਅਵਤਾਰ, ਵੇਸ ਅਨੇਕਾ ਆਪ ਵਟਾਇੰਦਾ । ਸ਼ਬਦ ਸ਼ਬਦੀ ਸ਼ਬਦ ਜੈਕਾਰ, ਆਪ ਆਪਣਾ ਆਪ ਕਰਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰਾ,

ਏਕਾ ਏਕ ਏਕ ਅਖਵਾਇੰਦਾ । ਜੋਤੀ ਜੋਤ ਜੋਤ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਆਪ ਆਪਣਾ ਕਰ ਪਸਾਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣਾ ਦਏ ਅਧਾਰਾ, ਆਪ ਆਪਣਾ ਬਲ ਧਰਾਇੰਦਾ । ਆਪ ਆਪਣਾ ਕਰੇ ਕਰਾਏ ਵਣਜ ਵਪਾਰਾ, ਆਪ ਆਪਣਾ ਹੱਟ ਖੁਲ੍ਹਾਇੰਦਾ । ਆਪ ਆਪਣਾ ਬਣੇ ਸੇਵਾਦਾਰਾ, ਸੇਵਕ ਸੇਵਾ ਸੇਵ ਕਮਾਇੰਦਾ । ਆਪ ਆਪਣੀ ਬੰਨ੍ਹੇ ਧਾਰਾ, ਆਪ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਇੰਦਾ । ਆਦਿ ਨਿਰੰਜਣ ਹਰਿ ਹਰਿ ਕਰਤਾ, ਕਰਤਾ ਪੁਰਖ ਆਪ ਅਖਵਾਇੰਦਾ । ਆਪਣਾ ਕਾਰਜ ਆਪੇ ਕਰਦਾ, ਨਾ ਕੋਈ ਦੂਸਰ ਵੇਖ ਵਖਾਇੰਦਾ । ਨਿਰਭੌ ਰੂਪ ਕਦੇ ਨਾ ਡਰਦਾ, ਅਨਭਵ ਪਰਕਾਸ਼ ਸਮਾਇੰਦਾ । ਆਪਣੀ ਜੋਤੀ ਆਪੇ ਵਰਦਾ, ਨਾਰੀ ਕੰਤਾ ਨਾਮ ਰਖਾਇੰਦਾ । ਸਚਖੰਡ ਦਵਾਰੇ ਆਪੇ ਵੜਦਾ, ਮਹੱਲ ਅਟੱਲ ਆਪਣਾ ਆਪ ਸੁਹਾਇੰਦਾ । ਆਪਣਾ ਰੂਪ ਆਪੇ ਘੜਦਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਆਪਣੀ ਸੇਜੇ ਆਪੇ ਚੜ੍ਹਦਾ, ਆਪ ਆਪਣਾ ਸੰਗ ਨਿਭਾਇੰਦਾ । ਆਪਣਾ ਲੜ ਆਪੇ ਫੜਦਾ, ਆਪ ਆਪਣੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਕਰ ਪਸਾਰਾ ਨਿਰਾਕਾਰ ਵੇਸ ਵਟਾਇੰਦਾ । ਨਿਰਾਕਾਰ ਪੁਰਖ ਅਕਾਲ, ਜੋਤੀ ਜੋਤ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਆਪਣੀ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਪੁਰਖ ਅਗੰਮੜਾ ਅਗੰਮੜੀ ਚਾਲ, ਲੇਖਾ ਲੇਖ ਨਾ ਕੋਇ ਜਣਾਈਆ । ਆਪੇ ਵਸਿਆ ਸਚ ਸੱਚੀ ਧਰਮਸਾਲ, ਨਾ ਮਰੇ ਨਾ ਜਾਈਆ । ਦੋ ਜਹਾਨਾਂ ਬਣ ਦਲਾਲ, ਆਪ ਆਪਣੀ ਕਰਨੀ ਰਿਹਾ ਕਮਾਈਆ । ਆਪਣੀ ਘਾਲ ਆਪੇ ਘਾਲ, ਘਾਲਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਈਆ । ਨਿਰਗੁਣ ਦਾਤਾ ਬੇਪਰਵਾਹ, ਏਕਾ ਏਕ ਅਖਵਾਇੰਦਾ । ਆਪ ਆਪਣੀ ਦਏ ਸਲਾਹ, ਆਪ ਆਪਣਾ ਮਤਾ ਪਕਾਇੰਦਾ । ਆਪ ਆਪਣਾ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਆਪ ਆਪਣਾ ਉਪਾਏ ਨਾਂ, ਨਾਮ ਨਾਮਾ ਆਪ ਅਖਵਾਇੰਦਾ । ਆਪ ਆਪਣੇ ਵਸਿਆ ਨਗਰ ਗਰਾਂ, ਸਾਚਾ ਖੇੜਾ ਆਪ ਸੁਹਾਇੰਦਾ । ਆਪ ਆਪਣੀ ਪਕੜੇ ਬਾਂਹ, ਆਪ ਆਪਣਾ ਸਿਰ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਗੁਣ ਰੂਪ ਆਪ ਦਰਸਾਇੰਦਾ । ਨਿਰਗੁਣ ਸੂਰਬੀਰ ਬਲਕਾਰਾ, ਹਰਿ ਸਾਚੇ ਵਡ ਵਡਿਆਈਆ । ਇਕ ਅਕੱਲਾ ਏਕਉਂਕਾਰਾ, ਆਦਿ ਪੁਰਖ ਆਪ ਅਖਵਾਈਆ । ਅਬਿਨਾਸ਼ੀ ਕਰਤਾ ਜਾਣੇ ਆਪਣੀ ਧਾਰਾ, ਜੂਨੀ ਰਹਿਤ ਭੇਵ ਨਾ ਰਾਈਆ । ਆਪ ਸੁਹਾਏ ਸਚ ਦਵਾਰਾ, ਸਚ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਈਆ । ਨਿਰਗੁਣ ਨੂਰ ਇਕ ਅਕੱਲਾ, ਹਰਿ ਹਰਿ ਆਪ ਅਖਵਾਇੰਦਾ । ਆਪੇ ਵਸਿਆ ਸਚ ਮਹੱਲਾ, ਦਿਸ ਕਿਸੇ ਨਾ ਆਇੰਦਾ । ਆਪਣੀ ਜੋਤੀ ਆਪੇ ਰੱਲਾ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਦੇਵੇ ਵਰ, ਨਿਰਗੁਣ ਅੱਗੇ ਝੋਲੀ ਡਾਹਿੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਵੰਡ ਵੰਡਾਈਆ । ਨਿਰਗੁਣ ਬੰਕ ਨਿਰਗੁਣ ਦਵਾਰੀ, ਨਿਰਗੁਣ ਅਲੱਖ ਜਗਾਈਆ । ਨਿਰਗੁਣ ਵਣਜ ਨਿਰਗੁਣ ਵਾਪਾਰੀ, ਨਿਰਗੁਣ ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਅਕਲ ਕਲਾ

ਕਲ ਆਪੇ ਧਾਰ, ਹਰਿ ਆਪਣਾ ਖੇਲ ਖਲੰਨਿਆ । ਪਾਰਬ੍ਰਹਮ ਪ੍ਰਭ ਗੁਰ ਅਵਤਾਰ, ਜੁਗ ਜੁਗ ਵੇਸ ਵਟੰਨਿਆ । ਅਲੱਖ ਅਗੋਚਰ ਅਗੰਮ ਅਪਾਰ, ਜਨਣੀ ਜਨ ਕਾ ਕਿਸੇ ਜਨਿਆ । ਮਾਤ ਪਿਤ ਨਾ ਕੋਇ ਆਧਾਰ, ਭੈਣ ਭਾਈ ਨਾ ਕੋਇ ਵਖੰਨਿਆ । ਧਰਤ ਧਵਲ ਨਾ ਕੋਇ ਉਸਾਰ, ਰਵ ਸਸ ਨਾ ਸੂਰਜ ਚੰਨਿਆ । ਮੰਡਲ ਮੰਡਪ ਨਾ ਕੋਇ ਆਕਾਰ, ਨਾ ਦੀਸੇ ਜਲ ਬੰਬਿਆ । ਜੰਗਲ ਜੂਹ ਨਾ ਕੋਇ ਪਹਾੜ, ਡੂੰਘੀ ਗਾਰ ਨਾ ਡੇਰਾ ਮੱਲਿਆ । ਪੰਜ ਤੱਤ ਨਾ ਕੋਇ ਆਕਾਰ, ਤ੍ਰੈਗੁਣ ਮਾਇਆ ਨਾ ਬੱਧਾ ਪਲਿਆ । ਬ੍ਰਹਮਾ ਵੇਤਾ ਨਾ ਕੋਈ ਨੈਣ ਰਿਹਾ ਉਘਾੜ, ਖੇਲੇ ਖੇਲ ਸ੍ਰੀ ਭਗਵੰਨਿਆ । ਸ਼ਿਵ ਸ਼ੰਕਰ ਨਾ ਦਿਸੇ ਲਾੜ, ਬਾਸ਼ਕ ਤਸ਼ਕਾ ਨਾ ਗਲ ਸੁਹੰਨਿਆ । ਕਰੋੜ ਤੇਤੀਸ ਨਾ ਕਰੇ ਪੁਕਾਰ, ਸੁਰਪਤ ਇੰਦ ਨਾ ਕੋਇ ਮੰਨਿਆ । ਆਦਿ ਜੁਗਾਦੀ ਖੇਲ ਅਪਾਰ, ਭੇਵ ਅਭੇਦਾ ਆਪ ਵਖੰਨਿਆ । ਸ਼ਬਦ ਬ੍ਰਹਿਮਾਦੀ ਕਰ ਤਿਆਰ, ਲੋਆਂ ਪੁਰੀਆਂ ਬੇੜਾ ਬੰਨ੍ਹਿਆ । ਸਚਖੰਡ ਬੈਠ ਸੱਚੇ ਦਰਬਾਰ, ਆਪਣਾ ਭਾਣਾ ਆਪੇ ਮੰਨਿਆ । ਆਪੇ ਮੰਦਰ ਕਰ ਪਿਆਰ, ਆਪੇ ਵਸੇ ਛੱਪਰ ਛੰਨਿਆ । ਆਪੇ ਨਿਰਗੁਣ ਨਿਰਗੁਣ ਵਿਚੋਂ ਹੋਇਆ ਬਾਹਰ, ਆਪਣਾ ਆਪ ਆਪੇ ਜਣਿਆ । ਆਪੇ ਨਾਰੀ ਕੰਤ ਭਤਾਰ, ਸੁੱਤ ਦੁਲਾਰਾ ਆਪੇ ਵੇਖ ਵਖੰਨਿਆ । ਆਪੇ ਕਰੇ ਸਚ ਸ਼ੰਗਾਰ, ਆਪਣਾ ਬੇੜਾ ਆਪੇ ਬੰਨ੍ਹਿਆ । ਆਪ ਆਪਣਾ ਖੋਲ੍ਹ ਭੰਡਾਰ, ਆਪ ਆਪਣਾ ਦਰ ਸੁਹੰਨਿਆ । ਕਰਿਆ ਵੇਸ ਆਪ ਨਿਰੰਕਾਰ, ਨਿਰਗੁਣ ਜੋਤੀ ਚੜ੍ਹੇ ਚੰਨਿਆ । ਸਤਿ ਸਰੂਪ ਸਿਰਜਣਹਾਰ, ਖੇਲੇ ਖੇਲ ਦੋ ਜਹੰਨਿਆ । ਤ੍ਰੈ ਤ੍ਰੈ ਲੋਕਾਂ ਇਕ ਆਧਾਰ, ਚੌਦਾਂ ਚੌਦਾਂ ਵੇਖ ਵਖੰਨਿਆ । ਅਵਣ ਗਵਣ ਖੇਲ ਅਪਾਰ, ਪਵਨ ਪਵਨੀ ਆਪ ਵਹੰਨਿਆ । ਰਵ ਸਸ ਕਰ ਉਜਿਆਰ, ਤਾਰਾ ਮੰਡਲ ਰੰਗ ਰਗੰਨਿਆ । ਸ਼ਬਦ ਡੋਰੀ ਹੱਥ ਨਿਰੰਕਾਰ, ਲੋਕ ਪਰਲੋਕ ਆਪੇ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਸ੍ਰੀ ਭਗਵੰਨਿਆ । ਭਗਤਨ ਮੀਤਾ ਇਕ ਅਤੀਤਾ, ਏਕਾ ਏਕ ਅਖਵਾਇੰਦਾ । ਏਕਾ ਵਸੇ ਧਾਮ ਅਨਡੀਠਾ, ਵੇਦ ਕਤੇਬ ਭੇਵ ਨਾ ਪਾਇੰਦਾ । ਆਦਿ ਜੁਗਾਦੀ ਠੰਡਾ ਸੀਤਾ, ਸਤਿ ਪੁਰਖ ਆਪ ਅਖਵਾਇੰਦਾ । ਆਪੇ ਪਤਤ ਆਪ ਪੁਨੀਤਾ, ਆਪ ਆਪਣਾ ਬਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਹਰਿ ਅਛਲ ਅਛੱਲ ਖੇਲ ਖਲਾਇੰਦਾ । ਅਛਲ ਅਛੱਲ ਹਰਿ ਗਿਰਧਾਰਾ, ਆਦਿ ਜੁਗਾਦਿ ਸੁਹਾਇੰਦਾ । ਸਚਖੰਡ ਸਾਚਾ ਖੋਲ੍ਹ ਦਵਾਰਾ, ਘਰ ਸੁਹੰਜਣਾ ਇਕ ਸੁਹਾਇੰਦਾ । ਨਿਰਗੁਣ ਬਾਤੀ ਦੀਪਕ ਕਰ ਉਜਿਆਰਾ, ਅੱਠੇ ਪਹਿਰ ਡਗਮਗਾਇੰਦਾ । ਏਕਾ ਵਸੇ ਧਾਮ ਨਿਆਰਾ, ਧਾਮ ਅਵੱਲੜਾ ਇਕ ਰਖਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਨਿਰੰਕਾਰਾ ਨਾਅਰਾ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਖਲਾਇੰਦਾ । ਆਦਿ ਜੁਗਾਦਿ ਕਰ ਕਰ ਵੇਸ, ਆਪਣੀ ਬਣਤ ਬਣਾਇੰਦਾ । ਸ਼ਾਹ ਭੂਪ ਹਰਿ ਨਰ ਨਰੇਸ਼, ਨਿਰਗੁਣ ਧਾਰਾ ਆਪ ਚਲਾਇੰਦਾ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਆਪ ਹੰਢਾਇੰਦਾ । ਆਪੇ ਅਲਖ ਨਿਰੰਜਣ ਆਪਣੇ ਦਰ ਕਰੇ ਆਦੇਸ਼, ਆਪਣੀ ਭਿਛਿਆ ਆਪੇ ਪਾਇੰਦਾ । ਆਪੇ ਆਪਣੀ ਕਰਨੀ ਰਿਹਾ ਵੇਖ, ਕਰਤਾ ਪੁਰਖ ਨਾਉਂ ਉਪਾਇੰਦਾ । ਆਪੇ ਲਿਖਣਹਾਰਾ ਲੇਖ, ਆਪਣਾ ਲੇਖਾ ਆਪ ਜਣਾਇੰਦਾ । ਆਪਣੀ ਲਾਏ ਆਪੇ ਮੇਖ, ਆਪ ਆਪਣਾ ਰੂਪ ਵਟਾਇੰਦਾ । ਆਪੇ ਵਿਸ਼ਨੂੰ ਹੋ ਪਰਵੇਸ਼, ਚਤੁਰਭੁਜ ਖੇਲ ਖਿਲਾਇੰਦਾ । ਆਦਿ ਸ਼ਕਤ ਨੇਤਰ ਰਹੀ ਪੇਖ, ਨਰ ਨਰਾਇਣ ਨੈਣ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪੇ ਵਸੇ ਸਾਚੇ ਘਰ, ਘਰ ਸਾਚਾ ਆਪ ਸੁਹਾਇੰਦਾ । ਸਾਚਾ ਘਰ ਹਰਿ ਟਿਕਾਣਾ, ਹਰਿ ਸਾਚੀ ਬਣਤ ਬਣਾਈਆ । ਇਕ ਸੁਲਤਾਨ ਏਕਾ ਰਾਣਾ, ਏਕਾ ਤਖ਼ਤ ਰਿਹਾ ਸੁਹਾਈਆ । ਏਕਾ ਗੀਤ ਏਕਾ ਗਾਣਾ, ਏਕਾ ਰਾਗ ਅਲਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਬੈਠਾ ਬੇਪਰਵਾਹੀਆ । ਏਕਾ ਇਸ਼ਟ ਇਕ ਧਿਆਨਾ, ਏਕਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਜਾਣੇ ਆਪਣਾ ਧੁਰ ਫ਼ਰਮਾਨਾ, ਆਪ ਆਪਣਾ ਹੁਕਮ ਚਲਾਈਆ । ਦੇਵੇ ਵਰ ਸ੍ਰੀ ਭਗਵਾਨਾ, ਸਾਚੀ ਸਿਖਿਆ ਇਕ ਸਮਝਾਈਆ । ਵਿਸ਼ਨੂੰ ਵੰਸੀ ਹੋ ਪਰਧਾਨਾ, ਅੰਮ੍ਰਿਤ ਧਾਰਾ ਆਪ ਵਖਾਈਆ । ਉਪਜਿਆ ਕਵਲ ਨੌਜਵਾਨਾ, ਨਿਝਰ ਧਾਰਾ ਇਕ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ ਪਿਤਾ ਮਾਤਾ ਆਪ ਅਖਵਾਈਆ । ਮਾਤ ਪਿਤ ਹਰਿ ਨਿਰੰਕਾਰ, ਆਪਣੀ ਕਲ ਵਰਤਾਇੰਦਾ । ਸ਼ਬਦੀ ਸ਼ਬਦ ਸੁੱਤ ਦੁਲਾਰ, ਸਾਚੀ ਗੋਦ ਉਠਾਇੰਦਾ । ਨਿਰਾਕਾਰ ਕਰ ਆਕਾਰ, ਸਾਕਾਰ ਰੂਪ ਵਟਾਇੰਦਾ । ਆਪਣੇ ਨੇਤਰ ਨੈਣ ਆਪ ਉਘਾੜ, ਆਪਣੇ ਲੋਚਣ ਖੋਲ੍ਹ ਖੁਲ੍ਹਾਇੰਦਾ । ਆਪਣੇ ਅੰਦਰ ਆਪਣਾ ਆਪ ਆਪੇ ਦੇਵੇ ਵਾੜ, ਆਪੇ ਬੰਦ ਰਖਾਇੰਦਾ । ਨਾ ਕੋਈ ਲੇਖਾ ਲਿਖੇ ਲਿਖਾਰ, ਲੇਖਾ ਲਿਖਤ ਨਾ ਕੋਇ ਜਣਾਇੰਦਾ । ਇਕ ਅਕੱਲਾ ਕਰ ਪਸਾਰ, ਆਪ ਆਪਣੀ ਕਲ ਵਰਤਾਇੰਦਾ । ਨਾਭੀ ਫੁੱਟੀ ਹੋਇਆ ਉਜਿਆਰ, ਆਕਾਸ਼ ਪਰਕਾਸ਼ ਸਮਾਇੰਦਾ । ਸਾਚਾ ਸੁੱਤ ਕਰ ਤਿਆਰ, ਪਾਰਬ੍ਰਹਮ ਖ਼ੁਸ਼ੀ ਮਨਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਦੁਲਾਰ, ਦਰ ਸਾਚੇ ਆਪ ਸੁਹਾਇੰਦਾ । ਦਰਸ਼ਨ ਦੇਵੇ ਅਗੰਮ ਅਪਾਰ, ਆਪਣੀ ਭਿਛਿਆ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਵਰ, ਨਿਰਗੁਣ ਨਿਰਗੁਣ ਅੱਗੇ ਦਏ ਧਰ, ਪਾਰਬ੍ਰਹਮ ਬ੍ਰਹਮ ਅਖਵਾਇੰਦਾ । ਪਾਰਬ੍ਰਹਮ ਬ੍ਰਹਮ ਆਪੇ ਜਣਿਆ, ਆਪਣੇ ਹੱਥ ਰੱਖੀ ਵਡਿਆਈਆ । ਮਾਤ ਪਿਤ ਹਰਿ ਸਾਚਾ ਬਣਿਆ, ਕਿਸੇ ਘਰ ਨਾ ਧੀ ਜਵਾਈਆ । ਆਪਣਾ ਤਾਣਾ ਆਪੇ ਤਣਿਆ, ਤਾਣਾ ਪੇਟਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਨਰ ਨਰੇਸ਼ ਆਪ ਆਪਣਾ ਰੂਪ ਵਟਾਈਆ । ਪਾਰਬ੍ਰਹਮ ਬ੍ਰਹਮ ਸੁੱਤ ਦੁਲਾਰਾ, ਸਾਚਾ ਨਾਮ ਧਰਾਇਆ । ਦਰ ਘਰ ਸਾਚੇ ਕੀਆ ਪਿਆਰਾ, ਹਰਿ ਸਾਚੇ ਮੇਲ ਮਿਲਾਇਆ । ਨੇਤਰ ਨੈਣ ਇਕ ਉਘਾੜਾ, ਏਕਾ ਰੂਪ ਦਰਸਾਇਆ । ਚਾਰੇ ਕੂਟਾਂ ਸਚ ਅਖਾੜਾ, ਹਰਿ ਹਰਿ ਨਜ਼ਰੀ ਆਇਆ । ਧੁਰ ਦਰਗਾਹੀ ਸਾਚਾ ਲਾੜਾ, ਨਿਰਗੁਣ ਬੈਠਾ ਬੇਪਰਵਾਹੀਆ । ਬ੍ਰਹਮਾ ਵੇਤਾ ਕੱਢੇ ਹਾੜਾ, ਰੋ ਰੋ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਸਿਫ਼ਤ ਸਲਾਹਿਆ । ਸਿਫ਼ਤ ਸਲਾਹ ਬੇਐਬ ਪਰਵਰਦਿਗਾਰ, ਹਰਿ ਸਾਚਾ ਸਚ ਵਡਿਆਈਆ । ਆਪੇ ਪਾਵਣਹਾਰਾ ਸਾਰ, ਆਪੇ ਮੇਲ ਮਿਲਾਈਆ । ਆਪੇ ਦੇਵਤ ਦੇਣ ਆਧਾਰ, ਦਾਤਾ ਦਾਨੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਈਆ । ਵੰਡੀ ਵੰਡ ਹਰਿ ਭਗਵਾਨ, ਆਪਣੀ ਦਇਆ ਕਮਾਇੰਦਾ । ਦੇਵਣਹਾਰਾ ਸਾਚਾ ਦਾਨ, ਦਾਨੀ ਦਾਤਾ ਝੋਲੀ ਪਾਇੰਦਾ । ਸ਼ਬਦ ਅਗੰਮੀ ਇਕ ਫ਼ਰਮਾਣ, ਆਪਣਾ ਆਪ ਸੁਣਾਇੰਦਾ । ਬ੍ਰਹਮੇ ਤੇਰਾ ਬ੍ਰਹਮ ਮਕਾਨ, ਹਰਿ ਸਾਚਾ ਵੇਖ ਵਖਾਇੰਦਾ । ਨਾਦੀ ਧੁਨ ਸੱਚੀ ਧੁਨਕਾਨ, ਸਾਚਾ ਸ਼ਬਦ ਸੁਣਾਇੰਦਾ । ਏਕਾ ਬਖ਼ਸ਼ੇ ਇਕ ਗਿਆਨ, ਏਕਾ ਬੂਝ ਬੁਝਾਇੰਦਾ । ਏਕਾ ਦਰ ਕਰ ਪਰਵਾਨ, ਏਕਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੩੧੪ ੦੮

ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਵੇਸ ਵਟਾਇੰਦਾ । ਵੇਸ ਵਟਾਇਆ ਹਰਿ ਰਘੁਰਾਇਆ, ਆਪਣੀ ਬਣਤ ਬਣਾਈਆ । ਆਪਣਾ ਭਾਣਾ ਆਪ ਜਣਾਇਆ, ਆਪਣੇ ਭਾਣੇ ਆਪ ਸਮਾਈਆ । ਆਪਣਾ ਤਾਣਾ ਆਪ ਤਣਾਇਆ, ਆਪੇ ਵੇਖ ਵਖਾਈਆ । ਜਾਣੀ ਜਾਣਾ ਭੇਵ ਨਾ ਆਇਆ, ਵਡ ਦਾਤਾ ਬੇਪਰਵਾਹੀਆ । ਸਾਚੀ ਸਿਖਿਆ ਇਕ ਸਮਝਾਇਆ, ਦੇ ਮਤ ਮੁਖ ਛੁਪਾਈਆ । ਆਪਣਾ ਲੇਖਾ ਤੇਰੇ ਹੱਥ ਫੜਾਇਆ, ਸੇਵਕ ਸੇਵਾ ਸਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵੇਖੇ ਸਹਿਜ ਸੁਭਾਈਆ । ਬ੍ਰਹਮੇ ਵੇਤਾ ਦਰ ਘਰ ਪਾਇਆ, ਘਰ ਸਾਚੇ ਵੱਜੀ ਵਧਾਈਆ । ਨਿਉਂ ਨਿਉਂ ਨੇਤਰ ਸੀਸ ਝੁਕਾਇਆ, ਮੰਗੇ ਹਰਿ ਸਰਨਾਈਆ । ਆਪਣੀ ਝੋਲੀ ਅੱਗੇ ਡਾਹਿਆ, ਦਰ ਭਿਛਿਆ ਇਕ ਵਖਾਈਆ । ਸਚ ਭੰਡਾਰਾ ਆਪ ਵਰਤਾਇਆ, ਆਪਣੀ ਦਇਆ ਕਮਾਈਆ । ਤੇਰਾ ਤੇਰਾ ਰੂਪ ਵਟਾਇਆ, ਤੇਰਾ ਤੇਰਾ ਦਏ ਉਪਾਈਆ । ਤੇਰਾ ਲੇਖਾ ਲਿਖਤ ਗਣਾਇਆ, ਅਲਖ ਨਿਰੰਜਣ ਖੇਲ ਖਿਲਾਈਆ । ਅਗੰਮ ਅਗੰਮੜਾ ਭੇਵ ਨਾ ਆਇਆ, ਹੱਡ ਮਾਸ ਨਾੜੀ ਚਮੜਾ ਨਾ ਕੋਇ ਜਣਾਈਆ । ਮਾਤ ਪਿਤ ਅੰਮੀ ਅੰਮੜਾ ਨਾ ਕੋਇ ਬਣਾਇਆ, ਸਾਕ ਸੈਣ ਨਾ ਕੋਇ ਰਖਾਈਆ । ਇਕ ਅਕੱਲੜਾ ਆਪ ਅਖਵਾਇਆ, ਥਿਰ ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪ ਆਪਣੀ ਬੂਝ ਬੁਝਾਈਆ । ਆਪਣਾ ਭੇਵ ਆਪ ਖੁਲ੍ਹਾ, ਆਪੇ ਬੂਝ ਬੁਝਾਇੰਦਾ । ਆਪਣੀ ਰੰਗਣ ਆਪ ਚੜ੍ਹਾ, ਰੰਗ ਰੰਗੀਲਾ ਮਾਧਵ ਆਪ ਹੋ ਜਾਇੰਦਾ । ਆਪਣਾ ਮਰਦੰਗਾ ਆਪ ਵਜਾ, ਢੋਲ ਅਨਾਦੀ ਇਕ ਸੁਣਾਇੰਦਾ । ਆਪਣਾ ਸੰਗ ਆਪ ਨਿਭਾ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ



ਸਾਚਾ ਵਰ, ਨਿਰਗੁਣ ਜੋਤੀ ਬਾਤੀ ਧਰ, ਏਕਾ ਘਰ ਸੁਹਾਇੰਦਾ । ਨਿਰਗੁਣ ਦੀਪ ਹੋਇਆ ਉਜਿਆਰਾ, ਬ੍ਰਹਮ ਬ੍ਰਹਮ ਕੁੜਮਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰਾ, ਖੇਲਣਹਾਰਾ ਦਿਸ ਨਾ ਆਈਆ । ਆਦਿ ਜੁਗਾਦੀ ਖੇਲੇ ਖੇਲ ਪਰਵਰਦਿਗਾਰਾ, ਮੂਰਤ ਅਕਾਲ ਏਕਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁੰਆਂਧਾਰ ਆਪ ਸਹਾਈਆ । ਧੁੰਆਂਧਾਰ ਆਪੇ ਰੱਖ, ਬ੍ਰਹਮ ਬ੍ਰਹਮ ਸਮਾਇੰਦਾ । ਆਪਣੀ ਕਲ ਕਰ ਪਰਤੱਖ, ਕਲ ਧਾਰੀ ਵੇਸ ਵਟਾਇੰਦਾ । ਆਪੇ ਕਰੇ ਆਪਣਾ ਪੱਖ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰੇ ਆਪ ਆਪਾ ਵਿਚੋਂ ਵੱਖ, ਆਪ ਆਪਣੀ ਚਲਤ ਚਲਾਇੰਦਾ । ਆਪਣਾ ਵੱਖ ਆਪੇ ਕਰ, ਆਪਣੀ ਕਲ ਵਰਤਾਈਆ । ਆਪਣਾ ਅੱਖਰ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਆਪਣੇ ਅੰਦਰ ਆਪੇ ਵੜ, ਆਪੇ ਬੂਝ ਬੁਝਾਈਆ । ਨਾ ਕੋਈ ਸੀਸ ਨਾ ਕੋਈ ਧੜ, ਤੱਤਵ ਤੱਤ ਨਾ ਕੋਇ ਵਖਾਈਆ । ਨਾ ਕੋਈ ਦੀਸੇ ਕਿਲਾ ਗੜ੍ਹ, ਹਰਿ ਹਰਿ ਜੂ ਬੈਠਾ ਡੇਰਾ ਲਾਈਆ । ਬ੍ਰਹਮਾ ਤੇਰੀ ਲਾਈ ਜੜ੍ਹ, ਵਿਸ਼ਨੂੰ ਵੰਸੀ ਵਿਚ ਟਿਕਾਈਆ । ਅੰਤਮ ਵੇਲੇ ਲਏ ਫੜ, ਮਨਵੰਤਰ ਮੁਖ ਭੁਵਾਈਆ । ਅਬਿਨਾਸ਼ੀ ਅਬਿਨਾਸ਼ ਆਪੇ ਰਿਹਾ ਲੜ, ਆਪਣਾ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਦਿਤਾ ਸਾਚਾ ਵਰ, ਬ੍ਰਹਮ ਬ੍ਰਹਮ ਖ਼ੁਸ਼ੀ ਮਨਾਈਆ । ਬ੍ਰਹਮਾ ਉਪਜਿਆ ਸਾਚਾ ਸੁੱਤ, ਸਾਚੀ ਸੇਵ ਕਮੰਨਿਆ । ਮੇਲ ਮਿਲਾਵਾ ਪੁਰਖ ਅਬਿਨਾਸ਼ੀ ਅਚੁੱਤ, ਵੇਲੇ ਅੰਤਮ ਦੇਵੇ ਡੰਨਿਆ । ਆਪ ਸੁਹਾਏ ਆਪਣੀ ਰੁੱਤ, ਆਪੇ ਜਾਣੇ ਆਪਣੇ ਭਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਏਕਾ ਵਰ, ਏਕਾ ਧੁਰ

ਫ਼ਰਮਾਨਿਆ । ਧੁਰ ਫ਼ਰਮਾਨਾ ਹਰਿ, ਹਰਿ ਝੋਲੀ ਪਾਇੰਦਾ । ਬ੍ਰਹਮਾ ਵੇਤਾ ਬ੍ਰਹਮ ਗਿਆਨਾ, ਬ੍ਰਹਮ ਬ੍ਰਹਮ ਅਖਵਾਇੰਦਾ । ਚਾਰੇ ਵੇਦਾਂ ਇਕ ਗਿਆਨਾ, ਏਕਾ ਬੂਝ ਬੁਝਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨਾ, ਸਾਚਾ ਸੰਗ ਨਿਭਾਇੰਦਾ । ਪੰਚਮ ਪੰਚਮ ਖੇਲ ਖਿਲਾਨਾ, ਆਪ ਆਪਣੀ ਕਿਰਪਾ ਆਪ ਅਖਵਾਇੰਦਾ । ਆਪ ਆਪਣਾ ਬੱਧਾ ਗਾਨਾ, ਨਿਰਗੁਣ ਸਗਨ ਮਨਾਇੰਦਾ । ਮਨ ਮਤ ਬੁਧ ਸੰਗ ਰਲਾਨਾ, ਸਗਲਾ ਸੰਗ ਆਪ ਰਖਾਇੰਦਾ । ਸਾਚਾ ਮੰਦਰ ਵੇਖ ਮਕਾਨਾ, ਸਾਚੀ ਵਸਤੂ ਵਿਚ ਟਿਕਾਇੰਦਾ । ਨੌ ਦਰ ਵੇਖੇ ਖੋਲ੍ਹ ਮਕਾਨਾ, ਨੌ ਨੌ ਰੂਪ ਸਲਾਹਿੰਦਾ । ਮਹੱਲ ਅਟੱਲ ਸਚ ਟਿਕਾਨਾ, ਘਰ ਘਰ ਵਿਚ ਆਪ ਸੁਹਾਇੰਦਾ । ਅੰਸਾ ਬੰਸਾ ਕਰ ਪਰਵਾਨਾ, ਜੀਓ ਆਤਮ ਪਰਮਾਤਮ ਵੇਖ ਵਖਾਇੰਦਾ । ਧੁਨ ਅਨਾਦੀ ਸਚ ਤਰਾਨਾ, ਘਰ ਸਾਚੇ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਹਰਿ ਸਾਚੀ ਸੇਵਾ ਆਪ ਲਗਾਈ, ਸਾਚਾ ਕਰਮ ਕਮਾਇੰਦਾ । ਜੁਗਾਂ ਜੁਗੰਤਰ ਵੰਡ ਵੰਡਾਈ, ਜੁਗ ਜੁਗ ਵੇਖ ਵਖਾਇੰਦਾ । ਆਦਿ ਅੰਤ ਨਾ ਕਿਸੇ ਜਣਾਈ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਲੱਖ ਚੁਰਾਸੀ ਜੂਨ ਉਪਾਈ, ਘਟ ਘਟ ਡੇਰਾ ਲਾਇੰਦਾ । ਆਪ ਆਪਣੀ ਜੋਤ ਜਗਾਈ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਸਾਚੇ ਸੰਤ ਲਏ ਉਠਾਈ, ਸਾਚੀ ਸਿਖਿਆ ਆਪ ਸਮਝਾਇੰਦਾ । ਭਗਤ ਭਗਵੰਤਾ ਏਕਾ ਥਾਈਂ, ਏਕਾ ਰੂਪ ਦਰਸਾਇੰਦਾ । ਕਰੇ ਕਰਾਏ ਸਚ ਨਿਆਈ, ਝੂਠਾ ਵਣਜ ਨਾ ਕੋਇ ਰਖਾਇੰਦਾ । ਹਰਿਜਨ ਪਕੜ ਉਠਾਏ ਫੜ ਫੜ ਬਾਂਹੀ, ਆਪ ਆਪਣਾ ਰਾਹ ਚਲਾਇੰਦਾ । ਸੰਤਨ ਮੀਤਾ ਪਿਤਾ ਮਾਈ, ਸੁਤ ਦੁਲਾਰੇ ਗੋਦ ਉਠਾਇੰਦਾ । ਦੇਵਣਹਾਰਾ ਠੰਡੀਆਂ ਛਾਈਂ, ਸਿਰ ਹੱਥ ਸਮਰਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਲੋਕਮਾਤ ਵੇਖ ਵਖਾਇੰਦਾ । ਲੋਕਮਾਤ ਬਹਿ ਬਹਿ ਡੇਰਾ, ਹਰਿ ਸਾਚੀ ਰਚਨ ਰਚਾਈਆ । ਨਿਰਗੁਣ ਸਰਗੁਣ ਕਰ ਵਸੇਰਾ, ਪੰਜ ਤੱਤ ਕਰੇ ਕੁੜਮਾਈਆ । ਪੰਚ ਵਿਕਾਰਾ ਢਾਏ ਵਸੇਰਾ, ਪਹਿਲਾ ਪੌੜਾ ਆਪ ਚੜ੍ਹਾਈਆ । ਦੂਜਾ ਦੇਵੇ ਇਕ ਉਖੇੜਾ, ਹਉਮੇ ਹੰਗਤਾ ਰਹਿਣ ਨਾ ਪਾਈਆ । ਤੀਜੇ ਨੇਤਰ ਦੀਸੇ ਏਕਾ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਜਣਾਈਆ । ਚੌਥੇ ਘਰ ਚੌਥੇ ਪਦ ਕਰੇ ਹੱਕ ਨਬੇੜਾ, ਹੱਕ ਹਕੀਕਤ ਵੇਖ ਵਖਾਈਆ । ਪੰਚਮ ਪੰਚਮ ਮੀਤਾ ਹਰਿਜਨ ਬੰਨੇ ਬੇੜਾ, ਜੁਗ ਜੁਗ ਵੇਸ ਵਟਾਈਆ । ਭਾਗ ਲਗਾਏ ਕਾਇਆ ਖੇੜਾ, ਅੰਦਰ ਮੰਦਰ ਕਰ ਰੁਸ਼ਨਾਈਆ । ਖੁਲ੍ਹਾ ਵਖਾਏ ਇਕ ਵਿਹੜਾ, ਏਕਾ ਦਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਲਹਿਣਾ ਦੇਣਾ ਤੇਰਾ ਆਪ ਚੁਕਾਈਆ । ਲਹਿਣਾ ਦੇਣਾ ਹਰਿ ਚੁਕੌਣਾ, ਹਰਿ ਸਾਚੇ ਲੇਖ ਲਿਖਾਇਆ । ਬ੍ਰਹਮਾ ਵੇਤਾ ਸੇਵ ਕਮੌਣਾ, ਆਪ ਆਪਣਾ ਬੰਸ ਲਏ ਸੁਹਾਇਆ । ਵਿਸ਼ਨੂੰ ਵੰਸੀ ਫੇਰਾ ਪੌਣਾ, ਦੇਵੇ ਰਿਜ਼ਕ ਸਬਾਇਆ । ਸ਼ਿਵ ਸ਼ੰਕਰ ਅੰਕਰ ਇਕ ਵਖੌਣਾ, ਕਿੰਗਰੇ ਕਿੰਗਰੇ ਮਰਦੰਗ ਵਜਾਇਆ । ਜੋ ਘੜਿਆ ਸੋ ਭੰਨ ਵਖੌਣਾ, ਥਿਰ ਕੋਇ ਰਹਿਣ ਨਾ ਪਾਇਆ । ਲੋਆਂ ਪੁਰੀਆਂ ਗਗਨ ਪਾਤਾਲਾਂ ਹਰਿ ਖੇਲ ਰਚਾਇਆ, ਰਵ ਸਸ ਸੇਵਾ ਲਾਇਆ । ਕਰੋੜ ਤੇਤੀਸਾ ਚਲੇ ਆਪਣੀ ਚਾਲ, ਸੁਰਪਤ ਰੋਵੇ ਦਏ ਦੁਹਾਇਆ । ਪ੍ਰਭ ਅਬਿਨਾਸ਼ੀ ਖੇਲ ਨਿਆਰ ਕਾਲ ਮਹਾਂਕਾਲ, ਆਪਣੇ ਦਰ ਦਵਾਰੇ ਲਏ ਬਹਾਇਆ । ਰਾਏ ਧਰਮ ਵੇਖੇ ਤੇਰੀ ਧਰਮਸਾਲ, ਅਧਵਿਚਕਾਰੇ ਡੇਰਾ ਲਾਇਆ । ਚਿਤਰ ਗੁਪਤ ਦਏ ਜਵਾਲ, ਲੇਖਾ ਕੋਇ ਨਾ ਸਕੇ ਮਿਟਾਇਆ । ਲਾੜੀ ਮੌਤ ਕਰੇ ਕੰਗਾਲ, ਸ਼ਾਹ ਸੁਲਤਾਨ ਰਹਿਣ ਨਾ ਪਾਇਆ । ਹਰਿ ਕਾ

੩੧੭
੦੮

ਸ਼ਬਦ ਇਕ ਦਲਾਲ, ਹਰਿਜਨ ਸਾਚੇ ਲਏ ਤਰਾਇਆ । ਸੋ ਪੁਰਖ ਨਿਰੰਜਣ ਮਿਹਰਵਾਨ, ਹੰ ਬ੍ਰਹਮ ਵੇਖ ਵਖਾਇਆ । ਆਪ ਆਪਣੇ ਆਪੇ ਲਏ ਭਾਲ, ਸਤਿਜੁਗ ਸਾਚਾ ਮਾਰਗ ਲਾਇਆ । ਧੁਰਦਰਗਾਹੀ ਤੋੜ ਜੰਜਾਲ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਹਰਿ ਸਾਚਾ ਆਪ ਸੁਹਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲਾ, ਜੋਤ ਨਿਰੰਜਣ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਦਰ ਘਰ ਸਾਚਾ ਇਕ ਸੁਹਾਇੰਦਾ । ਆਪੇ ਵਸਿਆ ਰੰਗ ਨਵੇਲਾ, ਆਪੇ ਘਟ ਘਟ ਵੇਖ ਵਖਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਗੁਰ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਸਰਗੁਣ ਧਰ, ਧਰ ਧਰਨੀ ਆਪ ਸੁਹਾਇੰਦਾ । ਧਰਨੀ ਧਵਲ ਦਏ ਸੁਹਾ, ਹਰਿ ਸਾਚੇ ਵਡ ਵਡਿਆਈਆ । ਨਿਰਗੁਣ ਸਰਗੁਣ ਜਾਏ ਸਮਾ, ਸਚ ਸਮਗਰੀ ਇਕ ਵਖਾਈਆ । ਸ਼ਬਦ ਅਨਾਦੀ ਧੁਨ ਚਲਾ, ਸੁਨ ਮੁਨ ਖੁਲ੍ਹਾਈਆ । ਆਪਣਾ ਗੁਣ ਆਪੇ ਵਖਾ, ਆਪੇ ਬੂਝੇ ਦਏ ਬੁਝਾਈਆ । ਸੰਤ ਸੁਹੇਲੇ ਲਏ ਜਗਾ, ਜਾਗਰਤ ਦਿਸ਼ਾ ਇਕ ਵਖਾਈਆ । ਧਾਮ ਨਵੇਲੇ ਲਏ ਮਲਾ, ਜਗਤ ਨੇਤਰ ਦਿਸ ਨਾ ਆਈਆ । ਸਤਿਜੁਗ ਸਾਚੀ ਬਣਤ ਬਣਾ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਸ਼ਬਦ ਏਕਾ ਰੂਪ ਵਖਾ, ਏਕਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਓਅੰ ਸੋਹੰ ਭੇਵ ਨਾ ਰਾਈਆ । ਓਅੰ ਕਰਤਾ ਹਰਿ ਨਿਰੰਕਾਰਾ, ਨਿਰਵੈਰ ਰੂਪ ਸਮਾਇਆ । ਸੋਹੰ ਸ਼ਬਦ ਭਰ ਭੰਡਾਰਾ, ਲੋਆਂ ਪੁਰੀਆਂ ਆਪ ਵਰਤਾਇਆ । ਦੋਏ ਦੋਏ ਮੇਲ ਖੇਲ ਅਪਾਰਾ, ਨਿਰਗੁਣ ਸਰਗੁਣ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਵੇਖ ਵਖਾਇਆ । ਸਤਿਜੁਗ ਪੇਖ ਨੇਤਰ ਨੈਣ, ਅਠ ਅਠਾਰਾਂ ਖੇਲ ਖਿਲਾਈਆ । ਆਪ ਚੁਕਾਏ ਲਹਿਣਾ ਦੇਣ, ਦੇਵਣਹਾਰ ਆਪ ਅਖਵਾਈਆ । ਆਪ ਵਹਾਏ ਆਪਣਾ ਵਹਿਣ, ਨਾ ਕੋਇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਜੁਗ ਕਰਤਾ ਹਰਿ ਕਰਨੇਹਾਰਾ, ਆਦਿ ਪੁਰਖ ਅਬਿਨਾਸ਼ਿਆ । ਮਰੇ ਨਾ ਜੰਮੇ ਵਿਚ ਸੰਸਾਰਾ, ਖੇਲੇ ਖੇਲ ਜਗਤ ਤਮਾਸਿਆ । ਤ੍ਰੇਤਾ ਤ੍ਰੀਆ ਵੇਸ ਅਪਾਰਾ, ਰਾਮ ਰਾਮਾ ਰੂਪ ਸ਼ਾਹੋ ਸ਼ਾਬਾਸਿਆ । ਤੋੜੇ ਲੰਕਾ ਗੜ੍ਹ ਅਹੰਕਾਰਾ, ਜਨ ਭਗਤਾਂ ਅੰਦਰ ਰੱਖੇ ਵਾਸਿਆ । ਗਰੀਬ ਨਿਮਾਣਿਆਂ ਪਾਵੇ ਸਾਰਾ, ਚਰਨ ਕਵਲ ਦਏ ਭਰਵਾਸਿਆ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਝਧਾਰ ਆਪ ਰੁੜ੍ਹਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਾਣੇ ਆਪਣੀ ਰਾਸਿਆ । ਸਾਚੀ ਰਾਸੀ ਗੋਪੀ ਕਾਹਨ, ਹਰਿ ਸਾਚਾ ਆਪ ਰਚਾਈਆ । ਤ੍ਰਿਲੋਕੀ ਨਾਥ ਖੇਲ ਮਹਾਨ, ਗਵਰਧਨ ਧਾਰੀ ਵੇਸ ਵਟਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਨੌਜਵਾਨ, ਨਾਮ ਬੰਸਰੀ ਇਕ ਵਜਾਈਆ । ਅਰਜਨ ਗੀਤਾ ਇਕ ਗਿਆਨ, ਅੱਠ ਅਠਾਰਾਂ ਕਰੇ ਪੜ੍ਹਾਈਆ । ਸੁਰਤੀ ਸ਼ਬਦ ਸ਼ਬਦ ਬਲਵਾਨ, ਤੀਰ ਨਿਰਾਲਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਮ ਧਰਾਈਆ । ਨਾਮ ਧਰਾ ਸਦਾ ਨਿਰਵੈਰਾ, ਨਿਰਗੁਣ ਰੂਪ ਸਮਾਇਆ । ਜੁਗ ਜੁਗ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਰਹਿਣ ਨਾ ਪਾਇਆ । ਜਨ ਭਗਤਾਂ ਕਰੇ ਹੱਕ ਨਬੇੜਾ, ਥਾਨ ਥਨੰਤਰ ਇਕ ਸੁਹਾਇਆ । ਆਪੇ ਦੇਵਣਹਾਰਾ ਉਲਟਾ ਗੇੜਾ, ਲੱਖ ਚੁਰਾਸੀ ਆਪ ਭਵਾਇਆ । ਆਪਣੀ ਕਰਨੀ ਲਾਏ ਆਪ ਉਖੇੜਾ, ਆਪਣੀ

ਜੜ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰਚਨ ਰਚਾਇਆ । ਰਚੀ ਰਚਨਾ ਪਾਰਬ੍ਰਹਮ, ਆਪਣੀ ਬਣਤ ਬਣਾਇੰਦਾ । ਗਗਨ ਪਾਤਾਲ ਰਹਾਏ ਬਿਨ ਥੰਮ, ਲੋਆਂ ਪੁਰੀਆਂ ਡੇਰਾ ਲਾਇੰਦਾ । ਮਾਤ ਗਰਭ ਨਾ ਪਏ ਜੰਮ, ਬਾਲਕ ਕੁੱਖ ਨਾ ਕੋਇ ਵਖਾਇੰਦਾ । ਆਪੇ ਜਾਣੇ ਆਪਣਾ ਕੰਮ, ਕਾਮ ਕਾਮਨੀ ਆਪ ਹੋ ਜਾਇੰਦਾ । ਆਪੇ ਖਾਏ ਆਪਣਾ ਤਮ, ਤ੍ਰਿਸਨਾ ਭੁੱਖ ਆਪ ਮਿਟਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗਮ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਕਲਜੁਗ ਤੇਰੀ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਮੰਗੀ ਮੰਗ ਧੁਰ ਦਰਬਾਰ, ਧੁਰ ਲਹਿਣਾ ਝੋਲੀ ਪਾਈਆ । ਲੇਖਾ ਲਿਖੇ ਲੱਖ ਚਾਰ ਬੱਤੀ ਹਜ਼ਾਰ, ਚਾਰੇ ਮੁਖ ਸਲਾਹੀਆ । ਸਾਚੀ ਵਸਤ ਅਪਰ ਅਪਾਰ, ਜਗਤ ਝੋਲੀ ਆਪ ਭਰਾਈਆ । ਜੂਠ ਝੂਠ ਕਰ ਪਿਆਰ, ਹਉਮੇ ਹੰਗਤਾ ਸੰਗ ਰਲਾਈਆ । ਮਾਇਆ ਮਮਤਾ ਦਰ ਦਰਬਾਰ, ਬੈਠੀ ਧੂਣੀ ਤਾਈਆ । ਕੂੜ ਕੁੜਿਆਰਾ ਕਰ ਪਸਾਰ, ਕੂੜਾ ਮਸਤਕ ਟਿੱਕਾ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਖ਼ਜ਼ੀਨਾ ਆਪ ਵਰਤਾਈਆ । ਕਲਜੁਗ ਜਗਤ ਭੰਡਾਰਾ ਭਰ, ਹਰਿ ਸਾਚੇ ਵਕ਼ਤ ਸੁਹਾਇਆ । ਆਪਣੀ ਕਰਨੀ ਆਪੇ ਕਰ, ਤੇਰਾ ਲਹਿਣਾ ਤੇਰੀ ਝੋਲੀ ਪਾਇਆ । ਨੌ ਰਖਾਏ ਖੁਲ੍ਹੇ ਦਰ, ਦਸਵਾਂ ਬੰਦ ਬਣਾਇਆ । ਅਗੰਮ ਅਗੰਮੜਾ ਅੰਦਰ ਵੜ, ਬੈਠਾ ਕੁੰਡਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਸੰਗ ਨਿਭਾਇਆ । ਸਾਚੀ ਮੰਗ ਲਏ ਮੰਗ, ਦੋਏ ਜੋੜ ਸੀਸ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਤੇਰਾ ਸੰਗ, ਤੇਰਾ ਮੇਲਾ ਵਿਚ ਸੰਸਾਰਿਆ । ਮੇਰਾ ਕਰਮ ਨਾ ਹੋਵੇ ਭੰਗ, ਮਿਲੇ ਮੇਲ ਸਾਚਾ ਯਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰ ਆਪ ਖੁਲ੍ਹਾ ਰਿਹਾ । ਸਾਚਾ ਦਰ ਜਗਤ ਖੁਲੌਣਾ, ਕਲਜੁਗ ਵੇਖ ਵਖਾਈਆ । ਈਸਾ ਮੂਸਾ ਨਾਮ ਧਰੌਣਾ, ਐੜਾ ਅਥਰਵਨ ਦਏ ਸਲਾਹੀਆ । ਸੰਗ ਮੁਹੰਮਦ ਅੰਗ ਛੁਹੌਣਾ, ਚਾਰ ਯਾਰੀ ਵੇਖ ਵਖਾਈਆ । ਅੱਲਾ ਰਾਣੀ ਨਾਲ ਪਰਨੌਣਾ, ਏਕਾ ਸਗਨ ਮਨਾਈਆ । ਜਲਵਾ ਜਲਾਲ ਨੂਰ ਅਲਾਹੀ ਆਪ ਪਰਗਟੌਣਾ, ਨੂਰੀ ਨੂਰ ਨੂਰ ਚਮਕਾਈਆ । ਦਸਤਗੀਰ ਸ਼ਾਹ ਹਕੀਰ ਵੇਖ ਵਖੌਣਾ, ਕਲਮਾ ਅਮਾਮ ਇਕ ਜਣਾਈਆ । ਕਾਇਨਾਤ ਏਕਾ ਰੰਗ ਰੰਗੌਣਾ, ਕਾਲਾ ਸੂਸਾ ਤਨ ਛੁਹਾਈਆ । ਦੀਨ ਈਮਾਨ ਇਕ ਬਨੌਣਾ, ਏਕਾ ਅਲਫ਼ ਰਿਹਾ ਸਖਾਈਆ । ਅਲਫ਼ ਅਲਫ਼ੀ ਤਨ ਲਗੌਣਾ, ਤੱਤੀ ਵਾ ਨਾ ਲੱਗੇ ਰਾਈਆ । ਕੂੜ ਕੁੜਿਆਰਾ ਕੂਕ ਸੁਨੌਣਾ, ਚਾਰੇ ਕੂਟਾਂ ਦਏ ਦੁਹਾਈਆ । ਸਚ ਸੁੱਚ ਫੂਕ ਵਖੌਣਾ, ਤ੍ਰੈਗੁਣ ਲੰਬੂ ਏਕਾ ਲਾਈਆ । ਪੰਜ ਤੱਤ ਹਾਹਾਕਾਰ ਕਰੌਣਾ, ਧੀਰਜ ਧੀਰ ਨਾ ਕੋਇ ਧਰਾਈਆ । ਐਨਲਹੱਕ ਨਾਅਰਾ ਇਕ ਰਖੌਣਾ, ਮੁਕਾਮੇ ਹੱਕ ਇਕ ਖ਼ੁਦਾਈਆ । ਖਾਲਕ ਖ਼ਲਕ ਵਿਚ ਸਮੌਣਾ, ਆਪ ਆਪਣਾ ਰੂਪ ਵਟਾਈਆ । ਰਾਮ ਨਾਮ ਮੇਟ ਮਿਟੌਣਾ, ਭਰਮੀ ਭਰ ਭਰ ਭਰਮ ਭੁਲਾਈਆ । ਧਰਤ ਧਵਲ ਨਾ ਕਿਸੇ ਭਾਰ ਉਠੌਣਾ, ਨੇਤਰ ਰੋਵੇ ਦਏ ਦੁਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਤਰਸ ਕਮੌਣਾ, ਕਲਜੁਗ ਵੇਖੇ ਤੇਰੀ ਸ਼ਾਹੀਆ । ਸੰਗ ਮੁਹੰਮਦ ਏਕਾ ਧਾਮ ਸਹੌਣਾ, ਚੌਦਾਂ ਤਬਕਾਂ ਫੋਲ ਫੋਲਾਈਆ । ਅਜਰਾਈਲ ਜਬਰਾਈਲ ਸੇਵਾ ਲੌਣਾ, ਮੇਕਾਈਲ ਅਸਰਾਫੀਲ ਸਾਚਾ ਸੰਗ ਨਿਭਾਈਆ । ਜੀਵ ਜੰਤ ਸਰਬ ਕੁਰਲੌਣਾ, ਪੰਖੀ ਪੰਛੀ ਨੀਰ ਰਹੇ ਵਹਾਈਆ । ਨਰ ਨਰਾਇਣ ਆਪਣਾ ਵੇਸ ਵਟੌਣਾ,

੩੧੮
੦੮

ਲੋਕਮਾਤ ਵੇਖ ਵਖਾਈਆ । ਪੰਜ ਤੱਤ ਕਾਇਆ ਮੰਦਰ ਡੇਰਾ ਲੌਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਾਨਾ ਰੂਪ ਆਪ ਵਟੌਣਾ, ਨਾ ਭੁੱਲੇ ਆਪ ਰਘੁਰਾਈਆ । ਕੁਕਰਮੀ ਕੁਕਰਮ ਮੇਟ ਮਿਟਾਉਣਾ, ਨਾਮ ਖੰਡਾ ਹੱਥ ਉਠਾਈਆ । ਨਾਨਕ ਸਤਿਗੁਰ ਨਾਮ ਧਰੌਣਾ, ਚਾਰ ਵਰਨਾਂ ਵੇਖ ਵਖਾਈਆ । ਪੁਰਖ ਅਬਿਨਾਸ਼ੀ ਦਰ ਘਰ ਸਾਚਾ ਪੌਣਾ, ਦਰ ਘਰ ਸਾਚੇ ਮੇਲ ਮਿਲਾਈਆ । ਨਾਰੀ ਕੰਤਾ ਵੇਖ ਵਖੌਣਾ, ਘਰ ਮੰਗਲ ਏਕਾ ਗਾਈਆ । ਦਰ ਦਰਵੇਸ਼ਾ ਅਲਖ ਜਗੌਣਾ, ਅਲੱਖ ਅਲੱਖਣਾ ਲੇਖਾ ਲੇਖ ਨਾ ਕੋਇ ਲਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖ ਸਾਚਾ ਘਰ ਨਿਰਗੁਣ ਮੇਲ ਮਿਲਾਈਆ । ਨਾਨਕ ਨਿਰਗੁਣ ਨਿਰਗੁਣ ਮੇਲਾ, ਸਚਖੰਡ ਜੋੜ ਜੁੜਾਇਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੁਰ ਆਪ ਅਖਵਾਇਆ । ਆਪੇ ਹੋਇਆ ਸੱਜਣ ਸੁਹੇਲਾ, ਘਰ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਏਕਾ ਘਰ, ਘਰ ਸੁਹੰਜਣਾ ਇਕ ਸੁਹਾਇਆ । ਨਾਨਕ ਮੇਲਾ ਧੁਰ ਦਰਗਾਹ, ਨਿਰਗੁਣ ਵੇਖ ਵਖਾਈਆ । ਮਿਲਿਆ ਮੇਲ ਬੇਪਰਵਾਹ, ਵਿਛੜ ਕਦੇ ਨਾ ਜਾਈਆ । ਸਖਾ ਸਖਾਈ ਪਕੜੇ ਬਾਂਹ, ਸਮਰਥ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਨਾਮ ਵਸਤ ਸਾਚੀ ਝੋਲੀ ਪਾਈਆ । ਨਾਮ ਸਤਿ ਸਚ ਭੰਡਾਰਾ, ਨਾਨਕ ਗੁਰ ਵਰਤਾਇੰਦਾ । ਲੋਕਮਾਤ ਖੇਲ ਅਪਾਰਾ, ਆਪ ਆਪਣਾ ਖੇਲ ਖਿਲਾਇੰਦਾ । ਏਕਾ ਜੋਤੀ ਦਸ ਅਵਤਾਰਾ, ਦਹਿ ਦਿਸ਼ਾ ਫੇਰਾ ਪਾਇੰਦਾ । ਗੋਬਿੰਦ ਖੰਡਾ ਤੇਜ਼ ਕਟਾਰਾ, ਨਾਮ ਸਤਿ ਰੂਪ ਵਟਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਚਾਰ ਵਰਨਾਂ ਰੰਗ ਰੰਗਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰਾ, ਦੂਈ ਦਵੈਤੀ ਪੜਦਾ ਲਾਹਿੰਦਾ । ਊਚਾਂ ਨੀਚਾਂ ਵਖਾਏ ਇਕ ਦਰਬਾਰਾ, ਦੂਜਾ ਦਰ ਨਾ ਕੋਇ ਜਣਾਇੰਦਾ । ਸਾਚੀ ਸਿਖਿਆ ਸਿਖ ਵਿਚਾਰਾ, ਸਾਖਿਯਾਤ ਜੋਤ ਪਰਗਟਾਇੰਦਾ । ਮਿਲਿਆ ਮੇਲ ਹਰਿ ਨਿਰੰਕਾਰਾ, ਸੁੱਤ ਦੁਲਾਰਾ ਆਪ ਸਲਾਹਿੰਦਾ । ਪੁਰਖ ਅਕਾਲ ਸਰਬ ਪ੍ਰਿਤਪਾਲਾ, ਪ੍ਰਿਤਪਾਲਕ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪ ਆਪਣਾ ਖੇਲ ਖਿਲਾਇੰਦਾ । ਆਪਣਾ ਖੇਲ ਹਰਿ ਸਮਰਥ, ਆਪਣੇ ਹੱਥ ਰਖਾਇੰਦਾ । ਜੁਗ ਜੁਗ ਚਲਾਏ ਜਗਤ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਪਾਏ ਨੱਥ, ਦਹਿ ਦਿਸ਼ਾ ਆਪ ਫਿਰਾਇੰਦਾ । ਜਨ ਭਗਤਾਂ ਦੇਵੇ ਨਾਮ ਵੱਥ, ਆਤਮ ਬ੍ਰਹਮ ਜਣਾਇੰਦਾ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਨੇਤਰ ਲੋਚਣ ਦਰਸਨ ਪਾਇੰਦਾ । ਹੰਕਾਰੀ ਬੁਰਜ ਜਾਏ ਢੱਠ, ਨਾਮ ਖੰਡਾ ਇਕ ਚਮਕਾਇੰਦਾ । ਲਹਿਣਾ ਦੇਣ ਚੁਕਾਏ ਤੀਰਥ ਅਠਸਠ, ਗੰਗਾ ਗੋਦਾਵਰੀ ਵੇਖ ਵਖਾਇੰਦਾ । ਆਪੇ ਹੋਏ ਪੂਜਾ ਪਾਠ, ਦੁਰਗਾ ਗਾਇਤਰੀ ਮੰਤਰ ਆਪ ਅਖਵਾਇੰਦਾ । ਆਪੇ ਸਰ ਸਰੋਵਰ ਮਾਰੇ ਠਾਠ, ਅੰਮ੍ਰਿਤ ਧਾਰਾ ਆਪ ਵਹਾਇੰਦਾ । ਆਪੇ ਮਸਤਕ ਜੋਤੀ ਬਣ ਲਲਾਟ, ਅੱਠੇ ਪਹਿਰ ਡਗਮਗਾਇੰਦਾ । ਆਪੇ ਗੁਰਮੁਖਾਂ ਪੂਰਾ ਕਰਨਹਾਰਾ ਘਾਟ, ਨਾਨਕ ਤੋਲਾ ਤੇਰਾਂ ਤੋਲ ਤੁਲਾਇੰਦਾ । ਆਪੇ ਰਾਮਾ ਕ੍ਰਿਸ਼ਨਾ ਰਸ ਲਏ ਚਾਟ, ਸੀਤਾ ਸੁਰਤੀ ਆਪ ਪਰਨਾਇੰਦਾ । ਆਪੇ ਵੇਖੇ ਚੌਦਾਂ ਹਾਟ, ਚੌਦਾਂ ਤਬਕਾਂ ਖੋਲ੍ਹ ਖੁਲ੍ਹਾਇੰਦਾ । ਖੇਲੇ ਖੇਲ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਬੰਧਨ ਆਪ ਤੁੜਾਇੰਦਾ । ਆਪ ਨਿਭਾਏ ਸਗਲਾ ਸਾਥ, ਸਾਚਾ ਸੰਗ ਆਪ ਵਖਾਇੰਦਾ । ਲਹਿਣਾ ਦੇਣ ਚੁਕਾਏ ਨੌ ਨੌ ਨਾਥ, ਸਿੱਧ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਧਾਰਾ ਇਕ ਵਹਾਇੰਦਾ । ਨਿਰਗੁਣ ਧਾਰਾ ਜੋਤ ਅਕਾਲੀ, ਹਰਿ ਸਾਚੇ ਆਪ ਉਪਾਈਆ । ਸਤਿਜੁਗ ਮੰਗੇ ਸਚ ਦਲਾਲੀ, ਸਾਚੀ ਸਿਖਿਆ ਇਕ ਸਮਝਾਈਆ । ਤ੍ਰੇਤੇ ਤੇਰਾ ਸਾਚਾ ਮਾਲੀ, ਰਾਮ ਰਮੱਯਾ ਵੇਸ ਵਟਾਈਆ । ਕਾਹਨਾ ਕ੍ਰਿਸ਼ਨਾ ਤੋੜ ਜੰਜਾਲੀ, ਹਰਿਜਨ ਸਾਚੇ ਲਏ ਤਰਾਈਆ । ਸੰਗ ਮੁਹੰਮਦ ਜਲਵਾ ਜਲਾਲੀ, ਜ਼ਾਹਰਾ ਜ਼ਹੂਰ ਆਪ ਵਖਾਈਆ । ਨਾਨਕ ਨਿਰਗੁਣ ਹੱਥੀਂ ਫਿਰੇ ਖ਼ਾਲੀ, ਗੁਰਮੁਖਾਂ ਭੰਡਾਰਾ ਨਾਮ ਭਰਾਈਆ । ਗੁਰ ਗੋਬਿੰਦ ਤੇਗ਼ ਇਕ ਉਠਾਲੀ, ਨਾਮ ਖੰਡਾ ਰਿਹਾ ਚਮਕਾਈਆ । ਚਾਰ ਵਰਨਾਂ ਸੰਤ ਸੁਹੇਲੇ ਰਿਹਾ ਭਾਲੀ, ਲੁਕਿਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਆਪ ਕਰੇ ਦਲਾਲੀ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਕੂੜ ਕੂੜਾ ਲਹਿਣਾ ਚੁਕੌਣਾ, ਹਰਿ ਸਾਚਾ ਸਹਿਜ ਸੁਖਦਾਇਆ । ਸਾਚੇ ਸਾਚਾ ਮਾਰਗ ਲੌਣਾ, ਸਾਚੀ ਸਿਖਿਆ ਇਕ ਸਮਝਾਇਆ । ਚਾਰ ਵਰਨਾਂ ਇਕ ਬਣੌਣਾ, ਊਚ ਨੀਚ ਰਹਿਣ ਨਾ ਪਾਇਆ । ਰਾਜਾ ਰਾਣਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਇਆ । ਮਾਇਆਧਾਰੀ ਖ਼ਾਕ ਮਿਲੌਣਾ, ਖ਼ਾਕੀ ਖ਼ਾਕ ਉਡਾਇਆ । ਗ਼ਰੀਬ ਨਿਮਾਣਿਆਂ ਗਲੇ ਲਗੌਣਾ, ਧੁਰ ਦਾ ਲੇਖ ਚੁਕਾਇਆ । ਫੜ ਫੜ ਕਾਗੋਂ ਹੰਸ ਬਣੌਣਾ, ਮਾਨਕ ਮੋਤੀ ਚੋਗ ਚੁਗਾਇਆ । ਮਾਨਸ ਜਨਮ ਲੇਖੇ ਲੌਣਾ, ਲੱਖ ਚੁਰਾਸੀ ਫੰਦ ਕਟਾਇਆ । ਰਾਮ ਕ੍ਰਿਸ਼ਨ ਦਰਸ ਦਖੌਣਾ, ਆਪ ਆਪਣਾ ਰੂਪ ਧਰਾਇਆ । ਨਾਨਕ ਗੋਬਿੰਦ ਨਜ਼ਰੀ ਔਣਾ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਸੱਤ ਰੰਗ ਨਿਸ਼ਾਨਾ ਇਕ ਵਖੌਣਾ, ਸੱਤਾਂ ਦੀਪਾਂ ਆਪ ਝੁਲਾਇਆ । ਲੱਖਣ ਕਰੌਂਚ ਪੁਸ਼ਕਰ ਫੇਰਾ ਪੌਣਾ, ਜੰਬੂ ਦੀਪ ਹੋਏ ਰੁਸ਼ਨਾਇਆ । ਸਾਨ ਸਲਮਲ ਡੇਰਾ ਢੌਣਾ, ਕੁਸ਼ਾ ਰਿਹਾ ਕੁਰਲਾਇਆ । ਲਾਲ ਰੰਗ ਹਰਿ ਆਪ ਰੰਗੌਣਾ, ਆਦਿ ਸ਼ਕਤ ਵੇਸ ਵਟਾਇਆ । ਕੰਚਨ ਰੂਪ ਇਕ ਸੁਹੌਣਾ, ਦੀਵਾ ਬਾਤੀ ਇਕ ਡਗਮਗਾਇਆ । ਸੂਹਾ ਵੇਸ ਨਰ ਨਰੇਸ਼ ਆਪਣਾ ਆਪ ਕਰੌਣਾ, ਸਾਚੀ ਸਖੀਆਂ ਮੇਲ ਮਿਲਾਇਆ । ਚਿੱਟੀ ਧਾਰ ਕਰ ਪਿਆਰ, ਚਿੱਟਾ ਰੰਗ ਇਕ ਚੜ੍ਹੌਣਾ, ਦਸਮ ਦਵਾਰੀ ਕੁੰਡਾ ਲਾਹਿਆ । ਰੰਗ ਬਸੰਤੀ ਤਨ ਰੰਗੌਣਾ, ਫਲ ਫਲਵਾੜੀ ਵੇਖ ਵਖਾਇਆ । ਨੀਲਾ ਬਸਤਰ ਗੋਬਿੰਦ ਧਾਰ ਹਿੰਦੂ ਮੁਸਲਮ ਇਕ ਬਣੌਣਾ, ਸਾਚੀ ਬਣਤ ਬਣਾਇਆ । ਕਾਲਾ ਸੂਸਾ ਤਨ ਛੁਹੌਣਾ, ਕਲਜੁਗ ਸੱਥਰ ਰਿਹਾ ਵਛਾਇਆ । ਮੁਖ ਨਕ਼ਾਬ ਪੜਦਾ ਪੌਣਾ, ਕਲਜੁਗ ਜੀਵਾਂ ਦਿਸ ਨਾ ਆਇਆ । ਹੱਕ ਜਨਾਬ ਫੇਰਾ ਪੌਣਾ, ਮੱਕਾ ਮਦੀਨਾਂ ਵੇਖ ਵਖਾਇਆ । ਨਬੀ ਰਸੂਲਾਂ ਆਪ ਸਮਝੌਣਾ, ਮੁੱਲਾਂ ਸ਼ੇਖ਼ ਮੁਸਾਇਕ ਭੁੱਲ ਰਹੇ ਨਾ ਰਾਇਆ । ਪੰਡਤ ਪਾਂਧਾ ਪਕੜ ਉਠੌਣਾ, ਤਿਲਕ ਲਲਾਟੀ ਫੋਲ ਫੋਲਾਇਆ । ਕਲਜੁਗ ਚਾਰ ਵਰਨ ਆਪ ਜਗੌਣਾ, ਸੰਮਤ ਸੋਲਾਂ ਨੀਹ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਡੰਕ ਇਕ ਵਜਾਇਆ । ਸ਼ਬਦ ਡੰਕ ਖ਼ਬਰਦਾਰ, ਹਰਿ ਸਾਚੇ ਸਚ ਕਰਾਇਆ । ਚਾਰੇ ਕੂਟਾਂ ਹੋ ਉਜਿਆਰ, ਬਨ ਖੰਡ ਫਿਰ ਫਿਰ ਫੇਰਾ ਪਾਇਆ । ਏਕਾ ਸ਼ਬਦ ਸ਼ਬਦ ਜੈਕਾਰ, ਨਰ ਨਰਾਇਣ ਨਾਅਰਾ ਲਾਇਆ । ਰਸਨਾ ਬਹਿ ਬਹਿ ਸਾਰੇ ਕਹਿਣ, ਗੋਬਿੰਦ ਦਰਸ ਕਿਸੇ ਨਾ ਪਾਇਆ । ਮਾਨਸ ਵਹੇ ਮਮਤਾ ਵਹਿਣ, ਨਾਨਕ ਨਿਰਗੁਣ ਰੂਪ ਨਾ ਕੋਇ ਦਰਸਾਇਆ । ਘਰ ਘਰ ਤੱਕਣ ਸਾਚੇ ਨੈਣ, ਨੈਣ ਮੁੰਧਾਰੀ ਕ੍ਰਿਸ਼ਨ ਮੁਰਾਰੀ ਕਾਇਆ ਅਟਾਰੀ ਨਾ ਵੇਖ ਵਖਾਇਆ । ਰਾਮ ਰਾਮ ਦਰ ਦਰ ਪੈਂਦੇ ਵੈਣ, ਰਾਮ

ਰਾਮ ਨਾ ਕਿਸੇ ਮਨਾਇਆ । ਜਗਤ ਤ੍ਰਿਸਨਾ ਖਾਏ ਡਾਇਣ, ਚਿੱਲਾ ਤੀਰ ਕਮਾਨ ਨਾ ਕੋਇ ਉਠਾਇਆ । ਐਨਲਹੱਕ ਨਾ ਵੇਖਿਆ ਮੁਖੜਾ ਐਨ, ਨੁਕਤਾ ਦੂਈ ਨਾ ਕੋਇ ਗਵਾਇਆ । ਸਰਬ ਜੀਆਂ ਦਾ ਸਾਂਝਾ ਸਾਕ ਸੱਜਣ ਸੈਣ, ਪੁਰਖ ਅਬਿਨਾਸ਼ੀ ਇਕ ਅਖਵਾਇਆ । ਕਲਜੁਗ ਅੰਤ ਚੁਕਾਏ ਲਹਿਣਾ ਦੇਣ, ਭੁੱਲ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਆਪੇ ਦਏ ਉਠਾਇਆ । ਆਪ ਉਠਾਏ ਦਇਆ ਕਮਾਏ, ਸ਼ਬਦ ਹੱਥ ਕਟਾਰੀਆ । ਚਾਰੋਂ ਕੁੰਟ ਪਏ ਦੁਹਾਏ, ਨਾ ਕੋਇ ਸਹਾਏ ਨਰ ਨਾਰੀਆ । ਰਾਜ ਰਾਜਾਨ ਰਹੇ ਕੁਰਲਾਏ, ਖ਼ਾਲੀ ਦਿਸਨ ਮੰਡਪ ਮਾੜੀਆ । ਗੁਰਮੁਖ ਸਾਚਾ ਸਗਨ ਮਨਾਏ, ਰਾਹ ਤੱਕੇ ਸਤਾਰਾਂ ਹਾੜੀਆਂ । ਜੁਗਾਂ ਜੁਗਾਂ ਦਾ ਲੇਖਾ ਦਏ ਮੁਕਾਏ, ਜਿਸ ਚਰਨ ਛੁਹਾਈ ਦਾੜ੍ਹੀਆ । ਨਾਨਕ ਗੋਬਿੰਦ ਵੇਖ ਵਖਾਏ, ਆਰ ਪਾਰ ਲੇਖਾ ਵਿਚ ਸੰਸਾਰੀਆ । ਧਾਰੀ ਕੇਸਾ ਸਰਨ ਲਗਾਏ, ਮੂੰਡ ਮੁੰਡਾਏ ਸੋਹੇ ਦਰਬਾਰੀਆ । ਜ਼ਾਤ ਅਜ਼ਾਤ ਆਪ ਮਿਟਾਏ, ਪਾਰਬ੍ਰਹਮ ਵਿਚਾਰੀਆ । ਬ੍ਰਹਮੇ ਤੇਰਾ ਲੇਖ ਚੁਕਾਏ, ਸਾਚਾ ਸਿਖ ਸੱਚੀ ਸਿਕਦਾਰੀਆ । ਨਿਝਰ ਝਿਰਨਾ ਸੀਰ ਝਿਰਾਏ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰੀਆ । ਚਰਨ ਕਵਲ ਪ੍ਰਭ ਆਪ ਧਵਾਏ, ਆਪੇ ਜਾਣੇ ਆਪਣੀ ਕਾਰੀਆ । ਸ਼ੰਕਰ ਜੋਤੀ ਜੋਤ ਮਿਲਾਏ, ਬਾਲ ਨਿਧਾਨਾ ਕਰ ਪਸਾਰੀਆ । ਜਗਤ ਜਗਦੀਸਾ ਵੇਖ ਵਖਾਏ, ਵਡ ਦਾਤਾ ਆਪ ਨਿਰੰਕਾਰੀਆ । ਇੰਦ ਇੰਦਰਾਸਨ ਆਪ ਸੁਹਾਏ, ਕਲਜੁਗ ਤੇਰੀ ਅੰਤਮ ਵਾਰੀਆ । ਸ਼ਬਦ ਸ਼ਹੀਦੀ ਗਾਨਾ ਬੰਨ ਵਖਾਏ, ਨਾ ਕੋਈ ਮਾਰੇ ਖੰਡਾ ਤੇਜ਼ ਕਟਾਰੀਆ । ਧਰੂ ਪ੍ਰਹਿਲਾਦ ਲੇਖੇ ਲਾਏ, ਲੇਖਾ ਚੁੱਕੇ ਆਪਣੀ ਵਾਰੀਆ । ਚੌਦਾਂ ਤਬਕਾਂ ਫੇਰਾ ਪਾਏ, ਕੋਟ ਬ੍ਰਹਿਮੰਡ ਕਰੇ ਆਪਣੀ ਕਾਰੀਆ । ਭੇਖ ਪਖੰਡਾ ਦਏ ਮਿਟਾਏ, ਸਤਿਜੁਗ ਲਾਏ ਸੱਚੀ ਫੁਲਵਾੜੀਆ । ਗੁਰ ਗੋਬਿੰਦ ਸਾਚਾ ਦਇਆ ਕਮਾਏ, ਗੁਰਸਿਖ ਸਾਜਣ ਆਪ ਮਿਲਾਏ, ਆਪ ਆਪਣਾ ਸੰਗ ਰਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਬਾਣ ਹਰਿ ਮਿਹਰਵਾਨ ਆਪਣੇ ਹੱਥ ਉਠਾ ਲਿਆ । ਸ਼ਬਦ ਚਿੱਲਾ ਤੀਰ ਕਮਾਨ, ਸ਼ਬਦੀ ਹੱਥ ਉਠਾਈਆ । ਸ਼ਬਦ ਜੋਧਾ ਸੂਰ ਬਲੀ ਬਲਵਾਨ, ਸ਼ਬਦ ਸ਼ਬਦੀ ਵੇਖ ਵਖਾਈਆ । ਸ਼ਬਦ ਮਾਰੇ ਇਕ ਨਿਸ਼ਾਨ, ਪੂਰੀਆਂ ਲੋਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ ਜੇਰਜ ਅੰਡਾ ਆਪ ਚਮਕਾਈਆ । ਸ਼ਬਦ ਖੰਡਾ ਤਿਖੀ ਧਾਰ, ਹਰਿ ਸਾਚਾ ਆਪ ਉਠਾਇੰਦਾ । ਲੱਖ ਚੁਰਾਸੀ ਕਰੇ ਖ਼ਵਾਰ, ਦੂਤੀ ਦੁਸ਼ਟ ਰਹਿਣ ਨਾ ਪਾਇੰਦਾ । ਗੁਰਮੁਖਾਂ ਕਰੇ ਸਚ ਪਿਆਰ, ਦੂਰ ਦੁਰਾਡੇ ਮੇਲ ਮਿਲਾਇੰਦਾ । ਜੋ ਜਨ ਰਸਨਾ ਜੇਹਵਾ ਰਹੇ ਉਚਾਰ, ਲਹਿਣਾ ਲੇਖਾ ਆਪ ਚੁਕਾਇੰਦਾ । ਖੇਲੇ ਖੇਲ ਅਗੰਮ ਅਪਾਰ, ਜੋਤੀ ਜਾਮਾ ਭੇਖ ਵਟਾਇੰਦਾ । ਕਲਜੁਗ ਅੰਤਮ ਕਰੇ ਪਾਰ, ਸਤਿਜੁਗ ਰਾਹ ਵਖਾਇੰਦਾ । ਬੀਸ ਇਕੀਸਾ ਹੋ ਤਿਆਰ, ਇਕ ਹਦੀਸਾ ਆਪ ਪੜ੍ਹਾਇੰਦਾ । ਛਤਰ ਸੀਸਾ ਸੱਚੀ ਸਰਕਾਰ, ਨਵ ਨਵ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਰਾਇਣ ਨਰ ਹਰੀ ਹਰਿ, ਗੁਰ ਅਵਤਾਰ ਸ਼ਬਦੀ ਸ਼ਬਦ ਆਪ ਧਰਾਇੰਦਾ ।

## ੧੭ ਚੇਤ ੨੦੧੯ ਬਿਕ੍ਰਮੀ ਅਰੂੜ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਪੁਰਖ ਅਕਾਲ ਏਕਾ ਓਟ, ਹਰਿਜਨ ਵੱਡੀ ਵਡਿਆਈਆ । ਨਾਮ ਭੰਡਾਰਾ ਦਏ ਅਤੋਟ, ਤੋਟ ਰਹੇ ਨਾ ਰਾਈਆ । ਤਨ ਨਗਾਰੇ ਲਾਏ ਚੋਟ, ਆਪਣਾ ਡੌਰੂ ਆਪੇ ਵਾਈਆ । ਜਗਤ ਤ੍ਰਿਸਨਾ ਕੱਢੇ ਖੋਟ, ਆਤਮ ਅੰਤਰ ਇਕ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਰਘੁਰਾਈਆ । ਏਕਾ ਓਟ ਦੀਨ ਦਿਆਲਾ, ਹਰਿਜਨ ਹਰਿ ਹਰਿ ਜਣਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਆਪ ਅਖਵਾਈਆ । ਦੇਵੇ ਨਾਮ ਸੱਚਾ ਧਨ ਮਾਲਾ, ਨਾਮ ਖ਼ਜ਼ੀਨਾ ਇਕ ਵਖਾਈਆ । ਤੋੜਨਹਾਰਾ ਜਗਤ ਜੰਜਾਲਾ, ਹਰਿਜਨ ਸਾਚੇ ਲਏ ਤਰਾਈਆ । ਕਾਇਆ ਮੰਦਰ ਵੇਖ ਸੱਚੀ ਧਰਮਸਾਲਾ, ਦਰ ਆਪਣਾ ਆਪ ਖੁਲ੍ਹਾਈਆ । ਫਲ ਲਗਾਏ ਸਾਚੇ ਡਾਲ੍ਹ, ਅੰਮ੍ਰਿਤ ਆਤਮ ਆਪ ਖਵਾਈਆ । ਚਲੇ ਚਲਾਏ ਅਵੱਲੜੀ ਚਾਲਾ, ਹਰਿਜਨ ਸਾਚੇ ਆਪ ਉਠਾਈਆ । ਸ਼ਬਦੀ ਗੁਰ ਬਣ ਦਲਾਲਾ, ਲੋਕਮਾਤ ਵੇਖ ਵਖਾਈਆ । ਚਰਨ ਰਖਾਏ ਕਾਲ ਮਹਾਂਕਾਲਾ, ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਏਕਾ ਓਟ ਦੀਨਾਂ ਨਾਥ, ਨਾਥ ਅਨਾਥਾਂ ਆਪ ਤਰਾਇੰਦਾ । ਪੁਰਖ ਅਕਾਲ ਅਗੰਮੜੀ ਗਾਥ, ਧੁਨ ਅਨਾਦੀ ਸ਼ਬਦ ਵਜਾਇੰਦਾ । ਨਾਮ ਚੜ੍ਹਾਏ ਸਾਚੇ ਰਾਥ, ਲੋਆਂ ਪੁਰੀਆਂ ਪਾਰ ਕਰਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਲੱਖ ਚੁਰਾਸੀ ਫੋਲ ਫੋਲਾਇੰਦਾ । ਏਕਾ ਪੂਜਾ ਏਕਾ ਪਾਠ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸਰ ਸਰੋਵਰ ਮਾਰੇ ਠਾਠ, ਅੰਮ੍ਰਿਤ ਧਾਰਾ ਜਲ ਵਹਾਇੰਦਾ । ਏਕਾ ਜਪ ਤਪ ਰਖਾਏ ਹਾਠ, ਚਰਨ ਧਿਆਨ ਇਕ ਜਣਾਇੰਦਾ । ਏਕਾ ਤੀਰਥ ਏਕਾ ਤਾਟ, ਏਕਾ ਘਾਟ ਸੁਹਾਇੰਦਾ । ਜਨ ਭਗਤਾਂ ਖੋਲ੍ਹੇ ਬਜਰ ਕਪਾਟ, ਦੂਈ ਦਵੈਤੀ ਪੜਦਾ ਲਾਹਿੰਦਾ । ਸਚ ਵਣਜਾਰਾ ਵਣਜ ਕਰਾਏ ਸਾਚੇ ਹਾਟ, ਨਾਮ ਕੰਡਾ ਤੋਲ ਤੁਲਾਇੰਦਾ । ਮੇਲ ਮਿਲਾਵਾ ਕਾਇਆ ਖਾਟ, ਆਤਮ ਸੇਜਾ ਆਪ ਸੁਹਾਇੰਦਾ । ਖੇਲੇ ਖੇਲ ਬਾਜ਼ੀਗਰ ਨਾਟ, ਨਟ ਨਟੂਆ ਸਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਏਕਾ ਓਟ ਪੁਰਖ ਅਬਿਨਾਸ਼ਾ, ਹਰਿ ਭਗਤ ਭਗਤ ਵਡਿਆਈਆ । ਕਾਇਆ ਮੰਡਲ ਸਾਚੀ ਪਾਵੇ ਰਾਸਾ, ਆਤਮ ਬ੍ਰਹਮ ਜਣਾਈਆ । ਆਪੇ ਰਵਿਆ ਪਵਣ ਸਵਾਸਾ, ਰਸਨਾ ਜੇਹਵਾ ਆਪ ਚਲਾਈਆ । ਖੇਲੇ ਖੇਲ ਪ੍ਰਿਥਮੀ ਆਕਾਸਾ, ਆਪ ਆਪਣਾ ਰੰਗ ਰੰਗਾਈਆ । ਗੁਰਮੁਖ ਘਰ ਸਾਚੇ ਦਰ ਨਿਜ ਆਤਮ ਕਰੇ ਆਪੇ ਵਾਸਾ, ਦਿਸ ਕਿਸੇ ਨਾ ਆਈਆ । ਪੁਰਖ ਅਕਾਲ ਇਕ ਭਰਵਾਸਾ, ਏਕਾ ਕਰੇ ਪੜ੍ਹਾਈਆ । ਸ਼ਾਹੋ ਭੂਪ ਹਰਿ ਸ਼ਾਹੋ ਸ਼ਾਬਾਸਾ, ਸਚ ਸੁਲਤਾਨ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਏਕਾ ਓਟ ਆਦਿ ਨਿਰੰਜਣ, ਹਰਿਜਨ ਆਪ ਰਖਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵਸਾਗਰ ਪਾਰ ਕਰਾਇੰਦਾ । ਨੇਤਰ ਨਾਮ ਪਾਏ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਦੋ ਜਹਾਨੀ ਸਾਚਾ ਸੱਜਣ, ਲੋਕਮਾਤ ਵੇਖ ਵਖਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਇੰਦਾ । ਕਲਜੁਗ ਅੰਤਮ ਆਇਆ ਪੜਦੇ ਕੱਜਣ, ਜੋਤੀ ਜਾਮਾ ਭੇਖ ਵਟਾਇੰਦਾ । ਗੁਰਮੁਖ ਉਧਾਰੇ ਜਿਉਂ ਨਾਨਕ ਠੱਗ ਸੱਜਣ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਇੰਦਾ ।

ਏਕਾ ਓਟ ਪਾਰਬ੍ਰਹਮ, ਵਰ ਘਰ ਹਰਿ ਹਰਿ ਪਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਰਚਾਇਆ । ਨਾਮ ਵਡਿਆਈ ਦਮਾਂ ਦਮ, ਸਵਾਸ ਸਵਾਸੀ ਲੇਖੇ ਲਾਇਆ । ਕਾਰਜ ਕਰਤਾ ਕਰੇ ਆਪਣਾ ਕੰਮ, ਕਰਨੇਹਾਰਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਮਿਲਾਇਆ । ਏਕਾ ਓਟ ਅਕਾਲ ਮੂਰਤ, ਅਕਲ ਕਲਾ ਕਲ ਧਾਰੀਆ । ਨਿਰਗੁਣ ਨੂਰ ਸਾਚੀ ਸੂਰਤ, ਚੱਕਰ ਚਿਹਨ ਨਾ ਕੋਇ ਰਖਾ ਰਿਹਾ । ਹਰਿਜਨ ਆਸਾ ਮਨਸਾ ਪੂਰਤ, ਪੂਰਨ ਆਸਾ ਆਪ ਕਰਾ ਰਿਹਾ । ਆਪੇ ਵਸੇ ਨੇੜੇ ਦੂਰਤ, ਦੂਰ ਨੇੜਾ ਪੰਧ ਚੁਕਾ ਲਿਆ । ਨਾਤਾ ਤੋੜੇ ਕੂੜੋ ਕੂੜਤ, ਸਾਚੀ ਸਿਖਿਆ ਇਕ ਸਮਝਾ ਲਿਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਤ, ਜਿਸ ਜਨ ਹਰਿ ਹਰਿ ਰਸਨਾ ਗਾ ਲਿਆ । ਕਾਇਆ ਰੰਗਣ ਰੰਗ ਚਾੜ੍ਹੇ ਗੂੜ੍ਹਤ, ਨਾਮ ਰੰਗਣ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੱਜਣ ਵੇਖ ਵਖਾ ਲਿਆ । ਏਕਾ ਓਟ ਹਰਿ ਕਰਤਾਰ, ਕਾਦਰ ਕਰਤਾ ਆਪ ਅਖਵਾਈਆ । ਇਕ ਅਕੱਲਾ ਕਰ ਪਸਾਰ, ਲੱਖ ਚੁਰਾਸੀ ਡੇਰਾ ਲਾਈਆ । ਲੱਖ ਚੁਰਾਸੀ ਦਏ ਅਧਾਰ, ਅਨਭਵ ਪਰਕਾਸ਼ ਕਰਾਈਆ । ਆਪ ਉਪਾਏ ਆਪੇ ਲਏ ਸੰਘਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਦਏ ਅਧਾਰ, ਉਤਭੁਜ ਸੇਤਜ ਸੰਗ ਨਿਭਾਈਆ । ਮਾਇਆ ਬੰਧਨ ਤੋੜ ਸੰਸਾਰ, ਗੁਰਮੁਖ ਸਾਜਣ ਲਏ ਜਗਾਈਆ । ਆਤਮ ਧੁਨ ਸੱਚੀ ਧੁਨਕਾਰ, ਅਨਹਦ ਰਾਗੀ ਰਾਗ ਸੁਣਾਈਆ । ਪੰਚਮ ਮੇਲਾ ਮੀਤ ਮੁਰਾਰ, ਘਰ ਸਾਚੇ ਵੱਜੀ ਵਧਾਈਆ । ਸਾਚੀ ਸਖੀਆ ਮੰਗਲਚਾਰ, ਏਕਾ ਗੁਣ ਹਰੀ ਹਰਿ ਗਾਈਆ । ਦਰ ਪਾਇਆ ਨਰ ਕੰਤ ਭਤਾਰ, ਸਾਚੀ ਸੇਜ ਸੁਹਾਈਆ । ਨਾਤਾ ਤੁਟਾ ਸਰਬ ਸੰਸਾਰ, ਗੁਰਮੁਖ ਮੇਲਾ ਸਹਿਜ ਸੁਭਾਈਆ । ਥਿਰ ਘਰ ਠਾਂਡਾ ਇਕ ਦਰਬਾਰ, ਸਤਿਗੁਰ ਪੂਰਾ ਵੇਖ ਵਖਾਈਆ । ਕਮਲਾਪਾਤੀ ਜੋਤ ਉਜਿਆਰ, ਨਿਰਗੁਣ ਬੈਠਾ ਆਸਣ ਲਾਈਆ । ਆਦਿ ਜੁਗਾਦੀ ਮੀਤ ਮੁਰਾਰ, ਜੁਗ ਜੁਗ ਵਿਛੜ ਨਾ ਜਾਈਆ । ਜਨ ਭਗਤਾਂ ਦੇਵੇ ਨਾਮ ਭੰਡਾਰ, ਭਗਤ ਭਗਤੀ ਵੇਖ ਵਖਾਈਆ । ਬਸਤਰ ਗਹਿਣਾ ਤਨ ਸ਼ੰਗਾਰ, ਨਾਮ ਅਮੋਲਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰੰਗੇ ਕਾਇਆ ਚੋਲਾ ਰੰਗ ਮਜੀਠੀ ਇਕ ਚੜ੍ਹਾਈਆ । ਏਕਾ ਓਟ ਚਰਨ ਭਰਵਾਸਾ, ਹਰਿਜਨ ਆਪ ਰਖਾਇੰਦਾ । ਦਰਗਹਿ ਸਾਚੀ ਦਏ ਦਲਾਸਾ, ਥਿਰ ਘਰ ਮੇਲ ਮਿਲਾਇੰਦਾ । ਆਦਿ ਅੰਤ ਨਾ ਕਦੇ ਵਿਨਾਸਾ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਖੇਲਣਹਾਰਾ ਖੇਲੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਲੜ ਫੜਾਇੰਦਾ । ਗੁਰਸਿਖ ਲੜ ਲੈਣਾ ਫੜ, ਹਰਿ ਸ਼ਬਦ ਵੱਡੀ ਵਡਿਆਈਆ । ਡੂੰਘੀ ਭਵਰੀ ਕਾਇਆ ਕਵਰੀ ਉਪਰ ਜਾਣਾ ਚੜ੍ਹ, ਆਪ ਆਪਣੀ ਲਏ ਅੰਗੜਾਈਆ । ਪੰਜ ਵਿਕਾਰਾ ਜਾਏ ਸੜ, ਅਗਨੀ ਤੱਤ ਰਹਿਣ ਨਾ ਪਾਈਆ । ਏਕਾ ਅੱਖਰ ਲੈਣਾ ਪੜ੍ਹ, ਆਪਣੀ ਅੱਖ ਆਪ ਖੁਲ੍ਹਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਕੂੜੀ ਕਿਰਿਆ ਦਏ ਮਿਟਾਈਆ । ਸਰ ਸਰੋਵਰ ਨਹੌਣਾ ਵੜ, ਕਾਗ ਹੰਸ ਵਡਿਆਈਆ । ਬਜਰ ਕਪਾਟੀ ਉਖੇੜ ਜੜ, ਆਪਣਾ ਥਾਨ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਕਾਇਆ ਮੰਦਰ ਖੋਲ੍ਹੇ ਦਰ, ਮਹੱਲ ਅਟੱਲ ਉਚ ਮਨਾਰ, ਨਿਰਗੁਣ ਰੂਪ ਆਪ ਕਰਤਾਰ । ਆਤਮ ਸੇਜਾ

ਸਚ ਸਿੰਘਾਸਣ ਹੋ ਉਜਿਆਰ, ਨਾਰੀ ਕੰਤ ਕੰਤ ਭਤਾਰ, ਸੰਤ ਭਗਵੰਤ ਇਕ ਦਵਾਰ, ਦਰ ਦਰਵਾਜਾ ਗਰੀਬ ਨਿਵਾਜਾ ਤਖ਼ਤ ਸੁਲਤਾਨੀ ਰਾਜਨ ਰਾਜਾ, ਆਪ ਆਪਣਾ ਰਿਹਾ ਖੁਲ੍ਹਾਈਆ । ਜੁਗ ਵਿਛੜੇ ਜਗ ਮਾਰੇ ਵਾਜਾਂ, ਸੋਈ ਸੁਰਤੀ ਰਹੀ ਉਠਾਈਆ । ਨਾਮ ਸਤਿ ਸਤਿਨਾਮ ਚਲਾਏ ਸਚ ਜਹਾਜ਼ਾ, ਵਾਹਿਗੁਰੂ ਗੁਰੂ ਗੁਰ ਫਤਿਹ ਗਜਾਈਆ । ਅੰਤਮ ਖੇਲੇ ਖੇਲ ਦੇਸ ਮਾਝਾ, ਹਰਿ ਗੋਬਿੰਦ ਲੇਖ ਚੁਕਾਈਆ । ਅਸਵ ਘੋੜਾ ਏਕਾ ਤਾਜਾ, ਆਪ ਆਪਣਾ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪੇ ਕਰ, ਕਰ ਕਿਰਪਾ ਮੇਲ ਮਿਲਾਈਆ ।

## ੧੭ ਚੇਤ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਨਾਮ ਦਾਨ ਸਤਿ ਭੰਡਾਰਾ, ਸਤਿਗੁਰ ਹੱਟ ਵਿਕਾਇਆ । ਗੁਰਮੁਖਾਂ ਦੇਵੇ ਕਰ ਪਿਆਰਾ, ਜੁਗ ਜੁਗ ਝੋਲੀ ਪਾਇਆ । ਆਵਣ ਜਾਵਣ ਪਾਰ ਕਿਨਾਰਾ, ਬੇੜਾ ਬੰਨੇ ਲਾਇਆ । ਐਥੇ ਉਥੇ ਦਏ ਸਹਾਰਾ, ਦੋ ਜਹਾਨੀ ਵੇਖ ਵਖਾਇਆ । ਸਾਜਣ ਮੀਤ ਮੀਤ ਮੁਰਾਰਾ, ਪ੍ਰੀਤਮ ਪਿਆਰਾ ਆਪ ਅਖਵਾਇਆ । ਗਾਵਤ ਗਾਏ ਸਰਬ ਸੰਸਾਰਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਮੇਲ ਮਿਲਾਇਆ । ਮਿਲਿਆ ਮੇਲਾ ਸਾਚੇ ਘਰ, ਆਤਮ ਘਰ ਸੁਹੰਜਣਾ । ਆਵਣ ਜਾਵਣ ਚੁੱਕਿਆ ਡਰ, ਪਾਇਆ ਪੁਰਖ ਨਿਰੰਜਣਾ । ਆਪਣੀ ਕਿਰਪਾ ਆਪੇ ਕਰ, ਨੇਤਰ ਪਾਏ ਗਿਆਨ ਅੰਜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਧੂੜੀ ਕਰਾਏ ਮਜਨਾ ।


੩੨੪
੦੮

## ੧੭ ਚੇਤ ੨੦੧੬ ਬਿਕ੍ਰਮੀ ਕੁੰਦਨ ਸਿੰਘ ਦੇ ਘਰ ਦਇਆ ਹੋਈ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਮਨ ਰੱਤਾ ਹਰਿ ਨਾਮ ਰੰਗ, ਨਿਮਖ ਨਿਮਖ ਗੁਣ ਗਾਏ । ਸਤਿਗੁਰ ਪੂਰਾ ਸਦਾ ਸੰਗ, ਗਹਿਰ ਗੰਭੀਰ ਸਮਾਏ । ਦਿਵਸ ਰੈਣ ਵਜਾਏ ਇਕ ਮਰਦੰਗ, ਏਕਾ ਢੋਲਾ ਰਿਹਾ ਸੁਣਾਏ । ਕੱਟਣਹਾਰਾ ਭੁੱਖ ਨੰਗ, ਜਗਤ ਤ੍ਰਿਸਨਾ ਦਏ ਮਿਟਾਏ । ਅੰਗੀਕਾਰ ਲਾਏ ਅੰਗ, ਆਪਣੇ ਅੰਗਨ ਲਏ ਉਠਾਏ । ਨਾਮ ਪਹਿਨਾਏ ਸਾਚੀ ਵੰਗ, ਭੂਸ਼ਨ ਬਸਤਰ ਇਕ ਸਜਾਏ । ਸਚ ਸਿੰਘਾਸਣ ਬੈਠ ਪਲੰਘ, ਸਚ ਸੁਹਾਵੀ ਵੇਖ ਵਖਾਏ । ਗੁਰਸਿਖ ਮਾਂਗਤ ਮਾਂਗੇ ਏਕਾ ਮੰਗ, ਏਕਾ ਮੰਗ ਗੁਰ ਸਤਿਗੁਰ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਸਰਧਨ ਸਰਧਨ ਨਿਰਧਨ ਆਪ ਅਖਵਾਏ ।

✪ ੧੭ ਚੇਤ ੨੦੧੬ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਦਇਆ ਹੋਈ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਨਿਰਧਨ ਸਰਧਨ ਏਕਾ ਧਾਰ, ਸਹਿਜ ਸਹਿਜ ਗੁਣ ਗਾਈਆ । ਗੁਣਵੰਤਾ ਗੁਰ ਪਾਏ ਸਾਰ, ਗੁਰ ਗੁਰ ਵੇਸ ਵਟਾਈਆ । ਗੁਰ ਗੁਰ ਰੂਪ ਆਪ ਕਰਤਾਰ, ਹਰਿ ਹਰਿ ਵੱਜੀ ਵਧਾਈਆ । ਹਰਿ ਹਰਿ ਮੀਤਾ ਸਰਬ ਸੰਸਾਰ, ਪਤਿਤ ਪੁਨੀਤਾ ਆਪ ਅਖਵਾਈਆ । ਊਚਾਂ ਨੀਚਾਂ ਇਕ ਅਧਾਰ, ਏਕਾ ਸ਼ਬਦ ਜਣਾਈਆ । ਦੇਵੇ ਦਰਸ ਅਗੰਮ ਅਪਾਰ, ਅਲੱਖ ਅਗੋਚਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ਾ ਘਟ ਘਟ ਵਾਸਾ ਘਰ ਮੰਦਰ ਮੰਦਰ ਘਰ ਘਰ ਆਪਣਾ ਆਪ ਸੁਹਾਈਆ ।

✪ ੧੭ ਚੇਤ ੨੦੧੬ ਬਿਕ੍ਰਮੀ ਲਾਲ ਸਿੰਘ ਦੇ ਘਰ ਦਇਆ ਹੋਈ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਨਿਰਧਨ ਰੂਪ ਰੰਗ ਅਪਾਰ, ਸਤਿਗੁਰ ਪੁਰਖ ਚੜ੍ਹਾਇਆ । ਵੇਖੇ ਵਿਗਸੇ ਕਰੇ ਵਿਚਾਰ, ਚਾਤ੍ਰਿਕ ਰਿਹਾ ਬਿਲਲਾਇਆ । ਬੂੰਦ ਸਵਾਂਤੀ ਠੰਡੀ ਠਾਰ, ਅੰਮ੍ਰਿਤ ਮੇਘ ਬਰਸਾਇਆ । ਏਕਾ ਭਰੇ ਭਗਤ ਭੰਡਾਰ, ਭਗਤ ਭਗਤੀ ਝੋਲੀ ਪਾਇਆ । ਪੂਰਬ ਲਹਿਣਾ ਕਰਜ ਉਤਾਰ, ਸਾਚਾ ਗਹਿਣਾ ਤਨ ਛੁਹਾਇਆ । ਦਰ ਸੁਹਾਏ ਬੰਕ ਦਵਾਰ, ਦਰ ਦਵਾਰੇ ਫੇਰੀ ਪਾਇਆ । ਤ੍ਰੇਤਾ ਵਿਛੜੇ ਕਲ ਪਿਆਰ, ਕਾਲਖ ਟਿੱਕਾ ਦਏ ਕਟਾਇਆ । ਰਾਮ ਨਾਮ ਇਕ ਅਧਾਰ, ਗੁਰ ਮੰਤਰ ਨਾਮ ਦ੍ਰਿੜ੍ਹਾਇਆ । ਪੰਜ ਬਟੀ ਪੰਚ ਆਧਾਰ, ਪੰਚਮ ਮੋਹ ਚੁਕਾਇਆ । ਸਾਚੀ ਹੱਟੀ ਸਚ ਵਪਾਰ, ਆਪਣਾ ਵਣਜ ਕਰਾਇਆ । ਹਰਿਜਨ ਤੇਰਾ ਰੱਖੇ ਨਾ ਕੋਇ ਉਧਾਰ, ਮੂਲ ਬਿਆਜੀ ਆਪ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਸਰ, ਸਰ ਸਰੋਵਰ ਇਕ ਨੁਹਾਇਆ ।

✪ ੧੭ ਚੇਤ ੨੦੧੬ ਬਿਕ੍ਰਮੀ ਗੁਰਦਿਤ ਸਿੰਘ ਦੇ ਘਰ ਦਇਆ ਹੋਈ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਫਾਹੀ ਫਾਥਾ ਮਛਲੀ ਜਾਲ, ਜਗਤ ਨੀਰ ਵਛੁੰਨਿਆ । ਕਰ ਕਿਰਪਾ ਹਰਿ ਲੇਵੇ ਪਾਲ, ਜਾਣੇ ਗੁਣ ਅਵਗੁਣਿਆ । ਪਾਵੇ ਸਾਰ ਡੂੰਘੇ ਤਾਲ, ਤੱਤ ਵਿਕਾਰਾ ਛਾਣ ਪੁੰਨਿਆ । ਤੋੜ ਤੁੜਾਏ ਜਗਤ ਜੰਜਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਏ ਸਾਚੀ ਧੁੰਨਿਆ । ਮਛਲੀ ਨੀਰ ਜਗਤ ਕੁਰਲਾ, ਤੜਪ ਤੜਪ ਮਰ ਜਾਈਆ । ਨਾਨਕ ਵੇਖੇ ਸਹਿਜ ਸਭਾ, ਸੰਗਲਾ ਦੀਪ ਵਡਿਆਈਆ । ਤਟ ਕਿਨਾਰੇ ਦਰਸ਼ਨ ਪਾ, ਨਿਉਂ ਨਿਉਂ ਸੀਸ ਝੁਕਾਈਆ । ਮਾਹੀਗੀਰ ਨਾ ਦਿਸੇ ਸਚ ਮਲਾਹ, ਜੋ ਬੇੜਾ ਬੰਨੇ ਲਾਈਆ । ਫਾਂਦੀ ਫੰਦਕ ਰਿਹਾ ਪਾ, ਬੰਧਨ ਬੰਧ ਬੰਧਾਈਆ । ਸਤਿਗੁਰ ਪੂਰਾ ਦਏ ਸਲਾਹ, ਤੇਰੀ ਚੋਗ ਰਖਾਈਆ । ਕਲਜੁਗ ਅੰਤਮ ਕਰੇ ਨਿਆ, ਤੇਰੀ ਤ੍ਰਿਸਨਾ ਦਏ ਬੁਝਾਈਆ । ਆਪੇ ਪਕੜੇ ਹਰਿ ਜੀ ਬਾਂਹ, ਜਗ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖਿਆ ਆਪੇ ਰਿਹਾ ਚੁਕਾਈਆ । ਲੇਖਾ ਲਹਿਣਾ ਗਿਆ ਚੁੱਕ, ਚੁਕਾਵਣਹਾਰ ਕਰਤਾਰਾ । ਉਲਟਾ ਗਰਭ ਨਾ ਹੋਏ ਰੁੱਖ, ਉਤਰਿਆ ਪਾਰ ਕਿਨਾਰਾ । ਜਲ

ਬਲ ਨਾ ਤ੍ਰਿਸਨਾ ਭੁੱਖ, ਨਾ ਕੋਇ ਦਏ ਸਹਾਰਾ । ਲੇਖੇ ਲਾਏ ਮਾਨੁਸ ਮਾਨੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪੇ ਜਾਣੇ ਆਰ ਪਾਰ ਅਧਵਿਚਕਾਰ ਕਿਨਾਰਾ ।

## ੧੭ ਚੇਤ ੨੦੧੬ ਬਿਕ੍ਰਮੀ ਗੁਰਮੁਖ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਡੂੰਘੇ ਵਹਿਣਾ ਜਗਤ ਖੁਭਿਆ, ਆਰ ਪਾਰ ਨਾ ਕੋਇ ਕਿਨਾਰ । ਜਗਤ ਵਿਕਾਰਾ ਕੰਡਾ ਚੁਭਿਆ, ਦਿਵਸ ਰੈਣ ਹਾਹਾਕਾਰ । ਹਿਰਸ ਹਵਾਸੀ ਜਾਏ ਡੁਬਿਆ, ਡੂੰਘੇ ਭਵਰ ਅੰਧਿਆਰ । ਸਤਿਗੁਰ ਪੂਰੇ ਆਪੇ ਲੱਭਿਆ, ਤਜ ਲੋਭ ਮੋਹ ਹੰਕਾਰ । ਸ਼ਬਦ ਡੋਰੀ ਸਾਚੀ ਬੱਧਿਆ, ਬੰਧਨ ਬੰਧ ਇਕ ਕਰਤਾਰ । ਜਗਤ ਜੰਜਾਲਾ ਤੋੜੇ ਝੂਠੇ ਧੰਦਿਆ, ਧਰਮ ਵਖਾਏ ਸੱਚੀ ਧਰਮਸਾਲ । ਪਾਰ ਕਰਾਏ ਮਦਿਰਾ ਮਾਸੀ ਗੰਦਿਆ, ਜੋ ਜਨ ਆਏ ਚਲ ਦਵਾਰ । ਇਕ ਸੁਣਾਏ ਸੁਹਾਗੀ ਛੰਦਿਆ, ਸੋਹੰ ਸ਼ਬਦ ਨਾਮ ਜੈਕਾਰ । ਦਿਸ ਨਾ ਆਏ ਆਤਮ ਅੰਧਿਆ, ਸਤਿਗੁਰ ਰੂਪ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਫੜ ਆਪੇ ਰਿਹਾ ਤਾਰ ।



## ੧੭ ਚੇਤ ੨੦੧੬ ਬਿਕ੍ਰਮੀ ਸਰਮੁਖ ਸਿੰਘ ਦੇ ਘਰ ਦਇਆ ਹੋਈ ਪਿੰਡ ਕੱਲਾ

੩੨੬
੦੮

ਕੂੜਾ ਨਾਤਾ ਜਾਏ ਤੁੱਟ, ਕੂੜ ਕੁੜਿਆਰਾ ਮੇਟ ਮਿਟਾਇੰਦਾ । ਬੰਸ ਬੰਸੀ ਕੱਢੇ ਕੁੱਟ, ਸਰਬੰਸ ਵੇਖ ਵਖਾਇੰਦਾ । ਲੱਗੀ ਜੜ ਦੇਵੇ ਪੁੱਟ, ਬੋਲਾ ਆਪਣਾ ਆਪ ਲਗਾਇੰਦਾ । ਅੰਮ੍ਰਿਤ ਬਖ਼ਸ਼ੇ ਸਾਚਾ ਘੁੱਟ, ਸਾਂਤਕ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੂਰਖ ਮੂੜ੍ਹੇ ਪਾਰ ਕਰਾਇੰਦਾ । ਜਿਨ ਪ੍ਰੇਤ ਜਗਤ ਖਬੀਸ, ਸਾਧ ਸੰਤ ਵਹਾਇਆ । ਆਪਣਾ ਪੀਸ ਗਏ ਪੀਸ, ਅੰਤ ਰਹਿਣ ਨਾ ਪਾਇਆ । ਲੇਖੇ ਲੱਗੇ ਕਲਜੁਗ ਸੀਸ, ਲੇਖਾ ਦਏ ਮੁਕਾਇਆ । ਏਕਾ ਸ਼ਬਦ ਸਚ ਹਦੀਸ, ਨਾਮ ਨਾਮਾ ਇਕ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖੰਡਾ ਇਕ ਚਮਕਾਇਆ । ਨਾਮ ਖੰਡਾ ਤੇਜ਼ ਕਟਾਰ, ਹਰਿ ਸਾਚਾ ਹੱਥ ਉਠਾਇੰਦਾ । ਸਾਧਾਂ ਸੰਤਾਂ ਮਾਰੇ ਮਾਰ, ਜੀਵਾਂ ਜੰਤਾਂ ਆਪ ਸਮਝਾਇੰਦਾ । ਆਪੇ ਬੰਨ੍ਹੇ ਆਪਣੀ ਧਾਰ, ਧਾਰ ਨਿਰਾਲੀ ਇਕ ਰਖਾਇੰਦਾ । ਕਾਇਆ ਮੰਦਰ ਅੰਦਰ ਖਿਚੇ ਇਕ ਲਕਾਰ, ਪਿਛਲਾ ਲੇਖਾ ਆਪ ਚੁਕਾਇੰਦਾ । ਅਗੇ ਲੇਖਾ ਧੁਰ ਦਰਬਾਰ, ਦਰਗਹਿ ਸਾਚੀ ਇਕ ਸੁਹਾਇੰਦਾ । ਫੜ ਫੜ ਬਾਂਹੋ ਰਿਹਾ ਤਾਰ, ਵਾਸ ਨਿਵਾਸਾ ਪਾਰ ਕਰਾਇੰਦਾ । ਫੂਲਨ ਪਾਏ ਸਾਚਾ ਹਾਰ, ਸੀਸ ਸਿਹਰਾ ਇਕ ਗੁੰਦਾਇੰਦਾ । ਰੰਗਣ ਮੈਂਹਦੀ ਲਾਲ ਅਪਾਰ, ਰੰਗ ਰੰਗੀਲਾ ਇਕ ਵਖਾਇੰਦਾ । ਛੈਲ ਛਬੀਲਾ ਨੌਜਵਾਨ, ਸਤਿਗੁਰ ਪੂਰਾ ਫੇਰਾ ਪਾਇੰਦਾ । ਬੰਨਣਹਾਰਾ ਸਰਬ ਕਬੀਲਾ, ਬਾਹਰ ਕੋਇ ਰਹਿਣ ਨਾ ਪਾਇੰਦਾ । ਆਪੇ ਕਰੇ ਆਪਣਾ ਹੀਲਾ, ਆਪਣੀ ਬਣਤ ਬਣਾਇੰਦਾ । ਆਪਣੀ ਅਗਨੀ ਆਪੇ ਲਾਏ ਤੀਲਾ, ਆਪੇ ਤ੍ਰੀਆ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੰਡਾ ਵਡ ਬਲਵਾਨ, ਮੇਟ ਮਿਟਾਏ ਜਗਤ ਸ਼ੈਤਾਨ, ਦਾਤਾ ਦਾਨੀ ਗੁਣ ਨਿਧਾਨ, ਏਕਾ ਰੰਗ ਸਮਾਇੰਦਾ । ਗੁਣ

ਨਿਧਾਨ ਸਰਬ ਜੀਅ ਦਾਤਾ, ਏਕਾ ਏਕ ਅਖਵਾਇੰਦਾ । ਜਨਮ ਅਜਨਮੀ ਦੇਵੇ ਦਾਤਾ, ਜਨਮ ਅਜਨਮੀ ਵੇਖ ਵਖਾਇੰਦਾ । ਆਪਣਾ ਚਲਾ ਆਪੇ ਰਥ ਸਾਚਾ ਸਾਥਾ, ਸਗਲਾ ਸੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਧਾਰ ਹਰਿ ਨਿਰੰਕਾਰ, ਮਾਰਨਹਾਰਾ ਸਾਚੀ ਮਾਰ, ਆਪ ਆਪਣਾ ਹੱਥ ਉਠਾਇੰਦਾ ।

✪ ੧੭ ਚੇਤ ੨੦੧੯ ਬਿਕ੍ਰਮੀ ਨਰਾਇਣ ਸਿੰਘ ਦੇ ਘਰ ਦਇਆ ਹੋਈ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪

ਹਰਿ ਹਰਿ ਨਾਮ ਜਗਤ ਅਨਮੁੱਲਾ, ਆਦਿ ਜੁਗਾਦਿ ਨਾ ਕੋਇ ਤੁਲਾਈਆ । ਆਪੇ ਰੱਖੇ ਸਚ ਕੁਲਾ, ਗੁਰਮੁਖ ਕਾਇਆ ਬੰਕ ਸੁਹਾਈਆ । ਸਾਚੇ ਤੋਲ ਆਪੇ ਤੁਲਾ, ਤੋਲਣਹਾਰ ਆਪ ਅਖਵਾਈਆ । ਜੁਗਾ ਜੁਗੰਤਰ ਫਲਿਆ ਫੁਲਾ, ਫੁਲ ਫੁਲਵਾੜੀ ਭਗਤ ਮਹਿਕਾਈਆ । ਹਰਿਜਨ ਆਤਮ ਅੰਤਰ ਘੁਲਾ, ਜਨ ਘੋਲ ਘੋਲ ਘੁਮਾਈਆ । ਜਗਤ ਭੰਡਾਰਾ ਰਹੇ ਖੁਲ੍ਹਾ, ਆਪਣਾ ਆਪ ਵਰਤਾਈਆ । ਜੋ ਜਨ ਹਰਿਜੂ ਹਰਿ ਹਰਿ ਮੰਦਰ ਆਏ ਭੁੱਲਾ, ਹਰਿ ਸਾਚਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਮ ਵੱਡੀ ਵਡਿਆਈਆ । ਨਾਮ ਭੰਡਾਰਾ ਸਚ ਅਮੋਲਕ, ਹਰਿ ਸਾਚਾ ਹੱਥ ਰਖਾਇੰਦਾ । ਗੁਰਸਿਖ ਵੇਖੇ ਕਾਇਆ ਗੋਲਕ, ਘਰ ਸਾਚੇ ਆਪ ਟਿਕਾਇੰਦਾ । ਸ਼ਬਦ ਅਗੰਮੀ ਧੁਨ ਅਨਾਦੀ ਆਪ ਵਜਾਏ ਆਪਣੀ ਢੋਲਕ, ਆਪਣਾ ਰਾਗ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮ ਖਜ਼ੀਨਾ ਇਕ ਵਖਾਇੰਦਾ । ਨਾਮ ਵਸਤ ਸਾਚੀ ਦਾਤ, ਸਤਿਗੁਰ ਪੂਰੇ ਹੱਥ ਰਖਾਈਆ । ਗੁਰਮੁਖਾਂ ਆਤਮ ਅੰਦਰ ਵੇਖੇ ਮਾਰ ਝਾਤ, ਡੂੰਘੀ ਕੰਦਰ ਫੋਲ ਫੁਲਾਈਆ । ਆਪਣੀ ਹੱਥੀਂ ਖੋਲ੍ਹੇ ਆਪਣਾ ਤਾਕ, ਆਪੇ ਬੰਦ ਕਰਾਈਆ । ਆਪੇ ਜਾਣੇ ਆਪਣਾ ਵਾਕ, ਬੋਧ ਅਗਾਧੀ ਆਪ ਸੁਣਾਈਆ । ਆਪਣੀ ਪਤ ਆਪੇ ਲਏ ਰਾਖ, ਪਤਿ ਪਤਿਵੰਤਾ ਸਾਚਾ ਮਾਹੀਆ । ਜੁਗਾ ਜੁਗੰਤਰ ਆਪ ਚਲਾਏ ਆਪਣੀ ਸ਼ਾਖ਼, ਸਾਖਯਾਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਸ਼ਬਦ ਬੀਜ ਹਰਿ ਹਰਿ ਬੋਇਆ, ਆਪ ਆਪਣੀ ਕਿਰਤ ਕਮਾਇੰਦਾ । ਆਪ ਆਪਣੇ ਜੇਹਾ ਆਪੇ ਹੋਇਆ, ਦੂਸਰ ਕੋਇ ਨਾ ਸੰਗ ਰਖਾਇੰਦਾ । ਨਾ ਜਨਮੇ ਨਾ ਕਦੇ ਮੋਇਆ, ਮਾਤ ਗਰਭ ਨਾ ਵਾਸ ਧਰਾਇੰਦਾ । ਦਿਵਸ ਰੈਣ ਨਾ ਕਦੇ ਸੋਇਆ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਨਾਮ ਉਪਾਇੰਦਾ । ਹਰਿ ਕਾ ਸ਼ਬਦ ਸਤਿਗੁਰ ਧਾਰ, ਗੁਰ ਗੁਰ ਬੂਝ ਬੁਝਾਈਆ । ਗੁਰ ਗੁਰ ਮੀਤਾ ਅਪਰ ਅਪਾਰ, ਨਿਰਗੁਣ ਸਰਗੁਣ ਵਿਚ ਟਿਕਾਈਆ । ਸਰਗੁਣ ਸਾਜਣ ਹੋ ਉਜਿਆਰ, ਖੇਲੇ ਖੇਲ ਬੇਪਰਵਾਹੀਆ । ਸ਼ਬਦ ਢੋਲਾ ਇਕ ਜੈਕਾਰ, ਗੀਤ ਸੁਹਾਗੀ ਏਕਾ ਗਾਈਆ । ਬਣ ਵਿਚੋਲਾ ਹਰਿ ਨਿਰੰਕਾਰ, ਲੋਕਮਾਤ ਵੇਖ ਵਖਾਈਆ । ਸਾਚਾ ਤੋਲਾ ਗਿਰਵਰ ਗਿਰਧਾਰ, ਗ੍ਰਿਹਿ ਗ੍ਰਿਹਿ ਫੇਰਾ ਪਾਈਆ । ਗੁਰਮੁਖ ਸਾਜਣ ਵੇਖ ਵਿਚਾਰ, ਗੁਰ ਮਤੀ ਆਪ ਸਮਝਾਈਆ । ਆਤਮ ਅੰਤਰ ਖੋਲ੍ਹ ਕਿਵਾੜ, ਨੇਤਰ ਨੈਣ ਇਕ ਦਰਸਾਈਆ । ਮੇਟ ਮਿਟਾਏ ਝੂਠੀ ਧਾੜ, ਸਚ ਸੁੱਚ ਕਰੇ ਕੁੜਮਾਈਆ । ਅਗਨੀ ਤੱਤ ਨਾ ਲੱਗੇ ਤੱਤੀ ਹਾੜ, ਤੱਤਵ ਤੱਤ ਇਕ ਵਖਾਈਆ । ਆਪੇ ਫਿਰੇ ਪਿੱਛੇ ਅਗਾੜ, ਚਾਰੋਂ ਕੁੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਵੇਖ ਵਖਾਈਆ । ਸ਼ਬਦ ਸਾਜਣ ਸਾਚਾ ਮੀਤੜਾ, ਪਰਮ ਪੁਰਖ ਕਰਤਾਰਾ । ਆਦਿ ਜੁਗਾਦੀ ਜਾਣੇ ਰੀਤੜਾ, ਇਕ ਅਕੱਲਾ ਏਕਉਂਕਾਰਾ । ਆਪੇ ਗਾਏ ਆਪਣਾ ਗੀਤੜਾ, ਪੁਰੀਆਂ ਲੋਆਂ ਕਰੇ ਖ਼ਬਰਦਾਰਾ । ਆਪੇ ਹੋਇਆ ਜਗਤ ਅਨਡੀਠੜਾ, ਆਪੇ ਗੁਪਤ ਆਪੇ ਜ਼ਾਹਰਾ । ਆਪੇ ਆਪਣਾ ਭਾਣਾ ਜਾਣੇ ਮੀਠੜਾ, ਦੇਵੇ ਵਰ ਸੱਚੀ ਸਰਕਾਰਾ । ਆਪੇ ਮਿਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਫਲ ਇਕ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਗੁਰ ਅਵਤਾਰਾ । ਹਰਿ ਅਵਤਾਰ ਸ਼ਬਦ ਗੁਰ ਭੂਪਾ, ਤਖ਼ਤ ਤਾਜ ਸੁਹਾਨਿਆ । ਆਦਿ ਅਨਾਦੀ ਸਤਿ ਸਰੂਪਾ, ਪਾਰਬ੍ਰਹਮ ਸ੍ਰੀ ਭਗਵਾਨਿਆ । ਵਸਣਹਾਰਾ ਚਾਰੇ ਕੂਟਾ, ਵੇਖ ਵਖਾਏ ਜ਼ਿਮੀ ਅਸਮਾਨਿਆ । ਤ੍ਰੈਗੁਣ ਮਾਇਆ ਵੇਖੇ ਠੂਠਾ, ਫੋਲ ਫੁਲਾਏ ਪੰਚ ਸ਼ੈਤਾਨਿਆ । ਜੁਗ ਜੁਗ ਦਾਤਾ ਆਪਣੀ ਕਰਨੀ ਆਪੇ ਤੁਠਾ, ਕਰਨੀ ਕਰਤਾ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਨੌਜਵਾਨਿਆ । ਹਰਿ ਸ਼ਬਦ ਹਰਿ ਕਾ ਰੂਪ, ਹਰਿ ਹਰਿ ਆਪ ਉਪਾਇਆ । ਏਕਾ ਤਾਗਾ ਏਕਾ ਸੂਤ, ਏਕਾ ਤੰਦ ਬੰਧਾਇਆ । ਏਕਾ ਕਾਇਆ ਕਪੜ ਕਲਪ ਕਰੇ ਕਲਬੂਤ, ਏਕਾ ਪੰਜ ਤੱਤ ਰਿਹਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਸ਼ਬਦ ਧਰਾਇਆ । ਸ਼ਬਦ ਅਨਾਦ ਹਰਿ ਬ੍ਰਹਿਮਾਦਿ, ਏਕਾ ਏਕ ਰਖਾਇੰਦਾ । ਗੁਰ ਗੁਰ ਦੇਵੇ ਸਾਚੀ ਦਾਦ, ਸਤਿਗੁਰ ਪੁਰਖ ਮਨਾਇੰਦਾ । ਹਰਿਜਨ ਹਰਿ ਹਰਿ ਆਪੇ ਲਾਧ, ਘਰ ਘਰ ਮੇਲ ਮਿਲਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਾਹ ਵਾ ਗੁਰੂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸ਼ਬਦ ਉਪਜਾਇੰਦਾ । ਹਰਿ ਸ਼ਬਦ ਸਾਚਾ ਬੀਜ, ਗੁਰ ਗੁਰ ਆਪ ਟਿਕਾਇੰਦਾ । ਆਪਣੀ ਕਰਨੀ ਆਪੇ ਪਤੀਜ, ਆਪ ਆਪਣਾ ਦਰ ਸੁਹਾਇੰਦਾ । ਆਪੇ ਵੇਖੇ ਵਟ ਤੀਜ, ਤ੍ਰੈ ਤ੍ਰੈ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਸ਼ਬਦ ਵਰ, ਗੁਰ ਸ਼ਬਦੀ ਨਾਉਂ ਧਰਾਇੰਦਾ । ਗੁਰ ਸ਼ਬਦ ਗੁਰੂ ਗੁਰ ਦੇਵਾ, ਸਤਿਗੁਰ ਇਸ਼ਟ ਮਨਾਇਆ । ਸਤਿਗੁਰ ਪੁਰਖ ਸਤਿ ਸਾਚੀ ਸੇਵਾ, ਹਰਿ ਸੱਜਣ ਆਪ ਕਰਾਇਆ । ਹਰਿਜਨ ਖਵਾਏ ਅੰਮ੍ਰਿਤ ਆਤਮ ਮੇਵਾ, ਫਲ ਮਿਠਾ ਇਕ ਰਖਾਇਆ । ਮਸਤਕ ਕੌਸਤਕ ਲਾਏ ਥੇਵਾ, ਮਨ ਮਣੀਆ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸ਼ਬਦ ਸੁਹਾਇਆ । ਹਰਿ ਸੁਹਾਏ ਸ਼ਬਦ ਫੁਲਵਾੜੀ, ਫਲ ਫੁਲ ਵੇਖ ਵਖਾਈਆ । ਪਾਏ ਸਾਰ ਉਜਾੜ ਪਹਾੜੀ, ਡੂੰਘੀ ਗਾਰੀ ਵੇਖ ਵਖਾਈਆ । ਗੁਰਸਿਖ ਜਾਣੇ ਨਾੜ ਨਾੜੀ, ਨਰ ਨਰਾਇਣ ਵੱਡੀ ਵਡਿਆਈਆ । ਗੋਬਿੰਦ ਤੇਰੀ ਪੱਕੀ ਹਾੜੀ, ਹਰਿ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਸ਼ਬਦ ਗੁਰ ਸਮਝਾਵਣ ਆਇਆ, ਦੇਵੇ ਜਗਤ ਹੁਲਾਰਾ । ਪੁਰਖ ਅਕਾਲੀ ਵੇਸ ਵਟਾਇਆ, ਜੋਤ ਨਿਰਾਲੀ ਡਗਮਗਾਇਆ । ਚਾਲ ਅਵੱਲੜੀ ਚਲੇ ਚਾਲੀ, ਵੇਦ ਕਤੇਬ ਨਾ ਕੋਇ ਲਖਾਇਆ । ਆਪਣੇ ਹੱਥਾਂ ਰੱਖੇ ਖ਼ਾਲੀ, ਸ੍ਰਿਸ਼ਟ ਸਬਾਈ ਡੌਰੂ ਵਾਇਆ । ਚਾਰੋਂ ਕੁੰਟ ਘਟਾ ਕਾਲੀ, ਰੈਣ ਅੰਧੇਰਾ ਛਾਇਆ । ਵੇਖ ਵਖਾਏ ਜੋਤ ਜਵਾਲੀ, ਲਾਟ ਲਲਾਟੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਗਾਰਾ ਨਰ ਨਿਰੰਕਾਰਾ ਏਕ ਡੰਕ ਵਜਾਇਆ । ਸ਼ਬਦ ਨਗਾਰਾ ਸਾਚੀ ਵੰਡ, ਧੁਰ ਧੁਰ ਆਪ ਵੰਡਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਪਾਰਬ੍ਰਹਮ ਭੇਵ ਨਾ ਆਈਆ । ਨਵ

ਨਵ ਕਰੇ ਖੰਡ ਖੰਡ, ਗ੍ਰਿਹ ਗ੍ਰਿਹ ਧੱਕਾ ਲਾਈਆ । ਹਰਿਜਨ ਨਾਮ ਏਕਾ ਰਿਹਾ ਵੰਡ, ਏਕਾ ਬੂਝ ਬੁਝਾਈਆ । ਕਲਜੁਗ ਅੰਤਮ ਚੁਕਿਆ ਪੰਧ, ਚੌਥਾ ਪੌੜਾ ਰਿਹਾ ਉਠਾਈਆ । ਕੱਚੀ ਕੱਲਰ ਢਹਿਣੀ ਕੰਧ, ਸ਼ੌਹ ਦਰਯਾਏ ਨਾਲ ਰੁੜ੍ਹਾਈਆ । ਸਤਿ ਸਤਿਵਾਦੀ ਚਾੜ੍ਹੇ ਚੰਦ, ਜੋਤੀ ਨੂਰ ਕਰੇ ਰੁਸ਼ਨਾਈਆ । ਗੋਬਿੰਦ ਮੀਤਾ ਹੋ ਬਖ਼ਸ਼ੰਦ, ਗੁਰ ਚੇਲਾ ਲਏ ਤਰਾਈਆ । ਗੁਰਸਿਖਾਂ ਖ਼ੁਸ਼ੀ ਕਰਾਏ ਬੰਦ ਬੰਦ, ਨਿਰਗੁਣ ਸਰਗੁਣ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦਾਤਾ ਆਪ ਅਖਵਾਈਆ । ਸ਼ਬਦ ਦਾਤਾ ਵਡ ਭੰਡਾਰੀ, ਭਾਂਡਾ ਭਰਮ ਭੰਨਾਇੰਦਾ । ਗੁਰਸਿਖਾਂ ਪੈਜ ਰਿਹਾ ਸੁਆਰੀ, ਨੇਤਰ ਨੈਣ ਇਕ ਖੁਲ੍ਹਾਇੰਦਾ । ਸੀਸ ਜਗਦੀਸ ਆਪਣਾ ਆਪ ਉਤਾਰੀ, ਸਾਚੇ ਸੀਸ ਟਿਕਾਇੰਦਾ । ਖੇਲੇ ਖੇਲ ਅਗੰਮ ਅਪਾਰੀ, ਵੇਸ ਅਨੇਕਾ ਵੇਸ ਵਟਾਇੰਦਾ । ਵੇਖਣਹਾਰਾ ਕੇਸ ਮੁੱਛ ਦਾੜ੍ਹੀ, ਬਾਂਕਾ ਬਾਂਕੀ ਚਾਲ ਚਲਾਇੰਦਾ । ਗੁਰਸਿਖਾਂ ਸਿਰ ਉਠਾ ਖਾਰੀ, ਆਪ ਆਪਣਾ ਰਾਹ ਤਕਾਇੰਦਾ । ਆਪੇ ਸੁੱਤਾ ਵਿਚ ਉਜਾੜੀ, ਆਪਣਾ ਢੋਲਾ ਆਪੇ ਗਾਇੰਦਾ । ਆਪੇ ਤਾਲ ਆਪੇ ਤਲਵਾੜੀ, ਆਪ ਆਪਣਾ ਰਾਗ ਅਲਾਇੰਦਾ । ਆਪੇ ਮੀਤ ਮੁਰਾਰਾ ਆਪ ਨਿਭਾਏ ਆਪਣੀ ਯਾਰੀ, ਯਾਰੀ ਸੱਥਰ ਹੇਠ ਰਖਾਇੰਦਾ । ਲੇਖਾ ਚੁਕਾਏ ਵਾਰੋ ਵਾਰੀ, ਲਹਿਣਾ ਲਹਿਣੇਦਾਰ ਮੁਕਾਇੰਦਾ । ਕਲਜੁਗ ਤੇਰੀ ਅੰਤਮ ਪਾਵੇ ਸਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਏਕਾ ਘਰ, ਏਕਾ ਦਰ ਸੁਹਾਇੰਦਾ । ਸ਼ਬਦ ਗੁਰ ਹਰਿ ਅਵਤਰਾ, ਅਵਰ ਨਾ ਕੋਈ ਦੂਜਾ । ਆਪੇ ਜਾਣੇ ਆਪਣਾ ਘਰਾ, ਆਪੇ ਵੇਖੇ ਨੇਤਰ ਤੀਜਾ । ਆਪਣਾ ਭੰਡਾਰਾ ਆਪੇ ਭਰਾ, ਚੌਥੇ ਪਦ ਆਪ ਪਤੀਜਾ । ਪੰਚਮ ਮੇਲਾ ਹਰੀ ਹਰਾ, ਹਰਿ ਕਾਰਜ ਆਪੇ ਕੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਸਾਚਾ ਵਰ, ਜਨ ਭਗਤਾਂ ਕਰੇ ਰੀਝਾ । ਗੁਰ ਸ਼ਬਦ ਗੁਰ ਗਿਆਨ, ਗੁਰ ਮੰਤਰ ਨਾਮ ਦ੍ਰਿੜਾਇਆ । ਗੁਰ ਗੁਰ ਵੇਖੇ ਮਾਰ ਧਿਆਨ, ਗੁਰ ਨੇਤਰ ਇਕ ਖੁਲ੍ਹਾਇਆ । ਗੁਰ ਜੋਧਾ ਸੂਰ ਬਲੀ ਬਲਵਾਨ, ਨਾਮ ਖੰਡਾ ਇਕ ਚਮਕਾਇਆ । ਗੁਰ ਵਖਾਏ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇਆ । ਗੜ੍ਹੀ ਚਮਕੌਰ ਕਰ ਪਰਵਾਨ, ਕਲਜੁਗ ਅੰਤਮ ਮੇਲ ਮਿਲਾਇਆ । ਹੋਇਆ ਵਿਚੋਲਾ ਸ੍ਰੀ ਭਗਵਾਨ, ਨਿਹਕਲੰਕਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮੇਲਾ ਸਾਚੇ ਦਰ, ਦਰ ਦਰਵੇਸਾ ਵੇਸ ਵਟਾਇਆ । ਦਰ ਦਰਵੇਸ਼ ਗੋਬਿੰਦ ਧਾਰ, ਆਪਣਾ ਮੂਲ ਚੁਕਾਈਆ । ਅਮੁਲ ਅਮੁਲ ਅਮੁਲ ਵਣਜ ਵਪਾਰ, ਅਤੁਲ ਅਤੁਲ ਅਤੁਲ ਆਪ ਰਖਾਈਆ । ਸਾਚੀ ਕੁਲ ਉਧਰੇ ਪਾਰ, ਕੁਲ ਕੁਲਵੰਤਾ ਵੇਖ ਵਖਾਈਆ । ਗੋਬਿੰਦ ਬੂਟਾ ਜਾਏ ਨਾ ਹੁਲ, ਡੂੰਘੀ ਨੀਂਹ ਧਰਾਈਆ । ਜੀਤ ਜੁਝਾਰ ਘੋਲੀ ਗਿਆ ਘੁਲ, ਘੋਲਣਹਾਰਾ ਦਿਸ ਨਾ ਆਈਆ । ਫਤਿਹ ਡੰਕਾ ਵੱਜੇ ਢੋਲ, ਸਿੰਘ ਫਤਹਿ ਇਕ ਗਜਾਈਆ । ਜ਼ੋਰਾਵਰ ਕਰੇ ਚੋਲ੍ਹ, ਸੋਹਣੀ ਜਿੰਦੜੀ ਸਹਿਜ ਸੁਖਦਾਈਆ । ਪੰਚਮ ਮੀਤਾ ਕਦੇ ਨਾ ਮਾਰੇ ਗਰਮੁਖਾਂ ਨਾਲ ਰੋਲ, ਆਦਿ ਜੁਗਾਦੀ ਵੇਸ ਵਟਾਈਆ । ਜਨ ਖੋਜੇ ਹਰਿ ਵਸੇ ਕੋਲ, ਥਿਰ ਘਰ ਵਾਸੀ ਡੇਰਾ ਲਾਈਆ । ਆਪਣੇ ਕੰਡੇ ਆਪੇ ਤੋਲ, ਨਾਨਕ ਤਰਾਜ਼ੂ ਹੱਥ ਉਠਾਈਆ । ਕਲਜੁਗ ਅੰਤਮ ਖੇਲੇ ਹੋਲ, ਗੁਰਸਿਖ ਤੇਰੀ ਰੱਤੀ ਰੱਤ ਰੰਗਣ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਆਪੇ ਬੋਲ, ਆਪਣਾ ਭੇਵ ਖੁਲ੍ਹਾਈਆ । ਸ਼ਬਦ ਗੁਰ ਜਗਤ ਵਿਚੋਲਾ, ਹਰਿ ਹਰਿ ਆਪ ਰਖਾਇੰਦਾ । ਆਦਿ ਜੁਗਾਦਿ ਕਦੇ ਨਾ ਡੋਲਾ, ਅਡੋਲ ਅਤੁਲ ਨਾਮ ਧਰਾਇੰਦਾ । ਹਰਿਜਨ ਅੰਤਰ

ਆਪੇ ਮੌਲਾ, ਸਾਚੀ ਰੁੱਤ ਬਸੰਤ ਸੁਹਾਇੰਦਾ । ਅੰਮ੍ਰਿਤ ਦੇਵੇ ਨਾਭੀ ਕਵਲਾ, ਨਾਮ ਭੰਡਾਰਾ ਆਪ ਵਰਤਾਇੰਦਾ । ਰੱਖੇ ਵਡਿਆਈ ਉਪਰ ਧਵਲਾ, ਯੁਗ ਛੱਤੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੀਸ ਤਾਜ ਆਪਣਾ ਆਪ ਟਿਕਾਇੰਦਾ । ਸੀਸ ਤਾਜ ਆਪਣਾ ਰੱਖ, ਗੁਰ ਗੁਰ ਰੂਪ ਵਟਾਇਆ । ਦਰਸ ਵਖਾਏ ਹੋ ਪਰਤੱਖ, ਕਲਜੁਗ ਕੂੜ ਮਿਟਾਇਆ । ਕਰਨੇਹਾਰਾ ਲੱਖੋਂ ਕੱਖ, ਕੱਖਾਂ ਕੀਮਤ ਕੋਇ ਨਾ ਪਾਇਆ । ਜਗਤ ਵਿਕਾਰ ਵਿਚੋਂ ਕੀਤਾ ਵੱਖ, ਆਪ ਆਪਣੀ ਬੂਝ ਬੁਝਾਇਆ । ਸਤਿ ਸਤਿਵਾਦੀ ਕਰੇ ਪੱਖ, ਸਤਿ ਸੰਤੋਖੀ ਵੇਖ ਵਖਾਇਆ । ਗੁਰਸਿਖ ਤੇਰੀ ਗੋਬਿੰਦ ਹੱਦ, ਦੂਜਾ ਦਰ ਨਾ ਕੋਇ ਜਣਾਇਆ । ਭਾਗ ਲਗਾਏ ਸਾਚੀ ਯੱਦ, ਵਿਸ਼ਨੂੰ ਵੰਸੀ ਰੂਪ ਵਟਾਇਆ । ਨਾਮ ਪਿਆਏ ਏਕਾ ਮਦਿ, ਨਾਮ ਖੁਮਾਰੀ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਲਏ ਸਦ ਦਰ ਦਰਵੇਸ਼ਾ ਫੇਰੀ ਪਾਇਆ । ਜਗਤ ਜੰਜਾਲ ਵਿਚੋਂ ਲਏ ਕੱਢ, ਦੂਈ ਦਵੈਤੀ ਮੇਟ ਮਿਟਾਇਆ । ਲੇਖੇ ਲਾਏ ਨਾੜੀ ਮਾਸ ਹੱਡ, ਆਪ ਫੜਾਏ ਆਪਣਾ ਲੜ, ਆਪ ਆਪਣੀ ਗੋਦ ਉਠਾਇਆ । ਹੰ ਹੰਗਤਾ ਦੇਵੇ ਵੱਢ, ਸਾਚੀ ਸੰਗਤਾ ਮੇਲ ਮਿਲਾਇਆ । ਝੂਠਾ ਘਰ ਦੁਨੀਆਂ ਛੱਡ, ਮਹੱਲ ਅਟੱਲ ਸੱਚਾ ਸੱਚੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਦੇਵੇ ਦਰ, ਦਰ ਦਰ ਆਏ ਦਇਆ ਕਮਾਏ ਵੇਸ ਵਟਾਏ ਦਿਸ ਨਾ ਆਇਆ ।



੩੩੦

੦੮

## ੧੮ ਚੇਤ ੨੦੧੬ ਬਿਕ੍ਰਮੀ ਕਰਤਾਰ ਸਿੰਘ ਦੇ ਘਰ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ

ਹਰਿ ਜੋਤ ਨੂਰ ਅਕਾਲ, ਨਿਰਗੁਣ ਰੂਪ ਨਰ ਨਿਰੰਕਾਰਿਆ । ਦੀਨਾਂ ਬੰਧਪ ਦੀਨ ਦਿਆਲ, ਅਬਿਨਾਸ਼ੀ ਕਰਤਾ ਖੇਲ ਖਿਲਾ ਰਿਹਾ । ਜੁਗ ਜੁਗ ਚਲੇ ਅਵੱਲੜੀ ਚਾਲ, ਕਰਨੀ ਕਰਤਾ ਆਪ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਵੇਸ ਵਟਾ ਲਿਆ । ਜੋਤੀ ਜਾਮਾ ਹਰਿ ਭਗਵਾਨਾ, ਨਿਹਕਲੰਕ ਅਖਵਾਇੰਦਾ । ਜੋਤੀ ਨੂਰ ਨੂਰ ਮਹਾਨਾ, ਰੂਪ ਰੰਗ ਨਾ ਕੋਇ ਰਖਾਇੰਦਾ । ਚੱਕਰ ਚਿਹਨ ਨਾ ਕੋਈ ਰਖਾਨਾ, ਜੂਨੀ ਰਹਿਤ ਨਾਮ ਧਰਾਇੰਦਾ । ਥਿਰ ਘਰ ਵਸੇ ਸਚ ਟਿਕਾਨਾ, ਊਚ ਮਹੱਲ ਅਟੱਲ ਟਿਕਾਇੰਦਾ । ਸ਼ਾਹ ਭੂਪ ਸ਼ਾਹ ਸੁਲਤਾਨਾ, ਰਾਜ ਰਾਜਾਨ ਆਪ ਅਖਵਾਇੰਦਾ । ਲੱਖ ਚੁਰਾਸੀ ਦੇਵੇ ਮਾਣਾ, ਹਰ ਘਟ ਅੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਇਕ ਅਖਵਾਇੰਦਾ । ਆਦਿਨ ਅੰਤਾ ਹਰਿ ਭਗਵਾਨਾ, ਅਕਲ ਕਲਾ ਕਲ ਧਾਰੀਆ । ਜੁਗ ਜੁਗ ਮੇਲਾ ਸਾਚੇ ਸੰਤਾ, ਸੰਤ ਸਾਜਣ ਮੇਲ ਮਿਲਾ ਰਿਹਾ । ਪੁਰਖ ਪੁਰਖੋਤਮ ਨਾਰੀ ਕੰਤਾ, ਆਪ ਅਖਵਾ ਰਿਹਾ । ਦਰ ਦਰਵੇਸਾ ਹੋਏ ਮੰਗਤਾ, ਦੋ ਜਹਾਨਾਂ ਫੇਰੀ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਰਖਾ ਲਿਆ । ਆਦਿ ਨਿਰੰਜਣ ਏਕਉਂਕਾਰਾ, ਅਕਲ ਕਲਾ ਵਰਤਾਈਆ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਬ੍ਰਹਮਾ ਵਿਸ਼ਨੂੰ ਦੇਵਤ ਸੁਰ ਕਰ ਉਜਿਆਰਾ, ਆਪ ਆਪਣੇ ਵਿਚ ਟਿਕਾਈਆ । ਰਵ ਸਸ ਕਰ

ਉਜਿਆਰਾ, ਮੰਡਲ ਮੰਡਪ ਦਏ ਸੁਹਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਭੇਵ ਕੋਇ ਨਾ ਪਾਈਆ । ਜੁਗਾ ਜੁਗੰਤਰ ਸਾਚੀ ਕਾਰਾ, ਨਿਰਗੁਣ ਆਪਣੀ ਆਪ ਚਲਾਈਆ । ਭਗਤ ਭਗਵੰਤ ਦਏ ਅਧਾਰਾ, ਆਤਮ ਬ੍ਰਹਮ ਜਣਾਈਆ । ਧੁਨ ਅਨਾਦ ਅਨਾਦ ਅਪਾਰਾ, ਅਨਹਦ ਤਾਲ ਵਜਾਈਆ । ਸਰ ਸਰੋਵਰ ਠੰਡੀ ਠਾਰਾ, ਆਪਣਾ ਆਪ ਭਰਾਈਆ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਆਪ ਤੁੜਾਈਆ । ਚੌਦਾਂ ਹੱਟਾਂ ਵਣਜ ਵਾਪਾਰਾ, ਚੌਦਾਂ ਲੋਕਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਦ ਅਨਾਦੀ ਹਰਿ ਸ਼ਬਦ ਬ੍ਰਹਿਮਾਦੀ ਗੁਣਵੰਤਾ ਬੇਪਰਵਾਹੀਆ । ਗੁਣਵੰਤਾ ਹਰਿ ਮੀਤੜਾ, ਪਰਮ ਪੁਰਖ ਕਰਤਾਰ । ਆਦਿ ਜੁਗਾਦੀ ਸਾਚੀ ਰੀਤੜਾ, ਆਪ ਚਲਾਵੇ ਵਿਚ ਸੰਸਾਰ । ਵਸੇ ਧਾਮ ਅਨਡੀਠੜਾ, ਦਰ ਘਰ ਸੋਹੇ ਇਕ ਦਵਾਰ । ਗੁਰਮੁਖਾਂ ਕਾਇਆ ਚੋਲੀ ਰੰਗੇ ਚੀਥੜਾ, ਆਪ ਆਪਣਾ ਬਖ਼ਸ਼ ਪਿਆਰ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਪੀ ਲਾਏ ਪਾਰ । ਸਾਚਾ ਦੇਹੁਰਾ ਮੰਦਰ ਮਸੀਤੜਾ, ਕਾਇਆ ਵਖਾਏ ਗੁਰੂਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਹਰਿ ਨਿਰੰਕਾਰ । ਨਿਰਗੁਣ ਦਾਤਾ ਬੇਪਰਵਾਹ, ਅਲਖ ਨਿਰੰਜਣ ਆਪ ਅਖਵਾਇੰਦਾ । ਸ਼ਬਦੀ ਗੁਰ ਬਣ ਮਲਾਹ, ਆਪਣਾ ਨਾਉਂ ਧਰਾਇੰਦਾ । ਗੁਰਮੁਖ ਵੇਖੇ ਥਾਉਂ ਥਾਂ, ਜੁਗ ਜੁਗ ਆਪ ਉਠਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਹੱਥ ਸਮਰਥ ਟਿਕਾਇੰਦਾ । ਕਰੇ ਕਰਾਏ ਸਚ ਨਿਆ, ਜਗ ਝੇੜਾ ਆਪ ਚੁਕਾਇੰਦਾ । ਨਿਰਗੁਣ ਖੇੜਾ ਇਕ ਵਖਾਏ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕ ਵਜਾਇੰਦਾ । ਨਾਮ ਡੰਕ ਸ਼ਬਦ ਜੈਕਾਰਾ, ਹਰਿ ਸਾਚਾ ਸਚ ਸੁਣਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਦਏ ਹਲਾਈਆ । ਲੱਖ ਚੁਰਾਸੀ ਇਕ ਹੁਲਾਰਾ, ਏਕਉਂਕਾਰਾ ਦਏ ਲਗਾਈਆ । ਜਨ ਭਗਤਾਂ ਮੇਲਾ ਮੀਤ ਮੁਰਾਰਾ, ਪਾਰਬ੍ਰਹਮ ਸੱਚੀ ਸਰਨਾਈਆ । ਨਾਮ ਕਰਾਏ ਵਣਜ ਵਾਪਾਰਾ, ਸਚ ਵਣਜਾਰਾ ਸਹਿਜ ਸੁਭਾਈਆ । ਕਲਜੁਗ ਮੇਟੇ ਕੂੜ ਪਸਾਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਊਚਾਂ ਨੀਚਾਂ ਇਕ ਦਵਾਰਾ, ਰਾਓ ਰੰਕਾਂ ਇਕ ਸਮਝਾਈਆ । ਸ਼ਾਹ ਸੁਲਤਾਨਾ ਕਰੇ ਖ਼ਵਾਰਾ, ਤਖ਼ਤ ਤਾਜ ਨਾ ਕੋਇ ਉਠਾਈਆ । ਨਾਮ ਖੰਡਾ ਤੇਜ਼ ਕਟਾਰਾ, ਗੁਰ ਗੋਬਿੰਦ ਹੱਥ ਚਮਕਾਈਆ । ਤਿਖੀ ਰੱਖੇ ਹਰਿ ਹਰਿ ਧਾਰਾ, ਦੋ ਜਹਾਨਾਂ ਵੇਖ ਵਖਾਈਆ । ਆਪਣੇ ਅਸਵ ਹੋ ਅਸਵਾਰਾ, ਸ਼ਾਹ ਸਵਾਰਾ ਨਾਉਂ ਧਰਾਈਆ । ਕਲਗੀ ਤੋੜਾ ਨਾਮ ਦਸਤਾਰਾ, ਸੀਸ ਜਗਦੀਸ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਜਾਮਾ ਹਰਿ ਭਗਵਾਨਾ, ਏਕਾ ਸ਼ਬਦ ਅਲਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਬਲ ਧਾਰੀ ਵੇਖ ਵਖਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਏਕਾ ਖੰਡਾ ਹੱਥ ਉਠਾਇੰਦਾ । ਆਪੇ ਆਏ ਵਿਚ ਮੈਦਾਨਾ, ਤ੍ਰੈਗੁਣ ਮੇਲ ਮਿਲਾਇੰਦਾ । ਚੌਦਾਂ ਚੌਦਾਂ ਖੋਲ੍ਹ ਦੁਕਾਨਾ, ਆਪੇ ਹੱਟ ਸੁਹਾਇੰਦਾ । ਆਦਿ ਜੁਗਾਦੀ ਏਕਾ ਰਾਮਾ, ਆਪ ਆਪਣਾ ਰੂਪ ਦਰਸਾਇੰਦਾ । ਏਕਾ ਬੰਸਰੀ ਏਕਾ ਕਾਹਨਾ, ਏਕਾ ਸਈਆ ਸਾਖਿਆਤ ਹੋ ਜਾਇੰਦਾ । ਇਕ ਮੁਹੰਮਦ ਬੰਨ੍ਹੇ ਗਾਨਾ, ਅੱਲਾ ਰਾਣੀ ਸਗਨ ਮਨਾਇੰਦਾ । ਏਕਾ ਕਲਮਾ ਇਕ ਤਰਾਨਾ, ਏਕਾ ਹੂ ਹੂ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੂਰ ਅਲਾਹੀ ਆਪ ਅਖਵਾਇੰਦਾ । ਨੂਰ

੩੩੧
੦੮

ਅਲਾਹੀ ਇਕਓਂਕਾਰ, ਆਪਣੀ ਕਲ ਵਰਤਾਇੰਦਾ । ਜਲਵਾ ਜਲਾਲ ਵੇਖ ਵਿਚਾਰ, ਹੱਕ ਹਕੀਕਤ ਫੋਲ ਫੋਲਾਇੰਦਾ । ਖ਼ਲਕ ਖ਼ੁਦਾਈ ਪਾਏ ਸਾਰ, ਖ਼ਾਲਕ ਆਪਣਾ ਰੂਪ ਵਟਾਇੰਦਾ । ਅਮਾਮ ਮੈਂਹਦੀ ਤੇਜ਼ ਕਟਾਰ, ਨੇਤਰ ਨੈਣਾ ਆਪ ਦਰਸਾਇੰਦਾ । ਆਪੇ ਜਾਣੇ ਆਪਣੀ ਧਾਰ, ਲੇਖਾ ਲਿਖਤ ਨਾ ਕੋਇ ਲਿਖਾਇੰਦਾ । ਬ੍ਰਹਮਾ ਵੇਤਾ ਗਿਆ ਹਾਰ, ਚਾਰੇ ਵੇਦ ਅਲਾਇੰਦਾ । ਪੁਰਾਨ ਅਠਾਰਾਂ ਰਹੇ ਪੁਕਾਰ, ਵੇਦ ਵਿਆਸਾ ਗਣਤ ਗਣਾਇੰਦਾ । ਸ਼ਾਸਤਰ ਸਿਮਰਤ ਹੋ ਉਜਿਆਰ, ਆਪ ਆਪਣਾ ਨਾਮ ਉਪਾਇੰਦਾ । ਗੀਤਾ ਗਿਆਨ ਕਰ ਧਿਆਨ, ਧਰਨੀ ਧਰਤ ਧਵਲ ਸੁਹਾਇੰਦਾ । ਈਸਾ ਮੂਸਾ ਕਰ ਪਰਨਾਮ, ਅੰਜੀਲ ਕੁਰਾਨਾ ਵੇਖ ਵਖਾਇੰਦਾ । ਦੰਦ ਬਤੀਸਾ ਕਰ ਪਿਆਰ, ਰਾਗ ਛਤੀਸਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਨੂਰ ਉਜਾਲਾ, ਹਰਿ ਸਾਚਾ ਸਚ ਕਰਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਪਾਰਬ੍ਰਹਮ ਵੇਸ ਵਟਾਇੰਦਾ । ਜੁਗ ਜੁਗ ਖੇਲੇ ਖੇਲ ਨਿਰਾਲਾ, ਭੇਵ ਕੋਇ ਨਾ ਪਾਇੰਦਾ । ਨਾਨਕ ਗੋਬਿੰਦ ਬਣ ਦਲਾਲਾ, ਏਕਾ ਸ਼ਬਦ ਚਲਾਇੰਦਾ । ਇਕ ਵਖਾਏ ਸੱਚੀ ਧਰਮਸਾਲਾ, ਦਰ ਮੰਦਰ ਆਪ ਸੁਹਾਇੰਦਾ । ਫਲ ਲਗਾਏ ਸਾਚੇ ਡਾਲ੍ਹਾ, ਅੰਮ੍ਰਿਤ ਮੇਵਾ ਇਕ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਜਨ ਭਗਤਾਂ ਸੇਵ ਕਮਾਇੰਦਾ । ਸਤਿਗੁਰ ਪੂਰਾ ਹਰਿ ਸਮਰਥ, ਆਦਿ ਪੁਰਖ ਅਬਿਨਾਸ਼ਿਆ । ਹਰਿਜਨ ਰੱਖੇ ਦੇ ਕਰ ਹੱਥ, ਕਲਜੁਗ ਵੇਖੇ ਅੰਤਮ ਤਮਾਸਿਆ । ਕੂੜ ਕੁੜਿਆਰਾ ਖਿਚੇ ਨੱਥ, ਸੰਤ ਸੁਹੇਲਾ ਦਾਸੀ ਦਾਸਿਆ । ਜਗਤ ਵਿਕਾਰਾ ਦੇਵੇ ਮਥ, ਪਰਗਟ ਹੋ ਘਨਕਪੁਰ ਵਾਸਿਆ । ਆਪਣੀ ਚਲਾਏ ਸਾਚੀ ਗਥ, ਚਾਰ ਵਰਨਾਂ ਦਏ ਭਰਵਾਸਿਆ । ਏਕਾ ਪੂਜਾ ਏਕਾ ਪਾਠ, ਇਸ਼ਟ ਦੇਵ ਇਕ ਅਬਿਨਾਸ਼ਿਆ । ਇਕ ਸਰੋਵਰ ਏਕਾ ਘਾਟ, ਏਕਾ ਕਰੇ ਬੰਦ ਖਲਾਸੀਆ । ਏਕਾ ਸਰੋਵਰ ਮਾਰੇ ਠਾਠ, ਤ੍ਰਿਸਨਾ ਭੁੱਖ ਮਿਟਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਪਰਕਾਸਿਆ । ਨਿਰਗੁਣ ਜੋਤ ਹਰਿ ਗੋਬਿੰਦ, ਹਰਿ ਹਰਿ ਆਪ ਉਪਾਇੰਦਾ । ਮੇਟ ਮਿਟਾਵੇ ਸਗਲੀ ਚਿੰਦ, ਚਿੰਤਾ ਚਿਖਾ ਆਪ ਗਵਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਇੰਦਾ । ਸਰਬ ਜੀਆਂ ਆਪੇ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਇੰਦਾ । ਆਪ ਆਪਣੀ ਕਰੇ ਕਰਾਏ ਨਿੰਦ, ਨਿੰਦਕ ਨਿੰਦਿਆ ਮੁਖ ਸਲਾਹਿੰਦਾ । ਗੁਰਮੁਖ ਉਪਜਾਏ ਸਾਚੀ ਬਿੰਦ, ਦਰ ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਅਕੱਲਾ ਸਚ ਮਹੱਲਾ ਬ੍ਰਹਿਮੰਡ ਖੰਡ ਆਪ ਵਸਾਇੰਦਾ । ਸਚ ਮਹੱਲਾ ਉਚ ਅਟਾਰੀ, ਹਰਿ ਸਾਚਾ ਆਪ ਸੁਹਾਇੰਦਾ । ਥਿਰ ਘਰ ਜੋਤ ਜਗੇ ਨਿਰੰਕਾਰੀ, ਦੀਪਕ ਦੀਪ ਇਕ ਸੁਹਾਇੰਦਾ । ਏਕਾ ਤਖ਼ਤ ਇਕ ਸਿਕਦਾਰੀ, ਸ਼ਾਹ ਸੁਲਤਾਨ ਇਕ ਅਖਵਾਇੰਦਾ । ਏਕਾ ਖੜਗ ਖੰਡਾ ਤੇਜ਼ ਕਟਾਰੀ, ਏਕਾ ਏਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਧਾਰ ਬੰਨ੍ਹਾਇੰਦਾ । ਤੇਰੀ ਧਾਰ ਹਰਿ ਨਿਰੰਕਾਰ, ਕਲਜੁਗ ਆਪ ਚਲਾਈਆ । ਆਪੇ ਪਾਵਣਹਾਰਾ ਸਾਰ, ਆਪਣੇ ਹੱਥ ਰੱਖੇ ਵਡਿਆਈਆ । ਨਾਨਕ ਨਿਰਗੁਣ ਲੇਖ ਅਪਾਰ, ਲੇਖਾ ਲਿਖਤ ਜਣਾਈਆ । ਗੋਬਿੰਦ ਖਿਚੀ ਇਕ ਕਟਾਰ, ਚਾਰੋਂ ਕੁੰਟ ਵਾਹੀਆ । ਦਹਿ ਦਿਸ਼ਾਂ ਕਰੇ ਖਵਾਰ, ਖ਼ਾਕੀ ਖ਼ਾਕ ਸਮਾਈਆ । ਚਾਰ ਯਾਰੀ ਹਾਹਾਕਾਰ, ਅੱਲਾ ਰਾਣੀ

੩੩੩
੦੮

ਰਹੀ ਕੁਰਲਾਈਆ । ਪਰਗਟ ਹੋਏ ਆਪ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਹਰਿ ਨਰ ਨਿਰਗੁਣ ਰੂਪ ਨਿਰਗੁਣ ਜੋਤ ਨਿਰਗੁਣ ਸ਼ਬਦ ਸਾਚਾ ਧਰ ਧਰ ਧਰਨੀ ਦਏ ਸੁਹਾਈਆ ।

ਪੰਜ ਤੱਤ ਕਾਇਆ ਦੁੱਖ, ਦਿਵਸ ਰੈਣ ਰਿਹਾ ਸਤਾਈਆ । ਦਰ ਦਰ ਸੁਖਨਾ ਰਹੇ ਸੁਖ, ਜਗਤ ਰੋਗ ਨਾ ਕੋਇ ਮਿਟਾਇਆ । ਕਰਮ ਧਰਮ ਜਰਮ ਬੈਠਾ ਉਠ, ਲੇਖਾ ਆਪਣਾ ਰਿਹਾ ਵਖਾਇਆ । ਜਿਸ ਜਨ ਉਪਰ ਸਤਿਗੁਰ ਪੂਰਾ ਜਾਏ ਤੁੱਠ, ਆਪ ਆਪਣੀ ਦਇਆ ਕਮਾਇਆ । ਅੰਮ੍ਰਿਤ ਆਤਮ ਦੇਵੇ ਏਕਾ ਘੁੱਟ, ਜਗਤ ਦੁਖੜਾ ਰਹਿਣ ਨਾ ਪਾਇਆ । ਅੰਤਮ ਵੇਲੇ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਗੇੜ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਬਾਲੀ ਲਏ ਤਰਾਇਆ । ਬਾਲ ਬਾਲੀ ਬਾਲੀ ਬੁਧ, ਹਰਿ ਹਰਿ ਵੱਡੀ ਵਡਿਆਈਆ । ਕਾਇਆ ਕਾਜ ਕਰੇ ਸੁਧ, ਚਿੰਤਾ ਸੋਗ ਮਿਟਾਈਆ । ਚਰਨ ਕਵਲ ਕਵਲ ਚਰਨ ਜੋ ਜਨ ਰਿਹਾ ਲੁਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਜਨਨੀ ਦੇਵੇ ਏਕਾ ਵਰ, ਦੁੱਖ ਸੁਖ ਸੁਖ ਦੁਖ ਏਕਾ ਰੰਗ ਸਮਾਈਆ । ਹੱਕ ਹਕੀਕਤ ਰਿਹਾ ਫੋਲ, ਭੁੱਲ ਰਹੇ ਨਾ ਰਾਈਆ । ਗੁਰ ਸ਼ਬਦੀ ਅੰਦਰ ਮੰਦਰ ਆਪਣੇ ਕੰਡੇ ਰਿਹਾ ਤੋਲ, ਨਾਮ ਖੰਡਾ ਹੱਥ ਉਠਾਈਆ । ਗੁਰਸਿਖ ਸਾਚਾ ਕਦੇ ਨਾ ਜਾਏ ਡੋਲ, ਗੋਬਿੰਦ ਭਾਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹਰਿ ਹਰਿ ਭਗਤੀ ਆਪਣੀ ਸ਼ਕਤੀ ਦੇਵੇ ਆਪ ਵਡਿਆਈਆ । ਭਗਤ ਭਗਤੀ ਆਪੇ ਜਾਣ, ਆਪੇ ਵੇਖ ਵਖਾਇੰਦਾ । ਕੋਟਨ ਕੋਟ ਕੋਟੀ ਕੋਟ ਕਰ ਪਰਧਾਨ, ਹਰਿ ਧਿਆਨ ਵਿਚ ਨਾ ਆਇੰਦਾ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਕਰ ਕਿਰਪਾ ਪਾਰ ਕਰਾਇੰਦਾ । ਜੀਆਂ ਦੇਵੇ ਜੀਆ ਦਾਨ, ਧਰਤ ਧਵਲ ਸੁਹਾਇੰਦਾ । ਜੋ ਜਨ ਮੰਗੇ ਚਰਨ ਧੂੜ ਅਸਨਾਨ, ਦੁਰਮਤ ਮੈਲ ਗਵਾਇੰਦਾ । ਜੋ ਜਨ ਮੰਗੇ ਦਰਸ ਗੋਪੀ ਕਾਹਨ, ਕਾਹਨਾ ਰੂਪ ਆਪ ਵਟਾਇੰਦਾ । ਜੋ ਜਨ ਮੰਗੇ ਨਿਗਹਬਾਨ, ਨਾਨਕ ਨਿਰਗੁਣ ਨਜ਼ਰੀ ਆਇੰਦਾ । ਜੋ ਜਨ ਗੁਰ ਕਾ ਸ਼ਬਦ ਕਰੇ ਪਰਵਾਨ, ਗੁਰ ਗੋਬਿੰਦ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਆਪੇ ਪਾਇੰਦਾ । ਬਾਰਾਂ ਬਰਸ ਬਾਰਾਂ ਰਾਸ, ਬਾਰਾਂ ਬਾਰਾਂ ਆਪ ਧਰਾਈਆ । ਇਕ ਗਿਆਰਾ ਖੇਲ ਤਮਾਸ਼, ਦਸ ਇਕ ਵੇਖ ਵਖਾਈਆ । ਦਸਵੇਂ ਮੇਲਾ ਸ਼ਾਹੋ ਸਬਾਸ, ਨਿਜ ਘਰ ਬੈਠਾ ਤਾੜੀ ਲਾਈਆ । ਨੌਂ ਦਵਾਰੇ ਪੂਰੀ ਕਰੇ ਆਸ, ਜੋ ਜਨ ਮਨ ਚਿਤ ਰਿਹਾ ਗਾਈਆ । ਅੱਠਾਂ ਤੱਤਾਂ ਕਰੇ ਬੰਦ ਖਲਾਸ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸਤਿ ਪੁਰਖ ਨਿਰੰਜਣ ਸਾਚਾ ਦਾਸ, ਗੁਰਮੁਖਾਂ ਸੇਵਾ ਆਪ ਕਮਾਈਆ । ਛੇਵੇਂ ਛੱਪਰ ਛੰਨ ਨਾ ਰੱਖੇ ਕਿਸੇ ਨਿਵਾਸ, ਨਿਰਗੁਣ ਜੋਤੀ ਡਗਮਗਾਈਆ । ਪੰਚਮ ਮੀਤਾ ਪੂਰੀ ਕਰੇ ਆਸ, ਜੋ ਜਨ ਪੰਚਮ ਸ਼ਬਦ ਧੁਨ ਰਹੇ ਗਾਈਆ । ਚੌਥੇ ਪਦ ਇਕ ਨਿਵਾਸ, ਚੌਥਾ ਪਦ ਆਪ ਸਮਝਾਈਆ । ਤੀਜੇ ਨੇਤਰ ਪੂਰੀ ਕਰੇ ਆਸ, ਤ੍ਰੈਗੁਣ ਮਾਇਆ ਰਹਿਣ ਨਾ ਪਾਈਆ । ਦੂਜਾ ਮੇਲਾ ਸ਼ਾਹੋ ਸਬਾਸ, ਨਿਰਗੁਣ ਸਰਗੁਣ ਵੇਖ ਵਖਾਈਆ । ਇਕ ਅਕੱਲਾ ਏਕਉਂਕਾਰਾ ਕਰ ਪਰਕਾਸ਼, ਘਰ ਘਰ

ਬੈਠਾ ਡੇਰਾ ਲਾਈਆ । ਸਚ ਦਵਾਰੇ ਕੋਇ ਨਾ ਜਾਏ ਨਿਰਾਸ, ਮਨ ਭਿਛਿਆ ਫਲ ਸਾਚਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਅੱਗੇ ਦੇਵੇ ਧਰ ਪਿਛਲਾ ਕਰਜ਼ਾ ਮੂਲ ਚੁਕਾਈਆ ।

### ✪ ੧੮ ਚੇਤ ੨੦੧੯ ਬਿਕ੍ਰਮੀ ਕੁੰਦਨ ਸਿੰਘ ਦੇ ਘਰ ਮਾਲ ਚੱਕ ਦਇਆ ਹੋਈ ਜ਼ਿਲਾ ਅੰਮ੍ਰਿਤਸਰ ✪

ਜਗਤ ਰੂਪ ਜਗਤ ਅੰਧੇਰਾ, ਜਗਤ ਕੁੰਡ ਸਮਾਈਆ । ਜਗਤ ਹਉਮੇ ਲੱਗਾ ਡੇਰਾ, ਭਰਮੀ ਗੜ੍ਹ ਵਡਿਆਈਆ । ਖੇਲੇ ਖੇਲ ਸੰਝ ਸਵੇਰਾ, ਸੁਬਹ ਸ਼ਾਮ ਨਾ ਕੋਇ ਜਣਾਈਆ । ਜਗਤ ਚੁਕਾਏ ਹੇਰਾ ਫੇਰਾ, ਆਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਗਲ ਆਪੇ ਗਾਈਆ । ਆਪਣਾ ਮੰਗਲ ਆਪੇ ਗਾ, ਆਪਣਾ ਦਰ ਸੁਹਾਇੰਦਾ । ਇਕਉਂਕਾਰਾ ਖੇਲ ਖਿਲਾ, ਪੂਰਬ ਵੇਖ ਵਖਾਇੰਦਾ । ਮਾਰੂ ਸੋਹਲੇ ਰਿਹਾ ਗਾ, ਘਰ ਸਾਜਨ ਦਿਸ ਨਾ ਆਇੰਦਾ । ਪਿਛਲਾ ਲੇਖਾ ਪੂਰਾ ਦਏ ਕਰਾ, ਅੱਗੇ ਮਾਰਗ ਲਾਇੰਦਾ । ਕੁੱਲੀ ਕੱਖਾਂ ਦਏ ਸੁਹਾ, ਕਖੋਂ ਲੱਖ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਬੋਲਾ ਆਪ ਪਰਨਾਇੰਦਾ । ਬੋਲਿਆ ਬੋਲ ਰਸਨ ਜੈਕਾਰ, ਹਰਿ ਸਾਚਾ ਪੂਰ ਕਰਾਈਆ । ਭੁੱਲ ਨਾ ਰਹੇ ਵਿਚ ਸੰਸਾਰ, ਆਪਣਾ ਸੋਹਲਾ ਆਪੇ ਗਾਈਆ । ਗੁਰ ਗੁਰ ਬਾਣੀ ਕਰ ਵਿਚਾਰ, ਗੁਰ ਗੋਝ ਭੇਵ ਖੁਲ੍ਹਾਈਆ । ਨਾਨਕ ਅਰਜਨ ਇਕ ਪਿਆਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਮਾਰੂ ਸੋਹਲੇ ਹਰਿ ਹਰਿ ਗਾਏ, ਘਰ ਸਾਚਾ ਹਰਿ ਸੁਹੰਜਣਾ । ਚਾਰ ਦੀਵਾਰ ਰਹੀ ਕੁਰਲਾਏ, ਦਰ ਆਇਆ ਦਰਦ ਦੁੱਖ ਭੈ ਭੰਜਨਾ । ਖ਼ਾਕੀ ਖ਼ਾਕ ਨੇਤਰ ਨੀਰ ਰਹੀ ਵਹਾਏ, ਹਰਿ ਪਾਇਆ ਨੇਤਰ ਅੰਜਨਾ । ਊਚਾ ਬੋਲਾ ਜਨ ਜਣਾਏ, ਪੂਰਾ ਕਰੇ ਕਰਾਏ ਕਰ ਕਿਰਪਾ ਪੜਦਾ ਕੱਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਵਰ, ਆਪ ਤਜਾਏ ਲੋਕ ਲੱਜਣਾ । ਲੋਕ ਲਾਜ ਤਜ ਕੇ ਆਇਆ, ਨਿਰਗੁਣ ਜੋਤ ਨੂਰ ਨਿਰੰਕਾਰ । ਸੋਹੰ ਢੋਲਾ ਏਕਾ ਗਾਇਆ, ਵਾਹਿਗੁਰੂ ਫਤਿਹ ਇਕ ਜੈਕਾਰ । ਨਾਨਕ ਤੋਲਾ ਤੋਲ ਤੁਲਾਇਆ, ਤੋਲੇ ਸਰਬ ਸੰਸਾਰ । ਗੋਬਿੰਦ ਡੋਲਾ ਆਪ ਉਠਾਇਆ, ਗੁਰਮੁਖ ਚੁੱਕੇ ਭਾਰ । ਹਉਮੇ ਬੋਲਾ ਦਏ ਤਜਾਇਆ, ਬਖ਼ਸ਼ੇ ਚਰਨ ਪਿਆਰ । ਦੂਈ ਦਵੈਤੀ ਘਰੋਂ ਬਾਹਿਰ ਕਢਾਇਆ, ਘਰ ਵਸਿਆ ਨਿਰੰਕਾਰ । ਜੁਗ ਵਿਛੜਿਆ ਮੇਲ ਮਿਲਾਇਆ, ਮਿਲਿਆ ਮੀਤ ਮੁਰਾਰ । ਨਾਮ ਕੁਠਾਲੀ ਏਕਾ ਪਾਇਆ, ਕੁੰਦਨ ਸਵਰਨ ਵੇਖ ਅਪਾਰ । ਸਿੰਘ ਸਰੂਪ ਗੁਰ ਦਰਸ ਵਖਾਇਆ, ਭੈ ਭਿਆਨਕ ਦਏ ਨਵਾਰ । ਅਚਨ ਅਚਾਨਕ ਫੇਰਾ ਪਾਇਆ, ਦੇਵਤ ਸੁਰ ਸੇਵਾਦਾਰ । ਭੇਖਾਧਾਰੀ ਵੇਸ ਵਟਾਇਆ, ਦਰੋਹੀ ਫਿਰੇ ਜੰਗਲ ਜੂਹ ਉਜਾੜ ਪਹਾੜ । ਸਾਚਾ ਪਾਂਧੀ ਆਪਣਾ ਪੰਧ ਰਿਹਾ ਮੁਕਾਇਆ, ਕਿਰਪਾ ਕਰ ਆਪ ਨਿਰੰਕਾਰ । ਮਨ ਮਮਤਾ ਬਾਂਧੀ ਰਿਹਾ ਫਿਰਾਇਆ, ਗਲੀ ਕੂਚੇ ਦਏ ਹਲਾਰ । ਸਵਾਂਗੀ ਆਪਣਾ ਸਵਾਂਗ ਵਰਤਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਆਪਣਾ ਵਰ, ਵੇਖ ਵਖਾਏ ਏਕਾ ਧਾਰ ।

## ੧੮ ਚੇਤ ੨੦੧੬ ਬਿਕ੍ਰਮੀ ਗੁਰਬਚਨ ਸਿੰਘ ਦੇ ਘਰ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ

ਨਿਰਗੁਣ ਜੋਤ ਅਕਲ ਕਲ ਧਾਰ, ਹਰਿ ਆਪਣੀ ਖੇਲ ਖਿਲਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਜੁਗ ਜੁਗ ਵੇਸ ਵਟਾਇੰਦਾ । ਇਕ ਅਕਾਲਾ ਇਕਓਂਕਾਰ, ਆਪਣੀ ਕਰਨੀ ਕਿਰਤ ਕਮਾਇੰਦਾ । ਜੂਨੀ ਰਹਿਤ ਭੇਵ ਨਿਆਰ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨੂਰ ਉਜਾਲਾ ਹਰਿ ਗੋਪਾਲਾ, ਏਕਾ ਰੰਗ ਸਮਾਈਆ । ਖੇਲੇ ਖੇਲ ਦੀਨ ਦਿਆਲਾ, ਦਇਆ ਨਿਧ ਭੇਵ ਨਾ ਰਾਈਆ । ਜੁਗਾ ਜੁਗੰਤਰ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਬੇਅੰਤ, ਆਦਿ ਪੁਰਖ ਅਬਿਨਾਸਿਆ । ਆਦਿ ਜੁਗਾਦੀ ਮਹਿਮਾ ਅਗਣਤ, ਦੋ ਜਹਾਨਾਂ ਵੇਖੇ ਖੇਲ ਤਮਾਸਿਆ । ਗੁਰਮੁਖ ਉਠਾਏ ਸਾਚੇ ਸੰਤ, ਦੇਵੇ ਨਾਮ ਚਰਨ ਭਰਵਾਸਿਆ । ਮੇਲ ਮਿਲਾਵਾ ਨਾਰੀ ਕੰਤ, ਘਰ ਸਾਚਾ ਇਕ ਸੁਹਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਡਲ ਪਾਵੇ ਰਾਸਿਆ । ਮੰਡਲ ਮੰਡਪ ਹਰਿ ਹਰਿ ਰਾਸ, ਆਪਣੀ ਆਪ ਰਚਾਇੰਦਾ । ਆਪੇ ਵਸੇ ਪ੍ਰਿਥਮੀ ਅਕਾਸ, ਗਗਨ ਪਾਤਾਲਾਂ ਆਪ ਸਮਾਇੰਦਾ । ਲੱਖ ਚੁਰਾਸੀ ਪਵਣ ਸਵਾਸ, ਆਤਮ ਅੰਤਰ ਆਪ ਟਿਕਾਇੰਦਾ । ਘਟ ਘਟ ਅੰਦਰ ਰੱਖੇ ਵਾਸ, ਦਿਸ ਕਿਸੇ ਨਾ ਆਇੰਦਾ । ਹਰਿਜਨ ਮੇਲਾ ਸ਼ਾਹੋ ਸ਼ਬਾਸ਼, ਪੁਰਖ ਅਗੰਮੜਾ ਆਪਣਾ ਆਪ ਕਰਾਇੰਦਾ । ਸੰਤ ਸੁਹੇਲਾ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕਓਂਕਾਰਾ ਨਾਉਂ ਰਖਾਇੰਦਾ । ਏਕਓਂਕਾਰਾ ਇਕ ਅਕੱਲਾ, ਆਦਿ ਨਿਰੰਜਣ ਆਪ ਅਖਵਾਇੰਦਾ । ਆਪੇ ਵਸਿਆ ਸਚ ਮਹੱਲਾ, ਉਚ ਅਥਾਹ ਬੇਪਰਵਾਹ ਘਰ ਸਾਚਾ ਆਪ ਸੁਹਾਇੰਦਾ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਇੰਦਾ । ਆਪਣਾ ਦੀਪਕ ਆਪਣੀ ਜੋਤੀ ਆਪੇ ਬਲਾ, ਪਰਕਾਸ਼ ਪਰਕਾਸ਼ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਜਣ ਡਗਮਗਾਇੰਦਾ । ਜੋਤ ਨਿਰੰਜਣ ਕਰ ਪਸਾਰਾ, ਲੱਖ ਚੁਰਾਸੀ ਆਪ ਟਿਕਾਇੰਦਾ । ਏਕਓਂਕਾਰਾ ਕਰ ਅਕਾਰਾ, ਨਿਰਾਕਾਰ ਵੇਸ ਵਟਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਫੋਲ ਫੋਲਾਇੰਦਾ । ਵਿਸ਼ਨੂੰ ਵੰਸੀ ਹੋ ਉਜਿਆਰਾ, ਆਪ ਆਪਣੀ ਕਲ ਵਰਤਾਇੰਦਾ । ਬ੍ਰਹਮਾ ਬ੍ਰਹਮ ਦਏ ਸਹਾਰਾ, ਪਾਰਬ੍ਰਹਮ ਭੇਵ ਨਾ ਆਇੰਦਾ । ਸ਼ੰਕਰ ਦੇਵੇ ਇਕ ਹੁਲਾਰਾ, ਆਪ ਆਪਣਾ ਖੇਲ ਖਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਤ੍ਰੈਗੁਣ ਬੰਧਨ ਕੋਇ ਨਾ ਪਾਇੰਦਾ । ਸ਼ਬਦੀ ਸ਼ਬਦ ਸ਼ਬਦ ਗੁਰ ਲੈ ਅਵਤਾਰਾ, ਗੁਰ ਗੁਰ ਨਾਉਂ ਧਰਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਅਗਾਧ ਬੋਧ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਪੁਰਖ ਸਮਰਥ ਏਕਾ ਏਕ ਅਖਵਾਈਆ । ਜੁਗ ਜੁਗ ਚਲਾਏ ਆਪਣਾ ਰਥ, ਰਥਵਾਹੀ ਬੇਪਰਵਾਹੀਆ । ਲੱਖ ਚੁਰਾਸੀ ਦੇਵੇ ਮਥ, ਆਪਣੇ ਹੱਥ ਰੱਖੇ ਵਡਿਆਈਆ । ਜਗਤ ਵਿਕਾਰਾ ਪਾਏ ਨੱਥ, ਚਾਰੋਂ ਕੁੰਟਾਂ ਆਪ ਭਵਾਈਆ । ਜਨ ਭਗਤਾਂ ਦੇਵੇ ਨਾਮ ਵੱਥ, ਆਤਮ ਅੰਤਰ ਬ੍ਰਹਮ ਜਣਾਈਆ । ਹਉਮੇ ਹੰਗਤਾ ਗੜ੍ਹ ਹੰਕਾਰੀ ਬੁਰਜ ਜਾਏ ਢੱਠ, ਦਰ ਘਰ ਸਾਚੇ ਏਕਾ ਬੂਝ ਬੁਝਾਈਆ । ਏਕਾ ਅੱਖਰ ਰੱਖੇ ਵੱਖਰ ਆਪ ਜਣਾਏ ਪੂਜਾ ਪਾਠ, ਏਕਾ ਕਰੇ ਪੜ੍ਹਾਈਆ । ਇਕ ਵਣਜਾਰਾ

ਖੋਲ੍ਹੇ ਸਾਚਾ ਹਾਟ, ਸਾਚਾ ਵਣਜ ਆਪ ਕਰਾਈਆ । ਇਕ ਵਖਾਏ ਤੀਰਥ ਤਾਟ, ਸਰ ਸਰੋਵਰ ਇਕ ਨੁਹਾਈਆ । ਆਪੇ ਜਾਣੇ ਆਦਿ ਜੁਗਾਦੀ ਆਪਣਾ ਘਾਟ, ਵੇਦ ਕਤੇਬ ਭੇਵ ਨਾ ਰਾਈਆ । ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਈਆ । ਜੋਤੀ ਜਾਮਾ ਹਰਿ ਹਰਿ ਰਾਮਾ, ਹਰਿ ਹਰਿ ਵੇਖ ਵਖਾਇੰਦਾ । ਆਪੇ ਵਸੇ ਨਿਹਚਲ ਧਾਮਾ, ਥਾਨ ਥਨੰਤਰ ਇਕ ਸੁਹਾਇੰਦਾ । ਕਰੇ ਕਰਾਏ ਆਪਣਾ ਕਾਮਾ, ਦੂਸਰ ਕੋਇ ਨਾ ਸੰਗ ਰਲਾਇੰਦਾ । ਸ਼ਬਦ ਵਜਾਏ ਸਚ ਦਮਾਮਾ, ਲੋਆਂ ਪੁਰੀਆਂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਜੁਗ ਜੁਗ ਖੇਲ ਖੇਲਣਹਾਰਾ, ਸਤਿਗੁਰ ਪੁਰਖ ਅਖਵਾਇੰਦਾ । ਲੋਕਮਾਤ ਲੈ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸਰਗੁਣ ਪਾਵੇ ਨਿਰਗੁਣ ਸਾਰਾ, ਨਿਰਗੁਣ ਆਪਣੀ ਬੂਝ ਬੁਝਾਇੰਦਾ । ਨਿਰਗੁਣ ਜੋਤੀ ਨੂਰ ਉਜਿਆਰਾ, ਸਰਗੁਣ ਡਗਮਗਾਇੰਦਾ । ਸਰਗੁਣ ਧੁਨ ਸੱਚੀ ਧੁਨਕਾਰਾ, ਨਿਰਗੁਣ ਅਨਹਦ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਤਿ ਸਤਿ ਸਤਿ ਵਰਤਾਈਆ । ਬ੍ਰਹਮ ਮਤ ਕਰ ਉਜਿਆਰ, ਪਾਰਬ੍ਰਹਮ ਮੇਲ ਮਿਲਾਈਆ । ਅਲੱਖ ਅਲਖਣਾ ਖੇਲ ਅਪਾਰ, ਅਲਖ ਨਿਰੰਜਣ ਏਕਾ ਅਲਖ ਜਗਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਆਪ ਆਪਣੀ ਆਪ ਚਲਾਈਆ । ਥਿਰ ਘਰ ਬੈਠ ਸੱਚੇ ਦਰਬਾਰ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਸਚ ਸਿੰਘਾਸਣ ਹਰਿ ਨਿਰੰਕਾਰ, ਆਪ ਆਪਣਾ ਰਿਹਾ ਸੁਹਾਈਆ । ਸ਼ਾਹ ਸੁਲਤਾਨ ਵਡ ਸਿਕਦਾਰ, ਏਕਾ ਏਕ ਰੂਪ ਵਟਾਈਆ । ਨਾ ਕੋਈ ਦੀਸੇ ਦੂਸਰ ਹੋਰ ਚੋਬਦਾਰ, ਨਾ ਕੋਈ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਸਚ ਮਹੱਲਾ ਉਚ ਅਟੱਲਾ ਆਪੇ ਵਸਿਆ ਆਪਣੇ ਘਰ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਸਾਚਾ ਸਚ ਦਰਬਾਰਾ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਰੂਪ ਏਕਉਂਕਾਰਾ, ਓਅੰਕਾਰਾ ਨਾਮ ਰਖਾਇੰਦਾ । ਆਪ ਆਪਣਾ ਕਰ ਪਿਆਰਾ, ਦਰ ਮੰਦਰ ਇਕ ਸੁਹਾਇੰਦਾ । ਕਰੇ ਕਰਾਏ ਵਣਜ ਵਪਾਰਾ, ਆਪਣਾ ਹੱਟ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚੇ ਹੋ ਪਰਗਟ, ਪਰਮ ਪੁਰਖ ਵੇਸ ਵਟਾਇੰਦਾ । ਥਿਰ ਘਰ ਸਾਚਾ ਖੋਲ੍ਹ ਦਰਵਾਜਾ, ਹਰਿ ਸਾਚੀ ਬਣਤ ਬਣਾਇੰਦਾ । ਪੁਰਖ ਅਨਾਦੀ ਗ਼ਰੀਬ ਨਿਵਾਜਾ, ਆਪ ਆਪਣਾ ਖੇਲ ਖਿਲਾਇੰਦਾ । ਸ਼ਬਦ ਅਗੰਮੀ ਮਾਰੇ ਵਾਜਾ, ਆਪਣਾ ਆਪ ਆਪ ਉਠਾਇੰਦਾ । ਆਪੇ ਵੇਖੇ ਅਸਵ ਤਾਜਾ, ਸੋਲਾਂ ਕਲੀਆਂ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਸ਼ਾਹ ਨਵਾਬਾ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹੋ ਉਜਿਆਰ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਮੇਲਾ ਗੁਰੂ ਗੁਰ ਚੇਲਾ, ਗੁਰ ਮੰਤਰ ਨਾਮ ਦ੍ਰਿੜ੍ਹਾਇਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਅੰਤਰ ਆਤਮ ਇਕ ਜਣਾਇਆ । ਵਸੇ ਧਾਮ ਸਦ ਨਵੇਲਾ, ਧਾਮ ਅਵੱਲੜਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰਾ ਖੇਲ ਖਲਾਰੀ, ਹਰਿ ਹਰਿ ਵੱਡੀ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰੀ, ਸੇਵਕ ਸੇਵਾ ਰਿਹਾ ਕਮਾਈਆ । ਆਦਿ ਸ਼ਕਤ ਕਰ ਪਿਆਰੀ, ਆਪਣੇ ਅੰਗ ਲਗਾਈਆ । ਆਪੇ ਵੇਖੇ ਕੰਤ

੩੩੬
੦੮

੩੩੭ ੦੮

ਭਤਾਰੀ, ਸਾਚੀ ਸੇਜ ਹੰਢਾਈਆ । ਸਾਚਾ ਸੁੱਤ ਸੁੱਤ ਦੁਲਾਰੀ, ਸ਼ਬਦੀ ਸ਼ਬਦ ਉਪਜਾਈਆ । ਲੋਆਂ ਪੁਰੀਆਂ ਕਰ ਤਿਆਰੀ, ਸਚ ਮਹੱਲ ਸੁਹਾਈਆ । ਬੰਧਨ ਪਾਏ ਹਰਿ ਨਿਰੰਕਾਰੀ, ਤ੍ਰੈਗੁਣ ਜੋੜ ਜੁੜਾਈਆ । ਮੰਡਲ ਮੰਡਪ ਆਪ ਸੁਹਾਏ ਰਵ ਸਸ ਚੰਨ ਸਤਾਰੀ, ਜੋਤੀ ਨੂਰ ਜੋਤ ਰੁਸ਼ਨਾਈਆ । ਧਰਨੀ ਧਰਤ ਧਵਲ ਜਲ ਬਿੰਬ ਉਭਾਰੀ, ਆਪ ਆਪਣੇ ਅੰਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਆਪ ਸੁਹਾਈਆ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਰਖਾਇੰਦਾ । ਜਗੇ ਜੋਤ ਆਦਿ ਨਿਰੰਜਣਾ, ਦਿਵਸ ਰੈਣ ਡਗਮਗਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭੈ ਭੰਜਣ ਆਪ ਅਖਵਾਇੰਦਾ । ਆਪੇ ਕਰੇ ਕਰਾਏ ਆਪਣਾ ਮਜਨਾ, ਸਰ ਸਰੋਵਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣੀ ਭਿਛਿਆ ਆਪੇ ਝੋਲੀ ਪਾਇੰਦਾ । ਆਪਣੀ ਭਿਛਿਆ ਆਪੇ ਪਾ, ਆਪਣਾ ਸਗਨ ਮਨਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਵਿਸ਼ਵ ਰੂਪ ਹੋ ਜਾਇੰਦਾ । ਆਪ ਆਪਣਾ ਨਾਮ ਧਰਾ, ਬ੍ਰਹਮ ਬ੍ਰਹਮ ਸਮਾਇੰਦਾ । ਤ੍ਰੈਗੁਣ ਤੇਰਾ ਤੱਤ ਰਖਾ, ਤੇਰੀ ਵੰਡ ਵੰਡਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਆਪ ਬਣਾ, ਆਪਣਾ ਦਰ ਸੁਹਾਇੰਦਾ । ਲੱਖ ਚੁਰਾਸੀ ਰਚਨ ਰਚਾ, ਘਟ ਘਟ ਆਸਣ ਲਾਇੰਦਾ । ਲੋਕਮਾਤ ਡੇਰਾ ਲਾ, ਸਾਚਾ ਖੇੜਾ ਆਪ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਵਹਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਨਿਰਗੁਣ ਆਪ ਰਖਾਈਆ । ਘਟ ਘਟ ਅੰਦਰ ਕਰ ਪਸਾਰ, ਬੈਠਾ ਆਸਣ ਲਾਈਆ । ਆਪ ਉਪਾਏ ਦਇਆ ਕਮਾਏ ਆਪੇ ਦਏ ਸੰਘਾਰ, ਘੜਨ ਭੰਨਣਹਾਰ ਪੁਰਖ ਸਮਰਥ ਆਪ ਅਖਵਾਈਆ । ਖੇਲੇ ਖੇਲ ਅਗੰਮ ਅਪਾਰ, ਲੇਖਾ ਲੇਖ ਨਾ ਕੋਇ ਜਣਾਈਆ । ਵੰਡੇ ਵੰਡ ਸਰਬ ਸੰਸਾਰ, ਆਪ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਤਭੁਜ ਸੇਤਜ ਵੇਖੇ ਦਰ, ਅੰਡਜ ਜੇਰਜ ਆਪ ਸਮਾਈਆ । ਚਾਰੇ ਖਾਣੀ ਹਰਿ ਨਿਰੰਕਾਰ, ਆਪਣੀ ਧਾਰ ਬੰਨਾਇੰਦਾ । ਦਹਿ ਦਿਸ਼ਾ ਪਾਵੇ ਸਾਰ, ਚਾਰੇ ਕੂਟਾਂ ਵੇਖ ਵਖਾਇੰਦਾ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਰਾਗ ਅਲਾਇੰਦਾ । ਧੁਨ ਅਨਾਦੀ ਸ਼ਬਦ ਜੈਕਾਰ, ਗੀਤ ਸੁਹਾਗੀ ਏਕਾ ਗਾਇੰਦਾ । ਪੰਜ ਤੱਤ ਕਰ ਪਿਆਰ, ਸਾਚਾ ਮੇਲ ਮਿਲਾਇੰਦਾ । ਆਪੇ ਖੋਲ੍ਹੇ ਨੌ ਦਵਾਰ, ਨੌ ਨੌ ਰੰਗ ਰੰਗਾਇੰਦਾ । ਘਰ ਵਿਚ ਘਰ ਕਰ ਤਿਆਰ, ਆਪ ਆਪਣਾ ਆਸਣ ਲਾਇੰਦਾ । ਦੀਵਾ ਬਾਤੀ ਇਕ ਉਜਿਆਰ, ਜੋਤ ਨਿਰੰਜਣ ਇਕ ਟਿਕਾਇੰਦਾ । ਅਨਹਦ ਸਾਚਾ ਸੇਵਾਦਾਰ, ਧੁਨ ਆਤਮਕ ਆਪ ਵਜਾਇੰਦਾ । ਸਰ ਸਰੋਵਰ ਠੰਡਾ ਠਾਰ, ਅੰਮ੍ਰਿਤ ਨੀਰ ਆਪ ਭਰਾਇੰਦਾ । ਦਸਮ ਦਵਾਰੀ ਵੇਖ ਵਿਚਾਰ, ਆਪਣੀ ਹੱਥੀਂ ਕੁੰਡਾ ਲਾਇੰਦਾ । ਆਪੇ ਹੋਇਆ ਖ਼ਬਰਦਾਰ, ਪੰਚਮ ਮੀਤਾ ਨਾਉਂ ਧਰਾਇੰਦਾ । ਮਨ ਮਤ ਬੁਧ ਕਰ ਤਿਆਰ, ਸਾਚੇ ਥਾਨ ਬਹਾਇੰਦਾ । ਜੁਗਾ ਜੁਗੰਤਰ ਆਪਣੀ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਸੰਤ ਸੁਹੇਲੇ ਕਰ ਪਿਆਰ, ਗੁਰੂ ਗੁਰ ਚੇਲੇ ਬੂਝ ਬੁਝਾਇੰਦਾ । ਸ਼ਬਦੀ ਸ਼ਬਦ ਵਣਜ ਵਪਾਰ, ਸਾਚੀ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਦਰ, ਭਗਤ ਭਗਵੰਤ ਮੇਲ ਮਿਲਾਇੰਦਾ । ਭਗਤ ਭਗਵੰਤ ਏਕਾ ਦਰ, ਦਰ ਸਾਚਾ ਆਪ ਵਖਾਇੰਦਾ । ਆਪਣੀ ਕਰਨੀ ਆਪੇ ਕਰ, ਆਪੇ ਲੇਖ ਲਿਖਾਇੰਦਾ । ਆਪਣੀ ਸਰਨੀ ਆਪੇ ਪੜ, ਆਪੇ ਸੀਸ ਝੁਕਾਇੰਦਾ । ਆਪਣੇ ਮੰਦਰ ਆਪੇ ਵੜ, ਹਰਿ ਆਪੇ ਵੇਖ ਵਖਾਇੰਦਾ । ਆਪਣੇ ਪੌੜੇ ਆਪੇ ਚੜ੍ਹ, ਆਪ ਆਪਣਾ

ਦਰ ਸੁਹਾਇੰਦਾ । ਜਨ ਭਗਤਾਂ ਫੜਾਏ ਆਪਣਾ ਲੜ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਕਾਲਾ ਨਾਉਂ ਧਰਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਇ ਦਬਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪਣਾ ਸ਼ਬਦ ਅਲਾਇੰਦਾ । ਜੁਗਾ ਜੁਗੰਤਰ ਲਾਏ ਜੜ੍ਹ, ਅੰਤਮ ਆਪ ਉਖੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਸਦ ਸਮਾਇੰਦਾ । ਹਰਿ ਭਾਣਾ ਹਰਿ ਮੰਨਿਆ, ਆਪ ਆਪਣੀ ਕਿਰਪਾ ਧਾਰ । ਆਪਣਾ ਆਪ ਆਪੇ ਡੰਨਿਆ, ਆਪੇ ਸਾਧ ਸੰਤ ਗੁਰ ਪੀਰ ਅਵਤਾਰ । ਆਪਣਾ ਆਪ ਆਪੇ ਜਣਿਆ, ਮਾਤ ਪਿਤ ਨਾ ਕੋਇ ਪਿਆਰ । ਆਪਣਾ ਬੇੜਾ ਆਪੇ ਬੰਨਿਆ, ਦੇਵਣਹਾਰਾ ਆਪ ਸਹਾਰ । ਆਦਿ ਜੁਗਾਦੀ ਆਪੇ ਫਿਰੇ ਭੰਨਿਆ, ਵੇਸ ਅਨੇਕਾ ਕਰ ਕਰਤਾਰ । ਕਿਸੇ ਦਿਸ ਨਾ ਆਏ ਛੱਪਰ ਛੰਨਿਆ, ਮਹੱਲ ਅਟੱਲ ਨਾ ਜਗਤ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਪਾਵੇ ਸਾਚੀ ਸਾਰ । ਜੁਗ ਜੁਗ ਸਾਚੀ ਸਾਰ, ਹਰਿ ਹਰਿ ਆਪੇ ਪਾਈਆ । ਸਤਿਜੁਗ ਸਾਚੇ ਕਰ ਪਿਆਰ, ਲੋਕਮਾਤ ਕਰੇ ਰੁਸ਼ਨਾਈਆ । ਤ੍ਰੇਤਾ ਦੇਵੇ ਇਕ ਅਧਾਰ, ਏਕਾ ਨਾਮ ਦ੍ਰਿੜਾਈਆ । ਦੁਆਪਰ ਢਹਿ ਢਹਿ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਕਲਜੁਗ ਅੰਤਮ ਵੇਖੇ ਇਕ ਅਖਾੜ, ਚਾਰੋਂ ਕੁੰਟ ਰਹੀ ਕੁਰਲਾਈਆ । ਲੱਗੀ ਅਗਨੀ ਤੱਤੀ ਹਾੜ, ਪੰਜ ਤੱਤ ਰਹੀ ਜਲਾਈਆ । ਉਬਲੇ ਰੱਤ ਬਹੱਤਰ ਨਾੜ, ਠੰਡੀ ਠਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਰੰਗ ਸਮਾਇਆ । ਕਲਜੁਗ ਵੇਖੇ ਖੇਲ ਨਿਆਰਾ, ਨਿਰੰਕਾਰਾ ਨਾਮ ਰਖਾਇਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਮਾ ਵੇਸ ਵਟਾਇਆ । ਈਸਾ ਮੂਸਾ ਕਰੇ ਖ਼ਬਰਦਾਰਾ, ਸੰਗ ਮੁਹੰਮਦ ਨਾਲ ਰਲਾਇਆ । ਚਾਰ ਯਾਰੀ ਦਏ ਹੁਲਾਰਾ, ਅੱਲਾ ਰਾਣੀ ਲਏ ਉਠਾਇਆ । ਨਾਮ ਖੰਡਾ ਤੇਜ ਕਟਾਰਾ, ਆਪ ਆਪਣਾ ਰਿਹਾ ਚਮਕਾਇਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾਇਆ । ਵੰਡੇ ਵੰਡ ਸਰਬ ਸੰਸਾਰਾ, ਨੌ ਖੰਡ ਫੇਰਾ ਪਾਇਆ । ਸੱਤਾਂ ਦੀਪਾਂ ਦਏ ਹੁਲਾਰਾ, ਕਲਜੁਗ ਅੰਤਮ ਵੇਖ ਵਖਾਇਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਲਾਹੇ ਹਾਰਾ, ਹੱਥ ਤ੍ਰਿਸੂਲ ਸੁਟਾਇਆ । ਕਰੋੜ ਤੇਤੀਸਾ ਕਰੇ ਪੁਕਾਰਾ, ਦਿਵਸ ਰੈਣ ਕੁਰਲਾਇਆ । ਸੁਰਪਤ ਰਾਜਾ ਇੰਦ ਕਰੇ ਨਿਮਸਕਾਰਾ, ਦੂਰ ਦੁਰਾਡਾ ਨਿਉਂ ਨਿਉਂ ਸੀਸ ਝੁਕਾਇਆ । ਰਾਏ ਧਰਮ ਦਏ ਲਲਕਾਰਾ, ਹਰਿ ਸਾਚੇ ਸ਼ਬਦ ਜਣਾਇਆ । ਚਿਤਰ ਗੁਪਤ ਖੋਲ੍ਹ ਵਿਹਾਰਾ, ਆਪਣਾ ਲੇਖ ਰਖਾਇਆ । ਲਾੜੀ ਮੌਤ ਕਰ ਸ਼ੰਗਾਰਾ, ਆਪ ਆਪਣਾ ਰੰਗ ਰੰਗਾਇਆ । ਲੱਖ ਚੁਰਾਸੀ ਧੂੰਆਂਧਾਰਾ, ਸਾਚਾ ਚੰਨ ਨਾ ਕੋਇ ਚੜ੍ਹਾਇਆ । ਨਾਨਕ ਨਿਰਗੁਣ ਹੋ ਉਜਿਆਰਾ, ਏਕਾ ਨੂਰ ਕਰੇ ਰੁਸ਼ਨਾਇਆ । ਸਾਚਾ ਨਾਮ ਕਰ ਵਪਾਰਾ, ਏਕਾ ਵਣਜ ਰਖਾਇਆ । ਏਕਾ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਜੋਗ ਕਮਾਇਆ । ਸੁੱਤ ਦੁਲਾਰਾ ਕਰ ਪਿਆਰਾ, ਪੁਰਖ ਅਬਿਨਾਸ਼ੀ ਮੇਲ ਮਿਲਾਇਆ । ਆਪੇ ਗੁਪਤ ਆਪੇ ਜ਼ਾਹਰਾ, ਅੰਦਰ ਬਾਹਰ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਗੁਰ ਗੋਬਿੰਦ ਹਰਿ ਹਰਿ ਮੀਤਾ, ਹਰਿ ਹਰਿ ਮੇਲ ਮਿਲਾਇਆ । ਬੈਠਾ ਰਹੇ ਇਕ ਅਤੀਤਾ, ਏਕਾ ਦਰ ਸੁਹਾਇਆ । ਸ੍ਰਿਸ਼ਟ ਸਬਾਈ ਆਪੇ ਜੀਤਾ, ਜਬਰਨ ਮੁਕਤ ਕਰਾਇਆ । ਏਕਾ ਰੰਗ ਰੰਗਾਏ ਹਸਤ ਕੀਟਾ,

ਊਚਾਂ ਨੀਚਾਂ ਮੇਟ ਮਿਟਾਇਆ । ਧਾਮ ਵਖਾਏ ਇਕ ਅਨਡੀਠਾ, ਸਿਰ ਆਪਣਾ ਹੱਥ ਟਿਕਾਇਆ । ਮਿਠਾ ਕਰੇ ਕੌੜਾ ਰੀਠਾ, ਅੰਮ੍ਰਿਤ ਆਤਮ ਜਲ ਪਿਆਇਆ । ਦਿਵਸ ਰੈਣ ਵਸਿਆ ਚੀਤਾ, ਵਿਛੜ ਕਦੇ ਨਾ ਜਾਇਆ । ਸਾਚਾ ਦੇਹੁਰਾ ਮੰਦਰ ਵਖਾਏ ਜਗਤ ਮਸੀਤਾ, ਕਾਇਆ ਗੁਰੂਦਵਾਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਿਖਿਆ ਸਾਚੀ ਭਿਖਿਆ, ਧੁਰ ਦਾ ਲੇਖਾ ਆਪੇ ਲਿਖਿਆ, ਨਾ ਸਕੇ ਕੋਇ ਮਿਟਾਇਆ । ਲਿਖਣਹਾਰ ਜੋਤ ਅਕਾਲੀ, ਅਕਲ ਕਲਾ ਅਖਵਾਈਆ । ਸਤਿਗੁਰ ਸ਼ਬਦ ਸ਼ਬਦ ਦਲਾਲੀ, ਲੋਕਮਾਤ ਆਪ ਕਮਾਈਆ । ਹੱਕ ਹਕੀਕਤ ਜਾਣੇ ਹੱਕ ਹਲਾਲੀ, ਸ਼ਰਅ ਸ਼ਰੀਅਤ ਵੇਖ ਵਖਾਈਆ । ਜਲਵਾ ਨੂਰ ਨੂਰ ਜਲਾਲੀ, ਆਪ ਆਪਣਾ ਰਿਹਾ ਚਮਕਾਈਆ । ਆਪਣਾ ਫਲ ਲਗਾਏ ਡਾਲ੍ਹੀ, ਫੁਲ ਫੁਲਵਾੜੀ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਸਾਚਾ ਮਾਲੀ, ਗੋਬਿੰਦ ਬੂਟਾ ਹੱਥੀਂ ਲਾਈਆ । ਜੀਵਾਂ ਜੰਤਾਂ ਕਾਇਆ ਮੰਦਰ ਹੋਏ ਖਾਲੀ, ਨਾਮ ਵਸਤ ਨਜ਼ਰ ਨਾ ਆਈਆ । ਭਰ ਭਰ ਜਾਮ ਪੀਣ ਪਿਆਲੀ, ਅੰਮ੍ਰਿਤ ਰਸ ਨਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਈਆ । ਕਲਜੁਗ ਤੇਰਾ ਵੇਖ ਕਿਨਾਰਾ, ਹਰਿ ਸਾਚਾ ਖੇਲ ਖਿਲਾਇੰਦਾ । ਧਰਨੀ ਕਰੇ ਧਵਲ ਪੁਕਾਰਾ, ਨੇਤਰ ਰੋ ਰੋ ਨੀਰ ਵਹਾਇੰਦਾ । ਗੁਰਮੁਖ ਆਤਮ ਇਕ ਪਿਆਰਾ, ਏਕਾ ਬੂਝ ਬੁਝਾਇੰਦਾ । ਮਨ ਮਤ ਨਾਰ ਹੋਈ ਵਿਭਚਾਰਾ, ਸ੍ਰਿਸ਼ਟ ਸਬਾਈ ਆਪ ਪਰਨਾਇੰਦਾ । ਜੂਠ ਝੂਠ ਵਣਜ ਵਪਾਰਾ, ਚਾਰ ਕੂਟ ਕਰਾਇੰਦਾ । ਮਾਇਆ ਮਮਤਾ ਮੋਹ ਕਰ ਪਸਾਰਾ, ਕਾਮ ਕਰੋਧ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਦਰ ਵੇਖ ਵਖਾਇੰਦਾ । ਕਲਜੁਗ ਤੇਰਾ ਅੰਤਮ ਲਹਿਣਾ, ਹਰਿ ਸਾਚੇ ਸਚ ਚੁਕਾਵਣਾ । ਗੁਰ ਗੋਬਿੰਦ ਵੇਖੇ ਆਪਣੇ ਨੈਣਾਂ, ਨੇਤਰ ਨੈਣ ਇਕ ਖੁਲ੍ਹਾਵਣਾ । ਨਾਤਾ ਤੁੱਟੇ ਸਾਕ ਸੱਜਣ ਸੈਣਾ, ਜੂਠ ਝੂਠ ਰਹਿਣ ਨਾ ਪਾਵਣਾ । ਕੂੜੀ ਕਿਰਿਆ ਪੈਣੇ ਵੈਣਾਂ, ਧੀਰਜ ਧੀਰ ਨਾ ਕੋਇ ਧਰਾਵਣਾ । ਅੰਤਮ ਭਾਣਾ ਸਹਿਣਾ ਪੈਣਾ, ਪ੍ਰਭ ਸਾਚੇ ਹੁਕਮ ਚਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਵਣਾ । ਰੰਗ ਰੰਗ ਹਰਿ ਚਲੂਲ, ਸਤਿਗੁਰ ਪੂਰੇ ਹੱਥ ਵਡਿਆਈਆ । ਵੇਖੇ ਖੇਲ ਕੰਤ ਕੰਤੂਹਲ, ਨਰ ਨਰਾਇਣ ਵੇਸ ਵਟਾਈਆ । ਸ਼ਬਦ ਪੰਘੂੜਾ ਏਕਾ ਝੂਲ, ਨਾਮ ਹੁਲਾਰਾ ਰਿਹਾ ਲਗਾਈਆ । ਲੱਖ ਚੁਰਾਸੀ ਆਪ ਚੁਕਾਏ ਤੇਰਾ ਮੂਲ, ਪਿਛਲਾ ਲੇਖਾ ਰਹੇ ਨਾ ਰਾਈਆ । ਸਚ ਦਵਾਰਾ ਰਹੇ ਭੂਲ, ਸਤਿ ਸਤਿਵਾਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਲਏ ਆਪ ਅੰਗੜਾਈਆ । ਕਲਜੁਗ ਅੰਤਮ ਲੈ ਅੰਗੜਾਈ, ਹਰਿ ਸਾਚਾ ਜੋਤ ਜਗਾਇੰਦਾ । ਸ਼ਬਦੀ ਗੁਰ ਸ਼ਬਦ ਕੁੜਮਾਈ, ਹਰਿ ਸ਼ਬਦੀ ਸਗਨ ਮਨਾਇੰਦਾ । ਦਰ ਘਰ ਸਾਚੇ ਵੱਜੇ ਵਧਾਈ, ਸਾਚਾ ਮੰਗਲ ਆਪੇ ਗਾਇੰਦਾ । ਗੁਰਮੁਖ ਵੇਖੇ ਥਾਉਂ ਥਾਈਂ, ਸੰਤ ਸੁਹੇਲੇ ਆਪ ਉਠਾਇੰਦਾ । ਪਕੜਨਹਾਰਾ ਨਿਰਗੁਣ ਬਾਂਹੀਂ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜੁਗ ਜੁਗ ਕਰੇ ਸਚ ਨਿਆਈ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨੂਰ ਡਗਮਗਾਇੰਦਾ । ਨੂਰ ਗੋਬਿੰਦ ਹਰਿ ਕਰਤਾਰ, ਏਕਾ ਰੰਗ ਸਮਾਈਆ । ਸ਼ਬਦ ਅਗੰਮੀ ਨਾਮ ਜੈਕਾਰ, ਪਰਵਰਦਿਗਾਰ ਆਪ ਸੁਣਾਈਆ । ਆਪ ਆਪਣਾ ਕਰ ਉਜਿਆਰ, ਆਪੇ ਵੇਖੇ ਖ਼ਲਕ

ਖ਼ੁਦਾਈਆ । ਬੇਐਬ ਰਖਾਏ ਨਾਮ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਕਰੇ ਰੁਸ਼ਨਾਈਆ । ਆਪਣਾ ਨੂਰ ਆਪ ਉਪਾ, ਆਪੇ ਵੇਖ ਵਖਾਇੰਦਾ । ਕਲਜੁਗ ਅੰਤਮ ਨਾਮ ਧਰਾ, ਨਰ ਨਰਾਇਣ ਵੇਸ ਵਟਾਇੰਦਾ । ਖੜਗ ਖੰਡਾ ਹੱਥ ਉਠਾ, ਨਾਮ ਕਟਾਰਾ ਆਪ ਚਮਕਾਇੰਦਾ । ਬ੍ਰਹਿਮੰਡ ਖੰਡ ਵੇਖ ਵਖਾ, ਗਗਨ ਪਾਤਾਲਾਂ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਅੰਤਮ ਵਰਤੇ ਕਲ, ਕਲ ਕਾਤੀ ਵੇਖ ਵਖਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲ, ਅਛਲ ਅਛੇਦ ਕਰਾਈਆ । ਪਾਵੇ ਸਾਰ ਜਲ ਥਲ, ਥਲ ਮਹੀਅਲ ਫੋਲ ਫੁਲਾਈਆ । ਜਨ ਭਗਤਾਂ ਆਤਮ ਜੋਤੀ ਬ੍ਰਹਮ ਸਰੂਪ ਪਾਰਬ੍ਰਹਮ ਰਿਹਾ ਰਲ, ਆਪ ਆਪਣੀ ਬੂਝ ਬੁਝਾਈਆ । ਭਾਗ ਲਗਾਏ ਕਾਇਆ ਮਾਟੀ ਝੂਠੀ ਖਲ, ਘਰ ਸਾਚਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਉਪਜਾਈਆ । ਨਿਹਕਲੰਕ ਪੁਰਖ ਸੁਲਤਾਨ, ਪਾਰਬ੍ਰਹਮ ਅਖਵਾਇੰਦਾ । ਖੇਲੇ ਖੇਲ ਦੋ ਜਹਾਨ, ਤ੍ਰਿਲੋਕੀ ਨੰਦਨ, ਹੁਕਮ ਚਲਾਇੰਦਾ । ਆਪਣੀ ਕਰੇ ਆਪੇ ਪਛਾਣ, ਦੂਸਰ ਮੁਖ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਏਕਾ ਬ੍ਰਹਮ ਗਿਆਨ, ਏਕਾ ਰੰਗ ਰੰਗਾਇੰਦਾ । ਏਕਾ ਇਸ਼ਟ ਗੁਰ ਇਕ ਧਿਆਨ, ਏਕਾ ਨੇਤਰ ਆਪ ਖੁਲ੍ਹਾਇੰਦਾ । ਲੋਕਮਾਤ ਹੋ ਪਰਧਾਨ, ਆਪ ਆਪਣਾ ਡੰਕ ਵਜਾਇੰਦਾ । ਪਾਵੇ ਸਾਰ ਅੰਜੀਲ ਕੁਰਾਨ, ਵੇਦ ਪੁਰਾਨਾ ਵੇਖ ਵਖਾਇੰਦਾ । ਦਾਤਾ ਦਾਨੀ ਗੁਣ ਨਿਧਾਨ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਰਾਮਾ ਕ੍ਰਿਸ਼ਨਾ ਹੋ ਪਰਧਾਨ, ਆਪ ਆਪਣਾ ਖੇਲ ਖਿਲਾਇੰਦਾ । ਨਾਨਕ ਗੋਬਿੰਦ ਇਕ ਨਿਸ਼ਾਨ, ਪੁਰਖ ਅਬਿਨਾਸ਼ੀ ਆਪ ਝੁਲਾਇੰਦਾ । ਕਲਜੁਗ ਮੇਟੇ ਝੂਠ ਦੁਕਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਚਾਰ ਵਰਨ ਅਠਾਰਾਂ ਬਰਨ ਬਹਾਏ ਇਕ ਅਸਥਾਨ, ਸਾਚੀ ਭੂਮਕਾ ਆਪ ਸੁਹਾਇੰਦਾ । ਤਖ਼ਤ ਤਾਜ ਰਾਜ ਰਾਜਾਨ ਸਰਬ ਮਿਟ ਜਾਣ, ਸੀਸ ਤਾਜ ਨਾ ਕੋਇ ਟਿਕਾਇੰਦਾ । ਜੋਤੀ ਨੂਰ ਸ੍ਰੀ ਭਗਵਾਨ, ਏਕਾ ਏਕ ਏਕ ਅਖਵਾਇੰਦਾ । ਪੁਰਖ ਅਕਾਲ ਦੀਨ ਦਿਆਲ ਤੇਰਾ ਨਾਮ ਦਰ ਦਰ ਘਰ ਘਰ ਅੰਦਰ ਸਾਰੇ ਗਾਣ, ਦੂਜਾ ਨਾਦ ਨਾ ਕੋਇ ਰਖਾਇੰਦਾ । ਚਰਨ ਧੂੜ ਸਤਿਗੁਰ ਸੱਚਾ ਅਸ਼ਨਾਨ, ਅਠਸਠ ਮਾਣ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਬੇੜਾ ਪਾਰ ਕਰਾਇੰਦਾ । ਕਲਜੁਗ ਬੇੜਾ ਪਾਰ ਕਰੌਣਾ, ਹਰਿ ਸੱਚੇ ਸਚ ਵਡਿਆਈਆ । ਸਤਿਜੁਗ ਸਾਚਾ ਮਾਤ ਧਰੌਣਾ, ਸਤਿ ਪੁਰਖ ਨਿਰੰਜਣ ਵੇਖ ਵਖਾਈਆ । ਦੋਹਾਂ ਵਿਚੋਲਾ ਸ਼ਬਦ ਬਣੌਣਾ, ਗੁਰ ਗੁਰ ਬੂਝ ਬੁਝਾਈਆ । ਆਪਣਾ ਮੇਲ ਆਪ ਮਲੌਣਾ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਬੀਸ ਇਕੀਸਾ ਹਰਿ ਜਗਦੀਸਾ ਸਾਚਾ ਸਗਨ ਆਪ ਮਨੌਣਾ, ਘਰ ਸਾਚੇ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਆਪ ਸਮਝੌਣਾ, ਏਕਾ ਸਿਖਿਆ ਰਿਹਾ ਸਮਝਾਈਆ । ਸੱਤਾਂ ਦੀਪਾਂ ਏਕਾ ਮਾਰਗ ਲੌਣਾ, ਸੱਤ ਰੰਗ ਨਿਸ਼ਾਨਾ ਆਪ ਝੁਲਾਈਆ । ਗੁਰਸਿਖ ਸੰਤ ਸੁਹੇਲਾ ਫੜ ਫੜ ਕਾਗੋਂ ਹੰਸ ਬਣੌਣਾ, ਨਾਮ ਚੋਗ ਇਕ ਚੁਗਾਈਆ । ਆਵਣ ਜਾਵਣ ਫੰਦ ਕਟੌਣਾ, ਲੱਖ ਚੁਰਾਸੀ ਤੋੜ ਤੁੜਾਈਆ । ਦਰਗਹਿ ਸਾਚੀ ਸਾਚੇ ਧਾਮ ਬਹੌਣਾ, ਸਚਖੰਡ ਦਵਾਰਾ ਇਕ ਸੁਹਾਈਆ । ਅੰਤਮ ਜੋਤੀ ਜੋਤ ਮਲੌਣਾ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਹਰ ਘਟ ਹਰਿ ਹਰਿ

ਜਾਣਦਾ, ਜੋਤੀ ਨੂਰ ਸ੍ਰੀ ਭਗਵਾਨ । ਜੁਗ ਜੁਗ ਆਪਣੇ ਆਪ ਪਛਾਣਦਾ, ਆਤਮ ਅੰਤਰ ਇਕ ਗਿਆਨ । ਦੇਵੇ ਨਾਮ ਦਾਨ ਧੁਰ ਫ਼ਰਮਾਣ ਦਾ, ਕਰੇ ਖੇਲ ਇਕ ਮਹਾਨ । ਲੱਖ ਚੁਰਾਸੀ ਪੁਣ ਛਾਣਦਾ, ਦਾਤਾ ਦਾਨੀ ਵਡ ਨਿਗਹਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਮਾਣ । ਹਰਿਜਨ ਹਰਿ ਵਡਿਆਈਆ, ਪਾਇਆ ਪੁਰਖ ਅਥਾਹ । ਘਰ ਸਾਚੇ ਵੱਜੇ ਵਧਾਈਆ, ਪ੍ਰਭ ਮਿਲਿਆ ਬੇਪਰਵਾਹ । ਹਉਮੇ ਹੰਗਤਾ ਰੋਗ ਮਿਟਾਈਆ, ਹਿਰਦੇ ਹਰਿ ਹਰਿ ਨਾਮ ਵਸਾ । ਸਾਚਾ ਮੰਤਰ ਇਕ ਦ੍ਰਿੜਾਈਆ, ਏਕਾ ਜਾਪ ਜਪਾ । ਕਾਇਆ ਮੰਦਰ ਆਪ ਸੁਹਾਈਆ, ਨਿਰਗੁਣ ਬਾਤੀ ਕਰ ਰੁਸ਼ਨਾ । ਅਨਹਦ ਸਾਚਾ ਤਾਲ ਵਜਾਈਆ, ਧੁਨ ਆਤਮਕ ਆਪ ਅਲਾ । ਗੋਬਿੰਦ ਮੇਲਾ ਸਹਿਜ ਸੁਭਾਈਆ, ਗੁਰ ਸ਼ਬਦੀ ਦਏ ਮਿਲਾ । ਕਾਇਆ ਸੇਜਾ ਇਕ ਹੰਢਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਂ । ਥਾਨ ਥਨੰਤਰ ਹਰਿ ਸੁਹਾਈਆ, ਘਰ ਸਾਚੇ ਵੱਜੀ ਵਧਾਈਆ । ਗੁਰਮੁਖ ਗੁਰਸਿਖ ਹਰਿ ਹਰਿ ਪਾਇਆ, ਗੁਰ ਪੂਰੇ ਵਡ ਵਡਿਆਈਆ । ਨਿਰਗੁਣ ਨੂਰ ਕਰੇ ਰੁਸ਼ਨਾਇਆ, ਪਾਰਬ੍ਰਹਮ ਹਰਿ ਹਰਿ ਮੇਲ ਮਿਲਾਈਆ । ਏਕਾ ਦੂਜਾ ਭੇਵ ਚੁਕਾਇਆ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਆਪ ਆਪਣੀ ਖੇਲ ਖਲਾਇਆ, ਚੌਥੇ ਪਦ ਰਿਹਾ ਸੁਹਾਈਆ । ਘਰ ਸੁਹੰਜਣਾ ਇਕ ਜਣਾਇਆ, ਪੰਚਮ ਮੀਤਾ ਇਕ ਅਤੀਤਾ ਰਾਗ ਅਨਾਦੀ ਏਕਾ ਗਾਈਆ । ਘਰ ਸਾਚੇ ਵੱਜੇ ਵਧਾਇਆ, ਪੁਰਖ ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ । ਲੇਖਾ ਲੇਖ ਨਾ ਕੋਇ ਜਣਾਇਆ, ਜੁਗ ਜੁਗ ਆਪਣਾ ਵੇਸ ਵਟਾਈਆ । ਲੋਆਂ ਪੁਰੀਆਂ ਫੇਰਾ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਤਰਾਈਆ । ਹਰਿ ਸੱਜਣ ਹਰਿ ਪਾਇਆ, ਏਕਾ ਰੂਪ ਕਰਤਾਰ । ਦੂਈ ਦਵੈਤੀ ਰੋਗ ਮਿਟਾਇਆ, ਵਿਛੜਿਆ ਸੰਸਾਰ । ਨਾਨਕ ਨਿਰਗੁਣ ਨਜ਼ਰੀ ਆਇਆ, ਇਕ ਅਕੱਲਾ ਏਕਉਂਕਾਰ । ਜੂਨੀ ਰਹਿਤ ਦਰਸ ਦਿਖਾਇਆ, ਆਪ ਆਪਣੀ ਕਿਰਪਾ ਧਾਰ । ਮੂਰਤ ਅਕਾਲ ਜੋਤ ਰੁਸ਼ਨਾਇਆ, ਦਿਵਸ ਰੈਣ ਰਹੇ ਉਜਿਆਰ । ਅੱਠੇ ਪਹਿਰ ਡਗਮਗਾਇਆ, ਮੇਟ ਮਿਟਾਏ ਧੁੰਦੂਕਾਰ । ਜੁਗ ਜੁਗ ਆਪਣਾ ਨਾਮ ਧਰਾਇਆ, ਏਕਾ ਗੁਰ ਇਕ ਅਵਤਾਰ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ, ਦੇਵਤ ਸੁਰ ਦਏ ਹੁਲਾਰ । ਸਤਿਜੁਗ ਤ੍ਰੇਤਾ ਪਾਰ ਲੰਘਾਇਆ, ਖੇਲੇ ਖੇਲ ਅਗੰਮ ਅਪਾਰ । ਦੁਆਪਰ ਏਕਾ ਡੰਕ ਵਜਾਇਆ, ਵਜਾਵਣਹਾਰ ਆਪ ਨਿਰੰਕਾਰ । ਕਲਜੁਗ ਆਪਣਾ ਰੂਪ ਵਟਾਇਆ, ਕੂੜੀ ਕਿਰਿਆ ਕਰ ਪਿਆਰ । ਪੁਰਖ ਅਬਿਨਾਸ਼ੀ ਖੇਲ ਖਿਲਾਇਆ, ਆਦਿ ਨਿਰੰਜਣ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਹਰਿ ਹਰਿ ਮੀਤੜਾ, ਆਦਿ ਪੁਰਖ ਅਬਿਨਾਸ਼ । ਜਨ ਭਗਤਾਂ ਕਾਇਆ ਚੋਲੀ ਰੰਗੇ ਚੀਥੜਾ, ਜੁਗਾ ਜੁਗੰਤਰ ਦਾਸੀ ਦਾਸ । ਆਪੇ ਜਾਣੇ ਆਪਣੀ ਰੀਤੜਾ, ਹਰੀ ਹਰਿ ਨਾ ਜਾਏ ਵਿਨਾਸ । ਗੁਰਮੁਖ ਫਲ ਵੇਖੇ ਮੀਠੜਾ, ਸਦਾ ਸੁਹੇਲਾ ਰੱਖੇ ਆਪਣੇ ਪਾਸ । ਦੇਵੇ ਨਾਮ ਸ਼ਬਦ ਅਨਡੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਿਰਦੇ ਹਰਿਜਨ ਰੱਖੇ ਵਾਸ । ਹਿਰਦੇ ਹਰਿ ਹਰਿ ਵਸਿਆ, ਪਰਮ ਪੁਰਖ ਕਰਤਾਰ । ਜਨ ਭਗਤਾਂ ਮਾਰਗ ਏਕਾ ਦੱਸਿਆ, ਆਪ ਆਪਣੀ ਕਿਰਪਾ ਧਾਰ । ਸਾਚੇ ਮੰਦਰ ਬਹਿ ਬਹਿ ਹੱਸਿਆ, ਨੌਂ ਦਵਾਰੇ ਕਰ ਖ਼ਵਾਰ । ਕੋਟਨ ਕੋਟ ਕਰੇ ਪਰਕਾਸ਼ ਰਵ ਸਸਿਆ, ਨਿਰਗੁਣ ਜੋਤੀ ਕਰ ਉਜਿਆਰ । ਮੇਟੇ ਰੈਣ ਅੰਧੇਰੀ ਮੱਸਿਆ, ਮੇਟ ਮਿਟਾਏ ਧੁੰਦੂਕਾਰ । ਤੀਰ ਨਿਰਾਲਾ ਏਕਾ ਕਸਿਆ,

ਗੋਬਿੰਦ ਤੇਜ਼ ਕਟਾਰ । ਦੋ ਜਹਾਨਾਂ ਫਿਰੇ ਨੱਸਿਆ, ਚਿੱਟੇ ਅਸਵ ਸ਼ਾਹ ਸਵਾਰ । ਲੋਆਂ ਪੁਰੀਆਂ ਆਪਣਿਆਂ ਚਰਨਾਂ ਹੇਠਾਂ ਝੱਸਿਆ, ਬ੍ਰਹਿਮੰਡ ਖੰਡ ਆਪੇ ਰਿਹਾ ਲਤਾੜ । ਤ੍ਰੈਗੁਣ ਮਾਇਆ ਆਪਣਾ ਦਰ ਦਰਵਾਜ਼ਾ ਛੱਡ ਛੱਡ ਨੱਸਿਆ, ਚਾਰੋਂ ਕੁੰਟ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਬੇੜਾ ਹਰਿ ਹਰਿ ਬੰਨ੍ਹ, ਜੁਗ ਜੁਗ ਆਪ ਚਲਾਇੰਦਾ । ਸਤਿ ਸਤਿਵਾਦੀ ਚਾੜ੍ਹੇ ਚੰਨ, ਸਤਿ ਸਰੂਪ ਅਖਵਾਇੰਦਾ । ਗੁਰਸਿਖ ਤੇਰੀ ਵਡਿਆਈ ਧੰਨ, ਗੁਰ ਪੂਰਾ ਮੁਖ ਸਲਾਹਿੰਦਾ । ਜਨਨੀ ਜਣੇ ਸਾਚਾ ਜਨ, ਜਨ ਜਣੇਂਦੀ ਪਾਰ ਕਰਾਇੰਦਾ । ਲੇਖੇ ਲੱਗੇ ਮਾਟੀ ਤਨ, ਪੰਜ ਤੱਤ ਵੇਖ ਵਖਾਇੰਦਾ । ਧੁਨ ਅਨਾਦੀ ਰਾਗ ਕੰਨ, ਅਨਹਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਪੁਰਖ ਅਕਾਲਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਵੇਦ ਕਤੇਬ ਭੇਵ ਨਾ ਰਾਇਆ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਏਕਾ ਮੰਤਰ ਨਾਮ ਦ੍ਰਿੜਾਇਆ । ਤੋੜਨਹਾਰਾ ਜਗਤ ਜੰਜਾਲਾ, ਲੱਖ ਚੁਰਾਸੀ ਗੇੜ ਕਟਾਇਆ । ਇਕ ਵਖਾਏ ਸੱਚੀ ਧਰਮਸਾਲਾ, ਘਰ ਮੰਦਰ ਬੈਠਾ ਬੇਪਰਵਾਹਿਆ । ਸ਼ਬਦ ਅਗੰਮੀ ਵੱਜੇ ਤਾਲਾ, ਤਾਲ ਤਲਵਾੜਾ ਆਪ ਵਜਾਇਆ । ਸਚਖੰਡ ਦਵਾਰਾ ਇਕ ਅਖਾੜਾ, ਸੁੰਨ ਸਮਾਧ ਖੁਲ੍ਹਾਇਆ । ਵਾ ਨਾ ਲਗੇ ਤੱਤੀ ਹਾੜਾ, ਜੋ ਜਨ ਰਸਨਾ ਹਰਿ ਹਰਿ ਗਾਇਆ । ਕਰੇ ਪਰਕਾਸ਼ ਬਹੱਤਰ ਨਾੜਾ, ਏਕਾ ਜੋਤ ਰੁਸ਼ਨਾਇਆ । ਤੋੜੇ ਲੰਕਾ ਗੜ੍ਹ ਹੰਕਾਰਾ, ਮਨ ਰਾਵਣ ਰਹਿਣ ਨਾ ਪਾਇਆ । ਸੀਤਾ ਸੁਰਤੀ ਕਰ ਪਿਆਰਾ, ਰਾਮ ਰਮੱਯਾ ਮੇਲ ਮਿਲਾਇਆ । ਤੀਰ ਕਮਾਨ ਚਿੱਲਾ ਫੜ ਅਪਾਰਾ, ਦੋ ਧਾਰਾ ਵੇਖ ਵਖਾਇਆ । ਗੁਰਮੁਖ ਸਾਚੇ ਲਾਏ ਪਾਰਾ, ਮਨਮੁਖਾਂ ਦਏ ਸਜ਼ਾਇਆ । ਜੋਧਾ ਸੂਰਬੀਰ ਬਲੀ ਬਲਕਾਰਾ, ਜੁਗ ਜੁਗ ਆਪਣਾ ਨਾਮ ਧਰਾਇਆ । ਰਥ ਰਥਵਾਹੀ ਖੇਲ ਨਿਆਰਾ, ਸੇਵਕ ਸੇਵਾਦਾਰ ਸੇਵਾ ਰਿਹਾ ਕਮਾਇਆ । ਈਸਾ ਮੂਸਾ ਕਰ ਉਜਿਆਰਾ, ਏਕਾ ਕਲਮਾ ਆਪ ਪੜ੍ਹਾਇਆ । ਨਬੀ ਰਸੂਲਾਂ ਕਰ ਉਜਿਆਰਾ, ਲਾਸ਼ਰੀਕ ਵੇਖ ਵਖਾਇਆ । ਹੱਕ ਖ਼ੁਦਾਈ ਪਰਵਰਦਿਗਾਰਾ, ਐਨਲਹੱਕ ਅਲਾਇਆ । ਚੌਦਾਂ ਤਬਕਾਂ ਇਕ ਉਜਿਆਰਾ, ਏਕਾ ਨੂਰ ਦਰਸਾਇਆ । ਕਾਇਨਾਤ ਕਰ ਪਸਾਰਾ, ਆਪ ਆਪਣਾ ਵੇਖ ਵਖਾਇਆ । ਹੂ ਹੂ ਲਾਏ ਸਾਚਾ ਨਾਅਰਾ, ਤੂੰ ਤੂੰ ਵਿਚ ਸਮਾਇਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਦਿਸ ਕਿਸੇ ਨਾ ਆਇਆ । ਆਪੇ ਜਾਣੇ ਆਪਣੀ ਕਾਰਾ, ਜੁਗ ਕਰਤਾ ਵੇਸ ਵਟਾਇਆ । ਇਕ ਅਕੱਲਾ ਕਰ ਪਸਾਰਾ, ਲੱਖ ਚੁਰਾਸੀ ਡੇਰਾ ਲਾਇਆ । ਨਿਰਗੁਣ ਜੋਤੀ ਨੂਰ ਉਜਿਆਰਾ, ਨਾਨਕ ਤੱਤ ਬੁਝਾਇਆ । ਮਿਲਿਆ ਮੇਲ ਧੁਰ ਦਰਬਾਰਾ, ਵਿਛੜ ਕਦੇ ਨਾ ਜਾਇਆ । ਨਾਮ ਸਤਿ ਸਤਿ ਭੰਡਾਰਾ, ਚਾਰ ਵਰਨਾਂ ਆਪ ਵਰਤਾਇਆ । ਏਕਾ ਮਤ ਬ੍ਰਹਮ ਮਤ, ਪਾਰਬ੍ਰਹਮ ਸਮਝਾਇਆ । ਬੀਜ ਬੀਜਿਆ ਸਾਚੇ ਵਤ, ਫੁਲ ਫੁਲਵਾੜੀ ਵੇਖ ਵਖਾਇਆ । ਨਾਮ ਵਸਤ ਅਮੋਲ ਰੱਖੀ ਆਪਣੇ ਹੱਥ, ਗੁਰਮੁਖਾਂ ਆਪ ਵਰਤਾਇਆ । ਤੇਰਾਂ ਤੋਲੇ ਤੋਲ ਪੁਰਖ ਸਮਰਥ, ਨਾਮ ਕੰਡਾ ਇਕ ਉਠਾਇਆ । ਕਲਜੁਗ ਤੇਰਾ ਅੰਤਮ ਲਹਿਣਾ ਹੋਣਾ ਭੱਠ, ਮੂਲ ਰਹੇ ਨਾ ਰਾਇਆ । ਹਰਿ ਚਰਨ ਦਵਾਰਾ ਸਾਚਾ ਤੀਰਥ ਤਟ, ਗੁਰ ਸਤਿਗੁਰ ਆਪ ਸਮਝਾਇਆ । ਵਸਣਹਾਰਾ ਘਟ ਘਟ, ਘਟ ਭੀਤਰ ਵੇਖ ਵਖਾਇਆ । ਸਵਾਂਗੀ ਸਵਾਂਗ ਖੇਲੇ ਖੇਲ ਬਾਜ਼ੀਗਰ ਨਟ, ਨਟ ਨਟੂਆ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇਆ । ਹਰਿ ਸੱਜਣ ਹਰਿ

੩੪੨
੦੮

ਪੇਖਿਆ, ਸਤਿਗੁਰ ਸ਼ਬਦ ਸ਼ਬਦ ਮਿਹਰਵਾਨ । ਆਪੇ ਲਿਖਣਹਾਰਾ ਲੇਖਿਆ, ਆਪੇ ਦੇਵਣਹਾਰਾ ਬ੍ਰਹਮ ਗਿਆਨ । ਆਪ ਪਰਗਟਾਏ ਦਇਆ ਕਮਾਏ ਮੁੱਛ ਦਾੜ੍ਹੀ ਕੇਸਿਆ, ਆਪੇ ਦੇਵੇ ਨਾਮ ਕਿਰਪਾਨ । ਆਪੇ ਨੂਰ ਹਜ਼ੂਰ ਦਸ ਦਸਮੇਸਿਆ, ਪੂਤ ਸਪੂਤਾ ਆਪ ਨਿਸ਼ਾਨ । ਆਪੇ ਨਰ ਨਰਾਇਣ ਨਰ ਨਰੇਸ਼ਿਆ, ਸਾਚੇ ਤਖ਼ਤ ਆਪ ਸੁਲਤਾਨ । ਆਪੇ ਮਰਗਿੰਦ ਵਡ ਮਰਗੇਸਿਆ, ਕਲਾ ਧਾਰੀ ਨੌਜਵਾਨ । ਆਪੇ ਆਪਣਾ ਪਾਏ ਹਿਸਿਆ, ਅੰਮ੍ਰਿਤ ਆਤਮ ਪੀਣ ਖਾਣ । ਪੰਚਮ ਮੀਤਾ ਪੰਚਮ ਦਿਸਿਆ, ਝੁਲਦਾ ਰਹੇ ਨਿਸ਼ਾਨ । ਤਖ਼ਤ ਤਾਜ ਏਕਾ ਸੀਸਿਆ, ਏਕਾ ਨਿਗਹਬਾਨ । ਏਕਾ ਸ਼ਬਦ ਇਕ ਹਦੀਸਿਆ, ਲੇਖਾ ਚੁੱਕੇ ਅੰਜੀਲ ਕੁਰਾਨ । ਖੇਲੇ ਖੇਲ ਬੀਸ ਇਕੀਸਿਆ, ਪਾਵੇ ਸਾਰ ਵੇਦ ਪੁਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜੀਆ ਦਾਨ । ਜੀਆ ਦਾਤਾ ਹਰਿ ਭਗਵੰਤਾ, ਪਰਮ ਪੁਰਖ ਅਖਵਾਇੰਦਾ । ਮੇਲ ਮਿਲਾਵਾ ਸਾਚੇ ਸੰਤਾ, ਦਰ ਆਪਣਾ ਆਪ ਸੁਹਾਇੰਦਾ । ਦਰ ਘਰ ਮੇਲਾ ਨਾਰੀ ਕੰਤਾ, ਕੰਤ ਕੰਤੂਹਲ ਵੇਖ ਵਖਾਇੰਦਾ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋ ਜਨ ਹੋਏ ਭੁੱਖਾ ਨੰਗਤਾ, ਨਾਮ ਪੜਦਾ ਉਪਰ ਪਾਇੰਦਾ । ਨਾਨਕ ਨਿਰਗੁਣ ਮੇਲਾ ਅੰਗਦਾ, ਅੰਗੀਕਾਰ ਸਮਾਇੰਦਾ । ਗੁਰਸਿਖ ਦਵਾਰੇ ਆਪੇ ਮੰਗਦਾ, ਦਰ ਦਰਵੇਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਵਰ, ਘਰ ਸਾਚਾ ਇਕ ਸੁਹਾਇੰਦਾ । ਘਰ ਸੁਹੰਜਣਾ ਸਰਬ ਘਟ ਵਾਸੀ, ਅਕਲ ਕਲਾ ਵਰਤਾਇੰਦਾ । ਆਦਿ ਪੁਰਖ ਪੁਰਖ ਅਬਿਨਾਸ਼ੀ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਅਖਵਾਇੰਦਾ । ਨਿਰਗੁਣ ਜੋਤ ਇਕ ਪਰਕਾਸੀ, ਨਾਨਕ ਗੋਬਿੰਦ ਲੇਖ ਲਿਖਾਇੰਦਾ । ਸ਼ਾਹੋ ਭੂਪ ਹਰਿ ਸ਼ਾਹ ਸ਼ਾਬਾਸੀ, ਸਚ ਸੁਲਤਾਨ ਆਪ ਹੋ ਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਕਰੇ ਨਿਵਾਸੀ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਲਾਹੇ ਉਦਾਸੀ, ਕਲਜੁਗ ਕੂੜਾ ਕੂਕੇ ਏਕਾ ਕੂਕ ਸੁਣਾਇੰਦਾ । ਤ੍ਰੈਗੁਣ ਮਾਇਆ ਅੰਤਮ ਫੂਕੇ, ਪੰਜ ਤੱਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਆਪਣਾ ਆਪ ਖੁਲ੍ਹਾਇੰਦਾ । ਸਚ ਦਰਵਾਜ਼ਾ ਆਪੇ ਖੋਲ੍ਹ, ਹਰਿਜਨ ਲਏ ਬੁਲਾਈਆ । ਗ਼ਰੀਬ ਨਿਵਾਜ਼ਾ ਵਸੇ ਕੋਲ, ਦੂਰ ਨੇੜਾ ਨਾ ਕੋਇ ਵਖਾਈਆ । ਆਦਿ ਅੰਤ ਰਹੇ ਅਡੋਲ, ਨਾ ਡੋਲੇ ਨਾ ਡੋਲ ਡੁਲਾਈਆ । ਜੁਗਾ ਜੁਗੰਤਰ ਵੇਖੇ ਘੋਲ, ਲੱਖ ਚੁਰਾਸੀ ਆਪ ਲੜਾਈਆ । ਤੋਲਣਹਾਰਾ ਸਾਚੇ ਤੋਲ, ਨਾਮ ਕੰਡਾ ਹੱਥ ਉਠਾਈਆ । ਕੂੜੀ ਕਿਰਿਆ ਕੱਢੇ ਪੋਲ, ਜੂਠਾ ਝੂਠਾ ਪੜਦਾ ਲਾਹੀਆ । ਜਗਤ ਨਗਾਰਾ ਵੱਜੇ ਢੋਲ, ਚਾਰੋਂ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਦਵਾਰਾ ਇਕ ਅਖਵਾਈਆ । ਦਰ ਦਵਾਰਾ ਧੁਰ ਦਰਬਾਰ, ਥਿਰ ਘਰ ਆਪ ਉਪਾਇਆ । ਸਾਚੇ ਤਖ਼ਤ ਹਰਿ ਸੁਲਤਾਨ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਨਾ ਕੋਈ ਮੰਦਰ ਮਸਜਿਦ ਦਿਸੇ ਮਕਾਨ, ਚਾਰ ਦੀਵਾਰ ਨਾ ਕੋਇ ਬਣਾਇਆ । ਰਵ ਸਸ ਨਾ ਕੋਇ ਸਤਾਰ ਦਿਸੇ ਨਿਸ਼ਾਨ, ਮੰਡਲ ਮੰਡਪ ਨਾ ਕੋਇ ਉਪਾਇਆ । ਇਕ ਅਕੱਲਾ ਹੋ ਪਰਧਾਨ, ਸਚ ਘਰ ਬੈਠਾ ਆਸਣ ਲਾਇਆ । ਜੁਗ ਜੁਗ ਵੇਖੇ ਮਾਰ ਧਿਆਨ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਕਲਜੁਗ ਤੇਰਾ ਰੂਪ ਸ਼ੈਤਾਨ, ਤੇਰੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਚਾਰ ਚਾਰ ਲੇਖ ਲਖਾਇਆ ।

ਚਾਰ ਚਾਰ ਹਰਿ ਲੇਖ ਚੁਕੌਣਾ, ਚੌਥੇ ਯੁਗ ਵਡਿਆਈਆ । ਬਤੀਸ ਬਤੀਸ ਹਰਿ ਭੇਵ ਖੁਲੌਣਾ, ਬੱਤੀ ਦੰਦੀ ਗਾਈਆ । ਪੰਚਮ ਪੰਚਮ ਮੋਹ ਚੁਕੌਣਾ, ਪੰਚਮ ਦਏ ਵਡਿਆਈਆ । ਨਾਮ ਖੰਡਾ ਇਕ ਚਮਕੌਣਾ, ਦਿਸ ਕਿਸੇ ਨਾ ਆਈਆ । ਬ੍ਰਹਿਮੰਡਾਂ ਖੰਡਾਂ ਫੇਰਾ ਪੌਣਾ, ਆਪਣੀ ਵੰਡ ਵੰਡਾਈਆ । ਸੰਤ ਸੁਹੇਲੇ ਆਪ ਉਠੌਣਾ, ਆਪ ਆਪਣੀ ਦਇਆ ਕਮਾਈਆ । ਇਕ ਅਨੇਕ ਰੂਪ ਪਰਗਟੌਣਾ, ਨਿਰਗੁਣ ਮੇਲਾ ਸਹਿਜ ਸਭਾਈਆ । ਗੁਰਮੁਖ ਸਾਚਾ ਵੇਖ ਵਖੌਣਾ, ਕੌਣ ਕੂਟੇ ਰਿਹਾ ਧਿਆਈਆ । ਸ਼ਬਦ ਵਿਚੋਲਾ ਇਕ ਬਣੌਣਾ, ਗੁਰ ਨਾਨਕ ਮਤ ਇਹ ਸਮਝਾਈਆ । ਸ੍ਰਿਸ਼ਟ ਸਬਾਈ ਵੇਖ ਵਖੌਣਾ, ਅੰਦਰ ਮੰਦਰ ਡੂੰਘੀ ਕੰਦਰ ਫੇਰਾ ਪਾਈਆ । ਬਰਨ ਅਠਾਰਾਂ ਵਰਨ ਚਾਰ ਭੇਵ ਖੁਲ੍ਹੌਣਾ, ਭੁੱਲ ਰਹੇ ਨਾ ਰਾਈਆ । ਹਰਿ ਕਾ ਸ਼ਬਦ ਸਾਚਾ ਡੰਕ ਵਜੌਣਾ, ਹਰਿ ਸਾਚਾ ਸਿਫ਼ਤ ਸਲਾਹੀਆ । ਰਾਓ ਰੰਕਾਂ ਊਚਾਂ ਨੀਚਾਂ ਏਕਾ ਧਾਮ ਬਹੌਣਾ, ਜ਼ਾਤ ਪਾਤ ਰਹਿਣ ਨਾ ਪਾਈਆ । ਗੋਬਿੰਦ ਅੰਮ੍ਰਿਤ ਸਰਬ ਪਿਔਣਾ, ਸਿੰਘ ਸਿੰਘ ਰੂਪ ਅਖਵਾਈਆ । ਫੜ ਫੜ ਕਾਗ ਹੰਸ ਵਖੌਣਾ, ਬੰਸ ਸਰਬੰਸਾ ਆਪ ਅਖਵਾਈਆ । ਚੰਡ ਪਰਚੰਡ ਤਨ ਲਟਕੌਣਾ, ਕਾਇਆ ਗਾਤਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਚੇਲੇ ਮੇਲ ਮਿਲਾਈਆ । ਗੁਰ ਚੇਲਾ ਰੂਪ ਆਪ ਕਰਤਾਰ, ਗੁਰਮੁਖ ਵਿਚ ਸਮਾਇੰਦਾ । ਗੋਬਿੰਦ ਮੀਤਾ ਸ਼ਬਦ ਹਦਾਰ, ਸਾਚੀ ਰੀਤਾ ਆਪ ਰਖਾਇੰਦਾ । ਹਸਤ ਕੀਟਾ ਇਕ ਪਿਆਰ, ਦੂਈ ਦਵੈਤੀ ਮੇਟ ਮਿਟਾਇੰਦਾ । ਨਾਮ ਨਿਧਾਨ ਅੰਮ੍ਰਿਤ ਰਸ ਜਿਸ ਜਨ ਪੀਤਾ, ਦੂਈ ਦਵੈਤੀ ਪੜਦਾ ਲਾਹਿੰਦਾ । ਜਗਤ ਵਿਕਾਰਾ ਠੰਡਾ ਸੀਤਾ, ਨਿਝਰ ਧਾਰਾ ਮੁਖ ਚੁਆਇੰਦਾ । ਗੁਰ ਕਾ ਸ਼ਬਦ ਭਾਣਾ ਮੀਠਾ, ਗੁਰਸਿਖ ਨਿਉਂ ਨਿਉਂ ਸੀਸ ਝੁਕਾਇੰਦਾ । ਆਪ ਆਪਣਾ ਆਪੇ ਜੀਤਾ, ਜਗ ਜੀਵਣ ਦਾਤਾ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਏਕਾ ਰੰਗ ਰੰਗਾਇੰਦਾ । ਰੰਗਣਹਾਰ ਹਰਿ ਕਰਤਾਰਾ, ਏਕਾ ਰੰਗ ਰੰਗਾਈਆ । ਜਨ ਭਗਤਾਂ ਕਰੇ ਮਾਤਲੋਕ ਪਿਆਰਾ, ਦੂਤਾਂ ਦੁਸ਼ਟਾ ਕਰੇ ਸੰਘਾਰਾ, ਆਪ ਆਪਣੀ ਕਲ ਵਰਤਾਈਆ । ਅਗੰਮ ਅਗੰਮੜਾ ਹੋ ਉਜਿਆਰਾ, ਪੰਜ ਤੱਤ ਕਰੇ ਰੁਸ਼ਨਾਈਆ । ਅਲਖ ਅਲਖਣਾ ਇਕ ਜੈਕਾਰਾ, ਅਲਖ ਨਿਰੰਜਣ ਆਪ ਲਗਾਈਆ । ਸਚਖੰਡ ਸੁਹਾਏ ਇਕ ਦਵਾਰਾ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਸੁੰਨ ਅਗੰਮੀ ਪਾਰ ਕਿਨਾਰਾ, ਆਪ ਆਪਣਾ ਰਾਹ ਤਕਾਈਆ । ਸੰਤਨ ਮੀਤਾ ਪਾਵੇ ਸਾਰਾ, ਦਸਮ ਦਵਾਰੀ ਖੋਜ ਖੁਜਾਈਆ । ਆਤਮ ਸੇਜਾ ਹੋ ਉਜਿਆਰਾ, ਬੈਠਾ ਡਗਮਗਾਈਆ । ਬਜਰ ਕਪਾਟੀ ਲਾਏ ਪਾੜਾ, ਆਪਣਾ ਪੜਦਾ ਆਪੇ ਲਾਹੀਆ । ਸਰ ਸਰੋਵਰ ਅੰਮ੍ਰਿਤ ਠੰਡੀ ਠਾਰਾ, ਹਰਿਜਨ ਸਾਚੇ ਆਪ ਨੁਹਾਈਆ । ਅਨਹਦ ਸ਼ਬਦ ਸੱਚੀ ਧੁਨਕਾਰਾ, ਸਾਚੀ ਸਖੀਆਂ ਮੰਗਲ ਗਾਈਆ । ਜੋਤ ਨਿਰੰਜਣ ਦਏ ਸਹਾਰਾ, ਏਕਾ ਨੂਰ ਕਰੇ ਰੁਸ਼ਨਾਈਆ । ਸੁਖਮਨ ਟੇਢੀ ਪਾਰ ਕਿਨਾਰਾ, ਸਤਿਗੁਰ ਪੂਰਾ ਦਏ ਕਰਾਈਆ । ਨੌਂ ਦਵਾਰ ਛੁੱਟੇ ਸੰਸਾਰਾ, ਮੇਲ ਮਿਲਾਵਾ ਸਾਚੇ ਮਾਹੀਆ । ਭਰਿਆ ਰਹੇ ਨਾਮ ਭੰਡਾਰਾ, ਤੋਟ ਰਹੇ ਨਾ ਰਾਈਆ । ਨਾਨਕ ਸਤਿਗੁਰ ਬਣਿਆ ਆਪ ਵਰਤਾਰਾ, ਨਾਮ ਸਤਿ ਝੋਲੀ ਪਾਈਆ । ਗੁਰ ਗੋਬਿੰਦ ਬਣਿਆ ਗੁਪਤ ਲਿਖਾਰਾ, ਅਨਭਵ ਆਪਣੀ ਖੇਲ ਖਲਾਈਆ । ਆਪੇ ਰੋੜ੍ਹੇ ਸਰਸੇ ਧਾਰਾ, ਅੰਤਮ ਆਪੇ ਲਏ ਪਰਗਟਾਈਆ । ਆਪੇ ਜਾਣੇ ਆਪਣੀ ਕਾਰਾ, ਜੀਵ ਜੰਤ ਭੇਵ ਨਾ ਪਾਈਆ । ਕੋਟਨ ਕੋਟੀ ਕੋਟ ਕਰ ਰਹੇ ਵਿਚਾਰਾ, ਚਾਰੋਂ ਕੁੰਟ ਨੈਣ ਉਠਾਈਆ । ਵੇਦ ਵਿਆਸਾ ਬਣ ਲਿਖਾਰਾ, ਹਰਿ ਹਰਿ ਭੇਵ

ਗਿਆ ਲਿਖਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਮੀਤ ਮੁਰਾਰਾ, ਸੰਬਲ ਨਗਰੀ ਡੇਰਾ ਲਾਈਆ । ਗੋਬਿੰਦ ਲੇਖਾ ਲੇਖ ਕਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤਮ ਵੇਖੇ ਧੁੰਦੂਕਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਗੁਰਮੁਖਾਂ ਆਤਮ ਕਰੇ ਹਾਹਾਕਾਰਾ, ਧਰਤ ਧਵਲ ਰਹੀ ਕੁਰਲਾਈਆ । ਮਨਮੁਖਾਂ ਵਧੇ ਜਗਤ ਵਿਕਾਰਾ, ਦੇ ਮਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਦਿ ਜੁਗਾਦੀ ਬਣਤ ਬਣਾਈਆ । ਬਣਤ ਬਣਾਏ ਹਰਿ ਭਗਵਾਨ, ਆਪਣੀ ਰਚਨ ਰਚਾਇੰਦਾ । ਸ਼ਬਦ ਸਰੂਪੀ ਸਤਿ ਨਿਸ਼ਾਨ, ਲੋਕਮਾਤ ਝੁਲਾਇੰਦਾ । ਲੋਆਂ ਪੁਰੀਆਂ ਏਕਾ ਆਣ, ਏਕਾ ਹੁਕਮ ਸੁਣਾਇੰਦਾ । ਨੌ ਸੱਤ ਮਾਰੇ ਏਕਾ ਬਾਣ, ਏਕਾ ਤੀਰ ਚਲਾਇੰਦਾ । ਏਕਾ ਜੋਧਾ ਸੂਰ ਬਲੀ ਬਲਵਾਨ, ਏਕਾ ਖੰਡਾ ਹੱਥ ਉਠਾਇੰਦਾ । ਆਪ ਆਪਣੀ ਕਰੇ ਪਛਾਣ, ਦੂਸਰ ਦਿਸ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੇ ਗਲੇ ਲਗਾਇੰਦਾ । ਦੇਵਣਹਾਰਾ ਦਾਨੀ ਦਾਣ, ਨਾਮ ਭੰਡਾਰਾ ਆਪ ਵਰਤਾਇੰਦਾ । ਦੋ ਜਹਾਨਾਂ ਨਿਗਹਬਾਨ, ਸੇਵਕ ਸੇਵਾ ਸਚ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਅਵੱਲਾ, ਪਰਮ ਪੁਰਖ ਅਗੰਮੜਾ । ਖੇਲੇ ਖੇਲ ਇਕ ਅਕੱਲਾ, ਹੱਡ ਮਾਸ ਨਾੜੀ ਨਾ ਕੋਈ ਚਮੜਾ । ਵਸੇ ਨਿਹਚਲ ਧਾਮ ਅਟੱਲਾ, ਗੁਰਮੁਖਾਂ ਕਰੇ ਭਾਰੀ ਪਲੜਾ । ਦੁਸ਼ਟ ਦਮਨ ਸੁੱਤ ਦੁਲਾਰਾ, ਗੋਬਿੰਦ ਹਰਿ ਹਰਿ ਆਪੇ ਘਲੜਾ । ਆਪੇ ਕਰੇ ਵਣਜ ਵਾਪਾਰਾ, ਕਲਜੁਗ ਅੰਤਮ ਆਪਣੀ ਜੋਤ ਆਪਣੇ ਨੂਰ ਆਪਣੇ ਪਲੜਾ । ਭੈਣ ਭਾਈ ਨਾ ਕੋਇ ਸਹਾਰਾ, ਜੋਤ ਰੂਪ ਸ਼ਬਦੀ ਰਲੜਾ । ਸ਼ਬਦੀ ਡੰਕ ਵਿਚ ਸੰਸਾਰਾ, ਗੁਰਸਿਖਾਂ ਆਤਮ ਦਰ ਦਵਾਰੇ ਅੱਗੇ ਖਲੜਾ । ਪਾਰ ਕਰਾਏ ਨੌ ਦਵਾਰਾ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਆਪ ਆਪੇ ਮਲੜਾ । ਆਪ ਸੋਹੇ ਬੰਕ ਦਵਾਰਾ, ਸਚ ਸੰਦੇਸ਼ ਜੋਤ ਪਰਵੇਸ਼ ਨਿਰਗੁਣ ਧਾਰਾ ਏਕਾ ਘਲੜਾ । ਏਕਾ ਏਕ ਸਿਰਜਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਰਖੱਲੜਾ । ਸਰ ਸਰੋਵਰ ਅੰਮ੍ਰਿਤ ਰਸ, ਆਤਮ ਹਰਿ ਭਰਾਈਆ । ਹਰਿਜਨ ਨੁਹਾਏ ਨੱਸ ਨੱਸ, ਆਪ ਆਪਣੀ ਸੇਵ ਕਮਾਈਆ । ਪਰਦੇ ਅੰਦਰ ਆਪੇ ਵਸ ਵਸ, ਆਪ ਆਪਣੀ ਬੂਝ ਬੁਝਾਈਆ । ਜਗਤ ਵਿਕਾਰਾ ਰਿਹਾ ਝੱਸ, ਸ਼ਬਦ ਸ਼ਬਦੀ ਭਾਰ ਰਖਾਈਆ । ਤ੍ਰੈਗੁਣ ਮਾਇਆ ਨਾ ਜਾਏ ਡੱਸ, ਜੋ ਜਨ ਗੋਬਿੰਦ ਸੀਸ ਝੁਕਾਈਆ । ਸਤਿਗੁਰ ਪੂਰਾ ਤੀਰ ਨਿਰਾਲਾ ਮਾਰੇ ਕਸ, ਤੀਰ ਅਣਿਆਲਾ ਇਕ ਵਖਾਈਆ । ਆਰ ਪਾਰ ਜਾਏ ਧਸ, ਦੋ ਜਹਾਨਾਂ ਪੰਧ ਮੁਕਾਈਆ । ਗੁਰਮੁਖ ਸਾਜਣ ਸੰਤ ਸੁਹੇਲੇ ਸਤਿਗੁਰ ਪੂਰਾ ਗੁਰ ਸੰਗਤ ਤੇਰੇ ਚਰਨਾਂ ਉਪਰ ਗਿਆ ਢੱਠ, ਆਪਣੀ ਅੱਗੇ ਝੋਲੀ ਡਾਹੀਆ । ਕਲਜੁਗ ਅੰਤਮ ਕਿਸੇ ਜੀਵ ਨਾ ਔਣਾ ਹੱਥ, ਗੁਰ ਗੋਬਿੰਦ ਗਿਆ ਸਮਝਾਈਆ । ਤੀਰਥ ਤੱਟਾਂ ਹੋਣਾ ਭੱਠ, ਗੁਰਦਰ ਮੰਦਰ ਵੇਸਵਾ ਰੂਪ ਦਰਸਾਈਆ । ਮਨ ਮਤ ਕਥਨੀ ਰਹੇ ਕਥ, ਹਰਿ ਕੀ ਕਥਾ ਨਾ ਕੋਇ ਸੁਣਾਈਆ । ਕੂੜ ਕੁੜਿਆਰਾ ਚਲਾਇਆ ਰਥ, ਨਾਨਕ ਰਥ ਹੱਥ ਨਾ ਆਈਆ । ਗੋਬਿੰਦ ਚਿੱਲਾ ਤੀਰ ਕਮਾਨਾ ਖੰਡਾ ਕਟਾਰ ਸਾਚੇ ਤਨ ਨਾ ਸਕੇ ਕੋਈ ਰੱਖ, ਮਨ ਇਛਿਆ ਨਾ ਕੋਇ ਕਰਾਈਆ । ਕਾਮੀ ਕਰੋਧੀ ਪਹਿਨਣ ਕੱਛ, ਤੇਰਾ ਜਤ ਦਿਸ ਨਾ ਆਈਆ । ਕੇਸ ਸੀਸ ਉਪਰ ਰੱਖ, ਜਗਦੀਸ ਗਏ ਭੁਲਾਈਆ । ਬੀਸ ਇਕੀਸ ਹੋਏ ਪਰਤੱਖ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਗੁਰ ਪੂਰਾ ਗੋਬਿੰਦ

ਧਾਰ ਮਨਮੁਖ ਜੀਵਾਂ ਭਾਂਡੇ ਕਰੇ ਸੱਖ, ਨਾਮ ਵਸਤ ਦਿਸ ਨਾ ਆਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਦਰ ਦਰਬਾਨਾਂ ਦਾ ਘਰ ਲੁੰਦੇ ਦਿਸਣ ਲਾ ਭੱਖ, ਤਖ਼ਤ ਤਾਜ ਨਾ ਕੋਇ ਵਖਾਈਆ । ਕਿਸੇ ਕਰੋੜੀ ਮੁੱਲ ਨਾ ਪਿਆ ਕੌਡੀ ਕੱਖ, ਬਿਨ ਗੁਰ ਪੂਰੇ ਨਾ ਕੋਇ ਸਹਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਚਾਰ ਵਰਨਾਂ ਗੁਰਮੁਖ ਸਾਚੇ ਆਪਣੀ ਗੋਦੀ ਲਏ ਚੁੱਕ, ਬਾਲ ਅੰਞਾਣੇ ਗੋਦ ਉਠਾਈਆ । ਜੂਠਿਆਂ ਝੂਠਿਆਂ ਮੁਖ ਪੈਣਾ ਥੁੱਕ, ਨਾ ਸਕੇ ਕੋਈ ਬਚਾਈਆ । ਕਲਜੁਗ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਭਾਗ ਲੱਗੇ ਸਾਚੀ ਕੁੱਖ, ਜੋ ਜਨਨੀ ਹਰਿਜਨ ਜਾਈਆ । ਲੱਖ ਚੁਰਾਸੀ ਆਪਣਾ ਕੀਤਾ ਆਪ ਉਠਾਏ ਆਪਣਾ ਦੁੱਖ, ਜੋ ਭੁੱਲੇ ਹਰਿ ਸਰਨਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਦਿ ਜੁਗਾਦੀ ਜੁਗ ਜੁਗ ਆਪੇ ਰਿਹਾ ਤੁੱਠ, ਹਰਿਜਨ ਸਾਚੇ ਰਿਹਾ ਉਪਜਾਈਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਦਹਿ ਦਿਸ਼ਾ ਚਾਰ ਕੁੰਟ ਨੌ ਖੰਡ ਫੇਰਾ ਪਾਈਆ । ਜੁਗਾਂ ਜੁਗਾਂ ਦੇ ਵਿਛੜੇ ਜੋ ਬੈਠੇ ਰੁੱਠ, ਕਲਜੁਗ ਅੰਤਮ ਲਏ ਮਿਲਾਈਆ । ਚਾਰ ਵਰਨਾਂ ਕਰੇ ਏਕਾ ਮੁੱਠ, ਗੁਰ ਗੋਬਿੰਦ ਤੇਰੀ ਸਚ ਸਰਨਾਈਆ । ਸ੍ਰਿਸ਼ਟ ਸਬਾਈ ਜਗਤ ਵਿਕਾਰਾ ਰਿਹਾ ਲੁੱਟ, ਪੱਲੇ ਗੰਢ ਨਾਮ ਨਾ ਕਿਸੇ ਬੰਧਾਈਆ । ਅੰਤਮ ਖਾਲੀ ਦਿਸਦੇ ਕਾਇਆ ਠੁੱਠ, ਘੜਨਹਾਰ ਭੰਨ ਵਖਾਈਆ । ਫਿਰੇ ਦੁਹਾਈ ਚਾਰੇ ਕੁੰਟ, ਨਿਹਕਲੰਕ ਵੱਜੀ ਵਧਾਈਆ । ਗੁਰਮੁਖ ਤੇਰਾ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਰਹਿਣ ਨਾ ਪਾਈਆ । ਅੰਮ੍ਰਿਤ ਪੀਤਾ ਸਾਚਾ ਘੁੱਟ, ਸਤਿਗੁਰ ਪੂਰਾ ਆਪ ਵਰਤਾਈਆ । ਸਾਚੀ ਦਰਗਹਿ ਚੜ੍ਹਣਾ ਸਾਚੀ ਚੋਟ, ਸਾਚਾ ਧਾਮ ਇਕ ਵਖਾਈਆ । ਗੁਰ ਕਾ ਸ਼ਬਦ ਸਚ ਸੁੱਚ ਸਤਿ ਸੰਤੋਖ ਲੰਗੋਟ, ਜਤ ਸਤਿ ਆਪ ਰਖਾਈਆ । ਕਲਜੁਗ ਜੀਵਾਂ ਮਾਇਆ ਮਮਤਾ ਭਰੀ ਅਜੇ ਨਾ ਪੇਟ, ਦਿਵਸ ਰੈਣ ਰਹੇ ਹਲਕਾਈਆ । ਨਿਰਗੁਣ ਰੂਪ ਨਿਰਗੁਣ ਧਾਰ ਹਰਿ ਨਿਰੰਕਾਰ ਲੱਭਦੇ ਫਿਰਦੇ ਕੋਟੀ ਕੋਟ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਸ਼ਬਦ ਬ੍ਰਹਿਮਾਦ ਭਗਤ ਭਗਵੰਤ ਸੰਤ ਕੰਤ ਗੁਰੂ ਗੁਰ ਚੇਲੇ ਸੱਜਣ ਸੁਹੇਲੇ ਗੁਰਮੁਖ ਗੁਰਸਿਖ ਹਰੀ ਹਰਿ ਆਪਣਾ ਆਪੇ ਮੇਲ ਮਿਲਾਈਆ । ਜੁਗ ਕਰਤਾ ਹਰਿ ਸਮਰਥ, ਦੀਨਾ ਬੰਧਪ ਦੀਨ ਦਿਆਲਿਆ । ਆਪੇ ਜਾਣੇ ਆਪਣੀ ਮਹਿਮਾ ਅਕੱਥ, ਕਥਨੀ ਕਥਨ ਨਾ ਕਿਸੇ ਗਾ ਲਿਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾ ਲਿਆ । ਜਨ ਭਗਤਾਂ ਦੇ ਕਰ ਰੱਖੇ ਹੱਥ, ਜੋ ਜਨ ਧਿਆਨ ਰਖਾ ਲਿਆ । ਕਲਜੁਗ ਅੰਤਮ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰੇ ਲੇਖ ਲਿਖਾ ਲਿਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਹੱਥ ਉਠਾ ਲਿਆ । ਕੂੜੀ ਕਿਰਿਆ ਕਰੇ ਭੱਠ, ਸਚ ਸੁੱਚ ਮਾਰਗ ਇਕ ਵਖਾ ਲਿਆ । ਉਲਟੀ ਗੇੜਨਹਾਰਾ ਲੱਠ, ਏਕਾ ਏਕ ਪੁਰਖ ਅਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾ ਲਿਆ । ਨਿਰਗੁਣ ਦਾਤਾ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਭੇਵ ਕੋਇ ਨਾ ਪਾਇੰਦਾ । ਆਪੇ ਦੇਵਣਹਾਰਾ ਦਾਨਾ, ਦਾਤਾ ਦਾਨੀ ਆਪ ਅਖਵਾਇੰਦਾ । ਆਪੇ ਮੇਟੇ ਅੰਤ ਨਿਸ਼ਾਨਾ, ਘੜਨ ਭੰਨਣਹਾਰ ਪੁਰਖ ਨਾਮ ਧਰਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਘਰ ਸਾਚੇ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣਾ ਆਪ ਲਖਾਇੰਦਾ । ਲੇਖਾ ਲਿਖਣਹਾਰ, ਹਰਿ ਹਰਿ ਅਖਵਾਇਆ । ਜੁਗ ਜੁਗ ਲੋਕਮਾਤ ਲੈ ਅਵਤਾਰ, ਆਪ ਆਪਣਾ ਨਾਉਂ ਧਰਾਇਆ । ਸਤਿਜੁਗ ਸਤਿ ਸਰੂਪੀ

ਕਰਿਆ ਪਾਰ, ਅੱਠ ਅਠਾਰਾਂ ਵੇਖ ਵਖਾਇਆ । ਦਸ ਦਸ ਰੂਪ ਅਪਾਰ, ਦਰ ਦਰਵੇਸ਼ਾ ਅਲਖ ਜਗਾਇਆ । ਤ੍ਰੇਤਾ ਤੇਰਾ ਰੰਗ ਕਰਤਾਰ, ਰਾਮ ਰੂਪ ਆਪ ਰੰਗਾਇਆ । ਦੁਸ਼ਟਾਂ ਦੂਤਾਂ ਦਏ ਸੰਘਾਰ, ਰਾਵਣ ਲੰਕਾ ਗੜ੍ਹ ਤੁੜਾਇਆ । ਗ਼ਰੀਬ ਨਿਮਾਣਿਆਂ ਪਾਏ ਸਾਰ, ਜਗਤ ਭੀਲਣੀ ਆਪ ਵਡਿਆਇਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪ ਅਖਵਾਇਆ । ਦੁਆਪਰ ਤੇਰੀ ਤੇਰੀ ਧਾਰ, ਤੇਰੇ ਸੰਗ ਨਿਭਾਇਆ । ਮੁਕੰਦ ਮਨੋਹਰ ਲੱਖਮੀ ਨਰਾਇਣ ਰੂਪ ਕਰਤਾਰ, ਵਲ ਛਲ ਧਾਰੀ ਖੇਲ ਖਿਲਾਇਆ । ਖੇਲੇ ਖੇਲ ਅਪਰ ਅਪਾਰ, ਤੀਰ ਕਮਾਨ ਨਾ ਹੱਥ ਉਠਾਇਆ । ਗ਼ਰੀਬ ਨਿਮਾਣਿਆਂ ਪਾਏ ਸਾਰ, ਗਊ ਗ਼ਰੀਬਾਂ ਗਲੇ ਲਗਾਇਆ । ਭਗਤ ਭਗਵੰਤ ਏਕਾ ਧਾਰ, ਏਕਾ ਰੂਪ ਦਰਸਾਇਆ । ਪੰਚਮ ਮੀਤਾ ਕਰ ਪਿਆਰ, ਆਪ ਆਪਣੀ ਬੂਝ ਬੁਝਾਇਆ । ਦਰਯੋਧਨ ਦੇਵੇ ਇਕ ਹੰਕਾਰ, ਸਾਚੇ ਤਨ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਖੇਲਣਹਾਰ, ਖੇਲ ਖਲੰਤਾ ਆਪ ਅਖਵਾਇਆ । ਹਰਿਜਨ ਮੀਤਾ ਇਕ ਅਤੀਤਾ, ਨਰ ਹਰਿ ਆਪ ਅਖਵਾਈਆ । ਆਪੇ ਰਾਮਾ ਆਪੇ ਸੀਤਾ, ਆਪੇ ਕਾਹਨਾ ਰੂਪ ਵਟਾਈਆ । ਆਪਣਾ ਰਣ ਆਪੇ ਜੀਤਾ, ਆਪੇ ਰਣ ਭੂਮੀ ਸੁੱਤਾ ਲਏ ਅੰਗੜਾਈਆ । ਖੇਲੇ ਖੇਲ ਪਾਰਬ੍ਰਹਮ ਅਬਿਨਾਸ਼ੀ ਅਚੁੱਤਾ, ਆਪ ਆਪਣੀ ਰੁੱਤ ਸੁਹਾਈਆ । ਆਪਣਾ ਯੁਗ ਆਪੇ ਲੁੱਟਾ, ਆਪ ਆਪਣੀ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਖੇਲਣਹਾਰ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਸਤਿਜੁਗ ਤੇਰਾ ਰੰਗ ਮਹੱਲਾ, ਹਰਿ ਸਾਚਾ ਵੇਖ ਵਖੰਨਿਆ । ਤ੍ਰੇਤਾ ਤੇਰਾ ਰੂਪ ਅਟੱਲਾ, ਰਾਮ ਨਾਮ ਅਖਵੰਨਿਆ । ਦੁਆਪਰ ਖੇਲੇ ਇਕ ਅਕੱਲਾ, ਵਲ ਛਲ ਧਾਰੀ

੩੪੭ ਆਪ ਅਖਵੰਨਿਆ । ਕਲਜੁਗ ਲੋਕਮਾਤ ਆਇਆ ਭੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ੩੪੭

੦੮ ਦੇਵਣਹਾਰਾ ਵਰ, ਸ਼ਬਦ ਸੁਨੇਹੜਾ ਆਪ ਘਲੰਨਿਆ । ਕਲਜੁਗ ਸੱਚਾ ਮਾਤ ਰੱਖ, ਹਰਿ ਹਰਿ ਖੇਲ ਖਲਾਇੰਦਾ । ਚਾਰ ਲੱਖ ਹਜ਼ਾਰ ਬੱਤੀ ਆਰਯੂ ਕੀਨੀ ਵੱਖ, ਕਰਮ ਕਰਮਾਂ ਵੰਡ ਵੰਡਾਇੰਦਾ । ਜੂਠ ਝੂਠ ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤ ਕਰੇ ਪੱਖ, ਸਾਚਾ ਸੰਗ ਨਿਭਾਇੰਦਾ । ਆਪਣੀ ਖੋਲ੍ਹੀ ਆਪੇ ਅੱਖ, ਏਕਓਂਕਾਰਾ ਆਪਣਾ ਰੂਪ ਵਟਾਇੰਦਾ । ਐੜਾ ਅੱਖਰ ਹੋ ਪਰਤੱਖ, ਅੱਲਾ ਨਾਉਂ ਧਰਾਇੰਦਾ । ਉਤਰ ਪੂਰਬ ਪੱਛਮ ਵੇਖੇ ਦੱਖਣ ਦੱਖ, ਚਾਰੋਂ ਕੁੰਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਅੱਲਾ ਨਾਮ ਹਰਿ ਅਲ੍ਹਾ, ਨੂਰ ਇਲਾਹੀ ਅਖਵਾਇਆ । ਆਪਣੀ ਕਰ ਆਪ ਸਲਾਹ, ਆਪਣਾ ਮਤਾ ਪਕਾਇਆ । ਆਪਣੀ ਜੋਤੀ ਆਪ ਜਗਾ, ਪੰਜ ਤੱਤ ਡੇਰਾ ਲਾਇਆ । ਈਸਾ ਮੂਸਾ ਨਾਮ ਧਰਾ, ਲੋਕਮਾਤ ਵੇਖ ਵਖਾਇਆ । ਏਕਾ ਜੋਤੀ ਨੂਰ ਪਰਗਟਾ, ਸੰਗ ਮੁਹੰਮਦ ਤੋੜ ਨਭਾਇਆ । ਚਾਰ ਯਾਰੀ ਬਣ ਮਲਾਹ, ਬੇੜਾ ਰਿਹਾ ਚਲਾਇਆ । ਦੋਹਾਂ ਵਿਚੋਲਾ ਇਕ ਖ਼ੁਦਾ, ਖ਼ੁਦੀ ਤਕੱਬਰ ਵੇਖ ਵਖਾਇਆ । ਆਪੇ ਕਰੇ ਆਪਣੀ ਸਦਾ, ਆਪੇ ਮੰਗਣ ਆਇਆ । ਆਪੇ ਮੁਹੰਮਦ ਕਰੇ ਹੱਕ ਜੁਦਾ, ਚੌਦਾਂ ਤਬਕਾਂ ਖੋਲ੍ਹ ਖੁਲ੍ਹਾਇਆ । ਆਦਿ ਜੁਗਾਦੀ ਰਹੀ ਅਦਾ, ਆਪੇ ਮੇਟੇ ਆਪੇ ਲਏ ਉਪਾਇਆ । ਆਪ ਉਸਾਰੇ ਆਪੇ ਲਏ ਢਾਹ, ਘੜਨ ਭੰਨਣਹਾਰ ਭੇਵ ਨਾ ਰਾਇਆ । ਆਪਣੀ ਸਿਖਿਆ ਆਪ ਸਮਝਾ, ਆਪਣਾ ਨਾਅਰਾ ਆਪ ਸੁਣਾਇਆ । ਆਪਣੀ ਉਮਤ ਆਪ ਉਪਾ, ਨਬੀ ਰਸੂਲ ਨਾਮ ਧਰਾਇਆ । ਪੰਜ ਤਤ ਕਲਬੂਤ ਡੇਰਾ ਲਾ, ਪੰਜ ਤਤ ਮੇਲ ਮਿਲਾਇਆ ।

ਗਮੀ ਖ਼ੁਸ਼ੀ ਨਾ ਕੋਇ ਵਖਾ, ਖ਼ਾਲਕ ਖ਼ਲਕ ਵਿਚ ਸਮਾਇਆ । ਏਕਾ ਅੱਖਰ ਦੀਆ ਪੜ੍ਹਾ, ਅਲਫ਼ ਅਲਫ਼ੀ ਗਲ ਪਹਿਨਾਇਆ । ਦੂਜਾ ਨੁਕਤਾ ਦਏ ਮਿਟਾ, ਨੈਣ ਨੈਣ ਦਰਸਾਇਆ । ਹੱਕ ਹਕੀਕਤ ਆਪ ਅਖਵਾ, ਹੱਕ ਹਕੂਕ ਰਖਾਇਆ । ਲਾਸ਼ਰੀਕ ਆਪਣਾ ਆਪ ਬਣਾ, ਸ਼ਰੀਕਤ ਕਲਜੁਗ ਕਰਨੇ ਆਇਆ । ਆਪਣਾ ਧੰਦਾ ਆਪ ਰਖਾ, ਆਪਣੇ ਬੰਦੇ ਆਪ ਭੁਲਾਇਆ । ਆਪਣੀ ਧਾਰਾ ਆਪ ਚਲਾ, ਆਪੇ ਵੰਡ ਵੰਡਾਇਆ । ਆਪਣਾ ਖੰਡਾ ਹੱਥ ਉਠਾ, ਆਪੇ ਜ਼ਿਬ੍ਹਾ ਰਿਹਾ ਕਰਾਇਆ । ਮੁਸਲਮ ਸੁੰਨੀ ਆਪ ਅਖਵਾ, ਰਾਮ ਰੂਪ ਰਿਹਾ ਛੁਪਾਇਆ । ਸਿਰ ਤੇ ਚੁੰਨੀ ਇਕ ਟਿਕਾ, ਕਲਮਾ ਇਕ ਪੜ੍ਹਾਇਆ । ਕਾਇਨਾਤ ਫੇਰਾ ਪਾ, ਯਾ ਮਹਿਬੂਬ ਦਰਸ ਦਿਖਾਇਆ । ਆਬ ਹਯਾਤ ਆਪ ਬਣਾ, ਆਪੇ ਮੁਖ ਚਵਾਇਆ । ਮੱਕਾ ਕਾਅਬਾ ਦਏ ਸੁਹਾ, ਦੋ ਦੋ ਆਬਾ ਵੇਖ ਵਖਾਇਆ । ਚਰਨ ਰਕਾਬਾ ਆਪ ਟਿਕਾ, ਆਪੇ ਰਿਹਾ ਦੌੜਾਇਆ । ਹੱਕ ਜਨਾਬਾ ਸਹਿਜ ਸੁਭਾ, ਆਪਣੀ ਕੀਤੀ ਰਿਹਾ ਉਲਟਾਇਆ । ਕਲਜੁਗ ਤੇਰਾ ਲੇਖਾ ਪਹਿਲਾ ਲਿਆ ਗਣਾ, ਅੰਤਮ ਪੂਰਾ ਦਏ ਕਰਾਇਆ । ਚਾਰ ਲੱਖ ਚਾਰ ਯਾਰੀ ਵਿਚ ਜਾਏ ਸਮਾ, ਤੀਸ ਬਤੀਸ ਏਕਾ ਗਾਇਆ । ਸਚ ਹਦੀਸ ਆਪ ਸੁਣਾ, ਆਪ ਆਪਣਾ ਅਮਾਮ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਵੰਡ ਵੰਡਾਇਆ । ਵੰਡਣਹਾਰ ਪੁਰਖ ਅਕਾਲਾ, ਏਕਾ ਏਕ ਅਖਵਾਇੰਦਾ । ਲੋਕਮਾਤ ਬਣ ਦਲਾਲਾ, ਜੁਗ ਜੁਗ ਵੇਸ ਵਟਾਇੰਦਾ । ਚਲੇ ਚਲਾਏ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਚਾਰ ਯਾਰੀ ਹੋ ਪਰਧਾਨ, ਲੋਕਮਾਤ ਉਠ ਧਾਈਆ । ਅੱਲਾ ਰਾਣੀ ਫੜ ਨਿਸ਼ਾਨ, ਚਾਰੇ ਕੁੰਟਾਂ ਰਹੀ ਫਿਹਰਾਈਆ । ਇਕ ਮੁਹੰਮਦ ਨੌਜਵਾਨ, ਆਪ ਆਪਣੀ ਕਰੇ ਕੁੜਮਾਈਆ । ਗਰੀਬ ਨਿਮਾਣੇ ਸਰਬ ਕੁਰਲਾਣ, ਘਰ ਘਰ ਪਈ ਦੁਹਾਈਆ । ਪਾਰਬ੍ਰਹਮ ਪ੍ਰਭ ਮਿਹਰਵਾਨ, ਜੁਗ ਜੁਗ ਵੇਖੇ ਬੇਪਰਵਾਹੀਆ । ਆਪ ਆਪਣਾ ਕਰਿਆ ਦਾਨ, ਆਪਣੀ ਵਸਤ ਝੋਲੀ ਪਾਈਆ । ਮਾਤ ਪਿਤ ਘਰ ਸੁੱਤ ਨਿਧਾਨ, ਨਾਨਕ ਨਾਮ ਧਰਾਈਆ । ਨਾਨਕ ਪਾਇਆ ਪਦ ਨਿਰਬਾਨ, ਪਰਮ ਪੁਰਖ ਵਡਿਆਈਆ । ਏਕਾ ਮੇਲ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਈਆ । ਮੰਤਰ ਸਤਿ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਚਾਰੇ ਵਰਨਾਂ ਕਰ ਪਛਾਨ, ਏਕਾ ਬ੍ਰਹਮ ਜਣਾਈਆ । ਨਾਮ ਖੰਡਾ ਤੇਜ਼ ਕਿਰਪਾਨ, ਆਪਣੇ ਹੱਥ ਉਠਾਈਆ । ਕੋਈ ਨਾ ਦੀਸੇ ਬੇਈਮਾਨ, ਸਚ ਸ਼ਰੀਅਤ ਇਕ ਜਣਾਈਆ । ਸਚ ਮੁਸੱਲਾ ਅੰਜੀਲ ਕੁਰਾਨ, ਧੁਨੀ ਬਾਂਗ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਸ਼ਾਹੀਆ । ਸਤਿਗੁਰ ਨਾਨਕ ਦਇਆ ਕਮਾ, ਆਪਣੀ ਧਾਰ ਚਲਾਇੰਦਾ । ਅੰਗਦ ਅੰਗੀਕਾਰ ਕਰਾ, ਅੰਗਦ ਵਿਚ ਸਮਾਇੰਦਾ । ਕਲਜੁਗ ਤੇਰਾ ਲੇਖਾ ਸ਼ਬਦ ਹੱਥ ਫੜਾ, ਸ਼ਬਦੀ ਵੰਡ ਵੰਡਾਇੰਦਾ । ਸ਼ਬਦ ਗੁਰ ਹੋਏ ਸਹਾ, ਗੁਰ ਗੁਰ ਨਾਉਂ ਧਰਾਇੰਦਾ । ਅਮਰਦਾਸੇ ਫੇਰਾ ਪਾ, ਅੰਮ੍ਰਿਤ ਜਾਮ ਪਿਆਇੰਦਾ । ਰਾਮਦਾਸ ਆਪ ਉਠਾ, ਰਾਮ ਰਮੱਯਾ ਵੇਸ ਵਟਾਇੰਦਾ । ਸਰ ਸਰੋਵਰ ਇਕ ਨੁਹਾ, ਸਾਚੀ ਸਿਖਿਆ ਇਕ ਸਮਝਾਇੰਦਾ । ਅੰਮ੍ਰਿਤ ਆਤਮ ਤਾਲ ਸੁਹਾ, ਤਾਲ ਸੁਹਾਵਾ ਇਕ ਜਣਾਇੰਦਾ । ਏਕਾ ਰੰਗਣ ਰੰਗ ਰੰਗਾ, ਏਕਾ ਬੂਝ ਬੁਝਾਇੰਦਾ । ਨਾਮ ਮਰਦੰਗਣ ਸਚ ਵਜਾ, ਗੁਰ ਅਰਜਨ ਆਪ ਉਠਾਇੰਦਾ । ਬੋਧ ਅਗਾਧਾ ਸ਼ਬਦ ਜਣਾ, ਆਪਣਾ ਭੇਵ ਖੁਲ੍ਹਾਇੰਦਾ । ਸੰਤ ਭਗਤ ਭਗਵੰਤ ਏਕਾ ਧਾਮ ਬਹਾ, ਗੁਰੂ ਗ੍ਰੰਥ ਵਡਿਆਇੰਦਾ । ਏਕਾ ਜੋਤੀ ਦੋਏ

੩੪੮
੦੮

ਧਾਰ ਚਲਾ, ਹਰਿ ਗੋਬਿੰਦ ਮੇਲ ਮਿਲਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਹਰਿਰਾਏ ਲੇਖ ਲਿਖਾਇੰਦਾ । ਬਾਲ ਕ੍ਰਿਸ਼ਨਾ ਲਏ ਉਠਾ, ਆਪਣੀ ਬੂਝ ਬੁਝਾਇੰਦਾ । ਤੇਗ ਬਹਾਦਰ ਸੇਵਾ ਲਾ, ਸਾਚੀ ਤੇਗ ਇਕ ਚਮਕਾਇੰਦਾ । ਆਪ ਆਪਣਾ ਭੇਟ ਚੜ੍ਹਾ, ਗਰੀਬ ਨਿਮਾਣੇ ਗਲੇ ਲਗਾਇੰਦਾ । ਖੇਵਟ ਖੇਟ ਆਪ ਅਖਵਾ, ਕਲਜੁਗ ਬੇੜਾ ਪਾਰ ਕਰਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਸੁੱਤ ਆਪ ਉਪਜਾ, ਗੋਬਿੰਦ ਨਾਉਂ ਧਰਾਇੰਦਾ । ਆਪਣੀ ਸਿਖਿਆ ਆਪ ਸਮਝਾ, ਆਪੇ ਵੇਖ ਵਖਾਇੰਦਾ । ਕਲਜੁਗ ਤੇਰਾ ਲੇਖਾ ਲਿਖਿਆ ਦਏ ਮਿਟਾ, ਮੇਟਣਹਾਰਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਨੂਰ ਰੁਸ਼ਨਾਇੰਦਾ । ਗੁਰ ਗੋਬਿੰਦ ਹਰਿ ਹਰਿ ਮੇਲਾ, ਹਰਿ ਹਰਿ ਵੱਜੀ ਵਧਾਈਆ । ਪਾਇਆ ਪੁਰਖ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਘਰ ਸਾਚੇ ਚੜ੍ਹਿਆ ਸਾਚਾ ਤੇਲਾ, ਏਕਾ ਸਗਨ ਮਨਾਈਆ । ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਈਆ । ਗਹਿਰ ਗੰਭੀਰ ਗੁਣੀ ਗਹਿੰਦਾ, ਗੋਬਿੰਦ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਕਰਾਈਆ । ਵੰਡੇ ਵੰਡ ਹਰਿ ਨਿਰੰਕਾਰ, ਆਦਿ ਜੁਗਾਦਿ ਵਖੰਨਿਆ । ਕਲਜੁਗ ਤੇਰੀ ਪਾਵੇ ਸਾਰ, ਸਾਚਾ ਭੇਵ ਆਪ ਖੁਲ੍ਹੰਨਿਆ । ਏਕ ਜੋਤੀ ਦਸ ਅਵਤਾਰ, ਗਿਆਨ ਸੂਰਜ ਚੰਨਿਆ । ਪਰਕਾਸ਼ ਪਰਕਾਸ਼ ਸਰਬ ਸੰਸਾਰ, ਦਿਸ ਨਾ ਆਵੇ ਆਤਮ ਅੰਨਿਆ । ਇਕ ਅਕੱਲਾ ਏਕਉਂਕਾਰ, ਅਕਲ ਕਲਾ ਆਪ ਅਖਵੰਨਿਆ । ਭਗਤ ਜਨ ਭਰੇ ਭੰਡਾਰ, ਦੇਵੇ ਨਾਮ ਸਾਚਾ ਧੰਨਿਆ । ਕਰਤਾ ਪੁਰਖ ਕਰਨੇਹਾਰ, ਦੂਸਰ ਹੋਰ ਨਾ ਕੋਇ ਮੰਨਿਆ । ਨਿਰਵੈਰ ਰੂਪ ਭੇਵ ਅਪਾਰ, ਦੇਹੀ ਕਿਸੇ ਮਾਤ ਨਾ ਡੰਨਿਆ । ਮੂਰਤ ਅਕਾਲ ਹੋ ਤਿਆਰ, ਖੇਲ ਸ੍ਰੀ ਭਗਵੰਨਿਆ । ਜੂਨੀ ਰਹਿਤ ਕੰਤ ਭਤਾਰ, ਕਿਸੇ ਵਸੇ ਨਾ ਛੱਪਰ ਛੰਨਿਆ । ਕਲਜੁਗ ਤੇਰੀ ਅੰਤਮ ਪਾਵੇ ਸਾਰ, ਗੁਰ ਗੋਬਿੰਦ ਭਾਣਾ ਮੰਨਿਆ । ਲਿਖਿਆ ਲੇਖ ਅਗੰਮ ਅਪਾਰ, ਹਰਿ ਹਰਿ ਮਾਤ ਪਿਤ ਕਿਸੇ ਨਾ ਜੰਮਿਆ । ਉਤਰੇ ਜੋਧਾ ਸੂਰ ਬਲੀ ਬਲਕਾਰ, ਸੰਬਲ ਨਗਰੀ ਧਾਮ ਸੁਹੰਨਿਆ । ਨਾ ਕੋਈ ਦੀਸੇ ਚਾਰ ਦੀਵਾਰ, ਨਾ ਕੋਈ ਪੌੜੀ ਬਣਤ ਬਣੰਨਿਆ । ਚਾਰੇ ਕੂਟ ਨਾ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਸ੍ਰੀ ਭਗਵੰਨਿਆ । ਖੇਲ ਖਿਲਾਰੀ ਹਰਿ ਭਗਵੰਤਾ, ਆਪਣੇ ਹੱਥ ਰੱਖੇ ਵਡਿਆਈਆ । ਜੋਗ ਜੁਗੀਸ਼ਰ ਜੁਗਾ ਜੁਗੰਤਰ, ਜੋਗ ਜੁਗਤੀ ਆਪਣੀ ਆਪ ਬਣਾਈਆ । ਗੁਰਮੁਖ ਵੇਖੇ ਸਾਚੇ ਸੰਤਾਂ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਰੇ ਸਚ ਪੜ੍ਹਾਈਆ । ਨਾਨਕ ਗੋਬਿੰਦ ਇਕ ਗਿਆਨਾ, ਏਕਾ ਰੂਪ ਦਰਸਾਇਆ । ਚਾਰ ਵਰਨਾਂ ਇਕ ਧਿਆਨਾ, ਊਚ ਨੀਚ ਨਾ ਕੋਇ ਰਖਾਇਆ । ਸ਼ੱਤਰੀ ਸ਼ੂਦਰ ਬ੍ਰਹਿਮਣ ਵੈਸ਼ ਇਕ ਮਕਾਨਾ, ਕਾਇਆ ਮੰਦਰ ਆਪੇ ਸੁਹਾਇਆ । ਬ੍ਰਹਮ ਭੋਜ ਕਰ ਪਕਵਾਨਾ, ਨਾਮ ਨਾਮਾ ਮੁਖ ਲਗਾਇਆ । ਤ੍ਰਿਸਨਾ ਭੁੱਖ ਆਪ ਮਿਟਾਣਾ, ਨਾਮ ਅਧਾਰ ਜਣਾਇਆ । ਏਕ ਰੂਪ ਕ੍ਰਿਸ਼ਨਾ ਕਾਹਨਾ, ਸਾਚੀ ਬੰਸਰੀ ਆਪ ਵਜਾਇਆ । ਸੀਤਾ ਸੁਰਤੀ ਕਰ ਪਰਵਾਨਾ, ਰਾਮ ਰਾਮਾ ਡੰਕ ਸੁਣਾਇਆ । ਜਨਕ ਸਪੁਤਰੀ ਬਾਲ ਨਿਧਾਨਾ, ਗੁਰਮੁਖ ਸੁਰਤੀ ਆਪ ਬਣਾਇਆ । ਕਲਜੁਗ ਅੰਤਮ ਬੰਨੇ ਗਾਨਾ, ਗੋਬਿੰਦ ਸਾਚਾ ਸਗਣ ਮਨਾਇਆ । ਕੰਗਣ ਕੰਗ ਹੱਥ ਨਿਸ਼ਾਨਾ, ਜਗਤ ਰੱਛਿਆ ਰਿਹਾ ਕਰਾਇਆ । ਨਾਮ ਖੰਡਾ ਤੇਜ ਕਿਰਪਾਨਾ, ਸਚ ਗਾਤਰੇ ਆਪ ਲਟਕਾਇਆ । ਅੰਮ੍ਰਿਤ ਅੰਮਿਉਂ ਰਸ ਪੀਣਾ ਖਾਣਾ, ਏਕਾ ਰੂਪ ਦਰਸਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਆਪ ਸਮਝਾਇਆ । ਘਰ ਸਾਚਾ ਉਚ ਅਟੱਲਾ, ਸਤਿ ਪੁਰਖ ਉਪਾਇੰਦਾ । ਖੇਲੇ ਖੇਲ ਇਕ ਅਕੱਲਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਸ਼ਬਦ ਸੁਨੇਹੜਾ ਆਪਣਾ ਘਲਾ, ਭਵਿਖਤੀ ਭਵਿਖਤ ਅਲਾਇੰਦਾ । ਪੁਰਖ ਅਗੰਮੜਾ ਕਰੇ ਹੱਲਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਵਟਾਇੰਦਾ । ਰੂਪ ਵਟਾਇਆ ਹਰਿ ਬਨਵਾਰੀ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋਆਂ ਪੁਰੀਆਂ ਸਚ ਸਿਕਦਾਰੀ, ਸਾਚਾ ਸ਼ਾਹ ਹੰਢਾਈਆ । ਲੱਖ ਚੁਰਾਸੀ ਪਾਵੇ ਸਾਰੀ, ਜੀਵਾਂ ਜੰਤਾ ਵੇਖ ਵਖਾਈਆ । ਸਾਧਾਂ ਸੰਤਾਂ ਮਨ ਹੰਕਾਰੀ, ਮਨ ਮਨਕਾ ਨਾ ਕੋਇ ਫਿਰਾਈਆ । ਮਾਵਾਂ ਪੁਤਰਾਂ ਨਿਹੁ ਬਾਹਰੀ, ਭੈਣਾਂ ਭਈਆ ਸੇਜ ਹੰਢਾਈਆ । ਕੁਆਰ ਕੰਨਿਆ ਕਰੇ ਸ਼ੰਗਾਰੀ, ਨਰ ਨਰਾਇਣ ਦਿਸ ਨਾ ਆਈਆ । ਹਉਮੇ ਹੰਗਤਾ ਦਿਨ ਦਿਹਾੜੀ, ਲੁੱਟੀ ਜਾਏ ਸ੍ਰਿਸ਼ਟ ਸਬਾਈਆ । ਜੂਠਾ ਝੂਠਾ ਲਗਾ ਅਖਾੜੀ, ਕਲਜੁਗ ਰਿਹਾ ਤਾਲ ਵਜਾਈਆ । ਚਾਰ ਵਰਨਾਂ ਲੱਗੀ ਅੱਗ ਬਹੱਤਰ ਨਾੜੀ, ਗੁਰਸਿਖ ਗੁਰਮੁਖ ਵੇਖ ਨਾ ਪਾਈਆ । ਕਰੇ ਸ਼ੰਗਾਰ ਮੌਤ ਲਾੜੀ, ਕਲਜੁਗ ਦਏ ਸਲਾਹੀਆ । ਧਰਮ ਰਾਏ ਦੀ ਪੱਕੀ ਹਾੜੀ, ਅੰਤਮ ਵੰਡ ਵੰਡਾਈਆ । ਜਨ ਭਗਤਾਂ ਗੁਰਮੁਖਾਂ ਸਤਿਗੁਰ ਪੂਰਾ ਪਿੱਛੇ ਅਗਾੜੀ, ਜੋ ਜਨ ਰਸਨਾ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਹਰਿ ਜਣਾਇਆ, ਚਾਰ ਵਰਨ ਸਮਝਾਇੰਦਾ । ਰਾਮ ਕ੍ਰਿਸ਼ਨ ਆਪ ਅਖਵਾਇਆ, ਨਾ ਕੋਈ ਦੂਜਾ ਵੇਸ ਵਟਾਇੰਦਾ । ਆਦਿ ਸ਼ਕਤ ਜੋਤ ਰੁਸ਼ਨਾਇਆ, ਅਸ਼ਟਭੁਜ ਸਮਾਇੰਦਾ । ਚਾਰੇ ਮੁਖੜੇ ਸੀਸ ਟਿਕਾਇਆ, ਅੱਠੇ ਨੈਣ ਖੁਲ੍ਹਾਇੰਦਾ । ਵੇਦ ਵੇਦਾਂਤਾ ਆਪੇ ਗਾਇਆ, ਏਕਾ ਬ੍ਰਹਮ ਜਣਾਇੰਦਾ । ਏਕਾ ਨੂਰ ਨੂਰ ਦਰਸਾਇਆ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਰਾਮ ਰਾਮ ਧਿਆਇਆ, ਨਾਮ ਨਾਮ ਆਪ ਜਪਾਇੰਦਾ । ਏਕਾ ਵਿਆਸਾ ਵੇਦ ਉਪਾਇਆ, ਪੁਰਾਨ ਪੁਰਾਨੀ ਲੇਖੇ ਲਾਇੰਦਾ । ਪੁਰਾਨ ਅਠਾਰਾਂ ਬਣਤ ਬਣਾਇਆ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਣਾਇੰਦਾ । ਆਪ ਆਪਣਾ ਰੰਗ ਰੰਗਾਇਆ, ਦੇ ਅਰਜਨ ਮਤ ਸਮਝਾਇੰਦਾ । ਗੀਤਾ ਗੋਝ ਗਿਆਨ ਖੁਲ੍ਹਾਇਆ, ਅੱਠ ਅਠਾਰਾਂ ਆਪੇ ਗਾਇੰਦਾ । ਰੂਪ ਵਰਾਟੀ ਨਜ਼ਰੀ ਆਇਆ, ਚੌਦਾਂ ਹੱਟ ਦਰਸਾਇੰਦਾ । ਕਲਜੁਗ ਅੰਤਮ ਭੇਖ ਵਟਾਇਆ, ਅੰਜੀਲ ਕੁਰਾਨਾ ਆਪੇ ਗਾਇੰਦਾ । ਆਦਿ ਨਿਰੰਜਣ ਜੋਤ ਜਗਾਇਆ, ਜੋਤੀ ਨੂਰ ਡਗਮਗਾਇੰਦਾ । ਸਤਿਗੁਰ ਪੁਰਖ ਨਿਰੰਕਾਰਾ ਨਾਉਂ ਧਰਾਇਆ, ਨਾਨਕ ਨਿਰਗੁਣ ਵੇਸ ਵਟਾਇੰਦਾ । ਨਾਨਾ ਰੂਪ ਆਪ ਕਰਾਇਆ, ਨਿਰਵੈਰ ਆਪ ਕਰਾਇੰਦਾ । ਸ਼ਬਦ ਅਨਾਦੀ ਆਪੇ ਗਾਇਆ, ਗੁਰ ਅਰਜਨ ਘਰ ਵਸਾਇੰਦਾ । ਤੇਗ ਬਹਾਦਰ ਸਿਹਰਾ ਸੀਸ ਬੰਧਾਇਆ, ਜਗਦੀਸ ਖ਼ੁਸ਼ੀ ਕਰਾਇੰਦਾ । ਗੋਬਿੰਦ ਖੰਡਾ ਇਕ ਚਮਕਾਇਆ, ਨਾਮ ਭਗੌਤੀ ਆਪ ਉਠਾਇੰਦਾ । ਗੁਰੂ ਗ੍ਰੰਥ ਗੁਰ ਇਕ ਸਮਝਾਇਆ, ਸ੍ਰਿਸ਼ਟ ਸਬਾਈ ਆਪ ਜਣਾਇੰਦਾ । ਗੁਰਮਤ ਮਾਰਗ ਸਾਚਾ ਲਾਇਆ, ਸਾਚਾ ਰਾਹ ਪਰਨਾਇੰਦਾ । ਦੂਜਾ ਕਲਜੁਗ ਨਾਲ ਰਲਾਇਆ, ਏਕਾ ਢਈਆ ਵੇਖ ਵਖਾਇੰਦਾ । ਤੀਜਾ ਨੇਤਰ ਬੰਦ ਕਰਾਇਆ, ਦੋਏ ਲੋਚਣ ਨੈਣ ਸ਼ਰਮਾਇੰਦਾ । ਚੌਥਾ ਦਰ ਦਿਸ ਨਾ ਆਇਆ, ਚਾਰੋਂ ਕੁੰਟ ਕੁਰਲਾਇੰਦਾ । ਪੰਚਮ ਮੀਤਾ ਗਿਆ ਮੁਖ ਛੁਪਾਇਆ, ਆਪ ਆਪਣਾ ਖੇਲ ਖਿਲਾਇੰਦਾ । ਸ਼ਬਦ ਸੁਨੇਹੜਾ ਇਕ ਘਲਾਇਆ, ਕਲਜੁਗ ਵੇਲਾ ਅੰਤਮ ਆਇੰਦਾ । ਪਾਰਬ੍ਰਹਮ ਪ੍ਰਭ ਫੇਰਾ ਪਾਇਆ, ਪੁਰਖ ਅਬਿਨਾਸ਼ੀ ਰਚਨ ਰਚਾਇੰਦਾ, ਸਾਚਾ

ਡੇਰਾ ਦਏ ਸੁਹਾਇਆ, ਧਾਮ ਅਵੱਲੜਾ ਇਕ ਵਖਾਇੰਦਾ । ਮੇਰਾ ਰੂਪ ਸ਼ਬਦ ਬਣਾਇਆ, ਗੋਬਿੰਦ ਮੁਖ ਸਲਾਹਿੰਦਾ । ਪੁਰਖ ਅਕਾਲ ਨਿਰਗੁਣ ਨੂਰ ਕਰੇ ਰੁਸ਼ਨਾਇਆ, ਨਿਹਕਲੰਕਾ ਨਾਉਂ ਰਖਾਇੰਦਾ । ਜਨ ਭਗਤਾਂ ਰੱਖੇ ਹੇਠ ਛਾਇਆ, ਸਿਰ ਆਪਣਾ ਹੱਥ ਟਿਕਾਇੰਦਾ । ਸਰਬ ਜੀਆਂ ਰਿਹਾ ਸਮਝਾਇਆ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਰਖਾਇੰਦਾ । ਆਪਣਾ ਇਸ਼ਟ ਆਪਣੀ ਦ੍ਰਿਸ਼ਟ ਆਪਣੀ ਆਪੇ ਮੰਗ ਸਰਨਾਇਆ, ਸਰਨ ਸਰਨਾਗਤ ਆਪ ਹੋ ਜਾਇੰਦਾ । ਰਾਮ ਨਾਮ ਜਿਸ ਰਿਦੇ ਵਸਾਇਆ, ਰਿਧ ਸਿਧ ਧੱਕਾ ਲਾਇੰਦਾ । ਕਾਹਨਾ ਕ੍ਰਿਸ਼ਨਾ ਜਿਸ ਜਨ ਗਾਇਆ, ਗੁਰਮੁਖ ਗੋਪੀ ਆਪ ਪਰਨਾਇੰਦਾ । ਐਨਲਹੱਕ ਨਾਅਰਾ ਮੁਕਾਮੇ ਹੱਕ ਜਿਸ ਜਨ ਲਗਾਇਆ, ਖ਼ਾਲਕ ਆਪਣੇ ਵਿਚ ਸਮਾਇੰਦਾ । ਨਾਨਕ ਨਿਰਗੁਣ ਜਿਸ ਧਿਆਇਆ, ਜਨਮ ਮਰਨ ਵਿਚ ਨਾ ਪਾਇੰਦਾ । ਗੋਬਿੰਦ ਸੂਰੇ ਲੜ ਫੜਾਇਆ, ਪੰਜਾਂ ਜਾਮਨ ਆਪ ਕਰਾਇੰਦਾ । ਨੀਲੇ ਚੜ੍ਹ ਫੇਰਾ ਪਾਇਆ, ਕਾਮ ਕਾਮਨੀ ਮੇਟ ਮਿਟਾਇੰਦਾ । ਸਤਿਗੁਰ ਪੂਰਾ ਨਾ ਕੋਈ ਸੀਸ ਨਾ ਕੋਈ ਧੜ, ਮਾਤ ਗਰਭ ਨਾ ਡੇਰਾ ਲਾਇੰਦਾ । ਹਰ ਘਟ ਅੰਦਰ ਜਾਏ ਵੜ, ਜੋ ਜਨ ਰਾਹ ਤਕਾਇੰਦਾ । ਅਗਨੀ ਹਵਨ ਨਾ ਜਏ ਸੜ, ਮੜੀ ਗੌਰ ਨਾ ਕੋਇ ਦਬਾਇੰਦਾ । ਗੁਰਸਿਖ ਹਰਿਜਨ ਹਰਿ ਭਗਤ ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸੂਫੀ ਏਕਾ ਅੱਖਰ ਜਾਇਣ ਪੜ੍ਹ, ਏਕਾ ਦਰ ਬਹਾਇੰਦਾ । ਪੰਚ ਵਿਕਾਰਾ ਛੱਡਣਾ ਲੜ, ਗੁਰ ਮੰਤਰ ਨਾਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅਗਨੀ ਤੱਤ, ਗੁਰਮੁਖਾਂ ਆਪ ਬੁਝਾਇੰਦਾ । ਤ੍ਰੈਗੁਣ ਬੁਝੇ ਅਗਨੀ ਤੱਤ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਏਕਾ ਉਪਜੇ ਬ੍ਰਹਮ ਮਤ, ਪਾਰਬ੍ਰਹਮ ਸਰਨਾਇਆ । ਸਾਚਾ ਬੀਜ ਸਾਚੇ ਵਤ, ਅੰਮ੍ਰਿਤ ਫਲ ਲਗਾਇਆ । ਬਹੱਤਰ ਨਾੜ ਨਾ ਉਬਲੇ ਰੱਤ, ਕਾਲ ਜੰਜਾਲ ਨਾ ਕੋਇ ਵਖਾਇਆ । ਚਰਨ ਕਵਲ ਬੰਧਾਏ ਸਾਚਾ ਨੱਤ, ਪੁਰਖ ਅਕਾਲ ਇਕ ਅਖਵਾਇਆ । ਗੁਰਸਿਖਾਂ ਸਦਾ ਰੱਖੇ ਦੇ ਕਰ ਹੱਥ, ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਏਕਾ ਰੰਗ ਰੰਗਾਇਆ । ਕਾਇਆ ਜੂਠਾ ਬੁਰਜ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਇਆ । ਗੁਰ ਗੋਬਿੰਦ ਸਿੰਘ ਸਿੰਘ ਦਿਤੀ ਏਕਾ ਮਤ, ਦੂਈ ਦਵੈਤੀ ਰਹਿਣ ਨਾ ਪਾਇਆ । ਕਲਜੁਗ ਅੰਤਮ ਆਪਣਾ ਸੱਥਰ ਬੈਠਾ ਘਤ, ਭਾਈ ਭਾਈਆਂ ਨਾਲ ਰਿਹਾ ਲੜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਪਰਗਟ, ਜਨ ਜਨਨੀ ਲਏ ਤਰਾਇਆ ।

### ✪ ੧੮ ਚੇਤ ੨੦੧੬ ਬਿਕ੍ਰਮੀ ਤੇਜਾ ਸਿੰਘ ਦੇ ਘਰ ਦਇਆ ਹੋਈ ਚੰਬਲ ਜ਼ਿਲਾ ਅੰਮ੍ਰਿਤਸਰ ✪

ਹਰਿ ਸ਼ਬਦ ਮਿਹਰਵਾਨ, ਸਤਿਗੁਰ ਅਖਵਾਇਆ । ਸਤਿਗੁਰ ਪੁਰਖ ਸੁਜਾਨ, ਗੁਰ ਗੁਰ ਵੇਸ ਵਟਾਇਆ । ਗੁਰੂ ਗੁਰ ਦੇਵੇ ਏਕਾ ਦਾਨ, ਗੁਰਮੁਖਾਂ ਝੋਲੀ ਪਾਇਆ । ਗੁਰਮੁਖ ਚਤੁਰ ਸੁਜਾਨ, ਹਿਰਦੇ ਹਰਿ ਵਸਾਇਆ । ਮਨਮੁਖ ਸੁੱਤੇ ਜੀਵ ਅੰਵਾਣ, ਮਾਇਆ ਭਰਮ ਭੁਲਾਇਆ । ਖੇਲੇ ਖੇਲ ਸ੍ਰੀ ਭਗਵਾਨ, ਪੁਰਖ ਅਕਾਲ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਧਰਾਇਆ । ਹਰਿ ਸ਼ਬਦ ਹਰਿ ਰੂਪ ਹੈ, ਹਰਿ ਹਰਿ ਆਪ ਉਪਾਏ । ਸਤਿਗੁਰ ਸੱਚਾ ਸ਼ਾਹੋ ਭੂਪ ਹੈ, ਸਤਿ ਪੁਰਖ ਨਿਰੰਜਣ ਆਪ ਅਖਵਾਏ । ਗੁਰ ਗੁਰ

ਵੇਖੇ ਚਾਰੇ ਕੂਟ ਹੈ, ਦਹਿ ਦਿਸ਼ ਫੇਰੀ ਪਾਏ । ਗੁਰਮੁਖਾਂ ਉਪਰ ਜਾਏ ਤੁਠ ਹੈ, ਨਾਮ ਨਿਧਾਨਾ ਇਕ ਵਖਾਏ । ਮਨਮੁਖਾਂ ਸੁੱਤਾ ਦੇ ਕਰ ਪਿਠ ਹੈ, ਦਿਸ ਕਿਸੇ ਨਾ ਆਏ । ਚਾਰੋਂ ਕੁੰਟ ਵਾਸਨਾ ਖੋਟ ਹੈ, ਮਨ ਮਮਤਾ ਰਹੀ ਸਤਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਚਲ ਧਾਮ ਇਕ ਸੁਹਾਏ । ਹਰਿ ਸ਼ਬਦ ਸੁੱਤ ਉਪੰਨਿਆ, ਸਤਿ ਪੁਰਖ ਕਰਤਾਰ । ਸਤਿਗੁਰ ਭਾਣਾ ਆਪਣਾ ਆਪੇ ਮੰਨਿਆ, ਨਿਰਗੁਣ ਨੂਰ ਜੋਤ ਉਜਿਆਰ । ਗੁਰ ਗੁਰ ਚਾੜ੍ਹੇ ਸਾਚਾ ਚੰਨਿਆ, ਲੋਕਮਾਤ ਕਰੇ ਉਜਿਆਰ । ਗੁਰਮੁਖਾਂ ਬੇੜਾ ਆਪੇ ਬੰਨਿਆ, ਦੇਵੇ ਨਾਮ ਸਹਾਰ । ਮਨਮੁਖ ਜੀਵਾਂ ਦਿਸੇ ਨੈਣ ਨਾ ਅੰਨਿਆ, ਰੈਣ ਹੋਈ ਅੰਧਿਆਰ । ਜਨਨੀ ਜਨ ਨਾ ਕਿਸੇ ਜਣਿਆ, ਪਾਰਬ੍ਰਹਮ ਕਿ ਗੁਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਹਰਿ ਸ਼ਬਦ ਪਰਧਾਨਿਆ, ਸੱਜਣ ਸੱਚਾ ਸ਼ਾਹ । ਸਤਿਗੁਰ ਪੂਰਾ ਚਤੁਰ ਸੁਜਾਨਿਆ, ਦੋ ਜਹਾਨਾਂ ਇਕ ਮਲਾਹ । ਗੁਰ ਗੁਰ ਪਾਇਆ ਪਦ ਨਿਰਬਾਨਿਆ, ਏਕਉਂਕਾਰਾ ਇਕ ਸਲਾਹ । ਗੁਰਮੁਖਾਂ ਦੇਵੇ ਦਰ ਦਰ ਮਾਣਿਆ, ਆਤਮ ਅੰਤਰ ਬੂਝ ਬੁਝਾ । ਮਨਮੁਖ ਜੀਵ ਨਾ ਕਿਸੇ ਪਛਾਨਿਆ, ਰਸਨਾ ਭੁੱਲਿਆ ਹਰਿ ਹਰਿ ਨਾਂ । ਲੇਖ ਨਾ ਜਾਣੇ ਵੇਦ ਪੁਰਾਨਿਆ, ਭੇਵ ਅਭੇਦਾ ਰਿਹਾ ਭੇਵ ਛੁਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਸਚ ਨਿਆਂ । ਹਰਿ ਸ਼ਬਦ ਪੁਰਖ ਸੁਲਤਾਨਣਾ, ਅਗੰਮ ਅਗੰਮੜੀ ਕਾਰ । ਸਤਿਗੁਰ ਪੂਰਾ ਆਪ ਅਖਵਾਨਣਾ, ਆਦਿ ਜੁਗਾਦੀ ਏਕਾ ਕਾਰ । ਗੁਰ ਗੁਰ ਕਰਤਾ ਵੇਸ ਵਟਾਨਣਾ, ਪੰਜ ਤੱਤ ਨਾ ਕੋਇ ਪਿਆਰ । ਗੁਰਮੁਖਾਂ ਦੇਵੇ ਬ੍ਰਹਮ ਗਿਆਨਣਾ, ਨਿਰਗੁਣ ਜੋਤੀ ਕਰ ਉਜਿਆਰ । ਮਨਮੁਖਾਂ ਸੰਗ ਰਖਾਏ ਕਾਮਨੀ ਕਾਮਨਾ, ਲੋਭ ਮੋਹ ਹੰਕਾਰ ।
੩੫੨ ਧੁਰ ਦਰਗਾਹੀ ਸਾਚਾ ਜ਼ਾਮਨਾ, ਖੇਲੇ ਖੇਲ ਸਿਰਜਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਰੰਗੇ ਅਪਾਰ । ੩੫੨
੦੮ ੦੮
ਹਰਿ ਸ਼ਬਦ ਹਰਿ ਉਪੰਨਿਆ, ਪਰਮ ਪੁਰਖ ਕਰਤਾਰ । ਸਤਿਗੁਰ ਭਾਣਾ ਆਪਣਾ ਮੰਨਿਆ, ਆਪ ਆਪਣੀ ਕਿਰਪਾ ਧਾਰ । ਗੁਰ ਗੁਰ ਜਗਤ ਵਿਕਾਰਾ ਡੰਨਿਆ, ਵੇਖ ਵਖਾਏ ਸਰਬ ਸੰਸਾਰ । ਗੁਰਮੁਖਾਂ ਰਾਗ ਸੁਣਾਏ ਕੰਨਿਆ, ਧੁਨੀ ਨਾਦ ਅਪਰ ਅਪਾਰ । ਮਨਮੁਖ ਦਰ ਤੋਂ ਜਾਏ ਭੰਨਿਆ, ਮਾਨਸ ਜਨਮ ਆਏ ਹਾਰ । ਖੇਲੇ ਖੇਲ ਸ੍ਰੀ ਭਗਵੰਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲਹਿਣਾ ਰਿਹਾ ਵਿਚਾਰ । ਹਰਿ ਸ਼ਬਦ ਸਚ ਸਾਖਯਾਤ, ਸਾਚੀ ਰਚਨ ਰਚਾਈਆ । ਸਤਿਗੁਰ ਪੂਰਾ ਦੇਵੇ ਦਾਤ, ਨਾਮ ਦਾਤ ਇਕ ਵਖਾਈਆ । ਗੁਰ ਗੁਰ ਬੰਨ੍ਹੇ ਚਰਨ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਗੁਰਮੁਖਾਂ ਦਰਸ ਦਿਖਾਏ ਇਕ ਇਕਾਂਤ, ਸਵੱਛ ਸਰੂਪੀ ਰੂਪ ਵਟਾਈਆ । ਮਨਮੁਖਾਂ ਦਿਸੇ ਅੰਧੇਰੀ ਰਾਤ, ਦਿਵਸ ਰੈਣ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੁਗਤ ਬਣਾਈਆ । ਹਰਿ ਸ਼ਬਦ ਸਿਕਦਾਰ, ਸਾਚੇ ਤਖ਼ਤ ਸੁਹਾਨਿਆ । ਸਤਿਗੁਰ ਪੂਰਾ ਪਹਿਰੇਦਾਰ, ਵੇਖ ਵਖਾਏ ਦੋ ਜਹਾਨਿਆ । ਗੁਰ ਗੁਰ ਸੇਵਕ ਸੇਵਾਦਾਰ, ਸੇਵਾ ਕਰੇ ਮਹਾਨਿਆ । ਗੁਰਮੁਖ ਸਾਜਨ ਲਏ ਉਭਾਰ, ਵਖਾਏ ਇਕ ਪਦ ਨਿਰਬਾਨਿਆ । ਮਨਮੁਖਾਂ ਦੇਵੇ ਦਰ ਦੁਰਕਾਰ, ਸੰਗ ਰਲਾਏ ਮਾਣ ਅਭਿਮਾਨਿਆ । ਆਪੇ ਵਸਿਆ ਸਭ ਤੋਂ ਬਾਹਰ, ਕਰਤਾ ਪੁਰਖ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਪਕ ਜੋਤ ਇਕ ਜਗਾਨਿਆ । ਹਰਿ ਸ਼ਬਦ ਸ਼ਬਦ ਜੈਕਾਰ, ਸਤਿਗੁਰ ਪੂਰਾ ਆਪ ਲਗਾਇੰਦਾ । ਗੁਰ ਗੁਰ ਵੇਖ ਸਰਬ ਸੰਸਾਰ, ਗੁਰਮੁਖ ਸਾਜਣ ਆਪ ਉਠਾਇੰਦਾ । ਮਨਮਤੀ

ਵੇਖ ਵਿਭਚਾਰ, ਨਾਰ ਦੁਹਾਗਣ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਸ਼ਬਦ ਰੰਗ ਸਤਿਗੁਰ ਧਾਰ, ਗੁਰ ਗੁਰਮੁਖ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਆਦਿ ਨਿਰੰਜਣ ਵਡ ਵਡਿਆਈਆ । ਇਕ ਅਕੱਲਾ ਕਰ ਆਕਾਰ, ਨਿਰਾਕਾਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਹਰਿ ਧਰਿਆ, ਸ਼ਬਦੀ ਸ਼ਬਦ ਜੈਕਾਰਾ । ਸਤਿਗੁਰ ਪੂਰਾ ਨਾ ਜਨਮੇ ਨਾ ਮਰਿਆ, ਆਦਿ ਜੁਗਾਦੀ ਇਕ ਅਵਤਾਰਾ । ਗੁਰ ਗੁਰ ਵਸੇ ਸਾਚੇ ਘਰਿਆ, ਸਚਖੰਡ ਸੋਹੇ ਇਕ ਦਵਾਰਾ । ਗੁਰਮੁਖਾਂ ਆਤਮ ਆਪੇ ਵਰਿਆ, ਦੇਵੇ ਨਾਮ ਭੰਡਾਰਾ । ਮਨਮੁਖਾਂ ਨਾਲ ਮਨਮਤੀ ਲੜਿਆ, ਨਾ ਦਿਸੇ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਉਜਿਆਰਾ । ਸ਼ਬਦ ਮੀਤ ਸਤਿਗੁਰ ਅਤੀਤ, ਗੁਰ ਗੁਰ ਠਾਂਡਾ ਸੀਤ, ਚੀਤ ਗੁਰਸਿਖ ਸਮਾਇਆ । ਕਰੇ ਕਰਾਏ ਪਤਿਤ ਪੁਨੀਤ, ਏਕਾ ਰੰਗ ਰੰਗਾਏ ਹਸਤ ਕੀਟ, ਵਰਨ ਗੋਤ ਨਾ ਕੋਇ ਜਣਾਇਆ । ਤ੍ਰੈਗੁਣ ਤੇਰਾ ਪੀਸਨ ਪੀਠ, ਮਿਠਾ ਕਰੇ ਕੌੜਾ ਰੀਠ, ਗੁਰਮੁਖ ਅੰਮ੍ਰਿਤ ਜਾਮ ਪਿਆਇਆ । ਦੇਵੇ ਨਾਮ ਸ਼ਬਦ ਅਨਡੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਦਰਸਾਇਆ । ਸ਼ਬਦ ਉਪਾਏ ਸਤਿਗੁਰ ਸਮਝਾਏ, ਸਤਿ ਪੁਰਖ ਵੱਡੀ ਵਡਿਆਈਆ । ਗੁਰ ਗੁਰ ਮੰਤਰ ਨਾਮ ਦ੍ਰਿੜਾਏ, ਗੁਰਮੁਖਾਂ ਬੂਝ ਬੁਝਾਈਆ । ਮਨਮੁਖਾਂ ਬਸੰਤਰ ਰਹੀ ਜਲਾਏ, ਪੰਜ ਤੱਤ ਅਗਨ ਲਗਾਈਆ । ਆਤਮ ਅੰਤਰ ਵੇਖ ਵਖਾਏ, ਵਡ ਦਾਤਾ ਬੇਪਰਵਾਹੀਆ । ਆਪਣੀ ਬਣਤਰ ਆਪ ਬਣਾਏ, ਨਾ ਕੋਈ ਬਾਢੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਆਪ ਜਗਾਈਆ । ਹਰਿ ਸ਼ਬਦ ਸਤਿਗੁਰ ਪੂਰਾ, ਗੁਰ ਗੁਰਮੁਖ ਵੇਸ ਵਟਾਇਆ । ਨਾਲ ਰਲਾਏ ਅਨਹਦ ਤੂਰਾ, ਹਾਜ਼ਰ ਹਜ਼ੂਰਾ ਵੇਖ ਵਖਾਇਆ । ਦਾਤਾ ਦਾਨੀ ਸੂਰਨ ਸੂਰਾ, ਸੂਰਬੀਰ ਭੇਵ ਨਾ ਆਇਆ । ਸਰਬ ਕਲਾ ਆਪੇ ਭਰਪੂਰਾ, ਕਲਧਾਰੀ ਨਾਉਂ ਧਰਾਇਆ । ਆਦਿ ਜੁਗਾਦੀ ਨੇਰਨ ਦੂਰਾ, ਬੈਠਾ ਆਪਣਾ ਧਾਮ ਸੁਹਾਇਆ । ਆਪੇ ਤੋੜਨਹਾਰਾ ਨਾਤਾ ਕੂੜਾ, ਕੂੜੀ ਕਿਰਿਆ ਮੇਟ ਮਿਟਾਇਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜਾ, ਚਰਨ ਚਰਨੋਦਕ ਮੁਖ ਚਵਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦਾਤਾ ਇਕ ਉਪਾਇਆ । ਸ਼ਬਦ ਦਾਤਾ ਸਰਬ ਗੁਣ ਠਾਕੁਰ, ਹਰਿ ਸਾਚਾ ਆਪ ਉਪਾਇੰਦਾ । ਸਤਿਗੁਰ ਪੂਰਾ ਦੇਵੇ ਨਾਮ ਰੱਤੀ ਰਤਨਾਗਰ, ਰੰਗਨ ਰੰਗ ਇਕ ਚੜ੍ਹਾਇੰਦਾ । ਗੁਰ ਗੁਰ ਰੂਪ ਗਹਿਰ ਗੰਭੀਰ ਸਾਗਰ, ਭੇਵ ਕੋਇ ਨਾ ਪਾਇੰਦਾ । ਗੁਰਮੁਖਾਂ ਭਾਗ ਲਗਾਏ ਕਾਇਆ ਗਾਗਰ, ਅੰਮ੍ਰਿਤ ਆਤਮ ਜਲ ਭਰਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਦੂਈ ਦਵੈਤੀ ਪੜਦਾ ਲਾਹਿੰਦਾ । ਸਾਚੇ ਨਾਮ ਵਣਜ ਕਰਾਏ ਇਕ ਸੌਦਾਗਰ, ਏਕਾ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗੀਸ਼ਰ ਆਪ ਅਖਵਾਇੰਦਾ । ਸ਼ਬਦ ਸਤਿਗੁਰ ਸਾਚਾ ਜੋਗ, ਗੁਰ ਗੁਰ ਬੂਝ ਬੁਝਾਇਆ । ਗੁਰਮੁਖਾਂ ਕਰੇ ਏਕਾ ਭੋਗ, ਏਕਾ ਸੇਜਾ ਰਿਹਾ ਹੰਢਾਇਆ । ਮੇਲ ਮਿਲਾਵਾ ਧੁਰ ਸੰਜੋਗ, ਵਿਛੜ ਕਦੇ ਨਾ ਜਾਇਆ । ਦਰਸ ਦਿਖਾਏ ਹਰਿ ਅਮੋਘ, ਰੂਪ ਰੰਗ ਨਾ ਕੋਇ ਉਪਾਇਆ । ਕੱਟਣਹਾਰਾ ਹਉਮੇ ਰੋਗ, ਏਕਾ ਅੰਮ੍ਰਿਤ ਜਾਮ ਪਿਆਇਆ । ਹਰਿਜਨ ਦੇਵੇ ਸਾਚੀ ਚੋਗ, ਮਾਣਕ ਮੋਤੀ ਮੁਖ ਸਲਾਹਿਆ । ਪਾਰ ਕਰਾਏ ਤੀਨਾਂ ਲੋਕ, ਲੋਕ ਪਰਲੋਕ

ਵੇਖ ਵਖਾਇਆ । ਆਦਿ ਜਗਾਦੀ ਸਚ ਸਲੋਕ, ਹਰਿ ਆਪਣਾ ਆਪ ਉਪਾਇਆ । ਹਰਿ ਕਾ ਸ਼ਬਦ ਨਾ ਸਕੇ ਕੋਈ ਰੋਕ, ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਸੀਸ ਰਹੇ ਝੁਕਾਇਆ । ਜਨ ਭਗਤਾਂ ਦੇਵਣਹਾਰਾ ਮੋਖ, ਮੋਖ ਮੁਕਤ ਚਰਨਾਂ ਹੇਠ ਦਬਾਇਆ । ਲੱਖ ਚੁਰਾਸੀ ਆਪਣੀ ਕਰਨੀ ਕਰਤਾ ਸ਼ਬਦ ਭਠਿਆਲੇ ਦੇਵੇ ਝੋਕ, ਭੇਵ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਹਰਿ ਵਡਿਆਇਆ । ਸ਼ਬਦ ਹਰਿ ਤੀਰ ਨਿਸ਼ਾਨਾ, ਸਤਿਗੁਰ ਆਪ ਚਲਾਇੰਦਾ । ਗੁਰ ਗੁਰ ਕਰੇ ਇਕ ਧਿਆਨਾ, ਗੁਰਮੁਖਾਂ ਪਾਰ ਵਖਾਇੰਦਾ । ਕੂੜੀ ਕਿਰਿਆ ਬੰਨ੍ਹੇ ਗਾਨਾ, ਮਾਇਆ ਮਮਤਾ ਸਗਨ ਮਨਾਇੰਦਾ । ਜੂਠ ਝੂਠ ਦੇਵੇ ਦਾਨਾ, ਹਉਮੇ ਹੰਗਤਾ ਗੜ੍ਹ ਸੁਹਾਇੰਦਾ । ਵੇਖ ਵਖਾਏ ਰਾਜ ਰਾਜਨਾਂ, ਸ਼ਾਹ ਸੁਲਤਾਨਾਂ ਆਪ ਹਲਾਇੰਦਾ । ਕਲਜੁਗ ਤੇਰੀ ਝੂਠ ਦੁਕਾਨਾ, ਚੌਦਾਂ ਹੱਟ ਵਖਾਇੰਦਾ । ਚੌਦਾਂ ਤਬਕ ਹੋਏ ਹੈਰਾਨਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦ ਗੁਰਦੇਵ, ਸਤਿਗੁਰ ਪੂਰਾ ਆਪ ਰਖਾਇੰਦਾ । ਹਰਿ ਸ਼ਬਦ ਉਚ ਅਥਾਹ, ਸਤਿਗੁਰ ਹੱਥ ਟਿਕਾਇਆ । ਗੁਰ ਗੁਰ ਪੂਰਾ ਬਣ ਮਲਾਹ, ਗੁਰਮੁਖ ਲਏ ਤਰਾਇਆ । ਦੇਵਣਹਾਰਾ ਸਚ ਸਲਾਹ, ਸਾਚੀ ਸਿਖਿਆ ਇਕ ਸਮਝਾਇਆ । ਕਲਜੁਗ ਬੁਧੀ ਹੋਈ ਕਾਂ, ਕਾਗ ਰਿਹਾ ਕੁਰਲਾਇਆ । ਨਥਾਵਿਆਂ ਨਾ ਦੇਵੇ ਕੋਈ ਥਾਂ, ਗ਼ਰੀਬ ਨਿਮਾਣੇ ਨਾ ਗਲੇ ਲਗਾਇਆ । ਜੂਠ ਝੂਠ ਸੁੱਤਾ ਦੇ ਕਰ ਸਰਹਾਣੇ ਬਾਂਹ, ਸਚ ਸੁੱਚ ਨਾ ਸਕੇ ਉਠਾਇਆ । ਸਚ ਅਦਲ ਨਾ ਕਿਸੇ ਗਰਾਂ, ਖੇੜਾ ਕੋਇ ਨਾ ਰਿਹਾ ਸੁਹਾਇਆ । ਧਰਮ ਕਰਮ ਨਾ ਪਕੜੇ ਕੋਈ ਬਾਂਹ, ਘਰ ਘਰ ਸ਼ਰਅ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਦਿਤਾ ਵਰ, ਸ਼ਬਦ ਸ਼ਬਦੀ ਵੇਸ ਵਟਾਇਆ । ਸ਼ਬਦ ਵਰ ਸ਼ਬਦ ਹਰਿ, ਸ਼ਬਦੀ ਸ਼ਬਦ ਉਪਜਾਈਆ । ਸ਼ਬਦ ਸਤਿਗੁਰ ਆਪੇ ਧਰ, ਸ਼ਬਦ ਕਰੇ ਕੁੜਮਾਈਆ । ਸ਼ਬਦ ਰਾਮਾ ਨਰ ਨਰਾਇਣ ਵੇਸ ਕਰ, ਸ਼ਬਦੀ ਸ਼ਬਦ ਵੇਖ ਵਖਾਈਆ । ਸ਼ਬਦ ਸ਼ਬਦੀ ਘਾੜਨ ਘੜ, ਪੁਰੀਆਂ ਲੋਆਂ ਆਪ ਸੁਹਾਈਆ । ਸ਼ਬਦ ਅਕਾਸ਼ ਪਰਕਾਸ਼ ਰਿਹਾ ਦੌੜ, ਧੂੰਆਂਧਾਰ ਸ਼ਬਦ ਸਮਾਈਆ । ਸ਼ਬਦ ਲਾਵਣਹਾਰਾ ਜੜ, ਸ਼ਬਦ ਦਏ ਉਖੜਾਈਆ । ਹਰਿ ਕਾ ਸ਼ਬਦ ਨਾ ਸਕੇ ਕੋਈ ਫੜ, ਦਿਸ ਕਿਸੇ ਨਾ ਆਈਆ । ਹਰਿ ਕਾ ਸ਼ਬਦ ਹਰਿ ਹਰਿ ਰਚਨਾ ਆਪੇ ਰਿਹਾ ਲੜ, ਹਰਿ ਸਾਚਾ ਕਰੇ ਲੜਾਈਆ । ਹਰਿ ਕਾ ਸ਼ਬਦ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਖੰਡਾ ਹੱਥ ਉਠਾਈਆ । ਹਰਿ ਸ਼ਬਦ ਲੱਖ ਚੁਰਾਸੀ ਘਾੜਨ ਆਪੇ ਘੜ, ਤ੍ਰੈਗੁਣ ਮੇਲ ਮਿਲਾਈਆ । ਹਰਿ ਸ਼ਬਦ ਲਗਾਏ ਇਕ ਅਖਾੜ, ਪੰਜ ਤੱਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਬਲਵਾਨ ਇਕ ਉਪਾਈਆ । ਸ਼ਬਦ ਬਲਵਾਨ ਜੋਧਾ ਸੂਰ, ਸੂਰ ਸੂਰਿਆ ਆਪ ਅਖਵਾਇੰਦਾ । ਵਿਸ਼ਨੂੰ ਵੰਸੀ ਰਿਹਾ ਘੂਰ, ਨੇਤਰ ਨੈਣ ਉਠਾਇੰਦਾ । ਬ੍ਰਹਮਾ ਵੇਤਾ ਵੇਲਾ ਹੋਇਆ ਪੂਰ, ਅੰਤਮ ਮੂਲ ਚੁਕਾਇੰਦਾ । ਸ਼ਿਵ ਸ਼ੰਕਰ ਮੰਗੇ ਚਰਨ ਧੂੜ, ਨਿਉਂ ਨਿਉਂ ਸੀਸ ਝੁਕਾਇੰਦਾ । ਕਰੋੜ ਤੇਤੀਸਾ ਅੰਤਮ ਆਸਾ ਪੂਰ, ਪੂਰਾ ਵਕ਼ਤ ਵਖਾਇੰਦਾ । ਸੁਰਪਤ ਰਾਜਾ ਇੰਦ ਕਰੇ ਚੂਰੋ ਚੂਰ, ਆਪ ਆਪਣੀ ਕਲ ਵਰਤਾਇੰਦਾ । ਲੋਕਮਾਤ ਸਰਬ ਕਲ ਭਰਪੂਰ, ਨਿਰਗੁਣ ਜੋਤ ਦੀਪ ਜਗਾਇੰਦਾ । ਕਲਜੁਗ ਨਾਤਾ ਤੋੜੇ ਕੂੜੋ ਕੂੜ, ਕੂੜ ਕੁੜਿਆਰਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਤਿਗੁਰ ਗੁਰ ਆਪ ਅਖਵਾਇੰਦਾ । ਸ਼ਬਦ ਸਤਿਗੁਰ ਗੁਰਦੇਵ ਇਸ਼ਟ, ਏਕਾ ਏਕ ਉਪਾਇਆ । ਵੇਖ ਵਖਾਏ



੩੫੪
੦੮

ਸਰਬ ਸ੍ਰਿਸ਼ਟ, ਲਾਸ਼ਰੀਕ ਆਪ ਖ਼ੁਦਾਇਆ । ਰਾਮਾ ਗੁਰ ਸ਼ਬਦ ਵਸ਼ਿਸ਼ਟ, ਮੂਲ ਮੰਤਰ ਇਕ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਧਰਾਇਆ । ਸ਼ਬਦ ਗੁਰ ਸਤਿਗੁਰ ਪੂਜਾ, ਗੁਰ ਗੁਰ ਰਸਨ ਅਲਾਇੰਦਾ । ਭੇਵ ਨਾ ਜਾਣੇ ਕੋਈ ਦੂਜਾ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਖੋਲ੍ਹੇ ਨੇਤਰ ਤੀਜਾ, ਸੋ ਜਨ ਬੂਝ ਬੁਝਾਇੰਦਾ । ਚੌਥੇ ਘਰ ਲੰਘੇ ਦਹਿਲੀਜਾ , ਅਮਰਾਪਦ ਵਖਾਇੰਦਾ । ਪੰਚਮ ਮੀਤਾ ਆਪੇ ਰੀਝਾ, ਗੁਰਮੁਖਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਹਰਿ ਮਿਹਰਵਾਨ ਲੋਕਮਾਤ ਝੁਲਾਏ ਸਚ ਨਿਸ਼ਾਨ, ਸਚ ਨਿਸ਼ਾਨਾ ਏਕਾ ਕੀਤਾ । ਸਚ ਨਿਸ਼ਾਨਾ ਚਾਰ ਵਰਨ, ਸ਼ਬਦੀ ਸ਼ਬਦ ਲਗਾਈਆ । ਪੁਰਖ ਅਕਾਲ ਸਾਚੀ ਸਰਨ, ਏਕਾ ਓਟ ਜਣਾਈਆ । ਲਹਿਣਾ ਚੁੱਕੇ ਅਠਾਰਾਂ ਬਰਨ, ਕਰਨੀ ਕਰਨ ਵੇਖ ਵਖਾਈਆ । ਪੁਰਖ ਸਮਰਥ ਤਰਨੀ ਤਰਨ, ਤਾਰਨਹਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਿਚੋਲਾ ਏਕਾ ਕਰ, ਜੁਗ ਮੇਲੇ ਜੁਗ ਕਰੇ ਜੁਦਾਈਆ । ਜੁਗ ਸਾਚਾ ਹਰਿ ਮੇਲਣਾ, ਜਾਗਰਤ ਜੋਤ ਜਗਾ । ਕਲਜੁਗ ਬੇੜਾ ਅੰਤਮ ਠੇਲਣਾ, ਸ਼ੌਹ ਦਰਯਾਏ ਦਏ ਰੁੜ੍ਹਾ । ਸਤਿਗੁਰ ਸਾਚਾ ਸੱਜਣ ਸੁਹੇਲਣਾ, ਸਤਿਗੁਰ ਰਿਹਾ ਬਣਤ ਬਣਾ । ਕਲਜੁਗ ਕੂੜੇ ਕੂੜਾ ਖੇਲ ਖੇਲਣਾ, ਨਾ ਦਿਸੇ ਕੋਈ ਮਲਾਹ । ਸਤਿਜੁਗ ਸੁਹਾਏ ਸਾਚਾ ਵੇਲਣਾ, ਵੇਲਾ ਵਕ਼ਤ ਬੇਪਰਵਾਹ । ਅੰਤਮ ਕਲਜੁਗ ਆਪਣੀ ਹੱਥੀਂ ਚਾੜ੍ਹੇ ਤੇਲਨਾ, ਝੂਠਾ ਵਟਣਾ ਦੇਵੇ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਬਣ ਮਲਾਹ । ਸ਼ਬਦ ਮਲਾਹ ਹਰਿ ਹਰਿ ਆਇਆ, ਸਤਿਜੁਗ ਵਣਜ ਕਰਾਇੰਦਾ । ਕਲਜੁਗ ਤੇਰਾ ਮੂਲ ਚੁਕਾਇਆ, ਤੇਰੀ ਗੰਢ ਬੰਧਾਇੰਦਾ । ਸਤਿਜੁਗ ਸਾਚਾ ਰਾਹ ਵਖਾਇਆ, ਚਾਰ ਵਰਨਾਂ ਇਕ ਵਖਾਇੰਦਾ । ਕਲਜੁਗ ਕੂੜਾ ਕੂੜੇ ਧੰਦੇ ਲਾਇਆ, ਦੂਈ ਦਵੈਤੀ ਵਿਚ ਟਿਕਾਇੰਦਾ । ਸਦ ਬਖ਼ਸ਼ੰਦੇ ਭੇਵ ਨਾ ਰਾਇਆ, ਭੇਵ ਅਭੇਦਾ ਆਪ ਕਰਾਇੰਦਾ । ਜਗਤ ਵਿਚੋਲਾ ਆਪ ਅਖਵਾਇਆ, ਕਲਜੁਗ ਸਤਿਜੁਗ ਵੇਖ ਵਖਾਇੰਦਾ । ਆਦਿ ਨਿਰੰਜਣ ਆਦਿ ਪੁਰਖ ਅਬਿਨਾਸ਼ੀ ਕਰਤਾ ਏਕਓਂਕਾਰਾ ਹਰਿ ਨਿਰੰਕਾਰਾ ਸਾਚਾ ਢੋਲਾ ਏਕ ਗਾਇਆ, ਸਚ ਕਰੇ ਜੈਕਾਰਾ । ਪੁਰਖ ਅਗੰਮਾ ਨਾ ਮਰਿਆ ਨਾ ਕਦੇ ਜੰਮਾਂ ਬਣਕੇ ਤੋਲਾ ਆਪੇ ਆਇਆ, ਤੋਲਣਹਾਰ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸ਼ਬਦ ਭਰੇ ਭੰਡਾਰਾ । ਸ਼ਬਦ ਭੰਡਾਰਾ ਸਦਾ ਅਤੁੱਟ, ਹਰਿ ਸਾਚਾ ਆਪ ਵਰਤਾਇੰਦਾ । ਆਦਿ ਜੁਗਾਦਿ ਨਾ ਜਾਏ ਨਿਖੁੱਟ, ਜੁਗ ਜੁਗ ਵੇਖ ਵਖਾਇੰਦਾ । ਜਗਤ ਵਿਕਾਰਾ ਜੜ ਦੇਵੇ ਪੁੱਟ, ਤਿਖਾ ਤੀਰ ਚਲਾਇੰਦਾ । ਨਾਮ ਪਿਆਲਾ ਹਰਿਜਨ ਸਾਚੇ ਆਪ ਪਿਆਏ ਏਕਾ ਘੁੱਟ, ਇਕ ਖੁਮਾਰ ਵਖਾਇੰਦਾ । ਆਵਣ ਜਾਵਣ ਜਾਏ ਛੁੱਟ, ਹਰਿ ਹਰਿ ਸ਼ਬਦ ਜੋ ਜਨ ਰਸਨਾ ਗਾਇੰਦਾ । ਕਲਜੁਗ ਅੰਤਮ ਲੋਕਮਾਤ ਕੱਢੇ ਕੁੱਟ, ਨਾਮ ਖੰਡਾ ਇਕ ਚਮਕਾਇੰਦਾ । ਸੰਮਤ ਸੰਮਤੀ ਪਏ ਲੁੱਟ, ਸ਼ਾਹ ਸੁਲਤਾਨ ਨਾ ਕੋਇ ਬਚਾਇੰਦਾ । ਹਰਿ ਸ਼ਬਦ ਨਗਾਰੇ ਲੱਗੇ ਚੋਟ, ਰਣਜੀਤ ਨਗਾਰਾ ਇਕ ਵਜਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਲ੍ਹਣਿਉਂ ਡਿਗੇ ਬੋਟ, ਲੋਕਮਾਤ ਨਾ ਕੋਇ ਉਠਾਇੰਦਾ । ਗੁਰਮੁਖਾਂ ਰੱਖੀ ਹਰਿ ਹਰਿ ਏਕਾ ਓਟ, ਸਤਿਗੁਰ ਗੁਰ ਸਤਿਗੁਰ ਆਪ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਨਗਾਰਾ ਆਪਣਾ ਆਪ ਵਜਾਇੰਦਾ । ਸ਼ਬਦ ਨਗਾਰਾ ਅਨਹਦ ਢੋਲ, ਘਟ ਘਟ ਆਪ ਵਜਾਈਆ । ਅੰਦਰ ਮੰਦਰ ਆਪੇ ਬੋਲ, ਗੁਰਮੁਖਾਂ ਰਿਹਾ

ਉਠਾਈਆ । ਮਨਮੁਖਾਂ ਕੱਢੇ ਅੰਤਮ ਪੋਲ, ਨਾਮ ਕੰਡੇ ਤੋਲ ਤੁਲਾਈਆ । ਜਗਤ ਵਿਕਾਰੇ ਪਿਆ ਘੋਲ, ਮਨ ਮਤ ਬੁਧ ਕਰੇ ਲੜਾਈਆ । ਹਰਿ ਕਾ ਸ਼ਬਦ ਜਿਸ ਰੱਖਿਆ ਕੋਲ, ਤ੍ਰੈਗੁਣ ਤੱਤ ਨੇੜ ਨਾ ਆਈਆ । ਸਤਿਗੁਰ ਸ਼ਬਦ ਕਰੇ ਕਰਾਏ ਸਦਾ ਚੋਲ, ਗੁਰਸਿਖ ਆਪਣੇ ਅੰਗ ਸਮਾਈਆ । ਸੁਰਤ ਸਵਾਣੀ ਜਾਏ ਮੌਲ, ਉਲਟਾ ਕਵਲਾ ਨਾਭੀ ਮੁਖ ਭਵਾਈਆ । ਦੇਵੇ ਮਾਣ ਵਡਿਆਈ ਉਪਰ ਧਵਲ, ਜੋ ਜਨ ਹਰਿ ਹਰਿ ਰਹੇ ਸਰਨਾਈਆ । ਮੇਲ ਮਿਲਾਵਾ ਸਾਵਲ ਸਵਲ, ਰਾਮ ਨਾਮ ਆਪੇ ਗਾਈਆ । ਨੂਰ ਇਲਾਹੀ ਅੱਲਾ ਅਵਲ, ਏਕਾ ਏਕ ਏਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਵੇਖੇ ਸਾਚੇ ਘਰ, ਘਰ ਫੇਰਾ ਪਾਈਆ । ਸ਼ਬਦ ਗੁਰ ਘਰ ਘਰ ਵੜਿਆ, ਨੇਤਰ ਨੈਣ ਛੁਪਾਇੰਦਾ । ਆਪਣੇ ਮੰਦਰ ਆਪੇ ਵੜਿਆ, ਬਜਰ ਕਪਾਟੀ ਕੁੰਡਾ ਲਾਇੰਦਾ । ਬਿਨ ਹਰਿ ਸੰਤ ਕਿਸੇ ਨਾ ਫੜਿਆ, ਕੋਟਨ ਕੋਟੀ ਗੋਤੇ ਰਹੇ ਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਜੋਤ ਹਰਿ ਗੁਰਮੁਖਾਂ ਪਕੜੇ ਬਾਂਹ । ਗੁਰਮੁਖ ਚਤੁਰ ਸੁਜਾਨ, ਹਰਿ ਹਰਿ ਮੇਲ ਮਿਲਾਇਆ । ਦੇਵਣਹਾਰਾ ਦਾਤਾ ਦਾਨ, ਸਾਚੀ ਵਸਤ ਨਾਮ ਭਰਾਇਆ । ਸਾਚੇ ਮੰਦਰ ਸਚ ਨਿਸ਼ਾਨ, ਡੂੰਘੀ ਕੰਦਰ ਆਪ ਝੁਲਾਇਆ । ਦਿਵਸ ਰੈਣ ਨਿਗਹਬਾਨ, ਅੱਠੇ ਪਹਿਰ ਵੇਖ ਵਖਾਇਆ । ਕਲਜੁਗ ਕੂੜਾ ਵੇਖ ਤੁਫ਼ਾਨ, ਆਪ ਆਪਣਾ ਰੂਪ ਵਟਾਇਆ । ਆਪੇ ਗੋਪੀ ਆਪੇ ਕਾਹਨ, ਆਪੇ ਬੰਸਰੀ ਰਿਹਾ ਵਜਾਇਆ । ਆਪੇ ਸੁੱਤਾ ਸੁੰਞ ਮਸਾਣ, ਜਲ ਥਲ ਡੇਰਾ ਆਪ ਵਖਾਇਆ । ਆਪੇ ਵਾਲੀ ਦੋ ਜਹਾਨ, ਆਪੇ ਰੂਪ ਰੰਗ ਨਾ ਕੋਇ ਜਣਾਇਆ । ਆਪੇ ਖਾਣੀ ਬਾਣੀ ਹੋ ਪਰਧਾਨ, ਆਪੇ ਆਪਣਾ ਡੰਕ ਵਜਾਇਆ । ਆਪੇ ਰਾਗ ਰਾਗਨੀ ਕਰੇ ਧਿਆਨ, ਆਪ ਆਪਣੀ ਸੇਵਾ ਲਾਇਆ । ਆਪ ਨਾ ਆਏ ਕਿਸੇ ਪਛਾਨ, ਜੁਗ ਜੁਗ ਆਪਣੀ ਧਾਰ ਚਲਾਇਆ । ਕਲਜੁਗ ਅੰਤਮ ਜੋਧਾ ਸੂਰ ਬਲੀ ਬਲਵਾਨ, ਨਿਹਕਲੰਕਾ ਨਾਉਂ ਰਖਾਇਆ । ਧਰਮ ਝੁਲਾਏ ਇਕ ਨਿਸ਼ਾਨ, ਸੱਤਾਂ ਦੀਪਾਂ ਵੇਖ ਵਖਾਇਆ । ਲੱਖ ਚੁਰਾਸੀ ਏਕਾ ਆਣ, ਪੁਰਖ ਅਕਾਲ ਇਕ ਮਨਾਇਆ । ਚਾਰ ਵਰਨਾਂ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਤੀਰਥ ਤਟ ਕਰ ਪਰਵਾਨ, ਸਰ ਸਰੋਵਰ ਇਕ ਨੁਹਾਇਆ । ਏਕਾ ਕਲਮਾ ਇਕ ਈਮਾਨ, ਸ਼ਰਅ ਸ਼ਰੀਅਤ ਇਕ ਵਖਾਇਆ । ਏਕਾ ਦੀਨ ਮਜ਼੍ਹਬ ਇਕ ਈਮਾਨ, ਦਰ ਏਕਾ ਸੀਸ ਝੁਕਾਇਆ । ਏਕਾ ਪੰਡਤ ਕਰੇ ਗਿਆਨ, ਗਿਆਨ ਬੋਧ ਆਪ ਅਖਵਾਇਆ । ਏਕਾ ਸ਼ਬਦ ਬਾਣੀ ਮਾਰੇ ਬਾਣ, ਗੁਰ ਅਰਜਨ ਤੀਰ ਚਲਾਇਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨ, ਸ਼ਾਹ ਸੁਲਤਾਨਾ ਵੇਸ ਵਟਾਇਆ । ਜੋਤੀ ਜੋਤ ਜਗੇ ਮਹਾਨ, ਦੀਪਕ ਦੀਵਾ ਇਕ ਰਖਾਇਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬ੍ਰਹਮਾ ਵਿਸ਼ਨ ਸ਼ਿਵ ਹਰਿ ਕਾ ਨਾਮ ਏਕਾ ਗਾਣ, ਸੋ ਪੁਰਖ ਨਿਰੰਜਣ ਆਪ ਜਣਾਇਆ । ਹੰ ਬ੍ਰਹਮ ਕਰ ਪਛਾਨ, ਓਅੰ ਸੋਹੰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸ਼ਬਦੀ ਸ਼ਬਦ ਟਿਕਾਇਆ । ਸ਼ਬਦ ਉਪਜਿਆ ਹਰਿ ਬ੍ਰਹਿਮੰਡ, ਪਾਰਬ੍ਰਹਮ ਵਡਿਆਈਆ । ਅਲਖ ਨਿਰੰਜਣ ਵੰਡੇ ਵੰਡ, ਆਪਣਾ ਹਿੱਸਾ ਆਪ ਕਰਾਈਆ । ਪੁਰਖ ਅਗੰਮਾ ਕਰੇ ਖੰਡ ਖੰਡ, ਖੜਗ ਖੰਡਾ ਤੇਜ਼ ਚਮਕਾਈਆ । ਕਲਜੁਗ ਅੰਤਮ ਦੇਵੇ ਦੰਡ, ਲੱਖ ਚੁਰਾਸੀ ਵੇਖ ਵਖਾਈਆ । ਸਚ ਮਹੱਲੇ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਕੋਇ ਬਦਲਾਈਆ । ਕੂੜੀ ਔਧ ਗਈ ਹੰਢ, ਨਾ ਦੀਸੇ ਕੋਇ ਸਹਾਈਆ । ਨਾਤਾ ਜੋੜਿਆ ਭੇਖ

ਪਖੰਡ, ਭੇਖਾਧਾਰੀ ਭੇਖ ਵਟਾਈਆ । ਝੂਠਾ ਮੋਹ ਦਿਸੇ ਨਾਰ ਦੁਹਾਗਣ ਰੰਡ, ਸਾਚਾ ਕੰਤ ਨਾ ਕੋਇ ਹੰਢਾਈਆ । ਲਹਿਣਾ ਦੇਣਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਮੂਲ ਚੁਕਾਈਆ । ਜਨ ਭਗਤਾਂ ਆਪਣਾ ਨਾਮ ਆਪੇ ਵੰਡ, ਆਪਣੀ ਭਿਛਿਆ ਇਛਿਆ ਪੂਰ ਕਰਾਈਆ । ਸਦਾ ਸੁਹੇਲਾ ਰੱਖੇ ਠੰਡ, ਸਾਤਕ ਸਤਿ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਏਕਾ ਨਾਤ, ਉਤਮ ਰੱਖੇ ਹਰਿ ਹਰਿ ਜ਼ਾਤ, ਵਰਨ ਗੋਤ ਨਾ ਕੋਇ ਰਖਾਈਆ । ਵਰਨ ਗੋਤੀ ਤੁੱਟਾ ਨਾਤਾ, ਹਰਿ ਸੱਚੇ ਆਪ ਤੁੜਾਵਣਾ । ਨਾਰ ਨਾ ਦੀਸੇ ਮਨਮਤ ਕਮਜ਼ਾਤਾ, ਗੁਰਮਤ ਗੁਰ ਧੱਕਾ ਲਾਵਣਾ । ਕਲਜੁਗ ਤੇਰਾ ਭਰਿਆ ਖਾਤਾ, ਸ਼ੌਹ ਦਰਯਾ ਰੁੜ੍ਹਾਵਣਾ । ਤੇਰਾ ਜੋਬਨ ਮਾਰੇ ਠਾਠਾ, ਅੰਤਮ ਖ਼ਾਕ ਮਿਲਾਵਣਾ । ਚੌਦਾਂ ਤਬਕਾਂ ਵੇਖੇ ਹਾਟਾ, ਮੁਹੰਮਦ ਹੱਟ ਵਿਕਾਵਣਾ । ਅੱਲਾ ਰਾਣੀ ਸਾਲੂ ਪਾਟਾ, ਸੀਸ ਪੜਦਾ ਨਾ ਕੋਈ ਪਾਵਣਾ । ਸਦੀ ਚੌਧਵੀਂ ਆਏ ਘਾਟਾ, ਪੂਰਾ ਘਾਟ ਨਾ ਕਿਸੇ ਕਰਾਵਣਾ । ਗੋਬਿੰਦ ਸੂਰਾ ਆਏ ਨਾਠਾ, ਨਿਹਕਲੰਕੀ ਜਾਮਾ ਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਵਣਾ । ਗੋਬਿੰਦ ਆਏ ਦਇਆ ਕਮਾਏ, ਅੱਲਾ ਰਾਣੀ ਮੁਖ ਸ਼ਰਮਾਈਆ । ਚਾਰ ਯਾਰੀ ਮੇਟ ਮਿਟਾਏ, ਪੰਚਮ ਤਾਜ ਸੀਸ ਟਿਕਾਈਆ । ਖ਼ਾਲਸ ਖ਼ਾਲਸਾ ਆਪ ਉਪਾਏ, ਚਾਰ ਵਰਨ ਕਰੇ ਕੁੜਮਾਈਆ । ਹਰਿ ਕਾ ਸ਼ਬਦ ਸਾਲਸ ਲੋਕਮਾਤ ਬਣਾਏ, ਆਪੇ ਵੇਖੇ ਬੇਪਰਵਾਹੀਆ । ਨਾਮ ਕਰਾਮਾਤ ਇਕ ਵਖਾਏ, ਵੱਖਰੀ ਧਾਰ ਚਲਾਈਆ । ਸਾਢੇ ਤਿੰਨ ਤਿੰਨ ਹੱਥ ਤੇਰਾ ਲਹਿਣਾ ਦੇਣ ਮੁਕਾਏ, ਕਲਜੁਗ ਸੀਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਇਕ ਅਖਵਾਈਆ । ਨਿਰਗੁਣ ਉਠਿਆ ਨੌਜਵਾਨ, ਸ਼ਬਦ ਸ਼ਸਤਰ ਹੱਥ ਚਮਕਾਇਆ । ਏਕਾ ਵੇਖੇ ਮਾਰ ਧਿਆਨ, ਵੇਖਣਹਾਰਾ ਇਕ ਅਖਵਾਇਆ । ਇਕ ਝੁਲਾਏ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਲੇਖ ਲਿਖਾਇਆ । ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਮੰਤਰ ਨਾਮ ਜਣਾਇਆ । ਕਲਜੁਗ ਭਰਮੇ ਭੁੱਲੇ ਜੀਵ ਨਾਦਾਨ, ਭਰਮ ਗੜ੍ਹ ਨਾ ਕੋਇ ਤੁੜਾਇਆ । ਜੂਠਾ ਝੂਠਾ ਪੀਣ ਖਾਣ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇਆ । ਗੁਰ ਦਰ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਬਹਿ ਬਹਿ ਸਾਰੇ ਗਾਣ, ਗੁਰ ਪੂਰਾ ਹਾਜ਼ਰ ਹਜ਼ੂਰਾ ਨੇਤਰ ਲੋਚਨ ਨੈਣ ਦਰਸ ਕਿਸੇ ਨਾ ਪਾਇਆ । ਗਿਆਨੀ ਧਿਆਨੀ ਕਰਨ ਵਖਿਆਨ, ਵੇਖਣਹਾਰਾ ਬੈਠਾ ਮੁਖ ਛੁਪਾਇਆ । ਪੰਡਤ ਪਾਂਧੇ ਪੜ੍ਹਨ ਵੇਦ ਪੁਰਾਨ, ਵੇਦ ਪੁਰਾਨੀ ਭੇਵ ਨਾ ਰਾਇਆ । ਤੀਸ ਬਤੀਸਾ ਗਾਏ ਅੰਜੀਲ ਕੁਰਾਨ, ਸਚ ਹਦੀਸ ਨਾ ਕੋਇ ਸੁਣਾਇਆ । ਕਾਇਆ ਕਾਅਬਾ ਹੋਇਆ ਵੈਰਾਨ, ਸ਼ਾਹ ਨਵਾਬਾ ਨਾ ਮੇਲ ਮਿਲਾਇਆ । ਤਿਲਕ ਲਲਾਟੀ ਨਾ ਸਕੇ ਪਛਾਣ, ਪੰਡਤ ਪਾਂਧੇ ਵੇਖ ਵਖਾਇਆ । ਗੋਬਿੰਦ ਆਏ ਨਾ ਕਿਸੇ ਧਿਆਨ, ਪੜ੍ਹ ਪੜ੍ਹ ਵਾਦ ਵਧਾਇਆ । ਨਾਨਕ ਦੇਵੇ ਧੁਰ ਫ਼ਰਮਾਨ, ਜੋ ਜਨ ਅੰਤਰ ਆਤਮ ਹਰਿ ਲਿਵ ਲਾਇਆ । ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਸ਼ਬਦ ਸ਼ਬਦੀ ਨਾਉਂ ਧਰਾਇਆ । ਪੰਜ ਤੱਤ ਨਾ ਕੋਇ ਨਿਸ਼ਾਨ, ਮਨ ਮਤ ਬੁਧ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸ਼ਬਦ ਸਤਿਗੁਰ ਧਾਰ, ਗੁਰ ਗੁਰ ਪੂਰਾ ਕਰੇ ਵਿਚਾਰ, ਗੁਰਸਿਖ ਮੇਲ ਮਿਲਾਇਆ ।

## ✪ ੧੮ ਚੇਤ ੨੦੧੬ ਬਿਕ੍ਰਮੀ ਪੂਰਨ ਸਿੰਘ ਦੇ ਘਰ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਨਾਮ ਦਾਨ ਸ਼ਬਦ ਗੁਰ ਦੀਨਨ, ਦੀਨ ਦਿਆਲ ਉਪਾਇਆ । ਗੁਰਮੁਖ ਸਾਜਨ ਰਸਨਾ ਚੀਨਨ, ਹਿਰਦੇ ਹਰਿ ਵਸਾਇਆ । ਲਹਿਣਾ ਚੁੱਕੇ ਲੋਕ ਤੀਨਨ, ਤ੍ਰੈਗੁਣ ਬੰਧਨ ਤੁੜਾਇਆ । ਤੁਟੇ ਵਛੋੜਾ ਜਿਉਂ ਜਲ ਮੀਨਨ, ਆਪ ਆਪਣਾ ਮੇਲ ਮਿਲਾਇਆ । ਸਾਂਤਕ ਠਾਂਡਾ ਕਰੇ ਸੀਨਨ, ਸੀਤਲ ਧਾਰਾ ਮੁਖ ਚੁਆਇਆ । ਭਗਤਨ ਮੀਤਾ ਹੋਏ ਆਪ ਅਧੀਨਨ, ਦੀਨਾ ਨਾਥ ਦਇਆ ਕਮਾਇਆ । ਹਰਿਜਨ ਕਾਇਆ ਚੋਲੀ ਚਾੜ੍ਹੇ ਰੰਗ ਭੀਨਨ, ਭੈ ਭਿਆਨਕ ਵੇਖ ਵਖਾਇਆ । ਭੰਨਣਹਾਰ ਹੰਕਾਰੀ ਬੀਨਨ, ਨਾਮ ਨਿਰੰਜਣ ਇਕ ਅਲਾਇਆ । ਸੰਤ ਸੁਹੇਲੇ ਵੱਖ ਕੀਨਨ, ਜੁਗ ਜੁਗ ਵੱਖਰੀ ਚਾਲ ਚਲਾਇਆ । ਨਿਰਧਨ ਨਿਰਧਨ ਹੋਏ ਮਸਕੀਨਨ, ਆਪ ਆਪਣਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਭੰਡਾਰਾ ਆਪ ਵਰਤਾਇਆ । ਨਾਮ ਭੰਡਾਰ ਹਰਿਜਨ ਦੀਆ, ਦੇਵਣਹਾਰ ਸਮਰਥ । ਨਿਰਮਲ ਕਰੇ ਗੁਰਸਿਖ ਜੀਆ, ਜਗਤ ਵਿਕਾਰਾ, ਦੇਵੇ ਮੱਥ । ਮੇਲ ਮਿਲਾਏ ਕਰ ਕਰ ਹੀਆ, ਸ਼ਬਦ ਜਣਾਈ ਅਕਥਨਾ ਅਕਥ । ਸਤਿ ਸੰਤੋਖੀ ਬੀਜ ਬੀਆ, ਕਾਇਆ ਖੇੜਾ ਸਾਚੇ ਵਤ । ਗੁਰਮੁਖ ਹਰਿਆ ਤਨ ਮਨ ਭਇਆ, ਹਰਿ ਮਿਲਿਆ ਕਮਲਾਪਤਿ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬੰਧਾਏ ਅਪਣਾ ਨਤ । ਸ਼ਬਦ ਨਾਮ ਸਰਬ ਗੁਰ ਦੀਨਾਂ, ਸਰਬ ਸੁਖ ਹਰਿ ਪਾਇਆ । ਹਰਿ ਹਰਿ ਹਰਿਜਨ ਆਪ ਆਪਣਾ ਕੀਨਾ, ਅੰਤਰ ਮੰਤਰ ਇਕ ਬੁਝਾਇਆ । ਆਪੇ ਜਾਣੇ ਮਰਨਾਂ ਜੀਣਾ, ਜੀਵਨ ਮੁਕਤ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਸਮਾਇਆ । ਸ਼ਬਦ ਸਮਾਏ ਸ਼ਬਦ ਉਪਾਏ, ਸ਼ਬਦ ਫਲ ਫੁਲਵਾੜੀਆ । ਸ਼ਬਦ ਫੂਲ ਸ਼ਬਦ ਮਹਿਕਾਏ, ਸ਼ਬਦ ਭਵਰੀ ਭਵਰ ਕਿਆਰੀਆ । ਸ਼ਬਦ ਪੰਖੜੀ ਆਪ ਹੋ ਜਾਏ, ਸ਼ਬਦ ਕੰਡਾ ਪੱਤ ਪੱਤ ਡਾਲ੍ਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡਾਂ ਸ਼ਬਦ ਰੂਪ ਸਮਾਲੀਆ । ਸ਼ਬਦ ਸੁਰਤ ਸ਼ਬਦ ਡੋਰ, ਸ਼ਬਦ ਤਨ ਬੰਧਾਈਆ । ਸ਼ਬਦ ਅਕਾਲ ਮੂਰਤ ਅੰਧ ਘੋਰ, ਸ਼ਬਦ ਸੰਝ ਸਵੇਰ ਅਖਵਾਈਆ । ਸ਼ਬਦ ਬਣਿਆ ਪੰਜ ਚੋਰ, ਪੰਚ ਸ਼ਬਦ ਸ਼ਬਦ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਸ਼ਬਦ ਉਪਜਾਈਆ । ਸ਼ਬਦ ਉਪਜੇ ਸ਼ਬਦ ਬਿਨਾਸੇ, ਸ਼ਬਦ ਸ਼ਬਦ ਸ਼ਬਦ ਸਮਾਇਆ । ਸ਼ਬਦ ਪ੍ਰਿਥਮੀ ਸ਼ਬਦ ਅਕਾਸ਼ੇ, ਗਗਨ ਪਾਤਾਲ ਸ਼ਬਦ ਅਖਵਾਇਆ । ਸ਼ਬਦ ਬ੍ਰਹਮਾ ਸ਼ਬਦ ਵਿਸ਼ਨ ਸ਼ਬਦ ਸ਼ੰਕਰ ਕਰੇ ਵਾਸੇ, ਸ਼ਬਦ ਰੂਪ ਦਰਸਾਇਆ । ਸ਼ਬਦ ਰਵ ਸ਼ਬਦ ਸਸ ਸ਼ਬਦ ਪਰਕਾਸੇ, ਤਾਰਾ ਮੰਡਲ ਸ਼ਬਦ ਲਟਕਾਇਆ । ਸ਼ਬਦ ਬਿੰਬ ਸ਼ਬਦ ਜਲ ਧਾਰ ਸ਼ਬਦ ਸਿੰਧ, ਸ਼ਬਦ ਸਾਗਰ ਆਪ ਉਪਾਇਆ । ਸ਼ਬਦ ਗਹਿਰ ਗੰਭੀਰ ਗੁਣੀ ਗਹਿੰਦ, ਸ਼ਬਦ ਭੇਵ ਕੋਇ ਨਾ ਪਾਇਆ । ਸ਼ਬਦ ਅਸੱਤ ਸ਼ਬਦ ਨਿੰਦ, ਸ਼ਬਦ ਸ਼ਬਦੀ ਸ਼ਬਦ ਸਲਾਹਿਆ । ਸ਼ਬਦ ਮਾਤ ਸ਼ਬਦ ਪਿਤ ਸ਼ਬਦ ਹੋਏ ਬਿੰਦ, ਪੂਤ ਸਪੂਤਾ ਸ਼ਬਦ ਬਣਾਇਆ । ਸ਼ਬਦ ਹਰਖ ਸ਼ਬਦ ਸੋਗ ਸ਼ਬਦ ਚਿੰਦ, ਸ਼ਬਦ ਘਰ ਘਰ ਖ਼ੁਸ਼ੀ ਵਖਾਇਆ । ਸ਼ਬਦ ਸ਼ਾਹ ਸ਼ਬਦ ਸੁਲਤਾਨ ਸ਼ਬਦ ਨਰਿੰਦ, ਨਿਰਵੈਰ ਸ਼ਬਦ ਹੋ ਜਾਇਆ । ਸ਼ਬਦ ਸੁਰ ਸ਼ਬਦ ਅਸੁਰ, ਸੁਰਪਤ ਇੰਦ ਸ਼ਬਦ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਰਖਾਇਆ । ਸ਼ਬਦ ਉਜਾਲਾ ਗੋਬਿੰਦ ਕਰਿਆ, ਸ਼ਬਦ ਅੰਧੇਰ ਸਮਾਈਆ । ਸ਼ਬਦੀ ਮੰਦਰ ਸ਼ਬਦ ਮਸਜਿਦ ਸ਼ਬਦ ਧਰਮਸਾਲਾ,

ਗੁਰੂਦਵਾਰ ਸ਼ਬਦ ਅਖਵਾਈਆ । ਸ਼ਬਦ ਸ਼ਾਹ ਸ਼ਬਦ ਕੰਗਾਲਾ, ਦਰ ਦਰਵੇਸ ਸ਼ਬਦ ਅਖਵਾਈਆ । ਸ਼ਬਦ ਪਤ ਸ਼ਬਦ ਡਾਲ੍ਹਾ, ਸ਼ਬਦ ਸ਼ਬਦੀ ਜੜ੍ਹ ਲਗਾਈਆ । ਸ਼ਬਦ ਸੱਤ ਸਰੋਵਰ ਮਾਰ ਉਛਾਲਾ, ਸਮੁੰਦ ਸਾਗਰ ਆਪ ਵਖਾਈਆ । ਸ਼ਬਦ ਸ਼ਬਦੀ ਬਣ ਦਲਾਲਾ, ਧਰਨੀ ਧਰਤ ਸੁਹਾਈਆ । ਸ਼ਬਦ ਕਾਲ ਸ਼ਬਦ ਮਹਾਂਕਾਲਾ ਆਦਿ ਜੁਗਾਦਿ ਸ਼ਬਦ ਸਹਾਈਆ । ਸ਼ਬਦ ਅਗਨੀ ਜੋਤ ਜਵਾਲਾ, ਅਸ਼ਟਭੁਜ ਸ਼ਬਦ ਵਡਿਆਈਆ । ਸ਼ਬਦ ਗੁਰ ਸ਼ਬਦ ਜਵਾਨਾ, ਬਲਵਾਨਾ ਸ਼ਬਦ ਇਕ ਹੋ ਜਾਈਆ । ਸ਼ਬਦ ਰਾਗ ਸ਼ਬਦ ਤਰਾਨਾ, ਸ਼ਬਦੀ ਆਪੇ ਗਾਈਆ । ਸ਼ਬਦ ਰੂਪ ਸ੍ਰੀ ਭਗਵਾਨਾ, ਦਿਸ ਕਿਸੇ ਨਾ ਆਈਆ । ਹਰਿ ਸ਼ਬਦੀ ਲੱਖ ਚੁਰਾਸੀ ਦੇਵੇ ਦਾਨਾ, ਨਿਰਗੁਣ ਆਪਣੀ ਵੰਡ ਵੰਡਾਈਆ । ਪਾਰਬ੍ਰਹਮ ਬ੍ਰਹਮ ਕਰ ਪਰਧਾਨਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਿੰਗਾਰ ਆਪ ਕਰਾਈਆ । ਸ਼ਬਦ ਰੂਪ ਸ਼ਬਦ ਰੰਗ, ਹਰਿ ਸ਼ਬਦੀ ਸ਼ਬਦ ਸ਼ਿੰਗਾਰਿਆ । ਸ਼ਬਦ ਸੇਜ ਸ਼ਬਦ ਪਲੰਘ, ਸ਼ਬਦ ਸੁੱਤਾ ਪੈਰ ਪਸਾਰਿਆ । ਸ਼ਬਦ ਦਾਤਾ ਸ਼ਬਦ ਦਾਨੀ ਸ਼ਬਦ ਰਿਹਾ ਮੰਗ, ਸ਼ਬਦੀ ਸ਼ਬਦ ਭਰੇ ਭੰਡਾਰਿਆ । ਸ਼ਬਦ ਮੀਤਾ ਸ਼ਬਦ ਅਤੀਤਾ ਸ਼ਬਦ ਵਸੇ ਸਦਾ ਸੰਗ, ਸਗਲਾ ਸੰਗ ਨਿਭਾ ਰਿਹਾ । ਸ਼ਬਦ ਢੋਲ ਸ਼ਬਦ ਮਰਦੰਗ, ਸ਼ਬਦ ਨਗਾਰਾ ਇਕ ਵਜਾ ਰਿਹਾ । ਸ਼ਬਦ ਅੰਗੀਕਾਰ ਕਰੇ ਅੰਗ, ਆਪ ਅੰਗਨ ਆਪਣੇ ਵੇਖ ਵਖਾ ਰਿਹਾ । ਸ਼ਬਦੀ ਅੰਦਰ ਸ਼ਬਦ ਜਾਏ ਲੰਘ, ਸ਼ਬਦ ਮੇਲਾ ਮੇਲ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਭੁੱਖ ਸ਼ਬਦ ਨੰਗ, ਸ਼ਬਦ ਤ੍ਰਿਸਨਾ ਤ੍ਰਿਖਾ ਬੁਝਾ ਲਿਆ । ਸ਼ਬਦ ਮੰਡਲ ਸ਼ਬਦ ਰਾਸ, ਗੋਪੀ ਕਾਹਨ ਸ਼ਬਦ ਅਖਵਾਈਆ । ਸ਼ਬਦ ਪੁਰਖ ਹਰਿ ਸ਼ਾਹੋ ਸ਼ਾਬਾਸ਼, ਰਾਜ ਰਾਜਾਨ ਆਪ ਅਖਵਾਈਆ । ਸ਼ਬਦ ਦਾਤਾ ਸਰਬ ਗੁਣਤਾਸ, ਰੂਪ ਰਾਮ ਸ਼ਬਦ ਵਟਾਈਆ । ਸ਼ਬਦ ਨੂਰ ਇਕ ਪਰਕਾਸ਼, ਆਪ ਆਪਣਾ ਤੇਜ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਸ਼ਬਦ ਸਮਾਈਆ । ਲੱਖ ਚੁਰਾਸੀ ਸ਼ਬਦ ਟਿਕਾਣਾ, ਸੁਰਤੀ ਸੁਰਤ ਸਮਾ ਲਿਆ । ਪੁਰਖ ਅਬਿਨਾਸ਼ੀ ਇਕ ਬਬਾਣਾ, ਹਰਿ ਆਪਣਾ ਆਪ ਉਠਾ ਲਿਆ । ਗੁਰਮੁਖ ਵੇਖੇ ਸੁਘੜ ਸਿਆਣਾ, ਕਲਜੁਗ ਅੰਤਮ ਮੇਲ ਮਿਲਾ ਲਿਆ । ਦਰ ਦੁਰਕਾਏ ਰਾਜਾ ਰਾਣਾ, ਮੰਗਣ ਭਿਖਿਆ ਕੋਇ ਨਾ ਪਾ ਰਿਹਾ । ਦਰਗਹਿ ਸਾਚੀ ਦੇਵੇ ਮਾਣਾ, ਜਿਸ ਜਨ ਆਪਣਾ ਦਰਸ ਦਿਖਾ ਲਿਆ । ਬਿਰਧ ਬਾਲ ਨੌਜਵਾਨ ਏਕਾ ਰੰਗ ਰੰਗਾਨਾ, ਏਕਾ ਅੱਖਰ ਆਪ ਪੜ੍ਹਾ ਲਿਆ । ਸਤਿਜੁਗ ਤੇਰਾ ਸਾਚਾ ਗਾਣਾ, ਸੋਹੰ ਸ਼ਬਦ ਇਕ ਸੁਣਾ ਲਿਆ । ਲੇਖਾ ਛੁੱਟੇ ਆਵਣ ਜਾਣਾ, ਘਰ ਸੱਜਣ ਸਾਚਾ ਪਾ ਲਿਆ । ਲੇਖੇ ਲੱਗੇ ਪੀਣਾ ਖਾਣਾ, ਗੁਰ ਭੰਡਾਰ ਜਿਸ ਰਸਨਾ ਲਾ ਲਿਆ । ਮੇਲ ਮਿਲਾਵਾ ਬੀਨਾ ਦਾਨਾ, ਦਾਨਾ ਬੀਨਾ ਦਰਸ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੇਸ ਵਟਾ ਲਿਆ । ਵੇਸ ਵਟਾਇਆ ਹਰਿ ਬੇਅੰਤ, ਬੇਅੰਤ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਸਾਚਾ ਕੰਤ, ਗੁਰਮੁਖ ਨਾਰ ਰਿਹਾ ਪਰਨਾਈਆ । ਲੇਖਾ ਜਾਣੇ ਸਾਧ ਸੰਤ, ਸਰਗੁਣ ਮੇਲਾ ਸਹਿਜ ਸੁਭਾਈਆ । ਰਸਨਾ ਜੇਹਵਾ ਮਣੀਆ ਮੰਤ, ਏਕਾ ਗੁਣ ਵਖਾਈਆ । ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਇਕ ਵਖਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਵੇਖ ਵਖਾਈਆ । ਕਲਜੁਗ ਮਾਇਆ ਹੋਈ ਨੰਗਤ, ਨਾ ਪੜਦਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਹਰਿ ਸ਼ਬਦ ਕਰੇ ਕੁੜਮਾਈਆ । ਹਰਿ ਸ਼ਬਦ ਜੁੜਿਆ

੩੫੯
੦੮

੩੬੦
੦੮

ਜੋੜਾ, ਹਰਿ ਸਾਚੇ ਆਪ ਜੁੜਾਇਆ । ਪੁਰਖ ਅਗੰਮਾ ਲੈ ਕੇ ਘੋੜਾ, ਲੋਕਮਾਤ ਫੇਰਾ ਪਾਇਆ । ਪਾਰਬ੍ਰਹਮ ਪ੍ਰਭ ਆਇਆ ਦੌੜਾ, ਨਿਰਗੁਣ ਨੂਰ ਕਰ ਰੁਸ਼ਨਾਇਆ । ਲੱਖ ਚੁਰਾਸੀ ਵੇਖੇ ਮਿਠਾ ਕੌੜਾ, ਗੁਰਮੁਖ ਬੂਟਾ ਆਪਣੀ ਹੱਥੀਂ ਲਾਇਆ । ਪੰਧ ਮੁਕਾਏ ਲੰਮਾ ਚੌੜਾ, ਦੋ ਜਹਾਨਾਂ ਡੇਰਾ ਢਾਇਆ । ਸਚਖੰਡ ਲਗਾਇਆ ਏਕਾ ਪੌੜਾ, ਏਕਾ ਚਰਨ ਰਖਾਇਆ । ਹਰਿਜਨ ਹਰਿ ਹਰਿ ਵਰ ਪਾਇਆ ਜੇਹਾ ਲੋੜਾ, ਵਿਛੜ ਕਦੇ ਨਾ ਜਾਇਆ । ਸਤਿਗੁਰ ਪੂਰਾ ਹਰਿਜਨ ਸਾਚੇ ਆਪੇ ਬੌਹੜਾ, ਆਪ ਆਪਣਾ ਮੇਲ ਮਿਲਾਇਆ । ਕਲਜੁਗ ਅੰਤਮ ਰਹਿ ਗਿਆ ਥੋੜਾ, ਨੇਤਰ ਨੈਣ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਸਗਨ ਮਨਾਇਆ । ਸਾਚਾ ਸਗਨ ਲਾਲ ਰੰਗਣ, ਹਰਿ ਮੈਂਹਦੀ ਨਾਮ ਰੰਗਾਈਆ । ਸੰਤ ਸੁਹੇਲੇ ਆਇਆ ਮੰਗਣ, ਅਕਾਲ ਮੂਰਤ ਲਏ ਪਰਨਾਈਆ । ਜੋਤ ਨਿਰੰਜਣ ਵੇਖੇ ਲਗਨ, ਸਾਚਾ ਸਾਹ ਸੁਧਾਈਆ । ਸਾਚੇ ਦੀਪਕ ਘਰ ਘਰ ਜਗਣ, ਗੁਰ ਪੂਰਾ ਕਰੇ ਰੁਸ਼ਨਾਈਆ । ਹੱਥੀਂ ਬੰਨ੍ਹੇ ਨਾਮ ਤਗਨ, ਸੋਹੰ ਤਾਗਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਮਿਥਿਆ ਇਕ ਸਮਝਾਈਆ । ਸਾਚਾ ਸਗਨ ਹਰਿ ਮਨਾਏ, ਕਲਜੁਗ ਤੇਰੀ ਅੰਤਮ ਵਾਰੀਆ । ਗੁਰਸਿਖਾਂ ਵਟਨਾ ਆਪ ਮਲਾਏ, ਕਲਜੁਗ ਖਾਰੇ ਆਪ ਚੜ੍ਹਾਏ, ਖੇਲੇ ਖੇਲ ਅਗੰਮ ਅਪਾਰੀਆ । ਲਾੜੀ ਮੌਤ ਲਏ ਉਠਾਏ, ਕਰੇ ਤਨ ਸ਼ੰਗਾਰੀਆ । ਸੂਹਾ ਵੇਸ ਵੇਸ ਵਟਾਏ, ਰੰਗ ਰਤੜਾ ਅਪਰ ਅਪਾਰੀਆ । ਕਲਜੁਗ ਕਰਮ ਕਲੀਰੇ ਪਾਏ, ਵੇਖੇ ਆਪ ਵੱਡਾ ਸੰਸਾਰੀਆ । ਜੂਠਾ ਝੂਠਾ ਸਾਲੂ ਰਿਹਾ ਰੰਗਾਏ, ਚਾਰੇ ਕੁੰਟਾਂ ਹੋ ਉਜਿਆਰੀਆ । ਗੁਰਮੁਖ ਸਾਚੇ ਵੇਖ ਵਖਾਏ, ਆਪ ਆਪਣੀ ਕਿਰਪਾ ਧਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਆਪਣੀ ਵਾਰੀਆ । ਗੁਰਮੁਖ ਸਾਜਣ ਸਾਚਾ ਲਾੜਾ, ਹਰਿ ਸਾਚੇ ਆਪ ਸ਼ਿੰਗਾਰਿਆ । ਸਖੀਆਂ ਮੰਗਲ ਗਾਇਣ ਲਾਇਆ ਇਕ ਅਖਾੜਾ, ਏਕਾ ਢੋਲਾ ਮੀਤ ਮੁਰਾਰੀਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਅੰਤਮ ਮੰਗਣ ਆਇਆ ਆਪਣਾ , ਕਰੇ ਅਸੀਸ ਜਗਦੀਸ ਆਪਣਾ ਸ਼ਬਦ ਉਚਾਰੀਆ । ਭਿਛਿਆ ਪੌਣ ਸਤਾਰਾ ਹਾੜ, ਸਾਚੀ ਥਿਤ ਆਪ ਉਜਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਰੱਖੀ ਕੁਵਾਰੀਆ । ਨਿਰਗੁਣ ਜੋਤ ਕੁਵਾਰੀ ਕੰਨਿਆ, ਹਰਿ ਸਾਚੇ ਆਪ ਰਖਾਈਆ । ਚੌਥੇ ਜੁਗ ਗੁਰਮੁਖ ਸਾਚਾ ਏਕਾ ਮੰਨਿਆ, ਪ੍ਰਭ ਸਾਚਾ ਕਰੇ ਕੁੜਮਾਈਆ । ਵੇਲ ਵਧਾਏ ਦਇਆ ਕਮਾਏ ਡੇਰਾ ਲਾਏ ਉਚ ਮਹੱਲਿਆ, ਅਟੱਲ ਅਟੱਲਿਆ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨਾਤਾ ਆਪ ਬਣਾਇਆ । ਨਾਤਾ ਜੁੜਿਆ ਹਰਿ ਗੋਬਿੰਦ, ਗੋਬਿੰਦ ਚਿੰਤ ਮਿਟਾਇਆ । ਅੰਮ੍ਰਿਤ ਵਾਰਿਆ ਸਾਗਰ ਸਿੰਧ, ਧਰਤ ਮਾਤ ਖ਼ੁਸ਼ੀ ਮਨਾਇਆ । ਗਗਨ ਪਾਤਾਲਾਂ ਮਿਟੀ ਚਿੰਦ, ਸਗਲਾ ਦੁੱਖ ਗਵਾਇਆ । ਵਰ ਪਾਇਆ ਸਦ ਬਖ਼ਸ਼ਿੰਦ, ਗੁਰਮੁਖ ਸੱਜਣ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲਾ ਰਿਹਾ ਕਰ, ਦਰ ਘਰ ਹਰਿ ਨਰ ਆਪਣਾ ਆਪ ਸੁਹਾਇਆ । ਪ੍ਰੇਮ ਭਿਛਿਆ ਰਿਹਾ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਗੁਰਮੁਖ ਸੋਇਆ ਸਚ ਪਲੰਘ, ਸਤਿਗੁਰ ਆਪ ਉਠਾਈਆ । ਗੁਰਮੁਖ ਨੁਹਾਇਆ ਅੰਮ੍ਰਿਤ ਗੰਗ, ਸਤਿਗੁਰ ਪੂਰਾ ਦੁਰਮਤ ਮੈਲ ਧੁਵਾਈਆ । ਸਤਿਗੁਰ ਪੂਰਾ ਆਪਣੇ ਘੋੜੇ ਕਸੇ ਤੰਗ, ਗੁਰਮੁਖਾਂ ਉਪਰ ਆਪ ਚੜ੍ਹਾਈਆ । ਗੁਰਸਿਖ

ਤੇਰਾ ਦਵਾਰਾ ਲੋਕਮਾਤ ਲੰਘ, ਸਚਖੰਡ ਦਵਾਰਾ ਆਪਣਾ ਫੇਰ ਸੁਹਾਈਆ । ਤੇਰੇ ਪਿੱਛੇ ਤੇਰੇ ਅੰਦਰ ਦਿਵਸ ਰੈਣ ਕਰੇ ਜੰਗ, ਤੇਰੇ ਛੱਤਰੂ ਮੇਟ ਮਿਟਾਈਆ । ਆਇਆ ਵਾਰ ਤੇਰੇ ਉਤੇ ਕਰ ਖੰਡ ਖੰਡ, ਗੁਰ ਗੋਬਿੰਦ ਨੀਹ ਰਖਾਈਆ । ਜਗਤ ਜਗਦੀਸ ਤੇਰੀ ਵੰਡੀ ਵੰਡ, ਤੇਰੀ ਰੀਝ ਪੂਰ ਕਰਾਈਆ । ਤੇਰਾ ਭਾਰ ਆਪਣੇ ਸੀਸ ਚੱਕ ਕੰਡ, ਗੁਰਸਿਖ ਹੌਲੇ ਭਾਰ ਵਖਾਈਆ । ਗੁਰਸਿਖਾਂ ਮੁਕਾਇਆ ਪੰਧ, ਤੇਰਾ ਲੇਖਾ ਨਾ ਕੋਇ ਵਖਾਈਆ । ਗੁਰਮੁਖ ਤੇਰਾ ਜਗਤ ਵਕਾਰਾ ਜੂਠ ਝੂਠ ਗੰਦ, ਸਤਿਗੁਰ ਪੂਰਾ ਆਪਣੇ ਪੇਟੇ ਪਾਈਆ । ਗੁਰਸਿਖ ਤੇਰਾ ਕੱਟੇ ਰੰਡੇਪਾ ਰੰਡ, ਆਪਣਾ ਤੱਤ ਪਹਿਲੋਂ ਖ਼ਾਕ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਾੜ ਸਤਾਰਾਂ ਗੁਰਸਿਖਾਂ ਏਕਾ ਹਿੱਸਾ ਪਾਈਆ । ਮੰਗਣ ਆਏ ਹਰਿ ਭਿਖਾਰੀ, ਗੁਰਮੁਖ ਚਰਨ ਦਵਾਰਿਆ । ਕਲਜੁਗ ਤੇਰੀ ਅੰਤਮ ਵਾਰੀ, ਖੇਲਿਆ ਖੇਲ ਅਪਰ ਅਪਾਰਿਆ । ਵੇਦ ਪੁਰਾਣ ਸਿਮਰਤ ਸ਼ਾਸਤਰ ਖਾਣੀ ਬਾਣੀ ਨਾ ਪਾਏ ਸਾਰੀ, ਬ੍ਰਹਮਾ ਚਾਰੇ ਮੁਖ ਨਾ ਕੋਇ ਸਲਾਹ ਲਿਆ । ਇਕ ਅਕੱਲਾ ਏਕਉਂਕਾਰੀ, ਜੋਤ ਨਿਰੰਕਾਰੀ, ਆਪ ਆਪਣਾ ਵੇਸ ਵਟਾ ਲਿਆ । ਸਤਿਜੁਗ ਤੇਰੀ ਲਾਈ ਸੱਚੀ ਫੁਲਵਾੜੀ, ਲੋਕਮਾਤ ਅਪਣੀ ਹੱਥੀਂ ਬੂਟਾ ਲਾ ਲਿਆ । ਆਪਣੀ ਸਿੰਚੇ ਆਪ ਕਿਆਰੀ, ਗੁਰਸਿਖ ਤੇਰਾ ਪ੍ਰੇਮ ਤੇਰਾ ਖੂਆ ਤੇਰੇ ਤਨ ਤੇਰੇ ਮੰਦਰ ਆਪਣਾ ਆਪ ਗੜਾ ਲਿਆ । ਤੇਰੀ ਪ੍ਰੀਤ ਕਰ ਪਿਆਰੀ, ਜਗਤ ਖੁਆਰੀ ਆਪ ਵਖਾ ਰਿਹਾ । ਤੇਰੇ ਤਨ ਰੱਖ ਨਾਮ ਪਟਾਰੀ, ਸੋਹੰ ਉਪਰ ਕੁੰਡਾ ਲਾ ਲਿਆ । ਆਪਣੇ ਹੱਥੀਂ ਕਰੇ ਸ਼ੰਗਾਰੀ, ਬਸਤਰ ਭੂਸ਼ਨ ਇਕ ਵਖਾ ਲਿਆ । ਗੁਰਸਿਖ ਆਤਮ ਨਾ ਰਹੇ ਕਵਾਰੀ, ਕੰਤ ਕੰਤੂਹਲ ਅੰਤ ਪਰਨਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਾਰਾ ਹਾੜੀ ਦਿਵਸ ਸੁਹਾ ਲਿਆ । ਹਾੜ ਸਤਾਰਾਂ ਸਤਿ ਸਤਿਵਾਦ, ਸਤਿ ਪੁਰਖ ਉਪਾਇਆ । ਗੁਰਮੁਖਾਂ ਦਿਤੀ ਸਾਚੀ ਦਾਦ, ਨਿਹਕਲੰਕਾ ਰੂਪ ਵਟਾਇਆ । ਰਹੇ ਨਾਮ ਆਦਿ ਜੁਗਾਦਿ, ਕੋਟਨ ਕੋਟ ਚੌਕੜੀਆਂ ਜੁਗ ਰਹੇ ਗਾਇਆ । ਬ੍ਰਹਮਾ ਵੇਖੇ ਬ੍ਰਹਮ ਬ੍ਰਹਮ ਬ੍ਰਹਮ ਬ੍ਰਹਿਮਾਦ, ਸ਼ੰਕਰ ਸ਼ਿਵ ਨਾ ਮੇਟ ਮਿਟਾਇਆ । ਹਰਿਜਨ ਗੁਰਸਿਖ ਸਾਚੇ ਸੰਤ ਆਪੇ ਲਏ ਲਾਧ, ਸੰਤ ਸਤਿਗੁਰ ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਿਰਪਾ ਗੁਰ ਸ਼ਬਦ ਬੁਝਾਇਆ ।

## ✪ ੧੯ ਚੇਤ ੨੦੧੬ ਬਿਕ੍ਰਮੀ ਚੰਨਣ ਸਿੰਘ ਦੇ ਘਰ ਚੰਬਲ ਜ਼ਿਲਾ ਅੰਮ੍ਰਿਤਸਰ ✪

ਜੋਤੀ ਨੂਰ ਜਗਤ ਗੁਰ ਚਾਨਣ, ਵਰਭੰਡੀ ਵੰਡ ਵੰਡਾਈਆ । ਪਰਮ ਪੁਰਖ ਪੁਰਖ ਸੁਲਤਾਨਣ, ਪਾਰਬ੍ਰਹਮ ਵਡਿਆਈਆ । ਸ਼ਬਦੀ ਤੀਰ ਬ੍ਰਹਿਮੰਡ ਨਿਸ਼ਾਨਣ, ਹਰਿ ਹਰਿ ਆਪ ਕਰਾਈਆ । ਜਨ ਭਗਤਾਂ ਦੇਵੇ ਬ੍ਰਹਮ ਗਿਆਨਣ, ਆਤਮ ਵਿਦਿਆ ਇਕ ਪੜ੍ਹਾਈਆ । ਚਰਨ ਕਵਲ ਸਚ ਧਿਆਨਣ, ਸਾਖਿਆਤ ਜੋਤ ਰੁਸ਼ਨਾਈਆ । ਸਾਚਾ ਸ਼ਬਦ ਸੱਚੀ ਧੁੰਨਕਾਨਣ, ਰਾਗ ਅਨਾਦ ਸੁਣਾਈਆ । ਭੇਖਾਧਾਰੀ ਭੇਖ ਧਰੇ ਬਲ ਬਾਵਣ, ਭੇਵ ਕੋਇ ਨਾ ਪਾਈਆ । ਮਨਮੁਖ ਝੂਠੀ ਖ਼ਾਕ ਛਾਣਣ, ਲਾਲ ਅਮੋਲਕ ਹੱਥ ਨਾ ਆਈਆ । ਤ੍ਰੈਗੁਣ ਮਾਇਆ ਹੱਡੀਆਂ ਬਾਲਣ, ਪੰਜ ਤੱਤ ਅਗਨੀ ਡਾਹੀਆ । ਨਿਕਲੇ ਲਾਟ ਜੋਤ ਜਵਾਲਣ, ਧੂਆਂਧਾਰ ਸਮਾਈਆ । ਪੁਰਖ ਅਬਿਨਾਸ਼ ਜੋਤ ਅਕਾਲਣ, ਨਿਰਭੈ ਰੂਪ ਵਟਾਈਆ । ਕਲਜੁਗ

ਅੰਤਮ ਬਣ ਦਲਾਲਣ, ਲੋਕਮਾਤ ਵੇਖ ਵਖਾਈਆ । ਅਗੰਮ ਅਗੰਮੜੀ ਚਲੀ ਚਾਲਣ, ਚਾਲ ਨਿਰਾਲੀ ਹਰਿ ਹਰਿ ਰਘੁਰਾਈਆ । ਆਪੇ ਵਸਿਆ ਸਚ ਸੱਚੀ ਧਰਮਸਾਲਣ, ਧਰਮੀ ਧਰਮ ਕਮਾਈਆ । ਗੁਰਸਿਖਾਂ ਤੋੜਨਹਾਰਾ ਜਗਤ ਜੰਜਾਲਣ, ਜਗਤ ਵਿਕਾਰਾ ਮੇਟ ਮਿਟਾਈਆ । ਕੋਟਨ ਕੋਟੀ ਜੀਵ ਜੰਤ ਸਾਧ ਸੰਤ ਜੰਗਲ ਜੂਹ ਉਜਾੜ ਪਹਾੜ ਭਾਲਣ, ਟਿੱਲੇ ਪਰਬਤ ਫੇਰਾ ਪਾਈਆ । ਕੋਟਨ ਕੋਟੀ ਜਲ ਜਲ ਧਾਰਾ ਘਾਲ ਘਾਲਣ, ਕੋਟਨ ਬੈਠੇ ਧੁਣੀਆਂ ਤਾਈਆ । ਕੋਟਨ ਨੰਗੀਂ ਪੈਰੀਂ ਫਿਰ ਫਿਰ ਪਾਇਣ ਛਾਲਨ, ਕੋਟਨ ਕੋਟੀ ਮਿਰਗ ਛਾਲਾ ਹੇਠ ਵਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਧੁਰ ਦੀ ਮਾਲਣ, ਹਰਿਜਨ ਸਾਚੇ ਵੇਖ ਵਖਾਈਆ । ਹਰਿ ਮਾਲਣ ਹਰਿ ਖਾਰੀਆ, ਆਪਣਾ ਰੂਪ ਵਟਾਏ । ਏਕ ਜੋਤ ਨਰ ਨਿਰੰਕਾਰੀਆ, ਸੇਵਕ ਸੇਵ ਕਮਾਏ । ਵੇਖ ਵਖਾਣੇ ਵਡ ਸੰਸਾਰੀਆ, ਸਮੁੰਦ ਸਾਗਰ ਪਾਰ ਕਰਾਏ । ਧਰਤ ਧਵਲ ਹੋ ਉਜਿਆਰੀਆ, ਆਪ ਆਪਣਾ ਵੇਸ ਵਟਾਏ । ਲੋਕਮਾਤ ਵੇਖੇ ਤੇਰੀ ਇਕ ਕਿਆਰੀਆ, ਆਪ ਆਪਣਾ ਫੇਰਾ ਪਾਏ । ਗੁਰਮੁਖ ਖਿੜਿਆ ਫੁਲ ਸੱਚੀ ਗੁਲਜ਼ਾਰੀਆ, ਦਿਵਸ ਰੈਣ ਮਹਿਕ ਮਹਿਕਾਏ । ਭਵਰਾ ਗੂੰਜੇ ਸ਼ਾਹ ਅਸਵਾਰੀਆ, ਦਿਵਸ ਰੈਣ ਰਿਹਾ ਉਘਾਏ । ਵਾਜਾਂ ਮਾਰੇ ਆਪ ਆਪਣੀ ਵਾਰੀਆ, ਆਪੇ ਸੋਏ ਰਿਹਾ ਜਗਾਏ । ਸਾਚਾ ਤਾਗਾ ਸੋਹੰ ਧਾਰੀਆ, ਨਾਮ ਨਾਮਾ ਹੱਥ ਉਠਾਏ । ਕਲਜੁਗ ਗੁੰਦੇ ਹਾਰ ਨਿਆਰੀਆ, ਨਿਰਗੁਣ ਬੈਠਾ ਬੇਪਰਵਾਹੇ । ਸਚ ਸਿੰਘਾਸਣ ਅਪਰ ਅਪਾਰੀਆ, ਸ਼ਾਹੋ ਭੂਪ ਆਪ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਮਾਲਾ ਆਪ ਪਹਿਨਾਏ । ਸਾਚੀ ਮਾਲਾ ਫੂਲਨ ਹਾਰ, ਗੁਰਮੁਖ ਜੋੜ ਜੁੜਾਇਆ । ਪਾਏ ਗਲ ਸੱਚੀ ਸਰਕਾਰ, ਸੋਹਣਾ ਸਗਨ ਮਨਾਇਆ । ਥਿਰ ਘਰ ਬੈਠ ਸੱਚੇ ਦਰਬਾਰ, ਦਰ ਆਪਣਾ ਆਪ ਸੁਹਾਇਆ । ਅੱਠੇ ਪਹਿਰ ਬਸੰਤ ਬਹਾਰ, ਖਿਜ਼ਾਂ ਰੁੱਤ ਨਾ ਕੋਇ ਵਖਾਇਆ । ਅੰਮ੍ਰਿਤ ਬਰਖੇ ਕਿਰਪਾ ਧਾਰ, ਲੇਖ ਲੇਖਾ ਵੇਖ ਵਖਾਇਆ । ਰਵ ਸਸ ਕਰੇ ਪਿਆਰ, ਆਪਣੀ ਕਿਰਨਾ ਚਰਨ ਛੁਹਾਇਆ । ਰਾਗ ਨਾਦ ਸੁਣਾਇਣ ਧੁਨ ਕਾਰ, ਗਣ ਗੰਧਰਬ ਵੇਖ ਵਖਾਇਆ । ਦੇਵਤ ਸੁਰ ਕਰ ਸ਼ੰਗਾਰ, ਆਪਣਾ ਤਾਲ ਰਹੇ ਵਜਾਇਆ । ਪੁਰਖ ਅਬਿਨਾਸ਼ੀ ਖ਼ਬਰਦਾਰ, ਆਪ ਆਪਣਾ ਖੇਲ ਖਿਲਾਇਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਨ ਜਾਮਾ ਭੇਸ ਵਟਾਇਆ । ਸੰਤ ਸੁਹੇਲੇ ਕਰ ਉਜਿਆਰ, ਗੁਰੂ ਗੁਰ ਚੇਲੇ ਮੇਲ ਮਿਲਾਇਆ । ਜਗਤ ਦੁਹੇਲਾ ਧੱਕਾ ਦੇਵੇ ਮਾਰ, ਨਾ ਸਕੇ ਕੋਇ ਬਚਾਇਆ । ਭੈਣ ਭਾਈ ਮਾਤ ਪਿਤ ਸਾਕ ਸੈਣਾ ਸਕਾ ਨਾ ਰਿਹਾ ਵਿਚਾਰ, ਆਪ ਆਪਣੇ ਲਏ ਤਰਾਇਆ । ਕੁਲੀ ਕੱਖਾਂ ਕਰ ਪਿਆਰ, ਮਹੱਲ ਅਟੱਲ ਜਗਤ ਤਜਾਇਆ । ਲੱਖਾਂ ਵਿਚੋਂ ਕੱਢੇ ਇਕੋ ਬਾਹਰ, ਗੋਬਿੰਦ ਤੇਰਾ ਪੂਰਾ ਪੂਰ ਕਰਾਇਆ । ਭਾਂਡਾ ਸੱਖ ਸਰਬ ਸੰਸਾਰ, ਸਾਚਾ ਸਾਕੀ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸੀਸ ਗੁੰਦਾਇਆ । ਸੀਸ ਗੁੰਦਾਏ ਹਰਿ ਮੁਖ ਵਾਕਾ, ਖੇਲੇ ਖੇਲ ਨਿਆਰਾ । ਖੋਲ੍ਹਣਹਾਰਾ ਬੰਦ ਬੰਦ ਤਾਕਾ, ਦੀਪਕ ਜੋਤ ਕਰੇ ਉਜਿਆਰਾ । ਕਲਜੁਗ ਜਾਣੇ ਆਪੇ ਸਾਕਾ, ਲੇਖਾ ਲਿਖਤ ਆਪਾਰਾ । ਪੂਰ ਕਰਾਏ ਆਪਣਾ ਭਵਿਖਤ ਵਾਕਾ, ਆਪੇ ਹੋਏ ਪਹਿਰੇਦਾਰਾ । ਹਰਿ ਸੰਗਤ ਹਰਿ ਬਣ ਬਣ ਰਾਖਾ, ਬੇੜਾ ਚਲਾਏ ਵਿਚ ਸੰਸਾਰਾ । ਪੂਰਾ ਕਰੇ ਪਿਛਲਾ ਲਹਿਣਾ ਘਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸੱਜਣ ਲੇਖ ਲਿਖਾਇਆ ।

## ੧੯ ਚੇਤ ੨੦੧੬ ਬਿਕ੍ਰਮੀ ਪਾਲ ਸਿੰਘ ਦੇ ਘਰ ਦਇਆ ਹੋਈ

ਨਾਮ ਨਿਧਾਨ ਸਰਬ ਜਗ ਮੀਤਾ, ਸਤਿਗੁਰ ਹੱਟ ਵਿਕਾਇਆ । ਏਕਾ ਰੰਗ ਰੰਗਾਏ ਹਸਤ ਕੀਟਾ, ਜੋ ਜਨ ਝੋਲੀ ਪਾਇਆ । ਅੰਮ੍ਰਿਤ ਰਸ ਰਸ ਦੇਵੇ ਮੀਠਾ, ਜਿਸ ਜਨ ਰਸਨਾ ਗਾਇਆ । ਦਿਵਸ ਰੈਣ ਰੱਖੇ ਠੰਡਾ ਸੀਤਾ, ਹਉਮੇ ਅਗਨੀ ਦਏ ਬੁਝਾਇਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਨ ਨਾਮ ਧਰਾਇਆ । ਦਰਸ ਵਖਾਏ ਇਕ ਅਤੀਤਾ, ਤ੍ਰੈਗੁਣ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨ ਇਕ ਵਰਤਾਇਆ । ਨਾਮ ਨਿਧਾਨ ਸਚ ਭੰਡਾਰਾ, ਗੁਰ ਸਤਿਗੁਰ ਆਪ ਵਰਤਾਇੰਦਾ । ਗੁਰਸਿਖ ਸਾਜਨ ਕਰ ਪਿਆਰਾ, ਸਾਚੀ ਵਸਤ ਫੜਾਇੰਦਾ । ਸਾਚੇ ਮੰਦਰ ਏਕਾ ਨਾਅਰਾ, ਆਪ ਆਪਣਾ ਆਪ ਸੁਣਾਇੰਦਾ । ਖੋਲ੍ਹਣਹਾਰਾ ਜਗਤ ਕਿਵਾੜਾ, ਬੰਦ ਕਿਵਾੜੀ ਮੁਖ ਵਖਾਇੰਦਾ । ਸਤਿ ਪੁਰਖ ਨਿਰੰਜਣ ਏਕਾ ਲਾੜਾ, ਸੰਤ ਸੁਹੇਲਾ ਮੇਲ ਮਿਲਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਪੰਚਮ ਮੋਹ ਚੁਕਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਖੜਗ ਖੰਡਾ ਨਾਮ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨਾ ਇਕ ਉਪਾਇੰਦਾ । ਨਾਮ ਨਿਧਾਨ ਸਰਬ ਘਟ ਅੰਤਰ, ਘਟ ਘਟ ਆਪ ਸਮਾਇਆ । ਆਪ ਬੁਝਾਏ ਲੱਗੀ ਬਸੰਤਰ, ਅਗਨੀ ਤੱਤ ਗਵਾਇਆ । ਜੁਗ ਜੁਗ ਜਪਾਏ ਆਪਣਾ ਮੰਤਰ, ਸੋ ਪੁਰਖ ਨਿਰੰਜਣ ਵਡ ਵਡਿਆਇਆ । ਮਾਤ ਸੁਹਾਏ ਥਾਨ ਥਨੰਤਰ, ਜਿਸ ਦਰ ਚਰਨ ਛੁਹਾਇਆ । ਆਪ ਬਣਾਏ ਆਪਣੀ ਬਣਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨਾ ਮੇਲ ਮਿਲਾਇਆ । ਨਾਮ ਨਿਧਾਨ ਸਰਬ ਗੁਣਵੰਤਾ, ਸਹਿਜ ਸਹਿਜ ਸੁਖਦਾਇਆ । ਨਾਦ ਅਨਾਦੀ ਜੁਗਾ ਜੁਗੰਤਾ, ਜੁਗ ਜੁਗ ਸੇਵ ਕਮਾਇਆ । ਤ੍ਰੈ ਕਾਲ ਨਾ ਕੋਇ ਮਿਟੰਤਾ, ਸਮ ਵਾਸੀ ਰੰਗ ਸਮਾਇਆ । ਭੀਂਗ ਰੂਪ ਆਪ ਰਖੰਤਾ, ਹੋਏ ਭੇਖ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨ ਇਕ ਪਰਗਟਾਇਆ । ਨਾਮ ਨਿਧਾਨ ਪਰਗਟਿਓ ਗੁਰ ਸੂਰਾ, ਮਹਾਂਕਾਲ ਸੀਸ ਨਿਵਾਇੰਦਾ । ਸਤਿ ਪੁਰਖ ਨਿਰੰਜਣ ਹਾਜ਼ਰ ਹਜ਼ੂਰਾ, ਕਾਲ ਜੰਜਾਲ ਵੇਖ ਵਖਾਇੰਦਾ । ਅਵਣ ਗਵਣ ਬਖ਼ਸ਼ੇ ਧੂੜਾ, ਤ੍ਰੈਭਵਣ ਫਿਰਾਇੰਦਾ । ਲੋਕ ਪਰਲੋਕ ਏਕਾ ਨੂਰਾ, ਬ੍ਰਹਿਮੰਡ ਖੰਡ ਵੇਸ ਵਟਾਇੰਦਾ । ਚੌਦਾਂ ਤਬਕਾਂ ਹੁੰਝੇ ਕੂੜਾ, ਚੌਦਾਂ ਲੋਕਾਂ ਖ਼ਾਕ ਰਮਾਇੰਦਾ । ਰਵ ਸਸ ਵੇਖਣ ਨੇਰਨ ਦੂਰਾ, ਮੰਡਲ ਮੰਡਪ ਧਰਤ ਸੁਹਾਇੰਦਾ । ਜਨ ਭਗਤਾਂ ਆਸਾ ਮਨਸਾ ਕਰੇ ਪੂਰਾ, ਪੂਰੀ ਇਛਿਆ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਮ ਨਿਧਾਨ ਹਰਿ ਮਿਹਰਵਾਨ, ਭਗਤ ਵਛਲ ਸ੍ਰੀ ਭਗਵਾਨ, ਸਾਜਣ ਰਾਜਨ ਰਾਜਨ ਸਾਜਣ ਆਪ ਅਖਵਾਇੰਦਾ ।

## ੧੯ ਚੇਤ ੨੦੧੬ ਬਿਕ੍ਰਮੀ ਕੁਲਵੰਤ ਸਿੰਘ ਦੇ ਘਰ ਦਇਆ ਹੋਈ ਚੰਬਲ ਜ਼ਿਲਾ ਅੰਮ੍ਰਿਤਸਰ

ਬਸਤਰ ਸ਼ਸਤਰ ਤਨ ਸ਼ੰਗਾਰ, ਹਰਿ ਹਰਿ ਨਾਉਂ ਕਰਾਈਆ । ਡੂੰਘੀ ਭਵਰੀ ਪਾਵੇ ਸਾਰ, ਅੰਨ੍ਹੇਰੀ ਕੁੰਦਰ ਵੇਖ ਵਖਾਈਆ । ਜਗਤ ਜੁਗਤੀ ਮਾਰੇ ਮਾਰ, ਸ਼ਬਦੀ ਸ਼ਬਦ ਵਡ ਵਡਿਆਈਆ । ਸਾਚੀ ਭਗਤੀ ਇਕ ਪਿਆਰ, ਅੱਖਰ ਇਕ ਪੜ੍ਹਾਈਆ । ਬੂੰਦ ਰਕਤੀ ਵੇਖ ਵਿਚਾਰ, ਲੇਖਾ

ਲੇਖ ਚੁਕਾਈਆ । ਆਤਮ ਸ਼ਕਤੀ ਬ੍ਰਹਮ ਵਿਚਾਰ, ਪਾਰਬ੍ਰਹਮ ਸਰਨਾਈਆ । ਹਸਤ ਘੋੜ ਸ਼ਾਹ ਅਸਵਾਰ, ਖ਼ਾਕੀ ਖ਼ਾਕ ਇਕ ਜਣਾਈਆ । ਤਖ਼ਤ ਤਾਜ ਸੁਲਤਾਨ, ਨਿਉਂ ਨਿਉਂ ਵੇਖ ਵਖਾਈਆ । ਕਲਜੁਗ ਅੰਤਮ ਵੇਖ ਝੂਠ ਮਕਾਨ, ਸਤਿਗੁਰ ਪੂਰਾ ਰਿਹਾ ਢਾਈਆ । ਖੇਲੇ ਖੇਲ ਦੋ ਜਹਾਨ, ਆਦਿ ਸ਼ਕਤ ਮੇਲ ਮਿਲਾਈਆ । ਰੂਪ ਅਨੂਪ ਸ੍ਰੀ ਭਗਵਾਨ, ਨਾਮ ਭਗੌਤੀ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਆਇਆ ਵਿਚ ਮੈਦਾਨ, ਜੋਧਾ ਬੀਰ ਸਹਿਜ ਸਮਾਈਆ । ਗੁਰਮੁਖ ਸਾਜਣ ਕਰ ਪਛਾਨ, ਜਨਮ ਕਰਮ ਵੇਖ ਵਖਾਈਆ । ਬੁਧ ਬਿਬੇਕੀ ਇਕ ਗਿਆਨ, ਆਪ ਆਪਣੀ ਮਤ ਸਮਝਾਈਆ । ਮਨ ਮਨੂਆ ਮੇਟੇ ਪੰਚ ਸ਼ੈਤਾਨ, ਨਾਮ ਨਿਧਾਨਾ ਬੰਧਨ ਪਾਈਆ । ਦਰ ਘਰ ਸਾਚੇ ਪੀਣ ਖਾਣ, ਰਸਨਾ ਜੇਹਵਾ ਹਰਿ ਗੁਣ ਗਾਈਆ । ਦੇਵਣਹਾਰਾ ਧੁਰ ਫ਼ਰਮਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੋਹੰ ਅੱਖਰ ਜੋ ਜਨ ਗਾਨ, ਜਗਤ ਤਪਸਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਾਰੀ ਰਿਹਾ ਤਰਾਈਆ ।

## ✪ ੧੯ ਚੇਤ ੨੦੧੬ ਬਿਕ੍ਰਮੀ ਮੋਹਣ ਸਿੰਘ ਦੇ ਘਰ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਦਵਾਰਾ ਸਾਚਾ ਹੱਟ, ਪੁਰਖ ਅਕਾਲ ਖੁਲ੍ਹਾਇੰਦਾ । ਨਾਮ ਵਣਜਾਰਾ ਲਾਹਾ ਲਏ ਖੱਟ, ਦੂਸਰ ਕਿਸੇ ਹੱਥ ਨਾ ਆਇੰਦਾ । ਤਨ ਲਪੇਟੇ ਏਕਾ ਪਟ, ਸਚ ਬਸਤਰ ਆਪ ਪਹਿਨਾਇੰਦਾ । ਅਗਿਆਨ ਅੰਧੇਰਾ ਦੇਵੇ ਕੱਟ, ਗਿਆਨ ਗੁਰ ਉਪਜਾਇੰਦਾ । ਦੂਈ ਦਵੈਤੀ ਮੇਟੇ ਫੱਟ, ਮਾਇਆ ਮਮਤਾ ਮੋਹ ਚੁਕਾਇੰਦਾ । ਗੜ੍ਹ ਹੰਕਾਰੀ ਜਾਏ ਢੱਠ, ਏਕਾ ਦਰ ਵਖਾਇੰਦਾ । ਅੰਮ੍ਰਿਤ ਆਤਮ ਦੇਵੇ ਝੱਟ, ਸੀਰ ਨੀਰ ਪਿਆਇੰਦਾ । ਜਗਤ ਸਾਗਰ ਡੂੰਘਾ ਘਾਟ, ਗੁਰ ਸਤਿਗੁਰ ਪਾਰ ਕਰਾਇੰਦਾ । ਲਹਿਣਾ ਦੇਣਾ ਚੁਕੇ ਆਨ ਬਾਟ, ਆਵਣ ਜਾਵਣ ਲੇਖੇ ਲਾਇੰਦਾ । ਪੂਰੀ ਕਰੇ ਚੁਰਾਸੀ ਵਾਟ, ਸਵਾਸੀ ਸਵਾਸ ਤਰਾਇੰਦਾ । ਜੋਤ ਜਗਾਏ ਕਾਇਆ ਮਾਟ, ਮਾਣ ਮੋਹ ਮਿਟਾਇੰਦਾ । ਝੂਠਾ ਬਸਤਰ ਜਾਏ ਪਾਟ, ਥਿਰ ਨਾ ਕੋਇ ਦਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਰਨ ਧੂੜੀ ਸਚ ਸਰੋਵਰ ਇਕ ਅਸ਼ਨਾਨ ਕਰਾਇੰਦਾ । ਸਤਿਗੁਰ ਪੂਰਾ ਸੀਸ ਤਾਜ, ਸਤਿ ਸਤਿ ਰਖਾਈਆ । ਭਗਤ ਭਗਤੀ ਕਰੇ ਕਾਜ, ਕਾਜ ਕਰਤਾ ਆਪ ਅਖਵਾਈਆ । ਦਰਗਹਿ ਸਾਚੀ ਦੇਵੇ ਏਕਾ ਦਾਜ, ਨਾਮ ਪੱਲੇ ਗੰਢ ਬੰਧਾਈਆ । ਸਤਿ ਸੰਤੋਖੀ ਚਲਾਏ ਜਹਾਜ਼, ਸਤਿ ਸਤਿਵਾਦੀ ਚੱਪੂ ਲਾਈਆ । ਜੁਗਾ ਜੁਗੰਤਰ ਰੱਖੇ ਲਾਜ, ਜੁਗਤ ਜਗਤ ਆਪ ਜਣਾਈਆ । ਆਪੇ ਸਾਜਣ ਰਿਹਾ ਸਾਜ, ਆਪੇ ਵੇਖੇ ਬੇਪਰਵਾਹੀਆ । ਕਲਜੁਗ ਅੰਤਮ ਭਾਗ ਲਗਾ ਦੇਸ ਮਾਝ, ਦੇਸ ਦਸੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੰਦਰ ਡੇਰਾ ਲਾਈਆ । ਮੰਦਰ ਸਚ ਸਹਾਵਾ ਤਾਲ, ਅੰਮ੍ਰਿਤ ਰਸ ਭਰਾਇਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਏਕਾ ਥਾਨ ਬਹਾਇਆ । ਏਕਾ ਫਲ ਲਗਾਏ ਡਾਲ੍ਹ, ਏਕਾ ਮੇਵਾ ਰਿਹਾ ਖਵਾਇਆ । ਇਕ ਸੁਹਾਏ ਗਗਨ ਮਸਤਕ ਥਾਲ, ਏਕਾ ਦੀਪ ਕਰੇ ਰੁਸ਼ਨਾਇਆ । ਇਕ ਸਰੋਵਰ ਮਾਰੇ ਉਛਾਲ, ਏਕਾ ਕੌਸਤਕ ਬਾਹਰ ਕਢਾਇਆ । ਏਕਾ ਘਾਲਨ ਰਿਹਾ ਘਾਲ, ਗੁਰਮੁਖ ਸਾਜਨ ਵੇਖ ਵਖਾਇਆ । ਸ਼ਬਦ ਸਰੂਪੀ ਬਣ ਦਲਾਲ, ਲੋਕਮਾਤ ਫੇਰਾ ਪਾਇਆ । ਕਰੇ ਕਰਾਏ ਸਦਾ ਪ੍ਰਿਤਪਾਲ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਖਾ ਸਖਾਈ ਨਾਉਂ ਧਰਾਇਆ । ਸਖਾ ਸਖਾਈ ਹਰਿ ਗੋਬਿੰਦ, ਹਰਿਜਨ ਵੇਖ ਵਖਾਇੰਦਾ । ਜਗਤ ਮਿਟਾਏ ਸਗਲੀ ਚਿੰਦ, ਚਾਤਰਕ ਤ੍ਰਿਖਾ ਬੁਝਾਇੰਦਾ । ਸਤਿਗੁਰ ਪੂਰਾ ਗੁਣੀ ਗਹਿੰਦ, ਜਗਤ ਸਾਗਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਨਰ ਨਰ ਹਰਿ ਘਰ ਦਰ ਦਰ ਘਰ ਦਰਵੇਸ ਸ਼ੇਸ਼ ਅਲਖ ਜਗਾਇੰਦਾ ।

## ✪ ੧੯ ਚੇਤ ੨੦੧੬ ਬਿਕ੍ਰਮੀ ਦੀਦਾਰ ਸਿੰਘ ਦੇ ਘਰ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ✪

ਨਾਮ ਰਤਨ ਹਰਿ ਪਾਇਆ, ਹਰਿਜਨ ਵੱਜੀ ਵਧਾਈਆ । ਘਰ ਮੰਗਲ ਏਕਾ ਗਾਇਆ, ਏਕਾ ਰਾਗ ਅਲਾਈਆ । ਦਰ ਨਹਾਵਣ ਸਾਚਾ ਨੁਹਾਇਆ, ਸਰ ਸਰੋਵਰ ਇਕ ਸੁਹਾਈਆ । ਘਰ ਸੱਜਣ ਸਤਿਗੁਰ ਪਾਇਆ, ਮੇਲ ਮਿਲਾਵਾ ਹਰਿ ਸ਼ਹਿਨਸ਼ਾਹੀਆ । ਸ਼ਾਕਤ ਨਿੰਦਕ ਦੁਰਜਨ ਪਰੇ ਹਟਾਇਆ, ਦਰ ਦਰਵਾਜ਼ੇ ਦਏ ਦੁਰਕਾਈਆ । ਗ਼ਰੀਬ ਨਿਮਾਣੇ ਗਲੇ ਲਗਾਇਆ, ਕਰ ਕਿਰਪਾ ਮੇਲ ਮਿਲਾਈਆ । ਸਾਜਣ ਸੱਚਾ ਹਰਿ ਹਰਿ ਅਖਵਾਇਆ, ਆਦਿ ਜੁਗਾਦਿ ਨਾਮ ਧਰਾਈਆ । ਚਰਨ ਧੂੜੀ ਮਜਨ ਸਚ ਕਰਾਇਆ, ਮੂਰਖ ਮੁੜ੍ਹੀ ਚਤੁਰ ਬਣਾਈਆ । ਘੜਨ ਭੰਨਣਹਾਰ ਪੁਰਖ ਸਮਰਥ ਅਖਵਾਇਆ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਉਪਾਈਆ । ਹਰਿ ਸੱਜਣ ਘਰ ਬੋਲਿਆ, ਬੋਲੇ ਨਾਮ ਜੈਕਾਰ । ਗੁਰਮੁਖਾਂ ਪੜਦਾ ਖੋਲ੍ਹਿਆ, ਸੁੱਤਾ ਸਰਬ ਸੰਸਾਰ । ਨਾਮ ਤਰਾਜ਼ੂ ਆਪ ਆਪੇ ਤੋਲਿਆ, ਸ਼ਬਦ ਸਰੂਪੀ ਦਏ ਹੁਲਾਰ । ਦੂਰ ਕਰਾਏ ਪੜਦਾ ਓਹਲਿਆ, ਨੇਤਰ ਨੈਣ ਦਏ ਉਘਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਪਾਏ ਸਾਰ । ਹਰਿ ਸੱਜਣ ਸੇਜ ਸੁਹੰਦੜਾ, ਗੁਣਵੰਤਾ ਗਹਿਰ ਗੰਭੀਰ । ਹਰਿਜਨ ਸਾਚੇ ਮੇਲ ਮਿਲੰਦੜਾ, ਸਾਂਤਕ ਸਤਿ ਸਰੀਰ । ਨਿਰਗੁਣ ਬਾਤੀ ਦੀਪ ਜਗੰਦੜਾ, ਆਪ ਬੰਧਾਏ ਸਾਚੀ ਧੀਰ । ਆਪਣੇ ਨੇਤਰ ਦਰਸ ਵਖੰਦੜਾ, ਦਰ ਚੋਟੀ ਚੜ੍ਹੇ ਅਖ਼ੀਰ । ਘਰ ਮੰਦਰ ਇਕ ਸੁਹੰਦੜਾ, ਸ਼ਾਹ ਸੁਲਤਾਨਾ ਪੀਰਨ ਪੀਰ । ਗ਼ਰੀਬ ਨਿਵਾਜ਼ਾ ਖੇਲ ਖਲੰਦੜਾ, ਲੇਖੇ ਲਾਏ ਸ਼ਾਹ ਹਕੀਰ । ਦਰਗਹਿ ਸਾਚੀ ਧਾਮ ਵਖੰਦੜਾ, ਦੋ ਜਹਾਨਾਂ ਪੈਂਡਾ ਚੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਅੰਮ੍ਰਿਤ ਸੀਰ । ਅੰਮ੍ਰਿਤ ਸੀਰ ਸਚ ਪਿਆਲਾ, ਗੁਰ ਗੁਰਸਿਖ ਆਪ ਪਿਆਈਆ । ਜੁਗਾ ਜੁਗੰਤਰ ਤੋੜ ਜੰਜਾਲਾ, ਜਾਗਰਤ ਜੋਤ ਵਖਾਈਆ । ਨਾਮ ਰਤਨ ਤਨ ਪਾਏ ਮਾਲਾ, ਅੱਠ ਅਠੋਤਰੀ ਆਪ ਫਰਾਈਆ । ਖੇਲ ਖਲਾਏ ਸੱਚੀ ਧਰਮਸਾਲਾ, ਮੰਦਰ ਅੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਰਾਖੇ ਦੇਵੇ ਠੰਡੀ ਛਾਈਆ । ਰੱਖੇ ਰੱਖਣਹਾਰ ਪ੍ਰਭ, ਗੁਰਮੁਖ ਚਤੁਰ ਸੁਜਾਨ । ਲੱਖ ਚੁਰਾਸੀ ਵਿਚੋਂ ਲੱਭ, ਦੇਵੇ ਨਾਮ ਨਿਸ਼ਾਨ । ਅੰਮ੍ਰਿਤ ਪਿਆਲਾ ਕਵਲ ਨਭ, ਭਰਿਆ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਦਾਨ । ਜੀਆ ਦਾਨ ਜਨ ਝੋਲੀ ਪਾ, ਜੁਗ ਜੁਗ ਮੇਲ ਮਿਲਾਈਆ । ਬੁਧ ਮਤ ਗੁਰ ਆਪ ਸਮਝਾ, ਮਨਮਤ ਮੇਟ ਮਿਟਾਈਆ । ਸਾਚੀ ਵਸਤ ਇਕ ਵਖਾ, ਕੀਮਤ ਕਰਤਾ ਆਪੇ ਪਾਈਆ ।

ਕਾਇਆ ਗੋਲਕ ਵਿਚ ਟਿਕਾ, ਆਪੇ ਬੰਦ ਕਰਾਈਆ । ਸ਼ਬਦ ਅਮੋਲਕ ਦਏ ਵਸਾ, ਦਿਸ ਕਿਸੇ ਨਾ ਆਈਆ । ਅਨਹਦ ਢੋਲਕ ਇਕ ਵਜਾ, ਗੁਰਮੁਖ ਸੋਇਆ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਆਪਣਾ ਭੇਵ ਖੁਲ੍ਹਾਈਆ । ਖੁੱਲ੍ਹਿਆ ਭੇਵ ਭਗਤ ਭਗਵੰਤ, ਭਗਤੀ ਨੈਣ ਸ਼ਰਮਾਇਆ । ਮੇਲ ਮਿਲਾਵਾ ਸਾਚੇ ਸੰਤ, ਸਤਿਗੁਰ ਪੁਰਖ ਮਨਾਇਆ । ਘਰ ਸੁਹਾਇਆ ਨਾਰੀ ਕੰਤ, ਏਕਾ ਰੂਪ ਵਟਾਇਆ । ਚੋਲੀ ਰੰਗੇ ਰੰਗ ਬਸੰਤ, ਆਪ ਆਪਣੀ ਰੱਤ ਸੁਹਾਇਆ । ਭੇਵ ਨਾ ਪਾਏ ਜੀਵ ਜੰਤ, ਭੇਵ ਅਭੇਦਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਇਆ । ਸਹਿਜ ਸੁਭਾ ਮਿਲਿਆ, ਗੁਰ ਪੂਰਬ ਲੇਖ ਵਖਾਨਿਆ । ਜੋੜ ਜੁੜਾਇਆ ਲਿਖਿਆ ਧੁਰ, ਲੇਖਾ ਲਾਏ ਸ੍ਰੀ ਭਗਵਾਨਿਆ । ਏਕਾ ਤਾਲ ਏਕਾ ਸੁਰ, ਏਕਾ ਸ਼ਬਦੀ ਨਾਦ ਵਜਾਨਿਆ । ਏਕਾ ਆਸਾ ਮਨਸਾ ਕਰੇ ਪੂਰ, ਪਰਮ ਪੁਰਖ ਖੇਲ ਮਹਾਨਿਆ । ਏਕਾ ਜੋਤੀ ਬਖ਼ਸ਼ੇ ਨੂਰ, ਨੂਰ ਨੁਰਾਨਾ ਡਗਮਗਾਨਿਆ । ਏਕਾ ਵੇਖੇ ਹਾਜ਼ਰ ਹਜ਼ੂਰ, ਹਰਿ ਘਟ ਘਟ ਆਪ ਸਮਾਨਿਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਕਰੇ ਪਰਧਾਨਿਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਆਤਮ ਉਪਜੇ ਬ੍ਰਹਮ ਗਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਆਪ ਪਛਾਨਿਆ । ਗੁਰਮੁਖ ਸਾਜਣ ਪੇਖਿਆ, ਨੇਤਰ ਨੈਣ ਉਘਾੜ । ਹਰਿ ਸੱਜਣ ਲਿਖੇ ਲੇਖਿਆ, ਲੇਖਾ ਲਿਖਣਹਾਰ ਕਰਤਾਰ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼ਿਆ, ਮੁੱਲਾਂ ਗੌਂਸ ਕੁਤਬ ਰਹੇ ਵਿਚਾਰ । ਲੱਖ ਚੁਰਾਸੀ ਪਾਏ ਭਰਮ ਭੁਲੇਖਿਆ, ਪੰਡਤ ਪਾਂਧੇ ਰਹੇ ਹਾਰ । ਜੋਤੀ ਨੂਰ ਦਸ ਦਸਮੇਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗੇ ਕਰਤਾਰ । ਰੰਗ ਰੰਗਾਏ ਹਰਿ ਚਲੂਲ, ਲਾਲ ਗੁਲਾਲ ਰਤੜਾ । ਗੁਰਮੁਖ ਨਾ ਜਾਏ ਮਾਤ ਭੂਲ, ਹਰਿ ਸ਼ਬਦੀ ਦੇ ਸਮਝਾਵੇ ਮਤੜਾ । ਫਲ ਫੁਲਵਾੜੀ ਰਹੀ ਫੂਲ, ਕਲਜੁਗ ਵਗੇ ਅੰਧੇਰ ਝੱਖੜਾ । ਮਨਮੁਖਤਾ ਬੂਟਾ ਜਾਏ ਹੁੱਲ, ਪੱਤ ਡਾਲ੍ਹੀ ਦਿਸੇ ਸਖਣਾ । ਜਨ ਭਗਤਾਂ ਪਾਏ ਆਪੇ ਮੁੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਇਕ ਪੜ੍ਹਾਏ ਨਾਮ ਨਿਧਾਨਾ ਅੱਖਰਾ ।

## ✪ ੧੯ ਚੇਤ ੨੦੧੬ ਬਿਕ੍ਰਮੀ ਨਿਰੰਜਣ ਸਿੰਘ, ਕਰਤਾਰ ਸਿੰਘ ਦੇ ਘਰ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਹਰਿਜਨ ਹਰਿ ਲਿਵ ਲਾਗੀਆ, ਰਾਮ ਨਾਮ ਉਰਧਾਰ । ਸੁਰਤੀ ਸੋਈ ਜਾਗੀਆ, ਗੁਰ ਮਿਲਿਆ ਕਰਤਾਰ । ਹੋਏ ਵਡ ਵਡ ਭਾਗੀਆ, ਪਾਇਆ ਕੰਤ ਭਤਾਰ । ਜਗਤ ਤ੍ਰਿਸਨਾ ਬੁਝੀ ਆਗੀਆ, ਸਤਿ ਸਤਿ ਵਰਤੇ ਵਰਤਾਰ । ਬਣਿਆ ਹੰਸ ਕਾਗੀਆ, ਮਾਰੇ ਹੰਸ ਉਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਚਰਨ ਗੁਰ ਨਾਤਾ, ਚਰਨ ਕਵਲ ਚਿਤ ਲਾਈਆ । ਚਰਨ ਸਰਨ ਪੁਰਖ ਬਿਧਾਤਾ, ਹਰਿਜਨ ਇਕ ਵਖਾਈਆ । ਉਤਮ ਰੱਖੇ ਲੋਕਮਾਤ ਜ਼ਾਤਾ, ਵਰਨ ਬਰਨ ਮਿਟਾਈਆ । ਸਤਿਜੁਗ ਸੁਣਾਏ ਸਾਚੀ ਗਾਥਾ, ਸੋਹੰ ਸ਼ਬਦ ਪੜ੍ਹਾਈਆ । ਖੇਲੇ ਖੇਲ ਤ੍ਰਿਲੋਕੀ ਨਾਥਾ, ਨਾਥ ਅਨਾਥਾ ਹੋਏ ਸਹਾਈਆ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜ੍ਹਾਈਆ । ਸਤਿ ਸਤਿਵਾਦੀ ਖੋਲ੍ਹ ਹਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਰਿਹਾ ਲੁਟਾਈਆ । ਗੁਰਮੁਖ ਸਾਜਣ ਲੁੱਟੀ ਲੁੱਟ,

ਏਕਾ ਹਰਿ ਹਰਿ ਨਾਉਂ । ਜੂਠ ਝੂਠ ਕੱਢੇ ਕੁੱਟ, ਮਿਲਿਆ ਸੱਚਾ ਥਾਉਂ । ਦੂਈ ਦਵੈਤੀ ਨਿਕਲੇ ਫੁੱਟ, ਸਤਿਗੁਰ ਪੂਰਾ ਪਕੜੇ ਬਾਂਹੋਂ । ਜਗਤ ਨਗਾਰਾ ਵੱਜੇ ਚੋਟ, ਕਰੇ ਸਚ ਨਿਆਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪਿਤਾ ਮਾਉਂ । ਪਿਤਾ ਪੂਤ ਬਾਲਕ ਸੁੱਤ, ਸਤਿਗੁਰ ਆਪ ਅਖਵਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਹਰਿ ਸੱਜਣ ਸਚ ਉਪਾਇਆ । ਵਸਣਹਾਰਾ ਕਾਇਆ ਬੁੱਤ, ਤ੍ਰੈਗੁਣ ਅਤੀਤਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੀ ਰੀਤ ਚਲਾਇਆ । ਸਤਿਜੁਗ ਰੀਤ ਡੂੰਘੀ ਭਵਰ, ਲੱਖ ਚੁਰਾਸੀ ਦਏ ਡੁਬਾਈਆ । ਮਨਮਤ ਤੇਰੀ ਕੱਢੇ ਕਬਰ, ਮਨਮੁਖਤਾ ਦਏ ਦਬਾਈਆ । ਗੁਰਮੁਖਾਂ ਦੇਵੇ ਸਬੂਰੀ ਸਬਰ, ਸਾਬਰ ਜਾਬਰ ਆਪ ਅਖਵਾਈਆ । ਆਪਣਾ ਭਾਣਾ ਕਰੇ ਤਸੱਵਰ, ਸਾਲਸ ਆਪਣਾ ਆਪ ਅਖਵਾਈਆ । ਗੁਰਮੁਖ ਤੇਰਾ ਬਣ ਮੁਸੱਵਰ, ਮੂਰਤ ਤੇਰੀ ਖਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਖ ਵਖਾਈਆ । ਵੇਸ ਵਟਾਇਆ ਗੁਰਸਿਖ ਧਾਰ, ਧਰਨੀ ਧਵਲ ਸੁਹਾਇੰਦਾ । ਅੰਦਰੇ ਅੰਦਰ ਕਰੇ ਪਿਆਰ, ਡੂੰਘੀ ਕੰਦਰ ਮੇਲ ਮਿਲਾਇੰਦਾ । ਲੱਖ ਚੁਰਾਸੀ ਭੌਂਦੀ ਬੰਦਰ ਸਰਬ ਸੰਸਾਰ, ਸਾਕਤ ਸਾਕੀ ਦਿਸ ਨਾ ਆਇੰਦਾ । ਹਰਿਜਨ ਸਾਚੇ ਲਏ ਉਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਜਨ ਬਖ਼ਸ਼ੇ ਚਰਨ ਪਿਆਰ ।

## ✪ ੧੯ ਚੇਤ ੨੦੧੬ ਬਿਕ੍ਰਮੀ ਤਾਰਾ ਸਿੰਘ ਦੇ ਘਰ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਇਕ ਰਾਮ ਇਕ ਨਾਮ, ਇਕ ਜਾਮ ਪਿਆਈਆ । ਇਕ ਤ੍ਰਿਸਨਾ ਇਕ ਤਾਮ, ਇਕ ਭੁੱਖ ਮਿਟਾਈਆ । ਇਕ ਨਗਰ ਇਕ ਗਰਾਮ, ਇਕ ਖੇੜਾ ਰਿਹਾ ਵਸਾਈਆ । ਇਕ ਮਾਟੀ ਇਕ ਹਾਡੀ ਇਕ ਚਾਮ, ਰਕਤ ਬੂੰਦ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਮਸਕੀਨਨ ਵੇਖ ਵਖਾਈਆ । ਇਕ ਆਸ ਇਕ ਪਿਆਸ, ਏਕਾ ਤ੍ਰਿਪਤ ਕਰਾਇੰਦਾ । ਇਕ ਘਰ ਇਕ ਨਿਵਾਸ, ਏਕਾ ਦਰ ਸੁਹਾਇੰਦਾ । ਏਕਾ ਪੁਰਖ ਸ਼ਾਹ ਸ਼ਾਬਾਸ, ਸ਼ਾਹ ਸੁਲਤਾਨ ਇਕ ਅਖਵਾਇੰਦਾ । ਏਕਾ ਵੇਖ ਪ੍ਰਿਥਮੀ ਆਕਾਸ਼, ਏਕਾ ਗਗਨ ਮੰਡਲ ਫਰਾਇੰਦਾ । ਏਕਾ ਦਾਨੀ ਸਰਬ ਗੁਣਤਾਸ, ਦਾਨਵ ਦੇਵ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਏਕਾ ਇਕ ਸੁਹਾਇੰਦਾ । ਏਕਾ ਸਮੁੰਦ ਇਕ ਸਾਗਰ, ਏਕਾ ਲੋਟਾ ਨਾਮ ਭਰਾਈਆ । ਇਕ ਵਪਾਰ ਇਕ ਸੌਦਾਗਰ, ਏਕਾ ਵਣਜ ਕਰਾਈਆ । ਏਕਾ ਰਤਨ ਅਮੋਲਕ ਕਾਇਆ ਗਾਗਰ, ਏਕਾ ਗੁਰਮੁਖ ਹੱਥ ਫੜਾਈਆ । ਏਕਾ ਨਿਰਮਲ ਕਰਮ ਕਰੇ ਉਜਾਗਰ, ਏਕਾ ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਭੇਟ ਚੜ੍ਹਾਈਆ । ਏਕਾ ਵਸਤ ਏਕਾ ਦਸਤ, ਏਕਾ ਹੱਥ ਫੜਾਇੰਦਾ । ਏਕਾ ਕੀਟ ਏਕਾ ਹਸਤ, ਏਕਾ ਰੰਗ ਰੰਗਾਇੰਦਾ । ਏਕਾ ਨਾਮ ਖ਼ੁਮਾਰੀ ਰੱਖੇ ਮਸਤ, ਮਤ ਮਤਵਾਲਾ ਇਕ ਅਖਵਾਇੰਦਾ । ਏਕਾ ਨਾਮ ਵਿਕਾਏ ਆਪਣਾ ਸਸਤ, ਕਰਤਾ ਕੀਮਤ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਜਣਾਇੰਦਾ । ਏਕਾ ਵੱਡਾ ਏਕਾ ਛੋਟਾ, ਨੀਕਨ ਨੀਕ ਏਕਾ ਅਖਵਾਈਆ । ਏਕਾ ਖਰਾ ਏਕਾ ਖੋਟਾ, ਏਕਾ ਖ਼ਜ਼ਾਨੇ ਆਪਣੇ ਪਾਈਆ । ਏਕਾ ਤ੍ਰਿਪਤ ਏਕਾ ਰਹੇ ਅਤੋਟਾ, ਅਤੋਟ

ਅਤੁਟ ਇਕ ਅਖਵਾਈਆ । ਏਕਾ ਜਾਗਾ ਏਕਾ ਸੋਤਾ, ਏਕਾ ਸੋਏ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੀ ਭਵਰੀ ਮਾਰ ਗ਼ੋਤਾ, ਤੇਰਾ ਮਾਨਕ ਹੱਥ ਉਠਾਈਆ । ਤੇਰਾ ਮਾਣਕ ਤੇਰਾ ਹੀਰਾ, ਤੇਰੀ ਕੀਮਤ ਪਾਇੰਦਾ । ਸੀਸ ਜਗਦੀਸ ਬੱਧਾ ਚੀਰਾ, ਕਲਗ਼ੀ ਤੋੜਾ ਨਾਮ ਸਜਾਇੰਦਾ । ਮੇਲ ਮਿਲਾਵਾ ਸਾਚੇ ਵੀਰਾ, ਹਰਿ ਸੰਗਤ ਸੰਗ ਬੰਧਾਇੰਦਾ । ਹੱਥ ਫੜਾਇਆ ਇਕ ਕਸੀਰਾ, ਰਵਦਾਸਾ ਸੰਗ ਨਿਭਾਇੰਦਾ । ਗੰਗਾ ਘੱਤੀ ਜਾਏ ਵਹੀਰਾ, ਗੰਗੋਤਰੀ ਮੁਖ ਸਲਾਹਿੰਦਾ । ਹਉਮੇ ਲੱਗੀ ਕਾਇਆ ਪੀੜਾ, ਮਨ ਮਮਤਾ ਭਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣ ਅਵਗੁਣ ਵੇਖ ਵਖਾਇੰਦਾ । ਰਵਦਾਸ ਚੁਮਾਰੇ ਕਰ ਪਿਆਰ, ਕਸੀਰਾ ਹੱਥ ਫੜਾਇਆ । ਗੰਗਾ ਵੇਖੀ ਵੈਂਹਦੀ ਧਾਰ, ਗੁਰਮੁਖ ਭੇਟ ਚੜ੍ਹਾਇਆ । ਜੋਤ ਸ਼ਕਤੀ ਹੋ ਉਜਿਆਰ, ਆਦਿ ਸ਼ਕਤ ਰੂਪ ਵਟਾਇਆ । ਕੰਗਣ ਦੇਵੇ ਹੱਥ ਉਤਾਰ, ਰਸਨਾ ਬੋਲ ਸੁਣਾਇਆ । ਰਵਦਾਸ ਚੁਮਾਰਾ ਸਾਚਾ ਯਾਰ, ਏਕਾ ਸੇਜ ਸੁਹਾਵੀ ਬੈਠਾ ਆਸਣ ਲਾਇਆ । ਮੇਰੀ ਭੇਟਾ ਦੇਣੀ ਕਰ ਨਿਮਸਕਾਰ, ਨਿਉਂ ਨਿਉਂ ਮੇਰਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਸਚ ਕੰਗਣ ਲਿਆ ਚੁੱਕ, ਆਪਣਾ ਮੁਖ ਭਵਾਈਆ । ਰਵਦਾਸੇ ਕੋਲੋਂ ਗਿਆ ਲੁਕ, ਚਲਿਆ ਵਾਹੋ ਦਾਹੀਆ । ਜਗਤ ਤ੍ਰਿਸਨਾ ਲੱਗੀ ਭੁੱਖ, ਦਿਵਸ ਰੈਣ ਸਤਾਈਆ । ਅੰਤਮ ਵੇਲਾ ਗਿਆ ਢੁਕ, ਸ਼ਾਹ ਸੁਲਤਾਨਾਂ ਪਾਈ ਫਾਹੀਆ । ਹਰਿ ਕਾ ਭਾਣਾ ਨਾ ਜਾਏ ਰੁਕ, ਆਪ ਆਪਣਾ ਰਿਹਾ ਵਰਤਾਈਆ । ਨੇਤਰ ਨੀਰ ਨੈਣਾਂ ਗਿਆ ਸੁੱਕ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਧ ਨਾਤਾ ਪੁਰਖ ਬਿਧਾਤਾ, ਖੇਲੇ ਖੇਲ ਸਹਿਜ ਸੁਭਾਈਆ । ਸ਼ਾਹ ਸੁਲਤਾਨਾ ਲਿਆ ਫੜ, ਨਾ ਕੰਗਣ ਜੋੜ ਜੁੜਾਇਆ । ਲੇਖੇ ਲੱਗੇ ਨਾ ਸੀਸ ਧੜ, ਜੋ ਜਨ ਭਗਤੀ ਮੁਖ ਛੁਪਾਇਆ । ਭੈ ਭਿਆਨਕ ਹਰਿ ਕਾ ਰੂਪ ਏਕਾ ਅੱਖਰ ਲਿਆ ਪੜ੍ਹ, ਏਕਾ ਨਜ਼ਰੀ ਆਇਆ । ਰਵਦਾਸ ਚੁਮਾਰਾ ਅੱਗੇ ਖੜ, ਦਰ ਦਰਬਾਨਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਭੇਵ ਛਪਾਇਆ । ਰਵਦਾਸ ਚਮਾਰੇ ਦਰਸ਼ਨ ਪਾ, ਨੇਤਰ ਨੈਣ ਸ਼ਰਮਾਈਆ । ਸ਼ਾਹ ਸੁਲਤਾਨ ਦਏ ਸੁਣਾ, ਹਉਂ ਮੂਰਖ ਮੂੜ੍ਹ ਨਾ ਕੋਇ ਚਤੁਰਾਈਆ । ਮੈਂ ਭੁੱਲਾ ਤੂੰ ਭੁੱਲੀ ਨਾ, ਇਹ ਵਸਤ ਦਿਸੇ ਪਰਾਈਆ । ਮਿਲੇ ਮਾਲ ਧਨ ਰਵਦਾਸ ਚਮਾਰੇ ਕੁੱਲੀ ਸਾਚੇ ਥਾਂ, ਥਾਨ ਥਨੰਤਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਰ ਤ੍ਰੀਆ ਸੰਗ ਰਲਾਈਆ । ਤ੍ਰੀਆ ਪਿਰ ਕਰ ਪਿਆਰ, ਸਾਚਾ ਸੰਗ ਰਲਾਇਆ । ਆਇਆ ਚਲ ਰਵਦਾਸ ਦਵਾਰ, ਨਿਉਂ ਨਿਉਂ ਸੀਸ ਝੁਕਾਇਆ । ਗ਼ਰੀਬ ਨਿਮਾਣਾ ਕਰੇ ਸਤਿਕਾਰ, ਆਪ ਆਪਣਾ ਕਦਮ ਉਠਾਇਆ । ਭਗਤ ਬੋਲ ਰਸਨ ਜੈਕਾਰ, ਏਕਾ ਬੋਲ ਸੁਣਾਇਆ । ਸਾਜਣ ਮੇਰੇ ਸੱਚੇ ਯਾਰ, ਮੇਰਾ ਕਸੀਰਾ ਕਿਹੜੇ ਹੱਥ ਵਟਾਇਆ । ਜਗਤ ਤ੍ਰਿਸਨਾ ਕਰੇ ਖੁਵਾਰ, ਬਿਨ ਹਰਿ ਨਾਮ ਨਾ ਕੋਇ ਤਰਾਇਆ । ਮਾਤ ਪਿਤ ਭੈਣ ਭਾਈ ਪੁਤਰ ਧੀਆਂ ਨਾ ਕੋਈ ਯਾਰ, ਸਗਲਾ ਸੰਗ ਨਾ ਕੋਇ ਨਿਭਾਇਆ । ਬੋਲਿਆ ਬੋਲ ਰਸਨ ਉਚਾਰ, ਨਾ ਕੋਈ ਮੇਟੇ ਮੇਟ ਮਿਟਾਇਆ । ਪਾਂਧੀ ਢਹਿ ਪਿਆ ਦਵਾਰ, ਮੁੱਖੋਂ ਇਹ ਸੁਣਾਇਆ । ਕਵਣ ਘਾਟ ਉਤਰੇ ਪਾਰ, ਕੌਣ ਬੇੜਾ ਬੰਨ੍ਹੇ ਲਾਇਆ । ਭਗਤ ਭਗਵੰਤ ਅੱਗੇ ਕਰੇ ਪੁਕਾਰ, ਤੇਰਾ ਵਿਚੋਲਾ ਰਾਮ ਬਣਾਇਆ । ਤੇਰਾ ਮੇਰਾ ਰਿਹਾ ਉਧਾਰ, ਕਲਜੁਗ ਅੰਤਮ ਵੇਖ ਵਖਾਇਆ । ਤੇਰਾ ਬੋਲ ਪੂਰਾ ਦਏ

ਉਤਾਰ, ਆਪਣੀ ਹੱਥੀਂ ਲੇਖ ਲਿਖਾਇਆ । ਗੁਰਮੁਖ ਬਣਿਆ ਰਵਦਾਸ ਚਮਾਰ, ਤੇਰਾ ਤ੍ਰੈਗੁਣ ਮੂਲ ਚੁਕਾਇਆ । ਘਰ ਨਾ ਦਿਸਿਆ ਕੋਈ ਸੁੱਤ ਦੁਲਾਰ, ਰਵਦਾਸ ਚਮਾਰੇ ਮੁਖ ਸਰਾਫ਼ ਦਵਾਇਆ । ਮੰਗੀ ਮੰਗ ਦੂਜੀ ਵਾਰ, ਪ੍ਰਭ ਬੇੜਾ ਦਏ ਤਰਾਇਆ । ਪਿਛਲਾ ਕਰਜ਼ਾ ਦਿਤਾ ਉਤਾਰ, ਬਾਕੀ ਕੋਈ ਰਹਿਣ ਨਾ ਪਾਇਆ । ਦੂਜੀ ਗਰਜ਼ ਨਾ ਕੋਈ ਵਿਚ ਸੰਸਾਰ, ਭਗਤਾਂ ਹਿਤ ਜਾਮਾ ਪਾਇਆ । ਗੁਰਮੁਖਾਂ ਅੱਗੇ ਅਰਜ਼ ਕਰੇ ਆਪ ਨਿਰੰਕਾਰ, ਨਿਊਂ ਨਿਊਂ ਆਪ ਸੀਸ ਝੁਕਾਇਆ । ਅੰਤਮ ਕਰਨ ਆਇਆ ਖ਼ਬਰਦਾਰ, ਭੁੱਖ ਰਹੇ ਨਾ ਰਾਇਆ । ਟੁੱਟੇ ਫਲ ਲਗਾਏ ਡਾਲ੍ਹ, ਫੁਲ ਫੁਲਵਾੜੀ ਵੇਖ ਵਖਾਇਆ । ਆਪਣੀ ਚਲੀ ਅਵੱਲੜੀ ਚਾਲ, ਧੁਰ ਦੀ ਬਾਣ ਜਣਾਇਆ । ਗੁਰਸਿਖ ਤੇਰੀ ਘਾਲਣਾ ਆਪੇ ਰਿਹਾ ਘਾਲ, ਤੇਰਾ ਪੂਜਾ ਪਾਠ ਆਪਣੀ ਰਸਨਾ ਆਪੇ ਗਾਇਆ । ਤੇਰਾ ਅੰਤ ਨਾ ਹੋਏ ਜਵਾਲ, ਤੇਰਾ ਤੇਰਾ ਦਰ ਸੁਹਾਇਆ । ਕੀਮਤ ਪਾਏ ਅਨਮੁਲੜੇ ਲਾਲ, ਆਪਣਾ ਕੰਗਣ ਆਪਣੇ ਹੱਥ ਰਖਾਇਆ । ਰਵਦਾਸ ਚਮਾਰ ਬਣ ਦਲਾਲ, ਲੇਖਾ ਚਿੱਟੇ ਉਪਰ ਕਾਲਾ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੇਲ ਮਿਲਾਇਆ ।

### ✪ ੧੯ ਚੇਤ ੨੦੧੬ ਬਿਕ੍ਰਮੀ ਹੀਰਾ ਨੰਦ ਦੇ ਘਰ ਦਇਆ ਹੋਈ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਬਾਲੀ ਬੁਧ ਬੁਧ ਬਿਬੇਕ, ਬ੍ਰਹਮ ਮਤ ਜਣਾਈਆ । ਸਤਿਗੁਰ ਪੁਰਖ ਏਕਾ ਵੇਖ, ਏਕਾ ਇਸ਼ਟ ਮਨਾਈਆ । ਆਪਣਾ ਲਹਿਣਾ ਲਏ ਲੇਖ, ਪੂਰਬ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਿਰਿਆ ਮੇਟ ਮਿਟਾਈਆ । ਕਿਰਿਆ ਕਰਮ ਪਾਰ ਕਿਨਾਰਾ, ਧਰਮੀ ਧਰਮ ਧਰਾਇਆ । ਦਰਸ ਵਖਾਏ ਅਗੰਮ ਅਪਾਰਾ, ਸਾਚੀ ਸਰਨ ਲਗਾਇਆ । ਚਰਨ ਸਰਨ ਇਕ ਦਵਾਰਾ, ਸਾਚਾ ਦਰ ਵਖਾਇਆ । ਦਿਵਸ ਰੈਣ ਪਾਵੇ ਸਾਰਾ, ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਬਾਲਾ ਗੋਦ ਉਠਾਇਆ । ਬਾਲ ਅੰਞਾਣ ਸੁਰਤ ਸਵਾਣੀ, ਨੇਤਰ ਨੈਣ ਰਾਹ ਤਕਾਈਆ । ਸ਼ਬਦ ਮਿਲੇ ਗੁਰ ਸਾਚਾ ਹਾਣੀ, ਸਾਚੀ ਬਣਤ ਬਣਾਈਆ । ਘਰ ਅੰਮ੍ਰਿਤ ਦੇਵੇ ਠੰਡਾ ਪਾਣੀ, ਅਗਨੀ ਤੱਤ ਬੁਝਾਈਆ । ਇਕ ਸੁਣਾਏ ਅਨਹਦ ਬਾਣੀ, ਆਪਣਾ ਨਾਮ ਅਲਾਈਆ । ਲੇਖਾ ਚੁੱਕੇ ਚਾਰੇ ਖਾਣੀ, ਚੌਥੇ ਯੁਗ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜਾਣੇ ਆਪੇ ਅਕਥ ਕਹਾਣੀ, ਰਸਨਾ ਕਥ ਨਾ ਸਕੇ ਰਾਈਆ । ਬਾਲ ਜਵਾਨੀ ਏਕਾ ਰੰਗ, ਬਿਰਧ ਰੂਪ ਸਮਾਇਆ । ਸਤਿਗੁਰ ਪੂਰਾ ਸਗਲਾ ਸੰਗ, ਆਦਿ ਜੁਗਾਦਿ ਨਿਭਾਇਆ । ਬਿਰਹੋਂ ਕੁਠੀ ਮੰਗੀ ਮੰਗ, ਬਿਰਹੋਂ ਵਿਛੋੜਾ ਦਏ ਕਟਾਇਆ । ਮਾਨਸ ਜਨਮ ਨਾ ਹੋਏ ਭੰਗ, ਮਾਨਸ ਲੇਖੇ ਲਾਇਆ । ਆਪ ਸੁਹਾਏ ਸੁਹਾਵੀ ਸੇਜ ਪਲੰਘ, ਸਚ ਸਿੰਘਾਸਣ ਆਪ ਵਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪਣੇ ਦਰ, ਦਰ ਦਾਸ ਤਰਸ ਕਮਾਇਆ ।

## ੧੯ ਚੇਤ ੨੦੧੬ ਬਿਕ੍ਰਮੀ ਕੇਸੋ ਰਾਮ ਦੇ ਘਰ ਦਇਆ ਹੋਈ ਪਿੰਡ ਸਰਹਾਲੀ ਜੰਡੋਕੇ ਜ਼ਿਲਾ ਅੰਮ੍ਰਿਤਸਰ

ਆਦਿ ਪੁਰਖ ਸਰਬ ਜੀਆਂ ਦਾਤਾ, ਏਕਾ ਏਕਉਂਕਾਰਿਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਲੱਖ ਚੁਰਾਸੀ ਪਸਰ ਪਸਾਰਿਆ । ਜਨ ਭਗਤਾਂ ਬੰਨੇ ਚਰਨ ਨਾਤਾ, ਪੁਰਖ ਬਿਧਾਤਾ ਦਇਆ ਕਮਾ ਰਿਹਾ । ਸ਼ਬਦ ਜਣਾਈ ਸਾਚੀ ਗਾਥਾ, ਆਪਣਾ ਨਾਮ ਧਰਾ ਰਿਹਾ । ਜੁਗਾ ਜੁਗੰਤਰ ਚਲਾਏ ਰਾਥਾ, ਰਥ ਰਥਵਾਹੀ ਵੇਸ ਵਟਾ ਰਿਹਾ । ਸਰਬ ਕਲ ਆਪੇ ਸਮਰਾਥਾ, ਨਿਰਗੁਣ ਜੋਤ ਨੂਰ ਉਜਿਆਰਿਆ । ਖੇਲੇ ਖੇਲ ਤ੍ਰਿਲੋਕੀ ਨਾਥਾ, ਲੋਆਂ ਪੁਰੀਆਂ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਧਰਾ ਰਿਹਾ । ਆਦਿ ਨਿਰੰਜਣ ਪੁਰਖ ਅਬਿਨਾਸ਼ਾ, ਅਕਲ ਕਲਾ ਅਖਵਾਈਆ । ਸ਼ਾਹੋ ਭੂਪ ਹਰਿ ਸ਼ਾਹ ਸ਼ਾਬਾਸ਼ਾ, ਸਚ ਸੁਲਤਾਨ ਤਖ਼ਤ ਸੁਹਾਈਆ । ਖੇਲੇ ਖੇਲ ਪ੍ਰਿਥਮੀ ਆਕਾਸਾ, ਗਗਨ ਮੰਡਲ ਫੇਰਾ ਪਾਈਆ । ਦੋ ਜਹਾਨਾਂ ਪਾਵੇ ਰਾਸਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵਡ ਵਡਿਆਈਆ । ਇਕ ਅਕੱਲਾ ਅਕਲ ਕਲ ਧਾਰ, ਆਪਣੀ ਕਲ ਵਰਤਾਇੰਦਾ । ਇਕਉਂਕਾਰਾ ਰੂਪ ਅਪਾਰ, ਦਿਸ ਕਿਸੇ ਨਾ ਆਇੰਦਾ । ਸਤਿ ਪੁਰਖ ਨਿਰੰਜਣ ਜੋਤ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਆਪ ਆਪਣੇ ਅੰਗ ਸਮਾਇੰਦਾ । ਅਲੱਖ ਨਿਰੰਜਣ ਨਾਮ ਜੈਕਾਰ, ਆਪਣਾ ਨਾਅਰਾ ਆਪੇ ਲਾਇੰਦਾ । ਆਪੇ ਵਸੇ ਸਚਖੰਡ ਦਵਾਰ, ਸਚ ਸਿੰਘਾਸਣ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਬਣ ਸਿਕਦਾਰ, ਸ਼ਾਹੋ ਭੂਪ ਵੇਸ ਵਟਾਇੰਦਾ । ਆਦਿ ਜੁਗਾਦੀ ਬੰਨੇ ਧਾਰ, ਸ਼ਬਦ ਬ੍ਰਹਿਮਾਦੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਅਕਲ ਕਲਾ ਅਖਵਾਈਆ । ਲੱਖ ਚੁਰਾਸੀ ਕਰੇ ਪ੍ਰਿਤਪਾਲ, ਵਿਸ਼ਨੂੰ ਵੰਸੀ ਰੂਪ ਵਟਾਈਆ । ਬ੍ਰਹਮਾ ਵੇਤਾ ਬਣ ਦਲਾਲ, ਤ੍ਰੈਗੁਣ ਜੋੜ ਜੁੜਾਈਆ । ਸ਼ਿਵ ਸ਼ੰਕਰ ਰਿਹਾ ਆਪ ਸੰਭਾਲ, ਆਪਣੀ ਗੋਦੀ ਆਪ ਉਠਾਈਆ । ਕਰੋੜ ਤੇਤੀਸਾ ਹੋ ਉਜਿਆਰ, ਨਿਰਗੁਣ ਨੂਰ ਰੁਸ਼ਨਾਈਆ । ਸੁਰਪਤ ਰਾਜਾ ਖ਼ਬਰਦਾਰ, ਇੰਦਰ ਇੰਦਰਾਸਨ ਵੇਖ ਵਖਾਈਆ । ਰਵ ਸਸ ਪਾਵੇ ਸਾਰ, ਜੋਤੀ ਜੋਤ ਡਗਮਗਾਈਆ । ਬ੍ਰਹਿਮੰਡ ਖੰਡ ਕਰ ਵਿਚਾਰ, ਗਗਨ ਗਗਨੰਤਰ ਵੇਸ ਵਟਾਈਆ । ਲੋਆਂ ਪੁਰੀਆਂ ਮਹੱਲ ਉਸਾਰ, ਆਪ ਆਪਣਾ ਥਾਨ ਰਖਾਈਆ । ਧਰਤ ਧਵਲ ਦਏ ਸਹਾਰ, ਜਲ ਬਿੰਬ ਰਖਾਈਆ । ਸ਼ਬਦ ਅਨਾਦੀ ਹਰਿ ਕਰਤਾਰ, ਆਪਣਾ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕਉਂਕਾਰਾ ਖੇਲ ਖਿਲਾਈਆ । ਇਕਉਂਕਾਰਾ ਇਕ ਅਕੱਲਾ, ਏਕਾ ਏਕ ਅਖਵਾਇੰਦਾ । ਆਦਿ ਪੁਰਖ ਨਿਰੰਜਣ ਵਸੇ ਸਚ ਮਹੱਲਾ, ਉਚ ਅਟੱਲਾ ਆਪ ਰਖਾਇੰਦਾ । ਨਿਰਗੁਣ ਦੀਪਕ ਨਿਰਗੁਣ ਜੋਤ ਆਪੇ ਬੱਲਾ, ਪਰਕਾਸ਼ ਪਰਕਾਸ਼ ਆਪ ਉਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਥਿਰ ਘਰ ਸਾਚੇ ਆਪੇ ਮੱਲਾ, ਸਚ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਾਇੰਦਾ । ਆਪਣਾ ਨਾਉਂ ਆਪੇ ਰੱਖ, ਆਪ ਲਏ ਉਪਜਾਈਆ । ਆਪਣਾ ਰੂਪ ਕਰ ਪਰਤੱਖ, ਆਪੇ ਵੇਖ ਵਖਾਈਆ । ਆਪਣਾ ਆਪੇ ਕਰੇ ਵੱਖ, ਆਪਣੀ ਵੰਡ ਵੰਡਾਈਆ । ਆਪੇ ਵਸੇ ਚੁਰਾਸੀ ਲੱਖ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਿਲਾਈਆ । ਆਦਿ ਜੁਗਾਦੀ ਹਰਿ ਹਰਿ

ਖੇਲਾ, ਹਰਿ ਸਾਚਾ ਆਪ ਖਿਲਾਇੰਦਾ । ਆਪ ਆਪਣੀ ਕਿਰਪਾ ਕਰ ਪੰਜ ਤੱਤ ਮੇਲਾ, ਪੰਚਮ ਪੰਚਮ ਜੋੜ ਜੁੜਾਇੰਦਾ । ਖੇਲੇ ਖੇਲ ਗੁਣੀ ਗਹਿੰਦਾ, ਗਹਿਰ ਗੰਭੀਰ ਭੇਵ ਨਾ ਆਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪ ਅਖਵਾਇੰਦਾ । ਨਿਰਗੁਣ ਧਾਰ ਜੋਤ ਨਿਰੰਕਾਰ, ਏਕਾ ਰੰਗ ਰੰਗਾਈਆ । ਆਪ ਆਪਣਾ ਕਰ ਉਜਿਆਰ, ਆਪੇ ਵੇਖ ਵਖਾਈਆ । ਆਪ ਆਪਣਾ ਕਰ ਪਸਾਰ, ਆਪੇ ਵਿਚ ਸਮਾਈਆ । ਆਪ ਆਪਣਾ ਦਏ ਆਧਾਰ, ਆਪ ਆਪਣੀ ਰਚਨ ਰਚਾਈਆ । ਆਪ ਆਪਣਾ ਕਰ ਪਿਆਰ, ਆਪ ਆਪਣੀ ਬੂਝ ਬੁਝਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਬ੍ਰਹਮ ਬ੍ਰਹਮ ਕਰੇ ਕੁੜਮਾਈਆ । ਨਾ ਮਰੇ ਨਾ ਪਏ ਜੰਮ ਵਿਚ ਸੰਸਾਰ, ਜੁਗਾ ਜੁਗੰਤਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਕਰਤਾ ਆਪ ਅਖਵਾਈਆ । ਜਗ ਕਰਤਾ ਹਰਿ ਕਰਨੇਹਾਰਾ, ਕਰਨੀ ਕਿਰਤ ਕਮਾਇੰਦਾ । ਲੋਕਮਾਤ ਲੈ ਅਵਤਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਮਨ ਮਤ ਬੁਧ ਵਸਿਆ ਬਾਹਰਾ, ਕਾਮ ਕਸਾਲ ਮੋਹ ਨੇੜ ਨਾ ਆਇੰਦਾ । ਆਸਾ ਤ੍ਰਿਸਨਾ ਪਾਰ ਕਿਨਾਰਾ, ਮਾਇਆ ਮਮਤਾ ਮੋਹ ਚੁਕਾਇੰਦਾ । ਆਪਣੀ ਵਸਤ ਸਚ ਭੰਡਾਰਾ, ਘਰ ਸਾਚੇ ਆਪ ਟਿਕਾਇੰਦਾ । ਸ਼ਬਦ ਅਨਾਦੀ ਸੱਚੀ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਸੁਣੇ ਸੁਣਾਏ ਸੁਨਣੇਹਾਰਾ, ਦਿਸ ਕਿਸੇ ਨਾ ਆਇੰਦਾ । ਦਿਵਸ ਰੈਣ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਅੰਮ੍ਰਿਤ ਭਰੇ ਠੰਡੀ ਠਾਰਾ, ਸਚ ਸਰੋਵਰ ਇਕ ਜਣਾਇੰਦਾ । ਬਜਰ ਕਪਾਟੀ ਲਾਏ ਪਾੜਾ, ਆਪਣਾ ਮੁਖ ਵਖਾਇੰਦਾ । ਸਾਚੀ ਸੇਜਾ ਹੋ ਤਿਆਰਾ, ਸਚ ਸਿੰਘਾਸਣ ਇਕ ਸੁਹਾਇੰਦਾ । ਨਿਰਗੁਣ ਨੂਰ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਤਿਗੁਰ ਰੂਪ ਰੂਪ ਕਰਤਾਰਾ, ਗੁਰ ਗੁਰ ਗੁਰ ਆਪ ਅਖਵਾਇੰਦਾ । ਸ਼ਬਦ ਅਗੰਮੀ ਸਾਚੀ ਧਾਰਾ, ਆਪਣੀ ਆਪ ਚਲਾਇੰਦਾ । ਸੰਤ ਸੁਹੇਲੇ ਕਰੇ ਖ਼ਬਰਦਾਰਾ, ਸੋਏ ਮਾਤ ਉਠਾਇੰਦਾ । ਜਨ ਭਗਤ ਕਰਾਏ ਵਣਜ ਵਣਜਾਰਾ, ਏਕਾ ਇਕ ਵਖਾਏ ਘਰ ਸੱਚਾ ਘਰ ਬਾਰਾ, ਦੂਜਾ ਦਰ ਨਾ ਕੋਇ ਜਣਾਇੰਦਾ । ਨੇਤਰ ਲੋਚਨ ਇਕ ਉਘਾੜਾ, ਏਕਾ ਅੱਖਰ ਵਖਾਇੰਦਾ । ਸਾਚੀ ਸਖੀਆਂ ਲਾਇਆ ਅਖਾੜਾ, ਏਕਾ ਮੰਗਲ ਗਾਇੰਦਾ । ਜਗੇ ਜੋਤ ਬਹੱਤਰ ਨਾੜਾ, ਅੰਧ ਅੰਧੇਰ ਮਿਟਾਇੰਦਾ । ਧੁਰ ਦਰਗਾਹੀ ਸਾਚਾ ਲਾੜਾ, ਲੋਕਮਾਤ ਫੇਰਾ ਪਾਇੰਦਾ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਜਲਾਂ ਥਲਾਂ ਵੇਖੇ ਡੂੰਘੀ ਗਾਰਾ, ਸਮੁੰਦ ਸਾਗਰ ਫੋਲ ਵਰੋਲ ਵਖਾਇੰਦਾ । ਜਨ ਭਗਤਾਂ ਕਰੇ ਆਪ ਪਿਆਰਾ, ਆਪ ਆਪਣੀ ਦਇਆ ਕਮਾਇੰਦਾ । ਤੋੜੇ ਗੜ੍ਹ ਹਉਮੇ ਹੰਗਤਾ ਪਾਰ ਕਿਨਾਰਾ, ਦਰ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਸਾਚੀ ਵਡ ਵਡਿਆਈਆ । ਜੁਗ ਜੁਗ ਹਰਿਜਨ ਰੱਖੇ ਦੇ ਕਰ ਹੱਥ, ਆਪ ਆਪਣੀ ਬੂਝ ਬੁਝਾਈਆ । ਜਗਤ ਵਿਕਾਰਾ ਦੇਵੇ ਮਥ, ਬਹਿ ਹਰਿ ਮਤ ਇਕ ਸਮਝਾਈਆ । ਇਕ ਵਖਾਏ ਸਾਚਾ ਤੱਤ, ਰੱਤੀ ਰੱਤ ਰਹਿਣ ਨਾ ਪਾਈਆ । ਅੰਮ੍ਰਿਤ ਆਤਮ ਬੀਜ ਸਾਚਾ ਵੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲੇ ਖੇਲ ਬੇਪਰਵਾਹੀਆ । ਪੁਰਖ ਨਿਰੰਜਣ ਬੇਪਰਵਾਹ, ਆਦਿ ਜੁਗਾਦਿ ਅਖਵਾਇਆ । ਜੁਗ ਜੁਗ ਬਣੇ ਜਗਤ ਮਲਾਹ, ਜੁਗ ਜੁਗ ਬੇੜਾ ਰਿਹਾ ਤਰਾਇਆ । ਜੁਗ ਜੁਗ ਦੇਵੇ

ਨਾਮ ਸਲਾਹ, ਨਾਮ ਨਾਮਾ ਆਪ ਵਰਤਾਇਆ । ਜੁਗ ਜੁਗ ਜਨ ਭਗਤਾਂ ਪਕੜੇ ਬਾਂਹ, ਭਵ ਸਾਗਰ ਪਾਰ ਕਰਾਇਆ । ਜੁਗ ਜੁਗ ਨਥਾਵਿਆਂ ਦੇਵੇ ਥਾਂ, ਗ਼ਰੀਬ ਨਿਮਾਣਾ ਗਲੇ ਲਗਾਇਆ । ਜੁਗ ਜੁਗ ਹੰਸ ਬਣਾਏ ਕਾਂ, ਜੋ ਜਨ ਸਰਨਾਈ ਆਇਆ । ਜੁਗ ਜੁਗ ਜਿਸ ਜਨ ਬਣੇ ਪਿਤਾ ਮਾਂ, ਆਪ ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਲ ਛਲ ਧਾਰ ਹਰਿ ਨਿਰੰਕਾਰ, ਅਛਲ ਅਛੱਲ ਆਪ ਅਖਵਾਇਆ । ਅਛਲ ਅਛੱਲ ਹਰਿ ਹਰਿ ਖੇਲ, ਜੁਗ ਜੁਗ ਆਪ ਕਰਾਇੰਦਾ । ਸੰਤ ਸੁਹੇਲੇ ਸਾਜਣ ਮੇਲ, ਆਪ ਆਪਣਾ ਭੇਵ ਚੁਕਾਇੰਦਾ । ਆਪੇ ਵਸੇ ਰੰਗ ਨਵੇਲ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਨਾਮ ਹਰਿ ਨਿਰੰਕਾਰਾ, ਆਪਣਾ ਆਪ ਉਪਜਾਈਆ । ਓਅੰ ਰੂਪ ਨਿਰਾਕਾਰਾ, ਨਿਰਗੁਣ ਧਾਰ ਚਲਾਈਆ । ਰਾਮ ਨਾਮ ਸਚ ਜੈਕਾਰਾ, ਸਾਚਾ ਸ਼ਬਦ ਅਲਾਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਏਕਾ ਬੰਸਰੀ ਨਾਮ ਵਜਾਈਆ । ਈਸਾ ਮੂਸਾ ਖ਼ਬਰਦਾਰਾ, ਏਕਾ ਕਲਮਾ ਆਪ ਪੜ੍ਹਾਈਆ । ਸੰਗ ਮੁਹੰਮਦ ਚਾਰ ਯਾਰਾ, ਐਨਲਹੱਕ ਸੁਣਾਈਆ । ਨਾਨਕ ਸਾਜਣ ਸਚ ਵਣਜਾਰਾ, ਨਾਮ ਸਤਿ ਵੰਡ ਵੰਡਾਈਆ । ਗੋਬਿੰਦ ਗੁਰ ਹੋ ਤਿਆਰਾ, ਵਾਹਿਗੁਰੂ ਫ਼ਤਿਹ ਗਜਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਖੇਲੇ ਖੇਲ ਬੇਪਰਵਾਹੀਆ । ਚਾਰ ਵਰਨਾਂ ਇਕ ਆਧਾਰਾ, ਏਕਾ ਕਰੇ ਪੜ੍ਹਾਈਆ । ਇਕ ਵਖਾਏ ਸਚ ਦਵਾਰਾ, ਊਚ ਨੀਚ ਨਾ ਕੋਇ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸੁਹਾਏ ਬੰਕ ਦਵਾਰਾ, ਬੰਕ ਦਵਾਰਾ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਹਰਿ ਹਰਿ ਆਪਣੀ ਧਾਰ ਬੰਨਾਏ, ਹਰਿ ਸਾਚਾ ਸੱਜਣ ਸੁਹੇਲਿਆ । ਜੁਗਾ ਜੁਗੰਤਰ ਵੇਸ ਵਟਾਏ, ਖੇਲੇ ਖੇਲ ਇਕ ਅਕੇਲਿਆ । ਹਰਿ ਕਾ ਭੇਵ ਕੋਇ ਨਾ ਪਾਏ, ਲੇਖਾ ਲਿਖੇ ਨਾ ਕੋਇ ਨਾ ਕੋਈ ਜਾਣੇ ਵਕ਼ਤ ਵੇਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸੱਜਣ ਸੁਹੇਲਿਆ । ਹਰਿ ਕਾ ਭੇਵ ਭੇਵ ਨਿਰਾਲਾ, ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਜੁਗ ਜੁਗ ਵੇਸ ਕਰਾਇੰਦਾ । ਕਲਜੁਗ ਅੰਤਮ ਬਣ ਦਲਾਲਾ, ਗੁਰ ਸ਼ਬਦੀ ਫੇਰਾ ਪਾਇੰਦਾ । ਲੱਖ ਚੁਰਾਸੀ ਵੇਖੇ ਕਾਇਆ ਡਾਲ੍ਹਾ, ਕਵਣ ਫਲ ਤਨ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨੂਰ ਆਪ ਪਰਗਟਾਇੰਦਾ । ਆਪਣਾ ਨੂਰ ਆਪ ਉਪਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਅਕੱਲਾ ਫੇਰੀ ਪਾ, ਅਕਲ ਕਲਾ ਵਰਤਾਈਆ । ਕੂੜੀ ਕਿਰਿਆ ਦਏ ਮਿਟਾ, ਜੂਠ ਝੂਠ ਰਹਿਣ ਨਾ ਪਾਈਆ । ਚਾਰ ਵਰਨ ਬਣਾਏ ਭੈਣ ਭਰਾ, ਦੂਈ ਦਵੈਤੀ ਮੇਟ ਮਿਟਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਗ਼ਰੀਬ ਨਿਮਾਣੇ ਬਹਾਏ ਏਕਾ ਥਾਂ, ਤਖ਼ਤ ਤਾਜ ਨਾ ਕੋਇ ਹੰਢਾਈਆ । ਨੌਂ ਖੰਡ ਪ੍ਰਿਥਮੀ ਦੇਵੇ ਏਕਾ ਛਾਂ, ਏਕਾ ਰੰਗ ਰੰਗਾਈਆ । ਦੋ ਜਹਾਨਾਂ ਕਰੇ ਸਚ ਨਿਆਂ, ਚੌਦਾਂ ਤਬਕਾਂ ਫੋਲ ਫੋਲਾਈਆ । ਚੌਦਾਂ ਲੋਕਾਂ ਫੇਰਾ ਪਾ, ਏਕਾ ਰਾਗ ਰਿਹਾ ਸੁਣਾਈਆ । ਸਚ ਸਲੋਕਾ ਢੋਲਾ ਗਾ, ਆਪਣਾ ਚੋਲਾ ਆਪ ਬਦਲਾਈਆ । ਸ੍ਰਿਸ਼ਟ ਸਬਾਈ ਤੇਰਾ ਤੋਲਾ ਆਪ ਅਖਵਾ, ਨਾਮ ਕੰਡੇ ਤੋਲ ਤੁਲਾਈਆ । ਨਿਰਗੁਣ ਵਿਚੋਲਾ ਇਕ ਅਖਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਖੇਲ ਖਿਲੌਣਾ, ਹਰਿ ਸਾਚੇ ਵਡ ਵਡਿਆਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਰਾਜ ਰਾਜਾਨ ਨਾ

ਕੋਇ ਦਸਾਈਆ । ਊਚਾਂ ਨੀਚਾਂ ਇਕ ਕਰੌਣਾ, ਏਕਾ ਸ਼ਬਦ ਕਰੇ ਪੜ੍ਹਾਈਆ । ਰਾਗ ਅਨਾਦੀ ਏਕਾ ਗੌਣਾ, ਏਕਾ ਮੰਗਲ ਗਾਈਆ । ਰਾਮ ਕ੍ਰਿਸ਼ਨਾ ਰੂਪ ਵਟੌਣਾ, ਹਰਿ ਸਾਚੇ ਵਡ ਵਡਿਆਈਆ । ਇਸ਼ਟ ਦੇਵ ਗੁਰ ਆਪ ਮਨੌਣਾ, ਨੇਤਰ ਨੈਣ ਆਪ ਜਣਾਈਆ । ਕਲਮਾ ਅਮਾਮ ਇਕ ਪੜ੍ਹੌਣਾ, ਕਾਇਨਾਤ ਫੇਰਾ ਪਾਈਆ । ਨਿਰਗੁਣ ਜੋਤੀ ਡਗਮਗੌਣਾ, ਨੂਰੋ ਨੂਰ ਕਰੇ ਰੁਸ਼ਨਾਈਆ । ਅੱਲਾ ਰਾਣੀ ਵਿਚ ਸਮੌਣਾ, ਸੰਗ ਮੁਹੰਮਦ ਕਰ ਕੁੜਮਾਈਆ । ਮੱਕਾ ਕਾਅਬਾ ਵੇਖ ਵਖੌਣਾ, ਹੱਕ ਜਨਾਬਾ ਸਹਿਜ ਸੁਭਾਈਆ । ਨਾਮ ਸਤਿ ਤੇਰਾ ਸਤਿ ਵਰਤਾਰ ਕਰੌਣਾ, ਸਤਿ ਸਤਿ ਵੱਜੇ ਵਧਾਈਆ । ਨਾਨਕ ਨਿਰਗੁਣ ਨੂਰ ਧਰੌਣਾ, ਗੋਬਿੰਦ ਕਰ ਰੁਸ਼ਨਾਈਆ । ਵੇਦ ਵਿਆਸਾ ਭੇਵ ਖੁਲ੍ਹੌਣਾ, ਭੇਵ ਅਭੇਦਾ ਆਪ ਜਣਾਈਆ । ਪੂਤ ਸਪੂਤਾ ਨਾਮ ਉਪਜੌਣਾ, ਬ੍ਰਹਿਮਣ ਗੌੜਾ ਥਾਨ ਸੁਹਾਈਆ । ਉਚੇ ਟਿੱਲੇ ਪਰਬਤ ਡੇਰਾ ਲੌਣਾ, ਬਜਰ ਕਪਾਟੀ ਸਿਲਾ ਰਖਾਈਆ । ਸਾਚਾ ਮੰਦਰ ਇਕ ਸੁਹੌਣਾ, ਨਾ ਕੋਈ ਬਾਢੀ ਬਣਤ ਬਣਾਈਆ । ਸਚ ਸਿੰਘਾਸਣ ਆਸਣ ਲੌਣਾ, ਪਾਵਾ ਚੂਲ ਨਾ ਕੋਇ ਰਖਾਈਆ । ਦੀਵਾ ਬਾਤੀ ਇਕ ਜਗੌਣਾ, ਤੇਲ ਵੱਟੀ ਨਾ ਕੋਈ ਪਾਈਆ । ਕਮਲਾਪਾਤੀ ਮੁਖ ਵਖੌਣਾ, ਅੰਤਮ ਝਾਕੀ ਏਕਾ ਪਾਈਆ । ਅਸਵ ਘੋੜਾ ਰਾਕੀ ਆਪ ਉਠੌਣਾ, ਸੋਲਾਂ ਕਲੀਆਂ ਆਸਣ ਉਪਰ ਪਾਈਆ । ਜੋਧਾ ਸੂਰ ਬਲੀ ਬਲਵਾਨ ਹਰਿ ਨਿਰੰਕਾਰ ਨਾਉਂ ਰਖੌਣਾ, ਲੋਆਂ ਪੁਰੀਆਂ ਫੇਰਾ ਪਾਈਆ । ਖੜਗ ਖੰਡ ਤੇਜ਼ ਪਰਚੰਡ ਬ੍ਰਹਿਮੰਡ ਆਪ ਖੜਕੌਣਾ, ਆਪ ਆਪਣੇ ਹੱਥ ਉਠਾਈਆ । ਉਤਭੁਜ ਸੇਤਜ ਜੇਰਜ ਅੰਡ ਵੰਡ ਵੰਡੌਣਾ, ਵੰਡਣਹਾਰ ਦਿਸ ਨਾ ਆਈਆ । ਕਲਜੁਗ ਭੇਖ ਪਖੰਡ ਮੁਕੌਣਾ, ਖ਼ਾਲੀ ਠੂਠਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਚ ਧਾਰ ਚਲਾਈਆ । ਕਲਜੁਗ ਤੇਰਾ ਲੇਖ ਚੁਕਾਇਆ, ਹਰਿ ਗਹਿਰ ਗੁਣੀ ਗਹੀਰਾ । ਸ੍ਰਿਸ਼ਟ ਸਬਾਈ ਰਿਹਾ ਜਗਾਇਆ, ਮੁੱਲਾਂ ਸ਼ੇਖ਼ ਮੁਸਾਇਕ ਪੀਰਾ । ਏਕਾ ਨਾਅਰਾ ਰਿਹਾ ਲਗਾਇਆ, ਵੇਖ ਵਖਾਏ ਸ਼ਾਹ ਹਕੀਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਪੀਰਨ ਪੀਰਾ । ਪੀਰ ਪੈਗ਼ੰਬਰ ਔਲੀਆ ਸ਼ੇਖ਼, ਆਪੇ ਸਾਚਾ ਵੇਖ ਵਖਾਇੰਦਾ । ਆਪੇ ਲਾਵਣਹਾਰਾ ਮੇਖ, ਆਪੇ ਜੜ ਉਖੜਾਇੰਦਾ । ਸਦੀ ਚੌਧਵੀ ਧਰਿਆ ਭੇਸ, ਨੂਰ ਇਲਾਹੀ ਮੇਲ ਮਿਲਾਇੰਦਾ । ਦਰ ਦਵਾਰੇ ਹੋਏ ਦਰ ਦਰਵੇਸ਼, ਅਲਫ਼ ਅਲਫ਼ੀ ਏਕਾ ਪਾਇੰਦਾ । ਪਕੜ ਉਠਾਏ ਨਰ ਨਰੇਸ਼, ਸ਼ਾਹ ਨਵਾਬ ਸਰਬ ਮਿਟਾਇੰਦਾ । ਲੈ ਅੰਗੜਾਈ ਬਾਸ਼ਕ ਸ਼ੇਸ਼, ਸ਼ਹੰਸਰ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਤੇਰੀ ਅੰਤਮ ਰੁਤ, ਹਰਿ ਸੱਜਣ ਵੇਖ ਵਖਾਇੰਦਾ । ਵੇਖਣਹਾਰਾ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪ ਆਪਣਾ ਰੂਪ ਪਰਗਟਾਇੰਦਾ । ਪੰਚ ਵਿਕਾਰਾ ਰਿਹਾ ਲੁੱਟ, ਸਤਿ ਸੰਤੋਖ ਨਾ ਕੋਇ ਵਖਾਇੰਦਾ । ਮਨਮਤ ਵਾਸਨਾ ਹੋਈ ਖੋਟ, ਗੁਰਮਤ ਨਾ ਕੋਇ ਜਣਾਇੰਦਾ । ਸਾਧਾਂ ਸੰਤਾਂ ਭਰੀ ਨਾ ਪੋਟ, ਮਾਇਆ ਤ੍ਰਿਸਨਾ ਅਗਨ ਵਧਾਇੰਦਾ । ਜਤ ਸਤਿ ਨਾ ਦਿਸੇ ਤੇੜ ਲੰਗੋਟ, ਕਾਮ ਕਰੋਧ ਹਲਕਾਇੰਦਾ । ਬਿਨ ਗੁਰਮੁਖ ਵਿਰਲੇ ਪਾਰਬ੍ਰਹਮ ਤੇਰੀ ਕੋਇ ਨਾ ਰੱਖੇ ਓਟ, ਲੱਖ ਚੁਰਾਸੀ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਇੰਦਾ । ਲੱਖ ਚੁਰਾਸੀ ਗਈ ਭੁੱਲ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਕਾ ਸ਼ਬਦ ਵੇਚਣ ਮੁਲ, ਕਰਤਾ ਕੀਮਤ ਕੋਇ ਨਾ ਪਾਇੰਦਾ । ਰਾਮ ਨਾਮ ਗਿਆ ਰੁਲ, ਸਾਚਾ ਹੱਟ ਨਾ ਕੋਇ ਵਖਾਇੰਦਾ । ਵਰਨਾਂ ਬਰਨਾਂ ਪਿਆ ਘੋਲ,

੩੭੩
੦੮

ਜਗਤ ਅਖਾੜਾ ਇਕ ਸੁਹਾਇੰਦਾ । ਜੂਠ ਝੂਠ ਰਿਹਾ ਡੋਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਅੰਮ੍ਰਿਤ ਆਤਮ ਸਾਚੀ ਮਿਲੇ ਨਾ ਕਿਸੇ ਪੌਹਲ, ਅੰਮ੍ਰਿਤ ਰਸ ਨਾ ਕੋਇ ਚਵਾਇੰਦਾ । ਸਤਿਗੁਰ ਪੂਰਾ ਦਿਸੇ ਕਿਸੇ ਨਾ ਕੋਲ, ਰਸਨਾ ਜੇਹਵਾ ਸਰਬ ਜਗ ਗਾਇੰਦਾ । ਗੁਰਮੁਖ ਵਿਰਲੇ ਅੰਦਰ ਵੱਜੇ ਅਨਹਦ ਢੋਲ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਪਣਾ ਪੜਦਾ ਆਪੇ ਖੋਲ੍ਹ, ਜਨ ਭਗਤਾਂ ਮੇਲ ਮਿਲਾਇੰਦਾ । ਆਪੇ ਹੋਏ ਕਲਾ ਸੋਲ, ਗ਼ਰੀਬ ਨਿਮਾਣਾ ਆਪ ਅਖਵਾਇੰਦਾ । ਆਪੇ ਘਟ ਘਟ ਅੰਦਰ ਰਿਹਾ ਬੋਲ, ਆਪੇ ਮੁਖ ਛੁਪਾਇੰਦਾ । ਆਪੇ ਉਲਟਾ ਕਰੇ ਨਾਭ ਕਵਲ, ਨਿਝਰ ਧਾਰਾ ਆਪ ਵਖਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਸਾਵਲ ਸਵਲ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਇੰਦਾ । ਆਪੇ ਜੋਤ ਨਿਰੰਕਾਰੀ ਵਸੇ ਉਪਰ ਧਵਲ, ਆਪੇ ਪੰਜ ਤੱਤ ਨਾਨਕ ਡੇਰਾ ਲਾਇੰਦਾ । ਆਪੇ ਗੁਰ ਗੋਬਿੰਦ ਕੀਤਾ ਕੌਲ, ਕੌਲ ਕਲਜੁਗ ਅੰਤਮ ਪੂਰ ਕਰਾਇੰਦਾ । ਗੁਰ ਕਾ ਬਚਨ ਨਾ ਮੇਟੇ ਕੋਈ ਰੱਤੀ ਚੌਲ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਜਾਇੰਦਾ । ਹਰਿ ਹਰਿ ਨਾਉਂ ਹਰਿ ਬਨਵਾਰੀ, ਹਰਿ ਹਰਿ ਪੈਜ ਰਖਾਈਆ । ਹਰਿ ਜੋਤ ਨਿਰਗੁਣ ਧਾਰੀ, ਨਿਰਵੈਰ ਆਪ ਸਮਾਈਆ । ਅਕਾਲ ਮੂਰਤ ਖੇਲ ਨਿਆਰੀ, ਭੇਵ ਕੋਇ ਨਾ ਪਾਈਆ । ਜੂਨੀ ਰਹਿਤ ਵਡ ਸਿਕਦਾਰੀ, ਸਚ ਸਿਕਦਾਰ ਆਪ ਅਖਵਾਈਆ । ਆਵੇ ਜਾਵੇ ਵਾਰੋ ਵਾਰੀ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਹਰਿ ਕਾ ਨੂਰ ਜੋਤ ਜਵਾਲਾ, ਏਕਾ ਰੰਗ ਸਮਾਇਆ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਦੀਨਾਂ ਨਾਥਾਂ ਲਏ ਤਰਾਇਆ । ਚਾਰ ਵਰਨ ਵਖਾਏ ਇਕ ਸੱਚੀ ਧਰਮਸਾਲਾ, ਕਾਇਆ ਮੰਦਰ ਕੁੰਡਾ ਲਾਹਿਆ । ਤੋੜ ਤੁੜਾਏ ਜਗਤ ਜੰਜਾਲਾ, ਕਾਲ ਮਹਾਂਕਾਲਾ ਵੇਖ ਵਖਾਇਆ । ਨਾਮ ਪਹਿਨਾਏ ਸਚ ਦੋਸ਼ਾਲਾ, ਝੂਠਾ ਬਸਤਰ ਰਹਿਣ ਨਾ ਪਾਇਆ । ਫਲ ਲਗਾਏ ਏਕਾ ਡਾਲ੍ਹਾ, ਏਕਾ ਮੁਖ ਖਵਾਇਆ । ਆਪੇ ਸ਼ਾਹ ਆਪੇ ਕੰਗਾਲਾ, ਨਾਮ ਧਨ ਖ਼ਜ਼ਾਨਾ ਆਪਣੇ ਹੱਥ ਰਖਾਇਆ । ਆਦਿ ਜੁਗਾਦੀ ਆਪੇ ਜਾਣੇ ਆਪਣੀ ਆਣਾ, ਵੇਦ ਕਤੇਬ ਭੇਵ ਨਾ ਰਾਇਆ । ਜੁਗਾ ਜੁਗੰਤਰ ਵਰਤੇ ਭਾਣਾ, ਹਰਿ ਭਾਣੇ ਵਿਚ ਸਮਾਇਆ । ਕਲਜੁਗ ਮੇਟੇ ਝੂਠਾ ਰਾਣਾ, ਝੂਠੀ ਰਈਅਤ ਵੇਖ ਵਖਾਇਆ । ਜਨ ਭਗਤਾਂ ਦੇਵੇ ਆਤਮ ਅੰਤਰ ਇਕ ਗਿਆਨਾ, ਏਕਾ ਬ੍ਰਹਮ ਜਣਾਇਆ । ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਵਖਾਨਾ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਜਾਇਆ । ਉਪਜਿਆ ਨਾਉਂ ਹਰਿ ਗੋਬਿੰਦ, ਹਰਿ ਸਤਿਗੁਰ ਪੁਰਖ ਸੁਲਤਾਨਿਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਦੇਵੇ ਦਰਸ ਸ੍ਰੀ ਭਗਵਾਨਿਆ । ਦਾਤਾ ਦਾਨੀ ਗੁਣੀ ਗਹਿੰਦ, ਵੇਖ ਵਖਾਏ ਦੋ ਜਹਾਨਿਆ । ਸਰਬ ਜੀਆਂ ਆਪੇ ਬਖ਼ਸ਼ਿੰਦ, ਜੋ ਜਨ ਰੱਖੇ ਚਰਨ ਧਿਆਨਿਆ । ਮਨਮੁਖ ਲਗਾਏ ਆਪਣੀ ਨਿੰਦ, ਦਰਗਹਿ ਸਾਚੀ ਨਾ ਕੋਇ ਟਿਕਾਨਿਆ । ਅਬਿਨਾਸ਼ੀ ਕਰਤਾ ਨਾ ਕੋਈ ਸੋਗ ਨਾ ਕੋਈ ਚਿੰਦ, ਏਕਾ ਰੰਗ ਰੰਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪਰਗਟੇ ਜੋਧਾ ਸੂਰਬੀਰ ਬਲੀ ਬਲਵਾਨਿਆ । ਜੋਧਾ ਸੂਰਬੀਰ ਹਰਿ ਨਿਰੰਕਾਰ, ਜੋਤੀ ਨੂਰ ਅਕਾਲਿਆ । ਨਾਮ ਖੰਡਾ ਤੇਜ਼ ਕਟਾਰ, ਤਿਖੀ ਧਾਰ ਆਪ ਰਖਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਕਰੇ ਖ਼ਬਰਦਾਰ, ਵੇਲੇ ਅੰਤ ਆਪ


੩੭੪
੦੮

ਉਠਾ ਲਿਆ । ਦੇਵਤ ਸੁਰ ਦਏ ਹੁਲਾਰ, ਗਣ ਗੰਧਰਬ ਸੁਰਤ ਸੰਭਾਲਿਆ । ਲੋਕਮਾਤ ਕਰੇ ਖ਼ਬਰਦਾਰ, ਨੌ ਖੰਡ ਫੇਰਾ ਪਾ ਲਿਆ । ਸੱਤਾਂ ਦੀਪਾਂ ਜੋਤ ਉਜਿਆਰ, ਏਕਾ ਨੂਰ ਡਗਮਗਾ ਲਿਆ । ਲੱਖ ਚੁਰਾਸੀ ਪਾਵੇ ਸਾਰ, ਆਪਣਾ ਰੂਪ ਆਪ ਵਟਾ ਲਿਆ । ਜੋਤੀ ਜਾਮਾ ਭੇਖ ਨਿਆਰ, ਪੰਜ ਤੱਤ ਨਾ ਕੋਇ ਉਪਾ ਲਿਆ । ਮਨ ਮਤ ਬੁਧ ਨਾ ਕੋਇ ਪਿਆਰ, ਬ੍ਰਹਮ ਰੂਪ ਨਾ ਕੋਇ ਸਮਾ ਲਿਆ । ਨਿਰਗੁਣ ਖੇਲੇ ਖੇਲ ਹਰਿ ਨਿਰੰਕਾਰ, ਜੋਤ ਅਗੰਮੀ ਇਕ ਜਵਾ ਲਿਆ । ਆਦਿ ਸ਼ਕਤ ਪਹਿਰੇਦਾਰ, ਸਾਚਾ ਮੰਦਰ ਇਕ ਰਖਾ ਲਿਆ । ਚਾਰ ਕੁੰਟ ਧੂੰਆਂਧਾਰ, ਅਗਿਆਨ ਅੰਧੇਰਾ ਏਕਾ ਛਾ ਰਿਹਾ । ਸ੍ਰਿਸ਼ਟ ਸਬਾਈ ਹਾਹਾਕਾਰ, ਰਸਨਾ ਜੇਹਵਾ ਸਰਬ ਕੁਰਲਾ ਰਿਹਾ । ਧਰਨੀ ਧਰਤ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾ ਲਿਆ । ਚਾਰ ਲੱਖ ਬੱਤੀ ਹਜ਼ਾਰ ਰੋਵੇ ਵਾਰੋ ਵਾਰ, ਕਲਜੁਗ ਤੇਰਾ ਲੰਮਾ ਪੰਧ ਤੇਰੇ ਪਾਪਾਂ ਅੰਤ ਮੁਕਾ ਲਿਆ । ਧਰਮ ਰਾਏ ਮੰਗੇ ਮੰਗ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹ ਰਿਹਾ । ਚਿਤਰ ਗੁਪਤ ਲੇਖ ਲਿਖਾਰ, ਆਪਣਾ ਲੇਖਾ ਆਪ ਰਖਾ ਲਿਆ । ਲਾੜੀ ਮੌਤ ਕਰ ਸ਼ੰਗਾਰ, ਮੁਖ ਘੂੰਘਟ ਏਕਾ ਪਾ ਲਿਆ । ਮੰਗੇ ਵਰ ਨਾਰ ਭਤਾਰ, ਕਵਾਰੀ ਕੰਨਿਆ ਨੈਣ ਉਠਾ ਲਿਆ । ਬੇਮੁਖਾਂ ਕਲਜੁਗ ਕਰੇ ਪਿਆਰ, ਸੰਮਤ ਸੋਲਾਂ ਸਗਨ ਮਨਾ ਲਿਆ । ਹਾੜ ਸਤਾਰਾਂ ਮੈਂਹਦੀ ਰੰਗਣ ਰੰਗ ਲਾਏ ਅਪਾਰ, ਲਾਲ ਗੁਲਾਲਾ ਰੰਗ ਚੜ੍ਹਾ ਲਿਆ । ਲਹਿੰਦੀ ਕੂਟੇ ਜਾਏ ਨਾਰ ਮੁਟਿਆਰ, ਸਿਰ ਆਪਣਾ ਪੱਲੂ ਲਾਹ ਲਿਆ । ਉਮਤ ਨਬੀ ਰਸੂਲ ਬਾਂਹ ਹੁਲਾਰ ਵਾਜਾਂ ਰਹੀ ਮਾਰ, ਸਾਚਾ ਸਗਨ ਮੁਖ ਲਗਾ ਲਿਆ । ਪੁਰਖ ਅਬਿਨਾਸ਼ੀ ਵੇਖੇ ਖੇਲ ਵੇਖਣਹਾਰ, ਕਰਤਾ ਕਰਨੀ ਆਪ ਕਰਾ ਰਿਹਾ । ਮੁਖ ਛੁਪਾਇਣ ਚਾਰ ਯਾਰ, ਸੰਗ ਮੁਹੰਮਦ ਪਿਠ ਵਖਾ ਲਿਆ । ਮੱਕਾ ਕਾਅਬਾ ਪਾਵੇ ਸਾਰ, ਪਰਵਰਦਿਗਾਰ ਮੁਖ ਨਕਾਬ ਪੜਦਾ ਪਾ ਲਿਆ । ਹਾਜ਼ੀ ਹੱਜ਼ ਕਰੇ ਵਿਚ ਸੰਸਾਰ, ਮੁੱਲਾਂ ਕਾਜ਼ੀ ਦਿਸ ਨਾ ਆ ਰਿਹਾ । ਸ੍ਰਿਸ਼ਟ ਸਾਜਣ ਸਾਚੀ ਸਾਜਣਹਾਰ, ਅੰਤਮ ਆਪੇ ਵੇਖ ਵਖਾ ਲਿਆ । ਕੂੜ ਕੁੜਿਆਰੇ ਨਿਮਾਜ਼ੀ ਜਾਣ ਹਾਰ, ਸਚ ਸੁੱਚ ਨਾਮ ਨਿਸ਼ਾਨਾ ਏਕਾ ਲਾ ਲਿਆ । ਅੰਤਮ ਢਹਿ ਢਹਿ ਹੋਏ ਖੁਆਰ, ਮੂੰਹ ਦੇ ਭਾਰ ਸੁਟਾ ਲਿਆ । ਈਸਾ ਮੂਸਾ ਉਤੋਂ ਪਾਏ ਭਾਰ, ਪ੍ਰਭ ਸਾਚੇ ਹੁਕਮ ਜਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਸ਼ਬਦ ਵਜਾ ਲਿਆ । ਸ਼ਬਦ ਵਜਾਏ ਸਾਚਾ ਡੰਕ, ਲੋਆਂ ਪੁਰੀਆਂ ਆਪ ਜਣਾਈਆ । ਆਪ ਉਠਾਏ ਰਾਓ ਰੰਕ, ਰਾਜ ਰਾਜਾਨਾਂ ਆਪ ਹਿਲਾਈਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਸੰਬਲ ਨਗਰੀ ਇਕ ਸੁਹਾਈਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਈਆ । ਸ਼ਬਦ ਜੋਤੀ ਲਾਏ ਤਨਕ, ਸੁੱਤੀ ਸੁਰਤ ਉਠਾਈਆ । ਜਿਸ ਜਨ ਕੱਢੇ ਆਪਣਾ ਸ਼ੰਕ, ਆਪ ਆਪਣਾ ਰੂਪ ਦਰਸਾਈਆ । ਆਪੇ ਫੇਰੇ ਮਨੂਆ ਮਣਕ, ਮਨ ਚਿੰਦਿਆ ਰਹੇ ਨਾ ਰਾਈਆ । ਖੇਲੇ ਖੇਲ ਬਾਰ ਅਨਕ, ਜੁਗ ਜੁਗ ਵਡ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਕਰੇ ਕੁੜਮਾਈਆ । ਨਾਮ ਖੰਡਾ ਤੀਰ ਕਮਾਨਾ, ਹਰਿ ਚਿੱਲੇ ਆਪ ਚੜ੍ਹਾਇਆ । ਖੇਲੇ ਖੇਲ ਦੋ ਜਹਾਨਾਂ, ਲੋਕਮਾਤ ਫੇਰਾ ਪਾਇਆ । ਜੋਧਾ ਸੂਰਬੀਰ ਮਰਦ ਮਰਦਾਨਾ, ਪਾਰਬ੍ਰਹਮ ਆਪ ਅਖਵਾਇਆ । ਜੂਠਾ ਝੂਠਾ ਮੇਟੇ ਨਿਸ਼ਾਨਾ, ਥਿਰ ਕੋਇ ਰਹਿਣ ਨਾ ਪਾਇਆ । ਰਥ ਰਥਵਾਹੀ ਕ੍ਰਿਸ਼ਨਾ ਕਾਹਨਾ, ਜਨ ਭਗਤਾਂ ਰਥ ਚਲਾਇਆ । ਰਾਮ ਰੂਪ ਹੋ ਪਰਧਾਨਾ, ਰਾਵਣ ਲੰਕਾ ਗੜ੍ਹ ਦਏ ਤੁੜਾਇਆ । ਨਾਨਕ ਨਾਮ

ਸਤਿ ਨੌਜਵਾਨਾ, ਨਾ ਮਰੇ ਨਾ ਜਾਇਆ । ਗੁਰ ਗੋਬਿੰਦ ਬੱਧਾ ਹੱਥੀਂ ਗਾਨਾ, ਕਲਜੁਗ ਤੇਰਾ ਸਗਨ ਮਨਾਇਆ । ਅੰਤਮ ਪਰਗਟ ਹੋਏ ਸੂਰਬੀਰ ਬਲੀ ਬਲਵਾਨਾ, ਨਿਹਕਲੰਕਾ ਨਾਉਂ ਰਖਾਇਆ । ਗੁਰਮੁਖਾਂ ਦੇਵੇ ਪਦ ਨਿਰਬਾਣਾ, ਚੌਥੇ ਪਦ ਆਪ ਸਮਾਇਆ । ਏਕਾ ਰਾਗ ਅਨਹਦ ਗਾਣਾ, ਦਿਵਸ ਰੈਣ ਰਿਹਾ ਸੁਣਾਇਆ । ਸੋਹੰ ਸ਼ਬਦ ਕਰ ਪਰਵਾਨਾ, ਬ੍ਰਹਮ ਪਾਰਬ੍ਰਹਮ ਵਡਿਆਇਆ । ਸਤਿਜੁਗ ਤੇਰਾ ਇਕ ਬਬਾਨਾ, ਚਾਰ ਵਰਨਾਂ ਲਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਅੰਤਮ ਖੇਲ ਖਿਲਾਇਆ । ਚਾਰ ਵਰਨਾਂ ਇਕ ਬਬਾਨ, ਏਕਾ ਸ਼ਬਦ ਉਡਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਨਾਮ ਪੜ੍ਹਾਈਆ । ਚਾਰ ਵਰਨਾਂ ਇਕ ਈਮਾਨ, ਏਕਾ ਕਲਮਾ ਗਾਈਆ । ਚਾਰ ਵਰਨਾਂ ਏਕਾ ਰਾਮ, ਏਕਾ ਰਾਮ ਸਰਨਾਈਆ । ਚਾਰ ਵਰਨਾਂ ਏਕਾ ਕਾਹਨ, ਏਕਾ ਗੋਪੀ ਸਰਬ ਅਖਵਾਈਆ । ਚਾਰ ਵਰਨਾਂ ਇਕ ਸਲਾਮ, ਏਕਾ ਨਿਉਂ ਨਿਉਂ ਸੀਸ ਝੁਕਾਈਆ । ਚਾਰ ਵਰਨਾਂ ਏਕਾ ਦਾਨ, ਏਕਾ ਝੋਲੀ ਰਿਹਾ ਭਰਾਈਆ । ਚਾਰ ਵਰਨਾਂ ਇਕ ਅਸਨਾਨ, ਸਰ ਸਰੋਵਰ ਇਕ ਨੁਹਾਈਆ । ਚਾਰ ਵਰਨਾਂ ਏਕਾ ਮਾਣ, ਊਚ ਨੀਚ ਨਾ ਕੋਇ ਵਡਿਆਈਆ । ਚਾਰ ਵਰਨਾਂ ਏਕਾ ਪੀਣ ਖਾਣ, ਅੰਮ੍ਰਿਤ ਆਤਮ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਚਾਰ ਵਰਨਾਂ ਏਕਾ ਬ੍ਰਹਮ, ਏਕਾ ਬ੍ਰਹਮ ਵਖਾਈਆ । ਚਾਰ ਵਰਨਾਂ ਏਕਾ ਧਰਮ, ਏਕਾ ਧਰਮ ਜਣਾਈਆ । ਚਾਰ ਵਰਨਾਂ ਏਕਾ ਕਰਮ, ਨਿਹਕਰਮੀ ਆਪ ਕਰਾਈਆ । ਚਾਰ ਵਰਨਾਂ ਏਕਾ ਸਰਨ, ਸਰਨਗਤ ਇਕ ਜਣਾਈਆ । ਚਾਰ ਵਰਨਾਂ ਖੋਲ੍ਹੇ ਹਰਨ ਫਰਨ, ਨੇਤਰ ਨੈਣ ਇਕ ਵਖਾਈਆ । ਚਾਰ ਵਰਨ ਚੁਕਾਏ ਮਰਨ ਡਰਨ, ਜੋ ਜਨ ਹਰਿ ਹਰਿ ਰਸਨਾ ਗਾਈਆ । ਚਾਰ ਵਰਨ ਦਵਾਰਾ ਤਰਨੀ ਤਰਨ, ਤਾਰਨਹਾਰ ਹਰਿ ਰਘੁਰਾਈਆ । ਚਾਰ ਵਰਨਾਂ ਏਕਾ ਬਰਨ, ਅਠਾਰਾਂ ਬਰਨ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਈਆ । ਚਾਰ ਵਰਨਾਂ ਏਕਾ ਓਟ, ਏਕਾ ਘਰ ਸੁਹਾਇੰਦਾ । ਚਾਰ ਵਰਨਾਂ ਏਕਾ ਸ਼ਬਦ ਨਗਾਰੇ ਲੱਗੇ ਚੋਟ, ਏਕਾ ਰਾਗ ਸੁਣਾਇੰਦਾ । ਚਾਰ ਵਰਨਾਂ ਕੱਢੇ ਖੋਟ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਇਕ ਦ੍ਰਿੜਾ, ਏਕਾ ਇਸ਼ਟ ਵਖਾਈਆ । ਏਕਾ ਅੱਖਰ ਦਏ ਪੜ੍ਹਾ, ਵਾਹ ਵਾਹ ਗੁਰ ਗੁਰੂ ਵੱਡੀ ਵਡਿਆਈਆ । ਰਾਮ ਨਾਮ ਹੋਏ ਸਹਾ, ਸੀਤਾ ਸੁਰਤੀ ਲਏ ਪਰਨਾਈਆ । ਕਾਹਨਾ ਕ੍ਰਿਸ਼ਨਾ ਮੋਰ ਮੁਕਟ ਸੀਸ ਸਜਾ, ਮੰਡਲ ਰਾਸ ਇਕ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਉਪਜੇ ਨੂਰ ਅਲਾਹੀਆ । ਨੂਰੀ ਅੱਲਾ ਇਕ ਅਲਾਹ, ਅਲਾਹੀ ਨੂਰ ਅਖਵਾਇਆ । ਇਕ ਮਹੱਲਾ ਦਏ ਵਸਾ, ਏਕਾ ਦਰ ਵਖਾਇਆ । ਇਕ ਅਕੱਲਾ ਫੇਰਾ ਪਾ, ਪਰਵਰਦਿਗਾਰ ਨਾਉਂ ਧਰਾਇਆ । ਇਕ ਮਸੱਲਾ ਧਰਤ ਵਛਾ, ਉਪਰ ਆਸਣ ਲਾਇਆ । ਕਲਜੁਗ ਵੁਜ਼ੂ ਰਿਹਾ ਕਰਾ, ਨੀਰ ਏਕਾ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਢੋਲਾ ਰਿਹਾ ਸੁਣਾਇਆ । ਏਕਾ ਢੋਲਾ ਹਰਿ ਮਰਗਿੰਦ, ਆਪਣਾ ਆਪ ਸੁਣਾਈਆ । ਨੌ ਖੰਡ ਪ੍ਰਿਥਮੀ ਮੇਟੇ ਚਿੰਦ, ਬੀਸ ਇਕੀਸਾ ਵਡ ਵਡਿਆਈਆ । ਨਾਮ ਧਾਰਾ ਸਾਗਰ ਸਿੰਧ, ਕੂੜ ਕੁੜਿਆਰਾ

੩੭੬
੦੮

ਦਏ ਰੁੜ੍ਹਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਅੰਦਰ ਵੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਜਗਤ ਵਿਦਿਆ ਨਾ ਰਿਹਾ ਪੜ੍ਹ, ਰਾਮ ਨਾਮ ਇਕ ਪੜ੍ਹਾਈਆ ।

### ✪ ੨੦ ਚੇਤ ੨੦੧੯ ਬਿਕ੍ਰਮੀ ਸੱਜਣ ਸਿੰਘ ਦੇ ਘਰ ਸਰਹਾਲੀ ਜੰਡੋਕੇ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਏਕਾ ਏਕ, ਆਦਿ ਜੁਗਾਦਿ ਰਖਾਈਆ । ਆਦਿ ਨਿਰੰਜਣ ਰਿਹਾ ਪੇਖ, ਜੁਗ ਜੁਗ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਅਲੱਖਣਾ ਅਲੇਖ, ਅਲਖ ਨਿਰੰਜਣ ਵਡ ਵਡਿਆਈਆ । ਨਰ ਹਰਿ ਨਰਾਇਣ ਨਰੇਸ਼, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਖਵਾਈਆ । ਆਦਿ ਜੁਗਾਦੀ ਏਕਓਂਕਾਰਾ, ਅਕਲ ਕਲਾ ਅਖਵਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨੂਰ ਨੂਰ ਡਗਮਗਾਇੰਦਾ । ਤੱਤਵ ਤੱਤ ਨਾ ਦਏ ਪਸਾਰਾ, ਰੂਪ ਰੰਗ ਨਾ ਕੋਇ ਜਣਾਇੰਦਾ । ਥਿਰ ਘਰ ਸੋਹੇ ਸਚ ਦਵਾਰਾ, ਸਚਖੰਡ ਨਿਵਾਸੀ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਹੋ ਉਜਿਆਰਾ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਖਵਾਇੰਦਾ । ਆਦਿ ਜੁਗਾਦੀ ਪੁਰਖ ਅਬਿਨਾਸ਼ਾ, ਏਕਾ ਰੰਗ ਸਮਾਇਆ । ਏਕਾ ਪਾਵੇ ਮੰਡਲ ਰਾਸਾ, ਏਕਾ ਵੇਖ ਵਖਾਇਆ । ਏਕਾ ਖੇਲੇ ਖੇਲ ਤਮਾਸ਼ਾ, ਖੇਲਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਰਘੁਰਾਇਆ । ਆਦਿ ਜੁਗਾਦੀ ਸ਼ਾਹੋ ਭੂਪ, ਸਚ ਸੁਲਤਾਨ ਅਖਵਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਚੱਕਰ ਚਿਨ੍ਹ ਨਾ ਕੋਇ ਵਖਾਇੰਦਾ । ਨਿਰਮਲ ਰੂਪ ਸਤਿ ਸਰੂਪ, ਸਦਾ ਸਦ ਡਗਮਗਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੋਤ ਜਗਾਇੰਦਾ । ਆਦਿ ਜੁਗਾਦੀ ਜੋਤ ਉਜਾਲਾ, ਹਰਿ ਹਰਿ ਰੂਪ ਵਟਾਇਆ । ਖੇਲੇ ਖੇਲ ਖੇਲ ਨਿਰਾਲਾ, ਲੇਖਾ ਲੇਖ ਨਾ ਕਿਸੇ ਲਿਖਾਇਆ । ਆਦਿ ਸ਼ਕਤੀ ਰੂਪ ਜਵਾਲਾ, ਆਪ ਆਪਣਾ ਨਾਉਂ ਧਰਾਇਆ । ਆਪੇ ਚਲੇ ਆਪਣੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਵਸੇ ਧਰਮ ਸੱਚੀ ਧਰਮਸਾਲਾ, ਦਰ ਦਵਾਰਾ ਇਕ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇਆ । ਆਦਿ ਜੁਗਾਦੀ ਵੇਸ ਅਵੱਲਾ, ਹਰਿ ਆਪਣਾ ਆਪ ਕਰਾਇੰਦਾ । ਖੇਲੇ ਖੇਲ ਇਕ ਅਕੱਲਾ, ਨਾ ਕੋਈ ਦੂਸਰ ਸੰਗ ਰਲਾਇੰਦਾ । ਵਸੇ ਨੇਹਚਲ ਧਾਮ ਅਟੱਲਾ, ਉਚ ਮਹੱਲਾ ਆਪ ਸੁਹਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਆਪ ਆਪਣਾ ਸੰਗ ਨਿਭਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਆਪ ਆਪਣਾ ਆਸਣ ਲਾਇੰਦਾ । ਆਪਣੇ ਦੀਪਕ ਆਪੇ ਬਲਾ, ਪਰਕਾਸ਼ ਪਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੋਗ ਕਮਾਇੰਦਾ । ਆਦਿ ਜੁਗਾਦੀ ਹਰਿ ਹਰਿ ਜੋਗ, ਆਪਣੀ ਬਣਤ ਬਣਾਇੰਦਾ । ਆਪਣਾ ਕਰ ਆਪ ਸੰਜੋਗ, ਆਪਣਾ ਮੇਲ ਮਿਲਾਇੰਦਾ । ਆਪੇ ਭੋਗੇ ਆਪਣਾ ਭੋਗ, ਭੋਗ ਭੋਗੀ ਨਾਉਂ ਰਖਾਇੰਦਾ । ਆਪੇ ਜਾਣੇ ਆਪਣਾ ਸਚ ਸਲੋਕ, ਸ਼ਬਦ ਅਗੰਮੀ ਆਪ ਰਖਾਇੰਦਾ । ਆਪ ਉਪਾਏ

ਲੋਕ ਪਰਲੋਕ, ਬ੍ਰਹਿਮੰਡ ਖੰਡ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਆਦਿ ਜੁਗਾਦੀ ਹਰਿ ਹਰਿ ਖੇਲਾ, ਆਪਣੀ ਰਚਨ ਰਚਾਇੰਦਾ । ਸ਼ਬਦ ਗੁਰੂ ਗੁਰੂ ਗੁਰ ਚੇਲਾ, ਹਰਿ ਸਤਿਗੁਰ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਪਾਰਬ੍ਰਹਮ ਪ੍ਰਭ ਸਾਚਾ ਸੰਗ ਨਿਭਾਇੰਦਾ । ਏਕਉਂਕਾਰਾ ਵਸਿਆ ਰੰਗ ਨਵੇਲਾ, ਨਿਰਾਧਾਰ ਆਪ ਹੋ ਜਾਇੰਦਾ । ਅਚਰਜ ਖੇਲ ਆਪਣਾ ਖੇਲਾ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਇੰਦਾ । ਆਦਿ ਜੁਗਾਦੀ ਨਾਉਂ ਰੱਖ, ਆਪਣੀ ਜੋਤ ਪਰਗਟਾਈਆ । ਸ਼ਬਦ ਸਰੂਪੀ ਹੋ ਪਰਤੱਖ, ਏਕਾ ਡੰਕ ਵਜਾਈਆ । ਆਪ ਆਪਣਾ ਕੀਨਾ ਵੱਖ, ਵਿਸ਼ਨੂੰ ਰੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਜੁਗ ਜੁਗ ਖੇਲ ਖਲੰਦੜਾ, ਪਾਰਬ੍ਰਹਮ ਬੇਅੰਤ । ਆਪ ਆਪਣਾ ਵੇਸ ਵਟੰਦੜਾ, ਮਹਿਮਾ ਗਣਤ ਅਗਣਤ । ਅਲੱਖ ਅਗੰਮ ਅਥਾਹ ਆਪ ਅਖਵੰਦੜਾ, ਪੁਰਖ ਅਬਿਨਾਸ਼ੀ ਸਾਚਾ ਕੰਤ । ਦਰਗਹਿ ਸਾਚੀ ਧਾਮ ਸੁਹੰਦੜਾ, ਵਸਣਹਾਰਾ ਆਦਿ ਅੰਤ । ਸਚਖੰਡ ਦਵਾਰਾ ਵੇਖ ਵਖੰਦੜਾ, ਆਪ ਬਣਾਏ ਆਪਣੀ ਬਣਤ । ਸਚ ਸਿੰਘਾਸਣ ਸੇਜ ਵਛੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪ ਬਣਾਏ ਆਪਣੀ ਬਣਤ । ਬਣਤ ਬਣਾਏ ਹਰਿ ਬਨਵਾਰੀ, ਆਦਿ ਜੁਗਾਦਿ ਵੱਡੀ ਵਡਿਆਈਆ । ਨਿਰਗੁਣ ਜੋਤ ਨੂਰ ਉਜਿਆਰੀ, ਹਰੀ ਹਰਿ ਆਪ ਡਗਮਗਾਈਆ । ਲੋਆਂ ਪੁਰੀਆਂ ਮਹੱਲ ਉਸਾਰੀ, ਬੈਠਾ ਆਸਣ ਲਾਈਆ । ਸ਼ਬਦੀ ਸ਼ਬਦ ਵਣਜ ਵਪਾਰੀ, ਚੌਦਾਂ ਹੱਟ ਖੁਲ੍ਹਾਈਆ । ਚੌਦਾਂ ਲੋਕਾਂ ਖੇਲ ਅਪਾਰੀ, ਆਪਣੀ ਧਾਰ ਬੰਧਾਈਆ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਸ਼ਿਵ ਗੁਣ ਪੁਕਾਰੀ, ਸਾਚੀ ਸੇਵ ਕਮਾਈਆ । ਮੰਡਲ ਮੰਡਪ ਦਏ ਸਹਾਰੀ, ਰਵ ਸਸ ਕਰ ਰੁਸ਼ਨਾਈਆ । ਕਰੋੜ ਤੇਤੀਸਾ ਖੇਲ ਨਿਆਰੀ, ਸੁਰਪਤ ਰਾਜਾ ਸੰਗ ਰਲਾਈਆ । ਤ੍ਰੈਗੁਣ ਤੇਰਾ ਮੇਲਾ ਸਚ ਦਵਾਰੀ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਹੋਇਆ ਖ਼ਬਰਦਾਰੀ, ਮਨ ਮਤ ਬੁਧ ਵਿਚ ਰਖਾਈਆ । ਪਾਰਬ੍ਰਹਮ ਜੋਤ ਨਿਰੰਕਾਰੀ, ਨਿਰਗੁਣ ਵੇਸ ਵਟਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਉਜਿਆਰੀ, ਘਟ ਘਟ ਆਪਣਾ ਆਸਣ ਲਾਈਆ । ਲੋਕਮਾਤ ਵੇਖ ਵਚਾਰੀ, ਲੱਖ ਚੁਰਾਸੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਧੁਨ ਅਨਾਦ ਇਕ ਸੁਣਾਈਆ । ਸ਼ਬਦ ਅਨਾਦੀ ਧੁਨ ਧੁਨਕਾਰ, ਹਰਿ ਸਾਚਾ ਆਪ ਸੁਣਾਇੰਦਾ । ਕਰੇ ਕਰਾਏ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਏਕਾ ਨਾਮ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਏਕਾ ਸਾਜਣ ਮੀਤ ਮੁਰਾਰ, ਨਾ ਦੂਸਰ ਕੋਇ ਵਖਾਇੰਦਾ । ਜੁਗ ਜੁਗ ਖੇਲੇ ਖੇਲ ਆਪ ਨਿਰੰਕਾਰ, ਕਰਤਾ ਕਰਨੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦੀ ਸ਼ਬਦ ਤੂਰ, ਬ੍ਰਹਿਮੰਡ ਖੰਡ ਸੁਣਾਈਆ । ਦੇਵਤ ਦੇਵ ਸੁਰ ਆਸਾ ਮਨਸਾ ਪੂਰ, ਇਸ਼ਟ ਦੇਵ ਆਪ ਹੋ ਜਾਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰ, ਨਰ ਨਰਾਇਣ ਵਡ ਵਡਿਆਈਆ । ਆਪੇ ਵਸੇ ਨੇੜੇ ਦੂਰ, ਦੂਰ ਨੇੜਾ ਇਕ ਜਣਾਈਆ । ਸਰਬ ਕਲਾ ਆਪੇ ਭਰਪੂਰ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕ ਅਖਵਾਈਆ । ਆਦਿ ਜੁਗਾਦੀ ਏਕਾ ਰੰਗ, ਹਰਿ ਸਾਚਾ ਆਪ ਚੜ੍ਹਾਇੰਦਾ । ਆਪੇ ਸਰ ਸਰੋਵਰ



੩੭੮
੦੮

ਧਾਰਾ ਗੰਗ, ਨੀਰ ਸੀਰ ਆਪ ਅਖਵਾਇੰਦਾ । ਆਪੇ ਨਾਮ ਸ਼ਬਦ ਵੱਜੇ ਮਰਦੰਗ, ਆਪ ਆਪਣਾ ਰਾਗ ਅਲਾਇੰਦਾ । ਆਪੇ ਬੈਠਾ ਸਚ ਪਲੰਘ, ਸਾਚੀ ਸੇਜਾ ਆਪ ਸੁਹਾਇੰਦਾ । ਆਪੇ ਮੰਗੀ ਆਪਣੀ ਮੰਗ, ਆਪਣੀ ਭਿਛਿਆ ਆਪੇ ਝੋਲੀ ਪਾਇੰਦਾ । ਆਪੇ ਅਸਵ ਘੋੜੇ ਕਸੇ ਤੰਗ, ਸੋਲਾਂ ਕਲੀਆਂ ਆਸਣ ਲਾਇੰਦਾ । ਆਪੇ ਲੋਆਂ ਪੁਰੀਆਂ ਜਾਏ ਲੰਘ, ਆਰ ਪਾਰ ਵੇਖ ਵਖਾਇੰਦਾ । ਆਦਿ ਜੁਗਾਦੀ ਜੁਗ ਜੁਗ ਜਨ ਭਗਤਾਂ ਵਸੇ ਸਦਾ ਸੰਗ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਵੇਖ ਵਖਾਇੰਦਾ । ਜੋਤ ਜਵਾਲਾ ਸਾਚਾ ਨੂਰ, ਹਰਿ ਸਾਚੇ ਆਪ ਉਪਾਇਆ । ਆਪੇ ਬਖ਼ਸ਼ੇ ਸਤਿ ਸਰੂਰ, ਸਾਂਤਕ ਸਤਿ ਵਰਤਾਇਆ । ਹਰਿਜਨ ਹਰਿ ਹਰਿ ਆਸਾ ਮਨਸਾ ਪੂਰ, ਹਰਿ ਗੋਬਿੰਦ ਵੇਖ ਵਖਾਇਆ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਆਤਮ ਬ੍ਰਹਮ ਗਿਆਨ ਦ੍ਰਿੜਾਇਆ । ਆਤਮ ਅੰਤਰ ਇਕ ਗਿਆਨ, ਹਰਿਜਨ ਆਪ ਦ੍ਰਿੜਾਇੰਦਾ । ਅੱਠੇ ਪਹਿਰ ਇਕ ਧਿਆਨ, ਏਕਾ ਲਿਵ ਰਖਾਇੰਦਾ । ਰਾਮ ਨਾਮ ਪੀਣ ਖਾਣ, ਕਾਇਆ ਤ੍ਰਿਪਤ ਕਰਾਇੰਦਾ । ਸਰ ਸਰੋਵਰ ਇਕ ਅਸ਼ਨਾਨ, ਦੁਰਮਤ ਮੈਲ ਧੁਵਾਇੰਦਾ । ਡੂੰਘੀ ਕਵਰੀ ਵੇਖੇ ਹਰਿ ਮਿਹਰਵਾਨ, ਆਪ ਆਪਣਾ ਨੈਣ ਉਠਾਇੰਦਾ । ਦੇਵੇ ਸ਼ਬਦ ਸਚ ਬਬਾਨ, ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਅਨਹਦ ਮੰਗਲ ਸਾਰੇ ਗਾਨ, ਗਹਿਰ ਗੰਭੀਰ ਆਪ ਸੁਣਾਇੰਦਾ । ਬਜਰ ਕਪਾਟੀ ਤੋੜ ਤੁੜਾਨ, ਦੂਈ ਦਵੈਤੀ ਕੁੰਡਾ ਲਾਹਿੰਦਾ । ਆਪੇ ਮੇਟੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜਗਤ ਤ੍ਰਿਸਨਾ ਸਰਬ ਮਿਟ ਜਾਣ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਮੇਲ ਮਿਲਾਵਾ ਸਾਚੇ ਕਾਹਨ, ਸਾਚਾ ਸੱਯਾ ਨਜ਼ਰੀ ਆਇੰਦਾ । ਕਾਇਆ ਮੰਦਰ ਸਚ ਮਕਾਨ, ਘਰ ਘਰ ਵਿਚ ਆਸਣ ਲਾਇੰਦਾ । ਆਤਮ ਸੇਜਾ ਹਰਿ ਭਗਵਾਨ, ਜੋਤੀ ਨੂਰ ਡਗਮਗਾਇੰਦਾ । ਗੁਰਮੁਖਾਂ ਕਰੇ ਆਪ ਪਛਾਨ, ਚਤੁਰਭੁਜ ਆਪਣੀ ਭੁਜ ਉਠਾਇੰਦਾ । ਦੇਵੇ ਦਰਸ ਦਰ ਮਹਾਨ, ਦਰਦ ਦੁੱਖ ਗਵਾਇੰਦਾ । ਦੋ ਜਹਾਨੀ ਨਿਗਹਬਾਨ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇੰਦਾ । ਆਦਿ ਜੁਗਾਦੀ ਵੇਸ ਵਟਾਇਆ, ਕਲਜੁਗ ਵੱਜੀ ਵਧਾਈਆ । ਚਾਰੋਂ ਕੁੰਟਾਂ ਫੇਰਾ ਪਾਇਆ, ਦਹਿ ਦਿਸ਼ਾ ਵੇਖ ਵਖਾਈਆ । ਮਨ ਮਤ ਰਹੀ ਕੁਰਲਾਇਆ, ਉਚੀ ਕੂਕੇ ਦਏ ਦੁਹਾਈਆ । ਜੂਠ ਝੂਠ ਮੱਠ ਤਪਾਇਆ, ਮਾਇਆ ਮਮਤਾ ਅਗਨੀ ਡਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਫਿਰੇ ਹਲਕਾਇਆ, ਘਰ ਘਰ ਅਲੱਖ ਜਗਾਈਆ । ਵਰਨ ਅਵਰਨਾਂ ਭੇੜ ਭੜਾਇਆ, ਦਿਵਸ ਰੈਣ ਰਹੇ ਲੜਾਈਆ । ਸਾਧਾਂ ਸੰਤਾਂ ਹਠ ਗਵਾਇਆ, ਜਤ ਸਤ ਨਾ ਕੋਇ ਵਖਾਈਆ । ਤੀਰਥ ਤੱਟਾਂ ਵੇਸਵਾ ਘਰ ਬਣਾਇਆ, ਨਾਰੀ ਪੁਰਸ਼ ਨੰਗੇ ਰਹੇ ਤਾਰੀਆ ਲਾਈਆ । ਗੁਰਦਵਾਰੇ ਸ਼ਿਵਦਵਾਲੇ ਮੰਦਰ ਮੱਠ ਏਕਾ ਮਨ ਨਾ ਕਿਸੇ ਬੰਧਾਇਆ, ਮਨ ਮਮਤਾ ਕਰੇ ਚਤੁਰਾਈਆ । ਪੰਡਤ ਪਾਂਧੇ ਮਸਤਕ ਤਿਲਕ ਲਲਾਟ ਲਗਾਇਆ, ਜੋਤ ਲਲਾਟ ਨਜ਼ਰ ਨਾ ਆਈਆ । ਮੁੱਲਾਂ ਸ਼ੇਖ਼ ਬਗ਼ਲ ਕੁਰਾਨ ਉਠਾਇਆ, ਸਚ ਹਦੀਸ ਨਾ ਕੋਇ ਪੜ੍ਹਾਈਆ । ਵੇਦ ਪੁਰਾਨਾਂ ਰਸਨਾ ਗਾਇਆ, ਪਾਰਬ੍ਰਹਮ ਮਿਲੀ ਨਾ ਸਚ ਸਰਨਾਈਆ । ਨਾਨਕ ਬਾਣੀ ਰਸਨ ਅਲਾਇਆ, ਰਸਨਾ ਰਸ ਨਾ ਕੋਇ ਵਖਾਈਆ । ਪੰਜ ਤੱਤ ਨਾ ਅਗਨੀ ਕੋਇ ਬੁਝਾਇਆ, ਧੂੰਆਂਧਾਰ ਸ੍ਰਿਸ਼ਟ ਸਬਾਈਆ । ਬ੍ਰਹਮ ਮਤ ਨਾ ਕੋਇ ਸਮਝਾਇਆ, ਏਕਾ ਰੂਪ ਨਾ ਕੋਇ ਦਰਸਾਈਆ ।

ਆਤਮ ਸਾਚੇ ਵਤ ਹਰਿ ਕਾ ਨਾਮ ਬੀਜ ਨਾ ਕਿਸੇ ਬਿਜਾਇਆ, ਲੱਖ ਚੁਰਾਸੀ ਜੂਠ ਝੂਠ ਕਰੇ ਕੁੜਮਾਈਆ । ਨੇਤਰ ਤੀਜਾ ਨੈਣ ਨਾ ਕਿਸੇ ਖੁਲ੍ਹਾਇਆ, ਦੋਏ ਲੋਚਣ ਮੁਖ ਟਿਕਾਈਆ । ਚੌਥੇ ਪਦ ਨਾ ਕੋਇ ਸਮਾਇਆ, ਘਰ ਮਿਲਿਆ ਨਾ ਸਾਚਾ ਮਾਹੀਆ । ਪੰਚਮ ਸ਼ਬਦ ਧੁਨ ਅਨਾਦ ਕਾਇਆ ਮੰਦਰ ਅੰਦਰ ਨਾ ਕਿਸੇ ਵਜਾਇਆ, ਢੋਲਕ ਛੈਣੇ ਰਹੇ ਖੜਕਾਈਆ । ਬਜਰ ਕਪਾਟੀ ਜਿੰਦਾ ਨਾ ਕਿਸੇ ਤੁੜਾਇਆ, ਉਚੇ ਮੰਦਰ ਰਹੇ ਢਾਹੀਆ । ਮਨ ਬੰਦਰ ਬੰਨ ਨਾ ਕਿਸੇ ਵਖਾਇਆ, ਗੋਰਖ ਮਛੰਦਰ ਰਹੇ ਧਿਆਈਆ । ਡੂੰਘੀ ਕੰਦਰ ਹਰਿ ਕਾ ਦੀਪ ਨਾ ਕਿਸੇ ਜਗਾਇਆ, ਕਲਜੁਗ ਕੂੜੀ ਕਰੀ ਰੁਸ਼ਨਾਈਆ । ਸਤਿ ਸਰੂਪ ਨਾ ਦਰਸ਼ਨ ਪਾਇਆ, ਮੇਲ ਮਿਲਾਵਾ ਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣੀ ਧਾਰ ਚਲਾਈਆ । ਆਪਣੀ ਧਾਰ ਆਪ ਚਲਾਏ, ਏਕਾ ਏਕਉਂਕਾਰਿਆ । ਜੁਗਾ ਜੁਗੰਤਰ ਵੇਸ ਵਟਾਏ, ਖੇਲੇ ਖੇਲ ਅਗੰਮ ਅਪਾਰਿਆ । ਸਤਿਜੁਗ ਤ੍ਰੇਤਾ ਪਾਰ ਲੰਘਾਏ, ਤੋੜਨਹਾਰਾ ਗੜ੍ਹ ਹੰਕਾਰਿਆ । ਦੁਆਪਰ ਤੇਰਾ ਲੇਖ ਚੁਕਾਏ, ਰਥ ਰਥਵਾਹੀ ਬਣ ਮੁਰਾਰਿਆ । ਕਲਜੁਗ ਅੰਤਮ ਵੇਖ ਵਖਾਏ, ਸੰਗ ਮੁਹੰਮਦ ਚਾਰ ਯਾਰਿਆ । ਨਾਨਕ ਗੋਬਿੰਦ ਲੇਖ ਲਿਖਾਏ, ਲਿਖਿਆ ਲੇਖ ਨਾ ਕੋਇ ਮਿਟਾ ਰਿਹਾ । ਨਿਰਗੁਣ ਨੂਰ ਨੂਰ ਡਗਮਗਾਏ, ਜੋਤੀ ਜਾਮਾ ਭੇਸ ਵਟਾ ਰਿਹਾ । ਸ਼ਬਦ ਡੰਕਾ ਇਕ ਵਜਾਏ, ਨਾ ਦੂਸਰ ਕਿਸੇ ਹੱਥ ਫੜਾ ਰਿਹਾ । ਰਾਓ ਰੰਕਾਂ ਆਪ ਉਠਾਏ, ਸ਼ਾਹ ਸੁਲਤਾਨਾਂ ਆਪ ਹਲਾ ਰਿਹਾ । ਦੋ ਜਹਾਨਾਂ ਖੇਲ ਖਲਾਏ, ਭੇਵ ਅਭੇਦਾ ਭੇਵ ਛੁਪਾ ਰਿਹਾ । ਗੁਰਮੁਖ ਸਾਜਣ ਆਪ ਜਗਾਏ, ਆਪ ਆਪਣੀ ਦਇਆ ਕਮਾ ਰਿਹਾ । ਕੋਟਾਂ ਵਿਚੋਂ ਕੋਈ ਪਰਗਟਾਏ, ਅਲਖ ਅਲਖਨਾ ਨਾਉਂ ਧਰਾ ਰਿਹਾ । ਜੁਗ ਜੁਗ ਵਿਛੜੇ ਮੇਲ ਮਿਲਾਏ, ਜਗਤ ਵਿਛੋੜਾ ਆਪ ਕਟਾ ਰਿਹਾ । ਸੱਸੇ ਉਪਰ ਹੋੜਾ ਏਕਾ ਲਾਏ, ਨਿਰਗੁਣ ਸਰਗੁਣ ਵੇਖ ਵਖਾ ਰਿਹਾ । ਹੰ ਬ੍ਰਹਮ ਪ੍ਰਭ ਮੇਲ ਮਿਲਾਏ, ਪਾਰਬ੍ਰਹਮ ਪ੍ਰਭ ਜੋਤ ਜਗਾ ਰਿਹਾ । ਸੋਹੰ ਰੂਪ ਪ੍ਰਭ ਨਜ਼ਰੀ ਆਏ, ਓਅੰ ਰੂਪ ਆਪ ਅਖਵਾ ਰਿਹਾ । ਨਾਮ ਸਤਿ ਸਤਿ ਆਪ ਵਰਤਾਏ, ਨੌ ਖੰਡ ਏਕਾ ਨਾਅਰਾ ਲਾ ਰਿਹਾ । ਕਰਤਾ ਪੁਰਖ ਆਪਣੀ ਕਰਨੀ ਕਰ ਵਖਾਏ, ਨਾ ਕੋਈ ਮੇਟੇ ਮੇਟ ਮਿਟਾ ਰਿਹਾ । ਅਕਾਲ ਮੂਰਤ ਇਕ ਦਰਸਾਏ, ਏਕਾ ਨਜ਼ਰੀ ਆ ਰਿਹਾ । ਜੂਨੀ ਰਹਿਤ ਭੇਵ ਨਾ ਰਾਏ, ਵੇਦ ਕਤੇਬ ਨਾ ਕੋਇ ਜਣਾ ਰਿਹਾ । ਖਾਣੀ ਬਾਣੀ ਆਪ ਉਪਾਏ, ਆਪਣੀ ਸ਼ਬਦੀ ਧਾਰ ਬੰਨ੍ਹਾ ਰਿਹਾ । ਆਪਣਾ ਲੇਖਾ ਆਪ ਜਣਾਏ, ਲੇਖਾ ਲਿਖਣਹਾਰ ਆਪ ਅਖਵਾ ਰਿਹਾ । ਦਸ ਦਸਮੇਸਾ ਨਾਉਂ ਰਖਾਏ, ਦਰ ਦਰਵੇਸ਼ਾ ਅਲਖ ਜਗਾ ਰਿਹਾ । ਧਾਰੀ ਕੇਸਾ ਆਪ ਤਰਾਏ, ਮੂੰਡ ਮੁੰਡਾਏ ਗਲੇ ਲਗਾ ਰਿਹਾ । ਮੁਸਲਿਮ ਹਿੰਦੂ ਸਿਖ ਈਸਾਈ ਨਾ ਕੋਇ ਜਣਾਏ, ਜੋ ਜਨ ਰਸਨਾ ਗਾਏ, ਕਰ ਕਿਰਪਾ ਪਾਰ ਕਰਾ ਰਿਹਾ । ਏਕਾ ਇਸ਼ਟ ਸਰਬ ਸਮਝਾਏ, ਰਾਮ ਕ੍ਰਿਸ਼ਨ ਰੂਪ ਅਵਤਾਰਿਆ । ਈਸਾ ਮੂਸਾ ਨੂਰ ਉਪਾਏ, ਏਕ ਰੂਪ ਦਰਸਾ ਰਿਹਾ । ਸਚ ਮੁਹੰਮਦ ਵੇਸ ਵਟਾਏ, ਹੱਕ ਹਕੀਕਤ ਮੇਲ ਮਿਲਾ ਰਿਹਾ । ਲਾਸ਼ਰੀਕ ਇਕ ਖੁਦਾਏ, ਮਹਿਬਾਨ ਬੀਦੋ ਨਾਮ ਧਰਾ ਲਿਆ । ਨਾਨਕ ਮੰਤਰ ਇਕ ਦ੍ਰਿੜਾਏ, ਏਕਾ ਨਾਮ ਜਪਾ ਲਿਆ । ਗੋਬਿੰਦ ਫ਼ਤਿਹ ਇਕ ਗਜਾਏ, ਵਾਹ ਵਾ ਗੁਰੂ ਮਨਾ ਲਿਆ । ਸਭ ਦਾ ਦਾਤਾ ਬੇਪਰਵਾਹੇ, ਆਦਿ ਪੁਰਖ ਆਪ ਅਖਵਾ ਲਿਆ । ਜੁਗ ਜੁਗ ਆਪਣਾ ਵੇਸ ਵਟਾਏ, ਆਪ ਆਪਣਾ ਰੂਪ ਵਟਾ ਲਿਆ । ਕਲਜੁਗ ਅੰਤਮ ਵੇਸ ਵਟਾਏ, ਨਿਹਕਲੰਕ ਹਰਿ ਅਖਵਾ ਰਿਹਾ । ਵਾਸੀ ਪੁਰੀ ਘਨਕਾ ਘਰ ਸਾਚੇ ਡੇਰਾ ਲਾਏ, ਲੋਕਮਾਤ ਆਪ ਤਜਾ ਲਿਆ । ਪੰਜ ਤੱਤ

ਖ਼ਾਕੀ ਖ਼ਾਕ ਮਿਲਾਏ, ਮਨਮੁਖਾਂ ਸਿਰ ਛਾਰ ਪਾ ਲਿਆ । ਗੁਰਮੁਖਾਂ ਤਾਕੀ ਆਪ ਖੁਲ੍ਹਾਏ, ਆਪਣਾ ਪੜਦਾ ਆਪ ਲਾਹ ਲਿਆ । ਸੱਚਾ ਸਾਕੀ ਅੰਮ੍ਰਿਤ ਜਾਮ ਪਿਆਏ, ਮਦਿਰਾ ਮਾਸ ਗਵਾ ਲਿਆ । ਬਾਂਕੀ ਚਾਲ ਇਕ ਰਖਾਏ, ਦੋ ਜਹਾਨਾਂ ਵੇਖ ਵਖਾ ਲਿਆ । ਕਲਜੁਗ ਅੰਤਮ ਆਕੀ ਕੋਈ ਰਹਿਣ ਨਾ ਪਾਏ, ਰਾਜ ਰਾਜਾਨਾਂ ਮੇਟ ਮਿਟਾ ਲਿਆ । ਹਰਿਜਨ ਤੇਰਾ ਲਹਿਣਾ ਦੇਣਾ ਬਾਕੀ ਆਪ ਚੁਕਾਏ, ਜੁਗ ਜੁਗ ਧਾਰ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਧਰਨੀ ਧਰਤ ਧਵਲ ਸੁਹਾ ਲਿਆ ।

### ✪ ੨੦ ਚੇਤ ੨੦੧੬ ਬਿਕ੍ਰਮੀ ਦਲੀਪ ਸਿੰਘ ਦੇ ਘਰ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✪

ਨਿਰਗੁਣ ਜੋਤ ਹਰਿ ਭਗਵਾਨ, ਏਕਉਂਕਾਰ ਆਦਿ ਜੁਗਾਦਿਆ । ਸਤਿ ਸਰੂਪ ਖੇਲ ਮਹਾਨ, ਖੇਲੇ ਖੇਲ ਵਿਚ ਬ੍ਰਹਿਮਾਦਿਆ । ਇਕ ਉਪਾਏ ਸਚ ਨਿਸ਼ਾਨ, ਨਾਮ ਵਜਾਏ ਸਾਚਾ ਨਾਦਿਆ । ਥਿਰ ਘਰ ਵਸੇ ਸਚ ਮਕਾਨ, ਆਪ ਆਪਣਾ ਸਾਜਣ ਸਾਜਿਆ । ਖੇਲੇ ਖੇਲ ਦੋ ਜਹਾਨ, ਆਪ ਰਚਾਏ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰੱਖੇ ਆਪਣੀ ਲਾਜਿਆ । ਆਦਿ ਪੁਰਖ ਹਰਿ ਨਿਰੰਕਾਰਾ, ਹਰੀ ਹਰਿ ਆਪ ਅਖਵਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜੋਤ ਡਗਮਗਾਈਆ । ਸ਼ਬਦ ਅਗੰਮੀ ਸਚ ਧੁਨਕਾਰਾ, ਧੁਨ ਅਨਾਦੀ ਆਪ ਉਪਾਈਆ । ਲੋਆਂ ਪੁਰੀਆਂ ਕਰ ਪਸਾਰਾ, ਸ਼ਬਦ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਖੇਲ ਖਿਲਾਈਆ । ਏਕਉਂਕਾਰਾ ਹਰਿ ਰਘੁਨਾਥ, ਅਕਲ ਕਲਾ ਅਖਵਾਇੰਦਾ । ਜੁਗ ਜੁਗੰਤਰ ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਆਪ ਅਖਵਾਇੰਦਾ । ਹਰਿ ਨਾਮ ਚਲਾਏ ਸਾਚੀ ਗਾਥ, ਆਪ ਆਪਣਾ ਨਾਉਂ ਧਰਾਇੰਦਾ । ਆਪ ਨਿਭਾਏ ਆਪਣਾ ਸਾਥ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ ਪਾਰਬ੍ਰਹਮ, ਨਾ ਮਰੇ ਨਾ ਜਾਈਆ । ਆਪਣੀ ਅਣਸ ਏਕਾ ਬ੍ਰਹਮ, ਆਪੇ ਰਿਹਾ ਉਪਾਈਆ । ਆਪ ਜਣਾਏ ਆਪਣਾ ਕਰਮ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਈਆ । ਆਦਿ ਨਿਰੰਜਣ ਪੁਰਖ ਬਿਧਾਤਾ, ਏਕਾ ਏਕ ਅਖਵਾਇੰਦਾ । ਆਪਣਾ ਬੰਨੇ ਆਪੇ ਨਾਤਾ, ਆਪੇ ਜੋੜ ਜੁੜਾਇੰਦਾ । ਆਪੇ ਪਿਤਾ ਆਪੇ ਮਾਤਾ, ਬਾਲ ਰੂਪ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਜ਼ਾਤਾ, ਵਰਨ ਗੋਤ ਨਾ ਕੋਇ ਰਖਾਇੰਦਾ । ਬੈਠਾ ਰਹੇ ਇਕ ਇਕਾਂਤਾ, ਆਪਣੀ ਕਲ ਵਰਤਾਇੰਦਾ । ਆਪਣਾ ਖੋਲ੍ਹ ਆਪੇ ਤਾਕਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਆਪੇ ਸੱਜਣ ਆਪੇ ਸਾਕਾ, ਸਾਕ ਸੈਣ ਆਪ ਅਖਵਾਇੰਦਾ । ਆਪ ਆਪਣਾ ਬਣੇ ਰਾਖਾ, ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਾਇੰਦਾ । ਨੂਰ ਅਕਾਲਾ ਜੋਤ ਅਕਾਲੀ, ਹਰਿ ਆਪਣੀ ਆਪ ਉਪਾਈਆ । ਆਦਿ ਜੁਗਾਦੀ ਖੇਲ ਨਿਰਾਲੀ, ਜੁਗ ਕਰਤਾ ਵੇਸ ਵਟਾਈਆ । ਜੁਗ ਜੁਗੰਤਰ ਚਲੇ ਚਾਲੀ, ਭੇਵ ਅਭੇਦਾ ਭੇਵ ਛੁਪਾਈਆ । ਦਰਗਹਿ ਸਾਚੀ ਸਾਚਾ ਮਾਲੀ, ਲੱਖ ਚੁਰਾਸੀ ਬੂਟਾ ਲਾਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰੇ ਸੁਵਾਲੀ, ਆਪਣੀ ਭਿਛਿਆ

ਆਪੇ ਪਾਈਆ । ਆਪੇ ਤ੍ਰੈਗੁਣ ਕਰਾ ਦਲਾਲੀ, ਪੰਜ ਤੱਤ ਆਪ ਵਿਕਾਈਆ । ਆਪੇ ਪਾਏ ਆਪਣਾ ਜੰਜਾਲੀ, ਆਪੇ ਤੋੜ ਤੁੜਾਈਆ । ਆਪੇ ਆਪਣੇ ਹੱਥਾਂ ਰੱਖੇ ਖ਼ਾਲੀ, ਨਾਮ ਧਨ ਇਕ ਛੁਪਾਈਆ । ਆਪਣਾ ਅੰਮ੍ਰਿਤ ਆਪੇ ਮਾਰ ਉਛਾਲੀ, ਸਰ ਸਰੋਵਰ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਖੇਲ ਖਿਲਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਰੂਪ ਸਮਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਨਿਰਗੁਣ ਸਰਗੁਣ ਕਰ ਪਿਆਰਾ, ਜੋਤੀ ਜੋਤ ਡਗਮਗਾਇੰਦਾ । ਆਪ ਆਪਣਾ ਕਰ ਪਸਾਰਾ, ਹਰਿ ਆਪੇ ਵੇਖ ਵਖਾਇੰਦਾ । ਆਪ ਆਪਣੀ ਬੰਨੇ ਧਾਰਾ, ਆਪੇ ਮਾਰਗ ਲਾਇੰਦਾ । ਆਪ ਆਪਣਾ ਕਰੇ ਵਣਜ ਵਪਾਰਾ, ਆਪ ਆਪਣਾ ਹੱਟ ਖੁਲ੍ਹਾਇੰਦਾ । ਆਪੇ ਹਰਿ ਹਰਿ ਨਾਮ ਬਣੇ ਵਰਤਾਰਾ, ਹਰਿ ਨਾਮਾ ਆਪ ਵਰਤਾਇੰਦਾ । ਆਪੇ ਭਗਤਾਂ ਮੀਤਾ ਮੀਤ ਮੁਰਾਰਾ, ਭਗਤ ਭਗਵੰਤ ਵੇਖ ਵਖਾਇੰਦਾ । ਆਪੇ ਸੰਤਨ ਦੇਵੇ ਸਚ ਹੁਲਾਰਾ, ਸ਼ਬਦ ਹੁਲਾਰਾ ਇਕ ਰਖਾਇੰਦਾ । ਆਪੇ ਹਰਿਜਨ ਸਾਚਾ ਕਰੇ ਪਿਆਰਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਖੇਲ ਖਿਲਾਇੰਦਾ । ਏਕਉਂਕਾਰਾ ਨਰ ਨਰਾਇਣ, ਨਰ ਨਰਾਇਣ ਅਖਵਾਈਆ । ਆਪੇ ਵੇਖੇ ਆਪਣੇ ਨੈਣ, ਦੂਸਰ ਦਿਸ ਕਿਸੇ ਨਾ ਆਈਆ । ਆਪ ਚੁਕਾਏ ਆਪਣਾ ਲਹਿਣ ਦੇਣ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤ ਉਜਿਆਰੀ ਹਰਿ ਨਿਰੰਕਾਰੀ, ਏਕਾ ਰੂਪ ਦਰਸਾਇਆ । ਪਾਵੇ ਸਾਰ ਰਵ ਸਸ ਸਤਾਰੀ, ਮੰਡਲ ਮੰਡਪ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਨੇਤਰ ਨੈਣ ਰਿਹਾ ਉਘਾੜੀ, ਆਪ ਆਪਣੀ ਦਇਆ ਕਮਾਇਆ । ਆਪੇ ਲੱਖ ਚੁਰਾਸੀ ਕਰ ਪਸਾਰੀ, ਆਪੇ ਮੁਖ ਛੁਪਾਇਆ । ਆਪੇ ਜਨ ਭਗਤਾਂ ਦੇਵੇ ਨਾਮ ਖੁਮਾਰੀ, ਦਿਵਸ ਰੈਣ ਏਕਾ ਰੰਗ ਰੰਗਾਇਆ । ਆਪੇ ਵੇਖੇ ਕਾਇਆ ਮੰਦਰ ਡੂੰਘੀ ਕੰਦਰ ਰੈਣ ਅੰਧਿਆਰੀ, ਆਪ ਆਪਣਾ ਆਸਣ ਲਾਇਆ । ਆਪੇ ਜੋਤ ਨਿਰੰਜਣ ਕਰ ਉਜਿਆਰੀ, ਆਪ ਆਪਣਾ ਰੂਪ ਦਰਸਾਇਆ । ਆਪੇ ਅਨਹਦ ਸ਼ਬਦ ਸੱਚੀ ਧੁਨਕਾਰੀ, ਤਾਲ ਤਲਵਾੜਾ ਆਪ ਵਜਾਇਆ । ਆਪੇ ਅੰਮ੍ਰਿਤ ਆਤਮ ਸਰ ਸਰੋਵਰ ਠੰਡੀ ਠਾਰੀ, ਨਾਮ ਪਿਆਲਾ ਆਪ ਪਿਆਇਆ । ਆਪੇ ਦੁਰਮਤ ਮੈਲ ਰਿਹਾ ਉਤਾਰੀ, ਏਕਾ ਰੰਗਣ ਰੰਗ ਰੰਗਾਇਆ । ਆਪੇ ਗੁਰਮੁਖਾਂ ਫਿਰੇ ਪਿੱਛੇ ਅਗਾੜੀ, ਜੁਗ ਜੁਗ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੇਹਾਰ ਆਪ ਅਖਵਾਇਆ । ਕਰਨੇਹਾਰ ਹਰਿ ਭਗਵੰਤ, ਭਗਵਨ ਵਡ ਵਡਿਆਈਆ । ਜੁਗ ਜੁਗ ਮੇਲਾ ਸਾਚੇ ਸੰਤ, ਸੰਤ ਸਾਜਣ ਆਪ ਉਠਾਈਆ । ਮਨਮੁਖਾਂ ਮਾਇਆ ਪਾਏ ਬੇਅੰਤ, ਗੂੜ੍ਹੀ ਨੀਂਦ ਸਵਾਈਆ । ਗੁਰਮੁਖ ਮੇਲਾ ਨਾਰੀ ਕੰਤ, ਆਤਮ ਸੇਜਾ ਇਕ ਸੁਹਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤ, ਦੂਈ ਦਵੈਤੀ ਦਏ ਮਿਟਾਈਆ । ਮਨਮੁਖ ਜੀਵ ਭੁੱਖੇ ਨੰਗਤ, ਦਰ ਦਰ ਦਏ ਦੁਰਕਾਈਆ । ਪਾਰਬ੍ਰਹਮ ਤੇਰੀ ਸਾਚੀ ਸੰਗਤ, ਤੇਰੇ ਰੂਪ ਸਮਾਈਆ । ਗੁਰਮੁਖ ਅੰਗ ਲਗਾਏ ਜਿਉਂ ਨਾਨਕ ਅੰਗਦ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਮੇਲਾ ਸਰਗੁਣ ਧਾਰ, ਸ਼ਬਦੀ ਸ਼ਬਦ ਉਪਾਇਆ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਦੀਵਾ ਆਪ ਜਗਾਇਆ । ਨਿਰਗੁਣ ਕਮਲਾਪਾਤੀ ਕੰਤ ਭਤਾਰ, ਸਰਗੁਣ ਨਾਰੀ ਲਏ ਪਰਨਾਇਆ ।

ਨਿਰਗੁਣ ਬੂੰਦ ਸਵਾਂਤੀ ਠੰਡੀ ਠਾਰ, ਸਰਗੁਣ ਕਵਲਾ ਮੁਖ ਚੁਆਇਆ । ਨਿਰਗੁਣ ਖੋਲ੍ਹੇ ਬੰਦ ਤਾਕੀ ਬੰਦ ਕਿਵਾੜ, ਸਰਗੁਣ ਦੂਈ ਦਵੈਤੀ ਪੜਦਾ ਲਾਹਿਆ । ਨਿਰਗੁਣ ਜੋਤ ਪਰਕਾਸ਼ ਕਰੇ ਬਹੱਤਰ ਨਾੜ, ਸਰਗੁਣ ਅੰਧ ਅੰਧੇਰ ਮਿਟਾਇਆ । ਨਿਰਗੁਣ ਮੇਟ ਮਿਟਾਏ ਪੰਚਮ ਧਾੜ, ਸਰਗੁਣ ਸਾਚੀ ਬੂਝ ਬੁਝਾਇਆ । ਦੋਹਾਂ ਵਿਚੋਲਾ ਸ਼ਬਦ ਸਿਕਦਾਰ, ਲੋਕਮਾਤ ਫੇਰਾ ਪਾਇਆ । ਆਵੇ ਜਾਵੇ ਵਿਚ ਸੰਸਾਰ, ਜੁਗ ਜੁਗ ਵੇਸ ਵਟਾਇਆ । ਬ੍ਰਹਮਾ ਵੇਦ ਪਾਏ ਨਾ ਸਾਰ, ਚਾਰੇ ਮੁਖ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਮ ਧਰਾਇਆ । ਜੁਗ ਜੁਗ ਆਪਣਾ ਨਾਮ ਧਰਾਏ, ਧਰਤੀ ਧਵਲ ਸੁਹਾਇੰਦਾ । ਨਾਮ ਨਿਧਾਨਾ ਹਰਿ ਭਗਵਾਨਾ ਇਕ ਵਖਾਏ, ਜਨ ਭਗਤਾਂ ਵੰਡ ਵੰਡਾਇੰਦਾ । ਧੁਰ ਫ਼ਰਮਾਨਾ ਆਪ ਸੁਣਾਏ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਨਾਦ ਤਰਾਨਾ ਇਕ ਵਜਾਏ, ਲੇਖਾ ਲੇਖ ਨਾ ਕੋਇ ਜਣਾਇੰਦਾ । ਗੁਰਮੁਖ ਸੋਏ ਆਪ ਉਠਾਏ, ਅਨਹਦ ਸੇਵਾ ਲਾਇੰਦਾ । ਅੰਦਰ ਮੰਦਰ ਮੇਲ ਮਿਲਾਏ, ਡੂੰਘੀ ਕੁੰਦਰ ਵੇਖ ਵਖਾਇੰਦਾ । ਮਨਮੁਖ ਬੰਦਰ ਰਿਹਾ ਨਚਾਏ, ਚਾਰੋਂ ਕੁੰਟ ਫਰਾਇੰਦਾ । ਨੌਂ ਦਵਾਰੇ ਕਰ ਹਲਕਾਏ, ਘਰ ਘਰ ਅਲੱਖ ਜਗਾਇੰਦਾ । ਜਨ ਭਗਤਾਂ ਸਚ ਸਰਨਾਏ, ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਪ੍ਰਭ ਅਗੰਮ ਅਥਾਹੇ, ਬੇਅੰਤ ਬੇਅੰਤ ਬੇਅੰਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਕਰ, ਸਤਿ ਸਰੂਪ ਸਮਾਇਆ । ਸਤਿਜੁਗ ਲੇਖਾ ਅੱਗੇ ਧਰ, ਆਪੇ ਵੇਖ ਵਖਾਇਆ । ਤ੍ਰੇਤਾ ਤ੍ਰੀਆ ਗਿਆ ਹਰ, ਰਾਮ ਨਾਮ ਦ੍ਰਿੜਾਇਆ । ਦੁਆਪਰ ਤੇਰਾ ਚੁੱਕਿਆ ਡਰ, ਕਾਹਨਾ ਕ੍ਰਿਸ਼ਨਾ ਵੇਖ ਵਖਾਇਆ । ਕਲਜੁਗ ਅੱਗੇ ਵੇਖੇ ਖੜ, ਆਪ ਆਪਣਾ ਰੂਪ ਵਟਾਇਆ । ਲੱਖ ਚੁਰਾਸੀ ਚਾਰ ਕੁੰਟ ਦਹਿ ਦਿਸ਼ਾ ਜੂਠ ਝੂਠ ਰਹੀ ਲੜ, ਸਚ ਸੁੱਚ ਨਾ ਕੋਇ ਵਖਾਇਆ । ਤ੍ਰੈਗੁਣ ਅਗਨੀ ਰਹੀ ਸੜ, ਪੰਜ ਤੱਤ ਜਲਾਇਆ । ਰਸਨਾ ਸਾਰੇ ਰਹੇ ਪੜ੍ਹ, ਹਿਰਦੇ ਹਰਿ ਕਿਸੇ ਨਾ ਵਸਾਇਆ । ਉਚੇ ਮੰਦਰ ਪੌੜੀਆਂ ਰਹੇ ਚੜ੍ਹ, ਕਾਇਆ ਮੰਦਰ ਚੜ੍ਹ ਦਰਸ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਬਲਕਾਰ, ਆਪਣਾ ਰੂਪ ਵਟਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਨਿਰਗੁਣ ਆਪ ਅਖਵਾਇੰਦਾ । ਖੜਗ ਖੰਡਾ ਨਾਮ ਤੇਜ਼ ਕਟਾਰ, ਪਾਰਬ੍ਰਹਮ ਹੱਥ ਉਠਾਇੰਦਾ । ਨਾਮ ਚਿੱਲਾ ਤੀਰ ਕਮਾਣ, ਸੋਹੰ ਭੱਥਾ ਇਕ ਵਖਾਇੰਦਾ । ਜੋਧਾ ਸੂਰ ਬਲੀ ਬਲਵਾਨ, ਚਿੱਟੇ ਅਸਵ ਤੰਗ ਕਸਾਇੰਦਾ । ਨੀਲੀ ਧਾਰ ਕਰ ਪਰਵਾਨ, ਆਪ ਆਪਣੀ ਚਾਲ ਚਲਾਇੰਦਾ । ਲੋਕਮਾਤ ਵੇਖੇ ਮਾਰ ਧਿਆਨ, ਨੌ ਖੰਡ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਜੀਵ ਨਿਧਾਨ, ਹਰਿ ਕਾ ਭੇਵ ਕੋਏ ਨਾ ਪਾਇੰਦਾ । ਜਗਤ ਵਿਦਿਆ ਰਹੇ ਵਖਾਣ, ਆਤਮ ਬ੍ਰਹਮ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਹਰਿ ਸਚ ਸੱਚੀ ਵਡਿਆਈਆ । ਜੋਤੀ ਜਾਮਾ ਭੇਖ ਵਟਾਇਆ, ਦਿਸ ਕਿਸੇ ਨਾ ਆਈਆ । ਸੋਹੰ ਢੋਲਾ ਸਾਚਾ ਗਾਇਆ, ਹੰ ਬ੍ਰਹਮ ਰਹਿਣ ਨਾ ਪਾਈਆ । ਆਪਣਾ ਚੋਲਾ ਆਪ ਬਦਲਾਇਆ, ਆਪਣੀ ਕਰਨੀ ਆਪ ਕਮਾਈਆ । ਸਾਚਾ ਬੋਲਾ ਆਪ ਅਲਾਇਆ, ਲੋਆਂ ਪੁਰੀਆਂ ਆਪ ਸੁਣਾਈਆ । ਦੋ ਜਹਾਨਾਂ ਤੋਲਾ ਆਪ ਅਖਵਾਇਆ, ਏਕਾ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ

ਆਪਣਾ ਨਾਉਂ ਧਰਾਈਆ । ਕਲਜੁਗ ਨਾਉਂ ਹਰਿ ਨਿਰੰਕਾਰ, ਆਪਣਾ ਆਪ ਧਰਾਇੰਦਾ । ਜੋਤੀ ਨੂਰ ਹੋ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸਤਿਗੁਰ ਨਾਅਰਾ ਏਕਾ ਲਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਊਚਾਂ ਨੀਚਾਂ ਇਕ ਪਿਆਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਦੂਤੀ ਦੁਸ਼ਟ ਕਰੇ ਖ਼ਵਾਰ, ਹਉਮੇ ਗੜ੍ਹ ਤੁੜਾਇੰਦਾ । ਇਕ ਵਖਾਏ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਚਾਰ ਵਰਨਾਂ ਦਏ ਅਧਾਰ, ਏਕਾ ਸ਼ਬਦ ਸੁਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਆਪ ਅਖਵਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਜੋਤ ਜਗਾਇੰਦਾ । ਗੋਬਿੰਦ ਮੇਲਾ ਸ਼ਬਦ ਪਿਆਰ, ਸੰਬਲ ਨਗਰੀ ਧਾਮ ਵਖਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਚੇਲਾ ਗੁਰ ਆਪ ਹੋ ਜਾਇੰਦਾ । ਖ਼ਾਲਕ ਖ਼ਲਕ ਵਿਚ ਰਿਹਾ ਪਸਾਰ, ਘਟ ਘਟ ਆਪਣਾ ਆਸਣ ਲਾਇੰਦਾ । ਕਲਜੁਗ ਤੇਰੀ ਅੰਤਮ ਰੇਖ ਕਾਲੀ ਧਾਰ, ਨਿਰਗੁਣ ਨੂਰ ਇਕ ਚਮਕਾਇੰਦਾ । ਆਪ ਆਪਣਾ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਹਰਿ ਗਾਮਾ, ਹਰਿ ਸਾਚੀ ਰੇਖ ਜਗਾਈਆ । ਆਪ ਵਜਾਏ ਸ਼ਬਦ ਦਮਾਮਾ, ਚੋਟ ਨਗਾਰੇ ਇਕ ਲਗਾਈਆ । ਪੂਰਾ ਕਰੇ ਅੰਤਮ ਕਾਮਾ, ਆਪ ਆਪਣਾ ਕਰਮ ਕਮਾਈਆ । ਘਟ ਘਟ ਮੀਤਾ ਅੰਤਰਜਾਮਾ, ਗਤ ਮਿਤ ਆਪ ਜਣਾਈਆ । ਰੂਪ ਅਨੂਪ ਘਨਈਆ ਸ਼ਾਮਾ, ਏਕ ਏਕ ਦਰਸਾਈਆ । ਨਾਨਕ ਨਿਰਗੁਣ ਖੇਲ ਮਹਾਨਾ, ਸਰਗੁਣ ਡੇਰਾ ਲਾਈਆ । ਗੋਬਿੰਦ ਮੇਲਾ ਦੋ ਜਹਾਨਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪ ਅਖਵਾਈਆ । ਨਿਹਕਲੰਕ ਹਰਿ ਨਿਰੰਕਾਰਾ, ਹਰਿ ਹਰਿ ਰੂਪ ਅਖਵਾਇੰਦਾ । ਲੋਕਮਾਤ ਲੈ ਅਵਤਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰ ਪਾਵੇ ਸਾਰਾ, ਆਪ ਆਪਣਾ ਮੂਲ ਚੁਕਾਇੰਦਾ । ਚੌਦਾਂ ਚੌਦਸ ਖੋਲ੍ਹ ਕਿਵਾੜਾ, ਚੌਦਾਂ ਚੌਦਾਂ ਹੱਟ ਵਿਕਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਇਕ ਅਖਾੜਾ, ਏਕਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਵੇਸ ਵਟਾਇੰਦਾ । ਨਿਹਕਲੰਕ ਸਰਬ ਜਗ ਮੀਤਾ, ਜਾਗਰਤ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਇਕ ਅਤੀਤਾ, ਨਿਰਗੁਣ ਵੇਸ ਵਟਾਈਆ । ਆਦਿ ਜੁਗਾਦੀ ਠੰਡਾ ਸੀਤਾ, ਆਦਿ ਨਿਰੰਜਣ ਬੇਪਰਵਾਹੀਆ । ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਹਰ ਘਟ ਬੈਠਾ ਡੇਰਾ ਲਾਈਆ । ਜੁਗ ਜੁਗ ਚਲਾਏ ਆਪਣੀ ਰੀਤਾ, ਏਕਾ ਸ਼ਬਦ ਕਰ ਰੁਸ਼ਨਾਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਰਖਾਈਆ । ਨਾਮ ਨਿਧਾਨ ਵਖਾਏ ਇਕ ਅਨਡੀਠਾ, ਆਪ ਆਪਣਾ ਧਾਮ ਸੁਹਾਈਆ । ਜਿਸ ਜਨ ਵਸਿਆ ਆਪੇ ਚੀਤਾ, ਚਿਤ ਵਿਤ ਠਗੌਰੀ ਨਾ ਪਾਈਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਨ ਬੇਪਰਵਾਹੀਆ । ਗੁਰਮੁਖ ਵਿਰਲੇ ਮਾਨਸ ਜਨਮ ਲੋਕਮਾਤ ਜੀਤਾ, ਲੱਖ ਚੁਰਾਸੀ ਆਪਣੇ ਗੇੜ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨਾਂ ਵੇਖ ਵਖਾਈਆ । ਵੇਖਣਹਾਰਾ ਹਰਿ ਸਮਰਥ ਏਕ ਏਕਉਂਕਾਰਿਆ । ਜੁਗ ਜੁਗ ਚਲਾਏ ਆਪਣੀ ਗਾਥ, ਆਪ ਆਪਣਾ ਸ਼ਬਦ ਉਚਾਰਿਆ । ਆਪੇ ਹੋਏ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਦਏ ਸਹਾਰਿਆ । ਆਪੇ ਪੂਜਾ ਆਪੇ

ਪਾਠ, ਰਸਨਾ ਜੇਹਵਾ ਆਪ ਹਿਲਾ ਰਿਹਾ । ਆਪੇ ਵੇਦ ਮੰਤਰ ਸ਼ਾਸਤਰ ਸਿਮਰਤ ਮਾਰੇ ਠਾਠ, ਗਾਇਤਰੀ ਮੰਤਰ ਆਪ ਅਖਵਾ ਰਿਹਾ । ਆਪੇ ਅੰਜੀਲ ਕੁਰਾਨਾ ਹਾਠ, ਆਇਤ ਸ਼ਰਾਇਤ ਜਣਾ ਲਿਆ । ਆਪੇ ਰਸਿਆ ਰਸ ਅੰਮ੍ਰਿਤ ਏਕਾ ਰਿਹਾ ਚਾਟ, ਆਪੇ ਮੁਖ ਭੁਵਾ ਲਿਆ । ਆਪੇ ਹਰ ਘਟ ਸੁੱਤਾ ਆਤਮ ਸੇਜਾ ਸਾਚੀ ਖਾਟ, ਪਾਵਾ ਚੂਲ ਨਾ ਕੋਇ ਉਪਾ ਲਿਆ । ਆਪੇ ਵਿਕੇ ਹਾਟੋ ਹਾਟ, ਚੌਦਾਂ ਹੱਟਾਂ ਡੇਰਾ ਲਾ ਲਿਆ । ਆਪੇ ਆਪਣੇ ਬਸਤਰ ਜਾਏ ਪਾਟ, ਸ਼ਬਦ ਦੁਸ਼ਾਲਾ ਆਪ ਉਠਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤ ਜਵਾਲਾ ਵੇਖ ਵਖਾ ਲਿਆ । ਕਲਜੁਗ ਤੇਰਾ ਹਰਿ ਮਲਾਹ, ਅੰਤਮ ਆਪ ਅਖਵਾਈਆ । ਜੂਠਾ ਝੂਠਾ ਬੇੜਾ ਦਏ ਡੁਬਾ, ਮਾਇਆ ਮਮਤਾ ਸੰਗ ਰਲਾਈਆ । ਗੁਰਮੁਖ ਸਾਜਣ ਲਏ ਜਗਾ, ਆਪ ਆਪਣੀ ਬੂਝ ਬੁਝਾਈਆ । ਕਮਲਾਪਾਤੀ ਦਰਸ ਦਿਖਾ, ਦਰਦ ਦੁੱਖ ਮਿਟਾਈਆ । ਜਮ ਕੀ ਫਾਸੀ ਦਏ ਕਟਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਰਸਨ ਸਵਾਸੀ ਵੇਖ ਵਖਾ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਬੇੜਾ ਆਪਣੇ ਕੰਧ ਉਠਾਈਆ । ਕਲਜੁਗ ਬੇੜਾ ਡੂੰਘਾ ਸਾਗਰ, ਹਰਿ ਹਰਿ ਵੇਖ ਵਖਾਇੰਦਾ । ਚਾਰ ਕੁੰਟ ਨਾ ਦਿਸੇ ਕੋਇ ਸੌਦਾਗਾਰ, ਨਾਮ ਵਣਜਾਰਾ ਨਾ ਕੋਇ ਅਖਵਾਇੰਦਾ । ਹਉਮੇ ਹੰਗਤਾ ਭਰੀ ਕਾਇਆ ਗਾਗਰ, ਮਾਇਆ ਮਮਤਾ ਮੋਹ ਰਖਾਇੰਦਾ । ਹਰਿਜਨ ਵਿਰਲੇ ਕਰਮ ਹੋਏ ਉਜਾਗਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਦੇਵੇ ਨਾਮ ਰੱਤੀ ਰਤਨਾਗਰ, ਹੀਰਾ ਲਾਲ ਅਮੋਲਕ ਗੁਰਮੁਖ ਸਾਜਨ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰੀ ਹਰਿ ਆਪ ਅਖਵਾਇੰਦਾ । ਹਰੀ ਹਰਿ ਵਿਸ਼ਨੂੰ ਭਗਵਾਨਾ, ਵਿਸ਼ਵ ਰੂਪ ਸਮਾਇਆ । ਚਾਰ ਵਰਨਾਂ ਦੇਵੇ ਇਕ ਗਿਆਨਾ, ਏਕਾ ਬ੍ਰਹਮ ਬੁਝਾਇਆ । ਚਾਰ ਵਰਨਾਂ ਦੇਵੇ ਏਕਾ ਦਾਨਾ, ਏਕਾ ਵਸਤ ਝੋਲੀ ਪਾਇਆ । ਚਾਰ ਵਰਨ ਬਹਾਏ ਇਕ ਮਕਾਨਾ, ਚਰਨ ਦਵਾਰਾ ਇਕ ਵਖਾਇਆ । ਚਾਰ ਵਰਨਾਂ ਬੰਨੇ ਏਕਾ ਗਾਨਾ, ਏਕਾ ਸਗਨ ਮਨਾਇਆ । ਚਾਰ ਵਰਨਾਂ ਰੱਖੇ ਏਕਾ ਮਾਣਾ, ਊਚ ਨੀਚ ਮੇਟ ਮਿਟਾਇਆ । ਨਾ ਕੋਈ ਦੀਸੇ ਰਾਜਾ ਰਾਣਾ, ਸ਼ਾਹ ਸੁਲਤਾਨ ਨਾ ਕੋਇ ਅਖਵਾਇਆ । ਕਲਜੁਗ ਅੰਤਮ ਖੇਲੇ ਖੇਲ ਦੋ ਜਹਾਨਾ, ਲੋਕਮਾਤ ਫੇਰਾ ਪਾਇਆ । ਧਰਮ ਝੁਲਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਹੋ ਜਾਇਆ । ਸੱਤ ਰੰਗ ਨਿਸ਼ਾਨ ਆਪ ਝੁਲੌਣਾ, ਹਰਿ ਸਾਚੇ ਵਡ ਵਡਿਆਈਆ । ਸੱਤਾ ਦੀਪਾਂ ਆਪ ਉਠੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਵੇਖ ਵਖੌਣਾ, ਹਰਿ ਕਾ ਲੇਖ ਨਾ ਕੋਇ ਮਿਟਾਈਆ । ਬ੍ਰਹਮਾ ਵੇਤਾ ਅੰਤ ਸਮੌਣਾ, ਥਿਰ ਕੋਇ ਰਹਿਣ ਨਾ ਪਾਈਆ । ਸ਼ਿਵ ਸ਼ੰਕਰ ਆਪਣਾ ਮੇਲ ਮਿਲੌਣਾ, ਆਪ ਆਪਣੇ ਅੰਕ ਸਮਾਈਆ । ਸੁਰਪਤ ਰਾਜਾ ਤਖ਼ਤੋਂ ਲੌਹਣਾ, ਤਖ਼ਤ ਤਾਜ ਤਜਾਈਆ । ਆਪ ਆਪਣਾ ਮਾਰਗ ਲੌਣਾ, ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਸਾਚਾ ਰਾਹ ਚਲੌਣਾ, ਸਚ ਸੁੱਚ ਕੁੜਮਾਈਆ । ਹਰਿ ਜੈਕਾਰਾ ਇਕ ਸੁਣੌਣਾ, ਏਕਾ ਅਲਖ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲ੍ਹਾਈਆ । ਹਰਿ ਹਰਿ ਭੇਵ ਜਾਏ ਖੁਲ੍ਹ, ਕਲਜੁਗ ਅੰਤਮ ਵਾਰੀਆ । ਲੱਖ ਚੁਰਾਸੀ ਜਾਏ ਰੁਲ, ਨਾ

੩੮੬
੦੮

ਦੇਵੇ ਕੋਇ ਸਹਾਰੀਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਨਾ ਪਏ ਕੋਇ ਮੁੱਲ, ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜੀਆ । ਪੱਤ ਡਾਲ੍ਹੀ ਨਾ ਦਿਸੇ ਫੁੱਲ, ਹਰੀ ਦਿਸੇ ਨਾ ਕੋਇ ਕਿਆਰੀਆ । ਕਲਜੁਗ ਦੀਵਾ ਹੋਏ ਗੁਲ, ਅੰਤਮ ਦਿਸੇ ਰੈਣ ਅੰਧਿਆਰੀਆ । ਕਿਸੇ ਨਾ ਅਗਨੀ ਦਿਸੇ ਚੁਲ੍ਹ, ਅਗਨੀ ਤੱਤ ਨਾ ਕੋਇ ਉਪਕਾਰੀਆ । ਗੁਰਮੁਖ ਗੁਰਸਿਖ ਹਰਿਜਨ ਹਰਿ ਸੰਗਤ ਵਿਰਲਾ ਨਾਮ ਕੰਡੇ ਜਾਏ ਤੁਲ, ਸਤਿਗੁਰ ਪੂਰਾ ਕਰੇ ਵਣਜ ਵਪਾਰੀਆ । ਗੁਰ ਗੁਰ ਚਰਨ ਪ੍ਰੀਤੀ ਜਾਏ ਘੁਲ, ਗੁਰ ਗੋਬਿੰਦ ਦਰਸ ਅਪਾਰੀਆ । ਕਲਜੁਗ ਬੂਟਾ ਰਿਹਾ ਹੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਵੇਖੇ ਘਰ, ਘਰ ਘਰ ਵਿਚ ਫੇਰਾ ਪਾ ਰਿਹਾ । ਹਰਿ ਫੇਰਾ ਘਰ ਪਾਇਆ, ਸੁੱਤੀ ਸਰਬ ਲੋਕਾਈ । ਪੰਚਾਂ ਚੋਰਾਂ ਡੇਰਾ ਲਾਇਆ, ਸੁਰਤ ਸਵਾਣੀ ਨਾ ਲਏ ਅੰਗੜਾਈ । ਰਾਮ ਨਾਮ ਨਾ ਰਿਦੇ ਵਸਾਇਆ, ਸਤਿ ਨਾਮ ਨਾ ਹੋਈ ਕੁੜਮਾਈ । ਫਤਿਹ ਡੰਕਾ ਨਾ ਕਿਸੇ ਵਜਾਇਆ, ਵਾਹਿਗੁਰੂ ਫਤਹਿ ਨਾ ਕੋਇ ਕਰਾਈ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਧਾਰ ਏਕਉਂਕਾਰ ਜੋਤ ਉਜਿਆਰ ਦਿਸ ਕਿਸੇ ਨਾ ਆਇਆ, ਸ੍ਰਿਸ਼ਟ ਸਬਾਈ ਹੋਈ ਹਲਕਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਦਿ ਜੁਗਾਦੀ ਜੋਤ ਧਰ, ਜਨ ਭਗਤਾਂ ਮੰਗੇ ਸਚ ਸਰਨਾਈ । ਸੋਹਣ ਬੰਕ ਦਵਾਰ, ਘਰ ਮੰਦਰ ਆਪ ਸੁਹਾਇਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਸਤਿ ਪਰਕਾਸ਼ ਕਰਾਇਆ । ਅਨਹਦ ਧੁਨ ਸੱਚੀ ਧੁਨਕਾਰ, ਸ਼ਬਦ ਅਨਾਦੀ ਰਾਗ ਸੁਣਾਇਆ । ਅੰਮ੍ਰਿਤ ਆਤਮ ਠੰਡੀ ਠਾਰ, ਸੀਤਲ ਧਾਰ ਕਵਲ ਮੁਖ ਚਵਾਇਆ । ਦੂਈ ਦਵੈਤੀ ਪੜਦਾ ਪਾੜ, ਹਉਮੇ ਹੰਗਤਾ ਗੜ੍ਹ ਤੁੜਾਇਆ । ਆਤਮ ਅੰਤਰ ਕਰ ਪਿਆਰ, ਹਰਿ ਸੰਤਨ ਮੇਲ ਮਿਲਾਇਆ । ਸੰਤਨ ਮੇਲਾ ਧੁਰ ਦਰਬਾਰ, ਏਕਉਂਕਾਰਾ ਆਪ ਕਰਾਇਆ । ਆਤਮ ਸੇਜਾ ਹੋ ਉਜਿਆਰ, ਸਚ ਸਿੰਘਾਸਣ ਬੈਠਾ ਆਸਣ ਲਾਇਆ । ਸ਼ਬਦ ਵਿਚੋਲਾ ਵਿਚ ਸੰਸਾਰ, ਸਤਿ ਪੁਰਖ ਨਿਰੰਜਣ ਆਪ ਰਖਾਇਆ । ਬਦਲੇ ਚੋਲਾ ਆਪ ਕਰਤਾਰ, ਆਪ ਆਪਣਾ ਵੇਸ ਵਟਾਇਆ । ਜਾਂਞੀ ਲਾੜਾ ਸੋਹੇ ਕਰ ਸ਼ੰਗਾਰ, ਆਪ ਆਪਣਾ ਰੂਪ ਦਰਸਾਇਆ । ਤ੍ਰੈਗੁਣ ਮਾਇਆ ਵਸੇ ਬਾਹਰ, ਪੰਜ ਤੱਤ ਨਾ ਰੱਤ ਵਖਾਇਆ । ਨਾਰੀ ਕੰਤ ਕਰ ਪਿਆਰ, ਭਗਤ ਭਗਵੰਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰ, ਨਾਨਕ ਢੋਲਾ ਏਕਾ ਗਾਇਆ । ਸੋਹੇ ਮੰਦਰ ਉਚ ਮਹੱਲ, ਬੰਕ ਦਵਾਰੀ ਆਪ ਉਪਾਈਆ । ਆਪੇ ਵਰਤੇ ਆਪਣੀ ਕਲ, ਭੇਵ ਕੋਇ ਨਾ ਪਾਈਆ । ਜੁਗਾ ਜੁਗੰਤਰ ਅਛਲ ਅਛੱਲ, ਵਲ ਛਲ ਖੇਲ ਖਿਲਾਈਆ । ਏਕਾ ਜੋਤੀ ਨੂਰ ਨਿਰਗੁਣ ਆਪੇ ਰਿਹਾ ਬਲ, ਦਿਵਸ ਰੈਣ ਡਗਮਗਾਈਆ । ਵਸਣਹਾਰਾ ਜਲ ਥਲ, ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਅਵਣ ਗਵਣ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਹਰ ਘਟ ਬੈਠਾ ਆਸਣ ਲਾਈਆ । ਏਕਾ ਰੱਖੇ ਧਾਮ ਅਚੱਲ, ਵੇਦ ਕਤੇਬ ਲੇਖ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਇਕ ਮਹੱਲ, ਆਪਣਾ ਆਪ ਸੁਹਾਈਆ । ਬੰਕ ਦਵਾਰ ਸੁਹੰਜਣਾ, ਪਾਰਬ੍ਰਹਮ ਕਰਤਾਰ । ਜੋਤ ਜਗੇ ਆਦਿ ਨਿਰੰਜਣਾ, ਰੂਪ ਅਨੂਪ ਅਪਾਰ । ਮੇਲ ਮਿਲਾਏ ਸੰਤ ਸੁਹੇਲੇ ਸਾਚੇ ਸੱਜਣਾ, ਦੂਸਰ ਦਿਸ ਨਾ ਆਏ ਵਿਚ ਸੰਸਾਰ । ਨੇਤਰ ਪਾਏ ਨਾਮ ਨਿਧਾਨ ਗਿਆਨ ਏਕਾ ਅੰਜਣਾ, ਏਕਾ ਨੂਰ ਕਰੇ ਉਜਿਆਰ । ਜਿਸ ਜਨ ਬਖ਼ਸ਼ੇ ਚਰਨ ਧੂੜ ਦੇਵੇ ਮਜਣਾ, ਦੁਰਮਤ ਮੈਲ ਦਏ ਉਤਾਰ । ਬੰਕ

ਦਵਾਰ ਹਰਿ ਨਿਰੰਕਾਰ ਗੁਰਸਿਖ ਤੇਰੀ ਆਤਮ ਬਹਿ ਬਹਿ ਸਜਣਾ, ਨੌਂ ਦਵਾਰੇ ਕਰੇ ਬੰਦ ਕਿਵਾੜ । ਸ਼ਬਦ ਨਗਾਰਾ ਏਕਾ ਵੱਜਣਾ, ਧੁਨ ਆਤਮਕ ਸੱਚੀ ਧੁਨਕਾਰ । ਘਰ ਸਾਚੇ ਪੜਦਾ ਕੱਜਣਾ, ਥਿਰ ਘਰ ਬੈਠ ਸੱਚੀ ਸਰਕਾਰ । ਜਨ ਭਗਤਾਂ ਲੋਕਮਾਤ ਰੱਖੇ ਲੱਜਣਾ, ਆਦਿ ਜੁਗਾਦੀ ਲੈ ਅਵਤਾਰ । ਜੋ ਘੜਿਆ ਸੋ ਭੱਜਣਾ, ਬਿਨ ਹਰਿ ਨਾਮੇ ਕੋਇ ਨਾ ਉਤਰੇ ਪਾਰ । ਸਤਿਗੁਰ ਪੂਰਾ ਚੋਰ ਯਾਰ ਠੱਗ ਬਣਾਏ ਸੱਜਣਾ, ਜਿਉਂ ਨਾਨਕ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਮੰਦਰ ਬੰਕ ਅਪਾਰ । ਬੰਕ ਦਵਾਰਾ ਪਾਰਬ੍ਰਹਮ, ਪਰਮ ਪੁਰਖ ਉਪਜਾਈਆ । ਚਾਰ ਦੀਵਾਰ ਨਾ ਦਿਸੇ ਥੰਮ, ਛੱਪਰ ਛੰਨ ਨਾ ਕੋਇ ਉਪਾਈਆ । ਨਾ ਕੋਈ ਬਾਢੀ ਬੇੜਾ ਰਿਹਾ ਬੰਨ੍ਹ, ਨਾ ਕੋਈ ਦੂਸਰ ਰਚਨ ਰਚਾਈਆ । ਨਾ ਕੋਈ ਰਵ ਸਸ ਸੂਰਜ ਦਿਸੇ ਚੰਨ, ਗਗਨ ਮੰਡਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਬੰਕ ਦਵਾਰੀ ਹਰਿ ਨਿਰੰਕਾਰੀ ਏਕਉਂਕਾਰਾ, ਆਪ ਆਪਣਾ ਕਰ ਪਸਾਰਾ, ਆਪੇ ਬੈਠਾ ਬੇਪਰਵਾਹੀਆ । ਬੰਕ ਦਵਾਰ ਅਗੰਮ ਅਥਾਹ, ਬੇਅੰਤ ਬੇਅੰਤ ਅਖਵਾਇਆ । ਗੁਰਮੁਖਾਂ ਵਖਾਏ ਬਣ ਮਲਾਹ, ਲੋਕਮਾਤ ਫੇਰਾ ਪਾਇਆ । ਏਕਾ ਨਾਮ ਦੇਵੇ ਸਚ ਸਲਾਹ, ਸਾਚਾ ਮਾਰਗ ਇਕ ਵਖਾਇਆ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਆਪਣੀ ਦਇਆ ਕਮਾਇਆ । ਦੋ ਜਹਾਨਾਂ ਪਾਰ ਕਰਾਏ ਫੜ ਫੜ ਬਾਂਹ, ਸਮਰਥ ਪੁਰਖ ਹੱਥ ਵਡਿਆਇਆ । ਗੁਰਮੁਖ ਮਨਮੁਖ ਤੇਰਾ ਕਰੇ ਸਚ ਨਿਆਂ, ਲੇਖਾ ਆਪਣੇ ਹੱਥ ਰਖਾਇਆ । ਕਾਇਆ ਨਗਰ ਖੇੜਾ ਵਸੇ ਸਚ ਗਰਾਂ, ਗੁਰਮੁਖ ਸਾਚੇ ਸਾਚੇ ਬੰਕ ਜਿਸ ਘਰ ਹਰਿ ਹਰਿ ਸਾਚੇ ਡੇਰਾ ਲਾਇਆ । ਬੰਕ ਦਵਾਰਾ ਜਾਣਿਆ, ਹਰਿਜਨ ਵੱਡੀ ਵਡਿਆਈਆ । ਸਤਿਗੁਰ ਪੂਰਾ ਪੁਰਖ ਪਛਾਨਿਆ, ਆਤਮ ਵੱਜੀ ਵਧਾਈਆ । ਪਾਇਆ ਪਦ ਇਕ ਨਿਰਬਾਨਿਆ, ਅਮਰਾਪਦ ਸਮਾਈਆ । ਰਾਗ ਅਨਾਦੀ ਸੁਣਿਆ ਗਾਨਿਆ, ਸਗਲੀ ਚਿੰਤ ਮਿਟਾਈਆ । ਗੁਰ ਸ਼ਬਦ ਮਿਲਿਆ ਸਾਚਾ ਹਾਣੀਆ, ਜਗਤ ਵਿਛੋੜਾ ਰਹਿਣ ਨਾ ਪਾਈਆ । ਆਵਣ ਜਾਵਣ ਚੁੱਕੀ ਕਾਣੀਆ, ਰਾਏ ਧਰਮ ਨਾ ਦਏ ਸਜ਼ਾਈਆ । ਦਰਗਹਿ ਸਾਚੀ ਇਕ ਵਖਾਣੀਆ, ਸਚਖੰਡ ਦਵਾਰਾ ਸੋਭਾ ਪਾਈਆ । ਬੰਕ ਦਵਾਰੇ ਬੈਠੀ ਗੁਰਸਿਖ ਸਚ ਸਵਾਣੀਆ, ਕੰਤ ਕੰਤੂਹਲ ਮੇਲ ਮਿਲਾਏ ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਦਵਾਰ ਬੰਕ ਵੇਖ ਵਖਾਈਆ । ਬੰਕ ਦਵਾਰਾ ਆਪੇ ਖੋਲ੍ਹ, ਗੁਰਮੁਖ ਵੇਖ ਵਖਾਇੰਦਾ । ਆਪ ਸੁਣਾਏ ਆਪਣਾ ਬੋਲ, ਸ਼ਬਦੀ ਰਾਗ ਅਲਾਇੰਦਾ । ਆਪਣੇ ਕੰਡੇ ਦੇਵੇ ਤੋਲ, ਨਾਮ ਤੋਲਾ ਇਕ ਵਖਾਇੰਦਾ । ਭਾਗ ਲਗਾਏ ਕਾਇਆ ਚੋਲ, ਡੂੰਘੀ ਕੰਦਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰੀ ਵੇਖੇ ਮੰਦਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹਰਿ ਮੇਲਿਆ, ਗੁਰਮੁਖ ਚਤੁਰ ਸੁਜਾਨ । ਗੁਰਮੁਖ ਪਾਇਆ ਸੱਜਣ ਸੁਹੇਲਿਆ, ਪਾਰਬ੍ਰਹਮ ਸ੍ਰੀ ਭਗਵਾਨ । ਆਪਣਾ ਖੇਲ ਆਪੇ ਖੇਲਿਆ, ਖੇਲੇ ਖੇਲ ਦੋ ਜਹਾਨ । ਆਪੇ ਵਸੇ ਰੰਗ ਨਵੇਲਿਆ, ਲੱਖ ਚੁਰਾਸੀ ਆਪ ਪਰਧਾਨ । ਆਪੇ ਚਾੜ੍ਹਨਹਾਰਾ ਤੇਲਿਆ, ਆਪ ਉਠਾਏ ਸਚ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰਾ ਏਕਾ ਘਰ ਗੁਰਮੁਖ ਕਰੇ ਪਰਵਾਨ । ਗੁਰਮੁਖ ਘਰ ਹਰਿ ਪਾਇਆ, ਘਰ ਘਰ ਵਿਚ ਵੱਜੀ ਵਧਾਈਆ । ਸਾਚੀ ਸਖੀਆਂ ਮੰਗਲ ਏਕਾ ਗਾਇਆ, ਨਿਰਭੈ ਰੂਪ ਸਮਾਈਆ । ਅਕਾਲ ਮੂਰਤ ਸਗਨ ਮਨਾਇਆ,

ਜੂਨੀ ਰਹਿਤ ਵੱਡੀ ਵਡਿਆਈਆ । ਸਤਿਨਾਮ ਮੰਤਰ ਇਕ ਦ੍ਰਿੜਾਇਆ, ਸਤਿ ਸਤਿਵਾਦੀ ਸਹਿਜ ਸੁਭਾਈਆ । ਏਕਉਂਕਾਰਾ ਵੇਸ ਵਟਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਰਗੁਣ ਚੇਲਾ ਆਪ ਬਣਾਇਆ, ਗੋਬਿੰਦ ਦਾਤਾ ਬੇਪਰਵਾਹੀਆ । ਸਾਢੇ ਤਿੰਨ ਹੱਥ ਬੰਕ ਸੁਹਾਇਆ, ਦਰ ਮੰਦਰ ਇਕ ਵਖਾਈਆ । ਰਾਓ ਰੰਕ ਨਾ ਕੋਇ ਜਣਾਇਆ, ਊਚਾਂ ਨੀਚਾਂ ਏਕਾ ਧਾਰ ਬੰਧਾਈਆ । ਸ਼ਾਹੋ ਭੂਪ ਸਚ ਸੁਲਤਾਨ ਸਾਚੇ ਤਖ਼ਤ ਆਸਣ ਲਾਇਆ, ਤਖ਼ਤ ਨਿਵਾਸੀ ਆਪ ਅਖਵਾਈਆ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਸ਼ਾਹੋ ਸ਼ਾਬਾਸ਼ ਭੇਵ ਨਾ ਰਾਈਆ । ਜਨ ਭਗਤਾਂ ਪੂਰਨ ਆਸ ਆਪ ਕਰਾਇਆ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋ ਜਨ ਰਸਨ ਸਵਾਸ ਸਵਾਸ ਰਹੇ ਧਿਆਇਆ, ਸੰਸਾ ਚਿੰਤਾ ਰੋਗ ਮਿਟਾਈਆ । ਜੰਗਲ ਜੂਹ ਉਜਾੜ ਪਰਭਾਸ ਹੋਏ ਸਹਾਇਆ, ਡੂੰਘੀ ਕੰਦਰ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਗੁਰਸਿਖ ਤੇਰਾ ਰਾਹ ਰਹੇ ਤਕਾਇਆ, ਜਿਸ ਪਾਇਆ ਬੇਪਰਵਾਹੀਆ । ਗਗਨ ਮੰਡਲ ਤੇਰੇ ਚਰਨਾਂ ਹੇਠ ਦਬਾਇਆ, ਤਿੰਨੇ ਲੋਕ ਰਹੇ ਸ਼ਰਮਾਈਆ । ਚੌਦਾਂ ਹੱਟਾਂ ਨਾ ਤੇਰਾ ਕੋਈ ਮੁਲ ਚੁਕਾਇਆ, ਤੇਰੀ ਕੀਮਤ ਕਰਤੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਸਾਚਾ ਘਰ, ਬੰਕ ਦਵਾਰਾ ਇਕ ਉਪਾਈਆ । ਬੰਕ ਦਵਾਰਾ ਆਪ ਉਪਾ, ਆਪਣਾ ਦਰ ਸੁਹਾਇੰਦਾ । ਨਿਰਗੁਣ ਸਰਗੁਣ ਵਿਚ ਟਿਕਾ, ਸਰਗੁਣ ਨਿਰਗੁਣ ਰੂਪ ਸਮਾਇੰਦਾ । ਸ਼ਬਦ ਵਿਚੋਲਾ ਆਪ ਬਣਾ, ਦੋ ਜਹਾਨਾਂ ਫੇਰਾ ਪਾਇੰਦਾ । ਜੁਗ ਜੁਗ ਆਪਣਾ ਮੇਲਾ ਲਏ ਮਿਲਾ, ਮੇਲ ਵਿਛੋੜਾ ਆਪਣੇ ਹੱਥ ਰਖਾਇੰਦਾ । ਸਾਚਾ ਸਗਨ ਆਪ ਮਨਾ, ਸਾਚੀ ਬਣਤ ਬਣਾਇੰਦਾ । ਆਪਣੀ ਲਗਨ ਆਪਣਾ ਸਾਹ ਲਏ ਸੁਧਾ, ਗੁਰਮੁਖ ਨਾਰੀ ਕਰ ਪਿਆਰੀ ਤਨ ਸ਼ੰਗਾਰ ਕਰਾਇੰਦਾ । ਚੜ੍ਹ ਘੋੜ ਸ਼ਾਹ ਸਵਾਰੀ ਜੋਤ ਨਿਰੰਕਾਰੀ, ਨਿਰਗੁਣ ਆਪਣਾ ਰੂਪ ਵਟਾਇੰਦਾ । ਮੇਲ ਮਿਲਾਵੇ ਮਹੱਲ ਅਟੱਲ ਉਚ ਮਨਾਰੀ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਆਪ ਸੁਹਾਇੰਦਾ । ਬੰਕ ਦਵਾਰ ਕਰੇ ਨਿਵਾਸਨ, ਨਿਵਾਸ ਨਿਵਾਸੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਸਾਚਾ ਬੰਕ ਇਕ ਵਖਾਇੰਦਾ ।

## ੨੧ ਚੇਤ ੨੦੧੯ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਘਰ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ

ਨਾਮ ਰਤਨ ਹਰਿਜਨ ਪਾਇਆ, ਸਤਿਗੁਰ ਹੱਟ ਵਿਕਾਈਆ । ਸਾਚੇ ਮੰਦਰ ਖੋਜ ਖੋਜਾਇਆ, ਖੇਵਟ ਖੇਟ ਮਲਾਹੀਆ । ਨੇਤਰ ਲੋਚਣ ਇਕ ਖੁਲ੍ਹਾਇਆ, ਪੜਦਾ ਦੂਈ ਮਟਾਈਆ । ਆਤਮ ਦਰਸੀ ਦਰਸ ਦਿਖਾਇਆ, ਚਾਤਰਕ ਤ੍ਰਿਖਾ ਬੁਝਾਈਆ । ਸਤਿ ਸਰੂਪੀ ਨਜ਼ਰੀ ਆਇਆ, ਘਰ ਸਾਚੇ ਵੱਜੀ ਵਧਾਈਆ । ਕੰਚਨ ਗੜ੍ਹ ਇਕ ਸੁਹਾਇਆ, ਆਪ ਆਪਣਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਜ ਘਰ ਬੈਠਾ ਆਸਣ ਲਾਈਆ । ਨਿਜ ਘਰ ਵਾਸਾ ਹਰਿ ਨਿਰੰਕਾਰ, ਨਿਰਮਲ ਬਿਮਲ ਸਮਾਈਆ । ਪੁਰਖ ਅਬਿਨਾਸ਼ਾ ਕਰ ਪਿਆਰ, ਹਰਿਜਨ ਸਿਮਲ ਆਪ ਤਰਾਈਆ । ਦਾਤਾ ਦਾਨੀ ਦੇਵੇ ਨਾਮ ਦਾਨ ਆਧਾਰ, ਕੌੜੀ ਨਿੰਮ ਆਪ ਮਹਿਕਾਈਆ । ਚੰਦਨ ਬਾਸ ਖੇਲ ਅਪਾਰ, ਸਚ ਸੁਗੰਧੀ ਇਕ ਵਖਾਈਆ । ਜਨ ਭਗਤਾਂ ਮੇਲਾ ਵਿਚ ਸੰਸਾਰ, ਗੁਰ ਸ਼ਬਦੀ ਮੇਲ ਮਿਲਾਈਆ । ਕਾਗ਼ਜ਼ ਕਲਮ ਨਾ ਪਾਵੇ ਸਾਰ, ਮਸ ਰਹੀ

ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਲੇਖਾ ਆਪੇ ਜਾਣੇ ਆਪੇ ਬੂਝ ਬੁਝਾਈਆ ।

## ੨੧ ਚੇਤ ੨੦੧੯ ਬਿਕ੍ਰਮੀ ਜਾਗੀਰ ਸਿੰਘ ਦੇ ਘਰ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ

ਸ਼ੌਹ ਪਾਇਆ ਘਰ ਵਸਿਆ, ਆਈ ਬਸੰਤ ਬਹਾਰ । ਮਾਰਗ ਸਤਿਗੁਰ ਸਾਚਾ ਦੱਸਿਆ, ਨਾਮ ਸ਼ਬਦ ਹਿਰਦੇ ਉਰਧਾਰ । ਸਾਚੇ ਮੰਦਰ ਬਹਿ ਬਹਿ ਹੱਸਿਆ, ਘਰ ਸਾਚੇ ਕਰੇ ਪਿਆਰ । ਆਤਮ ਪਰਮਾਤਮ ਆਪੇ ਵਸਿਆ, ਨਿਰਗੁਣ ਸਰਗੁਣ ਕਰ ਪਿਆਰ । ਲੋਕਮਾਤ ਫਿਰੇ ਨੱਸਿਆ, ਲੋਆਂ ਪੁਰੀਆਂ ਪਾਰ ਕਿਨਾਰ । ਜਗਤ ਵਿਕਾਰਾ ਰਿਹਾ ਝੱਸਿਆ, ਜਗਤ ਤ੍ਰਿਸਨਾ ਦੇਵੇ ਮਾਰ । ਕਲਜੁਗ ਜੀਵ ਮਾਇਆ ਮਮਤਾ ਫਸਿਆ, ਗੁਰ ਸਤਿਗੁਰ ਕੱਢੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਕੰਤ ਭਤਾਰ । ਨਢੜੀ ਸ਼ਬਦ ਜਾਣਿਆ, ਪਾਰਬ੍ਰਹਮ ਬੇਅੰਤ । ਘਰ ਆਪਣੇ ਰੰਗ ਮਾਣਿਆ, ਮਿਲਿਆ ਮੇਲ ਹਰਿ ਕੰਤ । ਬਹਿ ਬਹਿ ਗਾਏ ਗਾਣਿਆ, ਅਨਹਦ ਸੁਹਾਗੀ ਛੰਤ । ਦਰ ਨਿਮਾਣੀ ਦੇਵੇ ਮਾਣਿਆ, ਵਡ ਦਾਤਾ ਪਤਿ ਪਤਿਵੰਤ । ਸਦ ਚਲਾਏ ਆਪਣੇ ਭਾਣਿਆ, ਬਖ਼ਸ਼ੇ ਨਾਮ ਸੋਹੰ ਮੰਤ । ਆਵਣ ਜਾਣ ਚੁਕਾਏ ਕਾਣਿਆ, ਮੇਲ ਮਿਲਾਏ ਆਦਿ ਅੰਤ । ਮਿਲਿਆ ਦਰ ਪੁਰਖ ਸੁਲਤਾਨਿਆ, ਮਹਿਮਾ ਗਣਤ ਅਗਣਤ । ਕਮਲੀ ਕੋਝੀ ਕਰੇ ਪਰਵਾਨਿਆ, ਹਰਿਜਨ ਉਧਾਰੇ ਸਾਚੇ ਸੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਇਆ ਸਾਚੇ ਘਰ, ਘਰ ਆਈ ਰੁੱਤ ਬਸੰਤ । ਖੁਲ੍ਹੀ ਮੇਂਹਡੀ ਯਾਰਨ ਆਇਆ, ਨਢੜਾ ਰੂਪ ਕਰਤਾਰ । ਹੱਥੀ ਮੈਂਹਦੀ ਨਾਮ ਰੰਗਾਇਆ, ਨੇਤਰ ਨਾਮ ਸ਼ਿੰਗਾਰ । ਹਰਿ ਦਰਸ਼ਨ ਕੱਜਲਾ ਪਾਇਆ, ਆਪਣੀ ਅੱਖ ਉਘਾੜ । ਸਚ ਕਲੀਰਾ ਹੱਥ ਬੰਧਾਇਆ, ਸਗਨ ਕੀਆ ਸੰਸਾਰ । ਏਕਾ ਵਟਨਾ ਤਨ ਮਲਾਇਆ, ਦੁਰਮਤ ਮੈਲ ਉਤਾਰ । ਸ਼ਬਦ ਵਿਚੋਲਾ ਘਰ ਘਰ ਆਇਆ, ਦਏ ਸੁਨੇਹੜਾ ਅੰਤਮ ਵਾਰ । ਸਾਚਾ ਲਾੜਾ ਧੁਰ ਦਰਗਾਹਿਆ, ਹੋਇਆ ਖ਼ਬਰਦਾਰ । ਜਨ ਘੋੜਾ ਇਕ ਸਜਾਇਆ, ਵਾਗ ਗੁੰਦੇ ਜੋਤ ਨਿਰੰਜਣ ਕਰ ਪਿਆਰ । ਆਪ ਆਪਣਾ ਆਸਣ ਲਾਇਆ, ਚਾਰੇ ਵਾਗਾਂ ਦਏ ਹੁਲਾਰ । ਚੌਥੇ ਯੁਗ ਵੇਸ ਵਟਾਇਆ, ਰੂਪ ਅਨੂਪ ਸੱਚੀ ਸਰਕਾਰ । ਸੀਸ ਦਸਤਾਰਾ ਇਕ ਬੰਧਾਇਆ, ਰੰਗ ਕੇਸਰੀ ਅਪਰ ਅਪਾਰ । ਜਗਤ ਥਾਨੇਸਰ ਵੇਖਣ ਆਇਆ, ਜੋਧਾ ਸੂਰ ਬਲੀ ਬਲਕਾਰ । ਸਾਚਾ ਲਾੜਾ ਸੋਭਾ ਪਾਇਆ, ਸ਼ਸਤਰ ਬਸਤਰ ਤੇਜ਼ ਕਟਾਰ । ਗੁਰਮੁਖ ਨਾਰੀ ਖ਼ੁਸ਼ੀ ਮਨਾਇਆ, ਘਰ ਹੋਇਆ ਮੰਗਲਾਚਾਰ । ਸਾਚੀ ਸਖੀਆਂ ਆਖ ਸੁਣਾਇਆ, ਪੇਈਏ ਛੁੱਟੇ ਮੇਲਾ ਹੋਏ ਕੰਤ ਭਤਾਰ । ਕੰਤ ਸੁਹਾਗੀ ਵਿਆਉਣ ਆਇਆ, ਇਛਿਆ ਆਪਣੀ ਕਰ ਵਿਚਾਰ । ਸ਼ਬਦ ਦਲਾਲਾ ਖ਼ੁਸ਼ੀ ਮਨਾਇਆ, ਆਪ ਸੁਹਾਏ ਥਿਤ ਵਾਰ । ਆਪ ਆਪਣਾ ਸਾਹ ਸੁਧਾਇਆ, ਲੇਖਾ ਲਿਖ ਆਪ ਕਰਤਾਰ । ਕਲਜੁਗ ਚੌਥੇ ਯੁਗ ਚੌਥਾ ਫੇਰਾ ਏਕਾ ਵਾਰ ਦਵਾਇਆ, ਪੁਰਖ ਅਬਿਨਾਸ਼ੀ ਖੇਲ ਨਿਆਰ । ਪਿਰ ਘਰ ਪਾਇਆ ਸਹਿਜ ਸਭਾਇਆ, ਕੰਤ ਸਭਾਗੀ ਹੋਈ ਨਾਰ । ਸਤਿਗੁਰ ਪੁਰਖ ਅਬਿਨਾਸ਼ੀ ਕਰਤਾ ਏਕਾ ਨਜ਼ਰੀ ਆਇਆ, ਵਿਛੜਿਆ ਸੰਸਾਰ । ਸਾਚਾ ਡੋਲਾ ਆਪ ਉਠਾਇਆ, ਨਾ ਲਾਏ ਚਾਰ ਕੁਹਾਰ । ਆਪਣੇ ਮੰਦਰ ਆਪ ਬਹਾਇਆ, ਆਪੇ ਪੜਦਾ ਦਏ ਉਤਾਰ । ਆਪਣਾ ਮੁਖ ਆਪ ਦਿਖਲਾਇਆ, ਨੈਣ ਨੇਤਰ ਨਾ ਹੋਏ ਸ਼ਰਮਸਾਰ । ਏਕਾ ਸੇਜਾ ਬੰਕ ਸੁਹਾਇਆ,

ਸਚ ਸੁੱਚ ਕਰਿਆ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਆਪੇ ਕਰ, ਗ਼ਰੀਬ ਨਿਮਾਣੇ ਨਿਤਾਣੇ ਰਿਹਾ ਉਠਾਲ ।

## ੨੧ ਚੇਤ ੨੦੧੯ ਬਿਕ੍ਰਮੀ ਪੂਰਨ ਸਿੰਘ ਦੇ ਘਰ ਪਿੰਡ ਸੋਹਲ ਅੰਮ੍ਰਿਤਸਰ

ਆਦਿ ਪੁਰਖ ਨਿਰੰਜਣ ਹਰਿ ਭਗਵਾਨ, ਇਕ ਅਕੱਲਾ ਇਕਉਂਕਾਰਿਆ । ਖੇਲੇ ਖੇਲ ਦੋ ਜਹਾਨ, ਪਾਰਬ੍ਰਹਮ ਪ੍ਰਭ ਭੇਵ ਅਪਾਰਿਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਲੇਖਾ ਲੇਖ ਨਾ ਕੋਇ ਲਿਖਾ ਰਿਹਾ । ਥਿਰ ਘਰ ਵਸੇ ਸਚ ਮਕਾਨ, ਸਚਖੰਡ ਦਵਾਰਾ ਇਕ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾ ਰਿਹਾ । ਪਾਰਬ੍ਰਹਮ ਪ੍ਰਭ ਹਰਿ ਬੇਅੰਤ, ਏਕਾ ਰੰਗ ਸਮਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਈਆ । ਮੇਲ ਮਿਲਾਵਾ ਸਾਚੇ ਸੰਤ, ਹਰਿਜਨ ਸਾਚੇ ਲਏ ਉਠਾਈਆ । ਮਨਮੁਖਾਂ ਮਾਇਆ ਪਾਏ ਬੇਅੰਤ, ਆਤਮ ਬ੍ਰਹਮ ਨਾ ਕੋਇ ਜਣਾਈਆ । ਜੁਗ ਜੁਗ ਮਹਿਮਾ ਗਣਤ ਅਗਣਤ, ਆਪਣੇ ਹੱਥ ਰੱਖੇ ਵਡਿਆਈਆ । ਸ੍ਰਿਸ਼ਟ ਸਬਾਈ ਨਾਰੀ ਕੰਤ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਘਟ ਘਟ ਪਸਾਰਾ ਜੀਵ ਜੰਤ, ਬੇਅੰਤ ਭੇਵ ਨਾ ਆਈਆ । ਹਰਿਜਨ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਿਲਾਈਆ । ਅਬਿਨਾਸ਼ੀ ਕਰਤਾ ਪੁਰਖ ਅਥਾਹ, ਏਕਾ ਏਕ ਅਖਵਾਇੰਦਾ । ਜਨ ਭਗਤਾਂ ਲੋਕਮਾਤ ਬਣ ਮਲਾਹ, ਆਪ ਆਪਣਾ ਨਾਉਂ ਧਰਾਇੰਦਾ । ਇਕ ਜਪਾਏ ਸਾਚਾ ਨਾਂ, ਸ਼ਬਦ ਅਗੰਮੀ ਆਪ ਅਲਾਇੰਦਾ । ਜੁਗਾ ਜੁਗੰਤਰ ਕਰੇ ਸਚ ਨਿਆਂ, ਥਿਰ ਘਰ ਬੈਠਾ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਂ, ਆਪ ਆਪਣਾ ਦਰ ਸੁਹਾਇੰਦਾ । ਹਰਿਜਨ ਹਰਿ ਸੰਤ ਹਰਿ ਭਗਤ ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਚੋਗ ਚੁਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਥਾਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਆਪ ਅਖਵਾਇੰਦਾ । ਏਕਉਂਕਾਰਾ ਕਰ ਪਸਾਰ, ਲੱਖ ਚੁਰਾਸੀ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਤ੍ਰੈਗੁਣ ਤੇਰਾ ਤੱਤ ਵਿਚਾਰ, ਪੰਚਮ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਹੋ ਤਿਆਰ, ਆਪ ਆਪਣਾ ਅੰਗ ਕਟਾਈਆ । ਸਵੱਛ ਸਰੂਪੀ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਈਆ । ਖੇਲੇ ਖੇਲ ਵਿਚ ਸੰਸਾਰ, ਨੌਂ ਖੰਡ ਫੇਰਾ ਪਾਈਆ । ਦੀਪਾਂ ਲੋਆਂ ਹੋ ਉਜਿਆਰ, ਗਗਨ ਮੰਡਲ ਆਪ ਸੁਹਾਈਆ । ਨਿਰਗੁਣ ਬਾਣੀ ਇਕ ਅਪਾਰ, ਘਰ ਘਰ ਦੀਪਕ ਰਿਹਾ ਜਗਾਈਆ । ਕਮਲਾਪਾਤੀ ਮੀਤ ਮੁਰਾਰ, ਹਰਿ ਸਾਜਣ ਵੇਖ ਵਖਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਧਾਰਾ ਆਪ ਚੁਆਈਆ । ਚਰਨ ਪ੍ਰੀਤੀ ਬਖ਼ਸ਼ੇ ਸਚ ਪਿਆਰ, ਸਚ ਸਰੋਵਰ ਇਕ ਨੁਹਾਈਆ । ਅਨਹਦ ਨਾਦ ਧੁਨੀ ਧੁਨਕਾਰ, ਕਾਇਆ ਮੰਦਰ ਆਪ ਅਲਾਈਆ । ਬੰਦ ਕਿਵਾੜੀ ਖੋਲ੍ਹ ਕਿਵਾੜ, ਪੰਚਮ ਧਾੜੀ ਮੇਟ ਮਿਟਾਈਆ । ਹਰਿਜਨ ਸਾਚੇ ਕਰ ਪਿਆਰ, ਆਤਮ ਸੇਜਾ ਰਿਹਾ ਸੁਹਾਈਆ । ਸਤਿਗੁਰ ਸਾਜਣ ਮੀਤ ਮੁਰਾਰ, ਇਕ ਅਕੱਲਾ ਹੋਏ ਸਹਾਈਆ । ਦੂਈ ਦਵੈਤੀ ਦਏ ਨਵਾਰ, ਤੀਜਾ ਲੋਚਣ

ਇਕ ਖੁਲ੍ਹਾਈਆ । ਚੌਥੇ ਪਦ ਖ਼ਬਰਦਾਰ, ਆਪ ਆਪਣਾ ਮੁਖ ਵਖਾਈਆ । ਪੰਚਮ ਮੀਤਾ ਪਾਵੇ ਸਾਰ, ਪੰਚਮ ਸਖ਼ੀਆ ਮੰਗਲ ਗਾਈਆ । ਸੋਹੇ ਘਰ ਸੱਚਾ ਦਵਾਰ, ਜਿਸ ਘਰ ਬੈਠਾ ਬੇਪਰਵਾਹੀਆ । ਗੁਰਸਿਖ ਸੁਲੱਖਣੀ ਹੋਏ ਨਾਰ, ਵਰ ਪਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਏਕ ਧਾਰ ਬੰਧਾਈਆ । ਸ਼ਬਦ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਇੰਦਾ । ਨਿਰਗੁਣ ਨੂਰ ਹੋ ਉਜਿਆਰ, ਸਰਗੁਣ ਮੇਲ ਮਿਲਾਇੰਦਾ । ਸਰਗੁਣ ਢੋਲਾ ਸਚ ਜੈਕਾਰ, ਆਪਣਾ ਬੋਲਾ ਆਪ ਅਲਾਇੰਦਾ । ਤੋਲਾ ਬਣ ਸਿਰਜਣਹਾਰ, ਲੱਖ ਚੁਰਾਸੀ ਤੋਲ ਤੁਲਾਇੰਦਾ । ਜੁਗ ਜੁਗ ਖੇਲੇ ਖੇਲ ਅਗੰਮ ਅਪਾਰ, ਅਲੱਖ ਅਲੱਖਣਾ ਲੇਖ ਲਿਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਚਾਰ ਕੁੰਟ ਦਹਿ ਦਿਸ਼ਾਂ ਧੂੰਆਂਧਾਰ, ਸਚ ਪਰਕਾਸ਼ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਹੋਏ ਖ਼ਵਾਰ, ਪੰਜ ਤੱਤ ਹਲਕਾਇੰਦਾ । ਬੁਧ ਮਤ ਗਈ ਹਾਰ, ਮਨ ਮਨੂਆ ਡੌਰੂ ਵਾਇੰਦਾ । ਕੂੜੀ ਕਿਰਿਆ ਕਰ ਵਿਚਾਰ, ਕੂੜਾ ਰੰਗ ਰੰਗਾਇੰਦਾ । ਸਚ ਸੁੱਚ ਨਾ ਦਿਸੇ ਕੋਇ ਦਵਾਰ, ਨਾਮ ਭੰਡਾਰ ਨਾ ਕੋਇ ਵਰਤਾਇੰਦਾ । ਨੌਂ ਦਰ ਝੱਖ ਰਹੇ ਮਾਰ, ਤ੍ਰਿਸਨਾ ਭੁੱਖ ਨਾ ਕੋਇ ਗਵਾਇੰਦਾ । ਨਾਲ ਰਲਾਇਆ ਕਾਮ ਕਰੋਧ ਲੋਭ ਮੋਹ ਹੰਕਾਰ, ਹਉਮੇ ਰੋਗ ਸਤਾਇੰਦਾ । ਹਰਿ ਸ਼ਬਦ ਨਾ ਕਰੇ ਕੋਈ ਪਿਆਰ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਭਰਮੇ ਭੁੱਲਾ ਭਰਮ ਸੰਸਾਰ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਕਾਇਆ ਗੜ੍ਹ ਹੋਇਆ ਹੰਕਾਰ, ਉਪਰ ਚੜ੍ਹ ਨਾ ਕੋਇ ਢਾਇੰਦਾ । ਸੁਖਮਨ ਵੇਖੀ ਟੇਢੀ ਗਾਰ, ਪਾਰ ਕਿਨਾਰ ਨਾ ਕੋਇ ਵਸਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਮੰਝਧਾਰ, ਸਰਬ ਰੁੜ੍ਹਾਇੰਦਾ । ਆਦਿ ਜੁਗਾਦੀ ਇਕਓਂਕਾਰ, ਅਕਲ ਕਲਾ ਆਪ ਅਖਵਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਨਾਮ ਨਿਧਾਨਾ ਹੱਥ ਉਠਾਇੰਦਾ । ਮਨ ਮਤ ਕਲਜੁਗ ਕਰੇ ਖਵਾਰ, ਗੁਰਮਤ ਇਹ ਸਮਝਾਇੰਦਾ । ਚਾਰ ਵਰਨਾਂ ਇਕ ਆਧਾਰ, ਏਕਾ ਦਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਇਕ ਅਖਵਾਇੰਦਾ । ਸ਼ਬਦ ਗੁਰ ਸ਼ਾਹ ਸੁਲਤਾਨ, ਹਰਿ ਸਾਚਾ ਆਪ ਉਪਾਇੰਦਾ । ਆਦਿ ਜੁਗਾਦੀ ਇਕ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਲੱਖ ਚੁਰਾਸੀ ਵੇਖ ਮਕਾਨ, ਆਪ ਆਪਣਾ ਆਸਣ ਲਾਇੰਦਾ । ਮੁਖ ਛੁਪਾਏ ਗੁਣ ਨਿਧਾਨ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਸੋ ਜਨ ਬੂਝ ਬੁਝਾਇੰਦਾ । ਆਤਮ ਅੰਤਰ ਇਕ ਗਿਆਨ, ਏਕਾ ਬ੍ਰਹਮ ਵਖਾਇੰਦਾ । ਹਉਮੇ ਰੋਗ ਸਰਬ ਮਿਟ ਜਾਣ, ਸਹਿੰਸਾ ਸਾਗਰ ਨਾ ਕੋਇ ਡੁਬਾਇੰਦਾ । ਮੇਲ ਮਿਲਾਵਾ ਸ੍ਰੀ ਭਗਵਾਨ, ਦੂਸਰ ਦਰ ਨਾ ਕੋਇ ਵਖਾਇੰਦਾ । ਨਿਰਗੁਣ ਦੀਪ ਜਗੇ ਮਹਾਨ, ਜੋਤ ਜਵਾਲਾ ਡਗਮਗਾਇੰਦਾ । ਆਦਿ ਸ਼ਕਤ ਏਕਾ ਆਣ, ਏਕਾ ਰੂਪ ਦਰਸਾਇੰਦਾ । ਆਦਿ ਨਿਰੰਜਣ ਖੇਲ ਮਹਾਨ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਕਲਜੁਗ ਮੇਟੇ ਝੂਠ ਦੁਕਾਨ, ਕੂੜੀ ਕਿਰਿਆ ਵੇਖ ਵਖਾਇੰਦਾ । ਚੌਦਾਂ ਤਬਕਾਂ ਕਰੇ ਪਛਾਣ, ਚੌਦਾਂ ਹੱਟ ਖੁਲ੍ਹਾਇੰਦਾ । ਲੋਆਂ ਪੁਰੀਆਂ ਇਕ ਗਿਆਨ, ਮੰਤਰ ਨਾਮ ਇਕ ਦ੍ਰਿੜ੍ਹਾਇੰਦਾ । ਇਸ਼ਟ ਦੇਵ ਗੁਰ ਇਕ ਵਖਾਣ, ਏਕਾ ਬੂਝ ਬੁਝਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਆਪ ਅਖਵਾਇੰਦਾ । ਸਤਿ ਸਰੂਪ

ਹਰਿ ਮਿਹਰਵਾਨਾ, ਅਕਲ ਕਲਾ ਕਲ ਧਾਰੀਆ । ਹਰਿਜਨ ਦੇਵੇ ਜੀਆਂ ਦਾਨਾ, ਦਾਤਾ ਦਾਨੀ ਆਪ ਅਖਵਾ ਰਿਹਾ । ਸ਼ਬਦ ਚੜ੍ਹਾਏ ਸਚ ਬਬਾਣਾ, ਸਾਚਾ ਅਸਵ ਆਪ ਦੌੜਾ ਰਿਹਾ । ਇਕ ਵਖਾਏ ਪਦ ਨਿਰਬਾਣਾ, ਪਰਮ ਪੁਰਖ ਮਿਲਾ ਰਿਹਾ । ਸਤਿ ਸੰਤੋਖੀ ਬੰਨ੍ਹੇ ਗਾਨਾ, ਨਾਮ ਤੰਦਨ ਹੱਥ ਉਠਾ ਰਿਹਾ । ਏਕਾ ਰਾਗ ਸੁਣਾਏ ਕਾਨਾ, ਅਨਹਦ ਰਾਗ ਅਲ੍ਹਾ ਰਿਹਾ । ਦੇਵਣਹਾਰਾ ਧੁਰ ਫ਼ਰਮਾਨਾ, ਜੁਗ ਜੁਗ ਨਾਮ ਨਿਧਾਨਾ ਝੋਲੀ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰੂਪ ਆਪ ਦਰਸਾ ਰਿਹਾ । ਏਕਾ ਰੂਪ ਹਰਿ ਭਗਵੰਤ, ਘਟ ਘਟ ਨਜ਼ਰੀ ਆਈਆ । ਗੁਰਮੁਖ ਵਿਰਲਾ ਜਾਣੇ ਸੰਤ, ਸੁੱਤੀ ਸਰਬ ਲੋਕਾਈਆ । ਕਲਜੁਗ ਮਾਇਆ ਪਾਏ ਬੇਅੰਤ, ਬੇਅੰਤ ਹੱਥ ਵਡਿਆਈਆ । ਆਪ ਭੁਲਾਏ ਜੀਵ ਜੰਤ, ਆਪਣਾ ਮਾਰਗ ਆਪ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਵੇਖ ਵਖਾਈਆ । ਗੁਰਮੁਖ ਸੱਜਣ ਮੀਤੜਾ, ਗੁਰ ਸਤਿਗੁਰ ਵੇਖ ਵਖਾਏ । ਦੇਵੇ ਨਾਮ ਸ਼ਬਦ ਅਨਡੀਠੜਾ, ਨਿਜ ਘਰ ਸਾਚੇ ਆਪ ਵਸਾਏ । ਕਾਇਆ ਚੋਲੀ ਰੰਗੇ ਚੀਥੜਾ, ਦੁਰਮਤ ਮੈਲ ਧਵਾਏ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਵਨ ਦਇਆ ਕਮਾਏ । ਮਿਠਾ ਕਰੇ ਕੌੜਾ ਰੀਠੜਾ, ਜਿਸ ਜਨ ਅੰਮ੍ਰਿਤ ਜਾਮ ਪਿਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸਾਜਣ ਲਏ ਤਰਾਏ । ਹਰਿ ਸੱਜਣ ਹਰਿ ਪੇਖਿਆ, ਪਰਮ ਪੁਰਖ ਕਰਤਾਰ । ਸਤਿਗੁਰ ਪੂਰਾ ਨੇਤਰ ਵੇਖਿਆ, ਲੋਚਣ ਨੈਣ ਇਕ ਉਘਾੜ । ਸੇਵ ਕਮਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਦਰ ਦਰਵੇਸਾ ਅਲੱਖ ਜੈਕਾਰ । ਨਿਰਗੁਣ ਨੂਰ ਸਰਬ ਪਰਵੇਸਿਆ, ਦਿਸ ਨਾ ਆਏ ਵਿਚ ਸੰਸਾਰ । ਆਦਿ ਜੁਗਾਦੀ ਕਰੇ ਵੇਸਿਆ, ਅਛਲ ਅਛਲ ਅਪਰ ਅਪਾਰ । ਆਪੇ ਹੋਏ ਧਾਰੀ ਕੇਸਿਆ, ਮੂੰਡ ਮੁੰਡਾਏ ਆਪ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਰਨਾਂ ਬਰਨਾਂ ਵਸੇ ਬਾਹਰ । ਗੁਰਮੁਖ ਸੱਜਣ ਪਾਇਆ, ਸਤਿਗੁਰ ਸਾਜਣ ਮੀਤ । ਹਉਮੇ ਹੰਗਤਾ ਰੋਗ ਗਵਾਇਆ, ਹੋਇਆ ਪਤਿਤ ਪੁਨੀਤ । ਨੇਤਰ ਲੋਚਣ ਇਕ ਖੁਲ੍ਹਾਇਆ, ਦਰਸ਼ਨ ਪੇਖ ਨੇਤਨ ਨੀਤ । ਸਾਚਾ ਮੰਦਰ ਇਕ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਕਾਇਆ ਕਰੇ ਠਾਂਡੀ ਸੀਤ । ਕਾਇਆ ਮੰਦਰ ਸਾਚਾ ਗੜ੍ਹ, ਪੰਜ ਤੱਤ ਆਪ ਸੁਹਾਈਆ । ਹਰਿਜਨ ਵੇਖੇ ਅੰਦਰ ਵੜ, ਆਪ ਆਪਣਾ ਮੁਖ ਦਿਖਲਾਈਆ । ਸਤਿਗੁਰ ਪੂਰਾ ਨਾ ਕੋਈ ਸੀਸ ਨਾ ਕੋਈ ਧੜ, ਸ਼ਬਦੀ ਸ਼ਬਦ ਸਮਾਈਆ । ਸਤਿ ਸਰੂਪੀ ਦਰਸ ਦਿਖਾਏ ਅੱਗੇ ਖੜ, ਨਿਜ ਨੇਤਰ ਆਪ ਖੁਲ੍ਹਾਈਆ । ਏਕਾ ਅੱਖਰ ਜਾਏ ਪੜ੍ਹ, ਵਿਦਿਆ ਰਿਹਾ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਨੂਰ ਨੂਰ ਉਜਾਲਾ, ਹਰੀ ਹਰਿ ਆਪ ਕਰਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਦਇਆ ਨਿਧ ਨਾਮ ਧਰਾਇੰਦਾ । ਕਲਜੁਗ ਚਲੇ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਸ਼ਬਦ ਗੁਰ ਬਣ ਦਲਾਲਾ, ਲੋਕਮਾਤ ਫੇਰਾ ਪਾਇੰਦਾ । ਵੇਖਣਹਾਰਾ ਹੱਕ ਹਲਾਲਾ, ਲਾਸ਼ਰੀਕ ਨਾਉਂ ਧਰਾਇੰਦਾ । ਜਲਵਾ ਨੂਰ ਨੂਰ ਜਲਾਲਾ, ਬੇਐਬ ਪਰਵਰਦਿਗਾਰ ਫੇਰਾ ਪਾਇੰਦਾ । ਗਗਨ ਮੰਡਲ ਵੇਖੇ ਸਾਚਾ ਬਾਲਾ, ਦੀਪਕ ਜੋਤੀ ਕਵਣ ਦਰ ਡਗਮਗਾਇੰਦਾ । ਹਰਿਜਨ ਤੇਰਾ ਕਾਇਆ ਮੰਦਰ ਸੱਚੀ ਧਰਮਸਾਲਾ, ਹਰਿ ਸਾਜਣ ਵੇਖ ਵਖਾਇੰਦਾ । ਬਜਰ ਕਪਾਟੀ ਤੋੜੇ ਤਾਲਾ, ਆਪਣੀ

ਹੱਥੀਂ ਕੁੰਡਾ ਲਾਹਿੰਦਾ । ਕੂੜੀ ਕਿਰਿਆ ਮੇਟ ਜੰਜਾਲਾ, ਸਚ ਸੁੱਚ ਵਰਤਾਇੰਦਾ । ਏਕਾ ਦੱਸੇ ਰਾਹ ਸੁਖਾਲਾ, ਬੇਹੰਗਮ ਚਾਲ ਚਲਾਇੰਦਾ । ਗੋਬਿੰਦ ਮੇਲਾ ਸਾਚੇ ਲਾਲਾ, ਲਾਲ ਦੁਲਾਰਾ ਵੇਖ ਵਖਾਇੰਦਾ । ਫਲ ਲਗਾਏ ਸਾਚੇ ਡਾਲ੍ਹਾ, ਅੰਮ੍ਰਿਤ ਮੇਵਾ ਇਕ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਦਰ ਵਖਾਇੰਦਾ । ਗੁਰਸਿਖ ਸਾਜਣ ਹਰਿ ਘਰ ਪਾਇਆ, ਘਰ ਘਰ ਹੋਈ ਰੁਸ਼ਨਾਈਆ । ਸਾਚੀ ਸਖੀਆਂ ਮੰਗਲ ਏਕਾ ਗਾਇਆ, ਏਕਾ ਰਾਗ ਅਲਾਈਆ । ਏਕਾ ਮੀਤ ਨਜ਼ਰੀ ਆਇਆ, ਠਾਂਡਾ ਸੀਤ ਸਹਿਜ ਸੁਭਾਈਆ । ਵਸਿਆ ਚੀਤ ਵਿਸਰ ਨਾ ਜਾਇਆ, ਆਤਮ ਸੇਜਾ ਸੇਜ ਸੁਹਾਈਆ । ਹਸਤ ਕੀਟ ਏਕਾ ਰੰਗ ਰੰਗਾਇਆ, ਜੋ ਚਲ ਆਇਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ ।

## ✪ ੨੧ ਚੇਤ ੨੦੧੯ ਬਿਕ੍ਰਮੀ ਸੁਰਜਨ ਸਿੰਘ ਦੇ ਘਰ ਪਿੰਡ ਭੁਚਰ ਜ਼ਿਲਾ ਅੰਮ੍ਰਿਤਸਰ ✪

ਪਾਰਬ੍ਰਹਮ ਪੁਰਖ ਸੁਲਤਾਨ, ਏਕਾ ਏਕ ਅਖਵਾਇੰਦਾ । ਇਕ ਅਕੱਲਾ ਸ੍ਰੀ ਭਗਵਾਨ, ਦੋ ਜਹਾਨਾਂ ਵੇਖ ਵਖਾਇੰਦਾ । ਸ਼ਬਦ ਝੁਲਾਏ ਸਚ ਨਿਸ਼ਾਨ, ਨਾਮ ਜੈਕਾਰਾ ਏਕਾ ਲਾਇੰਦਾ । ਮਹੱਲ ਅਟੱਲ ਉਚ ਮਕਾਨ, ਅਗੰਮ ਅਗੰਮੜਾ ਧਾਮ ਸੁਹਾਇੰਦਾ । ਜੋਤੀ ਨੂਰ ਨੂਰ ਮਹਾਨ, ਨਿਰਗੁਣ ਰੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਧਰਾਇੰਦਾ । ਪੁਰਖ ਸੁਲਤਾਨ ਹਰਿ ਮਿਹਰਵਾਨਾ, ਏਕਾ ਰੰਗ ਸਮਾਈਆ । ਜੋਤੀ ਨੂਰ ਨੂਰ ਮਹਾਨਾ, ਆਦਿ ਜੁਗਾਦਿ ਡਗਮਗਾਈਆ । ਥਿਰ ਘਰ ਵਸੇ ਸਚ ਮਕਾਨਾ, ਸਚਖੰਡ ਦਵਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਆਪ ਅਖਵਾਈਆ । ਪੁਰਖ ਅਬਿਨਾਸ਼ੀ ਹਰਿ ਭਗਵੰਤਾ, ਨਿਰਗੁਣ ਹਰਿ ਰਘੁਰਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਵਟਾਇਆ । ਆਪ ਬਣਾਏ ਆਪਣੀ ਬਣਤਾ, ਦੂਜਾ ਕੋਇ ਨਾ ਸੰਗ ਰਖਾਇਆ । ਸਾਚਾ ਧਾਮ ਆਪ ਸੁਹੰਤਾ, ਆਦਿ ਨਿਰੰਜਣ ਜੋਤ ਰੁਸ਼ਨਾਇਆ । ਆਪੇ ਨਾਰੀ ਆਪੇ ਕੰਤਾ, ਪਰਮ ਪੁਰਖ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇਆ । ਜੋਤੀ ਨੂਰ ਨਿਰਾਕਾਰ, ਅਕਲ ਕਲਾ ਅਖਵਾਈਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਈਆ । ਆਪੇ ਸ਼ਬਦ ਧੁਨ ਜੈਕਾਰ, ਆਪਣਾ ਰਾਗ ਆਪ ਅਲਾਈਆ । ਲੋਆਂ ਪੁਰੀਆਂ ਮਹੱਲ ਉਸਾਰ, ਆਪ ਆਪਣਾ ਆਸਣ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਆਪਣਾ ਅੰਗ ਕਟਾਈਆ । ਦੇਵਣਹਾਰਾ ਇਕ ਸਹਾਰ, ਸ਼ਹਿਨਸ਼ਾਹ ਆਪ ਅਖਵਾਈਆ । ਪੁਰਖ ਅਬਿਨਾਸ਼ੀ ਸਚ ਸਿਕਦਾਰ, ਤਖ਼ਤ ਤਾਜ ਇਕ ਸੁਹਾਈਆ । ਆਪ ਸੁਹਾਏ ਬੰਕ ਦਵਾਰ, ਧੁਰ ਦਰਬਾਰਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਅਖਵਾਈਆ । ਨਿਰਗੁਣ ਰੂਪ ਹਰਿ ਮਿਹਰਵਾਨ, ਆਪਣਾ ਕਰਮ ਕਮਾਇੰਦਾ । ਆਪ ਆਪਣਾ ਦੇਵੇ ਦਾਨ, ਆਪਣੀ ਝੋਲੀ ਆਪ ਭਰਾਇੰਦਾ । ਆਪ ਆਪਣਾ ਰੱਖੇ ਮਾਣ, ਮਾਣ ਨਿਮਾਣਾ ਆਪ ਹੋ ਆਇੰਦਾ । ਆਪ ਆਪਣੀ ਕਰੇ ਪਛਾਨ, ਆਪ ਆਪਣਾ ਰੂਪ ਵਟਾਇੰਦਾ । ਆਪ ਆਪਣਾ ਦੇਵੇ ਗਿਆਨ, ਪਾਰਬ੍ਰਹਮ ਬ੍ਰਹਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਪੇ ਹੋਏ ਜਾਣੀ ਜਾਣ, ਜਾਨਣਹਾਰ ਆਪ ਅਖਵਾਇੰਦਾ । ਜਾਨਣਹਾਰਾ ਹਰਿ ਭਗਵਾਨਾ, ਸਤਿ ਪੁਰਖ ਅਖਵਾਇੰਦਾ । ਜੋਤੀ ਨੂਰ ਇਕ ਮਹਾਨਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਸ਼ਬਦ ਅਨਾਦੀ ਇਕ ਤਰਾਨਾ, ਅਲੱਖ ਨਿਰੰਜਣ ਆਪੇ ਗਾਇੰਦਾ । ਥਿਰ ਘਰ ਬੈਠਾ ਨੌਜਵਾਨਾ, ਪੁਰਖ ਅਕਾਲ ਵੇਸ ਵਟਾਇੰਦਾ । ਜੂਨੀ ਰਹਿਤ ਹੋ ਪਰਧਾਨਾ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਈਆ । ਗਗਨ ਮੰਡਲ ਦਏ ਸਹਾਰ, ਰਵ ਸਸ ਨੂਰ ਰੁਸ਼ਨਾਈਆ । ਧਰਤ ਧਵਲ ਦਏ ਆਧਾਰ, ਜਲ ਬਿੰਬ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਪਾਰਬ੍ਰਹਮ ਬੇਅੰਤ । ਆਦਿ ਜੁਗਾਦੀ ਲੈ ਅਵਤਾਰਾ, ਆਪ ਬਣਾਏ ਆਪਣੀ ਬਣਤ । ਸ਼ਬਦ ਅਨਾਦੀ ਇਕ ਜੈਕਾਰਾ, ਲੋਕਮਾਤ ਸੁਣੰਤ । ਲੱਖ ਚੁਰਾਸੀ ਕਰ ਪਸਾਰਾ, ਆਪ ਆਪਣਾ ਮੁਖ ਛੁਪੰਤ । ਹਰਿਜਨ ਵਿਰਲੇ ਪਾਵੇ ਸਾਰਾ, ਜਿਸ ਜਨ ਬੂਝ ਬੁਝੰਤ । ਨਿਰਗੁਣ ਜੋਤੀ ਹੋ ਉਜਿਆਰਾ, ਮੇਲ ਮਿਲਾਏ ਸਾਚੇ ਕੰਤ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਨਿਝਰ ਧਾਰਾ ਇਕ ਵਹੰਤ । ਅਨਹਦ ਸ਼ਬਦ ਸੱਚੀ ਧੁਨਕਾਰਾ, ਰਾਗ ਅਨਾਦੀ ਆਪ ਸੁਣੰਤ । ਆਪੇ ਖੋਲ੍ਹ ਬੰਦ ਕਿਵਾੜਾ, ਦਰ ਦਰਵੇਸਾ ਹੋਏ ਮੰਗਤ । ਆਤਮ ਸੇਜਾ ਹੋ ਉਜਿਆਰਾ, ਆਪ ਆਪਣਾ ਧਾਮ ਸੁਹੰਤ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਮੇਲ ਮਿਲਾਵਾ ਜੁਗਾ ਜੁਗੰਤ । ਨਿਰਗੁਣ ਸਰਗੁਣ ਕਰ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟੰਤ । ਨਿਰਗੁਣ ਸਰਗੁਣ ਅੰਦਰ ਰੱਖ, ਹਰਿ ਸ਼ਬਦ ਕਰੇ ਕੁੜਮਾਈਆ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਲੋਕਮਾਤ ਵੇਖ ਵਖਾਈਆ । ਸੰਤ ਸੁਹੇਲੇ ਸਾਚੇ ਰੱਖ, ਆਤਮ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਖੇਲ ਖਿਲਾਈਆ । ਖੇਲੇ ਖੇਲ ਪੁਰਖ ਸਮਰਥ, ਪਾਰਬ੍ਰਹਮ ਵਡ ਵਡਿਆਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਫੇਰਾ ਪਾਈਆ । ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਹੱਥ ਰਖਾਈਆ । ਹਰਿ ਕੀ ਮਹਿਮਾ ਅਕਥਨਾ ਅਕੱਥ, ਕੋਈ ਕਥ ਨਾ ਸਕੇ ਰਾਈਆ । ਜਨ ਭਗਤਾਂ ਦੇਵੇ ਨਾਮ ਵੱਥ, ਏਕਾ ਵਸਤ ਝੋਲੀ ਪਾਈਆ । ਏਕਾ ਸ਼ਬਦ ਜਣਾਈ ਪੂਜਾ ਪਾਠ, ਏਕਾ ਕਰੇ ਪੜ੍ਹਾਈਆ । ਏਕਾ ਜੋਤ ਜਗਾਏ ਲਲਾਟ, ਅੰਧ ਅੰਧੇਰ ਮਿਟਾਈਆ । ਸਰ ਸਰੋਵਰ ਵਖਾਏ ਏਕਾ ਘਾਟ, ਏਕਾ ਤਾਲ ਸੁਹਾਈਆ । ਏਕਾ ਨਾਮ ਵਿਕਾਏ ਸਾਚੇ ਹਾਟ, ਚੌਦਾਂ ਲੋਕਾਂ ਮੁਖ ਭਵਾਈਆ । ਜਨ ਭਗਤਾਂ ਕਰੇ ਪੂਰਾ ਘਾਟ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਨੀ ਆਪ ਕਰਾਈਆ । ਜੁਗ ਜੁਗ ਕਰਤਾ ਕਰਨੇਹਾਰ, ਆਪਣੀ ਕਲ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਈਸਾ ਮੂਸਾ ਹੋ ਉਜਿਆਰ, ਕਾਲਾ ਸੂਸਾ ਤਨ ਸੁਹਾਇੰਦਾ । ਸੰਗ ਮੁਹੰਮਦ ਚਾਰ ਯਾਰ, ਰਾਣੀ ਅੱਲਾ ਨਾਲ ਪਰਨਾਇੰਦਾ । ਨੂਰ ਇਲਾਹੀ ਹੋ ਉਜਿਆਰ, ਜਲਵਾ ਜਲਾਲ ਆਪ ਅਖਵਾਇੰਦਾ । ਪੀਰ ਦਸਤਗੀਰ ਸ਼ਾਹ ਅਸਵਾਰ, ਆਪ ਆਪਣਾ ਵੇਖ ਵਖਾਇੰਦਾ । ਕਾਇਆ ਕਾਅਬਾ ਸਾਚੀ ਧਾਰ, ਦੋ ਦੋ ਆਬਾ ਮੇਲ ਮਿਲਾਇੰਦਾ । ਹੱਕ ਜਨਾਬਾ ਪਰਵਰਦਿਗਾਰ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਨਾਮ ਰਬਾਬਾ ਸਚ ਸਤਾਰ, ਕਲਮਾ ਅਮਾਮ

ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾਇੰਦਾ । ਨੂਰੋ ਨੂਰ ਕਰ ਉਜਿਆਰ, ਨੂਰ ਨੂਰ ਵਿਚ ਸਮਾਈਆ । ਬੇਐਬ ਖ਼ੁਦਾਈ ਸਾਂਝਾ ਯਾਰ, ਪਰਵਰਦਿਗਾਰ ਆਪ ਅਖਵਾਈਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਵਡ ਵਡਿਆਈਆ । ਉਮਤ ਉਮਤੀ ਕਰੇ ਖ਼ਬਰਦਾਰ, ਏਕਾ ਏਕ ਕਰੇ ਪੜ੍ਹਾਈਆ । ਸ਼ਰਅ ਸ਼ਰੀਅਤ ਰਿਹਾ ਵਿਚਾਰ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਨਿਰੰਕਾਰ, ਆਪਣਾ ਆਪ ਉਪਾਇਆ । ਪੰਜ ਤੱਤ ਕਰ ਪਿਆਰ, ਘਰ ਸਾਚਾ ਆਪ ਸੁਹਾਇਆ । ਨਾਨਕ ਮੀਤਾ ਵਿਚ ਸੰਸਾਰ, ਤ੍ਰੈਗੁਣ ਤੋੜ ਤੁੜਾਇਆ । ਨਾਮ ਸਤਿ ਵਣਜ ਵਾਪਾਰ, ਏਕਾ ਮਾਰਗ ਲਾਇਆ । ਏਕਾ ਗੁਰ ਗੁਰ ਅਵਤਾਰ, ਦਸ ਦਸ ਰੂਪ ਸਮਾਇਆ । ਗੁਰਮੁਖਾਂ ਕਰੇ ਇਕ ਪਿਆਰ, ਘਰ ਦਸਵੇਂ ਮੇਲ ਮਿਲਾਇਆ । ਨੌ ਦਵਾਰ ਨਾ ਹੋਏ ਖ਼ਵਾਰ, ਜਿਸ ਜਨ ਸਤਿਗੁਰ ਪੂਰਾ ਪਾਇਆ । ਸ਼ਬਦ ਗੁਰ ਪਹਿਰੇਦਾਰ, ਦਿਵਸ ਰੈਣ ਹੋਏ ਸਹਾਇਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਸਰਬ ਜੀਆਂ ਦਾ ਸਾਂਝਾ ਯਾਰ, ਸਤਿਗੁਰ ਪੂਰਾ ਆਪ ਅਖਵਾਇਆ । ਜੋ ਜਨ ਮੰਗੇ ਬਣ ਭਿਖਾਰ, ਆਪਣੀ ਭਿਛਿਆ ਝੋਲੀ ਪਾਇਆ । ਚੋਲੀ ਰੰਗੇ ਤਨ ਸ਼ੰਗਾਰ, ਬਸਤਰ ਭੂਸ਼ਨ ਇਕ ਸੁਹਾਇਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਦਏ ਲਟਕਾਇਆ । ਅੰਮ੍ਰਿਤ ਆਤਮ ਠੰਡੀ ਠਾਰ, ਕਵਲ ਨਾਭੀ ਮੁਖ ਚੁਆਇਆ । ਪੰਚਮ ਮੀਤਾ ਇਕ ਅਤੀਤਾ ਆਪ ਸੁਹਾਏ ਬੰਕ ਦਵਾਰ, ਨਿਜ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪ ਉਪਾਇਆ । ਨਿਰਗੁਣ ਨੂਰ ਆਪ ਉਪਾ, ਆਪਣੀ ਦਇਆ ਕਮਾਈਆ । ਜੋਤੀ ਜਾਮਾ ਭੇਖ ਵਟਾ, ਭੇਖਾਧਾਰੀ ਭੇਖ ਵਟਾਈਆ । ਸੰਤ ਸੁਹੇਲੇ ਲਏ ਉਠਾ, ਕਾਇਆ ਮੰਦਰ ਮੇਲ ਮਿਲਾਈਆ । ਏਕਾ ਨਾਮ ਦਏ ਜਪਾ, ਏਕਾ ਤਾਲ ਵਜਾਈਆ । ਦੂਈ ਦਵੈਤੀ ਦਏ ਮਿਟਾ, ਦੂਜਾ ਦਰ ਨਾ ਕੋਇ ਵਖਾਈਆ । ਤੀਜਾ ਲੋਚਣ ਦਏ ਖੁਲ੍ਹਾ, ਆਪ ਆਪਣਾ ਦਰਸ ਵਖਾਈਆ । ਚੌਥੇ ਪਦ ਦਏ ਬਹਾ, ਹਰਿ ਹਰਿ ਪੁਰਖ ਵੱਡੀ ਵਡਿਆਈਆ । ਪੰਚਮ ਮੇਲਾ ਸਹਿਜ ਸੁਭਾ, ਪੰਚਮ ਸਖੀਆਂ ਮੰਗਲ ਗਾਈਆ । ਛੇਵੇਂ ਛੱਪਰ ਛੰਨ ਨਾ ਰਿਹਾ ਰਖਾ, ਨਿਰਗੁਣ ਬੈਠਾ ਆਸਣ ਲਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾ, ਜਾਗਰਤ ਜੋਤ ਇਕ ਵਖਾਈਆ । ਅੱਠਾਂ ਤੱਤਾਂ ਭੇਵ ਨਾ ਰਾ, ਮਨ ਮਤ ਬੁਧ ਸਾਰ ਨਾ ਪਾਈਆ । ਨੌ ਦਵਾਰ ਜਗਤ ਭੁਲਾ, ਭਰਮ ਭੁਲੇਖਾ ਇਕ ਵਖਾਈਆ । ਘਰ ਵਿਚ ਆਪਣਾ ਘਰ ਬਣਾ, ਆਪਣੀ ਰੁੱਤ ਸੁਹਾਈਆ । ਨਿਰਗੁਣ ਦੀਵਾ ਬਾਤੀ ਇਕ ਜਗਾ, ਜੋਤ ਨਿਰੰਜਣ ਸੇਵਾ ਲਾਈਆ । ਅਠੇ ਪਹਿਰ ਰਿਹਾ ਡਗਮਗਾ, ਦਿਵਸ ਰੈਣ ਨਾ ਕੋਇ ਜਣਾਈਆ । ਸਰ ਸਰੋਵਰ ਇਕ ਭਰਾ, ਅੰਮ੍ਰਿਤ ਤਾਲ ਸੁਹਾਈਆ । ਗੁਰ ਸ਼ਬਦ ਵਿਚੋਲਾ ਆਪ ਬਣਾ, ਆਪੇ ਕਰੇ ਕੁੜਮਾਈਆ । ਏਕਾ ਢੋਲਾ ਦਏ ਸੁਣਾ, ਆਪਣਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਆਪੇ ਰਚ, ਰਚਨਹਾਰ ਆਪ ਅਖਵਾਇੰਦਾ । ਆਪੇ ਸਤਿਗੁਰ ਸਾਜਣ ਸਚ, ਸਤਿ ਪੁਰਖ ਆਪ ਅਖਵਾਇੰਦਾ । ਆਪੇ ਕਾਇਆ ਮਾਟੀ ਭਾਂਡਾ ਕੱਚ, ਆਪੇ ਭੰਨ ਵਖਾਇੰਦਾ । ਆਪੇ ਪੰਜ ਤੱਤ ਪੁਤਲਾ ਗਿਆ ਬੱਝ, ਸਵਾਂਗੀ ਸਵਾਂਗੀ ਸਵਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ

ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਬਨਵਾਰੀ, ਪਰਮ ਪੁਰਖ ਅਖਵਾਇਆ । ਨਿਰਗੁਣ ਜੋਤ ਕਰ ਉਜਿਆਰੀ, ਸਚ ਸਿੰਘਾਸਣ ਵੇਖ ਵਖਾਇਆ । ਥਿਰ ਘਰ ਸੋਹੇ ਬੰਕ ਦਵਾਰੀ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਨਾ ਕੋਈ ਦੂਸਰ ਪਹਿਰੇਦਾਰੀ, ਚੋਬਦਾਰੀ ਦਿਸ ਨਾ ਆਇਆ । ਸ਼ਾਹੋ ਭੂਪ ਵਡ ਸਿਕਦਾਰੀ, ਹਰਿ ਸਾਚਾ ਆਪ ਅਖਵਾਇਆ । ਆਪਣੇ ਸੀਸ ਜਗਦੀਸ ਛਤਰ ਰਿਹਾ ਝੁਲਾਰੀ, ਤਖ਼ਤ ਤਾਜ ਆਪ ਉਪਾਇਆ । ਆਪੇ ਦੇਵੇ ਧੁਰ ਫ਼ਰਮਾਨ ਵਡ ਸੰਸਾਰੀ, ਆਪਣਾ ਹੁਕਮ ਆਪ ਸੁਣਾਇਆ । ਆਪੇ ਲੋਕਮਾਤ ਆਵੇ ਜਾਵੇ ਵਾਰੋ ਵਾਰੀ, ਜੁਗ ਜੁਗ ਆਪਣਾ ਵੇਸ ਵਟਾਇਆ । ਆਪੇ ਖੜਗ ਖੰਡਾ ਸ਼ਬਦ ਤੇਜ਼ ਕਟਾਰੀ, ਤੀਰ ਕਮਾਨ ਆਪਣਾ ਨਾਉਂ ਧਰਾਇਆ । ਆਪੇ ਜੋਧਾ ਸੂਰ ਬਲਕਾਰੀ, ਲੋਆਂ ਪੁਰੀਆਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਆਪ ਅਖਵਾਇਆ । ਨਿਹਕਲੰਕ ਹਰਿ ਨਰਾਇਣ, ਪਾਰਬ੍ਰਹਮ ਅਖਵਾਇੰਦਾ । ਮਾਤ ਪਿਤ ਨਾ ਕੋਈ ਭਾਈ ਭੈਣ, ਸਾਕ ਸੈਣ ਨਾ ਕੋਇ ਜਣਾਇੰਦਾ । ਆਪੇ ਜਾਣੇ ਆਪਣੇ ਨੈਣ, ਨੇਤਰ ਜਗਤ ਬੰਦ ਰਖਾਇੰਦਾ । ਜਨ ਭਗਤਾਂ ਚੁਕਾਏ ਲਹਿਣ ਦੇਣ, ਜੁਗ ਜੁਗ ਸੇਵ ਕਮਾਇੰਦਾ । ਭਗਤ ਭਗਵੰਤ ਸੰਤ ਕੰਤ ਧਾਮ ਇਕੱਠੇ ਏਕਾ ਬਹਿਣ, ਸਚ ਦਵਾਰਾ ਇਕ ਵਖਾਇੰਦਾ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਡੰਨ ਲਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰਸਨਾ ਹਰਿ ਹਰਿ ਸਾਰੇ ਕਹਿਣ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਨੂਰ ਆਪ ਅਖਵਾਇੰਦਾ । ਨਿਹਕਲੰਕ ਕਲ ਜਾਮਾ ਪਾ, ਸ਼ਬਦੀ ਡੰਕ ਵਜਾਇਆ । ਲੱਖ ਚੁਰਾਸੀ ਰਿਹਾ ਸੁਣਾ, ਲੋਆਂ ਪੁਰੀਆਂ ਆਪ ਉਠਾਇਆ । ਸ਼ਾਹ ਸੁਲਤਾਨਾ ਦਏ ਹੁਲਾਰ, ਰਾਜ ਰਾਜਾਨਾਂ ਖ਼ਾਕ ਮਿਲਾਇਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਨਾਅਰਾ ਦਏ ਸੁਣਾ, ਏਕਾ ਕਲਮਾ ਰਿਹਾ ਪੜ੍ਹਾਇਆ । ਚਾਰ ਵਰਨ ਬਣਾਏ ਭੈਣ ਭਰਾ, ਊਚਾਂ ਨੀਚਾਂ ਮੇਟ ਮਿਟਾਇਆ । ਮਨ ਮਤ ਦੇਵੇ ਦਰ ਦੁਰਕਾ, ਨਾਰ ਦੁਹਾਗਣ ਵੇਸ ਵਟਾਇਆ । ਗੁਰਮਤ ਸਾਚੀ ਲਏ ਪਰਨਾ, ਗੁਰਮੁਖ ਸਾਚੇ ਲਏ ਤਰਾਇਆ । ਸਾਚੀ ਸਿਖਿਆ ਇਕ ਸਮਝਾ, ਸਤਿ ਸਤਿਵਾਦੀ ਮੇਲ ਮਿਲਾਇਆ । ਧੁਰ ਲੇਖਾ ਲਿਖਿਆ ਅੱਗੇ ਦਏ ਰਖਾ, ਲਿਖਿਆ ਲੇਖ ਨਾ ਕੋਇ ਮਿਟਾਇਆ । ਸ੍ਰਿਸ਼ਟ ਸਬਾਈ ਮਿਥਿਆ ਰਿਹਾ ਜਣਾ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰਾਗ ਅਲਾਇਆ । ਰਾਗ ਅਲਾਏ ਹਰਿ ਗੋਬਿੰਦ, ਹਰਿਜਨ ਆਪ ਸੁਣਾਈਆ । ਮੇਟ ਮਿਟਾਏ ਸਗਲੀ ਚਿੰਦ, ਹਉਮੇ ਰੋਗ ਜਲਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਗੁਰਮੁਖ ਉਪਜਾਏ ਸਾਚੀ ਬਿੰਦ, ਸਤਿਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਸਰਬ ਲੋਕਾਈਆ । ਕਲਜੁਗ ਅੰਤਮ ਵੇਖਣ ਆਇਆ, ਜੋਤੀ ਨੂਰ ਜਗਾਈ । ਔਲੀਏ ਪੀਰ ਸ਼ੇਖ਼ ਮੁਸਾਇਕ ਕੁਤਬ ਗੌਂਸ ਲੇਖੇ ਲਿਖਣ ਆਇਆ, ਕੋਈ ਭੇਵ ਨਾ ਜਾਣੇ ਰਾਈ । ਪੰਡਤ ਪਾਂਧੇ ਥੱਕੇ ਮਾਂਦੇ ਆਪਣੇ ਨੇਤਰ ਪੇਖਣ ਆਇਆ, ਹਰਿ ਬਣਿਆ ਸਾਚਾ ਰਾਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਵੇਖੇ ਝੂਠੀ ਸ਼ਾਹੀ । ਕਲਜੁਗ ਤੇਰਾ ਝੂਠ ਪਸਾਰਾ, ਚਾਰ ਕੁੰਟ ਲਲਕਾਰਿਆ । ਕੂੜ ਕੁੜਿਆਰਾ ਹੋ ਉਜਿਆਰਾ, ਏਕਾ ਨਾਅਰਾ ਮਾਰਿਆ । ਚੌਦਾਂ ਤਬਕਾਂ

ਕਰਿਆ ਖ਼ਬਰਦਾਰਾ, ਨਾਲ ਰਲਾਇਆ ਮੁਹੰਮਦ ਯਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾ ਰਿਹਾ । ਕਲਜੁਗ ਕੂੜਾ ਕੂੜਾ ਰੰਗ, ਹਰਿ ਆਪਣਾ ਆਪ ਰੰਗਾਇੰਦਾ । ਚਾਰੋਂ ਕੁੰਟ ਫਿਰੇ ਮਲੰਗ, ਦਹਿ ਦਿਸ਼ ਫੇਰਾ ਪਾਇੰਦਾ । ਨਾਲ ਰਲਾਈ ਮਨ ਮਤ ਕਰ ਨੰਗ, ਜੀਵਾਂ ਜੰਤਾਂ ਆਪ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਰਾਹ, ਸ਼ਬਦ ਸਰੂਪੀ ਬਣ ਮਲਾਹ, ਆਪੇ ਵੇਖ ਵਖਾਇੰਦਾ । ਕਲਜੁਗ ਕੂੜਾ ਕੂੜਾ ਡੰਕ, ਕੂੜੀ ਕਿਰਿਆ ਰਹੀ ਵਜਾਈਆ । ਭਰਮੇ ਭੁੱਲਾ ਰਾਓ ਰੰਕ, ਰਾਮ ਨਾਮ ਹਿਰਦੇ ਨਾ ਕੋਇ ਵਸਾਈਆ । ਖੇਲੇ ਖੇਲ ਵਾਸੀ ਪੁਰੀ ਘਨਕ, ਘਨੱਯਾ ਸ਼ਾਮ ਰੂਪ ਵਟਾਈਆ । ਗੁਰਸਿਖਾਂ ਪਰਨਾਏ ਸੀਤਾ ਸਪੁਤਰੀ ਜਨਕ, ਸੀਤਾ ਸਪੁਤਰੀ ਆਪ ਉਠਾਈਆ । ਖੇਲੇ ਖੇਲ ਬਾਰ ਅਨਕ, ਜੁਗ ਜੁਗ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਬੇਪਰਵਾਹੀਆ । ਕਲਜੁਗ ਕੂੜ ਕੁੜਾਵਾ ਹੱਟ, ਨੌ ਖੰਡ ਵੇਖ ਵਖਾਇਆ । ਮਾਇਆ ਮਮਤਾ ਤੀਰਥ ਤਟ, ਬੈਠੀ ਰੰਗ ਚੜ੍ਹਾਇਆ । ਪੰਜ ਤੱਤ ਅਗਨੀ ਨਿਕਲੇ ਲਟ ਲਟ, ਮੰਦਰ ਮਸਜਿਦ ਡੇਰਾ ਲਾਇਆ । ਦੂਈ ਦਵੈਤੀ ਲਾਏ ਸੱਟ, ਹਉਮੇ ਹੰਗਤਾ ਖੰਡਾ ਹੱਥ ਉਠਾਇਆ । ਝੂਠਾ ਬੁਰਜ ਰਿਹਾ ਢੱਠ, ਕੱਲਰ ਕੰਧ ਰਹਿਣ ਨਾ ਪਾਇਆ । ਹਰਿਜੂ ਵਸੇ ਘਟ ਘਟ, ਘਟ ਅੰਦਰ ਵੇਖ ਵਖਾਇਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਜਿਸ ਜਨ ਆਪਣਾ ਦਰਸ ਦਿਖਾਇਆ । ਖੇਲੇ ਖੇਲ ਬਾਜ਼ੀਗਰ ਨਟ, ਨਟ ਨਟੂਆ ਸਵਾਂਗੀ ਆਪਣਾ ਸਾਂਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕੀ ਸ਼ਬਦ ਨਿਸ਼ਾਨਾ, ਚਿੱਲਾ ਤੀਰ ਉਠਾਇਆ । ਜੋਧਾ ਮਰਦ ਮਰਦ ਮਰਦਾਨਾ, ਪਾਰਬ੍ਰਹਮ ਆਪ ਅਖਵਾਇਆ । ਜੂਠਾ ਝੂਠਾ ਮੇਟੇ ਜਗਤ ਨਿਸ਼ਾਨਾ, ਸਚ ਸੁੱਚ ਮਾਰਗ ਏਕਾ ਲਾਇਆ । ਖੇਲੇ ਖੇਲ ਗੋਪੀ ਕਾਹਨਾ, ਮੰਡਲ ਰਾਸ ਆਪ ਰਚਾਇਆ । ਰਾਮ ਨਾਮ ਹੋ ਪਰਧਾਨਾ, ਏਕਾ ਮੰਤਰ ਨਾਮ ਦ੍ਰਿੜ੍ਹਾਇਆ । ਐਨਲਹੱਕ ਨਾਅਰਾ ਇਕ ਵਖਾਨਾ, ਮੁਕਾਮੇ ਹੱਕ ਹੱਕ ਖ਼ੁਦਾਇਆ । ਨਾਮ ਸਤਿ ਵਡ ਬਲਵਾਨਾ, ਆਪ ਆਪਣਾ ਰੂਪ ਵਟਾਇਆ । ਕਲਜੁਗ ਅੰਤਮ ਖੇਲੇ ਖੇਲ ਦੋ ਜਹਾਨਾ, ਹਰਿ ਕਾ ਭੇਵ ਕੋਇ ਨਾ ਪਾਇਆ । ਸ੍ਰਿਸ਼ਟ ਸਬਾਈ ਵੇਖੇ ਮਾਰ ਧਿਆਨਾ, ਲੁਕਿਆ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਵੇਖਣ ਆਇਆ । ਲੋਕਮਾਤ ਹਰਿ ਪਸਾਰਾ, ਯੁਗ ਚੌਥਾ ਵੇਖ ਵਖਾਈਆ । ਰੂਪ ਅਨੂਪ ਸੱਚੀ ਸਰਕਾਰਾ, ਸਤਿ ਸਰੂਪ ਸਮਾਈਆ । ਪੰਜ ਤੱਤ ਨਾ ਕੋਇ ਆਕਾਰਾ, ਮਨ ਮਤ ਬੁਧ ਨਾ ਕੋਇ ਰਖਾਈਆ । ਬਸਤਰ ਸ਼ਸਤਰ ਨਾ ਕੋਇ ਕਟਾਰਾ, ਅਸਵ ਘੋੜਾ ਨਾ ਕੋਇ ਦੌੜਾਈਆ । ਲਸ਼ਕਰ ਫ਼ੌਜ ਨਾ ਸ਼ਾਹ ਦਾਰਾ, ਨਾ ਕੋਈ ਰਈਅਤ ਸੰਗ ਰਲਾਈਆ । ਇਕ ਅਕੱਲਾ ਏਕਓਂਕਾਰਾ, ਆਪਣੀ ਕਲ ਵਰਤਾਈਆ । ਜਲ ਥਲ ਮਹੱਲ ਪਾਏ ਸਾਰਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਜਨ ਭਗਤਾਂ ਮੇਲਾ ਹਰਿ ਸੱਜਣ ਮੀਤ ਮੁਰਾਰਾ, ਆਪ ਆਪਣਾ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਗੁਪਤ ਆਪੇ ਜ਼ਾਹਰਾ, ਆਪੇ ਅੰਦਰ ਆਪੇ ਬਾਹਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਗੁਣ ਸਰਗੁਣ ਚੇਲਾ ਗੁਰ, ਗੁਰ ਗੁਰ ਰੂਪ ਵਟਾਇਆ । ਲੇਖਾ ਲਿਖਿਆ ਹਰਿ ਹਰਿ ਧੁਰ, ਨਾ ਕੋਈ ਮੇਟ ਮਿਟਾਇਆ । ਜੋਤੀ ਸ਼ਬਦੀ ਗਿਆ ਜੁੜ, ਦਿਸ ਕਿਸੇ

ਨਾ ਆਇਆ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਆਪ ਆਪਣਾ ਫੇਰਾ ਪਾਇਆ । ਲੋਆਂ ਪੁਰੀਆਂ ਰਿਹਾ ਦੌੜ, ਦੂਰ ਦੁਰਾਡਾ ਪੰਧ ਮੁਕਾਇਆ । ਪ੍ਰਭ ਅਬਿਨਾਸ਼ੀ ਕਰਤਾ ਪੂਤ ਸਪੂਤਾ ਵੇਖੇ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਡੇਰਾ ਲਾਇਆ । ਸਚਖੰਡ ਦਵਾਰੇ ਇਕ ਵਖਾਏ ਸਾਚਾ ਪੌੜ, ਸੋ ਪੁਰਖ ਨਿਰੰਜਣ ਡੰਡਾ ਨਾਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਦਏ ਮਿਟਾਇਆ । ਕਲਜੁਗ ਅੰਤਮ ਕੂੜ ਮਿਟੌਣਾ, ਹਰਿ ਸਾਚਾ ਵੇਖ ਵਖੰਨਿਆ । ਸਤਿ ਪੁਰਖ ਨਿਰੰਜਣ ਸਤਿਜੁਗ ਸਾਚਾ ਲੌਣਾ, ਸਤਿ ਸਤਿਵਾਦੀ ਆਪੇ ਬੰਨਿਆ । ਸ਼ਬਦ ਸਰੂਪੀ ਖੇਲ ਖਿਲੌਣਾ, ਜੀਵਾਂ ਜੰਤਾਂ ਆਪੇ ਡੰਨਿਆ । ਚਾਰ ਵਰਨਾਂ ਏਕਾ ਰੰਗ ਰੰਗੌਣਾ, ਇਕ ਵਸਾਏ ਛੱਪਰ ਛੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਨਾਮ ਧਰੌਣਾ । ਪੂਰਬ ਲਹਿਣਾ ਜਾਣ, ਹਰਿਜਨ ਰਿਹਾ ਜਣਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਭੁੱਲ ਰਹੇ ਨਾ ਰਾਈਆ । ਸਤਿਜੁਗ ਵੇਖੇ ਮਾਰ ਧਿਆਨ, ਸਤਿ ਸਤਿਵਾਦੀ ਵਡ ਵਡਿਆਈਆ । ਭਗਤਨ ਮੀਤਾ ਏਕਾ ਰਾਮ, ਏਕਾ ਏਕ ਅਖਵਾਈਆ । ਸਖਾ ਸੁਹੇਲਾ ਕਰੇ ਆਪਣਾ ਕਾਮ, ਕਰਨੀ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਖ ਵਖਾਈਆ । ਜੁਗਾਂ ਜੁਗੰਤਰ ਹਰਿ ਹਰਿ ਲਹਿਣਾ, ਜੁਗ ਜੁਗ ਮੂਲ ਚੁਕਾਇੰਦਾ । ਦਰਸ ਦਿਖਾਏ ਤੀਜੇ ਨੈਣਾਂ, ਆਪਣੀ ਬੂਝ ਬੁਝਾਇੰਦਾ । ਸਚ ਵਡਿਆਈ ਭਾਣਾ ਸਹਿਣਾ, ਸਦ ਭਾਣੇ ਆਪ ਰਹਾਇੰਦਾ । ਲੋਕਮਾਤ ਵਹਿਣ ਨਾ ਵਹਿਣਾ, ਸ਼ੌਹ ਦਰਯਾਏ ਨਾ ਆਪ ਰੁੜ੍ਹਾਇੰਦਾ । ਜਿਸ ਜਨ ਬਸਤਰ ਪਾਏ ਨਾਮ ਗਹਿਣਾ, ਤਨ ਸ਼ੰਗਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਛਲਾ ਲੇਖਾ ਹਰਿ ਹਰਿ ਬੋਲ, ਹਰਿਜਨ ਸਾਚੇ ਦਏ ਸਮਝਾਈਆ । ਆਦਿ ਜੁਗਾਦੀ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਨਾਮ ਕੰਡੇ ਤੋਲੇ ਸਾਚਾ ਤੋਲ, ਤੋਲਾ ਰੱਤੀ ਨਾ ਕੋਇ ਵਖਾਈਆ । ਪਿਛਲਾ ਪੜਦਾ ਰਿਹਾ ਫੋਲ, ਅੱਗੇ ਮੂਲ ਚੁਕਾਈਆ । ਰਾਮ ਨਾਮ ਕਰਿਆ ਸਾਚਾ ਘੋਲ, ਦਿਵਸ ਰੈਣ ਕਰ ਲੜਾਈਆ । ਡੂੰਘੀ ਕੰਦਰ ਕਾਇਆ ਕਵਰੀ ਵੱਜਿਆ ਢੋਲ, ਹਰਿ ਸਾਚਾ ਆਪ ਸੁਣਾਈਆ । ਆਪਣੇ ਅੰਦਰ ਆਪੇ ਪਏ ਬੋਲ, ਆਪਣੀ ਲਿਵ ਆਪੇ ਲਾਈਆ । ਆਪਣੀ ਕਾਇਆ ਆਪੇ ਜਾਏ ਮੌਲ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਰਿਹਾ ਚੁਕਾਈਆ । ਪਿਛਲਾ ਲਹਿਣਾ ਹਰਿ ਚੁਕਾਏ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਸਾਚਾ ਨੈਣ ਖੁਲ੍ਹਾਏ, ਏਕਾ ਨੂਰ ਦਰਸਾਇੰਦਾ । ਕੱਲਰ ਬੂਟਾ ਆਪੇ ਲਾਏ, ਕਵਲ ਫੁੱਲ ਖਿੜਾਇੰਦਾ । ਆਪਣੀ ਭਗਤੀ ਨਾਮ ਜਪਾਏ, ਸਿਰ ਆਪਣਾ ਹੱਥ ਰਖਾਇੰਦਾ । ਘਰ ਘਰ ਛੱਤਰੂ ਆਪ ਉਪਾਏ, ਪਿਤਾ ਪੂਤ ਲੜਾਇੰਦਾ । ਗੜ੍ਹ ਹੰਕਾਰੀ ਇਕ ਬਣਾਏ, ਹਉਮੇ ਵਿਚ ਭਰਾਇੰਦਾ । ਆਪਣੀ ਕਰਨੀ ਰਿਹਾ ਕਮਾਏ, ਭੇਵ ਕੋਇ ਨਾ ਪਾਇੰਦਾ । ਵਰ ਸਰਾਪ ਆਪਣੇ ਹੱਥ ਰਖਾਏ, ਆਵਣ ਜਾਵਣ ਗੇੜ ਚਲਾਇੰਦਾ । ਸੰਤ ਕੁਮਾਰਾ ਲੇਖ ਖਿਲਾਏ, ਰਸਨਾ ਮੁਖ ਅਲਾਇੰਦਾ । ਦਵਾਰਪਾਲ ਰਹੇ ਸ਼ਰਮਾਏ, ਨੇਤਰ ਨੀਰ ਵਹਾਇੰਦਾ । ਬਾਣ ਨਿਰਾਲਾ ਏਕਾ ਲਾਏ, ਨਾ ਕੋਈ ਮੇਟ ਮਿਟਾਇੰਦਾ । ਲੋਕਮਾਤੀ ਜਨਮ ਦਵਾਏ, ਹਰਨਾਕਸ਼ ਨਾਉਂ ਰਖਾਇੰਦਾ । ਪੂਤ ਸਪੂਤਾ ਸਾਚਾ ਜਾਏ, ਸਾਚੀ ਚਲਤ ਚਲਾਇੰਦਾ । ਪ੍ਰਹਿਲਾਦ ਅਹਿਲਾਦ ਏਕਾ ਗਾਏ, ਰਾਮ ਨਾਮ ਧਿਆਇੰਦਾ । ਬੋਧ ਅਗਾਧ ਆਪ ਜਣਾਏ, ਅਨਭਵ ਪਰਕਾਸ਼ ਵਖਾਇੰਦਾ ।

ਸਾਧਨਾ ਸਾਧ ਸਿਦਕ ਨਿਭਾਏ, ਸਤਿ ਸਤਿਵਾਦੀ ਮੇਲ ਮਿਲਾਇੰਦਾ । ਨਾਦ ਅਨਾਦੀ ਨਾਦ ਵਜਾਏ, ਬ੍ਰਹਮ ਬ੍ਰਹਿਮਾਦੀ ਖੋਜ ਖੋਜਾਇੰਦਾ । ਸਾਚੀ ਵਾਜ ਇਕ ਸੁਣਾਏ, ਨੇਤਰ ਨੈਣ ਨਾ ਕੋਇ ਦਸਾਇੰਦਾ । ਰਾਮ ਨਾਮ ਅਰਾਧ ਰਸਨਾ ਹਰਿ ਹਰਿ ਸਾਚਾ ਪਾਏ, ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖ ਵੇਖ ਵਖਾਇੰਦਾ । ਪਿਛਲਾ ਲੇਖਾ ਆਪੇ ਜਾਣ, ਆਪੇ ਬੂਝ ਬੁਝਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਭੇਵ ਕੋਇ ਨਾ ਪਾਈਆ । ਕਾਚੀ ਮਾਟੀ ਕਰ ਪਰਧਾਨ, ਉਪਰ ਚੱਕ ਚੜ੍ਹਾਈਆ । ਚਾਰੋਂ ਕੁੰਟ ਭਵਾਏ ਜ਼ਿਮੀਂ ਅਸਮਾਨ, ਭੇਵ ਕੋਇ ਨਾ ਪਾਈਆ । ਅੰਤਮ ਬੰਦ ਕੀਤੀ ਝੂਠ ਮਕਾਨ, ਜੂਠੀ ਕਿਰਿਆ ਨਾਲ ਬੰਧਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਤਨ ਮੀਤਾ ਵਡ ਵਡਿਆਈਆ । ਬਖ਼ਸ਼ਣਹਾਰਾ ਬ੍ਰਹਮ ਗਿਆਨ, ਆਪਣੀ ਬੂਝ ਬੁਝਾਈਆ । ਛੋਟੇ ਬਾਲੇ ਬਾਲ ਨਿਧਾਨ, ਮਾਟੀ ਭਾਂਡੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਚਲਤ ਚਲਾਈਆ । ਬਾਲ ਨਿਧਾਨੇ ਅੰਦਰ ਰੱਖ, ਅਗਨੀ ਤੱਤ ਜਲਾਇਆ । ਆਪਣਾ ਆਪ ਕੀਤਾ ਵੱਖ, ਹਰਿ ਸਾਚੇ ਮੇਲ ਮਿਲਾਇਆ । ਆਪੇ ਰੱਖੇ ਦੇ ਕਰ ਹੱਥ, ਜੋ ਜਨ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਆਵਾ ਰਿਹਾ ਤਪਾਇਆ । ਜਗਤ ਆਵਾ ਤਪ ਅੰਗਿਆਰ, ਏਕਾ ਤੱਤ ਵਖਾਈਆ । ਘੜਿਆ ਭਾਂਡਾ ਹੋਇਆ ਤਿਆਰ, ਆਪੇ ਬਾਹਰ ਕਢਾਈਆ । ਅਧਵਿਚਕਾਰ ਲਾਇਆ ਹੱਥ ਘੁਮਿਆਰ, ਬਾਲ ਅੰਞਾਣੇ ਵੇਖ ਵਖਾਈਆ । ਤੂੰ ਹੀ ਤੂੰ ਰਹੇ ਪੁਕਾਰ, ਤੂੰ ਦਾਤਾ ਬੇਪਰਵਾਹੀਆ । ਰਾਮ ਨਾਮ ਇਕ ਅਧਾਰ, ਏਕਾ ਓਟ ਰਖਾਈਆ । ਵੇਖਿਆ ਖੇਲ ਅਪਰ ਅਪਾਰ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਪੂਰ ਕਰਾਈਆ । ਭਗਤ ਪ੍ਰਹਿਲਾਦ ਦਰ ਘਰ ਆਇਆ, ਵੇਖੇ ਜਗਤ ਲੋਕਾਇਆ । ਮੰਤਰ ਰਾਮ ਨਾਮ ਹੀਏ ਹਿਰਦੇ ਇਕ ਵਸਾਇਆ, ਨਾ ਕੋਈ ਸਕੇ ਬਾਹਰ ਕਢਾਇਆ । ਸਾਚੀ ਸਿਖਿਆ ਧੁਰ ਦਾ ਲਿਖਿਆ ਘਰ ਸਾਚੇ ਲੇਖਾ ਇਕ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲਾ ਆਪ ਮਿਲਾਇਆ । ਸਾਚੀ ਸਿਖਿਆ ਬਾਲ ਨਿਧਾਨ, ਏਕਾ ਰਹੀ ਸੁਣਾਈਆ । ਤਪਿਆ ਤਤ ਇਕ ਅੰਗਿਆਰ, ਅਗਨੀ ਅੱਗ ਸਮਾਈਆ । ਬੱਚੇ ਨਿਕਲੇ ਵਿਚੋਂ ਬਾਹਰ, ਰਾਮ ਨਾਮ ਰਹੇ ਗਾਈਆ । ਤੇਰਾ ਰਾਮ ਨਾ ਮਰੇ ਨਾ ਜੰਮੇ ਵਿਚ ਸੰਸਾਰ, ਆਦਿ ਜੁਗਾਦਿ ਇਕ ਅਖਵਾਈਆ । ਹਰਨਾਕਸ਼ ਤੋੜੇ ਗੜ੍ਹ ਹੰਕਾਰ, ਅੰਤਮ ਮੇਟ ਮਿਟਾਈਆ । ਪ੍ਰਹਿਲਾਦ ਕਰੇ ਇਕ ਪਿਆਰ, ਚਾਰ ਪਾਏ ਆਪ ਉਠਾਈਆ । ਦੋਹਾਂ ਵਿਚੋਲਾ ਬਣੇ ਕਰਤਾਰ, ਏਕਾ ਗਿਆਨ ਦ੍ਰਿੜਾਈਆ । ਪ੍ਰਭ ਅਬਿਨਾਸ਼ੀ ਸੁਨਣੇਹਾਰ, ਸੁਣ ਸੁਣ ਰਿਹਾ ਬੋਲ ਸੁਣਾਈਆ । ਹੋਏ ਮੇਲਾ ਦੂਜੀ ਵਾਰ, ਵਿਚ ਸੰਸਾਰ ਕਰੇ ਕੁੜਮਾਈਆ । ਨਿਰਗੁਣ ਨੂਰ ਜੋਤ ਹੋਏ ਉਜਿਆਰ, ਵੇਲਾ ਵਕ਼ਤ ਦਏ ਸੁਹਾਈਆ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕ ਵੱਡੀ ਵਡਿਆਈਆ । ਵੇਦ ਕਤੇਬ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਕੋਇ ਨਾ ਪਾਵੇ ਸਾਰ, ਹਰਿ ਕਾ ਲੇਖਾ ਨਾ ਸਕੇ ਕੋਇ ਗਣਾਈਆ । ਦੇਣਾ ਦੇਵਣਹਾਰ ਸ੍ਰੀ ਭਗਵਾਨ, ਜੁਗ ਜੁਗ ਝੋਲੀ ਪਾਈਆ । ਆਪੇ ਹੋਇਆ ਜਾਣੀ ਜਾਣ, ਦੂਸਰ ਭੇਵ ਕੋਇ ਨਾ ਰਾਈਆ । ਸਤਿਗੁਰ ਪੂਰਾ ਕਰ ਪਛਾਣ, ਅੰਤਮ ਮੇਲ ਮਿਲਾਈਆ । ਸੰਤ ਮਨੀ ਸਿੰਘ ਦੇਵੇ ਦਾਨ, ਨਾਮ ਖ਼ਜ਼ਾਨਾ ਇਕ ਭਰਾਈਆ । ਸੁਰਜਨ ਸਿੰਘ ਹੋ ਪਰਧਾਨ, ਤੇਜਾ ਸਿੰਘ ਵਡਿਆਈਆ । ਬੰਸ ਬੰਸਾ ਕਰ ਪਰਵਾਨ, ਛੋਟੇ ਬਾਲੇ ਨਾਲ ਰਲਾਈਆ ।

੩੯੯
੦੮

ਪਰਮ ਪੁਰਖ ਹਰਿ ਮਿਹਰਵਾਨ, ਹਰਿਜਨ ਸਾਚੇ ਲਏ ਉਠਾਈਆ । ਚੌਥੇ ਯੁਗ ਲਹਿਣਾ ਦੇਣਾ ਚੁੱਕੇ ਆਵਣ ਜਾਣ, ਲੱਖ ਚੁਰਾਸੀ ਫੰਦ ਕਟਾਈਆ । ਧਰਮ ਰਾਏ ਨੇਤਰ ਨੈਣ ਸ਼ਰਮਾਣ, ਚਿਤਰ ਗੁਪਤ ਨਾ ਰਾਹ ਤਕਾਈਆ । ਬ੍ਰਹਮਾ ਵੇਖੇ ਮਾਰ ਧਿਆਨ, ਅੱਠੇ ਨੇਤਰ ਆਪ ਖੁਲ੍ਹਾਈਆ । ਸ਼ਿਵ ਸ਼ੰਕਰ ਅੱਗੇ ਮੰਗੇ ਦਾਨ, ਬੈਠਾ ਝੋਲੀ ਡਾਹੀਆ । ਕਰੋੜ ਤੇਤੀਸਾ ਹੋਏ ਹੈਰਾਨ, ਨੇਤਰ ਨੀਰ ਵਹਾਈਆ । ਸੁਰਪਤ ਰਾਜਾ ਇੰਦ ਆਪਣੀ ਛੱਡੇ ਆਪ ਦੁਕਾਨ, ਆਪਣਾ ਰੂਪ ਵਟਾਈਆ । ਗੁਰਮੁਖਾਂ ਮੇਲਾ ਵਾਲੀ ਦੋ ਜਹਾਨ, ਪੁਰਖ ਅਕਾਲ ਮੇਲ ਮਿਲਾਈਆ । ਆਪ ਝੁਲਾਏ ਸਚ ਨਿਸ਼ਾਨ, ਉਪਰ ਆਪਣਾ ਲੇਖ ਲਿਖਾਈਆ । ਸਾਚੀ ਗੋਪੀ ਮਿਲਿਆ ਸਾਚਾ ਕਾਹਨ, ਘਰ ਮੰਡਲ ਰਾਸ ਰਚਾਈਆ । ਸਚ ਦਵਾਰੇ ਹੋਈ ਪਰਵਾਨ, ਕੰਤ ਕੰਤੂਹਲਾ ਲਏ ਪਰਨਾਈਆ । ਸ਼ਬਦ ਝੂਲਾ ਨਾਮ ਬਬਾਣ, ਲੋਆਂ ਪੁਰੀਆਂ ਪਾਰ ਕਰਾਈਆ । ਦਰਗਹਿ ਸਾਚੀ ਸਚ ਮਕਾਨ, ਗੁਰਸਿਖ ਤੇਰਾ ਦਰ ਵਖਾਈਆ । ਇਕ ਅਕੱਲਾ ਸ੍ਰੀ ਭਗਵਾਨ, ਨਿਰਗੁਣ ਬੈਠਾ ਡੇਰਾ ਲਾਈਆ । ਦਾਤਾ ਦਾਨੀ ਚਤੁਰ ਸੁਜਾਨ, ਚਤੁਰਭੁਜ ਵਡ ਵਡਿਆਈਆ । ਏਕਾ ਬਖ਼ਸ਼ੇ ਪੀਣ ਖਾਣ, ਤ੍ਰਿਸਨਾ ਤ੍ਰਿਪਤ ਆਪ ਕਰਾਈਆ । ਹਰਿਜਨ ਹਰਿਭਗਤ ਗੁਰਮੁਖ ਅੰਤਮ ਜੋਤੀ ਜੋਤ ਮਿਲ ਜਾਣ, ਨਾਤਾ ਤੁਟੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਿਛਲਾ ਘਾਟਾ ਪੂਰ ਕਰਾਈਆ । ਪਿਛਲਾ ਘਾਟਾ ਗਿਆ ਮੁੱਕ, ਹਰਿ ਸਾਚੇ ਆਪ ਮੁਕਾਇਆ । ਅੱਗੇ ਗੋਦੀ ਰਿਹਾ ਚੁੱਕ, ਬਾਲ ਅੰਵਾਣੇ ਆਪ ਉਠਾਇਆ । ਪੰਜ ਤੱਤ ਬੂਟਾ ਨਾ ਜਾਏ ਸੁੱਕ, ਸਿੰਚ ਅੰਮ੍ਰਿਤ ਹਰਿਆ ਆਪ ਕਰਾਇਆ । ਭਾਗ ਲਗਾਏ ਸੁਲੱਖਣੀ ਕੁੱਖ, ਜਿਸ ਜਨ ਜਨਣੀ ਹਰਿਜਨ ਜਾਇਆ । ਉਲਟਾ ਮਾਤ ਗਰਭ ਨਾ ਹੋਏ ਰੁੱਖ, ਸਤਿਗੁਰ ਪੂਰਾ ਦਇਆ ਕਮਾਇਆ । ਲੇਖੇ ਲਾਏ ਜਨਮ ਮਾਨਸ ਮਾਨੁਖ, ਦੂਜਾ ਵੱਖਰ ਨਾ ਕੋਇ ਵਖਾਇਆ । ਗੁਰਸਿਖਾਂ ਅੰਦਰ ਬੈਠਾ ਲੁਕ, ਵਾਸੀ ਪੁਰੀ ਘਣਕਾ ਆਪਣਾ ਡੰਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪੇ ਧਰ, ਪੂਰਬ ਲਹਿਣਾ ਲਹਿਣਾ ਰਿਹਾ ਮੁਕਾਇਆ ।



## ੨੨ ਚੇਤ ੨੦੧੬ ਬਿਕ੍ਰਮੀ ਮਨੀ ਸਿੰਘ ਦੇ ਘਰ ਪਿੰਡ ਸਿਧਵਾ ਜ਼ਿਲਾ ਅੰਮ੍ਰਿਤਸਰ

ਠਾਕਰ ਅਬਿਨਾਸ਼ੀ ਹਰਿ ਹਰਿ ਕਾਹਨ, ਮੋਹਨ ਮਾਧਵ ਅਖਵਾਇੰਦਾ । ਨਿਰਗੁਣ ਰੂਪ ਸ੍ਰੀ ਭਗਵਾਨ, ਨਿਰਗੁਣ ਦੀਪਕ ਜੋਤ ਜਗਾਇੰਦਾ । ਨਿਰਗੁਣ ਸ਼ਬਦ ਸ਼ਬਦ ਨਿਸ਼ਾਨ, ਨਿਰਗੁਣ ਦਾਤਾ ਆਪ ਝੁਲਾਇੰਦਾ । ਨਿਰਗੁਣ ਖੇਲੇ ਖੇਲ ਮਹਾਨ, ਸਤਿ ਪੁਰਖ ਵੇਸ ਵਟਾਇੰਦਾ । ਨਿਰਗੁਣ ਵਸਿਆ ਸਚ ਮਕਾਨ, ਦਰ ਘਰ ਸਾਚਾ ਇਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਸਚ ਸੁਲਤਾਨ, ਸ਼ਾਹ ਸੁਲਤਾਨਾ ਨਾਉਂ ਧਰਾਇੰਦਾ । ਲੋਕਮਾਤ ਵੇਖੇ ਮਾਰ ਧਿਆਨ, ਹਰਿਜਨ ਸਾਚੇ ਵੇਖ ਵਖਾਇੰਦਾ । ਜੁਗਾ ਜੁਗੰਤਰ ਦੇਵੇ ਦਾਨ, ਨਾਮ ਭਿਛਿਆ ਝੋਲੀ ਪਾਇੰਦਾ । ਆਤਮ ਅੰਤਰ ਇਕ ਗਿਆਨ, ਏਕਾ ਬ੍ਰਹਮ ਵਖਾਇੰਦਾ । ਸਤਿ ਸਰੂਪ ਗੁਣ ਨਿਧਾਨ, ਸਤਿ ਸਤਿਵਾਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਵੇਖ ਵਖਾਇੰਦਾ । ਭਗਤਨ ਹਰਿ ਹਰਿ ਰੱਤਿਆ, ਰੂਪ ਰੰਗ ਅਪਾਰ । ਏਕਾ ਦੇਵੇ ਸਾਚੀ ਸਤਿਆ, ਸਤਿ ਸੰਤੋਖੀ ਧਾਰ ਚਰਨ

ਕਵਲ ਬੰਧਾਏ ਨਤਿਆ, ਨਾਤਾ ਜੋੜ ਵਿਚ ਸੰਸਾਰ । ਸ਼ਬਦ ਜਣਾਏ ਸਾਚੀ ਕਥਿਆ, ਕਥਨੀ ਕਥਾ ਨਾ ਪਾਏ ਸਾਰ । ਸਤਿਗੁਰ ਚੜ੍ਹਾਏ ਸਾਚੇ ਰਥਿਆ, ਰਥ ਰਥਵਾਹੀ ਆਪ ਨਿਰੰਕਾਰ । ਪਾਰ ਕਿਨਾਰਾ ਏਕਾ ਰੱਖਿਆ, ਨਾ ਡੋਬੇ ਵਿਚ ਮੰਝਧਾਰ । ਰਾਹ ਸਾਚਾ ਏਕਾ ਦੱਸਿਆ, ਭਵਜਲ ਉਤਰੇ ਪਾਰ । ਪੁਰਖ ਅਕਾਲਾ ਦੀਨ ਦਿਆਲਾ, ਆਦਿ ਨਿਰੰਜਣ ਗੁਰ ਗੋਪਾਲਾ ਜਨ ਭਗਤ ਦਵਾਰੇ ਫਿਰੇ ਨੱਸਿਆ, ਲੋਕਮਾਤ ਲੈ ਅਵਤਾਰ । ਜੋਤ ਸਰੂਪੀ ਸ਼ਾਹੋ ਭੂਪੀ ਬਿਨ ਰੰਗ ਰੂਪੀ ਹਰਿਜਨ ਮੰਦਰ ਅੰਦਰ ਆਪੇ ਵਸਿਆ, ਨਿਰਗੁਣ ਜੋਤ ਕਰ ਉਜਿਆਰ । ਕੋਟਨ ਕੋਟ ਕਰੇ ਕਰਾਏ ਪਰਕਾਸ਼ ਰਵ ਸੱਸਿਆ, ਮੇਟ ਮਿਟਾਏ ਅੰਧ ਅੰਧਿਆਰ । ਆਤਮ ਸੇਜਾ ਬਹਿ ਬਹਿ ਹੱਸਿਆ, ਕਰੇ ਕਰਾਏ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਉਭਾਰ । ਹਰਿ ਸੱਜਣ ਹਰਿ ਏਕ ਹੈ, ਏਕਾ ਰੰਗ ਸਮਾਏ । ਗੁਰ ਸਤਿਗੁਰ ਸਾਚੀ ਟੇਕ ਹੈ, ਬੁਧ ਬਿਬੇਕ ਜਣਾਏ । ਆਪਣੇ ਨੇਤਰ ਆਪੇ ਪੇਖ ਹੈ, ਗੁਰਮੁਖ ਸਾਚੇ ਲਏ ਉਠਾਏ । ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਏਕਉਂਕਾਰਾ ਲਿਖਣਹਾਰਾ ਲੇਖ ਹੈ, ਬ੍ਰਹਮਾ ਵਿਸ਼ਨ ਸ਼ਿਵ ਰਹੇ ਸੇਵ ਕਮਾਏ । ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ ਅਬਿਨਾਸ਼ੀ ਕਰਤਾ ਦਰ ਦਰਵੇਸ ਹੈ, ਜੁਗਾ ਜੁਗੰਤਰ ਫੇਰਾ ਪਾਏ । ਸਚ ਸੁਲਤਾਨਾ ਹਰਿ ਮਿਹਰਵਾਨਾ ਦੋ ਜਹਾਨਾਂ ਨਰ ਨਰੇਸ਼ ਹੈ, ਨਰ ਨਰਾਇਣ ਨਾਉਂ ਰਖਾਏ । ਲੇਖਾ ਜਾਣੇ ਧਾਰੀ ਕੇਸ ਹੈ, ਮੂੰਡ ਮੁੰਡਾਏ ਲਏ ਤਰਾਏ । ਆਪਣੀ ਕਰਨੀ ਕਰਤਾ ਆਪੇ ਰਿਹਾ ਵੇਖ ਹੈ, ਆਪ ਆਪਣੀ ਖੇਲ ਖਿਲਾਏ । ਆਪੇ ਜਾਣੇ ਆਪਣਾ ਭੇਖ ਹੈ, ਵੇਦ ਕਤੇਬ ਭੇਵ ਨਾ ਰਾਏ । ਆਪੇ ਵਸਿਆ ਸਚ ਮਹੱਲ ਉਚ ਅਟੱਲ ਸਾਚੇ ਦੇਸ ਹੈ, ਸਚਖੰਡ ਦਵਾਰਾ ਇਕ ਸੁਹਾਏ । ਖੇਲੇ ਖੇਲ ਗਵਰਧਨ ਧਾਰੀ ਰਿਖੀ ਕੇਸ ਹੈ, ਭੇਵ ਅਭੇਦਾ ਭੇਵ ਛੁਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਭਗਤੀ ਮੇਲ ਮਿਲਾਏ । ਭਗਤਨ ਭਗਤੀ ਮੇਲਿਆ, ਕਰ ਕਿਰਪਾ ਅਪਾਰ । ਜਗਤ ਵਿਚੋਲਾ ਸੱਜਣ ਸੁਹੇਲਿਆ, ਦੇਵੇ ਨਾਮ ਅਧਾਰ । ਆਪਣਾ ਨਾਮ ਹਰੀ ਹਰਿ ਖੇਲਿਆ, ਨਿਰਗੁਣ ਜੋਤੀ ਨੂਰ ਉਜਿਆਰ । ਘਰ ਬਣੇ ਸੱਜਣ ਸੁਹੇਲਿਆ, ਦਿਵਸ ਰੈਣ ਕਰੇ ਪਿਆਰ । ਰੰਗੇ ਰੰਗ ਗੁਰੂ ਗੁਰ ਚੇਲਿਆ, ਰੰਗਣਹਾਰ ਆਪ ਕਰਤਾਰ । ਆਪੇ ਵਸੇ ਰੰਗ ਨਵੇਲਿਆ, ਘਟ ਘਟ ਬੈਠਾ ਕਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਭਗਤੀ ਭਰੇ ਭੰਡਾਰ । ਭਗਤ ਭੰਡਾਰਾ ਆਪੇ ਭਰ, ਆਪੇ ਵਸਤ ਟਿਕਾਈਆ । ਨਾਮ ਨਿਧਾਨਾ ਅੱਗੇ ਧਰ, ਆਪਣੀ ਬੂਝ ਬੁਝਾਈਆ । ਸ਼ਬਦ ਫੜਾਏ ਸਾਚਾ ਲੜ, ਨਾ ਮਰੇ ਨਾ ਜਾਈਆ । ਕਾਇਆ ਮੰਦਰ ਆਪੇ ਵੜ, ਹਰਿਜਨ ਲਏ ਜਗਾਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਇ ਰਖਾਈਆ । ਦਰਸ ਦਿਖਾਏ ਅੱਗੇ ਖੜ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਆਪੇ ਪੜ੍ਹ, ਆਪਣਾ ਢੋਲਾ ਨਾਮ ਸੁਣਾਈਆ । ਜਨ ਭਗਤ ਲਗਾਏ ਸਾਚੀ ਜੜ੍ਹ, ਅੰਮ੍ਰਿਤ ਨੀਰ ਆਪ ਚਵਾਈਆ । ਜਗਤ ਵਿਕਾਰਾ ਜਾਏ ਸੜ, ਜਿਸ ਜਨ ਇਛਿਆ ਪੂਰ ਕਰਾਈਆ । ਕਰੇ ਪਰਕਾਸ਼ ਬਹੱਤਰ ਨੜ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸਭਾਈਆ । ਹਰਿਜਨ ਹਰਿ ਹਰਿ ਪਾਇਆ, ਆਦਿ ਜੁਗਾਦਿ ਸਮਾਏ । ਜੁਗ ਜੁਗ ਵਿਛੜੇ ਮੇਲ ਮਿਲਾਇਆ, ਭਾਂਡਾ ਭਰਮ ਭੰਨਾਏ । ਸਚ ਨਿਸ਼ਾਨਾ ਇਕ ਰਖਾਇਆ, ਏਕਾ ਰਿਹਾ ਝੁਲਾਏ । ਵਰਨ ਗੋਤ ਨਾ ਕੋਈ ਜਣਾਇਆ, ਊਚ ਨੀਚ ਨਾ ਕੋਈ ਵਖਾਏ । ਪਾਰਬ੍ਰਹਮ ਬ੍ਰਹਮ ਨਜ਼ਰੀ ਆਇਆ, ਸ੍ਵਯੰ ਰੂਪ ਅਖਵਾਏ । ਦੋਏ ਦੋਏ ਜਹਾਨਾਂ

੪੦੧
੦੮

ਵੇਖ ਵਖਾਇਆ, ਦੋ ਦੋ ਧਾਰ ਵਖਾਏ । ਤੀਜੇ ਲੋਇਣ ਇਕ ਖੁਲ੍ਹਾਇਆ, ਗਿਆਨ ਨੇਤਰ ਇਕ ਵਖਾਏ । ਚੌਥੇ ਪਦ ਡੇਰਾ ਲਾਇਆ, ਹਰਿਜਨ ਸਾਚੇ ਲਏ ਮਿਲਾਏ । ਪੰਚਮ ਧੁਨ ਸ਼ਬਦ ਅਨਾਦੀ ਗਾਇਆ, ਆਪ ਆਪਣਾ ਰਾਗ ਅਲਾਏ । ਸਾਚੇ ਮੰਦਰ ਇਕ ਸੁਹਾਇਆ, ਹਰਿਜਨ ਵੱਜੀ ਸਚ ਵਧਾਏ । ਪੀਆ ਪ੍ਰੀਤਮ ਸਾਚਾ ਪਾਇਆ, ਪਰਮ ਪੁਰਖ ਸਰਨਾਏ । ਕੂੜਾ ਨਾਤਾ ਤੋੜ ਤੁੜਾਇਆ, ਭੁਲੀ ਸਰਬ ਲੁਕਾਏ । ਕਾਇਆ ਚੋਲੀ ਰੰਗਣ ਨਾਮ ਚੜ੍ਹਾਇਆ, ਉਤਰ ਕਦੇ ਨਾ ਜਾਏ । ਕੰਚਨ ਗੜ੍ਹ ਸੁਹਾਇਆ, ਮਹੱਲ ਅਟੱਲ ਵੇਖ ਵਖਾਏ । ਹਰਿਜਨ ਵਿਰਲੇ ਉਪਰ ਚੜ੍ਹ ਦਰਸ਼ਨ ਪਾਇਆ, ਆਪਣਾ ਕੁੰਡਾ ਆਪ ਖੁਲ੍ਹਾਏ । ਬੰਕ ਦਵਾਰੀ ਬੈਠਾ ਆਸਣ ਲਾਇਆ, ਘਰ ਘਰ ਵਿਚ ਕਰੇ ਰੁਸ਼ਨਾਏ । ਸਤਿ ਸਰੂਪ ਆਪ ਸਮਾਇਆ, ਸਤਿ ਸਤਿਵਾਦੀ ਆਪ ਅਖਵਾਏ । ਆਦਿ ਜੁਗਾਦੀ ਜਨ ਭਗਤਾਂ ਲਏ ਤਰਾਇਆ, ਧੁਰ ਦੀ ਬਾਣ ਹਰਿ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਆਪ ਕਰਾਏ । ਭਗਤੀ ਹਰਿਜਨ ਜਾਣਿਆ, ਭਗਵਨ ਰੂਪ ਕਰਤਾਰ । ਨਿਰਗੁਣ ਸਰਗੁਣ ਆਪ ਪਛਾਣਿਆ, ਕਰ ਕਿਰਪਾ ਵਿਚ ਸੰਸਾਰ । ਖੇਲੇ ਖੇਲ ਸ੍ਰੀ ਭਗਵਾਨਿਆ, ਜੁਗਾਂ ਜੁਗੰਤਰ ਸਾਚੀ ਕਾਰ । ਆਪੇ ਜਾਣੇ ਆਪਣੀ ਅਕੱਥ ਕਹਾਣੀਆ, ਨਾ ਕੋਈ ਲੇਖਾ ਲਿਖੇ ਵਿਚ ਸੰਸਾਰ । ਸਮਰਥ ਪੁਰਖ ਹਰਿ ਸੁਲਤਾਨਿਆ, ਅਗੰਮ ਅਥਾਹ ਬੇਪਰਵਾਹ ਬੇਐਬ ਪਰਵਰਦਿਗਾਰ । ਜਨ ਭਗਤਾਂ ਦੇਵੇ ਨਾਮ ਨਿਸ਼ਾਨੀਆ, ਨਾਮ ਜੈਕਾਰਾ ਏਕਓਂਕਾਰ । ਸ਼ਾਹੋ ਭੂਪ ਵਡ ਦਾਤਾ ਦਾਨੀਆ, ਭਗਤੀ ਭਰੇ ਭੰਡਾਰ । ਤੋੜੇ ਮਾਣਾ ਮਾਨ ਅਭਿਮਾਨਿਆ, ਦੂਈ ਦਵੈਤੀ ਕਰੇ ਖ਼ਵਾਰ । ਪੰਚ ਵਿਕਾਰਾ ਮੇਟੇ ਜਗਤ ਸ਼ੈਤਾਨਿਆ, ਮੇਟ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਠੰਡਾ ਪਾਣੀਆ, ਬੂੰਦ ਸਵਾਂਤੀ ਨਿਝਰ ਧਾਰ । ਅਨਹਦ ਸ਼ਬਦ ਸੁਣਾਏ ਸਾਚੀ ਬਾਣੀਆਂ, ਸ਼ਬਦ ਸਾਰ ਕਰ ਤਿਆਰ । ਲੇਖਾ ਜਾਣੇ ਆਵਣ ਜਾਣਿਆ ਲੱਖ ਚੁਰਾਸੀ ਖੇਲ ਅਪਾਰ । ਹਰਿਜਨ ਬਣਾਏ ਚਤੁਰ ਸੁਘੜ ਸਿਆਣਿਆ, ਮੂਰਖ ਮੁੜ੍ਹੇ ਲਏ ਉਭਾਰ । ਹਰਿਭਗਤ ਹਰਿਜਨ ਗੁਰਮੁਖ ਗੁਰਸਿਖ ਪ੍ਰਭ ਸਾਚੇ ਦੀ ਸਾਚੀ ਰਾਣੀਆ, ਥਿਰ ਘਰ ਵਸੇ ਸਚ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭਗਤਨ ਪਾਏ ਸਾਰ । ਭਗਤਨ ਸਾਰ ਸਮਾਲਦਾ, ਏਕਾ ਏਕਓਂਕਾਰ । ਜੁਗਾ ਜੁਗੰਤਰ ਖੇਲ ਪੁਰਖ ਅਕਾਲ ਦਾ, ਜੂਨੀ ਰਹਿਤ ਕਰੇ ਪਿਆਰ । ਸੰਤ ਸੁਹੇਲੇ ਆਪੇ ਭਾਲਦਾ, ਸਿਰ ਹੱਥ ਰੱਖ ਕਰਤਾਰ । ਹੋਏ ਵਾਲੀ ਦੋ ਜਹਾਨ ਦਾ, ਦਿਵਸ ਰੈਣ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਏ ਸਾਰ । ਸਾਰ ਸਮਾਲਣ ਆਦਿ ਨਿਰੰਜਣ, ਗੁਰ ਏਕੋ ਅਵਤਾਰਿਆ । ਦੀਨ ਦਿਆਲਣ ਦਰਦ ਦੁੱਖ ਭੈ ਭੰਜਣ, ਨਾਮ ਬਿਬੇਕੋ ਇਕ ਉਚਾਰਿਆ । ਸਰਬ ਪ੍ਰਿਤਪਾਲਣ ਹੋਏ ਰਖਵਾਲਣ, ਤੀਨ ਲੋਕ ਪਸਰ ਪਸਾਰਿਆ । ਤਖ਼ਤ ਸੁਲਤਾਨਣ ਹਰਿ ਭਗਵਾਨਣ, ਲੋਆਂ ਪੁਰੀਆਂ ਦਏ ਸਹਾਰਿਆ । ਨਾਮ ਨਿਸ਼ਾਨਣ ਭਗਤ ਵਖਾਨਣ, ਮਾਤਲੋਕ ਕਰੇ ਉਜਿਆਰਿਆ । ਬ੍ਰਹਮ ਗਿਆਨਣ ਹਰਿਜਨ ਦਾਨਣ, ਦੇਵਣਹਾਰ ਵਡ ਭੰਡਾਰਿਆ । ਹੋਏ ਜਾਮਨ ਮੇਟੇ ਕਾਮਨ, ਸਚ ਸੁੱਚ ਕਰੇ ਵਰਤਾਰਿਆ । ਗੋਪੀ ਕਾਨ੍ਹਣ ਦੇਵੇ ਮਾਨਣ, ਸਖਾ ਸਖਾਈ ਮੰਗਲ ਗਾ ਰਿਹਾ । ਨਾਮ ਵਖਾਨਣ ਰਾਮ ਪਛਾਨਣ, ਰੂਪ ਅਨੂਪ ਆਪ ਦਰਸਾ ਰਿਹਾ । ਦੀਨ ਈਮਾਨਣ ਸ਼ਰਅ ਕਲਾਮਨ, ਸ਼ਰੀਅਤ ਇਕ ਸਮਝਾ ਰਿਹਾ । ਨਾਮ ਸਤਿ ਪਰਧਾਨਣ ਵੇਖ ਵਖਾਨਣ, ਗੁਰਸਿਖਾਂ ਮੁਖ ਰਖਾ ਰਿਹਾ । ਵੇਦ ਕਤੇਬ ਭੇਵ ਨਾ ਜਾਨਣ, ਪਾਰਬ੍ਰਹਮ ਪੁਰਖ ਸੁਲਤਾਨਣ, ਅਛਲ ਅਛੱਲ

ਛਲ ਕਰਾ ਰਿਹਾ । ਜੁਗਾ ਜੁਗੰਤਰ ਜੋਤ ਸਰੂਪੀ ਦੇਵੇ ਚਾਨਣ, ਜੋਤ ਨਿਰੰਜਣ ਮੇਲ ਮਿਲਾ ਰਿਹਾ । ਗੁਰਮਤ ਵਿਰਲਾ ਬਣੇ ਸਵਾਲਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤੀ ਦੇਵੇ ਸਾਚਾ ਵਰ, ਭਗਤਨ ਮੀਤਾ ਆਪ ਅਖਵਾ ਰਿਹਾ । ਭਗਤਨ ਮੀਤਾ ਹਰਿ ਭਗਵੰਤ, ਭਗਵਨ ਰੂਪ ਸਮਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਕਾਰ ਕਮਾਇੰਦਾ । ਏਕਾ ਥਾਨ ਥਨੰਤਰ ਹਰਿ ਸੁਹੰਤ, ਅਗੰਮ ਅਗੰਮੜਾ ਵੇਖ ਵਖਾਇੰਦਾ । ਆਪ ਬਣਾਏ ਆਪਣੀ ਬਣਤ, ਬਨ ਬਨਵਾਰੀ ਵੇਸ ਵਟਾਇੰਦਾ । ਲੋਕਮਾਤ ਜਨ ਭਗਤ ਦਵਾਰੇ ਆਏ ਮੰਗਤ, ਆਪ ਆਪਣੀ ਸੇਵ ਕਮਾਇੰਦਾ । ਆਪੇ ਹੋਏ ਭੁੱਖਾ ਨੰਗਤ, ਭਗਤ ਭੰਡਾਰਾ ਆਪ ਭਰਾਇੰਦਾ । ਸਾਚੇ ਮੰਦਰ ਆਪੇ ਲੰਘਦਾ, ਆਪ ਆਪਣਾ ਕੁੰਡਾ ਲਾਇੰਦਾ । ਖੇਲੇ ਖੇਲ ਸੂਰੇ ਸਰਬੰਗ ਦਾ, ਨਾਮ ਸ਼ਸਤਰ ਹੱਥ ਚਮਕਾਇੰਦਾ । ਮਾਣੇ ਰਸ ਆਪ ਆਤਮ ਸੇਜ ਪਲੰਘ ਦਾ, ਸਚ ਸਿੰਘਾਸਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਭਗਵਾਨ ਏਕਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਭਗਤ ਭਗਵਾਨ ਨਾਰੀ ਨਰ, ਹਰੀ ਹਰਿ ਨਾਉਂ ਧਰਾਈਆ । ਭਗਤ ਭਗਵਾਨ ਏਕਾ ਸਰ, ਸਰ ਸਰੋਵਰ ਰਹੇ ਨਹਾਈਆ । ਭਗਤ ਭਗਵਾਨ ਏਕਾ ਵਿਦਿਆ ਰਹੇ ਪੜ੍ਹ, ਏਕਾ ਕਰੇ ਪੜ੍ਹਾਈਆ । ਭਗਤ ਭਗਵਾਨ ਅੰਦਰ ਜਾਏ ਵੜ, ਅੰਦਰ ਬਾਹਰ ਆਪ ਅਖਵਾਈਆ । ਭਗਤ ਭਗਵਾਨ ਅਗਨੀ ਹਵਨ ਨਾ ਜਾਇਣ ਸੜ, ਮੜੀ ਗੋਰ ਨਾ ਕੋਇ ਦਬਾਈਆ । ਭਗਤ ਭਗਵਾਨ ਲਾਏ ਜੜ੍ਹ, ਨਾ ਸਕੇ ਕੋਈ ਉਖੜਾਈਆ । ਭਗਤ ਭਗਵਾਨ ਜੁਗਾ ਜੁਗੰਤਰ ਰਹੇ ਲੜ, ਸ਼ਬਦੀ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰ, ਹਰਿ ਸੱਜਣ ਵੇਖ ਵਖਾਈਆ । ਹਰਿ ਸੱਜਣ ਵੇਖੇ ਹਰਿ ਹਰਿ ਨੈਣ, ਨੇਤਰ ਨੈਣ ਇਕ ਉਘਾੜਿਆ । ਆਪ ਚੁਕਾਏ ਲਹਿਣ ਦੇਣ, ਪਿਛਲਾ ਲੇਖਾ ਆਪੇ ਪਾੜਿਆ । ਪਾਰਬ੍ਰਹਮ ਪ੍ਰਭ ਮਾਤ ਪਿਤ ਭਾਈ ਭੈਣ, ਸਾਕ ਸੈਣ ਆਪ ਅਖਵਾ ਰਿਹਾ । ਨਾਤਾ ਤੋੜੇ ਜੂਠੇ ਝੂਠੇ ਕਲਜੁਗ ਵਹਿਣ, ਕੂੜੀ ਕਿਰਿਆ ਮੂਲ ਚੁਕਾ ਰਿਹਾ । ਤਨ ਬਸਤਰ ਪਹਿਨਾਏ ਸਾਚਾ ਗਹਿਣ, ਨਾਮ ਦੁਸ਼ਾਲਾ ਸੀਸ ਟਿਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਬੰਧਨ ਨਾਮ ਬਨਾ ਲਿਆ । ਮਨ ਬੰਧਨ ਹਰਿ ਨਾਮ ਡੋਰ, ਸਤਿਗੁਰ ਆਪ ਰਖਾਈਆ । ਗੁਰਮੁਖਾਂ ਬੰਨ੍ਹੇ ਪੰਜੇ ਚੋਰ, ਚੋਰ ਚੋਰੀ ਆਪ ਕਮਾਈਆ । ਆਸਾ ਤ੍ਰਿਸਨਾ ਕਰ ਦੇਵੇ ਹੋੜ, ਜੂਠ ਝੂਠ ਨਾ ਘੋੜ ਦੌੜਾਈਆ । ਹਉਮੇ ਹੰਗਤਾ ਦੇਵੇ ਹੋੜ, ਭੈ ਭਿਆਨਕ ਰੂਪ ਵਟਾਈਆ । ਹਰਿਜਨ ਸੁਰਤੀ ਗੁਰ ਗੁਰ ਸ਼ਬਦ ਦੇਵੇ ਜੋੜ, ਨਰ ਹਰਿ ਵੱਡੀ ਵਡਿਆਈਆ । ਸਚ ਦਵਾਰੇ ਜਾਏ ਬੌਹੜ, ਆਪ ਆਪਣਾ ਰੂਪ ਵਟਾਈਆ । ਵੇਖੇ ਫਲ ਮਿਠਾ ਕੌੜ, ਲੱਖ ਚੁਰਾਸੀ ਫੋਲ ਫੁਲਾਈਆ । ਧੁਰ ਦਰਗਾਹੀ ਆਇਆ ਦੌੜ, ਲੋਕਮਾਤ ਕਰੇ ਰੁਸ਼ਨਾਈਆ । ਦੋ ਜਹਾਨਾਂ ਲਾਇਆ ਏਕਾ ਪੌੜ੍ਹ, ਸੋ ਪੁਰਖ ਨਿਰੰਜਣ ਡੰਡਾ ਇਕ ਵਖਾਈਆ । ਗੁਰਮੁਖਾਂ ਵਰ ਪਾਇਆ ਜੇਹਾ ਲੋੜ, ਅੰਤਰ ਆਤਮ ਹਰਿ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਥਨੰਤਰ ਵਸਿਆ, ਸਤਿਗੁਰ ਦੀਨ ਦਿਆਲ । ਆਦਿ ਜੁਗਾਦੀ ਫਿਰੇ ਨੱਸਿਆ, ਗੋਬਿੰਦ ਗੁਰ ਗੁਰ ਗੋਪਾਲ । ਆਪਣੇ ਅਸਵ ਘੋੜੇ ਤੰਗ ਆਪੇ ਕਸਿਆ, ਆਪੇ ਚਲੇ ਆਪਣੀ ਚਾਲ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠਾਂ ਝੱਸਿਆ, ਮੇਲ ਮਿਲਾਏ ਜੋਤ ਅਕਾਲ । ਸ਼ਬਦ

ਤੀਰ ਨਿਰਾਲਾ ਏਕਾ ਕਸਿਆ, ਆਪੇ ਘਾਲੇ ਆਪਣੀ ਘਾਲ । ਜਿਸ ਜਨ ਹਿਰਦੇ ਅੰਦਰ ਵਸਿਆ, ਫਲ ਲਗਾਏ ਕਾਇਆ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਸੰਤ ਸੁਹੇਲੇ ਆਪੇ ਲਏ ਭਾਲ । ਭਾਲਣਹਾਰ ਪੁਰਖ ਸਮਰਥ, ਅਭੁੱਲ ਗੁਰ ਵਡਿਆਈਆ । ਹਰਿਜਨ ਰਾਖੇ ਦੇ ਕਰ ਹੱਥ, ਅਮੁਲ ਅਮੁਲ ਆਪ ਅਖਵਾਈਆ । ਜਗਤ ਵਿਕਾਰਾ ਕਰੇ ਸੱਥ, ਸ੍ਰਿਸ਼ਟ ਸਬਾਈ ਮੂਲ ਚੁਕਾਈਆ । ਲੱਖ ਚੁਰਾਸੀ ਪਾਏ ਨੱਥ, ਘਟ ਘਟ ਫੋਲ ਫੁਲਾਈਆ । ਹਰਿਜਨ ਦੇਵੇ ਆਪਣਾ ਰਸ, ਸ਼ਬਦ ਘੋੜਾ ਰਿਹਾ ਦੌੜਾਈਆ । ਜਗਤ ਦਵਾਰੇ ਆਪੇ ਟੱਪ, ਦਸਵੇਂ ਮੇਲ ਮਿਲਾਈਆ । ਮੇਲ ਮਿਲਾਵਾ ਕਮਲਾਪਤਿ, ਕਵਲ ਨੈਣ ਦਰਸਾਈਆ । ਨਾ ਕੋਈ ਹੱਡ ਮਾਸ ਨਾੜੀ ਦਿਸੇ ਰੱਤ, ਪੰਜ ਤੱਤ ਨਾ ਕੋਇ ਵਖਾਈਆ । ਜਾਨਣਹਾਰਾ ਗਤ ਮਿਤ, ਮੀਤ ਮੁਰਾਰਾ ਆਪ ਅਖਵਾਈਆ । ਆਪੇ ਜਾਣੇ ਆਪਣੀ ਵਾਰ ਥਿਤ, ਜੋਤਸ ਵਿਦਿਆ ਨਾ ਕੋਇ ਵਡਿਆਈਆ । ਜਨ ਭਗਤਾਂ ਕਰੇ ਹਿਤ, ਨਿਤ ਨਵਿਤ ਜੋਗ ਜੁਗਤ ਆਪ ਬਣਾਈਆ । ਆਪੇ ਮਾਤ ਆਪੇ ਪਿਤ, ਹਰਿਜਨ ਸਾਚੇ ਗੋਦ ਉਠਾਈਆ । ਆਪਣਾ ਲੇਖਾ ਦੇਵੇ ਲਿਖ, ਨਾ ਸਕੇ ਕੋਇ ਮਿਟਾਈਆ । ਜਿਸ ਜਨ ਚਰਨ ਪ੍ਰੀਤੀ ਬਖ਼ਸ਼ੇ ਭਿਖ, ਦੂਜਾ ਦਰ ਨਾ ਮੰਗਣ ਜਾਈਆ । ਮਾਣ ਵਡਿਆਈ ਮੁਨ ਰਿਖ, ਗੁਰਸਿਖ ਉਤਮ ਆਪ ਜਣਾਈਆ । ਸਾਚੀ ਸਿਖਿਆ ਏਕਾ ਸਿਖ, ਸਿਖ ਵਿਚਾਰ ਸਮਾਈਆ । ਜਗਤ ਤ੍ਰਿਸਨਾ ਮੇਟੇ ਤ੍ਰਿਖ, ਤ੍ਰਿਸਨਾ ਆਪ ਬੁਝਾਈਆ । ਨੇਤਰ ਲੋਚਣ ਆਪਣੇ ਪੇਖ, ਨੈਣ ਨੈਣ ਬਿਗਸਾਈਆ । ਜਿਸ ਜਨ ਕੱਢੇ ਭਰਮ ਭੁਲੇਖ, ਭਰਮ ਗੜ੍ਹ ਤੁੜਾਈਆ । ਕੌਸਤਕ ਮਣੀਆ ਮਸਤਕ ਲਾਏ ਰੇਖ, ਦਿਵਸ ਰੈਣ ਕਰੇ ਰੁਸ਼ਨਾਈਆ । ਆਪੇ ਸੋਵਣਹਾਰਾ ਬਾਸ਼ਕ ਸ਼ੇਜ, ਵਿਸ਼ਨੂੰ ਰੂਪ ਵਟਾਈਆ । ਅਕਾਲ ਪੁਰਖ ਕਰ ਸਦ ਆਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਅੰਤਮ ਖੇਲੇ ਖੇਲ ਮਾਝੇ ਦੇਸ, ਆਪ ਆਪਣੀ ਕਲ ਵਰਤਾਈਆ । ਜੋਤੀ ਜਾਮਾ ਧਰਿਆ ਭੇਸ, ਨਿਹਕਲੰਕ ਵੱਜੀ ਵਧਾਈਆ । ਬਾਲ ਬਾਲਾ ਅੱਲੜ ਵਰੇਸ, ਜਵਾਨੀ ਲਏ ਅੰਗੜਾਈਆ । ਪਕੜ ਉਠਾਏ ਨਰ ਨਰੇਸ਼, ਸੋਇਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਆਪੇ ਰਿਹਾ ਵੇਖ, ਇਸ਼ਟ ਦ੍ਰਿਸ਼ਟ ਇਕ ਜਣਾਈਆ । ਦਾਤਾ ਦਾਨੀ ਦਸ ਦਸਮੇਸ਼, ਦਰ ਦਰ ਵੇਖ ਵਖਾਈਆ । ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ ਭੁੱਲ ਨਾ ਰਾਈਆ । ਕਰੋੜ ਤੇਤੀਸਾ ਕਰ ਕਰ ਆਦੇਸ਼, ਸੁਰਪਤ ਰਾਜ ਇੰਦ ਸੀਸ ਝੁਕਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਜੋਤ ਨੂਰ ਨੁਰਾਨਾ ਹੋ ਪਰਵੇਸ਼, ਨਰ ਨਰਾਇਣ ਨਾਉਂ ਧਰਾਈਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਸੰਬਲ ਨਗਰੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਘਰ ਸਾਚਾ ਦਏ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਰੰਗ ਨਾ ਕੋਇ ਵਖਾਈਆ ।

## ✪ ੨੨ ਚੇਤ ੨੦੧੯ ਬਿਕ੍ਰਮੀ ਪਿੰਡ ਮਾੜੀ ਮੇਘਾ ✪

ਆਦਿ ਪੁਰਖ ਨਿਰੰਜਣ ਹਰਿ ਨਿਰੰਕਾਰ, ਨਿਰਗੁਣ ਨੂਰ ਆਪ ਅਖਵਾਇੰਦਾ । ਇਕ ਇਕੱਲਾ ਏਕਓਂਕਾਰ, ਅਕਲ ਕਲਾ ਅਖਵਾਇੰਦਾ । ਪਾਰਬ੍ਰਹਮ ਪ੍ਰਭ ਹੋ ਉਜਿਆਰ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਆਪ ਅਖਵਾਇੰਦਾ ।

ਪੁਰਖ ਅਕਾਲ ਹਰਿ ਸਮਰਥ, ਏਕਾ ਏਕ ਅਖਵਾਈਆ । ਆਪ ਚਲਾਏ ਆਪਣਾ ਰਥ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਖਵਾਈਆ । ਆਦਿ ਜੁਗਾਦੀ ਹਰਿ ਨਿਰੰਕਾਰਾ, ਏਕਾ ਰੂਪ ਸਮਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਸ਼ਬਦ ਜਣਾਈ ਸਾਚਾ ਨਾਅਰਾ, ਆਪਣਾ ਆਪ ਲਗਾਇੰਦਾ । ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਦਰਸਾਇੰਦਾ । ਨੂਰ ਉਜਾਲਾ ਹਰਿ ਮਿਹਰਵਾਨ, ਆਪਣੀ ਕਲ ਵਰਤਾਈਆ । ਪਰਮ ਪੁਰਖ ਸ੍ਰੀ ਭਗਵਾਨ, ਏਕ ਏਕ ਆਪ ਅਖਵਾਈਆ । ਸ਼ਬਦ ਵਖਾਏ ਸਚ ਨਿਸ਼ਾਨ, ਧੁਰ ਦਰਗਾਹੀ ਬੇਪਰਵਾਹੀਆ । ਇਕ ਅਕੱਲਾ ਖੇਲੇ ਖੇਲ ਮਹਾਨ, ਦੋ ਜਹਾਨਾਂ ਫੇਰਾ ਪਾਈਆ । ਸਚਖੰਡ ਵਸੇ ਸਚ ਮਕਾਨ, ਥਿਰ ਘਰ ਆਪਣਾ ਆਸਣ ਲਾਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਅਬਿਨਾਸ਼ੀ ਕਰਤਾ ਹਰਿ ਭਗਵਾਨਾ, ਏਕ ਜੋਤ ਅਕਾਲਿਆ । ਖੇਲੇ ਖੇਲ ਸ੍ਰੀ ਭਗਵਾਨਾ, ਦੀਨਾਂ ਬੰਧਪ ਦੀਨ ਦਿਆਲਿਆ । ਆਦਿ ਜੁਗਾਦਿ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾ ਲਿਆ । ਵੇਸ ਵਟਾਏ ਹਰਿ ਬਨਵਾਰੀ, ਨਿਰਗੁਣ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਪਾਵੇ ਸਾਰੀ, ਘਟ ਘਟ ਵੇਖ ਵਖਾਈਆ । ਤ੍ਰੈਗੁਣ ਮਾਇਆ ਵਸਿਆ ਬਾਹਰੀ, ਤੱਤਵ ਤੱਤ ਨਾ ਕੋਇ ਜਣਾਈਆ । ਸ਼ਾਹੋ ਭੂਪ ਹਰਿ ਵਡ ਸਿਕਦਾਰੀ, ਸਚ ਸੁਲਤਾਨ ਇਕ ਅਖਵਾਈਆ । ਜੁਗਾ ਜੁਗੰਤਰ ਬੰਨ੍ਹੇ ਧਾਰੀ, ਆਪਣੀ ਧਾਰਾ ਆਪ ਚਲਾਈਆ । ਸ਼ਬਦ ਸੁਹੇਲਾ ਇਕ ਕਰਾਏ ਵਣਜ ਵਪਾਰੀ, ਨਾਮ ਹੱਟ ਇਕ ਖੁਲ੍ਹਾਈਆ । ਚੌਦਾਂ ਹੱਟਾਂ ਵੇਖ ਪਸਾਰੀ, ਆਪ ਆਪਣੀ ਵਸਤ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਅਖਵਾਈਆ । ਨਿਰਗੁਣ ਰੂਪ ਆਪੇ ਕਰ, ਹਰਿ ਆਪੇ ਵੇਖ ਵਖਾਇੰਦਾ । ਧਰਨੀ ਧਰਤ ਧਵਲ ਉਪਰ ਧਰ, ਆਪ ਆਪਣਾ ਵੇਸ ਵਟਾਇੰਦਾ । ਕਰਤਾ ਪੁਰਖ ਕਰਨੀ ਕਰ, ਕਰਨਹਾਰ ਆਪ ਅਖਵਾਇੰਦਾ । ਰੂਪ ਅਨੂਪ ਨਰਾਇਣ ਨਰ, ਨਾਰੀ ਕੰਤ ਮੇਲ ਮਿਲਾਇੰਦਾ । ਆਪਣੇ ਅੰਦਰ ਆਪੇ ਵੜ, ਆਪ ਆਪਣਾ ਘਰ ਸੁਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੇਖ ਨਾ ਕੋਇ ਵਖਾਇੰਦਾ । ਆਪਣਾ ਘਾੜਨ ਆਪੇ ਘੜ, ਆਪਣੀ ਬਣਤ ਬਣਾਇੰਦਾ । ਆਪਣੇ ਮੰਦਰ ਆਪੇ ਚੜ੍ਹ, ਆਪ ਆਪਣਾ ਦਰ ਸੁਹਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਸ਼ਬਦ ਨਗਾਰਾ ਇਕ ਵਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਵੇਖੇ ਖੜ, ਕਰੋੜ ਤੇਤੀਸਾ ਸੰਗ ਰਲਾਇੰਦਾ । ਪੁਰਖ ਅਨਾਦੀ ਲਾਏ ਜੜ੍ਹ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਕਰ ਪਸਾਰਾ, ਨਿਰਗੁਣ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰ ਪੁਰਖ ਅਕਾਲਾ, ਆਪਣੀ ਆਪ ਚਲਾਈਆ । ਸਚਖੰਡ ਵਸੇ ਸੱਚੀ ਧਰਮਸਾਲਾ, ਦਰ ਘਰ ਸਾਚਾ ਇਕ ਸੁਹਾਈਆ । ਨਿਰਗੁਣ ਜੋਤੀ ਦੀਪਕ ਕਰ ਉਜਾਲਾ, ਦਿਵਸ ਰੈਣ ਡਗਮਗਾਈਆ । ਬਿਰਧ ਜਵਾਨ ਨਾ ਕੋਈ ਬਾਲਾ, ਏਕਾ ਰੰਗ ਸਮਾਈਆ । ਆਪ ਆਪਣਾ ਬਣ ਦਲਾਲਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ ।

੪੦੫
੦੮

ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦਿ ਸਮਾਇੰਦਾ । ਅਗੰਮ ਅਗੰਮੜਾ ਵਸੇ ਅਗੰਮੜੀ ਥਾਂ, ਅਲੱਖ ਨਿਰੰਜਣ ਭੇਵ ਨਾ ਆਇੰਦਾ । ਸ਼ਬਦ ਸਰੂਪੀ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਵੰਝ ਮੁਹਾਣਾ ਆਪੇ ਲਾ, ਆਪੇ ਪਾਰ ਕਰਾਇੰਦਾ । ਪੁਰਖ ਸੁਲਤਾਨਾ ਆਪ ਅਖਵਾ, ਤਖ਼ਤ ਤਾਜ ਸੁਹਾਇੰਦਾ । ਧੁਰ ਫ਼ਰਮਾਨਾ ਦਏ ਜਣਾ, ਏਕਾ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਅਖਵਾਇੰਦਾ । ਨਿਰਗੁਣ ਰੂਪ ਪਾਰਬ੍ਰਹਮ, ਆਪ ਆਪਣਾ ਰੂਪ ਦਰਸਾਈਆ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਬਣਾਈਆ । ਜੁਗਾ ਜੁਗੰਤਰ ਜਾਣੇ ਕੰਮ, ਆਪਣੀ ਰਚਨਾ ਆਪ ਰਚਾਈਆ । ਲੱਖ ਚੁਰਾਸੀ ਦੇਵੇ ਤਮ, ਵਿਸ਼ਨੂੰ ਵੰਸੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਦਰਸਾਈਆ । ਨਿਰਗੁਣ ਨੂਰ ਅਨੁਭਵ ਪਰਕਾਸ਼, ਹਰਿ ਸਾਚਾ ਆਪ ਕਰਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਭੇਖ ਵਟਾਇੰਦਾ । ਪਰਮ ਪੁਰਖ ਹਰਿ ਸ਼ਾਹੋ ਸ਼ਾਬਾਸ਼, ਸਤਿ ਪੁਰਖ ਅਖਵਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਇੰਦਾ । ਮੰਡਲ ਮੰਡਪ ਪਾਵੇ ਰਾਸ, ਰਵ ਸਸ ਨੂਰ ਚਮਕਾਇੰਦਾ । ਦਾਤਾ ਦਾਨੀ ਸਰਬ ਗੁਣਤਾਸ, ਆਪ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਆਪ ਵਖਾਇੰਦਾ । ਸਾਚਾ ਘਰ ਆਦਿ ਨਿਰੰਜਣ, ਹਰਿ ਹਰਿ ਜੋਤ ਜਗਾਈਆ । ਇਕ ਅਕੱਲਾ ਸਾਚਾ ਸੱਜਣ, ਬੈਠਾ ਡੇਰਾ ਲਾਈਆ । ਉਚ ਮਹੱਲਾ ਰਾਗ ਅਨਾਦੀ ਏਕਾ ਵੱਜਣ, ਏਕਾ ਛੰਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਬਣਤ ਬਣਾਈਆ । ਸ਼ਬਦ ਸੁੱਤ ਸੁੱਤ ਦੁਲਾਰਾ, ਹਰਿ ਸਾਚੇ ਆਪ ਉਪਾਇਆ । ਏਕਾ ਭਰੇ ਨਾਮ ਭੰਡਾਰਾ, ਜੁਗ ਜੁਗ ਆਪ ਵਰਤਾਇਆ । ਲੋਆਂ ਪੁਰੀਆਂ ਦਏ ਸਹਾਰਾ, ਆਪ ਆਪਣਾ ਖੇਲ ਰਚਾਇਆ । ਨੌ ਖੰਡ ਪ੍ਰਿਥਮੀ ਹੋ ਉਜਿਆਰਾ, ਸੱਤਾਂ ਦੀਪਾਂ ਵੇਖ ਵਖਾਇਆ । ਲੱਖ ਚੁਰਾਸੀ ਦਏ ਸਹਾਰਾ, ਆਤਮ ਬ੍ਰਹਮ ਸਮਾਇਆ । ਪੰਜ ਤੱਤ ਕਰ ਉਜਿਆਰਾ, ਤ੍ਰੈਗੁਣ ਜੋੜ ਜੁੜਾਇਆ । ਮਨ ਮਤ ਬੁਧ ਕਰ ਅਧਾਰਾ, ਏਕਾ ਦਰ ਸੁਹਾਇਆ । ਨੌ ਦਰ ਖੋਲ੍ਹੇ ਜਗਤ ਕਿਵਾੜਾ, ਘਰ ਘਰ ਵਿਚ ਬੰਦ ਕਰਾਇਆ । ਸ਼ਬਦ ਅਗੰਮੀ ਸਾਚਾ ਅਖਾੜਾ, ਹਰਿ ਸਾਚੇ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗਿਆਨ ਨਾਮ ਨਿਧਾਨ, ਹਰਿ ਭਗਵਾਨ ਆਪਣਾ ਆਪ ਉਪਾਇਆ । ਨਾਮ ਨਿਧਾਨ ਸਾਚਾ ਮੰਤਰ, ਹਰਿ ਸਾਚਾ ਆਪ ਉਪਜਾਈਆ । ਆਪ ਚਲਾਏ ਜੁਗਾ ਜੁਗੰਤਰ, ਜੁਗ ਜੁਗ ਵੇਸ ਵਟਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਆਤਮ ਅੰਤਰ ਖੋਜ ਖੁਜਾਈਆ । ਆਪ ਬੁਝਾਏ ਲੱਗੀ ਬਸੰਤਰ, ਪੰਜ ਤੱਤ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮ ਵੱਡੀ ਵਡਿਆਈਆ । ਨਾਮ ਵਡਿਆਈ ਗੁਣ ਭਰਪੂਰ, ਗੁਰ ਸਾਚੇ ਹੱਟ ਵਿਕਾਇੰਦਾ । ਧੁਨ ਅਨਾਦੀ ਏਕਾ ਤੂਰ, ਏਕ ਘਰ ਸੁਣਾਇੰਦਾ । ਅਗੰਮ ਅਗੰਮੜਾ ਹਾਜ਼ਰ ਹਜ਼ੂਰ, ਹਰ ਘਟ ਡੇਰਾ ਲਾਇੰਦਾ । ਜੋਤ ਨਿਰੰਜਣ ਬਖ਼ਸ਼ੇ ਨੂਰ, ਨੂਰ ਨੁਰਾਨਾ ਆਪ ਅਖਵਾਇੰਦਾ । ਆਸਾ ਮਨਸਾ ਆਪੇ ਪੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਨਾਉਂ ਹਰਿ ਪਰਗਟਾਏ, ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਮੇਲ ਮਿਲਾਏ, ਸਤਿਗੁਰ ਰੂਪ ਸਮਾਇੰਦਾ । ਸੰਤ ਸੁਹੇਲੇ ਵੇਖ ਵਖਾਏ, ਆਪਣੀ ਬੂਝ ਬੁਝਾਇੰਦਾ । ਭਗਤਨ ਭਗਤੀ ਇਕ ਦ੍ਰਿੜਾਏ, ਏਕਾ ਰੰਗ

੪੦੬
੦੮

ਰੰਗਾਇੰਦਾ । ਸ਼ਬਦ ਵਿਚੋਲਾ ਇਕ ਵਖਾਏ, ਦੋ ਜਹਾਨਾਂ ਮੇਲ ਮਿਲਾਇੰਦਾ । ਸਾਚਾ ਸੋਹਿਲਾ ਆਪ ਸੁਣਾਏ, ਆਪਣਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਅਪਣਾ ਨਾਉਂ ਧਰਾਇੰਦਾ । ਨਾਉਂ ਧਰ ਹਰਿ ਨਿਰੰਕਾਰ, ਆਪਣੀ ਖੇਲ ਖਿਲਾਈਆ । ਵਰਤੇ ਵਰਤਾਵੇ ਵਿਚ ਸੰਸਾਰ, ਵੇਦ ਕਤੇਬ ਭੇਵ ਨਾ ਰਾਈਆ । ਆਵੇ ਜਾਵੇ ਵਾਰੋ ਵਾਰ, ਨਿਤ ਨਵਿਤ ਫੇਰਾ ਪਾਈਆ । ਗੁਰਮੁਖ ਸਾਜਣ ਲਾਏ ਪਾਰ, ਚੇਤਨ ਚੇਤ ਸੁਹਾਈਆ । ਰਾਮ ਨਾਮ ਦਏ ਅਧਾਰ, ਕਮਲ ਬਿਗਸਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਰ ਸਰੋਵਰ ਇਕ ਨੁਹਾਈਆ । ਖੋਲ੍ਹਣਹਾਰਾ ਬੰਦ ਕਿਵਾੜ, ਦੂਈ ਦਵੈਤੀ ਪੜਦਾ ਦਏ ਮਿਟਾਈਆ । ਸਾਚੇ ਮੰਦਰ ਕਰ ਪਿਆਰ, ਹਰਿਜਨ ਸਾਚੇ ਲਏ ਮਿਲਾਈਆ । ਡੂੰਘੀ ਕੰਦਰ ਕਰੇ ਪਾਰ, ਆਪ ਆਪਣਾ ਲੜ ਫੜਾਈਆ । ਜੁਗਾ ਜੁਗੰਤਰ ਵੇਖ ਵਿਚਾਰ, ਲੋਕਮਾਤ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਪਿਛਲਾ ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵਡੀ ਵਡਿਆਈਆ । ਜੁਗ ਕਰਤਾ ਹਰਿ ਕਰਨੇਹਾਰਾ, ਆਪਣੀ ਕਿਰਤ ਕਮਾਇੰਦਾ । ਆਪ ਆਪਣਾ ਕਰ ਪਸਾਰਾ, ਹਰਿ ਆਪੇ ਵੇਖ ਵਖਾਇੰਦਾ । ਆਪੇ ਗੁਰ ਆਪ ਅਵਤਾਰਾ, ਆਪੇ ਰੂਪ ਵਟਾਇੰਦਾ । ਆਪੇ ਨਾਮ ਆਪ ਭੰਡਾਰਾ, ਆਪੇ ਆਪ ਵਰਤਾਇੰਦਾ । ਆਪੇ ਸ਼ਬਦ ਆਪ ਜੈਕਾਰਾ, ਆਪੇ ਆਪ ਸੁਣਾਇੰਦਾ । ਆਪੇ ਲੋਆਂ ਪੁਰੀਆਂ ਦਏ ਸਹਾਰਾ, ਗਗਨ ਮੰਡਲ ਆਪ ਟਿਕਾਇੰਦਾ । ਆਪੇ ਰਵ ਸਸ ਚੰਨ ਸਤਾਰਾ, ਆਪੇ ਆਪਣਾ ਨੂਰ ਚਮਕਾਇੰਦਾ । ਆਪੇ ਧਰਤ ਧਵਲ ਰਿਹਾ ਉਭਾਰਾ, ਜਲ ਬਿੰਬ ਆਪ ਅਖਵਾਇੰਦਾ । ਆਪੇ ਸੰਤ ਭਗਤ ਕਰੇ ਪਿਆਰਾ, ਆਪੇ ਭਗਤੀ ਨਾਮ ਦ੍ਰਿੜਾਇੰਦਾ । ਆਪੇ ਵੇਦ ਪੁਰਾਨ ਕਰ ਉਜਿਆਰਾ, ਆਪੇ ਭੇਵ ਖੁਲ੍ਹਾਇੰਦਾ । ਆਪੇ ਸ਼ਾਸਤਰ ਸਿਮਰਤ ਦਏ ਆਧਾਰਾ, ਆਪੇ ਲੇਖ ਜਣਾਇੰਦਾ । ਆਪੇ ਰਾਮ ਰੂਪ ਰਾਮ ਅਵਤਾਰਾ, ਲੰਕਾ ਗੜ੍ਹ ਆਪ ਤੁੜਾਇੰਦਾ । ਆਪੇ ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਭੇਵ ਖੁਲ੍ਹਾਇੰਦਾ । ਆਪੇ ਰੂਪ ਅਨੂਪ ਸੱਚੀ ਸਰਕਾਰਾ, ਮੋਹਨ ਮਾਧਵ ਨਾਮ ਧਰਾਇੰਦਾ । ਆਪੇ ਗਿਆਨ ਧਿਆਨ ਬਣੇ ਵਣਜਾਰਾ, ਆਪੇ ਮੂਲ ਚੁਕਾਇੰਦਾ । ਆਪੇ ਬੋਲੇ ਏਕਾ ਨਾਅਰਾ, ਆਪੇ ਗੀਤਾ ਗੋਬਿੰਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਹਰਿ ਸਾਚੀ ਰਚਨ ਰਖਾਇੰਦਾ । ਆਪੇ ਇਸ਼ਟ ਆਪ ਗੁਰਦੇਵ, ਆਪੇ ਸੀਸ ਝੁਕਾਈਆ । ਆਪੇ ਕਰੇ ਆਪਣੀ ਸੇਵ, ਆਪ ਆਪਣਾ ਸੰਗ ਨਿਭਾਈਆ । ਆਪੇ ਦਾਤਾ ਦਾਨੀ ਅਲੱਖ ਅਭੇਵ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਈਆ । ਆਪੇ ਦਾਤਾ ਆਪੇ ਦਾਨੀ, ਦਇਆਵਾਨ ਆਪ ਅਖਵਾਇੰਦਾ । ਆਪੇ ਪੁਰਖ ਸ਼ਾਹ ਸੁਲਤਾਨੀ, ਰਾਜ ਜੋਗ ਆਪ ਕਮਾਇੰਦਾ । ਆਪੇ ਦੇਵੇ ਦਰ ਘਰ ਸਾਚੇ ਸਚ ਨਿਸ਼ਾਨੀ, ਨਾਮ ਨਿਧਾਨਾ ਆਪ ਉਪਾਇੰਦਾ । ਆਪੇ ਜਾਣੇ ਆਪਣੀ ਬਾਣੀ, ਜੁਗ ਜੁਗ ਆਪ ਸੁਣਾਇੰਦਾ । ਆਪ ਰਖਾਏ ਆਪਣੀ ਆਣੀ, ਨਿਰਭੈ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕ ਅਖਵਾਇੰਦਾ । ਆਪੇ ਰਾਜਾ ਸਚ ਭੂਪ, ਸਾਚੇ ਤਖ਼ਤ ਬਰਾਜਿਆ । ਆਪੇ ਵਸੇ ਚਾਰੇ ਕੂਟ, ਖੇਲੇ ਖੇਲ ਗ਼ਰੀਬ ਨਿਵਾਜਿਆ । ਆਪੇ ਨਿਰਗੁਣ ਜੋਤ ਸਤਿ ਸਰੂਪ, ਆਪੇ ਸ਼ਬਦ ਅਨਾਦੀ ਮਾਰੇ ਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪਣਾ ਸਾਜਣ ਸਾਜਿਆ । ਆਪੇ ਸ਼ਾਹ ਦਾਰਾ ਸਿਕਦਾਰ,

ਆਪ ਆਪਣੀ ਖੇਲ ਖਲਾਈਆ । ਇਕ ਅਕੱਲਾ ਕਰ ਆਕਾਰ, ਜਗਤ ਪਸਾਰ ਵੇਖ ਵਖਾਈਆ । ਆਦਿ ਜੁਗਾਦਿ ਖੇਲੇ ਖੇਲ ਨਰ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਕੂੜਾ ਵੇਖ ਪਸਾਰ, ਆਪ ਆਪਣੀ ਲਏ ਅੰਗੜਾਈਆ । ਧਰਤ ਧਵਲ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਅਲੱਖ ਹੋ ਪਰਤੱਖ, ਸਰਬ ਕਲ ਸਮਰਥ, ਆਪਣੀ ਆਪ ਕਰੇ ਜਣਾਈਆ । ਅਲੱਖ ਨਿਰੰਜਣ ਇਕ ਅਲੱਖ, ਆਪਣੀ ਆਪ ਜਗਾਇੰਦਾ । ਪੰਜ ਤੱਤ ਕੀਤਾ ਵੱਖ, ਸਰਗੁਣ ਨਿਰਗੁਣ ਰੂਪ ਵਟਾਇੰਦਾ । ਮਾਟੀ ਭਾਂਡਾ ਕੀਤਾ ਸੱਖ, ਸਾਚੀ ਵਸਤ ਸਾਚੇ ਘਰ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਪੰਜ ਤੱਤ ਤੁੱਟਾ ਨਾਤਾ, ਹਰਿ ਸਾਚੇ ਰਚਨ ਰਚਾਈਆ । ਮੇਲ ਮਿਲਾਵਾ ਪੁਰਖ ਬਿਧਾਤਾ, ਘਰ ਸਾਚੇ ਵੱਜੀ ਵਧਾਈਆ । ਉਤਮ ਹੋਈ ਏਕਾ ਜ਼ਾਤਾ, ਵਰਨ ਗੋਤ ਨਾ ਕੋਇ ਰਖਾਈਆ । ਮਿਟੀ ਰੈਣ ਅੰਧੇਰੀ ਰਾਤਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬੈਠਾ ਰਹੇ ਇਕ ਅਕਾਂਤਾ, ਅਕਲ ਕਲਾ ਵਰਤਾਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਭੈਣ ਭਾਈ ਨਾ ਕੋਇ ਵਖਾਈਆ । ਆਪਣੀ ਜਾਣੇ ਆਪੇ ਗਾਥਾ, ਆਪੇ ਰਿਹਾ ਸੁਣਾਈਆ । ਕਲਜੁਗ ਵੇਖੇ ਕੂੜਾ ਰਾਥਾ, ਕੂੜੀ ਕਰੇ ਰਥਵਾਹੀਆ । ਦੀਨਾਂ ਅਨਾਥਾਂ ਕੋਈ ਨਾ ਦੇਵੇ ਸਾਥਾ, ਭਰਮੇ ਭੁੱਲੀ ਝੂਠੀ ਸ਼ਾਹੀਆ । ਦਰ ਦਰ ਘਰ ਘਰ ਪੂਜਾ ਪਾਠਾ, ਪੂਰਨ ਬ੍ਰਹਮ ਨਾ ਕੋਇ ਜਣਾਈਆ । ਘਰ ਘਰ ਅਗਨੀ ਜਗੇ ਲਲਾਟਾ, ਜੋਤੀ ਨੂਰ ਨਾ ਕੋਇ ਡਗਮਗਾਈਆ । ਘਰ ਘਰ ਪੀਣ ਪਿਆਲਾ ਅੰਮ੍ਰਿਤ ਬਾਟਾ, ਆਤਮ ਤ੍ਰਿਸਨ ਨਾ ਕੋਇ ਬੁਝਾਈਆ । ਫਿਰ ਫਿਰ ਥੱਕੇ ਤੀਰਥ ਤਾਟਾ, ਅਠਸਠ ਫੇਰਾ ਪਾਈਆ । ਮਾਨਸ ਜਨਮ ਪੂਰਾ ਕਰੇ ਨਾ ਕੋਈ ਘਾਟਾ, ਜੂਠੇ ਝੂਠੇ ਕੰਡੇ ਤੋਲ ਤੁਲਾਈਆ । ਅੱਗੇ ਦਿਸੇ ਨਾ ਕਿਸੇ ਵਾਟਾ, ਭਰਮੇ ਭੁੱਲੇ ਪਾਧੀ ਰਾਹੀਆ । ਹਰਿ ਕਾ ਸ਼ਬਦ ਆਤਮ ਰਸ ਨਾ ਕਿਸੇ ਚਾਟਾ, ਨਾਰੀ ਨਰ ਰਹੇ ਕੁਰਲਾਈਆ । ਅੰਤਮ ਨੇੜੇ ਦਿਸੇ ਵਾਟਾ, ਨਾਨਕ ਗੋਬਿੰਦ ਮਿਲਿਆ ਮੇਲ ਨਾ ਸਾਚੇ ਮਾਹੀਆ । ਕਾਇਆ ਚੋਲਾ ਅੰਤਮ ਪਾਟਾ, ਨਾ ਸਕੇ ਕੋਇ ਸਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਖੇਲ ਖੇਲੇ ਖੇਲ ਬੇਪਰਵਾਹੀਆ । ਕਲਜੁਗ ਕੂੜਾ ਡੰਕ ਪਸਾਰ, ਚਾਰੋਂ ਕੁੰਟ ਵਜਾਇੰਦਾ । ਲੇਖਾ ਲਿਖਿਆ ਹਰਿ ਕਰਤਾਰ, ਨਾ ਕੋਈ ਮੇਟ ਮਿਟਾਇੰਦਾ । ਐੜਾ ਅਥਰਬਨ ਇਕ ਪਿਆਰ, ਇਲਾਹੀ ਨੂਰ ਵਖਾਇੰਦਾ । ਐਨਲਹੱਕ ਖ਼ਬਰਦਾਰ, ਹੱਕ ਹਕੂਕ ਆਪ ਜਣਾਇੰਦਾ । ਵੇਖ ਵਖਾਏ ਚਾਰ ਯਾਰ, ਸੰਗ ਮੁਹੰਮਦ ਆਪ ਉਠਾਇੰਦਾ । ਏਕਾ ਨਾਅਰਾ ਸਾਚਾ ਮਾਰ, ਨਰ ਨਰਾਇਣ ਅੱਖ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਧੂੰਆਂਧਾਰ, ਸਚ ਪਰਕਾਸ਼ ਨਾ ਕੋਇ ਜਣਾਇੰਦਾ । ਪੰਜ ਤੱਤ ਤਪਿਆ ਅੰਗਿਆਰ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਮਾਇਆ ਮਮਤਾ ਫਿਰੇ ਦਰ ਦਵਾਰ, ਦਹਿ ਦਿਸ਼ਾ ਫੋਲ ਫੋਲਾਇੰਦਾ । ਆਲਸ ਨਿੰਦਰਾ ਸੁੱਤਾ ਸਰਬ ਸੰਸਾਰ, ਰਾਮ ਨਾਮ ਨਾ ਕੋਇ ਧਿਆਇੰਦਾ । ਨਾਮ ਸਤਿ ਨਾ ਕਰਿਆ ਵਣਜ ਵਪਾਰ, ਨਾਨਕ ਗੁਰ ਏਕਾ ਹੱਟ ਖੁਲ੍ਹਾਇੰਦਾ । ਵਾਹਿਗੁਰੂ ਫ਼ਤਹਿ ਨਾ ਕੋਇ ਜੈਕਾਰ, ਗੁਰ ਫ਼ਤਹਿ ਨਾ ਕੋਇ ਕਰਾਇੰਦਾ । ਜਗਤ ਤ੍ਰਿਸਨਾ ਕਰ ਪਿਆਰ, ਆਪਣਾ ਘਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਲੈ ਅੰਗੜਾਈ, ਆਪਣਾ ਰੂਪ ਵਟਾਇੰਦਾ । ਜੂਠ ਝੂਠ ਕਰ ਕੁੜਮਾਈ,

੪੦੮
੦੮

ਲੱਖ ਚੁਰਾਸੀ ਨਾਲ ਪਰਨਾਇੰਦਾ । ਦਰ ਦਰ ਘਰ ਘਰ ਵੱਜੇ ਵਧਾਈ, ਗੀਤ ਸੁਹਾਗੀ ਸਾਚਾ ਮੰਗਲ ਕੋਇ ਨਾ ਗਾਇੰਦਾ । ਨਾ ਕੋਈ ਜਾਣੇ ਪੀੜ ਪਰਾਈ, ਹੱਕ ਹਕੀਕਤ ਨਾ ਵੇਖ ਵਖਾਇੰਦਾ । ਨਾਮ ਗੰਢ ਨਾ ਪੱਲੇ ਬੰਨ੍ਹੀ ਰਾਈ, ਰਾਓ ਰੰਕ ਮੁਖ ਭਵਾਇੰਦਾ । ਗੁਰਮੁਖ ਵਿਰਲੇ ਰਹੇ ਧਿਆਈ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਵੇਖ ਵਖਾਏ ਥਾਉਂ ਥਾਈਂ, ਆਪ ਆਪਣੇ ਆਪ ਉਠਾਇੰਦਾ । ਪਕੜਨਹਾਰਾ ਸਾਚੀ ਬਾਂਹੀਂ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਜੁਗਾ ਜੁਗੰਤਰ ਦੇਵੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਇਆ ਪੁਰਖ ਸੁਲਤਾਨ, ਜੋਤੀ ਜੋਤ ਰੁਸ਼ਨਾਈਆ । ਖੇਲੇ ਖੇਲ ਗੋਪੀ ਕਾਹਨ, ਨਾਮ ਬੰਸਰੀ ਇਕ ਵਜਾਈਆ । ਵੇਖ ਵਖਾਣੇ ਸੀਤਾ ਰਾਮ, ਨੱਯਾ ਨਾਮ ਰਾਮ ਚਲਾਈਆ । ਪਾਏ ਸਾਰ ਕਲਮਾ ਅਮਾਮ, ਕਾਇਨਾਤ ਫੇਰਾ ਪਾਈਆ । ਕਰੇ ਪਰਧਾਨ ਸਤਿ ਨਾਮ, ਨਾਮ ਸਤਿ ਵੱਡੀ ਵਡਿਆਈਆ । ਏਕਾ ਰੂਪ ਸ੍ਰੀ ਭਗਵਾਨ, ਸ੍ਰਿਸ਼ਟ ਸਬਾਈ ਦਏ ਜਣਾਈਆ । ਏਕਾ ਮੰਦਰ ਇਕ ਮਕਾਨ, ਏਕਾ ਵਸਿਆ ਬੇਪਰਵਾਹੀਆ । ਦਰਗਹਿ ਸਾਚੀ ਸਚ ਨਿਸ਼ਾਨ, ਹਰਿ ਸਾਚਾ ਆਪ ਸੁਹਾਈਆ । ਹਿੰਦੂ ਮੁਸਲਮ ਸਿਖ ਈਸਾਈ ਹਰਿ ਕਾ ਨਾਉਂ ਏਕਾ ਗਾਣ, ਏਕਾ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਵੇਖੇ ਮਾਰ ਧਿਆਨ, ਹੰ ਬ੍ਰਹਮ ਆਪ ਅਖਵਾਈਆ । ਵਿਸ਼ਨੂੰ ਵੰਸੀ ਖੇਲੇ ਖੇਲ ਗੁਣ ਨਿਧਾਨ, ਭਗਵਨ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਇਕ ਗਿਆਨ, ਏਕਾ ਬ੍ਰਹਮ ਵਖਾਈਆ । ਜੂਠੀ ਝੂਠੀ ਮੇਟ ਦੁਕਾਨ, ਸਚ ਸੁੱਚ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਏਕਾ ਸ਼ਬਦ ਇਕ ਗਿਆਨਾ, ਏਕਾ ਮੰਤਰ ਨਾਮ ਦ੍ਰਿੜਾਈਆ । ਏਕਾ ਬ੍ਰਹਮ ਰੂਪ ਪਛਾਨਾ, ਪਾਰਬ੍ਰਹਮ ਇਕ ਵਖਾਈਆ । ਦਰ ਦਰਬਾਰ ਇਕ ਸੁਹਾਨਾ, ਏਕਾ ਬੈਠਾ ਆਸਣ ਲਾਈਆ । ਏਕ ਰਾਗ ਸ਼ਬਦ ਤਰਾਨਾ, ਏਕਾ ਰਿਹਾ ਸੁਣਾਈਆ । ਏਕਾ ਅਨਹਦ ਗਾਏ ਗਾਣਾ, ਘਟ ਘਟ ਬੈਠਾ ਬੇਪਰਵਾਹੀਆ । ਏਕ ਅੰਮ੍ਰਿਤ ਪੀਣਾ ਖਾਣਾ, ਕਾਇਆ ਸਰੋਵਰ ਤਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚਾਰ ਬੱਤੀ ਹਜ਼ਾਰ ਲੇਖੇ ਲਾਈਆ । ਚਾਰ ਲੱਖ ਚਾਰ ਯਾਰੀ, ਸੰਗ ਮੁਹੰਮਦ ਕਰੇ ਕੁੜਮਾਈਆ । ਚੌਦਾਂ ਤਬਕਾਂ ਵਣਜ ਵਪਾਰੀ, ਏਕਾ ਹੱਟ ਵਿਕਾਈਆ । ਪੀਰ ਦਸਤਗੀਰਾਂ ਵੇਖੇ ਵਾਰੋ ਵਾਰੀ, ਸ਼ਾਹ ਫਕੀਰਾਂ ਆਪ ਉਠਾਈਆ । ਮੁੱਲਾਂ ਸ਼ੇਖ਼ ਮੁਸਾਇਕ ਮਾਰੇ ਤੀਰਾ, ਤੀਰ ਨਿਸ਼ਾਨਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਪਰਵਰਦਿਗਾਰ, ਨੂਰੀ ਨੂਰ ਸਮਾਇੰਦਾ । ਆਪਣਾ ਬੇੜਾ ਕਰੇ ਆਪੇ ਪਾਰ, ਆਪੇ ਬੰਨੇ ਲਾਇੰਦਾ । ਆਪੇ ਮੇਲ ਮਿਲਾਵਾ ਮੁਹੰਮਦੀ ਯਾਰ, ਅੱਲਾ ਰਾਣੀ ਆਪ ਪਰਨਾਇੰਦਾ । ਆਪੇ ਮੱਕਾ ਕਾਅਬਾ ਪਾਵੇ ਸਾਰ, ਦੋ ਦੋ ਆਬਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਵਖੌਣਾ, ਹਰਿ ਸਾਚੀ ਜੋਤ ਜਗਾਈਆ । ਅੱਲਾ ਰਾਣੀ ਤੇਰਾ ਸਿਰ ਤੋਂ ਪੜਦਾ ਲੌਹਣਾ, ਤੇਰਾ ਨੈਣ ਖੁਲ੍ਹਾਈਆ । ਚਾਰ ਯਾਰੀ ਤੇਰਾ ਕੀਤਾ ਤੇਰੀ ਝੋਲੀ ਪੌਣਾ, ਸੰਗ ਮੁਹੰਮਦ ਵੇਖ ਵਖਾਈਆ । ਅੰਜੀਲ ਕੁਰਾਨ ਤੇਰਾ ਲੇਖ ਚੁਕੌਣਾ, ਈਸਾ ਮੂਸਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪ ਅਖਵਾਈਆ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਸਾਚਾ ਵੇਖ ਵਖਾਇੰਦਾ ।

ਪੰਡਤ ਪਾਂਧਾ ਕੋਇ ਨਾ ਪਾਵੇ ਸਾਰਾ, ਸ਼ਾਸਤਰ ਸਿਮਰਤ ਨਾ ਕੋਇ ਜਣਾਇੰਦਾ । ਆਤਮ ਅੰਦਰ ਲੋਭ ਹੰਕਾਰਾ, ਕਾਮ ਕਰੋਧ ਸਤਾਇੰਦਾ । ਦਿਸ ਨਾ ਆਏ ਰਾਮ ਰੂਪ ਨਰ ਨਿਰੰਕਾਰਾ, ਨਿਜ ਘਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਡੰਕ ਵਜਾਇੰਦਾ । ਸ਼ਬਦ ਅੱਖਰ ਸਚ ਗਿਆਨ, ਹਰਿਜਨ ਇਕ ਪੜ੍ਹਾਈਆ । ਏਕਾ ਨੇਤਰ ਲਏ ਪਛਾਣ, ਸਵੱਛ ਸਰੂਪੀ ਰੂਪ ਵਟਾਈਆ । ਏਕਾ ਹੋਏ ਜਾਣੀ ਜਾਣ, ਜਾਨਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਕਰੇ ਰੁਸ਼ਨਾਈਆ ।

ਇਕ ਅਕੱਲਾ ਏਕਓਂਕਾਰ, ਅਕਲ ਕਲਾ ਅਖਵਾਈਆ । ਦੂਜਾ ਕਰ ਹਰਿ ਪਸਾਰ, ਆਪੇ ਵੇਖ ਵਖਾਈਆ । ਤੀਜੇ ਨੇਤਰ ਦਏ ਦੀਦਾਰ, ਹਰਿ ਦਰਸ ਦਰਸ ਵਡਿਆਈਆ । ਚੌਥੇ ਘਰ ਦੇਵੇ ਵਾੜ, ਚੌਥੇ ਪਦ ਸਮਾਈਆ । ਪੰਚਮ ਮੇਟੇ ਪੰਚਮ ਧਾੜ, ਪੰਚਮ ਸ਼ਬਦ ਸ਼ਨਵਾਈਆ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰ, ਹਰਿ ਬੈਠਾ ਆਸਣ ਲਾਈਆ । ਸੱਤਵੇਂ ਸਤਿ ਸਤਿਵਾਦੀ ਕਰ ਅਕਾਰ, ਨਿਰਾਕਾਰ ਜੋਤ ਰੁਸ਼ਨਾਈਆ । ਅੱਠਵੇਂ ਅੱਠਾਂ ਤੱਤਾਂ ਵਸਿਆ ਬਾਹਰ, ਭੇਵ ਕੋਇ ਨਾ ਪਾਈਆ । ਨੌਂਵੇਂ ਨੌ ਦਰ ਖੋਲ੍ਹ ਜਗਤ ਕਿਵਾੜ, ਕਾਇਆ ਮਾਟੀ ਵੇਖ ਵਖਾਈਆ । ਦਸਵੇਂ ਦਸ ਘਰ ਬੈਠਾ ਕੁੰਡਾ ਮਾਰ, ਘਰ ਘਰ ਵਿਚ ਮੁਖ ਛੁਪਾਈਆ । ਦਸ ਇਕ ਗਿਆਰਾਂ ਸੁੰਨ ਅਗੰਮੇ ਹੋਵੇ ਬਾਹਰ, ਆਪ ਆਪਣਾ ਰੂਪ ਵਟਾਈਆ । ਦਸ ਦੋ ਬਾਰਾਂ ਜੋਤ ਨਿਰੰਕਾਰਾ, ਸਚਖੰਡ ਬੈਠਾ ਡੇਰਾ ਲਾਈਆ । ਦਸ ਤਿੰਨ ਤੇਰਾਂ ਕਰੇ ਨਿਬੇੜਾ, ਆਪ ਆਪਣੇ ਵਿਚ ਟਿਕਾਈਆ । ਦਸ ਚਾਰ ਚੌਦਾਂ ਵਸੇ ਖੇੜਾ, ਥਿਰ ਘਰ ਸਾਚਾ ਆਪ ਰਖਾਈਆ । ਦਸ ਪੰਜ ਪੰਦਰਾਂ ਉਚ ਅਟੱਲ ਮਹੱਲ ਮੰਦਰ ਉਪਰ ਹਰਿ ਬੈਠਾ ਆਸਣ ਲਾਈਆ । ਦਸ ਛੇ ਸੋਲਾਂ ਆਪਣਾ ਚੁੱਕੇ ਆਪ ਡੋਲਾ, ਆਪਣਾ ਭਾਰ ਆਪ ਉਠਾਈਆ । ਜੁਗਾ ਜੁਗੰਤਰ ਬਣੇ ਤੋਲਾ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਰੱਖੇ ਪੜਦਾ ਉਹਲਾ, ਗੁਰਮੁਖਾਂ ਬੂਝ ਬੁਝਾਈਆ । ਸਚਖੰਡ ਦਵਾਰੇ ਸਾਚਾ ਦਰ ਆਪੇ ਖੋਲ੍ਹਾ, ਵਣਜ ਵਪਾਰਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਛੀਕਾ ਮੇਲ ਮਿਲਾਈਆ । ਏਕਾ ਇਕ ਇਕ ਸਮਾਇਆ । ਛੇ ਘਰ ਰੂਪ ਵਟਾਇੰਦਾ । ਦੂਜਾ ਦਰ ਨਾ ਕੋਇ ਵਖਾਇਆ, ਨਾ ਕੋਈ ਨਜ਼ਰੀ ਆਇੰਦਾ । ਤੀਜਾ ਲੇਖਾ ਨਾ ਕਿਸੇ ਚੁਕਾਇਆ, ਲਹਿਣ ਦੇਣਾ ਨਾ ਕੋਇ ਚੁਕਾਇੰਦਾ । ਚੌਥੇ ਘਰ ਨਾ ਡੇਰਾ ਕਿਸੇ ਲਾਇਆ, ਘਰ ਮੰਦਰ ਨਾ ਕੋਇ ਵਖਾਇੰਦਾ । ਪੰਚਮ ਸਖੀਆਂ ਮਿਲ ਮਿਲ ਬਹਿ ਬਹਿ ਮੰਗਲ ਕਿਸੇ ਨਾ ਗਾਇਆ, ਰਾਗ ਅਨਾਦੀ ਨਾ ਕੋਇ ਸੁਣਾਇੰਦਾ । ਛੇ ਦਰਵੇਸ ਨਰ ਨਰੇਸ਼ ਆਪ ਆਪਣਾ ਰੂਪ ਵਟਾਇਆ, ਆਪ ਆਪਣੀ ਖੇਲ ਖਿਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ, ਸਾਚਾ ਹੁਕਮ ਸੁਣਾਇੰਦਾ । ਬਾਸ਼ਕ ਸੇਜਾ ਆਪ ਤਜਾਇਆ, ਸਾਂਗੋ ਪਾਂਗ ਨਾ ਕੋਇ ਹੰਢਾਇੰਦਾ । ਲੱਛਮੀ ਨੇਤਰ ਨੀਰ ਵਹਾਇਆ, ਲਾਲ ਬਸਤਰ ਤਨ ਸੁਹਾਇੰਦਾ । ਬ੍ਰਹਮਾ ਅੱਠੇ ਨੇਤਰ ਰਿਹਾ ਖੁਲ੍ਹਾਇਆ, ਚਾਰੋਂ ਕੁੰਟਾਂ ਮੁਖ ਭਵਾਇੰਦਾ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲੋਂ ਸੁਟਾਇਆ, ਹੱਥ ਤ੍ਰਿਸੂਲ ਨਾ ਕੋਇ ਉਠਾਇੰਦਾ । ਕਰੋੜ ਤੇਤੀਸਾ ਰਿਹਾ ਕੁਰਲਾਇਆ, ਅੰਮ੍ਰਿਤ ਧਾਰ ਨਾ ਕੋਇ ਚੁਆਇੰਦਾ । ਸੁਰਪਤ ਰਾਜੇ ਮੁਖ ਸ਼ਰਮਾਇਆ,

ਨੇਤਰ ਨੈਣ ਨਾ ਕੋਇ ਬਿਗਸਾਇੰਦਾ । ਗਣ ਗੰਧਰਬ ਹਾਹਾਕਾਰ ਕਰਾਇਆ, ਸਾਚਾ ਕਾਹਨ ਨਾ ਕੋਇ ਗਾਇੰਦਾ । ਧਰਮ ਰਾਏ ਬੈਠਾ ਰਾਹ ਤਕਾਇਆ, ਆਪ ਆਪਣਾ ਦਰ ਖੁਲ੍ਹਾਇੰਦਾ । ਚਿਤਰ ਗੁਪਤ ਲੇਖਾ ਖੋਲ੍ਹ ਵਖਾਇਆ, ਪਿਛਲਾ ਮੂਲ ਚੁਕਾਇੰਦਾ । ਲਾੜੀ ਮੌਤ ਮੁਖ ਤੋਂ ਪੱਲਾ ਲਾਹਿਆ, ਆਪ ਆਪਣਾ ਖੇਲ ਖਿਲਾਇੰਦਾ । ਨੌਂ ਖੰਡ ਤੇਰਾ ਡੇਰਾ ਇਕ ਵਸਾਇਆ, ਸੱਤਾਂ ਦੀਪਾਂ ਸੰਗ ਰਲਾਇੰਦਾ । ਤ੍ਰੈਗੁਣ ਸਾਚਾ ਮੇਲ ਮਿਲਾਇਆ, ਪੰਚਮ ਤੱਤ ਸੁਹਾਇੰਦਾ । ਪੰਚਮ ਪੰਚਮ ਹਰਿ ਜੋੜ ਜੁੜਾਇਆ, ਸਾਚੀ ਚੜ੍ਹਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਆਪ ਜਣਾਇੰਦਾ । ਦੁਆਪਰ ਤੇਰੀ ਅੰਤਮ ਧਾਰ, ਸੋਲਾਂ ਕਲ ਵਡਿਆਈਆ । ਰਥ ਰਥਵਾਹੀ ਕ੍ਰਿਸ਼ਨ ਮੁਰਾਰ, ਜਨ ਭਗਤਾਂ ਰਥ ਚਲਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਹੋਏ ਸਹਾਈਆ । ਗ਼ਰੀਬ ਨਿਮਾਣੇ ਲਾਏ ਪਾਰ, ਬਿਦਰ ਸੁਦਾਮਾ ਆਪ ਤਰਾਈਆ । ਦਰੋਪਦ ਲੱਜਿਆ ਰੱਖੇ ਵਿਚ ਸੰਸਾਰ, ਉਪਰ ਪੜਦਾ ਨਾਮ ਪਾਈਆ । ਤੋੜਨਹਾਰਾ ਗੜ੍ਹ ਹੰਕਾਰ, ਝੂਠੀ ਕਿਰਿਆ ਦਏ ਮਿਟਾਈਆ । ਨਾ ਕੋਈ ਤੀਰ ਨਾ ਕਟਾਰ, ਨਾ ਚਿੱਲਾ ਹੱਥ ਵਖਾਈਆ । ਮੁਕੰਦ ਮਨੋਹਰ ਨੈਣ ਮੁੰਧਾਰ, ਆਪ ਆਪਣੀ ਖੇਲ ਖਿਲਾਈਆ । ਦਰਯੋਧਨ ਮਾਰੇ ਏਕਾ ਮਾਰ, ਆਤਮ ਹੰਕਾਰ ਜਣਾਈਆ । ਸੋਲਾਂ ਕੁਲਾਂ ਕਰ ਪਿਆਰ, ਸੋਲਾਂ ਇਛਿਆ ਵੇਖ ਵਖਾਈਆ । ਨੌਂ ਖੰਡਾਂ ਪ੍ਰਿਥਮੀ ਸੱਤਾਂ ਦੀਪਾਂ ਹੋ ਉਜਿਆਰ, ਨੌਂ ਸੱਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਦਏ ਵਡਿਆਈਆ । ਸੋਲਾਂ ਸੋਲਾਂ ਹਰਿ ਪਸਾਰਾ, ਆਪਣਾ ਆਪ ਕਰਾਇੰਦਾ । ਲੋਕਮਾਤ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਵੀਹ ਸਦ ਬਿਕ੍ਰਮੀ ਜੋਤੀ ਜਾਮਾ ਵੇਸ ਵਟਾਇੰਦਾ । ਵੀਹ ਦਸ ਕਰਿਆ ਖ਼ਬਰਦਾਰਾ, ਜੀਵ ਜੰਤ ਆਪ ਉਠਾਇੰਦਾ । ਸਾਢੇ ਤਿੰਨ ਹੱਥ ਬਣਾਏ ਇਕ ਮੁਨਾਰਾ, ਏਕਾ ਦਰ ਸੁਹਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜਾ, ਕਲਜੁਗ ਕਿਰਿਆ ਮੇਟ ਮਿਟਾਇੰਦਾ । ਹਰਿ ਸੰਗਤ ਲੇਖਾ ਲਿਖੇ ਸਤਾਰਾ ਹਾੜਾ, ਸਾਚੀ ਰੁੱਤ ਸੁਹਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਜਿਸ ਜਨ ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਅਗੰਮੀ ਕਰੇ ਵਾੜਾ, ਦਿਵਸ ਰੈਣ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਸਾਚਾ ਲਾੜਾ, ਗੁਰਮੁਖ ਸਾਜਣ ਆਪ ਪਰਨਾਇੰਦਾ । ਮਨਮੁਖਤਾ ਤੇਰਾ ਲੱਗਾ ਅਖਾੜਾ, ਮਨਮਤ ਗੁਰਮਤ ਨਾਲ ਲੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਰਾਹ ਤਕਾਇੰਦਾ । ਸੰਮਤ ਸੋਲਾਂ ਸੋਲਾਂ ਕਲੀਆਂ ਆਸਣ, ਹਰਿ ਸਾਚਾ ਆਪ ਵਛਾਈਆ । ਉਪਰ ਬੈਠ ਪੁਰਖ ਅਬਿਨਾਸ਼ਨ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਸ਼ਾਹੋ ਭੂਪ ਹਰਿ ਸ਼ਾਹੋ ਸ਼ਾਬਾਸ਼ਨ, ਹਰ ਘਟ ਵਸਿਆ ਸ੍ਰਿਸ਼ਟ ਸਬਾਈਆ । ਜੋ ਜਨ ਹਰਿ ਹਰਿ ਹੋਏ ਦਾਸੀ ਦਾਸਨ, ਤੱਤੀ ਵਾ ਨਾ ਲੱਗੇ ਰਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਤ ਧਵਲ ਆਪ ਸੁਹਾਈਆ । ਧਰਤ ਸੁਹਾਵੀਂ ਰੁੱਤ, ਹਰਿ ਸਤਿਗੁਰ ਪੁਰਖ ਮਨਾਇਆ । ਜਿਸ ਜਨ ਮਿਲਿਆ ਮੇਲ ਪੁਰਖ ਅਬਿਨਾਸ਼ੀ ਅਚੁੱਤ, ਸਹਿੰਸਾ ਰੋਗ ਰਹੇ ਨਾ ਰਾਇਆ । ਸਤਿਗੁਰ ਪੂਰਾ ਹਰਿਜਨ ਸਾਚੇ ਆਪ ਬਣਾਏ ਆਪਣੇ ਸੁੱਤ, ਸੁੱਤ ਦੁਲਾਰਾ ਵੇਖ ਵਖਾਇਆ । ਕਲਜੁਗ ਅਗਨੀ ਵਿਚੋਂ ਆਪਣੀ ਗੋਦੀ ਲਏ ਚੁੱਕ, ਵਰਨ ਗੋਤ ਨਾ ਕੋਇ ਜਣਾਇਆ । ਹਰਿ ਕਾ ਬੂਟਾ ਹਰਿਜਨ ਕਦੇ ਨਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਿਆ ਆਪ ਕਰਾਇਆ । ਜੂਠ ਝੂਠ ਚਾਰੋਂ ਕੁੰਟ ਮੁਖ ਪਿਆ ਥੁੱਕ, ਨਾ ਸਕੇ ਕੋਇ ਬਚਾਇਆ । ਹਰਿ ਕਾ ਭਾਣਾ ਨਾ ਸਕੇ ਰੁਕ, ਨਾ ਕੋਈ ਮੇਟੇ ਮੇਟ ਮਿਟਾਇਆ ।

ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਘਰ ਪਏ ਲੁੱਟ, ਮਹੱਲ ਅਟੱਲ ਨਾ ਕੋਇ ਵਸਾਇਆ । ਮਾਇਆਧਾਰੀ ਦਰ ਦਰ ਮੰਗਨ ਖਾਲੀ ਠੁਠ, ਦਰ ਭਿਛਿਆ ਕੋਇ ਨਾ ਪਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਰੱਖੇ ਏਕਾ ਮੁੱਠ, ਆਪ ਆਪਣਾ ਮੇਲ ਮਿਲਾਇਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਹਰਿ ਹਰਿ ਸਾਚਾ ਜਿਸ ਜਨ ਉਪਰ ਜਾਏ ਤੁਠ, ਰੋਗ ਸੋਗ ਨੇੜ ਨਾ ਆਇਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਨੌ ਖੰਡ ਪ੍ਰਿਥਮੀ ਕੱਢੇ ਕੁੱਟ, ਸਚ ਸੁੱਚ ਕਰੇ ਰੁਸ਼ਨਾਇਆ । ਜਨ ਭਗਤਾਂ ਨਾਮ ਭੰਡਾਰ ਦਏ ਅਤੁਟ, ਹਰਿ ਸਾਚਾ ਆਪ ਵਰਤਾਇਆ । ਸਤਿਜੁਗ ਪੌਹ ਰਹੀ ਫੁੱਟ, ਕਲਜੁਗ ਅੰਧੇਰਾ ਛਾਇਆ । ਅੰਤਮ ਫਲ ਰਿਹਾ ਟੁੱਟ, ਡਿਗਾ ਫਲ ਡਾਹਣ ਨਾ ਕੋਇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਵਰ, ਧਰਨੀ ਉਪਰ ਜੋਤ ਧਰ ਜਿਸ ਜਨ ਆਪਣਾ ਦਰਸ ਵਖਾਇਆ । ਦਰਸ ਵਖਾਏ ਨੇਤਰ ਖੋਲ੍ਹ, ਏਕਾ ਨੈਣ ਵਖਾਈਆ । ਸੰਮਤ ਲੇਖਾ ਸੋਲਾਂ ਸੋਲ, ਵਾਹ ਵਾਹ ਰੂਪ ਵਟਾਈਆ । ਬੀਸ ਬੀਸਾ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਭਾਗ ਲਗਾਏ ਧਰਨੀ ਧਵਲ, ਜਿਸ ਧਾਮ ਆਪਣਾ ਚਰਨ ਛੁਹਾਈਆ । ਕੋਈ ਭੇਵ ਨਾ ਜਾਣੇ ਪੰਡਤ ਪਾਂਧਾ ਰੌਲ, ਹਰਿ ਵਡ ਵੱਡਾ ਵਡਿਆਈਆ । ਹਰਿ ਕਾ ਭਾਣਾ ਨਾ ਕੋਈ ਮੇਟੇ ਰਾਜਾ ਰਾਣਾ ਰੱਤੀ ਚੌਲ, ਆਪੇ ਪੂਰਾ ਰਿਹਾ ਕਰਾਈਆ । ਗੁਰ ਗੋਬਿੰਦ ਕੀਤਾ ਸਾਚਾ ਕੌਲ, ਕੀਤਾ ਕੌਲ ਤੋੜ ਨਿਭਾਈਆ । ਖੇਲਣਹਾਰਾ ਸਾਚੀ ਹੋਲ, ਹੋਲ ਲਾਲ ਗੁਲਾਲਾ ਰੰਗ ਚੜ੍ਹਾਈਆ । ਸ਼ਬਦੀ ਦੇਵੇ ਇਕ ਝਕੋਲ, ਏਕਾ ਧੱਕਾ ਲਾਈਆ । ਜੀਵ ਜੰਤ ਸਾਧ ਸੰਤ ਡਾਵਾਂ ਡੋਲ, ਧੀਰਜ ਧੀਰ ਨਾ ਕੋਇ ਧਰਾਈਆ । ਕੂੜ ਕੁੜਿਆਰਾ ਕੱਢੇ ਪੋਲ, ਡੂੰਘੀ ਭਵਰੀ ਫੋਲ ਫੋਲਾਈਆ । ਜਿਸ ਜਨ ਆਤਮ ਅੰਤਰ ਆਪੇ ਜਾਏ ਮੌਲ, ਆਪ ਆਪਣਾ ਰੰਗ ਰੰਗਾਈਆ । ਸ਼ਬਦ ਜਣਾਈ ਹੌਲੀ ਹੌਲ, ਗੁਰਮੁਖਾਂ ਹੌਲਾ ਭਾਰ ਕਰਾਈਆ । ਹਰਿਜਨ ਹਰਿ ਹਰਿ ਚਰਨ ਪ੍ਰੀਤੀ ਰਹੇ ਘੋਲੀ ਘੋਲ, ਅੰਤਮ ਲੇਖਾ ਦਏ ਮੁਕਾਈਆ । ਆਦਿ ਜੁਗਾਦਿ ਜੁਗ ਜੁਗ ਬੈਠਾ ਰਹੇ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਈਆ । ਕਲਜੁਗ ਜੀਵ ਸੁੱਤਾ ਰਹੇ ਨਾ ਕੋਈ ਅਨਭੋਲ, ਸ਼ਬਦ ਡੰਕ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਰਾਹ ਤਕਾਈਆ । ਸੰਮਤ ਸੋਲਾਂ ਗਿਆ ਚੜ੍ਹ, ਲੋਕਮਾਤ ਵੱਜੇ ਵਧਾਈਆ । ਸੰਤ ਸੁਹੇਲੇ ਲਏ ਫੜ, ਦਿਵਸ ਰੈਣ ਜੋ ਰਹੇ ਧਿਆਈਆ । ਕਾਇਆ ਮੰਦਰ ਆਪੇ ਵੜ, ਆਪੇ ਵੇਖ ਵਖਾਈਆ । ਮਨਮੁੱਖ ਜੀਵ ਰਹੇ ਸੜ, ਅਗਨੀ ਤੱਤ ਜਲਾਈਆ । ਧਵਲ ਉਪਰ ਆਪੇ ਖੜ, ਆਪਣਾ ਰੂਪ ਵਟਾਈਆ । ਗੁਰਮੁਖਾਂ ਦਰਸ ਦਿਖਾਏ ਘਰ ਘਰ, ਸੇਵਕ ਸੇਵਾ ਰਿਹਾ ਕਮਾਈਆ । ਆਪ ਤਰਾਏ ਨਾਰੀ ਨਰ, ਬਿਰਧ ਬਾਲ ਨਾ ਕੋਇ ਵਖਾਈਆ । ਜੋ ਜਨ ਨੇਤਰ ਲੋਚਣ ਦਰਸ਼ਨ ਰਹੇ ਕਰ, ਵੇਲੇ ਅੰਤ ਹੋਏ ਸਹਾਈਆ । ਏਥੇ ਓਥੇ ਰੱਖਿਆ ਆਪੇ ਕਰ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸੂਲੀਓਂ ਸੂਲ ਬਣਾਈਆ । ਕਲਜੁਗ ਤੇਰਾ ਝੂਠਾ ਭਾਰ, ਤੇਰੇ ਸਿਰ ਚੁਕਾਈਆ । ਦਰ ਘਰ ਸਾਚੇ ਰੁਠਾ ਸੰਸਾਰ, ਤੇਰਾ ਸੰਗ ਨਿਭਾਈਆ । ਜਿਸ ਜਨ ਉਪਰ ਤੁਠਾ ਆਪ ਨਿਰੰਕਾਰ, ਆਪਣਾ ਮੇਲ ਮਿਲਾਈਆ । ਰੁਠਾ ਰਹੇ ਨਾ ਕੋਈ ਦਵਾਰ, ਜੋ ਜਨ ਆਏ ਚਲ ਸਰਨਾਈਆ । ਨਾਮ ਅਤੁੱਟਾ ਵਡ ਭੰਡਾਰ, ਸਤਿਗੁਰ ਪੂਰਾ ਆਪ ਵਰਤਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਏਕਾ ਧਾਰ, ਈਸਾ ਮੂਸਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਕਰੇ ਰੁਸ਼ਨਾਈਆ ।

ਸੰਮਤ ਸੋਲਾਂ ਹੋਏ ਉਜਾਲਾ, ਹਰਿ ਸਾਚੀ ਜੋਤ ਜਗਾਇੰਦਾ । ਗੁਰਸਿਖਾਂ ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲਾ, ਇਸ਼ਟ ਦੇਵ ਇਕ ਜਣਾਇੰਦਾ । ਤੋੜ ਤੁੜਾਏ ਜਗਤ ਜੰਜਾਲਾ, ਮਾਇਆ ਮੋਹ ਚੁਕਾਇੰਦਾ । ਏਕਾ ਦੇਵੇ ਨਾਮ ਸੁਖਾਲਾ, ਸੋਹੰ ਮੰਤਰ ਨਾਮ ਦ੍ਰਿੜਾਇੰਦਾ । ਆਦਿ ਸ਼ਕਤੀ ਰੂਪ ਜਵਾਲਾ, ਸੋਇਮ ਰੂਪ ਆਪ ਸਮਾਇੰਦਾ । ਹੰ ਬ੍ਰਹਮ ਬਣ ਰਖਵਾਲਾ, ਤੀਰ ਨਿਰਾਲਾ ਇਕ ਚਲਾਇੰਦਾ । ਵੇਖ ਵਖਾਏ ਕਾਲ ਮਹਾਂਕਾਲਾ, ਦੀਨ ਦਿਆਲਾ ਭੇਵ ਨਾ ਆਇੰਦਾ । ਕਲਜੁਗ ਤੇਰੀ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਇੰਦਾ । ਸੋਲਾਂ ਕਲੀਆਂ ਵਲੀਆ ਛਲੀਆ ਗੁਰਸਿਖਾਂ ਪਾਏ ਨਾਮ ਗਲ ਸਾਚੀ ਮਾਲਾ, ਆਪਣੀ ਹੱਥੀਂ ਆਪ ਉਠਾਇੰਦਾ । ਭਾਗ ਲਗਾਏ ਕਾਇਆ ਮਾਟੀ ਝੂਠੀ ਖਾਲਾ, ਦੀਵਾ ਬਾਤੀ ਇਕ ਜਗਾਇੰਦਾ । ਸੰਤ ਸੁਹੇਲਾ ਇਕ ਅਕੇਲਾ, ਆਪ ਆਪਣਾ ਆਪੇ ਭਾਲਾ, ਆਪੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸੰਮਤ ਸੋਲਾਂ ਮਨ ਮਤ ਧਾਰ, ਚਾਰ ਕੁੰਟ ਕੁਰਲਾਈਆ । ਬੁਧੀ ਦੇਵੇ ਅੰਤਮ ਹਾਰ, ਸੰਗ ਨਾ ਕੋਇ ਵਖਾਈਆ । ਜਗਤ ਸਿਆਸਤ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਗੁਰਮੁਖ ਵਿਰਲਾ ਲੋਕਮਾਤ ਕਰੇ ਜੈ ਜੈਕਾਰ, ਜੋ ਭਾਣੇ ਵਿਚ ਸਮਾਈਆ । ਪੁਰਖ ਅਕਾਲਾ ਕਰੇ ਸਚ ਪਿਆਰ, ਦੀਨ ਦਿਆਲ ਵੇਖ ਵਖਾਈਆ । ਹੋਏ ਰਖਵਾਲਾ ਵਿਚ ਸੰਸਾਰ, ਆਪਣਾ ਬੇੜਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਰ ਆਏ ਸਾਚੇ ਘਰ, ਸੋ ਦਰ ਰਿਹਾ ਸੁਹਾਈਆ । ਕਲਜੁਗ ਜੀਵ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਮਾਝੇ ਦੇਸ ਲੱਗਾ ਭਾਗ, ਸਾਚਾ ਰਾਹ ਵਖਾਇੰਦਾ । ਫੜ ਫੜ ਹੰਸ ਬਣਾਏ ਕਾਗ, ਜੋ ਜਨ ਸਰਨਾਈ ਆਇੰਦਾ । ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਜਾਮ ਪਿਆਇੰਦਾ । ਚਰਨ ਧੂੜੀ ਬਖ਼ਸ਼ੇ ਮਜਨ ਮਾਘ, ਅਠਸਠ ਮੂਲ ਚੁਕਾਇੰਦਾ । ਮਾਇਆ ਡਸਨੀ ਨਾ ਡੱਸੇ ਨਾਗ, ਜਗਤ ਤ੍ਰਿਸਨਾ ਮੇਟ ਮਿਟਾਇੰਦਾ । ਪੰਚਮ ਬੁਝੇ ਲੱਗੀ ਆਗ, ਸਾਂਤਕ ਸਤਿ ਵਰਤਾਇੰਦਾ । ਸ਼ਬਦ ਬੰਨ੍ਹੇ ਸਾਚਾ ਤਾਗ, ਜਤ ਸਤਿ ਆਪ ਵਖਾਇੰਦਾ । ਆਤਮ ਉਪਜੇ ਇਕ ਵੈਰਾਗ, ਹਰਿ ਹਰਿ ਨਾਮਾ ਰਸਨਾ ਗਾਇੰਦਾ । ਮੇਲ ਮਿਲਾਵਾ ਸੱਜਣ ਸਾਕ, ਸਾਚਾ ਸੱਯਾ ਮੇਲ ਮਿਲਾਇੰਦਾ । ਪਤਤ ਪਾਵਨ ਪਾਕੀ ਪਾਕ, ਖ਼ਾਕੀ ਖ਼ਾਕ ਆਪ ਤਰਾਇੰਦਾ । ਆਪੇ ਜਾਣੇ ਆਪਣਾ ਭਵਿਖਤ ਵਾਕ, ਆਪਣਾ ਢੋਲਾ ਆਪ ਸੁਣਾਇੰਦਾ । ਗੁਰਸਿਖਾਂ ਖੋਲ੍ਹੇ ਬੰਦ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਸੰਮਤ ਸੋਲਾਂ ਸ਼ਬਦ ਸਰੂਪੀ ਨਕੇਲ ਪਾਏ ਨਾਕ, ਨਾਮ ਡੋਰੀ ਹੱਥ ਰਖਾਇੰਦਾ । ਘਟ ਘਟ ਅੰਦਰ ਬੈਠਾ ਰਿਹਾ ਝਾਕ, ਗੁਰਮੁਖ ਵਿਰਲੇ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਮੁਖ ਸਲਾਹਿੰਦਾ । ਸੋਲਾਂ ਮੁਖ ਸਹੰਸਰ ਧਾਰ, ਦੋਏ ਦੋਏ ਰੂਪ ਸਮਾਈਆ । ਇਕ ਏਕਾ ਓਂਕਾਰ, ਓਂਕਾਰਾ ਵੇਸ ਵਟਾਈਆ । ਨਿਰਗੁਣ ਸਰਗੁਣ ਕਰ ਪਿਆਰ, ਸਰਗੁਣ ਨਿਰਗੁਣ ਨਾਲ ਮਿਲਾਈਆ । ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧ ਜਣਾਈਆ । ਕਲਜੁਗ ਅੰਤਮ ਕਰਨ ਆਇਆ ਖ਼ਬਰਦਾਰ, ਨਾਮ ਖੰਡਾ ਹੱਥ ਉਠਾਈਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰ, ਸਚ ਹੁਲਾਰਾ ਇਕ ਲਗਾਈਆ । ਸਾਚੀ ਧਰਨੀ ਕਰ ਪਿਆਰ, ਬਖ਼ਸ਼ੇ ਚਰਨ ਕਵਲ ਸੱਚੀ ਸਰਨਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਦਰ ਬੈਠਾ ਅਲੱਖ ਜਗਾਈਆ । ਹਰਿਜਨ ਮੰਗੇ ਮੰਗ ਅਪਾਰ, ਅੱਗੇ ਆਪਣੀ ਝੋਲੀ ਡਾਹੀਆ । ਅੰਤ ਅੰਤ ਨਾ ਹੋਏ ਖ਼ਵਾਰ, ਨਾ ਕੋਈ ਧੱਕਾ ਲਾਈਆ । ਦਰ ਘਰ ਆਏ ਦਰਸ ਦਿਖਾਏ ਕਿਰਪਾ ਧਾਰ, ਆਪ ਆਪਣੇ ਰੰਗ ਰੰਗਾਈਆ । ਜੋਤੀ

੪੧੩
੦੮

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਜੰਤ ਸਾਧ ਸੰਤ ਭਗਵੰਤ ਕੰਤ ਲਏ ਵਰ, ਸੰਮਤ ਸੋਲਾਂ ਚੁੱਕੇ ਡਰ, ਮੇਲ ਮਿਲਾਵਾ ਹਰੀ ਹਰਿ, ਹਰਿ ਗੋਬਿੰਦ ਨਜ਼ਰੀ ਆਈਆ । ਪੁੱਤਰ ਧੀਆਂ ਹਰਿ ਹਰਿ ਦਾਤ, ਮਾਤ ਪਿਤ ਗੋਦ ਸੁਹਾਈਆ । ਪੂਤ ਸਪੂਤਾ ਬੰਨ੍ਹੇ ਨਾਤ, ਜਗਤ ਨਾਤਾ ਜੋੜ ਜੁੜਾਈਆ । ਪੂਰਬ ਕਰਮ ਦੇਵੇ ਕਾਟ, ਅੱਗੇ ਲਹਿਣਾ ਲਹਿਣ ਚੁਕਾਈਆ । ਵੇਖਣਹਾਰਾ ਕਾਇਆ ਮਾਟ, ਪੰਜ ਤੱਤ ਫੋਲ ਫੋਲਾਈਆ । ਮਾਤ ਗਰਭ ਆਨ ਬਾਟ, ਉਲਟਾ ਬਿਰਛ ਸਲਾਹੀਆ । ਕੂੜਾ ਫਲ ਵੇਖੇ ਕੂੜੇ ਹਾਟ, ਮੁਲ ਨਾ ਕੋਇ ਰਖਾਈਆ । ਪਾਰ ਨਾ ਉਤਰੇ ਜਗਤ ਘਾਟ, ਜਗਤ ਕਿਨਾਰਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਆਪ ਅਖਵਾਈਆ । ਬਾਲ ਨਿਧਾਨਾ ਬਾਲੀ ਬੁਧ, ਤੱਤਵ ਤੱਤ ਨਾ ਕੋਇ ਜਣਾਈਆ । ਆਪਣਾ ਆਪ ਨਾ ਰਿਹਾ ਸੁਧ, ਸੁਰਤੀ ਸੁਰਤ ਨਾ ਸੁਰਤ ਸਮਾਈਆ । ਆਪਣਾ ਕੀਆ ਨਾ ਹੋਏ ਕੁਝ, ਕਰਨਹਾਰ ਇਕ ਅਖਵਾਈਆ । ਸਤਿਗੁਰ ਪੂਰਾ ਲਹਿਣਾ ਬੁਝ, ਪਿੰਗਲਾ ਪਰਬਤ ਆਪ ਚੜ੍ਹਾਈਆ । ਚਰਨ ਪ੍ਰੀਤੀ ਜਾਣਾ ਝੁਝ, ਜਗਤ ਦੁਖੜਾ ਦਏ ਮਿਟਾਈਆ । ਆਪਣਾ ਘਰ ਆਪੇ ਜਾਏ ਸੁਝ, ਆਪਣਾ ਪੜਦਾ ਪਰੇ ਹਟਾਈਆ । ਪੂਤ ਸਪੂਤਾ ਦਰ ਦਵਾਰੇ ਮਾਣੇ ਮੌਜ, ਮੇਲ ਮਿਲਾਵਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਆਪ ਅਖਵਾਈਆ । ਬਖ਼ਸ਼ਣਹਾਰ ਹਰਿ ਨਿਰੰਕਾਰਾ, ਜਿਸ ਜਨ ਦਇਆ ਕਮਾਇੰਦਾ । ਆਪੇ ਦੇਵੇ ਆਪਣਾ ਆਪ ਸਹਾਰਾ, ਬਲ ਧਾਰਾ ਆਪ ਅਖਵਾਇੰਦਾ । ਆਪੇ ਸੁੱਟੇ ਮੂੰਹ ਦੇ ਭਾਰਾ, ਮਾਤ ਪਿਤ ਨਾ ਕੋਇ ਉਠਾਇੰਦਾ । ਕਰਮੀ ਕਰਮਾਂ ਪਾਵੇ ਸਾਰਾ, ਜਨਮ ਜਨਮਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਸਚ ਸਹਾਰਾ, ਮੰਗੇ ਮੰਗ ਦਰ ਦਵਾਰਾ, ਬਣਿਆ ਰਹੇ ਜਗਤ ਭਿਖਾਰਾ, ਸਾਚੀ ਭਿਛਿਆ ਆਤਮ ਇਛਿਆ ਪੂਰ ਕਰਾਇੰਦਾ । ਤੇਰਾ ਰੂਪ ਤੇਰਾ ਰੰਗ, ਤੇਰੇ ਅੰਕ ਸਮਾਈਆ । ਤੇਰਾ ਵਸੇ ਤੇਰੇ ਸੰਗ, ਵਿਛੜ ਕਦੇ ਨਾ ਜਾਈਆ । ਅੰਮ੍ਰਿਤ ਨੁਹਾਏ ਸਾਚੀ ਗੰਗ, ਝੂਠੀ ਮੈਲ ਰਹਿਣ ਨਾ ਪਾਈਆ । ਆਤਮ ਵੇਖੇ ਸਚ ਪਲੰਘ, ਘਰ ਸਾਜਣ ਸੇਜ ਵਛਾਈਆ । ਦਰਸ ਦਖਾਏ ਅੰਦਰ ਲੰਘ, ਨੌ ਦਵਾਰੇ ਬੰਦ ਕਰਾਈਆ । ਕੱਟਣਹਾਰਾ ਭੁੱਖ ਨੰਗ, ਨਾਮ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਕਾਇਆ ਚੋਲੀ ਰੰਗ ਰੰਗਾਈਆ । ਕਾਇਆ ਚੋਲੀ ਨਾਮ ਅਨਮੁਲਾ, ਹਰਿ ਸਾਚਾ ਆਪ ਵਰਤਾਇੰਦਾ । ਕਲਜੁਗ ਅੰਤਮ ਬਣਿਆ ਤੋਲਾ, ਏਕਾ ਕੰਡਾ ਹੱਥ ਉਠਾਇੰਦਾ । ਸਚ ਭੰਡਾਰਾ ਏਕਾ ਖੋਲ੍ਹਾ, ਅਤੋਟ ਅਤੁਟ ਰਖਾਇੰਦਾ । ਜੋ ਜਨ ਚਰਨ ਦਵਾਰੇ ਹੋਏ ਗੋਲਾ, ਕਰ ਕਿਰਪਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਦੁੱਖ ਭੁੱਖ ਜਗਤ ਰੋਗ ਚਿੰਤਾ ਸੋਗ ਆਪ ਮਿਟਾਇੰਦਾ ।

ਹਰਿ ਸੰਗਤ ਹਰਿ ਰੂਪ ਹੈ, ਹਰਿ ਹਰਿ ਵਿਚ ਸਮਾਏ । ਹਰਿ ਸੰਗਤ ਸਤਿ ਸਰੂਪ ਹੈ, ਸਤਿ ਸਤਿਵਾਦੀ ਆਪ ਬਣਾਏ । ਹਰਿ ਸੰਗਤ ਮੇਲਾ ਸ਼ਾਹੋ ਭੂਪ ਹੈ, ਦਰ ਘਰ ਸਾਚੇ ਸੋਭਾ ਪਾਏ । ਹਰਿ ਸੰਗਤ ਹਰਿ ਕਾ ਨਾਮ ਹਰਿ ਰਸ ਲਾਹਾ ਰਹੀ ਲੂਟ ਹੈ, ਬੇਮੁੱਖਾਂ ਹੱਥ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਏਕਾ ਰੰਗ ਰੰਗਾਏ । ਹਰਿ ਸੰਗਤ ਹਰਿ ਰੰਗ ਰੰਗਿਆ, ਦਿਵਸ ਰੈਣ ਪਰਭਾਤ ।


੪੧੪ ੦੮

ਨਾਮ ਨਿਧਾਨਾ ਜਿਸ ਜਨ ਮੰਗਿਆ, ਦੇਵਣਹਾਰਾ ਸਾਚੀ ਦਾਤ । ਜੋ ਦਰ ਆਏ ਭੁੱਖਾ ਨੰਗਿਆ, ਪੁੱਛਣਹਾਰਾ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਕਮਲਾਪਾਤ । ਕਮਲਾਪਾਤੀ ਹਰਿ ਗੋਬਿੰਦ, ਹਰਿ ਸੰਗਤ ਸੰਗ ਰਖਾਈਆ । ਹਰਿਜਨ ਮੇਟੇ ਸਗਲੀ ਚਿੰਦ, ਜੋ ਜਨ ਆਏ ਚਲ ਸਰਨਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡ ਵਡਿਆਈਆ । ਸਰਬ ਜੀਆਂ ਆਪੇ ਬਖ਼ਸ਼ੰਦ, ਸੁੱਕੇ ਰੁਖੜੇ ਹਰੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸਾਚੇ ਘਰ, ਹਰਿ ਸਾਚਾ ਮੇਲ ਮਿਲਾਈਆ । ਕਾਇਆ ਰੋਗ ਮੇਟੇ ਦੁੱਖ, ਜਿਸ ਜਨ ਦਰਸ਼ਨ ਪਾਇਆ । ਸੁੱਕੀ ਕਰੇ ਹਰੀ ਕੁੱਖ, ਬਾਲ ਬਾਲਾ ਗੋਦ ਸੁਹਾਇਆ । ਉਜਲ ਕਰੇ ਮਾਤ ਮੁੱਖ, ਜਿਸ ਜਨ ਦਰਸ਼ਨ ਪਾਇਆ । ਦਰਸ ਦਿਖਾਏ ਡੂੰਘੀ ਕੰਦਰ ਲੁਕ, ਆਪ ਆਪਣਾ ਪੜਦਾ ਲਾਹਿਆ । ਹਰਿ ਸੰਗਤ ਤੇਰੇ ਅੱਗੇ ਤੇਰਾ ਰੂਪ ਸਤਿਗੁਰ ਪੂਰਾ ਜਾਏ ਝੁਕ, ਨਿਉਂ ਨਿਉਂ ਸੀਸ ਝੁਕਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਸਿਖ ਸੱਜਣ ਆਪਣੀ ਗੋਦ ਲਏ ਚੁੱਕ, ਦਰਗਹਿ ਸਾਚੀ ਧਾਮ ਬਹਾਇਆ । ਸਤਿਜੁਗ ਤ੍ਰੇਤਾ ਦੁਆਪਰ ਜੋ ਜਨ ਗਏ ਰੁੱਠ, ਕਲਜੁਗ ਅੰਤਮ ਮੇਲ ਮਿਲਾਇਆ । ਜਗਤ ਵਿਕਾਰਾ ਜੜ ਦੇਵੇ ਪੁੱਟ, ਸਚ ਸੁੱਚ ਏਕਾ ਬੀਜ ਬਿਜਾਇਆ । ਲੱਖ ਚੁਰਾਸੀ ਜਾਏ ਛੁੱਟ, ਧਰਮ ਰਾਏ ਨਾ ਦਏ ਸਜ਼ਾਇਆ । ਹਰਿ ਸੰਗਤ ਹਰਿ ਹਰਿ ਰੱਖੀ ਏਕਾ ਓਟ, ਦੂਜਾ ਇਸ਼ਟ ਨਾ ਕੋਇ ਵਖਾਇਆ । ਲੱਭਦੇ ਫਿਰਦੇ ਕੋਟੀ ਕੋਟ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸ਼ਬਦ ਨਗਾਰੇ ਲਾਏ ਚੋਟ, ਰਾਮ ਨਾਮ ਡੰਕਾ ਇਕ ਵਜਾਇਆ ।





## ੨੩ ਚੇਤ ੨੦੧੯ ਬਿਕ੍ਰਮੀ ਪਿੰਡ ਨਾਰਲਾ

ਹਰਿਜਨ ਨਾਮ ਪਿਆਸ, ਏਕਾ ਏਕ ਰਖਾਈਆ । ਗੁਰ ਗੁਰ ਪੂਰੀ ਕਰੇ ਆਸ, ਹਰਿ ਗੋਬਿੰਦ ਵਡ ਵਡਿਆਈਆ । ਮਾਨਸ ਜਨਮ ਕਰੇ ਰਾਸ, ਨਾਮ ਅਮੋਲਕ ਝੋਲੀ ਪਾਈਆ । ਰਸਨਾ ਜੇਹਵਾ ਸਵਾਸ ਸਵਾਸ, ਦਿਵਸ ਰੈਣ ਜਣਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਹਰਿਜਨ ਕਾਇਆ ਮੰਦਰ ਆਪ ਸੁਹਾਈਆ । ਸਾਚੇ ਮੰਡਲ ਪਾਵੇ ਰਾਸ, ਦਿਵਸ ਰੈਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰਿਖਾ ਤ੍ਰਿਸਨਾ ਆਪ ਬੁਝਾਈਆ । ਹਰਿਜਨ ਨਾਮ ਅਧਾਰ, ਗੁਰ ਸਤਿਗੁਰ ਆਪ ਕਰਾਇੰਦਾ । ਚਰਨ ਪ੍ਰੀਤੀ ਬਖ਼ਸ਼ ਪਿਆਰ, ਏਕਾ ਮਾਰਗ ਲਾਇੰਦਾ । ਏਕਾ ਸ਼ਬਦ ਇਕ ਧੁਨਕਾਰ, ਏਕਾ ਅਨਹਦ ਤਾਲ ਵਜਾਇੰਦਾ । ਏਕਾ ਅੰਮ੍ਰਿਤ ਆਤਮ ਠੰਡੀ ਠਾਰ, ਭਰ ਪਿਆਲਾ ਆਪ ਪਿਆਇੰਦਾ । ਦੀਨ ਦਿਆਲਾ ਨਰ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਬਦ ਵਿਚੋਲਾ ਵਿਚ ਸੰਸਾਰ, ਆਪ ਆਪਣੀ ਬਣਤ ਬਣਾਇੰਦਾ । ਜੁਗ ਜੁਗ ਲੈ ਮਾਤ ਅਵਤਾਰ, ਹਰਿਜਨ ਸਾਚੇ ਆਪ ਤਰਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਵੇਖ ਵਖਾਇੰਦਾ । ਹਰਿ ਸੱਜਣ ਸ਼ਾਹੋ ਭੂਪ, ਸਤਿ ਪੁਰਖ ਅਖਵਾਈਆ । ਗੁਰਮੁਖ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਏਕਾ ਦੇਵੇ ਨਾਮ ਅਨੂਠ, ਰਸ ਮਿਠਾ ਇਕ ਵਖਾਈਆ । ਲਹਿਣਾ ਦੇਣ ਚੁਕਾਏ ਜੂਠ ਝੂਠ, ਪੰਜ ਤੱਤ

ਨਾ ਕੋਇ ਹਲਕਾਈਆ । ਪੰਜ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਹੱਥ ਉਠਾਈਆ । ਜਿਸ ਜਨ ਦੇਵੇ ਅੰਮ੍ਰਿਤ ਆਤਮ ਸਾਚਾ ਘੁੱਟ, ਆਸਾ ਤ੍ਰਿਸਨਾ ਪੂਰ ਕਰਾਈਆ । ਨਾਮ ਭੰਡਾਰਾ ਸਦਾ ਅਖੁੱਟ, ਸਤਿਗੁਰ ਪੂਰਾ ਆਪ ਵਰਤਾਈਆ । ਤਨ ਨਗਾਰੇ ਲਾਏ ਚੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਆ । ਥਾਨ ਸੁਹੰਜਣਾ ਪੁਰਖ ਅਥਾਹ, ਆਪੇ ਵੇਖ ਵਖਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਹਰਿਜਨ ਸਾਚੇ ਆਪ ਤਰਾਇੰਦਾ । ਆਪ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਕਾਇਆ ਨਗਰ ਖੇੜਾ ਵੇਖੇ ਸਚ ਗਰਾਂ, ਘਰ ਘਰ ਵਿਚ ਆਪ ਸੁਹਾਇੰਦਾ । ਨਿਰਗੁਣ ਬਾਤੀ ਦੀਪਕ ਇਕ ਟਿਕਾ, ਜੋਤੀ ਜੋਤ ਡਗਮਗਾਇੰਦਾ । ਦਿਵਸ ਰੈਣ ਕਰੇ ਰੁਸ਼ਨਾ, ਅੰਧ ਅੰਧੇਰ ਗਵਾਇੰਦਾ । ਆਪ ਆਪਣੀ ਬੂਝ ਬੁਝਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਏਕਾ ਦੂਜਾ ਭਓ ਚੁਕਾ, ਤੀਜਾ ਲੋਚਣ ਆਪ ਖੁਲ੍ਹਾਇੰਦਾ । ਚੌਥੇ ਘਰ ਲਏ ਮਿਲਾ, ਚੌਥਾ ਪਦ ਆਪ ਸੁਹਾਇੰਦਾ । ਪੰਚਮ ਮੀਤਾ ਆਪ ਅਖਵਾ, ਪੰਚਮ ਮੋਹ ਚੁਕਾਇੰਦਾ । ਹਰਿਜਨ ਸਾਚੇ ਲਏ ਤਰਾ, ਤਾਰਨਹਾਰ ਭੇਵ ਨਾ ਆਇੰਦਾ । ਕਲਜੁਗ ਅੰਤਮ ਵੇਸ ਵਟਾ, ਲੋਕਮਾਤ ਫੇਰਾ ਪਾਇੰਦਾ । ਸ਼ਬਦ ਅਗੰਮੀ ਡੰਕ ਵਜਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਲੱਖ ਚੁਰਾਸੀ ਰਿਹਾ ਉਠਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਰਾਜ ਰਜਾਨਾਂ ਸ਼ਾਹ ਸੁਲਤਾਨਾਂ ਦਏ ਹਲਾ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖ ਵਖਾਇੰਦਾ । ਗੁਰਮੁਖ ਸਾਜਣ ਮੀਤੜਾ, ਹਰਿ ਹਰਿ ਨਾਮ ਰੰਗਾਇਆ । ਰੰਗਣਹਾਰਾ ਕਾਇਆ ਚੀਥੜਾ, ਲੋਕਮਾਤ ਵੇਖ ਵਖਾਇਆ । ਸਦ ਵਸੇ ਧਾਮ ਅਨਡੀਠੜਾ, ਅਲੱਖ ਅਗੰਮ ਨਾਉਂ ਧਰਾਇਆ । ਆਦਿ ਜੁਗਾਦੀ ਸਾਚਾ ਮੀਤੜਾ, ਪੁਰਖ ਅਬਿਨਾਸ਼ੀ ਆਪ ਅਖਵਾਇਆ । ਜੁਗਾ ਜੁਗੰਤਰ ਆਪ ਸੁਣਾਏ ਆਪਣਾ ਗੀਤੜਾ, ਅੱਖਰ ਵੱਖਰ ਨਾਮ ਦ੍ਰਿੜਾਇਆ । ਸਾਚਾ ਦੇਹੁਰਾ ਗੁਰੂਦਵਾਰ ਮੰਦਰ ਮਸੀਤੜਾ, ਗੁਰਸਿਖ ਤੇਰੀ ਕਾਇਆ ਹੱਟ ਵਖਾਇਆ । ਨਿਰਗੁਣ ਬੈਠਾ ਇਕ ਅਤੀਤੜਾ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਮੇਲ ਮਿਲਾਇਆ ਸ਼ਾਹ ਸ਼ਾਬਾਸ਼, ਆਪਣੀ ਦਇਆ ਕਮਾਈਆ । ਜਨ ਭਗਤਾਂ ਪੂਰੀ ਕਰੇ ਆਸ, ਪੂਰਨ ਬ੍ਰਹਮ ਜਣਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਰਬਾਸ, ਜਲ ਥਲ ਮਹੀਅਲ ਵੇਖ ਵਖਾਈਆ । ਲੇਖੇ ਲਾਏ ਰਸਨ ਸਵਾਸ, ਜੋ ਜਨ ਰਹੇ ਗਾਈਆ । ਆਦਿ ਅੰਤ ਨਾ ਹੋਏ ਵਿਨਾਸ, ਸਮਰਥ ਪੁਰਖ ਹੱਥ ਵਡਿਆਈਆ । ਜਨ ਭਗਤਾਂ ਹੋਏ ਦਾਸੀ ਦਾਸ, ਜੁਗ ਜੁਗ ਆਪਣੀ ਸੇਵ ਕਮਾਈਆ । ਲੱਖ ਚੁਰਾਸੀ ਕਰੇ ਬੰਦ ਖਲਾਸ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਥਿਰ ਘਰ ਸਾਚਾ ਕੋਇ ਨਾ ਜਾਏ ਨਿਰਾਸ, ਪੁਰਖ ਅਕਾਲ ਜਿਸ ਜਨ ਓਟ ਤਕਾਈਆ । ਨਿਜ ਘਰ ਆਤਮ ਰੱਖੇ ਵਾਸ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਡਿਆਈਆ । ਨਾਮ ਵਡਿਆਈ ਸ਼ਬਦ ਭੰਡਾਰ, ਗੁਰ ਸਤਿਗੁਰ ਆਪ ਵਰਤਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਗੁਰ ਗੁਰ ਨਾਉਂ ਰਖਾਇੰਦਾ । ਸਾਧਾਂ ਸੰਤਾਂ ਕਰ ਪਿਆਰ, ਆਪ ਆਪਣਾ ਰੂਪ ਦਰਸਾਇੰਦਾ । ਭਗਤ ਭਗਤੀ ਇਕ ਅਧਾਰ, ਏਕਾ ਮਾਰਗ ਲਾਇੰਦਾ । ਜੋਗ ਜੁਗਤ ਹੱਥ ਕਰਤਾਰ, ਜਿਉਂ ਭਾਵੇ ਤਿਉਂ ਰਾਹ ਚਲਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਘਟ ਘਟ ਵੇਖ ਵਖਾਇੰਦਾ । ਇਕ ਅਕੱਲਾ ਏਕਉਂਕਾਰ, ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਸ਼ਬਦ ਸਰੂਪੀ ਸਤਿ ਜੈਕਾਰ, ਸਤਿ

ਸਤਿਵਾਦੀ ਆਪੇ ਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਅਧਾਰ, ਆਪ ਆਪਣੀ ਕਲ ਵਰਤਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਭੇਵ ਕੋਇ ਨਾ ਪਾਇੰਦਾ । ਭਗਤਨ ਮੀਤਾ ਹਰਿ ਗਿਰਧਾਰ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਲੇਖਾ ਲੇਖ ਨਾ ਕੋਇ ਜਣਾਇੰਦਾ । ਰਵ ਸਸ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਧਰਤ ਧਵਲ ਹਰਿ ਹੋ ਉਜਿਆਰ, ਜੋਤੀ ਜਾਮਾ ਭੇਖ ਵਟਾਇੰਦਾ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਉਠਾਇੰਦਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਫੋਲ ਫੋਲਾਇੰਦਾ । ਗੁਰਮੁਖ ਵਿਰਲੇ ਲੱਖ ਚੁਰਾਸੀ ਵਿਚੋਂ ਲਏ ਉਭਾਰ, ਜਿਸ ਜਨ ਆਪਣਾ ਰੂਪ ਦਰਸਾਇੰਦਾ । ਕੰਤ ਕੰਤੂਹਲਾ ਕਰ ਪਿਆਰ, ਆਤਮ ਸੇਜਾ ਵੇਖ ਵਖਾਇੰਦਾ । ਸ਼ਬਦ ਝੂਲਾ ਅਪਰ ਅਪਾਰ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪੂਰੀ ਆਸਾ ਆਪ ਕਰਾਇੰਦਾ । ਆਸਾ ਮਨਸਾ ਹਰਿ ਹਰਿ ਪੂਰ, ਹਰਿਜਨ ਲੇਖ ਚੁਕਾਇੰਦਾ । ਦਿਵਸ ਰੈਣ ਹਾਜ਼ਰ ਹਜ਼ੂਰ, ਦੂਰ ਨੇੜ ਨਾ ਕੋਇ ਰਖਾਇੰਦਾ । ਸ਼ਬਦ ਅਗੰਮੀ ਨਾਦੀ ਤੂਰ, ਧੁਨ ਆਤਮਕ ਆਪ ਵਜਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਸਮਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਗਵਾਇੰਦਾ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਜਗਤ ਲਲਾਰੀ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਵੇਖ ਵਖਾਇੰਦਾ । ਸੱਜਣ ਮੀਤਾ ਹਰਿ ਨਿਰੰਕਾਰ, ਆਦਿ ਜੁਗਾਦਿ ਅਖਵਾਇਆ । ਭਗਤ ਸੁਹੇਲੇ ਲਾਏ ਪਾਰ, ਭਵ ਸਾਗਰ ਪਾਰ ਕਰਾਇਆ । ਭਰਮੇ ਭੁੱਲਾ ਭਰਮ ਸੰਸਾਰ, ਭਾਂਡਾ ਭਰਮ ਨਾ ਕੋਇ ਭੰਨਾਇਆ । ਵਰਨ ਬਰਨ ਰਹੇ ਹਾਰ, ਹਰਿ ਕਾ ਰੂਪ ਦਿਸ ਨਾ ਆਇਆ । ਨਰ ਨਾਰੀ ਰੋਵੇ ਜ਼ਾਰੋ ਜ਼ਾਰ, ਨਰ ਨਰਾਇਣ ਮੁਖ ਛੁਪਾਇਆ । ਨੌ ਖੰਡ ਪ੍ਰਿਥਮੀ ਧੂੰਆਂਧਾਰ, ਸਾਚਾ ਚੰਦ ਨਾ ਕੋਇ ਵਖਾਇਆ । ਸ਼ਾਹ ਸੁਲਤਾਨਾ ਇਕ ਹੰਕਾਰ, ਗ਼ਰੀਬ ਨਿਮਾਣਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰ ਪੁਰਖ ਸਮਰਥ, ਨਾਥ ਅਨਾਥਾਂ ਆਪ ਤਰਾਈਆ । ਸ਼ਬਦ ਜਣਾਈ ਏਕਾ ਅਕੱਥ, ਮਹਿਮਾ ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਤੇਰਾ ਵੇਖੇ ਕੂੜ ਕੁੜਿਆਰਾ ਰਥ, ਚਾਰੋਂ ਕੁੰਟ ਅਗਨੀ ਲਾਈਆ । ਲੱਖ ਚੁਰਾਸੀ ਪਾਈ ਨੱਥ, ਦਹਿ ਦਿਸ਼ਾ ਰਿਹਾ ਫਿਰਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਆਤਮ ਅੰਤਰ ਲਿਵ ਨਾ ਕੋਇ ਲਾਈਆ । ਨਹਾ ਨਹਾ ਥੱਕੇ ਅਠਸਠ, ਹਉਮੇ ਰੋਗ ਨਾ ਕੋਇ ਗਵਾਈਆ । ਸੂਰਜ ਦੇਵਤਾ ਪਾਣੀ ਰਹੇ ਝੱਟ, ਆਤਮ ਤ੍ਰਿਸਨ ਨਾ ਕੋਇ ਬੁਝਾਈਆ । ਹਰਿ ਕਾ ਨਾਮ ਵਿਕਾਇਆ ਹੱਟੋ ਹੱਟ, ਕਰਤਾ ਕੀਮਤ ਨਾ ਕੋਇ ਰਖਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨੂਰ ਉਜਿਆਰ, ਹਰਿ ਸਾਚਾ ਸਚ ਕਰਾਇੰਦਾ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਆਪ ਆਪਣਾ ਰੂਪ ਵਟਾਇੰਦਾ । ਅਬਿਨਾਸ਼ੀ ਕਰਤਾ ਖੇਲ ਨਿਆਰ, ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਹੋ ਤਿਆਰ, ਜੋਤ ਨਿਰੰਜਣ ਵੇਖ ਵਖਾਇੰਦਾ । ਬ੍ਰਹਮ ਬ੍ਰਹਮ ਪ੍ਰਭ ਪਾਏ ਸਾਰ, ਆਪ ਆਪਣਾ ਰੰਗ ਰੰਗਾਇੰਦਾ । ਮਨ ਮਤ ਬੁਧ ਦਏ ਅਧਾਰ, ਏਕਾ ਰੂਪ ਦ੍ਰਿੜ੍ਹਾਇੰਦਾ । ਚੌਦਾਂ ਹੱਟਾਂ ਵੇਖ ਕਿਵਾੜ, ਚੌਦਾਂ ਤਬਕ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ

ਵਰ, ਹਰਿਜਨ ਸਾਚੇ ਦਰ ਸੁਹਾਇੰਦਾ । ਦਰ ਦਵਾਰਾ ਆਪ ਸੁਹਾ, ਹਰਿ ਸੱਜਣ ਆਪ ਤਰਾਈਆ । ਨਾਮ ਨਿਧਾਨਾ ਝੋਲੀ ਪਾ, ਤ੍ਰਿਸਨਾ ਭੁੱਖ ਗਵਾਈਆ । ਸ਼ਬਦ ਨਿਸ਼ਾਨਾ ਇਕ ਵਖਾ, ਸਾਚਾ ਧਾਮ ਸੁਹਾਈਆ । ਦਾਤਾ ਦਾਨੀ ਦਾਨ ਝੋਲੀ ਪਾ, ਸਤਿ ਭੰਡਾਰਾ ਰਿਹਾ ਭਰਾਈਆ । ਗੋਪੀ ਕਾਹਨਾ ਵੇਸ ਵਟਾ, ਰਾਮ ਰਾਮਾ ਰੂਪ ਸਮਾਈਆ । ਨਾਮ ਸਤਿ ਇਕ ਦ੍ਰਿੜਾ, ਨਿਰਗੁਣ ਜੋਤ ਰੁਸ਼ਨਾਈਆ । ਨਾਨਕ ਗੋਬਿੰਦ ਮੇਲਾ ਸਹਿਜ ਸਭਾ, ਗੁਰਮੁਖਾਂ ਰਿਹਾ ਕਰਾਈਆ । ਕਲਜੁਗ ਮਾਇਆ ਪੜਦਾ ਆਪੇ ਪਾ, ਆਪੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਉਠਾਈਆ । ਗੁਰਸਿਖ ਉਠਾਇਆ ਬਾਲ ਨਿਧਾਨ, ਗੁਰ ਪੂਰਾ ਵੇਖ ਵਖਾਇੰਦਾ । ਏਕਾ ਰਾਗ ਸੁਣਾਏ ਕਾਨ, ਏਕਾ ਅੱਖਰ ਆਪ ਅਲਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹੰ ਬ੍ਰਹਮ ਆਪ ਜਣਾਇੰਦਾ । ਦੋਹਾਂ ਵਿਚੋਲਾ ਸ੍ਰੀ ਭਗਵਾਨ, ਦੂਸਰ ਕੋਇ ਨਾ ਸੰਗ ਰਖਾਇੰਦਾ । ਚਾਰ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਟ ਮਿਟਾਇੰਦਾ । ਏਕਾ ਪੁਰਖ ਇਕ ਸੁਲਤਾਨ, ਸ਼ਾਹੋ ਭੂਪ ਇਕ ਅਖਵਾਇੰਦਾ । ਏਕਾ ਰੂਪ ਸ੍ਰੀ ਭਗਵਾਨ, ਘਟ ਘਟ ਏਕਾ ਆਸਣ ਲਾਇੰਦਾ । ਸਤਿਗੁਰ ਦਾਤਾ ਸਦ ਮਿਹਰਵਾਨ, ਆਪ ਆਪਣੀ ਦਇਆ ਕਮਾਇੰਦਾ । ਭਗਤ ਭਗਵੰਤ ਭਗਤੀ ਲਏ ਪਛਾਣ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ ।



## ✪ ੨੩ ਚੇਤ ੨੦੧੬ ਬਿਕ੍ਰਮੀ ਸੋਹਣ ਸਿੰਘ ਦੇ ਘਰ ਤਰਨ ਤਾਰਨ ✪

ਆਦਿ ਪੁਰਖ ਸ੍ਰੀ ਭਗਵਾਨ, ਏਕਾ ਏਕਉਂਕਾਰਿਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨ, ਨਿਰਗੁਣ ਨੂਰ ਜੋਤ ਉਜਿਆਰਿਆ । ਥਿਰ ਘਰ ਵਸੇ ਸਚ ਮਕਾਨ, ਸਚਖੰਡ ਦਵਾਰਾ ਆਪ ਸੁਹਾ ਰਿਹਾ । ਸਚ ਸਿੰਘਾਸਣ ਹਰਿ ਮਿਹਰਵਾਨ, ਆਪ ਆਪਣਾ ਆਸਣ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵੇਸ ਕਰਾ ਰਿਹਾ । ਇਕ ਅਕੱਲਾ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣਾ ਕੰਮ, ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪ ਉਪਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਏਕਾ ਰੰਗ ਸਮਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਆਪੇ ਵਸੇ ਸਚ ਸੱਚੀ ਧਰਮਸਾਲ, ਦਰ ਘਰ ਆਪਣਾ ਆਪ ਸੁਹਾਈਆ । ਆਪਣੀ ਆਪ ਕਰੇ ਪ੍ਰਿਤਪਾਲ, ਪਰਮ ਪੁਰਖ ਵਡ ਵਡਿਆਈਆ । ਆਪਣੀ ਘਾਲ ਆਪੇ ਰਿਹਾ ਘਾਲ, ਨਾ ਕੋਈ ਦੂਸਰ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਈਆ । ਨਿਰਗੁਣ ਧਾਰ ਨਿਰਗੁਣ ਰੂਪ, ਨਿਰਗੁਣ ਇਕ ਉਪਾਇੰਦਾ । ਨਿਰਗੁਣ ਸ਼ਾਹ ਨਿਰਗੁਣ ਭੂਪ, ਸਚ ਸਿਕਦਾਰ ਆਪ ਅਖਵਾਇੰਦਾ । ਨਿਰਗੁਣ ਦਾਤਾ ਸਤਿ ਸਰੂਪ, ਰੂਪ ਰੇਖ ਨਾ ਕੋਇ ਜਣਾਇੰਦਾ । ਨਿਰਗੁਣ ਵਸੇ ਚਾਰੇ ਕੂਟ, ਦਹਿ ਦਿਸ਼ਾ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਰਖਾਇੰਦਾ । ਅਬਿਨਾਸ਼ੀ ਕਰਤਾ ਹਰਿ

ਕਰਤਾਰਾ, ਅਕਲ ਕਲਾ ਅਖਵਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਕੋਇ ਨਾ ਪਾਈਆ । ਏਕਾ ਵਸੇ ਧਾਮ ਨਿਆਰਾ, ਮਹੱਲ ਅਟੱਲ ਉਚ ਆਪ ਸੁਹਾਈਆ । ਨਾ ਕੋਈ ਦੀਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਗਗਨ ਮੰਡਲ ਨਾ ਕੋਇ ਸਤਾਰਾ, ਰਵ ਸਸ ਨਾ ਕੋਇ ਰੁਸ਼ਨਾਈਆ । ਧਰਤ ਧਵਲ ਨਾ ਕੋਇ ਅਧਾਰਾ, ਜਲ ਥਲ ਨਾ ਕੋਇ ਵਖਾਈਆ । ਪੰਜ ਤੱਤ ਨਾ ਕੋਇ ਅਕਾਰਾ, ਤ੍ਰੈਗੁਣ ਰੂਪ ਨਾ ਕੋਇ ਵਟਾਈਆ । ਪਿਤਾ ਮਾਤ ਨਾ ਸੁੱਤ ਦੁਲਾਰਾ, ਭੈਣ ਭਾਈ ਨਾ ਕੋਇ ਬਣਾਈਆ । ਇਕ ਅਕੱਲਾ ਏਕਉਂਕਾਰਾ, ਘਰ ਸਾਚੇ ਬੈਠਾ ਆਸਣ ਲਾਈਆ । ਦੀਵਾ ਬਾਤੀ ਇਕ ਉਜਿਆਰਾ, ਏਕਾ ਏਕ ਨੂਰ ਰੁਸ਼ਨਾਈਆ । ਏਕਾ ਘੜਣ ਭੰਨਣਹਾਰਾ, ਏਕਾ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਘਰ ਬੈਠਾ ਡੇਰਾ ਲਾਈਆ । ਸਚ ਘਰ ਧੁਰ ਦਰਬਾਰਾ, ਹਰਿ ਸਾਚੀ ਜੋਤ ਜਗਾਈਆ । ਇਕ ਅਕੱਲਾ ਕਰ ਅਕਾਰਾ, ਨਿਰਾਕਾਰ ਵੇਖ ਵਖਾਈਆ । ਨਾ ਕੋਈ ਦੂਸਰ ਜਾਣੇ ਧਾਰਾ, ਨਾ ਕੋਈ ਰੂਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਰਿਹਾ ਸੁਹਾਈਆ । ਥਿਰ ਘਰ ਸਾਚਾ ਠਾਂਡਾ ਦਰ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਅੰਦਰ ਬੈਠਾ ਵੜ, ਆਪ ਆਪਣੀ ਜੋਤ ਜਗਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਤੱਤਵ ਤੱਤ ਨਾ ਕੋਇ ਰਖਾਇੰਦਾ । ਨਾ ਕੋਈ ਅੱਖਰ ਰਿਹਾ ਪੜ੍ਹ, ਰਸਨਾ ਜੇਹਵਾ ਨਾ ਕੋਇ ਹਲਾਇੰਦਾ । ਨਾ ਕੋਈ ਕਿਲਾ ਨਾ ਕੋਈ ਗੜ੍ਹ, ਨਾ ਕੋਈ ਰਚਨ ਰਚਾਇੰਦਾ । ਨਾ ਕੋਈ ਚੋਟੀ ਨਾ ਕੋਈ ਜੜ, ਨਾ ਕੋਈ ਭਾਰ ਉਠਾਇੰਦਾ । ਆਪਣਾ ਆਪ ਆਪੇ ਘੜ, ਆਪਣੇ ਦਰ ਰਖਾਇੰਦਾ । ਸਚ ਤਖ਼ਤ ਹਰਿ ਸੁਲਤਾਨ ਨਿਰਗੁਣ ਰੂਪ ਬੈਠਾ ਚੜ੍ਹ, ਆਪ ਆਪਣਾ ਰਾਜ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਨੂਰ ਪਰਗਟਾਇੰਦਾ । ਜੋਤੀ ਨੂਰ ਪੁਰਖ ਸੁਲਤਾਨ, ਘਰ ਮੰਦਰ ਆਪ ਸੁਹਾਇਆ । ਆਪੇ ਵਸਿਆ ਸਚ ਮਕਾਨ, ਦਰ ਦਰਵਾਜ਼ਾ ਨਾ ਕੋਇ ਰਖਾਇਆ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵੇਸ ਵਟਾਇਆ । ਆਪੇ ਜਾਣੇ ਆਪਣਾ ਮਾਣ, ਮਾਣ ਨਿਮਾਣਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚਾ ਘਰ ਸੁਹਾਇਆ । ਘਰ ਸੁਹਾਇਆ ਆਦਿ ਨਿਰੰਜਣ, ਏਕਾ ਵੱਜੀ ਵਧਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਗਵਨ ਰੂਪ ਵਟਾਈਆ । ਪਾਰਬ੍ਰਹਮ ਪ੍ਰਭ ਸਾਚਾ ਸੱਜਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਕਰੇ ਕੁੜਮਾਈਆ । ਸਾਚੇ ਘਰ ਹਰਿ ਕੁੜਮਾਈ, ਆਪਣੀ ਆਪ ਕਰਾਇੰਦਾ । ਨਿਰਗੁਣ ਵੇਖੇ ਵੱਜੇ ਸਚ ਵਧਾਈ, ਨਿਰਗੁਣ ਸਾਚਾ ਆਪ ਵਜਾਇੰਦਾ । ਨਿਰਗੁਣ ਧੀ ਨਿਰਗੁਣ ਜਵਾਈ, ਨਿਰਗੁਣ ਨਿਰਗੁਣ ਆਪ ਪਰਨਾਇੰਦਾ । ਨਿਰਗੁਣ ਸੇਜ ਰਿਹਾ ਵਛਾਈ, ਨਿਰਗੁਣ ਆਪ ਹੰਢਾਇੰਦਾ । ਨਿਰਗੁਣ ਨਿਰਗੁਣ ਵਿਚ ਟਿਕਾਈ, ਨਿਰਗੁਣ ਨਿਰਗੁਣ ਆਪ ਉਪਾਇੰਦਾ । ਸੁੱਤ ਦੁਲਾਰਾ ਨਾਉਂ ਰਖਾਈ, ਸ਼ਬਦੀ ਸ਼ਬਦ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਵਰ ਆਪਣਾ ਆਪ ਸੁਹਾਇੰਦਾ । ਸ਼ਬਦ ਸੁੱਤ ਸਚ ਦੁਲਾਰਾ, ਹਰਿ ਸਾਚੇ ਆਪ ਉਪੰਨਿਆ । ਆਪੇ ਕਰੇ ਸਚ ਪਿਆਰਾ, ਆਪੇ ਬੇੜਾ ਰਿਹਾ ਬੰਨ੍ਹਿਆ । ਦੇਵੇ ਫ਼ਰਮਾਣ ਸੱਚੀ ਸਰਕਾਰਾ, ਲੋਆਂ ਪੁਰੀਆਂ ਤਾਣਾ ਤਣਿਆ । ਬ੍ਰਹਿਮੰਡਾਂ ਖੰਡਾਂ ਦਏ ਸਹਾਰਾ, ਖੇਲੇ ਖੇਲ ਸ੍ਰੀ ਭਗਵੰਨਿਆ । ਰਵ ਸਸ ਕਰ ਸਤਾਰਾ, ਨੂਰੋ ਨੂਰ ਆਪ ਅਖਵੰਨਿਆ । ਵਿਸ਼ਨੂੰ ਵੰਸੀ ਖੇਲ ਨਿਆਰਾ, ਆਪਣਾ

ਅੰਗ ਆਪ ਕਟੰਨਿਆ । ਨਾਭੀ ਕਵਲ ਕਰ ਉਜਿਆਰਾ, ਪਾਰਬ੍ਰਹਮ ਪ੍ਰਭ ਸਾਚਾ ਮੰਨਿਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰਾ, ਆਪ ਆਪਣਾ ਰੰਗ ਰਗੰਨਿਆ । ਤ੍ਰੈਗੁਣ ਤੇਰਾ ਵਣਜ ਵਪਾਰਾ, ਘਰ ਸਾਚੇ ਆਪ ਕਰੰਨਿਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਪੰਜਾਂ ਤੱਤਾਂ ਦਏ ਆਧਾਰਾ, ਖੇਲੇ ਖੇਲ ਖੇਲ ਖਲੰਨਿਆ । ਮਨ ਮਤ ਬੁਧ ਡੇਰਾ ਬੰਨ੍ਹਿਆ । ਨੌ ਦਵਾਰੇ ਖੋਲ੍ਹ ਕਿਵਾੜਾ, ਲੋਕਮਾਤ ਚਾੜ੍ਹੇ ਚੰਨਿਆ । ਘਰ ਵਿਚ ਘਰ ਆਪ ਸੁਹਾ, ਆਪਣਾ ਮੰਦਰ ਆਪੇ ਮੱਲਿਆ । ਬੰਦ ਕਿਵਾੜੀ ਲਾਇਆ ਤਾਲਾ, ਨਾ ਕੋਈ ਤੋੜ ਤੁੜੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟੰਨਿਆ । ਨਿਰਗੁਣ ਖੇਲ ਹਰਿ ਕਰਤਾਰ, ਸਰਗੁਣ ਵਿਚ ਸਮਾਈਆ । ਸਰਗੁਣ ਮੇਲਾ ਵਿਚ ਸੰਸਾਰ, ਸਤਿ ਪੁਰਖ ਕਰਾਈਆ । ਦੋਹਾਂ ਵਿਚੋਲਾ ਸ਼ਬਦੀ ਧਾਰ, ਸ਼ਬਦ ਅਗੰਮੀ ਆਪ ਉਪਾਈਆ । ਕਾਇਆ ਡੂੰਘੀ ਵੇਖੇ ਗਾਰ, ਆਪ ਆਪਣੀ ਖੇਲ ਖਿਲਾਈਆ । ਨਿਰਗੁਣ ਮਾਰੇ ਏਕਾ ਧਾਰ, ਅੰਮ੍ਰਿਤ ਧਾਰ ਚਵਾਈਆ । ਇਕ ਵਜਾਏ ਸਾਚਾ ਤਾਲ, ਅਨਹਦ ਸੇਵ ਕਮਾਈਆ । ਜੋਤ ਨਿਰੰਜਣ ਦੀਪਕ ਬਾਲ, ਕਰੇ ਸਚ ਰੁਸ਼ਨਾਈਆ । ਸ਼ਬਦੀ ਗੁਰ ਬਣ ਦਲਾਲ, ਸਤਿਗੁਰ ਰੂਪ ਵਟਾਈਆ । ਸੰਤ ਸੁਹੇਲੇ ਆਪੇ ਭਾਲ, ਆਪ ਆਪਣੀ ਬੂਝ ਬੁਝਾਈਆ । ਦੇਵੇ ਨਾਮ ਸੱਚਾ ਧਨ ਮਾਲ, ਅਤੁਟ ਭੰਡਾਰ ਆਪ ਵਰਤਾਈਆ । ਆਪੇ ਸ਼ਾਹ ਆਪੇ ਕੰਗਾਲ, ਆਪੇ ਦਰ ਦਰ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਡੇਰਾ ਲਾਈਆ । ਨਿਰਗੁਣ ਸਰਗੁਣ ਸਾਚਾ ਰੰਗ, ਪੰਜ ਤੱਤ ਆਪ ਚੜ੍ਹੰਨਿਆ । ਆਤਮ ਬੈਠਾ ਸਚ ਪਲੰਘ, ਸਾਚੀ ਸੇਜਾ ਥਾਨ ਸੁਹੰਨਿਆ । ਸਚ ਪ੍ਰੀਤੀ ਰਿਹਾ ਮੰਗ, ਨਾਮ ਨਾਮਾ ਆਪੇ ਮੰਨਿਆ । ਆਪੇ ਭਾਗ ਲਗਾਏ ਕਾਚੀ ਮਾਟੀ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਨੌਜਵਾਨਿਆ । ਨੌਜਵਾਨ ਜੋਧਾ ਸੂਰਬੀਰ ਬਲੀ ਬਲਕਾਰ, ਏਕਾ ਪੁਰਖ ਅਖਵਾਇੰਦਾ । ਲੱਖ ਚੁਰਾਸੀ ਕਰ ਪਸਾਰ, ਲੋਕਮਾਤ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਪੁਰੀਆਂ ਲੋਆਂ ਆਪ ਸੁਹਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਭੇਵ ਕੋਇ ਨਾ ਪਾਇੰਦਾ । ਆਪੇ ਲੇਖਾ ਬਣੇ ਲਖਾਰ, ਆਪੇ ਬ੍ਰਹਮਾ ਮੁਖ ਸਲਾਹਿੰਦਾ । ਆਪੇ ਸ਼ਬਦ ਨਾਮ ਜੈਕਾਰ, ਆਪਣਾ ਢੋਲਾ ਆਪੇ ਗਾਇੰਦਾ । ਆਪੇ ਪੜਦਾ ਓਹਲਾ ਰੱਖੇ ਮੀਤ ਮੁਰਾਰ, ਆਪਣਾ ਮੁਖ ਛੁਪਾਇੰਦਾ । ਜਨ ਭਗਤਾਂ ਸੋਹੇ ਬੰਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਨਿਤ ਨਵਿਤ ਸਾਚੀ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਪੁਰਖ ਅਬਿਨਾਸ਼, ਆਪਣਾ ਆਪ ਕਰਾਇੰਦਾ । ਆਪਣੇ ਮੰਡਲ ਪਾਵੇ ਰਾਸ, ਸਾਚਾ ਮੰਡਪ ਆਪ ਸੁਹਾਇੰਦਾ । ਜੋਤ ਨੂਰ ਪ੍ਰਿਥਮੀ ਆਕਾਸ਼, ਬ੍ਰਹਿਮੰਡ ਡਗਮਗਾਇੰਦਾ । ਹਰ ਘਟ ਅੰਦਰ ਰੱਖੇ ਵਾਸ, ਘਟ ਘਟ ਵੇਖ ਵਖਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸ, ਥਿਰ ਘਰ ਸਾਚੇ ਡੇਰਾ ਲਾਇੰਦਾ । ਗੁਰਮੁਖ ਵੇਖੇ ਰਸਨ ਸਵਾਸ, ਜੁਗ ਜੁਗ ਮੇਲ ਮਿਲਾਇੰਦਾ । ਸਚ ਸੁਲਤਾਨ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾ ਆਪ ਅਖਵਾਇੰਦਾ । ਜੁਗ ਕਰਤਾ ਹਰਿ ਕਰਨੀ ਕਰ, ਆਪਣਾ ਕਰਮ ਕਮਾਇੰਦਾ । ਧਰਨੀ ਧਵਲ ਉਪਰ ਜੋਤ ਧਰ, ਪੰਜ ਤੱਤ ਡੇਰਾ ਲਾਇੰਦਾ । ਬ੍ਰਹਮ ਪਾਰਬ੍ਰਹਮ ਲਏ ਵਰ, ਏਕਾ ਘਰ ਮਲਾਇੰਦਾ । ਇਕ ਰਖਾਏ ਸਾਚਾ ਸਰ, ਅੰਮ੍ਰਿਤ ਧਾਰ ਇਕ ਵਹਾਇੰਦਾ । ਏਕਾ ਪੁਰਖ ਨਾ ਨਾਰੀ ਨਾ ਨਰ, ਨਰ ਹਰਿ ਨਰਾਇਣ ਆਪ ਅਖਵਾਇੰਦਾ । ਆਪਣਾ ਭਾਣਾ ਆਪੇ ਜਰ, ਆਪੇ

ਹੁਕਮ ਸੁਣਾਇੰਦਾ । ਆਪੇ ਜੁਗਾ ਜੁਗੰਤਰ ਵੇਖੇ ਖੜ, ਆਪ ਆਪਣਾ ਰੂਪ ਵਟਾਇੰਦਾ । ਆਪ ਆਪਣੇ ਨਾਲ ਰਿਹਾ ਲੜ, ਆਪ ਆਪਣੀ ਬਣਤ ਬਣਾਇੰਦਾ । ਆਪੇ ਸ਼ਬਦ ਘੋੜੇ ਸਾਚੇ ਜਾਏ ਚੜ੍ਹ, ਖ਼ਾਕੀ ਖ਼ਾਕ ਆਪ ਸਮਾਇੰਦਾ । ਆਪੇ ਸ਼ਸਤਰ ਖੰਡਾ ਤੇਜ਼ ਕਟਾਰ ਰਿਹਾ ਫੜ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਅਕਲ ਕਲਾ ਵਰਤਾਈਆ । ਖੇਲੇ ਖੇਲ ਇਕ ਅਕੱਲਾ, ਹਰਿ ਵਡ ਵੱਡਾ ਵਡਿਆਈਆ । ਸਤਿਜੁਗ ਫੜਾਏ ਸਾਚਾ ਪੱਲਾ, ਏਕਾ ਨਾਮ ਵਧਾਈਆ । ਤ੍ਰੇਤੇ ਕਰਿਆ ਸਾਚਾ ਹੱਲਾ, ਰਾਮ ਰਾਮਾ ਰੂਪ ਵਟਾਈਆ । ਦੁਆਪਰ ਦੇਵੇ ਆਪੇ ਡੰਨਾ, ਰਥ ਰਥਵਾਹੀ ਸੇਵ ਕਮਾਈਆ । ਕਲਜੁਗ ਲੋਕਮਾਤ ਆਏ ਭੰਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਿਸੇ ਨਾ ਵਸਿਆ ਛੱਪਰ ਛੰਨਾ, ਮੰਦਰ ਮਸਜਿਦ ਗੁਰੂਦਵਾਰ ਨਾ ਡੇਰਾ ਲਾਈਆ । ਹਰਿਜਨ ਵੇਖੇ ਤੇਰਾ ਕਾਇਆ ਤਨਾ, ਘਰ ਘਰ ਵਿਚ ਆਪ ਸੁਹਾਈਆ । ਜਨਨੀ ਜਨਿਆ ਸਾਚਾ ਜਨਾ, ਧੰਨ ਧੰਨ ਜਣੇਂਦੀ ਮਾਈਆ । ਏਕਾ ਰਾਗ ਸੁਣਾਇਆ ਕੰਨਾ, ਧੁਨ ਅਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਬੇਐਬ ਪਰਵਰਦਿਗਾਰ, ਨੂਰ ਅੱਲਾ ਨੂਰੋ ਨੂਰ ਸਮਾਇੰਦਾ । ਸ਼ਬਦੀ ਸ਼ਬਦ ਸਚ ਸਲਾਹ, ਹਰਿ ਸ਼ਬਦੀ ਮਤਾ ਪਕਾਇੰਦਾ । ਸ਼ਬਦ ਗੁਰ ਸ਼ਬਦ ਮਲਾਹ, ਸ਼ਬਦ ਬੇੜਾ ਆਪ ਚਲਾਇੰਦਾ । ਸ਼ਬਦ ਪਿਤਾ ਸ਼ਬਦ ਮਾਂ, ਸ਼ਬਦ ਸੁੱਤ ਦੁਲਾਰਾ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਰੂਪ ਵਟਾਇਆ, ਹਰਿ ਸਚ ਵੱਜੀ ਵਧਾਈਆ । ਸ਼ਬਦ ਗੁਰ ਇਕ ਉਠਾਇਆ, ਨਾਮ ਡੰਕਾ ਹੱਥ ਫੜਾਈਆ । ਲੋਆਂ ਪੁਰੀਆਂ ਰਿਹਾ ਹਿਲਾਇਆ, ਨੌ ਖੰਡ ਲਏ ਅੰਗੜਾਈਆ । ਸੱਤਾਂ ਦੀਪਾਂ ਫੇਰਾ ਪਾਇਆ, ਸੋਇਆ ਕੋਇ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਰਿਹਾ ਜਗਾਇਆ, ਰਾਓ ਰੰਕਾਂ ਵੇਖ ਵਖਾਈਆ । ਸਾਧਾਂ ਸੰਤਾਂ ਸ਼ਬਦ ਸੁਨੇਹੜਾ ਇਕ ਘਲਾਇਆ, ਗੁਰ ਮੰਤਰ ਨਾਮ ਦ੍ਰਿੜਾਈਆ । ਆਤਮ ਬ੍ਰਹਮ ਬੂਝ ਬੁਝਾਇਆ, ਦੂਈ ਦਵੈਤੀ ਪੜਦਾ ਲਾਹੀਆ । ਤੀਜਾ ਲੋਇਨ ਇਕ ਖੁਲ੍ਹਾਇਆ, ਦੋਏ ਬੰਦ ਰਖਾਈਆ । ਚੌਥੇ ਪਦ ਆਪ ਸਮਾਇਆ, ਹਰਿਜਨ ਮੇਲੇ ਸਹਿਜ ਸੁਭਾਈਆ । ਪੰਚਮ ਮੀਤਾ ਨਜ਼ਰੀ ਆਇਆ, ਪੰਚਮ ਸਖੀਆਂ ਮੰਗਲ ਗਾਈਆ । ਚਾਰ ਵਰਨਾਂ ਬਖ਼ਸ਼ੇ ਇਕ ਸਰਨਾਇਆ, ਊਚ ਨੀਚ ਨਾ ਕੋਇ ਵਖਾਈਆ । ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਬਹਾਇਆ, ਏਕਾ ਕਰੇ ਪੜ੍ਹਾਈਆ । ਕਲਮਾ ਅਮਾਮ ਇਕ ਸਖਾਇਆ, ਏਕਾ ਨਾਅਰਾ ਲਾਈਆ । ਜਲਵਾ ਜਲਾਲ ਨੂਰ ਉਪਾਇਆ, ਮੁਕਾਮੇ ਹੱਕ ਖ਼ੁਦਾਈਆ । ਰਾਮ ਰੂਪ ਆਪ ਉਪਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਾਹਨਾ ਕ੍ਰਿਸ਼ਨਾ ਰਥ ਚਲਾਇਆ, ਨਾਮ ਬੰਸਰੀ ਇਕ ਸੁਣਾਈਆ । ਨਿਰਗੁਣ ਨਾਮ ਨਿਰਬਾਨ ਏਕਾ ਲਾਇਆ, ਨਾਨਕ ਵਡ ਵਡਿਆਈਆ । ਗੋਬਿੰਦ ਡੰਕਾ ਇਕ ਵਜਾਇਆ, ਗੁਰ ਫ਼ਤਹਿ ਆਪ ਸੁਣਾਈਆ । ਸ੍ਰਿਸ਼ਟ ਸਬਾਈ ਹਰਿ ਭੁਲਾਇਆ, ਭੁੱਲੇ ਪਾਂਧੀ ਰਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ, ਆਸਾ ਤ੍ਰਿਸਨਾ ਰਹੀ ਕੁਰਲਾਈਆ । ਹਉਮੇ ਹੰਗਤਾ ਅੰਗ ਲਾਇਆ, ਸਾਚਾ ਸੰਗ ਨਾ ਕੋਇ ਨਿਭਾਈਆ । ਜੂਠ ਝੂਠ ਮੰਗਤਾ ਮੰਗਦਾ ਕਲਜੁਗ ਆਇਆ, ਕਾਲੀ ਕਫ਼ਨੀ ਹੱਥ ਉਠਾਈਆ । ਮਨ ਮਤ ਚੋਲੀ ਰੰਗਦਾ ਆਇਆ, ਨਾ ਸਕੇ ਕੋਇ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,

ਏਕਾ ਨੂਰ ਕਰੇ ਰੁਸ਼ਨਾਈਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਵੇਖ ਵਖਾਇੰਦਾ । ਚਾਰੋਂ ਕੁੰਟ ਅੰਧ ਅੰਧਿਆਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਵਰਨਾਂ ਬਰਨਾਂ ਹਾਹਾਕਾਰ, ਸਤਿ ਸੰਤੋਖ ਨਾ ਕੋਇ ਵਰਤਾਇੰਦਾ । ਗੁਰਮਤ ਨਾ ਕੋਇ ਪਿਆਰ, ਗੁਰ ਗੁਰ ਨਾ ਮੇਲ ਮਿਲਾਇੰਦਾ । ਨਾਤਾ ਛੁੱਟਾ ਧੁਰ ਦਰਬਾਰ, ਕਲਜੁਗ ਮਾਇਆ ਤੱਤ ਪਰਨਾਇੰਦਾ । ਧਰਨੀ ਧਵਲ ਕਰੇ ਪੁਕਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਸੱਚਾ ਸਚ ਨਾ ਦੀਸੇ ਕੋਈ ਸਿਕਦਾਰ, ਗ਼ਰੀਬ ਨਿਮਾਣਿਆਂ ਗਲੇ ਨਾ ਕੋਇ ਲਗਾਇੰਦਾ । ਮਾਤ ਪਿਤ ਨਾ ਕੋਇ ਪਿਆਰ, ਪਿਤਾ ਪੂਤ ਨਾ ਕੋਇ ਸੁਹਾਇੰਦਾ । ਸ੍ਰਿਸ਼ਟ ਸਬਾਈ ਦੁਹਾਗਣ ਨਾਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਗੁਰਸਿਖ ਵਿਰਲਾ ਨਾਮ ਵੈਰਾਗਣ ਹੋਇਆ ਖ਼ਬਰਦਾਰ, ਜਿਸ ਜਨ ਸਾਚਾ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜ ਕੁੜਿਆਰਾ ਮੇਟ ਮਿਟਾਇੰਦਾ । ਕੂੜ ਪਸਾਰਾ ਜਾਏ ਉਠ, ਹਰਿ ਸਾਚੇ ਜੋਤ ਜਗਾਈਆ । ਸ਼ਾਹ ਸੁਲਤਾਨਾਂ ਖ਼ਾਲੀ ਠੂਠ, ਦਰ ਦਰ ਰਿਹਾ ਫਿਰਾਈਆ । ਕੂੜੀ ਕਿਰਿਆ ਪਈ ਲੁੱਟ, ਨਾ ਸਕੇ ਕੋਈ ਬਚਾਈਆ । ਜਨ ਭਗਤਾਂ ਉਪਰ ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਜਾਏ ਤੁਠ, ਆਪ ਆਪਣੀ ਦਇਆ ਕਮਾਈਆ । ਅੰਮ੍ਰਿਤ ਦੇਵੇ ਸਾਚਾ ਘੁਟ, ਨਿਝਰ ਝਿਰਨਾ ਆਪ ਝਿਰਾਈਆ । ਦੂਈ ਦਵੈਤੀ ਕੱਢੇ ਕੁਟ, ਏਕਾ ਦਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਕਰੇ ਕੁੜਮਾਈਆ । ਚਾਰ ਵਰਨਾਂ ਇਕ ਬਣੌਣਾ, ਏਕਾ ਰੰਗ ਰੰਗਾਈਆ । ਇਸ਼ਟ ਦੇਵ ਗੁਰ ਇਕ ਵਖੌਣਾ, ਏਕਾ ਰੂਪ ਦਰਸਾਈਆ । ਮੂਲ ਮੰਤਰ ਇਕ ਦ੍ਰਿੜੌਣਾ, ਏਕਾ ਨਾਮ ਜਪਾਈਆ । ਏਕਾ ਮੰਦਰ ਆਪ ਵਸੌਣਾ, ਏਕਾ ਸੇਜ ਵਿਛਾਈਆ । ਏਕਾ ਰਾਗ ਆਪ ਅਲਾਉਣਾ, ਅਨਹਦ ਸਾਚੀ ਸੇਵ ਲਗਾਈਆ । ਫੜ ਫੜ ਕਾਗ ਹੰਸ ਬਣੌਣਾ, ਮਾਣਕ ਮੋਤੀ ਚੋਗ ਚੁਗਾਈਆ । ਦੀਪਕ ਜੋਤੀ ਇਕ ਜਗੌਣਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਬਜਰ ਕਪਾਟੀ ਤੋੜ ਤੁੜੌਣਾ, ਨਾਮ ਖੰਡਾ ਏਕਾ ਲਾਈਆ । ਆਤਮ ਸੇਜਾ ਦਰ ਸੁਹੌਣਾ, ਹਰਿ ਸ਼ਬਦ ਵੱਡੀ ਵਡਿਆਈਆ । ਨਾਰੀ ਕੰਤ ਮੇਲ ਮਿਲੌਣਾ, ਸੁਰਤ ਸ਼ਬਦ ਲਏ ਪਰਨਾਈਆ । ਸਾਚੀ ਸਖੀਆਂ ਮੰਗਲ ਗੌਣਾ, ਏਕਾ ਰਾਗ ਇਲਾਹੀਆ । ਬੰਕ ਦਵਾਰਾ ਇਕ ਸੁਹੌਣਾ, ਏਕਾ ਵੇਖ ਵਖਾਈਆ । ਹਰਿ ਹਰਿ ਹਰਿ ਪ੍ਰਭ ਨਜ਼ਰੀ ਔਣਾ, ਦੂਈ ਦੁਸ਼ਮਨ ਰਹਿਣ ਨਾ ਪਾਈਆ । ਤੀਜੇ ਨੇਤਰ ਜੋਤ ਜਗੌਣਾ, ਅੰਧ ਅੰਧੇਰ ਮਿਟਾਈਆ । ਸਗਲਾ ਸੰਗ ਸੂਰੇ ਸਰਬੰਗ ਚਾਰ ਵਰਨ ਤੇਰੇ ਸੰਗ ਨਿਭੌਣਾ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਚ ਸੁੱਚ ਵਿਚ ਟਿਕਾਈਆ । ਜਨ ਭਗਤਾਂ ਲੇਖਾ ਆਪ ਗਣੌਣਾ, ਚਿਤਰ ਗੁਪਤ ਨਾ ਲੇਖ ਵਖਾਈਆ । ਧਰਮ ਰਾਏ ਦਰ ਮੁਖ ਛੁਪੌਣਾ, ਬੈਠਾ ਸੀਸ ਝੁਕਾਈਆ । ਕਾਲ ਜੰਜਾਲ ਤੋੜ ਤੁੜੌਣਾ, ਆਪ ਆਪਣੀ ਦਇਆ ਕਮਾਈਆ । ਅੰਤਮ ਜੋਤੀ ਜੋਤ ਮਿਲੌਣਾ, ਜੋਤੀ ਜੋਤ ਸਮਾਈਆ । ਸਚਖੰਡ ਦਵਾਰਾ ਇਕ ਸੁਹੌਣਾ, ਘਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਰਿਹਾ ਤਰਾਈਆ । ਹਰਿ ਸੱਜਣ ਹਰਿ ਪਾਇਆ, ਗੁਰਮੁਖ ਚਤੁਰ ਸੁਜਾਨ । ਆਤਮ ਬ੍ਰਹਮ ਜਣਾਇਆ, ਏਕਾ ਸ਼ਬਦ ਨਿਸ਼ਾਨ । ਦੂਈ ਦਵੈਤੀ ਪੜਦਾ ਲਾਹਿਆ, ਮਿਟਿਆ ਮਾਣ ਅਭਿਮਾਨ । ਦਰ ਦਰਵਾਜ਼ਾ ਇਕ ਖੁਲ੍ਹਾਇਆ, ਆਵਣ ਜਾਵਣ ਚੁੱਕੀ ਕਾਣ । ਗ਼ਰੀਬ ਨਿਵਾਜ਼ਾ ਨਜ਼ਰੀ ਆਇਆ, ਦੇਵਣਹਾਰਾ ਸਾਚਾ ਦਾਨ । ਅਨਹਦ ਵਾਜਾ ਇਕ ਵਜਾਇਆ, ਸੇਵ ਕਮਾਏ ਪਵਣ ਮਸਾਣ । ਰਾਗ ਅਨਾਦਾ

ਇਕ ਸੁਣਾਇਆ, ਧੁਨੀ ਰਾਗ ਮਹਾਨ । ਜਗਤ ਨੇਤਰ ਦਿਸ ਨਾ ਆਇਆ, ਭੁੱਲਾ ਸਰਬ ਜਹਾਨ । ਗੁਰਮੁਖ ਵਿਰਲਾ ਵੇਖ ਵਖਾਇਆ, ਜਿਸ ਵਖਾਏ ਆਪ ਭਗਵਾਨ । ਗੁਰ ਪੂਰਾ ਸੰਗ ਰਖਾਇਆ, ਆਦਿ ਜੁਗਾਦੀ ਸਦ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜੀਆ ਦਾਨ । ਹਰਿਜਨ ਹਰਿ ਹਰਿ ਜਾਨਿਆ, ਆਤਮ ਬ੍ਰਹਮ ਵਿਚਾਰ । ਗੁਰ ਸਤਿਗੁਰ ਆਪ ਪਛਾਨਿਆ, ਦੇਵੇ ਨਾਮ ਆਧਾਰ । ਦਾਤਾ ਦਾਨੀ ਗੁਣ ਨਿਧਾਨਿਆ, ਗੁਣਵੰਤਾ ਖੇਲ ਅਪਾਰ । ਆਤਮ ਸੇਜਾ ਸ਼ਾਹ ਸੁਲਤਾਨਿਆ, ਸੁੱਤਾ ਪੈਰ ਪਸਾਰ । ਦਿਵਸ ਰੈਣ ਸੁਣਾਏ ਆਪਣੀ ਬਾਣੀਆ, ਆਪਣਾ ਰਾਗ ਉਚਾਰ । ਆਪੇ ਜਾਣੇ ਅਕਥ ਕਹਾਨੀਆ, ਕਥਨੀ ਕੋਇ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਲਏ ਵਰ, ਆਪੇ ਨਾਰੀ ਕੰਤ ਭਤਾਰ । ਗੁਰਮੁਖ ਨਾਰੀ ਕਰ ਪਿਆਰੀ, ਕੰਤ ਕੰਤੂਹਲ ਪਰਨਾਇੰਦਾ । ਮਹੱਲ ਅਟੱਲ ਉਚ ਮਨਾਰੀ, ਦਸਮ ਦਵਾਰੀ ਆਪ ਬਹਾਇੰਦਾ । ਆਪੇ ਫਿਰੇ ਪਿੱਛੇ ਅਗਾੜੀ, ਦਿਵਸ ਰੈਣ ਸੇਵ ਕਮਾਇੰਦਾ । ਲੇਖੇ ਲਾਏ ਸਾਚੀ ਲਾੜੀ, ਆਪ ਆਪਣਾ ਲੜ ਫੜਾਇੰਦਾ । ਆਪਣੇ ਮੰਦਰ ਆਪੇ ਵਾੜੀ, ਆਪੇ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਗੁਰਮੁਖ ਨਾਰ ਕੰਤ ਭਤਾਰ, ਹਰਿ ਜੂ ਹਰਿ ਹਰਿ ਪਾਇਆ । ਸ਼ਬਦੀ ਸ਼ਬਦ ਤਨ ਸ਼ੰਗਾਰ, ਸੋਲਾਂ ਸੋਲਾਂ ਰੂਪ ਵਟਾਇਆ । ਨੇਤਰ ਨੈਣਾਂ ਕਜਲਾ ਧਾਰ, ਅੰਜਨ ਨਾਮ ਸੁਹਾਇਆ । ਹੱਥੀਂ ਮੈਂਹਦੀ ਲਾਲ ਅਪਾਰ, ਪ੍ਰੇਮ ਰੰਗੀਲਾ ਰੰਗ ਰੰਗਾਇਆ । ਨੇਤਰ ਨੈਣ ਰਹੀ ਉਘਾੜ, ਪ੍ਰੀਆ ਪ੍ਰੀਤਮ ਵੇਖ ਵਖਾਇਆ । ਮੇਟ ਮਿਟਾਈ ਪੰਚਮ ਧਾੜ, ਝੂਠਾ ਸਾਕ ਨਾ ਕੋਇ ਜਣਾਇਆ । ਅਗਨੀ ਅੱਗ ਨਾ ਲੱਗੀ ਨਾੜ, ਤ੍ਰੈਗੁਣ ਮੂਲ ਚੁਕਾਇਆ । ਧਰਮ ਵੇਖੇ ਇਕ ਅਖਾੜ, ਅਨਹਦ ਤਾਲ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਚੜ੍ਹਾਇਆ । ਚੜ੍ਹਾਏ ਰੰਗ ਨਾਮ ਅਨਮੋਲ ਗੁਰਮੁਖ ਰੰਗ ਰੰਗਾਈਆ । ਸ਼ਬਦ ਅਗੰਮੀ ਕੰਡੇ ਤੋਲ, ਪੂਰਾ ਤੋਲ ਵਖਾਈਆ । ਸਦਾ ਸੁਹੇਲਾ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਗੁਰੂ ਗੁਰ ਚੇਲਾ ਰਹੇ ਮੌਲ, ਚੇਲਾ ਗੁਰ ਆਪ ਅਖਵਾਈਆ । ਉਲਟਾ ਕਰੇ ਨਾਭ ਕੌਲ, ਕਵਲੀ ਮੁਖ ਭਰਾਈਆ । ਮੇਲ ਮਿਲਾਵਾ ਸਾਵਲ ਸਵਲ, ਮੁਕੰਦ ਮਨੋਹਰ ਦਰਸਾਈਆ । ਏਕਾ ਨੂਰ ਅੱਲਾ ਅਵਲ, ਏਕਾ ਏਕ ਖ਼ੁਦਾਈਆ । ਏਕਾ ਅੰਮ੍ਰਿਤ ਸਾਚੀ ਪੌਲ, ਏਕਾ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ ਮਿਲਾਈਆ । ਸੰਤ ਮਿਲਾਵਾ ਸਾਚੇ ਦਰ, ਗੁਰ ਸਤਿਗੁਰ ਆਪ ਕਰਾਇਆ । ਆਪ ਚੁਕਾਏ ਆਪਣਾ ਡਰ, ਨਿਰਭੈ ਆਪ ਅਖਵਾਇਆ । ਨਾਮ ਸਤਿ ਭੰਡਾਰਾ ਭਰ, ਆਪੇ ਰਿਹਾ ਵਰਤਾਇਆ । ਕਰਤਾ ਪੁਰਖ ਕਰਨੀ ਕਰ, ਕਰਨਹਾਰ ਭੇਵ ਨਾ ਆਇਆ । ਜੂਨੀ ਰਹਿਤ ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਖੇਲ ਖਿਲਾਇਆ । ਨਿਰਭੌ ਰੂਪ ਅੱਗੇ ਰਿਹਾ ਖੜ, ਭੈ ਭਿਆਨਕ ਹੋਏ ਸਹਾਇਆ । ਅਕਾਲ ਮੂਰਤ ਮੂਰਤ ਅਕਾਲ ਏਕਾ ਨਰ, ਨਰ ਨਾਰੀ ਆਪ ਹੋ ਜਾਇਆ । ਜੁਗ ਜੁਗ ਆਪਣਾ ਭਾਣਾ ਆਪੇ ਜਰ, ਹਰਿ ਭਾਣੇ ਵਿਚ ਸਮਾਇਆ । ਆਪੇ ਸਾਧ ਸੰਤ ਗੁਰ ਪੀਰ ਅਵਤਾਰ, ਦਸਤਗੀਰ ਆਪ ਅਖਵਾਇਆ । ਆਪੇ ਊਚ ਨੀਚ ਸ਼ਾਹ ਹਕੀਰ ਕਰ, ਸ਼ਾਹ ਸੁਲਤਾਨ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਏਕਾ ਸਰਨਾ, ਨੇਤਰ ਖੋਲ੍ਹੇ ਹਰਨਾ ਫਰਨਾ, ਦੂਈ ਦਵੈਤੀ ਮੇਟ ਮਿਟਾਇਆ । ਹਰਨ ਫਰਨ ਨੇਤਰ ਖੋਲ੍ਹ, ਗੁਰਮੁਖਾਂ ਦਏ ਵਡਿਆਈਆ । ਕਾਇਆ ਮੰਦਰ ਆਪੇ ਬੋਲ, ਆਪਣਾ ਸ਼ਬਦ ਸੁਣਾਈਆ । ਸਚ ਨਗਾਰਾ ਵੱਜੇ ਢੋਲ, ਤਾਲ ਤਲਵਾੜਾ ਇਕ ਵਖਾਈਆ । ਦਿਵਸ ਰੈਣ ਕਰੇ ਚੋਲ੍ਹ, ਆਠ ਪਹਿਰ ਰੰਗ ਰੰਗਾਈਆ । ਸ਼ਬਦ ਦੇਵੇ ਸਚ ਝਕੋਲ, ਦੋ ਜਹਾਨਾਂ ਪਾਰ ਕਰਾਈਆ । ਏਕਾ ਕੰਡੇ ਦੇਵੇ ਤੋਲ, ਊਚ ਨੀਚ ਨਾ ਕੋਇ ਰਖਾਈਆ । ਹਰਿਜਨ ਹਰ ਘਟ ਹਰਿ ਹਰਿ ਵਸੇ ਕੋਲ, ਗੁਰ ਬਿਨ ਕੋਇ ਨਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਦਰ, ਬੰਕ ਦਵਾਰਾ ਆਪ ਸੁਹਾਈਆ । ਬੰਕ ਦਵਾਰਾ ਸਾਚੀ ਰਾਸ, ਹਰਿ ਸਾਚੀ ਵਸਤ ਰਖਾਇੰਦਾ । ਸਤਿਗੁਰ ਸਾਜਣ ਵਸੇ ਪਾਸ, ਸ਼ਬਦੀ ਸ਼ਬਦ ਸੁਣਾਇੰਦਾ । ਜੁਗਾਂ ਜੁਗੰਤ ਪੂਰੀ ਕਰੇ ਆਸ, ਜੋ ਜਨ ਧਿਆਨ ਲਗਾਇੰਦਾ । ਨਿਜ ਘਰ ਵਾਸੀ ਨਿਝ ਘਰ ਰੱਖੇ ਵਾਸ, ਨਿਜ ਨੇਤਰ ਵੇਖ ਵਖਾਇੰਦਾ । ਹਰਿਜਨ ਲੇਖੇ ਲਾਏ ਸਵਾਸ ਸਵਾਸ, ਰਸਨਾ ਜੇਹਵਾ ਜੋ ਜਨ ਗਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਡੂੰਘੀ ਕੰਦਰ ਆਪ ਤਰਾਇੰਦਾ । ਹਰਿਜਨ ਤੇਰਾ ਨਾਮ ਨਾ ਜਾਏ ਵਿਨਾਸ, ਪੰਜ ਤੱਤ ਅਗਨੀ ਤੱਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖੇ ਸਾਚਾ ਘਰ, ਭਗਤ ਭਗਵੰਤ ਸੰਤ ਕੰਤ ਨਾਰ ਭਤਾਰ ਏਕਾ ਧਾਰ ਵਖਾਇੰਦਾ । ਸੰਤ ਨਾਰ ਭਤਾਰੀ ਸਾਚਾ ਮੀਤੜਾ, ਏਕਾ ਏਕਉਂਕਾਰ । ਗੁਰਮੁਖ ਕਾਇਆ ਚੋਲੀ ਰੰਗੇ ਚੀਥੜਾ, ਰੰਗਨ ਰੰਗ ਅਪਾਰ । ਰੰਗ ਚੜ੍ਹਾਏ ਇਕ ਮਜੀਠੜਾ, ਆਪ ਆਪਣੀ ਕਿਰਪਾ ਧਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ । ਮਿਠਾ ਕਰੇ ਕਾਇਆ ਕੌੜਾ ਰੀਠੜਾ, ਅੰਮ੍ਰਿਤ ਫਲ ਲਗਾਏ ਸਾਚੇ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤ ਆਦਿ ਅੰਤ ਹਰਿ ਭਗਵੰਤ, ਚਲੇ ਚਲਾਏ ਅਵੱਲੜੀ ਚਾਲ । ਚਾਲ ਨਿਰਾਲੀ ਜੋਤ ਅਕਾਲੀ, ਆਪਣੇ ਆਪ ਰਖਾਈਆ । ਦੋ ਜਹਾਨਾਂ ਸਾਚਾ ਪਾਲੀ, ਪਰਮ ਪੁਰਖ ਵਡਿਆਈਆ । ਸ਼ਬਦ ਗੁਰ ਕਰੇ ਦਲਾਲੀ, ਕਲਜੁਗ ਵਣਜ ਵਖਾਈਆ । ਲੱਖ ਚੁਰਾਸੀ ਵੇਖੇ ਪੱਤ ਪੱਤ ਡਾਲ ਡਾਲੀ, ਚਾਰੋਂ ਕੁੰਟ ਫੇਰਾ ਪਾਈਆ । ਵੇਖ ਵਖਾਏ ਪੰਜ ਤੱਤ ਮੰਦਰ ਖਾਲੀ, ਹਰਿ ਕਾ ਨਾਮ ਖ਼ਜ਼ਾਨਾ ਨਾ ਕੋਇ ਰਖਾਈਆ । ਗੁਰਮੁਖ ਵਿਰਲੇ ਘਾਲ ਘਾਲੀ, ਜਿਸ ਜਨ ਬੂਝ ਬੁਝਾਈਆ । ਤੋੜਨਹਾਰ ਜਗਤ ਜੰਜਾਲੀ, ਲੱਖ ਚੁਰਾਸੀ ਤੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਆਸ ਨਿਰਾਸ ਨਾ ਕੋਇ ਵਖਾਈਆ । ਚਰਨ ਪ੍ਰੀਤੀ ਦੇਵੇ ਜੋੜ, ਸੁਰਤ ਸ਼ਬਦ ਜੁੜਾਈਆ । ਨਾਮ ਚੜ੍ਹਾਏ ਸਾਚੇ ਘੋੜ, ਸਾਚਾ ਅਸਵ ਇਕ ਰਖਾਈਆ । ਕਾਇਆ ਮੰਦਰ ਅੰਦਰ ਲਾਏ ਏਕਾ ਪੌੜ, ਡੂੰਘੀ ਭਵਰੀ ਪਾਰ ਕਰਾਈਆ । ਲੇਖਾ ਚੁੱਕੇ ਸੁਖਮਨ ਨਾੜੀ ਸੌੜ, ਈੜਾ ਪਿੰਗਲ ਮੁਖ ਸ਼ਰਮਾਈਆ । ਏਕਾ ਰਸ ਵਖਾਏ ਮਿਠਾ ਕੌੜ, ਅੰਮ੍ਰਿਤ ਮੁਖ ਚੁਆਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਾਚੇ ਮੰਦਰ ਜਾਏ ਬੌਹੜ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲੇ ਬੇਪਰਵਾਹੀਆ । ਸੁਰਤੀ ਸ਼ਬਦ ਸ਼ਬਦ ਗਿਆਨ, ਨਾਮ ਦਾਨ ਵਡਿਆਈਆ । ਗੁਰ ਗੋਬਿੰਦ ਮੇਲਾ ਦੋ ਜਹਾਨ, ਲੋਕਮਾਤ ਕਰੇ ਕੁੜਮਾਈਆ । ਸਚ ਵਖਾਏ ਸਚ ਨਿਸ਼ਾਨ, ਸਚ ਸਾਚਾ ਆਪ ਝੁਲਾਈਆ । ਇਕ ਜਣਾਈ ਧੁਰ ਫ਼ਰਮਾਣ, ਬੋਧ ਅਗਾਧਾ ਸ਼ਬਦ ਸੁਣਾਈਆ । ਚਰਨ ਪ੍ਰੀਤੀ ਚਰਨ ਦਵਾਰ ਹਰਿ ਨਿਰੰਕਾਰ

ਹਰਿਜਨ ਦੇਵੇ ਏਕਾ ਮਾਣ, ਏਕਾ ਬੂਝ ਬੁਝਾਈਆ । ਆਪ ਵਸਾਏ ਘਰ ਸਚ ਦਰ ਸਚ ਹਰਿ ਸਚ ਮਕਾਨ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੰਚ ਵਿਕਾਰ ਨੌਂ ਦਵਾਰ ਨਾ ਜਾਏ ਨੱਚ, ਪੰਚ ਸ਼ੈਤਾਨ ਮੇਟ ਮਿਟਾਈਆ । ਹਰਿ ਹਿਰਦੇ ਅੰਦਰ ਜਾਏ ਰਚ, ਸ਼ਬਦੀ ਸ਼ਬਦ ਸ਼ਬਦ ਸਮਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਸਾਚੀ ਨੀਤੀ, ਕਾਇਆ ਮੰਦਰ ਵਿਚ ਮਸੀਤੀ ਆਪੇ ਦਏ ਕਰਾਈਆ । ਕਾਇਆ ਮੰਦਰ ਮਸੀਤ ਗੁਰੂਦਵਾਰ, ਮੱਠ ਸ਼ਿਵਦਵਾਲਾ ਆਪ ਸੁਹਾਇੰਦਾ । ਨਿਰਗੁਣ ਬਾਤੀ ਕਰ ਉਜਿਆਰ, ਜੋਤ ਲਲਾਟੀ ਆਪ ਜਗਾਇੰਦਾ । ਸ਼ਬਦ ਹਾਟੀ ਕਰ ਵਣਜਾਰ, ਏਕ ਵਸਤ ਝੋਲੀ ਪਾਇੰਦਾ । ਤੀਰਥ ਤਟ ਸਚ ਕਿਨਾਰ, ਸਰ ਸਰੋਵਰ ਇਕ ਨੁਹਾਇੰਦਾ । ਪਿਛਲਾ ਪੂਰਾ ਕਰੇ ਘਾਟੀ ਅੱਗੇ ਭਰੇ ਭੰਡਾਰ, ਨਾਮ ਭੰਡਾਰ ਇਕ ਰਖਾਇੰਦਾ । ਗੁਰਮੁਖ ਅਸਵ ਸ਼ਾਹ ਅਸਵਾਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਬ੍ਰਹਮਾ ਵਿਸ਼ਨੂੰ ਸ਼ਿਵ ਕਰਨ ਨਿਮਸਕਾਰ, ਸੁਰਪਤ ਨਿਉਂ ਨਿਉਂ ਸੀਸ ਝੁਕਾਇੰਦਾ । ਜਿਸ ਜਨ ਵਖਾਏ ਆਪਣਾ ਘਰ ਬਾਰ, ਚਰਨ ਕਵਲ ਦਵਾਰਾ ਇਕ ਵਖਾਇੰਦਾ । ਨਰ ਨਰੇਸ਼ਾ ਏਕਉਂਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਦੇਵੇ ਵਰ, ਚਰਨ ਚਰਨੋਦਕ ਇਕ ਪਿਆਇੰਦਾ । ਚਰਨ ਪ੍ਰੀਤੀ ਚਰਨ ਧੂੜ, ਚਰਨ ਕਵਲ ਚਿਤ ਲਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਕੂੜ ਕੂੜਾ ਮੇਟ ਮਿਟਾਇਆ । ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਜਮ ਕੀ ਫਾਸੀ ਕੱਟੇ ਜੂੜ, ਆਪ ਆਪਣੀ ਗੋਦ ਉਠਾਇਆ । ਦਿਵਸ ਰੈਣ ਆਠ ਪਹਿਰ ਹਾਜ਼ਰ ਹਜ਼ੂਰ, ਸਰਬ ਕਲ ਭਰਪੂਰ ਵਿਛੜ ਕਦੇ ਨਾ ਜਾਇਆ । ਗੁਰਸਿਖ ਤੇਰੀ ਆਸਾ ਮਨਸਾ ਪੂਰ, ਪ੍ਰੀਤੀ ਨੀਤੀ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਾਤੀ ਜਾਤੀ ਜੋਤ ਵਿਚ ਸਮਾਇਆ ।



### ✪ ੨੩ ਚੇਤ ੨੦੧੯ ਬਿਕ੍ਰਮੀ ਪਿੰਡ ਸ਼ਫ਼ੀ ਪੁਰ ✪

ਹਰਿ ਸ਼ਬਦ ਨਾਮ ਪਰਚੰਡ, ਸਤਿਗੁਰ ਪੂਰਾ ਹੱਥ ਉਠਾਈਆ । ਪਾਵੇ ਸਾਰ ਬ੍ਰਹਿਮੰਡ ਖੰਡ, ਜੁਗ ਜੁਗ ਆਪਣਾ ਵੇਸ ਵਟਾਈਆ । ਭੇਖ ਪਾਖੰਡਾ ਦੇਵੇ ਡੰਨ, ਦੂਈ ਦਵੈਤੀ ਮੇਟ ਮਿਟਾਈਆ । ਮਨਮੁਖਤਾ ਤੇਰੀ ਵੱਢੇ ਕੰਡ, ਜੁਗਤ ਆਪਣੇ ਹੱਥ ਰਖਾਈਆ । ਜਨ ਭਗਤ ਨਾਮ ਏਕਾ ਵੰਡ, ਏਕਾ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਖੰਡਾ ਇਕ ਚਮਕਾਈਆ । ਨਾਮ ਖੰਡਾ ਤੇਜ਼ ਕਟਾਰ, ਦੋ ਦੋ ਧਾਰ ਰਖਾਇੰਦਾ । ਜੁਗ ਜੁਗ ਖੇਲੇ ਖੇਲ ਅਗੰਮ ਅਪਾਰ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਗੁਰ ਗੁਰ ਵੇਸ ਵਟਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਮਾਤ ਪਾਤਾਲ ਆਕਾਸ਼ ਵੇਖ ਵਖਾਇੰਦਾ । ਲੱਖ ਚੁਰਾਸੀ ਖੇਲ ਅਪਾਰ, ਅਲੱਖ ਅਲੱਖਣਾ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖੰਡਾ ਇਕ ਰਖਾਇੰਦਾ । ਨਾਮ ਖੰਡਾ ਸ਼ਬਦ ਬਲਵਾਨ, ਹਰਿ ਸਾਚੇ ਹੱਥ ਵਡਿਆਈਆ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਕੂੜੀ ਕਿਰਿਆ ਮੇਟ ਨਿਸ਼ਾਨ, ਸਚ ਸੁੱਚ ਵੱਜੇ ਵਧਾਈਆ । ਜਨ ਭਗਤਾਂ ਬਖ਼ਸ਼ੇ ਚਰਨ ਧਿਆਨ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਭਰਮੇ ਭੁੱਲੇ ਜੀਵ ਨਿਧਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਮੁਖ ਸਾਚੇ ਚਤੁਰ ਸੁਜਾਨ,

ਹਰਿ ਹਰਿ ਰਸਨਾ ਜੇਹਵਾ ਗਾਈਆ । ਨੌ ਖੰਡ ਪ੍ਰਿਥਮੀ ਜਗਤ ਦੁਕਾਨ, ਨੌ ਦਰ ਆਪ ਖੁਲ੍ਹਾਈਆ । ਸਤਿ ਪੁਰਖ ਨਿਰੰਜਣ ਹੋ ਪਰਧਾਨ, ਸੱਤਾਂ ਦੀਪਾਂ ਵੰਡ ਵੰਡਾਈਆ । ਅਕਾਲ ਪੁਰਖ ਨੌਜਵਾਨ, ਨਾ ਮਰੇ ਨਾ ਜਾਈਆ । ਜੁਗ ਜੁਗ ਖੇਲੇ ਖੇਲ ਮਹਾਨ, ਕਰਨੀ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਧਾਰ ਆਪ ਚਲਾਈਆ । ਸ਼ਬਦ ਧਾਰ ਹਰਿ ਨਿਰੰਕਾਰ, ਆਦਿ ਜੁਗਾਦਿ ਰਖਾਇੰਦਾ । ਘਟ ਘਟ ਅੰਦਰ ਕਰ ਪਸਾਰ, ਆਪ ਆਪਣਾ ਰੂਪ ਦਰਸਾਇੰਦਾ । ਗੁਰਮੁਖ ਸਾਚੇ ਕਰ ਉਜਿਆਰ, ਗੁਰਮਤੀ ਇਹ ਸਮਝਾਇੰਦਾ । ਨਾਮ ਰਤਨ ਇਕ ਅਪਾਰ, ਕਾਇਆ ਮੰਦਰ ਆਪ ਟਿਕਾਇੰਦਾ । ਮਨਮਤ ਕਰੇ ਖੁਆਰ, ਮੂਰਖ ਮੂੜ੍ਹੇ ਧੰਦੇ ਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਸਾਚਾ ਮੋਹ ਨਾ ਜੋੜ ਜੜਾਇੰਦਾ । ਏਕਾ ਭੁੱਲਿਆ ਹਰਿ ਨਿਰੰਕਾਰ, ਮਾਇਆ ਮਮਤਾ ਤਨ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਖੰਡਾ ਇਕ ਰਖਾਇੰਦਾ । ਸ਼ਬਦ ਖੰਡਾ ਸਾਚਾ ਸ਼ਸਤਰ, ਗੁਰ ਸਤਿਗੁਰ ਆਪ ਉਠਾਈਆ । ਆਪੇ ਪਹਿਨੇ ਆਪਣੇ ਬਸਤਰ, ਤਨ ਸ਼ੰਗਾਰ ਆਪ ਵਖਾਈਆ । ਖੇਲੇ ਖੇਲ ਜੁਗਾ ਜੁਗੰਤਰ, ਆਪ ਆਪਣੀ ਕਲ ਵਰਤਾਈਆ । ਮੇਟਣਹਾਰਾ ਲੱਗੀ ਬਸੰਤਰ, ਤ੍ਰੈਗੁਣ ਅਗਨੀ ਤੱਤ ਬੁਝਾਈਆ । ਇਕ ਜਪਾਏ ਸਾਚਾ ਮੰਤਰ, ਨਾਮ ਨਾਮਾ ਝੋਲੀ ਪਾਈਆ । ਵੇਖ ਵਖਾਏ ਗਗਨ ਗਗਨੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਵੇਖ ਵਖਾਈਆ । ਸ਼ਬਦ ਖੰਡਾ ਸ਼ਬਦ ਕਟਾਰ, ਸ਼ਬਦ ਮਰਦੰਗ ਵਜਾਇੰਦਾ । ਸ਼ਬਦ ਅਸਵ ਸ਼ਬਦ ਅਸਵਾਰ, ਸ਼ਾਹ ਸੁਲਤਾਨ ਸ਼ਬਦ ਅਖਵਾਇੰਦਾ । ਸ਼ਬਦ ਨਾਮ ਸ਼ਬਦ ਜੈਕਾਰ, ਸ਼ਬਦ ਨਾਅਰਾ ਆਪੇ ਲਾਇੰਦਾ । ਸ਼ਬਦ ਵਣਜ ਸ਼ਬਦ ਵਾਪਾਰ, ਸ਼ਬਦ ਭੰਡਾਰਾ ਆਪ ਵਰਤਾਇੰਦਾ । ਸ਼ਬਦ ਕੂੜ ਸ਼ਬਦ ਕੁੜਿਆਰ, ਸਚ ਸੁੱਚ ਸ਼ਬਦ ਅਖਵਾਇੰਦਾ । ਸ਼ਬਦ ਨਾਰ ਸ਼ਬਦ ਭਤਾਰ, ਕੰਤ ਕੰਤੂਹਲ ਸ਼ਬਦ ਸੁਹਾਇੰਦਾ । ਸ਼ਬਦ ਪਸਰ ਸ਼ਬਦ ਪਸਾਰ, ਸ਼ਬਦ ਮੇਟ ਮਿਟਾਇੰਦਾ । ਸ਼ਬਦ ਗੁਰ ਸ਼ਬਦ ਅਵਤਾਰ, ਗੁਰ ਸ਼ਬਦੀ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਨਾਦ ਇਕ ਵਖਾਇੰਦਾ । ਸ਼ਬਦ ਅਨਾਦੀ ਸਾਚਾ ਢੋਲਾ, ਹਰਿ ਹਰਿ ਆਪ ਸੁਣਾਇੰਦਾ । ਜੁਗਾ ਜੁਗੰਤਰ ਏਕਾ ਬੋਲਾ, ਏਕਾ ਮੁਖ ਸੁਣਾਇੰਦਾ । ਕਲਜੁਗ ਅੰਤਮ ਨਾਨਕ ਗੁਰ ਬਣਿਆ ਤੋਲਾ, ਤੇਰਾਂ ਧਾਰ ਚਲਾਇੰਦਾ । ਗ਼ਰੀਬ ਨਿਮਾਣਿਆਂ ਚੁੱਕ ਡੋਲਾ, ਆਪਣੇ ਕੰਧ ਉਠਾਇੰਦਾ । ਸਚ ਭੰਡਾਰਾ ਏਕਾ ਖੋਲ੍ਹਾ, ਏਕ ਵਣਜ ਕਰਾਇੰਦਾ । ਚੌਦਾਂ ਲੋਕਾਂ ਲਾਹੇ ਪੜਦਾ ਓਹਲਾ, ਚੌਦਾਂ ਤਬਕਾਂ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਿਸ਼ਾਨਾ ਹਰਿ ਮਿਹਰਵਾਨਾ ਲੋਕਮਾਤ ਆਪ ਝੁਲਾਇੰਦਾ । ਸ਼ਬਦ ਤੀਰ ਸ਼ਬਦ ਤੁਫ਼ੰਗ, ਸ਼ਬਦ ਕਮਾਨ ਉਠਾਈਆ । ਸ਼ਬਦ ਸ਼ਬਦੀ ਲੱਗੇ ਅੰਗ, ਸ਼ਬਦ ਸ਼ਬਦੀ ਪਾਰ ਕਰਾਈਆ । ਸ਼ਬਦ ਅੰਮ੍ਰਿਤ ਸ਼ਬਦ ਗੰਗ, ਸ਼ਬਦ ਨੀਰ ਸੀਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਗੁਰ ਨਾਮ ਤਰਾਨਾ, ਗੁਰ ਨਾਨਕ ਰਸਨਾ ਗਾਇਆ । ਸਤਿ ਸਤਿ ਸਤਿ ਖੇਲ ਮਹਾਨਾ, ਸਤਿ ਸਤਿਵਾਦੀ ਪੁਰਖ ਮਨਾਇਆ । ਗ਼ਰੀਬ ਨਿਮਾਣਿਆਂ ਬੰਨ੍ਹੇ ਗਾਨਾ, ਵਰਨ ਗੋਤ ਨਾ ਕੋਇ ਜਣਾਇਆ । ਦਰ ਦਰਬਾਰ ਇਕ ਵਖਾਨਾ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਇਕ ਵਖਾਏ ਸਚ ਬਬਾਣਾ, ਗੁਰਮੁਖ ਸਾਜਣ ਲਏ ਚੜ੍ਹਾਇਆ । ਤਨ ਰਬਾਬ ਇਕ ਵਜਾਨਾ, ਅਨਹਦ ਸਿਤਾਰ ਵਜਾਇਆ । ਅੰਮ੍ਰਿਤ ਆਤਮ ਪੀਣਾ ਖਾਣਾ, ਠੰਡਾ ਠਾਰ ਵਖਾਇਆ । ਪੰਚ ਵਕਾਰਾ

ਸੱਥਰ ਹੇਠ ਵਛਾਨਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਏ ਹਲਕਾਇਆ । ਧੁਨ ਆਤਮਕ ਸ਼ਬਦ ਅਨਾਦੀ ਏਕਾ ਗਾਨਾ, ਏਕਾ ਹਰਿ ਲਿਵ ਲਾਇਆ । ਦੂਸਰ ਇਸ਼ਟ ਨਾ ਕੋਇ ਮਨਾਨਾ, ਪੁਰਖ ਅਕਾਲ ਇਕ ਦਰਸਾਇਆ । ਸ਼ਾਹੋ ਭੂਪ ਵਡ ਰਾਜਨ ਰਾਣਾ, ਸਚ ਸੁਲਤਾਨ ਡੇਰਾ ਲਾਇਆ । ਥਿਰ ਘਰ ਵਸਿਆ ਸ੍ਰੀ ਭਗਵਾਨਾ, ਸਚਖੰਡ ਦਵਾਰਾ ਆਪ ਸੁਹਾਇਆ । ਜਨ ਭਗਤ ਦੇਵੇ ਪਦ ਨਿਰਬਾਨਾ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਿਸ਼ਾਨਾ ਤੀਰ ਸ਼ਾਹ ਹਕੀਰ ਇਕ ਚਲਾਇਆ । ਸ਼ਬਦ ਨਿਰਾਲਾ ਤੀਰ, ਗੁਰ ਸਤਿਗੁਰ ਆਪ ਚਲਾਈਆ । ਦੋ ਜਹਾਨਾਂ ਪੈਂਡਾ ਚੀਰ, ਲੋਕਮਾਤ ਕਰੇ ਰੁਸ਼ਨਾਈਆ । ਗੁਰਸਿਖਾਂ ਹਉਮੇ ਕੱਢੇ ਪੀੜ, ਏਕਾ ਦੂਜਾ ਭੌ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਨਿਧਾਨਾ ਆਪ ਉਪਾਈਆ । ਸ਼ਬਦ ਨਿਧਾਨਾ ਜੋਧਾ ਮਰਦਾਨਾ, ਸਤਿਗੁਰ ਪੁਰਖ ਉਪਾਇੰਦਾ । ਚਾਰ ਵਰਨ ਇਕ ਗਿਆਨਾ, ਏਕਾ ਬ੍ਰਹਮ ਜਣਾਇੰਦਾ । ਚਾਰ ਵਰਨ ਇਕ ਧਿਆਨਾ, ਇਕ ਧਿਆਨ ਰਖਾਇੰਦਾ । ਚਾਰ ਵਰਨ ਇਕ ਅਸ਼ਨਾਨਾ, ਸਰ ਸਰੋਵਰ ਇਕ ਉਪਾਇੰਦਾ । ਚਾਰ ਵਰਨ ਏਕਾ ਦਾਨਾ, ਨਾਮ ਭੰਡਾਰ ਇਕ ਵਰਤਾਇੰਦਾ । ਚਾਰ ਵਰਨਾਂ ਏਕਾ ਮਾਣਾ, ਏਕਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਨਾਦ ਏਕਾ ਢੋਲਾ ਗਾਇੰਦਾ । ਸ਼ਬਦ ਅਨਾਦੀ ਸਾਚਾ ਢੋਲਾ, ਹਰਿ ਹਰਿ ਆਪ ਉਪਾਇੰਦਾ । ਗੁਰ ਸਤਿਗੁਰ ਬਣੇ ਸਾਚਾ ਤੋਲਾ, ਲੋਕਮਾਤ ਵੇਸ ਵਟਾਇੰਦਾ । ਆਪੇ ਬਦਲੇ ਪੰਜ ਤੱਤ ਚੋਲਾ, ਜੋਤੀ ਸ਼ਬਦ ਆਪ ਰਲ ਜਾਇੰਦਾ । ਆਪੇ ਖੇਲੇ ਆਪਣਾ ਹੋਲਾ, ਆਪ ਆਪਣਾ ਰੰਗ ਚੜ੍ਹਾਇੰਦਾ । ਗੁਰ ਸ਼ਬਦ ਬਣਾਏ ਜਗਤ ਵਿਚੋਲਾ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰ ਨਾਨਕ ਗਾਇਆ ਏਕਾ ਬੋਲਾ, ਸੋਹੰ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦੇਵੇ ਵਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸ਼ਬਦ ਵਰ ਸ਼ਬਦ ਦਾਤਾ, ਸ਼ਬਦ ਝੋਲੀ ਰਿਹਾ ਭਰਾਈਆ । ਸ਼ਬਦ ਪਿਤਾ ਸ਼ਬਦ ਮਾਤਾ, ਬਾਲ ਨਿਧਾਨਾ ਸ਼ਬਦ ਅਖਵਾਈਆ । ਸ਼ਬਦ ਬਿਰਧ ਸ਼ਬਦ ਬਾਲ ਸ਼ਬਦ ਨੌਜਵਾਨਾ, ਹਰਿ ਸ਼ਬਦ ਮਰੇ ਨਾ ਜਾਈਆ । ਸ਼ਬਦ ਸੁਰਤ ਸ਼ਬਦ ਗਿਆਨਾ, ਸ਼ਬਦ ਮੇਲ ਮਿਲਾਈਆ । ਸ਼ਬਦ ਮੰਦਰ ਸ਼ਬਦ ਮਕਾਨਾ, ਸ਼ਬਦ ਬੈਠਾ ਆਸਣ ਲਾਈਆ । ਸ਼ਬਦ ਪਵਣ ਸ਼ਬਦ ਮਸਾਣਾ, ਸ਼ਬਦ ਸ਼ਬਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਏਕ ਸ਼ਬਦ ਉਪਜਾਈਆ । ਏਕਾ ਸ਼ਬਦ ਏਕਾ ਧਾਰ, ਏਕਾ ਪੁਰਖ ਚਲਾਇੰਦਾ । ਏਕਾ ਏਕ ਏਕਉਂਕਾਰ, ਅਕਲ ਕਲਾ ਵਰਤਾਇੰਦਾ । ਏਕਾ ਰੂਪ ਅਗੰਮ ਅਪਾਰ, ਲੇਖਾ ਲੇਖ ਨਾ ਕੋਇ ਲਖਾਇੰਦਾ । ਏਕਾ ਅਲੱਖ ਨਿਰੰਜਣ ਹੋ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਏਕਾ ਸ਼ਬਦ ਨਾਮ ਜੈਕਾਰ, ਗੀਤ ਸੁਹਾਗੀ ਏਕਾ ਗਾਇੰਦਾ । ਏਕ ਥਾਪਨ ਥਾਪ ਸਰਬ ਸੰਸਾਰ, ਏਕਾ ਜਾਪ ਜਾਪਣ ਅਪਰ ਅਪਾਰ, ਜਪਤ ਜਪਤ ਏਕ ਸੁਖ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਰੂਪ ਦਰਸਾਇੰਦਾ । ਸ਼ਬਦ ਰੂਪ ਸਦ ਅਨਡਿਠ, ਦਿਸ ਕਿਸੇ ਨਾ ਆਇਆ । ਘਰ ਘਰ ਸੁੱਤਾ ਦੇ ਕਰ ਪਿੱਠ, ਕਰਵਟ ਕੋਇ ਨਾ ਸਕੇ ਬਦਲਾਇਆ । ਜਿਸ ਜਨ ਕਰ ਕਿਰਪਾ ਆਪ ਆਪਣੀ ਰੱਖੇ ਸਾਇਆ ਹੇਠ, ਸੋ ਜਨ ਬੂਝ ਬੁਝਾਇਆ । ਮਿਠਾ ਕਰੇ ਕੌੜਾ ਰੀਠ, ਹਰਿ ਸ਼ਬਦੀ ਫਲ ਖੁਵਾਇਆ । ਅਗਨੀ ਤੱਤ ਨਾ ਜਾਣੇ ਮਹੀਨਾ ਜੇਠ, ਸਾਂਤਕ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਖੇਵਟ ਖੇਟ ਸ਼ਬਦ ਗੁਰ ਅਖਵਾਇਆ । ਸ਼ਬਦ ਗੁਰ ਸ਼ਬਦ ਮਲਾਹ, ਸ਼ਬਦ ਬੇੜਾ ਰਿਹਾ ਚਲਾਈਆ । ਸ਼ਬਦ ਮੀਤ ਸ਼ਬਦ ਸਲਾਹ, ਸ਼ਬਦ ਰਾਹ ਵਖਾਈਆ । ਸ਼ਬਦ ਅਤੀਤ ਬੇਪਰਵਾਹ, ਘਰ ਸਾਚੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਸਤ ਕੀਟ ਪਕੜੇ ਬਾਂਹ, ਏਕਾ ਰੰਗ ਸ਼ਬਦ ਰੰਗਾਈਆ । ਏਕਓਂਕਾਰ ਸਰਬ ਜੀਅ ਦਾਤਾ, ਹਰਿ ਹਰਿ ਆਪ ਅਖਵਾਇੰਦਾ । ਸਤਿ ਨਾਮ ਉਤਮ ਜ਼ਾਤਾ ਆਪਣੀ ਆਪ ਰਖਾਇੰਦਾ । ਕਰਤਾ ਪੁਰਖ ਰੂਪ ਨਾ ਕਿਸੇ ਪਛਾਤਾ, ਜੋਤੀ ਜੋਤ ਡਗਮਗਾਇਆ । ਨਿਰਭੌ ਬੈਠਾ ਇਕ ਅਕਾਂਤਾ ਦੂਸਰ ਭੈ ਨਾ ਕੋਇ ਜਣਾਇੰਦਾ । ਨਿਰਵੈਰ ਮਾਰੇ ਸਦਾ ਝਾਤਾ, ਨਿਰਧਨ ਸਰਧਨ ਮੇਲ ਮਿਲਾਇੰਦਾ । ਜੂਨੀ ਰਹਿਤ ਸਰਬ ਪਿਤ ਮਾਤਾ, ਮਾਤ ਗਰਭ ਨਾ ਫੇਰਾ ਪਾਇੰਦਾ । ਅਕਾਲ ਮੂਰਤ ਸਾਚੀ ਸੂਰਤ ਰੂਪ ਰੰਗ ਨਾ ਕਿਸੇ ਜਾਤਾ, ਲੇਖਾ ਲੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਓਂਕਾਰ ਨਿਰਾਕਾਰ ਸਾਕਾਰ ਵੇਸ ਵਟਾਇੰਦਾ । ਏਕਓਂਕਾਰ ਇਕ ਅਕੱਲਾ, ਅਕਲ ਕਲਾ ਅਖਵਾਈਆ । ਆਪਣੇ ਵਸਿਆ ਆਪ ਮਹੱਲਾ, ਦੂਸਰ ਕੋਇ ਨਾ ਸੰਗ ਜਣਾਈਆ । ਨੇਹਚਲ ਧਾਮ ਉਚ ਅਟੱਲਾ, ਅਗੰਮ ਅਗੰਮੜਾ ਇਕ ਰਖਾਈਆ । ਪੁਰਖ ਅਬਿਨਾਸ਼ ਸ਼ਾਹੋ ਸ਼ਾਬਾਸ ਆਪਣਾ ਤਖ਼ਤ ਆਪੇ ਮੱਲਾ, ਆਪੇ ਬੈਠਾ ਸੇਜ ਵਿਛਾਈਆ । ਨਿਰਗੁਣ ਦੀਪਕ ਨਿਰਗੁਣ ਬਾਤੀ ਨਿਰਗੁਣ ਨੂਰ ਏਕਾ ਬਲਾ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਓਂਕਾਰ ਏਕਾ ਏਕ ਅਖਵਾਈਆ । ਬੰਸ ਸਰਬੰਸਾ ਪੂਰਬ ਲਹਿਣਾ, ਜੁਗ ਜੁਗ ਆਪ ਚੁਕਾਇੰਦਾ । ਆਪੇ ਜਾਣੇ ਆਪਣਾ ਦੇਣਾ, ਦੇਵਣਹਾਰ ਇਕ ਅਖਵਾਇੰਦਾ । ਦਰਸ ਦਿਖਾਏ ਸਾਚੇ ਨੈਣਾਂ, ਨੇਤਰ ਗਿਆਨ ਇਕ ਖੁਲ੍ਹਾਇੰਦਾ ।



ਆਪੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣਾ, ਸਗਲ ਕੁਟੰਬ ਆਪ ਅਖਵਾਇੰਦਾ । ਆਪੇ ਪੰਜ ਤੱਤ ਤਨ ਬਸਤਰ ਪਾਏ ਗਹਿਣਾ, ਨਾਮ ਕੰਗਣ ਹੱਥ ਪਹਿਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਬਾਲ ਨੌਜਵਾਨ ਆਪਣੇ ਰੰਗ ਰੰਗਾਇੰਦਾ । ਬੰਸ ਲੇਖਾ ਘਰ ਪਰਵਾਰ, ਜੋਗ ਜੁਗਤ ਬਣਾਈਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਦਿਸ ਨਾ ਆਈਆ । ਆਪਣਾ ਕਰਜ਼ ਆਦਿ ਜੁਗਾਦਿ ਜੁਗਾ ਜੁਗੰਤਰ ਰਿਹਾ ਉਤਾਰ, ਹਰਿ ਸੱਜਣ ਮੇਲ ਮਿਲਾਈਆ । ਨਾਤਾ ਤੋੜ ਸਰਬ ਸੰਸਾਰ, ਗੁਰਮੁਖ ਆਤਮ ਜੋੜ ਜੁੜਾਈਆ । ਦੇਵੇ ਦਰਸ ਅਗੰਮ ਅਪਾਰ, ਸਵੱਛ ਸਰੂਪੀ ਰੂਪ ਵਟਾਈਆ । ਸ਼ਾਹੋ ਭੂਪੀ ਸਚ ਸਿਕਦਾਰ, ਸਾਚਾ ਰਾਜ ਜੋਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅੰਸ ਆਪਣਾ ਬੰਸ ਗੁਰਮੁਖ ਸਾਜਣ ਆਪ ਉਪਾਈਆ । ਅੰਸਾ ਬੰਸਾ ਹਰਿ ਹਰਿ ਮੀਤਾ, ਗੁਰ ਸ਼ਬਦੀ ਮੇਲ ਮਿਲਾਇੰਦਾ । ਗੁਰਮੁਖ ਵੇਖੇ ਵਿਚ ਸਹੰਸਾ, ਕੋਟਨ ਕੋਟੀ ਫੋਲ ਫੋਲਾਇੰਦਾ । ਮਨ ਮਨੂਆ ਮਾਰੇ ਜਿਉਂ ਕਾਹਨਾ ਕੰਸਾ, ਹੰਕਾਰੀ ਗੜ੍ਹ ਰਹਿਣ ਨਾ ਪਾਇੰਦਾ । ਆਪੇ ਤੋੜੇ ਮਨ ਕਾ ਸੰਸਾ, ਭਾਂਡਾ ਭਰਮ ਆਪ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪਣੇ ਦਰ ਪੂਰਾ ਪੂਰ ਕਰਾਇੰਦਾ । ਜੁਗ ਲੇਖਾ ਜਗ ਚੁੱਕਿਆ, ਦੇਵਣਹਾਰ ਨਿਰੰਕਾਰ । ਗੁਰਸਿਖ ਲਹਿਣਾ ਕਦੇ ਨਾ ਮੁੱਕਿਆ, ਭਰਿਆ ਨਾਮ ਭੰਡਾਰ । ਹਰਿਜਨ ਬੂਟਾ ਕਦੇ ਨਾ ਸੁੱਕਿਆ, ਫਲੇ ਫੁਲੇ ਵਿਚ ਸੰਸਾਰ । ਲੱਖ ਚੁਰਾਸੀ ਪੈਂਡਾ ਮੁਕਿਆ, ਰਾਏ ਧਰਮ ਨਾ ਕਰੇ ਖਵਾਰ । ਜੋ ਬੈਠਾ ਅੰਦਰ ਲੁਕਿਆ, ਦੇਵੇ ਦਰਸ ਗੁਪਤ ਜ਼ਾਹਰ । ਸਫਲ ਕਰਾਏ ਮਾਤ ਕੁੱਖਿਆ, ਜਨ ਜਨਨੀ ਉਤਰੇ ਪਾਰ । ਲੇਖੇ ਲਾਏ ਦੇਹੀ ਮਾਨਸ ਮਨੁਖਿਆ, ਆਪ ਆਪਣੀ

ਕਿਰਪਾ ਧਾਰ । ਗੁਰਸਿਖ ਸਾਚਾ ਸੱਜਣ ਮੀਤਾ ਸਤਿਗੁਰ ਪੂਰੇ ਆਪਣੀ ਗੋਦੀ ਆਪੇ ਚੁੱਕਿਆ, ਆਪਣੀਆਂ ਭੁਜਾਂ ਪਸਾਰ । ਜਗਤ ਵਿਕਾਰਾ ਫੜ ਫੜ ਕੁਠਿਆ, ਮਾਰੇ ਨਾਮ ਤੇਜ਼ ਕਟਾਰ । ਅੰਮ੍ਰਿਤ ਦੇਵੇ ਏਕਾ ਘੁੱਟਿਆ, ਸਾਂਤਕ ਸਤਿ ਠਾਂਡਾ ਠਾਰ । ਠੱਗ ਚੋਰ ਯਾਰ ਕਿਸੇ ਨਾ ਲੁੱਟਿਆ, ਹੱਥ ਨਾ ਆਵੇ ਜੀਵ ਗਵਾਰ । ਜਨ ਲਹਿਣਾ ਲਹਿਣਾ ਚੁਕਿਆ, ਬੰਸ ਸਰਬੰਸਾ ਰਿਹਾ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸੰਤ ਸੁਹੇਲੇ ਲਾਏ ਪਾਰ । ਗੁਰਸਿਖ ਸਾਜਣ ਪਾਇਆ, ਪਰਮ ਪੁਰਖ ਕਰਤਾਰ । ਨਰ ਨਿਰੰਕਾਰਾ ਵੇਖ ਵਖਾਇਆ, ਲੋਕਮਾਤ ਜੋਤ ਉਜਿਆਰ । ਸ਼ਬਦ ਵਿਚੋਲਾ ਇਕ ਬਣਾਇਆ, ਫੇਰੇ ਮਾਰੇ ਵਾਰੋ ਵਾਰ । ਆਦਿ ਜੁਗਾਦੀ ਭੁੱਲ ਕਦੇ ਨਾ ਜਾਇਆ, ਅਭੁੱਲ ਗੁਰੂ ਕਰਤਾਰ । ਗੁਰਮੁਖਾਂ ਕਰਨਾ ਕਰਤਾ ਕੀਮਤ ਆਪੇ ਪਾਇਆ, ਮੁੱਲ ਚੁਕਾਏ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਆਪ ਆਪਣਾ ਦਏ ਉਤਾਰ ।

## ✪ ੨੩ ਚੇਤ ੨੦੧੬ ਬਿਕ੍ਰਮੀ ਇੰਦਰ ਸਿੰਘ ਦੇ ਘਰ ਪਿੰਡ ਬੰਡਾਲਾ ✪

ਹਰਿ ਸਤਿਗੁਰ ਸੱਚਾ ਇਕ ਅਕਾਲ, ਰੂਪ ਰੰਗ ਨਾ ਕੋਇ ਜਣਾਈਆ । ਪੁਰਖ ਅਬਿਨਾਸ਼ੀ ਅਵੱਲੜੀ ਚਾਲ, ਪਾਰਬ੍ਰਹਮ ਭੇਵ ਕੋਇ ਨਾ ਪਾਈਆ । ਖੇਲੇ ਖੇਲ ਦੀਨ ਦਿਆਲ, ਹਰਿ ਠਾਕਰ ਵਡ ਵਡਿਆਈਆ । ਆਦਿ ਸ਼ਕਤ ਨੂਰ ਜਮਾਲ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਸਤਿ ਪੁਰਖ ਨਿਰੰਜਣ ਹਰਿ ਬਿਧਾਤਾ, ਪਰਮ ਪੁਰਖ ਸੁਲਤਾਨਿਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲਾ ਅਖਵਾਨਿਆ । ਆਪੇ ਆਪਣਾ ਜਾਣੇ ਨਾਤਾ, ਜੋਤੀ ਨੂਰ ਸ੍ਰੀ ਭਗਵਾਨਿਆ । ਆਪੇ ਆਪਣੀ ਪੁੱਛੇ ਵਾਤਾ, ਆਪੇ ਦੇਵਣਹਾਰਾ ਦਰਗਹਿ ਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਆਪ ਕਰੇ ਪਛਾਨਿਆ । ਠਾਕਰ ਕਰਤਾ ਹਰਿ ਹਰਿ ਮੀਤਾ, ਏਕਾ ਏਕਉਂਕਾਰਿਆ । ਆਦਿ ਜੁਗਾਦੀ ਇਕ ਅਤੀਤਾ, ਸਤਿ ਸਰੂਪ ਸਮਾ ਰਿਹਾ । ਆਪੇ ਠੰਡਾ ਆਪੇ ਸੀਤਾ, ਤੱਤਵ ਤੱਤ ਨਾ ਕੋਇ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਆਪ ਉਪਾ ਰਿਹਾ । ਜੋਤ ਜਵਾਲਾ ਹਰਿ ਹਰਿ ਧਾਰ, ਆਪਣੀ ਆਪ ਉਪਾਇੰਦਾ । ਦੀਪਕ ਬਾਤੀ ਇਕ ਉਜਿਆਰ, ਕਮਲਾਪਾਤੀ ਆਪ ਟਿਕਾਇੰਦਾ । ਆਪੇ ਵੇਖੇ ਮਾਰੇ ਝਾਕੀ, ਆਪਣਾ ਦਰ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਲਹਿਣਾ ਦੇਣਾ ਬਾਕੀ, ਦੂਸਰ ਕੋਇ ਨਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਕਰ ਪਸਾਰਾ, ਨਰ ਨਿਰੰਕਾਰਾ ਖੇਲ ਖਿਲਾਇੰਦਾ । ਨਰ ਨਿਰੰਕਾਰਾ ਖੇਲ ਆਦਿ ਨਿਰੰਜਣ ਹਰਿ ਕਰਾਈਆ । ਆਪੇ ਕਰ ਕਰ ਆਪਣਾ ਮੇਲ, ਮੇਲ ਮਿਲਾਵਾ ਆਪ ਵਖਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲ, ਸਤਿਗੁਰ ਪੂਰਾ ਨਾਉਂ ਧਰਾਈਆ । ਸਦਾ ਸੁਹੇਲਾ ਵਸਿਆ ਰੰਗ ਨਵੇਲ, ਘਰ ਬੰਕ ਇਕ ਵਖਾਈਆ । ਨਾ ਕੋਈ ਗੁਰੂ ਨਾ ਕੋਈ ਚੇਲ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਏਕਾ ਨੂਰ ਡਗਮਗਾਈਆ । ਨਿਰਗੁਣ ਧਾਰ ਪੁਰਖ ਅਗੰਮੜਾ, ਅਗੰਮੜੀ ਕਾਰ ਕਰਾਇੰਦਾ ।

ਅਲੱਖ ਨਿਰੰਜਣ ਖੇਲ ਖਿਲੰਦੜਾ, ਖੇਲਣਹਾਰਾ ਦਿਸ ਨਾ ਆਇੰਦਾ । ਸਚਖੰਡ ਦਵਾਰਾ ਇਕ ਸੁਹੰਦੜਾ, ਨਿਰਗੁਣ ਜੋਤ ਇਕ ਜਗਾਇੰਦਾ । ਸਚ ਸਿੰਘਾਸਣ ਇਕ ਵਛੰਦੜਾ, ਪੁਰਖ ਅਬਿਨਾਸ਼ ਡੇਰਾ ਲਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟੰਦੜਾ, ਵੇਸ ਅਨੇਕਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਜ ਘਰ ਆਪਣਾ ਆਪ ਸੁਹਾਇੰਦਾ । ਨਿਜ ਘਰ ਆਸਣ ਪੁਰਖ ਅਬਿਨਾਸ਼ਨ, ਆਪਣਾ ਆਪ ਲਗਾਈਆ । ਨਾ ਕੋਈ ਪ੍ਰਿਥਮੀ ਨਾ ਅਕਾਸ਼ਨ, ਗਗਨ ਮੰਡਲ ਨਾ ਕੋਇ ਵਖਾਈਆ । ਨਾ ਕੋਈ ਮੰਡਲ ਨਾ ਕੋਈ ਰਾਸਨ, ਰਵ ਸਸ ਨਾ ਕੋਇ ਚਮਕਾਈਆ । ਜੋਤੀ ਨੂਰ ਇਕ ਪਰਕਾਸ਼ਨ, ਪਰਕਾਸ਼ ਪਰਕਾਸ਼ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤ ਕਰੇ ਰੁਸ਼ਨਾਈਆ । ਹਰਿ ਜੋਤ ਹਰਿ ਆਪ ਉਪਾ, ਆਪਣਾ ਰੂਪ ਵਟਾਇੰਦਾ । ਆਦਿ ਨਿਰੰਜਣ ਨਾਉਂ ਧਰਾ, ਆਪਣਾ ਦਰ ਸੁਹਾਇੰਦਾ । ਭਗਵਨ ਰੂਪ ਵੇਸ ਕਰਾ, ਵੇਸ ਅਵੱਲਾ ਆਪ ਵਖਾਇੰਦਾ । ਇਕ ਅਕੱਲਾ ਜੋਤ ਜਗਾ, ਨਿਹਚਲ ਧਾਮ ਅਟੱਲਾ ਆਪ ਸੁਹਾਇੰਦਾ । ਦਾਤਾ ਦਾਨੀ ਬੇਪਰਵਾਹ, ਪਰਵਰਦਿਗਾਰ ਆਪ ਅਖਵਾਇੰਦਾ । ਆਪੇ ਆਪਣਾ ਬਣੇ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਦੇਵਣਹਾਰਾ ਸਚ ਸਲਾਹ, ਸਾਚੀ ਸਿਫ਼ਤ ਸਲਾਹਿੰਦਾ । ਲੇਖਾ ਕੋਈ ਜਾਣੇ ਨਾ, ਵੇਦ ਕਤੇਬ ਦਿਸ ਨਾ ਆਇੰਦਾ । ਕਰਨਹਾਰਾ ਸਚ ਨਿਆਂ, ਪਾਰਬ੍ਰਹਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਸ਼ਬਦ ਅਗੰਮੀ ਇਕ ਉਪਾ, ਲੋਆਂ ਪੁਰੀਆਂ ਬਣਤ ਬਣਾਇੰਦਾ । ਕੋਟਨ ਕੋਟ ਬ੍ਰਹਿਮੰਡ ਖੰਡ ਆਪ ਉਪਾ, ਸ਼ਬਦ ਡੋਰੀ ਆਪ ਬੰਧਾਇੰਦਾ । ਲੱਖ ਚੁਰਾਸੀ ਜੀਵ ਜੰਤ ਤ੍ਰੈਗੁਣ ਮਾਇਆ ਪੰਜ ਤੱਤ ਸੁਹਾ, ਮਨ ਮਤ ਬੁਧ ਨਿਰਗੁਣ ਧਾਰ ਆਪ ਰਖਾਇੰਦਾ । ਘਰ ਵਿਚ ਘਰ ਘਰ ਰਖਾ, ਘਰ ਸਾਚਾ ਸ਼ਾਹੋ ਆਸਣ ਲਾਇੰਦਾ । ਦੀਵਾ ਬਾਤੀ ਇਕ ਜਗਾ, ਜੋਤ ਨਿਰੰਜਣ ਸੇਵ ਕਮਾਇੰਦਾ । ਕਮਲਾਪਾਤੀ ਸਹਿਜ ਸੁਭਾ, ਆਪ ਆਪਣਾ ਬੋਲ ਅਲਾਇੰਦਾ । ਧੁਨ ਅਨਾਦੀ ਏਕਾ ਗਾ, ਸ਼ਬਦ ਜੈਕਾਰਾ ਇਕ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਦਿ ਜੁਗਾਦੀ ਵੇਸ ਵਟਾ, ਜੁਗ ਜੁਗ ਨਾਉਂ ਧਰਾਇੰਦਾ । ਜੁਗਾ ਜੁਗੰਤਰ ਫੇਰੀ ਪਾ, ਆਪਣੀ ਕਲ ਵਰਤਾਇੰਦਾ । ਸੰਤ ਸੁਹੇਲੇ ਆਪ ਜਗਾ, ਜਾਗਰਤ ਜੋਤ ਇਕ ਵਖਾਇੰਦਾ । ਗੁਰ ਗੁਰ ਚੇਲੇ ਮੇਲ ਮਿਲਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਮਨਮੁਖ ਗੂੜ੍ਹੀ ਨੀਂਦ ਸਵਾ, ਮਾਇਆ ਪੜਦਾ ਆਪੇ ਪਾਇੰਦਾ । ਚੌਦਾਂ ਲੋਕਾਂ ਵੇਖ ਵਖਾ, ਆਪ ਆਪਣਾ ਰਾਗ ਸੁਣਾਇੰਦਾ । ਘਟ ਘਟ ਅੰਤਰ ਦਏ ਜਣਾ, ਪੂਰਨ ਬ੍ਰਹਮ ਧਰਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਬੇਅੰਤ ਬੇਅੰਤ ਬੇਅੰਤ ਆਪ ਅਖਵਾਇੰਦਾ । ਸਾਧ ਸੰਤ ਰਹੇ ਗਾ, ਸਾਚੀ ਸੇਵਾ ਆਪ ਲਗਾਇੰਦਾ । ਅੰਤਮ ਬਣੇ ਆਪ ਮਲਾਹ, ਨਾਮ ਚੱਪੂ ਏਕਾ ਲਾਇੰਦਾ । ਨਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਸੁਹਾਇੰਦਾ । ਪਕੜਨਹਾਰਾ ਸਾਚੀ ਬਾਂਹ, ਸਾਚਾ ਅਦਲ ਕਮਾਇੰਦਾ । ਵੇਖੇ ਨਗਰ ਖੇੜਾ ਸਚ ਗਰਾਂ, ਕਾਇਆ ਮੰਦਰ ਫੋਲ ਫੋਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਵਖਾਇੰਦਾ । ਇਕ ਜਪਾਏ ਸਾਚਾ ਨਾ, ਹਰੀ ਹਰਿ ਹਰਿ ਰਸਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਸੇਵਕ ਸੇਵਾ ਸਾਚੀ ਲਾਇੰਦਾ । ਸੇਵਕ ਸੇਵਾ ਸੇਵਾਦਾਰ, ਸੇਵਾ ਰਹੇ ਕਮਾਈਆ । ਕਰਨੀ ਕਰਤਾ ਕਰਤਾ ਪੁਰਖ ਕਰੇ ਖ਼ਬਰਦਾਰ, ਨਾਮ ਖੰਡਾ ਇਕ ਚਮਕਾਈਆ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡਾਂ ਖੋਜ ਖੋਜਾਈਆ । ਉਤਭੁਜ ਸੇਤਜ

ਆਪ ਤਰਾਈਆ । ਜੁਗਾ ਜੁਗੰਤਰ ਆਪਣੀ ਕਾਰ, ਆਪੇ ਰਿਹਾ ਕਮਾਈਆ । ਲੱਖ ਚੁਰਾਸੀ ਸਾਂਝਾ ਯਾਰ, ਸਤਿਗੁਰ ਪੂਰਾ ਵਡ ਵਡਿਆਈਆ । ਸ਼ਬਦ ਗੁਰ ਸ਼ਬਦ ਅਵਤਾਰ, ਸਾਧ ਸੰਤ ਸ਼ਬਦ ਸਮਾਈਆ । ਸ਼ਬਦ ਸਤਿ ਸ਼ਬਦ ਤੱਤ ਸ਼ਬਦ ਰਤ ਸ਼ਬਦ ਮਤ ਸ਼ਬਦ ਹੋਵੇ ਪਹਿਰੇਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਸ਼ਬਦ ਜੋਗ ਸ਼ਬਦ ਭੋਗ ਸ਼ਬਦ ਚੋਗ ਸ਼ਬਦ ਸਿਕਦਾਰ, ਸ਼ਾਹ ਸੁਲਤਾਨ ਸ਼ਬਦ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਕਰ ਪਿਆਰ, ਹਰਿ ਨਿਰੰਕਾਰ ਆਪਣੀ ਆਪੇ ਵੇਖ ਵਖਾਈਆ । ਨਿਰਗੁਣ ਧਾਰ ਜੋਤ ਅਕਾਲਾ, ਆਪਣੀ ਆਪ ਚਲਾਇੰਦਾ । ਜੁਗਾਂ ਜੁਗੰਤ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਇੰਦਾ । ਸ਼ਬਦ ਗੁਰ ਬਣ ਦਲਾਲਾ, ਲੋਕਮਾਤ ਫੇਰਾ ਪਾਇੰਦਾ । ਮੇਲ ਮਿਲਾਏ ਕਾਲ ਮਹਾਂਕਾਲਾ, ਦੀਨ ਦਿਆਲਾ ਦਇਆ ਕਮਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਸਿਰ ਆਪਣਾ ਹੱਥ ਰਖਾਇੰਦਾ । ਇਕ ਵਖਾਏ ਧਰਮ ਸੱਚੀ ਧਰਮਸਾਲਾ, ਏਕਾ ਹੱਟ ਖੁਲ੍ਹਾਇੰਦਾ । ਏਕਾ ਅੰਮ੍ਰਿਤ ਫਲ ਲਗਾਏ ਕਾਇਆ ਡਾਲ੍ਹਾ, ਆਤਮ ਮੇਵਾ ਇਕ ਖੁਵਾਇੰਦਾ । ਏਕਾ ਚਲੇ ਨਾਲ ਨਾਲਾ, ਹਰਿ ਸਗਲਾ ਸੰਗ ਨਿਭਾਇੰਦਾ । ਏਕਾ ਪਾਏ ਨਾਮ ਸ਼ਬਦ ਗਲ ਸਾਚੀ ਮਾਲਾ, ਤਨ ਸ਼ੰਗਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਹਰਿ ਕਰਨੇਹਾਰਾ, ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਅਖਵਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਰੂਪ ਵਟਾਈਆ । ਏਕਾ ਸ਼ਬਦ ਇਕ ਭੰਡਾਰਾ, ਏਕਾ ਏਕ ਵਰਤਾਈਆ । ਏਕਾ ਨਾਮ ਇਕ ਜੈਕਾਰਾ, ਏਕਾ ਅਲਖ ਜਗਾਈਆ । ਏਕਾ ਬੰਕ ਇਕ ਦਵਾਰਾ, ਏਕਾ ਰਿਹਾ ਸੁਹਾਈਆ । ਏਕਾ ਮੀਤ ਇਕ ਮੁਰਾਰਾ, ਏਕਾ ਮੇਲ ਮਿਲਾਈਆ । ਏਕਾ ਵਰਨ ਗੋਤ ਏਕਾ ਕਰੇ ਉਜਿਆਰਾ, ਪਸਰ ਪਸਾਰਾ ਇਕ ਕਰਾਈਆ । ਏਕਾ ਖੜਗ ਇਕ ਕਟਾਰਾ, ਏਕਾ ਖੰਡਾ ਨਾਮ ਚਮਕਾਈਆ । ਏਕਾ ਚਿੱਲਾ ਤੀਰ ਕਮਾਨ ਤੋੜੇ ਗੜ੍ਹ ਹੰਕਾਰਾ, ਏਕਾ ਬਾਣ ਵਖਾਈਆ । ਏਕਾ ਢਹਿ ਢਹਿ ਪਏ ਚਰਨ ਦਵਾਰਾ, ਏਕਾ ਨਿਉਂ ਨਿਉਂ ਸੀਸ ਝੁਕਾਈਆ । ਏਕਾ ਏਕ ਹੋਏ ਸਾਂਝਾ ਯਾਰਾ, ਏਕਾ ਖ਼ਾਲਕ ਖ਼ਲਕ ਵਿਚ ਸਮਾਈਆ । ਏਕਾ ਨੂਰ ਇਲਾਹੀ ਪਰਵਰਦਿਗਾਰਾ, ਬੇਐਬ ਇਕ ਅਖਵਾਈਆ । ਏਕਾ ਰਾਮ ਨਾਮ ਸਤਿ ਵਰਤਾਰਾ, ਸਤਿ ਸਰੂਪ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕਾ ਹਰਿ, ਗੁਣ ਅਵਗੁਣ ਨਾ ਕੋਇ ਜਣਾਈਆ । ਗੁਣ ਅਵਗੁਣ ਨਾ ਹਰਿ ਜਣਾਏ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਵੇਸ ਵਟਾਏ, ਰੂਪ ਅਨੂਪ ਦਰਸਾਇੰਦਾ । ਗੁਰਮੁਖ ਸਾਜਣ ਆਪ ਮਿਲਾਏ, ਆਪ ਆਪਣੀ ਬੂਝ ਬੁਝਾਇੰਦਾ । ਕਲਜੁਗ ਅੰਤਮ ਫੇਰਾ ਪਾਏ, ਨਿਹਕਲੰਕਾ ਨਾਉਂ ਰਖਾਇੰਦਾ । ਹੇਰਾ ਫੇਰਾ ਸਰਬ ਚੁਕਾਏ, ਓਹਲਾ ਪੜਦਾ ਨਾ ਕੋਇ ਜਣਾਇੰਦਾ । ਭਰਮਾਂ ਢੇਰਾ ਆਪੇ ਢਾਏ, ਦੂਈ ਦਵੈਤੀ ਕੰਧ ਮਿਟਾਇੰਦਾ । ਸੰਝ ਸਵੇਰਾ ਇਕ ਵਖਾਏ, ਦਿਵਸ ਰੈਣ ਨਾ ਲੇਖ ਲਿਖਾਇੰਦਾ । ਗੁਰੂ ਗੁਰ ਚੇਰਾ ਏਕਾ ਧਾਮ ਸੁਹਾਏ, ਚੇਲਾ ਗੁਰ ਰੂਪ ਸਮਾਇੰਦਾ । ਨਾਨਕ ਗੋਬਿੰਦ ਖੇਲਾ ਆਪ ਖਲਾਏ, ਖੇਲਣਹਾਰ ਭੇਵ ਨਾ ਆਇੰਦਾ । ਸਾਚੀ ਨਗਰੀ ਸਾਚਾ ਧਾਮ ਸਾਚਾ ਡੇਰਾ ਆਪੇ ਲਾਏ, ਸਾਚਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇੰਦਾ । ਨਿਹਕਲੰਕ ਨਾਉਂ ਰੱਖ, ਹਰਿ ਆਪਣੀ ਵੰਡ ਵੰਡਾਈਆ । ਜੋਤ ਸਰੂਪੀ ਹੋ ਪਰਤੱਖ, ਸ਼ਬਦੀ ਡੰਕ ਵਜਾਈਆ । ਵੇਖ ਵਖਾਏ ਚੁਰਾਸੀ ਲੱਖ, ਲੱਖ ਲਖੀਨਾ ਬੇਪਰਵਾਹੀਆ । ਸੰਤ ਸੁਹੇਲੇ

ਗੁਰਮੁਖ ਸਾਜਣ ਲਏ ਰੱਖ, ਆਪ ਆਪਣੀ ਦਇਆ ਕਮਾਈਆ । ਮਨਮੁਖਾਂ ਨੱਕ ਪਾਏ ਨੱਥ, ਚਾਰੋਂ ਕੁੰਟ ਫਿਰਾਈਆ । ਜੂਠ ਝੂਠ ਕਰੇ ਸੱਥ, ਸੱਥਰ ਧਰਤ ਧਵਲ ਵਛਾਈਆ । ਕਲਜੁਗ ਅੰਤਮ ਕਿਸੇ ਨਾ ਦਿਸੇ ਕੋਇ ਹੱਠ, ਧੀਰਜ ਜਤ ਨਾ ਕੋਇ ਵਖਾਈਆ । ਜਾਣੇ ਭੇਵ ਪੂਜਾ ਪਾਠ, ਗਾਇਤਰੀ ਮੰਤਰ ਵੇਖ ਵਖਾਈਆ । ਵੇਦ ਪੁਰਾਨਾਂ ਵੇਖੇ ਹੱਟ, ਅੰਜੀਲ ਕੁਰਾਨਾਂ ਫੋਲ ਫੋਲਾਈਆ । ਸ਼ਾਸਤਰ ਸਿਮਰਤ ਆਪਣੀ ਕੀਮਤ ਕੋਇ ਨਾ ਸਕੇ ਵੱਟ, ਜੀਵ ਜੰਤ ਕੀਮਤ ਨਾ ਕੋਇ ਚੁਕਾਈਆ । ਭੇਵ ਖੁਲ੍ਹਾਏ ਅਠਸਠ, ਸਰ ਸਰੋਵਰ ਫੇਰਾ ਪਾਈਆ । ਗੰਗਾ ਗੋਦਾਵਰੀ ਰਹੀ ਨੱਠ, ਸੁਰਸਤੀ ਨਾਲ ਰਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਅਕੱਠ, ਸੁਰਪਤ ਇੰਦ ਲਏ ਅੰਗੜਾਈਆ । ਤ੍ਰੈਗੁਣ ਮਾਇਆ ਹੋਈ ਭੱਠ, ਨੇਤਰ ਰੋ ਰੋ ਦਏ ਦੁਹਾਈਆ । ਪੰਚ ਵਿਕਾਰਾ ਬੁਰਜ ਰਿਹਾ ਢੱਠ, ਕਲਰ ਕੰਧ ਰਹਿਣ ਨਾ ਪਾਈਆ । ਕਲਜੁਗ ਉਲਟੀ ਗੇੜਨ ਆਇਆ ਲੱਠ, ਪਾਰਬ੍ਰਹਮ ਗੁਰ ਵਡ ਵੱਡੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਬੂਝ ਬੁਝਾਈਆ । ਏਕਾ ਅੱਖਰ ਹਰਿ ਪੜ੍ਹੌਣਾ, ਸਚ ਸਾਚੀ ਕਰੇ ਪੜ੍ਹਾਈਆ । ਦੂਈ ਦਵੈਤੀ ਪੜਦਾ ਲੌਹਣਾ, ਦੋ ਦੋ ਲੋਚਨ ਵੇਖ ਵਖਾਈਆ । ਤੀਜਾ ਨੇਤਰ ਆਪ ਖੁਲ੍ਹੌਣਾ, ਨੈਣ ਨੈਨਣ ਰਹੇ ਸ਼ਰਮਾਈਆ । ਚੌਥੇ ਪਦ ਮੇਲ ਮਿਲੌਣਾ, ਘਰ ਚੌਥੇ ਵੱਜੇ ਵਧਾਈਆ । ਪੰਚਮ ਮੀਤਾ ਨਜ਼ਰੀ ਔਣਾ, ਪੰਚ ਸ਼ਬਦ ਸ਼ਨਵਾਈਆ । ਛੇ ਛੇ ਘਰ ਰੰਗ ਰੰਗੌਣਾ, ਛੱਪਰ ਛੰਨ ਛੁਹਾਈਆ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦਿ ਏਕਾ ਨਜ਼ਰੀ ਔਣਾ, ਆਦਿ ਜੁਗਾਦਿ ਵੱਡੀ ਵਡਿਆਈਆ । ਅੱਠਾਂ ਤੱਤਾਂ ਨਾਦ ਇਕ ਵਜੌਣਾ, ਸਾਰ ਸ਼ਬਦ ਸੁਣਾਈਆ । ਨੌਂ ਦਰ ਨਵ ਖੰਡ ਲੇਖਾ ਆਪ ਚੁਕੌਣਾ, ਲੋਕਮਾਤ ਵੱਜੀ ਵਧਾਈਆ । ਦਸ ਦਸਮੇਸ਼ ਨਰ ਨਰੇਸ਼ ਵਡ ਮਰਗੇਸ਼ ਆਪ ਆਪਣਾ ਲੇਖ ਮੁਕੌਣਾ, ਮੇਲ ਮਿਲਾਵਾ ਸਹਿਜ ਸੁਭਾਈਆ । ਦਸਮ ਦਵਾਰੀ ਜੋਤ ਨਿਰੰਕਾਰੀ ਦੀਪਕ ਜੋਤ ਇਕ ਜਗੌਣਾ, ਅੰਧ ਅੰਧੇਰ ਮਿਟਾਈਆ । ਇਕ ਅਕੱਲਾ ਸਚ ਮਹੱਲਾ ਆਪ ਵਸੌਣਾ, ਦਰਗਹਿ ਸਾਚੀ ਸਚ ਸੁਹਾਈਆ । ਜਲਾਂ ਥਲਾਂ ਡੇਰਾ ਲੌਣਾ, ਮਹੀਅਲ ਰੂਪ ਵਟਾਈਆ । ਕਲਜੁਗ ਅੰਤਮ ਖੇਲ ਖਿਲੌਣਾ, ਭੇਵ ਕੋਇ ਨਾ ਪਾਈਆ । ਸ਼ਾਹ ਸੁਲਤਾਨਾ ਰਾਜ ਰਾਜਾਨਾ ਖ਼ਾਕ ਮਿਲੌਣਾ, ਗੜ੍ਹ ਹੰਕਾਰੀ ਤੋੜ ਤੁੜਾਈਆ । ਊਚਾਂ ਨੀਚਾਂ ਨੀਚਾਂ ਊਚਾਂ ਏਕਾ ਰੰਗ ਰੰਗੌਣਾ, ਜ਼ਾਤ ਪਾਤ ਨਾ ਕੋਇ ਬਣਾਈਆ । ਸੂਚੇ ਸੂਚਾ ਏਕਾ ਸ਼ਬਦ ਉਪਜੌਣਾ, ਬ੍ਰਹਮ ਬ੍ਰਹਮ ਕਰੇ ਕੁੜਮਾਈਆ । ਸ਼ੱਤਰੀ ਬ੍ਰਹਿਮਣ ਵੈਸ਼ ਨਾ ਕਿਸੇ ਅਖਵੌਣਾ, ਨਾ ਸ਼ੂਦਰ ਮੁਖ ਭਵਾਈਆ । ਹਿੰਦੂ ਮੁਸਲਮ ਸਿਖ ਈਸਾਈ ਤੇਰਾ ਵਕ਼ਤ ਚੁਕੌਣਾ, ਤੇਰਾ ਰੂਪ ਆਪ ਹੋ ਜਾਈਆ । ਕਾਇਨਾਤ ਕਲਮਾ ਇਕ ਪੜ੍ਹੌਣਾ, ਆਬ ਹਯਾਤ ਮੁਖ ਚਵਾਈਆ । ਰਾਮ ਨਾਮ ਜਾਮ ਇਕ ਵਖੌਣਾ, ਏਕਾ ਕ੍ਰਿਸ਼ਨਾ ਮੁਖ ਸਲਾਹੀਆ । ਸਤਿ ਨਾਮ ਜੈਕਾਰਾ ਆਪੇ ਲੌਣਾ, ਆਪੇ ਕਰੇ ਪੜ੍ਹਾਈਆ । ਨਾਨਕ ਸਾਚਾ ਦਰ ਸੁਹੌਣਾ, ਨੇਤਰ ਲੋਚਣ ਦਰਸ ਵਖਾਈਆ । ਗੋਬਿੰਦ ਡੰਕਾ ਇਕ ਵਜੌਣਾ, ਵਾਹ ਵਾ ਫ਼ਤਹਿ ਗੁਰੂ ਵਡਿਆਈਆ । ਪੰਚਮ ਮੇਲਾ ਮੇਲ ਮਿਲੌਣਾ, ਸ਼ਬਦ ਬਾਜ਼ ਇਕ ਉਡਾਈਆ । ਨਾਮ ਤੋੜਾ ਜਗਦੀਸ ਸੀਸ ਟਿਕੌਣਾ, ਸਾਚੀ ਕਲਗ਼ੀ ਕਰ ਰੁਸ਼ਨਾਈਆ । ਆਪਣਾ ਅਸਵ ਦਰ ਦਰਵਾਜਿਉਂ ਬਾਹਰ ਕਰੌਣਾ, ਉਤਰ ਪੂਰਬ ਪੱਛਮ ਦੱਖਣ ਚਾਰੇ ਕੁੰਟ ਫੇਰਾ ਪਾਈਆ । ਸ਼ਾਹ ਅਸਵਾਰ ਉਪਰ ਆਸਣ ਲੌਣਾ, ਸੋਲਾਂ ਕਲੀਆਂ ਹੇਠ ਵਿਛਾਈਆ । ਨੀਲਾ ਨੀਲੀ ਧਾਰੋਂ ਪਾਰ ਕਰੌਣਾ, ਵਾਗ ਆਪਣੇ ਹੱਥ ਉਠਾਈਆ । ਪਹਿਲੋਂ ਆਪਣਾ ਲੇਖ ਮੁਕੌਣਾ, ਦੂਜਾ ਰਾਹ ਚਲਾਈਆ । ਚੌਦਾਂ ਲੋਕ ਚੌਦਾਂ ਤਬਕ ਵੀਹ ਸਦ ਚੌਦਾਂ ਤੇਰਾ ਰੰਗ ਰੰਗੌਣਾ, ਪੰਚਮ ਜੇਠ ਰੁੱਤ ਸੁਹਾਈਆ ।


੪੩੨
੦੮

੪੩੩
੦੮

ਵੀਹ ਸਦ ਪੰਦਰਾਂ ਭੇਵ ਖੁਲ੍ਹੌਣਾ, ਆਪਣਾ ਤਖ਼ਤ ਆਪੇ ਦਏ ਉਲਟਾਈਆ । ਜਗਤ ਸਿੰਘਾਸਣ ਖ਼ਾਕ ਰਲੌਣਾ, ਪੰਚਮ ਜੇਠ ਖੇਲ ਖਿਲਾਈਆ । ਪਾਰਬ੍ਰਹਮ ਤੇਰਾ ਭੇਵ ਕਿਸੇ ਨਾ ਪੌਣਾ, ਵੇਦ ਕਤੇਬ ਨਾ ਕੋਇ ਜਣਾਈਆ । ਸੰਮਤ ਸੋਲਾਂ ਪੰਚਮ ਜੇਠ ਆਪ ਸੁਹੌਣਾ, ਨੀਲੇ ਵਾਲਾ ਫੇਰੀ ਪਾਈਆ । ਪੰਥ ਪੰਥੀ ਪਕੜ ਉਠੌਣਾ, ਦੇ ਮਤ ਰਿਹਾ ਸਮਝਾਈਆ । ਅੰਜੀਲ ਕੁਰਾਨਾ ਏਕਾ ਰਾਹ ਵਖੌਣਾ, ਏਕਾ ਕਰੇ ਪੜ੍ਹਾਈਆ । ਪੰਡਤ ਪਾਂਧਾ ਆਪ ਜਗੌਣਾ, ਜੋਤ ਲਲਾਟੀ ਵੇਖ ਵਖਾਈਆ । ਨਾਮ ਖੰਡਾ ਇਕ ਚਮਕੌਣਾ, ਤਿਖੀ ਧਾਰ ਕਰਾਈਆ । ਬ੍ਰਹਿਮੰਡਾਂ ਖੰਡਾ ਫੇਰਾ ਪੌਣਾ, ਧਰਤ ਧਵਲ ਵਡਿਆਈਆ । ਗੁਰਮੁਖ ਸਾਚੇ ਆਪ ਜਗੌਣਾ, ਆਪ ਆਪਣੀ ਸੇਵ ਕਮਾਈਆ । ਫੜ ਫੜ ਬਾਂਹੋਂ ਗਲੇ ਲਗੌਣਾ, ਦੂਰ ਦੁਰਾਡਾ ਪੰਧ ਮੁਕਾਈਆ । ਮਨਮੁਖ ਜੀਵਾਂ ਦਰ ਦੁਰਕੌਣਾ, ਰਾਏ ਧਰਮ ਦਏ ਸਜ਼ਾਈਆ । ਲੱਖ ਚੁਰਾਸੀ ਆਪ ਭਵੌਣਾ, ਆਪਣੇ ਗੇੜੇ ਰਿਹਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਨੂਰ ਆਕਾਰ, ਹਰਿ ਸਾਚੇ ਸਚ ਕਰਾਇਆ । ਗੁਰਸਿਖਾਂ ਕਰੇ ਮਾਤ ਪਿਆਰ, ਆਪ ਆਪਣਾ ਮੇਲ ਮਿਲਾਇਆ । ਉਤਮ ਜ਼ਾਤ ਵਿਚ ਸੰਸਾਰ, ਵਰਨ ਬਰਨ ਨਾ ਕੋਇ ਰਖਾਇਆ । ਕਮਲਾਪਾਤੀ ਮੀਤ ਮੁਰਾਰ, ਨਾਰੀ ਕੰਤਾ ਵੇਖ ਵਖਾਇਆ । ਰੁੱਤ ਬਸੰਤਾ ਖਿੜੀ ਗੁਲਜ਼ਾਰ, ਪੱਤ ਡਾਲ੍ਹੀ ਮਹਿਕ ਮਹਿਕਾਇਆ । ਜੋਤ ਅਕਾਲੀ ਸਾਚੀ ਮਾਲਨ ਵੇਖਣਹਾਰ, ਨੇਤਰ ਨੈਣਾਂ ਆਪ ਖੁਲ੍ਹਾਇਆ । ਜਗਤ ਦਲਾਲੀ ਕਰੇ ਬਣ ਵਣਜਾਰ, ਨਾਮ ਵਣਜਾਰਨ ਭੇਵ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰੀ ਹਰਿ ਆਪ ਅਖਵਾਇਆ । ਹਰੀ ਹਰਿ ਹਰਿ ਗੋਬਿੰਦਾ, ਸਤਿਗੁਰ ਪੁਰਖ ਅਖਵਾਇੰਦਾ । ਜਨ ਭਗਤਾਂ ਮੇਟੇ ਸਗਲੀ ਚਿੰਦਾ, ਭਵ ਸਾਗਰ ਪਾਰ ਕਰਾਇੰਦਾ । ਗੁਣੀ ਗਹੀਰ ਗਹਿਰ ਗੰਭੀਰ ਸਾਗਰ ਸਿੰਧਾ, ਸਾਖਯਾਤ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਪੰਚਮ ਮੁਖ ਵਖਾਇੰਦਾ । ਪੰਚਮ ਜੇਠਾ ਸ਼ਬਦ ਜੈਕਾਰਾ, ਆਪਣਾ ਆਪੇ ਲਾਈਆ । ਆਪਣੇ ਅਸਵ ਹੋ ਅਸਵਾਰਾ, ਬੈਕੁੰਠ ਨਿਵਾਸੀ ਫੇਰਾ ਪਾਈਆ । ਚਾਲ ਅਵੱਲੜੀ ਅਵੱਲੜੀ ਕਾਰਾ, ਜਗ ਧਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਕਰਮ ਧਰਮ ਜਰਮ ਵੇਖ ਵਖਾਈਆ । ਜਨਮ ਕਰਮ ਪ੍ਰਭ ਹੱਥ, ਆਪਣੇ ਹੱਥ ਰੱਖੀ ਵਡਿਆਈਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਬੇਪਰਵਾਹੀਆ । ਹਰਿਜਨ ਨਿਭਾਏ ਸਗਲਾ ਸਾਥ, ਸਾਚਾ ਸੰਗ ਵਖਾਈਆ । ਨਾਮ ਜਣਾਈ ਸ਼ਬਦ ਅਕੱਥ, ਸੋਹੰ ਕਰੇ ਪੜ੍ਹਾਈਆ । ਕੂੜ ਕੁੜਿਆਰਾ ਕਲਜੁਗ ਦੇਵੇ ਮੱਥ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਜੋ ਦੀਸੇ ਸੋ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਹਰਿ ਕਾ ਨਾਮ ਸਾਚਾ ਪੂਜਾ ਪਾਠ, ਅੰਤਰ ਆਤਮ ਇਕ ਲਿਵ ਲਾਈਆ । ਸਾਚਾ ਵਣਜ ਸਾਚੇ ਹਾਟ, ਸਾਚਾ ਤੋਲਾ ਤੋਲ ਤੁਲਾਈਆ । ਗੁਰਸਿਖ ਵਿਰਲਾ ਲਾਹਾ ਲਏ ਖਾਟ, ਸੁੱਤੀ ਸਰਬ ਲੋਕਾਈਆ । ਖੇਲੇ ਖੇਲ ਨਟੂਆ ਨਾਟ, ਸਵਾਂਗੀ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਦਰ, ਦਰ ਦਰਵੇਸ਼ ਨਰ ਨਰੇਸ਼ ਰਿਖੀ ਕੇਸ਼ ਗੋਵਰਧਨ, ਧਾਰ ਇਕ ਅਕੱਲਾ ਏਕਉਂਕਾਰ, ਸਰਬ ਜੀਆਂ ਦਾ ਸਾਂਝਾ ਯਾਰ, ਸੱਜਣ ਸਾਜਣ ਮੀਤ ਆਪ ਅਖਵਾਈਆ । ਹਰਿ ਸੱਜਣ ਮੀਤ ਮੁਰਾਰੜਾ, ਸਤਿ ਸਤਿਵਾਦ

ਜਣਾਏ । ਝੂਠਾ ਸੱਥਰ ਚੁੱਕੇ ਕਲਜੁਗ ਯਾਰੜਾ, ਸਤਿਗੁਰ ਸਾਚਾ ਸ਼ਬਦ ਮਲਾਏ । ਧਾਮ ਵਖਾਏ ਇਕ ਨਿਆਰੜਾ, ਨਾ ਕੋਈ ਬਾਢੀ ਬਣਤ ਬਣਾਏ । ਨਾਮ ਪਿਆਏ ਸਚ ਪਿਆਲੜਾ, ਅੰਮ੍ਰਿਤ ਜਾਮ ਭਰਾਏ । ਰਾਹ ਦੱਸੇ ਇਕ ਸੁਖਾਲੜਾ, ਸਤਿਜੁਗ ਸਾਚਾ ਮਾਰਗ ਲਾਏ । ਸੋਹੰ ਸ਼ਬਦ ਮਾਤ ਦਲਾਲੜਾ, ਚਾਰ ਵਰਨਾਂ ਪਾਰ ਕਰਾਏ । ਤੋੜਨਹਾਰਾ ਜਗਤ ਜੰਜਾਲੜਾ, ਲੱਖ ਚੁਰਾਸੀ ਗੇੜ ਕਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਰੋਜ਼ੀ ਰਿਜ਼ਕ ਰਹੀਮ ਆਪ ਅਖਵਾਏ । ਰਾਮ ਰਹੀਮ ਰਹਿਮਾਨ, ਨੂਰੋ ਨੂਰ ਇਲਾਹੀਆ । ਸ਼ਰਅ ਸ਼ਰੀਅਤ ਇਕ ਈਮਾਨ, ਏਕਾ ਰੰਗ ਰੰਗਾਈਆ । ਇਕ ਹਦੀਸ ਇਕ ਕੁਰਾਨ, ਇਕ ਕਰੇ ਪੜ੍ਹਾਈਆ । ਇਕ ਅਬਲੀਸ ਹੋਏ ਸ਼ੈਤਾਨ, ਯਾ ਬਲੀਸ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਕਰਾਈਆ । ਰਾਮ ਨਾਮ ਏਕਾ ਗੁਣ, ਏਕਾ ਗੁਰ ਵਡਿਆਈਆ । ਸਰਬ ਪੁਕਾਰ ਰਿਹਾ ਸੁਣ, ਭੁੱਲ ਰਹੇ ਨਾ ਰਾਈਆ । ਲੱਖ ਚੁਰਾਸੀ ਵਿਚੋਂ ਚੁਣ, ਗੁਰਮੁਖ ਸੱਜਣ ਲਏ ਤਰਾਈਆ । ਸ੍ਰਿਸ਼ਟ ਸਬਾਈ ਛਾਣ ਪੁਣ, ਨਾਮ ਨਿਧਾਨਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਛਾਣ ਪੁਣ ਸਰਬ ਸੰਸਾਰ, ਲੱਖ ਚੁਰਾਸੀ ਵੇਖ ਵਖਾਇਆ । ਹਰਿਜਨ ਤੇਰਾ ਦਰ ਦਰਬਾਰ, ਸਤਿਗੁਰ ਸਾਚੇ ਏਕਾ ਪਾਇਆ । ਬ੍ਰਹਮਾ ਸ਼ਿਵ ਰਹੇ ਵਿਚਾਰ, ਨੇਤਰ ਨੈਣ ਆਪ ਵਟਾਇਆ । ਲੋਕਮਾਤ ਕਵਣ ਕੂਟ ਹੋਇਆ ਉਜਿਆਰ, ਨਿਹਕਲੰਕ ਜਾਮਾ ਪਾਇਆ । ਫੜਿਆ ਖੜਗ ਖੰਡਾ ਤੇਜ਼ ਕਟਾਰ, ਨਾਮ ਪਰਚੰਡਾ ਰਿਹਾ ਚਮਕਾਇਆ । ਪਾਏ ਵੰਡਾਂ ਅਪਰ ਅਪਾਰ, ਬ੍ਰਹਿਮੰਡਾਂ ਖੋਜ ਖੋਜਾਇਆ । ਭੇਖ ਪਖੰਡਾ ਦਏ ਨਵਾਰ, ਕੂੜੀ ਕਿਰਿਆ ਮੇਟ ਮਿਟਾਇਆ । ਨਾ ਕੋਈ ਦਿਸੇ ਨਾਰ ਰੰਡ ਵਿਭਚਾਰ, ਨਾਰ ਦੁਹਾਗਣ ਕੋਇ ਰਹਿਣ ਨਾ ਪਾਇਆ । ਸ਼ਬਦ ਸੁਹਾਗਣ ਕੰਤ ਭਤਾਰ, ਦਰ ਘਰ ਸਾਚਾ ਇਕ ਰਖਾਇਆ । ਗੁਰਮੁਖਾਂ ਕਰੇ ਆਪ ਪਿਆਰ, ਆਤਮ ਸੇਜਾ ਮੇਲ ਮਿਲਾਇਆ । ਦੇਵਣਹਾਰਾ ਨਾਮ ਅਤੁਟ ਭੰਡਾਰ, ਨਿਖੁਟ ਕਦੇ ਨਾ ਜਾਇਆ । ਕਲ ਕਲਕੀ ਹਰਿ ਲੈ ਅਵਤਾਰ, ਕਲਗੀ ਧਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਹੋ ਉਜਿਆਰ ਸਚ ਸਿੰਘਾਸਣ ਆਸਣ ਲਾਇਆ ।



## ✪ ੨੪ ਚੇਤ ੨੦੧੬ ਬਿਕ੍ਰਮੀ ਇੰਦਰ ਸਿੰਘ ਦੇ ਘਰ ਪਿੰਡ ਬੰਡਾਲਾ ✪

ਗੁਰਮੁਖ ਚਾਤਰਕ ਰਿਹਾ ਬਿਲਲਾਏ, ਦਿਵਸ ਰੈਣ ਪਰਭਾਤ । ਸਤਿਗੁਰ ਪੂਰਾ ਅੰਮ੍ਰਿਤ ਮੇਘ ਆਪ ਬਰਸਾਏ, ਦੇਵਣਹਾਰਾ ਦੇਵੇ ਬੂੰਦ ਸਵਾਂਤ । ਆਸਾ ਤ੍ਰਿਸਨਾ ਜਗਤ ਬੁਝਾਏ ਦਰਸ ਦਿਖਾਏ ਇਕ ਇਕਾਂਤ । ਹਉਮੇ ਸੰਸਾ ਰੋਗ ਮਿਟਾਏ, ਚਰਨ ਕਵਲ ਬੰਧਾਏ ਨਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਏਕਾ ਨਾਮ ਦਾਤ । ਗੁਰਸਿਖ ਚਾਤਰਕ ਤ੍ਰਿਪਤਾਸਿਆ, ਗੁਰ ਪਾਇਆ ਠੰਡਾ ਸੀਤ । ਦੋ ਜਹਾਨਾਂ ਬੁਝੀ ਪਿਆਸਿਆ, ਤਨ ਹੋਇਆ ਪਤਿਤ ਪੁਨੀਤ । ਘਰ ਸੱਜਣ ਕਰਿਆ ਵਾਸਿਆ, ਇਕ ਸੁਣਾਏ ਸੁਹਾਗੀ ਗੀਤ । ਲੋਕਮਾਤ ਬੰਦ ਖ਼ਲਾਸੀਆ, ਪਰਖਣਹਾਰਾ ਪਰਖੇ ਸਾਚੀ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਣਹਾਰਾ ਚੀਤ । ਚਿਤ ਵਸਿਆ ਹਰਿ ਪਾਰਬ੍ਰਹਮ, ਘਰ

ਸਾਚੇ ਮੰਗਲ ਗਾਇਆ । ਲਹਿਣਾ ਦੇਣਾ ਚੁਕਿਆ ਜਨਮ ਕਰਮ, ਕਰਮ ਕੁਕਰਮਾਂ ਮੇਟ ਮਿਟਾਇਆ । ਪੁਰਖ ਅਬਿਨਾਸ਼ੀ ਬਖ਼ਸ਼ੀ ਸਾਚੀ ਸਰਨ, ਸਰਨਗਤ ਆਪ ਅਖਵਾਇਆ । ਮੂਲ ਚੁਕਾਏ ਮਰਨ ਡਰਨ, ਆਵਣ ਜਾਵਣ ਗੇੜ ਮਿਟਾਇਆ । ਏਕਾ ਨੇਤਰ ਵਸੇ ਹਰਨ ਫਰਨ, ਲੋਚਣ ਆਪਣਾ ਆਪ ਖੁਲ੍ਹਾਇਆ । ਸਤਿਗੁਰ ਪੂਰਾ ਤਰਨੀ ਤਰਨ, ਤਾਰਨਹਾਰ ਸ੍ਰਿਸ਼ਟ ਸਬਾਇਆ । ਕਰਤਾ ਕਰਨੀ ਆਪਣੀ ਆਪੇ ਕਰੇ ਕਾਰਨ ਕਰਨ, ਭੇਵ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਉਠਾਇਆ । ਚਾਤਰਕ ਗੁਰਸਿਖ ਕਰ ਪੁਕਾਰ, ਦਿਵਸ ਰੈਣ ਬਿਲਲਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੁਰ ਸਤਿਗੁਰ ਮੇਲ ਮਿਲਾਇਆ । ਸਤਿਗੁਰ ਠਾਂਡਾ ਇਕ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਆਦਿ ਜੁਗਾਦੀ ਭਗਤ ਉਧਾਰ, ਸ਼ਬਦ ਅਨਾਦੀ ਤਾਲ ਵਜਾਇਆ । ਮੋਹਣ ਮਾਧਵ ਮਾਧੀ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਭੰਡਾਰ ਇਕ ਵਰਤਾਇਆ । ਨਾਮ ਭੰਡਾਰਾ ਅੰਮ੍ਰਿਤ ਰਸ, ਹਰਿ ਸਤਿਗੁਰ ਆਪ ਵਰਤਾਈਆ । ਗੁਰ ਮੰਤਰ ਏਕਾ ਸਚ ਦੱਸ, ਇਸ਼ਟ ਇਕ ਵਖਾਈਆ । ਪੁਰਖ ਅਕਾਲਾ ਹੋਏ ਵਸ, ਦੀਨ ਦਿਆਲਾ ਸੇਵ ਕਮਾਈਆ । ਦਰਸ ਦਿਖਾਏ ਨੱਸ ਨੱਸ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਕੋਟਨ ਕੋਟ ਰਵ ਸਸ ਚਰਨਾਂ ਹੇਠ ਝੱਸ, ਆਪ ਆਪਣਾ ਪੰਧ ਮੁਕਾਈਆ । ਹਰਿਜਨ ਮਾਰੇ ਤੀਰ ਨਿਰਾਲਾ ਕਸ, ਸ਼ਬਦ ਅਗੰਮੀ ਚਿੱਲਾ ਆਪ ਚੜ੍ਹਾਈਆ । ਆਰ ਪਾਰ ਜਾਏ ਧਸ, ਬਜਰ ਕਪਾਟੀ ਸਿਲਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਬੇਪਰਵਾਹੀਆ । ਗੁਰਮੁਖ ਦਰਸ ਹਰਿ ਹਰਿ ਤਾਂਘ, ਆਦਿ ਜੁਗਾਦਿ ਰਖਾਇੰਦਾ । ਪਾਰਬ੍ਰਹਮ ਪ੍ਰਭ ਵਰਤੇ ਸਾਂਗ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਅੰਮ੍ਰਿਤ ਧਾਰ ਵਹਾਏ ਸਾਚੀ ਕਾਂਗ, ਜਗਤ ਵਿਕਾਰਾ ਆਪ ਰੁੜ੍ਹਾਇੰਦਾ । ਕਰਾਏ ਮਜਨ ਸਾਚਾ ਮਾਘ, ਦੁਰਮਤ ਮੈਲ ਮਿਟਾਇੰਦਾ । ਪੰਜ ਤ੍ਰੈ ਤੇਰੀ ਬੁਝੇ ਆਗ, ਨੌਂ ਦਰ ਖੋਜ ਖੋਜਾਇੰਦਾ । ਫੜ ਫੜ ਹੰਸ ਬਣਾਏ ਕਾਗ, ਨਾਮ ਪਿਆਲਾ ਜਾਮ ਪਿਆਇੰਦਾ । ਪ੍ਰਭ ਧੋਵਣਹਾਰਾ ਕੂੜਾ ਦਾਗ਼, ਕੂੜੀ ਕਿਰਿਆ ਮੇਟ ਮਿਟਾਇੰਦਾ । ਹਰਿ ਸੱਜਣ ਵਡ ਵਡ ਹੋਏ ਭਾਗ, ਗੁਰ ਸਾਖੀ ਮੇਲ ਮਿਲਾਇੰਦਾ । ਨਿਰਮਲ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਚਾਤਰਕ ਵੇਖ ਵਖਾਇੰਦਾ । ਚਾਤਰਕ ਮੁਖ ਇਕ ਉਘਾੜ, ਨੇਤਰ ਨੈਣ ਉਠਾਈਆ । ਪੁਰਖ ਅਬਿਨਾਸ਼ੀ ਬਖ਼ਸ਼ੇ ਮੇਘਲਾ ਧਾਰ, ਚਰਨ ਚਰਨੋਦਕ ਮੁਖ ਚਵਾਈਆ । ਏਕਾ ਏਕ ਨਜ਼ਰੀ ਆਏ ਵਿਚ ਸੰਸਾਰ, ਦੂਜੀ ਟੇਕ ਨਾ ਕੋਇ ਜਣਾਈਆ । ਬੁਧ ਬਿਬੇਕ ਕਰੇ ਕਰ ਪਿਆਰ, ਤੱਤਵ ਤੱਤ ਨਾ ਕੋਇ ਸਤਾਈਆ । ਲਿਖੇ ਲੇਖ ਧੁਰ ਦਰਬਾਰ, ਹਰਿ ਕਾ ਲੇਖ ਨਾ ਕੋਇ ਮਿਟਾਈਆ । ਨੇਤਰ ਲੋਚਣ ਨੈਣ ਇਕ ਪਿਆਰ, ਏਕਾ ਰੰਗ ਸਮਾਈਆ । ਭਗਤ ਵਛਲ ਆਪ ਗਿਰਧਾਰ, ਭਗਤ ਭਗਵਨ ਹੋਏ ਸਹਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਰੂਪ ਅਨੂਪ ਆਪ ਦਰਸਾਈਆ । ਅਸਵ ਘੋੜੇ ਹੋ ਅਸਵਾਰ, ਆਪ ਆਪਣਾ ਫੇਰਾ ਪਾਈਆ । ਕਲਜੁਗ ਕਰਿਆ ਖ਼ਬਰਦਾਰ, ਖੜਗ ਖੰਡਾ ਨਾਮ ਚਮਕਾਈਆ । ਤੀਰ ਕਮਾਨਾ ਤੇਜ਼ ਕਟਾਰ, ਦੋ ਜਹਾਨਾਂ ਰਿਹਾ ਵਖਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਬਾਵਨ ਭੇਖ ਵਟਾਈਆ । ਲੰਕਾ ਗੜ੍ਹ ਤੋੜੇ ਮਾਰੇ ਰਾਵਣ ਹੰਕਾਰ, ਰਾਮ ਰਾਮਾ ਵੇਸ ਕਰਾਈਆ । ਕਲਜੁਗ ਕੰਸਾ ਕਰ ਖ਼ਵਾਰ, ਸਾਵਲ ਸੁੰਦਰ ਰੂਪ ਵਟਾਈਆ । ਜੂਠ ਝੂਠ ਕਰੇ ਬਾਹਰ, ਨਾਮ ਸਤਿ ਨਾਨਕ ਚੱਕਰ ਇਕ ਚਲਾਈਆ । ਨਾਤਾ


੪੩੫
੦੮

ਤੋੜੇ ਮੁਹੰਮਦੀ ਯਾਰ, ਗੋਬਿੰਦ ਤਿਖੀ ਧਾਰ ਰਿਹਾ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਕਲਜੁਗ ਅੰਤਮ ਪਰਗਟ ਹੋਇਆ ਭੇਵ ਅਭੇਦ ਕੋਇ ਨਾ ਪਾਈਆ । ਗੁਰਮੁਖ ਉਠਾਏ ਸੁੱਤ ਦੁਲਾਰ, ਸਾਚੇ ਸੁੱਤ ਲਏ ਗਲ ਲਾਈਆ । ਅਬਿਨਾਸ਼ੀ ਅਚੁੱਤ ਭਰਮ ਨਿਵਾਰ, ਭਾਂਡਾ ਭਰਮ ਭੰਨਾਈਆ । ਅੰਦਰ ਮੰਦਰ ਇਕ ਪਿਆਰ, ਡੂੰਘੀ ਕੰਦਰ ਵੇਖ ਵਖਾਈਆ । ਚਾਤਰਕ ਬਖ਼ਸ਼ੇ ਅੰਮ੍ਰਿਤ ਧਾਰ, ਚਿਤ ਵਿਤ ਠਗੌਰੀ ਨਾ ਕੋਇ ਪਾਈਆ । ਸਾਚਾ ਨਾਇਕ ਮੀਤ ਮੁਰਾਰ, ਨੱਥ ਹੱਥ ਖ਼ਸਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੀ ਸਚ ਪਿਆਸ, ਗੁਰ ਸਤਿਗੁਰ ਵੇਖ ਵਖਾਇੰਦਾ । ਸਦਾ ਸੁਹੇਲਾ ਵਸੇ ਪਾਸ, ਘਰ ਆਪਣਾ ਆਪ ਉਪਾਇੰਦਾ । ਆਪਣਾ ਦੀਪਕ ਕਰ ਪਰਕਾਸ, ਆਪਣੀ ਜੋਤ ਟਿਕਾਇੰਦਾ । ਆਪਣੇ ਮੰਦਰ ਕਰ ਨਿਵਾਸ, ਆਪਣਾ ਆਸਣ ਆਪੇ ਲਾਇੰਦਾ । ਆਪੇ ਪਾਵੇ ਸਾਚੀ ਰਾਸ, ਸਾਚਾ ਮੰਡਲ ਆਪ ਸੁਹਾਇੰਦਾ । ਆਪੇ ਹੋਏ ਦਾਸੀ ਦਾਸ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਖੇਲੇ ਖੇਲ ਪ੍ਰਿਥਮੀ ਆਕਾਸ਼, ਆਪੇ ਮੁਖ ਛੁਪਾਇੰਦਾ । ਗੁਰਮੁਖ ਸੱਜਣ ਮੀਤ ਮੁਰਾਰ, ਲੋਕਮਾਤ ਨਾ ਰਹੇ ਨਿਰਾਸ, ਕਲਜੁਗ ਅੰਤਮ ਮੇਲ ਮਿਲਾਇੰਦਾ । ਕੱਟਣਹਾਰਾ ਜਮ ਕੀ ਫਾਸ, ਕਲ ਫਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਜਾਮ ਸਚ ਪਿਆਲਾ ਦੀਨ ਦਿਆਲਾ ਜਨ ਭਗਤਾਂ ਆਪ ਪਿਆਇੰਦਾ । ਨਾਮ ਪਿਆਲਾ ਆਪੇ ਭਰ, ਗੁਰਸਿਖ ਸੱਜਣ ਆਪ ਪਿਆਈਆ । ਦੀਨ ਦਿਆਲਾ ਕਿਰਪਾ ਕਰ, ਆਪਣਿਆਂ ਰਿਹਾ ਤਰਾਈਆ । ਸਦ ਰਖਵਾਲਾ ਵਸੇ ਘਰ, ਦਿਵਸ ਰੈਣ ਸੇਵ ਕਮਾਈਆ । ਜੋਤ ਅਕਾਲਾ ਅੱਗੇ ਖੜ, ਆਪ ਆਪਣਾ ਦਰਸ ਵਖਾਈਆ । ਸਤਿਗੁਰ ਬੰਨਾਏ ਆਪਣੇ ਲੜ, ਸ਼ਬਦ ਗੰਢ ਰਖਾਈਆ । ਆਪਣੇ ਮੰਦਰ ਆਪੇ ਜਾਏ ਚੜ੍ਹ, ਦਿਸ ਕਿਸੇ ਨਾ ਆਈਆ । ਗੁਰਮੁਖ ਮੀਤ ਮੁਰਾਰਾ ਏਕਉਂਕਾਰਾ ਨਿਰਗੁਣ ਸਰਗੁਣ ਲਏ ਫੜ, ਸਰਗੁਣ ਨਿਰਗੁਣ ਬੰਧ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਚਾਤਰਕ ਤੇਰੀ ਤ੍ਰਿਖਾ ਤੇਰੇ ਦਰ ਬੁਝਾਈਆ । ਜਗਤ ਤ੍ਰਿਸਨਾ ਲੱਗੀ ਭੁੱਖ, ਕੂੜਾ ਕੂੜ ਹੋਇਆ ਪਰਧਾਨਿਆ । ਸਤਿ ਧਰਮ ਬੂਟਾ ਗਿਆ ਸੁੱਕ, ਫਲਿਆ ਫੁੱਲਿਆ ਪੰਜ ਸ਼ੈਤਾਨਿਆ । ਲੇਖੇ ਲੱਗਾ ਨਾ ਉਲਟਾ ਰੁਖ, ਭੁੱਲਿਆ ਹਰਿ ਹਰਿ ਨਾਮ ਨਿਧਾਨਿਆ । ਮਨਮੁਖ ਸਫ਼ਲ ਨਾ ਹੋਈ ਮਾਤ ਕੁੱਖ, ਲੱਖ ਚੁਰਾਸੀ ਫੇਰ ਫਿਰਾਨਿਆ । ਗੁਰਸਿਖਾਂ ਕਰੇ ਉਜਲ ਮੁੱਖ, ਵਡ ਦਾਤਾ ਦੋ ਜਹਾਨਿਆ । ਆਪਣੀ ਗੋਦੀ ਆਪੇ ਲਏ ਚੁਕ, ਚਤੁਰਭੁਜ ਆਪ ਅਖਵਾਨਿਆ । ਕਲਜੁਗ ਅੰਤਮ ਨਾ ਮਾਨਸ ਨਾ ਦਿਸੇ ਮਨੁਖ, ਪੰਜ ਤੱਤ ਡੇਰਾ ਲਾਏ ਸ੍ਰੀ ਭਗਵਾਨਿਆ । ਬ੍ਰਹਮ ਪਾਇਆ ਪਾਰਬ੍ਰਹਮ ਆਪਣੀ ਕੁੱਖ, ਆਪ ਆਪਣਾ ਦਰ ਸੁਹਾਨਿਆ । ਗੁਰ ਗੋਬਿੰਦ ਮੇਲ ਮਿਲਾਇਆ ਲੁਕ ਲੁਕ, ਭੇਵ ਨਾ ਪਾਇਆ ਵੇਦ ਪੁਰਾਨਿਆ । ਆਪੇ ਨਿਉਂ ਨਿਉਂ ਅੰਦਰ ਵੜਿਆ ਝੁਕ, ਆਪੇ ਸਾਚੇ ਤਖ਼ਤ ਬੈਠਾ ਸੁਲਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਸਦਾ ਸਨਮੁਖ, ਆਪੇ ਆਪਣਾ ਮੁਖ ਭਵਾਨਿਆ । ਹਰਿਜਨ ਤੇਰਾ ਡੂੰਘਾ ਸਾਗਰ, ਹਰਿ ਸੱਜਣ ਵੇਖ ਵਖਾਇੰਦਾ । ਪੰਜ ਤੱਤ ਸੁਹਾਇਆ ਡੇਰਾ ਲਾਇਆ ਕਾਇਆ ਗਾਗਰ, ਆਪ ਆਪਣਾ ਰੂਪ ਵਟਾਇੰਦਾ । ਏਕਾ ਨਾਮ ਰਤਨ ਰਤਨਾਗਰ, ਰੱਤੀ ਰੱਤ ਕੀਮਤ ਕੋਇ ਨਾ ਪਾਇੰਦਾ । ਪੁਰਖ ਅਕਾਲ ਬਣਿਆ ਆਪ ਸੌਦਾਗਰ, ਲੋਕਮਾਤ ਵੇਖਣ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦਲਾਲ ਇਕ ਉਪਜਾਇੰਦਾ । ਸ਼ਬਦ ਦਲਾਲਾ ਬਣ ਵਿਚੋਲਾ, ਘਰ ਸਾਚੇ ਲਏ

ਅੰਗੜਾਈਆ । ਮਾਰੇ ਫੇਰੇ ਗਾਵੇ ਢੋਲਾ, ਦੋ ਜਹਾਨਾਂ ਪੰਧ ਮੁਕਾਈਆ । ਬਣ ਸਤਿਗੁਰ ਬਣਿਆ ਤੋਲਾ, ਨਾਮ ਕੰਡਾ ਹੱਥ ਉਠਾਈਆ । ਗੁਰਸਿਖ ਅਨਮੁਲਾ ਆਪ ਵਰੋਲਾ, ਚੌਦਾਂ ਰਤਨ ਰਹੇ ਸ਼ਰਮਾਈਆ । ਆਪਣਾ ਦਰ ਦਰਵਾਜ਼ਾ ਆਪੇ ਖੋਲ੍ਹਾ, ਆਪਣੇ ਅੰਦਰ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੰਮ੍ਰਿਤ ਅੰਮ੍ਰਿਤ ਧਾਰ ਨਿਝਰ ਬਰਖੇ ਠੰਡੀ ਠਾਰ ਰਸ ਰਸ ਰਸਿਕ ਰਸਿਕ ਰਸ ਆਪਣਾ ਚੁਆਈਆ । ਆਪਣਾ ਰਸ ਆਪ ਨਿਚੋੜ, ਆਪਣਾ ਵਟ ਚੜ੍ਹਾਇੰਦਾ । ਆਪਣਾ ਤੱਤ ਆਪ ਮਰੋੜ, ਗੁਰਮੁਖ ਤੱਤ ਉਪਾਇੰਦਾ । ਆਪਣਾ ਵਰ ਆਪੇ ਲੋੜ, ਗੁਰਸਿਖ ਰਚਨ ਰਚਾਇੰਦਾ । ਆਪਣਾ ਜੋੜ ਆਪੇ ਜੋੜ, ਆਪੇ ਮੇਲ ਮਿਲਾਇੰਦਾ । ਆਪ ਚੜ੍ਹਾਏ ਆਪਣੇ ਘੋੜ, ਆਦਿ ਜੁਗਾਦੀ ਆਪ ਦੌੜਾਇੰਦਾ । ਕਲਜੁਗ ਅੰਤਮ ਜਾਏ ਬੌਹੜ, ਬੌਹੜੀ ਬੌਹੜੀ ਸਰਬ ਕੁਰਲਾਇੰਦਾ । ਨਾਮ ਨਿਧਾਨਾ ਹਰਿ ਭਗਵਾਨਾ ਧੁਰ ਕੀ ਬਾਣੀ ਇਕ ਲਗਾਏ ਸਾਚਾ ਪੌੜ, ਸੋ ਪੁਰਖ ਨਿਰੰਜਣ ਨਾਮ ਡੰਡਾ ਹੱਥ ਫੜਾਇੰਦਾ । ਗੁਰਸਿਖ ਲੱਗੀ ਏਕਾ ਔੜ, ਅੰਮ੍ਰਿਤ ਦਰਸ ਮੇਘ ਬਰਸ ਹਰਸੀ ਹਰਸ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਪੜ ਕਾਇਆ ਕੂੜ, ਆਪਣੀ ਬਖ਼ਸ਼ ਸਾਚੀ ਧੂੜ, ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਨਾਮ ਅਮੋਲਕ ਕਾਇਆ ਗੋਲਕ ਸ਼ਬਦ ਅਨਾਦੀ ਅਨਹਦ ਢੋਲਕ, ਹਰਿਜਨ ਸਾਚੇ ਸਤਿਗੁਰ ਸਾਚਾ, ਜੀਉ ਪਿੰਡ ਤਨ ਸਾਚੇ ਰਾਚਾ, ਜਗਤ ਬੁਝਾਏ ਲੱਗੀ ਆਂਚਾ, ਸ਼ਬਦ ਜਣਾਏ ਸਾਚੋ ਸਾਚਾ, ਸਚ ਸੁੱਚ ਸੁੱਚ ਸਚ ਵੱਡੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰੂਪ ਆਪ ਅਖਵਾਈਆ ।





## ✪ ੨੪ ਚੇਤ ੨੦੧੬ ਬਿਕ੍ਰਮੀ ਬੰਡਾਲਾ ✪

ਬਾਲ ਸਖਾਈ ਗਹਿਰ ਗਵਰ, ਗੁਣੀ ਗਹੀਰ ਗੋਬਿੰਦ । ਜਗਤ ਤ੍ਰਿਸਨਾ ਜਗਤ ਕਵਰ, ਮਾਇਆ ਮਮਤਾ ਸਗਲੀ ਚਿੰਦ । ਗੁਰਮੁਖ ਵਿਰਲੇ ਮਾਨਸ ਜਨਮ ਜਾਏ ਸਵਰ, ਮਨਮੁਖਾਂ ਮੁਖ ਰੱਖੇ ਨਿੰਦ । ਹਰਿ ਬਿਨ ਕੋਈ ਨਾ ਦੂਜਾ ਦਿਸੇ ਅਵਰ, ਹਰਿ ਸਾਗਰ ਡੂੰਘਾ ਸਿੰਧ । ਜੀਵ ਜੰਤ ਕਲਜੁਗ ਭਵਰ, ਘੁੰਮਣ ਘੇਰ ਬੇਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਬਾਲ ਨਿਸ਼ਾਨਾ ਮਨ ਮਣੀਆ ਜੇਹਵਾ ਮੰਤ ।

ਕਾਇਆ ਕਪੜ ਕਰਮ ਰੰਗ, ਕਲਜੁਗ ਪਾਰ ਲਗਾਈਆ । ਜੂਠ ਝੂਠ ਧਾਰਾ ਵਹੇ ਗੰਗ, ਵਗੇ ਧਾਰ ਵਾਹੋ ਦਾਹੀਆ । ਮਨਮਤ ਤਟ ਕਿਨਾਰ ਨੁਹਾਏ ਗੰਗ, ਪੜਦਾ ਕੋਇ ਨਾ ਉਪਰ ਪਾਈਆ । ਜੀਵ ਜੰਤ ਨਾ ਦਿਸੇ ਕੋਈ ਸੰਗ, ਸਗਲਾ ਸਾਥ ਨਾ ਕੋਇ ਨਿਭਾਈਆ । ਗੁਰਮੁਖ ਵਿਰਲਾ ਮੰਗੇ ਨਾਮ ਮੰਗ, ਚਰਨ ਪ੍ਰੀਤ ਸੱਚੀ ਸਰਨਾਈਆ । ਮਾਨਸ ਜਨਮ ਨਾ ਹੋਏ ਭੰਗ, ਜਿਸ ਬਖ਼ਸ਼ੇ ਬੇਪਰਵਾਹੀਆ । ਅੰਗੀਕਾਰ ਲਾਏ ਅੰਗ, ਆਪ ਆਪਣੀ ਗੋਦ ਉਠਾਈਆ । ਨਾਮ ਬਿਠਾਏ ਸਚ ਪਲੰਘ, ਸਾਚੀ ਸੇਜ ਸੁਹਾਈਆ । ਕੱਟਣਹਾਰਾ ਭੁੱਖ ਨੰਗ, ਗ਼ਰੀਬ ਨਿਮਾਣੇ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਦਾਤਾ ਜੀਵਤ ਮੁਕਤ ਕਰਾਈਆ ।

## ✪ ੨੪ ਚੇਤ ੨੦੧੬ ਬਿਕ੍ਰਮੀ ਕਰਮ ਸਿੰਘ ਦੇ ਘਰ ਬੰਡਾਲਾ ✪

ਮਨਸਾ ਮਾਨਸ ਇਕ ਜਨ, ਗੁਰ ਚਰਨ ਸੱਚੀ ਜਗ ਪ੍ਰੀਤ । ਸਹਿੰਸਾ ਰੋਗ ਨਿਕਲੇ ਤਨ, ਸਾਂਤਕ ਠਾਂਡਾ ਸੀਤ । ਗੁਰ ਸ਼ਬਦੀ ਭਾਣਾ ਜਾਏ ਮੰਨ, ਰੱਖੇ ਸਦ ਅਤੀਤ । ਸ਼ਬਦ ਅਨਾਦੀ ਸੁਣੇ ਕੰਨ, ਹੋਏ ਪਤਿਤ ਪੁਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਸੇ ਆਪ ਚੀਤ । ਚਿਤ ਵਸੇ ਜਿਸ ਪਾਰਬ੍ਰਹਮ ਮਿਟੇ ਦੁੱਖ ਅੰਧਿਆਰ । ਲੇਖ ਚੁਕਾਏ ਜਨਮ ਕਰਮ, ਭਾਂਡਾ ਭਰਮ ਨਿਵਾਰ । ਸਤਿ ਸਰਨਾਈ ਸਾਚੀ ਸਰਨ, ਸਤਿਗੁਰ ਪੁਰਖ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਚਰਨ ਅਧਾਰ । ਚਰਨ ਪ੍ਰੀਤੀ ਜਗਤ ਪ੍ਰੀਖਿਆ, ਆਪਣੀ ਆਪ ਰਖਾਈਆ । ਗੁਰਮੁਖਾਂ ਦੇਵੇ ਸਾਚੀ ਸਿਖਿਆ, ਏਕਾ ਇਸ਼ਟ ਜਣਾਈਆ । ਦਰ ਘਰ ਸਾਚਾ ਸਾਚੀ ਮੰਗਣੀ ਭਿਖਿਆ, ਭਿਖਕ ਭੀਖ ਨਾਮ ਝੋਲੀ ਪਾਈਆ । ਗੁਰ ਸਤਿਗੁਰ ਜੋ ਜਨ ਨਜ਼ਰੀ ਵੇਖਿਆ, ਆਪਣੀ ਦਿਸ਼ਾ ਹਿੱਸਾ ਆਪ ਵੰਡਾਈਆ । ਮਾਇਆ ਮਮਤਾ ਮੋਹ ਵਿਕਾਰ ਚੱਕੀ ਨਾ ਪੀਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਕਰਮ ਕੁਕਰਮਾਂ ਲੇਖੇ ਲਾਈਆ ।

## ✪ ੨੪ ਚੇਤ ੨੦੧੬ ਬਿਕ੍ਰਮੀ ਸੁਰੈਣ ਸਿੰਘ ਦੇ ਘਰ ਜੰਡਿਆਲਾ ਗੁਰੂ ✪

ਹਰਿ ਹਰਿ ਵਡਿਆਈ ਧੰਨ, ਸਤਿਗੁਰ ਨਾਉਂ ਧਰਾਇਆ । ਸਤਿਗੁਰ ਵਡਿਆਈ ਧੰਨ, ਗੁਰ ਗੁਰ ਸ਼ਬਦ ਅਲਾਇਆ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਲਏ ਜਗਾਇਆ । ਗੁਰਮੁਖ ਵਡਿਆਈ ਧੰਨ, ਗੁਰਸਿਖ ਲਏ ਮਿਲਾਇਆ । ਗੁਰਸਿਖ ਵਡਿਆਈ ਧੰਨ, ਜੋ ਹਰਿ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨੂਰ ਸਮਾਇਆ । ਹਰਿ ਵਡਿਆਈ ਧੰਨ, ਸਤਿ ਪੁਰਖ ਅਖਵਾਇੰਦਾ । ਸਤਿ ਪੁਰਖ ਵਡਿਆਈ ਧੰਨ, ਗੁਰ ਗੁਰ ਡੇਰਾ ਲਾਇੰਦਾ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਮੰਤਰ ਨਾਮ ਦ੍ਰਿੜਾਇੰਦਾ । ਗੁਰਮੁਖ ਵਡਿਆਈ ਧੰਨ, ਗੁਰਸਿਖ ਸੰਗ ਨਿਭਾਇੰਦਾ । ਗੁਰਸਿਖ ਵਡਿਆਈ ਧੰਨ, ਭਾਂਡਾ ਭਰਮ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਨੂਰ ਨੂਰ ਰਖਾਇੰਦਾ । ਹਰਿ ਵਡਿਆਈ ਧੰਨ, ਸਤਿਗੁਰ ਇਸ਼ਟ ਦੇਵ ਅਖਵਾਈਆ । ਸਤਿਗੁਰ ਵਡਿਆਈ ਧੰਨ, ਗੁਰ ਏਕਾ ਏਕ ਬੁਝਾਈਆ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਜੋਤ ਨਿਰੰਜਣ ਆਪ ਜਗਾਈਆ । ਗੁਰਮੁਖ ਵਡਿਆਈ ਧੰਨ, ਗੁਰਸਿਖ ਸੱਜਣ ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਹਰਿ ਵਡਿਆਈ ਧੰਨ, ਸਤਿਗੁਰ ਪੂਰਾ ਅਖਵਾਇੰਦਾ । ਸਤਿਗੁਰ ਵਡਿਆਈ ਧੰਨ, ਹਾਜ਼ਰ ਹਜ਼ੂਰਾ ਗੁਰ ਉਪਾਇੰਦਾ । ਗੁਰ ਗੁਰ ਵਡਿਆਈ ਧੰਨ, ਗੁਰਮੁਖਾਂ ਰਾਗ ਸੁਣਾਇੰਦਾ । ਗੁਰਮੁਖ ਵਡਿਆਈ ਧੰਨ, ਗੁਰਸਿਖ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਇੰਦਾ । ਹਰਿ ਵਡਿਆਈ ਧੰਨ, ਸਤਿਗੁਰ ਚੰਨ ਚੜ੍ਹਾਇਆ । ਸਤਿਗੁਰ ਵਡਿਆਈ ਧੰਨ, ਗੁਰ ਜੋਤ ਨੂਰ ਰੁਸ਼ਨਾਇਆ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਸ਼ਬਦ ਉਪਾਇਆ । ਗੁਰਮੁਖ ਵਡਿਆਈ ਧੰਨ, ਗੁਰਸਿਖਾਂ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ

ਰੰਗ ਰੰਗਾਇਆ । ਸਤਿਗੁਰ ਧੰਨ ਵਡਿਆਈ, ਹਰਿ ਸੱਜਣ ਸਚ ਅਖਵਾਇੰਦਾ । ਗੁਰ ਗੁਰ ਵੇਖ ਵਖਾਈ, ਗੁਰ ਰੂਪ ਵੇਸ ਵਟਾਇੰਦਾ । ਗੁਰਮੁਖਾਂ ਮੇਲ ਮਿਲਾਈ, ਮੇਲ ਮਿਲਾਵਾ ਆਪ ਜਣਾਇੰਦਾ । ਗੁਰਸਿਖਾਂ ਵੱਜੇ ਵਧਾਈ, ਘਰ ਸਾਚਾ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰਾਗ ਅਲਾਇੰਦਾ । ਗੁਰਸਿਖ ਵਡਿਆਈ ਧੰਨ, ਸੁਣਿਆ ਰਾਗ ਅਨਾਦਿਆ । ਗੁਰਮੁਖ ਵਡਿਆਈ ਧੰਨ, ਮਿਲਿਆ ਮੇਲ ਬ੍ਰਹਮ ਬ੍ਰਹਮਾਦਿਆ । ਗੁਰ ਵਡਿਆਈ ਧੰਨ, ਸੇਵਾ ਕਰੇ ਆਦਿ ਜੁਗਾਦਿਆ । ਸਤਿਗੁਰ ਵਡਿਆਈ ਧੰਨ, ਏਕਾ ਏਕ ਬੋਧ ਅਗਾਧਿਆ । ਹਰਿ ਹਰਿ ਵਡਿਆਈ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਵਾਦਿਆ । ਹਰਿ ਵਡਿਆਈ ਧੰਨ, ਘਰ ਸਾਚੇ ਸਤਿਗੁਰ ਮੇਲਿਆ । ਸਤਿਗੁਰ ਵਡਿਆਈ ਧੰਨ, ਗੁਰ ਗੁਰ ਹੋਏ ਗੁਰੂ ਗੁਰ ਚੇਲਿਆ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਵੇਖੇ ਰੰਗ ਨਵੇਲਿਆ । ਗੁਰਮੁਖ ਵਡਿਆਈ ਧੰਨ, ਗੁਰਸਿਖਾਂ ਸੰਗ ਖੇਲ ਸਾਚਾ ਖੇਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸੱਜਣ ਸੁਹੇਲਿਆ । ਗੁਰਸਿਖ ਵਡਿਆਈ ਧੰਨ, ਪਾਇਆ ਸੱਜਣ ਮੀਤ । ਗੁਰਮੁਖ ਵਡਿਆਈ ਧੰਨ, ਹੋਇਆ ਠੰਡਾ ਸੀਤ । ਗੁਰ ਗੁਰ ਵਡਿਆਈ ਧੰਨ, ਬੈਠਾ ਰਹੇ ਅਤੀਤ । ਸਤਿਗੁਰ ਵਡਿਆਈ ਧੰਨ, ਆਦਿ ਜੁਗਾਦੀ ਪਤਿਤ ਪੁਨੀਤ । ਹਰਿ ਹਰਿ ਵਡਿਆਈ ਧੰਨ, ਆਪੇ ਹਸਤ ਆਪੇ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰੀਤ । ਹਰਿ ਵਡਿਆਈ ਧੰਨ, ਸਤਿਗੁਰ ਗੁਰ ਸਲਾਹਿੰਦਾ । ਗੁਰਮੁਖ ਗੁਰਸਿਖ ਏਕਾ ਕਰ, ਏਕਾ ਦਰ ਬਹਾਇੰਦਾ । ਗੁਰਸਿਖ ਗੁਰਮੁਖ ਫੜਿਆ ਲੜ, ਸਾਚੀ ਗੰਢ ਬੰਧਾਇੰਦਾ । ਗੁਰ ਸਤਿਗੁਰ ਪੌੜੇ ਜਾਏ ਚੜ੍ਹ, ਏਕਾ ਡੰਡਾ ਹੱਥ ਫੜਾਇੰਦਾ । ਹਰਿ ਹਰਿ ਅੱਗੇ ਵੇਖੇ ਖੜ, ਜੋਤੀ ਨੂਰ ਡਗਮਗਾਇੰਦਾ । ਹਰਿ ਕਾ ਰੂਪ ਅਪਰ ਅਪਰ, ਰੰਗ ਰੇਖ ਨਾ ਕੋਇ ਰਖਾਇੰਦਾ । ਸਤਿਗੁਰ ਗੁਰ ਅੰਦਰ ਵੜ, ਆਪ ਆਪਣਾ ਸ਼ਬਦ ਚਲਾਇੰਦਾ । ਗੁਰਮੁਖ ਗੁਰਸਿਖ ਆਪੇ ਫੜ, ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖ ਗੁਰਮੁਖ ਏਕਾ ਅੱਖਰ ਜਾਇਣ ਪੜ੍ਹ, ਸਾਚੀ ਵਿਦਿਆ ਆਪ ਪੜ੍ਹਾਇੰਦਾ । ਗੁਰ ਸਤਿਗੁਰ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤੱਤ ਵਖਾਇੰਦਾ । ਹਰੀ ਹਰਿ ਆਪੇ ਲਾਏ ਆਪਣੀ ਜੜ, ਆਪੇ ਪੁੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਧੰਨ ਵਡਿਆਈ ਭਗਤ ਜਨ, ਏਕਾ ਓਟ ਰਖਾਈਆ । ਧੰਨ ਵਡਿਆਈ ਸੰਤ ਜਨ, ਮੁਖ ਏਕਾ ਚੋਗ ਪਾਈਆ । ਧੰਨ ਵਡਿਆਈ ਭਗਤ ਜਨ, ਧੁਰ ਸੰਜੋਗੀ ਮੇਲ ਮਿਲਾਈਆ । ਧੰਨ ਵਡਿਆਈ ਸੰਤ ਜਨ, ਹਉਮੇ ਦੂਈ ਰੋਗ ਗਵਾਈਆ । ਦੋਹਾਂ ਵਿਚੋਲਾ ਆਪੇ ਬਣ, ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਵਜਾਏ ਸੱਚੀ ਵਧਾਈਆ । ਧੰਨ ਵਡਿਆਈ ਭਗਤ ਜਨ, ਹਰਿ ਹਰਿ ਸੱਜਣ ਪਾਇਆ । ਧੰਨ ਵਡਿਆਈ ਸੰਤ ਜਨ, ਘਰ ਮਜਨ ਏਕਾ ਨੁਹਾਇਆ । ਧੰਨ ਧੰਨ ਵਡਿਆਈ ਭਗਤ ਜਨ, ਨੇਤਰ ਕਜਲ ਏਕਾ ਪਾਇਆ । ਧੰਨ ਧੰਨ ਵਡਿਆਈ ਸੰਤ ਜਨ, ਨਾਮ ਨਗਾਰਾ ਸਾਚਾ ਵੰਝਲ ਇਕ ਵਜਾਇਆ । ਦੋਹਾਂ ਵਿਚੋਲਾ ਆਪ ਬਣ, ਹਰਿ ਸ਼ਬਦੀ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਸਗਨ ਮਨਾਇਆ । ਧੰਨ ਵਡਿਆਈ ਭਗਤ ਜਨ, ਆਤਮ ਅੰਤਰ ਇਕ ਪਰਕਾਸ਼ । ਧੰਨ ਵਡਿਆਈ ਸੰਤ ਜਨ, ਮਿਲਿਆ ਮੇਲ ਪੁਰਖ ਅਬਿਨਾਸ਼ । ਧੰਨ ਵਡਿਆਈ ਭਗਤ

ਜਨ, ਪਾਰ ਕਿਨਾਰਾ ਪ੍ਰਿਥਮੀ ਆਕਾਸ਼ । ਧੰਨ ਵਡਿਆਈ ਸੰਤ ਜਨ, ਘਰ ਸਾਚੇ ਪਾਇਣ ਰਾਸ । ਦੋਹਾਂ ਵਿਚੋਲਾ ਆਪ ਬਣ, ਗੁਰ ਸ਼ਬਦੀ ਵਸੇ ਪਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗ ਜੁਗ ਖੇਲੇ ਖੇਲ ਤਮਾਸ । ਧੰਨ ਵਡਿਆਈ ਭਗਤ ਜਨ, ਹਰਿ ਮੇਲਾ ਕਮਲਾਪਾਤੀਆ । ਧੰਨ ਵਡਿਆਈ ਸੰਤ ਜਨ, ਮਿਟੀ ਰੈਣ ਅੰਧੇਰੀ ਰਾਤੀਆ । ਧੰਨ ਵਡਿਆਈ ਭਗਤ ਜਨ, ਏਕਾ ਪਾਇਆ ਪੁਰਖ ਬਿਧਾਤੀਆ । ਧੰਨ ਵਡਿਆਈ ਸੰਤ ਜਨ, ਅੰਮ੍ਰਿਤ ਪੀਆ ਬੂੰਦ ਸਵਾਂਤੀਆ । ਦੋਹਾਂ ਵਿਚੋਲਾ ਆਪ ਬਣ, ਗੁਰ ਸ਼ਬਦ ਪੜ੍ਹਾਏ ਇਕ ਜਮਾਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਬੌਹ ਬਿਧ ਭਾਂਤੀਆ । ਧੰਨ ਵਡਿਆਈ ਭਗਤ ਜਨ, ਹਰਿ ਹਰਿ ਨਾਮਾ ਗਾਇਆ । ਧੰਨ ਵਡਿਆਈ ਸੰਤ ਜਨ, ਪੂਰਨ ਕਾਮਾਂ ਆਪ ਕਰਾਇਆ । ਧੰਨ ਵਡਿਆਈ ਭਗਤ ਜਨ, ਨਾਮ ਦਮਾਮਾ ਇਕ ਵਜਾਇਆ । ਧੰਨ ਵਡਿਆਈ ਸੰਤ ਜਨ, ਅੰਧੇਰੀ ਸ਼ਾਮਾ ਮੇਟ ਮਿਟਾਇਆ । ਦੋਹਾਂ ਵਿਚੋਲਾ ਆਪ ਬਣ, ਏਕਾ ਕਪੜ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਪੜਦਾ ਪਾਇਆ । ਧੰਨ ਵਡਿਆਈ ਭਗਤ ਜਨ, ਚੁੱਕਿਆ ਮਾਇਆ ਮੋਹ ਪਿਆਰ । ਧੰਨ ਵਡਿਆਈ ਸੰਤ ਜਨ, ਨਾਤਾ ਤੁੱਟਾ ਕਾਮ ਕਰੋਧ ਲੋਭ ਮੋਹ ਹੰਕਾਰ । ਧੰਨ ਵਡਿਆਈ ਭਗਤ ਜਨ, ਆਸਾ ਤ੍ਰਿਸਨਾ ਦਿਤੀ ਮਾਰ । ਧੰਨ ਵਡਿਆਈ ਸੰਤ ਜਨ, ਹਓਮੇ ਤੋੜਿਆ ਗੜ੍ਹ ਹੰਕਾਰ । ਦੋਹਾਂ ਵਿਚੋਲਾ ਆਪ ਬਣ, ਸ਼ਬਦ ਫੜਾਏ ਹੱਥ ਕਟਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਕਰੇ ਵਿਚਾਰ । ਧੰਨ ਵਡਿਆਈ ਭਗਤ ਜਨ, ਜਗਤ ਵਿਕਾਰਾ ਕੱਟਿਆ । ਧੰਨ ਵਡਿਆਈ ਸੰਤ ਜਨ, ਜਗਤ ਜਹਾਨੋਂ ਬੈਠਾ ਰੁੱਠਿਆ । ਧੰਨ ਵਡਿਆਈ ਭਗਤ ਜਨ, ਘਰ ਆਪਣਾ ਆਪੇ ਲੁੱਟਿਆ । ਧੰਨ ਵਡਿਆਈ ਸੰਤ ਜਨ, ਕੂੜਾ ਕੀਤਾ ਮੂਧਾ ਠੂਠਿਆ । ਦੋਹਾਂ ਵਿਚੋਲਾ ਆਪ ਬਣ, ਗੁਰ ਸ਼ਬਦੀ ਆਪੇ ਤੁਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪ ਮਨਾਵੇ ਜੁਗਾਂ ਜੁਗੰਤਰ ਰੁੱਠਿਆ । ਧੰਨ ਵਡਿਆਈ ਸੰਤ ਜਨ, ਹੋਇਆ ਖ਼ਾਕੀ ਖ਼ਾਕ । ਧੰਨ ਵਡਿਆਈ ਭਗਤ ਜਨ, ਹੋਇਆ ਪਾਕੀ ਪਾਕ । ਧੰਨ ਵਡਿਆਈ ਸੰਤ ਜਨ, ਹਰਿ ਬਣਿਆ ਸਾਚਾ ਸਾਕ । ਧੰਨ ਵਡਿਆਈ ਭਗਤ ਜਨ, ਘਰ ਵੇਖੇ ਖੁਲ੍ਹਿਆ ਤਾਕ । ਦੋਹਾਂ ਵਿਚੋਲਾ ਆਪ ਬਣ, ਗੁਰ ਸ਼ਬਦ ਸੁਣਾਏ ਆਪਣਾ ਵਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਹਰਿਜਨ ਵੇਖੇ ਮਾਰ ਝਾਕ । ਧੰਨ ਵਡਿਆਈ ਭਗਤ ਜਨ, ਮਿਲਿਆ ਪੁਰਖ ਅਗੰਮ । ਧੰਨ ਵਡਿਆਈ ਸੰਤ ਜਨ, ਘਰ ਸਾਚੇ ਪਏ ਜੰਮ । ਧੰਨ ਵਡਿਆਈ ਭਗਤ ਜਨ, ਅੰਮ੍ਰਿਤ ਰਸ ਚੁੰਘਿਆ ਸਾਚਾ ਮੰਮ । ਧੰਨ ਵਡਿਆਈ ਸੰਤ ਜਨ, ਮਿਟੀ ਤ੍ਰਿਸਨਾ ਤਮ । ਦੋਹਾਂ ਵਿਚੋਲਾ ਆਪੇ ਬਣ, ਗੁਰ ਸ਼ਬਦੀ ਕਰੇ ਕੰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨ । ਧੰਨ ਵਡਿਆਈ ਭਗਤ ਜਨ, ਮਿਲਿਆ ਸ਼ਾਹ ਸੁਲਤਾਨ । ਧੰਨ ਵਡਿਆਈ ਸੰਤ ਜਨ, ਜੋਤ ਜਗੀ ਮਹਾਨ । ਧੰਨ ਵਡਿਆਈ ਭਗਤ ਜਨ, ਘਰ ਬੈਠੇ ਮੰਦਰ ਇਕ ਮਕਾਨ । ਧੰਨ ਵਡਿਆਈ ਸੰਤ ਜਨ, ਝੁੱਲੇ ਇਕ ਨਿਸ਼ਾਨ । ਦੋਹਾਂ ਵਿਚੋਲਾ ਆਪ ਬਣ, ਪਾਵੇ ਰਾਸ ਸਾਚਾ ਕਾਹਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਹੋਏ ਨਿਗਹਬਾਨ । ਭਗਤ ਵਡਿਆਈ ਧੰਨ ਧੰਨ, ਹਰਿ ਹਰਿ ਨਾਮਾ ਪਾਇਆ । ਸੰਤ ਵਡਿਆਈ ਧੰਨ, ਅੰਤਰਜਾਮਾ ਮੇਲ ਮਿਲਾਇਆ । ਗੁਰਸਿਖ ਵਡਿਆਈ ਧੰਨ,

ਗੁਰ ਮੰਤਰ ਨਾਮ ਦ੍ਰਿੜਾਇਆ । ਗੁਰਮੁਖ ਵਡਿਆਈ ਧੰਨ, ਏਕਾ ਇਸ਼ਟ ਵਖਾਇਆ । ਗੁਰ ਗੁਰ ਵਡਿਆਈ ਧੰਨ, ਦ੍ਰਿਸ਼ਟੀ ਦ੍ਰਿਸ਼ਟ ਦਏ ਖੁਲ੍ਹਾਇਆ । ਸਤਿਗੁਰ ਵਡਿਆਈ ਧੰਨ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਹਰਿ ਹਰਿ ਵਡਿਆਈ ਧੰਨ, ਆਦਿ ਜੁਗਾਦੀ ਖੇਲ ਖਿਲਾਇਆ । ਆਪਣਾ ਬੇੜਾ ਆਪੇ ਬੰਨ, ਜੁਗ ਜੁਗ ਆਪ ਚਲਾਇਆ । ਹਰਿ ਵਡਿਆਈ ਧੰਨ, ਸਤਿਗੁਰ ਪੁਰਖ ਉਠਾਇੰਦਾ । ਸਤਿਗੁਰ ਵਡਿਆਈ ਧੰਨ, ਗੁਰ ਗੁਰ ਨਾਲ ਰਲਾਇੰਦਾ । ਗੁਰ ਗੁਰ ਵਡਿਆਈ ਧੰਨ, ਗੁਰਮੁਖ ਮੁਖ ਸਲਾਹਿੰਦਾ । ਗੁਰਮੁਖ ਵਡਿਆਈ ਧੰਨ, ਗੁਰਸਿਖ ਤਰਾਇੰਦਾ । ਭਗਤ ਜਨ ਵਡਿਆਈ ਧੰਨ, ਭਗਤੀ ਮਾਰਗ ਇਕ ਵਖਾਇੰਦਾ । ਸੰਤ ਜਨ ਵਡਿਆਈ ਧੰਨ, ਸਤਿ ਸਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਉਠਿਆ ਹਰਿ ਸੱਚਾ ਮਿਹਰਵਾਨ, ਕਲਜੁਗ ਅੰਤਮ ਜੋਤ ਜਗਾਈਆ । ਸਤਿਗੁਰ ਪੂਰਾ ਨਿਗਹਬਾਨ, ਆਪ ਆਪਣਾ ਨੈਣ ਖੁਲ੍ਹਾਈਆ । ਗੁਰ ਗੁਰ ਦੇਵੇ ਸਾਚਾ ਦਾਨ, ਏਕਾ ਸ਼ਬਦ ਪੜ੍ਹਾਈਆ । ਗੁਰਮੁਖ ਸੋਹੰ ਸ਼ਬਦ ਮੰਤਰ ਮਨ ਮਾਨ, ਮਨ ਮਨਸਾ ਮੇਟ ਮਿਟਾਈਆ । ਗੁਰਸਿਖ ਸਾਚਾ ਚਤੁਰ ਸੁਜਾਨ, ਘਰ ਸਾਚੇ ਸੋਭਾ ਪਾਈਆ । ਭਗਤਨ ਮੇਲਾ ਵਿਚ ਜਹਾਨ, ਆਪਣਾ ਆਪ ਰਿਹਾ ਕਰਾਈਆ । ਸੰਤਾਂ ਦੇਵੇ ਧੁਰ ਫ਼ਰਮਾਨ, ਸ਼ਬਦ ਸੁਨੇਹੜਾ ਇਕ ਘਲਾਈਆ । ਦਾਤਾ ਦਾਨੀ ਹੋ ਪਰਧਾਨ, ਲੋਕਮਾਤ ਫੇਰਾ ਪਾਈਆ । ਸਤਿਜੁਗ ਤੇਰਾ ਸਾਚਾ ਬਣਾਏ ਆਪ ਵਿਧਾਨ, ਗੁਰਮੁਖ ਮੁਖੀਏ ਆਪ ਚੁਣਾਈਆ । ਹਰਿ ਸੰਗਤ ਸਾਚੀ ਕਰ ਪਰਵਾਨ, ਸ਼ਬਦ ਡੋਰੀ ਤੰਦ ਬੰਧਾਈਆ । ਭਗਤ ਸੰਤ ਸਿਖ ਗੁਰਮੁਖ ਗੁਰ ਸਤਿਗੁਰ ਹਰਿ ਹਰੀ ਨਰ ਨਰਾਇਣ, ਏਕਉਂਕਾਰ ਨਿਰਾਕਾਰ ਏਕਾ ਰੰਗ ਰੰਗਾਈਆ । ਹਰਿ ਸੰਗਤ ਤੇਰਾ ਉਚ ਮਹੱਲਾ, ਹਰਿ ਸਾਚੇ ਆਪ ਵਸਾਇਆ । ਸਤਿਗੁਰ ਬੈਠਾ ਇਕ ਅਕੱਲਾ, ਗੁਰ ਗੁਰ ਸ਼ਬਦ ਸੁਣਾਇਆ । ਗੁਰਮੁਖਾਂ ਗੁਰਸਿਖਾਂ ਆਪ ਫੜਾਇਆ ਆਪਣਾ ਪੱਲਾ, ਆਪਣੇ ਲੜ ਬੰਧਾਇਆ । ਭਗਤਾਂ ਭਗਤੀ ਆਪੇ ਰੱਲਾ, ਆਪ ਆਪਣਾ ਖੇਲ ਖਿਲਾਇਆ । ਸੰਤ ਦੁਲਾਰ ਕਰ ਪਿਆਰ ਸਚ ਸਨੇਹੜਾ ਆਪੇ ਘੱਲਾ, ਪਿਛਲਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਆਦਿ ਅੰਤ, ਗੁਰ ਸਤਿਗੁਰ ਸੋਭਾਵੰਤ, ਹਰਿ ਸੱਜਣ ਦਰ ਸੁਹਾਇਆ । ਕਲਜੁਗ ਤੇਰੀ ਵਾਰ ਅੰਤ, ਪਾਰਬ੍ਰਹਮ ਪ੍ਰਭ ਹਰਿ ਬੇਅੰਤ, ਹਰਿ ਸੰਗਤ ਮੇਲਾ ਏਕਾ ਕੰਤ, ਨਾਰ ਭਤਾਰ ਸ਼ਾਹ ਨਿਰੰਕਾਰ ਸਚਖੰਡ ਦਵਾਰ, ਧੁਰ ਦੀ ਕਾਰ ਨਿਰਵੈਰ ਨਿਰਾਧਾਰ ਆਪਣੀ ਆਪ ਕਰਾਇਆ । ਆਦਿ ਜੁਗਾਦੀ ਜੁਗ ਜੁਗ ਕਰ ਪਸਾਰ, ਆਪੇ ਮੇਟ ਮਿਟਾਇਆ । ਸੰਤ ਭਗਤ ਗੁਰਮੁਖ ਗੁਰਸਿਖ ਹੋਏ ਸੇਵਾਦਾਰ, ਗੁਰ ਸਤਿਗੁਰ ਸੇਵ ਕਮਾਇਆ । ਸ਼ਬਦ ਗੁਰ ਪਹਿਰੇਦਾਰ, ਅੱਠੇ ਪਹਿਰ ਆਲਸ ਨਿੰਦਰਾ ਵਿਚ ਨਾ ਆਇਆ । ਨਿਤ ਨਵਿਤ ਭਗਤਨ ਹਿਤ ਲੋਕਮਾਤ ਕਰੇ ਸੈਰ, ਦਰਗਹਿ ਸਾਚੀ ਵੜਣ ਨਾ ਦੇਵੇ ਐਰ ਗ਼ੈਰ, ਲੱਖ ਚੁਰਾਸੀ ਹੇਰ ਫੇਰ, ਮਨਮੁਖਾਂ ਮਨਮੁਖਤਾ ਲਏ ਘੇਰ, ਸੰਝ ਸਵੇਰ ਨਾ ਕੋਇ ਰਖਾਇਆ । ਪਰਗਟ ਜੋਧਾ ਸੂਰਬੀਰ ਸਿੰਘ ਸ਼ੇਰ ਸ਼ੇਰ ਦਲੇਰ ਹੰ ਬ੍ਰਹਮ ਸੋਇਮ ਰੂਪ ਵਿਸ਼ਨੂ ਵੰਸੀ ਭਗਵਨ ਧਾਰ ਜੋਤ ਨਿਰੰਕਾਰ, ਪੁਰਖ ਅਕਾਲ ਦੀਨ ਦਿਆਲ ਬ੍ਰਹਿਮੰਡ ਬਣਾਏ ਇਕ ਧਰਮਸਾਲ, ਕੋਟਨ ਕੋਟੀ ਬ੍ਰਹਮਾ ਵਿਸ਼ਨ ਸ਼ਿਵ ਆਦਿ ਜੁਗਾਦਿ ਉਪਾਏ ਅੰਤ ਕਰੇ ਜਵਾਲ, ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਏਕਾ ਏਕ ਏਕਾ ਟੇਕ ਏਕਾ ਲੇਖ ਏਕਾ ਰਿਹਾ ਵੇਖ, ਦੂਸਰ ਕੋਇ ਰਹਿਣ ਨਾ ਪਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਮੇਲੇ, ਗੁਰਸਿਖਾਂ ਚਾੜ੍ਹੇ ਤੇਲੇ, ਗੁਰ ਸਤਿਗੁਰ ਸੱਜਣ

੪੪੧ ੦੮

ਸੱਜਣ ਸੁਹੇਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਰੂਪ ਕਰਤਾਰ ਬ੍ਰਹਮਾ ਵੇਦ ਨਾ ਪਾਏ ਸਾਰ, ਅੰਤਮ ਸਭ ਨੂੰ ਆਏ ਹਾਰ, ਬਿਨ ਹਰਿ ਬੇੜਾ ਕੋਈ ਨਾ ਕਰੇ ਪਾਰ, ਲੱਖ ਚੁਰਾਸੀ ਖੜੀ ਕੰਢੇ ਮੰਝਧਾਰ, ਮਨ ਮਤ ਏਕਾ ਧੱਕਾ ਦੇਵੇ ਮਾਰ, ਮੂੰਹ ਦੇ ਭਾਰ ਰੁੜ੍ਹਾਈਆ । ਗੁਰਸਿਖ ਨਾਰੀ ਘਰ ਪਾਇਆ, ਹਰਿ ਕੰਤ ਭਤਾਰ । ਭੁਜਾ ਭੁਜੰਗਮ ਮੀਤ ਮੁਰਾਰ । ਚਾਲ ਬੇਹੰਗਮ ਵਿਚ ਸੰਸਾਰ । ਜੋਗੀ ਜੰਗਮ ਨਾ ਪਾਇਣ ਸਾਰ । ਜਾਗਰਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਪਣੇ ਨੇਤਰ ਫੇਰ ਬ੍ਰਹਿਮੰਡ ਰੱਖੇ ਕੋਟੀ ਕੋਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣਿਆ ਆਦਿ ਜੁਗਾਦੀ ਜੁਗ ਜੁਗ ਚੋਰ, ਗੁਰਮੁਖਾਂ ਦੇਵੇ ਨਾਮ ਧਨ ਅੰਧੇਰ ਅੰਧ ਘੋਰ । ਆਉਂਦਾ ਜਾਂਦਾ ਥੱਕਾ ਮਾਂਦਾ । ਪਾਂਧੀ ਪੰਧ ਮਕਾਉਂਦਾ ਜਾਂਦਾ । ਗੁਰਸਿਖਾਂ ਗੀਤ ਗਾਉਂਦਾ ਜਾਂਦਾ । ਰੁਠੜੇ ਮਾਤ ਮਨਾਉਂਦਾ ਜਾਂਦਾ । ਫੜ ਫੜ ਬਾਂਹੋਂ ਗਲੇ ਲਗਾਂਦਾ ਜਾਂਦਾ । ਪਿਛਲਾ ਲਿਖਿਆ ਲੇਖ ਮਿਟਾਉਂਦਾ ਜਾਂਦਾ । ਅੰਮ੍ਰਿਤ ਜਾਮ ਪਿਆਂਦਾ ਜਾਂਦਾ । ਗੁਰ ਗੋਬਿੰਦ ਮਿਲਾਉਂਦਾ ਜਾਂਦਾ । ਨਾਨਕ ਨਿਰਗੁਣ ਕੋਲੋਂ ਬਖ਼ਸ਼ਾਂਦਾ ਜਾਂਦਾ । ਸੰਗ ਮੁਹੰਮਦ ਕੋਲੋਂ ਰਾਹ ਵਿਚ ਰਵਾਉਂਦਾ ਜਾਂਦਾ । ਕਰੋੜ ਤੇਤੀਸਾ ਨੇਤਰ ਧਾਰ ਵਹਾਉਂਦਾ ਜਾਂਦਾ । ਸ਼ੰਕਰ ਬਾਸ਼ਕ ਹਾਰ ਗਲੋਂ ਸਟਾਂਦਾ ਜਾਂਦਾ । ਬ੍ਰਹਮਾ ਮੁਖ ਚਾਰ ਉਘਾੜ, ਵਾਹ ਵਾਹ ਤੇਰੇ ਗੀਤ ਸੁਣਾਉਦਾ ਜਾਂਦਾ । ਵਿਸ਼ਨੂੰ ਵੰਸੀ ਕਰ ਪਿਆਰ, ਤੇਰੀ ਡੋਲੀ ਆਪਣੇ ਕੰਧ ਉਠਾਉਂਦਾ ਜਾਂਦਾ । ਲੈ ਕੇ ਜਾਏ ਧੁਰ ਦਰਬਾਰ, ਪੁਰਖ ਅਕਾਲ ਅੱਗੇ ਬੈਠਾ ਰਾਹ ਤਕਉਂਦਾ ਜਾਂਦਾ । ਵਸੇ ਸੱਚੀ ਧਰਮਸਾਲ, ਹਰਿ ਸੰਗਤ ਸੱਚੀ ਮੇਲ ਮਿਲਾਉਂਦਾ ਜਾਂਦਾ । ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣੇ ਰੰਗ ਰੰਗਾਉਂਦਾ ਜਾਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰੇ ਸਾਚੇ ਭਰ, ਗੁਰਸਿਖਾਂ ਵਖਾਏ ਆਪਣਾ ਦਰ, ਆਪਣੀ ਹੱਥੀਂ ਆਪੇ ਵਿਦਾ ਕਰਾਉਂਦਾ ਜਾਂਦਾ ।

### ✪ ੨੪ ਚੇਤ ੨੦੧੬ ਬਿਕ੍ਰਮੀ ਸਵਰਨ ਸਿੰਘ ਦੇ ਘਰ ਜੰਡਿਆਲਾ ਗੁਰੂ ✪

ਹਰਿ ਸ਼ਬਦ ਬਲਵਾਨ, ਕੂੜਾ ਬਲਵਾ ਦਏ ਮਿਟਾਇਆ । ਹਰਿ ਸ਼ਬਦ ਮਿਹਰਵਾਨ, ਏਕਾ ਕਲਮਾ ਦਏ ਪੜ੍ਹਾਇਆ । ਗੁਰ ਸ਼ਬਦ ਪਰਧਾਨ, ਆਲਮ ਉਲਮਾਤ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਦਏ ਵਡਿਆਇਆ । ਸ਼ਬਦ ਗੁਰ ਸ਼ਬਦ ਗੁਰ ਦੀਨਾ, ਗੁਰ ਸ਼ਬਦ ਵੱਡੀ ਵਡਿਆਈਆ । ਸ਼ਬਦ ਸ਼ਬਦ ਗੁਰ ਦਾਨਾ ਬੀਨਾ, ਗੁਰ ਸ਼ਬਦ ਵੱਜੀ ਵਧਾਈਆ । ਗੁਰ ਸ਼ਬਦ ਲੇਖ ਚੁਕਾਏ ਲੋਕਾਂ ਤੀਨਾਂ, ਗੁਰ ਸ਼ਬਦ ਦਰ ਘਰ ਸਾਚੇ ਮੇਲ ਮਿਲਾਈਆ । ਗੁਰ ਸ਼ਬਦ ਲੋਕਮਾਤ ਗੁਰਮੁਖ ਵਿਰਲੇ ਚੀਨਾ, ਆਤਮ ਅੰਤਰ ਜਿਸ ਜਣਾਈਆ । ਗੁਰ ਸ਼ਬਦ ਤਨ ਮਨ ਕਰੇ ਭੀਨਾ, ਭਿੰਨੜੀ ਰੈਣ ਸਬਾਈਆ । ਗੁਰ ਸ਼ਬਦ ਗੁਰਮੁਖ ਮਿਲਾਏ ਜਿਉਂ ਜਲ ਮੀਨਾ, ਘਰ ਸਾਗਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਦਏ ਵਡਿਆਈਆ । ਗੁਰ ਸ਼ਬਦ ਹਰਿ ਤਰਾਨਾ, ਸਤਿਗੁਰ ਪੁਰਖ ਅਲਾਇੰਦਾ । ਗੁਰ ਸ਼ਬਦ ਅਨਹਦ ਗਾਣਾ, ਪਾਰਬ੍ਰਹਮ ਸੁਣਾਇੰਦਾ । ਗੁਰ ਸ਼ਬਦ ਸਾਚਾ ਰਾਣਾ, ਦੋ ਜਹਾਨਾਂ ਵੇਖ ਵਖਾਇੰਦਾ । ਗੁਰ ਸ਼ਬਦ ਦੇਵੇ ਮਾਣਾ,

ਨਿਮਾਣ ਨਿਮਾਣਿਆਂ ਗਲੇ ਲਗਾਇੰਦਾ । ਗੁਰ ਸ਼ਬਦ ਚੁਕਾਏ ਆਵਣ ਜਾਣਾ, ਜੋ ਜਨ ਰਸਨਾ ਹਰਿ ਗੁਣ ਗਾਇੰਦਾ । ਗੁਰ ਸ਼ਬਦ ਦੇਵੇ ਪਦ ਨਿਰਬਾਣਾ, ਪਰਮ ਪੁਰਖ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਨਿਸ਼ਾਨ ਝੁਲਾਇੰਦਾ । ਗੁਰ ਸ਼ਬਦ ਸਚ ਨਿਸ਼ਾਨ, ਹਰਿ ਸਾਚਾ ਆਪ ਝੁਲਾਈਆ । ਖੇਲੇ ਖੇਲ ਸ੍ਰੀ ਭਗਵਾਨ, ਜੁਗ ਕਰਤਾ ਵਡ ਵਡਿਆਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਲੋਕਮਾਤ ਵੰਡ ਵੰਡਾਈਆ । ਵਰਭੰਡੀ ਹਰਿ ਹਰਿ ਪਰਧਾਨ, ਸ਼ਬਦੀ ਸ਼ਬਦ ਧਰਾਈਆ । ਸ਼ਬਦ ਅਨਾਦੀ ਇਕ ਗਿਆਨ, ਲੱਖ ਚੁਰਾਸੀ ਕਰੇ ਪੜ੍ਹਾਈਆ । ਗੁਰਮੁਖ ਵਿਰਲੇ ਦੇਵੇ ਮਾਣ, ਜਿਸ ਜਨ ਬੂਝ ਬੁਝਾਈਆ । ਅੰਤਰ ਆਤਮ ਆਪ ਪਛਾਨ, ਅਨਭਵ ਪਰਕਾਸ਼ ਵਖਾਈਆ । ਗੁਰ ਸ਼ਬਦ ਵਖਾਏ ਤੀਰ ਕਮਾਨ, ਰਸਨਾ ਚਿੱਲੇ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਨਾਉਂ ਉਪਾਈਆ । ਸ਼ਬਦ ਨਿਰਾਲਾ ਤੀਰ, ਗੁਰ ਗੁਰਸਿਖ ਆਪ ਲਗਾਇੰਦਾ । ਹਉਮੇ ਹੰਗਤਾ ਕੱਢੇ ਪੀੜ, ਦੂਈ ਦਵੈਤੀ ਮੇਟ ਮਿਟਾਇੰਦਾ । ਅੰਮ੍ਰਿਤ ਆਤਮ ਰਸ ਦੇਵੇ ਠੰਡਾ ਸੀਰ, ਨਿਝਰਧਾਰਾ ਆਪ ਚੁਆਇੰਦਾ । ਬਜਰ ਕਪਾਟੀ ਪੜਦਾ ਚੀਰ, ਚੋਟੀ ਅਖ਼ੀਰ ਆਪ ਬਹਾਇੰਦਾ । ਆਤਮ ਸੇਜਾ ਪੀਰਨ ਪੀਰ, ਦਸਤਗੀਰ ਮੇਲ ਮਿਲਾਇੰਦਾ । ਜਗਤ ਜੰਜਾਲਾ ਤੋੜ ਜ਼ੰਜੀਰ, ਘਰ ਸਚ ਵਹੀਰ ਵਖਾਇੰਦਾ । ਆਪਣੇ ਮੰਦਰ ਚਾਰ ਦੀਵਾਰੀ ਆਪੇ ਖਿਚੀ ਲਕੀਰ, ਬਿਨ ਗੁਰ ਪੂਰੇ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅੰਮ੍ਰਿਤ ਪਿਆਲਾ ਸੀਰ, ਹਰਿਜਨ ਸਾਚੇ ਆਪ ਪਿਆਇੰਦਾ । ਅੰਮ੍ਰਿਤ ਰਸ ਸਾਚਾ ਸੀਰ, ਗੁਰਮੁਖਾਂ ਹਰਿ ਪਿਆਈਆ । ਦੇਵਣਹਾਰਾ ਸਾਚੀ ਧੀਰ, ਧੁਰ ਭਰਵਾਸਾ ਇਕ ਜਣਾਈਆ । ਮਾਨਸ ਜਨਮ ਬੰਨ੍ਹੇ ਬੀੜ, ਬੇੜਾ ਆਪਣਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਵਸੇ ਸਾਚੇ ਘਰ, ਕਾਇਆ ਖੇੜਾ ਆਪ ਵਸਾਈਆ । ਕਾਇਆ ਖੇੜਾ ਵਸੇ ਘਰ, ਘਰ ਮੇਲਾ ਸੱਜਣ ਸੁਹੇਲਿਆ । ਜਗਤ ਤਰਨੀ ਜਾਏ ਤਰ, ਪਾਰ ਕਿਨਾਰਾ ਡੂੰਘਾ ਸਾਗਰ ਵਕਤ ਚੁਕਾਏ ਦੁਹੇਲਿਆ । ਨਿਜ ਘਰ ਨਿਜ ਆਤਮ ਨਿਜ ਨੇਤਰ ਦਰਸ ਕਰ, ਆਪ ਆਪਣੇ ਰੰਗ ਰੰਗੇ ਚੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਅੰਦਰ ਵੜ, ਸ਼ਬਦ ਅਗੰਮੀ ਆਪੇ ਬੋਲਿਆ । ਸ਼ਬਦ ਅਗੰਮਾ ਬੋਲ ਜੈਕਾਰਾ, ਅਨਹਦ ਤਾਲ ਵਜਾਇੰਦਾ । ਸਤਿ ਸਰੂਪੀ ਖੇਲ ਨਿਆਰਾ, ਜੋਤ ਉਜਿਆਰਾ ਆਪ ਕਰਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਸਾਂਤਕ ਸਤਿ ਵਰਤਾਇੰਦਾ । ਮੇਟ ਮਿਟਾਏ ਅੰਧ ਅੰਧਿਆਰਾ, ਜਿਸ ਸਿਰ ਸਮਰਥ ਹੱਥ ਟਿਕਾਇੰਦਾ । ਏਕਾ ਦੇਵੇ ਨਾਮ ਸਹਾਰਾ, ਪਾਰ ਕਿਨਾਰਾ ਆਪ ਕਰਾਇੰਦਾ । ਘੜਨ ਭੰਨਣਹਾਰਾ ਵਿਚ ਸੰਸਾਰਾ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਆਪਣੇ ਰੰਗ ਰਵੇ ਕਰਤਾਰਾ, ਕਰਨੀ ਕਰਤਾ ਕਿਰਤ ਕਮਾਇੰਦਾ । ਸ਼ਬਦੀ ਸ਼ਬਦ ਕਰ ਪਿਆਰਾ, ਨਾਮ ਸ਼ਬਦ ਹੱਟ ਵਿਕਾਇੰਦਾ । ਗੁਰਸਿਖ ਵਿਰਲਾ ਬਣੇ ਵਣਜਾਰਾ, ਸ੍ਰਿਸ਼ਟ ਸਬਾਈ ਆਪ ਸਦਾਇੰਦਾ । ਖੇਲੇ ਖੇਲ ਨਰ ਨਰਾਇਣ ਨਰ ਅਵਤਾਰਾ, ਨੂਰ ਜਹੂਰ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਨਾਦੀ ਸਾਚੀ ਤੂਰ, ਤੁਰੀਆ ਦੇਸ ਸੁਣਾਇੰਦਾ । ਤੁਰੀਆ ਦੇਸ ਹਰਿ ਵਸੇਰਾ, ਰੂਪ ਰੰਗ ਨਾ ਕੋਇ ਜਣਾਈਆ । ਪਾਰਬ੍ਰਹਮ ਪ੍ਰਭ ਚਾਓ ਘਨੇਰਾ, ਵੱਜਦੀ ਰਹੇ ਵਧਾਈਆ । ਆਦਿ ਨਿਰੰਜਣ ਲਾਇਆ ਡੇਰਾ, ਏਕਾ ਨੂਰ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਪਾਇਆ ਘੇਰਾ, ਆਪ ਆਪਣਾ ਬੰਦ ਕਰਾਈਆ । ਅਗੰਮ

੪੪੩ ੦੮

ਅਗੰਮੜਾ ਅਲੱਖ ਅਲੱਖਣਾ ਆਪੇ ਵਸੇ ਨੇਰਨ ਨੇਰਾ, ਦੂਜਾ ਸੰਗ ਨਾ ਕੋਇ ਜਣਾਈਆ । ਆਪੇ ਗੁਰੂ ਆਪੇ ਗੁਰ ਚੇਰਾ, ਸਤਿਗੁਰ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੂਰਤ ਆਪ ਉਪਾਈਆ । ਆਪਣੀ ਸੂਰਤ ਅਕਾਲ ਮੂਰਤ, ਆਪੇ ਰਚਨ ਰਚਾਇੰਦਾ । ਨਾ ਕੋਈ ਨੇੜ ਨਾ ਕੋਈ ਦੂਰਤ, ਨਾ ਕੋਈ ਪੰਧ ਮੁਕਾਇੰਦਾ । ਨਾ ਕੋਈ ਸਚ ਨਾ ਕੋਈ ਕੂੜਤ, ਨਾ ਕੋਈ ਕਿਰਿਆ ਵੇਖ ਵਖਾਇੰਦਾ । ਨਾ ਕੋਈ ਚਰਨ ਨਾ ਕੋਈ ਧੂੜਤ, ਨਾ ਕੋਈ ਮਸਤਕ ਸੀਸ ਝੁਕਾਇੰਦਾ । ਨਾ ਕੋਈ ਮੂੜ੍ਹ ਨਾ ਕੋਈ ਮੂੜ੍ਹਤ, ਨਾ ਕੋਈ ਗਿਆਨ ਧਿਆਨ ਦ੍ਰਿੜਾਇੰਦਾ । ਨਾ ਕੋਈ ਰੰਗਣ ਰੰਗ ਰੰਗੇ ਗੂੜ੍ਹਤ, ਨਾ ਕੋਈ ਵੇਸ ਅਨੇਕ ਵਟਾਇੰਦਾ । ਦਰ ਘਰ ਸਾਚੇ ਆਪ ਆਪਣੀ ਆਸਾ ਪੂਰਤ, ਆਪ ਆਪਣਾ ਦਰ ਸੁਹਾਇੰਦਾ । ਤੁਰੀਆ ਨਾਦ ਏਕਾ ਤੂਰਤ, ਆਪਣੀ ਇਛਿਆ ਆਪ ਸੁਣਾਇੰਦਾ । ਤੁਰੀਆ ਦੇਸ ਨਰ ਨਰੇਸ਼, ਤੂਰਤ ਨਾਦ ਵਜਾਈਆ । ਆਪਣੇ ਅੰਦਰ ਆਪਣਾ ਕਰ ਪਰਵੇਸ਼, ਆਪੇ ਰਾਗ ਸੁਣਾਈਆ । ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼, ਕਰੋੜ ਤੇਤੀਸਾ ਨਾ ਕੋਇ ਜਣਾਈਆ । ਨਾ ਕੋਈ ਸੁੱਤਾ ਬਾਸ਼ਕ ਸ਼ੇਸ਼, ਨਾ ਕੋਈ ਲੱਛਮੀ ਚਰਨ ਝਸਾਈਆ । ਨਾ ਕੋਈ ਲਿਖਣਹਾਰਾ ਲੇਖ, ਵੇਦ ਕਤੇਬ ਨਾ ਕੋਇ ਉਠਾਈਆ । ਨਾ ਕੋਈ ਪੰਜ ਤੱਤ ਨਾਰੀ ਨਰ ਕਰੇ ਵੇਸ, ਰੂਪ ਰੰਗ ਨਾ ਕੋਇ ਵਖਾਈਆ । ਨਾ ਕੋਈ ਲਿਖਣਹਾਰਾ ਲੇਖ, ਕਾਗ਼ਜ਼ ਕਲਮ ਨਾ ਕੋਇ ਵਡਿਆਈਆ । ਨਾ ਕੋਈ ਮੁੱਛ ਦਾੜ੍ਹੀ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਅਬਿਨਾਸ਼ੀ ਕਰਤਾ ਆਪੇ ਵਸਿਆ ਆਪਣੇ ਦੇਸ, ਨਾਦ ਤੂਰਤ ਤੁਰੀਆ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਈਆ । ਤੁਰੀਆ ਦੇਸ ਸਚ ਮਹੱਲਾ, ਜੋਤ ਜਗੇ ਅਕਾਲੀਆ । ਪੁਰਖ ਅਬਿਨਾਸ਼ੀ ਖੇਲੇ ਖੇਲ ਇਕ ਅਕੱਲਾ, ਆਪੇ ਬੂਟਾ ਆਪੇ ਬਣਿਆ ਮਾਲੀਆ । ਆਪੇ ਅੰਮ੍ਰਿਤ ਦੇਵੇ ਠੰਡਾ ਜਲਾ, ਆਪ ਪਿਆਏ ਭਰ ਪਿਆਲੀਆ । ਆਪੇ ਦੀਪਕ ਜੋਤੀ ਆਪਣੀ ਬਲਾ, ਦੀਵਾ ਬਾਤੀ ਆਪ ਵਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਨਾਦ ਅਨਾਦੀ ਤੂਰਤ, ਹਰਿ ਸਾਚਾ ਆਪ ਸੁਣਾਲੀਆ । ਸ਼ਬਦ ਅਨਾਦੀ ਨਾਦ ਹਰਿ, ਨਿਰਗੁਣ ਆਪ ਵਜਾਇੰਦਾ । ਗੁਰ ਪੀਰ ਅਵਤਾਰ ਸੰਤ ਸਾਧ ਲੋਕਮਾਤ ਧਰ, ਸਾਚੀ ਵਸਤੂ ਝੋਲੀ ਪਾਇੰਦਾ । ਪਰਸਾਦੀ ਪਰਸਾਦ ਦੇਵੇ ਦਰ, ਨਿਰਗੁਣ ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਤ੍ਰੈਗੁਣ ਤੇਰਾ ਪੰਜ ਤੱਤ ਘਾੜਨ ਘੜ, ਸਰਗੁਣ ਜੋੜ ਜੁੜਾਇੰਦਾ । ਆਪੇ ਬਾਹਰ ਗੁਪਤ ਆਪੇ ਜ਼ਾਹਰ, ਆਪੇ ਅੰਦਰ ਜਾਏ ਵੜ, ਆਉਂਦਾ ਜਾਂਦਾ ਦਿਸ ਨਾ ਆਇੰਦਾ । ਸ਼ਬਦ ਅਨਾਦੀ ਆਪਣਾ ਘਾੜਨ ਘੜ, ਆਪਣਾ ਤਾਲ ਵਜਾਇੰਦਾ । ਹੱਥੋ ਹੱਥੀ ਨਾ ਸਕੇ ਕੋਈ ਫੜ, ਬਿਨ ਗੁਰ ਪੂਰੇ ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਫੜਾਏ ਆਪਣਾ ਲੜ, ਸਗਲਾ ਸੰਗ ਰਖਾਇੰਦਾ । ਆਦਿ ਜੁਗਾਦਿ ਜੁਗ ਜੁਗ ਆਪ ਉਖੇੜੇ ਲੱਗੀ ਜੜ, ਆਪੇ ਬਾਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਮਿਲਾਵਾ ਸਾਚੇ ਘਰ ਸੁਰਤ ਸਵਾਣੀ ਨਾਲ ਹਾਣੀ ਮਹੱਲ ਅਟੱਲ ਉਚ ਮਨਾਰ, ਗੁਰ ਕਰਤਾਰ ਦਰ ਦਰਬਾਰ ਮੇਲ ਮਿਲਾਇੰਦਾ ।

## ੨੪ ਚੇਤ ੨੦੧੬ ਬਿਕ੍ਰਮੀ ਟੇਕ ਚੰਦ ਦੇ ਘਰ ਜੰਡਿਆਲਾ ਗੁਰੂ

ਹਰਿ ਤ੍ਰਿਲੋਕੀ ਨਾਥ, ਟੇਕ ਏਕ ਅਧਾਰਿਆ । ਰਾਮ ਨਾਮ ਸੁਣਾਏ ਸਾਚੀ ਗਾਥ, ਜੇਹਵਾ ਹਰਿਜਨ ਰਸਨ ਉਚਾਰਿਆ । ਆਦਿ ਸ਼ਕਤ ਲੈਹਣਾ ਮਾਥ, ਮਸਤਕ ਨੂਰ ਜੋਤ ਚਮਕਾ ਰਿਹਾ । ਵੇਦ ਵਿਦਾਂਤਾ ਸਾਚਾ ਰਾਥ, ਵੇਦ ਪੁਰਾਨੀ ਆਪ ਤਰਾ ਰਿਹਾ । ਸੰਜਮ ਸੇਮ ਗਾਇਤਰੀ ਪਾਠ, ਧੂਪ ਹਵਨ ਸੁਗੰਧ ਸਮਾ ਰਿਹਾ । ਗੰਗਾ ਸੁਰਸਤੀ ਤੀਰਥ ਤਾਟ, ਜਮਨਾ ਘਾਟ ਵਖਾ ਰਿਹਾ । ਸ਼ੰਕਰ ਬ੍ਰਹਮਾ ਏਕਾ ਹਾਟ, ਏਕਾ ਰੂਪ ਵਖਾ ਰਿਹਾ । ਰੂਪ ਅਨੂਪਾ ਕਰ ਵਰਾਟ, ਆਪਣਾ ਭੇਵ ਖੁਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਵੇਖ ਵਖਾ ਰਿਹਾ । ਹਰਿ ਅਬਿਨਾਸ਼ ਤ੍ਰਿਲੋਕੀ ਨੰਦਨ, ਨੰਦ ਲਾਲ ਨੇਤ ਨੀਤਾ । ਰਾਮ ਨਾਮ ਚਿੱਲਾ ਤੀਰ ਕਮੰਦਨ, ਖਿਚੇ ਏਕਾ ਇਕ ਅਤੀਤਾ । ਸ਼ਬਦ ਸੁਹਾਗੀ ਬੱਤੀ ਦੰਦਨ, ਕਾਇਆ ਦੇਹੁਰਾ ਮੰਦਰ ਇਕ ਅਨਡੀਠਾ । ਪੰਜ ਤੱਤ ਅੰਦਰ ਪਰਮਾਨੰਦਨ, ਹਰਿ ਆਪਣੇ ਹੱਥ ਰਖੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਥ ਅਨਾਥਾ ਆਪ ਸੁਣਾਏ ਆਪਣਾ ਸੁਣਾਏ ਸੁਹਾਗੀ ਗੀਤਾ । ਰਾਮ ਨਾਮ ਗੋਪੀ ਕਾਹਨ, ਸੀਤਾ ਸੁਰਤ ਵਖਾਈਆ । ਸ਼ਬਦੀ ਚਿੱਲਾ ਤੀਰ ਕਮਾਨ, ਨੈਣ ਕਮੰਦ ਖਿਚਾਈਆ । ਆਤਮ ਅੰਤਰ ਮਾਰੇ ਬਾਣ, ਮੂਰਛਤ ਬ੍ਰਹਮ ਵਖਾਈਆ । ਉਤਪਤ ਹੋਏ ਸ੍ਰੀ ਭਗਵਾਨ, ਚਤੁਰਭੁਜ ਵੇਸ ਵਟਾਈਆ । ਨਾਮ ਰਖਾਏ ਸਚ ਨਿਸ਼ਾਨ, ਨਿਰਗੁਣ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਈਆ ਜਗਤ ਚਲਾਏ ਆਪਣੀ ਨੱਯਾ, ਭਗਤ ਬਣਾਏ ਸਾਕ ਸੈਣਾ ਸਈਆ, ਸੱਜਣ ਮੀਤ ਮੁਰਾਰ ਇਕ ਅਖਵਾਈਆ । . . . . . . . . . . . . .

## ਪਹਿਲੀ ਵਸਾਖ ੨੦੧੬ ਬਿਕ੍ਰਮੀ ਦਰਬਾਰ ਵਿਖੇ ਦਇਆ ਹੋਈ ਜੇਠੂਵਾਲ

ਹਰਿ ਪੁਰਖ ਅਗੰਮੜਾ ਸੱਚਾ ਸੱਜਣ, ਨਰ ਨਰਾਇਣ ਨਿਰੰਕਾਰਿਆ । ਜਨ ਭਗਤਾਂ ਆਇਆ ਪੜਦੇ ਕੱਜਣ, ਲੋਕਮਾਤ ਲੈ ਅਵਤਾਰਿਆ । ਚਰਨ ਧੂੜ ਕਰਾਏ ਸਾਚਾ ਮਜਣ, ਦੁਰਮਤ ਮੈਲ ਪਾਪ ਉਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਰਖਾ ਲਿਆ । ਪੁਰਖ ਅਗੰਮੜਾ ਹਰਿ ਸਮਰਥ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਰੱਖ, ਦੇਵੇ ਨਾਮ ਵਡਿਆਈਆ । ਪਾਰਬ੍ਰਹਮ ਪ੍ਰਭ ਅਲੱਖਣਾ ਅਲੱਖ, ਲੇਖਾ ਲਿਖਤ ਵਿਚ ਨਾ ਆਈਆ । ਲੱਖ ਚੁਰਾਸੀ ਭਾਂਡੇ ਕਰੇ ਸੱਖ, ਸਚ ਵਸਤ ਨਾ ਕੋਇ ਰਖਾਈਆ । ਨੌ ਖੰਡ ਪ੍ਰਿਥਮੀ ਨਕੇਲ ਪਾਏ ਨੱਕ, ਲੋਆਂ ਪੁਰੀਆਂ ਫੋਲ ਫੋਲਾਈਆ । ਜਨ ਭਗਤਾਂ ਉਪਰ ਜਾਏ ਤੁਠ, ਸਤਿਗੁਰ ਪੂਰਾ ਬੇਪਰਵਾਹੀਆ । ਕੂੜ ਕੁੜਿਆਰਾ ਜੜ ਦੇਵੇ ਪੁੱਟ, ਜੂਠ ਝੂਠ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਚਲਾਈਆ । ਪੁਰਖ ਅਗੰਮੜਾ ਮਰਦ ਮਰਦਾਨਾ, ਏਕ ਏਕਉਂਕਾਰਿਆ । ਸ਼ਾਹੋ ਭੂਪ ਬਣ ਸਚ ਹਰਿ ਸਚ ਸੁਲਤਾਨਾ, ਸਾਚੇ ਤਖ਼ਤ ਆਪ ਸੁਹਾ ਰਿਹਾ । ਜੋਧਾ ਸੂਰਬੀਰ ਬਲੀ ਬਲਵਾਨਾ, ਪਾਰਬ੍ਰਹਮ ਪ੍ਰਭ ਨਾਉਂ ਧਰਾ ਰਿਹਾ । ਆਦਿ ਨਿਰੰਜਣ ਖੇਲ ਮਹਾਨਾ, ਖੇਲਣਹਾਰਾ ਦਿਸ ਨਾ ਆ ਰਿਹਾ । ਨਾਮ ਖੰਡਾ ਤੀਰ

ਨਿਸ਼ਾਨਾ, ਰਸਨਾ ਚਿੱਲੇ ਆਪ ਚੜ੍ਹਾ ਲਿਆ । ਲੱਖ ਚੁਰਾਸੀ ਵੇਖੇ ਮਾਰ ਧਿਆਨਾ, ਆਪ ਆਪਣਾ ਪੜਦਾ ਲਾ ਲਿਆ । ਰਾਮ ਰੂਪ ਸ੍ਰੀ ਭਗਵਾਨਾ, ਨਿਰਗੁਣ ਸਰਗੁਣ ਖੇਲ ਖਿਲਾ ਲਿਆ । ਕਾਹਨਾ ਕ੍ਰਿਸ਼ਨਾ ਨੌਜਵਾਨਾ, ਆਪਣੀ ਭੁਜਾ ਆਪ ਉਠਾ ਲਿਆ । ਚੰਡ ਪਰਚੰਡ ਤੇਜ਼ ਕ੍ਰਿਪਾਨਾ, ਸ਼ਸਤਰ ਬਸਤਰ ਆਪ ਸਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਰਦ ਮਰਦਾਨਾ ਆਪ ਅਖਵਾ ਰਿਹਾ । ਪੁਰਖ ਅਗੰਮੜਾ ਅਗੰਮੜੀ ਧਾਰ, ਨਿਰਗੁਣ ਜੋਤ ਜਗਾਈਆ । ਜੋਤੀ ਨੂਰ ਅਪਰ ਅਪਾਰ, ਆਪ ਆਪਣਾ ਰਿਹਾ ਪਰਗਟਾਈਆ । ਨਾ ਕੋਈ ਦੂਜਾ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਰਖਾਈਆ । ਅਕਲ ਕਲਾ ਕਲ ਆਪੇ ਧਾਰ, ਆਪਣੀ ਕਲ ਵਰਤਾਈਆ । ਅਛਲ ਅਛੱਲ ਵਿਚ ਸੰਸਾਰ, ਵਲੀਆ ਛਲੀਆ ਬੇਪਰਵਾਹੀਆ । ਨਿਹਕਲੰਕਾ ਲੈ ਅਵਤਾਰ, ਪੁਰਖ ਅਗੰਮੜਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਇਕ ਵਖਾਈਆ । ਪੁਰਖ ਅਗੰਮੜਾ ਧੁਰ ਦੀਬਾਨ, ਧੁਰ ਦਰਗਹਿ ਜਣਾਈਆ । ਸ਼ਬਦ ਸਰੂਪੀ ਸਤਿ ਨਿਸ਼ਾਨ, ਹਰਿ ਸਾਚਾ ਵੇਖ ਵਖਾਈਆ । ਆਦਿ ਜੁਗਾਦਿ ਨਿਗਹਬਾਨ, ਦਿਵਸ ਰੈਣ ਵੇਖ ਵਖਾਈਆ । ਹਰ ਘਟ ਹੋਇਆ ਜਾਣੀ ਜਾਣ, ਥਿਰ ਘਰ ਬੈਠਾ ਆਸਣ ਲਾਈਆ । ਗੁਰਮੁਖ ਸਾਜਣ ਦੇਵੇ ਮਾਣ, ਜਿਸ ਜਨ ਆਪਣੀ ਬੂਝ ਬੁਝਾਈਆ । ਮੇਲ ਮਿਲਾਵਾ ਸਖੀਆਂ ਕਾਹਨ, ਕਵਲ ਨੈਣ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਪੁਰਖ ਅਗੰਮੜਾ ਅਕਲ ਕਲ ਧਾਰ, ਆਪਣੀ ਕਲ ਵਰਤਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣੇ ਹੱਥ ਉਠਾਇੰਦਾ । ਵੇਖੇ ਵਿਗਸੇ ਕਰੇ ਵਿਚਾਰ, ਨਵ ਸਤ ਫੋਲ ਫੋਲਾਇੰਦਾ । ਪੰਜ ਤੱਤ ਹੋ ਉਜਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਾਮ ਵਿਹੂਣਾ ਸਰਬ ਸੰਸਾਰ, ਸਾਚਾ ਵਣਜ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਪੁਰਖਾ ਵੇਖ ਵਖਾਇੰਦਾ । ਪੁਰਖ ਅਗੰਮੜਾ ਪੁਰਖ ਅਗੰਮ, ਅਗੰਮੜਾ ਥਾਨ ਸੁਹਾਇਆ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਉਪਾਇਆ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਜੁਗ ਜੁਗ ਆਪਣਾ ਵੇਸ ਵਟਾਇਆ । ਆਪੇ ਆਪ ਉਪਾਏ ਆਪਣਾ ਦਮ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮੜਾ ਆਪ ਅਖਵਾਇਆ । ਪੂਰਨ ਦੇਹ ਪੂਰਨ ਪਰਕਾਸ਼, ਪੂਰਨ ਸਤਿਗੁਰ ਵਿਚ ਸਮਾਈਆ । ਪੂਰਨ ਪ੍ਰਿਥਮੀ ਪੂਰਨ ਅਕਾਸ਼, ਗਗਨ ਪਾਤਾਲਾਂ ਰਿਹਾ ਸਮਾਈਆ । ਪੂਰਨ ਮੰਡਲ ਪੂਰਨ ਰਾਸ, ਪਾਰਬ੍ਰਹਮ ਪ੍ਰਭ ਰਚਨ ਰਚਾਈਆ । ਪੂਰਨ ਘਰ ਪੂਰਨ ਨਿਵਾਸ, ਪੂਰਨ ਬੈਠਾ ਆਸਣ ਲਾਈਆ । ਪੂਰਨ ਪੂਰਾ ਹੋਇਆ ਦਾਸੀ ਦਾਸ, ਸੇਵਕ ਸੇਵਾ ਰਿਹਾ ਕਮਾਈਆ । ਗੋਬਿੰਦ ਪੂਰੀ ਕਰੀ ਆਸ, ਪਿਛਲਾ ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਪੂਰਨ ਵਰਿਆ ਪਾਰਬ੍ਰਹਮ, ਘਰ ਸਾਚੇ ਵੱਜੀ ਵਧਾਈਆ । ਨਾ ਕੋਈ ਗੋਤ ਨਾ ਕੋਈ ਵਰਨ, ਮਰਨ ਜਨਮ ਵਿਚ ਨਾ ਆਈਆ । ਸਚ ਸਰਨਾਈ ਏਕਾ ਸਰਨ, ਨਰ ਨਰਾਇਣ ਮੇਲ ਮਿਲਾਈਆ । ਕਾਦਰ ਕਰਤਾ ਕਰਨੀ ਕਰਨ, ਕਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਲਹਿਣਾ ਰਿਹਾ ਚੁਕਾਈਆ । ਪੂਰਨ ਪਾਇਆ ਪੁਰਖ ਅਬਿਨਾਸ਼ਾ, ਘਰ ਸੱਜਣ ਮੀਤ ਮੁਰਾਰਾ । ਲੋਕਮਾਤ ਆਇਆ ਵੇਖਣ ਜਗਤ ਤਮਾਸਾ, ਰੂਪ ਵਟਾਇਆ ਏਕਉਂਕਾਰਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਖੇਲੇ ਖੇਲ ਅਗੰਮ

੪੪੬
੦੮

ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਉਤਰੇ ਤੇਰਾ ਉਧਾਰਾ । ਪੂਰਨ ਹਰਿ ਹਰਿ ਮੇਲਿਆ, ਪਾਰਬ੍ਰਹਮ ਗੁਰ ਕਰਤਾਰ । ਸਤਿਗੁਰ ਪੂਰਾ ਸੱਜਣ ਸਹੇਲਿਆ, ਵੇਖੇ ਵਿਗਸੇ ਕਰੇ ਵਿਚਾਰ । ਸਦ ਵਸੇ ਰੰਗ ਨਵੇਲਿਆ, ਇਕ ਅਕੇਲਾ ਖੇਲ ਅਪਾਰ । ਆਪੇ ਹੋਏ ਗੁਰੂ ਗੁਰ ਚੇਲਿਆ, ਸੁਹਾਇਆ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਦਿਤਾ ਕਰਜ ਉਤਾਰ । ਪੂਰਨ ਪਾਇਆ ਆਦਿ ਨਿਰੰਜਣ, ਨਿਰਗੁਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਚਾ ਸੱਜਣ, ਘਰ ਬੈਠਾ ਸੱਚਾ ਮਾਹੀਆ । ਅਸਵ ਅਸਵਾਰ ਚੜ੍ਹਿਆ ਤਾਜਨ, ਰਾਜ ਰਾਜਨ ਆਪ ਅਖਵਾਈਆ । ਕਰੇ ਕਰਾਏ ਸੱਚਾ ਕਾਜਨ, ਕਰਣਹਾਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਪੂਰਨ ਪੂਰਨ ਪੁਰਖ ਸੁਲਤਾਨ, ਪਰਮ ਪੁਰਖ ਅਖਵਾਇੰਦਾ । ਮਿਲਿਆ ਮੇਲ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇੰਦਾ । ਸਚ ਉਠਾਇਆ ਹੱਥ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲੇਖਾ ਲੇਖੇ ਲਾਇੰਦਾ । ਪੂਰਨ ਵਰ ਘਰ ਹਰਿ ਹਰਿ ਪਾਇਆ, ਨਾਰੀ ਕੰਤ ਸੁਹਾਗੀਆ । ਆਤਮ ਅੰਤਰ ਇਕ ਲਿਵ ਲਾਇਆ, ਨੁਹਾਵਣ ਆਇਆ, ਸਾਚਾ ਮਾਘੀਆ । ਦੀਪਕ ਜੋਤੀ ਇਕ ਜਗਾਇਆ, ਹੋਇਆ ਸਚ ਵੈਰਾਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਧੋਵੇ ਦਾਗੀਆ । ਪੂਰਬ ਲਹਿਣਾ ਹਰਿ ਚੁਕੌਣਾ, ਹਰਿ ਸਾਚੇ ਵਡ ਵਡਿਆਈਆ । ਵਾਰ ਥਿਤ ਕਿਸੇ ਭੇਵ ਨਾ ਪਾਉਣਾ, ਲੇਖਾ ਲਿਖਤ ਨਾ ਕੋਇ ਜਣਾਈਆ । ਭੇਵ ਅਭੇਦਾ ਭੇਵ ਖੁਲ੍ਹੌਣਾ, ਆਪ ਆਪਣੀ ਦਇਆ ਕਮਾਈਆ । ਗੋਬਿੰਦ ਗਹਿਣਾ ਤਨ ਪਹਿਨਾਉਣਾ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਪੂਰਨ ਪੁਰਖ ਹਰਿ ਸਾਚੀ ਧਾਰ, ਸਚ ਸਚ ਵਰਤਾਇੰਦਾ । ਲਹਿਣਾ ਦੇਣਾ ਕਰਜ ਉਤਾਰ, ਲੇਖਾ ਲੇਖ ਵਖਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਪਾਰਬ੍ਰਹਮ ਪ੍ਰਭ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਝੋਲੀ ਪਾਇੰਦਾ । ਹਰਿ ਹਰਿ ਲਹਿਣਾ ਆਪ ਚੁਕਾਉਣਾ, ਹਰਿ ਸੱਜਣ ਵਡ ਵਡਿਆਈਆ । ਕਲਜੁਗ ਤੇਰਾ ਭੇਵ ਖੁਲ੍ਹਾਉਣਾ, ਦੂਈ ਦਵੈਤੀ ਪੜਦਾ ਲਾਹੀਆ । ਤੀਜਾ ਨੇਤਰ ਇਕ ਵਖਾਉਣਾ, ਏਕਾ ਨੂਰ ਰੁਸ਼ਨਾਈਆ । ਚੌਥੇ ਪਦ ਡੇਰਾ ਲੌਣਾ, ਪਰਮ ਪੁਰਖ ਵੇਖ ਵਖਾਈਆ । ਪੰਚਮ ਮੀਤਾ ਮੇਲ ਮਿਲਾਉਣਾ, ਮੇਲ ਮਿਲਾਵਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖਿਆ ਦਏ ਗਵਾਹੀਆ । ਸਾਚਾ ਲੇਖਾ ਹਰਿ ਲਿਖਾਇਆ, ਗੋਬਿੰਦ ਸ਼ਬਦ ਜਣਾਈਆ । ਗੋਬਿੰਦ ਸੇਵਾ ਸੇਵ ਕਮਾਇਆ, ਮੰਗੇ ਹਰਿ ਸਰਨਾਈਆ । ਹਰਿ ਹਰਿ ਸਾਚੀ ਦਇਆ ਕਮਾਇਆ, ਸਤਿ ਪੁਰਖ ਵੱਡੀ ਵਡਿਆਈਆ । ਗੋਬਿੰਦ ਨਿਉਂ ਨਿਉਂ ਸੀਸ ਝੁਕਾਇਆ, ਪੁਰਖ ਅਕਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ, ਦੇਵੇ ਧੁਰ ਫ਼ਰਮਾਨਿਆ । ਆਪਣੇ ਫਲ ਲਗਾਏ ਡਾਲ੍ਹਾ, ਫਲ ਫੁਲਵਾੜੀ ਵੇਖ ਵਖਾਨਿਆ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੇ ਭਾਨਿਆ । ਹਰਿ ਭਾਣਾ ਕਰਤਾਰ, ਗੋਬਿੰਦ ਮੇਲ ਮਿਲਾਈਆ । ਨਾਤਾ ਜੋੜ ਵਿਚ ਸੰਸਾਰ, ਪੂਤ ਸਪੂਤਾ ਨਾਉਂ ਰਖਾਈਆ । ਸ਼ਬਦ ਅਨਾਦੀ ਏਕਾ ਧਾਰ, ਤੁਰੀਆ ਤੂਰਤ ਆਪ ਵਜਾਈਆ ।

੪੪੮ ੦੮

ਸ਼ਬਦ ਅਗੰਮੀ ਸਾਚੀ ਸੂਰਤ, ਸਾਚੀ ਸੂਰਤ ਨਿਰਗੁਣ ਵੇਖ ਵਖਾਈਆ । ਅਕਾਲ ਮੂਰਤ ਕਰ ਪਿਆਰ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖ ਚੁਕਾਈਆ । ਗੋਬਿੰਦ ਤੇਰਾ ਪੂਰਬ ਲੇਖਾ, ਹਰਿ ਸਾਚਾ ਅੰਤ ਚੁਕਾਇੰਦਾ । ਦਰ ਦਰਬਾਰੀ ਦਰ ਦਰਵੇਸਾ, ਦਰ ਦਰ ਅਲਖ ਜਗਾਇੰਦਾ । ਰੂਪ ਵਟਾਇਆ ਧਾਰੀ ਕੇਸਾ, ਕੇਸ ਗੜ੍ਹ ਸੁਹਾਇੰਦਾ । ਸਚ ਸੁਲਤਾਨ ਨਰ ਨਰੇਸ਼ਾ, ਨਿਰਗੁਣ ਇਸ਼ਟ ਵਖਾਇੰਦਾ । ਲਹਿਣਾ ਚੁੱਕੇ ਗਣਪਤ ਗਣੇਸ਼ਾ, ਸ਼ਿਵ ਸ਼ੰਕਰ ਨਾ ਕੋਇ ਮਨਾਇੰਦਾ । ਬ੍ਰਹਮਾ ਕਰੇ ਨਾ ਕੋਇ ਆਦੇਸਾ, ਕਰੋੜ ਤੇਤੀਸਾ ਨਾ ਸੀਸ ਝੁਕਾਇੰਦਾ । ਵਿਸ਼ਨੂੰ ਕਰੇ ਨਾ ਕੋਈ ਵੇਸਾ, ਨਾ ਕੋਈ ਲਛਮੀ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਖ ਵਖਾਇੰਦਾ । ਪੁਰਖ ਅਕਾਲ ਹਰਿ ਭਗਵਾਨਾ, ਜੁਗ ਜੁਗ ਖੇਲ ਖਲਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਪਾਰਬ੍ਰਹਮ ਆਪ ਅਖਵਾਈਆ । ਖੇਲੇ ਖੇਲ ਦੋ ਜਹਾਨਾ, ਜਾਗਰਤ ਜੋਤ ਇਕ ਜਗਾਈਆ । ਤ੍ਰਿਲੋਕੀ ਨਾਥ ਗੋਪੀ ਕਾਹਨਾ, ਸਾਚੀ ਸਖੀਆਂ ਮੇਲ ਮਿਲਾਈਆ । ਰਾਮ ਰੂਪ ਵਿਚ ਸੁਹਾਨਾ, ਸੀਤਾ ਸੁਰਤੀ ਲਏ ਪਰਨਾਈਆ । ਨਾਨਕ ਗਾਏ ਏਕਾ ਗਾਣਾ, ਏਕਾ ਅੱਖਰ ਰਿਹਾ ਪੜ੍ਹਾਈਆ । ਗੋਬਿੰਦ ਬਖ਼ਸ਼ੇ ਚਰਨ ਧਿਆਨਾ, ਸਚ ਸੱਚੀ ਸਰਨਾਈਆ । ਮੰਗੀ ਮੰਗ ਦਾਨੀ ਦਾਨਾ, ਅੱਗੇ ਆਪਣੀ ਝੋਲੀ ਡਾਹੀਆ । ਕਰਤਾ ਪੁਰਖ ਜਾਣੀ ਜਾਣਾ, ਭੇਵ ਕੋਇ ਨਾ ਰਾਈਆ । ਆਦਿ ਜੁਗਾਦੀ ਰੱਖੇ ਮਾਣਾ, ਆਪ ਆਪਣਾ ਸੰਗ ਨਿਭਾਈਆ । ਆਪੇ ਵਰਤੇ ਆਪਣਾ ਭਾਣਾ, ਵੇਦ ਪੁਰਾਨ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਹਰਿ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਰੂਪ ਵਟਾਇੰਦਾ । ਪੂਤ ਸਪੂਤਾ ਸੁੱਤ ਦੁਲਾਰਾ, ਦੁਸ਼ਟ ਦਮਨ ਅਪਨਾਇੰਦਾ । ਪੁਰਖ ਅਕਾਲ ਇਕ ਜੈਕਾਰਾ, ਰਸਨਾ ਨਾਅਰਾ ਲਾਇੰਦਾ । ਬਖ਼ਸ਼ਣਹਾਰਾ ਚਰਨ ਪਿਆਰਾ, ਨਿਰਗੁਣ ਧਾਰਾ ਮੇਲ ਮਿਲਾਇੰਦਾ । ਦੀਵਾ ਬਾਤੀ ਇਕ ਉਜਿਆਰਾ, ਘਰ ਸਾਚੇ ਆਪ ਜਗਾਇੰਦਾ । ਸ਼ਬਦ ਅਗੰਮੀ ਸੱਚੀ ਧੁਨਕਾਰਾ, ਬੋਧ ਅਗਾਧ ਜਣਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਨਾਮ ਭਗੌਤੀ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਰਾਇੰਦਾ । ਨਾਮ ਭਗੌਤੀ ਹੱਥ ਫੜਾ, ਹਰਿ ਸਾਚੇ ਸ਼ਬਦ ਜਣਾਈਆ । ਸ਼ਬਦ ਅਗੰਮੀ ਘੋੜੇ ਦਏ ਚੜ੍ਹਾ, ਨੇਤਰ ਨੈਣ ਨਾ ਕੋਇ ਦਸਾਈਆ । ਏਕਾ ਅੱਖਰ ਦਏ ਪੜ੍ਹਾ, ਵਾਹ ਵਾ ਗੁਰੂ ਵੱਡੀ ਵਡਿਆਈਆ । ਚਾਰੋਂ ਕੁੰਟ ਫੇਰਾ ਪਾ, ਦਹਿ ਦਿਸ਼ਾ ਵੇਖ ਵਖਾਈਆ । ਲੋਆਂ ਪੁਰੀਆਂ ਚਰਨਾਂ ਹੇਠ ਦਬਾ, ਸਾਚਾ ਸਗਨ ਮਨਾਈਆ । ਬ੍ਰਹਮਾ ਵਿਸ਼ਨ ਸ਼ਿਵ ਤੱਕਣ ਰਾਹ, ਕਰੋੜ ਤੇਤੀਸਾ ਸੀਸ ਝੁਕਾਈਆ । ਸਚਖੰਡ ਦਵਾਰਾ ਵੇਖਿਆ ਸਾਚਾ ਥਾਂ, ਗੁਰ ਗੋਬਿੰਦ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਚੜ੍ਹਿਆ ਚਾ, ਤੇਰੀ ਤੇਰੀ ਓਟ ਤਕਾਈਆ । ਪੁਰਖ ਅਗੰਮਾ ਦਏ ਸੁਣਾ, ਏਕਾ ਸ਼ਬਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲੇਖਾ ਵੇਖ ਵਖਾਈਆ । ਪੁਰਖ ਅਬਿਨਾਸ਼ੀ ਸ਼ਬਦ ਜਣਾਇਆ, ਏਕਾ ਧਾਰ ਬੰਧਾਈਆ । ਗੋਬਿੰਦ ਗੁਰ ਗੁਰ ਸਮਝਾਇਆ, ਹਰਿ ਸਤਿਗੁਰ ਵੇਖ ਵਖਾਈਆ । ਨਾਤਾ ਬਿਧਾਤਾ ਇਕ ਜੁੜਾਇਆ, ਜ਼ਾਤ ਪਾਤਾ ਮੇਟ ਮਿਟਾਈਆ । ਕਮਲਾਪਾਤਾ ਨਜ਼ਰੀ ਆਇਆ, ਚਾਰੋਂ ਕੁੰਟ ਵੇਖ ਵਖਾਈਆ । ਧੁਰ ਦੀ ਦਾਤਾ ਝੋਲੀ ਪਾਇਆ, ਅੰਮ੍ਰਿਤ ਭੰਡਾਰ ਇਕ ਭਰਾਈਆ । ਸਾਚੀ ਗਾਥਾ ਸ਼ਬਦ ਜਣਾਇਆ, ਵਾਹਿਗੁਰੂ ਫ਼ਤਿਹ ਗਜਾਈਆ ।

ਸਗਲਾ ਸਾਬਾ ਆਪ ਨਿਭਾਇਆ, ਸਾਚਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਈਆ । ਸ਼ਬਦ ਸੁਨੇਹੜਾ ਸਾਚੇ ਮੀਤ, ਹਰਿ ਸਤਿਗੁਰ ਆਪ ਸੁਣਾਇਆ । ਗੁਰ ਗੋਬਿੰਦ ਗਾਏ ਸੁਹਾਗੀ ਗੀਤ, ਵਾਹ ਵਾ ਗੁਰੂ ਇਕ ਮਨਾਇਆ । ਨਿਰਗੁਣ ਜੋਤ ਸਦਾ ਅਤੀਤ, ਨਿਰਭੈ ਰੂਪ ਅਖਵਾਇਆ । ਨਾਮ ਸਤਿ ਵਸਿਆ ਹਸਤ ਕੀਟ, ਊਚ ਨੀਚ ਡੇਰਾ ਲਾਇਆ । ਗੋਬਿੰਦ ਮਾਨਸ ਦੇਹੀ ਗਿਆ ਜੀਤ, ਹਰਿ ਗੋਬਿੰਦ ਸੱਚਾ ਪਾਇਆ । ਅਬਿਨਾਸ਼ੀ ਕਰਤਾ ਆਪ ਚਲਾਏ ਆਪਣੀ ਰੀਤ, ਪਤਿਤ ਪੁਨੀਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਲੇਖ ਚੁਕਾਇਆ । ਗੁਰ ਗੋਬਿੰਦ ਸਚ ਸਲਾਹ, ਹਰਿ ਸਾਚੇ ਸਚ ਸੁਣਾਈਆ । ਲੋਕਮਾਤ ਬਣ ਮਲਾਹ, ਬੇੜਾ ਇਕ ਚਲਾਈਆ । ਗੁਰਮੁਖ ਸੱਜਣ ਲਏ ਉਠਾ, ਚਾਰ ਵਰਨਾਂ ਵੇਖ ਵਖਾਈਆ । ਅੰਮ੍ਰਿਤ ਜਾਮ ਇਕ ਪਿਆ, ਅਮਰਾਪਦ ਸਮਾਈਆ । ਸਾਚੀ ਸਿਖਿਆ ਦਏ ਸਮਝਾ, ਪੰਚਮ ਮੋਹ ਜਣਾਈਆ । ਪੰਚਮ ਨਾਤਾ ਦਏ ਤੁੜਾ, ਪੰਚਮ ਵੱਜੇ ਵਧਾਈਆ । ਪੰਚਮ ਸਖੀਆਂ ਮੰਗਲ ਗਾ, ਘਰ ਸਾਚਾ ਇਕ ਸੁਹਾਈਆ । ਪੰਚਮ ਰੋਵਣ ਮਾਰਨ ਧਾਹ, ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪੇ ਰਿਹਾ ਖਲਾਈਆ । ਪੰਚਮ ਪਿਆਰਾ ਗੋਬਿੰਦ ਧਾਰ, ਹਰਿ ਹਰਿ ਮੇਲ ਮਿਲਾਇਆ । ਮੇਲ ਮਿਲਾਵਾ ਵਿਚ ਸੰਸਾਰ, ਕਰਤੇ ਖੇਲ ਖਿਲਾਇਆ । ਕਰਨੇਹਾਰ ਆਪ ਕਰਤਾਰ, ਨਾ ਕੋਈ ਦੂਸਰ ਸੰਗ ਜਣਾਇਆ । ਆਦਿ ਜੁਗਾਦੀ ਬੰਨ੍ਹੇ ਧਾਰ, ਜੁਗ ਜੁਗ ਵੇਸ ਵਟਾਇਆ । ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਗੋਬਿੰਦ ਝੋਲੀ ਪਾਇਆ । ਗੋਬਿੰਦ ਗੁਰ ਅੰਮ੍ਰਿਤ ਧਾਰ, ਗੁਰਮੁਖਾਂ ਮੁਖ ਚਵਾਈਆ । ਪੰਚਮ ਕਰਿਆ ਖ਼ਬਰਦਾਰ, ਸੋਇਆ ਤੱਤ ਪੰਜ ਉਠਾਈਆ । ਨਿਰਗੁਣ ਜੋਤੀ ਕਰ ਉਜਿਆਰ, ਜਾਗਰਤ ਜੋਤ ਜਗਾਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਆਪੇ ਹੋਇਆ ਪਹਿਰੇਦਾਰ, ਸੇਵਕ ਸੇਵ ਕਮਾਈਆ । ਆਪੇ ਨਿਉਂ ਨਿਉਂ ਢਹਿ ਪਿਆ ਦਵਾਰ, ਅੱਗੇ ਆਪਣੀ ਝੋਲੀ ਡਾਹੀਆ । ਆਪੇ ਬਣਿਆ ਦਰ ਭਿਖਾਰ, ਅੰਮ੍ਰਿਤ ਮੰਗੇ ਚਾਈਂ ਚਾਈਂਆ । ਗੁਰ ਚੇਲਾ ਦਿਸੇ ਇਕ ਪਿਆਰ, ਏਕਾ ਰੂਪ ਦਰਸਾਈਆ । ਦੋਹਾਂ ਵਿਚੋਲਾ ਆਪ ਨਿਰੰਕਾਰ, ਨਿਰਗੁਣ ਰੂਪ ਦਏ ਗਵਾਹੀਆ । ਨਾਮ ਖੰਡਾ ਸਚ ਕਟਾਰ, ਸਾਚੇ ਸ਼ਾਹ ਹੱਥ ਚਮਕਾਈਆ । ਬ੍ਰਹਿਮੰਡਾਂ ਪਾਵੇ ਅੰਤਮ ਸਾਰ, ਜੇਰਜ ਅੰਡਾਂ ਫੋਲ ਫੋਲਾਈਆ । ਗੁਰਮੁਖਾਂ ਕਰ ਪਿਆਰ, ਸ਼ੋਹ ਦਰਯਾ ਨਾ ਕੋਇ ਰੁੜ੍ਹਾਈਆ । ਗੋਬਿੰਦ ਬੇੜਾ ਕਰ ਤਿਆਰ, ਲੋਕਮਾਤ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਇਕ ਘਲਾਈਆ । ਸ਼ਬਦ ਸੁਨੇਹੜਾ ਹਰਿ ਨਿਰੰਕਾਰ, ਗੁਰ ਗੋਬਿੰਦ ਆਪ ਜਣਾਇਆ । ਕਲਜੁਗ ਅੰਤਮ ਕਰਨਾ ਪਾਰ ਕਿਨਾਰ, ਲੋਕਮਾਤ ਰਹਿਣ ਨਾ ਪਾਇਆ । ਗੁਰ ਗੋਬਿੰਦ ਹੋਇਆ ਖ਼ਬਰਦਾਰ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਚੁਕਾਇਆ । ਸ਼ਬਦ ਸੁਨੇਹੜਾ ਹਰਿ ਹਰਿ ਸੁਣ, ਗੁਰ ਗੋਬਿੰਦ ਲਏ ਅੰਗੜਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਤੇਰੀ ਕੀਮਤ ਕੋਇ ਨਾ ਪਾਈਆ । ਤੇਰਾ ਤੇਰੇ ਲਏ ਚੁਣ, ਤੇਰਾ ਤੇਰੀ ਸੇਵ ਕਮਾਈਆ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਗੋਬਿੰਦ ਸਾਚੀ ਸੇਵਾ ਲਾ, ਹਰਿ

ਹਰਿ ਖੇਲ ਖਿਲਾਇਆ । ਦੂਜੀ ਵਾਰ ਵੇਸ ਵਟਾ, ਕਲਜੁਗ ਕੂੜਾ ਦਏ ਉਠਾਇਆ । ਸਾਚੀ ਸਿਖਿਆ ਇਕ ਸਮਝਾ, ਏਕਾ ਹੁਕਮ ਜਣਾਇਆ । ਤੇਰਾ ਲਹਿਣਾ ਦੇਣਾ ਦਏ ਮੁਕਾ, ਗੁਰ ਗੋਬਿੰਦ ਫੇਰਾ ਪਾਇਆ । ਦਾਤਾ ਦਾਨੀ ਬੇਪਰਵਾਹ, ਦਰ ਆਏ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸੋਇਆ ਦਏ ਉਠਾਇਆ । ਕਲਜੁਗ ਉਠ ਕਰੇ ਧਿਆਨ, ਚਾਰੇ ਕੁੰਟਾਂ ਵੇਖ ਵਖਾਈਆ । ਕਵਣ ਕੂਟ ਜੋਧਾ ਸੂਰਬੀਰ ਬਲੀ ਬਲਵਾਨ, ਗੋਬਿੰਦ ਬੈਠਾ ਜੋਤ ਜਗਾਈਆ । ਪੰਚਮ ਪਿਆਰੇ ਕਰ ਪਰਧਾਨ, ਪੰਚਾਂ ਮੇਟ ਮਿਟਾਈਆ । ਕੇਸਰੀ ਫੜ ਹੱਥ ਨਿਸ਼ਾਨ, ਪੀਲੇ ਬਸਤਰ ਤਨ ਛੁਹਾਈਆ । ਕਲਜੁਗ ਅੰਤਮ ਆਇਆ ਵਿਚ ਮੈਦਾਨ, ਕਲਜੁਗ ਮੇਟੇ ਜੂਠੀ ਝੂਠੀ ਸ਼ਾਹੀਆ । ਮੁਹੰਮਦ ਗੱਲ ਸੁਣਾਏ ਕਾਨ, ਆਪ ਆਪਣਾ ਰੂਪ ਵਟਾਈਆ । ਤੇਰੀ ਲੁੱਟੀ ਜਾਏ ਦੁਕਾਨ, ਚੌਦਾਂ ਹੱਟਾਂ ਦਏ ਲੁਟਾਈਆ । ਦੋਹਾਂ ਮੇਲ ਹੋਇਆ ਜਹਾਨ, ਘਰ ਬੈਠੇ ਕਰਨ ਸਲਾਹੀਆ । ਮੁਹੰਮਦ ਮੰਗੇ ਏਕਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਲਜੁਗ ਕੂੜਾ ਬਣ ਅੰਞਾਣ, ਬਾਲ ਬਾਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਵੇਖ ਵਖਾਈਆ । ਕਲਜੁਗ ਕੂੜਾ ਛੋਟਾ ਬਾਲਾ, ਆਪਣਾ ਰੂਪ ਵਟਾਇੰਦਾ । ਗੋਬਿੰਦ ਵੇਖੇ ਜਗਤ ਦਲਾਲਾ, ਏਕਾ ਦਰ ਸੁਹਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਮਹਾਂਕਾਲ ਆਪ ਮਨਾਇੰਦਾ । ਕਲਜੁਗ ਕੂੜਾ ਤੋੜੇ ਜੰਜਾਲਾ, ਮੇਰਾ ਬੇੜਾ ਸ਼ੌਹ ਦਰਿਆ ਰੁੜ੍ਹਾਇੰਦਾ । ਲੇਖਾ ਜਾਣੇ ਜਗਤ ਧਨ ਮਾਲਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਕਲਜੁਗ ਕੂੜਾ ਚਲ ਦਵਾਰ, ਗੋਬਿੰਦ ਤੱਕੀ ਇਕ ਸਰਨਾਈਆ । ਗੁਰਸਿਖ ਸੁੱਤੇ ਪੈਰ ਪਸਾਰ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਰੋਕ ਨਾ ਸਕਿਆ ਕੋਈ ਪਹਿਰੇਦਾਰ, ਖੜਗ ਖੰਡਾ ਨਾ ਕੋਇ ਵਖਾਈਆ । ਆਏ ਢੱਠਾ ਚਰਨ ਦਵਾਰ, ਦੋਏ ਜੋੜ ਸੀਸ ਝੁਕਾਈਆ । ਆਪਣੀ ਕਿਰਪਾ ਆਪੇ ਧਾਰ, ਦਰ ਆਇਆ ਵਡ ਗੁਨਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਖਿਲਾਈਆ । ਕਲਜੁਗ ਕੂੜਾ ਕਰ ਪਰਵਾਨਾ, ਗੋਬਿੰਦ ਦਇਆ ਕਮਾਇੰਦਾ । ਸੱਜਾ ਚਰਨ ਦੂਰ ਰਖਾਨਾ, ਹਰਿ ਮੰਦਰ ਰਾਹ ਤਕਾਇੰਦਾ । ਖੱਬਾ ਚਰਨ ਹੱਥ ਫੜਾਨਾ, ਕਲਜੁਗ ਵੰਡ ਵੰਡਾਇੰਦਾ । ਖੇਲ ਖੇਲ ਦੋ ਜਹਾਨਾਂ, ਏਕਾ ਦੋਆਂ ਸੰਗ ਰਲਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਮਕਾਨਾ, ਓਅੰਕਾਰਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵਰ, ਤੇਰਾ ਭਾਰ ਉਠਾਇੰਦਾ । ਕਲਜੁਗ ਤੇਰਾ ਕੂੜਾ ਪਾਪ, ਖੱਬੇ ਚਰਨ ਹੇਠ ਦਬਾਇਆ । ਨੌ ਖੰਡ ਪ੍ਰਿਥਮੀ ਗਈ ਕਾਂਪ, ਧਰਤ ਧਵਲ ਨਾ ਕੋਇ ਸਹਾਇਆ । ਰਿਖੀਆਂ ਮੁਨੀਆਂ ਸਾਧਾਂ ਸੰਤਾਂ ਜੀਆਂ ਜੰਤਾਂ ਛੁਟਿਆ ਜਾਪ, ਬੱਤੀ ਦੰਦ ਨਾ ਕੋਇ ਹਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਗੁਨਾਹੀ ਲਏ ਤਰਾਇਆ । ਕਲਜੁਗ ਤੇਰਾ ਜਗਤ ਗੁਨਾਹ, ਚਰਨ ਹੇਠ ਦਬਾਇੰਦਾ । ਦੋ ਸੌ ਸਦ ਨਾ ਦੇਵੇ ਕੋਈ ਥਾਂ, ਸਠ ਸਠ ਨਾ ਮੇਲ ਮਿਲਾਇੰਦਾ । ਵੀਹ ਸੌ ਸੋਲਾਂ ਬਿਕ੍ਰਮੀ ਕਰ ਅਕੱਠ, ਸਤਾਰਾਂ ਸੌ ਛਪੰਜਾ ਮੂਲ ਚੁਕਾਇੰਦਾ । ਕਲਜੁਗ ਪਾਪਾਂ ਲਾਈ ਸੱਟ, ਆਪ ਆਪਣੇ ਚਰਨ ਦਬਾਇੰਦਾ । ਪੂਰਨ ਪੂਰਾ ਵਸੇ ਘਟ ਘਟ, ਪੜਦਾ ਓਹਲਾ ਨਾ ਕੋਇ ਰਖਾਇੰਦਾ । ਚਾਰ ਵਰਨਾਂ ਤੇਰਾ ਦੂਈ ਦਵੈਤੀ ਮਿਟਿਆ ਫਟ, ਕਲਜੁਗ ਆਪਣੀ ਹੱਥੀਂ ਆਪਣੀ ਪੱਟੀ ਖੱਬੇ ਚਰਨ ਬੰਨ੍ਹਾਇੰਦਾ । ਗੁਰਸਿਖਾਂ ਤਨ

ਪਹਿਨਾਏ ਸਾਚਾ ਪਟ, ਸੱਜਾ ਚਰਨ ਕਾਇਆ ਹਰਿ ਮੰਦਰ ਵਿਚ ਰਖਾਇੰਦਾ । ਅੰਮ੍ਰਿਤ ਸਰੋਵਰ ਦੇਵੇ ਝੱਟ, ਨਾਮ ਪਿਆਲਾ ਹੱਥ ਫੜਾਇੰਦਾ । ਕਲਜੁਗ ਲਹਿਣਾ ਦੇਣਾ ਚੁਕਾਇਆ ਪੂਜਾ ਪਾਠ, ਨੇਤਰ ਲੋਚਣ ਦਰਸ ਦਿਖਾਇੰਦਾ । ਇਕ ਖੁਲ੍ਹਾਇਆ ਸਾਚਾ ਹੱਟ, ਵਣਜ ਵਣਜਾਰਾ ਵਣਜ ਕਰਾਇੰਦਾ । ਨਿਰਗੁਣ ਜੋਤ ਜਗੇ ਲਲਾਟ, ਅੰਧ ਅੰਧੇਰ ਮਿਟਾਇੰਦਾ । ਗੁਰ ਗੋਬਿੰਦ ਪੂਰਾ ਕਰਨ ਆਇਆ ਘਾਟ, ਕਲਜੁਗ ਅੰਤਮ ਫੇਰੀ ਪਾਇੰਦਾ । ਜਨ ਭਗਤਾਂ ਦੁਰਮਤ ਮੈਲ ਦੇਵੇ ਕਾਟ, ਦਰ ਆਏ ਲੇਖੇ ਲਾਇੰਦਾ । ਜ਼ਿਮੀਂ ਅਸਮਾਨਾਂ ਪਾੜਾ ਜਾਏ ਪਾਟ, ਗੁਰਮੁਖ ਚਰਨਾਂ ਹੇਠ ਰਖਾਇੰਦਾ । ਦੋ ਸੌ ਸੱਠ ਬਰਸ ਤੇਰੀ ਨੇੜੇ ਕੀਤੀ ਵਾਟ, ਆਪਣੇ ਅੰਗ ਆਪ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖ ਵਖਾਇੰਦਾ । ਕਲਜੁਗ ਕੂੜੇ ਲਾਈ ਸੱਟ, ਅੰਤਮ ਰੋ ਰੋ ਦਏ ਦੁਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਚਾਰ ਵਰਨਾਂ ਖੋਲ੍ਹਿਆ ਏਕਾ ਹੱਟ, ਸਤਿਜੁਗ ਸਾਚੀ ਬਣਤ ਬਣਾਈਆ । ਖੇਲੇ ਖੇਲ ਸਵਾਂਗੀ ਸਵਾਂਗ ਨਟੂਆ ਨਟ, ਨਰ ਨਰਾਇਣ ਵੱਡੀ ਵਡਿਆਈਆ । ਗੁਰਸਿਖ ਤੇਰਾ ਹਰਿ ਮੰਦਰ ਕਦੇ ਨਾ ਜਾਏ ਢੱਠ, ਚਾਰ ਦੀਵਾਰ ਨਾ ਕੋਇ ਵਖਾਈਆ । ਤੇਰਾ ਰੂਪ ਆਪਣੀ ਹੱਥੀਂ ਆਪਣੇ ਅੰਦਰ ਲਏ ਰੱਖ, ਨਾ ਕੋਈ ਸਕੇ ਬਾਹਰ ਕਢਾਈਆ । ਸੰਮਤ ਸੋਲਾਂ ਹੋ ਪਰਤੱਖ, ਨਿਹਕਲੰਕਾ ਡੰਕਾ ਰਿਹਾ ਵਜਾਈਆ । ਲੱਖੋਂ ਕਰਨਹਾਰਾ ਕੱਖ, ਕੱਖੋਂ ਲੱਖ ਬਣਾਈਆ । ਸ਼ਾਹ ਸੁਲਤਾਨਾਂ ਭਾਂਡੇ ਕਰਨੇ ਸੱਖ, ਗੁਰਮੁਖਾਂ ਦਏ ਭਰਾਈਆ । ਬਿਨ ਗੋਬਿੰਦ ਤੇਰੇ ਕੋਈ ਨਾ ਸਕੇ ਰੱਖ, ਹਰਿ ਸੱਚਾ ਸ਼ਬਦ ਗਵਾਹੀਆ । ਸਰਸੇ ਅੰਦਰ ਜੋ ਰੱਖੇ ਢਕ, ਅੰਤਮ ਲਏ ਉਪਜਾਈਆ । ਆਪਣੇ ਕਰੇ ਪੂਰੇ ਭਵਿਖਤ ਵਾਕ, ਨਾ ਕੋਈ ਲੇਖਾ ਦਏ ਮਿਟਾਈਆ । ਪੁਰੀ ਅਨੰਦ ਬਣਾਏ ਸੱਜਣ ਸਾਕ, ਕਲਜੁਗ ਅੰਤਮ ਮੇਲਾ ਭੈਣ ਭਾਈਆ । ਸ਼ਬਦ ਅਗੰਮੀ ਚੜ੍ਹਿਆ ਰਾਕ, ਨੀਲੇ ਵਾਲਾ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਰਿਹਾ ਝਾਕ, ਚਾਰੋਂ ਕੁੰਟਾਂ ਰਾਹ ਤਕਾਈਆ । ਧਰਨੀ ਧੂੜ ਮੰਗੇ ਮਸਤਕ ਮਾਥ, ਆਪ ਆਪਣਾ ਸੀਸ ਅੱਗੇ ਡਾਹੀਆ । ਪਾਰਬ੍ਰਹਮ ਪ੍ਰਭ ਪਾਕੀ ਪਾਕ, ਪਤਿਤ ਪੁਨੀਤ ਰਿਹਾ ਕਰਾਈਆ । ਗੁਰਸਿਖਾਂ ਪੜਦਾ ਖੋਲ੍ਹੇ ਤਾਕੀ ਤਾਕ, ਬੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤਨ ਆਪੇ ਵੇਖ ਵਖਾਈਆ । ਪੂਰਨ ਤਨ ਹਰਿ ਰਤਿਆ, ਪਰਮ ਪੁਰਖ ਸੁਲਤਾਨ । ਨਾ ਮਨ ਮਤ ਬੁਧ ਨਾ ਕੋਈ ਮਤਿਆ, ਨਾ ਕੋਈ ਜਗਤ ਗਿਆਨ । ਨਾ ਕੋਇ ਬਖ਼ਸ਼ੇ ਸਾਚੀ ਸਤਿਆ, ਨਾ ਕੋਈ ਚਰਨ ਧਿਆਨ । ਪੰਚ ਵਿਕਾਰ ਨਾ ਕਰੇ ਹੱਤਿਆ, ਨਾ ਵਸੇ ਮੰਦਰ ਮਕਾਨ । ਨਾ ਠੰਡਾ ਨਾ ਤੱਤਿਆ, ਨਾ ਬੁੱਢਾ ਬਿਰਧ ਬਾਲ ਜਵਾਨ । ਫੜਿਆ ਹੱਥ ਸ਼ਬਦ ਸਾਚਾ ਭੱਥਿਆ, ਨਾਮ ਚਿੱਲਾ ਇਕ ਕਮਾਨ । ਸਾਢੇ ਤਿੰਨ ਹੱਥ ਚਲਾਏ ਰਥਿਆ, ਜੋਧਾ ਸੂਰਬੀਰ ਬਲੀ ਬਲਵਾਨ । ਆਦਿ ਜੁਗਾਦਿ ਜੁਗ ਜੁਗ ਲੋਕਮਾਤ ਕਿਸੇ ਕੋਲੋਂ ਨਾ ਢੱਠਿਆ, ਆਪੇ ਜਾਣੇ ਆਪਣੀ ਆਣ । ਆਪੇ ਜਾਣੇ ਆਪਣੀ ਸਮਰੱਥਿਆ, ਲੇਖਾ ਲਿਖੇ ਨਾ ਵੇਦ ਪੁਰਾਨ । ਗੁਰਮੁਖਾਂ ਲਿਖਾਏ ਸਾਚੀ ਕਥਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਆਣ । ਪੂਰਨ ਤਨ ਨਾਤਾ ਜੋੜ, ਜੋੜੀ ਜੋੜ ਜੁੜਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚੇ ਦਰ ਬਹਾਇੰਦਾ । ਗੋਬਿੰਦ ਲੱਗੀ ਨਿਭੇ ਤੋੜ, ਹਰਿ ਸਾਚਾ ਆਪ ਨਿਭਾਇੰਦਾ । ਜਨ ਭਗਤਾਂ ਅੰਤਮ ਰਿਹਾ ਬੌਹੜ, ਆਪ ਆਪਣਾ ਵੇਸ ਵਟਾਇੰਦਾ । ਮੇਲ ਮਿਲਾਏ ਦੌੜ ਦੌੜ, ਸ਼ਬਦ ਅਗੰਮੀ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਖੇਲ ਖਿਲਾਇੰਦਾ । ਹਰਿ ਵੱਡਾ ਵਡ

ਵਡਿਆਈ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਜਿਸ ਉਪਾਈ, ਘਟ ਘਟ ਵੇਖ ਵਖਾਇੰਦਾ । ਆਦਿ ਸ਼ਕਤ ਮਾਤ ਬਣਾਈ, ਤ੍ਰੈ ਤ੍ਰੈ ਸੰਗ ਨਿਭਾਇੰਦਾ । ਸਭਨਾ ਉਪਰ ਸਾਚਾ ਸਾਈਂ, ਨਿਰਗੁਣ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰਤਾ ਆਪ ਕਮਾਇੰਦਾ । ਲੱਖ ਚੁਰਾਸੀ ਜਣਿਆ ਸੁੱਤ, ਵਰਨੀ ਵਰਨ ਉਪਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਘਟ ਘਟ ਵੇਖੇ ਵੇਖਣਹਾਰਾ ਸਭਨੀ ਥਾਈਂਆ । ਆਪ ਸੁਹਾਏ ਆਪਣੀ ਰੁੱਤ, ਰੁੱਤ ਮਾਹ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਆਪ ਅਖਵਾਈਆ । ਮਾਤ ਪਿਤ ਪਿਤ ਦਾਤਾਰ, ਏਕਾ ਏਕਉਂਕਾਰਿਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾ ਰਿਹਾ । ਆਦਿ ਜੁਗਾਦੀ ਲੈ ਅਵਤਾਰ, ਨਿਤ ਨਵਿਤ ਖੇਲ ਖਿਲਾ ਰਿਹਾ । ਭਗਤਨ ਮੀਤਾ ਹਰਿ ਗਿਰਧਾਰ, ਸਾਚਾ ਹਿਤ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਅਨੇਕ ਰੂਪ ਵਟਾ ਲਿਆ । ਇਕ ਅਕੱਲਾ ਕਰਨੇਹਾਰਾ, ਪਾਰਬ੍ਰਹਮ ਅਖਵਾਈਆ । ਦੇਵਣਹਾਰਾ ਸਰਬ ਸਹਾਰਾ, ਭੁੱਲ ਰਹੇ ਨਾ ਰਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਹਾਜ਼ਰ ਹਜ਼ੂਰ ਸਹਿਜ ਸੁਖਦਾਈਆ । ਨਿਰਗੁਣ ਮੇਲ ਨਿਰਗੁਣ ਧਾਰ, ਰੂਪ ਅਨੂਪ ਆਪ ਦਰਸਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਸਾਰੰਗ ਧਰ ਭਗਵਾਨ ਬੀਠਲੋ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਜਗਤ ਮਾਤਾ ਜਗਤ ਵਿਹਾਰ, ਜਗਤ ਰੂਪ ਲਪਟਾਇਆ । ਜਗਤ ਮਾਤਾ ਆਲਸ ਨਿੰਦਰਾ ਕਰੇ ਪਿਆਰ, ਆਪ ਆਪਣਾ ਦਏ ਭੁਲਾਇਆ । ਜਗਤ ਮਾਤਾ ਮੇਲਾ ਕਾਮ ਕਰੋਧ ਲੋਭ ਮੋਹ ਹੰਕਾਰ, ਮਨ ਮਤ ਖੇਲ ਖਿਲਾਇਆ । ਜਗਤ ਮਾਤਾ ਮਾਇਆ ਮਮਤਾ ਕਰ ਵਿਚਾਰ, ਰੂਪ ਰੰਗ ਸ਼ੰਗਾਰ ਜਣਾਇਆ । ਜਗਤ ਮਾਤਾ ਆਪਣਾ ਵੇਖੇ ਕੰਤ ਭਤਾਰ, ਦਿਵਸ ਰੈਣ ਰਾਹ ਤਕਾਇਆ । ਜਗਤ ਮਾਤਾ ਦਿਸੇ ਵਿਕਾਰ, ਆਪਣਾ ਮੰਤਰ ਮੂਲ ਗਵਾਇਆ । ਜਗਤ ਮਾਤਾ ਜਗਤ ਹੰਕਾਰ, ਜਗਤ ਤ੍ਰਿਸਨਾ ਰਹੀ ਲਪਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਗਤ ਬੰਧਨ ਬੰਧ ਬੰਧਾਇਆ । ਪਾਰਬ੍ਰਹਮ ਹਰਿ ਏਕਉਂਕਾਰ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਦਿਵਸ ਰੈਣ ਨਾ ਕੋਈ ਵਿਚਾਰ, ਪਰਭਾਤੀ ਸੰਧਿਆ ਨਾ ਕੋਇ ਜਣਾਈਆ । ਕਾਮ ਕਰੋਧ ਨਾ ਕੋਇ ਵਿਕਾਰ, ਤ੍ਰਿਸਨਾ ਭੁੱਖ ਨਾ ਹੋਏ ਹਲਕਾਈਆ । ਬਸਤਰ ਸ਼ਸਤਰ ਨਾ ਕੋਇ ਆਧਾਰ, ਨੈਣ ਕੱਜਲ ਧਾਰ ਨਾ ਕੋਇ ਬੰਧਾਈਆ । ਜਗਤ ਸੇਜ ਨਾ ਕੋਇ ਪਿਆਰ, ਰਸ ਭੋਗ ਨਾ ਕੋਇ ਵਖਾਈਆ । ਏਕਾ ਏਕ ਜਨ ਭਗਤਾਂ ਕਰੇ ਸਦ ਪਿਆਰ, ਅੱਠੇ ਪਹਿਰ ਸੇਵ ਕਮਾਈਆ । ਵਿਸਰ ਨਾ ਜਾਏ ਵਿਚ ਸੰਸਾਰ, ਜੁਗ ਜੁਗ ਲਹਿਣਾ ਮੂਲ ਚੁਕਾਈਆ । ਆਪ ਆਪਣਾ ਕਰ ਉਜਿਆਰ, ਗੁਰਮੁਖ ਸਾਚੇ ਲਏ ਜਗਾਈਆ । ਅੱਠੇ ਪਹਿਰ ਇਕੋ ਪਿਆਰ, ਦੂਜੀ ਧਾਰ ਨਾ ਕੋਇ ਚਲਾਈਆ । ਗੁਰਸਿਖ ਸੁੱਤਾ ਰਹੇ ਪੈਰ ਪਸਾਰ, ਗੁਰ ਪੂਰਾ ਪਹਿਰੇਦਾਰ ਅਖਵਾਈਆ । ਨਾ ਪੁਰਖ ਨਾ ਦਿਸੇ ਨਾਰ, ਨਰ ਨਰਾਇਣ ਵੇਸ ਵਟਾਈਆ । ਗੁਰਮੁਖ ਸਾਚੇ ਸੁੱਤ ਦੁਲਾਰ, ਆਪ ਆਪਣੀ ਗੋਦ ਉਠਾਈਆ । ਸ਼ਬਦ ਹਲੂਣਾ ਦੇਵੇ ਮਾਰ, ਨਾਮ ਝੂਲਾ ਇਕ ਝੁਲਾਈਆ । ਆਪੇ ਵਸਿਆ ਸਚਖੰਡ ਦਵਾਰ, ਗੁਰਮੁਖ ਸਚ ਦਵਾਰੇ ਆਪ ਬਹਾਈਆ । ਮਨਮੁਖ ਸੁੱਤੇ ਜੀਵ ਗਵਾਰ, ਗੂੜ੍ਹੀ ਨੀਂਦ ਨਾ ਕੋਇ ਉਠਾਈਆ । ਮਨਮਤ ਨਾਲ ਰਲੀ ਨਾਰ ਵਿਭਚਾਰ, ਦਿਵਸ ਰੈਣ ਦਏ ਸਲਾਹੀਆ ।


੪੫੨
੦੮

ਸਿੰਘ ਤਾਰਾ ਗੁਰਸਿਖ ਨਾ ਹੋਏ ਕੋਈ ਖ਼ਵਾਰ, ਸਤਿਗੁਰ ਪੂਰਾ ਵਿਸਰ ਨਾ ਜਾਈਆ । ਜਗਤ ਵਿਕਾਰੇ ਧੱਕਾ ਦੇਵੇ ਮਾਰ, ਸ਼ੌਹ ਦਰਯਾਏ ਦੇਵੇ ਰੁੜ੍ਹਾਈਆ । ਭੈਣ ਭਾਈ ਸਕਾ ਮੀਤ ਮੁਰਾਰ, ਮਾਤ ਪਿਤ ਇਕ ਰਘੁਰਾਈਆ । ਵੱਡਾ ਛੋਟਾ ਇਕ ਪਿਆਰ, ਜੋ ਜਨ ਆਏ ਸਰਨਾਈਆ । ਤ੍ਰਿੰਨਾਂ ਲੋਕਾਂ ਕਰੇ ਬਾਹਰ, ਚੌਥੇ ਘਰ ਬਹਾਈਆ । ਸ਼ਬਦ ਸਲੋਕ ਇਕ ਨਿਰੰਕਾਰ, ਸੋ ਪੁਰਖ ਆਪ ਸੁਣਾਈਆ । ਹੰ ਬ੍ਰਹਮ ਕਰ ਪਿਆਰ, ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖੇ ਥਾਉਂ ਥਾਈਂਆ । ਕਲਜੁਗ ਧੁੱਪ ਨਾ ਲੱਗੇ ਕੜਾਕਾ, ਅਗਨੀ ਤੱਤ ਨਾ ਕੋਇ ਜਲਾਏ । ਲਾੜੀ ਮੌਤ ਨਾ ਕਰੇ ਸਿਆਪਾ, ਗਲ ਪੱਲੂ ਕੋਇ ਨਾ ਪਾਏ । ਸੌਹਰੇ ਪੇਕੇ ਇਕੋ ਮਾਪਾ, ਪਾਰਬ੍ਰਹਮ ਅਖਵਾਏ । ਕਲਜੁਗ ਅੰਤਮ ਚੁੱਕੇ ਬਾਕਾ, ਲਹਿਣਾ ਕੋਈ ਰਹਿਣ ਨਾ ਪਾਏ । ਨਿਹਕਲੰਕ ਖੋਲ੍ਹਿਆ ਆਪਣਾ ਤਾਕਾ, ਬਜਰ ਕਪਾਟੀ ਕੁੰਡਾ ਲਾਹੇ । ਪੰਚ ਚੋਰ ਨਾ ਮਾਰੇ ਡਾਕਾ, ਗੁਰਸਿਖ ਤੇਰੇ ਨੇੜ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪੇ ਲਏ ਵਹਾਏ । ਗੁਰਸਿਖ ਰੋਇਆ ਨੈਣ ਨੀਰ, ਨੇਤਰ ਜਲ ਵਹਾਇਆ । ਬਿਰਹੋਂ ਵਿਛੋੜਾ ਲੱਗੀ ਪੀੜ, ਬਿਨ ਗੁਰ ਪੂਰੇ ਨਾ ਕੋਇ ਕਢਾਇਆ । ਸਤਿਗੁਰ ਮਾਰੇ ਅਣਿਆਲਾ ਤੀਰ, ਦੂਈ ਦਵੈਤੀ ਦੇਵੇ ਢਾਇਆ । ਏਕਾ ਚੋਟੀ ਚਾੜ੍ਹੇ ਅਖ਼ੀਰ, ਮਹੱਲ ਅਟੱਲ ਇਕ ਸੁਹਾਇਆ । ਮਿਲਿਆ ਮੇਲ ਵਡ ਪੀਰਨ ਪੀਰ, ਦਸਤਗੀਰ ਘਰ ਵਿਚ ਪਾਇਆ । ਲੇਖੇ ਲਾਏ ਸ਼ਾਹ ਹਕੀਰ, ਜੋ ਜਨ ਸਰਨਾਈ ਆਇਆ । ਚਿੱਟੇ ਉਪਰ ਖਿਚੀ ਜਾਏ ਲਕੀਰ, ਨਾ ਕੋਈ ਮੇਟੇ ਮੇਟ ਮਿਟਾਇਆ । ਗੁਰਸਿਖਾਂ ਬੰਨ੍ਹਣਹਾਰਾ ਬੀੜ, ਬੇੜਾ ਆਪਣੇ ਕੰਧ ਉਠਾਇਆ । ਕਲਜੁਗ ਅੰਤਮ ਕੱਟੇ ਭੀੜ, ਭਵ ਸਾਗਰ ਪਾਰ ਤਰਾਇਆ । ਆਪੇ ਹੋਏ ਮੀਰ ਪੀਰ, ਮੀਰੀ ਪੀਰੀ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਬਚਾਇਆ । ਗੁਰਸਿਖ ਨਾ ਰੋਵੇ ਮਾਰੇ ਧਾਹ, ਅੰਤ ਨਾ ਹੋਏ ਜੁਦਾਈਆ । ਸਤਿਗੁਰ ਪੂਰਾ ਪਕੜਨ ਆਇਆ ਬਾਂਹ, ਨਿਰਗੁਣ ਸਰਗੁਣ ਡੇਰਾ ਲਾਈਆ । ਕਰੇ ਕਰਾਏ ਸਚ ਨਿਆਂ, ਦਰ ਘਰ ਸਾਚੇ ਸਚ ਸਲਾਹੀਆ । ਵਸਣਹਾਰਾ ਨਗਰ ਗਰਾਂ, ਹਰਿਜਨ ਖੇੜਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਸਾਚੀ ਮਾਂ, ਗੁਰਸਿਖ ਭੁੱਲ ਕਦੇ ਨਾ ਜਾਈਆ । ਸਖਾ ਸੁਹੇਲਾ ਦੇਵੇ ਠੰਡੀ ਛਾਂ, ਸੂਰਜ ਚੰਨ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੱਲਾ ਰਿਹਾ ਫੜਾਈਆ । ਲਹਿਣਾ ਦੇਣਾ ਹੱਥ ਕਰਤਾਰ, ਜੀਵ ਜੰਤ ਭੇਵ ਨਾ ਰਾਈਆ । ਕਰਮ ਕੁਕਰਮਾਂ ਪਾਵੇ ਸਾਰ, ਕਰਨੀ ਕਰਤਾ ਵੇਖ ਵਖਾਈਆ । ਜਗਤ ਲਹਿਣਾ ਦਏ ਉਤਾਰ, ਜਗਤ ਦਏ ਵਡਿਆਈਆ । ਭਗਤ ਭਗਤੀ ਇਕ ਪਿਆਰ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਆਪੇ ਜੋੜੇ ਆਪੇ ਤੋੜੇ, ਆਪੇ ਤੋੜ ਨਿਭਾਇੰਦਾ । ਆਪ ਚੜ੍ਹਾਏ ਸ਼ਬਦ ਘੋੜੇ, ਆਪੇ ਖ਼ਾਕੀ ਖ਼ਾਕ ਸਮਾਇੰਦਾ । ਆਪੇ ਲਾਏ ਸਚ ਮਹੱਲੇ ਪੌੜੇ, ਆਪੇ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖਾ ਪੂਰ ਕਰਾਇੰਦਾ ।

## ✪ ਪਹਿਲੀ ਜੇਠ ੨੦੧੬ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਆਦਿ ਪੁਰਖ ਏਕਉਂਕਾਰਾ, ਅਕਲ ਕਲਾ ਅਖਵਾਈਆ । ਨਿਰਗੁਣ ਜੋਤੀ ਨੂਰ ਉਜਿਆਰਾ, ਏਕਾ ਏਕ ਡਗਮਗਾਈਆ । ਅਗੰਮ ਅਗੰਮੜਾ ਖੇਲ ਅਪਾਰਾ, ਭੇਵ ਕੋਇ ਨਾ ਪਾਈਆ । ਅਲੱਖ ਨਿਰੰਜਣ ਅਲੱਖ ਜੈਕਾਰਾ, ਅਲੱਖਣਾ ਅਲੱਖ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਗੁਰ ਗੁਰ ਰੂਪ ਸਮਾਇੰਦਾ । ਪਾਰਬ੍ਰਹਮ ਪ੍ਰਭ ਰੂਪ ਅਪਾਰ, ਰੂਪ ਰੰਗ ਨਾ ਕੋਇ ਜਣਾਇੰਦਾ । ਵਸਣਹਾਰਾ ਧਾਮ ਨਿਆਰ, ਨਿਹਚਲ ਘਰ ਸੁਹਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਦਰ ਦਰਬਾਰਾ ਇਕ ਰਖਾਇੰਦਾ । ਅਕਾਲ ਪੁਰਖ ਖ਼ਬਰਦਾਰ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਆਪ ਅਖਵਾਇੰਦਾ । ਜੂਨੀ ਰਹਿਤ ਆਦਿ ਨਿਰੰਜਣ, ਆਦਿ ਜੁਗਾਦਿ ਵੱਡੀ ਵਡਿਆਈਆ । ਆਪਣਾ ਆਪ ਬਣੇ ਸੱਜਣ, ਘਰ ਮੇਲਾ ਸਹਿਜ ਸੁਭਾਈਆ । ਆਪਣਾ ਪੜਦਾ ਆਪੇ ਕੱਜਣ, ਆਪ ਆਪਣੀ ਸੇਵ ਕਮਾਈਆ । ਆਪ ਆਪਣੀ ਰੱਖੇ ਲੱਜਣ, ਦਾਤਾ ਦਾਨੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਖੇਲ ਖਿਲਾਈਆ । ਨਿਰਗੁਣ ਖੇਲ ਇਕ ਅਕੱਲਾ, ਆਪਣਾ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਬੈਠ ਅਕੱਲਾ, ਦਰ ਦਵਾਰਾ ਇਕ ਸੁਹਾਇੰਦਾ । ਨਿਹਚਲ ਧਾਮ ਉਚ ਅਟੱਲਾ, ਦਿਸ ਕਿਸੇ ਨਾ ਆਇੰਦਾ । ਸਚ ਸਿੰਘਾਸਣ ਆਪੇ ਮੱਲਾ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਧਾਰ ਬੰਨ੍ਹਾਇੰਦਾ । ਆਪਣੀ ਧਾਰ ਨਿਰਗੁਣ ਰੂਪ, ਹਰਿ ਸਾਚਾ ਆਪ ਚਲਾਇੰਦਾ । ਸਚ ਸੁਲਤਾਨਾ ਸ਼ਾਹੋ ਭੂਪ, ਰਾਜ ਰਾਜਾਨ ਆਪ ਅਖਵਾਇੰਦਾ । ਆਪੇ ਵਸੇ ਚਾਰੇ ਕੂਟ, ਦੂਸਰ ਦਿਸ ਕਿਸੇ ਨਾ ਆਇੰਦਾ । ਆਪਣਾ ਹੁਲਾਰਾ ਆਪੇ ਰਿਹਾ ਝੂਟ, ਆਪ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਰੂਪ ਪੁਰਖ ਅਕਾਲ, ਏਕਾ ਰੰਗ ਸਮਾਇਆ । ਆਪ ਆਪਣਾ ਤੋੜ ਜੰਜਾਲ, ਆਪ ਆਪਣਾ ਬੰਧਨ ਪਾਇਆ । ਆਪੇ ਬੈਠਾ ਆਪ ਆਪਣੀ ਧਰਮ ਸੱਚੀ ਧਰਮਸਾਲ, ਚਾਰ ਦੀਵਾਰ ਨਾ ਕੋਇ ਰਖਾਇਆ । ਆਪ ਆਪਣੇ ਫਲ ਲਗਾਏ ਡਾਲ੍ਹ, ਫਲ ਫੁਲਵਾੜੀ ਆਪ ਉਪਾਇਆ । ਕਰੇ ਕਰਾਏ ਆਪ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਰਖਾਇਆ । ਆਦਿ ਜੁਗਾਦਿ ਅਵੱਲੜੀ ਚਾਲ, ਜੁਗ ਕਰਤਾ ਭੇਵ ਨਾ ਰਾਇਆ । ਧੁਰ ਦਰਗਾਹੀ ਬਣ ਦਲਾਲ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨ ਅੰਤਾ ਇਕ ਅਖਵਾਇਆ । ਆਦਿ ਨ ਅੰਤਾ ਹਰਿ ਭਗਵੰਤ, ਆਪਣੀ ਕਲ ਵਰਤਾਇੰਦਾ । ਖੇਲੇ ਖੇਲ ਸਰਬ ਗੁਣਵੰਤ, ਗਹਿਰ ਗੰਭੀਰ ਅਖਵਾਇੰਦਾ । ਦਰ ਦਰਵੇਸਾ ਹੋਏ ਮੰਗਤ, ਆਪਣੀ ਝੋਲੀ ਆਪਣੇ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਮੇਲ ਨਿਰਗੁਣ ਧਾਰ, ਨਿਰਗੁਣ ਸੰਗ ਰਖਾਈਆ । ਨਿਰਗੁਣ ਜੋਤ ਨੂਰ ਨਿਰਾਕਾਰ, ਨਿਰਗੁਣ ਨਿਰਗੁਣ ਡਗਮਗਾਈਆ । ਨਿਰਗੁਣ ਮੀਤਾ ਨਿਰਗੁਣ ਕਰੇ ਪਿਆਰ, ਨਿਰਗੁਣ ਸੇਜਾ ਰਿਹਾ ਹੰਢਾਈਆ । ਨਿਰਗੁਣ ਵਸਿਆ ਚੀਤਾ ਅੰਦਰ ਬਾਹਰ, ਗੁਪਤ ਜ਼ਾਹਰ ਆਪ ਅਖਵਾਈਆ । ਨਿਰਗੁਣ ਠਾਂਡਾ ਸੀਤਾ ਏਕਾ ਧਾਰ,

ਨਿਰਗੁਣ ਤੱਤ ਨਾ ਕੋਇ ਜਲਾਈਆ । ਨਿਰਗੁਣ ਰੀਤਾ ਅਪਰ ਅਪਾਰ, ਨਿਰਗੁਣ ਵਿਚ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਖੇਲਣਹਾਰ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਆਪ ਚਲਾਏ ਆਪਣਾ ਰਥ, ਰਥਵਾਹੀ ਆਪ ਅਖਵਾਇਆ । ਆਪੇ ਦੇਵੇ ਆਪਣੀ ਵੱਥ, ਆਪ ਆਪਣਾ ਦਰ ਸੁਹਾਇਆ । ਆਪਣੀ ਕਥਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਨਿਰਗੁਣ ਮੇਲ ਨਿਰਗੁਣ ਧਾਰ, ਨਿਰਗੁਣ ਵਿਚ ਸਮਾਈਆ । ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਨਾਰੀ ਨਰ ਨਰਾਇਣ ਹੰਢਾਈਆ । ਨਿਰਗੁਣ ਕੰਤ ਨਿਰਾਕਾਰ, ਨਿਰਗੁਣ ਆਦਿ ਅੰਤ ਹੋ ਜਾਈਆ । ਨਿਰਗੁਣ ਜੁਗਾ ਜੁਗੰਤ ਖੇਲ ਅਪਾਰ, ਜੁਗ ਕਰਤਾ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਨੂਰ ਜੋਤ ਉਜਾਲਾ, ਹਰਿ ਸਾਚਾ ਸਚ ਕਰਾਇੰਦਾ । ਦਰ ਘਰ ਸਾਚੇ ਦੀਨ ਦਿਆਲਾ, ਦਰ ਦਰਬਾਰਾ ਇਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਗੁਰ ਅਵਤਾਰਾ, ਰੂਪ ਅਨੂਪ ਦਰਸਾਇੰਦਾ । ਖੇਲੇ ਖੇਲ ਅਗੰਮ ਅਪਾਰਾ,
ਵਸਣਹਾਰਾ ਧਾਮ ਨਿਆਰਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਨਿਰਗੁਣ ਬਾਤੀ ਜੋਤ ਉਜਿਆਰਾ, ਕਮਲਾਪਾਤੀ ਆਪ ਜਗਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਆਪ ਆਪਣਾ ਬਣ ਸਿਕਦਾਰਾ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨਿਰਗੁਣ ਵਿਚ ਟਿਕਾਇੰਦਾ । ਨਿਰਗੁਣ ਮੇਲਾ ਨਿਰਗੁਣ ਰੰਗ, ਨਿਰਗੁਣ ਆਪ ਚੜ੍ਹਾਇੰਦਾ । ਨਿਰਗੁਣ ਮਾਣੇ ਸੇਜਾ ਸਚ ਪਲੰਘ, ਨਿਰਗੁਣ ਸਾਚਾ ਸੰਗ ਨਿਭਾਇੰਦਾ । ਨਿਰਗੁਣ ਅੰਗੀਕਾਰ ਲਾਏ ਅੰਗ, ਨਿਰਗੁਣ ਆਪਣੇ ਅੰਕ ਸਮਾਇੰਦਾ । ਨਿਰਗੁਣ ਦਰ ਦਰਵਾਜ਼ਾ ਆਪਣਾ ਆਪੇ ਲੰਘ, ਆਪ ਆਪਣਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਮੰਗ ਮੰਗਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਬੰਕ ਨਿਰਗੁਣ ਦਵਾਰੀ, ਨਿਰਗੁਣ ਅਲਖ ਜਗਾਇੰਦਾ । ਨਿਰਗੁਣ ਦੇਵਣਹਾਰਾ ਦਰ ਦਰ ਦਵਾਰੀ, ਆਪ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਉਪਾਇੰਦਾ । ਦਰ ਦਰਵਾਜ਼ਾ ਆਪਣਾ ਖੋਲ੍ਹ, ਹਰਿ ਸਾਚੇ ਰਚਨ ਰਚਾਈਆ । ਪੁਰਖ ਅਗੰਮਾ ਆਪੇ ਬੋਲ, ਆਪਣੀ ਕਰੇ ਸਿਫ਼ਤ ਸਲਾਹੀਆ । ਆਪ ਆਪਣੇ ਵਸੇ ਕੋਲ, ਦੂਸਰ ਵਸ ਕੋਇ ਨਾ ਰਾਈਆ । ਦਿਵਸ ਰੈਣ ਕਰੇ ਚੋਲ੍ਹ, ਆਦਿ ਜੁਗਾਦਿ ਵੱਡੀ ਵਡਿਆਈਆ । ਆਪਣੇ ਅੰਦਰ ਆਪੇ ਮੌਲ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਨਿਰਗੁਣ ਦਵਾਰਾ ਏਕਉਂਕਾਰਾ, ਆਪਣੀ ਖੇਲ ਖਿਲਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਕਰ ਪਸਾਰਾ, ਜੋਤੀ ਜੋਤ ਵਿਚ ਟਿਕਾਇੰਦਾ । ਮਾਤ ਪਿਤ ਬਣ ਪਿਆਰਾ, ਆਪ ਆਪਣਾ ਸੰਗ ਰਖਾਇੰਦਾ । ਉਪਜੇ ਸੁੱਤ ਸੁੱਤ ਦੁਲਾਰਾ, ਸ਼ਬਦ ਸ਼ਬਦੀ ਨਾਉਂ ਧਰਾਇੰਦਾ । ਵਣਜ ਕਰਾਏ ਇਕ ਵਪਾਰਾ, ਏਕਾ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਇੰਦਾ । ਅਗੰਮੜੀ ਕਾਰ ਪੁਰਖ ਬਿਧਾਤਾ, ਆਪਣੀ ਆਪ ਕਰਾਈਆ । ਆਪੇ ਪਿਤਾ ਆਪੇ ਮਾਤਾ, ਪੂਤ

ਸਪੂਤ ਆਪ ਹੋ ਜਾਈਆ । ਉਤਮ ਰੱਖੇ ਆਪਣੀ ਜ਼ਾਤਾ, ਜ਼ਾਤ ਅਜ਼ਾਤੀ ਭੇਵ ਨਾ ਰਾਈਆ । ਆਪਣੀ ਦੇਵੇ ਧੁਰ ਸੁਗਾਤਾ, ਧੁਰ ਦਰਗਾਹੀ ਵਡ ਵਡਿਆਈਆ । ਬੈਠਾ ਰਹੇ ਇਕ ਇਕਾਂਤਾ, ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪ ਅਖਵਾਈਆ । ਆਦਿ ਪੁਰਖ ਆਦਿ ਅਵਤਾਰਾ, ਆਦਿ ਆਦਿ ਸਮਾਇਆ । ਆਪ ਆਪਣਾ ਕਰ ਪਿਆਰਾ, ਆਪ ਆਪਣੇ ਅੰਦਰ ਆਸਣ ਲਾਇਆ । ਹਿਤ ਸੁੱਤ ਅਬਿਨਾਸ਼ੀ ਅਚੁੱਤ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰੋ ਨੂਰ ਉਪਾਇਆ । ਜੋਤੀ ਨੂਰ ਹਰਿ ਉਪਾ, ਨੂਰੋ ਨੂਰ ਦਰਸਾਇੰਦਾ । ਆਪ ਆਪਣਾ ਵੇਸ ਵਟਾ, ਨਿਰਾਕਾਰ ਸਾਕਾਰ ਹੋ ਜਾਇੰਦਾ । ਖੇਲੇ ਖੇਲ ਅਗੰਮ ਅਥਾਹ, ਬੇਪਰਵਾਹ ਭੇਵ ਨਾ ਆਇੰਦਾ । ਨੂਰ ਨੁਰਾਨੀ ਇਕ ਖ਼ੁਦਾ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣੇ ਨਾਲੋਂ ਕਰ ਜੁਦਾ, ਆਪ ਆਪਣਾ ਅੰਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰ ਕਰ ਪਸਾਰ, ਨਾਮ ਸਤਿ ਸਤਿ ਜੈਕਾਰ, ਕਰਤਾ ਪੁਰਖ ਪੁਰਖ ਕਰਤਾਰ, ਨਿਰਭੈ ਦਏ ਉਧਾਰ, ਜੂਨੀ ਰਹਿਤ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਆਪਣਾ ਬੰਧਨ ਆਪੇ ਪਾ, ਆਪਣਾ ਰੂਪ ਵਟਾਇਆ । ਅਬਿਨਾਸ਼ੀ ਕਰਤਾ ਖੇਲ ਖਿਲਾ, ਖੇਲਣਹਾਰਾ ਦਿਸ ਨਾ ਆਇਆ । ਆਪਣੀ ਜੋਤੀ ਨੂਰ ਟਿਕਾ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਸ ਚਲਾਇਆ । ਆਪੇ ਭਗਵਨ ਜੋਤੀ ਧਰ, ਆਪਣਾ ਰੂਪ ਵਟਾਇੰਦਾ । ਆਪਣੀ ਕਿਰਪਾ ਆਪੇ ਕਰ, ਆਪੇ ਵੇਖ ਵਖਾਇੰਦਾ । ਆਪੇ ਸੋਹੇ ਆਪਣੇ ਦਰ, ਦਰ ਦਵਾਰਾ ਆਪ ਸੁਹਾਇੰਦਾ । ਆਪਣੀ ਕਰਨੀ ਕਰਤਾ ਰਿਹਾ ਕਰ, ਕਰਨਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਅਪਰ ਅਪਾਰਾ, ਹਰਿ ਸਾਚੇ ਸਚ ਕਰਾਇਆ । ਵਿਸ਼ਨੂੰ ਵੰਸੀ ਹੋ ਤਿਆਰਾ, ਵਿਸ਼ਵ ਰੂਪ ਸਮਾਇਆ । ਆਪ ਆਪਣੀ ਬੰਨ੍ਹੇ ਧਾਰਾ, ਆਪ ਆਪਣਾ ਮਾਰਗ ਲਾਇਆ । ਨਾ ਕੋਈ ਦੂਸਰ ਮੀਤ ਮੁਰਾਰਾ, ਨਾ ਕੋਈ ਸੰਗ ਰਖਾਇਆ । ਨਾ ਕੋਈ ਗੁਰ ਪੀਰ ਅਵਤਾਰਾ, ਇਕ ਅਕੱਲਾ ਖੇਲ ਖਿਲਾਇਆ । ਰਵ ਸਸ ਨਾ ਕੋਏ ਸਤਾਰਾ, ਸੂਰਜ ਚੰਨ ਨਜ਼ਰ ਨਾ ਆਇਆ । ਜੰਗਲ ਜੂਹ ਉਜਾੜ ਨਾ ਕੋਇ ਪਹਾੜਾ, ਡੂੰਘੀ ਕੁੰਦਰ ਨਾ ਕੋਇ ਵਖਾਇਆ । ਤ੍ਰੈਗੁਣ ਨਾ ਤੇਰਾ ਕੋਇ ਉਜਿਆਰਾ, ਤੇਰਾ ਤੱਤ ਨਾ ਕੋਇ ਉਪਾਇਆ । ਪੰਜ ਤੱਤ ਨਾ ਕੋਇ ਸ਼ੰਗਾਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾ ਕੋਇ ਰਲਾਇਆ । ਮਨ ਮਤ ਬੁਧ ਨਾ ਕੋਇ ਜੈਕਾਰਾ, ਨਾ ਕੋਈ ਨਾਉਂ ਧਰਾਇਆ । ਵੇਦ ਕਤੇਬ ਨਾ ਕੋਇ ਲਿਖਾਰਾ, ਰਸਨਾ ਜੇਹਵਾ ਨਾ ਕੋਇ ਹਿਲਾਇਆ । ਗੁਰ ਪੀਰ ਨਾ ਕੋਇ ਅਵਤਾਰਾ, ਸਾਧ ਸੰਤ ਨਾ ਕੋਇ ਰਖਾਇਆ । ਲੱਖ ਚੁਰਾਸੀ ਨਾ ਕੋਇ ਪਸਾਰਾ, ਜੀਵ ਜੰਤ ਨਾ ਕੋਇ ਧਰਾਇਆ । ਆਦਿ ਜੁਗਾਦੀ ਏਕਉਂਕਾਰਾ, ਏਕਾ ਘਰ ਵਸਾਇਆ । ਆਪ ਆਪਣਾ ਸੁਹਾਏ ਬੰਕ ਦਵਾਰਾ, ਦਰ ਦਰਵਾਜ਼ਾ ਇਕ ਰਖਾਇਆ । ਗ਼ਰੀਬ ਨਿਵਾਜ਼ਾ ਹੋ ਉਜਿਆਰਾ, ਆਪਣਾ ਵਾਜਾ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਵੰਸੀ ਨਾਮ ਧਰਾਇਆ । ਵਿਸ਼ਨੂੰ ਰੂਪ ਹਰਿ ਕਰਤਾਰ, ਆਪਣਾ ਆਪ ਕਰਾਇੰਦਾ । ਆਪ ਆਪਣੇ ਵਿਚੋਂ ਕਰਿਆ ਬਾਹਰ, ਮਾਤ ਪਿਤ ਨਾ ਕੋਇ ਰਖਾਇੰਦਾ । ਭਾਈ ਭੈਣ ਨਾ ਕੋਇ ਪਿਆਰ, ਸਾਕ ਸੈਣ ਨਾ ਕੋਇ ਜਣਾਇੰਦਾ । ਨਾ ਕੋਈ ਨਾਰੀ ਕੰਤ


੪੫੬ ੦੮

ਭਤਾਰ, ਨਾ ਕੋਈ ਸੇਜ ਹੰਢਾਇੰਦਾ । ਨਾ ਕੋਈ ਕਰੇ ਤਨ ਸ਼ੰਗਾਰ, ਬਸਤਰ ਭੂਸ਼ਨ ਨਾ ਕੋਇ ਸੁਹਾਇੰਦਾ । ਨਾ ਕੋਈ ਨੈਣ ਕੱਜਲ ਧਾਰ, ਬੱਤੀ ਦੰਦ ਨਾ ਕੋਇ ਹਸਾਇੰਦਾ । ਨਾ ਕੋਈ ਪਾਠ ਵੇਦ ਮੰਤਰ ਰਿਹਾ ਉਚਾਰ, ਨਾ ਕੋਈ ਗੀਤ ਸੁਣਾਇੰਦਾ । ਇਕ ਅਕੱਲਾ ਸਿਰਜਣਹਾਰ, ਨੇਤਰ ਨੈਣਾਂ ਨਜ਼ਰੀ ਆਇੰਦਾ । ਵਸਣਹਾਰਾ ਸਚ ਸਚਖੰਡ ਦਵਾਰ, ਥਿਰ ਘਰ ਬੈਠਾ ਸੋਭਾ ਪਾਇੰਦਾ । ਵਿਸ਼ਨੂੰ ਮੇਲਾ ਏਕਾ ਕਾਰ, ਏਕਾ ਕਿਰਤ ਕਮਾਇੰਦਾ । ਤੇਰਾ ਮੇਰਾ ਇਕ ਪਿਆਰ, ਆਦਿ ਆਦਿ ਇਕ ਅਖਵਾਇੰਦਾ । ਤੇਰੇ ਅੰਦਰ ਤੇਰਾ ਦੇਵੇ ਵਾੜ, ਤੇਰੀ ਧਰਮਸਾਲ ਸੁਹਾਇੰਦਾ । ਤੇਰਾ ਰੂਪ ਸਚ ਅਖਾੜ, ਸਚ ਦਵਾਰਾ ਆਪ ਬਣਾਇੰਦਾ । ਤੇਰਾ ਰੰਗ ਸਾਚਾ ਲਾੜ, ਧੁਰ ਦਰਗਾਹੀ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਖੇਲਣਹਾਰਾ ਹਰਿ ਸਮਰਥ, ਏਕਾ ਏਕ ਅਖਵਾਇਆ । ਵਿਸ਼ਨੂੰ ਦੇਵੇ ਸਾਚੀ ਵੱਥ, ਆਪਣਾ ਨਾਮ ਆਪਣੇ ਵਿਚ ਟਿਕਾਇਆ । ਆਪਣਾ ਕੀਤਾ ਆਪੇ ਵੱਖ, ਆਪ ਆਪਣਾ ਮੇਲ ਮਿਲਾਇਆ । ਆਪਣਾ ਕਰੇ ਆਪ ਸੱਖ, ਆਪੇ ਰਿਹਾ ਤਾਲ ਭਰਾਇਆ । ਆਪਣੀ ਜੋਤੀ ਹੋ ਪਰਤੱਖ, ਆਪਣਾ ਦੀਪਕ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾਇਆ । ਸਾਚੀ ਵਸਤ ਹਰਿ ਭਗਵਾਨ, ਵਿਸ਼ਨੂੰ ਝੋਲੀ ਪਾਇੰਦਾ । ਦੇਵਣਹਾਰਾ ਆਪਣਾ ਦਾਨ, ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜਗੇ ਇਕ ਮਹਾਨ, ਏਕਾ ਏਕ ਡਗਮਗਾਇੰਦਾ । ਏਕਾ ਇਸ਼ਟ ਇਕ ਧਿਆਨ, ਏਕਾ ਲਿਵ ਰਖਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਵਖਾਇੰਦਾ । ਏਕਾ ਦੇਵਣਹਾਰਾ ਮਾਣ, ਧੁਰ ਫ਼ਰਮਾਣਾ ਇਕ ਜਣਾਇੰਦਾ । ਏਕਾ ਹੋਏ ਨਿਗਹਬਾਨ, ਏਕਾ ਹੁਕਮ ਸੁਣਾਇੰਦਾ । ਏਕਾ ਹੋਏ ਜਾਣੀ ਜਾਣ, ਜਾਨਣਹਾਰ ਇਕ ਹੋ ਜਾਇੰਦਾ । ਏਕਾ ਏਕ ਕਰੇ ਪਛਾਨ, ਏਕਾ ਦੂਜਾ ਭੌ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਵਿਸ਼ਨੂੰ ਸਿਖਿਆ ਹਰਿ ਭਗਵੰਤ, ਆਪਣੀ ਆਪ ਸਿਖਾਈਆ । ਆਦਿ ਜੁਗਾਦੀ ਇਕ ਬੇਅੰਤ, ਪਾਰਬ੍ਰਹਮ ਵੱਡੀ ਵਡਿਆਈਆ । ਮੇਰਾ ਰੂਪ ਤੇਰਾ ਮੰਤ, ਤੇਰਾ ਮੇਰਾ ਇਕ ਸਮਾਈਆ । ਮੇਰੀ ਜੋਤ ਜੁਗਾ ਜੁਗੰਤ, ਨੂਰੋ ਨੂਰ ਕਰੇ ਰੁਸ਼ਨਾਈਆ । ਤੂੰ ਨਾਰੀ ਹਉਂ ਸਾਚਾ ਕੰਤ, ਵਿਸ਼ਨੂੰ ਸਾਚਾ ਵੰਸ ਉਪਾਈਆ । ਤੇਰੀ ਚੋਲੀ ਮੇਰਾ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਨਾ ਕੋਈ ਜੀਵ ਨਾ ਜੰਤ, ਨਿਰਗੁਣ ਆਪਣਾ ਵੇਸ ਵਟਾਈਆ । ਨਾ ਕੋਈ ਨਾਰੀ ਨਾ ਕੋਈ ਕੰਤ, ਮਾਤ ਪਿਤ ਨਾ ਕੋਇ ਅਖਵਾਈਆ । ਤੇਰੀ ਬਣਾਏ ਤੇਰਾ ਬਣਤ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਘਰ ਪਾ, ਵਿਸ਼ਨੂੰ ਸੀਸ ਝੁਕਾਇੰਦਾ । ਅਬਿਨਾਸ਼ੀ ਕਰਤਾ ਤੂੰ ਬੇਪਰਵਾਹ, ਤੇਰਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਇਕ ਮਲਾਹ, ਏਕਾ ਏਕ ਅਖਵਾਇੰਦਾ । ਤੂਹੀ ਪਿਤਾ ਤੂਹੀ ਮਾਂ, ਬਾਲਕ ਸੁੱਤ ਤੂੰ ਉਪਜਾਇੰਦਾ । ਤੂੰ ਹੀ ਪਕੜਣਹਾਰਾ ਬਾਂਹ, ਦੂਸਰ ਓਟ ਨਾ ਕੋਇ ਰਖਾਇੰਦਾ । ਤੂੰ ਹੀ ਕਰੇਂ ਸਚ ਨਿਆਂ, ਸਚ ਦਵਾਰ ਇਕ ਵਖਾਇੰਦਾ । ਤੂੰ ਹੀ ਪਕੜੇਂ ਅੰਤਮ ਬਾਂਹ, ਬਿਨ ਤੇਰੇ ਕੋਇ ਦਿਸ ਨਾ ਆਇੰਦਾ । ਤੂੰ ਹੀ ਦੇਵਣਹਾਰਾ ਠੰਡੀ ਛਾਂ, ਸਿਰ ਹੱਥ ਸਮਰਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਪੁਰਖ ਅਬਿਨਾਸ਼ੀ ਆਪੇ ਬੋਲ, ਆਪਣਾ ਹੁਕਮ ਸੁਣਾਇਆ ।

੪੫੭
੦੮

ਵਿਸ਼ਨੂੰ ਤੇਰਾ ਤੋਲੇ ਤੋਲ, ਸਾਚਾ ਤੋਲਾ ਆਪ ਰਘੁਰਾਇਆ । ਆਦਿ ਜੁਗਾਦਿ ਨਾ ਜਾਏ ਡੋਲ, ਨਾ ਡੋਲੇ ਨਾ ਕਿਸੇ ਡੁਲਾਇਆ । ਤੇਰਾ ਤੇਰੇ ਵਸੇ ਕੋਲ, ਵਿਛੜ ਕਦੇ ਨਾ ਜਾਇਆ । ਮੇਰੀ ਜੋਤ ਤੇਰੀ ਗੋਤ ਤੇਰੇ ਅੰਦਰ ਗਈ ਮੌਲ, ਫਲ ਫੁਲਵਾੜੀ ਵੇਖ ਵਖਾਇਆ । ਤੇਰੇ ਅੰਦਰ ਧਰਿਆ, ਆਪਣਾ ਅੰਮ੍ਰਿਤ ਕੌਲ, ਤੇਰੀ ਨਾਭੀ ਦਏ ਝਿਰਾਇਆ । ਅਬਿਨਾਸ਼ੀ ਕਰਤਾ ਆਪਣੀ ਦੇਵੇ ਆਪੇ ਪੌਹਲ, ਆਪ ਆਪਣਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਲੇਖਾ ਇਕ ਸਮਝਾਇਆ । ਵਿਸ਼ਨੂੰ ਅੰਤਮ ਕਰ ਨਿਮਸਕਾਰ, ਆਪਣਾ ਸੀਸ ਝੁਕਾਇੰਦਾ । ਤੂੰ ਦਾਤਾ ਬੇਐਬ ਪਰਵਰਦਿਗਾਰ, ਤੇਰਾ ਲੇਖਾ ਕੋਇ ਨਾ ਆਇੰਦਾ । ਕਵਣ ਰੂਪ ਵਰਤੇ ਵਿਚ ਸੰਸਾਰ, ਕਵਣ ਰੰਗ ਰੰਗਾਇੰਦਾ । ਸ਼ਬਦ ਸੁਨੇਹੜਾ ਇਕ ਨਿਰੰਕਾਰ, ਆਪਣਾ ਆਪ ਘਲਾਇੰਦਾ । ਤੇਰੇ ਅੰਦਰੋਂ ਆਏ ਬਾਹਰ, ਨਾਭੀ ਮੁਖ ਖੁਲ੍ਹਾਇੰਦਾ । ਕਵਲ ਕਵਲਾ ਕਰ ਤਿਆਰ, ਤੇਰਾ ਬੀਜ ਵਖਾਇੰਦਾ । ਤੇਰਾ ਫੁਲ ਖਿੜੇ ਗੁਲਜ਼ਾਰ, ਏਕਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਦੇਵੇ ਸਾਚਾ ਵਰ, ਏਕਾ ਮਤ ਸਮਝਾਇੰਦਾ । ਹਰਿ ਹਰਿ ਦੇਵੇ ਸਾਚੀ ਮਤ, ਵਿਸ਼ਨੂੰ ਹਰਿ ਸਮਝਾਈਆ । ਤੇਰੀ ਨਾਭੀ ਕਮਲਾਪਤ, ਕਵਲ ਫੁਲ ਸੁਹਾਈਆ । ਆਪਣਾ ਰੂਪ ਕਰੇ ਉਤਪਤ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਬੀਜ ਬੀਜੇ ਆਪਣੀ ਰੁੱਤ, ਰਕਤ ਬੂੰਦ ਨਾ ਕੋਇ ਵਖਾਈਆ । ਨਾ ਕੋਈ ਮੇਲਾ ਦਿਸੇ ਤੱਤ, ਤੱਤਵ ਤੱਤ ਨਾ ਕੋਇ ਜਣਾਈਆ । ਸਰਬ ਕਲ ਆਪੇ ਸਮਰਥ, ਆਪ ਆਪਣੀ ਰਚਨ ਰਚਾਈਆ । ਆਪੇ ਦੇਵੇ ਸਾਚੀ ਵੱਥ, ਆਪ ਆਪਣਾ ਖੇਲ ਖਿਲਾਈਆ । ਬ੍ਰਹਮ ਰੂਪ ਹੋਏ ਪਰਗਟ, ਹਰਿ ਸਾਚੇ ਵਡ ਵਡਿਆਈਆ । ਚਾਰੇ ਮੁਖ ਆਪਣੇ ਕੱਟ, ਆਪਣਾ ਵਖਾਈਆ । ਸ਼ਬਦ ਨਗਾਰਾ ਲਾਏ ਸੱਟ, ਤਾਲ ਤਲਵਾੜਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਬ੍ਰਹਮ ਵੱਡੀ ਵਡਿਆਈਆ । ਬ੍ਰਹਮ ਬ੍ਰਹਮ ਪਾਰਬ੍ਰਹਮ, ਆਪਣਾ ਰੂਪ ਵਟਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਰਚਾਇਆ । ਪਵਣ ਸਵਾਸੀ ਨਾ ਕੋਇ ਦਮ, ਨਾ ਕੋਈ ਰੋ ਰੋ ਨੀਰ ਵਹਾਇਆ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਆਪ ਆਪਣੀ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇਆ । ਵਿਸ਼ਨੂੰ ਮੇਲਾ ਪਾਰਬ੍ਰਹਮ, ਪਾਰਬ੍ਰਹਮ ਵੇਖ ਵਖਾਇੰਦਾ । ਘਰ ਸਾਚੇ ਸੁੱਤ ਗਿਆ ਜੰਮ, ਬ੍ਰਹਮਾ ਨਾਉਂ ਰਖਾਇੰਦਾ । ਬ੍ਰਹਮਾ ਦਿਤਾ ਏਕਾ ਤਮ, ਇਕ ਧਿਆਨ ਲਗਾਇੰਦਾ । ਆਪੇ ਘੜੇ ਆਪੇ ਲਏ ਭੰਨ, ਸ਼ਿਵ ਸ਼ੰਕਰ ਵੇਖ ਵਖਾਇੰਦਾ । ਅੰਧ ਅੰਧੇਰ ਚਾੜ੍ਹੇ ਚੰਨ, ਆਕਾਸ਼ ਪਰਕਾਸ਼ ਵਖਾਇੰਦਾ । ਤ੍ਰੈ ਤ੍ਰੈ ਨਾਤਾ ਆਪੇ ਬੰਨ, ਤ੍ਰੈ ਤ੍ਰੈ ਧੀਰ ਧਰਾਇੰਦਾ । ਵਸਣਹਾਰਾ ਬਿਨ ਛੱਪਰੀ ਛੰਨ, ਸਚ ਸਿੰਘਾਸਣ ਡੇਰਾ ਲਾਇੰਦਾ । ਸੇਵਕ ਸੇਵਾ ਲਾਏ ਰਵ ਸਸ ਸੂਰਜ ਚੰਨ, ਆਪ ਆਪਣੀ ਕਿਰਤ ਕਮਾਇੰਦਾ । ਵਿਸ਼ਨੂੰ ਤੇਰਾ ਰੂਪ ਤੇਰਾ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਇਕ ਸੁਭਾਇੰਦਾ । ਆਦਿਨ ਅੰਤਾ ਹਰਿ ਭਗਵਾਨਾ, ਹਰੀ ਹਰਿ ਰੂਪ ਵਟਾਇਆ । ਸ਼ਬਦ ਸ਼ਬਦੀ ਬੰਨੇ ਗਾਨਾ, ਸਾਚਾ ਸਗਣ ਮਨਾਇਆ । ਨਿਰਗੁਣ ਵੇਖੇ ਮਾਰ ਧਿਆਨਾ, ਪੰਜ ਤੱਤ ਨਾ ਕੋਇ ਵਸਾਇਆ । ਥਿਰ ਘਰ ਵਸਿਆ ਇਕ ਮਕਾਨਾ, ਸਚਖੰਡ ਦਵਾਰਾ ਇਕ ਜਣਾਇਆ । ਆਪੇ ਜੋਧਾ ਮਰਦ ਮਰਦਾਨਾ, ਨਾ ਮਰੇ ਨਾ ਜਾਇਆ । ਆਪੇ ਵਰਤੇ ਆਪਣਾ ਭਾਣਾ, ਆਪਣੇ ਭਾਣੇ ਆਪ ਰਖਾਇਆ । ਆਪੇ ਦਾਤਾ ਗੁਣ ਨਿਧਾਨਾ,


੪੫੮
੦੮

ਦੀਨਾਂ ਬੰਧਪ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਦੇਵੇ ਵਰ, ਲੇਖਾ ਲੇਖ ਨਾ ਕੋਇ ਲਿਖਾਇਆ । ਦੇਵਣਹਾਰਾ ਆਦਿ ਵਰ, ਬ੍ਰਹਿਮਾਦ ਵੱਜੀ ਵਧਾਈਆ । ਵਿਸ਼ਨੂੰ ਮੇਲਾ ਨਾਰੀ ਨਰ, ਨਰ ਨਰਾਇਣ ਵੇਖ ਵਖਾਈਆ । ਆਪਣੀ ਕਾਰੀ ਆਪੇ ਕਰ, ਕਰਨੀ ਕਰਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਇਕ ਅਖਵਾਈਆ । ਆਦਿ ਹਰਿ ਆਦਿ ਨਰ, ਆਦਿ ਗੁਰ ਅਵਤਾਰਿਆ । ਆਦਿ ਭੰਡਾਰਾ ਸ਼ਬਦ ਜੈਕਾਰਾ ਇਕ ਦਵਾਰਾ ਦੇਵੇ ਭਰ, ਆਦਿ ਆਦਿ ਆਪ ਵਰਤਾ ਰਿਹਾ । ਆਦਿ ਪਸਾਰਾ ਹਰਿ ਨਿਰੰਕਾਰਾ ਜੋਤ ਉਜਿਆਰਾ, ਨਿਰਗੁਣ ਆਪ ਕਰਾ ਰਿਹਾ । ਆਦਿ ਪਿਆਰਾ ਵਿਸ਼ਨੂੰ ਦੁਲਾਰਾ, ਬ੍ਰਹਮਾ ਸਤਿ ਪਿਆਰਾ, ਸ਼ੰਕਰ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦਿ ਏਕਾ ਏਕ ਦਰਸਾ ਰਿਹਾ । ਆਦਿ ਜਣਾਇਆ ਆਦਿ ਜਣਾਈ, ਆਦਿ ਪੁਰਖ ਆਦੇਸਿਆ । ਆਦਿ ਸਗਨ ਆਦਿ ਕੁੜਮਾਈ, ਆਦਿ ਮੇਲਾ ਵਿਸ਼ਨ ਮਹੇਸ਼ਿਆ । ਆਦਿ ਘਰ ਵੱਜੀ ਵਧਾਈ, ਆਦਿ ਨਿਰੰਜਣ ਆਪੇ ਵੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਲੇਖਿਆ । ਵਿਸ਼ਨੂੰ ਵੰਸੀ ਹਰਿ ਉਪਾ, ਆਪਣਾ ਬਿਰਧ ਜਣਾਇਆ । ਚਾਰ ਚਾਰ ਤੇਰੇ ਅੰਗ ਰਲਾ, ਤੇਰਾ ਸੰਗ ਰਖਾਇਆ । ਬ੍ਰਹਮ ਬ੍ਰਹਮ ਬ੍ਰਹਮ ਧਰਾ, ਤ੍ਰੈਗੁਣ ਝੋਲੀ ਪਾਇਆ । ਰਜੋ ਸਤੋ ਤਮੋ ਮੇਲ ਮਿਲਾ, ਸਤਿ ਸਰੂਪ ਵਟਾਇਆ । ਪੰਚਮ ਜੋੜਾ ਦਏ ਜੁੜਾ, ਜੋਗ ਜੁਗਤ ਆਪਣੇ ਹੱਥ ਰਖਾਇਆ । ਸ਼ਬਦੀ ਘੋੜਾ ਦਏ ਦੌੜਾ, ਨਿਰਗੁਣ ਸਰਗੁਣ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਬਣਤ ਬਣਾਇਆ । ਲੱਖ ਚੁਰਾਸੀ ਮਾਤ ਰੱਖ, ਦੇਵੇ ਵਡ ਵਡਿਆਈਆ । ਚਾਰੇ ਵੇਦਾਂ ਕਰ ਪਰਤੱਖ, ਚਾਰੇ ਜੁਗ ਕਰੇ ਕੁੜਮਾਈਆ । ਭੇਵ ਨਾ ਪਾਏ ਅਲੱਖਣਾ ਅਲੱਖ, ਅਲਖ ਨਿਰੰਜਣ ਵਡ ਵਡਿਆਈਆ । ਆਪੇ ਭਾਂਡੇ ਭਰੇ ਆਪੇ ਕਰੇ ਸੱਖ, ਸਾਖਿਆਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਿਰਪਾ ਆਪੇ ਕਰ, ਆਪੇ ਰਚਨ ਰਚਾਈਆ । ਵਿਸ਼ਨੂੰ ਵੰਸ ਸੁਣ ਸ਼ਬਦ ਅਨਾਦੀ, ਏਕ ਬਚਨ ਅਲਾਇਆ । ਤੇਰਾ ਖੇਲ ਆਦਿ ਜੁਗਾਦੀ, ਤੂੰ ਕਰਤਾ ਕਰਨ ਆਇਆ, ਧੁਰ ਦੀ ਬਾਣ ਧੁਰ ਦੀ ਵਾਦੀ, ਨਾ ਕੋਈ ਮੇਟੇ ਮੇਟ ਮਿਟਾਇਆ । ਤੂੰ ਹੀ ਰੱਖਣਹਾਰਾ ਲਾਜੀ, ਤੇਰਾ ਤੇਰੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਕੌਲ ਆਪੇ ਰਿਹਾ ਕਰਾਇਆ । ਵਿਸ਼ਨੂੰ ਕੌਲ ਕੌਲ ਹਰਿ ਹਰਿ ਕਰਿਆ, ਆਪਣਾ ਬਚਨ ਸੁਣਾਈਆ । ਤੇਰਾ ਤੇਰਾ ਲਏ ਵਰਿਆ, ਤੇਰੀ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਚੁੱਕੇ ਡਰਿਆ, ਕਲਜੁਗ ਵੇਖੇ ਬੇਪਰਵਾਹੀਆ । ਰਾਮਾ ਕ੍ਰਿਸ਼ਨਾ ਘਾੜਨ ਘੜਿਆ, ਪੰਜ ਤੱਤ ਡੇਰਾ ਲਾਈਆ । ਪੰਜ ਤੱਤ ਵਿਕਾਰਾ ਆਪੇ ਲੜਿਆ, ਸੰਤਾਂ ਭਗਤਾਂ ਲਏ ਜਣਾਈਆ । ਗੁਰਮੁਖ ਸਾਜਣ ਸਾਚੇ ਫੜਿਆ, ਜਿਸ ਜਨ ਅੰਤਰ ਬਿਰਹੋਂ ਲਾਈਆ । ਮਹੱਲ ਅਟੱਲ ਉਚੇ ਆਪੇ ਚੜ੍ਹਿਆ, ਬੈਠਾ ਡੇਰਾ ਲਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਨਾ ਕੋਇ ਅਕਾਰ ਜਣਾਈਆ । ਆਦਿ ਜੁਗਾਦਿ ਕਦੇ ਨਾ ਸੜਿਆ, ਨਾ ਮਰੇ ਨਾ ਜਾਈਆ । ਲੱਖ ਚੁਰਾਸੀ ਅੰਦਰ ਵੜਿਆ, ਘਟ ਘਟ ਬੈਠਾ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਆਪਣੇ ਹੱਥ ਰਖਾਈਆ । ਸਤਿਜੁਗ ਉਤਰੇ ਪਾਰ ਕਿਨਾਰਾ, ਹਰਿ ਸਾਚਾ ਆਪ ਕਰਾਇੰਦਾ । ਧਰਨੀ ਧਵਲ ਦਏ ਸਹਾਰਾ, ਸਾਚਾ ਮਾਰਗ ਲਾਇੰਦਾ । ਤ੍ਰੇਤਾ

੪੫੯
੦੮

ਤੇਰਾ ਰੂਪ ਅਪਾਰਾ, ਰਾਮ ਰਾਮ ਰੂਪ ਹੋ ਜਾਇੰਦਾ । ਤੋੜਨਹਾਰਾ ਗੜ੍ਹ ਹੰਕਾਰਾ, ਗੜ੍ਹ ਹੰਕਾਰੀ ਆਪ ਮਿਟਾਇੰਦਾ । ਭਗਤ ਭਗਵੰਤ ਇਕ ਪਿਆਰਾ, ਏਕਾ ਮਾਰਗ ਲਾਇੰਦਾ । ਏਕਾ ਸ਼ਬਦ ਇਕ ਜੈਕਾਰਾ, ਏਕਾ ਦਰ ਸੁਹਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਜੁਗ ਜੁਗ ਕਾਰ ਕਮਾਇੰਦਾ । ਵੇਦ ਵਿਆਸਾ ਸੇਵਾਦਾਰਾ, ਪ੍ਰਾਣੀ ਪ੍ਰਾਣ ਜਣਾਇੰਦਾ । ਇਕ ਅਠਾਰਾਂ ਕਰ ਪਿਆਰਾ, ਚਾਰ ਲੱਖ ਹਜ਼ਾਰ ਸਤਾਰਾਂ, ਬਾਰਾ ਅਕਸ਼ਰ ਕਰ ਕਰ ਵੱਖ ਇਕ ਸਲੋਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਆਪਣਾ ਨਾਮ ਧਰਾ, ਆਪਣੀ ਕਲ ਵਰਤਾਈਆ । ਕਾਹਨਾ ਕ੍ਰਿਸ਼ਨਾ ਰੂਪ ਵਟਾ, ਨਾਮ ਬੰਸਰੀ ਇਕ ਵਜਾਈਆ । ਮੋਰ ਮੁਕਟ ਸੀਸ ਟਿਕਾ, ਸਾਚੀ ਸਖੀਆਂ ਮੰਗਲ ਗਾਈਆ । ਗ਼ਰੀਬ ਨਿਮਾਣੇ ਗਲੇ ਲਗਾ, ਦੂਤੀ ਦੁਸ਼ਟ ਮੁਕਾਈਆ । ਰਥ ਰਥਵਾਹੀ ਰਥ ਚਲਾ, ਦੁਆਪਰ ਬੇੜਾ ਬੰਨ੍ਹੇ ਲਾਈਆ । ਕਲਜੁਗ ਕੂੜੇ ਚੜ੍ਹਿਆ ਚਾ, ਲੋਕਮਾਤ ਕਰੇ ਰੁਸ਼ਨਾਈਆ । ਕੂੜਾ ਡੰਕ ਦਏ ਵਜਾ, ਸੁਣੇ ਸਰਬ ਲੋਕਾਈਆ । ਰਾਜ ਰਾਜਾਨਾਂ ਦਏ ਭੁੱਲਾ, ਮਾਇਆ ਮਮਤਾ ਮੋਹ ਵਧਾਈਆ । ਕਾਮ ਕਰੋਧ ਸੰਗ ਰਲਾ, ਹਉਮੇ ਹੰਗਤਾ ਕਰੀ ਕੁੜਮਾਈਆ । ਜੂਠ ਝੂਠ ਲਈ ਪਰਣਾ, ਦੂਈ ਦਵੈਤੀ ਨਾਰੀ ਆਪ ਪਰਨਾਈਆ । ਗੁਰਮਤ ਕੁਆਰੀ ਕੰਨਿਆ ਮਾਰੇ ਧਾ, ਮਿਲੇ ਮੇਲ ਨਾ ਸਾਚੇ ਮਾਹੀਆ । ਪੁਰਖ ਅਬਿਨਾਸ਼ੀ ਬੇਪਰਵਾਹ, ਆਪ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਆਪ ਉਪਾ, ਆਪੇ ਵੇਖ ਵਖਾਈਆ । ਆਪ ਆਪਣਾ ਮੰਤਰ ਨਾਮ ਦ੍ਰਿੜ੍ਹਾ, ਇਸ਼ਟ ਦੇਵ ਆਪ ਅਖਵਾਈਆ । ਵਰਨ ਗੋਤ ਆਪ ਜਣਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਵਾਸਨਾ ਖੋਟੀ ਆਪ ਭਰਾ, ਮਨਮਤ ਕਰੇ ਹਲਕਾਈਆ । ਤਨ ਲੰਗੋਟੀ ਧੀਰਜ ਜਤ ਦਏ ਤੁੜਾ, ਕੋਟੀ ਕੋਟ ਰਿਹਾ ਫਿਰਾਈਆ । ਬੋਟੀ ਬੋਟੀ ਦਏ ਤੁੜਾ, ਪੰਜ ਤੱਤ ਨਾ ਕੋਇ ਸਹਾਈਆ । ਸਾਚੀ ਚੋਟੀ ਨਾ ਦੇਵੇ ਕੋਈ ਚੜ੍ਹਾ, ਬਿਨ ਹਰਿ ਨਾਮੇ ਨਾ ਕੋਇ ਬਾਈਆ । ਬੇਐਬ ਖ਼ੁਦਾਈ ਆਪ ਖ਼ੁਦਾ, ਖ਼ਾਲਕ ਖ਼ਲਕ ਵਿਚ ਸਮਾਈਆ । ਆਪਣਾ ਨਾਅਰਾ ਆਪੇ ਲਾ, ਹੱਕ ਹਕੀਕਤ ਵੇਖ ਵਖਾਈਆ । ਲਾਸ਼ਰੀਕ ਸਗਨ ਮਨਾ, ਸਾਚੀ ਸਿਖਿਆ ਆਪਣੀ ਆਪ ਜਣਾਈਆ । ਚੌਦਾਂ ਲੋਕਾਂ ਫੇਰਾ ਪਾ, ਚੌਦਾਂ ਤਬਕ ਸੁਹਾਈਆ । ਲੋਕਮਾਤ ਡੇਰਾ ਲਾ, ਈਸਾ ਮੂਸਾ ਕਰੇ ਕੁੜਮਾਈਆ । ਉਚ ਮੁਨਾਰੇ ਮਰਦੰਗ ਦਏ ਵਜਾ, ਸਚ ਮਹਿਰਾਬੀ ਬਾਂਗ ਸੁਣਾਈਆ । ਏਕਾ ਨਾਅਰਾ ਦਏ ਲਾ, ਲਾਸ਼ਰੀਕ ਵੱਡੀ ਵਡਿਆਈਆ । ਮੁਕਾਮੇ ਹੱਕ ਰਿਹਾ ਸੁਹਾ, ਸਾਚੀ ਸਦਾ ਇਕ ਅਲਾਈਆ । ਐਨਲਹੱਕ ਮੇਲ ਮਿਲਾ, ਸਾਚੀ ਸ਼ਰਅ ਸ਼ਰੀਅਤ ਵਿਚ ਟਿਕਾਈਆ । ਕਾਇਆ ਕਾਅਬਾ ਆਪ ਜਣਾ, ਦੋ ਦੋ ਆਬਾ ਮੇਲ ਮਿਲਾਈਆ । ਹੱਕ ਜਨਾਬਾ ਡੇਰਾ ਲਾ, ਬੈਠਾ ਬੇਪਰਵਾਹੀਆ । ਨੂਰ ਅਲਾਹੀ ਨਾਮ ਧਰਾ, ਆਪਣਾ ਰੂਪ ਵਟਾਈਆ । ਅੱਲਾ ਰਾਣੀ ਸੰਗ ਰਲਾ, ਲੋਕਮਾਤ ਕਰੇ ਰੁਸ਼ਨਾਈਆ । ਵਿਸ਼ਨ ਚੜ੍ਹਿਆ ਸਾਚਾ ਚਾ, ਘਰ ਸਾਚੇ ਸਗਨ ਮਨਾਈਆ । ਮੇਰਾ ਕੰਤ ਨਾ ਦੂਸਰ ਸਕੇ ਹੰਢਾ, ਨਾ ਸਾਚੀ ਸੇਜ ਹੰਢਾਈਆ । ਕਲਜੁਗ ਤੇਰਾ ਨਾਤਾ ਅੱਲਾ ਰਾਣੀ ਰਹੀ ਜੁੜਾ, ਘਰ ਸਦ ਮੰਗਣ ਆਵੇ ਕਰ ਕਰ ਧਾਈਆ । ਅਬਿਨਾਸ਼ੀ ਕਰਤਾ ਆਪਣਾ ਪੱਲੂ ਨਾ ਰਿਹਾ ਫੜਾ, ਅਛਲ ਅਛਲ ਵੱਡੀ ਵਡਿਆਈਆ । ਦੇ ਦੇ ਲਾਰਾ ਹਰਿ ਨਿਰੰਕਾਰਾ ਲੋਕਮਾਤ ਲਿਆਇਆ ਵਿਆਹ, ਜਗਤ ਸਿੰਘਾਸਣ ਦਏ ਵਖਾਈਆ । ਮੁਹੰਮਦ ਅੱਧ ਵਿਚ ਬੈਠਾ ਤੱਕੇ ਰਾਹ, ਚਾਰ ਯਾਰੀ ਮਤਾ ਪਕਾਈਆ । ਦੋਹਾਂ ਨਾਤਾ ਜਗਤ ਜਹਾਂ, ਦੋ ਜਹਾਨਾਂ ਨਾ ਪਾਰ ਕਰਾਈਆ । ਕਲਜੁਗ ਪਕੜੀ ਤੇਰੀ ਬਾਂਹ, ਤੇਰਾ ਸੰਗ ਨਿਭਾਈਆ । ਵਿਸ਼ਨੂੰ ਕੰਤ ਹਰਿ ਭਗਵੰਤ ਅੰਤਮ

ਕਰੇ ਆਪ ਨਿਆਂ, ਖੇਲੇ ਖੇਲ ਬੇਪਰਵਾਹੀਆ । ਚੌਦਾਂ ਤਬਕਾਂ ਚੌਦਾਂ ਸਦੀਆਂ ਵੰਡ ਵੰਡਾ, ਚੌਦਾਂ ਚੌਦਾਂ ਕਰੇ ਰੁਸ਼ਨਾਈਆ । ਨਬੀ ਰਸੂਲ ਪੀਰ ਪੈਗ਼ੰਬਰ ਔਲੀਆ ਆਪ ਅਖਵਾ, ਮੁੱਲਾਂ ਸ਼ੇਖ਼ ਮੁਸਾਇਕ ਆਪ ਹੋ ਜਾਈਆ । ਕਲਮਾ ਅਮਾਮ ਕਾਇਨਾਤ ਆਪ ਪੜ੍ਹਾ, ਸਾਚਾ ਸਜਦਾ ਇਕ ਵਖਾਈਆ । ਆਪਣਾ ਵੁਜ਼ੂ ਆਪੇ ਦਏ ਕਰਾ, ਆਪਣਾ ਲਿੰਗ ਆਪੇ ਦਏ ਕਟਾ, ਸ਼ਿਵ ਸ਼ੰਕਰ ਕਾਲਖ ਟਿੱਕਾ ਲਾਈਆ । ਜਨਕ ਸਪੁਤਰੀ ਸੀਤਾ ਸੁਰਤੀ ਆਪੇ ਲਏ ਪਰਨਾ, ਹਰਿ ਦਾਤਾ ਬੇਪਰਵਾਹੀਆ । ਦਰ ਘਰ ਸਾਚੇ ਸਗਨ ਮਨਾ, ਸਚ ਸਿੰਘਾਸਣ ਇਕ ਸੁਹਾਈਆ । ਆਦਿ ਨਿਰੰਜਣ ਪੁਰਖ ਅਬਿਨਾਸ਼ੀ ਆਪਣਾ ਖੇਲ ਆਪ ਖਿਲਾ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵੇਖੇ ਦਰ, ਦਰ ਦਰ ਫੇਰਾ ਪਾਈਆ । ਅੱਲਾ ਰਾਣੀ ਕਰ ਪਿਆਰ, ਹਰਿ ਸਾਚੇ ਰੰਗ ਚੜ੍ਹਾਇਆ । ਖੇਲੇ ਖੇਲ ਆਪ ਨਿਰੰਕਾਰ, ਆਦਿ ਜੁਗਾਦੀ ਵੇਸ ਵਟਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਆਪੇ ਜਾਣੇ ਆਰ ਪਾਰ ਕਿਨਾਰ, ਮੰਝਧਾਰ ਆਪ ਰੁੜ੍ਹਾਇਆ । ਸੰਗ ਮੁਹੰਮਦ ਚਾਰ ਯਾਰ, ਏਕਾ ਸੰਗ ਰਖਾਇਆ । ਚਾਰੋਂ ਕੁੰਟ ਹਾਹਾਕਾਰ, ਜੀਵ ਜੰਤ ਰਹੇ ਕੁਰਲਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪ ਆਪਣੀ ਬਣਤ ਬਣਾਇਆ । ਨਿਰਗੁਣ ਜੋਤੀ ਕਰ ਉਜਿਆਰ, ਨਾਨਕ ਵਿਚ ਵਸਾਇਆ । ਪੰਚਮ ਤੱਤ ਤੱਤ ਕਰ ਪਿਆਰ, ਤੱਤੋ ਤੱਤ ਸਮਾਇਆ । ਕੰਤ ਭਤਾਰੀ ਏਕਾ ਨਾਰ, ਏਕਾ ਸੇਜ ਹੰਢਾਇਆ । ਸ਼ਬਦ ਸੁਨੇਹੜਾ ਮੀਤ ਮੁਰਾਰ, ਪੁਰਖ ਅਗੰਮਾ ਆਪ ਘਲਾਇਆ । ਇਕ ਸੁਹਾਏ ਦਰ ਦਵਾਰ, ਬੰਕ ਦਵਾਰੀ ਨਾਉਂ ਰਖਾਇਆ । ਨਿਰਗੁਣ ਸਰਗੁਣ ਇਕ ਪਿਆਰ, ਸਰਗੁਣ ਨਿਰਗੁਣ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਸ੍ਰਿਸ਼ਟ ਸਬਾਈ ਭਰਮ ਭੁਲੇਖਾ ਭਰਮ ਗੜ੍ਹ ਨਾ ਕੋਇ ਤੁੜਾਇਆ । ਨਾਨਕ ਸ਼ਬਦ ਹਰਿ ਜਣਾਈ, ਨਿਰਗੁਣ ਨੂਰ ਨੁਰਾਨਿਆ । ਸਚਖੰਡ ਮੇਲਾ ਸਹਿਜ ਸੁਭਾਈ, ਮਿਲੇ ਮੇਲ ਸ੍ਰੀ ਭਗਵਾਨਿਆ । ਦਰ ਘਰ ਆਇਆ ਚਾਈਂ ਚਾਈਂ, ਪਾਇਆ ਪੁਰਖ ਸੁਲਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਦਰ ਦਰਬਾਨਿਆ । ਆਇਆ ਦਰ ਨਾਨਕ ਗੁਰ, ਗੁਰ ਕਰਤੇ ਖੇਲ ਰਚਾਇਆ । ਮਿਲਿਆ ਮੇਲ ਲਿਖਿਆ ਧੁਰ, ਧੁਰਦਰਗਾਹੀ ਵੇਖ ਵਖਾਇਆ । ਹਰਿ ਚਰਨ ਪ੍ਰੀਤੀ ਗਈ ਜੁੜ, ਨਾ ਕੋਈ ਤੋੜ ਤੁੜਾਇਆ । ਵਰ ਪਾਇਆ ਜੇਹਾ ਲੋੜ, ਘਰ ਮੰਦਰ ਅੰਦਰ ਇਕ ਸੁਹਾਇਆ । ਪੁਰਖ ਅਬਿਨਾਸ਼ੀ ਸਤਿਗੁਰ ਪੂਰਾ ਗਿਆ ਬੌਹੜ, ਸੱਚਾ ਸਤਿਗੁਰ ਆਪ ਹੋ ਜਾਇਆ । ਦੋ ਜਹਾਨਾਂ ਲਾਏ ਏਕਾ ਪੌੜ, ਏਕ ਗੜ੍ਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਏਕਾ ਸ਼ਬਦ ਸੁਣਾਇਆ । ਸਾਚਾ ਸ਼ਬਦ ਨਾਮ ਸਤਿ, ਹਰਿ ਨਾਨਕ ਝੋਲੀ ਪਾਇਆ । ਪਾਰਬ੍ਰਹਮ ਬ੍ਰਹਮ ਏਕਾ ਮਤ, ਏਕਾ ਪਤਿ ਰਖਾਇਆ । ਏਕਾ ਬੀਜ ਏਕਾ ਵਤ, ਏਕਾ ਹਲ ਚਲਾਇਆ । ਏਕਾ ਧੀਰਜ ਏਕਾ ਸਤਿ, ਏਕਾ ਹਠ ਰਖਾਇਆ । ਏਕਾ ਚਰਨ ਕਮਲ ਬੰਧੇ ਨਤ, ਨਾਤਾ ਬਿਧਾਤਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਬਾਤੀ ਨਿਰਗੁਣ ਦੀਵਾ ਨਿਰਗੁਣ ਮੇਲਾ ਕਮਲਾਪਤਿ, ਨਿਰਗੁਣ ਉਚਾ ਨਿਰਗੁਣ ਨੀਵਾਂ ਨਿਰਗੁਣ ਵਸਿਆ ਸਾਢੇ ਤਿੰਨ ਹੱਥ ਸੀਵਾਂ ਨਿਰਗੁਣ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਸਾਚੇ ਘਰ, ਘਰ ਸਾਚੇ ਮੇਲ ਮਿਲਾਇਆ । ਜੋਤ ਅਕਾਲੀ ਸ਼ਬਦ ਭੰਡਾਰਨ, ਸਚ ਭੰਡਾਰ ਵਰਤਾਇਆ । ਨਾਨਕ ਮੇਲਾ ਇਕ ਦਵਾਰਨ, ਥਿਰ



੪੬੧

ਘਰ ਸਾਚਾ ਇਕ ਰਖਾਇਆ । ਮਿਲਿਆ ਮੇਲ ਪੁਰਖ ਕਰਤਾਰਨ, ਏਕਾ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਰੂਪ ਦਰਸਾਇਆ । ਸਾਚਾ ਰੂਪ ਅਬਿਨਾਸ਼ੀ ਕਰਤਾ, ਆਪਣਾ ਆਪ ਦਰਸਾਇੰਦਾ । ਨਾਨਕ ਸਤਿਗੁਰ ਆਪੇ ਧਰਦਾ, ਆਪ ਆਪਣਾ ਮੇਲ ਮਿਲਾਇੰਦਾ । ਆਪਣੀ ਕਰਨੀ ਆਪੇ ਕਰਦਾ, ਨਾ ਕੋਈ ਦੂਸਰ ਸੰਗ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਲੱਖ ਚੁਰਾਸੀ ਕੋਲੋਂ ਕਿਸੇ ਨਾ ਡਰਦਾ, ਨਾ ਕੋਈ ਭੈ ਰਖਾਇੰਦਾ । ਪਾਰਬ੍ਰਹਮ ਪ੍ਰਭ ਸਾਚਾ ਪੜਦਾ, ਆਪਣਾ ਆਪ ਉਠਾਇੰਦਾ । ਨਾਨਕ ਗੁਰ ਹਰਿ ਹਰਿ ਮੰਦਰ ਆਪੇ ਵੜਦਾ, ਆਪੇ ਬਾਹਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪ ਅਖਵਾਇੰਦਾ । ਸਤਿਗੁਰ ਨਾਨਕ ਦਰ ਘਰ ਪਾ, ਲੋਕਮਾਤ ਕਰੇ ਧਾਈਆ । ਅੱਗੇ ਵਿਸ਼ਨੂੰ ਬੈਠਾ ਰਾਹ ਰਿਹਾ ਤਕਾ, ਨੇਤਰ ਨੈਣ ਉਠਾਈਆ । ਗੁਰ ਨਾਨਕ ਵੇਖਿਆ ਇਕ ਮਲਾਹ, ਲੋਕਮਾਤ ਬੇੜਾ ਬੰਨੇ ਲਾਈਆ । ਪੁੱਛਣ ਲੱਗਾ ਸਚ ਸਲਾਹ, ਕਵਣ ਪਿਤਾ ਕਵਣ ਮਾਈਆ । ਗੁਰ ਨਾਨਕ ਬੋਲ ਰਿਹਾ ਜਣਾ, ਅਕਾਲ ਪੁਰਖ ਏਕਾ ਪਿਤਾ ਏਕਾ ਮਾਂ, ਭੈਣ ਭਾਈ ਸਾਕ ਸੈਣ ਇਕ ਅਖਵਾਈਆ । ਏਕਉਂਕਾਰਾ ਹਰਿ ਨਿਰੰਕਾਰਾ ਫੜਨਹਾਰਾ ਸਾਚੀ ਬਾਂਹ, ਸਚ ਸੁਲਤਾਨ ਆਪ ਅਖਵਾਈਆ । ਵਿਸ਼ਨੂੰ ਮੰਗੇ ਸਚ ਨਿਆਂ ਦੋਵੇਂ ਪਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚੇ ਘਰ, ਘਰ ਬੈਠਾ ਆਸਣ ਲਾਈਆ । ਨਾਨਕ ਸਤਿਗੁਰ ਸ਼ਬਦ ਸੁਣਾਇਆ, ਮਿਲਿਆ ਮੇਲ ਨਿਰੰਕਾਰ । ਨਾਮ ਭੰਡਾਰਾ ਇਕ ਲਿਆਇਆ, ਵਰਤੇ ਵਿਚ ਸੰਸਾਰ । ਸਾਚੇ ਦਰ ਦਰਸ਼ਨ ਪਾਇਆ, ਵਿਸਰਿਆ ਸੰਸਾਰ । ਏਕਾ ਰੂਪ ਨਜ਼ਰੀ ਆਇਆ, ਪਾਰਬ੍ਰਹਮ ਸੱਚੀ ਸਰਕਾਰ । ਏਕਾ ਨੈਣ ਵੇਖ ਵਖਾਇਆ, ਦੋਏ ਲੋਚਣ ਬੰਦ ਕਿਵਾੜ । ਏਕਾ ਧੁਨ ਅਨਾਦੀ ਗਾਇਆ, ਰਸਨਾ ਜੇਹਵਾ ਨਾ ਕੋਇ ਹਲਾਰ । ਬ੍ਰਹਮਾ ਵੇਦ ਦਿਸ ਨਾ ਆਇਆ, ਚਾਰ ਮੁਖ ਨਾ ਕੋਇ ਉਚਾਰ । ਬੋਧ ਅਗਾਧੀ ਹਰਿ ਰਘੁਰਾਇਆ, ਸ਼ਬਦ ਅਗੰਮੀ ਬੋਲੇ ਇਕ ਜੈਕਾਰ । ਹਰਿ ਕਾ ਸ਼ਬਦ ਲਿਖਣ ਪੜ੍ਹਨ ਵਿਚ ਨਾ ਆਇਆ, ਲੋਕਮਾਤ ਨਾ ਕੋਈ ਵਿਸਥਾਰ । ਆਪਣੀ ਮਹਿਮਾ ਆਪ ਜਣਾਇਆ, ਜਿਸ ਜਨ ਕਿਰਪਾ ਕਰੇ ਆਪ ਕਰਤਾਰ । ਨਾਨਕ ਗੋਲਾ ਦਰ ਘਰ ਵੇਖਣ ਆਇਆ, ਥਿਰ ਘਰ ਬੈਠਾ ਸ਼ਾਹ ਸੁਲਤਾਨ । ਸਾਚਾ ਢੋਲਾ ਏਕਾ ਗਾਇਆ, ਮੇਰਾ ਤੇਰਾ ਰੂਪ ਸ੍ਰੀ ਭਗਵਾਨ । ਸਤਿ ਪੁਰਖ ਨਿਰੰਜਣ ਬੋਲ ਸੁਣਾਇਆ, ਏਕਉਂਕਾਰਾ ਕਰ ਪਰਨਾਮ । ਸਤਿ ਨਾਮ ਮੰਤਰ ਦ੍ਰਿੜਾਇਆ, ਪਾਇਆ ਧੁਰ ਹਰਿ ਧਾਮ । ਪੁਰਖ ਅਬਿਨਾਸ਼ੀ ਚਰਨ ਚਰਨੋਦਕ ਇਕ ਪਿਆਇਆ, ਮਿਲਿਆ ਅੰਮ੍ਰਿਤ ਜਾਮ । ਏਕਾ ਦੂਜਾ ਭੇਵ ਮਿਟਾਇਆ, ਘਰ ਸਾਚੇ ਮਿਲਿਆ ਬਿਸਰਾਮ । ਏਕਾ ਰਾਮ ਨਜ਼ਰੀ ਆਇਆ, ਨਾ ਕੋਈ ਦੂਸਰ ਦਿਸੇ ਕਾਹਨ । ਕੋਟ ਮੁਹੰਮਦ ਰਹੇ ਸੀਸ ਝੁਕਾਇਆ, ਕੋਟਨ ਗੋਪੀਆਂ ਕਰਨ ਵਖਿਆਨ । ਕੋਟਨ ਕੋਟ ਸੀਤਾ ਰਹੇ ਪਰਨਾਇਆ, ਕੋਟਨ ਲਾ ਲਾ ਥੱਕੇ ਧਿਆਨ । ਨਾਨਕ ਸਤਿਗੁਰ ਏਕਾ ਪਾਇਆ, ਜੋਤੀ ਨੂਰ ਜਗੇ ਮਹਾਨ । ਵਿਸ਼ਨੂੰ ਤੇਰਾ ਦਰ ਵੇਖਣ ਆਇਆ, ਤੂੰ ਜੀਆਂ ਦਾਤਾ ਦੇਵੇ ਦਾਨ । ਹਰਿ ਕਾ ਰਿਜ਼ਕ ਤੇਰੇ ਭੰਡਾਰੇ ਆਪ ਭਰਾਇਆ, ਤੇਰਾ ਭਰਿਆ ਇਕ ਮਕਾਨ । ਤੇਰੇ ਅੰਦਰ ਸਾਚੇ ਮੰਦਰ ਪੁਰਖ ਅਬਿਨਾਸ਼ੀ ਮੇਲਾ ਅੰਮ੍ਰਿਤ ਕਵਲ ਰਖਾਇਆ, ਬ੍ਰਹਮਾ ਉਤਪਤ ਹੋਇਆ ਨੌਜਵਾਨ । ਚਾਰ ਵੇਦਾਂ ਚਾਰੇ ਮੁਖ ਸਲਾਹਿਆ, ਹਰਿ ਕਾ ਭੇਵ ਕੋਇ ਨਾ ਪਾਇਣ । ਨਾਨਕ ਹਰਿ ਘਰ ਸਾਚਾ ਏਕਾ ਪਾਇਆ, ਮੇਲ ਮਿਲਿਆ ਗੁਣ ਨਿਧਾਨ । ਦੀਵਾ ਬਾਤੀ ਨਾ ਕੋਈ ਜਗਾਇਆ, ਨਾ ਕਿਸੇ ਬਾਢੀ

੪੬੨
੦੮

ਦਿਤਾ ਨਿਸ਼ਾਨ । ਸੰਗ ਸਵਾਣੀ ਨਾ ਕੋਈ ਰਖਾਇਆ, ਨਾ ਕੋਈ ਕੰਨਿਆ ਦਿਸੇ ਨੌਜਵਾਨ । ਮਾਂ ਪੁੱਤਰ ਨਾ ਕੋਈ ਉਪਾਇਆ, ਧੀ ਜਵਾਈ ਨਾ ਬੰਧਨ ਬੰਧਾਇਆ, ਸੌਹਰੇ ਪੇਈਏ ਏਕਾ ਰੰਗ ਸਮਾਇਆ, ਸੋ ਮਿਲਿਆ ਹਰਿ ਭਗਵਾਨ । ਨਾਨਕ ਗ਼ਰੀਬ ਦਰ ਮੰਗਣ ਆਇਆ, ਕਿਰਪਾ ਕਰੇ ਹਰਿ ਮਿਹਰਵਾਨ । ਸਚ ਭੰਡਾਰਾ ਇਕ ਭਰਾਇਆ, ਤੋਟ ਨਾ ਆਏ ਦੋ ਜਹਾਨ । ਏਕਾ ਸ਼ਬਦ ਹਰਿ ਸੁਣਾਇਆ, ਏਕਾ ਬ੍ਰਹਮ ਗਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਜਾਣੀ ਜਾਣ । ਸ਼ਬਦ ਧਾਰ ਸਚ ਸੁਨੇਹੜਾ, ਹਰਿ ਸਾਚਾ ਆਪ ਸੁਣਾਇੰਦਾ । ਕੱਟਣਹਾਰਾ ਜਮ ਕਾ ਜੇੜਾ, ਲੱਖ ਚੁਰਾਸੀ ਪੰਧ ਮੁਕਾਇੰਦਾ । ਵਸਣਹਾਰਾ ਕਾਇਆ ਖੇੜਾ, ਪੰਜ ਤੱਤ ਡੂੰਘੀ ਕੰਦਰ ਡੇਰਾ ਲਾਇੰਦਾ । ਮਿਟਾਵਣਹਾਰਾ ਜਗਤ ਝੇੜਾ, ਆਦਿ ਨਿਰੰਜਣ ਜੋਤ ਨਿਰੰਜਣ ਮੇਲ ਮਿਲਾਇੰਦਾ । ਸਤਿਗੁਰ ਨਾਨਕ ਬੰਨ੍ਹਣਹਾਰਾ ਬੇੜਾ, ਚੱਪੂ ਨਾਮ ਰਖਾਇੰਦਾ । ਲਹਿਣਾ ਦੇਣਾ ਚੁੱਕੇ ਮੇਰਾ ਤੇਰਾ, ਸੋਹੰ ਰੂਪ ਆਪ ਹੋ ਜਾਇੰਦਾ । ਸੋ ਪੁਰਖ ਨਿਰੰਜਣ ਵਡ ਵਡੇਰਾ, ਭੇਵ ਕੋਇ ਨਾ ਪਾਇੰਦਾ । ਹੰ ਬ੍ਰਹਮ ਕਰੇ ਨਿਬੇੜਾ, ਪੰਜ ਤੱਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸ਼ਬਦ ਆਪ ਹੋ ਜਾਇੰਦਾ । ਸੋਹੰ ਸ਼ਬਦ ਸੋਹੰ ਢੋਲਾ, ਸੋ ਪੁਰਖ ਨਿਰੰਜਣ ਗਾਇਆ । ਏਕਾ ਅੱਖਰ ਏਕਾ ਬੋਲਾ, ਨਾਨਕ ਰਸਨ ਸਲਾਹਿਆ । ਵਿਸ਼ਨੂੰ ਮੰਗੇ ਸਾਚਾ ਤੋਲਾ, ਨਾਨਕ ਅੱਗੇ ਸੀਸ ਝੁਕਾਇਆ । ਕਵਣ ਚੁੱਕੇ ਲੱਖ ਚੁਰਾਸੀ ਡੋਲਾ, ਕਵਣ ਭਾਰ ਉਠਾਇਆ । ਮਾਰ ਮਾਰ ਥੱਕਾ ਨਾਥ ਭੋਲਾ, ਭੋਲਾ ਨਾਥ ਰਿਹਾ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਨਾਨਕ ਚੋਲਾ ਆਪ ਬਦਲਾਇਆ । ਨਾਨਕ ਸਤਿਗੁਰ ਸ਼ਬਦ ਸੁਣਾਏ, ਵਿਸ਼ਨੂੰ ਵਿਸ਼ਨੂੰ ਆਦਿ ਆਦਿ ਤੇਰਾ ਰੂਪ ਧਰਾਏ, ਤੇਰਾ ਰੰਗ ਰੰਗਾਇਆ । ਕਲਜੁਗ ਅੰਤਮ ਵੇਖ ਵਖਾਏ, ਆਪ ਆਪਣੀ ਕਲ ਵਰਤਾਇਆ । ਸ਼ਬਦ ਵਿਚੋਲਾ ਇਕ ਬਣਾਏ, ਦੂਸਰ ਗੁਰ ਦਿਸ ਨਾ ਆਇਆ । ਨਾਨਕ ਲੋਕਮਾਤ ਆਪ ਧਰਾਏ, ਸਾਚਾ ਮਾਰਗ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਘਰ ਸਾਚਾ ਆਪ ਜਣਾਇਆ । ਨਾਨਕ ਵਿਸ਼ਨੂੰ ਦਏ ਦਲਾਸਾ, ਏਕਾ ਏਕ ਸੁਣਾਈਆ । ਹਰਿ ਚਰਨ ਹਰਿ ਭਰਵਾਸਾ, ਹਰਿ ਹਰਿ ਵੱਡੀ ਵਡਿਆਈਆ । ਕਲਜੁਗ ਅੰਤਮ ਵੇਖਣ ਆਏ ਤਮਾਸ਼ਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰੀ ਜੋਤ ਦਿਸੇ ਦਸ ਜਾਮੇ ਕਾਇਆ ਕਾਸਾ, ਗੋਬਿੰਦ ਗੜ੍ਹ ਸੁਹਾਈਆ । ਪੰਜ ਤੱਤ ਮਨਾਰੇ ਪਾਏ ਰਾਸਾ, ਅੰਗਦ ਅੰਗ ਲਗਾਈਆ । ਅਮਰ ਦਾਸ ਕਰਾਏ ਨਿਵਾਸਾ, ਰਾਮ ਦਾਸ ਮੇਲ ਸਹਿਜ ਸੁਖਦਾਈਆ । ਅਰਜਨ ਜੋਤ ਕਰੇ ਪਰਕਾਸ਼ਾ, ਹਰਿ ਸ਼ਬਦੀ ਸ਼ਬਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੰਤ ਭਗਤ ਕੰਤ ਭਗਵੰਤ ਏਕਾ ਧਾਮ ਬਹਾਈਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਗੁਰ ਸੁਣਾਇੰਦਾ । ਏਕਾ ਦਰ ਇਕ ਦਰਬਾਰਾ, ਏਕਾ ਵੇਖ ਵਖਾਇੰਦਾ । ਏਕਾ ਭਗਤ ਇਕ ਭੰਡਾਰਾ, ਏਕਾ ਭਗਤੀ ਇਕ ਵਰਤਾਇੰਦਾ । ਏਕਾ ਸ਼ਕਤੀ ਹੋ ਉਜਿਆਰਾ, ਆਦਿ ਸ਼ਕਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੀਰ ਪੀਰ ਸ਼ਾਹ ਹਕੀਰ ਦਰ ਦਰਵੇਸ਼ ਵੇਸ ਵਟਾਇੰਦਾ । ਹਰਿਰਾਏ ਹਰਿ ਗੁਣ ਗਾ, ਹਰਿਕ੍ਰਿਸ਼ਨ ਵਡ ਵਡਿਆਇਆ । ਤੇਗ਼ ਬਹਾਦਰ ਤੇਗ਼ ਚਲਾ, ਧਰਮ ਖੰਡਾ ਹੱਥ ਉਠਾਇਆ । ਅੱਠਾਂ ਤੱਤਾਂ ਵੰਡ ਵੰਡਾ, ਬ੍ਰਹਿਮੰਡ ਫੋਲ ਫੋਲਾਇਆ । ਬ੍ਰਹਮਾ ਵਿਸ਼ਨ ਸ਼ਿਵ ਮੰਗਲ ਰਹੇ ਗਾ, ਕਰੋੜ ਤੇਤੀਸਾ

ਫੂਲਨ ਬਰਖਾ ਲਾਇਆ । ਗਣ ਗੰਧਰਬ ਸੋਭਾ ਰਹੇ ਪਾ, ਕਿੰਨਰ ਜਛਪ ਸੁਰ ਤਾਲ ਰਹੇ ਵਜਾਇਆ । ਸਾਚਾ ਦਰ ਆਪ ਸੁਹਾ, ਦਰ ਦਵਾਰਾ ਇਕ ਸਲਾਹਿਆ । ਆਪਣੀ ਭੇਟਾ ਆਪ ਚੜ੍ਹਾ, ਖੇਵਟ ਖੇਟਾ ਬਣ ਕੇ ਆਇਆ । ਪੁਰਖ ਅਬਿਨਾਸ਼ੀ ਬੇਟਾ ਆਪ ਬਣਾ, ਗੁਰ ਗੋਬਿੰਦ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੂਰਬੀਰ ਆਪ ਅਖਵਾਇਆ । ਗੁਰ ਗੋਬਿੰਦ ਸੂਰਾ ਬਲਕਾਰ, ਹਰਿ ਸਾਚਾ ਸੁਤ ਉਪਜਾਇੰਦਾ । ਆਪਣੀ ਕਿਰਪਾ ਆਪੇ ਧਾਰ, ਆਪਣੇ ਰੰਗ ਰੰਗਾਇੰਦਾ । ਆਪੇ ਬਖ਼ਸ਼ੇ ਚਰਨ ਪਿਆਰ, ਆਪੇ ਮੇਲ ਮਿਲਾਇੰਦਾ । ਆਪੇ ਦੇਵੇ ਸ਼ਬਦ ਜੈਕਾਰ, ਆਪੇ ਨਾਅਰਾ ਲਾਇੰਦਾ । ਆਪੇ ਬੰਨ੍ਹੇ ਸੀਸ ਦਸਤਾਰ, ਕਲਗੀ ਤੋੜਾ ਆਪ ਸੁਹਾਇੰਦਾ । ਆਪੇ ਪੰਚਮ ਪੰਚਮ ਹੋ ਉਜਿਆਰ, ਆਪੇ ਪੰਚਮ ਵੇਖ ਵਖਾਇੰਦਾ । ਆਪੇ ਨਿਰਗੁਣ ਸਰਗੁਣ ਇਕ ਵਿਚਾਰ, ਏਕਾ ਰੂਪ ਅਖਵਾਇੰਦਾ । ਆਪੇ ਸ਼ਬਦ ਸ਼ਸਤਰ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪੇ ਹਵਨ ਪਵਨ ਪਾਵੇ ਸਾਰ, ਧੂਪ ਦੀਪ ਸੋਗੰਧ ਆਪ ਹੋ ਜਾਇੰਦਾ । ਆਪੇ ਆਦਿ ਸ਼ਕਤ ਮੀਤ ਮੁਰਾਰ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਇਕ ਸੁਹਾਇੰਦਾ । ਸਾਚਾ ਸੁੱਤ ਹਰਿ ਗੋਬਿੰਦ, ਪੁਰਖ ਅਕਾਲ ਉਪਾਇਆ । ਆਪਣੀ ਉਪਾਈ ਆਪ ਬਿੰਦ, ਆਪ ਆਪਣਾ ਨਾਮ ਧਰਾਇਆ । ਆਪ ਮਿਟਾਏ ਆਪਣੀ ਚਿੰਦ, ਚਿੰਤਾ ਸੋਗ ਨਾ ਕੋਇ ਜਣਾਇਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਇਆ । ਅੰਮ੍ਰਿਤ ਵਰੋਲੇ ਸਾਗਰ ਸਿੰਧ, ਸਚ ਸਰੋਵਰ ਫੋਲ ਫੋਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਸਾਚਾ ਵਰ, ਜੁਗਾ ਜੁਗੰਤਰ ਵੇਸ ਵਟਾਇਆ । ਜੁਗਾ ਜੁਗੰਤਰ ਕਰਨੇਹਾਰਾ, ਕਰਨੀ ਕਰਤਾ ਕਰਮ ਕਮਾਇੰਦਾ । ਗੁਰ ਗੋਬਿੰਦ ਕਰ ਉਜਿਆਰਾ, ਸਤਿਗੁਰ ਰੂਪ ਵਟਾਇੰਦਾ । ਅੰਮ੍ਰਿਤ ਦੇਵੇ ਦਰ ਭੰਡਾਰਾ, ਏਕਾ ਘਰ ਸੁਹਾਇੰਦਾ । ਖੜਗ ਖੰਡਾ ਤੇਜ਼ ਕਟਾਰਾ, ਸਾਚੇ ਹੱਥ ਫੜਾਇੰਦਾ । ਵੇਖੇ ਪਰਖੇ ਸਰਬ ਸੰਸਾਰਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਲਹਿਣਾ ਦੇਣ ਚੁਕਾਏ ਮੀਤ ਮੁਰਾਰਾ, ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਵੇਖ ਵਖਾਇੰਦਾ । ਪੰਜਾਂ ਬੋਲੇ ਇਕ ਜੈਕਾਰਾ, ਏਕਾ ਨਾਅਰਾ ਲਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਆਪ ਅਖਵਾਇੰਦਾ । ਆਪ ਸੁਹਾਏ ਏਕਾ ਸਚ ਦਵਾਰਾ, ਗੜ੍ਹ ਕੇਸ ਵੇਖ ਵਖਾਇੰਦਾ । ਚੰਡੀ ਚਮਕੇ ਦੋ ਦੋ ਧਾਰਾ, ਭੈ ਭਿਆਨਕ ਨਜ਼ਰੀ ਆਇੰਦਾ । ਦੋਏ ਲੋਚਣ ਵੇਖ ਉਘਾੜਾ, ਜਗਤ ਨੈਣ ਤੜਫਾਇੰਦਾ । ਗੁਰਸਿਖਾਂ ਮੇਲਾ ਅੰਦਰੇ ਅੰਦਰ ਕਰੇ ਪਿਆਰਾ, ਦਇਆ ਨਿਧ ਦਇਆ ਦਇਆ ਆਪ ਕਮਾਇੰਦਾ । ਆਇਆ ਦਰ ਬਣ ਭਿਖਾਰਾ, ਮੰਗੇ ਭੇਟਾ ਖੇਵਟ ਖੇਟਾ ਅਕਾਲ ਪੁਰਖ ਦਾ ਇਕੋ ਬੇਟਾ, ਏਕਾ ਖੇਲ ਖਿਲਾਇੰਦਾ । ਉਪਜਿਆ ਸੁੱਤ ਏਕਾ ਜੇਠਾ, ਸਾਚੀ ਰੁੱਤ ਸੁਹਾਇੰਦਾ । ਆਪਣੇ ਸ਼ਬਦ ਆਪ ਲਪੇਟਾ, ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਏਕਾ ਘਰ, ਕਾਇਆ ਘਰ ਇਕ ਵਖਾਇੰਦਾ । ਖਿਚ ਕਟਾਰ ਸ਼ਬਦ ਜੈਕਾਰਾ, ਗੋਬਿੰਦ ਰਸਨ ਅਲਾਇੰਦਾ । ਗੁਰਮੁਖਾਂ ਵੇਖਣ ਆਇਆ ਜਗਤ ਕਿਨਾਰਾ, ਵੰਝ ਮੁਹਾਣਾ ਇਕ ਰਲਾਇੰਦਾ । ਜਗਤ ਮਲਾਹ ਦਏ ਸਹਾਰਾ, ਸਾਚਾ ਹੁਕਮ ਸੁਣਾਇੰਦਾ । ਆਓ ਦਰ ਲਓ ਵਰ ਜਿਨ ਲੰਘਣਾ ਪਾਰਾ, ਸੀਸ ਭੇਟ ਚੜ੍ਹਾਇੰਦਾ । ਪੰਜਾਂ ਬਖ਼ਸ਼ੇ ਚਰਨ ਪਿਆਰਾ, ਅੰਤਰ ਮੰਤਰ ਇਕ ਆਧਾਰਾ, ਏਕਾ ਰੂਪ ਦਰਸਾਇੰਦਾ । ਆਏ ਦਰ ਵਾਰੋ ਵਾਰਾ, ਆਪਣਾ ਖੰਡਾ ਆਪੇ ਵਾਹਿੰਦਾ । ਰੰਗੇ

੪੬੫
੦੮

ਰੰਗ ਲਾਲ ਗੁਲਾਲਾ, ਦੀਨ ਦਿਆਲ ਗੁਰਸਿਖ ਨੇੜ ਨਾ ਆਏ ਕਾਲ ਮਹਾਂਕਾਲ ਤੋੜੇ ਜਗਤ ਜੰਜਾਲ, ਆਪ ਆਪਣਾ ਖੇਲ ਖਿਲਾਇੰਦਾ । ਨਾ ਕੋਈ ਫਟ ਨਾ ਕੋਈ ਕੱਟ ਜੋ ਜਨ ਵਿਕਿਆ ਸਤਿਗੁਰ ਹੱਟ, ਗੁਰ ਕਾ ਖੰਡਾ ਵਿਚ ਬ੍ਰਹਿਮੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਚਾਰੇ ਖਾਣੀ ਜਗਤ ਰਾਣੀ ਲੱਖ ਚੁਰਾਸੀ ਆਪ ਤਰਾਇੰਦਾ । ਪੰਚ ਪਿਆਰੇ ਪਾਈ ਵੰਡਾ, ਨਾ ਕੋਈ ਬਕਰਾ ਵੱਖਰਾ ਆਪ ਝਟਕਾਇੰਦਾ । ਮਨਮੁਖ ਜੀਵ ਕਰਨ ਪਖੰਡਾ, ਗੁਰ ਗੋਬਿੰਦ ਤੇਰਾ ਭੇਵ ਕੋਈ ਨਾ ਪਾਇੰਦਾ । ਬਿਨ ਤੇਰੇ ਕੋਈ ਨਾ ਜਾਣੇ ਸਰਸਾ ਕੰਢਾ, ਪੁਰੀ ਅਨੰਦ ਨਾ ਕੋਇ ਤਜਾਇੰਦਾ । ਸ੍ਰਿਸ਼ਟ ਸਬਾਈ ਜੀਵ ਜਹਾਨ ਫਿਰੇ ਰੰਡਾ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਜਿਸ ਤਨ ਛੁਹਾਇਆ ਤੇਰਾ ਖੰਡਾ, ਜੀਵਣ ਮੁਕਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਪੰਚ ਪਿਆਰੇ ਪੰਚ ਪਿਆਰ, ਪੰਚਮ ਮੋਹ ਜੁੜਾਇਆ । ਸਤਿਗੁਰ ਪੂਰਾ ਹੋ ਤਿਆਰ, ਬਸਤਰ ਸ਼ਸਤਰ ਤਨ ਸਜਾਇਆ । ਕਲਗੀ ਤੋੜਾ ਸੋਹੇ ਸੀਸ ਦਸਤਾਰ, ਜੋਤੀ ਸ਼ਬਦੀ ਜੋੜਾ ਜੋੜ ਜੁੜਾਇਆ । ਨੀਲੇ ਘੋੜੇ ਨੀਲੇ ਵਾਲਾ ਹੋ ਅਸਵਾਰ, ਨੀਲੀ ਛੱਤੋਂ ਪਾਰ ਕਰਾਇਆ । ਪਹਿਲਾ ਪੌੜਾ ਰਖਾਇਆ ਵਿਚ ਸੰਸਾਰ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਪੁਕਾਰ, ਰੋ ਰੋ ਦੇਣ ਦੁਹਾਇਆ । ਸਤਿਗੁਰ ਪੂਰਾ ਦਏ ਹੁਲਾਰ, ਸਾਚਾ ਸ਼ਬਦ ਅਲਾਇਆ । ਲੇਖਾ ਚੁਕਾਏ ਅੰਤਮ ਵਾਰ, ਲੋਕਮਾਤ ਰਹਿਣ ਨਾ ਪਾਇਆ । ਹਉਂ ਸੇਵਕ ਆਇਆ ਸੇਵਾਦਾਰ, ਸੇਵਾ ਰਿਹਾ ਕਮਾਇਆ । ਚਾਰ ਵਰਨਾਂ ਬਣਾਏ ਇਕ ਪਿਆਰ, ਸੁਹਾਏ ਦਵਾਰ, ਊਚ ਨੀਚ ਮੇਟ ਮਿਟਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਸੋਹਣ ਸਚ ਦਵਾਰ, ਸਾਚਾ ਘਰ ਇਕ ਸੁਹਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੌਣ ਖ਼ਵਾਰ, ਗ਼ਰੀਬ ਨਿਮਾਣੇ ਗਲੇ ਲਗਾਇਆ । ਕਲਜੁਗ ਜੜ ਦਏ ਉਖਾੜ, ਆਪਣੀ ਰਿਤੇ ਕਰ ਕਰ ਹਿਤ ਕਲਜੁਗ ਨੀਆਂ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਵਿਸ਼ਨੂੰ ਕਹੇ ਸ਼ਬਦ ਅਲਾ, ਗੋਬਿੰਦ ਸੁਣ ਜੈਕਾਰਾ । ਤੇਰਾ ਰੂਪ ਜਗਤ ਮਲਾਹ, ਮੇਰਾ ਨਾਮ ਸਹਾਰਾ । ਦੋਹਾਂ ਦਾਤਾ ਬੇਪਰਵਾਹ, ਆਦਿ ਅੰਤ ਏਕਉਂਕਾਰਾ । ਜੁਗ ਜੁਗ ਜਪਾਏ ਆਪਣਾ ਨਾਂ, ਆਪ ਆਪਣਾ ਲਏ ਅਵਤਾਰਾ । ਜਨ ਭਗਤਾਂ ਦੇਵੇ ਠੰਡੀ ਛਾਂ, ਮਨਮੁਖਾਂ ਕਰੇ ਪਾਰ ਕਿਨਾਰਾ । ਕਲਜੁਗ ਅੰਤਮ ਕਰੇ ਕੌਣ ਨਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਚ ਘਰ, ਖੇਲੇ ਖੇਲ ਅਗੰਮ ਅਪਾਰਾ । ਗੋਬਿੰਦ ਵਿਸ਼ਨੂੰ ਰਿਹਾ ਜਣਾ, ਹਰਿ ਹਰਿ ਵੱਡੀ ਵਡਿਆਈਆ । ਕੋਟਨ ਕੋਟ ਵਿਸ਼ਨੂੰ ਲਏ ਉਪਾ, ਕੋਟਨ ਕੋਟ ਆਪਣੇ ਵਿਚ ਸਮਾਈਆ । ਕੋਟਨ ਕੋਟ ਬ੍ਰਹਮਾ ਲਏ ਧਰਾ, ਕੋਟਨ ਕੋਟ ਮਨਵੰਤਰ ਸੇਵਾ ਲਾਈਆ । ਕੋਟਨ ਕੋਟ ਸ਼ਿਵ ਸੇਵਾ ਰਹੇ ਕਮਾ, ਆਦਿ ਜੁਗਾਦਿ ਸੀਸ ਝੁਕਾਈਆ । ਕੋਟਨ ਕੋਟ ਕਰੋੜ ਤੇਤੀਸਾ ਰਹੇ ਕੁਰਲਾ, ਸੁਰਪਤ ਰਾਜੇ ਇੰਦ ਬੈਠੇ ਸੀਸ ਝੁਕਾਈਆ । ਕੋਟਨ ਕੋਟ ਗਣਪਤ ਗਣੇਸ਼ ਰਹੇ ਮਨਾ, ਕੋਟਨ ਕੋਟ ਬਾਸ਼ਕ ਤਸ਼ਕ ਸੇਜ ਵਛਾਈਆ । ਕੋਟਨ ਕੋਟ ਲਛਮੀ ਬੈਠੀ ਵੇਸ ਵਟਾਈਆ । ਕੋਟਨ ਕੋਟ ਵੇਦ ਲੇਖਾ ਰਹੇ ਲਿਖਾ, ਲੇਖਾ ਲਿਖਤ ਵਿਚ ਨਾ ਆਈਆ । ਹਰਿ ਕਾ ਭੇਵ ਨਾ ਸਕੇ ਕੋਈ ਪਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਅਖਵਾਈਆ । ਮੇਰਾ ਰੱਖਿਆ ਹਰਿ ਜੀ ਆਪੇ ਨਾਂ, ਗੋਬਿੰਦ ਰੂਪ ਵਟਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਵਟਾਈਆ । ਅਬਿਨਾਸ਼ੀ ਕਰਤੇ ਸੇਵਾ ਦਿਤੀ ਲਾ, ਲੋਕਮਾਤ ਵੱਜੇ ਵਧਾਈਆ । ਏਕਾ ਅੰਮ੍ਰਿਤ ਜਾਮ ਹੱਥ ਦਏ ਫੜਾ,

ਚਾਰ ਵਰਨਾਂ ਦਿਆਂ ਵਰਤਾਈਆ । ਏਕਾ ਅੱਖਰ ਵਿਦਿਆ ਦਿਆਂ ਪੜ੍ਹਾ, ਨਾਨਕ ਗੁਰਮਤ ਇਕ ਸਮਝਾਈਆ । ਏਕਾ ਪੌੜੇ ਦਿਆਂ ਚੜ੍ਹਾ, ਉਚਾ ਪੌੜਾ ਇਕ ਵਖਾਈਆ । ਵੇਦ ਵਿਆਸਾ ਗਿਆ ਸਮਝਾ, ਪੁਰਾਨ ਅਠਾਰਾਂ ਕਰ ਜਣਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਜਾਵੇ ਆ, ਆਪ ਸਿੰਘਾਸਣ ਆਸਣ ਲਾਈਆ । ਗੁਰ ਗੋਬਿੰਦ ਬਣਿਆ ਸਚ ਗਵਾਹ, ਵਿਸ਼ਨੂੰ ਰਿਹਾ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਦਾਤਾ ਬੇਪਰਵਾਹ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਬਲ ਨਗਰੀ ਧਾਮ ਦਏ ਸੁਹਾ, ਸਾਢੇ ਤਿੰਨ ਹੱਥ ਰਚਨ ਰਚਾਈਆ । ਮੇਰਾ ਸੰਗ ਦਏ ਨਿਭਾ, ਲੱਗੀ ਤੋੜ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਰੱਖੀ ਵਡਿਆਈਆ । ਵਿਸ਼ਨੂੰ ਸੁਣ ਕਰੇ ਪੁਕਾਰ, ਏਕਾ ਨਾਅਰਾ ਲਾਇਆ । ਚੌਥਾ ਯੁਗ ਉਤਰੇ ਪਾਰ, ਕਲਜੁਗ ਵੇਸ ਵਟਾਇਆ । ਕਵਣ ਰੂਪ ਹੋਏ ਕਰਤਾਰ, ਕਵਣ ਖੇਲ ਖਿਲਾਇਆ । ਕਵਣ ਵਰਤੇ ਵਰਤਾਵੇ ਵਿਚ ਸੰਸਾਰ, ਕਵਣ ਮੇਲ ਮਿਲਾਇਆ । ਕਵਣ ਸੋਹੇ ਬੰਕ ਦਵਾਰ, ਕਵਣ ਘਰ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਗੋਬਿੰਦ ਭੇਵ ਗਿਆ ਖੁਲ੍ਹ, ਹਰਿ ਸਾਚੇ ਆਪ ਖੁਲ੍ਹਾਇਆ । ਵਿਸ਼ਨੂੰ ਤੇਰਾ ਅੰਤਮ ਪਾਵੇ ਮੁੱਲ, ਕਰਤਾ ਕੀਮਤ ਦਏ ਚੁਕਾਇਆ । ਨਾਨਕ ਤੋਲੇ ਤੇਰਾਂ ਤੋਲ, ਮੋਦੀਖ਼ਾਨਾ ਇਕ ਵਖਾਇਆ । ਤ੍ਰੈਗੁਣ ਮਾਇਆ ਕਰੇ ਘੋਲ, ਪੰਜ ਤੱਤ ਝੇੜਾ ਲਾਇਆ । ਜੂਠ ਝੂਠ ਵਜਾਏ ਢੋਲ, ਮਨ ਮਤ ਫੇਰਾ ਪਾਇਆ । ਗੁਰੂਆਂ ਪੀਰਾਂ ਸਿਖਾਂ ਸਿਦਕ ਟੁੱਟੇ ਕੌਲ, ਸ਼ਾਹ ਸੁਲਤਾਨ ਨਾ ਸੰਗ ਜਣਾਇਆ । ਪੰਡਤ ਪਾਂਧੇ ਭੁਲਣ ਰੌਲ, ਮੱਥੇ ਟੇਕ ਨਾ ਕੋਇ ਸਹਾਇਆ । ਮੇਰੀ ਛਕੇ ਨਾ ਕੋਈ ਖੰਡੇ ਪੌਹਲ, ਜਗਤ ਖੰਡਾ ਵਿਚ ਫਿਰਾਇਆ । ਸੁੱਤੀ ਰਹੇ ਗੁਰਮਤ ਅਨਭੋਲ, ਮਨਮਤ ਦਏ ਦੁਹਾਇਆ । ਪੁੱਤਰ ਮਾਵਾਂ ਸੇਜ ਰਹੇ ਫੋਲ, ਪਿਤਾ ਪੁੱਤਰ ਧੀਆਂ ਨਾ ਕੋਇ ਜਣਾਇਆ । ਭੈਣਾ ਭੱਯਾ ਨਾ ਰਹੇ ਕੋਲ, ਬੈਠੇ ਮੁਖ ਭਵਾਇਆ । ਸਚ ਦਵਾਰਾ ਨਾ ਵੇਖੇ ਕੋਈ ਖੋਲ੍ਹ, ਗੁਰਦਰ ਮੰਦਰ ਮਸਜਦ ਵੇਸਵਾ ਘਰ ਬਨਾਇਆ । ਗੁਰ ਅਰਜਨ ਨਾਮ ਦਏ ਨਾਮ ਹੱਟ ਦੇਣ ਤੋਲ ਤੋਲ, ਕਲਜੁਗ ਭੰਡਾਰ ਖੁਲ੍ਹਾਇਆ । ਸ਼ਿਵ ਸ਼ਕਤੀ ਨਾ ਦਿਸੇ ਕਲਾ ਸੋਲ, ਰਾਮ ਕ੍ਰਿਸ਼ਨ ਗਏ ਭੁਲਾਇਆ । ਅੱਲਾ ਰਾਣੀ ਨਾ ਅੱਲਾ ਰਿਹਾ ਮੌਲ, ਮੌਲਾ ਰੂਪ ਨਾ ਕੋਇ ਜਣਾਇਆ । ਚਾਰ ਯਾਰੀ ਵਜਾਏ ਢੋਲ, ਸਚ ਸੁੱਚ ਨਾ ਕੋਇ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਆਪ ਹੋ ਜਾਇਆ । ਵਿਸ਼ਨੂੰ ਰੱਖ ਸਾਚੀ ਧੀਰ, ਗੁਰ ਗੋਬਿੰਦ ਜਣਾਈਆ । ਅੰਤਮ ਪਰਗਟ ਹੋਏ ਵਡ ਪੀਰਨ ਪੀਰ, ਤੇਰੀ ਪੀੜ ਦਏ ਕਢਾਈਆ । ਕੂੜੀ ਕਿਰਿਆ ਚੋਟੀ ਚੜ੍ਹ ਅਖ਼ੀਰ, ਸਾਧ ਸੰਤ ਨਾ ਸਕਣ ਲਾਹੀਆ । ਤਨ ਪਾਟੇ ਕਲਜੁਗ ਝੂਠੇ ਚੀਰ, ਨਾਮ ਬਸਤਰ ਨਾ ਕੋਇ ਪਹਿਨਾਈਆ । ਗੁਰਸਿਖ ਨਾ ਪੀਏ ਕੋਈ ਅੰਮ੍ਰਿਤ ਸੀਰ, ਅੰਮ੍ਰਿਤ ਜਾਮ ਨਾ ਕੋਈ ਵਖਾਈਆ । ਗੰਗਾ ਨਾ ਦਿਸੇ ਸਾਚਾ ਨੀਰ, ਜਮਨਾ ਸੁਰਸਤੀ ਮਾਰੇ ਧਾਈਆ । ਗੋਦਾਵਰੀ ਹੱਡੀ ਟੁੱਟੇ ਰੀੜ੍ਹ, ਗੁਰ ਗੋਬਿੰਦ ਭਾਰ ਰਖਾਈਆ । ਕਲਜੁਗ ਅੰਤਮ ਨਾ ਕੱਟੇ ਕੋਈ ਭੀੜ, ਪੀਰ ਦਸਤਗੀਰ ਨਾ ਕੋਇ ਸਹਾਈਆ । ਬ੍ਰਹਮਾ ਨੇਤਰ ਅੱਠੇ ਰੋਵੇ ਨੀਰ, ਜਲ ਜਲ ਧਾਰਾ ਆਪ ਹੋ ਜਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕ ਸੁੱਟੇ ਜ਼ੰਜੀਰ, ਹੱਥ ਤ੍ਰਿਸੂਲ ਨਾ ਕੋਇ ਉਠਾਈਆ । ਨਾ ਕੋਇ ਸਹਾਈ ਖ਼ਵਾਜਾ ਖ਼ਿਜਰ ਪੀਰ, ਇੰਦ ਇੰਦਰਾਸਨ ਬੈਠਾ ਆਪ ਤਜਾਈਆ । ਚਿਟੇ ਉਪਰ ਨਾ ਕੋਇ ਖਿਚੇ ਲਕੀਰ, ਕਾਲੀ ਧਾਰ ਨਾ ਕੋਇ ਮਿਟਾਈਆ । ਪ੍ਰਭ ਪਰਗਟ ਹੋਵੇ ਸ਼ਾਹ

ਸੁਲਤਾਨਾਂ ਸੁਲਤਾਨ ਹਕੀਰਾਂ ਹਕੀਰ, ਪੰਜਾਂ ਪੰਜਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਭੇਵ ਖੁਲ੍ਹਾਈਆ । ਵਿਸ਼ਨੂੰ ਉਠਿਆ ਉਠ ਬਲ ਧਾਰ, ਆਪਣੀ ਲੈ ਅੰਗੜਾਈਆ । ਗੁਰ ਗੋਬਿੰਦ ਦੱਸ ਸਚ ਦਵਾਰ, ਕਵਣ ਦਵਾਰ ਆਵੇ ਜਾਵੇ ਫੇਰਾ ਪਾਈਆ । ਕਵਣ ਰੂਪ ਵਰਤੇ ਵਿਚ ਸੰਸਾਰ, ਕਵਣ ਕੂਟ ਕਰੇ ਰੁਸ਼ਨਾਈਆ । ਕਵਣ ਨਾਰੀ ਵਾਸਾ ਕੰਤ ਭਤਾਰ, ਕਵਣ ਸਗਨ ਮਨਾਈਆ । ਕਵਣ ਲਾੜਾ ਦੂਲ੍ਹਾ ਚੜ੍ਹ ਚਿੱਟੇ ਅਸਵ ਹੋ ਅਸਵਾਰ, ਸ਼ਾਹ ਅਸਵਾਰ ਕਵਣ ਅਖਵਾਈਆ । ਕਵਣ ਲੋਆਂ ਪੁਰੀਆਂ ਆਏ ਲਤਾੜ, ਕਵਣ ਰਵ ਸਸ ਚਰਨਾ ਹੇਠ ਝਸਾਈਆ । ਕਵਣ ਧਰਨੀ ਲਾਏ ਅਖਾੜ, ਕਵਣ ਧਰਤ ਦਏ ਵਡਿਆਈਆ । ਕਵਣ ਘਾੜਨ ਘੜੇ ਘਾੜ, ਕਵਣ ਭੰਨ ਵਖਾਈਆ । ਕਵਣ ਅਗਨੀ ਹਵਨ ਦੇਵੇ ਸਾੜ, ਕਵਣ ਮੇਲ ਆਪਣੇ ਵਿਚ ਮਿਲਾਈਆ । ਕਵਣ ਜੋਤ ਕਰੇ ਪਰਕਾਸ਼ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੇਵੇ ਸਾਚਾ ਵਰ, ਸਾਚੀ ਭਿਛਿਆ ਆਪੇ ਪਾਈਆ । ਗੋਬਿੰਦ ਭੇਵ ਅਭੇਦਾ ਖੋਲ੍ਹਾ, ਹਰਿ ਹਰਿ ਸ਼ਬਦ ਸੁਣਾਇਆ । ਕਲਜੁਗ ਅੰਤਮ ਪਏ ਰੌਲਾ, ਘਰ ਘਰ ਗੁਰੂ ਵਖਾਇਆ । ਸਚ ਵਸਤ ਨਾ ਕਿਸੇ ਕੋਲਾ, ਜਗਤ ਗਿਆਨ ਦ੍ਰਿੜਾਇਆ । ਪੜ੍ਹ ਪੜ੍ਹ ਪੁਸਤਕ ਮਾਰਨ ਢੋਲਾ, ਢੋਲਕ ਛੈਣੇ ਰਹੇ ਵਜਾਇਆ । ਮਿਲਿਆ ਨਾਮ ਨਾ ਨਾਮ ਅਨਮੋਲਾ, ਅਮੋਲਕ ਹੀਰਾ ਹੱਥ ਨਾ ਆਇਆ । ਨਾਨਕ ਸਤਿਗੁਰ ਨਾ ਵਸਿਆ ਕੋਲਾ, ਗਾ ਗਾ ਰਸਨਾ ਹੋਈ ਹਲਕਾਇਆ । ਪੰਜ ਤੱਤ ਨਾ ਬਦਲਿਆ ਚੋਲਾ, ਕਾਇਆ ਚੋਲੀ ਨਾ ਕੋਇ ਰੰਗਾਇਆ । ਅੰਤਮ ਜੀਆਂ ਜੰਤਾਂ ਸਾਧਾਂ ਸੰਤਾਂ ਕੱਢਣ ਆਵੇ ਪੋਲਾ, ਨਿਹਕਲੰਕਾ ਨਾਉਂ ਰਖਾਇਆ । ਨਾ ਕੋਈ ਪੜਦਾ ਨਾ ਕੋਈ ਓਹਲਾ, ਗੁਰ ਗੋਬਿੰਦ ਸ਼ਬਦ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਚੋਜ ਵਰਤਾਇਆ । ਵਿਸ਼ਨੂੰ ਵੰਸੀ ਚੜ੍ਹਿਆ ਚਾ, ਘਰ ਸਾਚੇ ਵੱਜੀ ਵਧਾਈਆ । ਗੋਬਿਦ ਤੇਰੀ ਸਚ ਸਲਾਹ, ਮੇਰੇ ਅੰਤਰ ਭਾਈਆ । ਮੇਰਾ ਮੇਰੀ ਪਕੜੇ ਬਾਂਹ, ਕੀਤਾ ਕੌਲ ਨਿਭਾਈਆ । ਤੇਰੀ ਨਗਰੀ ਮੇਰਾ ਗਰਾਂ, ਤੇਰਾ ਪਿਤਾ ਮੇਰੀ ਮਾਂ, ਤੇਰਾ ਸਹਾਰਾ ਪਕੜੇ ਬਾਂਹ, ਦੋ ਜਹਾਨਾਂ ਕਰੇ ਨਿਆਂ, ਅਗੰਮ ਅਥਾਹ ਆਪ ਅਖਵਾਈਆ । ਜੋਤੀ ਜੋਤ ਕਰ ਰੁਸ਼ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਮੇਲਾ ਆਪਣੇ ਦਰ, ਦਰ ਦਰਵੇਸਾ ਆਪ ਕਰਾਈਆ । ਗੁਰ ਗੋਬਿੰਦ ਸ਼ਬਦ ਅਨਾਦੀ, ਏਕਾ ਏਕ ਸੁਣਾਇਆ । ਆਪੇ ਹੋਏ ਮੋਹਣ ਮਾਧਵ ਮਾਧੀ, ਆਦਿ ਜੁਗਾਦੀ ਵੇਸ ਵਟਾਇਆ । ਦਿਵਸ ਰੈਣ ਜੋ ਰਹੇ ਆਰਾਧੀ, ਹਰਿਜਨ ਸਾਚੇ ਲਏ ਤਰਾਇਆ । ਜੁਗ ਜੁਗ ਵਿਛੜੇ ਕਲਜੁਗ ਅੰਤਮ ਫੜ ਫੜ ਬਾਂਹੋਂ ਬਾਹਰ ਲਏ ਕਾਢੀ, ਮੇਲ ਮਿਲਾਏ ਜੋ ਸਰਸੇ ਗਿਆ ਰੁੜ੍ਹਾਇਆ । ਲੇਖਾ ਚੁਕਾਏ ਅੱਡੋ ਆਡੀ, ਲਹਿਣਾ ਦੇਣਾ ਰਹਿਣ ਨਾ ਪਾਇਆ । ਲੱਖ ਚੁਰਾਸੀ ਬਣੇ ਗਾਡੀ, ਬਚਿਆ ਕੋਇ ਰਹਿਣ ਨਾ ਪਾਇਆ । ਗੁਰਮੁਖਾਂ ਲਡਾਏ ਆਪ ਲਾਡੀ, ਆਪ ਆਪਣਾ ਦਰ ਸੁਹਾਇਆ । ਮੇਰਾ ਸੰਗ ਨਾ ਜਾਏ ਛਾਡੀ, ਸਗਲਾ ਸੰਗ ਰਖਾਇਆ । ਮੇਰਾ ਰੂਪ ਨਾ ਦਿਸੇ ਪੰਜ ਤੱਤ ਨਾੜ ਰਕਤ ਬੂੰਦ ਹਾਡੀ, ਸ਼ਬਦੀ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਇਕ ਸੁਹਾਇਆ । ਸਾਚਾ ਧਾਮ ਨਗਰ ਸੰਬਲ ਵਾਸਾ, ਹਰਿ ਹਰਿ ਆਪ ਕਰਾਵਣਾ । ਜਗਤ ਮਲਾਹ ਦਏ ਧਰਵਾਸਾ, ਤੇਰਾ ਬੇੜਾ ਬੰਨੇ ਲਾਵਣਾ । ਏਕਾ ਇਕੀ ਪੂਰੀ ਕਰੇ ਆਸਾ, ਆਸ ਨਿਰਾਸ ਨਾ ਕੋਇ ਰਖਾਵਣਾ । ਆਪੇ ਸ਼ਬਦ

ਰਸਨ ਸਵਾਸਾ, ਜੇਹਵਾ ਜਾਪ ਆਪ ਜਪਾਵਣਾ । ਆਪੇ ਵਸੇ ਕਾਇਆ ਕਾਸਾ, ਕੰਚਨ ਗੜ੍ਹ ਆਪ ਸੁਹਾਵਣਾ । ਆਪੇ ਵੇਖਣ ਆਏ ਤਮਾਸਾ, ਆਪੇ ਜਗਤ ਨਾਚ ਨਚਾਵਣਾ । ਆਪੇ ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਆਪ ਅਖਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਵਣਾ । ਵਿਸ਼ਨੂੰ ਨੇਤਰ ਆਪਣਾ ਖੋਲ੍ਹ, ਆਪਣਾ ਘਰ ਪਛਾਨਿਆ । ਪੂਰਾ ਕਰਨਹਾਰਾ ਕੌਲ, ਆਦਿ ਜੁਗਾਦਿ ਸ੍ਰੀ ਭਗਵਾਨਿਆ । ਤੋਲਣਹਾਰਾ ਪੂਰਾ ਤੋਲ, ਤੋਲੇ ਤੋਲ ਦੋ ਜਹਾਨਿਆ । ਸ਼ਬਦ ਅਨਾਦੀ ਪੁਰਖ ਅਗੰਮਾ ਆਪੇ ਬੋਲ, ਆਪ ਚਲਾਏ ਆਪਣੀ ਬਾਣੀਆਂ । ਆਪਣਾ ਭੰਡਾਰਾ ਆਪੇ ਖੋਲ੍ਹ, ਆਪੇ ਮੇਲ ਮਿਲਾਏ ਹਾਣੀ ਹਾਣੀਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਅੰਤਮ ਵਰ, ਕੂੜੀ ਕਿਰਿਆ ਇਕ ਨਿਸ਼ਾਨੀਆ । ਕੂੜੀ ਕਿਰਿਆ ਕਲਜੁਗ ਵੇਖ, ਹਰਿ ਹਰਿ ਭੇਖ ਵਟਾਇੰਦਾ । ਆਪੇ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਦਾਤਾ ਦਾਨੀ ਦਸ ਦਸਮੇਸ, ਨਾਨਕ ਜੋਤੀ ਆਪ ਟਿਕਾਇੰਦਾ । ਆਪੇ ਆਦਿ ਜੁਗਾਦਿ ਜੁਗਾ ਜੁਗੰਤਰ ਰਹੇ ਹਮੇਸ਼, ਆਦਿਨ ਅੰਤਾ ਹਰਿ ਭਗਵੰਤਾ ਆਪ ਅਖਵਾਇੰਦਾ । ਆਪੇ ਜੋਤੀ ਨੂਰ ਦਏ ਮਹੇਸ਼ ਗਣੇਸ਼, ਅਸ਼ਟਭੁਜ ਆਪ ਉਪਜਾਇੰਦਾ । ਆਪੇ ਹੋਏ ਧਾਰੀ ਕੇਸ, ਮੂੰਡ ਮੁੰਡਾਇਆ ਆਪ ਅਖਵਾਇੰਦਾ । ਆਪੇ ਨਰ ਆਪ ਨਰੇਸ਼, ਦਰ ਭਿਖਾਰੀ ਫੇਰਾ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਦਰ, ਜਗਤ ਮਲਾਹ ਆਪ ਹੋ ਜਾਇੰਦਾ । ਜਗਤ ਮਲਾਹ ਤਾਰੇ ਸਿਖੀ, ਸਾਚੀ ਸਿਖਿਆ ਇਕ ਸਮਝਾਈਆ । ਆਪਣੀ ਰੇਖ ਆਪੇ ਲਿਖੀ, ਆਪੇ ਦਏ ਮਿਟਾਈਆ । ਆਪੇ ਰੱਖੀ ਧਾਰ ਤਿਖੀ, ਵਾਲੋਂ ਨਿੱਕੀ ਆਪ ਜਣਾਈਆ । ਆਪਣੇ ਨੇਤਰ ਆਪੇ ਪੇਖੀ, ਦਿਸ ਕਿਸੇ ਨਾ ਆਈਆ । ਨਿਹਕਲੰਕ ਧਰਿਆ ਭੇਖੀ, ਗੋਬਿੰਦ ਸੰਗ ਰਲਾਈਆ । ਸੰਬਲ ਨਗਰੀ ਇਕ ਆਦੇਸੀ, ਵਿਸ਼ਨੂੰ ਵੰਡ ਵੰਡਾਈਆ । ਲੋਕਮਾਤ ਪੰਚਮ ਜੇਠੀ, ਸਾਚੀ ਰੁੱਤ ਸੁਹਾਈਆ । ਆਦਿ ਨਿਰੰਜਣ ਖੇਲੇ ਖੇਲ ਬਹੁ ਬਹੁ ਭੇਖੀ, ਭੇਖਾ ਧਾਰੀ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਸਾਚਾ ਵਰ, ਕਲਜੁਗ ਅੰਤਮ ਕਰੇ ਕੁੜਮਾਈਆ । ਕਲਜੁਗ ਅੰਤਮ ਜੁੜਿਆ ਜੋੜਾ, ਹਰਿ ਸਾਚੇ ਜੋੜ ਜੁੜਾਇਆ । ਸ਼ਬਦ ਅਗੰਮੀ ਏਕਾ ਘੋੜਾ, ਗੁਰ ਗੋਬਿੰਦ ਆਪ ਚੜ੍ਹਾਇਆ । ਨਾਮ ਲਗਾਇਆ ਸਾਚਾ ਤੋੜਾ, ਦਿਸ ਕਿਸੇ ਨਾ ਆਇਆ । ਗੁਰਮੁਖਾਂ ਆਤਮ ਅੰਦਰ ਆਪੇ ਬੌਹੜਾ, ਆਪਣਾ ਭੇਵ ਖੁਲ੍ਹਾਇਆ । ਧੁਰ ਦਰਗਾਹੋਂ ਆਇਆ ਦੌੜਾ, ਲੋਕਮਾਤ ਵੇਖ ਵਖਾਇਆ । ਦੋ ਜਹਾਨਾਂ ਪੰਧ ਨਾ ਕੋਈ ਜਾਣੇ ਲੰਮਾਂ ਚੌੜਾ, ਡਗ ਪਗ ਨਾ ਕੋਇ ਜਣਾਇਆ । ਗੁਰ ਗੋਬਿੰਦ ਅੰਮ੍ਰਿਤ ਆਤਮ ਜਾਮ ਦਏ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖੀ ਲਏ ਉਪਾਇਆ । ਸਾਚੀ ਸਿਖੀ ਕਰ ਤਿਆਰ, ਚਾਰ ਵਰਨ ਕਰੇ ਕੁੜਮਾਈਆ । ਪੰਜ ਤੱਤ ਛੱਡਿਆ ਆਪ ਪਿਆਰ, ਕਾਇਆ ਚੋਲਾ ਦਏ ਤਜਾਈਆ । ਸਰਗੁਣ ਮਿਲਿਆ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਟਿਕਾਈਆ । ਨਿਰਗੁਣ ਰੂਪ ਆਪ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਜੂਨੀ ਰਹਿਤ ਵਰਤੇ ਵਰਤਾਵੇ ਵਿਚ ਸੰਸਾਰ, ਆਪ ਆਪਣੀ ਕਲ ਵਖਾਈਆ । ਨਿਹਕਲੰਕਾ ਵੇਸ ਦਾਤਾਰ, ਆਪ ਆਪਣਾ ਰੂਪ ਵਟਾਈਆ । ਸ਼ਬਦ ਡੰਕਾ ਅਪਰ ਅਪਾਰ, ਏਕਾ ਰਿਹਾ ਖੜਕਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾ ਦਏ ਹੁਲਾਰ, ਸਾਧਾਂ

ਸੰਤਾਂ ਆਪ ਉਠਾਈਆ । ਅੰਜੀਲ ਕੁਰਾਨਾਂ ਰਿਹਾ ਵਿਚਾਰ, ਬਾਈਬਲ ਭੇਵ ਨਾ ਰਾਈਆ । ਵੇਦ ਪੁਰਾਨਾਂ ਦਏ ਅਧਾਰ, ਸ਼ਾਸਤਰ ਸਿਮਰਤ ਫੋਲ ਫੋਲਾਈਆ । ਅੱਲਾ ਰਾਣੀ ਪਾਏ ਸਾਰ, ਸਾਚੀ ਰਾਣੀ ਮੇਲ ਮਿਲਾਈਆ । ਜਾਣੀ ਜਾਣ ਆਪ ਕਰਤਾਰ, ਪਦ ਨਿਰਬਾਣੀ ਇਕ ਵਖਾਈਆ । ਸ਼ਬਦ ਨਿਸ਼ਾਨੀ ਧੁਰ ਦਰਬਾਰ, ਲੋਕਮਾਤ ਇਕ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸਿਖੀ ਰਿਹਾ ਬਣਾਈਆ । ਸਾਚੀ ਸਿਖੀ ਹਰਿ ਹਰਿ ਨਾਤਾ, ਹਰਿ ਸੱਜਣ ਆਪ ਕਰਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਨਾ ਕੋਈ ਵਰਨ ਬਰਨ ਰਖਾਇਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਬਾਲ ਅੰਞਾਣਾ ਨਾ ਕੋਈ ਉਪਜਾਇਆ । ਪੁਰਖ ਅਕਾਲ ਗੁਰ ਇਕ ਪਛਾਤਾ, ਨਾ ਮਰੇ ਨਾ ਜਾਇਆ । ਜੁਗਾ ਜੁਗੰਤਰ ਗੁਰੂਆਂ ਪੀਰਾਂ ਸਾਧਾਂ ਸੰਤਾਂ ਦੇਵਣਹਾਰਾ ਆਪਣੀ ਦਾਤਾ, ਕਲਜੁਗ ਅੰਤਮ ਵੇਸ ਵਟਾਇਆ । ਮੇਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਸੋਹੰ ਸੁਣਾਏ ਸਾਚੀ ਗਾਥਾ, ਹਿੰਦੂ ਮੁਸਲਮ ਸਿਖ ਈਸਾਈ ਏਕਾ ਕਲਮਾ ਰਿਹਾ ਪੜ੍ਹਾਇਆ । ਮੇਲ ਮਿਲਾਏ ਤ੍ਰਿਲੋਕੀ ਨਾਥਾ, ਰਾਮ ਰੂਪ ਨਜ਼ਰੀ ਆਇਆ । ਇਕ ਜਣਾਏ ਪੂਜਾ ਪਾਠਾ, ਇਸ਼ਟ ਦੇਵ ਇਕ ਅਖਵਾਇਆ । ਏਕਾ ਸਰ ਸਰੋਵਰ ਮਾਰੇ ਠਾਠਾ, ਅਠਸਠ ਤੀਰਥ ਰਹਿਣ ਨਾ ਪਾਇਆ । ਕਲਜੁਗ ਤੇਰੀ ਗੇੜੇ ਉਲਟੀ ਲੱਠਾ, ਗੇੜਾ ਆਪਣੇ ਹੱਥ ਰਖਾਇਆ । ਗੁਰਮੁਖਾਂ ਪੂਰਨ ਕਰਨ ਆਇਆ ਘਾਟਾ, ਪਿਛਲਾ ਲਹਿਣਾ ਦਏ ਚੁਕਾਇਆ । ਅੰਮ੍ਰਿਤ ਪਿਆਇਆ ਏਕਾ ਬਾਟਾ, ਚਰਨ ਚਰਣੋਦਕ ਇਕ ਵਖਾਇਆ । ਗੁਰਸਿਖ ਸਵਾਇਆ ਏਕਾ ਸਾਚੀ ਖਾਟਾ, ਸਚਖੰਡ ਦਵਾਰਾ ਇਕ ਆਪ ਬਣਾਇਆ । ਦੀਪਕ ਜੋਤ ਜਗੇ ਲਲਾਟਾ, ਨਾਨਕ ਗੋਬਿੰਦ ਦਰਸਨ ਪਾਇਆ । ਰਾਮ ਨਾਮ ਨਾ ਵਿਕੇ ਕਿਸੇ ਹਾਟਾ, ਕਾਹਨਾ ਕ੍ਰਿਸ਼ਨਾ ਮੁਲ ਨਾ ਕਿਸੇ ਰਖਾਇਆ । ਮਨ ਮਤ ਨਾਰ ਦੁਹਾਗਣ ਚਾਰੋਂ ਕੁੰਟ ਦਹਿ ਦਿਸ਼ਾ ਮੀਢੀ ਖੋਹ ਖੋਹ ਖੋਹਿਆ ਝਾਟਾ, ਖ਼ਾਕੀ ਖ਼ਾਕ ਰਹੀ ਉਡਾਇਆ । ਕਲਜੁਗ ਤੇਰੀ ਨੇੜੇ ਆਈ ਵਾਟਾ, ਕਲਜੁਗ ਭੁੱਲੇ ਜੀਵ ਮਾਇਆ ਰੁਲੇ ਆਤਮ ਬ੍ਰਹਮ ਗਿਆਨ ਨਾ ਕੋਈ ਦ੍ਰਿੜਾਇਆ । ਗੁਰਸਿਖਾਂ ਲਹਿਣਾ ਦੇਣ ਚੁਕਾਏ ਆਨ ਬਾਟਾ, ਮਾਤ ਗਰਭ ਫੇਰ ਨਾ ਆਇਆ । ਤਨ ਨਗਾਰੇ ਮਾਰੇ ਏਕਾ ਸਾਟਾ, ਅਨਹਦ ਤਾਲ ਤਲਵਾੜਾ ਇਕ ਵਜਾਇਆ । ਗੁਰਸਿਖ ਤੇਰਾ ਬਜਰ ਕਪਾਟੀ ਪੜਦਾ ਪਾਟਾ, ਨਿਰਗੁਣ ਰੂਪ ਸ਼ਬਦੀ ਧਾਰ ਲੋਕਮਾਤ ਨਜ਼ਰੀ ਆਇਆ । ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਤ੍ਰੈਗੁਣ ਮਾਇਆ ਤਪਿਆ ਭੱਠਾ, ਪੰਜ ਤੱਤ ਲੰਬੂ ਰਿਹਾ ਲਾਇਆ । ਜੂਠੀ ਝੂਠੀ ਕਲਜੁਗ ਸਥਰੀ ਕਰ ਰਿਹਾ ਇਕੱਠਾ, ਸੰਮਤ ਸੋਲਾਂ ਰਿਹਾ ਜਣਾਇਆ । ਕਿਸੇ ਨਾ ਪੂਜ ਪੂਜਸ ਸਿਲ ਵਟਾ, ਗਲ ਪਾਹਨ ਲਿੰਗ ਨਾ ਕੋਇ ਲਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਨਾਉਂ ਰਖਾਇਆ । ਨਿਹਕਲੰਕ ਰੱਖਿਆ ਨਾਉਂ, ਹਰਿ ਸਤਿਗੁਰ ਵਡ ਵਡਿਆਈਆ । ਗੁਰ ਗੋਬਿੰਦ ਵਸਿਆ ਨਗਰ ਗਰਾਉਂ, ਸੰਬਲ ਖੇੜਾ ਇਕ ਵਸਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਪਕੜਿਆ ਬਾਂਹੋਂ, ਉਚੇ ਟਿੱਲੇ ਪਰਬਤ ਬਜਰ ਕਪਾਟੀ ਸਿਲਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੱਸਾ ਕਿਲਾ ਰਿਹਾ ਬਣਾਈਆ । ਊੜਾ ਉਂਕਾਰ, ਏਕਉਂਕਾਰਾ ਰੂਪ ਵਟਾਇਆ । ਐੜਾ ਅੱਖ ਇਕ ਉਘਾੜ, ਏਕਾ ਦ੍ਰਿਸ਼ਟ ਖੁਲ੍ਹਾਇਆ । ਈੜੀ ਇਸ਼ਟ ਇਕ ਅਪਾਰ, ਨੌ ਖੰਡ ਪ੍ਰਿਥਮੀ ਦਏ ਜਣਾਇਆ । ਸੱਸਾ ਕਿਲਾ ਕਰ ਤਿਆਰ, ਚਾਰੋਂ ਕੁੰਟ


੪੬੯ ੦੮

ਘੇਰਾ ਪਾਇਆ । ਉਪਰ ਹੋੜਾ ਕੀਤਾ ਖ਼ਬਰਦਾਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਗੋਬਿੰਦ ਤੇਰਾ ਤੋੜਾ ਸੀਸ ਦਸਤਾਰ, ਸਾਚਾ ਹੋੜਾ ਵੇਸ ਵਟਾਇਆ । ਹਾਹਾ ਹਰੀ ਹਰਿ ਹੋ ਉਜਿਆਰ, ਲੋਕਮਾਤ ਵੇਸ ਵਟਾਇਆ । ਉਤੇ ਟਿੱਪੀ ਲਾਈ ਕਰ ਪਿਆਰ, ਨਾਰੀ ਕੰਤਾ ਰੂਪ ਵਟਾਇਆ । ਸੋਹੰ ਸ਼ਬਦ ਬੰਨ੍ਹੀ ਧਾਰ, ਹੰ ਬ੍ਰਹਮ ਆਪ ਹੋ ਜਾਇਆ । ਸੋ ਪੁਰਖ ਨਿਰੰਜਣ ਏਕਓਂਕਾਰ, ਕਲਜੁਗ ਅੰਤਮ ਆਪ ਆਪਣਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਜੁਗ ਜੁਗ ਸਾਚਾ ਵੇਸ ਵਟਾਇਆ । ਹਰਿਜਨ ਤੇਰਾ ਸਾਚਾ ਲਹਿਣਾ, ਹਰਿ ਸਤਿਗੁਰ ਆਪ ਚੁਕਾਇੰਦਾ । ਤਨ ਬਸਤਰ ਪਾਏ ਨਾਮ ਗਹਿਣਾ, ਸੋਲਾਂ ਸ਼ੰਗਾਰ ਵਖਾਇੰਦਾ । ਏਕਾ ਧਾਰ ਕੱਜਲ ਨੈਣਾ, ਨੇਤਰ ਨੈਣ ਇਕ ਵਖਾਇੰਦਾ । ਸਾਚੀ ਸੇਜਾ ਏਕਾ ਬਹਿਣਾ, ਧਰਮ ਦਵਾਰਾ ਇਕ ਸੁਹਾਇੰਦਾ । ਨਾਤਾ ਤੁਟੇ ਮਾਤ ਪਿਤ ਭਾਈ ਭੈਣਾ ਸਾਕ ਸੱਜਣ ਸੈਣਾ, ਗੁਰ ਚਰਨ ਧਿਆਨ ਇਕ ਰਖਾਇੰਦਾ । ਨੇੜ ਨਾ ਆਏ ਲਾੜੀ ਮੌਤ ਡੈਣਾ, ਧਰਮ ਰਾਏ ਮੁਖ ਸ਼ਰਮਾਇੰਦਾ । ਚਿਤਰ ਗੁਪਤ ਅੱਗੇ ਹੋ ਹਿਸਾਬ ਕਿਸੇ ਨਾ ਕਹਿਣਾ, ਬ੍ਰਹਮਾ ਵਿਸ਼ਨ ਸ਼ਿਵ ਗੁਰਸਿਖ ਨਿਉਂ ਨਿਉਂ ਸੀਸ ਝੁਕਾਇੰਦਾ । ਦਰਗਹਿ ਸਾਚੀ ਧਾਮ ਅਵਲੇ ਸਚਖੰਡ ਦਵਾਰੇ ਏਕਾ ਬਹਿਣਾ, ਗੁਰ ਸਤਿਗੁਰ ਮੇਲ ਮਿਲਾਇੰਦਾ । ਜਿਸ ਜਨ ਮੰਨਿਆ ਸਾਚਾ ਕਹਿਣਾ, ਸਾਚੀ ਭਗਤੀ ਸੋ ਸਲਾਹਿੰਦਾ । ਕਲਜੁਗ ਅੰਤਮ ਵਹਿਣ ਏਕਾ ਵਹਿਣਾ, ਲੱਖ ਚੁਰਾਸੀ ਆਪ ਰੁੜ੍ਹਾਇੰਦਾ । ਪ੍ਰਭ ਕਾ ਭਾਣਾ ਸਹਿਣਾ ਪੈਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਬਿਨ ਹਰਿ ਨਾਮ ਥਿਰ ਕੋਈ ਨਾ ਰਹਿਣਾ, ਗੁਰਮੁਖ ਸਾਚੇ ਆਪ ਤਰਾਇੰਦਾ । ਏਕਾ ਇਕੀ ਵੇਖੇ ਸਿਖੀ ਹਰਿ ਮੀਤਾ ਇਕ ਅਤੀਤਾ ਪਤਿਤ ਪੁਨੀਤਾ ਸਾਚੀ ਰੀਤਾ ਆਪ ਚਲਾਇੰਦਾ । ਸਾਚੀ ਰੀਤ ਹਰਿ ਨਿਰੰਕਾਰ, ਕਲਜੁਗ ਅੰਤਮ ਆਪ ਚਲਾਈਆ । ਪਰਗਟ ਹੋ ਵਿਚ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੋਹੰ ਸ਼ਬਦ ਸਚ ਜੈਕਾਰ, ਮਹਾਰਾਜ ਸ਼ੇਰ ਸਿੰਘ ਆਪ ਅਖਵਾਈਆ । ਵਿਸ਼ਨੂੰ ਮੀਤਾ ਹੋ ਤਿਆਰ, ਭਗਵਾਨ ਜੋਤ ਜਗਾਈਆ । ਤਿੰਨਾਂ ਲੋਕਾਂ ਵਸਿਆ ਬਾਹਰ, ਘਰ ਚੌਥਾ ਇਕ ਵਡਿਆਈਆ । ਸੰਤ ਸਾਜਣ ਜਾਏ ਤਾਰ, ਗੁਰਸਿਖ ਸਾਜਣ ਲਏ ਉਠਾਈਆ । ਲੇਖਾ ਲਿਖਿਆ ਧੁਰ ਕਰਤਾਰ, ਕਾਦਰ ਕਰਤੇ ਕੀਮਤ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਈਆ । ਆਪ ਆਪਣੀ ਬਣਤ ਬਣਾ, ਆਪੇ ਵੇਖ ਵਖਾਇੰਦਾ । ਆਪ ਆਪਣੀ ਗਣਤ ਗਣਾ, ਸੰਤ ਮਨੀ ਸਿੰਘ ਇਕ ਉਠਾਇੰਦਾ । ਧੁਰ ਦਾ ਲੇਖਾ ਦਏ ਲਿਖਾ, ਹਰਿ ਮੰਦਰ ਫੇਰਾ ਪਾਇੰਦਾ । ਅੰਮ੍ਰਿਤਸਰ ਸਰ ਇਕ ਜਣਾ, ਸਰ ਸਰੋਵਰ ਇਕ ਸੁਹਾਇੰਦਾ । ਜੂਠੇ ਝੂਠੇ ਮਾਇਆ ਲੂਠੇ ਪਾਪੀ ਬੰਦੇ, ਝੂਠੇ ਧੰਦੇ ਝੂਠੀ ਕਿਰਿਆ ਇਕ ਸਮਝਾਇੰਦਾ । ਅਮਰਦਾਸ ਤੇਰਾ ਠਾਂਡਾ ਥਾਂ, ਹੱਥ ਕਿਸੇ ਨਾ ਆਇੰਦਾ । ਗੁੰਬੀ ਪੰਥੀ ਬਣੇ ਕਾਂ, ਹੰਸ ਰੂਪ ਨਾ ਕੋਈ ਵਟਾਇੰਦਾ । ਹਰਿ ਮੰਦਰ ਬੈਠ ਕਰੇ ਨਾ ਕੋਈ ਸਚ ਨਿਆਂ ਸਾਚਾ ਧਰਮ ਨਾ ਕੋਈ ਵਖਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਕਲਜੁਗ ਅੰਤਮ ਵੇਖੇ ਥਾਉਂ ਥਾਂ, ਗੁਰ ਗੋਬਿੰਦ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਵੀਹ ਸਦ ਬਿਕ੍ਰਮੀ ਖੇਲ ਕਰ, ਪੋਹ ਛੱਬੀ ਰੁੱਤ ਸੁਹਾਇੰਦਾ । ਛੱਬੀ ਪੋਹ ਨਾਤਾ ਤੁੱਟਾ, ਲੋਕਮਾਤ ਤਜਾਇਆ । ਹਰਿਆ ਹੋਇਆ ਬੂਟਾ ਸੁੱਕਾ, ਅੰਮ੍ਰਿਤ ਜਲ ਚੁਆਇਆ । ਆਪ ਮਨਾਇਆ ਹਰਿ ਹਰਿ ਰੁਠਾ, ਆਪ ਆਪਣੀ ਦਇਆ ਕਮਾਇਆ । ਲਹਿਣਾ

ਦੇਣ ਚੁਕਾਏ ਜੂਠ ਝੂਠਾ, ਕੂੜੀ ਕਿਰਿਆ ਦਏ ਮਿਟਾਇਆ । ਰਾਜ ਰਾਜਾਨਾ ਹੱਥ ਫੜਾਏ ਖਾਲੀ ਠੂਠਾ, ਸਿਰ ਤਾਜ ਰਹਿਣ ਨਾ ਪਾਇਆ । ਗੁਰਮੁਖਾਂ
ਉਪਰ ਆਪੇ ਤੁੱਠਾ, ਗੁਰ ਕਾ ਭੇਵ ਕੋਈ ਨਾ ਪਾਇਆ । ਆਵਣ ਜਾਵਣ ਕਿਸੇ ਨਾ ਛੁੱਟਾ, ਲੱਖ ਚੁਰਾਸੀ ਗੇੜ ਕਟਾਇਆ । ਗੁਰਮੁਖਾਂ ਪੀਤਾ
ਅੰਮ੍ਰਿਤ ਆਤਮ ਘੁੱਟਾ, ਨਿਝਰ ਝਿਰਨਾ ਇਕ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੋਤੀ
ਕਿਰਨਾ ਕਿਰਨਾ ਵਿਚ ਟਿਕਾਇਆ । ਜੋਤੀ ਨੂਰ ਹਰਿ ਉਜਾਲਾ, ਹਰਿ ਸੱਜਣ ਮੀਤ ਮੁਰਾਰਾ । ਦੀਨਾਂ ਬੰਧਪ ਦੀਨ ਦਿਆਲਾ, ਹਰਿਜਨ ਦੇਵੇ
ਨਾਮ ਸਹਾਰਾ । ਗੋਬਿੰਦ ਰੂਪ ਗੁਰ ਗੋਪਾਲਾ, ਨਿਰਗੁਣ ਜੋਤ ਨੂਰ ਉਜਿਆਰਾ । ਵਸੇ ਸਚ ਸੱਚੀ ਧਰਮਸਾਲਾ, ਕਾਇਆ ਕਪੜ ਵਸੇ ਬਾਹਰਾ ।
ਚਲੇ ਚਲਾਏ ਅਵੱਲੜੀ ਚਾਲਾ, ਆਦਿ ਜੁਗਾਦੀ ਏਕਾ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,
ਗੁਰਮੁਖਾਂ ਕਰੇ ਸ਼ੰਗਾਰਾ । ਗੁਰਮੁਖਾਂ ਕਰੇ ਸ਼ੰਗਾਰ, ਸਤਿਗੁਰ ਪੂਰਾ ਆਪ ਸੰਗਾਰਦਾ । ਚਰਨ ਪ੍ਰੀਤੀ ਇਕ ਪਿਆਰ, ਏਕਾ ਬ੍ਰਹਮ ਵਿਚਾਰਦਾ ।
ਸਾਚੀ ਨੀਤੀ ਵਿਚ ਸੰਸਾਰ, ਸਾਚਾ ਰਾਹ ਵਖਾਲਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਸਾਚਾ
ਦਰ । ਸਾਚੀ ਸਿਖੀ ਕਰ ਤਿਆਰ, ਸਤਿਜੁਗ ਬੂਟਾ ਲਾਇਆ । ਪੰਜਾਂ ਆਪੇ ਪਾਵੇ ਸਾਰ, ਪੰਚਾਂ ਮੇਲ ਮਿਲਾਇਆ । ਗੋਬਿੰਦ ਗੁਰ
ਕਰ ਪਿਆਰ, ਲੇਖਾ ਧੁਰ ਚੁਕਾਇਆ । ਏਕਾ ਸ਼ਬਦ ਏਕਾ ਸੁਰ, ਏਕਾ ਤਾਲ ਵਜਾਇਆ । ਏਕਾ ਚੇਲਾ ਏਕਾ ਗੁਰ, ਗੁਰ ਚੇਲਾ ਰੂਪ ਵਟਾਇਆ ।
ਏਕਾ ਚੜ੍ਹਿਆ ਸਾਚੇ ਘੋੜੇ, ਸਾਚਾ ਘੋੜਾ ਇਕ ਦੌੜਾਇਆ । ਏਕਾ ਵੇਖੇ ਮਿਠਾ ਕੌੜਾ, ਲੱਖ ਚੁਰਾਸੀ ਫੋਲ ਫੋਲਾਇਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਲਏ ਤਰਾਇਆ । ਗੁਰਸਿਖ ਸਾਚੇ ਤਾਰਨ ਆਇਆ, ਪੂਰਬ ਲਹਿਣਾ ਝੋਲੀ ਪਾਇਆ । ਰਸਨਾ ਜੇਹਵਾ
੪੭੧ ੦੮
ਜਾਪ ਨਾ ਕੋਈ ਕਰਾਇਆ, ਸਵੱਛ ਸਰੂਪੀ ਦਰਸ ਦਿਖਾਈਆ । ਜਲ ਧਾਰਾ ਨਾ ਕੋਈ ਨਹਾਇਆ, ਚਰਨ ਧੂੜ ਅਸਨਾਨ ਕਰਾਈਆ । ਜੋਗ
ਅਭਿਆਸ ਹਠ ਨਾ ਕੋਈ ਰਖਾਇਆ, ਏਕਾ ਦ੍ਰਿਸ਼ਟੀ ਆਪਣੀ ਪਾਈਆ । ਅਗਨੀ ਮਠ ਨਾ ਕੋਈ ਤਪਾਇਆ, ਜਗਤ ਧੂਣੀ ਨਾ ਕੋਈ ਵਖਾਈਆ ।
ਰਸਨਾ ਸੰਖ ਨਾ ਕੋਈ ਵਜਾਇਆ, ਅਨਹਦ ਤਾਲ ਇਕ ਸੁਣਾਈਆ । ਗੁਰਦਰ ਦਵਾਰਾ ਮੰਦਰ ਮਸਜਿਦ ਸ਼ਿਵਦਵਾਲਾ ਮਠ ਡੇਰਾ ਢਾਹਿਆ, ਕਾਇਆ
ਹਰਿ ਮੰਦਰ ਇਕ ਵਖਾਈਆ । ਅਠਸਠ ਤੀਰਥ ਮੂਲ ਚੁਕਾਇਆ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸਤਿ ਪਿਆਲਾ ਨਾਮ ਪਿਆਇਆ, ਅਜਪਾ
ਜਾਪ ਜਪਾਈਆ । ਹੱਥ ਮਾਲਾ ਨਾ ਕੋਈ ਫੜਾਇਆ, ਨਾ ਕੋਈ ਗੜਵੀ ਪੋਚ ਪੁਚਾਈਆ । ਸ਼ਾਹ ਕੰਗਾਲ ਨਾ ਕੋਈ ਜਣਾਇਆ, ਏਕਾ ਰੰਗ
ਰੰਗਾਈਆ । ਢੋਲਕ ਛੈਣਾ ਨਾ ਕੋਈ ਵਜਾਇਆ, ਗੁਰਸਿਖ ਤਾਰ ਸਤਾਰ ਹਿਲਾਇਆ । ਕਾਇਆ ਸੁਰੰਗੀ ਇਕ ਬਣਾਇਆ, ਬਹੱਤਰ ਨਾੜੀ
ਸਤਾਰ ਹਿਲਾਈਆ । ਨਿਰਗੁਣ ਨਿਰਗੁਣ ਗੁਰਮੁਖ ਰਿਹਾ ਗਾਇਆ, ਤੂੰਹੀ ਤੂੰ ਅਲਾਈਆ । ਗੁਰ ਨਾਨਕ ਸਾਚਾ ਮਾਰਗ ਲਾਇਆ, ਮਰਦਾਨਾ
ਸੰਗ ਰਖਾਈਆ । ਕਲਜੁਗ ਖੇਲ ਸਰਬ ਲੋਕਾਇਆ, ਘਰ ਮੰਦਰ ਕੀਰਤਨ ਕੋਇ ਨਾ ਸੁਨਣੇ ਪਾਈਆ । ਚਾਰੋਂ ਕੁੰਟ ਦਹਿ ਦਿਸ਼ਾ ਭੌਦੇ ਬੰਦਰ,
ਧੀਰਜ ਧੀਰ ਨਾ ਕੋਈ ਧਰਾਈਆ । ਉਚੇ ਟਿੱਲੇ ਚੜ੍ਹੇ ਗੋਰਖ ਮਛੰਦਰ, ਤਨ ਚੋਟੀ ਰਹੇ ਕਟਾਈਆ । ਮਿਲਿਆ ਮੇਲ ਨਾ ਸਾਚੇ ਮੰਦਰ, ਘਰ
ਸਾਚਾ ਬੈਠਾ ਮਾਹੀਆ । ਗੁਰਸਿਖਾਂ ਕਲਜੁਗ ਅੰਤਮ ਤੋੜਣ ਆਇਆ ਜੰਦਰ, ਨਾਮ ਖੰਡਾ ਹੱਥ ਉਠਾਈਆ । ਮਨਮੁਖ ਹੋਏ ਭਾਗਾਂ ਮੰਦੜ, ਹਰਿ

ਕਾ ਭੇਵ ਕੋਇ ਨਾ ਪਾਈਆ । ਮਦਿਰਾ ਮਾਸੀ ਪਾਪੀ ਗੰਦੜ, ਗੁਰ ਅਰਜਨ ਲੇਖਾ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਦੇਵਣ ਆਇਆ ਵਡਿਆਈਆ । ਗੁਰਸਿਖ ਤੇਰੀ ਵਡ ਵਡਿਆਈ, ਹਰਿ ਸਾਚੇ ਆਪ ਜਣਾਈਆ । ਗੁਰ ਕਾ ਸ਼ਬਦ ਕਰੇ ਕੁੜਮਾਈ, ਦੂਸਰ ਨਾਰ ਨਾ ਕੋਈ ਪਰਨਾਈਆ । ਘਰ ਵਿਚ ਧੀ ਘਰ ਜਵਾਈ, ਘਰ ਬੈਠਾ ਆਸਣ ਲਾਈਆ । ਘਰ ਵਿਚ ਸੇਜ ਰਿਹਾ ਵਿਛਾਈ, ਘਰ ਫੂਲਨ ਬਰਖਾ ਲਾਈਆ । ਪੁਰਖ ਅਬਿਨਾਸ਼ੀ ਦਇਆ ਕਮਾਈ, ਗੁਰ ਗੋਬਿੰਦ ਸੰਗ ਰਲਾਈਆ । ਸੰਬਲ ਨਗਰੀ ਕਰ ਰੁਸ਼ਨਾਈ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਦਵਾਰੇ ਰਿਹਾ ਤਜਾਈ, ਜਗਤ ਮਾਰਗ ਪੰਧ ਮੁਕਾਈਆ । ਦਸਵੇਂ ਬੈਠਾ ਸਾਚਾ ਮਾਹੀ, ਆਪ ਆਪਣੀ ਸੇਜ ਸੁਹਾਈਆ । ਗੁਰਸਿਖਾਂ ਪਕੜਨ ਆਇਆ ਬਾਂਹੀਂ, ਆਲਣਿਓਂ ਡਿਗੇ ਬੋਟ ਉਠਾਈਆ । ਕਾਗੋਂ ਹੰਸ ਰਿਹਾ ਬਣਾਈ, ਸੋਹੰ ਚੋਗ ਚੁਗਾਈਆ । ਘਰ ਘਰ ਦਰਸ ਦਿਖਾਏ ਚਾਈਂ ਚਾਈਂ, ਦਿਵਸ ਰੈਣ ਸੇਵ ਕਮਾਈਆ । ਪਕੜ ਉਠਾਏ ਫੜ ਫੜ ਬਾਂਹੀਂ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸੰਮਤ ਸੰਮਤੀ ਵੇਖ ਵਖਾਈਆ । ਸੰਮਤ ਸੰਮਤੀ ਤੱਕੇ ਰਾਹ, ਕਲਜੁਗ ਪੰਧ ਮੁਕਾਇਆ । ਸਤਿਗੁਰ ਆਵੇ ਸਚ ਮਲਾਹ, ਹਰਿਜਨ ਲਏ ਤਰਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਨਿਮਾਣਿਆਂ ਗਲੇ ਲਗਾਇਆ । ਸ਼ਾਹ ਸੁਲਤਾਨਾ ਦੇਵੇ ਖ਼ਾਕ ਮਿਲਾ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਏਕਾ ਕਲਮਾ ਅਮਾਮ ਦਏ ਪੜ੍ਹਾ, ਏਕਾ ਨਾਅਰਾ ਲਾਇਆ । ਏਕਾ ਰਾਮ ਕ੍ਰਿਸ਼ਨ ਦਏ ਮਿਲਾ, ਜਗਤ ਵਿਛੋੜਾ ਪੰਧ ਮੁਕਾਇਆ । ਏਕਾ ਨਾਨਕ ਗੋਬਿੰਦ ਸੇਜਾ ਦਏ ਸੁਹਾ, ਗੁਰਮੁਖ ਸਾਚੇ ਸੰਗ ਰਲਾਇਆ । ਕਲਜੁਗ ਅੰਤਮ ਨਿਹਕਲੰਕੀ ਜਾਮਾ ਪਾ, ਪੂਰਬ ਲਹਿਣਾ ਵੇਖ ਵਖਾਇਆ । ਸਾਚੀ ਸਿਖਿਆ ਸ੍ਰਿਸ਼ਟ ਸਬਾਈ ਦਏ ਸਮਝਾ, ਨੌਂ ਖੰਡ ਸੱਤਾਂ ਦੀਪਾਂ ਫੇਰਾ ਪਾਇਆ । ਭਾਰਤ ਖੰਡ ਜੋਤ ਜਗਾ, ਵਿਸ਼ਨੂੰ ਵੰਸੀ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਸਾਚਾ ਦਰ ਸੁਹੰਜਣਾ, ਘਰ ਸਾਚੇ ਵੱਜੀ ਵਧਾਈਆ । ਪਰਗਟ ਹੋਇਆ ਪੁਰਖ ਨਿਰੰਜਣਾ, ਆਦਿ ਨਿਰੰਜਣ ਵਡ ਵਡਿਆਈਆ । ਜਨ ਭਗਤਾਂ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਪੁਰਖ ਅਬਿਨਾਸ਼ੀ ਧੁਰ ਦਰਗਾਹੀ ਸਾਚਾ ਸੱਜਣਾ, ਲੋਕਮਾਤ ਸੇਵ ਕਮਾਈਆ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਈਆ । ਬਿਨ ਸਤਿਗੁਰ ਪੂਰੇ ਪੜਦਾ ਕਿਸੇ ਨਾ ਕੱਜਣਾ, ਲੱਖ ਚੁਰਾਸੀ ਰਹੀ ਕੁਰਲਾਈਆ । ਲਾੜੀ ਮੌਤ ਲੌਣ ਦੇਵੇ ਨਾ ਅੱਜ ਪਜਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸਮੁੰਦ ਸਾਗਰ ਗਹਿਰ ਗੰਭੀਰ ਉਚੇ ਟਿਲੇ ਫੋਲ ਫੋਲਾਈਆ । ਗੁਰਸਿਖ ਵਿਰਲੇ ਗੁਰ ਚਰਨ ਦਵਾਰੇ ਬਹਿ ਬਹਿ ਸਜਣਾ, ਤੱਤੀ ਵਾ ਨਾ ਲਗੇ ਰਾਈਆ । ਅੰਤਮ ਪਰਗਟ ਹੋਇਆ ਦੇਸ ਮਾਝਣਾ, ਆਪਣਾ ਪੜਦਾ ਦਏ ਉਠਾਈਆ । ਸ਼ਬਦ ਅਗੰਮੀ ਮਾਰੇ ਵਾਜਣਾ, ਆਪ ਆਪਣੀ ਦਇਆ ਕਮਾਈਆ । ਸ਼ਾਹ ਸੁਲਤਾਨ ਵਡ ਰਾਜਨ ਰਾਜਨਾ ਗੁਰਸਿਖ ਦਵਾਰੇ ਫੇਰਾ ਪਾਈਆ । ਕਲਜੁਗ ਸਤਿਜੁਗ ਰਚਿਆ ਕਾਜਨਾ, ਵਿਚ ਵਿਚੋਲਾ ਆਪ ਹੋ ਜਾਈਆ । ਦੋਹਾਂ ਚਲਾਏ ਆਪ ਜਹਾਜ਼ਨਾ, ਆਪੇ ਡੋਬੇ ਆਪੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਵਰ, ਦੇਵੇ ਮਾਤ ਵੱਡੀ ਵਡਿਆਈਆ । ਗੁਰਸਿਖ ਵਡਿਆਈ ਧੰਨ, ਗੁਰ ਸਤਿਗੁਰ ਸੱਚਾ ਪਾਇਆ । ਗੁਰਮੁਖ ਵਡਿਆਈ ਧੰਨ, ਹਰਿ ਮੰਤਰ ਨਾਮ ਦ੍ਰਿੜਾਇਆ । ਗੁਰ ਗੁਰ ਵਡਿਆਈ ਧੰਨ,

ਗੁਰ ਕਰਤੇ ਮੇਲ ਮਿਲਾਇਆ । ਸਤਿਗੁਰ ਵਡਿਆਈ ਧੰਨ, ਸਤਿ ਪੁਰਖ ਨਿਰੰਜਣ ਖੇਲ ਖਿਲਾਇਆ । ਆਦਿ ਜੁਗਾਦੀ ਬੇੜਾ ਬੰਨ੍ਹ, ਨਿਰਗੁਣ ਆਪਣਾ ਰੰਗ ਰੰਗਾਇਆ । ਪੰਚਮ ਮੀਤਾ ਚੜ੍ਹਿਆ ਚੰਨ, ਗੁਰ ਪੂਰੇ ਆਪ ਚੜ੍ਹਾਇਆ । ਕਲਜੁਗ ਅੰਤਮ ਦੇਵਣ ਆਇਆ ਡੰਨ, ਖ਼ਾਲੀ ਹੱਥ ਰਖਾਇਆ । ਗੁਰਮੁਖਾਂ ਰਾਗ ਸੁਣਾਏ ਕੰਨ, ਧੁਨ ਅਨਾਦੀ ਇਕ ਅਲਾਇਆ । ਜਨਨੀ ਜਨਿਆ ਸਾਚਾ ਜਨ, ਧੰਨ ਧੰਨ ਜਣੇਂਦੀ ਮਾਇਆ । ਗੁਰ ਗੋਬਿੰਦ ਬੇੜਾ ਦੇਵੇ ਬੰਨ੍ਹ, ਜਗਤ ਮਲਾਹ ਆਪ ਅਖਵਾਇਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਮੰਦਰ ਗੁਰੂ ਦਵਾਰ ਨਾ ਡੇਰਾ ਲਾਇਆ । ਜਿਸ ਜਨ ਹਿਰਦਾ ਗਿਆ ਮੰਨ, ਤਿਸ ਘਰ ਬੈਠਾ ਜੋਤ ਜਗਾਇਆ । ਆਪਣੀ ਵਰਤੇ ਆਪੇ ਕਲ, ਕਲਧਾਰੀ ਵੇਸ ਵਟਾਇਆ । ਕਰੇ ਕਰਾਏ ਅਛਲ ਅਛੱਲ, ਅਛਲ ਅਛੱਲ ਆਪ ਹੋ ਜਾਇਆ । ਵਸਣਹਾਰਾ ਜਲ ਥਲ, ਘਟ ਘਟ ਡੇਰਾ ਲਾਇਆ । ਗੁਰਸਿਖ ਤੇਰੀ ਆਤਮ ਸੇਜਾ ਸਚ ਸਿੰਘਾਸਣ ਬੈਠਾ ਮਲ, ਦਿਸ ਕਿਸੇ ਨਾ ਆਇਆ । ਦਰਸ ਦਿਖਾਏ ਘੜੀ ਘੜੀ ਪਲ ਪਲ, ਤੀਜਾ ਨੇਤਰ ਇਕ ਖੁਲ੍ਹਾਇਆ । ਕਾਇਆ ਵੇਖੇ ਡੂੰਘੀ ਡਲ, ਪੰਚਮ ਘੇਰਾ ਪਾਇਆ । ਗੁਰਸਿਖਾਂ ਅੰਦਰੇ ਅੰਦਰ ਜਾਏ ਰਲ, ਔਂਦਾ ਜਾਂਦਾ ਦਿਸ ਨਾ ਆਇਆ । ਭਾਗ ਲਗਾਏ ਕਾਇਆ ਖਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਵੀਹ ਸਦ ਬਿਕ੍ਰਮੀ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਜੋਤੀ ਨੂਰ ਕਰ ਉਜਿਆਰ, ਏਕਓਂਕਾਰ, ਵੇਸ ਵਟਾਈਆ । ਦੂਜੇ ਬੰਨ੍ਹੇ ਸਾਚੀ ਧਾਰ, ਦੋ ਜਹਾਨਾਂ ਵੇਖ ਵਖਾਈਆ । ਤੀਜੇ ਤਿੰਨਾਂ ਲੋਕਾਂ ਵਸਿਆ ਬਾਹਰ, ਚੌਥੇ ਪਦ ਸਮਾਈਆ । ਪੰਚਮ ਮੇਲਾ ਪੰਚ ਪਿਆਰ, ਪੰਚਮ ਰਿਹਾ ਕਰਾਈਆ । ਛੇਵੇਂ ਘਰ ਦਰ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਹੋ ਤਿਆਰ, ਆਪ ਆਪਣਾ ਵੇਸ ਵਟਾਈਆ । ਅੱਠਾਂ ਤੱਤਾਂ ਵਸਿਆ ਬਾਹਰ, ਨਿਰਗੁਣ ਸਰਗੁਣ ਵੇਖ ਵਖਾਈਆ । ਨੌਂ ਦਵਾਰੇ ਜਗਤ ਕਿਵਾੜ, ਦਸਵੇਂ ਡੇਰਾ ਲਾਈਆ । ਵੀਹ ਦਸ ਤੇਰਾ ਭਰ ਭੰਡਾਰ, ਸੋਲਾਂ ਮੱਘਰ ਰੁੱਤ ਸੁਹਾਈਆ । ਛੋਟਾ ਬਾਲਾ ਕਰ ਤਿਆਰ, ਹਰਿ ਸੰਗਤ ਭੇਟ ਚੜ੍ਹਾਈਆ । ਗੁਰ ਸੰਗਤ ਤੇਰਾ ਚੁਕਿਆ ਭਾਰ, ਆਪਣੇ ਕੰਧ ਉਠਾਈਆ । ਗੁਰ ਗੋਬਿੰਦ ਲਾਲ ਦੁਲਾਰੇ ਨੀਹਾਂ ਹੇਠ ਉਸਾਰ, ਕਲਜੁਗ ਜੜ ਉਖੜਾਈਆ । ਸਾਢੇ ਤਿੰਨ ਹੱਥ ਬਣੇ ਇਕ ਮੁਨਾਰ, ਜਗਤ ਵੰਡ ਵੰਡਾਈਆ । ਇੰਦ ਇੰਦਰਾਸਨ ਕਰਿਆ ਖ਼ਬਰਦਾਰ, ਸੋਇਆ ਆਪ ਉਠਾਈਆ । ਅੰਤਮ ਛੱਡਣਾ ਪਏ ਦਵਾਰ, ਥਿਰ ਕੋਇ ਰਹਿਣ ਨਾ ਪਾਈਆ । ਮਨਜੀਤ ਸਿੰਘ ਮਨ ਕਰ ਪਿਆਰ, ਆਪਣਾ ਆਪ ਭੇਟ ਚੜ੍ਹਾਈਆ । ਗੁਰ ਸੰਗਤ ਤੇਰਾ ਸਚ ਪਿਆਰ, ਫੂਲਨ ਬਰਖਾ ਇਕ ਵਖਾਈਆ । ਫੁਲ ਫੁਲਵਾੜੀ ਕਰੇ ਤਿਆਰ, ਲੋਕਮਾਤ ਮਾਲੀ ਬੇਪਰਵਾਹੀਆ । ਵੀਹ ਸੌ ਯਾਰਾਂ ਹਾੜੀ ਖ਼ਬਰਦਾਰ, ਸਾਚਾ ਸਗਨ ਮਨਾਈਆ । ਜਗਤ ਦੁਲਾਰਾ ਕਰ ਤਿਆਰ, ਅੱਗੇ ਲਾਏ ਸਹਿਜ ਸੁਭਾਈਆ । ਸ਼ੰਕਰ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਜਗਤ ਜਗਦੀਸ ਹੋ ਤਿਆਰ, ਆਪ ਆਪਣਾ ਰਾਹ ਤਕਾਈਆ । ਗੁਰ ਸੰਗਤ ਤੇਰਾ ਲੋਕਮਾਤ ਵਿਹਾਰ, ਨੌਂ ਦਵਾਰੇ ਵੇਖ ਵਖਾਈਆ । ਦਸਵੇਂ ਮਿਲੇ ਆਪ ਕਰਤਾਰ, ਸਚ ਸਿੰਘਾਸਣ ਇਕ ਵਛਾਈਆ । ਸਾਢੇ ਤਿੰਨ ਹੱਥ ਤੇਰੀ ਬੰਨ੍ਹੇ ਧਾਰ, ਨੌਂ ਦਰ ਫੋਲ ਫੋਲਾਈਆ । ਵੀਹ ਸਦ ਬਾਰਾਂ ਮਿਲਿਆ ਮੇਲ ਕੰਤ ਭਤਾਰ, ਸਤਾਰਾਂ ਹਾੜੀ ਖ਼ੁਸ਼ੀ ਮਨਾਈਆ । ਭਰਿਆ ਰਹੇ ਗੁਰ ਸੰਗਤ ਤੇਰਾ ਸਚ ਭੰਡਾਰ, ਹਰਿ ਸਾਚਾ ਆਪ ਭਰਾਈਆ । ਨਿਖੁੱਟ ਨਾ ਜਾਏ ਵਿਚ ਸੰਸਾਰ, ਅਤੋਟ ਅਤੁੱਟ

ਵਖਾਈਆ । ਲੁੱਟ ਨਾ ਜਾਏ ਕੋਈ ਠੱਗ ਚੋਰ ਯਾਰ, ਹੱਥ ਕਿਸੇ ਨਾ ਆਈਆ । ਮਨਮੁਖ ਬਾਹਰ ਕੱਢੇ ਕੁੱਟ, ਦਰ ਆਏ ਦਰਸ ਕੋਇ ਨਾ ਪਾਈਆ । ਗੁਰਸਿਖਾਂ ਅੰਮ੍ਰਿਤ ਪਿਆਏ ਆਪਣੇ ਦਰ ਆਪਣਾ ਘੁੱਟ, ਦੂਜਾ ਦਰ ਨਾ ਮੰਗਣ ਜਾਈਆ । ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਨੇਤਰ ਲੋਚਣ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਪਿਆਰ ਗੁਰਮੁਖ ਆਧਾਰ ਸ਼ਬਦ ਜੈਕਾਰ ਏਕਾ ਨਾਅਰਾ ਲਾਈਆ । ਵੀਹ ਸਦ ਤੇਰਾਂ ਤੇਰੀ ਧਾਰ, ਗੁਰ ਨਾਨਕ ਆਪ ਚਲਾਈਆ । ਤੋਲਾ ਤੋਲੇ ਸਰਬ ਸੰਸਾਰ, ਸਾਚਾ ਕੰਡਾ ਹੱਥ ਉਠਾਈਆ । ਸੋਹੰ ਬੋਲਾ ਇਕ ਜੈਕਾਰ, ਏਕਾ ਰਸਨਾ ਗਾਈਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਲੋਕਮਾਤ ਵੇਖ ਵਖਾਈਆ । ਪਹਿਲੀ ਚੇਤਰ ਹੋ ਤਿਆਰ, ਰਾਜ ਰਾਜਾਨਾ ਦਏ ਉਠਾਈਆ । ਸਾਧਾਂ ਸੰਤਾਂ ਮਾਰੇ ਮਾਰ, ਜੂਠੇ ਝੂਠੇ ਬੈਠੇ ਧੂਣੀਆਂ ਤਾਈਆ । ਹਰਿ ਕੰਤ ਨਾ ਸੋਹੇ ਸਚ ਦਵਾਰ, ਨਾਰ ਵਿਭਚਾਰ ਰਹੀ ਕੁਰਲਾਈਆ । ਰਾਸ਼ਟਰਪਤ ਦਏ ਹੁਲਾਰ, ਅੱਸੂ ਤਿੰਨ ਰੁੱਤ ਸੁਹਾਈਆ । ਸੰਮਤ ਚੌਦਾਂ ਖ਼ਬਰਦਾਰ, ਸਾਚੀ ਸਿਖਿਆ ਇਕ ਸਮਝਾਈਆ । ਇਕੀ ਇਕੀ ਕਰ ਤਿਆਰ, ਇਕੀ ਕਲੀਆਂ ਹਾਰ ਗੁੰਦਾਈਆ । ਵਲੀਆ ਛਲੀਆ ਆਪ ਨਿਰੰਕਾਰ, ਵਲ ਛਲ ਖੇਲ ਖਲਾਈਆ । ਆਪ ਆਪਣੇ ਲਏ ਉਭਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਗੁਰ ਚੇਲੇ ਸੋਹਣ ਇਕ ਦਵਾਰ, ਏਕਾ ਬੰਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਚੌਦਾਂ ਚੌਦਾਂ ਲੋਕ ਇਕ ਸੁਣਾਏ ਸ਼ਬਦ ਸਲੋਕ, ਚੌਦਾਂ ਹੱਟਾਂ ਦੇਵੇ ਝੋਕ, ਹਰਿ ਕਾ ਭਾਣਾ ਨਾ ਕੋਈ ਸਕੇ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਵੀਹ ਸਦ ਪੰਦਰਾਂ ਹਰਿ ਨਿਰੰਕਾਰ, ਆਪਣਾ ਖੇਲ ਖਿਲਾਇੰਦਾ । ਸਚਖੰਡ ਕਰ ਪਿਆਰ, ਆਪਣਾ ਆਸਣ ਲਾਇੰਦਾ । ਬ੍ਰਹਮਾ ਦੇਵੇ ਇਕ ਹੁਲਾਰ, ਆਪਣੀ ਬੂਝ ਬੁਝਾਇੰਦਾ । ਸ਼ਿਵ ਸ਼ੰਕਰ ਪਾਏ ਸਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਕਰੋੜ ਤੇਤੀਸ ਖ਼ਬਰਦਾਰ, ਸੁਰਪਤ ਰਾਜਾ ਇੰਦ ਨਾਲ ਰਲਾਇੰਦਾ । ਚੌਦਾਂ ਲੋਕਾਂ ਹੋ ਉਜਿਆਰ, ਸਤ ਸਤ ਰੰਗ ਰੰਗਾਇੰਦਾ । ਸੱਤਾਂ ਦੀਪਾਂ ਖੇਲ ਨਿਆਰ, ਸੱਤ ਰੰਗ ਨਿਸ਼ਾਨਾ ਇਕ ਚੜ੍ਹਾਇੰਦਾ । ਨੌ ਖੰਡ ਖੜਗ ਖੰਡਾ ਤੇਜ਼ ਕਟਾਰ, ਨਾਮ ਨਾਮਾ ਆਪ ਚਮਕਾਇੰਦਾ । ਤੀਰਥ ਤੱਟਾਂ ਪਾਈ ਵੰਡਾ, ਅੱਠਾਂ ਸੱਠਾਂ ਫੋਲ ਫੋਲਾਇੰਦਾ । ਗੰਗਾ ਗੋਦਾਵਰੀ ਵੇਖੇ ਕੰਢਾ, ਜਮਨਾ ਸੁਰਸਤੀ ਮੇਲ ਮਿਲਾਇੰਦਾ । ਗੁਰਦਰ ਮੰਦਰ ਮਸਜਿਦ ਪਾਈ ਵੰਡਾ, ਨਾਮ ਡੰਡਾ ਨਾ ਕੋਈ ਹੱਥ ਉਠਾਇੰਦਾ । ਹੰਕਾਰੀ ਫੜਿਆ ਹੱਥ ਵਿਚ ਖੰਡਾ, ਸਚ ਖੰਡਾ ਨਾ ਕੋਈ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਜੋਤ ਜਗਾਇੰਦਾ । ਅੱਠਾਂ ਸੱਠਾਂ ਨਾਤਾ ਤੁਟਿਆ, ਹਰਿ ਸਾਚੇ ਤੋੜ ਤੁੜਾਇਆ । ਸਾਧਾਂ ਸੰਤਾਂ ਘਰ ਗਿਆ ਲੁੱਟਿਆ, ਅੰਦਰ ਚੜ੍ਹ ਦਰਸ ਕੋਇ ਨਾ ਪਾਇਆ । ਘਰ ਘਰ ਪਾਏ ਆਪੇ ਫੁੱਟਿਆ, ਪੰਥ ਪੰਥੀ ਭੇੜ ਭੜਾਇਆ । ਦਿਨ ਦਿਹਾੜੇ ਕਲਜੁਗ ਜੀਵ ਗਿਆ ਲੁੱਟਿਆ, ਹਰਿ ਕਾ ਰੂਪ ਦਿਸ ਨਾ ਆਇਆ । ਗੁਰਸਿਖ ਉਧਾਰੇ ਵਿਚੋਂ ਕੋਟਨ ਕੋਟਿਆ, ਕੋਟਨ ਕੋਟੀ ਜੀਵ ਖਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਸੰਮਤ ਸੋਲਾਂ ਹਰਿ ਸ਼ਿੰਗਾਰ, ਗੁਰਮੁਖਾਂ ਆਪ ਕਰਾਇੰਦਾ । ਬਜਰ ਕਪਾਟੀ ਲਾਏ ਪਾੜ, ਦੂਈ ਦਵੈਤੀ ਪੜਦਾ ਲਾਹਿੰਦਾ । ਹੱਥ ਉਠਾਏ ਫੂਲਨਹਾਰ, ਸਾਚੀ ਸੇਵ ਕਮਾਇੰਦਾ । ਗੁਰਸਿਖਾਂ ਕਰੇ ਤਨ ਸ਼ਿੰਗਾਰ, ਮਨ ਮਨੂਆ ਬੰਧ

ਬੰਧਾਇੰਦਾ । ਮਤ ਮਤਵਾਲੀ ਨਾ ਹੋਏ ਖਵਾਰ, ਏਕਾ ਦਰ ਵਖਾਇੰਦਾ । ਬੁਧ ਬਿਬੇਕੀ ਨਾ ਜਾਏ ਹਾਰ, ਸਾਚੇ ਮਾਰਗ ਲਾਇੰਦਾ । ਕਲਜੁਗ ਅੰਤਮ ਉਤਰਨਾ ਪਾਰ, ਨਿਰਗੁਣ ਜੋਤੀ ਮੇਲ ਮਿਲਾਇੰਦਾ । ਏਕਾ ਸ਼ਬਦ ਇਕ ਜੈਕਾਰ, ਪੂਜਾ ਪਾਠ ਨਾ ਕੋਇ ਵਖਾਇੰਦਾ । ਫੜ ਫੜ ਬਾਂਹੋਂ ਰਿਹਾ ਤਾਰ, ਜੋ ਜਨ ਸਰਨਾਈ ਆਇੰਦਾ । ਪਤਤ ਪਾਪੀ ਜਾਏ ਉਧਾਰ, ਜੋ ਮੰਗਣ ਮੰਗ ਮੰਗਾਇੰਦਾ । ਕਾਮੀ ਕਰੋਧੀ ਤੋੜੇ ਗੜ੍ਹ ਹੰਕਾਰ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਜੋਧਾ ਜੋਧ ਬਲੀ ਸੂਰਬੀਰ ਬਲਕਾਰ, ਨਾਮ ਖੰਡਾ ਇਕ ਚਮਕਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਆਪਣੀ ਕਲ ਵਰਤਾਇੰਦਾ । ਗੁਰਮੁਖ ਵਿਰਲੇ ਉਤਰੇ ਪਾਰ, ਜਿਸ ਜਨ ਮੇਲ ਮਿਲਾਇੰਦਾ । ਸਾਚਾ ਮੰਦਰ ਇਕ ਦਵਾਰ, ਘਰ ਸਾਚਾ ਇਕ ਸੁਹਾਇੰਦਾ । ਸੋਲਾਂ ਕਲੀਆਂ ਤਨ ਸ਼ੰਗਾਰ, ਸਚ ਸਿੰਘਾਸਣ ਆਸਣ ਲਾਇੰਦਾ । ਗੁਰਮੁਖਾਂ ਗਲ ਪਾਏ ਫੂਲਨਹਾਰ, ਏਕਾ ਇਕੀ ਵੰਡ ਵੰਡਾਇੰਦਾ । ਸਾਚੀ ਸਿਖੀ ਕਰ ਪਿਆਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਤੇਰਾ ਸਚ ਪਿਆਰ, ਪਲ ਪਲ ਚੁਕਾਈਆ । ਸਤਿਗੁਰ ਪੂਰਾ ਤੇਰਾ ਹਾਰ, ਤੇਰੇ ਤਨ ਪਹਿਨਾਈਆ । ਆਪ ਆਪਣਾ ਤੇਰੇ ਉਤੋਂ ਦਿਤਾ ਵਾਰ, ਅੱਗੇ ਤੇਰੀ ਝੋਲੀ ਡਾਹੀਆ । ਗੁਰ ਗੋਬਿੰਦ ਨਿਉਂ ਨਿਉਂ ਕਰੇ ਨਿਮਸਕਾਰ, ਆਪ ਆਪਣਾ ਸੀਸ ਝੁਕਾਈਆ । ਅੰਮ੍ਰਿਤ ਮੰਗੇ ਬਣ ਭਿਖਾਰ, ਅੱਗੇ ਆਪਣਾ ਹੱਥ ਉਠਾਈਆ । ਦੇਵੇ ਦਰਸ ਸੱਚੀ ਸਰਕਾਰ, ਸਤਿਜੁਗ ਸਾਚੀ ਬਣਤ ਬਣਾਈਆ । ਪਰਗਟ ਹੋਏ ਨਿਹਕਲੰਕ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚੀ ਸਿਖਿਆ ਦਏ ਸਰਬ ਸੰਸਾਰ, ਏਕਾ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੂਲਨਹਾਰ ਤਨ ਸ਼ੰਗਾਰ ਗੁਰਮੁਖਾਂ ਤਨ ਪਹਿਨਾਈਆ । ਗੁਰਮੁਖ ਸੱਜਣ ਸਾਚਾ ਲਾੜਾ, ਹਰਿ ਸਾਚੇ ਆਪ ਸ਼ੰਗਾਰਿਆ । ਕਲਜੁਗ ਲੱਗੇ ਇਕ ਅਖਾੜਾ, ਵਾ ਲੱਗੇ ਤੱਤੀ ਹਾੜਿਆ । ਗੁਰਸਿਖ ਮੇਲਾ ਮੀਤ ਮੁਰਾਰਾ, ਘਰ ਪਾਇਆ ਗੁਰ ਕਰਤਾਰਿਆ । ਪੰਚਮ ਜੇਠਾ ਖ਼ਬਰਦਾਰਾ, ਸਾਚਾ ਹੁਕਮ ਸੁਣਾ ਰਿਹਾ । ਸ਼ਾਹ ਸੁਲਤਾਨ ਦਏ ਹੁਲਾਰਾ, ਸ਼ਾਹ ਸੰਗਰੂਰ ਆਪ ਉਠਾ ਲਿਆ । ਸੰਤ ਮਨੀ ਸਿੰਘ ਸੁੱਤ ਦੁਲਾਰਾ, ਆਪਣੀ ਸੇਵਾ ਆਪ ਕਰਾ ਰਿਹਾ । ਲੇਖ ਲਿਖਾਏ ਆਪ ਨਿਰੰਕਾਰਾ, ਕਲਜੁਗ ਸਤਿਜੁਗ ਜੋੜ ਜੁੜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਪੜਦਾ ਲਾਹ ਰਿਹਾ । ਆਪਣਾ ਪੜਦਾ ਆਪੇ ਲੌਹਣਾ, ਵੀਹ ਸਦ ਸੋਲਾਂ ਵੱਜੇ ਵਧਾਈਆ । ਪੰਚਮ ਜੇਠ ਸ਼ਬਦ ਚਲੌਣਾ, ਚਲੇ ਚਲਾਏ ਆਪ ਰਘੁਰਾਈਆ । ਮਨੀ ਸਿੰਘ ਲੇਖਾ ਆਪ ਕਢੌਣਾ, ਜੋ ਬੈਠੇ ਬੰਦ ਕਰਾਈਆ । ਭੈ ਭਿਆਨਕ ਦਰਸ ਦਿਖੌਣਾ, ਆਪ ਆਪਣਾ ਰੂਪ ਵਟਾਈਆ । ਅਚਨ ਅਚਾਨਕ ਖੇਲ ਖਿਲੌਣਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਸੰਗਰੂਰ ਕਰੇ ਜਣਾਈਆ ।

### ਪਹਿਲੀ ਜੇਠ ੨੦੧੯ ਬਿਕ੍ਰਮੀ ਮਹਾਰਾਜ ਸੰਗਰੂਰ ਰਾਜਬੀਰ ਸਿੰਘ ਨੂੰ ਸ਼ਬਦ ਭੇਜਿਆ

ਸ਼ਾਹ ਸੰਗਰੂਰ ਜਗਤ ਨਿਧਾਨ, ਬਾਲੀ ਬੁਧ ਰਖਾਈਆ । ਪਰਗਟ ਹੋਇਆ ਹਰਿ ਭਗਵਾਨ, ਲੋਕਮਾਤ ਕਰੇ ਰੁਸ਼ਨਾਈਆ । ਤੇਰੇ ਦਰ

ਧੁਰ ਫ਼ਰਮਾਨ, ਸੰਤ ਮਨੀ ਸਿੰਘ ਗਿਆ ਟਿਕਾਈਆ । ਹਰਿ ਕਾ ਸ਼ਬਦ ਸੱਚਾ ਬਾਣ, ਸ਼ਾਹ ਸੁਲਤਾਨਾਂ ਜੜ੍ਹ ਉਖੜਾਈਆ । ਨਾ ਕੋਈ ਮੰਦਰ ਨਾ ਮਕਾਨ, ਨਾ ਕੋਈ ਤਾਜ ਸੀਸ ਟਿਕਾਈਆ । ਕਾਇਆ ਹੱਟ ਬਣੀ ਦੁਕਾਨ, ਮਨਮਤ ਰਹੀ ਵਿਕਾਈਆ । ਪੰਚਮ ਜੇਠ ਲੇਖਾ ਲਿਖੇ ਮਹਾਨ, ਸੰਮਤ ਸੋਲਾਂ ਸੋਲਾਂ ਕਰੇ ਜਣਾਈਆ । ਅੱਸੂ ਤਿੰਨ ਆਏ ਚਲ ਬਲਵਾਨ, ਤੇਰਾ ਪੜਦਾ ਦਏ ਉਠਾਈਆ । ਅੱਸੂ ਚਾਰ ਹੋ ਤਿਆਰ, ਸ਼ਾਹ ਪਟਿਆਲਾ ਵੇਖ ਵਖਾਈਆ । ਸ਼ਬਦ ਜਣਾਈ ਹਰਿ ਨਿਰੰਕਾਰ, ਆਪ ਆਪਣੀ ਦਏ ਕਰਾਈਆ । ਪੰਦਰਾਂ ਕੱਤਕ ਇਕ ਜੈਕਾਰ, ਮਸਤੂਵਾਣੇ ਦਏ ਲਗਾਈਆ । ਰਾਜੇ ਰਾਣੇ ਕਰੇ ਖ਼ਬਰਦਾਰ, ਸ਼ਬਦ ਡੰਡਾ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਜੋਤੀ ਨੂਰ ਕਰੇ ਰੁਸ਼ਨਾਈਆ । ਸੰਤ ਮਨੀ ਸਿੰਘ ਲੇਖਾ ਲਿਖਿਆ, ਸਿੰਘ ਸ਼ੇਰ ਲਿਖਾਇਆ । ਸ਼ੇਰ ਸਿੰਘ ਧਰ ਭੇਖਾ, ਭੇਖਾਧਾਰੀ ਰੂਪ ਵਟਾਇਆ । ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਨਾ ਕੋਈ ਮੂੰਡ ਮੁੰਡਾਇਆ । ਕਿਸੇ ਹੱਥ ਨਾ ਆਏ ਨਰ ਨਰੇਸ਼ਾ, ਨੇਤਰ ਨੈਣ ਦਿਸ ਨਾ ਪਾਇਆ । ਜੋ ਜਨ ਕਰੇ ਚਰਨ ਕਵਲ ਆਦੇਸਾ, ਤਿਸ ਦਰ ਅੱਗੇ ਬੈਠਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੂਪ ਵਟਾਇਆ । ਵਿਸ਼ਨੂੰ ਭਗਵਾਨ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਇਕ ਅਖਵਾਈਆ । ਸੰਤ ਮਨੀ ਸਿੰਘ ਆਇਆ ਦਵਾਰੇ ਬੰਕ, ਬੰਦੀਖ਼ਾਨੇ ਡੇਰਾ ਲਾਈਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਜਗਤ ਸੰਕ ਦਏ ਮਿਟਾਈਆ । ਆਪਣੀ ਜੋਤੀ ਲਾਏ ਤਨਕ, ਖਿਚੀ ਆਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਜੋਤ ਪਰਵੇਸ਼, ਸੰਬਲ ਨਗਰ ਧਾਮ ਨਿਆਰਾ ਬੈਠਾ ਆਸਣ ਲਾਈਆ । ਆਏ ਦਰ ਹਰਿ ਬਲਵਾਨ, ਸ਼ਬਦ ਖੰਡਾ ਤੇਜ਼ ਕਟਾਰਿਆ । ਅੰਤਮ ਮਿਟਦਾ ਜਾਏ ਨਿਸ਼ਾਨ, ਰਾਜ ਰਾਜਾਨਾਂ ਕਰੇ ਖ਼ਵਾਰਿਆ । ਦੇਵਣਹਾਰਾ ਸਾਚਾ ਦਾਨ, ਖ਼ਾਲੀ ਭਰੇ ਭੰਡਾਰਿਆ । ਪਹਿਲਾ ਦੇਵੇ ਧੁਰ ਫ਼ਰਮਾਨ, ਆਪ ਆਪਣਾ ਭੇਵ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਅੱਸੂ ਤਿੰਨ ਦਰ ਦਵਾਰ ਆਏ ਆਏ ਦਰ ਵੇਖ ਵਖਾ ਰਿਹਾ ।

ਹਰਿ ਰੋਗੀ ਰੋਗ ਕੱਟਣਹਾਰਾ, ਮੇਟ ਮਿਟਾਏ ਜਗਤ ਸੰਤਾਪ । ਨਾਮ ਦਾਨ ਭੰਡਾਰਾ ਵੰਡਣਹਾਰਾ, ਦਰਸ ਦਿਖਾਏ ਆਪਣਾ ਆਪ । ਭੇਖ ਪਖੰਡਾ ਖੰਡਨ ਕਰਨਹਾਰਾ, ਹਰਿ ਭਗਤ ਜਣਾਏ ਵਡ ਪਰਤਾਪ । ਹਰਿਜਨ ਆਪਣੀ ਵੰਡਾ ਵੰਡਣਹਾਰਾ, ਸਖਾ ਸਖਾਈ ਮਾਈ ਬਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਪੂਰੀ ਕਰੇ ਆਸ । ਆਏ ਦਰ ਆਤਮ ਭਿਖ, ਹਰਿਜਨ ਮੰਗ ਮੰਗਾਈਆ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਲੇਖ ਮਿਟਾਈਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਚਰਨ ਸੱਚੀ ਸਰਨਾਈਆ । ਅਵਰ ਨਾ ਕੋਈ ਨੇਤਰ ਪੇਖ, ਗੁਰ ਸਤਿਗੁਰ ਪੈਜ ਰਖਾਈਆ । ਸਤਿਗੁਰ ਪੂਰਾ ਨਰ ਨਰੇਸ਼, ਹਰਿਜਨ ਸਾਚੇ ਲਏ ਤਰਾਈਆ । ਸਤਿ ਪੁਰਖ ਗੁਰ ਸਦ ਆਦੇਸ਼, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਚਿੰਤਾ ਸੋਗ ਗਵਾਈਆ । ਹਰਿਜਨ ਸਾਚਾ ਦਰ ਭਿਖਾਰ,

ਆਪਣੀ ਝੋਲੀ ਡਾਹਿੰਦਾ । ਜੋ ਜਨ ਮੰਗੇ ਸੁੱਤ ਦੁਲਾਰ, ਸਫਲੀ ਕੁੱਖ ਕਰਾਇੰਦਾ । ਜੋ ਜਨ ਮੰਗੇ ਦਰਸ ਦੀਦਾਰ, ਨੇਤਰ ਲੋਚਣ ਆਪ ਖੁਲ੍ਹਾਇੰਦਾ । ਜੋ ਜਨ ਮੰਗੇ ਜਗਤ ਵਿਕਾਰ, ਮਾਇਆ ਮਮਤਾ ਵਿਚ ਫਸਾਇੰਦਾ । ਸਾਚੀ ਸੰਗਤਾ ਕਰ ਪਿਆਰ, ਨਾਨਕ ਅੰਗਦਾ ਅੰਗ ਲਗਾਇੰਦਾ । ਜੋ ਜਨ ਮੰਗਤਾ ਹੋਏ ਧੁਰ ਦਰਬਾਰ, ਖ਼ਾਲੀ ਹੱਥ ਨਾ ਕੋਇ ਰਖਾਇੰਦਾ । ਕਾਇਆ ਚੋਲੀ ਆਪੇ ਰੰਗਦਾ, ਭਗਤ ਲਲਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਬੇੜਾ ਆਪ ਚਲਾਇੰਦਾ । ਜਗਤ ਦੁੱਖਾਂ ਡੇਰਾ ਜਾਏ ਢੱਠ, ਜਿਸ ਜਨ ਦਇਆ ਕਮਾਈਆ । ਹਰਿਜਨ ਬਖ਼ਸ਼ੇ ਧੀਰਜ ਜਤ, ਸਤਿ ਸੰਤੋਖ ਇਕ ਵਖਾਈਆ । ਏਕਾ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਆਪ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾਈਆ । ਸੋਹੰ ਸ਼ਬਦ ਅਕਥਨਾ ਅਕਥ, ਕਥ ਕਥਨੀ ਰਹੀ ਗਾਈਆ । ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਵਡ ਵਡਿਆਈਆ । ਦੁੱਖ ਭੁੱਖ ਜਗਤ ਤ੍ਰਿਸਨਾ ਦੇਵੇ ਮਥ, ਆਤਮ ਸੁਖ ਇਕ ਉਪਜਾਈਆ । ਉਜਲ ਕਰੇ ਦੋ ਜਹਾਨਾਂ ਮੁੱਖ, ਜੋ ਜਨ ਆਏ ਚਲ ਸਰਨਾਈਆ । ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਈਆ । ਅੰਤਮ ਵੇਲੇ ਨਾ ਕੋਇ ਦੁੱਖ, ਜੰਮ ਜੰਦਾਰ ਨੇੜ ਨਾ ਆਈਆ । ਲੇਖੇ ਲਾਏ ਮਾਨਸ ਦੇਹੀ ਮਨੁਖ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਹਰਿ ਚਿੰਤਾ ਦਏ ਗਵਾਈਆ । ਚਿੰਤਾ ਰੋਗ ਜਗਤ ਹੱਡ ਬਾਲਣ, ਅਗਨੀ ਤੱਤ ਜਲਾਇੰਦਾ । ਜਗੀ ਜੋਤ ਇਕ ਅਕਾਲਣ, ਗੁਰਮੁਖਾਂ ਦੁੱਖ ਮਿਟਾਇੰਦਾ । ਹਰਿ ਕਾ ਸ਼ਬਦ ਬਣੇ ਦਲਾਲਣ, ਨਾਮ ਵਿਚੋਲਾ ਇਕ ਵਖਾਇੰਦਾ । ਗੁਰਮੁਖਾਂ ਚੜ੍ਹਿਆ ਆਪੇ ਭਾਲਣ, ਕਲਜੁਗ ਸੋਏ ਆਪ ਉਠਾਇੰਦਾ । ਧੁਰ ਦਰਗਾਹੀ ਬਣ ਕੇ ਆਇਆ ਸਾਚੀ ਮਾਲਣ, ਸਾਚਾ ਸੇਹਰਾ ਇਕ ਗੁੰਦਾਇੰਦਾ । ਗੁਰਸਿਖਾਂ ਦਵਾਰੇ ਬਣੇ ਸਵਾਲਣ, ਆਪ ਆਪਣੀ ਮੰਗ ਮੰਗਾਇੰਦਾ । ਸਿਖ ਗੁਰ ਗੁਰਸਿਖ ਇਕ ਦੂਜੇ ਦਾ ਬਚਨ ਪਾਲਣ, ਵੱਡਾ ਛੋਟਾ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਦੁੱਖ ਰੋਗ ਕਾਇਆ ਗੜ੍ਹ, ਪੰਜ ਤੱਤ ਵਸਾਇਆ । ਪੁਰਖ ਅਬਿਨਾਸ਼ੀ ਅੰਦਰ ਵੇਖੇ ਚੜ੍ਹ, ਆਪ ਆਪਣਾ ਫੇਰਾ ਪਾਇਆ । ਜਗਤ ਵਿਕਾਰਾ ਲਏ ਫੜ, ਨਾਮ ਡੋਰੀ ਹੱਥ ਉਠਾਇਆ । ਜੋ ਜਨ ਏਕਾ ਵਿਦਿਆ ਏਕਾ ਅੱਖਰ ਹਰਿ ਹਰਿ ਨਾਉਂ ਰਹੇ ਪੜ੍ਹ, ਰਸਨਾ ਜੇਹਵਾ ਹਰਿ ਹਰਿ ਗਾਇਆ । ਆਪ ਫੜਾਏ ਆਪਣਾ ਲੜ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਨਾਮ ਵਰ, ਨਾਮ ਦਾਤਾ ਦਾਨੀ ਦਇਆਵਾਨ ਆਪ ਅਖਵਾਇਆ । ਦਇਆਵਾਨ ਦਇਆ ਨਿਧ, ਜਨ ਭਗਤਾਂ ਦਇਆ ਕਮਾਇੰਦਾ । ਗੁਰਮੁਖਾਂ ਕਰੇ ਕਾਰਜ ਸਿੱਧ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਜਾਣੇ ਆਪਣੀ ਬਿਧ, ਵੇਦ ਕਤੇਬ ਭੇਵ ਨਾ ਆਇੰਦਾ । ਗ਼ਰੀਬ ਨਿਮਾਣਿਆਂ ਸੇਵਕ ਸੇਵਾ ਲਾਏ ਨੌ ਨਿਧ, ਅਠਾਰਾਂ ਸਿਧ ਦਰ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਰੋਗ ਜਗਤ ਵਿਜੋਗ ਗਵਾਇੰਦਾ ।

## ✪ ੨ ਜੇਠ ੨੦੧੬ ਬਿਕ੍ਰਮੀ ਬੰਤਾ ਸਿੰਘ ਦੇ ਘਰ ਪਿੰਡ ਨਿਜਰ ✪

ਨਿਰਗੁਣ ਜੋਤ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਆਦਿਨ ਅੰਤਾ ਇਕ ਅਵਤਾਰ, ਏਕਾ ਗੁਰ ਅਖਵਾਇਆ । ਜੁਗਾ ਜੁਗੰਤਰ ਪਾਵੇ ਸਾਰ, ਭੇਵ ਅਭੇਦਾ ਭੇਵ ਨਾ ਰਾਇਆ । ਮਰੇ ਨਾ ਜੰਮੇ ਹਰਿ ਨਿਰੰਕਾਰ, ਆਪ ਆਪਣਾ ਮੇਲ ਮਿਲਾਇਆ । ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਇਕ ਸੁਹਾਇਆ । ਨਿਰਗੁਣ ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਹਰਿ ਨਿਰੰਕਾਰ, ਏਕਾ ਏਕ ਕਰਾਇੰਦਾ । ਪੁਰਖ ਅਗੰਮਾ ਹੋ ਉਜਿਆਰ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਆਪ ਆਪਣਾ ਕਰ ਪਿਆਰ, ਆਪ ਆਪਣਾ ਸੰਗ ਨਿਭਾਇੰਦਾ । ਸਗਲਾ ਸੰਗੀ ਮੀਤ ਮੁਰਾਰ, ਸਤਿ ਸਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਉਪਜਾਇੰਦਾ । ਹਰਿ ਹਰਿ ਰੂਪ ਹਰਿ ਹਰਿ ਧਾਰ, ਹਰਿ ਸਾਚੇ ਆਪ ਉਪਾਈਆ । ਖੇਲੇ ਖੇਲ ਏਕਉਂਕਾਰ, ਅਕਲ ਕਲਾ ਵਰਤਾਈਆ । ਆਪੇ ਨਾਰ ਆਪੇ ਕੰਤ ਭਤਾਰ, ਆਪੇ ਸੇਜ ਹੰਢਾਈਆ । ਆਪੇ ਸੋਹੇ ਬੰਕ ਦਵਾਰ, ਘਰ ਦਵਾਰਾ ਆਪ ਉਪਾਈਆ । ਆਪੇ ਰਾਓ ਰੰਕ ਹੋਏ ਸਿਕਦਾਰ, ਸ਼ਾਹੋ ਭੂਪ ਆਪ ਅਖਵਾਈਆ । ਆਪੇ ਮੰਗੇ ਮੰਗ ਭਿਖਾਰ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਦਾਤਾ ਹਰਿ ਭਗਵਾਨ, ਏਕਾ ਏਕ ਅਖਵਾਇੰਦਾ । ਜੋਤੀ ਨੂਰ ਨੂਰ ਮਹਾਨ, ਜੋਤੀ ਜੋਤ ਡਗਮਗਾਇੰਦਾ । ਏਕਾ ਮੰਦਰ ਇਕ ਮਕਾਨ, ਥਾਨ ਥਨੰਤਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਰਖਾਇੰਦਾ । ਅਬਿਨਾਸ਼ੀ ਕਰਤਾ ਪੁਰਖ ਅਕਾਲ, ਏਕਾ ਜੋਤ ਜਗਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਆਪੇ ਸ਼ਾਹ ਆਪੇ ਕੰਗਾਲ, ਆਪ ਆਪਣਾ ਭੇਵ ਖੁਲ੍ਹਾਈਆ । ਆਪੇ ਬਣੇ ਸਚ ਦਲਾਲ, ਆਪ ਆਪਣਾ ਵਣਜ ਵਖਾਈਆ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਵੇਸ ਵਟਾਈਆ । ਏਕਉਂਕਾਰਾ ਹਰਿ ਭਗਵੰਤ, ਭਗਵਨ ਵੇਸ ਵਟਾਇੰਦਾ । ਆਪ ਆਪਣਾ ਥਾਨ ਸੁਹੰਤ, ਥਿਰ ਘਰ ਸਾਚਾ ਇਕ ਵਖਾਇੰਦਾ । ਦੂਸਰ ਨਾ ਕੋਈ ਸੰਗ ਰਖੰਤ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੇਹਾਰਾ ਕਰਤਾ ਪੁਰਖ ਕਰਨੀ ਕਿਰਤ ਆਪ ਕਮਾਇੰਦਾ । ਆਪਣੀ ਕਰਨੀ ਆਪੇ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਜੋਤ ਆਪੇ ਧਰ, ਆਪੇ ਵੇਖ ਵਖਾਈਆ । ਆਪਣੀ ਵਰਨੀ ਆਪੇ ਵਰ, ਵਰ ਦਾਤਾ ਭੇਵ ਨਾ ਰਾਈਆ । ਆਪਣੀ ਸਰਨੀ ਆਪੇ ਪੜ੍ਹ, ਆਪ ਆਪਣਾ ਸੀਸ ਝੁਕਾਈਆ । ਆਪਣੇ ਮੰਦਰ ਆਪੇ ਵੜ, ਆਪੇ ਬੈਠਾ ਆਸਣ ਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਦਾਤਾ ਬੇਪਰਵਾਹੀਆ । ਉਚ ਮਹੱਲੇ ਬੈਠਾ ਚੜ੍ਹ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕਉਂਕਾਰ, ਆਦਿ ਜੁਗਾਦੀ ਕਰ ਪਸਾਰ, ਆਪ ਆਪਣੀ ਰਚਨ ਰਚਾਈਆ । ਰਚਨ ਰਚਾਏ ਪਾਰਬ੍ਰਹਮ, ਹਰਿ ਹਰਿ ਵੱਡੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਰਖਾਈਆ । ਨਾ ਕੋਇ ਪਵਣ ਸਵਾਸੀ ਦਮ, ਤ੍ਰਿਸਨਾ ਭੁੱਖ ਨਾ ਕੋਈ ਰਖਾਈਆ ।


੪੭੮ ੦੮

ਹੱਡ ਮਾਸ ਨਾੜੀ ਨਾ ਦੀਸੇ ਚੰਮ, ਰਕਤ ਬੂੰਦ ਨਾ ਕੋਇ ਉਪਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਆਲਸ ਨਿੰਦਰਾ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਮੇਲਾ ਮੇਲ ਮਿਲਾਈਆ । ਨਿਰਗੁਣ ਮੇਲਾ ਨਿਰਗੁਣ ਕਰ, ਨਿਰਗੁਣ ਵਿਚ ਟਿਕਾਇਆ । ਨਿਰਗੁਣ ਚੇਲਾ ਅੱਗੇ ਖੜ, ਨਿਰਗੁਣ ਬੈਠਾ ਵੇਸ ਵਟਾਇਆ । ਨਿਰਗੁਣ ਅੱਖਰ ਆਪਣਾ ਪੜ੍ਹ, ਨਿਰਗੁਣ ਆਪੇ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰ ਪੁਰਖ ਸਮਰਥ, ਹਰਿ ਏਕਾ ਏਕ ਅਖਵਾਇੰਦਾ । ਆਪ ਚਲਾਏ ਆਪਣਾ ਰਥ, ਰਥਵਾਹੀ ਨਾਉਂ ਰਖਾਇੰਦਾ । ਆਪੇ ਜਾਣੇ ਆਪਣੀ ਵੱਥ, ਆਪ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਨਿਰਗੁਣ ਪਿਆਰ, ਨਿਰਗੁਣ ਕੰਤ ਨਿਰਗੁਣ ਨਾਰ, ਨਿਰਗੁਣ ਸੇਜਾ ਆਪ ਹੰਢਾਇੰਦਾ । ਨਿਰਗੁਣ ਸੇਜਾ ਕੰਤ ਭਤਾਰੀ, ਹਰਿ ਸਾਚੇ ਸਚ ਸੁਹਾਈਆ । ਏਕਾ ਜੋਤ ਜੋਤ ਨਿਰੰਕਾਰੀ, ਨਿਰਾਕਾਰੀ ਖੇਲ ਖਲਾਈਆ । ਆਪੇ ਜਾਣੇ ਆਪਣਾ ਪਸਰ ਪਸਾਰੀ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਨਿਰੰਜਣ ਖੇਲ ਨਿਆਰੀ, ਭੇਵ ਕੋਇ ਨਾ ਪਾਈਆ । ਅਗੰਮ ਅਗੰਮੜਾ ਵਸੇ ਅਗੰਮੜੀ ਅਟਾਰੀ, ਚਾਰ ਦੀਵਾਰ ਨਾ ਕੋਇ ਜਣਾਈਆ । ਅਲਖ ਨਿਰੰਜਣ ਅਲਖ ਜੈਕਾਰੀ, ਆਪਣਾ ਨਾਅਰਾ ਆਪੇ ਲਾਈਆ । ਸਚਖੰਡ ਸੁਹਾਏ ਬੰਕ ਦਵਾਰੀ, ਥਿਰ ਘਰ ਬੈਠਾ ਬੇਪਰਵਾਹੀਆ । ਬੇਐਬ ਖ਼ੁਦਾਈ ਪਰਵਰਦਿਗਾਰੀ, ਏਕਾ ਨੂਰੋ ਨੂਰ ਡਗਮਗਾਈਆ । ਅਕਲ ਕਲਾ ਕਲ ਆਪੇ ਧਾਰੀ, ਆਪ ਆਪਣੀ ਬਣਤ ਬਣਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਜੋਤ ਉਜਿਆਰੀ, ਆਪ ਆਪਣੀ ਕਰੇ ਰੁਸ਼ਨਾਈਆ । ਸਚ ਸੁਲਤਾਨ ਹਰਿ ਭਗਵਾਨ ਸ਼ਾਹੋ ਭੂਪ ਵਡ ਸਿਕਦਾਰੀ, ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਸਾਚਾ ਆਪ ਉਪਾਇੰਦਾ । ਆਪੇ ਬੈਠਾ ਇਕ ਅਕੱਲਾ, ਏਕਉਂਕਾਰਾ ਜੋਤ ਜਗਾਇੰਦਾ । ਆਪਣਾ ਦੀਪਕ ਆਪਣੀ ਜੋਤ ਆਪੇ ਬਲਾ, ਆਪ ਆਪਣਾ ਵੇਖ ਵਖਾਇੰਦਾ । ਆਪਣੇ ਰੂਪ ਆਪਣੇ ਰੰਗ ਆਪੇ ਰਲਾ, ਰੇਖ ਰੂਪ ਨਾ ਕੋਇ ਵਖਾਇੰਦਾ । ਆਪਣਾ ਦਰ ਆਪਣਾ ਦਵਾਰ ਹਰਿ ਨਿਰੰਕਾਰ ਆਪੇ ਮਲਾ, ਘਰ ਸਾਚਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸਲਾਹਿੰਦਾ । ਸਿਫ਼ਤ ਸਲਾਹ ਥਿਰ ਦਰਬਾਰ, ਹਰਿ ਸਾਚੇ ਰਚਨ ਰਚਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਕੋਇ ਨਾ ਪਾਈਆ । ਖੇਲੇ ਖੇਲ ਗੁਰ ਕਰਤਾਰ ਗੁਰ ਕਰਨੇਹਾਰ, ਸਤਿਗੁਰ ਰੂਪ ਵਟਾਈਆ । ਸਤਿ ਸਤਿਵਾਦੀ ਏਕਾ ਕਾਰ, ਏਕਾ ਬਣਤ ਬਣਾਈਆ । ਸਾਚਾ ਮੰਦਰ ਕਰ ਤਿਆਰ, ਅੰਦਰ ਅੰਦਰ ਡੇਰਾ ਲਾਈਆ । ਨਾ ਕੋਈ ਬਾਢੀ ਦਿਸੇ ਦੂਸਰ ਯਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਨਾ ਕੋਇ ਉਜਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਮਲਾਪਾਤੀ ਨਿਰਗੁਣ ਧਾਰ, ਬੈਠਾ ਸੋਭਾ ਪਾਈਆ । ਸਤਿ ਸੁਹੰਜਣੀ ਸੇਜ ਮੇਲਾ ਮੇਲੇ ਨਾਰੀ ਕੰਤ ਭਤਾਰ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਸਚ ਦਰਵਾਜ਼ਾ, ਹਰਿ ਸਾਚੇ ਸਚ ਲਗਾਇਆ । ਪੁਰਖ ਅਕਾਲ ਗ਼ਰੀਬ ਨਿਵਾਜ਼ਾ, ਬੈਠਾ ਆਸਣ ਲਾਇਆ । ਦੋ ਜਹਾਨ ਰਾਜਨ ਰਾਜਾ, ਹਰਿ ਸਾਜਣ ਆਪ ਅਖਵਾਇਆ । ਆਪੇ ਰਚਿਆ ਆਪਣਾ ਕਾਜਾ, ਆਪੇ ਵੇਖ ਵਖਾਇਆ । ਆਪੇ

ਮਾਰੇ ਆਪਣੀ ਵਾਜਾ, ਸ਼ਬਦ ਅਨਾਦੀ ਸੁੱਤ ਜਗਾਇਆ । ਜੋਤੀ ਮਾਤਾ ਰੱਖੇ ਲਾਜਾ, ਸਾਚੀ ਗੋਦ ਸੁਹਾਇਆ । ਸਾਚੇ ਦਰ ਫਿਰੇ ਭਾਜਾ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਠਾਂਡਾ ਦਰ, ਹਰਿ ਸਾਚੇ ਆਪ ਉਪਾਇਆ । ਆਪ ਵਸਾਇਆ ਆਪਣਾ ਘਰ, ਆਪੇ ਡੇਰਾ ਲਾਇਆ । ਆਪੇ ਦੇਵਣਹਾਰਾ ਵਰ, ਆਪੇ ਝੋਲੀ ਅੱਗੇ ਡਾਹਿਆ । ਆਪਣੀ ਕਰਨੀ ਆਪੇ ਕਰ, ਕਰਨੀ ਕਰਤਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਵਖਾਇਆ । ਥਿਰ ਘਰ ਸਾਚਾ ਸਾਚਾ ਮੰਦਰ ਹਰਿ ਹਰਿ ਖੋਲ੍ਹ, ਆਪਣੀ ਅਲੱਖ ਜਗਾਇੰਦਾ । ਸ਼ਬਦ ਅਗੰਮਾ ਏਕਾ ਬੋਲ, ਆਪਣੇ ਦਰ ਸੁਣਾਇੰਦਾ । ਆਪ ਵਜਾਏ ਆਪਣਾ ਢੋਲ, ਆਪ ਆਪਣਾ ਤਾਲ ਹਲਾਇੰਦਾ । ਆਪੇ ਵਸੇ ਆਪਣੇ ਕੋਲ, ਵਿਛੜ ਕਦੇ ਨਾ ਜਾਇੰਦਾ । ਆਪਣੀ ਸ਼ਕਤ ਆਪੇ ਮੌਲ, ਆਪ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਵਖਾਇੰਦਾ । ਥਿਰ ਘਰ ਸਾਚਾ ਹਰਿ ਸੁਹੰਜਣਾ, ਹਰਿ ਸਾਚੇ ਸਚ ਉਪਾਇਆ । ਪੁਰਖ ਅਬਿਨਾਸ਼ੀ ਜੋਤ ਜਗਾਏ ਇਕ ਨਿਰੰਜਣਾ, ਆਦਿ ਨਿਰੰਜਣ ਵੇਖ ਵਖਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਹਰਿ ਸੱਜਣ ਆਪ ਹੋ ਜਾਇਆ । ਆਪਣਾ ਪੜਦਾ ਆਪੇ ਕੱਜਣਾ, ਦੂਸਰ ਕੋਇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਬੰਕ ਸੁਹਾਇਆ । ਥਿਰ ਘਰ ਸਾਚੇ ਸਾਰ ਸਮਾਲ, ਹਰਿ ਸਾਚੀ ਰਚਨ ਰਚਾਈਆ । ਸ਼ਬਦੀ ਸ਼ਬਦ ਕਰੇ ਪ੍ਰਿਤਪਾਲ, ਸ਼ਬਦੀ ਸ਼ਬਦ ਸਲਾਹੀਆ । ਸ਼ਬਦੀ ਨਾਮ ਸ਼ਬਦ ਧਨ ਮਾਲ, ਹਰਿ ਸ਼ਬਦੀ ਦਏ ਵਡਿਆਈਆ । ਸ਼ਬਦ ਸ਼ਾਹ ਸ਼ਬਦ ਕੰਗਾਲ, ਸ਼ਬਦ ਦਰ ਦਰ ਅਲੱਖ ਜਗਾਈਆ । ਸ਼ਬਦ ਸੁੱਤ ਸ਼ਬਦ ਲਾਲ, ਹਰਿ ਸ਼ਬਦੀ ਗੋਦ ਉਠਾਈਆ । ਸ਼ਬਦੀ ਸ਼ਬਦ ਕਰੇ ਪ੍ਰਿਤਪਾਲ, ਪ੍ਰਿਤਪਾਲਕ ਦਿਸ ਨਾ ਆਈਆ । ਨਿਰਗੁਣ ਜੋਤ ਦੀਨ ਦਿਆਲ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚਖੰਡ ਦਵਾਰਾ ਆਪੇ ਭਾਲ, ਆਪ ਆਪਣਾ ਬੰਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸਿਫ਼ਤ ਸਲਾਹੀਆ । ਸ਼ਬਦ ਦਾਤਾ ਗੁਰ ਕਰਤਾਰ, ਹਰਿ ਹਰਿ ਨਾਮ ਧਰਾਇਆ । ਆਪ ਆਪਣਾ ਕਰ ਪਿਆਰ, ਸਾਚਾ ਮਾਰਗ ਇਕ ਵਖਾਇਆ । ਹੁਕਮੀ ਹੁਕਮ ਹੋਏ ਸਿਕਦਾਰ, ਸਾਚਾ ਹੁਕਮ ਸੁਣਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਰਚਨ ਰਚਾਇਆ । ਗਗਨ ਪਾਤਾਲਾਂ ਬੰਨ੍ਹੇ ਧਾਰ, ਮੰਡਲ ਮੰਡਪ ਦਏ ਸੁਹਾਇਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਅੰਗ ਕਟਾਇਆ । ਵਿਸ਼ਨੂੰ ਵਿਸ਼ਵ ਹੋ ਤਿਆਰ, ਆਪ ਆਪਣੀ ਅਲੱਖ ਜਗਾਇਆ । ਆਪ ਆਪਣੀ ਬੰਨ੍ਹੇ ਧਾਰ, ਕਵਲ ਕਵਲਾ ਨਾਭ ਫੁਲਾਇਆ । ਉਪਜੇ ਫੂਲ ਖਿਲੀ ਗੁਲਜ਼ਾਰ, ਹਰਿ ਸਾਚੇ ਰੰਗ ਰੰਗਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਬ੍ਰਹਮ ਰੂਪ ਵਟਾਇਆ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰ, ਹੰ ਬ੍ਰਹਮ ਆਪ ਹੋ ਜਾਇਆ । ਏਕਾ ਨੂਰ ਜੋਤ ਉਜਿਆਰ, ਦੋਏ ਦੋਏ ਵੇਸ ਕਰਾਇਆ । ਸਰਗੁਣ ਉਪਜੇ ਨਿਰਗੁਣ ਧਾਰ, ਸਰਗੁਣ ਡੇਰਾ ਲਾਇਆ । ਸ਼ਬਦ ਵਿਚੋਲਾ ਕਰ ਤਿਆਰ, ਹਰਿ ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਵਿਸ਼ਨੂੰ ਬ੍ਰਹਮਾ ਕਰ ਉਜਿਆਰਾ, ਆਪਣੀ ਚਲਤ ਚਲਾਇੰਦਾ । ਆਪੇ ਵਸੇ ਧੁੰਦੂਕਾਰਾ, ਪਰਕਾਸ਼ ਪਰਕਾਸ਼ ਆਪ ਕਰਾਇੰਦਾ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਆਪ ਹੋ ਜਾਇੰਦਾ । ਸ਼ੰਕਰ ਸ਼ੰਕਰ ਕਰ ਉਜਿਆਰਾ,

ਸ਼ਿਵ ਸ਼ਕਤੀ ਰੂਪ ਵਟਾਇੰਦਾ । ਤ੍ਰੈ ਤ੍ਰੈ ਤੇਰਾ ਭਰ ਭੰਡਾਰਾ ਤ੍ਰੈ ਤ੍ਰੈ ਬੰਧਨ ਪਾਇੰਦਾ । ਤ੍ਰੈਗੁਣ ਤੇਰਾ ਕਰ ਪਸਾਰਾ, ਤੇਰਾ ਰੰਗ ਰੰਗਾਇੰਦਾ । ਬ੍ਰਹਮਾ ਵੇਤਾ ਖ਼ਬਰਦਾਰਾ, ਸੋਇਆ ਸੁੱਤ ਉਠਾਇੰਦਾ । ਕਰਾਏ ਵਣਜ ਨਾਮ ਵਣਜਾਰਾ, ਸਾਚਾ ਹੱਟ ਖੁਲ੍ਹਾਇੰਦਾ । ਕਰਨੀ ਕਰਤਾ ਕਰੇ ਆਪਣੀ ਕਾਰਾ, ਭੇਵ ਕੋਇ ਨਾ ਪਾਇੰਦਾ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਰਾਗ ਸੁਣਾਇੰਦਾ । ਤੱਤਵ ਤੱਤ ਨਾ ਕੋਇ ਵਿਚਾਰਾ, ਬ੍ਰਹਮ ਮਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਜ ਬੀਜੇ ਸਾਚੇ ਵਤ, ਫਲ ਸਾਚਾ ਇਕ ਲਗਾਇੰਦਾ । ਤ੍ਰੈਗੁਣ ਮਾਇਆ ਬੀਜੇ ਬੀਜ, ਹਰਿ ਸਾਚੇ ਬਣਤ ਬਣਾਈਆ । ਪੰਜ ਤੱਤ ਕਰੇ ਰੀਝ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਸੁਹਾਈਆ । ਨਿਰਗੁਣ ਕਰੇ ਸਰਗੁਣ ਰੀਝ, ਆਪ ਆਪਣਾ ਅੰਗ ਕਟਾਈਆ । ਮਨ ਮਤ ਬੁਧ ਗਈ ਪਤੀਜ, ਤਿੰਨਾਂ ਮੇਲ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਆਪਣੀ ਰਚਨਾ ਆਪ ਰਚਾ, ਆਪੇ ਖੇਲ ਖਿਲਾਇਆ । ਬ੍ਰਹਮਾ ਵੇਤਾ ਸੇਵਾ ਲਾ, ਸਾਚਾ ਰੰਗ ਰੰਗਾਇਆ । ਲੱਖ ਚੁਰਾਸੀ ਵੇਸ ਵਟਾ, ਨਿਰਗੁਣ ਸਰਗੁਣ ਆਪ ਅਖਵਾਇਆ । ਆਪਣਾ ਦੀਵਾ ਆਪ ਜਗਾ, ਆਪਣੀ ਬਾਤੀ ਰਿਹਾ ਬੁਝਾਇਆ । ਆਪਣਾ ਰਵ ਆਪਣਾ ਸਸ ਆਪਣਾ ਨੂਰ ਆਪ ਚਮਕਾ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇਆ । ਆਪਣਾ ਮਾਰਗ ਹਰਿ ਹਰਿ ਲਾ, ਏਕਾ ਬ੍ਰਹਮ ਜਣਾਈਆ । ਅੱਖਰ ਵੱਖਰ ਭੇਵ ਖੁਲ੍ਹਾ, ਸ਼ਬਦੀ ਸ਼ਬਦ ਕੁੜਮਾਈਆ । ਸਾਚੀ ਸਿਖਿਆ ਧੁਰ ਦਰਗਹਿ, ਏਕਾ ਕਰੇ ਪੜ੍ਹਾਈਆ । ਆਪਣਾ ਲੇਖਾ ਦਏ ਵਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਆਪਣੀ ਭਿਛਿਆ ਝੋਲੀ ਪਾ, ਜਗਤ ਭੰਡਾਰ ਆਪ ਭਰਾਈਆ । ਸ੍ਰਿਸ਼ਟ ਸਬਾਈ ਮਿਥਿਆ ਦਏ ਵਖਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਈਆ । ਆਪਣਾ ਭੇਵ ਆਪੇ ਖੋਲ੍ਹ, ਆਪਣਾ ਪੜਦਾ ਲਾਹਿੰਦਾ । ਬ੍ਰਹਮਾ ਵੇਤਾ ਰਿਹਾ ਬੋਲ, ਚਾਰੇ ਵੇਦ ਅਲਾਇੰਦਾ । ਹਰਿ ਜੀ ਤੋਲੇ ਸਾਚਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਆਦਿ ਅੰਤ ਨਾ ਹੋਏ ਅਨਭੋਲ, ਆਲਸ ਨਿੰਦਰਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਡੇਰਾ ਲਾਇੰਦਾ । ਲੱਖ ਚੁਰਾਸੀ ਡੇਰਾ ਲਾ, ਹਰਿ ਹਰਿ ਮੁਖ ਛੁਪਾਇਆ । ਰਕਤ ਬੂੰਦ ਮੇਲ ਮਿਲਾ, ਪੰਜ ਤੱਤ ਤਨ ਵਖਾਇਆ । ਹੱਡ ਮਾਸ ਨਾੜੀ ਜੋੜ ਜੁੜਾ, ਆਪ ਆਪਣਾ ਰੰਗ ਰੰਗਾਇਆ । ਅੱਠਾਂ ਤੱਤਾਂ ਮੇਲ ਮਿਲਾ, ਏਕਾ ਦੂਜਾ ਭੌ ਚੁਕਾਇਆ । ਨੌ ਦਵਾਰੇ ਆਪ ਖੁਲ੍ਹਾ, ਨੌ ਨੌ ਵੰਡ ਵੰਡਾਇਆ । ਦਸਵੇਂ ਬੈਠਾ ਡੇਰਾ ਲਾ, ਘਰ ਘਰ ਵਿਚ ਆਪ ਟਿਕਾਇਆ । ਸਾਚਾ ਗਗਨ ਆਪ ਸੁਹਾ, ਰਵ ਸਸ ਰਿਹਾ ਚਮਕਾਇਆ । ਜੋਤ ਨਿਰੰਜਣ ਡਗਮਗਾ, ਅੰਧ ਅੰਧੇਰ ਗਵਾਇਆ । ਅਨਹਦ ਤਾਲ ਇਕ ਵਜਾ, ਆਪਣਾ ਰਾਗ ਅਲਾਇਆ । ਪੰਚਮ ਸਖੀਆਂ ਮੰਗਲ ਗਾ, ਸਾਚਾ ਬੰਕ ਸੁਹਾਇਆ । ਅੰਮ੍ਰਿਤ ਤਾਲ ਇਕ ਭਰਾ, ਸਰ ਸਰੋਵਰ ਇਕ ਨੁਹਾਇਆ । ਹੰ ਬ੍ਰਹਮ ਪ੍ਰਭ ਆਪ ਅਖਵਾ, ਸੋ ਪੁਰਖ ਨਿਰੰਜਣ ਡੇਰਾ ਲਾਇਆ । ਜੂਨੀ ਰਹਿਤ ਭੇਵ ਨਾ ਰਾ, ਆਪ ਆਪਣਾ ਵੇਖ ਵਖਾਇਆ । ਅਕਾਲ ਮੂਰਤ ਪ੍ਰਭ ਬੇਪਰਵਾਹ, ਦਿਸ ਕਿਸੇ ਨਾ ਆਇਆ । ਆਪਣੀ ਸੂਰਤ ਲਏ ਵਟਾ, ਨਿਰਗੁਣ ਸਰਗੁਣ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਵਖਾਇਆ । ਲੱਖ ਚੁਰਾਸੀ ਸ਼ਬਦ ਸਿੰਘਾਸਣ, ਹਰਿ ਹਰਿ ਸੇਜ ਵਿਛਾਈਆ । ਪਾਰਬ੍ਰਹਮ

੪੮੧
੦੮

ਪ੍ਰਭ ਪੁਰਖ ਅਬਿਨਾਸ਼ਣ, ਬੈਠਾ ਡੇਰਾ ਲਾਈਆ । ਮਾਨੁਸ਼ ਮਾਨੁਖ ਦਸ ਦਸ ਮਾਸਨ, ਨੌ ਅਠਾਰਾਂ ਵੰਡ ਵੰਡਾਈਆ । ਚੌਦਾਂ ਲੋਕ ਪ੍ਰਿਥਮੀ ਆਕਾਸ਼ਨ, ਚੌਦਾਂ ਹੱਟ ਖੁਲ੍ਹਾਈਆ । ਕਾਇਆ ਗੜ੍ਹ ਰਸਨ ਸਵਾਸਨ, ਜੇਹਵਾ ਪਵਣ ਸਵਾਸਨ ਜੇਹਵਾ ਪਵਣ ਸਮਾਈਆ । ਨਿਜ ਘਰ ਆਪਣਾ ਕਰਿਆ ਵਾਸਨ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਕਰੇ ਕੁੜਮਾਈਆ । ਲੋਕਮਾਤ ਜੁੜਿਆ ਨਾਤਾ, ਹਰਿ ਸਾਚੇ ਜੋੜ ਜੁੜਾਇਆ । ਲੱਖ ਚੁਰਾਸੀ ਵੇਖੇ ਪੁਰਖ ਬਿਧਾਤਾ, ਆਪ ਆਪਣਾ ਮੇਲ ਮਿਲਾਇਆ । ਆਪੇ ਹੋਏ ਰੈਣ ਅੰਧੇਰੀ ਰਾਤਾ, ਸਾਚਾ ਚੰਨ ਆਪ ਚੜ੍ਹਾਇਆ । ਆਪੇ ਜਾਣੇ ਆਪਣੀ ਗਾਥਾ, ਆਪਣਾ ਸ਼ਬਦ ਆਪ ਸੁਣਾਇਆ । ਆਪ ਚਲਾਏ ਆਪਣੀ ਰਾਥਾ, ਜੁਗ ਜੁਗ ਵੇਸ ਵਟਾਇਆ । ਆਪ ਨਿਭਾਏ ਆਪਣਾ ਸਾਥਾ, ਸਗਲਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਰਿਹਾ ਨਾਉਂ ਧਰਾਇਆ । ਜੁਗ ਜੁਗ ਆਪਣਾ ਨਾਮ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਸਰਗੁਣ ਰੂਪ ਹੋ ਪਰਤੱਖ, ਗੁਰ ਅਵਤਾਰ ਆਪ ਹੋ ਜਾਈਆ । ਆਪੇ ਭਾਂਡੇ ਕਰੇ ਸੱਖ, ਆਪੇ ਦਏ ਭਰਾਈਆ । ਆਪੇ ਆਪਣਾ ਆਪ ਕਰੇ ਵੱਖ, ਆਪੇ ਜੋਤੀ ਜੋਤ ਸਮਾਈਆ । ਆਪੇ ਦਰਸ ਦਿਖਾਏ ਹੋ ਪਰਤੱਖ, ਨਿਰਗੁਣ ਸਰਗੁਣ ਨਾਮ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਅਪਣੀ ਖੇਲ ਖਿਲਾਈਆ । ਜੁਗ ਜੁਗ ਖੇਲਾ ਹਰਿਜਨ ਮੇਲਾ, ਹਰਿ ਸਾਚਾ ਆਪ ਕਰਾਇੰਦਾ । ਦੋ ਜਹਾਨਾਂ ਸੱਜਣ ਸੁਹੇਲਾ, ਲੋਕਮਾਤ ਵੇਖ ਵਖਾਇੰਦਾ । ਖੇਲੇ ਖੇਲ ਇਕ ਅਕੇਲਾ, ਕਲ ਧਾਰੀ ਆਪ ਹੋ ਜਾਇੰਦਾ । ਆਪੇ ਗੁਰੂ ਆਪੇ ਗੁਰ ਚੇਲਾ, ਗੁਰ ਚੇਲਾ ਨਾਉਂ ਰਖਾਇੰਦਾ । ਸਖਾ ਸਖਾਈ ਸੱਜਣ ਸੁਹੇਲਾ, ਵੇਲਾ ਵਕਤ ਨਾ ਕੋਇ ਉਪਾਇੰਦਾ । ਆਪੇ ਵਸਿਆ ਆਪਣੇ ਰੰਗ ਨਵੇਲਾ, ਵੇਦ ਕਤੇਬ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇੰਦਾ । ਆਪਣੀ ਵੰਡ ਆਪੇ ਵੰਡ, ਹਰਿ ਸਾਚੇ ਵੰਡੀ ਪਾਈਆ । ਖੇਲੇ ਖੇਲ ਵਿਚ ਵਰਭੰਡ, ਬ੍ਰਹਿਮੰਡ ਖੋਜ ਖੋਜਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਪੁਰਖ ਅਕਾਲ ਅਖਵਾਇਆ । ਸਤਿਜੁਗ ਸਾਚੇ ਕਰ ਪਿਆਰਾ, ਲੋਕਮਾਤ ਜਨਮ ਦਵਾਇਆ । ਧਰਤ ਮਾਤ ਦਾ ਸੁੱਤ ਦੁਲਾਰਾ, ਸਾਚੀ ਗੋਦ ਬਠਾਇਆ । ਕਰਾਏ ਵਣਜ ਨਾਮ ਵਣਜਾਰਾ, ਏਕਾ ਬ੍ਰਹਮਾ ਸਮਝਾਇਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਲੇਖਾ ਲੇਖ ਨਾ ਕੋਇ ਲਿਖਾਇਆ । ਹਰਿ ਕਾ ਰੂਪ ਅਗੰਮ ਅਪਾਰਾ, ਪੰਜ ਤੱਤ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਵੰਡੀ ਵੰਡ, ਆਪ ਆਪਣਾ ਬੰਧਨ ਪਾਇਆ । ਬੰਧਨ ਪਾਏ ਨਾਮ ਡੋਰ, ਸਤਿਜੁਗ ਵੱਜੀ ਵਧਾਈਆ । ਵੇਖਣਹਾਰਾ ਪੰਜੇ ਚੋਰ, ਪੰਚਮ ਸ਼ਬਦ ਕਰੇ ਕੁੜਮਾਈਆ । ਕਰੇ ਪਰਕਾਸ਼ ਅੰਧੇਰ ਘੋਰ, ਅੰਧ ਅੰਧੇਰ ਮਿਟਾਈਆ । ਹਰਿ ਕੀ ਗਤ ਨਾ ਜਾਣੇ ਕੋਈ ਹੋਰ, ਨਾ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਲਹਿਣਾ ਨੇਤਰ ਨੈਣਾਂ ਆਪੇ ਪੂਰ ਕਰਾਈਆ । ਸਤਿਜੁਗ ਸਾਚਾ ਉਤਰਿਆ ਪਾਰ, ਸਤਿ ਸਤਿਵਾਦ ਸਮਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਤ੍ਰੈ ਤ੍ਰੈ ਲੇਖ ਲਿਖਾਇਆ । ਤ੍ਰੇਤਾ ਆਇਆ ਵਿਚ ਸੰਸਾਰ, ਤ੍ਰੈਗੁਣ ਮੇਲ ਮਿਲਾਇਆ । ਰਾਮ ਰੂਪ ਰੂਪ ਕਰਤਾਰ, ਰਾਮ ਰਾਮਾ ਵੇਸ ਵਟਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਗੜ੍ਹ ਹੰਕਾਰੀ ਵੇਖ ਵਖਾਇਆ । ਗੜ੍ਹ ਹੰਕਾਰੀ ਦੇਵੇ ਤੋੜ, ਹਰਿ ਸਾਚੇ ਹੱਥ ਵਡਿਆਈਆ । ਆਪੇ ਚੜ੍ਹਿਆ ਸਾਚੇ ਘੋੜ, ਸ਼ਾਹ ਸਵਾਰਾ ਫੇਰੀ ਪਾਈਆ । ਦੋ ਜਹਾਨੀ ਰਿਹਾ ਦੌੜ, ਅਵਣ ਗਵਣ ਪਾਰ ਕਰਾਈਆ । ਸਚਖੰਡ ਦਵਾਰੇ ਲਾਏ ਏਕਾ ਪੌੜ, ਸਚ ਮਹੱਲਾ ਇਕ ਸੁਹਾਈਆ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਆਪ ਆਪਣਾ ਖੋਜ ਖੋਜਾਈਆ । ਜਨ ਭਗਤਾਂ ਹਰਿ ਜੀ ਹਰਿ ਹਰਿ ਜਾਏ ਬੌਹੜ, ਅੰਦਰ ਮੰਦਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਤ੍ਰੇਤਾ ਵੇਖ ਵਖਾਈਆ । ਜੁਗ ਤ੍ਰੇਤਾ ਉਤਰਿਆ ਆਪਣੇ ਘਾਟ, ਹਰਿ ਸਾਚੇ ਪਾਰ ਕਰਾਇਆ । ਦੁਆਪਰ ਆਈ ਨੇੜੇ ਵਾਟ, ਆਪ ਆਪਣਾ ਖੇਲ ਖਿਲਾਇਆ । ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਸਵਾਂਗ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੁਕੰਦ ਮਨੋਹਰ ਲੱਖਮੀ ਨਰਾਇਣ ਨਾਮ ਬੰਸਰੀ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਲਹਿਣਾ ਦੇਣਾ ਗਿਆ ਚੁੱਕ, ਹਰਿ ਸਾਚਾ ਆਪ ਚੁਕਾਈਆ । ਕਲਜੁਗ ਸਚ ਦਵਾਰੇ ਗਿਆ ਝੁਕ, ਨਿਉਂ ਨਿਉਂ ਸੀਸ ਝੁਕਾਈਆ । ਮੇਰਾ ਬੂਟਾ ਨਾ ਜਾਏ ਸੁਕ, ਠਾਂਡਾ ਠਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਦੇਵੇ ਵਰ, ਏਕਾ ਵਸਤ ਝੋਲੀ ਪਾਈਆ । ਕਲਜੁਗ ਕੂੜਾ ਕਰ ਪਸਾਰਾ, ਲੋਕਮਾਤ ਲਏ ਅੰਗੜਾਈਆ । ਮੰਗੀ ਮੰਗ ਇਕ ਦਵਾਰਾ, ਤੋਟ ਰਹੇ ਨਾ ਰਾਈਆ । ਮੇਲ ਮਿਲਾਇਆ ਕਾਮ ਕਰੋਧ ਲੋਭ ਮੋਹ ਹੰਕਾਰਾ, ਮਨ ਮਤ ਨਾਲ ਰਲਾਈਆ । ਆਸਾ ਤ੍ਰਿਸਨਾ ਕਰ ਸ਼ੰਗਾਰਾ, ਘਰ ਸਾਚੇ ਕਰੇ ਕੁੜਮਾਈਆ । ਹਰਿ ਜੂ ਹਰਿ ਹਰਿ ਪਾਏ ਸਾਰਾ, ਦੇਵੇ ਵਡ ਵਡਿਆਈਆ । ਈਸਾ ਮੂਸਾ ਕਰ ਪਿਆਰਾ, ਨਿਰਗੁਣ ਸਰਗੁਣ ਜੋਤ ਜਗਾਈਆ । ਏਕਾ ਕਲਮਾ ਏਕਾ ਨਾਅਰਾ, ਏਕਾ ਨਬੀ ਸਮਝਾਈਆ । ਹੱਕ ਹਕੀਕਤ ਦਏ ਇਸ਼ਾਰਾ, ਲਾਸ਼ਰੀਕ ਵੱਡੀ ਵਡਿਆਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਸਾਂਝਾ ਯਾਰ ਦਿਸ ਨਾ ਆਈਆ । ਸੰਗ ਮੁਹੰਮਦ ਚਾਰ ਯਾਰਾ, ਏਕਾ ਵੇਖ ਵਖਾਈਆ । ਅੱਲਾ ਰਾਣੀ ਕਰ ਪਿਆਰਾ, ਏਕਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਰਖਾਈਆ । ਜੁਗ ਜੁਗ ਆਪਣਾ ਨਾਮ ਰੱਖ, ਹਰਿ ਸਾਚਾ ਡੰਕ ਵਜਾਇੰਦਾ । ਨਿਰਗੁਣ ਜੋਤੀ ਕਰ ਪਰਤੱਖ, ਸਰਗੁਣ ਰੂਪ ਵਟਾਇੰਦਾ । ਆਪ ਆਪਣਾ ਕੀਤਾ ਪੱਖ, ਨਾਨਕ ਨਾਉਂ ਧਰਾਇੰਦਾ । ਸਾਚਾ ਮਾਰਗ ਏਕਾ ਦੱਸ, ਸਾਚਾ ਮੰਤਰ ਨਾਮ ਗਿਆਨ ਦ੍ਰਿੜਾਇੰਦਾ । ਹਰ ਘਟ ਹਰ ਹਿਰਦੇ ਆਪੇ ਰਿਹਾ ਵਸ, ਆਪ ਆਪਣਾ ਭੇਵ ਖੁਲ੍ਹਾਇੰਦਾ । ਤੀਰ ਨਿਰਾਲਾ ਮਾਰੇ ਕਸ, ਨਾਮ ਸਤਿ ਮੁਖੀ ਅੱਗੇ ਲਾਇੰਦਾ । ਜਨ ਭਗਤਾਂ ਆਪੇ ਹੋਇਆ ਵਸ, ਆਪ ਆਪਣੀ ਸੇਵ ਕਮਾਇੰਦਾ । ਮੇਟੇ ਰੈਣ ਅੰਧੇਰੀ ਮਸ, ਸਾਚਾ ਚੰਨ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਹਾਜ਼ਰ ਹਜ਼ੂਰ ਸਰਬ ਕਲ ਭਰਪੂਰ ਆਪ ਆਪਣਾ ਵੇਸ ਵਟਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਰੰਗ ਰੰਗਾਇਆ । ਪੂਤ ਸਪੂਤਾ ਸੁੱਤ ਦੁਲਾਰਾ, ਪੁਰਖ ਅਕਾਲ ਬਣਾਇਆ । ਨਾਮ ਖੰਡਾ ਤੇਜ਼ ਕਟਾਰਾ, ਸ਼ਸਤਰ ਬਸਤਰ ਤਨ ਸਜਾਇਆ । ਕਲਗ਼ੀ ਤੋੜਾ ਸੀਸ ਦਸਤਾਰਾ, ਜੋਤੀ ਜੋੜਾ ਮੇਲ ਮਿਲਾਇਆ । ਸਾਚੇ ਅਸਵ ਹੋ ਸਵਾਰਾ, ਸਾਚਾ ਘੋੜਾ ਇਕ ਦੌੜਾਇਆ । ਅੰਮ੍ਰਿਤ ਆਤਮ ਸਰ ਸਰੋਵਰ ਠੰਡੀ ਠਾਰਾ, ਇਕ ਭਰਾਇਆ । ਚਾਰ ਵਰਨਾਂ ਕਰੇ ਸਚ ਪਿਆਰਾ, ਊਚਾਂ ਨੀਚਾਂ

ਮੇਲ ਮਿਲਾਇਆ । ਰਾਓ ਰੰਕਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਇਆ । ਤੋੜਨਹਾਰਾ ਗੜ੍ਹ ਹੰਕਾਰਾ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਰਖਾਇਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚੇ ਸਚ ਵਡਿਆਈਆ । ਨਾਨਕ ਮੇਲਾ ਕਰ ਕਰਤਾਰ, ਏਕਾ ਕਿਰਤ ਕਮਾਈਆ । ਨਾਮ ਸਤਿ ਕਰ ਪਰਧਾਨ, ਇਕ ਨਿਸ਼ਾਨ ਵਖਾਈਆ । ਸਤਿਗੁਰ ਪੂਰਾ ਨੌਜਵਾਨ, ਨਾ ਮਰੇ ਨਾ ਜਾਈਆ । ਏਕਾ ਚਿੱਲਾ ਤੀਰ ਕਮਾਨ, ਏਕਾ ਭੱਥਾ ਰਿਹਾ ਉਠਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਹਲਾਈਆ । ਕਰੋੜ ਤੇਤੀਸ ਸਰਬ ਕੁਰਲਾਨ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਕਲਜੁਗ ਅੰਤ ਸਰਬ ਪਛਤਾਨ, ਕਿਸੇ ਨਾ ਦੀਸੇ ਕੋਇ ਸਹਾਈਆ । ਨਾਤਾ ਤੁਟੇ ਅੰਜੀਲ ਕੁਰਾਨ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਦੀਨ ਮਜ਼੍ਹਬ ਨਾ ਕੋਇ ਈਮਾਨ, ਕਲਮਾ ਅਮਾਮ ਨਾ ਕੋਇ ਪੜ੍ਹਾਈਆ । ਕਾਇਨਾਤ ਹੋਏ ਵੈਰਾਨ, ਚਾਰੋਂ ਕੁੰਟ ਵੇਖ ਵਖਾਈਆ । ਚੌਦਾਂ ਤਬਕਾਂ ਮਿਟੇ ਨਿਸ਼ਾਨ, ਚੌਦਾਂ ਵਿਦਿਆ ਹੋਏ ਜੁਦਾਈਆ । ਪਰਗਟ ਹੋਏ ਜੋਧਾ ਸੂਰਬੀਰ ਹਰਿ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੇਖ ਚੁਕਾਏ ਵੇਦ ਪੁਰਾਨ, ਪੁਰਾਨ ਅਠਾਰਾਂ ਫੋਲ ਫੋਲਾਈਆ । ਸ਼ਾਸਤਰ ਸਿਮਰਤ ਕਰ ਧਿਆਨ, ਆਪੇ ਖੋਜੇ ਖੋਜਣਹਾਰਾ ਦਿਸ ਨਾ ਆਈਆ । ਖਾਣੀ ਬਾਣੀ ਵੇਖ ਨਿਸ਼ਾਨ, ਗੁਰ ਅਰਜਨ ਸਿਫ਼ਤ ਸਲਾਹੀਆ । ਮਿਲਿਆ ਵਰ ਧੁਰ ਫ਼ਰਮਾਨ, ਬੋਧ ਅਗਾਧ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਖੇਲ ਖਿਲਾਈਆ । ਕਲਜੁਗ ਤੇਰਾ ਅੰਤਮ ਔਣਾ, ਗੁਰ ਸਤਿਗੁਰ ਲੇਖ ਲਿਖਾਈਆ । ਚਾਰ ਵਰਨ ਅਠਾਰਾਂ ਬਰਨ ਸਰਬ ਕੁਰਲੌਣਾ, ਧੀਰਜ ਧੀਰ ਨਾ ਕੋਇ ਧਰਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਦਿਸ ਨਾ ਔਣਾ, ਸਿਰ ਹੱਥ ਨਾ ਕੋਇ ਰਖਾਈਆ । ਅਠਸਠ ਤੀਰਥ ਕਿਸੇ ਨਾ ਨਹੌਣਾ, ਗੰਗਾ ਗੋਦਾਵਰੀ ਮੁਖ ਸ਼ਰਮਾਈਆ । ਪੰਡਤ ਪਾਂਧੇ ਥੱਕੇ ਮਾਂਦੇ ਜੋਤ ਲਲਾਟੀ ਤਿਲਕ ਨਾ ਕਿਸੇ ਲਗੌਣਾ, ਜੂਠਾ ਝੂਠਾ ਵੇਸ ਵਟਾਈਆ । ਨਾਨਕ ਗੋਬਿੰਦ ਦਰਸ ਕਿਸੇ ਨਾ ਪੌਣਾ, ਭਰਮੇ ਭੁੱਲੀ ਸਰਬ ਲੋਕਾਈਆ । ਗੁਰ ਅਰਜਨ ਤੇਰਾ ਲੇਖਾ ਹੱਥ ਕਿਸੇ ਨਾ ਔਣਾ, ਹਰਿ ਕਾ ਸ਼ਬਦ ਹਿਰਦੇ ਨਾ ਕੋਇ ਵਸਾਈਆ । ਰਸਨਾ ਗਾ ਗਾ ਸਰਬ ਸੁਣੌਣਾ, ਰਸ ਆਤਮ ਨਾ ਕੋਇ ਜਣਾਈਆ । ਰਾਮ ਦਾਸ ਤੇਰਾ ਸਰ ਸਰੋਵਰ ਸਾਚੇ ਤੀਰਥ ਕਿਸੇ ਨਾ ਨੁਹੌਣਾ, ਦੁਰਮਤ ਮੈਲ ਨਾ ਕੋਇ ਕਟਾਈਆ । ਜੂਠ ਝੂਠ ਮਾਇਆ ਮਮਤਾ ਮੋਹ ਨਾਤਾ ਨਾ ਕਿਸੇ ਤੁੜੌਣਾ, ਗੁਰ ਚਰਨ ਧਿਆਨ ਨਾ ਕੋਇ ਲਗਾਈਆ । ਏਕਉਂਕਾਰ ਸਤਿਨਾਮ ਕਰਤਾ ਪੁਰਖ ਨਿਰਭੌ ਨਿਰਵੈਰ ਕਿਸੇ ਦਰਸ ਨਾ ਪੌਣਾ, ਮੂਰਤ ਅਕਾਲ ਨਜ਼ਰ ਨਾ ਆਈਆ । ਧੂੰਆਂਧਾਰ ਸਰਬ ਸੰਸਾਰ ਵਖੌਣਾ, ਕਲਜੁਗ ਰੈਣ ਅੰਧੇਰੀ ਛਾਈਆ । ਮਾਵਾਂ ਪੁੱਤਰਾਂ ਸੰਗ ਰਲੌਣਾ, ਖੇਲੇ ਖੇਲ ਭੇਵ ਨਾ ਰਾਈਆ । ਧਰਨੀ ਧਰਤ ਧਵਲ ਨੇਤਰ ਰੋ ਰੋ ਨੀਰ ਵਹੌਣਾ, ਖੁਲੜੇ ਕੇਸ ਗਲ ਵਿਚ ਪਲੜਾ ਪਾਈਆ । ਦਸ ਦਸਮੇਸ ਨਰ ਨਰੇਸ਼ ਦਇਆ ਕਮੌਣਾ, ਸ਼ਬਦ ਸੰਦੇਸ ਇਕ ਸੁਣਾਈਆ । ਗਣਪਤ ਗਣੇਸ ਸਹਾਈ ਨਾ ਕੋਇ ਬਣੌਣਾ, ਸਗਲਾ ਸੰਗ ਨਾ ਕੋਇ ਨਿਭਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪ ਆਪਣਾ ਭੇਵ ਖੁਲ੍ਹੌਣਾ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਈਆ । ਵਿਸ਼ਨੂੰ ਵੰਸੀ ਸੇਵਾ ਲੌਣਾ, ਸਾਚੀ ਸੇਵ ਕਮਾਈਆ । ਬ੍ਰਹਮਾ ਵੇਤਾ ਨੈਣ ਨੈਣਾਂ ਆਪ ਆਪਣੇ ਵਿਚ ਸਮੌਣਾ, ਕਲਜੁਗ ਪੰਧ ਮੁਕਾਈਆ । ਸ਼ਿਵ ਸ਼ੰਕਰ ਫੜ ਫੜ ਤਖ਼ਤੋਂ ਲੌਹਣਾ, ਬਾਸ਼ਕ ਤਸ਼ਕਾ ਹਾਰ ਨਾ ਕੋਇ ਲਟਕਾਈਆ ।

੪੮੪
੦੮

ਸੁਰਪਤ ਰਾਜਾ ਇੰਦ ਨਜ਼ਰ ਨਾ ਔਣਾ, ਅੰਤਮ ਅੰਤ ਆਪ ਕਰਾਈਆ । ਕਰੋੜ ਤੇਤੀਸ ਹਰਿ ਜਗਦੀਸ ਪੀਸਨ ਪੀਸ ਪਸੌਣਾ, ਨਾਮ ਚੱਕੀ ਇਕ ਚਲਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਲੋਕਮਾਤ ਸੀਸ ਤਾਜ ਨਾ ਕਿਸੇ ਸੁਹੌਣਾ, ਨਾ ਕੋਇ ਚਵਰ ਝੁਲਾਈਆ । ਦਰ ਦਰਬਾਨ ਨਾ ਕੋਇ ਵਖੌਣਾ, ਨਾ ਕੋਇ ਬੰਕ ਸੁਹਾਈਆ । ਲੱਖ ਚੁਰਾਸੀ ਖ਼ਾਕੀ ਖ਼ਾਕ ਮਿਲੌਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਗੁਰਮੁਖ ਸਾਚੇ ਆਪ ਉਠੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਸਵੱਛ ਸਰੂਪੀ ਦਰਸ ਦਿਖੌਣਾ, ਗੁਰ ਗੋਬਿੰਦ ਵਡ ਵਡਿਆਈਆ । ਬੀਸ ਬੀਸਾ ਨਾਮ ਧਰੌਣਾ, ਨੌ ਖੰਡ ਵੱਜੇ ਵਧਾਈਆ । ਸੱਤਾਂ ਦੀਪਾਂ ਸੱਤ ਰੰਗ ਨਿਸ਼ਾਨਾ ਇਕ ਝੁਲੌਣਾ, ਚਾਰੇ ਕੁੰਟਾਂ ਫੇਰਾ ਪਾਈਆ । ਜਗਤ ਸਿਆਸਤ ਪੰਧ ਮੁਕੌਣਾ, ਨਾ ਕੋਇ ਵਰਾਸਤ ਰਿਹਾ ਬਣਾਈਆ । ਸ਼ਬਦ ਖੰਡਾ ਤੇਜ਼ ਕਟਾਰ ਨਾਮ ਨਾਮਾ ਹਰਿ ਆਪ ਚਮਕੌਣਾ, ਤਿਖੀ ਦੋਵੇਂ ਧਾਰ ਰਖਾਈਆ । ਭੇਖ ਪਖੰਡਾ ਮੇਟ ਮਿਟੌਣਾ, ਜੂਠ ਝੂਠ ਰਹਿਣ ਨਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਸਿਖ ਸਾਜਣ ਮੇਲ ਮਿਲੌਣਾ, ਜੋ ਜਨ ਰਸਨਾ ਰਹੇ ਧਿਆਈਆ । ਚਾਰ ਵਰਨ ਸਾਚੀ ਸਰਨ ਏਕਾ ਧਾਮ ਬਹੌਣਾ, ਊਚ ਨੀਚ ਕੋਇ ਰਹਿਣ ਨਾ ਪਾਈਆ । ਏਕਾ ਮੰਤਰ ਹਰਿ ਕਾ ਨਾਮ ਦ੍ਰਿੜ੍ਹੌਣਾ, ਪੁਰਖ ਅਕਾਲ ਇਸ਼ਟ ਇਕ ਵਖਾਈਆ । ਦੁਰਗਾ ਅਸ਼ਟਮੀ ਭੇਵ ਖੁਲ੍ਹੌਣਾ, ਗਾਇਤਰੀ ਮੰਤਰ ਨਾ ਕੋਇ ਪੜ੍ਹਾਈਆ । ਰਾਮ ਨਾਮ ਨਾਮ ਰਾਮ ਹਰਿ ਨਜ਼ਰੀ ਔਣਾ, ਸਾਚਾ ਕਾਹਨ ਵੇਸ ਵਟਾਈਆ । ਏਕਾ ਕਲਮਾ ਆਪ ਪੜ੍ਹੌਣਾ, ਇਕ ਸ਼ਰਾਇਤ ਜਣਾਈਆ । ਨਾਮ ਸਤਿ ਇਕ ਸਮਝੌਣਾ, ਅੰਮ੍ਰਿਤ ਜਾਮ ਇਕ ਪਿਆਈਆ । ਵਾਹਿਗੁਰੂ ਫ਼ਤਹਿ ਜੈਕਾਰਾ ਇਕ ਬਲੌਣਾ, ਹਰਿ ਸਾਚਾ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਆਪ ਅਖਵੌਣਾ, ਹੰ ਬ੍ਰਹਮ ਜੀਵ ਤਰਾਈਆ । ਨਿਹਕਰਮੀ ਨਿਹਕਰਮ ਕਮੌਣਾ, ਨਿਹਕਲੰਕ ਵੱਜੇ ਵਧਾਈਆ । ਸੰਮਤ ਸੰਮਤੀ ਭੇਵ ਖੁਲ੍ਹੌਣਾ, ਭੁੱਲ ਰਹੇ ਨਾ ਰਾਈਆ । ਪੰਚਮ ਮੀਤਾ ਪੰਚ ਜਗੌਣਾ, ਪੰਚਮ ਰੁੱਤ ਸੁਹਾਈਆ । ਸ਼ਬਦ ਅਨਾਦੀ ਗੀਤ ਏਕਾ ਗੌਣਾ, ਏਕਾ ਰਸਨ ਅਲਾਈਆ । ਏਕਾ ਅੱਖਰ ਆਪ ਪੜ੍ਹੌਣਾ, ਏਕਾ ਕਰੇ ਪੜ੍ਹਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਾਚੀ ਸਿਖਿਆ ਇਕ ਸਮਝਾਈਆ । ਸੰਮਤ ਸੋਲਾਂ ਵੀਹ ਸਦ ਬਿਕ੍ਰਮੀ ਖੇਲ ਖਿਲੌਣਾ, ਆਪ ਆਪਣੀ ਕਲ ਵਰਤਾਈਆ । ਨੌ ਖੰਡ ਪ੍ਰਿਥਮੀ ਫੇਰਾ ਪੌਣਾ, ਸ਼ਬਦੀ ਡੰਕ ਵਜਾਈਆ । ਸੰਮਤ ਸਤਾਰਾਂ ਰਾਹ ਭੁਲੌਣਾ, ਭਰਮੀ ਭੁੱਲੇ ਪਾਂਧੀ ਰਾਹੀਆ । ਅਠ ਅਠਾਰਾਂ ਧਾਰ ਚਲੌਣਾ, ਧਰਨੀ ਧਰਤ ਸਮਾਈਆ । ਉਨੀ ਉਨੀਸਾ ਖੇਲ ਖਿਲੌਣਾ, ਅੱਲਾ ਰਾਣੀ ਮੁਖ ਸ਼ਰਮਾਈਆ । ਬੀਸ ਬੀਸੇ ਜੋਤ ਜਗੌਣਾ, ਪੰਦਰਾਂ ਕੱਤਕ ਰੁੱਤ ਸੁਹਾਈਆ । ਦਿਲੀ ਦਵਾਰੇ ਚਰਨ ਛੁਹੌਣਾ, ਸ਼ਾਹ ਸੁਲਤਾਨਾਂ ਫੜ ਉਠਾਈਆ । ਇਕ ਇਕੀਸਾ ਆਪ ਅਖਵੌਣਾ, ਜਗਤ ਜਗਦੀਸਾ ਆਪ ਹੋ ਜਾਈਆ । ਛੱਤਰ ਸੀਸ ਹਰਿ ਆਪ ਝੁਲੌਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਨਾਤਾ ਇਕ ਜੁੜੌਣਾ, ਨਵ ਸੱਤ ਕਰੇ ਕੁੜਮਾਈਆ । ਗੋਬਿੰਦ ਲੇਖਾ ਪੂਰ ਕਰੌਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਨਰ ਨਰਾਇਣ ਨਿਰਾਕਾਰ, ਨਿਰਗੁਣ ਜੋਤ ਜਗਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣੇ ਹੱਥ ਉਠਾਇੰਦਾ । ਨਾੜ ਬਹੱਤਰ ਮਾਰੇ ਮਾਰ, ਸਹੰਸ ਸਹੰਸਰ ਵੇਖ ਵਖਾਇੰਦਾ । ਮੇਟ ਮਿਟਾਏ ਪੰਚਮ ਧਾੜ, ਪੰਚਮ ਮੋਹ ਗਵਾਇੰਦਾ । ਜਨ ਭਗਤਾਂ ਵਖਾਏ ਇਕ ਅਖਾੜ, ਧਰਮ ਦਵਾਰਾ ਇਕ ਸੁਹਾਇੰਦਾ । ਲੋਕਮਾਤ ਮੇਲ ਮਿਲਾਵਾ ਸਤਾਰਾਂ ਹਾੜ, ਸਾਚਾ ਦਿਵਸ ਸੁਹਾਇੰਦਾ ।

ਹਰਿਜਨ ਨੇੜ ਨਾ ਆਏ ਮੌਤ ਲਾੜ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਰਾਏ ਧਰਮ ਨਾ ਮਾਰੇ ਮਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਸਤਿਗੁਰ ਪੂਰਾ ਆਪਣੀ ਕਿਰਪਾ ਦੇਵੇ ਧਾਰ, ਕਰ ਕਿਰਪਾ ਪਾਰ ਕਰਾਇੰਦਾ । ਇਕ ਵਖਾਏ ਠੰਡਾ ਦਰਬਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਮੇਲਾ ਕੰਤ ਭਤਾਰ, ਨਾਰੀ ਕੰਤ ਆਪ ਹੋ ਜਾਇੰਦਾ । ਸਾਚੇ ਸੰਤ ਕਰੇ ਪਿਆਰ, ਆਵਣ ਜਾਵਣ ਗੇੜ ਮੁਕਾਇੰਦਾ । ਕਲਜੁਗ ਮਾਇਆ ਪਾਏ ਬੇਅੰਤ ਸਰਬ ਸੰਸਾਰ, ਦੂਈ ਦਵੈਤੀ ਪੜਦਾ ਕੋਇ ਨਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਵੇਸ ਵਖਾਇੰਦਾ । ਵੇਸ ਅਵੱਲਾ ਇਕ ਅਕੱਲਾ, ਜਲਾਂ ਥਲਾਂ ਸਮਾਈਆ । ਵਸਣਹਾਰਾ ਉਚ ਅਟੱਲਾ ਸਚ ਸਿੰਘਾਸਣ ਏਕਾ ਮੱਲਾ, ਜੋਤੀ ਸ਼ਬਦੀ ਆਪੇ ਰੱਲਾ, ਪਵਣੀ ਪਵਣ ਅਖਵਾਈਆ । ਨਾਮ ਕਟਾਰੀ ਕਰੇ ਹੱਲਾ, ਜੋਤ ਨਿਰੰਕਾਰੀ ਫੜਿਆ ਭੱਲਾ, ਸ਼ਬਦ ਖੰਡਾ ਰਿਹਾ ਚਮਕਾਈਆ । ਕਲਜੁਗ ਜੀਵ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪ ਅਖਵਾਈਆ । ਜਿਸ ਜਨ ਫੜਾਏ ਆਪਣਾ ਪੱਲਾ, ਦੇਵੇ ਦਰਸ ਸਹਿਜ ਸੁਭਾਈਆ । ਸੁਰਤ ਸ਼ਬਦ ਸ਼ਬਦ ਸੁਰਤ ਘਰ ਆਪਣਾ ਮੱਲਾ, ਘਰ ਘਰ ਵਿਚ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਪਾਰਬ੍ਰਹਮ ਬ੍ਰਹਮ ਆਪ ਅਖਵਾਈਆ ।

## ੫ ਜੇਠ ੨੦੧੬ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ

ਹਰਿ ਹਰਿ ਹਰਿ ਹਰਿ ਹਰਿ ਹਰੇ, ਹਰਿ ਹਰਿ ਨਾਮ ਧਰਾਇਆ । ਹਰਿ ਹਰਿ ਕਰਤਾ ਪੁਰਖ ਕਾਰਜ ਆਪ ਕਰੇ, ਕਰਨਹਾਰ ਸਰਬ ਸੁਖਦਾਇਆ । ਹਰਿ ਹਰਿ ਅਬਿਨਾਸ਼ੀ ਪੁਰਖ ਜੋਤ ਆਪ ਧਰੇ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਹਰਿ ਹਰਿ ਪਾਰਬ੍ਰਹਮ ਨਿਰਗੁਣ ਖੇਲ ਆਪ ਕਰੇ, ਖੇਲਣਹਾਰ ਭੇਵ ਨਾ ਰਾਇਆ । ਹਰਿ ਹਰਿ ਆਦਿ ਨਿਰੰਜਣ ਨਰ ਨਰੇ, ਨਰ ਨਰਾਇਣ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਨਿਰਾਕਾਰ ਅਖਵਾਇਆ । ਨਿਰਾਕਾਰ ਨਿਰੰਕਾਰ, ਸਤਿਗੁਰ ਪੁਰਖ ਅਖਵਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਕਲ ਕਲਾ ਕਲ ਆਪੇ ਧਾਰ, ਆਪਣੀ ਕਲ ਵਰਤਾਇੰਦਾ । ਆਪਣਾ ਸੁਹਾਏ ਸਚ ਦਵਾਰ, ਦਰ ਦਵਾਰੀ ਆਪ ਅਖਵਾਇੰਦਾ । ਆਪਣਾ ਘਰ ਕਰ ਤਿਆਰ, ਆਪੇ ਆਸਣ ਲਾਇੰਦਾ । ਆਪੇ ਅੰਦਰੋਂ ਆਏ ਬਾਹਰ, ਦਿਸ ਕਿਸੇ ਨਾ ਆਇੰਦਾ । ਦੂਜਾ ਖੋਲ੍ਹ ਬੰਦ ਕਿਵਾੜ, ਅਲੱਖ ਅਲੱਖਣਾ ਅਲੱਖ ਜਗਾਇੰਦਾ । ਵੇਖਣਹਾਰਾ ਸਚਖੰਡ ਦਵਾਰ, ਤ੍ਰੈ ਤ੍ਰੈ ਲੋਕ ਨਾ ਕੋਇ ਉਪਾਇੰਦਾ । ਚੌਥੇ ਘਰ ਖ਼ਬਰਦਾਰ, ਘਰ ਸਾਚਾ ਆਪ ਸਲਾਹਿੰਦਾ । ਪੰਚਮ ਪੰਚਮ ਹੋ ਉਜਿਆਰ, ਪੰਚਮ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਕਾਰ, ਨਿਰਗੁਣ ਧਾਰ ਬੰਧਾਇੰਦਾ । ਪੁਰਖ ਅਕਾਲ ਕਰ ਉਜਿਆਰ, ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਇਕ ਅਕੱਲਾ ਕਰ ਪਸਾਰਾ, ਪੰਚਮ ਰੂਪ ਸਮਾਇਆ । ਪੰਚਮ ਮੇਲਾ ਦਰ ਦਰਬਾਰਾ, ਏਕਾ ਦਰ ਖੁਲ੍ਹਾਇਆ । ਇਕ ਅਕੱਲਾ ਹਰਿ ਨਿਰੰਕਾਰਾ, ਦਿਸ ਕਿਸੇ ਨਾ ਆਇਆ । ਪੰਚਮ ਮੀਤਾ ਕੰਤ ਭਤਾਰਾ, ਘਰ ਘਰ ਸਗਨ ਮਨਾਇਆ । ਇਕ ਅਕੱਲਾ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ

ਜਣਾਇਆ । ਪੰਚਮ ਮੀਤਾ ਸਾਂਝਾ ਯਾਰਾ, ਸਚ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਪੰਚਮ ਆਪਣਾ ਆਪ ਨਿਸ਼ਾਨ, ਆਪੇ ਆਪ ਝੁਲਾਇੰਦਾ । ਆਪੇ ਵਸੇ ਸਚ ਮਕਾਨ, ਦਰ ਦਵਾਰਾ ਇਕ ਸੁਹਾਇੰਦਾ । ਛੇਵਾਂ ਛੱਪਰ ਛੰਨ ਨਾ ਕੋਇ ਨਿਸ਼ਾਨ, ਦਿਸ ਕਿਸੇ ਨਾ ਆਇੰਦਾ । ਛੇਵੇਂ ਘਰ ਹੋ ਪਰਧਾਨ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਖੇਲ ਇਕ ਇਕਾਂਤ, ਆਪਣੀ ਆਪ ਕਰਾਈਆ । ਛੇਵੇਂ ਘਰ ਮਾਰੇ ਝਾਤ, ਵਡ ਦਾਤਾ ਬੇਪਰਵਾਹੀਆ । ਇਕ ਇਕੱਲਾ ਪਿਤਾ ਮਾਤ, ਹਰਿ ਹਰਿ ਆਪ ਅਖਵਾਈਆ । ਛੇਵੇਂ ਘਰ ਦੇਵੇ ਦਾਤ, ਸਾਚੀ ਵਸਤ ਰਖਾਈਆ । ਇਕ ਅਕੱਲਾ ਉਤਮ ਜ਼ਾਤ, ਜ਼ਾਤ ਅਜ਼ਾਤੀ ਵੇਸ ਵਟਾਈਆ । ਛੇਵੇਂ ਘਰ ਸਾਚਾ ਨਾਤ, ਆਪਣਾ ਜੋੜ ਜੁੜਾਈਆ । ਪੰਚਮ ਮੀਤਾ ਲੈ ਬਰਾਤ, ਸਾਚਾ ਸਗਨ ਮਨਾਈਆ । ਖੇਲੇ ਖੇਲ ਦਿਵਸ ਰਾਤ, ਦਾਈ ਦਾਇਆ ਨਾਉਂ ਧਰਾਈਆ । ਆਦਿ ਜੁਗਾਦੀ ਵੇਖੇ ਮਾਰ ਝਾਤ, ਨੇਤਰ ਲੋਚਣ ਨੈਣ ਨਾ ਕੋਇ ਰਖਾਈਆ । ਆਪੇ ਹੋਏ ਕਮਲਾਪਾਤ, ਆਪੇ ਨਾਰੀ ਵੇਸ ਵਟਾਈਆ । ਆਪ ਨਿਭਾਏ ਆਪਣਾ ਸਾਥ, ਸਾਚਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੇਲਾ ਖੇਲ ਖਿਲਾਈਆ । ਇਕ ਅਕੱਲਾ ਜੋਤ ਰੱਖ, ਜੋਤੀ ਜੋਤ ਜਗਾਇੰਦਾ । ਪੰਚਮ ਪੰਚਮ ਹੋ ਪਰਤੱਖ, ਪੰਚਮ ਵੇਸ ਵਟਾਇੰਦਾ । ਛੇਵੇਂ ਘਰ ਜਗਾਏ ਅਲੱਖ, ਆਪ ਆਪਣਾ ਨਾਅਰਾ ਲਾਇੰਦਾ । ਆਪੇ ਆਪਣਾ ਆਪ ਕਰੇ ਵੱਖ, ਆਪੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਏਕਉਂਕਾਰਾ, ਅਕਾਲ ਮੂਰਤ ਅਜੂਨੀਆ । ਆਪ ਆਪਣਾ ਕਰ ਪਸਾਰਾ, ਆਪੇ ਦੇਵੇ ਜੋਤੀ ਨੂਰ ਨੁਰਾਨੀਆ । ਆਪ ਆਪਣਾ ਭਰ ਭੰਡਾਰਾ, ਆਪੇ ਹੋਏ ਸ਼ਾਹ ਸੁਲਤਾਨੀਆ । ਆਪ ਆਪਣਾ ਬਣ ਵਣਜਾਰਾ, ਕਰੇ ਵਣਜ ਦੋ ਜਹਾਨੀਆ । ਆਪ ਆਪਣੀ ਬੰਨੇ ਧਾਰਾ, ਤ੍ਰੈ ਲੋਕਾਂ ਖੇਲ ਮਹਾਨੀਆ । ਆਪ ਆਪਣਾ ਕਰ ਪਸਾਰਾ, ਚੌਦਾਂ ਹੱਟਾਂ ਖੋਲ੍ਹ ਦੁਕਾਨੀਆ । ਆਪ ਆਪਣਾ ਰੰਗ ਰੰਗੇ ਕਰਤਾਰਾ, ਰਵ ਸਸ ਸੂਰਜ ਚੰਨ ਨਿਸ਼ਾਨੀਆ । ਆਪ ਆਪਣਾ ਦਏ ਆਧਾਰਾ, ਮਾਤ ਪਾਤਾਲ ਆਕਾਸ਼ ਖੇਲ ਮਹਾਨੀਆ । ਆਪ ਆਪਣਾ ਕਰੇ ਖ਼ਬਰਦਾਰਾ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਨੀਆ । ਆਪ ਆਪਣਾ ਨੂਰੀ ਜੋਤ ਕਰੇ ਉਜਿਆਰਾ, ਪੰਜ ਤੱਤ ਹੋਏ ਪਰਧਾਨੀਆ । ਛੇਵੇਂ ਘਰ ਮੀਤ ਮੁਰਾਰਾ, ਦੇਵੇ ਦਰਸ ਹਰਿ ਭਗਵਾਨੀਆ । ਅਕਲ ਕਲਾ ਕਲ ਆਪੇ ਧਾਰਾ, ਜੁਗ ਜੁਗ ਵੇਸ ਵਟਾਨੀਆ । ਕਲਜੁਗ ਅੰਤਮ ਪਾਵੇ ਸਾਰਾ, ਨਿਹਕਲੰਕ ਬਲੀ ਬਲਵਾਨੀਆ । ਗੋਬਿੰਦ ਲੇਖਾ ਲਿਖ ਲਿਖਾਰਾ, ਸਾਚੀ ਸੇਵ ਕਮਾਨੀਆ । ਨਾਨਕ ਮੰਗੀ ਮੰਗ ਭਿਖਾਰਾ, ਦੋਏ ਜੋੜ ਸੀਸ ਝੁਕਾਨੀਆ । ਰਾਹ ਤੱਕਣ ਰਾਮ ਕ੍ਰਿਸ਼ਨ ਅਵਤਾਰਾ, ਏਕਾ ਅੱਖ ਖੁਲ੍ਹਾਨੀਆ । ਕਰੋੜ ਤੇਤੀਸਾ ਧੂੜੀ ਖ਼ਾਕ ਮੰਗੇ ਢਹਿ ਢਹਿ ਪਏ ਦਵਾਰਾ, ਹਰਿ ਕਾ ਰੂਪ ਦਿਸ ਨਾ ਆਨੀਆ । ਜੁਗਾ ਜੁਗੰਤਰ ਖੇਲ ਨਿਆਰਾ, ਭੇਵ ਕੋਇ ਨਾ ਪਾਨੀਆ । ਕਲਜੁਗ ਜੋਧਾ ਸੂਰਬੀਰ ਬਲੀ ਬਲਕਾਰਾ, ਏਕਾ ਖੰਡਾ ਹੱਥ ਉਠਾਨੀਆ । ਚਾਰ ਵਰਨਾਂ ਕਰੇ ਖ਼ਵਾਰਾ, ਦਹਿ ਦਿਸ਼ਾ ਕਰੇ ਵੈਰਾਨੀਆ । ਘਟ ਘਟ ਅੰਦਰ ਹਾਹਾਕਾਰਾ, ਨਿਰਭੈ ਰੂਪ ਨਾ ਕੋਇ ਵਖਾਨੀਆ । ਸਾਧ ਸੰਤ ਦਰ ਦਰ ਖਵਾਰਾ, ਜੋਤ ਨਿਰੰਜਣ ਆਦਿ ਨਿਰੰਜਣ ਨਾ ਮੇਲ ਮਿਲਾਨੀਆ । ਪੰਚਮ ਨਾਤਾ ਤੁਟਾ ਸ਼ਬਦ ਧੁਨਕਾਰਾ, ਧੁਨੀ ਨਾਦ ਨਾ ਕੋਇ ਵਜਾਨੀਆ । ਜੋਗ ਅਭਿਆਸ ਨਾ ਬੰਨ੍ਹੇ ਧਾਰਾ, ਨੇਤਰ ਨੈਨ ਨਾ ਕੋਇ ਖੁਲ੍ਹਾਨੀਆ ।

ਦੁਰਮਤ ਮੈਲ ਨਾ ਲਾਹੇ ਜਲ ਧਾਰਾ, ਨਿਰਮਲ ਨੀਰ ਨਾ ਕੋਇ ਵਖਾਨੀਆ । ਵੇਦ ਕਤੇਬ ਨਾ ਪਾਇਨ ਸਾਰਾ, ਪੜ੍ਹ ਪੜ੍ਹ ਥੱਕੇ ਮਨਮਤ ਬਾਣੀਆ । ਗੁਰ ਪੀਰ ਨਾ ਦਏ ਕੋਈ ਸਹਾਰਾ, ਸਾਚਾ ਲੜ ਨਾ ਕੋਇ ਫੜਾਨੀਆ । ਨਾ ਕੋਈ ਮੀਤ ਰਾਮ ਅਵਤਾਰਾ, ਕਾਹਨਾ ਕ੍ਰਿਸ਼ਨ ਨਾ ਸੰਗ ਵਖਾਨੀਆ । ਨਾਨਕ ਗੋਬਿੰਦ ਨਾ ਮਿਲੇ ਕਿਸੇ ਦਵਾਰਾ, ਨਾਰ ਦੁਹਾਗਣ ਸਰਬ ਕੁਰਲਾਨੀਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਾਚੀ ਰੁੱਤ ਸੁਹਾਨੀਆ । ਜੁਗ ਜੁਗ ਦੇਵੇ ਨਾਮ ਭੰਡਾਰਾ, ਭਗਤ ਭਗਤੀ ਵੰਡ ਵੰਡਾਨੀਆ । ਸਤਿਜੁਗ ਤ੍ਰੇਤੇ ਦੁਆਪਰ ਕੀਆ ਆਧਾਰਾ, ਕਲਜੁਗ ਅੰਤਮ ਵੇਖ ਵਖਾਨੀਆ । ਨਿਰਗੁਣ ਬਾਤੀ ਕਰ ਉਜਿਆਰਾ, ਕਲਜੁਗ ਅੰਧੇਰੀ ਰਾਤੀ ਗੁਰਮੁਖਾਂ ਕਰੇ ਆਪ ਪਛਾਨੀਆ । ਸਚਖੰਡ ਦਵਾਰੇ ਦਾ ਸੱਚਾ ਜਮਾਤੀ, ਪੜ੍ਹੌਣ ਆਇਆ ਸਾਚੀ ਬਾਣੀਆ । ਚਰਨ ਕਵਲ ਬਹਾਏ ਕੋਟਨ ਕੋਟ ਤ੍ਰਿਲੋਕੀ ਨਾਥੀ, ਆਦਿ ਅੰਤ ਨਾ ਕਿਸੇ ਵਖਾਨੀਆ । ਜੁਗਾ ਜੁਗੰਤਰ ਸਗਲਾ ਸਾਥੀ, ਗੁਰਸਿਖਾਂ ਦਰ ਦਵਾਰੇ ਬਣਿਆ ਦਰ ਦਰਬਾਨੀਆ । ਹੱਥ ਲੈ ਕੇ ਆਇਆ ਧੁਰ ਦਰਗਹਿ ਦੀ ਸਾਚੀ ਲਾਠੀ, ਨਾ ਕੋਈ ਬਾਢੀ ਹੱਥ ਟਿਕਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਵਡ ਕੁਰਬਾਨੀਆ । ਨਿਰਗੁਣ ਸ਼ਾਹ ਸ਼ਬਦ ਸੁਲਤਾਨ, ਸਤਿਗੁਰ ਤਖ਼ਤ ਬਹਾਇਆ । ਹਰਿ ਕਾ ਰੂਪ ਸਾਚਾ ਕਾਹਨ, ਏਕਾ ਬੰਸਰੀ ਨਾਮ ਵਜਾਇਆ । ਨਿਰਗੁਣ ਰੂਪ ਰਮੱਯਾ ਰਾਮ, ਹਰ ਘਟ ਆਸਣ ਲਾਇਆ । ਹਰਿ ਚਰਨ ਸਰੋਵਰ ਅੰਮ੍ਰਿਤ ਜਾਮ, ਜਨ ਭਗਤਾਂ ਜੁਗਾ ਜੁਗੰਤਰ ਆਪ ਪਿਆਇਆ । ਆਪੇ ਪਕੜੇ ਆਪਣਾ ਦਾਮ, ਆਪਣਾ ਪੱਲਾ ਆਪ ਫੜਾਇਆ । ਆਪੇ ਵਸੇ ਨਗਰ ਗਰਾਮ, ਨਗਰ ਖੇੜਾ ਆਪ ਵਸਾਇਆ । ਆਪ ਜਪਾਏ ਆਪਣਾ ਨਾਮ, ਆਪੇ ਆਪਣੀ ਭਿਛਿਆ ਪਾਇਆ । ਕਲਜੁਗ ਝੇੜਾ ਮੁੱਕੇ ਤਮਾਮ, ਹਰਿ ਸਾਚਾ ਮੇਟਨ ਆਇਆ । ਕੋਈ ਨਾ ਦੀਸੇ ਅੰਧੇਰੀ ਸ਼ਾਮ, ਗੁਰਸਿਖ ਸਾਚਾ ਚੰਨ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੀਪਕ ਇਕ ਜਗਾਇਆ । ਨਿਰਗੁਣ ਦੀਪਕ ਕਰ ਉਜਿਆਰ, ਪੰਚਮ ਮੇਲ ਮਿਲਾਇਆ । ਪੰਚਮ ਕਰ ਪੰਚ ਤਿਆਰ, ਪੰਚਮ ਆਪ ਸਮਾਇਆ । ਪੰਚਮ ਕਰਿਆ ਅੰਧ ਅੰਧਿਆਰ, ਪੰਚਮ ਪਰਕਾਸ਼ ਪਰਕਾਸ਼ ਉਪਾਇਆ । ਪੰਚ ਡੁਬਾਇਆ ਡੂੰਘੀ ਗਾਰ, ਪੰਚ ਤਾਜ ਸੀਸ ਰਖਾਇਆ । ਪੰਚਮ ਦੇਵੇ ਪੰਚ ਧੁਨਕਾਰ, ਪੰਚਮ ਵਾਜਾ ਆਪ ਵਜਾਇਆ । ਪੰਚਮ ਮਾਰੇ ਸਾਚੀ ਮਾਰ, ਪੰਚਮ ਖੰਡਾ ਇਕ ਚਮਕਾਇਆ । ਪੰਚਮ ਰੋਵੇ ਜ਼ਾਰੋ ਜ਼ਾਰ, ਪੰਚਮ ਘਰ ਵਿਚ ਸਗਨ ਮਨਾਇਆ । ਪੰਚਮ ਮੀਤਾ ਖ਼ਬਰਦਾਰ, ਛੇਵਾਂ ਘਰ ਵਸਾਇਆ । ਛੇਵਾਂ ਦਰ ਨਿਰਗੁਣ ਧਾਰ, ਚੌਥੇ ਮੂਲ ਚੁਕਾਇਆ । ਨੈਣ ਨੇਤਰ ਇਕ ਉਘਾੜ, ਦੂਜਾ ਰੰਗ ਵਟਾਇਆ । ਇਕ ਇਕੱਲਾ ਨਿਰਾਕਾਰ, ਸਾਕਾਰ ਆਪ ਅਖਵਾਇਆ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲੇ ਖੇਲ ਹਰਿ ਹਰਿ ਮੀਤਾ, ਆਪਣਾ ਖੇਲ ਖਿਲਾਇੰਦਾ । ਆਪ ਚਲਾਈ ਆਪਣੀ ਰੀਤਾ, ਆਪ ਆਪਣਾ ਦਰ ਸੁਹਾਇੰਦਾ । ਨਾ ਕੋਈ ਮੰਦਰ ਗੁਰਦਵਾਰ ਮਸੀਤਾ, ਕਾਇਆ ਖੇੜਾ ਇਕ ਵਸਾਇੰਦਾ । ਅੰਦਰ ਵੜਿਆ ਹਰਿ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਦਸ ਦਸ ਮਾਸ ਨਾ ਪੀਸਨ ਪੀਠਾ, ਮਾਤ ਗਰਭ ਨਾ ਕੋਇ ਲਟਕਾਇੰਦਾ । ਜਨਮਿਆ ਸੁੱਤ ਪਤਤ ਪੁਨੀਤਾ, ਪਰਮ ਪੁਰਖ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਜਨਮਿਆ ਪੁੱਤ ਸਾਚਾ ਜੇਠਾ, ਪੰਚਮ ਜੋੜ ਜੁੜਾਇਆ ।

ਮਾਤ ਪਿਤ ਆਪੇ ਹੋ ਆਪੇ ਜਾਣੇ ਆਪਣਾ ਲੇਖਾ, ਆਪ ਆਪਣੀ ਗੋਦ ਸੁਹਾਇਆ । ਪੰਜ ਤੱਤ ਕਰ ਭੇਖਾ, ਹੱਡ ਮਾਸ ਨਾੜੀ ਚੰਮ ਰੰਗ ਰੰਗਾਇਆ । ਹਰਿ ਕਾ ਰੂਪ ਨਾ ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਨਾ ਕੋਈ ਚੋਟੀ ਮੂੰਡ ਮੁੰਡਾਇਆ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ਾ, ਲੇਖਾ ਲੇਖ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਆਪਣੇ ਘਰ ਆਪੇ ਜੰਮ, ਆਪਣੀ ਬਣਤ ਬਣਾਈਆ । ਆਪ ਸਵਾਰੇ ਆਪਣਾ ਕੰਮ, ਨਾ ਦੂਸਰ ਸੰਗ ਰਖਾਈਆ । ਆਪਣੀ ਤ੍ਰਿਸਨਾ ਮੇਟੇ ਤਮ, ਆਪ ਆਪਣਾ ਜੋਗ ਕਮਾਈਆ । ਆਪਣੇ ਲੇਖੇ ਲਾਏ ਆਪਣਾ ਚੰਮ, ਤੱਤਵ ਤੱਤ ਨਾ ਕੋਇ ਜਣਾਈਆ । ਆਪੇ ਗਿਣੇ ਆਪਣੇ ਦਮ, ਆਪੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਤਲੋਕ ਵਸਿਆ ਘਰ, ਆਪ ਆਪਣੀ ਖੇਲ ਖਿਲਾਈਆ । ਰਕਤ ਬੂੰਦ ਮੇਲ ਮਿਲਾਇਆ, ਕਰਨੀ ਕਰਤਾ ਆਪ ਕਮਾਇੰਦਾ । ਮਾਤ ਪਿਤ ਬਣਤ ਬਣਾਇਆ, ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਅੰਦਰ ਪੰਜ ਤੱਤ ਉਪਾਇਆ, ਪੰਜ ਤੱਤ ਵਿਚ ਆਪ ਨਾ ਆਇੰਦਾ । ਪੰਜ ਤੱਤ ਅੰਦਰ ਬ੍ਰਹਮ ਟਿਕਾਇਆ, ਪਾਰਬ੍ਰਹਮ ਮੁਖ ਛੁਪਾਇੰਦਾ । ਪੰਜ ਤੱਤ ਨਿਰਗੁਣ ਸ਼ਬਦ ਇਕ ਜਣਾਇਆ, ਆਪਣੇ ਰਸ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਵੇਂ ਮਾਸ ਖੇਲ ਖਿਲਾਇੰਦਾ । ਦਸਵੇਂ ਮਾਸ ਮਾਤ ਪਿਆਰੀ, ਸਫ਼ਲ ਕੁੱਖ ਕਰਾਈਆ । ਜਗਤ ਪਿਤਾ ਨਾ ਪਾਏ ਸਾਰੀ, ਭੇਵ ਕੋਇ ਨਾ ਰਾਈਆ । ਆਪੇ ਅੰਦਰ ਆਪੇ ਬਾਹਰੀ, ਗੁਪਤ ਜ਼ਾਹਰ ਆਪ ਅਖਵਾਈਆ । ਆਪਣੀ ਕਲ ਆਪੇ ਧਾਰੀ, ਆਪ ਆਪਣਾ ਨਾਉਂ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਏ ਵਧਾਈਆ । ਪੰਚਮ ਜੇਠ ਚੜ੍ਹਿਆ ਚਾ, ਲੋਕਮਾਤ ਸਗਨ ਮਨਾਇੰਦਾ । ਪੁਰਖ ਅਬਿਨਾਸ਼ੀ ਮਿਲਿਆ ਸਚ ਮਲਾਹ, ਜਨ ਭਗਤਾਂ ਵੇਖ ਵਖਾਇੰਦਾ । ਜੁਗ ਜੁਗ ਵਿਛੜੇ ਲਏ ਉਠਾ, ਚਾਰੋਂ ਕੁੰਟ ਫੇਰਾ ਪਾਇੰਦਾ । ਲੱਖ ਚੁਰਾਸੀ ਕਾਇਆ ਮੰਦਰ ਵੇਖੇ ਜਗਤ ਗਰਾਂ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਰਨਹਾਰਾ ਸਚ ਨਿਆਂ, ਸਾਚਾ ਮਾਰਗ ਲਾਇੰਦਾ । ਸ਼ੇਰ ਸਿੰਘ ਹਰਿ ਨਾਉਂ ਧਰਾ, ਸਿੰਘ ਸ਼ੇਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਪੰਚਮ ਤੱਤ ਉਪਾਇੰਦਾ । ਪੰਚਮ ਜੇਠ ਹਰਿ ਵਧਾਈ, ਆਪਣੇ ਘਰ ਵਜਾਈਆ । ਜਨ ਭਗਤਾਂ ਕਰਨ ਆਇਆ ਕੁੜਮਾਈ, ਪੂਰਬ ਲਹਿਣਾ ਦਏ ਚੁਕਾਈਆ । ਆਪੇ ਲਾਗੀ ਬਣੇ ਛੀਂਬਾ ਨਾਈ, ਆਪੇ ਘਰ ਘਰ ਦਏ ਸੁਣਾਈਆ । ਆਪੇ ਪਾਂਧੀ ਬਣੇ ਜਾਏ ਰਾਹੀ, ਆਪੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਰੱਖਿਆ ਵੱਖਰ, ਆਪਣੇ ਨੇਤਰ ਆਪੇ ਵੇਖ ਵਖਾਈਆ । ਆਪਣਾ ਅੱਖਰ ਸ਼ਬਦ ਧਾਰ, ਹਰਿ ਸਾਚੇ ਆਪ ਉਪਜਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਈਆ । ਚਾਰ ਯੁਗ ਖੇਲ ਨਿਆਰ, ਰੂਪ ਅਨੂਪ ਵਟਾਈਆ । ਕੋਈ ਨਾ ਜਾਣੇ ਬਵੰਜਾ ਧਾਰ, ਬਾਵਨ ਅੱਖਰ ਰਹੇ ਸਲਾਹੀਆ । ਪੈਂਤੀਸ ਅੱਖਰ ਕਰ ਤਿਆਰ, ਜਗਤ ਵਿਦਿਆ ਕਰੇ ਪੜ੍ਹਾਈਆ । ਸਤਾਰਾਂ ਅੱਖਰ ਹਰਿ ਨਿਰੰਕਾਰ, ਆਪਣੇ ਅੰਦਰ ਬੈਠਾ ਬੰਦ ਕਰਾਈਆ । ਗੁਰ ਪੀਰ ਨਾ ਜਾਣੇ ਕੋਈ ਅਵਤਾਰ, ਨਾ ਸਕੇ ਕੋਇ ਜਣਾਈਆ । ਗਾ ਗਾ ਥੱਕੇ ਊਚ ਅਗੰਮ ਅਪਾਰ, ਨਿਉਂ ਨਿਉਂ ਸੀਸ ਝੁਕਾਈਆ । ਨਾਨਕ ਦਰਸ ਇਕ ਨਿਰੰਕਾਰ, ਏਕਾ ਦੂਜਾ ਭੌ ਚੁਕਾਈਆ । ਆਪ ਢਹਿ ਢਹਿ ਪਏ ਦਵਾਰ, ਆਪੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ

ਧਾਰ ਬੰਧਾਈਆ । ਬਵੰਜਾ ਅੱਖਰ ਤੇਰੀ ਧਾਰ, ਛੇਵੇਂ ਘਰ ਵਸਾਈਆ । ਪੰਚਮ ਗੁਰ ਪੰਚ ਸ਼ਬਦ ਧੁਨਕਾਰ, ਪੰਚਮ ਰਿਹਾ ਗਾਈਆ । ਨਾਨਕ ਖੋਲ੍ਹੇ ਇਕ ਕਿਵਾੜ, ਰਾਮ ਰਾਮਾ ਰੂਪ ਦਰਸਾਈਆ । ਅਛਲ ਅਛੱਲ ਖੇਲ ਕਰਤਾਰ, ਗੋਪੀ ਕਾਹਨ ਆਪ ਨਚਾਈਆ । ਆਪੇ ਜੋਤੀ ਨੂਰ ਕਰ ਉਜਿਆਰ, ਲੱਖ ਚੁਰਾਸੀ ਰਿਹਾ ਸਮਾਈਆ । ਆਪੇ ਸੰਤ ਭਗਤ ਦਏ ਆਧਾਰ, ਨਾਮ ਨਾਮਾ ਆਪ ਅਖਵਾਈਆ । ਆਪੇ ਆਦਿ ਸ਼ਕਤ ਕਰ ਉਜਿਆਰ, ਨਮੋ ਸਤਿ ਆਪ ਵਡਿਆਈਆ । ਆਪੇ ਬ੍ਰਹਮ ਮਤ ਦਏ ਆਧਾਰ, ਪਾਰਬ੍ਰਹਮ ਭੇਵ ਨਾ ਰਾਈਆ । ਆਪੇ ਉਤਪਤ ਕਰੇ ਸਰਬ ਸੰਸਾਰ, ਆਪੇ ਮੇਟ ਮਿਟਾਈਆ । ਆਪੇ ਬੀਜ ਬੀਜੇ ਸਾਚੇ ਵਤ ਬ੍ਰਹਮਾ ਵਿਸ਼ਨ ਸ਼ਿਵ ਲਏ ਉਭਾਰ, ਆਪੇ ਆਪਣੇ ਵਿਚ ਸਮਾਈਆ । ਆਪੇ ਕਲਜੁਗ ਅੰਤਮ ਲੈ ਅਵਤਾਰ, ਖੇਲੇ ਖੇਲ ਬੇਪਰਵਾਹੀਆ । ਛੇਵੇਂ ਘਰ ਬੰਨ੍ਹੀ ਧਾਰ, ਬਵੰਜਾ ਭੇਵ ਨਾ ਰਿਹਾ ਖੁਲ੍ਹਾਈਆ । ਬਵੰਜਾ ਕਲੀਆਂ ਤਨ ਸ਼ੰਗਾਰ, ਬੰਦੀ ਛੋੜ ਬੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੱਖਰ ਆਪ ਦਬਾਏ ਆਪਣੇ ਪੱਥਰ, ਨਾ ਕੋਈ ਸਕੇ ਭਾਰ ਉਠਾਈਆ । ਪੰਜ ਤੱਤ ਕਰ ਉਜਿਆਰ, ਪੈਂਤੀ ਅੱਖਰ ਕਰੇ ਪੜ੍ਹਾਈਆ । ਸਰਗੁਣ ਰੂਪ ਹੋ ਉਜਿਆਰ, ਨਿਰਗੁਣ ਪੜਦਾ ਆਪਣੇ ਉਪਰ ਪਾਈਆ । ਆਪਣਾ ਖੋਲ੍ਹ ਆਪ ਕਿਵਾੜ, ਆਪੇ ਬੈਠਾ ਬੰਦ ਕਰਾਈਆ । ਚੌਥੇ ਯੁਗ ਚੌਥੀ ਧਾਰ, ਕਰੇ ਖੇਲ ਆਪ ਨਿਰੰਕਾਰ, ਨਾ ਕੋਈ ਦੂਸਰ ਬਣੇ ਲਿਖਾਰ, ਨਾ ਧਿਆਨ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਖੇਲ ਅਪਾਰਾ, ਹਰਿ ਜੋਤੀ ਜੋਤ ਜਗਾਇੰਦਾ । ਬਣਵਾਸ ਨਾ ਫਿਰੇ ਬਣ ਰਾਮ ਅਵਤਾਰਾ, ਤੀਰ ਕਮਾਨ ਨਾ ਕੋਇ ਉਠਾਇੰਦਾ । ਰਥ ਰਥਵਾਹੀ ਨਾ ਕ੍ਰਿਸ਼ਨ ਮੁਰਾਰਾ, ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ । ਨਾਨਕ ਗੁਰ ਨਾ ਬਣ ਭਿਖਾਰਾ, ਚਾਰੋਂ ਕੁੰਟ ਫੇਰੀ ਪਾਇੰਦਾ । ਅਰਜਣ ਗੁਰ ਨਾ ਕਰੇ ਵਿਚਾਰਾ, ਅਗਾਧ ਬੋਧ ਨਾ ਕੋਇ ਦ੍ਰਿੜਾਇੰਦਾ । ਗੁਰ ਗੋਬਿੰਦ ਨਾ ਖੰਡਾ ਤੇਜ਼ ਕਟਾਰਾ, ਸੀਸ ਦਸਤਾਰ ਨਾ ਕੋਇ ਬੰਧਾਇੰਦਾ । ਬਸਤਰ ਸ਼ਸਤਰ ਨਾ ਤਨ ਸ਼ੰਗਾਰਾ, ਨਾ ਕੋਈ ਅਸਵ ਘੋੜਾ ਦੌੜਾਇੰਦਾ । ਪੈਂਤੀਸ ਅੱਖਰ ਨਾ ਕੋਇ ਪਿਆਰਾ, ਨਾ ਕੋਈ ਲੇਖ ਲਿਖਾਇੰਦਾ । ਮਾਤ ਪਿਤ ਨਾ ਸੁੱਤ ਦੁਲਾਰਾ, ਭੈਣ ਭਾਈ ਨਾ ਕੋਇ ਜਣਾਇੰਦਾ । ਬਵੰਜਾ ਅੱਖਰ ਅੰਦਰ ਆਪਣਾ ਆਪ ਕਰ ਬੰਦ ਕਿਵਾੜਾ, ਬਵੰਜਾ ਸਾਲ ਛੁਪਾਇੰਦਾ । ਜਗਤ ਵੇਖੇ ਪੰਜ ਤੱਤ ਹੱਡ ਮਾਸ ਚੰਮ ਨਾੜਾ, ਹਰਿ ਕਾ ਰੂਪ ਦਿਸ ਨਾ ਆਇੰਦਾ । ਪੰਚਮ ਜੇਠ ਸਭਾਗੀ ਦਿਹਾੜਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਪੁਰਖ ਅਕਾਲ ਸਚ ਅਖਾੜਾ, ਲੋਕਮਾਤ ਲਗਾਇੰਦਾ । ਨਰ ਨਿਰੰਕਾਰ ਧੁਰ ਦਰਗਾਹੀ ਲਾੜਾ, ਏਕਉਂਕਾਰਾ ਆਪ ਅਖਵਾਇੰਦਾ । ਨਾਮ ਰੱਤ ਲਹੂ ਰੱਖੇ ਗਾੜ੍ਹਾ, ਗੁਰਮੁਖ ਸਾਚੇ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਬਵੰਜਾ ਬਵੰਜਾ ਵੇਖ ਵਖਾਇੰਦਾ । ਬਵੰਜਾ ਅੱਖਰ ਹਰਿ ਕਾ ਲੇਖ, ਹਰਿ ਹਰਿ ਭੇਵ ਛੁਪਾਇਆ । ਗੁਰ ਅਰਜਨ ਆਪਣੇ ਨੇਤਰ ਪੇਖ, ਬਿਨ ਹੁਕਮ ਲਿਖ ਨਾ ਪਾਇਆ । ਆਪਣੀ ਕਰੇ ਆਪ ਆਦੇਸ, ਨਾਨਕ ਨੂਰ ਨਜ਼ਰੀ ਆਇਆ । ਅਗੰਮ ਅਗੰਮੜਾ ਵਸਿਆ ਅਗੰਮੜੇ ਦੇਸ, ਲੋਕਮਾਤ ਵੇਖਣ ਆਇਆ । ਹੱਥ ਖੂੰਡੀ ਨਾ ਭੂਰੀ ਖੇਸ, ਖ਼ਾਲੀ ਹੱਥ ਵਖਾਇਆ । ਹਰਿ ਹਰਿ ਮੀਤਾ ਨਰ ਨਰੇਸ਼, ਨਰ ਨਰਾਇਣ ਨਾਉਂ ਧਰਾਇਆ । ਜੁਗ ਜੁਗ ਵਿਛੜੇ ਆਪੇ ਰਿਹਾ ਵੇਖ, ਮੇਲ ਵਿਛੋੜਾ ਆਪਣੇ ਹੱਥ ਰਖਾਇਆ । ਸ਼ਾਹ ਸੁਲਤਾਨਾ ਵਡ ਨਰੇਸ਼, ਮਰਗੇਸ਼ ਨਾਮ ਧਰਾਇਆ । ਕਿਸੇ ਨਾ ਚਲੇ ਅੱਗੇ ਕੋਈ ਪੇਸ਼, ਦੋ ਜਹਾਨਾਂ

ਤਿੰਨਾਂ ਲੋਕਾਂ ਚੌਦਾਂ ਹੱਟਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ, ਉਤਭੁਜ ਸੇਤਜ ਖਾਣੀ ਬਾਣੀ ਅੱਲਾ ਰਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਕੋਟਨ ਬ੍ਰਹਮਾ ਵਿਸ਼ਨ ਮਹੇਸ਼, ਕੋਟੀ ਕੋਟ ਬੈਠੇ ਸੀਸ ਝੁਕਾਇਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਹਰਿ ਜੋਤ ਹਰਿ ਨਿਰੰਕਾਰ, ਆਪ ਆਪਣਾ ਲੈ ਅਵਤਾਰ, ਆਪ ਸੁਹਾਏ ਬੰਕ ਦਵਾਰ, ਆਪੇ ਮਾਤਾ ਪਿਤਾ ਸੁੱਤ ਦੁਲਾਰ, ਆਪੇ ਵਰਨ ਗੋਤੀ ਵਸਿਆ ਬਾਹਰ, ਅੰਦਰ ਬਾਹਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਅੱਖਰ ਆਪਣੇ ਹੱਥ ਰਖਾਇੰਦਾ । ਆਪਣੀ ਵਸਤ ਆਪਣੇ ਹੱਥ, ਹਰਿ ਸਾਚੇ ਆਪ ਰਖਾਈਆ । ਸਰਬ ਕਲਾ ਆਪੇ ਸਮਰਥ, ਅਕਲ ਕਲ ਹੋ ਜਾਈਆ । ਆਪ ਚਲਾਇਆ ਆਪਣਾ ਰਥ, ਆਪੇ ਰਿਹਾ ਭਵਾਈਆ । ਬਵੰਜਾ ਸਾਲ ਨੱਠ ਨੱਠ, ਕਾਇਆ ਚੋਲਾ ਇਕ ਹੰਡਾਈਆ । ਹਰਿਜਨ ਸਾਚੇ ਦਿਤੀ ਵੱਥ, ਸੰਤ ਮਨੀ ਸਿੰਘ ਇਕ ਪੜ੍ਹਾਈਆ । ਗੁਰਮੁਖ ਚਰਨ ਦਵਾਰੇ ਗਿਆ ਢੱਠ, ਪੂਰਬ ਲਹਿਣਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਲ ਬਵੰਜਾ ਬਾਵਨ ਰੂਪ ਵਟਾਈਆ । ਸਾਲ ਬਵੰਜਾ ਬਾਵਨ ਧਾਰ, ਭੇਖੀ ਭੇਖ ਵਟਾਇਆ । ਪੰਚਮ ਮੀਤਾ ਪੰਚਮ ਜੇਠਾ ਪੰਚਮ ਹੋਇਆ ਖ਼ਬਰਦਾਰ, ਪੰਚਮ ਗਿਆ ਮੁਖ ਛੁਪਾਇਆ । ਕੌੜਾ ਰੀਠਾ ਬਣ ਸੰਸਾਰ, ਆਪਣਾ ਰਸ ਨਾ ਕਿਸੇ ਚਖਾਇਆ । ਗੁਰਮੁਖ ਵਿਰਲੇ ਲਾਗਾ ਮੀਠਾ, ਜਿਸ ਜਨ ਆਪਣੀ ਦਇਆ ਕਮਾਇਆ । ਆਪੇ ਠੰਡਾ ਆਪੇ ਸੀਤਾ, ਅਗਨੀ ਤੱਤ ਆਪ ਜਲਾਇਆ । ਆਪੇ ਜਾਣੇ ਆਪਣੀ ਰੀਤਾ, ਆਪਣਾ ਤਨ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਪਹਿਲਾ ਰੂਪ ਨਿਰੰਕਾਰ ਨਿਰਾਕਾਰ, ਦੂਜੇ ਸਰਗੁਣ ਵੇਸ ਵਟਾਇਆ । ਦੋਹਾਂ ਵਿਚੋਂ ਵਸਿਆ ਬਾਹਰ, ਦੋਆਂ ਲਏ ਉਪਜਾਇਆ । ਤਿੰਨੇ ਸਿਫ਼ਰੇ ਕਰ ਤਿਆਰ, ਤਿੰਨਾਂ ਲੋਕਾਂ ਖ਼ਾਕ ਮਿਲਾਇਆ । ਲੋਕਮਾਤ ਦਸ ਦਵਾਰ, ਦਸ ਦਵਾਰ ਆਪਣੇ ਹੱਥ ਰਖਾਇਆ । ਦੋਹਾਂ ਜੋੜ ਕਰੇ ਸੰਸਾਰ, ਬੀਸ ਬੀਸ ਨਾਮ ਧਰਾਇਆ । ਬੀਸ ਸੌ ਹੋ ਤਿਆਰ, ਸੋਹਣਾ ਰੰਗ ਰੰਗਾਇਆ । ਬਵੰਜਾ ਧਾਰੀ ਚੋਲਾ ਪਾੜ, ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਸਾਲ ਬਵੰਜਾ ਤੁਟਾ ਨਾਤਾ, ਘਰ ਸਾਚੇ ਮੇਲ ਮਿਲਾਇਆ । ਆਪੇ ਮੇਲਾ ਪੁਰਖ ਬਿਧਾਤਾ, ਆਪੇ ਖੇਲ ਖਿਲਾਇਆ । ਆਪਣਾ ਖੇਲ ਆਪੇ ਜਾਤਾ, ਲੇਖਾ ਲੇਖ ਨਾ ਕੋਇ ਲਿਖਾਇਆ । ਆਪਣਾ ਜਾਣੇ ਆਪੇ ਬਾਕਾ, ਲਹਿਣਾ ਦੇਣਾ ਰਿਹਾ ਚੁਕਾਇਆ । ਆਪਣਾ ਪੜਦਾ ਆਪੇ ਢਾਕਾ, ਆਪੇ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦਿਤਾ ਵਰ, ਲੋਕਮਾਤ ਦਏ ਵਡਿਆਇਆ । ਬੀਸ ਸਹੰਸਰ ਹੋ ਤਿਆਰ, ਬੀਸ ਸਦ ਜੋੜ ਜੁੜਾਇਆ । ਕਰਿਆ ਖੇਲ ਪੁਰਖ ਕਰਤਾਰ, ਲੋਕਮਾਤ ਦਏ ਤਜਾਇਆ । ਆਪੇ ਜਾਣੇ ਆਪਣਾ ਕੌਲ ਇਕਰਾਰ, ਆਪੇ ਪੂਰ ਕਰਾਇਆ । ਨਿਰਗੁਣ ਜੋਤੀ ਹੋ ਉਜਿਆਰ, ਸਰਗੁਣ ਡੇਰਾ ਲਾਇਆ । ਨਾ ਮਰੇ ਨਾ ਜੰਮੇ ਵਿਚ ਸੰਸਾਰ, ਹੱਥ ਕਿਸੇ ਨਾ ਆਇਆ । ਸੁਹਾਏ ਸਾਚਾ ਧਾਮ ਬੰਕ ਦਵਾਰ, ਘਰ ਘਰ ਵਿਚ ਆਪ ਟਿਕਾਇਆ । ਉਪਰ ਚੜ੍ਹ ਸੱਚੀ ਸਰਕਾਰ, ਸਚ ਤਖ਼ਤ ਸੁਲਤਾਨ ਆਸਣ ਲਾਇਆ । ਸਾਚਾ ਭੂਪ ਬਣਿਆ ਸਚ ਸਿਕਦਾਰ, ਸਾਚਾ ਹੁਕਮ ਸੁਣਾਇਆ । ਏਕਾ ਬੋਲਾ ਇਕ ਜੈਕਾਰ, ਏਕਾ ਢੋਲਾ ਗਾਇਆ । ਖੋਲ੍ਹੇ ਬੰਦ ਬੰਦ ਕਿਵਾੜ, ਸੋਇਮ ਰੂਪ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਸੁਣਾਇਆ । ਏਕਾ ਸ਼ਬਦ ਬ੍ਰਹਮ

ਪਾਰਬ੍ਰਹਮ, ਆਪਣਾ ਆਪ ਸੁਣਾਇੰਦਾ । ਵੀਹ ਸੌ ਬਿਕ੍ਰਮੀ ਪੁਰਖ ਅਕਾਲ ਆਪਣੇ ਘਰ ਆਪ ਪਿਆ ਜੰਮ, ਮਾਤ ਪਿਤ ਨਾ ਕੋਇ ਰਖਾਇੰਦਾ । ਆਪੇ ਘੜੇ ਆਪੇ ਦਏ ਭੰਨ, ਆਪੇ ਆਪ ਉਪਜਾਇੰਦਾ । ਆਪੇ ਬੇੜਾ ਰਿਹਾ ਬੰਨ, ਬੇੜਾ ਆਪਣਾ ਆਪ ਰੁੜ੍ਹਾਇੰਦਾ । ਆਪੇ ਭਾਰ ਉਠਾਏ ਕੰਨ੍ਹ, ਆਪੇ ਪੈਰਾਂ ਹੇਠ ਦਬਾਇੰਦਾ । ਆਪੇ ਜਨਨੀ ਜਨੇ ਜਨ, ਆਪੇ ਗਿਆਨ ਦ੍ਰਿੜ੍ਹਾਇੰਦਾ । ਆਪੇ ਵਸੇ ਪੰਜ ਤੱਤ ਤਨ, ਆਪੇ ਖ਼ਾਕੀ ਖ਼ਾਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪ ਦ੍ਰਿੜ੍ਹਾਇੰਦਾ । ਆਪਣਾ ਨਾਮ ਆਪੇ ਧਰ, ਆਪਣੀ ਕਲ ਵਰਤਾਈਆ । ਆਪਣੀ ਮਰਨੀ ਆਪੇ ਮਰ, ਆਪਣੇ ਵਿਚ ਗਿਆ ਸਮਾਈਆ । ਆਪਣੀ ਅਗਨੀ ਆਪੇ ਸੜ, ਆਪਣਾ ਤੱਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਵਨ ਬਾਵਨ ਖੇਲ ਖਿਲਾਈਆ । ਪੰਜ ਤੱਤ ਛੱਡਿਆ ਚੋਲਾ, ਪਾਰਬ੍ਰਹਮ ਖੇਲ ਖਿਲਾਇਆ । ਏਕਾ ਗਾਇਆ ਸਾਚਾ ਢੋਲਾ, ਢੋਲਕ ਛੈਣਾ ਨਾ ਕੋਇ ਵਜਾਇਆ । ਏਕਾ ਕੰਡੇ ਤੋਲਿਆ ਤੋਲਾ, ਨਾਨਕ ਤੋਲਾ ਇਕ ਰਖਾਇਆ । ਇਕ ਦਵਾਰੇ ਹੋਇਆ ਗੋਲਾ, ਗੁਰਸਿਖ ਸਾਚਾ ਇਕ ਬਣਾਇਆ । ਸੋਹੰ ਸ਼ਬਦ ਗਾਏ ਬੋਲਾ, ਮੈਂ ਤੂੰ ਰਹੇ ਨਾ ਰਾਇਆ । ਸਤਿਗੁਰ ਪੂਰਾ ਵਸਿਆ ਕੋਲਾ, ਵਿਛੜ ਕਦੇ ਨਾ ਜਾਇਆ । ਕਲਜੁਗ ਅੰਤਮ ਮਾਰਿਆ ਰੌਲਾ, ਚਾਰੇ ਵਰਨਾਂ ਦਏ ਭੁਲਾਇਆ । ਗੋਬਿੰਦ ਤੇਰਾ ਕੀਤਾ ਪੂਰਾ ਕੌਲਾ, ਸੰਬਲ ਨਗਰੀ ਡੇਰਾ ਲਾਇਆ । ਗੁਰਮੁਖਾਂ ਅੰਮ੍ਰਿਤ ਪੌਹਲ ਦੇਵੇ ਪੌਹਲਾ, ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇਆ । ਪਹਿਲੇ ਸਾਲ ਵੰਡੀ ਵੰਡ, ਬੀਸ ਇਕ ਵਡਿਆਇਆ । ਖੇਲੇ ਖੇਲ ਵਿਚ ਬ੍ਰਹਿਮੰਡ, ਗੁਰਮੁਖ ਸਾਜਣ ਮੇਲ ਮਿਲਾਇਆ । ਆਪੇ ਢਕੀ ਨੰਗੀ ਕੰਡ, ਸਤਿ ਸਰੂਪੀ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਰੂਪ ਆਪ ਹੋ ਜਾਇਆ । ਦੂਜਾ ਤੀਜਾ ਏਕਾ ਰੰਗ, ਏਕਾ ਨੈਣ ਦਰਸਾਇਆ । ਚੌਥੇ ਪਦ ਮੰਗੀ ਮੰਗ, ਹਰਿਜਨ ਡੇਰਾ ਲਾਇਆ । ਪੰਚਮ ਕਰੇ ਖੰਡ ਖੰਡ, ਪੰਚਮ ਦਰ ਸੁਹਾਇਆ । ਛੇਵੇਂ ਘਰ ਹਰਿ ਨਰ ਆਪੇ ਪਾਏ ਆਪਣੀ ਵੰਡ, ਆਪਣਾ ਦਰ ਸੁਹਾਇਆ । ਸੱਤਵੇਂ ਸਤਿਵਾਦ ਹਰਿ ਬ੍ਰਹਿਮਾਦਿ, ਆਦਿ ਜੁਗਾਦਿ ਸਤਿ ਸਰੂਪ ਸਮਾਇਆ । ਅੱਠਵੇਂ ਅੱਠਾਂ ਤੱਤਾਂ ਵੱਜੇ ਨਾਦ, ਏਕਾ ਰਾਗ ਸੁਣਾਇਆ । ਨੌਂ ਦਰ ਫੀਕੇ ਹੋਇਣ ਵਿਸਮਾਦ, ਨੌਂ ਦਰ ਪੰਧ ਚੁਕਾਇਆ । ਦਸਵਾਂ ਸਾਜਣ ਆਪੇ ਸਾਜ, ਲੋਕਮਾਤ ਵੇਖ ਵਖਾਇਆ । ਇਕ ਦਸ ਯਾਰਾਂ ਕਰੇ ਕਾਜ, ਸਾਢੇ ਤਿੰਨ ਹੱਥ ਬਣਤ ਬਣਾਇਆ । ਨੌਂ ਦਵਾਰ ਮਾਰੇ ਵਾਜ, ਦਸਵਾਂ ਦਰ ਸੁਹਾਇਆ । ਵੀਹ ਸਦ ਬਾਰਾਂ ਹਰਿ ਨਿਰੰਕਾਰਾ ਹੱਥ ਵਿਚ ਲੈ ਕੇ ਸਾਚਾ ਤਾਜ, ਗੁਰਸਿਖਾਂ ਸੀਸ ਪਹਿਨਾਇਆ । ਸਤਾਰਾਂ ਹਾੜ੍ਹੀ ਧੁਰ ਦਰਗਾਹੀ ਦਏ ਸਾਚਾ ਰਾਜ, ਦਰਗਹਿ ਸਾਚੀ ਧਾਮ ਸੁਹਾਇਆ । ਸਾਚਾ ਕਰਿਆ ਆਪੇ ਕਾਜ, ਆਪ ਆਪਣਾ ਖੇਲ ਖਿਲਾਇਆ । ਪਰਗਟ ਜੋਤ ਦੇਸ ਮਾਝ, ਪੁਰੀ ਘਨਕ ਨਾਮ ਧਰਾਇਆ । ਸੰਮਤ ਤੇਰਾਂ ਖੋਲ੍ਹਿਆ ਪਾਜ, ਸਾਧਾਂ ਸੰਤਾਂ ਦਏ ਹਿਲਾਇਆ । ਸ਼ਾਹ ਸੁਲਤਾਨਾਂ ਡੁੱਬਾ ਜਹਾਜ਼, ਨਾ ਕੋਈ ਬੇੜਾ ਰਿਹਾ ਚਲਾਇਆ । ਸੰਮਤ ਚੌਦਾਂ ਏਕਾ ਇਕੀ ਦਿਤਾ ਦਾਜ, ਗੁਰਮੁਖ ਸਾਚੇ ਲਏ ਪਰਨਾਇਆ । ਆਪ ਤਜਾਈ ਲੋਕ ਲਾਜ, ਚਾਰੇ ਵਰਨਾਂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਜੇਠ ਦਏ ਵਡਿਆਇਆ । ਪੰਚਮ ਜੇਠ ਸਿੰਘ ਸ਼ੇਰ, ਸ਼ੇਰ ਸਿੰਘ ਅਖਵਾਇੰਦਾ । ਬਵੰਜਾ ਸਾਲ ਨਾ ਬੁੱਕਿਆ ਰਿਹਾ ਘੁੱਪ ਘੇਰ, ਅੰਧ ਅੰਧੇਰ ਮੁਖ ਛੁਪਾਇੰਦਾ । ਬਾਵਨ ਬਾਵਨ ਕਰਿਆ

ਹੇਰ ਫੇਰ, ਭੇਵ ਕੋਇ ਨਾ ਪਾਇੰਦਾ । ਆਪੇ ਪਰਗਟਿਆ ਦੂਜੀ ਵੇਰ, ਨਿਹਕਲੰਕ ਨਾਉਂ ਰਖਾਇੰਦਾ । ਨਾ ਕੋਈ ਤੱਕੜ ਚੜ੍ਹਾਏ ਵੱਟਾ ਸੇਰ, ਗੁਣ ਅਵਗੁਣ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਹਰਿ ਉਜਿਆਰਾ, ਆਪਣਾ ਰੂਪ ਵਟਾਇਆ । ਨਾਮ ਖੰਡਾ ਲੈ ਕਟਾਰਾ, ਲੋਕਮਾਤ ਉਠ ਧਾਇਆ । ਆਪੇ ਵੇਖੇ ਧਾਮ ਨਿਆਰਾ, ਆਪੇ ਮੇਲ ਮਿਲਾਇਆ । ਆਪੇ ਕਰੇ ਪਿਆਰ ਸੁੱਤ ਦੁਲਾਰਾ, ਗੋਬਿੰਦ ਸ਼ਬਦੀ ਵੇਖ ਵਖਾਇਆ । ਆਪੇ ਆਪਣਾ ਕਰ ਜੈਕਾਰਾ, ਆਪਣਾ ਨਾਉਂ ਧਰਾਇਆ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਹੰ ਬ੍ਰਹਮ ਪੰਜ ਤੱਤ ਨਾਉਂ ਧਰਾਇਆ । ਸ਼ੇਰ ਸਿੰਘ ਸ਼ੇਰ ਮਾਰ ਲਲਕਾਰਾ, ਸ਼ਾਹ ਸ਼ੇਰ ਆਪ ਹੋ ਆਇਆ । ਵਿਸ਼ਨੂੰ ਰੂਪ ਕਰ ਸਾਕਾਰਾ, ਭਗਵਨ ਨਿਰਗੁਣ ਜੋਤ ਵਿਚ ਜਗਾਇਆ । ਤਿੰਨਾਂ ਲੋਕਾਂ ਵਸਿਆ ਬਾਹਰਾ, ਜੈ ਜੈ ਜੈਕਾਰ ਆਪਣੀ ਆਪੇ ਗਾਇਆ । ਨਾ ਕੋਈ ਓਟ ਰੱਖੀ ਵਿਚ ਸੰਸਾਰ, ਨਾ ਇਸ਼ਟ ਕੋਈ ਮਨਾਇਆ । ਆਪੇ ਗੁਰੂ ਪੀਰ ਅਵਤਾਰ, ਪਾਰਬ੍ਰਹਮ ਆਪ ਅਖਵਾਇਆ । ਆਪੇ ਨਿਰਗੁਣ ਜੋਤ ਉਜਿਆਰ, ਆਪੇ ਹਰ ਘਟ ਜੋਤ ਨਿਰੰਜਣ ਦੀਪਕ ਰਿਹਾ ਜਗਾਇਆ । ਆਪੇ ਸ਼ਬਦ ਸੱਚੀ ਧੁਨਕਾਰ, ਧੁਨ ਅਨਾਦ ਰਿਹਾ ਵਜਾਇਆ । ਆਪੇ ਸਰ ਸਰੋਵਰ ਅੰਮ੍ਰਿਤ ਭਰੇ ਭੰਡਾਰ, ਆਪੇ ਰਿਹਾ ਵਰਤਾਇਆ । ਆਪੇ ਸਰਬ ਬਣ ਸਿਕਦਾਰ, ਆਪਣਾ ਹੁਕਮ ਚਲਾਇਆ । ਆਪੇ ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਸੰਤ ਭਗਤ ਜੁਗ ਜੁਗ ਵਿਛੜੇ ਜਾਏ ਤਾਰ, ਪਿਛਲਾ ਕੀਤਾ ਪੂਰ ਕਰਾਇਆ । ਗੁਰਸਿਖ ਨਾਰ ਨੌਜਵਾਨ ਸਦਾ ਮੁਟਿਆਰ, ਗੁਰ ਕਾ ਜੋਬਨ ਰਹੀ ਹੰਢਾਇਆ । ਸਤਿਗੁਰ ਪੂਰਾ ਕਰੇ ਸ਼ਿੰਗਾਰ, ਸੋਲਾਂ ਸ਼ਿੰਗਾਰ ਇਕ ਵਖਾਇਆ । ਸੀਸ ਗੁੰਦੇ ਪਹਿਲੀ ਵਾਰ, ਕਲਜੁਗ ਵੇਲਾ ਅੰਤਮ ਆਇਆ । ਨਾਮ ਪਾਇਆ ਕਜਲਾ ਧਾਰ, ਨਿਕਲ ਕਦੇ ਨਾ ਜਾਇਆ । ਹੱਥੀਂ ਮੈਂਹਦੀ ਲਾਲ ਗੁਲਾਲ, ਆਪਣਾ ਰੰਗ ਚੜ੍ਹਾਇਆ । ਅਨਹਦ ਢੋਲਕ ਵਜਾਏ ਤਾਲ, ਸਾਚਾ ਤਾਲ ਸੁਣਾਇਆ । ਸਾਚੀ ਸਖੀਆਂ ਫੜਿਆ ਥਾਲ, ਗਗਨ ਮੰਡਲ ਇਕ ਵਖਾਇਆ । ਰਵ ਸਸ ਦੀਪਕ ਬਾਲ, ਆਪਣੀ ਹੱਥੀਂ ਟਿਕਾਇਆ । ਆਪਣੇ ਹੱਥ ਫੜ ਮਸਾਲ, ਆਦਿ ਨਿਰੰਜਣ ਲੋਕਮਾਤ ਆਪ ਆਇਆ । ਪਿਛਲਾ ਕੌਲ ਰਿਹਾ ਪਾਲ, ਆਪਣਾ ਮੇਲਾ ਆਪ ਮਿਲਾਇਆ । ਪੁਰਖ ਅਕਾਲ ਮਾਰੀ ਆਪਣੀ ਛਾਲ, ਏਕਾ ਚਰਨ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਤੇਰਾ ਰੰਗ, ਦਾਤਾ ਦਾਨੀ ਸੂਰਾ ਸਰਬੰਗ, ਗੁਰਮੁਖਾਂ ਰਿਹਾ ਚੜ੍ਹਾਇਆ । ਸੰਮਤ ਚੌਦਾਂ ਘਰ ਘਰ ਫੇਰਾ, ਏਕਾ ਇਕਾ ਜੋੜ ਜੁੜਾਇਆ । ਪਿਛਲਾ ਕੀਆ ਹੱਕ ਨਿਬੇੜਾ, ਅੱਗੇ ਮਾਰਗ ਪਾਇਆ । ਵਸਦਾ ਰਹੇ ਕਾਇਆ ਖੇੜਾ, ਜਿਸ ਜਨ ਦਰਸ਼ਨ ਪਾਇਆ । ਦੋ ਜਹਾਨੀ ਬੰਨੇ ਬੇੜਾ, ਰਾਏ ਧਰਮ ਨਾ ਦਏ ਸਜ਼ਾਇਆ । ਚਰਨ ਦਵਾਰ ਵਖਾਏ ਖੁਲ੍ਹਾ ਵਿਹੜਾ, ਹਰਿ ਸਾਚੇ ਆਪ ਖੁਲ੍ਹਾਇਆ । ਗੇੜਨਹਾਰਾ ਉਲਟਾ ਗੇੜਾ, ਆਪਣਾ ਗੇੜਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਰ ਕਰ ਪਿਆਰ, ਘਰ ਸਾਚੇ ਰਿਹਾ ਸੁਹਾਇਆ । ਗੁਰਮੁਖ ਨਾਰੀ ਸਚ ਸਵਾਣੀ, ਘਰ ਸਾਚੇ ਆਪ ਸੁਹਾਈਆ । ਦਰ ਘਰ ਬਣੀ ਸਾਚੀ ਰਾਣੀ, ਸਾਚੇ ਸ਼ਾਹੋ ਨਾਲ ਪਰਨਾਈਆ । ਮਿਲਿਆ ਮੇਲ ਹਾਣੀਆਂ ਹਾਣੀ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਸਰਬ ਕੁਰਲਾਣੀ, ਬਿਰਹੋਂ ਪੀੜ ਲਗਾਈਆ । ਭਰਮੇ ਭੁਲੀ ਚਾਰੇ ਖਾਣੀ, ਚਾਰੇ ਬਾਣੀ ਨਾ ਕੋਇ ਪੜ੍ਹਾਈਆ । ਨਾਤਾ ਤੁਟਾ ਪਦ ਨਿਰਬਾਣੀ, ਪਰਮ ਪੁਰਖ ਨਾ ਕੋਇ ਮਿਲਾਈਆ ।


੪੯੩ ੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਚੇ ਲਏ ਵਰ, ਸੋਭਾਵੰਤੀ ਨਾਰ ਇਕ ਵਖਾਈਆ । ਸੋਭਾਵੰਤੀ ਨਾਰ ਸੁਹਾਗਣ, ਹਰਿ ਹਰਿ ਕੰਤ ਹੰਢਾਇਆ । ਪੁਰਖ ਅਬਿਨਾਸ਼ੀ ਬਣ ਵੈਰਾਗਣ, ਆਪੇ ਵੇਖਣ ਆਇਆ । ਗੁਰਮੁਖ ਵਿਰਲੇ ਸੰਤ ਜਾਗਣ, ਸ੍ਰਿਸ਼ਟ ਸਬਾਈ ਰਿਹਾ ਸਵਾਇਆ । ਨਾ ਕੋਈ ਦਿਸੇ ਨਾਲ ਲਾਗਣ, ਨਾ ਕੋਈ ਰੱਖਿਆ ਰਹੀ ਕਰਾਇਆ । ਨਾ ਕੋਈ ਪੱਲੇ ਬੱਧਾ ਦਾਜਨ, ਨਾ ਕੋਈ ਭਾਰ ਉਠਾਇਆ । ਦੇਸ ਮਾਝ ਮਾਰੇ ਵਾਜਣ, ਅੰਕ ਸਹੇਲੜੀਆਂ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਕਰ ਪਿਆਰ, ਸਾਚਾ ਸਗਨ ਮਨਾਇਆ । ਉਠ ਸਵਾਣੀ ਜਗਤ ਅਨਭੋਲ, ਹਰਿ ਸਤਿਗੁਰ ਆਪ ਉਠਾਇੰਦਾ । ਕਲਜੁਗ ਲੈਣ ਆਇਆ ਤੈਨੂੰ ਤੇਰਾ ਤੇਰੇ ਕੋਲ, ਤੇਰਾ ਅੰਗ ਰਖਾਇੰਦਾ । ਤ੍ਰਿਲੋਕੀ ਆਪੇ ਰਿਹਾ ਫੋਲ, ਆਪ ਆਪਣਾ ਪੜਦਾ ਲਾਹਿੰਦਾ । ਤੇਰੇ ਮੰਦਰ ਵਜਾਏ ਢੋਲ, ਸੋਹੰ ਡੱਗਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਸੁਣਾਇੰਦਾ । ਗੁਰਸਿਖ ਨਾਰੀ ਲੈ ਅੰਗੜਾਈ, ਰੋ ਰੋ ਨੀਰ ਵਹਾਇਆ । ਇਕੀ ਸਿਖ ਰਹੇ ਕੁਰਲਾਈ, ਚਰਨ ਧਿਆਨ ਲਗਾਇਆ । ਕਲਜੁਗ ਅਗਨੀ ਇਕ ਤਪਾਈ, ਪੰਜ ਤੱਤ ਲੰਬੂ ਲਾਇਆ । ਠੰਡਾ ਠਾਰ ਨਾ ਕੋਇ ਕਰਾਈ, ਧੀਰਜ ਧੀਰ ਨਾ ਕੋਇ ਧਰਾਇਆ । ਮਾਇਆ ਮਮਤਾ ਮੋਹ ਰਹੇ ਸਤਾਈ, ਕਾਮ ਕਰੋਧ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਏਕਾ ਸ਼ਬਦ ਸੁਣਾਇਆ । ਏਕਾ ਸ਼ਬਦ ਹਰਿ ਜਣਾ, ਆਪਣੀ ਦਇਆ ਕਮਾਇੰਦਾ । ਤੇਰੀ ਪਿਆਸ ਦਏ ਬੁਝਾ, ਤੇਰੀ ਤ੍ਰਿਖਾ ਮਿਟਾਇੰਦਾ । ਤੇਰਾ ਰੰਗ ਦਏ ਵਖਾ, ਤੇਰੇ ਰੰਗ ਰੰਗਾਇੰਦਾ । ਤੇਰਾ ਸੰਗ ਦਏ ਨਿਭਾ, ਸਗਲਾ ਸੰਗ ਤਜਾਇੰਦਾ । ਤੇਰੇ ਬਸਤਰ ਤਨ ਦਏ ਸਜਾ, ਲੱਖ ਚੁਰਾਸੀ ਖ਼ਾਕ ਰੁਲਾਇੰਦਾ । ਤੇਰੀ ਅਲਫ਼ੀ ਤੇਰੇ ਗਲ ਦਏ ਪਾ, ਏਕਾ ਚੋਲੀ ਰੰਗ ਰੰਗਾਇੰਦਾ । ਤੇਰਾ ਹਲਫ਼ ਆਪ ਰਿਹਾ ਉਠਾ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਨਾਰੀ ਬੁਝਾਏ ਪਿਆਸ, ਆਪੇ ਹੋਏ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਗੁਰਸਿਖ ਤੇਰੀ ਪਿਆਸ ਬੁਝੌਣੀ, ਹਰਿ ਸਾਚੇ ਰਚਨ ਰਚਾਈਆ । ਵੀਹ ਸਦ ਪੰਦਰਾਂ ਖੇਲ ਖਲੌਣੀ, ਗੁਰਮੁਖਾਂ ਦਏ ਵਡਿਆਈਆ । ਨਿਰਗੁਣ ਜੋਤ ਇਕ ਜਗੌਣੀ, ਸਚਖੰਡ ਵੱਜੇ ਵਧਾਈਆ । ਬ੍ਰਹਮ ਪੁਰੀ ਹਰਿ ਖੇਲ ਖਿਲੌਣੀ, ਸ਼ਿਵ ਪੁਰ ਰਚਨ ਰਚਾਈਆ । ਕਰੋੜ ਤੇਤੀਸ ਇਕ ਸੁਣੌਣੀ, ਸੁਰਪਤ ਰਾਜਾ ਇੰਦ ਜਗਾਈਆ । ਚੌਦਾਂ ਲੋਕ ਚੋਗ ਚੁਗੌਣੀ, ਆਪਣੇ ਹੱਥ ਰੱਖੇ ਵਡਿਆਈਆ । ਨੌ ਖੰਡ ਰਚਨ ਰਚੌਣੀ, ਆਪ ਆਪਣੀ ਕਰੇ ਕਿਰਤ ਕਮਾਈਆ । ਸੱਤਾਂ ਦੀਪਾਂ ਏਕਾ ਧਾਰ ਬਣੌਣੀ, ਏਕਾ ਸ਼ਬਦ ਕਰੇ ਕੁੜਮਾਈਆ । ਦੋ ਸੱਤ ਛੇ ਏਕਾ ਤੰਦ ਬੰਧੌਣੀ, ਵੀਹ ਸਦ ਪੰਦਰਾਂ ਵਡ ਵਡਿਆਈਆ । ਇਕੀ ਸਿਖਾਂ ਹਰਿ ਸਾਚੀ ਜੰਞ ਚੜ੍ਹੌਣੀ, ਸਾਚਾ ਸਗਨ ਮਨਾਈਆ । ਅਠ ਸਠ ਤੀਰਥ ਫੇਰੀ ਪੌਣੀ, ਅਠਸਠ ਦਿਵਸ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਅਠਸਠ ਤੀਰਥ ਫੇਰਾ ਪਾਇਆ, ਅਠਸਠ ਖੇਲ ਖਿਲਾਇੰਦਾ । ਮੰਦਰ ਮੱਠ ਵੇਖ ਵਖਾਇਆ, ਗੁਰੂਦਵਾਰੇ ਸੰਗ ਰਲਾਇੰਦਾ । ਪਿਛਲਾ ਲੇਖਾ ਆਪਣੀ ਝੋਲੀ ਪਾਇਆ, ਲਹਿਣਾ ਮੂਲ ਨਾ ਕੋਈ ਵਖਾਇੰਦਾ । ਗੰਗਾ ਜਮਨਾ ਸੁਰਸਤੀ ਚਰਨਾਂ ਵਿਚ ਰਖਾਇਆ, ਆਪੇ ਆਪਣੀ ਸੇਵਾ ਲਾਇੰਦਾ । ਰਵਦਾਸ ਚੁਮਾਰਾ ਇਕ ਉਠਾਇਆ, ਸੱਜਾ ਹੱਥ ਉਠਾਇੰਦਾ । ਤਿੰਨਾਂ ਗਾਨਾ

ਆਪ ਬੰਨਾਇਆ, ਆਪਣਾ ਬੰਧਨ ਪਾਇੰਦਾ । ਗੁਰਮੁਖ ਵਿਚੋਲਾ ਇਕ ਰਖਾਇਆ, ਦੋ ਜਹਾਨਾਂ ਫੇਰੀ ਪਾਇੰਦਾ । ਉਚੇ ਘਾਟ ਸੋਹਲਾ ਗਾਇਆ, ਸੋਹੰ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨੀਰ ਜਗਤ ਸੀਰ ਆਪੇ ਖਿਚ ਵਖਾਇੰਦਾ । ਰਵਦਾਸ ਖਿਚੀ ਡੋਰ, ਗੁਰਮੁਖ ਵਡ ਵਡਿਆਈਆ । ਗੰਗਾ ਸੁਰਸਤੀ ਜਮਨਾ ਤਿੰਨੇ ਅੱਗੇ ਲਈਆਂ ਤੋਰ, ਪ੍ਰਭ ਚਰਨ ਦਵਾਰ ਬਹਾਈਆ । ਰੋ ਰੋ ਨੇਤਰ ਪਾਇਣ ਸ਼ੋਰ, ਦਿਨ ਦਿਹਾੜੇ ਰਹੀ ਕੁਰਲਾਈਆ । ਇਕੀ ਸਿਖਾਂ ਵਖਾਇਆ ਆਪਣਾ ਜ਼ੋਰ, ਆਪਣੇ ਅੰਗ ਰਹੇ ਹਲਾਈਆ । ਚੌਥੇ ਯੁਗ ਜਗਤ ਰਾਣੀ ਫੜ ਬਾਂਹੋਂ ਅੱਗੇ ਲਾਈ ਤੋਰ, ਨਾ ਸਕੇ ਕੋਇ ਛੁਡਾਈਆ । ਪੁਰਖ ਅਬਿਨਾਸ਼ੀ ਚੜ੍ਹਿਆ ਸਾਚੇ ਘੋੜ, ਵਾਗ ਸਿਖਾਂ ਹੱਥ ਫੜਾਈਆ । ਨੌ ਖੰਡ ਪ੍ਰਿਥਮੀ ਰਿਹਾ ਹੋੜ, ਏਕਾ ਘੋੜਾ ਆਪ ਦੌੜਾਈਆ । ਬਿਨ ਹਰਿ ਲੱਗੀ ਨਾ ਨਿਭੇ ਕਿਸੇ ਤੋੜ, ਕਲਜੁਗ ਨਾਤਾ ਦਏ ਤੁੜਾਈਆ । ਜੂਠ ਝੂਠ ਆਪੇ ਦੇਵੇ ਰੋੜ੍ਹ, ਗੁਰਮੁਖ ਰਹੇ ਧੱਕਾ ਲਾਈਆ । ਇਕੀ ਸਿਖਾਂ ਫੜੇ ਅਠਸਠ ਚੋਰ, ਤਿੰਨ ਤਿੰਨ ਇਕ ਇਕ ਹੱਥ ਫੜਾਈਆ । ਪੰਜਾਂ ਆਪੇ ਰਿਹਾ ਮਰੋੜ, ਏਕਾ ਵਟਣਾ ਆਪਣੇ ਹੱਥੀਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਪੰਦਰਾਂ ਖੇਲ ਕਰ, ਖੇਲਣਹਾਰ ਭੇਵ ਨਾ ਆਈਆ । ਜਮਨਾ ਸੁਰਸਤੀ ਇਕ ਦਵਾਰਾ, ਏਕਾ ਦਰ ਸੁਹਾਇਆ । ਧੁਰਦਰਗਾਹੀ ਸਾਚਾ ਲਾੜਾ, ਆਪੇ ਲੈ ਕੇ ਆਇਆ । ਇਕੀ ਸਿਖਾਂ ਲਾ ਅਖਾੜਾ, ਸੋਹੰ ਮੰਗਲ ਗਾਇਆ । ਸਗਨ ਮਨਾਏ ਰਵਦਾਸ ਚੁਮਾਰਾ, ਗੁਰਮੁਖ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਮਨਾਇਆ । ਸਾਚਾ ਹੁਕਮ ਹਰਿ ਨਿਰੰਕਾਰ, ਤਿੰਨਾਂ ਰਿਹਾ ਸੁਣਾਈਆ । ਗੰਗਾ ਆਪਣੀ ਕੱਢ ਧਾਰ, ਰੱਤੀ ਰੱਤ ਰਹਿਣ ਨਾ ਪਾਈਆ । ਸੁਰਸਤੀ ਅੰਦਰੋਂ ਔਣਾ ਬਾਹਰ, ਤੇਰਾ ਪੜਦਾ ਦਏ ਚੁਕਾਈਆ । ਜਮਨਾ ਖਿਲੌਣਾ ਅਧਵਿਚਕਾਰ, ਹੱਥ ਕਟੋਰਾ ਇਕ ਵਖਾਈਆ । ਤਿੰਨਾਂ ਪਿਆਲਾ ਭਰ ਭੰਡਾਰ, ਆਪਣੀ ਮੰਗ ਮੰਗਾਈਆ । ਕਲਜੁਗ ਲਹਿਣਾ ਉਤਰਿਆ ਪਾਰ, ਆਪਣੇ ਹੱਥ ਰੱਖੀ ਵਡਿਆਈਆ । ਗੁਰਸਿਖ ਨਾਰ ਰਹੀ ਪੁਕਾਰ, ਦਿਵਸ ਰੈਣ ਬਿਲਲਾਈਆ । ਜਗਤ ਤ੍ਰਿਸਨਾ ਕਰੇ ਖੁਵਾਰ, ਨਾ ਸਕੇ ਕੋਈ ਬੁਝਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੰਗਾ ਜਮਨਾ ਸੁਰਸਤੀ ਖਿਚੇ ਪਿਆਰ, ਗੁਰਮੁਖ ਤੇਰੇ ਆਤਮ ਅੰਤਰ ਏਕਾ ਰਸ ਚੁਆਈਆ । ਗੰਗਾ ਸੁਰਸਤੀ ਜਮਨਾ ਧਾਰ, ਗੁਰਸਿਖ ਤੇਰੇ ਹਿਰਦੇ ਆਪ ਟਿਕਾਈਆ । ਲੱਖ ਚੁਰਾਸੀ ਹੋਏ ਖੁਵਾਰ, ਸਾਚਾ ਸੀਰ ਨਾ ਕੋਇ ਪਿਆਈਆ । ਕਰਨੀ ਕਰਤਾ ਕਰੇ ਵਿਚਾਰ, ਪੂਰਬ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੋਦਾਵਰੀ ਚਰਨਾਂ ਹੇਠ ਦਬਾਈਆ । ਗੋਦਾਵਰੀ ਤੇਰਾ ਸਚ ਮਲਾਹ, ਹਰਿ ਸਾਚਾ ਆਪ ਅਖਵਾਇਆ । ਗੁਰਮੁਖਾਂ ਪਿਆਇਆ ਏਕਾ ਜਾਮ ਬੇਪਰਵਾਹ, ਤੇਰਾ ਰੂਪ ਵਟਾਇਆ । ਤੇਰਾ ਲਹਿਣਾ ਦਿਤਾ ਚੁਕਾ, ਗੁਰਮੁਖਾਂ ਝੋਲੀ ਪਾਇਆ । ਅੰਤਮ ਕੰਢਾ ਵੇਖਿਆ ਆ, ਹਰੀ ਦਵਾਰ ਚਰਨ ਛੁਹਾਇਆ । ਹਰਿ ਦਵਾਰ ਹਰਿ ਜੋਤ ਜਗਾ, ਸਾਚੀ ਸੰਗਤ ਲਏ ਤਰਾਇਆ । ਅੱਧਾ ਚਰਨ ਵਿਚ ਟਿਕਾ, ਅੱਧਾ ਬਾਹਰ ਰਖਾਇਆ । ਰਵਦਾਸ ਚੁਮਾਰਾ ਨੇਤਰ ਨੈਣ ਦਏ ਵਖਾ, ਜਗਤ ਕਸੀਰਾ ਤੰਦ ਬੰਧਾਇਆ । ਮਾਂਵਾਂ ਪੁੱਤਰਾਂ ਮੇਲ ਮਿਲਾ, ਲਹਿਣਾ ਦਏ ਮੁਕਾਇਆ । ਬਸਤਰ ਗਹਿਣਾ ਤਨ ਛੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤੀ ਭਗਤ ਦਏ ਵਡਿਆਇਆ । ਇਕ ਕਸੀਰਾ ਕੰਗਣ ਗਹਿਣਾ, ਰਵਦਾਸੇ ਵੰਡ ਵੰਡਾਈਆ । ਕਲਜੁਗ

ਅੰਤਮ ਵੇਖੇ ਨੈਣਾਂ, ਵਡ ਦਾਤਾ ਬੇਪਰਵਾਹੀਆ । ਕਿਸੇ ਨਾ ਰੱਖੇ ਕੋਇ ਲਹਿਣਾ, ਦੇਵੇ ਹਰਿ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਵਦਾਸ ਚੁਮਾਰੇ ਮੇਲ ਮਿਲਾਈਆ । ਰਵਦਾਸ ਚੁਮਾਰ ਗੰਗਾ ਨਾਤਾ, ਹਰਿ ਹਰਿ ਜੋੜ ਜੁੜਾਇਆ । ਚਾਰ ਵਰਨਾਂ ਏਕਾ ਜ਼ਾਤਾ, ਏਕਾ ਰੂਪ ਸਮਾਇਆ । ਏਕਾ ਸੇਜਾ ਏਕਾ ਖਾਟਾ, ਏਕਾ ਆਸਣ ਰਹੀ ਵਛਾਇਆ । ਏਕਾ ਅੰਮ੍ਰਿਤ ਏਕਾ ਬਾਟਾ, ਏਕਾ ਰਹੀ ਪਿਆਇਆ । ਏਕਾ ਤੀਰਥ ਏਕਾ ਤਾਟਾ, ਇਕ ਕਿਨਾਰਾ ਆਪ ਉਪਾਇਆ । ਏਕਾ ਵੇਖੇ ਅਠਸਾਠਾ, ਆਪ ਆਪਣਾ ਚਰਨ ਛੁਹਾਇਆ । ਆਪੇ ਲੋਕਮਾਤ ਖੋਲ੍ਹੇ ਹਾਟਾ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਆਪ ਚਲਾਇਆ । ਗੰਗਾ ਤੇਰਾ ਖਿਚਿਆ ਸੀਰ, ਨੀਰ ਰਹਿਣ ਨਾ ਪਾਈਆ । ਸ਼ਬਦ ਨਿਰਾਲਾ ਵੱਜਾ ਤੀਰ, ਤੁਰੀਆ ਧੀਰ ਨਾ ਕੋਇ ਧਰਾਈਆ । ਗੁਰਮੁਖ ਤੇਰੀ ਬੰਨ੍ਹੇ ਬੀੜ, ਅਗਲਾ ਘਰ ਖੁਲ੍ਹਾਈਆ । ਬਵੰਜਾ ਸਾਲ ਪੰਜ ਤੱਤ ਅਖ਼ੀਰ, ਕਲਜੁਗ ਲੇਖੇ ਲਾਈਆ । ਪੰਦਰਾਂ ਸਾਲ ਚੋਟੀ ਚੜ੍ਹ ਅਖ਼ੀਰ, ਆਪਣਾ ਮੁਖ ਛੁਪਾਈਆ । ਇਕੀ ਸਿਖਾਂ ਬੰਨ੍ਹੇ ਬੀੜ, ਸਾਚੀ ਸਿਖਿਆ ਇਕ ਸਮਝਾਈਆ । ਅੰਮ੍ਰਿਤ ਲਿਆਂਦਾ ਠੰਡਾ ਨੀਰ, ਗੁਰਸਿਖਾਂ ਅੱਗ ਬੁਝਾਈਆ । ਸੰਮਤ ਸੋਲਾਂ ਔਣੀ ਭੀੜ, ਹਰਿ ਆਪਣਾ ਵੇਸ ਵਟਾਈਆ । ਪਹਿਲੀ ਚੇਤਰ ਤੋੜ ਜ਼ੰਜੀਰ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਸੋਲਾਂ ਖੇਲ ਖਿਲਾਈਆ । ਬਵੰਜਾ ਸਾਲ ਪੰਜ ਤੱਤ, ਕਾਇਆ ਤੱਤ ਹੰਢਾਇਆ । ਸੋਲਾਂ ਸਾਲ ਏਕਾ ਤੱਤ, ਗੁਰਮੁਖ ਸਾਜਣ ਆਪ ਬੰਧਾਇਆ । ਬਵੰਜਾ ਸੋਲਾਂ ਹੋਏ ਅਠਸਠ, ਅਠਸਠ ਪੰਧ ਮੁਕਾਇਆ । ਪੰਚਮ ਜੇਠ ਹੋਏ ਭੱਠ, ਸਾਚਾ ਸਤਿ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਆਪਣਾ ਚੋਲਾ ਆਪ ਬਦਲਾਇਆ । ਪੰਚਮ ਜੇਠੀ ਚੋਲਾ ਛੱਡ, ਨਿਰਗੁਣ ਜੋਤ ਜਗਾਇੰਦਾ । ਪੰਦਰਾਂ ਸਾਲ ਆਪਣੇ ਆਪੇ ਕੱਢ, ਆਪਣਾ ਪੜਦਾ ਆਪ ਰਖਾਇੰਦਾ । ਸਾਲ ਸੋਲਵੇਂ ਹੋਇਆ ਵੱਡਾ ਵਡ, ਵਡ ਵਡਿਆਈ ਆਪ ਉਪਜਾਇੰਦਾ । ਗੁਰਸਿਖ ਸਾਚੇ ਕਲਜੁਗ ਅਗਨੀ ਵਿਚੋਂ ਕੱਢ, ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਹਰਿ ਜੀ ਹਰਿ ਵੇਸ ਵਟਾਇਆ, ਲੋਕਮਾਤ ਰੁਸ਼ਨਾਈਆ । ਆਪਣਾ ਸਿੰਘਾਸਣ ਆਪ ਤਜਾਇਆ, ਭੇਵ ਕੋਇ ਨਾ ਪਾਈਆ । ਸੰਮਤ ਚੌਦਾਂ ਬੀਸ ਸਦ ਪੰਚਮ ਜੇਠ ਮਨਾਇਆ, ਉਲਟਾ ਮੁਖ ਕਰਾਈਆ । ਵੀਹ ਸਦ ਪੰਦਰਾਂ ਪੰਚਮ ਜੇਠ ਹਰਿ ਸੰਗਤ ਸੰਗ ਰਲਾਇਆ, ਆਪਣਾ ਸਿੰਘਾਸਣ ਲਏ ਉਠਾਈਆ । ਘਰ ਬਾਰ ਆਪਣਾ ਦਏ ਤਜਾਇਆ, ਆਪਣੀ ਵਸਤ ਨਾ ਕੋਇ ਵਖਾਈਆ । ਸਾਲ ਪੰਦਰਾਂ ਵੀਹ ਸਦ ਗੁਰਸਿਖਾਂ ਸੇਵਾ ਰਿਹਾ ਕਮਾਇਆ, ਅਠਸਠ ਫੇਰੀ ਗਿਆ ਦੁਹਾਈਆ । ਵੀਹ ਸੌ ਸੋਲਾਂ ਪੰਚਮ ਜੇਠ ਦਿਵਸ ਸੁਹਾਇਆ, ਚਾਰ ਯੁਗ ਕੋਈ ਲੇਖਾ ਨਾ ਸਕੇ ਜਣਾਈਆ । ਪਹਿਲਾ ਤੱਤ ਆਪਣਾ ਪੰਜ ਭੇਟ ਚੜ੍ਹਾਇਆ, ਦੂਜੀ ਜੋਤ ਕਰੀ ਰੁਸ਼ਨਾਈਆ । ਤੀਜੇ ਲਹਿਣਾ ਦੇਣਾ ਜਗਤ ਚੁਕਾਇਆ, ਚੌਥੇ ਘਰ ਮੇਲਾ ਬੇਪਰਵਾਹੀਆ । ਪੰਚਮ ਮੀਤਾ ਨਜ਼ਰੀ ਆਇਆ, ਛੇਵਾਂ ਘਰ ਇਕ ਸਲਾਹੀਆ । ਸਤਿ ਸਤਿਵਾਦੀ ਖੇਲ ਖਿਲਾਇਆ, ਅਠਸਠ ਕਰੇ ਕੁੜਮਾਈਆ । ਨੌ ਦਰ ਨਾਤਾ ਦਏ ਤੁੜਾਇਆ, ਦਸਵਾਂ ਆਪ ਸੁਹਾਈਆ । ਇਕ ਗਿਆਰਾਂ ਡੰਡਾ ਆਪ ਚੜ੍ਹਾਇਆ, ਬਾਰਾਂ ਰਵ ਸਸ ਰਹੇ ਸ਼ਰਮਾਈਆ । ਤੇਰਾਂ ਤੇਰਾਂ ਤੋਲ ਤੁਲਾਇਆ, ਏਕਾ ਕੰਡਾ ਹੱਥ ਉਠਾਈਆ । ਚੌਦਾਂ


੪੯੬
੦੮

ਚੌਦਾਂ ਭਾਰ ਉਠਾਇਆ, ਗੁਰਸਿਖ ਹੌਲੇ ਭਾਰ ਰਖਾਈਆ । ਪੰਦਰਾਂ ਅੰਦਰਾਂ ਡੂੰਘੀ ਕੰਦਰਾਂ ਵੇਖ ਵਖਾਇਆ, ਅੱਠਾਂ ਸੱਠਾਂ ਵੇਖ ਵਖਾਈਆ । ਸੰਮਤ ਸੋਲਾਂ ਰਾਹ ਤਕਾਇਆ, ਪ੍ਰਭ ਵੇਖੇ ਚਾਈਂ ਚਾਈਆ । ਵਡ ਸੁਭਾਗੀ ਪੰਚਮ ਜੇਠ ਆਇਆ, ਹਰਿ ਸੰਗਤ ਦਏ ਵਧਾਈਆ । ਉਹਲਾ ਪੜਦਾ ਨਾ ਕੋਇ ਰਖਾਇਆ, ਖ਼ਾਲੀ ਹੱਥ ਰਿਹਾ ਵਖਾਈਆ । ਧੁਰ ਦੀ ਵਸਤ ਹਰਿਸੰਗਤ ਤੇਰੀ ਝੋਲੀ ਪਾਇਆ, ਏਕਾ ਸੋਹੰ ਨਾਮ ਜਪਾਈਆ । ਜੋਗ ਅਭਿਆਸ ਨਾ ਕੋਇ ਕਰਾਇਆ, ਨਾ ਕੋਈ ਨੈਣ ਮੁੰਧਾਈਆ । ਤਨ ਅਸ਼ਨਾਨ ਨਾ ਕੋਈ ਵਖਾਇਆ, ਚਰਨ ਧੂੜ ਇਕ ਵਖਾਈਆ । ਅੰਮ੍ਰਿਤ ਸਾਚਾ ਜਾਮ ਪਿਆਇਆ, ਅਠਸਠ ਵਰੋਲ ਧਰਾਈਆ । ਆਪਣਾ ਤਖ਼ਤ ਤਾਜ ਤਜਾਇਆ, ਨਾ ਕੋਈ ਘੋੜਾ ਬਾਜ ਉਡਾਇਆ, ਨਾ ਕੋਈ ਰਾਜਨ ਰਾਜ ਅਖਵਾਇਆ, ਗੋਬਿੰਦ ਗੋਬਿੰਦ ਗੋਬਿੰਦ ਗੁਰਸਿਖਾਂ ਅੱਗੇ ਸੀਸ ਝੁਕਾਈਆ । ਕਲਜੁਗ ਵੇਲਾ ਅੰਤਮ ਆਇਆ, ਨਾ ਦੀਸੇ ਕਿਸੇ ਕੋਇ ਸਹਾਇਆ, ਸ਼ਾਹ ਸੁਲਤਾਨ ਨਾ ਸਕੇ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜਮ ਜੇਠ ਦਿਵਸ ਸੁਹਾਈਆ । ਪੰਚਮ ਜੇਠ ਨਾ ਕਰਨੀ ਨਾਂਹ, ਹਰਿ ਸਾਚਾ ਸਚ ਸੁਣਾਇੰਦਾ । ਹਰਿ ਸੰਗਤ ਹਰਿ ਤੇਰੀ ਫੜਨੀ ਬਾਂਹ, ਤੇਰਾ ਅੱਗਾ ਪਿੱਛਾ ਆਪਣਾ ਆਪ ਰਖਾਇੰਦਾ । ਗੁਰਮੁਖ ਤੇਰੀ ਸਾਚੀ ਥਾਂ, ਸਚਖੰਡ ਦਵਾਰਾ ਇਕ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਵੇਸ ਆਪ ਵਟਾ, ਗੁਰਸਿਖਾਂ ਅੱਗੇ ਸੀਸ ਝੁਕਾਇੰਦਾ । ਆਪਣਾ ਸੀਸ ਹਰਿ ਜਗਦੀਸ ਆਪਣੀ ਹੱਥੀਂ ਲਾ, ਗੁਰ ਸੰਗਤ ਤੇਰੇ ਚਰਨਾਂ ਵਿਚ ਰਖਾਇੰਦਾ । ਸੰਮਤ ਸੋਲਾਂ ਕਰੇ ਸਚ ਨਿਆਂ, ਪਿਛਲਾ ਲਹਿਣਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਜੇਠ ਰੁੱਤ ਸੁਹਾਇੰਦਾ । ਧੰਨ ਭਾਗ ਪੰਚਮ ਜੇਠ, ਲੋਕਮਾਤ ਭਿੰਨੜੀ ਰੈਣ ਸੁਹਾਈਆ । ਸਤਿਗੁਰ ਪੂਰਾ ਹਰਿ ਸੰਗਤ ਤੇਰੀ ਆਇਆ ਸਾਇਆ ਹੇਠ, ਤੇਰਾ ਹੱਥ ਆਪਣੇ ਸਿਰ ਟਿਕਾਈਆ । ਲੱਖ ਚੁਰਾਸੀ ਰੁੱਲੇ ਵਡ ਵਡ ਸੇਠ, ਕਿਸੇ ਅੰਨ ਹੱਥ ਨਾ ਆਈਆ । ਪ੍ਰਭ ਭੰਨਣਹਾਰਾ ਕੌੜੇ ਰੇਠ, ਜੂਠਾ ਝੂਠਾ ਭਾਂਡਾ ਕੋਇ ਰਹਿਣ ਨਾ ਪਾਈਆ । ਆਪੇ ਜਾਣੇ ਆਪਣਾ ਅਗੇਤ ਪਛੇਤ, ਆਪੇ ਆਪਣੀ ਖੇਲ ਖਿਲਾਈਆ । ਆਪ ਤਪਾਏ ਬਾਲੂ ਰੇਤ, ਜਲ ਧਾਰਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਸਾਚਾ ਵਰ, ਰਵਦਾਸ ਚੁਮਾਰਾ ਇਕ ਵਡਿਆਈਆ । ਰਵਦਾਸ ਚੁਮਾਰ ਗੁਰਮੁਖ ਪਛਾਣ, ਜਨਮੀ ਜਨਮ ਦਵਾਇਆ । ਲੋਕਮਾਤ ਮਿਲੇ ਸਾਚਾ ਮਾਣ, ਦਰਗਹਿ ਸਾਚਾ ਥਾਨ ਸੁਹਾਇਆ । ਸਚ ਭੂਮਕਾ ਸਚ ਅਸਥਾਨ, ਹਰਿ ਸਾਚੇ ਚਰਨ ਛੁਹਾਇਆ । ਸਤਿਜੁਗ ਤੇਰਾ ਸਚ ਮਕਾਨ, ਸਤਿ ਸਤਿਵਾਦੀ ਦਏ ਉਪਾਇਆ । ਸੱਤ ਰੰਗ ਚੜ੍ਹੇ ਇਕ ਨਿਸ਼ਾਨ, ਗੁਰਮੁਖਾਂ ਵਡ ਵਡਿਆਇਆ । ਗੁਰਮੁਖ ਤੇਰੀ ਚਲਦੀ ਰਹੇ ਦੁਕਾਨ, ਨਾਮ ਸਾਚੇ ਹੱਟ ਵਿਕਾਇਆ । ਹਰਿ ਜੀ ਦਿਤੀ ਧੁਰਦੀ ਖਾਣ, ਤੋਟ ਰਹੇ ਨਾ ਰਾਇਆ । ਬੈਠਾ ਰਹੇ ਇਕ ਬਬਾਣ, ਏਕਾ ਰਿਹਾ ਉਡਾਇਆ । ਸੱਜਣ ਮਿਲਿਆ ਸ਼ਾਹ ਸੁਲਤਾਨ, ਘਰ ਸਾਚੇ ਮੇਲ ਮਿਲਾਇਆ । ਸਤਿਗੁਰ ਪੂਰਾ ਹਰਿ ਪਰਧਾਨ, ਭਰਮ ਗੜ੍ਹ ਦਏ ਤੁੜਾਇਆ । ਗੁਰਮੁਖ ਦੇਵੇ ਚਰਨ ਧਿਆਨ, ਸਚ ਦਵਾਰੇ ਆਪ ਚੜ੍ਹਾਇਆ । ਸਿੰਘ ਭਗਵਾਨ ਸੁਣਣਾ ਲਾ ਕਰ ਕਾਨ, ਸੰਮਤ ਸੋਲਾਂ ਗੁਰਮੁਖਾਂ ਰਿਹਾ ਤਰਾਇਆ । ਪੂਜਾ ਪਾਠ ਨਾ ਕੋਈ ਦੇਵੇ ਗਿਆਨ, ਕਰ ਕਿਰਪਾ ਮੇਲ ਮਿਲਾਇਆ । ਸਾਧ ਸੰਤ ਜੀਵ ਜੰਤ ਕਲਜੁਗ ਅੰਤ ਸਰਬ ਪਛਤਾਨ, ਨਿਰਗੁਣ ਰੂਪ ਦਿਸ ਨਾ ਆਇਆ । ਮਹਾਰਾਜ ਸ਼ੇਰ


੪੯੭
੦੮

੪੯੮

ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਈ ਆਪਣੀ ਬਣਤ, ਵੇਦ ਪੁਰਾਨ ਨਾ ਕਿਸੇ ਗਾਇਆ । ਗੁਰਮੁਖ ਦਵਾਰਾ ਧੰਨ ਧੰਨ, ਧੰਨ ਹਰਿ ਨਾਮਾ ਪਾਇਆ । ਹਰਿਜਨ ਚੜ੍ਹਿਆ ਸਾਚਾ ਚੰਨ, ਗੁਰ ਪੂਰੇ ਆਪ ਪਰਗਟਾਇਆ । ਇਕੀ ਸਿਖਾਂ ਬੇੜਾ ਆਪੇ ਬੰਨ, ਤੀਰਥ ਤੱਟਾਂ ਆਪ ਫਿਰਾਇਆ । ਲਿਖਾਰੀ ਲੇਖਾ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਭਾਂਡਾ ਭਰਮ ਕਲਜੁਗ ਭੰਨ, ਮਾਇਆ ਮਮਤਾ ਮੋਹ ਤਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਬਦਲਿਆ ਚੋਲਾ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਤਜ, ਹਰਿਜਨ ਸੇਜਾ ਚੜ੍ਹਿਆ ਭੱਜ, ਸਾਚਾ ਮੰਦਰ ਇਕ ਸੁਹਾਇਆ । ਹਰਿ ਸੰਗਤ ਤੇਰੀ ਸਚ ਅਟਾਰੀ, ਹਰਿ ਸਾਚੇ ਆਪ ਉਪਾਈਆ । ਆਪ ਜਗਾਏ ਜੋਤ ਨਿਰੰਕਾਰੀ, ਦੀਵਾ ਬੱਤੀ ਨਾ ਕੋਇ ਰਖਾਈਆ । ਮਿਟੇ ਰੈਣ ਅੰਧ ਅੰਧਿਆਰੀ, ਨੂਰੋ ਨੂਰ ਕਰੇ ਰੁਸ਼ਨਾਈਆ । ਹੋਈ ਸੁਭਾਗਣ ਸੋਭਾਵੰਤੀ ਨਾਰੀ, ਘਰ ਮਿਲਿਆ ਸਾਚਾ ਮਾਹੀਆ । ਚਰਨ ਕਵਲ ਕਵਲ ਚਰਨ ਜਾਏ ਬਲਹਾਰੀ, ਨਿਉਂ ਨਿਉਂ ਸੀਸ ਝੁਕਾਈਆ । ਲੇਖੇ ਲਾਏ ਕੇਸ ਸੀਸ ਜਗਦੀਸ ਦਾੜ੍ਹੀ, ਜੋ ਆਏ ਚਲ ਸਰਨਾਈਆ । ਮੂੰਡ ਮੁੰਡਾਏ ਜਾਏ ਤਾਰੀ, ਹਿੰਦੂ ਮੁਸਲਮ ਸਿਖ ਨਾ ਕੋਇ ਜਣਾਈਆ । ਧੰਨ ਸਤਿਗੁਰ ਧੰਨ ਗੁਰ ਧੰਨ ਗੁਰਮੁਖ ਧੰਨ ਗੁਰਸਿਖ ਜੋ ਰਸਨਾ ਰਹੇ ਉਚਾਰੀ, ਏਕਾ ਏਕ ਏਕ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਖੇਲ ਕਰ, ਸੰਮਤ ਪੰਦਰਾਂ ਅੰਦਰ ਵੜ, ਸੰਮਤ ਸੋਲਾਂ ਰੂਪ ਵਟਾਈਆ । ਦਾਤਾ ਦੇਵਣਹਾਰ ਭੰਡਾਰ, ਸੰਮਤ ਸੋਲਾਂ ਵਡ ਵਡਿਆਇੰਦਾ । ਫੜ ਫੜ ਬਾਹੋਂ ਰਿਹਾ ਤਾਰ, ਪਤਤ ਪਾਪੀ ਆਪ ਤਰਾਇੰਦਾ । ਕੋਈ ਨਾ ਡੁੱਬੇ ਅਧਵਿਚਕਾਰ, ਜੋ ਜਨ ਦਰਸ਼ਨ ਪਾਇੰਦਾ । ਲੱਖ ਚੁਰਾਸੀ ਗੇੜ ਨਵਾਰ, ਆਪਣਾ ਲੜ ਫੜਾਇੰਦਾ । ਗੁਰਸਿਖ ਚਾਰੋਂ ਕੁੰਟ ਕਹਿਣਾ ਲਲਕਾਰ ਲਲਕਾਰ ਲਲਕਾਰ, ਕਲ ਕਲਕੀ ਵਾਲਾ ਆਇੰਦਾ । ਨਿਹਕਲੰਕ ਲੈ ਅਵਤਾਰ, ਡੁੱਬਦੇ ਪੱਥਰ ਪਾਰ ਕਰਾਇੰਦਾ । ਆਪਣਾ ਆਪ ਸਿਖਾਂ ਉਤੋਂ ਵਾਰ, ਸੀਸ ਜਗਦੀਸ ਭੇਟ ਚੜ੍ਹਾਇੰਦਾ । ਆਪਣੀ ਜੋਤ ਗੁਰਸਿਖਾਂ ਅੰਦਰ ਵਾੜ, ਆਪਣਾ ਘਰ ਸੁਹਾਇੰਦਾ । ਗੁਰਸਿਖਾਂ ਕੱਟੇ ਅਗਨੀ ਤੱਤੀ ਹਾੜ, ਆਪਣਾ ਤਨ ਜਲਾਇੰਦਾ । ਹਰਿ ਸੰਗਤ ਦਰਗਹਿ ਸਾਚੀ ਦੇਵੇ ਵਾੜ, ਦੂਸਰ ਸੰਗ ਨਾ ਕੋਇ ਰਖਾਇੰਦਾ । ਗੁਰਸਿਖਾਂ ਕੋਲੋਂ ਮੰਗਣ ਮੰਗ ਬਣ ਭਿਖਾਰ, ਬ੍ਰਹਮਾ ਵਿਸ਼ਨ ਸ਼ਿਵ ਰਾਹ ਵਿਚ ਬੈਠੇ ਖ਼ਾਲੀ ਝੋਲੀ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਨਾਉਂ ਰਖਾਇੰਦਾ । ਗੋਬਿੰਦ ਗੁਰ ਸਤਿਗੁਰ ਪੂਰਾ, ਧੁਰ ਜ਼ਾਮਨ ਆਪ ਅਖਵਾਇਆ । ਨਾਤਾ ਤੋੜੇ ਕੂੜੋ ਕੂੜਾ, ਸਾਚਾ ਰੰਗ ਚੜ੍ਹਾਇਆ । ਚਤੁਰ ਸੁਘੜ ਬਣਾਏ ਸਿੰਘ ਗਿਰਧਾਰਾ ਮੂੜਾ, ਕੋਟਨ ਕੋਟ ਗਿਆਨੀ ਧਿਆਨੀ ਅਸਨਾਨੀ ਤੁਲ ਨਾ ਕੋਇ ਤੁਲਾਇਆ । ਸਤਿਜੁਗ ਤੇਰੀ ਵਖਾਏ ਨਿਸ਼ਾਨੀ, ਪੰਚਮ ਸੀਸ ਤਾਜ ਟਿਕਾਇਆ । ਇਕੀ ਸਿਖਾਂ ਮਾਰੇ ਕਾਨੀ, ਆਰ ਪਾਰ ਆਪ ਵਖਾਇਆ । ਹੋਏ ਦਾਤਾ ਗੁਣ ਨਿਧਾਨੀ, ਗੁਣ ਦੇਂਦਾ ਦਿਸ ਨਾ ਆਇਆ । ਹਰਿ ਕਾ ਦਿਸੇ ਨਾ ਕੋਇ ਸਾਨੀ, ਨਾ ਕੋਇ ਦੂਸਰ ਰੂਪ ਵਟਾਇਆ । ਗੁਰ ਪੀਰ ਅਵਤਾਰ ਸਾਧ ਸੰਤ ਲੱਖ ਚੁਰਾਸੀ ਪੰਜ ਤੱਤ ਦਿਸੇ ਖ਼ਾਲੀ, ਥਿਰ ਕੋਇ ਰਹਿਣ ਨਾ ਪਾਇਆ । ਅਕਾਲ ਮੂਰਤ ਜੋਤ ਨੂਰਾਨੀ, ਨਾ ਮਰੇ ਨਾ ਜਾਇਆ । ਆਪੇ ਆਏ ਆਪਣੇ ਵਿਚ ਮੈਦਾਨੀ, ਆਪੇ ਬੈਠਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਹੱਥੀਂ ਬੱਧੇ ਸਾਚੇ ਗਾਨੀ, ਛੱਬੀ

ਪੋਹ ਦਿਵਸ ਸੁਹਾਇਆ । ਅਠਸਠ ਤੀਰਥ ਹਰਿ ਹਰਿ ਚਿਤ, ਗੁਰਸਿਖਾਂ ਕਰੀ ਲੜਾਈਆ । ਛੱਬੀ ਪੋਹ ਵਖਾਈ ਸਾਚੀ ਥਿਤ, ਸਾਚੀ ਖ਼ੁਸ਼ੀ ਮਨਾਈਆ । ਦੀਨ ਦਿਆਲ ਹਰਿ ਕਿਰਪਾਲ ਸਤਿਗੁਰ ਪੂਰਾ ਕਰੇ ਸਾਚਾ ਹਿਤ, ਸਾਚਾ ਸਗਨ ਮਨਾਈਆ । ਖੇਲੇ ਖੇਲ ਨਿਤ ਨਵਿਤ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੇ ਤੰਦਨ ਹੱਥ ਬੰਧਾਈਆ । ਏਕਾ ਤੰਦਨ ਬੰਧਿਆ ਤੰਦ, ਹਰਿ ਸਾਚੇ ਸਗਨ ਮਨਾਇਆ । ਲੱਖ ਚੁਰਾਸੀ ਤੁਟਿਆ ਫੰਦ, ਗੁਰ ਚਰਨਾਂ ਜੋੜ ਜੁੜਾਇਆ । ਲੇਖਾ ਚੁਕਿਆ ਗੌਣਾ ਬੱਤੀ ਦੰਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਇਆ । ਏਥੇ ਓਥੇ ਦੋ ਜਹਾਨਾਂ ਆਪ ਮੁਕਾਏ ਪੰਧ, ਦੂਰ ਦੁਰਾਡਾ ਨੇੜੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਵੀਹ ਸਦ ਸੋਲਾਂ ਆਪੇ ਹੋਏ ਬਖ਼ਸ਼ਿੰਦ, ਬਖ਼ਸ਼ਣਹਾਰਾ ਦਇਆ ਕਮਾਇਆ ।

ਪਿਛਲੀ ਬਖ਼ਸ਼ੇ ਕੀਤੀ ਭੁੱਲ, ਹਰਿ ਸੰਗਤ ਦਇਆ ਕਮਾਇੰਦਾ । ਸਤਿਗੁਰ ਪੂਰਾ ਪਾਏ ਮੁੱਲ, ਕੀਮਤ ਕਰਤਾ ਆਪ ਚੁਕਾਇੰਦਾ । ਸਤਾਰਾਂ ਹਾੜ ਸਚ ਦਰਵਾਜ਼ਾ ਏਕਾ ਜਾਣਾ ਖੁਲ੍ਹ, ਕੂੜਾ ਨਾਤਾ ਤੋੜ ਤੁੜਾਇੰਦਾ । ਗੁਰਸਿਖ ਨਾ ਜਾਣਾ ਡੁਲ, ਦੇ ਮਤ ਆਪ ਸਮਝਾਇੰਦਾ । ਤੋਲਣ ਆਇਆ ਪੂਰਾ ਤੋਲ, ਏਕਾ ਕੰਡਾ ਹੱਥ ਉਠਾਇੰਦਾ । ਨੌ ਖੰਡ ਪ੍ਰਿਥਮੀ ਲਏ ਫੋਲ, ਲੱਖ ਚੁਰਾਸੀ ਵੇਖ ਵਖਾਇੰਦਾ । ਸੰਮਤ ਸੋਲਾਂ ਸੋਲਾਂ ਕਲ ਗੁਰਸਿਖ ਤੇਰੇ ਪ੍ਰੇਮ ਅੰਦਰ ਦਏ ਰੋਲ, ਗੁਰਸਿਖ ਸੋਲਾਂ ਕਲ ਧਾਰੀ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਰਖਾਇੰਦਾ । ਸੰਮਤ ਸੋਲਾਂ ਹਾੜ ਸਤਾਰਾਂ, ਹਰਿ ਹਰਿ ਰੰਗ ਰੰਗਾਵਣਾ । ਗੁਰਮੁਖਾਂ ਦੱਸੇ ਸਚ ਵਿਹਾਰਾ, ਸਤਿਜੁਗ ਸਾਚੇ ਮਾਰਗ ਪਾਵਣਾ । ਦੇਵੇ ਦਰਸ ਘਰ ਘਰ ਘਰ ਬਾਰਾ, ਘਰ ਘਰ ਵਿਚ ਦੀਪ ਜਗਾਵਣਾ । ਮਦਿਰਾ ਮਾਸ ਚਾਹ ਜੋ ਜਨ ਲਾਏ ਰਸਨ ਦਵਾਰਾ, ਦਰਗਹਿ ਧਾਮ ਨਾ ਕੋਇ ਵਖਾਵਣਾ । ਧ੍ਰਿਗ ਧ੍ਰਿਗ ਧ੍ਰਿਗ ਜੀਵਣ ਸੰਸਾਰਾ, ਜਿਸ ਜਨ ਗੁਰ ਤੋਂ ਮੁਖ ਭੁਵਾਵਣਾ । ਅੰਤਮ ਬੇੜਾ ਡੁੱਬੇ ਵਿਚ ਮੰਝਧਾਰਾ, ਕਿਸੇ ਨਾ ਪਾਰ ਕਰਾਵਣਾ । ਮਾਨਸ ਜਨਮ ਮਿਲਿਆ ਏਕਾ ਵਾਰਾ, ਦੂਜੀ ਵਾਰ ਨਾ ਕਿਸੇ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੰਡਾ ਆਪਣੇ ਹੱਥ, ਸ਼ਬਦ ਧਾਰ ਹੋ ਉਜਿਆਰ, ਨਰ ਨਿਰੰਕਾਰ ਲੋਕਮਾਤ ਚਮਕਾਵਣਾ । ਮਦਿਰਾ ਮਾਸ ਮੁਖ ਲੱਗੇ ਚਾਹ, ਹਰਿ ਸੰਗਤ ਵਿਚ ਰਹਿਣ ਨਾ ਪਾਈਆ । ਹਰਿ ਸੰਗਤ ਧੱਕਾ ਦੇਣਾ ਲਾ, ਮਨਮੁੱਖ ਕੋਇ ਦਿਸ ਨਾ ਆਈਆ । ਇਕੀ ਸਿਖ ਬਣੇ ਗਵਾਹ, ਨਾ ਸਕੇ ਕੋਇ ਮਿਟਾਈਆ । ਸੱਤ ਸਾਗਰ ਮਸ ਬਣ ਰਹੇ ਲਿਖਾ, ਲੇਖਾ ਲਿਖਤ ਨਾ ਕੋਇ ਮੁਕਾਈਆ । ਇਕੀ ਖੰਡੇ ਇਕੀਆਂ ਹੱਥਾਂ ਵਿਚ ਦਏ ਚਮਕਾ, ਚਾਰੋਂ ਕੁੰਟ ਵੇਖ ਵਖਾਈਆ । ਸ਼ਬਦ ਦੀਵਾਰ ਦਏ ਬਣਾ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈਆ ।

## ੧੪ ਜੇਠ ੨੦੧੯ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ

ਏਕੰਕਾਰ ਸਤਿਨਾਮ ਕਰਤਾ ਪੁਰਖ, ਹਰਿ ਹਰਿ ਆਪ ਅਖਵਾਈਆ । ਨਿਰਭੌ ਨਿਰਵੈਰ ਅਕਾਲ ਮੂਰਤ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਚਿਖਾ ਨਾ ਕੋਈ ਜਲਾਈਆ । ਅਜੂਨੀ ਰਹਿਤ ਆਦਿ ਜੁਗਾਦਿ ਜੁਗ ਜੁਗ ਨਾ ਸਕੇ ਕੋਈ ਪਰਖ, ਮਾਤ ਪਿਤ ਭੇਵ ਨਾ ਰਾਈਆ । ਅਬਿਨਾਸ਼ੀ ਕਰਤਾ ਆਦਿ ਨਿਰੰਜਣ ਜਨ ਭਗਤਾਂ ਕਰੇ ਆਪਣਾ ਤਰਸ, ਲੋਕਮਾਤ ਵੇਖ ਵਖਾਈਆ । ਸਤਿ ਸੰਤੋਖ ਧੀਰਜ ਜਤ, ਆਤਮ ਅੰਤਰ ਅੰਮ੍ਰਿਤ ਮੇਘ ਦੇਵੇ ਬਰਸ, ਅੰਮ੍ਰਿਤ ਝਿਰਨਾ ਨਿਝਰ ਰਸ ਕਾਇਆ ਮੰਦਰ ਅੰਦਰ ਆਪ ਝਿਰਾਈਆ । ਦੋ ਜਹਾਨ ਚੌਦਾਂ ਲੋਕ ਤ੍ਰੈਭਵਣ ਅਵਣ ਗਵਣ ਮੇਟੇ ਹਰਸ, ਚਰਨ ਕਵਲ ਬਖ਼ਸ਼ੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਨਿਰਾਕਾਰ ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ ਨਿਰਧਨ ਸਰਧਨ ਰੂਪ ਵਟਾਈਆ । ਨਿਰ ਅਕਾਰ ਨਿਰਵੈਰ ਮੂਰਤ ਅਕਾਲ, ਅਕਲ ਕਲਾ ਅਖਵਾਈਆ । ਪਰਮ ਪੁਰਖ ਪਰਖੋਤਮ ਦੀਨ ਦਿਆਲ, ਪਾਰਬ੍ਰਹਮ ਵੱਡੀ ਵਡਿਆਈਆ । ਚਤੁਰਭੁਜ ਮੋਰ ਮੁਕਟ ਲਾਲ ਗੁਲਾਲ, ਅਨਭਵ ਪਰਕਾਸ਼ ਰਖਾਈਆ । ਆਦਿ ਜੁਗਾਦਿ ਅਵਲੱੜੀ ਚਾਲ, ਜੁਗ ਕਰਤਾ ਵੇਸ ਵਟਾਈਆ । ਧੁਰ ਦਰਗਾਹੀ ਇਕ ਦਲਾਲ, ਖੰਡ ਬ੍ਰਹਿਮੰਡ ਵੇਖ ਵਖਾਈਆ । ਰਵ ਸਸ ਫਲ ਲੱਗੇ ਡਾਲ੍ਹ, ਕੋਟਨ ਕੋਟ ਰਹੇ ਲਟਕਾਈਆ । ਜੋਤ ਜਵਾਲਾ ਅਗਨੀ ਬਾਲ, ਏਕਾ ਤੱਤ ਵਖਾਈਆ । ਜਨ ਭਗਤਾਂ ਮੇਲਾ ਹਰਿ ਗੋਪਾਲ, ਹਰੀ ਹਰਿ ਆਪ ਕਰਾਈਆ । ਸੁੱਤ ਦੁਲਾਰੇ ਸਾਚੇ ਲਾਲ, ਸਤਿਗੁਰ ਪੂਰਾ ਗੋਦ ਉਠਾਈਆ । ਤੋੜ ਤੁੜਾਏ ਜਗਤ ਜੰਜਾਲ, ਕਾਲ ਮਹਾਂਕਾਲ ਸੀਸ ਝੁਕਾਈਆ । ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੱਥ ਵਡਿਆਈਆ । ਦੇਵਣਹਾਰਾ ਸੱਚਾ ਧਨ ਮਾਲ, ਨਾਮ ਖ਼ਜ਼ਾਨਾ ਇਕ ਲੁਟਾਈਆ । ਬਹਾਏ ਧਰਮ ਸੱਚੀ ਧਰਮ ਸਾਲ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨਾਮ ਤਲਵਾੜਾ ਵੱਜੇ ਤਾਲ, ਧੁਨ ਅਨਾਦੀ ਸਹਿਜ ਸੁਭਾਈਆ । ਦੀਵਾ ਬਾਤੀ ਏਕਾ ਬਾਲ, ਸੰਝ ਸਵੇਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਈਆ । ਜਾਗਰਤ ਜੋਤ ਹਰਿ ਨਰਾਇਣ, ਨਰ ਹਰਿ ਆਪ ਜਗਾਇੰਦਾ । ਨਰ ਹਰਿ ਆਪੇ ਵੇਖੇ ਆਪਣੇ ਲੋਚਣ ਨੈਣ, ਨੇਤਰ ਆਪਣਾ ਆਪ ਖੁਲ੍ਹਾਇੰਦਾ । ਸਾਜਣ ਮੀਤ ਸੱਜਣ ਸੈਣ, ਨਿਤ ਨਵਿਤ ਸਾਚਾ ਹਿਤ ਆਪ ਕਮਾਇੰਦਾ । ਪੂਰਬ ਚੁਕਾਏ ਲਹਿਣਾ ਦੇਣ, ਜਰਮ ਕਰਮ ਧਰਮ ਵੇਖ ਵਖਾਇੰਦਾ । ਸਖਾ ਸਖਾਈ ਮਾਤ ਪਿਤ ਭਾਈ ਭੈਣ, ਪਿਤਾ ਪੂਤ ਨਾਉਂ ਧਰਾਇੰਦਾ । ਨਾਰ ਕੰਤ ਸੰਤ ਭਗਤ ਭਗਵੰਤ, ਸਤਿਗੁਰ ਸਾਚਾ ਥਾਨ ਸੁਹਾਇੰਦਾ । ਜੀਵ ਜੰਤ ਮਹਿਮਾ ਅਗਣਤ, ਆਦਿ ਅੰਤ ਲੇਖਾ ਲੇਖ ਨਾ ਕੋਈ ਲਿਖਾਇੰਦਾ । ਗੁਰਮੁਖ ਸੁਭਾਗ ਸੋਭਾਵੰਤ, ਘਰ ਸਾਚੇ ਸਾਚਾ ਮੰਗਲ ਏਕਾ ਗਾਇੰਦਾ । ਜਨਨੀ ਜਨ ਬਣਾਏ ਬਣਤ, ਜਨ ਹਰਿ ਹਰਿ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਕਰਨੀ ਕਰਤਾ ਆਪਣੀ ਕਲ ਵਰਤਾਇੰਦਾ । ਕਰਨਹਾਰ ਪੁਰਖ ਸਮਰਥ, ਆਦਿ ਜੁਗਾਦੀ ਏਕੰਕਾਰਿਆ । ਸ਼ਬਦ ਚਲਾਏ ਅਨਾਦੀ ਰਥ, ਰਥ ਰਥਵਾਹੀ ਦਿਸ ਨਾ ਆ ਰਿਹਾ । ਨਾਮ ਅਨਮੁਲਾ ਸਾਚੀ ਵੱਥ, ਗੁਰਮੁਖ ਵਿਰਲਾ ਝੋਲੀ ਡਾਹ ਰਿਹਾ । ਚਰਨ ਭਰਵਾਸਾ ਧੀਰਜ ਜਤ ਸੀਤ ਹਠ, ਅਠਸਠ ਮੂਲ ਚੁਕਾ ਰਿਹਾ । ਨਾਮ ਨਿਧਾਨਾ ਪੱਲੇ ਗੱਠ, ਸ਼ਬਦੀ ਤੰਦਨ ਬੰਧਾ ਰਿਹਾ । ਤ੍ਰੈਗੁਣ ਮਾਇਆ ਕਰੇ ਅਕੱਠ, ਹਰਿਜਨ ਚਰਨਾਂ ਹੇਠ ਦਬਾ ਰਿਹਾ । ਪੁਰਖ ਅਕਾਲਾ ਏਕਾ

ਪੂਜਾ ਏਕਾ ਪਾਠ, ਮੰਤਰ ਨਾਮ ਇਕ ਦ੍ਰਿੜਾ ਲਿਆ । ਜੋਤ ਜਵਾਲਾ ਆਦਿ ਸ਼ਕਤ ਲਿਲਾਟ, ਸਾਚੀ ਹਾਟੀ ਹੱਟ ਵਖਾ ਲਿਆ । ਸਚ ਸੁਹੰਜਣੀ ਆਦਿ ਨਿਰੰਜਣੀ ਏਕਾ ਖਾਟ, ਪਾਵਾ ਚੂਲ ਨਾ ਕੋਈ ਬਣਾ ਲਿਆ । ਅੰਗਣ ਬਸਤਰ ਨਾ ਜਾਏ ਪਾਟ, ਸਤਿਗੁਰ ਪੂਰੇ ਤਨ ਪਹਿਨਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾ ਲਿਆ । ਵੇਸ ਅਨੇਕ ਆਦਿ ਨਿਰੰਜਣ, ਅਲਖ ਅਗੋਚਰ ਭੇਵ ਕੋਈ ਨਾ ਪਾਇੰਦਾ । ਜੀਆਂ ਦਾਤਾ ਦਰਦ ਦੁੱਖ ਭੈ ਭੰਜਣ, ਭਵ ਸਾਗਰ ਵੇਖ ਵਖਾਇੰਦਾ । ਨੇਤਰ ਗਿਆਨ ਨਾਮ ਨਿਧਾਨ ਅੰਜਨ, ਗੁਰ ਗੁਰਮੁਖ ਨੇਤਰ ਪਾਇੰਦਾ । ਧੂੜ ਅਸ਼ਨਾਨ ਚਰਨ ਮਜਨ, ਮਾਇਆ ਮਮਤਾ ਮੋਹ ਚੁਕਾਇੰਦਾ । ਨਿਰਧਨ ਮੇਲਾ ਸਾਚੇ ਸੱਜਣ, ਸਚ ਭੂਮਕਾ ਅਸਥਾਨ ਸੁਹਾਇੰਦਾ । ਬਿਰਹੋਂ ਤੀਰ ਨਿਰਾਲੇ ਅਣਿਆਲੇ ਵੱਜਣ, ਮੁੱਖੀ ਸੁਖੀ ਸੁਖ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਪ ਆਪਣਾ ਨੂਰ ਦਰਸਾਇੰਦਾ । ਨੂਰ ਉਜਾਲਾ ਹਰਿ ਗੋਪਾਲਾ, ਆਪਣੀ ਦਇਆ ਕਮਾਈਆ । ਆਪਣਾ ਦਰ ਆਪੇ ਭਾਲਾ, ਘਰ ਆਪਣਾ ਵੇਖ ਵਖਾਈਆ । ਨਾ ਕੋਈ ਦੂਸਰ ਸੰਗ ਦਲਾਲਾ, ਨਿਰਗੁਣ ਸਰਗੁਣ ਵੇਸ ਵਟਾਈਆ । ਆਪੇ ਵਸਿਆ ਪੰਜ ਤੱਤ ਖਾਲਾ, ਤਨ ਮਾਟੀ ਆਪੇ ਖ਼ਾਕ ਰਲਾਈਆ । ਆਪੇ ਵਸਿਆ ਹੋ ਨਿਰਾਲਾ, ਹਰ ਘਟ ਆਪੇ ਰਿਹਾ ਸਮਾਈਆ । ਆਪੇ ਦੇਵੇ ਗੁਰਮੁਖਾਂ ਆਤਮ ਅੰਤਰ ਪ੍ਰੇਮ ਉਛਾਲਾ, ਪਰਮ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਪਰਮ ਹੰਸ ਸਹੰਸ ਸਹੰਸਰ ਸੀਸ ਝੁਕਾਈਆ । ਸਹੰਸ ਬੰਸ ਸੀਸ ਝੁਕਾ, ਨੈਨਣ ਨੈਣ ਸ਼ਰਮਾਈਆ । ਗੁਰਸਿਖ ਤੇਰਾ ਤੱਕਣ ਰਾਹ, ਕੋਟਨ ਕੋਟ ਰਹੇ ਕੁਰਲਾਈਆ । ਬ੍ਰਹਮਾ ਬ੍ਰਹਮ ਬ੍ਰਹਮ ਉਪਾ, ਬ੍ਰਹਮ ਬ੍ਰਹਮ ਕਰੇ ਕੁੜਮਾਈਆ । ਸ਼ੰਕਰ ਗਦਾ ਇਕ ਚਲਾ, ਤ੍ਰਿਸੂਲ ਰਿਹਾ ਭਵਾਈਆ । ਵਿਸ਼ਨੂੰ ਰਿਜ਼ਕ ਦਏ ਸਬਾ, ਦੇਵਣਹਾਰ ਅਖਵਾਈਆ । ਨਿਰਗੁਣ ਦਾਤਾ ਬੇਪਰਵਾਹ, ਆਪਣੇ ਹੱਥ ਰੱਖੇ ਵਡਿਆਈਆ । ਆਪ ਉਪਾਏ ਆਪ ਆਪਣੇ ਵਿਚ ਲਏ ਸਮਾ, ਦਿਸ ਕਿਸੇ ਨਾ ਆਈਆ । ਸੰਤ ਸੁਹੇਲੇ ਆਦਿ ਜੁਗਾਦੀ ਲਏ ਜਗਾ, ਆਪਣਾ ਲੇਖਾ ਆਪ ਮੁਕਾਈਆ । ਸ਼ਬਦ ਅਨਾਦੀ ਦੱਸੇ ਰਾਹ, ਧੁਰ ਦੀ ਬਾਣੀ ਧੀਰ ਧਰਾਈਆ । ਗੁਰ ਪੀਰ ਅਵਤਾਰ ਆਪ ਅਖਵਾ, ਆਪਣਾ ਮਾਰਗ ਆਪ ਚਲਾਈਆ । ਕੋਟਨ ਕੋਟ ਸੇਵਾ ਲਾ, ਚਾਕਰੀ ਚਾਕ ਭਵਾਈਆ । ਸ਼ਬਦ ਅਗੰਮੀ ਹੁਕਮ ਸੁਣਾ, ਸਿਫ਼ਤੀ ਸਿਫ਼ਤ ਸਲਾਹੀਆ । ਮਿਹਰਵਾਨ ਭੇਵ ਨਾ ਰਾ, ਦਇਆ ਨਿਧ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਵਰ ਘਰ ਆਪਣੇ ਸੋਭਾ ਪਾਈਆ । ਵਰ ਘਰ ਸਾਚਾ ਸਚ ਮਹੱਲਾ, ਅਕਲ ਕਲਾ ਉਪਾਇਆ । ਪੁਰਖ ਅਬਿਨਾਸ਼ੀ ਬੈਠ ਅਕੱਲਾ, ਜਲ ਥਲ ਮਹੀਅਲ ਵੇਖ ਵਖਾਇਆ । ਜੋਤੀ ਸ਼ਬਦੀ ਆਪੇ ਰਲਾ, ਆਪ ਆਪਣਾ ਰੂਪ ਵਟਾਇਆ । ਸਚ ਸਿੰਘਾਸਣ ਪੁਰਖ ਅਬਿਨਾਸ਼ੀ ਏਕਾ ਮੱਲਾ, ਥਿਰ ਘਰ ਵੇਸ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਵਾਰੇ ਆਪੇ ਫਲਿਆ ਆਪੇ ਫੁਲਾ, ਫੁਲ ਫੁਲਵਾੜੀ ਵੇਖ ਵਖਾਇਆ । ਗੁਰਮੁਖ ਸੱਜਣ ਸਾਚਾ ਫੁਲ, ਗੁਰ ਸਤਿਗੁਰ ਆਪ ਮਹਿਕਾਇੰਦਾ । ਆਪਣੇ ਕੰਡੇ ਆਪੇ ਤੋਲ, ਕਰਤਾ ਕੀਮਤ ਆਪੇ ਪਾਇੰਦਾ । ਲੱਖ ਚੁਰਾਸੀ ਰਹੇ ਅਨਭੋਲ, ਭਗਵਨ ਭੇਵ ਨਾ ਕੋਈ ਰਖਾਇੰਦਾ । ਜਿਸ ਜਨ ਰੱਖੇ ਆਪ ਅਡੋਲ, ਜਗਤ ਜਹਾਨ ਨਾ ਕੋਈ ਡੁਲਾਇੰਦਾ । ਸਖੀ ਸੱਜਣ ਵਸੇ ਕੋਲ, ਨਾਮ ਪਿਆਲਾ ਜਾਮ ਪਿਆਇੰਦਾ ।

ਹੌਲੀ ਹੌਲੀ ਆਪੇ ਬੋਲ, ਆਪਣਾ ਸ਼ਬਦ ਆਪ ਸੁਣਾਇੰਦਾ । ਕਾਇਆ ਕਵਰੀ ਪੜਦਾ ਖੋਲ੍ਹ, ਭਰਮੀ ਭਰਮ ਤੁੜਾਇੰਦਾ । ਵਸਣਹਾਰਾ ਕਾਇਆ ਚੋਲ, ਪੰਜ ਤੱਤ ਚੋਲਾ ਆਪ ਬਦਲਾਇੰਦਾ । ਧਰਨੀ ਧਰਤ ਧਵਲ ਵੱਜੇ ਢੋਲ, ਮਰਦੰਗ ਤਰੰਗ ਸੂਰਾ ਸਰਬੰਗ ਆਪ ਵਜਾਇੰਦਾ । ਗੁਰਮੁਖ ਹੋਏ ਕਲ ਸੋਲ, ਅਨਕ ਕਲਾ ਆਪ ਅਖਵਾਇੰਦਾ । ਆਪੇ ਕਰੇ ਪੂਰਾ ਕੌਲ, ਆਪਣਾ ਕੀਤਾ ਆਪ ਨਿਭਾਇੰਦਾ । ਹਰਿ ਕਾ ਭਾਣਾ ਨਾ ਮਿਟੇ ਰੱਤੀ ਚੌਲ, ਲਕੀਰ ਤਕਦੀਰ ਤਕਸੀਰ ਨਾ ਕੋਈ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਵਰ ਘਰ ਨਰ ਨਰਾਇਣ ਵੇਖ ਵਖਾਇੰਦਾ । ਨਰ ਨਰਾਇਣ ਹਰਿ ਨਾਰੀ ਕੰਤਾ, ਨਿਰਗੁਣ ਸਰਗੁਣ ਸੰਗ ਨਿਭਾਇਆ । ਪੁਰਖ ਅਬਿਨਾਸ਼ੀ ਬਣਾਏ ਬਣਤਾ, ਰੂਪ ਰੰਗ ਰੇਖ ਨਾ ਕੋਈ ਜਣਾਇਆ । ਆਪੇ ਚਾੜ੍ਹੇ ਰੰਗ ਬਸੰਤਾ, ਰੰਗਣ ਰੰਗ ਏਕਾ ਰੰਗਾਇਆ । ਜਗਤ ਤੋੜੇ ਹਉਮੇ ਹੰਗਤਾ, ਜੂਠ ਝੂਠ ਗੜ੍ਹ ਰਹਿਣ ਨਾ ਪਾਇਆ । ਦਰ ਦਰਵੇਸ਼ ਨਰ ਨਰਾਇਣ ਆਪੇ ਹੋਏ ਮੰਗਤਾ, ਗੁਰਮੁਖ ਸੱਜਣ ਸ਼ਾਹ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਲਾਹ ਏਕਾ ਬੇੜਾ ਰਿਹਾ ਚਲਾਇਆ । ਏਕਾ ਬੇੜਾ ਆਪਣਾ ਬੰਨ, ਆਪੇ ਰਿਹਾ ਚਲਾਈਆ । ਲੋਆਂ ਪੁਰੀਆਂ ਕਹਿਣ ਧੰਨ ਧੰਨ, ਬ੍ਰਹਿਮੰਡ ਖੰਡ ਨੌ ਸਤ ਜੇਰਜ ਅੰਡ ਵੱਜੇ ਵਧਾਈਆ । ਮੰਗਣ ਭਿਛਿਆ ਸੂਰਜ ਚੰਨ, ਮੰਡਲ ਮੰਡਪ ਝੋਲੀ ਡਾਹੀਆ । ਕਰੇ ਪੁਕਾਰ ਛੱਪਰੀ ਛੰਨ, ਜੰਗਲ ਜੂਹ ਉਜਾੜ ਪਹਾੜ ਰਹੇ ਕੁਰਲਾਈਆ । ਗਣ ਗੰਧਰਬ ਲਾਇਣ ਕੰਨ, ਕਿੰਨਰ ਯਛਪ ਰਾਗ ਅਲਾਈਆ । ਧਰਤ ਧਵਲ ਦੇਵੇ ਡੰਨ, ਕੂੜੀ ਕਿਰਿਆ ਵੇਖ ਵਖਾਈਆ । ਸਤਿਗੁਰ ਪੂਰਾ ਜਾਏ ਮੰਨ, ਗੁਰਮੁਖ ਸੱਜਣ ਮੇਲ ਮਿਲਾਈਆ । ਹਉਮੇ ਹੰਗਤਾ ਕੱਢੇ ਤਨ, ਤ੍ਰੀਆ ਮਤ ਨਾ ਕੋਈ ਰਖਾਈਆ । ਸਤਿ ਸਤਿਵਾਦੀ ਬੰਨ੍ਹੇ ਗਨ, ਸਾਚਾ ਸਗਨ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਤ ਦੇਵ ਸੁਰ ਨਰ ਗਣ ਗੰਧਰਬ ਆਪਣਾ ਦਰ ਰਹੇ ਤਜਾਈਆ । ਆਪਣਾ ਗਿਆ ਹਰਿ ਪਾਇਆ, ਹਰ ਘਰ ਵੱਜੀ ਵਧਾਈਆ । ਲਹਿਣਾ ਦੇਣਾ ਆਪਣਾ ਭਰ ਲਿਆ, ਲਿਖਿਆ ਲੇਖ ਝੋਲੀ ਪਾਈਆ । ਗੋਬਿੰਦ ਤੇਰਾ ਭਾਣਾ ਸਹਿਆ, ਹਰਿ ਗੋਬਿੰਦ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਵੱਜੀ ਵਧਾਈਆ । ਨਿਰਗੁਣ ਨੂਰ ਹਰਿ ਨਿਰੰਕਾਰ, ਸਰਗੁਣ ਵਿਚ ਸਮਾਇਆ । ਗੁਰਮੁਖ ਸੱਜਣ ਮੀਤ ਮੁਰਾਰ, ਕਰ ਕਿਰਪਾ ਮੇਲ ਮਿਲਾਇਆ । ਅਸਵ ਘੋੜਾ ਆਪ ਸ਼ਿੰਗਾਰ, ਸੋਲਾਂ ਕਲੀਆਂ ਆਸਣ ਲਾਇਆ । ਚਾਰੇ ਰਾਸਾਂ ਹਰਿ ਕਰਤਾਰ, ਆਪਣੇ ਹੱਥ ਰਖਾਇਆ । ਚਾਰੇ ਦਿਸ਼ਾ ਪਾਵੇ ਸਾਰ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਇਆ । ਚਾਰੇ ਜੁਗ ਦਏ ਹੁਲਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖੇ ਲਾਇਆ । ਚਾਰੇ ਖਾਣੀ ਆਏ ਹਾਰ, ਚਾਰ ਚਾਰੇ ਫੋਲ ਫੋਲਾਇਆ । ਚਾਰ ਯਾਰੀ ਹਾਹਾਕਾਰ, ਚੌਥੇ ਘਰ ਨਾ ਕੋਈ ਸੁਹਾਇਆ । ਚਾਰ ਵਰਨ ਦਰ ਦਰ ਭਿਖਾਰ, ਹਰਿ ਭਿਛਿਆ ਕੋਈ ਨਾ ਪਾਇਆ । ਗੁਰਮੁਖਾਂ ਮੇਲਾ ਵਿਚ ਸੰਸਾਰ, ਕਲਜੁਗ ਅੰਤਮ ਆਪ ਕਰਾਇਆ । ਸ਼ਾਹੋ ਭੂਪੀ ਸ਼ਾਹ ਸਵਾਰ, ਸ਼ਾਹ ਸੁਲਤਾਨਾ ਫੇਰਾ ਪਾਇਆ । ਫੜ ਫੜ ਬਾਂਹੋਂ ਦਏ ਹੁਲਾਰ, ਹੱਕ ਹਕੀਕਤ ਦਏ ਜਣਾਇਆ । ਇਕ ਕਿਨਾਰਾ ਦੱਸੇ ਪਾਰ, ਅਧਵਿਚਕਾਰ ਨਾ ਕੋਈ ਰੁੜ੍ਹਾਇਆ । ਰਾਏ ਧਰਮ ਨਾ ਕਰੇ ਖੁਵਾਰ, ਲੱਖ ਚੁਰਾਸੀ ਫੰਦ ਕਟਾਇਆ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਗੁਰਮੁਖ ਸੱਜਣ ਲਏ ਬਹਾਇਆ । ਵਾ ਨਾ ਲੱਗੇ ਤੱਤੀ ਹਾੜ, ਤ੍ਰੈਗੁਣ ਮੱਠ ਨਾ ਕੋਈ ਤਪਾਇਆ । ਜੂਠ ਝੂਠ ਨਾ ਕੋਈ ਅਖਾੜ,

੫੦੨
੦੮

ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਇਆ । ਆਪੇ ਘੜਿਆ ਆਪਣਾ ਘਾੜ, ਆਪ ਆਪਣੀ ਬਣਤ ਬਣਾਇਆ । ਹਰਿਜਨ ਸਾਚੇ ਅੰਦਰ ਵਾੜ, ਆਪਣੀ ਹੱਥੀਂ ਕੁੰਡਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਤੇਰਾ ਅੰਤਮ ਰੰਗ, ਹਰਿਜਨ ਹਰਿ ਰੰਗਾਇੰਦਾ । ਆਤਮ ਪਰਮਾਤਮ ਏਕਾ ਮੰਗ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਸਾਚੇ ਤਖ਼ਤ ਸਚ ਸੁਲਤਾਨ ਆਪ ਸੁਹਾਏ ਸਚ ਪਲੰਘ, ਸਾਚੀ ਸੇਜਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਨਾ ਕੋਈ ਸੀਸ ਨਾ ਕੋਈ ਧੜ, ਖੇਲਣਹਾਰ ਖੇਲ ਖਿਲਾਇੰਦਾ । ਖੇਲ ਅਖੇਲ ਹਰਿ ਹਰਿ ਮੇਲ, ਹਰਿ ਹਰਿ ਵੇਖ ਵਖਾਇਆ । ਗੋਬਿੰਦ ਗੁਰ ਗੁਰੂ ਗੁਰ ਚੇਲ, ਗੁਰ ਮੰਤਰ ਨਾਮ ਦ੍ਰਿੜਾਇਆ । ਘਰ ਸਾਚੇ ਦਰ ਸਾਚੇ ਚੜ੍ਹਿਆ ਸਾਚਾ ਤੇਲ, ਸਤਿਗੁਰ ਪੂਰੇ ਸਗਨ ਮਨਾਇਆ । ਆਪਣੀ ਜੋਤੀ ਆਪੇ ਕਰਿਆ ਮੇਲ, ਜੋਤੀ ਜੋਤ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਰੂਪ ਆਪ ਸਮਾਇਆ ।

### ✪ ੨੧ ਜੇਠ ੨੦੧੯ ਬਿਕ੍ਰਮੀ ਐਮ ਐਲ ਸੀ ਚੇਲਾ ਸਿੰਘ ਦੇ ਘਰ ਜੰਮੂ ਸ਼ਹਿਰ ਵਜ਼ਾਰਤ ਰੋਡ ✪

ਨਿਰਗੁਣ ਜੋਤ ਹਰਿ ਨਿਰੰਕਾਰ, ਏਕਾ ਏਕ ਏਕੰਕਾਰਿਆ । ਪੁਰਖ ਅਕਾਲ ਭੇਵ ਨਿਆਰ, ਲੇਖਾ ਲੇਖ ਨਾ ਕੋਈ ਲਿਖਾ ਰਿਹਾ । ਆਦਿ ਜੁਗਾਦੀ ਖੇਲ ਅਪਾਰ, ਜੁਗ ਜੁਗ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਉਪਜਾ ਰਿਹਾ । ਨਿਰਗੁਣ ਦਾਤਾ ਬੇਪਰਵਾਹ, ਏਕਾ ਏਕ ਅਖਵਾਇੰਦਾ । ਆਪ ਆਪਣਾ ਬਣ ਮਲਾਹ, ਆਪ ਆਪਣੀ ਧਾਰ ਚਲਾਇੰਦਾ । ਆਪ ਆਪਣਾ ਜਾਣੇ ਰਾਹ, ਆਪ ਆਪਣਾ ਮਾਰਗ ਲਾਇੰਦਾ । ਆਪ ਆਪਣਾ ਜਪਾਏ ਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਡਗਮਗਾਇੰਦਾ । ਨਿਰਗੁਣ ਨੂਰ ਆਦਿ ਨਿਰੰਜਣ, ਏਕਾ ਏਕ ਉਪਜਾਇੰਦਾ । ਅਬਿਨਾਸ਼ੀ ਕਰਤਾ ਸਾਚਾ ਸੱਜਣ, ਹਰਿ ਹਰਿ ਨਾਉਂ ਧਰਾਇੰਦਾ । ਆਪਣਾ ਕਰੇ ਆਪੇ ਮਜਣ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਇੰਦਾ । ਨਿਰਗੁਣ ਦਾਤਾ ਪੁਰਖ ਅਬਿਨਾਸ਼ੀ ਏਕਾ ਏਕ ਅਖਵਾਇਆ । ਸਾਚੇ ਮੰਡਲ ਪਾਵੇ ਰਾਸੀ, ਦਿਸ ਕਿਸੇ ਨਾ ਆਇਆ । ਖੇਲੇ ਖੇਲ ਪ੍ਰਿਥਮੀ ਅਕਾਸੀ, ਆਪ ਆਪਣੀ ਜੋਤ ਜਗਾਇਆ । ਘਟ ਘਟ ਅੰਦਰ ਰੱਖੇ ਵਾਸੀ, ਲੱਖ ਚੁਰਾਸੀ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਇਆ । ਏਕਾ ਨੂਰ ਨੂਰ ਉਜਾਲਾ, ਹਰਿ ਆਪਣਾ ਆਪ ਉਪਾਇੰਦਾ । ਆਪੇ ਵਸੇ ਸੱਚੀ ਧਰਮਸਾਲਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਸਦਾ ਸਹਾਈ ਸਗਲਾ ਸੰਗ ਆਪੇ ਚਲੇ ਆਪਣੀ ਚਾਲਾ, ਚਾਲ ਅਵੱਲੜੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵਿਚ ਉਪਾਇੰਦਾ । ਨਿਰਗੁਣ ਮੇਲਾ ਨਿਰਗੁਣ ਚੇਲਾ, ਨਿਰਗੁਣ ਗੁਰ ਅਖਵਾਇਆ । ਨਿਰਗੁਣ ਸਤਿਗੁਰ ਸੱਜਣ ਸੁਹੇਲਾ, ਨਿਰਗੁਣ ਖੇਲ ਖਿਲਾਇਆ । ਨਿਰਗੁਣ ਵਸੇ ਇਕ ਅਕੇਲਾ, ਦਿਸ ਕਿਸੇ ਨਾ ਆਇਆ । ਨਿਰਗੁਣ ਜਾਣੇ ਆਪਣਾ ਵਕ਼ਤ ਵੇਲਾ,

ਵੇਦ ਕਤੇਬ ਨਾ ਕੋਈ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਰੁਸ਼ਨਾਇਆ । ਜੋਤੀ ਨੂਰ ਹਰਿ ਉਪਾ, ਜੋਤੀ ਨੂਰ ਉਪਾਈਆ । ਆਪਣਾ ਮੰਦਰ ਆਪ ਸੁਹਾ, ਥਿਰ ਘਰ ਬੈਠਾ ਬੇਪਰਵਾਹੀਅ । ਨੂਰੋ ਨੂਰ ਡਗਮਗਾ, ਏਕਾ ਏਕ ਖੇਲ ਖਿਲਾਈਆ । ਸਤਿ ਸਰੂਪੀ ਸਹਿਜ ਸਭਾ, ਘਰ ਸਾਚੇ ਸੋਭਾ ਪਾਈਆ । ਦੂਸਰ ਕੋਈ ਦਿਸੇ ਨਾ ਥਾਂ, ਨਾ ਕੋਈ ਦਰ ਵਖਾਈਆ । ਨਾ ਕੋਈ ਨਗਰ ਨਾ ਗਰਾਂ, ਨਾ ਕੋਈ ਮਹੱਲ ਵਖਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਰਾ ਨਾ ਕੋਈ ਜਣਾਈਆ । ਨਾ ਕੋਈ ਦੇਵੇ ਠੰਡੀ ਛਾਂ, ਸੀਸ ਹੱਥ ਨਾ ਕੋਈ ਟਿਕਾਈਆ । ਨਾ ਕੋਈ ਕਰੇ ਕਰਾਏ ਨਿਆਂ, ਸ਼ਾਹ ਹਕੀਰ ਨਾ ਕੋਈ ਨਿਆਈਆ । ਆਪਣੀ ਬਣਤ ਆਪ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਦਾਤਾ ਪੁਰਖ ਅਗੰਮ, ਆਦਿ ਜੁਗਾਦਿ ਸਮਾਇਆ । ਨਾ ਮਰੇ ਨਾ ਪਏ ਜੰਮ, ਪੰਜ ਤੱਤ ਨਾ ਕੋਈ ਰਖਾਇਆ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਪਾਰਬ੍ਰਹਮ ਵਡ ਵਡਿਆਇਆ । ਗਗਨ ਪਤਾਲ ਰਖਾਏ ਬਿਨ ਬਿਨ ਥੰਮ, ਅਕਾਸ਼ ਪਰਕਾਸ਼ ਆਪ ਸਮਾਇਆ । ਸੇਵ ਲਗਾਏ ਰਵ ਸਸ ਸੂਰਜ ਚੰਨ, ਮੰਡਲ ਮੰਡਪ ਬੰਨਣ ਪਾਇਆ । ਲੋਆਂ ਪੁਰੀਆਂ ਬੇੜਾ ਬੰਨ, ਚੌਦਾਂ ਲੋਕਾਂ ਹੱਟ ਖੁਲ੍ਹਾਇਆ । ਏਕਾ ਰਾਗ ਸੁਣਾਏ ਕੰਨ, ਧੁਨ ਅਨਾਦੀ ਆਪ ਅਲਾਇਆ । ਨਾ ਕੋਈ ਛੱਪਰ ਨਾ ਕੋਈ ਛੰਨ, ਥਿਰ ਘਰ ਸਾਚੇ ਆਸਣ ਲਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨਨੀ ਕਿਸੇ ਨਾ ਜਣਿਆ ਜਨ, ਆਪਣੀ ਗੋਦ ਆਪ ਸੁਹਾਇਆ । ਤ੍ਰੈਗੁਣ ਮੇਲਾ ਕੋਈ ਨਾ ਤਨ, ਤੱਤਵ ਤੱਤ ਨਾ ਕੋਈ ਨਿਭਾਇਆ । ਨਾ ਘੜੇ ਨਾ ਦੇਵੇ ਭੰਨ, ਘੜਨ ਭੰਨਣਹਾਰ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਇਆ । ਅਬਿਨਾਸ਼ੀ ਕਰਤਾ ਹਰਿ ਹਰਿ ਮੀਤਾ, ਏਕਾ ਪੁਰਖ ਸਲਾਹੀਆ । ਆਦਿ ਜੁਗਾਦੀ ਰਹੇ ਅਤੀਤਾ, ਰੂਪ ਅਨੂਪ ਵੇਸ ਵਟਾਈਆ । ਨਾ ਠੰਡਾ ਨਾ ਦਿਸੇ ਸੀਤਾ, ਅਗਨੀ ਤੱਤ ਨਾ ਕੋਈ ਜਲਾਈਆ । ਪਰਮ ਪੁਰਖ ਪ੍ਰਭ ਮੀਤਨ ਮੀਤ ਪਤਤ ਪੁਨੀਤਾ, ਪਤਤ ਪਾਵਣ ਨਾਉਂ ਧਰਾਈਆ । ਆਪੇ ਹਸਤ ਆਪੇ ਕੀਟਾ, ਊਚ ਨੀਚ ਆਪ ਹੋ ਜਾਈਆ । ਆਪੇ ਜਾਣੇ ਆਪਣੀ ਰੀਤਾ, ਨਾ ਕੋਈ ਦੂਸਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਨੂਰ ਰੁਸ਼ਨਾਈਆ । ਨਿਰਗੁਣ ਰੂਪ ਹਰਿ ਕਰਤਾਰ, ਅਕਲ ਕਲਾ ਅਖਵਾਇੰਦਾ । ਖੇਲੇ ਖੇਲ ਅਪਰ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਥਿਰ ਘਰ ਆਸਣ ਲਾਇੰਦਾ । ਨਿਰਗੁਣ ਜੋਤ ਜਗੇ ਅਪਾਰ, ਦੀਵਾ ਬਾਤੀ ਨਾ ਕੋਈ ਵਖਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਰਾਜ ਰਾਜਾਨ ਵਡ ਸਿਕਦਾਰ, ਸਾਚਾ ਤਾਜ ਸੀਸ ਟਿਕਾਇੰਦਾ । ਨਾ ਕੋਈ ਦਿਸੇ ਦਰ ਦਰਬਾਰ, ਦਰ ਦਰਵੇਸ਼ ਨਾ ਕੋਈ ਵਖਾਇੰਦਾ । ਇਕ ਅਕੱਲਾ ਕਰ ਪਸਾਰ, ਏਕੰਕਾਰਾ ਖੇਲ ਖਿਲਾਇੰਦਾ । ਨਿਰੰਕਾਰਾ ਨਿਰਗੁਣ ਬੰਨ੍ਹੇ ਧਾਰ, ਸਰਗੁਣ ਰੂਪ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਆਪ ਅਖਵਾਇੰਦਾ । ਪੁਰਖ ਅਕਾਲ ਅਕਾਲ ਮੂਰਤ, ਆਪਣੀ ਕਲ ਵਰਤਾਈਆ । ਸ਼ਬਦ ਅਨਾਦੀ ਸਾਚੀ ਤੂਰਤ, ਅਗੰਮ ਅਗੰਮੜੀ ਆਪ ਉਪਜਾਈਆ । ਜੋਤ ਨੁਰਾਨੀ ਨੂਰੋ ਨੂਰਤ, ਨੂਰ ਨੁਰਾਨੀ ਡਗਮਗਾਈਆ । ਆਪਣੀ ਆਸਾ ਆਪੇ ਪੂਰਤ, ਆਪਣੀ ਭਿਛਿਆ ਝੋਲੀ ਪਾਈਆ । ਆਪੇ ਨੇੜੇ ਆਪੇ ਦੂਰਤ, ਆਪ ਆਪਣਾ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੦੪
੦੮

ਜੋਤ ਧਰ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਸਾਚੇ ਆਪ ਉਪਾਇਆ । ਨਿਰਗੁਣ ਬੈਠਾ ਇਕ ਅਕੱਲਾ, ਜੋਤੀ ਨੂਰ ਡਗਮਗਾਇਆ । ਸਚ ਸਿੰਘਾਸਣ ਆਪੇ ਮੱਲਾ, ਆਪ ਆਪਣਾ ਵੇਖ ਵਖਾਇਆ । ਆਪ ਫੜਾਏ ਆਪਣਾ ਪੱਲਾ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਸਚ ਦਰਬਾਰਾ, ਹਰਿ ਸਾਚੇ ਬਣਤ ਬਣਾਈਆ । ਮਹੱਲ ਅਟੱਲ ਉਚ ਮਿਨਾਰਾ, ਚਾਰ ਦਿਵਾਰ ਨਾ ਕੋਈ ਰਖਾਈਆ । ਦੀਵਾ ਬਾਤੀ ਕਰ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਗੁਰ ਠਾਂਡਾ ਸਤਿ ਦਵਾਰਾ, ਸਤਿ ਪੁਰਖ ਵੱਜੇ ਵਧਾਈਆ । ਗਾਵਤ ਗਾਏ ਗਾਵਣਹਾਰਾ, ਆਪ ਆਪਣੀ ਸਿਫ਼ਤ ਸਲਾਹੀਆ । ਵੱਜੇ ਤਾਲ ਇਕ ਤਲਵਾੜਾ, ਹਰਿ ਸਾਚੇ ਆਪ ਵਜਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਲਾਏ ਅਖਾੜਾ, ਆਪ ਆਪਣਾ ਬੰਕ ਸੁਹਾਈਆ । ਪੁਰਖ ਅਬਿਨਾਸ਼ੀ ਸੋਹੇ ਲਾੜਾ, ਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਪੁਰਖ ਬਿਧਾਤਾ, ਥਿਰ ਘਰ ਡੇਰਾ ਲਾਇੰਦਾ । ਉਤਮ ਰੱਖੇ ਆਪਣੀ ਜ਼ਾਤਾ, ਵਰਨ ਗੋਤ ਨਾ ਕੋਈ ਬਣਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤਾ, ਪੂਤ ਸਪੂਤ ਨਾ ਗੋਦ ਉਠਾਇੰਦਾ । ਬੈਠਾ ਰਹੇ ਇਕ ਇਕਾਂਤਾ, ਇਕ ਅਕੱਲਾ ਵੇਸ ਵਟਾਇੰਦਾ । ਆਪਣੇ ਮੰਦਰ ਆਪੇ ਮਾਰੇ ਝਾਤਾ, ਆਪ ਆਪਣਾ ਵੇਖ ਵਖਾਇੰਦਾ । ਆਪਣੀ ਦੇਵਣਹਾਰਾ ਦਾਤਾ, ਦਾਤਾ ਦਾਨੀ ਆਪ ਹੋ ਜਾਇੰਦਾ । ਆਪ ਜਣਾਏ ਆਪਣੀ ਗਾਥਾ, ਆਪ ਆਪਣਾ ਸ਼ਬਦ ਅਲਾਇੰਦਾ । ਸਰਬ ਕਲਾ ਆਪੇ ਸਮਰਾਥਾ, ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਆਪ ਦ੍ਰਿੜਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਬੰਕ ਸੁਹਾਇੰਦਾ । ਥਿਰ ਘਰ ਸਾਚਾ ਸਾਚਾ ਬੰਕ, ਹਰਿ ਸੱਜਣ ਆਪ ਸੁਹਾਇਆ । ਨਾ ਕੋਈ ਰਾਓ ਨਾ ਕੋਈ ਰੰਕ, ਊਚ ਨੀਚ ਨਾ ਕੋਈ ਵਖਾਇਆ । ਏਕਾ ਸ਼ਬਦ ਏਕਾ ਜੋਤੀ ਏਕਾ ਮਾਰਨਹਾਰਾ ਡੰਕ, ਏਕਾ ਏਕ ਰਿਹਾ ਸੁਣਾਇਆ । ਏਕਾ ਖੇਲੇ ਖੇਲ ਬਾਰ ਅੰਕ, ਅਕਲ ਕਲ ਧਾਰੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇਆ । ਥਿਰ ਘਰ ਸਾਚਾ ਸਚ ਦਰਵਾਜ਼ਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਨਿਰਗੁਣ ਨੂਰ ਗ਼ਰੀਬ ਨਿਵਾਜ਼ਾ, ਆਪ ਆਪਣਾ ਖੇਲ ਖਿਲਾਇੰਦਾ । ਆਪਣੀ ਮਾਰੇ ਆਪੇ ਅਵਾਜ਼ਾ, ਆਪ ਆਪਣਾ ਰਾਗ ਸੁਣਾਇੰਦਾ । ਆਪਣਾ ਰਚਿਆ ਆਪੇ ਕਾਜਾ, ਸ਼ਬਦ ਸੁੱਤ ਆਪ ਉਪਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਾਜਨ ਰਾਜਾ, ਸ਼ਾਹੋ ਭੂਪ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਆਪ ਨਿਵਾਜਾ, ਸੋ ਪੁਰਖ ਨਿਰੰਜਣ ਭੇਵ ਨਾ ਆਇੰਦਾ । ਆਪਣੀ ਰੱਖੇ ਆਪੇ ਲਾਜਾ, ਆਪ ਆਪਣਾ ਰੂਪ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸਾਜਣ ਸਾਜਾ, ਤ੍ਰੈ ਤ੍ਰੈ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਡਗਮਗਾਇੰਦਾ । ਪਾਰਬ੍ਰਹਮ ਪ੍ਰਭ ਬ੍ਰਹਮ ਉਪਾ, ਆਪਣੀ ਕਲ ਵਰਤਾਈਆ । ਵਿਸ਼ਨੂੰ ਵੰਸੀ ਵੇਸ ਵਟਾ, ਆਪਣਾ ਨਾਉਂ ਧਰਾਈਆ । ਸ਼ਿਵ ਸ਼ੰਕਰ ਲੇਖਾ ਲਏ ਲਿਖਾ, ਆਪ ਆਪਣੀ ਗਣਤ ਗਣਾਈਆ । ਜੋਤੀ ਜੋਤ ਜੋਤ ਜਗਾ, ਦਿਵਸ ਰੈਣ ਡਗਮਗਾਈਆ । ਰਵ ਸਸ ਆਪ ਉਪਜਾ, ਮੰਡਲ ਮੰਡਪ ਹੋਏ ਸਹਾਈਆ ।

ਚੌਦਾਂ ਲੋਕਾਂ ਦਰ ਖੁਲ੍ਹਾ, ਚੌਦਾਂ ਹੱਟਾ ਵੇਖ ਵਖਾਈਆ । ਤ੍ਰੈਗੁਣ ਮਾਇਆ ਬਣਤ ਬਣਾ, ਤ੍ਰੈ ਤ੍ਰੈ ਧਾਰ ਚਲਾਈਆ । ਪੰਚਮ ਮੀਤਾ ਸਹਿਜ ਸਭਾ, ਪੰਚਮ ਮੋਹ ਜੁੜਾਈਆ । ਆਪ ਆਪਣਾ ਜੋੜ ਜੁੜਾ, ਬ੍ਰਹਮਾ ਵੇਤਾ ਸੇਵਾ ਲਾਈਆ । ਲੱਖ ਚੁਰਾਸੀ ਬਣਤ ਬਣਾ, ਘਟ ਘਟ ਰਿਹਾ ਸਮਾਈਆ । ਲੋਕਮਾਤ ਵੇਖ ਵਖਾ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਵਡ ਵਡਿਆਈਆ । ਨਿਰਗੁਣ ਦਾਤਾ ਹਰਿ ਨਿਰੰਕਾਰ, ਪਾਰਬ੍ਰਹਮ ਅਖਵਾਇੰਦਾ । ਆਪੇ ਜਾਣੇ ਆਪਣੀ ਕਾਰ, ਆਪ ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਕਰ ਪਸਾਰ, ਬ੍ਰਹਮ ਬ੍ਰਹਮ ਅਖਵਾਇੰਦਾ । ਪੰਜ ਤੱਤ ਦਏ ਅਧਾਰ, ਤ੍ਰੈਗੁਣ ਜੋੜ ਜੁੜਾਇੰਦਾ । ਨੌ ਦਰ ਖੋਲ੍ਹ ਕਿਵਾੜ, ਹੱਡ ਮਾਸ ਨਾੜੀ ਰਤ ਜੋੜ ਜੁੜਾਇੰਦਾ । ਜਗਤ ਤ੍ਰਿਸਨਾ ਭਰ ਭੰਡਾਰ, ਕਾਮ ਕਰੋਧ ਲੋਭ ਮੋਹ ਹੰਕਾਰ ਸਾਚਾ ਸੰਗ ਰਲਾਇੰਦਾ । ਆਸਾ ਤ੍ਰਿਸਨਾ ਖ਼ਬਰਦਾਰ, ਸਵਾਣੀ ਸੁਰਤ ਆਪ ਉਠਾਇੰਦਾ । ਡੂੰਘੀ ਭਵਰੀ ਵੇਖ ਕਿਨਾਰ, ਜੰਗਲ ਜੂਹ ਉਜਾੜ ਪਹਾੜ ਆਪੇ ਡੇਰਾ ਲਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਆਪ ਆਪਣਾ ਖੇਲ ਖਿਲਾਇੰਦਾ । ਖੁਲ੍ਹੇ ਦ੍ਰਿਸ਼ਟ ਬੰਦ ਕਿਵਾੜ, ਸਚ ਸਮਗਰੀ ਝੋਲੀ ਪਾਇੰਦਾ । ਵੇਖ ਵਖਾਏ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਵੇਖ ਵਖਾਇੰਦਾ । ਧੁਰਦਰਗਾਹੀ ਸਾਚਾ ਲਾੜ, ਏਕਾ ਏਕ ਅਖਵਾਇੰਦਾ । ਆਪੇ ਫਿਰੇ ਪਿੱਛੇ ਅਗਾੜ, ਦੋ ਜਹਾਨਾਂ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕਾਏ ਪੁਰਖ ਨਾਰ, ਨਰ ਨਰਾਇਣ ਮੇਲ ਮਿਲਾਇੰਦਾ । ਸਤਿ ਸਤਿਵਾਦੀ ਖਿਚੇ ਤਾਰ, ਸਚ ਸਰੰਗੀ ਆਪ ਹਿਲਾਇੰਦਾ । ਅਨਹਦ ਗਾਏ ਵਾਰੋ ਵਾਰ, ਸਾਚਾ ਥਾਨ ਸੁਹਾਇੰਦਾ । ਸਖੀਆਂ ਮੰਗਲ ਮੰਗਲਾਚਾਰ, ਦਰ ਏਕਾ ਵੇਖ ਵਖਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਮੇਟ ਮਿਟਾਏ ਪੰਚਮ ਧਾੜ, ਜੂਠ ਝੂਠ ਨੇੜ ਨਾ ਆਇੰਦਾ । ਜਗਤ ਤ੍ਰਿਸਨਾ ਦੇਵੇ ਸਾੜ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਤਮ ਸੇਜਾ ਕਰ ਪਿਆਰ, ਗੁਰਮੁਖ ਸਾਚੇ ਆਪ ਬਹਾਇੰਦਾ । ਇਕ ਕਰਾਏ ਵਣਜ ਵਾਪਾਰ, ਦੂਜਾ ਹੱਟ ਨਾ ਕੋਈ ਵਖਾਇੰਦਾ । ਜਿਸ ਜਨ ਦੇਵੇ ਦਰਸ ਅਗੰਮ ਅਪਾਰ, ਆਪ ਆਪਣਾ ਦਰ ਸੁਹਾਇੰਦਾ । ਲੱਖ ਚੁਰਾਸੀ ਉਤਰੇ ਪਾਰ, ਮਾਤ ਗਰਭ ਫੇਰ ਨਾ ਆਇੰਦਾ । ਬੰਦ ਖੁਲਾਸ ਵਿਚ ਸੰਸਾਰ, ਆਵਣ ਜਾਵਣ ਮੂਲ ਚੁਕਾਇੰਦਾ । ਸ਼ਬਦ ਸਵਾਸੀ ਲਏ ਅਧਾਰ, ਜੋ ਜਨ ਰਸਨਾ ਗਾਇੰਦਾ । ਦਸਮ ਦਵਾਰੀ ਦਰ ਦਰਬਾਰ, ਗੁਰਮੁਖ ਸਾਚੇ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਬੰਧਾਇੰਦਾ । ਪੰਜ ਤੱਤ ਕਰ ਉਜਿਆਰਾ, ਆਪਣੀ ਰਚਨ ਰਚਾਇਆ । ਮਨ ਮਤ ਦਏ ਸਹਾਰਾ, ਨਿਰਗੁਣ ਨਿਰਗੁਣ ਜੋੜ ਜੁੜਾਇਆ । ਰਕਤ ਬੂੰਦ ਕਰ ਪਸਾਰਾ, ਤਾਣਾ ਪੇਟਾ ਆਪ ਤਣਾਇਆ । ਆਪੇ ਗੁਪਤ ਆਪੇ ਜਾਹਿਰਾ, ਅੰਦਰ ਬਾਹਰ ਆਪ ਹੋ ਜਾਇਆ । ਆਪੇ ਬਣੇ ਭਗਤ ਭੰਡਾਰਾ, ਆਪ ਆਪਣਾ ਨਾਮ ਵਰਤਾਇਆ । ਆਪੇ ਮੂਰਖ ਮੂੜ੍ਹ ਮੁਗਧ ਗਵਾਰਾ, ਕੂੜੇ ਧੰਦੇ ਆਪੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਨਾਦੀ ਇਕ ਬ੍ਰਿਹਿਮਾਦੀ ਏਕਾ ਏਕ ਚਲਾਇਆ । ਸ਼ਬਦ ਅਨਾਦੀ ਹਰਿ ਹਰਿ ਬੋਲ, ਆਪਣਾ ਬੋਲ ਸੁਣਾਇਆ । ਪੁਰਖ ਅਬਿਨਾਸ਼ੀ ਆਪਣੇ ਕੰਡੇ ਤੋਲ, ਪਾਰਬ੍ਰਹਮ ਤੋਲਾ ਇਕ ਬਣਾਇਆ । ਪੁਰੀਆਂ ਲੋਆਂ ਆਪੇ ਫੋਲ, ਅਵਣ ਗਵਣ ਤ੍ਰੈਭਵਣ ਵੇਖ ਵਖਾਇਆ । ਵਸਣਹਾਰਾ ਕਾਇਆ ਚੋਲ, ਦਿਸ ਕਿਸੇ ਨਾ ਆਇਆ । ਜੁਗਾ ਜੁਗੰਤ ਲਏ ਵਰੋਲ, ਮਾਣਕ ਮੋਤੀ ਆਪਣੇ ਹੱਥ ਰਖਾਇਆ । ਮਨਮੁਖ ਜੀਵ ਰਹੇ ਅਨਭੋਲ, ਹਰਿ ਕਾ ਰੂਪ

ਦਿਸ ਨਾ ਆਇਆ । ਕੂੜ ਕੁੜਿਆਰਾ ਵੱਜੇ ਢੋਲ, ਡੌਰੂ ਡੰਕਾ ਇਕ ਵਜਾਇਆ । ਆਤਮ ਅੰਤਰ ਕੋਈ ਨਾ ਪੜਦਾ ਦੇਵੇ ਖੋਲ੍ਹ, ਨਾ ਕੋਈ ਬੂਝ ਬੁਝਾਇਆ । ਉਲਟਾ ਕਰੇ ਨਾਭ ਕਵਲ, ਜੁਗ ਜੁਗ ਅੰਮ੍ਰਿਤ ਆਤਮ ਆਪ ਭਰਾਇਆ । ਗੁਰਮੁਖ ਵਿਰਲੇ ਅੰਦਰ ਆਪੇ ਗਿਆ ਮਵਲ, ਮੌਲਾ ਰੂਪ ਆਪ ਦਰਸਾਇਆ । ਜਿਸ ਜਨ ਪਿਆਏ ਦਇਆ ਕਮਾਏ ਚਰਨ ਚਰਨੋਦਕ ਆਪਣੀ ਪੌਹਲ, ਜਗਤ ਤ੍ਰਿਸਨਾ ਭੁੱਖ ਮਿਟਾਇਆ । ਹਰਿ ਕਾ ਭੇਵ ਨਾ ਕੋਈ ਜਾਣੇ ਪੰਡਤ ਪਾਂਧਾ ਰੌਲ, ਭੇਵ ਕਿਸੇ ਨਾ ਆਇਆ । ਆਦਿ ਜੁਗਾਦੀ ਆਪੇ ਜਾਣੇ ਆਪਣਾ ਕੀਤਾ ਕੌਲ, ਭੁੱਲ ਕਦੇ ਨਾ ਜਾਇਆ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਤੇਰਾ ਪੜਦਾ ਨਾ ਸਕੇ ਕੋਈ ਫੋਲ, ਤੇਰਾ ਭੇਵ ਕਿਸੇ ਨਾ ਪਾਇਆ । ਹਰਿ ਕਾ ਭਾਣਾ ਨਾ ਮਿਟੇ ਰੱਤੀ ਚੌਲ, ਮੇਟਣਹਾਰ ਨਾ ਕੋਈ ਅਖਵਾਇਆ । ਲੋਕਮਾਤ ਵੇਖੇ ਮਾਰ ਝਾਤ ਜੁਗ ਜੁਗ ਲੱਖ ਚੁਰਾਸੀ ਤੇਰਾ ਘੋਲ, ਗੁਰਮਤ ਮਨਮਤ ਦਏ ਲੜਾਇਆ । ਅੰਤਮ ਕੱਢਣਹਾਰਾ ਪੋਲ, ਆਪ ਆਪਣਾ ਵੇਸ ਲਏ ਵਟਾਇਆ । ਸਤਿਜੁਗ ਤੋਲੇ ਸਾਚੇ ਤੋਲ, ਵਾਰ ਅਠਾਰਾਂ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇਆ । ਜੁਗ ਕਰਤਾ ਹਰਿ ਕਰਨੇਹਾਰਾ, ਕਰਨਹਾਰ ਅਖਵਾਇੰਦਾ । ਆਪੇ ਦੇਵਣਹਾਰ ਸਹਾਰਾ, ਆਪੇ ਜੋਤ ਜਗਾਇੰਦਾ । ਆਪੇ ਨਰ ਆਪੇ ਨਾਰਾ, ਨਰ ਨਰਾਇਣ ਆਪ ਅਖਵਾਇੰਦਾ । ਆਪੇ ਮਾਤ ਪਿਤ ਭੈਣ ਭਾਈ ਕਰੇ ਪਿਆਰਾ, ਸਾਕ ਸੱਜਣ ਸੈਣ ਆਪ ਹੋ ਜਾਇੰਦਾ । ਆਪੇ ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਸਤਿਜੁਗ ਸਾਚਾ ਕਰ ਉਜਿਆਰਾ, ਸਾਚਾ ਮਾਰਗ ਲਾਇੰਦਾ । ਏਕਾ ਖੰਡਾ ਨਾਮ ਕਟਾਰਾ, ਨਾਮ ਨਾਮਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਚਾਲ ਚਲਾਇੰਦਾ । ਚਾਲ ਨਿਰਾਲੀ ਹਰਿ ਕਰਤਾਰ, ਆਪਣੀ ਆਪ ਚਲਾਈਆ । ਜੋਤ ਅਕਾਲੀ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਧੁਰ ਦਾ ਮਾਲੀ ਬੇਐਬ ਪਰਵਰਦਿਗਾਰ, ਨੂਰ ਅਲਾਹੀ ਆਪ ਅਖਵਾਈਆ । ਰਾਮ ਰਾਮਾ ਭੇਵ ਨਿਆਰ, ਰੂਪ ਅਨੂਪ ਆਪ ਦਰਸਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ ਪਾਵੇ ਸਾਰ, ਆਪ ਆਪਣੀ ਦਇਆ ਕਮਾਈਆ । ਭਗਤਨ ਮੀਤਾ ਏਕਾ ਆਪਣਾ ਦੇਵਣਹਾਰਾ ਨਾਮ ਭੰਡਾਰ, ਸਾਚਾ ਨਾਮ ਇਕ ਵਡਿਆਈਆ । ਨਾ ਕੋਈ ਮੰਦਰ ਮਸਜਿਦ ਗੁਰੂਦਵਾਰ, ਸ਼ਿਵਦਵਾਲਾ ਮੱਠ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਨੂਰ ਕਮਲਾਪਾਤੀ, ਆਪਣਾ ਰੰਗ ਰੰਗਾਇਆ । ਹਰਿਜਨ ਦੇਵੇ ਸਾਚੀ ਦਾਤੀ, ਦਾਤਾ ਦਾਨੀ ਆਪ ਅਖਵਾਇਆ । ਮੇਟੇ ਰੈਣ ਅੰਧੇਰੀ ਰਾਤੀ, ਸਾਚਾ ਚੰਨ ਚੜ੍ਹਾਇਆ । ਸਖਾ ਸੁਹੇਲਾ ਪੁੱਛੇ ਵਾਤੀ, ਆਪ ਆਪਣਾ ਵੇਸ ਵਟਾਇਆ । ਖੇਲੇ ਖੇਲ ਬਹੁ ਬਹੁ ਭਾਂਤੀ, ਨਿਰਗੁਣ ਸਰਗੁਣ ਨਾਉਂ ਧਰਾਇਆ । ਸਤਿਜੁਗ ਤੇਰੀ ਚੁੱਕੀ ਵਾਟੀ, ਤ੍ਰੇਤਾ ਵੇਖ ਵਖਾਇਆ । ਤ੍ਰੇਤਾ ਤੇਰੀ ਔਖੀ ਘਾਟੀ, ਰਾਮ ਨਾਮਾ ਨਾਮ ਦ੍ਰਿੜਾਇਆ । ਸਾਚਾ ਤੀਰਥ ਸਾਚਾ ਤਾਟੀ, ਸਰ ਸਰੋਵਰ ਇਕ ਨੁਹਾਇਆ । ਅੰਮ੍ਰਿਤ ਪਿਆਲਾ ਕਾਇਆ ਬਾਟੀ, ਨਿਝਰ ਧਾਰਾ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੜ੍ਹ ਹੰਕਾਰੀ ਵੇਖ ਵਖਾਇਆ । ਗੜ੍ਹ ਹੰਕਾਰੀ ਆਪੇ ਤੋੜ, ਆਪੇ ਕਰਮ ਕਮਾਇੰਦਾ । ਆਪਣੇ ਦਰ ਆਪੇ ਜਾਏ ਬੌਹੜ, ਆਪ ਆਪਣਾ ਵੇਖ ਵਖਾਇੰਦਾ । ਵੇਖੇ ਫਲ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੋਲਾਇੰਦਾ । ਦੋ ਜਹਾਨਾਂ ਲਾਏ ਏਕਾ ਪੌੜ, ਏਕਾ ਚਰਨ ਟਿਕਾਇੰਦਾ । ਹਰਿ ਕਾ ਰੂਪ ਹਰਿ ਕਾ ਸ਼ਬਦ ਕੋਈ ਨਾ ਸਕੇ ਮੋੜ,

ਨਿਰਗੁਣ ਨਿਰਗੁਣ ਖੇਲ ਖਿਲਾਇੰਦਾ । ਜਨ ਭਗਤਾਂ ਲੱਗੀ ਨਿਭੇ ਤੋੜ, ਲੋਕਮਾਤ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਤ੍ਰੀਆ ਵੇਸ, ਪਾਰਬ੍ਰਹਮ ਵੇਖੇ ਖੇਲ ਨਰ ਨਰੇਸ਼, ਨਰ ਨਾਰੀ ਵੇਖ ਵਖਾਇੰਦਾ । ਨਰ ਨਰਾਇਣ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਬੰਨੇ ਧਾਰ, ਆਪ ਆਪਣਾ ਨਾਉਂ ਧਰਾਈਆ । ਕਲਜੁਗ ਅੰਤਮ ਨਿਹਕਲੰਕਾ ਲਏ ਅਵਤਾਰ, ਲੋਕਮਾਤ ਵੱਜੇ ਵਧਾਈਆ । ਰਾਮ ਕ੍ਰਿਸ਼ਨਾ ਰੂਪ ਅਪਾਰਾ, ਜਗਤ ਜਗਦੀਸਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਚਲੇ ਧਾਰ ਹਰਿ ਨਿਰੰਕਾਰਾ, ਜੁਗ ਜੁਗ ਖੇਲ ਖਿਲਾਇਆ । ਕਾਹਨਾ ਕ੍ਰਿਸ਼ਨਾ ਰੂਪ ਅਪਾਰਾ, ਸਾਵਲ ਸੁੰਦਰ ਵੇਖ ਵਖਾਇਆ । ਦੂਤੀ ਦੁਸ਼ਟਾ ਤੋੜ ਗੜ੍ਹ ਹੰਕਾਰਾ, ਰਥ ਰਥਵਾਹੀ ਰਥ ਚਲਾਇਆ । ਆਪੇ ਉਤਰਿਆ ਪਾਰ ਕਿਨਾਰਾ, ਦੋਏ ਦੋਏ ਵੇਸ ਵਟਾਇਆ । ਵੇਖਣਹਾਰਾ ਸਚ ਦਵਾਰਾ, ਭਵ ਸਾਗਰ ਪਾਰ ਕਰਾਇਆ । ਦੁਆਪਰ ਤੇਰਾ ਦਏ ਹੁਲਾਰਾ, ਸਚ ਹੁਲਾਰਾ ਆਪ ਰਖਾਇਆ । ਕਲਜੁਗ ਕੂੜ ਕੁੜਿਆਰਾ, ਲੋਕਮਾਤ ਧਰਾਇਆ । ਦੇਵੇ ਸ਼ਬਦ ਜਗਤ ਵਿਕਾਰਾ, ਏਕਾ ਵਣਜ ਕਰਾਇਆ । ਮੰਗੇ ਮੰਗ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਆਦਿ ਨਿਰੰਜਣ ਨਾਉਂ ਧਰਾਇਆ । ਵਰ ਦਾਤਾ ਹਰਿ ਭਗਵਾਨ, ਪਰਮ ਪੁਰਖ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਦੇਵੇ ਦਾਨ, ਕਲਜੁਗ ਵੇਲਾ ਅੰਤਮ ਆਇਆ । ਜੂਠ ਝੂਠ ਖੋਲ੍ਹ ਦੁਕਾਨ, ਜਗਤ ਹੱਟ ਖੁਲ੍ਹਾਇਆ । ਕਾਮ ਕਰੋਧ ਹੋਏ ਨੌਜਵਾਨ, ਮਾਇਆ ਮਮਤਾ ਤੇਲ ਚੜ੍ਹਾਇਆ । ਹਉਮੇ ਹੰਗਤਾ ਲੱਗੇ ਬਾਣ, ਤੀਰ ਨਿਰਾਲਾ ਹੱਥ ਫੜਾਇਆ । ਸੈਨਾਪਤ ਪੰਜ ਸ਼ੈਤਾਨ, ਸਾਚਾ ਸੰਗ ਨਿਭਾਇਆ । ਜੋਧਾ ਸੂਰਬੀਰ ਬਲੀ ਬਲਵਾਨ, ਮਨ ਮਨੂਆ ਖੇਲ ਖਿਲਾਇਆ । ਮਤ ਬੁਧ ਹੋਈ ਨਿਧਾਨ, ਨਾ ਸਕੇ ਸੀਸ ਉਠਾਇਆ । ਹਰਿ ਕਾ ਰੂਪ ਨਾ ਸਕੇ ਕੋਈ ਪਛਾਣ, ਤੇਰਾ ਪੜਦਾ ਉਪਰ ਪਾਇਆ । ਤੇਰਾ ਕਲਮਾ ਤੇਰਾ ਨਾਮ, ਤੇਰਾ ਵੇਖ ਵਖਾਇਆ । ਤੇਰਾ ਮਸਤਕ ਤੇਰੀ ਸਲਾਮ, ਤੇਰਾ ਤੇਰੇ ਰੰਗ ਰੰਗਾਇਆ । ਤੇਰਾ ਅੰਮ੍ਰਿਤ ਤੇਰਾ ਜਾਮ, ਤੇਰੇ ਮੁਖ ਲਗਾਇਆ । ਤੇਰੀ ਕਿਰਿਆ ਤੇਰਾ ਕਾਮ, ਤੇਰਾ ਤੇਰੀ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਦਾਨ ਝੋਲੀ ਪਾਇਆ । ਕਲਜੁਗ ਵਰ ਘਰ ਸਾਚਾ ਪਾ, ਲੋਕਮਾਤ ਲਏ ਅੰਗੜਾਈਆ । ਚਾਰੇ ਕੂਟਾ ਗਿਆ ਛਾ, ਦਹਿ ਦਿਸ਼ਾ ਫੇਰੀ ਪਾਈਆ । ਭਗਤ ਭਗਤੀ ਦਏ ਗਵਾ, ਆਪਣੀ ਭਗਤੀ ਦੇਵੇ ਲਾਈਆ । ਸਚ ਸੁੱਚ ਦਏ ਗਵਾ, ਜੂਠ ਝੂਠ ਕਰੇ ਕੁੜਮਾਈਆ । ਮਾਇਆ ਮਮਤਾ ਬਣ ਗਵਾਹ, ਸਾਚੀ ਦਏ ਗਵਾਹੀਆ । ਵੇਖਣਹਾਰਾ ਬੇਪਰਵਾਹ, ਥਿਰ ਘਰ ਬੈਠਾ ਬੇਪਰਵਾਹੀਆ । ਏਕਾ ਦੇਵੇ ਸਚ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਦੂਜਾ ਬਣ ਮਲਾਹ, ਦੋਏ ਦੋਏ ਮੇਲ ਮਿਲਾਈਆ । ਈਸਾ ਮੂਸਾ ਆਪ ਉਪਾ, ਆਪੇ ਸੇਵਾ ਲਾਈਆ । ਏਕਾ ਕਲਮਾ ਆਪ ਪੜ੍ਹਾ, ਇਕ ਆਇਤ ਸੁਣਾਈਆ । ਲਾਸ਼ਰੀਕ ਇਕ ਖ਼ੁਦਾ, ਖ਼ਾਲਕ ਖ਼ਲਕ ਵਿਚ ਟਿਕਾਈਆ । ਨੂਰੋ ਨੂਰ ਡਗਮਗਾ, ਨੂਰੋ ਨੂਰ ਆਪ ਖ਼ੁਦਾਈਆ । ਅੱਲਾ ਰਾਣੀ ਨਾਲ ਰਲਾ, ਏਕਾ ਸੰਗ ਰਖਾਈਆ । ਚਾਰ ਯਾਰੀ ਸੰਗ ਰਲਾ, ਸਾਚੀ ਭੁਜਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦਿਤਾ ਸਾਚਾ ਵਰ, ਜੁੜਿਆ ਜੋੜ ਇਕ ਅਲਾਹੀਆ । ਕਲਜੁਗ ਕੂੜ ਵੇਖ ਪਸਾਰਾ, ਹਰਿ ਸਾਚੇ ਜੋਤ ਜਗਾਈਆ । ਨਾਨਕ

ਨਿਰਗੁਣ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਏਕਾ ਵਸਤ ਨਾਮ ਭੰਡਾਰਾ, ਸਤਿ ਨਾਮ ਵਰਤਾਈਆ । ਚਾਰ ਵਰਨਾਂ ਇਕ ਵਣਜਾਰਾ, ਏਕਾ ਵਸਤ ਵਖਾਈਆ । ਊਚਾਂ ਨੀਚਾਂ ਪਾਰ ਕਿਨਾਰਾ, ਏਕਾ ਰੰਗ ਰੰਗਾਈਆ । ਪੁਰਖ ਅਕਾਲ ਇਕ ਜੈਕਾਰਾ, ਏਕਾ ਰਿਹਾ ਗਾਈਆ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਸੁੱਤ ਦੁਲਾਰਾ ਜੋਧਾ ਬੀਰ ਆਪ ਅਖਵਾਈਆ । ਪੰਚਮ ਮੀਤਾ ਹਰਿ ਦੇਵੇ ਨਾਮ ਅਧਾਰਾ, ਨਾਮ ਖੰਡਾ ਤਨ ਪਹਿਨਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਚਾਰ ਵਰਨਾਂ ਮੁਖ ਚੁਆਈਆ । ਲੇਖਾ ਲਿਖੇ ਸਰਬ ਸੰਸਾਰਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਗੁਰ ਗੋਬਿੰਦ ਬਣ ਲਿਖਾਰ, ਸਿੰਘ ਸਿੰਘ ਅਖਵਾਇਆ । ਸ਼ਬਦ ਗੁਰ ਲਏ ਅਵਤਾਰ, ਕਲਜੁਗ ਅੰਤਮ ਵੇਸ ਵਟਾਇਆ । ਜੋਤੀ ਨੂਰ ਹੋ ਉਜਿਆਰ, ਨੂਰੋ ਨੂਰ ਡਗਮਗਾਇਆ । ਸੰਬਲ ਨਗਰੀ ਧਾਰ ਨਿਆਰ, ਸਾਢੇ ਤਿੰਨ ਹੱਥ ਵੇਖ ਵਖਾਇਆ । ਹਰਿ ਮੰਦਰ ਸੋਹੇ ਇਕ ਦਵਾਰ, ਦਰ ਦਰਵੇਸ਼ਾ ਫੇਰੀ ਪਾਇਆ । ਜੁਗ ਜੁਗ ਜੋਤ ਜਗੇ ਅਪਾਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਸ਼ਬਦ ਖੰਡਾ ਤੇਜ਼ ਕਟਾਰ, ਲੱਖ ਚੁਰਾਸੀ ਪਾਵੇ ਸਾਰ, ਜੀਵਾਂ ਜੰਤਾਂ ਵੇਖ ਵਖਾਇਆ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਇਆ । ਜੋਧਾ ਸੂਰ ਬਲੀ ਬਲਕਾਰ, ਬਲਧਾਰੀ ਆਪ ਅਖਵਾਇਆ । ਪਰਗਟ ਹੋਏ ਵਿਚ ਸੰਸਾਰ, ਮਾਤ ਪਿਤ ਨਾ ਕੋਇ ਬਣਾਇਆ । ਚਾਰ ਵਰਨਾਂ ਕਰੇ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਥਾਨ ਬਹਾਇਆ । ਊਚਾਂ ਨੀਚਾਂ ਭੇਵ ਨਵਾਰ, ਰਾਓ ਰੰਕ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇਆ । ਕਲਜੁਗ ਤੇਰਾ ਅੰਤਮ ਲਹਿਣਾ, ਹਰਿ ਸਾਚੇ ਸਚ ਚੁਕਾਵਣਾ । ਜਨ ਭਗਤਾਂ ਨੇਤਰ ਅੰਜਣ ਪਾਏ ਨੈਣਾਂ, ਨਾਮ ਕਜਲਾ ਇਕ ਸੁਹਾਵਣਾ । ਮਨਮੁਖ ਜੀਵਾਂ ਜੂਠੇ ਝੂਠੇ ਵਹਿਣ ਵਹਿਣਾ, ਧੀਰਜ ਧੀਰ ਨਾ ਕੋਇ ਧਰਾਵਣਾ । ਸਾਕ ਸੱਜਣ ਸੈਣ ਨਾ ਕੋਈ ਭਾਈ ਭੈਣਾ, ਸਗਲਾ ਸੰਗ ਨਾ ਕੋਇ ਰਖਾਵਣਾ । ਹਰਿ ਕਾ ਭਾਣਾ ਸਭ ਨੇ ਸਹਿਣਾ, ਗੁਰ ਕਾ ਲੇਖ ਨਾ ਕਿਸੇ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਵਣਾ । ਕਲਜੁਗ ਅੰਤਮ ਜੋਤ ਜਗਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਹਕਲੰਕੀ ਡੰਕ ਵਜਾ, ਚਾਰ ਕੁੰਟ ਕਰੇ ਜਣਾਈਆ । ਦਵਾਰ ਬੰਕਾ ਇਕ ਸੁਹਾ, ਸੰਬਲ ਨਗਰੀ ਵੇਖ ਵਖਾਈਆ । ਸਾਢੇ ਤਿੰਨ ਹੱਥ ਬਣਤ ਬਣਾ, ਦਰ ਦਰਵਾਜਾ ਇਕ ਖੁਲ੍ਹਾਈਆ । ਗ਼ਰੀਬ ਨਿਵਾਜਾ ਆਸਣ ਲਾ, ਸਾਚਾ ਸਿੰਘਾਸਣ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸੰਬਲ ਨਗਰੀ ਧਾਮ ਨਿਆਰਾ, ਹਰਿ ਸਾਚੇ ਸਚ ਸੁਹਾਇਆ । ਨਿਰਗੁਣ ਦੀਪਕ ਕਰ ਉਜਿਆਰਾ, ਅੰਧੇਰ ਅੰਧ ਮਿਟਾਇਆ । ਸ਼ਬਦੀ ਸ਼ਬਦ ਭਰ ਭੰਡਾਰਾ, ਸ਼ਬਦੀ ਸ਼ਬਦ ਵਰਤਾਇਆ । ਸੋ ਪੁਰਖ ਨਿਰੰਜਣ ਕਰ ਪਿਆਰਾ, ਹੰ ਬ੍ਰਹਮ ਮਿਲਾਇਆ । ਹੰ ਬ੍ਰਹਮ ਏਕਾ ਧਾਰਾ, ਸੋਹੰ ਸੋਇਮ ਰੂਪ ਹੋ ਜਾਇਆ । ਓਅੰ ਸੋਹੰ ਖੇਲ ਨਿਆਰਾ, ਹਰਿ ਕਰਤੇ ਖੇਲ ਖਿਲਾਇਆ । ਨਗਰ ਧਾਮ ਖੇੜਾ ਵਸੇ ਇਕ ਦਵਾਰਾ, ਪੰਚਮ ਝੇੜਾ ਮੋਹ ਚੁਕਾਇਆ । ਜਨ ਭਗਤਾਂ ਬੰਨਣਹਾਰਾ ਬੇੜਾ, ਲੱਖ ਚੁਰਾਸੀ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਨਾਉਂ ਰਖਾਇਆ । ਨਿਹਕਲੰਕ ਹਰਿ ਨਿਰੰਕਾਰ, ਸਤਿਗੁਰ ਸ਼ਬਦ ਅਖਵਾਇੰਦਾ । ਘਟ ਘਟ ਮੰਦਰ ਕਰੇ

੫੦੯
੦੮

ਸਹਾਰ, ਹਰ ਘਟ ਵੇਖ ਵਖਾਇੰਦਾ । ਸੰਤ ਸਾਜਣ ਕਰ ਪਿਆਰ, ਗੁਰਮੁਖ ਗੁਰਸਿਖ ਮੇਲ ਮਿਲਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਚੇਲਾ ਗੁਰ ਆਪ ਹੋ ਜਾਇੰਦਾ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਆਪ ਆਪਣਾ ਸੀਸ ਝੁਕਾਇੰਦਾ । ਆਪੇ ਫੜ ਫੜ ਬਾਂਹੋਂ ਲਾਏ ਪਾਰ, ਭਵਸਾਗਰ ਪਾਰ ਕਰਾਇੰਦਾ । ਆਪੇ ਡੋਬਣਹਾਰਾ ਵਿਚ ਮੰਝਧਾਰ, ਸ਼ੌਹ ਦਰਯਾਏ ਆਪ ਰੁੜ੍ਹਾਇੰਦਾ । ਆਪੇ ਖੇਲੇ ਖੇਲ ਅਗੰਮ ਅਪਾਰ, ਅਲੱਖ ਨਿਰੰਜਣ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਆਪ ਜਗਾਇੰਦਾ । ਸ਼ਬਦ ਗੁਰ ਸਾਚੀ ਸੇਵਾ, ਲੋਕਮਾਤ ਹਰਿ ਲਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਵਾ, ਅਲੱਖ ਅਲਖਣਾ ਅਲਖ ਲਖਾਈਆ । ਵਡ ਵੱਡਾ ਵਡ ਦੇਵੀ ਦੇਵਾ, ਦੇਵਤ ਸੁਰ ਰਹੇ ਸਰਨਾਈਆ । ਜਨ ਭਗਤਾਂ ਕੌਸਤਕ ਮਣੀਆ ਮਸਤਕ ਲਾਏ ਥੇਵਾ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਏਕਾ ਨਾਮ ਏਕਾ ਰਾਮ ਰਸਨਾ ਜੇਹਵਾ, ਇਸ਼ਟ ਦੇਵ ਗੁਰ ਇਕ ਸਮਝਾਈਆ । ਅੰਮ੍ਰਿਤ ਆਤਮ ਫਲ ਸਾਚਾ ਮੇਵਾ, ਘਰ ਸਾਚੇ ਆਪ ਖੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਜੁਗ ਵਿਛੜੇ ਜਗ ਮੇਲ ਮਿਲਾਈਆ । ਜੁਗ ਵਿਛੜੇ ਜਗ ਮੇਲਿਆ, ਪਰਮ ਪੁਰਖ ਕਰਤਾਰ । ਸਤਿਗੁਰ ਪਾਇਆ ਸੱਜਣ ਸੁਹੇਲਿਆ, ਵਿਛੜਿਆ ਸੰਸਾਰ । ਗੁਰ ਰੰਗੇ ਰੰਗ ਨਵੇਲਿਆ, ਕੋਈ ਰੰਗੇ ਨਾ ਜਗਤ ਲਲਾਰ । ਕੱਟਣਹਾਰਾ ਧਰਮ ਰਾਏ ਦੀ ਜੇਲਿਆ, ਲੱਖ ਚੁਰਾਸੀ ਕਰੇ ਪਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਕਲਜੁਗ ਅੰਤਮ ਲੈ ਅਵਤਾਰ । ਆਪੇ ਜਾਣੇ ਆਪਣਾ ਵਕ਼ਤ ਵੇਲਿਆ, ਲੇਖਾ ਚੁਕਾਏ ਚਾਰ ਲੱਖ ਬੱਤੀ ਹਜ਼ਾਰ । ਗੁਰਮੁਖ ਸੱਜਣ ਚਾੜ੍ਹੇ ਤੇਲਿਆ, ਸੁਹਾਵਣਹਾਰਾ ਦਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਿਚ ਸੰਸਾਰ । ਖੇਲਣਹਾਰਾ ਪੁਰਖ ਸਮਰਥ, ਏਕਾ ਏਕ ਅਖਵਾਇਆ । ਕਲਜੁਗ ਤੇਰਾ ਚਲਾਏ ਰਥ, ਕੂੜ ਕੂੜੀ ਸੇਵਾ ਲਾਇਆ । ਹੰਕਾਰੀ ਬੁਰਜ ਜਾਏ ਢੱਠ, ਅੰਤ ਰਹਿਣ ਨਾ ਪਾਇਆ । ਅੰਤਮ ਲਹਿਣਾ ਚੁੱਕੇ ਤੀਰਥ ਅਠਸਠ, ਹਰਿ ਕਾ ਨਾਉਂ ਸਾਚਾ ਪੂਜਾ ਪਾਠ ਬ੍ਰਹਮ ਪਾਰਬ੍ਰਹਮ ਮਿਲਾਇਆ । ਆਪ ਉਤਾਰੇ ਸਾਚੇ ਘਾਟ, ਸਚਖੰਡ ਦਵਾਰਾ ਇਕ ਵਸਾਇਆ । ਚਰਨਾਂ ਹੇਠ ਦਬਾਏ ਚੌਦਾਂ ਲੋਕ, ਗੁਰਸਿਖ ਤੇਰੀ ਵਡ ਵਡਿਆਇਆ । ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਸਵਾਂਗ ਰਚਾਇਆ । ਦੁਰਮਤ ਮੈਲ ਦੇਵੇ ਕਾਟ, ਆਤਮ ਅੰਤਰ ਇਕ ਗਿਆਨ ਦ੍ਰਿੜਾਇਆ । ਆਪੇ ਨੇੜੇ ਵਸੇ ਵਾਟ, ਦੂਰ ਦੁਰਾਡਾ ਪੰਧ ਮੁਕਾਇਆ । ਆਤਮ ਸੇਜਾ ਸੁਹਾਏ ਸਾਚੀ ਖਾਟ, ਨਿਰਗੁਣ ਰੂਪ ਆਸਣ ਲਾਇਆ । ਮੇਲ ਮਿਲਾਵਾ ਕਾਇਆ ਮਾਟ, ਸਾਚਾ ਗੜ੍ਹ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰ ਸੱਜਣ ਸਾਚੇ ਮੀਤ ਸਤਿਗੁਰ ਪੂਰਾ ਦਏ ਤਰਾਇਆ । ਕਲਜੁਗ ਬੇੜਾ ਬੰਨ੍ਹੇ ਲਾਇਆ, ਮਿਲਿਆ ਧੁਰਦਰਗਾਹੀ ਇਕ ਮਲਾਹ । ਚਿਤਰ ਗੁਪਤ ਨਾ ਲੇਖ ਵਖਾਇਆ, ਲਾੜੀ ਮੌਤ ਨਾ ਕਰੇ ਵਿਆਹ । ਜਨ ਸਤਿਗੁਰ ਪੂਰਾ ਨਜ਼ਰੀ ਆਇਆ, ਗੁਰ ਸ਼ਬਦ ਮੇਲ ਮਿਲਾਵਾ ਸਾਚੇ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਇਕ ਸਮਝਾਇਆ । ਚਾਰ ਵਰਨਾਂ ਇਕ ਬਬਾਣਾ, ਏਕਾ ਸ਼ਬਦ ਚੜ੍ਹਾਈਆ । ਏਕਾ ਧਾਮ ਸੁਹਾਏ ਰਾਜਾ ਰਾਣਾ, ਸ਼ਾਹ ਸੁਲਤਾਨਾਂ ਏਕਾ ਦਰ ਵਖਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਏਕਾ ਜਾਪ ਜਪਾਈਆ । ਏਕਾ ਦੇਵੇ ਪਦ ਨਿਰਬਾਣਾ, ਨਿਰਭੌ ਵੱਡੀ ਵਡਿਆਈਆ ।

ਅਕਾਲ ਮੂਰਤ ਮੇਲ ਮਿਲਾਣਾ, ਅਨਭਵ ਪਰਕਾਸ਼ ਸਮਾਈਆ । ਕੂੜੋ ਕੂੜ ਨਾਤਾ ਤੋੜ ਤੁੜਾਨਾ, ਏਕਾ ਦੂਜਾ ਭੌ ਮਿਟਾਈਆ । ਤੀਜਾ ਨੇਤਰ ਇਕ ਖੁਲਾਉਣਾ, ਸਵੱਛ ਸਰੂਪੀ ਦਰਸ ਵਖਾਈਆ । ਚੌਥੇ ਘਰ ਮੇਲ ਮਿਲਾਉਣਾ, ਸਾਚੀ ਵੱਜੇ ਵਧਾਈਆ । ਪੰਚਮ ਮੀਤਾ ਪੰਚਮ ਸੀਸ ਤਾਜ ਇਕ ਟਿਕਾਣਾ, ਪੰਚਮ ਰਾਜ ਜੋਗ ਵਖਾਈਆ । ਸਿਆਸਤ ਵਰਾਸਤ ਨਾ ਕਿਸੇ ਬਨਾਣਾ, ਅਛਲ ਅਛੱਲ ਹਰਿ ਕਰਾਈਆ । ਸਾਚਾ ਮਾਰਗ ਗੁਰ ਗੋਬਿੰਦ ਇਕ ਵਖਾਨਾ, ਏਕਾ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਇਕ ਪਛਾਣਾ, ਭਰ ਪਿਆਲਾ ਜਾਮ ਪਿਆਈਆ । ਗੁਰਮਤ ਵਿਚ ਗੁਰਸਿਖ ਸਮਾਣਾ, ਮਨਮਤ ਨਾਰ ਕਮਜ਼ਾਤ ਨੇੜ ਨਾ ਆਈਆ । ਤੇਰਾ ਚਿੱਲਾ ਤੇਰਾ ਤੀਰ ਕਮਾਣਾ, ਤੇਰੀ ਰਸਨਾ ਤੇਰੀ ਜੇਹਵਾ ਹਰੀ ਹਰਿ ਹਰਿ ਗੁਣ ਗਾਈਆ । ਦੇਵੇ ਮਾਣ ਚਾਰੇ ਖਾਣੀ ਚਾਰੇ ਬਾਣੀ ਮਰਦ ਮਰਦਾਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਵੱਡੀ ਵਡਿਆਈਆ । ਸੱਚਾ ਨਾਮ ਧੁਰ ਫ਼ਰਮਾਣਾ, ਹਰਿ ਹਿਰਦੇ ਵਿਚ ਟਿਕਾਈਆ । ਗੁਰਮੁਖ ਗੁਰਮੁਖ ਮੰਨੇ ਭਾਣਾ, ਗੁਰ ਪੂਰਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਜੋੜ ਵਿਛੋੜਾ ਹੱਥ ਨਿਰੰਕਾਰ, ਆਪਣਾ ਆਪ ਕਰਾਇਆ । ਆਪ ਉਪਾਏ ਆਪੇ ਲਏ ਸੰਘਾਰ, ਆਵਣ ਜਾਵਣ ਆਪ ਰਖਾਇਆ । ਆਪੇ ਹਉਮੇ ਹੰਗਤਾ ਭਰੇ ਹੰਕਾਰ, ਪ੍ਰੇਮ ਪਿਆਰ ਆਪ ਟਿਕਾਇਆ । ਆਪੇ ਸਾਚੀ ਸੰਗਤ ਕਰ ਸ਼ਿੰਗਾਰ, ਆਪੇ ਮੂਰਖ ਮੂੜ੍ਹ ਦਰ ਦੁਰਕਾਇਆ । ਆਪੇ ਮੰਗਤਾ ਭਗਤਨ ਦਰ ਬਣੇ ਭਿਖਾਰ, ਆਪ ਆਪਣੀ ਝੋਲੀ ਡਾਹਿਆ । ਆਪੇ ਅੰਗ ਲਾਏ ਅੰਗੀਕਾਰ, ਨਾਨਕ ਨਿਰਗੁਣ ਸਰਗੁਣ ਵਿਚ ਟਿਕਾਇਆ । ਆਪੇ ਸ਼ਬਦ ਗੁਰ ਹੋ ਉਜਿਆਰ, ਬ੍ਰਹਮ ਪਾਰਬ੍ਰਹਮ ਰੂਪ ਵਟਾਇਆ । ਆਪੇ ਚੇਲੇ ਕਰੇ ਨਿਮਸਕਾਰ, ਗੋਬਿੰਦ ਆਪਣਾ ਸੀਸ ਝੁਕਾਇਆ । ਆਪੇ ਆਪਣਾ ਆਪ ਆਪਾ ਦਿਤਾ ਵਾਰ, ਹਰਿ ਸੰਗਤ ਵਡ ਵਡਿਆਇਆ । ਕਲਜੁਗ ਅੰਤਮ ਕਰਜ਼ਾ ਦਏ ਉਤਾਰ, ਪਿਛਲਾ ਲਹਿਣਾ ਰਹਿਣ ਨਾ ਪਾਇਆ । ਫੜਿਆ ਖੰਡਾ ਤੇਜ਼ ਕਟਾਰ, ਸ਼ਬਦੀ ਸ਼ਬਦ ਹੱਥ ਉਠਾਇਆ । ਦਿਸ ਨਾ ਆਏ ਵਿਚ ਸੰਸਾਰ, ਗਿਆਨੀ ਧਿਆਨੀ ਵੇਖ ਵਖਾਇਆ । ਹਰਿ ਭਗਤਨ ਬਿਨ ਕੋਇ ਨਾ ਪਾਏ ਸਾਰ, ਝੂਠੇ ਧੰਦੇ ਜਗਤ ਲੁਭਾਇਆ । ਮਨਮੁਖਤਾ ਕਲਜੁਗ ਹੋਈ ਖਵਾਰ, ਗੁਰਮੁਖ ਬੈਠੇ ਮੁਖ ਛੁਪਾਇਆ । ਧੰਨ ਗੁਰ ਧੰਨ ਕਰਤਾਰ, ਧੰਨ ਗੁਰਸਿਖ ਗੁਰ ਕਰੇ ਪਿਆਰ, ਧੰਨ ਧੰਨ ਜਣੇਂਦੀ ਮਾਇਆ । ਹਰਿ ਕਾ ਰੂਪ ਹਰ ਘਟ ਵਿਚਾਰ, ਹਰ ਘਟ ਆਪੇ ਨਜ਼ਰੀ ਆਇਆ । ਦੂਈ ਦਵੈਤੀ ਫਟ ਲੱਗਾ ਸੰਸਾਰ, ਗੋਬਿੰਦ ਖੰਡਾ ਏਕਾ ਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਵਖਾਏ ਏਕਾ ਘਰ, ਸਰ ਸਰੋਵਰ ਇਕ ਸੁਹਾਇਆ । ਚਾਰ ਵਰਨਾਂ ਬ੍ਰਹਮ ਮਤ, ਪਾਰਬ੍ਰਹਮ ਜਣਾਇਆ । ਸਤਿਗੁਰ ਪੂਰਾ ਦੱਸੇ ਏਕਾ ਹੱਟ, ਏਕਾ ਰੁੱਤ ਸੁਹਾਇਆ । ਕੂੜ ਕੁੜਿਆਰਾ ਲੱਥੇ ਸੱਥ, ਧਰਤ ਧਵਲ ਸੱਥਰ ਹੇਠ ਵਿਛਾਇਆ । ਹਰਿ ਭਗਤਨ ਮੇਲਾ ਕਮਲਾਪਤ, ਘਰ ਘਰ ਵਿਚ ਖ਼ੁਸ਼ੀ ਮਨਾਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਬੱਧਾ ਨਤ, ਨਾਤਾ ਬਿਧਾਤਾ ਜੋੜ ਜੁੜਾਇਆ । ਏਕਾ ਸ਼ਬਦ ਏਕਾ ਗਾਥ, ਏਕਾ ਮੰਤਰ ਰਿਹਾ ਸੁਣਾਇਆ । ਕਲਜੁਗ ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਤਿੰਨ ਹਾਥ, ਰਵਿਦਾਸ ਚੁਮਾਰਾ ਲੇਖ ਲਿਖਾਇਆ । ਸਤਿਜੁਗ ਚਲੇ ਸਾਚਾ ਰਾਥ, ਸਤਿ ਸਤਿਵਾਦੀ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰਵੈਰ ਅਕਾਲ ਮੂਰਤ ਅਜੂਨੀ ਰਹਿਤ ਆਪ ਅਖਵਾਇਆ । ਅਜੂਨੀ

ਰਹਿਤ ਪੁਰਖ ਅਕਾਲਾ, ਦੀਨ ਦਿਆਲਾ ਨਾਉਂ ਧਰਾਇੰਦਾ । ਆਪੇ ਅਗਨੀ ਜੋਤ ਜਵਾਲਾ, ਆਪੇ ਹਵਨ ਵਖਾਇੰਦਾ । ਆਪੇ ਕਾਲ ਹੋਏ ਮਹਾਂਕਾਲਾ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਲੱਖ ਚੁਰਾਸੀ ਫਲ ਲਗਾਏ ਡਾਲ੍ਹਾ, ਆਪੇ ਤੋੜ ਤੁੜਾਇੰਦਾ । ਆਪੇ ਕਰੇ ਕਰਾਏ ਆਦਿ ਜੁਗਾਦਿ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪੇ ਨਾਉਂ ਰਖਾਇੰਦਾ । ਆਪੇ ਖੇਲੇ ਖੇਲ ਨਿਰਾਲਾ, ਆਦਿ ਜੁਗਾਦਿ ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਆਪੇ ਸ਼ਬਦ ਅਨਾਦੀ ਬੋਲ ਜੈਕਾਰਾ, ਆਪ ਆਪਣਾ ਨਾਉਂ ਰਖਾਇੰਦਾ । ਆਪੇ ਆਪਣਾ ਭਰ ਭੰਡਾਰਾ, ਆਪ ਆਪਣੀ ਸੇਵਾ ਲਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰਾ, ਵਰਨ ਬਰਨ ਆਪ ਹੋ ਜਾਇੰਦਾ । ਆਪੇ ਅਲੱਖ ਨਿਰੰਜਣ ਅਲਖ ਅਪਾਰਾ, ਅਲੱਖ ਵੇਸ ਵਟਾਇੰਦਾ । ਸਚਖੰਡ ਸੁਹਾਏ ਬੰਕ ਦਵਾਰਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਫੋਲ ਫੁਲਾਇੰਦਾ । ਬਾਸ਼ਕ ਸੇਜਾ ਕਰ ਪਿਆਰਾ, ਸਾਂਗੋ ਪਾਂਗ ਹੰਢਾਇੰਦਾ । ਆਪੇ ਸਭ ਤੋਂ ਵਸਿਆ ਬਾਹਰਾ, ਦਿਸ ਕਿਸੇ ਨਾ ਆਇੰਦਾ । ਬ੍ਰਹਮਾ ਵੇਤਾ ਬਣ ਲਿਖਾਰਾ, ਚਾਰੇ ਵੇਦ ਲਿਖਾਇੰਦਾ । ਚਾਰੇ ਯੁਗ ਕਰ ਉਸਾਰਾ, ਆਪਣੀ ਆਯੂ ਆਪ ਮਨਾਇੰਦਾ । ਆਪੇ ਦੇਵੇ ਜਗਤ ਸਹਾਰਾ, ਆਪੇ ਡੇਰਾ ਢਾਇੰਦਾ । ਆਪੇ ਮਨਵੰਤਰ ਵੇਖੇ ਖੇਲ ਖਿਲਾਰਾ, ਮਨ ਮਨੂਆ ਆਪ ਫਿਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਜੁਗ ਕਰਤਾ ਖੇਲ ਖਿਲਾਇੰਦਾ । ਕਲਜੁਗ ਤੇਰੀ ਪਾਵੇ ਸਾਰਾ, ਤੇਰਾ ਲਹਿਣਾ ਤੇਰੇ ਦਰ ਰਖਾਇੰਦਾ । ਸਤਿਜੁਗ ਸਾਚਾ ਕਰ ਉਜਿਆਰਾ, ਸਤਿ ਸਤਿਵਾਦੀ ਨਾਉਂ ਉਪਾਇੰਦਾ । ਸੰਮਤ ਸੰਮਤੀ ਮਾਰੇ ਮਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸੰਮਤ ਵੀਹ ਸਦ ਸੋਲਾਂ ਨੌ ਖੰਡ ਪ੍ਰਿਥਮੀ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨਾਂ ਆਪ ਜਗਾਇੰਦਾ । ਪਰਗਟ ਹੋਇਆ ਵਡ ਬਲਕਾਰਾ, ਪੰਚ ਤੱਤ ਨਾ ਕੋਇ ਜਣਾਇੰਦਾ । ਸ਼ਬਦੀ ਸ਼ਬਦ ਖੇਲ ਨਿਆਰਾ, ਜੋਤੀ ਜੋਤ ਡਗਮਗਾਇੰਦਾ । ਸੰਮਤ ਸਤਾਰਾ ਦਏ ਹੁਲਾਰਾ, ਘਰ ਬਾਰਾ ਫੋਲ ਫੋਲਾਇੰਦਾ । ਨਰ ਨਾਰੀ ਕਰੇ ਸਰਬ ਖਵਾਰਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਅੱਠ ਅਠਾਰਾਂ ਏਕਾ ਧਾਰਾ, ਏਕਾ ਵਹਿਣ ਵਹਾਇੰਦਾ । ਵੀਹ ਸਦ ਉਨੀ ਕੱਢੇ ਹਾੜਾ, ਈਸਾ ਮੂਸਾ ਸਰਬ ਕੁਰਲਾਇੰਦਾ । ਜਮੀਨ ਅਸਮਾਨਾ ਤੁੱਟੇ ਪਾੜਾ, ਚੌਦਾਂ ਤਬਕਾਂ ਵੇਖ ਵਖਾਇੰਦਾ । ਲੇਖਾ ਚੁੱਕੇ ਸਤਾਰਾ ਹਾੜਾ, ਸਾਚਾ ਦਿਵਸ ਸੁਹਾਇੰਦਾ । ਨੂਰ ਅਲਾਹੀ ਸਾਚਾ ਲਾੜਾ, ਇਕ ਅਮਾਮ ਆਪ ਅਖਵਾਇੰਦਾ । ਕਾਇਨਾਤ ਵੇਖੇ ਜਗਤ ਅਖਾੜਾ, ਖਾਲਕ ਖਲਕ ਆਪ ਲੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਵੇਖ ਵਖਾਇੰਦਾ । ਸੰਮਤ ਉਨੀ ਸਿਫ਼ਤ ਸਲਾਹ, ਹਰਿ ਸਾਚੇ ਵਡ ਵਡਿਆਈਆ । ਅੱਲਾ ਰਾਣੀ ਮਾਰੇ ਧਾਹ, ਚਾਰ ਯਾਰ ਸੰਗ ਮੁਹੰਮਦ ਕੋਇ ਨਾ ਸੰਗ ਰਲਾਈਆ । ਕਲਮਾ ਅਮਾਮ ਕੋਇ ਨਾ ਸਕੇ ਪੜ੍ਹਾ, ਅੰਜੀਲ ਕੁਰਾਨ ਨਾ ਕੋਇ ਪੜ੍ਹਾਈਆ । ਨਬੀ ਰਸੂਲ ਨਾ ਪਕੜੇ ਕੋਈ ਬਾਂਹ, ਮੁੱਲਾ ਸ਼ੇਖ ਮੁਸਾਇਕ ਪੀਰ ਮੁਖ ਛੁਪਾਈਆ । ਪੀਰ ਫਕੀਰ ਦਸਤਗੀਰ ਸ਼ਾਹ ਹਕੀਰ ਨਾ ਕਰੇ ਕੋਈ ਹਾਂ, ਨਾ ਬੇੜਾ ਪਾਰ ਕਰਾਈਆ । ਘਰ ਕਾਗੀ ਕਾਗ ਵਸਾ, ਨਾਤਾ ਤੁਟੇ ਪੁੱਤਰਾਂ ਮਾਂ, ਬਾਲਕ ਗੋਦ ਨਾ ਕੋਇ ਉਠਾਈਆ । ਨਾ ਕੋਈ ਸੁਹੇਲਾ ਭੈਣ ਭਰਾ, ਸੱਜਣ ਮੀਤ ਨਾ ਕੋਇ ਦਸਾਈਆ । ਇਕ ਅਕੇਲਾ ਖੇਲੇ ਖੇਲ ਥਾਉਂ ਥਾਂ, ਨੌ ਸੱਤ ਫੇਰਾ ਪਾਈਆ । ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਵੈਸ਼ ਸ਼ੂਦਰ ਕਿਸੇ ਨਾ ਦੇਵੇ ਕੋਈ ਠੰਡੀ ਛਾਂ, ਸਿਰ ਹੱਥ ਨਾ ਕੋਇ ਟਿਕਾਈਆ । ਮਾਰੇ ਧਾਹ ਧਰਤ ਮਾਤ ਗਊ ਗਰਾਂ,

ਗ੍ਰਹਿ ਗਿਰਿਆ ਵੇਖ ਵਖਾਈਆ । ਜਿਸ ਜਨ ਜਪਿਆ ਤੇਰਾ ਨਾ, ਤੱਤੀ ਵਾ ਨਾ ਲਗੇ ਰਾਈਆ । ਪਕੜ ਉਠਾਏ ਫੜ ਫੜ ਬਾਂਹ, ਧਰੂ ਪ੍ਰਹਿਲਾਦ ਜਿਉਂ ਤਰਾਈਆ । ਕਲਜੁਗ ਅਗਨੀ ਮਾਰੇ ਭਾਹ, ਠੰਡੀ ਠਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਉਨੀ ਵੇਖ ਵਖਾਈਆ । ਵੀਹ ਸਦ ਉਨੀ ਹਰਿ ਉਨੀਸਾ, ਆਪਣੀ ਉਨਤੀ ਆਪ ਕਰਾਇੰਦਾ । ਸਭ ਦੀ ਚੋਟੀ ਜਾਏ ਮੁੰਨੀ ਨਾ ਕੋਈ ਪੜ੍ਹੇ ਕੁਰਾਨ ਹਦੀਸਾ, ਬਾਈਬਲ ਅੰਜੀਲ ਨਾ ਕੋਇ ਸੁਣਾਇੰਦਾ । ਕਿਸੇ ਤਾਜ ਨਾ ਦਿਸੇ ਸੀਸਾ, ਸਾਚਾ ਕਲਮਾ ਨਾ ਕੋਇ ਪੜ੍ਹਾਇੰਦਾ । ਪਰਗਟ ਹੋਏ ਬੀਸ ਬੀਸਾ, ਆਪ ਆਪਣਾ ਖੇਲ ਖਿਲਾਇੰਦਾ । ਵੇਦ ਪੁਰਾਨਾ ਖ਼ਾਲੀ ਖੀਸਾ, ਵੇਦ ਪੁਰਾਨੀ ਆਪ ਜਣਾਇੰਦਾ । ਲੇਖਾ ਜਾਣੇ ਰਾਗ ਛਤੀਸਾ, ਛੱਤੀ ਰਾਗਾਂ ਡੇਰਾ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੀਸ ਬੀਸ ਆਪ ਵਡਿਆਇੰਦਾ । ਬੀਸ ਸਦ ਬੀਸ ਧਾਰ, ਬੀਸ ਬੀਸਾ ਆਪ ਚਲਾਈਆ । ਪਰਗਟ ਹੋ ਵਿਚ ਸੰਸਾਰ, ਜਮਨ ਕਿਨਾਰਾ ਇਕ ਸੁਹਾਈਆ । ਸਾਧਾਂ ਸੰਤਾਂ ਦਏ ਹੁਲਾਰ, ਆਤਮ ਸ਼ਕਤੀ ਸ਼ਕਤ ਮਿਲਾਈਆ । ਸ਼ਬਦੀ ਨਾਦ ਸੱਚੀ ਧੁੰਨਕਾਰ, ਘਰ ਘਰ ਵਿਚ ਦਏ ਵਜਾਈਆ । ਉਠਾਏ ਸੁੱਤ ਸੋਏ ਸੰਸਾਰ, ਬੁਧ ਮਤ ਕਰ ਜਣਾਈਆ । ਅਬਿਨਾਸ਼ੀ ਅਚੁੱਤ ਸਦਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਸੁਹਾਏ ਰੁੱਤ ਅਪਰ ਅਪਾਰ, ਅਪਰ ਅਪਰੰਪਰ ਖੇਲ ਖਿਲਾਈਆ । ਆਪ ਸੁਹਾਏ ਬੰਕ ਦਵਾਰ, ਦਿਲੀ ਦਵਾਰੇ ਫੇਰਾ ਪਾਈਆ । ਸ਼ਾਹ ਸੁਲਤਾਨਾਂ ਦਏ ਹੁਲਾਰ, ਆਪ ਆਪਣਾ ਤੇਜ਼ ਵਖਾਈਆ । ਰਾਸ਼ਟਰਪਤ ਮੰਗੇ ਮੰਗ ਬਣ ਭਿਖਾਰ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਗਤ ਮਿਤ ਆਪ ਜਣਾਈਆ । ਸੱਤਾਂ ਦੀਪਾਂ ਦੇਵੇ ਇਕ ਹੁਲਾਰ, ਏਕਾ ਬੂਝ ਬੁਝਾਈਆ । ਸੱਤ ਰੰਗ ਨਿਸ਼ਾਨਾ ਦੇਵੇ ਚਾੜ੍ਹ, ਸਾਚੀ ਸਿਖਿਆ ਕਰੇ ਪੜ੍ਹਾਈਆ । ਲੱਖਣ ਕਰੌਚ ਪੁਸਕਰ ਦੀਪ ਖ਼ਬਰਦਾਰ, ਜੰਬੂ ਚੰਦ ਨੂਰ ਰੁਸ਼ਨਾਈਆ । ਸਲਮਲ ਸਾਨ ਕਰੇ ਪਿਆਰ, ਕੁਸ਼ਾ ਵੇਖ ਵਖਾਈਆ । ਪੰਚਮ ਸੋਹੇ ਸੀਸ ਦਸਤਾਰ, ਪੰਚਮ ਤਾਜ ਸੁਹਾਈਆ । ਨਾਮ ਖੰਡਾ ਤੇਜ਼ ਕਟਾਰ, ਆਪਣੇ ਹੱਥ ਉਠਾਈਆ । ਚਰਨ ਕਵਲ ਹਰਿ ਚਰਨ ਪਿਆਰ, ਚਰਨ ਚਰਨੋਦਕ ਇਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੀਸ ਬੀਸਾ ਹਰਿ ਜਗਦੀਸਾ ਪੰਦਰਾਂ ਕੱਤਕ ਦੇਵੇ ਵਡਿਆਈਆ । ਪੰਦਰਾਂ ਕੱਤਕ ਦਿਵਸ ਸੁਹਾਉਣਾ, ਬੀਸ ਸੌ ਬੀਸ ਬਿਕ੍ਰਮੀ ਲੇਖ ਲਿਖਾਇਆ । ਰਾਜ ਜੋਗ ਹਰਿ ਬਣਤ ਬਣੌਣਾ, ਸਚ ਸਿਆਸਤ ਨਾਲ ਰਲਾਇਆ । ਜੂਠ ਝੂਠ ਭੇਖ ਪਖੰਡ ਮਿਟੌਣਾ, ਚਾਰ ਵਰਨ ਏਕਾ ਰੰਗ ਰੰਗੌਣਾ, ਊਚ ਨੀਚ ਨਾ ਕੋਇ ਰਖਾਇਆ । ਰਾਮ ਕ੍ਰਿਸ਼ਨ ਏਕਾ ਰਸਨਾ ਗੌਣਾ, ਨਾਨਕ ਗੋਬਿੰਦ ਸੰਗ ਨਿਭਾਈਆ । ਈਸਾ ਮੂਸਾ ਖੇਲ ਖਿਲੌਣਾ, ਮੁਹੰਮਦ ਮੁਹੰਮਦੀ ਲਏ ਉਪਜਾਇਆ । ਅੰਜੀਲ ਕੁਰਾਨਾਂ ਦਰ ਸੁਹੌਣਾ, ਵੇਦ ਪੁਰਾਨਾਂ ਮੰਗਲ ਗਾਇਆ । ਖਾਣੀ ਬਾਣੀ ਭੇਵ ਚੁਕੌਣਾ, ਰਸਨ ਸਵਾਸ ਏਕਾ ਨਾਮ ਜਪੌਣਾ, ਮੰਡਲ ਰਾਸ ਰਾਸ ਰਚਾਇਆ । ਸੁਰਤੀ ਸੀਤਾ ਰਾਮ ਮਿਲੌਣਾ, ਸੁਰਤ ਸ਼ਬਦੀ ਵੇਖ ਵਖਾਇਆ । ਗੋਪੀ ਕਾਹਨਾ ਏਕਾ ਧਾਮ ਸੁਹੌਣਾ, ਨਾਮ ਬੰਸਰੀ ਇਕ ਵਜਾਇਆ । ਨਾਨਕ ਨਿਰੰਕਾਰ ਨਿਰਗੁਣ ਏਕਾ ਪੌਣਾ, ਸਤਿ ਸਤਿ ਨਾਮ ਦ੍ਰਿੜਾਇਆ । ਗੋਬਿੰਦ ਡੰਕਾ ਇਕ ਵਜੌਣਾ, ਫਤਿਹ ਵਾਹਿਗੁਰੂ ਦਏ ਇਕ ਗਜਾਇਆ । ਸਭ ਦਾ ਰੂਪ ਇਕ ਦਰਸੌਣਾ, ਦੂਸਰ ਕੋਇ ਨਾ ਵਿਚ ਰਖਾਇਆ । ਕੇਸਾਧਾਰੀ ਮੂੰਡ ਮੁੰਡਾਏ ਏਕਾ ਧਾਮ ਬਹੌਣਾ, ਸਾਚਾ ਧਾਮ ਇਕ ਵਖਾਇਆ । ਪਾਰਬ੍ਰਹਮ

ਪ੍ਰਭ ਲੇਖ ਲਿਖੌਣਾ, ਪਿਛਲਾ ਲੇਖਾ ਦਏ ਚੁਕਾਇਆ । ਫੜ ਫੜ ਕਾਗੋਂ ਹੰਸ ਬਣੌਣਾ, ਸੋਹੰ ਸਾਚੀ ਚੋਗ ਚੁਗਾਇਆ । ਇਕਓਂਕਾਰਾ ਨਾਮ ਧਰੌਣਾ, ਸਤਿਨਾਮ ਨਾਮ ਆਪ ਹੋ ਜਾਇਆ । ਕਰਤਾ ਪੁਰਖ ਪੁਰਖ ਮਨੌਣਾ, ਏਕਾ ਇਸ਼ਟ ਬਣਾਇਆ । ਨਿਰਵੈਰ ਰੂਪ ਹਰ ਘਟ ਨਜ਼ਰੀ ਔਣਾ, ਦਰ ਦਰਵਾਜ਼ਾ ਨਾ ਕੋਇ ਰਖਾਇਆ । ਨਿਰਭੌ ਗੁਰਸਿਖ ਤੇਰਾ ਸ੍ਵਾਂਗ ਰਚੌਣਾ, ਭੈ ਭਿਆਨਕ ਹੋਏ ਸਹਾਇਆ । ਮੂਰਤ ਅਕਾਲ ਦਰਸ ਵਖੌਣਾ, ਜੋਤੀ ਨੂਰ ਕਰ ਰੁਸ਼ਨਾਇਆ । ਜੂਨੀ ਰਹਿਤ ਹਰਿ ਆਪ ਅਖਵੌਣਾ, ਨਾ ਮਰੇ ਨਾ ਜਾਇਆ । ਰਾਮ ਨਾਮ ਏਕਾ ਰੰਗ ਰੰਗੌਣਾ, ਰਾਮ ਰਾਮ ਵਿਚ ਟਿਕਾਇਆ । ਸਾਚੇ ਕਾਹਨ ਮੋਰ ਮੁਕਟ ਸੀਸ ਇਕ ਟਿਕੌਣਾ, ਸਾਚੀ ਸਖੀਆਂ ਮੰਗਲ ਗਾਇਆ । ਸਚਖੰਡ ਦਵਾਰਾ ਲੋਕਮਾਤ ਬਣੌਣਾ, ਸਤਿਜੁਗ ਸਾਚੇ ਵੇਸ ਵਟਾਇਆ । ਬੀਸ ਸੌ ਇਕੀਸ ਬਿਕ੍ਰਮੀ ਇਕ ਇਕੀਸਾ ਹਰਿ ਭਗਵੰਤਾ ਆਪ ਅਖਵੌਣਾ, ਸਾਚੇ ਸੰਤਾਂ ਲਏ ਜਗਾਇਆ । ਨਾਰੀ ਕੰਤਾ ਏਕਾ ਸੇਜ ਸਵੌਣਾ, ਆਤਮ ਸੇਜਾ ਆਪ ਵਛਾਇਆ । ਰੰਗ ਬਸੰਤਾ ਇਕ ਚੜ੍ਹੌਣਾ, ਉਤਰ ਕਦੇ ਨਾ ਜਾਇਆ । ਹਉਮੇ ਹੰਗਤਾ ਬੁਰਜ ਢੌਣਾ, ਨਾ ਸਕੇ ਕੋਇ ਬਣਾਇਆ । ਚਾਰੇ ਵਰਨਾਂ ਸਾਚੀ ਸੰਗਤਾ ਇਕ ਰਖੌਣਾ, ਏਕਾ ਨਾਮ ਧਿਆਇਆ । ਦੂਜੇ ਦਰ ਨਾ ਮੰਗਣ ਕਿਸੇ ਜਾਣਾ, ਬਿਨ ਹਰਿ ਭਿਛਿਆ ਕੋਇ ਨਾ ਪਾਇਆ । ਭੁੱਖਾ ਨੰਗਤਾ ਲੇਖੇ ਆਪਣੇ ਲੌਣਾ, ਜੋ ਜਨ ਸਰਨਾਈ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੀਸ ਇਕੀਸ ਹਰਿ ਜਗਦੀਸ ਛੱਤਰ ਸੀਸ ਇਕ ਝੁਲਾਇਆ । ਇਕ ਅਕੀਸਾ ਖੇਲ ਅਵੱਲਾ, ਹਰਿ ਸਾਚੇ ਸਚ ਕਰਾਵਣਾ । ਖੇਲੇ ਖੇਲ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਵਣਾ । ਸਚ ਸਿੰਘਾਸਣ ਪੁਰਖ ਅਬਿਨਾਸ਼ੀ ਘਟ ਘਟ ਵਾਸਨ ਏਕਾ ਮੱਲਾ, ਦਰ ਦਵਾਰ ਇਕ ਸੁਹਾਵਣਾ । ਜਨ ਭਗਤ ਸੁਨੇਹੜਾ ਏਕਾ ਘੱਲਾ, ਬੋਧ ਅਗਾਧ ਜਣਾਵਣਾ । ਜੋਤੀ ਸ਼ਬਦੀ ਆਪੇ ਰੱਲਾ, ਪਵਣ ਪਵਣ ਚਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਏਕਾ ਇਸ਼ਟ ਆਪ ਸਮਝਾਵਣਾ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਏਕਾ ਏਕ ਅਖਵਾਇੰਦਾ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਭੇਵ ਨਾ ਆਇੰਦਾ । ਸਾਜਣ ਮੀਤਾ ਮੀਤ ਮੁਰਾਰ, ਮੀਤ ਮੁਰਾਰੀ ਆਪ ਅਖਵਾਇੰਦਾ । ਠਾਂਡਾ ਸੀਤ ਧੁਰ ਦਰਬਾਰ, ਹਸਤ ਕੀਟਾ ਕਰ ਪਸਾਰ, ਸ਼ਬਦ ਅਨਡੀਠਾ ਆਪ ਸੁਣਾਇੰਦਾ । ਵਸਿਆ ਚੀਤਾ ਜਿਸ ਜਨ ਸੋ ਉਤਰੇ ਪਾਰ, ਪਾਰ ਕਿਨਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੀਸਾ ਵੇਖ ਵਖਾਇੰਦਾ । ਇਕ ਇਕੀਸਾ ਇਕ ਅਕੱਲਾ, ਹਰਿ ਹਰਿ ਜੋਤ ਜਗਾਈਆ । ਆਪੇ ਵਸਿਆ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਈਆ । ਆਪੇ ਫਲਿਆ ਆਪੇ ਫੁਲਾ, ਫਲ ਫੁਲਵਾੜੀ ਆਪ ਮਹਿਕਾਈਆ । ਆਪੇ ਪਾਵਣਹਾਰਾ ਮੁੱਲਾ, ਆਪੇ ਹੱਟ ਵਿਕਾਈਆ । ਆਪੇ ਆਪਣੇ ਕੰਡੇ ਤੋਲ ਤੁਲਾ, ਆਪੇ ਪੂਰਾ ਦਏ ਕਰਾਈਆ । ਆਪਣੇ ਬੂਟੇ ਆਪੇ ਹੁਲਾ, ਆਪੇ ਦੇਵੇ ਜੜ ਉਖੜਾਈਆ । ਕਲਜੁਗ ਕੂੜ ਕੁੜਿਆਰਾ ਕੂੜੀ ਕਿਰਿਆ ਰੁੱਲਾ, ਕਰਤਾ ਕੀਮਤ ਕੋਇ ਨਾ ਪਾਈਆ । ਜੀਵ ਜੰਤ ਜਗਤ ਵਕਾਰੀ ਫਿਰੇ ਭੁੱਲਾ, ਕਾਇਆ ਭਵਰੀ ਨਾ ਪਾਰ ਕਰਾਈਆ । ਹਰਿਜਨ ਪ੍ਰੀਤੀ ਨਾ ਘੋਲ ਘੁੱਲਾ, ਗੁਰ ਸ਼ਬਦ ਨਾ ਰਸਨਾ ਗਾਈਆ । ਅੰਮ੍ਰਿਤ ਆਤਮ ਸਾਚੇ ਅੰਦਰ ਡੁੱਲਾ, ਭਰ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤ ਲਏ ਮਿਲਾਈਆ ।

ਭਗਤਨ ਮੇਲਾ ਗੁਰੂ ਗੁਰ ਚੇਲਾ, ਸਿੰਘ ਚੇਲਾ ਆਪ ਕਰਾਇਆ । ਹਰਿ ਸਤਿਗੁਰ ਪਾਇਆ ਸੱਜਣ ਸੁਹੇਲਾ, ਘਰ ਸਾਚਾ ਵੇਖ ਵਖਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਇਆ । ਘਰ ਸਾਚਾ ਹਰਿ ਪੇਖਿਆ, ਨੇਤਰ ਨੈਣ ਉਘਾੜ । ਪਿਛਲਾ ਚੁੱਕਾ ਲੇਖਿਆ, ਅੱਗੇ ਦਰਗਹਿ ਸਾਚੀ ਦੇਵੇ ਵਾੜ । ਭੇਵ ਜਾਣੇ ਧਾਰੀ ਕੇਸਿਆ, ਮੂੰਡ ਮੁੰਡਾਏ ਲਾਏ ਪਾਰ । ਆਪੇ ਦਾਤਾ ਦਸ ਦਸਮੇਸਿਆ, ਰਾਮ ਕ੍ਰਿਸ਼ਨ ਆਪ ਅਵਤਾਰ । ਆਪੇ ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ, ਦਰ ਦਰਵੇਸ਼ ਆਪ ਨਿਰੰਕਾਰ । ਆਪੇ ਸੁੱਤਾ ਬਾਸ਼ਕ ਸੇਜਿਆ, ਆਪੇ ਹੋਇਆ ਨੈਣ ਮੁੰਧਾਰ । ਆਪੇ ਧਾਰੇ ਜੁਗ ਜੁਗ ਵੇਸਿਆ, ਆਦਿ ਜੁਗਾਦੀ ਇਕ ਅਵਤਾਰ । ਆਪੇ ਧਰੇ ਮੋਢੇ ਭੂਰੀ ਖੇਸਿਆ, ਆਪੇ ਨਾਨਕ ਬੋਲੇ ਨਿਰੰਕਾਰ । ਆਪੇ ਸ਼ਾਹ ਸੁਲਤਾਨ ਭੂਪ ਵਡ ਨਰੇਸਿਆ, ਆਪੇ ਮੰਗੇ ਬਣ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਉਭਾਰ । ਸਿੰਘ ਚੇਲਾ ਹਰਿ ਜਾਣਿਆ, ਜਾਨਣਹਾਰ ਗੁਰਦੇਵ । ਪੂਰਬ ਲਹਿਣਾ ਮੂਲ ਪਛਾਨਿਆ, ਅੰਮ੍ਰਿਤ ਮਿਲਿਆ ਸਾਚਾ ਮੇਵ । ਦੇਵੇ ਨਾਮ ਨਾਮ ਨਿਧਾਨਿਆ, ਚਰਨ ਪ੍ਰੀਤੀ ਸਾਚੀ ਸੇਵ । ਮਾਰੇ ਤੀਰ ਸ਼ਬਦ ਨਿਸ਼ਾਨਿਆ, ਵਡ ਦਾਤਾ ਅਲਖ ਅਭੇਵ । ਹੱਥ ਬੰਨੇ ਏਕਾ ਗਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਭੇਵ । ਗੁਰਮੁਖ ਸਾਚਾ ਦਰ ਪਰਵਾਨ, ਦਰ ਸਾਚੇ ਮਿਲੇ ਵਡਿਆਈਆ । ਦੇਵਣਹਾਰ ਸ੍ਰੀ ਭਗਵਾਨ, ਨਿਰਗੁਣ ਦਾਤਾ ਆਪ ਅਖਵਾਈਆ । ਆਦਿ ਜੁਗਾਦੀ ਨੌਜਵਾਨ, ਬਾਲ ਬਿਰਧ ਨਾ ਕੋਇ ਰਖਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਗੁਰਸਿਖ ਕਾਇਆ ਮੰਦਰ ਅੰਦਰ ਬੈਠ ਮਕਾਨ, ਦਰ ਤੇਰੇ ਘਰ ਤੇਰਾ ਹਰਿ ਤੇਰਾ ਲੇਖਾ ਲੇਖੇ ਲਾਈਆ । ਤੇਰਾ ਰਾਗ ਤੇਰੀ ਧੁਨ ਤੇਰੇ ਕਾਣ, ਅਨਹਦ ਆਪ ਸੁਣਾਈਆ । ਤੇਰੀ ਸਖੀਆਂ ਪੰਚਮ ਮੀਤਾ ਪੰਚਮ ਘਰ ਬਹਿ ਬਹਿ ਗਾਣ, ਪੰਚਮ ਮੁਖ ਸਲਾਹੀਆ । ਸੁਰਤ ਸਵਾਣੀ ਉਠੇ ਨੌਜਵਾਨ, ਗੁਰ ਸ਼ਬਦ ਵੇਖ ਵਖਾਈਆ । ਗੁਰ ਕਾ ਸ਼ਬਦ ਹਾਣੀ ਹਾਣ, ਹਰਿ ਸਾਚਾ ਮੇਲ ਮਿਲਾਈਆ । ਹੋਏ ਵਿਚੋਲਾ ਦੋ ਜਹਾਨ, ਆਵੇ ਜਾਵੇ ਫੇਰਾ ਪਾਈਆ । ਆਤਮ ਸੇਜਾ ਕਰ ਪਰਵਾਨ, ਆਪ ਆਪਣੀ ਲਏ ਅੰਗੜਾਈਆ । ਜੋਧਾ ਸੂਰ ਬਲੀ ਬਲਵਾਨ, ਸਤਿਗੁਰ ਪੂਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਨੂਰੋ ਨੂਰ ਡਗਮਗਾਈਆ । ਸਚ ਮਹੱਲਾ ਦਸਮ ਦਵਾਰ, ਗੁਰ ਸਤਿਗੁਰ ਆਪ ਖੁਲ੍ਹਾਇਆ । ਅੰਮ੍ਰਿਤ ਬਰਖੇ ਠੰਡੀ ਠਾਰ, ਕਵਲ ਮੁਖ ਰਖਾਇਆ । ਸੁਖਮਨ ਬੇਨੀ ਕਰ ਤਿਆਰ, ਨਿਜਾਨੰਦ ਸਮਾਇਆ । ਪਰਮਾਨੰਦ ਮੀਤ ਮੁਰਾਰ, ਆਪਣਾ ਰਸ ਚਖਾਇਆ । ਸੁਹਾਗੀ ਛੰਦ ਗਾਏ ਕਰਤਾਰ, ਲਿਖਣ ਪੜ੍ਹਨ ਵਿਚ ਨਾ ਆਇਆ । ਜਿਸ ਜਨ ਮਿਲਿਆ ਮੀਤ ਮੁਰਾਰ, ਸੋਭਾਵੰਤੀ ਨਾਰ ਸੁਹਾਇਆ । ਕੰਤ ਕੰਤੂਹਲਾ ਕਰੇ ਪਿਆਰ, ਚਤੁਰਭੁਜ ਖੇਲ ਖਿਲਾਇਆ । ਚਾਰੇ ਕੁੰਟਾਂ ਵੇਖ ਵਿਚਾਰ, ਦਹਿ ਦਿਸ਼ਾ ਫੋਲ ਫੁਲਾਇਆ । ਘਰ ਵਿਚ ਘਰ ਘਰ ਵਿਚ ਹਰਿ ਘਰ ਵਿਚ ਨਰ ਗੁਰਮੁਖ ਨਾਰੀ ਲਏ ਵਰ, ਸੁਰਤੀ ਸ਼ਬਦੀ ਮੇਲ ਮਿਲਾਇਆ । ਸੁਰਤੀ ਸ਼ਬਦੀ ਜੁੜਿਆ ਜੋੜਾ, ਸੱਸਾ ਕਿਲਾ ਇਕ ਵਖਾਈਆ । ਚੌਥੇ ਅੱਖਰ ਚੌਥੇ ਘਰ ਲੱਗਾ ਪੌੜਾ, ਏਕਾ ਹੋੜਾ ਉਪਰ ਲਗਾਈਆ । ਨਿਰਗੁਣ ਸਰਗੁਣ ਆਪੇ ਬੌਹੜਾ, ਲੋਕਮਾਤ ਕਰੇ ਕੁੜਮਾਈਆ । ਪੂਤ ਸਪੂਤਾ

ਬ੍ਰਹਿਮਣ ਗੌੜਾ, ਉਚੇ ਟਿੱਲੇ ਬਜਰ ਕਪਾਟੀ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਇਕ ਦਵਾਰਾ ਆਪ ਵਖਾਈਆ । ਗੁਰਮੁਖ ਹਰਿ ਘਰ ਪਾਇਆ, ਆਤਮ ਵੱਜੀ ਵਧਾਈਆ । ਰਸ ਰਸਨਾ ਏਕਾ ਪਾਇਆ, ਜਗਤ ਤ੍ਰਿਸਨਾ ਭੁੱਖ ਗਵਾਈਆ । ਸਾਚੀ ਸਿਖਿਆ ਇਕ ਸਮਝਾਇਆ, ਸਾਖਿਆਤ ਜੋਤ ਰੁਸ਼ਨਾਈਆ । ਜਗਤ ਮਿਥਿਆ ਇਕ ਵਖਾਇਆ, ਥਿਰ ਕੋਇ ਰਹਿਣ ਨਾ ਪਾਈਆ । ਅਨਡੀਠਾ ਸ਼ਬਦ ਚਲਾਇਆ, ਨਾ ਕਰੇ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੁਹਾਏ ਸਾਚਾ ਘਰ, ਸਿੰਘ ਚੇਲਾ ਚੇਲਾ ਗੁਰ ਇਕ ਹੋ ਜਾਈਆ । ਗੁਰ ਚੇਲਾ ਮਿਲਿਆ ਸ਼ਬਦ ਧਾਰ, ਸ਼ਬਦੀ ਸ਼ਬਦ ਸਮਾਇਆ । ਜੋਤੀ ਜੋਤ ਜੋਤ ਪਿਆਰ, ਜੋਤੀ ਜੋਤ ਜਗਾਇਆ । ਮੇਟ ਮਿਟਾਏ ਅੰਧ ਅੰਧਿਆਰ, ਅਗਿਆਨ ਅੰਧੇਰ ਮਿਟਾਇਆ । ਦਰ ਘਰ ਸਾਚੇ ਸੋਭਾਵੰਤੀ ਹੋਈ ਨਾਰ, ਕੰਤ ਕੰਤੂਹਲਾ ਏਕਾ ਪਾਇਆ । ਨਾਮ ਨਾਮਾ ਚੜ੍ਹੀ ਖੁਮਾਰ, ਰਸ ਮਿਠਾ ਮੁਖ ਚੁਆਇਆ । ਕਲਜੁਗ ਜੀਵ ਗਏ ਹਾਰ, ਹਰਿ ਕਾ ਰੂਪ ਦਿਸ ਨਾ ਆਇਆ । ਜਗਤ ਲੋਕਾਈ ਹੋਈ ਖਵਾਰ, ਦੂਈ ਦਵੈਤੀ ਸੰਗ ਨਿਭਾਇਆ । ਸ਼ਰਅ ਸ਼ਰੀਅਤ ਬਣ ਕਟਾਰ, ਤਿਖੀ ਧਾਰ ਰਹੀ ਰਖਾਇਆ । ਬਿਨ ਹਰਿ ਨਾਮੇ ਕੋਇ ਨਾ ਉਤਰੇ ਪਾਰ, ਗੁਣ ਕਬੀਰੇ ਏਕਾ ਗਾਇਆ । ਰਵਦਾਸ ਕਸੀਰਾ ਡੂੰਘੀ ਧਾਰ, ਗੰਗਾ ਹੱਥ ਫੜਾਇਆ । ਰਵਦਾਸਾ ਲੇਖਾ ਲਿਖੇ ਚਮਾਰ, ਕਲਜੁਗ ਮੂਲ ਚੁਕਾਇਆ । ਭਗਤ ਵਛਲ ਭਗਤ ਗਿਰਧਾਰ, ਭਗਤ ਭਗਤੀ ਦਏ ਤਰਾਇਆ । ਆਤਮ ਸ਼ਕਤੀ ਇਕ ਉਜਿਆਰ, ਏਕਾ ਦੀਪਕ ਆਪ ਜਗਾਇਆ । ਚਾਰ ਵਰਨਾਂ ਇਕ ਪਿਆਰ, ਸਾਚੀ ਸਿਖਿਆ ਦਏ ਸਮਝਾਇਆ । ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਵਿਚਾਰ, ਸਾਚਾ ਸਚ ਸਚ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖੇ ਖੜ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਨਾ ਕਿਸੇ ਦਾ ਫੜਿਆ ਲੜ, ਨਾ ਕੋਈ ਚੋਟੀ ਨਾ ਕੋਈ ਜੜ, ਸ਼ਬਦੀ ਸ਼ਬਦ ਸ਼ਬਦ ਅਖਵਾਇਆ । ਸ਼ਬਦ ਗੁਰ ਸ਼ਬਦ ਕਰਤਾਰ, ਸ਼ਬਦ ਸ਼ਬਦੀ ਸੇਵਾ ਲਾਈਆ । ਸ਼ਬਦ ਖੰਡਾ ਸ਼ਬਦ ਕਟਾਰ, ਸ਼ਬਦ ਸ਼ਬਦ ਹੱਥ ਉਠਾਈਆ । ਸ਼ਬਦ ਬ੍ਰਹਿਮੰਡ ਸ਼ਬਦ ਪਾਵੇ ਸਾਰ, ਸ਼ਬਦ ਵੇਖ ਵਖਾਈਆ । ਸ਼ਬਦ ਜੇਰਜ ਅੰਡ ਕਰ ਪਿਆਰ, ਸ਼ਬਦ ਉਤਭੁਜ ਸੇਤਜ ਰਿਹਾ ਸਮਾਈਆ । ਸ਼ਬਦ ਸ਼ਬਦੀ ਵੰਡੇ ਵੰਡ, ਵੰਡਣਹਾਰ ਸ਼ਬਦ ਅਖਵਾਈਆ । ਸ਼ਬਦ ਵੱਢਣਹਾਰਾ ਸਭ ਦੀ ਕੰਡ, ਸਤਿਜੁਗ ਤ੍ਰੇਤਾ ਦੁਆਪਰ ਅੰਤਮ ਕਲਜੁਗ ਮੂੰਹ ਦੇ ਭਾਰ ਸੁਟਾਈਆ । ਸ਼ਬਦ ਲੱਖ ਚੁਰਾਸੀ ਕਰੇ ਰੰਡ, ਕੰਤ ਸੁਹਾਗੀ ਸ਼ਬਦ ਹੰਢਾਈਆ । ਸ਼ਬਦ ਮੇਟੇ ਭੇਖ ਪਾਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਇਕ ਤਰਾਈਆ । ਸ਼ਬਦ ਗੁਰ ਕਰਨੇ ਜੋਗ, ਕਰਤਾ ਕਰਨੀ ਆਪ ਅਖਵਾਇਆ । ਸ਼ਬਦ ਸ਼ਬਦੀ ਹੋਇਆ ਸੰਜੋਗ, ਸ਼ਬਦ ਸ਼ਬਦੀ ਲਏ ਪਰਨਾਇਆ । ਸ਼ਬਦ ਸ਼ਬਦੀ ਭੋਗੇ ਭੋਗ, ਭੋਗ ਬਿਲਾਸ ਆਪਣੇ ਵਿਚ ਰਖਾਇਆ । ਸ਼ਬਦ ਸ਼ਬਦੀ ਵਖਾਏ ਦਰਸ ਅਮੋਘ, ਸ਼ਬਦ ਸ਼ਬਦੀ ਰੂਪ ਵਟਾਇਆ । ਸ਼ਬਦ ਸ਼ਬਦੀ ਦਿਸੇ ਤੀਨਾਂ ਲੋਕ, ਤ੍ਰਿਲੋਕੀ ਨਾਥ ਸ਼ਬਦ ਘਲਾਇਆ । ਸ਼ਬਦ ਦੇਵਣਹਾਰਾ ਮੋਖ, ਸ਼ਬਦ ਬੇੜਾ ਬੰਨੇ ਲਾਇਆ । ਨਾ ਕੋਈ ਹਰਖ਼ ਨਾ ਕੋਈ ਸੋਗ, ਜਿਸ ਜਨ ਹਰਿ ਹਰਿ ਸ਼ਬਦ ਗਾਇਆ । ਨਾ ਕੋਈ ਦੁੱਖ ਨਾ ਕੋਈ ਰੋਗ, ਨਾ ਕੋਈ ਤ੍ਰਿਸਨਾ ਹੋਏ ਹਲਕਾਇਆ । ਜੋਤੀ ਜੋਤ ਸਰੂਪ

੫੧੬
੦੮

ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮੇਲਾ ਧੁਰ ਸੰਜੋਗ, ਆਪ ਆਪਣਾ ਮੇਲ ਮਿਲਾਇਆ । ਧੁਰ ਸੰਜੋਗੀ ਮਿਲਿਆ ਮੇਲਾ, ਲੋਕਮਾਤ
ਵੱਜੀ ਵਧਾਈਆ । ਹਰਿ ਮੰਦਰ ਵਸਿਆ ਗੁਰੂ ਗੁਰ ਚੇਲਾ, ਗੁਰਮੁਖ ਵੇਖੇ ਸਹਿਜ ਸਭਾਈਆ । ਮਨਮੁਖਾਂ ਕੋਲੋਂ ਕਰਿਆ ਉਹਲਾ, ਮਾਇਆ ਪੜਦਾ
ਏਕਾ ਪਾਈਆ । ਸ਼ਬਦ ਅਗੰਮੀ ਸਾਚਾ ਢੋਲਾ, ਸਤਿ ਪੁਰਖ ਆਪੇ ਗਾਈਆ । ਸੰਤ ਸਾਜਣ ਵਸਿਆ ਕੋਲਾ, ਘਰ ਘਰ ਵਿਚ ਵੇਖ ਵਖਾਈਆ ।
ਆਪੇ ਆਪਣਾ ਬਦਲਿਆ ਚੋਲਾ, ਚੋਜੀ ਚੋਜ ਖੇਡ ਖਡਾਈਆ । ਕਲਜੁਗ ਅੰਤਮ ਖੇਲਣ ਆਇਆ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਈਆ । ਗੁਰ
ਨਾਨਕ ਬਣਿਆ ਸਾਚਾ ਤੋਲਾ, ਤੇਰਾਂ ਤੇਰਾਂ ਧਾਰ ਚਲਾਈਆ । ਲੱਖ ਚੁਰਾਸੀ ਪਿਆ ਰੌਲਾ, ਪੂਰਾ ਕੰਡਾ ਨਾ ਕੋਇ ਰਖਾਈਆ । ਹਉਮੇ ਹੰਗਤਾ
ਹੋਇਆ ਬੋਲਾ, ਧੀਰਜ ਧੀਰ ਨਾ ਕੋਇ ਧਰਾਈਆ । ਪੰਜ ਤੱਤ ਅਗਨੀ ਤੱਤ ਖੋਲਾ, ਨਾ ਸਕੇ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਦੇਵੇ ਏਕਾ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਸ਼ਬਦ ਹੁਲਾਰਾ,
ਗੁਰ ਗੁਰਸਿਖ ਆਪ ਲਗਾਇੰਦਾ । ਦੋ ਜਹਾਨਾਂ ਪਾਰ ਕਿਨਾਰਾ, ਸਾਚਾ ਦਰ ਵਖਾਇੰਦਾ । ਨਾ ਕੋਈ ਸੂਰਜ ਚੰਨ ਸਤਾਰਾ, ਮੰਡਲ ਮੰਡਪ ਨਾ
ਕੋਇ ਦਸਾਇੰਦਾ । ਲੱਖ ਚੁਰਾਸੀ ਨਾ ਕੋਇ ਪਸਾਰਾ, ਨਾ ਕੋਈ ਬਣਤ ਬਣਾਇੰਦਾ । ਨਿਰਗੁਣ ਜੋਤੀ ਨੂਰ ਉਜਿਆਰਾ, ਇਕ ਅਕੱਲਾ ਡਗਮਗਾਇੰਦਾ ।
ਥਿਰ ਘਰ ਸੁਹਾਏ ਸਚ ਘਰ ਬਾਰਾ, ਸਚ ਸਿੰਘਾਸਣ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਧਾਰਾ, ਆਪਣੀ ਆਪ ਚਲਾਇੰਦਾ । ਆਦਿ
ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਗੁਰ ਪੀਰ ਅਵਤਾਰ ਸਾਧ ਸੰਤ ਸਰਬ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ
ਧਰ, ਨਿਹਕਲੰਕ ਨਰਾਇਣ ਨਰ, ਨਰ ਨਰੇਸ਼ ਦਰ ਦਰਵੇਸ ਵੇਖਣਹਾਰਾ ਰਿਖੀ ਕੇਸ ਗਵਰਧਨ ਧਾਰ, ਕਰ ਪਿਆਰ ਨਾਮ ਖੰਡਾ ਤੇਜ਼ ਕਟਾਰ, ਗੋਬਿੰਦ
ਜੋਧਾ ਸੂਰ ਬਲ ਕਾਰ, ਅਰਜਨ ਮੀਤਾ ਵਿਚ ਸੰਸਾਰ, ਸ਼ਬਦ ਸ਼ਬਦੀ ਸ਼ਬਦ ਜੈਕਾਰ, ਏਕਾ ਸੋਹਲਾ ਸਾਚਾ ਗਾਇੰਦਾ । ਗਾਇਆ ਸੋਹਲਾ ਹਰਿ
ਬਨਵਾਰੀ, ਬਾਵਨ ਅੱਖਰ ਅੱਖ ਖੁਲ੍ਹਾਈਆ । ਪੈਂਤੀ ਅੱਖਰ ਬਣ ਲਿਖਾਰੀ, ਗੁਰ ਅਰਜਨ ਵਡ ਵਡਿਆਈਆ । ਸੱਤ ਸਤਾਰਾਂ ਰੂਪ ਨਿਆਰੀ,
ਦਸ ਸਤ ਨਾ ਬੂਝ ਬੁਝਾਈਆ । ਲੇਖਾ ਲਿਖਿਆ ਧੁਰ ਦਰਬਾਰੀ, ਹਰਿ ਮੰਦਰ ਜੋਤ ਜਗਾਈਆ । ਕੂਕੇ ਸੁਣਾਏ ਬੰਕ ਬੰਕ ਦਵਾਰੀ, ਆਪ
ਹੋ ਜਾਈਆ । ਕਲਜੁਗ ਅੰਤਮ ਕਰੇ ਖੁਆਰੀ, ਜੂਠੀ ਝੂਠੀ ਕਿਰਿਆ ਮੇਟ ਮਿਟਾਈਆ । ਸਤਿਜੁਗ ਸਾਚੇ ਆਏ ਵਾਰੀ, ਸਤਿ ਸਤਿਵਾਦ ਰਖਾਈਆ ।
ਬਾਵਨ ਅੱਖਰ ਬਣੇ ਆਪ ਲਿਖਾਰੀ, ਇਕਾਵਨ ਬਾਵਨ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ
ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਸਾਚਾ ਵਰ, ਆਪਣੀ ਜੋਤੀ ਅੰਦਰ ਧਰ, ਜਗਤ ਸਹਿੰਸਾ ਚੁਕਾਏ ਡਰ, ਤੋੜਣਹਾਰਾ
ਹਉਮੇ ਗੜ੍ਹ, ਸਾਚੇ ਮੰਦਰ ਆਪੇ ਚੜ੍ਹ, ਗੁਰਮੁਖ ਸਾਜਣ ਲਏ ਫੜ, ਆਪ ਆਪਣਾ ਮੇਲ ਮਿਲਾਇੰਦਾ । ਪੁਰਖ ਅਕਾਲ ਹਰਿ ਨਿਰੰਕਾਰ, ਆਪਣੀ
ਕਲ ਵਰਤਾਈਆ । ਕਲਜੁਗ ਵੇਖ ਅੰਧ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਪੰਜ ਤੱਤ ਕਰ ਪਿਆਰ, ਨਾਨਕ ਨਾਉਂ ਰਖਾਈਆ । ਜੋਤੀ
ਜੋਤ ਜੋਤ ਉਜਿਆਰ, ਜੋਤੀ ਜੋਤ ਡਗਮਗਾਈਆ । ਭਰਿਆ ਸ਼ਬਦ ਨਾਮ ਭੰਡਾਰ, ਆਪ ਆਪਣੀ ਵਸਤ ਟਿਕਾਈਆ । ਮੇਲ ਮਿਲਾਵਾ ਵਿਚ
ਸੰਸਾਰ, ਨਿਰਗੁਣ ਸਰਗੁਣ ਆਪ ਕਰਾਈਆ । ਏਕਾ ਦੂਜਾ ਭੇਵ ਨਿਆਰ, ਏਕਾ ਰੰਗ ਰੰਗਾਈਆ । ਏਕਾ ਨੈਣ ਖੋਲ੍ਹ ਕਿਵਾੜ, ਏਕਾ ਰੂਪ

੫੧੭ ੦੮

ਦਰਸਾਈਆ । ਏਕਾ ਘਰ ਦੇਵੇ ਵਾੜ, ਏਕਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਵਿਚ ਸੰਸਾਰ, ਸਰਗੁਣ ਆਪ ਰਖਾਈਆ । ਨਿਰਗੁਣ ਰੂਪ ਹਰਿ ਨਿਰੰਕਾਰ, ਨਾਨਕ ਰੂਪ ਵਟਾਇਆ । ਖੇਲੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਆਇਆ । ਆਪੇ ਮੰਗੇ ਮੰਗ ਭਿਖਾਰ, ਦਰ ਦਰਵੇਸ਼ਾ ਆਪ ਅਖਵਾਇਆ । ਆਪੇ ਭਰੇ ਸਚ ਭੰਡਾਰ, ਨਾਮ ਸਤਿ ਝੋਲੀ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਇਆ । ਨਾਨਕ ਸਤਿਗੁਰ ਏਕਾ ਧਾਰ, ਹਰਿ ਹਰਿ ਆਪ ਚਲਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਵਿਚ ਟਿਕਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਬਾਲ ਬਾਲਾ ਆਪ ਹੋ ਜਾਈਆ । ਸ੍ਰਿਸ਼ਟ ਸਬਾਈ ਕਰਿਆ ਖ਼ਬਰਦਾਰ, ਜੀਵ ਜੰਤ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਏਕਾ ਪੜ੍ਹ, ਏਕਾ ਮੰਤਰ ਨਾਮ ਦ੍ਰਿੜਾਇਆ । ਹਰ ਘਟ ਅੰਦਰ ਆਪੇ ਵੜ, ਗੁਰ ਨਾਨਕ ਰੂਪ ਵਟਾਇਆ । ਗੁਰਮੁਖਾਂ ਫੜਾਇਆ ਆਪਣਾ ਲੜ, ਆਪ ਆਪਣੇ ਅੰਗ ਲਗਾਇਆ । ਦੂਰ ਦੁਰਾਡੇ ਲਏ ਫੜ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਸਾਚੇ ਘਰ, ਏਕਾ ਸ਼ਬਦ ਰੂਪ ਦਰਸਾਇਆ । ਸ਼ਬਦ ਰੂਪ ਨਾਨਕ ਬਣਾ, ਪੰਜ ਤੱਤ ਹੰਢਾਇੰਦਾ । ਆਪੇ ਜਾਣੇ ਆਪਣੀ ਰੀਤਾ, ਆਪੇ ਤੋੜ ਨਿਭਾਇੰਦਾ । ਆਪ ਚਲਾਏ ਆਪਣੀ ਰੀਤਾ, ਸਾਚਾ ਮੰਦਰ ਇਕ ਵਖਾਇੰਦਾ । ਇਕ ਰੰਗ ਰੰਗਾਇਆ ਹਸਤ ਕੀਟਾ, ਊਚਾਂ ਨੀਚਾਂ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਹਰਿ ਨਿਰੰਕਾਰ, ਗੁਰ ਗੁਰ ਆਪ ਅਖਵਾਈਆ । ਆਪੇ ਨਿਰਗੁਣ ਜੋਤ ਉਜਿਆਰ, ਦੀਵਾ ਬਾਤੀ ਪੰਜ ਤੱਤ ਆਪ ਟਿਕਾਈਆ । ਆਪੇ ਸ਼ਬਦੀ ਸ਼ਬਦ ਭੰਡਾਰ, ਲੋਕਮਾਤ ਆਪ ਵਰਤਾਈਆ । ਆਪੇ ਨਾਨਕ ਨਿਰਗੁਣ ਕਰ ਅਕਾਰ, ਨਿਰਾਕਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸ਼ਬਦ ਵਡਿਆਈਆ । ਸ਼ਬਦ ਗੁਰ ਸ਼ਬਦ ਸੁਲਤਾਨ, ਸ਼ਬਦ ਅਹਿਬਾਬ ਬਣਾਇਆ । ਸ਼ਬਦ ਮਰਦ ਸ਼ਬਦ ਮਰਦਾਨਾ, ਸ਼ਬਦ ਰਬਾਬ ਵਜਾਇਆ । ਸ਼ਬਦ ਪੀਣਾ ਸ਼ਬਦ ਖਾਣਾ, ਸ਼ਬਦ ਸ਼ਬਦੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਏਕਾ ਘਰ, ਘਰ ਸਾਚਾ ਇਕ ਸੁਹਾਇਆ । ਨਾਨਕ ਗੁਰ ਧੁਰ ਸੰਦੇਸ, ਚਾਰ ਵਰਨਾਂ ਆਪ ਸੁਣਾਇੰਦਾ । ਬਾਲ ਜਵਾਨੀ ਅਲੱੜ ਵਰੇਸ, ਜਗਤ ਬੁਢ੍ਹਾਪਾ ਵੇਖ ਵਖਾਇੰਦਾ । ਆਪੇ ਫਿਰੇ ਦੇਸ ਪਰਦੇਸ, ਚਾਰੇ ਕੁੰਟਾਂ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚਾ ਮਾਰਗ ਲਾਇੰਦਾ । ਸ਼ਬਦ ਗੁਰ ਨਾਨਕ ਧਰ, ਸਾਚੀ ਬਣਤ ਬਣਾਈਆ । ਸਰਗੁਣ ਅੰਦਰ ਨਿਰਗੁਣ ਵੜ, ਬੋਲੇ ਬੇਪਰਵਾਹੀਆ । ਜੀਵ ਜੰਤ ਨਾ ਸਕੇ ਫੜ, ਦਿਸ ਕਿਸੇ ਨਾ ਆਈਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਨਾ ਕੋਈ ਗੋਰ ਨਾ ਕੋਈ ਮੜ, ਨਾ ਕੋਈ ਮੱਠ ਤਪਾਈਆ । ਸਤਿਗੁਰ ਪੂਰਾ ਨਾ ਜਾਏ ਸੜ, ਦੇ ਮਤ ਗਿਆ ਸਮਝਾਈਆ । ਆਪਣੀ ਜੋਤ ਲਹਿਣੇ ਅੰਦਰ ਧਰ, ਅੰਗਦ ਅੰਗੀਕਾਰ ਕਰਾਈਆ । ਆਪਣੀ ਨਿਮਸਕਾਰ ਆਪੇ ਕਰ, ਆਪਣਾ ਸੀਸ ਝੁਕਾਈਆ । ਜਨ ਭਗਤਾਂ ਦਿਤਾ ਸਾਚਾ ਵਰ, ਗੁਰਮੁਖਾਂ ਬੂਝ ਬੁਝਾਈਆ । ਗੁਰ ਕਿਰਪਾ ਮਿਲੇ ਗੁਰੂ ਘਰ, ਗੁਰ ਘਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ ।

੫੧੯
੦੮

ਨਾਨਕ ਅੰਗਦ ਜੋਤੀ ਰੱਖ, ਨਿਰਗੁਣ ਸਰਗੁਣ ਵੰਡ ਵੰਡਾਈਆ । ਆਪੇ ਹੋ ਕੇ ਬੈਠਾ ਵੱਖ, ਗੁਰਸਿਖਾਂ ਗਿਆ ਸਮਝਾਈਆ । ਮੇਰੇ ਪੱਲੇ ਨਾ ਕੋਈ ਕੱਖ, ਅੰਗਦ ਵਡ ਵਡਿਆਈਆ । ਅਬਿਨਾਸ਼ੀ ਕਰਤਾ ਸਿਰ ਰੱਖੇ ਹੱਥ, ਸਮਰਥ ਪੁਰਖ ਅਖਵਾਈਆ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਪਾਈਆ । ਸਤਿਗੁਰ ਪੂਰਾ ਪਾਏ ਨੱਥ, ਨਾਮ ਡੋਰੀ ਹੱਥ ਫੜਾਈਆ । ਗੁਰ ਨਾਨਕ ਮਹਿਮਾ ਅਕਥਨੀ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸ਼ਬਦ ਚਲਾਇਆ ਸਾਚਾ ਰਥ, ਉਤੇ ਅੰਗਦ ਦਏ ਚੜ੍ਹਾਈਆ । ਜਗਤ ਵਿਕਾਰਾ ਦਿਤਾ ਮਥ, ਨਾਮ ਮਧਾਨਾ ਏਕਾ ਪਾਈਆ । ਨਾਮ ਸਤਿ ਪੂਜਾ ਪਾਠ, ਸਚ ਗਿਆਨ ਦ੍ਰਿੜਾਈਆ । ਸ਼ਬਦ ਨਗਾਰੇ ਮਾਰੇ ਸੱਟ, ਅਨਹਦ ਤਾਲ ਵਜਾਈਆ । ਦੂਈ ਦਵੈਤੀ ਮਿਟਿਆ ਫੱਟ, ਗੁਰ ਪੂਰੇ ਦਇਆ ਕਮਾਈਆ । ਭਾਗ ਲੱਗਾ ਪੰਜ ਤੱਤ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦ ਵਸਤ ਆਈ ਹੱਥ, ਪੈਂਤੀਸ ਪੈਂਤੀਸ ਰਿਹਾ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਈਆ । ਅੰਗਦ ਅੰਗੀਕਾਰ ਕਰ, ਏਕਾ ਰੰਗ ਰੰਗਾਇਆ । ਸਾਚਾ ਨਾਮ ਭੰਡਾਰ ਭਰ, ਅਤੋਟ ਅਤੁੱਟ ਰਖਾਇਆ । ਗੁਰਮੁਖਾਂ ਸੇਵਾ ਸੇਵਾਦਾਰ ਕਰ, ਸਾਚੀ ਸੇਵਾ ਆਪ ਲਗਾਇਆ । ਸਰਨ ਸਰਨਾਈ ਗਿਆ ਪੜ, ਅਮਰੂ ਆਪਣਾ ਆਪ ਮਿਟਾਇਆ । ਅੰਗਦ ਫੜਿਆ ਏਕਾ ਲੜ, ਨਾ ਸਕੇ ਕੋਇ ਛੁਡਾਇਆ । ਲੇਖੇ ਲੱਗਾ ਸੀਸ ਧੜ, ਜਗਤ ਭਾਰ ਵੰਡਾਇਆ । ਆਤਮ ਨੁਹਾਇਆ ਸਾਚੇ ਸਰ, ਤਾਲ ਸੁਹਾਵਾ ਇਕ ਦਰਸਾਇਆ । ਆਪਣੀ ਕਿਰਿਆ ਆਪੇ ਕਰ, ਆਪਣਾ ਮਾਰਗ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਜੋਤੀ ਅੰਗਦ ਰੰਗ ਅਮਰ ਦਾਸ ਆਪ ਚੜ੍ਹਾਇਆ । ਅਮਰ ਦਾਸ ਚੜ੍ਹਿਆ ਰੰਗ ਚਲੂਲ, ਗੁਰ ਨਾਨਕ ਜੋਤ ਜਗਾਈਆ । ਰਾਮਦਾਸ ਚੁਕਾਇਆ ਤੇਰਾ ਮੂਲ, ਬਸਤਰ ਗਹਿਣਾ ਇਕ ਪੁਵਾਈਆ । ਆਪਣੀ ਹੱਥੀਂ ਬਰਖੇ ਫੂਲ, ਫੂਲਨ ਬਰਖਾ ਏਕਾ ਲਾਈਆ । ਸਚ ਸਿੰਘਾਸਣ ਆਪ ਬੈਠਾਇਆ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਗੁਰ ਨਾਨਕ ਸ਼ਬਦ ਪੜ੍ਹਾਈਆ । ਆਤਮ ਰਸ ਸਰ ਸਰੋਵਰ, ਰਾਮਦਾਸ ਗੁਰ ਪਾਇਆ । ਘਰ ਵਿਚ ਘਰ ਘਰ ਉਜਿਆਰਾ, ਘਰ ਵਿਚ ਸੱਜਣ ਮੀਤ ਮੁਰਾਰਾ, ਘਰ ਘਰ ਵਿਚ ਮੰਗਲ ਗਾਇਆ । ਘਰ ਵਿਚ ਨੂਰ ਜੋਤ ਕਰ ਪਸਾਰਾ, ਘਰ ਘਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇਆ । ਅੰਦਰ ਮੰਦਰ ਹਰਿ ਦਰਸਾ, ਰਾਮ ਦਾਸ ਬੂਝ ਬੁਝਾਈਆ । ਬਿਨ ਗੁਰ ਪੂਰੇ ਕੋਈ ਨਾ ਸਕੇ ਪਾ, ਕਲਜੁਗ ਭੁੱਲੀ ਸਰਬ ਲੋਕਾਈਆ । ਸਤਿਗੁਰ ਪੂਰਾ ਵੇਖ ਵਖਾ, ਆਪਣੀ ਦ੍ਰਿਸ਼ਟ ਆਪ ਖੁਲ੍ਹਾਈਆ । ਹਰਿ ਮੰਦਰ ਹਰਿ ਜੂ ਦਏ ਬਣਾ, ਆਪ ਆਪਣਾ ਮੂਲ ਚੁਕਾਈਆ । ਸਰ ਸਰਵੋਰ ਇਕ ਭਰਾ, ਏਕਾ ਤਾਲ ਭਰਾਈਆ । ਅੱਗੇ ਲੇਖਾ ਨਾ ਸਕੇ ਕੋਈ ਜਣਾ, ਬੈਠਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾਈਆ । ਰਾਮਦਾਸ ਗੁਰ ਖੇਲ ਖਿਲਾਇਆ, ਅਚਰਜ ਬਣਤ ਬਣਾਈਆ । ਸਤਿਗੁਰ ਸ਼ਬਦ ਇਕ ਉਪਜਾਇਆ, ਪੰਜ ਤੱਤ ਨਾ ਗੁਰੂ ਅਖਵਾਈਆ । ਸਾਚਾ ਸ਼ਬਦ ਗੁਰ ਅਰਜਨ ਵਿਚ ਟਿਕਾਇਆ, ਬਿਨ ਅਰਜਨ ਕੋਈ ਨਾ ਗਾਈਆ । ਚੌਥੇ ਪਦ ਚੌਥਾ ਅੰਕ ਆਪ ਮਿਲਾਇਆ, ਪੁਰਖ ਅਬਿਨਾਸ਼ੀ ਮੇਲਾ ਸਹਿਜ ਸੁਭਾਈਆ । ਪੰਚਮ ਮੀਤਾ ਆਪ ਅਖਵਾਇਆ, ਪੰਚਮ ਮੇਲ ਮਿਲਾਈਆ । ਪੰਚਮ ਜੋੜਾ ਜੋੜ ਜੁੜਾਇਆ, ਪੰਚਮ

ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਰਜਨ ਮੇਲਾ ਏਕਾ ਕਰ, ਨਾਨਕ ਨਾਮ ਧਿਆਈਆ । ਚਾਰ ਵੇਦ ਨਾ ਪਾਇਣ ਸਾਰ, ਭੇਵ ਨਾ ਕੋਈ ਖੁਲ੍ਹਾਇਆ । ਗੁਰ ਅਰਜਨ ਮੇਲਾ ਧੁਰ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਦੇਵਣਹਾਰਾ ਸਚ ਹੁਲਾਰ, ਇਕ ਹੁਲਾਰਾ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇਆ । ਕਲਜੁਗ ਜੀਵ ਆਇਆ ਪਰਖਣ, ਨਾਮ ਘਸਵਟੀ ਏਕਾ ਲਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ ਅੰਮ੍ਰਿਤ ਮੇਘ ਆਇਆ ਏਕਾ ਬਰਸਣ, ਠਾਂਡੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਈਆ ।

ਨਿਹਕਲੰਕ ਹਰਿ ਸ਼ਬਦ ਹੈ, ਸ਼ਬਦ ਰੂਪ ਨਿਰੰਕਾਰ । ਦੂਸਰ ਨਾ ਕੋਈ ਜਗਤ ਹੈ, ਪੰਜ ਤੱਤ ਨਾ ਕੋਈ ਅਕਾਰ । ਆਦਿ ਨਿਰੰਜਣ ਸਾਚੀ ਸ਼ਕਤ ਹੈ, ਜੋਤ ਨਿਰੰਜਣ ਆਪ ਉਜਿਆਰ । ਜਿਸ ਜਨ ਬਖ਼ਸ਼ੇ ਆਪਣੀ ਭਗਤ ਹੈ, ਦੇਵੇ ਦਰਸ ਨਾਨਕ ਗੁਰ ਅਵਤਾਰ । ਗੁਰਮੁਖ ਸੱਚਾ ਜਾਣੇ ਵੇਲਾ ਵਕ਼ਤ ਹੈ, ਜੋ ਮੰਗੇ ਮੰਗ ਢਹਿ ਢਹਿ ਚਰਨ ਦਵਾਰ । ਹਰਿ ਕਾ ਭਾਣਾ ਆਦਿ ਜੁਗਾਦਿ ਬੜਾ ਸਖ਼ਤ ਹੈ, ਗੁਰਮੁਖ ਵਿਰਲਾ ਉਤਰੇ ਪਾਰ । ਲੇਖੇ ਲਾਏ ਬੂੰਦ ਰਕਤ ਹੈ, ਪੰਜੇ ਚੋਰ ਦੇਵੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਦਸ ਗੁਰਮੁਖ ਆਪਣੇ ਲੇਖੇ ਲਏ ਲਿਖ, ਜੋ ਜਨ ਰਸਨਾ ਰਹੇ ਉਚਾਰ । ਚਰਨ ਸਰਨ ਜੋ ਜਨ ਸਰਨਾਏ, ਸਤੀ ਸਤਿ ਗੁਰ ਪੂਰਾ ਤੁਠਿਆ । ਨਾਨਕ ਨਿਰਗੁਣ ਜੋ ਰਹੇ ਧਿਆਏ, ਮੇਲ ਮਿਲਾਏ ਦਇਆ ਕਮਾਏ, ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠਿਆ । ਜੋਤ ਨੂਰ ਕਰੇ ਰੁਸ਼ਨਾਏ, ਪੰਚ ਵਿਕਾਰਾ ਆਪੇ ਲੁੱਟਿਆ । ਸ਼ਬਦੀ ਧੁਨ ਧੁਨ ਉਪਜਾਏ, ਤੀਰ ਨਿਰਾਲਾ ਏਕਾ ਛੁੱਟਿਆ । ਮੁਨ ਸੁਨ ਆਪ ਖੁਲ੍ਹਾਏ, ਫਲ ਬੂਟਾ ਏਕਾ ਫੁੱਟਿਆ । ਜੰਮੂ ਡਾਲ੍ਹੀ ਪੱਤ ਵੇਖ ਵਖਾਏ, ਆਪੇ ਦੇਵਣ ਆਇਆ ਝੂਟਿਆ । ਗੁਰਮੁਖ ਸੱਜਣ ਲਏ ਜਗਾਏ, ਜਿਸ ਹਰਿਜਨ ਰਸਨਾ ਰਸ ਲੁੱਟਿਆ । ਮਨਮੁਖ ਜੀਵਾਂ ਦਿਸ ਨਾ ਆਏ, ਖਾਲੀ ਦਿਸੀ ਕਾਇਆ ਠੂਠਿਆ । ਨਿਹਕਲੰਕ ਹਰਿ ਆਪ ਅਖਵਾਏ, ਮਾਤ ਗਰਭ ਨਾ ਹੋਏ ਪੁੱਠਿਆ ।

### ✪ ੨੨ ਜੇਠ ੨੦੧੯ ਬਿਕ੍ਰਮੀ ਤੇਜ ਭਾਨ ਦੇ ਘਰ ਪਿੰਡ ਸੇਖ਼ ਸਰ ਜੰਮੂ ✪

ਸਤਿ ਪੁਰਖ ਨਿਰੰਜਣ ਸਤਿ ਕਰਤਾਰ, ਏਕਾ ਏਕ ਏਕੰਕਾਰਿਆ । ਅਗੰਮ ਅਗੰਮੜਾ ਅਗੰਮੜੀ ਕਾਰ, ਆਦਿ ਜੁਗਾਦੀ ਖੇਲ ਖਿਲਾ ਰਿਹਾ । ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾ ਰਿਹਾ । ਆਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਡਗਮਗਾ ਰਿਹਾ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰ, ਆਪ ਆਪਣਾ ਵੇਸ ਵਟਾ ਲਿਆ । ਇਕ ਅਕੱਲਾ ਨਿਰਾਕਾਰ, ਨਿਰਗੁਣ ਆਪਣਾ ਨਾਮ ਧਰਾ ਲਿਆ । ਸਚ ਮਹੱਲਾ ਥਿਰ ਦਰਬਾਰ, ਥਿਰ ਘਰ ਸਾਚਾ ਇਕ ਉਪਾ ਲਿਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਵਖਾ ਲਿਆ । ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਕੋਈ ਬਣਾ ਲਿਆ । ਗਗਨ ਮੰਡਲ ਨਾ ਕੋਈ ਧਾਰ, ਧਰਤ ਧਵਲ ਨਾ ਕੋਈ ਰਖਾ ਲਿਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦੀਪਕ ਆਪ ਜਗਾ ਲਿਆ । ਦੀਪਕ ਜੋਤ ਨੂਰ ਉਜਾਲਾ, ਹਰਿ ਹਰਿ ਆਪ ਉਪਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਜੋਤੀ ਜੋਤ ਡਗਮਗਾਇੰਦਾ । ਥਿਰ ਘਰ ਵਸੇ ਧਰਮ ਸੱਚੀ ਧਰਮਸਾਲਾ, ਸਚ ਸਿੰਘਾਸਣ ਆਸਣ ਲਾਇੰਦਾ । ਪੁਰਖ ਪੁਰਖੋਤਮ ਅਕਾਲ ਅਕਾਲਾ, ਅਕਲ ਕਲਾ ਧਰਾਇੰਦਾ । ਆਦਿ ਸ਼ਕਤ ਜੋਤ ਜਵਾਲਾ, ਲਿਲਾਟ ਲਿਲਾਟੀ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਬੇਪਰਵਾਹ, ਏਕਾ ਏਕ ਏਕੰਕਾਰਿਆ । ਆਪੇ ਵਸੇ ਆਪਣੇ ਥਾਂ, ਨਾ ਕੋਈ ਦੂਸਰ ਸੰਗ ਰਖਾ ਲਿਆ । ਆਪੇ ਪਿਤਾ ਆਪੇ ਮਾਂ, ਆਪੇ ਬਾਲਕ ਗੋਦ ਸੁਹਾ ਲਿਆ । ਆਪੇ ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਖਾ ਲਿਆ । ਆਦਿ ਅਨਾਦੀ ਹਰਿ ਭਗਵੰਤ, ਏਕਾ ਰੂਪ ਸਮਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵਡ ਵਡਿਆਈਆ । ਆਪ ਆਪਣੀ ਬਣਾਏ ਬਣਤ, ਪੰਜ ਤੱਤ ਨਾ ਕੋਈ ਰਖਾਈਆ । ਸਤਿ ਸਤਿਵਾਦੀ ਮਹਿਮਾ ਅਗਣਤ, ਲੇਖਾ ਲੇਖੇ ਵਿਚ ਨਾ ਆਈਆ । ਆਪੇ ਨਾਰੀ ਆਪੇ ਕੰਤ, ਆਪੇ ਸੇਜ ਹੰਢਾਈਆ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪੇ ਕਰੇ ਆਪਣੀ ਮਨਤ, ਆਪ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਅਲਾਹੀਆ । ਨੂਰ ਅਲਾਹੀ ਇਕ ਅਕੱਲਾ, ਏਕਾ ਰੰਗ ਸਮਾਇੰਦਾ । ਵਸਣਹਾਰਾ ਸਚ ਮਹੱਲਾ, ਪੁਰਖ ਅਬਿਨਾਸ਼ੀ ਨਾਉਂ ਧਰਾਇੰਦਾ । ਪਾਵੇ ਸਾਰ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਵੇਖ ਵਖਾਇੰਦਾ । ਲੋਆਂ ਪੁਰੀਆਂ ਦੀਪਕ ਜੋਤੀ ਆਪੇ ਬਲਾ, ਜੇਰਜ ਅੰਡਜ ਉਤਭੁਜ ਸੇਤਜ ਡੇਰਾ ਆਪੇ ਮੱਲਾ, ਆਪ ਆਪਣਾ ਘਰ ਉਪਾਇੰਦਾ । ਆਪਣੀ ਪਵਣੀ ਆਪੇ ਰੱਲਾ, ਸਚ ਸੁਗੰਦੀ ਆਪ ਧਰਾਇੰਦਾ । ਆਦਿ ਜੁਗਾਦੀ ਇਕ ਅਕੱਲਾ, ਏਕੰਕਾਰਾ ਨਾਉਂ ਧਰਾਇੰਦਾ । ਜੁਗਾ ਜੁਗੰਤਰ ਪਾਵੇ ਸਾਰਾ, ਹਰਿ ਸੱਜਣ ਵੇਖ ਵਖਾਇੰਦਾ । ਥਿਰ ਘਰ ਸੋਹੇ ਸਚ ਦਵਾਰਾ, ਹਰਿ ਸਾਚਾ ਆਪ ਸੁਹਾਇੰਦਾ । ਏਕ ਬਾਤੀ ਦੀਪਕ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਰਾਓ ਰੰਕ ਨਾ ਦਿਸੇ ਕੋਈ ਦਰ ਦਰਬਾਰਾ, ਦਰ ਦਰਬਾਨ ਨਾ ਕੋਈ ਰਖਾਇੰਦਾ । ਖੜਗ ਖੰਡਾ ਨਾ ਤੇਜ਼ ਕਟਾਰਾ, ਸ਼ਸਤਰ ਬਸਤਰ ਨਾ ਕੋਈ ਸਜਾਇੰਦਾ । ਅਸਵ ਘੋੜਾ ਨਾ ਕੋਈ ਅਸਵਾਰਾ, ਆਪਣੀ ਧਾਰ ਨਾ ਕੋਈ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਵਸਣਹਾਰਾ ਸਚ ਮਹੱਲਾ, ਉਚ ਅਟੱਲਾ ਧਾਮ ਸੁਹਾਇੰਦਾ । ਉਚ ਅਟੱਲਾ ਹਰਿ ਮੁਨਾਰਾ, ਹਰਿ ਸਾਚੇ ਆਪ ਉਪਾਇਆ । ਨਿਰਗੁਣ ਨੂਰ ਕਰ ਉਜਿਆਰਾ, ਨਰ ਨਿਰੰਕਾਰਾ ਵੇਖ ਵਖਾਇਆ । ਸਚ ਸਿੰਘਾਸਣ ਕਰ ਪਿਆਰਾ, ਪੁਰਖ ਅਬਿਨਾਸ਼ਨ ਆਸਣ ਲਾਇਆ । ਆਦਿ ਨਿਰੰਜਣ ਬੰਨੇ ਧਾਰਾ, ਆਪ ਆਪਣਾ ਖੇਲ ਖਿਲਾਇਆ । ਆਪੇ ਪਾਵਣਹਾਰਾ ਸਾਰਾ, ਆਪ ਆਪਣਾ ਭੇਵ ਖੁਲ੍ਹਾਇਆ । ਆਪ ਸੁਹਾਏ ਬੰਕ ਦਵਾਰਾ, ਬੰਕ ਦਵਾਰੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਏਕਾ ਏਕ ਰਘੁਰਾਇਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਰੂਪ ਸਮਾਇੰਦਾ । ਖੇਲੇ ਖੇਲ ਆਦਿ ਜੁਗਾਦਿ, ਜੁਗ ਕਰਤਾ ਨਾਉਂ ਧਰਾਇੰਦਾ । ਆਪੇ ਸੰਤ ਆਪੇ ਸਾਧ, ਆਪੇ ਹਰ ਘਟ ਡੇਰਾ ਲਾਇੰਦਾ । ਆਪੇ ਸ਼ਬਦ ਧੁਨ ਹੋਏ ਨਾਦ, ਧੁਨ ਅਨਾਦੀ ਆਪ ਵਜਾਇੰਦਾ ।

ਆਪੇ ਨਾਮ ਨਾਮਾ ਬੋਧ ਅਗਾਧ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪੇ ਦੇਵਣਹਾਰਾ ਦਾਦ, ਆਪਣੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਕਰਤਾਰ, ਆਪਣਾ ਆਪ ਵਟਾਇਆ । ਰੂਪ ਅਨੂਪ ਸ਼ਾਹੋ ਭੂਪ ਸੱਚੀ ਸਰਕਾਰ, ਸਤਿ ਸਰੂਪ ਸਦ ਸਮਾਇਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇਆ । ਦੋ ਜਹਾਨਾਂ ਪੰਘੂੜਾ ਰਿਹਾ ਝੂਟ, ਸਚ ਹੁਲਾਰਾ ਏਕਾ ਲਾਇਆ । ਆਪਣੇ ਉਪਰ ਆਪੇ ਜਾਏ ਤੁਠ, ਆਪ ਆਪਣੀ ਦਇਆ ਕਮਾਇਆ । ਆਪਣਾ ਜੋਬਨ ਆਪੇ ਲੁੱਟ, ਆਪ ਆਪਣੀ ਸੇਜ ਹੰਢਾਇਆ । ਆਪਣੇ ਅੰਦਰ ਆਪੇ ਪਏ ਫੁਟ, ਅੰਮ੍ਰਿਤ ਧਾਰਾ ਆਪ ਚਲਾਇਆ । ਆਪਣਾ ਆਪ ਪਿਆਏ ਏਕਾ ਘੁੱਟ, ਆਪ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਬੰਕ ਦਵਾਰ, ਜੋਤ ਜਗੇ ਇਕ ਨਿਰੰਕਾਰ, ਨਾ ਕੋਈ ਦੀਸੇ ਹੋਰ ਪਸਾਰ, ਏਕਾ ਏਕ ਰੰਗ ਰੰਗਾਇਆ । ਏਕਾ ਰੰਗ ਆਪਣਾ ਰੰਗ, ਖੋਲ੍ਹੇ ਦਰ ਦਰਵਾਜਿਆ । ਆਪਣੀ ਭਿਛਿਆ ਆਪੇ ਮੰਗ, ਭਿਖਿਆ ਪਾਏ ਗ਼ਰੀਬ ਨਿਵਾਜਿਆ । ਆਪਣਾ ਨਿਭਾਏ ਆਪੇ ਸੰਗ, ਆਪੇ ਚੜ੍ਹੇ ਅਸਵ ਤਾਜਿਆ । ਆਪਣਾ ਵਜਾਏ ਆਪ ਮਰਦੰਗ, ਆਪਣਾ ਸਾਜਣ ਆਪੇ ਸਾਜਿਆ । ਆਪਣੀ ਨੁਹਾਏ ਆਪੇ ਗੰਗ, ਆਪੇ ਰੱਖਣਹਾਰਾ ਲਾਜਿਆ । ਆਪਣੀ ਸੇਜਾ ਆਪੇ ਸੁੱਤਾ ਹਰਿ ਸਚ ਪਲੰਘ, ਆਪ ਆਪਣੀ ਮਾਰੇ ਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਚਲਾਏ ਆਪਣਾ ਸਚ ਜਹਾਜਿਆ । ਨਿਰਗੁਣ ਦਾਤਾ ਬੇਪਰਵਾਹ, ਸਤਿਗੁਰ ਪੁਰਖ ਅਖਵਾਇੰਦਾ । ਸ਼ਬਦ ਅਨਾਦੀ ਸੁੱਤ ਉਪਾ, ਆਪਣਾ ਨਾਉਂ ਧਰਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਬ੍ਰਹਮ ਬ੍ਰਹਮ ਦਰਸਾਇੰਦਾ । ਅਗੰਮ ਅਗੰਮ ਖੇਲ ਖਿਲਾ, ਅਲੱਖ ਅਲੱਖ ਵਡਿਆਇੰਦਾ । ਸਚਖੰਡ ਦਵਾਰਾ ਆਪ ਜਣਾ, ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਗਨ ਮਨਾਇੰਦਾ । ਸਗਨ ਮਨਾਏ ਜੋਤ ਨਿਰੰਕਾਰ, ਨਿਰਗੁਣ ਰੰਗ ਰੰਗਾਇਆ । ਕਮਲਾਪਾਤੀ ਮੀਤ ਮੁਰਾਰ, ਘਰ ਸੱਚਾ ਸੱਜਣ ਆਇਆ । ਜੋਤੀ ਜਗੀ ਅਪਰ ਅਪਾਰ, ਤੇਲ ਬੱਤੀ ਨਾ ਕੋਈ ਟਿਕਾਇਆ । ਵਰਨ ਗੋਤੀ ਵਸਿਆ ਬਾਹਰ, ਬਰਨ ਵਰਨ ਨਾ ਕੋਈ ਜਣਾਇਆ । ਇਕ ਅਕਲੌਤੀ ਕਰ ਤਿਆਰ, ਧੁਰ ਦੀ ਜੋਤੀ ਵੇਖ ਵਖਾਇਆ । ਉਠੀ ਸੋਈ ਨਾਰ ਮੁਟਿਆਰ, ਹਰਿ ਸਾਚਾ ਵੇਖ ਵਖਾਇਆ । ਦੋਹਾਂ ਮੇਲਾ ਧੁਰ ਦਰਬਾਰ, ਸਚ ਵਿਚੋਲਾ ਇਕ ਬਣਾਇਆ । ਚੁਕਿਆ ਡੋਲਾ ਆਪ ਕਰਤਾਰ, ਦੂਸਰ ਕਹਾਰ ਨਾ ਕੋਈ ਲਗਾਇਆ । ਸਾਚੀ ਸੇਜਾ ਕਰ ਪਿਆਰ, ਸਾਚੀ ਸੇਜ ਹੰਢਾਇਆ । ਆਪੇ ਅੰਦਰ ਆਪੇ ਬਾਹਰ, ਆਪ ਆਪਣਾ ਫਲ ਲਗਾਇਆ । ਆਪ ਉਪਜਾਏ ਸੁੱਤ ਦੁਲਾਰ, ਹਰਿ ਸ਼ਬਦੀ ਨਾਉਂ ਰਖਾਇਆ । ਸ਼ਬਦ ਸੁੱਤ ਅਪਰ ਅਪਾਰ, ਗੁਰ ਸਤਿਗੁਰ ਵੇਖ ਵਖਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਡੇਰਾ ਲਾਇਆ । ਵਿਸ਼ਨੂੰ ਵੰਸੀ ਖ਼ਬਰਦਾਰ, ਨਿਰਾਕਾਰ ਸਾਕਾਰ ਹੋ ਆਇਆ । ਕਵਲ ਨਾਭੀ ਕਰ ਤਿਆਰ, ਏਕਾ ਫੁੱਲ ਖਿਲਾਇਆ । ਏਕਾ ਝਿਰਨਾ ਅਪਰ ਅਪਾਰ, ਹਰਿ ਸਾਚੇ ਆਪ ਝਿਰਾਇਆ । ਬ੍ਰਹਮਾ ਮੰਗੇ ਮੰਗ ਦਰ ਭਿਖਾਰ, ਨਿਉਂ ਨਿਉਂ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਦਇਆ ਕਮਾਇਆ । ਸ਼ਬਦੀ ਭਰਿਆ ਨਾਮ ਭੰਡਾਰ, ਅਤੋਟ ਅਤੁਟ ਰਖਾਇਆ । ਸਾਚਾ ਮਾਰਗ ਅਪਰ ਅਪਾਰ, ਧੁਰ ਕਰਤੇ ਆਪ ਜਣਾਇਆ । ਚਾਰੇ ਵੇਦ ਲੇਖ ਲਿਖਾਰ, ਏਕਾ ਲੇਖਾ ਲੇਖ ਵਖਾਇਆ । ਪੁਰਖ

ਅਬਿਨਾਸ਼ੀ ਸਭ ਤੋਂ ਵਸਿਆ ਬਾਹਰ, ਭੇਵ ਕੋਈ ਨਾ ਰਾਇਆ । ਸਚ ਸੰਦੇਸਾ ਸਰਬ ਸੰਸਾਰ, ਤ੍ਰੈਗੁਣ ਜੋੜ ਜੁੜਾਇਆ । ਪੰਜਾਂ ਤੱਤਾਂ ਦਏ ਅਧਾਰ, ਆਪ ਆਪਣਾ ਮੇਲ ਮਿਲਾਇਆ । ਪੰਜ ਪੰਝੀ ਖ਼ਬਰਦਾਰ, ਧਾਰ ਬਵੰਜਾ ਆਪਣੀ ਛੁਪਾਇਆ । ਇਕ ਅਕੱਲਾ ਏਕ ਏਕੰਕਾਰ, ਤ੍ਰੈ ਤ੍ਰੈ ਦੇਸਾਂ ਵੇਖ ਵਖਾਇਆ । ਸ਼ੰਕਰ ਕਰੇ ਸਚ ਪਿਆਰ, ਅੰਧ ਅੰਧੇਰ ਉਪਾਇਆ । ਬਾਸ਼ਕ ਤਸਕਾ ਗਲ ਗਲ ਹਾਰ, ਹੱਥ ਤ੍ਰਿਸੂਲ ਉਠਾਇਆ । ਸੰਸਾਰੀ ਭੰਡਾਰੀ ਕਰ ਤਿਆਰ, ਲਏ ਦੀਬਾਣ ਲਾਇਆ । ਅਪਰੰਪਰ ਕਰਤਾ ਖੇਲ ਅਪਾਰ, ਨਿਰਾਕਾਰ ਭੇਵ ਨਾ ਰਾਇਆ । ਸਤਿ ਪੁਰਖ ਨਿਰੰਜਣ ਹੋ ਉਜਿਆਰ, ਸਤਿ ਸਤਿਵਾਦੀ ਵੇਸ ਵਟਾਇਆ । ਲੱਖ ਚੁਰਾਸੀ ਕਰ ਤਿਆਰ, ਲੋਕਮਾਤ ਨਾਉਂ ਉਪਾਇਆ । ਵਰਭੰਡੀ ਖੇਲੇ ਖੇਲ ਕਰਤਾਰ, ਆਪਣੀ ਡੰਡੀ ਮਾਰਗ ਲਾਇਆ । ਤੇਜ਼ ਪਰਚੰਡੀ ਸ਼ਬਦ ਕਟਾਰ, ਬ੍ਰਹਿਮੰਡੀ ਆਪ ਚਮਕਾਇਆ । ਪਾਵੇ ਵੰਡੀ ਅਪਰ ਅਪਾਰ, ਉਤਭੁਜ ਸੇਤਜ ਫੋਲ ਫੋਲਾਇਆ । ਪੰਜ ਤੱਤ ਕਰ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਸਮਾਇਆ । ਮਨ ਮਤ ਬੁਧ ਦਏ ਅਧਾਰ, ਆਸਾ ਤ੍ਰਿਸਨਾ ਵੇਖ ਵਖਾਇਆ । ਨੌਂ ਦਰ ਖੋਲ੍ਹੇ ਆਪ ਕਿਵਾੜ, ਪੰਚਮ ਧਾੜ ਡੇਰਾ ਲਾਇਆ । ਆਪੇ ਵਸਿਆ ਡੂੰਘੀ ਗਾਰ, ਸੁਖਮਨ ਟੇਡਾ ਰਾਹ ਚਲਾਇਆ । ਸੰਗਮ ਬਣਿਆ ਅਧਵਿਚਕਾਰ, ਦਿਸ ਕਿਸੇ ਨਾ ਆਇਆ । ਅਨਹਦ ਸ਼ਬਦ ਸੱਚੀ ਧੁਨਕਾਰ, ਘਰ ਸਾਚੇ ਮੰਗਲ ਗਾਇਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਧਾਰਾ ਆਪ ਚੁਆਇਆ । ਆਪਣਾ ਪੜਦਾ ਆਪੇ ਪਾੜ, ਅਪਣਾ ਮਾਰਗ ਵਿਚ ਰਖਾਇਆ । ਘਰ ਵਿਚ ਘਰ ਮਹੱਲ ਉਸਾਰ, ਦਸਮ ਦਵਾਰੀ ਨਾਉਂ ਰਖਾਇਆ । ਜੋਤ ਨਿਰੰਜਣ ਸੇਵਾਦਾਰ, ਸਾਚੀ ਸੇਵ ਕਮਾਇਆ । ਸੁਰਤ ਸਵਾਣੀ ਰੋਵੇ ਜ਼ਾਰੋ ਜ਼ਾਰ, ਦਿਵਸ ਰੈਣ ਰਹੀ ਕੁਰਲਾਇਆ । ਸ਼ਬਦ ਗੁਰ ਹਾਣੀ ਹੋਇਆ ਖ਼ਬਰਦਾਰ, ਘਰ ਸਾਚੇ ਫੇਰਾ ਪਾਇਆ । ਏਕਾ ਸੇਜਾ ਕਰੇ ਪਿਆਰ, ਹਰਿਜਨ ਸਾਚੇ ਵੇਖ ਵਖਾਇਆ । ਨਾਤਾ ਤੁਟੇ ਸਰਬ ਸੰਸਾਰ, ਜਿਸ ਜਨ ਆਪਣਾ ਦਰਸ ਦਿਖਾਇਆ । ਭਗਤ ਭਗਵੰਤ ਸਾਚੀ ਕਾਰ, ਕਾਇਆ ਮੰਦਰ ਆਪ ਚਲਾਇਆ । ਸਾਧਾਂ ਸੰਤਾਂ ਕਰਾਏ ਵਣਜ ਵਪਾਰ, ਨਾਮ ਹੱਟ ਇਕ ਖੁਲ੍ਹਾਇਆ । ਚੌਦਾਂ ਹੱਟਾਂ ਖੋਲ੍ਹ ਕਿਵਾੜ, ਏਕ ਤੋਲਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਸ ਵਟਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਪੰਜ ਤੱਤ ਵਡਿਆਈਆ । ਪੰਜ ਤੱਤ ਕਰੇ ਉਜਿਆਰ, ਸਰਗੁਣ ਵੱਜੇ ਵਧਾਈਆ । ਸਰਗੁਣ ਮਿਟੇ ਅੰਧ ਅੰਧਿਆਰ, ਨਿਰਗੁਣ ਦੀਪਕ ਇਕ ਜਗਾਈਆ । ਨਿਰਗੁਣ ਦੀਵਾ ਅਪਰ ਅਪਾਰ, ਹਰਿ ਸਾਚਾ ਇਕ ਰਖਾਈਆ । ਸਰਗੁਣ ਦੇਵੇ ਇਕ ਪਿਆਰ, ਲੋਕਮਾਤ ਵੱਡੀ ਵਡਿਆਈਆ । ਡੂੰਘੀ ਕੁੰਦਰ ਕਰ ਉਜਿਆਰ, ਸਾਚਾ ਮੰਦਰ ਦਏ ਸੁਹਾਈਆ । ਜੁਗਾ ਜੁਗੰਤਰ ਪਾਵੇ ਸਾਰ, ਭਗਤਨ ਮੇਲਾ ਸਹਿਜ ਸੁਭਾਈਆ । ਸਤਿਜੁਗ ਤੇਰਾ ਸਚ ਵਰਤਾਰ, ਹਰਿ ਸਾਚਾ ਸਚ ਵਰਤਾਈਆ । ਸੋਇਮ ਰੂਪ ਆਪ ਨਿਰੰਕਾਰ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਹੰ ਬ੍ਰਹਮ ਕਰ ਤਿਆਰ, ਜੀਵ ਜੰਤ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮਾਰਗ ਲਾਈਆ । ਆਪਣਾ ਮਾਰਗ ਆਪੇ ਲਾ, ਆਪਣੀ ਖੇਲ ਖਿਲਾਇੰਦਾ । ਚਾਰੇ ਵੇਦਾ ਲੇਖ ਲਿਖਾ, ਲੇਖਾ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚੀ ਰਚਨ ਰਚਾ, ਸਾਚਾ ਕਰਮ ਕਮਾਇੰਦਾ । ਸੰਤ ਸੁਹੇਲੇ ਗਲੇ ਲਗਾ, ਦੂਤੀ ਦੁਸ਼ਟਾ ਮੇਟ ਮਿਟਾਇੰਦਾ । ਖੇਲੇ ਖੇਲ ਥਾਉਂ ਥਾਂ, ਨੌਂ ਖੰਡ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਅਨੇਕਾ ਆਪ ਕਰਾਇੰਦਾ । ਵੇਸ ਅਨੇਕਾ ਕਰਨੇਹਾਰਾ, ਕਰਨੀ

ਕਰਤਾ ਆਪ ਅਖਵਾਇਆ । ਜੁਗਾਂ ਜੁਗੰਤਰ ਕਰ ਪਸਾਰਾ, ਨਿਰਗੁਣ ਸਰਗੁਣ ਵੇਖਣ ਆਇਆ । ਸਰਗੁਣ ਰੂਪ ਹਰਿ ਅਵਤਾਰਾ, ਨਿਰਗੁਣ ਨੂਰ ਡਗਮਗਾਇਆ । ਪੰਜ ਤੱਤ ਬੰਨ੍ਹੇ ਧਾਰਾ, ਪੰਚਮ ਮੋਹ ਚੁਕਾਇਆ । ਆਪੇ ਹੋਏ ਗੁਪਤ ਜਾਹਰਾ, ਜ਼ਾਹਰ ਜ਼ਹੂਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਤ ਧਰ, ਆਪੇ ਬੇੜਾ ਪਾਰ ਕਰਾਇਆ । ਸਤਿਜੁਗ ਸਾਚਾ ਉਤਰਿਆ ਪਾਰ, ਤ੍ਰੇਤੇ ਵੱਜੀ ਵਧਾਈਆ । ਰਾਮ ਰਾਮਾ ਹਰਿ ਅਵਤਾਰ, ਰਾਮ ਰੂਪ ਆਪ ਹੋ ਜਾਈਆ । ਤੋੜੇ ਲੰਕਾ ਗੜ੍ਹ ਹੰਕਾਰ, ਸਚ ਬਬਾਨਾ ਹੱਥ ਉਠਾਈਆ । ਗ਼ਰੀਬ ਨਿਮਾਣਿਆਂ ਪਾਏ ਸਾਰ, ਆਪ ਆਪਣੇ ਗਲੇ ਲਗਾਈਆ । ਤ੍ਰੀਆ ਵੇਸ ਅਪਰ ਅਪਾਰ, ਤ੍ਰੈਗੁਣ ਤੱਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੇਤਾ ਲੇਖਾ ਆਪ ਮੁਕਾਈਆ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਜੋਤ ਜਗਾਏ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਗਣਾਏ । ਕਾਹਨਾ ਕ੍ਰਿਸ਼ਨਾ ਗੁਣ ਨਿਧਾਨ, ਨਾ ਕੋਈ ਚਿੱਲਾ ਤੀਰ ਕਮਾਨ, ਰਥ ਰਥਵਾਹੀ ਰਥ ਚਲਾਏ । ਅਰਜਨ ਗੀਤਾ ਇਕ ਧਿਆਨ, ਅਠਾਰਾਂ ਬਰਨਾਂ ਇਕ ਫ਼ਰਮਾਣ, ਏਕਾ ਸ਼ਬਦ ਸੁਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਲਹਿਣਾ ਆਪ ਮੁਕਾਏ । ਦੁਆਪਰ ਲਹਿਣਾ ਗਿਆ ਮੁੱਕ, ਕਲਜੁਗ ਵੱਜੀ ਵਧਾਈਆ । ਹਰਿਆ ਬੂਟਾ ਗਿਆ ਸੁੱਕ, ਅੰਮ੍ਰਿਤ ਸਿੰਚ ਨਾ ਹਰਿਆ ਕੋਇ ਕਰਾਈਆ । ਜੂਠ ਝੂਠ ਰਿਹਾ ਬੁੱਕ, ਕਾਮ ਕਰੋਧ ਲੋਭ ਮੋਹ ਕਰੇ ਲੜਾਈਆ । ਸੁਫਲ ਨਾ ਦਿਸੇ ਕੋਈ ਕੁੱਖ, ਜਨਨੀ ਜਨ ਨਾ ਕੋਇ ਜਾਈਆ । ਸਾਧ ਸੰਤ ਬੈਠੇ ਲੁਕ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਰੁਸ਼ਨਾ, ਏਕਾ ਏਕ ਡਗਮਗਾਇਆ । ਈਸਾ ਮੂਸਾ ਦਰ ਖੁਲ੍ਹਾ, ਏਕਾ ਨਾਅਰਾ ਲਾਇਆ । ਏਕਾ ਕਲਮਾ ਆਪ ਪੜ੍ਹਾ, ਸੰਗ ਮੁਹੰਮਦ ਚਾਰ ਯਾਰੀ ਲਏ ਉਠਾਇਆ । ਐਨਲਹੱਕ ਵੇਖ ਵਖਾ, ਮੁਕਾਮੇ ਹੱਕ ਇਕ ਖ਼ੁਦਾਇਆ । ਦੇਵਣਹਾਰਾ ਸਿਫ਼ਤ ਸਲਾਹ, ਸਾਚਾ ਮਾਰਗ ਰਿਹਾ ਜਣਾਇਆ । ਕਾਇਨਾਤ ਫੇਰਾ ਪਾ, ਚਾਰੋਂ ਕੁੰਟ ਵੇਖ ਵਖਾਇਆ । ਅੰਜੀਲ ਕੁਰਾਨਾਂ ਲੇਖ ਲਿਖਾ, ਤੀਸ ਬਤੀਸਾ ਆਪੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਰਗੁਣ ਨੂਰ ਹਰਿ ਭਗਵਾਨਾ, ਆਦਿ ਪੁਰਖ ਅਬਿਨਾਸ਼ਿਆ । ਖੇਲੇ ਖੇਲ ਦੋ ਜਹਾਨਾਂ, ਮੰਡਲ ਮੰਡਪ ਪਾਵੇ ਰਾਸਿਆ । ਸ਼ਬਦ ਜਣਾਈ ਇਕ ਤਰਾਨਾ, ਜੁਗ ਜੁਗ ਲੋਕਮਾਤ ਪਰਕਾਸਿਆ । ਨਾਨਕ ਨਿਰਗੁਣ ਇਕ ਵਖਾਨਾ, ਖੇਲੇ ਖੇਲ ਪ੍ਰਿਥਮੀ ਆਕਾਸਿਆ । ਏਕਾ ਪਦ ਪਦ ਨਿਰਬਾਣਾ, ਘਰ ਮੇਲਾ ਸ਼ਾਹੋ ਸਾਬਾਸ਼ਿਆ । ਹਰਿ ਸਤਿਗੁਰ ਪੁਰਖ ਇਕ ਵਖਾਨਾ, ਲੇਖਾ ਚੁਕੇ ਦਸ ਦਸ ਮਾਸਿਆ । ਸ਼ਬਦ ਅਨਾਦੀ ਇਕ ਤਰਾਨਾ, ਰਸਨਾ ਜੇਹਵਾ ਚਲੇ ਸਵਾਸਿਆ । ਪਾਇਆ ਹਰਿ ਬੀਨਾ ਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਹੋਏ ਸ਼ਾਹੋ ਸਾਬਾਸਿਆ । ਨਿਰਗੁਣ ਸਤਿਗੁਰ ਸ਼ਾਹ ਸੁਲਤਾਨ, ਬੇਐਬ ਨਾਮ ਧਰਾਇੰਦਾ । ਵਸਣਹਾਰਾ ਸਚ ਮਕਾਨ, ਘਰ ਸਾਚਾ ਆਪ ਉਪਾਇੰਦਾ । ਹੱਥ ਰਖਾਏ ਇਕ ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਸਾਰੇ ਗਾਣ, ਸੁਰਪਤ ਰਾਜਾ ਇੰਦ ਸੀਸ ਝੁਕਾਇੰਦਾ । ਚੌਦਾਂ ਲੋਕਾਂ ਖੋਲ੍ਹ ਦੁਕਾਨ, ਚੌਦਾਂ ਤਬਕਾਂ ਵੇਖ ਵਖਾਇੰਦਾ । ਆਪੇ ਕਲਮਾ ਨੂਰ ਅਲਾਹੀ ਰਿਹਾ ਵਖਾਣ, ਆਪਣੀ ਰਸਨਾ ਆਪੇ ਗਾਇੰਦਾ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਸ਼ਬਦ ਸੁਣਾਇੰਦਾ ।


੫੨੪ ੦੮

ਆਪੇ ਨਿਰਗੁਣ ਨਾਨਕ ਕਰ ਪਰਵਾਨ, ਮੰਤਰ ਨਾਮ ਸਤਿ ਦ੍ਰਿੜਾਇੰਦਾ । ਚਾਰ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇੰਦਾ । ਰਾਓ ਰੰਕ ਨਾ ਕੋਇ ਰਾਜਾਨ, ਗ਼ਰੀਬ ਨਿਮਾਣੇ ਆਪ ਉਠਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਸਚਖੰਡ ਦਵਾਰਾ ਇਕ ਸੁਹਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਜਗ ਤ੍ਰਿਸਨਾ ਭੁੱਖ ਗਵਾਇੰਦਾ । ਮੇਲ ਮਿਲਾਵਾ ਗੋਪੀ ਕਾਹਨ, ਸੀਤਾ ਸੁਰਤੀ ਰਾਮ ਮਿਲਾਇੰਦਾ । ਸਰਬ ਜੀਆਂ ਘਟ ਜਾਣੀ ਜਾਣ, ਜਾਨਣਹਾਰ ਦਿਸ ਨਾ ਆਇੰਦਾ । ਆਦਿ ਜੁਗਾਦੀ ਜਨ ਭਗਤਾਂ ਕਰੇ ਆਪ ਪਛਾਣ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਡਗਮਗਾਇੰਦਾ । ਨਾਨਕ ਜੋਤੀ ਜੋਤ ਜਗਾ, ਹਰਿ ਨੂਰੋ ਨੂਰ ਰੁਸ਼ਨਾਇਆ । ਗੋਬਿੰਦ ਮੇਲਾ ਸਹਿਜ ਸੁਭਾ, ਪੂਤ ਸਪੂਤਾ ਨਾਉਂ ਰਖਾਇਆ । ਸੁੱਤ ਦੁਲਾਰਾ ਆਪ ਉਪਜਾ, ਆਪਣਾ ਮੇਲ ਮਿਲਾਇਆ । ਸਾਚਾ ਮਾਰਗ ਇਕ ਰਖਾ, ਏਕਾ ਰਿਹਾ ਸਮਝਾਇਆ । ਚਾਰ ਵਰਨ ਬਣਾਏ ਭੈਣ ਭਰਾ, ਨਾਤਾ ਬਿਧਾਤਾ ਆਪ ਜੁੜਾਇਆ । ਕਲਜੁਗ ਜੀਵ ਕੋਈ ਭੁੱਲੇ ਨਾ, ਹਰਿ ਕਾ ਭੇਵ ਕਿਸੇ ਨਾ ਪਾਇਆ । ਬਿਨ ਹਰਿ ਭਗਤੀ ਕੋਈ ਫਲੇ ਫੁਲੇ ਨਾ, ਫੁਲ ਫੁਲਵਾੜੀ ਨਾ ਕੋਇ ਮਹਿਕਾਇਆ । ਜਗਤ ਮਾਇਆ ਕੋਈ ਰੁਲੇ ਨਾ, ਦੇ ਮਤ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਗੋਬਿੰਦ ਗੁਰ ਸੂਰਬੀਰ, ਹਰਿ ਸਾਚਾ ਸਚ ਰਖਾਇੰਦਾ । ਇਕ ਕਮਾਨ ਏਕਾ ਚਿਲਾ ਏਕਾ ਤੀਰ, ਏਕਾ ਹੱਥ ਉਠਾਇੰਦਾ । ਏਕਾ ਬਸਤਰ ਏਕਾ ਚੀਰ, ਏਕਾ ਸ਼ਸਤਰ ਤਨ ਸਜਾਇੰਦਾ । ਏਕਾ ਚੋਟੀ ਚੜ੍ਹੇ ਅਖ਼ੀਰ, ਏਕਾ ਮਾਰਗ ਲਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਇੰਦਾ । ਗੁਰਮੁਖਾਂ ਦੇਵੇ ਨਾਮ ਇਕ ਅਨਡੀਠ, ਜਗਤ ਨੇਤਰ ਨਾ ਕੋਇ ਰਖਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਨਾ ਸੋਇਆ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਕਰਤਾ ਆਪਣਾ ਭੇਵ ਆਪ ਖੁਲ੍ਹਾਇੰਦਾ । ਗੋਬਿੰਦ ਮੇਲਾ ਹਰਿ ਨਿਰੰਕਾਰਾ, ਸਤਿਗੁਰ ਪੁਰਖ ਕਰਾਇਆ । ਸ਼ਬਦ ਅਨਾਦੀ ਇਕ ਜੈਕਾਰਾ, ਵਾਹ ਵਾਹ ਗੁਰੂ ਸਲਾਹਿਆ । ਫਤਿਹ ਡੰਕਾ ਅਪਰ ਅਪਾਰਾ, ਨਿਰਗੁਣ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪ ਬੁਝਾਇਆ । ਆਪਣੀ ਬੂਝ ਸ਼ਬਦ ਗਿਆਨ, ਗੋਬਿੰਦ ਰੰਗ ਰੰਗਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਮੇਟੇ ਝੂਠ ਦੁਕਾਨ, ਵੇਲਾ ਅੰਤਮ ਆਪ ਸੁਹਾਇੰਦਾ । ਪਰਗਟ ਹੋਏ ਨਿਹਕਲੰਕ ਬਲੀ ਬਲਵਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਨਾਉਂ ਰਖਾਇੰਦਾ । ਉਚਾ ਟਿੱਲਾ ਪਰਬਤ ਇਕ ਮਹਾਨ, ਬਜਰ ਕਪਾਟੀ ਸਿਲਾ ਲਗਾਇੰਦਾ । ਸੰਬਲ ਨਗਰੀ ਸਚ ਮਕਾਨ, ਹਰਿ ਸਤਿਗੁਰ ਆਸਣ ਲਾਇੰਦਾ । ਦਿਸ ਨਾ ਆਏ ਜੀਵ ਨਾਦਾਨ, ਕੋਟਨ ਕੋਟੀ ਭਰਮ ਭੁਲਾਇੰਦਾ । ਜਿਸ ਜਨ ਉਪਜੇ ਆਤਮ ਗਿਆਨ, ਦੂਈ ਦਵੈਤੀ ਪੜਦਾ ਲਾਹਿੰਦਾ । ਦੇਵੇ ਨਾਮ ਸੱਚੀ ਧੁਨਕਾਨ, ਧੁਨ ਆਤਮਕ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਵਿਚ ਸੰਸਾਰਾ, ਚਾਰੋਂ ਕੁੰਟਾਂ ਰਿਹਾ ਵਜਾਈਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਆਪ ਉਠਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਅਧ ਵਿਚਕਾਰਾ ਵੇਖ ਵਖਾਈਆ । ਮਨਮੁਖ ਡੁੱਬੇ ਵਹਿੰਦੀ ਧਾਰਾ, ਸ਼ੌਹ ਦਰਯਾਏ

ਆਪ ਰੁੜ੍ਹਾਈਆ । ਗੁਰਮੁਖ ਸਾਜਣ ਉਤਰੇ ਪਾਰਾ, ਜੋ ਜਨ ਰਸਨਾ ਹਰਿ ਹਰਿ ਗਾਈਆ । ਮਿਲੇ ਮੇਲ ਮੀਤ ਮੁਰਾਰਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਰਾਮ ਰਾਮਾ ਹੋ ਉਜਿਆਰਾ, ਨੇਤਰ ਲੋਚਣ ਦਰਸ ਵਖਾਈਆ । ਨਾਨਕ ਗੋਬਿੰਦ ਖ਼ਬਰਦਾਰਾ, ਗੁਰਮੁਖ ਸਾਚੇ ਲਏ ਜਗਾਈਆ । ਅੰਮ੍ਰਿਤ ਭਰਿਆ ਇਕ ਭੰਡਾਰਾ, ਨਿਰਗੁਣ ਆਪਣਾ ਆਪ ਪਿਆਈਆ । ਸਰਗੁਣ ਕਰੇ ਠੰਡਾ ਠਾਰਾ, ਤੱਤਵ ਤੱਤ ਨਾ ਕੋਇ ਰਖਾਈਆ । ਮੇਟ ਮਿਟਾਏ ਅੰਧ ਅੰਧਿਆਰਾ, ਸਚ ਪਰਕਾਸ਼ ਜਣਾਈਆ । ਨਿਹਕਲੰਕ ਨਰ ਲੈ ਅਵਤਾਰਾ, ਮਾਤ ਪਿਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਸਰਬ ਲੋਕਾਈਆ । ਸਰਬ ਲੋਕਾਈ ਹਰਿ ਹਰਿ ਵੇਖ, ਨੌ ਖੰਡ ਫੇਰਾ ਪਾਇੰਦਾ । ਲੱਖ ਚੁਰਾਸੀ ਲਿਖਣਹਾਰਾ ਲੇਖ, ਘਟ ਘਟ ਡੇਰਾ ਲਾਇੰਦਾ । ਆਪੇ ਲਾਏ ਆਪਣੀ ਮੇਖ, ਆਪੇ ਜੜ ਉਖੜਾਇੰਦਾ । ਆਪ ਉਪਜਾਏ ਧਾਰੀ ਕੇਸ, ਮੂੰਡ ਮੁੰਡਾਏ ਆਪ ਉਪਾਇੰਦਾ । ਆਪੇ ਹੋਏ ਦਸ ਦਸਮੇਸ, ਗੋਪੀ ਕਾਹਨ ਆਪ ਨਚਾਇੰਦਾ । ਆਪੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਆਪਣਾ ਨਾਉਂ ਧਰਾਇੰਦਾ । ਆਪੇ ਹੋਏ ਰਿਖੀ ਕੇਸ, ਗਵਰਧਨ ਹੱਥ ਰਖਾਇੰਦਾ । ਆਪੇ ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਰਿਹਾ ਵੇਖ, ਐਨਲਹੱਕ ਆਪੇ ਨਾਅਰਾ ਲਾਇੰਦਾ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇੰਦਾ । ਆਪੇ ਦਾਤਾ ਨਰ ਨਰੇਸ਼, ਦੋ ਜਹਾਨਾਂ ਆਪ ਅਖਵਾਇੰਦਾ । ਕਲਜੁਗ ਅੰਤਮ ਕਰਿਆ ਵੇਸ, ਨਿਹਕਲੰਕਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ ਜੁਗ ਵਿਛੜੇ ਮੇਲ ਮਿਲਾਇੰਦਾ । ਹਰਿ ਸੱਜਣ ਸਤਿਗੁਰ ਪਾਇਆ, ਪਰਮ ਪੁਰਖ ਕਰਤਾਰ । ਗੁਰਸਿਖ ਸਾਚਾ ਘਰ ਸੁਹਾਇਆ, ਮੇਲ ਮਿਲਾਵਾ ਮੀਤ ਮੁਰਾਰ । ਏਕਾ ਦੂਜਾ ਭਓ ਚੁਕਾਇਆ, ਤੀਜੇ ਨੇਤਰ ਦਰਸ ਅਪਾਰ । ਚੌਥੇ ਪਦ ਡੇਰਾ ਲਾਇਆ, ਵਿਸਰਿਆ ਘਰ ਬਾਰ । ਪੰਚਮ ਮੀਤਾ ਨਜ਼ਰੀ ਆਇਆ, ਪੰਚਮ ਮੇਲਾ ਕੰਤ ਭਤਾਰ । ਛੇਵੇਂ ਛੱਪਰ ਛੰਨ ਨਾ ਕੋਇ ਰਖਾਇਆ, ਨਿਰਗੁਣ ਜੋਤ ਜਗੇ ਅਪਾਰ । ਸੱਤਵੇਂ ਸਤਿ ਪੁਰਖ ਨਿਰੰਜਣ ਮੇਲ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਅੱਠਾਂ ਤੱਤਾਂ ਡੇਰਾ ਢਾਇਆ, ਮਨ ਮਤ ਨਾ ਕਰੇ ਖ੍ਵਾਰ । ਨੌ ਦਵਾਰੇ ਬਾਹਰ ਕਢਾਇਆ, ਦਸਮ ਦਵਾਰੀ ਖੋਲ੍ਹ ਕਿਵਾੜ । ਉਚੇ ਮੰਦਰ ਆਪ ਚੜ੍ਹਾਇਆ, ਆਪਣੀ ਹੱਥੀਂ ਦੇਵੇ ਵਾੜ । ਜੋਤੀ ਨੂਰ ਕਰੇ ਰੁਸ਼ਨਾਇਆ, ਅਗਨੀ ਲੱਗੇ ਨਾ ਤੱਤੀ ਹਾੜ । ਅੰਮ੍ਰਿਤ ਠਾਂਡਾ ਜਲ ਪਿਆਇਆ, ਆਪ ਆਪਣੀ ਕਿਰਪਾ ਧਾਰ । ਸੁਰਤੀ ਸ਼ਬਦੀ ਮੇਲ ਮਿਲਾਇਆ, ਸੁਹਾਇਆ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਲਾਏ ਪਾਰ । ਗੁਰਸਿਖ ਮੀਤ ਮੁਰਾਰੜਾ, ਮੇਲਾ ਧੁਰਦਰਗਹ । ਨਿਰਗੁਣ ਸਰਗੁਣ ਸੱਚਾ ਯਾਰੜਾ, ਸ਼ਬਦ ਬਣਾਏ ਮਲਾਹ । ਸਦ ਵਸੇ ਧਾਮ ਨਿਆਰੜਾ, ਅਲੱਖ ਅਗੰਮ ਅਥਾਹ । ਜਨ ਭਗਤਾਂ ਕਰੇ ਪਿਆਰੜਾ, ਆਪੇ ਪਿਤਾ ਆਪੇ ਮਾਂ । ਲੱਖ ਚੁਰਾਸੀ ਪਾਰ ਕਨਾਰੜਾ, ਜਿਸ ਜਨ ਦੇਵੇ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪੇ ਕਰ, ਕਰੇ ਖੇਲ ਮੀਤ ਮੁਰਾਰੜਾ । ਹਰਿ ਸੰਗਤ ਹਰਿ ਵਸਿਆ, ਗੁਰ ਸਤਿਗੁਰ ਪੁਰਖ ਕਰਤਾਰ । ਜਨ ਭਗਤ ਦਵਾਰੇ ਫਿਰੇ ਨੱਸਿਆ, ਆਦਿ ਜੁਗਾਦੀ ਹਰਿ ਹਰਿ ਕਾਰ । ਸਾਚਾ ਮਾਰਗ ਏਕਾ ਦੱਸਿਆ, ਮੇਟੇ ਕਾਮ ਕਰੋਧ ਲੋਭ ਮੋਹ ਹੰਕਾਰ । ਜਗਤ ਵਿਕਾਰਾ ਚਰਨਾਂ ਹੇਠਾਂ ਦੱਬਿਆ, ਜੋ ਜਨ ਮੰਗੇ ਨਾਮ ਬਣ ਭਿਖਾਰ । ਤੀਰ ਨਿਰਾਲਾ

ਸਤਿਗੁਰ ਪੂਰੇ ਏਕਾ ਕਸਿਆ, ਆਪ ਆਪਣੀ ਕਿਰਪਾ ਧਾਰ । ਮੇਟੇ ਰੈਣ ਅੰਧੇਰੀ ਮੱਸਿਆ, ਜੋਤੀ ਨੂਰ ਕਰੇ ਉਜਿਆਰ । ਕੋਟਨ ਕੋਟ ਪਰਕਾਸ਼ ਹੋਏ ਰਵ ਸੱਸਿਆ, ਦੋ ਦਸ ਬਾਰਾਂ ਉਤਰੇ ਪਾਰ । ਘਰ ਸਾਚੇ ਬਹਿ ਬਹਿ ਹੱਸਿਆ, ਜਨ ਮੇਲਾ ਮੀਤ ਮੁਰਾਰ । ਰਸ ਦੇਵੇ ਅੰਮ੍ਰਿਤ ਰਸਿਆ, ਨਿਝਰ ਝਿਰਨਾ ਖੰਡ ਰਖਾਰ । ਕਲਜੁਗ ਮਾਇਆ ਮੂਲ ਨਾ ਡੱਸਿਆ, ਹਰਿਜਨ ਦੇਵੇ ਦਰ ਦੁਰਕਾਰ । ਸਗਲ ਵਸੂਰਾ ਲੋਕਮਾਤ ਲੱਥਿਆ, ਨੇਤਰ ਲੋਚਣ ਨੈਣ ਦਰਸਨ ਗੁਰ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਨਾਮ ਭੰਡਾਰ । ਹਰਿ ਸੰਗਤ ਨਾਮ ਹਰਿ ਵਰਤਾਰਾ, ਹਰੀ ਹਰਿ ਆਪ ਅਖਵਾਈਆ । ਆਤਮ ਅੰਤਰ ਭਰ ਭੰਡਾਰਾ, ਏਕਾ ਬ੍ਰਹਮ ਜਣਾਈਆ । ਜਨਮ ਕਰਮ ਨਾ ਕੋਇ ਵਿਚਾਰਾ, ਗੁਣ ਅਵਗੁਣ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਏ ਤਰਾਈਆ । ਹਰਿ ਸੰਗਤ ਹਰਿ ਹਰਿ ਭੇਟਿਆ, ਹਰਿ ਗੋਬਿੰਦ ਮੀਤ ਮੁਰਾਰ । ਗੁਰ ਸਤਿਗੁਰ ਖੇਵਟ ਖੇਟਿਆ, ਕਲਜੁਗ ਬੇੜਾ ਲਾਏ ਪਾਰ । ਸ਼ਬਦ ਦੋਸ਼ਾਲੇ ਆਪ ਲਪੇਟਿਆ, ਦੁਰਮਤ ਮੈਲ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤੀ ਸਾਚਾ ਨਾਤਾ, ਹਰਿਜਨ ਜੋੜ ਜੁੜਾਈਆ । ਮੇਲ ਮਿਲਾਵਾ ਪੁਰਖ ਬਿਧਾਤਾ, ਪੁਰਖ ਪਰਖੋਤਮ ਵੇਖ ਵਖਾਈਆ । ਗੁਰਸਿਖ ਤੇਰੀ ਉਤਮ ਜਾਤਾ, ਵਰਨ ਗੋਤ ਨਾ ਕੋਇ ਉਪਜਾਈਆ । ਅੰਮ੍ਰਿਤ ਪੀਤਾ ਕਾਇਆ ਬਾਟਾ, ਸਰ ਸਰੋਵਰ ਇਕ ਭਰਾਈਆ । ਗੰਗਾ ਜਮਨਾ ਸੁਰਸਤੀ ਮਾਰੇ ਠਾਠਾ, ਗੋਦਾਵਰੀ ਡੇਰਾ ਲਾਈਆ । ਲਹਿਣਾ ਦੇਣਾ ਚੁੱਕੇ ਤੀਰਥ ਅਠਸਾਠਾ, ਜੋ ਜਨ ਆਏ ਸਰਨਾਈਆ । ਏਕਾ ਮੰਤਰ ਨਾਮ ਗਿਆਨ ਪੂਜਾ ਪਾਠਾ, ਏਕਾ ਕਰੇ ਪੜ੍ਹਾਈਆ । ਅੱਗੇ ਰੱਖੇ ਨੇੜੇ ਵਾਟਾ, ਪਿਛਲਾ ਪੰਧ ਚੁਕਾਈਆ । ਪੂਰਾ ਕਰਨ ਆਇਆ ਘਾਟਾ, ਸਾਚੇ ਕੰਡੇ ਤੋਲ ਤੁਲਾਈਆ । ਖੇਲੇ ਖੇਲ ਤ੍ਰਿਲੋਕੀ ਨਾਥਾ, ਦੀਨਾਂ ਨਾਥਾਂ ਹੋਏ ਸਹਾਈਆ । ਸਦਾ ਸੁਹੇਲਾ ਸਗਲਾ ਸਾਥਾ, ਸਾਚਾ ਸੰਗ ਨਿਭਾਈਆ । ਲਹਿਣ ਦੇਣ ਚੁਕਾਏ ਮਸਤਕ ਮਾਥਾ, ਪੂਰਬ ਜਨਮਾਂ ਵੇਖ ਵਖਾਈਆ । ਸੋਹੰ ਚਲਾਏ ਸਾਚਾ ਰਾਥਾ, ਆਪਣੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਬੇੜਾ ਰਿਹਾ ਤਰਾਈਆ । ਹਰਿ ਸੰਗਤ ਹਰਿ ਬੇੜਾ ਬੰਨ, ਆਪਣੇ ਕੰਧ ਉਠਾਇਆ । ਗੁਰਸਿਖ ਚੜ੍ਹਿਆ ਸਾਚਾ ਚੰਨ, ਲੋਕਮਾਤ ਕਰੇ ਰੁਸ਼ਨਾਇਆ । ਭਾਂਡਾ ਭਰਮ ਆਪਣਾ ਭੰਨ, ਹਉਮੇ ਗੜ੍ਹ ਤੁੜਾਇਆ । ਜਗਤ ਤ੍ਰਿਸਨਾ ਬੁਝੀ ਤਨ, ਸਤਿਗੁਰ ਪੂਰਾ ਨਜ਼ਰੀ ਆਇਆ । ਜਨਨੀ ਜਣਿਆ ਸਾਚਾ ਜਨ, ਧੰਨ ਧੰਨ ਜਣੇਂਦੀ ਮਾਇਆ । ਦਿਸ ਨਾ ਆਏ ਕਲਜੁਗ ਜੀਵਾਂ ਆਤਮ ਅੰਨ੍ਹ, ਕਲਜੁਗ ਰੈਣ ਅੰਧੇਰਾ ਛਾਇਆ । ਪੁਰਖ ਅਕਾਲ ਦੀਨ ਦਿਆਲ ਦਿਨ ਦਿਹਾੜੇ ਲਾਏ ਸੰਨ, ਔਂਦਾ ਜਾਂਦਾ ਦਿਸ ਨਾ ਆਇਆ । ਲੱਖ ਚੁਰਾਸੀ ਦੇਵਣ ਆਇਆ ਡੰਨ, ਜੋ ਘੜਿਆ ਸੋ ਭੰਨ ਵਖਾਇਆ । ਗੁਰਮੁਖ ਵਿਰਲਾ ਹਰਿ ਹਰਿ ਹਿਰਦੇ ਜਾਏ ਮੰਨ, ਹਰਿ ਹਿਰਦੇ ਆਪ ਟਿਕਾਇਆ । ਸ਼ਬਦ ਅਨਾਦੀ ਆਦਿ ਬ੍ਰਹਿਮਾਦੀ ਸੁਣਾਏ ਕੰਨ, ਆਪ ਆਪਣਾ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਕਾਸ਼ ਪਰਕਾਸ਼ ਇਕ ਵਖਾਇਆ । ਇਕ ਪਰਕਾਸ਼ ਇਕ ਤੇਜ਼, ਏਕਾ ਈਦ ਚੰਨ ਚੜ੍ਹਾਈਆ । ਏਕਾ ਸਤਿ ਸਾਚੀ ਸੇਜ, ਏਕਾ ਵੇਖ ਵਖਾਈਆ । ਏਕਾ ਕੱਟਣਹਾਰਾ ਨੰਗ ਨੰਗੇਜ਼, ਏਕਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਹਰਿ ਮੇਲਾ ਸਹਿਜ ਸੁਭਾਈਆ । ਹਰਿ ਮਿਲਿਆ ਜਨ ਹਰਿ ਗੁਣਵੰਤ,

ਗੋਬਿੰਦ ਰੂਪ ਸਮਾਇਆ । ਪੂਰਨ ਜੋਤ ਜਗੀ ਸ੍ਰੀ ਭਗਵੰਤ, ਲੋਕਮਾਤ ਕਰੇ ਰੁਸ਼ਨਾਇਆ । ਗੁਰਮੁਖ ਸਾਜਣ ਸਾਚਾ ਸੰਤ, ਸਤਿਗੁਰ ਪੂਰੇ ਆਪ ਉਪਜਾਇਆ । ਆਪੇ ਜਾਣੇ ਆਪਣੀ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾਂ ਜੁਗੰਤ, ਸੰਤ ਕੰਤ ਭਗਤ ਭਗਵੰਤ, ਏਕਾ ਸੇਜ ਏਕਾ ਆਸਣ ਪੁਰਖ ਅਬਿਨਾਸ਼ਨ, ਪ੍ਰਿਥਮੀ ਅਕਾਸ਼ਨ ਸ਼ਾਹੋ ਸ਼ਾਬਾਸ਼ਨ, ਸ਼ਬਦ ਸਵਾਸਨ ਮੇਲ ਮਿਲਾਇਆ । ਗੁਰਮੁਖ ਅੱਖਰ ਏਕਾ ਪੜ੍ਹਿਆ, ਜਗਤ ਵਿਦਿਆ ਦਏ ਤਜਾਈਆ । ਆਪਣੇ ਅੰਦਰ ਆਪੇ ਚੜ੍ਹਿਆ, ਜਿਸ ਜਨ ਪੂਰਨ ਬੂਝ ਬੁਝਾਈਆ । ਜਗਤ ਤ੍ਰਿਸਨਾ ਵਿਚ ਨਾ ਸੜਿਆ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਆਪਣਾ ਤੋੜੇ ਹੰਕਾਰੀ ਗੜ੍ਹਿਆ, ਕਿਲਾ ਕੋਟ ਡੇਰਾ ਢਾਈਆ । ਸਤਿਗੁਰ ਪੂਰੇ ਲੜ ਏਕਾ ਫੜਿਆ, ਬੇੜਾ ਬੰਨੇ ਲਾਈਆ । ਆਪਣੇ ਅੰਦਰ ਆਪੇ ਵੜਿਆ, ਬਜਰ ਕਪਾਟੀ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਅੱਖਰ ਜਗਤ ਵੱਖਰ ਰਾਮ ਨਾਮ ਸਾਚੀ ਕਰੇ ਪੜ੍ਹਾਈਆ । ਅੱਖਰ ਏਕਾ ਹਰਿ ਪੜ੍ਹੌਣਾ, ਚਾਰ ਵਰਨ ਕਰੇ ਕੁੜਮਾਈਆ । ਸਹਿੰਸਾ ਰੋਗ ਸਰਬ ਗਵੌਣਾ, ਅੰਦਰ ਮੰਦਰ ਖੋਜ ਖੁਜਾਈਆ । ਮਨ ਹੰਕਾਰੀ ਡੇਰਾ ਢਾਉਣਾ, ਖੰਡਾ ਨਾਮ ਚਮਕਾਈਆ । ਸਤਿ ਸਤਿਵਾਦੀ ਫੜ ਉਠੌਣਾ, ਸਾਚੀ ਸਿਖਿਆ ਇਕ ਸਿਖਾਈਆ । ਬੁਧ ਬਿਬੇਕੀ ਆਪ ਕਰੌਣਾ, ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਸਾਚੀ ਵਿਦਿਆ ਇਕ ਪੜ੍ਹਾਈਆ । ਰਾਮ ਨਾਮ ਸਚ ਉਪਦੇਸ਼, ਹਰਿ ਭਗਤਾਂ ਆਪ ਸੁਣਾਇੰਦਾ । ਦੇਵਣਹਾਰਾ ਧੁਰ ਸੰਦੇਸ਼, ਜਗਤ ਨੇਤਰ ਦਿਸ ਨਾ ਆਇੰਦਾ । ਆਦਿ ਜੁਗਾਦੀ ਕਰ ਕਰ ਵੇਸ, ਆਪ ਆਪਣੇ ਵੇਖ ਵਖਾਇੰਦਾ । ਜਗਤ ਵਿਦਿਆ ਨਾ ਚਲੇ ਕੋਈ ਪੇਸ਼, ਚੌਦਾਂ ਵਿਦਿਆ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਰਾਮ ਨਾਮ ਇਕ ਦ੍ਰਿੜਾਇੰਦਾ । ਰਾਮ ਨਾਮ ਸ਼ਬਦ ਗਿਆਨ, ਰੰਗਣ ਰੰਗ ਸਮਾਇਆ । ਇਸ਼ਟ ਦ੍ਰਿਸ਼ਟ ਇਕ ਵਖਾਨ, ਸ੍ਰਿਸ਼ਟ ਮੂਲ ਚੁਕਾਇਆ । ਅੰਦਰ ਮੰਦਰ ਸਚ ਮਕਾਨ, ਗੁਰਮੁਖ ਡੇਰਾ ਲਾਇਆ । ਦਾਤਾ ਦਾਨੀ ਦੇਵੇ ਦਾਨ, ਧੁਰਦਰਗਾਹੀ ਲੈ ਕੇ ਆਇਆ । ਏਕਾ ਰਾਗ ਸੁਣਾਏ ਕਾਨ, ਆਪਣਾ ਮੰਗਲ ਆਪੇ ਗਾਇਆ । ਨੇੜ ਨਾ ਆਏ ਪੰਜ ਸ਼ੈਤਾਨ, ਸਾਚਾ ਸੰਗਲ ਤਨ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਕਰ ਪਰਵਾਨ, ਦਾਤਾ ਦਾਨੀ ਗੁਣ ਨਿਧਾਨ, ਗੁਰਮੁਖਾਂ ਦੇਵੇ ਧੁਰ ਫ਼ਰਮਾਣ, ਸਾਚਾ ਨਾਮ ਇਕ ਦ੍ਰਿੜਾਇਆ । ਮੰਤਰ ਨਾਮ ਨਾਮ ਸਤਿ, ਗੁਰ ਨਾਨਕ ਨਾਮ ਦ੍ਰਿੜਾਇਆ । ਚਾਰ ਵਰਨਾਂ ਦੇਵੇ ਏਕਾ ਮਤ, ਏਕਾ ਬ੍ਰਹਮ ਦਰਸਾਇਆ । ਏਕ ਵਖਾਏ ਸਾਚਾ ਰਥ, ਰਥ ਰਥਵਾਹੀ ਏਕਾ ਨਜ਼ਰੀ ਆਇਆ । ਏਕਾ ਪੂਜਾ ਏਕਾ ਪਾਠ, ਏਕਾ ਰਿਹਾ ਪੜ੍ਹਾਇਆ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਉਪਾਇਆ । ਕਲਜੁਗ ਜੀਵ ਵਿਕੇ ਹਾਟੋ ਹਾਟ, ਗੁਰ ਕਾ ਸ਼ਬਦ ਨਾ ਕਿਸੇ ਕਮਾਇਆ । ਬਜਰ ਕਪਾਟੀ ਨਾ ਗਈ ਪਾਟ, ਦੂਈ ਦਵੈਤੀ ਨਾ ਪੜਦਾ ਲਾਹਿਆ । ਖੇਲੇ ਖੇਲ ਨਟੂਆ ਬਾਜ਼ੀਗਰ ਨਾਟ, ਘਰ ਘਰ ਬੈਠਾ ਸਾਂਗ ਵਰਤਾਇਆ । ਨਾਨਕ ਸੇਜ ਗੁਰਮੁਖ ਕੋਈ ਸੁੱਤਾ ਸਾਚੀ ਖਾਟ, ਦਸਮ ਦਵਾਰੀ ਆਸਣ ਲਾਇਆ । ਸਤਿ ਨਾਮ ਨਾ ਰੱਖੀ ਕੋਈ ਘਾਟ, ਨਾ ਕੋਈ ਘਾਟਾ ਦਏ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੰਤਰ ਇਕ ਦ੍ਰਿੜਾਇਆ । ਸਤਿਨਾਮ ਕਲਜੁਗ

੫੨੮
੦੮

ਧਾਰ, ਗੁਰ ਨਾਨਕ ਮਾਤ ਚਲਾਈਆ । ਕਲਜੁਗ ਅੰਤਮ ਉਤਰੇ ਪਾਰ, ਥਿਰ ਕੋਈ ਰਹਿਣ ਨਾ ਪਾਈਆ । ਸਤਿਜੁਗ ਸਾਚੇ ਹੋਏ ਉਜਿਆਰ, ਪ੍ਰਭ ਸਾਚੀ ਕਰੇ ਪੜ੍ਹਾਈਆ । ਸੋਹੰ ਸ਼ਬਦ ਕਰ ਤਿਆਰ, ਸਤਿਜੁਗ ਸਾਚਾ ਮਾਰਗ ਲਾਈਆ । ਪਿਛਲਾ ਕਰਜ਼ਾ ਆਪ ਉਤਾਰ, ਨਾਨਕ ਤੋਲਾ ਇਕ ਬਣਾਈਆ । ਤੇਰਾਂ ਤੇਰਾਂ ਤੋਲਿਆ ਸਰਬ ਸੰਸਾਰ, ਮੋਦੀਖਾਨਾ ਇਕ ਚਲਾਈਆ । ਸਤਿਜੁਗ ਵਰਤੇ ਹਰਿ ਵਰਤਾਰ, ਸਾਚੀ ਦਏ ਗਵਾਹੀਆ । ਏਕਾ ਰੰਗ ਰੰਗੇ ਕਰਤਾਰ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗਲਾ ਲੇਖਾ ਆਪਣਾ ਹੱਥ ਹਰਿ ਸਮਰਥ, ਆਦਿ ਜੁਗਾਦਿ ਜੁਗ ਜੁਗ ਆਪਣੀ ਕਥਾ ਆਪੇ ਰਿਹਾ ਚਲਾਈਆ । ਸ਼ਬਦ ਖੋਜ ਗੁਰ ਜਾਨਣਾ, ਗੋਬਿੰਦ ਭੇਵ ਅਪਾਰ । ਗੁਰੂ ਗ੍ਰੰਥ ਗੁਰ ਮਾਨਣਾ, ਪੰਜ ਤੱਤ ਨਾ ਕੋਈ ਆਕਾਰ । ਏਕਾ ਨਾਮ ਵਖਾਨਣਾ, ਨਿਰਗੁਣ ਰੂਪ ਨਿਰੰਕਾਰ । ਹਰਿ ਕਾ ਭਾਣਾ ਸਦਾ ਮਾਨਣਾ, ਗੁਰਮੁਖਾਂ ਕਰੇ ਖ਼ਬਰਦਾਰ । ਕਲਜੁਗ ਅੰਤਮ ਜਿਸ ਜਨ ਪਛਾਨਣਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਗੁਰਮੁਖਾਂ ਦੇਵੇ ਦਾਨੀ ਦਾਨਨਾ, ਸਾਚਾ ਸ਼ਬਦ ਭੰਡਾਰ । ਜੋਧਾ ਸੂਰਬੀਰ ਬਲਕਾਰ ਸਾਚਾ ਛਤਰ ਇਕ ਝੁਲਾਵਣਾ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ । ਏਕਾ ਡੰਕ ਵਜਾਵਣਾ, ਸਾਚਾ ਧਰਮ ਇਕ ਵਖਾਨਣਾ, ਚਾਰ ਵਰਨਾਂ ਕਰੇ ਪਿਆਰ । ਸੱਤਾਂ ਦੀਪਾਂ ਫੇਰਾ ਪਾਵਣਾ, ਨੌਵਾਂ ਖੰਡਾਂ ਦਏ ਹੁਲਾਰ । ਬ੍ਰਹਮਾ ਵਿਸ਼ਨ ਸ਼ਿਵ ਉਠਾਵਣਾ, ਕਰੋੜ ਤੇਤੀਸਾ ਦਏ ਹੁਲਾਰ । ਸਤਿਜੁਗ ਸਾਚਾ ਮਾਰਗ ਲਾਵਣਾ, ਆਪ ਆਪਣੀ ਕਿਰਪਾ ਧਾਰ । ਪੁਰਖ ਅਕਾਲ ਇਕ ਮਨਾਵਣਾ, ਧੁਨ ਅਨਾਦਿ ਸੱਚੀ ਧੁਨਕਾਰ । ਗੁਰ ਚੇਲਾ ਏਕਾ ਧਾਮ ਬਹਾਵਣਾ, ਨਾ ਕੋਈ ਦੂਸਰ ਦਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਆਪਣਾ ਹੁਕਮ ਆਪ ਸੁਣਾਵਣਾ । ਹਰਿ ਕਾ ਭਾਣਾ ਗੋਬਿੰਦ ਮੰਨਿਆ, ਹਰਿ ਸ਼ਬਦ ਕਰੇ ਜਣਾਈਆ । ਪੰਥ ਖਾਲਸਾ ਤਾਣਾ ਤਣਿਆ, ਅੰਮ੍ਰਿਤ ਜਾਮ ਪਿਆਈਆ । ਚਾਰ ਵਰਨਾਂ ਬੇੜਾ ਬੰਨਿਆ, ਊਚ ਨੀਚ ਨਾ ਕੋਈ ਰਖਾਈਆ । ਮਨਮੁਖਤਾ ਮਾਇਆ ਮਮਤਾ ਹੋਈ ਅੰਨਿਆ, ਚਾਰੋਂ ਕੁੰਟ ਨੈਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਸਦਾ ਰਖਵਾਲ, ਦੋ ਜਹਾਨਾਂ ਨਿਗਹਬਾਨ, ਜੀਵ ਜੰਤ ਆਦਿ ਅੰਤ ਸਾਧ ਸੰਤ ਆਪਣੀ ਰੀਤਾ ਪਤਿਤ ਪੁਨੀਤਾ ਠਾਂਡਾ ਸੀਤਾ ਆਪੇ ਰਿਹਾ ਚਲਾਈਆ । ਪਹਿਲੀ ਸ਼ਕਤੀ ਹਰਿ ਕਰਤਾਰ, ਗੁਰਮੁਖ ਜੋਤ ਜਗਾਈਆ । ਦੂਜਾ ਵਿਅਕਤੀ ਹੋ ਤਿਆਰ, ਨਿਰਗੁਣ ਸਰਗੁਣ ਡੇਰਾ ਲਾਈਆ । ਤੀਜੇ ਧਰਨੀ ਸੋਹੇ ਦਵਾਰ, ਹਰਿ ਸੰਗਤ ਰਹੀ ਸੁਹਾਈਆ । ਚੌਥੇ ਪਦ ਖ਼ਬਰਦਾਰ, ਮਨਮੁਖਾਂ ਰਿਹਾ ਭੁਲਾਈਆ । ਪੰਚਮ ਮਿਲਿਆ ਮੀਤ ਮੁਰਾਰ, ਤੇਜ਼ ਭਾਨ ਕਰੀ ਰੁਸ਼ਨਾਈਆ । ਜੋ ਜਨ ਸੁੱਤੇ ਪੈਰ ਪਸਾਰ, ਸੰਮਤ ਸਤਾਰਾਂ ਦਏ ਉਠਾਈਆ । ਅਠਾਰਾਂ ਤੋੜੇ ਗੜ੍ਹ ਹੰਕਾਰ, ਵਹਿੰਦੀ ਧਾਰੇ ਆਪ ਵਹਾਈਆ । ਸਾਚਾ ਨਾਅਰਾ ਵਿਚ ਸੰਸਾਰ, ਗੁਰਮਤ ਮਨਮਤ ਨਾਲ ਲੜਾਈਆ । ਜੋ ਜਨ ਚਰਨ ਡਿਗੇ ਆ ਦਵਾਰ, ਨਾਨਕ ਗੋਬਿੰਦ ਰੂਪ ਦਰਸਾਈਆ । ਜੋ ਜਨ ਹਰਿ ਸੰਗਤ ਕਰੇ ਪਿਆਰ, ਰਾਮਾ ਕ੍ਰਿਸ਼ਨਾ ਨਜ਼ਰੀ ਆਈਆ । ਜੋ ਜਨ ਮਨ ਰੱਖੇ ਹੰਕਾਰ, ਮਨ ਮਨੂਆ ਦਏ ਭੁਆਈਆ । ਕਲਜੁਗ ਅੰਤਮ ਤਿਖੀ ਰੱਖੀ ਧਾਰ, ਦੋਵੇਂ ਮੁਖ ਸਲਾਹੀਆ । ਗੁਰਮੁਖਾਂ ਬੇੜਾ ਜਾਏ ਤਾਰ, ਮਨਮੁਖਾਂ ਦਏ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਦਇਆ ਕਮਾਈਆ । ਤਾਰਨਹਾਰ ਪੁਰਖ ਸਮਰਥ, ਨਾਥ ਅਨਾਥਾਂ ਆਪ ਤਰਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਜੋ ਜਨ ਆਏ ਦਰਸ਼ਨ ਪਾਇੰਦਾ ।

ਸਦਾ ਸੁਹੇਲਾ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਆਪ ਉਤਾਰ ਆਪਣੇ ਘਾਟ, ਵੰਞ ਮੁਹਾਨਾ ਆਪ ਚਲਾਇੰਦਾ । ਅੱਗੇ ਨੇੜੇ ਰੱਖੇ ਵਾਟ, ਜਨ ਭਗਤਾਂ ਪੰਧ ਮੁਕਾਇੰਦਾ । ਆਪੇ ਖੇਵਟ ਆਪੇ ਘਾਟ, ਆਪੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖੇ ਲਾਏ ਆਏ ਦਰ, ਆਵਣ ਜਾਵਣ ਪਤਤ ਪਾਵਣ, ਲੱਖ ਚੁਰਾਸੀ ਜਮ ਕੀ ਫਾਸੀ, ਘਨਕ ਪੁਰ ਵਾਸੀ ਸ਼ਾਹੋ ਸ਼ਬਾਸੀ ਫੰਦ ਕਟਾਇੰਦਾ । ਰਾਮ ਨਾਮ ਜੇਹਵਾ ਜਾਪ, ਉਤਰੇ ਪਾਰ ਕਿਨਾਰਾ । ਗੁਰਮੁਖ ਹੋਏ ਵਡ ਪਰਤਾਪ, ਹਰਿ ਦੇਵਣਹਾਰ ਸਹਾਰਾ । ਕਲਜੁਗ ਕਾਇਆ ਰਹੀ ਕਾਂਪ, ਚਾਰੋਂ ਕੁੰਟ ਧੁੰਆਂਧਾਰਾ । ਜੋ ਜਨ ਬੁੱਝੇ ਆਪਣਾ ਆਪ, ਉਤਰੇ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਹਰਿ ਜਨ ਦੇਵੇ ਸਚ ਭੰਡਾਰਾ । ਰਾਮ ਨਾਮ ਸਚ ਰਮਾਇਣ, ਗੁਰਮੁਖ ਕਥਾ ਸੁਣਾਈਆ । ਰਾਮ ਵੇਖੇ ਆਪਣੇ ਨੈਣ, ਆਪਣੀ ਅੱਖ ਖੁਲ੍ਹਾਈਆ । ਗੁਰੂ ਗ੍ਰੰਥ ਗੁਰ ਸੱਚਾ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ ਆਪ ਅਖਵਾਈਆ । ਗੁਰਮੁਖਾਂ ਚੁਕਾਏ ਲਹਿਣ ਦੇਣ, ਜੋ ਜਨ ਸੀਸ ਝੁਕਾਈਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜਾਈਆ । ਸਚਖੰਡ ਦਵਾਰੇ ਸਾਚੇ ਬਹਿਣ, ਜਿਸ ਜਨ ਰਸਨਾ ਗਾਇਆ ਗੋਬਿੰਦ ਸੱਚਾ ਮਾਹੀਆ । ਸੋਹੰ ਢੋਲਾ ਆਪ ਸੁਣਾਇਆ, ਸਾਚਾ ਬੋਲਾ ਵਡ ਵੱਡੀ ਵਡਿਆਈਆ । ਕਲਜੁਗ ਚੋਲਾ ਆਪ ਤਜਾਇਆ, ਤੱਤਵ ਤੱਤ ਰਲਾਈਆ । ਮੇਰਾ ਤੇਰਾ ਤੇਰਾ ਮੇਰਾ ਭੇਵ ਚੁਕਾਇਆ, ਚਾਕਰ ਖ਼ਾਕ ਸੇਵਕ ਗੋਲਾ ਜੀਵ ਬ੍ਰਹਮ ਪਾਰਬ੍ਰਹਮ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ ।

੫੩੦

੦੮

## ੨੩ ਜੇਠ ੨੦੧੯ ਬਿਕ੍ਰਮੀ ਰਾਮ ਲਾਲ ਦੇ ਘਰ ਪਿੰਡ ਸਰਦਾਰੀ ਜੰਮੂ

ਨਿਹਕਲੰਕ ਹਰਿ ਨਿਰੰਕਾਰ, ਸ਼ਬਦੀ ਡੰਕ ਵਜਾਇੰਦਾ । ਰਵ ਸਸ ਖ਼ਬਰਦਾਰ, ਸੇਵਕ ਸਾਚੀ ਸੇਵਾ ਲਾਇੰਦਾ । ਬ੍ਰਹਮਾ ਸ਼ਿਵ ਦਏ ਹੁਲਾਰ, ਵਿਸ਼ਨੂੰ ਵੰਸੀ ਵੇਖ ਵਖਾਇੰਦਾ । ਇਕ ਅਕੱਲਾ ਹੋ ਉਜਿਆਰ, ਨਿਰਗੁਣ ਧਾਰ ਚਲਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਮੰਡਲ ਮੰਡਪ ਫੋਲ ਫੋਲਾਇੰਦਾ । ਬ੍ਰਹਿਮੰਡ ਖੰਡ ਪਾਵੇ ਸਾਰ, ਜੇਰਜ ਅੰਡ ਡੇਰਾ ਢਾਹਿੰਦਾ । ਉਤਭੁਜ ਸੇਤਜ ਕਰੇ ਕਾਰ, ਆਪ ਆਪਣੀ ਕਲ ਵਰਤਾਇੰਦਾ । ਨਾਮ ਡੰਕਾ ਅਪਰ ਅਪਾਰ, ਰਾਓ ਰੰਕਾਂ ਆਪ ਸੁਣਾਇੰਦਾ । ਦਵਾਰ ਬੰਕਾ ਸੁਹਾਏ ਦਵਾਰ, ਸਚ ਸਿੰਘਾਸਣ ਆਸਣ ਲਾਇੰਦਾ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਏਕਾ ਖੰਡਾ ਹੱਥ ਉਠਾਇੰਦਾ । ਤਿਖੀ ਰੱਖੇ ਦੋਵੇਂ ਧਾਰ, ਦੋ ਜਹਾਨਾਂ ਆਪ ਚਲਾਇੰਦਾ । ਨੌਂ ਖੰਡ ਪ੍ਰਿਥਮੀ ਹੋ ਉਜਿਆਰ, ਸੱਤਾਂ ਦੀਪਾਂ ਮੇਲ ਮਿਲਾਇੰਦਾ । ਲੱਖ ਚੁਰਾਸੀ ਵੇਖ ਵਿਚਾਰ, ਹਰਿਜਨ ਸਾਚੇ ਆਪ ਉਠਾਇੰਦਾ । ਦੇਵੇ ਦਰਸ ਅਗੰਮ ਅਪਾਰ, ਰਵ ਸਸ ਸੰਗ ਰਲਾਇੰਦਾ । ਨਿਉਂ ਨਿਉਂ ਸਾਰੇ ਕਰਨ ਨਿਮਸਕਾਰ, ਹਰਿ ਮਰਗਿੰਦ ਆਪ ਹੋ ਜਾਇੰਦਾ । ਗੁਣੀ ਗਹਿੰਦ ਜਾਣੇ ਆਪਣੀ ਕਾਰ, ਵੇਦ ਕਤੇਬ ਭੇਵ ਨਾ ਆਇੰਦਾ । ਮਨ ਮਤ ਬੁਧ ਨਾ ਪਾਏ ਸਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਭਾਣਾ ਆਪ ਜਣਾਇੰਦਾ । ਚਾਰੋਂ ਕੁੰਟ ਨਾਅਰਾ ਦਏ ਲੱਗਾ, ਦਹਿ ਦਿਸ਼ਾ ਵੇਖ ਵਖਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਨਿਰਗੁਣ ਸਰਗੁਣ

ਵੇਖੇ ਥਾਉਂ ਥਾਂ, ਥਾਨ ਥਨੰਤਰ ਇਕ ਵਖਾਇੰਦਾ । ਪੁਰਖ ਅਗੰਮਾ ਅਗੰਮੜੀ ਕਾਰ ਕਮਾ, ਅਗੰਮੜੀ ਧਾੜ ਆਪ ਉਠਾਇੰਦਾ । ਵਰਭੰਡੀ ਹਰਿ ਡੇਰਾ ਲਾ, ਬ੍ਰਹਿਮੰਡੀ ਖੋਜ ਖੁਜਾਇੰਦਾ । ਭੇਖ ਪਖੰਡੀ ਦਏ ਮਿਟਾ, ਸਾਚੀ ਡੰਡੀ ਇਕ ਚਲਾਇੰਦਾ । ਆਤਮ ਰੰਡੀ ਕੋਈ ਦਿਸੇ ਨਾ, ਕੰਤ ਕੰਤੂਹਲ ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਖੇਲੇ ਖੇਲ, ਘਰ ਘਰ ਘਰ ਘਰ ਵਿਚ ਅਲੱਖ ਜਗਾਇੰਦਾ । ਰਵ ਸਸ ਕਰਨ ਪੁਕਾਰ, ਹਰਿ ਸਾਚੇ ਸੇਵਾ ਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਜੋਤ ਦਏ ਰੁਸ਼ਨਾਈਆ । ਜੋਤੀ ਨੂਰ ਕਰ ਉਜਿਆਰ, ਦਿਵਸ ਰੈਣ ਡਗਮਗਾਈਆ । ਜੀਵ ਜੰਤ ਨਾ ਪਾਵੇ ਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਪੜ੍ਹ ਪੜ੍ਹ ਵਿਦਿਆ ਗਏ ਹਾਰ, ਹਰਿ ਕਾ ਰੂਪ ਦਿਸ ਨਾ ਆਈਆ । ਚਾਰੋਂ ਕੁੰਟ ਹੋਇਆ ਵਿਭਚਾਰ, ਨਾਰ ਦੁਹਾਗਣ ਰਹੀ ਕੁਰਲਾਈਆ । ਗੁਰਮੁਖ ਵਿਰਲਾ ਹੋਇਆ ਖ਼ਬਰਦਾਰ, ਘਰ ਵੇਖੇ ਸਾਚਾ ਮਾਹੀਆ । ਚਾਰੋਂ ਕੁੰਟ ਇਕ ਸਰਕਾਰ, ਇਕ ਸਿਕਦਾਰ ਆਪ ਅਖਵਾਈਆ । ਖੜਗ ਖੰਡਾ ਤੇਜ਼ ਕਟਾਰ, ਬਸਤਰ ਸ਼ਸਤਰ ਇਕ ਸੁਹਾਈਆ । ਅਸਵ ਘੋੜੇ ਹੋ ਅਸਵਾਰ, ਸ਼ਾਹ ਅਸਵਾਰਾ ਰਿਹਾ ਦੌੜਾਈਆ । ਚੜ੍ਹਿਆ ਦੁਲਦੁਲ ਬੇਐਬ ਪਰਵਰਦਿਗਾਰ, ਵੇਖਣਹਾਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿ ਸਤਿ ਸਤਿ ਕਰੇ ਵਡਿਆਈਆ । ਸਤਿ ਹਰਿ ਸਤਿ ਦਰ, ਸਤਿ ਰੂਪ ਸਮਾਇਆ । ਸਤਿ ਸਤਿ ਕਰਨੀ ਰਿਹਾ ਕਰ, ਸਤਿ ਸਤਿ ਵੇਖ ਵਖਾਇਆ । ਸਤਿ ਸਤਿ ਧਰਨੀ ਉਪਰ ਦੇਵੇ ਧਰ, ਸਤਿ ਅਸਤਿ ਰਹਿਣ ਨਾ ਪਾਇਆ । ਬ੍ਰਹਮ ਮਤ ਏਕਾ ਵਰ, ਗਿਆਨ ਜੋਤ ਇਕ ਜਗਾਇਆ । ਲੱਖ ਚੁਰਾਸੀ ਉਬਲੇ ਰਤ, ਚਾਰੋਂ ਕੁੰਟ ਅੰਧੇਰਾ ਛਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਗੇੜਨਹਾਰਾ ਉਲਟੀ ਲੱਠ, ਕਲਜੁਗ ਗੇੜਾ ਆਪ ਗੜਾਇਆ । ਨਿਹਕਲੰਕ ਨਿਰਗੁਣ ਧਾਰ ਆਪੇ ਵੇਖੇ ਨੱਠ ਨੱਠ, ਆਉਂਦਾ ਜਾਉਂਦਾ ਦਿਸ ਨਾ ਆਇਆ । ਲੇਖ ਚੁਕਾਏ ਦਿਵਸ ਤਿੰਨ ਸੌ ਸੱਠ, ਅਠਸਠ ਮੇਲ ਮਿਲਾਇਆ । ਚੌਦਾਂ ਤਬਕਾਂ ਵੇਖੇ ਹੱਟ, ਚੌਦਾਂ ਲੋਕ ਫੋਲ ਫੋਲਾਇਆ । ਜਨ ਭਗਤਾਂ ਮੈਲ ਦੁਰਮਤ ਕੱਟ, ਆਪ ਆਪਣੀ ਬੂਝ ਬੁਝਾਇਆ । ਤਨ ਨਗਾਰੇ ਮਾਰੇ ਸੱਟ, ਅਨਹਦ ਸਾਚੀ ਸੇਵਾ ਲਾਇਆ । ਚੜ੍ਹੇ ਦਲ ਵੇਖੇ ਭੱਟ, ਭਵ ਸਾਗਰ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਵ ਸਸ ਦਰ ਦਵਾਰੇ ਅੱਗੇ ਰਹੇ ਖੜ, ਨਿਉਂ ਨਿਉਂ ਬੈਠੇ ਸੀਸ ਝੁਕਾਇਆ । ਰਵ ਸਸ ਦਰ ਦਰਵੇਸ਼, ਹਰਿ ਸਾਚੇ ਸਚ ਵਡਿਆਈਆ । ਮੰਗੀ ਮੰਗ ਬ੍ਰਹਮਾ ਵਿਸ਼ਨ ਮਹੇਸ਼, ਗਣੇਸ਼ ਅੱਗੇ ਝੋਲੀ ਡਾਹੀਆ । ਫਿਰੇ ਦਰੋਹੀ ਦੇਸ ਪਰਦੇਸ਼, ਲੋਕ ਪਰਲੋਕ ਨਾ ਕੋਇ ਸਹਾਈਆ । ਸਹੰਸਰ ਮੁਖ ਗਾ ਗਾ ਥੱਕਾ ਸ਼ੇਸ਼, ਹਰਿ ਕੀ ਗਤ ਨਾ ਕੋਇ ਜਣਾਈਆ । ਕਲਜੁਗ ਅੰਤਮ ਪਰਗਟ ਹੋਇਆ ਮਾਝੇ ਦੇਸ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜਾਮਾ ਧਰਿਆ ਭੇਸ, ਸ਼ਬਦ ਡੰਕਾ ਇਕ ਵਜਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਚੋਟੀ ਮੂੰਡ ਮੁੰਡਾਈਆ । ਲੱਖ ਚੁਰਾਸੀ ਰਿਹਾ ਵੇਖ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਹਰਿ ਅਖਵਾਈਆ ।

ਹਰਿ ਕੀ ਫ਼ੌਜ ਹਰਿ ਹੀ ਵੇਖੇ, ਦੂਸਰ ਦਿਸ ਕਿਸੇ ਨਾ ਆਈਆ । ਮਾਇਆ ਮਮਤਾ ਭਰਮ ਭੁਲੇਖੇ, ਕਲਜੁਗ ਜੀਵ ਭੁਲਾਈਆ । ਮਾਨਸ ਜਨਮ ਕਿਸੇ ਨਾ ਲੇਖੇ, ਆਪਣੀ ਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਹਰਿ ਭਗਤਾਂ ਆਪਣੀ ਫ਼ੌਜ ਨਾ ਕਿਸੇ ਵਖਾਈਆ । ਆਪਣੀ ਫ਼ੌਜ ਆਪਣੇ ਅੰਦਰ ਰੱਖ, ਆਪਣਾ ਸੰਗ ਨਿਭਾਇੰਦਾ । ਰਵ ਸਸ ਸੈਨਾਪਤੀ ਕਰੇ ਪਰਤੱਖ, ਜਿਸ ਜਨ ਚਰਨ ਲਗਾਇੰਦਾ । ਕਲਜੁਗ ਕਾਇਆ ਅੰਦਰ ਨੌਂਦੇ ਭੱਖ, ਚਾਰੋਂ ਕੁੰਟ ਅਗਨ ਲਗਾਇੰਦਾ । ਆਪੇ ਕਰਨਹਾਰਾ ਵੱਖ, ਮਾਇਆ ਮਮਤਾ ਵੰਡ ਵੰਡਾਇੰਦਾ । ਲੇਖਾ ਜਾਣੇ ਲਿਖਿਆ ਥਿਤ, ਏਕਾ ਪੱਟੀ ਨਾਮ ਪੜ੍ਹਾਇੰਦਾ । ਗੁਰਸਿਖ ਵਖਾਏ ਸਾਚਾ ਹੱਟ, ਜਿਸ ਦਵਾਰੇ ਸਾਚੀ ਸੈਨਾ ਆਪ ਬਹਾਇੰਦਾ । ਚਾਰੋਂ ਕੁੰਟ ਔਖਾ ਘਾਟ, ਬਿਨ ਗੁਰ ਪੂਰੇ ਕੋਇ ਨਾ ਪਾਰ ਕਰਾਇੰਦਾ । ਆਪੇ ਜਾਣੇ ਆਪਣੀ ਵਾਟ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੈਨਾਪਤ ਦੇਵੇ ਮੱਤ, ਸਾਚਾ ਹੁਕਮ ਧੁਰ ਫ਼ਰਮਾਣਾ, ਜੋਤ ਸਰੂਪੀ ਹਰਿ ਭਗਵਾਨ, ਏਕਾ ਏਕ ਸੁਣਾਇੰਦਾ । ਹਰਿ ਕਾ ਸ਼ਬਦ ਧੁਰ ਫ਼ਰਮਾਨਾ, ਸੈਨਾਪਤ ਅਖਵਾਇਆ । ਚਾਰੋਂ ਕੁੰਟ ਲੱਭੇ ਰਾਜਾ ਰਾਣਾ, ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਇਆ । ਲੱਖ ਚੁਰਾਸੀ ਨਾ ਦਿਸੇ ਕੋਈ ਟਿਕਾਨਾ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਘਰ ਸੁਹਾਇਆ । ਪਹਿਲੀ ਚੇਤਰ ਕਰ ਤਿਆਰੀ, ਹਰਿ ਸਾਚੇ ਖੇਲ ਰਚਾਈਆ । ਪੰਜ ਤੱਤ ਜਗਤ ਖਵਾਰੀ, ਰਾਜ ਰਾਜਾਨਾਂ ਆਪ ਭੁਲਾਈਆ । ਨਿਰਗੁਣ ਜੋਤ ਵਸੇ ਸਭ ਤੋਂ ਬਾਹਰੀ, ਬੰਦੀਖਾਨੇ ਬੰਦ ਨਾ ਕਿਸੇ ਕਰਾਈਆ । ਦੋ ਜਹਾਨਾਂ ਆਵੇ ਜਾਵੇ ਵਾਰੋ ਵਾਰੀ, ਲੋਆਂ ਪੁਰੀਆਂ ਫੇਰਾ ਪਾਈਆ । ਨੀਲੇ ਬਸਤਰ ਹਰਿ ਬਨਵਾਰੀ, ਅੱਲਾ ਰਾਣੀ ਵੇਖ ਵਖਾਈਆ । ਹੱਕ ਹਕੀਕਤ ਰਹੀ ਕਵਾਰੀ, ਸਾਚਾ ਸ਼ਾਹੋ ਨਾ ਕੋਈ ਹੰਢਾਇਆ । ਮੱਕਾ ਕਾਅਬਾ ਵੇਖੇ ਮਹੱਲ ਅਟਾਰੀ, ਦੋ ਦੋਆਬਾ ਆਪ ਸੁਹਾਈਆ । ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸ਼ਾਹ ਹਕੀਰ ਪਾਵੇ ਸਾਰੀ, ਲਹਿੰਦੀ ਦਿਸ਼ਾ ਵੇਖ ਵਖਾਈਆ । ਕਾਇਆ ਗੰਢ ਝੂਠੀ ਮਹੱਲ ਅਟਾਰੀ, ਹਰਿ ਕਾ ਰੂਪ ਹਰ ਘਟ ਰਿਹਾ ਸਮਾਈਆ । ਸਿੰਘ ਪੂਰਨ ਬਣਿਆ ਜਗਤ ਵਪਾਰੀ, ਜੀਵਾਂ ਜੰਤਾਂ ਭਰਮ ਭੁਲੇਖਾ ਪਾਈਆ । ਨਿਰਗੁਣ ਜੋਤ ਇਕ ਨਿਰੰਕਾਰੀ, ਨੌ ਖੰਡ ਸੱਤ ਦੀਪ ਛਿਨ ਭੰਗਰ ਆਵੇ ਜਾਵੇ ਫੇਰਾ ਪਾਈਆ । ਲੋਆਂ ਪੁਰੀਆਂ ਰੱਖੇ ਚਰਨਾਂ ਹੇਠ ਆਪੇ ਜਾਣੇ ਆਪਣੀ ਧਾਰੀ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਜਗਤ ਖੇਤਰ ਹਰਿ ਸਾਚਾ ਵੇਖ ਵਖਾਈਆ । ਕਾਇਆ ਨਾਤਾ ਪਹਿਲੋਂ ਤੋੜ, ਦੂਜੇ ਕਰਮ ਕਮਾਇਆ । ਤੀਜੇ ਪੌੜੇ ਚੜ੍ਹਿਆ ਤੋੜ, ਚੌਥੇ ਡੇਰਾ ਲਾਇਆ । ਪੰਚਮ ਆਪੇ ਰਿਹਾ ਬੌਹੜ, ਛੇਵਾਂ ਦਰ ਸੁਹਾਇਆ । ਸੱਤਵਾਂ ਸੱਤ ਸੱਤ ਰਿਹਾ ਹੋੜ, ਅੱਠਾਂ ਤੱਤਾਂ ਬੰਦ ਨਾ ਕਿਸੇ ਕਰਾਇਆ । ਨੌਂ ਦਰ ਦਰਵਾਜ਼ੇ ਨਾ ਕੋਈ ਲੋੜ, ਦਸਵਾਂ ਕੁੰਡਾ ਆਪੇ ਲਾਹਿਆ । ਸੁੰਨ ਅਗੰਮੀ ਆਪੇ ਬੌਹੜ, ਸਚਖੰਡ ਦਵਾਰਾ ਆਪ ਸੁਹਾਇਆ । ਅਲੱਖ ਨਿਰੰਜਣ ਆਪ ਬੁਝਾਏ ਆਪਣੀ ਔੜ, ਅਗੰਮ ਅਥਾਹ ਆਪ ਹੋ ਜਾਇਆ । ਲਹਿੰਦੀ ਦਿਸ਼ਾ ਪਾਏ ਹਿੱਸਾ ਆਦਿ ਨਿਰੰਜਣ ਵੇਖੇ ਦੌੜ ਦੌੜ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਾਓ ਰੰਕਾਂ ਜੀਆਂ ਜੰਤਾਂ ਸਾਧਾਂ ਸੰਤਾਂ ਦਿਸ ਨਾ ਆਇਆ । ਲਸ਼ਕਰ ਸ਼ਾਹੀ ਹੁਕਮ ਫ਼ਰਮਾਣ, ਹਰਿ ਬੰਧਨ ਕੋਇ ਨਾ ਪਾਇੰਦਾ । ਬਿਰਧ ਬਾਲ ਨੌਜਵਾਨ, ਨਰੇਸ਼ ਵਰੇਸ਼ ਨਾ ਕੋਇ ਵਖਾਇੰਦਾ । ਕੜੀ ਹੱਥ ਨਾ ਕੋਇ ਲਗਾਨ, ਜ਼ੰਜੀਰ ਤਨ ਨਾ ਕੋਇ ਬਨ੍ਹਾਇੰਦਾ ।

ਆਪੇ ਹੋਏ ਜਾਣੀ ਜਾਣ, ਆਪਣੀ ਖੇਲ ਆਪ ਖਿਲਾਇੰਦਾ । ਨਿਰਗੁਣ ਜੋਤ ਸ੍ਰੀ ਭਗਵਾਨ, ਆਦਿ ਜੁਗਾਦੀ ਵੇਸ ਵਟਾਇੰਦਾ । ਨਿਹਕਲੰਕ ਬਲੀ ਬਲਵਾਨ, ਪਹਿਲੀ ਚੇਤਰ ਰੁੱਤ ਸੁਹਾਇੰਦਾ । ਵੇਖ ਵਖਾਏ ਸ਼ਾਹ ਈਰਾਨ, ਅਫਗਾਨਾ ਅਫਗਾਨ ਆਪ ਹੋ ਜਾਇੰਦਾ । ਦੀਨ ਮਜ਼੍ਹਬ ਬਣ ਅਸਲਾਮ, ਕਲਮਾ ਅਮਾਮ ਆਪ ਪੜ੍ਹਾਇੰਦਾ । ਰਸੂਲ ਅੱਲਾ ਹੋ ਪਰਧਾਨ, ਇਕ ਅਕੱਲਾ ਵੇਖ ਵਖਾਇੰਦਾ । ਚੜ੍ਹਿਆ ਚਿੱਲਾ ਇਕ ਕਮਾਨ, ਸ਼ਬਦ ਤੀਰ ਆਪ ਚਲਾਇੰਦਾ । ਮੇਟ ਮਿਟਾਏ ਬੇਈਮਾਨ, ਬੇਈਮਾਨਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਹੱਦ, ਆਪ ਵਜਾਏ ਆਪਣਾ ਨਦ ਆਪਣੀ ਧਾਰ ਆਪ ਚਲਾਇੰਦਾ । ਸ਼ਾਹ ਈਰਾਨ ਹਰਿ ਉਠੌਣਾ, ਕਲਮਾ ਅਮਾਮ ਇਕ ਪੜ੍ਹੌਣਾ, ਆਬ ਹਯਾਤ ਇਕ ਪਿਆਉਣਾ, ਪੁੰਨ ਸਵਾਬ ਇਕ ਰਖਾਇੰਦਾ । ਜਗਤ ਕਨਾਤ ਪੜਦਾ ਲੌਹਣਾ, ਜਗਤ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਸਰੂਪੀ ਕਰੇ ਕਾਰ, ਵਰਤੇ ਵਰਤਾਵੇ ਵਿਚ ਸੰਸਾਰ, ਸਿੰਘ ਪੂਰਨ ਨਾਲ ਪਿਛਲਾ ਪਿਆਰ, ਕਲਜੁਗ ਅੰਤਮ ਦਿਤਾ ਤਾਰ, ਸਰਗੁਣ ਖੇਲ ਵਿਚ ਸੰਸਾਰ, ਭਗਤ ਵਿਹਾਰ ਜੋਤ ਉਜਿਆਰ, ਆਰ ਪਾਰ ਆਪ ਚਲਾਇੰਦਾ ।

ਜਗਤ ਨੇਤਰ ਅਗਿਆਨ ਅੰਧ, ਬਿਨ ਸਤਿਗੁਰ ਨਾ ਕੋਇ ਖੁਲ੍ਹਾਈਆ । ਕਲਜੁਗ ਝੂਠਾ ਦਿਸੇ ਪੰਧ, ਨਾ ਸਕੇ ਕੋਈ ਮੁਕਾਈਆ । ਜਨ ਭਗਤਾਂ ਖ਼ੁਸ਼ੀ ਹੋਇਆ ਬੰਦ ਬੰਦ, ਕਲਜੁਗ ਵੇਲਾ ਦਏ ਦੁਹਾਈਆ । ਅੱਠੇ ਪਹਿਰ ਰਹੇ ਪਰਮਾਨੰਦ, ਜਗਤ ਹਿਰਸ ਹਰਸ ਮਿਟਾਈਆ । ਜੋ ਗਾਇਆ ਹਰਿ ਸੁਹਾਗੀ ਛੰਦ, ਪੂਰਾ ਰਿਹਾ ਕਰਾਈਆ । ਭੇਵ ਨਾ ਪਾਇਣ ਬੱਤੀ ਦੰਦ, ਪੀਸਨ ਪੀਸ ਨਾ ਪੀਸ ਪਸਾਈਆ । ਰਸਨ ਵਕਾਰਾ ਜੂਠ ਝੂਠ ਗੰਦ, ਦੂਈ ਦਵੈਤੀ ਕੰਧ ਨਾ ਕੋਇ ਢਾਈਆ । ਸ਼ੇਖ਼ਸਰ ਚੜ੍ਹਾਇਆ ਸਾਚਾ ਚੰਦ, ਵੇਖਣ ਆਈ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪੇ ਪੂਰ ਕਰਾਈਆ । ਲਿਖਿਆ ਲੇਖਾ ਹੋਏ ਪੂਰਾ, ਨਾ ਕੋਈ ਮੇਟ ਮਿਟਾਇੰਦਾ । ਜਨ ਭਗਤਾਂ ਲਾਹੇ ਸਗਲ ਵਸੂਰਾ, ਸਹਿੰਸਾ ਰੋਗ ਮਿਟਾਇੰਦਾ । ਗੁਰਮੁਖਾਂ ਵਸੇ ਨੇਰਨ ਨੇਰਾ, ਦੂਰਨ ਦੂਰ ਨਜ਼ਰੀ ਆਇੰਦਾ । ਸ਼ੇਖ਼ ਸਰ ਵਸਿਆ ਹਾਜ਼ਰ ਹਜ਼ੂਰਾ, ਆਪਣੀ ਗਤ ਆਪ ਜਣਾਇੰਦਾ । ਗੁਰਮੁਖ ਨਾਰੀ ਕਰ ਪਿਆਰੀ, ਤੇਜਭਾਨ ਚੜ੍ਹਾਇਆ ਸਾਚਾ ਜੋੜਾ, ਮਹਿੰਦੀ ਰੰਗਣ ਨਾਮ ਰੰਗਾਇੰਦਾ । ਏਕਾ ਰੰਗ ਰੰਗਾਇਆ ਗੂੜ੍ਹਾ, ਉਤਰ ਕਦੇ ਨਾ ਜਾਇੰਦਾ । ਪਹਿਲਾ ਬਖ਼ਸ਼ੀ ਚਰਨ ਧੂੜਾ, ਦੂਜਾ ਮਸਤਕ ਟਿੱਕਾ ਆਪ ਸੁਹਾਇੰਦਾ । ਤੀਜੇ ਮਸਤਕ ਤੀਜੇ ਨੈਣ ਕਰੇ ਕਰਾਏ ਬਚਨ ਪੂਰਾ, ਸਵੱਛ ਸਰੂਪੀ ਦਰਸ ਵਖਾਇੰਦਾ । ਚਾਰ ਕੁੰਟ ਬਾਰਾਂ ਬਾਰਾਂ ਕੋਸ ਪਹਿਲੇ ਹੂੰਝੇ ਕੂੜਾ, ਧਰਤ ਧਵਲ ਵੇਖ ਵਖਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਆਪ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਰਾਂ ਕੱਤਕ ਲਿਖਿਆ ਲੇਖ ਵੀਹ ਸੌ ਚੌਦਾਂ ਬਿਕ੍ਰਮੀ ਰਿਹਾ ਪੇਖ, ਭੁੱਲ ਭੁੱਲ ਨਰ ਵਕ਼ਤ ਲੰਘਾਇੰਦਾ । ਲਿਖਿਆ ਲੇਖਾ ਨਾ ਜਾਏ ਭੁੱਲ, ਹਰਿ ਸਤਿਗੁਰ ਵਡ ਵਡਿਆਈਆ । ਤੋਲਣਹਾਰਾ ਪੂਰਾ ਤੋਲ, ਏਕਾ ਕੰਡਾ ਰਿਹਾ ਰਖਾਈਆ । ਲਿਖਿਆ ਲੇਖ ਨਾ ਮਿਟੇ ਰੱਤੀ ਚੌਲ, ਬਿਨ ਹਰਿ ਕਿਰਪਾ ਨਾ ਕੋਈ ਬੂਝੇ ਬੂਝ ਬੁਝਾਈਆ । ਬਿਨ ਸਤਿ ਦਵਾਰਾ ਹਰਿ ਕਾ ਸ਼ਬਦ ਰਹੇ ਫੋਲ, ਗੋਝ ਗਿਆਨ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਸੁਹਾਈਆ ।

੫੩੩
੦੮

ਹਰਿ ਦਵਾਰ ਸਚਖੰਡ ਦਵਾਰਾ, ਹਰਿ ਸਾਚੀ ਜੋਤ ਰੁਸ਼ਨਾਈਆ । ਨਿਰਗੁਣ ਨੂਰ ਅਪਰ ਅਪਾਰਾ, ਨੂਰੋ ਨੂਰ ਡਗਮਗਾਈਆ । ਜੁਗਾਂ ਜੁਗੰਤਰ ਲੈ ਅਵਤਾਰਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਪੰਜ ਤੱਤ ਕਰ ਪਿਆਰਾ, ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਵੇਖ ਕਿਨਾਰਾ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਜੋਤੀ ਜਾਮਾ ਹਰਿ ਅਵਤਾਰ, ਸਾਚਾ ਖੇਲ ਖਿਲਾਇਆ । ਗੁਰਮੁਖਾਂ ਅੰਦਰ ਕਰ ਪਿਆਰ, ਆਪਣਾ ਰੰਗ ਚੜ੍ਹਾਇਆ । ਏਕਾ ਬਖ਼ਸ਼ੇ ਸਚ ਵਿਹਾਰ, ਸਾਚਾ ਮਾਰਗ ਏਕਾ ਲਾਇਆ । ਨਿਰਗੁਣ ਬਾਤੀ ਕਰ ਉਜਿਆਰ, ਦੀਪਕ ਏਕਾ ਏਕ ਜਗਾਇਆ । ਕਮਲਾਪਾਤੀ ਕਰੇ ਸਚ ਵਿਹਾਰ, ਜਗਤ ਨਾਤਾ ਜੋੜ ਜੁੜਾਇਆ । ਸਾਚਾ ਚਵਰ ਕਰ ਪਿਆਰ, ਗੁਰਮੁਖ ਸਾਜਣ ਹੱਥ ਫੜਾਇਆ । ਪਹਿਲੋਂ ਆਪਣਾ ਆਪ ਦਿਤਾ ਵਾਰ, ਹਰਿ ਸੰਗਤ ਭੇਟ ਚੜ੍ਹਾਇਆ । ਲੋਕਮਾਤ ਨਾ ਦਿਸੇ ਛਾਰ, ਹੱਡ ਮਾਸ ਨਾੜੀ ਨਜ਼ਰ ਨਾ ਆਇਆ । ਸੋ ਪੁਰਖ ਨਿਰੰਜਣ ਕਰ ਅਕਾਰ, ਨਿਰਾਕਾਰ ਵੇਸ ਵਟਾਇਆ । ਸਾਚਾ ਚਵਰ ਚਵਰ ਹੁਲਾਰ, ਗੁਰਮੁਖਾਂ ਹੁਲਾਰਾ ਰਿਹਾ ਦਵਾਇਆ । ਸ਼ਬਦ ਗੁਰ ਸ਼ਬਦ ਜੈਕਾਰ, ਸ਼ਬਦ ਹਰਿ ਸ਼ਬਦ ਅਵਤਾਰ, ਸ਼ਬਦ ਸ਼ਬਦੀ ਆਪ ਹੋ ਜਾਇਆ । ਗੁਰੂ ਗ੍ਰੰਥ ਬਣਾਈ ਸ਼ਬਦ ਧਾਰ, ਪੰਜ ਤੱਤ ਅਰਜਨ ਸੇਵਾ ਲਾਇਆ । ਨਾਨਕ ਮਿਲਿਆ ਇਕਓਂਕਾਰ, ਜਗਤ ਵਿਦਿਆ ਨਾ ਕੋਇ ਸਿਖਾਇਆ । ਸਾਚਾ ਵੇਖੇ ਧੁਰ ਦਰਬਾਰ, ਆਪ ਆਪਣਾ ਮੇਲ ਮਿਲਾਇਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਕਲਕੀ ਅਵਤਾਰ, ਸੀਸ ਜਗਦੀਸ ਨਾ ਕੋਇ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਗਣ ਗੰਧਰਬ ਫੂਲਨ ਬਰਖਾ ਉਪਰ ਲਾਣ, ਦੋਏ ਜੋੜ ਜੋੜ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖੀਆਂ ਦਿਤਾ ਸਾਚਾ ਵਰ, ਏਕਾ ਚਵਰ ਹੱਥ ਫੜਾਇਆ । ਚਵਰ ਹੁਲਾਰਾ ਧੁਰ ਦਰਗਹਿ, ਗੁਰ ਸਤਿਗੁਰ ਆਪ ਰਖਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਬੰਨੇ ਲਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਬਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਧੁਵਾਇੰਦਾ । ਸਦਾ ਸੁਹੇਲਾ ਰੱਖੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਪਿਤਾ ਆਪੇ ਮਾਂ, ਬਾਲ ਅੰਞਾਣੇ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ਼ਕਤ ਆਪਣੇ ਵਿਚ ਟਿਕਾਇੰਦਾ । ਹਰਿ ਸ਼ਕਤੀ ਨਾ ਸਕੇ ਕੋਈ ਖੋਹ, ਬੰਦਾ ਬੰਦਗੀ ਵਿਚ ਨਾ ਲਾਇਆ । ਜਗਤ ਤ੍ਰਿਸਨਾ ਨਾ ਕੋਈ ਮੋਹ, ਪੰਜ ਤੱਤ ਨਾ ਕੋਈ ਧਰਾਇਆ । ਹਾਸ ਬਲਾਸ ਨਾ ਰਿਹਾ ਰੋ, ਤਨ ਸ਼ੰਗਾਰ ਨਾ ਕੋਇ ਜਣਾਇਆ । ਨਾ ਕੋਈ ਢੋਆ ਦੇਵੇ ਢੋ, ਸਤਿ ਵਸਤ ਨਾ ਕੋਈ ਫੜਾਇਆ । ਕਰੇ ਕਰਾਏ ਕਰਨੀ ਕਰਤਾ ਕਰਨੀ ਆਪੇ ਹੋ, ਦੂਸਰ ਸੰਗ ਨਾ ਕੋਈ ਰਲਾਇਆ । ਗੋਬਿੰਦ ਮੇਲਾ ਸਾਚੇ ਸੋ, ਹੰ ਬ੍ਰਹਮ ਵੇਖ ਵਖਾਇਆ । ਆਪੇ ਹਰ ਘਟ ਦਿਸੇ ਅੱਗੇ ਹੋ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰ ਆਪ ਬੰਧਾਇਆ । ਹਰਿ ਪਰਸਾਦਿ ਲਾਇਆ ਭੋਗ, ਵੱਡੀ ਵਡ ਵਡਿਆਈਆ । ਆਤਮ ਅੰਤਰ ਦਿਤਾ ਪਹਿਲਾ ਜੋਗ, ਸਤਿਗੁਰ ਪਾਇਆ ਮੇਰੀ ਮਾਈਆ । ਪੰਜਾਂ ਪਿਆਰਿਆ ਮਿਟਿਆ ਰੋਗ, ਨਾਮ ਪਰਸਾਦਿ ਇਕ ਵਰਤਾਈਆ । ਏਕਾ ਦਿਤੀ ਸਾਚੀ ਚੋਗ, ਕਿਸੇ ਲੋਕਮਾਤ ਹੱਥ ਨਾ ਆਈਆ । ਹਰਿ ਸੰਗਤ ਦੇਵੇ ਦਰਸ ਅਮੋਘ, ਜਾਗਰਤ ਜੋਤ ਇਕ ਜਗਾਈਆ । ਰਾਹ ਤੱਕਣ ਬੈਠੇ ਚੌਦਾਂ ਲੋਕ, ਚਾਰੋਂ ਕੁੰਟ ਨੈਣ ਉਠਾਈਆ । ਕਲਜੁਗ ਅੰਤ ਸੁਣਾਇਆ ਇਕ ਸਲੋਕ, ਸੋ

ਪੁਰਖ ਨਿਰੰਜਣ ਵਡ ਵਡਿਆਈਆ । ਦੇਵਣ ਆਇਆ ਸਾਚੀ ਮੇਖ, ਚਰਨ ਕਵਲ ਸੱਚੀ ਸਰਨਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਬੰਧਨ ਬੰਦ ਨਾ ਕੋਈ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵਿਹਾਰ ਆਪੇ ਰਿਹਾ ਵਖਾਈਆ । ਆਪਣੀ ਦ੍ਰਿਸ਼ਟ ਆਪੇ ਪਾ, ਭੋਗੀ ਭੋਗ ਲਗਾਇੰਦਾ । ਸਾਚਾ ਮੰਤਰ ਨਾਮ ਵਿਚ ਵਸਾ, ਗੁਰਮੁਖਾਂ ਮੁਖ ਲਗਾਇੰਦਾ । ਸਾਚੀ ਅਰਦਾਸ ਆਪ ਸੁਧਾ, ਅਭੁੱਲ ਪਾਠ ਕਰਾਇੰਦਾ । ਜੀਵ ਜੰਤ ਸਾਧ ਸੰਤ ਸਤਿ ਸਰੂਪ ਨਾ ਸਕੇ ਕੋਈ ਵਖਾ, ਕਲਜੁਗ ਕੂੜ ਕੁੜਿਆਰਾ ਅੰਧੇਰਾ ਛਾਇੰਦਾ । ਅੰਤਮ ਕਰਨ ਆਇਆ ਸਚ ਨਿਆਂ, ਸਾਚੀ ਧਾਰਾ ਆਪ ਬੰਧਾਇੰਦਾ । ਪੁਰਖ ਅਕਾਲ ਏਕਾ ਲੈਣਾ ਮਨਾ, ਗੁਰ ਗੋਬਿੰਦ ਗਵਾਹ ਰਖਾਇੰਦਾ । ਹਰਿ ਸ਼ਬਦ ਅੱਗੇ ਸੀਸ ਦੇਣਾ ਝੁਕਾ, ਜਿਸ ਮੰਦਰ ਅੰਦਰ ਆਪੇ ਗਾਇੰਦਾ । ਸਾਢੇ ਤਿੰਨ ਹੱਥ ਦਵਾਰਾ ਲਿਆ ਬਣਾ, ਸੰਬਲ ਨਗਰੀ ਨਾਉਂ ਰਖਾਇੰਦਾ । ਉਚ ਮਹੱਲ ਅਟੱਲ ਵੇਖੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਗੁਰ ਇਕ ਸਮਝਾਇੰਦਾ । ਸ਼ਬਦ ਗੁਰ ਇਕ ਦਾਤਾਰ, ਆਦਿ ਜੁਗਾਦਿ ਅਖਵਾਇਆ । ਬਿਨ ਹਰਿ ਸ਼ਬਦ ਨਾ ਕਿਸੇ ਕਰੇ ਕੋਈ ਨਿਮਸਕਾਰ, ਪੰਜ ਤੱਤ ਨਾ ਸੀਸ ਝੁਕਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਹਿੰਦੂ ਮੁਸਲਮ ਸਿਖ ਈਸਾਈ ਲਏ ਤਰਾਇਆ । ਚਾਰ ਵਰਨਾਂ ਕਰੇ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਰਖਾਇਆ । ਭਗਤੀ ਭਰੇ ਭਗਤ ਭੰਡਾਰ, ਨਾਮ ਨਾਮਾ ਝੋਲੀ ਪਾਇਆ । ਏਕਾ ਸ਼ਕਤੀ ਹਰਿ ਅਵਤਾਰ, ਆਦਿ ਜੁਗਾਦੀ ਖੇਲ ਖਿਲਾਇਆ । ਬੂੰਦ ਰਕਤੀ ਵਸਿਆ ਬਾਹਰ, ਮਾਤ ਗਰਭ ਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਜੁਗ ਜੁਗ ਧਾਰ ਜੋਤ ਅਕਾਲੀ, ਆਪਣੀ ਆਪ ਚਲਾਈਆ । ਆਪੇ ਬਣੇ ਸੱਚਾ ਹਾਲੀ, ਆਪੇ ਬੀਜ ਬਿਜਾਈਆ । ਆਪੇ ਫਲ ਲਗਾਏ ਡਾਲ੍ਹੀ, ਆਪੇ ਪਤ ਪਤ ਸੋਭਾ ਪਾਈਆ । ਆਪੇ ਆਵੇ ਬਣ ਕੇ ਮਾਲੀ, ਲੋਕਮਾਤ ਵੇਖ ਵਖਾਈਆ । ਆਪੇ ਆਪਣੇ ਹੱਥਾਂ ਰੱਖੇ ਖਾਲੀ, ਜਨ ਭਗਤਾਂ ਭੰਡਾਰ ਆਪ ਭਰਾਈਆ । ਏਕਾ ਵਣਜ ਕਰਾਏ ਨਾਮ ਦਲਾਲੀ, ਹੱਕ ਹਲਾਲੀ ਇਕ ਜਣਾਈਆ । ਸਾਲਸ ਬਣਿਆ ਹਰਿ ਸਾਚਾ ਸਾਲੀ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਮੇਟੇ ਰੈਣ ਅੰਧੇਰੀ ਕਾਲੀ, ਕਾਲੀ ਮਾਤਾ ਚਰਨਾਂ ਹੇਠ ਦਬਾਈਆ । ਅਸ਼ਟਭੁਜ ਜੋਤ ਜਵਾਲੀ, ਆਪ ਆਪਣੇ ਵਿਚ ਸਮਾਈਆ । ਸਿੰਘ ਸ਼ੇਰ ਸ਼ੇਰ ਅਸਵਾਰੀ, ਨਰ ਨਿਰੰਕਾਰੀ ਆਪ ਹੋ ਜਾਈਆ । ਚਾਰੋਂ ਕੁੰਟ ਕਰੇ ਕਾਰੀ, ਕਰਨੀ ਕਰਤਾ ਆਪ ਕਮਾਈਆ । ਵੀਹ ਸਦ ਸੋਲਾਂ ਬਿਕ੍ਰਮੀ ਛੰਬ ਤੇਰੀ ਆਈ ਵਾਰੀ, ਆਪਣੀ ਗਤ ਦਏ ਜਣਾਈਆ । ਟੂਣਾ ਜਾਦੂ ਛਲ ਛਿਦਰ ਮੜ੍ਹੀ, ਮਸਾਣ ਨਾ ਦਏ ਜਗਾਈਆ । ਹਾਕਨ ਡਾਕਨ ਨਾ ਮਾਰੇ ਕੋਈ ਲਲਕਾਰੀ, ਸਿਰ ਖ਼ਾਕੀ ਖ਼ਾਕ ਪਵਾਈਆ । ਅੰਚਨੀ ਕੰਚਨੀ ਕਲਾ ਸੋਦਰੀ ਢਹਿ ਪਏ ਦਵਾਰੀ, ਖੇਲੇ ਖੇਲ ਬੇਪਰਵਾਹੀਆ । ਨਾਮ ਖੰਡਾ ਤੇਜ਼ ਕਟਾਰੀ, ਚਾਰੋਂ ਕੁੰਟ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖ ਵਖਾਈਆ । ਜਾਦੂ ਜੜੀਆਂ ਤੋੜੇ ਨਾਤਾ, ਤੋੜਨਹਾਰਾ ਆਇਆ । ਜੋ ਜਨ ਗਾਏ ਸੋਹੰ ਗਾਥਾ, ਸਤਿ ਪੁਰਖ ਨਿਰੰਜਣ ਦਰਸ ਵਖਾਇਆ । ਜਿਸ ਜਨ ਚੜ੍ਹਿਆ ਸਾਚੇ ਰਾਥਾ, ਪ੍ਰਭ ਸਾਚਾ ਰਿਹਾ ਚੜ੍ਹਾਇਆ । ਨਾਮ ਵਿਕਾਏ ਸਾਚਾ ਹਾਟਾ, ਏਕਾ ਹੱਟ ਖੁਲ੍ਹਾਇਆ । ਡਾਇਣ ਵਾਇਣ ਜਾਏ ਦੂਰ ਦੂਰ ਵਾਟਾ, ਗੁਰਸਿਖ ਅੱਗੇ ਨਿਉਂ ਨਿਉਂ ਸੀਸ ਝੁਕਾਇਆ । ਸ਼ਬਦ ਚੋਬਲਦ ਫੇਰੇ ਸੁਹਾਗਾ ਵਿਚ ਰਹਿਣ ਨਾ ਦੇਵੇ ਕੋਈ ਫਾਟਾ,


੫੩੫ ੦੮

ਉਚੇ ਟਿੱਲੇ ਪਰਬਤ ਦੇਵੇ ਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਇਆ । ਸੋਹੰ ਸ਼ਬਦ ਰਸਨਾ ਗੌਣਾ, ਜਿਨ ਖਵੀਸ ਨਜ਼ਰ ਨਾ ਆਈਆ । ਦਰ ਘਰ ਸਾਚਾ ਏਕਾ ਪੌਣਾ, ਦੂਸਰ ਸੀਸ ਨਾ ਕਿਸੇ ਝੁਕਾਈਆ । ਜਗਤ ਜਗਦੀਸ ਖੇਲ ਖਿਲੌਣਾ, ਸਚ ਹਦੀਸ ਇਕ ਪੜ੍ਹਾਈਆ । ਚੋਗਿਰਦ ਰਾਮ ਨਾਮ ਲਕੀਰ ਆਪ ਖਿਚੌਣਾ, ਦਰੋਹੀ ਨਾਮ ਖ਼ੁਦਾਈਆ । ਹਜ਼ਾਰਾ ਦਰੂਦ ਨਾ ਕਿਸੇ ਪੜ੍ਹੌਣਾ, ਕਲਮਾ ਕਲਾਮ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਵਣ ਮਸਾਣੀ ਡੇਰਾ ਢਾਈਆ । ਪਵਣ ਮਸਾਣ ਲਏ ਖਿਚ, ਗੁਰਸਿਖ ਤੇਰੀ ਪਾਹਨੀ ਸਿਰ ਵਿਚ ਲਾਈਆ । ਤੇਜ ਭਾਨ ਵਿਚੋਲਾ ਬਣਾਏ ਵਿਚ, ਦੇਵੇ ਵਡ ਵਡਿਆਈਆ । ਸਚ ਕਿਆਰੀ ਜਾਏ ਸਿੰਚ, ਅੰਮ੍ਰਿਤ ਇਕ ਛਿੜਕਾਈਆ । ਨਾਮ ਰਤਨ ਰੱਤੇ ਜੋ ਜਾਇਣ ਭਿੰਚ, ਅਗਨੀ ਅੱਗ ਨਾ ਕੋਈ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਪੂਰੀ ਆਸ ਕਰਾਈਆ । ਪੂਰੀ ਆਸ ਜਾਏ ਕਰ, ਜਿਸ ਹਿਰਦੇ ਹਰਿ ਵਸਾਇਆ । ਰਸਨ ਸਵਾਸ ਆਪਣਾ ਆਪ ਧਰ, ਲੇਖਾ ਲੇਖੇ ਲਏ ਲਗਾਇਆ । ਰੋਗ ਸੋਗ ਮਿਟਾਏ ਨਾਰੀ ਨਰ, ਬਖ਼ਸ਼ੇ ਚਰਨ ਸੱਚੀ ਸਰਨਾਇਆ । ਮੜੀ ਮਸਾਣ ਟੂਣਾ ਜਾਦੂ ਲਏ ਫੜ, ਸ਼ਬਦ ਡੋਰੀ ਇਕ ਉਠਾਇਆ । ਬਾਲ ਅੰਞਾਣੇ ਕਲੇਜਾ ਕੋਈ ਨਾ ਸਕੇ ਫੜ, ਮੂਰਛਾ ਗਤ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਸ਼ਬਦ ਪੰਚਮ ਪਰਧਾਨ, ਪੰਚਾਂ ਦੇਵੇ ਇਕ ਗਿਆਨ, ਪੰਚਮ ਝੁਲਾਏ ਇਕ ਨਿਸ਼ਾਨ, ਪੰਚਮ ਮੇਲਾ ਮੇਲ ਮਿਲਾਇਆ । ਪੰਚਮ ਪ੍ਰਸ਼ਨ ਪੰਚਮ ਉਤਰ, ਪੰਚਾਂ ਰਿਹਾ ਸਮਝਾਈਆ । ਹਰਿ ਸਾਚੇ ਦਾ ਜੋ ਸਾਚਾ ਪੁੱਤਰ, ਕਲ ਕਲੇਸ਼ ਨੇੜ ਨਾ ਆਈਆ । ਧੁਰ ਦਰਗਾਹੋਂ ਧਰਤ ਧਵਲ ਉਤੇ ਆਪੇ ਉਤਰ, ਧਰੂ ਪ੍ਰਹਿਲਾਦ ਜਿਉਂ ਆਪ ਤਰਾਈਆ । ਆਪ ਸੁਹਾਏ ਸਾਚੀ ਰੁਤੜ, ਰੁੱਤ ਬਸੰਤੀ ਇਕ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਅਚੁਤੜ, ਅਕਲ ਕਲ ਵਡਿਆਈਆ । ਗੁਰਮੁਖ ਉਪਜਾਏ ਏਕਾ ਮੁਠੜ, ਆਪਣੀ ਮੁੱਠੀ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਇਛਿਆ ਨਾਮ ਭਿਛਿਆ ਜਗ ਰਿਛਿਆ ਆਪ ਕਰਾਈਆ ।

ਪੂਰਬ ਜਨਮ ਹਰਿ ਹਰਿ ਵੇਖੇ, ਪੂਰਬ ਲਹਿਣਾ ਝੋਲੀ ਪਾਇਆ । ਗੁਰਸਿਖ ਕਿਉਂ ਪਿਆ ਭਰਮ ਭੁਲੇਖੇ, ਗੁਰਮਤ ਮਤ ਸਮਝਾਇਆ । ਗੂੰਗੇ ਬਾਵਰੇ ਨੇਤਰ ਨੈਣ ਆਪੇ ਵੇਖੇ, ਆਪ ਆਪਣਾ ਖੇਲ ਖਿਲਾਇਆ । ਗੂੰਗਾ ਰਸਨਾ ਰੱਖੇ ਚੇਤੇ, ਗੁੰਗ ਮੁਖ ਦਏ ਸਲਾਹਿਆ । ਆਪੇ ਤਾਰੇ ਅਗੇਤੇ ਪਛੇਤੇ, ਵੇਲਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸੌਹਰੇ ਪੇਕੇ, ਸੌਹਰੇ ਪੇਈਏ ਫੇਰਾ ਪਾਇਆ । ਆਪਣਾ ਮੁਖ ਹੋਇਆ ਗੁੰਗ, ਅਨਹਦ ਸ਼ਬਦ ਨਾ ਸੁਣੀ ਸ਼ਨਵਾਈਆ । ਅੰਮ੍ਰਿਤ ਆਤਮ ਮੁੰਮਾ ਨਾ ਲਿਆ ਚੁੰਗ, ਰਸਨਾ ਜੇਹਵਾ ਹੋਈ ਹਲਕਾਈਆ । ਹਰਿ ਭਗਤੀ ਮੁੱਕੇ ਭਗਤੀ ਭੰਗ ਆਪਣੀ ਕਰਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਬੂਝ ਬੁਝਾਈਆ । ਆਪਣਾ ਮੁਖ ਪਹਿਲੇ ਖੋਲ੍ਹ, ਦੂਜੇ ਸੰਗ ਫੇਰ ਅਲੋਣਾ । ਆਪਣੇ ਅੰਦਰ ਆਪੇ ਬੋਲ, ਆਪਣਾ ਪੜਦਾ ਆਪੇ ਪਹਿਲੋਂ

ਲੋਹਣਾ । ਆਪਣਾ ਤੋਲਨਾ ਆਪੇ ਤੋਲ, ਆਪੇ ਕੰਡੇ ਆਪ ਚੜ੍ਹੌਣਾ । ਆਪਣੇ ਮੰਦਰ ਸੁਣਨਾ ਢੋਲ, ਦੂਜੇ ਮੰਦਰ ਫੇਰ ਵਜੌਣਾ । ਗੂੰਗੇ ਅੰਦਰ ਰਿਹਾ ਬੋਲ, ਜਗਤ ਨੇਤਰ ਦਿਸ ਨਾ ਔਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹੌਣਾ । ਧੰਨ ਵਡਿਆਈ ਗੁੰਗ ਮੁਖ, ਜੂਠ ਝੂਠ ਨਾ ਕੋਈ ਵਿਚਾਰਦਾ । ਧ੍ਰਿਗ ਜੀਵਣ ਦਿਸੇ ਉਸ ਮਨੁਖ, ਜੋ ਰਸਨਾ ਕਾਮ ਕਰੋਧ ਹੰਕਾਰਦਾ । ਗੂੰਗੇ ਮਿਲੇ ਸਾਚਾ ਸੁਖ, ਅਜਪਾ ਜਾਪ ਤਨ ਉਚਾਰਦਾ । ਦਸ ਦਸ ਮਾਸ ਮਾਤ ਗਰਭ ਉਲਟਾ ਹੋਏ ਰੁੱਖ, ਚੁਰਾਸੀ ਜਨਮ ਨਾ ਕੋਈ ਨਿਵਾਰਦਾ । ਗੁੰਗੇ ਉਪਜਿਆ ਏਕਾ ਸੁਖ, ਅੰਤਰ ਆਤਮ ਅੰਮ੍ਰਿਤ ਠਾਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁੰਗ ਮੁਖ ਆਪ ਉਭਾਰਦਾ । ਗੁਰਮੁਖ ਚੜ੍ਹੇ ਰੰਗ ਤਨ, ਮੁਨ ਸੁਨ ਰਖਾਇਆ । ਪੁਰਖ ਅਬਿਨਾਸ਼ੀ ਬੇੜਾ ਆਪੇ ਦੇਵੇ ਬੰਨ੍ਹ, ਲਹਿਣਾ ਦੇਣਾ ਮੂਲ ਚੁਕਾਇਆ । ਆਪੇ ਜਾਨਣਹਾਰਾ ਜਨ, ਜਨ ਜਨਕਾ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਜੋਤ ਸਰੂਪੀ ਅੱਗੇ ਖੜ, ਆਪਣਾ ਦਰਸ ਦਏ ਦਿਖਾਇਆ । ਸਚ ਕਰਾਮਾਤ ਦਰਸ ਅਮੋਘ, ਗੁਰਮੁਖਾਂ ਆਪ ਵਿਖਾਈਆ । ਆਤਮ ਸੇਜਾ ਕਰੇ ਭੋਗ, ਸਾਚੀ ਸੇਜ ਸੁਹਾਈਆ । ਏਕਾ ਨਾਮ ਸਾਚੀ ਚੋਗ, ਰਸਨਾ ਮੁਖ ਖਵਾਈਆ । ਇਕ ਸੁਣਾਏ ਸਚ ਸਲੋਕ, ਏਕਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵਣਹਾਰਾ ਵਰ, ਵਰ ਘਰ ਏਕਾ ਏਕ ਵਖਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਏਕਾ ਪੂਜਾ ਹਰਿ ਭਗਵਾਨ, ਏਕਾ ਰਿਹਾ ਸੁਣਾਈਆ । ਏਕਾ ਝੂਲੇ ਧਰਮ ਨਿਸ਼ਾਨ, ਏਕਾ ਵੇਖ ਵਖਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਬਹਾਈਆ । ਏਕਾ ਮਸਜਿਦ ਕਾਅਬਾ ਵੇਖ ਵਖਾਨ, ਮਠ ਸ਼ਿਵਦਵਾਲਾ ਇਕ ਬਣਾਈਆ । ਏਕਾ ਰਾਮ ਨਾਮ ਸੁਲਤਾਨ, ਏਕਾ ਬੰਸਰੀ ਨਾਮ ਵਜਾਈਆ । ਏਕਾ ਨਾਮ ਸਤਿ ਕਰ ਪਰਧਾਨ, ਨਾਨਕ ਨਿਰਗੁਣ ਵੱਜੀ ਵਧਾਈਆ । ਏਕਾ ਗੋਬਿੰਦ ਨੌਜਵਾਨ, ਨਾ ਮਰੇ ਨਾ ਜਾਈਆ । ਏਕਾ ਵੇਖੇ ਦੋ ਜਹਾਨ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਕੂੜਾ ਕੂੜ ਪਰਧਾਨ, ਕੂੜੀ ਦਿਸੇ ਲਸ਼ਕਰ ਸ਼ਾਹੀਆ । ਕੂੜ ਕੂੜਾ ਰਾਜ ਰਾਜਾਨ, ਰਈਅਤ ਕੂੜੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਵੇਖ ਵਖਾਈਆ । ਧਰਮ ਨਾਤਾ ਗਿਆ ਤੁਟ, ਚਾਰ ਵਰਨ ਕੁਰਲਾਇਆ । ਕਲਜੁਗ ਬੇੜਾ ਰਿਹਾ ਡੁੱਬ, ਨਾ ਸਕੇ ਕੋਈ ਬਚਾਇਆ । ਗੁਰ ਦਰ ਮੰਦਰ ਮਸਜਿਦ ਗੁਰੂਦਵਾਰ ਪਈ ਲੁੱਟ, ਧੀਰਜ ਧੀਰ ਨਾ ਕੋਈ ਧਰਾਇਆ । ਸਚ ਸੁੱਚ ਕੱਢੀ ਕੁੱਟ, ਝੂਠਾ ਗੜ੍ਹ ਉਪਾਇਆ । ਘਟ ਘਟ ਅੰਦਰ ਦਿਸੇ ਫੁੱਟ, ਸਾਂਤਕ ਸਤਿ ਨਾ ਕੋਈ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਕੂੜ ਲਲਕਾਰਾ, ਚਾਰ ਕੁੰਟ ਸੁਣਾਇਆ । ਲੱਖ ਚੁਰਾਸੀ ਕਰੇ ਖ਼ਵਾਰਾ, ਸੋਇਆ ਕੋਇ ਰਹਿਣ ਨਾ ਪਾਇਆ । ਨਾਲ ਰਲਾਇਆ ਮੁਹੰਮਦੀ ਯਾਰਾ, ਚਾਰ ਯਾਰੀ ਮਤਾ ਪਕਾਇਆ । ਈਸਾ ਮੂਸਾ ਇਕ ਅਖਾੜਾ, ਏਕਾ ਵੇਖ ਵਖਾਇਆ । ਨੌ ਖੰਡ ਪ੍ਰਿਥਮੀ ਪੰਚਮ ਧਾੜਾ, ਦਿਵਸ ਰੈਣ ਰਹੀ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅਮਾਵਸ ਵੇਖਣ ਆਇਆ । ਕਲਜੁਗ ਅਮਾਵਸ ਹੋਇਆ ਅੰਧੇਰਾ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਪਿਓ ਪੁੱਤਰ ਨਾ ਕਰੇ ਨਿਬੇੜਾ, ਮਾਂ ਪੁੱਤ ਨਾ ਕੋਈ ਸਲਾਹਿੰਦਾ । ਭੈਣਾਂ ਭਈਆ ਉਜੜਿਆ ਖੇੜਾ, ਨਗਰ ਖੇੜਾ ਨਾ ਕੋਈ ਸੁਹਾਇੰਦਾ । ਪੰਚਮ ਵਿਕਾਰਾ ਖੁਲ੍ਹਾ ਵੇਹੜਾ, ਦਿਵਸ

ਰੈਣ ਨਾਚ ਨਚਾਇੰਦਾ । ਧੀਆਂ ਭੈਣਾਂ ਕਰਨ ਝੇੜਾ, ਲਜਪਤ ਨਾ ਕੋਈ ਬਣਾਇੰਦਾ । ਪੁਰਖ ਅਬਿਨਾਸ਼ੀ ਅੰਤਮ ਲੌਣ ਆਇਆ ਉਖੇੜਾ, ਵੀਹ ਸੌ ਬੀਸ ਬਿਕ੍ਰਮੀ ਰਾਹ ਤਕਾਇੰਦਾ । ਹੱਕ ਹਕੀਕਤ ਕਰੇ ਨਿਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਕਲ ਕਾਤੀ ਰਾਜ ਰਾਜਾਨ, ਰਈਯਤ ਰਹੀ ਕੁਰਲਾਈਆ । ਗ਼ਰੀਬ ਨਿਮਾਣਿਆਂ ਨਾ ਸਕੇ ਕੋਈ ਪਛਾਨ, ਨਾ ਹੋਵੇ ਕੋਈ ਸਹਾਈਆ । ਮਾਇਆ ਮਮਤਾ ਵਡ ਦੁਕਾਨ, ਬੈਠੇ ਮਾਤ ਖੁਲ੍ਹਾਈਆ । ਧੀਆਂ ਭੈਣਾਂ ਵਣਜ ਕਰਾਨ, ਘਰ ਸੱਦਣ ਧੀ ਜਵਾਈਆ । ਅੰਤਮ ਚੁੱਕਣੀ ਕਲਜੁਗ ਕਾਨ, ਥਿਰ ਰਹਿਣ ਕੋਈ ਨਾ ਪਾਈਆ । ਹਰਿ ਸੰਗਤ ਮਿਲ ਲਾਹੌਣ ਆਈ ਮਕਾਣ, ਹਾੜ ਸਤਾਰਾਂ ਦਿਵਸ ਸੁਹਾਈਆ । ਸਤਿ ਸਤਾਰਵੀਂ ਵਿਚ ਜਹਾਨ, ਵੀਹ ਸੌ ਵੀਹ ਬਿਕ੍ਰਮੀ ਆਪ ਕਰਾਈਆ । ਏਕਾ ਮੰਗਲ ਸਾਰੀਆਂ ਸਖੀਆਂ ਗਾਨ, ਏਕਾ ਇਸ਼ਟ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਅੰਧੇਰਾ ਦਏ ਚੁਕਾਈਆ । ਜਗਤ ਅੰਧੇਰਾ ਜਾਣਾ ਚੁੱਕ, ਚੁਕਾਵਣਹਾਰ ਆਪ ਅਖਵਾਇੰਦਾ । ਜੂਠਾ ਝੂਠਾ ਬੂਟਾ ਜਾਣਾ ਸੁੱਕ, ਸਚ ਸੁੱਚ ਮਾਰਗ ਏਕਾ ਲਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਗੁਰਮੁਖਾਂ ਆਪਣੀ ਗੋਦ ਬਹਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਗੁਰ ਗੋਬਿੰਦ ਲੇਖ ਲਿਖਾਇੰਦਾ । ਹਰਿ ਸਰਨਾਈ ਜੋ ਜਨ ਬੈਠਾ ਝੁਕ, ਆਪ ਆਪਣਾ ਦਰ ਸੁਹਾਇੰਦਾ । ਘਰ ਘਰ ਅੰਦਰ ਪੈਣੀ ਲੁੱਟ, ਧਨ ਮਾਲ ਸਰਬ ਲੁਟਾਇੰਦਾ । ਜੀਵਾਂ ਜੰਤਾਂ ਵਾਸਨਾ ਕੱਢੇ ਖੋਟ, ਏਕਾ ਨਾਮ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਚੰਦਰਮਾ ਆਪ ਚੜ੍ਹਾਇੰਦਾ । ਸਚ ਚੰਦਰਮਾ ਜਾਣਾ ਚੜ੍ਹ, ਹਰਿ ਸਾਚਾ ਆਪ ਚੜ੍ਹਾਈਆ । ਗੁਰਮੁਖ ਸਾਜਣ ਵੇਖਣਾ ਖੜ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਸ੍ਰਿਸ਼ਟ ਸਬਾਈ ਏਕਾ ਅੱਖਰ ਜਾਏ ਪੜ੍ਹ, ਜਾਤ ਪਾਤ ਰਹਿਣ ਨਾ ਪਾਈਆ । ਹਰ ਘਟ ਅੰਦਰ ਬੈਠਾ ਵੜ, ਆਪਣਾ ਪੜਦਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਚੋਰ ਡਾਕੂ ਉਚੱਕੇ, ਚਾਰ ਕੁੰਟ ਪਰਧਾਨਿਆ । ਅੰਤਮ ਫਲ ਵੇਖੇ ਪੱਕੇ, ਮਿਟੇ ਸਰਬ ਨਿਸ਼ਾਨਿਆ । ਹਰਿ ਭਗਤ ਗੁਰਮੁਖ ਗੁਰਸਿਖ ਸਾਚੇ ਭਾਈ ਭੈਣ ਸਕੇ, ਮਿਲਿਆ ਮੇਲ ਧੁਰ ਫ਼ਰਮਾਨਿਆ । ਗੁਰ ਗੋਬਿੰਦ ਹੱਥ ਲਗਾਇਆ ਫਲ ਪਹਿਲੇ ਕੱਚੇ, ਗੁਰਸਿਖ ਨਾ ਕਿਸੇ ਪਛਾਨਿਆ । ਕਲਜੁਗ ਅੰਤਮ ਰਾਹ ਏਕਾ ਤੱਕੇ, ਪਰਗਟ ਹੋਏ ਸ੍ਰੀ ਭਗਵਾਨਿਆ । ਪੰਜ ਸ਼ੈਤਾਨ ਨਕੇਲ ਪਾਏ ਨੱਕੇ, ਦਹਿ ਦਿਸ਼ਾ ਕਰੇ ਵੈਰਾਨਿਆ । ਦਰਗਹਿ ਸਾਚੀ ਪੈਣੇ ਧੱਕੇ, ਹਰਿ ਕਾ ਰੂਪ ਨਾ ਕਿਸੇ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੇਰਾ ਪਾਏ ਮਦੀਨੇ ਮੱਕੇ, ਸੰਮਤ ਸਤਾਰਾਂ ਦਿਵਸ ਸੁਹਾਨਿਆ ।

ਜੁਗਾ ਜੁਗੰਤਰ ਟੁੱਟੀ ਗੰਢੇ, ਦੀਨਾਂ ਬੰਧਪ ਦੀਨ ਦਿਆਲ । ਨਾਮ ਨਿਧਾਨ ਹਰਿਜਨ ਵੰਡੇ, ਕਾਇਆ ਮੰਦਰ ਸੱਚੀ ਧਰਮਸਾਲ । ਅੰਮ੍ਰਿਤ ਵਖਾਏ ਸਾਚੇ ਖੰਡੇ, ਸ਼ਬਦ ਸਰੂਪੀ ਬਣ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਬਿਰਧ ਬਾਲ ਜਵਾਨ । ਨਾਰੀ ਨਰ ਹਰਿ ਹਰਿ ਵੇਖ, ਆਪਣੀ ਦਇਆ ਕਮਾਇੰਦਾ । ਆਪੇ ਲਿਖਣਹਾਰਾ ਲੇਖ, ਲਿਖਿਆ ਲੇਖ ਆਪ ਮਿਟਾਇੰਦਾ । ਨਰ ਨਿਰੰਕਾਰਾ ਦਰ ਦਰਵੇਸ਼,

ਦਰ ਭਿਖਾਰੀ ਅਲੱਖ ਜਗਾਇੰਦਾ । ਦੋ ਜਹਾਨਾਂ ਸਚ ਨਰੇਸ਼, ਆਪ ਆਪਣਾ ਵੇਸ ਵਟਾਇੰਦਾ । ਲਹਿਣਾ ਦੇਣਾ ਚੁਕਾਏ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਏ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਲੀ ਬੁੱਧ ਵਡਿਆਇੰਦਾ । ਬਾਲ ਨਿਧਾਨਾ ਬਾਲੀ ਬੁਧ, ਦੇਵੇ ਮਾਣ ਵਡਿਆਈਆ । ਨਾਰੀ ਪੁਰਸ਼ ਕਾਰਜ ਸੁਧ, ਸਤਿਗੁਰ ਪੂਰਾ ਆਪ ਕਰਾਈਆ । ਜਗਤ ਵਿਕਾਰਾ ਮਿਟੇ ਯੁੱਧ, ਸਾਂਤਕ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਨਾਮ ਭਿਛਿਆ ਝੋਲੀ ਪਾਈਆ । ਨਾਮ ਭਿਛਿਆ ਭਰ ਭੰਡਾਰ, ਕਾਇਆ ਗੜ੍ਹ ਸੁਹਾਇਆ । ਜੋ ਜਨ ਮੰਗੇ ਬਣ ਭਿਖਾਰ, ਖਾਲੀ ਹੱਥ ਨਾ ਕੋਈ ਜਾਇਆ । ਦੇਵਣਹਾਰ ਸਰਬ ਸੰਸਾਰ, ਸਮਰਥ ਪੁਰਖ ਅਖਵਾਇਆ । ਫੜ ਫੜ ਬਾਂਹੋਂ ਜਾਏ ਤਾਰ, ਨਾਰੀ ਨਰ ਨਾ ਕੋਈ ਜਣਾਇਆ । ਏਥੇ ਓਥੇ ਪਾਵੇ ਸਾਰ, ਸਗਲਾ ਸੰਗ ਨਿਭਾਇਆ । ਔਖੀ ਘਾਟੀ ਵਿਚ ਸੰਸਾਰ, ਸਤਿਗੁਰ ਪੂਰਾ ਬੇੜਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਗਲ ਏਕ ਰਸਨਾ ਗਾਇਆ । ਰਸਨਾ ਹਰਿ ਹਰਿ ਸਾਚਾ ਗੌਣਾ, ਬੱਤੀ ਦੰਦ ਹਿਲਾਈਆ । ਅੰਤਰ ਆਤਮ ਏਕਾ ਪੌਣਾ, ਏਕਾ ਵੱਜੇ ਵਧਾਈਆ । ਜੂਠਾ ਝੂਠਾ ਕਾਇਆ ਕੱਪੜ ਲੌਹਣਾ, ਸ਼ਬਦ ਦੋਸ਼ਾਲਾ ਤਨ ਹੰਢਾਈਆ । ਖਿਮਾ ਗਰੀਬੀ ਝੋਲੀ ਪੌਣਾ, ਯਾਚਕ ਦਾਨ ਜੋ ਮੰਗ ਮੰਗਾਈਆ । ਕਾਲ ਮਹਾਂਕਾਲ ਨੇੜ ਨਾ ਔਣਾ, ਪ੍ਰਿਤਪਾਲ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਸ਼ਬਦੀ ਸ਼ਬਦ ਸਹਾਰਾ । ਸਖਾ ਸੁਹੇਲਾ ਪਿਤਾ ਮਾਂ, ਮੇਲ ਮਿਲਾਏ ਪੂਤ ਸਪੂਤ ਸੁੱਤ ਦੁਲਾਰਾ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਬਖ਼ਸ਼ੇ ਚਰਨ ਪਿਆਰਾ । ਪੁਰਖ ਅਬਿਨਾਸ਼ੀ ਦੇਵੇ ਠੰਡੀ ਛਾਂ, ਅੰਤ ਨਾ ਪਾਰਾਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬੇੜਾ ਜਾਏ ਤਾਰ, ਪਾਰ ਕਰਾਏ ਕਲ ਸਾਗਰ ਡੂੰਘੀ ਗਾਰਾ ।

ਸਤਿਗੁਰ ਪੂਰਾ ਰੱਖੇ ਪਤ, ਪਤਿਪਰਮੇਸ਼ਵਰ ਆਪ ਅਖਵਾਇਆ । ਲੇਖੇ ਲਾਏ ਹੱਡ ਮਾਸ ਨਾੜੀ ਰੱਤ, ਆਪ ਆਪਣੀ ਦਇਆ ਕਮਾਇਆ । ਨਾਮ ਬੀਜ ਬੀਜੇ ਸਾਚੇ ਵਤ, ਕਾਇਆ ਮੰਦਰ ਫੋਲ ਫੁਲਾਇਆ । ਧੀਰਜ ਸੰਤੋਖ ਦੇਵੇ ਸਤਿ, ਸਤਿਵਾਦ ਆਪ ਉਪਜਾਇਆ । ਏਕਾ ਉਪਜੇ ਹਰਿ ਪ੍ਰੀਤ, ਪਾਰਬ੍ਰਹਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਟਿਕਾਇਆ । ਪੀਆ ਪ੍ਰੀਤਮ ਹਰਿ ਨਿਰੰਕਾਰ, ਪਰਮ ਪੁਰਖ ਅਖਵਾਇਆ । ਹਰਿਜਨ ਸਾਚੇ ਕਰੇ ਪਿਆਰ, ਲੋਕਮਾਤ ਮੇਲ ਮਿਲਾਇਆ । ਚਰਨ ਕਵਲ ਨਾਤਾ ਵਿਚ ਸੰਸਾਰ, ਪੁਰਖ ਬਿਧਾਤਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੀਸ ਜਗਦੀਸ ਆਪਣਾ ਹੱਥ ਰਖਾਇਆ । ਰੱਖੇ ਹੱਥ ਹਰਿ ਕਰਤਾਰ, ਸਗਲਾ ਸੰਗ ਨਿਭਾਈਆ । ਲੋਕਮਾਤ ਨਾ ਹੋਏ ਖ਼ਵਾਰ, ਜੋ ਜਨ ਨੇਤਰ ਲੋਚਣ ਨੈਣ ਦਰਸ਼ਨ ਪਾਈਆ । ਕਲਜੁਗ ਭਵਰੀ ਕਰੇ ਪਾਰ, ਸਚ ਸਮਗਰੀ ਇਕ ਵਖਾਈਆ । ਜੋਤ ਅਕਗਰੀ ਕਰ ਉਜਿਆਰ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਸਾਚੀ ਪਗੜੀ ਸੀਸ ਦਸਤਾਰ, ਨਾਮ ਨਿਧਾਨ ਆਪ ਬੰਧਾਈਆ । ਅੰਤਮ ਅੰਤ ਨਾ ਹੋਏ ਖਵਾਰ, ਜਮ ਜੰਧਾਰ, ਨੇੜ ਨਾ ਆਈਆ । ਦਰਸ ਦਿਖਾਏ ਦਇਆ ਕਮਾਏ ਆਪ ਆਪਣੀ

੫੩੯
੦੮

ਕਿਰਪਾ ਧਾਰ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ਼ਰੀਬ ਨਿਮਾਣੇ ਮੇਲੇ ਦਰ, ਦਰ ਘਰ ਸਾਚਾ ਸੋਭਾ ਪਾਈਆ । ਸੋਭਾਵੰਤ ਹਰਿ ਭਗਵੰਤ, ਨਰ ਨਰਾਇਣ ਅਖਵਾਇਆ । ਹਰਿਜਨ ਸਾਚੀ ਬਣਾਏ ਬਣਤ, ਬਨ ਬਨਵਾਰੀ ਵੇਸ ਵਟਾਇਆ । ਹੋਏ ਸਹਾਈ ਆਦਿ ਅੰਤ, ਜੁਗਾਂ ਜੁਗੰਤ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਜਗਤ ਅਧਾਰ ਭਗਤ ਅਧਾਰੀ ਵੱਖ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਾਤ ਅਜ਼ਾਤੀ ਮੇਟ ਮਿਟਾਇਆ ।

## ✪ ਕਰਮ ਸਿੰਘ ਦੇ ਘਰ ਸੇਖ ਸਰ ✪

ਪੂਰਨ ਗੁਰ ਸਰਬ ਗੁਣਤਾਸ, ਗੁਰਸਿਖ ਪੂਰਨ ਬ੍ਰਹਮ ਜਣਾਈਆ । ਲੇਖੇ ਲਾਏ ਸਵਾਸ ਸਵਾਸ, ਰਸਨਾ ਜੇਹਵਾ ਜੋ ਜਨ ਗਾਈਆ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਗਰਭ ਨਿਵਾਸ ਫੰਦ ਕਟਾਈਆ । ਹੋਏ ਸਹਾਈ ਪ੍ਰਿਥਮੀ ਅਕਾਸ਼, ਆਪ ਆਪਣਾ ਸੰਗ ਨਿਭਾਈਆ । ਸਾਚੇ ਮੰਡਲ ਪਾਵੇ ਸਾਚੀ ਰਾਸ, ਹਰਿ ਸਾਚੀ ਵਡ ਵਡਿਆਈਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਭਗਤਾਂ ਪੈਜ ਰਖਾਈਆ । ਸੰਤ ਸੁਹੇਲਾ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਸਾਚੇ ਮੰਡਲ ਪਾਵੇ ਰਾਸ, ਗੁਰਸਿਖ ਸੱਜਣ ਵੇਖ ਵਖਾਈਆ । ਕਰੇ ਕਰਾਏ ਪੂਰੀ ਆਸ, ਪੂਰਬ ਇਛਿਆ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣਵੰਤਾ ਗੁਣ ਨਿਧਾਨ, ਪੁਰਖ ਅਬਿਨਾਸ਼ੀ ਖੇਲ ਮਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਨੂਰ ਉਜਾਲ, ਨੂਰੋ ਨੂਰ ਸਮਾਇਆ । ਹਰਿਜਨ ਵੇਖੇ ਸਾਚੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਇਆ । ਸ਼ਬਦ ਸਰੂਪੀ ਬਣ ਦਲਾਲ, ਲੋਕਮਾਤ ਵੇਖਣ ਆਇਆ । ਜੋ ਜਨ ਘਾਲਨਾ ਰਹੇ ਘਾਲ, ਘਾਲੀ ਘਾਲ ਲੇਖੇ ਲਏ ਲਗਾਇਆ । ਸਚ ਵਖਾਏ ਲੋਕਮਾਤ ਧਰਮਸਾਲ, ਧਰਮ ਦਵਾਰਾ ਇਕ ਬਣਾਇਆ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਚਲਦਾ ਆਇਆ । ਗੁਰਮੁਖ ਸੱਜਣ ਲਏ ਭਾਲ, ਲੱਖ ਚੁਰਾਸੀ ਫੋਲ ਫੋਲਾਇਆ । ਵੇਖੇ ਫਲ ਸਾਚੇ ਡਾਲ੍ਹ, ਫੁਲ ਫੁਲਵਾੜੀ ਆਪ ਲਗਾਇਆ । ਤੋੜਨਹਾਰਾ ਜਗਤ ਜੰਜਾਲ, ਨਾਮ ਜੰਜਾਲ ਆਪਣਾ ਪਾਇਆ । ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇਆ । ਪੂਰਨ ਭਿਛਿਆ ਪੂਰ ਹਰਿ, ਸਤਿਗੁਰ ਪੂਰੇ ਹੱਥ ਵਡਿਆਈਆ । ਜਗਤ ਸਹਿੰਸਾ ਹਉਮੇ ਰੋਗ ਦੂਰ ਕਰ, ਦਰਦ ਦੁੱਖ ਭੈ ਭੰਜਣ ਨੇਤਰ ਅੰਜਣ ਏਕਾ ਪਾਈਆ । ਨਾਮ ਖੁਮਾਰੀ ਸਤਿ ਸਰੂਰ ਦਰ, ਸਾਕੀ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਆਸਾ ਸ਼ਬਦ ਭਰਵਾਸਾ ਸ਼ਬਦੀ ਸ਼ਬਦ ਚਲਾਈਆ । ਸਤਿਗੁਰ ਸ਼ਬਦ ਗੁਰਦੇਵ, ਸ਼ਬਦ ਸ਼ਬਦ ਇਸ਼ਟ ਰਖਾਇੰਦਾ । ਸ਼ਬਦ ਬ੍ਰਹਮਾ ਵਿਸ਼ਨ ਮਹੇਸ਼ ਲਗਾਏ ਸੇਵ, ਸ਼ਬਦ ਸ਼ਬਦੀ ਹੁਕਮ ਚਲਾਇੰਦਾ । ਸ਼ਬਦ ਦਾਤਾ ਗੁਣੀ ਗਹਿੰਦ ਵਡ ਮਰਗਿੰਦ ਅਲੱਖ ਅਭੇਵ, ਜੋਧਾ ਸੂਰਬੀਰ ਆਪ ਅਖਵਾਇੰਦਾ । ਸ਼ਬਦ ਮੇਟੇ ਸਗਲੀ ਚਿੰਦ, ਸ਼ਬਦ ਸਗਲਾ ਸੁਖ ਉਪਜਾਇੰਦਾ । ਸ਼ਬਦ ਉਪਜਾਏ ਨਾਦੀ ਬਿੰਦ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਗੁਣਤਾਸ ਪੁਰਖ ਅਬਿਨਾਸ਼,

੫੪੦
੦੮

ਨਿਜ ਘਰ ਵਾਸੀ ਆਪਣਾ ਆਪ ਵਖਾਇੰਦਾ । ਨਿਜ ਘਰ ਵਾਸਾ ਸ਼ਾਹੋ ਸ਼ਬਾਸ਼ਾ, ਘਰ ਬੈਠਾ ਤਾੜੀ ਲਾਈਆ । ਜਿਸ ਜਨ ਦੇਵੇ ਚਰਨ ਭਰਵਾਸਾ, ਬੰਦ ਕਿਵਾੜੀ ਆਪ ਖੁਲ੍ਹਾਈਆ । ਚਿੰਤਾ ਸੋਗ ਨਾ ਰਹੇ ਉਦਾਸਾ, ਰੋਗ ਸੋਗ ਨਾ ਕੋਇ ਵਹਾਈਆ । ਰੱਤੀ ਤੋਲਾ ਨਾ ਤੁਲੇ ਮਾਸਾ, ਸੇਰ ਧੜੀ ਨਾ ਕੋਇ ਵਿਕਾਈਆ । ਜਨ ਭਗਤਾਂ ਪੂਰੀ ਕਰੇ ਆਸਾ, ਨਾਮ ਰੰਗਣ ਇਕ ਰੰਗਾਈਆ । ਅੰਮ੍ਰਿਤ ਜਾਮ ਪਿਆਏ ਕਾਇਆ ਕਾਸਾ, ਸਚ ਕਟੋਰਾ ਹੱਥ ਉਠਾਈਆ । ਪੰਜ ਤੱਤ ਪੰਚਮ ਸ਼ਬਦ ਦੇਵਣਹਾਰਾ ਹਰਿ ਦਲਾਸਾ, ਆਪਣੀ ਬੂਝ ਆਪ ਬੁਝਾਈਆ । ਕਦੇ ਨਾ ਆਵੇ ਹਾਰ ਪਾਸਾ, ਜਿਸ ਮਿਲਿਆ ਦਾਤਾ ਦਾਨੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਧਰਮ ਵੇਖ ਵਖਾਈਆ । ਕਰਮ ਕਰਮਾਂ ਆਪੇ ਵੇਖ, ਕਰਮੀ ਕਰਮਾਂ ਬਣਤ ਬਣਾਇੰਦਾ । ਸਤਿ ਪੁਰਖ ਨਿਰੰਜਣ ਆਦਿ ਜੁਗਾਦੀ ਲਿਖਣਹਾਰਾ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਨੇਤਰ ਆਪੇ ਲਏ ਪੇਖ, ਜਗਤ ਨੇਤਰ ਨਾ ਕੋਇ ਵਖਾਇੰਦਾ । ਸਤਿ ਸਤਿਵਾਦੀ ਲਾਏ ਸਾਚੀ ਮੇਖ, ਗੁਰਸਿਖ ਤੇਰੀ ਜੜ ਨਾ ਕੋਇ ਉਖੜਾਇੰਦਾ । ਕੁੱਲੀ ਕੱਖਾਂ ਧਾਰੇ ਭੇਖ, ਜਿਉਂ ਬਿਦਰ ਅਲੂਣਾ ਸਾਗ ਭੋਗ ਲਗਾਇੰਦਾ । ਆਪਣੇ ਲੋਚਣ ਆਪਣੇ ਨੈਣ ਆਪਣਾ ਹਰਿ ਜੀ ਲੈਣਾ ਪੇਖ, ਕਾਹਨਾ ਕ੍ਰਿਸ਼ਨਾ ਮੁਕੰਦ ਮਨੋਹਰ ਲੱਖਮੀ ਨਰਾਇਣ ਵੇਸ ਵਟਾਇੰਦਾ । ਆਦਿਨ ਅੰਤਾ ਹਰਿ ਭਗਵੰਤਾ ਆਪੇ ਹੋਏ ਚੇਤਨ ਚੇਤ, ਚਿਤਵਤ ਠਗੌਰੀ ਕੋਇ ਨਾ ਪਾਇੰਦਾ । ਬੀਜ ਬੀਜੇ ਸਾਚਾ ਕਾਇਆ ਖੇਤ, ਆਪਣੀ ਹੱਥੀਂ ਹਲ ਚਲਾਇੰਦਾ । ਰੁੱਤ ਬਸੰਤੀ ਰਹੇ ਮਹੀਨਾ ਚੇਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਵਸੇ ਨੇਤਨ ਨੇਤ, ਨਿਤ ਨਵਿਤ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਕਰੇ ਸਾਚਾ ਹਿਤ, ਲੋਕਮਾਤ ਫੇਰਾ ਪਾਇੰਦਾ । ਸ਼ਬਦ ਸਰੂਪੀ ਖੇਵਟ ਖੇਟ, ਭਰਿਆ ਬੇੜਾ ਆਪ ਉਠਾਇੰਦਾ । ਆਪਣੇ ਨਾਮ ਦੁਸ਼ਾਲੇ ਲਏ ਲਪੇਟ, ਕਲਜੁਗ ਪੜਦਾ ਉਤੋਂ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਪੀ ਕਾਹਨ ਆਪ ਅਖਵਾਇੰਦਾ ।

## ✪ ੨੩ ਜੇਠ ੨੦੧੬ ਬਿਕ੍ਰਮੀ ਤੇਜ ਭਾਨ ਦੇ ਘਰ ਸ਼ੇਖ ਸਰ ਜੰਮੂ ✪

ਨਿਰਗੁਣ ਜੋਤ ਪੁਰਖ ਅਕਾਲ, ਆਦਿ ਜੁਗਾਦਿ ਸਮਾਇਆ । ਜੋਤੀ ਨੂਰ ਜਲਵਾ ਜਲਾਲ, ਭੇਵ ਅਭੇਦਾ ਭੇਵ ਨਾ ਰਾਇਆ । ਆਦਿ ਨਿਰੰਜਣ ਹਰਿ ਮਿਹਰਵਾਨ, ਆਦਿ ਅੰਤ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮੜਾ ਧਾਮ ਅਗੰਮੜਾ ਏਕਾ ਏਕ ਸੁਹਾਇਆ । ਪੁਰਖ ਅਗੰਮੜਾ ਅਗੰਮੜਾ ਨਰ ਨਿਰਗੁਣ ਆਪ ਕਰਾਈਆ । ਮਾਤ ਪਿਤ ਨਾ ਕੋਈ ਅੰਮੀ ਅੰਮੜਾ, ਭਾਈ ਭੈਣ ਨਾ ਕੋਇ ਰਖਾਈਆ । ਨਾ ਕੋਈ ਪੈਸਾ ਧੇਲਾ ਦਮੜਾ, ਦੂਸਰ ਵਸਤ ਨਾ ਕੋਇ ਟਿਕਾਈਆ । ਨਾ ਮਰੇ ਨਾ ਕਦੇ ਜੰਮੜਾ, ਏਕਾ ਏਕ ਖੇਲ ਖਿਲਾਈਆ । ਨਾ ਖ਼ੁਸ਼ੀ ਨਾ ਗਮੜਾ, ਨੀਰ ਨੈਣ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਏਕਾ ਏਕ ਏਕ ਹੋ ਜਾਈਆ । ਨੂਰ ਉਜਾਲਾ ਹਰਿ ਗੋਪਾਲਾ, ਪਰਮ ਪੁਰਖ ਅਬਿਨਾਸ਼ਿਆ । ਵਸਣਹਾਰਾ ਸਚ ਸੱਚੀ ਧਰਮਸਾਲਾ, ਹਰਿ ਸੱਜਣ ਸ਼ਾਹੋ ਸ਼ਬਾਸਿਆ । ਚਲੇ ਚਲਾਏ ਅਵੱਲੜੀ ਚਾਲਾ, ਆਪੇ ਖੇਲੇ ਖੇਲ ਤਮਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ

੫੪੨
੦੮

ਸਾਚੇ ਸਚ ਕਰੇ ਪਰਕਾਸਿਆ । ਸਚ ਪਰਕਾਸ਼ ਹਰਿ ਨਿਰੰਕਾਰਾ, ਏਕਾ ਏਕ ਕਰਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਲੇਖਾ ਲੇਖ ਨਾ ਕੋਇ ਲਿਖਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਆਪ ਆਪਣਾ ਨਾਉਂ ਧਰਾਇੰਦਾ । ਨਿਰਗੁਣ ਸਰਗੁਣ ਮੇਲ ਸੰਸਾਰਾ, ਸਾਚੀ ਰਚਨਾ ਆਪ ਰਚਾਇੰਦਾ । ਸ਼ਬਦ ਅਗੰਮੀ ਏਕਾ ਧਾਰਾ, ਆਪ ਆਪਣਾ ਤਾਲ ਵਜਾਇੰਦਾ । ਸਰ ਸਰੋਵਰ ਠੰਡੀ ਠਾਰਾ, ਅੰਮ੍ਰਿਤ ਆਪ ਸੁਹਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਅਤੋਟ ਅਤੁਟ ਰਖਾਇੰਦਾ । ਸਮਰਥ ਪੁਰਖ ਹਰਿ ਖੇਲ ਨਿਆਰਾ, ਕਥਾ ਅਕੱਥ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਉਪਜਾਇੰਦਾ । ਨਿਰਗੁਣ ਨਾਉਂ ਆਪਣਾ ਰੱਖ, ਨਿਰੰਕਾਰ ਨਿਰਾਕਾਰ ਅਖਵਾਇਆ । ਜੋਤੀ ਨੂਰ ਨੂਰ ਹੋ ਪਰਤੱਖ, ਆਪਣਾ ਦੀਪਕ ਆਪ ਵਖਾਇਆ । ਆਪੇ ਹੋਏ ਅਲੱਖਣਾ ਅਲੱਖ, ਅਲੱਖ ਨਿਰੰਜਣ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੂਪ ਅਨੂਪ ਦਰਸਾਇਆ । ਰੂਪ ਅਨੂਪ ਸ਼ਾਹ ਭੂਪ ਸਚ ਸੁਲਤਾਨ, ਮਿਹਰਵਾਨ ਏਕਾ ਏਕ ਅਖਵਾਇੰਦਾ । ਸਾਚਾ ਮੰਦਰ ਸਚ ਮਕਾਨ, ਸ੍ਰੀ ਭਗਵਾਨ ਆਪਣਾ ਆਪ ਆਪ ਰਚਾਇੰਦਾ । ਰਵ ਸਸ ਨਾ ਕੋਈ ਤੇਜ ਭਾਨ, ਮੰਡਲ ਮੰਡਪ ਨਾ ਕੋਇ ਸੁਹਾਇੰਦਾ । ਨਾ ਕੋਈ ਜ਼ਮੀਨ ਨਾ ਅਸਮਾਨ, ਪ੍ਰਿਥਮੀ ਅਕਾਸ਼ ਨਾ ਕੋਇ ਵਖਾਇੰਦਾ । ਨਾ ਕੋਈ ਸ਼ਬਦ ਰਾਗ ਗਾਏ ਧੁਨਕਾਨ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਜੀਵ ਜੰਤ ਨਾ ਕੋਇ ਜਹਾਨ, ਸਾਧ ਸੰਤ ਨਾ ਕੋਇ ਅਖਵਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਨਿਸ਼ਾਨ, ਲੱਖ ਚੁਰਾਸੀ ਨਾ ਕੋਇ ਉਪਾਇੰਦਾ । ਨਾ ਕੋਈ ਦੇਵੇ ਜੀਆ ਦਾਨ, ਰਿਜਕ ਸਬਾਈ ਨਾ ਕੋਇ ਅਖਵਾਇੰਦਾ । ਨਾ ਕੋਈ ਸੰਘਾਰੇ ਕੱਢੇ ਪਰਾਣ, ਮੇਲ ਵਿਛੋੜਾ ਨਾ ਕੋਇ ਵਖਾਇੰਦਾ । ਨਾ ਕੋਈ ਦਿਸੇ ਪੀਣ ਖਾਣ, ਤ੍ਰਿਸਨਾ ਭੁੱਖ ਨਾ ਕੋਇ ਰਖਾਇੰਦਾ । ਨਾ ਕੋਈ ਚਿੱਲਾ ਤੀਰ ਕਮਾਨ, ਨਾ ਕੋਈ ਰਾਮਾ ਬਾਣ ਉਠਾਇੰਦਾ । ਨਾ ਕੋਈ ਕ੍ਰਿਸ਼ਨਾ ਗੋਪੀ ਕਾਹਨ, ਰਾਸ ਮੰਡਲ ਨਾ ਕੋਇ ਰਚਾਇੰਦਾ । ਨਾ ਕੋਈ ਈਸਾ ਮੂਸਾ ਹੋਏ ਪਰਧਾਨ, ਕਾਲਾ ਸੂਸਾ ਨਾ ਕੋਇ ਛੁਹਾਇੰਦਾ । ਕੁਰਾਨ ਹਦੀਸਾ ਨਾ ਵੇਦ ਪੁਰਾਨ, ਗਾਇਤਰੀ ਮੰਤਰ ਨਾ ਕੋਇ ਪੜ੍ਹਾਇੰਦਾ । ਦੁਰਗਾ ਅਸ਼ਟਮੀ ਨਾ ਕੋਇ ਵਖਾਨ, ਸਿੰਘ ਅਸਵਾਰ ਨਾ ਕੋਇ ਚੜ੍ਹਾਇੰਦਾ । ਗਦਾ ਚੱਕਰ ਨਾ ਕੋਇ ਭਵਾਨ, ਖੰਡਾ ਖੜਗ ਨਾ ਕੋਇ ਉਠਾਇੰਦਾ । ਨਾ ਕੋਈ ਦੀਸੇ ਗਿਆਨ ਧਿਆਨ, ਭਗਤ ਭਗਤੀ ਨਾ ਕੋਇ ਕਮਾਇੰਦਾ । ਨਾਨਕ ਨਾਉਂ ਨਾ ਕੋਇ ਵਖਾਨ, ਪੰਜ ਤੱਤ ਨਾ ਕੋਇ ਵਸਾਇੰਦਾ । ਜੋਧਾ ਸੂਰਬੀਰ ਨਾ ਦਿਸੇ ਬਲਵਾਨ, ਪੰਚਮ ਪਿਆਰ ਨਾ ਸੰਗ ਰਲਾਇੰਦਾ । ਸੰਗ ਮੁਹੰਮਦ ਚਾਰ ਯਾਰੀ ਨਾ ਬਹਿ ਬਹਿ ਗਾਣ, ਐਨਲਹੱਕ ਨਾਅਰਾ ਨਾ ਕੋਈ ਲਾਇੰਦਾ । ਪੰਡਤ ਪਾਂਧਾ ਨਾ ਕਰੇ ਕੋਈ ਵਖਿਆਨ, ਤਿਲਕ ਲਲਾਟ ਨਾ ਕੋਈ ਚੜ੍ਹਾਇੰਦਾ । ਕਰੋੜ ਤੇਤੀਸਾ ਨਾ ਕੋਈ ਪਛਾਨ, ਸੁਰਪਤ ਅਪੱਛਰਾਂ ਨਾ ਕੋਈ ਨਚਾਇੰਦਾ । ਕਿਨਰ ਯਛਪ ਨਾ ਮਰਦੰਗ ਵਜਾਨ, ਤਾਨ ਸੈਨ ਨਾ ਕੋਈ ਗਾਇੰਦਾ । ਸੱਤ ਸਾਗਰ ਨਾ ਕਰੇ ਕੋਈ ਜਲ ਪਾਨ, ਪਹਾੜ ਉਜਾੜ ਨਾ ਕੋਈ ਉਪਾਇੰਦਾ । ਦਿਵਸ ਰਾਤ ਨਾ ਦੇਵੇ ਦਾਨ, ਘੜੀ ਪਲ ਨਾ ਕੋਈ ਗਿਣਾਇੰਦਾ । ਆਦਿ ਜੁਗਾਦੀ ਇਕ ਭਗਵਾਨ, ਨਿਰਗੁਣ ਨੂਰ ਡਗਮਗਾਇੰਦਾ । ਜੋਤੀ ਜੋਤ ਦੋ ਜਹਾਨ, ਸਗਲਾ ਸੰਗ ਆਪ ਰਖਾਇੰਦਾ । ਚੌਦਾਂ ਹੱਟ ਨਾ ਕੋਈ ਦੁਕਾਨ, ਚੌਦਾਂ ਲੋਕ ਨਾ ਕੋਈ ਬਣਾਇੰਦਾ । ਚੌਦਾਂ ਤਬਕਾਂ ਨਾ ਕਰੇ ਪਛਾਨ, ਚੌਦਸ ਚੌਦਾਂ ਚੰਦ ਨਾ ਕੋਈ ਚੜ੍ਹਾਇੰਦਾ । ਸਾਚਾ ਹਰਿ ਇਕ ਮਿਹਰਵਾਨ, ਆਪ ਆਪਣੀ ਕਲ ਵਰਤਾਇੰਦਾ । ਇਕ ਅਕੱਲਾ ਨੌਜਵਾਨ, ਸਚ ਮਹੱਲਾ ਆਪ ਵਸਾਇੰਦਾ ।

ਦੂਸਰ ਦਿਸੇ ਨਾ ਕੋਈ ਨਿਸ਼ਾਨ, ਦਰ ਦਰਬਾਨ, ਨਾ ਕੋਈ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਹਰਿ ਨਿਰੰਕਾਰ, ਇਕ ਅਕੱਲਾ ਆਪ ਅਖਵਾਇੰਦਾ । ਇਕ ਅਕੱਲਾ ਆਦਿ ਨਿਰੰਜਣ, ਆਦਿ ਪੁਰਖ ਅਖਵਾਇਆ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਣ, ਆਪ ਆਪਣਾ ਸੰਗ ਨਿਭਾਇਆ । ਆਪ ਕਰਾਏ ਆਪਣਾ ਮਜਨ, ਸਰ ਸਰੋਵਰ ਆਪਣਾ ਆਪ ਸੁਹਾਇਆ । ਆਪੇ ਨੇਤਰ ਪਾਏ ਅੰਜਣ, ਆਪ ਆਪਣੀ ਸੇਵਾ ਲਾਇਆ । ਆਪੇ ਜਾਣੇ ਘੜਨ ਭੰਨਣ, ਘੜਨ ਭੰਨਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਏਕਾ ਜੋਤ ਨੂਰ ਕਰੇ ਰੁਸ਼ਨਾਇਆ । ਜੋਤੀ ਨੂਰ ਨੂਰ ਉਪਾ, ਨੂਰੋ ਨੂਰ ਡਗਮਗਾਇੰਦਾ । ਆਪੇ ਜਾਣੇ ਆਪਣੀ ਆਣਾ, ਆਪਣਾ ਭਾਣਾ ਆਪ ਚੁਕਾਇੰਦਾ । ਆਪਣੇ ਚੜ੍ਹੇ ਆਪ ਬਿਬਾਨਾ, ਨਾ ਕੋਈ ਬਾਢੀ ਬਣਤ ਬਣਾਇੰਦਾ । ਆਪਣਾ ਬਣੇ ਆਪੇ ਰਾਣਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪਣੇ ਵਸੇ ਆਪ ਟਿਕਾਣਾ, ਥਿਰ ਘਰ ਸਾਚਾ ਦਰ ਸੁਹਾਇੰਦਾ । ਆਪਣਾ ਦੇਵਣਹਾਰਾ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਚਲਾਇੰਦਾ । ਆਪ ਆਪਣਾ ਦੇਵੇ ਮਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਿਲਾਇੰਦਾ । ਧੁਰ ਫ਼ਰਮਾਣਾ ਹਰਿ ਦਾਤਾਰ, ਆਪਣਾ ਆਪ ਉਪਜਾਈਆ । ਥਿਰ ਘਰ ਬੈਠ ਸੱਚੇ ਦਰਬਾਰ, ਸਾਚਾ ਹੁਕਮ ਆਪ ਸੁਣਾਈਆ । ਸ਼ਾਹੋ ਭੂਪ ਸੱਚੀ ਸਿਕਦਾਰ, ਸ਼ਾਹ ਸੁਲਤਾਨ ਵਡ ਵਡਿਆਈਆ । ਜੋਤ ਅਕਾਲ ਖ਼ਬਰਦਾਰ, ਸੇਵਕ ਸੇਵਾ ਸਚ ਲਗਾਈਆ । ਆਪੇ ਹੋਇਆ ਕੰਤ ਭਤਾਰ, ਆਪਣੀ ਨਾਰੀ ਆਪ ਹੰਢਾਈਆ । ਆਪੇ ਸੇਜਾ ਸੁੱਤਾ ਪੈਰ ਪਸਾਰ, ਅੰਗੀਕਾਰ ਆਪ ਅਖਵਾਈਆ । ਆਪੇ ਆਪਣੀ ਕਿਰਪਾ ਧਾਰ, ਆਪ ਆਪਣਾ ਸੁੱਤ ਉਪਜਾਈਆ । ਸ਼ਬਦ ਸੁੱਤ ਵਡ ਬਲਕਾਰ, ਘਰ ਸਾਚੇ ਬੈਠਾ ਆਸਣ ਲਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਸਾਚਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਉਪਜਾਈਆ । ਨਿਰਗੁਣ ਨਾਰੀ ਨਿਰਗੁਣ ਕੰਤ, ਨਿਰਗੁਣ ਸੁੱਤ ਉਪਜਾਇਆ । ਨਿਰਗੁਣ ਨਿਰਗੁਣ ਬਣਾਏ ਬਣਤ, ਨਿਰਗੁਣ ਨਿਰਗੁਣ ਵੇਖ ਵਖਾਇਆ । ਨਿਰਗੁਣ ਆਦਿ ਨਿਰੰਜਨ ਅੰਤ, ਨਿਰਗੁਣ ਆਪਣਾ ਖੇਲ ਖਿਲਾਇਆ । ਨਿਰਗੁਣ ਪਾਰਬ੍ਰਹਮ ਬੇਅੰਤ, ਭੇਵ ਕੋਈ ਨਾ ਰਾਇਆ । ਨਿਰਗੁਣ ਮਹਿਮਾ ਗਣਤ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਲਏ ਤਰਾਇਆ । ਨਿਰਗੁਣ ਪਿਤਾ ਨਿਰਗੁਣ ਮਾਤ, ਨਿਰਗੁਣ ਆਪਣੇ ਵਿਚ ਟਿਕਾਈਆ । ਨਿਰਗੁਣ ਨਿਰਗੁਣ ਦੇਵੇ ਦਾਤ, ਨਿਰਗੁਣ ਭਿਛਿਆ ਝੋਲੀ ਪਾਈਆ । ਨਿਰਗੁਣ ਨਿਰਗੁਣ ਚਲਾਏ ਰਾਥ, ਰਥ ਰਥਵਾਹੀ ਆਪ ਅਖਵਾਈਆ । ਨਿਰਗੁਣ ਨਿਰਗੁਣ ਨਿਭਾਏ ਸਗਲਾ ਸਾਥ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਨਿਰਗੁਣ ਲਾਲ ਇਕ ਉਪਜਾਈਆ । ਨਿਰਗੁਣ ਲਾਲ ਹਰਿ ਗੋਪਾਲ, ਸ਼ਬਦੀ ਸੁੱਤ ਉਪਜਾਇਆ । ਆਪਣੇ ਫਲ ਲਗਾਇਆ ਡਾਲ੍ਹ, ਆਪਣੀ ਰੁੱਤ ਸੁਹਾਇਆ । ਆਪੇ ਕਰੇ ਕਰਾਏ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇਆ । ਆਪੇ ਸ਼ਾਹ ਆਪੇ ਕੰਗਾਲ, ਆਪਣਾ ਭੰਡਾਰ ਆਪ ਭਰਾਇਆ । ਆਪੇ ਬਨਿਆ ਵਿਚ ਦਲਾਲ, ਸਚ ਦਲਾਲੀ ਆਪ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚੇ ਹਰਿ ਸਾਚੀ ਖੇਲ ਖਿਲਾਇਆ । ਥਿਰ ਘਰ ਸਾਚਾ ਸਚ ਦਰਬਾਰਾ, ਹਰਿ ਸਾਚਾ ਕਰਮ ਕਮਾਇੰਦਾ । ਪੂਤ ਸਪੂਤਾ


੫੪੩
੦੮

ਸੁੱਤ ਦੁਲਾਰਾ, ਸ਼ਬਦੀ ਸ਼ਬਦ ਉਪਜਾਇੰਦਾ । ਏਕਾ ਹੁਕਮ ਸੱਚੀ ਸਰਕਾਰਾ, ਆਪਣਾ ਆਪ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਉਸਾਰਾ, ਸਾਚੀ ਸੇਵ ਲਗਾਇੰਦਾ । ਵਿਸ਼ਨ ਬ੍ਰਹਮਾ ਭਰ ਭੰਡਾਰਾ, ਸ਼ੰਕਰ ਸੰਗ ਰਲਾਇੰਦਾ । ਨਾਦ ਅਨਾਦੀ ਸੱਚੀ ਧੁਨਕਾਰਾ, ਬ੍ਰਹਿਮਾਦੀ ਆਪ ਅਲਾਇੰਦਾ । ਆਦਿ ਜੁਗਾਦੀ ਏਕਾ ਕਾਰਾ, ਏਕੰਕਾਰਾ ਆਪ ਕਮਾਇੰਦਾ । ਲੇਖਾ ਲਿਖੇ ਨਾ ਬਣ ਲਿਖਾਰਾ, ਬ੍ਰਹਮਾ ਵੇਤਾ ਭੇਵ ਨਾ ਪਾਇੰਦਾ । ਚਾਰ ਵੇਦਾਂ ਭਰ ਭੰਡਾਰਾ, ਲੋਕਮਾਤੀ ਰਾਹ ਵਖਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਹੁਕਮੀ ਹੁਕਮ ਚਲਾਇੰਦਾ । ਤ੍ਰੈਗੁਣ ਤੇਰਾ ਮੀਤ ਮੁਰਾਰਾ, ਪੰਚਮ ਜੋੜ ਜੁੜਾਇੰਦਾ । ਲੱਖ ਚੁਰਾਸੀ ਮਹੱਲ ਉਸਾਰਾ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਮਨ ਮਤ ਬੁਧ ਕਰ ਪਿਆਰਾ, ਨੌਂ ਦਰ ਖੋਜ ਖੋਜਾਇੰਦਾ । ਘਰ ਵਿਚ ਘਰ ਇਕ ਉਸਾਰਾ, ਆਪ ਆਪਣਾ ਆਸਣ ਲਾਇੰਦਾ । ਮਾਨਸ ਮਾਨੁਖ ਕਰ ਉਜਿਆਰਾ, ਭਗਤ ਭਗਤੀ ਇਕ ਦ੍ਰਿੜਾਇੰਦਾ । ਦੂਤਾਂ ਦੁਸ਼ਟਾਂ ਕਰੇ ਸੰਘਾਰਾ, ਆਪ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਪੰਜ ਤੱਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨ ਅੰਤਾ ਹਰਿ ਭਗਵੰਤਾ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਹਰਿ ਭਗਵੰਤ ਹਰਿ ਭਗਵਾਨ, ਹਰਿ ਹਰਿ ਜੋਤ ਜਗਾਈਆ । ਆਦਿ ਜੁਗਾਦੀ ਵੇਖੇ ਜਗਤ ਨਿਸ਼ਾਨ, ਜੁਗ ਜੁਗ ਵੱਡੀ ਵਡਿਆਈਆ । ਆਪੇ ਹੋਇਆ ਸੀਤਾ ਰਾਮ, ਕਾਹਨਾ ਗੋਪੀ ਆਪ ਨਚਾਈਆ । ਆਪੇ ਮੰਤਰ ਦ੍ਰਿੜਾਏ ਸਤਿਨਾਮ ਗੋਬਿੰਦ ਫਤਿਹ ਆਪ ਗਜਾਈਆ । ਆਪੇ ਪਿਆਏ ਅੰਮ੍ਰਿਤ ਜਾਮ, ਤ੍ਰਿਸਨਾ ਤ੍ਰਿਖਾ ਆਪ ਬੁਝਾਈਆ । ਆਪੇ ਵੇਖੇ ਕਲਜੁਗ ਅੰਧ ਅੰਧੇਰੀ ਸ਼ਾਮ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਨਗਰ ਨਾ ਗਰਾਮ, ਨਾ ਕੋਈ ਖੇੜਾ ਰਿਹਾ ਵਸਾਈਆ । ਪੱਲੇ ਦਿਸੇ ਨਾ ਕਿਸੇ ਨਾਮ, ਚਾਰੇ ਕੰਨੀਆਂ ਖਾਲੀ ਰਹੇ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਨਿਰਾਕਾਰ, ਨਿਰੰਕਾਰਾ ਆਪਣੀ ਆਪ ਰਖਾਈਆ । ਨਿਰੰਕਾਰ ਨਿਰਵੈਰ, ਆਦਿ ਜੁਗਾਦਿ ਅਖਵਾਇੰਦਾ । ਜੁਗਾ ਜੁਗੰਤਰ ਆਦਿ ਜੁਗਾਦਿ ਸ਼ਬਦ ਅਨਾਦੀ ਕਰੇ ਸੈਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਫੇਰਾ ਪਾਇੰਦਾ । ਜਨ ਭਗਤ ਉਧਾਰੇ ਕਰ ਕਰ ਆਪਣੀ ਮਿਹਰ, ਆਪ ਆਪਣਾ ਦਰਸ ਵਖਾਇੰਦਾ । ਲੱਖ ਚੁਰਾਸੀ ਵਰਤੇ ਕਹਿਰ, ਰਾਜ ਰਾਜਾਨ ਸ਼ਾਹ ਸੁਲਤਾਨ ਸਾਚਾ ਹੁਕਮ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਆਪੇ ਧਰ, ਨੂਰ ਉਜਾਲਾ ਇਕ ਵਖਾਇੰਦਾ । ਨੂਰ ਉਜਾਲਾ ਹਰਿ ਬਨਵਾਰੀ, ਅਕਲ ਕਲਾ ਅਖਵਾਈਆ । ਕਲਜੁਗ ਵੇਖੇ ਰੈਣ ਅੰਧਿਆਰੀ, ਚਾਰੋਂ ਕੁੰਟ ਅੰਧੇਰਾ ਛਾਈਆ । ਵਰਨਾਂ ਬਰਨਾਂ ਹੋਏ ਖੁਵਾਰੀ, ਸਾਚੀ ਸਿਖਿਆ ਨਾ ਕੋਇ ਪੜ੍ਹਾਈਆ । ਧੀਆਂ ਭੈਣਾਂ ਵਣਜ ਵਪਾਰੀ, ਕੂੜੇ ਧੰਦੇ ਲਾਈਆ । ਕਾਮ ਕਰੋਧ ਰਿਹਾ ਲਲਕਾਰੀ, ਹਉਮੇ ਹੰਗਤਾ ਲਏ ਅੰਗੜਾਈਆ । ਸਾਧਾਂ ਸੰਤਾਂ ਸੁਰਤ ਸਵਾਣੀ ਰਹੀ ਕਵਾਰੀ, ਹਰਿ ਕੰਤ ਨਾ ਕੋਇ ਹੰਢਾਈਆ । ਉਚੇ ਟਿੱਲੇ ਪਰਬਤ ਬੈਠੇ ਜੰਗਲ ਜੂਹ ਉਜਾੜ ਪਹਾੜੀ, ਜਲ ਧਾਰਾ ਸੀਸ ਵਹਾਈਆ । ਨਾਲ ਰਲਾਈ ਤ੍ਰਿਸਨਾ ਲਾੜੀ, ਆਸਾ ਮਨਸਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਦੀਪਕ ਬਾਤੀ, ਹਰਿ ਸਾਚੇ ਸਚ ਜਗਾਈਆ । ਪਰਗਟ ਹੋਇਆ ਕਮਲਾਪਾਤੀ, ਨਿਹਕਲੰਕਾ ਨਾਉਂ ਰਖਾਈਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤੀ, ਸਾਂਤਕ ਸਤਿ ਵਰਤਾਈਆ । ਬੰਦ ਕਿਵਾੜਾ ਖੋਲ੍ਹੇ ਤਾਕੀ, ਬਜਰ ਕਪਾਟੀ ਆਪ ਤੁੜਾਈਆ ।


੫੪੪ ੦੮

ਅੰਮ੍ਰਿਤ ਜਾਮ ਪਿਆਏ ਸਾਚਾ ਸਾਕੀ, ਸ਼ਬਦ ਪਿਆਲਾ ਹੱਥ ਉਠਾਈਆ । ਗੁਰ ਗੋਬਿੰਦ ਲਹਿਣਾ ਦੇਣ ਚੁਕਾਏ ਬਾਕੀ, ਪਿਛਲਾ ਮੂਲ ਨਾ ਕੋਇ ਰਖਾਈਆ । ਅਸਵ ਘੋੜੇ ਰੱਖੇ ਚਾਲ ਬਾਂਕੀ, ਨੀਲਾ ਨੀਲੀ ਧਾਰੋਂ ਪਾਰ ਲੰਘਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਅੱਗੇ ਕੋਇ ਰਹੇ ਨਾ ਆਕੀ, ਸ਼ਾਹ ਸੁਲਤਾਨਾਂ ਖਾਕ ਮਿਲਾਈਆ । ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ ਆਪਣੀ ਕਰੇ ਆਪ ਚਾਲਾਕੀ, ਵੇਦ ਕਤੇਬ ਭੇਵ ਨਾ ਪਾਈਆ । ਅਲੱਖ ਨਿਰੰਜਣ ਅਲੱਖਣਾ ਅਲਾਖੀ, ਅਗੰਮ ਅਗੋਚਰ ਅਥਾਹ ਬੇਪਰਵਾਹ ਆਪ ਅਖਵਾਈਆ । ਕਲਜੁਗ ਤੇਰੀ ਅੰਤਮ ਆਪ ਚਲਾਏ ਆਪਣੀ ਸਾਖੀ, ਸਾਚੀ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨੂਰੀ ਅੱਲਾ, ਅਲਾਹੀ ਨੂਰ ਆਪ ਅਖਵਾਇੰਦਾ । ਏਕਾ ਵਸਿਆ ਸਚ ਮਹੱਲਾ, ਉਚ ਅਟੱਲਾ ਦਿਸ ਨਾ ਆਇੰਦਾ । ਪਾਵੇ ਸਾਰ ਜਲਾਂ ਥਲਾਂ, ਡੂੰਘੀ ਕੰਦਰ ਫੋਲ ਫੋਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ਨ ਡੇਰਾ ਲਾਇੰਦਾ । ਸ਼ਬਦ ਅਗੰਮੀ ਫੜਿਆ ਭੱਲਾ, ਆਪਣੇ ਹੱਥ ਚਮਕਾਇੰਦਾ । ਏਕਾ ਵਾਰ ਕਲਜੁਗ ਅੰਤਮ ਬੋਲੇ ਹੱਲਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਫਿਰੇ ਦਰੋਹੀ ਇਕ ਅਕੱਲਾ, ਹਜ਼ਰਤ ਪੀਰ ਦਸਤਗੀਰ ਸ਼ਾਹ ਹਕੀਰ ਸੀਸ ਨਾ ਕੋਇ ਉਠਾਇੰਦਾ । ਆਦਿ ਜੁਗਾਦੀ ਅਛਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਇੰਦਾ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਏਕਾ ਬ੍ਰਹਮ ਵਖਾਇੰਦਾ । ਮਨਮੁਖ ਜੀਵਾਂ ਕਲਜੁਗ ਕਾਇਆ ਫਲ ਬੂਟਾ ਹੁਲਾ, ਅੰਤਮ ਮੁਲ ਨਾ ਕੋਇ ਪਵਾਇੰਦਾ । ਸ਼ਬਦ ਅੰਧੇਰਾ ਝੱਖੜ ਏਕਾ ਝੁੱਲਾ, ਕੂੜੀ ਕਿਰਿਆ ਜੜ ਉਖੜਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਸਤਿਗੁਰ ਕੰਡੇ ਵਿਰਲਾ ਤੁਲਾ, ਤੋਲਣਹਾਰਾ ਆਪ ਤੁਲਾਇੰਦਾ । ਮਨਮੁਖ ਜੀਵ ਮਾਇਆ ਮਮਤਾ ਹਉਮੇ ਹੰਗਤਾ ਰੁੱਲਾ, ਸਾਚੀ ਸੰਗਤਾ ਨਾ ਕੋਈ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਡਗਮਗਾ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰਮੁਖ ਸੱਜਣ ਲਏ ਉਠਾ, ਸੋਇਆ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਲਏ ਮਨਾ, ਕਲਜੁਗ ਅੰਤਮ ਸੇਵ ਕਮਾਈਆ । ਘਰ ਘਰ ਅੰਦਰ ਮੰਦਰ ਫੇਰੀ ਪਾ, ਅੰਧ ਅੰਧੇਰਾ ਦਏ ਮਿਟਾਈਆ । ਸੰਝ ਸਵੇਰਾ ਇਕ ਕਰਾ, ਏਕਾ ਨੂਰ ਕਰੇ ਰੁਸ਼ਨਾਈਆ । ਰਵ ਸਸ ਰਹੇ ਸ਼ਰਮਾ, ਜਿਸ ਮਿਲਿਆ ਬੇਪਰਵਾਹੀਆ । ਕਰੋੜ ਤੇਤੀਸਾ ਰਿਹਾ ਰਾਹ ਤਕਾ, ਗੁਰਸਿਖ ਤੇਰੀ ਵਡ ਵਡਿਆਈਆ । ਬ੍ਰਹਮਾ ਵੇਤਾ ਸੀਸ ਰਿਹਾ ਝੁਕਾ, ਘਰ ਸਾਚੇ ਵੱਜੇ ਵਧਾਈਆ । ਵਿਸ਼ਨੂੰ ਵੰਸੀ ਗੋਦੀ ਲਏ ਉਠਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਗੁਰਸਿਖ ਸਾਚੇ ਵੇਖੇ ਥਾਉਂ ਥਾਈਂਆ । ਕਲਜੁਗ ਕਰੇ ਸਚ ਨਿਆਂ, ਸਾਚਾ ਸਾਲਸ ਆਪ ਬਣ ਜਾਈਆ । ਚਾਰ ਕੁੰਟ ਦਹਿ ਦਿਸ਼ਾ ਜੂਠੇ ਝੂਠੇ ਉਡਨੇ ਕਾਂ, ਕਾਗੋਂ ਹੰਸ ਨਾ ਕੋਇ ਬਣਾਈਆ । ਜਿਸ ਜਨ ਜਪਿਆ ਹਰਿ ਹਰਿ ਨਾਂ, ਹਰਿ ਸਾਚਾ ਵੇਖ ਵਖਾਈਆ । ਸ਼ਬਦ ਸਰੂਪੀ ਪਕੜੇ ਬਾਂਹ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਿਰਗੁਣ ਹਰਿ ਹਰਿ ਨਿਰਗੁਣ ਜੋਤ, ਨਿਰਗੁਣ ਆਪਣਾ ਨਾਉਂ ਰਖਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਜ਼ਾਤ ਪਾਤ ਬਣਾਇਆ । ਲੱਭਦੇ ਫਿਰਦੇ ਕੋਟੀ ਕੋਟ, ਅਠਸਠ ਬੈਠੇ ਧੂਣੀਆਂ ਤਾਇਆ । ਕੋਟਨ ਕੋਟੀ ਬੰਨ ਲੰਗੋਟ, ਸੀਸ ਖ਼ਾਕ ਰਹੇ ਪਵਾਇਆ । ਕੋਟਨ ਕੋਟ ਮਾਰਨ ਵਾਸਨਾ

ਖੋਟ, ਮੁਖ ਪੜਦਾ ਰਹੇ ਪਾਇਆ । ਕੋਟਨ ਕੋਟ ਨਾ ਭਰੀ ਪੋਟ, ਦਰ ਦਰ ਬੈਠੇ ਅਲਖ ਜਗਾਇਆ । ਕੋਟਨ ਕੋਟ ਚੜ੍ਹੇ ਪਰਬਤ ਚੋਟ, ਆਪਣੀ ਚੋਟੀ ਰਹੇ ਬਣਾਇਆ । ਬਿਨ ਸਤਿਗੁਰ ਪੂਰੇ ਤਨ ਨਗਾਰੇ ਨਾ ਕੋਈ ਲਾਵੇ ਚੋਟ, ਅਨਹਦ ਤਾਲ ਨਾ ਕੋਇ ਸੁਣਾਇਆ । ਜਨ ਭਗਤਾਂ ਬਖ਼ਸ਼ੇ ਚਰਨ ਕਵਲ ਏਕਾ ਓਟ, ਪੁਰਖ ਅਕਾਲ ਇਕ ਮਨਾਇਆ । ਕਲਜੁਗ ਜੀਵ ਆਹਲਨਿਉਂ ਡਿਗੇ ਬੋਟ, ਨਾ ਸਕੇ ਕੋਈ ਉਠਾਇਆ । ਸਾਧਾਂ ਸੰਤਾਂ ਭਰੀ ਨਾ ਪੋਟ, ਮਾਇਆ ਮਮਤਾ ਹੋਏ ਹਲਕਾਇਆ । ਕਿਸੇ ਨਾ ਰਲਾਈ ਜੋਤੀ ਜੋਤ, ਸੁਖਮਨ ਰਾਹ ਨਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਤਰਾਇਆ । ਗੁਰਸਿਖ ਸੱਜਣ ਸੱਚਾ ਸਾਕੀ, ਹਰਿ ਸਾਚਾ ਆਪ ਅਖਵਾਇੰਦਾ । ਕਲਜੁਗ ਦੇਵਣ ਆਇਆ ਬਾਕੀ, ਪੂਰਬ ਲਹਿਣਾ ਆਪ ਚੁਕਾਇੰਦਾ । ਗੁਰ ਗੋਬਿੰਦ ਪੂਰਾ ਕਰੇ ਭਵਿਖਤ ਵਾਕੀ, ਜੋ ਸਰਸੇ ਵਿਚ ਰੁੜ੍ਹਾਇੰਦਾ । ਅਰਸ਼ ਫਰਸ਼ ਵੇਖੇ ਬੰਦਾ ਖਾਕੀ, ਕਾਇਨਾਤ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਧਾਰਾ ਹਰਿ ਨਿਰੰਕਾਰਾ ਚਾਰ ਵਰਨਾਂ ਇਕ ਚਲਾਇੰਦਾ । ਚਾਰ ਵਰਨਾਂ ਇਕ ਗਿਆਨ, ਏਕਾ ਕਰੇ ਜਣਾਈਆ । ਚਾਰ ਵਰਨਾਂ ਇਕ ਧਿਆਨ, ਏਕਾ ਇਸ਼ਟ ਵਖਾਈਆ । ਚਾਰ ਵਰਨਾਂ ਏਕਾ ਮਾਣ, ਏਕਾ ਦਰ ਸੁਹਾਈਆ । ਚਾਰ ਵਰਨਾਂ ਏਕਾ ਦਾਨ, ਏਕਾ ਭਿਛਿਆ ਝੋਲੀ ਪਾਈਆ । ਚਾਰ ਵਰਨਾਂ ਏਕਾ ਪੀਣ ਖਾਣ, ਏਕਾ ਰੰਗ ਰੰਗਾਈਆ । ਚਾਰ ਵਰਨਾਂ ਮਾਰੇ ਏਕਾ ਬਾਣ, ਪੰਚਮ ਨਾਤਾ ਤੋੜ ਤੁੜਾਈਆ । ਚਾਰ ਵਰਨਾਂ ਦਰਸਾਏ ਇਕ ਭਗਵਾਨ, ਜੋਤੀ ਨੂਰ ਡਗਮਗਾਈਆ । ਚਾਰ ਵਰਨਾਂ ਇਕ ਈਮਾਨ, ਏਕਾ ਕਲਮਾ ਦਏ ਸਖਾਈਆ । ਚਾਰ ਵਰਨਾਂ ਇਕ ਅੰਜੀਲ ਕੁਰਾਨ, ਇਕ ਹਦਾਇਤ ਸ਼ਰਅ ਸ਼ਰਾਇਤ ਇਕ ਜਣਾਈਆ । ਚਾਰ ਵਰਨਾਂ ਏਕਾ ਵੇਦ ਪੁਰਾਨ, ਏਕਾ ਪੂਜਾ ਪਾਠਾ ਕਰੇ ਪੜ੍ਹਾਈਆ । ਚਾਰ ਵਰਨਾਂ ਏਕਾ ਗੀਤਾ ਗਿਆਨ, ਗਿਆਨ ਗੋਝ ਇਕ ਖੁਲ੍ਹਾਈਆ । ਚਾਰ ਵਰਨ ਰਖਾਏ ਇਕ ਨਿਸ਼ਾਨ, ਚਾਰ ਵਰਨਾਂ ਏਕਾ ਰਿਹਾ ਝੁਲਾਈਆ । ਚਾਰ ਵਰਨ ਸਾਚੀ ਦਰਗਹਿ ਕਰੇ ਪਰਵਾਨ, ਵਡ ਦਾਤਾ ਬੇਪਰਵਾਹੀਆ । ਚਾਰ ਵਰਨ ਮੰਗਲ ਏਕਾ ਗਾਣ, ਗੁਰ ਅਰਜਨ ਸ਼ਬਦ ਸੁਣਾਈਆ । ਚਾਰ ਵਰਨਾਂ ਇਕ ਕਿਰਪਾਨ, ਏਕਾ ਖੰਡਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਗੁਣ ਲਏ ਉਪਜਾਈਆ । ਚਾਰ ਵਰਨਾਂ ਏਕਾ ਰੰਗ, ਹਰਿ ਸਾਚਾ ਆਪ ਚੜ੍ਹਾਇੰਦਾ । ਚਾਰ ਵਰਨਾਂ ਸਚ ਪਲੰਘ, ਹਰਿ ਸਾਚਾ ਆਪ ਵਖਾਇੰਦਾ । ਚਾਰ ਵਰਨਾਂ ਬਖ਼ਸ਼ੇ ਏਕਾ ਮੰਗ, ਮੰਗਤਾ ਮੰਗਣਹਾਰਾ ਆਪ ਹੋ ਜਾਇੰਦਾ । ਚਾਰ ਵਰਨਾਂ ਚਾੜ੍ਹੇ ਏਕਾ ਰੰਗ, ਰੰਗਣਹਾਰ ਆਪ ਹੋ ਜਾਇੰਦਾ । ਚਾਰ ਵਰਨਾਂ ਆਪ ਵਜਾਏ ਮਰਦੰਗ, ਘਰ ਘਰ ਵਿਚ ਤਾਲ ਰਖਾਇੰਦਾ । ਚਾਰ ਵਰਨ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਚਾਰ ਵਰਨਾਂ ਲਾਏ ਅੰਗ, ਹੰ ਬ੍ਰਹਮ ਆਪ ਪਰਨਾਇੰਦਾ । ਚਾਰ ਵਰਨ ਅੰਦਰ ਆਪੇ ਲੰਘ, ਆਪਣਾ ਮੰਦਰ ਆਪ ਸੁਹਾਇੰਦਾ । ਚਾਰ ਵਰਨ ਰਸਨਾ ਤਜਾਏ ਮਦਿਰਾ ਮਾਸ ਗੰਦ, ਅੰਮ੍ਰਿਤ ਜਾਮ ਇਕ ਪਿਆਇੰਦਾ । ਚਾਰ ਵਰਨਾਂ ਦੇਵਣਹਾਰਾ ਡੰਨ, ਡੌਰੂ ਡੰਕਾ ਏਕਾ ਵਾਹਿੰਦਾ । ਚਾਰ ਵਰਨ ਆਪੇ ਘੜੇ ਆਪੇ ਲਏ ਭੰਨ, ਭੰਨਣਹਾਰਾ ਆਪ ਅਖਵਾਇੰਦਾ । ਚਾਰ ਵਰਨ ਬੇੜਾ ਆਪੇ ਦਏ ਬੰਨ, ਮੰਝਧਾਰ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਆਪਣਾ ਹੁਕਮ ਚਲਾਇੰਦਾ ।

੫੪੬
੦੮

ਸ਼ਬਦ ਹੁਕਮ ਧੁਰ ਫ਼ਰਮਾਣਾ, ਕਲਜੁਗ ਅੰਤਮ ਅੰਤ ਚਲਾਇਆ । ਪਕੜ ਉਠਾਏ ਰਾਜਾ ਰਾਣਾ, ਸ਼ਾਹ ਸੁਲਤਾਨ ਆਪ ਹਿਲਾਇਆ । ਸਾਧਾਂ ਸੰਤਾਂ ਜੀਵਾਂ ਜੰਤਾਂ ਮੰਨਣਾ ਪਏ ਭਾਣਾ, ਨਾ ਸਕੇ ਕੋਇ ਰੁਕਾਇਆ । ਬ੍ਰਹਮਾ ਸ਼ਿਵ ਹੋਏ ਹੈਰਾਨਾ, ਹਰਿ ਕਾ ਭੇਵ ਨਾ ਕੋਇ ਆਇਆ । ਕਰੋੜ ਤੇਤੀਸਾ ਬਾਲ ਨਿਧਾਨਾ, ਦਿਵਸ ਰੈਣ ਰਿਹਾ ਕੁਰਲਾਇਆ । ਕਲਜੁਗ ਅੰਤਮ ਪਰਗਟਿਆ ਜੋਧਾ ਸੂਰ ਮਰਦ ਮਰਦਾਨਾ, ਹਰਿ ਆਪਣਾ ਨਾਉਂ ਰਖਾਇਆ । ਏਕਾ ਚਿੱਲਾ ਤੀਰ ਕਮਾਨਾ, ਸ਼ਬਦ ਅਗੰਮਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਕਰੇ ਖਵਾਰ, ਗੁਰਮੁਖ ਸੱਜਣ ਲਾਏ ਪਾਰ, ਜਿਸ ਜਨ ਆਪਣਾ ਦਰਸ ਵਖਾਇਆ । ਗੁਰਸਿਖ ਤੇਰੀ ਵਡਿਆਈ ਧੰਨ, ਧੰਨ ਨਾਮਾ ਹਰਿ ਹਰਿ ਪਾਇਆ । ਗੁਰਸਿਖ ਤੇਰੀ ਵਡਿਆਈ ਧੰਨ, ਜਨਣੀ ਜਨ ਏਕਾ ਜਾਇਆ । ਹਰਿਜਨ ਤੇਰੀ ਵਡਿਆਈ ਧੰਨ, ਹਰਿ ਮੰਤਰ ਨਾਮ ਦ੍ਰਿੜਾਇਆ । ਹਰਿ ਭਗਤ ਵਡਿਆਈ ਧੰਨ, ਭਗਤ ਭਗਵੰਤ ਮੀਤ ਬਣਾਇਆ । ਗੁਰ ਗੁਰ ਪੂਰਾ ਬੇੜੇ ਦੇਵੇ ਬੰਨ, ਆਪ ਆਪਣਾ ਬਿਰਧ ਰਖਾਇਆ । ਸਤਿਗੁਰ ਪੂਰਾ ਵਸਿਆ ਬਿਨ ਛਪਰੀ ਛੰਨ, ਚਾਰ ਦੀਵਾਰ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਰਗੁਣ ਚੇਲਾ ਇਕ ਉਪਜਾਇਆ । ਸਰਗੁਣ ਚੇਲਾ ਗੁਰ ਗੋਬਿੰਦ ਨਿਰਗੁਣ ਮੇਲ ਮਿਲੰਨਿਆ । ਪੁਰਖ ਅਬਿਨਾਸ਼ੀ ਮੇਟੇ ਸਗਲੀ ਚਿੰਦ, ਆਪਣਾ ਜਨ ਆਪੇ ਜਨਿਆ । ਆਪ ਉਪਜਾਈ ਆਪਣੀ ਬਿੰਦ, ਆਪ ਆਪਣਾ ਖੇਲ ਖਿਲੰਨਿਆ । ਗਹਿਰ ਗੰਭੀਰ ਸਾਗਰ ਸਿੰਧ, ਦਿਸ ਨਾ ਆਏ ਕਲਜੁਗ ਜੀਵ ਅੰਨਿਆ । ਮਨਮੁਖ ਲਾਏ ਆਪਣੀ ਨਿੰਦ, ਗੁਰਮੁਖਾਂ ਅੰਦਰ ਆਪੇ ਸੰਨਿਆ । ਪਕੜ ਉਠਾਏ ਵਾਲੀ ਹਿੰਦ, ਸ਼ਬਦ ਸੁਨੇਹੜਾ ਏਕਾ ਘੱਲਿਆ । ਕਲਜੁਗ ਅੰਤਮ ਪੈਣੀ ਛਿੰਜ, ਸ਼ਾਹ ਸੁਲਤਾਨ ਬੇੜਾ ਕਿਸੇ ਨਾ ਬੰਨਿਆ । ਮਨਮੁਖਤਾ ਹਉਮੇ ਹੰਗਤਾ ਦੇਵੇ ਪਿੰਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਹਾਜ਼ਰ ਹਜ਼ੂਰ ਜ਼ਾਹਰਾ ਚੰਨ ਚੜ੍ਹਾਏ ਚੰਨਿਆ । ਚੜ੍ਹਿਆ ਚੰਨ ਸਚ ਪਰਕਾਸ਼, ਚੰਦਨ ਨਿੰਮ ਮਹਿਕਾਈਆ । ਗੁਰਮੁਖ ਮੇਲਾ ਵਿਚ ਪਰਭਾਸ, ਧਰਤ ਧਵਲ ਵਡਿਆਈਆ । ਮੰਗਲਾਚਾਰ ਪ੍ਰਿਥਮੀ ਅਕਾਸ਼, ਪੁਰੀਆਂ ਲੋਆਂ ਸਗਨ ਮਨਾਈਆ । ਜਿਸ ਜਨ ਪਾਇਆ ਸ਼ਾਹੋ ਸਬਾਸ਼, ਘਰ ਸਾਚੇ ਹੋਏ ਰੁਸ਼ਨਾਈਆ । ਪੁਰਖ ਪਰਖੋਤਮ ਪੂਰੀ ਕਰੇ ਆਸ, ਪਰਮ ਪੁਰਖ ਵਡ ਵਡਿਆਈਆ । ਸਾਚੀ ਸਖੀਆਂ ਪਾਵਣ ਆਇਆ ਰਾਸ, ਸਾਚਾ ਸਗਨ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦੀਵਾ ਨਿਰਗੁਣ ਬਾਤੀ ਨਿਰਗੁਣ ਪਰਗਟ ਕਮਲਾਪਾਤੀ ਏਕਾ ਏਕ ਅਖਵਾਈਆ । ਕਮਲਾਪਾਤੀ ਕੰਤ ਕੰਤੂਹਲ, ਏਕਾ ਖੇਲ ਖਿਲਾਇੰਦਾ । ਗੁਰਮੁਖ ਨਾਰੀ ਕੰਤ ਪਿਆਰੀ ਸ਼ਬਦ ਪੰਘੂੜਾ ਰਹੀ ਝੂਲ, ਹਰਿ ਸਾਚਾ ਆਪ ਝੁਲਾਇੰਦਾ । ਆਪ ਚੁਕਾਇਆ ਆਪਣਾ ਮੂਲ, ਲਿਖਿਆ ਲੇਖਾ ਪੂਰ ਕਰਾਇੰਦਾ । ਜੁਗਾ ਜੁਗੰਤ ਨਾ ਜਾਏ ਭੂਲ, ਅਭੁੱਲ ਗੁਰ ਆਪ ਹੋ ਆਇੰਦਾ । ਕਰਨਹਾਰਾ ਸੂਲੀਉਂ ਸੂਲ, ਸੂਲਾਂ ਸੱਥਰ ਹੇਠ ਵਿਛਾਇੰਦਾ । ਹਰਿ ਸੰਗਤ ਉਤੋਂ ਬਰਖੇ ਫੂਲ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਸ਼ਬਦ ਸਿੰਘਾਸਣ ਆਪ ਬਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਗੋਬਿੰਦ ਪਿਆਰ, ਸਾਚਾ ਸੰਗ ਨਿਭਾਇੰਦਾ । ਗੋਬਿੰਦ ਮੀਤਾ ਇਕ ਅਤੀਤਾ, ਏਕਾ

ਖੇਲ ਖਿਲਾਇੰਦਾ । ਕਿਸੇ ਹੱਥ ਨਾ ਆਏ ਗੁਰੂ ਦਵਾਰ ਮੰਦਰ ਮਸੀਤਾ, ਹਰ ਘਟ ਬੈਠਾ ਆਸਣ ਲਾਇੰਦਾ । ਜਿਸ ਜਨ ਰੱਖਿਆ ਹਰਿ ਹਰਿ ਚੀਤਾ, ਸਵੱਛ ਸਰੂਪੀ ਦਰਸ ਵਖਾਇੰਦਾ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਣ ਨਾਉਂ ਧਰਾਇੰਦਾ । ਆਦਿ ਜੁਗਾਦੀ ਠੰਡਾ ਸੀਤਾ, ਗੁਰਮੁਖਾਂ ਅਗਨੀ ਆਪ ਬੁਝਾਇੰਦਾ । ਆਪੇ ਜਾਣੇ ਆਪਣੀ ਰੀਤਾ, ਨਿਰਗੁਣ ਸਰਗੁਣ ਆਪ ਅਖਵਾਇੰਦਾ । ਵੇਖਣਹਾਰਾ ਹਸਤ ਕੀਟਾ, ਕੀਟ ਕੀਟਾ ਆਪ ਸਮਾਇੰਦਾ । ਆਪਣਾ ਭਾਣਾ ਆਪੇ ਜੀਤਾ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨੂਰ ਨੂਰ ਅਖਵਾਇੰਦਾ । ਨਿਰਗੁਣ ਨੂਰ ਪਰਵਰਦਿਗਾਰ, ਕਲਮਾ ਅਮਾਮ ਅਖਵਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਲੋਕਮਾਤ ਵੇਖਣ ਆਇਆ । ਸੰਗ ਮੁਹੰਮਦ ਨਾ ਦੀਸੇ ਚਾਰ ਯਾਰ, ਕੁਤਬ ਗੌਸ ਸ਼ੇਖ਼ ਮੁਸਾਇਕ ਪੀਰ ਮੁੱਲਾਂ ਨਾ ਕੋਈ ਸੰਗ ਰਲਾਇਆ । ਨੂਰ ਅਲਾਹੀ ਨੂਰੀ ਅੱਲਾ, ਹੂ ਹੂ ਆਪਣਾ ਨਾਅਰਾ ਲਾਇਆ । ਤੂੰ ਹੀ ਤੂ ਵਸਿਆ ਸਚ ਮਹੱਲਾ, ਬੇਅੰਤ ਬੇਅੰਤ ਬੇਅੰਤ ਆਪ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕਲਮਾ ਆਪ ਪੜ੍ਹਾਇਆ । ਆਪਣਾ ਕਲਮਾ ਪੜ੍ਹ ਹਦੀਸ, ਸ਼ਰਅ ਸ਼ਰੀਅਤ ਆਪ ਜਣਾਈਆ । ਆਪੇ ਗਾਇਆ ਦੰਦ ਬਤੀਸ, ਤੀਸ ਤੀਸ ਕਰੇ ਰੁਸ਼ਨਾਈਆ । ਲਹਿਣਾ ਦੇਣ ਚੁਕਾਏ ਬੀਸ, ਸਦ ਬੀਸ ਬੀਸ ਬੀਸਾ ਵਡ ਵਡਿਆਈਆ । ਆਪੇ ਹੋਇਆ ਲਾਸ਼ਰੀਕ, ਜਗਤ ਸ਼ਰੀਕਤ ਦਏ ਮਿਟਾਈਆ । ਕਲਜੁਗ ਤੇਰੀ ਅੰਤਮ ਰੱਖੇ ਇਕ ਤਰੀਕ, ਨਾਨਕ ਗੋਬਿੰਦ ਦਏ ਗਵਾਹੀਆ । ਵੇਦ ਵਿਆਸੇ ਲਿਖਿਆ ਲੇਖ ਅਵਤਾਰ ਚੌਬੀਸ, ਈਸਾ ਮੰਗੇ ਏਕਾ ਭੀਖ, ਅੱਗੇ ਆਪਣੀ ਝੋਲੀ ਡਾਹੀਆ । ਕਲਜੁਗ ਪੀਸਣ ਰਿਹਾ ਪੀਸ, ਜੂਠੀ ਝੂਠੀ ਚੱਕੀ ਰਿਹਾ ਚਲਾਈਆ । ਗੁਰਮੁਖ ਵਿਰਲੇ ਮਿਲਿਆ ਹਰਿ ਜਗਦੀਸ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਸਿਖ ਤੇਰੇ ਛਤਰ ਝੁਲਾਏ ਸੀਸ, ਗੁਰ ਗੋਬਿੰਦ ਬਣਤ ਬਣਾਈਆ । ਹਰਿਜਨ ਤੇਰੀ ਕੋਈ ਨਾ ਕਰੇ ਰੀਸ, ਭਰਮੇ ਭੁੱਲੀ ਸਰਬ ਲੋਕਾਈਆ । ਰਾਜ ਰਾਜਾਨਾ ਖਾਲੀ ਖੀਸ, ਦਰ ਮੰਗਣ ਭਿਖ ਨਾ ਪਾਈਆ । ਅੱਲਾ ਰਾਣੀ ਵਿਚ ਉਨੀਸ, ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਿਰਿਆ ਦਏ ਮਿਟਾਈਆ । ਕਲਜੁਗ ਤੇਰਾ ਚੁਕਣਾ ਲਹਿਣਾ, ਹਰਿ ਸਾਚੇ ਆਪ ਚੁਕਾਵਣਾ । ਜਨ ਭਗਤਾਂ ਨੇਤਰ ਨਾਮ ਪੌਣਾ ਨੈਣਾ, ਕੱਜਲ ਧਾਰ ਇਕ ਵਖਾਵਣਾ । ਸਤਿ ਸਰੂਪੀ ਪੌਣਾ ਗਹਿਣਾ, ਸੋਲਾਂ ਸ਼ੰਗਾਰ ਆਪ ਪਹਿਨਾਵਣਾ । ਨਾਮ ਮੈਂਹਦੀ ਰੰਗ ਰੰਗੌਣਾ, ਏਕਾ ਰੰਗ ਹਰਿ ਸਾਚੇ ਸਚ ਚੜ੍ਹਾਵਣਾ । ਧੁਰ ਕੰਤ ਕੰਤੂਹਲ ਇਕ ਹੰਢੌਣਾ, ਪੁਰਖ ਅਬਿਨਾਸ਼ੀ ਸੁਹਾਵਣਾ । ਸਾਚੀ ਸੇਜਾ ਆਸਣ ਲੌਣਾ, ਏਕਾ ਬੰਕ ਵਖਾਵਣਾ । ਸਾਚੀ ਸਖੀਆਂ ਰਲ ਮਿਲ ਮੰਗਲ ਗਾਉਣਾ, ਸੋਹੰ ਢੋਲਾ ਇਕ ਸੁਣਾਵਣਾ । ਬ੍ਰਹਮ ਪਾਰਬ੍ਰਹਮ ਪ੍ਰਭ ਮੇਲ ਮਿਲੌਣਾ, ਦੂਈ ਦਵੈਤੀ ਪੜਦਾ ਲਾਹਵਣਾ । ਨਾਰੀ ਕੰਤ ਰੂਪ ਬਸੰਤ ਆਪ ਚੜ੍ਹੌਣਾ, ਆਪ ਆਪਣਾ ਖੇਲ ਖਿਲਾਵਣਾ । ਬੇਅੰਤ ਬੇਅੰਤ ਬੇਅੰਤ ਹਰਿ ਆਪ ਅਖਵੌਣਾ, ਭੇਵ ਕਿਸੇ ਨਾ ਪਾਵਣਾ । ਸਤਿਜੁਗ ਸਾਚਾ ਮਾਰਗ ਲਾਉਣਾ, ਗੁਰਮੰਤਰ ਇਕ ਉਪਜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਰ ਹਰਿ, ਆਪਣੀ ਕਰਨੀ ਰਿਹਾ ਕਰ, ਆਦਿ ਜੁਗਾਦਿ ਹਰਿ ਕਾ ਲੇਖਾ ਲਿਖਿਆ ਲੇਖ ਨਾ ਕਿਸੇ ਮਿਟਾਵਣਾ ।

ਭਿੰਨੜੀ ਰੈਣ ਉਠੀ ਜਾਗ, ਹਰਿ ਸੰਗਤ ਨਾਲ ਜਗਾਈਆ । ਹੰਸ ਬਣਦੇ ਵੇਖੇ ਕਾਗ, ਮੁਖ ਤੋਂ ਆਪਣਾ ਪੜਦਾ ਲਾਹੀਆ । ਘਰ ਵਿਚ

ਘਰ ਦੀਪਕ ਜਗਦੇ ਵੇਖੇ ਚਿਰਾਗ, ਆਪਣਾ ਅੰਧੇਰਾ ਰਹੀ ਮਿਟਾਈਆ । ਸਤਿਗੁਰ ਪੂਰਾ ਗੁਰਮੁਖਾਂ ਧੋਵਣ ਆਇਆ ਦਾਗ਼, ਭਿੰਨੜੀ ਰੈਣ ਨਾਲ ਰਲਾਈਆ । ਹਰਿ ਸੰਗਤ ਤੇਰੇ ਵਡ ਵਡ ਭਾਗ, ਧਰਤ ਧਵਲ ਖ਼ੁਸ਼ੀ ਰਹੀ ਮਨਾਈਆ । ਭਿੰਨੜੀ ਰੈਣ ਸਰਨ ਸਰਨਾਈ ਗਈ ਲਾਗ, ਦੋਏ ਜੋੜ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਭਿੰਨੜੀਏ ਤੇਰਾ ਮੀਤ ਮੁਰਾਰ, ਗੁਰਸਿਖ ਸਾਚਾ ਆਪ ਬਣਾਇਆ । ਮਨਮੁਖ ਸੁੱਤੇ ਪੈਰ ਪਸਾਰ, ਤੇਰਾ ਰੰਗ ਨਾ ਕਿਸੇ ਚੜ੍ਹਾਇਆ । ਤੇਰਾ ਜੋਬਨ ਵਿਚ ਸੰਸਾਰ, ਬਿਨ ਗੁਰਸਿਖ ਨਾ ਸਕੇ ਕੋਇ ਹੰਢਾਇਆ । ਕਲਜੁਗ ਕਾਲੀ ਕਰੇ ਖੁਆਰ, ਕਾਲਖ ਟਿੱਕਾ ਮਸਤਕ ਲਾਇਆ । ਦੋਹਾਂ ਮਿਲਿਆ ਕੰਤ ਭਤਾਰ, ਘਰ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਲਏ ਉਠਾਇਆ । ਭਿੰਨੜੀ ਰੈਣ ਨੇਤਰ ਖੋਲ੍ਹ, ਚਾਰੋਂ ਕੁੰਟ ਲਏ ਅੰਗੜਾਈਆ । ਹਰਿ ਸੰਗਤ ਅੰਦਰ ਰਹੀ ਬੋਲ, ਆਪਣਾ ਰਾਗ ਅਲਾਈਆ । ਪੂਰਾ ਕਰਨ ਆਈ ਕੌਲ, ਗੋਬਿੰਦ ਪੂਰਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦਏ ਵਡਿਆਈਆ । ਭਿੰਨੜੀ ਰੈਣ ਚੜ੍ਹਿਆ ਚਾ, ਸਤਿਗੁਰ ਪੁਰਖ ਮਨਾਇਆ । ਸਤਿਗੁਰ ਪੂਰਾ ਮਿਲਿਆ ਇਕ ਮਲਾਹ, ਗੁਰਸਿਖ ਸਾਜਣ ਵੇਖ ਵਖਾਇਆ । ਦੋਹਾਂ ਬਹਾਏ ਏਕਾ ਥਾਂ, ਏਕਾ ਦਰ ਖੁਲ੍ਹਾਇਆ । ਕਲਜੁਗ ਕਰੇ ਸਚ ਨਿਆਂ, ਜਗਤ ਝੇੜਾ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਮੇਲ ਮਿਲਾਇਆ । ਭਿੰਨੜੀ ਰੈਣ ਮਿਲਿਆ ਮੇਲਾ, ਮੇਲਣਹਾਰ ਗੋਪਾਲ । ਏਕਾ ਘਰ ਵਸਣ ਗੁਰੂ ਗੁਰ ਚੇਲਾ, ਗੁਰ ਤੋੜੇ ਜਗਤ ਜੰਜਾਲ । ਸਤਿਗੁਰ ਮਿਲਿਆ ਸੱਜਣ ਸੁਹੇਲਾ, ਭਿੰਨੜੀ ਰੈਣ ਉਠਾਏ ਬਾਲ ਨਿਧਾਨ । ਕਲਜੁਗ ਅੰਤਮ ਆਇਆ ਵੇਲਾ, ਮੇਟਣਹਾਰਾ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਦੇਵੇ ਮਾਣ । ਭਿੰਨੜੀ ਰੈਣ ਅੰਕ ਸੁਹੇਲੀ, ਗੁਰਮੁਖ ਮਿਲਣੇ ਆਈਆ । ਤੇਜ ਭਾਨ ਮਿਲਿਆ ਬੇਲੀ, ਸਗਲਾ ਸਾਥੀ ਰਿਹਾ ਤਰਾਈਆ । ਆਦਿ ਜੁਗਾਦਿ ਰਹੇ ਅਕੇਲੀ, ਬਿਨ ਹਰਿ ਭਗਤਾਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਨੈਣ ਦਰਸਾਈਆ । ਭਿੰਨੜੀ ਰੈਣ ਖੋਲ੍ਹੇ ਅੱਖ, ਨੇਤਰ ਨੈਣ ਉਘਾੜਿਆ । ਸਤਿਗੁਰ ਵੇਖੇ ਕਰ ਪਰਤੱਖ, ਹਰਿ ਸੰਗਤ ਲਾਇਆ ਅਖਾੜਿਆ । ਕਲਜੁਗ ਅਗਨੀ ਵਿਚੋਂ ਲਏ ਰੱਖ, ਲੱਗੇ ਵਾ ਨਾ ਤੱਤੀ ਹਾੜਿਆ । ਛਾਛ ਵਰੋਲੇ ਵਿਚੋਂ ਮੱਖ, ਨਾਮ ਮਧਾਣਾ ਏਕਾ ਪਾ ਲਿਆ । ਅੰਮ੍ਰਿਤ ਧਾਰਾ ਕਰੀ ਵੱਖ, ਗੁਰਮੁਖਾਂ ਮੁਖ ਚੁਆ ਲਿਆ । ਕਰਨਹਾਰਾ ਕੱਖੋਂ ਲੱਖ, ਹਰਿਜਨ ਕੀਮਤ ਆਪੇ ਪਾ ਰਿਹਾ । ਰੈਣ ਭਿੰਨੜੀ ਰਾਹ ਆਪੇ ਦੱਸ, ਆਪ ਆਪਣੇ ਮਾਰਗ ਲਾ ਰਿਹਾ । ਗੁਰਸਿਖ ਦਵਾਰੇ ਰਹੀ ਹੱਸ, ਆਪਣਾ ਘੁੰਗਟ ਆਪ ਉਠਾ ਲਿਆ । ਦੂਰ ਦੁਰਾਡੀ ਰਹੀ ਨੱਸ, ਸਗਲਾ ਪੰਧ ਮੁਕਾ ਲਿਆ । ਸਤਿਗੁਰ ਪੂਰਾ ਹਿਰਦੇ ਅੰਦਰ ਗਿਆ ਵਸ, ਸ਼ਬਦ ਵਿਚੋਲਾ ਇਕ ਬਣਾ ਲਿਆ । ਕੋਈ ਨਾ ਦੀਸੇ ਰਵ ਸਸ, ਗੁਰਸਿਖ ਸਾਚਾ ਚੰਦ ਚੜ੍ਹਾ ਲਿਆ । ਭਿੰਨੜੀ ਰੈਣ ਮੇਟੇ ਰੈਣ ਅੰਧੇਰੀ ਮੱਸ, ਗੁਰਸਿਖ ਸਾਚੇ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਬਹਾ ਲਿਆ । ਭਿੰਨੜੀ ਰੈਣ ਬੈਠੀ ਦਰ, ਹਰਿ ਸਾਚੇ ਦਰ ਖੁਲ੍ਹਾਇਆ । ਗੁਰਮੁਖਾਂ ਹਰਿ ਹਰਿ ਦੇਵੇ ਵਰ, ਗੁਰ ਮੰਤਰ ਨਾਮ ਦ੍ਰਿੜਾਇਆ । ਦੋਹਾਂ ਵਿਚੋਲਾ ਆਪੇ ਬਣ, ਆਪ ਆਪਣਾ ਮੇਲ

ਮਿਲਾਇਆ । ਲੱਖ ਚੁਰਾਸੀ ਵੇਖੇ ਰਣ, ਰਣਭੂਮੀ ਖੇਲ ਖਿਲਾਇਆ । ਹਰਿ ਸੰਗਤ ਤੇਰੀ ਬਣਤ ਗਈ ਬਣ, ਸਤਿਗੁਰ ਪੂਰਾ ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਮੇਲਾ ਘਰ, ਗੁਰਸਿਖ ਸਾਚੇ ਦਏ ਮਿਲਾਇਆ ।

## ✪ ੨੪ ਜੇਠ ੨੦੧੬ ਬਿਕ੍ਰਮੀ ਗੂੜ੍ਹਾ ਰਾਮ ਦੇ ਘਰ ਸ਼ੇਖ਼ ਸਰ ਜੰਮੂ ✪

ਹਰਿ ਸਤਿਗੁਰ ਪੁਰਖ ਸੁਲਤਾਨ, ਪਰਮ ਪੁਰਖ ਅਖਵਾਇਆ । ਗੁਰ ਗੁਰ ਹੋਏ ਆਪ ਮਿਹਰਵਾਨ, ਸਰਗੁਣ ਸੇਵ ਕਮਾਇਆ । ਗੁਰਮੁਖ ਮੇਲਾ ਦੋ ਜਹਾਨ, ਘਰ ਸਾਚੇ ਆਪ ਮਿਲਾਇਆ । ਗੁਰਸਿਖ ਸਾਚਾ ਚਤੁਰ ਸੁਜਾਨ, ਘਰ ਮੰਗਲ ਏਕਾ ਗਾਇਆ । ਮਨਮੁਖ ਭੁੱਲੇ ਜੀਵ ਨਾਦਾਨ, ਮਨ ਕਾ ਮਣਕਾ ਨਾ ਕੋਇ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿਜਨ ਲਏ ਤਰਾਇਆ । ਹਰਿ ਦਾਤਾ ਭਗਵੰਤ, ਏਕਾ ਏਕ ਅਖਵਾਇੰਦਾ । ਗੁਰ ਗੁਰ ਬਣਾਏ ਬਣਤ, ਲੋਕਮਾਤ ਜੋਤ ਜਗਾਇੰਦਾ । ਗੁਰਮੁਖ ਸਾਜਣ ਸਾਚੇ ਸੰਤ, ਸੋਏ ਆਪ ਉਠਾਇੰਦਾ । ਗੁਰਸਿਖ ਮੇਲਾ ਨਾਰੀ ਕੰਤ, ਸਾਚਾ ਸਗਣ ਮਨਾਇੰਦਾ । ਮਨਮੁਖਾਂ ਮਾਇਆ ਪਾਏ ਬੇਅੰਤ, ਨਾ ਪੜਦਾ ਕੋਇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿ ਜੋਤੀ ਭਗਵਾਨ, ਨੂਰੋ ਨੂਰ ਉਜਾਲਿਆ । ਗੁਰ ਦੇਵਣਹਾਰਾ ਦਾਨ, ਖੇਲੇ ਖੇਲ ਦੋ ਜਹਾਨਿਆਂ । ਗੁਰਮੁਖ ਸਾਚੇ ਕਰੇ ਪਛਾਨ, ਆਪ ਚੜ੍ਹਾਏ ਨਾਮ ਬਬਾਨਿਆ । ਗੁਰਸਿਖ ਦੇਵੇ ਸਾਚਾ ਮਾਣ, ਏਕਾ ਬਖ਼ਸ਼ੇ ਚਰਨ ਧਿਆਨਿਆ । ਮਨਮੁਖ ਭੁੱਲੇ ਜੀਵ ਨਾਦਾਨ, ਮਾਨਸ ਜਨਮ ਹੋਏ ਵੈਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨਿਆ । ਹਰਿ ਸਤਿਗੁਰ ਦਾਤਾ ਨਿਰਾਕਾਰ, ਅਕਲ ਕਲਾ ਅਖਵਾਈਆ । ਗੁਰ ਸ਼ਬਦੀ ਭਰੇ ਨਾਮ ਭੰਡਾਰ, ਆਪ ਆਪਣੀ ਦਇਆ ਕਮਾਈਆ । ਗੁਰਮੁਖਾਂ ਦੇਵੇ ਕਰ ਪਿਆਰ, ਆਤਮ ਝੋਲੀ ਇਕ ਭਰਾਈਆ । ਗੁਰਸਿਖਾਂ ਕਰਾਏ ਵਣਜ ਵਾਪਾਰ, ਜਗਤ ਵਿਚੋਲਾ ਆਪ ਹੋ ਜਾਈਆ । ਮਨਮੁਖਾਂ ਮਾਰੇ ਡਾਢੀ ਮਾਰ, ਲੱਖ ਚੁਰਾਸੀ ਜਨਮ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਹਰਿ ਸਤਿਗੁਰ ਸਾਚਾ ਮੀਤੜਾ, ਪਾਰਬ੍ਰਹਮ ਕਰਤਾਰ । ਗੁਰ ਗੁਰ ਚਲਾਏ ਆਪਣੀ ਰੀਤੜਾ, ਪਰਗਟ ਹੋਏ ਵਿਚ ਸੰਸਾਰ । ਗੁਰਮੁਖਾਂ ਲੱਗੇ ਭਾਣਾ ਮੀਠੜਾ, ਇਕ ਵਖਾਏ ਠੰਡਾ ਦਰਬਾਰ । ਗੁਰਸਿਖ ਕਰਾਏ ਪਤਿਤ ਪੁਨੀਤੜਾ, ਪਤਿਤ ਪਾਵਨ ਕਿਰਪਾ ਧਾਰ । ਮਨਮੁਖ ਕਾਇਆ ਕੌੜਾ ਹੋਇਆ ਰੀਠੜਾ, ਚਾਰੋਂ ਕੁੰਟ ਹੋਏ ਖੁਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਹਰਿ ਸੱਜਣ ਸੱਚਾ ਪਾਤਸ਼ਾਹ, ਸ਼ਹਿਨਸ਼ਾਹ ਸੁਲਤਾਨ । ਗੁਰ ਗੁਰ ਵਖਾਏ ਸੱਚੀ ਰਾਹ, ਮੇਲ ਮਿਲਾਵਾ ਦੋ ਜਹਾਨ । ਗੁਰਮੁਖਾਂ ਫੜੇ ਲੋਕਮਾਤ ਬਾਂਹ, ਆਪ ਆਪਣਾ ਕਰ ਧਿਆਨ । ਗੁਰਸਿਖਾਂ ਬਣੇ ਪਿਤਾ ਮਾਂ, ਗੋਦ ਉਠਾਏ ਬਾਲ ਅੰਞਾਣ । ਮਨਮੁਖਾਂ ਨਾ ਦੇਵੇ ਕੋਈ ਥਾਂ, ਚਾਰੋਂ ਕੁੰਟ ਪਏ ਕੁਰਲਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਨਿਗਹਬਾਨ । ਹਰਿ ਸਤਿਗੁਰ ਸਾਚਾ ਏਕ ਹੈ, ਏਕਾ ਏਕ ਏਕੰਕਾਰ । ਗੁਰ ਬਖ਼ਸ਼ੇ ਸਾਚੀ ਟੇਕ ਹੈ, ਲੋਕਮਾਤ ਲਏ ਅਵਤਾਰ । ਗੁਰਮੁਖਾਂ ਕਰੇ ਬੁਧ ਬਿਬੇਕ ਹੈ, ਹਉਮੇ ਹੰਗਤਾ ਰੋਗ ਨਿਵਾਰ । ਗੁਰਸਿਖ ਲੱਗੇ ਨਾ ਕਾਇਆ

ਸੇਕ ਹੈ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਮਨਮੁਖ ਮਾਇਆ ਭੁੱਲੇ ਰਹੇ ਵੇਖ ਹੈ, ਦੂਈ ਦਵੈਤੀ ਪੜਦਾ ਨਾ ਦੇਵੇ ਕੋਈ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਪਾਵੇ ਸਾਰ । ਹਰਿ ਸਤਿਗੁਰ ਸੱਚਾ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਇੰਦਾ । ਗੁਰ ਗੁਰ ਵਜਾਏ ਸਾਚਾ ਨਾਦ, ਸ਼ਬਦੀ ਸ਼ਬਦ ਉਪਜਾਇੰਦਾ । ਗੁਰਮੁਖ ਸਾਜਣ ਲਏ ਲਾਧ, ਆਪ ਆਪਣਾ ਮੇਲ ਮਿਲਾਇੰਦਾ । ਗੁਰਮੁਖਾਂ ਮੇਟੇ ਵਾਦ ਵਿਵਾਦ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਮਨਮੁਖਾਂ ਸਿਰ ਪਾਏ ਖ਼ਾਕ, ਖ਼ਾਕੀ ਖ਼ਾਕ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਹਰਿ ਸੁਲਤਾਨ ਵਡ ਵਡ ਮੀਆਂ, ਪਰਮ ਪੁਰਖ ਕਰਤਾਰਾ । ਗੁਰ ਗੁਰ ਜਗਾਏ ਸਾਚਾ ਦੀਆ, ਨਿਰਮਲ ਜੋਤ ਕਰ ਉਜਿਆਰ । ਗੁਰਮੁਖ ਬੀਜ ਸਾਚਾ ਬੀਆ, ਆਪ ਲਗਾਏ ਫੁਲ ਫੁਲਵਾੜਾ । ਗੁਰਮੁਖ ਸਾਚੇ ਕੀਆ ਹੀਆ, ਮੇਲ ਮਿਲਾਵਾ ਸਚ ਦਿਹਾੜਾ । ਮਨਮੁਖ ਆਪ ਦਬਾਏ ਕਲਜੁਗ ਤੇਰੀ ਹੇਠਾ ਨੀਆਂ, ਨੌ ਖੰਡ ਪ੍ਰਿਥਮੀ ਪਾਏ ਭਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਲਏ ਅਵਤਾਰਾ । ਹਰਿ ਕਰਤਾਰ ਕਰਨੇਹਾਰਾ, ਕਰਤਾ ਪੁਰਖ ਅਖਵਾਇੰਦਾ । ਗੁਰੂ ਗੁਰ ਸ਼ਬਦ ਸ਼ਬਦ ਜੈਕਾਰਾ, ਸ਼ਬਦੀ ਨਾਦ ਵਜਾਇੰਦਾ । ਗੁਰਮੁਖ ਗੁਰਮੁਖ ਕਰ ਪਿਆਰਾ, ਆਪਣੀ ਬੂਝ ਬੁਝਾਇੰਦਾ । ਗੁਰਸਿਖ ਖੋਲ੍ਹੇ ਬੰਦ ਕਿਵਾੜਾ, ਨੇਤਰ ਨੈਣ ਦਰਸਾਇੰਦਾ । ਮਨਮੁਖਾਂ ਅਗਨੀ ਤੱਤੀ ਹਾੜਾ, ਆਠ ਪਹਿਰ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗਾ ਜੁਗੰਤਰ ਹਰਿ ਭਗਵਾਨਾ, ਸਤਿਗੁਰ ਪੁਰਖ ਅਖਵਾਇੰਦਾ । ਗੁਰ ਗੁਰ ਦੇਵੇ ਨਾਮਾ, ਆਪ ਆਪਣਾ ਖੇਲ ਖਿਲਾਇੰਦਾ । ਗੁਰਮੁਖਾਂ ਦੇਵੇ ਨਾਮ ਬਿਬਾਣਾ, ਆਪਣੀ ਹੱਥੀਂ ਆਪ ਚੜ੍ਹਾਇੰਦਾ । ਗੁਰਮੁਖਾਂ ਬਖ਼ਸ਼ੇ ਇਕ ਗਿਆਨਾ, ਏਕਾ ਬ੍ਰਹਮ ਵਖਾਇੰਦਾ । ਮਨਮੁਖ ਜੀਵ ਹੋਏ ਸ਼ੈਤਾਨਾ, ਪੰਚਾਂ ਮਾਰਗ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਤਰਾਇੰਦਾ । ਗੁਰਮੁਖ ਕਾਇਆ ਸਾਚਾ ਚੋਲਾ, ਗੁਰ ਸਤਿਗੁਰ ਰੰਗ ਰੰਗਾਇਆ । ਚਰਨ ਭਿਖਾਰੀ ਹੋਇਆ ਗੋਲਾ, ਦਰ ਦਰਵੇਸ਼ਾ ਵੇਸ ਵਟਾਇਆ । ਨਾਮ ਜੈਕਾਰਾ ਏਕਾ ਬੋਲਾ, ਏਕਾ ਰਿਹਾ ਸੁਣਾਇਆ । ਆਦਿ ਜੁਗਾਦੀ ਸਾਚਾ ਤੋਲਾ, ਨਿਰਗੁਣ ਸਰਗੁਣ ਤੋਲ ਤੁਲਾਇਆ । ਸਚ ਭੰਡਾਰਾ ਏਕਾ ਖੋਲ੍ਹਾ, ਪੁਰਖ ਅਬਿਨਾਸ਼ੀ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਾਇਆ ਰੰਗਣ ਰੰਗ ਰੰਗਾਇਆ । ਕਾਇਆ ਰੰਗਣ ਨਾਮ ਲਲਾਰੀ, ਹਰਿ ਸਾਚਾ ਰੰਗ ਰੰਗਾਈਆ । ਜੋਤ ਨਿਰੰਜਣ ਸੇਵਾਦਾਰੀ, ਸੇਵਕ ਰਿਹਾ ਕਮਾਈਆ । ਕਲਜੁਗ ਅੰਤਮ ਚੜ੍ਹੇ ਖਾਰੀ, ਸਾਚਾ ਵਟਨਾ ਆਪ ਮਲਾਈਆ । ਜੋਤੀ ਮਾਤਾ ਪਾਣੀ ਰਹੀ ਵਾਰੀ, ਅੰਮ੍ਰਿਤ ਆਤਮ ਇਕ ਰਹੀ ਭਰਾਈਆ । ਪੰਚਮ ਸਖੀਆਂ ਮੰਗਲ ਗਾਇਣ ਵਾਰੋ ਵਾਰੀ, ਅਨਹਦ ਸਾਚਾ ਤਾਲ ਵਜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਘੋੜੀ ਰਿਹਾ ਚਾੜ੍ਹੀ, ਆਪਣੀ ਹੱਥੀਂ ਵਾਗ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਰੰਗ ਅਨਮੋਲ, ਹਰਿ ਸਾਚਾ ਆਪ ਰੰਗਾਈਆ । ਰੰਗ ਅਨਮੋਲਾ ਨਾਮ ਚਲੂਲ, ਜਗਤ ਜੁਗਤ ਰੰਗਾਇਆ । ਸਚ ਸਿੰਘਾਸਣ ਆਪ ਬਿਠਾਏ ਨਾ ਕੋਈ ਪਾਵਾ ਨਾ ਕੋਈ ਚੂਲ, ਫੂਲਣ ਬਰਖਾ ਏਕਾ ਲਾਇਆ । ਚੌਥੇ ਜੁਗ ਆਪ ਚੁਕਾਇਆ ਪਿਛਲਾ ਮੂਲ, ਦੇਣਾ ਦੇਵਣਹਾਰ ਦੇਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਗੁਰਮੁਖ ਮੇਲਾ ਸਚ ਦਵਾਰ,



੫੫੧ ੦੮

ਗੁਰਸਿਖ ਵਡ ਵਡਿਆਈਆ । ਗੁਰ ਕਿਰਪਾ ਹਰਿ ਜਾਏ ਤਾਰ, ਹਰਿ ਸਤਿਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਗੁਰਸਿਖ ਮੇਲਾ ਸਚ ਦਰਗਹਿ, ਗੁਰਮੁਖ ਮੇਲ ਮਿਲੰਨਿਆ । ਗੁਰ ਗੁਰ ਪਕੜੇ ਆਪੇ ਬਾਂਹ, ਹਰਿ ਸਤਿਗੁਰ ਪੂਰੇ ਬੇੜਾ ਬੰਨਿਆ । ਸਤਿਗੁਰ ਪੂਰਾ ਕਰੇ ਸਚ ਨਿਆ, ਗੁਰ ਗੁਰ ਰਾਗ ਸੁਣਾਏ ਕੰਨਿਆ । ਗੁਰਮੁਖਾਂ ਵਖਾਏ ਸਾਚਾ ਥਾਂ, ਗੁਰਮੁਖ ਵਿਰਲਾ ਮਾਤ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜਨ ਆਪੇ ਜਣਿਆ । ਗੁਰਮੁਖ ਸੱਚਾ ਸਚ ਦਵਾਰ, ਗੁਰਸਿਖ ਵੇਖ ਵਖਾਈਆ । ਗੁਰ ਗੁਰ ਭਰੇ ਨਾਮ ਭੰਡਾਰ, ਹਰਿ ਸਤਿਗੁਰ ਆਪ ਵਰਤਾਈਆ । ਸਤਿਗੁਰ ਪੂਰਾ ਸਾਂਝਾ ਯਾਰ, ਵਰਨ ਗੋਤ ਨਾ ਕੋਈ ਰਖਾਈਆ । ਗੁਰ ਗੁਰ ਮੀਤਾ ਦੇਵਣਹਾਰ, ਜੁਗ ਜੁਗ ਵੇਸ ਵਟਾਈਆ । ਗੁਰਮੁਖ ਸਾਜਣ ਲਏ ਉਭਾਰ, ਗੁਰਸਿਖ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਖੋਜ ਖੁਜਾਈਆ । ਘਟ ਮੰਦਰ ਹਰਿ ਫੋਲਿਆ, ਰੂਪ ਅਨੂਪ ਕਰਤਾਰ । ਪੰਜ ਤੱਤ ਅੰਦਰ ਆਪੇ ਬੋਲਿਆ, ਸ਼ਬਦ ਅਗੰਮੀ ਇਕ ਜੈਕਾਰ । ਸਚ ਫੁਲਵਾੜੀ ਆਪੇ ਮੌਲਿਆ, ਖਿੜੀ ਰਹੇ ਗੁਲਜ਼ਾਰ । ਅੰਮ੍ਰਿਤ ਭਰਿਆ ਸਾਚਾ ਕੌਲਿਆ, ਨਾਭੀ ਰੱਖੀ ਮੂੰਹਦੇ ਭਾਰ । ਪਰਗਟ ਹੋਇਆ ਉਪਰ ਧਵਲਿਆ, ਨਿਹਕਲੰਕ ਲਏ ਅਵਤਾਰ । ਆਪੇ ਹੋਏ ਸਾਵਲ ਸਵਲਿਆ, ਭਗਤ ਵਛਲ ਆਪ ਗਿਰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਾਏ ਪਾਰ । ਗੁਰਮੁਖ ਸਾਚਾ ਆਪ ਉਠਾਇਆ, ਆਪਣੀ ਬੂਝ ਬੁਝਾਈਆ । ਕੂੜਾ ਨਾਤਾ ਜਗਤ ਤੁੜਾਇਆ, ਕੂੜੀ ਕਿਰਿਆ ਆਪ ਮਿਟਾਈਆ । ਮਸਤਕ ਚਰਨ ਧੂੜੀ ਟਿੱਕਾ ਆਪ ਲਗਾਇਆ, ਰੇਖ ਰੇਖਾ ਰੇਖ ਵੇਖ ਵਖਾਈਆ । ਰਸ ਫੀਕਾ ਅੰਮ੍ਰਿਤ ਫਲ ਲਗਾਇਆ, ਅੰਮ੍ਰਿਤ ਮਿਠਾ ਮੁਖ ਚੁਆਈਆ । ਦਹਿ ਦਿਸ਼ਾ ਦੀਪਕ ਇਕ ਜਗਾਇਆ, ਘਰ ਸਾਚੀ ਕਰੇ ਰੁਸ਼ਨਾਈਆ । ਚਾਰੇ ਕੁੰਟਾਂ ਆਪਣਾ ਫੇਰਾ ਪਾਇਆ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੂਠਾ ਝੂਠਾ ਡੇਰਾ ਢਾਇਆ, ਹਉਮੇ ਗੜ੍ਹ ਤੁੜਾਈਆ । ਕਾਇਆ ਅੰਧੇਰਾ ਆਪ ਮਿਟਾਇਆ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਾਚਾ ਖੇੜਾ ਆਪ ਵਸਾਇਆ, ਨਾਮ ਬੀਜ ਇਕ ਬਿਜਾਈਆ । ਅੰਮ੍ਰਿਤ ਮੇਵਾ ਫਲ ਲਗਾਇਆ, ਗੁਰਮੁਖ ਸਾਚੇ ਦਏ ਖਵਾਈਆ । ਦੇਵੀ ਦੇਵਾ ਇਸ਼ਟ ਆਪ ਹੋ ਆਇਆ, ਗੁਰਦੇਵ ਵਡ ਵਡਿਆਈਆ । ਨਮੋ ਨਮੋ ਨਿਮਸਕਾਰ ਆਪ ਕਰਾਇਆ, ਵਾਸਦੇਵ ਰੂਪ ਵਟਾਈਆ । ਆਸਤਕ ਨਾਸਤਕ ਖੇਲ ਖਿਲਾਇਆ, ਵਾਸਤਕ ਰੂਪ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸੱਜਣ ਵੇਖ ਵਖਾਈਆ । ਗੁਰਸਿਖ ਸੱਚਾ ਹਰਿ ਹਰਿ ਸੱਜਣ, ਹਰਿ ਸਾਚੇ ਸਚ ਉਪਾਇਆ । ਗੁਰਚਰਨ ਦਵਾਰੇ ਏਕਾ ਮਜਣ, ਏਕਾ ਧੂੜ ਅਸ਼ਨਾਨ ਕਰਾਇਆ । ਗੁਰਮੁਖਾਂ ਆਇਆ ਪੜਦੇ ਕੱਜਣ, ਨਾਮ ਦੋਸ਼ਾਲਾ ਹੱਥ ਉਠਾਇਆ । ਗੁਰਸਿਖਾਂ ਭਾਂਡੇ ਝੂਠੇ ਭੱਜਨ, ਨਾਮ ਪਿਆਲਾ ਹੱਥ ਫੜਾਇਆ । ਅੰਮ੍ਰਿਤ ਪੀ ਪੀ ਦਰ ਸਾਚੇ ਰੱਜਣ, ਚਿੰਤਾ ਸਹਿੰਸਾ ਰੋਗ ਗਵਾਇਆ । ਤਾਲ ਅਨਾਦੀ ਅਨਹਦ ਵੱਜਣ, ਧੁਨ ਆਤਮਕ ਆਪ ਸੁਣਾਇਆ । ਚਾਰ ਵਰਨਾਂ ਅੰਦਰ ਗੁਰਮੁਖ ਸਾਚੇ ਬਹਿ ਬਹਿ ਸਜਣ, ਵਰਨ ਗੋਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮਾਰਗ ਇਕ ਵਖਾਇਆ । ਗੁਰਮੁਖ ਤੇਰਾ ਸਾਚਾ ਰਾਹ, ਹਰਿ ਸਾਚਾ ਆਪ ਚਲਾਇੰਦਾ । ਭਗਤ ਵਛਲ ਪ੍ਰਭ ਬੇਪਰਵਾਹ, ਆਪਣਾ ਮਾਰਗ ਆਪ ਵਖਾਇੰਦਾ । ਸੰਤ ਸਤਿਗੁਰ

ਪਕੜੇ ਬਾਂਹ, ਸਗਲਾ ਸੰਗ ਨਿਭਾਇੰਦਾ । ਨਿਥਾਵਿਆਂ ਦੇਵਣਹਾਰਾ ਥਾਂ, ਘਰ ਸਾਚਾ ਇਕ ਸੁਹਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਸਖਾ ਸਖਾਈ ਪਿਤਾ ਮਾਂ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਰੈਣ ਅੰਧੇਰਾ, ਚਾਰ ਕੁੰਟ ਕੁਰਲਾਈਆ । ਲੱਖ ਚੁਰਾਸੀ ਮੇਰਾ ਤੇਰਾ, ਮੇਰਾ ਤੇਰਾ ਪਈ ਲੜਾਈਆ । ਸਚ ਸੁੱਚ ਨਾ ਕਰੇ ਕੋਈ ਨਿਬੇੜਾ, ਜੂਠ ਝੂਠ ਵੱਜੀ ਵਧਾਈਆ । ਨੌ ਖੰਡ ਪ੍ਰਿਥਮੀ ਉਜੜਿਆ ਖੇੜਾ, ਸਾਚਾ ਮੰਦਰ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਰੀਤੀ ਵੇਖ ਵਖਾਈਆ । ਕਲਜੁਗ ਰੀਤੀ ਮੰਦਰ ਮਸਜਿਦ ਗੁਰੂਦਵਾਰ, ਚਾਰ ਦਵਾਰੀ ਬੰਧਨ ਪਾਇਆ । ਹਰਿ ਕਾ ਸ਼ਬਦ ਕਰ ਉਜਿਆਰ, ਗੁਰ ਮੰਤਰ ਵਿਚ ਟਿਕਾਇਆ । ਨਿਰਗੁਣ ਸਰਗੁਣ ਖੇਲ ਅਪਾਰ, ਪੰਜ ਤੱਤ ਨਾ ਕੋਈ ਰਖਾਇਆ । ਚਿੱਟੇ ਉਪਰ ਕਾਲੀ ਖਿਚ ਲਕਾਰ, ਆਪ ਆਪਣਾ ਨਾਉਂ ਉਪਜਾਇਆ । ਗੁਰ ਅਵਤਾਰ ਲਾਏ ਸੇਵਾਦਾਰ, ਸੰਤ ਭਗਤ ਨਾਲ ਰਲਾਇਆ । ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਵੇਦ ਕਿਤਾਬਾ ਪਾਵੇ ਸਾਰ, ਲੋਕਮਾਤ ਰਾਹ ਚਲਾਇਆ । ਸ਼ਾਸਤਰ ਸਿਮਰਤ ਖ਼ਬਰਦਾਰ, ਸਗਲਾ ਸੰਗ ਨਿਭਾਇਆ । ਗੀਤਾ ਗਿਆਨ ਗੋਹਝ ਵਖਾਨ, ਅਠਾਰਾ ਧਿਆਏ ਲੇਖ ਲਿਖਾਇਆ । ਅੰਜੀਲ ਕੁਰਾਨਾ ਕਰ ਪਰਧਾਨ, ਏਕਾ ਕਲਮਾ ਨਾਮ ਪੜ੍ਹਾਇਆ । ਖਾਣੀ ਬਾਣੀ ਧੁਰ ਫ਼ਰਮਾਣ, ਹਰਿ ਸਾਚੇ ਹੁਕਮ ਸੁਣਾਇਆ । ਗੁਰ ਸਤਿਗੁਰ ਹੋਏ ਮਿਹਰਵਾਨ, ਲੋਕਮਾਤ ਨਾਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮਾਰਗ ਵੇਖ ਵਖਾਇਆ । ਕਲਜੁਗ ਮਾਰਗ ਚਾਰ ਵਰਨ, ਬਰਨ ਅਠਾਰਾਂ ਵੇਖ ਵਖਾਈਆ । ਵੇਦ ਪੁਰਾਨ ਪੰਡਤ ਪਾਂਧੇ ਪੜ੍ਹਨ, ਪੜ੍ਹ ਪੜ੍ਹ ਰਸਨ ਵਿਵਾਦ ਵਧਾਈਆ । ਅੰਜੀਲ ਕੁਰਾਨ ਬਹਿ ਬਹਿ ਲੜਨ, ਮੁੱਲਾ ਸ਼ੇਖ਼ ਪਈ ਲੜਾਈਆ । ਗ੍ਰੰਥੀ ਪੰਥੀ ਰਹੇ ਸੜਨ, ਪੰਜ ਤੱਤ ਅਗਨੀ ਏਕਾ ਲਾਈਆ । ਹਰਿ ਕੀ ਪੌੜੀ ਕੋਈ ਨਾ ਚੜ੍ਹਨ, ਡੂੰਘੀ ਗਾਰੇ ਡੂੰਘੀ ਭਵਰੇ ਰਹੇ ਤਾਰੀਆ ਲਾਈਆ । ਗੁਰ ਦਵਾਰ ਮੰਦਰ ਮਸਜਿਦ ਜੂਠੇ ਝੂਠੇ ਡਰਨ, ਅੰਤਰ ਨਾਮ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਖੇ ਬੇਪਰਵਾਹੀਆ । ਨਿਰਗੁਣ ਵੇਖੇ ਇਕ ਅਕੱਲਾ, ਆਪਣੀ ਕਲ ਵਰਤਾਈਆ । ਅਠਸਠ ਫੋਲੇ ਨੀਰ ਜਲਾਂ, ਗੰਗਾ ਗੋਦਾਵਰੀ ਫੇਰਾ ਪਾਈਆ । ਸੁਰਸਤੀ ਧਾਮ ਅਧਵਿਚਕਾਰੇ ਮੇਲਾ, ਬੈਠਾ ਮੁਖ ਛੁਪਾਈਆ । ਗੋਦਾਵਰੀ ਕਿਸੇ ਨਾ ਫੜਿਆ ਪੱਲਾ, ਬੈਠੀ ਸੰਗ ਛਡਾਈਆ । ਚਾਰੋਂ ਕੁੰਟ ਕਾਮ ਕਰੋਧ ਲੋਭ ਹੰਕਾਰਾ ਰੱਲਾ, ਅੰਮ੍ਰਿਤ ਆਤਮ ਨਾ ਕੋਈ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਿਰਿਆ ਰਿਹਾ ਵੇਖ, ਫੋਲ ਫੁਲਾਏ ਥਾਉਂ ਥਾਈਂਆ । ਸ਼ਿਵਦਵਾਲਾ ਮੰਦਰ ਮੱਠ, ਹਰਿ ਸਾਚਾ ਵੇਖ ਵਖਾਨਿਆ । ਵੇਖਣਹਾਰਾ ਤੀਰਥ ਤਟ, ਤਟ ਕਿਨਾਰਾ ਆਪ ਪਛਾਨਿਆ । ਜਾਨਣਹਾਰਾ ਘਟ ਘਟ, ਘਟ ਅੰਤਰ ਆਪ ਸਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨਿਆ । ਸ਼ਿਵਦਵਾਲਾ ਮੱਠ ਜਗਤ ਮੰਦਰ, ਕੂੜੀ ਕਿਰਿਆ ਰਹੀ ਕੁਰਲਾਈਆ । ਪੰਡਤ ਪਾਂਧੇ ਬੈਠੇ ਅੰਦਰ, ਹਰਿ ਕੀ ਕਥਾ ਰਹੇ ਸੁਣਾਈਆ । ਮਨ ਹੰਕਾਰੀ ਵੜਿਆ ਅੰਦਰ, ਮਾਇਆ ਮਮਤਾ ਨਾਲ ਰਲਾਈਆ । ਬਜਰ ਕਪਾਟੀ ਨਾ ਤੋੜਿਆ ਜੰਦਰ, ਰਾਮਾ ਕ੍ਰਿਸ਼ਨਾ ਰਹੇ ਧਿਆਈਆ । ਕਲਜੁਗ ਅੰਤਮ ਭਾਗਾ ਮੰਦੜ, ਮਾਨਸ ਜਨਮ ਗਏ ਗਵਾਈਆ । ਪ੍ਰਭ ਅਬਿਨਾਸ਼ੀ

ਇਕ ਬਖ਼ਸ਼ੰਦੜ, ਬਖ਼ਸ਼ਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਫੋਲ ਫੁਲਾਈਆ । ਸਾਚੀ ਮਸਜਿਦ ਸਚ ਮਸੱਲਾ, ਸਚ ਵਜ਼ੂ ਨਾ ਕੋਈ ਕਰਾਇੰਦਾ । ਮੁਲਾਂ ਸ਼ੇਖ਼ ਕਰਨ ਹੱਲਾ, ਮਸਲਾ ਅਸਲ ਨਾ ਕੋਈ ਜਣਾਇੰਦਾ । ਸਚ ਈਮਾਨ ਨਾ ਫੜਿਆ ਪੱਲਾ, ਸ਼ਰਅ ਕੁਰਾਨ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਫੇਰਾ ਪਾਇੰਦਾ । ਗੁਰੂਦਵਾਰਾ ਗੁਰ ਕਾ ਘਰ, ਗੁਰ ਗੁਰ ਵੇਸ ਵਟਾਇਆ । ਨਿਰਗੁਣ ਵੇਖੇ ਅੱਗੇ ਖੜ, ਦਿਸ ਕਿਸੇ ਨਾ ਆਇਆ । ਜੀਵ ਜੰਤ ਜਹਾਨੀ ਰਹੇ ਪੜ੍ਹ, ਆਪਣੀ ਵਿਦਿਆ ਆਪ ਅਲਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਗਏ ਸੜ, ਧੀਆਂ ਭੈਣਾਂ ਰਹੇ ਤਕਾਇਆ । ਹਰਿ ਮੰਦਰ ਬਣਾਇਆ ਵੇਸਵਾ ਘਰ, ਸਤਿਗੁਰ ਪੂਰਾ ਇਕ ਭੁਲਾਇਆ । ਗੁਰ ਗੋਬਿੰਦ ਖੰਡਾ ਫੜ, ਕਲਜੁਗ ਅੰਤਮ ਵੇਖਣ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਮਾਤ ਪਿਤ ਨਾ ਕੋਈ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਮੰਦਰ ਮਸਜਿਦ ਗੁਰੂਦਵਾਰ, ਸ਼ਿਵਦਵਾਲਾ ਮੱਠ ਵੇਖ ਵਖਾਈਆ । ਨਿਰਗੁਣ ਰੂਪ ਹਰਿ ਨਿਰੰਕਾਰ, ਚਾਰੋਂ ਕੁੰਟ ਫੇਰਾ ਪਾਈਆ । ਲੱਖ ਚੁਰਾਸੀ ਵੇਖ ਵਿਚਾਰ, ਵੇਖਣਹਾਰਾ ਹਰ ਘਟ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚੌਥੇ ਜੁਗ ਦਏ ਸਲਾਹੀਆ । ਚੌਥੇ ਜੁਗ ਜਾਣਾ ਜਾਗ, ਹਰਿ ਸਾਚਾ ਆਪ ਜਗਾਇੰਦਾ । ਤੇਰੀ ਸ਼ਾਹੀ ਤੇਰਾ ਕਾਗ, ਤੇਰੇ ਦਰ ਉਡਾਈਆ । ਨਾ ਕੋਈ ਭਗਤੀ ਗਿਆਨ ਵੈਰਾਗ, ਨਾ ਕੋਈ ਵੇਖ ਵਖਾਈਆ । ਜੂਠੀ ਝੂਠੀ ਲੱਗੀ ਆਗ, ਲੱਗੀ ਆਂਚ ਨਾ ਕੋਈ ਬੁਝਾਇੰਦਾ । ਹੋਏ ਖੁਵਾਰੀ ਪਰਧਾਨ ਪਾਂਚ, ਪੰਚ ਪੰਚਾਂ ਵਡ ਵਡਿਆਇੰਦਾ । ਗੁਰ ਮੰਦਰ ਅੰਦਰ ਟੁੱਟੀ ਸਾਂਝ, ਸਾਚਾ ਗੁਰੂ ਨਾ ਕੋਈ ਵਖਾਇੰਦਾ । ਕਾਇਆ ਮਾਟੀ ਵਸੇ ਕਾਮ, ਕੰਚਨ ਗੜ੍ਹ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਦਰ ਆਪ ਸੁਹਾਇੰਦਾ । ਏਕਾ ਮੰਦਰ ਸਾਢੇ ਤਿੰਨ ਹੱਥ, ਗੁਰਸਿਖ ਬਣਤ ਬਣਾਈਆ । ਨੌਂ ਦਵਾਰੇ ਪਰਗਟ ਰੱਖ, ਦਸਵਾਂ ਬੰਦ ਵਖਾਈਆ । ਕਲਜੁਗ ਅੰਤਮ ਹੋ ਪਰਤੱਖ, ਆਪਣੀ ਹੱਥੀਂ ਕੁੰਡਾ ਲਾਹੀਆ । ਦੀਪਕ ਸਾਚਾ ਦਿਤਾ ਰੱਖ, ਦਿਵਸ ਰੈਣ ਕਰੇ ਰੁਸ਼ਨਾਈਆ । ਚਾਰ ਦਿਵਾਰੀ ਕੀਨੀ ਸਖ, ਪੰਜ ਤੱਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਮੰਦਰ ਦਏ ਸੁਹਾਈਆ । ਗੁਰਸਿਖ ਤੇਰਾ ਸਾਚਾ ਮੰਦਰ, ਹਰਿ ਸਾਚੇ ਆਪ ਉਪਾਇਆ । ਜੋਤ ਜਗਾਈ ਅੰਦਰੇ ਅੰਦਰ, ਆਪਣਾ ਦੀਪਕ ਆਪ ਬਲਾਇਆ । ਭਾਗ ਲਗਾਇਆ ਡੂੰਘੀ ਕੰਦਰ, ਅੰਧ ਅੰਧੇਰ ਮਿਟਾਇਆ । ਮਨ ਨਟੂਆ ਨਾ ਫਿਰੇ ਬੰਦਰ, ਦਹਿ ਦਿਸ਼ਾ ਨਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਮੰਦਰ ਖੋਜ ਖੁਜਾਇਆ । ਗੁਰਸਿਖ ਮੰਦਰ ਸਾਚਾ ਘਰ, ਹਰਿ ਸਾਚੇ ਸਚ ਸੁਹਾਇਆ । ਕਲਜੁਗ ਅੰਤਮ ਦਿਤਾ ਵਰ, ਚਾਰ ਦਿਵਾਰੀ ਮੂਲ ਚੁਕਾਇਆ । ਜਿਸ ਜਨ ਅੰਦਰ ਜਾਏ ਵੜ, ਨੇਤਰ ਲੋਚਣ ਆਪ ਖੁਲ੍ਹਾਇਆ । ਸੁਰਤ ਸੁਵਾਣੀ ਲਏ ਫੜ, ਗੁਰ ਸ਼ਬਦੀ ਬੰਧਨ ਪਾਇਆ । ਸਾਚੀ ਸੇਜਾ ਬਹੇ ਚੜ੍ਹ, ਪਲੰਘ ਰੰਗੀਲਾ ਇਕ ਵਿਛਾਇਆ । ਗੁਰਸਿਖ ਅੱਖਰ ਵੱਖਰ ਰਿਹਾ ਪੜ੍ਹ, ਸੋਹੰ ਅਜਪਾ ਜਾਪ ਜਪਾਇਆ । ਪੁਰਖ ਅਬਿਨਾਸ਼ੀ ਆਪ ਫੜਾਇਆ ਆਪਣਾ ਲੜ, ਨਾ ਸਕੇ ਕੋਈ ਛੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਦਵਾਰ ਇਕ ਸੁਹਾਇਆ । ਗੁਰੂਦਵਾਰ ਗੁਰਸਿਖ ਮਨਾਰਾ,

੫੫੪
੦੮

ਘਰ ਘਰ ਵਿਚ ਆਪ ਉਪਾਇਆ । ਅੰਦਰ ਬੈਠਾ ਗੁਰੂ ਪਿਆਰਾ, ਗੁਰਸਿਖ ਤੇਰਾ ਰਾਹ ਤਕਾਇਆ । ਲੇਖ ਚੁਕਾਇਆ ਚਾਰ ਦੀਵਾਰਾ, ਨੌ ਦਵਾਰਾ ਪੰਧ ਮੁਕਾਇਆ । ਅੰਮ੍ਰਿਤ ਦੇਵੇ ਠੰਡੀ ਠਾਰਾ, ਅਠਸਠ ਤੀਰਥ ਨਹਾਵਣ ਕੋਇ ਨਾ ਜਾਇਆ । ਪੂਜਾ ਪਾਠ ਪਾਰ ਕਿਨਾਰਾ, ਜਿਸ ਜਨ ਆਪਣਾ ਦਰਸ ਦਏ ਵਖਾਇਆ । ਜੋਗ ਅਭਿਆਸ ਨਾ ਕੋਇ ਸਹਾਰਾ, ਨਿਉਂਲੀ ਕਰਮ ਨਾ ਕੋਇ ਕਰਾਇਆ । ਨੈਣ ਮੁੰਦ ਨਾ ਤਟ ਕਿਨਾਰਾ, ਜਟਾ ਜੂਟ ਨਾ ਕੋਇ ਬਣਾਇਆ । ਚੋਟੀ ਮੁਨ ਨਾ ਕੋਇ ਖ਼ਾਕ ਪਾਏ ਛਾਰਾ, ਅਗਨੀ ਧੂਣੀ ਨਾ ਕੋਇ ਤਾਇਆ । ਸਤਿਗੁਰ ਪੂਰਾ ਹੋ ਉਜਿਆਰਾ, ਨਰ ਨਿਰੰਕਾਰਾ ਲੋਕਮਾਤ ਅੰਤਮ ਆਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਸਚਖੰਡ ਦਵਾਰਾ ਇਕ ਵਖਾਇਆ । ਪੁਰਖ ਅਕਾਲ ਕੰਤ ਭਤਾਰਾ, ਗੁਰਮੁਖ ਨਾਰੀ ਵਿਆਉਣ ਆਇਆ । ਸੀਤਾ ਸੁਰਤੀ ਰਾਮ ਪਿਆਰਾ, ਮਨ ਰਾਵਣ ਦਏ ਮਿਟਾਇਆ । ਰਾਧਾ ਕ੍ਰਿਸ਼ਨਾ ਖੇਲ ਅਪਾਰਾ, ਨਾਮ ਬੰਸਰੀ ਦਏ ਵਜਾਇਆ । ਨਾਨਕ ਨਿਰੰਕਾਰ ਵਜਾਏ ਸਤਾਰਾ, ਨਿਰੰਕਾਰ ਨਿਰੰਕਾਰ ਨਿਰੰਕਾਰ ਏਕਾ ਗਾਇਆ । ਗੋਬਿੰਦ ਅੰਮ੍ਰਿਤ ਠੰਡਾ ਠਾਰਾ, ਪੁਰਖ ਅਬਿਨਾਸ਼ੀ ਏਕਾ ਜਾਮ ਪਿਆਇਆ । ਦੋ ਜਹਾਨਾਂ ਪਾਰ ਕਿਨਾਰਾ, ਲੱਖ ਚੁਰਾਸੀ ਫੰਦ ਕਟਾਇਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਨਿਹਕਲੰਕ ਆਪਣਾ ਨਾਉਂ ਰਖਾਇਆ । ਪਰਗਟ ਹੋਇਆ ਵਿਚ ਸੰਸਾਰਾ, ਨਾਮ ਡੰਕਾ ਇਕ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਜੈਕਾਰਾ, ਸੋਹੰ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਪਿਆਰ ਗੁਰਸਿਖਾਂ ਭਾਰ, ਪੁਰਖ ਅਬਿਨਾਸ਼ੀ ਹੋ ਤਿਆਰ, ਆਪਣੇ ਕੰਧ ਆਪ ਉਠਾਇਆ । ਗੁਰਸਿਖ ਤੇਰਾ ਚੁੱਕਿਆ ਭਾਰ ਆਪਣੇ ਕੰਧ, ਆਪਣੀ ਸੇਵ ਲਗਾਈਆ । ਆਪ ਮੁਕਾਏ ਦੋ ਜਹਾਨਾਂ ਪੰਧ, ਏਕਾ ਡੰਡਾ ਲਾਈਆ । ਸੋਹੰ ਸੁਹਾਗੀ ਸੁਣਾਇਆ ਛੰਦ, ਬ੍ਰਹਮ ਪਾਰਬ੍ਰਹਮ ਸਮਾਈਆ । ਜਿਸ ਜਨ ਰਸਨਾ ਗਾਇਆ ਖ਼ੁਸ਼ੀ ਕਰਾਏ ਬੰਦ ਬੰਦ, ਰੋਗ ਸੋਗ ਚਿੰਤ ਮਿਟਾਈਆ । ਆਪ ਸਮਾਏ ਪਰਮਾਨੰਦ, ਨਿਜਾਨੰਦ ਇਕ ਦਰਸਾਈਆ । ਜਿਸ ਜਨ ਤਜਾਇਆ ਮਦਿਰਾ ਮਾਸ ਗੰਦ, ਲੱਖ ਚੁਰਾਸੀ ਫੰਦ ਕਟਾਈਆ । ਕੋਟਨ ਕੋਟ ਮੰਗਾਂ ਰਹੇ ਮੰਗ, ਜੀਵ ਜੰਤ ਸਾਧ ਸੰਤ ਰਹੇ ਕੁਰਲਾਈਆ । ਜਿਸ ਜਨ ਕਿਰਪਾ ਕਰੇ ਸੂਰਾ ਸਰਬੰਗ, ਹੀਣ ਭਗਤੀ ਪਾਰ ਕਰਾਈਆ । ਆਪਣੇ ਅਸਵ ਘੋੜੇ ਆਪੇ ਕਸਿਆ ਤੰਗ, ਆਪੇ ਚੜ੍ਹਿਆ ਸ਼ਾਹ ਅਸਵਾਰ ਬੇਪਰਵਾਹੀਆ । ਗੁਰਸਿਖਾਂ ਦਵਾਰੇ ਆਪੇ ਰਿਹਾ ਮੰਗ, ਸ਼ੇਖ਼ ਸਰ ਸਰ ਸਿਖ ਆਪ ਹੋ ਜਾਈਆ । ਆਪਣੀ ਡੋਰੀ ਬੱਧਾ ਪਤੰਗ, ਆਕਾਸ਼ ਆਕਾਸ਼ਾਂ ਵਿਚ ਉਡਾਈਆ । ਏਥੇ ਓਥੇ ਦੋ ਜਹਾਨ ਕੱਟੀ ਭੁੱਖ ਨੰਗ, ਨਾਮ ਭੰਡਾਰਾ ਝੋਲੀ ਪਾਈਆ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਹਰਿ ਸੰਗਤ ਦਰਸ਼ਨ ਪਾਈਆ । ਸਤਿ ਪੁਰਖ ਨਿਰੰਜਣ ਵਜਾਏ ਆਪ ਮਰਦੰਗ, ਗੁਰ ਅਵਤਾਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਾਰੀ ਸ਼ਬਦ ਆਧਾਰੀ ਪਾਰ ਕਰਾਈਆ ।

## ੨੪ ਜੇਠ ੨੦੧੬ ਬਿਕ੍ਰਮੀ ਤੇਜ ਭਾਨ ਦੇ ਘਰ ਸ਼ੇਖ਼ ਸਰ ਜੰਮੂ

ਨਾਮ ਘਨਘੋਰ ਸ਼ਬਦ ਧੁਨ ਮੰਦਰ, ਸੁਰਤ ਬੰਦ ਹਰਿ ਗਿਆਨਾ । ਖੋਲ੍ਹ ਕਪਾਟ ਤੋੜੇ ਹਰਿ ਜੰਦਰ, ਜੁਗਤ ਜੋਗ ਭਗਵਾਨਾ । ਸਵਾਸ


੫੫੫
੦੮

ਪਰਕਾਸ਼ ਅਬਿਨਾਸ਼ ਘਟ ਅੰਦਰ, ਮੰਡਲ ਰਾਸ ਰਚਾਨਾ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਇਕ ਧਰ, ਕਮਲਾਪਾਤੀ ਵੇਖ ਵਖਾਨਾ । ਕਮਲਾਪਾਤੀ ਨਰ ਨਰਾਇਣ, ਨਿਜ ਮੰਦਰ ਨਿਜ ਘਰ ਵਸਿਆ । ਪੇਖੇ ਵੇਖੇ ਆਪਣੇ ਨੈਣ, ਦਰ ਭਿਖਾਰੀ ਫਿਰੇ ਨੱਸਿਆ । ਰਸਨਾ ਕਿਸੇ ਨਾ ਸਕੇ ਕਹਿਣ, ਹਰਿ ਸੱਜਣ ਜਿਸ ਜਨ ਵੇਖਿਆ । ਧਾਮ ਇਕੱਠੇ ਏਕਾ ਬਹਿਣ, ਦਿਸ ਨਾ ਆਏ ਕੋਇ ਰਵ ਸਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਰ ਨਿਰਾਲਾ ਏਕਾ ਕੱਸਿਆ । ਤੀਰ ਅਨੀਆਲਾ ਹਰਿ ਨਿਰੰਕਾਰ, ਨਿਰਗੁਣ ਸੇਵ ਲਗਾਈਆ । ਹੰ ਬ੍ਰਹਮ ਆਰ ਪਾਰ, ਪਾਰਬ੍ਰਹਮ ਵੇਖ ਵਖਾਈਆ । ਕਰਮ ਧਰਮ ਜਨਮ ਸੰਸਾਰ, ਤ੍ਰੈਗੁਣ ਬੰਧਨ ਤੋੜ ਤੁੜਾਈਆ । ਵਰਨ ਬਰਨ ਉਤਰੇ ਪਾਰ, ਸਰਨਗਤ ਸੱਚੀ ਸਰਨਾਈਆ । ਤਰਨੀ ਤਰਨ ਆਪ ਕਰਤਾਰ, ਤਾਰਨਹਾਰਾ ਹਰਿ ਰਘੁਰਾਈਆ । ਕਰਨੀ ਕਰਤਾ ਕਰੇ ਕਰਤਾਰ, ਆਪ ਆਪਣੀ ਕਿਰਤ ਕਮਾਈਆ । ਧਰਨੀ ਧਰਤ ਧਵਲ ਦਏ ਸਹਾਰ, ਧੁਰ ਦੀ ਬਾਣ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਦੀ ਸ਼ਬਦ ਏਕਾ ਏਕ ਗਾਈਆ । ਨਾਦੀ ਸ਼ਬਦ ਸਚ ਧੁੰਨਕਾਰ, ਸੁਨ ਸਮਾਧ ਸਮਾਇਆ । ਬੋਧ ਅਗਾਧੀ ਕਰ ਪਿਆਰ, ਘਟ ਛੇਤਰ ਵੇਖ ਵਖਾਇਆ । ਮਾਧੋ ਮਾਧੀ ਖ਼ਬਰਦਾਰ, ਮੋਹਣ ਮੋਹਨੀ ਰੂਪ ਵਟਾਇਆ । ਆਦਿ ਜੁਗਾਦੀ ਆਪਣੀ ਕਾਰ, ਏਕਉਂਕਾਰਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਸਚ ਸੁਹਾਇਆ । ਸਚ ਦਵਾਰਾ ਗੁਰਮੁਖ ਘਰ, ਗੁਰ ਗੁਰ ਵੇਸ ਵਟਾਇਆ । ਆਪਣੀ ਕਰਨੀ ਕਿਰਿਆ ਆਪੇ ਕਰ, ਕਾਰਜ ਕਰਤੇ ਕਾਜ ਰਚਾਇਆ । ਦੇਵੇ ਵਡਿਆਈ ਏਕਾ ਦਰ, ਦਰ ਦਰਬਾਰਾ ਇਕ ਸੁਹਾਇਆ । ਖਾਲੀ ਭੰਡਾਰੇ ਜਾਏ ਭਰ, ਅਟੋਟ ਅਤੁਟ ਆਪ ਹੋ ਜਾਇਆ । ਬਾਲਕ ਸੁੱਤ ਦੇਵੇ ਵਰ, ਅਬਿਨਾਸ਼ੀ ਅਚੁੱਤ ਖੇਲ ਖਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਏਕਾ ਨਾਅਰਾ ਸਾਚਾ ਲਾਇਆ ।



## ✪ ੨੪ ਜੇਠ ੨੦੧੬ ਬਿਕ੍ਰਮੀ ਦੇਵਾ ਸਿੰਘ ਦੇ ਘਰ ਧੰਗਾਲੀ ਜੰਮੂ ✪

ਹਰਿ ਜੋਤ ਨੂਰ ਨਿਰੰਕਾਰ, ਆਦਿ ਜੁਗਾਦਿ ਏਕਉਂਕਾਰਿਆ । ਪੁਰਖ ਅਗੰਮ ਅਗੰਮੜੀ ਕਾਰ, ਆਪਣੀ ਆਪ ਆਪ ਚਲਾ ਰਿਹਾ । ਅਬਿਨਾਸ਼ੀ ਕਰਤਾ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾ ਰਿਹਾ । ਆਦਿ ਨਿਰੰਜਣ ਨੂਰ ਉਜਿਆਰ, ਏਕਾ ਏਕ ਡਗਮਗਾ ਰਿਹਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਆਪਣਾ ਆਪ ਆਪ ਉਪਾ ਰਿਹਾ । ਆਪੇ ਵਸੇ ਹਰਿ ਦਵਾਰ, ਹਰਿ ਮੰਦਰ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾ ਲਿਆ । ਨਿਰਗੁਣ ਨਾਉਂ ਹਰਿ ਦਾਤਾਰ, ਆਪਣਾ ਆਪ ਧਰਾਇਆ । ਨਾ ਕੋਈ ਦੀਸੇ ਹੋਰ ਪਸਾਰ, ਨਾ ਕੋਈ ਬਣਤ ਬਣਾਇਆ । ਮਹੱਲ ਅਟੱਲ ਨਾ ਕੋਇ ਮਨਾਰ, ਗਗਨ ਮੰਡਲ ਨਾ ਕੋਇ ਰਖਾਇਆ । ਰਵ ਸਸ ਨਾ ਕੋਇ ਸਤਾਰ, ਸੂਰਜ ਚੰਦ ਨਾ ਕੋਇ ਚੜ੍ਹਾਇਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਅਧਾਰ, ਸਾਕਾਰ ਰੂਪ ਨਾ ਕੋਇ ਵਟਾਇਆ । ਤ੍ਰੈਗੁਣ ਦੇਵੇ ਨਾ ਕੋਇ ਆਧਾਰ, ਪੰਜ ਤੱਤ ਨਾ ਕੋਇ ਰਖਾਇਆ । ਖੇਲੇ ਖੇਲ ਆਪ ਨਿਰੰਕਾਰ, ਆਪ ਆਪਣੀ ਕਲ ਵਰਤਾਇਆ । ਸੁਹਾਏ ਸਚ ਸੱਚਾ ਘਰ ਬਾਰ, ਸਚ ਸਿੰਘਾਸਣ

ਆਸਣ ਲਾਇਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਅਬਿਨਾਸ਼ੀ ਕਰਤੇ ਖੇਲ ਖਲਾਇਆ । ਅਬਿਨਾਸ਼ੀ ਕਰਤਾ ਹਰਿ ਭਗਵੰਤ, ਏਕਾ ਏਕ ਅਖਵਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਦੂਸਰ
ਕੋਇ ਨਾ ਸੰਗ ਰਲਾਇੰਦਾ । ਆਪ ਬਣਾਏ ਆਪਣੀ ਬਣਤ, ਤੱਤਵ ਤੱਤ ਨਾ ਕੋਇ ਉਪਾਇੰਦਾ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ
ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਹਰਿ ਨਿਰੰਕਾਰ, ਆਦਿ ਜੁਗਾਦੀ ਏਕਾ ਕਾਰ, ਅਕਲ ਕਲ
ਧਾਰੀ ਆਪ ਅਖਵਾਇੰਦਾ । ਅਕਲ ਕਲ ਕਲ ਹਰਿ ਭਗਵਾਨਾ, ਨਾ ਕੋਈ ਦੂਸਰ ਚਲੇ ਹੋਰ ਨਿਸ਼ਾਨਾ, ਨਾ ਕੋਈ ਰਚਨ ਰਚਾਈਆ । ਆਦਿ
ਜੁਗਾਦੀ ਨੌਜਵਾਨਾ, ਬਾਲ ਬਿਰਧ ਨਾ ਕੋਇ ਵਖਾਈਆ । ਅਪਣਾ ਭਾਣਾ ਆਪ ਪਛਾਨਾ, ਆਪਣੇ ਭਾਣੇ ਵਿਚ ਸਮਾਈਆ । ਨਾ ਕੋਈ ਰਾਜਾ
ਨਾ ਕੋਈ ਰਾਣਾ, ਰਾਓ ਰੰਕ ਨਾ ਕੋਇ ਅਖਵਾਈਆ । ਨਾ ਕੋਈ ਮਰਦ ਨਾ ਮਰਦਾਨਾ, ਪੂਤ ਸਪੂਤ ਨਾ ਦਏ ਉਪਾਈਆ । ਨਾ ਕੋਈ ਰਾਗ
ਨਾ ਕੋਈ ਗਾਣਾ, ਤਾਲ ਤਲਵਾੜਾ, ਨਾ ਕੋਇ ਵਜਾਈਆ । ਨਾ ਕੋਈ ਪੀਣਾ ਨਾ ਕੋਈ ਖਾਣਾ, ਤ੍ਰਿਸਨਾ ਭੁੱਖ ਨਾ ਕੋਇ ਰਖਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਥਾਨ ਸੁਹਾਈਆ । ਥਾਨ ਥਨੰਤਰ ਹਰਿ ਨਿਰੰਕਾਰ, ਆਪਣਾ ਆਪ ਸੁਹਾਇੰਦਾ ।
ਖੇਲੇ ਖੇਲ ਅਪਰ ਅਪਾਰ, ਅਕਲ ਕਲ ਧਾਰੀ ਕਲ ਵਰਤਾਇੰਦਾ । ਸਚ ਦਵਾਰਾ ਕਰ ਤਿਆਰ, ਸਚਖੰਡ ਵਾਸੀ ਡੇਰਾ ਲਾਇੰਦਾ । ਥਿਰ ਘਰ
ਸੋਹੇ ਬੰਕ ਦਵਾਰ, ਬੰਕ ਦਵਾਰੀ ਵੇਖ ਵਖਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਆਪ ਆਪਣੀ ਜੋਤ ਡਗਮਗਾਇੰਦਾ । ਦੂਸਰ ਨਾ ਕੋਈ
ਦੀਸੇ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਸਤਿ ਸਤਿਵਾਦ, ਸਤਿ ਪੁਰਖ
ਵੱਡੀ ਵਡਿਆਈਆ । ਆਪੇ ਜਾਣੇ ਆਦਿ ਜੁਗਾਦਿ, ਜੁਗ ਕਰਤਾ ਨਾਉਂ ਰਖਾਈਆ । ਕੋਟਨ ਕੋਟ ਉਪਾਏ ਸੰਤ ਸਾਧ, ਲੋਕਮਾਤ ਵੇਖ ਵਖਾਈਆ ।
ਸ਼ਬਦ ਅਨਾਦੀ ਦੇਵੇ ਦਾਦ, ਧੁਨ ਆਤਮਕ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ ।
ਬੇਪਰਵਾਹ ਅਗੰਮ ਅਥਾਹ, ਪਾਰਬ੍ਰਹਮ ਅਖਵਾਇੰਦਾ । ਆਪੇ ਜਾਣੇ ਆਪਣਾ ਰਾਹ, ਆਪਣਾ ਮਾਰਗ ਆਪੇ ਲਾਇੰਦਾ । ਆਪ ਆਪਣੀ ਰਚਨ
ਰਚਾ, ਆਪੇ ਅੰਤਮ ਢਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਏ ਉਪਾ, ਸਾਚੀ ਸੇਵਾ ਸੇਵਕ ਲਾਇੰਦਾ । ਨਾਮ ਨਿਧਾਨਾ ਏਕਾ ਗਾ, ਏਕਾ ਝੋਲੀ
ਪਾਇੰਦਾ । ਸ਼ਬਦ ਤਰਾਨਾ ਆਪ ਸੁਣਾ, ਸਾਚਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ
ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਅਕੱਲਾ, ਏਕਾ ਏਕ ਅਖਵਾਇਆ । ਵਸਣਹਾਰਾ ਉਚ ਮਹੱਲਾ, ਦਿਸ ਕਿਸੇ ਨਾ ਆਇਆ । ਜੋਤੀ
ਸ਼ਬਦੀ ਆਪੇ ਰੱਲਾ, ਆਪ ਆਪਣਾ ਹੁਕਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਰੁਸ਼ਨਾਇਆ ।
ਨਿਰਗੁਣ ਨੂਰ ਪੁਰਖ ਅਗੰਮ, ਵਡ ਵੱਡੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਕੋਇ ਟਕਾਈਆ । ਜੁਗਾ ਜੁਗੰਤਰ ਜਾਣੇ
ਆਪਣਾ ਕੰਮ, ਜਾਗਰਤ ਜੋਤ ਕਰੇ ਰੁਸ਼ਨਾਈਆ । ਗਗਨ ਪਤਾਲ ਰਹਾਏ ਬਿਨ ਬਿਨ ਥੰਮ, ਮੰਡਲ ਮੰਡਪ ਡੇਰਾ ਲਾਈਆ । ਹੱਡ ਮਾਸ ਨਾੜੀ
ਨਾ ਦੀਸੇ ਚੰਮ, ਪੰਚਮ ਨਾਤਾ ਨਾ ਜੋੜ ਜੁੜਾਈਆ । ਪਵਣ ਸਵਾਸੀ ਨਾ ਲਏ ਦਮ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਨਾ ਕੋਈ ਤ੍ਰਿਸਨਾ

ਨਾ ਕੋਈ ਤਮ, ਆਲਸ ਨਿੰਦਰਾ ਵਿਚ ਨਾ ਆਈਆ । ਆਪਣਾ ਬੇੜਾ ਆਪੇ ਬੰਨ, ਆਪਣੇ ਕੰਧ ਉਠਾਈਆ । ਸੇਵਾ ਲਾਏ ਸੂਰਜ ਚੰਨ, ਦੇਵੇ ਜੋਤ ਰੁਸ਼ਨਾਈਆ । ਆਪੇ ਕਰੇ ਖੰਨ ਖੰਨ, ਖੰਡਣਹਾਰਾ ਆਪ ਹੋ ਜਾਈਆ । ਲੱਖ ਚੁਰਾਸੀ ਆਪੇ ਘੜੇ ਆਪੇ ਦੇਵੇ ਭੰਨ, ਭੰਨਣਹਾਰ ਵਡ ਵਡਿਆਈਆ । ਦੇਵਣਹਾਰਾ ਆਪੇ ਡੰਨ, ਹਰ ਘਟ ਬੈਠਾ ਡੇਰਾ ਲਾਈਆ । ਨਾ ਕੋਈ ਛੱਪਰ ਨਾ ਕੋਈ ਛੰਨ, ਮੰਦਰ ਮੰਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਨਿਰਗੁਣ ਧਾਰ ਅਲੱਖਣਾ ਅਲੱਖ, ਆਪਣੀ ਆਪ ਚਲਾਇੰਦਾ । ਤ੍ਰੈ ਤ੍ਰੈ ਵੇਤਾ ਕਰ ਪਰਤੱਖ, ਤ੍ਰੈ ਤ੍ਰੈ ਸੇਵ ਲਗਾਇੰਦਾ । ਨਿਰਗੁਣ ਸਰਗੁਣ ਕਰਿਆ ਵੱਖ, ਬ੍ਰਹਮ ਪਾਰਬ੍ਰਹਮ ਅਖਵਾਇੰਦਾ । ਆਪਣੀ ਵਸਤੂ ਅੰਦਰ ਰੱਖ, ਆਪੇ ਵੇਖ ਵਖਾਇੰਦਾ । ਦੂਸਰ ਨਾ ਕੋਈ ਸਕੇ ਦੱਸ, ਭੇਵ ਕੋਇ ਨਾ ਪਾਇੰਦਾ । ਸ਼ਬਦ ਅਨਾਦੀ ਬ੍ਰਹਮਾ ਵੇਤਾ ਕਰਿਆ ਵਸ, ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਹਾਜ਼ਰ ਹਜ਼ੂਰ ਜੋਤੀ ਜੋਤ ਡਗਮਗਾਇੰਦਾ । ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਦਇਆਨਿਧ ਨਾਮ ਧਰਾਇਆ । ਆਦਿ ਸ਼ਕਤੀ ਖੇਲ ਨਿਰਾਲਾ, ਖੇਲਣਹਾਰ ਭੇਵ ਨਾ ਪਾਇਆ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਰਖਾਇਆ । ਆਪੇ ਪਾਵੇ ਤ੍ਰੈਗੁਣ ਮਾਇਆ ਜਗਤ ਜੰਜਾਲਾ, ਤੋੜਨਹਾਰ ਆਪ ਅਖਵਾਇਆ । ਆਪ ਉਠਾਏ ਕਾਲ ਮਹਾਂਕਾਲਾ, ਮਹਾਂਕਾਲ ਆਪ ਹੋ ਜਾਇਆ । ਆਪੇ ਬਣੇ ਹਰਿ ਦਲਾਲਾ, ਆਪ ਆਪਣੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ, ਸਚ ਸੁਲਤਾਨ ਹਰਿ ਮਿਹਰਵਾਨ, ਏਕਾ ਏਕ ਅਖਵਾਇਆ । ਸਚ ਤਖ਼ਤ ਹਰਿ ਸਚ ਸੁਲਤਾਨ, ਘਰ ਸਾਚੇ ਆਸਣ ਲਾਈਆ । ਪਰਮ ਪੁਰਖ ਪ੍ਰਭ ਮਿਹਰਵਾਨ, ਆਪ ਆਪਣੀ ਖੇਲ ਖਿਲਾਈਆ । ਆਪੇ ਜਾਣੇ ਧੁਰ ਫ਼ਰਮਾਨ, ਆਪੇ ਰਿਹਾ ਸੁਣਾਈਆ । ਬ੍ਰਹਮੇ ਦੇਵੇ ਇਕ ਗਿਆਨ, ਏਕਾ ਬੂਝ ਬੁਝਾਈਆ । ਚਾਰ ਵੇਦਾਂ ਵੇਖੇ ਮਾਰ ਧਿਆਨ, ਲੋਕਮਾਤ ਵੱਡੀ ਵਡਿਆਈਆ । ਹਰਿ ਕਾ ਰੂਪ ਨਾ ਸਕੇ ਪਛਾਨ, ਬੇਅੰਤ ਬੇਪਰਵਾਹੀਆ । ਪੰਜ ਤੱਤ ਕਰ ਪਰਧਾਨ, ਪੰਚਮ ਮੇਲ ਮਿਲਾਈਆ । ਮਨ ਮਤ ਬੁਧ ਨਿਧਾਨ, ਨਿਰਗੁਣ ਆਪਣੀ ਵਸਤ ਟਿਕਾਈਆ । ਬ੍ਰਹਿਮੰਡਾਂ ਮਾਰੇ ਆਪ ਧਿਆਨ, ਹਰਿ ਸਾਚਾ ਵੇਖ ਵਖਾਈਆ । ਕਰੋੜ ਤੇਤੀਸਾ ਬਾਲ ਨਿਧਾਨ, ਗੁਣਵੰਤਾ ਕਰੇ ਜਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਸੁਰਪਤ ਮੰਗ ਮੰਗਾਈਆ । ਅੱਠੇ ਨੇਤਰ ਇਕ ਧਿਆਨ, ਬ੍ਰਹਮਾ ਬੈਠਾ ਰਾਹ ਤਕਾਈਆ । ਹੱਥ ਤ੍ਰਿਸੂਲ ਇਕ ਨਿਸ਼ਾਨ, ਸ਼ੰਕਰ ਲਏ ਅੰਗੜਾਈਆ । ਵਿਸ਼ਨੂੰ ਦੇਵੇ ਜੀਆ ਦਾਨ, ਦਾਤਾ ਰਿਜ਼ਕ ਸਬਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੱਡਾ ਵਡ ਵਡਿਆਈਆ । ਵੱਡਾ ਦਾਤਾ ਬੇਪਰਵਾਹ, ਨਿਰਗੁਣ ਹਰਿ ਅਖਵਾਇਆ । ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਵੇਖ ਵਖਾਇਆ । ਦੇਵਣਹਾਰਾ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾਇਆ । ਜੀਵਾਂ ਜੰਤਾਂ ਆਪ ਬਣਾ, ਆਪ ਆਪਣਾ ਵਿਚ ਰਖਾਇਆ । ਘਰ ਵਿਚ ਘਰ ਆਪ ਸੁਹਾ, ਘਰ ਬੈਠਾ ਮੁਖ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸਤਿ ਸਤਿਵਾਦੀ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵੇਖ ਵਖਾਇਆ । ਵੇਖ ਵਖਾਏ ਹਰ ਘਟ ਅੰਤਰ, ਹਰਿ ਸਾਚੇ ਵਡ ਵਡਿਆਈਆ । ਆਦਿ ਜੁਗਾਦੀ ਸਾਚਾ ਮੰਤਰ,

੫੫੮
੦੮

ਆਪ ਆਪਣਾ ਨਾਉਂ ਉਪਜਾਈਆ । ਖੇਲੇ ਖੇਲ ਜੁਗਾ ਜੁਗੰਤਰ, ਜੁਗ ਜੁਗ ਵੇਖੇ ਖੇਲ ਸਬਾਈਆ । ਆਪ ਲਗਾਏ ਪੰਜ ਤੱਤ ਬਸੰਤਰ, ਆਪੇ
ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਕਲ ਵਰਤੰਤਾ ਮੀਤ ਮੁਰਾਰਾ, ਪਰਮ
ਪੁਰਖ ਅਖਵਾਇੰਦਾ । ਨਿਰਗੁਣ ਨੂਰ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਲੋਆਂ ਪੁਰੀਆਂ ਪਾਵੇ ਸਾਰਾ, ਗਗਨ ਪਾਤਾਲਾਂ ਵੇਖ ਵਖਾਇੰਦਾ ।
ਆਕਾਸ਼ ਪਰਕਾਸ਼ ਹੋ ਉਜਿਆਰਾ, ਧਰਤ ਧਵਲ ਡੇਰਾ ਲਾਇੰਦਾ । ਲੱਖ ਚੁਰਾਸੀ ਦਏ ਸਹਾਰਾ, ਧੀਰਜ ਧੀਰ ਧਰਾਇੰਦਾ । ਸਰਗੁਣ ਨਿਰਗੁਣ
ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਸਤਿਗੁਰ ਹੋ ਅਵਤਾਰਾ, ਆਪ ਆਪਣੀ ਜੋਤ ਜਗਾਇੰਦਾ । ਭਗਤੀ ਦੇਵੇ ਸਚ ਭੰਡਾਰਾ,
ਲੋਕਮਾਤ ਵਰਤਾਇੰਦਾ । ਸਾਧਾਂ ਸੰਤਾਂ ਖਿਚ ਬਹਾਏ ਚਰਨ ਦਵਾਰਾ, ਆਪ ਆਪਣੀ ਬੂਝ ਬੁਝਾਇੰਦਾ । ਸੰਤ ਸਤਿਗੁਰ ਹੋਏ ਵਣਜਾਰਾ, ਨਾਮ
ਭਿਛਿਆ ਮੰਗ ਮੰਗਾਇੰਦਾ । ਸਤਿਗੁਰ ਪੂਰਾ ਭਰਨਹਾਰਾ ਭੰਡਾਰਾ, ਪੁਰਖ ਅਕਾਲ ਇਕ ਅਖਵਾਇੰਦਾ । ਕੋਟਨ ਕੋਟ ਮੰਗਦੇ ਰਹਿਣ ਦਵਾਰਾ,
ਅਤੋਟ ਅਤੁਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਜੋਤ ਧਰ, ਸਤਿਗੁਰ ਪੂਰਾ ਆਪ ਅਖਵਾਇੰਦਾ ।
ਸਤਿਗੁਰ ਪੂਰਾ ਸਤਿ ਹੈ, ਸਤਿਪੁਰਖ ਸੁਲਤਾਨ । ਸਾਧਾਂ ਸੰਤਾਂ ਦੇਵੇ ਬ੍ਰਹਮ ਮਤ ਹੈ, ਏਕਾ ਬ੍ਰਹਮ ਗਿਆਨ । ਸਤਿ ਸੰਤੋਖੀ ਦੇਵੇ ਧੀਰਜ ਜਤ
ਹੈ, ਮੇਟ ਮਿਟਾਏ ਪੰਜ ਸ਼ੈਤਾਨ । ਬਹੱਤਰ ਨਾੜ ਨਾ ਉਬਲੇ ਰਤ ਹੈ, ਆਸਾ ਤ੍ਰਿਸਨਾ ਨਾ ਕਰੇ ਵੈਰਾਨ । ਹਉਮੇ ਹੰਗਤਾ ਬੁਰਜ ਜਾਏ ਢੱਠ ਹੈ,
ਮਾਰੇ ਸ਼ਬਦ ਤੀਰ ਨਿਸ਼ਾਨ । ਚਰਨ ਦਵਾਰ ਵਖਾਏ ਤੀਰਥ ਅਠਸਠ ਹੈ, ਗੰਗਾ ਗੋਦਾਵਰੀ ਸੁਰਸਤੀ ਜਮਨਾ ਵੇਖ ਵਖਾਨ । ਜੋਤੀ ਨੂਰ ਉਜਾਲਾ
ਦੀਨ ਦਿਆਲਾ ਹਰਿ ਗੋਪਾਲਾ ਆਪ ਮਹਿਕਾਏ ਲਟ ਲਟ ਹੈ, ਦੇਵੇ ਦਾਤਾ ਗੁਣ ਨਿਧਾਨ । ਚੌਦਾਂ ਲੋਕ ਵਖਾਏ ਸਾਚਾ ਹੱਟ ਹੈ, ਆਪੇ ਹੋਏ ਨਿਗਹਬਾਨ ।
ਤ੍ਰਿਲੋਕੀ ਨੰਦਨ ਮੇਟੇ ਫਟ ਹੈ, ਤਿੰਨਾਂ ਲੋਕਾਂ ਪਾਰ ਕਰਾਨ । ਸਚਖੰਡ ਦਵਾਰਾ ਇਕਉਂਕਾਰਾ ਹਰਿ ਨਿਰੰਕਾਰਾ, ਏਕਾ ਸੁੱਤਾ ਖਾਟ ਹੈ, ਜੋਤੀ ਨੂਰ
ਨੂਰ ਉਜਿਆਰਾ । ਆਪੇ ਜਾਣੇ ਆਪਣੀ ਵਾਟ ਹੈ, ਨਾ ਕੋਈ ਚੜ੍ਹੇ ਜੀਵ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ
ਨਿਰੰਜਣ ਏਕਾ ਏਕ ਆਦਿ ਅਵਤਾਰਾ । ਆਦਿ ਜੁਗਾਦੀ ਹਰਿ ਅਵਤਾਰ, ਇਕਉਂਕਾਰ ਅਖਵਾਈਆ । ਜੁਗਾ ਜੁਗੰਤਰ ਪੈਜ ਸਵਾਰ, ਜਨ ਭਗਤਾਂ
ਲਏ ਤਰਾਈਆ । ਸਾਧਾਂ ਸੰਤਾਂ ਦਏ ਪਿਆਰ, ਚਰਨ ਕਵਲ ਸੱਚੀ ਸਰਨਾਈਆ । ਸੰਤ ਸਾਜਣ ਮੰਗੀ ਭਿਖ ਬਣ ਭਿਖਾਰ, ਅੱਗੇ ਆਪਣੀ ਝੋਲੀ
ਡਾਹੀਆ । ਦੇਵਣਹਾਰਾ ਵਾਰੋ ਵਾਰ, ਆਪਣੀ ਸੇਵਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ, ਕਰਨੀ ਕਰਮ ਕਮਾਇੰਦਾ । ਆਦਿ ਜੁਗਾਦਿ ਕਦੇ ਨਾ
ਡਰਦਾ, ਮਰਨ ਜਨਮ ਨਾ ਕੋਇ ਰਖਾਇੰਦਾ । ਆਪਣੀ ਤਰਨੀ ਆਪੇ ਤਰਦਾ, ਤਾਰਨਹਾਰ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਨਿਰਗੁਣ ਰੰਗ ਸਦਾ ਸੁਹੇਲਾ ਵਸੇ ਸੰਗ, ਵਿਛੜ ਕਦੇ ਨਾ ਜਾਇੰਦਾ । ਸਦਾ ਸੁਹੇਲਾ ਸੱਜਣ ਮੀਤ, ਹਰਿ ਸਤਿਗੁਰ ਪੁਰਖ
ਅਖਵਾਇਆ । ਸੰਤਾਂ ਸੁਣਾਏ ਸਾਚਾ ਗੀਤ, ਸ਼ਬਦ ਅਨਾਦੀ ਆਪ ਅਲਾਇਆ । ਜੁਗਾ ਜੁਗੰਤਰ ਸਾਚੀ ਰੀਤ, ਸਾਚਾ ਮਾਰਗ ਦਏ ਵਖਾਇਆ ।
ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਇਆ । ਕਾਇਆ ਕਰੇ ਠੰਡੀ ਸੀਤ, ਜਿਸ ਜਨ ਬਖ਼ਸ਼ੇ ਸਚ ਸਰਨਾਇਆ । ਏਕਾ ਏਕ

੫੫੯
੦੮

ਵਸੇ ਚੀਤ, ਦੂਜਾ ਭੌ ਰਹੇ ਨਾ ਰਾਇਆ । ਤੀਜੇ ਨੇਤਰ ਇਕ ਪ੍ਰੀਤ, ਸਵੱਛ ਸਰੂਪੀ ਦਰਸ ਵਖਾਇਆ । ਚੌਥਾ ਪਦ ਜਾਏ ਜੀਤ, ਜਿਸ ਜਨ ਸਿਰ ਆਪਣਾ ਹੱਥ ਟਿਕਾਇਆ । ਪੰਚਮ ਮੇਲਾ ਹਸਤ ਕੀਟ, ਹਰਿ ਸਾਚਾ ਘਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਨਿਰਾਕਾਰ, ਨਿਰਵੈਰ ਆਪ ਹੋ ਜਾਇਆ । ਨਿਰਵੈਰ ਅਕਾਲ ਮੂਰਤ, ਜੂਨੀ ਰਹਿਤ ਅਖਵਾਈਆ । ਸ਼ਬਦ ਅਨਾਦੀ ਸਾਚੀ ਤੂਰਤ, ਆਪਣੀ ਆਪ ਵਜਾਈਆ । ਆਪੇ ਵਸੇ ਨੇੜੇ ਦੂਰਤ, ਦੂਰ ਨੇੜੇ ਆਪ ਹੋ ਜਾਈਆ । ਸੰਤਾਂ ਭਗਤਾਂ ਆਪੇ ਕਰੇ ਆਸਾ ਪੂਰਤ, ਨਾਮ ਵਸਤ ਝੋਲੀ ਪਾਈਆ । ਨਾਤਾ ਤੋੜੇ ਕੂੜੋ ਕੂੜਤ, ਸਚ ਸੁੱਚ ਕਰੇ ਕੁੜਮਾਈਆ । ਏਕਾ ਬਖ਼ਸ਼ੇ ਚਰਨ ਧੂੜਤ, ਮਸਤਕ ਟਿੱਕਾ ਮੇਟੇ ਝੂਠੀ ਸ਼ਾਹੀਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਹਰਿ ਸਤਿਗੁਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਧਾਰ ਇਕ ਅਖਵਾਈਆ । ਨਿਰਾਧਾਰ ਪੁਰਖ ਅਕਾਲਾ, ਲੋਕਮਾਤ ਵੇਖ ਵਖਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਸਾਚੇ ਮਾਰਗ ਆਪੇ ਲਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਏਕਾ ਵਣਜ ਕਰਾਇੰਦਾ । ਫਲ ਲਗਾਏ ਕਾਇਆ ਡਾਲ੍ਹਾ, ਅੰਮ੍ਰਿਤ ਫਲ ਇਕ ਖੁਵਾਇੰਦਾ । ਵੇਖੇ ਮੰਦਰ ਸੱਚੀ ਧਰਮਸਾਲਾ, ਜੋਤ ਨਿਰੰਜਣ ਡਗਮਗਾਇੰਦਾ । ਸ਼ਬਦ ਅਨਾਦੀ ਵੱਜੇ ਤਾਲਾ, ਅਨਹਦ ਰਾਗ ਸੁਣਾਇੰਦਾ । ਸਰ ਸਰੋਵਰ ਮਾਰੇ ਉਛਾਲਾ, ਅੰਮ੍ਰਿਤ ਆਤਮ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸਾਜਣ ਮੀਤ ਮੁਰਾਰ, ਆਪ ਆਪਣੀ ਕਿਰਪਾ ਧਾਰ, ਦੇਵੇ ਨਾਮ ਇਕ ਅਧਾਰ, ਏਕਾ ਬੂਝ ਬੁਝਾਇੰਦਾ । ਸੰਤਨ ਮੀਤਾ ਹਰਿ ਭਗਵਾਨਾ, ਭਗਤੀ ਭਗਤ ਤਰਾਇੰਦਾ । ਅਗੰਮ ਅਗੰਮੜਾ ਇਕ ਤਰਾਨਾ, ਅਲੱਖਣਾ ਅਲੱਖ ਸੁਣਾਇੰਦਾ । ਸਚਖੰਡ ਦਵਾਰੇ ਖੇਲ ਮਹਾਨਾ, ਜੋਤੀ ਜੋਤ ਡਗਮਗਾਇੰਦਾ । ਸੁਨ ਅਗੰਮੀ ਵੇਖ ਵਖਾਨਾ, ਆਪ ਆਪਣੀ ਧਾਰ ਬੰਧਾਇੰਦਾ । ਆਪੇ ਵਸੇ ਪੰਜ ਤੱਤ ਮਕਾਨਾ, ਦਸਮ ਦਵਾਰੀ ਡੇਰਾ ਲਾਇੰਦਾ । ਆਤਮ ਸੇਜਾ ਰੰਗ ਰੰਗਾਨਾ, ਸਚ ਸਿੰਘਾਸਣ ਆਪ ਵਿਛਾਇੰਦਾ । ਨਾਰੀ ਸੁਰਤੀ ਮੇਲ ਮਿਲਾਨਾ, ਸ਼ਬਦੀ ਕੰਤ ਹੰਢਾਇੰਦਾ । ਪੰਚਮ ਸਖੀਆਂ ਗਾਇਣ ਗਾਣਾ, ਸਾਚਾ ਮੰਗਲ ਆਪ ਅਲਾਇੰਦਾ । ਸਰ ਸਰੋਵਰ ਇਕ ਵਖਾਨਾ, ਕਾਗੋਂ ਹੰਸ ਬਣਾਇੰਦਾ । ਰਾਗ ਅਨਾਦੀ ਇਕ ਸੁਨਾਣਾ, ਏਕਾ ਤਾਲ ਵਜਾਇੰਦਾ । ਡੂੰਘੀ ਭਵਰੀ ਪਾਰ ਕਰਾਣਾ, ਜੋਤ ਨਿਰੰਜਣ ਡਗਮਗਾਇੰਦਾ । ਨੌ ਦਵਾਰੇ ਛੁੱਟੇ ਆਵਣ ਜਾਣਾ, ਹਰਿਜਨ ਸਾਚੇ ਵੇਖ ਵਖਾਇੰਦਾ । ਅੱਖਰ ਵੱਖਰ ਇਕ ਪੜ੍ਹਾਨਾ, ਜਗਤ ਵਿਦਿਆ ਨਾ ਕੋਇ ਸਿਖਾਇੰਦਾ । ਪੁਰਖ ਅਗੰਮਾ ਏਕਾ ਦੇਵੇ ਧੁਰ ਫ਼ਰਮਾਨਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਹਰਿ ਕਾ ਰੂਪ ਨਾ ਕਿਸੇ ਪਛਾਨਾ, ਰਸਨਾ ਜੇਹਵਾ ਲੱਖ ਚੁਰਾਸੀ ਗਾਇੰਦਾ । ਸਾਧਾਂ ਸੰਤਾਂ ਬਖ਼ਸ਼ੇ ਚਰਨ ਧਿਆਨਾ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਅੰਤਰ ਇਕ ਗਿਆਨਾ, ਏਕਾ ਬ੍ਰਹਮ ਵਖਾਇੰਦਾ । ਏਕਾ ਗੋਪੀ ਏਕਾ ਕਾਹਨਾ, ਏਕਾ ਨਾਚ ਨਚਾਇੰਦਾ । ਏਕਾ ਸੀਤਾ ਏਕਾ ਰਾਮਾ, ਤੀਰ ਕਮਾਨਾ ਇਕ ਉਠਾਇੰਦਾ । ਏਕਾ ਨਾਨਕ ਗਾਏ ਪਦ ਨਿਰਬਾਨਾ, ਨਿਰਭੈ ਰੂਪ ਆਪ ਹੋ ਜਾਇੰਦਾ । ਗੋਬਿੰਦ ਮਾਰੇ ਸਚ ਨਿਸ਼ਾਨਾ, ਬਜਰ ਕਪਾਟੀ ਤੋੜ ਤੁੜਾਇੰਦਾ । ਪੁਰਖ ਅਬਿਨਾਸ਼ੀ ਦੇਵੇ ਮਾਣਾ, ਹਰਿ ਸੰਤਾਂ ਆਪ ਉਠਾਇੰਦਾ । ਸਤਿ ਪੁਰਖ ਨਿਰੰਜਣ ਗੁਣ ਨਿਧਾਨਾ, ਗੁਣਵੰਤਾ ਆਪ ਅਖਵਾਇੰਦਾ । ਜੁਗਾ ਜੁਗੰਤਰ ਲੋਕਮਾਤ ਵੇਖੇ ਮਾਰ ਧਿਆਨਾ, ਗੁਰ ਅਵਤਾਰ ਆਪ ਹੋ ਆਇੰਦਾ । ਜੋਤੀ ਜੋਤ

੫੬੦ ੦੮

ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕਓਂਕਾਰ, ਆਦਿ ਜੁਗਾਦੀ ਕਰ ਪਸਾਰ, ਨਿਰਮਲ ਜੋਤੀ ਕਰ ਉਜਿਆਰ, ਆਦਿ ਨਿਰੰਜਣ ਸੇਵਾਦਾਰ, ਜੋਤ ਨਿਰੰਜਣ ਡਗਮਗਾਇੰਦਾ । ਜੋਤ ਨਿਰੰਜਣ ਸਾਚੀ ਰਾਣੀ, ਹਰਿ ਆਪਣੀ ਆਪ ਉਠਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ, ਭਰ ਪਿਆਲਾ ਰਹੀ ਪਿਆਈਆ । ਗੁਰ ਕਾ ਸ਼ਬਦ ਸੱਚਾ ਹਾਣੀ, ਰਾਹ ਤੱਕੇ ਨੈਣ ਉਠਾਈਆ । ਸਾਚੇ ਮੰਦਰ ਸਾਚੀ ਬਾਣੀ, ਹਰਿ ਸਾਚਾ ਰਿਹਾ ਸੁਣਾਈਆ । ਸੰਤਾਂ ਪਾਇਆ ਏਕਾ ਪਦ ਨਿਰਬਾਣੀ, ਗੁਰ ਪੂਰੇ ਬੂਝ ਬੁਝਾਈਆ । ਭਰਮੇ ਭੁੱਲੀ ਚਾਰੇ ਖਾਣੀ, ਚਾਰ ਵਰਨ ਕਰੇ ਲੜਾਈਆ । ਹਰਿ ਕੀ ਜੋਤ ਨਾ ਕਿਸੇ ਪਛਾਨੀ, ਨੇਤਰ ਨੈਣ ਨਾ ਕਿਸੇ ਖੁਲ੍ਹਾਈਆ । ਫਲ ਨਾ ਦਿਸੇ ਕਿਸੇ ਡਾਲ੍ਹੀ, ਫਲ ਫੁਲਵਾੜੀ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪ ਚਲਾਏ ਆਪਣਾ ਮੰਤਰ, ਆਪਣੇ ਸ਼ਬਦ ਦਏ ਵਡਿਆਈਆ । ਸਤਿਜੁਗ ਸਾਚੇ ਸਾਚੀ ਧਾਰ, ਸਤਿਪੁਰਖ ਨਿਰੰਜਣ ਆਪ ਚਲਾਈਆ । ਭਗਤ ਭਗਵੰਤਾ ਮੇਲ ਸੰਸਾਰ, ਦੂਤਾਂ ਦੁਸ਼ਟਾਂ ਦਏ ਖਪਾਈਆ । ਵਰਨਾਂ ਬਰਨਾਂ ਵਸਿਆ ਬਾਹਰ, ਆਪ ਆਪਣਾ ਮੁਖ ਛੁਪਾਈਆ । ਤ੍ਰੇਤੇ ਤੇਰੀ ਪਾਵੇ ਸਾਰ, ਤੇਰਾ ਰੰਗ ਰੰਗਾਈਆ । ਹਰਿ ਕਾ ਰੂਪ ਅਪਰ ਅਪਾਰ, ਛੇ ਸ਼ਾਸਤਰ ਚਾਰ ਵੇਦ ਭੇਵ ਨਾ ਰਾਈਆ । ਦੁਆਪਰ ਤੇਰਾ ਵੇਖ ਕਿਨਾਰ, ਆਪ ਆਪਣੀ ਕਲ ਵਰਤਾਈਆ । ਆਪੇ ਵਸਿਆ ਸਭ ਤੋਂ ਬਾਹਰ, ਅਛਲ ਅਛੱਲ ਖੇਲ ਖਿਲਾਈਆ । ਏਕਾ ਮੀਤਾ ਉਧਰਿਆ ਪਾਰ, ਇਕ ਗਿਆਨ ਦ੍ਰਿੜ੍ਹਾਈਆ । ਕਲਜੁਗ ਤੇਰੀ ਕਾਲੀ ਧਾਰ, ਹਰਿ ਸਾਚੇ ਵਡ ਵਡਿਆਈਆ । ਚਾਰੋਂ ਕੁੰਟ ਅੰਧ ਅੰਧਿਆਰ, ਰੈਣ ਅੰਧੇਰੀ ਰਹੀ ਛਾਈਆ । ਨੌਂ ਖੰਡ ਪ੍ਰਿਥਮੀ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਬਣਤ ਬਣਾਈਆ । ਬਣਤ ਬਣਾਏ ਹਰਿ ਬਨਵਾਰੀ, ਹਰ ਘਟ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਜੋਤ ਨਿਰੰਕਾਰੀ, ਨਿਰਗੁਣ ਆਪ ਜਣਾਇੰਦਾ । ਈਸਾ ਮੂਸਾ ਵਣਜ ਵਾਪਾਰੀ, ਏਕਾ ਕਲਮਾ ਆਪ ਪੜ੍ਹਾਇੰਦਾ । ਸੰਗ ਮੁਹੰਮਦ ਲਾਈ ਯਾਰੀ, ਸਾਚਾ ਹੁਕਮ ਸੁਣਾਇੰਦਾ । ਨਾਨਕ ਨਿਰਗੁਣ ਕਰੇ ਕਾਰੀ, ਤ੍ਰੈਗੁਣ ਬੰਧਨ ਤੋੜ ਤੁੜਾਇੰਦਾ । ਗੁਰ ਗੋਬਿੰਦ ਖੇਲ ਅਪਾਰੀ, ਸ਼ਬਦ ਖੰਡਾ ਹੱਥ ਉਠਾਇੰਦਾ । ਸਾਧਾਂ ਸੰਤਾਂ ਜੀਆਂ ਜੰਤਾਂ ਰਿਹਾ ਵੇਖ ਵਿਚਾਰੀ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਲਾਹੀ ਬੇਪਰਵਾਹ ਏਕਾ ਨਾਮ ਸੱਚਾ ਜਾਮ, ਜਨ ਸੰਤਾਂ ਆਪ ਪਿਆਇੰਦਾ । ਹਰਿ ਸੰਤ ਭਗਤ ਵਡਿਆਈ, ਹਰਿ ਵਡਿਆਇੰਦਾ । ਕਬੀਰੇ ਦੇਵੇ ਇਕ ਰੁਸ਼ਨਾਈ, ਏਕਾ ਨੈਣ ਖੁਲ੍ਹਾਇੰਦਾ । ਏਕਾ ਘਰ ਧੀ ਜਵਾਈ, ਸੌਹਰੇ ਪੇਕੇ ਇਕ ਸੁਹਾਇੰਦਾ । ਏਕਾ ਘਰ ਵੱਜੀ ਵਧਾਈ, ਏਕ ਮੰਗਲ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਮ ਆਪ ਜਪਾਇੰਦਾ । ਕਬੀਰੇ ਜਪਿਆ ਹਰਿ ਹਰਿ ਨਾਉਂ, ਹਰਿ ਸਾਚੇ ਵੇਖ ਵਖੰਨਿਆ । ਆਪੇ ਬਣਿਆ ਪਿਤਾ ਮਾਉਂ, ਲੋਕਮਾਤ ਆਇਆ ਭੰਨਿਆਂ । ਗੰਗਾ ਨੀਰ ਕਰੇ ਸਚ ਨਿਆਂ, ਖੇਲੇ ਖੇਲ ਅਛਲ ਅਛੰਨਿਆ । ਦੇਵਣਹਾਰਾ ਸਾਚਾ ਥਾਂ, ਪੁਰਖ ਅਬਿਨਾਸ਼ੀ ਏਕਾ ਮੰਨਿਆ । ਨਗਰ ਖੇੜਾ ਸਚ ਗਰਾਂ, ਸਚਖੰਡ ਦਵਾਰਾ ਇਕ ਵਖੰਨਿਆ । ਪਾਰ ਕਰਾਇਆ ਫੜ ਕੇ ਬਾਂਹ, ਹਰਿ ਜੋਤੀ ਜੋਤ ਮਿਲੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਸਦਾ ਸੰਗ, ਹਰਿ ਸਾਚਾ ਸਚ ਵਖੰਨਿਆ । ਸਚ ਧਾਮ ਹਰਿ ਸੁਹੰਦੜਾ, ਅਗੰਮ ਅਥਾਹ ਅਖਵਾਇੰਦਾ ।

ਭਗਤ ਭਗਵੰਤ ਮੇਲ ਮਿਲੰਦੜਾ, ਦਿਸ ਕਿਸੇ ਨਾ ਆਇੰਦਾ । ਸਰਗੁਣ ਜੋਤੀ ਨਿਰਗੁਣ ਜਗੰਦੜਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸੰਤਾਂ ਮਾਰਗ ਇਕ ਵਖੰਦੜਾ, ਸਾਚਾ ਮਾਰਗ ਇਕ ਜਣਾਇੰਦਾ । ਭਰਮ ਭੁਲੇਖੇ ਦੂਰ ਕਰੰਦੜਾ, ਅੰਧ ਅੰਧੇਰ ਗਵਾਇੰਦਾ । ਸਤਿਗੁਰ ਪੂਰਾ ਹਰਿ ਬਖ਼ਸ਼ਿੰਦੜਾ, ਬਖ਼ਸ਼ਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਹਰਿ ਸਾਚਾ ਮੇਲ ਮਿਲਾਇੰਦਾ । ਹਰਿ ਸੰਤ ਵਡਿਆਈ ਧੰਨ, ਹਰਿ ਹਰਿ ਮੰਗਲ ਗਾਇਆ । ਹਰਿ ਭਗਤ ਵਡਿਆਈ ਧੰਨ, ਸਤਿਗੁਰ ਪੁਰਖ ਇਕ ਮਨਾਇਆ । ਹਰਿ ਸੰਤ ਵਡਿਆਈ ਧਨ, ਹਉਮੇ ਰੋਗ ਗਵਾਇਆ । ਹਰਿ ਭਗਤ ਵਡਿਆਈ ਧਨ, ਏਕਾ ਓਟ ਰਖਾਇਆ । ਹਰਿ ਸੰਤ ਵਡਿਆਈ ਧਨ, ਮਾਇਆ ਮਮਤਾ ਮੋਹ ਤਜਾਇਆ । ਹਰਿ ਭਗਤ ਵਡਿਆਈ ਧੰਨ, ਕਾਇਆ ਰੰਗਣ ਇਕ ਚੜ੍ਹਾਇਆ । ਦੋਹਾਂ ਬੇੜਾ ਦੇਵੇ ਬੰਨ, ਸਤਿਗੁਰ ਪੂਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਗੁਰ ਅਵਤਾਰ ਹਰਿ ਨਿਰੰਕਾਰ ਇਕ ਅਖਵਾਇਆ । ਆਦਿ ਜੁਗਾਦੀ ਹਰਿ ਅਵਤਾਰਾ, ਜੁਗ ਜੁਗ ਵੇਸ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇਆ । ਚਾਰ ਵਰਨਾਂ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇਆ । ਬਰਨ ਅਠਾਰਾਂ ਰਹੇ ਪੁਕਾਰਾ, ਨੇਤਰ ਰੋ ਰੋ ਨੀਰ ਵਹਾਇਆ । ਧਰਤ ਮਾਤ ਮਾਰੇ ਨਾਅਰਾ, ਖੁਲੜੇ ਕੇਸ ਗਲ ਵਿਚ ਪਾਇਆ । ਸਾਧਾਂ ਸੰਤਾਂ ਕਾਮ ਕਰੋਧ ਲੋਭ ਮੋਹ ਵਧਿਆ ਹੰਕਾਰਾ, ਜਗਤ ਤ੍ਰਿਸਨਾ ਨਾ ਕੋਇ ਬੁਝਾਇਆ । ਪੜ੍ਹ ਪੜ੍ਹ ਵੇਦ ਨਾ ਕਿਸੇ ਵਿਚਾਰਾ, ਗਾ ਗਾ ਰਸਨ ਕਰੇ ਹਲਕਾਇਆ । ਅਠਾਰਾਂ ਪੁਰਾਨ ਨਾ ਬੰਨੀ ਧਾਰਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਨਾ ਕਿਸੇ ਗਣਾਇਆ । ਅਠਾਰਾਂ ਧਿਆਏ ਨਾ ਪਾਇਣ ਸਾਰਾ, ਅਰਜਨ ਰੂਪ ਨਾ ਕਿਸੇ ਵਖਾਇਆ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਕੁਤਬ ਗੌਸ ਮਾਰਨ ਨਾਅਰਾ, ਐਨਲਹੱਕ ਨਾ ਕੋਇ ਅਖਵਾਇਆ । ਚਾਰੋਂ ਕੁੰਟ ਚਾਰ ਯਾਰਾ, ਮੁਕਾਮੇ ਹੱਕ ਨਾ ਮੇਲਾ ਇਕ ਖ਼ੁਦਾਇਆ । ਪੰਡਤ ਪਾਂਧੇ ਤਿਲਕ ਮਸਤਕ ਲਾਇਆ ਭਾਰਾ, ਜੋਤ ਲਲਾਟ ਨਾ ਕੋਇ ਜਗਾਇਆ । ਗੁਰ ਗੱਦੀ ਬਣ ਬਣ ਬੈਠੇ ਵਿਚ ਸੰਸਾਰਾ, ਗੁਰ ਕਾ ਰੂਪ ਨਜ਼ਰ ਨਾ ਆਇਆ । ਆਪੇ ਵੇਖੇ ਆਰ ਪਾਰ, ਕਿਨਾਰਾ, ਬੇਆਸ ਧਾਰਾ ਆਪ ਰੁੜ੍ਹਾਇਆ । ਸ਼ਬਦ ਖੰਡਾ ਤੇਜ਼ ਕਟਾਰਾ, ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣੇ ਹੱਥ ਉਠਾਇਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇਆ । ਸਾਧਾਂ ਸੰਤਾਂ ਕਰੇ ਵਿਚਾਰਾ, ਜੂਠ ਝੂਠ ਰਹਿਣ ਨਾ ਪਾਇਆ । ਅੰਦਰ ਵੜ ਵੜ ਮਾਰੇ ਮਾਰਾ, ਦਿਸ ਕਿਸੇ ਨਾ ਆਇਆ । ਦਸਮ ਦਵਾਰੀ ਨਾ ਕੀਆ ਕੋਇ ਉਜਿਆਰਾ, ਅਗੰਮ ਅਗੰਮ ਰਹੇ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਆਪੇ ਫੋਲੇ, ਸਾਧਾਂ ਸੰਤਾਂ ਨਾਮ ਕੰਡੇ ਤੋਲੇ, ਸਾਚਾ ਤੋਲਾ ਇਕ ਅਖਵਾਇਆ । ਤੋਲਣਹਾਰਾ ਸਾਚੇ ਕੰਡੇ, ਹਰਿ ਕੰਡਾ ਹੱਥ ਉਠਾਇੰਦਾ । ਵੇਖ ਵਖਾਏ ਵਿਚ ਬ੍ਰਹਿਮੰਡੇ, ਉਤਭੁਜ ਸੇਤਜ ਫੋਲ ਫੋਲਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪੇ ਵੰਡੇ, ਲੱਖਣ ਪੁਸ਼ਕਰ ਕਰੋਚ ਫੇਰਾ ਪਾਇੰਦਾ । ਜੰਬੂ ਤੇਰਾ ਤੋੜ ਘਮੰਡੇ, ਖ਼ਾਕੀ ਖ਼ਾਕ ਮਿਲਾਇੰਦਾ । ਸਲਮਲ ਸਾਨ ਮਾਰੇ ਡੰਡੇ, ਸ਼ਬਦ ਡੰਡਾ ਹੱਥ ਰਖਾਇੰਦਾ । ਕੁਸ਼ਾ ਆਤਮ ਹੋਏ ਰੰਡੇ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਜੂਠੀ ਝੂਠੀ ਕੰਡ ਆਪੇ ਵੱਢੇ, ਭੇਖ ਪਾਖੰਡ ਮਿਟਾਇੰਦਾ । ਸਾਧਾਂ ਸੰਤਾਂ ਆਪ ਲਡਾਏ ਆਪਣੇ ਲਡੇ, ਆਪ ਆਪਣੀ

੫੬੩
੦੮

ਗੋਦ ਉਠਾਇੰਦਾ । ਦੂਰ ਦੁਰਾਡੇ ਕੋਈ ਨਾ ਛੱਡੇ, ਅਨਭਵ ਪਰਕਾਸ਼ ਕਰਾਇੰਦਾ । ਕਲਜੁਗ ਤੇਰੀਆਂ ਸੀਆਂ ਹੇਠ ਗੱਡੇ, ਉਪਰ ਭਾਰ ਆਪਣਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ ਆਪਣੀ ਆਪ ਚਲਾਇੰਦਾ । ਕਲਜੁਗ ਤੇਰਾ ਕਾਲਾ ਰੂਪ, ਚਾਰੋਂ ਕੁੰਟ ਲਏ ਅੰਗੜਾਈਆ । ਮੰਦਰ ਗੁਰੂਦਵਾਰ ਧੁਖਦੇ ਧੂਪ, ਸਾਚਾ ਹਵਨ ਨਾ ਕੋਈ ਕਰਾਈਆ । ਗਿਆਨ ਧਿਆਨ ਬੋਲਤ ਝੂਠ, ਪੰਡਤ ਪਾਂਧੇ ਦੇਣ ਦੁਹਾਈਆ । ਸਚ ਧਰਮ ਗਿਆ ਰੂਠ, ਸਚ ਨਾਮ ਨਾ ਕੋਈ ਜਣਾਈਆ । ਖਾਲੀ ਦਿਸਨ ਸਭ ਦੇ ਠੂਠ, ਨਾਮ ਵਸਤ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣ ਆਇਆ ਤੇਰੀ ਸ਼ਾਹੀਆ । ਕਲਜੁਗ ਕੂੜਾ ਸ਼ਾਹ ਸੁਲਤਾਨ, ਕੂੜਾ ਕੂੜ ਕਰੇ ਵਿਹਾਰਿਆ । ਸਿਕਦਾਰ ਬਣਾਏ ਪੰਜ ਸ਼ੈਤਾਨ, ਚਾਰੋਂ ਕੁੰਟ ਫਿਰੇ ਲਲਕਾਰਿਆ । ਸਾਧਾਂ ਸੰਤਾਂ ਭੁੱਲਾ ਗਿਆਨ, ਮਾਇਆ ਮਮਤਾ ਕਰਨ ਪਿਆਰਿਆ । ਧੀਆਂ ਭੈਣਾਂ ਪਏ ਤਕਾਣ, ਏਕਾ ਭੁੱਲਾ ਹਰਿ ਨਿਰੰਕਾਰਿਆ । ਮਦਿਰਾ ਮਾਸ ਪੀਣ ਖਾਣ, ਬੈਠੇ ਵਿਚ ਗੁਰੂਦਵਾਰਿਆ । ਨਾਨਕ ਗੋਬਿੰਦ ਕਰੇ ਪਛਾਨ, ਕਲਜੁਗ ਅੰਤਮ ਵੇਖ ਵਖਾ ਰਿਹਾ । ਰਾਮ ਰਮਈਆ ਜਾਣੀ ਜਾਣ, ਜਾਨਣਹਾਰਾ ਭੇਵ ਖੁਲ੍ਹਾ ਰਿਹਾ । ਸੰਤ ਭਗਤ ਸਰਬ ਕੁਰਲਾਣ, ਕਲਜੁਗ ਧੀਰ ਨਾ ਕੋਇ ਧਰਾ ਰਿਹਾ । ਚਾਰੋਂ ਕੁੰਟ ਗੁਰੂ ਅਖਵਾਣ, ਸਿਰ ਛਤਰ ਨਾ ਕੋਇ ਰਖਾ ਲਿਆ । ਜੀਵਾਂ ਜੰਤਾਂ ਭਰਮ ਭੁਲਾਣ, ਹਰਿ ਰੰਗ ਨਾ ਕੋਈ ਰੰਗ ਰਿਹਾ । ਗੁਰੂ ਗ੍ਰੰਥ ਸਰਬ ਮਨਾਣ, ਗੁਰੂ ਟੇਕ ਨਾ ਕੋਇ ਧਰਾ ਲਿਆ । ਸਤਿ ਪੁਰਸ਼ ਬਣ ਬਣ ਸੇਵਾ ਕਰਾਣ, ਸਤਿ ਪੁਰਸ਼ ਨਜ਼ਰ ਕਿਸੇ ਨਾ ਪਾ ਲਿਆ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਖੇਲੇ ਖੇਲ ਦੋ ਜਹਾਨ, ਕਲਜੁਗ ਅੰਤਮ ਜੋਤੀ ਜਾਮਾ ਭੇਸ ਵਟਾ ਲਿਆ । ਖਾਲੀ ਕਰੇ ਸਰਬ ਦੁਕਾਨ, ਏਕਾ ਡੰਕਾ ਹੱਥ ਉਠਾ ਲਿਆ । ਰਾਜ ਰਾਜਾਨ ਸ਼ਾਹ ਸੁਲਤਾਨ ਸਰਬ ਕੁਰਲਾਣ, ਸੀਸ ਤਾਜ ਨਾ ਕਿਸੇ ਟਿਕਾ ਲਿਆ । ਸਾਧ ਸੰਤ ਸਰਬ ਪਛਤਾਨ, ਨਿਹਕਲੰਕ ਵੇਖਣ ਆ ਗਿਆ । ਕਲਜੁਗ ਸੋਇਆਂ ਆਪ ਜਗਾਣ, ਨਾਮ ਖੰਡਾ ਇਕ ਚਮਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਧ ਸੰਤ ਆਪਣੀ ਸੇਵਾ ਲਾ ਲਿਆ । ਸੰਤ ਸਾਧ ਮੰਗਣ ਪੂਜਾ, ਪ੍ਰਭ, ਚਰਨ ਇਕ ਧਿਆਨਿਆ । ਹਰਿ ਬਿਨ ਔਰ ਨਾ ਕੋਈ ਦੂਜਾ, ਦਿਸੇ ਵਿਚ ਜਹਾਨਿਆ । ਬਿਨ ਸਤਿਗੁਰ ਖੋਲ੍ਹੇ ਨਾ ਕੋਇ ਨੈਣ ਤੀਜਾ, ਨਾ ਦੇਵੇ ਬ੍ਰਹਮ ਗਿਆਨਿਆ । ਚੌਥੇ ਪਦ ਨਾ ਕੋਇ ਭੀਜਾ, ਮਨ ਕਾ ਮੋਹ ਨਾ ਕੋਇ ਚੁਕਾਨਿਆ । ਪੰਚਮ ਕਰੇ ਨਾ ਕੋਇ ਸਾਚੀ ਰੀਝਾ, ਸਿਰ ਸ਼ਿੰਗਾਰ ਨਾ ਕੋਇ ਰਖਾਨਿਆ । ਛੇਵੇਂ ਦਿਸੇ ਨਾ ਕੋਇ ਕਿਸੇ ਵਿਚ ਦਹਿਲੀਜ਼ਾ, ਨਿਰਗੁਣ ਰੂਪ ਸ੍ਰੀ ਭਗਵਾਨਿਆ । ਸਤਿ ਪੁਰਖ ਨਿਰੰਜਣ ਆਪਣੇ ਅੰਤਰ ਆਪੇ ਭੀਜਾ, ਆਪ ਆਪਣੇ ਰੂਪ ਸਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਸਤ ਵੇਖੇ ਮਾਰ ਧਿਆਨਿਆ । ਨੌ ਸਤ ਹਰਿ ਹਰਿ ਕਾਰ, ਹਰਿ ਹਰਿ ਆਪ ਕਰਾਇੰਦਾ । ਵਰਭੰਡੀ ਵੇਖੇ ਕਰ ਵਿਚਾਰ, ਬ੍ਰਹਿਮੰਡੀ ਖੋਜ ਖੋਜਾਇੰਦਾ । ਭੇਖ ਪਖੰਡਾ ਦਏ ਨਿਵਾਰ, ਏਕਾ ਡੰਡਾ ਮਗਰ ਲਾਇੰਦਾ । ਚਾਰ ਵਰਨਾਂ ਇਕ ਅਧਾਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸ਼ਾਹ ਸੁਲਤਾਨ ਸੋਹਣ ਇਕ ਦਰਬਾਰ, ਊਚਾਂ ਨੀਚਾਂ ਏਕਾ ਰੰਗ ਰੰਗਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਨਾ ਕੋਈ ਮਿਟਾਇੰਦਾ । ਇਕ ਸੁਹਾਏ ਬੰਕ ਦਵਾਰ, ਗੁਰੂਦਵਾਰ ਇਕ ਵਖਾਇੰਦਾ । ਏਕਾ ਪੁਰਖ ਏਕਾ ਨਾਰ, ਏਕਾ ਕੰਤ ਹੰਢਾਇੰਦਾ । ਏਕਾ ਮੰਦਰ ਹੋ ਉਜਿਆਰ, ਦੀਪਕ

ਇਕ ਜਗਾਇੰਦਾ । ਸ਼ਾਹੋ ਭੂਪ ਇਕ ਸੁਲਤਾਨ, ਏਕਾ ਰਈਅਤ ਸਚ ਬਣਾਇੰਦਾ । ਸਾਚੀ ਸ਼ਖ਼ਸ਼ੀਅਤ ਵਿਚ ਸੰਸਾਰ, ਹਰਿ ਆਪਣੀ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਖੰਡਾ ਵਿਚ ਬਹਿਮੰਡਾਂ ਤੇਜ਼ ਪਰਚੰਡਾ ਆਪ ਚਮਕਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਸਮਰਥ ਹੱਥ ਉਠਾਈਆ । ਸ਼ਾਹ ਈਰਾਨਾ ਕਰੇ ਖ਼ਬਰਦਾਰ, ਪੰਦਰਾਂ ਕੱਤਕ ਆਪ ਜਗਾਈਆ । ਲਹਿੰਦੀ ਦਿਸ਼ਾ ਵੇਖ ਵਿਚਾਰ, ਮੱਕਾ ਕਾਅਬਾ ਫੋਲ ਫੋਲਾਈਆ । ਬਗਦਾਦ ਪੈਕਟ ਨਾ ਕੋਈ ਧਾਰ, ਹਿੰਦੀ ਸਾਰ ਨਾ ਕੋਇ ਵਖਾਈਆ । ਪ੍ਰਭ ਕਾ ਹੁਕਮ ਮਾਰੇ ਮਾਰ, ਦੂਜੀ ਓਟ ਨਾ ਕੋਇ ਰਖਾਈਆ । ਕਛ ਕਸ਼ਮੀਰ ਰਿਹਾ ਲਲਕਾਰ, ਭੇਵ ਕੋਈ ਨਾ ਪਾਈਆ । ਰੂਸਾ ਚੀਨਾ ਦਏ ਹੁਲਾਰ, ਅਫ਼ਗਾਨ ਸੰਗ ਲੜਾਈਆ । ਆਪੇ ਰੱਖੇ ਸਭ ਤੋਂ ਬਾਹਰ, ਪ੍ਰਭ ਸਾਚੇ ਵਡ ਵਡਿਆਈਆ । ਗੁਰਮੁਖਾਂ ਕਰੇ ਖ਼ਬਰਦਾਰ, ਏਕਾ ਸ਼ਬਦ ਸ਼ਬਦ ਜਣਾਈਆ । ਫੜ ਫੜ ਬਾਂਹੋਂ ਜਾਏ ਤਾਰ, ਜਗਤ ਛੰਬ ਨਾ ਕੋਇ ਰੁੜ੍ਹਾਈਆ । ਮੇਲ ਮਿਲਾਵਾ ਮੀਤ ਮੁਰਾਰ, ਆਪਣੇ ਲੱਭ ਲੱਭ ਲਏ ਕਰਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਹਿੰਦੂ ਮੁਸਲਮ ਸਿਖ ਈਸਾਈ ਬਖ਼ਸ਼ੇ ਸਚ ਸਰਨਾਈਆ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਵੇਖ ਵਿਚਾਰ, ਦਹਿ ਦਿਸ਼ ਫੇਰਾ ਪਾਈਆ । ਕਲਜੁਗ ਤੇਰੀ ਕੂੜੀ ਧਾਰ, ਕੂੜੀ ਰੇਖ ਮਿਟਾਈਆ । ਪੰਜਾਂ ਮੰਗੀ ਇਕ ਵਿਚਾਰ, ਪ੍ਰਭ ਪੂਰੀ ਦਏ ਕਰਾਈਆ । ਸਰਦਾਰੀ ਕੀਨਾ ਆਪ ਵਿਹਾਰ, ਪਿੰਗਾਲੀ ਖੇਲ ਖਿਲਾਈਆ । ਭੂਤ ਪ੍ਰੇਤਾਂ ਮਾਰੇ ਮਾਰ, ਗੁਰਸਿਖ ਤੇਰੀ ਪਾਹਨੀ ਸਿਰ ਲਗਾਈਆ । ਦੇਵੇ ਵਰ ਸੱਚੀ ਸਰਕਾਰ, ਬਾਰਾਂ ਬਾਰਾਂ ਕੋਸ ਕੋਈ ਨੇੜ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦਰ ਵੱਡਾ ਸਿਕਦਾਰ, ਸਾਧ ਸੰਤ ਆਪਣੇ ਹੁਕਮ ਸੁਣਾਈਆ ।



ਘੜੇ ਭੰਨੇ ਭੰਨਣਹਾਰ, ਸਮਰਥ ਪੁਰਖ ਵਡਿਆਈਆ । ਗੁਰਸਿਖ ਸਾਜਣ ਰਿਹਾ ਵਿਚਾਰ, ਹਰਿ ਸੰਗਤ ਮੇਲ ਮਿਲਾਈਆ । ਆਪੇ ਹੋਇਆ ਸੇਵਾਦਾਰ, ਸੇਵਕ ਰਿਹਾ ਕਮਾਈਆ । ਨਿਰਗੁਣ ਨੂਰ ਇਕ ਉਜਿਆਰ, ਸ੍ਰਿਸ਼ਟ ਸਬਾਈ ਕਰੇ ਰੁਸ਼ਨਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੋਲ ਫੋਲਾਈਆ । ਪਾਵੇ ਸਾਰ ਡੂੰਘੀ ਗਾਰ, ਸਤਿ ਸਾਗਰ ਆਪ ਫੁਲਾਈਆ । ਨਾਮ ਨਿਧਾਨਾ ਅਧਵਿਚਕਾਰ, ਬਾਸ਼ਕ ਤਸ਼ਕਾ ਸੇਵਾ ਲਾਈਆ । ਆਪੇ ਸੁੱਤਾ ਪੈਰ ਪਸਾਰ, ਆਪਣਾ ਪੜਦਾ ਉਤੇ ਪਾਈਆ । ਕਲਜੁਗ ਜੀਵ ਉਠ ਨਿਧਾਨ, ਪੁਰਖ ਅਬਿਨਾਸ਼ੀ ਆਇਆ ਲੋਕਮਾਤ ਵਿਚ ਮੈਦਾਨ, ਆਦਿ ਜੁਗਾਦੀ ਨੌਜਵਾਨ, ਮੇਟਣ ਆਇਆ ਬੇਈਮਾਨ, ਰਹਿਣ ਨਾ ਦੇਵੇ ਕੋਈ ਸ਼ੈਤਾਨ, ਸਾਚਾ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਧਾਰ ਸ਼ਬਦ ਕਟਾਰ, ਗੁਰਮੁਖਾਂ ਲਾਏ ਪਾਰ, ਬੇਮੁੱਖਾਂ ਕਰੇ ਖੁਵਾਰ, ਜਗਤ ਖਵਾਰੀ ਆਪ ਵਖਾਈਆ ।

ਹਰਿਜਨ ਦੇਵੇ ਜੀਆ ਦਾਨ, ਦਰਦ ਦੁੱਖ ਵੰਡਾਇਆ । ਆਪੇ ਤੋੜੇ ਮਾਣ ਅਭਿਮਾਨ, ਆਪ ਆਪਣੀ ਬੂਝ ਬੁਝਾਇਆ । ਮੇਟ ਮਿਟਾਏ ਪੰਜ ਸ਼ੈਤਾਨ, ਸਚ ਗਿਆਨ ਇਕ ਦ੍ਰਿੜਾਇਆ । ਨਾਮ ਨਿਧਾਨਾ ਪੀਣ ਖਾਣ, ਸਾਚੀ ਵਸਤੂ ਝੋਲੀ ਪਾਇਆ । ਸਤਿ ਸਰੂਪੀ ਇਕ ਬਿਬਾਣ, ਹਰਿਜਨ

ਸਾਚੇ ਦਏ ਵਖਾਇਆ । ਜਿਸ ਜਨ ਕਰੇ ਦਰ ਪਰਵਾਨ, ਦਰ ਦਵਾਰਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਾਤਾ ਦਾਨੀ ਇਕ ਅਖਵਾਇਆ । ਦੇਵਣਹਾਰਾ ਗੁਣਵੰਤਾ, ਗੁਣ ਗਹਿਰ ਗੰਭੀਰ ਸਮਾਇੰਦਾ । ਆਦਿ ਜੁਗਾਦਿ ਬਣਾਏ ਬਣਤਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਆਪੇ ਤੋੜੇ ਹਉਮੇ ਹੰਗਤਾ, ਗੜ੍ਹ ਹੰਕਾਰੀ ਆਪ ਮਿਟਾਇੰਦਾ । ਮੇਲ ਮਿਲਾਏ ਸਾਚੀ ਸੰਗਤਾ, ਸਾਚੇ ਸੱਜਣ ਵੇਖ ਵਖਾਇੰਦਾ । ਦਰ ਦਰਵੇਸ਼ ਬਣੇ ਮੰਗਤਾ, ਘਰ ਘਰ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਣ, ਕਲਜੁਗ ਸਾਗਰ ਵੇਖ ਵਖਾਇੰਦਾ । ਕਲਜੁਗ ਸਾਗਰ ਡੂੰਘੀ ਗਾਰ, ਲੱਖ ਚੁਰਾਸੀ ਰਿਹਾ ਡੁਬਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੁਰਮੁਖ ਸਾਚੇ ਲਏ ਕਢਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਚਰਨ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਆ ਦਾਤਾ ਇਕ ਰਘੁਰਾਈਆ । ਜੀਆ ਦਾਤਾ ਸ਼ਬਦ ਭੰਡਾਰਨ, ਹਰਿ ਹਰਿ ਆਪ ਅਖਵਾਇਆ । ਦਰ ਦਰ ਘਰ ਘਰ ਆਏ ਪੈਜ ਸਵਾਰਨ, ਦਿਸ ਕਿਸੇ ਨਾ ਆਇਆ । ਆਪੇ ਜਾਣੇ ਆਪਣੀ ਕਾਰਨ, ਕਰਨੀ ਕਰਤਾ ਰਿਹਾ ਕਰਾਇਆ । ਖੇਲੇ ਖੇਲ ਤਰਨੀ ਤਾਰਨ, ਤਾਰਨਹਾਰ ਵਡ ਵਡਿਆਇਆ । ਗ਼ਰੀਬ ਨਿਮਾਣਿਆਂ ਕਰੇ ਸ਼ਿੰਗਾਰਨ, ਬਸਤਰ ਗਹਿਣਾ ਤਨ ਸਜਾਇਆ । ਆਪੇ ਬਣੇ ਜਗਤ ਕਹਾਰਨ, ਗੁਰਮੁਖ ਡੋਲਾ ਆਪ ਉਠਾਇਆ । ਸੰਤ ਸੁਹੇਲੇ ਇਕ ਅਕੇਲੇ ਵਾਜਾ ਮਾਰਨ, ਹਰਿਜਨ ਸਾਚੇ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਦਾਤਾ ਦਾਨੀ ਏਕਾ ਵਸਤ ਝੋਲੀ ਪਾਇਆ । ਵਡ ਦਾਤਾ ਬੇਪਰਵਾਹ ਹਰਿ ਨਿਰੰਕਾਰ, ਹਰਿਜਨ ਲਏ ਤਰਾਈਆ । ਆਦਿ ਸ਼ਕਤੀ ਖੇਲ ਅਪਾਰ, ਆਪ ਆਪਣਾ ਨੂਰ ਕਰੇ ਰੁਸ਼ਨਾਈਆ । ਸ਼ਿਵ ਸ਼ੰਕਰ ਮੀਤਾ ਹੋ ਉਜਿਆਰ, ਬ੍ਰਹਮ ਪਾਰਬ੍ਰਹਮ ਖੇਲ ਖਿਲਾਈਆ । ਵਿਸ਼ਨੂੰ ਵੰਸੀ ਖ਼ਬਰਦਾਰ, ਬਾਸ਼ਕ ਸੇਜਾ ਰਿਹਾ ਸੁਹਾਈਆ । ਭਗਵਨ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਈਆ । ਕਲਜੁਗ ਅੰਤਮ ਡੂੰਘੀ ਗਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਆਈ ਹਾਰ, ਨਾ ਸਕੇ ਕੋਈ ਬਚਾਈਆ । ਭਰਮੇ ਭੁੱਲੇ ਭਰਮ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਮੀਤ ਮੁਰਾਰ, ਹਰਿ ਬੈਠੇ ਰਾਹ ਤਕਾਈਆ । ਇਕ ਅਕੱਲਾ ਪਾਵੇ ਸਾਰ, ਨਿਰਗੁਣ ਨਿਝ ਘਰ ਬੈਠਾ ਵੇਖ ਵਖਾਈਆ । ਜੋਤੀ ਜਾਮਾ ਭੇਖ ਅਪਾਰ, ਕਲਜੁਗ ਆਪਣਾ ਵੇਸ ਵਟਾਈਆ । ਹਰਿਜਨ ਸਾਚੇ ਕਰੇ ਪਿਆਰ, ਸੋਏ ਲੋਕਮਾਤ ਉਠਾਈਆ । ਹਰਿ ਸੰਗਤ ਬਖ਼ਸ਼ੇ ਹਰਿ ਦਿਦਾਰ, ਨਿਰਧਨ ਸਰਧਨ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨਾ ਦੇਵੇ ਵਰ, ਜੀਵ ਜੰਤ ਜੰਤ ਜੀਵ ਜੀਵ ਆਪਣਾ ਆਪ ਉਪਾਈਆ ।

ਹਰਿ ਅੰਮ੍ਰਿਤ ਸ਼ਬਦ ਭੰਡਾਰ, ਗੁਰ ਸਤਿਗੁਰ ਹੱਥ ਰਖਾਇਆ । ਤੀਰਥ ਤਟ ਪਾਵੇ ਸਾਰ, ਅਠਸਠ ਵੇਖ ਵਖਾਇਆ । ਲੱਖ ਚੁਰਾਸੀ ਅੰਦਰ ਬਾਹਰ, ਆਪ ਆਪਣਾ ਤਾਲ ਸੁਹਾਇਆ । ਸਾਧਾਂ ਸੰਤਾਂ ਕਰ ਪਿਆਰ, ਏਕਾ ਜਾਮ ਪਿਆਇਆ । ਆਦਿ ਜੁਗਾਦੀ ਠੰਡਾ ਠਾਰ, ਸਾਂਤਕ ਸਤਿ ਕਰਾਇਆ । ਰਾਜਸ ਕਰੇ ਕਰਾਏ ਖ਼ਵਾਰ, ਤਮੋ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਆਪਣਾ

ਆਪ ਉਪਾਇਆ । ਅੰਮ੍ਰਿਤ ਹਰਿ ਹਰਿ ਸਾਚੀ ਧਾਰ, ਆਪਣੇ ਘਰ ਵਹਾਈਆ । ਦੂਸਰ ਨਾ ਕੋਈ ਸਕੇ ਵਿਚਾਰ, ਨਾ ਕੋਈ ਬਣਤ ਬਣਾਈਆ । ਇਕ ਅਕੱਲਾ ਖੇਲ ਅਪਾਰ, ਨਿਰਗੁਣ ਰਿਹਾ ਕਰਾਈਆ । ਸਾਚੇ ਦਰ ਸਚ ਵਿਹਾਰ, ਹਰਿ ਸਾਚਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਅੰਮ੍ਰਿਤ ਆਪ ਉਪਾਈਆ । ਸਾਚਾ ਅੰਮ੍ਰਿਤ ਚਰਨ ਗੁਰ ਦੇਵ, ਹਰਿ ਸਾਚਾ ਸਚ ਉਪਜਾਇੰਦਾ । ਪਾਰਬ੍ਰਹਮ ਪ੍ਰਭ ਅਲੱਖ ਅਭੇਵ, ਵੇਦ ਕਤੇਬ ਨਾ ਕੋਈ ਗਾਇੰਦਾ । ਆਪੇ ਲਾਏ ਸਾਚੀ ਜੇਹਵ, ਆਪੇ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਆਪ ਉਪਜਾਇੰਦਾ । ਅੰਮ੍ਰਿਤ ਸਾਚਾ ਰਸ ਮਿਠਾ, ਹਰਿ ਸਾਚੇ ਆਪ ਉਪਾਇਆ । ਆਪੇ ਰੱਖੇ ਧਾਮ ਅਨਡੀਠਾ, ਧਾਮ ਅਵੱਲਾ ਆਪ ਬਣਾਇਆ । ਆਪਣੀ ਕਰਨੀ ਆਪੇ ਦਿਤਾ, ਆਪ ਆਪਣਾ ਬਿਰਧ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਅਮਰ ਰਖਾਇਆ । ਅੰਮ੍ਰਿਤ ਅਮਰ ਪਰਮ ਰਸ, ਹਰਿ ਰਮਕ ਰਮਕ ਭਰਾਈਆ । ਆਪੇ ਅੰਦਰ ਰਿਹਾ ਵਸ, ਆਪ ਆਪਣਾ ਵਿਚ ਟਿਕਾਈਆ । ਆਪ ਨੁਹਾਏ ਹੱਸ ਹੱਸ, ਨਾ ਦੂਸਰ ਸੰਗ ਰਲਾਈਆ । ਆਪੇ ਵਰੋਲਣਹਾਰਾ ਛਾਛ, ਨਾਮ ਮਧਾਣਾ ਏਕਾ ਪਾਈਆ । ਸਚ ਦਵਾਰੇ ਬੈਠਾ ਆਇਆ ਹੱਸ, ਖ਼ੁਸ਼ੀ ਗਮੀ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਪਣਾ ਆਪ ਉਪਜਾਈਆ । ਅੰਮ੍ਰਿਤ ਹਰਿ ਹਰਿ ਕਰ ਤਿਆਰ, ਚਰਨ ਕਵਲ ਛੁਹਾਇਆ । ਝਿਰਨਾ ਝਿਰਿਆ ਅਪਰ ਅਪਾਰ, ਆਪਣਾ ਰੂਪ ਵਟਾਇਆ । ਵਿਸ਼ਨੂੰ ਵਿਸ਼ਵ ਕਰ ਤਿਆਰ, ਸਾਕਾਰ ਆਪ ਅਖਵਾਇਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਏਕਾ ਮੁਖ ਲਗਾਇਆ । ਅੰਦਰ ਮੰਦਰ ਹੋ ਉਜਿਆਰ, ਸਾਚਾ ਧਾਮ ਸੁਹਾਇਆ । ਨਾਭੀ ਫੁੱਟੀ ਆਇਆ ਬਾਹਰ, ਕਵਲ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਏਕਾ ਏਕ ਸੁਹਾਇਆ । ਅੰਮ੍ਰਿਤ ਏਕਾ ਅਨਮੋਲ ਹਰਿ ਸਾਚੇ ਆਪ ਉਪਾਇਆ । ਆਪਣੇ ਅੰਦਰ ਆਪੇ ਗਿਆ ਮੌਲ, ਆਪਣਾ ਖੇਲ ਆਪ ਖਿਲਾਇਆ । ਆਪੇ ਭਰਿਆ ਆਪਣਾ ਕਵਲ, ਕਵਲ ਕਵਲਾ ਨਾਮ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਵੇਖ ਵਖਾਇਆ । ਸਾਚੇ ਅੰਮ੍ਰਿਤ ਕਰ ਪਿਆਰ, ਦੇਵੇ ਸਚ ਵਡਿਆਈਆ । ਕਵਲ ਨਾਭੀ ਮੀਤ ਮੁਰਾਰ, ਏਕਾ ਫੁਲ ਖੁਲ੍ਹਾਈਆ । ਖਿੜੇ ਫੁਲ ਸੱਚੀ ਗੁਲਜ਼ਾਰ, ਹਰਿ ਸਾਚਾ ਆਪ ਮਹਿਕਾਈਆ । ਪਾਰਬ੍ਰਹਮ ਪ੍ਰਭ ਰੂਪ ਅਪਾਰ, ਅਨਭਵ ਪਰਕਾਸ਼ ਰਖਾਈਆ । ਅਜੂਨੀ ਰਹਿਤ ਨਾ ਕੋਈ ਵਿਚਾਰ, ਪੁਰਖ ਅਕਾਲ ਅਕਾਲ ਅਖਵਾਈਆ । ਆਪਣੀ ਜਾਣੇ ਆਪੇ ਸਾਰ, ਆਪੇ ਭੇਵ ਖੁਲ੍ਹਾਈਆ । ਆਪਣੀ ਇਛਿਆ ਆਪਣੀ ਭਿਛਿਆ ਭਰ ਭੰਡਾਰ, ਅੰਮ੍ਰਿਤ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਅੰਮ੍ਰਿਤ ਸਾਚਾ ਹਰਿ ਹਰਿ ਜੀਆ, ਏਕਾ ਆਪ ਉਪਾਇਆ । ਅੰਮ੍ਰਿਤ ਅੰਮ੍ਰਿਤ ਬੀਜੇ ਬੀਆ, ਅੰਮ੍ਰਿਤ ਅੰਮ੍ਰਿਤ ਫਲ ਲਗਾਇਆ । ਅੰਮ੍ਰਿਤ ਅੰਮ੍ਰਿਤ ਪੀਆ, ਅੰਮ੍ਰਿਤ ਸੁੱਤ ਦੁਲਾਰਾ ਜਾਇਆ । ਅੰਮ੍ਰਿਤ ਵੇਤਾ ਬ੍ਰਹਮਾ ਥੀਆ, ਹਰਿ ਸਾਚੇ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਏਕਾ ਏਕ ਸੁਹਾਇਆ । ਏਕਾ ਅੰਮ੍ਰਿਤ ਸਾਚੀ ਧਾਰ, ਸਾਚੇ ਸਚ ਵਹਾਈਆ । ਚਰਨ ਕਵਲ ਕਵਲ ਚਰਨ ਪਿਆਰ, ਸਿਰ ਚੋਟੀ ਆਪ ਲਗਾਈਆ । ਬ੍ਰਹਮਾ ਢਹਿ ਢਹਿ ਪਏ ਦਵਾਰ, ਨਿਝਰ ਮੰਗੇ ਮੁਖ ਸਲਾਹੀਆ । ਦੇਵਣਹਾਰ ਆਪ ਨਿਰੰਕਾਰ, ਭਰ ਪਿਆਲਾ ਜਾਮ ਪਿਆਈਆ । ਦੀਨ ਦਿਆਲਾ

ਸਾਚਾ ਯਾਰ, ਆਪਣੀ ਵਸਤ ਇਕ ਵਖਾਈਆ । ਮਹਾਂਕਾਲਾ ਵੇਖ ਵਿਚਾਰ, ਅੰਮ੍ਰਿਤ ਕਟੋਰਾ ਹੱਥ ਫੜਾਈਆ । ਕਾਲ ਦਵਾਰੇ ਬਣੇ ਭਿਖਾਰ, ਨੇਤਰ ਰੋ ਰੋ ਨੀਰ ਵਹਾਈਆ । ਪੁਰਖ ਅਬਿਨਾਸ਼ੀ ਧੱਕਾ ਦੇਵੇ ਮਾਰ, ਲੋਕਮਾਤ ਰਾਹ ਵਖਾਈਆ । ਲੱਖ ਚੁਰਾਸੀ ਤੇਰਾ ਪਿਆਰ, ਤੇਰਾ ਨਾਤਾ ਦਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਪਣਾ ਆਪ ਛੁਪਾਈਆ । ਅੰਮ੍ਰਿਤ ਆਪਣਾ ਅੰਦਰ ਰੱਖ, ਆਪੇ ਵੇਖ ਵਖਾਇੰਦਾ । ਦੂਸਰ ਕਿਸੇ ਨਾ ਆਏ ਹੱਥ, ਬ੍ਰਹਿਮੰਡ ਖੰਡ ਸਰਬ ਤਰਸਾਇੰਦਾ । ਜਿਸ ਜਨ ਆਪਣੀ ਹੱਥੀਂ ਦੇਵੇ ਵੰਡ, ਏਕਾ ਮੁਖ ਭਰਾਇੰਦਾ । ਪਾਵਣਹਾਰਾ ਸਾਚੀ ਠੰਡ, ਸਾਚੇ ਪਰਬਤ ਡੇਰਾ ਲਾਇੰਦਾ । ਹੋਈ ਸੁਹਾਗਣ ਗੰਗਾ ਰੰਡ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਸਾਚਾ ਸਾਚੇ ਦਰ ਸੁਹਾਇੰਦਾ । ਸਾਚਾ ਅੰਮ੍ਰਿਤ ਹਰਿ ਨਿਰੰਕਾਰ, ਸਾਚਾ ਸੰਗ ਰਖਾਈਆ । ਆਦਿ ਜੁਗਾਦੀ ਕਰ ਤਿਆਰ, ਜੁਗ ਜੁਗ ਆਪ ਵਰਤਾਈਆ । ਜਨ ਭਗਤਾਂ ਦੇਵੇ ਕਰ ਪਿਆਰ, ਆਪਣੀ ਹੱਥੀਂ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਕੁਰਲਾਏ ਲੋਕਮਾਤ ਆਏ, ਨੇਤਰ ਨੀਰ ਵਹੰਨਿਆ । ਚਾਰੋਂ ਕੁੰਟ ਫੇਰਾ ਪਾਏ, ਚਾਰੇ ਕੁੰਟਾਂ ਫਿਰੇ ਭੰਨਿਆ । ਲੱਖ ਚੁਰਾਸੀ ਆਪੇ ਖਾਏ, ਘਰ ਘਰ ਦੇਵੇ ਡੰਨਿਆ । ਜੀਵ ਜੰਤ ਕੋਈ ਰਹਿਣ ਨਾ ਪਾਏ, ਸਾਧ ਸੰਤ ਨਾ ਬੇੜਾ ਬੰਨਿਆ । ਜੋ ਉਪਜੇ ਸੋ ਲਏ ਖਪਾਏ, ਰਹਿਣ ਦੇਵੇ ਨਾ ਸੂਰਜ ਚੰਨਿਆ । ਬ੍ਰਹਮਾ ਵੇਤਾ ਪੰਧ ਮੁਕਾਏ ਮਨਵੰਤਰ ਡੇਰਾ ਭੰਨਿਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹੇ, ਹੱਥ ਤ੍ਰਿਸੂਲ ਸੁਟੰਨਿਆ । ਵਿਸ਼ਨੂੰ ਵੰਸੀ ਆਪਣਾ ਖੇਲ ਖਿਲਾਏ, ਖੇਲੇ ਖੇਲ ਸ੍ਰੀ ਭਗਵੰਨਿਆ । ਕਰੋੜ ਤੇਤੀਸਾ ਮੇਟ ਮਿਟਾਏ, ਸੁਰਪਤ ਰਾਜਾ ਇੰਦ ਨਾ ਦਿਸੇ ਛੱਪਰ ਛੰਨਿਆ । ਅਪੱਛਰਾਂ ਨਾਚ ਨਾ ਕੋਈ ਕਰਾਏ, ਗਣ ਗੰਧਰਬ ਨਾ ਸਾਜ ਵਜੰਨਿਆ । ਕਿਨਰ ਯਛਪ ਨਾ ਮਰਦੰਗ ਵਜਾਏ, ਪ੍ਰਭ ਵੇਖੇ ਦੋ ਜਹਾਨਿਆ । ਚੌਦਾਂ ਲੋਕਾਂ ਫੋਲ ਫੁਲਾਏ, ਤਿੰਨਾਂ ਲੋਕਾਂ ਫਿਰੇ ਭੰਨਿਆ । ਪੁਰੀਆਂ ਲੋਆਂ ਫੇਰਾ ਪਾਏ, ਖੇਲੇ ਖੇਲ ਦੋ ਜਹਾਨਿਆ । ਬਿਨ ਹਰਿ ਭਗਤਾਂ ਕਿਸੇ ਹੱਥ ਨਾ ਆਏ, ਸ੍ਰਿਸ਼ਟ ਸਬਾਈ ਵੇਖ ਵਖੰਨਿਆ । ਲੱਖ ਚੁਰਾਸੀ ਸਰਬ ਕੁਰਲਾਏ, ਜੀਵ ਜੰਤ ਹੋਏ ਅੰਨਿਆ । ਕਾਲ ਨਗਾਰਾ ਸਿਰ ਵਜਾਏ, ਹਰਿ ਸਾਚਾ ਸੇਵ ਕਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਧਾਰ ਹਰਿ ਨਿਰੰਕਾਰ ਆਪਣੀ ਆਪਣੇ ਹੱਥ ਰਖਾਈਆ । ਕਲ ਕੁਲਵੰਤਾ ਰਿਹਾ ਕੂਕ, ਚਾਰੋਂ ਕੁੰਟ ਲਏ ਅੰਗੜਾਈਆ । ਲੱਖ ਚੁਰਾਸੀ ਰਿਹਾ ਫੂਕ, ਬਚਿਆ ਕੋਈ ਰਹਿਣ ਨਾ ਪਾਈਆ । ਆਪਣੀ ਹੱਥੀਂ ਦੇਵੇ ਝੋਕ, ਪੰਜ ਤੱਤ ਅਗਨੀ ਰਹੀ ਜਲਾਈਆ । ਹਰਿ ਹਰਿ ਭਾਣਾ ਕੋਈ ਨਾ ਸਕੇ ਰੋਕ, ਗੁਰ ਪੀਰ ਦੇਣ ਗਵਾਹੀਆ । ਗੁਰ ਸ਼ਬਦ ਗੌਣਾ ਸਚ ਸਲੋਕ, ਗੁਰ ਸਤਿਗੁਰ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਪਣੇ ਹੱਥ ਰਖਾਈਆ । ਕਲਜੁਗ ਤੇਰਾ ਵੇਖ ਨਗਾਰਾ, ਧਰਤ ਧਵਲ ਰਹੀ ਕੁਰਲਾਈਆ । ਖੁਲ੍ਹੜੇ ਕੇਸ ਹਾਹਾਕਾਰਾ, ਨੇਤਰ ਨੈਣਾਂ ਨੀਰ ਵਹਾਈਆ । ਨਾ ਕੋਈ ਸਹਾਈ ਸੁੱਤ ਦੁਲਾਰਾ, ਨਾ ਸਕੇ ਕੋਈ ਬਚਾਈਆ । ਚਾਰੋਂ ਕੁੰਟ ਨਾ ਕੋਈ ਦੇਵੇ ਪਹਿਰਾ, ਸੁੰਞ ਮਸਾਣ ਪਈ ਲੋਕਾਈਆ । ਸ੍ਰਿਸ਼ਟ ਸਬਾਈ ਸਮੁੰਦਰ ਖਾਰਾ, ਰਾਮ ਨਾਮ ਨਾ ਕੋਈ ਦੁਹਾਈਆ । ਜੂਠ ਝੂਠ ਚੁਕਿਆ ਜਾਏ ਨਾ ਭਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮਾਨਸ ਮਾਨੁਖ ਨਾ ਕੋਈ ਕਰੇ ਵਿਚਾਰਾ, ਪਸ਼ੂ ਪ੍ਰੇਤ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਅੰਮ੍ਰਿਤ ਧਾਰਾ ਵੇਖੇ ਸਹਿਜ ਸੁਭਾਈਆ । ਕਲਜੁਗ ਨਗਾਰਾ ਵੱਜਿਆ, ਚਾਰ ਕੁੰਟ ਉਠ ਧਾਏ । ਰਾਜਾ ਰਾਣਾ ਫਿਰੇ ਭੱਜਿਆ, ਮਹੱਲ ਅਟੱਲ ਨਾ ਕੋਈ ਸੁਹਾਏ । ਨਾ ਕੋਈ ਰੱਖੇ ਕਿਸੇ ਦੀ ਲੱਜਿਆ, ਲੱਜ ਪਤ ਨਾ ਕੋਈ ਧਰਾਏ । ਕਲਜੁਗ ਤੇਰਾ ਪੜਦਾ ਕਿਸੇ ਨਾ ਕੱਜਿਆ, ਕਾਲਾ ਮੂਸਾ ਰਿਹਾ ਵਖਾਏ । ਬਣ ਕਲੰਦਰ ਘਰ ਘਰ ਨੱਚਿਆ, ਡੰਕਾ ਡੌਰੂ ਏਕਾ ਵਜਾਏ । ਤੈਥੋਂ ਕੋਈ ਨਾ ਰਿਹਾ ਬਚਿਆ, ਧੀਰਜ ਜਤ ਨਾ ਕੋਈ ਧਰਾਏ । ਪ੍ਰਭ ਖੇਲੇ ਖੇਲ ਸੱਚੋ ਸੱਚਿਆ, ਸਚ ਵਰਤਾਰਾ ਆਪ ਵਰਤਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਵੇਖ ਵਖਾਏ । ਅੰਮ੍ਰਿਤ ਹਰਿ ਹਰਿ ਪਿਆਲਾ, ਗੁਰਮੁਖਾਂ ਮੁਖ ਚੁਆਈਆ । ਸਤਿਗੁਰ ਪੂਰਾ ਦੀਨ ਦਿਆਲਾ, ਆਪਣੀ ਦਇਆ ਆਪ ਕਮਾਈਆ । ਗ਼ਰੀਬ ਨਿਮਾਣੇ ਸਾਚੇ ਲਾਲਾ, ਹਰਿ ਆਪਣੀ ਗੋਦ ਉਠਾਈਆ । ਸ਼ਬਦ ਸਰੂਪੀ ਦਏ ਦੋਸ਼ਾਲਾ, ਢਾਕਨ ਕੋ ਪਤ ਆਪ ਅਖਵਾਈਆ । ਤੋੜਨਹਾਰਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਖੇਲ ਖਿਲਾਏ ਕਾਲ ਮਹਾਂਕਾਲਾ, ਕਾਲ ਕਰਤਾ ਆਪ ਹੋ ਜਾਈਆ । ਦੇਵਣਹਾਰਾ ਨਾਮ ਸੱਚਾ ਧਨ ਮਾਲਾ, ਸਚ ਖ਼ਜ਼ਾਨਾ ਇਕ ਵਖਾਈਆ । ਫਲ ਲਗਾਏ ਲੱਖ ਚੁਰਾਸੀ ਕਾਇਆ ਡਾਲ੍ਹਾ, ਫਲ ਫੁਲਵਾੜੀ ਆਪ ਉਪਾਈਆ । ਸੱਚਾ ਮੰਦਰ ਸੱਚੀ ਧਰਮਸਾਲਾ, ਗੁਰਸਿਖ ਕਾਇਆ ਘਰ ਵਖਾਈਆ । ਦੀਪਕ ਜੋਤੀ ਏਕਾ ਬਾਲਾ, ਦਿਵਸ ਰੈਣ ਕਰੇ ਰੁਸ਼ਨਾਈਆ । ਮੇਟੇ ਰੈਣ ਅੰਧੇਰੀ ਕਾਲਾ, ਆਪਣੀ ਕਲ ਵਰਤਾਈਆ । ਗੁਰਸਿਖ ਸਾਚੇ ਕਲਜੁਗ ਅੰਤਮ ਮਾਰਨ ਛਾਲਾ, ਲੱਖ ਚੁਰਾਸੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਮਾਲਾ ਤਨ ਪਹਿਨਾਈਆ । ਸਾਚੀ ਮਾਲਾ ਮਨ ਮਨ ਮਨਕਾ, ਹਰਿ ਸ਼ਬਦੀ ਡੋਰ ਬੰਧਾਏ । ਲੇਖਾ ਜਾਣੇ ਜਨਣੀ ਜਨ ਕਾ, ਪੰਜੇ ਚੋਰ ਵੇਖ ਵਖਾਏ । ਲਹਿਣਾ ਦੇਣ ਚੁਕਾਏ ਪੰਜ ਤੱਤ ਤਨ ਕਾ, ਅੰਧੇਰਾ ਘੋਰ ਕਰੇ ਰੁਸ਼ਨਾਏ । ਏਥੇ ਓਥੇ ਦੋ ਜਹਾਨ ਹਰਿ ਭਗਵਾਨ ਆਪ ਮਿਟਾਏ ਹਉਮੇ ਸ਼ੰਕਾ, ਸਹਿੰਸਾ ਰੋਗ ਰਹਿਣ ਨਾ ਪਾਏ । ਗੁਰਸਿਖ ਸਾਚੇ ਆਪ ਉਠਾਏ ਜਿਉਂ ਜਨ ਜਨਕਾ, ਆਪ ਆਪਣੇ ਲੜ ਬੰਧਾਏ । ਖੇਲੇ ਖੇਲ ਬਾਰ ਅਨਕਾ, ਅਕਲ ਕਲ ਧਾਰੀ ਵੇਸ ਵਟਾਏ । ਪਰਗਟ ਹੋਏ ਵਾਸੀ ਪੁਰੀ ਘਨਕਾ, ਕਲ ਕਲਕੀ ਨਾਉਂ ਰਖਾਏ । ਨੌ ਖੰਡ ਪ੍ਰਿਥਮੀ ਵਜਾਏ ਡੰਕਾ, ਨਿਰਗੁਣ ਸੇਵਾ ਆਪ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਸਾਚਾ ਰਸ, ਗੁਰਮੁਖ ਨਿਝਰ ਆਪ ਝਿਰਾਏ । ਨਿਝਰ ਝਿਰਨਾ ਮਿਲੇ ਸੀਰ, ਸਤਿਗੁਰ ਪੂਰਾ ਆਪ ਝਿਰਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਦੇਵੇ ਚੀਰ, ਬਜਰ ਕਪਾਟੀ ਤੋੜ ਤੁੜਾਇੰਦਾ । ਕਿਸੇ ਹੱਥ ਨਾ ਆਏ ਪੀਰ ਫਕੀਰ, ਸ਼ਾਹ ਹਕੀਰ ਦਸਤਗੀਰ ਸਰਬ ਕੁਰਲਾਇੰਦਾ । ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਅੱਧ ਵਿਚਕਾਰੇ ਸਰਬ ਫਸਾਇੰਦਾ । ਹੱਥ ਕਿਸੇ ਨਾ ਆਏ ਤੀਰ, ਨਾਮ ਕਮਾਨਾ ਨਾ ਕੋਈ ਉਠਾਇੰਦਾ । ਕੂੜੀ ਕਿਰਿਆ ਵੱਜਾ ਜ਼ੰਜੀਰ, ਲੋਕਮਾਤ ਨਾ ਕੋਈ ਤੁੜਾਇੰਦਾ । ਸਤਿਗੁਰ ਪੂਰਾ ਬੰਨ੍ਹੇ ਬੀੜ, ਗੁਰਮੁਖਾਂ ਭਾਰ ਆਪ ਉਠਾਇੰਦਾ । ਆਪੇ ਮੀਰ ਆਪੇ ਪੀਰ, ਪੀਰ ਪੀਰਾਂ ਆਪ ਅਖਵਾਇੰਦਾ । ਆਪੇ ਦਾਤਾ ਜੋਧਾ ਸੂਰਬੀਰ, ਸ਼ਸਤਰ ਧਾਰੀ ਵੇਸ ਵਟਾਇੰਦਾ । ਆਪੇ ਮੇਟੇ ਆਪਣੀ ਖਿਚੀ ਲਕੀਰ, ਤਕਸੀਰ ਤਕਦੀਰ ਬੇਨਜ਼ੀਰ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਨਾਮ ਸਚ ਕਟੋਰਾ, ਗੁਰਮੁਖਾਂ ਹੱਥ ਫੜਾਇੰਦਾ । ਗੁਰਸਿਖ ਅੰਮ੍ਰਿਤ ਆਤਮ ਪੀਓ, ਹਰਿ ਸਾਚਾ ਆਪ ਪਿਆਇੰਦਾ । ਨਿਰਮਲ ਕਰਨਾ ਆਪਣਾ ਜੀਓ, ਜੀਵਣ ਜੁਗਤ ਸਿਖਾਇੰਦਾ । ਸਾਚਾ ਬੀਜ ਏਕਾ ਬੀਓ,

੫੬੮
੦੮

ਅੰਮ੍ਰਿਤ ਫਲ ਖਵਾਇੰਦਾ । ਲਹਿਣਾ ਦੇਣਾ ਚੁੱਕੇ ਸਾਢੇ ਤਿੰਨ ਹੱਥ ਸੀਓ, ਸਾਚੀ ਵੰਡਨ ਆਪ ਵੰਡਾਇੰਦਾ । ਆਪੇ ਮਾਤਾ ਆਪੇ ਪਿਓ, ਬਾਲ ਅੰਞਾਣੇ ਗੋਦ ਉਠਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਦੋਤਰਵਾਨ ਲਾਏ ਨੇਹੋਂ, ਪੁੱਤ ਪੋਤਰੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਗੁਣ ਵਖਾਇੰਦਾ । ਅੰਮ੍ਰਿਤ ਗੁਣ ਆਤਮ ਰਸ, ਹਰਿਜਨ ਵੇਖ ਵਖਾਈਆ । ਸਤਿਗੁਰ ਪੂਰਾ ਹੋਏ ਵਸ, ਦੇਵੇ ਵਡ ਵਡਿਆਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲੀ ਮੁੱਖੀ ਇਕ ਰਖਾਈਆ । ਗੁਰਮੁਖਾਂ ਮੇਲਾ ਹੱਸ ਹੱਸ, ਘਰ ਘਰ ਵਿਚ ਆਪ ਕਰਾਈਆ । ਦਰਸ ਦਿਖਾਏ ਨੱਸ ਨੱਸ, ਨਿਰਗੁਣ ਸਰਗੁਣ ਵੇਸ ਵਟਾਈਆ । ਜਗਤ ਵਿਕਾਰਾ ਦੇਵੇ ਝੱਸ, ਚਰਨਾ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਵਡ ਵਡਿਆਈਆ । ਰਸਨਾ ਹਰਿ ਹਰਿ ਸਾਚਾ ਗੌਣਾ, ਅੰਤਰ ਹਰਿ ਲਿਵ ਲਾਈਆ । ਆਤਮ ਸੇਜਾ ਪਲੰਘ ਵਿਛੌਣਾ, ਰਾਹ ਤੱਕੇ ਬੇਪਰਵਾਹੀਆ । ਸੁਰਤ ਸਵਾਣੀ ਸ਼ਿੰਗਾਰ ਕਰੌਣਾ, ਨੈਣਾਂ ਕੱਜਲ ਧਾਰ ਵਹਾਈਆ । ਸੋਲਾਂ ਕਲੀਆਂ ਵੇਖ ਵਖੌਣਾ, ਸੋਲਾਂ ਇਛਿਆ ਪੂਰ ਕਰਾਈਆ । ਸਚ ਸਵਾਣੀ ਸੰਗ ਹੰਢੌਣਾ, ਪੀਆ ਪ੍ਰੀਤਮ ਏਕਾ ਪਾਈਆ । ਪੁਰਖ ਅਬਿਨਾਸ਼ੀ ਮੇਲ ਮਿਲੌਣਾ, ਗੁਰ ਸ਼ਬਦ ਕਰੇ ਕੁੜਮਾਈਆ । ਨਿਰਗੁਣ ਜੋਤ ਅੰਮ੍ਰਿਤ ਪਾਣੀ ਵਾਰ ਵਖੌਣਾ, ਆਪ ਆਪਣਾ ਸੰਗ ਨਿਭਾਈਆ । ਦਸਮ ਦਵਾਰੀ ਬਹਿ ਬਹਿ ਆਪਣੀ ਹੱਥੀਂ ਆਪ ਪਿਔਣਾ, ਆਪ ਆਪਣਾ ਰੰਗ ਰੰਗਾਈਆ । ਨਾਰੀ ਕੰਤ ਏਕਾ ਧਾਮ ਸੁਹੌਣਾ, ਗੁਰ ਚੇਲਾ ਰੂਪ ਵਟਾਈਆ । ਚੇਲਾ ਗੁਰ ਗੁਰ ਗੋਬਿੰਦ ਆਪ ਅਖਵੌਣਾ, ਗੁਰਮੁਖਾਂ ਢਹਿ ਢਹਿ ਪਰਨਾਈਆ । ਪੰਚਮ ਮੀਤਾ ਖੇਲ ਖਿਲੌਣਾ, ਪੰਚਮ ਜੋਤ ਕਰੇ ਰੁਸ਼ਨਾਈਆ । ਸਾਚਾ ਤਾਜ ਸੀਸ ਟਿਕੌਣਾ, ਸਿਰ ਚਵਰਾ ਚਵਰ ਕਰਾਈਆ । ਨਾਮ ਕਲਗੀ ਤੋੜਾ ਆਪ ਚਮਕੌਣਾ, ਨਾਮ ਨਾਮਾ ਤੇਜ ਵਖਾਈਆ । ਚਿੱਟਾ ਅਸਵ ਘੋੜਾ ਆਪ ਦੜੌਣਾ, ਸ਼ਾਹ ਅਸਵਾਰਾ ਆਸਣ ਲਾਈਆ । ਪੁਰਖ ਅਬਿਨਾਸ਼ੀ ਖੇਲ ਖਿਲੌਣਾ, ਬ੍ਰਹਿਮੰਡਾਂ ਵੱਜੇ ਵਧਾਈਆ । ਨੀਲੀ ਧਾਰ ਪੜਦਾ ਲੌਹਣਾ, ਨੀਲੇ ਵਾਲਾ ਸਾਚਾ ਮਾਹੀਆ । ਚੌਥੇ ਜੁਗ ਚੌਥਾ ਪੌੜਾ ਆਪ ਉਠੌਣਾ, ਲਹਿੰਦੀ ਦਿਸ਼ਾ ਕਰੇ ਸਫਾਈਆ । ਗੁਰਸਿਖ ਦੇ ਬਾਂਹ ਸਰਹਾਣੇ ਲੋਕਮਾਤ ਸੌਣਾ, ਸਤਿਗੁਰ ਪੂਰਾ ਸੇਵ ਕਮਾਈਆ । ਚੋਬਦਾਰ ਪ੍ਰਭ ਆਪ ਅਖਵੌਣਾ, ਪਹਿਰਾ ਦੇਵੇ ਦਿਵਸ ਰੈਣ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਅੰਮ੍ਰਿਤ ਹਰਿ, ਜੁਗ ਜੁਗ ਹਰਿਆ ਆਪ ਕਰਾਈਆ । ਹਰਿ ਹਰਿਆ ਹਰਿਆਵਲਾ, ਹਰਿ ਹਰਿ ਰੂਪ ਅਪਾਰ । ਹਰਿ ਸੁੰਦਰ ਸਾਵਲ ਸਾਵਲਾ, ਰੂਪ ਅਨੂਪ ਹਰਿ ਕਰਤਾਰ । ਹਰਿ ਖੇਲੇ ਖੇਲ ਜਗਤ ਬੇਤਾਲਾ, ਤਾਲ ਜਾਣੇ ਨਾ ਕੋਈ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਸਤ ਵੇਖੇ ਘਰ, ਹਰਿਜਨ ਹਰਿ ਹਰਿ ਲਏ ਫੜ, ਬੇੜਾ ਆਪਣਾ ਆਪ ਚਲਾਵਣਾ ।

ਨਦਰੀ ਨਦਰ ਨਿਹਾਲ, ਨਦਰ ਕਰਮ ਕਮਾਇੰਦਾ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਰੰਗ ਰੰਗੀਲਾ ਇਕ ਚੜ੍ਹਾਇੰਦਾ । ਤੋੜਣਹਾਰਾ ਜਗਤ ਜੰਜਾਲ, ਜਗਤ ਜੰਜਾਲਾ ਤੋੜ ਤੁੜਾਇੰਦਾ । ਹਰਿਜਨ ਸਾਚੇ ਆਪੇ ਭਾਲ, ਸਾਚੀ ਸਿਖਿਆ ਇਕ ਸਮਝਾਇੰਦਾ । ਸੱਜਣ ਮੀਤਾ ਏਕਾ ਲਾਲ, ਅਨਮੁਲੜੇ ਹੱਟ ਵਿਕਾਇੰਦਾ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜ ਤੱਤ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਹਰਿ ਕਰਮ ਨਦਰ ਤਰਾਇੰਦਾ । ਨਦਰੀ ਹਰਿ ਹਰਿ ਜਾਣਿਆ, ਜਾਨਣਹਾਰ ਕਰਤਾਰ । ਸਤਿਗੁਰ ਪੁਰਖ ਪਛਾਣਿਆ, ਮੇਲਾ ਵਿਚ ਸੰਸਾਰ । ਚੁਕੇ ਆਵਣ ਜਾਣਿਆ, ਦੇਵੇ ਨਾਮ ਅਧਾਰ । ਮੇਲ ਮਿਲਾਵਾ ਦੋ ਜਹਾਨਿਆ, ਏਥੇ ਓਥੇ ਪਾਵੇ ਸਾਰ । ਏਕਾ ਦੇਵੇ ਧੁਰ ਮਾਣਿਆ, ਸੋਹੰ ਸ਼ਬਦ ਸੱਚੀ ਧੁਨਕਾਰ । ਗਾਵਣਹਾਰਾ ਸਾਚਾ ਗਾਣਿਆ, ਗਾਵੇ ਨਾਮ ਅਪਰ ਅਪਾਰ । ਦੇਵੇ ਦਰਸ ਨੈਣ ਮੁੰਧਾਨਿਆ, ਆਤਮ ਅੰਤਰ ਖੋਲ੍ਹ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਦਰ ਕਰਮ ਦੇਵੇ ਕਰ, ਹਰਿਜਨ ਵੇਖੇ ਸਾਚੇ ਲਾੜ । ਨਦਰ ਕਰਮ ਹਰਿ ਭਗਵਾਨ, ਆਪਣੀ ਆਪ ਕਰਾਈਆ । ਦੇਵਣਹਾਰਾ ਸਚ ਨਿਸ਼ਾਨ, ਏਕਾ ਪੱਲਾ ਨਾਮ ਫੜਾਈਆ । ਚਰਨ ਕਵਲ ਸਚ ਧਿਆਨ, ਘਰ ਸਾਚੇ ਇਕ ਲਿਵ ਲਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਸਾਚੀ ਇਕ ਸਮਝਾਈਆ । ਗੁਰਮਤ ਸਾਚੀ ਸਾਚਾ ਰਾਹ, ਗੁਰਮੁਖਾਂ ਬੂਝ ਬੁਝਾਇੰਦਾ । ਏਕਾ ਜਾਪ ਦਏ ਜਪਾ, ਅੱਖਰ ਵੱਖਰ ਨਾਮ ਪੜ੍ਹਾਇੰਦਾ । ਨਾਤਾ ਬਿਧਾਤਾ ਜਗਤ ਤੁੜਾ, ਚਰਨ ਕਵਲ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਗਿਆਨ ਇਕ ਸਮਝਾਇੰਦਾ । ਸਚ ਗਿਆਨਾ ਹਰਿ ਭਗਵਾਨਾ, ਆਪਣੀ ਬੂਝ ਬੁਝਾਇੰਦਾ । ਸੋਹੰ ਬੰਨ੍ਹੇ ਹੱਥੀਂ ਗਾਨਾ, ਤੰਦਨ ਤੰਦ ਪਾਇੰਦਾ । ਮਦਿਰਾ ਮਾਸ ਨਾ ਰਸਨ ਲਗਾਨਾ, ਰਸ ਜੇਹਵਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਟੁੱਟੀ ਗੰਢਣਹਾਰ ਗੋਪਾਲ, ਆਪਣਾ ਬੰਧਨ ਆਪੇ ਪਾਇੰਦਾ ।


੫੭੦

੦੮

ਤੁਠਾ ਸਤਿਗੁਰ ਦੀਨ ਦਿਆਲ, ਧੁਰ ਮਸਤਕ ਵੇਖ ਵਖਾਇਆ । ਹਰਿਜਨ ਦੇਵੇ ਜੀਆ ਦਾਨ, ਯਾਚਕ ਮੰਗਣ ਜੋ ਜਨ ਆਇਆ । ਏਕਾ ਰਾਗ ਸੁਣਾਏ ਕਾਨ, ਸੋਹੰ ਢੋਲਾ ਸਾਚਾ ਗਾਇਆ । ਦੀਪਕ ਜੋਤ ਜਗੇ ਮਹਾਨ, ਅੰਧ ਅੰਧੇਰਾ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣਾ ਆਪ ਵਖਾਇਆ । ਘਰ ਵਖਾਏ ਹਰਿ ਭਗਵਾਨ, ਆਪਣੀ ਬੂਝ ਬੁਝਾਈਆ । ਜਗਤ ਤ੍ਰਿਸਨਾ ਛੁੱਟੇ ਪੀਣ ਖਾਣ, ਮਦਿਰਾ ਮਾਸ ਨਾ ਰਸਨ ਲਗਾਈਆ । ਸਿਗਰਟ ਬੀੜਾ ਨਾ ਕੋਈ ਪਾਨ, ਜੇਹਵਾ ਜੇਹਵ ਨਾ ਹੋਏ ਹਲਕਾਈਆ । ਏਕਾ ਏਕ ਏਕ ਗਾਨ, ਚਰਨ ਕਵਲ ਇਕ ਸਰਨਾਈਆ । ਧੂੰਆਂਧਾਰ ਮਿਟੇ ਮਕਾਨ, ਦੋ ਜਹਾਨ ਹੋਏ ਰੁਸ਼ਨਾਈਆ । ਪਾਇਆ ਸ਼ਾਹ ਸੱਚਾ ਸੁਲਤਾਨ, ਦੁੱਖ ਭੁੱਖ ਦਏ ਮਿਟਾਈਆ । ਸਦਾ ਸੁਹੇਲਾ ਨਿਗਹਬਾਨ, ਦਿਵਸ ਰੈਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਤੱਤ ਸਮਝਾਈਆ । ਸਾਚੀ ਮਤ ਹਰਿ ਕਾ ਨਾਮ, ਨਾਮੇ ਹਰਿ ਚਿਤ ਲਾਈਆ । ਰਾਮ ਵਡਿਆਈ ਦਿਸੇ ਨਗਰ ਗਰਾਮ, ਕਾਇਆ ਖੇੜਾ ਵੇਖ ਵਖਾਈਆ । ਲੱਗੇ ਭਾਗ ਕਾਇਆ ਮਾਟੀ ਚਾਮ, ਰਵ ਸਸ ਰਹੇ ਸਰਨਾਈਆ । ਜਿਸ ਜਨ ਫੜਾਏ ਆਪਣਾ ਦਾਮ, ਨਾ ਪੱਲੂ ਕੋਇ ਛੁਡਾਈਆ । ਪੂਰਨ ਕਰੇ ਆਪੇ ਕਾਮ, ਗੁਰਸਿਖ ਸਾਚੇ ਲਏ ਤਰਾਈਆ । ਅੰਮ੍ਰਿਤ ਪਿਆਏ ਏਕਾ ਜਾਮ, ਮਸਤਕ ਧੂੜੀ ਟਿੱਕਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੋਹੰ ਸ਼ਬਦ ਵਸਤ ਦਸਤ ਬਦਸਤ ਆਪ ਫੜਾਈਆ ।

ਘਰ ਗ੍ਰਿਹਿ ਮੰਦਰ ਹੋਇਆ ਪਵਿਤ, ਪਾਪੀ ਪਤਿਤ ਤਰਾਈਆ । ਸਚ ਸੁਹੰਜਣੀ ਸੁਹਾਈ ਥਿਤ, ਗੁਰ ਸਤਿਗੁਰ ਵਡ ਵਡਿਆਈਆ । ਲੇਖੇ ਲਾਏ ਕਾਇਆ ਰਿਤ, ਰੱਤੀ ਰੱਤ ਤੁਲਾਈਆ । ਸ਼ਬਦ ਸ਼ਬਦੀ ਕਰ ਕਰ ਹਿਤ, ਲੇਖਾ ਲੇਖ ਮਿਟਾਈਆ । ਮਾਨਸ ਜਨਮ ਜਨ ਜਾਏ ਜਿਤ, ਜਿਸ ਬਖ਼ਸ਼ੇ ਸਚ ਸਰਨਾਈਆ । ਦਰਸ ਦਿਖਾਏ ਨਿਤ ਨਵਿਤ, ਰਸਨਾ ਜੋ ਜਨ ਗਾਈਆ । ਸਰਬ ਜੀਆਂ ਪ੍ਰਭ ਸਾਚਾ ਪਿਤ, ਪਿਤਾ ਪੂਤ ਵੇਖ ਵਖਾਈਆ । ਅਬਿਨਾਸ਼ੀ ਏਕ ਅਚੁਤ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਨਿਤ ਨਵਿਤ, ਖੇਲਣਹਾਰਾ ਬੇਪਰਵਾਹੀਆ । ਖੇਲਣਹਾਰ ਪੁਰਖ ਸਮਰਥ, ਹਰਿ ਸੱਜਣ ਮੀਤ ਮੁਰਾਰਾ । ਜਿਸ ਜਨ ਰੱਖੇ ਦੇ ਕਰ ਹੱਥ, ਉਤਰੇ ਪਾਰ ਕਿਨਾਰਾ । ਨਾਮ ਨਿਧਾਨਾ ਦੇਵੇ ਸਾਚੀ ਵਥ, ਸੋਹੰ ਸ਼ਬਦ ਅਨਾਦੀ ਨਾਦ ਜੈਕਾਰਾ । ਸਗਲ ਵਿਸੂਰੇ ਜਾਇਣ ਲੱਥ, ਦਰਸ ਦਿਖਾਏ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਵਸੇ ਏਕ ਏਕੰਕਾਰਾ । ਘਰ ਮੰਦਰ ਮਹੱਲ ਉਚ ਅਟੱਲ, ਦੀਵਾ ਬਾਤੀ ਹਰਿ ਰੁਸ਼ਨਾਈਆ । ਵੇਖਣਹਾਰਾ ਜਲ ਥਲ, ਜਲ ਥਲ ਮਹੀਅਲ ਰਿਹਾ ਸਮਾਈਆ । ਜੋਤ ਜਗਾਏ ਘੜੀ ਘੜੀ ਪਲ ਪਲ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਏਕਾ ਦੀਪਕ ਰਿਹਾ ਬਲ, ਅਗਿਆਨ ਅੰਧੇਰ ਮਿਟਾਈਆ । ਘਰ ਮੰਦਰ ਹਰਿ ਸੁਹਾਇਆ, ਸੋਹੇ ਬੰਕ ਦਵਾਰ । ਗੁਰਮੁਖ ਮਾਰਗ ਸਚ ਲਾਇਆ, ਦੇਵੇ ਨਾਮ ਸੱਚਾ ਆਧਾਰ । ਭਾਂਡੇ ਕਾਚੇ ਸਾਚੇ ਤੱਤ ਪਕਾਇਆ, ਅਗਨੀ ਜੋਤੀ ਆਪੇ ਡਾਰ । ਆਪਣੇ ਹੱਟ ਆਪ ਵਿਕਾਇਆ, ਆਪੇ ਕਰੇ ਵਣਜ ਵਾਪਾਰ । ਘਟ ਘਟ ਅੰਦਰ ਵੇਖ ਵਖਾਇਆ, ਗ੍ਰਿਹਿ ਮੰਦਰ ਹੋ ਉਜਿਆਰ । ਧੰਨ ਧੰਨ ਜਣੇਂਦੀ ਮਾਇਆ, ਉਪਜਿਆ, ਪੂਤ ਸੁੱਤ ਦੁਲਾਰ । ਗੁਰ ਸਤਿਗੁਰ ਮੇਲ ਮਿਲਾਇਆ, ਨਾਤਾ ਤੁੱਟਾ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਖਾਲੀ ਭਰੇ ਭੰਡਾਰ ।

ਜਿਸ ਮਿਲਿਆ ਗੁਰ ਪਾਰਬ੍ਰਹਮ, ਉਤਰੇ ਰੋਗ ਸੰਤਾਪ । ਪੂਰਨ ਕਾਜ ਕਰੇ ਕੰਮ, ਪੁਰਖ ਅਬਿਨਾਸ਼ੀ ਸਾਚਾ ਬਾਪ । ਲੇਖੇ ਲਾਏ ਦਮਾ ਦਮ, ਜੋ ਜਨ ਗਾਏ ਰਸਨਾ ਜਾਪ । ਜਗਤ ਬੁਝਾਏ ਤ੍ਰਿਸਨਾ ਤਮ, ਦਰਸ ਦਿਖਾਏ ਆਪਣਾ ਆਪ । ਜਗਤ ਦਵਾਰਾ ਦੇਵੇ ਡੰਨ, ਵਡ ਵੱਡਾ ਘਰ ਪਰਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਤ ਰੱਖੇ ਕਮਲਾਪਾਤ ।

ਬਿਰਧ ਅਵਸਥਾ ਹਰਿ ਹਰਿ ਰੰਗ, ਹਰਿ ਹਰਿ ਨਾਮ ਚੜ੍ਹਾਇਆ । ਸਾਚੀ ਮੰਗ ਲਈ ਮੰਗ, ਘਰ ਪਰਮੇਸ਼ਵਰ ਆਇਆ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਦੇਵੇ ਫੰਦ ਕਟਾਇਆ । ਅੰਗੀਕਾਰ ਲਾਏ ਅੰਗ, ਆਪ ਆਪਣੀ ਦਇਆ ਕਮਾਇਆ । ਕੂੜੀ ਕਿਰਿਆ ਮੇਟੇ ਭੁੱਖ ਨੰਗ, ਸਚ ਭੰਡਾਰਾ ਨਾਮ ਭਰਾਇਆ । ਲੋਕ ਲਾਜ ਵਿਚ ਨਾ ਜਾਣਾ ਸੰਗ, ਸਗਲਾ ਸੰਗੀ ਵੇਖ ਵਖਾਇਆ । ਸ਼ਬਦ ਡੋਰੀ ਬੰਨ੍ਹੇ ਪਤੰਗ, ਆਕਾਸ਼ ਆਕਾਸ਼ਾਂ ਪਾਰ ਕਰਾਇਆ । ਸ਼ਬਦ ਖੰਡਾ ਦਰ ਦਰ ਆਪੇ ਵੇਖੇ ਲੰਘ, ਆਪਣਾ ਮੰਦਰ ਆਪ ਸੁਹਾਇਆ । ਗੁਰਮੁਖਾਂ ਵਖਾਏ ਇਕ ਪਲੰਘ, ਆਪਣੀ

ਹੱਥੀਂ ਆਪ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲੇਖੇ ਰਿਹਾ ਲਗਾਇਆ । ਮੰਗੇ ਮੰਗ ਨਾਮ ਅਨਮੋਲ, ਅਨਮੁਲਾ ਲਾਲ ਬਣਾਈਆ । ਦਰਸ ਦਿਖਾਏ ਸੁਤਿਆਂ ਅਨਭੋਲ, ਭੋਲੇ ਭਾਓ ਵੇਖ ਵਖਾਈਆ । ਇਕ ਪ੍ਰੀਤੀ ਦੇਵੇ ਕੋਲ, ਸਚ ਵਸਤ ਹੱਥ ਫੜਾਈਆ । ਆਪਣੇ ਕੰਡੇ ਲਏ ਤੋਲ, ਤੋਲਣਹਾਰਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜਨਮ ਜਨਮਾ ਲੇਖੇ ਲਾਈਆ । ਮਾਨਸ ਜਨਮ ਲੇਖੇ ਜਾਏ ਲੱਗ, ਬਿਰਧਾਂ ਬਿਰਧ ਤਰਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਕਾਰਜ ਸਿਧ ਆਪ ਕਰਾਇੰਦਾ । ਚਰਨ ਦਾਸ ਕਰਾਏ ਨੌ ਨਿਧ, ਅਠਾਰਾਂ ਸਿਧ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਵਣ ਗਵਣ ਤ੍ਰੈਭਵਣ ਸਗਲਾ ਫੰਦ ਕਟਾਇੰਦਾ । ਕੱਟੇ ਫੰਦ ਜਮ ਕੀ ਫਾਸ, ਫਾਸੀ ਗਲ ਰਹਿਣ ਨਾ ਪਾਈਆ । ਦੇਵਣਹਾਰਾ ਧੁਰ ਧਰਵਾਸ, ਦਰਗਹਿ ਸਾਚੀ ਹੋਏ ਸਹਾਈਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਈਆ । ਪਰਮ ਪੁਰਖ ਪਤਿਪਰਮੇਸ਼ਵਰ ਵਸੇ ਸਦਾ ਪਾਸ, ਪੁਰਖ ਪੁਰਖੋਤਮ ਵਡ ਵਡਿਆਈਆ । ਵਾਸ ਨਿਵਾਸਾ ਘਰ ਘਰ ਰੱਖੇ ਵਾਸ, ਆਸ ਨਿਰਾਸਾ ਲੇਖੇ ਲਾਈਆ । ਦਾਤਾ ਦਾਨੀ ਸਰਬ ਗੁਣ ਤਾਸ, ਗੁਣਵੰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਣਾਏ ਸਾਚੀ ਬਣਤਾ, ਮੂਰਖ ਮੂੜ੍ਹ ਮੁਗਧ ਅੰਞਾਣ ਆਪੇ ਲਏ ਤਰਾਈਆ ।



## ੨੫ ਜੇਠ ੨੦੧੬ ਬਿਕ੍ਰਮੀ ਸੰਸਾਰ ਸਿੰਘ ਦੇ ਘਰ ਛੰਬ ਜ਼ਿਲਾ ਜੰਮੂ

ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਏਕੰਕਾਰਿਆ । ਅਲਖ ਅਗੋਚਰ ਅਗੰਮ ਅਪਾਰ, ਆਦਿ ਨਿਰੰਜਣ ਨਾਉਂ ਧਰਾ ਰਿਹਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਪਾਰਬ੍ਰਹਮ ਬ੍ਰਹਮ ਹਰਿ ਜੋਤ ਜਗਾ ਰਿਹਾ । ਰੂਪ ਰੰਗ ਤੇ ਵਸਿਆ ਬਾਹਰ, ਰੇਖ ਲੇਖ ਨਾ ਕੋਇ ਦਸਾ ਰਿਹਾ । ਨਾ ਕੋਈ ਮੰਦਰ ਚਾਰ ਦੀਵਾਰ, ਸਚ ਸਿੰਘਾਸਣ ਆਸਣ ਲਾ ਰਿਹਾ । ਸ਼ਾਹੋ ਸ਼ਾਬਾਸ਼ਨ ਮੀਤ ਮੁਰਾਰ, ਇਕ ਅਕੱਲਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਇਕ ਉਪਾ ਰਿਹਾ । ਨਿਰਗੁਣ ਨੂਰ ਅਕਾਲ, ਏਕਾ ਏਕ ਅਕਾਲਿਆ । ਨਾ ਕੋਈ ਦੂਸਰ ਦਿਸੇ ਪਸਾਰ, ਨਾ ਕੋਈ ਬਣਤ ਬਣਾ ਲਿਆ । ਨਾ ਕੋਈ ਮੰਡਲ ਮੰਡਪ ਲਿਆ ਉਸਾਰ, ਰਵ ਸਸ ਨਾ ਕੋਇ ਰਖਾ ਲਿਆ । ਦੂਸਰ ਨਾ ਕੋਈ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾ ਲਿਆ । ਆਦਿ ਜੁਗਾਦੀ ਜਾਣੇ ਕਾਰ, ਜੁਗ ਕਰਤਾ ਆਪ ਅਖਵਾ ਲਿਆ । ਨੂਰ ਅਲਾਹੀ ਬੇਐਬ ਪਰਵਰਦਿਗਾਰ, ਆਪ ਆਪਣਾ ਡਗਮਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਡਗਮਗਾ ਲਿਆ । ਜੋਤੀ ਨੂਰ ਪੁਰਖ ਅਕਾਲਾ, ਅਕਲ ਕਲ ਅਖਵਾਈਆ । ਆਪੇ ਵਸਿਆ ਸਚ ਸੱਚੀ ਧਰਮਸਾਲਾ, ਬੰਕ ਦਵਾਰਾ ਆਪ ਉਪਾਈਆ । ਆਪੇ ਕਰੇ ਆਪਣੀ ਆਪ ਪ੍ਰਿਤਪਾਲਾ, ਪ੍ਰਿਤਪਾਲਕ ਹਰਿ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਵੇਸ ਕਰਾਈਆ । ਨਿਰਗੁਣ ਵੇਸ ਵੇਸ ਅਵੱਲਾ, ਹਰਿ ਆਪਣਾ ਆਪ ਕਰਾਇੰਦਾ । ਆਪੇ ਵਸਿਆ ਸਚ ਮਹੱਲਾ, ਉਚ ਅਟੱਲਾ ਆਪ ਰਖਾਇੰਦਾ ।

ਆਪਣੀ ਜੋਤੀ ਆਪੇ ਰੱਲਾ, ਮਾਤ ਪਿਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਕਰਨੇਹਾਰਾ ਏਕਾ ਰੰਗ ਸਮਾਇਆ । ਜੂਨੀ ਰਹਿਤ ਖੇਲ ਅਪਾਰਾ, ਦਿਸ ਕਿਸੇ ਨਾ ਆਇਆ । ਸਾਚੀ ਸੂਰਤ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇਆ । ਸਤਿ ਸਤਿ ਸਤਿ ਵਰਤਾਰਾ ਦਰ ਘਰ ਸਾਚੇ ਆਪ ਵਰਤਾਇਆ । ਏਕਉਂਕਾਰਾ ਰੂਪ ਨਿਆਰਾ, ਲੇਖਾ ਲੇਖ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ, ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੇ ਧਾਮ ਸੁਹਾਇਆ । ਅਗੰਮ ਅਗੰਮੜਾ ਹਰਿ ਬੇਅੰਤ, ਆਦਿ ਜੁਗਾਦਿ ਅਖਵਾਈਆ । ਆਪ ਬਣਾਏ ਆਪਣੀ ਬਣਤ, ਆਪ ਆਪਣੀ ਰਚਨ ਰਚਾਈਆ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ ਹੰਢਾਈਆ । ਆਪੇ ਚਾੜ੍ਹੇ ਰੰਗ ਬਸੰਤ, ਆਪੇ ਸਖੀਆਂ ਮੰਗਲ ਗਾਈਆ । ਆਪੇ ਮਣੀਆਂ ਹੋਏ ਮਣਤ, ਗੀਤ ਸੁਹਾਗੀ ਆਪੇ ਗਾਈਆ । ਆਪੇ ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਣ ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਹਰਿ ਉਜਾਲਾ, ਆਪਣੀ ਕਲ ਵਰਤਾਇੰਦਾ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਆਪ ਅਖਵਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਚਲਾਇੰਦਾ । ਆਪਣਾ ਬਣੇ ਆਪ ਦਲਾਲਾ, ਵਣਜ ਵਣਜਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤੀ ਨੂਰ ਉਜਿਆਰ, ਏਕਾ ਦੀਪਕ ਆਪ ਜਗਾਇੰਦਾ । ਦੀਵਾ ਬਾਤੀ ਕਮਲਾਪਾਤੀ, ਹਰਿ ਹਰਿ ਆਪ ਜਗਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤੀ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਨਾ ਕੋਈ ਸੰਧਿਆ ਨਾ ਪਰਭਾਤੀ, ਨਾ ਕੋਇ ਵੇਸ ਵਟਾਇੰਦਾ । ਨਾ ਕੋਈ ਵਰਨ ਨਾ ਕੋਈ ਜ਼ਾਤੀ, ਨਾ ਕੋਈ ਭਗਵੰਤ ਉਪਾਇੰਦਾ । ਨਾ ਕੋਈ ਸਗਲਾ ਦਿਸੇ ਸਾਥੀ, ਨਾ ਕੋਈ ਸੰਗ ਨਿਭਾਇੰਦਾ । ਨਾ ਕੋਈ ਮਸਤਕ ਨਾ ਕੋਈ ਮਾਥੀ, ਨਾ ਕੋਈ ਮਸਤਕ ਲਲਾਟ ਜਗਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠੀ, ਨਾ ਕੋਈ ਗਿਆਨ ਦ੍ਰਿੜਾਇੰਦਾ । ਨਾ ਕੋਈ ਦੀਸੇ ਅਠਸਠ ਤੀਰਥ ਤਾਟੀ, ਨਾ ਕੋਈ ਤੀਰਥ ਬਣਾਇੰਦਾ । ਨਾ ਕੋਈ ਜਣਾਏ ਔਖੀ ਘਾਟੀ, ਪੁਰੀਆਂ ਲੋਆਂ ਨਾ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਨਾ ਵੇਖੇ ਆਣ ਬਾਟੀ, ਪੰਜ ਤੱਤ ਨਾ ਕੋਇ ਜਣਾਇੰਦਾ । ਨਾ ਕੋਈ ਵਿਸ਼ਨੂੰ ਚੜ੍ਹੇ ਘਾਟੀ, ਨਾ ਕੋਈ ਬ੍ਰਹਮਾ ਸੀਸ ਝੁਕਾਇੰਦਾ । ਨਾ ਕੋਈ ਸ਼ੰਕਰ ਨੇੜੇ ਜਾਣੇ ਵਾਟੀ, ਬਾਸ਼ਕ ਤਸ਼ਕਾ ਨਾ ਗਲ ਲਟਕਾਇੰਦਾ । ਨਾ ਕੋਈ ਅੰਮ੍ਰਿਤ ਪੀਵੇ ਸਾਚੀ ਬਾਟੀ, ਕਰੋੜ ਤੇਤੀਸਾ ਦਰਸ ਨਾ ਪਾਇੰਦਾ । ਖੇਲੇ ਖੇਲ ਬਾਜ਼ੀਗਰ ਨਾਟੀ, ਹਰਿ ਸਾਚਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾਇੰਦਾ । ਪੁਰਖ ਅਬਿਨਾਸ਼ਾ ਖੇਲ ਤਮਾਸ਼ਾ, ਅਚਰਜ ਬਣਤ ਬਣਾਈਆ । ਆਪੇ ਮੰਡਲ ਮੰਡਪ ਪਾਵੇ ਰਾਸਾ, ਆਪੇ ਵੇਖ ਵਖਾਈਆ । ਆਪੇ ਪਵਣ ਆਪ ਸਵਾਸਾ, ਆਪੇ ਰਿਹਾ ਚਲਾਈਆ । ਆਪੇ ਪ੍ਰਿਥਮੀ ਆਪ ਆਕਾਸ਼ਾ, ਗਗਨ ਮੰਡਲ ਆਪ ਉਪਾਈਆ । ਆਪੇ ਸ਼ਾਹ ਆਪ ਸ਼ਾਬਾਸ਼ਾ, ਸ਼ਾਹ ਸੁਲਤਾਨ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵਡ ਵਡਿਆਈਆ । ਆਦਿ ਜੁਗਾਦੀ ਇਕ ਅਕੱਲਾ, ਏਕਾ ਏਕ ਅਖਵਾਇੰਦਾ । ਆਪੇ ਵਸੇ ਸਚ ਮਹੱਲਾ, ਥਿਰ ਘਰ ਸਾਚਾ ਨਾਉਂ ਉਪਾਇੰਦਾ । ਨਾ ਕੋਈ ਜਲ ਨਾ ਕੋਈ ਥਲਾ, ਸਮੁੰਦ ਸਾਗਰ ਨਾ ਕੋਇ

੫੭੩
੦੮

ਬਣਾਇੰਦਾ । ਜੰਗਲ ਜੂਹ ਉਜਾੜ ਪਹਾੜ ਨਾ ਕੋਈ ਦੀਸੇ ਉਚਾ ਟਿੱਲਾ, ਪਰਬਤ ਚੋਟੀ ਨਾ ਕੋਈ ਚੜ੍ਹਾਇੰਦਾ । ਨਾ ਕੋਈ ਤੀਰ ਕਮਾਨ ਦੀਸੇ ਚਿੱਲਾ, ਸ਼ਸਤਰ ਬਸਤਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਏਕਾ ਏਕ ਸੁਹਾਇੰਦਾ । ਉਚ ਮੰਦਰ ਉਚ ਮੁਨਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਏਕਉਂਕਾਰਾ ਕਰ ਪਸਾਰਾ, ਆਪੇ ਡਗਮਗਾਈਆ । ਸਚ ਸਿੰਘਾਸਣ ਅਪਰ ਅਪਾਰਾ, ਬੈਠਾ ਆਸਣ ਲਾਈਆ । ਨਾ ਕੋਈ ਦੂਸਰ ਦਰ ਦਵਾਰਾ, ਨਾ ਕੋਈ ਸੀਸ ਝੁਕਾਈਆ । ਸ਼ਾਹੋ ਭੂਪ ਸੱਚੀ ਸਰਕਾਰਾ, ਏਕੰਕਾਰ ਆਪ ਅਖਵਾਈਆ । ਆਪੇ ਜਾਣੇ ਆਪਣਾ ਧੁਰ ਫ਼ਰਮਾਣਾ, ਆਪਣਾ ਹੁਕਮ ਆਪ ਸੁਣਾਈਆ । ਖੇਲੇ ਖੇਲ ਦੋ ਜਹਾਨਾਂ, ਵਡ ਦਾਤਾ ਬੇਪਰਵਾਹੀਆ । ਆਪੇ ਮਰਦ ਮਰਦ ਮਰਦਾਨਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸਤਿ ਸਤਿਵਾਦ ਆਪ ਅਖਵਾਈਆ । ਸਤਿ ਸਤਿਵਾਦੀ ਪਾਰਬ੍ਰਹਮ, ਪਰਮ ਪੁਰਖ ਅਖਵਾਇੰਦਾ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਖਿਲਾਇੰਦਾ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਇੰਦਾ । ਜਾਗਰਤ ਜੋਤ ਹਰਿ ਜਗਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਰਗੁਣ ਸਾਚਾ ਬਣ ਮਲਾਹ, ਪੰਜ ਤੱਤ ਕਰੇ ਕੁੜਮਾਈਆ । ਲੋਕਮਾਤੀ ਫੇਰਾ ਪਾ, ਆਪ ਆਪਣੀ ਖੇਲ ਖਿਲਾਈਆ । ਸ਼ਬਦ ਅਨਾਦੀ ਧੁਨ ਉਪਜਾ, ਏਕਾ ਰਾਗ ਸੁਣਾਈਆ । ਸਾਚਾ ਮਾਰਗ ਸ੍ਰਿਸ਼ਟ ਲਗਾ, ਸਾਚਾ ਰਾਹ ਵਖਾਈਆ । ਏਕਾ ਇਸ਼ਟ ਦਏ ਵਖਾ, ਦ੍ਰਿਸ਼ਟ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤ ਵਡ ਕਰਾਮਾਤ, ਸਰਗੁਣ ਵਿਚ ਟਿਕਾਈਆ । ਨਿਰਗੁਣ ਦਾਤਾ ਹਰਿ ਬੇਅੰਤ, ਬੇਅੰਤ ਆਪ ਅਖਵਾਇਆ । ਸਰਗੁਣ ਮੇਲਾ ਸਾਚੇ ਸੰਤ, ਸਾਚਾ ਸ਼ਬਦ ਸੁਣਾਇਆ । ਨਿਰਗੁਣ ਦਾਤਾ ਆਦਿ ਅੰਤ, ਜੁਗ ਜੁਗ ਵੇਸ ਵਟਾਇਆ । ਸਰਗੁਣ ਮੇਲਾ ਨਾਰੀ ਕੰਤ, ਕੰਤ ਕੰਤੂਹਲਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਡਗਮਗਾਇਆ । ਨਿਰਗੁਣ ਨੂਰ ਨਿਰਗੁਣ ਧਾਰ, ਹਰਿ ਸਾਚੇ ਸਚ ਉਪਜਾਈਆ । ਸਰਗੁਣ ਮੇਲਾ ਵਿਚ ਸੰਸਾਰ, ਗੁਰ ਗੁਰ ਰੂਪ ਵਟਾਈਆ । ਸਤਿਗੁਰ ਸਾਚਾ ਮੀਤ ਮੁਰਾਰ, ਹਰਿ ਹਰਿ ਆਪ ਅਖਵਾਈਆ । ਗੁਰ ਗੁਰ ਦੇਵੇ ਨਾਮ ਅਧਾਰ, ਏਕਾ ਬੂਝ ਬੁਝਾਈਆ । ਅੰਦਰ ਮੰਦਰ ਮੀਤ ਮੁਰਾਰ, ਏਕਾ ਮੇਲ ਮਿਲਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਅਨਹਦ ਆਪ ਵਜਾਈਆ । ਰਾਗੀ ਨਾਦੀ ਨਾ ਪਾਵੇ ਸਾਰ, ਬ੍ਰਹਮ ਬ੍ਰਹਿਮਾਦੀ ਵੇਖ ਵਖਾਈਆ । ਲੱਖ ਚੁਰਾਸੀ ਹਾਹਾਕਾਰ, ਜੀਵ ਜੰਤ ਰਹੇ ਕੁਰਲਾਈਆ । ਧਰਤ ਧਵਲ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਰਾਏ ਧਰਮ ਹੋਇਆ ਖ਼ਬਰਦਾਰ, ਕਲਜੁਗ ਅੰਤਮ ਲਏ ਅੰਗੜਾਈਆ । ਲਾੜੀ ਮੌਤ ਕਰੇ ਸ਼ਿੰਗਾਰ, ਤਨ ਆਪਣਾ ਵੇਸ ਵਟਾਈਆ । ਚਿਤਰ ਗੁਪਤ ਬਣ ਲਿਖਾਰ, ਲੇਖਾ ਰਿਹਾ ਲਿਖਾਈਆ । ਕਾਲ ਕੂਕੇ ਮਾਰ ਜੈਕਾਰ, ਏਕਾ ਨਾਅਰਾ ਲਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਪਾਵਣਹਾਰਾ ਸਾਰ, ਜੁਗ ਜੁਗ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਤੇਰਾ ਕਾਲ ਨਗਾਰਾ, ਚਾਰੋਂ ਕੁੰਟ ਸੁਣਾਇੰਦਾ । ਧਰਮ ਰਾਏ ਮੀਤ ਮੁਰਾਰਾ, ਤੇਰਾ ਸੰਗ ਨਿਭਾਇੰਦਾ । ਕੁਵਾਰ ਕੰਨਿਆ ਕਰ ਸ਼ਿੰਗਾਰਾ, ਸਗਲਾ ਸੰਗ ਵਖਾਇੰਦਾ । ਗੋਬਿੰਦ ਉਠੇ ਜੋਧਾ ਸੂਰਬੀਰ

ਬਲਕਾਰਾ, ਏਕਾ ਖੰਡਾ ਹੱਥ ਉਠਾਇੰਦਾ । ਉਤਭੁਜ ਸੇਤਜ ਦਏ ਹੁਲਾਰਾ, ਆਪਣੀ ਕਰਨੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਸ ਅਵੱਲਾ ਹਰਿ ਕਰਾਇੰਦਾ । ਏਕੰਕਾਰ ਕਰ ਪਸਾਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਭਗਵਾਨਾ, ਆਪਣੀ ਕਲ ਵਰਤਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਏਕੰਕਾਰਾ ਆਪ ਅਖਵਾਈਆ । ਏਕਾ ਚਿੱਲਾ ਤੀਰ ਕਮਾਨਾ, ਏਕਾ ਰਿਹਾ ਉਠਾਈਆ । ਏਕਾ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਖੋਜ ਖੋਜਾਈਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨਾ, ਕਰੋੜ ਤੇਤੀਸਾ ਨੈਣ ਉਠਾਈਆ । ਨੌ ਖੰਡ ਪ੍ਰਿਥਮੀ ਡਗਮਗਾਨਾ, ਸੱਤਾਂ ਦੀਪਾਂ ਧੀਰ ਨਾ ਕੋਈ ਧਰਾਈਆ । ਸ਼ਾਹ ਸੁਲਤਾਨਾਂ ਭੁੱਲਿਆ ਆਪਣਾ ਟਿਕਾਨਾ, ਰਾਜ ਰਾਜਾਨਾ ਖ਼ਾਕ ਮਿਲਾਈਆ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣਾ ਵਡ ਵਡਿਆਈਆ । ਗ਼ਰੀਬ ਨਿਮਾਣਾ ਗਲੇ ਲਗਾਣਾ, ਚਾਰ ਵਰਨਾਂ ਸਚ ਸਰਨਾਈਆ । ਰਾਓ ਰੰਕਾਂ ਏਕਾ ਧਾਮ ਬਹਾਣਾ, ਊਚਾਂ ਨੀਚਾਂ ਮੇਟ ਮਿਟਾਈਆ । ਏਕਾ ਸ਼ਬਦ ਏਕਾ ਗਾਣਾ, ਏਕਾ ਰਾਗ ਅਲਾਈਆ । ਪੁਰਖ ਅਕਾਲ ਇਕ ਮਨਾਣਾ, ਏਕਾ ਇਸ਼ਟ ਵਖਾਈਆ । ਰਾਮਾ ਕ੍ਰਿਸ਼ਨਾ ਇਕ ਧਿਆਨਾ, ਏਕਾ ਰੰਗ ਰੰਗਾਈਆ । ਨਾਨਕ ਗੋਬਿੰਦ ਪਦ ਨਿਰਬਾਨਾ, ਏਕਾ ਦਰ ਵਖਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਜੋਤੀ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌ ਖੰਡ ਦੀਪ ਸੱਤ ਏਕਾ ਤੱਤ ਏਕਾ ਮਤ ਏਕਾ ਬ੍ਰਹਮ ਜਣਾਈਆ । ਏਕਾ ਬ੍ਰਹਮ ਸ਼ਬਦ ਗਿਆਨ, ਹਰਿ ਹਰਿ ਆਪ ਦ੍ਰਿੜਾਇੰਦਾ । ਚਾਰ ਵਰਨਾਂ ਇਕ ਧਿਆਨ, ਏਕਾ ਰੂਪ ਦਰਸਾਇੰਦਾ । ਦੂਈ ਦਵੈਤੀ ਮੇਟ ਮਿਟਾਨ, ਹਉਮੇ ਗੜ੍ਹ ਮਿਟਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਬੁਝਾਇੰਦਾ । ਵਾਹਿਗੁਰੂ ਅੱਲਾ ਰਾਮ ਕ੍ਰਿਸ਼ਨ ਸਾਰੇ ਗਾਣ, ਸਾਚੀ ਸਿਖਿਆ ਇਕ ਸਮਝਾਇੰਦਾ । ਰੂਪ ਅਨੂਪ ਸ਼ਾਹ ਸੁਲਤਾਨ, ਸਚ ਸਮਗਰੀ ਆਪਣੇ ਹੱਥ ਰਖਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਜੁਗ ਆਪਣੀ ਧਾਰ ਵਹਾਇੰਦਾ । ਕਲਜੁਗ ਵੇਖੇ ਝੂਠ ਦੁਕਾਨ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੀਆਂ ਜੰਤਾਂ ਹਰਿ ਭਗਵੰਤਾ ਦੇਵੇ ਸਾਚਾ ਜੀਆ ਦਾਨ, ਏਕਾ ਭਿਛਿਆ ਝੋਲੀ ਪਾਇੰਦਾ । ਸਾਚੀ ਸਖੀਆਂ ਸਾਚਾ ਕਾਹਨ, ਏਕਾ ਰਾਸ ਵਖਾਇੰਦਾ । ਏਕਾ ਸੁਰਤੀ ਏਕਾ ਰਾਮ, ਏਕਾ ਮੇਲ ਮਿਲਾਇੰਦਾ । ਏਕਾ ਜਾਪ ਸਾਚਾ ਨਾਮ, ਨਾਮ ਸਤਿ ਦ੍ਰਿੜਾਇੰਦਾ । ਵਾਹਿਗੁਰੂ ਫਤਿਹ ਪੂਰਾ ਕਾਮ, ਕਰਨੀ ਕਰਤਾ ਆਪ ਕਰਾਇੰਦਾ । ਅੱਲਾ ਰਾਣੀ ਕਰ ਪਰਨਾਮ, ਨਿਉਂ ਨਿਉਂ ਸੀਸ ਝੁਕਾਇੰਦਾ । ਚਾਰ ਯਾਰ ਸੰਗ ਮੁਹੰਮਦ ਪੱਲੇ ਬੰਨੇ ਦਾਮ, ਏਕਾ ਭਾਰ ਉਠਾਇੰਦਾ । ਈਸਾ ਮੂਸਾ ਪਿਆਏ ਜਾਮ, ਦੋ ਦੋ ਆਬਾ ਵੇਖ ਵਖਾਇੰਦਾ । ਲਾਸ਼ਰੀਕ ਹੱਕ ਖ਼ੁਦਾਈ ਇਕ ਮੁਕਾਮ, ਏਕਾ ਕਲਮਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਨੂਰ ਅਕਲ ਕਲ ਧਾਰ, ਅਕਲ ਕਲਾ ਅਖਵਾਈਆ । ਕੋਟਨ ਕੋਟ ਰੂਪ ਕਰ ਕਰਤਾਰ, ਨਿਰਾਕਾਰ ਸਾਕਾਰ ਹੋ ਜਾਈਆ । ਸ਼ਬਦ ਚੋਟ ਸਚ ਨਗਾਰ, ਆਦਿ ਜੁਗਾਦਿ ਵਜਾਈਆ । ਅਗੰਮ ਅਗੰਮਾ ਅਗੰਮੜੀ ਕਾਰ, ਅਗੰਮੜੇ ਥਾਨ ਕਰਾਈਆ । ਅਲੱਖ ਅਲੱਖਣਾ ਹੋ ਤਿਆਰ, ਆਪਣੀ ਅਲੱਖ ਜਗਾਈਆ । ਸਚਖੰਡ ਸੁਹਾਏ ਇਕ ਦਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋਕਮਾਤ ਲੈ ਅਵਤਾਰ, ਸੁਨ ਅਗੰਮੋ ਪਾਰ ਵਖਾਈਆ । ਸੰਤ ਸੁਹੇਲੇ ਮੀਤ ਮੁਰਾਰ, ਜੁਗ ਜੁਗ ਲਏ ਜਗਾਈਆ । ਭਗਤ ਭਗਤੀ ਦਏ ਅਧਾਰ, ਭਗਵਾਨ

ਮੇਲ ਮਿਲਾਈਆ । ਕਾਇਆ ਮੰਦਰ ਡੂੰਘੀ ਗਾਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਟੇਢੀ ਬੰਕ ਸੁਖਮਨ ਨਾੜ, ਦੇਵੇ ਪਾਰ ਕਰਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਅਨਹਦ ਸਾਚਾ ਸੇਵਾਦਾਰ, ਸਾਚੀ ਸੇਵ ਕਮਾਈਆ । ਪੰਚਮ ਮੀਤਾ ਖ਼ਬਰਦਾਰ, ਪੰਚਮ ਵੇਖੇ ਥਾਉਂ ਥਾਈਂਆ । ਸਰ ਸਰੋਵਰ ਠੰਡੀ ਠਾਰ, ਜਲ ਧਾਰਾ ਆਪ ਉਪਾਈਆ । ਕਾਗੋਂ ਹੰਸ ਕਰੇ ਤਿਆਰ, ਆਪ ਆਪਣੀ ਦਇਆ ਕਮਾਈਆ । ਬੰਦ ਕਿਵਾੜੀ ਖੋਲ੍ਹ ਕਿਵਾੜ, ਆਪਣਾ ਮੰਦਰ ਦਏ ਵਖਾਈਆ । ਸਾਚੀ ਸੇਜਾ ਹਰਿ ਨਿਰੰਕਾਰ, ਨਿਰਗੁਣ ਬੈਠਾ ਆਸਣ ਲਾਈਆ । ਵਰਨ ਗੋਤ ਨਾ ਕੋਇ ਪਿਆਰ, ਜ਼ਾਤ ਪਾਤ ਨਾ ਕੋਇ ਦਸਾਈਆ । ਐਨਲਹੱਕ ਮਾਰੇ ਨਾਅਰ, ਹੱਕ ਹਕੀਕਤ ਵਖਾਈਆ । ਲਾਸ਼ਰੀਕ ਸਾਂਝਾ ਯਾਰ, ਹਰ ਘਟ ਬੈਠਾ ਜੋਤ ਜਗਾਈਆ । ਰਾਮ ਰਾਮਾ ਰੂਪ ਅਪਾਰ, ਰਮਈਆ ਆਪੇ ਬੇਪਰਵਾਹੀਆ । ਮੁਕੰਦ ਮਨੋਹਰ ਲੱਖਮੀ ਨਰਾਇਣ ਕਾਹਨਾ ਕ੍ਰਿਸ਼ਨਾ ਰੂਪ ਅਪਾਰ, ਨਾਮ ਬੰਸਰੀ ਆਪ ਵਜਾਈਆ । ਨਾਨਕ ਗੁਰ ਹੋ ਤਿਆਰ, ਗੁਰਮੁਖ ਸਾਚੇ ਅੰਦਰ ਮੰਦਰ ਲਏ ਮਿਲਾਈਆ । ਦੇਵੇ ਨਾਮ ਸ਼ਬਦ ਅਧਾਰ, ਸਾਚੀ ਬੂਝ ਬੁਝਾਈਆ । ਠਾਂਡਾ ਸੀਤਾ ਸਿਰਜਣਹਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਹਿੰਦੂ ਮੁਸਲਮ ਸਿਖ ਈਸਾਈ ਬੰਨੇ ਏਕਾ ਧਾਰ, ਏਕਾ ਡੋਰੀ ਨਾਮ ਬੰਧਾਈਆ । ਉਤਰ ਪੂਰਬ ਪੱਛਮ ਦੱਖਣ ਪਾਵੇ ਸਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਮੱਕਾ ਕਾਅਬਾ ਹੋ ਉਜਿਆਰ, ਮੁਖ ਨਕਾਬਾ ਆਪੇ ਪਾਈਆ । ਪੀਰ ਦਸਤਗੀਰਾ ਸ਼ਾਹ ਹਕੀਰਾ ਕਰੇ ਖ਼ਬਰਦਾਰ, ਮੁੱਲਾ ਸ਼ੇਖ਼ ਮੁਸਾਇਕ ਗੌਂਸ ਆਪੇ ਲਏ ਉਠਾਈਆ । ਪੰਡਤ ਪਾਂਧੇ ਦਏ ਹੁਲਾਰ, ਅੰਦਰ ਮੰਦਰ ਪਾਵੇ ਸਾਰ, ਡੂੰਘੀ ਕੰਦਰ ਸ਼ਬਦ ਹੁਲਾਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਨਿਰਾਲਾ ਏਕਾ ਤੀਰ, ਲੋਆਂ ਪੁਰੀਆਂ ਰਿਹਾ ਚੀਰ, ਸੋਹੰ ਮੁੱਖੀ ਅੱਗੇ ਲਾਈਆ । ਸੋ ਪੁਰਖ ਨਿਰੰਜਣ ਆਪ ਕਰਤਾਰ, ਹੰ ਹੰਗਤਾ ਮੇਟ ਮਿਟਾਇੰਦਾ । ਨਾਨਕ ਗਾਇਆ ਆਪਣੀ ਵਾਰ, ਰਸਨਾ ਜਿਹਵਾ ਆਪ ਹਿਲਾਇੰਦਾ । ਗੋਬਿੰਦ ਮੰਗੀ ਮੰਗ ਅਪਾਰ, ਸੋਹੰ ਭੱਥਾ ਤੀਰ ਕਮਾਨ ਉਠਾਇੰਦਾ । ਕਲਜੁਗ ਅੰਤਮ ਹੋ ਤਿਆਰ, ਲੋਕਮਾਤ ਵੇਖ ਵਖਾਇੰਦਾ । ਵੇਦ ਵਿਆਸਾ ਬਣ ਲਿਖਾਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜ ਮੀਤ ਮੁਰਾਰ, ਉਚੇ ਟਿੱਲੇ ਪਰਬਤ ਡੇਰਾ ਲਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਕੋਟਨ ਕੋਟੀ ਰਾਹ ਤਕਾਇੰਦਾ । ਗਿਣ ਗਿਣ ਥੱਕੇ ਲੱਖ ਚਾਰ ਬੱਤੀ ਹਜ਼ਾਰ, ਕਲਜੁਗ ਆਯੂ ਵੰਡ ਵੰਡਾਇੰਦਾ । ਮਾਰਨਹਾਰਾ ਸਾਚੀ ਮਾਰ, ਭਾਣਾ ਆਪਣੇ ਹੱਥ ਰਖਾਇੰਦਾ । ਜੀਵ ਜੰਤ ਬਣਾਏ ਗਵਾਰ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਹਰਿ ਕਾ ਰੂਪ ਗਏ ਵਿਸਾਰ, ਦੀਪਕ ਬਾਤੀ ਕਾਇਆ ਮੰਦਰ ਅੰਦਰ ਨਾ ਕੋਇ ਜਗਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਰਸ ਝਿਰਨਾ ਨਾ ਕੋਇ ਝਿਰਾਇੰਦਾ । ਜੂਠ ਝੂਠ ਕਰ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇੰਦਾ । ਗੁਰ ਕਾ ਸ਼ਬਦ ਨਾ ਕੋਇ ਜੈਕਾਰ, ਸਾਚਾ ਨਾਅਰਾ ਨਾ ਕੋਇ ਲਗਾਇੰਦਾ । ਸਤਿ ਸੰਤੋਖ ਨਾ ਬੰਨੀ ਸੀਸ ਦਸਤਾਰ, ਧੀਰਜ ਜਤ ਨਾ ਕੋਇ ਧਰਾਇੰਦਾ । ਪੰਚਮ ਮੇਲ ਨਾ ਮਿਲਿਆ ਵਿਚ ਸੰਸਾਰ, ਪੰਚਮ ਮਾਇਆ ਬੰਧਨ ਪਾਇੰਦਾ । ਕੂੜਾ ਡੰਕਾ ਕੂੜ ਪਸਾਰ, ਕਲਜੁਗ ਕੂੜਾ ਆਪ ਲਗਾਇੰਦਾ । ਸ਼ਾਹ ਸੁਲਤਾਨ ਗਏ ਹਾਰ, ਸਾਚਾ ਅਦਲ ਨਾ ਕੋਇ ਕਮਾਇੰਦਾ । ਧਰਮੀ ਧਰਮ ਕਰੇ ਖਵਾਰ, ਕਰਮੀ ਕਰਮ ਨਾ ਕੋਇ ਵਖਾਇੰਦਾ । ਨਿਹਕਰਮੀ ਹਰਿ ਪਾਵੇ ਸਾਰ, ਆਪ ਆਪਣੀ ਰਚਨ ਰਚਾਇੰਦਾ । ਵਰਨੀ ਬਰਨੀ ਵਸਿਆ

ਬਾਹਰ, ਨਿਰਾਕਾਰ ਆਪ ਹੋ ਜਾਇੰਦਾ । ਕਲਜੁਗ ਅੰਤਮ ਹੋ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਸ਼ਿਵ ਉਠਾਇੰਦਾ । ਖੜਗ ਖੰਡਾ ਤੇਜ਼ ਕਟਾਰ, ਨਾਮ ਦੋ ਧਾਰਾ ਹੱਥ ਉਠਾਇੰਦਾ । ਬ੍ਰਹਿਮੰਡਾਂ ਪਾਵਣਹਾਰਾ ਸਾਰ, ਅਵਣ ਗਵਣ ਵੇਖ ਵਖਾਇੰਦਾ । ਚੌਦਾਂ ਤਬਕਾਂ ਪਾਰ ਕਿਨਾਰ, ਚੌਦਾਂ ਹੱਟਾਂ ਫੋਲ ਫੋਲਾਇੰਦਾ । ਨੂਰ ਅਲਾਹੀ ਤੇਰੀ ਧਾਰ, ਆਪਣੇ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਕਰਤਾ ਹਰਿ ਕਰਨੇਹਾਰ ਆਪ ਉਪਾਏ ਆਪੇ ਲਏ ਸੰਘਾਰ, ਆਪਣੀ ਬਣਤ ਆਪ ਬਣਾਇੰਦਾ । ਆਪ ਉਪਾਏ ਆਪ ਖਪਾਏ, ਹਰਿ ਸਾਚੇ ਵਡ ਵਡਿਆਈਆ । ਗੁਰ ਅਵਤਾਰ ਸਾਧ ਸੰਤ ਹਰਿ ਸੇਵਾ ਲਾਏ, ਸਾਚੀ ਸਿਖਿਆ ਇਕ ਸਮਝਾਈਆ । ਬੇਅੰਤ ਬੇਅੰਤ ਬੇਅੰਤ ਆਪ ਹੋ ਜਾਏ, ਭੇਵ ਕੋਇ ਨਾ ਪਾਈਆ । ਜੁਗਾ ਜੁਗੰਤ ਵੇਸ ਵਟਾਏ, ਬ੍ਰਹਮਾ ਲੇਖ ਨਾ ਸਕੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੇ ਨੈਣਾਂ ਤੇਰਾ ਮੂਲ ਚੁਕਾਈਆ । ਮੂਲ ਚੁਕੌਣਾ ਪੁਰਖ ਅਬਿਨਾਸ਼ੀ, ਆਪਣੀ ਜੋਤ ਜਗਾਈਆ । ਪਰਗਟ ਹੋਏ ਘਨਕਪੁਰ ਵਾਸੀ, ਘਰ ਮੰਦਰ ਡੇਰਾ ਲਾਈਆ । ਨਿਰਗੁਣ ਜੋਤ ਸਰਬ ਪਰਕਾਸ਼ੀ ਅਨਭਵ ਪਰਕਾਸ਼ ਵਖਾਈਆ । ਆਪੇ ਹੋਏ ਪਾਤਾਲ ਅਕਾਸ਼ੀ, ਗਗਨ ਮੰਡਲ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਖੇਲ ਖਲੰਤਾ ਬੇਪਰਵਾਹ, ਹਰਿ ਸੱਚਾ ਸ਼ਹਿਨਸ਼ਾਹ । ਆਪੇ ਜਾਣੇ ਆਪਣਾ ਰਾਹ, ਦੂਸਰ ਭੇਵ ਨਾ ਰਾ । ਲੱਖ ਚੁਰਾਸੀ ਵੇਖ ਵਖਾ, ਸ਼ਬਦ ਅਗੰਮੀ ਪਾਵੇ ਫਾਹ । ਨੌ ਖੰਡ ਪ੍ਰਿਥਮੀ ਜੋਤ ਜਗਾ, ਜਾਗਰਤ ਜੋਤ ਕਰੇ ਰੁਸ਼ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾ । ਹਰਿ ਸੱਚਾ ਵੇਸ ਵਟੰਦੜਾ, ਨਿਰਗੁਣ ਜੋਤ ਨਿਰੰਕਾਰ । ਜੀਵਾਂ ਜੰਤਾਂ ਵੇਖ ਵਖੰਦੜਾ, ਸਾਧਾਂ ਸੰਤਾਂ ਪਾਵੇ ਸਾਰ । ਰਾਜ ਰਾਜਾਨਾਂ ਆਪ ਉਠੰਦੜਾ, ਸ਼ਾਹ ਸੁਲਤਾਨਾਂ ਮਾਰੇ ਮਾਰ । ਧਰਤ ਮਾਤ ਅਖਾੜਾ ਇਕ ਲਗੰਦੜਾ, ਨੌ ਖੰਡ ਰਿਹਾ ਲਲਕਾਰ । ਨਾਮ ਖੰਡਾ ਇਕ ਚਮਕੰਦੜਾ, ਐਟਮ ਅੰਟੀ ਜਾਏ ਹਾਰ । ਜਨ ਭਗਤਾਂ ਸਾਚਾ ਰਾਹ ਵਖੰਦੜਾ, ਚਰਨ ਪ੍ਰੀਤੀ ਇਕ ਨਿਰੰਕਾਰ । ਸਿਰ ਸਮਰਥ ਹੱਥ ਰਖੰਦੜਾ, ਆਪ ਆਪਣੀ ਕਿਰਪਾ ਧਾਰ । ਨਾਮ ਜਹਾਜ ਇਕ ਚਲੰਦੜਾ, ਭਵ ਸਾਗਰ ਕਰੇ ਪਾਰ । ਫੜ ਫੜ ਬਾਂਹੋਂ ਆਪ ਚੜ੍ਹੰਦੜਾ, ਸੇਵਾ ਕਰੇ ਸਿਰਜਣਹਾਰ । ਲਹਿਣਾ ਦੇਣਾ ਮੂਲ ਚੁਕੰਦੜਾ, ਪਿਛਲਾ ਕਰਜ਼ਾ ਰਿਹਾ ਉਤਾਰ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖੰਦੜਾ, ਕਲਜੁਗ ਪੂਰਾ ਕਰੇ ਉਧਾਰ । ਜੂਠਾ ਝੂਠਾ ਜੀਵ ਮਸਟੰਡੜਾ, ਗੁਰਮਤ ਨਾ ਕਰੇ ਵਿਚਾਰ । ਮਾਇਆ ਮਮਤਾ ਆਤਮ ਅੰਧੜਾ, ਮਨ ਮਤ ਬਣਾਈ ਨਾਰ । ਸਾਚੀ ਸੇਜ ਨਾ ਕੋਇ ਹਢੰਦੜਾ, ਘਰ ਘਰ ਹੋਏ ਖ਼ਵਾਰ । ਮਦਿਰਾ ਮਾਸ ਮੁਖ ਲਗੰਦੜਾ, ਵਿਸਰਿਆ ਕਰਤਾਰ । ਨਾਨਕ ਗੋਬਿੰਦ ਨਾ ਕਿਸੇ ਬਖ਼ਸ਼ੰਦੜਾ, ਜਿਸ ਦਰਸ ਨਾ ਪਾਇਆ ਹਰਿ ਨਿਰੰਕਾਰ । ਜਮ ਕਾ ਡੰਡ ਹੱਥ ਵਖੰਦੜਾ, ਧਰਮ ਰਾਏ ਕਰੇ ਖੁਵਾਰ । ਚਿਤਰ ਗੁਪਤ ਹਿਸਾਬ ਖੁਲ੍ਹੰਦੜਾ, ਲੇਖਾ ਲਿਖੇ ਅਪਰ ਅਪਾਰ । ਅਠ ਅਠਾਰਾਂ ਮੂੰਹ ਖੁਲੰਦੜਾ, ਦਸ ਵੇਖੇ ਕੁੰਭੀ ਧਾਰ । ਬਿਨ ਸਤਿਗੁਰ ਪੂਰੇ ਕੋਇ ਨਾ ਪਾਰ ਲਘੰਦੜਾ, ਲੱਖ ਚੁਰਾਸੀ ਡੁੱਬੇ ਅਧਵਿਚਕਾਰ । ਕਲਜੁਗ ਚੋਟ ਨਗਾਰੇ ਇਕ ਲਗੰਦੜਾ, ਡੌਰੂ ਡੰਕਾ ਰਿਹਾ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤੀ ਨੂਰ ਅਪਾਰ । ਪੁਰਖ ਅਬਿਨਾਸ਼ੀ


੫੭੭
੦੮

ਕਿਰਪਾ ਧਾਰ, ਲੋਕਮਾਤ ਕਰੇ ਰੁਸ਼ਨਾਈਆ । ਲੋਕਮਾਤ ਹਰਿ ਹਰਿ ਖੇਲ, ਆਪਣਾ ਆਪ ਕਰਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲ, ਨੂਰ ਨੂਰ ਜੋਤ ਡਗਮਗਾਇੰਦਾ । ਸਦਾ ਸਹਾਈ ਸੱਜਣ ਸੁਹੇਲਾ ਆਪੇ ਕਰੇ ਮੇਲ, ਸਾਚਾ ਸਾਕੀ ਅੰਮ੍ਰਿਤ ਜਾਮ ਪਿਆਇੰਦਾ । ਆਪੇ ਵਸੇ ਰੰਗ ਨਵੇਲ, ਹਰ ਘਟ ਆਪੇ ਡੇਰਾ ਲਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਇਕ ਗਿਆਨ, ਏਕਾ ਦੇਵੇ ਧੁਰ ਫ਼ਰਮਾਨ, ਏਕਾ ਹੁਕਮ ਸੁਣਾਇੰਦਾ । ਧੁਰ ਫ਼ਰਮਾਣਾ ਹਰਿ ਭਗਵਾਨਾ, ਆਪਣਾ ਸ਼ਬਦ ਸੁਣਾਈਆ । ਜਨ ਭਗਤਾਂ ਆਤਮ ਅੰਤਰ ਇਕ ਤਰਾਨਾ, ਏਕਾ ਧੁਨ ਉਪਜਾਈਆ । ਸਤਿ ਸੰਤੋਖੀ ਬੰਨੇ ਗਾਨਾ, ਸਾਚੀ ਸਿਖਿਆ ਇਕ ਵਖਾਈਆ । ਚਾਰ ਵਰਨਾਂ ਏਕਾ ਸੰਗ ਨਿਭਾਨਾ, ਏਕਾ ਓਟ ਹਰਿ ਰਘੁਰਾਈਆ । ਦੂਈ ਦਵੈਤੀ ਭੇਵ ਮਿਟਾਨਾ, ਭਰਮੀ ਭਰਮ ਗਵਾਈਆ । ਸਾਚਾ ਮੰਦਰ ਇਕ ਸੁਹਾਨਾ, ਇਸ਼ਟ ਦੇਵ ਇਕ ਹੋ ਜਾਈਆ । ਪਤਿਪਰਮੇਸ਼ਵਰ ਏਕਓਂਕਾਰ, ਪੁਰਖ ਅਕਾਲ ਇਕ ਮਨਾਈਆ । ਸਰਬ ਜੀਆਂ ਹਰਿ ਬਣਿਆ ਦਾਤਾ, ਦਾਤਾ ਦਾਨੀ ਰਿਜ਼ਕ ਸਬਾਈਆ । ਆਪੇ ਗੋਪੀ ਆਪੇ ਕਾਹਨਾ, ਰਾਮ ਨਾਮ ਆਪ ਵਡਿਆਈਆ । ਆਪੇ ਸੀਤਾ ਸੁਰਤੀ ਕਰ ਪਰਵਾਨਾ, ਆਪ ਆਪਣੇ ਅੰਗ ਲਗਾਈਆ । ਆਪੇ ਅਨਾਦਿ ਧੁਨ ਲਗਾਏ ਤਰਾਨਾ, ਹੂ ਹੂ ਅੱਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾਈਆ । ਨਰ ਨਰਾਇਣ ਹਰਿ ਨਿਰੰਕਾਰ, ਨਿਰਗੁਣ ਰੂਪ ਵਟਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਗੁਰਮੁਖ ਵਿਰਲੇ ਦਰਸ਼ਨ ਪਾਇਆ । ਲੱਖ ਚੁਰਾਸੀ ਡੁਬੇ ਆਪਣੇ ਵਹਿਣ, ਨਾਮ ਚੱਪੂ ਨਾ ਕਿਸੇ ਲਗਾਇਆ । ਨਾ ਕੋਈ ਚੁਕਾਏ ਲਹਿਣ ਦੇਣ, ਫੰਦਨ ਫੰਦ ਨਾ ਕੋਇ ਕਟਾਇਆ । ਮਾਇਆ ਮਮਤਾ ਪਾਇਆ ਗਹਿਣ, ਜੂਠਾ ਝੂਠਾ ਦੀਸੇ ਸਾਕ ਸਬੰਧੀ ਸੈਣ, ਕੱਠੇ ਹੋ ਹੋ ਸਾਰੇ ਬਹਿਣ, ਵੇਲੇ ਅੰਤ ਨਾ ਹੋਏ ਸਹਾਇਆ । ਗੁਰਮੁਖ ਸਾਚੇ ਧਾਮ ਅਵੱਲੇ ਏਕਾ ਰਹਿਣ, ਚਰਨ ਦਵਾਰਾ ਹਰਿ ਰਘੁਰਾਇਆ । ਦਰ ਘਰ ਸਾਚੇ ਸੋਭਾ ਪਾਇਣ, ਰਾਏ ਧਰਮ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਸ੍ਰਿਸ਼ਟ ਸਬਾਈ ਹਰਿ ਭਗਵੰਤ, ਆਪਣੀ ਚਾਲ ਚਲਾਈਆ । ਪਕੜ ਉਠਾਏ ਸਾਚੇ ਸੰਤ, ਜਿਸ ਨਾਮੇ ਹਰਿ ਲਿਵ ਲਾਈਆ । ਮਨਮੁਖਾਂ ਮਾਇਆ ਪਾਏ ਬੇਅੰਤ, ਗੂੜ੍ਹੀ ਨੀਂਦ ਸਵਾਈਆ । ਹਰਿ ਮੇਲਾ ਹਰਿ ਸਾਚੀ ਸੰਗਤ, ਸਗਲਾ ਸੰਗ ਰਖਾਈਆ । ਨਾਨਕ ਨਿਰਗੁਣ ਅੰਗ ਲਾਇਆ ਅੰਗਦ, ਦੂਜੇ ਦਰ ਨਾ ਮੰਗਣ ਜਾਈਆ । ਦੂਜੇ ਦਰ ਨਾ ਹੋਇਆ ਮੰਗਤ, ਏਕਾ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਸਚ ਸਰਨਾਈਆ । ਸਚ ਸਰਨਾਈ ਸਰਨਗਤ, ਹਰਿ ਸੱਜਣ ਬੂਝ ਬੁਝਾਇੰਦਾ । ਦੇਵਣਹਾਰਾ ਸਾਚੀ ਮਤ, ਏਕਾ ਬ੍ਰਹਮ ਜਣਾਇੰਦਾ । ਇਕ ਵਖਾਏ ਸਾਚਾ ਹਿਤ, ਏਕਾ ਰੰਗ ਰੰਗਾਇੰਦਾ । ਚਰਨ ਕਵਲ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਬੀਜ ਬੀਜੇ ਸਾਚੇ ਵਤ, ਸਾਚਾ ਹੱਲ ਚਲਾਇੰਦਾ । ਫਲ ਫੁਲਵਾੜੀ ਵੇਖੇ ਪਤ, ਫਲ ਅੰਮ੍ਰਿਤ ਆਪ ਲਗਾਇੰਦਾ । ਲੇਖੇ ਲਾਏ ਰੱਤੀ ਰੱਤ, ਜੋ ਜਨ ਰਸਨਾ ਗਾਇੰਦਾ । ਸਗਲਾ ਸੰਗੀ ਵਸੇ ਸਾਥ, ਸਾਚਾ ਸੰਗ ਨਿਭਾਇੰਦਾ । ਆਪ ਚੜ੍ਹਾਏ ਆਪਣੇ ਰਾਥ, ਰਥ ਰਥਵਾਹੀ ਆਪ ਚੜ੍ਹਾਇੰਦਾ । ਸ਼ਬਦ ਜਣਾਈ ਸਾਚੀ ਗਾਥ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਜੋਤੀ


੫੭੮
੦੮

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਏਕਾ ਸਰਨਾਂ ਬਰਨ ਅਠਾਰਾਂ ਮੇਲ ਮਿਲਾਇੰਦਾ । ਵਰਨਾਂ ਬਰਨਾਂ ਏਕਾ ਧਾਰ, ਏਕਾ ਰੰਗ ਰੰਗਾਈਆ । ਰਾਮ ਰਾਮਾ ਮੀਤ ਮੁਰਾਰ, ਰਾਮ ਰੂਪ ਆਪ ਵਟਾਈਆ । ਠਾਂਡਾ ਸੀਤਾ ਵਿਚ ਸੰਸਾਰ, ਸਤਿਗੁਰ ਨਾਉਂ ਧਰਾਈਆ । ਨਾਨਕ ਗੋਬਿੰਦ ਇਕ ਜੈਕਾਰ, ਏਕਾ ਰੂਪ ਵਟਾਈਆ । ਕਲਮਾ ਨਬੀ ਆਪ ਜੈਕਾਰ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਵੰਡ ਤੇਰੀ ਝੋਲੀ ਪਾਈਆ । ਪੰਜੇ ਤੱਤ ਵਿਕਾਰਾ ਕਾਇਆ ਤਨ, ਮਾਇਆ ਮੋਹ ਲੁਟਾਈਆ । ਸੇਜੇ ਚੜ੍ਹੇ ਨਾ ਸਾਚੀ ਧਨ, ਪੀਆ ਪ੍ਰੀਤ ਨਾ ਕੋਇ ਰਖਾਈਆ । ਦਿਵਸ ਰੈਣ ਦੇਵੇ ਡੰਨ, ਦਰ ਸਾਚੇ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਝੇੜਾ ਇਕ ਵਖਾਈਆ । ਲੋਭ ਹੰਕਾਰੀ ਕਾਇਆ ਚੀਥੜਾ, ਮਾਇਆ ਤਨ ਰੰਗਾਇਆ । ਮਿਲਿਆ ਮੇਲ ਨਾ ਕੰਤ ਮੀਤੜਾ, ਸੋਭਾਵੰਤ ਨਾ ਘਰ ਸੁਹਾਇਆ । ਗਾਇਆ ਦਰ ਨਾ ਸੁਹਾਗੀ ਗੀਤੜਾ, ਸਾਚਾ ਸਈਆ ਨਾ ਕੋਇ ਸੁਹਾਇਆ । ਜੂਠਾ ਝੂਠਾ ਦੀਸੇ ਚੀਥੜਾ, ਘਰ ਸਾਚੇ ਮੂਲ ਨਾ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਹ ਤਨ ਮਾਇਆ ਮੋਹ ਲਪਟਾਇਆ । ਜਿਸ ਮਿਲਿਆ ਸੱਚਾ ਸਾਹਿਬ ਸੁਲਤਾਨ, ਸੋ ਪਤਵੰਤੀ ਨਾਰ । ਆਪੇ ਮੰਦਰ ਸਚ ਮਕਾਨ, ਕਰੇ ਸਚ ਸ਼ਿੰਗਾਰ । ਲੇਖੇ ਲਾਏ ਨਿਗਹਬਾਨ, ਆਪ ਆਪਣੀ ਕਿਰਪਾ ਧਾਰ । ਅੰਗੀਕਾਰ ਕਰੇ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਡਿਆਏ ਵਿਚ ਸੰਸਾਰ । ਗੁਰਸਿਖ ਨਾਰੀ ਕੰਤ ਪਿਆਰੀ, ਸੋਭਾਵੰਤੀ ਸੇਜ ਸੁਹਾਈਆ । ਪਲੰਘ ਰੰਗੀਲੇ ਸੇਜ ਨਿਆਰੀ, ਸਤਿਗੁਰ ਪੂਰੇ ਆਪ ਸਵਾਈਆ । ਆਪੇ ਪੈਜ ਰਿਹਾ ਸਵਾਰੀ, ਆਪਣੀ ਗੋਦੀ ਆਪ ਉਠਾਈਆ । ਲੋਕਮਾਤ ਨਾ ਰਹੀ ਕੁਵਾਰੀ, ਮਾਇਆ ਮਮਤਾ ਵਿਚ ਨਾ ਲਪਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੇਖੇ ਲਏ ਲਗਾਈਆ । ਨਾਨਕ ਨਾਰ ਹਰਿ ਕੰਤ ਭਤਾਰ, ਗੁਰ ਆਪਣਾ ਵੇਸ ਵਟਾਇਆ । ਸਿਖਿਆ ਦਿਤੀ ਸਰਬ ਸੰਸਾਰ, ਸਾਚਾ ਮਾਰਗ ਏਕਾ ਲਾਇਆ । ਬਿਨ ਹਰਿ ਕੰਤ ਨਾ ਦੂਜਾ ਪਤੀ ਵਿਚ ਸੰਸਾਰ, ਸਾਚੀ ਰੱਖਿਆ ਨਾ ਕੋਇ ਕਰਾਇਆ । ਰੱਤੀ ਰੱਤ ਰੰਗਿਆ ਕਰਤਾਰ, ਨਾਮ ਕੰਗਣ ਏਕਾ ਪਾਇਆ । ਗੁਰਮੁਖ ਤੇਰਾ ਕੱਜਲ ਧਾਰ, ਸਤਿਗੁਰ ਨੈਣਾ ਆਪ ਮਟਕਾਇਆ । ਸੁਰਤ ਸੁਵਾਣੀ ਕਰ ਪਿਆਰ, ਆਪਣੇ ਗਲੇ ਲਗਾਇਆ । ਨਾਨਕ ਨਿਰਗੁਣ ਗਾਏ ਵਾਰੋ ਵਾਰ, ਗੁਰਸਿਖ ਤੇਰੀ ਵਡ ਵਡਿਆਇਆ । ਸ਼ਬਦ ਰੰਗੀਲਾ ਪਲੰਘ, ਹਰਿ ਸੱਜਣ ਸੇਜ ਸੁਹਾਈਆ । ਲਾਲ ਗੁਲਾਲਾ ਚੜ੍ਹਿਆ ਰੰਗ, ਹੱਥੀ ਮੈਂਹਦੀ ਲਾਲ ਲਗਾਈਆ । ਨਾਮ ਚੂੜ੍ਹਾ ਸਾਚੀ ਵੰਗ, ਕੰਗਣ ਰਿਹਾ ਛਣਕਾਈਆ । ਚਿੱਟੇ ਅਸ਼ਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਲਾਈਆ । ਸ਼ਬਦ ਅਨਾਦੀ ਵਜਾਏ ਮਰਦੰਗ, ਹਰਿ ਸਾਚੇ ਸੇਵਾ ਲਾਈਆ । ਗੰਗਾ ਗੋਦਾਵਰੀ ਸੁਰਸਤੀ ਜਮਨਾ ਪਾਣੀ ਵਾਰਨ ਕੰਤ ਸੰਗ, ਅੱਗੇ ਆਪਣੀ ਝੋਲੀ ਡਾਹੀਆ । ਦਾਤਾ ਦਾਨੀ ਸੂਰਾ ਸਰਬੰਗ, ਸਭ ਦੀ ਇਛਿਆ ਪੂਰ ਕਰਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਗੁਰਸਿਖ ਤੇਰੀ ਕਾਇਆ ਵੇਖ ਵਖਾਈਆ । ਤੇਰਾ ਲਾਏ ਤੇਰੀ ਅੰਗੀ ਅੰਗ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨਾਰ ਕਰ ਪਿਆਰ, ਵਿਚ ਸੰਸਾਰ ਆਪ ਪਰਨਾਈਆ । ਗੁਰਮੁਖ ਨਾਰੀ ਵਰ ਘਰ ਪਾਇਆ, ਆਤਮ ਵੱਜੀ ਵਧਾਈਆ । ਸਾਚਾ ਰੰਗ ਇਕ ਚੜ੍ਹਾਇਆ, ਉਤਰ ਕਦੇ

ਨਾ ਜਾਈਆ । ਏਕਾ ਖਾਰੇ ਚਰਨ ਟਿਕਾਇਆ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਪੁਰਖ ਅਬਿਨਾਸ਼ੀ ਆਪਣੀ ਡੋਲੀ ਆਪੇ ਪਾਇਆ, ਆਪਣੇ ਕੰਧ ਉਠਾਈਆ । ਹੌਲੀ ਹੌਲੀ ਪੰਧ ਮੁਕਾਇਆ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਅੰਦਰ ਜੋਤ ਮਿਲਾਇਆ, ਜੋਤੀ ਨੂਰ ਜੋਤ ਰੁਸ਼ਨਾਈਆ । ਨਾਨਕ ਸਤਿਗੁਰ ਸਾਚਾ ਗਾਇਆ, ਨਾ ਮਰੇ ਨਾ ਜਾਈਆ । ਕਲਜੁਗ ਅੰਤਮ ਗੁਰਸਿਖ ਨਾਰੀ ਵਿਆਵਣ ਆਇਆ, ਆਪ ਆਪਣੀ ਬਣਤ ਬਣਾਈਆ । ਆਉਂਦਾਂ ਜਾਂਦਾ ਦਿਸ ਨਾ ਆਇਆ, ਕੋਟਨ ਕੋਟ ਰਹੇ ਰਾਹ ਤਕਾਈਆ । ਪਹਿਲਾ ਪੌੜਾ ਇਕ ਉਠਾਇਆ, ਚੌਥੇ ਘਰ ਟਿਕਾਈਆ । ਪੰਚਮ ਮੇਲਾ ਸਹਿਜ ਸੁਭਾਇਆ, ਘਰ ਸਾਚਾ ਇਕ ਵਖਾਈਆ । ਛੇਵੇਂ ਛੱਪਰ ਛੰਨ ਨਾ ਕੋਇ ਉਪਾਇਆ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਖੇਲ ਖਿਲਾਇਆ, ਦੀਵਾ ਬੱਤੀ ਨਾ ਕੋਇ ਜਣਾਈਆ । ਸੋ ਪੁਰਖ ਨਿਰੰਜਣ ਹਰਿ ਹਰਿ ਗਾਇਆ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਸਿਖ ਤੇਰੀ ਵਡ ਵਡਿਆਇਆ, ਜਿਸ ਮਿਲਿਆ ਕੰਤ ਨਰ ਹਰਿ ਨਰਾਇਣ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਚੋਲੀ ਰੰਗੇ ਚੀਥੜਾ, ਸਤਿਗਰ ਸਾਚਾ ਏਕਾ ਮੀਤੜਾ, ਨਾਮ ਅਨਡੀਠ ਇਕ ਵਖਾਈਆ । ਕਾਇਆ ਚੋਲੀ ਰੰਗ ਚਲੂਲ, ਹਰਿ ਸਤਿਗੁਰ ਆਪ ਚੜ੍ਹਾਇਆ । ਸਾਚੀ ਸੇਜਾ ਬਰਖੇ ਫੂਲ, ਰੁਤ ਬਸੰਤੀ ਆਪ ਸੁਹਾਇਆ । ਸਚ ਸਿੰਘਾਸਣ ਸੋਹੇ ਕੰਤ ਕੰਤੂਹਲ, ਪਾਵਾ ਚੂਲ ਨਾ ਕੋਇ ਰਖਾਇਆ । ਸ਼ਬਦ ਪੰਘੂੜਾ ਰਿਹਾ ਝੂਲ, ਸਚ ਹੁਲਾਰਾ ਇਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਇਆ । ਉਠ ਜਾਗ ਗੁਰਸਿਖ ਮੀਤ, ਗੁਰ ਗੋਬਿੰਦ ਜੋਤ ਜਗਾਈਆ । ਨਾਨਕ ਨਿਰਗੁਣ ਠਾਂਡਾ ਸੀਤ, ਅਗਨੀ ਤੱਤ ਬੁਝਾਈਆ । ਕਾਹਨਾ ਕ੍ਰਿਸ਼ਨਾ ਵਸੇ ਚੀਤ, ਚਿਤਵਤ ਠਗੌਰੀ ਨਾ ਕੋਇ ਪਾਈਆ । ਰਾਮ ਰਾਮਾ ਪਰਖੇ ਨੀਤ, ਨਾਮ ਕਸਵਟੀ ਏਕਾ ਲਾਈਆ । ਨਿਰਗੁਣ ਬੈਠਾ ਇਕ ਅਤੀਤ, ਵੇਖੇ ਖੇਲ ਥਾਉਂ ਥਾਈਂਆ । ਸ਼ਬਦ ਸੁਣਾਏ ਸਾਚਾ ਗੀਤ, ਆਪ ਆਪਣਾ ਢੋਲਾ ਗਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਕੀਟਾ ਕੀਟ ਆਪ ਹੋ ਜਾਈਆ । ਹਰਿ ਕਾ ਨਾਮ ਸਦਾ ਅਨਡੀਠ, ਨੇਤਰ ਨੈਣ ਨਾ ਕੋਇ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮਿਲਾਵਾ ਧੁਰ ਦਰਬਾਰ, ਸੁਰਤ ਸਵਾਣੀ ਕਰ ਪਿਆਰ, ਨਾਰੀ ਕੰਤ ਬਣ ਭਤਾਰ, ਘਰ ਸਹਿਜੇ ਸਹਿਜ ਮਿਲਾਈਆ । ਘਰ ਦੀਵਾ ਘਰ ਬਾਤੀ, ਘਰ ਘਰ ਕਰੇ ਰੁਸ਼ਨਾਈਆ । ਘਰ ਸੱਜਣ ਘਰ ਕਮਲਾਪਾਤੀ, ਗੁਰ ਮੇਲਾ ਮੇਲ ਮਿਲਾਈਆ । ਘਰ ਜਾਮ ਘਰ ਬੈਠਾ ਸਾਕੀ, ਘਰ ਪਿਆਲਾ ਦਏ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਅੰਮ੍ਰਿਤ ਬੂੰਦ ਸਵਾਂਤੀ ਏਕਾ ਮੁਖ ਚੁਆਈਆ । ਜੁਗ ਜੁਗ ਮੇਲ ਵਿਛੋੜਦਾ, ਪਾਰਬ੍ਰਹਮ ਕਰਤਾਰ । ਆਪੇ ਲੱਗੀ ਤੋੜਦਾ, ਆਪੇ ਜੋੜੇ ਵਿਚ ਸੰਸਾਰ । ਮਨਮੁਖ ਜੀਵ ਦਰ ਤੋਂ ਹੋੜਦਾ, ਗੁਰਮੁਖਾਂ ਕਰੇ ਪਿਆਰ । ਆਦਿ ਅੰਤ ਏਕਾ ਬੌੜ੍ਹਦਾ, ਏਕਾ ਗੁਰ ਅਵਤਾਰ । ਲੋਆਂ ਪੁਰੀਆਂ ਏਕਾ ਦੌੜਦਾ, ਰਵ ਸਸ ਪਾਏ ਸਾਰ । ਭੇਵ ਜਾਣੇ ਮਿਠੇ ਕੌੜਦਾ, ਅੰਦਰ ਬਾਹਰ ਗੁਪਤ ਜ਼ਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਦੀਆਂ ਰਾਹ ਵਿਛੁੰਨਿਆ ਜਗ ਮੇਲਾ ਮੇਲ ਮਿਲੰਨਿਆ । ਨਦੀਆਂ ਵਾਹ ਵਿਛੁੰਨਿਆ, ਵਿਸਰਿਆ ਕਰਤਾਰ । ਰਾਹ ਦਿਸੇ ਨਾ ਜੀਵਾਂ ਅੰਨਿਆ, ਕਲਜੁਗ ਵੈਣ ਵਹਿੰਦੇ ਡੂੰਘੇ ਗਾਰ । ਜੋ ਘੜਿਆ ਸੋ ਭੰਨਿਆ, ਥਿਰ ਰਹੇ ਨਾ ਵਿਚ ਸੰਸਾਰ । ਜਿਸ ਜਨ ਸਤਿਗੁਰ ਪੂਰੇ ਬੇੜਾ

ਬੰਨ੍ਹਿਆ, ਅੰਤਮ ਮੇਲ ਲਏ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ । ਨਦੀਆਂ ਵਹਿਣ ਉਤੇ ਰਾਹ, ਸਮੁੰਦ ਸ਼ਾਹ ਸੁਲਤਾਨਿਆ । ਪ੍ਰਭ ਖੇਲੇ ਖੇਲ ਬੇਪਰਵਾਹ, ਗੁਣਵੰਤਾ ਗੁਣ ਨਿਧਾਨਿਆ । ਜਿਸ ਜਨ ਪਕੜੇ ਆਪ ਬਾਂਹ, ਕਰੇ ਪਾਰ ਦੋ ਜਹਾਨਿਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਕਰ ਪਰਧਾਨਿਆ । ਆਪੇ ਪਿਤਾ ਆਪੇ ਮਾਂ, ਗੁਰਸਿਖ ਸਾਚੇ ਬਾਲ ਅੰਞਾਣੇ ਗੋਦ ਉਠਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਆਨਿਆ । ਮੇਲ ਵਿਛੋੜਾ ਹੱਥ ਕਰਤਾਰ, ਜੁਗ ਜੁਗ ਬਣਤ ਬਣਾਈਆ । ਆਦਿ ਜੁਗਾਦੀ ਲੈ ਅਵਤਾਰ, ਗੁਰਮੁਖ ਸਾਚੇ ਲਏ ਜਗਾਈਆ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਨੇਤਰ ਲੋਚਣ ਦੋ ਉਜਿਆਰ, ਲੋਇਣ ਤੀਜਾ ਆਪ ਖੁਲ੍ਹਾਈਆ । ਚੌਥੇ ਪਦ ਸਚ ਦਰਬਾਰ, ਦਰ ਦਵਾਰਾ ਦਏ ਵਖਾਈਆ । ਨਿਰਗੁਣ ਜੋਤੀ ਨੂਰ ਉਜਿਆਰ, ਦਿਵਸ ਰੈਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦੇਵੇ ਕੱਟ, ਦੂਈ ਦਵੈਤੀ ਮੇਟੇ ਫਟ, ਸ਼ਬਦ ਅਨਾਦੀ ਲਾਏ ਸੱਟ, ਵਣਜ ਕਰਾਏ ਸਾਚੇ ਹੱਟ, ਸਚਖੰਡ ਦਵਾਰਾ ਇਕ ਵਖਾਈਆ । ਸਚਖੰਡ ਦਵਾਰਾ ਆਪੇ ਖੋਲ੍ਹ, ਗੁਰਮੁਖਾਂ ਰਾਹ ਵਖਾਇੰਦਾ । ਪੁਰਖ ਅਗੰਮਾ ਆਪੇ ਬੋਲ, ਆਪਣਾ ਬੋਲਾ ਪੂਰ ਕਰਾਇੰਦਾ । ਸਾਚੇ ਕੰਡੇ ਤੋਲੇ ਤੋਲ, ਏਕਾ ਤੋਲਾ ਆਪ ਹੋ ਜਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਲਾਲ ਅਨਮੁਲੜੇ ਲਏ ਵਰੋਲ, ਨਾਮ ਮਧਾਣਾ ਏਕਾ ਪਾਇੰਦਾ । ਆਪਣਾ ਪੜਦਾ ਆਪੇ ਖੋਲ੍ਹ, ਆਪਣਾ ਦਰਸ ਵਖਾਇੰਦਾ । ਕੋਈ ਭੇਵ ਨਾ ਪਾਏ ਪੰਡਤ ਪਾਂਧਾ ਰੋਲ, ਗਿਆਨ ਧਿਆਨ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਜਗਤ ਵਛੋੜਾ ਆਪੇ ਮੇਟ ਮਿਟਾਇੰਦਾ । ਜਗਤ ਵਛੋੜਾ ਪੈਂਡਾ ਦੂਰ, ਹਾਜ਼ਰ ਹਜ਼ੂਰ ਜੋਤ ਜਗਾਈਆ । ਗੁਰਮੁਖਾਂ ਦੇਵੇ ਸਤਿ ਸਰੂਰ, ਨਾਮ ਖੁਮਾਰੀ ਇਕ ਚੜ੍ਹਾਈਆ । ਪੰਚ ਵਿਕਾਰਾ ਚੂਰੋ ਚੂਰ, ਚਰਨ ਚਰਨੋਦਕ ਮੁਖ ਲਗਾਈਆ । ਨਾਤਾ ਤੁਟੇ ਕੂੜੋ ਕੂੜ, ਸਚ ਸੁੱਚ ਕਰੇ ਕੁੜਮਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਧੋਵੇ ਝੂਠੀ ਸ਼ਾਹੀਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਦਿ ਅੰਤ ਜੁਗਾ ਜੁਗੰਤ ਸੰਤ ਕੰਤ ਏਕਾ ਸੇਜ ਹੰਢਾਈਆ । ਏਕਾ ਸੇਜਾ ਹਰਿ ਹਰਿ ਸੁੱਤਾ, ਅਬਿਨਾਸ਼ੀ ਅਚੁਤ ਅਖਵਾਇਆ । ਆਪੇ ਜਾਣੇ ਆਪਣੀ ਰੁੱਤਾ, ਆਪੇ ਵੇਖ ਵਖਾਇਆ । ਫੋਲ ਫੋਲਾਏ ਦਹਿ ਦਿਸ਼ਾ ਚਾਰੇ ਕੂਟਾ, ਆਪ ਆਪਣਾ ਫੇਰਾ ਪਾਇਆ । ਕਲਜੁਗ ਅੰਤਮ ਗੁਰਸਿਖਾਂ ਉਪਰ ਆਪੇ ਤੁਠਾ, ਆਪ ਆਪਣੀ ਦਇਆ ਕਮਾਇਆ । ਰਹਿਣ ਨਾ ਦੇਵੇ ਲੁਕਿਆ ਕਿਸੇ ਗੁੱਠਾ, ਛੰਭ ਅੰਦਰ ਫੇਰਾ ਪਾਇਆ । ਫੜ ਫੜ ਬੰਧਾਏ ਏਕਾ ਮੁੱਠਾ, ਸੁੱਤਾ ਸੰਸਾਰ ਰਹੇ ਨਾ ਰਾਇਆ । ਲੱਖ ਚੁਰਾਸੀ ਜੀਵ ਜੰਤ ਫੜ ਫੜ ਟੰਗੇ ਆਪੇ ਪੁੱਠਾ, ਵੇਲੇ ਅੰਤਮ ਦਏ ਸਜਾਇਆ । ਤੀਰ ਨਿਰਾਲਾ ਏਕਾ ਛੁੱਟਾ, ਨਾ ਕੋਈ ਮੇਟੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਨੁਹਾਏ ਸਾਚੇ ਸਰ, ਨਦੀਆਂ ਮੇਲਾ ਸੱਜਣ ਸੁਹੇਲਾ, ਚਰਨ ਵਿਛੁੰਨੇ ਲੱਗੇ ਲੇਖੇ, ਪੁਰਖ ਅਬਿਨਾਸ਼ੀ ਮੇਲ ਮਿਲਾਇਆ । ਪੰਚਮ ਪਿਆਰੇ ਕਰ ਪਰਵਾਨ, ਪੰਚਮ ਮੁਖ ਸਲਾਹੀਆ । ਪੰਚਮ ਦੇਵੇ ਸਾਚਾ ਦਾਨ, ਪੰਚਮ ਮੰਗ ਮੰਗਾਈਆ । ਪੰਚਮ ਮੇਟੇ ਪੰਜ ਸ਼ੈਤਾਨ, ਪੰਚਮ ਮੋਹ ਰਹੇ ਨਾ ਰਾਈਆ । ਪੰਚਮ ਮੀਤਾ

ਪੰਚ ਗਿਆਨ, ਪੰਚ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਪੰਚਮ ਮੰਗੀ ਏਕਾ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਚਾਰੋਂ ਕੁੰਟ ਕਹਿਰ ਮੰਗ, ਦਿਵਸ ਰੈਣ ਤਾਰੀਆਂ ਰਹੀ ਲਾਈਆ । ਗ਼ਰੀਬ ਨਿਮਾਣੇ ਬੈਠੇ ਨੰਗ, ਸਗਲਾ ਸੰਗ ਨਾ ਕੋਇ ਰਖਾਈਆ । ਭੂਤ ਪ੍ਰੇਤ ਮਾਰਨ ਡੰਗ, ਜਿਨ ਖਵੀਸ ਦਏ ਦੁਹਾਈਆ । ਡਾਇਣ ਹਾਕਨ ਵਖਾਏ ਨੰਗ, ਵਿਚ ਛੰਬ ਰਹਿਣ ਨਾ ਪਾਈਆ । ਕਿਸੇ ਨਾ ਚੜ੍ਹੇ ਤਾਪ ਖੰਘ, ਜੋ ਜਨ ਰਸਨਾ ਸੋਹੰ ਗਾਈਆ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਆਏ ਦਰਸ਼ਨ ਪਾਈਆ । ਸਤਿਗੁਰ ਪੂਰਾ ਕੱਟੇ ਫੰਦ, ਗੁਰ ਗੋਬਿੰਦ ਦਾਤਾ ਵੇਸ ਵਟਾਈਆ । ਆਪ ਲਗਾਏ ਆਪਣੇ ਅੰਗ, ਵੇਲੇ ਅੰਤਮ ਹੋਏ ਸਹਾਈਆ । ਹਿੰਦੂ ਤੁਰਕ ਨਾ ਕੋਇ ਜੰਗ, ਨਾ ਕੋਇ ਕਰੇ ਲੜਾਈਆ । ਬਾਰਾ ਕੋਸ ਵੱਜੇ ਮਰਦੰਗ, ਪ੍ਰਭ ਸਾਚਾ ਆਪ ਵਜਾਈਆ । ਕੱਟਣਹਾਰਾ ਭੁੱਖ ਨੰਗ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਸੋਲਾਂ ਵੇਖ ਵਖਾਈਆ । ਵੀਹ ਸੌ ਸੋਲਾਂ ਬਿਕ੍ਰਮੀ ਕਰ ਵਿਚਾਰ, ਹਰਿ ਸਾਚੇ ਦਇਆ ਕਮਾਈਆ । ਹਰਿ ਸੰਗਤ ਰਹਿਣਾ ਖ਼ਬਰਦਾਰ, ਸਤਿਗੁਰ ਪੂਰਾ ਲਏ ਬਚਾਈਆ । ਆਲਸ ਨਿੰਦਰਾ ਨਾ ਕਰੇ ਕੋਈ ਵਿਚਾਰ, ਦਿਵਸ ਰੈਣ ਸੇਵ ਕਮਾਈਆ । ਜੋਧਾ ਸੂਰ ਬਲੀ ਬਲਕਾਰ, ਨਾਮ ਲਕੀਰ ਚਾਰੋਂ ਕੁੰਟ ਲਗਾਈਆ । ਬੀਰ ਬੇਤਾਲੇ ਬੰਨੇ ਜ਼ੰਜੀਰ, ਡੋਰੀ ਆਪਣੇ ਹੱਥ ਖਿਚਾਈਆ । ਕਿਸੇ ਵਸ ਨਾ ਚਲੇ ਪੀਰ ਫ਼ਕੀਰ, ਮੜ੍ਹੀ ਮਸਾਣ ਨਾ ਕੋਈ ਜਗਾਈਆ । ਜਾਦੂ ਜੜੀਆਂ ਮਾਰੇ ਤੀਰ, ਦੇਵੇ ਜੜ ਉਖੜਾਈਆ । ਵਡ ਦਾਤਾ ਸਿਰ ਪੀਰਨ ਪੀਰ, ਨਿਰਗੁਣ ਨਿਰਗੁਣ ਆਪ ਆਪ ਅਖਵਾਈਆ । ਚਿੱਟੇ ਉਤੇ ਖਿਚੀ ਲਕੀਰ, ਕਾਲਾ ਦਾਗ਼ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਤ ਅਠ ਨੌ ਦਸ ਹੱਸ ਹੱਸ ਮੇਲ ਮਿਲਾਈਆ । ਸੁਣ ਫ਼ਰਯਾਦ ਦੇਵੇ ਦਾਦ, ਹਰਿ ਸੱਜਣ ਸ਼ਹਿਨਸ਼ਾਹ । ਵਕ਼ਤ ਵੇਲਾ ਰੱਖਣਾ ਯਾਦ, ਗੁਰ ਮਿਲਿਆ ਇਕ ਮਲਾਹ । ਨਾਮ ਵਜਾਏ ਸਾਚਾ ਨਾਦ, ਦੇਵੇ ਦਰਸ ਵਖਾ । ਸ਼ਬਦ ਜਣਾਈ ਬੋਧ ਅਗਾਧ, ਭੇਵ ਅਭੇਦ ਦਏ ਖੁਲ੍ਹਾ । ਮੋਹਣ ਮਾਧਵ ਹਰਿ ਹਰਿ ਮਾਧ, ਮੋਹਣੀ ਰੂਪ ਰਿਹਾ ਵਟਾ । ਜੋ ਜਨ ਰਸਨਾ ਰਹੇ ਅਰਾਧ, ਆਪਣੀ ਗੋਦ ਲਏ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਗੁਰਮੁਖ ਸਾਚੇ ਲਏ ਤਰਾ । ਤਾਰਨਹਾਰਾ ਹਰਿ ਹਰਿ ਆਇਆ, ਏਕਾ ਨਾਮ ਚਲਾਈਆ । ਚਾਰ ਵਰਨਾਂ ਰਿਹਾ ਜਗਾਇਆ, ਭੈਣਾਂ ਭਾਈ ਬਣਾਈਆ । ਵਰਨ ਬਰਨ ਨਾ ਕੋਈ ਰਖਾਇਆ, ਸਾਚਾ ਮਾਰਗ ਏਕਾ ਲਾਈਆ । ਗੁਰਸਿਖਾਂ ਬੇੜਾ ਆਪ ਉਠਾਇਆ, ਆਪਣੇ ਕੰਧ ਉਠਾਈਆ । ਮਨਮੁਖਾਂ ਕਲਜੁਗ ਝੇੜੇ ਲਾਇਆ, ਦਰ ਦਵਾਰ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਦੇਵੇ ਸਾਚਾ ਵਰ, ਨਾ ਕੋਈ ਤੋੜੇ ਤੋੜ ਤੁੜਾਈਆ ।

## ✪ ੨੬ ਜੇਠ ੨੦੧੬ ਬਿਕ੍ਰਮੀ ਛੰਬ ਗੁਰਦਵਾਰੇ ✪

ਧਰਤ ਧਵਲ ਭੂਮਕਾ ਅਸਥਾਨ, ਸਚਖੰਡ ਵੱਜੀ ਵਧਾਈਆ । ਆਪ ਬਿਰਾਜੇ ਸ੍ਰੀ ਭਗਵਾਨ, ਬ੍ਰਹਿਮੰਡ ਰਹੇ ਸ਼ਰਮਾਈਆ । ਵੰਡੇ ਵੰਡ ਨਾਮ ਦਾਨ, ਤ੍ਰੈਲੋਕੀ ਹੱਥ ਨਾ ਆਈਆ । ਸ਼ਬਦ ਅਗੰਮੀ ਇਕ ਬਿਬਾਨ, ਸਤਿਗੁਰ ਆਪਣੇ ਹੱਥ ਰਖਾਈਆ । ਗ਼ਰੀਬ ਨਿਮਾਣੇ ਕਰ ਪਛਾਣ, ਫੜ

ਬਾਂਹੋਂ ਉਪਰ ਚੜ੍ਹਾਈਆ । ਐਥੇ ਓਥੇ ਦੇਵੇ ਮਾਣ, ਦੋ ਜਹਾਨਾਂ ਹੋਏ ਸਹਾਈਆ । ਕਰੋੜ ਤੇਤੀਸਾ ਫੁਲ ਬਰਸਾਨ, ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਲੇਖਾ ਲੇਖੇ ਲਏ ਲਗਾਈਆ । ਰੋਗ ਸੰਤਾਪ ਜਗਤ ਸਰਬ ਮਿਟ ਜਾਣ, ਵੇਖ ਵਖਾਈਆ । ਗ੍ਰਿਹ ਮੰਦਰ ਹੋਏ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਨਾਮ ਰੰਗ ਸਾਚਾ ਚਾੜ੍ਹ, ਧਰਨੀ ਧਵਲ ਸੁਹਾਇਆ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਇਕ ਹੰਢਾਇਆ । ਹਰਿਜਨ ਸਾਚੇ ਕਰ ਪਿਆਰ, ਜਨ ਜਨਣੀ ਲੇਖੇ ਲਏ ਲਗਾਇਆ ।

## ✪ ੨੬ ਜੇਠ ੨੦੧੬ ਬਿਕ੍ਰਮੀ ਛੰਬ ਗੁਰਦਵਾਰੇ ✪

ਗੁਰੂਦਵਾਰ ਗੁਰਮੁਖ ਵਸੇ, ਮਨਮੁਖ ਰਹੇ ਕੁਰਲਾਈਆ । ਜਿਸ ਜਨ ਮਾਰਗ ਸਾਚਾ ਦੱਸੇ, ਭੇਖ ਪਖੰਡਾ ਦਏ ਗਵਾਈਆ । ਸਾਚੇ ਮੰਦਰ ਬਹਿ ਬਹਿ ਹੱਸੇ, ਆਪ ਆਪਣਾ ਵੇਖ ਵਖਾਈਆ । ਮੇਟੇ ਰੈਣ ਅੰਧੇਰੀ ਮੱਸੇ, ਸਾਚਾ ਚੰਨ ਚੜ੍ਹਾਈਆ । ਕਲਜੁਗ ਮਾਇਆ ਨਾ ਹੋਏ ਵਸੇ, ਮਾਇਆ ਮਮਤਾ ਮੋਹ ਤਜਾਈਆ । ਸਤਿਗੁਰ ਪੂਰਾ ਜਿਸ ਜਨ ਹਿਰਦੇ ਵਸੇ, ਸਾਧ ਸੰਗਤ ਸੇਵ ਕਮਾਈਆ । ਮਾਇਆ ਮਮਤਾ ਮੂਰਖ ਮੁਗਧਾਂ ਡੱਸੇ, ਦਿਵਸ ਰੈਣ ਡੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਦਰ ਮੰਦਰ ਵੇਖ ਵਖਾਈਆ । ਗੁਰੂਦਵਾਰ ਹਰਿ ਕੀ ਧਾਰ, ਹਰਿ ਸਾਚਾ ਸਚ ਉਪਜਾਇੰਦਾ । ਜਿਸ ਜਨ ਕਰਾਏ ਨਾਮ ਵਣਜ ਵਾਪਾਰ, ਜਗਤ ਤ੍ਰਿਸਨਾ ਭੁੱਖ ਮਿਟਾਇੰਦਾ । ਦਹਿ ਦਿਸ਼ਾ ਨਾ ਹੋਏ ਖੁਵਾਰ, ਚਾਰ ਕੁੰਟ ਨਾ ਫੇਰੀ ਪਾਇੰਦਾ । ਏਕਾ ਰੰਗ ਰਵੇ ਕਰਤਾਰ, ਏਕਾ ਰੰਗਣ ਰੰਗ ਚੜ੍ਹਾਇੰਦਾ । ਕਾਮ ਕਰੋਧ ਨਾ ਹੋਏ ਹੰਕਾਰ, ਲੋਭ ਮੋਹ ਨਾ ਕੋਇ ਦਸਾਇੰਦਾ । ਸਦ ਗੁਰਸਿਖ ਸਤਿਗੁਰ ਸੋਹੇ ਦਵਾਰ, ਸਤਿਗੁਰ ਪੂਰਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਇੰਦਾ । ਸੰਗਤ ਤੇਰੀ ਸਾਚੀ ਸੇਵ, ਹਰਿ ਸਾਚੇ ਸਚ ਮਨ ਭਾਈਆ । ਤੇਰੀ ਰਸਨਾ ਤੇਰੀ ਜੇਹਵ, ਆਪਣਾ ਨਾਮ ਜਪਾਈਆ । ਅਲੱਖ ਅਗੋਚਰ ਅਗੰਮ ਅਭੇਵ, ਆਦਿ ਜੁਗਾਦਿ ਵੱਡੀ ਵਡਿਆਈਆ । ਸੱਜਣ ਸਾਹਿਬ ਵਡ ਦੇਵੀ ਦੇਵ, ਸਾਚਾ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲ੍ਹਾਈਆ । ਗੁਰਦਵਾਰ ਸਤਿ ਪਰਸਾਦਿ, ਹਰਿ ਸੰਗਤ ਭੇਟ ਚੜ੍ਹਾਇਆ । ਸਤਿਗੁਰ ਪੂਰਾ ਦੇਵਣਹਾਰਾ ਦਾਦ, ਦਰ ਦਰ ਜਿਸ ਜਨ ਹਿਰਦੇ ਅੰਦਰ ਰਾਮ ਵਸਾਇਆ । ਜੂਠਾ ਝੂਠਾ ਵੇਖੇ ਨਾਦ, ਡੰਕਾ ਡੌਰੂ ਕਵਣ ਵਜਾਇਆ । ਕਵਣ ਸੰਤ ਕਵਣ ਸਾਧ, ਕਵਣ ਗੁਰੂ ਗ੍ਰੰਥ ਸੇਵ ਕਮਾਇਆ । ਕਵਣ ਮਾਇਆ ਮਮਤਾ ਰਿਹਾ ਲਾਧ, ਸਿਰ ਆਪਣੇ ਭਾਰ ਉਠਾਇਆ । ਕਿਸੇ ਲੇਖੇ ਲੱਗੇ ਨਾ ਨਾੜੀ ਮਾਸ, ਹਾਡੀ ਪੰਜ ਤੱਤ ਅਗਨੀ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇਆ । ਸਾਚਾ ਘਰ ਸਚ ਦਰਵਾਜਾ, ਹਰਿ ਸਾਚਾ ਆਪ ਖੁਲ੍ਹਾਇੰਦਾ । ਹਰਿ ਮੰਦਰ ਬੈਠਾ ਗਰੀਬ ਨਿਵਾਜਾ, ਦਿਸ ਕਿਸੇ ਨਾ ਆਇੰਦਾ । ਅਨਹਦ ਵਜਾਏ ਸਾਚਾ ਵਾਜਾ, ਢੋਲਕ ਛੈਣਾ ਨਾ ਕੋਈ ਵਜਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਆਪ ਆਪਣਾ ਅਦਲ

ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਲੇਖਾ ਤੇਰੀ ਝੋਲੀ ਪਾਇੰਦਾ । ਹਰਿ ਸੰਗਤ ਸਤਿ ਪਰਸਾਦਿ, ਆਪਣੀ ਹੱਥੀਂ ਰਿਹਾ ਵਰਤਾਈਆ । ਦੂਸਰ ਹੱਥ ਨਾ ਦਿਤੀ ਦਾਦ, ਨਾ ਮਾਲਕ ਕੋਈ ਬਣਾਈਆ । ਲਹਿਣਾ ਚੁੱਕੇ ਅੱਜੋ ਆਜ, ਅਜ ਕਲ ਨਾ ਫੇਰ ਵਖਾਈਆ । ਆਪਣਾ ਸਾਜਣ ਆਪੇ ਸਾਜ, ਆਪੇ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਰੱਖੇ ਲਾਜ, ਸਚ ਪਰਸਾਦਿ ਭੇਟ ਚੜ੍ਹਾਈਆ । ਏਕਾ ਚੌਕਾ ਰਹੇ ਅਰਾਧ, ਚੌਕਾ ਏਕਾ ਇਕ ਲਿਵ ਲਾਈਆ । ਪਹਿਲੇ ਯੁਗ ਬਖ਼ਸ਼ੀ ਦਾਦ, ਚੌਥੇ ਲਏ ਮਿਟਾਈਆ । ਸਾਚੀ ਰੱਖ ਰੱਖਿਆ ਰੱਖਣੀ ਯਾਦ, ਰਿਖ ਕੇਸ ਗਵਰਧਨ ਧਾਰ ਹਰਿ ਨਿਰੰਕਾਰ ਆਪ ਉਠਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਵੰਡੇ ਸਚ ਪਰਸਾਦਿ, ਜੀਵਾਂ ਜੰਤਾਂ ਭਾਰ ਨਾ ਸਕੇ ਕੋਈ ਉਠਾਈਆ । ਆਪਣਾ ਪਰਸਾਦਿ ਆਪੇ ਵੰਡ, ਆਪਣਾ ਸਗਨ ਮਨਾਇੰਦਾ । ਹਰਿ ਸੰਗਤ ਵਰਤਾਏ ਠੰਡ, ਸਾਚਾ ਸੰਗ ਨਿਭਾਇੰਦਾ । ਕਿਸੇ ਪੱਲੇ ਬੱਝੀ ਰਹਿਣ ਨਾ ਦੇਵੇ ਗੰਢ, ਜੋ ਗੁਰਮੁਖ ਸੇਵ ਚੜ੍ਹਾਇੰਦਾ । ਨਾਰ ਦੁਹਾਗਣ ਜੀਵ ਰੰਡ, ਹਰਿ ਕੰਤ ਭੇਵ ਨਾ ਪਾਇੰਦਾ । ਪ੍ਰਭ ਵੇਖਣਹਾਰਾ ਜਗਤ ਪਖੰਡ, ਘਰ ਘਰ ਵਿਚ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਪਰਸਾਦਿ ਗੁਰ ਕਿਰਪਾ ਜਾਣ, ਗੁਰਮੁਖਾਂ ਆਪ ਵਰਤਾਇੰਦਾ । ਘਰ ਮੰਦਰ ਧੁਰ ਦਰਗਹਿ, ਹਰਿ ਸੱਜਣ ਵੇਖ ਵਖਾਇਆ । ਆਪ ਸੁਹਾਏ ਸਾਚਾ ਥਾਂ, ਜਿਸ ਦਰ ਚਰਨ ਛੁਹਾਇਆ । ਕਰੇ ਪੁਕਾਰ ਧਰਤੀ ਮਾਂ, ਧਰਤ ਧਵਲ ਕੁਰਲਾਇਆ । ਜੀਆਂ ਜੰਤਾਂ ਪਕੜੇ ਬਾਂਹ, ਅੰਮ੍ਰਿਤ ਜਲ ਆਪ ਉਛਲਾਇਆ । ਆਪਣੇ ਚਰਨ ਲਏ ਛੁਹਾ, ਚਰਨੋਦਕ ਮੁਖ ਛੁਹਾਇਆ । ਗੰਗਾ ਗੰਗੋਤਰੀ ਵੇਖ ਵਖਾ, ਸਚ ਸਾਗਰ ਆਪ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਂਡਾ ਜਲ ਅੰਮ੍ਰਿਤ ਰਸ, ਅੰਮ੍ਰਿਤ ਮੇਘ ਵਰਸਾਇਆ । ਅੰਮ੍ਰਿਤ ਮੇਘ ਸਤਿਗੁਰ ਨੀਰ, ਸੀਰ ਸੀਰ ਪਿਆਈਆ । ਏਕਾ ਮਾਰੇ ਸਾਚਾ ਤੀਰ, ਧਰਤ ਧਵਲ ਹਿਲਾਈਆ । ਜਨ ਭਗਤਾਂ ਕੱਢੇ ਹਉਮੇ ਪੀੜ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਗੁਰੂ ਦਵਾਰ ਗੁਰੂ ਗ੍ਰੰਥ ਬੰਨੇ ਬੀੜ, ਗੁਰ ਸਤਿਗੁਰ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸਾਚਾ ਹਰਿ, ਲਹਿਣਾ ਦੇਣਾ ਹਰਿ ਸੰਗਤ ਰਿਹਾ ਚੁਕਾਈਆ ।

ਤਾਰਨਹਾਰ ਪੁਰਖ ਸਮਰਥ, ਆਦਿ ਜੁਗਾਦਿ ਇਕ ਅਖਵਾਇਆ । ਬਿਰਧ ਬਾਲ ਜਵਾਨ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇਆ । ਨਾਮ ਜਣਾਈ ਸਾਚੀ ਗਾਥ, ਏਕਾ ਮੰਤਰ ਅੰਤਰ ਦ੍ਰਿੜਾਇਆ । ਕਲਜੁਗ ਕਿਰਿਆ ਨਾ ਮਾਰੇ ਠਾਠ, ਸ਼ੌਹ ਦਰਯਾਏ ਦਏ ਰੁੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਬਾਹਲ ਨਗਰ ਦੇਵੇ ਬਾਹਲ, ਗੁਰ ਸਤਿਗੁਰ ਹੱਥ ਵਡਿਆਈਆ । ਤੋੜਨ ਆਇਆ ਜਗਤ ਜੰਜਾਲ, ਵਡ ਦਾਤਾ ਬੇਪਰਵਾਹੀਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਊਚ ਨੀਚ ਨਾ ਵੇਖ ਵਖਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਜੋ ਜਨ ਰਸਨਾ ਹਰਿ ਹਰਿ ਗਾਈਆ । ਮਾਟੀ ਲੇਖੇ ਲਾਏ ਖਾਲ, ਖਾਲਕ ਖਲਕ ਵੇਖ ਵਖਾਈਆ । ਹਰਿਜਨ ਸਾਚੇ ਲਏ ਸੰਭਾਲ, ਆਪ ਆਪਣੇ ਅੰਗ ਲਗਾਈਆ । ਕਿਸੇ ਨਾ ਗਲੇ ਕੋਈ ਦਾਲ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲ ਕਲੇਸ਼ ਦਏ ਮਿਟਾਈਆ । ਕਲ ਕਲੇਸ਼ ਉਤਰੇ ਦੁੱਖ, ਹਰਿ ਸਾਚਾ ਦਇਆ ਕਮਾਇੰਦਾ । ਉਜਲ ਕਰੇ ਮਾਤ ਮੁੱਖ, ਜੋ ਜਨ ਰਸਨਾ ਸੋਹੰ ਗਾਇੰਦਾ । ਸੁਫਲ ਕਰਾਏ ਮਾਤ ਕੁੱਖ, ਗਰਭਵਾਸ ਪੰਧ ਮੁਕਾਇੰਦਾ । ਉਲਟਾ ਹੋਏ ਨਾ ਫੇਰ ਰੁੱਖ, ਅਜੂਨ ਅਜੂਨੀ ਆਪ ਭਵਾਇੰਦਾ । ਆਪਣੀ ਗੋਦੀ ਲਏ ਚੁੱਕ, ਸਾਚਾ ਧਾਮ ਇਕ ਵਖਾਇੰਦਾ । ਮਨਮੁਖਾਂ ਮੁਖ ਪਾਏ ਥੁੱਕ, ਥੁੱਕੀਂ ਮੁਖ ਭਰਾਇੰਦਾ । ਛਲ ਛਿਦਰ ਨਾ ਰਹੇ ਲੁਕ, ਸਿਰ ਚੋਟੀ ਆਪ ਮੁੰਡਾਇੰਦਾ । ਹਰਿਆ ਬੂਟਾ ਨਾ ਜਾਏ ਸੁੱਕ, ਸੁੱਕੇ ਹਰੇ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਰੀਬ ਨਿਮਾਣੇ ਪਾਰ ਕਰਾਇੰਦਾ । ਬਿਰਧ ਬਾਲ ਨੌਜਵਾਨ, ਮਾਤ ਗਰਭ ਆਪ ਤਰਾਈਆ । ਸ਼ਬਦ ਝੁਲਾਏ ਸਚ ਨਿਸ਼ਾਨ, ਚਾਰੋਂ ਕੁੰਟ ਆਪ ਉਠਾਈਆ । ਜੀਵ ਜੰਤ ਸਾਰੇ ਗਾਣ, ਘਰ ਘਰ ਵੱਜਦੀ ਰਹੇ ਵਧਾਈਆ । ਨਾ ਕੋਈ ਪਵਣ ਮਸਾਣ, ਕਵਰੀ ਕਵਰ ਨਾ ਕੋਈ ਵਖਾਈਆ । ਏਕਾ ਮਾਰੇ ਸ਼ਬਦ ਬਾਣ, ਤੀਰ ਨਿਰਾਲਾ ਆਪ ਚਲਾਈਆ । ਸੱਥਰ ਲਾਹੇ ਝੂਠਾ ਘਾਣ, ਆਪ ਆਪਣਾ ਗੇੜ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸੱਜਣ ਸਾਚੇ ਮੀਤ, ਹਰਿ ਸਾਚੀ ਸਿਖ ਸਮਝਾਈਆ । ਏਕਾ ਗੌਣਾ ਸੁਹਾਗੀ ਗੀਤ, ਜਗਤ ਤ੍ਰਿਸਨਾ ਭੁੱਖ ਗਵਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਣ ਆਪ ਅਖਵਾਈਆ । ਕਾਇਆ ਕਰੇ ਠੰਡੀ ਸੀਤ, ਜੋ ਜਨ ਇਕ ਮਨ ਹੋਏ ਦਰਸ਼ਨ ਪਾਈਆ । ਲੱਖ ਚੁਰਾਸੀ ਗਈ ਬੀਤ, ਅਲਖ ਦਾਤਾ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿ ਸਾਚੇ ਲਏ ਤਰਾਈਆ ।



## ੨੬ ਜੇਠ ੨੦੧੯ ਬਿਕ੍ਰਮੀ ਸ਼ੰਕਰ ਦਾਸ ਦੇ ਘਰ ਪਿੰਡ ਝੰਡੇ ਜੰਮੂ

ਹਰਿ ਸਤਿਗੁਰ ਦੀਨ ਸੱਚਾ ਦਿਆਲ, ਇਕ ਅਕੱਲਾ ਏਕੰਕਾਰਿਆ । ਗੋਬਿੰਦ ਮੀਤਾ ਗੁਰ ਗੋਪਾਲ, ਖੇਲੇ ਖੇਲ ਅਗੰਮ ਅਪਾਰਿਆ । ਗੁਰਮੁਖ ਵੇਖੇ ਸਾਚੇ ਲਾਲ, ਆਪ ਆਪਣੀ ਦਇਆ ਕਮਾ ਰਿਹਾ । ਮਨਮੁਖਾਂ ਮਾਰਨਹਾਰਾ ਮਾਰ, ਜੁਗ ਜੁਗ ਆਪਣਾ ਵੇਸ ਵਟਾ ਰਿਹਾ । ਆਦਿ ਜੁਗਾਦੀ ਇਕ ਅਵਤਾਰ, ਨਿਰੰਕਾਰ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਤੇਜ਼ ਕਟਾਰ, ਨਿਰੰਕਾਰ ਹੱਥ ਰਖਾ ਰਿਹਾ । ਸਾਰ ਸ਼ਬਦ ਸਾਚਾ ਖੰਡਾ, ਹਰਿ ਸਾਚਾ ਹੱਥ ਉਠਾਇੰਦਾ । ਵੇਖ ਵਖਾਏ ਵਿਚ ਬ੍ਰਹਿਮੰਡਾਂ, ਲੋਆਂ ਪੁਰੀਆਂ ਫੋਲ ਫੋਲਾਇੰਦਾ । ਆਪਣੀ ਵੰਡੇ ਆਪੇ ਵੰਡਾ, ਵੰਡਣਹਾਰ ਇਕ ਅਖਵਾਇੰਦਾ । ਮੇਟਣਹਾਰਾ ਭੇਖ ਪਖੰਡਾ, ਲੋਕਮਾਤ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਾਰ ਵਿਚ ਸੰਸਾਰ, ਏਕਾ ਆਪ ਰਖਾਇੰਦਾ । ਸਾਰ ਸ਼ਬਦ ਅਗੰਮ ਅਥਾਹ, ਵੇਦ ਕਤੇਬ ਭੇਵ ਨਾ ਪਾਈਆ । ਆਪੇ ਜਾਣੇ ਬੇਪਰਵਾਹ, ਆਪ ਆਪਣੀ ਰਚਨ ਰਚਾਈਆ । ਪਾਰਬ੍ਰਹਮ ਸਚ ਸੇਵ ਕਮਾ, ਸੇਵਕ ਸੇਵਾ ਆਪ ਲਗਾਈਆ । ਅਲੱਖ ਅਭੇਵ ਆਪ ਅਖਵਾ, ਅਲਖ ਨਿਰੰਜਣ ਨੂਰ ਰੁਸ਼ਨਾਈਆ । ਸਚਖੰਡ ਦਵਾਰਾ ਦਏ ਸੁਹਾ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਾਰ ਹਰਿ ਨਿਰੰਕਾਰ ਜੁਗਾ ਜੁਗੰਤਰ ਆਪ ਕਰਾਈਆ । ਜੁਗਾ ਜੁਗੰਤਰ ਸਾਚੀ ਕਾਰ, ਹਰਿ ਸਾਚਾ ਆਪ ਕਰਾਇੰਦਾ ।

ਅਬਿਨਾਸ਼ੀ ਕਰਤਾ ਖੇਲ ਅਪਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਸ਼ਬਦ ਅਗੰਮੀ ਏਕਾ ਧਾਰ, ਆਪਣੀ ਆਪ ਚਲਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਹਰ ਘਟ ਡੇਰਾ ਆਪੇ ਲਾਇੰਦਾ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਾਰ ਸ਼ਬਦ ਹਰਿ ਧਾਰ ਨਿਰਾਲੀ, ਏਕਾ ਏਕ ਉਪਾਈਆ । ਏਕਾ ਜੋਤ ਜਗੇ ਅਕਾਲੀ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਬਣੇ ਕਰਤਾ ਪਾਲੀ, ਪ੍ਰਿਤਪਾਲਕ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਈਆ । ਸਾਚਾ ਘਰ ਹਰਿ ਭਗਵੰਤ, ਏਕਾ ਏਕ ਸੁਹਾਇੰਦਾ । ਹਰਿਜਨ ਮੇਲੇ ਸਾਚੇ ਸੰਤ, ਸਾਚੀ ਸਿਖਿਆ ਇਕ ਸਮਝਾਇੰਦਾ । ਨਾਮ ਨਿਧਾਨਾ ਦੇਵੇ ਗੁਣ ਗੁਣਵੰਤ, ਆਤਮ ਅੰਤਰ ਬ੍ਰਹਮ ਵਖਾਇੰਦਾ । ਆਪ ਬਣਾਏ ਸਾਚੀ ਬਣਤ, ਪੰਜ ਤੱਤ ਫੋਲ ਫੋਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਸਮਰਥ ਪੁਰਖ ਅਖਵਾਇਆ । ਆਦਿ ਜੁਗਾਦੀ ਲੈ ਅਵਤਾਰਾ, ਹਰਿ ਮੰਤਰ ਨਾਮ ਦ੍ਰਿੜਾਇਆ । ਨਿਤ ਨਵਿਤ ਸਾਚੀ ਕਾਰਾ, ਸਾਂਧਾ ਸੰਤਾਂ ਲਏ ਉਠਾਇਆ । ਧੁਨ ਅਨਾਦਿ ਸੱਚੀ ਧੁਨਕਾਰਾ, ਏਕਾ ਮੰਗਲ ਰਾਗ ਸੁਣਾਇਆ । ਸਰ ਸਰੋਵਰ ਠੰਡੀ ਠਾਰਾ, ਤਾਲ ਸੁਹਾਵਾ ਇਕ ਉਪਾਇਆ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਤੋੜ ਤੁੜਾਇਆ । ਆਤਮ ਸੇਜਾ ਹੋ ਉਜਿਆਰਾ, ਨਿਰਗੁਣ ਬੈਠਾ ਆਸਣ ਲਾਇਆ । ਸੁਰਤ ਸੁਵਾਣੀ ਮੇਲ ਮਿਲਾਏ ਸਾਚੇ ਹਾਣੀ, ਘਰ ਸਾਚਾ ਇਕ ਸੁਹਾਇਆ । ਇਕ ਵਖਾਏ ਪਦ ਨਿਰਬਾਣੀ, ਪਰਮ ਪੁਰਖ ਵਡ ਵਡਿਆਇਆ । ਆਵਣ ਜਾਵਣ ਚੁਕੇ ਕਾਣੀ, ਜਿਸ ਜਨ ਹਰਿ ਹਰਿ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਧ ਸੰਤ ਹਰਿ ਬੇਅੰਤ ਕੋਟੀ ਕੋਟ ਰਿਹਾ ਤਰਾਇਆ । ਕੋਟੀ ਕੋਟ ਸੰਤ ਅਧਾਰ, ਹਰਿ ਨਾਮਾ ਵਣਜ ਕਰਾਈਆ । ਦੇਵੇ ਦਰਸ ਅਗੰਮ ਅਪਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਰਵ ਸਸ ਕਰਨ ਨਿਮਸਕਾਰ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਈਆ । ਆਪ ਸੁਹਾਏ ਸਚਖੰਡ ਦਵਾਰ, ਸਚ ਸਿੰਘਾਸਣ ਆਸਣ ਲਾਈਆ । ਅਲਖ ਅਗੋਚਰ ਭੇਵ ਨਿਆਰ, ਭੇਵ ਅਭੇਦਾ ਆਪ ਹੋ ਜਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਸਤਿਵਾਦੀ ਆਪ ਕਰਾਈਆ । ਜੁਗਾ ਜੁਗੰਤਰ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਈਆ । ਕਲਜੁਗ ਅੰਤਮ ਕੂੜੀ ਧਾਰ, ਚਾਰ ਕੁੰਟ ਰਹੀ ਵਹਾਈਆ । ਕਾਇਆ ਮੰਦਰ ਅੰਧ ਅੰਧਿਆਰ, ਦੀਵਾ ਬਾਤੀ ਨਾ ਕੋਈ ਜਗਾਈਆ । ਸਚ ਨਾ ਦਿਸੇ ਗੁਰੂਦਵਾਰ, ਭਰਮੇ ਭੁੱਲੀ ਸਰਬ ਲੋਕਾਈਆ । ਰਸਨਾ ਜੇਹਵਾ ਕੂੜ ਅਹਾਰ, ਸਚ ਅੰਮ੍ਰਿਤ ਜਾਮ ਨਾ ਕੋਈ ਪਿਆਈਆ । ਤਨ ਸ਼ਿੰਗਾਰ ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਏਕਾ ਹਰਿ, ਆਪਣੀ ਕਲ ਵਰਤਾਈਆ । ਅਕਲ ਕਲਾ ਕਲ ਧਾਰ, ਹਰਿ ਹਰਿ ਵੇਸ ਵਟਾਇੰਦਾ । ਆਦਿ ਜੁਗਾਦੀ ਪਾਵੇ ਸਾਰ, ਆਪਣਾ ਕਰਮ ਕਮਾਇੰਦਾ । ਕਲਜੁਗ ਕੂੜਾ ਵੇਖ ਪਸਾਰ, ਜੋਤੀ ਜਾਮਾ ਭੇਖ ਵਟਾਇੰਦਾ । ਜੀਵ ਜੰਤ ਹੋਏ ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣਹਾਰਾ ਸਚ ਵਰ, ਆਪ ਆਪਣੀ ਬੂਝ ਬੁਝਾਇੰਦਾ । ਆਪਣਾ ਪੜਦਾ ਆਪੇ ਖੋਲ੍ਹ, ਗੁਰਮੁਖਾਂ ਬੂਝ ਬੁਝਾਈਆ । ਨਾਮ ਕੰਡੇ

੫੮੬
੦੮

ਸਾਚੇ ਤੋਲ, ਲੇਖਾ ਦਏ ਚੁਕਾਈਆ । ਆਦਿ ਜੁਗਾਦੀ ਰਹੇ ਅਡੋਲ, ਨਾ ਡੋਲੇ ਕੋਈ ਡੁਲਾਈਆ । ਲੱਖ ਚੁਰਾਸੀ ਸੁੱਤੀ ਅਨਭੋਲ, ਨਾ ਸੋਇਆ ਕੋਈ ਜਗਾਈਆ । ਚਾਰੋਂ ਕੁੰਟ ਵੱਜੇ ਢੋਲ, ਕੂੜ ਨਗਾਰਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖਣ ਆਇਆ, ਹਰਿ ਵਡ ਬਲੀ ਬਲਵਾਨਾ । ਔਲੀਏ ਪੀਰ ਸ਼ੇਖ਼ ਮੁਸਾਇਕ ਮੇਟਣ ਆਇਆ, ਮਾਰੇ ਤੀਰ ਨਿਸ਼ਾਨਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸ਼ਬਦ ਦੋਸ਼ਾਲੇ ਆਪ ਲਪੇਟਣ ਆਇਆ, ਆਪਣਾ ਪਾਏ ਨਾਮ ਦੋਸ਼ਾਲਾ । ਖੇਵਟ ਖੇਟਾ ਬੇੜਾ ਬੰਨੇ ਲਾਵਣ ਆਇਆ, ਖੇਲੇ ਖੇਲ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਜਨ ਹਰਿ ਆਪਣੇ ਰੰਗ ਰੰਗਾਇਆ । ਤਾਰਨਹਾਰ ਗੁਰ ਏਕ ਹੈ, ਪਰਮ ਪੁਰਖ ਕਰਤਾਰ । ਜਿਸ ਜਨ ਬਖ਼ਸ਼ੇ ਸਾਚੀ ਟੇਕ ਹੈ, ਦੇਵੇ ਰਾਮ ਨਾਮ ਅਧਾਰ । ਕਾਇਆ ਬੁਧੀ ਕਰੇ ਬਿਬੇਕ ਹੈ, ਹਉਮੇ ਹੰਗਤਾ ਰੋਗ ਨਿਵਾਰ । ਪੰਜ ਤੱਤ ਵਿਕਾਰਾ ਰਿਹਾ ਵੇਖ ਹੈ, ਮਾਇਆ ਮੋਹ ਨਾ ਕਰੇ ਖ਼ਵਾਰ । ਆਪੇ ਲਿਖਣਹਾਰਾ ਲੇਖ ਹੈ, ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ । ਆਪੇ ਦਾਤਾ ਨਰ ਨਰੇਸ਼ ਹੈ, ਸ਼ਾਹ ਸੁਲਤਾਨ ਸੱਚੀ ਸਰਕਾਰ । ਆਪੇ ਗਣਪਤ ਹਰਿ ਗਣੇਸ਼ ਹੈ, ਕਰੋੜ ਤੇਤੀਸ ਦਏ ਅਧਾਰ । ਆਪੇ ਸੁਰਪਤ ਰਾਜਾ ਇੰਦ ਕਰੇ ਵੇਸ ਹੈ, ਆਪੇ ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਆਪੇ ਗੰਗਾ ਗੋਦਾਵਰੀ ਤੇਰਾ ਲੇਖਾ ਰਿਹਾ ਵੇਖ ਹੈ, ਆਪੇ ਸੁਰਸਤੀ ਕਰੇ ਪਿਆਰ । ਆਪੇ ਜਲ ਜਲ ਧਾਰ ਹੈ, ਜਲ ਧਾਰ ਰੂਪ ਆਪ ਨਿਰੰਕਾਰ । ਆਪੇ ਘਟ ਘਟ ਅੰਦਰ ਰਿਹਾ ਵੇਖ ਹੈ, ਘਰ ਘਰ ਵਿਚ ਮਹੱਲ ਉਸਾਰ । ਨਾ ਕੋਈ ਮੁੱਛ ਦਾੜ੍ਹੀ ਨਾ ਕੇਸ ਹੈ, ਨਿਰਗੁਣ ਜੋਤੀ ਨੂਰ ਉਜਿਆਰ । ਆਪੇ ਦਸਰਥ ਸੁੱਤ ਰਾਮ ਰਾਮੇਸ਼ ਹੈ, ਕਾਹਨਾ ਕ੍ਰਿਸ਼ਨਾ ਆਪ ਮੁਰਾਰ । ਆਪੇ ਨਾਨਕ ਗੁਰ ਦਸਮੇਸ ਹੈ, ਏਕਾ ਜੋਤੀ ਦਸ ਅਵਤਾਰ । ਆਦਿ ਜੁਗਾਦੀ ਰਹੇ ਹਮੇਸ਼ ਹੈ, ਆਵੇ ਜਾਵੇ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਏਕਾ ਏਕ ਏਕੰਕਾਰ ਹਰਿ ਨਿਰੰਕਾਰ, ਪਾਰਬ੍ਰਹਮ ਹਰਿ ਅਖਵਾਇੰਦਾ । ਆਦਿ ਨਿਰੰਜਣ ਮੀਤ ਮੁਰਾਰ, ਜੋਤ ਨਿਰੰਜਣ ਮੇਲ ਮਿਲਾਇੰਦਾ । ਸਾਰ ਸ਼ਬਦ ਕਰ ਤਿਆਰ, ਅਨਹਦ ਤਾਲ ਵਜਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਗੁਰਮੁਖ ਸਾਚੇ ਆਪ ਉਠਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਏਕਾ ਦੂਜਾ ਭੇਵ ਚੁਕਾਇੰਦਾ । ਤੀਜੇ ਨੈਣ ਦਰਸ ਅਪਾਰ, ਚੌਥੇ ਪਦ ਸਮਾਇੰਦਾ । ਪੰਚਮ ਮੀਤਾ ਮੀਤ ਮੁਰਾਰ, ਪੰਚਮ ਮੋਹ ਚੁਕਾਇੰਦਾ । ਸੋਲਾਂ ਮੱਘਰ ਸੱਚਾ ਘਰ ਬਾਰ, ਹਰਿ ਸਾਚਾ ਖੇਲ ਖਿਲਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਹਰਿ ਸਾਚਾ ਸਚ ਕਰਾਇੰਦਾ । ਅੱਠਾਂ ਤੱਤਾਂ ਵਸਿਆ ਬਾਹਰ, ਨੌਂ ਦਵਾਰੇ ਨਾ ਖੋਜ ਖੁਜਾਇੰਦਾ । ਦਸਵੇਂ ਮੀਤਾ ਮੇਲ ਮੁਰਾਰ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਗੀਤਾ ਗੁਣ ਗਿਆਨ, ਮੰਤਰ ਨਾਮ ਦ੍ਰਿੜਾਇੰਦਾ । ਏਕਾ ਪੂਜਾ ਵੇਦ ਪਾਠ ਪੁਰਾਨ, ਏਕਾ ਸਿਖਿਆ ਸਿਖ ਸਮਝਾਇੰਦਾ । ਏਕਾ ਖਾਣੀ ਬਾਣੀ ਕਰ ਪਛਾਨ, ਬਾਣ ਨਿਰਾਲਾ ਏਕਾ ਲਾਇੰਦਾ । ਏਕ ਰੂਪ ਸ੍ਰੀ ਭਗਵਾਨ, ਚਾਰੇ ਵਰਨਾਂ ਨਜ਼ਰੀ ਆਇੰਦਾ । ਅਠਾਰਾਂ ਪੁਰਾਨਾਂ ਟੁੱਟੇ ਮਾਣ, ਮਾਣ ਅਭਿਮਾਨਾ ਮੇਟ ਮਿਟਾਇੰਦਾ । ਸੋਹੰ ਅੱਖਰ ਇਕ ਪਛਾਣ, ਦੋ ਜਹਾਨਾ ਚਲਤ ਚਲਾਇੰਦਾ । ਬ੍ਰਹਮ ਪਾਰਬ੍ਰਹਮ ਕਰ ਪਰਧਾਨ, ਸਚਖੰਡ ਦਵਾਰਾ ਆਪ ਵਖਾਇੰਦਾ । ਗੁਰਮੁਖ ਸਾਚੀ ਸਖੀ ਹਰਿ ਹਰਿ ਸਾਚਾ ਕਾਹਨ, ਨਾਮ ਬੰਸਰੀ ਵਿਚ ਵਜਾਇੰਦਾ । ਸਾਚਾ ਮੇਲਾ ਸੀਤਾ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਵਸੇ ਖੇੜਾ

ਨਗਰ ਗਰਾਮ, ਜਿਸ ਦਰ ਸਤਿਗੁਰ ਪੂਰਾ ਚਰਨ ਟਿਕਾਇੰਦਾ । ਮਿਟੇ ਰੈਣ ਅੰਧੇਰੀ ਸ਼ਾਮ, ਸਾਚਾ ਨਾਮ ਚੰਦ ਚੜ੍ਹਾਇੰਦਾ । ਪੂਰਨ ਕਰਨੇਹਾਰਾ ਕਾਮ, ਪੂਰਨ ਇਛਿਆ ਆਪ ਕਰਾਇੰਦਾ । ਲੇਖੇ ਲਾਏ ਮਾਟੀ ਚਾਮ, ਜੋ ਜਨ ਨੇਤਰ ਨੈਣ ਦਰ ਆਏ ਦਰਸ਼ਨ ਪਾਇੰਦਾ । ਰੋਗ ਸੋਗ ਸਰਬ ਮਿਟ ਜਾਣ, ਜੋ ਜਨ ਰਸਨਾ ਸੋਹੰ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਨਾਮ ਸਿਖਾਇੰਦਾ । ਏਕਾ ਮੰਤਰ ਸਾਚਾ ਗੌਣਾ, ਸਾਚੀ ਜੁਗਤ ਜਣਾਈਆ । ਰੋਗਾਂ ਸੋਗਾਂ ਡੇਰਾ ਢੌਹਣਾ, ਸਾਚਾ ਸੁਖ ਦਏ ਉਪਜਾਈਆ । ਗੁਰਮੁਖ ਸਾਚੇ ਮੇਲ ਮਿਲੌਣਾ, ਆਪ ਆਪਣਾ ਪੜਦਾ ਲਾਹੀਆ । ਮਨਮੁਖਾਂ ਦਰ ਦਰ ਫਿਰੌਣਾ, ਕਾਗ ਵਾਂਗ ਰਹੇ ਕੁਰਲਾਈਆ । ਬਿਨ ਹਰਿ ਸਾਚੇ ਨਾ ਬੇੜਾ ਕਿਸੇ ਬੰਨੇ ਲੌਣਾ, ਕਲਜੁਗ ਝੂਠਾ ਗੁਰ ਨਾ ਦੇਵੇ ਕੋਈ ਗਵਾਹੀਆ । ਬਿਨ ਹਰਿ ਸਤਿ ਪੁਰਸ਼ ਨਾ ਕਿਸੇ ਅਖਵੌਣਾ, ਦਰ ਘਰ ਸਾਚੇ ਡੇਰਾ ਲਾਈਆ । ਸੰਤ ਸਤਿ ਸਰੂਪ ਨਾ ਕਿਸੇ ਸਮੌਣਾ, ਸਤਿ ਅਸਤਿ ਗਿਆ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਲ ਨਿਧਾਨਾ ਨੌਜਵਾਨਾ ਲੇਖਾ ਦਏ ਚੁਕਾਈਆ । ਹਰਿਜਨ ਲੇਖੇ ਜਾਏ ਲੱਗ, ਹਰਿ ਸੱਜਣ ਸੱਚਾ ਪਾਇਆ । ਫੜ ਫੜ ਹੰਸ ਬਣਾਏ ਕਗ, ਮਾਣਕ ਮੋਤੀ ਚੋਗ ਚੁਗਾਇਆ । ਦੀਪਕ ਜੋਤੀ ਜਾਏ ਜਗ, ਅਗਿਆਨ ਅੰਧੇਰ ਮਿਟਾਇਆ । ਦਰਸ ਦਿਖਾਏ ਹਰਿ ਹਰਿ ਉਪਰ ਸ਼ਾਹ ਰਗ, ਆਪ ਆਪਣਾ ਮੇਲ ਮਿਲਾਇਆ । ਪੰਜ ਤੱਤ ਬੁਝਾਏ ਲੱਗੀ ਅੱਗ, ਅੰਮ੍ਰਿਤ ਆਤਮ ਮੁਖ ਚੁਆਇਆ । ਸਤਿਗੁਰ ਪੂਰਾ ਹਰਿ ਸਰਬੱਗ, ਦਾਤਾ ਦਾਨੀ ਦੇਣ ਦਾਨ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਹੱਥੀਂ ਬੰਨੇ ਤੰਦ, ਸਾਚਾ ਗਾਨਾ ਹੱਥ ਬੰਧਾਇਆ । ਸ਼ਬਦ ਗਾਨਾ ਬੰਨੇ ਡੋਰ, ਹਰਿ ਸਾਚਾ ਸਚ ਕਮਾਈਆ । ਫੜ ਫੜ ਮਾਰੇ ਪੰਜੇ ਚੋਰ, ਸ਼ਬਦ ਕਟਾਰ ਇਕ ਉਠਾਈਆ । ਜਗਤ ਵਿਕਾਰਾ ਦੇਵੇ ਹੋੜ, ਆਪ ਆਪਣੀ ਸੇਵ ਕਮਾਈਆ । ਅੰਤਮ ਵੇਲੇ ਗਿਆ ਬੌਹੜ, ਕਲਜੁਗ ਕੂਕੇ ਦਏ ਦੁਹਾਈਆ । ਜਿਸ ਜਨ ਆਤਮ ਅੰਤਰ ਲੱਗੀ ਔੜ, ਦੇ ਦਰਸ਼ਨ ਆਪ ਬੁਝਾਈਆ । ਆਪੇ ਚੜ੍ਹਿਆ ਸਾਚੇ ਘੋੜ, ਸਾਚਾ ਅਸਵ ਆਪ ਦੌੜਾਈਆ । ਦੋ ਜਹਾਨਾਂ ਲਾਇਆ ਏਕਾ ਪੌੜ, ਲੋਕਮਾਤ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਮਿਠਾ ਕੌੜ, ਕੌੜਾ ਰੀਠਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਗੁਰਸਿਖ ਉਠ ਜਾਗ ਭਗਤ ਦੁਲਾਰ, ਹਰਿ ਸਤਿਗੁਰ ਆਪ ਜਗਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਪੁਰਖ ਅਬਿਨਾਸ਼ੀ ਆਪ ਖਿਲਾਇੰਦਾ । ਨੌ ਖੰਡ ਪ੍ਰਿਥਮੀ ਹਾਹਾਕਾਰ, ਸੱਤ ਦੀਪ ਸਰਬ ਕੁਰਲਾਇੰਦਾ । ਸਾਧ ਸੰਤ ਨਾ ਪਾਵੇ ਕੋਈ ਸਾਰ, ਸਿਰ ਹੱਥ ਨਾ ਕੋਈ ਟਿਕਾਇੰਦਾ । ਘਰ ਘਰ ਬੈਠ ਰਾਮ ਅਵਤਾਰ, ਰਾਮ ਰਾਮ ਸਰਬ ਅਖਵਾਇੰਦਾ । ਗੋਬਿੰਦ ਖੰਡਾ ਕਰ ਤਿਆਰ, ਗੋਬਿੰਦ ਆਪਣਾ ਨਾਮ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਦਰ ਆਪਣੇ ਸੋਭਾ ਪਾਇੰਦਾ । ਸੋਭਾਵੰਤ ਹਰਿ ਭਗਵਾਨਾ, ਭਗਤਨ ਭਗਤੀ ਨਾਮ ਦ੍ਰਿੜਾਇੰਦਾ । ਦੇਵਣਹਾਰਾ ਧੁਰ ਫ਼ਰਮਾਣਾ, ਆਦਿ ਸ਼ਕਤੀ ਸੇਵਾ ਲਾਇੰਦਾ । ਮੇਲ ਮਿਲਾਏ ਜੋਤ ਜਵਾਲਾ, ਅਸ਼ਟਭੁਜ ਕੁੜਮਾਈ ਆਪ ਕਰਾਇੰਦਾ । ਸਿੰਘ ਸ਼ੇਰ ਸ਼ੇਰ ਬਲਵਾਨਾ, ਆਪ ਆਪਣੀ ਕਲ ਵਰਤਾਇੰਦਾ । ਸੰਤ ਸੁਹੇਲੇ ਬੰਨੇ ਗਾਨਾ, ਸਾਚਾ ਸਗਨ ਮਨਾਇੰਦਾ । ਸ਼ਬਦ ਅਨਾਦੀ ਇਕ ਤਰਾਨਾ, ਘਰ ਮੰਦਰ ਆਪ ਸੁਣਾਇੰਦਾ । ਭੇਖਾਧਾਰੀ ਭੇਖ ਬਾਵਨਾ, ਬਲਧਾਰੀ ਆਪ ਹੋ ਜਾਇੰਦਾ । ਆਪੇ ਮਾਰੇ ਰਾਮਾ ਰਾਵਣਾ, ਲੰਕਾ ਗੜ੍ਹ ਆਪ ਸੁਹਾਇੰਦਾ । ਆਪੇ

ਖੇਲ ਖੇਲ ਮਹਾਨਾ, ਰਬ ਰਬਵਾਹੀ ਰਬ ਚਲਾਇੰਦਾ । ਆਪੇ ਨਾਮ ਸਤਿ ਦਰ ਪਰਧਾਨਾ, ਵਾਹ ਵਾਹ ਗੁਰੂ ਫਤਿਹ ਗਜਾਇੰਦਾ । ਕਲਜੁਗ ਅੰਤਮ ਜੋਧਾ ਸੂਰਬੀਰ ਮਰਦ ਮਰਦਾਨਾ, ਨਿਹਕਲੰਕ ਆਪ ਅਖਵਾਇੰਦਾ । ਚੌਦਾਂ ਤਬਕਾਂ ਪਾਰ ਕਰਾਨਾ, ਚੌਦਾਂ ਲੋਕ ਉਠਾਇੰਦਾ । ਬ੍ਰਹਮਾ ਵਿਸ਼ਨ ਵਕਤ ਚੁਕਾਨਾ, ਸੁਰਪਤ ਰਾਜਾ ਤਖ਼ਤੋਂ ਲਾਹਿੰਦਾ । ਲੱਖ ਚੁਰਾਸੀ ਫੜ ਫੜਾਨਾ, ਨੌਂ ਖੰਡ ਖ਼ਾਕ ਉਡਾਇੰਦਾ । ਗੁਰਮੁਖ ਸਾਚੇ ਮੇਲ ਮਿਲਾਨਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਦਰ ਸਾਚਾ ਆਪ ਸੁਹਾਇੰਦਾ । ਸਾਚਾ ਦਰ ਹਰਿ ਸੁਹੰਜਣਾ, ਹਰਿ ਸਾਚੇ ਆਪ ਸੁਹਾਇਆ । ਜੋਤ ਜਗਾਏ ਆਦਿ ਨਿਰੰਜਣਾ, ਆਦਿ ਨਿਰੰਜਣ ਵੇਸ ਵਟਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਲਏ ਤਰਾਇਆ । ਜਿਸ ਜਨ ਨੇਤਰ ਨਾਮ ਪਾਏ ਅੰਜਣਾ, ਅਗਿਆਨ ਅੰਧੇਰ ਦਏ ਮਿਟਾਇਆ । ਦੋ ਜਹਾਨੀ ਸਾਚਾ ਸੱਜਣਾ, ਲੋਕਮਾਤ ਵੇਖਣ ਆਇਆ । ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਇਆ । ਹਰਿ ਸੰਗਤ ਚਰਨ ਧੂੜ ਕਰਾਏ ਸਾਚਾ ਮਜਣਾ, ਦੁਰਮਤ ਮੈਲ ਦਏ ਗਵਾਇਆ । ਅੰਤਮ ਵੇਲੇ ਪੜਦਾ ਆਪੇ ਕੱਜਣਾ, ਸਿਰ ਆਪਣਾ ਹੱਥ ਟਿਕਾਇਆ । ਲਾੜੀ ਮੌਤ ਘਰ ਘਰ ਨੱਚਣਾ, ਆਪਣਾ ਘੁੰਘਟ ਦਏ ਉਠਾਇਆ । ਕਾਲ ਨਗਾਰੇ ਕੋਲੋਂ ਕਿਸੇ ਨਾ ਬਚਣਾ, ਡੌਰੂ ਡੰਕਾ ਰਿਹਾ ਵਜਾਇਆ । ਪੰਜ ਤੱਤ ਭਾਂਡਾ ਦਿਸੇ ਕੱਚਨਾ, ਸਚ ਭਠਿਆਲੇ ਨਾ ਕੋਈ ਤਪਾਇਆ । ਹਰਿ ਸਤਿਗੁਰ ਸਾਚਾ ਸਾਚੋ ਸਚਨਾ, ਆਦਿ ਜੁਗਾਦਿ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਏ ਤਰਾਇਆ ।



## ✪ ੨੯ ਜੇਠ ੨੦੧੯ ਬਿਕ੍ਰਮੀ ਭਾਗ ਸਿੰਘ ਦੇ ਘਰ ਝੰਡੇ ਜੰਮੂ ✪

ਸੱਚ ਘਰ ਸਚ ਦਵਾਰ, ਗੁਰ ਸਤਿਗੁਰ ਵੇਖ ਵਖਾਈਆ । ਕਿਰਪਾ ਕਰ ਅਪਰ ਅਪਾਰ, ਆਪਣੀ ਦ੍ਰਿਸ਼ਟ ਆਪੇ ਪਾਈਆ । ਜਗਤ ਤ੍ਰਿਸਨਾ ਦਏ ਨਿਵਾਰ, ਸਾਚਾ ਸੁਖ ਇਕ ਉਪਜਾਈਆ । ਭਗਤੀ ਨਾਮ ਭਰੇ ਭੰਡਾਰ, ਭਵਸਾਗਰ ਪਾਰ ਕਰਾਈਆ । ਵਣਜ ਕਰਾਏ ਇਕ ਵਪਾਰ, ਨਾਮ ਨਾਮੇ ਹੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਰਧ ਬਾਲਾਂ ਲਏ ਤਰਾਈਆ । ਉਤਰੇ ਪਾਰ ਸਰਬ ਪਰਵਾਰ, ਜਿਨ ਹਰਿ ਹਰਿ ਮੇਲ ਮਿਲਾਇਆ । ਕਿਰਪਾ ਕਰੇ ਸੱਚੀ ਸਰਕਾਰ, ਨਿਰਗੁਣ ਸਰਗੁਣ ਵੇਖ ਵਖਾਇਆ । ਸੋਹੇ ਬੰਕ ਸੱਚਾ ਦਰਬਾਰ, ਦਰ ਘਰ ਸਾਚੇ ਮੰਗਲ ਗਾਇਆ । ਪਾਇਆ ਪਰਮ ਪੁਰਖ ਕਰਤਾਰ, ਜਗਤ ਜੰਜਾਲਾ ਸੰਗਲ ਕੱਟ ਵਖਾਇਆ । ਦਾਤਾ ਦਾਨੀ ਦੇਵਣਹਾਰ, ਦਰਦ ਦੁੱਖ ਭੈ ਭੰਜਣ ਨੇਤਰ ਅੰਜਨ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਗੁਰਮੁਖ ਲਾਲ, ਘਰ ਮੰਦਰ ਇਕ ਸੁਹਾਇਆ । ਘਰ ਮੰਦਰ ਸਚ ਮੁਨਾਰ, ਹਰਿ ਸਾਚਾ ਸਚ ਸੁਹਾਈਆ । ਨਿਰਗੁਣ ਜੋਤੀ ਕਰ ਉਜਿਆਰ, ਅੰਧ ਅੰਧੇਰ ਮਿਟਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਚਰਨ ਚਰਨੋਦਕ ਗੁਰਮੁਖਾਂ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਆਪਣੇ ਦਰ, ਘਰ ਸੱਚਾ ਇਕ ਵਡਿਆਈਆ ।

## ੨੬ ਜੇਠ ੨੦੧੬ ਬਿਕ੍ਰਮੀ ਪੂਰਨ ਚੰਦ ਦੇ ਘਰ ਝੰਡੇ ਜੰਮੂ

ਤੀਰਥ ਤਟ ਸਚ ਕਿਨਾਰ, ਗੁਰ ਸਤਿਗੁਰ ਚਰਨ ਦਵਾਰਿਆ । ਅੰਮ੍ਰਿਤ ਭਰੇ ਅਮਰ ਭੰਡਾਰ, ਆਪ ਆਪਣੇ ਰੰਗ ਰੰਗਾ ਰਿਹਾ । ਨਿਹਕਰਮੀ ਕਰਮ ਰਿਹਾ ਵਿਚਾਰ, ਕੁਕਰਮਾਂ ਲੇਖ ਚੁਕਾ ਰਿਹਾ । ਧਰਮੀ ਧਰਮ ਇਕ ਸੰਸਾਰ, ਹਰਿ ਸੰਗਤ ਮੇਲ ਮਿਲਾ ਲਿਆ । ਵਰਨ ਵਰਨੀ ਵਸੇ ਬਾਹਰ, ਘਰ ਸੱਚਾ ਇਕ ਵਖਾ ਲਿਆ । ਮਰਨੀ ਮਰੇ ਨਾ ਵਿਚ ਸੰਸਾਰ, ਜੀਵਣ ਮੁਕਤ ਆਪ ਬਣਾ ਲਿਆ । ਕਰਨੀ ਕਰੇ ਆਪ ਕਰਤਾਰ, ਕਰਤਾ ਪੁਰਖ ਨਾਉਂ ਵਡਿਆ ਲਿਆ । ਧਰਨੀ ਨਿਉਂ ਨਿਉਂ ਕਰੇ ਨਿਮਸਕਾਰ, ਜਿਸ ਦਵਾਰੇ ਚਰਨ ਛੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਵੇਖੇ ਬੰਕ ਦਵਾਰ, ਅੰਦਰ ਆਪਣਾ ਧਾਮ ਵਖਾ ਲਿਆ । ਅੰਦਰ ਧਾਮ ਹਰਿ ਨਿਆਰਾ, ਸਾਚੀ ਸੇਜ ਹੰਢਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਤ੍ਰੈਗੁਣ ਬੰਧਨ ਤੋੜ ਤੁੜਾਈਆ । ਪੰਚਮ ਦੇਵੇ ਪੰਚ ਹੁਲਾਰਾ, ਸ਼ਬਦੀ ਸ਼ਬਦ ਸ਼ਨਵਾਈਆ । ਰਾਜ ਜੋਗ ਸੱਚਾ ਸਿਕਦਾਰਾ, ਗੁਰ ਚਰਨ ਸੱਚੀ ਸ਼ਹਿਨਸ਼ਾਹੀਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਧਨ ਨਿਰਧਨ ਲਏ ਤਰਾਈਆ । ਦੇਵੇ ਦਰਸ ਅਗੰਮ ਅਪਾਰਾ, ਜਗਤ ਤ੍ਰਿਸਨਾ ਤ੍ਰਿਖਾ ਬੁਝਾਈਆ । ਗਾਵਤ ਗਾਵਤ ਉਤਰੇ ਪਾਰਾ, ਜੋ ਜਨ ਰਸਨਾ ਸੋਹੰ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੀ ਵੱਜੇ ਵਧਾਈਆ ।



## ੨੬ ਜੇਠ ੨੦੧੬ ਬਿਕ੍ਰਮੀ ਸਾਂਈ ਦਾਸ ਦੇ ਘਰ ਝੰਡੇ ਜੰਮੂ

ਚਰਨ ਚਰਨੋਦਕ ਸਾਚੀ ਧਾਰ, ਦੁੱਖ ਦਰਦ ਮਿਟਾਈਆ । ਜਗਤ ਰੁਲੇ ਕਰ ਪਿਆਰ, ਅਨਮੁਲੇ ਲਾਲ ਬਣਾਈਆ । ਭੰਡਾਰੇ ਖੁਲ੍ਹੇ ਦਰ ਦਰਬਾਰ, ਅਤੋਟ ਅਤੁਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਚਰਨਾਮਿਤ ਆਪ ਹੋ ਜਾਈਆ । ਚਰਨ ਮੀਤਾ ਮੀਤ ਮੁਰਾਰ, ਚਰਨ ਸਰਨ ਸਰਨਾਈਆ । ਪਤਿਤ ਪੁਨੀਤਾ ਕਰੇ ਵਿਚ ਸੰਸਾਰ, ਆਪ ਆਪਣਾ ਸੁੱਖ ਉਪਜਾਈਆ । ਚਲਾਏ ਰੀਤਾ ਅਪਰ ਅਪਾਰ, ਆਪਣੀ ਨੀਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਵਲ ਬੋਲਾ ਨੂਰੀ ਅੱਲਾ ਹੂ ਹੂ ਦਏ ਮਿਟਾਈਆ । ਹੂ ਅੱਲਾ ਹੱਕ ਬਹੱਕ, ਹਕੀਕਤ ਵੇਖ ਵਖਾਇੰਦਾ । ਕਲਮਾ ਕਲਮੀ ਰਿਹਾ ਮੁੱਕ, ਆਇਤ ਸ਼ਰਾਇਤ ਮਿਟਾਇੰਦਾ । ਅਲਫ਼ ਮੀਮ ਨਕੇਲ ਪਾਏ ਨੱਕ, ਹਮਜ਼ਾ ਮੁਖ ਭਵਾਇੰਦਾ । ਮੁਲਾ ਸ਼ੇਖ਼ ਡੂੰਘੀ ਗਾਰੇ ਦੇਵੇ ਸੱਟ, ਡੂੰਘੀ ਭਵਰੀ ਆਪ ਭੁਵਾਇੰਦਾ । ਅੰਦਰ ਮੈਲ ਦੇਵੇ ਕੱਟ, ਅੰਮ੍ਰਿਤ ਸਾਚਾ ਮੁਖ ਚੁਆਇੰਦਾ । ਏਕਾ ਦੂਆ ਮੇਟੇ ਫੱਟ, ਦੋਏ ਦੋਏ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਿਮਾਣੇ ਨਿਮਾਣਿਆਂ ਆਪਣੇ ਗਲੇ ਲਗਾਇੰਦਾ ।

✪ ੨੯ ਜੇਠ ੨੦੧੬ ਬਿਕ੍ਰਮੀ ਬੀਬੀ ਛੰਬ ਜੰਮੂ ✪

ਕਲਜੁਗ ਆਯੂ ਸੌ ਬਰਸ, ਹਰਿ ਸਾਚੇ ਆਪ ਉਪਾਈਆ । ਆਪੇ ਕਰਨਹਾਰਾ ਤਰਸ, ਨੇਤਰ ਨੈਣਾਂ ਵੇਖ ਵਖਾਈਆ । ਲੱਖ ਚੁਰਾਸੀ ਬੁਝਾਵਣਹਾਰ ਹਿਰਸ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਜਨ ਦੇਵੇ ਆਪਣਾ ਦਰਸ, ਕਰਾਮਾਤ ਇਕ ਵਖਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਗੁਰ ਪੂਰੇ ਹੱਥ ਵਡਿਆਈਆ । ਲੇਖਾ ਜਾਣੇ ਅਰਸ਼ ਫਰਸ਼, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੱਢੀ ਆਪ ਦਵਾਈਆ । ਆਪਣੀ ਵੱਢੀ ਸੌ ਰੁਪਿਆ, ਏਕਾ ਨਾਮ ਰਖਾਈਆ । ਗੁਰਮੁਖ ਚੜ੍ਹਾਏ ਆਪਣੀ ਨੱਯਾ, ਆਪਣਾ ਚੱਪੂ ਲਾਈਆ । ਹਰਿ ਸੰਗਤ ਬਣਿਆ ਭੈਣਾਂ ਭਈਆ, ਬੇਮੁਖਾਂ ਸਿਰ ਛਾਈਆ । ਪਰਗਟ ਹੋਇਆ ਸਾਚਾ ਸਈਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੀ ਕੱਢ ਕੇ ਬੈਠਾ ਵਹੀਆ, ਰਾਏ ਧਰਮ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੱਢੀ ਆਪੇ ਰਿਹਾ ਖੁਵਾਈਆ । ਜਿਸ ਜਨ ਵੱਢੀ ਦੇਵੇ ਨਾਮ, ਕਰ ਕਿਰਪਾ ਗੁਣ ਨਿਧਾਨਿਆ । ਨਜ਼ਰੀ ਆਏ ਏਕਾ ਰਾਮ, ਏਕ ਰੂਪ ਸ੍ਰੀ ਭਗਵਾਨਿਆ । ਸੱਜਣ ਸਾਕ ਸੈਣ ਛੁਟਿਆ ਤਮਾਮ, ਨਾਤਾ ਤੁਟੇ ਮਾਤ ਪਿਤ ਭੈਣ ਭਰਾਇਆ । ਸੱਚਾ ਦਿਸੇ ਏਕੋ ਕਾਮ, ਗੁਰ ਸਤਿਗੁਰ ਚਰਨ ਧਿਆਨਿਆ । ਮਨਮੁਖ ਜੀਵ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਨਿਆ । ਅੰਦਰ ਵੜੇ ਪੰਜ ਸ਼ੈਤਾਨ, ਦੂਈ ਦਵੈਤੀ ਮਾਰਨ ਕਾਨੀਆ । ਮਦਿਰਾ ਮਾਸ ਪੀਣ ਖਾਣ, ਰਸਨਾ ਜੇਹਵਾ ਗੁਣ ਵਖਾਨਿਆ । ਐਥੇ ਓਥੇ ਨਾ ਮਿਲੇ ਮਾਣ, ਘਰ ਮੰਦਰ ਨਾ ਕੋਇ ਸੁਹਾਨਿਆ । ਸੱਚਾ ਦਿਸੇ ਨਾ ਸਚ ਮਕਾਨ, ਨੌ ਦਰ ਜੀਵ ਹੋਏ ਹਲਕਾਨਿਆ । ਸਾਚਾ ਤਾਲ ਨਾ ਕੋਇ ਵਜਾਨ, ਮਨ ਮਤ ਹੋਈ ਪਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੱਢੀ ਦੇਵੇ ਨਾਮ ਸੱਚੀ ਨਿਸ਼ਾਨਿਆ । ਨਾਮ ਨਿਸ਼ਾਨਾ ਸੱਚੀ ਵੱਢੀ, ਗੁਰਮੁਖਾਂ ਹੱਥ ਫੜਾਈਆ । ਪੰਜ ਵਿਕਾਰਾ ਵਿਚੋਂ ਜਾਏ ਕੱਢੀ, ਏਕਾ ਬ੍ਰਹਮ ਵਖਾਈਆ । ਸੁਰਤ ਸੁਵਾਣੀ ਬਾਲ ਅਣਜਾਣੀ ਨੱਢੀ, ਗੁਰ ਸ਼ਬਦ ਕਰੇ ਕੁੜਮਾਈਆ । ਲੇਖੇ ਲਾਏ ਰੱਤ ਮਾਸ ਨਾੜੀ ਹੱਡੀ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਧਨ ਪਾਈਆ । ਨਾਮ ਵੱਢੀ ਰਿਸ਼ਵਤ ਖੋਰ, ਭਗਵਨ ਭਗਤਾਂ ਆਪ ਕਰਾਇੰਦਾ । ਮਨਮੁਖ ਸੁਵਾਏ ਅੰਧੇਰ ਘੋਰ, ਗੁਰਮੁਖ ਸਾਚੇ ਆਪ ਜਗਾਇੰਦਾ । ਪਹਿਲਾਂ ਬੰਨ੍ਹੇ ਪੰਜ ਚੋਰ, ਦੂਜੇ ਮਾਰਗ ਏਕਾ ਲਾਇੰਦਾ । ਤੀਜਾ ਨੇਤਰ ਖੋਲ੍ਹੇ ਫੋਰ, ਹਰਨ ਫਰਨ ਫਰਨ ਹਰਨ ਆਪ ਆਪਣਾ ਦਰਸ ਵਖਾਇੰਦਾ । ਚੌਥੇ ਪਦ ਗੁਰਮੁਖ ਸਾਚਾ ਚੜ੍ਹੇ ਘੋੜ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਹਰਿ ਪਾਇਆ ਹਰਿ ਰਘੁਰਾਇਆ ਘਰ ਸਾਚੇ ਵੱਡਾ, ਆਪ ਆਪਣਾ ਪੰਧ ਮੁਕਾਇੰਦਾ । ਲੱਖ ਚੁਰਾਸੀ ਵੇਖਣਹਾਰਾ ਮਿਠਾ ਕੌੜ, ਘਟ ਘਟ ਅੰਦਰ ਫੋਲ ਫੋਲਾਇੰਦਾ । ਜਿਸ ਜਨ ਆਤਮ ਅੰਤਰ ਲੱਗੀ ਔੜ, ਅੰਮ੍ਰਿਤ ਭਰ ਪਿਆਲਾ ਆਪ ਪਿਆਇੰਦਾ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਪੂਰਾ ਜਾਏ ਬੌਹੜ, ਸਿਰ ਆਪਣਾ ਹੱਥ ਟਿਕਾਇੰਦਾ । ਸਚਖੰਡ ਦਵਾਰੇ ਲਾਏ ਏਕਾ ਪੌੜ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸੌ ਬਰਸ ਇਕ ਸਦ ਧਾਰ, ਏਕਾ ਏਕ ਉਪਜਾਈਆ । ਬ੍ਰਹਮ ਪਾਰਬ੍ਰਹਮ ਨਦ ਵਜਾਏ ਅਪਰ ਅਪਾਰ, ਨਾਦ ਅਨਾਦਾ ਆਪਣੇ ਹੱਥ ਰਖਾਈਆ । ਬੋਧ ਅਗਾਧਾ

ਸ਼ਬਦ ਜੈਕਾਰ, ਆਪਣਾ ਲੇਖਾ ਆਪ ਲਿਖਾਈਆ । ਪਾਵੇ ਸਾਰ ਸੰਤ ਸਾਧ, ਸੰਤ ਸਾਜਣ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਸਮਾਈਆ । ਝੂਠਾ ਤਾਅਨਾ ਜਗਤ ਤਰਾਨਾ, ਗੁਰਮੁਖਾਂ ਤੋੜ ਤੁੜਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਏਕਾ ਰੂਪ ਨਜ਼ਰੀ ਆਇੰਦਾ । ਏਕਾ ਸ਼ਬਦ ਏਕਾ ਗਾਨਾ, ਏਕਾ ਰਾਮ ਵਖਾਇੰਦਾ । ਏਕਾ ਕ੍ਰਿਸ਼ਨਾ ਏਕਾ ਕਾਹਨਾ, ਏਕਾ ਮੰਡਲ ਰਾਸ ਰਚਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਬੰਕ ਸੁਹਾਇੰਦਾ । ਏਕਾ ਪੁਰਖ ਇਕ ਸੁਲਤਾਨਾ, ਏਕਾ ਸ਼ਾਹ ਉਪਜਾਇੰਦਾ । ਏਕਾ ਰਾਜ ਇਕ ਰਾਜਾਨਾ, ਏਕਾ ਰਈਅਤ ਆਪ ਉਪਾਇੰਦਾ । ਏਕਾ ਪਦ ਵਖਾਏ ਹਰਿ ਨਿਰਬਾਣਾ, ਨਿਰਭੈ ਰੂਪ ਆਪ ਹੋ ਜਾਇੰਦਾ । ਕਲਜੁਗ ਵੇਖੇ ਦੂਸਰ ਝੂਠ ਦੁਕਾਨਾ, ਕਲਜੁਗ ਜੀਆਂ ਮਾਇਆ ਮਮਤਾ ਆਪ ਭਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸਦ ਕਲਜੁਗ ਤੇਰੀ ਹੱਦ ਆਪੇ ਪਾਰ ਕਰਾਇੰਦਾ । ਆਪੇ ਕਰੇ ਪਾਰ ਕਿਨਾਰਾ, ਸਦ ਸਦ ਵੇਖ ਵਖਾਈਆ । ਸੱਜਣ ਸਾਚਾ ਮੀਤ ਮੁਰਾਰਾ, ਆਦਿ ਜੁਗਾਦਿ ਇਕ ਅਖਵਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਆਪ ਆਪਣੀ ਰਚਨ ਰਚਾਈਆ । ਖੇਲੇ ਖੇਲ ਕ੍ਰਿਸ਼ਨ ਮੁਰਾਰਾ, ਰੂਪ ਅਨੂਪ ਆਪ ਦਰਸਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਬਿਪਰ ਸੁਦਾਮਾ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਤੇਰਾ ਖੇਲ ਤਮਾਸ਼ਾ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਸਖੀਆਂ ਪਾਏ ਰਾਸਾ, ਆਪੇ ਰਥ ਚਲਾਇੰਦਾ । ਆਪੇ ਹੋ ਤ੍ਰਿਲੋਕੀ ਨਾਥਾ, ਆਪੇ ਵੰਡ ਵੰਡਾਇੰਦਾ । ਆਪੇ ਜਾਣੇ ਹਾਰ ਪਾਸਾ, ਆਪੇ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਖੇਲ ਖਿਲਾਇੰਦਾ । ਆਪੇ ਸ਼ਬਦ ਆਪ ਗਿਆਨ, ਆਪੇ ਗੀਤਾ ਕਰੇ ਪੜ੍ਹਾਈਆ । ਆਪੇ ਅਰਜਨ ਹੋਏ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਆਪੇ ਬਖ਼ਸ਼ੇ ਚਰਨ ਧਿਆਨ, ਆਪੇ ਦੇਵੇ ਮਾਣ ਵਡਿਆਈਆ । ਆਪੇ ਆਏ ਵਿਚ ਮੈਦਾਨ, ਗਿਆਰਾਂ ਸਤ ਆਪ ਹੋ ਜਾਈਆ । ਅਠਾਈ ਲੱਖ ਇਕ ਪਹਿਚਾਨ, ਅਠਾਰਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਧਿਰਾ ਵੇਖ ਵਖਾਈਆ । ਏਕਾ ਹਰਿ ਦੋਏ ਧਾਰ, ਲੋਕਮਾਤ ਚਲਾਇੰਦਾ । ਪਾਂਡੋ ਬਖ਼ਸ਼ੇ ਸਚ ਪਿਆਰ, ਦਰਯੋਧਨ ਕਾਮ ਕਰੋਧ ਹੰਕਾਰ ਭਰਾਇੰਦਾ । ਦਹਿ ਦਿਸ਼ਾ ਵਿਚੋਲਾ ਵਿਚ ਸੰਸਾਰ, ਭੇਵ ਕੋਇ ਨਾ ਪਾਇੰਦਾ । ਅੰਤਮ ਕਰਨੀ ਕਰੇ ਕਾਰ, ਸਿਪਾਹਸਲਾਰ ਆਪ ਹੋ ਜਾਇੰਦਾ । ਕਰਨੀ ਕਰਨ ਵੇਖ ਬਲਕਾਰ, ਯੁਧਿਸ਼ਟਰ ਸੰਗ ਨਿਭਾਇੰਦਾ । ਭੀਮ ਨਕਲ ਸਹਿਦੇਵ ਕਰ ਖ਼ਬਰਦਾਰ, ਦਰੋਣਾ ਕ੍ਰਿਪਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਖੇਲ, ਆਦਿ ਜੁਗਾਦੀ ਕਰ ਕਰ ਮੇਲ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਆਪੇ ਕਰੇ ਆਪਣਾ ਬੋਧ, ਆਪੇ ਗਿਆਨ ਦ੍ਰਿੜਾਈਆ । ਆਪੇ ਵੇਖਣਹਾਰਾ ਯੁੱਧ, ਆਪੇ ਕਰੇ ਲੜਾਈਆ । ਆਪੇ ਅਸਵ ਬਹੇ ਕੁਦ, ਆਪੇ ਜਲ ਥਲ ਫੇਰਾ ਪਾਈਆ । ਆਪੇ ਕੋਰੂਕਸ਼ੇਤਰ ਲਏ ਸੁਧ, ਆਪ ਆਪਣਾ ਚਰਨ ਟਿਕਾਈਆ । ਆਪੇ ਅਗਨੀ ਜਾਣੇ ਆਪੇ ਸੀਤਲ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਆਪੇ ਕਾਹਨਾ ਕ੍ਰਿਸ਼ਨ ਮੁਰਾਰ, ਆਪੇ ਰੂਪ ਅਨੂਪ ਵਟਾਇੰਦਾ । ਆਪੇ ਖਾਲੀ ਹੱਥ ਰੱਖੇ ਸਰਕਾਰ, ਰਥ ਰਥਵਾਹੀ ਰਥ ਚਲਾਇੰਦਾ । ਆਪੇ ਦੋਹਾਂ ਧਿਰਾਂ ਮਾਰੇ ਮਾਰ, ਭੀਸਮ ਪਤਾਮਾ ਆਪ ਤਰਾਇੰਦਾ । ਆਪੇ

੫੯੨
੦੮

ਸ਼ਿਖੰਡੀ ਕਰੇ ਪਿਆਰ, ਆਪਣੀ ਡੰਡੀ ਆਪੇ ਲਾਇੰਦਾ । ਆਪੇ ਦੂਤੀ ਦੁਸ਼ਟੀ ਦਏ ਸੰਘਾਰ, ਗਦਾ ਚੱਕਰ ਆਪ ਚਲਾਇੰਦਾ । ਸੰਤ ਸੁਹੇਲੇ ਸੱਜਣ ਲਏ ਉਭਾਰ, ਆਪਣਾ ਲੇਖਾ ਆਪ ਮੁਕਾਇੰਦਾ । ਦ੍ਰੋਣਾ ਸੁੱਤ ਹੋਇਆ ਖ਼ਬਰਦਾਰ, ਅਸਵ ਅਸਥਾਮਾ ਅੱਖ ਖੁਲ੍ਹਾਇੰਦਾ । ਅੰਦਰ ਵੇਖ ਅੰਧੇਰੀ ਰਾਤ, ਆਪ ਆਪਣਾ ਰਾਹ ਤਕਾਇੰਦਾ । ਛਤਰ ਧਾਰੀ ਸੁੱਤਾ ਵਿਚ ਪਰਭਾਸ, ਸਾਚਾ ਸੰਗ ਨਾ ਕੋਇ ਵਖਾਇੰਦਾ । ਅੰਤਮ ਕਰੀ ਏਕਾ ਬਾਤ, ਤੇਰਾ ਲਹਿਣਾ ਵਕ਼ਤ ਚੁਕਾਇੰਦਾ । ਪੰਚਮ ਸੀਸ ਦੇਵੇ ਕਾਟ, ਤੇਰੇ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਅਸਵਅਸਥਾਮਾ ਹੋ ਤਿਆਰ, ਦਰਯੋਧਨ ਦਏ ਸਲਾਹੀਆ । ਪੰਜੇ ਪਾਂਡੂ ਦੇਵਾਂ ਮਾਰ, ਜੈ ਜੈ ਤੇਰੇ ਨਾਮ ਕਰਾਈਆ । ਆਪ ਆਪਣਾ ਆਇਆ ਬਲ ਧਾਰ, ਖੇਲੇ ਖੇਲ ਬੇਪਰਵਾਹੀਅ । ਆਪ ਭੁਲਾਇਆ ਭਰਮ ਗਵਾਰ, ਭਰਮੀ ਭਰਮ ਭਵਾਈਆ । ਦਰੋਪਦ ਸੁੱਤ ਸੀਸ ਲਏ ਉਤਾਰ, ਆਇਆ ਵਾਹੋ ਦਾਹੀਆ । ਹੰਕਾਰੀ ਵੇਖ ਦਰਯੋਧਨ ਰੋਵੇ ਜ਼ਾਰੋ ਜ਼ਾਰ, ਕੁਲ ਆਪਣੀ ਕਹਿਰ ਕਮਾਈਆ । ਬ੍ਰਹਮਾ ਬ੍ਰਹਿਮਣ ਗਈ ਸਤਿਆ, ਅਸਤਰ ਸ਼ਸਤਰ ਹੱਥ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਅਤਿਆਚਾਰ ਅੰਤ ਕਰ, ਅੰਤਮ ਨੀਰ ਵਹਾਇਆ । ਅੰਦਰ ਮੰਦਰ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਸ਼ਿਵ ਸ਼ੰਕਰ ਅੱਗੇ ਕਰੇ ਪੁਕਾਰ, ਦੋਏ ਜੋੜ ਸੀਸ ਨਿਵਾਇਆ । ਕੌਣ ਰੱਛਿਆ ਕਰੇ ਸੰਸਾਰ, ਕਵਣ ਦੂਸ਼ਨ ਦਏ ਮਿਟਾਇਆ । ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ ਸ਼ਬਦ ਅਗੰਮੀ ਮਾਰੇ ਵਾਜ, ਆਪ ਆਪਣਾ ਹੁਕਮ ਸੁਣਾਇਆ । ਕਲਜੁਗ ਅੰਤਮ ਤੇਰਾ ਸਾਜੇ ਸਾਜ, ਮਾਨਸ ਮਾਨੁਖ ਲਏ ਉਪਜਾਇਆ । ਪਰਗਟ ਹੋਏ ਹਰਿ ਸੱਚਾ ਸ਼ਾਹੋ ਰਾਜਨ ਰਾਜ, ਆਪ ਆਪਣੇ ਅੰਗ ਲਏ ਲਗਾਇਆ । ਗੁਰ ਸੰਗਤ ਤੇਰੀ ਰੱਖੇ ਲਾਜ, ਗੋਬਿੰਦ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵਿਚ ਨਾ ਕੋਇ ਭੁਵਾਇਆ । ਮਾਨਸ ਤੇ ਮਾਨਸ ਥੀਆ, ਹਰਿ ਸਾਚੇ ਜੋਤ ਜਗਾਈਆ । ਅੰਮ੍ਰਿਤ ਬੀਜ ਅੰਮ੍ਰਿਤ ਫਲ ਕੀਆ, ਅੰਮ੍ਰਿਤ ਮੁਖ ਚਵਾਈਆ । ਅੰਤਮ ਲੇਖੇ ਲੱਗੇ ਸਾਢੇ ਤਿੰਨ ਹੱਥ ਸੀਆਂ, ਨੌ ਖੰਡ ਕਰੇ ਲੜਾਈਆ । ਨਿਰਮਲ ਕੀਆ ਆਪੇ ਜੀਆ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹਰਿ ਭਗਤ ਲਏ ਉਪਜਾਈਆ । ਆਪੇ ਆਏ ਜੋਤ ਧਰ, ਜੁਗ ਜੁਗ ਜੋਤ ਜਗਾਇੰਦਾ । ਸਨਕ ਸਨੰਦਨ ਸਨਾਤਨ ਸੰਤ ਕਮਾਰਾ ਰੂਪ ਕਰ, ਬਰਾਹ ਨਾਮ ਆਪ ਰਖਾਇੰਦਾ । ਯਗੇ ਪੁਰਖ ਪਾਵੇ ਸਾਰ, ਹਾਵ ਗ਼ਰੀਵ ਵੇਖ ਵਖਾਇੰਦਾ । ਨਰ ਨਰਾਇਣ ਚੋਟੀ ਚੜ੍ਹ, ਆਪ ਆਪਣਾ ਵੇਖ ਵਖਾਇੰਦਾ । ਦੱਤਾਤ੍ਰੇ ਆਪੇ ਫੜ, ਆਪੇ ਫੜ ਪੰਚਮ ਮੇਲ ਮਿਲਾਇੰਦਾ । ਕਪਲ ਮੁਨੀ ਵੇਖੇ ਘਰ, ਆਪ ਆਪਣੀ ਜੋਤ ਜਗਾਇੰਦਾ । ਰਿਖਵ ਦੇਵ ਲਾਏ ਆਪਣੇ ਲੜ, ਆਪ ਆਪਣਾ ਨਾਉਂ ਧਰਾਇੰਦਾ । ਪ੍ਰਿਥੁ ਅੰਦਰ ਆਪੇ ਵੜ, ਆਪ ਆਪਣੀ ਰੀਤ ਚਲਾਇੰਦਾ । ਮਤਸਯ ਰੂਪ ਹਰੀ ਹਰਿ, ਜਲ ਧਾਰਾ ਡੇਰਾ ਲਾਇੰਦਾ । ਕਛਪ ਮਿੰਦਰਾ ਪਿਠ ਧਰ, ਆਪ ਆਪਣਾ ਵੇਸ ਵਟਾਇੰਦਾ । ਮੋਹਣੀ ਰੂਪ ਅੱਗੇ ਖੜ, ਬਲ ਬਾਵਨ ਆਪ ਭੁਲਾਇੰਦਾ । ਹੰਸਾ ਮੋਤੀ ਚੋਗ ਕਰ, ਸਚ ਗਿਆਨ ਦ੍ਰਿੜਾਇੰਦਾ । ਨਰ ਸਿੰਘ ਆਪੇ ਵੇਸ ਧਰ, ਹਰਨਾਕਸ਼ ਮੇਟ ਮਿਟਾਇੰਦਾ । ਨਰ ਸਿੰਘ ਰੂਪ ਧਰ, ਪ੍ਰਹਿਲਾਦ ਪਾਰ ਕਰਾਇੰਦਾ । ਹਰੀ ਨਰਾਇਣ ਧਰੂ ਗਜ ਵੇਖ ਵਖਾਇੰਦਾ । ਧਨੰਤਰ ਨਾਮ ਆਪੇ ਧਰ, ਆਪਣੀ ਕਲ ਚਲਾਇੰਦਾ । ਪਰਸ ਰਾਮ

੫੯੩
੦੮

ਏਕਾ ਵਿਦਿਆ ਪੜ੍ਹ, ਮਾਣ ਤਾਣ ਇਕ ਜਣਾਇੰਦਾ । ਰਾਮ ਰਾਮਾ ਰੂਪ ਕਰਤਾਰ, ਹੰਕਾਰੀ ਦੁਸ਼ਟ ਮੇਟ ਮਿਟਾਇੰਦਾ । ਵੇਦ ਵਿਆਸਾ ਕੁਆਰੀ ਕੰਨਿਆ ਮਾਤ ਕਰ, ਪੁਰਾਨ ਅਠਾਰਾਂ ਲੇਖ ਲਿਖਾਇੰਦਾ । ਕਾਹਨਾ ਕ੍ਰਿਸ਼ਨਾ ਜੋਤ ਧਰ, ਤ੍ਰਿਲੋਕੀ ਨੰਦਨ ਲੱਖ ਚੁਰਾਸੀ ਬੰਧਨ ਆਪ ਤੁੜਾਇੰਦਾ । ਬੋਧ ਬੋਧਾ ਬੋਧ ਅਵਤਾਰ, ਗਿਆਨ ਗਿਆਨ ਆਪ ਉਪਾਇੰਦਾ । ਕਲਜੁਗ ਵੇਖੇ ਘਰ ਘਰ, ਨਿਹਕਲੰਕਾ ਨਾਉਂ ਧਰਾਇੰਦਾ । ਨਾਨਕ ਜੋਤੀ ਦਸ ਅਵਤਾਰ, ਏਕਾ ਬੂਝ ਬੁਝਾਇੰਦਾ । ਧਰੂ ਪ੍ਰਹਿਲਾਦ ਲਏ ਵਰ, ਆਪ ਆਪਣਾ ਸੰਗ ਨਿਭਾਇੰਦਾ । ਅਮਰੀਕ ਨੁਹਾਏ ਸਾਚੇ ਸਰ, ਦੁਰਬਾਸ਼ਾ ਮਾਣ ਤੁੜਾਇੰਦਾ । ਜਨਕ ਬਦੇਹੀ ਆਪੇ ਫੜ, ਆਪ ਆਪਣਾ ਗਿਆਨ ਸਮਝਾਇੰਦਾ । ਹਰੀ ਚੰਦ ਲਗਾਏ ਆਪਣੇ ਲੜ, ਤਾਰਾ ਰਾਣੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸੈਣ ਕਬੀਰਾ ਵੇਖੇ ਸਰਬ ਲੇਖੇ ਲੱਗੇ, ਰਵਦਾਸ ਚੁਮਾਰ ਹਰਿ ਸਾਚੀ ਬਣਤ ਬਣਾਇੰਦਾ । ਅਜਾਮਲ ਪਾਪੀ ਉਤਰੇ ਪਾਰ, ਗਨਕਾ ਨਾਲ ਰਲਾਈਆ । ਬੱਧਕ ਏਕਾ ਦਏ ਸਹਾਰ, ਚਰਨ ਕਵਲ ਬਾਣ ਛੁਹਾਈਆ । ਪਾਪਣ ਪੂਤਨਾ ਦਏ ਅਧਾਰ, ਮੋਹਣ ਮੁੰਮੇ ਰਹੀ ਪਾਈਆ । ਨਾਮਾ ਕਰਾਏ ਵਣਜ ਵਪਾਰ, ਗਾਏ ਮੋਈ ਆਪ ਜਵਾਈਆ । ਨਾਮ ਦੇਵ ਕਰ ਸਚ ਜੈਕਾਰ, ਪੱਤ ਡਾਲ੍ਹੀ ਹਰਿ ਹਰਿ ਨਜ਼ਰੀ ਆਈਆ । ਸੈਣ ਨਾਈ ਲਾਏ ਪਾਰ, ਸਖਾ ਸੈਣ ਆਪ ਹੋ ਜਾਈਆ । ਕੋਟਨ ਕੋਟ ਕੋਟ ਜੀਵ ਜੰਤ ਪਾਏ ਸਾਰ, ਆਪ ਆਪਣਾ ਭੇਵ ਛੁਪਾਈਆ । ਦੁਆਪਰ ਅੰਤਮ ਕਰਿਆ ਵਿਹਾਰ, ਲੇਖਾ ਲੇਖ ਨਾ ਕੋਈ ਜਣਾਈਆ । ਅਸਵਅਸਥਾਮੇ ਮੰਗੀ ਮੰਗ ਬਣ ਭਿਖਾਰ, ਪਾਪ ਪੁੰਨ ਹਰਿ ਆਪ ਵੇਖ ਵਖਾਈਆ । ਪਿਛਲਾ ਕਰਜ਼ਾ ਰਿਹਾ ਉਤਾਰ, ਅੱਗੇ ਆਪਣੇ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਧਾ ਸੂਰਬੀਰ ਬਲਵਾਨ, ਆਪੇ ਜਾਣੇ ਆਦਿ ਜੁਗਾਦੀ ਆਣ, ਵੇਦ ਕਤੇਬ ਲੇਖਾ ਨਾ ਕੋਈ ਲਿਖਾਈਆ । ਵੇਦ ਕਤੇਬ ਅੰਦਰ ਹੱਦ, ਹਰਿ ਸਾਚਾ ਨੀਹ ਰਖਾਇੰਦਾ । ਭਗਤ ਬਣਾਇਆ ਆਪਣੀ ਯੱਦ, ਆਪਣੇ ਨਾਲ ਉਪਜਾਇੰਦਾ । ਆਪੇ ਭਾਰ ਰਿਹਾ ਲੱਦ, ਆਪਣੇ ਕੰਧ ਉਠਾਇੰਦਾ । ਸਚਖੰਡ ਦਵਾਰ ਇਕ ਨਿਸ਼ਾਨ ਦੇਵੇ ਗੱਡ, ਨਾ ਦੂਸਰ ਕੋਈ ਫੜ ਉਠਾਇੰਦਾ । ਆਪਣੇ ਨਾਲ ਲਡਾਏ ਆਪਣਾ ਲਡ, ਲੋਕਮਾਤ ਜਨਮ ਦੁਵਾਇੰਦਾ । ਲੱਖ ਚੁਰਾਸੀ ਅੰਦਰ ਨਾ ਦੇਵੇ ਛੱਡ, ਜੂਨੀ ਜੂਨ ਨਾ ਕੋਈ ਭਵਾਇੰਦਾ । ਅੰਮ੍ਰਿਤ ਪਿਆਲਾ ਪਿਆਏ ਸਾਚੀ ਮਦਿ, ਸਦਾ ਅਮਰ ਰਖਾਇੰਦਾ । ਕਲਜੁਗ ਕਾਲ ਨਗਾਰਾ ਰਿਹਾ ਵੱਜ, ਚਾਰੇ ਕੁੰਟਾਂ ਕੂਕ ਸੁਣਾਇੰਦਾ । ਜੂਠ ਝੂਠ ਵੱਜੀ ਢੱਡ, ਮੋਹ ਹੰਕਾਰਾ ਸਾਰਿੰਗ ਹੱਥ ਉਠਾਇੰਦਾ । ਮਨਮੁੱਖ ਸੁੱਤੇ ਡੂੰਘੀ ਖੱਡ, ਪਾਰ ਕਿਨਾਰਾ ਨਾ ਕੋਈ ਜਣਾਇੰਦਾ । ਰਾਏ ਧਰਮ ਨੱਕ ਗੁੱਤ ਦੇਵੇ ਵੱਢ, ਦੁਹਾਗਣ ਨਾਰ ਸੁਹਾਗਣ ਕੰਤ ਨਾ ਕੋਈ ਉਠਾਇੰਦਾ । ਆਪਣੀ ਕਰਨੀ ਬਣੇ ਕੱਗ, ਹੰਸ ਚੋਗ ਨਾ ਕੋਈ ਖੁਵਾਇੰਦਾ । ਤੱਤੀ ਵਾ ਰਹੀ ਵਗ, ਅੰਮ੍ਰਿਤ ਧਾਰ ਨਾ ਕੋਈ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ, ਭੇਵ ਅਭੇਦ ਅਛਲ ਅਛੇਦ, ਅਛਲ ਅਛੱਲ ਆਪ ਕਰਾਇੰਦਾ । ਅਛਲ ਅਛੱਲ ਹਰਿ ਭਗਵਾਨਾ, ਸ਼ਬਦ ਤਰਾਨਾ ਇਕ ਸੁਣਾਈਆ । ਸਾਚੀ ਸਖੀਆਂ ਮੰਗਲ ਗਾਣਾ, ਏਕਾ ਰਾਗ ਏਕਾ ਰਾਗ ਅਲਾਈਆ । ਧੁਨ ਆਤਮਕ ਸਚ ਤਰਾਨਾ, ਕਾਇਆ ਮੰਦਰ ਆਪ ਸੁਣਾਈਆ । ਆਪੇ ਹੋਇਆ ਜਾਣੀ ਜਾਣਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਟਣਹਾਰਾ ਕੂੜੀ ਸ਼ਾਹੀਆ । ਕੂੜੀ ਸ਼ਾਹੀ ਮੇਟ ਨਿਸ਼ਾਨਾ, ਸਚ ਸੁੱਚ ਵਰਤਾਇੰਦਾ ।



੫੯੪
੦੮

ਸ਼ਬਦ ਸਰੂਪੀ ਨੌਜਵਾਨਾ, ਮਾਤ ਗਰਭ ਨਾ ਫੇਰੀ ਪਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਆਪ ਆਪਣੇ ਹੱਥ ਉਠਾਇੰਦਾ । ਲੋਆਂ ਪੁਰੀਆਂ ਖੇਲ ਖਿਲਾਣਾ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਚਾਰੇ ਖਾਣੀ ਹੋਏ ਹੈਰਾਨਾ, ਚਾਰੇ ਬਾਣੀ ਬੋਲ ਸੁਣਾਇੰਦਾ । ਪਰਾ ਪਸੰਤੀ ਇਕ ਮਕਾਨਾ, ਮਧਮ ਬੈਖਰੀ ਆਪ ਅਲ੍ਹਾਇੰਦਾ । ਜਿਸ ਜਨ ਬੰਨ੍ਹੇ ਹੱਥੀਂ ਗਾਨਾ, ਘਰ ਸਾਚੇ ਮੇਲ ਮਿਲਾਇੰਦਾ । ਲੋਕਮਾਤ ਛੁੱਟੇ ਆਵਣ ਜਾਣਾ, ਲੱਖ ਚੁਰਾਸੀ ਫੰਦ ਕਟਾਇੰਦਾ । ਮੇਲ ਮਿਲਾਏ ਰਾਮ ਰਾਮਾ, ਭਗਵਨ ਭਗਤਨ ਡੋਰੀ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣੀ ਧਾਰ, ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਗੁਣ ਸਰਗੁਣ ਵਿਚ ਸੰਸਾਰ, ਆਪਣੀ ਚਲਤ ਚਲਾਇੰਦਾ । ਨਿਰਗੁਣ ਰੂਪ ਹਰਿ ਨਿਰੰਕਾਰਾ, ਅਕਲ ਕਲਾ ਅਖਵਾਈਆ । ਸਰਗੁਣ ਪੰਜ ਤੱਤ ਕਰ ਪਿਆਰਾ, ਮਨ ਮਤ ਬੁਧ ਦਏ ਚਤੁਰਾਈਆ । ਨਿਰਗੁਣ ਰੂਪ ਅਗੰਮ ਅਪਾਰਾ, ਰੂਪ ਰੰਗ ਨਾ ਕੋਈ ਜਣਾਈਆ । ਸਰਗੁਣ ਹੋਇਆ ਖ਼ਬਰਦਾਰਾ, ਆਪ ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਆ ਦੂਆ ਏਕਾ ਏਕਾ ਆਪ ਅਖਵਾਇਆ । ਏਕਾ ਦੂਆ ਏਕੰਕਾਰ, ਨਿਰਾਕਾਰ ਸਾਕਾਰ ਰੂਪ ਵਟਾਇਆ । ਆਪੇ ਵਿਸ਼ਨੂੰ ਹੋ ਉਜਿਆਰ, ਆਪਣੀ ਸੇਜਾ ਆਸਣ ਲਾਇਆ । ਆਪੇ ਬਸਤਰ ਤਨ ਸ਼ਿੰਗਾਰ, ਲਾਲ ਰੰਗੀਲਾ ਭੂਸ਼ਨ ਪਾਇਆ । ਆਪੇ ਲਛਮੀ ਖ਼ਬਰਦਾਰ, ਆਪੇ ਚਰਨ ਝੱਸਣ ਲਾਇਆ । ਆਪੇ ਬ੍ਰਹਮਾ ਵੇਤਾ ਬ੍ਰਹਮ ਰੂਪ ਅਪਾਰ, ਪਾਰਬ੍ਰਹਮ ਰੂਪ ਵਟਾਇਆ । ਆਪੇ ਵੇਖੇ ਵੇਖਣਹਾਰ, ਅੱਠੇ ਨੇਤਰ ਖੋਲ੍ਹ ਖੁਲ੍ਹਾਇਆ । ਆਪੇ ਪਾਠ ਪੂਜਾ ਵੇਦ ਵਿਚਾਰ, ਚਾਰੇ ਲੇਖਾ ਲੇਖ ਖੁਲ੍ਹਾਇਆ । ਆਪੇ ਸ਼ੰਕਰ ਲਏ ਉਭਾਰ, ਧੂੰਆਂਧਾਰ ਆਪ ਮਿਟਾਇਆ । ਆਪੇ ਪਾਏ ਗਲ ਵਿਚ ਹਾਰ, ਹੱਥ ਤ੍ਰਿਸੂਲ ਆਪ ਉਠਾਇਆ । ਆਪੇ ਬਾਸ਼ਕ ਤਸ਼ਕਾ ਕਰ ਤਿਆਰ, ਮੁਕੇਸ਼ ਸੇਵਾ ਲਾਇਆ । ਆਪੇ ਸਭ ਤੋਂ ਵਸਿਆ ਬਾਹਰ, ਭੇਵ ਕੋਇ ਨਾ ਪਾਇਆ । ਆਦਿ ਜੁਗਾਦੀ ਹਰਿ ਅਵਤਾਰ, ਨਿਰਗੁਣ ਸਰਗੁਣ ਨਾਉਂ ਧਰਾਇਆ । ਕਲਜੁਗ ਅੰਤਮ ਖੇਲੇ ਖੇਲ ਅਗੰਮ ਅਪਾਰ, ਵੇਦ ਵਿਆਸਾ ਲੇਖ ਲਿਖਾਇਆ । ਨਾਨਕ ਗੋਬਿੰਦ ਮਾਰੀ ਮਾਰ, ਲੱਖ ਚੁਰਾਸੀ ਦਏ ਸਜ਼ਾਇਆ । ਸੰਬਲ ਨਗਰੀ ਧਾਮ ਨਿਆਰ, ਉਚ ਮਹੱਲ ਅਟੱਲ ਡੇਰਾ ਲਾਇਆ । ਨਾਮ ਖੰਡਾ ਤੇਜ਼ ਕਟਾਰ ਦੋ ਧਾਰਾ ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਜੇਰਜ ਅੰਡ ਫੋਲ ਫੁਲਾਈਆ । ਗੁਰਮੁਖ ਸਾਜਣ ਮੀਤ ਮੁਰਾਰ, ਆਪ ਆਪਣੇ ਚਰਨ ਬਹਾਇਆ । ਨੌਂ ਖੰਡ ਪ੍ਰਿਥਮੀ ਹੋ ਤਿਆਰ, ਕੁਲਾਖੰਡ ਇਲਾਬ੍ਰਤ ਹਰਿ ਨਾਮੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਦਰ ਭਾਰਤ ਖੰਡ ਲਏ ਤਰਾਇਆ । ਭਾਰਤ ਖੰਡ ਜੋਤ ਨਿਰਾਲੀ, ਹਰਿ ਸਾਚੇ ਜੋਤ ਜਗਾਈਆ । ਲੱਖ ਚੁਰਾਸੀ ਵੇਖੇ ਪਤ ਪਤ ਡਾਲ੍ਹੀ, ਭਾਰ ਅਠਾਰਾਂ ਬਨਾਸਪਤ ਫੋਲ ਫੋਲਾਈਆ । ਚਾਰ ਵਰਨਾਂ ਦੇਵੇ ਸ਼ਬਦ ਦਲਾਲੀ, ਨਾਮ ਵਿਚੋਲਾ ਇਕ ਉਪਾਈਆ । ਜਲਵਾ ਨੂਰ ਨੂਰ ਜਲਾਲੀ, ਨੂਰੋ ਨੂਰ ਅਲਾਹੀਆ । ਹੱਕ ਹਕੀਕਤ ਨਾ ਹੋਏ ਖਾਲੀ, ਲਾਸ਼ਰੀਕ ਇਕ ਅਖਵਾਈਆ । ਦੋ ਜਹਾਨਾਂ ਸੱਚਾ ਮਾਲੀ, ਪਾਰਬ੍ਰਹਮ ਆਪ ਅਖਵਾਈਆ । ਕਲਜੁਗ ਅੰਤਮ ਬਣਿਆ ਹਾਲੀ, ਧਰਤ ਧਵਲ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਹੱਥੀਂ ਗੇੜਾ ਰਿਹਾ ਦਵਾਈਆ । ਆਪੇ ਗੇੜਾ ਦੇਵਣਹਾਰਾ, ਦੀਨ ਦਿਆਲ ਅਖਵਾਇਆ । ਆਪੇ ਛੇੜਾ ਛੇੜਨਹਾਰਾ, ਘਰ ਘਰ ਅਗਨੀ ਦਏ ਤਪਾਇਆ । ਆਪੇ ਬੇੜਾ ਰੋੜ੍ਹਨਹਾਰਾ, ਵਹਿੰਦੇ ਵਹਿਣ ਦਏ ਵਹਾਇਆ । ਆਪੇ ਖੇੜਾ ਢਾਹਵਣਹਾਰਾ, ਨਗਰ ਖੇੜਾ ਦਏ

ਮਿਟਾਇਆ । ਆਪੇ ਭਾਣਾ ਸਹਿਣਹਾਰਾ, ਹਰਿਜਨ ਭਾਣੇ ਆਪ ਰਖਾਇਆ । ਆਪੇ ਲਹਿਣਾ ਦੇਣਾ ਦੇਵਣਹਾਰਾ, ਜੁਗ ਜੁਗ ਲਹਿਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਨਿਰਗੁਣ ਜੋਤ, ਨੂਰੋ ਨੂਰ ਸਮਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਵਿਚ ਨਾ ਆਈਆ । ਵੇਖ ਵਖਾਏ ਬ੍ਰਹਿਮੰਡ ਖੰਡ ਕੋਟੀ ਕੋਟ, ਕੋਟਨ ਕੋਟਾਂ ਵਿਚ ਸਮਾਈਆ । ਗੁਰਮੁਖ ਸਾਚੇ ਬਖ਼ਸ਼ੇ ਏਕਾ ਓਟ, ਪੁਰਖ ਅਕਾਲ ਇਕ ਮਨਾਈਆ । ਕਲਜੁਗ ਜੀਵ ਆਲ੍ਹਣਿਉਂ ਡਿਗੇ ਬੋਟ, ਉਪਰ ਧਰਤ ਨਾ ਕੋਇ ਉਠਾਈਆ । ਰਸਨ ਵਾਸਨਾ ਹੋਈ ਖੋਟ, ਦੁਰਗੰਧ ਰਹੇ ਫੈਲਾਈਆ । ਕੋਈ ਨਾ ਚੜ੍ਹਿਆ ਉਪਰ ਚੋਟ, ਦਸਮ ਦਵਾਰੀ ਕੁੰਡਾ ਲਾਹੀਆ । ਜੂਠ ਝੂਠ ਭੰਗ ਪੀਤੀ ਘੋਟ, ਅੱਠੇ ਪਹਿਰ ਖੁਮਾਰ ਵਖਾਈਆ । ਕਾਮ ਕਰੋਧ ਕਿਰਿਆ ਲੋਟ ਪੋਟ, ਮਾਇਆ ਮਮਤਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਨ ਲਏ ਤਰਾਈਆ । ਭਗਤਨ ਸਾਚੇ ਆਪੇ ਰੱਖ, ਰੱਖਣਹਾਰ ਅਖਵਾਇੰਦਾ । ਆਪ ਕਰੇ ਕੱਖੋਂ ਲੱਖ, ਕਰਤਾ ਕੀਮਤ ਆਪ ਚੁਕਾਇੰਦਾ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਵੱਖਰੀ ਧਾਰ ਬੰਧਾਇੰਦਾ । ਦਰਸ ਵਖਾਏ ਹੋ ਪਰਤੱਖ, ਸਵੱਛ ਸਰੂਪ ਵਟਾਇੰਦਾ । ਮਨਮੁਖਾਂ ਮਾਨਸ ਜਨਮ ਹੋਏ ਭੱਠ, ਕਲਜੁਗ ਭਠਿਆਲਾ ਇਕ ਤਪਾਇੰਦਾ । ਜੋ ਘੜਿਆ ਸੋ ਜਾਏ ਢੱਠ, ਵੇਲਾ ਅੰਤਮ ਆਇੰਦਾ । ਧਰਮ ਰਾਏ ਰਿਹਾ ਨੱਠ, ਦਹਿ ਦਿਸ਼ਾਂ ਪੰਧ ਮੁਕਾਇੰਦਾ । ਚਿਤਰ ਗੁਪਤ ਚੁੱਕਣੀ ਗੱਠ, ਲੱਖ ਚੁਰਾਸੀ ਹਿਸਾਬ ਵਖਾਇੰਦਾ । ਲਾੜੀ ਮੌਤ ਮਾਰਨ ਹਾਰੀ ਸੱਟ, ਹਰਿ ਸਾਚੀ ਸੇਵਾ ਲਾਇੰਦਾ । ਸੀਸ ਧੜ ਦੇਵੇ ਕੱਟ, ਅਧਵਿਚਕਾਰੇ ਪਾਰ ਕਰਾਇੰਦਾ । ਖਾਲੀ ਦਿਸੇ ਕਾਇਆ ਮੱਟ, ਅੰਮ੍ਰਿਤ ਜਾਮ ਨਾ ਕੋਇ ਪਿਆਇੰਦਾ । ਸਵਾਂਗੀ ਸਵਾਂਗ ਰਚਿਆ ਬਾਜ਼ੀਗਰ ਨਟ, ਦਿਸ ਕਿਸੇ ਨਾ ਆਇੰਦਾ । ਜੋਤੀ ਜਗੇ ਲਟ ਲਟ, ਘਰ ਮੰਦਰ ਆਪ ਜਗਾਇੰਦਾ । ਗੁਰਮੁਖਾਂ ਤਨ ਪਹਿਨਾਏ ਪਟ, ਸਚ ਦੋਸ਼ਾਲਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾਂ ਜੁਗੰਤਰ ਦੇਵੇ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ, ਭਗਤ ਭਗਵਾਨ ਗੁਣ ਨਿਧਾਨ ਆਪ ਆਪਣੇ ਲੇਖੇ ਲਾਇੰਦਾ । ਸੌ ਰੁਪਿਆ ਜਗਤ ਚੱਟੀ, ਜੀਵਾਂ ਜੰਤਾਂ ਰਹੀ ਭਰਮਾਈਆ । ਮਨਮੁਖਾਂ ਸਚ ਨਾ ਖੱਟੀ ਖੱਟੀ, ਗਏ ਵਕ਼ਤ ਗਵਾਈਆ । ਹਰਿ ਕਾ ਦਵਾਰ ਸਮਝਿਆ ਬਾਣੀਆ ਹੱਟੀ, ਪੁੱਛ ਪੁੱਛ ਕੀਮਤ ਰਹੇ ਪਾਈਆ । ਮਾਨਸ ਜਨਮ ਪਿਆ ਪਾਸ਼ਾ ਚੌਪਟ ਨਟੀ, ਸਿਧੀ ਨਰਦ ਨਾ ਕੋਇ ਕਰਾਈਆ । ਧਨ ਜੋਬਨ ਜਵਾਨੀ ਮੁਲ ਨਾ ਪਏ ਇਕ ਅੱਟੀ, ਯੂਸਫ ਗਿਆ ਸਮਝਾਈਆ । ਕਿਸੇ ਤੋਲ ਨਾ ਤੁਲਨਾ ਸੇਰ ਵਟੀ, ਧੜੀ ਪਸੇਰੀ ਨਾ ਕੋਇ ਪਾਈਆ । ਅੰਤਮ ਬੁਝਿਆ ਦੀਵਾ ਬੱਤੀ, ਖ਼ਾਕੀ ਖ਼ਾਕ ਘਰ ਵਖਾਈਆ । ਭਾਈਆਂ ਭੈਣਾਂ ਬਾਹਰ ਸੁਟਣਾ ਹੱਥੀਂ, ਇਕ ਪਰਿ ਨਾ ਕੋਇ ਰਖਾਈਆ । ਨਾਰ ਪਿਆਰ ਨਾ ਕਰੇ ਰੱਤੀ, ਜੋ ਰਹੀ ਸੇਜ ਹੰਢਾਈਆ । ਮਾਂ ਵਗਦੀ ਨਾ ਵੇਖੇ ਵਾ ਤੱਤੀ, ਆਪਣੀ ਹੱਥੀਂ ਲੰਬੂ ਲਾਈਆ । ਪੁੱਤਰ ਧੀਆਂ ਪਾਲੇ ਦੇ ਦੇ ਮਤੀ, ਅੰਤਮ ਧੱਕਾ ਦੇਵਣ ਲਾਈਆ । ਜੋ ਜਨ ਖਾਵੇ ਆਹਾਰ ਛੱਤੀ, ਬਿਨ ਹਰਿ ਨਾਮ ਕੰਮ ਨਾ ਆਈਆ । ਪਾਇਆ ਕੰਚਣ ਸੋਨਾ ਤੋਲੇ ਮਾਸੇ ਰੱਤੀ, ਰੱਤੀ ਰੱਤ ਨਾ ਕੋਇ ਵਖਾਈਆ । ਮਦਿਰਾ ਪਿਆਲਾ ਪੀਤਾ ਤਾ ਤਾ ਭੱਠੀ, ਅੰਤਮ ਭੱਠੀ ਦਏ ਜਲਾਈਆ । ਜੀਵ ਜੰਤ ਆਪਣੇ ਹੱਥੀਂ ਰਿਹਾ ਕੱਟੀ, ਅੰਤਮ ਪੁਰਜਾ ਪੁਰਜਾ ਕੱਟ ਵਖਾਈਆ । ਜੋ ਜਨ ਸੌ ਰੁਪਿਆ ਸਤਿਗੁਰ ਪੂਰੇ ਕੋਲੋਂ ਖਾਧੀ ਚੱਟੀ, ਰਤਨ ਜਵਾਹਰ ਹੀਰੇ ਮਾਣਕ ਮੋਤੀ ਕੋਈ ਨਾ ਤੁਲ ਤੁਲਾਈਆ ।

੫੯੬
੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਉਠ ਜੀਵ ਕਲਜੁਗ ਜਾਗ, ਹਰਿ ਸਾਚਾ ਆਪ ਜਗਾਇੰਦਾ । ਛੰਬ ਅੰਦਰ ਲੱਗਾ ਭਾਗ, ਭਗਵਨ ਆਪਣਾ ਵੇਸ ਵਟਾਇੰਦਾ । ਧੋਵਣ ਆਇਆ ਦੁਰਮਤ ਮੈਲ ਦਾਗ਼, ਜੋ ਜਨ ਦਰ ਆਏ ਸੀਸ ਝੁਕਾਇੰਦਾ । ਹੰਸ ਬਣਾਏ ਫੜ ਫੜ ਕਾਗ, ਸਚ ਸਰੋਵਰ ਇਕ ਨੁਹਾਇੰਦਾ । ਦੋ ਜਹਾਨਾਂ ਪਕੜੇ ਵਾਗ, ਅਸਵ ਘੋੜੇ ਆਪ ਚੜ੍ਹਾਇੰਦਾ । ਚਰਨ ਧੂੜੀ ਮਜਨ ਮਾਘ, ਘਰ ਸਾਚੇ ਆਪ ਕਰਾਇੰਦਾ । ਪੰਜ ਤੱਤ ਬੁਝੇ ਲੱਗੀ ਆਗ, ਕਾਮ ਕਰੋਧ ਨੇੜ ਨਾ ਆਇੰਦਾ । ਘਰ ਘਰ ਸਾਚਾ ਜਗੇ ਚਿਰਾਗ, ਜੋ ਜਨ ਰਸਨਾ ਹਰਿ ਹਰਿ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਉਠਾਇੰਦਾ । ਉਠ ਜੀਵ ਬਾਲ ਨਿਧਾਨ, ਜਾਗਣ ਵੇਲਾ ਆਇਆ । ਸਤਿਗੁਰ ਪੂਰਾ ਮਿਹਰਵਾਨ, ਦੇਵੇ ਨਾਮ ਸ੍ਰਿਸ਼ਟ ਸਬਾਇਆ । ਹਿੰਦੂ ਮੁਸਲਮ ਸਿਖ ਈਸਾਈ ਸਾਰੇ ਏਕਾ ਗਾਣ, ਅੱਲਾ ਵਾਹਿਗੁਰੂ ਰਾਮ ਨਾਮ ਕ੍ਰਿਸ਼ਨ ਆਪ ਅਖਵਾਇਆ । ਕਰਨੀ ਕਰਤਾ ਪੂਰੇ ਕਰੇ ਕਾਮ, ਜੋ ਜਨ ਮੰਗਣ ਦਰ ਦਰ ਆਇਆ । ਨਿਥਾਵਿਆਂ ਦੇਵੇ ਸਾਚਾ ਥਾਂਵ, ਹਰਿ ਸੰਗਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਦਏ ਵਡਿਆਇਆ । ਹਰਿ ਸੰਗਤ ਵਡਿਆਈ ਧੰਨ, ਧੰਨ ਘਰ ਹਰਿ ਨਾਮਾ ਪਾਇਆ । ਹਰਿ ਸੰਗਤ ਵਡਿਆਈ ਧੰਨ, ਹਰਿ ਹਿਰਦੇ ਵਿਚ ਵਸਾਇਆ । ਹਰਿ ਸੰਗਤ ਵਡਿਆਈ ਧੰਨ, ਧਰ ਧਰਨੀ ਧਵਲ ਸੁਹਾਇਆ । ਹਰਿ ਸੰਗਤ ਵਡਿਆਈ ਧੰਨ, ਸਾਚੀ ਕਰਨੀ ਕਿਰਤ ਕਮਾਇਆ । ਹਰਿ ਸੰਗਤ ਵਡਿਆਈ ਧੰਨ, ਨਿਰਤ ਸੁਰਤ ਇਕ ਰਖਾਇਆ । ਹਰਿ ਸੰਗਤ ਵਡਿਆਈ ਧੰਨ, ਪੁਰਖ ਅਕਾਲ ਇਕ ਮਨਾਇਆ । ਹਰਿ ਸੰਗਤ ਵਡਿਆਈ ਧੰਨ, ਦੀਨ ਦਿਆਲ ਦਰ ਬਹਾਇਆ । ਹਰਿ ਸੰਗਤ ਵਡਿਆਈ ਧੰਨ, ਮਾਇਆ ਮਮਤਾ ਮੋਹ ਜੰਜਾਲ ਤੁੜਾਇਆ । ਹਰਿ ਸੰਗਤ ਵਡਿਆਈ ਧੰਨ, ਕਾਲ ਦਵਾਰ ਨਾ ਫੇਰਾ ਪਾਇਆ । ਹਰਿ ਸੰਗਤ ਵਡਿਆਈ ਧੰਨ, ਸਤਿਗੁਰ ਪੂਰੇ ਨਿਉਂ ਨਿਉਂ ਸੀਸ ਝੁਕਾਇਆ । ਹਰਿ ਸੰਗਤ ਬੇੜਾ ਆਪੇ ਬੰਨ, ਕਲਜੁਗ ਅੰਤਮ ਪਾਰ ਕਰਾਇਆ । ਇਕ ਸੁਣਾਇਆ ਰਾਗ ਕੰਨ, ਏਕਾ ਘਰ ਵਸਾਇਆ । ਜਨਨੀ ਜਨਿਆ ਸਾਚਾ ਜਨ, ਗੁਰਮੁਖ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪ ਅਖਵਾਇਆ ।

ਸਤਿਗੁਰ ਵਿਚੋਲਾ ਇਕ ਹੈ, ਦੂਸਰ ਨਾਂਹੇ ਕੋਇ । ਪਹਿਲੋਂ ਮਿਟਾਏ ਆਪਣੀ ਤ੍ਰਿਖ ਹੈ, ਫਿਰ ਕਰੇ ਦੂਜੀ ਅਰਜੋਏ । ਤੀਜੇ ਸਿਖਿਆ ਲਏ ਸਿਖ ਹੈ, ਹਰਿ ਭਾਣੇ ਅੰਦਰ ਹੋਏ । ਚੌਥੇ ਸੰਸਾਰ ਜਾਣੇ ਮਿਥ ਹੈ, ਮਿਥਿਆ ਸਰਬ ਲਕੋਏ । ਪੰਜਵੇਂ ਆਪੇ ਰਿਹਾ ਪੇਖ ਹੈ, ਨੌ ਖੰਡ ਪ੍ਰਿਥਮੀ ਆਪ ਖਲੋਏ । ਛੇਵੇਂ ਲਿਖਣਹਾਰਾ ਲੇਖ ਹੈ, ਮਾਤ ਪਿਤ ਨਾ ਜਾਏ ਕੋਇ । ਸੱਤਵੇਂ ਸਭ ਦਾ ਦਾਤਾ ਨਰ ਨਰੇਸ਼ ਹੈ, ਆਪੇ ਦੇਵਣਹਾਰਾ ਢੋਏ । ਅੱਠਵੇਂ ਅੱਠਾਂ ਤੱਤਾਂ ਸਤਿ ਉਪਦੇਸ਼ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਤ ਬੁਧ ਏਕਾ ਤੱਤ ਪਰੋਏ । ਨੌ ਦਰ ਭੁੱਲੇ ਭਰਮ ਭੁਲੇਖ ਹੈ, ਮਾਇਆ ਮਮਤਾ ਮੋਹ ਭੁਲਾਏ । ਦਸਵੇਂ ਹਰਿ ਹਰਿ ਸਾਚਾ ਲਏ ਵੇਖ ਹੈ, ਗੁਰਸਿਖ ਇਕੋ ਆਏ ਸੋਏ । ਨੌ ਖੰਡ ਪ੍ਰਿਥਮੀ ਹਰਿ ਕਾ ਘਰ, ਲੱਖ ਚੁਰਾਸੀ ਵਿਚ ਵਸਾਈਆ । ਕੋਟਨ ਮਾਵਾਂ ਰੋਵਣ ਦਰ, ਅੱਗੇ ਆਪਣੀ ਝੋਲੀ ਡਾਹੀਆ । ਆਪਣੀ ਕਰਨੀ ਰਿਹਾ ਕਰ, ਕਰਤਾ ਆਪਣੀ ਕਾਰ ਕਮਾਈਆ । ਕਰਮ ਧਰਮ ਜਰਮ ਲਿਖਤ ਲੇਖਾ ਆਪੇ ਧਰ, ਆਪੇ ਦਏ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਦੇ ਮਤ ਇਕ ਸਮਝਾਈਆ । ਪਹਿਲਾਂ ਸਿਖਣੀ ਗੁਰਮਤ, ਗੁਰਮਤ ਬੂਝ ਬੁਝਾਇੰਦਾ । ਦੂਜਾ ਉਪਜੇ ਫਿਰ ਤੱਤ, ਦੂਸਰ ਰਾਹ ਵਖਾਇੰਦਾ । ਪਹਿਲੋਂ ਨਿਭੌਣਾ ਚਰਨ ਨੱਤ, ਜਗਤ ਮਾਰਗ ਫੇਰ ਵਖਾਇੰਦਾ । ਪਹਿਲੋਂ ਬੰਨੇ ਨਾਮ ਗੱਠ, ਦੂਜੇ ਪੁੱਤ ਆਪ ਲੁਭਾਇੰਦਾ । ਤੀਜੇ ਉਤੇ ਜਿਸ ਗੱਲ ਦਿਤੀ ਸੁੱਟ, ਉਸ ਦੀ ਝੋਲੀ ਨਾ ਕੋਈ ਭਰਾਇੰਦਾ । ਚਰਨੀ ਡਿਗੇ ਸਤਿਗੁਰ ਪੂਰਾ ਜਾਏ ਤੁਠ, ਚਾਰੋਂ ਕੁੰਟ ਵੇਖ ਵਖਾਇੰਦਾ । ਜੋ ਜਗਤ ਲਗਾਏ ਸਤਿਗੁਰ ਪੂਰਾ ਠੋਕਰ, ਅਭੁੱਲ ਗੁਰੂ ਭੁੱਲ ਵਿਚ ਕਦੇ ਨਾ ਆਇੰਦਾ । ਸਤਿਗੁਰ ਪੂਰਾ ਚਾਰਨ ਵਾਲਾ ਨਹੀਂ ਚੋਖਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਜਨ ਭਗਤਾਂ ਕੱਟੇ ਆਪੇ ਔਕੜ, ਜੋ ਜਨ ਸਰਨਾਈ ਆਇੰਦਾ । ਜੋ ਜਨ ਦਰ ਦਵਾਰੇ ਬਣੇ ਸੌਕਣ, ਸੌਕਣ ਮੌਹਰਾ ਗਲ ਲਟਕਾਇੰਦਾ । ਹੱਥ ਫੜਾਏ ਕਲ ਧੌਸਣ, ਨਗਾਰਾ ਰਾਹ ਵਖਾਇੰਦਾ । ਪਹਿਲੋ ਕਾਇਆ ਅੰਦਰ ਦੇਣਾ ਚੌਕੜ, ਪੋਚ ਪਾਚਾ ਆਪ ਕਰਾਇੰਦਾ । ਨਾਮ ਬਹਾਰੀ ਦੇਵੇ ਬੌਕਰ, ਜੂਠਾ ਝੂਠਾ ਕੂੜਾ ਆਪ ਹੁੰਝਾਇੰਦਾ । ਘਰ ਖਿਚ ਲਿਆਏ ਭੁੱਲਿਆ ਛੋਕਰ, ਸਿਰ ਆਪਣਾ ਹੱਥ ਟਿਕਾਇੰਦਾ । ਨਾ ਕੋਈ ਵਿਚ ਪਾਏ ਰੁੱਕੜ, ਨਾ ਕੋਈ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਇਕ ਸਮਝਾਇੰਦਾ । ਗੁਰਮਤ ਹਰਿਜਨ ਲਏ ਜਾਣ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬਚਨ ਕਰੇ ਫਿਰ ਪਰਵਾਨ, ਆਪਣੇ ਲੇਖੇ ਲਏ ਲਗਾਈਆ । ਜਿਸ ਜਨ ਅੰਦਰ ਮਾਣ ਅਭਿਮਾਨ, ਲੋਕ ਲਾਜ ਵੇਖ ਵਖਾਈਆ । ਫੁਰਨਾ ਜਾਣੇ ਜਾਣੀ ਜਾਣ, ਫੁਰਨੇ ਅੰਦਰ ਆਪ ਸਮਾਈਆ । ਸੋ ਮਾਤਾ ਨਾ ਹੋਏ ਜਗਤ ਅੰਞਾਣ, ਜਿਸ ਭੁੱਲਿਆ ਬਿਨ ਬਾਲਕ ਖਾਲੀ ਗੋਦ ਵਖਾਈਆ । ਦੂਜਾ ਨਾ ਕੋਈ ਵਿਚੋਲਾ ਬਣੇ ਵਿਚ ਜਹਾਨ, ਹਰਿ ਸ਼ਬਦ ਵਿਚੋਲਾ ਇਕ ਰਖਾਈਆ । ਪਏ ਵਕਤ ਮੁਕਰ ਸਭ ਜਾਣ, ਨਾ ਦੇਵੇ ਕੋਈ ਗਵਾਹੀਆ । ਹਰਿ ਕੀ ਸੰਗਤ ਨਾ ਸਕੇ ਕੋਈ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਤ ਪਿਤ ਵੇਖੇ ਰਿਤ, ਵਿਛੋੜਾ ਜੋੜਾ ਆਪੇ ਵੇਖ ਵਖਾਈਆ । ਮਾਤਾ ਬੈਠੀ ਮਾਰ ਦੜ, ਡੋਰੀ ਦੂਜੇ ਹੱਥ ਫੜਾਈਆ । ਕਵਣ ਲਗਾਏ ਉਖੜੀ ਜੜ, ਕਵਣ ਦੇਵੇ ਘਰ ਮਿਲਾਈਆ । ਪਹਿਲੋਂ ਗੁਰ ਕਾ ਸ਼ਬਦ ਜਾਏ ਪੜ੍ਹ, ਦਰ ਦੂਜੇ ਵੱਜੇ ਸਚ ਵਧਾਈਆ । ਤੀਜੇ ਫੜਾਏ ਆਪਣਾ ਲੜ, ਚੌਥੇ ਪੁੱਤਰ ਮੇਲ ਮਿਲਾਈਆ । ਬੀਜ ਬੀਜੇ ਆਪਣੇ ਵੱਤਰ, ਆਪਣੀ ਕਾਇਆ ਫਲ ਲਗਾਈਆ । ਦੂਜੇ ਅੱਗੇ ਨਾ ਰੱਖੇ ਸੱਥਰ, ਜਿਸ ਮਿਲਿਆ ਧੁਰ ਦਰਗਾਹੀਆ । ਨੇਤਰ ਨੈਣ ਨਾ ਵਰੋਲੇ ਅੱਥਰ, ਜਗਤ ਵਿਛੋੜਾ ਦਏ ਕਟਾਈਆ । ਜੋ ਮਾਤਾ ਮਨ ਕਰਕੇ ਬੈਠੀ ਪੱਥਰ, ਕਵਣ ਪੂਤ ਗੋਦ ਉਠਾਈਆ । ਕਲਜੁਗ ਵਿਚੋਲਾ ਕੋਈ ਨਾ ਪੜ੍ਹੇ ਏਕਾ ਅੱਖਰ, ਏਕੰਕਾਰਾ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਨਰਾਇਣ ਗੜ੍ਹ ਰਿਹਾ ਸਮਝਾਈਆ । ਨਰਾਇਣ ਗੜ੍ਹ ਸਚ ਮਹੱਲਾ, ਹਰਿ ਸਾਚੇ ਆਪ ਸੁਹਾਇਆ । ਕਾਲਾ ਬਾਗ ਉਪਰ ਥੱਲਾ, ਅਧਵਿਚਕਾਰ ਆਪ ਰਖਾਇਆ । ਗੁਰ ਗੋਬਿੰਦ ਗੁਰ ਦਵਾਰ ਏਕਾ ਮੱਲਾ, ਏਕਾ ਡੇਰਾ ਲਾਇਆ । ਸਾਢੇ ਸੱਤ ਘੰਟੇ ਬਾਅਦ ਉਠ ਜਾਏ ਇਕ ਅਕੱਲਾ, ਗੁਰ ਪੂਰੇ ਹੁਕਮ ਸੁਣਾਇਆ । ਕਿਸੇ ਵਿਚ ਨਾ ਆਏ ਵਲ ਛਲਾ, ਵਲ ਛਲ ਧਾਰੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜਗਤ ਤੋਲਾ ਪਹਿਲੋਂ ਤੋਲੇ, ਸ਼ਬਦ ਅੱਖਰ ਹਰਿ ਹਰਿ ਬੋਲੇ, ਹਰਿਜਨ ਵਸਿਆ ਸਦਾ ਕੋਲੇ, ਨੇਰਨ ਨੇਰਾ ਆਪ ਹੋ ਆਇਆ ।

## ✪ ੨੭ ਜੇਠ ੨੦੧੬ ਬਿਕ੍ਰਮੀ ਭੋਲਾ ਰਾਮ ਦੇ ਘਰ ਪਿੰਡ ਜੌੜੀਆਂ ਜ਼ਿਲਾ ਜੰਮੂ ✪

ਧ੍ਰਿਗ ਸੰਸਾਰ ਜੀਵਨਾ, ਬਿਨ ਹਰਿ ਨਾਮ ਪਿਆਰ । ਗੁਰ ਸਤਿਗੁਰ ਚਰਨੀ ਥੀਵਨਾ, ਦੇਵਣਹਾਰਾ ਨਾਮ ਅਧਾਰ । ਸਾਚਾ ਪਿਆਲਾ ਏਕਾ ਪੀਵਣਾ, ਭਰਿਆ ਨਾਮ ਜਾਮ ਕਰਤਾਰ । ਬੀਜ ਅੰਮ੍ਰਿਤ ਸੱਚਾ ਬੀਵਨਾ, ਫਲ ਲੱਗੇ ਅਪਰ ਅਪਾਰ । ਤਨ ਪਾਟਾ ਆਪਣਾ ਸੀਵਣਾ, ਨਾਮ ਤਾਗਾ ਗੰਢਣਹਾਰ । ਮਨ ਆਪਣਾ ਕਰਨਾ ਨੀਵਣਾ, ਨਿਉਂ ਨਿਉਂ ਹਰੀ ਦਵਾਰ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਸਚ ਵਿਹਾਰ । ਬਿਨ ਹਰਿ ਨਾਮੇ ਭੁੱਲਿਆ, ਮੂਰਖ ਮੁਗਧ ਅੰਞਾਣ । ਲੋਕਮਾਤ ਫਿਰੇ ਰੁਲਿਆ, ਜੂਠਾ ਝੂਠਾ ਪੀਣ ਖਾਣ । ਸਾਚੇ ਤੋਲ ਕਿਸੇ ਨਾ ਤੁਲਿਆ, ਦਰ ਘਰ ਸਾਚੇ ਨਾ ਹੋਏ ਪਰਵਾਨ । ਸਚ ਭੰਡਾਰਾ ਏਕਾ ਖੁਲ੍ਹਿਆ, ਖੋਲ੍ਹਣਹਾਰਾ ਸ੍ਰੀ ਭਗਵਾਨ । ਦੇਵੇ ਨਾਮ ਏਕਾ ਅਨਮੁਲਿਆ, ਜੋ ਜਨ ਮੰਗੇ ਦਾਨੀ ਦਾਨ । ਭਾਗ ਲਗਾਏ ਸਾਚੀ ਕੁਲਿਆ, ਕੁਲਵੰਤਾ ਵਿਚ ਜਹਾਨ । ਕਲਜੁਗ ਅੰਧੇਰ ਏਕਾ ਝੁਲਿਆ, ਜੀਵ ਜੰਤ ਸਰਬ ਕੁਰਲਾਨ । ਸੋਹੰ ਸ਼ਬਦ ਜੋ ਜਨ ਗਾਏ ਆਪਣੇ ਬੁੱਲਿਆ, ਲੱਖ ਚੁਰਾਸੀ ਫੰਦ ਕਟਾਨ । ਕਾਇਆ ਬੂਟਾ ਕਿਸੇ ਨਾ ਹੁੱਲਿਆ, ਜਿਸ ਰਸਨਾ ਗਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਅੰਮ੍ਰਿਤ ਆਤਮ ਮੂਲ ਨਾ ਡੁੱਲਿਆ, ਕਵਲ ਨਾਭੀ ਆਪ ਭੁਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਣ । ਹਰਿ ਫ਼ਰਮਾਣਾ ਧੁਰ ਦੀ ਬਾਣ, ਹਰਿ ਭਗਤਾਂ ਆਪ ਜਣਾਈਆ । ਏਕਾ ਨੇਤਰ ਨਾਮ ਨਿਧਾਨ, ਨਿਰਵੈਰ ਝੋਲੀ ਪਾਈਆ । ਕਿਰਪਾ ਕਰੇ ਵਾਲੀ ਦੋ ਜਹਾਨ, ਦੋਏ ਦੋਏ ਮੰਦਰ ਵੇਖ ਵਖਾਈਆ । ਮੇਟਣਹਾਰਾ ਝੂਠ ਦੁਕਾਨ, ਸਚ ਸਮਗਰੀ ਇਕ ਵਖਾਈਆ । ਏਕਾ ਦਾਤਾ ਗੁਣ ਨਿਧਾਨ, ਗਹਿਰ ਗੰਭੀਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮੇ ਵਣਜ ਕਰਾਈਆ । ਵਣਜ ਵਾਪਾਰਾ ਹਰਿ ਹਰਿ ਨਾਮ, ਹਰਿ ਸੱਜਣ ਆਪ ਕਰਾਇੰਦਾ । ਨਗਰ ਖੇੜਾ ਸਚ ਗਰਾਮ, ਥਿਰ ਘਰ ਵਾਸੀ ਇਕ ਵਖਾਇੰਦਾ । ਨਾ ਕੋਈ ਸੁਬਾਹ ਨਾ ਕੋਈ ਸ਼ਾਮ, ਸੂਰਜ ਚੰਦ ਨਾ ਕੋਈ ਚੜ੍ਹਾਇੰਦਾ । ਪੰਜ ਤੱਤ ਨਾ ਦੀਸੇ ਚਾਮ, ਰਕਤ ਬੂੰਦ ਨਾ ਕੋਈ ਅਖਵਾਇੰਦਾ । ਜਿਸ ਜਨ ਪਿਆਏ ਆਪਣਾ ਜਾਮ, ਤਿਸ ਜਨ ਆਪਣਾ ਘਰ ਵਖਾਇੰਦਾ । ਨਿਰਗੁਣ ਬੈਠਾ ਸਾਚਾ ਰਾਮ, ਸਚ ਸਿੰਘਾਸਣ ਆਸਣ ਲਾਇੰਦਾ । ਭੁੱਖ ਤ੍ਰਿਸਨਾ ਨਾ ਕੋਈ ਤਾਮ, ਆਲਸ ਨਿੰਦਰਾ ਨਾ ਕੋਈ ਜਣਾਇੰਦਾ । ਨਾ ਕੋਈ ਮਾਇਆ ਮਮਤਾ ਦਾਮ, ਸੋਨਾ ਰੁਪਾ ਨਾ ਕੋਈ ਉਠਾਇੰਦਾ । ਜਨ ਭਗਤਾਂ ਆਦਿ ਜੁਗਾਦੀ ਕਰੇ ਕਾਮ, ਲੋਕਮਾਤ ਫੇਰੀ ਪਾਇੰਦਾ । ਪੱਲੇ ਬੰਨੇ ਏਕਾ ਨਾਮ, ਆਪਣੀ ਹੱਥੀਂ ਗੰਢ ਦੁਵਾਇੰਦਾ । ਦਸਮ ਦਵਾਰੀ ਕਰੇ ਖਾਮ, ਆਪੇ ਬੰਦ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਬਿਨ ਹਰਿ ਨਾਮੇ ਲੇਖਾ ਕੋਇ ਨਾ ਲਾਇੰਦਾ । ਬਿਨ ਹਰਿ ਨਾਮ ਨਾ ਕੋਈ ਲੇਖਾ, ਦਰ ਘਰ ਸਾਚੇ ਮਿਲੇ ਨਾ ਢੋਈਆ । ਨਾ ਕੋਈ ਮਾਣ ਰਖਾਏ ਧਾਰੀ ਕੇਸਾ, ਮੂੰਡ ਮੁੰਡਾਏ ਨਾ ਕਰੇ ਰਸਾਈਆ । ਜਿਸ ਜਨ ਲਿਖੇ ਆਪੇ ਰੇਖਾ, ਮਸਤਕ ਮੇਖਾ ਆਪ ਲਗਾਈਆ । ਨਾਮ ਜਪਾਏ ਦਸ ਦਸਮੇਸਾ, ਵਾਹ ਵਾਹ ਗੁਰੂ ਵੱਡੀ ਵਡਿਆਈਆ । ਰਾਮ ਨਾਮ ਨਰ ਨਰੇਸਾ, ਨਿਰਗੁਣ ਆਪਣੇ ਘਰ ਸੁਹਾਈਆ । ਅਕਲ ਕਲਾ ਕਲ ਧਾਰੀ ਵੇਸਾ, ਕਲਜੁਗ ਰੂਪ ਵਟਾਈਆ । ਰਾਹ ਤੱਕਣ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ਿਵ ਸ਼ੰਕਰ ਨੈਣ ਉਠਾਈਆ । ਗੁਰਮੁਖ ਹਿਰਦੇ ਹੋਏ ਪਰਵੇਸਾ, ਆਪ ਆਪਣਾ ਮੇਲ ਮਿਲਾਈਆ । ਸਤਿਗੁਰ

ਪੂਰੇ ਸਦ ਆਦੇਸਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮ ਦਏ ਵਡਿਆਈਆ । ਹਰਿ ਕਾ ਨਾਮ ਧੀਰਜ ਧਰਵਾਸ, ਧਰਤ ਧਵਲ ਰਖਾਇੰਦਾ । ਬਿਨ ਹਰਿ ਨਾਮੇ ਨਾ ਦਿਸੇ ਕੋਈ ਸਵਾਸ, ਹਰਿਜਨ ਭਗਤੀ ਭਗਤ ਲਗਾਇੰਦਾ । ਕਾਇਆ ਮੰਦਰ ਮੰਡਲ ਮੰਡਪ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਆਪ ਵਖਾਇੰਦਾ । ਸਾਚੇ ਮੰਦਰ ਸਾਹੋ ਸ਼ਾਬਾਸ, ਨਿਰਗੁਣ ਸਤਿਗੁਰ ਡੇਰਾ ਲਾਇੰਦਾ । ਡੂੰਘੀ ਕੰਦਰ ਪਾਵੇ ਰਾਸ, ਸਾਚੀ ਗੋਪੀ ਕਾਹਨ ਨਚਾਇੰਦਾ । ਆਪੇ ਕਰੇ ਆਪਣਾ ਵਾਸ, ਸ਼ਬਦ ਅਨਾਦੀ ਆਪਣਾ ਆਪੇ ਗਾਇੰਦਾ । ਆਪੇ ਆਪਣਾ ਕਰ ਪਰਕਾਸ਼, ਦੀਵਾ ਬਾਤੀ ਆਪ ਜਗਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸ, ਲੋਕਮਾਤੀ ਰਾਹ ਤਕਾਇੰਦਾ । ਕਲਜੁਗ ਅੰਤਮ ਪੂਰੀ ਕਰੇ ਆਸ, ਜੋ ਜਨ ਰਸਨਾ ਜੇਹਵਾ ਗਾਇੰਦਾ । ਜਿਸ ਜਨ ਲੱਗੀ ਦਰਸ ਪਿਆਸ, ਦੇ ਦਰਸ ਤ੍ਰਿਖਾ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮ ਮੰਤਰ ਇਕ ਰਖਾਇੰਦਾ । ਹਰਿ ਕਾ ਨਾਮ ਸਾਚਾ ਮੰਤਰ, ਹਰਿਜਨ ਹਰਿ ਲਿਵ ਲਾਈਆ । ਤ੍ਰੈਗੁਣ ਮਾਇਆ ਬੁਝੇ ਬਸੰਤਰ, ਪੰਚਮ ਚੋਰ ਨਾ ਕਰੇ ਲੜਾਈਆ । ਜਿਸ ਜਨ ਬਣਾਏ ਸਾਚੀ ਬਣਤਰ, ਘੋਰੀ ਰੈਣ ਅੰਧੇਰੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਸਾਚੀ ਸਿਖਿਆ ਇਕ ਸਮਝਾਈਆ । ਨਾਮ ਸਿਖਿਆ ਸਾਚੀ ਬੂਝ, ਗੁਰਮੁਖਾਂ ਆਪ ਬੁਝਾਇੰਦਾ । ਲਹਿਣਾ ਦੇਣਾ ਚੁੱਕੇ ਏਕਾ ਦੂਜ, ਦੂਈ ਦਵੈਤੀ ਮੇਟ ਮਿਟਾਇੰਦਾ । ਨੇਤਰ ਨੈਣ ਵੇਖੇ ਤੀਜ, ਹਰਿ ਲੋਚਣ ਆਪਣਾ ਆਪ ਖੁਲ੍ਹਾਇੰਦਾ । ਚੌਥੇ ਘਰ ਆਪੇ ਸੀਝ, ਤਨ ਮਨ ਹਰਿਆ ਆਪ ਵਖਾਇੰਦਾ । ਪੰਚਮ ਮੀਤਾ ਜਨ ਭਗਤਾਂ ਕਰੇ ਆਪੇ ਰੀਝ, ਸ਼ਿੰਗਾਰਾ ਨਾਮ ਕਰਾਇੰਦਾ । ਆਦਿ ਜੁਗਾਦੀ ਬੀਜੇ ਬੀਜ, ਆਪਣੀ ਹੱਥੀਂ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਨਾਮ ਨਿਧਾਨਾ ਏਕਾ ਗੁਣ ਵਖਾਇੰਦਾ । ਨਾਮ ਨਿਧਾਨ ਹਰਿ ਹਰਿ ਧਾਰ, ਹਰਿਜਨ ਵਿਚ ਟਿਕਾਈਆ । ਵੇਖ ਵਖਾਏ ਨਰ ਨਾਰ, ਨਰ ਨਰਾਇਣ ਜੋ ਰਹੇ ਗਾਈਆ । ਸਦਾ ਸੁਹੇਲਾ ਇਕ ਅਕੇਲਾ ਕਰੇ ਕਰਾਏ ਸਚ ਪਿਆਰ, ਸਾਚਾ ਮੇਲਾ ਮੇਲ ਮਿਲਾਈਆ । ਗੁਰੂ ਗੁਰ ਚੇਲਾ ਸੋਹੇ ਇਕ ਦਵਾਰ, ਦਰ ਦਵਾਰਾ ਇਕ ਵਖਾਈਆ । ਸੱਜਣ ਸੁਹੇਲਾ ਹਰਿ ਨਿਰੰਕਾਰ, ਡੁੱਬਦੇ ਪਾਥਰ ਲਏ ਤਰਾਈਆ । ਨਾਮ ਖੰਡਾ ਤੇਜ ਕਟਾਰ, ਗੁਰਸਿਖ ਕਾਇਆ ਗਾਤਰੇ ਆਪ ਲਟਕਾਈਆ । ਰਾਮ ਨਾਮ ਮਾਰੇ ਮਾਰ, ਜਗਤ ਵਿਕਾਰਾ ਮੇਟ ਮਿਟਾਈਆ । ਇਕ ਵਸਾਏ ਸਚ ਗਰਾਮ, ਗ੍ਰਿਹਿ ਮੰਦਰ ਵੇਖ ਵਖਾਈਆ । ਜਿਸ ਜਨ ਬਖ਼ਸ਼ੇ ਸਾਚਾ ਨਾਮ, ਹੰ ਬ੍ਰਹਮ ਰੂਪ ਅਖਵਾਈਆ । ਸੋਹੰ ਪੀਣਾ ਸਾਚਾ ਜਾਮ, ਚੇਤ ਚੇਤ ਸਹਿਜ ਸੁਖ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੜ ਅੱਗੇ ਖੜ, ਨਾ ਕੋਈ ਸੀਸ ਨਾ ਕੋਈ ਧੜ, ਜਨ ਭਗਤਾਂ ਆਪ ਫੜਾਈਆ ।

## ✪ ੨੭ ਜੇਠ ੨੦੧੯ ਬਿਕ੍ਰਮੀ ਪਰਕਾਸ਼ ਚੰਦ ਦੇ ਘਰ ਜੰਮੂ ✪

ਸਤਿਗੁਰ ਪੂਰਾ ਹਰਿ ਮਿਹਰਵਾਨ, ਇਕ ਅਕੱਲਾ ਏਕਉਂਕਾਰਿਆ । ਜੋਤੀ ਨੂਰ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਨਾਉਂ ਧਰਾ ਰਿਹਾ । ਆਦਿ



੬੦੦
ot

ਨਿਰੰਜਣ ਖੇਲ ਮਹਾਨ, ਪਾਰਬ੍ਰਹਮ ਰੂਪ ਸਮਾ ਰਿਹਾ । ਥਿਰ ਘਰ ਵਸੇ ਸਚ ਮਕਾਨ, ਬੰਕ ਦਵਾਰਾ ਆਪ ਉਪਾ ਲਿਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ, ਸਚ ਸਿੰਘਾਸਣ ਆਸਣ ਲਾ ਲਿਆ । ਆਪੇ ਦੇਵਣਹਾਰਾ ਆਪਣਾ ਦਾਨ, ਆਪਣੀ ਝੋਲੀ ਆਪ ਭਰਾ ਲਿਆ । ਆਪੇ ਦੇਵੇ ਧੁਰ ਫ਼ਰਮਾਣ, ਆਪ ਆਪਣਾ ਸ਼ਬਦ ਸੁਣਾ ਲਿਆ । ਆਪੇ ਵੇਖੇ ਦੋ ਜਹਾਨ, ਆਪ ਆਪਣੀ ਕਲ ਵਰਤਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਇਕ ਅਖਵਾ ਰਿਹਾ । ਸਤਿਗੁਰ ਸਾਚਾ ਹਰਿ ਭਗਵੰਤ, ਅਕਲ ਕਲਾ ਅਖਵਾਈਆ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਵੱਡੀ ਵਡਿਆਈਆ । ਆਪੇ ਬਣਾਏ ਆਪਣੀ ਬਣਤ, ਨਾ ਮਰੇ ਨਾ ਜਾਈਆ । ਸਾਚਾ ਮੰਦਰ ਇਕ ਸੁਹੰਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਚ ਸਿੰਘਾਸਣ ਨਾਰੀ ਕੰਤ, ਕੰਤ ਕੰਤੂਹਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਨਾਉਂ ਰਖਾਈਆ । ਸਤਿਗੁਰ ਸਾਚਾ ਹਰਿ ਨਿਰੰਕਾਰ, ਆਦਿ ਜੁਗਾਦਿ ਅਖਵਾਇਆ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਨਾਉਂ ਰਖਾਇਆ । ਆਪੇ ਪਾਵੇ ਆਪਣੀ ਸਾਰ, ਆਪ ਆਪਣਾ ਮੇਲ ਮਿਲਾਇਆ । ਆਪੇ ਬੰਨੇ ਆਪਣੀ ਧਾਰ, ਧਾਰ ਧਾਰਾ ਵਿਚੋਂ ਕਢਾਇਆ । ਅਲੱਖ ਅਗੋਚਰ ਅਗੰਮ ਅਪਾਰ, ਬੇਅੰਤ ਬੇਅੰਤ ਬੇਅੰਤ ਨਾਉਂ ਧਰਾਇਆ । ਅਲੱਖ ਨਿਰੰਜਣ ਬੇਐਬ ਪਰਵਰਦਿਗਾਰ, ਨੂਰੋ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਵੇਸ ਵਟਾਇਆ । ਸਤਿਗੁਰ ਸਾਚਾ ਸਚ ਮਹੱਲਾ, ਨਿਰਗੁਣ ਆਪਣਾ ਆਪ ਉਪਾਈਆ । ਪੁਰਖ ਅਕਾਲ ਵਸਿਆ ਇਕ ਅਕੱਲਾ, ਜੂਨੀ ਰਹਿਤ ਵੱਡੀ ਵਡਿਆਈਆ । ਆਪਣੇ ਦੀਪਕ ਆਪੇ ਬੱਲਾ, ਆਪਣੇ ਨੂਰ ਕਰੇ ਰੁਸ਼ਨਾਈਆ । ਆਪਣੇ ਪਰਕਾਸ਼ ਆਪੇ ਰੱਲਾ, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਆਪਣਾ ਸਿੰਘਾਸਣ ਆਪੇ ਮੱਲਾ, ਸ਼ਾਹ ਸ਼ਾਬਾਸਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਨਾਉਂ ਰਖਾਈਆ । ਸਤਿ ਸਤਿਗੁਰ ਸੱਚਾ ਨਾਉਂ ਰੱਖ, ਹਰਿ ਆਪਣਾ ਨਾਉਂ ਰਖਾਇਆ । ਆਪ ਆਪਣਾ ਕਰ ਪਰਤੱਖ, ਆਪ ਆਪਣਾ ਰੂਪ ਵਟਾਇਆ । ਆਪਣਾ ਲੇਖਾ ਆਪੇ ਲਿਖ, ਲਿਖਣਹਾਰਾ ਆਪ ਹੋ ਜਾਇਆ । ਆਪਣੀ ਸਿਖਿਆ ਆਪੇ ਸਿਖ, ਆਪਣੀ ਵਿਦਿਆ ਆਪ ਪੜ੍ਹਾਇਆ । ਆਪਣੀ ਮੰਗੇ ਆਪੇ ਭਿਖ, ਆਪਣੀ ਝੋਲੀ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਇਆ । ਸਤਿਗੁਰ ਸੱਚਾ ਹਰਿ ਭਗਵਾਨ, ਹਰਿ ਸਾਚੇ ਜੋਤ ਜਗਾਈਆ । ਏਕਾ ਵਸੇ ਸਚ ਮਕਾਨ, ਉਚ ਮਹੱਲ ਅਟੱਲ ਆਪ ਉਪਾਈਆ । ਆਪੇ ਹੋਇਆ ਨੌਜਵਾਨ, ਬਿਰਧ ਬਾਲ ਨਾ ਵੇਸ ਵਟਾਈਆ । ਆਪੇ ਖੇਲੇ ਖੇਲ ਮਹਾਨ, ਖੇਲ ਖੇਲੰਤਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਹਰਿ ਰਘੁਰਾਈਆ । ਸਤਿਗੁਰ ਸੱਚਾ ਸੱਚਾ ਦਾਤਾ, ਹਰਿ ਸਾਚੇ ਵਡ ਵਡਿਆਈਆ । ਆਪਣੀ ਰੱਖੇ ਉਤਮ ਜ਼ਾਤਾ, ਵਰਨ ਬਰਨ ਨਾ ਕੋਇ ਬਣਾਈਆ । ਬੈਠਾ ਰਹੇ ਇਕ ਅਕਾਂਤਾ, ਇਕ ਅਕੱਲਾ ਜੋਤ ਰੁਸ਼ਨਾਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਨਾ ਕੋਈ ਸੂਰਜ ਚੰਨ ਚੜ੍ਹਾਈਆ । ਨਾ ਕੋਈ ਮੰਡਪ ਮਾੜੀ ਵੇਖੇ ਬਹੁ ਬਿਧ ਭਾਂਤਾ, ਗਗਨ ਮੰਡਲ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਘਰ ਸਾਚਾ ਵੇਖ ਵਖਾਈਆ । ਸਾਚਾ ਹਰਿ ਦਰਵਾਜ਼ਾ, ਆਪਣਾ ਆਪ ਖੁਲ੍ਹਾਇੰਦਾ । ਪਰਮ ਪੁਰਖ ਪ੍ਰਭ ਗ਼ਰੀਬ ਨਿਵਾਜ਼ਾ, ਨਿਰਗੁਣ ਨਿਰਗੁਣ ਜੋਤ ਜਗਾਇੰਦਾ । ਆਪਣੀ ਰੱਖੀ

ਆਪੇ ਲਾਜਾ, ਆਪਣਾ ਪੜਦਾ ਆਪੇ ਪਾਇੰਦਾ । ਅਗੰਮ ਅਗੰਮੜੀ ਮਾਰੇ ਵਾਜਾ, ਸ਼ਬਦ ਅਨਾਦੀ ਸੁੱਤ ਉਪਜਾਇੰਦਾ । ਏਕਾ ਅਸਵ ਰੱਖਿਆ ਤਾਜਾ, ਸਾਚੇ ਘੋੜੇ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਰਚਿਆ ਕਾਜਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ । ਲੱਖ ਚੁਰਾਸੀ ਸਾਜਨ ਸਾਜਾ, ਤ੍ਰੈਗੁਣ ਮਾਇਆ ਬੰਧਨ ਪਾਇੰਦਾ । ਪੰਚਮ ਮੇਲਾ ਪੰਚਮ ਰਾਜਾ, ਪੰਚਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਹਰਿ ਮਿਹਰਵਾਨ, ਧੁਰ ਦਰਬਾਨ ਇਕ ਅਖਵਾਇੰਦਾ । ਸਤਿਗੁਰ ਸੱਚਾ ਸ਼ਹਿਨਸ਼ਾਹ, ਪਾਰਬ੍ਰਹਮ ਬੇਅੰਤ । ਆਪਣਾ ਬਣੇ ਆਪ ਮਲਾਹ, ਆਪ ਬਣਾਏ ਆਪਣੀ ਬਣਤ । ਬ੍ਰਹਮਾ ਵਿਸ਼ਨ ਸ਼ਿਵ ਲਏ ਉਪਾ, ਆਪੇ ਨਾਰੀ ਆਪੇ ਕੰਤ । ਆਪੇ ਸੇਜਾ ਰਿਹਾ ਹੰਢਾ, ਆਪੇ ਚਾੜ੍ਹੇ ਰੰਗ ਬਸੰਤ । ਆਪੇ ਲੱਖ ਚੁਰਾਸੀ ਲਏ ਉਪਾ, ਆਪੇ ਦੇਵੇ ਜੋਤ ਨਿਰੰਤ । ਆਪੇ ਮਨ ਮਤ ਬੁਧ ਵਿਚ ਟਿਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜੁਗਾ ਜੁਗੰਤ । ਸਤਿਗੁਰ ਪੂਰਾ ਜਾਗਰਤ ਜੋਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਚੱਕਰ ਚਿਹਨ ਨਾ ਕੋਇ ਵਖਾਈਆ । ਰੂਪ ਅਨੂਪਾ ਕੋਟੀ ਕੋਟ, ਘੜ ਭਾਂਡੇ ਸਾਜ ਧਰਾਈਆ । ਸ਼ਬਦ ਅਗੰਮੀ ਲਾਏ ਚੋਟ, ਧੁਨ ਆਤਮਕ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਸਾਚਾ ਮਾਰਗ ਇਕ ਵਖਾਈਆ । ਸਤਿਗੁਰ ਸੱਚਾ ਦੀਨ ਦਿਆਲ, ਆਦਿ ਨਿਰੰਜਣ ਰੂਪ ਵਟਾਇੰਦਾ । ਸੰਗ ਰਖਾਏ ਕਾਲ ਮਹਾਂਕਾਲ, ਆਪ ਆਪਣੇ ਲਾਲ ਉਠਾਇੰਦਾ । ਲੱਖ ਚੁਰਾਸੀ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਹੋ ਜਾਇੰਦਾ । ਆਪੇ ਬਣੇ ਸ਼ਬਦ ਦਲਾਲ, ਗੁਰ ਗੁਰ ਵੇਸ ਧਰਾਇੰਦਾ । ਲੱਖ ਚੁਰਾਸੀ ਵੱਜੇ ਤਾਲ, ਤਾਲ ਤਲਵਾੜਾ ਆਪ ਵਜਾਇੰਦਾ । ਆਪਣੀ ਘਾਲਨ ਆਪੇ ਘਾਲ, ਆਪਣੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੇਵੇ ਵਰ, ਸ਼ਬਦ ਗੁਰ ਇਕ ਉਪਜਾਇੰਦਾ । ਸ਼ਬਦ ਗੁਰ ਸੂਰਬੀਰ ਬਲਕਾਰਾ, ਹਰਿ ਸਤਿਗੁਰ ਆਪ ਉਪਜਾਇੰਦਾ । ਨਿਰਗੁਣ ਸਰਗੁਣ ਕਰ ਪਿਆਰਾ, ਪੰਜ ਤੱਤ ਮੇਲ ਮਿਲਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਬ੍ਰਹਮ ਪਾਰਬ੍ਰਹਮ ਜਣਾਇੰਦਾ । ਏਕਾ ਮੰਦਰ ਖੇਲ ਨਿਆਰਾ, ਘਰ ਘਰ ਵਿਚ ਸੋਭਾ ਪਾਇੰਦਾ । ਅਗੰਮ ਅਗੰਮੜੀ ਕਰੇ ਕਾਰਾ, ਅਲੱਖ ਅਲੱਖਣਾ ਲੇਖ ਲਿਖਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਕਰਨੀ ਕਰਤਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਸਾਚਾ ਕਰਮ ਕਮਾਇੰਦਾ । ਸਤਿਗੁਰ ਸੱਚਾ ਸਾਖਿਆਤ, ਹਰਿ ਸਾਚੇ ਸਚ ਵਡਿਆਈਆ । ਗੁਰ ਮੰਤਰ ਦੇਵੇ ਨਾਮ ਦਾਤ, ਪੰਜ ਤੱਤ ਕਰੇ ਕੁੜਮਾਈਆ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਨ ਚੜ੍ਹਾਈਆ । ਅੰਮ੍ਰਿਤ ਆਤਮ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਸੱਚਾ ਮਿਹਰਵਾਨ, ਗੁਰ ਗੁਰ ਵੇਸ ਕਰਾਈਆ । ਹਰਿ ਸਤਿਗੁਰ ਸਾਚੀ ਸਿਖਿਆ, ਗੁਰ ਮੰਤਰ ਨਾਮ ਦ੍ਰਿੜਾਇਆ । ਗੁਰ ਮੰਗੀ ਏਕਾ ਭਿਖਿਆ, ਹਰਿ ਨਾਮਾ ਝੋਲੀ ਪਾਇਆ । ਧੁਰ ਮਸਤਕ ਆਪੇ ਲਿਖਿਆ, ਗੁਰਮੁਖ ਸਾਚੇ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਸ ਵਟਾਇਆ । ਸਤਿਗੁਰ ਸੱਚਾ ਦੇਵਣਹਾਰ, ਏਕਾ ਨਾਮ ਭੰਡਾਰਿਆ । ਗੁਰ ਗੁਰ ਲਏ ਮਾਤ ਅਵਤਾਰ, ਜਗ ਖੇਲ ਅਪਾਰਿਆ । ਭਗਤਨ ਮੀਤਾ ਖ਼ਬਰਦਾਰ, ਗੁਰਮੁਖ ਸੋਏ ਮਾਤ ਉਠਾ ਰਿਹਾ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਨਾਤਾ


੬੦੨
੦੮

ਆਪ ਜੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕਓਂਕਾਰ ਅਕਲ ਕਲ ਧਾਰ ਆਪਣੀ ਕਲ ਵਰਤਾ ਰਿਹਾ । ਸਤਿਗੁਰ ਸਾਚਾ ਇਕ ਅਕੱਲਾ, ਏਕਾ ਰੰਗ ਰੰਗਾਈਆ । ਗੁਰ ਗੁਰ ਵਸਾਏ ਸਚ ਮਹੱਲਾ, ਲੋਕਮਾਤ ਵੱਜੇ ਵਧਾਈਆ । ਵਸਣਹਾਰਾ ਜਲਾਂ ਥਲਾਂ, ਗੁਰਮੁਖ ਸਾਚੇ ਲਏ ਜਗਾਈਆ । ਗੁਰਮੁਖ ਆਤਮ ਸਚ ਸਿੰਘਾਸਣ ਏਕਾ ਮੱਲਾ, ਆਪ ਆਪਣੀ ਸੇਜ ਵਿਛਾਈਆ । ਨਿਰਗੁਣ ਸਰਗੁਣ ਫੜਾਏ ਪੱਲਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜੁਗਾ ਜੁਗੰਤ ਹਰਿ ਭਗਵੰਤ ਵੱਡੀ ਵਡਿਆਈਆ । ਭਗਤਨ ਮੀਤਾ ਪੁਰਖ ਅਬਿਨਾਸ਼ਾ, ਜਨ ਭਗਤਾਂ ਖੇਲ ਖਿਲਾਇੰਦਾ । ਗੁਰ ਗੁਰ ਵੇਖੇ ਜਗਤ ਤਮਾਸਾ, ਆਪ ਆਪਣਾ ਮਾਰਗ ਲਾਇੰਦਾ । ਗੁਰਮੁਖਾਂ ਅੰਦਰ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਇੰਦਾ । ਗੁਰਸਿਖ ਗਾਏ ਸਵਾਸ ਸਵਾਸਾ, ਰਸਨਾ ਜੇਹਵਾ ਗੁਣ ਵਖਾਇੰਦਾ । ਪੂਰਨ ਕਰੇ ਜੁਗ ਜੁਗ ਆਸਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਸਤਿ ਸਰੂਪ ਆਪ ਅਖਵਾਇੰਦਾ । ਸਤਿਗੁਰ ਪੂਰਾ ਸ਼ਾਹ ਸੁਲਤਾਨ, ਘਰ ਸਾਚੇ ਵੱਜੇ ਵਧਾਈਆ । ਗੁਰ ਮੰਤਰ ਦੇਵੇ ਇਕ ਗਿਆਨ, ਲੱਖ ਚੁਰਾਸੀ ਕਰੇ ਪੜ੍ਹਾਈਆ । ਜੀਵ ਜੰਤ ਸਭ ਰਸਨਾ ਗਾਨ, ਆਤਮ ਅੰਤਰ ਇਕ ਲਿਵ ਲਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਦੇ ਮਤ ਆਪ ਸਮਝਾਈਆ । ਏਕਾ ਦੂਜਾ ਭੇਵ ਮਿਟਾਣ, ਤੀਜੇ ਲੋਇਣ ਕਰੇ ਰੁਸ਼ਨਾਈਆ । ਚੌਥੇ ਪਦ ਮੇਲ ਸ੍ਰੀ ਭਗਵਾਨ, ਹਰਿ ਮੇਲਾ ਸਹਿਜ ਸੁਭਾਈਆ । ਛੇਵੇਂ ਛੱਪਰ ਨਾ ਕੋਈ ਮਕਾਨ, ਸੱਤਵੇਂ ਸਤਿ ਪੁਰਖ ਨਿਰੰਜਣ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਸਤਿਗੁਰ ਪੂਰਾ ਆਪ ਹੋ ਜਾਈਆ । ਸਤਿਗੁਰ ਪੂਰਾ ਜੀਅ ਦਾਤਾ, ਦਇਆਵਾਨ ਅਖਵਾਇੰਦਾ । ਗੁਰ ਗੁਰ ਸੁਣਾਏ ਸਾਚੀ ਗਾਥਾ, ਹਰਿ ਕਾ ਨਾਮ ਮੰਤਰ ਅਲਾਇੰਦਾ । ਗੁਰਮੁਖਾਂ ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਪੂਰਬ ਝੋਲੀ ਪਾਇੰਦਾ । ਗੁਰਸਿਖ ਚੜ੍ਹਾਏ ਸਾਚੇ ਰਾਥਾ, ਰਥ ਰਥਵਾਹੀ ਆਪ ਹੋ ਜਾਇੰਦਾ । ਆਪੇ ਹੋ ਤ੍ਰਿਲੋਕੀ ਨਾਥਾ, ਤ੍ਰੈਲੋਕਾਂ ਵੇਖ ਵਖਾਇੰਦਾ । ਚੌਦਾਂ ਲੋਕਾਂ ਏਕਾ ਹਾਟਾ, ਏਕਾ ਵਣਜ ਕਰਾਇੰਦਾ । ਏਕਾ ਵਸਤ ਏਕਾ ਖਾਟਾ, ਏਕਾ ਆਸਣ ਲਾਇੰਦਾ । ਏਕਾ ਜੋਤੀ ਨੂਰ ਲਿਲਾਟਾ, ਏਕਾ ਡਗਮਗਾਇੰਦਾ । ਏਕਾ ਅੰਮ੍ਰਿਤ ਮਾਰੇ ਠਾਠਾ, ਸਰ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪ ਆਪਣੀ ਖੇਲ ਖਿਲਾਇੰਦਾ । ਸਤਿਗੁਰ ਪੂਰਾ ਦੀਨਾ ਬੰਧਨ, ਨਾਥ ਅਨਾਥਾਂ ਲਏ ਉਠਾਈਆ । ਗੁਰ ਗੁਰ ਦੇਵੇ ਪਰਮਾਨੰਦਨ, ਪਰਮ ਪੁਰਖ ਮਿਲਾਈਆ । ਗੁਰਮੁਖਾਂ ਮਸਤਕ ਲਾਏ ਚੰਦਨ, ਧੂੜੀ ਟਿੱਕਾ ਇਕ ਛੁਹਾਈਆ । ਗੁਰਮੁਖਾਂ ਤੋੜੇ ਜਗਤ ਜੰਜਾਲਾ ਬੰਧਨ, ਮਾਇਆ ਮਮਤਾ ਮੋਹ ਚੁਕਾਈਆ । ਨਾਮ ਸੁਣਾਏ ਸੁਹਾਗੀ ਛੰਦਨ, ਪੰਚਮ ਸਖੀਆਂ ਮਿਲ ਮਿਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਸਚਖੰਡ, ਸਾਚਾ ਥਾਨ ਸੁਹਾਇੰਦਾ । ਗੁਰ ਗੁਰ ਨਾਮ ਦੇਵੇ ਵੰਡ, ਆਪਣੀ ਵੰਡ ਵੰਡਾਇੰਦਾ । ਗੁਰਮੁਖ ਅੰਤਰ ਪਾਏ ਠੰਡ, ਸਾਂਤਕ ਸਤਿ ਕਰਾਇੰਦਾ । ਗੁਰਮੁਖਾਂ ਪੱਲੇ ਬੰਨੇ ਨਾਮ ਗੰਢ, ਚੋਰ ਯਾਰ ਲੁੱਟ ਕੋਈ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਪਰਮ ਪੁਰਖ ਸੁਲਤਾਨਿਆ । ਸਤਿਜੁਗ ਤ੍ਰੇਤਾ ਦੁਆਪਰ ਹਰਿ ਪਾਵੇ ਸਾਰਾ, ਕਲਜੁਗ

ਖੇਲੇ ਖੇਲ ਮਹਾਨਿਆ । ਆਪੇ ਰਾਮ ਕ੍ਰਿਸ਼ਨਾ ਲਏ ਅਵਤਾਰਾ, ਨਿਰਗੁਣ ਜੋਤੀ ਜੋਤ ਜੋਤ ਜਗਾਨਿਆ । ਆਪੇ ਵੇਦ ਵਿਆਸਾ ਬਣ ਲਿਖਾਰਾ, ਪੁਰਾਨੀ ਪੁਰਾਨ ਆਪ ਅਖਵਾਨਿਆ । ਗੀਤਾ ਗਿਆਨ ਦਏ ਅਧਾਰਾ, ਤੀਰ ਨਿਸ਼ਾਨਾ ਮਾਰੇ ਬਾਣਿਆ । ਆਪੇ ਈਸਾ ਮੂਸਾ ਕਰ ਵਣਜਾਰਾ, ਅੰਜੀਲ ਕੁਰਾਨ ਕਰੇ ਪਰਧਾਨਿਆ । ਆਪੇ ਮੇਲਾ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਆਪ ਪਰਨਾਨਿਆ । ਆਪੇ ਕਲਮਾ ਰਸੂਲ ਕਾਇਨਾਤ ਲਾਏ ਨਾਅਰਾ, ਆਪ ਆਪਣਾ ਖੇਲ ਖਿਲਾਨਿਆ । ਆਪੇ ਨਿਰਗੁਣ ਨਾਨਕ ਬੰਨ੍ਹੇ ਧਾਰਾ, ਨਾਮ ਸਤਿ ਮੰਤਰ ਇਕ ਦ੍ਰਿੜਾਨਿਆ । ਆਪੇ ਜੋਤੀ ਦਸ ਅਵਤਾਰਾ, ਗੁਰ ਗੋਬਿੰਦ ਜੋਧਾ ਸੂਰਬੀਰ ਬਲਵਾਨਿਆ । ਆਪੇ ਅਰਜਨ ਪੰਚਮ ਬਣ ਲਿਖਾਰਾ, ਆਪ ਆਪਣਾ ਭੇਵ ਖੁਲਾਨਿਆ । ਆਪੇ ਵਸੇ ਸਭ ਤੋਂ ਬਾਹਰਾ, ਭੇਵ ਕੋਇ ਨਾ ਪਾਨਿਆ । ਆਦਿ ਜੁਗਾਦੀ ਏਕੰਕਾਰਾ, ਅਕਲ ਕਲਾ ਅਖਵਾਨਿਆ । ਲੱਖ ਚੁਰਾਸੀ ਪਾਵੇ ਸਾਰਾ, ਦੇਵੇ ਧੁਰ ਫ਼ਰਮਾਣਿਆ । ਬ੍ਰਹਮਾ ਵਿਸ਼ਨ ਸ਼ਿਵ ਕੋਟਨ ਕੋਟ ਖੜੇ ਰਹਿਣ ਦਵਾਰਾ, ਨਿਉਂ ਨਿਉਂ ਸੀਸ ਝੁਕਾਨਿਆ । ਕਰੋੜ ਤੇਤੀਸਾ ਬਣੇ ਭਿਖਾਰਾ, ਸੁਰਪਤ ਰਾਜਾ ਇੰਦ ਨਾਲ ਮਿਲਾਨਿਆ । ਰਾਏ ਧਰਮ ਮਾਰੇ ਨਾਅਰਾ, ਨੇਤਰ ਨੈਣਾਂ ਨੀਰ ਵਹਾਨਿਆ । ਚਿਤਰ ਗੁਪਤ ਢਹਿ ਪਏ ਦਵਾਰਾ, ਆਪਣਾ ਲੇਖਾ ਆਪ ਵਖਾਨਿਆ । ਧਰਤ ਮਾਤ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਨਿਆ । ਸ਼ਾਹ ਸੁਲਤਾਨ ਹੋਏ ਗਵਾਰਾ, ਸਾਚਾ ਧਰਮ ਨਾ ਕੋਈ ਵਖਾਨਿਆ । ਚਾਰ ਵਰਨ ਨਾਰ ਵਿਭਚਾਰਾ, ਸਾਚਾ ਕੰਤ ਨਾ ਕੋਈ ਹੰਢਾਨਿਆ । ਮਨਮਤ ਲੋਕਮਾਤ ਹੋਈ ਅਵਾਰਾ, ਦਹਿ ਦਿਸ਼ਾ ਫੇਰੀ ਪਾਨਿਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਜੁਗਾ ਜੁਗੰਤਰ ਵੇਖੇ ਮਾਰ ਧਿਆਨਿਆ । ਥਿਰ ਘਰ ਬੈਠਾ ਸਚ ਦਵਾਰਾ, ਜੋਤੀ ਜੋਤ ਡਗਮਗਾਨਿਆ । ਸ਼ਬਦੀ ਸ਼ਬਦ ਲਏ ਅਵਤਾਰਾ, ਜੋਧਾ ਸੂਰਬੀਰ ਆਪ ਹੋ ਜਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵਰਤੇ ਆਪਣੇ ਭਾਣਿਆ । ਸਤਿਗੁਰ ਸੱਚੇ ਸਾਚਾ ਭਾਣਾ, ਆਪਣੇ ਹੱਥ ਰਖਾਇਆ । ਨਾ ਕੋਈ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨ ਭੇਵ ਨਾ ਪਾਇਆ । ਗੁਰਮੁਖ ਵਿਰਲੇ ਦਰ ਆਪਣੇ ਦੇਵੇ ਮਾਣਾ, ਮਨਮੁਖ ਗੂੜ੍ਹੀ ਨੀਂਦ ਸੁਵਾਇਆ । ਜੂਠਾ ਝੂਠਾ ਤਣਿਆ ਤਾਣਾ, ਪੰਚ ਵਿਕਾਰਾ ਜਾਲ ਲਗਾਇਆ । ਸਾਧ ਸੰਤ ਮਾਇਆ ਮਮਤਾ ਲੋਭ ਹਲਕਾਨਾ, ਕਾਮ ਕਰੋਧ ਸੰਗ ਰਖਾਇਆ । ਕਿਸੇ ਮੰਦਰ ਅੰਦਰ ਵੱਜੇ ਨਾ ਰਾਗ ਤਰਾਨਾ, ਅਨਹਦ ਤਾਲ ਨਾ ਕੋਇ ਸੁਣਾਇਆ । ਪੰਜ ਤੱਤ ਮੁਨਾਰਾ ਦਿਸੇ ਸੁੰਞ ਮਸਾਣਾ, ਹਰਿ ਕਾ ਰੂਪ ਨਾ ਕੋਈ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਵੇਸ ਆਪ ਕਰਾਇਆ । ਸਾਚਾ ਵੇਸ ਹਰਿ ਬਨਵਾਰੀ, ਸਤਿਗੁਰ ਪੁਰਖ ਕਰਾਇੰਦਾ । ਇਕ ਅਕੱਲਾ ਏਕੰਕਾਰੀ, ਆਪਣੀ ਕਲ ਵਰਤਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਸਰਗੁਣ ਵੇਖ ਵਖਾਇੰਦਾ । ਲੋਆਂ ਪੁਰੀਆਂ ਪਾਵੇ ਸਾਰੀ, ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇੰਦਾ । ਜੇਰਜ ਅੰਡਾਂ ਰਿਹਾ ਲਲਕਾਰੀ, ਉਤਭੁਜ ਸੇਤਜ ਆਪ ਉਠਾਇੰਦਾ । ਰਾਜ ਰਾਜਾਨਾਂ ਕਰੇ ਖੁਵਾਰੀ, ਸ਼ਾਹ ਸੁਲਤਾਨਾਂ ਖ਼ਾਕ ਰਲਾਇੰਦਾ । ਲਹਿਣਾ ਦੇਣਾ ਚੁੱਕੇ ਪੰਜ ਤੱਤ ਹੰਕਾਰੀ, ਨਾਮ ਖੰਡਾ ਹੱਥ ਉਠਾਇੰਦਾ । ਜੂਠ ਝੂਠ ਰਿਹਾ ਮਾਰੀ, ਵਹਿੰਦੀ ਧਾਰੀ ਆਪ ਰੁੜ੍ਹਾਇੰਦਾ । ਕਲਜੁਗ ਅੰਤਮ ਨਾਤਾ ਤੁਟੇ ਯਾਰੀ, ਚਾਰ ਯਾਰ ਸੰਗ ਮੁਹੰਮਦ ਕੋਇ ਨਾ ਨਾਲ ਰਖਾਇੰਦਾ । ਅੰਜੀਲ ਕੁਰਾਨਾ ਕਰੇ ਪੁਕਾਰੀ, ਬਹਿ ਬਹਿ ਮਤਾ ਪਕਾਇੰਦਾ । ਅੰਤਮ ਕਲਜੁਗ ਆਈ ਵਾਰੀ, ਨਾ ਕੋਈ ਸੰਗ ਰਖਾਇੰਦਾ । ਅੱਲਾ ਰਾਣੀ ਨੇਤਰ ਰੋਵੇ ਜ਼ਾਰੋ ਜ਼ਾਰੀ, ਮੁਖ ਪੱਲੂ

ਆਪੇ ਲਾਹਿੰਦਾ । ਨਾਨਕ ਗੋਬਿੰਦ ਬਣ ਲਿਖਾਰੀ, ਕਲਜੁਗ ਲੇਖਾ ਲੇਖ ਚੁਕਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰੀ, ਭੇਵ ਅਭੇਦਾ ਭੇਵ ਛੁਪਾਇੰਦਾ । ਆਵੇ ਜਾਵੇ ਵਾਰੋ ਵਾਰੀ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਸੰਬਲ ਨਗਰੀ ਡੇਰਾ ਲਾਇੰਦਾ । ਖੜਗ ਖੰਡਾ ਤੇਜ਼ ਕਟਾਰੀ, ਬ੍ਰਹਿਮੰਡਾਂ ਨਾਮ ਚਮਕਾਇੰਦਾ । ਮਨਮੁਖ ਜੀਆਂ ਜਾਏ ਮਾਰੀ, ਤਿਖੀ ਦੋਵੇਂ ਧਾਰ ਵਖਾਇੰਦਾ । ਗੁਰਮੁਖ ਸਾਜਣ ਜਾਏ ਤਾਰੀ, ਫੜ ਬਾਂਹੋਂ ਗਲ ਲਗਾਇੰਦਾ । ਏਕਾ ਦੇਵੇ ਨਾਮ ਖੁਮਾਰੀ, ਰਾਮ ਨਾਮ ਝੋਲੀ ਪਾਇੰਦਾ । ਮੋਹਣ ਮੁਕਟ ਨਰ ਨਰਾਇਣ ਮੁਕੰਦ ਮਨੋਹਰ ਲੱਖਮੀ ਨਰਾਇਣ, ਨੇਤਰ ਨੈਣ ਇਕ ਖੁਲ੍ਹਾਇੰਦਾ । ਰਾਮ ਰਾਮਾ ਹਰਿ ਅਵਤਾਰੀ, ਹਰਿ ਜੂ ਹਰਿ ਮੰਦਰ ਡੇਰਾ ਲਾਇੰਦਾ । ਨਾਨਕ ਨਿਰਗੁਣ ਨਿਰਗੁਣ ਧਾਰੀ, ਤ੍ਰੈਗੁਣ ਬੰਧਨ ਕੋਇ ਨਾ ਪਾਇੰਦਾ । ਗੁਰ ਗੋਬਿੰਦ ਸ਼ਾਹ ਸਵਾਰੀ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਲੋਕਮਾਤ ਵੇਖੇ ਵਡ ਸੰਸਾਰੀ, ਸਮੁੰਦ ਸਾਗਰ ਫੋਲ ਫੋਲਾਇੰਦਾ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜੀ, ਸਤਿਗੁਰ ਪੂਰਾ ਫੋਲ ਫੋਲਾਇੰਦਾ । ਜਨ ਭਗਤਾਂ ਫਿਰੇ ਪਿੱਛੇ ਅਗਾੜੀ, ਜੁਗ ਜੁਗ ਸੇਵ ਕਮਾਇੰਦਾ । ਕਰੇ ਪਰਕਾਸ਼ ਬਹੱਤਰ ਨਾੜੀ, ਜੋਤ ਨਿਰੰਜਣ ਆਪ ਜਗਾਇੰਦਾ । ਸਾਚੇ ਮੰਦਰ ਜਾਏ ਵਾੜੀ, ਕਬੀਰ ਕਬੀਰਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਗੁਰ ਪੂਰਾ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਸਤਿਗੁਰ ਪੂਰਾ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਗੁਰ ਮੰਤਰ ਦੇਵੇ ਨਾਮ ਅੰਜਨ, ਨਾਮ ਸਤਿ ਵੱਡੀ ਵਡਿਆਈਆ । ਚਰਨ ਧੂੜ ਜਨ ਸਾਚਾ ਮਜਨ, ਦੁਰਮਤ ਮੈਲ ਗਵਾਈਆ । ਧੁਰ ਦਰਗਾਹੀ ਸਾਚਾ ਸੱਜਣ, ਲੋਕਮਾਤ ਫੇਰਾ ਪਾਈਆ । ਜਨ ਭਗਤਾਂ ਆਏ ਪੜਦਾ ਕੱਜਣ, ਜੁਗ ਜੁਗ ਵੱਡੀ ਵਡਿਆਈਆ । ਸ਼ਬਦ ਅਨਾਦੀ ਤਾਲ ਘਰ ਸਾਚੇ ਵੱਜਣ, ਤਾਲ ਤਲਵਾੜਾ ਇਕ ਵਖਾਈਆ । ਗੜ੍ਹ ਹੰਕਾਰੀ, ਭਾਂਡੇ ਭੱਜਣ, ਜੋ ਜਨ ਆਏ ਸਰਨਾਈਆ । ਆਪੇ ਰੱਖਣਹਾਰਾ ਲੱਜਣ, ਵੇਲੇ ਅੰਤ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਜੋਤੀ ਨੂਰਾ ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਨਿਹਕਲੰਕ, ਨਿਰਗੁਣ ਆਪ ਅਖਵਾਇਆ । ਆਪ ਵਜਾਏ ਆਪਣਾ ਡੰਕ, ਸ਼ਬਦ ਡੰਡਾ ਹੱਥ ਉਠਾਇਆ । ਵੇਖ ਵਖਾਏ ਰਾਓ ਰੰਕ, ਊਚਾਂ ਨੀਚਾਂ ਆਪ ਸਮਾਇਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇਆ । ਖੇਲੇ ਖੇਲ ਬਾਰ ਅਨਕ, ਕਲਜੁਗ ਅੰਤਮ ਵੇਸ ਵਟਾਇਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਘਰ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਬੰਧਨ ਪਾਇਆ । ਸਤਿਗੁਰ ਪੂਰਾ ਬੰਦੀ ਛੋੜ, ਬੰਦੀ ਬੰਦ ਕਟਾਇੰਦਾ । ਗੁਰ ਗੁਰ ਲਗਾਏ ਨਿਭੇ ਤੋੜ, ਨਾ ਕੋਈ ਤੋੜ ਤੁੜਾਇੰਦਾ । ਗੁਰਮੁਖ ਚੜ੍ਹੇ ਸਾਚੇ ਘੋੜ, ਦਰਗਹਿ ਸਾਚੀ ਆਪ ਵਖਾਇੰਦਾ । ਆਦਿ ਅੰਤ ਜਾਏ ਬੌਹੜ, ਆਪ ਆਪਣਾ ਬਿਰਧ ਧਰਾਇੰਦਾ । ਜਿਸ ਜਨ ਅੰਤਰ ਲੱਗੀ ਔੜ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਲੱਖ ਚੁਰਾਸੀ ਵੇਖੇ ਫਲ ਮਿਠਾ ਕੌੜ, ਕੌੜਾ ਰੀਠਾ ਭੰਨ ਵਖਾਇੰਦਾ । ਦੋ ਜਹਾਨਾਂ ਰਿਹਾ ਦੌੜ, ਆਪ ਆਪਣਾ ਪੰਧ ਮੁਕਾਇੰਦਾ । ਆਪੇ ਜਾਣੇ ਪੂਤ ਸਪੂਤਾ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਆਸਣ ਲਾਇੰਦਾ । ਆਪੇ ਲਾਏ ਆਪਣਾ ਪੌੜ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,

ਨਿਰਗੁਣ ਧਾਰ ਜੋਤ ਨਿਰੰਕਾਰ ਆਪਣੀ ਆਪ ਆਪ ਉਪਜਾਇੰਦਾ । ਨਿਹਕਲੰਕ ਹਰਿ ਕਾ ਨਾਉਂ, ਨਾ ਮਰੇ ਨਾ ਜਾਇਆ । ਏਕਾ ਵਸੇ ਸਚ ਗਰਾਉਂ, ਨੇਹਚਲ ਧਾਮ ਸੁਹਾਇਆ । ਨਾ ਕੋਈ ਪਿਤਾ ਨਾ ਕੋਈ ਮਾਉਂ, ਬਾਲਕ ਗੋਦ ਨਾ ਕਿਸੇ ਉਠਾਇਆ । ਨਾ ਕੋਈ ਦੇਵੇ ਠੰਡੀ ਛਾਉਂ, ਸਿਰ ਹੱਥ ਨਾ ਕਿਸੇ ਟਿਕਾਇਆ । ਨਾ ਕੋਈ ਕਰੇ ਬੈਠ ਨਿਆਉਂ, ਇਕ ਅਕੱਲਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਨਿਹਕਲੰਕ ਇਕ ਅਕੱਲਾ, ਘਰ ਮੰਦਰ ਇਕ ਸੁਹਾਇੰਦਾ । ਆਪੇ ਹੋਏ ਅਛਲ ਅਛੱਲਾ, ਅਛਲ ਅਛੱਲ ਆਪ ਕਰਾਇੰਦਾ । ਆਪਣੀ ਜੋਤੀ ਆਪੇ ਰੱਲਾ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਸੁਨੇਹੜਾ ਏਕਾ ਘੱਲਾ, ਕਲਜੁਗ ਖੇਲ ਖਿਲਾਇੰਦਾ । ਬੋਲਣਹਾਰਾ ਅੰਤਮ ਹੱਲਾ, ਲੱਖ ਚੁਰਾਸੀ ਆਪ ਜਗਾਇੰਦਾ । ਬਿਨ ਹਰਿ ਭਗਤ ਨਾ ਫੜੇ ਕੋਈ ਪੱਲਾ, ਖਾਲੀ ਹੱਥ ਸਰਬ ਫਿਰਾਇੰਦਾ । ਕਿਸੇ ਫਲ ਨਾ ਦਿਸੇ ਡਾਲ੍ਹਾ, ਸਿੰਮਲ ਰੁਖ ਲਹਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਰਖਾਇੰਦਾ । ਨਾਉਂ ਨਿਰੰਕਾਰ ਆਪ ਅਲਾਹ, ਅਲਾਹੀ ਨੂਰ ਅਖਵਾਇਆ । ਆਪਣਾ ਸਜਦਾ ਆਪ ਕਰਾ, ਆਪੇ ਸੀਸ ਝੁਕਾਇਆ । ਆਪਣਾ ਕਲਮਾ ਆਪ ਪੜ੍ਹਾ, ਮੁਕਾਮੇ ਹੱਕ ਆਪ ਮਿਲਾਇਆ । ਸ਼ਰਅ ਸ਼ਰੀਅਤ ਆਪ ਜਣਾ, ਲਾਸ਼ਰੀਕ ਆਪ ਖ਼ੁਦਾਇਆ । ਹੱਕ ਹਕੀਕਤ ਵੇਖ ਵਖਾ, ਖ਼ਾਲਕ ਖ਼ਲਕ ਦਏ ਹਿਲਾਇਆ । ਕਲਜੁਗ ਤਾਰੀਕ ਇਕ ਲਿਖਾ, ਲੇਖਾ ਦਏ ਮੁਕਾਇਆ । ਚੌਦਾਂ ਤਬਕਾਂ ਫੋਲ ਫੁਲਾ, ਸਦ ਚੌਦਾਂ ਪਾਰ ਕਰਾਇਆ । ਏਕਾ ਡੰਕਾ ਰਿਹਾ ਵੱਜਾ, ਭੁੱਲ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਕਾਰ ਨਿਰੰਕਾਰ ਨਿਰਵੈਰ ਆਪ ਹੋ ਜਾਇਆ । ਨਿਰਅਕਾਰ ਅਕਾਲ ਮੂਰਤ, ਜੂਨੀ ਰਹਿਤ ਅਖਵਾਈਆ । ਸਤਿ ਸਰੂਪ ਸਾਚੀ ਸੂਰਤ, ਸਤਿ ਪੁਰਖ ਨਿਰੰਜਣ ਆਪ ਵਖਾਈਆ । ਸ਼ਬਦ ਅਗੰਮਾ ਨਾਦ ਤੂਰਤ, ਨਿਰੰਕਾਰ ਆਪ ਵਜਾਈਆ । ਆਪ ਸੁਣਾਏ ਨੇੜੇ ਦੂਰਤ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਨਾਤਾ ਤੋੜੇ ਕੂੜੇ ਕੂੜਤ, ਕੂੜੀ ਕਿਰਿਆ ਮੇਟ ਮਿਟਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧੂੜਤ, ਸਿਰ ਆਪਣਾ ਹੱਥ ਟਿਕਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜਤ, ਮਾਇਆ ਮਮਤਾ ਮੋਹ ਚੁਕਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜਤ, ਉਤਰ ਕਦੇ ਨਾ ਜਾਈਆ । ਮਨਮੁਖ ਮਨਮੁਖ ਜੀਵ ਰਹੇ ਝੂਰਤ, ਮੁਖ ਨਿੰਦਕ ਰਸਨਾ ਕਾਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਏਕੰਕਾਰਾ ਆਪ ਅਖਵਾਈਆ । ਸਤਿਗੁਰ ਸਰਨਾਈ ਸਾਚੀ ਓਟ, ਘਰ ਸੱਜਣ ਸੱਚਾ ਪਾਇਆ । ਉਤਰੇ ਪਾਪ ਕੋਟੀ ਕੋਟ, ਜਿਸ ਜਨ ਆਪਣੇ ਗਲੇ ਲਗਾਇਆ । ਜਗਤ ਵਿਕਾਰਾ ਕੱਢੇ ਖੋਟ, ਸਚ ਸਚ ਨਾਮ ਦ੍ਰਿੜਾਇਆ । ਨਿਰਗੁਣ ਜਗਾਈ ਨਿਰਗੁਣ ਜੋਤ, ਜੋਤੀ ਜੋਤ ਕਰੇ ਰੁਸ਼ਨਾਇਆ । ਅਨਹਦ ਲਗਾਈ ਸਾਚੀ ਚੋਟ, ਸਾਚਾ ਰਾਗ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੰਕਾਰਾ ਰੂਪ ਵਟਾਇਆ ।

ਪੰਜ ਤੱਤ ਤਨ ਸ਼ਰੀਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਇਆ । ਪੰਜ ਤੱਤ ਮਾਰੇ ਤੀਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ ।


੬੦੬ ੦੮

ਪੰਜ ਸ਼ਬਦ ਬੰਨੇ ਧੀਰ, ਸਾਚੇ ਮੰਦਰ ਅੰਦਰ ਆਪ ਸੁਣਾਇਆ । ਪੰਜਾਂ ਕੱਢੇ ਹਉਮੇ ਪੀੜ, ਅਗਨੀ ਤੱਤ ਬੁਝਾਇਆ । ਪੰਜਾਂ ਚੋਟੀ ਚਾੜ੍ਹੇ ਅਖ਼ੀਰ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇਆ । ਆਪਣੀ ਹੱਥੀਂ ਦੇਵੇ ਸੀਰ, ਅੰਮ੍ਰਿਤ ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਚਿੰਤਾ ਸੋਗ ਦਏ ਮਿਟਾਇਆ । ਚਿੰਤਾ ਸੋਗ ਮਿਟੇ ਦੁੱਖ, ਲੱਥੇ ਸਗਲ ਵਿਸੂਰਾ । ਸਤਿਗੁਰ ਮੇਲਾ ਸਾਚਾ ਸੁਖ, ਮਾਨਸ ਜਨਮ ਨਾ ਰਹੇ ਅਧੂਰਾ । ਉਜਲ ਹੋਏ ਮਾਤ ਮੁੱਖ, ਆਸਾ ਮਨਸਾ ਹਰਿ ਹਰਿ ਪੂਰਾ । ਸੁਫ਼ਲ ਕਰਾਏ ਮਾਤ ਕੁੱਖ, ਜਿਸ ਜਨ ਬਖ਼ਸ਼ੇ ਚਰਨ ਧੂੜਾ । ਉਲਟਾ ਗਰਭ ਨਾ ਹੋਏ ਰੁੱਖ, ਨਾਤਾ ਛੁੱਟੇ ਕੂੜੇ ਕੂੜਾ । ਲਹਿਣਾ ਦੇਣਾ ਚੁੱਕੇ ਮਾਨਸ ਮਨੁਖ, ਜਿਸ ਮਿਲਿਆ ਹਰਿ ਸੱਜਣ ਸਤਿਗੁਰ ਪੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਿਨ ਦੇਵੇ ਆਪਣਾ ਨਾਮ ਵਰ, ਮੰਦਰ ਅੰਦਰ ਅੰਦਰ ਮੰਦਰ ਜੋਤ ਜਗਾਏ ਨੂਰੋ ਨੂਰਾ । ਨੂਰ ਨੁਰਾਨੀ ਜੋਤ ਅਕਾਲੀ, ਅਕਲ ਕਲਾ ਕਲ ਧਾਰੀਆ । ਲੱਖ ਚੁਰਾਸੀ ਵਸੇ ਨਾਲੀ, ਗੁਰਮੁਖ ਵਿਰਲੇ ਚੜ੍ਹੀ ਲਾਲ੍ਹੀ, ਜਿਸ ਮੇਲਾ ਸ਼ਾਹ ਸਵਾਰੀਆ । ਆਪੇ ਹੋਇਆ ਜਾਣ ਜਾਣੀ, ਜਾਨਣਹਾਰ ਆਪ ਅਖਵਾ ਰਿਹਾ । ਗੁਰਮੁਖ ਉਠਾਏ ਅੰਞਾਣੀ ਬਾਲੀ, ਆਪ ਆਪਣੀ ਗੋਦ ਬਹਾ ਰਿਹਾ । ਸ਼ਬਦ ਸੁਣਾਏ ਅਕੱਥ ਕਹਾਣੀ, ਸਮਰਥ ਪੁਰਖ ਆਪ ਗਾ ਰਿਹਾ । ਹਰਿਜਨ ਬਣੇ ਸਾਚੀ ਰਾਣੀ, ਸਤਿਗੁਰ ਕੰਤ ਮੇਲ ਮਿਲਾ ਰਿਹਾ । ਅੰਮ੍ਰਿਤ ਦੇਵੇ ਠੰਡਾ ਪਾਣੀ, ਨਿਝਰ ਧਾਰਾ ਮੁਖ ਚੁਆ ਲਿਆ । ਅਜਪਾ ਜਾਪ ਏਕਾ ਬਾਣੀ, ਆਪਣਾ ਨਾਮ ਪੜ੍ਹਾ ਲਿਆ । ਸਾਚੇ ਦਰ ਕਰ ਪਰਵਾਨੀ, ਜਗਤ ਸਹਿੰਸਾ ਰੋਗ ਮਿਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਦਰ ਆਇਆ ਲੇਖੇ ਲਾ ਲਿਆ । ਲੇਖੇ ਲੇਖਾ ਗਿਆ ਲੱਗ, ਹਰਿ ਸਤਿਗੁਰ ਆਪ ਲਗਾਇਆ । ਹੰਸ ਹੰਸ ਬਣਾਇਆ ਕੱਗ, ਕਾਗੋਂ ਹੰਸ ਰੂਪ ਵਟਾਇਆ । ਦੁਰਮਤ ਮੈਲ ਧੋਵੇ ਦਾਗ਼, ਨਿਰਮਲ ਅੰਮ੍ਰਿਤ ਨੀਰ ਵਹਾਇਆ । ਸਾਚਾ ਦੀਪਕ ਜਾਏ ਜਗ, ਜਗਤ ਅੰਧੇਰਾ ਵੱਖ ਰਹਿਣ ਨਾ ਪਾਇਆ । ਮਿਲਿਆ ਮੇਲ ਸੂਰਾ ਸਰਬੱਗ, ਤ੍ਰਿਸਨਾ ਅੱਗ ਦਏ ਬੁਝਾਇਆ । ਦਰਸ ਦਿਖਾਏ ਉਪਰ ਸ਼ਾਹ ਰਗ, ਸੋ ਸਤਿਗੁਰ ਪੂਰਾ ਆਪ ਹੋ ਜਾਇਆ । ਗੁਰਸਿਖ ਹੀਰੇ ਲਾਲ ਅਮੋਲਕ ਮੋਤੀ ਨਗ, ਆਪ ਆਪਣੀ ਰੰਗਣ ਲਏ ਚੜ੍ਹਾਇਆ । ਸਚਖੰਡ ਦਵਾਰੇ ਦਏ ਰੱਖ, ਦੂਸਰ ਹੱਥ ਨਾ ਕਿਸੇ ਫੜਾਇਆ । ਕਲਜੁਗ ਚਾਰ ਕੁੰਟ ਦਹਿ ਦਿਸ਼ਾ ਨੌਂਦੇ ਭੱਖ, ਜਗਤ ਵਿਕਾਰਾ ਲੰਬੂ ਲਾਇਆ । ਜੁਗ ਜੁਗ ਸੰਤ ਭਗਤ ਭਗਵੰਤ ਆਪਣੇ ਲਏ ਰੱਖ, ਦੂਤਾ ਦੁਸ਼ਟਾਂ ਮੇਟ ਮਿਟਾਇਆ । ਬਿਨ ਹਰਿ ਸਰਨਾਈ ਮਾਨਸ ਜਨਮ ਭੱਠ, ਲੇਖਾ ਲੇਖੇ ਕੋਈ ਨਾ ਲਾਇਆ । ਚਰਨ ਧੂੜ ਗੁਰ ਤੀਰਥ ਅਠਸਠ, ਮਜਣ ਮਾਘ ਇਕ ਕਰਾਇਆ । ਜੋ ਉਪਜੇ ਸੋ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਪ੍ਰਭ ਗੇੜਨਹਾਰਾ ਉਲਟੀ ਲੱਠ, ਕਲਜੁਗ ਵੇਲਾ ਅੰਤਮ ਆਇਆ । ਗੁਰਸਿਖ ਉਠਾਏ ਨੱਠ ਨੱਠ, ਹਿੰਦੂ ਮੁਸਲਮ ਸਿਖ ਈਸਾਈ ਜ਼ਾਤ ਪਾਤ ਨਾ ਕੋਈ ਰਖਾਇਆ । ਏਕਾ ਦੇਵੇ ਸਾਚੀ ਮੱਤ, ਏਕਾ ਦੂਜਾ ਭੌ ਮਿਟਾਇਆ । ਬਹੱਤਰ ਨਾੜ ਨਾ ਉਬਲੇ ਰੱਤ, ਅਗਨੀ ਤੱਤ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਬੀਜ ਬੀਜੇ ਸਾਚੇ ਵਤ, ਅੰਮ੍ਰਿਤ ਮੇਵਾ ਫਲ ਖਵਾਇਆ । ਦੁੱਖ ਰੋਗ ਉਤਰੇ ਸੰਤਾਪ, ਪੂਤ ਸਪੂਤਾ ਵੇਖ ਵਖਾਈਆ । ਰਸਨਾ ਗੌਣਾ ਸੋਹੰ ਜਾਪ, ਜੁਗ ਜੁਗ ਆਪ ਜਣਾਈਆ । ਲੋਕਮਾਤ ਹੋਏ ਵਡ ਪਰਤਾਪ, ਫੁਲ ਫਲ ਦਏ ਮਹਿਕਾਈਆ । ਦਰਸ ਦਿਖਾਏ ਆਪਣਾ ਆਪ, ਆਪ

ਆਪਣੇ ਰੰਗ ਰੰਗਾਈਆ । ਆਪੇ ਹੋਏ ਮਾਈ ਬਾਪ, ਗੁਰਮੁਖ ਬਾਲ ਅੰਞਾਣੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੋਗ ਸੋਗ ਦੇਵੇ ਕੱਟ, ਜੋ ਜਨ ਰਸਨਾ ਜੇਹਵਾ ਜੇਹਵਾ ਰਸਨਾ ਹਰਿ ਗੁਣ ਗਾਈਆ ।

ਹਰਿ ਨਾਮ ਵਸਤ ਸਚ ਰਾਸ, ਗੁਰ ਸਤਿਗੁਰ ਹੱਥ ਰਖਾਈਆ । ਹਰਿਜਨ ਮੇਲ ਮਿਲਾਏ ਸ਼ਾਹੋ ਸ਼ਬਾਸ਼, ਨਿਰਗੁਣ ਨਿਰਧਨ ਦਇਆ ਕਮਾਈਆ । ਨਿਝ ਘਰ ਆਤਮ ਰੱਖੇ ਵਾਸ, ਸਤਿ ਸਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਈਆ । ਰੰਗੇ ਰੰਗ ਹਰਿ ਭਗਵਾਨ, ਨਾਮ ਰੰਗਣ ਚਲੂਲਿਆ । ਏਕਾ ਦੇਵੇ ਧੁਰ ਫ਼ਰਮਾਣ, ਸ਼ਬਦ ਸ਼ਬਦੀ ਨਾਮ ਅਨਮੋਲਿਆ । ਮੇਲ ਮਿਲਾਏ ਦੋ ਜਹਾਨ, ਆਪਣੇ ਕੰਡੇ ਆਪੇ ਤੋਲਿਆ । ਸਖਾ ਸਖਾਈ ਜਾਣੀ ਜਾਣ, ਘਟ ਮੰਦਰ ਬਹਿ ਬਹਿ ਬੋਲਿਆ । ਸ਼ਬਦ ਜਣਾਈ ਧੁਰ ਫ਼ਰਮਾਣ, ਆਪ ਸੁਣਾਏ ਸਾਚਾ ਢੋਲਿਆ । ਗੁਰਮੁਖ ਗਾਏ ਚਤੁਰ ਸੁਜਾਨ, ਮਨਮੁਖ ਸੁੱਤਾ ਰਹੇ ਅਨਭੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਾਇਆ ਆਪੇ ਮੌਲਿਆ । ਕਾਇਆ ਅੰਦਰ ਜਾਏ ਮੌਲ, ਆਪ ਆਪਣੀ ਦਇਆ ਕਮਾਈਆ । ਅੰਮ੍ਰਿਤ ਦੇਵੇ ਸਾਚੀ ਪੌਹਲ, ਏਕਾ ਜਾਮ ਪਿਆਈਆ । ਉਲਟਾ ਕਰੇ ਨਾਭ ਕਵਲ, ਕਵਲਾ ਆਪ ਭਵਾਈਆ । ਜਗ ਵਡਿਆਈ ਉਪਰ ਧਵਲ, ਧਰਨੀ ਧਰਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬਖ਼ਸ਼ੇ ਸਚ ਸਰਨਾਈਆ । ਸਰਨਗਤ ਹਰਿ ਸੱਜਣ ਮੀਤ, ਸੋਹੇ ਬੰਕ ਦਵਾਰਾ । ਏਕਾ ਨਾਮ ਵਸਾਏ ਚੀਤ, ਮੇਲ ਮਿਲਾਏ ਏਕੰਕਾਰਾ । ਸਦਾ ਸੁਹਾਗੀ ਸਾਚਾ ਗੀਤ, ਰਸਨਾ ਹਰਿ ਹਰਿ ਜੈਕਾਰਾ । ਏਕਾ ਰੰਗ ਰੰਗਾਏ ਹਸਤ ਕੀਟ, ਗੁਰਮੁਖ ਸਾਜਣ ਉਤਰੇ ਪਾਰਾ । ਦੇਵੇ ਨਾਮ ਸ਼ਬਦ ਅਨਡੀਠ, ਵੇਖ ਵਖਾਏ ਗੁਪਤ ਜ਼ਾਹਰਾ । ਸਦਾ ਸੁਹੇਲਾ ਵਸੇ ਚੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਚਰਨ ਪਿਆਰਾ । ਚਰਨ ਪਿਆਰਾ ਸਾਚਾ ਸੰਗ, ਹਰਿਜਨ ਆਪ ਨਿਭਾਈਆ । ਅੰਗੀ ਕਾਰ ਲਾਏ ਅੰਗ, ਆਪ ਆਪਣੀ ਗੋਦ ਉਠਾਈਆ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਵੱਜੇ ਸਚ ਮਰਦੰਗ, ਹਰਿ ਸਾਚਾ ਸਚ ਵਜਾਈਆ । ਸਾਚੀ ਸੇਜਾ ਹਰਿ ਪਲੰਘ, ਸ਼ਬਦ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣੀ ਬੂਝ ਬੁਝਾਈਆ । ਨਾਮ ਅਨਮੁਲ ਅਨਡੀਠੜਾ, ਗੁਰਮੁਖ ਰਿਦੇ ਵਿਚਾਰ । ਹਰਿ ਸਤਿਗੁਰ ਸਾਚਾ ਮੀਤੜਾ, ਅੰਮ੍ਰਿਤ ਸਾਚੀ ਧਾਰ । ਆਪੇ ਜਾਣੇ ਆਪਣੀ ਰੀਤੜਾ, ਜੁਗ ਜੁਗ ਵਰਤੇ ਵਿਚ ਸੰਸਾਰ । ਸਾਚਾ ਗੁਰੂਦਵਾਰ ਮੰਦਰ ਮਸੀਤੜਾ, ਗੁਰਮੁਖ ਕਾਇਆ ਮਹੱਲ ਅਪਾਰ । ਨੌ ਦਰ ਰਸ ਦਿਸੇ ਫੀਕੜਾ, ਦਸਵੇਂ ਮੇਲਾ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਪਾਏ ਸਾਰ । ਸੱਜਣ ਸੋਇਆ ਜਾਗਿਆ, ਘਰ ਸਾਚੇ ਵੱਜੀ ਵਧਾਈਆ । ਸਤਿਗੁਰ ਪਾਇਆ ਵਡ ਵਡ ਭਾਗਿਆ, ਉਜਲ ਮੁਖ ਕਰਾਈਆ । ਹੰਸ ਬਣਿਆ ਕਾਗਿਆ, ਸੋਹੰ ਹੰਸਾ ਚੋਗ ਚੁਗਾਈਆ । ਵਰ ਪਾਇਆ ਰਾਜਨ ਰਾਜਿਆ, ਸ਼ਾਹੋ ਭੂਪ ਸਹਿਜ ਸੁਖਦਾਈਆ । ਘਰ ਮੰਗਲ ਰਚਿਆ ਕਾਜਿਆ, ਗੁਣ ਗਾਵਤ ਖ਼ੁਸ਼ੀ ਮਨਾਈਆ । ਚੜ੍ਹਿਆ ਨਾਮ ਸਚ ਜਹਾਜਿਆ, ਸਤਿਗੁਰ ਬੇੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਰਿਹਾ ਵਖਾਈਆ ।

ਏਕਾ ਮਾਰਗ ਸਚ ਸਲਾਹ, ਪੁਰਖ ਅਕਾਲ ਧਿਆਵਣਾ । ਪੁਰਖ ਅਬਿਨਾਸ਼ੀ ਵਿਚ ਮਲਾਹ, ਚੱਪੂ ਨਾਮ ਲਗਾਵਣਾ । ਬੇਐਬ ਖ਼ੁਦਾਈ ਬੇਪਰਵਾਹ, ਕਲਮਾ ਸਚ ਪੜ੍ਹਾਵਣਾ । ਵਾਹ ਵਾਹ ਗੁਰੂ ਆਪ ਅਖਵਾ, ਗੁਰ ਮੰਤਰ ਨਾਮ ਦ੍ਰਿੜ੍ਹਾਵਣਾ । ਸਤਿਨਾਮ ਹਰਿ ਸਤਿ ਵਰਤਾ, ਸਤਿ ਸਤਿਵਾਦੀ ਵੇਸ ਵਟਾਵਣਾ । ਹਉਮੇ ਹੰਗਤਾ ਗੜ੍ਹ ਦਏ ਤੁੜਾ, ਮਾਇਆ ਮਮਤਾ ਮੋਹ ਚੁਕਾਵਣਾ । ਸਾਚੀ ਸੰਗਤਾ ਮੇਲ ਮਿਲਾ, ਗੁਰਮੁਖ ਬੂਝ ਬੁਝਾਵਣਾ । ਗੁਰਮੁਖ ਖੇੜਾ ਦਏ ਵਸਾ, ਮੰਦਰ ਅੰਦਰ ਡੇਰਾ ਲਾਵਣਾ । ਦੀਵਾ ਬੱਤੀ ਇਕ ਜਗਾ, ਨਿਰਮਲ ਨੂਰ ਨੂਰ ਰੁਸ਼ਨਾਵਣਾ । ਕਮਲਾਪਾਤੀ ਮੇਲ ਮਿਲਾ, ਸਾਚੀ ਸੇਜ ਸੁਹਾਵਣਾ । ਆਪਣੀ ਆਰਤੀ ਲਏ ਕਰਾ, ਗਗਨ ਮੰਡਲ ਵੇਖ ਵਖਾਵਣਾ । ਸੋ ਦਰ ਸਾਚਾ ਲਏ ਸੁਹਾ, ਸੋ ਘਰ ਆਪ ਬਣਾਵਣਾ । ਰਾਗ ਅਨਾਦੀ ਏਕਾ ਗਾ, ਗੁਣਵੰਤਾ ਗੁਣ ਧਿਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਆਪੇ ਹੋਏ ਸਾਕ ਸੱਜਣ ਸੈਣਾ । ਸੱਜਣ ਸੱਚਾ ਪਾਤਸ਼ਾਹ, ਸਤਿਗੁਰ ਪੁਰਖ ਸੁਲਤਾਨ । ਹਰਿਜਨ ਜਪਾਏ ਆਪਣਾ ਨਾਂ, ਦੇਵੇ ਧੁਰ ਫ਼ੁਰਮਾਣ । ਲੋਕਮਾਤ ਪਕੜੇ ਬਾਂਹ, ਚੁੱਕੇ ਜਮ ਕੀ ਕਾਨ । ਨਿਥਾਵਿਆਂ ਦੇਵੇ ਸਾਚਾ ਥਾਂ, ਦਰ ਘਰ ਸਾਚੇ ਕਰ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਹੋਏ ਸਦਾ ਨਿਗਹਬਾਨ ।



### ✪ ੨੮ ਜੇਠ ੨੦੧੬ ਬਿਕ੍ਰਮੀ ਅਜੀਤ ਸਿੰਘ ਦੇ ਘਰ ਬਟਾਲੇ ✪

੬੦੯
੦੮

ਕਾਇਆ ਗਾਗਰ ਅੰਮ੍ਰਿਤ ਨੀਰ, ਹਰਿ ਹਰਿ ਆਪ ਭਰਾਈਆ । ਕਿਸੇ ਹੱਥ ਨਾ ਆਏ ਪੀਰ ਫਕੀਰ, ਸਾਧ ਸੰਤ ਰਹੇ ਕੁਰਲਾਈਆ । ਜਿਸ ਜਨ ਮਾਰੇ ਆਪਣਾ ਤੀਰ, ਨਾਮ ਉਛਾਲਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਆਪ ਅਖਵਾਈਆ । ਸਤਿਗੁਰ ਪੂਰਾ ਸਿਰਜਣਹਾਰ, ਆਦਿ ਅੰਤ ਸ੍ਰੀ ਭਗਵਾਨਿਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਦੋ ਜਹਾਨਾਂ ਦੇਵੇ ਮਾਣਿਆ । ਲੱਖ ਚੁਰਾਸੀ ਗਈ ਹਾਰ, ਬਿਨ ਸਤਿਗੁਰ ਪੂਰੇ ਕੋਇ ਨਾ ਪਾਰ ਕਰਾਨਿਆ । ਪੰਜ ਵਿਕਾਰਾ ਡੁੱਬੇ ਅਧਵਿਚਕਾਰ, ਨਾਮ ਵੰਝ ਮਹਾਣਾ ਨਾ ਕੋਈ ਲਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਚਰਨ ਧਿਆਨਿਆ । ਚਰਨ ਧਿਆਨ ਸਤਿਗੁਰ ਮੀਤ, ਹਰਿਜਨ ਹਰਿ ਸਮਝਾਇੰਦਾ । ਅਬਿਨਾਸ਼ੀ ਕਰਤਾ ਪਤਿਤ ਪੁਨੀਤ, ਪਤਿਤ ਪਾਵਣ ਆਪ ਤਰਾਇੰਦਾ । ਸਾਚਾ ਮੰਦਰ ਗੁਰੂਦਵਾਰਾ ਦੇਹੁਰਾ ਮਸੀਤ, ਕਾਇਆ ਕੰਚਨ ਗੜ੍ਹ ਸੁਹਾਇੰਦਾ । ਆਪੇ ਵਸਣਹਾਰਾ ਚੀਤ, ਘਰ ਮੰਦਰ ਫੇਰੀ ਪਾਇੰਦਾ । ਆਦਿ ਜੁਗਾਦਿ ਅਵੱਲੜੀ ਰੀਤ, ਜੁਗ ਜੁਗ ਮਾਤ ਧਰਾਇੰਦਾ । ਜਨ ਭਗਤਾਂ ਦੇਵੇ ਨਾਮ ਅਨਡੀਠ, ਅਨਡਿਠੜੇ ਧਾਮ ਸੁਹਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਪ ਆਪਣਾ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਏਕਾ ਰਾਹ ਵਖਾਇੰਦਾ । ਏਕਾ ਰਾਹ ਪੁਰਖ ਸੁਲਤਾਨ, ਨਿਰਗੁਣ ਧਾਰ ਵਿਚ ਸਮਾਈਆ । ਭਗਤ ਵਛਲ ਸ੍ਰੀ ਭਗਵਾਨ, ਜਨ ਸ਼ਬਦੀ ਮੇਲ ਮਿਲਾਈਆ । ਜਗਤ ਵਿਚੋਲਾ ਹਰਿ ਮਿਹਰਵਾਨ, ਏਕਾ ਢੋਲਾ ਸਾਚਾ ਗਾਈਆ । ਬਣਿਆ ਤੋਲਾ ਗੁਣ ਨਿਧਾਨ, ਨਿਰਗੁਣ ਸਰਗੁਣ ਤੋਲ ਤੁਲਾਈਆ । ਬਦਲਿਆ ਚੋਲਾ ਖੇਲ ਮਹਾਨ, ਪੜਦਾ ਉਹਲਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰਾ ਪੁਰਖ ਸਮਰਥ ਅਕਲ ਕਲਾ ਅਖਵਾਇੰਦਾ । ਜੁਗਾ ਜੁਗੰਤਰ ਚਲਾਏ ਰਥ, ਆਪ ਆਪਣੀ ਸੇਵ ਕਮਾਇੰਦਾ । ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਤੰਦ ਬੰਧਾਇੰਦਾ । ਤ੍ਰੈਗੁਣ ਮਾਇਆ ਪਾਏ ਭੱਠ, ਪੰਜਾਂ ਤੱਤਾਂ ਮੇਟ ਮਿਟਾਇੰਦਾ । ਲੇਖਾ ਚੁਕਾਏ ਤੀਰਥ ਅਠਸਠ, ਤਟ ਕਿਨਾਰਾ ਫੋਲ ਫੁਲਾਇੰਦਾ । ਪਾਵੇ ਸਾਰ ਚੌਦਾਂ ਹੱਟ, ਚੌਦਾਂ ਤਬਕਾਂ ਪੜਦਾ ਲਾਹਿੰਦਾ । ਵਸਣਹਾਰਾ ਘਟ ਘਟ, ਆਪ ਆਪਣੀ ਖੇਲ ਖਿਲਾਇੰਦਾ । ਕਲਜੁਗ ਖੇਲ ਅੰਤਮ ਬਾਜ਼ੀਗਰ ਨਟ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਨਗਾਰੇ ਮਾਰੇ ਸੱਟ, ਲੋਆਂ ਪੁਰੀਆਂ ਆਪ ਸੁਣਾਇੰਦਾ । ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਮਨਮੁਖਾਂ ਲਾਏ ਏਕਾ ਫੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਦੂਈ ਦਵੈਤੀ ਅਗਨੀ ਅੱਗ, ਪੰਜ ਤੱਤ ਰਹੀ ਜਲਾਈਆ । ਕਲਜੁਗ ਜੀਵ ਰਹੇ ਦਗ, ਚਾਰੋਂ ਕੁੰਟ ਰਹੇ ਕੁਰਲਾਈਆ । ਏਕਾ ਵਾਅ ਰਹੀ ਵਗ, ਨਾ ਸਕੇ ਕੋਈ ਮਿਟਾਈਆ । ਸਤਿਗੁਰ ਪੂਰਾ ਹਰਿ ਸਰਬੱਗ, ਏਕ ਏਕੰਕਾਰਾ ਨਾਉਂ ਧਰਾਈਆ । ਜਨ ਭਗਤਾਂ ਬੰਨੇ ਨਾਮ ਤਗ, ਹੱਥੀਂ ਗਾਨਾ ਆਪ ਉਠਾਈਆ । ਹੰਸ ਬਣਾਏ ਫੜ ਫੜ ਕਗ, ਸੋਹੰ ਸਾਚੀ ਚੋਗ ਚੁਗਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਆਪ ਆਪਣਾ ਦਰ ਸੁਹਾਈਆ । ਕੌਸਤਕ ਮਣੀਆ ਸਾਚਾ ਨਗ, ਜੋਤ ਨਿਰੰਜਣ ਲਿਲਾਟ ਵਖਾਈਆ । ਅਨਹਦ ਤਾਲ ਜਾਏ ਵੱਜ, ਪੰਚਮ ਤਲਵਾੜਾ ਆਪ ਵਜਾਈਆ । ਆਤਮ ਸੇਜਾ ਬਹਿ ਸਜ, ਅੰਮ੍ਰਿਤ ਧਾਰਾ ਮੁਖ ਚੁਆਈਆ । ਸੁਰਤ ਸੁਵਾਣੀ ਕਰਾਏ ਸਾਚਾ ਹੱਜ, ਕਾਇਆ ਕਾਅਬਾ ਇਕ ਸੁਹਾਈਆ । ਪਤਿਪਰਮੇਸ਼ਵਰ ਜੋਤੀ ਨੂਰ ਅਲਾਹੀ ਆਪੇ ਰੱਬ, ਰਹੀਮ ਰਹਿਮਾਨ ਆਪ ਅਖਵਾਈਆ । ਆਪੇ ਜਾਣੇ ਆਪਣਾ ਪਦ, ਆਪਣੀ ਸੋਭਾ ਆਪ ਗਣਾਈਆ । ਆਪੇ ਜਾਣੇ ਆਪਣੀ ਹੱਦ, ਵੇਦ ਕਤੇਬ ਨਾ ਕੋਈ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਘਰ ਸੱਜਣ ਮੇਲ ਮਿਲਾਈਆ । ਘਰ ਮੇਲਾ ਸ਼ੌਹ ਪਾਇਆ, ਆਤਮ ਰੰਗ ਚਲੂਲ । ਨਿਮਾਣੀ ਨਢੜੀ ਗਲੇ ਲਗਾਇਆ, ਕੰਤ ਕੰਤੂਹਲ ਨਾ ਜਾਏ ਭੂਲ । ਸਾਚੀ ਸੇਜਾ ਫੂਲਨ ਬਰਖਾ ਬਰਸਾਇਆ, ਆਪ ਚੁਕਾਏ ਆਪਣਾ ਮੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੰਤ ਨਾ ਜਾਏ ਭੂਲ । ਘਰ ਸੁਹੰਜਣਾ ਹਰਿ ਬਨਵਾਰੀ, ਗੁਰਮੁਖ ਨਾਰੀ ਕੰਤ ਪਰਨਾਈਆ । ਆਦਿ ਨਿਰੰਜਣ ਜੋਤ ਉਜਿਆਰੀ, ਘਰ ਮੰਦਰ ਦੀਵਾ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਸੁਰਤ ਸਵਾਣੀ ਸਾਚੀ ਲਾੜੀ, ਉਤਮ ਹੋਈ ਜ਼ਾਤੀ ਪਾਇਆ ਵਰ ਪੁਰਖ ਬਿਧਾਤੀ, ਨਾ ਮਰੇ ਨਾ ਜਾਈਆ । ਪਰਕਾਸ਼ ਪਰਕਾਸ਼ ਨਾੜ ਨਾੜੀ, ਸਚ ਮਹੱਲੇ ਦੇਵੇ ਵਾੜੀ, ਉਚ ਅਟੱਲੇ ਪਿਛੇ ਅਗਾੜੀ, ਆਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਰੱਖੇ ਲਾਜ ਚਰਨ ਛੁਹਾਈ ਦਾੜ੍ਹੀ, ਚਰਨ ਚਰਨੋਦਕ ਮੁਖ ਚੁਆਈਆ । ਅੰਮ੍ਰਿਤ ਆਤਮ ਰਸ ਸਾਚੇ ਮੁੱਖ, ਨਿਰਗੁਣ ਸਰਗੁਣ ਆਪ ਚੁਆਇਆ । ਆਪ ਉਤਾਰੇ ਤ੍ਰਿਸਨਾ ਭੁੱਖ, ਤ੍ਰੈ ਤ੍ਰੈ ਬੰਧਨ ਤੋੜ ਤੁੜਾਇਆ । ਸੁਫ਼ਲ ਕਰਾਏ ਸਾਚੀ ਕੁੱਖ, ਜਨ ਜਨਣੀ ਜਨ ਜਾਇਆ । ਆਪੇ ਬੈਠਾ ਅੰਦਰ ਲੁਕ, ਆਪੇ ਮੁਖੜਾ ਦਏ ਵਖਾਇਆ । ਗੁਰਮੁਖਾਂ ਭਾਰ ਰਿਹਾ ਚੁੱਕ, ਸਿਰ ਆਪਣੇ ਆਪ ਉਠਾਇਆ । ਮਨਮੁਖਾਂ ਖ਼ਾਕ ਪਾਏ ਬੁੱਕ, ਛਾਰ ਸੰਸਾਰ ਰਿਹਾ ਉਡਾਇਆ । ਹਰਿ ਕਾ ਭਾਣਾ ਨਾ ਜਾਏ ਰੁਕ, ਹਰੇ ਬੂਟੇ ਜਾਣ ਸੁੱਕ, ਸੁੱਕੇ ਹਰੇ ਨਾ ਕੋਈ ਕਰਾਇਆ । ਗੁਰਮੁਖਾਂ ਦੇਵੇ ਅੰਤਰ ਆਤਮ

ਏਕਾ ਸੁਖ, ਹਰਿ ਮੰਦਰ ਹਰਿ ਹਰਿ ਮੇਲ ਮਿਲਾਇਆ । ਨਾ ਕੋਈ ਤ੍ਰਿਸਨਾ ਨਾ ਕੋਈ ਭੁੱਖ, ਆਲਸ ਨਿੰਦਰਾ ਵਿਚ ਨਾ ਆਇਆ । ਜਨ ਭਗਤ ਪਿਆਰ ਅੱਗੇ ਜਾਏ ਝੁਕ, ਦੂਸਰ ਸਕੇ ਨਾ ਕੋਈ ਨਿਵਾਇਆ । ਅੰਤਮ ਆਪਣੀ ਗੋਦੀ ਲਏ ਚੁੱਕ, ਸਤਿ ਪੁਰਖ ਨਿਰੰਜਣ ਸੇਵ ਕਮਾਇਆ । ਮਾਤ ਗਰਭ ਨਾ ਉਲਟਾ ਰੁਖ, ਕਲਜੁਗ ਅੰਤਮ ਜਿਸ ਜਨ ਨਰ ਹਰਿ ਦਰਸ਼ਨ ਪਾਇਆ । ਸ਼ੇਰ ਸ਼ੇਰ ਨਿਰਾਲਾ ਹਰਿ ਜੀ ਰਿਹਾ ਬੁਕ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੀ ਢੱਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਆਪਣੇ ਘਰ, ਘਰ ਸੁਹੰਜਣਾ ਦੀਵਾ ਬਾਤੀ ਇਕ ਨਿਰੰਜਣਾ, ਮੇਲ ਮਿਲਾਏ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਕਾਇਆ ਗਾਗਰ ਆਪਣਾ ਅੰਮ੍ਰਿਤ ਨਾਮ ਸਚ ਸਰੋਵਰ ਇਕ ਵਖਾਇਆ ।

ਹੰਸ ਉਡਿਆ ਮਾਰ ਉਡਾਰੀ, ਛੁਟਿਆ ਜਗਤ ਸਰੀਰ । ਹਰਿ ਦਰਸ਼ਨ ਪਾਇਆ ਅੰਤਮ ਵਾਰੀ, ਚੋਟੀ ਚੜ੍ਹਿਆ ਅਖ਼ੀਰ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰੀ, ਗੁਰਸਿਖ ਤੇਰੀ ਸਤਿਗੁਰ ਬੰਨ੍ਹੇ ਬੀੜ । ਨਿਤ ਨਵਿਤ ਹਿਤ ਕਰੇ ਨਿਰੰਕਾਰੀ, ਜਨ ਭਗਤਾਂ ਤੋੜੇ ਲੋਕਮਾਤ ਚੁਰਾਸੀ ਜ਼ੰਜੀਰ । ਪਿਤਾ ਪੂਤ ਦਏ ਸਿਕਦਾਰੀ, ਆਵਣ ਜਾਵਣ ਕੱਟੇ ਭੀੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਆਪਣਾ ਵਰ, ਮਾਨਸ ਜਨਮ ਨਾ ਜਾਏ ਹਰ, ਲੇਖੇ ਲੱਗੇ ਕਾਇਆ ਧਰਤ ਸਰੀਰ ।



## ✪ ਪਹਿਲੀ ਹਾੜ ੨੦੧੬ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਸਤਿਗੁਰ ਪੁਰਖ ਦਿਆਲ, ਪਾਰਬ੍ਰਹਮ ਅਬਿਨਾਸਿਆ । ਜੋਤੀ ਜਲਵਾ ਨੂਰ ਜਲਾਲ, ਨਿਰਗੁਣ ਨੂਰ ਨੂਰ ਪਰਕਾਸਿਆ । ਆਦਿ ਨਿਰੰਜਣ ਗੁਰ ਗੋਪਾਲ, ਖੇਲੇ ਖੇਲ ਸ਼ਾਹੋ ਸ਼ਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰਾਸਿਆ । ਦੀਨ ਦਿਆਲ ਸਤਿਗੁਰ ਠਾਕਰ, ਏਕਾ ਏਕ ਏਕੰਕਾਰਿਆ । ਗਹਿਰ ਗੰਭੀਰ ਗਹਿਰ ਗੁਰ ਸਾਗਰ, ਖੇਲੇ ਖੇਲ ਅਗੰਮ ਅਪਾਰਿਆ । ਏਕਾ ਜੋਤ ਜਗਤ ਉਜਾਗਰ, ਆਪ ਆਪਣਾ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਆਪ ਅਖਵਾ ਰਿਹਾ । ਪੁਰਖ ਅਕਾਲ ਹਰਿ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਆਪ ਹੋ ਜਾਈਆ । ਖੇਲੇ ਖੇਲ ਦੋ ਜਹਾਨ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਆਪ ਆਪਣੀ ਕਲ ਵਰਤਾਈਆ । ਅਕਲ ਕਲਾ ਧਾਰੀ ਪੁਰਖ ਅਗੰਮਾ, ਏਕਾ ਏਕ ਅਖਵਾਇੰਦਾ । ਨਾ ਮਰੇ ਨਾ ਕਦੇ ਜੰਮਾ, ਮਾਤ ਪਿਤ ਨਾ ਕੋਈ ਰਖਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮਾ, ਆਲਸ ਨਿੰਦਰਾ ਨਾ ਕੋਈ ਰਖਾਇੰਦਾ । ਤ੍ਰਿਸਨਾ ਭੁੱਖ ਨਾ ਕੋਈ ਤਮਾ, ਆਲਸ ਨਿੰਦਰਾ ਵਿਚ ਨਾ ਆਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਆਪੇ ਜਾਣੇ ਆਪਣਾ ਕੰਮਾ, ਕਰਨੀ ਕਰਤਾ ਆਪ ਅਖਵਾਇੰਦਾ । ਆਪੇ ਘੜਿਆ ਆਪੇ ਭੰਨਿਆ, ਭੰਨਣਹਾਰਾ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਏਕੰਕਾਰ, ਰੂਪ ਅਨੂਪ ਸ਼ਾਹੋ ਭੂਪ ਆਪ ਆਪਣਾ ਨਾਉਂ ਪਰਗਟਾਇੰਦਾ ।

ਨਾਉਂ ਨਿਰਾਲਾ ਹਰਿ ਨਿਰੰਕਾਰ, ਆਪਣਾ ਆਪ ਰਖਾਈਆ । ਸ਼ਬਦ ਸ਼ਬਦੀ ਸ਼ਬਦ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਦਰ ਇਕ ਦਰਬਾਰ, ਮੰਦਰ ਅੰਦਰ ਇਕ ਸੁਹਾਈਆ । ਦੀਵਾ ਬਾਤੀ ਇਕ ਉਜਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਘਰ ਬੈਠਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਆਪਣੇ ਰੰਗ ਹਰਿ ਰਾਤਾ, ਵਡ ਵੱਡਾ ਵਡ ਵਡਿਆਈਆ । ਪਤਿਪਰਮੇਸ਼ਵਰ ਪੁਰਖ ਬਿਧਾਤਾ, ਆਦਿ ਅੰਤ ਇਕ ਅਖਵਾਈਆ । ਇਕ ਅਕੱਲਾ ਇਕ ਅਕਾਂਤਾ, ਏਕ ਏਕੰਕਾਰਾ ਨਿਰਾਕਾਰ ਅਖਵਾਈਆ । ਆਦਿ ਨਿਰੰਜਣ ਉਤਮ ਜਾਤਾ, ਜੂਨੀ ਰਹਿਤ ਭੇਵ ਨਾ ਰਾਈਆ । ਮੂਰਤ ਅਕਾਲ ਸਰਬ ਸੁਖ ਦਾਤਾ, ਘਰ ਸਾਚਾ ਰਿਹਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੀਪਕ ਇਕ ਜਗਾਈਆ । ਨਿਰਗੁਣ ਦੀਪਕ ਕਰ ਉਜਾਲਾ, ਹਰਿ ਹਰਿ ਰੂਪ ਵਟਾਇਆ । ਸਤਿਗੁਰ ਪੁਰਖ ਪੁਰਖ ਅਕਾਲਾ, ਪਰਮ ਪੁਰਖ ਨਾਉਂ ਧਰਾਇਆ । ਆਦਿ ਸ਼ਕਤ ਜੋਤ ਜਵਾਲਾ, ਜੋਤੀ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਇਆ । ਕਰਨਹਾਰ ਪੁਰਖ ਸਮਰਥ, ਹਰਿ ਸਾਚੇ ਵਡ ਵਡਿਆਈਆ । ਜੁਗਾ ਜੁਗੰਤਰ ਆਪ ਚਲਾਏ ਆਪਣਾ ਰਥ, ਆਪ ਆਪਣੀ ਸੇਵ ਕਮਾਈਆ । ਆਪਣੀ ਕਥਾ ਸੁਣਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਖੇਲਣਹਾਰਾ ਖੇਲ ਖਿਲੰਦੜਾ, ਖੇਲੇ ਪੁਰਖ ਅਪਾਰ । ਨਾ ਕੋਈ ਦੂਜਾ ਸੰਗ ਰਖੰਦੜਾ, ਨਾ ਕੋਈ ਮੀਤ ਮੁਰਾਰ । ਧਰਤ ਧਵਲ ਧੌਲ ਨਾ ਕੋਈ ਸੁਹੰਦੜਾ, ਗਗਨ ਮੰਡਲ ਨਾ ਕੋਈ ਉਜਿਆਰ । ਅਕਾਸ਼ ਪਰਕਾਸ਼ ਨਾ ਵੇਖ ਵਖੰਦੜਾ, ਸੁੰਨ ਅਗੰਮ ਨਾ ਧੂੰਆਂਧਾਰ । ਸਤਿ ਪੁਰਖ ਨਿਰੰਜਣ ਵੇਸ ਵਟੰਦੜਾ, ਆਦਿ ਜੁਗਾਦੀ ਬੇਐਬ ਪਰਵਰਦਿਗਾਰ । ਨੂਰ ਅਲਾਹੀ ਆਪ ਅਖਵੰਦੜਾ, ਆਪ ਆਪਣੀ ਕਿਰਪਾ ਧਾਰ । ਸਾਚਾ ਧਾਮ ਇਕ ਵਖੰਦੜਾ, ਨਾ ਕੋਈ ਮੰਦਰ ਨਾ ਕੋਈ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਨਿਰੰਕਾਰ । ਨਿਰਾਕਾਰ ਨਿਰਾਕਾਰ, ਗੁਣ ਅਵਗੁਣ ਨਾ ਕੋਈ ਜਣਾਈਆ । ਮਾਤ ਪਿਤ ਨਾ ਕੋਈ ਸੁੱਤ ਦੁਲਾਰ, ਭਾਈ ਭੈਣ ਨਾ ਕੋਈ ਰਖਾਈਆ । ਸਾਧ ਸੰਤ ਨਾ ਕੋਈ ਦਵਾਰ, ਬ੍ਰਹਮਾ ਵਿਸ਼ਨ ਸ਼ਿਵ ਨਾ ਸੀਸ ਝੁਕਾਈਆ । ਕਰੋੜ ਤੇਤੀਸ ਨਾ ਗਾਏ ਵਾਰੋ ਵਾਰ, ਗਣ ਗੰਧਰਬ ਨਾ ਤਾਲ ਵਜਾਈਆ । ਗੁਰ ਪੀਰ ਨਾ ਕੋਈ ਅਵਤਾਰ, ਰਸਨਾ ਜੇਹਵਾ ਨਾ ਕੋਈ ਹਿਲਾਈਆ । ਜੰਗਲ ਜੂਹ ਨਾ ਕੋਈ ਉਜਾੜ ਪਹਾੜ, ਸਾਗਰ ਸਮੁੰਦ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਬੈਠਾ ਬੇਪਰਵਾਹੀਆ । ਇਕ ਅਕੱਲਾ ਆਦਿ ਅੰਤ, ਅੰਤ ਆਦਿ ਸਮਾਇਆ । ਖੇਲੇ ਖੇਲ ਜੁਗਾ ਜੁਗੰਤ, ਆਪ ਆਪਣੀ ਕਲ ਵਰਤਾਇਆ । ਰਵ ਸਸ ਬਣਾਏ ਬੇਅੰਤ, ਮੰਡਲ ਮੰਡਪ ਆਪ ਸਹਾਇਆ । ਆਪੇ ਲੱਖ ਚੁਰਾਸੀ ਉਪਾਏ ਜੰਤ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਆਪੇ ਲੱਖ ਚੁਰਾਸੀ ਨਾਰੀ ਨਰ ਬਣੇ ਕੰਤ, ਨਾਰੀ ਨਰ ਨਰਾਇਣ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਰਘੁਰਾਇਆ । ਖੇਲਣਹਾਰਾ ਹਰਿ ਨਿਰੰਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਦਿ ਜੁਗਾਦੀ ਇਕ ਵਰਤਾਰਾ, ਏਕਾ ਗੁਰ ਅਖਵਾਈਆ । ਲੱਖ ਚੁਰਾਸੀ ਪਾਵੇ ਸਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਸਰਗੁਣ ਮੇਲ ਸੰਸਾਰਾ, ਹਰਿ ਸਾਚਾ ਵੇਖ ਵਖਾਈਆ । ਜੁਗਾ ਜੁਗੰਤਰ

ਪਾਵੇ ਸਾਰਾ, ਆਪ ਆਪਣੀ ਕਲ ਵਰਤਾਈਆ । ਦਿਵਸ ਰੈਣ ਦਏ ਹੁਲਾਰਾ, ਮਾਸ ਬਰਸ ਸੰਗ ਰਖਾਈਆ । ਰਾਓ ਰੰਕ ਇਕ ਦਵਾਰਾ, ਏਕਾ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਜੁਗਾ ਜੁਗੰਤਰ ਖੇਲਿਆ ਖੇਲ, ਹਰਿ ਸੱਜਣ ਸੱਚਾ ਸ਼ਾਹ । ਸਤਿਜੁਗ ਤ੍ਰੇਤਾ ਮੇਲਿਆ ਮੇਲ, ਵਡ ਦਾਤਾ ਬੇਪਰਵਾਹ । ਆਪੇ ਵਸੇ ਰੰਗ ਨਵੇਲ, ਆਪੇ ਨਿਥਾਵਿਆਂ ਦਏ ਥਾਂ । ਆਪੇ ਚਾੜ੍ਹਨਹਾਰਾ ਤੇਲ, ਸਗਨੀ ਸਗਨ ਲਏ ਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਸਚ ਨਿਆਂ । ਦੁਆਪਰ ਉਤਰਿਆ ਆਪਣੇ ਘਾਟ, ਹਰਿ ਸਾਚੇ ਜੋਤ ਜਗਾਇਆ । ਕਲਜੁਗ ਅੰਤਮ ਵੇਖੇ ਵਾਟ, ਭੇਵ ਕੋਈ ਨਾ ਪਾਈਆ । ਤ੍ਰੈਗੁਣ ਮਾਇਆ ਅਗਨੀ ਲਾਟ, ਪੰਜ ਤੱਤ ਰਹੀ ਜਲਾਈਆ । ਬੁਧ ਮਤ ਵਿਕੀ ਹਾਟੋ ਹਟ, ਮਨ ਹੌਕਾ ਦਏ ਸੁਣਾਈਆ । ਗੁਰ ਕੇ ਸ਼ਬਦ ਨਾ ਸੁੱਤਾ ਕੋਈ ਖਾਟ, ਨਾਮ ਪਲੰਘ ਨਾ ਹੇਠ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੁਤੜੀ ਵੇਖ ਵਖਾਈਆ । ਸਾਚੀ ਰੁੱਤ ਚੌਥੇ ਜੁਗ, ਕਲਜੁਗ ਵੇਖ ਵਖਾਇਆ । ਆਪਣੀ ਚੋਗ ਲੱਖ ਚੁਰਾਸੀ ਲਈ ਚੁਗ, ਮਾਇਆ ਮਮਤਾ ਮੋਹ ਰਖਾਇਆ । ਹਰਿ ਕਾ ਭੇਵ ਨਾ ਸਕੇ ਕੋਈ ਬੁਝ, ਵੇਦ ਪੁਰਾਨ ਰਹੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਸੱਚੀ ਸੇਵ ਰਿਹਾ ਕਮਾਇਆ । ਸਤਿਗੁਰ ਸੱਚਾ ਪਾਤਸ਼ਾਹ, ਸ਼ਹਿਨਸ਼ਾਹ ਸੁਲਤਾਨ । ਦੋ ਜਹਾਨਾਂ ਬਣ ਮਲਾਹ, ਲੋਕਮਾਤ ਹੋਏ ਨਿਗਹਬਾਨ । ਚਾਰ ਵਰਨਾਂ ਪਕੜੇ ਬਾਂਹ, ਇਕ ਵਖਾਏ ਸਚ ਨਿਸ਼ਾਨ । ਫੜ ਫੜ ਹੰਸ ਬਣਾਏ ਕਾਂ, ਦਾਤਾ ਦਾਨੀ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਦੋ ਜਹਾਨ । ਦੋ ਜਹਾਨਾਂ ਹਰਿ ਹਰਿ ਵਾਲੀ, ਕਲਜੁਗ ਅੰਤਮ ਵੇਸ ਵਟਾਈਆ । ਲੱਖ ਚੁਰਾਸੀ ਤੇਰਾ ਪਾਲੀ, ਪ੍ਰਿਤਪਾਲਕ ਵਡ ਵਡਿਆਈਆ । ਨਾਮ ਸ਼ਬਦ ਇਕ ਦਲਾਲੀ, ਜਗਤ ਵਣਜਾਰਾ ਵਣਜ ਕਰਾਈਆ । ਆਪੇ ਜਾਣੇ ਹੱਕ ਜਲਾਲੀ, ਸਚ ਸੁੱਚ ਵੇਖ ਵਖਾਈਆ । ਵੇਖੇ ਫਲ ਪਤ ਪਤ ਡਾਲ੍ਹੀ, ਆਪ ਆਪਣੀ ਫੇਰੀ ਪਾਈਆ । ਆਪਣੇ ਹੱਥਾਂ ਰੱਖੇ ਖਾਲੀ, ਗੁਰਮੁਖ ਸਾਚੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਛੇ ਗੁਰ ਛੇ ਉਪਦੇਸ, ਛੇ ਘਰ ਆਪੇ ਵੇਖ ਵਖਾਈਆ । ਛੇ ਘਰ ਛੇ ਗੁਰ, ਛੱਪਰ ਛੰਨ ਛੁਹਾਇਆ । ਸਤਿ ਪੁਰਖ ਨਿਰੰਜਣ ਆਪੇ ਤੁਰ, ਤੁਰੀਆ ਨਾਦ ਇਕ ਵਜਾਇਆ । ਕੋਈ ਨਾ ਜਾਣੇ ਹਰਿ ਕਾ ਸੁਰ, ਤਾਨ ਸੈਨ ਨਾ ਕਿਸੇ ਗਾਇਆ । ਛੱਤੀ ਰਾਗ ਨਾ ਚੜ੍ਹੇ ਘੋੜ, ਬਹੱਤਰ ਤਲਵਾੜਾ ਨਾ ਕਿਸੇ ਵਜਾਇਆ । ਦਰ ਦਵਾਰੇ ਜਾਇਣ ਮੁੜ, ਹਰਿ ਕਾ ਪੰਧ ਨਾ ਕਿਸੇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੇਵਕ ਸਾਚੀ ਸੇਵਾ ਆਪ ਲਗਾਇਆ । ਸਾਚੀ ਸੇਵਾ ਬਾਰਾਂ ਮਾਸ, ਤੀਸ ਤੀਸ ਵਡਿਆਈਆ । ਛੇ ਰੁੱਤੜੀ ਕਰ ਪਰਕਾਸ਼, ਛੱਪਰ ਛੰਨ ਛੁਹਾਈਆ । ਆਪੇ ਵਸੇ ਆਸ ਪਾਸ, ਰੂਪ ਸਰੂਪ ਨਾ ਕੋਈ ਜਣਾਈਆ । ਤਾਣਾ ਤਣਿਆ ਪ੍ਰਿਥਮੀ ਅਕਾਸ਼, ਨਾਮ ਡੋਰੀ ਬੰਧਨ ਪਾਈਆ । ਲੱਖ ਚੁਰਾਸੀ ਧਰਿਆ ਵਾਸ, ਨੌ ਦਸ ਗਿਆਰਾਂ ਬੀਸ ਤੀਸ ਚਾਰ ਕਰੇ ਕੁੜਮਾਈਆ । ਸ਼ਬਦੀ ਸ਼ਬਦ ਸ਼ਬਦ ਧਰਵਾਸ, ਬ੍ਰਹਮ ਬ੍ਰਹਮ ਉਪਜਾਈਆ । ਉਨੰਜਾ ਪਵਣ ਇਕ ਸਵਾਸ, ਏਕਾ ਹੁਕਮ ਚਲਾਈਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸ਼ੀ ਪੁਰਖ ਆਪ ਅਖਵਾਈਆ । ਕਲਜੁਗ ਖੇਲੇ ਖੇਲ ਤਮਾਸ਼, ਹਰਿ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ

ਕਲ ਆਪ ਵਰਤਾਈਆ । ਛੇ ਰੁੱਤੜੀ ਵੰਡੀ ਵੰਡ, ਰੁੱਤੀ ਰੁੱਤ ਸੁਹਾਇਆ । ਵਸਣਹਾਰਾ ਵਿਚ ਬ੍ਰਹਿਮੰਡ, ਜੇਰਜ ਅੰਡ ਵਿਚ ਨਾ ਆਇਆ । ਉਤਭੁਜ ਸੇਤਜ ਸੁੱਤਾ ਦੇ ਕਰ ਕੰਡ, ਆਪ ਆਪਣਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤੀ ਦਸ ਅਵਤਾਰ, ਹਰਿ ਜੀ ਲਾਏ ਆਪਣੀ ਕਾਰ, ਏਕਾ ਮੰਤਰ ਨਾਮ ਦ੍ਰਿੜਾਇਆ । ਬਾਰਾਂ ਮਾਸ ਬਾਰਾਂ ਬਰਸ, ਬਾਰਾਂ ਬਾਰਾਂ ਰਾਸ ਬਣਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਈ ਜਣਾਈਆ । ਨਾ ਕੋਈ ਘਸਵਟੀ ਸਕੇ ਪਰਖ਼, ਹਰਿ ਕਾ ਭੇਵ ਕੋਈ ਨਾ ਪਾਈਆ । ਜਿਸ ਜਨ ਕਮਾਏ ਆਪਣਾ ਤਰਸ, ਆਪ ਆਪਣੀ ਬੂਝ ਬੁਝਾਈਆ । ਨਾਨਕ ਨਿਰਗੁਣ ਮੇਟੇ ਹਰਸ, ਏਕਾ ਰੰਗ ਰੰਗਾਈਆ । ਆਪੇ ਅਰਸ਼ ਆਪੇ ਫਰਸ਼ ਆਪੇ ਕੁਰਸ਼, ਕਾਅਬਾ ਦਏ ਵਖਾਈਆ । ਆਪੇ ਮੇਘ ਆਪੇ ਬਰਸ, ਜਲ ਧਾਰਾ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਵੰਡਨ ਆਪ ਵੰਡਾਈਆ । ਪਹਿਲੀ ਰੁੱਤੜੀ ਵੰਡੀ ਵੰਡ, ਵੰਡਣਹਾਰ ਕਰਤਾਰਾ । ਆਪੇ ਸੁਹਾਗਣ ਆਪੇ ਰੰਡ, ਆਪੇ ਵਸੇ ਸਭ ਤੋਂ ਬਾਹਰਾ । ਆਪੇ ਭੇਖ ਆਪੇ ਪਖੰਡ, ਆਪੇ ਵਰਤੇ ਸਚ ਵਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਾਣੇ ਆਪਣੀ ਕਾਰਾ । ਕਲਜੁਗ ਤੇਰੀ ਕਮਾਈ, ਹਰਿ ਸਾਚੇ ਸਚ ਜਣਾਇਆ । ਨਿਰਗੁਣ ਜੋਤ ਕਰ ਰੁਸ਼ਨਾਈ, ਨਾਨਕ ਤੱਤ ਸਜਾਇਆ । ਏਕਾ ਵਸਤ ਵਿਚ ਟਿਕਾਈ, ਲੇਖਾ ਲੇਖ ਨਾ ਕੋਈ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇਆ । ਖੇਲੇ ਖੇਲ ਪੁਰਖ ਅਕਾਲਾ, ਨਿਰਗੁਣ ਸਰਗੁਣ ਵਿਚ ਸਮਾਇੰਦਾ । ਦੀਪਕ ਜੋਤੀ ਕਰ ਉਜਾਲਾ, ਅੰਧ ਅੰਧੇਰ ਮਿਟਾਇੰਦਾ । ਪੰਜ ਤੱਤ ਬਣ ਰਖਵਾਲਾ, ਨਾਨਾ ਰੂਪ ਆਪ ਕਰਾਇੰਦਾ । ਚਰਨ ਦਵਾਰ ਕਾਲ ਮਹਾਂਕਾਲਾ, ਆਪ ਆਪਣਾ ਬੰਧਨ ਪਾਇੰਦਾ । ਸਾਚਾ ਮੰਦਰ ਸਚ ਧਰਮਸਾਲਾ, ਸਚਖੰਡ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੁੱਤ ਸੁਹਾਵਣੀ ਰਸਨਾ ਜੇਹਵਾ ਕਿਸੇ ਨਾ ਗਾਵਣੀ, ਨਿਰਗੁਣ ਨਿਰਗੁਣ ਆਪ ਵਖਾਇੰਦਾ । ਨਿਰਗੁਣ ਮੇਲਾ ਨਿਰਗੁਣ ਧਾਰ, ਨਿਰਗੁਣ ਨਾਨਕ ਵਿਚ ਸਮਾਇਆ । ਨਿਰਗੁਣ ਇਕ ਏਕੰਕਾਰ, ਏਕਉਂਕਾਰਾ ਵੇਸ ਵਟਾਇਆ । ਆਪੇ ਸ਼ਬਦ ਆਪ ਜੈਕਾਰ, ਆਪਣਾ ਨਾਅਰਾ ਆਪੇ ਲਾਇਆ । ਆਪੇ ਨਾਮ ਸਤਿ ਕਰ ਵਰਤਾਰ, ਵੰਡਣਹਾਰਾ ਆਪ ਹੋ ਜਾਇਆ । ਆਪੇ ਧੁਨ ਅਨਾਦੀ ਬਣ ਧੁਨਕਾਰ, ਅਨਹਦ ਸਾਚਾ ਤਾਲ ਵਜਾਇਆ । ਆਪੇ ਸੋਈ ਜਾਗੀ ਕਰੇ ਖ਼ਬਰਦਾਰ, ਆਲਸ ਨਿੰਦਰਾ ਆਪ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੁੱਤ ਪਾਰਬ੍ਰਹਮ ਅਬਿਨਾਸ਼ੀ ਅਚੁੱਤ ਆਪ ਆਪਣੀ ਵੇਖ ਵਖਾਇਆ । ਪਹਿਲੀ ਰੁੱਤ ਕਰ ਪਰਵਾਨ, ਕਲਜੁਗ ਦਏ ਗਵਾਹੀਆ । ਨਾਨਕ ਨਿਰਗੁਣ ਮਾਰੇ ਬਾਣ, ਨਾਮ ਸਤਿ ਫੜ ਫੜਾਈਆ । ਸਰਗੁਣ ਖੇਲੇ ਖੇਲ ਜਹਾਨ, ਹਰਿ ਸਾਚਾ ਆਪ ਖਿਲਾਈਆ । ਚੇਤਰ ਚਿਤ ਵਸੇ ਭਗਵਾਨ, ਵਿਸਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸਾਖ ਆਪ ਹੋ ਜਾਈਆ । ਵਿਸਾਖ ਉਪਜਿਆ ਫੁਲ ਕਮਲ, ਕਮਲਾ ਆਪ ਖਿਲਾਇਆ । ਪੁਰਖ ਅਬਿਨਾਸ਼ੀ ਤੋਲਿਆ ਤੋਲ, ਵਿਸ਼ਨੂੰ ਸੇਵਾ ਲਾਇਆ । ਬ੍ਰਹਮਾ ਬੈਠਾ ਵਿਚ ਅਡੋਲ, ਏਕਾ ਰੂਪ ਵਟਾਇਆ । ਆਪ ਉਠਾਏ ਨਾਥ ਭੋਲ, ਭੋਲਾ ਨਾਥ ਆਪ ਜਗਾਇਆ । ਸਭ ਦਾ ਪੜਦਾ ਆਪੇ ਖੋਲ੍ਹ, ਨੇਤਰ ਦਰਸ ਆਪ ਦ੍ਰਿੜਾਇਆ । ਆਪ ਵਜਾਇਆ ਸਾਚਾ ਢੋਲ,

੬੧੫
੦੮

ਬ੍ਰਹਮ ਪਾਰਬ੍ਰਹਮ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਰੁੱਤ ਆਪਣੇ ਲੇਖੇ ਲਾਇਆ । ਪਹਿਲੀ ਰੁੱਤ ਸਰਗੁਣ ਧਾਰ, ਨਾਨਕ ਨਿਰਗੁਣ ਗਾਈਆ । ਸ਼ਬਦ ਡੰਕਾ ਅਪਰ ਅਪਾਰ, ਲੋਕਮਾਤ ਗਿਆ ਵਜਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਕਲਜੁਗ ਕੂਕੇ ਵਿਚ ਸੰਸਾਰ, ਰੋ ਰੋ ਦਏ ਦੁਹਾਈਆ । ਕੂੜੀ ਕਿਰਿਆ ਨਾਰ ਮੁਟਿਆਰ, ਤਨ ਸ਼ਿੰਗਾਰ ਰਹੀ ਕਰਾਈਆ । ਚਾਰੋਂ ਕੁੰਟ ਕਰੇ ਵਿਚਾਰ, ਨੇਤਰ ਨੈਣ ਰਹੀ ਉਠਾਈਆ । ਜੂਠ ਝੂਠ ਕੱਜਲ ਧਾਰ, ਆਪ ਆਪਣੀ ਧਾਰ ਬੰਧਾਈਆ । ਪੰਚ ਵਿਕਾਰ ਕਰ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਤਿਗੁਰ ਛੁੱਟਾ ਮੀਤ ਮੁਰਾਰ, ਘਰ ਰੁੱਠਾ ਧੀ ਜਵਾਈਆ । ਕੁੱਠਾ ਖਾਏ ਸਰਬ ਸੰਸਾਰ, ਹਰਿ ਕਾ ਨਾਮ ਨਾ ਰਸਨਾ ਲਾਈਆ । ਨਾਨਕ ਨਿਰਗੁਣ ਮਾਰੇ ਮਾਰ, ਸ਼ਬਦ ਨਿਸ਼ਾਨਾ ਤੀਰ ਚਲਾਈਆ । ਅਰਜਨ ਜੋਧਾ ਸੂਰਬੀਰ ਬਲਕਾਰ, ਸਾਚੀ ਸੇਵਾ ਸੇਵ ਕਮਾਈਆ । ਦੂਜੀ ਵੰਡ ਵੰਡੇ ਸੰਸਾਰ, ਆਪਣੀ ਹੱਥੀਂ ਆਪ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਕਲਜੁਗ ਅੰਤਮ ਭੇਵ ਖੁਲ੍ਹੌਣਾ, ਸ਼ਬਦੀ ਸ਼ਬਦ ਨਗਾਰਾ । ਨਾਨਕ ਵਿਚੋਲਾ ਇਕ ਬਣੌਣਾ, ਗੁਰ ਅਰਜਨ ਲੇਖ ਲਿਖਾਰਾ । ਨੌ ਖੰਡ ਪ੍ਰਿਥਮੀ ਮੱਠ ਤਪੌਣਾ, ਪੰਚ ਤੱਤ ਬਣੇ ਅੰਗਿਆਰਾ । ਕੂੜਾ ਲੰਬੂ ਏਕਾ ਲੌਣਾ, ਜਲੇ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਇਕ ਹੁਲਾਰਾ । ਸ਼ਬਦ ਜਣਾਈ ਨਾਨਕ ਗੁਰ, ਹਰਿ ਹਰਿ ਬੂਝ ਬੁਝਾਈਆ । ਏਕਾ ਤਾਲ ਏਕਾ ਸੁਰ, ਇਕ ਸਤਾਰ ਹਿਲਾਈਆ । ਏਕਾ ਸ਼ਬਦ ਏਕਾ ਘੋੜ, ਏਕਾ ਰਿਹਾ ਚੜ੍ਹਾਈਆ । ਇਕ ਲਗਾਏ ਨਿਭੇ ਤੋੜ, ਨਾ ਕੋਈ ਤੋੜ ਤੁੜਾਈਆ । ਏਕਾ ਹੁਕਮ ਨਾ ਸਕੇ ਕੋਈ ਮੋੜ, ਹੁਕਮ ਅੰਦਰ ਸਰਬ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੰਡ, ਸ਼ਬਦੀ ਵੰਡ ਵੰਡਾਈਆ । ਸ਼ਬਦ ਜੈਕਾਰਾ ਗੁਰ ਬੁਲੰਦੜਾ, ਹਰਿ ਹਰਿ ਕਰ ਧਿਆਨ । ਜੇਠ ਜਲੰਦੜਾ ਸਰਬ ਰਖੰਦੜਾ, ਹੋਏ ਆਪ ਮਿਹਰਵਾਨ । ਪੰਚਮ ਮੀਤਾ ਪੰਚਮ ਮੇਲ ਮਿਲੰਦੜਾ, ਪੰਚਮ ਹੋਏ ਆਪ ਨਿਗਹਬਾਨ । ਲੋਕਮਾਤ ਜੋਤ ਜਗੰਦੜਾ, ਪੰਜ ਤੱਤ ਕਰੇ ਪਰਧਾਨ । ਆਪ ਆਪਣਾ ਭੇਵ ਛੁਪੰਦੜਾ, ਜੋਤੀ ਨੂਰ ਸ੍ਰੀ ਭਗਵਾਨ । ਆਪ ਆਪਣਾ ਨਾਉਂ ਵਟੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਜਾਣੀ ਜਾਣ । ਜਾਨਣਹਾਰ ਜਾਣਿਆ, ਆਪਣਾ ਬਿਰਧ ਪਛਾਨ । ਨਾਨਕ ਰੰਗ ਏਕਾ ਮਾਣਿਆ, ਏਕਾ ਜੋਤ ਸ੍ਰੀ ਭਗਵਾਨ । ਗੁਰ ਅਰਜਨ ਚਲੇ ਸਾਚੇ ਭਾਣਿਆ, ਦਿਵਸ ਰੈਣ ਸੁਣੇ ਫ਼ਰਮਾਣ । ਲੇਖਾ ਲਿਖੇ ਅਕਥ ਕਹਾਨੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਆਪੇ ਦਾਨ । ਕਲਜੁਗ ਅੰਤਮ ਤਪਿਆ ਜੇਠ, ਜੀਵ ਜੰਤ ਰਹੇ ਕੁਰਲਾਇਆ । ਮਾਇਆਧਾਰੀ ਵਡ ਵਡ ਸੇਠ, ਰਾਜ ਰਾਜਾਨ ਦੇਣ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸਰਗੁਣ ਧਾਰ ਪੰਚਮ ਜੇਠ, ਆਪਣੀ ਰੁੱਤ ਸੁਹਾਈਆ । ਭੰਨਣਹਾਰਾ ਕੌੜੇ ਰੇਠ, ਬੈਠਾ ਵੇਸ ਵਟਾਈਆ । ਨਾ ਕੋਈ ਦਿਸੇ ਬਾਸ਼ਕ ਸੇਜ, ਸਾਗੋਂ ਪਾਂਗ ਨਾ ਕੋਈ ਹੰਢਾਇਆ । ਨਾ ਕੋਈ ਨਰ ਨਾ ਨਰੇਸ਼, ਸ਼ਾਹ ਸਵਾਰ ਨਾ ਕੋਈ ਵਖਾਈਆ । ਨਾ ਕੋਈ ਪੂਜਾ ਗਣਪਤ ਗਨੇਸ਼, ਸ਼ਿਵ ਸ਼ੰਕਰ ਨਾ ਕੋਈ ਮਨਾਈਆ । ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼, ਆਪਣੀ ਜੇਹਵਾ ਨਾ ਕੋਈ ਗਾਈਆ । ਇਕ ਅਕੱਲਾ ਕਰ ਕਰ ਵੇਸ, ਆਪ ਆਪਣੀ ਕਲ ਵਰਤਾਈਆ । ਸੁੱਧਾ ਸਰ ਸਾਚਾ ਵੇਸ, ਦਰ ਦਰ

ਬੈਠਾ ਅਲੱਖ ਜਗਾਈਆ । ਛੇ ਛੇ ਕਰ ਪਰਵੇਸ਼, ਛੇ ਦਰ ਖੋਲ੍ਹ ਖੁਲ੍ਹਾਈਆ । ਆਦਿ ਜੁਗਾਦੀ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਦੂਜੀ ਰੁੱਤ ਕਰ ਪਰਵਾਨ, ਪੰਚਮ ਜੇਠ ਸੁਹਾਇਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਭੇਵ ਕੋਇ ਨਾ ਪਾਇਆ । ਖੇਲੇ ਖੇਲ ਦੋ ਜਹਾਨ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵੇਲਾ ਆਪ ਸੁਹਾਇਆ । ਸਾਚਾ ਵੇਲਾ ਸਾਚੀ ਧਾਰ, ਹਰਿ ਸਤਿਗੁਰ ਹੱਥ ਰਖਾਈਆ । ਸੰਤ ਸੁਹੇਲੇ ਪਾਵੇ ਸਾਰ, ਗੁਰ ਚੇਲੇ ਲਏ ਉਠਾਈਆ । ਭਗਤ ਭਗਤੀ ਦਏ ਆਧਾਰ, ਆਤਮ ਸ਼ਕਤੀ ਨਾਮ ਧਰਾਈਆ । ਬੂੰਦ ਰਕਤੀ ਕਰ ਵਿਚਾਰ, ਮਾਨਸ ਮਾਨੁਖ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਈਆ । ਜੇਠ ਤਪਾਇਆ ਸਰਬ ਸੰਸਾਰ, ਚਾਰ ਕੁੰਟ ਕੁਰਲਾਇਆ । ਅਠਸਠ ਤੀਰਥ ਨਾ ਪਾਵੇ ਕੋਈ ਸਾਰ, ਅਗਨੀ ਤੱਤ ਨਾ ਕੋਈ ਬੁਝਾਇਆ । ਸ਼ਬਦ ਖੰਡਾ ਨਾ ਦੇਵੇ ਕੋਈ ਮਾਰ, ਗਾ ਗਾ ਥੱਕੀ ਖ਼ਲਕ ਸਬਾਇਆ । ਪਾਰ ਕੰਢਾ ਨਾ ਕੋਇ ਕਿਨਾਰ, ਅਧਵਿਚਕਾਰ ਸਰਬ ਰੁੜ੍ਹਾਇਆ । ਜਿਸ ਜਨ ਆਪਣੀ ਕਿਰਪਾ ਦੇਵੇ ਧਾਰ, ਤ੍ਰੈਗੁਣ ਬੰਧਨ ਤੋੜ ਤੁੜਾਇਆ । ਦਰਸ ਦਿਖਾਏ ਅਗੰਮ ਅਪਾਰ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅਗਨੀ ਵੇਖ ਵਖਾਇਆ । ਕਲਜੁਗ ਅਗਨੀ ਤਪ ਅੰਗਿਆਰਾ, ਧਰਤ ਧਵਲ ਡੁਲਾਈਆ । ਜੀਵ ਜੰਤ ਕਰੇ ਪੁਕਾਰਾ, ਹਰਿ ਭਗਤ ਰਹੇ ਸੁਣਾਈਆ । ਗੁਰਮੁਖ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਜੂਠੇ ਝੂਠੇ ਕਰਨ ਬਹਾਰਾ, ਕਲਜੁਗ ਸਗਲਾ ਸੰਗ ਨਿਭਾਈਆ । ਨਾਨਕ ਨਿਰਗੁਣ ਵੇਖੇ ਵਿਚ ਸੰਸਾਰਾ, ਆਪ ਆਪਣੀ ਅੱਖ ਖੁਲ੍ਹਾਈਆ । ਮੰਗੇ ਮੰਗ ਬਣ ਭਿਖਾਰਾ, ਪ੍ਰਭ ਅੱਗੇ ਝੋਲੀ ਡਾਹੀਆ । ਜੁਗ ਜੁਗ ਵਰਤੇ ਤੇਰਾ ਵਰਤਾਰਾ, ਤੂੰ ਦਾਤਾ ਬੇਪਰਵਾਹੀਆ । ਆਦਿ ਜੁਗਾਦੀ ਏਕੰਕਾਰਾ, ਤੇਰਾ ਭੇਵ ਨਾ ਕੋਈ ਪਾਈਆ । ਤੇਰੀ ਚਰਨ ਸਰਨ ਨਿਮਸਕਾਰਾ, ਸਰਨਗਤ ਇਕ ਰਖਾਈਆ । ਕਲਜੁਗ ਅੰਤਮ ਹੋਏ ਖੁਵਾਰਾ, ਜੇਠ ਅਗਨੀ ਇਕ ਲਗਾਈਆ । ਪਾਰਬ੍ਰਹਮ ਹਰਿ ਪ੍ਰਭ ਸੁਣ ਪੁਕਾਰਾ, ਏਕਾ ਸ਼ਬਦ ਸੁਣਾਈਆ । ਆਪ ਆਪਣਾ ਲਏ ਅਵਤਾਰਾ, ਵੇਖੇ ਥਾਉਂ ਥਾਈਂਆ । ਗੁਰਮੁਖ ਸਾਚੇ ਲਏ ਉਭਾਰਾ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅਗਨੀ ਜੇਠ ਆਪੇ ਦਏ ਬੁਝਾਈਆ । ਆਪਣਾ ਮਠ ਆਪ ਤਪਾਇਆ, ਹਰਿ ਸਾਚਾ ਲੰਬੂ ਲਾਇੰਦਾ । ਆਪਣਾ ਹਠ ਆਪ ਨਿਭਾਇਆ, ਬਵੰਜਾ ਸਾਲ ਮੁਖ ਛੁਪਾਇੰਦਾ । ਬਵੰਜਾ ਅੱਖਰ ਵੱਖ ਕਰਾਇਆ, ਆਪ ਆਪਣੀ ਵੰਡ ਵੰਡਾਇੰਦਾ । ਪੈਂਤੀਸ ਅੱਖਰ ਪੱਥਰ ਹੇਠ ਦਬਾਇਆ, ਸਾਚਾ ਸੱਥਰ ਮਾਤ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨਾਨਕ ਗੁਰ ਗੁਣੀ ਗਹਿੰਦ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਸਗਲਾ ਸੰਗ, ਸਾਚੀ ਸਿਖਿਆ ਇਕ ਸਮਝਾਈਆ । ਤੇਰੀ ਕਾਇਆ ਮੇਰਾ ਰੰਗ, ਨਿਰਗੁਣ ਸਰਗੁਣ ਮੇਲ ਮਿਲਾਈਆ । ਤੇਰੀ ਸੇਜ ਮੇਰਾ ਪਲੰਘ, ਮੇਰਾ ਤੇਰਾ ਤੂੰ ਹੰਢਾਈਆ । ਤੇਰੀ ਭੁੱਖ ਮੇਰਾ ਨੰਗ, ਤੇਰਾ ਪੜਦਾ ਉਪਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸਿਖਿਆ ਰਿਹਾ ਸਮਝਾਈਆ । ਨਾਨਕ ਗੁਰ ਸੁਣ ਸਲਾਹ, ਰਸਨਾ ਹਰਿ ਹਰਿ ਗਾਇੰਦਾ । ਪੁਰਖ ਅਬਿਨਾਸ਼ੀ ਇਕ ਮਲਾਹ, ਆਦਿ ਜੁਗਾਦਿ ਅਖਵਾਇੰਦਾ । ਸੰਤਾਂ ਭਗਤਾਂ ਪਕੜੇ ਬਾਂਹ,

ਮਨਮੁਖ ਆਪ ਮਿਟਾਇੰਦਾ । ਲੋਕਮਾਤ ਕਰੇ ਨਿਆਂ, ਲੱਖ ਚੁਰਾਸੀ ਵੇਖ ਵਖਾਇੰਦਾ । ਵਖ ਵਖ ਹੰਸ ਕਰੇ ਕਾਂ, ਆਪ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਪਹਿਲਾ ਰੰਗ ਰੰਗ ਕਰਤਾਰਾ, ਪੈਂਤੀ ਅੱਖਰੀ ਆਪ ਚੜ੍ਹਾਈਆ । ਆਪਣਾ ਅੱਖਰ ਕਰ ਅਵਤਾਰਾ, ਆਪੇ ਰੂਪ ਵਟਾਈਆ । ਆਪੇ ਮੁਕਤਾ ਵਸੇ ਬਾਹਰਾ, ਆਪਣਾ ਕੰਨਾ ਆਪ ਲਗਾਈਆ । ਸਿਹਾਰੀ ਹਿੱਸਾ ਪਾਏ ਅਪਾਰਾ, ਬਿਹਾਰੀ ਝੋਲੀ ਡਾਹੀਆ । ਅਉਂਕੜ ਬਣੇ ਦਰ ਭਿਖਾਰਾ, ਦੋਅਉਕੜ ਦੂਜਾ ਭੇਵ ਚੁਕਾਈਆ । ਏਕਾ ਡੰਡਾ ਏਕਾ ਧਾਰਾ, ਏਕਾ ਲਾਂਵ ਲਗਾਈਆ । ਦੋਏ ਲਾਵਾਂ ਕਰ ਪਿਆਰਾ, ਨਿਰਗੁਣ ਸ਼ਬਦ ਜੋਤ ਕੁੜਮਾਈਆ । ਉਤੇ ਹੋੜਾ ਕਰ ਤਿਆਰਾ, ਆਪਣਾ ਛਤਰ ਆਪ ਝੁਲਾਈਆ । ਔ ਕਨੌੜਾ ਪਾਵੇ ਸਾਰਾ, ਚਾਰੋਂ ਕੁੰਟ ਫੇਰਾ ਪਾਈਆ । ਏਕਾ ਟਿੱਪੀ ਦਏ ਸਹਾਰਾ, ਆਪ ਆਪਣਾ ਬੰਦ ਕਰਾਈਆ । ਏਕਾ ਬਿੰਦੀ ਨਿਰਗੁਣ ਧਾਰਾ, ਏਕਾ ਨੁਕਤਾ ਦਏ ਸਮਝਾਈਆ । ਪੈਂਤੀ ਅੱਖਰ ਗੁਰ ਵਿਚਾਰਾ, ਗੁਰਮੁਖਾਂ ਕਰੇ ਪੜ੍ਹਾਈਆ । ਛੱਤੀਆਂ ਛੱਤੀ ਰਾਗਾਂ ਵਸਿਆ ਬਾਹਰਾ, ਛੱਤੀ ਰਾਗਾਂ ਕੋਈ ਨਾ ਗਾਈਆ । ਸੈਂਤੀ ਨਾ ਪੁਰਖ ਨਾ ਹੋਏ ਨਾਰਾ, ਨਰ ਨਰਾਇਣ ਆਪ ਹੋ ਜਾਈਆ । ਅਠ ਤੀਸ ਹੋ ਉਜਿਆਰਾ, ਆਪ ਆਪਣੀ ਕਲ ਵਰਤਾਈਆ । ਤੀਸ ਨੌ ਏਕਾ ਧਾਰਾ, ਏਕਾ ਰੰਗ ਸਮਾਈਆ । ਚਾਰ ਚਾਰ ਕਰ ਪਿਆਰਾ, ਏਕਾ ਬਿੰਦੀ ਬਿੰਦ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਵੇਖ ਵਖਾਈਆ । ਪੰਚਮ ਅੱਖਰ ਪੰਚਮ ਰੰਗ, ਪੰਚਮ ਮੋਹ ਚੁਕਾਇੰਦਾ । ਪੰਚਮ ਰੰਗੇ ਸਾਚਾ ਰੰਗ, ਗੋਬਿੰਦ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਹਰਿ ਨਿਰੰਕਾਰ, ਆਪੇ ਆਪ ਚਲਾਇੰਦਾ । ਆਪਣੀ ਧਾਰ ਆਪ ਚਲਾ, ਆਪਣਾ ਖੇਲ ਖਿਲਾਇਆ । ਆਪਣਾ ਤਨ ਆਪ ਜਲਾ, ਗੁਰਮੁਖਾਂ ਭੇਟ ਚੜ੍ਹਾਇਆ । ਗੁਰਮੁਖ ਸਾਚੇ ਲਏ ਜਗਾ, ਬੀਸ ਬੀਸਾ ਵਡ ਵਡਿਆਇਆ । ਜਗਤ ਜਗਦੀਸ ਰਚਨ ਰਚਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਇਕ ਏਕੰਕਾਰਾ ਆਪ ਅਖਵਾ, ਆਪ ਆਪਣਾ ਵੇਸ ਵਟਾਇਆ । ਦੂਜੇ ਵੇਸ ਲਿਆ ਵਟਾ, ਨਿਰਗੁਣ ਸਰਗੁਣ ਵਿਚ ਸਮਾਇਆ । ਤੀਜੇ ਜੋਤੀ ਆਪ ਜਗਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਚੌਥੇ ਘਰ ਡੇਰਾ ਲਾ, ਸਾਚਾ ਦਰ ਸੁਹਾਇਆ । ਪੰਚਮ ਖੇਲੇ ਖੇਲ ਸਹਿਜ ਸੁਭਾ, ਆਪਣਾ ਮੰਗਲ ਆਪੇ ਗਾਇਆ । ਛੇਵਾ ਘਰ ਦਏ ਵਸਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਬੇਪਰਵਾਹ, ਜੋਤੀ ਜਾਮਾ ਭੇਖ ਵਟਾਇਆ । ਅੱਠ ਤੱਤ ਕੋਈ ਜਾਣੇ ਨਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਮਨ ਮਤ ਬੁਧ ਨਾ ਕੋਈ ਰਖਾਇਆ । ਨੌ ਦਰ ਨਾ ਕੋਈ ਧਰਵਾਸ, ਰਸਨ ਸਵਾਸ ਨਾ ਕੋਈ ਚਲਾਇਆ । ਦਸਵੇਂ ਦਰ ਹੋ ਪਰਕਾਸ਼, ਆਪਣਾ ਨਾਅਰਾ ਆਪੇ ਲਾਇਆ । ਦਸ ਅੱਖਰ ਸਾਚੀ ਰਾਸ, ਦਸ ਜੋਤੀ ਭੇਟ ਚੜ੍ਹਾਇਆ । ਮਾਤ ਗਰਭ ਨਾ ਦਸ ਦਸ ਮਾਸ, ਬਾਲਕ ਗੋਦ ਨਾ ਕਿਸੇ ਉਠਾਇਆ । ਆਪਣੇ ਅੰਦਰ ਰੱਖਿਆ ਵਾਸ, ਆਪਣਾ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਸਾਚੀ ਧਾਰ, ਵੀਹ ਸਦ ਵੀਹ ਬਿਕ੍ਰਮੀ ਹੋ ਉਜਿਆਰ, ਵੀਹ ਸੌ ਲੇਖਾ ਵਿਚ ਸੰਸਾਰ, ਵੀਹ ਦਸ ਸਾਚਾ ਕਰੇ ਪਿਆਰ, ਸਾਚਾ ਲੇਖਾ ਆਪ ਲਿਖਾਇਆ । ਅੱਖਰ ਪੰਜ ਪਹਿਲੀ ਵੰਡ, ਪੰਜਾਂ ਵਿਚ ਟਿਕਾਈਆ । ਪੈਂਤੀ ਪੰਜ ਚਾਰ ਚੁਤਾਲੀ ਹੋਏ ਬ੍ਰਹਿਮੰਡ, ਚੌਥੇ ਜੁਗ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਧਾਰਾ ਆਪਣੀ

ਆਪ ਬਦਲਾਈਆ । ਸਰਗੁਣ ਬਦਲਿਆ ਚੋਲਾ, ਨਿਰਗੁਣ ਰੂਪ ਵਟਾਇਆ । ਦਸਵੇਂ ਅੱਖਰ ਬੋਲਿਆ ਬੋਲਾ, ਆਪੇ ਰਸਨਾ ਗਾਇਆ । ਆਪੇ
ਖੇਲਿਆ ਆਪਣਾ ਹੋਲਾ, ਆਪੇ ਸਗਨ ਮਨਾਇਆ । ਆਪਣਾ ਬਣਿਆ ਆਪੇ ਵਿਚੋਲਾ, ਆਪੇ ਵੇਖਣ ਆਇਆ । ਆਪਣਾ ਗਾਇਆ ਆਪੇ ਢੋਲਾ,
ਸੋਹੰ ਨਾਮ ਧਰਾਇਆ । ਨਾਨਕ ਬਣਿਆ ਸਾਚਾ ਤੋਲਾ, ਏਕਾ ਕੰਡਾ ਹੱਥ ਉਠਾਇਆ । ਦਸ ਅੱਖਰ ਨਿਰਗੁਣ ਧਾਰ ਨਾ ਕੋਈ ਪਾਏ ਰੌਲਾ, ਘਰ
ਦਸਵੇਂ ਮੇਲ ਮਿਲਾਇਆ । ਪਚਾਸ ਅੱਖਰ ਕਰ ਪਿਆਰ, ਸਚ ਸਤਾਰ ਆਪ ਹਿਲਾਇਆ । ਨਿਹਕਲੰਕਾ ਜਾਮਾ ਧਾਰ, ਕਲਜੁਗ ਅੰਤਮ ਵੇਖ
ਵਖਾਇਆ । ਲੱਖ ਚੁਰਾਸੀ ਪਾਵੇ ਸਾਰ, ਸਾਧਾਂ ਸੰਤਾਂ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ
ਖਿਲਾਇਆ । ਦਸ ਦਸ ਸਾਚੀ ਕਿਰਪਾ ਕਰ, ਦਰ ਦਸਵੇਂ ਡੇਰਾ ਲਾਇਆ । ਆਪਣਾ ਆਪ ਗੁਰਮੁਖਾਂ ਅੱਗੇ ਧਰ, ਗੁਰਮੁਖ ਸੋਏ ਲਏ ਜਗਾਇਆ ।
ਅਜੱਪਾ ਜਾਪ ਏਕਾ ਕਰ, ਆਪਣਾ ਮੰਤਰ ਨਾਮ ਦ੍ਰਿੜਾਇਆ । ਸਾਚਾ ਘਾੜਨ ਆਪੇ ਘੜ, ਗੁਰਮੁਖ ਸਾਚੇ ਦਰ ਘੜਾਇਆ । ਡੂੰਘੀ ਕੰਦਰ ਆਪੇ
ਵੜ, ਕਾਇਆ ਭਵਰੀ ਵੇਖ ਵਖਾਇਆ । ਸੁਖਮਨ ਨਾੜੀ ਪਾਰ ਕਰ, ਆਪਣੇ ਮਾਰਗ ਆਪੇ ਲਾਇਆ । ਆਪਣਾ ਪੱਲਾ ਆਪੇ ਫੜ, ਗੁਰਸਿਖਾਂ
ਲੜ ਬੰਧਾਇਆ । ਤ੍ਰਿਕੁਟੀ ਛੁੱਟੀ ਗਿਆ ਚੜ੍ਹ, ਸਤਿਗੁਰ ਪੂਰਾ ਲੈਣ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਈ ਵਖਾਇਆ ।
ਅੰਦਰੇ ਅੰਦਰ ਦਰਸ ਦੇਵੇ ਖੜ, ਆਪ ਆਪਣਾ ਰੂਪ ਵਟਾਇਆ । ਸੋਹੰ ਅੱਖਰ ਆਪ ਆਪਣਾ ਆਪੇ ਪੜ੍ਹ, ਜੀਵਣ ਮਰਨ ਇਕ ਵਖਾਇਆ ।
ਦਸਮ ਦਵਾਰੀ ਬੈਠਾ ਵੜ, ਨਿਕਲ ਕਦੇ ਨਾ ਜਾਇਆ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇਆ । ਜੋਤੀ ਜੋਤ ਸਰੂਪ
੬੧੮ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਨਾਉਂ ਰਖਾਇਆ । ਦਸਮ ਦਵਾਰੀ ਸਾਚੀ ਧਾਰ, ਦਸ ੬੧੮
੦੮ ਸਾਲ ਆਪ ਚਲਾਈਆ । ਦਿਵਸ ਦਿਵਸ ਕਰ ਪਿਆਰ, ਸੋਏ ਬਾਲੇ ਆਪ ਉਪਾਈਆ । ਰਾਤ ਰਾਣੀ ਪਹਿਰੇਦਾਰ, ਸੇਵਕ ਸੇਵਾ ਰਹੀ ਕਮਾਈਆ । ੦੮
ਦਰ ਦੁਰਕਾਏ ਚੋਰ ਯਾਰ, ਠੱਗੀ ਠੱਗ ਨਾ ਕੋਇ ਵਖਾਈਆ । ਨਿਰਗੁਣ ਰੂਪ ਸੱਚੀ ਸਰਕਾਰ, ਸਚ ਤਖ਼ਤ ਸੁਲਤਾਨ ਅਦਲ ਕਮਾਈਆ । ਜੁਗ
ਜੁਗ ਵਿਛੜੇ ਮੇਲੇ ਯਾਰ, ਚਾਰ ਯੁਗ ਫੋਲ ਫੁਲਾਈਆ । ਸਾਚਾ ਮੀਤਾ ਮੀਤ ਮੁਰਾਰ, ਏਕਾ ਏਕ ਆਪ ਹੋ ਜਾਈਆ । ਸਾਚੀ ਰੀਤਾ ਵਿਚ ਸੰਸਾਰ,
ਕਲਜੁਗ ਅੰਤਮ ਰਿਹਾ ਚਲਾਈਆ । ਮੰਦਰ ਮਸੀਤਾ ਵੇਖ ਵਿਚਾਰ, ਗੁਰਦਵਾਰੇ ਫੋਲ ਫੁਲਾਈਆ । ਜੀਵ ਜੰਤ ਹੋਇਆ ਹੰਕਾਰ, ਮਨਮਤ ਕਰੇ
ਪੜ੍ਹਾਈਆ । ਸਾਚੀ ਸਿਖਿਆ ਨਾ ਕਰੇ ਕੋਈ ਵਿਚਾਰ, ਪੁਰਖ ਅਕਾਲ ਨਾ ਕੋਈ ਮਨਾਈਆ । ਗੁਰ ਕਾ ਬਚਨ ਗਏ ਵਿਸਾਰ, ਗੁਰ ਗੋਬਿੰਦ
ਲੇਖ ਲਿਖਾਈਆ । ਜੋ ਪਰਮੇਸ਼ਵਰ ਮੁਝ ਕੋ ਉਚਰੇ ਨਰ ਨਾਰ, ਕੁੰਭੀ ਨਰਕ ਰਖਾਈਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ,
ਸਭ ਦਾ ਲੇਖਾ ਦਏ ਮੁਕਾਈਆ । ਵੀਹ ਸੌ ਦਸ ਬਿਕ੍ਰਮੀ ਕਰ ਪਿਆਰ, ਸਾਚੀ ਰੀਤੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਗੁਰਮੁਖ ਤੇਰੀ ਕਥਾ ਕਹਾਣੀ ਆਪੇ ਗਾਏ ਪਦ ਨਿਰਬਾਣੀ, ਨਿਰਭੈ ਰੂਪ ਵਖਾਈਆ । ਦਸ ਦੋ ਤੇਰਾ ਸਚ ਵਿਹਾਰਾ, ਹਰਿ ਸਤਿਗੁਰ
ਆਪ ਕਰਾਇਆ । ਪਰਗਟ ਹੋ ਵਿਚ ਸੰਸਾਰਾ, ਸਾਚਾ ਲੇਖ ਲਿਖਾਇਆ । ਸਾਚੇ ਅੱਖਰ ਕਰ ਉਜਿਆਰਾ, ਸਾਚੇ ਦਰ ਵਖਾਇਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਉਠਾਇਆ । ਗੁਰਮੁਖ ਸਾਚੇ ਦਏ ਹੁਲਾਰਾ, ਹਰਿ ਸਤਿਗੁਰ ਵਡ ਵਡਿਆਈਆ ।

ਵੀਹ ਸੌ ਦਸ ਬਿਕ੍ਰਮੀ ਕਰ ਪਿਆਰਾ, ਸੋਲਾਂ ਮੱਘਰ ਰੁੱਤ ਸੁਹਾਈਆ । ਇਕਵੰਜਵਾਂ ਅੱਖਰ ਲਿਖਿਆ ਅਪਰ ਅਪਾਰਾ, ਕਲਮ ਸ਼ਾਹੀ ਨਾ ਕੋਈ ਰਖਾਈਆ । ਲਿਖਣਹਾਰਾ ਹਰਿ ਨਿਰੰਕਾਰਾ, ਅੰਮ੍ਰਿਤ ਧਾਰ ਨਾਲ ਰਲਾਈਆ । ਜਨ ਭਗਤਾਂ ਕਰਿਆ ਸਚ ਪਿਆਰਾ, ਚੌਥੇ ਜੁਗ ਦਏ ਵਡਿਆਈਆ । ਕਬੀਰ ਜੁਲਾਹਾ ਬਣ ਲਿਖਾਰਾ, ਦੇਵੇ ਦਰ ਗਵਾਹੀਆ । ਆਦੀ ਆਦਿ ਮਿਲਿਆ ਮੀਤ ਮੁਰਾਰ, ਸੋ ਸੁਹੰਜਣੀ ਘੜੀ ਹੋਈ ਰੁਸ਼ਨਾਈਆ । ਪੂਜਾ ਪਾਠ ਪਾਰ ਕਿਨਾਰਾ, ਜਿਸ ਦਰ ਬੈਠਾ ਸੱਚਾ ਮਾਹੀਆ । ਹਰਿ ਸੰਗਤ ਦੀਪਕ ਕਰ ਉਜਿਆਰਾ, ਸਾਚੀ ਜੋਤ ਕਰੇ ਰੁਸ਼ਨਾਈਆ । ਸਾਚਾ ਲਾਲ ਕਰ ਪਿਆਰਾ, ਆਪ ਆਪਣੇ ਰੰਗ ਰੰਗਾਈਆ । ਜਿਤਿਆ ਮਨ ਵਿਚ ਸੰਸਾਰਾ, ਮਨ ਜੀਤ ਵੱਜੀ ਵਧਾਈਆ । ਇਕਵੰਜਾ ਅੱਖਰ ਕਰ ਉਜਿਆਰਾ, ਸਾਢੇ ਤਿੰਨ ਹੱਥ ਦਏ ਵਖਾਈਆ । ਬਾਵਨ ਤੇਰੀ ਬੰਨੇ ਧਾਰਾ, ਭੇਖਾਧਾਰੀ ਭੇਖ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਇਕ ਦਸ ਏਕਾ ਰੰਗ, ਹਰਿ ਸਾਚੇ ਰੰਗ ਰੰਗਾਇਆ । ਨਾਨਕ ਨਿਰਗੁਣ ਮੰਗੀ ਮੰਗ, ਹਰਿ ਪੂਰੀ ਦਏ ਕਰਾਇਆ । ਦਾਤਾ ਦਾਨੀ ਸੂਰਾ ਸਰਬੰਗ, ਆਦਿ ਜੁਗਾਦੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕ ਜਗਤ ਜਗਦੀਸ਼, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਛਤਰ ਝੁੱਲੇ ਸੀਸ, ਹਰਿ ਸਾਚਾ ਵੇਖ ਵਖਾਈਆ । ਰਾਜ ਰਜਾਨਾਂ ਸ਼ਾਹ ਸੁਲਤਾਨਾਂ ਇਕ ਹਦੀਸ, ਸਾਧਾਂ ਸੰਤਾਂ ਇਕ ਪੜ੍ਹਾਈਆ । ਬਵੰਜਾ ਅੱਖਰ ਤੇਰੀ ਕੋਈ ਨਾ ਕਰੇ ਰੀਸ, ਪੋਹ ਛੱਬੀ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਆਪ ਸੁਹਾਈਆ । ਸਾਚਾ ਮੰਦਰ ਹਰਿ ਨਿਰੰਕਾਰ, ਲੋਕਮਾਤ ਉਪਜਾਇੰਦਾ । ਜਗਤ ਜਗਦੀਸਾ ਪਹਿਲੋਂ ਕਰਿਆ ਖ਼ਬਰਦਾਰ, ਸਾਚੀ ਪੁਰੀ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪ ਆਪਣਾ ਖੇਲ ਖਿਲਾਇੰਦਾ । ਨੌਂ ਦਵਾਰੇ ਕਰ ਤਿਆਰ, ਨੌਂ ਖੰਡ ਫੋਲ ਫੁਲਾਇੰਦਾ । ਸਤ ਰੰਗ ਨਿਸ਼ਾਨਾ ਅਪਰ ਅਪਾਰ, ਸਚ ਸੰਦੇਸ਼ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਏਕਾ ਮਾਰਗ ਲਾਇੰਦਾ । ਨੌਂ ਦਵਾਰੇ ਕਰ ਤਿਆਰ, ਉਪਰ ਮੰਦਰ ਆਪ ਰਚਾਇਆ । ਦਸਮ ਦਵਾਰੀ ਬੰਦ ਕਿਵਾੜ, ਨਾ ਕੋਈ ਵੇਖੇ ਵੇਖ ਵਖਾਇਆ । ਪਾਰਬ੍ਰਹਮ ਰੂਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਜਨ ਭਗਤਾਂ ਕਰੇ ਮਾਤ ਪਿਆਰ, ਗੁਰਮੁਖ ਸਾਚੇ ਲਏ ਉਠਾਇਆ । ਸਾਢੇ ਤਿੰਨ ਹੱਥ ਲੇਖਾ ਅਧਵਿਚਕਾਰ, ਸਚ ਸਿੰਘਾਸਣ ਆਸਣ ਲਾਇਆ । ਜੋਤ ਅਕਾਲੀ ਨਿਰਾਕਾਰ, ਨੂਰੋ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਦਏ ਵਖਾਇਆ । ਪਹਿਲੀ ਹਰਿ ਹਰਿ ਬਣਤ ਬਣਾਈ, ਦਰ ਦਰਬਾਰ ਸੁਹਾਇਆ । ਦੂਜੇ ਹਰਿ ਸੰਗਤ ਆਪ ਉਠਾਈ, ਨੌਂ ਅਠਾਰਾਂ ਵੇਖ ਵਖਾਇਆ । ਵੀਹ ਸੌ ਬਾਰਾਂ ਜੋੜ ਜੁੜਾਈ, ਦਰ ਸਾਚਾ ਇਕ ਸੁਹਾਇਆ । ਸਾਚਾ ਲੇਖਾ ਗਿਆ ਸਮਝਾਈ, ਲੱਖ ਚੁਰਾਸੀ ਫੰਦ ਕਟਾਇਆ । ਦਸਮ ਦਵਾਰੀ ਪੰਧ ਮੁਕਾਈ, ਨੌਂ ਦਵਾਰੇ ਚਰਨਾਂ ਹੇਠ ਦਬਾਇਆ । ਸਚ ਸਿੰਘਾਸਣ ਰਿਹਾ ਵਿਛਾਈ, ਆਪ ਆਪਣਾ ਆਸਣ ਲਾਇਆ । ਗੁਰਮੁਖਾਂ ਮਿਲੇ ਚਾਈਂ ਚਾਈਂ, ਜਗਤ ਨੇਤਰ ਬੰਦ ਕਰਾਇਆ । ਪਕੜ ਉਠਾਏ ਆਪੇ ਬਾਹੀਂ, ਸੋਇਆ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਅੱਖਰ ਕੀਤੇ ਵੱਖਰ, ਦਸਮ ਦਵਾਰੀ ਤੋੜਿਆ ਪੱਥਰ, ਪੰਚ ਵਿਕਾਰਾ ਲਾਹਿਆ ਸੱਥਰ, ਆਪ ਆਪਣਾ

ਸੰਗ ਨਿਭਾਇਆ । ਸਾਚੀ ਭਗਤੀ ਭਗਤ ਭਗਵਾਨ, ਆਪਣੀ ਆਪ ਜਣਾਈਆ । ਵੀਹ ਸਦ ਬਾਰਾਂ ਕਰ ਧਿਆਨ, ਦੂਜੀ ਰੁੱਤੜੀ ਵੇਖ ਵਖਾਈਆ । ਜੇਠ ਨਾਲ ਰਲਾਇਆ ਹਾੜ ਬਲਵਾਨ, ਅਗਨੀ ਤੱਤ ਰਹੀ ਬਰਸਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਗੁਰਮੁਖ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਪਹਿਲੀ ਹਾੜ ਕੱਢਿਆ ਬਾਹਰ, ਕਲਜੁਗ ਕੂੜ ਕੁਰਲਾਇਆ । ਦੂਜੀ ਹਾੜ ਵੇਖੇ ਅਖਾੜ, ਪੰਜ ਤੱਤ ਡੇਰਾ ਲਾਇਆ । ਤੀਜੀ ਹਾੜ ਹੋਏ ਉਜਾੜ, ਜੂਹ ਜੰਗਲ ਡੇਰਾ ਢਾਇਆ । ਚੌਥੀ ਹਾੜ ਬਣ ਵਣਜਾਰ, ਹਰਿਜਨ ਸਾਚੇ ਮੇਲ ਮਿਲਾਇਆ । ਪੰਚਮ ਕਰ ਪੰਚ ਪਿਆਰ, ਛੇਵੇਂ ਦਰ ਸੁਹਾਇਆ । ਸੱਤਵੇਂ ਸਾਚੀ ਕਰੇ ਕਾਰ, ਅਠਵੇਂ ਅਠ ਤੱਤ ਰੰਗਾਇਆ । ਨੌਂ ਦਰ ਵੇਖੇ ਜਗਤ ਅਖਾੜ, ਦਸਵੇਂ ਗੁਰਮੁਖ ਮੇਲ ਮਿਲਾਇਆ । ਦਸ ਇਕ ਗਿਆਰਾਂ ਹੋ ਤਿਆਰ, ਆਪ ਆਪਣਾ ਰਾਹ ਤਕਾਇਆ । ਦਸ ਦੋ ਬਾਰਾਂ ਨਰ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਤੇਰਾਂ ਹਾੜ ਕਰ ਵਿਚਾਰ, ਆਪ ਆਪਣਾ ਨਾਮ ਧਰਾਇਆ । ਚੌਦਾਂ ਤਬਕਾਂ ਪਾਏ ਸਾਰ, ਚੌਦਾਂ ਹੱਟਾਂ ਫੋਲ ਫੁਲਾਇਆ । ਪੰਦਰਾਂ ਅੰਦਰਾਂ ਵੇਖੇ ਧਾਰ, ਲੱਖ ਚੁਰਾਸੀ ਫੋਲ ਫੁਲਾਇਆ । ਸੋਲਾਂ ਇਛਿਆ ਕਰ ਸ਼ੰਗਾਰ, ਗੁਰ ਭਿਛਿਆ ਗੁਰਮੁਖਾਂ ਆਪੇ ਪਾਇਆ । ਸਤਾਰਾਂ ਹਾੜ ਹਰਿ ਨਿਰੰਕਾਰ, ਵੀਹ ਸੌ ਬਾਰਾਂ ਵੇਖ ਵਖਾਇਆ । ਗੁਰਮੁਖਾਂ ਦਿਤਾ ਇਕ ਪਿਆਰ, ਸਿਰ ਆਪਣਾ ਹੱਥ ਟਿਕਾਇਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਏ ਜੈਕਾਰ, ਲੱਖ ਚੁਰਾਸੀ ਵਿਚ ਨਾ ਆਇਆ । ਜੋਗ ਅਭਿਆਸ ਨਾ ਕੋਈ ਸੁਨਾਰ, ਅਗਨੀ ਮੱਠ ਨਾ ਕੋਈ ਤਪਾਇਆ । ਸਿਰ ਪਾਏ ਨਾ ਕੋਇ ਜਲ ਧਾਰ, ਧੂਣੀ ਤਾ ਨਾ ਕੋਈ ਵਖਾਇਆ । ਬਿਨ ਸਤਿਗੁਰ ਪੂਰੇ ਕੋਈ ਨਾ ਉਤਰੇ ਪਾਰ, ਗੁਰ ਨਾਨਕ ਦਏ ਗਵਾਹਿਆ । ਕਬੀਰ ਕਹੇ ਪੁਕਾਰ ਪੁਕਾਰ, ਉਚੇ ਮੰਦਰ ਕੂਕ ਸੁਣਾਇਆ । ਨਾਲ ਰਲਾਇਆ ਰਵਦਾਸ ਚੁਮਿਆਰ, ਆਪਣਾ ਚਮੜਾ ਜਿਸ ਵਿਕਾਇਆ । ਗੋਬਿੰਦ ਕਰਿਆ ਸਚ ਪਿਆਰ, ਗੁਰਮੁਖ ਸਾਚੇ ਲਏ ਉਠਾਇਆ । ਅੰਮ੍ਰਿਤ ਬਖ਼ਸ਼ਿਆ ਖੰਡੇ ਧਾਰ, ਨਾਮ ਖੰਡਾ ਵਿਚ ਫਿਰਾਇਆ । ਏਕਾ ਬੋਲ ਸੱਚਾ ਜੈਕਾਰ, ਲੱਖ ਚੁਰਾਸੀ ਗਿਆ ਸੁਣਾਇਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਿਤਾ ਏਕਾ ਵਰ, ਸਾਚਾ ਮੰਤਰ ਇਕ ਦ੍ਰਿੜਾਇਆ । ਹਾੜ ਸਤਾਰਾਂ ਸਚ ਸੁਭਾਗ, ਗੁਰਮੁਖ ਨਾਰੀ ਕੰਤ ਮਿਲਾਇਆ । ਘਰ ਮੰਦਰ ਜਗਾਇਆ ਸਚ ਚਿਰਾਗ਼, ਦੀਵਾ ਬੱਤੀ ਨਾ ਕੋਈ ਰਖਾਇਆ । ਚਾਰ ਯੁਗ ਦਾ ਧੋਇਆ ਦਾਗ਼, ਆਪਣੀ ਹੱਥੀਂ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਪਕੜੀ ਵਾਗ, ਦੂਜੇ ਹੱਥ ਨਾ ਕਿਸੇ ਫੜਾਇਆ । ਆਪ ਬਣਾਏ ਹੰਸ ਕਾਗ, ਸੋਹੰ ਸਾਚੀ ਚੋਗ ਚੁਗਾਇਆ । ਅੱਠੇ ਪਹਿਰ ਇਕ ਵੈਰਾਗ, ਆਪਣਾ ਆਪ ਹਿਰਦੇ ਵਿਚ ਟਿਕਾਇਆ । ਪਹਿਲੋਂ ਮੋਇਆ ਫੇਰ ਗਿਆ ਜਾਗ, ਗੁਰਸਿਖ ਆਪਣੇ ਲਏ ਜਗਾਇਆ । ਏਕਾ ਸ਼ਬਦ ਏਕਾ ਰਾਗ, ਏਕਾ ਰਿਹਾ ਸੁਣਾਇਆ । ਜੋ ਜਨ ਸਰਨ ਸਰਨਾਈ ਗਏ ਲਾਗ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਬਾਰਾਂ ਸਚ ਵਿਹਾਰਾ, ਹਰਿ ਸੰਗਤ ਤੇਰਾ ਆਪ ਮਨਾਇਆ । ਹਰਿ ਸੰਗਤ ਤੇਰੀ ਕੱਟ ਚੁਰਾਸੀ ਫਾਸੀ, ਆਪਣੇ ਗਲ ਲਟਕਾਈਆ । ਪਹਿਲੋ ਨਾਮ ਰਖਾਇਆ ਘਨਕਪੁਰ ਵਾਸੀ, ਦੂਜੇ ਜੋਤ ਕਰੇ ਰੁਸ਼ਨਾਈਆ । ਤੀਜੇ ਖੇਲੇ ਖੇਲ ਪ੍ਰਿਥਮੀ ਅਕਾਸ਼ੀ, ਛੋਟੇ ਬਾਲੇ ਲਏ ਉਠਾਈਆ । ਚੌਥੇ ਘਰ ਕਰੇ

ਵਾਸੀ, ਵਾਸ ਨਿਵਾਸੀ ਆਪ ਹੋ ਜਾਈਆ । ਕਿਸੇ ਹੱਥ ਨਾ ਆਏ ਪੰਡਤ ਕਾਸ਼ੀ, ਕੋਟਨ ਕੋਟ ਗਿਆਨੀ ਧਿਆਨੀ ਫਿਰਦੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਏਕਾ ਮਤ ਸਮਝਾਈਆ । ਹਰਿ ਸੰਗਤ ਤੇਰਾ ਤੋੜਿਆ ਫੰਦ, ਹਰਿ ਆਪਣਾ ਕਰਮ ਕਮਾਇਆ । ਜਿਸ ਜਨ ਗਾਇਆ ਬੱਤੀ ਦੰਦ, ਰਾਏ ਧਰਮ ਨਾ ਦਏ ਸਜਾਇਆ । ਦਰ ਦਵਾਰੇ ਦਰਸ ਅਮੋਘ ਪਰਮਾਨੰਦ, ਜਿਸ ਜਨ ਆਏ ਦਰਸ਼ਨ ਪਾਇਆ । ਨੌ ਦਵਾਰੇ ਡੂੰਘੀ ਕੰਧ, ਦੂਈ ਦਵੈਤੀ ਪੜਦਾ ਲਾਹਿਆ । ਆਵਣ ਜਾਵਣ ਚੁਕਿਆ ਪੰਧ, ਜਿਸ ਜਨ ਆਪਣੇ ਰੰਗ ਰੰਗਾਇਆ । ਮਦਿਰਾ ਮਾਸ ਤਜਾਇਆ ਗੰਦ, ਵਿਸ਼ਟਾ ਕੀਟ ਨਾ ਫਿਰ ਅਖਵਾਇਆ । ਦਰਗਹਿ ਸਾਚੀ ਚੜ੍ਹਿਆ ਚੰਦ, ਬ੍ਰਹਮਾ ਸ਼ਿਵ ਰਹਿਣ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੇਠ ਹਾੜ ਮੇਲ ਮਿਲਾਇਆ । ਜੇਠ ਜੇਠਾ ਅਗਨੀ ਲਾ, ਨੌ ਖੰਡ ਰਿਹਾ ਜਲਾਈਆ । ਹਾੜ ਆਪਣਾ ਆਪ ਉਪਾ, ਗੁਰਮੁਖ ਸੱਜਣ ਲਏ ਮਿਲਾਈਆ । ਹਾੜ ਸਤਾਰਾਂ ਦਿਵਸ ਸੁਹਾ, ਵੀਹ ਸਦ ਬਾਰਾਂ ਕਰਮ ਕਮਾਈਆ । ਬਵੰਜਾ ਸਾਲ ਵੇਖ ਵਖਾ, ਬਾਵਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵਣਹਾਰਾ ਵਰ, ਆਸਾ ਮਨਸਾ ਪੂਰ ਕਰਾਈਆ । ਆਸਾ ਮਨਸਾ ਹਰਿ ਹਰਿ ਪੂਰ, ਹਰਿ ਹਰਿ ਮੇਲ ਮਿਲੰਨਿਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਏਕਾ ਜੋਤ ਸ੍ਰੀ ਭਗਵੰਨਿਆ । ਆਪੇ ਨੇੜੇ ਆਪੇ ਦੂਰ, ਖੇਲੇ ਖੇਲ ਦੋ ਜਹਾਨਿਆ । ਆਪੇ ਸ਼ਬਦ ਆਪੇ ਤੂਰ, ਨਾਦ ਅਨਾਦੀ ਆਪ ਵਜੰਨਿਆ । ਆਪੇ ਦਾਤਾ ਆਪੇ ਸੂਰ, ਸੂਰਬੀਰ ਆਪ ਅਖਵੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਜੋਗ ਵਖੰਨਿਆ । ਸਚ ਤਖ਼ਤ ਸੁਲਤਾਨ ਬਿਰਾਜੇ, ਪਰਮ ਪੁਰਖ ਸ੍ਰੀ ਭਗਵੰਤਿਆ । ਜਨ ਭਗਤਾਂ ਆਪੇ ਕਰੇ ਕਾਜੇ, ਆਪ ਆਪਣਾ ਧਾਮ ਸੁਹੰਤਿਆ । ਰੈਣ ਅੰਧੇਰੀ ਮਾਰੇ ਵਾਜੇ, ਸੋਏ ਲੋਕਮਾਤ ਉਠੰਤਿਆ । ਪਰਗਟ ਜੋਤ ਦੇਸ ਮਾਝੇ, ਸੰਬਲ ਨਗਰੀ ਧਾਮ ਸੁਹੰਤਿਆ । ਮਨਮੁਖਾਂ ਖੋਲ੍ਹਣਹਾਰਾ ਪਾਜੇ, ਏਕਾ ਰਾਗ ਸੁਣੰਤਿਆ । ਗੁਰਮੁਖਾਂ ਦੇਵੇ ਸਾਚਾ ਰਾਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਮ ਦਵਾਰੀ ਕਰ ਪਿਆਰੀ, ਗੁਰਮੁਖਾਂ ਵਖਾਏ ਚਰਨ ਦਵਾਰੀ, ਜੋਤੀ ਨਿਰਗੁਣ ਹਰਿ ਉਜਿਆਰੀ, ਆਸਣ ਸਿੰਘਾਸਣ ਪੁਰਖ ਅਬਿਨਾਸ਼ਨ ਡੇਰਾ ਲਾਇੰਦਾ ।

ਥਿਰ ਘਰ ਹਰਿ ਸਾਚਾ ਵਾਸਨ, ਨਿਰਗੁਣ ਦੀਵਾ ਬਾਤੀ । ਸਚ ਦਵਾਰਾ ਸਾਚਾ ਆਸਣ, ਨਿਰਗੁਣ ਜੋਤ ਇਕ ਇਕਾਂਤੀ । ਨਿਰਗੁਣ ਦਵਾਰਾ ਸਚ ਸਿੰਘਾਸਣ, ਪੁਰਖ ਅਬਿਨਾਸ਼ੀ ਨਿਰਗੁਣ ਰੱਖੀ ਤਿਲਕ ਲਿਲਾਟੀ । ਪਾਰਬ੍ਰਹਮ ਸਾਚੀ ਸੇਜਾ ਸੇਵਾ ਕਰੇ ਨੇਹਚਲ ਧਾਮਾ, ਆਪੇ ਗੁਰੂ ਆਪੇ ਚੇਲਾ ਆਪਣਾ ਆਪ ਕਹਾਵੇ । ਨਾ ਵਿਛੜੇ ਨਾ ਤੁਟੇ, ਨਾ ਕੋਈ ਵਹਿਣ ਵਹਾਵੇ । ਜੀਵ ਜੰਤ ਆਪਣੇ ਵਹਿਣ ਵਹੇ, ਲੱਖ ਚੁਰਾਸੀ ਵਹਿਣ ਵਹਾਵੇ । ਸਾਚ ਸੂਤ ਸਾਚਾ ਕਰਮ, ਨਿਰਮਲ ਭੋਜਨ ਕੀਆ । ਨਾ ਜੂਨੀ ਨਾ ਕੋਈ ਜੀਆ, ਆਪ ਆਪਣਾ ਆਪੇ ਥੀਆ । ਸ਼ਬਦ ਘੋੜ ਸੱਚਾ ਅਸਵਾਰੀ, ਕੋਟਨ ਕੋਟ ਜੀਵ ਜਨ ਕਰਨ ਨਿਮਸਕਾਰੀ । ਗੁਰ ਕਾ ਸ਼ਬਦ ਲੈਣਾ ਮੂਰਖ ਮੁਗਧ ਅੰਞਾਣ, ਭਵ ਸਾਗਰ ਤਾਰੇ, ਮੇਲ ਮਿਲਾਵੇ ਸ਼ਾਹ

ਸੁਲਤਾਨ । ਅਚਰਜ ਲੀਲ੍ਹਾ ਅਪਰ ਅਪਾਰ, ਹਰਿ ਆਪਣੀ ਆਪ ਰਚਾਈਆ । ਅਸੁੱਤੇ ਪਰਕਾਸ਼ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਲਾਲ ਵੇਸ ਖੇਲ ਅਪਾਰ, ਲਾਲ ਗੁਲਾਲਾ ਰੰਗ ਚੜ੍ਹਾਈਆ । ਕੰਚਨ ਵੇਖੇ ਸਿਰਜਣਹਾਰ, ਸੂਹਾ ਵੇਸ ਵਟਾਈਆ । ਚਿਟੀ ਧਾਰ ਕਰ ਪਿਆਰ, ਆਪ ਆਪਣਾ ਸੰਗ ਨਿਭਾਈਆ । ਪੀਲਾ ਪੀਰ ਪੀਰ ਗੁਰ ਅਵਤਾਰ, ਪਰਮ ਪੁਰਖ ਆਪ ਅਖਵਾਈਆ । ਨੀਲਾ ਨਿਰਗੁਣ ਸਰਗੁਣ ਕਰ ਪਿਆਰ, ਜੋਤ ਸ਼ਬਦ ਕਰੇ ਕੁੜਮਾਈਆ । ਕਾਲਾ ਵੇਖੇ ਅੰਧ ਅੰਧਿਆਰ, ਹਿਰਦਾ ਕਵਣ ਫੋਲ ਫੁਲਾਈਆ । ਸਤਿ ਪੁਰਖ ਨਿਰੰਜਣ ਰੰਗ ਸਤ ਲੀਲ੍ਹਾ ਅਪਰ ਅਪਾਰ, ਅੱਠੇ ਪੰਖੜੀਆਂ ਖੇਲ ਖਿਲਾਈਆ । ਦੋਏ ਦਸ ਕਰਨ ਨਿਮਸਕਾਰ, ਰਵ ਸਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਲੀਲ੍ਹਾ ਅਪਰ ਅਪਾਰ, ਅਕਲ ਕਲ ਰੰਗ ਵਰਤਾਈਆ ।

ਹਰਿ ਕਾ ਗੁਣ ਜਾਣੇ ਕੀ ਬਪਰਾ, ਵਡ ਵੱਡੀ ਵਡਿਆਈਆ । ਕਾਇਆ ਚੋਲਾ ਪਹਿਨੇ ਕਪੜਾ, ਜੁਗ ਜੁਗ ਵੇਸ ਵਟਾਈਆ । ਵਸਿਆ ਧਾਮ ਆਪਣੇ ਛੱਪਰਾ, ਸਾਚੀ ਛੰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਗੁਣ ਦਏ ਲਿਖਾਈਆ । ਆਇਆ ਗੁਣਵੰਤਾ ਭਗਵਾਨ, ਕਲਜੁਗ ਅੰਤਮ ਵੇਖ ਵਖਾਈਆ । ਸੋਹੰ ਸ਼ਬਦ ਉਠਾਇਆ ਹੱਥ ਨਿਸ਼ਾਨ, ਲੋਆਂ ਪੁਰੀਆਂ ਆਪ ਵਖਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਹਰਿਜਨ ਸਾਚੇ ਮੇਲ ਮਿਲਾਈਆ । ਮਨਮੁਖਾਂ ਮਾਰੇ ਤੀਰ ਨਿਸ਼ਾਨ, ਦੂਈ ਦਵੈਤੀ ਬਾਣ ਚਲਾਈਆ । ਕਲਜੁਗ ਮਿਟੇ ਝੂਠ ਦੁਕਾਨ, ਸਚ ਸੁੱਚ ਕਰੇ ਕੁੜਮਾਈਆ । ਸਤਿਜੁਗ ਸਾਚਾ ਕਰ ਪਰਧਾਨ, ਏਕਾ ਮਾਰਗ ਦਏ ਲਗਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਊਚ ਨੀਚ ਰਾਓ ਰੰਕ ਆਪ ਵਸਾਏ ਇਕ ਮਕਾਨ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਆਪੇ ਰਿਹਾ ਕਮਾਈਆ । ਕਲਜੁਗ ਅੰਤਮ ਹਰਿ ਹਰਿ ਆਇਆ, ਨਿਰਗੁਣ ਨੂਰ ਰੁਸ਼ਨਾਈਆ । ਜੁਗਾ ਜੁਗੰਤਰ ਖੇਲ ਖਿਲਾਇਆ, ਕਲਜੁਗ ਅੰਤਮ ਵੱਜੇ ਵਧਾਈਆ । ਸੱਚੇ ਪਾਤਸ਼ਾਹ ਸ਼ਾਹ ਸੁਲਤਾਨਾ ਆਪ ਅਖਵਾਇਆ, ਅਕਾਲ ਪੁਰਖ ਵੱਡੀ ਵਡਿਆਈਆ । ਲੋਆਂ ਪੁਰੀਆਂ ਦਏ ਉਠਾਇਆ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪਣੇ ਹੱਥ ਰਖਾਈਆ । ਹਰਿ ਭਾਣਾ ਬਲਵਾਨ, ਆਪਣੇ ਹੱਥ ਰਖਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਸ਼ਬਦ ਸੁਣਾਇੰਦਾ । ਜਨ ਭਗਤਾਂ ਹੋਏ ਨਿਗਹਬਾਨ, ਆਪ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਪੀੜੇ ਘਾਣ, ਮਨਮਤੀ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਮਿਟੇ ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਹਰਿ ਸਾਚੇ ਸਚ ਵਡਿਆਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਰੰਗ ਰੰਗੌਣਾ, ਇਕ ਨਿਸ਼ਾਨ ਰਿਹਾ ਵਖਾਈਆ । ਸੋਹੰ ਸ਼ਬਦ ਸ੍ਰਿਸ਼ਟ ਸਬਾਈ ਗੌਣਾ, ਹਿੰਦੂ ਮੁਸਲਮ ਸਿਖ ਈਸਾਈ ਏਕਾ ਮਾਰਗ ਪਾਈਆ । ਰਾਮ ਕ੍ਰਿਸ਼ਨ ਵੇਸ ਵਟੌਣਾ, ਨਾਨਕ ਗੋਬਿੰਦ ਕਰ ਜੋਤ ਰੁਸ਼ਨਾਈਆ । ਈਸਾ ਮੂਸ ਖੇਲ ਖਿਲੌਣਾ, ਸੰਗ ਮੁਹੰਮਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਚੇ ਪਾਤਸ਼ਾਹ ਬੇਪਰਵਾਹ ਇਕ ਅਖਵਾਈਆ । ਸੱਚੇ ਪਾਤਸ਼ਾਹ

ਨਿਰਗੁਣ ਧਾਰ, ਆਪਣੀ ਆਪ ਚਲਾਈਆ । ਮੂਰਖ ਮੁਗਧ ਨਾ ਪਾਵੇ ਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਲੇਖਾ ਲਿਖਤ ਅਗੰਮ ਅਪਾਰ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਈਆ ।

ਬਿਨ ਕਿਰਪਾ ਨਾ ਬੂਝੇ ਢੋਰ, ਮਨ ਮਤ ਨਾ ਕੋਈ ਚਤੁਰਾਈਆ । ਸੰਗ ਰਲਾਏ ਪੰਜ ਚੋਰ, ਪੰਚਮ ਮੇਲ ਮਿਲਾਈਆ । ਲੱਭਦਾ ਫਿਰੇ ਅੰਧੇਰ ਘੋਰ, ਨਿਹਕਲੰਕ ਹੱਥ ਨਾ ਆਈਆ । ਜਗਤ ਦਰਸ਼ਨ ਖਿਚੀ ਡੋਰ, ਚਾਰੋਂ ਕੁੰਟ ਭਵਾਈਆ । ਮਨ ਮਮਤਾ ਚੜ੍ਹਿਆ ਘੋੜ, ਕਾਮ ਕਰੋਧ ਹਲਕਾਈਆ । ਦਹਿ ਦਿਸ਼ਾ ਵੇਖੇ ਦੌੜ ਦੌੜ, ਆਪਣੀ ਅੱਖ ਨਾ ਕੋਈ ਖੁਲ੍ਹਾਈਆ । ਜਗਤ ਵਾਸਨਾ ਨਾ ਮਿਟੇ ਕੌੜ, ਰਸ ਮਿਠਾ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਲੱਛਣ ਆਪੇ ਦਏ ਲਿਖਾਈਆ । ਹਰਿ ਕਾ ਲੱਛਣ ਕੋਈ ਨਾ ਪੇਖੇ ਦਿਸ ਕਿਸੇ ਨਾ ਆਇਆ । ਗੁਰ ਗੋਬਿੰਦ ਕੱਢੇ ਭਰਮ ਭੁਲੇਖੇ ਜਿਸ ਜਨ ਗੁਰ ਗੋਬਿੰਦ ਵੇਖ ਵਖਾਇਆ । ਪਹਿਲੋਂ ਮਿਲੇ ਨਰ ਨਰੇਸ਼ੇ, ਨਰ ਨਰਾਇਣ ਫੇਰ ਦਰਸਾਇਆ । ਗੁਰ ਚਰਨ ਭੇਟ ਚੜ੍ਹਾਏ ਮੁੱਛ ਦਾੜ੍ਹੀ ਕੇਸੇ, ਸੋ ਗੁਰ ਸੂਰਾ ਨਿਹਕਲੰਕ ਦਏ ਵਖਾਇਆ । ਦਿਵਸ ਰੈਣ ਸਦਾ ਵੇਖ ਹਾਜ਼ਰ ਹਜ਼ੂਰ, ਹਾਜ਼ਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਦਏ ਖੁਲ੍ਹਾਇਆ । ਸਾਚਾ ਯੁਧ ਹਰਿ ਨਿਰੰਕਾਰ, ਆਪਣਾ ਆਪ ਕਰਾਈਆ । ਮਨ ਮਤ ਬੁਧ ਨਾ ਪਾਵੇ ਸਾਰ, ਗੁਰ ਗੋਬਿੰਦ ਲੇਖ ਲਿਖਾਈਆ । ਆਪਣੀ ਸੁਧ ਨਾ ਪਾਏ ਜੀਵ ਵਿਚ ਸੰਸਾਰ, ਅਨਭਵ ਕਵਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸਾਚਾ ਵਰ, ਨਿਹਕਲੰਕ ਸੋ ਜਨ ਵੇਖ ਵਖਾਈਆ । ਨਿਹਕਲੰਕ ਹਰਿ ਕਾ ਰੂਪ, ਪੁਰਖ ਅਕਾਲ ਵਟਾਇਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਜਿਸ ਜਨ ਉਪਰ ਜਾਏ ਤੁਠ, ਆਪ ਆਪਣਾ ਪੜਦਾ ਲਾਹਿਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਅੰਦਰ ਮੰਦਰ ਮੇਲ ਮਿਲਾਇਆ । ਨਿਹਕਲੰਕ ਸ਼ਬਦ ਖੰਡਾ ਏਕਾ ਫੜਿਆ ਜਗਤ ਵਿਕਾਰਾ ਕੱਢੇ ਕੁੱਟ, ਕਰਦਾ ਯੁਧ ਦਿਸ ਕਿਸੇ ਨਾ ਆਇਆ । ਸ਼ਬਦ ਖੰਡਾ ਤਿਖੀ ਧਾਰ, ਨਿਹਕਲੰਕ ਹੱਥ ਉਠਾਈਆ । ਗੁਰਮੁਖਾਂ ਕਰੇ ਸਚ ਪਿਆਰ, ਮਨਮੁਖਾਂ ਦਏ ਸਜਾਈਆ । ਮਾਰੀ ਜਾਏ ਵਾਰੋ ਵਾਰ, ਚਾਰੇ ਕੂਟਾਂ ਕੂਕੇ ਵਾਹੋ ਦਾਹੀਆ । ਮਨਮੁਖ ਸੁੱਤੇ ਪੈਰ ਪਸਾਰ, ਗੁਰਮੁਖ ਰਸਨਾ ਰਹੇ ਗਾਈਆ । ਘਰ ਮਿਲਿਆ ਸੱਜਣ ਮੀਤ ਮੁਰਾਰ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਏਕਾ ਏਕ ਡੰਕ ਵਜਾਈਆ ।


੬੨੩
੦੮

ਸਦਾ ਦਿਆਲ ਸਰਬ ਸੁਖ ਦਾਤਾ, ਹਰਿ ਹਰਿ ਸੱਜਣ ਮੀਤ ਮੁਰਾਰ । ਜਿਸ ਜਨ ਬਖ਼ਸ਼ੇ ਚਰਨ ਕਵਲ ਨਾਤਾ, ਸੋ ਜਨ ਉਧਰੇ ਪਾਰ । ਨਾਮ ਦੇਵੇ ਸਾਚੀ ਦਾਤਾ, ਦੇਵਣਹਾਰ ਆਪ ਨਿਰੰਕਾਰ । ਆਦਿ ਜੁਗਾਦੀ ਇਕ ਅਕਾਂਤਾ, ਖੇਲੇ ਖੇਲ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਹਰਿ ਜਨ ਜਨ ਹਰਿ ਆਪ ਲਾਏ ਪਾਰ । ਪਾਰ ਕਿਨਾਰ ਪੁਰਖ ਕਰਤਾਰ, ਆਪਣਾ ਆਪ ਵਖਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਦੇਵੇ ਸਚ ਸੱਚੀ ਸਰਨਾਈਆ । ਮਿਟੇ ਰੈਣ ਅੰਧੇਰੀ ਅੰਧ ਅੰਧਿਆਰ, ਕੂੜ ਕੁੜਿਆਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਪਾਏ ਭਿਛਿਆ ਦਰ ਸਾਚੇ ਵੇਖ ਵਖਾਈਆ । ਨਾਮ ਵਸਤ ਜਗਤ ਅਨਮੋਲ, ਹਰਿਜਨ ਝੋਲੀ ਪਾਇੰਦਾ । ਦਰ ਦਰਵਾਜਾ ਆਪੇ ਖੋਲ੍ਹ, ਆਪੇ ਵੇਖ ਵਖਾਇੰਦਾ । ਆਪਣੇ ਕੰਡੇ ਆਪੇ ਤੋਲ, ਆਪਣਾ ਭਾਰ ਆਪ ਉਠਾਇੰਦਾ । ਵਸਣਹਾਰਾ ਸਦਾ ਕੋਲ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਰਾਮ ਇਕ ਵਖਾਇੰਦਾ । ਨਾਮ ਧਨ ਸੱਚਾ ਧਨ ਮਾਲ, ਧਨ ਹਰਿ ਹਰਿ ਨਾਮ ਵਖਾਈਆ । ਤੋੜਨਹਾਰਾ ਜਗਤ ਜੰਜਾਲ, ਜੰਜਾਲਾ ਜਗਤ ਤੋੜ ਤੁੜਾਈਆ । ਸਤਿਗੁਰ ਸੱਚਾ ਦੀਨ ਦਿਆਲ, ਗੁਰ ਗੁਰ ਵੱਡੀ ਵਡਿਆਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਪਣੀ ਬੂਝ ਬੁਝਾਈਆ । ਗੁਰਮੁਖ ਬੁਝੇ ਹਰਿ ਦਰ ਸੁਝੇ, ਮੇਲਾ ਸਹਿਜ ਸੁਭਾਇਆ । ਚਰਨ ਪ੍ਰੀਤੀ ਗੁਰ ਗੁਰ ਲੁਝੇ, ਗੁਰ ਮੰਦਰ ਅੰਦਰ ਪਾਇਆ । ਹਰਿ ਭੇਵ ਖੁਲ੍ਹਾਏ ਆਪਣੇ ਗੁਝੇ, ਆਪ ਆਪਣਾ ਪੜਦਾ ਲਾਹਿਆ । ਲੇਖਾ ਚੁੱਕੇ ਏਕਾ ਦੂਜੇ, ਏਕਾ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਡਿਆਇਆ । ਵਡ ਵਡਿਆਈ ਆਪ ਕਰ, ਦੇਵੇ ਨਾਮ ਨਿਧਾਨਾ । ਏਕਾ ਅੱਖਰ ਜਾਪ ਧਰ, ਕਰੇ ਪੰਚ ਪਰਧਾਨਾ । ਹਰਿਜਨ ਭਾਣਾ ਜਾਏ ਜਰ, ਭਾਣਾ ਵਰਤੇ ਦੋ ਜਹਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਬੰਨੇ ਨਾਮ ਹੱਥੀਂ ਸੱਚਾ ਗਾਨਾ ।



੬੨੪ ੦੮

ਆਦਿ ਨਮੋ ਗੁਰ ਦੇਵਾ, ਗੁਰੂ ਗੁਰ ਮੰਤਰ ਨਾਮ ਦ੍ਰਿੜਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਵਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਆਦਿ ਜੁਗਾਦੀ ਆਪਣੀ ਸੇਵਾ, ਸ਼ਬਦ ਬ੍ਰਹਿਮਾਦੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਸੱਤ ਦੇਵੇ ਵਰ, ਅੱਡ ਅੱਡ ਗੰਢ ਬੰਧਾਈਆ । ਨੌਂ ਸੱਤ ਵੰਡ ਵੰਡ, ਦੋ ਦੋ ਲੇਖ ਲਿਖਾਇਆ । ਵਸਣਹਾਰਾ ਵਿਚ ਬ੍ਰਹਿਮੰਡ, ਹਰਿ ਹਰਿ ਰੂਪ ਵਟਾਇਆ । ਖੇਲੇ ਖੇਲ ਜੇਰਜ ਅੰਡ, ਜੋਗ ਜੁਗਤ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪ ਦਰਸਾਇਆ । ਨਿਰਗੁਣ ਰੂਪ ਨਿਰਗੁਣ ਧਾਰ, ਨਿਰਗੁਣ ਰੂਪ ਚਲਾਈਆ । ਨਿਰਗੁਣ ਰੂਪ ਆਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਖੰਡਾ ਤੇਜ਼ ਕਟਾਰ, ਨਿਰਗੁਣ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁੱਤ ਦੁਲਾਰਾ ਵੇਖ ਵਖਾਈਆ । ਸੁੱਤ ਦੁਲਾਰਾ ਸ਼ਬਦ ਅਨਰੰਗ, ਰੂਪ ਰੰਗ ਨਾ ਰਾਇਆ । ਆਦਿ ਜੁਗਾਦਿ ਸੂਰਾ ਸਰਬੰਗ, ਸਹੰਸਰ ਮੁਖ ਸ਼ੇਸ਼ ਨਾ ਗਾਇਆ । ਲਾਲ ਭੂਸ਼ਣ ਲਾਏ ਅੰਗ, ਅੰਗੀਕਾਰ ਵੇਸ ਵਟਾਇਆ । ਪੁਰਖ ਅਗੰਮਾ ਵਜਾਏ ਮਰਦੰਗ, ਏਕਾ ਨਾਅਰਾ ਲਾਇਆ । ਆਪ ਆਪਣਾ ਰੱਖੇ ਸੰਗ, ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਦਰਸਾਇਆ । ਲਾਲ ਭੂਸ਼ਣ ਬਸੁਧਾ ਧਾਰ, ਲੱਖ

ਚੁਰਾਸੀ ਰੰਗ ਰੰਗਾਇੰਦਾ । ਸੱਤਾਂ ਦੀਪਾਂ ਕਰੇ ਖ਼ਬਰਦਾਰ, ਸਤਿ ਸਰੂਪੀ ਵੇਸ ਵਟਾਇੰਦਾ । ਸੱਤ ਪੈਸੇ ਕਰ ਪਿਆਰ, ਕਲਜੁਗ ਕਰਤਾ ਕੀਮਤ ਆਪੇ ਪਾਇੰਦਾ । ਜੂਠ ਝੂਠ ਕਰੇ ਖੁਵਾਰ, ਮਾਇਆ ਮਮਤਾ ਮੋਹ ਤੁੜਾਇੰਦਾ । ਨਾਮ ਡੰਕਾ ਇਕ ਅਪਾਰ, ਸ਼ਬਦ ਨਗਾਰਾ ਆਪ ਵਜਾਇੰਦਾ । ਜੋਗਨ ਕਲ ਜੋਗਨ ਖ਼ਬਰਦਾਰ, ਹਾਕਨ ਡਾਕਨ ਮੂੰਡ ਮੁੰਡਾਇੰਦਾ । ਰਿਧ ਸਿਧ ਜਾਏ ਹਾਰ, ਨੌਂ ਨਾਥ ਮੁਖ ਸ਼ਰਮਾਇੰਦਾ । ਇਕ ਲੱਖ ਹਜ਼ਾਰ ਚੁਰਾਸੀ ਮਾਰੇ ਮਾਰ, ਲੋਕਮਾਤ ਭਾਰ ਨਾ ਕੋਈ ਉਠਾਇੰਦਾ । ਏਕੰਕਾਰਾ ਹੋਇਆ ਖ਼ਬਰਦਾਰ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੋਤ ਜਗਾਇੰਦਾ । ਲਾਲ ਧਾਰੀ ਲਾਲ ਰੰਗ, ਲਾਲੋ ਲਾਲ ਰੰਗਾਇਆ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਕਲਜੁਗ ਅੰਤਮ ਖੇਲ ਖਿਲਾਇਆ । ਆਪਣੇ ਅਸਵ ਕਸਿਆ ਤੰਗ, ਏਕਾ ਡੌਰੂ ਡੰਕਾ ਰਿਹਾ ਵਜਾਇਆ । ਦਰ ਦਵਾਰੇ ਆਪੇ ਲੰਘ, ਆਪੇ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਲ ਲਾਲਾਂ ਵਿਚ ਟਿਕਾਇਆ । ਲਾਲ ਉਪਰ ਕਾਲੀ ਧਾਰ, ਅੱਖਰ ਅੱਖਰ ਪੜ੍ਹਾਈਆ । ਸਾਧ ਸੰਤ ਕਰਨ ਵਿਚਾਰ, ਪਰਗਟ ਹੋਇਆ ਬੇਪਰਵਾਹੀਆ । ਨਿਹਕਲੰਕਾ ਲਏ ਅਵਤਾਰ, ਸੰਬਲ ਨਗਰੀ ਧਾਮ ਸੁਹਾਈਆ । ਸੰਮਤ ਸੋਲਾਂ ਹੋਇਆ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਲੱਖ ਚੁਰਾਸੀ ਮਾਰੇ ਮਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਇਕ ਨਰੇਲ ਕਰ ਪਿਆਰ, ਆਪਣੇ ਹੱਥ ਉਠਾਈਆ । ਦੂਸਰ ਨਾ ਕੋਈ ਦਿਸੇ ਹੋਰ ਸਿਕਦਾਰ, ਸੱਚਾ ਤਾਜ ਨਾ ਕੋਈ ਟਿਕਾਈਆ । ਪਾਰਬ੍ਰਹਮ ਗੁਰ ਇਕ ਅਵਤਾਰ, ਪ੍ਰਭ ਅਬਿਨਾਸ਼ੀ ਕਰਤਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜ਼ੰਜੀਰ ਇਕ ਬੰਧਾਈਆ । ਜਗਤ ਜ਼ੰਜੀਰ ਨਾਮ ਬੰਨ, ਸ਼ਬਦੀ ਤਾਲਾ ਲਾਇਆ । ਮਨਮੁਖ ਜੀਵਾਂ ਦੇਵੇ ਡੰਨ, ਬੰਦੀ ਬੰਧ ਬੰਧਾਇਆ । ਜੋ ਘੜਿਆ ਸੋ ਦੇਵੇ ਭੰਨ, ਰਾਏ ਧਰਮ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੰਗਲ ਹੱਥ ਫੜਾਇਆ । ਜਗਤ ਸੰਗਲ ਝੂਠ ਵਿਕਾਰਾ, ਮਾਇਆ ਮੋਹ ਬੰਧਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਲੇਖਾ ਨਾ ਕੋਈ ਜਣਾਈਆ । ਸੰਤ ਸਾਧ ਕਰਨ ਵਿਚਾਰਾ, ਸਾਖਿਯਾਤ ਨਜ਼ਰ ਨਾ ਆਈਆ । ਸੰਮਤ ਸੱਤਰਾਂ ਦਏ ਹੁਲਾਰਾ, ਆਪ ਆਪਣਾ ਮੇਲ ਮਿਲਾਈਆ । ਪਹਿਲੀ ਚੇਤਰ ਰਹਿਣਾ ਖ਼ਬਰਦਾਰਾ, ਨਾਮ ਡੰਡਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਨਾਮ ਡੰਡਾ ਹੱਥ ਕਰਤਾਰ, ਆਪਣੇ ਆਪ ਉਠਾਇੰਦਾ । ਦੋ ਜਹਾਨਾਂ ਮਾਰੇ ਮਾਰ, ਕਲਜੁਗ ਸਤਿਜੁਗ ਵੇਖ ਵਖਾਇੰਦਾ । ਨਾਮ ਨਿਸ਼ਾਨਾ ਅਪਰ ਅਪਾਰ, ਸਾਧਾਂ ਸੰਤਾਂ ਤਨ ਲਗਾਇੰਦਾ । ਬੰਨੇ ਗਾਨਾ ਅਪਰ ਅਪਾਰ, ਸਾਚਾ ਸਗਨ ਮਨਾਇੰਦਾ । ਸੋਲਾਂ ਸੋਲਾਂ ਹੋ ਉਜਿਆਰ, ਸੋਲਾਂ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਭੇਟਾ ਭੇਟ ਵਖਾਇੰਦਾ । ਟੁੱਟੀ ਗੰਢਣਹਾਰ ਗੋਪਾਲ, ਪੂਰਨ ਪੁਰਖ ਅਬਿਨਾਸੀਆ । ਟੁੱਟੇ ਫਲ ਲਗਾਏ ਡਾਲ੍ਹ, ਹਰਿ ਸੱਜਣ ਸ਼ਾਹੋ ਸ਼ਬਾਸੀਆ । ਗੁਰਮੁਖ ਸੱਜਣ ਸਾਚੇ ਲਾਲ, ਆਪ ਆਪਣੀ ਗੋਦ ਉਠਾਸੀਆ । ਸੰਤ ਸੁਹੇਲੇ ਜੁਗ ਜੁਗ ਭਾਲ, ਦੇਵੇ ਨਾਮ ਧਰਵਾਸੀਆ । ਸਖਾ ਸੁਹੇਲਾ ਕਰੇ ਪ੍ਰਿਤਪਾਲ, ਨਿਝ ਘਰ ਆਤਮ ਰੱਖੇ ਵਾਸੀਆ । ਸ਼ਬਦੀ ਸ਼ਬਦ ਬਣ ਦਲਾਲ, ਕਰੇ ਕਰਾਏ ਪੂਰੀ ਆਸੀਆ । ਹਰਿ ਸੰਗਤ ਵਖਾਏ ਸੱਚੀ ਧਰਮਸਾਲ, ਗੁਰ ਚਰਨ ਸੱਚਾ ਭਰਵਾਸੀਆ । ਏਕਾ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਆਪ ਵਖਾਸੀਆ । ਦੇਵਣਹਾਰਾ ਦਾਨੀ

ਦਾਨ, ਦਾਤਾ ਦਾਨੀ ਆਪ ਅਖਵਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਬੰਦ ਖੁਲਾਸੀਆ । ਬੰਦੀ ਛੋੜ ਪੁਰਖ ਬਿਧਾਤਾ, ਬੰਦੀ ਛੋੜ ਅਖਵਾਇਆ । ਜੋ ਜਨ ਮੰਗੇ ਨਾਮ ਦਾਤਾ, ਨਾਮ ਭੰਡਾਰਾ ਦਏ ਭਰਾਇਆ । ਜੋ ਜਾਣੇ ਜਨ ਆਤਮ ਗਾਥਾ, ਅੰਤਰ ਆਤਮ ਮੇਲ ਮਿਲਾਇਆ । ਜੋ ਜਨ ਮੰਗੇ ਸਗਲਾ ਸਾਥਾ, ਸਗਲਾ ਸੰਗ ਰਖਾਇਆ । ਜੋ ਜਨ ਮੰਗੇ ਲਹਿਣਾ ਦੇਣਾ ਮਸਤਕ ਮਾਥਾ, ਪੂਰਬ ਝੋਲੀ ਪਾਇਆ । ਜੋ ਜਨ ਮੰਗੇ ਪੂਜਾ ਪਾਠਾ, ਸੋ ਜਨ ਚਰਨ ਧਿਆਨ ਰਖਾਇਆ । ਜੋ ਜਨ ਮੰਗੇ ਕਾਇਆ ਘਾਟਾ, ਨਾਮ ਕੰਡੇ ਤੋਲ ਤੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੋੜਣਹਾਰਾ ਆਪ ਹੋ ਜਾਇਆ । ਆਪੇ ਤੋੜੇ ਤੋੜਣਹਾਰਾ, ਟੁੱਟੀ ਗੰਢ ਵਖਾਇੰਦਾ । ਸਾਚੀ ਸਿਖਿਆ ਦਏ ਸੰਸਾਰਾ, ਸਾਖਿਯਾਤ ਰੂਪ ਵਟਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰਾ, ਅਗੰਮੜਾ ਧਾਮ ਸੁਹਾਇੰਦਾ । ਸੋਹੰ ਸ਼ਬਦ ਇਕ ਜੈਕਾਰਾ, ਚਾਰ ਵਰਨਾਂ ਆਪ ਸੁਣਾਇੰਦਾ । ਗੁਰਮੁਖ ਸੱਜਣ ਮੀਤ ਮੁਰਾਰਾ, ਦਰ ਘਰ ਆਪਣੇ ਆਪ ਸੁਹਾਇੰਦਾ । ਭੁੱਲ ਰੁਲ ਜੋ ਆਏ ਦਵਾਰਾ, ਫੜ ਬਾਂਹੋਂ ਗਲੇ ਲਗਾਇੰਦਾ । ਦੋਏ ਜੋੜ ਕਰੇ ਨਿਮਸਕਾਰਾ, ਨਿਉਂ ਨਿਉਂ ਵੇਖ ਵਖਾਇੰਦਾ । ਕਾਇਆ ਕੰਚਨ ਗੜ੍ਹ ਕਰ ਪਿਆਰਾ, ਸਾਚੀ ਵਸਤ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖਿਆ ਲੇਖਾ ਲੇਖ ਮਿਟਾਇੰਦਾ । ਲਿਖਿਆ ਲੇਖਾ ਆਪ ਮਿਟਾਏ, ਜਿਸ ਜਨ ਆਪਣੀ ਦਇਆ ਕਮਾਈਆ । ਸਾਚੀ ਸਿਖਿਆ ਗੁਰ ਮਤ ਸਮਝਾਏ, ਗੁਰ ਮੰਤਰ ਨਾਮ ਦ੍ਰਿੜਾਈਆ । ਆਤਮ ਭਿਛਿਆ ਏਕਾ ਪਾਏ, ਜੋ ਜਨ ਦਰ ਦਰਵਾਜਾ ਮੰਗਣ ਆਈਆ । ਅੰਤਮ ਰੱਛਿਆ ਕਰ ਵਖਾਏ, ਦੋ ਜਹਾਨਾਂ ਹੋਏ ਸਹਾਈਆ । ਸਾਚੇ ਦਰ ਤੋਂ ਘੁਥਿਆ ਥਾਏਂ ਨਾ ਕੋਈ ਪਾਏ ਰਾਹੇ, ਰਾਏ ਧਰਮ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰ ਦਾਤਾ ਦੇਵੇ ਇਕ ਵਡਿਆਈਆ । ਹਰਿ ਸੰਗਤ ਦਰ ਸਾਚਾ ਪੌਣਾ, ਹਰਿ ਸੱਜਣ ਮੀਤ ਮੁਰਾਰ । ਸ਼ਬਦ ਅਨਾਦੀ ਗੌਣਾ, ਸੋ ਪੁਰਖ ਨਿਰੰਜਣ ਜੈ ਜੈ ਜੈਕਾਰ । ਹੰ ਬ੍ਰਹਮ ਇਕ ਦਰਸੌਣਾ, ਵਰਨ ਗੋਤ ਵਸਿਆ ਬਾਹਰ । ਕਰਮੀ ਕਰਮ ਇਕ ਕਮੌਣਾ, ਹੁਕਮੀ ਹੁਕਮ ਸੱਚਾ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਜਾਏ ਤਾਰ । ਹਰਿ ਸੰਗਤ ਮੰਗੋ ਨਾਮ ਭਿਖ, ਭਰਿਆ ਹਰਿ ਭੰਡਾਰਾ । ਅੱਗੇ ਲੇਖਾ ਦੇਵੇ ਲਿਖ, ਕਰੇ ਪਾਰ ਕਿਨਾਰਾ । ਸਾਚੀ ਸਿਖਿਆ ਲੈਣੀ ਸਿਖ, ਤੁਟੇ ਗੜ੍ਹ ਹੰਕਾਰਾ । ਸੰਮਤ ਸੋਲਾਂ ਸਾਚੀ ਥਿਤ, ਵੀਹ ਸੌ ਕਰੇ ਪੁਕਾਰਾ । ਗੁਰਮੁਖ ਤੇਰੀ ਸਾਚੀ ਰਿਤ, ਹਰਿ ਸੱਜਣ ਲਏ ਉਭਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਨਿਤ ਨਵਿਤ, ਲੋਕਮਾਤ ਲੈ ਅਵਤਾਰਾ । ਹਰਿ ਸੰਗਤ ਹਰਿ ਦਰ ਪਾਇਆ, ਮੰਗੀ ਮੰਗ ਅਪਾਰ । ਤ੍ਰਿਸਨਾ ਭੁੱਖ ਗਵਾਇਆ, ਦੇਵੇ ਨਾਮ ਅਧਾਰ । ਸੁਫਲੀ ਕੁੱਖ ਵਖਾਇਆ, ਜੋ ਮੰਗੇ ਸੁੱਤ ਦੁਲਾਰ । ਕਾਇਆ ਰੋਗ ਜਲਾਇਆ, ਦੁਖੜੇ ਦਏ ਨਿਵਾਰ । ਨਾਮ ਚੋਗੀ ਚੋਗ ਚੁਗਾਇਆ, ਤ੍ਰਿਸਨਾ ਦੇਵੇ ਮਾਰ । ਧੁਰ ਸੰਜੋਗੀ ਮੇਲ ਮਿਲਾਇਆ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਲਾਏ ਪਾਰ । ਹਰਿ ਸੰਗਤ ਸਾਚਾ ਬੇੜਾ ਬੰਨ, ਗੁਰ ਸਤਿਗੁਰ ਕੰਧ ਉਠਾਇਆ । ਗੁਰਮੁਖ ਵਡਿਆਈ ਤੇਰੀ ਧੰਨ, ਘਰ ਹਰਿ ਧਨ ਨਾਮਾ ਪਾਈਆ । ਜਨਨੀ ਜਣਿਆ ਸਾਚਾ ਜਨ, ਮਿਲੀ ਸੱਚੀ ਸਰਨਾਈਆ । ਵਾ ਨਾ ਲਗੇ ਤੱਤੀ ਤਨ, ਅਗਨੀ ਤੱਤ ਨਾ ਕੋਈ ਜਲਾਈਆ । ਰਾਗ ਅਨਾਦੀ ਏਕਾ ਕੰਨ, ਸੋ ਪੁਰਖ ਨਿਰੰਜਣ ਢੋਲਾ

ਗਾਈਆ । ਹਰਿ ਕਾ ਭਾਣਾ ਲੈਣਾ ਮੰਨ, ਹਰਿਜਨ ਭਾਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਏ ਵਡਿਆਇਆ । ਹਰਿ ਸੰਗਤ ਤੇਰਾ ਸੱਚਾ ਘਰ, ਹਰਿ ਸਾਚਾ ਆਪ ਸੁਹਾਇੰਦਾ । ਖੁਲ੍ਹਾ ਰੱਖੇ ਸਦਾ ਦਰ, ਨਾ ਕੋਈ ਬੰਦ ਕਰਾਇੰਦਾ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਇੰਦਾ । ਸਚ ਸਰੋਵਰ ਨੁਹੌਣਾ ਸਰ, ਅੰਮ੍ਰਿਤ ਜਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੁਖ ਸਲਾਹਿੰਦਾ । ਹਰਿ ਸੰਗਤ ਉਜਲ ਮੁਖੜਾ, ਲੋਕਮਾਤ ਉਜਿਆਰ । ਦੂਰ ਵਿਕਾਰਾ ਹੋਏ ਦੁਖੜਾ, ਬਖ਼ਸ਼ੇ ਚਰਨ ਪਿਆਰ । ਮਾਤ ਗਰਭ ਨਾ ਉਲਟਾ ਰੁਖੜਾ, ਜੂਨੀ ਜੂਨ ਦਏ ਨਿਵਾਰ । ਜੋ ਜਨ ਹੋਏ ਦਰਸ਼ਨ ਭੁਖੜਾ, ਦੇਵੇ ਦਰਸ ਅਗੰਮ ਅਪਾਰ । ਗੁਰਸਿਖ ਕਾਲੀ ਨੀਂਦ ਕਦੇ ਨਾ ਸੁਤੜਾ, ਅੱਠੇ ਪਹਿਰ ਰਹੇ ਖ਼ਬਰਦਾਰ । ਖੇਲੇ ਖੇਲ ਪੁਰਖ ਅਬਿਨਾਸ਼ੀ ਅਚੁੱਤੜਾ, ਲੇਖ ਲਿਖਾਏ ਗੋਬਿੰਦ ਧਾਰ । ਸੁਫ਼ਲ ਕਰਾਏ ਮਾਤ ਕੁਖੜਾ, ਜੋ ਜਨ ਆਏ ਚਲ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਬੇੜਾ ਲਾਏ ਪਾਰ । ਹਰਿ ਸੰਗਤ ਤੇਰਾ ਪਾਰ ਕਿਨਾਰਾ, ਗੁਰਮਤ ਗੁਰ ਆਪ ਕਰਾਈਆ । ਏਕਾ ਦੇਵੇ ਨਾਮ ਸਹਾਰਾ, ਨਿਰਗੁਣ ਹੱਥ ਵੱਡੀ ਵਡਿਆਈਆ । ਆਪੇ ਖੜਾ ਅਧਵਿਚਕਾਰਾ, ਆਪਣਾ ਰਾਹ ਤਕਾਈਆ । ਜਿਸ ਜਨ ਬਖ਼ਸ਼ੇ ਚਰਨ ਦਵਾਰਾ, ਚਰਨ ਪ੍ਰੀਤੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸੰਗ ਸਮਾਈਆ । ਹਰਿ ਸੰਗਤ ਹਰਿ ਸਮਾਇਆ, ਹਰਿ ਹਰਿ ਰੂਪ ਅਪਾਰ । ਹਰ ਘਟ ਡੇਰਾ ਆਪੇ ਲਾਇਆ, ਗੁਰਮੁਖ ਵਿਰਲਾ ਪਾਵੇ ਸਾਰ । ਕਲਜੁਗ ਅੰਤਮ ਅੰਧੇਰਾ ਛਾਇਆ, ਭਰਮੇ ਭੁੱਲਾ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਨਾਮ ਦਾਨ, ਅਗਿਆਨ ਅੰਧੇਰ ਗਵਾਇਆ ।

## ੧੧ ਹਾੜ ੨੦੧੯ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ

ਆਦਿ ਜੁਗਾਦਿ ਜੁਗਾ ਜੁਗੰਤਰ, ਹਰਿ ਨਰ ਸਤਿਗੁਰ ਵੇਸ ਵਟਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪ ਬਣਾਏ ਆਪਣੀ ਬਣਤਰ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਖੇਲੇ ਖੇਲ ਗਗਨ ਗਗਨੰਤਰ, ਭੇਵ ਅਭੇਦਾ ਭੇਵ ਛੁਪਾਇਆ । ਇਕ ਅਕੱਲਾ ਏਕੰਕਾਰ ਨਿਰਾਕਾਰ ਘਟ ਘਟ ਅੰਤਰ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਜੂਨੀ ਰਹਿਤ ਪੁਰਖ ਅਕਾਲ, ਏਕਾ ਏਕੰਕਾਰਿਆ । ਆਦਿ ਜੁਗਾਦੀ ਦੀਨ ਦਿਆਲ, ਖੇਲੇ ਖੇਲ ਅਪਰ ਅਪਾਰਿਆ । ਅੱਗੇ ਵਸਿਆ ਸਚ ਸੱਚੀ ਧਰਮਸਾਲ, ਘਰ ਸਾਚੇ ਆਸਣ ਲਾ ਲਿਆ । ਆਪਣਾ ਦੀਪਕ ਆਪੇ ਬਾਲ, ਜੋਤੀ ਨੂਰ ਡਗਮਗਾ ਰਿਹਾ । ਕਰੇ ਕਰਾਏ ਸਰਬ ਪ੍ਰਿਤਪਾਲ, ਆਪਣੀ ਸੇਵਾ ਆਪ ਕਮਾ ਲਿਆ । ਆਪੇ ਚਲੇ ਆਪਣੀ ਚਾਲ, ਆਪਣਾ ਮਾਰਗ ਆਪੇ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਆਪਣੀ ਰਚਨਾ ਆਪੇ ਰਚ, ਹਰਿ ਆਪੇ ਵੇਖ ਵਖਾਇੰਦਾ । ਆਪੇ ਸਤਿਗੁਰ ਪੁਰਖ ਸਚ, ਸਤਿ ਸਰੂਪ ਹੋ ਜਾਇੰਦਾ । ਏਕਾ ਸ਼ਬਦ ਆਪੇ ਵਾਚ, ਏਕਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਉਪਜਾਇੰਦਾ । ਜੋਤੀ

ਨੂਰ ਉਜਾਲਾ ਹਰਿ ਗੋਪਾਲਾ, ਏਕਾ ਰੰਗ ਸਮਾਇਆ । ਖੇਲੇ ਖੇਲ ਖੇਲ ਨਿਰਾਲਾ, ਖੇਲਣਹਾਰ ਦਿਸ ਨਾ ਆਇਆ । ਚਲੇ ਚਲਾਏ ਚਾਲ ਨਿਰਾਲਾ, ਜੁਗ ਜੁਗ ਆਪਣਾ ਵੇਸ ਵਟਾਇਆ । ਏਕਾ ਸ਼ਬਦ ਏਕਾ ਤਾਲਾ, ਏਕਾ ਰਾਗ ਅਲਾਇਆ । ਏਕਾ ਮੰਦਰ ਏਕਾ ਅੰਦਰ ਏਕਾ ਘਰ ਏਕਾ ਦਰ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰੋ ਨੂਰ ਰੁਸ਼ਨਾਇਆ । ਨਿਰਗੁਣ ਨੂਰ ਹਰਿ ਨਿਰੰਕਾਰ, ਅਕਲ ਕਲਾ ਅਖਵਾਈਆ । ਇਕ ਅਕੱਲਾ ਲਏ ਅਵਤਾਰ, ਆਪਣਾ ਵੇਸ ਵਟਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਆਪੇ ਵਸੇ ਸਚਖੰਡ ਦਵਾਰ, ਥਿਰ ਘਰ ਆਪੇ ਡੇਰਾ ਲਾਈਆ । ਆਪੇ ਸ਼ਾਹ ਭੂਪ ਸੁਲਤਾਨਾ ਸਚ ਸਿਕਦਾਰ, ਧੁਰ ਫ਼ਰਮਾਣਾ ਆਪਣਾ ਆਪ ਜਣਾਈਆ । ਆਪੇ ਚੋਬਦਾਰ ਹੋਏ ਪਹਿਰੇਦਾਰ, ਦਰ ਦਰਬਾਨਾ ਆਪ ਸੁਹਾਈਆ । ਆਪੇ ਹੋਏ ਨਿਗਹਬਾਨਾ, ਆਪੇ ਵੇਖ ਵਖਾਈਆ । ਆਦਿ ਜੁਗਾਦੀ ਨੌਜਵਾਨਾ, ਨਾ ਮਰੇ ਨਾ ਜਾਈਆ । ਬਿਰਧ ਬਾਲ ਨਾ ਕੋਈ ਵਖਾਨਾ, ਏਕਾ ਅੰਕ ਸਮਾਈਆ । ਵਸਣਹਾਰ ਸਚ ਮਕਾਨਾ, ਉਚ ਮਹੱਲਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾਈਆ । ਸਰਗੁਣ ਵੇਸ ਹਰਿ ਅਵੱਲਾ, ਏਕਾ ਏਕ ਕਰਾਇਆ । ਸਚ ਦਵਾਰੇ ਬੈਠ ਅਕੱਲਾ, ਅਕਲ ਕਲਾ ਅਖਵਾਇਆ । ਆਪਣੀ ਜੋਤੀ ਆਪੇ ਬਲਾ, ਆਪਣੀ ਜੋਤ ਕਰੇ ਰੁਸ਼ਨਾਇਆ । ਆਪਣਾ ਸ਼ਬਦ ਸੁਨੇਹੜਾ ਆਪੇ ਘਲਾ, ਆਪੇ ਰਿਹਾ ਸੁਣਾਇਆ । ਆਪ ਫੜਾਏ ਆਪਣਾ ਪੱਲਾ, ਵਰ ਦਾਤਾ ਆਪ ਹੋ ਜਾਇਆ । ਆਪਣਾ ਆਸਣ ਆਪੇ ਮੱਲਾ, ਦੂਸਰ ਸੰਗ ਨਾ ਕੋਈ ਰਲਾਇਆ । ਵਸੇ ਨੇਹਚਲ ਧਾਮ ਅਟੱਲਾ, ਉਚ ਅਗੰਮ ਅਥਾਹ ਬੇਪਰਵਾਹ ਡੇਰਾ ਲਾਇਆ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਅੰਗ ਲਗਾਇਆ । ਨਾ ਕੋਈ ਨਗਰ ਨਾ ਗਰਾਂ, ਨਾ ਕੋਈ ਖੇੜਾ ਹੋਰ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਜੋਤ ਡਗਮਗਾਇਆ । ਜੋਤੀ ਨੂਰ ਹਰਿ ਗੋਪਾਲ, ਗੋਬਿੰਦ ਹਰਿ ਰਘੁਰਾਈਆ । ਆਪ ਆਪਣੀ ਕਰੇ ਪ੍ਰਿਤਪਾਲ, ਘਰ ਸਾਚਾ ਇਕ ਸੁਹਾਈਆ । ਆਪੇ ਚਲੇ ਨਾਲ ਨਾਲ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਵਡਿਆਈਆ । ਆਦਿ ਜੁਗਾਦੀ ਹਰਿ ਕਰਤਾਰ, ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਪਾਇੰਦਾ । ਵਿਸ਼ਨੂੰ ਦੇਵੇ ਇਕ ਸਹਾਰ, ਬ੍ਰਹਮਾ ਝੋਲੀ ਪਾਇੰਦਾ । ਬ੍ਰਹਮ ਕਵਲ ਹੋਇਆ ਉਜਿਆਰ, ਅੰਮ੍ਰਿਤ ਮੁਖ ਚੁਵਾਇੰਦਾ । ਨਾਮ ਸਚ ਸਤਿ ਭੰਡਾਰ, ਸਾਚੇ ਦਰ ਸੁਹਾਇੰਦਾ । ਸ਼ਬਦ ਅਗੰਮੀ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਧਰਾਇੰਦਾ । ਆਪਣਾ ਨਾਮ ਆਪੇ ਰੱਖ, ਆਪਣਾ ਰੂਪ ਵਟਾਈਆ । ਬ੍ਰਹਮਾ ਵਿਸ਼ਨੂੰ ਕਰ ਪਰਤੱਖ, ਸਾਚਾ ਸੰਗ ਨਿਭਾਈਆ । ਸ਼ੰਕਰ ਲੇਖਾ ਅਲੱਖਣਾ ਅਲੱਖ, ਆਪੇ ਲਏ ਗਣਾਈਆ । ਆਪੇ ਸਭ ਤੋਂ ਹੋਏ ਵੱਖ, ਆਪਣੀ ਕਲ ਆਪ ਵਰਤਾਈਆ । ਆਪਣਾ ਮਾਰਗ ਆਪੇ ਦੱਸ, ਤ੍ਰੈਗੁਣ ਮੇਲ ਮਿਲਾਈਆ । ਪੰਜ ਤੱਤ ਦੇਵੇ ਵੱਥ, ਏਕਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਆਪ ਰਚਾਈਆ । ਨਿਰਗੁਣ ਧਾਰ ਪੁਰਖ ਅਕਾਲ, ਰੂਪ ਰੰਗ ਨਾ ਕੋਇ । ਦੀਨਾਂ ਬੰਧਪ ਦੀਨ ਦਿਆਲ, ਕਰੇ ਖੇਲ ਜਾਣੇ ਨਾ ਕੋਇ । ਤ੍ਰੈ ਉਪਜਾਏ ਸਾਚੇ ਲਾਲ, ਦੇਵੇ ਨਾਮ ਸ਼ਬਦ ਸਚ ਢੋਏ । ਫਲ ਲਗਾਏ ਆਪਣੇ ਡਾਲ੍ਹ, ਲੱਖ ਚੁਰਾਸੀ ਆਪ ਪਰੋਏ । ਆਪੇ ਮਾਇਆ ਪਾਏ ਜੰਜਾਲ,

ਤੋੜ ਨਾ ਸਕੇ ਕੋਏ । ਸੇਵਾ ਲਾਏ ਕਾਲ ਮਹਾਂਕਾਲ, ਨਿਰਗੁਣ ਵੇਖੇ ਦਰ ਖਲੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਆਪ ਬਲੋਏ । ਨਿਰਗੁਣ ਜੋਤ ਸਾਚਾ ਨੂਰ, ਨੂਰੋ ਨੂਰ ਉਪਜਾਇਆ । ਆਪਣੇ ਦਰ ਹਾਜ਼ਰ ਹਜ਼ੂਰ, ਆਪ ਆਪਣਾ ਪੜਦਾ ਲਾਹਿਆ । ਆਪੇ ਵਸੇ ਨੇੜੇ ਦੂਰ, ਦੂਰ ਨੇੜੇ ਨਾ ਕੋਈ ਜਣਾਇਆ । ਆਪੇ ਸ਼ਬਦ ਅਨਾਦੀ ਤੂਰ, ਧੁਨੀ ਨਾਦ ਆਪ ਵਜਾਇਆ । ਆਪਣੀ ਮਨਸਾ ਆਪੇ ਪੂਰ, ਲੱਖ ਚੁਰਾਸੀ ਵੰਡ ਵੰਡਾਇਆ । ਅੰਮ੍ਰਿਤ ਆਤਮ ਸਤਿ ਸਰੋਵਰ, ਘਟ ਘਟ ਤਾਲ ਭਰਾਇਆ । ਤ੍ਰੈਗੁਣ ਨਾਤਾ ਪੰਜ ਤੱਤ ਗਰੂਰ, ਮਾਇਆ ਬੰਧਨ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਕਰਾਇਆ । ਖੇਲਣਹਾਰ ਪੁਰਖ ਸਮਰਥ, ਅਕਲ ਕਲ ਅਖਵਾਇਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਾਉਂ ਧਰਾਇਆ । ਆਪੇ ਪੂਜਾ ਆਪੇ ਪਾਠ, ਆਪੇ ਮੰਤਰ ਨਾਮ ਦ੍ਰਿੜਾਇਆ । ਆਪੇ ਸਰ ਸਰੋਵਰ ਮਾਰੇ ਠਾਠ, ਜਲ ਧਾਰਾ ਆਪ ਰੁੜ੍ਹਾਇਆ । ਆਪੇ ਅਗਨੀ ਹੋਏ ਕਾਠ, ਜਗਤ ਬਸੰਤਰ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇਆ । ਬ੍ਰਹਮਾ ਦੇਵੇ ਸ਼ਬਦ ਅਧਾਰ, ਏਕਾ ਸ਼ਬਦ ਜਣਾਈਆ । ਚਾਰੇ ਵੇਦਾਂ ਬਣ ਲਿਖਾਰ, ਲੇਖਾ ਗਿਆ ਸਮਝਾਈਆ । ਧਰਤ ਧਵਲ ਮਹੱਲ ਉਸਾਰ, ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਅੰਦਰ ਵਾੜ, ਆਪਣੀ ਹੱਥੀਂ ਕੁੰਡਾ ਲਾਈਆ । ਆਪੇ ਕੱਢਣਹਾਰਾ ਬਾਹਰ, ਜੁਗ ਜੁਗ ਵੇਖ ਵਖਾਈਆ । ਸਰਗੁਣ ਨਿਰਗੁਣ ਲਏ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਸੰਤ ਸਾਜਣ ਲਏ ਉਭਾਰ, ਆਪ ਆਪਣੀ ਬੂਝ ਬੁਝਾਈਆ । ਭਗਤਾਂ ਦੇਵੇ ਨਾਮ ਅਪਾਰ, ਨਾਮ ਨਾਮਾ ਝੋਲੀ ਪਾਈਆ । ਖੋਲ੍ਹਣਹਾਰਾ ਬੰਦ ਕਿਵਾੜ, ਅੰਦਰ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਪੁਰਖ ਅਗੰਮ, ਆਪਣਾ ਆਪ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਆਪੇ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਚਿੰਤਾ ਸੋਗ ਨਾ ਕੋਈ ਰਖਾਇੰਦਾ । ਨਾ ਕੋਈ ਤ੍ਰਿਸਨਾ ਨਾ ਕੋਈ ਤਮ, ਆਲਸ ਨਿੰਦਰਾ ਵਿਚ ਨਾ ਆਇੰਦਾ । ਹਡ ਮਾਸ ਨਾੜੀ ਨਾ ਦਿਸੇ ਚੰਮ, ਪੰਜ ਤੱਤ ਨਾ ਕੋਈ ਵਖਾਇੰਦਾ । ਜੁਗ ਜੁਗ ਬੇੜਾ ਆਪੇ ਬੰਨ, ਆਪ ਆਪਣਾ ਭਾਰ ਉਠਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਥਿਰ ਘਰ ਸਾਚੇ ਡੇਰਾ ਲਾਇੰਦਾ । ਗੁਰਮੁਖ ਵੇਖੇ ਸਾਚੇ ਜਨ, ਜਨ ਜਨਨੀ ਲੇਖੇ ਲਾਇੰਦਾ । ਏਕ ਰਾਗ ਸੁਣਾਏ ਕੰਨ, ਏਕਾ ਧੁਨ ਉਪਜਾਇੰਦਾ । ਲੋਕਮਾਤ ਚੜ੍ਹਾਏ ਸਾਚੇ ਚੰਨ, ਅਗਿਆਨ ਅੰਧੇਰ ਮਿਟਾਇੰਦਾ । ਗੜ੍ਹ ਹੰਕਾਰੀ ਭਾਂਡਾ ਭੰਨ, ਆਤਮ ਗਿਆਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਇੰਦਾ । ਜਗ ਕਰਤਾ ਹਰਿ ਕਰਨੇਹਾਰਾ ਪਾਰਬ੍ਰਹਮ ਅਖਵਾਇਆ । ਆਦਿ ਜੁਗਾਦੀ ਲਏ ਅਵਤਾਰਾ, ਏਕਾ ਗੁਰ ਗੁਰ ਨਾਮ ਧਰਾਇਆ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਵੇਖ ਵਖਾਇਆ । ਜਨ ਭਗਤਾਂ ਦੇਵੇ ਨਾਮ ਧਾਰਾ, ਅੰਦਰ ਮੰਦਰ ਮੇਲ ਮਿਲਾਇਆ । ਡੂੰਘੀ ਕੰਦਰ ਹੋ ਉਜਿਆਰਾ, ਜੋਤ ਨਿਰੰਜਣ ਦੀਪ ਇਕ ਜਗਾਇਆ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਅਨਹਦ ਤਾਲ ਵਜਾਇਆ । ਸਰ ਸਰੋਵਰ ਠੰਡੀ ਠਾਰਾ, ਅੰਮ੍ਰਿਤ ਤਾਲ ਭਰਾਇਆ । ਮੇਲ ਮਿਲਾਏ ਦਸਮ ਦਵਾਰਾ, ਆਤਮ ਸੇਜਾ ਇਕ ਵਿਛਾਇਆ । ਨਿਰਗੁਣ ਜੋਤੀ ਨੂਰ ਇਕ ਉਜਿਆਰਾ, ਦਿਵਸ ਰੈਣ ਡਗਮਗਾਇਆ । ਮੁਖ ਸ਼ਰਮਾਇਣ ਰਵ ਸਸ ਸਿਤਾਰਾ,

ਨਿਉਂ ਨਿਉਂ ਸੀਸ ਝੁਕਾਇਆ । ਗੁਰਮੁਖ ਤੇਰਾ ਸਚ ਦਵਾਰਾ, ਆਦਿ ਜੁਗਾਦੀ ਵੇਖ ਵਖਾਇਆ । ਇਕ ਅਕੱਲਾ ਏਕੰਕਾਰਾ, ਨਿਰਾਕਾਰਾ ਵੇਸ ਵਟਾਇਆ । ਸ੍ਰਿਸ਼ਟ ਸਬਾਈ ਕਰ ਪਸਾਰਾ, ਸਗਲਾ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਮ ਧਰਾਇਆ । ਜੁਗ ਜੁਗ ਮੰਤਰ ਨਮੋ ਦੇਵ, ਆਦਿ ਪੁਰਖ ਅਖਵਾਇੰਦਾ । ਪਾਰਬ੍ਰਹਮ ਅਲਖ ਅਭੇਵ, ਵੇਦ ਕਤੇਬ ਨਾ ਕੋਈ ਜਣਾਇੰਦਾ । ਨਿਰਗੁਣ ਜਾਣੇ ਸਰਗੁਣ ਸੇਵ, ਸੇਵਾ ਸਰਗੁਣ ਨਿਰਗੁਣ ਆਪ ਕਰਾਇੰਦਾ । ਆਪੇ ਰਸਨਾ ਆਪੇ ਜੇਹਵ, ਪਵਣ ਸਵਾਸੀ ਆਪ ਚਲਾਇੰਦਾ । ਆਪੇ ਦੇਵਣਹਾਰਾ ਮੇਵ, ਅੰਮ੍ਰਿਤ ਫਲ ਆਪ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਨਾਉਂ ਹਰਿ ਨਿਰੰਕਾਰ, ਆਪਣਾ ਨਾਉਂ ਰਖਾਇਆ । ਓਮ ਰੂਪ ਵਿਚ ਸੰਸਾਰ, ਸੋ ਪੁਰਖ ਨਿਰੰਜਣ ਵੇਸ ਵਟਾਇਆ । ਹੰ ਬ੍ਰਹਮ ਕਰ ਕਰ ਤਿਆਰ, ਪਰਮ ਪੁਰਖ ਵਡਿਆਇਆ । ਏਕਾ ਰੂਪ ਦਿਸੇ ਧਾਰ, ਨਾਰੀ ਪੁਰਖ ਮੇਲ ਮਿਲਾਇਆ । ਕੰਤ ਕੰਤੂਹਲਾ ਕਰ ਪਿਆਰ, ਸਾਚੀ ਸੇਜਾ ਆਪ ਹੰਢਾਇਆ । ਸੁਰਤ ਸੁਵਾਣੀ ਖ਼ਬਰਦਾਰ, ਦਿਵਸ ਰੈਣ ਰਹੀ ਜਗਾਇਆ । ਮੇਲ ਮਿਲਾਵਾ ਸਾਚੇ ਯਾਰ, ਮਾਨਸ ਮਾਨੁਖ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਬੰਧਨ ਆਪੇ ਪਾਇਆ । ਸਤਿਜੁਗ ਤ੍ਰੇਤਾ ਬੰਧਨ ਪਾ, ਦੁਆਪਰ ਵੇਖ ਵਖਾਈਆ । ਆਪ ਆਪਣਾ ਵੇਸ ਵਟਾ, ਆਪਣਾ ਨਾਉਂ ਧਰਾਈਆ । ਆਪ ਆਪਣਾ ਨਾਮ ਧਿਆ, ਆਦਿ ਸ਼ਕਤ ਆਪ ਹੋ ਜਾਈਆ । ਆਪੇ ਦੇਵੇ ਰਿਜ਼ਕ ਸਬਾ, ਉਤਪਤ ਆਪੇ ਰਿਹਾ ਕਰਾਈਆ । ਆਪੇ ਚਾਰੇ ਵੇਦਾਂ ਰਿਹਾ ਗਾ, ਚਾਰੇ ਮੁਖ ਅਲਾਈਆ । ਬਾਸ਼ਕ ਤਸ਼ਕਾ ਆਪੇ ਗਲ ਲਟਕਾ, ਹੱਥ ਤ੍ਰਿਸੂਲ ਉਠਾਈਆ । ਸਾਗੋਂ ਪਾਂਗ ਆਪ ਹੰਢਾ, ਆਪੇ ਨੈਣ ਮਟਕਾਈਆ । ਕਰੋੜ ਤੇਤੀਸਾ ਸੇਵਾ ਲਾ, ਏਕਾ ਰਸਨਾ ਗਾਈਆ । ਗਣ ਗੰਧਰਬ ਦਏ ਉਠਾ, ਕਿੰਨਰ ਯਛਪ ਆਪੇ ਤਾਲ ਵਜਾਈਆ । ਲੱਖ ਚੁਰਾਸੀ ਬਣਤ ਬਣਾ, ਆਪ ਆਪਣਾ ਨਾਮ ਜਪਾਈਆ । ਭਗਤ ਵਛਲ ਆਪ ਅਖਵਾ, ਹਰਿਜਨ ਲਏ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਵੰਡ ਵੰਡਾਈਆ । ਮੁਹੰਮਦ ਲੇਖਾ ਦਏ ਲਿਖਾ, ਲੇਖਾ ਲਿਖ ਨਾ ਕੋਈ ਮਿਟਾਈਆ । ਈਸਾ ਮੂਸਾ ਸਾਚਾ ਸੂਸਾ ਤਨ ਛੁਹਾ, ਸਾਚੇ ਸੀਸ ਵਖਾਈਆ । ਨਾਨਕ ਨਿਰਗੁਣ ਗਾ, ਨਾਮ ਸਤਿ ਪੜ੍ਹਾਈਆ । ਅਰਜਨ ਲੇਖਾ ਦਏ ਲਿਖਾ, ਏਕਾ ਗੁਰ ਵਡਿਆਈਆ । ਗੋਬਿੰਦ ਸਪੂਤਾ ਆਪ ਬਣਾ, ਦੇਵੇ ਮਾਣ ਵਡਿਆਈਆ । ਅੰਮ੍ਰਿਤ ਖੰਡਾ ਜਾਮ ਪਿਆ, ਸੁਧਾਸਰ ਸੁਹਾਈਆ । ਸ਼ਸਤਰ ਬਸਤਰ ਤਨ ਸਜਾ, ਵੇਖੇ ਬੇਪਰਵਾਹੀਆ । ਏਕਾ ਨੂਰ ਡਗਮਗਾ, ਜੋਤੀ ਨੂਰ ਕਰੇ ਰੁਸ਼ਨਾਈਆ । ਦਸਮ ਘਰ ਦਰ ਸੁਹਾ, ਗੁਰ ਦਸਵਾਂ ਵੇਖ ਵਖਾਈਆ । ਘਰ ਘਰ ਮੰਗਲ ਆਪਣਾ ਗਾ, ਏਕਾ ਰਿਹਾ ਸੁਣਾਈਆ । ਚਾਰੋਂ ਕੁੰਟ ਫੇਰੀ ਪਾ, ਦਹਿ ਦਿਸ਼ਾ ਵੇਖ ਵਖਾਈਆ । ਜੀਵ ਜੰਤ ਰਹੇ ਕੁਰਲਾ, ਨਾ ਦਿਸੇ ਕੋਈ ਸਹਾਈਆ । ਧਰਤ ਮਾਤ ਮਾਰੇ ਧੱਕਾ, ਖੁਲ੍ਹੇ ਕੇਸ ਨੇਤਰ ਰੋ ਰੋ ਨੀਰ ਵਹਾਈਆ । ਕੋਈ ਨਾ ਦੇਵੇ ਠੰਡੀ ਛਾਂ, ਕਲਜੁਗ ਅਗਨੀ ਅੱਗ ਤਪਾਈਆ । ਪਾਰਬ੍ਰਹਮ ਪ੍ਰਭ ਵੇਖ ਵਖਾ, ਆਪਣੀ ਰਚਨਾ ਆਪ ਰਚਾਈਆ । ਆਪਣਾ ਸੁੱਤ ਆਪ ਉਠਾ, ਅਬਿਨਾਸ਼ੀ ਅਚੁੱਤ ਦਏ ਵਡਿਆਈਆ । ਸਾਚੀ ਰੁੱਤ ਰੁੱਤ ਸੁਹਾ, ਫੁਲ ਰੁੱਤੜੀ ਇਕ ਲਗਾਈਆ । ਚਾਰ ਵਰਨਾਂ ਬਣਾਏ ਭੈਣ ਭਰਾ, ਊਚਾਂ ਨੀਚਾਂ ਮੇਟ ਮਿਟਾਈਆ । ਏਕਾ ਸਿਖਿਆ ਸਿਖ ਸਮਝਾ, ਏਕਾ ਗੁਰ ਵਖਾਈਆ । ਪੁਰਖ ਅਕਾਲ ਗਿਆ ਮਨਾ, ਨਾ ਦੂਸਰ ਕੋਈ ਸਹਾਈਆ ।

੬੩੦
੦੮

ਬੰਸ ਸਰਬੰਸ ਭੇਟ ਚੜ੍ਹਾ, ਆਪ ਆਪਣੀ ਸੇਵ ਕਮਾਈਆ । ਜੀਵ ਜੰਤ ਗਿਆ ਸਮਝਾ, ਕਲਜੁਗ ਵੇਲਾ ਅੰਤਮ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਗੋਬਿੰਦ ਧਾਰ ਹਰਿ ਨਿਰੰਕਾਰ, ਨਿਰਗੁਣ ਆਪ ਚਲਾਈਆ । ਏਕਾ ਜੋਤੀ ਦਸ ਅਵਤਾਰ, ਰੂਪ ਅਨੂਪ ਦਰਸਾਈਆ । ਏਕਾ ਸ਼ਬਦ ਇਕ ਕਟਾਰ, ਏਕਾ ਖੰਡਾ ਲਿਆ ਚਮਕਾਈਆ । ਏਕਾ ਸੱਜਣ ਮੀਤ ਮੁਰਾਰ, ਏਕਾ ਮਾਰਗ ਲਾਈਆ । ਰਾਓ ਰੰਕਾਂ ਇਕ ਪਿਆਰ, ਏਕਾ ਧਾਮ ਬਹਾਈਆ । ਅੰਮ੍ਰਿਤ ਆਤਮ ਕਰ ਤਿਆਰ, ਗੁਰਮੁਖਾਂ ਆਪ ਪਿਆਈਆ । ਆਪ ਆਪਣਾ ਉਤੋਂ ਵਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਮੰਗੇ ਮੰਗ ਬਣ ਭਿਖਾਰ, ਏਕਾ ਝੋਲੀ ਰਿਹਾ ਡਾਹੀਆ । ਮਿਲਿਆ ਮੇਲ ਧੁਰ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਚੇਲਾ ਗੋਬਿੰਦ ਗੁਰ ਹਰਿ ਅਵਤਾਰ, ਹਰਿ ਹਰਿ ਵੇਖ ਵਖਾਈਆ । ਕਲਜੁਗ ਅੰਤਮ ਚਾਰ ਕੁੰਟ ਹੋਏ ਧੁੰਆਂਧਾਰ, ਰੈਣ ਅੰਧੇਰੀ ਏਕਾ ਛਾਈਆ । ਸਾਧ ਸੰਤ ਜੀਵ ਜੰਤ ਹੋਏ ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਈਆ । ਜੂਠ ਝੂਠ ਹੋਏ ਹਾਹਾਕਾਰ, ਨਾਮ ਸਤਿ ਬ੍ਰਹਮ ਮਤ ਨਾ ਕੋਇ ਕੁੜਮਾਈਆ । ਪੰਜ ਤੱਤ ਚਲੇ ਵਿਕਾਰ, ਕੁਵਾਰੀ ਕੰਨਿਆ ਕਰੇ ਸ਼ਿੰਗਾਰ, ਸਾਚਾ ਘਰ ਨਾ ਮਿਲੇ ਦਵਾਰ, ਨਰ ਨਰਾਇਣ ਨਾ ਕੋਈ ਹੰਢਾਈਆ । ਚਾਰ ਕੁੰਟ ਦਹਿ ਦਿਸ਼ਾ ਉਡਦੇ ਨਾ ਦਿਸੇ ਪੰਖੀ ਡਾਰ, ਪ੍ਰਿਥਮੀ ਅਕਾਸ਼ ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਹੋਏ ਦੁਹਾਈਆ । ਧਰਤ ਧਵਲ ਉਲਟਾ ਕਵਲ, ਨਾ ਕੋਈ ਸਹਾਈ ਸਾਵਲ ਸਵਲ, ਸ੍ਰੀ ਰਾਮ ਨਾਮ ਨਾ ਕੋਈ ਗਾਈਆ । ਅੱਲਾ ਹੂ ਨਾ ਕੋਈ ਅੱਲਾ ਐਨਲਹੱਕ ਨਾ ਸਕੇ ਕੋਈ ਅਲ੍ਹਾ, ਚਾਰੋਂ ਕੁੰਟ ਉਡਨੇ ਕੱਖ, ਸ੍ਰਿਸ਼ਟ ਸਬਾਈ ਹੋਏ ਹਲਕਾਈਆ । ਨੂਰ ਖ਼ੁਦਾਈ ਪਰਵਰਦਿਗਾਰ, ਨਾ ਕੋਈ ਸਾਂਝਾ ਯਾਰ, ਰਾਮ ਨਾਮ ਨਾ ਕੋਈ ਸਹਾਰ, ਰਾਧਾ ਕ੍ਰਿਸ਼ਨ ਨਾ ਕੋਈ ਵਿਚਾਰ, ਦੁਰਗਾ ਇਸ਼ਟ ਨਾ ਕੋਈ ਵਿਚਾਰ, ਵਾਹਿਗੁਰੂ ਫਤਿਹ ਨਾ ਕੋਈ ਗਜਾਈਆ । ਘਰ ਘਰ ਹੋਏ ਹਾਹਾਕਾਰ, ਭਈਆ ਭੈਣਾਂ ਮਾਰੇ ਮਾਰ, ਸਾਚਾ ਸਈਆ ਨਾ ਕੋਈ ਵਿਚਾਰ, ਕਲਜੁਗ ਨੱਯਾ ਰਿਹਾ ਚਲਾਈਆ । ਨਾਨਕ ਗੋਬਿੰਦ ਬਣ ਲਿਖਾਰ, ਗੁਰਸਿਖਾਂ ਕਰਿਆ ਸਚ ਪਿਆਰ, ਸ਼ਬਦ ਸਨੇਹੁੜਾ ਵਿਚ ਸੰਸਾਰ, ਆਪਣੀ ਰਸਨਾ ਗਏ ਸੁਣਾਈਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਲੋਆਂ ਪੁਰੀਆਂ ਮਾਰੇ ਮਾਰ, ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਸੰਬਲ ਨਗਰੀ ਧਾਮ ਨਿਆਰ, ਸਰਗੁਣ ਮੀਤ ਨੂਰ ਹੋਏ ਉਜਿਆਰ, ਮਹੱਲ ਅਟੱਲ ਅਚੱਲ ਏਕਾ ਨਾਮ ਵਖਾਈਆ । ਜਲ ਥਲ ਡੂੰਘੇ ਸਾਗਰ ਪਾਵੇ ਸਾਰ, ਜੰਗਲ ਜੂਹ ਵੇਖੇ ਪਹਾੜ ਉਜਾੜ, ਕੰਦਰ ਅੰਦਰ ਮਸਜਿਦ ਗੁਰੂਦਵਾਰ ਫੋਲ ਫੋਲਾਈਆ । ਵੇਦ ਵਿਦਿਆ ਲਏ ਉਭਾਰ, ਸ਼ਾਸਤਰ ਸਿਮਰਤ ਕਰ ਵਿਚਾਰ, ਅੰਜੀਲ ਕੁਰਾਨਾ ਖੋਲ੍ਹ ਕਿਵਾੜ, ਖਾਣੀ ਬਾਣੀ ਵੇਖੇ ਘਾੜ, ਲੱਖ ਚੁਰਾਸੀ ਟੋਹੇ ਨਾੜ ਨਾੜ, ਅੜਿਆ ਕੋਈ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਇਕ ਅਖਾੜ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਾੜ, ਸ਼ਬਦ ਅਗੰਮੀ ਰੱਖੇ ਧਾੜ, ਪੁਰਖ ਅਬਿਨਾਸ਼ੀ ਸਾਚਾ ਲਾੜ, ਸਾਚਾ ਘੋੜਾ ਜੋਤੀ ਸ਼ਬਦੀ ਜੁੜਿਆ ਜੋੜਾ ਸਾਹ ਅਸਵਾਰ, ਹਰਿ ਨਿਰੰਕਾਰ ਨਿਰਗੁਣ ਨੂਰ ਨੂਰ ਉਜਿਆਰ, ਲੋਕਮਾਤ ਕਰੇ ਚੜ੍ਹਾਈਆ । ਨਾ ਕੋਈ ਖੰਡਾ ਨਾ ਕਟਾਰ, ਪੰਜ ਤੱਤ ਨਾ ਕੋਈ ਪਿਆਰ, ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਨਾ ਕੋਈ ਰਖਾਈਆ । ਗੁਰਸਿਖਾਂ ਕਰੇ ਪਿਆਰ, ਜੁਗ ਜੁਗ ਗੁਰਮੁਖ ਜਾਏ ਤਾਰ, ਦੇਵੇ ਨਾਮ ਸ਼ਬਦ ਅਨਡੀਠੜਾ ਕਾਇਆ ਮੰਦਰ ਸਾਚੇ ਅੰਦਰ ਦਏ ਟਿਕਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ

੬੩੧
੦੮

ਰੂਪ ਸੱਚੀ ਸਰਕਾਰ, ਨਜ਼ਰੀ ਆਏ ਵਿਚ ਸੰਸਾਰ, ਚਾਰੇ ਵਰਨਾਂ ਕਰੇ ਪਿਆਰ, ਜਗਤ ਰੁਸ਼ਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਿਆਰ, ਅਠਾਰਾਂ ਬਰਨ ਦਏ ਅਧਾਰ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਵੇਸ ਵਟਾਇਆ, ਪਾਰਬ੍ਰਹਮ ਕਰਤਾਰ । ਲੋਕਮਾਤ ਕਿਸੇ ਦਿਸ ਨਾ ਆਇਆ, ਪ੍ਰਭ ਵੇਖਣਹਾਰ ਸਰਬ ਸੰਸਾਰ । ਰੂਪ ਰੰਗ ਕਿਸੇ ਨਜ਼ਰ ਨਾ ਆਇਆ, ਅੰਦਰ ਵੜ ਵੜ ਬੈਠੇ ਗੁਰੂਦਵਾਰ । ਸ਼ਬਦ ਨਾਦ ਨਾ ਕਿਸੇ ਵਜਾਇਆ, ਰਾਗੀ ਗਾਣ ਗਾਇਣ ਅਪਰ ਅਪਾਰ । ਬੋਧ ਅਗਾਧੀ ਸ਼ਬਦ ਨਾ ਕਿਸੇ ਸੁਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਗਤ ਵਿਹਾਰ ਹਰਿ ਨਿਰੰਕਾਰ ਆਪਣੇ ਹੱਥ ਰਖਾਇਆ । ਆਪਣੇ ਹੱਥ ਰੱਖੀ ਡੋਰ, ਹਰਿ ਸਤਿਗੁਰ ਵਡ ਵਡਿਆਈਆ । ਪਰਗਟ ਹੋਏ ਅੰਧ ਘੋਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਆਪੇ ਜਾਣੇ ਆਪਣਾ ਜ਼ੋਰ, ਨਾ ਲੇਖਾ ਕੋਈ ਲਿਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਦੌੜ, ਜੇਰਜ ਅੰਡਾਂ ਫੋਲ ਫੋਲਾਈਆ । ਸ਼ਬਦ ਅਗੰਮੀ ਚੜ੍ਹਿਆ ਘੋੜ, ਵਾਗਾਂ ਆਪਣੇ ਹੱਥ ਉਠਾਈਆ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਕੌੜਾ ਰੀਠਾ ਭੰਨ ਵਖਾਈਆ । ਲੋਕਮਾਤ ਆਇਆ ਵਾਗਾਂ ਮੋੜ, ਨਿਹਕਲੰਕ ਨਾਉਂ ਰਖਾਈਆ । ਗੁਰਮੁਖਾਂ ਆਤਮ ਅੰਤਰ ਲੱਗੀ ਔੜ, ਗੁਰ ਪਰਸਾਦੀ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਰਖਾਈਆ । ਚੌਥੇ ਜੁਗ ਚੌਥੇ ਘਰ ਚੌਥੀ ਧਾਰ, ਚੌਥਾ ਪਦ ਸਮਾਇਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਮੂਰਤ ਅਕਾਲ ਹੋ ਉਜਿਆਰ, ਨਿਰਗੁਣ ਧਾਰ ਰਿਹਾ ਚਲਾਇਆ । ਸਰਗੁਣ ਸਾਜਣ ਕਰ ਪਿਆਰ, ਹਰਿਜਨ ਮੇਲ ਮਿਲਾਇਆ । ਘਰ ਮੰਦਰ ਸੋਹੇ ਬੰਕ ਦਵਾਰ, ਦਰ ਸਾਚੇ ਆਸਣ ਲਾਇਆ । ਸ਼ਾਹ ਸੁਲਤਾਨਾ ਵਡ ਸਿਕਦਾਰ, ਸ਼ਾਹੋ ਭੂਪ ਵੇਖ ਵਖਾਇਆ । ਗੋਪੀ ਕਾਹਨ ਕਰ ਪਿਆਰ, ਸੀਤਾ ਰਾਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਵੇਖਣਹਾਰਾ, ਪਾਰਬ੍ਰਹਮ ਅਖਵਾਇੰਦਾ । ਆਪੇ ਬੰਨ੍ਹੇ ਆਪਣੀ ਧਾਰਾ, ਲੱਖ ਚੁਰਾਸੀ ਆਪ ਭੁਲਾਇੰਦਾ । ਸਗਲਾ ਸੰਗੀ ਮੀਤ ਮੁਰਾਰਾ, ਸਾਚਾ ਸੰਗ ਨਿਭਾਇੰਦਾ । ਵਸਣਹਾਰਾ ਸਭ ਤੋਂ ਬਾਹਰਾ, ਆਪ ਆਪਣਾ ਨੂਰ ਡਗਮਗਾਇੰਦਾ । ਚਾਰ ਕੁੰਟ ਇਕ ਨਗਾਰਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਏਕਾ ਸਿਖਿਆ ਆਪ ਸਿਖਾਇੰਦਾ । ਪੁਰਖ ਨਿਰੰਜਣ ਖੇਲ ਅਪਾਰਾ, ਹੰ ਬ੍ਰਹਮ ਮੇਲ ਮਿਲਾਇੰਦਾ । ਏਕਾ ਪੁਰਖ ਏਕਾ ਨਾਰਾ, ਏਕਾ ਸੇਜਾ ਸੁਹਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਸਾਚੀ ਰੁੱਤੀ ਰੁੱਤ ਵਖਾਇੰਦਾ । ਆਤਮ ਤਾਕੀ ਖੋਲ੍ਹ ਕਿਵਾੜਾ, ਆਪਣਾ ਮੁਖ ਵਖਾਇੰਦਾ । ਬੁਝਾਏ ਅਗਨੀ ਤੱਤੀ ਹਾੜਾ, ਪੰਜ ਤੱਤ ਆਪ ਜਲਾਇੰਦਾ । ਸਾਚੇ ਮੰਦਰ ਸਚ ਅਖਾੜਾ, ਸਾਚੀ ਸਖੀਆਂ ਆਪ ਵਖਾਇੰਦਾ । ਦੋ ਜਹਾਨਾ ਪਾਰ ਕਿਨਾਰਾ, ਆਪ ਆਪਣਾ ਬੰਕ ਸੁਹਾਇੰਦਾ । ਨਿਰਗੁਣ ਜੋਤ ਨੂਰ ਕਰ ਉਜਿਆਰਾ, ਲੋਕਮਾਤ ਵੇਖ ਵਖਾਇੰਦਾ । ਸੰਮਤ ਸੰਮਤੀ ਪਾਵੇ ਸਾਰਾ, ਵੀਹ ਸਦ ਬਿਕ੍ਰਮੀ ਨਾਲ ਰਲਾਇੰਦਾ । ਵੀਹ ਸਦ ਪੰਦਰਾਂ ਕਰ ਵਿਚਾਰਾ, ਚੌਦਾਂ ਮੁਖ ਸਲਾਹਿੰਦਾ । ਚੌਦਾਂ ਹੱਟਾਂ ਵਣਜ ਵਣਜਾਰਾ, ਚੌਦਾਂ ਤਬਕਾਂ ਮੇਲ ਮਿਲਾਇੰਦਾ । ਨੂਰ ਅਲਾਹੀ ਖੇਲ ਅਪਾਰਾ, ਪਰਵਰਦਿਗਾਰ ਆਪ ਅਖਵਾਇੰਦਾ । ਖ਼ਾਲਕ ਖ਼ਲਕ ਦਏ ਸਹਾਰਾ, ਆਪ ਆਪਣਾ ਵੇਸ ਵਟਾਇੰਦਾ । ਨਿਰਗੁਣ ਬ੍ਰਹਮ ਕਰ ਵਿਚਾਰਾ,

ਪਾਰਬ੍ਰਹਮ ਨਾਉਂ ਧਰਾਇੰਦਾ । ਨਾਮ ਸਤਿ ਸਤਿ ਵਰਤਾਰਾ, ਸਤਿਗੁਰ ਪੂਰਾ ਆਪ ਵਰਤਾਇੰਦਾ । ਫਤਿਹ ਡੰਕ ਡੰਕਾ ਜੈ ਜੈਕਾਰਾ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਆਪ ਗਜਾਇੰਦਾ । ਤ੍ਰੈਗੁਣ ਆਪੇ ਵਸਿਆ ਬਾਹਰਾ, ਦਿਸ ਕਿਸੇ ਨਾ ਆਇੰਦਾ । ਨਿਹਕਲੰਕਾ ਲਏ ਅਵਤਾਰਾ, ਆਪਣਾ ਨਾਉਂ ਧਰਾਇੰਦਾ । ਸੋਹੰ ਸ਼ਬਦ ਵਣਜ ਵਾਪਾਰਾ, ਲੱਖ ਚੁਰਾਸੀ ਆਪ ਕਰਾਇੰਦਾ । ਵੀਹ ਸੌ ਪੰਦਰਾਂ ਸਚ ਦਿਹਾੜਾ, ਹਾੜ ਗਿਆਰਾਂ ਲੇਖ ਲਿਖਾਇੰਦਾ । ਗੁਰ ਗੁਰ ਕਰ ਵਣਜਾਰਾ, ਸਾਚੇ ਦਰ ਬਹਾਇੰਦਾ । ਦਿਵਸ ਰੈਣ ਏਕਾ ਕਾਰਾ, ਪੰਜ ਪੰਜ ਵੇਖ ਵਖਾਇੰਦਾ । ਆਪੇ ਗੁਪਤ ਆਪੇ ਜ਼ਾਹਰਾ, ਅੰਦਰ ਬਾਹਰ ਆਪ ਅਖਵਾਇੰਦਾ । ਆਪੇ ਭਗਤੀ ਭਰੇ ਭੰਡਾਰਾ, ਨਾਮ ਨਾਮਾ ਝੋਲੀ ਪਾਇੰਦਾ । ਆਪੇ ਸ਼ਬਦ ਖੰਡਾ ਬਣ ਤੇਜ਼ ਕਟਾਰਾ, ਗੁਰਮੁਖਾਂ ਤਨ ਸੁਹਾਇੰਦਾ । ਆਪੇ ਅੰਮ੍ਰਿਤ ਬਣਿਆ ਠੰਡੀ ਠਾਰਾ, ਆਤਮ ਰਸ ਆਪ ਚਖਾਇੰਦਾ । ਆਪੇ ਰਣ ਭੂਮੀ ਸੁੱਤਾ ਪੈਰ ਪਸਾਰਾ, ਆਪੇ ਸੀਸ ਧੜ ਕੱਟ ਵਖਾਇੰਦਾ । ਆਪੇ ਕਰ ਸਚ ਪਿਆਰਾ, ਆਪ ਆਪਣੀ ਗੋਦ ਉਠਾਇੰਦਾ । ਆਪੇ ਮੀਤਾ ਪੰਚ ਪਿਆਰਾ, ਪੰਚਮ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਭੇਦ ਆਪਣੇ ਹੱਥ ਰਖਾਇੰਦਾ । ਹਰਿ ਕਾ ਭੇਦ ਕੋਈ ਨਾ ਜਾਣੇ, ਵੇਦ ਕਤੇਬ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਜਗਤ ਗਾਏ ਗਾਣੇ, ਭਗਤ ਭਗਵੰਤ ਕਰੇ ਵਡਿਆਈਆ । ਗੁਰਮੁਖ ਵਿਰਲਾ ਸੰਤ ਰੰਗ ਏਕਾ ਮਾਣੇ, ਜਿਸ ਛੱਡੀ ਸਰਬ ਲੋਕਾਈਆ । ਏਕਾ ਦਰ ਹੋਏ ਪਰਵਾਨੇ, ਏਕਾ ਮਿਲੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਲਹਿਣਾ ਆਪੇ ਦਏ ਚੁਕਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ, ਗੁਰ ਗੁਰ ਰੂਪ ਵਟਾਇੰਦਾ । ਗੁਰਮੁਖ ਸਾਚਾ ਲੇਵਣਹਾਰਾ, ਆਪਣਾ ਲੇਖਾ ਨਾ ਕਦੇ ਮੁਕਾਇੰਦਾ । ਆਪਣਾ ਤਨ ਮਨ ਧਨ ਪਾਏ ਗਹਿਣਾ, ਬਿਨ ਸਤਿਗੁਰ ਪੂਰੇ ਨਾ ਕੋਇ ਛੁਡਾਇੰਦਾ । ਕਲਜੁਗ ਅੰਤਮ ਵਖਾਏ ਨੈਣਾਂ, ਵੇਲਾ ਅੰਤਮ ਆਇੰਦਾ । ਚਾਰ ਵਰਨਾਂ ਬਣਾਏ ਭਾਈ ਭੈਣਾਂ, ਹਰਿ ਸੰਗਤ ਨਾਉਂ ਰਖਾਇੰਦਾ । ਲੱਖ ਚੁਰਾਸੀ ਜੂਠਾ ਝੂਠਾ ਵਹਿਣ ਵਹਿਣਾ, ਅੰਤਮ ਏਕਾ ਧੱਕਾ ਲਾਇੰਦਾ । ਸਚਖੰਡ ਦਵਾਰੇ ਕਿਸੇ ਨਾ ਬਹਿਣਾ, ਧਰਮ ਰਾਏ ਰਾਹ ਤਕਾਇੰਦਾ । ਗੁਰ ਗੋਬਿੰਦ ਗੁਰ ਸਾਚਾ ਕਹਿਣਾ, ਹਰਿ ਸਾਚਾ ਪੂਰ ਕਰਾਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਲੱਖ ਚੁਰਾਸੀ ਇਕ ਦੂਜੇ ਦੇ ਨਾਲ ਖਹਿਣਾ, ਨਾ ਪੱਲੂ ਕੋਈ ਤੁੜਾਇੰਦਾ । ਰਾਹ ਤੱਕੇ ਲਾੜੀ ਮੌਤ ਡੈਣਾ, ਰਾਏ ਧਰਮ ਹੁਕਮ ਸੁਣਾਇੰਦਾ । ਲਹਿੰਦੀ ਦਿਸ਼ਾ ਪਾਏ ਵੈਣਾ, ਆਪਣਾ ਗੇੜਾ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਵੇਖਣਹਾਰ ਪੁਰਖ ਸਮਰਥ, ਸਮਰਥ ਪੁਰਖ ਅਖਵਾਇਆ । ਲਹਿਣਾ ਦੇਣ ਚੁਕਾਏ ਹੱਥੋ ਹੱਥ, ਨਾ ਕੋਈ ਉਧਾਰ ਕਰਾਇਆ । ਲੱਖ ਚੁਰਾਸੀ ਪਾਏ ਨੱਥ, ਦਹਿ ਦਿਸ਼ਾ ਰਿਹਾ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਧਾਰ ਇਕ ਵਿਚਾਰ, ਏਕਾ ਰਿਹਾ ਵਖਾਇਆ । ਏਕਾ ਧਾਰ ਨਾਨਕ ਗੁਰ, ਕਲਜੁਗ ਮਾਤ ਚਲਾਈਆ । ਪੈਂਤੀ ਅੱਖਰੀ ਆਪੇ ਬੌਹੜ, ਆਪੇ ਵੇਖ ਵਖਾਈਆ । ਆਪੇ ਲਾਇਆ ਆਪਣਾ ਪੌੜ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਅੱਖਰ ਕਰੇ ਵੱਖਰ, ਬਾਵਨ ਬਾਵਨ ਵੇਸ ਵਟਾਈਆ । ਈਸ਼ਵਰੀ ਅੱਖਰ ਬਾਵਨ, ਭੇਵ ਕਿਸੇ ਨਾ ਪਾਇਆ । ਪੈਂਤੀ ਅੱਖਰ ਸਾਰੇ ਗਾਵਣ, ਸੱਤ ਸਤਾਰਾਂ ਦਿਸ ਨਾ ਆਇਆ । ਏਕਾ ਬਾਣ ਮਾਰੇ ਰਾਵਣ, ਸੀਤਾ ਸੁਰਤੀ ਨਾ ਕੋਇ ਛੁਡਾਇਆ ।

ਕਾਹਨਾ ਕ੍ਰਿਸ਼ਨਾ ਨਾ ਹੋਏ ਜ਼ਾਮਨ, ਅਰਜਨ ਰਥ ਨਾ ਕੋਇ ਚਲਾਇਆ । ਚਾਰ ਯਾਰ ਨਾ ਪਕੜੇ ਦਾਮਨ, ਸੰਗ ਮੁਹੰਮਦ ਨਾ ਕੋਇ ਰਲਾਇਆ । ਕਲਜੁਗ ਮੇਲਾ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਗੋਬਿੰਦ ਗੁਰ ਮਿਲਿਆ ਜ਼ਾਮਨ, ਸਾਚਾ ਮਾਰਗ ਇਕ ਵਖਾਇਆ । ਪੁਰਖ ਅਬਿਨਾਸ਼ੀ ਮੇਟੇ ਤ੍ਰਿਸਨਾ ਤਾਮਨ, ਪੁਰਖ ਅਕਾਲ ਇਕ ਮਨਾਇਆ । ਕਲਜੁਗ ਅੰਤਮ ਹੋਏ ਜ਼ਾਮਨ, ਨਿਹਕਲੰਕ ਨਾਉਂ ਰਖਾਇਆ । ਲੋਆਂ ਪੁਰੀਆਂ ਮੇਟੇ ਰੈਣ ਅੰਧੇਰੀ ਸ਼ਾਮਨ, ਸਾਚਾ ਚੰਦ ਇਕ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਪੰਦਰਾਂ ਕਰ ਵਿਚਾਰ, ਚੌਦਾਂ ਰੱਖੀ ਏਕਾ ਧਾਰ, ਅਠਸਠ ਖਿਚੇ ਚਰਨ ਦਵਾਰ, ਗੰਗਾ ਗੋਦਾਵਰੀ ਰਹੀ ਕੁਰਲਾਇਆ । ਅਠਸਠ ਤੀਰਥ ਗੁਰ ਕੇ ਚਰਨ, ਦੂਜਾ ਤਟ ਨਾ ਕੋਈ ਵਖਾਈਆ । ਖੋਲ੍ਹਣਹਾਰਾ ਹਰਨ ਫਰਨ, ਘਟ ਮੰਦਰ ਮੇਲ ਮਿਲਾਈਆ । ਦਾਤਾ ਦਾਨੀ ਕਰਨੀ ਕਰਨ, ਕਰਤਾ ਪੁਰਖ ਆਪ ਅਖਵਾਈਆ । ਗੇੜ ਚੁਕਾਏ ਮਰਨੀ ਮਰਨ, ਲੱਖ ਚੁਰਾਸੀ ਫੰਦ ਕਟਾਈਆ । ਲਹਿਣਾ ਚੁੱਕੇ ਵਰਨੀ ਵਰਨ, ਵਰਨ ਗੋਤ ਨਾ ਕੋਈ ਬਣਾਈਆ । ਗੁਰਮੁਖ ਵਿਰਲੇ ਸਰਨੀ ਪੜਨ, ਜਿਸ ਬਖ਼ਸ਼ੇ ਸਚ ਸਰਨਾਈਆ । ਨਿਰਗੁਣ ਰੂਪ ਤਰਨੀ ਤਰਨ, ਤਾਰਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਈਆ । ਕਲਜੁਗ ਤੇਰਾ ਕੂੜ ਪਸਾਰ, ਚਾਰ ਕੁੰਟ ਰੰਗ ਰਤਾ । ਸ੍ਰਿਸ਼ਟ ਸਬਾਈ ਧੂੰਆਂਧਾਰ, ਨਾ ਜਾਣੇ ਕੋਈ ਗੁਰ ਮਤਾ । ਲੱਖ ਚੁਰਾਸੀ ਨਾਰ ਵਿਭਚਾਰ, ਨਾ ਦੀਸੇ ਧੀਰਜ ਸਤਾ । ਚਾਰੋਂ ਕੁੰਟ ਹਾਹਾਕਾਰ, ਬਹੱਤਰ ਨਾੜੀ ਉਬਲੀ ਰਤਾ । ਕਿਸੇ ਨਾ ਮਿਲਿਆ ਹਰਿ ਸੱਜਣ ਮੀਤ ਮੁਰਾਰ, ਨਾ ਹੋਇਆ ਠੰਡਾ ਤੱਤਾ । ਗੁਰਮੁਖਾਂ ਕਰੇ ਆਪ ਪਿਆਰ, ਬੀਜ ਬੀਜੇ ਸਾਚੇ ਵਤਾ । ਸੰਮਤ ਸੋਲਾਂ ਸਚ ਵਿਹਾਰ, ਆਪੇ ਕਰੇ ਪੁਰਖ ਬਿਧਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਇਕ ਇਕਾਂਤਾ । ਅਕਲ ਕਲ ਧਾਰ ਅਕਲ ਕਲ ਧਾਰੀ, ਅਕਲ ਕਲ ਅਖਵਾਈਆ । ਨਿਰਗੁਣ ਜੋਤ ਜੋਤ ਨਿਰੰਕਾਰੀ, ਆਦਿ ਨਿਰੰਜਣ ਵਡ ਵਡਿਆਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰੀ, ਅਲਖ ਅਗੋਚਰ ਭੇਵ ਨਾ ਰਾਈਆ । ਸ਼ਬਦ ਸ਼ਬਦ ਕਰ ਜੈਕਾਰੀ, ਸ਼ਬਦੀ ਸ਼ਬਦ ਸ਼ਬਦ ਕਰਾਈਆ । ਚੌਥੇ ਜੁਗ ਪਾਵੇ ਸਾਰੀ, ਕਲਜੁਗ ਅੰਤਮ ਵੰਡ ਵੰਡਾਈਆ । ਬ੍ਰਹਮਾ ਮਨਵੰਤਰ ਹੋਏ ਖੁਵਾਰੀ, ਸ਼ਬਦ ਤੀਰ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਆਪਣੀ ਡੋਰ, ਆਪੇ ਰਿਹਾ ਖਿਚਾਈਆ । ਕਲਜੁਗ ਅੰਤਮ ਹਰਿ ਨਿਰੰਕਾਰਾ, ਹਰਿ ਹਰਿ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਲਏ ਅਵਤਾਰਾ, ਲੋਕਮਾਤ ਵੇਖ ਵਖਾਇੰਦਾ । ਆਪੇ ਘੜੇ ਆਪੇ ਭੰਨਣਹਾਰਾ, ਸਮਰਥ ਪੁਰਖ ਆਪ ਅਖਵਾਇੰਦਾ । ਆਪੇ ਸੰਤ ਸਾਧ ਕਰੇ ਪਿਆਰਾ, ਭਗਤ ਭਗਵੰਤ ਮੇਲ ਮਿਲਾਇੰਦਾ । ਆਪੇ ਦੂਤਾਂ ਦੁਸ਼ਟਾਂ ਪਾਏ ਸਾਰਾ, ਲੰਕਾ ਗੜ੍ਹ ਆਪ ਤੁੜਾਇੰਦਾ । ਆਪੇ ਵੇਖਣਹਾਰਾ ਧੁੰਧੂਕਾਰਾ, ਪਰਕਾਸ਼ ਅਕਾਸ਼ ਆਪ ਸੁਹਾਇੰਦਾ । ਆਪੇ ਰਵ ਸਸ ਮੰਡਲ ਤਾਰਾ, ਧਰਤ ਧਵਲ ਆਪ ਹੋ ਜਾਇੰਦਾ । ਆਪੇ ਗਗਨ ਮੰਡਲ ਕਰ ਪਸਾਰਾ, ਲੋਆਂ ਪੁਰੀਆਂ ਆਸਣ ਲਾਇੰਦਾ । ਆਪ ਸੁਹਾਏ ਸਚਖੰਡ ਦਵਾਰਾ, ਥਿਰ ਘਰ ਆਪਣਾ ਆਸਣ ਲਾਇੰਦਾ । ਆਪੇ ਦੀਪਕ ਜੋਤੀ ਕਰ ਉਜਿਆਰਾ, ਆਪੇ ਡਗਮਗਾਇੰਦਾ । ਆਪੇ ਸ਼ਾਹੋ ਭੂਪ ਸਿਕਦਾਰਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪੇ ਸਤਿ ਪੁਰਖ ਨਿਰੰਜਣ ਖੇਲੇ ਖੇਲ ਅਪਾਰਾ, ਅਗੰਮੜੀ ਕਾਰ ਆਪ ਕਰਾਇੰਦਾ । ਜੁਗਾ ਜੁਗੰਤਰ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ


੬੩੪
੦੮

ਵਟਾਇੰਦਾ । ਭਗਤਾਂ ਆਤਮ ਖੇਲ ਨਿਆਰਾ, ਸੰਮਤ ਸੋਲਾਂ ਰਾਹ ਤਕਾਇੰਦਾ । ਯਾਰਾਂ ਹਾੜ ਦਿਵਸ ਵਿਚਾਰਾ, ਗੁਰਮੁਖਾਂ ਮੇਲ ਮਿਲਾਇੰਦਾ । ਗੁਰ ਗੋਬਿੰਦ ਕਰ ਪਿਆਰਾ, ਸਿੰਘ ਗੋਬਿੰਦ ਲੇਖ ਲਿਖਾਇੰਦਾ । ਵੱਜੇ ਕਿੰਗ ਨਾਮ ਸਿਤਾਰਾ ਨਾਮ ਸੁਰੰਗੀ ਹੱਥ ਉਠਾਇੰਦਾ । ਅਨਹਦ ਮਰਦੰਗਾ ਗਾਏ ਵਾਰੋ ਵਾਰਾ, ਬਹੱਤਰ ਤਾਲ ਤਲਵਾੜਾ ਆਪ ਵਜਾਇੰਦਾ । ਛੱਤੀ ਰਾਗ ਨਾ ਪਾਇਣ ਸਾਰਾ, ਨਾਰਦ ਮੁਨ ਸੁਰਸਤੀ ਮੁਖ ਸਲਾਹਿੰਦਾ । ਗਾ ਗਾ ਥੱਕਾ ਸਰਬ ਸੰਸਾਰਾ, ਹਰਿ ਕਾ ਸ਼ਬਦ ਦਿਸ ਨਾ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਦਰ ਸਾਚੇ ਸੋਭਾ ਪਾਇੰਦਾ । ਆਪੇ ਰਾਮ ਕ੍ਰਿਸ਼ਨ ਅਵਤਾਰਾ, ਨਾਨਕ ਗੋਬਿੰਦ ਆਪ ਅਖਵਾਇੰਦਾ । ਅੰਤਮ ਕਲਜੁਗ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਗੁਰਮੁਖਾਂ ਭਰਿਆ ਸ਼ਬਦ ਭੰਡਾਰਾ, ਆਪਣੀ ਹੱਥੀਂ ਆਪ ਵਰਤਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਝਿਰਨਾ ਹਰਿ ਝਿਰਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜਾ, ਨੌਂ ਦਵਾਰ ਪਾਰ ਕਰਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਮੇਲ ਮਿਲਾਏ ਸਚ ਦਵਾਰਾ, ਘਰ ਮੰਦਰ ਕੁੰਡਾ ਲਾਇੰਦਾ । ਆਤਮ ਸੇਜਾ ਸੁੱਤਾ ਪੈਰ ਪਸਾਰਾ, ਆਪਣੀ ਕਰਵਟ ਆਪ ਬਦਲਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਆਪਣੀ ਗੋਦੀ ਆਪ ਉਠਾਇੰਦਾ । ਧਨ ਗੁਰਸਿਖ ਸਚ ਦੁਲਾਰਾ, ਗੁਰ ਗੋਬਿੰਦ ਰਸਨਾ ਗਾਇੰਦਾ । ਕਲਜੁਗ ਅੰਤਮ ਲਾਹੇ ਉਧਾਰਾ, ਪਿਛਲਾ ਲਹਿਣਾ ਨਾ ਕੋਈ ਰਖਾਇੰਦਾ । ਪਹਿਲਾਂ ਕਰੇ ਜਗਤ ਵਿਹਾਰਾ, ਸ੍ਰਿਸ਼ਟ ਸਬਾਈ ਫੇਰ ਉਠਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰੇ ਮਾਰਾ, ਸੀਸ ਤਾਜ ਨਾ ਕੋਈ ਟਿਕਾਇੰਦਾ । ਸਾਧਾਂ ਸੰਤਾਂ ਕਰੇ ਭਿਖਾਰਾ, ਦਰ ਮੰਗਣ ਭਿਖ ਨਾ ਪਾਇੰਦਾ । ਕੂੜਾ ਮੇਟੇ ਕੂੜ ਹੰਕਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਾਚਾ ਸ਼ਬਦ ਸਚ ਜੈਕਾਰਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਸਾਚੇ ਦਿਵਸ ਸਚ ਵਿਹਾਰਾ, ਹਰਿ ਸੰਗਤ ਆਪ ਕਰਾਇੰਦਾ । ਆਪੇ ਲਾਲ ਆਪਣਾ ਆਪ ਵਾਰਾ, ਸੀਸ ਜਗਦੀਸ ਭੇਟ ਚੜ੍ਹਾਇੰਦਾ । ਰਾਗ ਛਤੀਸ ਨਾ ਕੋਇ ਉਚਾਰਾ, ਅੰਜੀਲ ਕੁਰਾਨ ਨਾ ਕੋਈ ਗਾਇੰਦਾ । ਵੇਦ ਪੁਰਾਨ ਨਾ ਲਾਏ ਨਾਅਰਾ, ਨਾ ਕੋਈ ਹਵਨ ਗਵਨ ਵਖਾਇੰਦਾ । ਇਸ਼ਟ ਦੇਵ ਹਰਿ ਇਕ ਅਵਤਾਰਾ, ਏਕਾ ਪੁਰਖ ਅਖਵਾਇੰਦਾ । ਨੂਰੀ ਜਲਵਾ ਨੂਰ ਅਪਾਰਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਸੋਲਾਂ ਧਾਰ, ਗੁਰਮੁਖਾਂ ਕਰੇ ਆਪ ਸ਼ਿੰਗਾਰ, ਸੋਲਾਂ ਇਛਿਆ ਦੇਵੇ ਵਰ, ਪਾਏ ਭਿਛਿਆ ਹਰਿ ਕਰਤਾਰ, ਕਰੇ ਰਿਛਿਆ ਵਿਚ ਸੰਸਾਰ, ਦੂਸਰ ਦਰ ਨਾ ਕੋਈ ਵਖਾਈਆ । ਸਾਚਾ ਦਰ ਹਰਿ ਸੁਹੰਜਣਾ, ਹਰਿ ਸਾਚੇ ਆਪ ਸੁਹਾਇਆ । ਪੁਰਖ ਅਬਿਨਾਸ਼ੀ ਜੋਤ ਜਗਾਈ ਆਦਿ ਨਿਰੰਜਣਾ, ਨਿਰਗੁਣ ਦੀਪ ਡਗਮਗਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਲਏ ਤਰਾਇਆ । ਨੇਤਰ ਨਾਮ ਪਾਏ ਅੰਜਣਾ, ਜੋ ਜਨ ਸਰਨਾਈ ਆਇਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਦਏ ਗਵਾਇਆ । ਧੁਨ ਅਨਾਦੀ ਤਾਲ ਏਕਾ ਵੱਜਣਾ, ਅਨਹਦ ਸਾਚਾ ਦਏ ਵਜਾਇਆ । ਸਤਿਗੁਰ ਪੂਰੇ ਪੜਦਾ ਕੱਜਣਾ, ਸ਼ਬਦ ਦੋਸ਼ਾਲਾ ਹੱਥ ਉਠਾਇਆ । ਕਾਲ ਨਗਾਰਾ ਕਲਜੁਗ ਵੱਜਣਾ, ਥਿਰ ਕੋਈ ਰਹਿਣ ਨਾ ਪਾਇਆ । ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਇਆ । ਸੰਗੀ ਸਾਥੀ ਕਿਸੇ ਨਾ ਪੜਦਾ ਕੱਜਣਾ, ਵੇਲੇ ਅੰਤਮ ਦੇਣ ਤਜਾਇਆ । ਹਰਿ ਚਰਨ ਦਵਾਰੇ ਅੰਮ੍ਰਿਤ ਪੀ ਪੀ ਰੱਜਣਾ, ਕਲਜੁਗ ਵੇਲਾ ਅੰਤਮ ਆਇਆ । ਗੁਰਮੁਖ ਮੀਤ ਪਿਆਰੇ ਸਾਚੇ ਸੱਜਣਾ,

ਜੁਗ ਜੁਗ ਤੇਰਾ ਰਾਹ ਤਕਾਇਆ । ਲੱਖ ਚੁਰਾਸੀ ਲੌਣ ਨਾ ਦੇਵੇ ਅਜ ਪਜਣਾ, ਨਾ ਕੋਈ ਸਕੇ ਮੁਖ ਛੁਪਾਇਆ । ਬੀਸ ਸਦ ਬੀਸ ਬਿਕ੍ਰਮੀ ਨੌ ਖੰਡ ਪ੍ਰਿਥਮੀ ਸੱਤ ਦੀਪ ਮਦਿਰਾ ਮਾਸ ਸਭ ਨੇ ਤਜਣਾ, ਰਸਨਾ ਪਾਨ ਬੀੜੀ ਨਾ ਕੋਈ ਲਗਾਇਆ । ਗੁਰਸਿਖ ਸਾਚੇ ਧੁਰ ਦਰਗਾਹੀ ਰਾਜਨ ਰਾਜਨਾ, ਸ਼ਾਹ ਸੁਲਤਾਨ ਬਣਕੇ ਆਇਆ । ਪਰਗਟ ਹੋਇਆ ਦੇਸ ਮਾਝਨਾ, ਸ਼ਬਦ ਡੰਕਾ ਰਿਹਾ ਵਜਾਇਆ । ਚਿੱਟਾ ਅਸਵ ਏਕਾ ਤਾਜਨਾ, ਸ਼ਾਹ ਅਸਵਾਰ ਆਪ ਦੌੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾਂ ਕਰ ਪਿਆਰ, ਗੁਰ ਸੰਗਤ ਵਖਾਏ ਹਰਿ ਦਵਾਰ, ਹਰਿ ਕਾ ਰੂਪ ਨਜ਼ਰੀ ਆਇਆ । ਹਰਿ ਦਵਾਰ ਹਰਿ ਕਾ ਰੂਪ, ਹਰਿਜਨ ਵਿਚ ਟਿਕਾਈਆ । ਗੁਰਸਿਖ ਤੇਰਾ ਸਤਿ ਸਰੂਪ, ਗੁਰ ਨਾਨਕ ਮੁਖ ਸਲਾਹੀਆ । ਕਬੀਰ ਦਵਾਰੇ ਦੇਵੇ ਧੂਪ, ਬ੍ਰਹਮ ਅਗਨੀ ਨਿਤ ਜਲਾਈਆ । ਆਤਮ ਰਾਮ ਏਕਾ ਸੁਖ, ਸੁਖ ਸਹਿਜ ਸੇਵ ਕਮਾਈਆ । ਜਗਤ ਤ੍ਰਿਸਨਾ ਮਿਟੇ ਭੁੱਖ, ਜਿਸ ਮਿਲਿਆ ਦਾਤਾ ਬੇਪਰਵਾਹੀਆ । ਮਾਤ ਗਰਭ ਸੁਫ਼ਲ ਹੋਈ ਕੁੱਖ, ਲੱਖ ਚੁਰਾਸੀ ਕੱਟੀ ਜਮ ਕੀ ਫਾਹੀਆ । ਉਜਲ ਹੋਇਆ ਲੋਕਮਾਤ ਮੁੱਖ, ਜੋ ਜਨ ਦਰ ਆਪਣੇ ਲਏ ਮਿਲਾਈਆ । ਹਰਿ ਸੰਗਤ ਨਿਉਂ ਨਿਉਂ ਸੀਸ ਝੁਕਾਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਬੂਟਾ ਜਾਣਾ ਸੁੱਕ, ਪ੍ਰਭ ਸਾਚਾ ਜੜ ਉਖੜਾਈਆ । ਮਨਮੁਖਾਂ ਮੁੱਖ ਪੈਣਾ ਥੁੱਕ, ਸੋਹੰ ਸ਼ਬਦ ਹੱਥ ਨਾ ਆਈਆ । ਗੁਰ ਨਾਨਕ ਗਾਇਆ ਲੁਕ ਲੁਕ, ਹਰਿ ਸਾਚਾ ਕਰੇ ਰੁਸ਼ਨਾਈਆ । ਸਿੰਘ ਸ਼ੇਰ ਸ਼ੇਰ ਰਿਹਾ ਬੁੱਕ, ਸਿੰਘ ਸ਼ੇਰ ਨਾਉਂ ਰਖਾਈਆ । ਗੁਰਸਿਖਾਂ ਭਾਰ ਆਪੇ ਚੁੱਕ, ਕਲਜੁਗ ਪੈਂਡਾ ਰਿਹਾ ਮੁਕਾਈਆ । ਉਲਟਾ ਗਰਭ ਨਾ ਹੋਏ ਰੁੱਖ, ਜੋ ਜਨ ਨੇਤਰ ਲੋਚਣ ਦਰਸ਼ਨ ਪਾਈਆ । ਕਰੋੜ ਤੇਤੀਸ ਦੇਵੀ ਦੇਵ ਸੁਰਪਤ ਇੰਦ ਬ੍ਰਹਮਾ ਵਿਸ਼ਨ ਸ਼ਿਵ ਸੁਖਨਾ ਰਹੇ ਸੁੱਖ, ਕਵਣ ਵੇਲਾ ਹਰਿ ਹਰਿ ਦਰਸ਼ਨ ਪਾਈਆ । ਨਾ ਹਰਿ ਮਾਨਸ ਨਾ ਮਾਨੁੱਖ, ਗੁਰਮੁਖਾਂ ਅੰਦਰ ਆਪਣਾ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਆਪਣੀ ਬੀਜ ਫੁਲ ਫੁਲਵਾੜੀ, ਹਰਿ ਸਾਚੇ ਕਰਮ ਕਮਾਇਆ । ਕ੍ਰਿਸ਼ਨ ਅਰਜਨ ਮਿਲਿਆ ਵਾਰ ਗਿਆਰਾਂ ਹਾੜੀ, ਗੁੜਗਾਉਂ ਦਰੋਨਾ ਅਚਾਰਜ ਧਾਮ ਸੁਹਾਇਆ । ਕਲਜੁਗ ਅੰਤਮ ਹੋਏ ਪਿਛੇ ਅਗਾੜੀ, ਆਪ ਆਪਣੀ ਸੇਵ ਕਮਾਇਆ । ਹਰਿ ਕਾ ਰੂਪ ਨਾ ਕੋਈ ਮੁੱਛ ਨਾ ਕੋਈ ਦਾੜ੍ਹੀ, ਨਾ ਕੋਈ ਮੂੰਡ ਮੁੰਡਾਇਆ । ਗੁਰ ਗੋਬਿੰਦ ਬਣਾਇਆ ਲਾੜੀ, ਸਾਚਾ ਲਾੜਾ ਆਪ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਦੁਆਪਰ ਤੇਰਾ ਲਹਿਣਾ, ਗੋਬਿੰਦ ਗਹਿਣਾ ਕਲਜੁਗ ਅੰਤਮ ਵੇਖਣ ਆਇਆ । ਗੋਬਿੰਦ ਗਹਿਣਾ ਤਨ ਸ਼ਿੰਗਾਰ, ਆਪਣਾ ਕਰਮ ਕਮਾਇਆ । ਸਿੰਘ ਦਇਆ ਕਰ ਪਿਆਰ, ਸਿਰ ਆਪਣਾ ਹੱਥ ਟਿਕਾਇਆ । ਆਪਣਾ ਆਪ ਅੱਗੇ ਧਰ, ਆਪਣੀ ਝੋਲੀ ਰਿਹਾ ਵਿਛਾਇਆ । ਪੰਚਾਂ ਬੰਨੇ ਇਕ ਦਸਤਾਰ, ਏਕਾ ਬੰਧਨ ਪਾਇਆ । ਪੰਚਾਂ ਮੇਲਾ ਮੀਤ ਮੁਰਾਰ, ਪੰਚਮ ਦਏ ਮਿਲਾਇਆ । ਚਾਰ ਚਾਰੇ ਦਏ ਵਾਰ, ਚਾਰੇ ਕੁੰਟਾਂ ਵੇਖ ਵਖਾਇਆ । ਚਾਰ ਯਾਰੀ ਕਰੇ ਖ਼ਵਾਰ, ਭੇਵ ਕਿਸੇ ਨਾ ਪਾਇਆ । ਦੋ ਦੱਬੇ ਧਰਨੀ ਭਾਰ, ਦੋ ਮੈਂਹਦੀ ਲਾਲ ਰੰਗਣ ਆਪ ਰੰਗਾਇਆ । ਆਪੇ ਵਸਿਆ ਸਭ ਤੋਂ ਬਾਹਰ, ਆਪਣਾ ਰੂਪ ਨਾ ਕੋਈ ਰਖਾਇਆ । ਕਲਜੁਗ ਕਰਿਆ ਕਰਮ ਵਿਚਾਰ, ਜਗਤ ਮਾਰਗ ਇਕ ਰਖਾਇਆ । ਸ਼ਬਦ ਸੁਨੇਹੜਾ ਦੇਵੇ ਸਾਂਝੇ ਯਾਰ, ਮਿੱਤਰ ਪਿਆਰੇ ਹਾਲ ਸੁਣਾਇਆ । ਖੰਜਰ ਪਿਆਲਾ ਮਿਠੀ ਧਾਰ, ਸੂਲਾਂ ਸੇਜ

੬੩੭ ੦੮

ਰਿਹਾ ਹੰਢਾਇਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਸ਼ਬਦ ਸੁਨੇਹੜਾ ਇਕ ਘਲਾਇਆ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕਾ ਨਾਉਂ ਰਖਾਇਆ । ਗੋਬਿੰਦ ਤੇਰਾ ਡੰਕਾ ਵੱਜੇ ਸਰਬ ਸੰਸਾਰ, ਨੌ ਖੰਡ ਪ੍ਰਿਥਮੀ ਦਏ ਸੁਣਾਇਆ । ਪੰਚਾਂ ਦੇਵੇ ਸੱਚੀ ਸਿਕਦਾਰ, ਸੀਸ ਦਸਤਾਰ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ । ਨਰ ਨਰਾਇਣ ਹਰਿ ਭਗਵਾਨ, ਭਗਵਾਨ ਵੇਸ ਵਟਾਇਆ । ਲੋਕਮਾਤ ਨਾ ਸਕੇ ਕੋਈ ਪਛਾਨ, ਵਲ ਛਲ ਧਾਰੀ ਖੇਲ ਖਿਲਾਇਆ । ਲੱਖ ਚੁਰਾਸੀ ਬਾਲ ਨਿਧਾਨ, ਬ੍ਰਹਮ ਗਿਆਨ ਨਾ ਕੋਈ ਜਣਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਸ਼ਾਸਤਰ ਭੇਵ ਕਿਸੇ ਨਾ ਆਇਆ । ਖਾਣੀ ਬਾਣੀ ਹੋਏ ਹੈਰਾਨ, ਹੱਥ ਕਿਸੇ ਨਾ ਆਇਆ । ਮੰਦਰ ਮਸਜਿਦ ਮੱਠ ਸ਼ਿਵਦਵਾਲਾ ਵੇਖ ਮਕਾਨ, ਕਾਇਆ ਮੰਦਰ ਨਾ ਕੋਇ ਸੁਹਾਇਆ । ਝੂਠ ਚਲਾਈ ਜਗਤ ਦੁਕਾਨ, ਚੌਦਾਂ ਹੱਟ ਨਾ ਹੱਟ ਵਿਕਾਇਆ । ਜਗਤ ਤ੍ਰਿਸਨਾ ਪੀਣ ਖਾਣ, ਆਤਮ ਰਸ ਹੱਥ ਕਿਸੇ ਨਾ ਆਇਆ । ਮਦਿਰਾ ਮਾਸ ਕਰਨ ਪਾਨ, ਮਾਇਆ ਮਮਤਾ ਮੋਹ ਨਾ ਕੋਈ ਤੁੜਾਇਆ । ਅੰਤਮ ਪੀੜੇ ਕੋਹਲੂ ਘਾਣ, ਗੁਰ ਪੀਰ ਨਾ ਕੋਇ ਛੁਡਾਇਆ । ਪਰਗਟ ਹੋਏ ਆਇਆ ਘਰ ਤ੍ਰਖਾਣ, ਏਕਾ ਰੰਦਾ ਹੱਥ ਉਠਾਇਆ । ਲੱਖ ਚੁਰਾਸੀ ਕਰੇ ਪੁਣ ਛਾਣ, ਸਦ ਬਖ਼ਸ਼ਿੰਦ ਵੇਸ ਵਟਾਇਆ । ਦੇਵਣਹਾਰਾ ਨਾਮ ਦਾਨ, ਨਾਮ ਭੰਡਾਰਾ ਇਕ ਸੁਹਾਇਆ । ਸੋਹੰ ਸ਼ਬਦ ਧੁਰ ਫ਼ਰਮਾਣ, ਸਤਿਜੁਗ ਸਾਚਾ ਰਾਹ ਵਖਾਇਆ । ਹਿੰਦੂ ਮੁਸਲਮ ਸਿਖ ਈਸਾਈ ਸਾਰੇ ਗਾਣ, ਭੇਵ ਰਹੇ ਨਾ ਰਾਇਆ । ਹਾੜ ਗਿਆਰਾਂ ਵਡ ਪਰਧਾਨ, ਹਰਿ ਸਾਚੇ ਮਾਣ ਰਖਾਇਆ । ਸੰਮਤ ਸੋਲਾਂ ਝੁੱਲੇ ਨਿਸ਼ਾਨ, ਸਤਿਗੁਰ ਪੂਰਾ ਰਿਹਾ ਝੁਲਾਇਆ । ਸਾਧਾਂ ਸੰਤਾਂ ਘਰ ਘਰ ਪਈ ਮਕਾਣ, ਹਰਿ ਸ਼ਬਦ ਨਾ ਮੇਲ ਮਿਲਾਇਆ । ਹੱਥ ਨਾ ਆਈ ਸਾਚੀ ਖਾਣ, ਬਿਨ ਗੁਰ ਪੂਰੇ ਕੁੰਜੀ ਨਾ ਕੋਈ ਫੜਾਇਆ । ਪੂਜਾ ਪਾਠ ਕਰ ਕਰ ਸੁਣਾਣ, ਮਨ ਮਨੂਆ ਨਾ ਕਿਸੇ ਬੰਧਾਇਆ । ਗੁਰ ਦਰ ਮੰਦਰ ਖਾਦਾ ਪੂਜਾ ਧਾਨ, ਅੰਤਮ ਲੇਖਾ ਦੇਣਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਵੀਹ ਸੌ ਗਿਆਰਾਂ ਵਡ ਵਡਿਆਈ ਦੇਵਣਹਾਰ ਹਰਿ ਰਘੁਰਾਈ, ਆਪ ਆਪਣਾ ਰੰਗ ਰੰਗਾਇਆ । ਰੰਗ ਰੰਗਾਇਆ ਹਰਿ ਚਲੂਲ, ਘਰ ਸੱਜਣ ਮੇਲ ਮਿਲੰਨਿਆ । ਜੁਗ ਵਿਛੜੇ ਨਾ ਜਾਏ ਭੂਲ, ਦੇਵਣਹਾਰ ਸ੍ਰੀ ਭਗਵਾਨਿਆ । ਗੁਰ ਸੰਗਤ ਗੁਰਮੁਖ ਲੋਕਮਾਤ ਉਪਜਾਏ ਸਾਚੇ ਫੂਲ, ਸਤਿਜੁਗ ਸਾਚਾ ਚੜ੍ਹੇ ਚੰਨਿਆ । ਹਰਿਜਨ ਸਚ ਪੰਘੂੜਾ ਰਿਹਾ ਝੂਲ, ਸਤਿਗੁਰ ਪੂਰੇ ਬੇੜਾ ਬੰਨਿਆ । ਮੇਲ ਮਿਲਾਵਾ ਕੰਤ ਕੰਤੂਹਲ, ਮੇਲ ਮਿਲਿਆ ਚਿਰੀਂ ਵਿਛੁੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਆਪੇ ਚੁਣਿਆ । ਗੁਰਸਿਖ ਸੱਜਣ ਤੇਰਾ ਸਚ ਮੁਨਾਰਾ, ਹਰਿ ਸਾਚੀ ਜੋਤ ਜਗਾਈਆ । ਨਿਰਮਲ ਦੀਪਕ ਕਰ ਉਜਿਆਰਾ, ਏਕਾ ਮੰਦਰ ਰਿਹਾ ਸੁਹਾਈਆ । ਆਪੇ ਵੇਖੇ ਵੇਖਣਹਾਰਾ ਬੈਠ ਨਿਆਰਾ, ਨਿਰਗੁਣ ਨੂਰ ਬੇਪਰਵਾਹੀਆ । ਸਾਚੇ ਘਰ ਮੰਗਲਾਚਾਰਾ, ਆਪਣਾ ਮੰਗਲ ਆਪੇ ਗਾਈਆ । ਸਾਚੀ ਸਖੀਆਂ ਮੀਤ ਮੁਰਾਰਾ, ਸਾਖਿਆਤ ਨਜ਼ਰੀ ਆਈਆ । ਸ਼ਬਦ ਅਨਾਦ ਸੱਚੀ ਧੁਨਕਾਰਾ, ਅਨਹਦ ਤਾਲ ਵਜਾਈਆ । ਨੇਤਰ ਦਰਸ਼ਨ ਕਵਲ ਨੈਣ ਨਿਰੰਕਾਰਾ, ਨਿਝ ਨੇਤਰ ਵੇਖ ਵਖਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਝਿਰਨਾ ਰਿਹਾ ਝਿਰਾਈਆ । ਗੁਰਮੁਖਾਂ ਲੇਖਾ ਚੁੱਕੇ ਨੌ ਦਵਾਰਾ, ਨੌ ਦਰ ਨਾ ਕੋਈ ਹਲਕਾਈਆ । ਖੋਲ੍ਹਣ ਆਇਆ ਬੰਦ ਕਿਵਾੜਾ, ਸੰਮਤ ਸੋਲਾਂ ਰਾਹ ਤਕਾਈਆ । ਸੰਮਤ ਸਤਾਰਾਂ ਗਿਆਰਾਂ ਹਾੜਾ, ਏਕਾ ਅੱਗੇ ਏਕਾ

ਪਿਛੇ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਸੁਨੇਹੜਾ ਇਕ ਸੁਣਾਈਆ । ਸ਼ਬਦ ਸੁਨੇਹੜਾ ਹਰਿ ਮਰਗਿੰਦ ਨਿਰਗੁਣ ਨੂਰ ਅਲਾਹੀਆ । ਗੁਰਮੁਖਾਂ ਮੇਟਣਹਾਰਾ ਚਿੰਦ, ਸਗਲੀ ਚਿੰਤ ਗਵਾਈਆ । ਬਖ਼ਸ਼ੇ ਧਾਰ ਸਾਗਰ ਸਿੰਧ, ਗਹਿਰ ਗੰਭੀਰ ਅਖਵਾਈਆ । ਹਰਿ ਸੰਗਤ ਬਣਾਏ ਸਾਚੀ ਬਿੰਦ, ਸੁੱਤ ਅਨਾਦੀ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਮੇਲ ਮਿਲਾਈਆ । ਹਾੜ ਗਿਆਰਾਂ ਨੌ ਦਸ ਧਾੜ, ਅਠ ਤੱਤ ਵੇਖ ਵਖਾਇਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਛੇ ਦਰ ਵੇਸ ਵਟਾਇਆ । ਪੰਚਮ ਮੀਤਾ ਹੋ ਤਿਆਰ, ਚੌਥੇ ਪਦ ਦਏ ਮਿਲਾਇਆ । ਤੀਜੇ ਨੇਤਰ ਖੋਲ੍ਹ ਕਿਵਾੜ, ਆਪ ਆਪਣਾ ਦਰਸ ਦਿਖਾਇਆ । ਦੂਈ ਦਵੈਤੀ ਦੇਣੀ ਮਾਰ, ਏਕਾ ਰੰਗ ਰੰਗਾਇਆ । ਇਕ ਅਕੱਲਾ ਏਕੰਕਾਰ, ਨਿਰਗੁਣ ਸਰਗੁਣ ਵੇਸ ਵਟਾਇਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਹਰਿ ਸੰਗਤ ਕਰਿਆ ਸਚ ਪਿਆਰ, ਸਚ ਦਵਾਰਾ ਇਕ ਸੁਹਾਇਆ । ਡੁੱਬਦੇ ਪਾਥਰ ਜਾਏ ਤਾਰ, ਮੂਰਖ ਮੁਗਧ ਅੰਞਾਣ ਲਏ ਬਚਾਇਆ । ਜੋ ਜਨ ਬਣੇ ਦਰ ਭਿਖਾਰ, ਨਾਮ ਝੋਲੀ ਦਏ ਭਰਾਇਆ । ਮੇਲ ਮਿਲਾਏ ਗੁਰ ਕਰਤਾਰ, ਸ਼ਬਦ ਵਿਚੋਲਾ ਵਿਚ ਰਖਾਇਆ । ਸਾਚਾ ਢੋਲਾ ਗਾਏ ਹਰਿ ਸੰਸਾਰ, ਸੋਹੰ ਬੋਲਾ ਆਪ ਜਣਾਇਆ । ਬਣਿਆ ਤੋਲਾ ਗਿਰਵਰ ਗਿਰਧਾਰ, ਨਾਮ ਖੰਡਾ ਹੱਥ ਉਠਾਇਆ । ਬਦਲਿਆ ਚੋਲਾ ਨਾ ਕੋਈ ਪਾਏ ਸਾਰ, ਸੰਮਤ ਸੋਲਾਂ ਰਾਹ ਤਕਾਇਆ । ਗਿਆਰਾਂ ਹਾੜ ਆਪਣੀ ਸੰਗਤ ਆਪੇ ਮਵਲਾ, ਫੁਲ ਫੁਲਵਾੜੀ ਵੇਖ ਵਖਾਇਆ । ਉਲਟਾ ਕਰੇ ਨਾਭ ਕਵਲਾ, ਚਾਰ ਯੁਗ ਜੋ ਉਲਟਾ ਵਖਾਇਆ । ਮੰਗੇ ਮੰਗ ਧਰਨੀ ਧਵਲਾ, ਅੱਗੇ ਨਿਉਂ ਨਿਉਂ ਸੀਸ ਝੁਕਾਇਆ । ਲੇਖਾ ਜਾਣੇ ਸਾਵਲ ਸਵਲਾ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਤਿਓਹਾਰ ਕਰ ਵਿਹਾਰ, ਪੰਚਮ ਮਾਰਨਹਾਰਾ ਮਾਰ, ਆਪਣੀ ਕਰਨੀ ਰਿਹਾ ਕਰਾਇਆ । ਸੰਮਤ ਸੋਲਾਂ ਵੀਹ ਸੌ ਗਿਆਰਾਂ ਹਰਿ ਸਾਚੇ ਕਰਮ ਕਮਾਇਆ । ਗੁਰਮੁਖ ਸਾਜਣ ਮੀਤ ਮੁਰਾਰਾ, ਦਰ ਸਾਚੇ ਸਦ ਬਹਾਇਆ । ਨਿਰਗੁਣ ਸਰਗੁਣ ਕਰੇ ਕਾਰਾ, ਕਰਨੀ ਕਰਤਾ ਕਰਦਾ ਆਇਆ । ਏਕਾ ਰੰਗ ਰੰਗਾਏ ਪੁਰਖ ਨਾਰਾ, ਨਾਰੀ ਨਰ ਨਾ ਕੋਈ ਜਣਾਇਆ । ਦੋ ਜਹਾਨਾਂ ਪਾਵੇ ਸਾਰਾ, ਏਥੇ ਓਥੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁੱਚ ਸੁਹਾਇਆ । ਸਚ ਵਿਹਾਰ ਕਰਨੇ ਯੋਗ, ਆਪਣੀ ਕਿਰਤ ਕਮਾਇੰਦਾ । ਪਹਿਲੋਂ ਕੱਟੇ ਹਉਮੇ ਰੋਗ, ਮਾਇਆ ਮਮਤਾ ਦਰ ਦੁਰਕਾਇੰਦਾ । ਗੁਰਮੁਖਾਂ ਮੇਟੇ ਚਿੰਤਾ ਸੋਗ, ਕਾਮ ਕਰੋਧ ਨੇੜ ਨਾ ਆਇੰਦਾ । ਪਾਰ ਕਰਾਏ ਚੌਦਾਂ ਲੋਕ, ਰਵ ਸਸ ਮੰਡਲ ਮੰਡਪ ਚਰਨਾ ਹੇਠ ਦਬਾਇੰਦਾ । ਸ਼ਬਦ ਸੁਣਾਏ ਇਕ ਸਲੋਕ, ਹੰ ਬ੍ਰਹਮ ਪਾਰਬ੍ਰਹਮ ਸਮਾਇੰਦਾ । ਦੇਵਣਹਾਰਾ ਸਾਚੀ ਮੋਖ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮਾਰ ਪੰਚਮ ਖ਼ਵਾਰ, ਪੰਚ ਮੀਤ ਪੰਚ ਧੁੰਨਕਾਰ, ਪੰਚ ਜੈਕਾਰ ਆਪ ਲਗਾਇੰਦਾ । ਪੰਚਮ ਮਾਰੇ ਕਰ ਖ਼ਵਾਰ, ਪੰਚਮ ਵਡ ਵਡਿਆਈਆ । ਪੰਚਮ ਦੇਵੇ ਦਰ ਦੁਰਕਾਰ, ਪੰਚਮ ਸੋਭਾ ਦਰ ਘਰ ਪਾਈਆ । ਪੰਚਮ ਕਰਨ ਹਾਹਾਕਾਰ, ਪੰਚਮ ਮੰਗਲ ਹਰਿ ਹਰਿ ਗਾਈਆ । ਸ਼ਬਦ ਵਿਚੋਲਾ ਬਣ ਕਰਤਾਰ, ਕਲਜੁਗ ਅੰਤਮ ਜੋੜ ਜੁੜਾਈਆ । ਹਾੜ ਗਿਆਰਾਂ ਦਿਵਸ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਰਿਹਾ ਸਮਝਾਈਆ ।

ਹਾੜ ਗਿਆਰਾਂ ਸਚ ਤਾਰੀਖ, ਏਕਾ ਵੰਡ ਵੰਡਾਈਆ । ਕਾਹਨਾ ਕ੍ਰਿਸ਼ਨਾ ਰੱਖੇ ਉਡੀਕ, ਏਕਾ ਰਾਹ ਤਕਾਈਆ । ਗੁਰ ਗੋਬਿੰਦ ਕਾਲੇ ਉਤੇ ਖਿਚੀ ਲੀਕ, ਆਪਣਾ ਲੇਖ ਗਿਆ ਲਿਖਾਈਆ । ਪੁਰਖ ਅਕਾਲ ਮੰਗੀ ਭੀਖ, ਪ੍ਰਭ ਭਿਛਿਆ ਝੋਲੀ ਪਾਈਆ । ਕਲਜੁਗ ਤੇਰਾ ਲਹਿਣਾ ਚੁੱਕੇ ਲੱਖ ਚਾਰ ਹਜ਼ਾਰ ਬਤੀਸ, ਪੰਚਮ ਝੋਲੀ ਪਾਈਆ । ਛਤਰ ਝੁੱਲੇ ਪ੍ਰਭ ਸਾਚੇ ਸੀਸ, ਸ਼ਹਿਨਸ਼ਾਹ ਇਕ ਅਖਵਾਈਆ । ਨਾ ਕੋਈ ਕਰੇ ਤੇਰੀ ਰੀਸ, ਜੂਠੀ ਝੂਠੀ ਮੇਟੇ ਲਸ਼ਕਰ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪ ਆਪਣੀ ਕਲ ਵਰਤਾਈਆ । ਕੁਲਵੰਤਾ ਹਰਿ ਭਗਵੰਤਾ, ਅਕਲ ਕਲਾ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਆਦਿ ਅੰਤਾ ਵੇਸ ਵਟਾਇੰਦਾ । ਗੁਰਮੁਖਾਂ ਉਠਾਏ ਸਾਚੇ ਸੰਤਾਂ, ਭਗਤਾਂ ਮੇਲ ਮਿਲਾਇੰਦਾ । ਸਤਿਜੁਗ ਬਣਾਏ ਸਾਚੀ ਬਣਤਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੇਹਰਾ ਸੀਸ ਦਸਤਾਰ, ਆਪਣੀ ਹੱਥੀਂ ਆਪ ਬਨਾਇੰਦਾ । ਸਚ ਦਸਤਾਰ ਸੀਸ ਤਾਜ, ਗੁਰ ਸਤਿਗੁਰ ਹੱਥ ਵਡਿਆਈਆ । ਦੋ ਜਹਾਨਾਂ ਸਾਚਾ ਰਾਜ, ਗੁਰ ਚਰਨ ਸੱਚੀ ਸਰਨਾਈਆ । ਆਪ ਉਠਾਏ ਮਾਰੇ ਵਾਜ, ਸੁਤਿਆਂ ਲਏ ਜਗਾਈਆ । ਦਿਵਸ ਰੈਣ ਰਿਹਾ ਭਾਜ, ਔਂਦਾ ਜਾਂਦਾ ਦਿਸ ਨਾ ਆਈਆ । ਸੰਮਤ ਸੋਲਾਂ ਰਚਿਆ ਕਾਜ, ਹਾੜ ਗਿਆਰਾਂ ਸਾਹ ਸੁਧਾਈਆ । ਹਰਿ ਸੰਗਤ ਚੜ੍ਹਾਏ ਸਚ ਜਹਾਜ, ਨਾਮ ਚੱਪੂ ਏਕਾ ਲਾਈਆ । ਵੇਲੇ ਅੰਤਮ ਰੱਖੇ ਲਾਜ, ਹਾੜ ਸਤਾਰਾਂ ਲੇਖਾ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤ ਸ਼ਬਦ ਮੇਲ ਮਿਲਾਈਆ । ਸੁਰਤ ਸ਼ਬਦ ਮੇਲ ਮਿਲੌਣਾ, ਮਿਲਣੀ ਹਰਿ ਕਰਾਇੰਦਾ । ਕੁੜਮ ਕੁੜਮਾਈ ਸਾਚੀ ਔਣਾ, ਘਰ ਸਾਚਾ ਵੇਖ ਵਖਾਇੰਦਾ । ਧੀ ਜਵਾਈ ਇਕ ਬਣੌਣਾ, ਏਕਾ ਵੇਸ ਵਟਾਇੰਦਾ । ਏਕਾ ਸੇਜੇ ਆਪ ਸੁਹੌਣਾ, ਦੂਜਾ ਦਰ ਨਾ ਕੋਈ ਬਣਾਇੰਦਾ । ਏਕਾ ਬਸਤਰ ਕਾਇਆ ਚੋਲੀ ਰੰਗ ਰੰਗੌਣਾ, ਰੰਗ ਮਜੀਠੀ ਇਕ ਰੰਗਾਇੰਦਾ । ਹਰਿ ਸੰਗਤ ਤੇਰਾ ਪੰਧ ਮੁਕੌਣਾ, ਤੇਰੀ ਡੋਲੀ ਆਪਣੇ ਕੰਧ ਉਠਾਇੰਦਾ । ਜਗਤ ਕਹਾਰ ਆਪ ਅਖਵੌਣਾ, ਦੋ ਜਹਾਨਾਂ ਪੰਧ ਮੁਕਾਇੰਦਾ । ਦਰਗਹਿ ਸਾਚੀ ਸੱਚਾ ਧਾਮ ਸੁਹੌਣਾ, ਸੁਹਾਇੰਦਾ । ਦਰ ਦਰਵਾਜ਼ਾ ਆਪ ਖੁਲ੍ਹੌਣਾ, ਆਪਣਾ ਹੁਕਮ ਸੁਣਾਇੰਦਾ । ਗੁਰਮੁਖਾਂ ਸਾਚੇ ਧਾਮ ਬਹੌਣਾ, ਆਪ ਆਪਣੀ ਸੇਵ ਕਮਾਇੰਦਾ । ਜਗਤ ਸੁੱਤ ਫੇਰ ਬਹੌਣਾ, ਪੂਰਨ ਇਛਿਆ ਪੂਰਨ ਪੂਰੀ ਆਪ ਕਰਾਇੰਦਾ । ਪਿਛਲਾ ਵੇਲਾ ਆਪ ਸੁਹਾਵਣਾ, ਚੌਥੇ ਚੌਥੇ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚਾ ਵਰ, ਸੋਲਾਂ ਸੋਲਾਂ ਵੇਖ ਵਖਾਇੰਦਾ । ਸੰਮਤ ਸੋਲਾਂ ਚੜ੍ਹਿਆ ਚਾ, ਤ੍ਰੈਲੋਕ ਵਜੀ ਵਧਾਈਆ । ਪੁਰੀਆਂ ਲੋਆਂ ਰਹੇ ਗਾ, ਮੰਗਲਾਚਾਰ ਹਰ ਘਟ ਥਾਈਆ । ਸਾਧ ਸੰਤ ਨੇਤਰ ਰਹੇ ਉਠਾ, ਰਾਹ ਤੱਕਣ ਸਾਚੇ ਮਾਹੀਆ । ਮਨਮੁਖ ਜੀਵ ਰਹੇ ਕੁਰਲਾ, ਕਲਜੁਗ ਅਗਨੀ ਏਕਾ ਲਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਵੇਖਣਹਾਰਾ ਥਾਉਂ ਥਾਈਆ । ਅੰਤਮ ਪਰਗਟ ਹੋਇਆ ਜਗਤ ਮਲਾਹ, ਨਿਹਕਲੰਕਾ ਨਾਉਂ ਰਖਾਈਆ । ਕਰਨ ਆਇਆ ਸਚ ਨਿਆਂ, ਏਕਾ ਤੋਲਾ ਤੋਲ ਤੁਲਾਈਆ । ਲਹਿਣਾ ਚੁਕੇ ਪੁਤਰਾਂ ਮਾਂ, ਭੈਣ ਭਾਈ ਨਾ ਵੰਡ ਵੰਡਾਈਆ । ਅਡ ਅਡ ਕਰੇ ਹੰਸ ਕਾਂ, ਕਾਗ ਹੰਸ ਵੇਖ ਵਖਾਈਆ । ਜਿਸ ਜਨ ਜਪਾਏ ਆਪਣਾ ਨਾਂ, ਆਪ ਆਪਣੇ ਵਿਚ ਮਿਲਾਈਆ । ਨਿਥਾਵਿਆਂ ਦੇਵੇ ਸੱਚਾ ਥਾਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠਾਈਆ । ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ

ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਸਚ ਵਿਆਹ, ਘਰ ਸਾਚੇ ਹੋਏ ਕੁੜਮਾਈਆ । ਘਰ ਵਿਆਹ ਘਰ ਸੱਚਾ ਪਾਇਆ, ਘਰ ਮੰਦਰ ਸੋਭਾਵੰਤ । ਸਾਚਾ ਸਚ ਨਜ਼ਰੀ ਆਇਆ, ਧੰਨ ਸੋਭਾਗਣ ਸੋਭਾਵੰਤੀ ਮਿਲਿਆ ਹਰਿ ਹਰਿ ਕੰਤ । ਨਾ ਮਰੇ ਨਾ ਕਦੇ ਜਾਇਆ, ਆਦਿ ਜੁਗਾਦਿ ਮਹਿਮਾ ਅਗਣਤ । ਫੜ ਨਿਮਾਣੀ ਗਲੇ ਲਗਾਇਆ, ਇਕ ਸੁਣਾਇਆ ਸੁਹਾਗੀ ਛੰਤ । ਅੰਗੀਕਾਰ ਅੰਗ ਕਰਾਇਆ, ਬਣਾਈ ਸਾਚੀ ਬਣਤ । ਸਾਚਾ ਰੰਗਣ ਰੰਗ ਰੰਗਾਇਆ, ਉਤਰ ਨਾ ਜਾਏ ਆਦਿ ਅੰਤ । ਹਰਿ ਸੱਜਣ ਨਾਮ ਮਹਿਕਾਇਆ । ਪਿਰ ਪਾਇਆ ਧਨ ਹਰਿ ਭਗਵੰਤ । ਸਾਚੀ ਹਾੜੀ ਖ਼ੁਸ਼ੀ ਮਨਾਇਆ, ਲੇਖਾ ਚੁੱਕੇ ਜੀਵ ਜੰਤ । ਕਲਜੁਗ ਅੰਤਮ ਨੇੜੇ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਦੇਵੇ ਸੀਸ ਤਾਜ, ਆਪ ਆਪਣੀ ਦਏ ਵਡਿਆਇਆ । ਗੁਰਸਿਖ ਤੇਰੀ ਵਡ ਵਡਿਆਈ, ਗੁਰ ਸਤਿਗੁਰ ਤੇਰੀ ਸੇਵ ਕਮਾਈਆ । ਹਰਿਜਨ ਤੇਰੀ ਵਡ ਵਡਿਆਈ, ਹਰਿ ਹਰਿ ਦਰ ਤੇਰੇ ਵੇਸ ਵਟਾਈਆ । ਹਰਿ ਸੰਗਤ ਤੇਰੀ ਵਡ ਵਡਿਆਈ, ਤੇਰੀ ਭਗਤੀ ਹਰਿ ਕਮਾਈਆ । ਹਰਿ ਸੰਗਤ ਤੇਰੀ ਵਡਿਆਈ, ਹਰਿ ਤੱਕੀ ਤੇਰੀ ਸਰਨਾਈਆ । ਬਿਨ ਤੇਰੇ ਪਰਗਟ ਹੋਏ ਨਾ ਕਿਸੇ ਥਾਈਂ, ਸਾਧ ਸੰਤ ਰਹੇ ਧੂਣੀਆਂ ਤਾਈਆ । ਸੰਤ ਸੁਹੇਲੇ ਭੁਜਾਂ ਬਾਂਹੀ, ਗੁਰਸਿਖ ਆਪਣੇ ਬਲ ਰਖਾਈਆ । ਆਪਣੀ ਕਾਇਆ ਜਗਤ ਵਿਹਾਰ ਹਰਿ ਸੰਗਤ ਤੇਰੇ ਚਰਨਾਂ ਹੇਠ ਵਛਾਈ, ਤੇਰੀ ਧੂੜੀ ਰਹੇ ਸੀਸ ਜਗਦੀਸ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਪਿਆਰ ਅੰਮ੍ਰਿਤ ਧਾਰ, ਨੇਤਰ ਨੀਰ ਛਹਿਬਰ ਲਾਈਆ । ਹਰਿ ਸੰਗਤ ਤੇਰਾ ਸਚ ਪਿਆਰ, ਸਤਿਗੁਰ ਪੂਰਾ ਇਕ ਵਖਾਨਿਆ । ਲੱਖ ਚੁਰਾਸੀ ਝੱਖ ਰਹੀ ਮਾਰ, ਰੂਪ ਅਨੂਪ ਸ਼ਾਹੋ ਭੂਪ ਦਰ ਦਰਵੇਸ਼ ਨਾ ਕਿਸੇ ਦਰਸਾਨਿਆ । ਮਾਨਸ ਮਾਨੁਖ ਗਏ ਹਾਰ, ਆਤਮ ਬ੍ਰਹਮ ਨਾ ਕੋਇ ਵਖਾਨਿਆ । ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਤੀਰ ਨਾ ਕੋਇ ਚਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਸਾਚਾ ਘਰ, ਕਲਜੁਗ ਅੰਤਮ ਕਰੇ ਪਰਵਾਨਿਆ । ਸੰਗਤ ਤੇਰਾ ਸਚ ਦਵਾਰ, ਹਰਿ ਸਾਚੇ ਆਪ ਪਰਨਾਇਆ । ਗੋਬਿੰਦ ਲੇਖਾ ਲਿਖ ਅਪਾਰ, ਸੰਬਲ ਨਾਉਂ ਧਰਾਇਆ । ਵੇਦ ਵਿਆਸਾ ਕਰ ਵਿਚਾਰ, ਪੂਤ ਸਪੂਤ ਬ੍ਰਹਿਮਣ ਗੌੜ ਰਾਹ ਤਕਾਇਆ । ਹਰਿ ਕਾ ਖੇਲ ਅਗੰਮ ਅਪਾਰ, ਜੁਗ ਜੁਗ ਆਪਣਾ ਕਰਦਾ ਆਇਆ । ਵੇਲੇ ਅੰਤਮ ਲਏ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸਾਢੇ ਤਿੰਨ ਹੱਥ ਮੰਦਰ ਵਿਚ ਅਪਾਰ, ਘਰ ਸਾਚੇ ਡੇਰਾ ਲਾਇਆ । ਆਪੇ ਖੇਲੇ ਖੇਲਣਹਾਰ, ਖੇਲ ਖਿਲੰਤਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਗਨ ਆਪ ਮਨਾਇਆ ।

ਇਕ ਅਕੱਲਾ ਏਕੰਕਾਰ, ਹਰੀ ਹਰਿ ਆਪ ਅਖਵਾਇੰਦਾ । ਛੇ ਦਰ ਪਾਵਣਹਾਰਾ ਸਾਰ, ਦਰ ਦਰਵੇਸ਼ ਵੇਸ ਵਟਾਇੰਦਾ । ਬੀਸ ਬੀਸਾ ਖ਼ਬਰਦਾਰ, ਬਲਧਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਇਕ ਸਮਝਾਇੰਦਾ । ਪੰਚ ਪਿਆਰ ਪੰਚ ਪਰਧਾਨ, ਪੰਚਮ ਵਡ ਵਡਿਆਈਆ । ਪੰਚਮ ਸ਼ਬਦ ਪੰਚ ਨਿਸ਼ਾਨ, ਪੰਚ ਰਿਹਾ ਝੁਲਾਈਆ । ਪੰਚਮ ਨਾਮ ਪੰਚਮ ਗਿਆਨ, ਪੰਚਮ

ਰਿਹਾ ਦ੍ਰਿੜਾਈਆ । ਪੰਚਮ ਧੂੜ ਪੰਚਮ ਅਸ਼ਨਾਨ, ਪੰਚਮ ਪੰਚਮ ਰਹੇ ਕਰਾਈਆ । ਪੰਚਮ ਮਾਣ ਪੰਚਮ ਅਭਿਮਾਨ, ਪੰਚ ਪੰਚਾਂ ਵੇਖ ਵਖਾਈਆ । ਪੰਚ ਚਿੱਲਾ ਪੰਚ ਤੀਰ ਕਮਾਨ, ਪੰਚ ਖੰਡਾ ਨਾਮ ਵਖਾਈਆ । ਪੰਚ ਜੋਧਾ ਸੂਰ ਬਲੀ ਬਲਵਾਨ, ਬਲ ਧਾਰੀ ਆਪ ਹੋ ਜਾਈਆ । ਪੰਚ ਖੇਲੇ ਦੋ ਜਹਾਨ, ਪੰਚ ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਪਾਇਆ ਹਰਿ ਗੁਰ ਮੀਤਾ, ਘਰ ਸੱਜਣ ਵਡ ਵਡਿਆਈਆ । ਬੈਠਾ ਰਹੇ ਇਕ ਅਤੀਤਾ, ਆਪ ਆਪਣੀ ਕਲ ਵਰਤਾਈਆ । ਆਪ ਚਲਾਈ ਸਾਚੀ ਰੀਤਾ, ਜੁਗ ਜੁਗ ਵੇਸ ਵਟਾਈਆ । ਆਪੇ ਠੰਡਾ ਆਪੇ ਸੀਤਾ, ਸਾਂਤਕ ਸਤਿ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰੇ ਆਪ ਪੜ੍ਹਾਈਆ । ਪੰਚਮ ਦੇਵੇ ਧੁਰ ਫ਼ਰਮਾਣਾ, ਧੁਨ ਆਤਮਕ ਆਪ ਸੁਣਾਈਆ । ਸ਼ਬਦ ਅਨਾਦੀ ਸਾਚਾ ਗਾਣਾ, ਆਪੇ ਆਪ ਅਲਾਈਆ । ਮੇਲ ਮਿਲਾਇਆ ਸ਼ਾਹ ਸੁਲਤਾਨਾ, ਤਖ਼ਤ ਤਾਜ ਇਕ ਵਖਾਈਆ । ਗੁਰਸਿਖ ਰਹਿਣਾ ਅੰਦਰ ਭਾਣਾ, ਹਰਿ ਭਾਣੇ ਵਡ ਵਡਿਆਈਆ । ਤਖ਼ਤੋ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਰਿਹਾ ਸੁਣਾਈਆ । ਹਾੜ ਗਿਆਰਾਂ ਦਿਵਸ ਸੁਹਾਵਣਾ, ਪੰਚਮ ਦਏ ਵਡਿਆਈਆ । ਸਾਚਾ ਤਾਜ ਸੀਸ ਟਿਕਾਵਣਾ, ਸ਼ਾਹ ਸੁਲਤਾਨਾ ਖਾਕ ਮਿਲਾਈਆ । ਜਗਤ ਰਾਜਾਨਾ ਆਪ ਉਠਾਵਣਾ, ਘਰ ਘਰ ਅਗਨੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਰਚਨਾ ਆਪ ਰਚਾਈਆ । ਗੁਰਸਿਖਾਂ ਦੇਵੇ ਵਡ ਭੰਡਾਰ, ਮਨਮੁਖਾਂ ਕਰੇ ਹਲਕਾਇਆ । ਗੁਰਮੁਖਾਂ ਬੰਨੇ ਸੀਸ ਦਸਤਾਰਾ, ਆਪ ਆਪਣੀ ਸੇਵ ਕਮਾਇਆ । ਜਗਤ ਸ਼ਾਹੀ ਦਏ ਹੁਲਾਰ, ਚਾਰੋਂ ਕੁੰਟ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਿਵਸ ਰੈਣ ਏਕਾ ਨੈਣ, ਆਪਣਾ ਦਰਸ ਦਏ ਵਖਾਇਆ । ਪੰਚ ਪਿਆਰੇ ਰਹਿਣਾ ਤਿਆਰ, ਵੇਲਾ ਅੰਤਮ ਆਇੰਦਾ । ਘਰ ਫੜਨ ਆਏ ਸਰਕਾਰ, ਸਾਚਾ ਸਗਨ ਮਨਾਇੰਦਾ । ਹੱਥਕੜੀ ਲਵੌਣੀ ਕਰ ਪਿਆਰ, ਜਗਤ ਬੰਧਨ ਆਪ ਤੁੜਾਇੰਦਾ । ਅੱਗੇ ਚਲੇ ਸ਼ਾਹ ਅਸਵਾਰ, ਆਪ ਆਪਣਾ ਕਦਮ ਉਠਾਇੰਦਾ । ਸੋਹੰ ਜੈਕਾਰਾ ਨਾਅਰਾ ਲਾਏ ਵਿਚ ਸੰਸਾਰ, ਅਦਲੀ ਅਦਲ ਕਮਾਇੰਦਾ । ਬੰਦੀਖਾਨੇ ਕੋਈ ਨਾ ਸਕੇ ਵਾੜ, ਵਾੜ ਗੜ੍ਹ ਹੰਕਾਰ ਆਪ ਤੁੜਾਇੰਦਾ । ਪੰਚਮ ਮੀਤਾ ਪੰਚਮ ਪਹਿਲਾ ਕਰੇ ਤਿਆਰ, ਆਪ ਆਪਣੇ ਲੜ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਲੀ ਹਿੰਦ ਆਪ ਉਠਾਇੰਦਾ । ਵਾਲੀ ਹਿੰਦ ਉਠਿਆ ਜਾਗ, ਹਰਿ ਸਾਚੇ ਜੋਤ ਜਗਾਈਆ । ਸ੍ਰਿਸ਼ਟ ਸਬਾਈ ਲੋਕਮਾਤ ਨੌ ਖੰਡ ਬੁਝਣਾ ਚਿਰਾਗ, ਦੀਵਾ ਬੱਤੀ ਨਾ ਕੋਈ ਜਲਾਈਆ । ਉਚੇ ਮੰਦਰ ਉਡਨੇ ਕਾਗ, ਹਰਿ ਸਾਚਾ ਦਏ ਉਡਾਈਆ । ਬਿਨ ਸਿੰਘ ਪੂਰੇ ਕਿਸੇ ਨਾ ਪਕੜੇ ਵਾਗ, ਪਿਛਲਾ ਲੇਖਾ ਦਏ ਸਮਝਾਈਆ । ਅੱਸੂ ਤਿੰਨ ਰੱਖਣਾ ਯਾਦ, ਵੀਹ ਸੌ ਤੇਰਾਂ ਬਿਕ੍ਰਮੀ ਦਏ ਗਵਾਹੀਆ । ਰਾਜ ਮੰਤਰੀ ਨਾ ਸੁਣੇ ਕੋਈ ਫ਼ਰਯਾਦ, ਨਾ ਦਿਸੇ ਕੋਈ ਸਹਾਈਆ । ਪ੍ਰਭ ਕਾ ਖੇਲ ਆਦਿ ਜੁਗਾਦਿ, ਜੁਗ ਜੁਗ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਾੜ ਗਿਆਰਾਂ ਕਰ ਪਿਆਰ ਪੰਚ ਜਣਾਈਆ । ਨਾ ਕੋਈ ਮੰਦਰ ਨਾ ਮਸੀਤਾ, ਗੁਰ ਗੁਰਮੁਖ ਤੇਰੀ ਕਾਇਆ ਗੁਰਦਵਾਰ ਇਕ ਬਣਾਇਆ । ਗੁਰਸਿਖ ਤੇਰਾ ਕਾਇਆ ਹੱਟ, ਹਰਿ ਸਾਚੇ ਆਪ ਖੁਲ੍ਹਾਇਆ । ਜੋਤੀ ਜਗੇ ਲਟ ਲਟ, ਦਿਵਸ

ਰੈਣ ਡਗਮਗਾਇਆ । ਦੁਰਮਤ ਮੈਲ ਦੇਵੇ ਕੱਟ, ਅੰਮ੍ਰਿਤ ਆਤਮ ਜਾਮ ਪਿਆਇਆ । ਇਕ ਵਖਾਏ ਤੀਰਥ ਤਟ, ਅਠਸਠ ਨਹਾਵਣ ਕੋਈ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਗੋਬਿੰਦ ਪਾਇਆ ਗਹਿਣਾ, ਕਲਜੁਗ ਅੰਤਮ ਭਾਣਾ ਸਹਿਣਾ, ਸਿੰਘ ਬਿਸ਼ਨ ਤੇਰੀ ਵਡਿਆਈਆ । ਭਾਣਾ ਸਹਿਣਾ ਹਰਿ ਆਪ ਸਹਾਈ, ਅੱਠੇ ਪਹਿਰ ਨਜ਼ਰੀ ਆਈਆ । ਇਕ ਛਿਨ ਵਿਛੜ ਨਾ ਜਾਈ, ਲੜ ਫੜਿਆ ਬੇਪਰਵਾਹੀਆ । ਘਰ ਮੰਗਲ ਗੌਣਾ ਚਾਈਂ ਚਾਈਂ, ਚੜ੍ਹਿਆ ਚੰਨ ਸ੍ਰਿਸ਼ਟ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਪ੍ਰੀਤ ਸਾਚੀ ਰੀਤ, ਬਿਪਰ ਸੁਦਾਮਾ ਨੇਹ ਨਿਹਕਾਮਾ, ਨਿਹਕਰਮੀ ਆਪ ਕਮਾਈਆ । ਬਿਪਰ ਸੁਦਾਮਾ ਜਗਤ ਪ੍ਰੀਤ, ਬਾਲ ਬਾਲਾ ਮੇਲ ਮਿਲਾਇਆ । ਆਪੇ ਪਤਿਤ ਆਪ ਪੁਨੀਤ, ਆਪੇ ਪਾਪੀ ਲਏ ਤਰਾਇਆ । ਆਪੇ ਹਸਤ ਆਪੇ ਕੀਟ, ਆਪ ਆਪਣੇ ਵਿਚ ਸਮਾਇਆ । ਆਪੇ ਵਸਣਹਾਰਾ ਚੀਤ, ਚਿਤ ਵਿਤ ਠਗੌਰੀ ਆਪੇ ਪਾਇਆ । ਆਪੇ ਗਾਏ ਸੁਹਾਗੀ ਗੀਤ, ਆਪੇ ਬੈਠਾ ਮੁਖ ਭਵਾਇਆ । ਆਪੇ ਪਰਖਣਹਾਰਾ ਨੀਤ, ਜੁਗ ਜੁਗ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪ੍ਰੀਤਮ ਪ੍ਰੀਤੀ ਵੇਖ ਵਖਾ, ਸਿੰਘ ਪ੍ਰੀਤਮ ਤੇਰੀ ਪ੍ਰੀਤੀ ਪਾਲ, ਪਰਮ ਪੁਰਖ ਸੰਗ ਨਿਭਾਇਆ । ਸਤਿਗੁਰ ਪੂਰਾ ਦੀਨ ਦਿਆਲ, ਕਲਜੁਗ ਸਾਗਰ ਲਏ ਤਰਾਇਆ । ਫਲ ਲਗਾਏ ਸਾਚੇ ਡਾਲ੍ਹ, ਫਲ ਫੁਲਵਾੜੀ ਵੇਖ ਵਖਾਇਆ । ਉਤੇ ਦੇਵੇ ਨਾਮ ਰੁਮਾਲ, ਸੀਸ ਦਸਤਾਰ ਇਕ ਬੰਧਾਇਆ । ਚਰਨ ਭਿਖਾਰ ਕਰਾਏ ਕਾਲ ਮਹਾਂਕਾਲ, ਸਚਖੰਡ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲੇਖਾ ਰਿਹਾ ਲਿਖਾਇਆ । ਲੇਖਾ ਲਿਖਣਹਾਰ ਨਿਰੰਜਣ, ਆਦਿ ਪੁਰਖ ਅਬਿਨਾਸਿਆ । ਆਪੇ ਗੰਗਾ ਗੋਦਾਵਰੀ ਕਰੇ ਮਜਨ, ਆਪੇ ਬਨਾਰਸ ਬੇਟਾ ਪਾਵੇ ਰਾਸਿਆ । ਆਪੇ ਹੋਇਆ ਪੜਦੇ ਕੱਜਣ, ਆਪੇ ਕਸੀਰਾ ਹੱਥ ਵਟਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਖੇਲੇ ਖੇਲ ਤਮਾਸਿਆ । ਤੇਰਾ ਕਸੀਰਾ ਕੌਡੀ ਮੁੱਲ, ਕਰਤਾ ਕੀਮਤ ਆਪੇ ਪਾਇੰਦਾ । ਢੋਰੂ ਢੇਰ ਗਿਆ ਤੁਲ, ਨਾੜੀ ਚਮੜਾ ਵੇਚ ਵਟਾਇੰਦਾ । ਸਚ ਭੰਡਾਰਾ ਗਿਆ ਖੁੱਲ੍ਹ, ਹਰਿ ਸਾਚਾ ਵੇਖ ਵਖਾਇੰਦਾ । ਗੰਗਾ ਧਾਰਾ ਅੰਮ੍ਰਿਤ ਧਾਰ ਉਪਜਿਆ ਕਵਲ ਫੁਲ, ਫਲ ਫੁਲਵਾੜੀ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਲਹਿਣਾ ਪੂਰ ਕਰਾਇੰਦਾ । ਰਵਦਾਸ ਰਵੀਦਾਸ, ਰਵ ਸਸ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਕਦੇ ਨਾ ਕਰੇ ਨਿਰਾਸ, ਸਵਾਸ ਸਵਾਸ ਜੋ ਰਹੇ ਧਿਆਈਆ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਆਪੇ ਜਾਣੇ ਲੇਖਾ ਦਸ ਦਸ ਮਾਸ, ਮਾਤ ਗਰਭ ਵੇਖ ਵਖਾਈਆ । ਕਲਜੁਗ ਅੰਤਮ ਪੂਰੀ ਕਰੇ ਆਸ, ਆਪ ਆਪਣੇ ਲੜ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਖ ਗੁਰ ਗੁਰ ਮੁਖ ਆਪ ਮਿਲਾਈਆ । ਮੁਖ ਗੁਰ ਗਾਏ ਗੁਰਮੁਖ, ਗੁਰਸਿਖ ਵਡ ਵਡਿਆਈਆ । ਕਲਜੁਗ ਧੂੰਆਂ ਰਿਹਾ ਧੁਖ, ਤੇਰੀ ਹੱਥੀਂ ਲੰਬੂ ਲਾਈਆ । ਜਗਤ ਕੰਗਨ ਨਾ ਸਕੇ ਕੋਈ ਚੁੱਕ, ਪੰਡਤ ਪਾਂਧੇ ਰਹੇ ਸ਼ਰਮਾਈਆ । ਜਿਸ ਦਰਸ਼ਨ ਪਾਇਆ ਨੇਤਰ ਝੁਕ, ਚਰਨ ਦਵਾਰਾ ਨਜ਼ਰੀ ਆਈਆ । ਪਰਗਟ ਹੋਏ ਜੋ ਬੈਠਾ ਲੁਕ, ਸਵੱਛ ਸਰੂਪੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦਿਤਾ ਗੁਰਮੁਖ ਵਰ, ਗੁਰ ਗੁਰਮੁਖ ਵੱਜੀ ਵਧਾਈਆ । ਗੁਰਮੁਖ ਹਰਿ ਦਰ ਸੱਚਾ ਪਾਇਆ, ਘਰ ਸਾਚੇ ਸੱਚਾ

੬੪੩
੦੮

ਢੋਆ । ਸਤਿਗੁਰ ਪੂਰਾ ਨਜ਼ਰੀ ਆਇਆ, ਭੌ ਚੁਕਿਆ ਏਕਾ ਦੂਆ । ਦਇਆ ਦ੍ਰਿਸ਼ਟੀ ਜਿਸ ਕਮਾਇਆ, ਸੋ ਜਨ ਜਾਗੇ ਸੋਇਆ । ਬਟਵਾਰਾ ਕਰ ਵਿਚਾਰਾ ਬਖ਼ਸ਼ੇ ਧਾਰਾ, ਆਦਿ ਜੁਗਾਦੀ ਨਵਾਂ ਨਰੋਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਜੇਹਾ ਆਪੇ ਹੋਇਆ । ਆਪੇ ਵੱਡਾ ਵਡ ਵਡਿਆਈ, ਭੇਵ ਕੋਇ ਨਾ ਪਾਇੰਦਾ । ਮੂਰਖ ਮੁਗਧ ਲਏ ਤਰਾਈ, ਜਿਸ ਜਨ ਦਇਆ ਕਮਾਇੰਦਾ । ਬਾਲਮੀਕ ਬਟਵਾਰਾ ਬਜਵਾੜਾ ਵੇਖੇ ਥਾਉਂ ਥਾਈਂ, ਤਨ ਖਾਤਾ ਫੋਲ ਫੁਲਾਇੰਦਾ । ਕਲਜੁਗ ਮੇਲਾ ਸਹਿਜ ਸਭਾਈ, ਪਿਛਲੀ ਰੀਤ ਨੀਤ ਨਾ ਆਪ ਭੁਲਾਇੰਦਾ । ਮਿਲਿਆ ਮੇਲ ਚਾਈਂ ਚਾਈਂ, ਗੀਤ ਸੁਹਾਗੀ ਏਕਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗਿਆਨ ਇਕ ਧਿਆਨ ਹਰਿ ਭਗਵਾਨ ਦਰ ਆਪਣਾ ਆਪ ਸੁਹਾਇੰਦਾ । ਅੱਠੇ ਪਹਿਰ ਦਿਵਸ ਰਾਤ, ਇਕ ਪਰਭਾਤ ਏਕਾ ਰੰਗ ਰੰਗਾਇਆ । ਉਤਮ ਹੋਈ ਲੋਕਮਾਤ ਜ਼ਾਤ, ਜ਼ਾਤ ਅਜ਼ਾਤੀ ਮੇਟ ਮਿਟਾਇਆ । ਅੰਮ੍ਰਿਤ ਪੀਤਾ ਬੂੰਦ ਸਵਾਂਤ, ਨਿਝਰ ਝਿਰਨਾ ਇਕ ਝਿਰਾਇਆ । ਗਾਇਆ ਸ਼ਬਦ ਅਨਾਦੀ ਇਕ ਅਕਾਂਤ, ਇਕ ਅਕੱਲਾ ਰਿਹਾ ਸੁਣਾਇਆ । ਸਿੰਘ ਪਾਲ ਤੇਰੀ ਪੁੱਛੀ ਵਾਤ, ਪਿਛਲਾ ਪਲਾ ਪੂਰਾ ਰਿਹਾ ਕਰਾਇਆ । ਕਰੇ ਖੇਲ ਬਹੁ ਬਿਧ ਭਾਂਤ, ਬਿਧ ਬਿਧਨਾ ਜੋੜ ਜੁੜਾਇਆ । ਅੰਦਰ ਮੰਦਰ ਮਾਰੇ ਝਾਤ, ਡੂੰਘੀ ਕੰਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੇਹਰਾ ਪਹਿਲੀ ਵੇਰਾ, ਆਪਣੀ ਹੱਥੀਂ ਗੁਰਮੁਖ ਸਾਚੇ ਸੀਸ ਬੰਧਾਇਆ । ਸਾਚਾ ਸੇਹਰਾ ਹਰਿ ਨਿਰੰਕਾਰ, ਸਿੰਘ ਇੰਦਰ ਸੀਸ ਬੰਧਾਈਆ । ਨਾਤਾ ਤੁੱਟਾ ਸਰਬ ਸੰਸਾਰ, ਹਰਿ ਚਰਨ ਸੇਵ ਕਮਾਈਆ । ਸਾਚਾ ਵਰ ਕੰਤ ਭਤਾਰ, ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਜੁਗਾਂ ਸੱਚਾ ਸਾਥੀ, ਲੇਖਾ ਲਿਖੇ ਨਾ ਕਥਨਾ ਕਾਥੀ, ਜਗਤ ਰਸਨਾ ਰਹੀ ਸ਼ਰਮਾਈਆ । ਜਗਤ ਰਸਨਾ ਭੇਵ ਨਾ ਰਾਏ, ਕਲਮ ਮੁਖ ਭਵਾਇਆ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗ ਜੁਗ ਜਿਸ ਜਨ ਆਪਣੀ ਨਜ਼ਰੀ ਵੇਖੇ, ਸੋ ਜਨ ਜਨਮ ਮਰਨ ਵਿਚ ਨਾ ਆਇਆ । ਆਪਣਾ ਰੰਗ ਰੰਗਾਏ ਮੂੰਡ ਮੁੰਡਾਏ ਧਾਰੀ ਕੇਸੇ, ਦਸ ਦਸਮੇਸੇ ਵੇਸ ਵਟਾਇਆ । ਰਾਹ ਤੱਕਣ ਬ੍ਰਹਮਾ ਵਿਸ਼ਨ ਮਹੇਸ਼ੇ, ਗਣਪਤ ਗਣੇਸ਼ੇ ਨੈਣ ਉਠਾਇਆ । ਲਏ ਅੰਗੜਾਈ ਬਾਸ਼ਕ ਸੇਜੇ, ਵਿਸ਼ਨੂੰ ਆਪਣਾ ਚਰਨ ਉਠਾਇਆ । ਵਡ ਵਡਿਆਈ ਰਿਖੀ ਕੇਸ਼ੇ, ਗੁਰਸਿਖ ਗਵਰਧਨ ਆਪ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਦਿਤਾ ਨਾਮ ਵਰ, ਆਪੇ ਵਸਿਆ ਕਾਇਆ ਘਰ, ਘਰ ਸਾਚਾ ਇਕ ਸੁਹਾਇਆ ।

ਪੰਚਮ ਘੋੜੀ ਚਾੜ੍ਹ, ਹਰਿ ਸ਼ਬਦੀ ਘੋੜ ਚੜ੍ਹਾਇਆ । ਆਦਿ ਸ਼ਕਤੀ ਪਾਣੀ ਰਹੀ ਵਾਰ, ਸਾਚਾ ਮੰਗਲ ਏਕਾ ਗਾਇਆ । ਪੁਰਖ ਅਬਿਨਾਸ਼ੀ ਵੇਖੇ ਹੋ ਤਿਆਰ, ਆਪ ਆਪਣਾ ਦਰ ਸੁਹਾਇਆ । ਜੋਤ ਨਿਰੰਜਣ ਕਰ ਪਿਆਰ, ਵਾਗ ਰਹੀ ਹੱਥ ਉਠਾਇਆ । ਸ਼ਬਦ ਵਿਚੋਲਾ ਫੇਰੇ ਮਾਰੇ ਵਾਰੋ ਵਾਰ, ਦੋ ਜਹਾਨਾਂ ਪੰਧ ਮੁਕਾਇਆ । ਸਾਚੀ ਸਖੀਆਂ ਮੰਗਲਾਚਾਰ, ਵਾਹ ਵਾਹ ਮੰਗਲ ਸੋਹਣਾ ਗਾਇਆ । ਸੋਹੰ ਸ਼ਬਦ ਜੈ ਜੈ ਜੈਕਾਰ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇਆ । ਨਾਤਾ ਤੁੱਟਾ ਸਰਬ ਸੰਸਾਰ, ਘਰ ਕੰਤ ਸੁਹਾਗੀ ਏਕਾ ਪਾਇਆ । ਵੱਜੀ ਵਧਾਈ ਧੁਰ ਦਰਬਾਰ, ਪ੍ਰਭ ਸਾਚੇ

ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੱਜਣ ਹਰਿ ਸਾਚਾ ਰੰਗਣ ਰੰਗ ਰੰਗਾਇਆ । ਪੰਚ ਪਿਆਰੇ ਰੰਗੇ ਰੰਗ, ਹਰਿ ਹਰਿ ਰੰਗ ਅਮੋਲਾ । ਦਰ ਦਵਾਰੇ ਮੰਗੀ ਮੰਗ, ਰੰਗਿਆ ਕਾਇਆ ਚੋਲਾ । ਸ਼ਬਦ ਅਨਾਦਿ ਵੱਜੇ ਮਰਦੰਗ, ਅਨਹਦ ਸਾਚਾ ਢੋਲਾ । ਸਰ ਸਰੋਵਰ ਆਤਮ ਗੰਗ, ਉਲਟੇ ਨਾਭ ਕਵਲਾ । ਮਾਨਸ ਜਨਮ ਨਾ ਹੋਏ ਭੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਏ ਸਾਰ ਉਪਰ ਧਵਲਾ । ਪੰਚ ਪਿਆਰੇ ਮਿਲਿਆ ਮੇਲ, ਹਰਿ ਸੱਜਣ ਸਤਿਗੁਰ ਪਾਇਆ । ਜਗਤ ਲਿਖਾਰੀ ਭਗਤ ਭਿਖਾਰੀ ਚੜ੍ਹੇ ਤੇਲ, ਸਿੰਘ ਦਰਸ਼ਨ ਵੇਖ ਵਖਾਇਆ । ਪੰਚ ਵਿਕਾਰਾ ਪਾਏ ਨਕੇਲ, ਚਾਰੋਂ ਕੁੰਟ ਰਿਹਾ ਨਚਾਇਆ । ਆਪੇ ਗੁਰੂ ਆਪੇ ਚੇਲ, ਆਪੇ ਲੇਖਾ ਰਿਹਾ ਲਿਖਾਇਆ । ਆਪੇ ਸੱਜਣ ਆਪ ਸੁਹੇਲ, ਸਖਾ ਸਖਾਈ ਆਪ ਬਣ ਜਾਇਆ । ਆਪੇ ਵਸੇ ਰੰਗ ਨਵੇਲ, ਆਪੇ ਸਿੰਘ ਦਰਸ਼ਨ ਅੰਦਰ ਮੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚ ਪਿਆਰੇ ਕਰ ਲਿਖਾਰੀ, ਸਾਚਾ ਸਗਨ ਮਨਾਇਆ । ਪੰਚ ਪਿਆਰੇ ਸ਼ਬਦ ਲਿਖਾਰੀ, ਚਾਰ ਜੁਗ ਵਡਿਆਇੰਦਾ । ਸਤਿਜੁਗ ਤੇਰੀ ਸੱਚੀ ਸਿਕਦਾਰੀ, ਪੰਚਾਂ ਹੱਥ ਫੜਾਇੰਦਾ । ਆਪੇ ਹੋਏ ਪਹਿਰੇਦਾਰੀ, ਆਪਣੀ ਸੇਵ ਕਮਾਇੰਦਾ । ਤੇਰੀ ਕੀਮਤ ਨਾ ਕੋਈ ਪਾਏ ਲੱਖ ਹਜ਼ਾਰੀ, ਸਤਿਗੁਰ ਪੂਰਾ ਆਪੇ ਆਪ ਚੁਕਾਇੰਦਾ । ਗੁਰਸਿਖ ਆਪ ਉਠਾਏ ਵਾਰੋ ਵਾਰੀ, ਇਕੀ ਇਕੀ ਜੋੜ ਜੁੜਾਇੰਦਾ । ਹਾੜ ਸਤਾਰਾਂ ਨਿਉਂ ਨਿਉਂ ਕਰੇ ਨਿਮਸਕਾਰੀ, ਨਿਵਣ ਸੋ ਅੱਖਰ ਏਕਾ ਮਤ ਸਮਝਾਇੰਦਾ । ਤੋੜ ਨਿਭਾਏ ਲੱਗੀ ਯਾਰੀ, ਜੋ ਜਨ ਸੱਥਰ ਯਾਰ ਵਿਛਾਇੰਦਾ । ਗੁਰਸਿਖ ਤੇਰੀ ਸੁਰਤ ਸਵਾਣੀ ਨਾ ਰਹੇ ਕੁਵਾਰੀ, ਗੁਰ ਕਾ ਸ਼ਬਦ ਆਪ ਪਰਨਾਇੰਦਾ । ਮਿਲੇ ਮੇਲ ਸਾਚੀ ਹਾਣੀ, ਘਰ ਸਾਚੇ ਮੇਲ ਮਿਲਾਇੰਦਾ । ਸਾਚੇ ਮੰਦਰ ਸਾਚੀ ਬਾਣੀ, ਆਪਣਾ ਸ਼ਬਦ ਸੁਣਾਇੰਦਾ । ਭੇਵ ਖੁਲਾਏ ਚਾਰੇ ਖਾਣੀ, ਚਾਰੇ ਬਾਣੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਦੇਵੇ ਸਾਚੇ ਵਰ, ਜਗਤ ਚੁਕਾਏ ਝੂਠਾ ਡਰ, ਰਾਏ ਧਰਮ ਨੇੜ ਨਾ ਆਇੰਦਾ । ਰਾਏ ਧਰਮ ਤੁਟਾ ਨਾਤਾ, ਸਤਿਗੁਰ ਪੂਰੇ ਆਪ ਤੁੜਾਇਆ । ਦੇਵਣਹਾਰਾ ਸਾਚੀ ਦਾਤਾ, ਏਕਾ ਨਾਮ ਵਸਤ ਝੋਲੀ ਪਾਇਆ । ਹਰਿ ਸੰਗਤ ਤੇਰੀ ਸਚ ਬਰਾਤਾ, ਦਰਗਹਿ ਸਾਚੀ ਦਏ ਚੜ੍ਹਾਇਆ । ਕਲਜੁਗ ਕੂੜਾ ਮਾਰੇ ਠਾਠਾਂ, ਚਾਰੇ ਕੁੰਟ ਸ਼ੋਰ ਮਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਸਾਚਾ ਮੇਲਾ ਆਪ ਕਰਾਇਆ ।

### ✪ ੧੨ ਹਾੜ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਘਰ ਵੈਰੋਵਾਲ ਅਮਰਜੀਤ ਸਿੰਘ ਦੀ ਸ਼ਾਦੀ ਸਮੇਂ ✪

ਸਤਿਗੁਰ ਸੱਚਾ ਸਾਖਿਆਤ, ਪਾਰਬ੍ਰਹਮ ਗੁਰ ਅਵਤਾਰਿਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਨ ਚੜ੍ਹਾ ਰਿਹਾ । ਸ਼ਬਦ ਅਗੰਮੀ ਲਏ ਬਰਾਤ, ਲੋਕਮਾਤ ਵੇਖ ਵਖਾ ਰਿਹਾ । ਜਨ ਭਗਤਾਂ ਦੇਵੇ ਸਾਚੀ ਦਾਤ, ਨਾਮ ਖ਼ਜ਼ਾਨਾ ਇਕ ਭਰਾ ਰਿਹਾ । ਗੁਰਮੁਖਾਂ ਕਰੇ ਉਤਮ ਜ਼ਾਤ, ਆਪ ਆਪਣਾ ਮੇਲ ਮਿਲਾ ਰਿਹਾ । ਆਦਿ ਜੁਗਾਦੀ ਇਕ ਅਕਾਂਤ, ਏਕੰਕਾਰਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੀ ਧਾਰ ਬੰਧਾ ਰਿਹਾ । ਸਤਿਜੁਗ ਸਾਚੀ ਬੰਨੇ ਧਾਰ, ਚਾਰ ਵਰਨ ਜਣਾਈਆ । ਸ਼ਤਰੀ ਸ਼ੂਦਰ ਬ੍ਰਹਿਮਣ ਵੈਸ਼

ਨਾ ਕੋਈ ਵਿਚਾਰ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਜਣਾਈਆ । ਏਕਾ ਸ਼ਬਦ ਇਕ ਪਿਆਰ, ਏਕਾ ਵਣਜ ਕਰਾਈਆ । ਏਕਾ ਦਰ ਸੱਚਾ ਦਰਬਾਰ, ਦਰ ਮੰਦਰ ਇਕ ਖੁਲਾਈਆ । ਗ਼ਰੀਬ ਨਿਵਾਜ਼ਾ ਹੋ ਤਿਆਰ, ਲੋਕਮਾਤ ਕਰੇ ਕੁੜਮਾਈਆ । ਰਾਜਨ ਰਾਜਾ ਸ਼ਾਹ ਸਿਕਦਾਰ, ਆਪ ਆਪਣਾ ਹੁਕਮ ਚਲਾਈਆ । ਵਰਤੇ ਵਰਤਾਵੇ ਵਰਤਨਹਾਰ, ਆਪ ਆਪਣੀ ਕਲ ਵਰਤਾਈਆ । ਧਰਨੀ ਧਰਤ ਧਵਲ ਹੋ ਉਜਿਆਰ, ਨਿਰਭੈ ਰੂਪ ਆਪ ਅਖਵਾਈਆ । ਜੂਨੀ ਰਹਿਤ ਸਿਰਜਣਹਾਰ, ਅਕਲ ਕਲ ਵਡਿਆਈਆ । ਨਾਦ ਤੂਰਤ ਸ਼ਬਦ ਅਪਾਰ, ਆਪਣਾ ਆਪ ਵਜਾਈਆ । ਪੁਰਖ ਅਕਾਲ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਆਦਿ ਜੁਗਾਦੀ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ੌਹ ਦਰਯਾਏ ਆਪ ਰੁੜ੍ਹਾਈਆ । ਕਲਜੁਗ ਅੰਤਮ ਰੁੜ੍ਹਿਆ ਬੇੜਾ, ਹਰਿ ਸਾਚਾ ਆਪ ਰੁੜਾਇੰਦਾ । ਆਪੇ ਦੇਵਣਹਾਰਾ ਗੇੜਾ, ਉਲਟੀ ਲੱਠ ਗਿੜਾਇੰਦਾ । ਪੰਜ ਤੱਤ ਵਿਕਾਰਾ ਜੀਆਂ ਜੰਤਾਂ ਸਾਧਾਂ ਸੰਤਾਂ ਲੱਗਾ ਝੇੜਾ, ਆਤਮ ਬ੍ਰਹਮ ਨਾ ਕੋਈ ਜਣਾਇੰਦਾ । ਪਾਰਬ੍ਰਹਮ ਦਰ ਖੁਲ੍ਹਾ ਵੇਹੜਾ, ਭੇਵ ਕੋਈ ਨਾ ਪਾਇੰਦਾ । ਕਰੇ ਕਰਾਏ ਹੱਕ ਨਿਬੇੜਾ, ਜੁਗ ਜੁਗ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਲਹਿਣਾ ਗਿਆ ਚੁੱਕ, ਹਰਿ ਸਤਿਗੁਰ ਆਪ ਚੁਕਾਇਆ । ਮਨਮੁਖਾਂ ਪੈਂਡਾ ਗਿਆ ਮੁੱਕ, ਗੁਰਮੁਖਾਂ ਰਾਹ ਵਖਾਇਆ । ਜੂਠਿਆਂ ਝੂਠਿਆਂ ਮੁਖ ਪੈਣਾ ਥੁੱਕ ਵੇਲਾ ਅੰਤਮ ਆਇਆ । ਹਰਿਆ ਬੂਟਾ ਰਿਹਾ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਈ ਕਰਾਇਆ । ਆਪਣਾ ਭਾਰ ਨਾ ਲਏ ਕੋਈ ਚੁੱਕ, ਜਗਤ ਗ੍ਰੰਥੀ ਹੋਏ ਹਲਕਾਇਆ । ਪ੍ਰਭ ਅਬਿਨਾਸ਼ੀ ਬੈਠਾ ਲੁਕ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਚਲਾਇਆ । ਚਾਰ ਵਰਨਾਂ ਕਰ ਪਿਆਰ, ਊਚਾਂ ਨੀਚਾਂ ਮੇਲ ਮਿਲਾਈਆ । ਚਾਰ ਵਰਨਾਂ ਸ਼ਬਦ ਗਿਆਨ, ਹਰਿ ਸ਼ਬਦੀ ਸ਼ਬਦ ਜਣਾਈਆ । ਸਤਿਗੁਰ ਪੂਰਾ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਦੇਵਣਹਾਰਾ ਧੁਰ ਫ਼ਰਮਾਣ, ਏਕਾ ਸ਼ਬਦ ਜਣਾਈਆ । ਵਰਨਾਂ ਬਰਨਾਂ ਏਕਾ ਆਣ, ਅਠਾਰਾਂ ਬਰਨਾਂ ਬੰਧਨ ਪਾਈਆ । ਰਾਓ ਰੰਕ ਰਾਜ ਰਾਜਨਾਂ ਸ਼ਾਹ ਸੁਲਤਾਨਾ, ਊਚਾਂ ਨੀਚਾਂ ਰਿਹਾ ਸੁਣਾਈਆ । ਪਰਗਟ ਹੋਇਆ ਸ੍ਰੀ ਭਗਵਾਨਾ, ਨਿਹਕਲੰਕਾ ਨਾਉਂ ਰਖਾਈਆ । ਕਲਜੁਗ ਮਿਟੇ ਕੂੜ ਨਿਸ਼ਾਨਾ, ਸਤਿਜੁਗ ਸਾਚਾ ਮਾਰਗ ਲਾਈਆ । ਨਾ ਕੋਈ ਵੇਦ ਨਾ ਪਾਠ ਪੁਰਾਨਾ, ਗੀਤਾ ਗਿਆਨ ਨਾ ਕੋਈ ਵਖਾਈਆ । ਸ਼ਾਸਤਰ ਸਿਮਰਤ ਨਾ ਕਰੇ ਧਿਆਨਾ, ਨਾ ਕੋਈ ਫੋਲ ਫੁਲਾਈਆ । ਨਾ ਕੋਈ ਵੇਖੇ ਅੰਜੀਲ ਕੁਰਾਨਾ, ਨਾ ਬਾਈਬਲ ਹੋਏ ਸਹਾਈਆ । ਖਾਣੀ ਬਾਣੀ ਨਾ ਹੋਏ ਪਰਧਾਨਾ, ਆਪ ਆਪਣੀ ਰਚਨ ਰਚਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਖੰਡਾ ਸ਼ਬਦ ਉਠਾਈਆ । ਵੇਖਣਹਾਰਾ ਦੋ ਜਹਾਨਾ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸਾਚਾ ਰਾਹ ਸੁਹੰਜਣਾ, ਹਰਿ ਸਾਚੇ ਆਪ ਸੁਹਾਇਆ । ਪਾਰਬ੍ਰਹਮ ਪ੍ਰਭ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਇਆ । ਗੁਰਸਿਖਾਂ ਨੇਤਰ ਪਾਏ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਇਆ । ਧੁਰਦਰਗਾਹੀ ਸਾਚਾ ਸੱਜਣਾ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਰਿਹਾ ਚੁਕਾਇਆ । ਕਲਜੁਗ ਲਹਿਣਾ ਆਪ

ਚੁਕਾਵਣਾ, ਗੁਰ ਸਤਿਗੁਰ ਵਡ ਵਡਿਆਈਆ । ਜੂਠਾ ਝੂਠਾ ਹਰਿ ਸੰਗਤ ਵਿਚ ਕੋਈ ਨਾ ਆਵਣਾ, ਗੁਰਮੁਖਾਂ ਦੇਵੇ ਵਡ ਵਡਿਆਈਆ । ਮਦਿਰਾ ਮਾਸੀ ਨਾ ਕੋਈ ਦਰ ਬਹਾਵਣਾ, ਦੇਵੇ ਦਰ ਦੁਰਕਾਈਆ । ਸਚਖੰਡ ਦਵਾਰਾ ਲੋਕਮਾਤ ਬਣਾਵਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਰਗੁਣ ਸਾਚਾ ਮੇਲ ਮਿਲਾਵਣਾ, ਸੁਰਤ ਸ਼ਬਦ ਕਰੇ ਕੁੜਮਾਈਆ । ਪੰਚਮ ਸਖੀਆਂ ਧੁਨ ਅਨਾਦੀ ਮੰਗਲ ਗਾਵਣਾ, ਤਾਲ ਤਲਵਾੜਾ ਹਰਿ ਇਕ ਵਜਾਈਆ । ਅੰਮ੍ਰਿਤ ਧਾਰ ਠੰਡੀ ਠਾਰ ਆਤਮ ਰਸ ਇਕ ਵਖਾਵਣਾ, ਨਿਝਰ ਝਿਰਨਾ ਦਏ ਝਿਰਾਈਆ । ਸਾਚਾ ਮੰਦਰ ਆਪ ਸੁਹਾਵਣਾ, ਕਾਇਆ ਖੇੜਾ ਦਏ ਵਸਾਈਆ । ਜੁਗ ਜੁਗ ਵਿਛੜੇ ਮੇਲ ਮਿਲਾਵਣਾ, ਨਾਮ ਬੰਧਨ ਡੋਰੀ ਪਾਈਆ । ਤਿਲਕ ਚੰਦਨ ਮਸਤਕ ਇਕ ਲਗਾਵਣਾ, ਜੋਤ ਲਿਲਾਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਬਣਤ ਬਣਾਈਆ । ਸਤਿਜੁਗ ਸਾਚੇ ਹੋ ਪਰਧਾਨਾ, ਆਇਆ ਹਰਿ ਦਵਾਰ । ਪੁਰਖ ਅਬਿਨਾਸ਼ੀ ਨਿਗਹਬਾਨਾ, ਦੇਵੇ ਇਕ ਗਿਆਨ । ਚਾਰ ਵਰਨਾਂ ਏਕਾ ਮਾਣਾ, ਊਚ ਨੀਚ ਨਾ ਕੋਈ ਰੰਕ ਰਾਜਾਨ । ਏਕਾ ਸ਼ਬਦ ਸਾਰੇ ਗਾਣਾ, ਏਕਾ ਨੂਰ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਾਣੀ ਜਾਣ । ਸਤਿਜੁਗ ਸਾਚਾ ਮਾਰਗ ਲਾਉਣਾ, ਹਰਿ ਸੱਜਣ ਸਚ ਕੁੜਮਾਈਆ । ਗੁਰਮੁਖ ਸਾਚੇ ਮੇਲ ਮਿਲੌਣਾ, ਗੁਰ ਸਤਿਗੁਰ ਦਇਆ ਕਮਾਈਆ । ਅਨੰਦ ਕਾਰਜ ਆਪ ਕਰੌਣਾ, ਪਰਮਾਨੰਦ ਸਮਾਈਆ । ਨਿਜਾ ਨੰਦ ਰਸ ਚਵੌਣਾ, ਦੂਸਰ ਹੱਥ ਕਿਸੇ ਨਾ ਆਈਆ । ਝੂਠਾ ਧੰਦਾ ਮਾਤ ਮਿਟੌਣਾ, ਏਕਾ ਰੰਗਣ ਰੰਗ ਰੰਗਾਈਆ । ਏਕਾ ਸਾਚੀ ਜੋੜੀ ਜੋੜ ਜੁੜੌਣਾ, ਵਿਛੜ ਕਦੇ ਨਾ ਜਾਈਆ । ਨਾਮ ਘੋੜੀ ਆਪ ਚੜ੍ਹੌਣਾ, ਆਪਣੇ ਹੱਥ ਵਾਗ ਉਠਾਈਆ । ਅੰਤਮ ਸਖੀਆਂ ਮੰਗਲ ਗੌਣਾ, ਗੀਤ ਸੁਹਾਗੀ ਇਕ ਸੁਣਾਈਆ । ਮਨਮੁਖ ਜੀਵ ਕੋਈ ਨਜ਼ਰ ਨਾ ਔਣਾ, ਗੁਰਮੁਖ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਿੰਦੂ ਮੁਸਲਮ ਸਿਖ ਈਸਾਈ ਏਕਾ ਰਾਹ ਚਲਾਈਆ । ਚਾਰ ਵਰਨਾਂ ਏਕਾ ਰੰਗ, ਹਰਿ ਸੱਜਣ ਆਪ ਚੜ੍ਹਾਇੰਦਾ । ਸ਼ਬਦ ਰੰਗੀਲਾ ਵੇਖ ਪਲੰਘ, ਗੁਰਮੁਖ ਨਾਰੀ ਆਪ ਬਹਾਇੰਦਾ । ਆਪੇ ਲਾਏ ਆਪਣੇ ਅੰਗ, ਅੰਗੀਕਾਰ ਆਪ ਕਰਾਇੰਦਾ । ਆਪਣੇ ਮੰਦਰ ਆਪੇ ਲੰਘ, ਲੋਕ ਲੱਜਿਆ ਨਾ ਕੋਈ ਰਖਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸਮਰਥ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਬਣੇ ਮਲਾਹ, ਪਾਰਬ੍ਰਹਮ ਪ੍ਰਭ ਬੇਪਰਵਾਹ, ਇਕ ਅਕੱਲਾ ਏਕੰਕਾਰ ਆਪ ਅਖਵਾਇੰਦਾ । ਏਕੰਕਾਰਾ ਨਿਰਗੁਣ ਜੋਤ, ਹਰਿ ਹਰਿ ਰੂਪ ਸਮਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਬਰਨ ਧਰਾਇਆ । ਸ਼ਬਦ ਨਗਾਰਾ ਏਕਾ ਚੋਟ, ਜੁਗਾ ਜੁਗੰਤਰ ਰਿਹਾ ਲਗਾਇਆ । ਕਲਜੁਗ ਅੰਤਮ ਗੁਰਮੁਖਾਂ ਕੱਢੇ ਵਾਸਨਾ ਖੋਟ, ਦੁਰਮਤ ਮੈਲ ਦਏ ਧੁਵਾਇਆ । ਲੱਭਦੇ ਫਿਰਦੇ ਕੋਟੀ ਕੋਟ, ਹਰਿ ਕਾ ਰੂਪ ਦਿਸ ਨਾ ਆਇਆ । ਸਾਧਾਂ ਸੰਤਾਂ ਮਾਇਆ ਭਰੀ ਨਾ ਅਜੇ ਪੋਟ, ਦਿਵਸ ਰੈਣ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਤੇਰਾ ਵੇਖਣ ਆਇਆ । ਕਲਜੁਗ ਕੂੜ ਪਸਾਰ, ਅੰਤ ਘਰ ਘਰ ਝੂਠ ਪਰਧਾਨਿਆ । ਜੀਵਾਂ ਜੰਤਾਂ ਲੱਗੀ ਬਸੰਤਰ, ਲੱਗੀ ਅੱਗ ਪੰਜ ਸ਼ੈਤਾਨਿਆ । ਗੁਰ ਕਾ ਸ਼ਬਦ ਨਾ ਜਾਣੇ ਮੰਤਰ, ਗੁਰ ਨਾਨਕ ਦੇਵੇ ਬ੍ਰਹਮ ਗਿਆਨਿਆ । ਗੁਰ ਅਰਜਨ ਬਣਾਈ ਸਾਚੀ ਬਣਤਰ, ਗੁਰੂ ਗ੍ਰੰਥ ਇਕ ਵਖਾਨਿਆ । ਆਪੇ ਜਾਣੇ ਜੁਗਾ

ਜੁਗੰਤਰ, ਜੁਗ ਜੁਗ ਖੇਲ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਬਾਣੀਆ । ਆਪਣੀ ਬਾਣੀ ਆਪੇ ਬੋਲ, ਆਪੇ ਲੇਖ ਲਿਖਾਈਆ । ਆਪੇ ਵਸਣਹਾਰਾ ਕੋਲ, ਆਪੇ ਵੇਖ ਵਖਾਈਆ । ਆਪੇ ਧਰਨੀ ਅਕਾਸ਼ ਗਿਆ ਮਵਲ, ਮੌਲਾ ਰੂਪ ਆਪ ਹੋ ਜਾਈਆ । ਆਪੇ ਅੰਮ੍ਰਿਤ ਆਤਮ ਭਰਿਆ ਕਵਲ, ਸਰ ਸਰੋਵਰ ਆਪ ਅਖਵਾਈਆ । ਆਪੇ ਆਦਿ ਅੰਤ ਰਹੇ ਅਡੋਲ, ਨਾ ਮਰੇ ਨਾ ਜਾਈਆ । ਜਨ ਭਗਤਾਂ ਕਰੇ ਸਦਾ ਚੋਲ੍ਹ, ਜੁਗ ਜੁਗ ਵੱਡੀ ਵਡਿਆਈਆ । ਨਾਮ ਕੰਡੇ ਦੇਵੇ ਤੋਲ, ਏਕਾ ਤੋਲਾ ਆਪ ਅਖਵਾਈਆ । ਲੱਖ ਚੁਰਾਸੀ ਛਾਛ ਵਰੋਲ, ਗੁਰਸਿਖ ਮੱਖਣ ਲਏ ਕਢਾਈਆ । ਮਨਮੁਖਾਂ ਕਲਜੁਗ ਅੰਤਮ ਕੱਢੇ ਪੋਲ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਸਿਖ, ਚਾਰ ਵਰਨ ਜਣਾਇਆ । ਪੁਰਖ ਅਬਿਨਾਸ਼ੀ ਪਾਵੇ ਭਿਖ, ਨਾਮ ਭੰਡਾਰਾ ਇਕ ਵਰਤਾਇਆ । ਜਗਤ ਤ੍ਰਿਸਨਾ ਮਿਟੇ ਤ੍ਰਿਖ, ਤ੍ਰਿਪਤ ਤ੍ਰਿਪਤ ਕਰਾਇਆ । ਆਪਣੀ ਹੱਥੀਂ ਲੇਖਾ ਲਿਖ, ਲਿਖਣਹਾਰ ਆਪ ਹੋ ਜਾਇਆ । ਆਪੇ ਮੰਗਣਹਾਰਾ ਭਿਖ, ਆਪੇ ਝੋਲੀ ਅੱਗੇ ਡਾਹਿਆ । ਆਪੇ ਆਪਣੇ ਨੇਤਰ ਰਿਹਾ ਪੇਖ, ਜਗਤ ਨੇਤਰ ਬੰਦ ਕਰਾਇਆ । ਆਪੇ ਮੁੱਛ ਦਾੜ੍ਹੀ ਰੱਖੇ ਕੇਸ, ਆਪੇ ਮੂੰਡ ਮੁੰਡਾਇਆ । ਆਪੇ ਦਾਤਾ ਦਾਨੀ ਦਸ ਦਸਮੇਸ, ਗੁਰ ਗੋਬਿੰਦ ਨਾਮ ਧਰਾਇਆ । ਆਪੇ ਖੇਲੇ ਖੇਲ ਰਿਖੀ ਕੇਸ, ਕਲਜੁਗ ਗਵਰਧਨ ਹੱਥ ਉਠਾਇਆ । ਆਪੇ ਰਾਮ ਰਾਮਾ ਹੋ ਪਰਵੇਸ਼, ਸੀਤਾ ਸੁਰਤੀ ਲਏ ਉਪਾਇਆ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਆਪੇ ਗਣਪਤ ਨਾਮ ਰਖਾਇਆ । ਆਪੇ ਕਰੋੜ ਤੇਤੀਸਾ ਕਰੇ ਅਦੇਸ਼, ਆਪੇ ਸੁਰਪਤ ਵੇਸ ਵਟਾਇਆ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇਆ । ਆਪੇ ਸਚਖੰਡ ਦਵਾਰੇ ਨਰ ਨਰੇਸ਼, ਨਿਰਗੁਣ ਨੂਰ ਡਗਮਗਾਇਆ । ਆਪੇ ਅਲਖ ਅਗੰਮ ਹਰ ਘਟ ਅੰਦਰ ਰਿਹਾ ਵੇਖ, ਆਪ ਆਪਣਾ ਆਸਣ ਲਾਇਆ । ਕਲਜੁਗ ਤੇਰੀ ਅੰਤਮ ਵਰ ਧਰਿਆ ਭੇਖ, ਨਿਹਕਲੰਕਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਕਰ ਪਿਆਰ, ਆਪੇ ਬਣੇ ਆਪਣੀ ਧਾਰ, ਦੂਸਰ ਕੋਈ ਨਾ ਵਿਚ ਰਖਾਇਆ । ਸ਼ਬਦ ਵਿਚੋਲਾ ਕਰ ਤਿਆਰ, ਕਲਜੁਗ ਅੰਤਮ ਵੇਸ ਵਟਾਈਆ । ਸਾਚਾ ਢੋਲਾ ਕਰੇ ਖ਼ਬਰਦਾਰ, ਸੋਹੰ ਅਜੱਪਾ ਜਾਪ ਜਪਾਈਆ । ਪਿਆ ਰੌਲਾ ਸਰਬ ਸੰਸਾਰ, ਭੇਵ ਅਭੇਦ ਭੇਵ ਛੁਪਾਈਆ । ਅਛਲ ਅਛੱਲਾ ਹਰਿ ਨਿਰੰਕਾਰ, ਵਲ ਛਲ ਧਾਰੀ ਖੇਲ ਖਿਲਾਈਆ । ਚਾਰੇ ਵੇਦ ਨਾ ਪਾਇਣ ਸਾਰ, ਬਰਨ ਅਠਾਰਾਂ ਰਹੇ ਗਾਈਆ । ਅੰਜੀਲ ਕੁਰਾਨਾ ਹਾਹਾਕਾਰ, ਹਰਿ ਸੱਜਣ ਦਿਸ ਨਾ ਆਈਆ । ਗੁਰਮੁਖ ਵਿਰਲਾ ਕਰੇ ਵਿਚਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਧੂੜੀ ਮਸਤਕ ਲਾਈਆ । ਦੁਰਮਤ ਮੈਲ ਦਏ ਉਤਾਰ, ਸਿਰ ਆਪਣਾ ਹੱਥ ਟਿਕਾਈਆ । ਆਪ ਸੁਹਾਏ ਬੰਕ ਦਵਾਰ, ਘਰ ਘਰ ਵਿਚ ਮੰਦਰ ਵੇਖ ਵਖਾਈਆ । ਉਚ ਮਹੱਲ ਅਟੱਲ ਮਿਨਾਰ, ਨਿਰਗੁਣ ਆਪਣਾ ਆਪ ਸੁਹਾਈਆ । ਦੀਵਾ ਬਾਤੀ ਇਕ ਉਜਿਆਰ, ਤੇਲ ਬਾਤੀ ਨਾ ਕੋਈ ਪਾਈਆ । ਕਮਲਾਪਾਤੀ ਮੀਤ ਮੁਰਾਰ, ਏਕਾ ਸਾਚਾ ਮਾਹੀਆ । ਗੀਤ ਸੁਹਾਗੀ ਗਾਏ ਵਾਰੋ ਵਾਰ, ਆਪ ਆਪਣਾ ਰਾਗ ਅਲਾਈਆ । ਗੁਰਮੁਖਾਂ ਕਰੇ ਸਚ ਪਿਆਰ, ਸਾਚੇ ਸ਼ਬਦ ਕਰੀ ਕੁੜਮਾਈਆ । ਸੁਰਤ ਸੁਵਾਣੀ ਕਰ ਤਿਆਰ, ਸ਼ਬਦ ਹਾਣੀ ਮੇਲ ਮਿਲਾਈਆ । ਅੰਮ੍ਰਿਤ ਪਾਣੀ ਦੇਵੇ ਵਾਰ, ਖੰਡਾ ਧਾਰ ਮੁਖ ਚੁਆਈਆ । ਬਜਰ ਕਪਾਟੀ ਦੇਵੇ ਪਾੜ, ਦੂਈ

ਦਵੈਤੀ ਮੇਟ ਮਿਟਾਈਆ । ਪੰਚਮ ਧਾੜੀ ਕਰ ਖ਼ਵਾਰ, ਸਾਚਾ ਰਾਹ ਤਕਾਈਆ । ਆਤਮ ਸੇਜਾ ਹੋ ਤਿਆਰ, ਆਪਣੀਆਂ ਭੁਜਾ ਰਿਹਾ ਉਠਾਈਆ । ਸਾਚਾ ਮੇਲਾ ਕੰਤ ਭਤਾਰ, ਨਾਰੀ ਨਿਰਗੁਣ ਮੇਲ ਮਿਲਾਈਆ । ਏਕਾ ਸੇਜਾ ਸੁੱਤੇ ਪੈਰ ਪਸਾਰ, ਦੂਸਰ ਦਰ ਨਾ ਕੋਈ ਵਖਾਈਆ । ਅਬਿਨਾਸ਼ੀ ਅਚੁਤ ਖੇਲ ਅਪਾਰ, ਪਾਰਬ੍ਰਹਮ ਵਡੀ ਵਡਿਆਈਆ । ਸੁਹਾਏ ਰੁੱਤ ਵਿਚ ਸੰਸਾਰ, ਲੋਕਮਾਤ ਵੱਜੀ ਵਧਾਈਆ । ਹਾੜ ਬਾਰਾਂ ਦਿਵਸ ਵਿਚਾਰ, ਵੀਹ ਸੌ ਸੋਲਾਂ ਬਿਕ੍ਰਮੀ ਨਾਲ ਰਲਾਈਆ । ਗੁਰਸਿਖਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਸਾਚੀ ਸ਼ਬਦ ਕਰੀ ਕੁੜਮਾਈਆ । ਸਤਿਜੁਗ ਸਾਚੇ ਵਰ ਘਰ ਪੌਣਾ, ਹਰਿ ਸਾਚਾ ਕੰਤ ਕੰਤੂਹਲਿਆ । ਪੁਰਖ ਅਬਿਨਾਸ਼ੀ ਇਕ ਮਨੌਣਾ, ਦੂਸਰ ਦਰ ਨਾ ਜਾਣਾ ਭੁਲਿਆ । ਨਾਨਕ ਮਾਰਗ ਇਕ ਰਖੌਣਾ, ਗੁਰ ਗੋਬਿੰਦ ਫਲਿਆ ਫੁਲਿਆ । ਬੇਮੁਖਾਂ ਵਹਿੰਦੀ ਧਾਰ ਵਹੌਣਾ, ਜੂਠ ਝੂਠ ਮੁਕਾਏ ਮੂਲਿਆ । ਸਚ ਸੁੱਚ ਮੰਤਰ ਨਾਮ ਦ੍ਰਿੜੌਣਾ, ਪੂਰਾ ਕਰੇ ਕੀਤਾ ਕੌਲਿਆ । ਚਾਰ ਵਰਨਾਂ ਏਕਾ ਸਰਨ ਲਗੌਣਾ, ਆਪੇ ਹੋਇਆ ਰਾਮ ਕ੍ਰਿਸ਼ਨ ਨਾਨਕ ਗੋਬਿੰਦ ਸਾਚਾ ਮੌਲਿਆ । ਈਸਾ ਮੂਸਾ ਵੇਖ ਵਖਾਵਣਾ, ਸੰਗ ਮੁਹੰਮਦ ਚਾਰ ਯਾਰ ਆਪੇ ਚੜ੍ਹੇ ਉਪਰ ਧੌਲਿਆ । ਬੇਐਬ ਖ਼ੁਦਾਈ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਆਦਿ ਜੁਗਾਦੀ ਇਕ ਅਡੋਲਿਆ । ਆਦਿ ਜੁਗਾਦੀ ਜੁਗ ਜੁਗ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਸਤਿਜੁਗ ਤੇਰਾ ਸਚ ਵਿਹਾਰ, ਸਤਿਗੁਰ ਪੂਰਾ ਆਪ ਵਖਾਇੰਦਾ । ਗੁਰਮੁਖਾਂ ਕਰੇ ਜਗਤ ਪਿਆਰ, ਭਗਤ ਭਗਤੀ ਵੇਖ ਵਖਾਇੰਦਾ । ਅੰਦਰ ਮੰਦਰ ਇਕ ਦਵਾਰ, ਮੰਦਰ ਮਸਜਿਦ ਗੁਰੂਦਵਾਰ ਚਾਰ ਦਿਵਾਰ ਨਾ ਰਚਨ ਰਚਾਇੰਦਾ । ਸਾਚੀ ਬਾਣੀ ਅੰਮ੍ਰਿਤ ਧਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਅਨਹਦ ਹਿਲਾਏ ਇਕ ਸਤਾਰ, ਤਾਲ ਤਲਵਾੜਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਏਕਾ ਨਾਮ ਤਰਾਇੰਦਾ । ਏਕਾ ਨਾਉਂ ਹਰਿ ਨਿਰੰਕਾਰ, ਆਪਣਾ ਆਪ ਉਪਾਈਆ । ਚਾਰ ਵਰਨਾਂ ਕਰੇ ਪਿਆਰ, ਸਤਿਜੁਗ ਸਾਚੀ ਵਡ ਵਡਿਆਈਆ । ਅਨੰਦ ਕਾਰਜ ਜਗਤ ਵਿਹਾਰ, ਗੁਰ ਮੰਤਰ ਦਏ ਸੁਣਾਈਆ । ਸੋਹੰ ਸ਼ਬਦ ਜੈ ਜੈਕਾਰ, ਪਾਰਬ੍ਰਹਮ ਵਿਚ ਸਮਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ, ਆਪ ਹੋ ਜਾਈਆ । ਆਪੇ ਨਾਰੀ ਕੰਤ ਭਤਾਰ, ਆਪੇ ਸੇਜ ਹੰਢਾਈਆ । ਆਪ ਜੋੜੀ ਜੋੜੇ ਅਪਰ ਅਪਾਰ, ਜੋੜਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਦੇਵੇ ਵਰ, ਹਾੜ ਬਾਰਾਂ ਕਰ ਵਿਹਾਰਾ ਸਾਚਾ ਮਾਰਗ ਏਕਾ ਲਾਈਆ । ਹਾੜ ਗਿਆਰਾਂ ਸੰਗਤ ਵਿਹਾਰ, ਹਰਿ ਸਾਚੇ ਸਚ ਕਰਾਇਆ । ਸਾਚੀ ਜੰਞ ਕਰ ਤਿਆਰ, ਘਰ ਸਾਚੇ ਸੋਹਲਾ ਗਾਇਆ । ਏਕਾ ਮੀਤਾ ਪੁਰਖ ਅਕਾਲ, ਦੂਸਰ ਓਟ ਨਾ ਕੋਈ ਧਰਾਇਆ । ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਵੇਖ ਵਖਾਇਆ । ਹਰਿ ਸੰਗਤ ਤੇਰੇ ਤੋੜੇ ਜਗਤ ਜੰਜਾਲ, ਕਲਜੁਗ ਬੰਧਨ ਰਹੇ ਨਾ ਰਾਇਆ । ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਲੁੱਟ ਕੋਇ ਨਾ ਜਾਇਆ । ਇਕ ਵਖਾਏ ਸਚ ਸੱਚੀ ਧਰਮਸਾਲ, ਗੁਰਦਵਾਰਾ ਇਕ ਬਣਾਇਆ । ਨਾ ਕੋਈ ਸ਼ਾਹ ਨਾ ਕੰਗਾਲ, ਸਤਿਗੁਰ ਬੈਠਾ ਆਸਣ ਲਾਇਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇਆ । ਜਿਸ ਘਰ ਦੀਵਾ ਬੱਤੀ ਦੇਵੇ ਬਾਲ, ਅਗਿਆਨ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ,

੬੪੯
੦੮

ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੇ ਦੇਵੇ ਵਰ, ਦਿਵਸ ਰਾਤੀ ਏਕਾ ਰੰਗ ਰੰਗਾਇਆ । ਗੁਰਮੁਖ ਤੇਰੀ ਸਚ ਪਰਭਾਤ, ਅੱਠੇ ਪਹਿਰ ਜਣਾਈਆ । ਮਿਲਿਆ ਮੇਲ ਕਮਲਾਪਾਤ, ਘਰ ਸਾਚੇ ਵੱਜੀ ਵਧਾਈਆ । ਸੋਹੰ ਸ਼ਬਦ ਸਾਚੀ ਦਾਤ, ਸਤਿਗੁਰ ਪੂਰਾ ਝੋਲੀ ਪਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਨਾ ਕੋਈ ਤੁੜਾਈਆ । ਮਿਟੇ ਰੈਣ ਅੰਧੇਰੀ ਰਾਤ, ਸਚ ਸੁੱਚ ਕਰੇ ਰੁਸ਼ਨਾਈਆ । ਕੋਈ ਨਾ ਪੁੱਛੇ ਜ਼ਾਤ ਪਾਤ, ਜੋ ਜਨ ਰਸਨਾ ਹਰਿ ਹਰਿ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਸ਼ਬਦ ਕਰੇ ਕੁੜਮਾਈਆ । ਸ਼ਬਦ ਗੁਰ ਗੁਰਸਿਖ ਧਾਰ, ਗੁਰਮੁਖ ਵਿਚ ਟਿਕਾਇਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਰੰਗ ਰੰਗਾਇਆ । ਵੇਖੇ ਵਿਗਸੇ ਕਰੇ ਵਿਚਾਰ, ਅਲਖ ਅਲਖਣਾ ਭੇਵ ਨਾ ਰਾਇਆ । ਅਗੰਮ ਅਗੋਚਰ ਬੇਐਬ ਪਰਵਰਦਿਗਾਰ, ਸਾਂਝਾ ਯਾਰ ਆਪ ਅਖਵਾਇਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਇਕ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਕਲਮਾ ਰਿਹਾ ਪੜ੍ਹਾਇਆ । ਏਕਾ ਕਲਮਾ ਕਾਇਨਾਤ, ਹਰਿ ਸਾਚਾ ਆਪ ਪੜ੍ਹਾਇੰਦਾ । ਨੂਰ ਅਲਾਹੀ ਵੇਖੇ ਮਾਰ ਝਾਤ, ਆਪ ਆਪਣਾ ਵੇਸ ਵਟਾਇੰਦਾ । ਮੁਕਾਮੇ ਹੱਕ ਸਾਚੀ ਦਾਤ, ਹੱਕ ਹਕੀਕਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਕਾਹ ਬੇਪਰਵਾਹ ਆਪੇ ਵੇਖ ਵਖਾਇੰਦਾ । ਜਗਤ ਨਿਕਾਹ ਆਪੇ ਕਰ, ਆਪਣਾ ਰੰਗ ਰੰਗਾਇਆ । ਇਕ ਵਖਾਏ ਸਾਚਾ ਘਰ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਨਾ ਕੋਈ ਪੁਰਖ ਨਾਰੀ ਨਾਰ, ਨਰ ਨਰਾਇਣ ਆਪ ਹੋ ਜਾਇਆ । ਗੁਰਮੁਖਾਂ ਫੜਾਏ ਆਪਣਾ ਲੜ, ਨਬੀ ਰਸੂਲਾਂ ਜੋੜ ਜੁੜਾਇਆ । ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਏਕਾ ਪੌੜੇ ਜਾਇਣ ਚੜ੍ਹ, ਹਰਿ ਸਾਚੇ ਆਪ ਚੜ੍ਹਾਇਆ । ਚਾਰ ਕੁੰਟ ਤੋੜੇ ਕਿਲਾ ਹੰਕਾਰੀ ਗੜ੍ਹ, ਕਲਜੁਗ ਵੇਲਾ ਅੰਤਮ ਆਇਆ । ਸੰਤ ਸੁਹੇਲੇ ਗੁਰੂ ਗੁਰੂ ਚੇਲੇ ਗੁਰ ਸਤਿਗੁਰ ਆਪੇ ਲਏ ਫੜ, ਸੰਤ ਵਿਚੋਲਾ ਇਕ ਰਖਾਇਆ । ਨਾ ਕੋਈ ਸੀਸ ਨਾ ਕੋਈ ਧੜ, ਜਨਨੀ ਜਨ ਨਾ ਗੋਦ ਉਠਾਇਆ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਨਾ ਕੋਈ ਇਸ਼ਟ ਮਨਾਇਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਤ ਧਰਾਇਆ । ਆਪੇ ਰਾਮ ਰਾਮਾ ਅਵਤਾਰਾ, ਰਾਮ ਰਾਮਾ ਵਡ ਵਡਿਆਈਆ । ਆਪੇ ਸੀਤਾ ਸੁਰਤੀ ਕਰੇ ਪਿਆਰਾ, ਸਾਚੀ ਸਿਖਿਆ ਇਕ ਸਮਝਾਈਆ । ਆਪੇ ਵੇਦ ਵੇਦਾਂਤਾ ਬਣ ਲਿਖਾਰਾ, ਏਕਾ ਵਿਦਿਆ ਬ੍ਰਹਮ ਪੜ੍ਹਾਈਆ । ਏਕਾ ਵੇਦੀ ਕਰ ਤਿਆਰਾ, ਵੇਦ ਸ਼ਾਸਤਰ ਦਏ ਗਵਾਹੀਆ । ਸਾਖਿਯਾਤ ਗੁਰ ਕਰਤਾਰਾ, ਆਪ ਆਪਣਾ ਕਰਮ ਕਮਾਈਆ । ਜੁਗਾ ਜੁਗੰਤਰ ਖੇਲੇ ਖੇਲ ਨਿਆਰਾ, ਜੁਗ ਜੁਗ ਆਪ ਕਰਾਈਆ । ਭਰਮੇ ਭੁੱਲਾ ਸਰਬ ਸੰਸਾਰਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਨਾਨਕ ਬੱਧੀ ਸਾਚੀ ਧਾਰਾ, ਗੁਰ ਅਰਜਨ ਲੇਖ ਲਿਖਾਈਆ । ਪਹਿਲੀ ਲਾਂਵ ਪ੍ਰਕਿਰਤੀ ਤੇਰਾ ਪਾਰ ਕਿਨਾਰਾ, ਗੁਰਮੁਖ ਸਾਚੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਚਲਾਈਆ । ਇਸ਼ਟ ਦੇਵ ਸ੍ਰੀ ਭਗਵਾਨ, ਸਤਿ ਪੁਰਖ ਮਨਾਇਆ । ਦੂਜੇ ਸ਼ਬਦ ਸ਼ਬਦ ਗਿਆਨ, ਗੁਰ ਮੰਤਰ ਇਕ ਦ੍ਰਿੜਾਇਆ । ਤੀਜੇ ਨੇਤਰ ਇਕ ਧਿਆਨ, ਏਕਾ ਰਾਹ ਤਕਾਇਆ । ਚੌਥੇ ਘਰ ਹੋ ਪਰਵਾਨ, ਘਰ ਸੱਜਣ ਵੇਖ ਵਖਾਇਆ ।

ਪੰਚਮ ਮੀਤਾ ਨੌਜਵਾਨ, ਗੁਰ ਪੂਰਾ ਆਪ ਅਖਵਾਇਆ । ਕਿਸੇ ਨਾ ਵਸਿਆ ਮੰਦਰ ਜਗਤ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇਆ । ਕਿਸੇ ਨਾ ਵਿਕੇ ਹੱਟ ਦੁਕਾਨ, ਚੌਦਾਂ ਲੋਕ ਨਾ ਕੋਈ ਵਿਕਾਇਆ । ਚੌਦਾਂ ਤਬਕਾਂ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਫੇਰਾ ਪਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਗੁਰਮੁਖਾਂ ਕਰੇ ਦਰ ਪਰਵਾਨ, ਜਨ ਭਗਤਾਂ ਮੇਲ ਮਿਲਾਇਆ । ਕਲਜੁਗ ਜੀਵ ਸੁੱਤੇ ਬਾਲ ਅੰਵਾਣ, ਮਾਇਆ ਪੜਦਾ ਉਪਰ ਪਾਇਆ । ਰਾਖੀ ਕਰਨ ਪੰਜ ਸ਼ੈਤਾਨ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇਆ । ਸਾਚੀ ਸਿਖਿਆ ਪੁਰਖ ਨਾਰ, ਹਰਿ ਸਾਚਾ ਸਚ ਸਮਝਾਇੰਦਾ । ਸੀਤਾ ਸੁਰਤੀ ਰਾਮ ਪਿਆਰ, ਸਤਿਗੁਰ ਮੇਲ ਮਿਲਾਇੰਦਾ । ਕਾਹਨਾ ਕ੍ਰਿਸ਼ਨਾ ਵੇਖ ਵਿਚਾਰ, ਨਾਮ ਬੰਸਰੀ ਇਕ ਵਜਾਇੰਦਾ । ਏਕਾ ਹੱਕ ਸਰਬ ਸੰਸਾਰ, ਏਕਾ ਕਲਮਾ ਆਪ ਪੜ੍ਹਾਇੰਦਾ । ਨਾਨਕ ਬੀਜ ਬੀਜੇ ਸਾਚੇ ਵਤ, ਨਾਮ ਨਾਮਾ ਝੋਲੀ ਪਾਇੰਦਾ । ਗੁਰ ਅਰਜਨ ਰੱਖੇ ਆਪੇ ਪਤ, ਗੁਰੂ ਗ੍ਰੰਥ ਲੇਖ ਲਿਖਾਇੰਦਾ । ਗੁਰ ਗੋਬਿੰਦ ਲੇਖੇ ਲਾਈ ਰੱਤ, ਰੱਤੀ ਰੱਤ ਲਗਾਇੰਦਾ । ਗੁਰਸਿਖਾਂ ਦੇ ਸਮਝਾਵੇ ਮਤ, ਗੁਰੂ ਗ੍ਰੰਥ ਇਕ ਵਖਾਇੰਦਾ । ਸਗਲ ਵਿਸੂਰੇ ਜਾਣ ਲੱਥ, ਜੋ ਜਨ ਸਰਨਾਈ ਆਇੰਦਾ । ਦੂਈ ਦਵੈਤੀ ਹੋਏ ਭੱਠ, ਭੱਠ ਖੇੜਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਦੇਵੇ ਵਰ, ਸਾਚੀ ਸਿਖਿਆ ਸਿਖ ਵਿਚਾਰ, ਆਤਮ ਅੰਤਰ ਇਕ ਵਿਚਾਰ, ਦੂਸਰ ਨਾ ਕੋਈ ਬੰਨੇ ਧਾਰ, ਨੇਤਰ ਨੈਣ ਇਕ ਉਜਿਆਰ, ਚੌਥੇ ਘਰ ਮੇਲ ਭਤਾਰ, ਸਾਚੀ ਨਾਰੀ ਕੰਤ ਮਿਲਾਇੰਦਾ । ਨਾਰੀ ਕੰਤ ਹਰਿ ਹਰਿ ਮੇਲਾ, ਗੁਰ ਸਤਿਗੁਰ ਆਪ ਕਰਾਇਆ । ਆਪੇ ਗੋਲਾ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਅਖਵਾਇਆ । ਆਪੇ ਸੱਜਣ ਸੱਜਣ ਸੁਹੇਲਾ, ਸਖਾ ਸਖਾਈ ਆਪ ਹੋ ਜਾਇਆ । ਆਪੇ ਵਸੇ ਆਪਣੇ ਰੰਗ ਨਵੇਲਾ, ਰੰਗ ਰੱਤੜਾ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰਾ ਬਸਤਰ, ਤੇਰਾ ਗਹਿਣਾ ਤੇਰਾ ਕੱਜਲ ਤੇਰੇ ਨੈਣਾ ਜਗਤ ਸ਼ਿੰਗਾਰ ਕਰਾਇਆ । ਕਲਜੁਗ ਨੈਣ ਕੱਜਲ ਧਾਰ, ਕੂੜੋ ਕੂੜ ਵਹਾਈਆ । ਮਨਮੁਖ ਨਾਰੀ ਹੋਈ ਵਿਭਚਾਰ, ਝੂਠ ਸ਼ਿੰਗਾਰ ਰਹੀ ਹੰਢਾਈਆ । ਘਰ ਘਰ ਵੇਸਵਾ ਹੋਏ ਖ਼ਵਾਰ, ਨਾ ਪੱਲੂ ਕੋਈ ਫੜਾਈਆ । ਪੁਰਖ ਅਬਿਨਾਸ਼ੀ ਦੇਵੇ ਦਰ ਦੁਰਕਾਰ, ਦਰਗਹਿ ਸਾਚੀ ਕੋਈ ਨਾ ਥਾਈਆ । ਰਾਏ ਧਰਮ ਮਾਰੇ ਮਾਰ, ਦੇਵਣਹਾਰਾ ਅੰਤ ਸਜਾਈਆ । ਜਿਸ ਜਨ ਮਿਲਿਆ ਨਰ ਨਿਰੰਕਾਰ, ਨਾਨਕ ਮੇਲਾ ਸਹਿਜ ਸੁਭਾਈਆ । ਨੰਨਾ ਮੁਕਤਾ ਨਾਨਕ ਹੋ ਤਿਆਰ, ਥਿਰ ਘਰ ਬੈਠਾ ਜੋਤ ਜਗਾਈਆ । ਨੰਨਾ ਸਿਆਰੀ ਖ਼ਬਰਦਾਰ, ਦੋ ਜਹਾਨਾਂ ਫੇਰਾ ਪਾਈਆ । ਕੱਕੇ ਔਂਕੜ ਕਰੇ ਵਿਚਾਰ, ਲੋਕਮਾਤ ਵੱਜੇ ਵਧਾਈਆ । ਤ੍ਰੈਗੁਣ ਤੇਰਾ ਭੇਵ ਅਪਾਰ, ਰਜੋ ਤਮੋ ਸਤੋ ਵੇਖ ਵਖਾਈਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਕਰ ਤਿਆਰ, ਪੰਚਮ ਨਾਤਾ ਜੋੜ ਜੁੜਾਈਆ । ਮਨ ਮਤ ਬੁਧ ਦਏ ਅਧਾਰ, ਨਿਰਗੁਣ ਆਪਣੀ ਵਸਤ ਟਿਕਾਈਆ । ਸਰਗੁਣ ਸਾਚਾ ਕਰ ਤਿਆਰ, ਨੌ ਦਰ ਖੋਲ੍ਹ ਖੁਲ੍ਹਾਈਆ । ਗਗਨ ਮੰਡਲ ਵੇਖ ਵਿਚਾਰ, ਰਵ ਸਸ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਦੁੱਖ ਦਰਦ ਰਹੇ ਨਾ ਰਾਈਆ । ਆਦਿ ਨਿਰੰਜਣ ਕਰ ਪਰਕਾਸ਼, ਪਾਰਬ੍ਰਹਮ ਵੇਖ ਵਖਾਇਆ । ਆਦਿ

ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਆਪਣਾ ਨਾਉਂ ਧਰਾਇਆ । ਭਗਤ ਸੁਹੇਲਾ ਵਸੇ ਪਾਸ, ਘਰ ਘਰ ਡੇਰਾ ਲਾਇਆ । ਆਪੇ ਵੇਖੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਇਆ । ਸਾਚੇ ਘਰ ਸਾਚੀ ਰਾਸ, ਗੋਪੀ ਕਾਹਨ ਆਪ ਨਚਾਇਆ । ਹਰ ਘਟ ਅੰਦਰ ਰੱਖੇ ਵਾਸ, ਗੁਰਮੁਖਾਂ ਪੜਦਾ ਲਾਹਿਆ । ਮਨਮੁਖ ਸੁੱਤੇ ਵਿਚ ਪਰਭਾਸ, ਹਰਿ ਹਰਿ ਰੂਪ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੇ ਦੇਵੇ ਵਰ, ਧਰ ਧਰਨੀ ਧਰਤ ਸੁਹਾਇਆ । ਧਰਨੀ ਧਰਤ ਧਵਲ ਕਰ ਪੁਕਾਰ, ਨੇਤਰ ਨੀਰ ਰਹੀ ਵਹਾਈਆ । ਲੱਖ ਚੁਰਾਸੀ ਹੋਈ ਖੁਵਾਰ, ਚਾਰੋਂ ਕੁੰਟ ਰਹੇ ਕੁਰਲਾਈਆ । ਸਾਧਾਂ ਸੰਤਾਂ ਆਈ ਹਾਰ, ਹਰਿ ਸੱਜਣ ਨਾ ਕੋਈ ਮੇਲ ਮਿਲਾਈਆ । ਮਦਿਰਾ ਮਾਸ ਕਰਨ ਅਹਾਰ, ਧ੍ਰਿਗ ਧ੍ਰਿਗ ਜੀਵਣ ਧ੍ਰਿਗ ਜੀਵਾਸ, ਦਰਗਹਿ ਸਾਚੀ ਕੋਈ ਨਾ ਹੋਏ ਸਹਾਈਆ । ਨਾਨਕ ਗੋਬਿੰਦ ਨਾ ਵਸਿਆ ਪਾਸ, ਵੇਲੇ ਅੰਤ ਨਾ ਦਏ ਗਵਾਹੀਆ । ਰਸਨਾ ਗਾਇਆ ਨਾ ਸਵਾਸ ਸਵਾਸ, ਮਨ ਤਨ ਧਨ ਗੁਰ ਅੱਗੇ ਨਾ ਭੇਟ ਚੜ੍ਹਾਈਆ । ਗੁਰਸਿਖ ਸਾਚੇ ਬਲ ਬਲ ਜਾਸ, ਧੰਨ ਧੰਨ ਧੰਨ ਤੇਰੀ ਵਡਿਆਈਆ । ਤੇਰੀ ਆਸਾ ਨਾ ਹੋਏ ਨਿਰਾਸ, ਪੂਰਨ ਆਸਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਨੀਂਹ ਰਖਾਈਆ । ਸਤਿਜੁਗ ਸਾਚੀ ਨੀਂਹ ਧਰ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਨਾਰੀ ਮਿਲਿਆ ਸਾਚਾ ਵਰ, ਸ਼ਬਦ ਵਿਚੋਲਾ ਵਿਚ ਰਖਾਇੰਦਾ । ਆਪਣੀ ਕਰਨੀ ਆਪੇ ਕਰ, ਕਰ ਕਿਰਪਾ ਮੇਲ ਮਿਲਾਇੰਦਾ । ਨਾਮ ਫੜਾਇਆ ਸਾਚਾ ਲੜ, ਨਾ ਛੋੜੇ ਨਾ ਛੋੜ ਛੁੜਾਇੰਦਾ । ਦੋਹਾਂ ਅੰਦਰ ਆਪੇ ਵੜ, ਹਰਿ ਨਾਰੀ ਵੇਖ ਵਖਾਇੰਦਾ । ਮਸਤਕ ਲੇਖਾ ਆਪੇ ਪੜ੍ਹ, ਪਿਛਲਾ ਮੇਟ ਮਿਟਾਇੰਦਾ । ਦੋਹਾਂ ਜੋਤੀ ਏਕਾ ਕਰ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਸਚ ਵਰਤਾਇੰਦਾ । ਸਤਿਜੁਗ ਸਾਚਾ ਸਚ ਵਰਤਾਵਣਾ, ਸਤਿ ਸਤਿ ਸਤਿ ਆਪ ਕਰਾਈਆ । ਪਾਰਬ੍ਰਹਮ ਬ੍ਰਹਮ ਮਤ ਇਕ ਉਪਜਾਵਣਾ, ਬ੍ਰਹਮ ਬ੍ਰਹਮ ਦਏ ਸਮਝਾਈਆ । ਹੰ ਬ੍ਰਹਮ ਆਪ ਅਖਵਾਵਣਾ, ਹੰ ਰੂਪ ਆਪ ਹੋ ਜਾਈਆ । ਏਕੰਕਾਰਾ ਵੇਸ ਵਟਾਵਣਾ, ਓਅੰਕਾਰਾ ਖੇਲ ਖਿਲਾਈਆ । ਨਿਰਗੁਣ ਧਾਰ ਧਾਰ ਚਲਾਵਣਾ, ਸਰਗੁਣ ਡੇਰਾ ਲਾਈਆ । ਸਰਗੁਣ ਸਾਚਾ ਵੇਖ ਵਖਾਵਣਾ, ਨਿਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਚਾਰ ਵਰਨ ਕਰੇ ਕੁੜਮਾਈਆ । ਚਾਰ ਵਰਨ ਜਗਤ ਕੁੜਮਾਈ, ਹਰਿ ਸਾਚਾ ਸਚ ਜਣਾਇੰਦਾ । ਏਕਾ ਘਰ ਵੱਜੇ ਵਧਾਈ, ਏਕਾ ਮੰਗਲ ਸਾਚਾ ਗਾਇੰਦਾ । ਏਕਾ ਮੰਦਰ ਦਏ ਸੁਹਾਈ, ਏਕਾ ਜੋਤ ਜਗਾਇੰਦਾ । ਏਕਾ ਸ਼ਬਦ ਸੱਚੀ ਸ਼ਨਵਾਈ, ਏਕਾ ਰਾਗ ਅਲਾਇੰਦਾ । ਏਕਾ ਮੇਲਾ ਸਹਿਜ ਸੁਭਾਈ, ਏਕਾ ਗੁਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਧਾਰ ਹਰਿ ਨਿਰੰਕਾਰ, ਆਪਣੀ ਕਿਰਪਾ ਆਪ ਕਰਾਇੰਦਾ । ਚਾਰ ਵਰਨਾਂ ਸੱਚਾ ਰੰਗ, ਹਰਿ ਸਤਿਗੁਰ ਪੁਰਖ ਚੜ੍ਹਾਇਆ । ਸਤਿਜੁਗ ਸਾਚੀ ਮੰਗੀ ਮੰਗ, ਅੱਗੇ ਆਪਣੀ ਝੋਲੀ ਡਾਹਿਆ । ਕੱਟਣਹਾਰਾ ਭੁੱਖ ਨੰਗ, ਦੇਵੇ ਦਾਨ ਰਿਜ਼ਕ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖਾਂ ਦੇਵੇ ਸਾਚਾ ਵਰ, ਏਕਾ ਸ਼ਬਦ ਸ਼ਬਦ ਸੁਣਾਇਆ । ਸੋ ਪੁਰਖ ਨਿਰੰਜਣ ਇਕ ਅਕਾਲ, ਏਕਾ ਏਕੰਕਾਰਿਆ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਆਪ ਅਖਵਾ ਰਿਹਾ ।

ਕਰੇ ਕਰਾਏ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਆਪ ਆਪਣਾ ਮੇਲ ਮਿਲਾ ਰਿਹਾ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਅਕਲ ਕਲਾ ਅਖਵਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਪੁਰਖ ਅਬਿਨਾਸ਼ੀ ਵੱਡੀ ਵਡਿਆਈਆ । ਹੰ ਬ੍ਰਹਮ ਕਰ ਤਿਆਰਾ, ਆਤਮ ਜੀਵ ਵੰਡ ਵੰਡਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਨਾਰੀ ਕੰਤ ਵੇਖ ਭਤਾਰਾ, ਸਾਚੀ ਜੋੜੀ ਜੋੜ ਜੁੜਾਈਆ । ਲਿਖਿਆ ਲੇਖ ਅਪਰ ਅਪਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਹੋਏ ਉਜਿਆਰਾ, ਹਰਿ ਸਾਚਾ ਆਪ ਕਰਾਈਆ । ਲੱਖਣ ਦੀਪ ਖੇਲ ਅਪਾਰਾ, ਪੁਸ਼ਕਰ ਵੇਖ ਵਖਾਈਆ । ਕਰੌਂਚ ਲਾਏ ਏਕਾ ਨਾਅਰਾ, ਜੰਬੂ ਕਰੇ ਕੁੜਮਾਈਆ । ਸਲਮਲ ਤੇਰਾ ਸਤਿ ਸਹਾਰਾ, ਸਾਨ ਵੱਡੀ ਵਡਿਆਈਆ । ਕੁਸ਼ਾ ਕਰੇ ਇਕ ਪਿਆਰਾ, ਆਤਮ ਬ੍ਰਹਮ ਪੜ੍ਹਾਈਆ । ਪਰਗਟ ਹੋ ਵਿਚ ਸੰਸਾਰਾ, ਸਾਚੀ ਲਾਂਵ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮਰਯਾਦਾ ਬੰਧਨ ਪਾਈਆ । ਜਗਤ ਬੰਧਨ ਆਪੇ ਪਾ, ਆਪੇ ਤੰਦ ਬੰਧਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਲੇਖਾ ਆਪਣੇ ਹੱਥ ਰਖਾਇੰਦਾ । ਜੁਗ ਜੁਗ ਬਣੇ ਜਗਤ ਮਲਾਹ, ਸ਼ਬਦ ਵਿਚੋਲਾ ਨਾਲ ਰਖਾਇੰਦਾ । ਜਨ ਭਗਤਾਂ ਪਹਿਲੋਂ ਪਕੜੇ ਬਾਂਹ, ਲੱਖ ਚੁਰਾਸੀ ਵੇਖ ਵਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਆਪੇ ਪਿਤਾ ਆਪੇ ਮਾਂ, ਬਾਲ ਅੰਞਾਣੇ ਆਪਣੇ ਆਪੇ ਗੋਦ ਉਠਾਇੰਦਾ । ਦੇਵਣਹਾਰਾ ਠੰਡੀ ਛਾਂ, ਸਿਰ ਸਮਰਥ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਮੇਲ ਮਿਲਾਇੰਦਾ । ਨਾਰੀ ਕੰਤ ਜੁੜਿਆ ਜੋੜ, ਹਰਿ ਸਾਚਾ ਸਗਨ ਮਨਾਇੰਦਾ । ਆਦਿ ਜੁਗਾਦੀ ਜਾਏ ਬੌਹੜ, ਜੁਗ ਜੁਗ ਵੇਸ ਵਟਾਇੰਦਾ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਫਲ ਇਕ ਖੁਵਾਇੰਦਾ । ਦਰਗਹਿ ਸਾਚੀ ਲਾਇਆ ਪੌੜ, ਚੌਥੇ ਪੌੜੇ ਆਪ ਚੜ੍ਹਾਇੰਦਾ । ਪ੍ਰਭ ਅਬਿਨਾਸ਼ੀ ਗਿਆ ਬੌਹੜ, ਦੂਜੀ ਓਟ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨੰਦ ਕਾਰਜ ਅਰੰਭ ਆਪ ਕਰਾਇੰਦਾ । ਅਨੰਦ ਕਾਰਜ ਚਾਰ ਵਰਨ, ਏਕਾ ਪੁਰਖ ਅਕਾਲ ਮਨਾਈਆ । ਦੂਜਾ ਚੁਕੇ ਜਗਤ ਡਰਨ, ਮਿਲੇ ਮੇਲ ਸਾਚੇ ਮਾਹੀਆ । ਤੀਜਾ ਖੁਲ੍ਹੇ ਹਰਨ ਫਰਨ, ਘਰ ਸਾਚੇ ਵੱਜੇ ਵਧਾਈਆ । ਚੌਥੇ ਘਰ ਆਪੇ ਚੜ੍ਹਨ, ਦੋਏ ਮੂਰਤੀ ਜੋਤ ਇਕ ਹੋ ਜਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਪੰਚਮ ਵਾਰ ਜੈ ਜੈ ਜੈ ਪੜ੍ਹਨ, ਸਤਿਜੁਗ ਰੀਤੀ ਆਪ ਚਲਾਈਆ । ਗੁਰਦਰ ਮੰਦਰ ਮਸਜਿਦ ਗੁਰਸਿਖ ਕਦੇ ਨਾ ਵੜਨ, ਕਾਇਆ ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦਿਤਾ ਵਰ, ਨਾਰੀ ਪਿਰ ਵਸੇ ਏਕਾ ਘਰ, ਘਰ ਸਾਚੇ ਸਗਨ ਮਨਾਈਆ ।

## ✪ ਅਮਰਜੀਤ ਸਿੰਘ ਦੇ ਅਨੰਦ ਕਾਰਜ ਦੇ ਪਿਛੋਂ ਸ਼ੁਭ ਅਸ਼ੀਸ਼ ਸਤਿਜੁਗ ਧਾਰ ✪

ਪੂਤ ਸਪੂਤਾ ਸੁੱਤ ਦੁਲਾਰ, ਗੁਰ ਗੁਰਮੁਖ ਰੰਗ ਰੰਗਾਇਆ । ਦਰ ਘਰ ਸਾਚੇ ਕਰ ਪਿਆਰ, ਆਪ ਆਪਣਾ ਦਰਸ ਦਿਖਾਇਆ । ਦੇਵੇ

ਦਰਸ ਅਗੰਮ ਅਪਾਰ, ਨੇਤਰ ਲੋਚਣ ਨੈਣ ਖੁਲ੍ਹਾਇਆ । ਅੰਮ੍ਰਿਤ ਅਮਰ ਬਖ਼ਸ਼ੇ ਠੰਡੀ ਧਾਰ, ਅਮਰਜੀਤ ਸਿੰਘ ਅਤੀਤ ਵਖਾਇਆ । ਸਾਚੀ ਰੀਤ ਚਲੀ ਸੰਸਾਰ, ਗੋਬਿੰਦ ਲੇਖਾ ਦਏ ਮੁਕਾਇਆ । ਨਾ ਕੋਈ ਮੰਦਰ ਮਸਜਿਦ ਗੁਰੂਦਵਾਰ, ਗੁਰਸਿਖ ਤੇਰਾ ਖੁਲ੍ਹਾ ਵੇਹੜਾ ਆਪ ਬਣਾਇਆ । ਭਰਿਆ ਰਹੇ ਨਾਮ ਭੰਡਾਰ, ਤੋਟ ਰਹੇ ਨਾ ਰਾਇਆ । ਨਜ਼ਰੀ ਆਏ ਹਰਿ ਕਰਤਾਰ, ਦੂਸਰ ਨੈਣ ਨਾ ਕੋਈ ਵਖਾਇਆ । ਗੁਰਸਿਖ ਨਾ ਉਡੇ ਕਾਗ ਉਡਾਰ, ਹੰਸ ਹੰਸਾ ਆਪ ਬਣਾਇਆ । ਸੋਹੰ ਮਾਣਕ ਮੋਤੀ ਚੁਗੇ ਵਿਚ ਸੰਸਾਰ, ਗੁਰ ਨਾਨਕ ਰਸਨਾ ਗਾਇਆ । ਦੁਰਮਤ ਮੈਲ ਗਈ ਧੋਤੀ, ਸਤਿਗੁਰ ਪੂਰੇ ਕਾਜ ਰਚਾਇਆ । ਜਗਤ ਜੋੜੀ ਨਾਲ ਬੀਬੀ ਜਗੀਰੋ ਚੜ੍ਹੀ ਚੋਟੀ, ਬੇਮੁਖਾਂ ਰਾਹ ਦਿਸ ਨਾ ਆਇਆ । ਤੀਰਥ ਤੱਟਾਂ ਲੱਭਦੇ ਫਿਰਦੇ ਕੋਟਨ ਕੋਟੀ, ਡੂੰਘੀ ਕੰਦਰ ਬੈਠੇ ਆਸਣ ਲਾਇਆ । ਜਿਸ ਜਨ ਦੇਵੇ ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕੰਕਾਰ ਏਕਾ ਸ਼ਬਦ ਸੋਟੀ, ਲੋਆਂ ਪੁਰੀਆਂ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਬਾਰਾਂ ਹਾੜ ਹੋ ਤਿਆਰ, ਵੀਹ ਸੌ ਸੋਲਾਂ ਬਿਕ੍ਰਮੀ ਸਤਿਜੁਗ ਤੇਰਾ ਸਾਚਾ ਮਾਰਗ ਆਪ ਲਗਾਇਆ ।

## ✪ ੧੨ ਹਾੜ ੨੦੧੬ ਬਿਕ੍ਰਮੀ ਜੇਠੂਵਾਲ ✪



ਹਰਿ ਸੱਜਣ ਸਤਿਗੁਰ ਮੀਤੜਾ, ਪਰਮ ਪੁਰਖ ਕਰਤਾਰ । ਕਾਇਆ ਚੋਲੀ ਰੰਗੇ ਚੀਥੜਾ, ਆਪ ਆਪਣੀ ਕਿਰਪਾ ਧਾਰ । ਮਿਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਬਰਖੇ ਠੰਡੀ ਠਾਰ । ਆਦਿ ਜੁਗਾਦੀ ਪਤਿਤ ਪੁਨੀਤੜਾ, ਪਤਿਤ ਪਾਪੀ ਜਾਏ ਤਾਰ । ਜੁਗਾ ਜੁਗੰਤਰ ਜਾਣੇ ਰੀਤੜਾ, ਵਰਤੇ ਵਰਤਾਵੇ ਵਿਚ ਸੰਸਾਰ । ਸਾਚਾ ਮੰਦਰ ਗੁਰੂਦਵਾਰ ਗੁਰਸਿਖ ਕਾਇਆ ਇਕ ਮਸੀਤੜਾ, ਹਰਿ ਸੁੱਤਾ ਪੈਰ ਪਸਾਰ । ਵੇਖੇ ਧਾਮ ਨਾਮ ਇਕ ਅਨਡੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਕਰ, ਖੇਲੇ ਖੇਲ ਸਿਰਜਣਹਾਰ । ਧਾਮ ਅਵੱਲਾ ਹਰਿ ਨਿਰੰਕਾਰ, ਆਪਣਾ ਆਪ ਉਪਾਇੰਦਾ । ਉਚ ਮਹੱਲਾ ਕਰ ਤਿਆਰ, ਸਾਚੇ ਮੰਦਰ ਡੇਰਾ ਲਾਇੰਦਾ । ਇਕ ਅਕੱਲਾ ਖ਼ਬਰਦਾਰ, ਆਦਿ ਜੁਗਾਦੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰਤਾ ਕਰਨੇਹਾਰ, ਅਬਿਨਾਸ਼ੀ ਕਰਤਾ ਖੇਲ ਅਪਾਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਅਕਲ ਕਲਾ ਅਖਵਾਇਆ । ਆਦਿ ਜੁਗਾਦੀ ਜੁਗਾ ਜੁਗੰਤ ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਇਆ । ਲੱਖ ਚੁਰਾਸੀ ਜੀਵ ਜੰਤ ਆਪ ਉਪਾਏ ਆਪੇ ਦੇਵੇ ਮਥ, ਵੇਖਣਹਾਰ ਆਪ ਹੋ ਜਾਇਆ । ਬੋਧ ਅਗਾਧੀ ਸ਼ਬਦ ਧੁਨ ਅਕਥਨਾ ਅਕੱਥ, ਪਾਰਬ੍ਰਹਮ ਆਪੇ ਲਏ ਉਪਾਇਆ । ਆਪੇ ਜਾਣੇ ਪੂਜਾ ਪਾਠ, ਮੰਤਰ ਗਿਆਨ ਨਾਮ ਆਪ ਦ੍ਰਿੜਾਇਆ । ਆਪੇ ਸਰ ਸਰੋਵਰ ਮਾਰੇ ਠਾਠ, ਸਾਚਾ ਤੀਰਥ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰੀਤਾ ਵੇਖ ਵਖਾਇਆ । ਵੇਖਣਹਾਰਾ ਹਰਿ ਨਿਰੰਕਾਰਿਆ, ਹਰਿ ਸਤਿਗੁਰ ਸ਼ਹਿਨਸ਼ਾਹ । ਨਿਰਗੁਣ ਨੂਰ ਕਰੇ ਉਜਿਆਰਿਆ, ਸਤਿਗੁਰ ਪੂਰਾ ਬੇਪਰਵਾਹ । ਖੇਲੇ ਖੇਲ ਅਗੰਮ ਅਪਾਰਿਆ, ਲੋਕਮਾਤੀ ਜੋਤ ਜਗਾ । ਜਨ ਭਗਤਾਂ ਦੇਵੇ ਨਾਮ ਅਧਾਰਿਆ, ਏਕਾ ਮੰਦਰ ਮੇਲ ਮਿਲਾ । ਸ਼ਬਦ ਸਨੇਹੁੜਾ ਇਕ ਸੁਣਾ

ਰਿਹਾ, ਸੋਹੰ ਢੋਲਾ ਸਾਚਾ ਗਾ । ਪਿਛਲਾ ਲਹਿਣਾ ਮੂਲ ਚੁਕਾ ਰਿਹਾ, ਅੱਗੇ ਆਪਣੇ ਮਾਰਗ ਪਾ । ਸਾਚਾ ਮਾਰਗ ਇਕ ਵਖਾ ਰਿਹਾ, ਚਾਰ ਵਰਨਾਂ ਪਕੜੇ ਬਾਂਹ । ਉਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹਾ ਲਿਆ, ਵੇਖਣਹਾਰਾ ਏਕਾ ਥਾਉਂ ਥਾਂ । ਸਚ ਸਨੇਹੁੜਾ ਇਕ ਸੁਣਾ ਲਿਆ, ਫੜ ਫੜ ਹੰਸ ਬਣਾਏ ਕਾਂ । ਡੁੱਬਦੇ ਪੱਥਰ ਆਪ ਤਰਾ ਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰਥ ਆਪ ਚਲਾ ਲਿਆ । ਰਥ ਰਥਵਾਹੀ ਹਰਿ ਨਿਰੰਕਾਰਾ, ਹਰਿ ਹਰਿ ਰੂਪ ਸਮਾਇੰਦਾ । ਇਕ ਅਕੱਲਾ ਕਰ ਪਸਾਰਾ, ਜਲਾਂ ਥਲਾਂ ਵੇਖ ਵਖਾਇੰਦਾ । ਨੌਂ ਖੰਡ ਤੇਰਾ ਵੇਸ ਅਪਾਰਾ, ਨਰ ਨਰੇਸ਼ ਵੇਸ ਵਟਾਇੰਦਾ । ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ਬਰਦਾਰਾ, ਆਪ ਆਪਣਾ ਖੇਲ ਖਿਲਾਇੰਦਾ । ਭਗਤ ਵਛਲ ਵਛਲ ਗਿਰਧਾਰਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਤਾਰ ਸਤਾਰ ਵਜਾਏ ਸਤਾਰਾ, ਨਾਮ ਸੁਰੰਗੀ ਆਪਣੇ ਹੱਥ ਉਠਾਇੰਦਾ । ਨਾਨਕ ਨਿਰਗੁਣ ਕਰੇ ਨਾਮ ਵਣਜਾਰਾ, ਸਾਚਾ ਹੱਟ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਲ ਆਪ ਵਰਤਾਇੰਦਾ । ਕਲਜੁਗ ਵਰਤੇ ਹਰਿ ਹਰਿ ਕਲ, ਅਕਲ ਕਲਾ ਕਲ ਧਾਰੀਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਜੋਤੀ ਜਾਮਾ ਭੇਖ ਅਪਾਰ, ਵਸੇ ਨੇਹਚਲ ਧਾਮ ਅਟੱਲ, ਉਚ ਮਹੱਲ ਅਗੰਮ ਅਪਾਰਿਆ । ਪਾਵੇ ਸਾਰ ਜਲ ਥਲ, ਜੰਗਲ ਜੂਹ ਉਜਾੜ ਪਹਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਖੇਲ ਖਿਲਾ ਰਿਹਾ । ਖੇਲ ਖਿਲੰਤਾ ਹਰਿ ਭਗਵੰਤਾ, ਆਦਿਨ ਅੰਤਾ ਜੋਤ ਜਗਾਇੰਦਾ । ਪੁਰਖ ਅਬਿਨਾਸ਼ੀ ਨਾਰੀ ਕੰਤਾ, ਚਾੜ੍ਹੇ ਰੰਗ ਇਕ ਬਸੰਤਾ, ਸਾਚੀ ਸੇਜਾ ਆਪ ਸੁਹਾਇੰਦਾ । ਲੱਖ ਚੁਰਾਸੀ ਬਣਾਏ ਬਣਤਾ, ਆਪੇ ਜਾਣੇ ਆਪਣੀ ਮਨਤਾ, ਸ਼ਬਦ ਗਿਆਨ ਆਪਣਾ ਆਪ ਦ੍ਰਿੜਾਇੰਦਾ । ਆਪੇ ਸਾਧਨ ਆਪੇ ਸੰਤਾਂ, ਆਪੇ ਮਾਇਆ ਪਾਏ ਬੇਅੰਤਾ, ਭਰਮ ਭੁਲੇਖੇ ਆਪ ਭੁਲਾਇੰਦਾ । ਆਪੇ ਜੀਵ ਆਪੇ ਜੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੇ ਹੱਥ ਰਖਾਇੰਦਾ । ਆਪੇ ਸ਼ਾਹ ਆਪੇ ਸੁਲਤਾਨ, ਸਚ ਸਿਕਦਾਰ ਆਪ ਅਖਵਾਈਆ । ਆਪੇ ਰਾਜ ਆਪ ਰਾਜਾਨ, ਆਪਣਾ ਹੁਕਮ ਆਪ ਚਲਾਈਆ । ਆਪੇ ਦਰ ਦਰਵੇਸ਼ ਬਣ ਦਰਬਾਨ, ਦਰ ਬੈਠਾ ਅਲੱਖ ਜਗਾਈਆ । ਆਪੇ ਅਲਖ ਨਿਰੰਜਣ ਹੋ ਪਰਧਾਨ, ਪਾਰਬ੍ਰਹਮ ਆਪ ਅਖਵਾਈਆ । ਆਪੇ ਉਠਾਏ ਸਚ ਨਿਸ਼ਾਨ, ਥਿਰ ਘਰ ਸਾਚੇ ਆਪ ਝੁਲਾਈਆ । ਆਪੇ ਜੋਧਾ ਸੂਰ ਬਲੀ ਬਲਵਾਨ, ਏਕੰਕਾਰਾ ਆਪ ਅਖਵਾਈਆ । ਆਪੇ ਸ਼ਬਦ ਖੰਡਾ ਤੀਰ ਕਮਾਨ, ਸ਼ਸਤਰ ਬਸਤਰ ਤਨ ਸਜਾਈਆ । ਆਪੇ ਮੰਦਰ ਮਸਜਿਦ ਬਣ ਮਕਾਨ, ਪੂਜਾ ਪਾਠ ਆਪ ਕਰਾਈਆ । ਆਪੇ ਹਵਨ ਪਵਣ ਸੁਗੰਧ ਵੇਖ ਵਖਾਨ, ਧੂੰਆਂਧਾਰ ਆਪ ਹੋ ਜਾਈਆ । ਰਵ ਸਸ ਕਰ ਪਰਧਾਨ, ਮੰਡਲ ਮੰਡਪ ਆਪੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਹਰਿ ਮੌਲਾ, ਹਰਿਜਨ ਜਨ ਮਿਲਾਨਿਆ । ਨਾਮ ਵਣਜਾਰਾ ਨਾਮ ਕੰਡੇ ਸਾਚੇ ਤੁਲਾ, ਪਾਵੇ ਮੁਲ ਸਰਬ ਸੰਸਾਰਿਆ । ਏਕਾ ਧਾਰਨ ਏਕਾ ਬੋਲਾ, ਏਕਾ ਢੋਲਾ ਰਸਨਾ ਗਾ ਲਿਆ । ਏਕਾ ਕਾਇਆ ਏਕਾ ਚੋਲਾ, ਸ਼ਬਦ ਵਿਚੋਲਾ ਇਕ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤੀ ਇਕ ਜਗਾ ਲਿਆ । ਜਾਗਰਤ ਜੋਤ ਜਗਤ ਜਗਾ, ਗੁਰ ਗੁਰ ਵੱਡੀ ਵਡਿਆਈਆ । ਸਤਿਗੁਰ ਸਾਚਾ ਸਗਨ ਮਨਾ,

ਘਰ ਵਸੇ ਬੇਪਰਵਾਹੀਅ । ਆਪਣੀ ਸਿਖਿਆ ਆਪ ਸੁਣਾ, ਆਪਣੀ ਝੋਲੀ ਪਾਈਆ । ਆਪਣਾ ਲਿਖਿਆ ਆਪੇ ਦਏ ਮਿਟਾ, ਲੇਖਾ ਆਪਣੇ ਹੱਥ ਰਖਾਈਆ । ਆਪਣੀ ਭੇਟਾ ਦਏ ਚੜ੍ਹਾ, ਆਪੇ ਪੋਚ ਪੁਚਾਈਆ । ਖੇਵਟ ਖੇਟਾ ਆਪ ਅਖਵਾ, ਆਪਣੀ ਨੱਯਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਮੰਦਰ ਖੋਜ ਖੁਜਾਈਆ । ਘਰ ਮੰਦਰ ਹਰਿ ਜਾਣਿਆ, ਪਰਮ ਪੁਰਖ ਕਰਤਾਰ । ਗੁਰਮੁਖ ਵਿਰਲੇ ਮਾਤ ਪਛਾਣਿਆ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਕਲਜੁਗ ਜੀਵ ਸੁੱਤਾ ਬਾਲ ਅੰਞਾਣਿਆ, ਨਾ ਦੇਵੇ ਕੋਈ ਹੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਕਾਰ ਕਰੰਦੜਾ ਦਿਵਸ ਰੈਣ, ਪਰਮ ਪੁਰਖ ਅਖਵਾਇਆ । ਧਾਮ ਸੁਹੰਦੜਾ ਸਾਕ ਸੈਣ, ਸੱਜਣ ਮੀਤ ਬਣ ਜਾਇਆ । ਜੁਗਾ ਜੁਗੰਤ ਚੁਕਾਏ ਲਹਿਣ ਦੇਣ, ਆਪਣਾ ਲਹਿਣਾ ਆਪਣੇ ਹੱਥ ਰਖਾਇਆ । ਦਰਸ ਵਿਖੰਦੜਾ ਦਿਵਸ ਰੈਣ, ਨੇਤਰ ਨੈਣ ਇਕ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਵੇਖ ਵਖਾਇਆ । ਘਰ ਸਾਚੇ ਹਰਿ ਜੋਤ ਅਕਾਲੀ, ਨਿਰਗੁਣ ਆਪ ਜਗਾਈਆ । ਏਕਾ ਮੰਗੇ ਨਾਮ ਦਲਾਲੀ, ਏਕਾ ਮਤ ਸਮਝਾਈਆ । ਸ਼ਾਹ ਸ਼ਹਾਨਾ ਹੱਕ ਹਲਾਲੀ, ਹੱਕ ਬਹੱਕ ਵੇਖ ਵਖਾਇਆ । ਗੁਰਮੁਖ ਵਿਰਲੇ ਘਾਲ ਘਾਲੀ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਮਸਤਕ ਚੜ੍ਹੇ ਲਾਲੀ, ਮਨਮੁਖ ਰੋਵੇ ਦਏ ਦੁਹਾਈਆ । ਧੁਰ ਦਰਗਾਹੀ ਸਾਚਾ ਮਾਲੀ, ਲੋਕਮਾਤ ਫੇਰਾ ਪਾਈਆ । ਜੁਗਾ ਜੁਗੰਤ ਅਵੱਲੜੀ ਚਾਲੀ, ਚਾਲ ਨਿਰਾਲੀ ਇਕ ਚਲਾਈਆ । ਲੱਖ ਚੁਰਾਸੀ ਵੇਖੇ ਫਲ ਪੱਤ ਡਾਲ੍ਹੀ, ਫੁਲ ਫੁਲਵਾੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਇਕ ਸੁਹਾਈਆ । ਸਾਚਾ ਦਰ ਸਚ ਦਰਬਾਰਾ, ਹਰਿ ਸਾਚੇ ਸਚ ਖੁਲ੍ਹਾਇਆ । ਆਦਿ ਨਿਰੰਜਣ ਹੋ ਉਜਿਆਰਾ, ਜੋਤ ਨਿਰੰਜਣ ਵੇਖ ਵਖਾਇਆ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਤਨ ਮੰਦਰ ਆਪ ਵਜਾਇਆ । ਆਪੇ ਹੋਏ ਸੁਨਣੇਹਾਰਾ, ਦਿਸ ਕਿਸੇ ਨਾ ਆਇਆ । ਖੇਲੇ ਖੇਲ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਭੇਵ ਨਾ ਰਾਇਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਰ ਨਰਾਇਣ ਨਾਉਂ ਧਰਾਇਆ । ਨਾ ਕੋਈ ਸੱਜਣ ਨਾ ਕੋਈ ਸੈਣ ਨਾ ਕੋਈ ਮੀਤ ਮੁਰਾਰਾ, ਭਾਈ ਭੈਣ ਨਾ ਕੋਈ ਬਣਾਇਆ । ਗੁਰਮੁਖਾਂ ਕਰੇ ਇਕ ਪਿਆਰਾ, ਜੁਗ ਜੁਗ ਆਪਣਾ ਵੇਸ ਵਟਾਇਆ । ਲੇਖਾ ਲਿਖਿਆ ਵੀਹ ਸੌ ਬਿਕ੍ਰਮੀ ਸਾਲ ਬਾਰਾਂ, ਬਾਰਾਂ ਬਾਰਾਂ ਲੇਖ ਜਣਾਇਆ । ਬਾਰਾਂ ਰਾਸੀ ਹੋਏ ਰਾਸ, ਨਾਮ ਕੁੰਡਲੀ ਏਕਾ ਪਾਇਆ । ਸੰਮਤ ਤੇਰਾਂ ਕਰ ਪਰਕਾਸ਼, ਸਾਧਾਂ ਸੰਤਾਂ ਵੇਖ ਵਖਾਇਆ । ਸੰਮਤ ਚੌਦਾਂ ਘਰ ਘਰ ਵਾਸ, ਏਕਾ ਇਕੀ ਜੋੜ ਜੁੜਾਇਆ । ਸੰਮਤ ਪੰਦਰਾਂ ਸ਼ਾਹੋ ਸ਼ਬਾਸ਼, ਅਠਸਠ ਚਰਨਾਂ ਹੇਠ ਦਬਾਇਆ । ਸੰਮਤ ਸੋਲਾਂ ਗੁਰਮੁਖਾਂ ਅੰਦਰ ਕਰੇ ਵਾਸ, ਆਪ ਆਪਣੀ ਦਇਆ ਕਮਾਇਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਸੋਹੰ ਗਾਇਆ । ਪਾਰ ਕਿਨਾਰਾ ਪ੍ਰਿਥਮੀ ਆਕਾਸ਼, ਗਗਨ ਮੰਡਲ ਨਿਉਂ ਨਿਉਂ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਪੁਰਖ ਅਬਿਨਾਸ਼, ਗੁਰਮੁਖ ਸਾਚੇ ਲਏ ਮਿਲਾਇਆ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਲਹਿਣਾ ਦੇਣਾ ਚੁੱਕੇ ਦਸ ਦਸ ਮਾਸ, ਗਰਭਵਾਸਾ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਿਵਸ ਰੈਣ ਰੈਣ ਦਿਵਸ ਜਗਤ ਪਰਭਾਤ ਏਕ ਵਖਾਈਆ । ਸਚ ਪਰਭਾਤੀ ਹਰਿ ਹਰਿ ਬੋਲੇ, ਹਰਿਜਨ ਆਪ ਜਗਾਇਆ । ਕਲਜੁਗ

ਅੰਤਮ ਕੰਡੇ ਤੋਲੇ, ਨਾਮ ਕੰਡਾ ਹੱਥ ਉਠਾਇਆ । ਵਸਣਹਾਰਾ ਕਾਇਆ ਚੋਲੇ, ਆਪ ਆਪਣਾ ਮੁਖ ਛੁਪਾਇਆ । ਮੇਲ ਮਿਲਾਵੇ ਹੌਲੇ ਹੌਲੇ, ਗੁਰਮੁਖ ਸੋਏ ਲਏ ਜਗਾਇਆ । ਵਸਣਹਾਰਾ ਨਿਝ ਘਰ ਆਤਮ ਸਦਾ ਕੋਲੇ, ਮੁਖ ਤੋਂ ਪੜਦਾ ਦਏ ਲਾਹਿਆ । ਗੁਰਸਿਖ ਨਾਰੀ ਕਰ ਪਿਆਰੀ ਆਪੇ ਪਾਏ ਸਾਚੇ ਡੋਲੇ, ਲਾਲ ਰੰਗੀਲਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹੋ ਸ਼ਾਬਾਸ਼ੀ ਸ਼ਬਦ ਅਨਾਦੀ ਧੁਨ ਏਕਾ ਬੋਲੇ, ਆਪਣਾ ਮੰਗਲ ਆਪੇ ਗਾਇਆ । ਵੀਹ ਸੌ ਸੋਲਾਂ ਸਚਖੰਡ ਤੇਰਾ ਦਰ ਦਰਵਾਜ਼ਾ ਆਪੇ ਖੋਲ੍ਹੇ, ਆਪਣੀ ਹੱਥੀਂ ਕੁੰਡਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਲਏ ਤਰਾਇਆ । ਤਾਰਨ ਆਇਆ ਤਾਰਨਹਾਰਾ, ਅੰਤਮ ਕਲਜੁਗ ਜੋਤ ਜਗਾਈਆ । ਵਣਜ ਕਰਾਏ ਵਣਜ ਵਪਾਰਾ, ਨਾਮ ਨਾਮਾ ਹੱਟ ਵਿਕਾਈਆ । ਕਵਲ ਕਰਾਏ ਕਵਲ ਉਜਿਆਰ, ਕਵਲ ਕਵਲਾ ਆਪ ਖੁਲ੍ਹਾਈਆ । ਭਗਤੀ ਭਰੇ ਭਗਤ ਭੰਡਾਰ, ਦੇਵਣਹਾਰ ਬੇਪਰਵਾਹੀਆ । ਗੁਰਮੁਖਾਂ ਦੇਵੇ ਇਕ ਸਹਾਰਾ, ਆਪ ਆਪਣਾ ਲੜ ਫੜਾਈਆ । ਛੁਟਿਆ ਨਾਤਾ ਸਰਬ ਸੰਸਾਰਾ, ਬਿਨ ਸਤਿਗੁਰ ਪੂਰੇ ਦੂਸਰ ਕੋਈ ਦਿਸ ਨਾ ਆਈਆ । ਦਿਵਸ ਰੈਣ ਕਰੇ ਪਿਆਰਾ, ਆਤਮ ਸੇਜਾ ਸੁੱਤਾ ਬੇਪਰਵਾਹੀਆ । ਸੰਮਤ ਸੋਲਾਂ ਕਰੇ ਸ਼ਿੰਗਾਰਾ, ਸੋਲਾਂ ਇਛਿਆ ਪਾਏ ਭਿਛਿਆ, ਸਾਚੀ ਸਿਖਿਆ ਇਕ ਸਮਝਾਈਆ । ਨਾਨਕ ਕਬੀਰ ਨੇਤਰ ਪੇਖਿਆ, ਸੋ ਸਤਿਗੁਰ ਸਾਚਾ ਇਕ ਅਖਵਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣੇ ਲਿਖੇ ਲੇਖਿਆ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜਾਮਾ ਧਾਰਿਆ ਭੇਖਿਆ, ਭਗਵਨ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰਾ ਵਰ, ਵਰ ਦਾਤਾ ਆਪ ਅਖਵਾਈਆ ।

ਤ੍ਰੈਗੁਣ ਰੰਗ ਅਪਾਰ, ਪੰਜ ਤੱਤ ਰੰਗ ਰੰਗਾਇਆ । ਮਨ ਮਤ ਬੁਧ ਬਖ਼ਸ਼ੇ ਧਾਰ, ਆਪਣਾ ਖੇਲ ਖਿਲਾਇਆ । ਆਪੇ ਜਾਣੇ ਜਾਨਣਹਾਰ, ਡੂੰਘਾ ਸਾਗਰ ਤਾਲ ਭਰਾਇਆ । ਕਾਇਆ ਗਾਗਰ ਵੇਖ ਵਿਚਾਰ, ਅੰਮ੍ਰਿਤ ਜਲ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਸ ਆਪ ਚੁਆਇਆ । ਆਪਣਾ ਰਸ ਨਿਝਰ ਧਾਰ, ਹਰਿਜਨ ਆਪ ਚੁਆਈਆ । ਕਾਇਆ ਕਰੇ ਠੰਡੀ ਠਾਰ, ਸਾਂਤਕ ਸਤਿ ਵਰਤਾਈਆ । ਅਗਨੀ ਤੱਤ ਦੇਵੇ ਮਾਰ, ਰੱਤੀ ਰੱਤ ਸੁਕਾਈਆ । ਬ੍ਰਹਮ ਮਤ ਇਕ ਅਪਾਰ, ਗੁਰਮਤ ਕਰੇ ਪੜ੍ਹਾਈਆ । ਮੇਲ ਮਿਲਾਵਾ ਕਮਲਾਪਤ, ਘਰ ਸੱਜਣ ਸ਼ਹਿਨਸ਼ਾਹੀਆ । ਦੇਵਣਹਾਰਾ ਤਖ਼ਤ ਤਾਜ, ਸੀਸ ਆਪਣਾ ਹੱਥ ਟਿਕਾਈਆ । ਸ਼ਬਦ ਅਗੰਮੀ ਮਾਰ ਅਵਾਜ਼, ਸੋਇਆ ਸੁੱਤ ਉਠਾਈਆ । ਸਿੰਘ ਤਾਰਾ ਰੱਖੇ ਲਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੂੜੀ ਕਿਰਿਆ ਜਗਤ ਜੰਞੂ ਦੇਵੇ ਗਲੋਂ ਲਾਹੀਆ । ਜਗਤ ਜੰਞੂ ਕੱਚਾ ਤੰਦ, ਕਲਜੁਗ ਤਨ ਬੰਧਾਇਆ । ਪੁਰਖ ਅਬਿਨਾਸ਼ੀ ਤੋੜਨਹਾਰਾ ਫੰਦ, ਆਪਣੀ ਹੱਥੀਂ ਤੋੜ ਤੁੜਾਇਆ । ਰਸਨਾ ਗੌਣਾ ਬੱਤੀ ਦੰਦ, ਘਰ ਘਰ ਵਿਚ ਹੋਏ ਸਹਾਇਆ । ਦੀਨ ਦਿਆਲਾ ਗੁਰ ਗੋਪਾਲਾ, ਆਪ ਚੜ੍ਹਾਏ ਸਾਚਾ ਚੰਦ, ਰਵ ਸਸ ਰਹੇ ਸ਼ਰਮਾਇਆ । ਇਕ ਉਪਜਾਏ ਪਰਮਾਨੰਦ, ਆਤਮ ਦਰਸੀ ਦਰਸ ਦਿਖਾਇਆ । ਸ਼ਬਦ ਅਨਾਦੀ ਸੁਹਾਗੀ ਛੰਦ, ਮੰਗਲ ਸੋਹਲਾ ਰਾਗ ਏਕਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲੇਖਾ ਲੇਖੇ ਲਾਇਆ । ਲੇਖਾ ਲੇਖੇ ਗਿਆ ਲੱਗ, ਹਰਿ ਸਾਚਾ ਆਪ ਲਗਾਇੰਦਾ । ਫੜ ਫੜ ਹੰਸ ਬਣਾਏ ਕਗ, ਸੋਹੰ ਮੋਤੀ ਚੋਗ ਚੁਗਾਇੰਦਾ । ਦੀਪਕ ਜੋਤੀ ਜਾਏ ਜਗ, ਜਗਤ ਅੰਧੇਰ ਮਿਟਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਆਪ ਆਪਣਾ ਰੂਪ

ਵਟਾਇੰਦਾ । ਗੁਰਸਿਖ ਮੇਰਾ ਸੁੱਚਾ ਨਗ, ਆਪੇ ਤਾਜ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸੇਹਰਾ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਵੇਖ ਵਖਾਇੰਦਾ । ਤੇਰਾ ਮੇਰਾ ਏਕਾ ਰੰਗ, ਅੰਗੀਕਾਰ ਕਰਾਇਆ । ਤੇਰੀ ਸੇਜਾ ਸਚ ਪਲੰਘ, ਹਰਿ ਜੀ ਆਸਣ ਲਾਇਆ । ਆਪ ਵਜਾਏ ਸਚ ਮਰਦੰਗ, ਢੋਲਕ ਛੈਣਾ ਨਾ ਕੋਈ ਵਜਾਇਆ । ਤੇਰੇ ਅੰਦਰ ਵਹਾਏ ਸਾਚੀ ਗੰਗ, ਗੰਗਾ ਲਹਿਣਾ ਦਏ ਚੁਕਾਇਆ । ਰਵਦਾਸ ਨਿਭਾਇਆ ਅੰਤਮ ਸੰਗ, ਹਰਿ ਸਾਚੇ ਮੇਲ ਮਿਲਾਇਆ । ਤੁਟੀ ਆਪੇ ਲਏ ਗੰਢ, ਗੰਢਣਹਾਰ ਆਪ ਅਖਵਾਇਆ । ਤੇਰੇ ਕਰਮਾਂ ਆਪਣੇ ਸੀਸ ਚੁੱਕੇ ਪੰਡ, ਤੇਰਾ ਹੌਲਾ ਭਾਰ ਕਰਾਇਆ । ਤੇਰਾ ਦਰ ਉਪਰ ਬ੍ਰਹਿਮੰਡ, ਹਰਿ ਸਾਚੇ ਆਪ ਬਣਾਇਆ । ਕੋਟਨ ਕੋਟ ਜੋਗ ਜੁਗੀਸ਼ਰ ਮੁਨੀ ਮੁਨੀਸ਼ਰ ਤਪੀ ਤਪੀਸ਼ਰ ਰਹੇ ਮੰਗ, ਹੱਥ ਕਿਸੇ ਨਾ ਆਇਆ । ਸਤਿਗੁਰ ਪੂਰਾ ਦਾਤਾ ਦਾਨੀ ਵਡ ਸਰਬੰਗ, ਕਲਜੁਗ ਸਰਸਾ ਪਾਰ ਕਰਾਇਆ । ਕਾਇਆ ਚੋਲੀ ਨਾਮ ਮਜੀਠੀ ਚਾੜ੍ਹੇ ਰੰਗ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦਰ ਤੇਰਾ ਸੱਚਾ ਇਕ ਸੁਹਾਇਆ । ਤੇਰਾ ਦਰ ਸੱਚਾ ਦਰਬਾਰ, ਹਰਿ ਸਾਚੇ ਜੋਤ ਜਗਾਈਆ । ਨਿਰਗੁਣ ਦੀਪਕ ਕਰ ਉਜਿਆਰ, ਸਰਗੁਣ ਵੇਖੇ ਬੇਪਰਵਾਹੀਆ । ਸ਼ਬਦ ਅਗੰਮ ਸੱਚੀ ਧੁਨਕਾਰ, ਧੁਨ ਆਤਮਕ ਆਪ ਵਜਾਈਆ । ਲੇਖਾ ਲਿਖਣਾ ਬਣ ਭਿਖਾਰ, ਪ੍ਰਭ ਸਾਚਾ ਦਏ ਲਿਖਾਈਆ । ਸੰਮਤ ਸੋਲਾਂ ਸਤਾਰਾਂ ਹਾੜਾ ਭਰੇ ਭੰਡਾਰ, ਗਿਆਨੀ ਧਿਆਨੀ ਵਡ ਵਿਦਵਾਨੀ ਤੇਰੇ ਚਰਨਾਂ ਰਾਹ ਤਕਾਈਆ । ਦੇਵੇ ਨਾਮ ਧੁਰ ਨਾਮ ਇਕ ਨਿਸ਼ਾਨ, ਸੋਹੰ ਝੰਡਾ ਹੱਥ ਫੜਾਈਆ । ਲੋਆਂ ਪੁਰੀਆਂ ਬ੍ਰਹਮਾ ਵਿਸ਼ਨ ਮਹੇਸ਼ਾ ਕਰੋੜ ਤੇਤੀਸ ਦੇਵਤ ਸੁਰ ਵੱਜੇ ਕਾਨੀ, ਤੀਰ ਨਿਰਾਲਾ ਇਕ ਚਲਾਈਆ । ਆਪੇ ਮੰਦਰ ਗਾਏ ਬਾਣੀ, ਬਾਵਨ ਬਾਵਨ ਰੂਪ ਵਟਾਈਆ । ਧੰਨ ਸੁਭਾਗ ਸੁਘੜ ਸਿਆਣੀ ਹੋਈ ਰਾਣੀ, ਘਰ ਬੈਠੀ ਸਗਨ ਮਨਾਈਆ । ਕੰਤ ਕੰਤੂਹਲ ਰੰਗ ਰੰਗੀਲਾ ਅਬਿਨਾਸ਼ੀ ਕਰਤਾ ਜਾਣ ਜਾਣੀ, ਘਟ ਅੰਦਰ ਵੇਖ ਵਖਾਈਆ । ਮਿਲੇ ਮੇਲ ਪ੍ਰਭ ਸਾਚੇ ਹਾਣੀ, ਦੂਸਰ ਓਟ ਨਾ ਕੋਈ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਤਾਰ ਹਰਿ ਨਿਰੰਕਾਰ, ਆਪੇ ਖਿੱਚੇ ਆਪਣੀ ਵਾਰ, ਆਪਣੀ ਸੇਵਾ ਆਪ ਲਗਾਈਆ । ਖਿੱਚੇ ਤਾਰ ਸੁਰਤ ਸਵਾਣੀ, ਸ਼ਬਦੀ ਸੇਵ ਕਮਾਇਆ । ਦੇਵੇ ਨਾਮ ਧੁਰ ਦੀ ਬਾਣੀ, ਦਰ ਦੁਵਾਰਾ ਇਕ ਖੁਲ੍ਹਾਇਆ । ਆਪ ਸੁਣਾਏ ਅਕੱਥ ਕਹਾਣੀ, ਕਥਨੀ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖਾਂ ਦੇਵੇ ਵਰ, ਜਨ ਭਗਤਾਂ ਦਰ ਦਰ ਘਰ ਘਰ ਕਲਜੁਗ ਕਰੇ ਆਪ ਪਛਾਣੀ । ਖਿਚੀ ਤਾਰ ਸਤਿ ਸਤਾਰ ਨਿਰੰਕਾਰ, ਅਕਲ ਕਲ ਵਰਤਾਈਆ । ਦੇਵੇ ਨਾਮ ਸੱਚੀ ਧੁਨਕਾਰ, ਧੁਨ ਅਨਾਦੀ ਆਪ ਸੁਣਾਈਆ । ਗਾਵਤ ਗਾਏ ਵਾਰੋ ਵਾਰ, ਦਿਵਸ ਰੈਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵੱਖਰ, ਨਾਮ ਭਿਛਿਆ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੀ ਝੋਲੀ ਪਾਈਆ । ਦਿਵਸ ਸੁਹੰਜਣਾ ਭਗਤ ਵਡਿਆਈ, ਸੰਤਨ ਮੰਗਲ ਗਾਇਆ । ਆਦਿ ਨਿਰੰਜਣ ਖੇਲ ਖਿਲਾਈ, ਜਾਗਰਤ ਜੋਤ ਕਰੇ ਰੁਸ਼ਨਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਮੇਟਣਹਾਰ ਕਾਲੀ ਸ਼ਾਹੀਆ । ਸਾਚਾ ਮਾਰਗ ਇਕ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਰਿਹਾ ਜਣਾਇਆ । ਹਰਿ ਸੰਗਤ ਹਰਿ ਸ਼ਬਦ ਜਣਾਏ, ਸਾਚੀ ਸਿਖਿਆ ਇਕ ਸਮਝਾਈਆ । ਭੈਣ ਭਾਈ ਸਰਬ ਵਖਾਏ, ਨੇਤਰ

ਨੈਣ ਨਾ ਕੋਈ ਉਠਾਈਆ । ਪਹਿਲਾ ਸੋਹਲਾ ਕੁਲਦੀਪ ਗਾਏ, ਸਿੰਘ ਬਿਸ਼ਨ ਦੀ ਜਾਈਆ । ਸਾਚਾ ਸਿਹਰਾ ਸੀਸ ਬੰਧਾਏ, ਵੀਰ ਵੀਰ ਕਰੇ ਵਡਿਆਈਆ । ਭਾਈ ਭੈਣ ਸਿਰ ਹੱਥ ਰਖਾਏ, ਆਪਣੀਆਂ ਭੁਜਾ ਉਠਾਈਆ । ਭੈਣ ਭਾਈ ਰਾਹ ਤਕਾਏ, ਦਿਵਸ ਰੈਣ ਵੇਖ ਵਖਾਈਆ । ਸਤਿਜੁਗ ਸਾਚਾ ਨਾਤਾ ਸਤਿਗੁਰ ਪੂਰਾ ਆਪ ਚੜ੍ਹਾਏ, ਹਰਿ ਸੰਗਤ ਏਕਾ ਮਾਤਾ ਏਕਾ ਪਿਤਾ ਏਕਾ ਘਰ ਜਾਈਆ । ਸਚ ਸਪੁੱਤਰੀ ਸਤਿਗੁਰ ਪੂਰਾ ਤੇਰਾ ਲੇਖਾ ਆਪਣੇ ਲੇਖੇ ਲਾਏ, ਤੇਰੀ ਆਤਮ ਹਰਿ ਗੁਣ ਗਾਏ, ਘਰ ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਸੇਹਰਾ ਹਰਿ ਸੰਗਤ ਸਿਰ ਬੰਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਵੀਹ ਸੌ ਸੋਲਾਂ ਬਿਕ੍ਰਮੀ ਆਪੇ ਵੇਖਣ ਆਈਆ ।

### ✪ ੧੬ ਹਾੜ ੨੦੧੬ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਨੌਂ ਨੌਂ ਚਾਰ ਸਦ, ਅਲੱਖ ਅਭੇਵ ਅਪਾਰ । ਆਦਿ ਜੁਗਾਦਿ ਖੇਲ ਬ੍ਰਹਿਮਦ, ਪਾਰਬ੍ਰਹਮ ਰੂਪ ਕਰਤਾਰ । ਸ਼ਬਦ ਅਨਾਦ ਵਜਾਏ ਨਦ, ਧੁਨ ਅਗੰਮ ਸੱਚੀ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲਣਹਾਰ । ਨੌਂ ਨੌਂ ਚਾਰ ਖੇਲ, ਖੇਲ ਹਰਿ ਨਿਰੰਕਾਰਿਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕ ਅਵਤਾਰ, ਗੁਰਮਤ ਗੁਰ ਇਕ ਅਖਵਾ ਰਿਹਾ । ਜੋਤੀ ਨੂਰ ਨੂਰ ਉਜਿਆਰ, ਸ਼ਬਦ ਸ਼ਬਦੀ ਸ਼ਬਦ ਉਪਜਾ ਰਿਹਾ । ਹਰਿ ਹਰਿ ਹਰਿ ਤਿਆਰ, ਪਾਰਬ੍ਰਹਮ ਵੇਸ ਵਟਾ ਰਿਹਾ । ਬੋਧ ਅਗਾਧੀ ਖੇਲ ਅਪਾਰ, ਲੇਖਾ ਲੇਖ ਨਾ ਕੋਈ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾ ਲਿਆ । ਨੌਂ ਨੌਂ ਚਾਰ ਖੇਲ ਅਗੰਮ, ਅਲੱਖ ਨਿਰੰਜਣ ਵਡ ਵਡਿਆਈਆ । ਆਦਿ ਜੁਗਾਦੀ ਜਾਣੇ ਆਪਣੇ ਕੰਮ, ਨਾ ਕੋਈ ਦੂਸਰ ਸੰਗ ਰਖਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਲ ਕਲਾ ਆਪ ਅਖਵਾਈਆ । ਨੌਂ ਨੌਂ ਚਾਰ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾ । ਖੇਲੇ ਖੇਲ ਖੇਲਣਹਾਰ, ਭੇਵ ਅਭੇਦਾ ਭੇਵ ਛੁਪਾ । ਨਿਰਗੁਣ ਦੀਪਕ ਬਾਤੀ ਕਮਲਾਪਾਤੀ ਆਪ ਕਰ ਉਜਿਆਰ, ਆਪ ਆਪਣਾ ਦਰ ਸੁਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਾਲ ਮੂਰਤ ਅਜੂਨੀ ਰਹਿਤ ਨਿਰਾਕਾਰ ਆਪ ਹੋ ਜਾ । ਨੌਂ ਨੌਂ ਚਾਰ ਹੰ, ਪਰਮ ਪੁਰਖ ਅਖਵਾਇਆ । ਥਿਰ ਘਰ ਬੈਠ ਸਚ ਪਲੰਘ, ਪੁਰਖ ਅਬਿਨਾਸ਼ੀ ਆਸਣ ਲਾਇਆ । ਆਪਣਾ ਦਰ ਦਰਵਾਜ਼ਾ ਦਰ ਦਰਵੇਸ਼ ਆਪੇ ਲੰਘ, ਆਪ ਆਪਣੀ ਅਲੱਖ ਜਗਾਇਆ । ਨਿਰਗੁਣ ਨਿਰਗੁਣ ਅੱਗੇ ਰਿਹਾ ਮੰਗ, ਨਿਰਾਕਾਰ ਵੇਸ ਵਟਾਇਆ । ਆਪੇ ਦਾਤਾ ਦਾਨੀ ਸੂਰਾ ਸਰਬੰਗ, ਦੇਵਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਧਰਾਇਆ । ਨੌਂ ਨੌਂ ਚਾਰ ਨਾਉਂ, ਨਾਮਾ ਨਾਮ ਵਡਿਆਈਆ । ਸਚਖੰਡ ਵਸੇ ਸਚ ਗਰਾਉਂ, ਘਰ ਮੰਦਰ ਇਕ ਸੁਹਾਈਆ । ਮਹੱਲ ਅਟੱਲ ਉਚ ਮਿਨਾਰ, ਬੇਪਰਵਾਹ ਅਗੰਮ ਅਥਾਹ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਪਕ ਜੋਤ ਕਰ ਰੁਸ਼ਨਾਈਆ । ਨੌਂ ਨੌਂ

ਚਾਰ ਮੀਤ, ਚੌਥੇ ਪਦ ਸਮਾਇਆ। ਪੁਰਖ ਅਬਿਨਾਸ਼ੀ ਏਕਾ ਗੀਤ, ਏਕੰਕਾਰਾ ਮੁਖ ਸਲਾਹਿਆ। ਆਪੇ ਜਾਣੇ ਆਪਣੀ ਰੀਤ, ਲੇਖਾ ਲਿਖਤ ਵਿਚ ਨਾ ਆਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ। ਨੌਂ ਨੌਂ ਚਾਰ ਖੇਲ, ਖੇਲਣਹਾਰ ਪੁਰਖ ਸਮਰੱਥਿਆ। ਵਸਣਹਾਰਾ ਰੰਗ ਨਵੇਲ, ਆਪ ਚਲਾਏ ਆਪਣਾ ਰਥਿਆ। ਧੁਰਦਰਗਾਹੀ ਸੱਜਣ ਸੁਹੇਲ, ਆਪੇ ਜਾਣੇ ਆਪਣੀ ਕਥਨ ਕੱਥਿਆ। ਆਪੇ ਗੁਰੂ ਆਪੇ ਬਣੇ ਚੇਲ, ਆਪੇ ਘਟ ਘਟ ਅੰਦਰ ਵਸਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਦੋ ਜਹਾਨੀ ਫਿਰੇ ਨੱਸਿਆ। ਨੌਂ ਨੌਂ ਚਾਰ ਦੋ ਜਹਾਨ, ਹਰਿ ਹਰਿ ਖੇਲ ਖਲੰਦੜਾ। ਪੁਰਖ ਅਬਿਨਾਸ਼ੀ ਮਿਹਰਵਾਨ, ਸਚ ਦੁਵਾਰਾ ਇਕ ਸੁਹੰਦੜਾ। ਸ਼ਬਦ ਅਗੰਮੀ ਇਕ ਨਿਸ਼ਾਨ, ਧਰਮ ਦੁਵਾਰੇ ਆਪ ਝੁਲੰਦੜਾ। ਥਿਰ ਘਰ ਬੈਠ ਸੱਚੇ ਮਕਾਨ, ਆਪਣਾ ਦੀਪਕ ਆਪ ਜਗੰਦੜਾ। ਦੀਪਕ ਜੋਤੀ ਜਗੇ ਮਹਾਨ, ਪ੍ਰਕਾਸ਼ ਪ੍ਰਕਾਸ਼ ਕਰੰਦੜਾ। ਸਚ ਤਖ਼ਤ ਬੈਠ ਸੁਲਤਾਨ, ਸ਼ਾਹੋ ਭੂਪ ਆਪ ਅਖਵੰਦੜਾ। ਆਪੇ ਦਰ ਦਰਬਾਰੀ ਬਣ ਦਰਬਾਨ, ਦਰ ਦਰਵੇਸ਼ ਸੀਸ ਝੁਕੰਦੜਾ। ਆਪੇ ਦੇਵੇ ਧੁਰ ਫ਼ਰਮਾਣ, ਆਪ ਅਪਣਾ ਹੁਕਮ ਸੁਣੰਦੜਾ। ਆਪੇ ਹੋਏ ਨਿਗਹਬਾਨ, ਵੇਖਣਹਾਰ ਆਪ ਹੋ ਜਾਂਦੜਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਖੇਲ ਖਲੰਦੜਾ। ਨੌਂ ਨੌਂ ਚਾਰ ਜੁਗ, ਚਾਰ ਚਾਰ ਵਡਿਆਈਆ। ਆਪੇ ਕਰੇ ਆਪਣਾ ਯੁੱਧ, ਆਪੇ ਵੇਖ ਵਖਾਈਆ। ਜਗਤ ਝੇੜਾ ਮਨ ਮਤ ਬੁੱਧ, ਬੁੱਧ ਬਿਬੇਕ ਆਪ ਹੋ ਜਾਈਆ। ਆਪੇ ਮਨੂਆ ਰਿਹਾ ਕੁੱਦ, ਆਪੇ ਹਰਿ ਰੰਗ ਵਖਾਈਆ। ਆਪੇ ਵੇਸ ਵਟਾਏ ਅਠਾਰਾਂ ਸਿਧ ਨੌਂ ਨਿਧ, ਨੌਂ ਦਰ ਖੋਜ ਖੁਜਾਈਆ। ਆਪੇ ਤ੍ਰੈਗੁਣ ਕਰੇ ਯੁੱਧ, ਰਜੋ ਤਮੋ ਸਤੋ ਮੇਲ ਮਿਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ। ਨੌਂ ਨੌਂ ਚਾਰ ਖਾਣ, ਖਾਣੀ ਖਾਣ ਪਛਾਣਿਆ। ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਸ੍ਰੀ ਭਗਵਾਨਿਆ। ਏਕਾ ਵਸੇ ਸਚ ਮਕਾਨ, ਮੰਦਰ ਅੰਦਰ ਸ਼ਾਹ ਸੁਲਤਾਨਿਆ। ਸਾਚਾ ਭੂਪ ਰਾਜ ਰਾਜਾਨ, ਸੀਸ ਤਾਜ ਇਕ ਟਿਕਾਨਿਆ। ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਵੇਖ ਵਿਖਾਨਿਆ। ਰਵ ਸਸ ਕਰੇ ਪਛਾਣ, ਮੰਡਲ ਮੰਡਪ ਫੇਰਾ ਪਾਨਿਆ। ਵੇਖਣਹਾਰਾ ਜ਼ਿਮੀ ਅਸਮਾਨ, ਗਗਨ ਗਗਨੰਤਰ ਡੇਰਾ ਲਾਨਿਆ। ਏਕਾ ਜੋਤ ਸ੍ਰੀ ਭਗਵਾਨ, ਜੀਅ ਦਾਤਾ ਆਪ ਅਖਵਾਨਿਆ। ਆਪੇ ਹੋਇਆ ਬੇਪਛਾਣ, ਆਪ ਆਪਣਾ ਰੂਪ ਵਟਾਨਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਨਿਆ। ਨੌਂ ਨੌਂ ਚਾਰ ਜੋਤ ਉਜਾਲਾ, ਸਤਿਗੁਰ ਪੁਰਖ ਅਖਵਾਇਆ। ਪਰਮ ਪੁਰਖ ਪ੍ਰਭ ਦੀਨ ਦਿਆਲਾ, ਭੇਵ ਅਭੇਦਾ ਅਛਲ ਅਛੇਦਾ ਚਾਰੇ ਵੇਦਾਂ ਭੇਵ ਨਾ ਰਾਇਆ। ਚਰਨ ਦੁਵਾਰੇ ਰਖਾਏ ਕਾਲ ਮਹਾਂਕਾਲਾ, ਧਰਮਸਾਲਾ ਇਕ ਸੁਹਾਇਆ। ਆਦਿ ਜੁਗਾਦੀ ਜੁਗਾ ਜੁਗੰਤ ਚਲੇ ਅਵੱਲੜੀ ਚਾਲਾ, ਜੁਗ ਜੁਗ ਚਲਦਾ ਆਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਕਰੇ ਰੁਸ਼ਨਾਇਆ। ਨੌਂ ਨੌਂ ਚਾਰ ਜੋਤ ਰੁਸ਼ਨਾਈ, ਹਰਿ ਸਚਾ ਵੇਸ ਵਟਾਇੰਦਾ। ਪਾਰਬ੍ਰਹਮ ਬ੍ਰਹਮ ਵੱਜੇ ਵਧਾਈ, ਆਪੇ ਵੇਖ ਵਖਾਇੰਦਾ। ਸ਼ਬਦ ਸ਼ਬਦੀ ਕਰ ਕੁੜਮਾਈ, ਸਾਚਾ ਸਗਨ ਮਨਾਇੰਦਾ। ਲੱਖ ਚੁਰਾਸੀ ਡੇਰਾ ਲਾਈ, ਆਪਣਾ ਮੁਖ ਛੁਪਾਇੰਦਾ। ਵਿਸ਼ਨੂੰ ਵੰਸੀ ਰੂਪ ਵਟਾਈ, ਕਵਲ ਮੁਖ ਖੁਲ੍ਹਾਇੰਦਾ। ਬ੍ਰਹਮਾ ਹਰਿ ਹਰਿ ਇਕ ਸਮਝਾਈ, ਏਕਾ ਰਾਗ ਅਲ੍ਹਾਇੰਦਾ। ਸ਼ੰਕਰ ਲੇਖਾ ਆਪ ਸਮਝਾਈ, ਆਪਣੇ ਮਾਰਗ ਲਾਇੰਦਾ। ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਇੰਦਾ । ਨੌ ਨੌ ਚਾਰ ਸੱਜਣ, ਹਰੀ ਹਰਿ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਪਾਰਬ੍ਰਹਮ ਅਗੰਮ ਅਥਾਹ ਬੇਪਰਵਾਹ ਆਪੇ ਹੋਏ ਪਰਦੇ ਕੱਜਣ, ਆਪੇ ਪਰਦਾ ਲਾਹਿੰਦਾ । ਸ਼ਬਦ ਅਗੰਮਾ ਸਚ ਸਲਾਹ, ਇਕ ਜਪਾਏ ਆਪਣਾ ਨਾਂ, ਦੂਸਰ ਮਾਰਗ ਨਾ ਕੋਈ ਵਖਾਇੰਦਾ । ਜਗਤ ਜੁਗਤ ਭਗਤ ਪਕੜੇ ਬਾਂਹ, ਆਪੇ ਪਿਤਾ ਆਪੇ ਮਾਂ, ਬਾਲ ਅੰਞਾਣੇ ਗੋਦ ਉਠਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਕਰੇ ਨਿਆਂ, ਕਲਜੁਗ ਵੇਲਾ ਅੰਤਮ ਆਇੰਦਾ । ਕਰੋੜ ਤੇਤੀਸਾ ਮਾਰੇ ਧਾ, ਰੋ ਰੋ ਨੀਰ ਵਹਾਇੰਦਾ । ਗਣ ਗੰਧਰਬ ਤੱਕਣ ਰਾਹ, ਰਾਹ ਖਹਿੜਾ ਦਿਸ ਨਾ ਆਇੰਦਾ । ਸਤਿਗੁਰ ਪੂਰਾ ਬੇਪਰਵਾਹ, ਕਰਨੀ ਕਰਤਾ ਕਰਨੀ ਆਪਣੀ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਜਗਤ ਬੁਝਾਏ ਬਸੰਤਰ, ਆਤਮ ਅੰਤਰ ਵੇਖ ਵਖਾਇੰਦਾ । ਨੌ ਨੌ ਚਾਰ ਆਤਮ ਧਾਰ, ਆਤਮ ਹਰਿ ਹਰਿ ਜਣਾਈਆ । ਜਗਤ ਵਿਦਿਆ ਵਸਿਆ ਬਾਹਿਰ, ਲਿਖਣ ਪੜ੍ਹਣ ਵਿਚ ਨਾ ਆਈਆ । ਗਾ ਗਾ ਥੱਕੇ ਵੇਦ ਚਾਰ, ਪੁਰਾਨ ਅਠਾਰਾਂ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਗਏ ਹਾਰ, ਦਿਵਸ ਰੈਣ ਸਿਫ਼ਤ ਸਲਾਹੀਆ । ਗੁਰ ਪੀਰ ਸਾਧ ਸੰਤ ਰਹੇ ਪੁਕਾਰ, ਦਿਵਸ ਰੈਣ ਰਸਨਾ ਜਿਹਵਾ ਹਿਲਾਈਆ । ਗੀਤਾ ਗਿਆਨ ਇਕ ਅਧਾਰ, ਅੱਠ ਦਸ ਰੰਗ ਰੰਗਾਈਆ । ਅੰਜੀਲ ਕੁਰਾਨ ਕਰੇ ਪੁਕਾਰ, ਪਰਵਰਦਿਗਾਰ ਭੇਵ ਨਾ ਰਾਈਆ । ਨਾਨਕ ਨਿਰਗੁਣ ਨਿਰਾਕਾਰ, ਨਿਰੰਕਾਰ ਸੇਵਾ ਲਾਈਆ । ਸ਼ਬਦ ਅਗੰਮੀ ਏਕਾ ਧਾਰ, ਆਦਿ ਅਨਾਦ ਆਪ ਸੁਣਾਈਆ । ਬ੍ਰਹਮ ਬ੍ਰਹਿਮਾਦ ਰਿਹਾ ਵਿਚਾਰ, ਪਾਰਬ੍ਰਹਮ ਵੱਡੀ ਵਡਿਆਈਆ । ਠਾਂਡਾ ਦਰਸ ਦਰ ਸੱਚੇ ਦਰਬਾਰ, ਹਰਿ ਬੈਠਾ ਆਸਣ ਲਾਈਆ । ਸੱਜਣ ਸੁਹੇਲਾ ਮੀਤ ਮੁਰਾਰ, ਇਕ ਅਕੇਲਾ ਰਿਹਾ ਤਰਾਈਆ । ਗੁਰ ਚੇਲਾ ਸੋਹੇ ਇਕ ਘਰ ਬਾਰ, ਘਰ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਨੌ ਨੌ ਚਾਰ ਹਰਿ ਕਰਨ ਜੋਗ, ਆਪਣਾ ਕਰਮ ਕਮਾਇੰਦਾ । ਜਗਤ ਆਯੂ ਰਿਹਾ ਭੋਗ, ਜੁਗ ਵੇਖ ਵਖਾਇੰਦਾ । ਵੇਖਣਹਾਰਾ ਤੀਨਾਂ ਲੋਕ, ਚੌਦਾਂ ਹੱਟਾਂ ਫੋਲ ਫੁਲਾਇੰਦਾ । ਚੌਦਾਂ ਤਬਕਾਂ ਇਕ ਸਲੋਕ, ਏਕਾ ਸੋਹਲਾ ਗਾਇੰਦਾ । ਲੱਖ ਚੁਰਾਸੀ ਦੇਵਣਹਾਰਾ ਮੋਖ, ਆਪ ਆਪਣਾ ਵੇਸ ਵਟਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ, ਆਲਸ ਨਿੰਦਰਾ ਵਿਚ ਨਾ ਆਇੰਦਾ । ਜਨ ਭਗਤਾਂ ਚੁਗਾਏ ਨਾਮ ਚੋਗ, ਸੋਹੰ ਹੰਸਾ ਮੁਖ ਸਲਾਹਿੰਦਾ । ਕੱਟਣਹਾਰਾ ਹਉਮੇ ਰੋਗ, ਅੰਤਰ ਆਤਮ ਮੇਲ ਮਿਲਾਇੰਦਾ । ਭੋਗਣਹਾਰਾ ਸਾਚਾ ਭੋਗ, ਸੁਰਤ ਸੁਵਾਣੀ ਸੰਗ ਰਲਾਇੰਦਾ । ਦੇਵਣਹਾਰਾ ਦਰਸ ਅਮੋਘ, ਜੋਤੀ ਨੂਰ ਡਗਮਗਾਇੰਦਾ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬੰਧਨ ਪਾਇੰਦਾ । ਨੌ ਨੌ ਚਾਰ ਬੰਧਨ ਪਾ, ਡੋਰੀ ਤੰਦ ਬੰਧਾਇਆ । ਨਿਰਗੁਣ ਨਿਰਗੁਣ ਖੇਲ ਖਿਲਾ, ਲੇਖਾ ਨਿਰਗੁਣ ਹੱਥ ਰਖਾਇਆ । ਸਰਗੁਣ ਮੇਲਾ ਬੇਪਰਵਾਹ, ਗੁਰ ਸਤਿਗੁਰ ਰੂਪ ਵਟਾਇਆ । ਪੰਜ ਤੱਤ ਡੇਰਾ ਆਪੇ ਲਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੁਹਾਇਆ । ਮਨ ਮਤ ਬੁੱਧ ਲਏ ਪਰਨਾ, ਆਪ ਆਪਣਾ ਸੰਗ ਨਿਭਾਇਆ । ਘਰ ਵਿਚ ਘਰ ਲਏ ਉਪਾ, ਨਿਝ ਘਰ ਆਪੇ ਡੇਰਾ ਲਾਇਆ । ਸ਼ਬਦ ਅਨਾਦੀ ਰਾਗ ਅਲਾ, ਅਨਹਦ ਤਾਲ ਵਜਾਇਆ । ਹਰਿ ਲੇਖਾ ਇਕ ਸਮਝਾ, ਏਕਾ ਦਰ ਵਖਾਇਆ । ਦੂਈ ਦਵੈਤੀ ਪਰਦਾ ਲਾਹ, ਆਪਣਾ ਰਾਹ ਵਖਾਇਆ । ਸਾਚੀ ਸੇਜਾ ਡੇਰਾ ਲਾ, ਜੋਤੀ ਜੋਤ ਸਰੂਪ ਹਰਿ,

੬੬੦

੦੮

ਆਪ ਆਪਣੀ ਜੋਤ ਧਰ, ਜੋਤੀ ਨੂਰ ਕਰ ਰੁਸ਼ਨਾਇਆ । ਨੌ ਨੌ ਚਾਰ ਹਰਿ ਹਰਿ ਜ਼ੋਰ, ਆਪ ਆਪਣਾ ਬਲ ਵਖਾਈਆ । ਵਸਣਹਾਰਾ ਅੰਧ ਘੋਰ, ਘੋਰ ਅੰਧੇਰਾ ਵੇਖ ਵਖਾਈਆ । ਵੇਖਣਹਾਰਾ ਪੰਚ ਚੋਰ, ਪੰਚਾਂ ਕਰੇ ਲੜਾਈਆ । ਪਾਵਣਹਾਰਾ ਝੂਠਾ ਸ਼ੋਰ, ਦਿਵਸ ਰੈਣ ਰਿਹਾ ਕੁਰਲਾਈਆ । ਵਸਣਹਾਰਾ ਮੜੀ ਗੋਰ, ਖ਼ਾਕੀ ਖ਼ਾਕ ਰਿਹਾ ਰੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਅਵੱਲਾ ਇਕ ਇਕੱਲਾ, ਏਕਾ ਰੰਗ ਰੰਗਾਈਆ । ਨੌ ਨੌ ਚਾਰ ਜਲਾ ਥਲਾ, ਸਮੁੰਦ ਸਾਗਰ ਵੇਖ ਵਖਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਮੰਦਰ ਅੰਦਰ ਫੇਰਾ ਪਾਈਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਏਕਾ ਰੰਗ ਰੰਗਾਈਆ । ਵਸਣਹਾਰਾ ਨੇਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਮੁਨਾਰ ਦਰ ਦੁਵਾਰ ਬੈਠਾ ਆਸਣ ਲਾਈਆ । ਆਪਣੇ ਦੀਪਕ ਆਪੇ ਬਲਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸ਼ਬਦ ਸੁਨੇਹੁੜਾ ਏਕਾ ਘੱਲਾ, ਧੁਰ ਦੀ ਬਾਣ ਰਖਾਈਆ । ਕਰੇ ਕਰਾਏ ਵਲ ਛੱਲਾ, ਅਛਲ ਅਛੱਲ ਆਪ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਨੌ ਨੌ ਚਾਰ ਜੁਗ, ਜੁਗ ਜੁਗ ਵੇਸ ਵਟਾਇਆ । ਸੰਤ ਸੁਹੇਲੇ ਸਾਚੇ ਚੁਗ, ਆਪ ਆਪਣੇ ਚਰਨ ਲਗਾਇਆ । ਸੁਫਲ ਕਰੇ ਮਾਤ ਮੁੱਖ, ਧੰਨ ਧੰਨ ਜਣੇਂਦੀ ਮਾਇਆ । ਸਚਖੰਡ ਦੁਵਾਰੇ ਸਾਚਾ ਸੁੱਖ, ਘਰ ਸਾਚੇ ਮੇਲ ਮਿਲਾਇਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਹਉਮੇ ਹੰਗਤਾ ਰੋਗ ਮਿਟਾਇਆ । ਸੁਫਲ ਕਰਾਏ ਜਨਨੀ ਕੁੱਖ, ਦਸ ਦਸ ਮਾਸ ਲੇਖੇ ਲਾਇਆ । ਉਲਟਾ ਗਰਭ ਨਾ ਹੋਏ ਰੁੱਖ, ਗੁਰ ਸਤਿਗੁਰ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਨੌ ਚਾਰ ਉਤਰੇ ਪਾਰ, ਸਦ ਸਦ ਕਰੇ ਵਿਚਾਰ, ਬ੍ਰਹਿਮਦ ਤੇਰਾ ਬੇੜਾ ਪਾਰ, ਪਾਰ ਕਿਨਾਰਾ ਆਪ ਵਖਾਇਆ । ਪਾਰ ਕਿਨਾਰਾ ਡੂੰਘਾ ਸਾਗਰ, ਗਹਿਰ ਗੰਭੀਰ ਦਇਆ ਕਮਾਈਆ । ਹਰਿਜਨ ਤੇਰੀ ਕਾਇਆ ਗਾਗਰ, ਸਤਿ ਸਰੋਵਰ ਵੇਖ ਵਖਾਈਆ । ਨਿਰਮਲ ਕਰਮ ਕਰੇ ਉਜਾਗਰ, ਕਲਜੁਗ ਅੰਤਮ ਜਨਮ ਦਵਾਈਆ । ਕਰਾਇਆ ਵਣਜ ਸੱਚਾ ਸੌਦਾਗਰ, ਸੋਹੰ ਸ਼ਬਦ ਹੋਈ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਵੇਖ ਵਖਾਈਆ । ਚੌਥੇ ਜੁਗ ਸਾਚੀ ਕਲ, ਹਰਿ ਸਾਚਾ ਆਪ ਵਰਤਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲ, ਵਲ ਛਲ ਧਾਰੀ ਭੇਵ ਨਾ ਆਇੰਦਾ । ਵਸਣਹਾਰਾ ਜਲ ਥਲ, ਲੋਕਮਾਤ ਜੋਤ ਜਗਾਇੰਦਾ । ਜੋਤੀ ਸ਼ਬਦੀ ਆਪੇ ਰਲ, ਪਵਣੀ ਪਵਣ ਸਮਾਇੰਦਾ । ਸ਼ਬਦ ਸੁਨੇਹੁੜਾ ਏਕਾ ਘੱਲ, ਗੁਰਮੁਖ ਸੋਏ ਮਾਤ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਜੋਤ ਜਗਾਇੰਦਾ । ਜੋਤੀ ਜੋਤ ਜੋਤ ਜਗਾ, ਜੋਤ ਸਰੂਪੀ ਜਾਮਾ ਪਾਇੰਦਾ । ਵਰਨ ਗੋਤ ਗੋਤ ਵਰਨ ਨਾ ਕੋਈ ਰਖਾ, ਆਪ ਆਪਣਾ ਰੰਗ ਰੰਗਾਇੰਦਾ । ਸ਼ਬਦ ਚੋਟ ਨਗਾਰੇ ਇਕ ਲਗਾ, ਸਚ ਨਗਾਰਾ ਆਪ ਵਜਾਇੰਦਾ । ਨੌ ਸੌ ਚੁਰਾਨਵੇਂ ਚੌਕੜੀ ਪਾਰ ਕਰਾ, ਚੌਥੇ ਜੁਗ ਫੇਰਾ ਪਾਇੰਦਾ । ਸਤਿਜੁਗ ਤਰੇਤਾ ਦੁਵਾਪਰ ਲਾਈ ਢਾਹ, ਕਲਜੁਗ ਅੰਤਮ ਕੰਢਾ ਆਪ ਵਖਾਇੰਦਾ । ਖੇਲੇ ਖੇਲ ਅਗੰਮ ਅਥਾਹ, ਭੇਵ ਕੋਈ ਨਾ ਪਾਇੰਦਾ । ਵੇਦ ਵਿਆਸਾ ਲੇਖਾ ਗਿਆ ਲਿਖਾ, ਚਾਰ ਲੱਖ ਬੱਤੀ ਹਜ਼ਾਰ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਰਖਾਇੰਦਾ । ਆਪਣੇ ਭਾਣੇ ਆਪੇ ਰੱਖ, ਜੁਗ ਜੁਗ ਬੰਧਨ ਪਾਇਆ । ਲੱਖ ਚੁਰਾਸੀ ਕਰ ਪ੍ਰਤੱਖ, ਆਦਿ ਜੁਗਾਦੀ ਆਪੇ ਵੇਖਣ ਆਇਆ । ਆਪੇ ਭਾਂਡੇ ਕਰੇ ਸਖ, ਆਪੇ ਦਏ ਭਰਾਇਆ । ਲੱਖ

ਚੁਰਾਸੀ ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਜੇਰਜ ਅੰਡਾਂ ਆਪੇ ਦੇਵੇ ਮਥ, ਨਾਮ ਮਧਾਣਾ ਏਕਾ ਪਾਇਆ । ਵੇਖਣਹਾਰਾ ਅਠਸਠ ਨੱਠ ਨੱਠ, ਪੂਜਾ ਪਾਠ ਗਾਇਤ੍ਰੀ ਮੰਤਰ ਫੋਲ ਫੁਲਾਇਆ । ਉਲਟੀ ਗੇੜਣਹਾਰਾ ਲੱਠ ਪੁਰਖ ਸਮਰਥ, ਤ੍ਰੈਗੁਣ ਮਾਇਆ ਪਾਏ ਨੱਥ, ਲੱਖ ਚੁਰਾਸੀ ਦੇਵੇ ਮਥ, ਚਾਰੋਂ ਕੁੰਟ ਆਪ ਭੁਵਾਇਆ । ਵਸਣਹਾਰਾ ਘਟ ਘਟ, ਜੋਤੀ ਨੂਰ ਲਟ ਲਟ, ਵੇਖਣਹਾਰਾ ਚੌਦਾਂ ਹੱਟ, ਅਵਣ ਗਵਣ ਪਵਣ ਰਿਹਾ ਸਮਾਇਆ । ਕਲਜੁਗ ਪ੍ਰਗਟ ਹੋਇਆ ਲਟ ਪਟ, ਸ਼ਬਦ ਅਗੰਮੀ ਲਾਏ ਸੱਟ, ਕਿਸੇ ਹੱਥ ਨਾ ਆਏ ਤੀਰਥ ਤੱਟ, ਗੁਰੂਦੁਵਾਰ ਮੰਦਰ ਮਸਜਿਦ ਖਾਲੀ ਰਿਹਾ ਵਖਾਇਆ । ਸਾਢੇ ਤਿੰਨ ਹੱਥ ਤੇਰਾ ਏਕਾ ਤੱਤ, ਪੁਰਖ ਅਬਿਨਾਸ਼ੀ ਰੱਖੀ ਪਤ, ਬੀਜ ਬੀਜਿਆ ਆਪਣੇ ਵਤ, ਗੁਰ ਗੋਬਿੰਦ ਸੇਵਾ ਲਾਇਆ । ਨਾੜ ਬਹੱਤਰ ਨਾ ਉਬਲੀ ਰੱਤ, ਮੇਲ ਮਿਲਾਵਾ ਕਮਲਾਪਤ, ਘਰ ਸਾਚੇ ਬੈਠਾ ਸੱਥਰ ਘੱਤ, ਸੂਲਾਂ ਸੱਥਰ ਹੇਠ ਨਾ ਕੋਈ ਵਿਛਾਇਆ । ਖੇਲੇ ਖੇਲ ਬਾਜ਼ੀਗਰ ਨੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਥੇ ਵੇਖ ਵਖਾਇਆ । ਚੌਥੇ ਜੁਗ ਉਠ ਨਿਧਾਨ, ਹਰਿ ਸਾਚਾ ਆਪ ਉਠਾਇੰਦਾ । ਪ੍ਰਗਟ ਹੋਇਆ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਰਖਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਏਕੰਕਾਰਾ ਆਪ ਅਖਵਾਇੰਦਾ । ਆਦਿ ਨਿਰੰਜਣ ਵਡ ਮਿਹਰਵਾਨ, ਪਾਰਬ੍ਰਹਮ ਵੇਸ ਵਟਾਇੰਦਾ । ਆਦਿ ਸ਼ਕਤ ਜੋਤ ਮਹਾਨ, ਜੋਤੀ ਜੋਤ ਡਗਮਗਾਇੰਦਾ । ਨੂਰ ਇਲਾਹੀ ਬੇਪਹਿਚਾਣ, ਨੇਤਰ ਨੈਣ ਨਾ ਕਿਸੇ ਜਣਾਇੰਦਾ । ਖੇਲੇ ਖੇਲ ਸ਼ਾਹ ਸੁਲਤਾਨ, ਆਪਣਾ ਹੁਕਮ ਸੁਣਾਇੰਦਾ । ਸ਼ਾਹ ਭੂਪ ਰਾਜ ਰਾਜਾਨ, ਸਚ ਸਿੰਘਾਸਣ ਆਸਣ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪਣੀ ਬਣਤ ਬਣਾਇੰਦਾ । ਜੁਗਾ ਜੁਗੰਤਰ ਵੇਖੇ ਮਾਰ ਧਿਆਨ, ਆਪਣਾ ਲੇਖਾ ਪੂਰ ਕਰਾਇੰਦਾ । ਆਪੇ ਸੀਤਾ ਆਪੇ ਰਾਮ, ਗੋਪੀ ਕਾਹਨ ਆਪ ਨਚਾਇੰਦਾ । ਆਪੇ ਨਾਨਕ ਗੋਬਿੰਦ ਕਰ ਪ੍ਰਨਾਮ, ਆਪਣਾ ਸੀਸ ਝੁਕਾਇੰਦਾ । ਆਪੇ ਦੇਵਣਹਾਰਾ ਦਾਨ, ਆਪੇ ਝੋਲੀ ਡਾਹਿੰਦਾ । ਆਪੇ ਪ੍ਰਗਟ ਹੋਏ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਆਪ ਝੁਲਾਏ ਧਰਮ ਨਿਸ਼ਾਨ, ਧਰਮੀ ਆਪਣੇ ਹੱਥ ਉਠਾਇੰਦਾ । ਆਪੇ ਸ਼ਸਤਰ ਤੀਰ ਕਮਾਨ, ਖੜਗ ਖੰਡਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਅਕਾਰ ਧਰ, ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਚੌਥੇ ਜੁਗ ਨੇਤਰ ਖੋਲ੍ਹ, ਹਰਿ ਹਰਿ ਆਪ ਖੁਲ੍ਹਾਇੰਦਾ । ਚੌਥੇ ਮੰਦਰ ਰਿਹਾ ਬੋਲ, ਗੁਰਮੁਖ ਸੋਏ ਆਪ ਉਠਾਇੰਦਾ । ਚਾਰ ਚਾਰ ਪਰਦੇ ਦੇਵੇ ਖੋਲ੍ਹ, ਚਾਲ ਨਿਰਾਲੀ ਇਕ ਰਖਾਇੰਦਾ । ਹੌਲੀ ਹੌਲੀ ਆਪੇ ਬੋਲ, ਆਪਣਾ ਰਾਗ ਸੁਣਾਇੰਦਾ । ਸਾਚੇ ਕੰਡੇ ਦੇਵੇ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਲੱਖ ਚੁਰਾਸੀ ਛਾਛ ਦਏ ਵਿਰੋਲ, ਗੁਰਮੁਖ ਮੱਖਣ ਬਾਹਰ ਕਢਾਇੰਦਾ । ਬੀਸ ਬੀਸਾ ਕਰਿਆ ਘੋਲ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਬਣਿਆ ਜਗਤ ਵਿਚੋਲ, ਨਾਮ ਵਿਚੋਲਾ ਇਕ ਰਖਾਇੰਦਾ । ਹਰਿ ਕਾ ਭੇਵ ਨਾ ਜਾਣੇ ਪੰਡਤ ਰੌਲ, ਗਿਆਨੀ ਧਿਆਨੀ ਧਿਆਨ ਨਾ ਕੋਈ ਲਗਾਇੰਦਾ । ਗੁਰਮੁਖ ਬਣਾਏ ਕਲਾ ਸੋਲ, ਅਕਲ ਕਲਾ ਆਪ ਅਖਵਾਇੰਦਾ । ਦੇਵੇ ਵਡਿਆਈ ਹਰਿ ਹਰਿ ਧੌਲ, ਧਰਤ ਧਵਲ ਵੇਖ ਵਿਖਾਇੰਦਾ । ਉਲਟਾ ਕਰੇ ਨਾਭ ਕੌਲ, ਕਵਲਾ ਝਿਰਨਾ ਮੁਖ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਪੰਜ ਚਾਰ ਪ੍ਰਗਟ ਹੋ ਵਿਚ ਸੰਸਾਰ, ਸ਼ਬਦ ਅਗੰਮੀ ਫੜ ਕਟਾਰ, ਤਿਖੀ ਰੱਖੇ ਦੋਵੇਂ ਧਾਰ, ਮਾਰੀ ਜਾਵੇ ਵਾਰੋ ਵਾਰ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਸਰਬ ਕੁਰਲਾਇੰਦਾ । ਵਿਸ਼ਨੂੰ ਪੁਕਾਰ ਏਕਾ ਨਾਅਰ, ਚਤੁਰਭੁਜ ਵਡਿਆਈਆ । ਬ੍ਰਹਮਾ

ਹਰਿ ਹਰਿ ਪਿਆਰ, ਪਾਰਬ੍ਰਹਮ ਰਿਹਾ ਧਿਆਈਆ । ਸ਼ੰਕਰ ਨਿਉਂ ਨਿਉਂ ਕਰੇ ਨਿਮਸਕਾਰ, ਹੱਥ ਤ੍ਰਸੂਲ ਉਠਾਈਆ । ਕਲਜੁਗ ਅੰਤਮ ਆਈ ਵਾਰ, ਲੇਖੇ ਮੰਗੇ ਸਾਚਾ ਮਾਹੀਆ । ਮਨ ਮਨਵੰਤਰ ਹੋਏ ਪਾਰ, ਭਸਮੰਤਰ ਨਾ ਕੋਇ ਸਹਾਈਆ । ਬਾਸ਼ਕ ਸੇਜਾ ਖ਼ਬਰਦਾਰ, ਸਹੰਸਰ ਮੁਖ ਗਾਈਆ । ਰਾਗੀ ਨਾਦੀ ਵਸਿਆ ਬਾਹਰ, ਭੇਵ ਕੋਈ ਨਾ ਪਾਈਆ । ਆਦਿ ਜੁਗਾਦੀ ਖੇਲ ਅਪਾਰ, ਕਰਨਹਾਰ ਆਪ ਅਖਵਾਈਆ । ਤ੍ਰੈ ਤ੍ਰੈ ਲਾਏ ਸੇਵਾਦਾਰ, ਤ੍ਰੈ ਆਪਣੇ ਦਰ ਬੁਲਾਈਆ । ਚੌਥੇ ਜੁਗ ਚੌਥੇ ਘਰ ਹੋ ਤਿਆਰ, ਚੌਥਾ ਪਦ ਇਕ ਵਖਾਈਆ । ਪੰਚਮ ਮਾਰ ਕਰ ਖ਼ੁਵਾਰ, ਪੰਚਮ ਵਡ ਵਡਿਆਈਆ । ਛੇ ਦਰ ਮੇਲਾ ਮੀਤ ਮੁਰਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਸਤਿ ਪੁਰਖ ਨਿਰੰਜਣ ਨਿਰਾਕਾਰ, ਨਿਰਗੁਣ ਆਪਣਾ ਖੇਲ ਖਿਲਾਈਆ । ਸਤਿ ਦੁਵਾਰੇ ਪਾਏ ਸਾਰ, ਸਤਿ ਸਰੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਨੌਂ ਚਾਰ ਵੇਖੇ ਘਰ, ਘਰ ਸਾਚਾ ਇਕ ਵਖਾਈਆ । ਘਰ ਸਾਚਾ ਹਰਿ ਪਾਇਆ, ਹਰਿ ਮਿਲਿਆ ਬੇਪਰਵਾਹ । ਥਿਰ ਘਰ ਸਾਚਾ ਇਕ ਸੁਹਾਇਆ, ਪੁਰਖ ਅਬਿਨਾਸ਼ੀ ਮੇਲਾ ਸਦ ਮਲਾ । ਕਲਜੁਗ ਅੰਤਮ ਵੇਸ ਵਟਾਇਆ, ਨਿਹਕਲੰਕਾ ਨਾਉਂ ਰਖਾ । ਮਾਤ ਪਿਤ ਨਾ ਕੋਈ ਬਣਾਇਆ, ਨਾ ਕੋਈ ਦਿਸੇ ਭੈਣ ਭਰਾ । ਨਾ ਕਿਸੇ ਮੁਲਾਂ ਪੰਡਤ ਪਾਂਧੇ ਇਲਮ ਪੜ੍ਹਾਇਆ, ਨਾ ਕੋਈ ਅਲਫ਼ੀ ਲਈ ਪਾ । ਮੰਦਰ ਮਸਜਿਦ ਗੁਰੂਦੁਵਾਰ ਨਾ ਕੋਈ ਉਪਾਇਆ, ਘਰ ਸੁਹਾਇਆ ਏਕਾ ਥਾਂ । ਰਾਗ ਤਾਲ ਨਾ ਕੋਈ ਵਜਾਇਆ, ਸ਼ਬਦ ਅਨਾਦੀ ਰਿਹਾ ਗਾ । ਕਲਜੁਗ ਅੰਤਮ ਖੇਲ ਖਿਲਾਇਆ, ਜੋਤੀ ਜਾਮਾ ਭੇਖ ਵਟਾ । ਬ੍ਰਹਮਾ ਲੇਖਾ ਦਏ ਚੁਕਾਇਆ, ਆਤਮ ਜੋਤੀ ਮੇਲ ਮਿਲਾ । ਵਿਸ਼ਨੂੰ ਵਿਸ਼ਵ ਧਾਰੀ ਆਪ ਹੋ ਜਾਇਆ, ਆਪਣਾ ਨਾਅਰਾ ਆਪੇ ਲਾ । ਸ਼ਿਵ ਸ਼ੰਕਰ ਖੇਲ ਖਿਲਾਇਆ, ਆਪਣੀ ਗੋਦੀ ਲਏ ਸੁਆ । ਗੁਰਮੁਖਾਂ ਮਾਣ ਦੁਵਾਇਆ, ਸਾਚੀ ਪੌੜੀਆਂ ਲਏ ਚੜ੍ਹਾ । ਦਰ ਦਰਵਾਜਾ ਇਕ ਖੁਲ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਮਾਰਗ ਲਾ । ਆਪਣਾ ਮਾਰਗ ਜਾਣੇ ਪੰਥ, ਪੰਥ ਪੰਥੀ ਆਪ ਅਖਵਾਈਆ । ਭੇਵ ਨਾ ਜਾਣੇ ਕੋਈ ਗ੍ਰੰਥ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਆਦਿ ਜੁਗਾਦੀ ਇਕ ਭਗਵੰਤ, ਦੂਸਰ ਹੋਰ ਨਾ ਕੋਈ ਦਿਸਾਈਆ । ਗੁਰਮੁਖ ਉਠਾਏ ਸਾਚੇ ਸੰਤ, ਹਰਿ ਸੱਜਣ ਮੇਲ ਮਿਲਾਈਆ । ਸਚਖੰਡ ਦੁਵਾਰੇ ਬਣਾਏ ਬਣਤ, ਆਪ ਆਪਣੀ ਮਤ ਸਮਝਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਨਾ ਕੋਈ ਲਿਖਾਈਆ । ਵੇਖਣਹਾਰਾ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚਾ ਆਪ ਉਠੌਣਾ, ਆਪ ਆਪਣੀ ਦਇਆ ਕਮਾਈਆ । ਵੀਹ ਸਦ ਸੋਲਾਂ ਮੇਲ ਮਿਲੌਣਾ, ਮੇਲਣਹਾਰਾ ਬੇਪਰਵਾਹੀਆ । ਬੇਆਸ ਕਿਨਾਰਾ ਪਾਰ ਕਰੌਣਾ, ਬੇਆਸਾ ਰਹੇ ਨਾ ਕੋਈਆ । ਜਿਸ ਜਨ ਨੇਤਰ ਦਰਸ਼ਨ ਪੌਣਾ, ਥਿਰ ਘਰ ਬੈਠਾ ਆਸਣ ਲਾਈਆ । ਹਾੜ ਸਤਾਰਾਂ ਦਿਵਸ ਸੁਹੌਣਾ, ਨਵ ਸਤ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਨਜ਼ਰੀ ਔਣਾ, ਨੇਤਰ ਨੈਣ ਨੈਣ ਬਿਗਸਾਈਆ । ਹੰਸ ਕਾਗੀ ਕਾਗ ਹੰਸ ਬਣੌਣਾ, ਕਾਗਦ ਕਲਮ ਸ਼ਾਹੀ ਦਏ ਗਵਾਹੀਆ । ਸਾਚਾ ਜੋਗ ਇਕ ਸਮਝੌਣਾ, ਜਗਤ ਜੁਗੀਸ਼ਰ ਭੇਵ ਨਾ ਪਾਈਆ । ਤਪ ਤਪੀਸ਼ਰ ਇਕ ਵਖੌਣਾ, ਤ੍ਰੈਗੁਣ ਅਗਨੀ ਦਏ ਬੁਝਾਈਆ । ਸਮਰਥ ਪੁਰਖ ਕਲ ਖੇਲ ਖਲੌਣਾ, ਆਪ ਆਪਣੀ ਦਇਆ ਕਮਾਈਆ । ਸਤਿਜੁਗ ਸਾਚਾ ਰਥ ਚਲੌਣਾ, ਰਥ ਰਥਵਾਹੀ ਆਪ ਅਖਵਾਈਆ ।

ਲੋਕਮਾਤ ਬੇੜਾ ਇਕ ਤਰੌਣਾ, ਚਾਰ ਵਰਨਾਂ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੰਤ ਅੰਤ ਆਪ ਹੋ ਜਾਈਆ । ਆਪੇ ਅੰਤ ਆਪੇ ਆਦਿ, ਆਦਿ ਜੁਗਾਦਿ ਆਪ ਅਖਵਾਇਆ । ਆਪੇ ਸੰਤ ਆਪੇ ਸਾਧ, ਆਪੇ ਸਤਿ ਸਤਿ ਵਰਤਾਇਆ । ਆਪੇ ਬ੍ਰਹਮ ਆਪੇ ਬ੍ਰਹਿਮਾਦ, ਪਾਰਬ੍ਰਹਮ ਆਪ ਹੋ ਜਾਇਆ । ਆਪੇ ਸ਼ਬਦ ਧੁਨ ਹੋਏ ਨਾਦੀ ਨਾਦ, ਤਾਲ ਤਲਵਾੜਾ ਆਪ ਵਜਾਇਆ । ਆਪੇ ਅਗੰਮ ਅਗੰਮੜਾ ਬੋਧ ਅਗਾਧ, ਅਲੱਖ ਅਲੱਖਣਾ ਭੇਵ ਨਾ ਰਾਇਆ । ਆਪੇ ਸੁਨਣੇਹਾਰਾ ਫ਼ਰਿਯਾਦ, ਜੁਗ ਜੁਗ ਆਪਣਾ ਨਾਉਂ ਧਰਾਇਆ । ਆਪੇ ਭਗਤਾਂ ਵੇਲਾ ਰੱਖੇ ਯਾਦ, ਗੁਰਮੁਖਾਂ ਵਿਛੜ ਕਦੇ ਨਾ ਜਾਇਆ । ਕਲਜੁਗ ਅੰਤਮ ਦੇਵਣ ਆਇਆ ਦਾਦ, ਪਿਛਲਾ ਲਹਿਣਾ ਦਏ ਚੁਕਾਇਆ । ਜਨਮ ਕਰਮ ਪੂਰਬ ਸਾਥ, ਅਗਲਾ ਲੇਖਾ ਦਏ ਸਮਝਾਇਆ । ਏਕਾ ਵਿਕਣਾ ਸਤਿਗੁਰ ਹਾਟ, ਹਾੜ ਸਤਾਰਾਂ ਦਿਵਸ ਸੁਹਾਇਆ । ਗੁਰਮੁਖਾਂ ਕਿਸੇ ਨਾ ਨੁਹਾਏ ਤੀਰਥ ਤਾਟ, ਸਤਿਗੁਰ ਚਰਨ ਦੁਵਾਰਾ ਮਜਨ ਇਕ ਕਰਾਇਆ । ਸੋਹੰ ਸ਼ਬਦ ਪੂਜਾ ਪਾਠ, ਹਰਿ ਹਰਿ ਪਾਰਬ੍ਰਹਮ ਮਿਲਾਇਆ । ਕਿਸੇ ਨਾ ਵਿਕਣਾ ਦੂਜੇ ਹਾਟ, ਨਿਉਂ ਨਿਉਂ ਸੀਸ ਨਾ ਕਿਸੇ ਝੁਕਾਇਆ । ਏਕੰਕਾਰਾ ਕਰਨਹਾਰਾ ਪੂਰਾ ਘਾਟ, ਸਾਚੇ ਕੰਡੇ ਰਿਹਾ ਤੁਲਾਇਆ । ਅੱਗੇ ਨੇੜੇ ਦਿਸੇ ਵਾਟ, ਪਿਛਲਾ ਪੰਧ ਮੁਕਾਇਆ । ਕਾਇਆ ਚੋਲਾ ਸਭ ਦਾ ਜਾਏ ਪਾਟ, ਬਿਨ ਸਤਿਗੁਰ ਪੂਰੇ ਨਾ ਕੋਈ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਵੇਖ ਵਖਾਇਆ । ਵੀਹ ਸਦ ਸੋਲਾਂ ਫੁਲਿਆ ਫੁੱਲ, ਫੁਲ ਫੁਲਵਾੜੀ ਆਪ ਮਹਿਕਾਈਆ । ਹਰਿ ਸੰਗਤ ਤੇਰਾ ਪਾਵਣ ਆਇਆ ਮੁੱਲ, ਕਰਤਾ ਕੀਮਤ ਆਪੇ ਦਏ ਚੁਕਾਈਆ । ਆਪੇ ਵਸਣ ਆਇਆ ਕੋਲ, ਨਗਰ ਖੇੜਾ ਆਪਣਾ ਆਪ ਤਜਾਈਆ । ਆਪ ਵਜਾਵਣ ਆਇਆ ਢੋਲ, ਸੋਹੰ ਆਪਣਾ ਨਾਉਂ ਧਰਾਈਆ । ਆਪੇ ਤੇਰੇ ਪਰਦੇ ਰਿਹਾ ਫੋਲ, ਆਪਣੇ ਪਰਦੇ ਅਗਨੀ ਭੇਟ ਚੜ੍ਹਾਈਆ । ਆਪੇ ਤੇਰੀ ਕਾਇਆ ਰਿਹਾ ਮਵਲ, ਆਪਣੀ ਕਾਇਆ ਨਾ ਕੋਈ ਵਖਾਈਆ । ਆਪੇ ਅੰਮ੍ਰਿਤ ਭਰਿਆ ਤੇਰੇ ਕਵਲ, ਆਪਣਾ ਕਵਲ ਪਹਿਲੇ ਭੰਨਾਈਆ । ਆਪੇ ਤੇਰੇ ਅੰਦਰ ਰਿਹਾ ਬੋਲ, ਆਪਣਾ ਮੰਦਰ ਸਾਢੇ ਤਿੰਨ ਹੱਥ ਪਹਿਲੋਂ ਢਾਹੀਆ । ਆਪੇ ਤੇਰੇ ਪਰਦੇ ਰਿਹਾ ਖੋਲ੍ਹ, ਆਪਣਾ ਪਰਦਾ ਮੁਖ ਤੋਂ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਸਾਚਾ ਵਰ, ਸੰਮਤ ਸੋਲਾਂ ਲਾਹੇ ਡਰ, ਨਿਹਕਲੰਕ ਕਰੇ ਰੁਸ਼ਨਾਈਆ । ਨਿਹਕਲੰਕ ਗੌਣਾ ਢੋਲਾ, ਹਰਿ ਪ੍ਰਗਟ ਨਰ ਅਵਤਾਰਿਆ । ਸਤਾਰਾਂ ਹਾੜੀ ਬਦਲਿਆ ਚੋਲਾ, ਪ੍ਰਗਟ ਹੋਏ ਵਿਚ ਸੰਸਾਰਿਆ । ਕੋਇ ਨਾ ਰੱਖੇ ਪਰਦਾ ਉਹਲਾ, ਸਿੰਘ ਪੂਰਨ ਵਿਚ ਸਮਾ ਰਿਹਾ । ਗੁਰ ਗੋਬਿੰਦ ਬਣ ਵਿਚੋਲਾ, ਸੰਬਲ ਨਗਰੀ ਡੇਰਾ ਲਾ ਲਿਆ । ਸਾਧਾਂ ਸੰਤਾਂ ਜੀਆਂ ਜੰਤਾਂ ਚਾਰੋਂ ਕੁੰਟ ਪਿਆ ਰੌਲਾ, ਹਰਿ ਕਾ ਭੇਵ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਆਪਣਾ ਪਰਦਾ ਆਪੇ ਲਾਹ ਰਿਹਾ । ਝੂਠਾ ਪਰਦਾ ਜਾਣਾ ਲੱਥ, ਹਾੜ ਸਤਾਰਾਂ ਵਡ ਵਡਿਆਈਆ । ਚਾਰੋਂ ਕੁੰਟ ਨਜ਼ਰੀ ਆਏ ਪੁਰਖ ਸਮਰਥ, ਪੂਰਨ ਪੂਰੇ ਵਿਚ ਸਮਾਈਆ । ਇਕ ਖੁਲ੍ਹਾਏ ਸਾਚਾ ਹੱਟ, ਚਾਰ ਵਰਨਾਂ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਜੋਤ ਆਪ ਹੋ ਜਾਈਆ ।

## ੧੭ ਹਾੜ ੨੦੧੬ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਸ਼ਬਦ ਜੈਕਾਰ

ਅਚਰਜ ਖੇਲ ਕਰੇ ਭਗਵਾਨ, ਆਦਿ ਪੁਰਖ ਵਡ ਵਡਿਆਈਆ । ਪ੍ਰਗਟ ਹੋਇਆ ਵਿਚ ਜਹਾਨ, ਪਾਰਬ੍ਰਹਮ ਰੂਪ ਵਟਾਈਆ । ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਆਪਣਾ ਖੇਲ ਖਿਲਾਈਆ । ਇਕ ਇਕੱਲਾ ਨੌਜਵਾਨ, ਆਦਿ ਅੰਤ ਵੱਡੀ ਵਡਿਆਈਆ । ਜੋਤੀ ਨੂਰ ਸ੍ਰੀ ਭਗਵਾਨ, ਏਕੰਕਾਰਾ ਇਕ ਅਖਵਾਈਆ । ਪੁਰਖ ਅਗੰਮ ਅਗੰਮੜਾ ਆਪੇ ਹੋਇਆ ਮਿਹਰਬਾਨ, ਆਪ ਆਪਣੀ ਦਇਆ ਕਮਾਈਆ । ਆਪ ਉਪਾਇਆ ਆਪਣਾ ਸਚ ਮਕਾਨ, ਥਿਰ ਘਰ ਸਾਚਾ ਨਾਉਂ ਰਖਾਈਆ । ਆਪੇ ਸ਼ਾਹ ਆਪੇ ਸੁਲਤਾਨ, ਆਪੇ ਬੈਠਾ ਆਸਣ ਲਾਈਆ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਕਲ ਵਰਤਾਈਆ । ਕੁਲਵੰਤਾ ਹਰਿ ਭਗਵੰਤਾ, ਪਾਰਬ੍ਰਹਮ ਅਖਵਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਕਰਦਾ ਆਇਆ । ਆਦਿ ਜੁਗਾਦੀ ਸਾਚੀ ਬਣਤਾ, ਹਰਿ ਸਾਚਾ ਆਪ ਬਣਾਇਆ । ਖੇਲੇ ਖੇਲ ਨਾਰੀ ਕੰਤਾ, ਸਾਚੀ ਸੇਜ ਹੰਢਾਇਆ । ਪੁਰਖ ਅਬਿਨਾਸ਼ੀ ਏਕਾ ਰੰਗ ਚੜ੍ਹਾਏ ਬਸੰਤਾ, ਉਤਰ ਕਦੇ ਨਾ ਜਾਇਆ । ਆਪਣੇ ਦਰ ਦੁਵਾਰ ਹਰਿ ਨਿਰੰਕਾਰ ਕਰ ਪਸਾਰ ਆਪੇ ਹੋਏ ਮੰਗਤਾ, ਮੰਗਣਹਾਰ ਆਪ ਅਖਵਾਇਆ । ਦਰ ਦਰਵੇਸ਼ ਨਰ ਨਰੇਸ਼ ਆਪੇ ਲੰਘਦਾ, ਆਪਣਾ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਆਪਣਾ ਨਾਉਂ ਆਪੇ ਧਰ, ਆਪਣੇ ਹੱਥ ਰੱਖੇ ਵਡਿਆਈਆ । ਕਰਤਾ ਪੁਰਖ ਕਰਨੀ ਕਰ, ਆਪਣੀ ਕਿਰਤ ਕਮਾਈਆ । ਆਪਣਾ ਦੇਵਣਹਾਰਾ ਵਰ, ਆਪੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਪਣੀ ਰਚਨਾ ਆਪੇ ਰਚ, ਆਪਣਾ ਨਾਉਂ ਧਰਾਇਆ । ਆਪੇ ਵੇਖੇ ਸਚ ਸਚ, ਸਚ ਆਪ ਵਰਤਾਇਆ । ਆਪਣੇ ਅੰਦਰ ਆਪੇ ਗਿਆ ਰਚ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲਣਹਾਰ ਪੁਰਖ ਅਕਾਲ, ਏਕਾ ਏਕੰਕਾਰਿਆ । ਆਪੇ ਦਾਤਾ ਦੀਨ ਦਿਆਲ, ਆਪੇ ਖੇਲੇ ਖੇਲ ਅਗੰਮ ਅਪਾਰਿਆ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾ ਰਿਹਾ । ਜੁਗ ਜੁਗ ਖੇਲ ਖੇਲ ਭਗਵਾਨਾ, ਹਰਿ ਹਰਿ ਭੇਵ ਨਾ ਰਾਇਆ । ਵਸਣਹਾਰਾ ਸਚ ਮਕਾਨਾ, ਨੇਹਚਲ ਧਾਮ ਅਟੱਲ ਸੁਹਾਇਆ । ਦੀਪਕ ਜੋਤੀ ਇਕ ਮਹਾਨਾ, ਪਰਮ ਪੁਰਖ ਜਗਾਇਆ । ਖੇਲੇ ਖੇਲ ਦੋ ਜਹਾਨਾਂ, ਘਰ ਸਾਚਾ ਇਕ ਸੁਹਾਇਆ । ਰਾਗ ਅਨਾਦੀ ਇਕ ਤਰਾਨਾ, ਆਪਣਾ ਆਪੇ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਵਾਰਾ ਇਕ ਵਖਾਇਆ । ਸਚਖੰਡ ਦੁਵਾਰਾ ਹਰਿ ਨਿਰੰਕਾਰ, ਆਪਣਾ ਆਪ ਪ੍ਰਗਟਾਈਆ । ਇਕ ਇਕੱਲਾ ਨਿਰਾਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਆਸਣ ਲਾਈਆ । ਆਪੇ ਸੇਵਕ ਸੇਵਾਦਾਰ, ਆਪਣੀ ਸੇਵ ਕਮਾਈਆ । ਆਪੇ ਸ਼ਾਹ ਭੂਪ ਸੁਲਤਾਨ, ਆਪ ਆਪਣਾ ਹੁਕਮ ਚਲਾਈਆ । ਆਪੇ ਖੜਗ ਖੰਡਾ ਤੀਰ ਕਮਾਨ, ਆਪੇ ਰਿਹਾ ਸੀਸ ਲਗਾਈਆ । ਆਪ ਝੁਲਾਏ ਸਚ ਨਿਸ਼ਾਨ, ਸਚ ਸੁੱਚ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ

ਆਪੇ ਰਿਹਾ ਕਰਾਈਆ । ਕਰਨਹਾਰਾ ਪੁਰਖ ਕਰਤਾਰਾ, ਏਕਾ ਏਕ ਅਖਵਾਇਆ । ਆਦਿ ਜੁਗਾਦੀ ਖੇਲ ਅਪਾਰਾ, ਜੁਗ ਜੁਗ ਆਪ ਕਰਾਇਆ । ਸਾਚਾ ਮੰਦਰ ਕਰ ਉਜਿਆਰਾ, ਦੀਵਾ ਬਾਤੀ ਇਕ ਜਗਾਇਆ । ਇਕ ਸ਼ਬਦ ਇਕ ਭੰਡਾਰਾ, ਏਕਾ ਨਾਮ ਵਰਤਾਇਆ । ਏਕਾ ਸ਼ਸਤਰ ਕਰ ਤਿਆਰਾ, ਏਕਾ ਸੀਸ ਜਗਦੀਸ਼ ਟਿਕਾਇਆ । ਏਕਾ ਰੱਖੇ ਤਿਖੀ ਧਾਰਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਮ ਧਰਾਇਆ । ਅਜੂਨੀ ਰਹਿਤ ਏਕਾ ਨਿਰੰਜਣ, ਏਕਾ ਏਕ ਅਖਵਾਇੰਦਾ । ਦਾਨੀ ਦਾਤਾ ਦਰਦ ਦੁੱਖ ਭੈ ਭੰਜਨ, ਆਪ ਆਪਣਾ ਖੇਲ ਖਿਲਾਇੰਦਾ । ਆਪ ਆਪਣਾ ਬਣੇ ਸੱਜਣ, ਸੱਜਣ ਮੀਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਪਾਰਬ੍ਰਹਮ ਆਪ ਅਖਵਾਇਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਸਮਝਾਇਆ । ਏਕਾ ਨਾਮ ਸਚ ਭੰਡਾਰਾ, ਏਕਾ ਰਿਹਾ ਵਰਤਾਇਆ । ਬ੍ਰਹਮਾ ਵਿਸ਼ਨ ਦਏ ਸਹਾਰਾ, ਸ਼ਿਵ ਸ਼ੰਕਰ ਸੇਵਾ ਲਾਇਆ । ਕਰੋੜ ਤੇਤੀਸਾ ਦਏ ਸਹਾਰਾ, ਆਪ ਆਪਣਾ ਖੇਲ ਖਿਲਾਇਆ । ਤ੍ਰੈਗੁਣ ਤੇਰਾ ਮੀਤ ਮੁਰਾਰਾ, ਤ੍ਰੈ ਤ੍ਰੈ ਮੇਲ ਮਿਲਾਇਆ । ਪੰਜ ਤੱਤ ਕਰ ਉਜਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਹੋਏ ਸਹਾਇਆ । ਮਨ ਮਤ ਬੁੱਧ ਬੰਨ੍ਹੇ ਧਾਰਾ, ਨੌਂ ਦਰ ਖੋਜ ਖੁਜਾਇਆ । ਮਹੱਲ ਅਟੱਲ ਉਚ ਮਿਨਾਰਾ, ਘਰ ਘਰ ਵਿਚ ਟਿਕਾਇਆ । ਨਿਰਗੁਣ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਦੀਪਕ ਇਕ ਜਗਾਇਆ । ਪਾਰਬ੍ਰਹਮ ਭੇਵ ਨਿਆਰਾ, ਭੇਵ ਕਿਸੇ ਨਾ ਪਾਇਆ । ਆਪੇ ਵਸੇ ਸਭ ਤੋਂ ਬਾਹਿਰਾ, ਆਪ ਆਪਣੀ ਰਚਨ ਰਚਾਇਆ । ਆਦਿ ਜੁਗਾਦੀ ਜੁਗ ਜੁਗ ਖੇਲ ਕਰਤਾਰਾ, ਖੇਲਣਹਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇਆ । ਸਚਖੰਡ ਨਿਰਗੁਣ ਧਾਰ, ਸਚਖੰਡ ਬਣਤ ਬਣਾਈਆ । ਨਿਰਗੁਣ ਜੋਤ ਜਗੇ ਅਪਾਰ, ਪੰਜ ਤੱਤ ਨਾ ਕੋਈ ਰਖਾਈਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਕੰਤ ਸੁਹਾਗ ਹੰਢਾਈਆ । ਨਾ ਕੋਈ ਮੰਦਰ ਨਾ ਕੋਈ ਘਰ ਬਾਰ, ਦਰ ਦੁਵਾਰ ਨਾ ਕੋਈ ਵਿਖਾਈਆ । ਇਕ ਇਕੱਲਾ ਏਕੰਕਾਰ, ਆਪਣੀ ਕਲ ਵਰਤਾਈਆ । ਜੋਤੀ ਨੂਰ ਸ਼ਬਦ ਕਟਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਵਾਰਾ ਏਕਾ ਰੂਪ ਦਰਸਾਈਆ । ਸਚਖੰਡ ਦੁਵਾਰ ਸਾਚਾ ਰੰਗ, ਹਰਿ ਹਰਿ ਆਪ ਸੁਹਾਇਆ । ਪੁਰਖ ਅਬਿਨਾਸ਼ੀ ਮੰਗੀ ਮੰਗ, ਆਪਣੀ ਝੋਲੀ ਆਪੇ ਡਾਹਿਆ । ਆਪਣਾ ਵੇਖੇ ਸਚ ਪਲੰਘ, ਘਰ ਸਾਚੇ ਆਪ ਰਖਾਇਆ । ਦਾਤਾ ਦਾਨੀ ਸੂਰਾ ਸਰਬੰਗ, ਏਕਾ ਏਕ ਅਖਵਾਇਆ । ਆਦਿ ਜੁਗਾਦਿ ਨਾ ਹੋਏ ਭੰਗ, ਜੁਗ ਜੁਗ ਆਪਣੀ ਰਚਨ ਰਚਾਇਆ । ਆਪਣੇ ਮੰਦਰ ਆਪੇ ਲੰਘ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਵਾਰ ਹਰਿ ਨਿਰੰਕਾਰ, ਨਿਰਗੁਣ ਧਾਰਾ ਆਪ ਚਲਾਇਆ । ਨਿਰਗੁਣ ਧਾਰ ਜੋਤ ਅਕਾਲ, ਹਰਿ ਹਰਿ ਆਪ ਜਗਾਈਆ । ਦੀਪਕ ਆਪਣਾ ਆਪੇ ਬਾਲ, ਆਪ ਕਰੇ ਰੁਸ਼ਨਾਈਆ । ਆਪੇ ਗਗਨ ਮੰਡਲ ਪਾਵੇ ਰਾਸ ਦੀਪਕ ਹੋਏ ਬਾਲ, ਰਵ ਸਸ ਆਪ ਲਟਕਾਈਆ । ਆਪੇ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਰਖਾਈਆ । ਆਪੇ ਦੋ ਜਹਾਨਾਂ ਸਾਚਾ ਮਾਲੀ, ਸਾਚੀ ਕਰਨੀ ਰਿਹਾ ਕਰਾਈਆ । ਆਪਣੀ ਘਾਲ ਆਪੇ ਘਾਲੀ, ਆਪਣਾ ਲੇਖਾ ਆਪਣੇ ਲੇਖੇ ਲਾਈਆ । ਜੁਗ ਜੁਗ ਚਲੇ ਅਵੱਲੜੀ

ਚਾਲੀ, ਚਾਲ ਨਿਰਾਲੀ ਇਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਿੰਘਾਸਣ ਪੁਰਖ ਅਬਿਨਾਸ਼ਣ ਏਕੰਕਾਰਾ ਕਰ ਪਸਾਰਾ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਸਾਚਾ ਸਚ ਮਹੱਲਾ, ਨਿਰੰਕਾਰਾ ਰੂਪ ਵਟਾਇਆ । ਆਪੇ ਵਸਿਆ ਨੇਹਚਲ ਧਾਮ ਅਟੱਲਾ, ਉਚ ਮੁਨਾਰ ਇਕ ਵਸਾਇਆ । ਸਚ ਸਿੰਘਾਸਣ ਆਪੇ ਮੱਲਾ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਧਰਾਇਆ । ਨਿਰਗੁਣ ਧਾਰ ਤੇਜ਼ ਕਟਾਰ, ਸ਼ਬਦ ਖੰਡਾ ਚਮਕਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ ਹੋ ਤਿਆਰ, ਬੇਪਰਵਾਹ ਆਪ ਅਖਵਾਈਆ । ਆਦਿ ਨਿਰੰਜਣ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਆਦਿ ਸ਼ਕਤ ਕਰ ਪਿਆਰ, ਏਕਾ ਸੰਗ ਨਿਭਾਈਆ । ਜੋਧਾ ਸੂਰ ਬਲੀ ਬਲਕਾਰ, ਆਪਣੀ ਭੁਜਾ ਆਪ ਉਠਾਈਆ । ਆਪਣਾ ਬਲ ਆਪ ਵਿਚਾਰ, ਆਪੇ ਵੇਖ ਵਖਾਈਆ । ਖੜਗ ਖੰਡਾ ਸਾਚੀ ਧਾਰ, ਆਪ ਆਪਣੀ ਵੰਡ ਵੰਡਾਈਆ । ਜੇਰਜ ਅੰਡ ਕਰ ਪਸਾਰ, ਉਤਭੁਜ ਸੇਹਤਜ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪ ਚਲਾਈਆ । ਨਿਰਗੁਣ ਧਾਰ ਪੁਰਖ ਅਬਿਨਾਸ਼ਾ, ਆਪਣੀ ਆਪ ਚਲਾਇੰਦਾ । ਆਪੇ ਮੰਡਲ ਪਾਵੇ ਰਾਸਾ, ਆਪੇ ਵੇਖ ਵਖਾਇੰਦਾ । ਆਪੇ ਖੇਲੇ ਖੇਲ ਤਮਾਸ਼ਾ, ਖੇਲਣਹਾਰ ਆਪ ਹੋ ਜਾਇੰਦਾ । ਆਪੇ ਵਸੇ ਪ੍ਰਿਥਮੀ ਅਕਾਸ਼ਾ, ਗਗਨ ਮੰਡਲ ਆਪ ਰਹਾਇੰਦਾ । ਆਪੇ ਲੱਖ ਚੁਰਾਸੀ ਕਰੇ ਵਾਸਾ, ਆਪੇ ਮੁਖ ਛੁਪਾਇੰਦਾ । ਆਪੇ ਹੋਏ ਦਾਸੀ ਦਾਸਾ, ਜਨ ਭਗਤਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਨਾਉਂ ਧਰਾਇੰਦਾ । ਨੌ ਨੌ ਚਾਰ ਧਾਰ, ਹਰਿ ਸਾਚੇ ਨਾਉਂ ਰਖਾਇਆ । ਨੌ ਨੌ ਚਾਰ ਚੌਕੜੀ ਉਤਰੀ ਪਾਰ, ਕਲਜੁਗ ਵੇਲਾ ਅੰਤਮ ਆਇਆ । ਬ੍ਰਹਮਾ ਬ੍ਰਹਮ ਪੁਰੀ ਰੋਵੇ ਜ਼ਾਰੋ ਜ਼ਾਰ, ਨਾ ਦਿਸੇ ਕੋਈ ਸਹਾਰ, ਸ਼ਿਵ ਸ਼ੰਕਰ ਕਰੇ ਦਰ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਵਿਸ਼ਨੂੰ ਮੀਤਾ ਮੀਤ ਮੁਰਾਰ, ਹਰਿ ਸਾਚੇ ਸੰਗ ਬਣਾਇਆ । ਕਰੋੜ ਤੇਤੀਸਾ ਆਈ ਹਾਰ, ਸੁਰਪਤ ਇੰਦ ਨਾ ਹੋਏ ਸਹਾਇਆ । ਗਣ ਗੰਧਰਬ ਰਹੇ ਪੁਕਾਰ, ਕਿਨਰ ਯਛਪ ਨਾ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਆਪ ਆਪਣਾ ਨਾਉਂ ਰੰਗ, ਨੌ ਸੰਗ ਚਾਰ ਚਾਰ ਕੁੜਮਾਈਆ । ਨੌ ਸੌ ਚੁਰਾਨਵੇਂ ਚੌਕੜੀ ਹੋਈ ਭੰਗ, ਕਲਜੁਗ ਅੰਤਮ ਵੇਲਾ ਆਈਆ । ਪਾਰਬ੍ਰਹਮ ਵਜਾਏ ਇਕ ਮਰਦੰਗ, ਗੁਰ ਪੀਰ ਨਾ ਕੋਈ ਅਖਵਾਈਆ । ਸ਼ਬਦ ਸੁਹੇਲਾ ਵਸੇ ਸੰਗ, ਵਿਛੜ ਕਦੇ ਨਾ ਜਾਈਆ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਈਆ । ਨੌ ਨੌ ਚਾਰ ਮੰਗ, ਚਾਰ ਚਾਰ ਸੰਗ ਰਖਾਇਆ । ਆਦਿ ਜੁਗਾਦੀ ਸਾਚਾ ਕੰਤ, ਓਅੰ ਨਾਉਂ ਧਰਾਇਆ । ਰਾਮ ਰਾਮਾ ਬਣਾਏ ਬਣਤ, ਕ੍ਰਿਸ਼ਨ ਕ੍ਰਿਸ਼ਨ ਵਡਿਆਇਆ । ਸਤਿਨਾਮ ਵਸਿਆ ਚਿੱਤ, ਨਿਰਗੁਣ ਨਾਨਕ ਗਾਇਆ । ਗੋਬਿੰਦ ਚਲਾਈ ਸਾਚੀ ਰੀਤ, ਵਾਹਿਗੁਰੂ ਫਤਿਹ ਗਜਾਇਆ । ਨਾ ਕੋਈ ਮੰਦਰ ਨਾ ਮਸੀਤ, ਨਾ ਗੁਰੂਦੁਵਾਰ ਵਖਾਇਆ । ਜੋ ਜਨ ਹਿਰਦੇ ਰੱਖੇ ਚੀਤ, ਸਤਿਗੁਰ ਪੂਰਾ ਹੋਏ ਸਹਾਇਆ । ਆਦਿ ਜੁਗਾਦੀ ਪਰਖੇ ਨੀਤ, ਆਪ ਆਪਣਾ ਨਾਉਂ ਧਰਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਕੀਟ ਕੀਟਾਂ ਅੰਦਰ ਡੇਰਾ ਲਾਇਆ । ਦੇਵਣਹਾਰਾ ਨਾਮ ਅਨਡੀਠ, ਨਾਮ ਅਨਮੁਲਾ ਆਪਣੇ ਹੱਟ ਵਿਕਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਪਾਰਬ੍ਰਹਮ ਨਿਰੰਕਾਰਾ, ਹਰਿਜਨ ਵਿਛੜੇ ਮੇਲਣ ਆਇਆ । ਦੇਵੇ ਨਾਮ ਭੰਡਾਰਾ, ਗੁਰ ਗੁਰ ਚੇਲੇ ਵੇਖਣ ਆਇਆ । ਕਲਜੁਗ ਰੈਣ ਅੰਧੇਰੀ ਅੰਧ ਅੰਧਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਚੁਕਾਏ ਰਵ ਸਸ ਸਤਾਰਾ । ਰਵ ਸਸ ਸਤਾਰ ਲੇਖ ਚੁਕਾਵਣਾ, ਹਰਿ ਸਾਚੇ ਵਡ ਵਡਿਆਈਆ । ਸਪਤਮ ਰਿਖੀ ਗੋਦ ਸੁਹਾਵਣਾ, ਵੇਲਾ ਅੰਤਮ ਦਏ ਗਵਾਹੀਆ । ਜੋਤੀ ਤੇਜ ਇਕ ਵਖਾਵਣਾ, ਨੂਰੋ ਨੂਰ ਕਰੇ ਰੁਸ਼ਨਾਈਆ । ਜ਼ਿਮੀ ਅਸਮਾਨਾ ਡੇਰਾ ਢਾਹਵਣਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਆਪਣੀ ਕਲ ਆਪ ਵਰਤੰਤ, ਕਰਨਹਾਰ ਆਪ ਅਖਵਾਇਆ । ਪੁਰਖ ਅਬਿਨਾਸ਼ੀ ਸਾਚਾ ਕੰਤ, ਘਰ ਸਾਚੇ ਵੇਖ ਵਖਾਇਆ । ਜਨ ਭਗਤਾਂ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਤੋੜਣਹਾਰਾ ਗੜ੍ਹ ਹੰਗਤ, ਦੂਈ ਦਵੈਤੀ ਮੇਟ ਮਿਟਾਇਆ । ਦਰ ਦਰਵੇਸ਼ ਹੋਏ ਮੰਗਤ, ਮੰਗਣਹਾਰ ਵੇਸ ਵਟਾਇਆ । ਵੇਖਣਹਾਰ ਸਾਚੀ ਸੰਗਤ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕ ਕਲ ਪ੍ਰਗਟ ਹੋਇਆ, ਤ੍ਰੈਲੋਕ ਵੱਜੇ ਵਧਾਈਆ । ਚੌਦਾਂ ਲੋਕ ਰਹੇ ਨਾ ਸੋਇਆ, ਚੌਦਾਂ ਤਬਕਾਂ ਦਏ ਉਠਾਈਆ । ਗੁਰਮੁਖਾਂ ਦੇਵੇ ਧੁਰਦਰਗਾਹੀ ਸਾਚਾ ਢੋਆ, ਨਾਮ ਨਿਧਾਨਾ ਝੋਲੀ ਪਾਈਆ । ਅੰਮ੍ਰਿਤ ਬੀਜ ਸਾਚਾ ਬੋਆ, ਸਾਚਾ ਫਲ ਖਵਾਈਆ । ਆਦਿ ਜੁਗਾਦੀ ਨਵਾਂ ਨਰੋਆ, ਨਾ ਮਰੇ ਨਾ ਜਾਈਆ । ਹਰਿ ਕਾ ਭੇਵ ਨਾ ਜਾਣੇ ਕੋਆ, ਵੇਦ ਸ਼ਾਸਤਰ ਸਿਮਰਤ ਪੁਰਾਨ ਖਾਣੀ ਬਾਣੀ ਭੇਵ ਕੋਇ ਨਾ ਪਾਈਆ । ਆਪਣੇ ਜੈਸਾ ਆਪੇ ਹੋਇਆ, ਆਪ ਆਪਣਾ ਰੂਪ ਵਟਾਈਆ । ਵੇਖਣਹਾਰਾ ਬਾਲ ਨੌਂਜਵਾਨਾ , ਲੋਕਮਾਤ ਕਰੇ ਰੁਸ਼ਨਾਈਆ । ਜਨ ਭਗਤਾਂ ਅੰਮ੍ਰਿਤ ਆਤਮ ਚੋਆ, ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਰਨੀ ਆਪ ਕਰਾਈਆ । ਕਲਜੁਗ ਅੰਤਮ ਹਰਿ ਹਰਿ ਆਇਆ, ਹਰਿ ਸਾਚਾ ਖੇਲ ਖਿਲਾਇੰਦਾ । ਗੁਰਮੁਖ ਸੋਇਆ ਮਾਤ ਉਠਾਇਆ, ਦੇ ਮਤ ਆਪ ਸਮਝਾਇੰਦਾ । ਏਕਾ ਦਰ ਏਕਾ ਘਰ ਏਕਾ ਵਰ ਆਪੇ ਹੋਇਆ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਵੇਖ ਵਖਾਇੰਦਾ । ਨੌ ਨੌ ਚਾਰ ਪਾਰ ਕਿਨਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਪ੍ਰਗਟ ਹੋ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਗੋਬਿੰਦ ਮੀਤਾ ਦਏ ਸਹਾਰਾ, ਗੁਰ ਗੁਰ ਸ਼ਬਦ ਅਲਾਇੰਦਾ । ਭਗਤੀ ਭਗਤ ਭਰੇ ਭੰਡਾਰਾ, ਆਤਮ ਬ੍ਰਹਮ ਜਣਾਇੰਦਾ । ਨਾਮ ਖੰਡਾ ਤੇਜ ਕਟਾਰਾ, ਗੁਰਸਿਖਾਂ ਹੱਥ ਫੜਾਇੰਦਾ । ਆਪੇ ਬੈਠਾ ਅੱਧਵਿਚਕਾਰਾ, ਆਪਣਾ ਸੀਸ ਭੇਟ ਵਿਖਾਇੰਦਾ । ਮਨੀ ਸਿੰਘ ਚੀਰਿਆ ਆਰਾ, ਪੂਰਬ ਲਹਿਣਾ ਝੋਲੀ ਪਾਇੰਦਾ । ਆਪਣਾ ਆਪ ਪਹਿਲੋਂ ਵਾਰਾ, ਦੂਜਾ ਖੇਲ ਖਿਲਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਖਾਲੀ ਹੱਥ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਇਹ ਸਮਝਾਇੰਦਾ । ਗੁਰਮੁਖ ਤੇਰੀ ਤੇਜ ਕਟਾਰ, ਹਰਿ ਸਾਚੇ ਸੀਸ ਉਠਾਈਆ । ਚਰਨ ਪ੍ਰੀਤੀ ਕਰਾਏ ਇਕ ਪਿਆਰ, ਦੂਜਾ ਦਰ ਨਾ ਕੋਈ ਵਖਾਈਆ । ਲੱਖ ਚੁਰਾਸੀ ਮਾਰੇ ਮਾਰ, ਆਪਣੀ ਰਚਨ ਰਚਾਈਆ । ਹਰਿ ਸੰਗਤ ਫੜ ਫੜ ਜਾਏ ਤਾਰ, ਦੇਵੇ ਸ਼ਬਦ ਵਡਿਆਈਆ । ਕਲਜੁਗ ਅੰਤਮ ਆਈ ਹਾਰ, ਚਾਰੋਂ

੬੬੮
੦੮

ਕੁੰਟ ਰਹੀ ਕੁਰਲਾਈਆ । ਗੁਰਸਿਖਾਂ ਕਰੇ ਸਚ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਵੀਹ ਸੌ ਸੋਲਾਂ ਬੰਨ੍ਹੇ ਧਾਰ, ਸੋਲਾਂ ਕਲੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖਿਆ ਲੇਖਾ ਦਏ ਸਮਝਾਈਆ ।

ਵੀਹ ਸਦ ਸੋਲਾਂ ਸ਼ਬਦ ਧਾਰ, ਹਰਿ ਸਤਿਗੁਰ ਆਪ ਪ੍ਰਗਟਾਈਆ । ਸਚਖੰਡ ਦੁਵਾਰਾ ਕਰ ਤਿਆਰ, ਲੋਕਮਾਤ ਕਰੇ ਰੁਸ਼ਨਾਈਆ । ਦਸਮ ਦੁਆਰੀ ਮੀਤ ਮੁਰਾਰ, ਹਰਿ ਬੈਠਾ ਬੇਪਰਵਾਹੀਆ । ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਆਪ ਕਰਾਈਆ । ਸ਼ਬਦ ਭੰਡਾਰਾ ਲੈ ਕਰਤਾਰ, ਨੌ ਦੁਵਾਰ ਪਾਰ ਕਰਾਈਆ । ਆਪੇ ਆਏ ਸੰਗਤ ਵਿਚਕਾਰ, ਦੇ ਮਤ ਰਿਹਾ ਸਮਝਾਈਆ । ਅੰਮ੍ਰਿਤ ਦੇਵੇ ਠੰਡੀ ਠਾਰ, ਨਿਝਰ ਧਾਰ ਮੁਖ ਚੁਆਈਆ । ਸ਼ਬਦ ਧੁਨ ਅਨਾਦੀ ਧਾਰ, ਘਰ ਘਰ ਵਿਚ ਵਜਾਈਆ । ਬਜ਼ਰ ਕਪਾਟੀ ਖੋਲ੍ਹ ਕਿਵਾੜ, ਸੁੰਨ ਸਮਾਧ ਖੁਲ੍ਹਾਈਆ । ਅਗਨੀ ਬੁਝਾਏ ਤੱਤੀ ਹਾੜ, ਪੰਜ ਤੱਤ ਨਾ ਕੋਈ ਲਗਾਈਆ । ਆਪਣੇ ਮੰਦਰ ਦੇਵੇ ਵਾੜ, ਸਚਖੰਡ ਦੁਵਾਰਾ ਇਕ ਵਖਾਈਆ । ਖ਼ੁਸ਼ੀ ਕਰਾਏ ਨਾੜ ਨਾੜ, ਜੋ ਜਨ ਆਏ ਸਰਨਾਈਆ । ਵੱਜੇ ਦਮਾਮਾ ਸਤਾਰਾਂ ਹਾੜ, ਹਰਿ ਸਾਚਾ ਆਪ ਵਜਾਈਆ । ਧੁਰਦਰਗਾਹੀ ਸਾਚਾ ਲਾੜ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵੇਖ ਵਖਾਈਆ । ਹਰਿ ਸੰਗਤ ਮਿਲਿਆ ਮੇਲਾ, ਗੁਰ ਪੂਰਾ ਆਪ ਮਿਲਾ ਰਿਹਾ । ਰੰਗ ਰੰਗਾਇਆ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਇਆ । ਧੁਰਦਰਗਾਹੀ ਸੱਜਣ ਸੁਹੇਲਾ, ਲੋਕਮਾਤ ਵੇਖਣ ਆਇਆ । ਹਾੜ ਸਤਾਰਾਂ ਚੜ੍ਹਾਏ ਤੇਲਾ, ਸੰਮਤ ਸੋਲਾਂ ਸਾਹ ਸਧਾਇਆ । ਆਦਿ ਜੁਗਾਦੀ ਵਸੇ ਕੋਲਾ, ਵਿਛੜ ਕਦੇ ਨਾ ਜਾਇਆ । ਨੌ ਖੰਡ ਪ੍ਰਿਥਮੀ ਖੇਲੇ ਹੋਲਾ, ਸ਼ਬਦ ਅਗੰਮੀ ਕਲ ਵਰਤਾਇਆ । ਗੁਰ ਸੰਗਤ ਤੇਰਾ ਚੁੱਕੇ ਡੋਲਾ, ਆਪ ਆਪਣੇ ਕੰਧ ਉਠਾਇਆ । ਨੌ ਖੰਡ ਪ੍ਰਿਥਮੀ ਪਾਏ ਰੌਲਾ, ਨਾ ਕੋਈ ਧੀਰ ਧਰਾਇਆ । ਪੁਰਖ ਅਬਿਨਾਸ਼ੀ ਬਦਲਿਆ ਚੋਲਾ, ਨਿਹਕਲੰਕਾ ਨਾਉਂ ਰਖਾਇਆ । ਆਦਿ ਜੁਗਾਦੀ ਬਣਿਆ ਤੋਲਾ, ਸੋਹੰ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਸਾਚਾ ਰੰਗ ਆਪ ਚੜ੍ਹਾਉਣਾ, ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਸਾਚਾ ਮਾਰਗ ਲਾਉਣਾ, ਕਲਜੁਗ ਕੂੜਾ ਦਏ ਉਠਾਈਆ । ਹਰਿ ਸੱਜਣ ਸ਼ਾਹ ਵੇਖ ਵਖੌਣਾ, ਸੋਇਆ ਕੋਈ ਰਹਿਣ ਨਾ ਪਾਈਆ । ਆਤਮ ਬ੍ਰਹਮ ਗਿਆਨ ਦ੍ਰਿੜਾਉਣਾ, ਏਕਾ ਬੂਝ ਬੁਝਾਈਆ । ਨਿਰਗੁਣ ਬਾਤੀ ਦੀਪ ਜਗੌਣਾ, ਅੱਠ ਤੱਤ ਕਰੇ ਰੁਸ਼ਨਾਈਆ । ਪੂਜਾ ਪਾਠ ਨਾ ਕੋਈ ਕਰੌਣਾ, ਕਰ ਕਿਰਪਾ ਪਾਰ ਕਰਾਈਆ । ਅਠਸਠ ਤੀਰਥ ਕਿਸੇ ਨਾ ਨਹੌਣਾ, ਚਰਨ ਸਰਨ ਇਕ ਸਰਨਾਈਆ । ਮੰਦਰ ਮਸਜਿਦ ਗੁਰਦੁਵਾਰ ਨਾ ਕੋਇ ਸੁਹੌਣਾ, ਤੇਰਾ ਮੰਦਰ ਆਪ ਸੁਹਾਈਆ । ਨੌ ਦੁਵਾਰੇ ਪੰਧ ਮੁਕੌਣਾ, ਸੁਖਮਨ ਟੇਢੀ ਨਾੜੀ ਆਪੇ ਪਾਰ ਕਰਾਈਆ । ਦਰ ਘਰ ਸਾਚਾ ਵੇਖ ਵਖੌਣਾ, ਆਪਣੀ ਆਪ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਕਿਰਪਾ ਕਰ, ਆਪ ਆਪਣੀ ਹੱਥੀਂ ਕੁੰਡਾ ਲਾਹੀਆ । ਨੌ ਦੁਵਾਰੇ ਚੁਕਿਆ ਪੰਧ, ਹਰਿ ਸਾਚੇ ਆਪ ਚੁਕਾਇਆ । ਹਰਿ ਸੰਗਤ ਘਰ ਘਰ ਚੜ੍ਹਿਆ ਚੰਦ, ਗੁਰਮੁਖ ਆਪਣੇ ਆਪ ਚੜ੍ਹਾਇਆ । ਦੇਵਣਹਾਰਾ ਪਰਮਾਨੰਦ, ਨਿਜ ਘਰ ਬੈਠਾ ਆਸਣ ਲਾਇਆ । ਸਤਿਗੁਰ ਪੂਰਾ ਬਣ ਬਖ਼ਸ਼ਿੰਦ, ਏਕਾ

ਮਾਰਗ ਲਾਇਆ । ਜਿਸ ਜਨ ਗਾਇਆ ਬੱਤੀ ਦੰਦ, ਲੇਖਾ ਲੇਖੇ ਦਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਤਰਾਇਆ । ਸ਼ਬਦ ਖੰਡਾ ਤੇਜ ਕਟਾਰ, ਸਤਿਗੁਰ ਪੂਰਾ ਹੱਥ ਉਠਾਈਆ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਆਪ ਆਪਣਾ ਹੁਕਮ ਵਰਤਾਈਆ । ਮਾਰੇ ਮਾਰ ਦੋ ਦੋ ਧਾਰ, ਦੋ ਜਹਾਨਾਂ ਵੇਖ ਵਖਾਈਆ । ਖ਼ਲਕ ਖ਼ੁਦਾਈ ਗਈ ਹਾਰ, ਹੂ ਹੂ ਕਰ ਕਰ ਨਾਅਰਾ ਲਾਈਆ । ਰਾਮ ਰਾਮ ਨਾ ਕੋਈ ਪਿਆਰ, ਰਾਮਾ ਕ੍ਰਿਸ਼ਨ ਨਾ ਵੇਖ ਵਖਾਈਆ । ਸਤਿ ਨਾਮ ਨਾ ਕੋਈ ਅਧਾਰ, ਵਾਹਿਗੁਰੂ ਫਤਿਹ ਨਾ ਕੋਈ ਗਜਾਈਆ । ਪ੍ਰਗਟ ਹੋਇਆ ਨਿਹਕਲੰਕ ਹਰਿ ਨਿਰੰਕਾਰ, ਆਪਣੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਵਿਚ ਸੰਸਾਰ, ਸਾਚਾ ਮਾਰਗ ਲਏ ਲਾਈਆ । ਗੁਰਮੁਖਾਂ ਹੋਇਆ ਪਹਿਰੇਦਾਰ, ਆਪ ਆਪਣੀ ਸੇਵ ਕਮਾਈਆ । ਹਰਿ ਸੰਗਤ ਸੌਣਾ ਪੈਰ ਪਸਾਰ, ਦੂਤੀ ਦੁਸ਼ਟ ਨੇੜ ਨਾ ਆਈਆ । ਦੂਤਾਂ ਦੁਸ਼ਟਾਂ ਦੇਵੇ ਮਾਰ, ਆਪ ਆਪਣਾ ਹੁਕਮ ਚਲਾਈਆ । ਜੋਧਾ ਸੂਰਬੀਰ ਬਲੀ ਬਲਕਾਰ, ਭਗਤਨ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਬਣਤ ਬਣਾਈਆ । ਬਣਤ ਬਣਾਈ ਹਰਿ ਬ੍ਰਹਿਮੰਡਾ, ਵੰਡੀ ਵੰਡ ਵੰਡਾਇੰਦਾ । ਵੱਢਣਹਾਰਾ ਲੱਖ ਚੁਰਾਸੀ ਕੰਡਾਂ, ਨਾਮ ਖੰਡਾ ਹੱਥ ਉਠਾਇੰਦਾ । ਚਾਰ ਕੁੰਟ ਨੌ ਖੰਡ ਸਤਿ ਦੀਪ ਮੇਟਣਹਾਰਾ ਭੇਖ ਪਖੰਡਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਏਕਾ ਪਿਆਏ ਜਾਮ ਸਾਚੇ ਧਾਮ ਗੁਰਮੁਖਾਂ ਪਾਏ ਠੰਡਾ, ਆਪਣੀ ਸੇਵ ਕਮਾਇੰਦਾ । ਨਾਰ ਦੁਹਾਗਣ ਗੁਰਸਿਖ ਨਾ ਦਿਸੇ ਰੰਡਾ, ਸਾਚਾ ਕੰਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਤੇਜ ਕਟਾਰ, ਹੱਥ ਫੜੀ ਆਪ ਨਿਰੰਕਾਰ, ਸੱਤਾਂ ਦੀਪਾਂ ਮਾਰੇ ਮਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਗੁਰਮੁਖਾਂ ਹਰਿ ਹਰਿ ਬੇੜਾ ਬੰਨ੍ਹ, ਆਪਣਾ ਖੇਲ ਖਲਾਇੰਦਾ । ਸਤਿਜੁਗ ਚੜ੍ਹਾਏ ਸਾਚਾ ਚੰਨ, ਕਲਜੁਗ ਕੂੜੀ ਕਿਰਿਆ ਮੇਟ ਮਿਟਾਇੰਦਾ । ਸੰਮਤ ਸੋਲਾਂ ਹਾੜ ਸਤਾਰਾਂ ਕਹੇ ਧੰਨ ਧੰਨ, ਨੌ ਸੌ ਚੁਰਾਨਵੇਂ ਕਿਸੇ ਹੱਥ ਨਾ ਆਇੰਦਾ । ਪ੍ਰਗਟ ਹੋ ਨਿਰੰਕਾਰ, ਲੋਕਮਾਤ ਲੈ ਅਵਤਾਰ, ਸੋਹੰ ਸ਼ਬਦੀ ਡੰਕ ਵਜਾਇੰਦਾ । ਨਾਨਕ ਗਾਇਆ ਆਪਣੀ ਵਾਰ, ਮੰਗੀ ਮੰਗ ਬਣ ਭਿਖਾਰ, ਦੇਵਣਹਾਰ ਸੱਚੀ ਸਰਕਾਰ, ਏਕਾ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਇਛਿਆ ਆਪ ਕਰਾਇੰਦਾ । ਆਪੇ ਖੜਗ ਤੇਜ ਕਟਾਰ, ਆਪੇ ਖੰਡਾ ਰਿਹਾ ਚਮਕਾਈਆ । ਸ਼ਾਹ ਸੁਲਤਾਨਾਂ ਦੋ ਜਹਾਨਾਂ ਵੇਖੇ ਵਿਗਸੇ ਕਰੇ ਵਿਚਾਰ, ਆਪ ਆਪਣੀ ਰਚਨ ਰਚਾਈਆ । ਸ਼ਸਤਰ ਬਸਤਰ ਕਰ ਤਿਆਰ, ਸੋਲਾਂ ਕਲੀਆਂ ਇਕ ਸ਼ਿੰਗਾਰ, ਸਾਚਾ ਅਸਵ ਆਪ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪੇ ਰੰਗੇ ਲੋਕਮਾਤ ਮੂਲ ਨਾ ਸੰਗੇ, ਨਿਰਭੈ ਰੂਪ ਆਪ ਹੋ ਜਾਈਆ । ਨਿਰਭੈ ਰੂਪ ਆਪ ਕਰਤਾਰ, ਪ੍ਰਗਟ ਹੋਇਆ ਵਿਚ ਸੰਸਾਰ, ਲੱਖ ਚੁਰਾਸੀ ਕਰੇ ਖੁਵਾਰ, ਸਾਧਾਂ ਸੰਤਾਂ ਨਾ ਦੇਵੇ ਕੋਈ ਸਹਾਰ, ਜੋਤੀ ਸਭ ਦੀ ਖਿਚ ਹਰਿ ਸੰਗਤ ਤੇਰੇ ਚਰਨਾਂ ਹੇਠ ਦਬਾਈਆ । ਸਾਧਾਂ ਸੰਤਾਂ ਆਈ ਹਾਰ, ਕੋਈ ਨਾ ਪਾਵੇ ਕਿਸੇ ਸਾਰ, ਧੀਰਜ ਜਤ ਨਾ ਕੋਈ ਧਰਾਇੰਦਾ । ਜਪ ਤਪ ਗਏ ਹਾਰ, ਗੁਰੂ ਦਰ ਨਾ ਕੋਈ ਪਿਆਰ, ਮੰਦਰ ਮਸਜਿਦ ਹਾਹਾਕਾਰ, ਸਾਚੀ ਰੱਖਿਆ ਨਾ ਕੋਈ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਆਪ ਅਖਵਾਇੰਦਾ । ਨਿਹਕਲੰਕ ਕਲ ਪ੍ਰਗਟ ਹੋਇਆ,

ਪਰਮ ਪੁਰਖ ਸੁਲਤਾਨਾ । ਸਤਿਗੁਰ ਪੂਰਾ ਕਦੇ ਨਾ ਸੋਇਆ, ਖੇਲੇ ਖੇਲ ਦੋ ਜਹਾਨਾਂ, ਗੁਰਮੁਖਾਂ ਦੇਵੇ ਨਾਮ ਸੱਚਾ ਢੋਆ, ਨਾਲ ਰਲਾਏ ਅਨਹਦ ਸ਼ਬਦ ਸੱਚਾ ਮਰਦਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੰਡਾ ਸ਼ਬਦ ਚਮਕਾਣਾ । ਆਪਣਾ ਸੀਸ ਆਪੇ ਕੱਟ, ਗੁਰਮੁਖਾਂ ਵਖਾਏ ਸਾਚਾ ਹੱਟ ਪ੍ਰਗਟ ਹੋਏ ਝਟ ਪਟ, ਜੋਤੀ ਨੂਰ ਲਟ ਲਟ, ਚਾਰ ਕੁੰਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੰਡਾ ਫੜ ਕਟਾਰ, ਮਾਰਨਹਾਰਾ ਮਾਰ, ਪ੍ਰਗਟ ਹੋਇਆ ਵਿਚ ਸੰਸਾਰ, ਗੁਰਮੁਖ ਸੱਜਣ ਲਏ ਉਭਾਰ, ਮਨਮੁਖਾਂ ਦਏ ਸਜਾਈਆ । ਗੁਰਮੁਖ ਸਾਚਾ ਸਾਜਣ ਮੀਤਾ, ਹਰਿ ਸਾਚੇ ਮੇਲ ਮਿਲਾਇਆ । ਪ੍ਰਗਟ ਹੋਇਆ ਇਕ ਅਤੀਤਾ, ਦਿਸ ਕਿਸੇ ਨਾ ਆਇਆ । ਆਦਿ ਜੁਗਾਦੀ ਠੰਡਾ ਸੀਤਾ, ਸਤਿਗੁਰ ਨਾਉਂ ਧਰਾਇਆ । ਆਪੇ ਜਾਣੇ ਆਪਣੀ ਗੀਤਾ, ਵੇਦ ਕਤੇਬ ਭੇਵ ਨਾ ਰਾਇਆ । ਲੱਖ ਚੁਰਾਸੀ ਪਰਖੇ ਨੀਤਾ, ਦੇਵਣਹਾਰ ਸਰਬ ਸਜਾਇਆ । ਨਾਮ ਨਿਧਾਨ ਜਿਸ ਜਨ ਪੀਤਾ, ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੱਜਣ ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਦਏ ਗੁਵਾਇਆ । ਸ਼ਬਦ ਹੁਲਾਰਾ ਸਾਚੀ ਧਾਰ, ਗੁਰ ਸਤਿਗੁਰ ਆਪ ਚਲਾਈਆ । ਕਾਲਖ ਟਿੱਕਾ ਦੁਰਮਤ ਮੈਲ ਝੂਠੀ ਸ਼ਾਹੀ ਦਏ ਉਤਾਰ, ਜੋ ਜਨ ਆਏ ਸਰਨਾਈਆ । ਅੰਮ੍ਰਿਤ ਭਰੇ ਨਾਮ ਭੰਡਾਰ, ਕਾਇਆ ਕਰੇ ਠੰਡੀ ਠਾਰ, ਸਾਂਤਕ ਸਤਿ ਵਰਤਾਈਆ । ਏਕਾ ਰੰਗ ਰੰਗਾਏ ਪੁਰਖ ਨਾਰ, ਮੇਲ ਮਿਲਾਵਾ ਕੰਤ ਭਤਾਰ, ਸਾਚੀ ਸੇਜਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਧਾਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਦਏ ਵਡਿਆਈਆ । ਸੰਮਤ ਸੋਲਾਂ ਗਿਆ ਚੜ੍ਹ, ਹਰਿ ਸਾਚਾ ਸੇਵ ਕਮਾਇੰਦਾ । ਗੁਰਮੁਖ ਸਾਚੇ ਮੇਲ ਮਿਲਾਏ ਫੜ ਫੜ, ਸੋਲਾਂ ਹਾੜੀ ਦਿਵਸ ਸੁਹਾਇੰਦਾ । ਭਰਮ ਭੁਲੇਖਾ ਦੂਰ ਕਰ, ਆਪੇ ਹਉਮੇ ਗੜ੍ਹ ਤੁੜਾਇੰਦਾ । ਆਸਾ ਮਨਸਾ ਪੂਰ ਕਰ, ਆਪੇ ਬੇਆਸ ਨਾ ਕੋਈ ਵਿਖਾਇੰਦਾ । ਚਰਨ ਭਰਵਾਸਾ ਇਕ ਧਰ, ਨਾ ਕੋਈ ਦੂਜਾ ਰਾਹ ਤਕਾਇੰਦਾ । ਸਿਰ ਸਮਰਥ ਹੱਥ ਟਿਕਾਇਆ, ਸਰਬ ਕਲਾ ਸਮਰਥ ਆਪ ਅਖਵਾਇੰਦਾ । ਸਾਢੇ ਤਿੰਨ ਹੱਥ ਤੇਰਾ ਰਥ ਚਲਾਇਆ, ਆਪ ਆਪਣਾ ਧੱਕਾ ਲਾਇੰਦਾ । ਕਲਜੁਗ ਅੰਤਮ ਬੋਧ ਅਗਾਧ ਸ਼ਬਦ ਬਾਣੀ ਅਕੱਥਨਾ ਅਕੱਥ ਚਲਾਇਆ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਲੱਖ ਚੁਰਾਸੀ ਮਥ ਵਖਾਇਆ, ਨਾਮ ਮਧਾਨਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕਾ ਕਲ ਅਵਤਾਰਾ, ਸੰਬਲ ਧਾਰ ਬੰਧਾਈਆ । ਗੁਰ ਗੋਬਿੰਦ ਕਰ ਪਿਆਰਾ, ਸਿੰਘ ਸਿੰਘ ਵੇਖ ਵਿਖਾਈਆ । ਉਚ ਮਹੱਲ ਅਟੱਲ ਮੁਨਾਰਾ, ਬੈਠਾ ਆਸਣ ਲਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਨਾਨਕ ਮੇਲਾ ਮੀਤ ਮੁਰਾਰਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਸਰਬ ਜੀਆਂ ਸਾਂਝਾ ਯਾਰਾ, ਪਰਵਰਦਿਗਾਰ ਇਕ ਖ਼ੁਦਾਈਆ । ਐਨਲਹੱਕ ਲਾਏ ਨਾਅਰਾ, ਆਪ ਆਪਣਾ ਨੂਰ ਵਖਾਈਆ । ਰਾਮ ਸੀਤਾ ਕਰ ਪਿਆਰਾ, ਸ਼ਾਸਤਰ ਸਿਮਰਤ ਫੋਲ ਫੁਲਾਈਆ । ਕਾਹਨਾ ਕ੍ਰਿਸ਼ਨਾ ਦਏ ਹੁਲਾਰਾ, ਏਕਾ ਗਿਆਨ ਦ੍ਰਿੜਾਈਆ । ਨਾਮ ਸਤਿ ਸਤਿ ਵਣਜਾਰਾ, ਵਾਹ ਵਾਹ ਗੁਰੂ ਵਡਿਆਈਆ । ਕਲਜੁਗ ਅੰਤਮ ਖੇਲ ਅਪਾਰਾ, ਭੇਵ ਕੋਈ ਨਾ ਪਾਈਆ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਆਪ ਆਪਣੀ ਕਲ ਵਰਤਾਈਆ । ਜਨ ਭਗਤਾਂ ਦੇਵੇ ਸ਼ਬਦ ਭੰਡਾਰਾ, ਸੋਹੰ ਝੋਲੀ ਪਾਈਆ । ਸਚਖੰਡ

੬੭੧ ੦੮

ਵਖਾਏ ਸਚ ਦੁਵਾਰ, ਹਰਿ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਖੰਡਾ ਵਿਚ ਬ੍ਰਹਿਮੰਡਾ, ਹਰਿ ਹਰਿ ਨਾਮ ਚਮਕਾਈਆ । ਨਾਮ ਅਵੱਲੀ ਧਾਰ, ਏਕੰਕਾਰ ਹਰਿ ਨਿਰੰਕਾਰ, ਨਿਰਗੁਣ ਆਪ ਚਲਾਇੰਦਾ । ਪ੍ਰਗਟ ਹੋ ਵਿਚ ਸੰਸਾਰ, ਪਾਵੇ ਸਾਰ ਸ਼ਬਦ ਅਧਾਰ, ਅਨਹਦ ਢੋਲਾ ਸਾਚਾ ਗਾਇੰਦਾ । ਰਾਓ ਰੰਕ ਕਰੇ ਪਿਆਰ, ਚਾਰ ਵਰਨਾਂ ਦਏ ਸਹਾਰ, ਰਾਜ ਰਾਜਾਨਾ ਮੇਲ ਮਿਲਾਇੰਦਾ । ਸ਼ਾਹ ਸੁਲਤਾਨਾਂ ਕਰੇ ਖੁਵਾਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਦੂਈ ਦਵੈਤੀ ਮੇਟੇ ਧਾਰ, ਸ਼ਰਅ ਸ਼ਰੀਅਤ ਪਾਰ ਕਿਨਾਰ, ਸਾਚੀ ਸਿਖ ਇਕ ਸਮਝਾਇੰਦਾ । ਏਕਾ ਨਾਅਰਾ ਸ਼ਬਦ ਜੈਕਾਰ, ਏਕਾ ਰਾਮਾ ਕ੍ਰਿਸ਼ਨਾ ਹਰਿ ਅਵਤਾਰ, ਨਾਨਕ ਗੋਬਿੰਦ ਇਕ ਵਖਾਨ, ਸੰਗ ਮੁਹੰਮਦ ਪਾਵੇ ਸਾਰ, ਵੇਖਣਹਾਰਾ ਚਾਰ ਯਾਰ, ਈਸਾ ਮੂਸਾ ਸੰਗ ਰਲਾਇੰਦਾ । ਆਪੇ ਵਸਿਆ ਸਭ ਤੋਂ ਬਾਹਿਰ, ਆਦਿ ਜੁਗਾਦੀ ਬੰਨ੍ਹੇ ਧਾਰ, ਪ੍ਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰ, ਦਿਸ ਨਾ ਆਏ ਵਿਚ ਸੰਸਾਰ, ਮਨਮੁਖਾਂ ਮੁਖ ਨਾ ਆਪ ਵਖਾਇੰਦਾ । ਤੋੜਨਹਾਰਾ ਗੜ੍ਹ ਹੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ਣ ਹਰਿ ਅਨਮੁਲਾ, ਕਰਤਾ ਕੀਮਤ ਆਪੇ ਪਾਇੰਦਾ । ਜਗਤ ਤਰਾਜੂ ਕਿਸੇ ਨਾ ਤੁਲਾ, ਤੋਲਣਹਾਰ ਆਪ ਅਖਵਾਇੰਦਾ । ਕਦੇ ਨਾ ਜੰਮਿਆ ਉਚੀ ਕੁਲਾ, ਆਪਣੀ ਕੁਲ ਨਾ ਕੋਈ ਬਣਾਇੰਦਾ । ਆਦਿ ਜੁਗਾਦਿ ਕਦੇ ਨਾ ਭੁੱਲਾ, ਅਭੁਲ ਆਪ ਅਖਵਾਇੰਦਾ । ਗੁਰਮੁਖਾਂ ਪਾਵਣ ਆਇਆ ਮੁੱਲਾ, ਨਿਹਕਲੰਕਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸਿੰਘਾਸਣ ਏਕਾ ਏਕ ਸੁਹਾਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰਾ, ਏਕਾ ਏਕ ਉਪਾਇਆ । ਨਿਰਗੁਣ ਦੀਪਕ ਕਰ ਉਜਿਆਰਾ, ਜੋਤੀ ਜੋਤ ਪ੍ਰਗਟਾਇਆ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਧੁਨੀ ਨਾਦ ਇਕ ਵਜਾਇਆ । ਕਲਜੁਗ ਅੰਤਮ ਪ੍ਰਗਟ ਹੋਏ ਵਿਚ ਸੰਸਾਰਾ, ਸੰਮਤ ਸੋਲਾਂ ਆਪਣਾ ਪਰਦਾ ਆਪੇ ਦਏ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ । ਸੰਮਤ ਸੋਲਾਂ ਚੁਕਿਆ ਪਰਦਾ ਓਹਲਾ, ਹਰਿ ਆਪੇ ਜੋਤ ਜਗਾਈਆ । ਗੁਰਸਿਖ ਗਾਓ ਘਰ ਘਰ ਢੋਲਾ, ਮਿਲਿਆ ਪਾਰਬ੍ਰਹਮ ਵਡ ਵੱਡੀ ਵਡਿਆਈਆ । ਦਿਵਸ ਰੈਣ ਵਸੇ ਕੋਲਾ, ਵਿਛੜ ਕਦੇ ਨਾ ਜਾਈਆ । ਗੁਰਮੁਖ ਬਣਾਏ ਕਲਾ ਸੋਲਾਂ, ਜੋ ਜਨ ਰਹੇ ਸਰਨਾਈਆ । ਮਨਮੁਖਾਂ ਵਿਆਹੇ ਆਤਮ ਬੋਲਾ, ਆਪਣਾ ਖੰਡਾ ਆਪ ਉਠਾਈਆ । ਗ਼ਰੀਬ ਨਿਮਾਣੇ ਗੁਰਸਿਖ ਨਿਤਾਣੇ ਆਪ ਆਪਣੀ ਗੋਦ ਉਠਾਏ ਆਪ ਬਣਿਆ ਭੋਲਾ, ਭੋਲੇ ਭਾਓ ਲਏ ਤਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਦਿ ਨਿਰੰਜਣ ਅਲੱਖ ਬੇਪਰਵਾਹੀਆ । ਆਦਿਨ ਅੰਤਾ ਹਰਿ ਨਿਰੰਕਾਰਾ, ਪ੍ਰਗਟ ਹੋਇਆ ਵਿਚ ਸੰਸਾਰਾ, ਸ਼ਬਦ ਸਰੂਪੀ ਫੜ ਕਟਾਰਾ, ਆਪ ਆਪਣਾ ਬਦਲਿਆ ਚੋਲਾ, ਆਪ ਆਪਣੀ ਖੇਲ ਖਿਲਾਈਆ । ਅਗੰਮ ਅਗੰਤ੍ਰਾ ਅਗੰਮੜੀ ਕਾਰ, ਹੱਡ ਮਾਸ ਨਾੜੀ ਚੰਮੜੇ ਵਸਿਆ ਬਾਹਿਰ, ਅਲੱਖ ਨਿਰੰਜਣ ਇਕ ਜੈਕਾਰ, ਸਚਖੰਡ ਲੋਕਮਾਤ ਏਕਾ ਨਾਅਰਾ ਰਿਹਾ ਲਗਾਈਆ । ਮਨਮੁਖਾਂ ਕਰੇ ਖ਼ਬਰਦਾਰ, ਸੋਇਆ ਰਹੇ ਨਾ ਵਿਚ ਸੰਸਾਰ, ਪ੍ਰਗਟ ਹੋਇਆ ਨਿਰਗੁਣ ਹਰਿ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਧੁਰ ਦਾ ਸ਼ਬਦ ਧੁਰ ਦੀ ਬਾਣ, ਗੁਰਮੁਖ ਸੁਣਾਏ ਆਪ ਕਾਨ, ਕਲਜੁਗ ਅੰਤਮ ਲਾਹੁਣ ਆਇਆ ਮਕਾਨ, ਮਨਮੁਖ ਰੋਵਣ ਚਾਰ ਕੁੰਟ ਦੇਵਣ ਦੁਹਾਈਆ । ਨਾਲ

ਰਲਾਏ ਪੰਜ ਸ਼ੈਤਾਨ, ਭਰਮੇ ਭੁੱਲੇ ਜੀਵ ਨਿਧਾਨ, ਮਾਇਆ ਮਮਤਾ ਬੇਈਮਾਨ, ਜਗਤ ਵਿਦਿਆ ਰਹੀ ਭੁਲਾਈਆ । ਜੋ ਜਨ ਰਸਨਾ ਸੋਹੰ ਗਾਣ, ਕਾਇਆ ਮੰਦਰ ਮਿਲੇ ਭਗਵਾਨ, ਸ਼ਬਦ ਝੁਲਾਏ ਸਾਚਾ ਨਿਸ਼ਾਨ, ਅੱਠੇ ਪਹਿਰ ਰੰਗ ਰੰਗਾਈਆ । ਜੂਠੇ ਝੂਠੇ ਸਰਬ ਪਛਤਾਣ, ਵੇਲੇ ਅੰਤ ਨਾ ਕੋਈ ਮਕਾਨ, ਦਰ ਦਰ ਫਿਰਦੇ ਬੇਈਮਾਨ, ਸਾਚਾ ਦਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਧਾਰ ਅਪਰ ਅਪਾਰ, ਪ੍ਰਗਟ ਕਰ ਵਿਚ ਸੰਸਾਰ, ਸੋਹੰ ਖੰਡਾ ਕਰ ਤਿਆਰ, ਆਪ ਆਪਣੇ ਰੰਗ ਰੰਗਾਈਆ । ਸੋਹੰ ਸ਼ਬਦ ਤੇਜ ਕਟਾਰੀ, ਹਰਿ ਆਪਣੇ ਹੱਥ ਉਠਾਇੰਦਾ । ਖੇਲੇ ਖੇਲ ਅਗੰਮ ਅਪਾਰੀ, ਅਲੱਖ ਅਲੱਖਣਾ ਭੇਵ ਨਾ ਆਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਦੀਪਕ ਦੀਪ ਆਪ ਜਗਾਇੰਦਾ । ਜਨ ਭਗਤਾਂ ਕਰੇ ਜਗਤ ਪਿਆਰੀ, ਆਤਮ ਸ਼ਕਤ ਵਿਖਾਇੰਦਾ । ਬੂੰਦ ਰਕਤ ਰਿਹਾ ਉਧਾਰੀ, ਰੱਤੀ ਰੱਤ ਸੁਕਾਇੰਦਾ । ਪਾਰ ਕਰਾਏ ਨਰ ਨਾਰੀ, ਜੋ ਜਨ ਨੇਤਰ ਲੋਚਣ ਦਰਸ਼ਨ ਪਾਇੰਦਾ । ਕੱਟਣਹਾਰਾ ਜੁਗ ਜੁਗ ਬੀਮਾਰੀ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸਾਚਾ ਮੇਲਾ ਕੰਤ ਭਤਾਰੀ, ਆਤਮ ਸੇਜਾ ਇਕ ਸੁਹਾਇੰਦਾ । ਨਾਤਾ ਛੁੱਟੇ ਸਰਬ ਸੰਸਾਰੀ, ਸਤਿਗੁਰ ਪੂਰਾ ਲੜ ਲਗਾਇੰਦਾ । ਸੰਮਤ ਸੋਲਾਂ ਸਤਾਰਾਂ ਹਾੜ, ਬੇਆਸ ਨਿਰਾਸ ਨਾ ਕੋਈ ਵਖਾਇੰਦਾ । ਬੇਆਸ ਕਿਨਾਰਾ ਕਰਿਆ ਪਾਰ, ਹਰਿ ਸਾਚੇ ਮੇਲ ਮਿਲਾਇਆ । ਚਰਨ ਕਵਲਾਂ ਬਖ਼ਸ਼ੇ ਇਕ ਪਿਆਰ, ਏਕਾ ਦਰ ਵਖਾਇਆ । ਏਕਾ ਨਾਮ ਏਕਾ ਢੋਲਾ ਏਕਾ ਸੋਹਲਾ ਜੈ ਜੈਕਾਰ, ਏਕੰਕਾਰਾ ਏਕਾ ਮੁਖ ਸਲਾਹਿਆ । ਛੱਤੀ ਰਾਗ ਨਾ ਪਾਇਣ ਸਾਰ, ਨਾਰਦ ਸੁਰਸਤੀ ਦਏ ਦੁਹਾਇਆ । ਗੌੜੀ ਭੈਰੋਂ ਰਹੇ ਵਿਚਾਰ, ਧਨਾਸਰੀ ਆਪਣਾ ਤਨ ਕਟਾਇਆ । ਜੈਤਸਰੀ ਹੋਏ ਲਾਚਾਰ, ਗੌਂਡ ਕਾਨੜਾ ਨਾ ਕੋਈ ਖੁਵਾਇਆ । ਪੂਤ ਸਪੂਤਾ ਕਰ ਤਿਆਰ, ਪਾਰਬ੍ਰਹਮ ਖੇਲ ਖਿਲਾਇਆ । ਚਾਰੇ ਕੂਟਾਂ ਕਰ ਪਸਾਰ, ਦਹਿ ਦਿਸ਼ਾ ਵੇਖ ਵਖਾਇਆ । ਧੁਨ ਅਨਾਦ ਸੱਚੀ ਧੁਨਕਾਰ, ਅਨਹਦ ਤਾਲ ਵਜਾਇਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਸੋਹੰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਇਆ । ਬੇਆਸ ਕਿਨਾਰਾ ਗਿਆ ਪੈਂਡਾ ਮੁੱਕ, ਹਰਿ ਸਾਚੇ ਜਗ ਮੁਕਾਇਆ । ਹਰਿ ਸੰਗਤ ਤੇਰਾ ਭਾਰ ਆਪੇ ਚੁੱਕ, ਆਪਣੇ ਸੀਸ ਉਠਾਇਆ । ਸੋਲਾਂ ਸਾਲ ਰਿਹਾ ਬੁੱਕ, ਆਪਣਾ ਮੁਖ ਛੁਪਾਇਆ । ਹਾੜ ਸਤਾਰਾਂ ਢੋਆ ਗਿਆ ਢੁਕ, ਆਪਣਾ ਪਰਦਾ ਦੇਵੇ ਲਾਹਿਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇਆ । ਮਨਮੁਖਾਂ ਮੁਖ ਪੈਣਾ ਥੁੱਕ, ਪ੍ਰਭ ਸਾਚਾ ਦਏ ਸਜਾਇਆ । ਕਲਜੁਗ ਬੂਟਾ ਗਿਆ ਸੁੱਕ, ਪਤ ਡਾਲੀ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਪਾਰ ਕਿਨਾਰਾ, ਸ਼ਬਦ ਅਗੰਮੀ ਦਏ ਸਹਾਰਾ, ਆਤਮ ਅੰਤਰ ਇਕ ਵਣਜਾਰਾ, ਆਪਣਾ ਵਣਜ ਕਰਾਇਆ । ਪਾਰ ਕਿਨਾਰਾ ਸਾਚਾ ਘਰ, ਹਰਿ ਹਰਿ ਆਪ ਵਖਾਇੰਦਾ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਗੇੜ ਕਟਾਇੰਦਾ । ਚਰਨ ਧੂੜ ਨੁਹਾਇਆ ਸਾਚੇ ਸਰ, ਦੁਰਮਤ ਮੈਲ ਮਿਟਾਇੰਦਾ । ਆਪਣੀ ਕਿਰਪਾ ਆਪ ਕਰ, ਆਪਣੀ ਰੰਗਣ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਗਨ ਆਪ ਮਨਾਇੰਦਾ ।

ਕਲਜੁਗ ਕਲ ਵਰਤਾਈ ਆਪ ਪ੍ਰਭ, ਕਰਨਹਾਰ ਖੇਲ ਖਿਲਾਇਆ । ਸੰਤ ਸੁਹੇਲੇ ਜੁਗ ਜੁਗ ਵਿਛੜੇ ਆਪੇ ਲੱਭ, ਆਪ ਆਪਣਾ ਮੇਲ ਮਿਲਾਇਆ । ਉਲਟੀ ਕਰਨਹਾਰਾ ਕਵਲ ਨਭ, ਅੰਮ੍ਰਿਤ ਝਿਰਨਾ ਦਏ ਝਿਰਾਇਆ । ਪੰਚ ਵਿਕਾਰਾ ਦਏ ਦੱਬ, ਹਰਿਜਨ ਸਾਚੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਅਪਣਾ ਦਰ ਖੁਲ੍ਹਾਇਆ । ਆਪਣਾ ਦਰ ਖੋਲ੍ਹ ਦੁਵਾਰਾ, ਹਰਿ ਸਾਚਾ ਵੇਖ ਵਿਖੰਦੜਾ । ਪੁਰਖ ਅਬਿਨਾਸ਼ੀ ਭੇਵ ਨਿਆਰਾ, ਜੁਗਾ ਜੁਗੰਤਰ ਆਪ ਕਰੰਦੜਾ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖੰਦੜਾ । ਗੋਬਿੰਦ ਸਾਚਾ ਮੀਤ ਮੁਰਾਰਾ, ਹਰਿ ਸਾਚਾ ਮੇਲ ਮਲੰਦੜਾ । ਸ਼ਬਦ ਵਿਚੋਲਾ ਬਣ ਸੰਸਾਰਾ, ਸਾਚਾ ਖੇਲ ਖਲੰਦੜਾ । ਗੁਰਮੁਖ ਮੇਲੇ ਵਾਰੋ ਵਾਰਾ, ਆਪ ਆਪਣਾ ਧਾਮ ਸੁਹੰਦੜਾ । ਨਿਰਗੁਣ ਜੋਤੀ ਨਿਰਗੁਣ ਧਾਰਾ, ਨਿਰਗੁਣ ਨਾਮ ਸੁਹੰਦੜਾ । ਨਿਰਗੁਣ ਦੀਵਾ ਨਿਰਗੁਣ ਬਾਤੀ ਕਮਲਾਪਾਤੀ ਕਰ ਉਜਿਆਰਾ, ਆਪ ਆਪਣਾ ਮੁਖ ਵਿਖੰਦੜਾ । ਬੂੰਦ ਸਵਾਂਤੀ ਅੰਮ੍ਰਿਤ ਧਾਰ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਮੇਲ ਮਿਲੰਦੜਾ । ਮੇਲ ਮਿਲਾਵਾ ਪੁਰਖ ਸੁਲਤਾਨ, ਹਰਿ ਸੱਜਣ ਵਡ ਵਡਿਆਈਆ । ਘਰ ਮੰਦਰ ਗਾਏ ਗੋਪੀ ਕਾਹਨ, ਸਾਚੀ ਰਾਸ ਵਖਾਈਆ । ਸਾਚੀ ਸੁਰਤੀ ਕਰ ਪ੍ਰਨਾਮ, ਏਕਾ ਰਾਮ ਲਏ ਪ੍ਰਨਾਈਆ । ਏਕਾ ਨੂਰ ਸ੍ਰੀ ਭਗਵਾਨ, ਏਕਾ ਸ਼ਬਦ ਕੁੜਮਾਈਆ । ਨਾਮ ਸਤਿ ਸਤਿ ਪ੍ਰਧਾਨ, ਪਰਮ ਪੁਰਖ ਉਪਾਈਆ । ਵਾਹ ਵਾਹ ਗੁਰੂ ਗੁਰ ਸਾਰੇ ਗਾਣ, ਗਾਵਣਹਾਰਾ ਦਿਸ ਨਾ ਆਈਆ । ਕਲਜੁਗ ਅੰਤਮ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਹਰਿਜਨ ਮੇਲਾ ਦੋ ਜਹਾਨ, ਘਰ ਸਾਚਾ ਵੇਖ ਵਖਾਈਆ । ਏਕਾ ਰਾਗ ਸੁਣਾਇਆ ਕਾਨ, ਏਕਾ ਬੂਝ ਬੁਝਾਈਆ । ਇਕ ਵਖਾਏ ਸਚ ਮਕਾਨ, ਚੌਦਾਂ ਚੌਦਾਂ ਆਪ ਖੁਲ੍ਹਾਈਆ । ਏਕਾ ਅੰਮ੍ਰਿਤ ਪੀਣ ਖਾਣ, ਏਕਾ ਬ੍ਰਹਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਬੇਪਰਵਾਹ, ਆਪਣੀ ਦਇਆ ਕਮਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਪਕੜੇ ਬਾਂਹ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲ ਅਗੰਮ ਪੁਰਖ ਅਬਿਨਾਸ਼ੀ, ਆਪਣਾ ਆਪ ਕਰਾਈਆ । ਪ੍ਰਗਟ ਹੋ ਘਨਕਪੁਰ ਵਾਸੀ, ਪੁਰੀ ਘਨਕ ਵਡਿਆਈਆ । ਜਨ ਭਗਤਾਂ ਲਾਹੇ ਜਗਤ ਉਦਾਸੀ, ਆਪਣੇ ਰੰਗ ਰੰਗਾਈਆ । ਦਰ ਦੁਰਕਾਏ ਮਦਿਰਾ ਮਾਸੀ, ਹਰਿਜਨ ਸਾਚੇ ਵੇਖ ਵਖਾਈਆ । ਭੇਵ ਨਾ ਪਾਇਣ ਪੰਡਤ ਕਾਂਸ਼ੀ, ਗਿਆਨੀ ਧਿਆਨੀ ਵਡ ਵਿਦਵਾਨੀ ਨਿਰਗੁਣ ਨੂਰ ਜੋਤ ਪ੍ਰਕਾਸ਼ ਨੂਰੋ ਨੂਰ ਡਗਮਗਾਈਆ । ਕਿਸੇ ਹੱਥ ਨਾ ਆਏ ਪ੍ਰਿਥਮੀ ਅਕਾਸ਼ੀ, ਗਗਨ ਗਗਨਾਂ ਵਿਚ ਸਮਾਈਆ । ਹਰਿਜਨ ਮੇਲੇ ਰਸਨ ਸਵਾਸੀ, ਜੋ ਜਨ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਤ ਰਿਹਾ ਸਮਝਾਈਆ । ਰਸਨ ਜਿਹਵਾ ਹਰਿਜਨ ਗਾਵਣ, ਰਾਮ ਨਾਮ ਉਰਧਾਰਾ । ਮੇਲ ਮਿਲਾਵਾ ਜਿਉਂ ਬਲ ਬਾਵਨ, ਪ੍ਰਗਟ ਹੋਏ ਵਿਚ ਸੰਸਾਰਾ । ਮਾਰੇ ਦੁਸ਼ਟ ਪੰਚ ਵਿਕਾਰਾ ਰਾਵਣ, ਰਾਮ ਰਾਮਾ ਰੂਪ ਕਰਤਾਰਾ । ਕਾਹਨਾ ਕ੍ਰਿਸ਼ਨਾ ਬਣਿਆ ਜ਼ਾਮਨ, ਦ੍ਰੋਪਦ ਸੁੱਤ ਦ੍ਰੋਪਦੀ ਅਧਾਰਾ । ਪੰਚ ਫੜਾਏ ਆਪਣਾ ਦਾਮਣ, ਆਪੇ ਲਾਏ ਸਤਿਗੁਰ ਨਾਅਰਾ । ਮੇਟ ਮਿਟਾਏ ਕਾਮਨੀ ਕਾਮਨ, ਘਰ ਦੀਪਕ ਕਰ ਉਜਿਆਰਾ । ਰੈਣ ਅੰਧੇਰਾ ਚੁੱਕੇ ਸ਼ਾਮਨ, ਏਕਾ ਪ੍ਰਗਟੇ ਗੁਰ

੬੮੪
੦੮

ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰਾ । ਅਗੰਮ ਅਗੋਚਰ ਅਗੰਮ ਅਥਾਹ, ਪਾਰਬ੍ਰਹਮ ਅਖਵਾਇਆ । ਨਿਰਗੁਣ ਸਰਗੁਣ ਬਣ ਮਲਾਹ, ਗੁਰ ਸਤਿਗੁਰ ਨਾਉਂ ਧਰਾਇਆ । ਹਰਿਜਨ ਵੇਖੇ ਥਾਉਂ ਥਾਂ, ਨੌ ਖੰਡ ਪ੍ਰਿਥਮੀ ਫੋਲ ਫੁਲਾਇਆ । ਸਾਚਾ ਮੇਲਾ ਨਗਰ ਗਰਾਂ, ਕਾਇਆ ਖੇੜਾ ਇਕ ਵਸਾਇਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇਆ । ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਆਪੇ ਬਣਿਆ ਪਿਤਾ ਮਾਂ, ਗੁਰਮੁਖ ਸਾਚੇ ਗੋਦ ਉਠਾਇਆ । ਕਰਨ ਆਇਆ ਸਚ ਨਿਆਂ, ਕਲਜੁਗ ਅੰਤਮ ਵੇਖ ਵਖਾਇਆ । ਸਤਿਜੁਗ ਸਾਚਾ ਮਾਰਗ ਦੇਵੇ ਲਾ, ਸੂਰ ਗਾਂ ਨਾ ਕੋਇ ਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਲਿਖਾਇਆ । ਆਪਣਾ ਲੇਖਾ ਆਪ ਲਿਖਾਵਣਾ, ਲਿਖਣਹਾਰਾ ਆਪ ਹੋ ਜਾਇੰਦਾ । ਪਾਰਬ੍ਰਹਮ ਪ੍ਰਭ ਨਾਉਂ ਧਰਾਵਣਾ, ਬ੍ਰਹਮ ਬ੍ਰਹਮ ਬ੍ਰਹਮ ਪ੍ਰਭ ਵੇਸ ਵਟਾਇੰਦਾ । ਵਿਸ਼ਨੂੰ ਵੰਸੀ ਆਪ ਅਖਵਾਵਣਾ, ਵਿਸ਼ਵ ਰੂਪ ਸਮਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਪ੍ਰਭ ਭੇਵ ਚੁਕਾਵਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਸ਼ੰਕਰ ਸ਼ੰਕਰ ਸੰਗ ਰਲਾਵਣਾ, ਹਰੀ ਹਰਿ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਫੁੱਲ ਚੜ੍ਹਾਵਣਾ, ਪੰਚਮ ਮੰਗਲ ਗਾਇੰਦਾ । ਪ੍ਰਿਥਮੀ ਅਕਾਸ਼ ਆਪ ਸੁਣਾਵਣਾ, ਏਕਾ ਨਾਅਰਾ ਲਾਇੰਦਾ । ਗਗਨ ਪਤਾਲਾਂ ਫੇਰਾ ਪਾਵਣਾ, ਮੰਡਲ ਮੰਡਪ ਆਪ ਸੁਹਾਇੰਦਾ । ਜੁਗਾ ਜੁਗੰਤਰ ਨਾਮ ਧਰਾਵਣਾ, ਆਪ ਆਪਣੀ ਕਲ ਵਰਤਾਇੰਦਾ । ਚਾਰੇ ਵੇਦਾਂ ਵੇਖ ਵਖਾਵਣਾ, ਵੇਦ ਵਿਦਾਂਤਾ ਆਪ ਉਪਾਇੰਦਾ । ਸੰਤ ਭਗਤ ਭਗਵੰਤ ਮੇਲ ਮਿਲਾਵਣਾ, ਨਾਮ ਡੋਰੀ ਇਕ ਬੰਧਾਇੰਦਾ । ਗੁਰ ਚੇਲਾ ਏਕਾ ਰੰਗ ਰੰਗਾਵਣਾ, ਗੁਰ ਗੋਬਿੰਦ ਖੇਲ ਖਿਲਾਇੰਦਾ । ਸ਼ਬਦ ਰੰਗੀਲਾ ਪਲੰਘ ਵਿਛਾਵਣਾ, ਆਤਮ ਸੇਜਾ ਸਚ ਸੁਹਾਇੰਦਾ । ਨਰ ਨਰਾਇਣ ਨਾਰੀ ਕੰਤ ਮੇਲ ਮਿਲਾਵਣਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਮਿਲ ਸਖੀਆਂ ਪੰਚਮ ਬਹਿ ਗਾਵਣਾ, ਰਾਗ ਅਨਾਦੀ ਧੁਨ ਉਪਜਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਵਣਾ, ਖੋਜਣਹਾਰਾ ਦਿਸ ਨਾ ਆਇੰਦਾ । ਬੋਧ ਅਗਾਧੀ ਸ਼ਬਦ ਚਲਾਵਣਾ, ਸੋਹੰ ਢੋਲਾ ਆਪੇ ਗਾਇੰਦਾ । ਸੰਮਤ ਸੋਲਾਂ ਮੇਲਾ ਮੇਲ ਮਿਲਾਵਣਾ, ਕਲਜੁਗ ਕੂੜਾ ਪੰਧ ਮੁਕਾਇੰਦਾ । ਹਾੜ ਸਤਾਰਾਂ ਦਿਵਸ ਸੁਹਾਵਣਾ, ਬਾਵਨ ਅੱਖਰੀ ਪੂਰ ਕਰਾਇੰਦਾ । ਪੈਂਤੀਸ ਰਾਗ ਤੇਰਾ ਅਲਾਵਣਾ, ਗੁਰ ਗੁਰ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਆਪ ਅਖਵਾਵਣਾ, ਦਸ ਸਤਾਰਾਂ ਜੋੜ ਜੁੜਾਇੰਦਾ । ਪਹਿਲੀ ਹਾੜੇ ਰੰਗ ਰੰਗਾਵਣਾ, ਆਪਣੀ ਕਰਨੀ ਆਪ ਕਰਾਇੰਦਾ । ਦੂਜਾ ਪਰਦਾ ਆਪੇ ਲਾਹਵਣਾ, ਆਪ ਆਪਣਾ ਮੁਖ ਵਖਾਇੰਦਾ । ਤੀਜਾ ਨੇਤਰ ਇਕ ਖੁਲ੍ਹਾਵਣਾ, ਆਪ ਆਪਣਾ ਨੂਰ ਦਰਸਾਇੰਦਾ । ਚੌਥੇ ਪਦ ਮੇਲ ਮਿਲਾਵਣਾ, ਸਾਚਾ ਘਰ ਵਸਾਇੰਦਾ । ਪੰਚਮ ਮੀਤਾ ਪੰਚਮ ਗੁਰ ਪੰਚਮ ਮੇਲਾ ਆਪ ਕਰਾਵਣਾ, ਪੰਚਮ ਮੁਖ ਆਪ ਸਲਾਹਿੰਦਾ । ਛੇਵੇਂ ਦਰ ਰਾਗ ਅਲਾਵਣਾ, ਨਾਦ ਅਨਾਦ ਨਾ ਕੋਈ ਵਜਾਇੰਦਾ । ਸਤਿ ਪੁਰਖ ਨਿਰੰਜਣ ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਏਕਾ ਏਕ ਧਾਮ ਸੁਹਾਵਣਾ, ਦਰ ਘਰ ਸਾਚਾ ਇਕ ਸੁਹਾਇੰਦਾ । ਹਰਿਜਨ ਸਾਚੇ ਵੇਖ ਵਖਾਵਣਾ, ਅੱਠ ਅਠੋਤਰੀ ਮਾਲਾ ਨਾ ਕੋਈ ਗਲ ਲਟਕਾਇੰਦਾ । ਨੌ ਦੁਵਾਰੇ ਖੋਜ ਖੁਜਾਵਣਾ, ਨੌ ਦਰ ਬਣਤ ਬਣਾਇੰਦਾ । ਦਸਮ ਦੁਆਰੀ ਪਰਦਾ ਲਾਹਵਣਾ, ਸੇਜ ਸੁਹੰਜਣੀ ਇਕ ਸੁਹਾਇੰਦਾ । ਚਤੁਰਭੁਜ ਆਪ ਅਖਵਾਵਣਾ, ਆਪ ਆਪਣੀ ਭੁਜਾ ਓਠਾਇੰਦਾ । ਪੂਜਾ ਪਾਠ ਨਾ ਕੋਈ ਕਰਾਵਣਾ, ਅਭਿਆਸ ਤਪ ਨਾ ਕੋਈ ਜਣਾਇੰਦਾ । ਨਿਉਲੀ ਕਰਮ ਨਾ ਕੋਈ ਅਖਵਾਵਣਾ, ਸੀਸ ਖ਼ਾਕ ਨਾ ਕੋਈ ਪਾਇੰਦਾ । ਜਲ ਧਾਰਾ ਨਾ


੬੭੫
੦੮

ਕੋਈ ਠਰਾਵਣਾ, ਅਗਨੀ ਤੱਤ ਨਾ ਕੋਈ ਜਲਾਇੰਦਾ । ਸਾਚਾ ਮੰਤਰ ਇਕ ਦ੍ਰਿੜਾਵਣਾ, ਪਿਛਲਾ ਲਹਿਣਾ ਝੋਲੀ ਪਾਇੰਦਾ । ਸਤਿਜੁਗ ਸਾਚਾ ਮਾਰਗ ਲਾਵਣਾ, ਚਾਰ ਵਰਨਾਂ ਇਕ ਸਮਝਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਵਣਾ, ਏਕਾ ਦਰ ਸੁਹਾਇੰਦਾ । ਨਾਰੀ ਕੰਤ ਹਰਿ ਭਗਵੰਤ ਰੂਪ ਬਸੰਤ ਇਕ ਚੜ੍ਹਾਵਣਾ, ਲਾਲ ਗੁਲਾਲਾ ਦੀਨ ਦਿਆਲਾ ਏਕਾ ਰੰਗ ਰੰਗਾਇੰਦਾ । ਸਾਧ ਸੰਤ ਗੁਰਮੁੱਖ ਸਾਚੇ ਆਪਾ ਤਰਾਵਣਾ, ਆਇਆ ਜਿਸ ਜਨ ਆਪਣੇ ਚਰਨ ਟਿਕਾਇੰਦਾ । ਪੰਜ ਤੱਤ ਬਣਾਏ ਬਣਤ ਮਹਿਮਾ ਅਗਣਤ ਜੁਗਾ ਜੁਗੰਤਰ ਆਪ ਆਪਣਾ ਭੇਵ ਖੁਲ੍ਹਾਵਣਾ, ਭੇਵ ਅਭੇਦਾ ਅਛਲ ਅਛੇਦਾ ਆਪ ਹੋ ਜਾਇੰਦਾ । ਪੁਰਖ ਸੁਲਤਾਨ ਹਰਿ ਮਿਹਰਬਾਨ ਸ਼ਬਦ ਅਨਾਦੀ ਢੋਲਾ ਏਕਾ ਗਾਵਣਾ, ਸੋਹੰ ਨਾਉਂ ਰਖਾਇੰਦਾ । ਨਿਰਗੁਣ ਧਾਰ ਹੋ ਉਜਿਆਰ, ਪੁਰਖ ਕਰਤਾਰ ਗੁਰਮੁਖ ਸਾਜਣ ਲਏ ਉਭਾਰ, ਨਿਹਕਲੰਕ ਵੱਜੀ ਡੰਕ ਰਾਓ ਰੰਕ ਆਪ ਉਠਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੁਰਖ ਅਬਿਨਾਸ਼ ਖੇਲ ਤਮਾਸ਼, ਆਦਿ ਜੁਗਾਦੀ ਜੁਗਾ ਜੁਗੰਤ ਹਰਿ ਭਗਵਾਨ ਕਰ ਪਸਾਰ ਵਿਚ ਸੰਸਾਰ ਗੁਰ ਅਵਤਾਰ ਪਾਰਬ੍ਰਹਮ ਆਪ ਅਖਵਾਇੰਦਾ । ਨਿਹਕਲੰਕ ਨਰਾਇਣ ਨਰ, ਨੇਤਰ ਲੋਚਣ ਪੇਖੇ ਨੈਣ, ਗੁਰਮੁਖ ਸਾਚੇ ਸਾਕ ਸੱਜਣ ਸੈਣ, ਆਪ ਚੁਕਾਏ ਲਹਿਣ ਦੇਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਹਿਣਾ ਸਾਚਾ ਗਹਿਣਾ ਆਪਣੀ ਹੱਥੀਂ ਝੋਲੀ ਪਾਇੰਦਾ । ਸਾਚੇ ਮੰਦਰ ਸਾਚੇ ਅੰਦਰ ਸਾਚੇ ਘਰ ਹਰਿਦੁਵਾਰ ਗੁਰਮੁਖ ਸਾਚੇ ਸਾਚੇ ਬਹਿਣਾ, ਹਰਿ ਸਾਚਾ ਆਪ ਬਹਾਇੰਦਾ । ਸੰਮਤ ਸੋਲਾਂ ਤੋਲਿਆ ਤੋਲਾ, ਨਾ ਕੋਈ ਪਾਇਆ ਤੋਲਾ, ਏਕੰਕਾਰਾ ਹਰਿ ਨਿਰੰਕਾਰ ਕਰ ਪਸਾਰ ਆਤਮ ਧਾਰ, ਨਿਰਗੁਣ ਸਰਗੁਣ ਗੁਣ ਅਵਗੁਣ ਛਾਣ ਪੁਣ ਲੱਖ ਚੁਰਾਸੀ ਜਮ ਕੀ ਫਾਸੀ ਹਰਿਜਨ ਸਾਚੇ ਦਏ ਲਟਕਾਈਆ । ਮੰਡਲ ਰਾਸੀ ਸ਼ਾਹੋ ਸ਼ਬਾਸੀ ਪ੍ਰਿਥਮੀ ਅਕਾਸ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਕਰ ਵਿਚਾਰ, ਹਾੜ ਸਤਾਰਾਂ ਇਕ ਪਿਆਰ, ਸਾਧ ਸੰਤ ਹਰਿਦੁਵਾਰ ਗੁਰਮੁਖ ਸੋਹਿਣ ਚਰਨ ਦੁਵਾਰ ਭਗਤਾਂ ਅੰਮ੍ਰਿਤ ਨਾਮ ਆਪ ਪਿਆਈਆ । ਗੁਰਮੁਖ ਸੱਜਣ ਸੁਹੇਲੇ, ਘਰ ਸਾਚੇ ਮੇਲ ਮਿਲਾਈਆ । ਮਿਲਿਆ ਮੇਲ ਗੁਰੂ ਗੁਰ ਚੇਲੇ, ਗੁਰ ਗੋਬਿੰਦ ਕਰੇ ਕੁੜਮਾਈਆ । ਸੰਤ ਸੁਹੇਲੇ ਆਪੇ ਮੇਲੇ, ਮਿਲ ਸਖੀਆਂ ਮੰਗਲ ਗਾਈਆ । ਸਤਿਗੁਰ ਪੂਰਾ ਨਿਰਗੁਣ ਜੋਤ ਹਾਜ਼ਰ ਹਜ਼ੂਰ ਜ਼ਾਹਿਰ ਜ਼ਹੂਰ ਨੇੜੇ ਦੂਰ ਨਾ ਕੋਈ ਜਾਣੇ ਆਤਮ ਅੰਤਰ ਬ੍ਰਹਮ ਪਛਾਣੇ ਸਤਿਗੁਰ ਪੂਰੇ ਚਲੇ ਭਾਣੇ, ਦੇ ਮਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰੰਗ ਰਿਹਾ ਰੰਗਾਈਆ । ਰੰਗਣ ਰੰਗ ਰੰਗ ਚਲੂਲ, ਗੁਰਮੁਖ ਨਾ ਜਾਏ ਭੂਲ, ਕਰਨਹਾਰਾ ਸੂਲੀਉਂ ਸੂਲ, ਆਪ ਚੁਕਾਏ ਪਿਛਲਾ ਮੂਲ, ਅੱਗੇ ਮਾਰਗ ਏਕਾ ਪਾਇੰਦਾ । ਪੁਰਖ ਅਬਿਨਾਸ਼ੀ ਗੁਰਮੁਖਾਂ ਉਤੇ ਬਰਖ਼ੇ ਫੂਲ, ਆਦਿ ਜੁਗਾਦਿ ਨਾ ਜਾਏ ਭੂਲ, ਹਰਿਜਨ ਸਾਚੇ ਆਪਣੀ ਗੋਦ ਉਠਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ੀ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਧਰਤ ਧਵਲ ਨਾ ਪ੍ਰਿਥਮੀ ਅਕਾਸ਼ ਨਾ ਜੰਗਲ ਜੂਹ ਉਜਾੜ ਪਹਾੜ ਨਾ ਕੋਈ ਜਲ ਥਲ ਨਾ ਕੋਈ ਗਾਰ, ਡੂੰਘੇ ਸਾਗਰ ਨਾ ਜਾਏ ਤਾਰ, ਪੁਰਖ ਅਗੰਮ ਨਾ ਮਰੇ ਨਾ ਜਾਏ ਜੰਮ, ਆਪੇ ਜਾਣੇ ਆਪਣਾ ਕੰਮ, ਥਿਰ ਘਰ ਸਾਚਾ ਸਚਖੰਡ ਅਪਰ ਅਪਾਰਾ, ਹਰਿ ਨਿਵਾਸ ਪੁਰਖ ਅਬਿਨਾਸ਼, ਭੇਵ ਕੋਇ ਨਾ ਪਾਇੰਦਾ । ਜੋਤ ਨਿਰੰਕਾਰ ਪ੍ਰਗਟ ਸੰਸਾਰ ਖੇਲ ਅਪਾਰ ਗੋਬਿੰਦ ਧਾਰ ਸ਼ਬਦ ਕਟਾਰ ਅਪਰ ਅਪਾਰ ਗੁਰਮੁਖ ਧਾਰ ਆਤਮ ਬ੍ਰਹਮ ਨਾਮ ਤਨ ਸਤਿਜੁਗ ਦਾਤ ਵਡ ਕਰਾਮਾਤ,

ਏਕਾ ਏਕ ਝੋਲੀ ਪਾਈਆ । ਹਰਿ ਸੰਗਤ ਤੇਰੀ ਉਤਮ ਜ਼ਾਤ, ਸਤਿਗੁਰ ਪੁੱਛੇ ਵਾਤ, ਚਰਨ ਕਵਲ ਬੰਧਾਏ ਨਾਤ, ਨਰ ਨਰਾਇਣ ਨੇਤਰ ਲੋਚਣ ਆਪੇ ਪੇਖ, ਪਿਛਲੇ ਮੇਟਣਹਾਰਾ ਲੇਖ, ਅਗਲਾ ਲੇਖਾ ਦਏ ਲਿਖਾਈਆ । ਆਪੇ ਮੁੰਡ ਮੁੰਡਾਏ ਮੁੱਛ ਦਾੜ੍ਹੀ ਕੇਸ, ਆਪੇ ਨਾਨਕ ਗੁਰ ਦਸ ਦਸਮੇਸ਼, ਪਾਵੇ ਸਾਰ ਗਣਪਤ ਗਣੇਸ਼, ਵੇਖਣਹਾਰਾ ਬ੍ਰਹਮਾ ਵਿਸ਼ਨ ਮਹੇਸ਼, ਸ਼ਾਹੋ ਭੂਪ ਸਚ ਸਿੰਘਾਸਣ ਨਰ ਨਰੇਸ਼, ਏਕੰਕਾਰ ਕਰ ਪਸਾਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਖੰਡਾ ਤੇਜ ਕਟਾਰ, ਗੁਰਮੁਖਾਂ ਕਰੇ ਇਕ ਸ਼ਿੰਗਾਰ, ਸੋਲਾਂ ਕਲੀਆਂ ਅਕਲ ਕਲਾ ਕਲ ਧਾਰ, ਆਪਣੀ ਕਲ ਵਰਤਾਈਆ । ਸੰਮਤ ਸੋਲਾਂ ਹੋ ਤਿਆਰ, ਬਦਲਿਆ ਚੋਲਾ ਵਿਚ ਸੰਸਾਰ, ਗਾਇਆ ਢੋਲਾ ਅਪਰ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕ ਜੈਕਾਰ, ਪੁਰਖ ਆਪਣਾ ਨਾਅਰਾ ਲਾਈਆ । ਹਾੜ ਸਤਾਰਾਂ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੰਦੇਸ਼ ਇਕ ਸੁਣਾਈਆ । ਹਰਿਜਨ ਲੇਖਾ ਲੇਖੇ ਲਾਵਣਾ, ਗੁਰ ਸਤਿਗੁਰ ਪੂਰਾ ਆਪ ਅਖਵਾਇਆ । ਸੰਮਤ ਸੋਲਾਂ ਰਾਹ ਚਲਾਵਣਾ, ਆਪ ਆਪਣੀ ਚਾਲ ਚਲਾਇਆ । ਬੇਆਸ ਬੇਆਸ ਪਾਰ ਕਰਾਵਣਾ, ਨਾਮ ਮੁਹਾਣਾ ਚੱਪੂ ਏਕਾ ਲਾਇਆ । ਸਾਚਾ ਬੇੜਾ ਆਪ ਉਠਾਵਣਾ, ਆਪਣੇ ਕੰਧ ਆਪ ਉਠਾਇਆ । ਸੁਹਾਗੀ ਢੋਲਾ ਆਪੇ ਗਾਵਣਾ, ਸਾਚਾ ਸਗਨ ਮਨਾਇਆ । ਹਰਿ ਸੰਗਤ ਦੇ ਬਾਂਹ ਸਰਹਾਣੇ ਸੋਵਣਾ, ਵੇਲੇ ਅੰਤਮ ਲਏ ਬਚਾਇਆ । ਰਾਏ ਧਰਮ ਨਾ ਦਰ ਪੁਛਾਵਣਾ, ਚਿਤਰ ਗੁਪਤ ਨਾ ਲੇਖ ਵਖਾਇਆ । ਲਾੜੀ ਮੌਤ ਨਾ ਮੌਤ ਪ੍ਰਨਾਵਣਾ, ਆਪ ਆਪਣਾ ਖੇਲ ਖਿਲਾਇਆ । ਆਏ ਘਰ ਖੋਲ੍ਹੇ ਦਰ ਚੁਕਾਏ ਡਰ, ਦੇਵੇ ਦਰਸ ਨਾਰੀ ਨਰ ਬਾਲ ਬਿਰਧ ਜਵਾਨ ਏਕਾ ਰੰਗ ਰੰਗਾਵਣਾ, ਏਕਾ ਬੂਝ ਬੁਝਾਈਆ ।
੬੭੭ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲਾ ਸਾਚੇ ਦਰ, ੬੭੭
੦੮ ਹਰਿ ਸੰਗਤ ਆਪ ਕਰਾਈਆ । ਨੌ ਨੌ ਚਾਰ ਵਸਿਆ ਖੇੜਾ, ਹਰਿ ਸਤਿਗੁਰ ਆਪ ਵਸਾਇਆ । ਕਲਜੁਗ ਅੰਤਮ ਆਇਆ ਬੰਨ੍ਹਣ ਬੇੜਾ, ਆਪ ਅਪਣਾ ਸੰਗ ਨਿਭਾਇਆ । ਲੱਖ ਚੁਰਾਸੀ ਦੇਵੇ ਗੇੜਾ, ਉਲਟੀ ਲੱਠ ਗਿੜਾਇਆ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਆਪੇ ਦਏ ਕਰਾਇਆ । ਦੋ ਜਹਾਨਾਂ ਸਚ ਨਿਬੇੜਾ, ਸਾਚਾ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਵੇਖ ਵਖਾਇਆ । ਹਰਿ ਸੱਜਣ ਜੋੜ ਜੁੜੰਦੜਾ, ਸੰਮਤ ਸੋਲਾਂ ਕਰ ਵਿਚਾਰ । ਪੂਰਨ ਇਛਿਆ ਆਪ ਕਰੰਦੜਾ, ਭਰੇ ਨਾਮ ਭੰਡਾਰ । ਹਉਮੇ ਹੰਗਤਾ ਰੋਗ ਮਿਟੰਦੜਾ, ਬਖ਼ਸ਼ੇ ਚਰਨ ਪਿਆਰ । ਸਾਚਾ ਮੰਦਰ ਇਕ ਸੁਹੰਦੜਾ, ਨਿਰਗੁਣ ਬਾਤੀ ਕਰ ਉਜਿਆਰ । ਸ਼ਬਦ ਅਨਾਦੀ ਇਕ ਸੁਨੰਦੜਾ, ਅਨਹਦ ਧੁਨ ਸੱਚੀ ਧੁਨਕਾਰ । ਦਰ ਦਰਵਾਜਾ ਆਪ ਖੁਲੰਦੜਾ, ਬਜ਼ਰ ਕਪਾਟੀ ਦੇਵੇ ਪਾੜ । ਸਾਚੀ ਹਾਟੀ ਨਾਮ ਵਿਕੰਦੜਾ, ਆਪ ਸੁਹਾਏ ਦਸਮ ਦੁਵਾਰ । ਹਰਿਜਨ ਤੇਰਾ ਰਾਹ ਤਕੰਦੜਾ, ਨਿਰਗੁਣ ਬੈਠਾ ਕਰ ਪਿਆਰ । ਹਾੜ ਸਤਾਰਾਂ ਮੇਲ ਮਿਲੰਦੜਾ, ਲੇਖਾ ਲਿਖਿਆ ਅਪਰ ਅਪਾਰ । ਆਵਣ ਜਾਵਣ ਗੇੜ ਕਟੰਦੜਾ, ਲੱਖ ਚੁਰਾਸੀ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਪਾਰ ਕਿਨਾਰ । ਬੇਆਸ ਕਿਨਾਰਾ ਪਾਰ ਉਤਾਰਾ, ਹਰਿ ਸਤਿਗੁਰ ਵਡ ਵਡਿਆਇਆ । ਗੁਰਮੁਖ ਸਾਜਣ ਕਰ ਪਿਆਰਾ, ਨਾਮ ਅਧਾਰ ਹਰਿਜਨ ਝੋਲੀ ਪਾਇਆ । ਵਣਜ ਵਪਾਰਾ ਏਕੰਕਾਰਾ, ਨਿਰਾਕਾਰਾ ਆਪ ਕਰਾਇਆ । ਸ਼ਬਦ ਭੰਡਾਰ ਵਿਚ ਸੰਸਾਰ, ਨਿਰਗੁਣ ਧਾਰ ਰਿਹਾ ਚਲਾਇਆ । ਬੰਕ ਦੁਵਾਰਾ ਥਿਰ

੬੭੮
੦੮

ਦਰਬਾਰਾ, ਸਚਖੰਡ ਦੁਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਇਆ । ਜਾਗਰਤ ਜੋਤ ਇਕ ਜਗਾ, ਹਰਿ ਸਤਿਗੁਰ ਵੇਖ ਵਖਾਈਆ । ਬਿਆਸ ਕਿਨਾਰਾ ਪਾਰ ਕਰਾ, ਗੁਰਮੁਖ ਬਣੇ ਮਲਾਹੀਆ । ਖੇਵਟ ਖੇਟਾ ਬੇੜਾ ਰਿਹਾ ਚਲਾ, ਦਿਵਸ ਰੈਣ ਵਾਹੋ ਦਾਹੀਆ । ਸੰਮਤ ਸੋਲਾਂ ਨਾਲ ਰਿਹਾ ਰਲਾ, ਸੋਲਾਂ ਕਲ ਦਏ ਵਡਿਆਈਆ । ਬਦਲਿਆ ਚੋਲਾ ਬੇਪਰਵਾਹ, ਸੋਹੰ ਢੋਲਾ ਸਾਚਾ ਗਾਈਆ । ਸਾਚਾ ਸੋਹਲਾ ਲਿਆ ਸੁਣਾ, ਸੋ ਪੁਰਖ ਨਿਰੰਜਣ ਮੇਲ ਮਿਲਾਈਆ । ਸਾਚੇ ਤੋਲੇ ਤੋਲ ਲਿਆ ਤੁਲਾ, ਨਾਮ ਵੱਟਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਈਆ । ਤੋਲਣ ਆਇਆ ਹਰਿ ਕਰਤਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਨਾਮ ਕੰਡਾ ਅਪਰ ਅਪਾਰ, ਕਲਜੁਗ ਅੰਤਮ ਨਾਲ ਲਿਆਇੰਦਾ । ਨਾਨਕ ਗਾਈ ਤੇਰਾਂ ਧਾਰ, ਤ੍ਰੈਗੁਣ ਵੇਖ ਵਖਾਇੰਦਾ । ਸੰਮਤ ਚੌਦਾਂ ਹੋ ਤਿਆਰ, ਏਕਾ ਇਕੀ ਪਾਇੰਦਾ । ਸੰਮਤ ਪੰਦਰਾਂ ਖੇਲ ਅਪਾਰ, ਤੀਰਥ ਤੱਟਾਂ ਫੋਲ ਫੁਲਾਇੰਦਾ । ਖਿਚੀ ਸ਼ਕਤੀ ਹਰਿ ਨਿਰੰਕਾਰ, ਜਲ ਧਾਰਾ ਨਾ ਕੋਈ ਸਮਾਇੰਦਾ । ਸੰਮਤ ਸੋਲਾਂ ਮਾਰੇ ਮਾਰ, ਸਾਧਾਂ ਸੰਤਾਂ ਮੁਖ ਭੁਵਾਇੰਦਾ । ਪੀਰ ਫ਼ਕੀਰਾਂ ਮਾਰੇ ਮਾਰ, ਦਸਤਗੀਰ ਨਾ ਕੋਈ ਦਸਤ ਫੜਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ ਕਰਨ ਪੁਕਾਰ, ਕੁਤਬ ਗੌਂਸ ਨਾ ਕੋਈ ਛੁਡਾਇੰਦਾ । ਪੰਡਤ ਪਾਂਧੇ ਰਹੇ ਵਿਚਾਰ, ਪਾਂਧੀ ਪੰਧ ਨਾ ਕੋਈ ਮੁਕਾਇੰਦਾ । ਥੱਕੇ ਮਾਂਦੇ ਗਏ ਹਾਰ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਗ੍ਰੰਥੀ ਪੰਥੀ ਹਾਹਾਕਾਰ, ਆਤਮ ਬ੍ਰਹਮ ਨਾ ਕੋਈ ਰਖਾਇੰਦਾ । ਨਾਮ ਸ਼ਬਦ ਨਾ ਵਣਜ ਵਪਾਰ, ਨਿਰਗੁਣ ਘਰ ਨਾ ਕੋਈ ਬਹਾਇੰਦਾ । ਨਾਨਕ ਮੇਲਾ ਨਾ ਮੀਤ ਮੁਰਾਰ, ਗੋਬਿੰਦ ਲੜ ਨਾ ਕੋਈ ਬੰਧਾਇੰਦਾ । ਆਤਮ ਅੰਮ੍ਰਿਤ ਠੰਡੀ ਠਾਰ, ਪਿਆਲਾ ਭਰ ਨਾ ਜਾਮ ਪਿਆਇੰਦਾ । ਧਰਮ ਨਾ ਬੱਧੀ ਸੀਸ ਦਸਤਾਰ, ਜੂਠ ਝੂਠ ਰਸਨਾ ਗਾਇੰਦਾ । ਸਚ ਖੰਡਾ ਨਾ ਤੇਜ਼ ਕਟਾਰ, ਤਨ ਕ੍ਰਿਪਾਨ ਨਾ ਕੋਈ ਵਖਾਇੰਦਾ । ਅੰਮ੍ਰਿਤ ਸਰ ਸਰੋਵਰ ਨਾ ਕਰੇ ਕੋਈ ਵਿਚਾਰ, ਕੂੜੀ ਕਿਰਿਆ ਕਰਮ ਕਮਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਥਿਰ ਬੈਠਾ ਵੇਖ ਵਖਾਇੰਦਾ । ਅੰਤਮ ਪ੍ਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਜੁਗ ਜੁਗ ਵਿਛੜੇ ਲਏ ਉਭਾਰ, ਹਰਿ ਸਾਚਾ ਮੂਲ ਚੁਕਾਇੰਦਾ । ਸਾਚੀ ਮੁਕਤ ਬਣਾਈ ਜੁਗਤ, ਭਗਤ ਭਗਤੀ ਰੰਗ ਰੰਗਾਇੰਦਾ । ਪੰਚਮ ਸਿਹਰਾ ਕਰ ਕਰ ਮਿਹਰਾ ਨਾ ਲਾਏ ਦੇਰਾ, ਆਪਣੀ ਧਾਰ ਵਖਾਇੰਦਾ । ਚੁਰਾਸੀ ਗੇੜਾ ਮੁੱਕੇ ਝੇੜਾ ਹੱਕ ਨਿਬੇੜਾ, ਸਾਚੇ ਮੰਦਰ ਡੂੰਘੀ ਕੰਦਰ, ਅੰਦਰੇ ਅੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਆਸ ਮੇਲਾ ਸਰਬ ਗੁਣਤਾਸ, ਸਚ ਧਰਵਾਸ ਇਕ ਰਖਾਇੰਦਾ । ਸਚ ਧਰਵਾਸਾ ਚਰਨ ਭਰਵਾਸਾ, ਚਰਨ ਕਵਲ ਵਡਿਆਈਆ । ਸਾਚਾ ਮੰਡਲ ਸਾਚੀ ਰਾਸ, ਗੋਪੀ ਕਾਹਨ ਸਚ ਨਚਾਈਆ । ਸਾਚਾ ਪੁਰਖ ਸਾਚਾ ਸ਼ਾਹੋ ਸ਼ਾਬਾਸ਼, ਘਰ ਸਾਚਾ ਸਗਨ ਮਨਾਈਆ । ਕਰਨਹਾਰਾ ਪੂਰੀ ਆਸ, ਪੂਰਨ ਇਛਿਆ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾੜ ਸਤਾਰਾਂ ਸਤਿ ਸਤਿ ਵਰਤਾਈਆ । ਸਤਿ ਵਰਤੇ ਸਤਿ ਕਰਤਾਰ, ਸਤਿ ਸਤਿ ਸਮਾਇਆ । ਰੱਤੀ ਰੱਤ ਕਰ ਪਿਆਰ, ਰੱਤੀ ਰੱਤ ਰੰਗਾਇਆ । ਬ੍ਰਹਮ ਮਤ ਕਰੇ ਉਜਿਆਰ, ਗੁਰਮਤ ਮੇਲ ਮਿਲਾਇਆ । ਸਾਚਾ ਤੱਤ ਵਿਚ ਸੰਸਾਰ, ਸਤਿਗੁਰ ਇਕ ਸਮਝਾਇਆ । ਧੀਰਜ ਜਤ ਨਾਰੀ ਨਾਰ, ਸਤਿ ਸੰਤੋਖ ਇਕ ਵਖਾਇਆ । ਮਾਨਸ ਜਨਮ ਹੋਏ ਭੱਠ, ਜਿਸ ਜਨ ਗੁਰ ਕਾ ਸ਼ਬਦ ਭੁਲਾਇਆ । ਸਤਿਜੁਗ ਸਾਚੀ ਕਰੀ ਚੱਠ, ਸੰਮਤ ਸੋਲਾਂ

ਵੇਲ ਵਧਾਇਆ । ਹਰਿ ਸੰਗਤ ਤੇਰਾ ਖੋਲ੍ਹੇ ਹੱਟ, ਨਾਮ ਭੰਡਾਰਾ ਇਕ ਭਰਾਇਆ । ਕਾਇਆ ਮੰਦਰ ਤੀਰਥ ਤੱਟ, ਸਰ ਸਰੋਵਰ ਦਏ ਨੁਹਾਇਆ । ਅੰਮ੍ਰਿਤ ਆਤਮ ਆਪੇ ਝੱਟ, ਨਿਝਰ ਝਿਰਨਾ ਦਏ ਝਿਰਾਇਆ । ਦੁਰਮਤ ਮੈਲ ਦੇਵੇ ਕੱਟ, ਦੂਈ ਦਵੈਤੀ ਮੇਟ ਮਿਟਾਇਆ । ਸ਼ਬਦ ਲਪੇਟੇ ਸਾਚੇ ਪੱਟ, ਏਕਾ ਪੱਲੂ ਹੱਥ ਉਠਾਇਆ । ਵੇਖੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਵਸਣਹਾਰਾ ਘਟ ਘਟ, ਕਲਜੁਗ ਅੰਤਮ ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਅਗੰਮੀ ਮਾਰੇ ਸੱਟ, ਮਾਰਨਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾਂ ਜਗਤ ਮਲਾਹ, ਪੁਰਖ ਅਬਿਨਾਸ਼ੀ ਬੇਪਰਵਾਹ, ਜਨ ਭਗਤਾਂ ਪਕੜੇ ਸਾਚੀ ਬਾਂਹ, ਦਰ ਮੰਦਰ ਇਕ ਖੁਲ੍ਹਾਇਆ । ਦਰ ਮੰਦਰ ਏਕਾ ਆਪਣਾ ਖੋਲ੍ਹ, ਆਪਣੀ ਦਇਆ ਕਮਾਈਆ । ਸ਼ਬਦ ਅਨਾਦੀ ਏਕਾ ਬੋਲ, ਸੋਹੰ ਢੋਲਾ ਗਾਈਆ । ਆਦਿ ਜੁਗਾਦੀ ਕਰੇ ਚੋਲ੍ਹ, ਜਨ ਭਗਤਾਂ ਮੇਲ ਮਿਲਾਈਆ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਰੂਪ ਆਪ ਅਖਵਾਈਆ । ਉਲਟਾ ਕਰੇ ਨਾਭ ਕਵਲ, ਕਵਲ ਕਵਲਾ ਆਪ ਭੁਵਾਈਆ । ਨਾ ਕੋਈ ਜਾਣੇ ਪੰਡਤ ਪਾਂਧਾ ਰਵਲ, ਹਿਸਾਬ ਕਿਤਾਬ ਨਾ ਲੇਖ ਲਿਖਾਈਆ । ਗੁਰਸਿਖਾਂ ਪਿਆਏ ਅੰਮ੍ਰਿਤ ਆਤਮ ਸਾਚੀ ਪੌਹਲ, ਨਾਮ ਖੰਡਾ ਵਿਚ ਫਿਰਾਈਆ । ਮਿਲੇ ਵਡਿਆਈ ਉਪਰ ਧਵਲ, ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਈਆ । ਸਾਚਾ ਅੰਮ੍ਰਿਤ ਮਿੱਠਾ ਰਸ, ਸੋਹੰ ਸ਼ਬਦ ਜੈਕਾਰਾ । ਸਤਿਗੁਰ ਪੂਰਾ ਦੇਵੇ ਹੱਸ ਹੱਸ, ਗੁਰਮੁਖਾਂ ਭਰਿਆ ਰਹੇ ਭੰਡਾਰਾ । ਆਪੇ ਹਰਿਜਨ ਹੋਏ ਵਸ, ਆਪੇ ਨਿਉਂ ਕਰੇ ਨਿਮਸਕਾਰਾ । ਆਪਣਾ ਮਾਰਗ ਆਪੇ ਦੱਸ, ਆਪੇ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਖੋਲ੍ਹੇ ਇਕ ਦੁਵਾਰਾ । ਸਾਚਾ ਅੰਮ੍ਰਿਤ ਸ਼ਬਦ ਧਾਰ, ਗੁਰਮੁਖਾਂ ਮੁਖ ਚੁਆਈਆ । ਪੰਚਮ ਬਾਤੀ ਪੰਚ ਪਿਆਰ, ਪੰਚਮ ਕਰੇ ਪੜ੍ਹਾਈਆ । ਧੁਰ ਦੀ ਰਾਣੀ ਜੋਤ ਨਿਰੰਕਾਰ, ਸਾਚਾ ਸਗਨ ਮਨਾਈਆ । ਮਿਲਿਆ ਹਾਣੀ ਵਿਚ ਸੰਸਾਰ, ਗੁਰਮੁਖ ਵੇਖ ਵਖਾਈਆ । ਅੰਮ੍ਰਿਤ ਪਾਣੀ ਵਾਰ ਠੰਡੀ ਠਾਰ, ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਅੰਮ੍ਰਿਤ ਰਸ, ਗੁਰਮੁਖਾਂ ਆਪ ਪਿਆਈਆ । ਅੰਮ੍ਰਿਤ ਰਸ ਪੰਚਮ ਮੁੱਖ, ਪੰਚਮ ਧਾਰ ਬੰਧਾਇਆ । ਸਤਿਗੁਰ ਪੂਰਾ ਦੇਵਣਹਾਰਾ ਸੁੱਖ, ਘਰ ਸਾਚੇ ਵੇਖ ਵਖਾਇਆ । ਆਪ ਉਠਾਏ ਆਪਣੀ ਕੁੱਖ, ਜਨ ਜਨਨੀ ਆਪ ਹੋ ਜਾਇਆ । ਲੇਖਾ ਚੁੱਕੇ ਉਲਟਾ ਰੁਖ, ਦਸ ਮਾਸ ਨਾ ਅਗਨ ਤਪਾਇਆ । ਮੇਟਣਹਾਰਾ ਤ੍ਰਿਸ਼ਨਾ ਭੁੱਖ, ਦਰ ਬੈਠਾ ਅਲੱਖ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਵਰਨਾਂ ਰੰਗ ਰੰਗਾਇਆ । ਚਾਰੇ ਵਰਨਾਂ ਹਰਿ ਰੰਗ ਰਾਤਾ, ਰੰਗਣਹਾਰਾ ਰੰਗ ਕਰਤਾਰਾ । ਗੁਰਮੁਖ ਤੇਰੀ ਉਤਮ ਜ਼ਾਤਾ, ਜ਼ਾਤਾਂ ਵਸੇ ਬਾਹਿਰਾ । ਸ਼ਬਦ ਅਨਾਦ ਸੱਚੀ ਧੁਨ ਗੁਰ ਦਾਤਾ, ਹਰਿ ਮੰਦਰ ਭਰੇ ਭੰਡਾਰਾ । ਪੁਛਣਹਾਰਾ ਸਾਚੀ ਵਾਤਾ, ਆਦਿ ਜੁਗਾਦਿ ਲਏ ਅਵਤਾਰਾ । ਬੈਠਾ ਰਹੇ ਇਕ ਇਕਾਂਤਾ, ਇਕ ਇਕੱਲਾ ਖੇਲ ਅਪਾਰਾ । ਹਰਿਜਨ ਬੰਧਾਏ ਚਰਨ ਕਵਲ ਸੱਚਾ ਨਾਤਾ, ਟੁੱਟ ਨਾ ਜਾਏ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਲਿਖਣਹਾਰਾ । ਬ੍ਰਹਮਾ ਦਰ ਭਿਖਾਰ, ਆਪਣੀ ਝੋਲੀ ਅੱਗੇ ਡਾਹੀਆ । ਵਿਸ਼ਨੂੰ ਕਰੇ ਕਲ ਪੁਕਾਰ, ਅੱਗੇ ਆਪਣੀ ਝੋਲੀ ਡਾਹੀਆ । ਸ਼ੰਕਰ ਧਾਹਾਂ ਰਿਹਾ ਮਾਰ, ਧਰਤ ਧਵਲ ਕੁਰਲਾਈਆ । ਕਰੋੜ ਤੇਤੀਸਾ ਗਿਆ ਹਾਰ, ਸਿਲ ਪੂਜਸ ਨਾ ਕੋਇ ਕਰਾਈਆ । ਸਰਗੁਣ ਤੇਰਾ ਪਾਰ ਕਿਨਾਰ, ਪੰਜ ਤੱਤ ਨਾ

ਕੋਈ ਵਡਿਆਈਆ । ਨਿਰਗੁਣ ਮਿਲਿਆ ਨਿਰਗੁਣ ਧਾਰ, ਸ਼ਬਦ ਕਰੀ ਰੁਸ਼ਨਾਈਆ । ਚਾਰੇ ਵੇਦਾਂ ਕਰ ਤਿਆਰ, ਪੁਰਾਨ ਅਠਾਰਾਂ ਸੰਗ ਰਲਾਈਆ । ਛੇ ਸ਼ਾਸਤਰ ਇਕ ਅਧਾਰ, ਸਿਮਰਤ ਮਨੂ ਆਪ ਸਮਝਾਈਆ । ਗੀਤਾ ਗਿਆਨ ਦਸ ਅਠ ਅਠਾਰਾਂ ਅਰਜਨ ਮੁਖ ਸਲਾਹੀਆ । ਅੰਜੀਲਾਂ ਕੁਰਾਨਾਂ ਕਰ ਵਿਚਾਰ, ਏਕਾ ਕਲਮਾ ਰਿਹਾ ਸੁਣਾਈਆ । ਨਾਮ ਸਤਿ ਬਾਣੀ ਧਾਰ, ਗੁਰ ਗੁਰ ਨਾਮ ਵਡਿਆਈਆ । ਗੋਬਿੰਦ ਖੰਡਾ ਤੇਜ ਕਟਾਰ, ਵਿਚ ਬ੍ਰਹਿਮੰਡ ਸਮਾਈਆ । ਪਾਵੇ ਵੰਡਾਂ ਹਰਿ ਨਿਰੰਕਾਰ, ਜਗਤ ਵੰਡ ਵੰਡਾਈਆ । ਅੰਤਮ ਕਲਜੁਗ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਲੱਖ ਚੁਰਾਸੀ ਵੇਖ ਵਖਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰ, ਨਾ ਕੋਈ ਦੂਸਰ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿਖ ਈਸਾਈ ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਆਪ ਅਖਵਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਪਿਆਰ, ਪ੍ਰੇਮ ਪਿਆਲਾ ਇਕ ਪਿਆਈਆ । ਵੀਹ ਸਦ ਬਿਕ੍ਰਮੀ ਹੋਇਆ ਖ਼ਬਰਦਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਇਕ ਇਕੱਲਾ ਕਰ ਪਸਾਰ, ਦੂਜੀ ਕੁਦਰਤ ਆਪ ਬਣਾਈਆ । ਤੀਜੇ ਨੇਤਰ ਕਰੇ ਵਿਚਾਰ, ਚੌਥੇ ਘਰ ਡੇਰਾ ਲਾਈਆ । ਪੰਚਮ ਨਾਮ ਸ਼ਬਦ ਧੁਨਕਾਰ, ਸਾਚੇ ਮੰਦਰ ਆਪ ਵਜਾਈਆ । ਛੇਵੇਂ ਛੱਪਰ ਛੰਨ ਨਾ ਕੋਈ ਸੋਹੇ ਦੁਵਾਰ, ਬੰਕ ਦੁਆਰੀ ਵਡ ਵਡਿਆਈਆ । ਵੀਹ ਸੌ ਸੱਤ ਖੇਲ ਅਪਾਰ, ਸਤਿ ਸਤਿਵਾਦੀ ਖ਼ੁਸ਼ੀ ਮਨਾਈਆ । ਵੀਹ ਸਦ ਅੱਠ ਅਪਰ ਅਪਾਰ, ਆਪ ਆਪਣੀ ਬਣਤ ਬਣਾਈਆ । ਸੰਤ ਮਨੀ ਸਿੰਘ ਸੁੱਤ ਦੁਲਾਰ, ਬੇਆਸ ਕਿਨਾਰਾ ਵੇਖ ਵਖਾਈਆ । ਵੀਹ ਸਦ ਨੌਂ ਰੰਗ ਕਰਤਾਰ, ਆਪਣੇ ਚੋਲੇ ਆਪ ਰੰਗਾਈਆ । ਵੀਹ ਦਸ ਹੋਇਆ ਖ਼ਬਰਦਾਰ, ਦਿਲੀ ਦੁਵਾਰੇ ਫੇਰਾ ਪਾਈਆ । ਸਾਚਾ ਸੱਜਣ ਕਰ ਤਿਆਰ, ਲੋਕਮਾਤ ਕਰੇ ਕੁੜਮਾਈਆ । ਸੋਲਾਂ ਮੱਘਰ ਦਿਵਸ ਵਿਚਾਰ, ਸਾਚਾ ਖੇਲ ਖਲਾਈਆ । ਮਨਜੀਤ ਸਿੰਘ ਮਨ ਲਏ ਅਧਾਰ, ਮਾਇਆ ਮਮਤਾ ਮੋਹ ਚੁਕਾਈਆ । ਇੰਦ ਇੰਦ੍ਰਾਸਣ ਕਰ ਖਵਾਰ, ਸਚ ਸਿੰਘਾਸਣ ਡੇਰਾ ਲਾਈਆ । ਸਾਢੇ ਤਿੰਨ ਹੱਥ ਮੰਦਰ ਕਰ ਤਿਆਰ, ਦਸ ਇਕ ਗਿਆਰਾਂ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਇਕ ਗਿਆਰਾਂ ਏਕਾ ਖੇਲ, ਏਕੰਕਾਰਾ ਆਪ ਕਰਾਇੰਦਾ । ਭਗਤ ਭਗਵੰਤ ਸੱਜਣ ਸੁਹੇਲ, ਜੁਗ ਜੁਗ ਆਪ ਅਖਵਾਇੰਦਾ । ਸੰਤ ਸਾਜਣ ਚਾੜ੍ਹੇ ਤੇਲ, ਗੁਰਮੁਖ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਗਦੀਸ਼ਾ ਡੇਰਾ ਢਾਹਿੰਦਾ । ਜਗਤ ਜਗਦੀਸ਼ਾ ਦਸ ਦੋ, ਆਪਣਾ ਕਰਮ ਕਮਾਇਆ । ਆਪੇ ਜਾਣੇ ਆਪਣੇ ਰਾਹ, ਆਪੇ ਵਹਿਣ ਵਹਾਇਆ । ਆਪੇ ਦਾਤਾ ਹੋਇਆ ਨਿਰਭੌ, ਭੈ ਨਾ ਕੋਈ ਰਖਾਇਆ । ਆਪੇ ਲੱਖ ਚੁਰਾਸੀ ਘਟ ਘਟ ਅੰਦਰ ਰਿਹਾ ਸੌਂ, ਗੁਰਮੁਖ ਵਿਰਲੇ ਮਾਤ ਜਗਾਇਆ । ਆਪੇ ਜਾਣੇ ਆਪਣਾ ਮੋਹ, ਮਾਇਆ ਮਮਤਾ ਦਏ ਮਿਟਾਇਆ । ਆਪੇ ਦਰਸ ਦਿਖਾਏ ਅੱਗੇ ਹੋ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਬਾਰਾਂ ਵੀਹ ਸਦ ਧਾਰਾ, ਸਾਚਾ ਰਾਹ ਸਾਚਾ ਮਾਰਗ ਲਾਇਆ । ਵੀਹ ਸਦ ਬਾਰਾਂ ਸਚ ਤਾਰੀਕ, ਨੌ ਨੌ ਚਾਰ ਰਾਹ ਤਕਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਰਹੇ ਉਡੀਕ, ਆਪ ਆਪਣੀ ਅੱਖ ਖੁਲ੍ਹਾਈਆ । ਹਰਿ ਜੀ ਦਿਸੇ ਨਾ ਕੋਈ ਸ਼ਰੀਕ, ਲਾਸ਼ਰੀਕ ਇਕ ਖ਼ੁਦਾਈਆ । ਹਰਿ ਕਾ ਲੇਖਾ ਸਦਾ ਬਰੀਕ, ਨਾ ਸਕੇ ਪੜ੍ਹਾਈਆ । ਹਰਿ ਹਰਿ ਖਿੱਚੇ ਸਾਚੀ ਲੀਕ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਸੌ ਚੁਰਾਨਵੇਂ ਚੌਕੜੀ ਅੰਤਮ ਵਰ, ਜਨ ਭਗਤਾਂ

ਭਰਿਆ ਸ਼ਬਦ ਭੰਡਾਰ, ਆਪਣੇ ਖਾਲੀ ਹੱਥ ਰਖਾਈਆ । ਵੀਹ ਸੌ ਬਾਰਾਂ ਸੰਮਤ ਚੜ੍ਹਿਆ, ਹਰਿ ਸਾਚੇ ਆਪ ਚੜ੍ਹਾਇਆ । ਗੁਰ ਸੰਗਤ ਤੇਰਾ ਅੱਖਰ ਪੜ੍ਹਿਆ, ਆਪਣੀ ਵਿਦਿਆ ਦਏ ਮੁਕਾਇਆ । ਹਰਿਜਨ ਤੇਰਾ ਘਾੜਣ ਘੜਿਆ, ਸਾਚੀ ਬਣਤ ਬਣਾਇਆ । ਆਪ ਫੜਾਇਆ ਆਪਣਾ ਲੜਿਆ, ਛੁੱਟ ਕਦੇ ਨਾ ਜਾਇਆ । ਸਾਚੀ ਮੇਲੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰ ਇਕ ਖੁਲ੍ਹਾਇਆ । ਸਾਚਾ ਦਰ ਹਰਿ ਨਿਰੰਕਾਰ, ਵੀਹ ਸੌ ਬਾਰਾਂ ਅੱਖ ਖੁਲ੍ਹਾਈਆ । ਨੌ ਦੁਵਾਰੇ ਖੋਲ੍ਹ ਕਿਵਾੜ, ਹਰਿ ਮੰਦਰ ਇਕ ਸੁਹਾਈਆ । ਸਚ ਸਿੰਘਾਸਣ ਅਪਰ ਅਪਾਰ, ਸਾਢੇ ਤਿੰਨ ਹੱਥ ਬੈਠਾ ਡਾਹੀਆ । ਸਿੰਘ ਲਛਮਣ ਸੇਵਾ ਕਰੇ ਅਪਾਰ, ਦਿਲੀ ਲੇਖਾ ਗਿਆ ਸਮਝਾਈਆ । ਛੱਬੀ ਪੋਹ ਦਿਵਸ ਵਿਚਾਰ, ਆਪ ਆਪਣਾ ਆਸਣ ਲਾਈਆ । ਵੀਹ ਸੌ ਗਿਆਰਾਂ ਬਿਕ੍ਰਮੀ ਰੰਗ ਕਰਤਾਰ, ਆਪਣੇ ਦਏ ਚੜ੍ਹਾਈਆ । ਰਾਜ ਰਾਜਾਨਾ ਲਿਖਿਆ ਲੇਖ ਅਪਾਰ, ਸਾਧਾਂ ਸੰਤਾਂ ਗਿਆ ਉਠਾਈਆ । ਸੱਤ ਰੰਗ ਨਿਸ਼ਾਨਾ ਕਰ ਤਿਆਰ, ਚਵੀ ਹੱਥ ਦਏ ਚੜ੍ਹਾਈਆ । ਖੋਲ੍ਹੀ ਨਾਮ ਗੱਠ ਗੁਰ ਕਰਤਾਰ, ਗੁਰਮੁਖਾਂ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਬਾਰਾਂ ਕਰ ਪਿਆਰ, ਹਰਿ ਸੰਗਤ ਤੇਰੀ ਜੜ੍ਹ, ਪ੍ਰਭ ਅਬਿਨਾਸ਼ੀ ਲੋਕਮਾਤ ਖੜ, ਆਪਣੇ ਅੰਦਰ ਆਪ ਲਗਾਈਆ । ਗੁਰਮੁਖ ਸਾਚਾ ਲਾਇਆ ਬੂਟਾ, ਅੰਮ੍ਰਿਤ ਮੁਖ ਚੁਆਇਆ । ਸ਼ਬਦ ਅਗੰਮੀ ਦਿਤਾ ਝੂਟਾ, ਸੋਹੰ ਢੋਲਾ ਗਾਇਆ । ਲਹਿਣਾ ਦੇਣਾ ਚੁਕਾਏ ਜੂਠਾ ਝੂਠਾ, ਸਾਚਾ ਮਾਰਗ ਏਕਾ ਲਾਇਆ । ਆਪ ਮਨਾਇਆ ਜੁਗਾਂ ਜੁਗਾਂ ਦਾ ਰੁਠੜਾ, ਆਪ ਆਪਣਾ ਦਰ ਸੁਹਾਇਆ । ਹਰਿ ਸੰਗਤ ਬੰਨ੍ਹੀ ਏਕਾ ਮੁਠੜਾ, ਊਚ ਨੀਚ ਨਾ ਕੋਈ ਬਣਾਇਆ । ਨਰ ਨਿਰੰਕਾਰ ਏਕਾ ਤੁਠਾ, ਗੁਰ ਰੂਪ ਨਾ ਕੋਇ ਦਿਖਾਇਆ । ਗੁਰ ਕਾ ਰੂਪ ਸ਼ਬਦ ਅਨਡਿਠਾ, ਕਲਜੁਗ ਅੰਤਮ ਆਪ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਵਖਾਇਆ । ਹਰਿ ਸੰਗਤ ਹਰਿ ਕਰ ਤਿਆਰ, ਹਰਿ ਸ਼ਬਦ ਕਰੀ ਕੁੜਮਾਈਆ । ਲੇਖਾ ਲਿਖਿਆ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਤਨ ਸ਼ਿੰਗਾਰ, ਚੁਰਾਸੀ ਕਲੀਆਂ ਵੰਡ ਵੰਡਾਈਆ । ਚਿੱਟੇ ਅਸਵ ਹੋ ਅਸਵਾਰ, ਸੋਲਾਂ ਕਲੀਆਂ ਆਸਣ ਪਾਈਆ । ਸ਼ਬਦ ਖੰਡਾ ਤੇਜ ਕਟਾਰ, ਹੱਥ ਫੜਿਆ ਸਾਚੇ ਮਾਹੀਆ । ਸੰਮਤ ਤੇਰਾਂ ਹੋਇਆ ਖ਼ਬਰਦਾਰ, ਨਾਨਕ ਤੇਰੀ ਧਾਰ ਬੰਧਾਈਆ । ਤੋਲਾ ਬਣਿਆ ਵਿਚ ਸੰਸਾਰ, ਏਕਾ ਢੋਲਾ ਗਾਈਆ । ਸਾਧਾਂ ਸੰਤਾਂ ਕੱਢਿਆ ਪੋਲਾ, ਘਰ ਥਿਰ ਫੇਰਾ ਪਾਈਆ । ਰਾਜ ਰਾਜਾਨਾਂ ਭਾਰ ਕਰਿਆ ਹੌਲਾ, ਧਨ ਮਾਲ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਈਆ । ਸੰਮਤ ਤੇਰਾਂ ਉਤਰਿਆ ਪਾਰ, ਹਰਿ ਸੱਜਣ ਖੇਲ ਖਿਲਾਇਆ । ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਗੁਣ ਜੋਤੀ ਨੂਰ ਰੁਸ਼ਨਾਇਆ । ਸ਼ਬਦ ਅਗੰਮੀ ਕਰ ਜੈਕਾਰ, ਏਕਾ ਨਾਅਰਾ ਲਾਇਆ । ਗੁਰਮੁਖ ਸਾਜਣ ਪਾਵੇ ਸਾਰ, ਲੋਕਮਾਤ ਲਏ ਉਠਾਇਆ । ਗੋਬਿੰਦ ਸੂਰਾ ਕਰ ਤਿਆਰ, ਏਕਾ ਬੰਧਨ ਬੰਧ ਬੰਧਾਇਆ । ਏਕਾ ਇਕੀ ਵੇਖ ਵਿਚਾਰ, ਸਾਚੀ ਸਿਖੀ ਦਏ ਸਮਝਾਇਆ । ਚੌਦਾਂ ਲੋਕਾਂ ਪਾਰ ਕਿਨਾਰ, ਚੌਦਾਂ ਤਬਕਾਂ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਚੌਦਾਂ ਹੱਟ ਖੇਲੇ ਖੇਲ ਬਾਜ਼ੀਗਰ ਨਟ, ਹਰਿਜਨ ਸਾਚੇ ਲਏ ਉਠਾਇਆ । ਸੰਮਤ ਪੰਦਰਾਂ ਹਰਿ ਮਰਦੰਗ, ਅਪਣਾ ਨਾਮ ਵਜਾਇਆ । ਪਾਵੇ ਸਾਰ ਗੋਦਾਵਰੀ ਗੰਗ, ਸੁਰਸਤੀ ਵੇਖ ਵਖਾਇਆ । ਜਮਨਾ ਮੰਗੇ ਆਪਣੀ ਮੰਗ,

ਨਿਉਂ ਨਿਉਂ ਸੀਸ ਝੁਕਾਇਆ । ਅਠਸਠ ਹੋਵਣ ਮਾਤ ਨੰਗ, ਉਪਰ ਪਰਦਾ ਕੋਇ ਨਾ ਪਾਇਆ । ਏਕਾ ਇਕੀ ਰੱਖੀ ਸੰਗ, ਚਰਨ ਚਰਨੋਦਕ ਇਕ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖਾ ਪਹਿਲਾ ਆਪ ਚੁਕਾਇਆ । ਅਠਸਠ ਤੀਰਥ ਫੇਰਾ ਪਾ, ਗੁਰਮੁਖਾਂ ਨਾਲ ਰਲਾਈਆ । ਮੰਦਰ ਮੱਠ ਵੇਖੇ ਥਾਂ ਥਾਂ, ਨਿਰਗੁਣ ਜੋਤ ਕਰ ਰੁਸ਼ਨਾਈਆ । ਗੁਰ ਦਰ ਖੇਲ ਰਿਹਾ ਖਿਲਾ, ਖੇਲਣਹਾਰ ਬੇਪਰਵਾਹੀਆ । ਆਪਣੀ ਰਚਨਾ ਲਈ ਰਚਾ, ਆਪੇ ਵੇਖ ਵਖਾਈਆ । ਆਪੇ ਜੋਤੀ ਦਏ ਟਿਕਾ, ਆਪੇ ਖਿਚ ਵਖਾਈਆ । ਹਰਿਦੁਵਾਰ ਹਰਿ ਕੀ ਪੌੜੀ ਕੋਈ ਨਾ ਸਕੇ ਨਹਾ, ਹਰਿ ਕਾ ਰੂਪ ਨਾ ਕੋਈ ਦਿਸਾਈਆ । ਸਤਿਗੁਰ ਪੂਰਾ ਏਕੰਕਾਰ ਕਲਜੁਗ ਅੰਤਮ ਏਕਾ ਪਕੜਣਹਾਰਾ ਬਾਂਹ, ਏਕਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਪੰਦਰਾਂ ਵੇਖੇ ਡੂੰਘੇ ਮੰਦਰ ਫੋਲ ਫੁਲਾਈਆ । ਸੰਮਤ ਪੰਦਰਾਂ ਪਾਰ ਕਿਨਾਰ, ਹਰਿ ਸਾਚਾ ਜੋਤ ਜਗਾਈਆ । ਨਿਰਗੁਣ ਰੂਪ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਨਿਰਗੁਣ ਮੇਲਾ ਵਿਚ ਸੰਸਾਰ, ਗੁਰਮੁਖ ਮੇਲ ਮਿਲਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਆਤਮਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਨੇਤਰ ਨੈਣਾਂ ਸਾਚੀ ਭਿਛਿਆ ਜਗਤ ਇਛਿਆ, ਆਪੇ ਪੂਰ ਕਰਾਈਆ । ਸੰਮਤ ਸੋਲਾਂ ਚੜ੍ਹਿਆ ਚਾਅ, ਲੋਕਮਾਤ ਉਠ ਧਾਇਆ । ਪੁਰਖ ਅਬਿਨਾਸ਼ੀ ਮਿਲਿਆ ਇਕ ਮਲਾਹ, ਨਾਮ ਪੱਲੂ ਇਕ ਫੜਾਇਆ । ਸ਼ਬਦ ਸਰੂਪੀ ਸਚ ਸਲਾਹ, ਸਾਚਾ ਮਤਾ ਪਕਾਇਆ । ਨਿਥਾਵਿਆਂ ਦੇਵੇ ਸਾਚਾ ਥਾਂ, ਆਪਣੀ ਗੋਦ ਉਠਾਇਆ । ਰਾਜ ਰਾਜਾਨਾਂ ਦੇਵੇ ਖ਼ਾਕ ਰਲਾ, ਸ਼ਾਹ ਸੁਲਤਾਨਾਂ ਸੀਸ ਤਾਜ ਨਾ ਕੋਈ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਵੇਖ ਵਿਖਾਇਆ । ਵੀਹ ਸਦ ਸੋਲਾਂ ਏਕਾ ਛੀਕਾ, ਰੰਗੇ ਰੰਗਣਹਾਰ । ਲੱਖ ਚੁਰਾਸੀ ਰਸਨਾ ਰਸ ਜਾਣੇ ਫੀਕਾ, ਹਰਿਜਨ ਮੇਲਾ ਕੰਤ ਭਤਾਰ । ਸਤਿਗੁਰ ਪੂਰਾ ਨੀਕਣ ਨੀਕਾ, ਸ਼ਬਦ ਅਗੰਮੀ ਦੇਵੇ ਝਲਕਾਰ । ਜਾਣੇ ਭੇਵ ਜੀਵ ਜਨ ਜੀ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸਾਚਾ ਰੰਗ, ਹਰਿਜਨ ਮੇਲਾ ਸੂਰਾ ਸਰਬੰਗ, ਆਪੇ ਲਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਅੰਗੀਕਾਰ ਪੁਰਖ ਕਰਤਾਰ, ਹਰਿਜਨ ਰੰਗ ਰੰਗਾਇਆ । ਸਚ ਬਣਾਈ ਸਾਚੀ ਨਾਰ, ਸਚ ਸਾਚੀ ਸੇਜ ਹੰਢਾਇਆ । ਸੁਹਾਏ ਬੰਕ ਥਿਰ ਦਰਬਾਰ, ਘਰ ਸੁਹੰਜਣਾ ਆਦਿ ਨਿਰੰਜਣਾ ਜੋਤ ਜਗਾਇਆ । ਦੀਪਕ ਬਾਤੀ ਇਕ ਉਜਿਆਰ, ਏਕਾ ਨੂਰ ਡਗਮਗਾਇਆ । ਲੋਕਮਾਤੀ ਲੈ ਅਵਤਾਰ, ਨਿਹਕਲੰਕਾ ਨਾਉਂ ਧਰਾਇਆ । ਖੋਲ੍ਹੇ ਤਾਕੀ ਬੰਦ ਕਿਵਾੜ, ਗੁਰਮੁਖ ਸੱਜਣ ਮੇਲ ਮਿਲਾਇਆ । ਦੀਵਾ ਬਾਤੀ ਨਰ ਨਿਰੰਕਾਰ, ਪੂਰਬ ਲਹਿਣਾ ਝੋਲੀ ਪਾਇਆ । ਲੱਖ ਚੁਰਾਸੀ ਉਤਰੇ ਪਾਰ, ਹਾੜ ਸਤਾਰਾਂ ਜਿਸ ਜਨ ਦਰਸ਼ਨ ਪਾਇਆ । ਮਾਰ ਪਲਾਕੀ ਸ਼ਾਹ ਅਸਵਾਰ, ਚਿੱਟੇ ਅਸਵ ਆਪ ਚੜ੍ਹਾਇਆ । ਧੁਰ ਦਾ ਰਾਕੀ ਕਰ ਤਿਆਰ, ਲੋਕਮਾਤ ਰਿਹਾ ਦੁੜਾਇਆ । ਸਾਚਾ ਸਾਕੀ ਖ਼ਬਰਦਾਰ, ਅੰਮ੍ਰਿਤ ਜਾਮ ਪਿਆਲਾ ਦਏ ਪਿਆਇਆ । ਨਾਤਾ ਛੁੱਟਾ ਸਰਬ ਸੰਸਾਰ, ਸਤਿਗੁਰ ਪੂਰੇ ਲੜ ਫੜਾਇਆ । ਮਾਨਸ ਜਨਮ ਨਾ ਆਏ ਹਾਰ, ਆਵਣ ਜਾਵਣ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਮੇਘ ਸਾਵਣ ਹਰਿ ਸੰਗਤ ਆਪ ਬਰਸਾਇਆ । ਹਰਿ ਸੰਗਤ ਹਰਿ ਸੰਗਤ ਰੱਤੜਾ, ਦਿਵਸ ਰੈਣ ਪਰਭਾਤ । ਸਤਿਜੁਗ ਸਾਚੀ ਦੇਵੇ ਮਤੜਾ, ਪ੍ਰਗਟ ਹੋਇਆ ਸਾਖਯਾਤ ।

ਜਗਤ ਵਿਸੂਰਾ ਸਗਲਾ ਲੱਥੜਾ, ਜਿਸ ਮਿਲਿਆ ਪੁਰਖ ਬਿਧਾਤ । ਲਹਿਣਾ ਚੁੱਕੇ ਸਾਢੇ ਤਿੰਨ ਹੱਥੜਾ, ਤ੍ਰੈਗੁਣ ਮਿਟੀ ਵਾਟ । ਲੇਖੇ ਲੱਗਾ ਮਸਤਕ ਮਥੜਾ, ਉਤਰਿਆ ਪੂਰੇ ਘਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਹਾਟ । ਸਾਚਾ ਹੱਟ ਸਚ ਦਰਬਾਰਾ, ਹਰਿ ਸਾਚੇ ਮਾਤ ਖੁਲ੍ਹਾਇਆ । ਸੰਮਤ ਸੋਲਾਂ ਕਰ ਵਿਹਾਰਾ, ਹਾੜ ਸਤਾਰਾਂ ਦਿਵਸ ਸੁਹਾਇਆ । ਜੋ ਜਨ ਗਾਏ ਸੋਹੰ ਜੈਕਾਰਾ, ਸਤਿਗੁਰ ਪੂਰਾ ਵੇਖ ਵਖਾਇਆ । ਪਾਰਬ੍ਰਹਮ ਬ੍ਰਹਮ ਕਰੇ ਪਿਆਰ, ਘਰ ਮੰਦਰ ਇਕ ਸੁਹਾਇਆ । ਰਾਜ ਜੋਗ ਜਗਤ ਸੱਚਾ ਸਿਕਦਾਰ, ਸਚ ਸੁਲਤਾਨ ਡੇਰਾ ਲਾਇਆ । ਮੋਖ ਮੁਕਤ ਪਾਰ ਕਿਨਾਰ, ਸਾਚੀ ਜੁਗਤ ਇਕ ਸਮਝਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਇਕ ਸੁਹਾਇਆ । ਦਰ ਦਰਬਾਰ ਨਰ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਭਗਤ ਵਛਲ ਹਰਿ ਮੀਤ ਮੁਰਾਰ, ਹਰਿ ਸੰਗਤ ਦਏ ਵਡਿਆਈਆ । ਆਪੇ ਵੇਖੇ ਬਿਆਸ ਕਿਨਾਰ, ਬੇਆਸਾ ਥਾਉਂ ਥਾਈਂਆ । ਰਸਨ ਸਵਾਸ ਕਰ ਪਿਆਰ, ਸ਼ਾਹ ਸ਼ਬਾਸ਼ ਮੇਲ ਮਿਲਾਈਆ । ਸਰਬ ਗੁਣ ਤਾਸ ਪਾਵੇ ਸਾਰ, ਜਗਤ ਉਦਾਸੀ ਦਏ ਮਿਟਾਈਆ । ਗੁਰਸਿਖ ਅੰਤ ਨਾ ਰਹੇ ਨਿਰਾਸੀ, ਦੂਸਰ ਦਰ ਨਾ ਮੰਗਣ ਜਾਈਆ । ਪ੍ਰਗਟ ਹੋਇਆ ਘਨਕ ਪੁਰ ਵਾਸੀ, ਪੁਰੀ ਘਨਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਈਆ ।

੬੮੩ ੦੮

ਸਤਿਗੁਰ ਪੂਰਾ ਉਠਿਆ, ਵਡ ਦਾਤਾ ਹਰਿ ਮਿਹਰਵਾਨ । ਗੁਰਸਿਖ ਕੋਇ ਨਾ ਰਹੇ ਰੁੱਠਿਆ, ਲੱਖ ਚੁਰਾਸੀ ਵਿਚੋਂ ਲਏ ਪਛਾਣ । ਆਪ ਬਨ੍ਹਾਏ ਆਪਣੀ ਮੁੱਠਿਆ, ਆਪੇ ਹੋਇਆ ਪੰਚ ਪ੍ਰਧਾਨ । ਤੀਰ ਨਿਰਾਲ ਏਕਾ ਛੁੱਟਿਆ, ਮਾਰੇ ਮਾਰ ਦੋ ਜਹਾਨ । ਗੁਰਸਿਖ ਕਦੇ ਨਾ ਜਾਏ ਲੁੱਟਿਆ, ਤੇਰੀ ਸੇਵਾ ਕਰੇ ਆਪ ਭਗਵਾਨ । ਲੱਖ ਚੁਰਾਸੀ ਖਾਲੀ ਠੂਠਿਆ, ਦਰ ਮੰਗਣ ਰਾਜ ਰਾਜਾਨ । ਮਨਮੁਖਾਂ ਟੰਗੇ ਪੁੱਠਿਆ, ਰਾਏ ਧਰਮ ਇਕ ਫ਼ਰਮਾਣ । ਹਰਿ ਸੰਗਤ ਤੇਰੇ ਉਤੇ ਹਰਿਜੂ ਹਰਿ ਹਰਿ ਮੰਦਰ ਆਪੇ ਤੁਠਿਆ, ਗੁਰ ਅਰਜਨ ਲੇਖਾ ਲਿਖਿਆ ਮਹਾਨ । ਹਰਿ ਮੰਦਰ ਹਰਿ ਜਾਗਿਆ, ਨਿਰਗੁਣ ਜੋਤ ਕਰ ਪ੍ਰਕਾਸ਼ । ਸ਼ਬਦ ਸੁਣਾਇਆ ਸਾਚਾ ਰਾਗਿਆ, ਜਨ ਭਗਤਾਂ ਪੂਰੀ ਕਰੇ ਆਸ । ਲੋਕਮਾਤ ਆਇਆ ਭਾਗਿਆ, ਵੇਖਣਹਾਰ ਪ੍ਰਿਥਮੀ ਅਕਾਸ਼ । ਹਰਿ ਸੰਗਤ ਤੇਰੀ ਸਰਨਾਈ ਸਤਿਗੁਰ ਪੂਰਾ ਲਾਗਿਆ, ਪਹਿਲਾਂ ਆਪਣੀ ਪੂਰੀ ਕਰੇ ਆਸ । ਤੇਰੀ ਪਕੜੇ ਫੇਰ ਵਾਗਿਆ, ਸੰਮਤ ਸੋਲਾਂ ਬੁਝਾਏ ਪਿਆਸ । ਸਾਚਾ ਬੰਨ੍ਹੇ ਨਾਮ ਤਾਗਿਆ, ਹੋਏ ਸਹਾਈ ਜੰਗਲ ਜੂਹ ਉਜਾੜ ਵਿਚ ਪ੍ਰਭਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਸ਼ਾਹੋ ਸ਼ਾਬਾਸ਼ਿਆ । ਖੇਲਣ ਆਇਆ ਖੇਲ ਖਿਲਾਰੀ, ਕਲਜੁਗ ਖੇਲ ਖਿਲਾਇਆ । ਜੋਤ ਜਗਾਈ ਜੋਤ ਨਿਰੰਕਾਰੀ, ਨਿਰਗੁਣ ਨਾਉਂ ਧਰਾਇਆ । ਨੌਂ ਦੁਵਾਰੇ ਪਾਰ ਕਿਨਾਰੀ, ਨੌਂ ਦਰ ਵੇਖ ਵਖਾਇਆ । ਹਰਿ ਸੰਗਤ ਕਰੀ ਮਾਂ ਪਿਆਰੀ, ਸਾਚਾ ਮੇਲ ਮਿਲਾਇਆ । ਪਹਿਰਾ ਦੇਵੇ ਪਹਿਰੇਦਾਰੀ, ਚੋਬਦਾਰ ਅਖਵਾਇਆ । ਖ਼ਲਕ ਖ਼ੁਦਾਏ ਨਾ ਪਾਏ ਸਾਰੀ, ਖ਼ਾਲਕ ਖ਼ਲਕ ਵਿਚ ਹੋ ਆਇਆ । ਜੋਤੀ ਜਾਮਾ ਭੇਖ ਨਿਆਰੀ, ਜੋਤੀ ਨੂਰ ਡਗਮਗਾਇਆ । ਸ਼ਾਹੋ ਭੂਪ ਭੂਪ ਸਿਕਦਾਰੀ, ਸਾਚਾ ਸੱਜਣ ਆਪ ਅਖਵਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪੇ ਰਿਹਾ ਚਲਾਇਆ । ਬੰਨ੍ਹੇ ਧਾਰ ਨਾਮ ਡੋਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਸੰਗਤ ਤੇਰੇ ਕੱਢੇ ਪੰਜ ਚੋਰ, ਸ਼ਬਦ ਖੰਡਾ ਇਕ ਚਮਕਾਈਆ । ਮਨ ਮਤ ਨਾ ਮਚਾਏ ਕੋਈ ਸ਼ੋਰ, ਗੁਰਮਤ ਇਕ ਸਮਝਾਈਆ । ਮਨੂਆ ਦਹਿ ਦਿਸ਼ਾ ਨਾ ਜਾਏ ਦੌੜ, ਆਪਣਾ ਬੰਧਨ ਆਪੇ ਪਾਈਆ । ਕਰੇ ਰਸ ਮਿੱਠਾ ਕੌੜ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਧੁਰਦਰਗਾਹੀ ਆਇਆ ਦੌੜ, ਹਰਿ ਸੰਗਤ ਵੇਖ ਵਖਾਈਆ । ਚੌਥੇ ਪਦ ਲਾਇਆ ਏਕਾ ਪੌੜ, ਆਪਣੇ ਪੌੜੇ ਆਪ ਚੜ੍ਹਾਈਆ । ਕਲਜੁਗ ਅੰਤਮ ਗਿਆ ਬੌਹੜ, ਸੋਹੰ ਸ਼ਬਦ ਕਰੇ ਕੁੜਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆਂ ਦਾਨ, ਖੇਲੇ ਖੇਲ ਦੋ ਜਹਾਨ, ਨਿਹਕਲੰਕਾ ਨਾਉਂ ਰਖਾਈਆ । ਨਿਹਕਲੰਕਾ ਰੱਖਿਆ ਨਾਉਂ, ਹਰਿ ਹਰਿ ਖੇਲ ਖਿਲਾਇਆ । ਸੰਬਲ ਨਗਰੀ ਸਚ ਗਰਾਉਂ, ਆਪਣਾ ਆਸਣ ਲਾਇਆ । ਆਪੇ ਪਿਤਾ ਆਪੇ ਮਾਉਂ, ਆਪੇ ਬਾਲ ਉਠਾਇਆ । ਆਪੇ ਦੇਵੇ ਠੰਡੀ ਛਾਉਂ, ਹਰਿਜਨ ਸਾਚੇ ਮੇਲ ਮਿਲਾਇਆ । ਦੇਵਣਹਾਰਾ ਠੰਡੀ ਛਾਉਂ, ਹਰਿ ਸੰਗਤ ਤੇਰੇ ਸੀਸ ਹੱਥ ਟਿਕਾਇਆ । ਦੋ ਜਹਾਨੀ ਪਕੜੇ ਬਾਹੋਂ, ਸਚਖੰਡ ਦੁਵਾਰਾ ਇਕ ਸੁਹਾਇਆ । ਫੜ ਫੜ ਹੰਸ ਬਣਾਏ ਕਾਉਂ, ਸਤਿਗੁਰ ਤੇਰੀ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ, ਆਪਣਾ ਆਪ ਚਮਕਾਇਆ । ਉਠਿਆ ਹਰਿ ਬਲਵਾਨ ਸੂਰਬੀਰ ਬਲਕਾਰਾ, ਭੇਵ ਕੋਈ ਨਾ ਪਾਇੰਦਾ । ਜਨ ਭਗਤਾਂ ਦੇਵੇ ਨਾਮ ਸਹਾਰਾ, ਸਾਚਾ ਮਾਰਗ ਏਕਾ ਲਾਇੰਦਾ । ਦੂਤ ਦੁਸ਼ਟ ਕਰੇ ਖ਼ਵਾਰਾ, ਹੰਕਾਰਾਂ ਗੜ੍ਹ ਤੁੜਾਇੰਦਾ । ਰਾਮ ਨਾਮ ਇਕ ਅਧਾਰਾ, ਏਕਾ ਰੂਪ ਦਰਸਾਇੰਦਾ । ਏਕਾ ਸ਼ਬਦ ਇਕ ਜੈਕਾਰਾ, ਏਕਾ ਰਾਗ ਅਲਾਇੰਦਾ । ਇਕ ਦਰ ਇਕ ਦਰਬਾਰਾ, ਦਰ ਦੁਵਾਰ ਇਕ ਖੁਲ੍ਹਾਇੰਦਾ । ਏਕਾ ਮੀਤ ਇਕ ਮੁਰਾਰਾ, ਏਕਾ ਬ੍ਰਹਮ ਅਖਵਾਇੰਦਾ । ਏਕਾ ਪੁਰਖ ਏਕਾ ਨਾਰਾ, ਸ੍ਰਿਸ਼ਟ ਸਬਾਈ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਗੰਮੀ ਨਾ ਮਰੇ ਨਾ ਕਦੇ ਜੰਮੀ, ਨਿਰਗੁਣ ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਾਮ ਸਤਿ ਕਰਤਾਰ, ਸਤਿ ਸਤਿ ਵਰਤਾਇਆ । ਨਿਰਗੁਣ ਸਾਚੀ ਪਾਵੇ ਸਾਰ, ਸਾਚਾ ਸ਼ਬਦ ਅਲਾਇਆ । ਸ਼ਬਦ ਸ਼ਬਦ ਗੁਰ ਅਪਰ ਅਪਾਰ, ਨੇਤਰ ਨੈਣ ਨਾ ਵੇਸ ਦਿਸਾਇਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਆਪਣਾ ਮੰਤਰ ਦਏ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨਾਂ ਇਕ ਸਮਝਾਇਆ । ਚਾਰ ਵਰਨਾਂ ਇਕ ਗਿਆਨ, ਏਕਾ ਮਤ ਸਮਝਾਈਆ । ਏਕਾ ਸੀਤਾ ਏਕਾ ਰਾਮ, ਏਕਾ ਕ੍ਰਿਸ਼ਨ ਮਨਾਈਆ । ਏਕਾ ਅੱਲਾ ਰਾਣੀ ਕਰ ਪ੍ਰਨਾਮ, ਏਕਾ ਨਾਅਰਾ ਲਾਈਆ । ਏਕਾ ਨਾਮ ਸਤਿ ਪ੍ਰਧਾਨ, ਨਾਨਕ ਰਸਨਾ ਗਾਈਆ । ਏਕਾ ਗੋਬਿੰਦ ਲੇਖ ਮਹਾਨ, ਵਾਹਿਗੁਰੂ ਫਤਹਿ ਗਜਾਈਆ । ਸਭ ਦਾ ਦਾਤਾ ਆਪ ਭਗਵਾਨ, ਜੁਗ ਜੁਗ ਖੇਲ ਖਿਲਾਈਆ । ਨੌ ਨੌ ਚਾਰ ਵੇਖ ਨਿਸ਼ਾਨ, ਕਲਜੁਗ ਵੱਜੀ ਸਚ ਵਧਾਈਆ । ਪ੍ਰਗਟ ਹੋ ਹਰਿ ਮਿਹਰਬਾਨ, ਨਿਹਕਲੰਕਾ ਨਾਉਂ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਲਏ ਪਛਾਣ, ਜੁਗ ਜੁਗ ਆਪਣਾ ਮੇਲ ਮਿਲਾਈਆ । ਆਤਮ ਅੰਤਰ ਬ੍ਰਹਮ ਗਿਆਨ, ਏਕਾ ਬੂਝ ਬੁਝਾਈਆ । ਏਕਾ ਦਰਸ ਸ੍ਰੀ ਭਗਵਾਨ, ਏਕਾ ਰੰਗ ਰੰਗਾਈਆ । ਏਕਾ ਅੰਮ੍ਰਿਤ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਸੋਹੰ ਢੋਲਾ ਸਾਰੇ ਗਾਣ, ਨੌ ਖੰਡ ਮਿਲੇ ਵਧਾਈਆ । ਸੱਤਾਂ ਦੀਪਾਂ ਸਾਚੀ ਆਣ, ਹਰਿ

੬੮੪
੦੮

ਸਾਚਾ ਆਪ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਧਿਆਨ, ਭਗਵਨ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਨਾਦ ਵਜਾਈਆ । ਸ਼ਬਦ ਨਾਦ ਹਰਿ ਵੱਜਿਆ, ਏਕਾ ਨਾਮ ਜੈਕਾਰ । ਸਤਿਗੁਰ ਪੂਰਾ ਲੋਕਮਾਤ ਹਰਿ ਗੱਜਿਆ, ਨਿਹਕਲੰਕੀ ਜਾਮਾ ਧਾਰ । ਜੋ ਘੜਿਆ ਸੋ ਭੱਜਿਆ, ਥਿਰ ਰਹੇ ਨਾ ਕੋਇ ਸੰਸਾਰ । ਜਨ ਭਗਤਾਂ ਰੱਖੇ ਲੱਜਿਆ, ਆਪ ਆਪਣੀ ਕਿਰਪਾ ਧਾਰ । ਪ੍ਰਗਟ ਹੋਇਆ ਦੇਸ ਮਾਝਿਆ, ਸੰਬਲ ਨਗਰੀ ਧਾਮ ਨਿਆਰ । ਆਪੇ ਜਾਣੇ ਆਪਣਾ ਕਾਜਿਆ, ਲੇਖਾ ਲਿਖੇ ਨਾ ਕੋਈ ਅਪਾਰ । ਸ਼ਾਹੋ ਭੂਪ ਵਡ ਰਾਜਨ ਰਾਜਿਆ, ਫੜੇ ਸ਼ਬਦ ਤੇਜ ਕਟਾਰ । ਗੁਰਮੁਖਾਂ ਮਾਰੇ ਵਾਜਿਆ, ਮਨਮੁੱਖ ਸੁੱਤੇ ਪੈਰ ਪਸਾਰ । ਸੰਮਤ ਸੋਲਾਂ ਚਲਾਇਆ ਸਚ ਜਹਾਜਿਆ, ਸਤਾਰਾਂ ਹਾੜੀ ਹਰਿ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਰਾਏ ਸਚ ਸ਼ਿੰਗਾਰ । ਉਠ ਸਿਖ ਕਰ ਸਚ ਸ਼ੰਗਾਰਾ, ਹਰਿ ਸਾਚੇ ਬਣਤ ਬਣਾਈਆ । ਸੋਹੰ ਨਾਮ ਕੱਜਲ ਧਾਰਾ, ਤੇਰੇ ਹੱਥ ਫੜਾਈਆ । ਪ੍ਰੇਮ ਮਹਿੰਦੀ ਰੰਗ ਅਪਾਰਾ, ਤੇਰਾ ਤੈਨੂੰ ਦਏ ਚੜ੍ਹਾਈਆ । ਦਿਸ਼ਾ ਲਹਿੰਦੀ ਖੇਲ ਅਪਾਰਾ, ਆਪ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਈਆ । ਆਪੇ ਵੇਖੇ ਆਪੇ ਪੇਖੇ, ਹਰਿ ਵੱਡਾ ਵਡ ਵਡਿਆਈਆ । ਆਪੇ ਲਿਖਿਆ ਲਿਖੇ ਲੇਖੇ, ਆਪੇ ਦਏ ਮਿਟਾਈਆ । ਆਪੇ ਦਾਤਾ ਦਸ ਦਸਮੇਸ਼ੇ, ਦਰ ਦਰਵੇਸ਼ ਆਪ ਹੋ ਜਾਈਆ । ਆਪ ਨਰਾਇਣ ਨਰ ਨਰੇਸ਼ੇ, ਨਿਰਗੁਣ ਨੂਰ ਆਪ ਰੁਸ਼ਨਾਈਆ । ਆਪੇ ਮੁੱਛ ਦਾੜ੍ਹੀ ਰੱਖੇ ਕੇਸੇ, ਆਪੇ ਮੂੰਡ ਮੁੰਡਾਈਆ । ਆਪੇ ਧਾਰਨਹਾਰਾ ਭੇਸੇ, ਕਲਜੁਗ ਅੰਤਮ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰੀ ਕਰੀ ਨਾਮ ਕੁੜਮਾਈਆ ।

ਨਾਮ ਕੁੜਮਾਈ ਜੁੜਿਆ ਨਾਤਾ, ਹਰਿ ਸਾਚੇ ਜੋੜ ਜੁੜਾਇਆ । ਵਰ ਘਰ ਪਾਇਆ ਪੁਰਖ ਬਿਧਾਤਾ, ਵਿਛੜ ਕਦੇ ਨਾ ਜਾਇਆ । ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਨ ਚੜ੍ਹਾਇਆ । ਦੇਵਣਹਾਰਾ ਸਾਚੀ ਦਾਤਾ, ਏਕਾ ਵਸਤ ਝੋਲੀ ਪਾਇਆ । ਮੇਲ ਮਿਲਾਵਾ ਭੈਣ ਭਰਾਤਾ, ਭੈਣਾਂ ਭਈਆ ਵੇਖ ਵਖਾਇਆ । ਦੇਵਣਹਾਰਾ ਸਾਚੀ ਗਾਥਾ, ਸੋਹੰ ਨਾਮ ਰਿਹਾ ਜਪਾਇਆ । ਚਲਾਵਣਹਾਰਾ ਸੱਚਾ ਰਾਥਾ, ਹਰਿਜਨ ਰਥ ਰਿਹਾ ਚਲਾਇਆ । ਖੇਲਣਹਾਰਾ ਤ੍ਰਲੋਕੀ ਨਾਥਾ, ਨਾਥ ਅਨਾਥਾਂ ਹੋਏ ਸਹਾਇਆ । ਚੌਦਾਂ ਰਤਨਾਂ ਆਪੇ ਮਾਥਾ, ਮਥਣਹਾਰ ਭੇਵ ਨਾ ਆਇਆ । ਸੱਤ ਸਰੋਵਰ ਮਾਰੇ ਠਾਠਾ, ਸਾਗਰ ਸਾਗਰਾਂ ਵਿਚ ਟਿਕਾਇਆ । ਧਰਨੀ ਧਰਤ ਧਵਲ ਫਿਰੇ ਨਾਠਾ, ਪੰਜ ਤੱਤ ਵੇਖ ਵਖਾਇਆ । ਤ੍ਰੈਗੁਣ ਪੂਰਾ ਘਾਟਾ, ਅੰਤਮ ਦਏ ਕਰਾਇਆ । ਸਤਿਜੁਗ ਸਾਚੇ ਸਾਚੀ ਵਾਟਾ, ਸਾਚਾ ਮਾਰਗ ਲਾਇਆ । ਏਕਾ ਬਸਤਰ ਏਕਾ ਖਾਟਾ, ਏਕਾ ਸੇਜ ਹੰਢਾਇਆ । ਏਕਾ ਜੋਤੀ ਏਕਾ ਲਾਟਾ, ਏਕਾ ਧੂਪ ਧੁਖਾਇਆ । ਵਸਣਹਾਰਾ ਕਾਇਆ ਮਾਟਾ, ਗੁਰਮੁਖ ਸਾਚੇ ਲਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸੰਮਤ ਸੋਲਾਂ ਘਾੜਣ ਘੜ, ਗੁਰਮੁਖਾਂ ਅੰਦਰ ਜਾਏ ਵੜ, ਨਾ ਕੋਈ ਸਕੇ ਬਾਹਿਰ ਕਢਾਇਆ । ਗੁਰਮੁਖਾਂ

ਅੰਦਰ ਆਪੇ ਵੜਨਾ, ਆਪਣੀ ਜੋਤ ਜਗਾਈਆ । ਅਗਨੀ ਹਵਨ ਕਦੇ ਨਾ ਸੜਨਾ, ਨਾ ਮਰੇ ਨਾ ਜਾਈਆ । ਨਾ ਕੋਈ ਸੀਸ ਨਾ ਕੋਈ ਧੜਨਾ, ਮਾਟੀ ਗੋਰ ਨਾ ਕੋਈ ਦਬਾਈਆ । ਜਲ ਧਾਰਾ ਕਦੇ ਨਾ ਹੜਨਾ, ਡੂੰਘੀ ਧਾਰ ਨਾ ਕੋਈ ਵਹਾਈਆ । ਜਗਤ ਵਿਦਿਆ ਅੱਖਰ ਕੋਇ ਨਾ ਪੜ੍ਹਨਾ, ਨਾ ਕਦੇ ਕੋਈ ਪੜ੍ਹਾਈਆ । ਹਰਿ ਸੰਗਤ ਫੜਾਏ ਆਪਣਾ ਲੜਨਾ, ਆਪ ਆਪਣੇ ਲੜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਸਤਾਰਾਂ ਹਰਿ ਸੰਗਤ ਅੱਗੇ ਦਏ ਬਿਆਨ, ਆਪ ਆਪਣਾ ਭੇਵ ਖੁਲ੍ਹਾਈਆ । ਹਰਿਜਨ ਹਰਿ ਹਰਿ ਕੀਤਾ ਬੰਦ, ਬੰਦੀਖ਼ਾਨਾ ਇਕ ਰਖਾਇਆ । ਚਾਰ ਦੀਵਾਰ ਨਾ ਕੱਢੀ ਕੰਧ, ਛੱਪਰ ਛੰਨ ਨਾ ਕੋਈ ਸੁਹਾਈਆ । ਰਵ ਸਸ ਨਾ ਚਮਕਾਇਆ ਸੂਰਜ ਚੰਨ, ਮੰਡਲ ਮੰਡਪ ਨਾ ਕੋਈ ਵਖਾਇਆ । ਹੱਥੀਂ ਪੈਰੀਂ ਨਾ ਪਾਇਆ ਕੋਈ ਤੰਦ, ਏਕਾ ਬੰਧਨ ਪ੍ਰੇਮ ਵਖਾਇਆ । ਨਾਮ ਗਾਇਆ ਸੁਹਾਗੀ ਛੰਦ, ਸਤਿਗੁਰ ਪੂਰਾ ਸੁਣਨੇ ਆਇਆ । ਆਪੇ ਮੇਟੇ ਆਪਣੀ ਚਿੰਦ, ਸਗਲੀ ਚਿੰਦਾ ਦਏ ਮਿਟਾਇਆ । ਸਤਿਗੁਰ ਪੂਰਾ ਹਰਿ ਮਿਹਰਬਾਨ ਸਦ ਬਖ਼ਸ਼ਿੰਦ, ਹਰਿਜਨ ਸਾਚੇ ਲਏ ਤਰਾਇਆ । ਆਪ ਬਣਾਏ ਆਪਣੀ ਬਿੰਦ, ਨਾਰੀ ਸੁੱਤ ਆਪ ਉਪਜਾਇਆ । ਗਹਿਰ ਗੰਭੀਰ ਗੁਣੀ ਗਹਿੰਦ, ਵਡ ਦਾਤਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਲਏ ਉਠਾਇਆ । ਉਠ ਜਾਗ ਸੱਜਣ ਮੀਤੜੇ, ਹਰਿ ਸਾਜਣ ਅਵਾਜ਼ ਲਗਾਈਆ । ਰੰਗਣ ਆਇਆ ਕਾਇਆ ਚੋਲੀ ਚੀਥੜੇ, ਨਾਮ ਲਲਾਰੀ ਇਕ ਵਖਾਈਆ । ਵਸੇ ਧਾਮ ਇਕ ਅਨਡੀਠੜੇ, ਦਿਸ ਕਿਸੇ ਨਾ ਆਈਆ । ਪੂਰੇ ਕਰੇ ਕੌਲ ਕੀਤੜੇ, ਗੁਰ ਗੋਬਿੰਦ ਦਏ ਗਵਾਹੀਆ । ਮਿੱਠੇ ਕਰੇ ਕਾਇਆ ਕੌੜੇ ਰੀਠੜੇ, ਗੁਰ ਨਾਨਕ ਮਤ ਸਮਝਾਈਆ । ਜਿਸ ਜਨ ਵਸਿਆ ਹਰਿ ਹਰਿ ਚੀਤੜੇ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਕਿਸੇ ਹੱਥ ਨਾ ਆਏ ਮੰਦਰ ਗੁਰੂਦੁਵਾਰ ਮਸੀਤੜੇ, ਘਰ ਘਰ ਵਿਚ ਬੈਠਾ ਆਸਣ ਲਾਈਆ । ਪਾਰਬ੍ਰਹਮ ਪਤਿਤ ਪੁਨੀਤੜੇ, ਪਤਿਤ ਪਾਪੀ ਲਏ ਤਰਾਈਆ । ਹਰਿ ਸੰਗਤ ਗਾਓ ਸੁਹਾਗੀ ਗੀਤੜੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੱਡੀ ਵਡਿਆਈਆ । ਮਾਨਸ ਜਨਮ ਗੁਰਸਿਖਾਂ ਜੀਤੜੇ, ਹਾੜ ਸਤਾਰਾਂ ਜਿਸ ਜਨ ਖ਼ੁਸ਼ੀ ਮਨਾਈਆ । ਮਨਮੁੱਖਾਂ ਲਬ ਮਾਇਆ ਰੰਗੇ ਚੀਥੜੇ, ਰਸਨਾ ਹੋਏ ਹਲਕਾਈਆ । ਛੱਤੀ ਜੁਗ ਪਿਛਲੇ ਬੀਤੜੇ, ਨੌ ਸੌ ਚੁਰਾਨਵੇਂ ਚੌਕੜੀ ਦਏ ਦੁਹਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਦੁਵਾਰੇ ਖਾਲੀ ਕੀਤੜੇ, ਧਰੂ ਆਪਣੀ ਗੋਦ ਉਠਾਈਆ । ਗੁਰਮੁਖ ਸਾਚੇ ਸੱਜਣ ਮੀਤੜੇ, ਲੋਆਂ ਪੁਰੀਆਂ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਹਾੜ ਸਤਾਰਾਂ ਦੋ ਜਹਾਨਾਂ ਦਏ ਵਡਿਆਈਆ । ਦੋ ਜਹਾਨਾਂ ਵਡ ਵੱਡਾ ਦਿਨ, ਹਰਿ ਲੋਕਮਾਤ ਜਣਾਇਆ । ਚਾਰ ਜੁਗਾਂ ਲੇਖਾ ਦੇਵੇ ਗਿਣ ਗਿਣ, ਗੁਰਮੁਖ ਤੇਰੀ ਬਾਕੀ ਰਹੇ ਨਾ ਰਾਇਆ । ਪਾਰ ਕਰਾਏ ਲੋਕ ਤੀਨ, ਮੰਡਲ ਮੰਡਪ ਤੇਰੇ ਚਰਨਾਂ ਹੇਠ ਦਬਾਇਆ । ਦਰਸ ਦਿਖਾਏ ਪ੍ਰਗਟ ਹੋਏ ਜਿਸ ਜਨ, ਜੋਤੀ ਜਾਮਾ ਭੇਖ ਵਟਾਇਆ । ਨੌ ਖੰਡ ਪ੍ਰਿਥਮੀ ਲੇਖਾ ਚੁਕਾਏ ਸਾਢੇ ਤਿੰਨ ਹੱਥ ਮਿਣ ਮਿਣ, ਭੁੱਲ ਰਹੇ ਨਾ ਰਾਇਆ । ਖੇਲੇ ਖੇਲ ਖਿਨ ਖਿਨ, ਭੈ ਭਿਆਨਕ ਰੂਪ ਵਟਾਇਆ । ਸ੍ਰਿਸ਼ਟੀ ਤੇਰਾ ਲੇਖਾ ਚੁੱਕੇ ਤਿੰਨ ਦਿਨ, ਤ੍ਰੈਗੁਣ ਅਗਨੀ ਤੱਤ ਜਲਾਇਆ । ਆਪਣੀ ਹੱਥੀਂ ਚਿਖਾ ਦੇਵੇ ਚਿੰਨ, ਜੋਤੀ ਲੰਬੂ ਏਕਾ ਲਾਇਆ । ਗੁਰਸਿਖ ਤੇਰਾ ਨਜ਼ਰੀ ਆਵੇ ਏਕਾ ਚਿੰਨ, ਉਪਰ ਸੋਹੰ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ,

੬੮੬
੦੮

ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਹਾੜ ਸਤਾਰਾਂ ਹਰਿ ਸੰਗਤ ਕਰੇ ਸਚ ਪਿਆਰਾ, ਸਾਚਾ ਮੇਲੀ ਮੇਲ ਮਿਲਾਇਆ । ਹਰਿ ਸੰਗਤ ਸਾਚਾ ਮੀਤੜਾ, ਪਾਇਆ ਪੁਰਖ ਅਪਾਰ । ਸਤਿਜੁਗ ਸਾਚੀ ਚਲੀ ਰੀਤੜਾ, ਸੋਹੰ ਗਾਵਣਾ ਵਾਰੋ ਵਾਰ । ਸਾਚਾ ਮੰਦਰ ਇਕ ਮਸੀਤੜਾ, ਕਾਇਆ ਹਰਿ ਮੰਦਰ ਹੋਏ ਉਜਿਆਰ । ਰੰਗਣਹਾਰ ਚੋਲੀ ਚੀਥੜਾ, ਚਾੜ੍ਹੇ ਰੰਗ ਨੌ ਦੁਵਾਰ । ਆਦਿ ਜੁਗਾਦੀ ਠੰਡਾ ਸੀਤੜਾ, ਸਤਿ ਸਤਿ ਵਰਤੇ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਦਰ ਤੇਰੇ ਹਰਿ ਬਣਿਆ ਆਪ ਭਿਖਾਰ । ਹਰਿ ਭਿਖਾਰੀ ਦਰ ਦਰਵੇਸ਼, ਹਰਿ ਸੰਗਤ ਮਾਲ ਖ਼ਜ਼ਾਨਿਆਂ । ਮੰਗੇ ਮੰਗ ਨਰ ਨਰੇਸ਼, ਹਰਿ ਸੰਗਤ ਕਰੇ ਪਰਵਾਨਿਆ । ਸੋਹੰ ਸ਼ਬਦ ਸਚ ਸੰਦੇਸ਼, ਆਦਿ ਜੁਗਾਦੀ ਸਾਚੀ ਬਾਣੀਆ । ਪਰਮ ਪੁਰਖ ਰਹੇ ਹਮੇਸ਼, ਗੁਰ ਪੀਰ ਸਾਧ ਸੰਤ ਭੇਜੇ ਆਪਣੀ ਆਪ ਨਿਸ਼ਾਨੀਆ । ਨੌ ਨੌ ਚਾਰ ਨਾ ਚਲੇ ਕਿਸੇ ਪੇਸ਼, ਖਾਣੀ ਬਾਣੀ ਹੋਏ ਹੈਰਾਨਿਆ । ਪੁਰਖ ਅਬਿਨਾਸ਼ੀ ਆਪੇ ਆਪਣੀ ਰੇਖਾ ਲਏ ਵੇਖ, ਆਪੇ ਕਰੇ ਆਪਣੀ ਆਪ ਕੁਰਬਾਨੀਆ । ਲੱਖ ਚੁਰਾਸੀ ਮੇਟੇ ਰੇਖ, ਨਾ ਦਿਸੇ ਜਗਤ ਨਿਸ਼ਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸ਼ਾਹ ਸੁਲਤਾਨਿਆ । ਸ਼ਾਹ ਸੁਲਤਾਨ ਸੱਚਾ ਹਰਿ ਭੂਪ, ਸਾਚੇ ਤਖ਼ਤ ਬਰਾਜਿਆ । ਸਤਿ ਸਰੂਪੀ ਰੰਗ ਅਨੂਪ, ਪ੍ਰਗਟ ਹੋਇਆ ਦੇਸ ਮਾਝਿਆ । ਫਿਰੇ ਦਰੋਹੀ ਚਾਰੇ ਕੂਟ, ਦਹਿ ਦਿਸ਼ਾ ਫਿਰੇ ਭਾਜਿਆ । ਮੇਟ ਮਿਟਾਏ ਜੂਠ ਝੂਠ, ਜਨ ਭਗਤਾਂ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਵਜਾਏ ਸਾਚਾ ਵਾਜਿਆ । ਸਾਚਾ ਵਾਜਾ ਅਨਹਦ ਢੋਲ, ਮਰਦੰਗਾ ਆਪ ਵਜਾਈਆ । ਨਿਸ਼ਅੱਖਰ ਵੱਖਰ ਆਪੇ ਬੋਲ, ਆਪੇ ਰਿਹਾ ਗਾਈਆ । ਤੋਲ ਤੁਲਾਏ ਆਪਣੇ ਤੋਲ, ਆਪਣਾ ਕੰਡਾ ਹੱਥ ਉਠਾਈਆ । ਹਰਿ ਸੰਗਤ ਤੇਰੇ ਨਾਲ ਮਾਰੇ ਕੋਈ ਨਾ ਰੋਲ, ਤੇਰੀ ਵਾਸਨਾ ਤੇਰੇ ਵਿਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਣਜ ਵਣਜ ਵਾਪਾਰਾ, ਕਰੇ ਕਰਾਏ ਆਪ ਨਿਰੰਕਾਰਾ, ਦੂਸਰ ਕੋਈ ਨਾ ਸੰਗ ਰਖਾਈਆ । ਨਾ ਕੋਈ ਦੂਸਰ ਨਾ ਕੋਈ ਦੂਆ, ਦੂਈ ਦਵੈਤੀ ਨਾ ਵੇਖ ਵਖਾਇੰਦਾ । ਆਦਿ ਜੁਗਾਦੀ ਨਵਾਂ ਨਰੋਆ, ਏਕੰਕਾਰਾ ਆਪ ਅਖਵਾਇੰਦਾ । ਸੋ ਪੁਰਖ ਪੁਰਖ ਆਪੇ ਹੋਇਆ ਹੰ, ਬ੍ਰਹਮ ਆਪ ਅਖਵਾਇੰਦਾ । ਸ਼ਬਦ ਅਨਾਦੀ ਆਪੇ ਢੋਆ, ਆਪੇ ਗੀਤ ਅਲਾਇੰਦਾ । ਅੰਦਰ ਮੰਦਰ ਆਪੇ ਬੋਆ, ਫੁਲ ਫੁਲਵਾੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਮੁੱਲ, ਫੁਲ ਫੁਲਵਾੜੀ ਗਈ ਫੁੱਲ, ਪਤ ਡਾਲੀ ਫੋਲ ਫੁਲਾਇੰਦਾ । ਫੁੱਲ ਮੌਲਿਆ ਫੁਲਵਾੜਿਆ, ਵੇਖੇ ਰੁੱਤ ਬਸੰਤ । ਹੋਏ ਖ਼ੁਸ਼ੀ ਬਹੱਤਰ ਨਾੜਿਆ, ਹਰਿਜਨ ਮਿਲਿਆ ਹਰਿ ਹਰਿ ਕੰਤ । ਧੰਨ ਸੁਭਾਗ ਸਤਾਰਾਂ ਹਾੜਿਆ, ਰਸਨਾ ਜਿਹਵਾ ਮਣੀਆ ਮੰਤ । ਦਰ ਘਰ ਵੇਖਿਆ ਇਕ ਅਖਾੜਿਆ, ਜਗੇ ਜੋਤ ਸ੍ਰੀ ਭਗਵੰਤ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜਿਆ, ਕਲਜੁਗ ਮਾਇਆ ਪਾਏ ਬੇਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਉਪਜਾਏ ਸਾਚੇ ਸੰਤ । ਸੰਤ ਦੁਲਾਰਾ ਹਰਿ ਗੋਬਿੰਦ, ਹਰਿ ਹਰਿ ਵਿਚ ਆਪ ਸਮਾਇਆ । ਸਤਿਗੁਰ ਪੂਰਾ ਮੇਟਣਹਾਰਾ ਚਿੰਦ, ਚਿੰਤਾ ਚਿਖਾ ਦਏ ਗਵਾਇਆ । ਮਨਮੁੱਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਮੁਖ ਭਰਾਇਆ । ਗੁਰਮੁਖਾਂ ਆਤਮ ਧਾਰ ਵਹਾਏ ਸਾਗਰ ਸਿੰਧ, ਅੰਮ੍ਰਿਤ ਤਾਲ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰਾ ਹੋਏ ਆਪ ਸਹਾਇਆ । ਆਪ ਸਹਾਈ ਲਜਪਤ ਰਾਖਾ, ਵੇਖੇ ਦੋ ਜਹਾਨਾ । ਸਤਿਗੁਰ ਪੂਰਾ ਸੱਜਣ ਸਾਚਾ, ਖੇਲੇ ਖੇਲ ਮਹਾਨਾ । ਕਰਤਾ ਕੀਮਤ ਪਾਏ ਅਲੱਖਣਾ ਅਲਾਖਾ, ਲੱਖ ਕੌੜੀ ਨਾ ਕੋਈ ਚੁਕਾਨਾ । ਆਪ ਸੁਣਾਏ ਆਪਣੀ ਗਾਥਾ, ਸੋਹੰ ਧੁਰ ਫ਼ਰਮਾਣਾ । ਲੇਖੇ ਲੱਗੇ ਚਰਨ ਛੁਹਾਇਆ ਮਸਤਕ ਮਾਥਾ, ਆਵਣ ਜਾਵਣ ਚੁੱਕੇ ਕਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪ੍ਰਗਟ ਹੋਏ ਸ੍ਰੀ ਭਗਵਾਨਾ । ਸ੍ਰੀ ਭਗਵਾਨ ਕਲਗੀ ਧਰ, ਧਰ ਧਰਨੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਕਰਨੀ ਕਰਤਾ ਕਰ, ਆਪਣੀ ਕਰਨੀ ਰਿਹਾ ਕਮਾਈਆ । ਆਦਿ ਜੁਗਾਦੀ ਵਰਨੀ ਵਰਨ, ਬਰਨ ਵਰਨ ਨਾ ਕੋਈ ਰਖਾਈਆ । ਸ਼ਬਦ ਸ਼ਬਦੀ ਸਾਚੀ ਸਰਨ, ਲੱਖ ਚੁਰਾਸੀ ਮਤ ਸਮਝਾਈਆ । ਗੁਰ ਗੁਰ ਅੱਖਰ ਏਕਾ ਪੜ੍ਹਨ, ਹਰਿ ਹਰਿ ਨਾਮ ਪੜ੍ਹਾਈਆ । ਸਾਚੇ ਮੰਦਰ ਆਪੇ ਵੜਨ, ਆਪਣਾ ਕੁੰਡਾ ਆਪੇ ਲਾਹੀਆ । ਤ੍ਰੈਗੁਣ ਅਗਨੀ ਮੂਲ ਨਾ ਸੜਨ, ਅਗਨੀ ਤੇਜ ਨਾ ਕੋਈ ਸੜਾਈਆ । ਸਤਿਗੁਰ ਪੂਰੇ ਜੋ ਜਨ ਲੜ ਫੜਨ, ਆਰ ਪਾਰ ਕਿਨਾਰਾ ਬਿਆਸ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਵੇਖ ਵਖਾਈਆ ।



ਗਾਇਆ ਢੋਲਾ ਆਦਿ ਨਿਰੰਜਣਾ, ਇਕ ਇਕੱਲਾ ਏਕੰਕਾਰ । ਹਰਿ ਸੰਗਤ ਮੇਲਾ ਸਾਚੇ ਸੱਜਣਾ, ਸੁਹਾਇਆ ਬੰਕ ਦੁਵਾਰ । ਚਰਨ ਧੂੜ ਕਰਾਏ ਸਾਚਾ ਮੱਜਣਾ, ਆਪ ਆਪਣੀ ਕਿਰਪਾ ਧਾਰ । ਕਲਜੁਗ ਅੰਤਮ ਪਰਦਾ ਕੱਜਣਾ, ਸੰਮਤ ਸੋਲਾਂ ਰਿਹਾ ਪੁਕਾਰ । ਹਾੜ ਸਤਾਰਾਂ ਜੋ ਘੜਿਆ ਸੋ ਭੱਜਣਾ, ਥਿਰ ਰਹੇ ਨਾ ਵਿਚ ਸੰਸਾਰ । ਗੁਰਸਿਖ ਰੱਖੇ ਤੇਰੀ ਲੱਜਣਾ, ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ । ਮਦਿਰਾ ਮਾਸ ਸਭ ਨੇ ਤਜਣਾ, ਮਿਲੇ ਮੇਲ ਪਰਵਰਦਿਗਾਰ । ਸ਼ਬਦ ਅਨਾਦੀ ਅਨਹਦ ਤਾਲ ਵੱਜਣਾ, ਆਪ ਵਜਾਏ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਪਾਰ ਕਰਿੰਦੜਾ ਪੁਰਖ ਸੁਲਤਾਨ, ਸਤਿ ਪੁਰਖ ਅਖਵਾਇਆ । ਗਾਵਤ ਗਾਏ ਜੀਵ ਜਹਾਨ, ਜੀਵਣ ਜੁਗਤ ਨਾ ਕੋਇ ਵਿਖਾਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਏਕਾ ਸ਼ਬਦ ਦਏ ਸੁਣਾਇਆ । ਦੇਵਣਹਾਰਾ ਆਤਮ ਦਾਨ, ਬ੍ਰਹਮ ਗਿਆਨ ਇਕ ਦ੍ਰਿੜਾਇਆ । ਧੁਨ ਅਨਾਦੀ ਰਾਗ ਸਾਚੇ ਕਾਨ, ਬ੍ਰਹਮ ਬ੍ਰਹਿਮਾਦੀ ਆਪ ਅਲ੍ਹਾਇਆ । ਸਾਢੇ ਤਿੰਨ ਹੱਥ ਮੰਦਰ ਵੇਖ ਮਕਾਨ, ਉਚ ਮਹੱਲ ਅਟੱਲ ਸੁਹਾਇਆ । ਨੌ ਦੁਵਾਰੇ ਜਗਤ ਦੁਕਾਨ, ਦਸਵਾਂ ਆਪਣੇ ਹੱਥ ਰਖਾਇਆ । ਜੁਗ ਜੁਗ ਜਨ ਭਗਤਾਂ ਕਰੇ ਮਾਤ ਪਛਾਣ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਦਏ ਕਰ, ਜਨ ਜਨਨੀ ਲੇਖੇ ਲਾਇਆ । ਜਨ ਜਨਨੀ ਜਨ ਜਾਨਿਆ, ਜਾਨਣਹਾਰ ਨਿਰੰਕਾਰਾ । ਲੱਖ ਚੁਰਾਸੀ ਪੁਨਿਆ ਛਾਨਿਆ, ਗੁਰਮੁਖ ਮਿਲਿਆ ਲਾਲ ਅਪਾਰਾ । ਹਰਿ ਸੰਗਤ ਕਰ ਪ੍ਰਵਾਨਿਆ, ਆਪ ਬਣਾਇਆ ਸੁੱਤ ਦੁਲਾਰਾ । ਦੇਵਣਹਾਰਾ ਧੁਰ ਫ਼ਰਮਾਨਿਆ, ਲਾਵਣਹਾਰਾ ਏਕਾ ਨਾਅਰਾ । ਗਾਵਣਹਾਰਾ ਸਾਚਾ ਗਾਨਿਆ, ਗਾਵਤ ਗਾਏ ਅਪਰ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਭਰੇ ਨਾਮ ਭੰਡਾਰਾ ।

ਆਪਣੇ ਨੇਤਰ ਕਰੇ ਬੰਦ, ਗੁਰਮੁਖਾਂ ਨੈਣ ਖੁਲ੍ਹਾਈਆ । ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਬੰਦੀ ਛੋੜ ਵਡ ਵਡਿਆਈਆ । ਆਪ ਵਿਖਾਏ ਨਿਜਾ ਨੰਦ, ਪਰਮਾ ਨੰਦ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਉਠਾਈਆ । ਗੁਰਸਿਖ ਉਠ ਭਿੰਨੜੀ ਰੈਣ, ਨੇਤਰ ਨੈਣ ਉਘਾੜਿਆ । ਹਰਿਜਨ ਮੇਲਾ ਸਾਕ ਸੱਜਣ ਸੈਣ, ਹਾੜ ਸਤਾਰਾਂ ਖ਼ੁਸ਼ੀ ਮਨਾ ਰਿਹਾ । ਜੁਗਾਂ ਜੁਗਾਂ ਚੁਕਾਏ ਲਹਿਣ ਦੇਣ, ਜੁਗਾ ਜੁਗੰਤਰ ਪਾਵੇ ਸਾਰਿਆ । ਲੱਖ ਚੁਰਾਸੀ ਸਾਰੇ ਕਹਿਣ, ਦਿਸ ਨਾ ਆਏ ਵਿਚ ਸੰਸਾਰਿਆ । ਗੁਰਮੁਖ ਗੁਰਸਿਖ ਧਾਮ ਇਕੱਠੇ ਬਹਿਣ, ਸਤਿਗੁਰ ਸਾਚਾ ਬੰਕ ਸੁਹਾ ਲਿਆ । ਨਾਤਾ ਤੋੜੇ ਭਾਈ ਭੈਣ, ਗੁਰਮੁਖਾਂ ਮੇਲ ਮਿਲਾ ਰਿਹਾ । ਮਨਮੁਖਾਂ ਲੈਣ ਨਾ ਦੇਵੇ ਚੈਨ, ਨਾਮ ਖੰਡਾ ਇਕ ਚਮਕਾ ਰਿਹਾ । ਲਾੜੀ ਮੌਤ ਰਾਹ ਵੇਖੇ ਡੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਸੁਣਾ ਲਿਆ । ਹਰਿ ਸੰਗਤ ਉਠ ਉਠ ਜਾਗ, ਹਰਿ ਸੰਗਤ ਆਪ ਜਗਾਇੰਦਾ । ਸਚਖੰਡ ਦੁਵਾਰੇ ਲੱਗਾ ਭਾਗ, ਲੋਕਮਾਤ ਵੇਖ ਵਖਾਇੰਦਾ । ਹੰਸ ਬਣਾਏ ਫੜ ਫੜ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਦੀਪਕ ਜੋਤੀ ਜਗੇ ਚਰਾਗ, ਅਗਿਆਨ ਅੰਧੇਰ ਮਿਟਾਇੰਦਾ । ਦੁਰਮਤ ਮੈਲ ਧੋਵੇ ਦਾਗ, ਮਸਤਕ ਟਿੱਕਾ ਕਾਲੀ ਸ਼ਾਹੀ ਲਾਹਿੰਦਾ । ਮਾਇਆ ਡੱਸਨੀ ਨਾ ਡੱਸੇ ਨਾਗ, ਮਮਤਾ ਮੋਹ ਚੁਕਾਇੰਦਾ । ਦੋ ਜਹਾਨਾਂ ਪਕੜੇ ਵਾਗ, ਸਾਚਾ ਸੰਗ ਨਿਭਾਇੰਦਾ । ਜੋ ਜਨ ਸਰਨਾਈ ਗਿਆ ਲਾਗ, ਆਵਣ ਜਾਵਣ ਫੰਦ ਕਟਾਇੰਦਾ । ਤ੍ਰੈਗੁਣ ਮਾਇਆ ਨਾ ਲੱਗੇ ਆਗ, ਪੰਚ ਵਿਕਾਰਾ ਮੇਟ ਮਿਟਾਇੰਦਾ । ਆਪ ਉਪਜਾਏ ਸਾਚਾ ਰਾਗ, ਅਨਹਦ ਤਾਲ ਵਜਾਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਸਚ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਵੇਖ ਵਖਾਇੰਦਾ । ਹਰਿ ਸੰਗਤ ਉਠ ਬਲ ਧਾਰ, ਨੇਤਰ ਨੈਣ ਉਘਾੜਨਾ । ਪੁਰਖ ਅਬਿਨਾਸ਼ੀ ਦਰਸ ਅਪਾਰ, ਘਰ ਬੈਠਾ ਸਚ ਦੁਵਾਰਨਾ । ਮਿਲਿਆ ਮੇਲ ਵਿਚ ਸੰਸਾਰ, ਉਤਰਿਆ ਪਾਰ ਕਿਨਾਰਨਾ । ਪਾਇਆ ਵਰ ਕੰਤ ਭਤਾਰ, ਪਾਰਬ੍ਰਹਮ ਪੁਰਖ ਸੁਲਤਾਨਨਾ । ਸੋਭਾਵੰਤੀ ਹੋਈ ਨਾਰ, ਘਰ ਮੰਦਰ ਇਕ ਸੁਹਾਵਣਾ । ਪੀਆ ਪ੍ਰੀਤਮ ਕਰ ਪਿਆਰ, ਸਾਚਾ ਸਗਨ ਮਨਾਵਣਾ । ਆਤਮ ਸੇਜਾ ਰਹੀ ਸ਼ਿੰਗਾਰ, ਸਾਚਾ ਕੰਤ ਹੰਢਾਵਣਾ । ਅੰਤਮ ਵੇਖਣ ਆਇਆ ਕੰਨਿਆ ਕੁਵਾਰ, ਗੁਰਮੁਖ ਸਾਚੇ ਆਪ ਪ੍ਰਨਾਵਣਾ । ਹੋਏ ਨਾ ਦੁਹਾਗਣ ਵਿਚ ਸੰਸਾਰ, ਜਿਸ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਵਣਾ । ਉਠ ਸਿਖ ਜਾਗ, ਪ੍ਰਭ ਸੰਗਤ ਮੇਲ ਮਿਲੰਨਿਆ । ਪ੍ਰਭ ਦੇਵਣ ਆਇਆ ਦਾਜ, ਨਾਮ ਭੰਡਾਰਾ ਖੋਲ੍ਹ ਰਖੰਨਿਆ । ਰੱਖਣਹਾਰਾ ਸਾਚੀ ਲਾਜ, ਲੋਕਮਾਤ ਫਿਰੇ ਭੰਨਿਆ । ਪ੍ਰਗਟ ਹੋਇਆ ਦੇਸ ਮਾਝ, ਆਪੇ ਮੇਲੇ ਚਿਰੀ ਵਿਛੁੰਨਿਆ । ਦੋ ਜਹਾਨਾਂ ਸਾਜਣ ਸਾਜ, ਸਤਿਗੁਰ ਪੂਰਾ ਖੇਲ ਖਿਲੰਨਿਆ । ਕਲਜੁਗ ਅੰਤਮ ਰਚਿਆ ਕਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲ ਮਿਲੰਨਿਆ । ਹਰਿ ਸੰਗਤ ਉਠ ਨੇਤਰ ਖੋਲ੍ਹ, ਆਲਸ ਨਿੰਦਰਾ ਜਗਤ ਗਵਾਈਆ । ਸਤਿਗੁਰ ਸੱਜਣ ਆਇਆ ਕੋਲ, ਰੋਗ ਸੋਗ ਦਏ ਮਿਟਾਈਆ । ਸਤਿਗੁਰ ਪੂਰੇ ਅੱਗੇ ਆਪਣੇ ਦੁੱਖੜੇ ਫੋਲ, ਦੁੱਖ ਸੁੱਖ ਵਿਚ ਸਮਾਈਆ । ਆਪਣੀ ਜਿੰਦੜੀ ਆਪੇ ਘੋਲ, ਘੋਲੀ ਘੋਲ ਘੁਮਾਈਆ । ਆਪਣੀ ਰਸਨਾ ਆਪੇ ਬੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੱਡੀ ਵਡਿਆਈਆ । ਨਿਹਕਲੰਕ ਵਜਾਇਆ ਢੋਲ, ਤ੍ਰਲੋਕੀ ਰਿਹਾ ਉਠਾਈਆ । ਲੱਖ ਚੁਰਾਸੀ ਤੇਰਾ ਕੱਢੇ ਪੋਲ, ਪਰਦਾ ਉਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ,

੬੮੯ ੦੮

ਆਪ ਆਪਣੀ ਜੋਤ ਧਰ, ਹਰਿ ਸੰਗਤ ਰਿਹਾ ਜਗਾਈਆ । ਸੰਗਤ ਖੋਲ੍ਹ ਨੇਤਰ ਅੱਖ, ਨੈਣੀ ਨੈਣ ਉਘਾੜਿਆ । ਪਾਰਬ੍ਰਹਮ ਰੂਪ ਪ੍ਰਤੱਖ, ਸਚ ਸਿੰਘਾਸਣ ਜੋਤ ਨਿਰੰਕਾਰਿਆ । ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਆਪ ਬਣਾ ਰਿਹਾ । ਖ਼ਾਲੀ ਕਰੇ ਭਾਂਡੇ ਸਖ, ਆਪ ਆਪਣਾ ਖੇਲ ਖਿਲਾ ਰਿਹਾ । ਹਰਿ ਸੰਗਤ ਲੱਖ ਚੁਰਾਸੀ ਵਿਚੋਂ ਕਰੇ ਵੱਖ, ਚਾਰ ਵਰਨ ਨਾ ਕੋਈ ਵਿਚਾਰਿਆ । ਸਤਿਜੁਗ ਸਾਚਾ ਮਾਰਗ ਦੱਸ, ਆਪੇ ਜਾਣੇ ਆਪਣੀ ਕਾਰਿਆ । ਦੋ ਜਹਾਨੀ ਰੱਖੇ ਪਤ, ਪਤ ਪਤਵੰਤਾ ਮੀਤ ਮੁਰਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਨਾਮ ਅਧਾਰਿਆ । ਹਰਿ ਸੰਗਤ ਲਏ ਅੰਗੜਾਈ, ਹਰਿ ਸਾਚੇ ਖੇਲ ਖਿਲਾਇਆ । ਏਕਾ ਨਾਮ ਸ਼ਬਦ ਕੁੜਮਾਈ, ਹਰਿ ਨਾਮਾ ਵਣਜ ਵਿਖਾਇਆ । ਰਸਨਾ ਗੌਣਾ ਚਾਈਂ ਚਾਈਂ, ਚਾਓ ਘਨੇਰਾ ਏਕਾ ਪਾਇਆ । ਮੰਗਲ ਗਾਓ ਸਹਿਜ ਸਭਾਈ, ਜਗਤ ਵਿਛੋੜਾ ਦਏ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਠਾਇਆ । ਉਠਿਆ ਹਰਿਜਨ ਸੱਚਾ ਮੀਤਾ, ਹਰਿ ਸੰਗਤ ਸੰਗ ਨਿਭਾਇਆ । ਨਜ਼ਰੀ ਆਇਆ ਇਕ ਅਤੀਤਾ, ਠਾਂਡਾ ਸੀਤਾ ਦਰਸ਼ਨ ਪਾਇਆ । ਨਾਮ ਸੁਣਾਈ ਸਾਚੀ ਗੀਤਾ, ਏਕਾ ਗਿਆਨ ਦ੍ਰਿੜਾਇਆ । ਸ਼ਬਦ ਵਖਾਏ ਇਕ ਅਨਡੀਠਾ, ਏਕਾ ਅੱਖਰ ਸਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸੋ ਪੁਰਖ ਨਿਰੰਜਣ ਸਵਾਧਾਨ ਵਿਚ ਜਹਾਨ ਨੌ ਨੌ ਆਪੇ ਹੋਇਆ । ਨੌ ਰੰਗ ਨੌ ਅੰਤਰਾ, ਨੌ ਨੌ ਖੇਲ ਅਪਾਰ । ਚਾਰ ਜੁਗ ਵੇਖੇ ਸੱਥਰਾ, ਸੱਥਰ ਲਾਹੇ ਸਰਬ ਸੰਸਾਰ । ਬਜ਼ਰ ਕਪਾਟੀ ਲੱਗਾ ਪੱਥਰਾ, ਅੰਦਰ ਮੰਦਰ ਬੰਦ ਕਿਵਾੜ । ਗੁਰਮੁਖ ਵਿਰਲਾ ਹੋਇਆ ਵੱਖਰਾ, ਜਿਸ ਜਨ ਕਿਰਪਾ ਕਰੀ ਆਪ ਕਰਤਾਰ । ਲੱਭਦੇ ਫਿਰਦੇ ਗੋਕਲ ਮਥਰਾ, ਘਰ ਬੈਠਾ ਕਾਹਨ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਕਰੇ ਪਿਆਰ । ਘਰ ਬੈਠਾ ਸੱਚਾ ਪਾਤਸ਼ਾਹ, ਪਰਮ ਪੁਰਖ ਸੁਲਤਾਨ । ਦੋ ਜਹਾਨਾਂ ਸਚ ਮਲਾਹ, ਵਸਿਆ ਉਚ ਮਕਾਨ । ਫੜ ਫੜ ਆਪੇ ਪਾਏ ਰਾਹ, ਏਕਾ ਵੇਖੇ ਸ੍ਰੀ ਭਗਵਾਨ । ਆਪ ਜਪਾਏ ਆਪਣਾ ਨਾਂ, ਆਪੇ ਦੇਵੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਹੋਇਆ ਮਿਹਰਬਾਨ । ਹਰਿ ਸੰਗਤ ਬਾਲ ਨਿਧਾਨਿਆ, ਬਾਲੀ ਬੁੱਧ ਨਿਧਾਨ । ਸਤਿਗੁਰ ਪੂਰਾ ਹੋਏ ਮਿਹਰਬਾਨਿਆ, ਦੇਵੇ ਨਾਮ ਨਿਧਾਨ । ਧਰਮ ਝੁਲਾਏ ਇਕ ਨਿਸ਼ਾਨਿਆ, ਧਰਮੀ ਧਰਮ ਧਰਮ ਨਿਸ਼ਾਨ । ਅਨਹਦ ਸੁਣਾਏ ਸਾਚੀ ਬਾਣੀਆ, ਆਤਮ ਅੰਤਰ ਹੋ ਪ੍ਰਧਾਨ । ਤੀਰ ਨਿਸ਼ਾਨਾ ਮਾਰੇ ਕਾਨੀਆ, ਅਨਿਯਾਲਾ ਤੀਰ ਇਕ ਮਹਾਨ । ਆਪੇ ਹੋਏ ਜਾਣੀ ਜਾਣਿਆ, ਹਰਿ ਸੰਗਤ ਕਰ ਪ੍ਰਵਾਨ । ਲੇਖਾ ਚੁੱਕੇ ਚਾਰੇ ਖਾਣੀਆ, ਚਾਰੇ ਬਾਣੀ ਪਦ ਨਿਰਬਾਣ । ਸਤਿਗੁਰ ਮਿਲਿਆ ਸਾਚਾ ਹਾਣੀਆ, ਛੁੱਟਿਆ ਆਵਣ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਧੁਰ ਮਾਣ । ਧੁਰ ਫ਼ਰਮਾਣ ਸਾਚਾ ਬੋਲਾ, ਹਰਿ ਸੰਗਤ ਆਪ ਜਣਾਈਆ । ਸੋ ਪੁਰਖ ਜਣਾਇਆ ਸਾਚਾ ਢੋਲਾ, ਹੰ ਹੰ ਦਏ ਮਿਟਾਈਆ । ਏਕਾ ਦੇਵੇ ਸਚ ਝਕੋਲਾ, ਨਾਮ ਹੁਲਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਜਗਾਈਆ । ਜਾਗਰਤ ਜਾਗੇ ਵਡ ਵਡ ਭਾਗੇ, ਨੇਤਰ ਨੈਣ ਖੁਲ੍ਹਾਇਆ । ਮੇਲਣਹਾਰਾ ਕੋਲ ਵਾਘੇ, ਆਪ ਆਪਣਾ ਬੰਧਨ ਪਾਇਆ । ਫੇਰਨਹਾਰ ਜਗਤ ਸੁਹਾਗੇ, ਲੇਖਾ ਲੇਖੇ ਦਏ ਮੁਕਾਇਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਆਪੇ ਭਾਜੇ, ਆਪ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਈਆ ਇਕ ਅਖਵਾਇਆ । ਸਾਚਾ ਸਈਆ ਹਰਿ ਗੋਬਿੰਦ, ਗਹਿਰ ਗੰਭੀਰ ਸਮਾਇੰਦਾ । ਹਰਿ ਸੰਗਤ ਤੇਰੀ ਮੇਟੇ ਚਿੰਦ, ਸਾਚਾ ਮਾਰਗ ਏਕਾ ਲਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗੁਰ ਸਤਿਗੁਰ ਨਾਉਂ ਰਖਾਇੰਦਾ । ਸੰਮਤ ਸੋਲਾਂ ਹਾੜ ਸਤਾਰਾਂ ਬਣ ਬਖ਼ਸ਼ਿੰਦ, ਭੁੱਲ ਅਭੁੱਲ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਾਚੇ ਘਰ, ਸਾਚੀ ਸਖੀਆਂ ਮੇਲ ਮਿਲਾਇੰਦਾ । ਸਾਚੀ ਸਖੀ ਭਿੰਨੜੀ ਰੈਣ, ਹਰਿ ਸੰਗਤ ਵੇਖ ਵਖਾਈਆ । ਆਪੇ ਖੋਲ੍ਹੇ ਆਪਣੇ ਨੈਣ, ਆਪਣਾ ਪਰਦਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੰਗਣ ਆਪ ਚੜ੍ਹਾਈਆ । ਭਿੰਨੜੀ ਰੈਣ ਵੇਖ ਪ੍ਰਭਾਤ, ਆਪਣਾ ਕੁੰਡਾ ਲਾਹਿਆ । ਗੁਰਮੁਖਾਂ ਪੁਛਣ ਆਈ ਵਾਤ, ਪੂਰਬ ਮੇਲਾ ਮੇਲ ਮਿਲਾਇਆ । ਦਰ ਦੁਵਾਰੇ ਬੈਠ ਇਕਾਂਤ, ਆਪਣਾ ਸੋਹਲਾ ਰਹੀ ਗਾਇਆ । ਹਰਿ ਸੰਗਤ ਵੇਖਣਾ ਮਾਰ ਝਾਤ, ਸਤਿਗੁਰ ਪੂਰਾ ਨਜ਼ਰੀ ਆਇਆ । ਗੁਰਮੁਖ ਬਣਾਈ ਜਗਤ ਬਰਾਤ, ਸਾਚਾ ਦੂਲ੍ਹਾ ਆਪ ਸਜਾਇਆ । ਕਵਲ ਨੈਣ ਕਵਲਾਪਾਤ, ਕਵਲ ਮੁਖ ਸਲਾਹਿਆ । ਸ਼ਬਦ ਅਨਾਦੀ ਗਾਏ ਗਾਥ, ਗਾਵਣਹਾਰ ਆਪ ਹੋ ਜਾਇਆ । ਆਪ ਚਲਾਏ ਆਪਣਾ ਰਾਥ, ਦਿਵਸ ਰੈਣ ਸੇਵ ਕਮਾਇਆ । ਖੇਲੇ ਖਿਲਾਰੀ ਤ੍ਰਲੋਕੀ ਨਾਥ, ਲੋਆਂ ਪੁਰੀਆਂ ਫੇਰਾ ਪਾਇਆ । ਭਿੰਨੜੀ ਰੈਣ ਮਾਰੇ ਠਾਠ, ਸਰ ਸਰੋਵਰ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਇਆ । ਭਿੰਨੀ ਰੈਨੜੀਏ ਤੇਰਾ ਸਚ ਦੁਵਾਰਾ, ਹਰਿ ਸੰਗਤ ਹਰਿ ਹਰਿ ਪਾਇਆ । ਸਤਿਗੁਰ ਪੂਰਾ ਭਰੇ ਭੰਡਾਰਾ, ਤੋਟ ਰਹੇ ਨਾ ਰਾਇਆ । ਚਾਰ ਵਰਨਾਂ ਇਕ ਵਰਤਾਰਾ, ਵਰਤਾਵਣਹਾਰ ਇਕ ਅਖਵਾਇਆ । ਸਤਿਗੁਰ ਸੱਜਣ ਮੀਤ ਮੁਰਾਰਾ, ਸਾਚਾ ਵੇਲਾ ਦਏ ਸੁਹਾਇਆ । ਸੰਮਤ ਸੋਲਾਂ ਹਾੜ ਸਤਾਰਾਂ, ਬੇਆਸ ਕਿਨਾਰਾ ਪਾਰ ਕਰਾਇਆ । ਆਸ ਨਿਰਾਸ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਵੇਖ ਵਖਾਇਆ । ਭਿੰਨੀ ਰੈਨੜੀਏ ਸਚ ਸਹਾਰਾ, ਹਰਿਜਨ ਆਸ ਰਖਾਈਆ । ਤੇਰਾ ਮੰਦਰ ਤੇਰਾ ਦੁਵਾਰਾ, ਤੇਰਾ ਗੁਰੂ ਸਹਾਈਆ । ਮੇਰਾ ਪ੍ਰੀਤਮ ਪ੍ਰੇਮ ਪਿਆਰਾ, ਬੈਠਾ ਬੇਪਰਵਾਹੀਆ । ਦੋਹਾਂ ਵਿਚੋਲਾ ਹਰਿ ਨਿਰੰਕਾਰਾ, ਸ਼ਬਦੀ ਸ਼ਬਦ ਉਪਾਈਆ । ਸਾਚਾ ਮੰਗਲ ਗਾਏ ਵਿਚ ਸੰਸਾਰਾ, ਸਾਚੀ ਸਿਖਿਆ ਇਕ ਸਮਝਾਈਆ । ਨਿਹਕਲੰਕ ਨਰ ਅਵਤਾਰਾ, ਨਿਰਗੁਣ ਰੂਪ ਹਰਿ ਰਘੁਰਾਈਆ । ਦੂਸਰ ਨਾ ਲਏ ਸਹਾਰਾ, ਰਵ ਸਸ ਨਾ ਕੋਈ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਉਠਾਈਆ । ਗੁਰਮੁਖ ਉਠ ਸੁੱਤ ਦੁਲਾਰ, ਹਰਿ ਸਤਿਗੁਰ ਆਪ ਉਠਾਇੰਦਾ । ਭਿੰਨੜੀ ਰੈਣ ਕਰ ਪਿਆਰ, ਭਿੰਨੜੀ ਰੈਣ ਮੇਲ ਮਿਲਾਇੰਦਾ । ਹਾੜ ਸਤਾਰਾਂ ਭਰੇ ਭੰਡਾਰ, ਅਤੋਟ ਅਤੁਟ ਰਖਾਇੰਦਾ । ਬੇਆਸ ਕਿਨਾਰੇ ਉਤਰੇ ਪਾਰ, ਸਚ ਕਿਨਾਰਾ ਇਕ ਸੁਹਾਇੰਦਾ । ਸਚ ਕਿਨਾਰਾ ਸਚਖੰਡ ਦੁਲਾਰ, ਸਤਿਗੁਰ ਪੂਰਾ ਆਸਣ ਲਾਇੰਦਾ । ਨਿਰਗੁਣ ਜੋਤ ਜਗੇ ਅਪਾਰ, ਦਿਵਸ ਰੈਣ ਡਗਮਗਾਇੰਦਾ । ਸ਼ਬਦ ਧੁਨ ਸੱਚੀ ਧੁਨਕਾਰ, ਏਕਾ ਰਾਗ ਅਲਾਇੰਦਾ । ਸਚ ਤਖ਼ਤ ਬੈਠ ਸਚੀ ਸਰਕਾਰ, ਸਾਚਾ ਹੁਕਮ ਚਲਾਇੰਦਾ । ਨਿਰਗੁਣ ਰੂਪ ਅਗੰਮ ਅਪਾਰ, ਅਲੱਖ ਨਿਰੰਜਣ ਭੇਵ ਨਾ ਆਇੰਦਾ । ਸਰਗੁਣ ਚੇਲਾ ਵਿਚ ਸੰਸਾਰ, ਸਾਚੀ ਜੋਤ ਪ੍ਰਗਟਾਇੰਦਾ । ਗੁਰਸਿਖ ਸੱਜਣ ਲਏ ਉਭਾਰ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੬੯੧
੦੮

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਗੋਂ ਹੰਸ ਬਣਾਇੰਦਾ । ਕਾਗੋਂ ਹੰਸ ਚੁਗਾਏ ਚੋਗ, ਮਾਣਕ ਮੋਤੀ ਤਾਲ ਸੁਹਾਇਆ । ਦਰਸ ਦਿਖਾਏ ਹਰਿ ਅਮੋਘ, ਕੋਟਨ ਕੋਟੀ ਜੀਵ ਤਰਾਇਆ । ਜਨ ਭਗਤਾਂ ਬਖ਼ਸ਼ੇ ਸਾਚਾ ਜੋਗ, ਏਕਾ ਅਲਫ਼ੀ ਅਲਫ਼ ਨਾਮ ਪਾਇਆ । ਕੱਟਣਹਾਰਾ ਹਉਮੇ ਰੋਗ, ਗੈਨ ਗ਼ਫ਼ਲਤ ਵਿਚ ਨਾ ਆਇਆ । ਐਨ ਅੱਖਰ ਸੁਣਾਏ ਸਚ ਸਲੋਕ, ਏਕਾ ਢੋਲਾ ਨਾਅਰਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਲੇਖਾ, ਲੇਖੇ ਲਏ ਲਗਾਇਆ । ਲੇਖੇ ਲਾਏ ਲੇਖ ਬਨਵਾਰੀ, ਲਿਖਿਆ ਲੇਖੇ ਪਾਇੰਦਾ । ਦਰ ਆਇਆਂ ਪੈਜ ਰਿਹਾ ਸਵਾਰੀ, ਸਿਰ ਆਪਣਾ ਹੱਥ ਟਿਕਾਇੰਦਾ । ਜੋ ਜਨ ਆਏ ਬਣ ਭਿਖਾਰੀ, ਨਾਮ ਭਿਛਿਆ ਝੋਲੀ ਪਾਇੰਦਾ । ਜੋ ਜਨ ਬੈਠੇ ਬਣ ਹੰਕਾਰੀ, ਦਰ ਦੁਵਾਰੇ ਆਪ ਦੁਰਕਾਇੰਦਾ । ਤਿਖੀਆਂ ਰੱਖੇ ਦੋਵੇਂ ਧਾਰੀ, ਨਾਮ ਖੰਡਾ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਗਤ ਮੇਲਾ ਸਾਚੇ ਘਰ, ਹਾੜ ਸਤਾਰਾਂ ਸੰਮਤ ਸੋਲਾਂ ਸਾਚਾ ਚੋਲਾ ਆਪ ਬਦਲਾਇੰਦਾ । ਚੋਲਾ ਬਦਲਿਆ ਆਪ ਨਿਰੰਕਾਰ, ਆਪਣੀ ਦਇਆ ਆਪ ਕਮਾਈਆ । ਸਿੰਘ ਬਿਸ਼ਨ ਕਰ ਪਿਆਰ, ਸ਼ਬਦ ਖੰਡਾ ਹੱਥ ਫੜਾਈਆ । ਸਿੰਘ ਪ੍ਰੀਤਮ ਪਹਿਰੇਦਾਰ, ਪਿੱਛੇ ਪਿੱਛੇ ਚਰਨ ਉਠਾਈਆ । ਸਿੰਘ ਗੁਰਮੁਖ ਹੋ ਤਿਆਰ, ਨਾਮ ਡੰਡਾ ਰਿਹਾ ਹਿਲਾਈਆ । ਸਿੰਘ ਇੰਦਰ ਕਰ ਪਿਆਰ, ਨਿਉਂ ਨਿਉਂ ਸੀਸ ਝੁਕਾਈਆ । ਸਿੰਘ ਪਾਲ ਕਰੇ ਵਿਚਾਰ, ਦੀਨ ਦਿਆਲ ਦਰਸ ਦਿਖਾਈਆ । ਦਰਸ਼ਨ ਸਿੰਘ ਬਣ ਲਿਖਾਰ, ਦੋ ਜਹਾਨਾਂ ਲੇਖਾ ਰਿਹਾ ਮੁਕਾਈਆ । ਕਲਜੁਗ ਅੰਤਮ ਉਤਰਿਆ ਪਾਰ, ਕੂੜੀ ਕਿਰਿਆ ਦਏ ਮਿਟਾਈਆ । ਝੂਠ ਜੂਠ ਮਿਟੇ ਸੰਸਾਰ, ਨਾਰ ਵਿਭਚਾਰ ਨਾ ਕੋਈ ਦਿਸਾਈਆ । ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਦਏ ਜਲਾਈਆ । ਏਕਾ ਰੂਪ ਸੱਚੀ ਸਰਕਾਰ, ਨਿਰੰਕਾਰ ਨੂਰ ਰੁਸ਼ਨਾਈਆ । ਚਾਰੇ ਕੁੰਟ ਖ਼ਬਰਦਾਰ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਗੁਰਮੁਖਾਂ ਵਿਚ ਬੰਦ ਕਰਾਈਆ । ਪੰਚ ਸਿਖ ਪੰਚ ਪ੍ਰਧਾਨ, ਪੰਚਮ ਮੀਤ ਅਖਵਾਇਆ । ਪੰਚਮ ਕੱਢ ਨਾਮ ਕਿਰਪਾਨ, ਸ਼ਬਦ ਖੰਡਾ ਹੱਥ ਫੜਾਇਆ । ਪੰਚਮ ਕਰੇ ਨਿਗਹਬਾਨ, ਪੰਚਮ ਮੇਲਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਪੰਚਮ ਖਿਚ ਕਟਾਰ, ਹਰਿ ਨਿਰੰਕਾਰ, ਦੋ ਦੋ ਹੱਥ ਫੜਾਈਆ । ਆਪੇ ਆਇਆ ਅੱਧਵਿਚਕਾਰ, ਨੱਠ ਕਿਤੇ ਨਾ ਜਾਈਆ । ਗੁਰਸਿਖ ਖਿਚ ਲਿਆਏ ਵਿਚ ਦਰਬਾਰ, ਹਰਿ ਸੰਗਤ ਤੇਰੀ ਵਡ ਵਡਿਆਈਆ । ਤੇਰੇ ਵਿਚੋਂ ਨਾ ਹੋਏ ਬਾਹਰ, ਪਹਿਰੇਦਾਰ ਪੰਚ ਬਹਾਈਆ । ਲੇਖਾ ਲਿਖਿਆ ਬਣ ਲਿਖਾਰ, ਚਿੱਟੇ ਉਪਰ ਕਾਲੀ ਸ਼ਾਹੀਆ । ਨਾਤਾ ਜੁੜਿਆ ਵਿਚ ਸੰਸਾਰ, ਨਾ ਕੋਈ ਤੋੜੇ ਤੋੜ ਤੁੜਾਈਆ । ਭਵਜਲ ਸਾਗਰ ਕਰ ਜਾਏ ਪਾਰ, ਡੂੰਘੀ ਭਵਰ ਨਾ ਕੋਈ ਰੁੜਾਈਆ । ਕਾਗਜ਼ ਕਲਮ ਨਾ ਲਿਖੇ ਲੇਖ ਹਰਿ ਨਿਰੰਕਾਰ, ਸਤ ਸਮੁੰਦਰ ਮਸ ਬਣੇ ਕਾਗਜ਼ ਕਲਮ ਬਣੇ ਬਨ ਰਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਬੂਝ ਬੁਝਾਈਆ । ਜੋਤੀ ਜਾਮਾ ਭੇਖ ਅਪਾਰ, ਗੁਰ ਗੋਬਿੰਦ ਮੇਲਾ ਮੇਲ ਮਿਲਾਈਆ । ਸੰਬਲ ਨਗਰੀ ਧਾਮ ਨਿਆਰ, ਉਚ ਅਟੱਲਾ ਆਸਣ ਲਾਈਆ । ਇਕ ਇਕੱਲਾ ਏਕੰਕਾਰਾ, ਆਪਣੀ ਕਲ ਵਰਤਾਈਆ । ਸੰਮਤ ਸੋਲਾਂ ਹਾੜ ਸਤਾਰਾਂ ਦਿਵਸ ਵਿਚਾਰ, ਪੰਚ ਪਿਆਰੇ ਦਏ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤ ਪਤਿਤ ਪੁਨੀਤ, ਸਤਿਜੁਗ ਮਾਰਗ ਆਪਣਾ ਆਪੇ ਲਾਈਆ । ਪੰਚਮ ਪਿਆਰੇ ਪਹਿਰੇਦਾਰ, ਹਰਿ ਬੰਧਨ ਬੰਦੀ ਪਾਇਆ । ਆਪ ਉਠਾਏ ਜਗਤ ਸਰਕਾਰ, ਸ਼ਬਦ ਸੁਨੇਹੁੜਾ ਇਕ ਘਲਾਇਆ । ਪ੍ਰਗਟ ਹੋਇਆ ਹਰਿ ਨਿਰੰਕਾਰ, ਵਰਨਾਂ ਬਰਨਾਂ ਦਏ ਮਿਟਾਇਆ । ਰਾਜ ਰਾਜਾਨਾ ਕਰੇ ਖੁਵਾਰ, ਸ਼ਾਹ ਸੁਲਤਾਨਾਂ ਵੇਖ ਵਖਾਇਆ । ਸਾਧਾਂ ਸੰਤਾਂ ਮਾਰੇ ਮਾਰ, ਜੀਆਂ ਜੰਤਾਂ ਦਏ ਸਜਾਇਆ । ਗੁਰਮੁਖ ਸਚੇ ਲਏ ਉਭਾਰ, ਜਿਸ ਜਨ ਆਪਣਾ ਨਾਮ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਕਰ ਕਿਰਪਾ ਵੇਖ ਵਖਾਇਆ । ਪੰਚ ਪਿਆਰੇ ਪਹਿਰੇਦਾਰ, ਸੇਵਕ ਸੇਵ ਕਮਾਈਆ । ਬੰਦ ਕਰੀ ਜੋਤ ਨਿਰੰਕਾਰ, ਪ੍ਰੇਮ ਡੋਰੀ ਬੰਧਨ ਪਾਈਆ । ਅੱਗੇ ਪਿੱਛੇ ਵਿਚ ਸੰਸਾਰੇ, ਖੱਬੇ ਸੱਜੇ ਸੇਵ ਕਮਾਈਆ । ਹਰਿ ਸੰਗਤ ਲੇਖੇ ਹਰਿ ਦੁਵਾਰੇ, ਹਰੀ ਦੁਵਾਰੇ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭੇਟਾ ਹਰਿ ਸੰਗਤ ਆਪ ਚੜ੍ਹਾਈਆ । ਹਰਿ ਸੰਗਤ ਅੱਗੇ ਸੀਸ ਧਰ, ਤੇਜ ਕਟਾਰ ਕਟਾਇਆ । ਗੁਰਮੁਖ ਸੱਜਣ ਚੁੱਕੇ ਡਰ, ਸਤਿਗੁਰ ਪੂਰਾ ਹੋਏ ਸਹਾਇਆ । ਕਲਜੁਗ ਰੋਵੇ ਨਾਰੀ ਨਰ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਹਰ ਥਾਈਂ, ਹਰਿਜਨ ਸਾਚੇ ਹੋਏ ਸਹਾਇਆ ।



ਹਰਿ ਸਤਿਗੁਰ ਢਾਡੀ ਆਇਆ, ਗੁਰਸਿਖਾਂ ਗਾਏ ਸਾਚੀ ਵਾਰ । ਆਦਿ ਜੁਗਾਦੀ ਵੇਸ ਵਟਾਇਆ, ਇਕ ਇਕੱਲਾ ਏਕੰਕਾਰ । ਸ਼ਬਦ ਅਨਾਦੀ ਏਕਾ ਗਾਇਆ, ਆਪ ਆਪਣਾ ਕਰ ਜੈਕਾਰ । ਆਦਿ ਸ਼ਕਤ ਨਾਉਂ ਧਰਾਇਆ, ਰੂਪ ਅਨੂਪ ਸੱਚੀ ਸਰਕਾਰ । ਨਿਰਗੁਣ ਆਪਣਾ ਖੇਲ ਖਿਲਾਇਆ, ਖੇਲੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਆਪਣੀ ਧਾਰ । ਹਰਿ ਢਾਡੀ ਦਰ ਮੰਗਦਾ, ਗੁਰਮੁਖਾਂ ਉਚ ਦੁਵਾਰ । ਥਿਰ ਘਰ ਸਾਚੇ ਆਪੇ ਲੰਘਦਾ, ਆਪੇ ਬਣਿਆ ਸ਼ਾਹ ਸਰਕਾਰ । ਆਪਣਾ ਆਸਣ ਆਪੇ ਰੰਗਦਾ, ਆਪ ਅਪਣੀ ਕਿਰਪਾ ਧਾਰ । ਖੇਲੇ ਖੇਲ ਸੂਰੇ ਸਰਬੰਗ ਦਾ, ਸਤਿਗੁਰ ਪੂਰਾ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਜੋਤ ਉਜਿਆਰ । ਜੋਤੀ ਨੂਰ ਆਦਿ ਭਵਾਨੀ, ਆਦਿ ਸ਼ਕਤ ਅਖਵਾਈਆ । ਪਰਮ ਪੁਰਖ ਸ਼ਾਹ ਸੁਲਤਾਨੀ, ਹਰਿ ਹਰਿ ਨਾਉਂ ਉਪਾਈਆ । ਨਾਮ ਖੰਡਾ ਤੀਰ ਕਮਾਨੀ, ਸਾਚਾ ਸ਼ਸਤਰ ਹੱਥ ਉਠਾਈਆ । ਖੇਲੇ ਖੇਲ ਦੋ ਜਹਾਨੀ, ਲੋਕਮਾਤ ਵੇਖ ਵਖਾਈਆ । ਲੱਖ ਚੁਰਾਸੀ ਕਰ ਪ੍ਰਧਾਨੀ, ਆਪਣੀ ਕਲ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਭਰਦੇ ਪਾਣੀ, ਸੇਵਕ ਸੇਵਾ ਸਾਚਾ ਲਾਈਆ । ਏਕਾ ਮੰਤਰ ਸ਼ਬਦ ਗਿਆਨੀ, ਏਕਾ ਬ੍ਰਹਮ ਪੜ੍ਹਾਈਆ । ਏਕ ਵੇਖੇ ਧੁਰ ਦੀ ਬਾਣੀ, ਏਕਾ ਰਾਗ ਅਲਾਈਆ । ਸਾਚੇ ਅੰਦਰ ਸਚ ਸਵਾਣੀ, ਸਾਚੀ ਸ਼ਕਤੀ ਆਪ ਟਿਕਾਈਆ । ਆਪੇ ਬਣਿਆ ਆਪਣਾ ਬਾਨੀ, ਆਪਣੀ ਬਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪਾ ਸਾਚਾ ਭੂਪਾ ਬਿਨ ਰੰਗ ਰੂਪਾ, ਭੇਵ ਅਭੇਦ ਨਾ ਕੋਈ ਵਡਿਆਈਆ । ਆਦਿ ਸ਼ਕਤ ਹਰਿ ਅਧਾਰ, ਹਰਿ ਹਰਿ ਜੋਤ ਜਗਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਕੋਈ ਨਾ ਪਾਇੰਦਾ । ਨਿਰਗੁਣ ਨਿਰਾਕਾਰ ਨਿਰੰਕਾਰ, ਆਪ ਆਪਣਾ ਵੇਖ ਵਖਾਇੰਦਾ । ਆਪੇ ਹੋਏ ਸਲਾਹਕਾਰ, ਸਚ ਸਲਾਹ

੬੯੩
ੳt

ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਇੰਦਾ । ਜਾਗਰਤ ਜੋਤ ਪੁਰਖ ਅਕਾਲ, ਆਪਣੀ ਆਪ ਉਪਾਈਆ । ਆਪੇ ਚਲੇ ਨਾਲ ਨਾਲ, ਆਪ ਆਪਣਾ ਸੰਗ ਨਿਭਾਈਆ । ਆਪੇ ਕਰੇ ਕਰਾਏ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਆਪ ਆਪਣਾ ਦੀਨ ਦਿਆਲ, ਆਪੇ ਬੰਧਨ ਤੋੜ ਤੁੜਾਈਆ । ਆਪੇ ਚਲੇ ਅਵੱਲੜੀ ਚਾਲ, ਜੁਗ ਜੁਗ ਆਪਣੀ ਚਾਲ ਰਖਾਈਆ । ਆਪੇ ਹੋਏ ਕਾਲ ਮਹਾਂਕਾਲ, ਕਾਲ ਨਗਾਰਾ ਆਪ ਵਜਾਈਆ । ਸ਼ਬਦ ਸਰੂਪੀ ਬਣ ਦਲਾਲ, ਦੋ ਜਹਾਨਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਆਪੇ ਜੋਧਾ ਬਣ ਬਲਕਾਰ, ਆਪੇ ਖੰਡਾ ਹੱਥ ਉਠਾਇੰਦਾ । ਆਪੇ ਸੀਸ ਜਗਦੀਸ਼ ਆਪਣਾ ਵਾਰ, ਆਪੇ ਭੇਟ ਚੜ੍ਹਾਇੰਦਾ । ਆਪੇ ਰੱਖੇ ਤਿਖੀ ਧਾਰ, ਆਪੇ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੰਡਾ ਤੇਜ ਕਟਾਰ, ਪੁਰਖ ਅਬਿਨਾਸ਼ੀ ਕਰ ਪਿਆਰ, ਆਪ ਆਪਣੇ ਹੱਥ ਵਖਾਇੰਦਾ । ਸ਼ਬਦ ਖੰਡਾ ਖੜਗ ਖੰਡ, ਹਰਿ ਸਾਚੇ ਹੱਥ ਉਠਾਇਆ । ਵੇਖਣਹਾਰਾ ਵਿਚ ਬ੍ਰਹਿਮੰਡ, ਲੋਕਮਾਤ ਵੇਸ ਵਟਾਇਆ । ਲੋਆਂ ਪੁਰੀਆਂ ਆਪੇ ਲੰਘ, ਨੌ ਖੰਡ ਪ੍ਰਿਥਮੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਿਲਾਇਆ । ਆਪੇ ਹਰਿ ਅਵਤਾਰ, ਦੂਤੀ ਦੁਸ਼ਮਣ ਆਪ ਅਖਵਾਈਆ । ਆਪੇ ਖੇਲ ਕਰੇ ਸੰਸਾਰ, ਆਪੇ ਕਰੇ ਲੜਾਈਆ । ਆਪੇ ਬਸਤਰ ਸ਼ਸਤਰ ਤੇਜ ਕਟਾਰ, ਆਪੇ ਬੈਠਾ ਸੀਸ ਝੁਕਾਈਆ । ਆਪੇ ਚਿੱਲਾ ਤੀਰ ਕਮਾਨ, ਆਪੇ ਕਮੰਦ ਖਿਚਾਈਆ । ਆਪੇ ਮਾਰਨਹਾਰਾ ਮਾਰ, ਆਪੇ ਲਏ ਬਚਾਈਆ । ਆਪੇ ਏਕਾ ਏਕੰਕਾਰ, ਆਦਿ ਜੁਗਾਦੀ ਰਿਹਾ ਕਰਾਈਆ । ਆਦਿ ਸ਼ਕਤ ਹੋ ਤਿਆਰ, ਏਕਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਖੇਲ ਕਰਾਈਆ । ਜੁਗ ਕਰਤਾ ਜੋਤ ਨੁਰਾਨੀ, ਨੂਰੋ ਨੂਰ ਸਮਾਇਆ । ਆਪੇ ਇਸ਼ਟ ਆਦਿ ਭਵਾਨੀ, ਆਪ ਆਪਣਾ ਨਾਉਂ ਧਰਾਇਆ । ਆਪੇ ਹੋਇਆ ਜਾਣ ਜਾਣੀ, ਜਾਨਣਹਾਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਆਪੇ ਮਾਰੇ ਆਪ ਜਵਾਏ, ਆਪੇ ਵੇਖ ਵਖਾਇੰਦਾ । ਆਪੇ ਸਾਚਾ ਖੇਲ ਖਿਲਾਏ, ਆਪੇ ਵੇਸ ਵਟਾਇੰਦਾ । ਆਪੇ ਜੋਤ ਜਵਾਲਾ ਨਾਉਂ ਧਰਾਏ, ਸਿੰਘ ਅਸਵਾਰ ਆਪ ਅਖਵਾਇੰਦਾ । ਸੁੰਭ ਨਿਸੁੰਭਾ ਆਪ ਉਠਾਏ, ਆਪ ਆਪਣਾ ਮੇਲ ਮਿਲਾਇੰਦਾ । ਅਭੇਵ ਅਭੇਦਾ ਰਿਹਾ ਛੁਪਾਏ, ਭੇਵ ਕੋਈ ਨਾ ਪਾਇੰਦਾ । ਅਸ਼ਟਭੁਜ ਧਾਰੀ ਨਾਉਂ ਧਰਾਏ, ਸਿੰਘ ਮਰਦੰਗ ਆਪ ਵਜਾਏ, ਆਪਣਾ ਨਾਅਰਾ ਲਾਇੰਦਾ । ਆਪਣਾ ਅੰਗ ਆਪ ਕਟਾਏ, ਅੰਗੀਕਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਕਤ ਆਦਿ ਭਵਾਨੀ, ਜੋਤੀ ਜੋਤ ਨੁਰਾਨੀ, ਨੂਰ ਨੂਰ ਡਗਮਗਾਇੰਦਾ । ਆਦਿ ਸ਼ਕਤ ਰੂਪ ਧਰ, ਸਿੰਘ ਸ਼ੇਰ ਅਸਵਾਰਿਆ । ਕਲਜੁਗ ਖੇਲ ਅਪਰ ਅਪਾਰ, ਭੇਵ ਕੋਇ ਨਾ ਪਾ ਰਿਹਾ । ਪੰਜ ਤੱਤ ਨਾਉਂ ਧਰ, ਸੀਸ ਜਗਦੀਸ਼ ਨਾ ਕੋਈ ਵਖਾ ਰਿਹਾ । ਏਕਾ ਜੋਤੀ ਨੂਰ ਕਰ, ਨੂਰੋ ਨੂਰ ਡਗਮਗਾ ਰਿਹਾ । ਸਾਚੇ ਸ਼ੇਰ ਅਸਵਾਰੀ ਕਰ, ਕਹਿਰ ਰੂਪ ਹੋ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਦੇਵੇ ਵਰ, ਵਰ ਦਾਤਾ ਆਪ ਅਖਵਾ ਰਿਹਾ । ਸਾਚੇ ਸ਼ੇਰ ਕਰ ਅਸਵਾਰੀ, ਸਿੰਘ ਸਿੰਘ ਉਠ ਉਠ ਧਾਇਆ । ਖੇਲੇ ਖੇਲ ਜੋਧਾ ਬਲਕਾਰੀ, ਬਲ ਅਪਣਾ ਵੇਖ ਵਖਾਇਆ । ਨਿਰਗੁਣ ਜੋਤੀ ਕਰ ਉਜਿਆਰੀ, ਆਪ ਆਪਣਾ ਨਾਉਂ ਧਰਾਇਆ । ਨਿਰਗੁਣ

੬੯੪
੦੮

ਨਾਉਂ ਨਿਹਕਲੰਕ ਅਵਤਾਰੀ, ਨਾਮ ਖੰਡਾ ਹੱਥ ਉਠਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰੀ, ਬ੍ਰਹਮਾ ਵਿਸ਼ਨ ਸ਼ਿਵ ਹਿਲਾਇਆ । ਨੌ ਖੰਡ ਪ੍ਰਿਥਮੀ ਦਏ ਹੁਲਾਰੀ, ਸੱਤਾਂ ਦੀਪਾਂ ਆਪ ਹਿਲਾਇਆ । ਮਨਮੁਖ ਜੀਵਾਂ ਕਰੇ ਖੁਵਾਰੀ, ਨਾ ਸਕੇ ਕੋਈ ਤਜਾਇਆ । ਗੁਰਮੁਖ ਸੱਜਣ ਰਿਹਾ ਤਾਰੀ, ਆਪ ਆਪਣੇ ਚਰਨ ਲਗਾਇਆ । ਚਰਨ ਲੱਗਣ ਦੀ ਆਈ ਵਾਰੀ, ਕਿਉਂ ਬੈਠੇ ਮੁਖ ਭੁਵਾਇਆ । ਪ੍ਰਗਟ ਹੋਇਆ ਹਰਿ ਨਿਰੰਕਾਰੀ, ਏਕਾ ਢੋਲਾ ਸਾਚਾ ਗਾਇਆ । ਗਾਓ ਢੋਲਾ ਅਪਰ ਅਪਾਰੀ, ਲੇਖਾ ਲੇਖੇ ਦਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਜੋਤ, ਨਾ ਕੋਈ ਵਰਨ ਨਾ ਕੋਈ ਗੋਤ, ਖੇਲੇ ਖੇਲ ਕੋਟੀ ਕੋਟ, ਕੋਟ ਕੋਟੀ ਵੇਸ ਵਟਾਇਆ । ਚਰਨ ਦੁਵਾਰ ਸਾਚਾ ਘਰ, ਕਲਜੁਗ ਅੰਤਮ ਆਪ ਵਖਾਇਆ । ਜੋ ਜਨ ਸਰਨਾਈ ਗਏ ਜੁੜ, ਜਨਮ ਮਰਨ ਫੰਦ ਕਟਾਇਆ । ਆਪ ਫੜਾਇਆ ਆਪਣਾ ਲੜ, ਨਾ ਸਕੇ ਕੋਈ ਛੁਡਾਈਆ । ਸਾਚੇ ਪੌੜੇ ਗਿਆ ਚੜ੍ਹ, ਗੁਰਮੁਖਾਂ ਲਏ ਚੜ੍ਹਾਈਆ । ਅੱਧਵਿਚਕਾਰ ਨਾ ਜਾਏ ਕੋਈ ਅੜ, ਨਾਨਕ ਕਬੀਰ ਦਏ ਗਵਾਹੀਆ । ਏਕੰਕਾਰਾ ਏਕਾ ਅੱਖਰ ਪੜ੍ਹ, ਸੋਹੰ ਮੇਲ ਮਿਲਾਇਆ । ਨਾ ਕੋਈ ਸੀਸ ਨਾ ਕੋਈ ਧੜ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਖ਼ਸ਼ੇ ਚਰਨ ਸੱਚੀ ਸ਼ਰਨਾਇਆ । ਚਰਨ ਦੁਵਾਰ ਉਚ ਮਹੱਲਾ, ਹਰਿ ਸੰਗਤ ਹਰਿ ਸਮਝਾਇੰਦਾ । ਸਤਿਗੁਰ ਪੂਰਾ ਇਕ ਇਕੱਲਾ, ਆਪਣਾ ਰੰਗ ਰੰਗਾਇੰਦਾ । ਵਸਣਹਾਰਾ ਜਲਾਂ ਥਲਾਂ, ਸੰਬਲ ਨਗਰੀ ਧਾਮ ਸੁਹਾਇੰਦਾ । ਲੱਖ ਚੁਰਾਸੀ ਜੀਵ ਜੰਤ, ਆਪ ਭੁਲਾਏ ਕਰ ਕਰ ਵਲ ਛਲਾ, ਗੁਰਮੁਖਾਂ ਪਰਦਾ ਲਾਹਿੰਦਾ । ਜੋਤੀ ਸ਼ਬਦੀ ਆਪੇ ਰਲਾ, ਸਚ ਸੁਨੇਹੁੜਾ ਆਪ ਘਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪਣਾ ਨਾਉਂ ਧਰਾਇੰਦਾ । ਚਰਨ ਦੁਵਾਰਾ ਸਚਖੰਡ ਨਿਵਾਸ, ਗੁਰਮਤ ਇਹ ਸਮਝਾਈਆ । ਪਾਰਬ੍ਰਹਮ ਪੁਰਖ ਅਬਿਨਾਸ਼, ਲੋਕਮਾਤ ਕਰੇ ਰੁਸ਼ਨਾਈਆ । ਜਨ ਭਗਤਾਂ ਹੋਇਆ ਦਾਸੀ ਦਾਸ, ਸੇਵਕ ਸੇਵ ਕਮਾਈਆ । ਪਾਰ ਕਿਨਾਰਾ ਪ੍ਰਿਥਮੀ ਅਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਈਆ । ਗੁਰਸਿਖ ਤੇਰੇ ਮੰਦਰ ਤੇਰੀ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਲੇਖੇ ਲੱਗੇ ਸਵਾਸ ਸਵਾਸ, ਜੋ ਜਨ ਰਸਨਾ ਗਾਈਆ । ਸੰਮਤ ਸੋਲਾਂ ਪੂਰੀ ਕਰੇ ਆਸ, ਨਿਰਾਸਾ ਕੋਈ ਰਹਿਣ ਨਾ ਪਾਈਆ । ਸਾਚੇ ਮੰਦਰ ਸਚ ਬਲਾਸ, ਭੋਗ ਭੋਗੀ ਇਕ ਵਖਾਈਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਕਰਤਾ ਵਡ ਵਡਿਆਈਆ । ਜੋਤੀ ਜੋਤ ਕਰ ਪ੍ਰਕਾਸ਼, ਚਰਨ ਕਵਲ ਕਰੇ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਦਸ ਦਸ ਮਾਸ, ਦਰ ਦਰਬਾਰਾ ਲਏ ਖੁਲ੍ਹਾਈਆ । ਨਿਝ ਘਰ ਆਤਮ ਰੱਖੇ ਵਾਸ, ਘਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਸਾਚੀ ਲਏ ਤਰਾਈਆ । ਚਰਨ ਕਵਲ ਕਵਲ ਜਨ ਨਾਤਾ, ਗੁਰ ਸਤਿਗੁਰ ਆਪ ਬੰਧਾਇਆ । ਦਰਸ ਦਿਖਾਏ ਪੁਰਖ ਬਿਧਾਤਾ, ਆਪ ਆਪਣਾ ਰੂਪ ਵਟਾਇਆ । ਦੇਵਣਹਾਰਾ ਸਾਚੀ ਦਾਤਾ, ਸੋਹੰ ਮੰਤਰ ਝੋਲੀ ਪਾਇਆ । ਮੇਟਣਹਾਰਾ ਅੰਧੇਰੀ ਰਾਤਾ, ਸਾਚਾ ਚੰਦ ਇਕ ਚੜ੍ਹਾਇਆ । ਸ਼ਬਦ ਅਗੰਮੀ ਸੁਣਾਏ ਗਾਥਾ, ਆਪਣਾ ਮੰਤਰ ਆਪ ਅਲ੍ਹਾਇਆ । ਇਕ ਵਖਾਏ ਪੂਜਾ ਪਾਠਾ, ਗੁਰੂਦੁਵਾਰ ਇਕ ਸੁਹਾਇਆ । ਇਕ ਸਰੋਵਰ ਮਾਰੇ ਠਾਠਾ, ਏਕਾ ਅੰਮ੍ਰਿਤ ਆਪ ਪਿਆਇਆ । ਏਕਾ ਭਰਿਆ ਨਾਮ ਬਾਟਾ, ਧੁਰਦਰਗਾਹੀ ਲੈ ਕੇ ਆਇਆ । ਕਲਜੁਗ ਅੰਤਮ ਪੂਰਾ ਕਰੇ ਘਾਟਾ, ਜਿਸ ਜਨ ਚਰਨ ਧਿਆਨ ਰਖਾਇਆ । ਦੂਸਰ

ਵਿਕੇ ਨਾ ਕਿਸੇ ਹਾਟਾ, ਗੁਰ ਕਾ ਸ਼ਬਦ ਇਕ ਸਮਝਾਇਆ । ਦਰ ਦਰ ਫਿਰੇ ਨਾ ਕੋਈ ਨਾਠਾ, ਆਪ ਆਪਣਾ ਦਰ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਦੇਵੇ ਵਰ, ਚਰਨ ਚਰਨੋਦਕ ਏਕਾ ਮੁਖ ਚੁਆਇਆ । ਚਰਨ ਚਰਨੋਦਕ ਆਤਮ ਰਸ, ਗੁਰਮੁਖਾਂ ਮੁਖ ਚੁਆਈਆ । ਦਰਸ ਦਿਖਾਏ ਨੱਸ ਨੱਸ, ਸਤਿਗੁਰ ਪੂਰੇ ਵਡ ਵਡਿਆਈਆ । ਤੀਰ ਨਿਰਾਲਾ ਮਾਰੇ ਕਸ, ਅਨਿਆਲਾ ਤੀਰ ਇਕ ਲਗਾਈਆ । ਸਾਚਾ ਮਾਰਗ ਆਪੇ ਦੱਸ, ਆਪੇ ਲਏ ਮਿਲਾਈਆ । ਹਿਰਦੇ ਅੰਦਰ ਹਰਿਜੂ ਵਸ, ਹਰਿ ਮੰਦਰ ਦਏ ਵਡਿਆਈਆ । ਕੋਟਨ ਕੋਟ ਕਰੇ ਪ੍ਰਕਾਸ਼ ਰਵ ਸਸ, ਸੂਰਜ ਚੰਨ ਰਹੇ ਸ਼ਰਮਾਈਆ । ਆਦਿ ਜੁਗਾਦੀ ਆਪਣਾ ਜਸ, ਜਨ ਭਗਤਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਸਾਚੀ ਰੀਤੀ, ਕਲਜੁਗ ਅੰਤਮ ਇਕ ਸਮਝਾਈਆ । ਚਰਨ ਪ੍ਰੀਤੀ ਸਾਚਾ ਰੰਗ, ਹਰਿਜਨ ਸਾਚੇ ਆਪ ਚੜ੍ਹਾਇੰਦਾ । ਆਤਮ ਸੇਜਾ ਵੇਖ ਪਲੰਘ, ਆਪਣਾ ਆਸਣ ਲਾਇੰਦਾ । ਸ਼ਬਦ ਅਨਾਦ ਵੱਜੇ ਮਰਦੰਗ, ਗੁਰ ਸਤਿਗੁਰ ਆਪ ਵਜਾਇੰਦਾ । ਅੰਮ੍ਰਿਤ ਧਾਰ ਵਹਾਏ ਗੰਗ, ਨਿਝਰ ਝਿਰਨਾ ਇਕ ਝਿਰਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸਤਿਗੁਰ ਪੂਰਾ ਆਪ ਅਖਵਾਇੰਦਾ । ਆਪਣੇ ਮੰਦਰ ਆਪੇ ਲੰਘ, ਆਪਣੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਚਰਨ ਕਵਲ ਕਵਲ ਸਹਾਰਾ, ਦੋ ਜਹਾਨਾਂ ਉਤਰੇ ਪਾਰਾ, ਸਚਖੰਡ ਦੁਵਾਰ ਇਕ ਸੁਹਾਇੰਦਾ । ਚਰਨ ਕਵਲ ਕਵਲ ਜਨ, ਚਰਨ ਚਰਨ ਚਰਨ ਵਡਿਆਈਆ । ਨੇਤਰ ਖੋਲ੍ਹੇ ਹਰਨ ਫਰਨ, ਲੋਚਣ ਲੋਚਣ ਦਰਸ਼ਨ ਪਾਈਆ । ਆਪ ਮਿਟਾਏ ਮਰਨ ਡਰਨ, ਡਰਨ ਮਰਨ ਭੈ ਨਾ ਕੋਈ ਰਖਾਈਆ । ਸਤਿਗੁਰ ਪੂਰਾ ਤਰਨੀ ਤਰਨ, ਹਰਿਜਨ ਸਾਚਾ ਲਏ ਤਰਾਈਆ । ਜੋ ਜਨ ਸਰਨਾਈ ਸਾਚੀ ਪੜਨ, ਚਰਨ ਚਰਨ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰ ਦਾਨੀ ਜੋਤ ਭਵਾਨੀ ਸ਼ਬਦ ਨਿਸ਼ਾਨੀ ਇਕ ਵਖਾਈਆ । ਵਰ ਦਾਨੀ ਵਰ ਮੰਗਣ ਆਈ, ਗੁਰਮੁਖਾਂ ਵੇਖ ਦੁਵਾਰਾ । ਆਪਣੀ ਚੋਲੀ ਆਪੇ ਰੰਗ ਰੰਗਣ ਆਈ, ਸਾਲੂ ਰਤੜਾ ਲਾਲ ਅਪਾਰਾ । ਗੁਰਮੁਖਾਂ ਗੁਰਸਿਖਾਂ ਸੰਗ ਰੱਖਣ ਆਈ, ਵਿਛੜਿਆ ਸੰਸਾਰਾ । ਜੋਤ ਨੁਰਾਨੀ ਡਗਮਗਾਈ, ਕਲਜੁਗ ਅੰਤਮ ਲਏ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰਾ ।

ਸੋਹੰ ਸ਼ਬਦ ਸਾਚੀ ਧਾਰ, ਨਿਰਗੁਣ ਸਰਗੁਣ ਆਪ ਅਖਵਾਈਆ । ਪਾਰਬ੍ਰਹਮ ਰੂਪ ਕਰਤਾਰ, ਬ੍ਰਹਮ ਬ੍ਰਹਮ ਵੇਖ ਵਖਾਈਆ । ਜੁਗਾ ਜੁਗੰਤ ਸਾਚੀ ਕਾਰ, ਕਰਨੀ ਕਰਤਾ ਆਪ ਕਮਾਈਆ । ਆਪ ਆਪਣਾ ਕਰ ਉਜਿਆਰ, ਆਪਣਾ ਨਾਉਂ ਜਪਾਈਆ । ਆਦਿ ਅੰਤ ਇਕ ਪਿਆਰ, ਏਕਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸੋ ਆਪ ਹੋ ਜਾਈਆ । ਸੋ ਪੁਰਖ ਨਿਰੰਜਣ ਦੀਨ ਦਿਆਲਾ, ਨਿਰਗੁਣ ਹਰਿ ਹਰਿ ਆਪ ਅਖਵਾਇੰਦਾ । ਆਦਿ ਜੁਗਾਦੀ ਖੇਲ ਨਿਰਾਲਾ, ਹਰਿ ਸਾਚਾ ਆਪ ਖਿਲਾਇੰਦਾ । ਪ੍ਰਗਟ ਹੋ ਦੀਨ ਦਿਆਲਾ, ਆਪ ਆਪਣੀ ਦਇਆ ਕਮਾਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲਾ, ਸਚਖੰਡ ਦੁਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੯੬
੦੮

ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਸੋ ਦਰ ਹਰਿ ਕਰ ਪ੍ਰਵਾਨਾ, ਘਰ ਸਾਚੇ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਨੌਜਵਾਨ, ਸਾਚਾ ਮੰਦਰ ਇਕ ਆਪ ਸੁਹਾਇੰਦਾ । ਸਚ ਸਿੰਘਾਸਣ ਮਿਹਰਬਾਨ, ਆਪ ਆਸਣ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪਣੀ ਵੰਡ ਵੰਡਾਇੰਦਾ । ਪਾਰਬ੍ਰਹਮ ਪੁਰਖ ਸੁਲਤਾਨ, ਬ੍ਰਹਮ ਰੂਪ ਉਪਜਾਇੰਦਾ । ਹੰ ਬ੍ਰਹਮ ਕਰ ਪ੍ਰਧਾਨ, ਲੋਕਮਾਤ ਰਾਹ ਚਲਾਇੰਦਾ । ਲੱਖ ਚੁਰਾਸੀ ਜੀਆ ਦਾਨ, ਆਪੇ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਆਪਣਾ ਆਪ ਉਪਜਾਇੰਦਾ । ਸੋਹੰ ਰੂਪ ਆਪ ਕਰਤਾਰਾ, ਸੋ ਸੋ ਵੇਖ ਵਖਾਈਆ । ਆਪਣੇ ਰੰਗ ਰੰਗੇ ਕਰਤਾਰਾ, ਆਪਣੀ ਚੋਲੀ ਆਪ ਰੰਗਾਈਆ । ਆਪਣਾ ਭਰ ਆਪ ਭੰਡਾਰਾ, ਆਪੇ ਰਿਹਾ ਵਰਤਾਈਆ । ਏਕਾ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਵੇਖ ਵਖਾਈਆ । ਸੋਹੰ ਰੂਪ ਸੱਚੀ ਧਾਰਾ, ਨਿਰਗੁਣ ਸਰਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਦੀਪ ਜੋਤ ਜਗਾਇਆ, ਜਾਗਰਤ ਜੋਤ ਵਖਾਈਆ । ਸਤਿਗੁਰ ਪੂਰਾ ਸਾਖਯਾਤ ਆਪਣਾ ਰੰਗ ਰੰਗੇ ਅਪਾਰ, ਰੰਗ ਰੰਗੀਲਾ ਮੋਹਣ ਮਾਧਵ ਮਾਧ ਲਾਲ ਗੁਲਾਲਾ ਇਕ ਰੰਗ ਚੜ੍ਹਾਈਆ । ਸ਼ਬਦ ਹਰਿ ਅਪਰ ਅਪਾਰ ਧੁਨ ਨਾਦ ਵਜਾ ਰਾਗੀ ਰਾਗ ਸਾਚਾ ਗਾਈਆ । ਬੋਧ ਅਗਾਧੀ ਭੇਵ ਖੁਲ੍ਹਾ, ਭਗਵਨ ਭਗੌਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੋਹੰ ਸ਼ਬਦ ਦਏ ਵਡਿਆਈਆ । ਸੋਹੰ ਸ਼ਬਦ ਸਚ ਜੈਕਾਰਾ, ਰਾਮ ਨਾਮ ਸਮਾਇਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਗੀਤਾ ਗਿਆਨ ਦ੍ਰਿੜਾਇਆ । ਅੱਲਾ ਹੂ ਏਕਾ ਨਾਅਰਾ, ਏਕਾ ਸੰਗ ਨਿਭਾਇਆ । ਨਾਮ ਸਤਿ ਵਣਜ ਵਪਾਰਾ, ਨਾਨਕ ਆਪ ਉਪਾਇਆ । ਗੋਬਿੰਦ ਬੋਲੇ ਸਚ ਜੈਕਾਰਾ, ਸਾਚਾ ਗੁਰੂ ਸਲਾਹਿਆ । ਖੇਲੇ ਖੇਲ ਪੁਰਖ ਕਰਤਾਰਾ, ਕਲਜੁਗ ਵੇਸ ਵਟਾਇਆ । ਚਾਰ ਵਰਨਾਂ ਕਰੇ ਇਕ ਪਿਆਰਾ, ਸ਼ਬਦ ਜੈਕਾਰਾ ਇਕ ਸੁਣਾਇਆ । ਹਿੰਦੂ ਸਿਖ ਨਾ ਕੋਇ ਵਿਚਾਰਾ, ਮੁਸਲਮ ਈਸਾਈ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸ਼ਬਦ ਆਤਮ ਬ੍ਰਹਮ, ਪਾਰਬ੍ਰਹਮ ਮੇਲ ਮਿਲਾਇਆ । ਉਪਜੇ ਬ੍ਰਹਮ ਸ਼ਬਦ ਗਿਆਨ, ਸ਼ਬਦੀ ਸ਼ਬਦ ਸਮਝਾਈਆ । ਹਰਿਜਨ ਮੇਲਾ ਹਰਿ ਭਗਵਾਨ, ਹਰੀ ਹਰਿ ਆਪ ਕਰਾਈਆ । ਧਰਮ ਵਖਾਏ ਸਚ ਨਿਸ਼ਾਨ, ਸਾਚੀ ਸਿਖਿਆ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਮੇਲਾ ਸ਼ਾਹੋ ਭੂਪ, ਸਤਿ ਸਰੂਪ ਆਦਿ ਜੁਗਾਦਿ ਰੂਪ ਵਟਾਈਆ । ਆਦਿ ਜੁਗਾਦੀ ਹਰਿ ਕਾ ਰੰਗ, ਹਰਿ ਹਰਿ ਵਿਚ ਸਮਾਇਆ । ਹੰ ਬ੍ਰਹਮ ਮੰਗੀ ਮੰਗ, ਸੋ ਪੁਰਖ ਨਿਰੰਜਣ ਝੋਲੀ ਪਾਇਆ । ਵੱਜੇ ਨਾਮ ਇਕ ਮਰਦੰਗ, ਹਰਿ ਸਾਚਾ ਆਪ ਵਜਾਇਆ । ਦੋ ਜਹਾਨਾਂ ਆਪੇ ਲੰਘ, ਦਰ ਦਰਵਾਜ਼ਾ ਕੁੰਡਾ ਲਾਹਿਆ । ਕੱਟਣਹਾਰਾ ਭੁੱਖ ਨੰਗ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕੋ ਦਾਤਾ, ਦੇਵਣਹਾਰ ਰਿਜ਼ਕ ਸੁਬਾਇਆ ।

ਆਦਿ ਪੁਰਖ ਕਰਤਾਰਾ, ਨਿਰਗੁਣ ਨਿਰੰਕਾਰਾ ਨਾਉਂ ਰਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ

ਨੂਰ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਤਿ ਸਰੂਪੀ ਸਾਚੀ ਧਾਰਾ, ਸਤਿ ਸਤਿ ਉਪਜਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗ ਕਰਤਾ ਹਰਿ ਹਰੇ, ਹਰਿ ਹਰਿ ਰੂਪ ਸਮਾਇਆ । ਆਪਣੀ ਕਰਨੀ ਆਪੇ ਕਰੇ, ਕਰਨੀ ਕਰਤਾ ਆਪ ਹੋ ਜਾਇਆ । ਨਿਰਗੁਣ ਸਾਚੀ ਜੋਤ ਧਰੇ, ਪਾਰਬ੍ਰਹਮ ਰੂਪ ਵਟਾਇਆ । ਪੁਰਖ ਅਬਿਨਾਸ਼ੀ ਸਾਚਾ ਘਾੜਣ ਘੜੇ, ਘੜਣ ਹਾਰ ਆਪ ਹੋ ਜਾਇਆ । ਸਾਚੇ ਮੰਦਰ ਆਪੇ ਵੜੇ, ਥਿਰ ਘਰ ਸਾਚਾ ਇਕ ਸੁਹਾਇਆ । ਉਚ ਮਹੱਲੇ ਆਪੇ ਚੜ੍ਹੇ, ਸਚਖੰਡ ਦੁਵਾਰਾ ਇਕ ਸੁਹਾਇਆ । ਆਪਣਾ ਫੜੇ ਆਪੇ ਲੜੇ, ਆਪ ਆਪਣਾ ਬੰਨਣ ਪਾਇਆ । ਆਪਣੀ ਵਿਦਿਆ ਆਪੇ ਪੜ੍ਹੇ, ਆਪਣਾ ਲੇਖਾ ਆਪ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਇਆ । ਆਦਿ ਜੁਗਾਦੀ ਹਰਿ ਭਗਵਾਨ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਨਿਰਗੁਣ ਦੀਪਕ ਬਾਤੀ ਨੂਰ ਮਹਾਨ, ਜਾਗਰਤ ਜੋਤ ਜਗਾਇੰਦਾ । ਸਚ ਤਖ਼ਤ ਬੈਠ ਸੁਲਤਾਨ, ਸ਼ਾਹੋ ਭੂਪ ਆਪ ਅਖਵਾਇੰਦਾ । ਨਿਰਗੁਣ ਰਾਜ ਰਾਜਾਨ, ਦਰ ਦਰਬਾਨ ਇਕ ਸੁਹਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਰਖਾਇੰਦਾ । ਆਪਣਾ ਨਾਉਂ ਆਪੇ ਰੱਖ, ਨਿਰੰਕਾਰ ਆਪ ਅਖਵਾਇਆ । ਆਪੇ ਨਿਰਗੁਣ ਹੋ ਪ੍ਰਤੱਖ, ਦੀਪਕ ਜੋਤ ਕਰੇ ਰੁਸ਼ਨਾਇਆ । ਆਪੇ ਆਪਣਾ ਆਪ ਕਰੇ ਵੱਖ, ਪਾਰਬ੍ਰਹਮ ਬ੍ਰਹਮ ਵੇਸ ਵਟਾਇਆ । ਆਪੇ ਲੇਖਾ ਜਾਣੇ ਅਲੱਖਣਾ ਅਲੱਖ, ਅਲੱਖ ਨਿਰੰਜਣ ਭੇਵ ਨਾ ਰਾਇਆ । ਆਪੇ ਭਾਂਡੇ ਕਰੇ ਸੱਖ, ਆਪੇ ਸਖਣੇ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਖੇਲ ਖਿਲਾਇਆ । ਆਦਿਨ ਅੰਤਾ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਧਾਰ ਬੰਧਾਇੰਦਾ । ਆਪ ਬਣਾਏ ਆਪਣੀ ਬਣਤਾ, ਆਪਣਾ ਬੇੜਾ ਆਪ ਚਲਾਇੰਦਾ । ਆਪੇ ਜਾਣੇ ਆਪਣੀ ਮੰਨਤਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਤੋੜੇ ਗੜ੍ਹ ਹਉਮੇ ਹੰਗਤਾ, ਹੰ ਬ੍ਰਹਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਵੇਖ ਵਿਖਾਇੰਦਾ । ਅਜੂਨੀ ਰਹਿਤ ਪੁਰਖ ਅਕਾਲ, ਅਕਲ ਕਲਾ ਕਲ ਧਾਰਿਆ । ਨਿਰਗੁਣ ਦੀਪਕ ਬਾਤੀ ਜੋਤੀ ਏਕਾ ਬਾਲ, ਏਕਾ ਏਕ ਕਰੇ ਉਜਿਆਰਿਆ । ਏਕਾ ਗਗਨ ਏਕਾ ਥਾਲ, ਏਕਾ ਮੰਡਲ ਆਪ ਸਹਾਰਿਆ । ਜੁਗਾ ਜੁਗੰਤਰ ਅਵੱਲੜੀ ਚਾਲ, ਚਾਲ ਨਿਰਾਲੀ ਆਪ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਮ ਧਰਾ ਲਿਆ । ਜੁਗ ਜੁਗ ਖੇਲ ਖਲੰਦੜਾ, ਪਰਮ ਪੁਰਖ ਕਰਤਾਰ । ਨਿਰਗੁਣ ਸਰਗੁਣ ਵੇਸ ਵਟੰਦੜਾ, ਪੰਜ ਤੱਤ ਕਰੇ ਪਿਆਰ । ਆਦਿ ਨਿਰੰਜਣ ਵੇਖ ਵਖੰਦੜਾ, ਪਾਰਬ੍ਰਹਮ ਗੁਰ ਕਰਤਾਰ । ਆਦਿ ਸ਼ਕਤੀ ਮੇਲ ਮਿਲੰਦੜਾ, ਆਪ ਆਪਣਾ ਕਰ ਪਿਆਰ । ਧਾਮ ਅਵੱਲਾ ਇਕ ਸੁਹੰਦੜਾ, ਵਸਣਹਾਰਾ ਸਚਖੰਡ ਦੁਵਾਰ । ਅਗੰਮ ਅਗੰਮ ਅਗੰਮ ਆਪ ਅਖਵੰਦੜਾ, ਅਲੱਖ ਅਲੱਖਣਾ ਭੇਵ ਨਿਆਰ । ਸ਼ਬਦ ਨਗਾਰਾ ਤਾਲ ਇਕ ਵਜੰਦੜਾ, ਧੁਨ ਅਨਾਦਿ ਸੱਚੀ ਧੁਨਕਾਰ । ਘਰ ਸਾਚਾ ਇਕ ਸੁਹੰਦੜਾ, ਥਿਰ ਘਰ ਬੈਠ ਸੱਚੀ ਸਰਕਾਰ । ਆਪਣਾ ਹੁਕਮ ਆਪ ਚਲੰਦੜਾ, ਦੇਵਣਹਾਰ ਧੁਰ ਫ਼ਰਮਾਣ । ਲੋਆਂ ਪੁਰੀਆਂ ਰਚਨ ਰਚੰਦੜਾ, ਮੰਡਲ ਮੰਡਪ ਲਏ ਉਸਾਰ । ਵਿਸ਼ਨ ਬ੍ਰਹਮਾ ਲੇਖ ਲਿਖੰਦੜਾ,

੬੯੯
੦੮

ਸ਼ਿਵ ਸ਼ੰਕਰ ਲਏ ਉਭਾਰ । ਕਰੋੜ ਤੇਤੀਸਾ ਆਪ ਉਠੰਦੜਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰ । ਆਦਿ ਜੁਗਾਦੀ ਹਰਿ ਹਰਿ ਖੇਲ, ਅਚਰਜ ਬਣਤ ਬਣਾਈਆ । ਨਿਰਗੁਣ ਨਿਰਗੁਣ ਕਰ ਮੇਲ, ਪੰਜ ਤੱਤ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲ, ਮਨ ਮਤ ਬੁੱਧ ਵੇਖ ਵਖਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਘਰ ਦਸਵੇਂ ਵੱਜੇ ਵਧਾਈਆ । ਨੌਂ ਦੁਵਾਰੇ ਦਿਸੇ ਵੇਹਲ, ਦਰ ਦਰਵੇਸ਼ਾ ਵੇਖ ਵਖਾਈਆ । ਪੰਚਮ ਸਖੀਆਂ ਪਾਵਣ ਵੇਲ, ਸਾਚਾ ਮੰਗਲ ਏਕਾ ਗਾਈਆ । ਸਤਿਗੁਰ ਪੂਰਾ ਵਸੇ ਰੰਗ ਨਵੇਲ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਜੁਗ ਰਚਨਾ ਸਾਚੀ ਰਚ, ਹਰਿ ਹਰਿ ਵੇਖ ਵਖਾਇੰਦਾ । ਲੱਖ ਚੁਰਾਸੀ ਭਾਂਡੇ ਕੱਚ, ਆਪੇ ਬਣਤ ਬਣਾਇੰਦਾ । ਮੰਦਰ ਅੰਦਰ ਕਲੰਦਰ ਆਪੇ ਨੱਚ, ਆਪੇ ਸਵਾਂਗ ਵਰਤਾਇੰਦਾ । ਆਪੇ ਬ੍ਰਹਮ ਬ੍ਰਹਮ ਹੋਏ ਸਚ, ਪਾਰਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਆਪੇ ਧਾਰ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਲਏ ਅਵਤਾਰ, ਗੁਰ ਗੁਰ ਵੇਸ ਵਟਾਈਆ । ਸ਼ਬਦ ਸ਼ਬਦੀ ਤੇਜ ਕਟਾਰ, ਨਾਮ ਖੰਡਾ ਹੱਥ ਉਠਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਜੇਰਜ ਅੰਡਾਂ ਫੋਲ ਫੁਲਾਈਆ । ਉਤਭੁਜ ਸੇਤਜ ਦਏ ਹੁਲਾਰ, ਆਪ ਆਪਣੀ ਦਇਆ ਕਮਾਈਆ । ਭਗਤ ਵਛਲ ਹਰਿ ਮੀਤ ਮੁਰਾਰ, ਹਰਿਜਨ ਸਾਚੇ ਲਏ ਉਠਾਈਆ । ਦੇਵਣਹਾਰਾ ਨਾਮ ਅਧਾਰ, ਆਤਮ ਬ੍ਰਹਮ ਜਣਾਈਆ । ਸਚ ਸੁੱਚ ਭਰੇ ਭੰਡਾਰ, ਸਤਿਗੁਰ ਸਾਚਾ ਆਪ ਵਰਤਾਈਆ । ਆਪੇ ਸੁਹਾਏ ਬੰਕ ਦੁਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਿਰਗੁਣ ਬਾਤੀ ਕਰ ਉਜਿਆਰ, ਏਕਾ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਮਿਟੇ ਰੈਣ ਅੰਧੇਰੀ ਰਾਤ ਵਿਚ ਸੰਸਾਰ, ਸਾਚਾ ਚੰਦ ਚੜ੍ਹਾਈਆ । ਪੁੱਛੇ ਵਾਤੀ ਅੰਤਮ ਵਾਰ, ਗੁਰਮੁਖ ਸਾਚੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਕਲ ਵਰਤੇ ਹਰਿ ਨਿਰੰਕਾਰ, ਅਕਲ ਕਲਾ ਅਖਵਾਇਆ । ਅਛਲ ਅਛੱਲ ਖੇਲ ਅਪਾਰ, ਵਲ ਛਲ ਧਾਰੀ ਭੇਵ ਨਾ ਰਾਇਆ । ਜੁਗਾ ਜੁਗੰਤਰ ਬੰਨ੍ਹੇ ਧਾਰ, ਜੁਗ ਜੁਗ ਨਾਉਂ ਉਪਾਇਆ । ਸਤਿਜੁਗ ਤ੍ਰੇਤਾ ਵੇਖ ਵਿਚਾਰ, ਰਾਮ ਨਾਮ ਇਕ ਦ੍ਰਿੜਾਇਆ । ਦੁਆਪਰ ਤੇਰਾ ਇਕ ਸਹਾਰ, ਗੀਤਾ ਗਿਆਨ ਇਕ ਵਖਾਇਆ । ਕਾਹਨਾ ਕ੍ਰਿਸ਼ਨਾ ਦਏ ਹੁਲਾਰ, ਨਾਮ ਬੰਸਰੀ ਇਕ ਵਜਾ ਰਿਹਾ । ਗ਼ਰੀਬ ਨਿਮਾਣੇ ਲਾਏ ਪਾਰ, ਬਿਧਰ ਸੁਦਾਮਾ ਗਲੇ ਲਗਾਇਆ । ਕਲਜੁਗ ਤੇਰਾ ਕੂੜ ਕੁੜਿਆਰ, ਕੂੜਾ ਧੰਦਾ ਵੇਖ ਵਖਾਇਆ । ਮਾਇਆ ਮਮਤਾ ਮੋਹ ਪਿਆਰ, ਹਉਮੇ ਹੰਗਤਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਜੁਗ ਜੁਗ ਨਾਮ ਅਲੱਖ ਅਭੇਵ, ਆਪਣਾ ਆਪ ਧਰਾਇੰਦਾ । ਆਦਿ ਜੁਗਾਦੀ ਦੇਵੀ ਦੇਵ, ਦੇਵ ਦੇਵਾ ਆਪ ਅਖਵਾਇੰਦਾ । ਵਾਸਤਕ ਰੂਪ ਹਰਿ ਨਿਹਕੇਵ, ਨੇਹਚਲ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਰੰਗੇ ਰੰਗ, ਰੰਗਣਹਾਰ ਪੁਰਖ ਅਖਵਾਇਆ । ਸਚਖੰਡ ਦੁਵਾਰਾ ਸਚ ਪਲੰਘ, ਪੁਰਖ ਅਬਿਨਾਸ਼ੀ ਸਚ ਸਿੰਘਾਸਣ ਆਸਣ ਲਾਇਆ । ਦਾਤਾ ਦਾਨੀ ਸੂਰਾ ਸਰਬੰਗ, ਥਿਰ ਘਰ ਬੈਠਾ ਖੇਲ ਖਿਲਾਇਆ । ਨਾਮ ਵਜਾਏ ਇਕ ਮਰਦੰਗ, ਏਕਾ

ਨਾਅਰਾ ਰਿਹਾ ਸੁਣਾਇਆ । ਲੋਆਂ ਪੁਰੀਆਂ ਆਪੇ ਲੰਘ, ਨਿਰਗੁਣ ਸਰਗੁਣ ਧਾਰ ਬੰਧਾਇਆ । ਮੰਗਣਹਾਰਾ ਸਾਚੀ ਮੰਗ, ਆਪਣੀ ਝੋਲੀ ਅੱਗੇ ਡਾਹਿਆ । ਗ਼ਰੀਬ ਨਿਮਾਣਿਆਂ ਕੱਟੇ ਭੁੱਖ ਨੰਗ, ਲੋਕਮਾਤ ਵੇਖ ਵਖਾਇਆ । ਚਿੱਟੇ ਅਸਵ ਸ਼ਬਦ ਘੋੜੇ ਕਸੇ ਤੰਗ, ਸੋਲਾਂ ਕਲੀਆਂ ਆਸਣ ਲਾਇਆ । ਨਿਰਗੁਣ ਸਰਗੁਣ ਵਸਿਆ ਸੰਗ, ਸਗਲਾ ਸੰਗ ਨਿਭਾਇਆ । ਹਰਿਜਨ ਮੰਦਰ ਆਪੇ ਲੰਘ, ਹਰਿ ਮੰਦਰ ਵੇਖ ਵਖਾਇਆ । ਅੰਮ੍ਰਿਤ ਧਾਰ ਸਚੀ ਗੰਗ, ਜਮਨਾ ਸੁਰਸਤੀ ਨਾਲ ਰਲਾਇਆ । ਗੋਦਾਵਰੀ ਮੰਗੇ ਏਕਾ ਮੰਗ, ਨਿਉਂ ਨਿਉਂ ਚਰਨ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਵਟੰਦੜਾ, ਪਰਮ ਪੁਰਖ ਕਰਤਾਰ । ਕਲਜੁਗ ਅੰਤਮ ਖੇਲ ਖਿਲੰਦੜਾ, ਖੇਲੇ ਖੇਲ ਅਗੰਮ ਅਪਾਰ । ਵੇਦ ਵਿਆਸਾ ਭੇਖ ਵਿਟੰਦੜਾ, ਲੇਖਾ ਲਿਖਿਆ ਅਪਰ ਅਪਾਰ । ਨਾਨਕ ਗੋਬਿੰਦ ਮੇਲ ਮਿਲੰਦੜਾ, ਘਰ ਬੈਠਾ ਬੰਕ ਦੁਵਾਰ । ਰਾਮ ਕ੍ਰਿਸ਼ਨਾ ਵੇਖ ਵਖੰਦੜਾ, ਗੋਪੀ ਕਾਹਨਾ ਕਰ ਤਿਆਰ । ਸੋਇਮ ਰੂਪ ਆਪ ਹੋ ਜਾਇੰਦੜਾ, ਹੰ ਬ੍ਰਹਮ ਕਰ ਪਿਆਰ । ਈਸਾ ਮੂਸਾ ਲੇਖ ਲਿਖੰਦੜਾ, ਅੱਲਾ ਰਾਣੀ ਐਨਲਹੱਕ ਨਾਅਰਾ ਦੇਵੇ ਮਾਰ । ਨਿਰਗੁਣ ਬਾਤੀ ਜੋਤ ਜਗੰਦੜਾ, ਨੂਰ ਇਲਾਹੀ ਬੇਐਬ ਪਰਵਰਦਿਗਾਰ । ਖ਼ਲਕ ਖ਼ੁਦਾਈ ਵੇਖ ਵਖੰਦੜਾ, ਸਰਬ ਜੀਆਂ ਦਾ ਸਾਂਝਾ ਯਾਰ । ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਰਗੰਦੜਾ, ਦੂਈ ਦਵੈਤੀ ਦੇਵੇ ਮਾਰ । ਅੰਮ੍ਰਿਤ ਆਤਮ ਜਾਮ ਪਿਲੰਦੜਾ, ਜਗਤ ਤ੍ਰਿਸ਼ਨਾ ਦਏ ਨਿਵਾਰ । ਸਾਚਾ ਮਾਰਗ ਇਕ ਵਿਖੰਦੜਾ, ਚਾਰ ਵਰਨ ਸੋਹੇ ਬੰਕ ਦੁਵਾਰ । ਅਠਾਰਾਂ ਬਰਨਾਂ ਮੇਟ ਮਿਟੰਦੜਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗੇ ਕਰਤਾਰ । ਸਾਚੀ ਸਿਖਿਆ ਇਕ ਸਮਝੰਦੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਭਾਰ । ਸਾਚੀ ਸਿਖਿਆ ਗੁਰ ਕਰਤਾਰ, ਏਕਾ ਏਕ ਜਣਾਈਆ । ਰਾਓ ਰੰਕਾਂ ਇਕ ਪਿਆਰ, ਊਚਾਂ ਨੀਚਾਂ ਮੇਲ ਮਿਲਾਈਆ । ਦੂਈ ਦਵੈਤੀ ਕਰ ਖ਼ਵਾਰ, ਹਉਮੇ ਹੰਗਤਾ ਦਏ ਮਿਟਾਈਆ । ਸਾਚੀ ਸੰਗਤਾ ਸਚ ਪਿਆਰ, ਸਤਿਜੁਗ ਸਾਚਾ ਦਏ ਕਰਾਈਆ । ਭੁੱਖਾ ਨੰਗਤਾ ਜਾਏ ਤਾਰ, ਫੜ ਫੜ ਬਾਹੋਂ ਪਾਰ ਕਰਾਈਆ । ਜੋ ਜਨ ਮੰਗਣ ਆਏ ਦਰ ਦਰਬਾਰ, ਦਰ ਲੇਖਾ ਲਏ ਲਗਾਈਆ । ਸੰਗਦਾ ਰਹੇ ਨਾ ਵਿਚ ਸੰਸਾਰ, ਸਤਿਗੁਰ ਪੂਰਾ ਲੋਕ ਲਾਜ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਜੋਤੀ ਨੂਰ ਕਰੇ ਰੁਸ਼ਨਾਈਆ । ਕਲਜੁਗ ਵੇਲਾ ਅੰਤਮ ਆਇਆ, ਹਰਿ ਨਿਰਗੁਣ ਜੋਤ ਜਗਾਇੰਦਾ । ਚਾਰ ਵਰਨਾਂ ਰਿਹਾ ਸਮਝਾਇਆ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਵਖਾਇੰਦਾ । ਆਤਮ ਬ੍ਰਹਮ ਬ੍ਰਹਮ ਜਣਾਇਆ, ਪਾਰਬ੍ਰਹਮ ਸਮਝਾਇੰਦਾ । ਰਾਮ ਨਾਮ ਏਕਾ ਗਾਇਆ, ਏਕਾ ਕ੍ਰਿਸ਼ਨ ਮਨਾਇੰਦਾ । ਹੂ ਹੂ ਨਾਅਰਾ ਆਪੇ ਲਾਇਆ, ਕਲਮਾ ਨਬੀ ਆਪ ਪੜ੍ਹਾਇੰਦਾ । ਨਾਨਕ ਨਾਮ ਸਤਿ ਮੰਤਰ ਜਗਤ ਦ੍ਰਿੜਾਇਆ, ਧੁਰ ਫ਼ਰਮਾਣਾ ਆਪ ਜਣਾਇੰਦਾ । ਵਾਹਿਗੁਰੂ ਫਤਿਹ ਗੁਰ ਗੋਬਿੰਦ ਗਜਾਇਆ, ਵਾਹ ਵਾਹ ਗੁਰੂ ਮਨਾਇੰਦਾ । ਕਲਜੁਗ ਅੰਤਮ ਨਿਹਕਲੰਕ ਨਾਉਂ ਰਖਾਇਆ, ਜੋਤੀ ਜਾਮਾ ਭੇਖ ਵਟਾਇੰਦਾ । ਸ੍ਰਿਸ਼ਟ ਸਬਾਈ ਰਿਹਾ ਸਮਝਾਇਆ, ਨੌ ਖੰਡ ਸੋਇਆ ਆਪ ਉਠਾਇੰਦਾ । ਸੱਤਾਂ ਦੀਪਾਂ ਰਿਹਾ ਉਠਾਇਆ, ਸ਼ਬਦ ਹੁਲਾਰਾ ਇਕ ਲਗਾਇੰਦਾ । ਬ੍ਰਹਮਾ ਨੇਤਰ ਰਿਹਾ ਖੁਲ੍ਹਾਇਆ, ਚਾਰੋਂ ਕੁੰਟ ਵੇਖ ਵਖਾਇੰਦਾ । ਵਿਸ਼ਨੂੰ ਬਾਸ਼ਕ ਸੇਜਾ ਰਿਹਾ ਤਜਾਇਆ, ਸਾਂਗੋ ਪਾਂਗ ਨਾ ਕੋਈ ਹੰਢਾਇੰਦਾ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹਿਆ, ਹੱਥ ਤ੍ਰਿਸੂਲ ਉਠਾਇੰਦਾ ।

੭੦੦
੦੮

ਕਰੋੜ ਤੇਤੀਸਾ ਦਏ ਦੁਹਾਇਆ, ਦੇਵੀ ਦੇਵ ਨਾ ਕੋਈ ਮਨਾਇੰਦਾ । ਕਲਜੁਗ ਅੰਤ ਅੰਧੇਰਾ ਛਾਇਆ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਸਾਧ ਸੰਤਾਂ ਪੀਰ ਫ਼ਕੀਰਾਂ ਸ਼ਾਹ ਹਕੀਰਾਂ ਸਚ ਸੁੱਚ ਦਰ ਡੇਰਾ ਢਾਹਿਆ, ਸਾਚਾ ਮੰਤਰ ਨਾਮ ਗਿਆਨ, ਨਾ ਕੋਈ ਦ੍ਰਿੜ੍ਹਾਇੰਦਾ । ਪੰਡਤ ਪਾਂਧੇ ਜੂਠਾ ਝੂਠਾ ਮਸਤਕ ਤਿਲਕ ਲਗਾਇਆ, ਜੋਤ ਲਲਾਟ ਨਾ ਕੋਈ ਜਗਾਇੰਦਾ । ਪੜ੍ਹ ਪੜ੍ਹ ਵਿਦਿਆ ਵਾਦ ਵਧਾਇਆ, ਆਤਮ ਬ੍ਰਹਮ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕੰਕਾਰ ਹਰਿ ਨਿਰੰਕਾਰ, ਆਦਿ ਸ਼ਕਤ ਆਦਿ ਸ਼ਕਤ ਰੂਪ ਅਪਾਰ, ਜੋਤ ਭਵਾਨੀ ਆਦਿ ਸ਼ਕਤ ਖੜਗ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਵੇਖ ਵਖਾਈਆ । ਭੇਖ ਪਖੰਡਾ ਦਏ ਨਿਵਾਰ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਅੰਤਮ ਕੰਢਾ ਵੇਖ ਸਰਬ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕਾ ਨਾਮ ਗਏ ਵਿਸਾਰ, ਰਾਮ ਨਾਮ ਸਾਚੀ ਮਾਲਾ ਗਲ ਕੋਈ ਨਾ ਪਾਈਆ । ਸਾਚਾ ਮੰਦਰ ਅੰਧ ਅੰਧਿਆਰ, ਦੀਵਾ ਬਾਤੀ ਨਾ ਕੋਈ ਜਗਾਈਆ । ਕਮਲਾਪਾਤੀ ਨਾ ਮਿਲਿਆ ਮੀਤ ਮੁਰਾਰ, ਬੂੰਦ ਸਵਾਂਤੀ ਨਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਈਆ । ਨਿਹਕਲੰਕਾ ਹਰਿ ਨਿਰੰਕਾਰ, ਹਰਿ ਨਿਰਗੁਣ ਜੋਤ ਜਗਾਇੰਦਾ । ਪੁਰਖ ਅਗੰਮਾ ਲਏ ਅਵਤਾਰ, ਆਪਣਾ ਰੂਪ ਵਟਾਇੰਦਾ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਨਾਮ ਖੰਡਾ ਤੇਜ ਕਟਾਰ, ਤਿਖੀ ਧਾਰ ਆਪ ਰਖਾਇੰਦਾ । ਜਨ ਭਗਤਾਂ ਕਰੇ ਸਚ ਪਿਆਰ, ਹਰਿਜਨ ਸੋਏ ਮਾਤ ਉਠਾਇੰਦਾ । ਮਨਮੁੱਖ ਡੋਬੇ ਵਹਿੰਦੀ ਧਾਰ, ਭਵ ਜਲ ਬੇੜਾ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰਗੰਦੜਾ ਹਰਿ ਚਲੂਲ, ਏਕਾ ਲਾਲ ਗੁਲਾਲਿਆ । ਹਰਿਜਨ ਆਤਮ ਸੇਜਾ ਬਰਖੇ ਸਾਚੇ ਫੂਲ, ਫੂਲਣ ਬਰਖ਼ਾ ਏਕਾ ਲਾ ਲਿਆ । ਮੇਲ ਮਿਲਾਵਾ ਨਾਰੀ ਕੰਤ ਕੰਤੂਹਲ, ਸਾਚਾ ਮੰਦਰ ਇਕ ਸੁਹਾ ਲਿਆ । ਸ਼ਬਦ ਪੰਘੂੜਾ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਰਿਹਾ ਝੂਲ, ਨਾਮ ਹੁਲਾਰਾ ਏਕਾ ਲਾ ਲਿਆ । ਗੁਰਮੁਖਾਂ ਚੁਕਾਏ ਪਿਛਲਾ ਮੂਲ, ਅਗਲਾ ਮਾਰਗ ਆਪ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸੁੱਚਾ ਇਕ ਸੁਹਾ ਲਿਆ । ਸੋਹੇ ਘਰ ਹਰਿ ਸੁਹੰਜਣਾ, ਹਰਿ ਸਾਚੇ ਜੋਤ ਜਗਾਈਆ । ਗੁਰਮੁਖਾਂ ਨੇਤਰ ਪਾਏ ਨਾਮ ਅੰਞਣਾ, ਅਗਿਆਨ ਅੰਧੇਰ ਮਿਟਾਈਆ । ਦਰ ਦੁਵਾਰੇ ਸਾਚਾ ਮਜਨਾ, ਦੁਰਮਤ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਸਾਚੀ ਸਿਖਿਆ ਸਾਚੀ ਮੱਤ, ਚਾਰ ਵਰਨ ਸਮਝਾਇੰਦਾ । ਪੰਜ ਤੱਤ ਨਾ ਉਬਲੇ ਰੱਤ, ਜੋ ਜਨ ਸਤਿਗੁਰ ਪੂਰੇ ਦਰਸ਼ਨ ਪਾਇੰਦਾ । ਚਰਨ ਕਵਲ ਪ੍ਰੀਤ ਬੰਧਾਏ ਨੱਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਤਮ ਅੰਤਰ ਦੇਵੇ ਧੀਰਜ ਜਤ, ਸਤਿ ਸੰਤੋਖ ਆਪ ਸਮਝਾਇੰਦਾ । ਸ਼ਬਦ ਅਨਾਦੀ ਸਾਚੀ ਗਾਥ, ਸੋਹੰ ਢੋਲਾ ਸੁਣਾਇੰਦਾ । ਅਗੰਮ ਅਗੰਮੜੇ ਚੜ੍ਹਾਏ ਰਥ, ਰਥ ਰਥਵਾਹੀ ਰਥ ਚਲਾਇੰਦਾ । ਪੰਚ ਵਿਕਾਰਾ ਪਾਏ ਨੱਥ, ਡੋਰੀ ਆਪਣੇ ਹੱਥ ਰਖਾਇੰਦਾ । ਜਗਤ ਵਿਸੂਰਾ ਦੇਵੇ ਮਥ, ਸੱਥਰ ਹੇਠ ਵਛਾਇੰਦਾ । ਹਰਿਜਨ ਸਾਚੇ ਲਏ ਰੱਖ, ਸੋਹੰ ਮੰਤਰ ਨਾਮ ਦ੍ਰਿੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਅਲੱਖਣਾ ਅਲੱਖ, ਆਪਣਾ ਲੇਖਾ ਆਪ ਲਖਾਇੰਦਾ । ਲੇਖਾ ਲਿਖਣਹਾਰ ਹਰਿ ਸਮਰਥ, ਵੱਡਾ ਵਡ ਵਡਿਆਈਆ । ਜਨ ਭਗਤਾਂ ਰੱਖੇ ਦੇ ਕਰ

ਹੱਥ, ਸਿਰ ਆਪਣਾ ਹੱਥ ਟਿਕਾਈਆ । ਦੇਵਣਹਾਰਾ ਸਾਚੀ ਗਾਥ, ਆਤਮ ਬ੍ਰਹਮ ਪੜ੍ਹਾਈਆ । ਖੇਲੇ ਖੇਲ ਤ੍ਰਲੋਕੀ ਨਾਥ, ਘਰ ਚੌਥੇ ਵੱਜੇ ਵਧਾਈਆ । ਲਹਿਣਾ ਦੇਣਾ ਚੁੱਕੇ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਹਰਿ ਸੱਜਣ ਹਰਿ ਉਠਾਇਆ, ਆਪ ਆਪਣੀ ਕਿਰਪਾ ਧਾਰ । ਏਕਾ ਮੰਤਰ ਨਾਮ ਦ੍ਰਿੜਾਇਆ, ਵੱਜੇ ਸ਼ਬਦ ਸੱਚੀ ਧੁਨਕਾਰ । ਸਾਚੇ ਮਾਰਗ ਆਪੇ ਲਾਇਆ, ਕੂੜੀ ਕਿਰਿਆ ਕਰਮ ਵਿਚਾਰ । ਸਚ ਦੁਵਾਰਾ ਇਕ ਵਖਾਇਆ, ਠਾਂਡਾ ਦਰ ਸੱਚਾ ਦਰਬਾਰ । ਸਤਿਗੁਰ ਪੂਰਾ ਨਜ਼ਰੀ ਆਇਆ, ਨਿਹਕਲੰਕ ਇਕ ਅਵਤਾਰ । ਸ਼ਬਦ ਡੰਕਾ ਰਿਹਾ ਵਜਾਇਆ, ਨੌਂ ਖੰਡ ਪ੍ਰਿਥਮੀ ਕਰੇ ਖਬਰਦਾਰ । ਸ਼ਾਹ ਸੁਲਤਾਨਾਂ ਰਿਹਾ ਹਿਲਾਇਆ, ਅਗੰਮ ਅਗੰਮੜਾ ਮਾਰੇ ਮਾਰ । ਭਾਰਤ ਖੰਡ ਵੇਖ ਵਖਾਇਆ, ਜੰਬੂ ਦੀਪ ਹੋ ਉਜਿਆਰ । ਸੰਮਤ ਸੋਲਾਂ ਰਾਹ ਦਿਖਾਇਆ, ਹਾੜ ਸਤਾਰਾਂ ਦਿਵਸ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਉਜਿਆਰ । ਜੋਤੀ ਨੂਰ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਆਪ ਅਖਵਾਈਆ । ਵਸੇ ਧਰਮ ਸੱਚੀ ਧਰਮਸਾਲਾ, ਤੋੜਣਹਾਰਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਦਿ ਜੁਗਾਦੀ ਬਣ ਰਖਵਾਲਾ, ਸ਼ਬਦ ਅਗੰਮੀ ਵਜਾਏ ਤਾਲਾ, ਤਾਲ ਤਲਵਾੜਾ ਇਕ ਵਜਾਈਆ । ਲੱਖ ਚੁਰਾਸੀ ਫਲ ਵੇਖੇ ਡਾਲ੍ਹਾ, ਮਿੱਠੇ ਕੌੜੇ ਵੇਖ ਵਖਾਈਆ । ਜਨ ਭਗਤਾਂ ਤਨ ਪਾਏ ਨਾਮ ਸੱਚੀ ਮਾਲਾ, ਏਕਾ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਘਰ ਸਾਚੇ ਵੱਜੇ ਵਧਾਈਆ । ਵੱਜੀ ਵਧਾਈ ਸਚ ਘਰ, ਹਰਿ ਸਾਚਾ ਆਪ ਵਜਾਇੰਦਾ । ਜਨ ਭਗਤਾਂ ਚੁੱਕੇ ਜਗਤ ਡਰ, ਸਤਿਗੁਰ ਪੂਰਾ ਨਜ਼ਰੀ ਆਇੰਦਾ । ਲਹਿਣਾ ਦੇਣ ਚੁਕਾਏ ਨਾਰੀ ਨਰ, ਬਿਰਧ ਬਾਲ ਆਪ ਤਰਾਇੰਦਾ । ਇਕ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਭਰਾਇੰਦਾ । ਆਪਣੀ ਕਿਰਪਾ ਆਪੇ ਕਰ, ਆਪ ਆਪਣਾ ਮੇਲ ਮਿਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਗੁਰ ਸ਼ਬਦ ਨਾਉਂ ਧਰਾਇੰਦਾ । ਲੱਖ ਚੁਰਾਸੀ ਅੰਦਰ ਗਿਆ ਵੜ, ਦਿਸ ਕਿਸੇ ਨਾ ਆਇੰਦਾ । ਸੰਤ ਸੁਹੇਲੇ ਲਏ ਫੜ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਆਪੇ ਭਾਂਡੇ ਲਏ ਘੜ, ਆਪੇ ਭੰਨ ਵਖਾਇੰਦਾ । ਆਪੇ ਚੋਟੀ ਜਾਏ ਚੜ੍ਹ, ਆਪੇ ਮੁਖ ਭੁਵਾਇੰਦਾ । ਆਪੇ ਫੜਾਵਣਹਾਰਾ ਆਪਣਾ ਲੜ, ਆਪਣਾ ਪੱਲੂ ਆਪ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਕਰਨੀ ਕਿਰਤ ਆਪ ਕਮਾਇੰਦਾ । ਕਲਜੁਗ ਅੰਤਮ ਸ਼ਬਦ ਹੁਲਾਰਾ, ਹਰਿ ਸਤਿਗੁਰ ਆਪ ਲਗਾਇਆ । ਜਨ ਭਗਤਾਂ ਕਰੇ ਜਗਤ ਪਿਆਰਾ, ਜਾਗਰਤ ਜੋਤ ਇਕ ਜਗਾਇਆ । ਨਾਮ ਅਗੰਮੀ ਸ਼ਬਦ ਭੰਡਾਰਾ, ਸਤਿਗੁਰ ਪੂਰਾ ਰਿਹਾ ਵਰਤਾਇਆ । ਬ੍ਰਹਮ ਮਤ ਵਰਤੇ ਵਿਚ ਸੰਸਾਰਾ, ਮਨਮਤ ਅੰਤਮ ਦਏ ਮਿਟਾਇਆ । ਏਕਾ ਨਤ ਸੱਚੀ ਸਰਕਾਰਾ, ਤੱਤਵ ਤੱਤ ਆਪ ਅਖਵਾਇਆ । ਚਰਨ ਨਾਤਾ ਪਰਵਰਦਿਗਾਰਾ, ਸਾਚਾ ਜੋੜ ਜੁੜਾਇਆ । ਪੁੱਛੇ ਵਾਤ ਅੰਤਮ ਵਾਰਾ, ਜੋ ਜਨ ਰਸਨਾ ਗਏ ਗਾਇਆ । ਧੰਨ ਸੁਭਾਗ ਸਤਾਰਾਂ ਹਾੜਾ, ਹਰਿ ਸੰਗਤ ਲਏ ਤਰਾਇਆ । ਜਗੇ ਜੋਤ ਬਹੱਤਰ ਨਾੜਾ, ਅਗਿਆਨ ਅੰਧੇਰ ਗਵਾਇਆ । ਸਚਖੰਡ ਦੁਵਾਰੇ ਸਚ ਅਖਾੜਾ, ਸੰਬਲ ਨਗਰੀ ਡੇਰਾ ਲਾਇਆ । ਧੁਰਦਰਗਾਹੀ ਸਾਚਾ ਲਾੜਾ, ਗੁਰਮੁਖ ਸਾਚੇ ਵੇਖਣ ਆਇਆ । ਕਿਸੇ ਹੱਥ ਨਾ ਆਏ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਕੋਟਨ ਕੋਟੀ ਰਹੇ ਧੂਣੀਆਂ ਤਾਇਆ । ਗੁਰਮੁਖਾਂ ਕਰੇ ਇਕ ਪਿਆਰਾ,

੭੦੨ ੦੮

ਆਤਮ ਅੰਤਰ ਮੇਲ ਮਿਲਾਇਆ । ਜਗਤ ਬਸੰਤਰ ਪਾਰ ਕਿਨਾਰਾ, ਤ੍ਰੈਗੁਣ ਮਾਇਆ ਬੰਧਨ ਤੋੜ ਤੁੜਾਇਆ । ਪੰਜਾਂ ਤੱਤਾਂ ਪੰਚ ਜੈਕਾਰਾ, ਸ਼ਬਦ ਨਾਅਰਾ ਇਕ ਲਾਇਆ । ਰਾਮ ਨਾਮ ਖੰਡਾ ਤੇਜ ਕਟਾਰਾ, ਆਪ ਆਪਣਾ ਹੱਥ ਉਠਾਇਆ । ਚਾਰ ਕੁੰਟਾਂ ਦਹਿ ਦਿਸ਼ਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਆਪ ਉਠਾਇਆ । ਜਨ ਭਗਤਾਂ ਮੇਲਾ ਮੀਤ ਮੁਰਾਰਾ, ਏਕੰਕਾਰਾ ਨਿਰੰਕਾਰਾ ਵੇਖ ਵਖਾਇਆ । ਸਾਚਾ ਗੀਤ ਸਾਚਾ ਨਾਅਰਾ, ਅੰਦਰ ਗੁਪਤ ਵਸੇ ਜ਼ਾਹਿਰਾ, ਸਚ ਜੈਕਾਰਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਨਾਉਂ ਰਖਾਇਆ । ਨਿਹਕਲੰਕ ਹਰਿ ਭਗਵਾਨ, ਹਰਿ ਸਤਿਗੁਰ ਆਪ ਅਖਵਾਇੰਦਾ । ਕਲਜੁਗ ਉਠਿਆ ਨੌਜਵਾਨ, ਆਪ ਆਪਣਾ ਬਲ ਧਰਾਇੰਦਾ । ਪ੍ਰਗਟ ਹੋਇਆ ਦੋ ਜਹਾਨ, ਲੋਕਮਾਤ ਖੇਲ ਖਿਲਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਪਰਦਾ ਲਾਹਿੰਦਾ । ਸ਼ਬਦ ਰਖਾਏ ਸਚ ਨਿਸ਼ਾਨ, ਸਾਚੇ ਦਰ ਝੁਲਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਜਗਤ ਮਹੱਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੂੜੀ ਕਿਰਿਆ ਕੂੜ ਪਸਾਰ, ਅੰਤਮ ਮੇਟ ਮਿਟਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਹਰਿ ਹਰਿ ਮੇਟ ਮਿਟਾਵਣਾ । ਮੇਟਣਹਾਰ ਝੂਠੀ ਸਰਕਾਰਾ, ਸਤਿਜੁਗ ਸਾਚਾ ਮਾਰਗ ਲਾਵਣਾ । ਸੁਹਾਏ ਬੰਕ ਸੱਚਾ ਦਰਬਾਰਾ, ਦਰ ਦੁਵਾਰ ਇਕ ਖੁਲ੍ਹਾਵਣਾ । ਚਾਰ ਵਰਨਾਂ ਇਕ ਪਿਆਰਾ, ਚਾਰੇ ਕੂਟਾਂ ਵੇਖ ਵਖਾਵਣਾ । ਜੂਠ ਝੂਠ ਪਾਰ ਕਿਨਾਰਾ, ਸਾਚਾ ਮੰਤਰ ਇਕ ਦ੍ਰਿੜਾਵਣਾ । ਮਾਇਆ ਮਮਤਾ ਮੋਹ ਛੁੱਟੇ ਵਿਕਾਰ, ਕਾਮ ਕਰੋਧ ਹੰਕਾਰ ਨੇੜ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਵਣਾ । ਕਲਜੁਗ ਤੇਰਾ ਪੰਧ ਮੁਕਾਵਣਾ, ਵੇਲਾ ਅੰਤਮ ਆਇਆ । ਸਤਿਜੁਗ ਸਾਚਾ ਮਾਤ ਧਰਾਵਣਾ, ਸਾਚੀ ਸਿਖਿਆ ਇਕ ਸਮਝਾਇਆ । ਗੁਰਮੁਖ ਸਾਚੇ ਸੰਗ ਰਲਾਵਣਾ, ਸੋਹੰ ਸਾਚਾ ਜਾਪ ਜਪਾਇਆ । ਧਰਤ ਧਵਲ ਹਰਿ ਰੰਗ ਰੰਗਾਵਣਾ, ਧਰਨੀ ਵੇਖ ਵਖਾਇਆ । ਨਾਮ ਮਰਦੰਗਾ ਇਕ ਵਜਾਵਣਾ, ਏਕਾ ਰਾਗ ਸੁਣਾਇਆ । ਕਾਗ ਹੰਸ ਆਪ ਬਣਾਵਣਾ, ਹੰਸ ਹੰਸਾ ਵਿਚ ਉਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਅੰਦਰ ਮੰਦਰ ਮੇਲ ਮਿਲਾਇਆ । ਅੰਦਰ ਮੰਦਰ ਸਚ ਨਗਾਰ, ਸ਼ਬਦੀ ਸ਼ਬਦ ਵਜਾਈਆ । ਖੇਲੇ ਖੇਲ ਪੁਰਖ ਕਰਤਾਰ, ਪੁਰਖ ਪਰਖੋਤਮ ਵਡ ਵਡਿਆਈਆ । ਦੀਪਕ ਜੋਤੀ ਕਰ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਕਵਲ ਕਵਲਾ ਮੂਧੇ ਭਾਰ, ਆਪੇ ਮੁਖ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਿਰਿਆ ਆਪਣੀ ਹੱਥੀਂ ਦਏ ਕਰਾਈਆ । ਕਲਜੁਗ ਉਠਿਆ ਨੇਤਰ ਖੋਲ੍ਹ, ਰੋ ਰੋ ਨੀਰ ਵਹਾਇੰਦਾ । ਦਰ ਦੁਵਾਰੇ ਰਿਹਾ ਬੋਲ, ਪਿਛਲੀ ਭੁੱਲ ਬਖ਼ਸ਼ਾਇੰਦਾ । ਸਚ ਵਸਤ ਨਾ ਕਿਸੇ ਕੋਲ, ਰਾਜ ਰਾਜਾਨਾ ਸ਼ਾਹ ਸੁਲਤਾਨਾ ਖ਼ਾਲੀ ਹੱਥ ਵਖਾਇੰਦਾ । ਜੂਠਾ ਝੂਠਾ ਵਜਿਆ ਢੋਲ, ਜਗਤ ਨਗਾਰਾ ਇਕ ਵਜਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਕੱਢਣਹਾਰਾ ਪੋਲ, ਆਪਣਾ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਵਿਚੋਲਾ ਆਪੇ ਬਣ, ਸ਼ਬਦ ਸਾਲਸ ਨਾਉਂ ਰਖਾਇੰਦਾ । ਕਲਜੁਗ ਸਾਲਸ ਆਪ ਪ੍ਰਭ, ਕੂੜੀ ਕਿਰਿਆ ਵੇਖ ਵਖਾਈਆ । ਸਤਿਜੁਗ ਸਾਲਸ ਆਪ

ਪ੍ਰਭ, ਸੋਇਆ ਸੁੱਤ ਉਠਾਈਆ । ਕਲਜੁਗ ਸਾਲਸ ਆਪ ਪ੍ਰਭ, ਕਰਮ ਕੁਕਰਮਾਂ ਵੇਖ ਵਖਾਈਆ । ਸਤਿਜੁਗ ਸਾਲਸ ਆਪ ਪ੍ਰਭ, ਬਾਲ ਨਿਧਾਨਾ ਦੇ ਮਤ ਰਿਹਾ ਸਮਝਾਈਆ । ਦੋਹਾਂ ਵਿਚੋਲਾ ਬੈਠਾ ਫੱਬ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਕਲਜੁਗ ਸਾਲਸ ਆਪ ਹਰਿ, ਹਰਿਜਨ ਵੇਖ ਵਖਾਇੰਦਾ । ਸਤਿਜੁਗ ਸਾਲਸ ਆਪ ਪ੍ਰਭ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਕਲਜੁਗ ਸਾਲਸ ਆਪ ਹਰਿ, ਮਾਇਆ ਮਮਤਾ ਮੋਹ ਵੇਖ ਵਖਾਇੰਦਾ । ਸਤਿਜੁਗ ਸਾਲਸ ਆਪ ਪ੍ਰਭ, ਸਤਿਜੁਗ ਸਾਚਾ ਮੇਲ ਮਿਲਾਇੰਦਾ । ਦੋਹਾਂ ਵਿਚੋਲਾ ਆਪ ਬਣ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਲੇਖ ਲਿਖਾਇੰਦਾ । ਕਲਜੁਗ ਸਾਲਸ ਹਰਿ ਹਰਿ ਮੀਤ, ਹਰਿਜਨ ਆਪ ਉਠਾਇੰਦਾ । ਸਤਿਜੁਗ ਸਾਲਸ ਇਕ ਸੁਣਾਏ ਸੁਹਾਗੀ ਗੀਤ, ਸੋਹੰ ਸੋ ਨਾਉਂ ਧਰਾਇੰਦਾ । ਕਲਜੁਗ ਸਾਲਸ ਮੇਟੇ ਕੂੜੀ ਰੀਤ, ਕੂੜੀ ਕਿਰਿਆ ਵੇਖ ਵਖਾਇੰਦਾ । ਸਤਿਜੁਗ ਸਾਲਸ ਪਤਿਤ ਪੁਨੀਤ, ਏਕੰਕਾਰਾ ਨਰ ਨਿਰੰਕਾਰਾ ਆਪ ਅਖਵਾਇੰਦਾ । ਦੋਹਾਂ ਵਸਿਆ ਆਪੇ ਚੀਤ, ਆਪ ਆਪਣਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਖੁਲ੍ਹਾਏ ਸਾਚਾ ਘਰ, ਦੋਹਾਂ ਸਦ ਬਹਾਇੰਦਾ । ਕਲਜੁਗ ਆਇਆ ਚਲ ਦੁਵਾਰ, ਸੰਮਤ ਸੋਲਾਂ ਦਏ ਦੁਹਾਈਆ । ਹਾੜ ਸਤਾਰਾਂ ਕਰ ਨਿਮਸਕਾਰ, ਏਕਾ ਦਏ ਦੁਹਾਈਆ । ਨਾਤਾ ਤੁੱਟਾ ਮੁਹੰਮਦੀ ਯਾਰ, ਚਾਰ ਯਾਰੀ ਨਾ ਸੰਗ ਨਿਭਾਈਆ । ਪੀਰ ਦਸਤਗੀਰ ਨਾ ਕੋਈ ਸਹਾਰ, ਮੁਲਾਂ ਸ਼ੇਖ਼ ਮੁਸਾਇਕ ਕੁਤਬ ਗੌਂਸ ਨਾ ਦੇਵੇ ਕੋਈ ਗਵਾਹੀਆ । ਚਾਰੋਂ ਕੁੰਟ ਆਈ ਹਾਰ, ਹੱਕ ਹਕੀਕਤ ਨਾ ਕੋਈ ਵਖਾਈਆ । ਲੱਖ ਚੁਰਾਸੀ ਹੋਈ ਖ਼ੁਆਰ, ਵਰਨਾਂ ਬਰਨਾਂ ਪਈ ਲੜਾਈਆ । ਹਿੰਦੂ ਮੁਸਲਮ ਮਾਰਨ ਨਾਅਰ, ਨਾਤਾ ਤੁਟਾ ਭੈਣਾਂ ਭਾਈਆ । ਨਾਰੀ ਕੰਤ ਨਾ ਕੋਈ ਪਿਆਰ, ਵਿਭਚਾਰ ਰੂਪ ਵਟਾਈਆ । ਸਾਧ ਸੰਤ ਨਾ ਕੋਈ ਅਧਾਰ, ਨਿਰਗੁਣ ਜੋਤ ਨਾ ਕੋਇ ਜਗਾਈਆ । ਜੀਵ ਜੰਤ ਹੋਏ ਖ਼ੁਆਰ, ਚਾਰੋਂ ਕੁੰਟ ਹਾਹਾਕਾਰ ਮਚਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਪ੍ਰਭ ਅੱਗੇ ਸੀਸ ਝੁਕਾਈਆ । ਏਥੇ ਦਿਸੇ ਨਾ ਕੋਈ ਸਹਾਰ, ਅੱਗੇ ਸਕੇ ਨਾ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਜਣਾਈਆ । ਕਲਜੁਗ ਉਠ ਜਗਤ ਨਿਧਾਨ, ਕਲਜੁਗ ਤੇਰੀ ਔਧ ਵਿਹਾਈਆ । ਤੇਰਾ ਸੰਗ ਪੰਜ ਸ਼ੈਤਾਨ, ਦਿਵਸ ਰੈਣ ਰਹੇ ਨਿਭਾਈਆ । ਮਨਮਤ ਹੋਈ ਪ੍ਰਧਾਨ, ਦੇਵੇ ਸਦਾ ਸਲਾਹੀਆ । ਜੂਠੇ ਝੂਠੇ ਬੇਈਮਾਨ, ਆਲਸ ਤ੍ਰਿਸ਼ਨਾ ਜਗਤ ਵਖਾਈਆ । ਹਉਮੇ ਹੰਗਤਾ ਪੀਣ ਖਾਣ, ਮਾਇਆ ਮਮਤਾ ਰਹੀ ਕੁਰਲਾਈਆ । ਚਾਰ ਕੁੰਟ ਝੂਠ ਦੁਕਾਨ, ਆਪ ਆਪਣੀ ਆਪ ਚਲਾਈਆ । ਅੰਤਮ ਦਿਸੇ ਫਨਾਹ ਮਕਾਨ, ਨਾ ਸਕੇ ਕੋਈ ਬਚਾਈਆ । ਹੱਕ ਹਕੀਕਤ ਕਰੇ ਪਛਾਣ, ਸਤਿਗੁਰ ਪੂਰਾ ਵਡ ਵਡਿਆਈਆ । ਵੇਦ ਪੁਰਾਨ ਸਾਰੇ ਗਾਣ, ਵੇਦ ਪੁਰਾਨੀ ਮੇਲ ਨਾ ਰਾਈਆ । ਅੰਜੀਲ ਕੁਰਾਨਾ ਕਰਨ ਵਖਿਆਨ, ਤੀਸ ਬਤੀਸਾ ਦਏ ਦੁਹਾਈਆ । ਅੱਠ ਅਠਾਰਾਂ ਕਰ ਪਰਧਾਨ, ਗੀਤਾ ਗਿਆਨ ਦ੍ਰਿੜਾਈਆ । ਖਾਣੀ ਬਾਣੀ ਜਗਤ ਨਿਸ਼ਾਨ, ਏਕੰਕਾਰਾ ਵੇਖ ਵਖਾਈਆ । ਕਲਜੁਗ ਭੁੱਲੇ ਜੀਵ ਨਿਧਾਨ, ਗੁਰ ਕਾ ਸ਼ਬਦ ਨਾ ਕੋਈ ਸਮਝਾਈਆ । ਹਿੰਦੂ ਮੁਸਲਮ ਸਿਖ ਈਸਾਈ ਬਹਿ ਬਹਿ ਸਾਰੇ ਗਾਣ, ਸਾਚੀ ਸਿਖਿਆ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਘਰ, ਹਰਿ ਸਾਚਾ ਵੇਖ


੭੦੪
੦੮

ਵਖਾਇੰਦਾ । ਕਲਜੁਗ ਅੰਤਮ ਸੁਣ ਸੰਦੇਸ਼, ਹਰਿ ਸਾਚਾ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਅਵੱਲੜਾ ਵੇਸ, ਜੁਗ ਜੁਗ ਆਪ ਵਟਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੁੰਡ ਮੁੰਡਾਇੰਦਾ । ਆਦਿ ਨਿਰੰਜਣ ਜੋਤ ਪ੍ਰਵੇਸ਼, ਜੋਤੀ ਜੋਤ ਡਗਮਗਾਇੰਦਾ । ਦਰ ਦਰਵੇਸ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੂਲ ਚੁਕਾਇੰਦਾ । ਕਲਜੁਗ ਅੰਤਮ ਮਾਰੇ ਧਾ, ਦਰ ਦਰ ਕਰੇ ਪੁਕਾਰ । ਕੋਈ ਨਾ ਦਿਸੇ ਅੰਤਮ ਮਲਾਹ, ਲੱਖ ਚੁਰਾਸੀ ਗਈ ਹਾਰ । ਨਾ ਕੋਈ ਦੇਵੇ ਸਚ ਸਲਾਹ, ਜੂਠ ਝੂਠ ਭਰੇ ਭੰਡਾਰ । ਨਾ ਕੋਈ ਪਕੜੇ ਸਾਚੀ ਬਾਂਹ, ਨਾ ਦਿਸੇ ਪਾਰ ਕਿਨਾਰ । ਸਤਿਗੁਰ ਪੂਰਾ ਕਰੇ ਨਿਆਂ, ਪਾਰਬ੍ਰਹਮ ਗੁਰ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਨਿਵਾਰ । ਕਲਜੁਗ ਤੇਰਾ ਲੇਖ ਚੁਕਾਵਣਾ, ਲਿਖਿਆ ਲੇਖ ਰਹੇ ਨਾ ਰਾਈਆ । ਤੇਰਾ ਅੰਤਮ ਪੰਧ ਮੁਕਾਵਣਾ, ਅੱਗੇ ਪੈਂਡਾ ਨਾ ਕੋਈ ਰਖਾਈਆ । ਤੇਰਾ ਜੂਠਾ ਝੂਠਾ ਤੇਰੇ ਸੀਸ ਟਿਕਾਵਨਾ, ਉਪਰ ਆਪਣਾ ਭਾਰ ਪਾਈਆ । ਧਰਮ ਰਾਏ ਦਾ ਰਾਹ ਵਖਾਵਣਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਚਿਤਰ ਗੁਪਤ ਹਿਸਾਬ ਖੁਲ੍ਹਾਵਨਾ, ਨਾ ਲੇਖਾ ਸਕੇ ਕੋਈ ਮਿਟਾਈਆ । ਲਾੜੀ ਮੌਤ ਤਨ ਸ਼ਿੰਗਾਰ ਕਰਾਵਣਾ, ਹੱਥੀਂ ਮਹਿੰਦੀ ਨੈਣ ਕੱਜਲ ਧਾਰ ਬੰਧਾਈਆ । ਹਾੜ ਸਤਾਰਾਂ ਸਗਨ ਮਨਾਵਣਾ, ਵਾਹ ਵਾਹ ਸਖੀਆਂ ਰਲ ਮਿਲ ਸੋਹੰ ਮੰਗਲ ਏਕਾ ਗਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅੰਤਮ ਇਕ ਪ੍ਰਨਾਵਣਾ, ਏਕਾ ਘਰ ਵਸਾਈਆ । ਗੁਰਮੁਖ ਸਾਚੇ ਆਪ ਉਠਾਵਣਾ, ਸ਼ਬਦ ਵਿਚੋਲਾ ਨਾਉਂ ਰਖਾਈਆ । ਸੌਹਰੇ ਪੇਈਏ ਏਕਾ ਧਾਮ ਰਖਾਵਣਾ, ਏਕਾ ਕੰਤ ਵੱਡੀ ਵਡਿਆਈਆ । ਗੀਤ ਸੁਹਾਗੀ ਏਕਾ ਸੁਣਾਵਣਾ, ਛੰਤ ਛੰਤਾ ਆਪ ਅਲਾਈਆ । ਸਾਚੇ ਮੰਦਰ ਮੇਲ ਮਿਲਾਵਣਾ, ਸਤਿ ਸੁਹੰਜਣੀ ਸੇਜ ਵਛਾਈਆ । ਰਾਗ ਨਾਦੀ ਨਾਦ ਵਜਾਵਣਾ, ਰਾਗ ਰਾਗਾਂ ਵਿਚ ਟਿਕਾਈਆ । ਬੋਧ ਅਗਾਧੀ ਭੇਵ ਖੁਲ੍ਹਾਵਣਾ, ਪਾਰਬ੍ਰਹਮ ਸੱਚੀ ਸਰਨਾਈਆ । ਆਤਮ ਬ੍ਰਹਮ ਬ੍ਰਹਮ ਵੇਖ ਵਖਾਵਣਾ, ਭਰਮ ਭੁਲੇਖਾ ਦੂਰ ਕਰਾਈਆ । ਗੁਰਮੁਖ ਸੱਜਣ ਸਾਚੇ ਮੀਤ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਾਚਾ ਧਾਮ ਸੁਹਾਵਣਾ, ਮਹੱਲ ਅਟੱਲ ਉਚ ਮੁਨਾਰਿਆ । ਲੱਖ ਚੁਰਾਸੀ ਤੇਰਾ ਪੰਧ ਮੁਕਾਵਣਾ, ਅੰਤਮ ਲੇਖਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਰੀ ਨਰ ਵੇਖ ਵਖਾਈਆ । ਨਾਰੀ ਨਰ ਆਤਮ ਅੰਤਰ, ਹਰਿ ਹਰਿ ਵੇਖ ਵਖਾਇੰਦਾ । ਕਲਜੁਗ ਕਾਇਆ ਲੱਗੀ ਬਸੰਤਰ, ਤ੍ਰੈਗੁਣ ਅਗਨੀ ਪੰਜ ਤੱਤ ਜਲਾਇੰਦਾ । ਨਾ ਕੋਈ ਜਾਣੇ ਸਾਚੇ ਮੰਤਰ, ਨਾ ਕੋਈ ਘਰ ਸੁਹਾਇੰਦਾ । ਪੁਰਖ ਅਬਿਨਾਸ਼ੀ ਖੇਲ ਖਲੰਤਰ, ਅਚਰਜ ਖੇਲ ਖਲਾਇੰਦਾ । ਵੇਖਣਹਾਰਾ ਗਗਨ ਗਗਨੰਤਰ, ਗਗਨ ਪਤਾਲਾ ਫੇਰਾ ਪਾਇੰਦਾ । ਪ੍ਰਗਟ ਹੋਏ ਜੁਗਾ ਜੁਗੰਤਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਕਰ ਪ੍ਰਕਾਸ਼, ਖੇਲੇ ਖੇਲ ਸ੍ਰਿਸ਼ਟ ਤਮਾਸ਼, ਲੱਖ ਚੁਰਾਸੀ ਭੇੜ ਭਿੜਾਇੰਦਾ । ਕਲਜੁਗ ਤੇਰਾ ਅੰਤਮ ਖੇੜਾ, ਹਰਿ ਸਾਚਾ ਵੇਖ ਵਿਖੰਦੜਾ । ਪੰਜ ਤੱਤ ਲੱਗਾ ਝੇੜਾ, ਨਾ ਕੋਈ ਮੇਟ ਮਿਟੰਦੜਾ । ਜੂਠਾ ਝੂਠਾ ਦੇਵੇ ਗੇੜਾ, ਸਾਚਾ ਧਾਮ ਨਾ ਕੋਈ ਸੁਹੰਦੜਾ । ਕਲਜੁਗ ਅੰਤਮ ਕਰੇ ਹੱਕ ਨਿਬੇੜਾ, ਹੱਕ ਬਹੱਕ ਵੇਖ ਵਿਖੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ

ਸੱਜਣ ਮੇਲ ਮਿਲੰਦੜਾ । ਮਿਲਿਆ ਮੇਲ ਸੱਜਣ ਮੀਤ, ਗੁਰ ਸਤਿਗੁਰ ਹਰਿ ਹਰਿ ਪਾਇਆ । ਕਾਇਆ ਹੋਈ ਠਾਂਡੀ ਸੀਤ, ਹਉਮੇ ਰੋਗ ਗਵਾਇਆ । ਪਤਿਤ ਪਾਪੀ ਕਰੇ ਪੁਨੀਤ, ਪਤਿਤ ਪਾਵਣ ਨਾਉਂ ਧਰਾਇਆ । ਸਾਚਾ ਮੰਦਰ ਦੇਹੁਰਾ ਗੁਰੂਦੁਵਾਰ ਮਸੀਤ, ਗੁਰਮੁਖ ਤੇਰਾ ਕਾਇਆ ਹੱਟ ਵਖਾਇਆ । ਨਿਰਗੁਣ ਬੈਠਾ ਇਕ ਅਤੀਤ, ਸਰਗੁਣ ਸਾਚੀ ਜੋਤ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਸਤਿਗੁਰ ਤਾਰਨਹਾਰਾ ਆਇਆ, ਹਰਿਜਨ ਸਾਚਾ ਲਏ ਉਠਾਏ । ਏਕਾ ਮੰਤਰ ਨਾਮ ਦ੍ਰਿੜ੍ਹਾਇਆ, ਦੂਈ ਦਵੈਤੀ ਪਰਦਾ ਲਾਹੇ । ਤੀਜਾ ਨੇਤਰ ਨੈਣ ਖੁਲ੍ਹਾਇਆ, ਆਪ ਆਪਣਾ ਦਰਸ ਦਿਖਾਏ । ਚੌਥੇ ਘਰ ਆਪ ਸਮਾਇਆ, ਚੌਥਾ ਵਡ ਵਡਿਆਏ । ਪੰਚਮ ਮੇਲਾ ਸਹਿਜ ਸੁਭਾਇਆ, ਸਾਚੀ ਸਖੀਆਂ ਮੰਗਲ ਗਾਏ । ਛੇਵੇਂ ਛੱਪਰ ਨਾ ਕੋਇ ਜਣਾਇਆ, ਥਿਰ ਘਰ ਬੈਠਾ ਆਸਣ ਲਾਏ । ਸਤਵੇਂ ਸਤਿ ਪੁਰਖ ਨਿਰੰਜਣ ਮੇਲ ਮਿਲਾਇਆ ਕਲਜੁਗ ਅੰਤਮ ਫੇਰਾ ਪਾਏ । ਨਿਹਕਲੰਕਾ ਨਾਉਂ ਧਰਾਇਆ, ਜੋਤੀ ਨੂਰ ਡਗਮਗਾਏ । ਸ਼ਬਦ ਅਨਾਦੀ ਨਾਦ ਵਜਾਇਆ, ਬ੍ਰਹਮ ਬ੍ਰਹਿਮਾਦਿ ਆਪ ਸੁਣਾਏ । ਆਦਿ ਜੁਗਾਦੀ ਵੇਸ ਵਟਾਇਆ, ਲੇਖਾ ਲੇਖ ਨਾ ਕੋਈ ਲਿਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਗੁਰਮੁਖ ਚੇਲੇ, ਗੁਰ ਮਾਰਗ ਏਕਾ ਲਾਏ । ਗੁਰ ਮਾਰਗ ਬਿਖੜਾ ਹਰਿ ਸੱਜਣ ਮੀਤ, ਗੁਰ ਸਤਿਗੁਰ ਆਪ ਲਗਾਇੰਦਾ । ਗੁਰਸਿਖ ਸਾਚਾ ਸਿਖੜਾ ਪਤਿਤ ਪੁਨੀਤ, ਦਰ ਮੰਦਰ ਅੰਦਰ ਸਾਚਾ ਮੰਗਲ ਏਕਾ ਗਾਇੰਦਾ । ਭਾਣਾ ਮਿੱਠੜਾ ਚੇਤਨ ਚੀਤ, ਡੂੰਘੀ ਕੰਧਰ ਅੰਧ ਅੰਧਿਆਰ ਹਰਿ ਨਿਰੰਕਾਰ ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸ਼ਬਦ ਅਨਡੀਠ, ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਫਲ ਇਕ ਖੁਵਾਏ । ਪਤਿਤ ਪੁਨੀਤ ਰੀਤ ਹਰਿ ਕਰਤਾਰ, ਜਗ ਸਾਂਤਕ ਸਤਿ ਗੁਰਮੁਖ ਉਰਧਾਰਿਆ । ਠਾਂਡਾ ਸੀਤ ਵਸੇ ਹਸਤ ਕੀਟ, ਊਚ ਨੀਚ ਰਾਓ ਰੰਕ ਰਾਜ ਰਾਜਾਨਾ ਏਕਾ ਰੰਗ ਰੰਗਾਇੰਦਾ । ਆਦਿ ਜੁਗਾਦੀ ਮਹਿੰਮਾ ਅਗਣਤ, ਆਪੇ ਜਾਣੇ ਆਪਣੀ ਰੀਤ, ਨਾ ਕੋਈ ਡੇਰਾ ਲਾਇੰਦਾ । ਗੁਰਮੁਖ ਕਾਇਆ ਤੇਰੀ ਕਾਇਆ ਹੱਟ ਪ੍ਰਗਟ ਹੋਏ ਝਟ ਪਟ, ਜਗੇ ਜੋਤੀ ਲਟ ਲਟ, ਆਪਣਾ ਦੀਪਕ ਆਪੇ ਬਾਲਿਆ । ਖੇਲੇ ਖੇਲ ਪੁਰਖ ਕਰਤਾਰ, ਇਕ ਇਕੱਲਾ ਏਕੰਕਾਰ, ਹਰਿਜਨ ਸਾਚੇ ਪਾਏ ਦੂਈ ਦਵੈਤੀ ਮੇਟੇ ਫੱਟ, ਆਪ ਨੁਹਾਏ ਅਠਸਠ, ਦੁਰਮਤ ਮੈਲ ਦੇਵੇ ਕੱਟ, ਕਾਇਆ ਕਰੇ ਠੰਡੀ ਠਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰੀ, ਹਰਿ ਸੰਗਤ ਤੇਰੇ ਸੰਗ ਸਮਾ ਰਿਹਾ । ਸਚਖੰਡ ਦੁਵਾਰ ਉਚ ਮਹੱਲਾ, ਹਰਿ ਹਰਿ ਜੋਤ ਜਗਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਵੇਖ ਵਖਾਇੰਦਾ । ਜਨ ਭਗਤਾਂ ਮੇਟੇ ਦੂਈ ਦਵੈਤੀ ਸਲਾ, ਆਪ ਆਪਣਾ ਰੰਗ ਰੰਗਾਇੰਦਾ । ਸਚ ਸਿੰਘਾਸਣ ਆਤਮ ਸੇਜਾ ਆਪੇ ਮੱਲਾ, ਆਪ ਆਪਣਾ ਡੇਰਾ ਲਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਸ਼ਬਦ ਸੁਨੇਹੁੜਾ ਇਕ ਅਲਾਇੰਦਾ । ਆਪ ਫੜਾਇਆ ਆਪਣਾ ਪੱਲਾ, ਆਪੇ ਲੜ ਬੰਧਾਇੰਦਾ । ਪਾਰ ਕਰਾਏ ਜਗਤ ਸਾਗਰ ਡੂੰਘੀ ਡੱਲਾ, ਟਿੱਲੇ ਪਰਬਤ ਫੋਲ ਫੁਲਾਇੰਦਾ । ਆਪਣੇ ਦੀਪਕ ਆਪੇ ਬਲਾ, ਆਪਣੀ ਜੋਤ ਆਪ ਜਗਾਇੰਦਾ । ਕਲਜੁਗ ਅੰਤਮ ਕਰਨ ਆਇਆ ਹੱਲਾ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਪੁਰਖ ਅਬਿਨਾਸ਼ੀ ਖੇਲੇ ਖੇਲ ਪ੍ਰਿਥਮੀ ਅਕਾਸ਼ੀ,

੭੦੬
ot

ਗਗਨ ਪਤਾਲਾ ਆਪਣੇ ਚਰਨਾਂ ਹੇਠ ਦਬਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹਿਲਾ, ਦੇਵਤ ਸੁਰ ਸ਼ਬਦ ਹੁਲਾਰਾ ਇਕ ਲਗਾਈਆ । ਨੌ ਖੰਡ ਪ੍ਰਿਥਮੀ ਹੋ ਉਜਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਬੈਠਾ ਆਸਣ ਲਾਈਆ । ਭਗਤ ਸੁਹੇਲੇ ਲਏ ਉਭਾਰ, ਆਪ ਆਪਣੀ ਬੂਝ ਬੁਝਾਈਆ । ਪਾਰ ਕਰਾਏ ਨੌ ਦੁਵਾਰ, ਡੂੰਘੀ ਕਵਰੀ ਵੇਖ ਵਖਾਈਆ । ਫੜ ਫੜ ਬਾਹੋਂ ਜਾਏ ਤਾਰ, ਪਾਰਬ੍ਰਹਮ ਵੱਡੀ ਵਡਿਆਈਆ । ਸੰਮਤ ਸੋਲਾਂ ਹਾੜ ਸਤਾਰਾਂ ਦਿਵਸ ਵਿਚਾਰ, ਆਪ ਆਪਣੀ ਰਚਨ ਰਚਾਈਆ । ਗ਼ਰੀਬ ਨਿਮਾਣੇ ਜਾਏ ਤਾਰ, ਉਚਾਂ ਨੀਚਾਂ ਇਕ ਪਿਆਰ । ਇਕ ਪਿਆਰ ਸਤਿਗੁਰ ਨਾਤਾ ਪੁਰਖ ਬਿਧਾਤਾ, ਉਤਮ ਜ਼ਾਤਾ ਏਕਾ ਏਕ ਉਠਾਈਆ । ਸੋਹੰ ਸ਼ਬਦ ਸਾਚੀ ਗਾਥਾ, ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਸਾਢੇ ਤਿੰਨ ਹੱਥ ਚਲਾਏ ਤੇਰਾ ਰਾਥਾ, ਰਥ ਰਥਵਾਹੀ ਆਪ ਅਖਵਾਈਆ । ਸਤਿਜੁਗ ਤੇਰੀ ਪੂਜਾ ਪਾਠਾ, ਸਰ ਸਰੋਵਰ ਮਾਰੇ ਠਾਠਾ, ਚੌਦਾਂ ਲੋਕ ਵੇਖੇ ਹਾਟਾ, ਚੌਦਾਂ ਤਬਕਾਂ ਏਕਾ ਦਾਤਾ, ਏਕਾ ਭੱਲਾ ਇਕਾ ਪੱਲਾ ਏਕੰਕਾਰ ਆਪ ਫੜਾਈਆ । ਜਨ ਭਗਤਾਂ ਪੂਰਾ ਘਾਟਾ, ਕਲਜੁਗ ਨੇੜੇ ਵਾਟਾ, ਆਦਿ ਸ਼ਕਤ ਜੋਤ ਲਿਲਾਟਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਇੰਦਾ । ਸਰਗੁਣ ਸਾਚੇ ਕਰ ਪਿਆਰ, ਪੰਜ ਤੱਤ ਡੇਰਾ ਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਇੰਦਾ । ਸੰਤਾਂ ਭਗਤਾਂ ਕਰੇ ਖ਼ਬਰਦਾਰ, ਆਪ ਆਪਣੀ ਬੂਝ ਬੁਝਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰ, ਧੁਨ ਰਾਗ ਆਪ ਵਜਾਇੰਦਾ । ਬ੍ਰਹਮਾ ਵੇਤਾ ਨਾ ਪਾਏ ਸਾਰ, ਚਾਰੇ ਵੇਦਾਂ ਵੇਖ ਵਖਾਇੰਦਾ । ਵੇਦ ਵਿਆਸਾ ਬਣ ਲਿਖਾਰ, ਅਠਾਰਾਂ ਪੁਰਾਨ ਗਿਆ ਸਮਝਾਇੰਦਾ । ਸ਼ਾਸਤਰ ਸਿਮਰਤ ਦਏ ਅਧਾਰ, ਛੇ ਛੇ ਮੇਲ ਮਿਲਾਇੰਦਾ । ਗੀਤਾ ਗਿਆਨ ਹੋ ਉਜਿਆਰ, ਏਕਾ ਸਿਖ ਸਮਝਾਇੰਦਾ । ਅੰਜੀਲਾਂ ਕੁਰਾਨਾਂ ਖ਼ਬਰਦਾਰ, ਆਪਣਾ ਲੇਖਾ ਆਪ ਸਮਝਾਇੰਦਾ । ਖਾਣੀ ਬਾਣੀ ਭੇਵ ਨਿਆਰ, ਨਾਨਕ ਨਿਰਗੁਣ ਰਸਨਾ ਗਾਇੰਦਾ । ਪੁਰਖ ਅਬਿਨਾਸ਼ੀ ਸਭ ਤੋਂ ਵਸਿਆ ਬਾਹਰ, ਹੱਥ ਕਿਸੇ ਨਾ ਆਇੰਦਾ । ਗੁਰਮੁਖਾਂ ਮੇਲਾ ਵਿਚ ਸੰਸਾਰ, ਜੁਗ ਜੁਗ ਆਪ ਕਰਾਇੰਦਾ । ਦੇਵੇ ਭਗਤੀ ਨਾਮ ਭੰਡਾਰ, ਭਗਵਨ ਆਪਣੀ ਦਇਆ ਕਮਾਇੰਦਾ । ਸਾਚੀ ਸ਼ਕਤੀ ਹੋ ਉਜਿਆਰ, ਅਸ਼ਟਭੁਜ ਨਾਉਂ ਧਰਾਇੰਦਾ । ਸੁੰਭ ਨਿਸੁੰਭ ਕਰ ਖ਼ਵਾਰ, ਲੰਕਾ ਗੜ੍ਹ ਤੋੜ ਹੰਕਾਰ, ਰਾਵਣ ਮੇਟ ਮਿਟਾਇੰਦਾ । ਮਾਰਨਹਾਰਾ ਕੰਸਾ ਮਾਰ, ਕਾਹਨਾ ਬੰਸਰੀ ਇਕ ਵਜਾਇੰਦਾ । ਕਲਜੁਗ ਤੇਰਾ ਰੂਪ ਚੌਥੇ ਜੁਗ ਵੇਖ ਹਰਿ ਨਿਰੰਕਾਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਇੰਦਾ । ਕਲਜੁਗ ਦੁਸ਼ਟ ਹੰਕਾਰੀ ਰਾਵਣ, ਚਾਰ ਕੁੰਟ ਲਏ ਅੰਗੜਾਈਆ । ਜੂਠ ਝੂਠ ਬਣਿਆ ਨਾਲ ਜ਼ਾਮਨ, ਪੰਜ ਤੱਤ ਵਿਕਾਰ ਨਾਲ ਦਏ ਗਵਾਹੀਆ । ਖੇਲੇ ਖੇਲ ਅੰਧੇਰੀ ਸ਼ਾਮਨ, ਰੈਣ ਅੰਧੇਰੀ ਨਾਲ ਰਲਾਈਆ । ਨਾ ਕੋਈ ਕਰਮ ਧਰਮ ਵਰਨ ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਲੇਖਾ ਜਾਨਣ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਵੇਖ ਵਖਾਈਆ । ਕਲਜੁਗ ਕੰਸਾ ਗੜ੍ਹ ਹੰਕਾਰ, ਦਹਿ ਦਿਸ਼ਾ ਵੇਖ ਵਖਾਈਆ । ਸਚ ਸੁੱਚ ਨਾ ਕੋਇ ਪਿਆਰ, ਸਾਚੀ ਸਿਖਿਆ ਨਾ ਕੋਈ ਸਮਝਾਈਆ । ਮਾਤ ਪਿਤ ਨਾ ਕੋਈ ਪਿਆਰ, ਪੁੱਤਰ ਧੀ ਨਾ ਖ਼ੁਸ਼ੀ ਮਨਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਸਾਚਾ

ਕੰਤ ਨਾ ਕੋਈ ਹੰਢਾਈਆ । ਕੁਵਾਰ ਕੰਨਿਆ ਕਰ ਸ਼ਿੰਗਾਰ, ਨੇਤਰ ਨੈਣ ਰਹੀ ਮਟਕਾਈਆ । ਗੁਰ ਦਰ ਮੰਦਰ ਮਸਜਿਦ ਬਣਿਆ ਵੇਸਵਾ ਦਰਬਾਰ, ਹਰਿ ਕਾ ਗੁਣ ਨਾ ਕੋਈ ਗਾਈਆ । ਕਲਜੁਗ ਕੂੜਾ ਵੇਖ ਕੁੜਿਆਰ, ਡੌਰੂ ਡੰਕਾ ਏਕਾ ਵਾਹੀਆ । ਮਨਮੁਖ ਸੁੱਤੇ ਪੈਰ ਪਸਾਰ, ਮਾਇਆ ਪਰਦਾ ਉਤੇ ਪਾਈਆ । ਏਕਾ ਭੁੱਲਿਆ ਹਰਿ ਕਰਤਾਰ, ਸਤਿਗੁਰ ਪੂਰਾ ਨਜ਼ਰ ਨਾ ਆਈਆ । ਮਦਿਰਾ ਮਾਸ ਕਰਨ ਅਹਾਰ, ਰਸਨਾ ਰਸ ਰਿਹਾ ਗਵਾਈਆ । ਆਤਮ ਰਸ ਨਾ ਕੋਈ ਧਾਰ, ਨਿਝਰ ਝਿਰਨਾ ਨਾ ਕੋਈ ਝਿਰਾਈਆ । ਨੱਸ ਨੱਸ ਤੀਰਥ ਤੱਟਾਂ ਹੋਣ ਖ਼ਵਾਰ, ਅੰਮ੍ਰਿਤ ਹਰਿ ਕਾਇਆ ਆਤਮ ਸਰ ਸਰੋਵਰ ਅਸਨਾਨ ਕਰਨ ਨਾ ਕੋਈ ਜਾਈਆ । ਨਾਰ ਅਹੱਲਿਆ ਬਣੀ ਗੌਤਮ, ਕਲੰਕ ਮਸਤਕ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚੇ ਸੱਜਣ, ਸਾਚੇ ਮੀਤ ਪਿਆਰਿਆ । ਤੇਰੀ ਓਟ ਇਕ ਅਕਾਲ, ਤੇਰਾ ਵਣਜ ਨਾਮ ਵਣਜਾਰਿਆ । ਤੇਰਾ ਮੰਦਰ ਸੱਚੀ ਧਰਮਸਾਲ, ਤੇਰਾ ਸ਼ਬਦ ਸਚ ਭੰਡਾਰਿਆ । ਤੇਰਾ ਵੱਜੇ ਸਾਚਾ ਤਾਲ, ਤੇਰਾ ਗੁਰੂ ਇਕ ਉਠਾ ਰਿਹਾ । ਨਾ ਦੂਸਰ ਕੋਈ ਸਹਾਰ, ਦਿਵਸ ਰੈਣ ਦੇਵੇ ਪਹਿਰਿਆ । ਆਲਸ ਨਿੰਦਰਾ ਨਾ ਲਏ ਵਖਾਲ, ਆਪੇ ਗੁਪਤ ਆਪੇ ਜ਼ਾਹਰਿਆ । ਆਪੇ ਅੰਦਰ ਮੰਦਰ ਲਏ ਭਾਲ, ਆਪੇ ਲਾਏ ਸੋਹੰ ਸਚ ਜੈਕਾਰਿਆ । ਨੇੜ ਨਾ ਆਏ ਕਾਲ ਮਹਾਂਕਾਲ, ਕਲਜੁਗ ਅੰਤਮ ਸਤਿਗੁਰ ਪੂਰਾ ਆਣ ਵੰਗਾਰਿਆ । ਆਪਣੀ ਚਲੀ ਅਵੱਲੜੀ ਚਾਲ, ਫੜ ਫੜ ਢਾਹੇ ਉਚ ਮੁਨਾਰਿਆ । ਨਾ ਕੋਈ ਦਿਸੇ ਚਾਰ ਦਿਵਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾ ਰਿਹਾ । ਰਾਜ ਰਾਜਾਨਾਂ ਆਈ ਹਾਰ, ਸਾਚਾ ਸੀਸ ਤਾਜ ਨਾ ਕੋਈ ਟਿਕਾ ਰਿਹਾ । ਗ਼ਰੀਬ ਨਿਮਾਣਿਆਂ ਨਾ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਕਰੇ ਪਿਆਰਿਆ । ਗਰੀਬ ਨਿਮਾਣੇ ਜਗ ਕੁਰਲਾਏ, ਧਰਤ ਧਵਲ ਦਏ ਦੁਹਾਈਆ । ਸਾਚਾ ਅਦਲ ਨਾ ਕੋਈ ਕਮਾਏ, ਭਰਮੇ ਭੁੱਲੀ ਭਰਮੀ ਸ਼ਾਹੀਆ । ਸ਼ਾਹ ਸੁਲਤਾਨ ਨਾ ਸਾਚਾ ਕੋਈ ਅਖਵਾਏ, ਸਾਚਾ ਹੁਕਮ ਨਾ ਕੋਈ ਸੁਣਾਈਆ । ਜਗਤ ਤ੍ਰਿਸ਼ਨਾ ਨਾ ਕੋਈ ਮਿਟਾਏ, ਦੁਖੀਏ ਭੁਖੀਏ ਰੋ ਰੋ ਦੇਣ ਦੁਹਾਈਆ । ਮਾਇਆਧਾਰੀ ਮਾਇਆ ਮੋਹ ਵਧਾਏ, ਬੈਠੇ ਬੰਕ ਸੁਹਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਵੇਖਣਹਾਰਾ ਥਾਉਂ ਥਾਏ, ਆਪ ਆਪਣੀ ਲਏ ਅੰਗੜਾਈਆ । ਦਏ ਸੁਨੇਹੁੜਾ ਬੇਪਰਵਾਹੇ ਕਰੇ ਨਿਆਏ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਈਆ । ਜੀਵ ਜੰਤ ਮਾਤ ਕੁਰਲਾਇਆ, ਕੂਕੇ ਦਏ ਦੁਹਾਈਆ । ਸਤਿਗੁਰ ਪੂਰੇ ਬੇੜਾ ਨਾ ਕਿਸੇ ਉਠਾਇਆ, ਮਾਇਆ ਭੁੱਲੀ ਸਰਬ ਲੋਕਾਈਆ । ਨਿਹਕਲੰਕ ਕਲ ਜਾਮਾ ਪਾਇਆ, ਲੋਕਮਾਤ ਵੱਜੀ ਵਧਾਈਆ । ਚਾਰ ਵਰਨਾਂ ਇਕ ਰਿਹਾ ਬਣਾਇਆ, ਸੋਹੰ ਸ਼ਬਦ ਕਰੇ ਕੁੜਮਾਈਆ । ਸੰਮਤ ਸੋਲਾਂ ਨੀਂਹ ਧਰਾਇਆ, ਹਾੜ ਸਤਾਰਾਂ ਥਿਤ ਲਿਖਾਈਆ । ਬੀਸ ਬੀਸਾ ਵੇਖ ਵਖਾਇਆ, ਭੁੱਲ ਰਹੇ ਨਾ ਰਾਈਆ । ਜਗਤ ਹਦੀਸਾ ਇਕ ਪੜ੍ਹਾਇਆ, ਏਕਾ ਕਲਮਾ ਰਿਹਾ ਸਿਖਾਈਆ । ਨਬੀ ਰਸੂਲ ਇਕ ਉਪਾਇਆ, ਕਾਇਨਾਤ ਵੇਖੇ ਮਾਰ ਝਾਤ, ਆਪ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਕ੍ਰਿਸ਼ਨ ਏਕਾ ਘਰ, ਨਾਨਕ ਗੋਬਿੰਦ ਵੇਖ ਵਖਾਈਆ । ਸੰਮਤ ਸੋਲਾਂ ਸਤਿ ਸਤਿਵਾਦ, ਸਤਿ ਪੁਰਖ ਕਰਾਇਆ । ਜਨ ਭਗਤਾਂ ਰੱਖਣਹਾਰਾ ਲਾਜ, ਸਾਚੀ ਹਾੜੀ ਦਿਵਸ ਸੁਹਾਇਆ । ਏਥੇ ਓਥੇ ਸੁਣੇ ਫਰਯਾਦ, ਸਚ ਸਿੰਘਾਸਣ ਆਸਣ

ਲਾਇਆ । ਮੋਹਣ ਮਾਧਵ ਮੁੰਕਦ ਮਨੋਹਰ ਲਖ਼ਮੀ ਨਰਾਇਣ ਸਾਵਲ ਸੁੰਦਰ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਘਰ ਘਰ, ਘਰ ਘਰ ਦੀਪਕ ਇਕ ਜਗਾਇਆ । ਘਰ ਦੀਪਕ ਘਰ ਬਾਤੀਆ, ਘਰ ਘਰ ਕਰੇ ਰੁਸ਼ਨਾਈਆ । ਘਰ ਮੇਲਾ ਕਮਲਾਪਾਤੀਆ, ਘਰ ਘਰ ਵਿਚ ਪਏ ਜੁਦਾਈਆ । ਘਰ ਦੇਵੇ ਅੰਮ੍ਰਿਤ ਬੂੰਦ ਸਵਾਂਤਿਆ, ਘਰ ਝਿਰਨਾ ਆਪ ਝਿਰਾਈਆ । ਘਰ ਮੇਟੇ ਅੰਧੇਰੀ ਰਾਤੀਆ, ਘਰ ਸਾਚਾ ਚੰਦ ਵਖਾਈਆ । ਘਰ ਗਾਵੇ ਸਾਚੀ ਗਾਥੀਆ, ਘਰ ਅਨਹਦ ਸੇਵਾ ਲਾਈਆ । ਘਰ ਮੇਲਾ ਸ਼ਾਹੋ ਸ਼ਬਾਸਿਆ, ਘਰ ਸੇਜਾ ਇਕ ਸੁਹਾਇਆ । ਗੁਰਮੁਖਾਂ ਪੂਰੀ ਕਰੇ ਆਸਿਆ, ਦਰ ਨਿਰਾਸ ਨਾ ਕੋਈ ਵਖਾਈਆ । ਲੇਖੇ ਲਾਏ ਰਸਨ ਸਵਾਸਿਆ, ਜੋ ਜਨ ਸੋਹੰ ਰਹੇ ਗਾਈਆ । ਨਿਝ ਆਤਮ ਕਰੇ ਵਾਸਿਆ, ਘਨਕ ਪੁਰ ਵਾਸੀ ਵਡ ਵਡਿਆਈਆ । ਦਰ ਦੁਰਕਾਏ ਮਦਿਰਾ ਮਾਸੀਆ, ਦੇਵਣਹਾਰ ਅੰਤ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਹਿਜ ਸੁਭਾਈਆ । ਮੇਲ ਮਿਲਾਵਾ ਹਰਿ ਸੰਗਤ, ਹਰਿ ਸਾਚਾ ਇਕ ਸੁਹੰਜਣਾ । ਸਤਿਗੁਰ ਪੂਰਾ ਚਾੜ੍ਹੇ ਰੰਗਤ, ਧੂੜੀ ਚਰਨ ਏਕਾ ਮਜਨਾ । ਦੂਸਰ ਦਰ ਨਾ ਹੋਏ ਮੰਗਤ । ਦਾਤਾ ਮਿਲਿਆ ਦਰਦ ਦੁੱਖ ਭੰਜਣਾ । ਲੇਖਾ ਮੁਕਾਏ ਜਿਉਂ ਨਾਨਕ ਅੰਗਦ, ਅੰਗੀਕਾਰ ਆਪੇ ਰੱਖਣਾ । ਮਾਨਸ ਜਨਮ ਨਾ ਹੋਏ ਭੰਗਤ, ਅੰਮ੍ਰਿਤ ਰਸ ਆਤਮ ਚੱਖਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਅੰਤਮ ਵੇਲੇ ਆਪੇ ਰੱਖਣਾ । ਅੰਤਮ ਵੇਲਾ ਹਰਿ ਨਿਰੰਕਾਰ, ਗੁਰਮੁਖਾਂ ਹੋਏ ਸਹਾਈਆ । ਸੱਜਣ ਮੀਤ ਕਰ ਪਿਆਰ, ਧਾਮ ਅਤੀਤ ਵਖਾਈਆ । ਸਾਚੀ ਰੀਤ ਚਲੇ ਸੰਸਾਰ, ਸਤਿਜੁਗ ਸਾਚਾ ਮਾਰਗ ਲਾਈਆ । ਹਸਤ ਕੀਟ ਸੋਹੇ ਇਕ ਦੁਵਾਰ, ਸੀਸ ਤਾਜ ਨਾ ਕੋਈ ਰਖਾਈਆ । ਸੋਹੰ ਗੀਤ ਗਾਏ ਸਰਬ ਸੰਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਜੀਆ ਦਾਨ, ਜੀਵਣ ਦਾਤਾ ਆਪ ਹੋ ਜਾਈਆ । ਜੀਵਣ ਦਾਤਾ ਹਰਿ ਭਗਵਾਨ, ਜਗਤ ਜੁਗਤ ਉਪਾਇੰਦਾ । ਗੁਰਮੁਖ ਬਣਾਏ ਚਤੁਰ ਸੁਜਾਨ, ਗੁਰਮਤ ਇਕ ਸਮਝਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸੋਹੰ ਸ਼ਬਦ ਅਨਾਦੀ ਗਾਣ, ਸਾਚਾ ਨਾਅਰਾ ਏਕਾ ਲਾਇੰਦਾ । ਆਪ ਵਖਾਏ ਸਚ ਮਕਾਨ, ਕਾਇਆ ਮੰਦਰ ਅੰਦਰ ਹਰਿ ਮੰਦਰ ਆਪ ਉਪਾਇੰਦਾ । ਦੀਪਕ ਜੋਤੀ ਜਗੇ ਮਹਾਨ, ਤੇਲ ਬਾਤੀ ਨਾ ਕੋਈ ਟਿਕਾਇੰਦਾ । ਏਕਾ ਰਾਗ ਸੁਣਾਏ ਕਾਨ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਜੁਗਾ ਜੁਗੰਤਰ ਜਾਣੀ ਜਾਣ, ਜਾਣਣਹਾਰ ਭੇਵ ਖੁਲ੍ਹਾਇੰਦਾ । ਲੇਖ ਚੁਕਾਏ ਪਵਣ ਮਸਾਣ, ਪਵਣ ਮਸਾਣੀ ਵੇਖ ਵਖਾਇੰਦਾ । ਗੁਰਮੁਖ ਸਾਜਣ ਬਾਲ ਨਿਧਾਨ, ਆਪ ਆਪਣੀ ਗੋਦ ਉਠਾਇੰਦਾ । ਬਿਰਹੋਂ ਨਿਰਾਲਾ ਮਾਰੇ ਬਾਣ, ਜਗਤ ਵੈਰਾਗੀ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਬੇਆਸਾਂ ਪੂਰੀ ਆਸ ਕਰਾਇੰਦਾ । ਹਰਿ ਸੰਗਤ ਨਾ ਹੋਏ ਬੇਆਸ, ਮੰਗੇ ਮੰਗ ਗੁਰ ਦੁਵਾਰਿਆ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸ਼, ਭਰੇ ਨਾਮ ਭੰਡਾਰਿਆ । ਪੁੱਤਰ ਧੀਆਂ ਰੱਖੇ ਆਸ, ਸੁਫਲ ਕੁੱਖ ਕਰੇ ਸੰਸਾਰਿਆ । ਜੋ ਜਨ ਗਾਏ ਸਵਾਸ ਸਵਾਸ, ਲੱਖ ਚੁਰਾਸੀ ਫੰਦ ਕਟਾ ਰਿਹਾ । ਜੋ ਜਨ ਤਜਾਏ ਮਦਿਰਾ ਮਾਸ, ਆਪ ਆਪਣਾ ਦਰਸ ਦਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੀ ਪੂਰੀ ਆਸਾ, ਚਰਨ ਕਵਲ ਕਵਲ ਭਰਵਾਸਾ, ਪੁਰਖ ਅਬਿਨਾਸ਼ੀ ਦਰਸੀ ਦਰਸ,

੭੦੯
੦੮

ਸੇਵਕ ਸੇਵਾ ਆਪ ਕਮਾ ਰਿਹਾ । ਦਿਵਸ ਰੈਣ ਦਾਸੀ ਦਾਸਾ, ਸੇਵਾ ਸਚ ਕਮਾਈਆ । ਗੁਰਸਿਖ ਤੇਰੇ ਮਿਲਣ ਦੀ ਇਕੋ ਆਸਾ, ਸਤਿਗੁਰ ਪੂਰਾ ਆਪ ਤਕਾਈਆ । ਤੇਰੀ ਪ੍ਰੀਤੀ ਸਚ ਭਰਵਾਸਾ, ਪੁਰਖ ਅਬਿਨਾਸ਼ੀ ਦਾਸੀ ਦਾਸਾ, ਲੋਕਮਾਤ ਮਾਰਗ ਲਾਈਆ । ਸਤਿਗੁਰ ਸਾਚੇ ਕਰੇ ਵਾਸਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਇਛਿਆ ਏਕਾ ਭਿਛਿਆ ਝੋਲੀ ਪਾਈਆ । ਏਕਾ ਇਛਿਆ ਭਰ ਭਰਪੂਰ, ਹਰਿ ਨਾਮ ਭੰਡਾਰਾ ਆਪ ਭਰਾਇੰਦਾ । ਜੋ ਜਨ ਵਸਣ ਨੇੜੇ ਦੂਰ, ਏਕਾ ਰੰਗ ਰੰਗਾਇੰਦਾ । ਜੋ ਜਨ ਆਏ ਚਲ ਹਜ਼ੂਰ, ਆਪ ਆਪਣੀ ਗੋਦ ਉਠਾਇੰਦਾ । ਆਸਾ ਮਨਸਾ ਸਭ ਦੀ ਪੂਰ, ਹਰਿ ਸੰਗਤ ਤੇਰੇ ਸੰਗ ਪਤਿਤ ਪਾਪੀ ਨਾਲ ਤਰਾਇੰਦਾ । ਗੁਰਸਿਖ ਤੇਰੀ ਸੇਜਾ ਤੇਰਾ ਪਲੰਘ, ਤੇਰੀ ਆਤਮ ਹਰਿ ਪਰਮਾਤਮ ਆਪਣਾ ਆਸਣ ਲਾਇੰਦਾ । ਹਰਿਭਗਤ ਤੇਰੇ ਕੋਲੋਂ ਮੰਗੇ ਮੰਗ, ਤੇਰੀ ਪ੍ਰੀਤੀ ਹਰਿ ਕਾ ਰੰਗ, ਦੋਏ ਧਾਰ ਵਿਚ ਸੰਸਾਰ, ਚਤੁਰਭੁਜ ਖ਼ਬਰਦਾਰ, ਭੇਵ ਗੁਝ ਕੱਢੇ ਸੰਸਾਰ, ਗੁਰਮੁਖਾਂ ਘਰ ਸਾਚਾ ਗਿਆ ਸੁਝ ਪਾਇਆ ਵਰ ਕੰਤ ਭਤਾਰ, ਵੱਜੀ ਨਾਮ ਵਧਾਈਆ । ਛੁਟਾ ਸੰਸਾਰ ਨਾ ਕੋਈ ਦਿਸੇ ਮਾਤ ਪਿਤ ਭਾਈ ਭੈਣ ਮੀਤ ਮੁਰਾਰ, ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਆਪੇ ਨਜ਼ਰੀ ਆਈਆ । ਨਾਤਾ ਤੁਟਾ ਕੂੜੇ ਕੂੜ, ਮਸਤਕ ਲੱਗੀ ਸਾਚੀ ਧੂੜ, ਚਤੁਰ ਸੁਘੜ ਸਿਆਣਾ ਬਣਾਇਆ ਮੂਰਖ ਮੂੜ, ਸਤਿਗੁਰ ਪੂਰੇ ਹੱਥ ਵਡਿਆਈਆ । ਕਲਜੁਗ ਅੰਤਮ ਆਸਾ ਮਨਸਾ ਕਰੇ ਪੂਰ, ਪੂਰੀ ਇਛਿਆ ਆਪੇ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਹਾੜ ਸਤਾਰਾਂ, ਹਰਿ ਸੰਗਤ ਸੰਗ ਰਖਾਈਆ । ਹਰਿ ਸੰਗਤ ਤੇਰੇ ਅੰਦਰ ਵੜਿਆ, ਪਾਰਬ੍ਰਹਮ ਕਰਤਾਰਾ । ਤੇਰਾ ਤੀਰ ਆਪੇ ਫੜਿਆ, ਪਰਗਟ ਹੋ ਵਿਚ ਸੰਸਾਰਾ । ਤੇਰਾ ਘਾੜਣ ਆਪੇ ਘੜਿਆ, ਦਿਵਸ ਲਿਖਾਇਆ ਹਾੜ ਸਤਾਰਾਂ । ਏਕਾ ਸਤਿਜੁਗ ਮਾਰਗ ਧਰਿਆ, ਸੰਮਤੀ ਸੰਮਤ ਚਲੇ ਵਿਹਾਰਾ । ਏਕਾ ਅੱਖਰ ਏਕਾ ਲੇਖ ਲੱਖ ਚੁਰਾਸੀ ਪੜ੍ਹਿਆ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਜੈਕਾਰਾ । ਕਲਜੁਗ ਅੰਤਮ ਰਾਜ ਰਾਜਾਨ ਸ਼ਾਹ ਸੁਲਤਾਨ ਜੀਵ ਜੰਤ ਸਾਧ ਸੰਤ ਕੋਈ ਨਾ ਅੱਗੇ ਅੜਿਆ, ਫੜਿਆ ਨਾਮ ਖੰਡਾ ਦੋ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਰੇ ਸਚ ਪਿਆਰਾ । ਗੁਰਸਿਖ ਉਠ ਸੁਤਿਆ, ਹਰਿ ਸੱਜਣ ਆਪ ਜਗਾਇੰਦਾ । ਸੋਭਾਵੰਤੀ ਹੋਈ ਰੁਤਿਆ, ਰੁੱਤ ਰੁਤੜੀ ਆਪ ਮਹਿਕਾਇੰਦਾ । ਪ੍ਰਗਟ ਹੋਇਆ ਪੁਰਖ ਅਬਿਨਾਸ਼ੀ ਅਚੁਤਿਆ, ਜਾਗਰਤ ਜੋਤ ਇਕ ਜਗਾਇੰਦਾ । ਨਾ ਕੋਈ ਧੜ ਨਾ ਕੋਈ ਬੁੱਤੀਆ, ਨਾ ਕੋਈ ਰੂਹ ਵਿਚ ਰਖਾਇੰਦਾ । ਗੁਰਸਿਖ ਤੇਰਾ ਲਾਹ, ਭਗਤ ਵਛਲ ਗਿਰਧਾਰ । ਜੁਗ ਜੁਗ ਆਪੇ ਲੁੱਟਿਆ, ਦੂਸਰ ਹੱਥ ਨਾ ਆਏ ਵਿਚ ਸੰਸਾਰ । ਤੇਰਾ ਭਾਂਡਾ ਤੇਰਾ ਸੋਮਾ ਤੇਰੇ ਅੰਦਰ ਫੁਟਿਆ, ਸਤਿਗੁਰ ਪੂਰਾ ਭਰੇ ਭੰਡਾਰ । ਤੇਰਾ ਰਸ ਪੁਰਖ ਅਬਿਨਾਸ਼ੀ ਹੱਸ ਹੱਸ ਲੋਕਮਾਤ ਨੱਸ ਨੱਸ ਚਾਰ ਕੁੰਟਾਂ ਦਹਿ ਦਿਸ਼ਾ ਆਪੇ ਲੁੱਟਿਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਸਾਚਾ ਵਰ, ਉਤਰੇ ਪਾਰ ਕਿਨਾਰ । ਪਾਰ ਕਿਨਾਰਾ ਔਖੀ ਘਾਟੀ, ਹਰਿ ਸਤਿਗੁਰ ਪਾਰ ਕਰਾਇੰਦਾ । ਹਰਿਜਨ ਤੋੜੇ ਬਜ਼ਰ ਕਪਾਟੀ, ਦੂਈ ਦਵੈਤੀ ਕੁੰਡਾ ਲਾਹਿੰਦਾ । ਲਹਿਣਾ ਦੇਣਾ ਚੁੱਕੇ ਆਣ ਬਾਟੀ, ਆਪ ਆਪਣਾ ਮੇਲ ਮਿਲਾਇੰਦਾ । ਲੇਖੇ ਲਾਏ ਪੰਜ ਤੱਤ ਕਾਇਆ ਮਾਟੀ, ਕਾਇਆ ਗੜ੍ਹ ਸੁਹਾਇੰਦਾ । ਚਰਨ ਦੁਵਾਰਾ ਸਾਚੀ ਹਾਟੀ, ਚੌਦਾਂ ਚੌਦਾਂ ਮੁਖ ਸ਼ਰਮਾਇੰਦਾ । ਦੁਰਮਤ

ਮੈਲ ਰਿਹਾ ਕਾਟੀ, ਨਾਮ ਪਿਆਲਾ ਇਕ ਜਾਮ ਪਿਆਇੰਦਾ । ਆਤਮ ਸੇਜਾ ਸਾਚੀ ਖਾਟੀ, ਪ੍ਰੇਮ ਪਟੋਲਾ ਇਕ ਵਛਾਇੰਦਾ । ਨਿਰਗੁਣ ਜੋਤੀ ਨੂਰ ਲਿਲਾਟੀ, ਨਿਝ ਘਰ ਆਤਮ ਆਪ ਟਿਕਾਇੰਦਾ । ਅਨਹਦ ਸ਼ਬਦ ਸੱਚੀ ਧੁਨ ਗਾਥੀ, ਪੰਚਮ ਸੇਵਾ ਆਪ ਕਮਾਇੰਦਾ । ਪੁਰਖ ਅਗੰਮਾ ਬਣਿਆ ਸਾਥੀ, ਸਗਲਾ ਸੰਗ ਨਿਭਾਇੰਦਾ । ਸੁਰਤ ਸਵਾਣੀ ਮਿਲਿਆ ਹਾਣੀ ਚਿੰਤਾ ਸਗਲ ਵਿਨਾਸੀ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਜੁਗਾਂ ਜੁਗਾਂ ਦੀ ਲੱਥੀ ਉਦਾਸੀ, ਕਲਜੁਗ ਅੰਤਮ ਵੇਖ ਵਖਾਇੰਦਾ । ਮਨਮੁਖ ਜੀਵ ਕਰਨ ਹਾਸੀ, ਹੱਸ ਹੱਸ ਜਨਮ ਗਵਾਇੰਦਾ । ਧਰਮ ਰਾਏ ਏਕਾ ਫਾਂਸੀ, ਗਲ ਵਿਚ ਪੱਲਾ ਪਾਇੰਦਾ । ਪਰਗਟ ਹੋਇਆ ਘਨਕ ਪੁਰ ਵਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਲਹਿਣਾ ਦੇਣਾ ਪੂਰਬ ਗਹਿਣਾ, ਲੱਖ ਚੁਰਾਸੀ ਤਨ ਪਹਿਨਾਈਆ । ਜਨ ਭਗਤਾਂ ਦਰਸ ਵਖਾਏ ਨੈਣਾਂ, ਮਨਮੁਖਾਂ ਰੈਣ ਅੰਧੇਰੀ ਛਾਈਆ । ਹਰਿਜਨ ਮੇਲਾ ਹਰਿ ਸੱਜਣ ਸਾਕ ਸੈਣਾ, ਮਨਮੁਖ ਗੂੜ੍ਹੀ ਨੀਂਦ ਸੁਵਾਈਆ । ਜਨ ਭਗਤਾਂ ਧਾਮ ਅਵੱਲੇ, ਸਚਖੰਡ ਦੁਵਾਰੇ ਸਾਚੇ ਬਹਿਣਾ, ਮਨਮੁਖ ਅਗਨੀ ਕੁੰਡ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਹਰਿ ਹਰਿ ਲਾ, ਹਰਿ ਹਰਿ ਬਣਤ ਬਣਾਈਆ । ਸਾਚੀ ਸਿਖਿਆ ਇਕ ਸਮਝਾ, ਏਕਾ ਏਕ ਵਖਾਈਆ । ਚਾਰ ਵਰਨਾਂ ਭੈਣ ਭਰਾ, ਭੈਣਾਂ ਭਈਆਂ ਮੇਲ ਮਿਲਾਈਆ । ਨਾ ਕੋਈ ਖਾਏ ਸੂਰ ਗਾਂ, ਹੱਕ ਹਲਾਲ ਨਾ ਕੋਈ ਵਖਾਈਆ । ਨਾ ਕੋਈ ਹੰਸ ਨਾ ਕੋਈ ਕਾਂ, ਕਾਗ ਹੰਸ ਏਕਾ ਦਰ ਬਹਾਈਆ । ਲੱਖ ਚੁਰਾਸੀ ਜਪਾਏ ਸਾਚਾ ਨਾਂ, ਹੰਸ ਹੰਸਾ ਵਡ ਵਡਿਆਈਆ । ਮੇਲ ਮਿਲਾਏ ਸਾਚੇ ਥਾਂ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਿਫ਼ਤ ਸਾਲਾਹੀ ਪਕੜੇ ਬਾਂਹ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾਂ ਪਾਰ ਕਿਨਾਰਾ, ਬੇਆਸ ਨਾ ਕੋਈ ਰੁੜ੍ਹਾਈਆ । ਬੇਆਸ ਨਾ ਜਾਣਾ ਰੁੜ, ਹਰਿ ਸਤਿਗੁਰ ਸੱਚਾ ਆਇਆ । ਪੂਰੀ ਕਰਨਹਾਰਾ ਥੁੜ, ਘਰ ਭਾਂਡਾ ਦਏ ਭਰਾਇਆ । ਹਰਿ ਸੱਜਣ ਦੀ ਸਾਚੀ ਲੋੜ, ਜੁਗ ਜੁਗ ਵੇਖ ਵਖਾਇਆ । ਆਦਿ ਅੰਤ ਜਾਏ ਬੌਹੜ, ਜੋ ਜਨ ਰਸਨਾ ਰਹੇ ਧਿਆਇਆ । ਸ਼ਬਦ ਅਗੰਮੀ ਚੜ੍ਹਿਆ ਘੋੜ, ਏਕਾ ਅਸਵ ਰਿਹਾ ਦੌੜਾਇਆ । ਸੰਮਤ ਸੋਲਾਂ ਮਾਰੇ ਪਹਿਲਾ ਪੌੜ, ਲਹਿੰਦੀ ਦਿਸ਼ਾ ਵੰਡ ਵੰਡਾਇਆ । ਵੇਖਣਹਾਰਾ ਮਿੱਠਾ ਕੌੜ, ਕੌੜਾ ਰੀਠਾ ਭੰਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਦੌੜ ਦੌੜ, ਦਰ ਮੰਦਰ ਇਕ ਸੁਹਾਇਆ । ਹਰਿ ਮੰਦਰ ਹਰਿ ਵਸਿਆ, ਹਰਿ ਹਰਿ ਜੋਤ ਜਗਾਏ । ਜਨ ਭਗਤਾਂ ਮਾਰਗ ਏਕਾ ਦੱਸਿਆ, ਏਕਾ ਰਾਹ ਵਖਾਏ । ਕੋਟਨ ਕੋਟ ਕਰੇ ਪ੍ਰਕਾਸ਼ ਰਵ ਸਸਿਆ, ਅੰਧ ਅੰਧੇਰ ਗਵਾਏ । ਹਰਿ ਹਿਰਦੇ ਅੰਦਰ ਵਸਿਆ, ਹਰਿਜਨ ਵਿਰਲਾ ਦਰਸ਼ਨ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸਾਚੇ ਲਏ ਮਿਲਾਏ । ਹਰਿ ਸੰਗਤ ਹਰਿ ਪਾਇਆ, ਹਰਿ ਗੋਬਿੰਦ ਗੁਰਮੀਤ । ਘਰ ਮੰਗਲ ਸਾਚਾ ਗਾਇਆ, ਹੋਏ ਪਤਿਤ ਪੁਨੀਤ । ਰਾਮ ਨਾਮ ਏਕਾ ਘਰ ਵਸਾਇਆ, ਏਕਾ ਵਸਿਆ ਚੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਭਨੀ ਥਾਉਂ ਥਾਈਂ, ਪਕੜੇ ਬਾਹੀਂ ਕਰੇ ਨਿਆਈ, ਜਨ ਹਰਿ ਹਰਿ ਜਨ ਗੁਰ ਸਿਖ ਸਿਖ ਗੁਰ ਗੁਰ ਮੁਖ ਮੁਖ ਗੁਰ ਜੋ ਜਨ ਰਹੇ ਧਿਆਈਆ ।

ਚਾਰ ਜੁਗ ਹਰਿ ਗੁਣ ਗਾਇਆ, ਕਲਜੁਗ ਅੰਤਮ ਵੱਜੀ ਵਧਾਈਆ । ਜੁਗ ਜੁਗ ਸਤਿਗੁਰ ਵੇਖ ਵਖਾਇਆ, ਜਨ ਭਗਤਾਂ ਮੇਲ ਮਿਲਾਈਆ । ਭਗਤ ਭਗਤੀ ਆਪੇ ਲਾਇਆ, ਆਪੇ ਦਏ ਸਲਾਹੀਆ । ਆਪੇ ਸੰਤ ਸੰਗ ਨਿਭਾਇਆ, ਸਾਰਿੰਗ ਧਰ ਭਗਵਾਨ ਬੀਠਲਾ ਆਪ ਹੋ ਜਾਈਆ । ਆਪਣਾ ਰੰਗ ਆਪ ਰੰਗਾਇਆ, ਨਾਮ ਭੱਠੀ ਏਕਾ ਤਾਈਆ । ਬ੍ਰਹਮ ਭਾਹ ਵਿਚ ਪਾਇਆ, ਲਾਲ ਗੁਲਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਨੌ ਚਾਰ ਖੇਲ ਖਲਾਈਆ । ਨੌ ਨੌ ਚਾਰ ਸ਼ਬਦ ਹਰਿ ਦਾਤਾ, ਗੁਰਮੁਖ ਆਪ ਸੁਣਾਇਆ । ਛੱਤੀ ਜੁਗ ਬਣਿਆ ਦਾਤਾ, ਦਾਤਾ ਦਾਨੀ ਦਾਨ ਦੇਂਦਾ ਆਇਆ । ਸਤਿਜੁਗ ਸਾਚੇ ਬੱਧਾ ਗਾਨਾ, ਸਾਚਾ ਸਗਨ ਮਨਾਇਆ । ਤ੍ਰੇਤਾ ਬਖ਼ਸ਼ੇ ਤੀਰ ਕਮਾਨਾ, ਚਰਨ ਧੂੜੀ ਮਸਤਕ ਟਿੱਕਾ ਲਾਇਆ । ਦੁਆਪਰ ਮਾਰੇ ਇਕ ਨਿਸ਼ਾਨਾ, ਏਕਾ ਬਾਣ ਉਠਾਇਆ । ਨਾਨਕ ਗਾਏ ਸਾਚਾ ਗਾਣਾ, ਗੁਰਮੁਖ ਆਪ ਸੁਣਾਇਆ । ਗੁਰ ਗੋਬਿੰਦ ਦਿਤਾ ਪੀਣਾ ਖਾਣਾ, ਅੰਮ੍ਰਿਤ ਜਾਮ ਪਿਆਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲਜੁਗ ਅੰਤਮ ਆਪਣੇ ਘਰ ਕਰੇ ਪਰਵਾਨਾ, ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿ ਸੱਜਣ ਵੇਖ ਵਖਾਇਆ । ਜੁਗ ਜੁਗ ਜੋਤ ਅਕਾਲੀ, ਆਪਣੀ ਆਪ ਘਲਾਈਆ । ਆਦਿ ਜੁਗਾਦੀ ਸੱਚਾ ਮਾਲੀ, ਲੋਕਮਾਤ ਫੁਲ ਫੁਲਵਾੜੀ ਗੁਰਮੁਖ ਸਾਚੇ ਆਪ ਲਗਾਈਆ । ਆਪੇ ਕਰੇ ਆਪਣੀ ਵਾੜੀ, ਚਾਰ ਦਿਵਾਰ ਆਪ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਖਿੜੀ ਗੁਲਜ਼ਾਰੀ, ਕਲ ਆਪੇ ਫੁਲ ਫੁਲਾਈਆ । ਸਾਚੇ ਫਲ ਨਰ ਨਾਰੀ, ਨਰ ਨਰਾਇਣ ਆਪਣੇ ਹੱਥ ਉਠਾਈਆ । ਕਲਜੁਗ ਵੇਖੇ ਅੰਤ ਕਿਆਰੀ, ਹਰਿ ਸੰਗਤ ਆਪ ਬਣਾਈਆ । ਬਣ ਕੇ ਮਾਲਣ ਤੋੜਣ ਆਇਆ ਵਡ ਸੰਸਾਰੀ, ਕਲੀ ਕਲੀ ਮਹਿਕਾਈਆ । ਸਿਰ ਉਠਾਈ ਗੁਰ ਸੰਗਤ ਤੇਰੀ ਖਾਰੀ, ਚਾਰੋਂ ਕੁੰਟ ਫਿਰੇ ਵਾਹੋ ਦਾਹੀਆ । ਤੇਰਾ ਪ੍ਰੇਮ ਸਤਿ ਸਤਾਰੀ, ਨਿਰਗੁਣ ਆਪੇ ਰਿਹਾ ਬੁਝਾਈਆ । ਤੇਰੇ ਹਾਰ ਕਰ ਸ਼ਿੰਗਾਰੀ, ਆਪਣਾ ਤਨ ਸਜਾਈਆ । ਆਪਣੀ ਕਾਇਆ ਪਹਿਲੋਂ ਸਾੜੀ, ਸਾਚੀ ਬਣਤ ਬਣਾਈਆ । ਗੁਰਮੁਖਾਂ ਦੀ ਹੁਣ ਆਈ ਵਾਰੀ, ਗੁਰ ਪੂਰਾ ਤਨ ਸ਼ਿੰਗਾਰ ਵਖਾਈਆ । ਨੇਤਰ ਖੋਲ੍ਹੋ ਸਤਾਰਾਂ ਹਾੜੀ, ਸੰਮਤ ਸੋਲਾਂ ਲਏ ਮਿਲਾਈਆ । ਸਤਿਗੁਰ ਪੂਰਾ ਫਿਰੇ ਪਿੱਛੇ ਅਗਾੜੀ, ਨਾਮ ਖੰਡਾ ਹੱਥ ਚਮਕਾਈਆ । ਨੌ ਖੰਡ ਪ੍ਰਿਥਮੀ ਲੁੱਟੀ ਜਾਏ ਦਿਨ ਦਿਹਾੜੀ, ਗੁਰਸਿਖਾਂ ਝੋਲੀ ਪਾਈਆ । ਨੇੜ ਨਾ ਆਏ ਮੌਤ ਲਾੜੀ, ਹਰਿਜਨ ਸਾਚੇ ਆਪ ਪ੍ਰਨਾਈਆ । ਆਪੇ ਆਇਆ ਚਲ ਦੁਵਾਰੀ, ਲੋਕਮਾਤ ਵੇਖ ਵਖਾਈਆ । ਗੁਰ ਗੋਬਿੰਦ ਬਣਿਆ ਸਚ ਲਿਖਾਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਬਲ ਨਗਰੀ ਉਚ ਅਟਾਰੀ, ਹਰਿ ਵਸਿਆ ਬੇਪਰਵਾਹੀਆ । ਕਰੇ ਕਰਾਏ ਆਪਣੀ ਕਾਰੀ, ਕਾਰਜ ਕਰਤਾ ਆਪ ਅਖਵਾਈਆ । ਗਾਓ ਮੰਗਲ ਨਰ ਨਾਰੀ, ਗੁਰ ਪਾਇਆ ਬੇਪਰਵਾਹੀਆ । ਨਾਤਾ ਤੁਟਾ ਜਗਤ ਸੰਸਾਰੀ, ਜਾਗਰਤ ਜੋਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਵਿਛੋੜਾ ਰਿਹਾ ਕਟਾਈਆ । ਜਗਤ ਵਿਛੋੜਾ ਆਪ ਕਟਾਇਆ, ਹਰਿ ਸੰਗਤ ਮੇਲ ਮਿਲੰਦੜਾ । ਸਾਚੀ ਡੋਰੀ ਤੰਦ ਬੰਧਾਇਆ, ਸੋਹੰ ਹੱਥ ਉਠੰਦੜਾ । ਸਾਚੀ ਘੋੜੀ ਆਪ ਚੜ੍ਹਾਇਆ, ਸਤਿਗੁਰ ਪੂਰਾ ਵਾਂਗ ਗੁੜੰਦੜਾ । ਫੂਲਣ ਸੇਹਰਾ ਸੀਸ ਸਜਾਇਆ, ਗੁਰਮੁਖ ਤੇਰਾ ਮੁਖ ਸੁਹੰਦੜਾ । ਕੇਸਰ ਟਿੱਕਾ ਮਸਤਕ ਲਾਇਆ, ਜੋਤ ਲਲਾਟੀ ਨੂਰ ਵਖੰਦੜਾ । ਵਡਾ ਛੋਟਾ ਨਿੱਕਾ ਨਾ ਕੋਈ ਬਣਾਇਆ, ਬਾਲ ਅੰਞਾਣਾ ਬਿਰਧ ਜਵਾਨ ਏਕਾ ਰੰਗ

ਰਗੰਦੜਾ । ਸਾਚੀ ਸਿਖਿਆ ਇਕ ਸਮਝਾਇਆ, ਚਾਰ ਵਰਨਾਂ ਇਕ ਵਖੰਦੜਾ । ਭੈਣ ਭਾਈ ਸਰਬ ਵਖਾਇਆ, ਦੂਸਰ ਨਾਤਾ ਨਾ ਕੋਈ ਵਖੰਦੜਾ, ਜੋ ਜਨ ਧੀ ਭੈਣ ਰਹੇ ਤਕਾਇਆ, ਸ਼ੌਹ ਦਰਯਾਏ ਆਪ ਸੁਟੰਦੜਾ । ਦੂਸਰ ਕੋਇ ਨਾ ਸਕੇ ਬਚਾਇਆ, ਲੱਖ ਚੁਰਾਸੀ ਗੇੜ ਭਵੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਹਰਿ ਸੰਗਤ ਹਰਿ ਸਮਝਾਵਨੀ, ਏਕਾ ਏਕ ਬੂਝ ਬੁਝਾਈਆ । ਦਰ ਦੁਵਾਰ ਨੀਤ ਰਾਸ ਕਰਾਵਣੀ, ਫਲ ਨੀਤੀ ਆਪ ਖੁਵਾਈਆ । ਮਾਂ ਭੈਣ ਧੀ ਸਰਬ ਬਣਾਵਣੀ, ਬਿਨ ਨਾਰ ਨਾਰ ਨਾ ਕੋਈ ਦਿਸਾਈਆ । ਨਾਰ ਕੰਤ ਇਕ ਸਮਝਾਵਨੀ, ਸੁਰਤ ਸ਼ਬਦ ਵੇਖ ਵਖਾਈਆ । ਸਤਿਗੁਰ ਪੂਰੀ ਕਰੇ ਭਾਵਨੀ, ਜੋ ਜਨ ਭਾਵਨਾ ਮਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਫੜਾਏ ਆਪਣਾ ਲੜ, ਦਾਮਨ ਕੋਇ ਨਾ ਸਕੇ ਛੁਡਾਈਆ । ਸਤਿਗੁਰ ਫੜਿਆ ਸਾਚਾ ਦਾਮਨ, ਦਰ ਸਾਚਾ ਇਕ ਸੁਹਾਇਆ । ਹਰਿ ਸੰਗਤ ਤੇਰਾ ਹੋਇਆ ਜ਼ਾਮਨ, ਨਾਮ ਜਾਮਨੀ ਇਕ ਲਿਆ । ਪਹਿਲੋਂ ਮਾਰੇ ਹੰਕਾਰੀ ਰਾਵਣ, ਨਾਮ ਖੰਡਾ ਹੱਥ ਉਠਾਇਆ । ਮੇਟ ਮਿਟਾਏ ਕਾਮਨੀ ਕਾਮਨ, ਕਰੋਧ ਹੰਕਾਰ ਨੇੜ ਨਾ ਆਇਆ । ਮੇਟਣਹਾਰ ਅੰਧੇਰੀ ਸ਼ਾਮਨ, ਸਾਚਾ ਚੰਦ ਦਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਏਕਾ ਦਰ ਏਕਾ ਵਰ ਰਿਹਾ ਵਖਾਇਆ । ਗੁਰਮੁਖ ਸਾਚੇ ਤੇਰਾ ਸਚ ਸ਼ਿੰਗਾਰ, ਗੁਰ ਸਤਿਗੁਰ ਆਪ ਕਰਾਇੰਦਾ । ਚਰਨ ਪ੍ਰੀਤੀ ਇਕ ਪਿਆਰ, ਲੋਕਮਾਤ ਵਖਾਇੰਦਾ । ਨੇਤਰ ਨੈਣਾਂ ਨਾਮ ਅਧਾਰ, ਕੱਜਲ ਸਚ ਸੁਹਾਇੰਦਾ । ਮਸਤਕ ਬਿੰਦੀ ਜੋਤ ਲਲਾਟ, ਨੂਰੋ ਨੂਰ ਡਗਮਗਾਇੰਦਾ । ਮੈਂਢੀ ਗੁੰਦੇ ਨੇੜੇ ਵਾਟ, ਆਪਣਾ ਪੰਧ ਮੁਕਾਇੰਦਾ । ਬਸਤਰ ਭੂਸ਼ਨ ਮਾਰਨ ਠਾਠ, ਗੁਰ ਚਰਨ ਧੂੜੀ ਜੋ ਜਨ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮਤ ਇਕ ਸਮਝਾਇੰਦਾ । ਸਤਿਜੁਗ ਤੇਰੀ ਸਾਚੀ ਮਤ, ਸਾਚੀ ਧਾਰ ਚਲਾਈਆ । ਹਰਿ ਸੰਗਤ ਤੇਰੀ ਇਕੋ ਰੱਤ, ਏਕਾ ਬਿੰਦ ਉਪਜਾਈਆ । ਏਕਾ ਪਿਤਾ ਏਕਾ ਮਾਤ, ਏਕਾ ਗੋਦ ਬਿਠਾਈਆ । ਏਕਾ ਦੇਵਣਹਾਰਾ ਦਾਤ, ਏਕਾ ਝੋਲੀ ਰਿਹਾ ਭਰਾਈਆ । ਇਕ ਬੰਧਾਏ ਚਰਨ ਕਵਲ ਨਾਤ, ਨਾਤਾ ਬਿਧਾਤਾ ਇਕ ਜੁੜਾਈਆ । ਏਕਾ ਸ਼ਬਦ ਏਕਾ ਗਾਥ, ਏਕਾ ਕਰੇ ਪੜ੍ਹਾਈਆ । ਏਕਾ ਪੂਜਾ ਏਕਾ ਪਾਠ, ਇਸ਼ਟ ਦੇਵ ਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਰੱਖੇ ਸਾਚਾ ਸੰਗ, ਸਗਲਾ ਸੰਗ ਆਪ ਨਿਭਾਈਆ । ਕਲਜੁਗ ਅੰਤਮ ਜੋੜ ਜੁੜਾਇਆ, ਪੂਰਬ ਲਹਿਣਾ ਝੋਲੀ ਪਾਈਆ । ਏਕਾ ਮਾਰਗ ਇਕ ਵਖਾਇਆ, ਸਾਚੀ ਸਿਖਿਆ ਸਿਖ ਸਮਝਾਈਆ । ਸੋਹੰ ਢੋਲਾ ਸਾਚਾ ਗਾਇਆ, ਜਗਤ ਵਿਚੋਲਾ ਬਣਿਆ ਮਾਹੀਆ । ਆਪਣਾ ਚੋਲਾ ਆਪ ਬਦਲਾਇਆ, ਗੁਰਮੁਖਾਂ ਚੋਲੀ ਰੰਗ ਰੰਗਾਈਆ । ਹੌਲੀ ਹੌਲੀ ਖੇਲ ਖਿਲਾਇਆ, ਸੋਲਾਂ ਸਾਲ ਮੁਖ ਛੁਪਾਈਆ । ਸੰਮਤ ਸੋਲਾਂ ਰੌਲਾ ਪਾਇਆ, ਪ੍ਰਗਟ ਹੋਇਆ ਨਿਹਕਲੰਕ ਚਾਰ ਕੁੰਟ ਵੱਜੀ ਵਧਾਈਆ । ਆਪਣਾ ਪਰਦਾ ਉਹਲਾ ਲਾਹਿਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਸਿਖ ਕਲਾ ਸੋਲਾਂ ਆਪ ਜਣਾਇਆ, ਜੋ ਜਨ ਹੁਕਮੇ ਹੁਕਮ ਚਲਾਈਆ । ਲੱਖ ਚੁਰਾਸੀ ਗੋਲਾ ਦਰ ਦੁਰਕਾਇਆ, ਦਰ ਦੁਵਾਰ ਰਹਿਣ ਨਾ ਪਾਈਆ । ਪਿਛਲਾ ਕੌਲ ਆਪ ਨਿਭਾਇਆ, ਗੁਰ ਗੋਬਿੰਦ ਨਾਲ ਰਲਾਈਆ । ਸਿੰਘ ਸਿੰਘ ਹਰਿ ਵੇਸ ਵਟਾਇਆ, ਸ਼ੇਰ ਸ਼ੇਰ ਲੜਾਈਆ । ਦਸ ਦਸਮੇਸ਼ ਨਾਉਂ ਧਰਾਇਆ, ਨਾਮ ਖੰਡਾ ਇਕ ਚਮਕਾਈਆ । ਜਗਤ ਵਿਛੋੜਾ ਦਏ ਕਟਾਇਆ, ਆਪ ਆਪਣੀ ਗੋਦ ਉਠਾਈਆ । ਹਿਰਦਾ ਸੋਧ ਜਿਸ

੭੧੩
੦੮

ਜਨ ਪੰਜ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਇਆ, ਕੋਟਨ ਕੋਟ ਜਨਮਾਂ ਪਾਪ ਰਹੇ ਮਿਟਾਈਆ । ਸੁਧਾ ਸਰ ਸਚ ਥਾਇਆ, ਸਾਚਾ ਅੰਮ੍ਰਿਤ ਸੀਰ ਏਕਾ ਮੁਖ ਚੁਆਈਆ । ਆਪਣਾ ਭੇਵ ਗੁਝਾ ਆਪ ਖੁਲ੍ਹਾਇਆ, ਦੂਜਾ ਦਰ ਨਾ ਕੋਇ ਵਡਿਆਈਆ । ਤੀਜਾ ਨੈਣ ਨੇਤਰ ਆਪ ਖੁਲ੍ਹਾਇਆ, ਲੋਚਣ ਵੇਖੇ ਬੇਪਰਵਾਹੀਆ । ਚੌਥੇ ਪਦ ਆਪ ਸਮਾਇਆ, ਚੌਥੇ ਘਰ ਵੱਜੀ ਵਧਾਈਆ । ਵਾਹ ਵਾਹ ਪੰਚਮ ਸਤਿਗੁਰ ਪਾਇਆ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਮੇਲ ਮਿਲਾਇਆ, ਹਰਿ ਸੰਗਤ ਵਡ ਵਡਿਆਈਆ । ਸੰਮਤ ਸੋਲਾਂ ਹਾੜ ਸਤਾਰਾਂ ਤੇਲ ਚੜ੍ਹਾਇਆ, ਸਾਚਾ ਸਗਨ ਮਨਾਈਆ । ਸਾਚਾ ਖੇੜਾ ਇਕ ਵਸਾਇਆ, ਹਰਿ ਸੰਗਤ ਵਸੀ ਚਾਈਂ ਚਾਈਂਆ । ਨੌਂ ਦੁਵਾਰੇ ਬੇੜਾ ਪਾਰ ਕਰਾਇਆ, ਦਸਮ ਦੁਵਾਰੇ ਮੇਲਾ ਮਿਲਿਆ ਸੱਚੇ ਸ਼ਹਿਨਸ਼ਾਹੀਆ । ਚੌਥੇ ਜੁਗ ਗੇੜਾ ਆਪ ਦੁਵਾਇਆ, ਗੁਰਮੁਖਾਂ ਕੱਟੇ ਲੱਖ ਚੁਰਾਸੀ ਫਾਹੀਆ । ਨੌਂ ਖੰਡ ਪ੍ਰਿਥਮੀ ਝੇੜਾ ਆਪੇ ਪਾਇਆ, ਛੇੜਾਂ ਛੇੜੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਹਰਿ ਸਾਚੀ ਕਲ ਵਰਤਾਇੰਦਾ, ਕਰੇ ਕਰਾਏ ਕਰਨੇਹਾਰ । ਲੱਖ ਚੁਰਾਸੀ ਆਪ ਭੁਲਾਇੰਦਾ, ਖੇਲੇ ਖੇਲ ਅਗੰਮ ਅਪਾਰ । ਹਰਿਜਨ ਸੋਏ ਮਾਤ ਜਗਾਇੰਦਾ, ਦੇਵੇ ਨਾਮ ਅਧਾਰ । ਸਚਖੰਡ ਦੁਵਾਰਾ ਇਕ ਸੁਹਾਇੰਦਾ, ਸੰਬਲ ਨਗਰੀ ਧਾਮ ਨਿਆਰ । ਗੁਰ ਗੋਬਿੰਦ ਨਜ਼ਰੀ ਆਇੰਦਾ, ਸ਼ਸਤਰ ਬਸਤਰ ਤਨ ਸ਼ੰਗਾਰ । ਦਸਮ ਦੁਵਾਰੀ ਕੁੰਡਾ ਲਾਹਿੰਦਾ, ਚਤੁਰਭੁਜ ਕਰੇ ਪਿਆਰ । ਗੁਰਮੁਖਾਂ ਰਾਹ ਤਕਾਇੰਦਾ, ਆਪਣੇ ਨੇਤਰ ਨੈਣ ਦਏ ਉਘਾੜ । ਫੜ ਫੜ ਬਾਹੋਂ ਗੋਦ ਉਠਾਇੰਦਾ, ਫੜ ਫੜ ਮਾਰੇ ਡਾਢੀ ਮਾਰ । ਨਾਮ ਖੰਡਾ ਇਕ ਚਮਕਾਇੰਦਾ, ਜੋਧਾ ਸੂਰਬੀਰ ਸੱਚੀ ਸਰਕਾਰ । ਸਤਿਜੁਗ ਸਾਚਾ ਮਾਰਗ ਲਾਇੰਦਾ, ਲੱਖ ਚੁਰਾਸੀ ਕਰ ਖੁਵਾਰ । ਹਰਿ ਸੰਗਤ ਤੇਰਾ ਬੇੜਾ ਆਪ ਚਲਾਇੰਦਾ, ਖੇਵਟ ਖੇਟਾ ਬਣ ਪਨਿਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਨਰ ਨਰਾਇਣ ਨਰ ਅਵਤਾਰਾ, ਨਿਰਗੁਣ ਹਰਿ ਅਖਵਾਇਆ । ਆਦਿ ਜੁਗਾਦੀ ਕਰ ਪਸਾਰਾ, ਲੋਕਮਾਤ ਵੇਖਣ ਆਇਆ । ਕਲਜੁਗ ਅੰਤਮ ਖੇਲ ਅਪਾਰਾ, ਵੇਦ ਕਤੇਬ ਭੇਵ ਨਾ ਰਾਇਆ । ਮਨ ਮਤ ਬੁੱਧ ਨਾ ਦਏ ਸਹਾਰਾ, ਲਿਖਿਆ ਲੇਖ ਨਾ ਕੋਈ ਜਣਾਇਆ । ਜਨ ਭਗਤਾਂ ਕਰੇ ਆਪ ਪਿਆਰਾ, ਆਪਣਾ ਮੇਲਾ ਆਪ ਮਿਲਾਇਆ । ਗੁਰ ਚੇਲਾ ਸੋਹੇ ਇਕ ਦੁਵਾਰਾ, ਸਾਢੇ ਤਿੰਨ ਹੱਥ ਸਾਚਾ ਮੰਦਰ ਇਕ ਸੁਹਾਇਆ । ਦਸਮ ਦੁਵਾਰੀ ਸਚ ਚੁਬਾਰਾ, ਸਤਿਗੁਰ ਬੈਠਾ ਆਸਣ ਲਾਇਆ । ਭਰਨ ਆਇਆ ਨਾਮ ਭੰਡਾਰਾ, ਹਰਿ ਸੰਗਤ ਆਪ ਵਰਤਾਇਆ । ਖ਼ਾਲੀ ਦਿਸੇ ਨਾ ਕੋਈ ਦੁਵਾਰਾ, ਜਿਸ ਜਨ ਸੋਹੰ ਰਸਨਾ ਗਾਇਆ । ਉਤਰੇ ਪਾਰ ਨਾਰੀ ਨਾਰਾ, ਨਰ ਨਰਾਇਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਪਿਆਰ ਜੁਗ ਜੁਗ ਅਵਤਾਰ, ਡੁੱਬਦੇ ਪਾਥਰ ਲਏ ਤਾਰ, ਗੁਰਮੁਖਾਂ ਬਖ਼ਸ਼ੇ ਇਕ ਦੁਵਾਰ, ਚਰਨ ਨਾਤਾ ਉਤਮ ਜ਼ਾਤਾ ਪਿਤਾ ਮਾਤਾ ਆਪ ਅਖਵਾਇਆ ।

੭੧੪
੦੮

## ੨੮ ਹਾੜ ੨੦੧੯ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ

ਰਾਮ ਨਾਮ ਅਨਮੋਲ, ਗੁਰ ਗੁਰਮੁਖਾਂ ਹੱਟ ਵਿਕਾਇੰਦਾ । ਆਪਣੇ ਕੰਡੇ ਆਪੇ ਤੋਲ, ਪੂਰਾ ਤੋਲ ਇਕ ਕਰਾਇੰਦਾ । ਆਦਿ ਜੁਗਾਦਿ ਜੁਗਾਦੀ ਜੁਗ ਅਡੋਲ, ਏਕਾ ਏਕ ਅਖਵਾਇੰਦਾ । ਸਚ ਭੰਡਾਰਾ ਸਾਚਾ ਖੋਲ੍ਹ, ਸਚ ਸਚ ਵਰਤਾਇੰਦਾ । ਸੋ ਪੁਰਖ ਨਿਰੰਜਣ ਏਕਾ ਅੱਖਰ ਬੋਲ, ਹੰ ਬ੍ਰਹਮ ਰੂਪ ਵਟਾਇੰਦਾ । ਵਸਣਹਾਰਾ ਸਦਾ ਕੋਲ, ਦਰ ਮੰਦਰ ਘਰ ਸੁਹਾਇੰਦਾ । ਆਪਣੀ ਫੁਲਵਾੜੀ ਆਪੇ ਮੌਲ, ਰੁੱਤ ਬਸੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਣਜ ਵਣਜਾਰਾ ਇਕ ਅਖਵਾਇੰਦਾ । ਰਾਮ ਨਾਮ ਸਾਚੀ ਦਾਤ, ਹਰਿਜਨ ਹੱਥ ਵਡਿਆਈਆ । ਦੇਵਣਹਾਰ ਪੁਰਖ ਅਬਿਨਾਸ਼, ਪੂਰਨ ਆਸ ਕਰਾਈਆ । ਸਾਚਾ ਲੇਖਾ ਸਵਾਸ ਸਵਾਸ, ਗੁਰ ਸਤਿਗੁਰ ਗਣਤ ਗਣਾਈਆ । ਪੂਰਬ ਲਹਿਣਾ ਧੁਰ ਧਰਵਾਸ, ਧਰ ਧਰਨੀ ਧਰਤ ਚੁਕਾਈਆ । ਲੇਖਾ ਲਿਖੇ ਪ੍ਰਿਥਮੀ ਅਕਾਸ਼, ਆਤਮ ਨਿਵਾਸ ਸਹਿਜ ਸੁਖਦਾਈਆ । ਕਰੇ ਕਰਾਏ ਪੂਰੀ ਆਸ, ਆਪ ਆਪਣੀ ਦਇਆ ਕਮਾਈਆ । ਸਦਾ ਸੁਹੇਲਾ ਵਸੇ ਪਾਸ, ਸਦ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਏਕਾ ਰਾਸ, ਮੰਡਲ ਇਕ ਸੁਹਾਈਆ । ਰਾਮ ਨਾਮ ਕਰ ਪ੍ਰਕਾਸ਼, ਪੁਰਖ ਪੁਰਖੋਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸਤ ਏਕਾ ਹੱਟ ਵਖਾਈਆ । ਰਾਮ ਨਾਮ ਨਿਰਗੁਣ ਧਾਰ, ਨਿਰਗੁਣ ਆਪ ਉਪਜਾਇੰਦਾ । ਰਾਮ ਨਾਮ ਸਰਬ ਗੁਣ ਸਾਰ, ਸਰਗੁਣ ਵਿਚ ਟਿਕਾਇੰਦਾ । ਰਾਮ ਨਾਮ ਵਣਜ ਵਪਾਰ, ਲੱਖ ਚੁਰਾਸੀ ਆਪ ਕਰਾਇੰਦਾ । ਰਾਮ ਨਾਮ ਜਗਤ ਉਰਧਾਰ, ਹਰਿ ਹਿਰਦੇ ਵਿਚ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਤਰ ਰਾਮ ਨਾਮ ਆਪ ਉਪਾਇੰਦਾ । ਰਾਮ ਨਾਮ ਸ਼ਬਦ ਸੰਦੇਸ਼, ਸਤਿਗੁਰ ਪੁਰਖ ਸੁਣਾਇੰਦਾ । ਰਾਮ ਨਾਮ ਘਟ ਘਟ ਪ੍ਰਵੇਸ, ਪਰਮ ਪੁਰਖ ਅਖਵਾਇੰਦਾ । ਰਾਮ ਨਾਮ ਨਰ ਨਰੇਸ਼, ਨਰ ਨਰਾਇਣ ਆਪ ਅਖਵਾਇੰਦਾ । ਰਾਮ ਨਾਮ ਅਵੱਲੜਾ ਵੇਸ, ਜੁਗ ਜੁਗ ਆਪ ਵਟਾਇੰਦਾ । ਸੋ ਪੁਰਖ ਨਿਰੰਜਣ ਕਰੇ ਆਦੇਸ਼, ਹੰ ਬ੍ਰਹਮ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਜਾਇੰਦਾ । ਰਾਮ ਨਾਮ ਨਾਮ ਨਿਰੰਕਾਰ, ਨਿਰਗੁਣ ਨਾਉਂ ਧਰਾਇਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸ਼ਬਦ ਸ਼ਬਦੀ ਵੇਸ ਵਟਾਇਆ । ਰੂਪ ਰੰਗ ਰੰਗ ਰੂਪ ਤੇ ਵਸਿਆ ਬਾਹਰ, ਲੇਖਾ ਲੇਖ ਨਾ ਕੋਈ ਜਣਾਇਆ । ਸਾਚਾ ਭੂਪ ਸੱਚੀ ਸਰਕਾਰ, ਸਚ ਸੁਲਤਾਨ ਗੁਣ ਨਿਧਾਨ ਸ਼ਬਦ ਅਖਵਾਇਆ । ਖੇਲੇ ਖੇਲ ਖੇਲ ਮਹਾਨ, ਮਿਹਰਬਾਨ ਭੇਵ ਨਾ ਰਾਇਆ । ਆਦਿ ਜੁਗਾਦੀ ਨੌਜੁਵਾਨ, ਨਾ ਮਰੇ ਨਾ ਜਾਇਆ । ਭੇਖਾਧਾਰੀ ਦੋ ਜਹਾਨ, ਜੁਗਾ ਜੁਗੰਤਰ ਵੇਖ ਵਖਾਇਆ । ਨਾਮ ਨਾਮਾ ਤੀਰ ਕਮਾਨ, ਖੰਡਾ ਖੜਗ ਆਪ ਉਠਾਇਆ । ਸੋ ਪੁਰਖ ਨਿਰੰਜਣ ਮਾਰੇ ਇਕ ਨਿਸ਼ਾਨ, ਹੰ ਬ੍ਰਹਮ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਆਪਣਾ ਨਾਮ ਦ੍ਰਿੜਾਇਆ । ਰਾਮ ਨਾਮ ਨਾਮ ਵਡਿਆਈ, ਹਰਿ ਸੱਚਾ ਵਡ ਵਡਿਆਇੰਦਾ । ਰਾਮ ਨਾਮ ਨਾਮ ਕੁੜਮਾਈ, ਹਰਿ ਸਤਿਗੁਰ ਆਪ ਕਰਾਇੰਦਾ । ਰਾਮ ਨਾਮ ਵੱਜੇ ਵਧਾਈ, ਗੁਰ ਸਤਿਗੁਰ ਵੇਖ ਵਖਾਇੰਦਾ । ਰਾਮ ਨਾਮ ਮੇਲ ਮਿਲਾਵਾ ਸਹਿਜ ਸੁਭਾਈ, ਘਰ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਖੇਲ ਕਰ, ਹੰ ਬ੍ਰਹਮ ਮੇਲ ਮਿਲਾਇੰਦਾ । ਰਾਮ ਨਾਮ ਨਾਮ ਗੁਣ ਨਿਧਾਨ, ਭੇਵ ਅਭੇਦ ਛੁਪਾਇਆ ।


੭੧੫
੦੮

ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਆਪ ਆਪਣਾ ਖੇਲ ਖਿਲਾਇਆ । ਭੇਵ ਨਾ ਪਾਇਣ ਵੇਦ ਪੁਰਾਨ, ਕੋਟ ਕੋਟਾਂ ਰਹੇ ਗਾਇਆ । ਖਾਣੀ ਬਾਣੀ ਨਾ ਕਰੇ ਪਛਾਣ, ਲੱਖ ਚੁਰਾਸੀ ਮੁਖ ਭੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਰਾਮ ਨਾਮ ਆਪੇ ਧਰ, ਧਰਤ ਧਵਲ ਸੁਹਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਹਰਿਜਨ ਵੇਖ ਵਖਾਇੰਦਾ । ਚਰਨ ਧੂੜ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਇੰਦਾ । ਲੱਖ ਚੁਰਾਸੀ ਚੁਕਾਏ ਡਰ, ਆਪਣਾ ਰੰਗ ਰੰਗਾਇੰਦਾ । ਆਪੇ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸੋਹੰ ਅੱਖਰ ਪੜ੍ਹ, ਏਕਾ ਰਾਗ ਅਲਾਇੰਦਾ । ਤੋੜ ਤੁੜਾਏ ਹੰਕਾਰੀ ਗੜ੍ਹ, ਗੜ੍ਹ ਹੰਕਾਰ ਰਹਿਣ ਨਾ ਪਾਇੰਦਾ । ਜਗਤ ਵਿਕਾਰਾ ਆਪੇ ਫੜ, ਆਪੇ ਮਾਰ ਮੁਕਾਇੰਦਾ । ਸ਼ਬਦ ਸਰੂਪੀ ਸਤਿਗੁਰ ਫੜਾਏ ਲੜ, ਗੁਰਮੁਖ ਰਾਮ ਨਾਮ ਫੜਾਇੰਦਾ । ਅੰਦਰ ਮੰਦਰ ਸਾਚੇ ਵੜ, ਘਰ ਸਾਚਾ ਆਪ ਸੁਹਾਇੰਦਾ । ਪੌੜੀ ਪੌੜੀ ਜਾਏ ਚੜ੍ਹ, ਚੌਥਾ ਡੰਡਾ ਹੱਥ ਰਖਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਈ ਉਪਾਇੰਦਾ । ਨਿਰਗੁਣ ਸਰਗੁਣ ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਇੰਦਾ । ਆਪਣਾ ਨਾਉਂ ਆਪੇ ਰੱਖ, ਆਪੇ ਵੇਖ ਵਖਾਈਆ । ਆਪੇ ਨਿਰਗੁਣ ਹੋ ਪ੍ਰਤੱਖ, ਸਰਗੁਣ ਰੂਪ ਵਟਾਈਆ । ਆਪ ਆਪਣਾ ਆਪ ਕਰੇ ਵੱਖ, ਅੰਗੀਕਾਰ ਆਪ ਅਖਵਾਈਆ । ਆਪੇ ਖੇਲੇ ਚਾਰ ਕੂਟ ਉਤਰ ਪੂਰਬ ਪੱਛਮ ਦੱਖਣ ਵੱਖ, ਦਹਿ ਦਿਸ਼ਾ ਆਪ ਹੋ ਜਾਈਆ । ਆਪੇ ਨਾਉਂ ਧਰਾਏ ਅਲੱਖਣਾ ਅਲੱਖ, ਅਗੰਮ ਅਗੋਚਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪੇ ਵਣਜ ਕਰਾਈਆ । ਰਾਮ ਨਾਮ ਸਚ ਵਪਾਰ, ਹਰਿ ਸਤਿਗੁਰ ਆਪ ਕਰਾਇੰਦਾ । ਕਾਗ਼ਜ਼ ਕਲਮ ਨਾ ਪਾਏ ਸਾਰ, ਮਸ ਮੁੱਖ ਸ਼ਰਮਾਇੰਦਾ । ਅਠਾਰਾਂ ਭਾਰ ਰੋਣਾ ਜ਼ਾਰੋ ਜ਼ਾਰ, ਪਤ ਡਾਲ੍ਹੀ ਦਿਸ ਨਾ ਆਇੰਦਾ । ਬ੍ਰਹਮਾ ਵੇਤਾ ਹਾਹਾਕਾਰ, ਵੇਦ ਵਿਆਸਾ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਨਾਮ ਆਪਣਾ ਆਪ ਆਪ ਵਰਤਾਇੰਦਾ । ਵਡ ਵਡਿਆਈ ਹਰਿ ਹਰਿ ਨਾਉਂ, ਲਿਖਿਆ ਲੇਖ ਨਾ ਜਾਣਿਆ । ਨਾ ਕੋਈ ਨਗਰ ਨਾ ਕੋਈ ਗਾਉਂ, ਨਾ ਦਿਸੇ ਕੋਈ ਟਿਕਾਨਿਆ । ਨਾ ਕੋਈ ਖੇੜਾ ਨਾ ਗਰਾਉਂ, ਨਾ ਕੋਈ ਜਾਣੇ ਹਰਿ ਹਰਿ ਭਾਣਿਆ । ਖੇਲੇ ਖੇਲ ਅਗੰਮ ਅਥਾਹੋ, ਜੁਗ ਜੁਗ ਹੋਏ ਮਾਤ ਪ੍ਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪੇ ਪਕੜੇ ਬਾਹੋਂ, ਧੁਰ ਮਸਤਕ ਲੇਖ ਪਛਾਣਿਆ । ਧੁਰ ਮਸਤਕ ਲੇਖਾ ਰਾਮ ਨਾਮ, ਰਤਨ ਅਮੋਲਕ ਹੀਰਾ ਲਾਲ । ਕਰਨੀ ਕਰਤਾ ਪੂਰਾ ਕਰੇ ਕਾਮ, ਆਦਿ ਜੁਗਾਦੀ ਦੀਨ ਦਿਆਲ । ਸ਼ਬਦ ਅਨਾਦੀ ਸਾਚੀ ਤੂਰ, ਨਾਦ ਤੂਰਤ ਵਜਾਏ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਬ੍ਰਹਿਮਾਦੀ ਏਕਾ ਨਾਮ ਆਦਿ ਜੁਗਾਦੀ, ਜੁਗ ਜੁਗ ਚਲੇ ਚਲਾਏ ਆਪਣੀ ਚਾਲ । ਆਦਿ ਜੁਗਾਦੀ ਹਰਿ ਕਾ ਨਾਮ, ਹਰਿ ਹਰਿ ਆਪ ਧਰਾਇਆ । ਜੁਗ ਜੁਗ ਪੂਰਨ ਕਰੇ ਕਾਮ, ਕਾਰਜ ਕਰਦਾ ਆਇਆ । ਜਗਤ ਮੇਟੇ ਅੰਧੇਰੀ ਸ਼ਾਮ, ਸਾਚਾ ਚੰਦ ਚੜ੍ਹਾਇਆ । ਜਨ ਭਗਤਾਂ ਪਿਆਏ ਏਕਾ ਜਾਮ, ਤ੍ਰਿਸ਼ਨਾ ਤ੍ਰਿਖਾ ਮਿਟਾਇਆ । ਸਾਚਾ ਪੱਲੇ ਬੰਨੇ ਦਾਮ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਨਾਮ ਇਕ ਸਲਾਹਿਆ । ਰਾਮ ਨਾਮ ਸਿਫ਼ਤ ਸਲਾਹੇ, ਸਾਗਰ ਸਿੰਧ ਸੰਸਾਰਿਆ । ਹਰਿਜਨ ਬਣੇ ਆਪ ਮਲਾਹੇ, ਬੇੜਾ ਕਰੇ ਪਾਰ ਕਿਨਾਰਿਆ । ਵੇਖ ਵਖਾਏ ਥਾਉਂ ਥਾਉਂ, ਦਹਿ ਦਿਸ਼ਾ

ਪਾਵੇ ਸਾਰਿਆ । ਪਕੜ ਉਠਾਏ ਫੜ ਫੜ ਬਾਹੋਂ, ਆਪ ਆਪਣੀ ਸੇਵ ਕਮਾ ਰਿਹਾ । ਕਲਜੁਗ ਕਰੇ ਸਚ ਨਿਆਉਂ, ਕੂੜੀ ਕਿਰਿਆ ਵੇਖ ਵਖਾ ਰਿਹਾ । ਸੋਹੰ ਜਪਾਏ ਸਾਚਾ ਨਾਉਂ, ਸੋ ਪੁਰਖ ਨਿਰੰਜਣ ਵੇਸ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਨਾਮ ਨਾਮ ਅਦੇਸ, ਜਨ ਭਗਤਾਂ ਦੇਵੇ ਸਚ ਸੰਦੇਸ਼, ਸ਼ਬਦ ਸੁਨੇਹੜਾ ਇਕ ਸੁਣਾ ਰਿਹਾ । ਸ਼ਬਦ ਸੁਨੇਹੜਾ ਧੁਰ ਦਰਬਾਰ, ਗੁਰ ਸਤਿਗੁਰ ਆਪ ਜਣਾਈਆ । ਪਤਿਪਰਮੇਸ਼ਵਰ ਕਰ ਪਿਆਰ, ਗੁਰਮੁਖ ਗੁਰ ਵੇਖ ਵਖਾਈਆ । ਦੀਵਾ ਬਾਤੀ ਕਮਲਾਪਾਤੀ ਕਰ ਕਰ ਉਜਿਆਰ, ਅੰਧੇਰੀ ਰਾਤੀ ਮੇਟ ਮਿਟਾਈਆ । ਬੂੰਦ ਸਵਾਂਤੀ ਠੰਡੀ ਠਾਰ, ਆਪਣਾ ਨਾਉਂ ਪਿਆਈਆ । ਧੁਨ ਅਨਾਦ ਸ਼ਬਦ ਜੈਕਾਰ, ਸੋਹੰ ਸਚ ਪੜ੍ਹਾਈਆ । ਮੋਹਣ ਮਾਧਵ ਮਾਧੀ ਰੂਪ ਅਪਾਰ, ਨਿਰਭੈ ਰੂਪ ਇਕ ਦਰਸਾਈਆ । ਆਦਿ ਜੁਗਾਦੀ ਸਾਚੀ ਕਾਰ, ਜੁਗ ਜੁਗ ਵੇਸ ਵਟਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਇਕੱਲਾ ਖ਼ਬਰਦਾਰ, ਦੂਜੀ ਕੁਦਰਤ ਵਿਚ ਸਮਾਈਆ । ਤਿਨ੍ਹਾਂ ਲੋਕਾਂ ਕਰ ਵਿਚਾਰ, ਚੌਥੇ ਘਰ ਕਰੇ ਕੁੜਮਾਈਆ । ਪੰਚਮ ਸੋਹੇ ਬੰਕ ਦੁਵਾਰ, ਛੇਵੇਂ ਛੱਪਰ ਨਾ ਕੋਈ ਸੁਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਮੀਤ ਮੁਰਾਰ, ਸਾਂਤਕ ਸਤਿ ਸਤਿ ਵਰਤਾਈਆ । ਅਠਵੇਂ ਤੱਤਾਂ ਅੱਠਾਂ ਵਸਿਆ ਬਾਹਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨੌਂ ਦੁਵਾਰ ਨਾ ਕੋਈ ਕਿਵਾੜ, ਨੌਂ ਨੌਂ ਨਾ ਕੋਈ ਵਡਿਆਈਆ । ਦਸਮ ਦੁਵਾਰੀ ਖੋਲ੍ਹ ਕਿਵਾੜ, ਆਪ ਆਪਣਾ ਰੂਪ ਵਟਾਈਆ । ਇਕ ਗਿਆਰਾਂ ਕਰ ਪਿਆਰ, ਦਸ ਦਸ ਵੱਜੇ ਵਧਾਈਆ । ਲੇਖਾ ਜਾਣੇ ਗਿਆਰਾਂ ਹਾੜ, ਵਦੀ ਸੁਦੀ ਨਾ ਲੇਖ ਜਣਾਈਆ । ਜਗਤ ਬਿਕ੍ਰਮੀ ਨਾ ਕੋਈ ਪਿਆਰ, ਨਾ ਈਸਵੀ ਕਰੇ ਕੁੜਮਾਈਆ । ਪੁਰਖ ਅਗੰਮਾ ਖੇਲ ਅਪਾਰ, ਆਪ ਅਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਾ ਰੂਪ ਆਪੇ ਧਰ, ਰਾੜਾ ਰਾੜ ਸਰਬ ਮਿਟਾਈਆ । ਇਕ ਇਕ ਇਕ ਅਕਾਰ, ਏਕਾ ਏਕ ਰੰਗ ਰੰਗਾਇਆ । ਦਸਮ ਦੁਵਾਰੀ ਵਿਚ ਸੰਸਾਰ, ਮਾਨਸ ਮਨੁੱਖ ਖੇਲ ਖਲਾਇਆ । ਏਕਾ ਏਕ ਆਏ ਜਾਏ ਬਾਹਰ, ਆਵਤ ਜਾਵਤ ਦਿਸ ਨਾ ਆਇਆ, ਏਕਾ ਨਿਰਗੁਣ ਨਿਰਗੁਣ ਧਾਰ, ਏਕਾ ਸਰਗੁਣ ਸਰਗੁਣ ਮੇਲ ਮਿਲਾਇਆ । ਏਕਾ ਏਕ ਸਰਗੁਣ ਛੁਟਿਆ ਸੰਸਾਰ, ਏਕਾ ਏਕ ਨਿਰਗੁਣ ਵਿਚ ਟਿਕਾਇਆ । ਅਭੇਵ ਅਭੇਦਾ ਭੇਵ ਕਰਤਾਰ, ਹਰਿ ਕਾ ਰੂਪ ਆਪ ਹੋ ਜਾਇਆ । ੜਾੜਾ ਲੇਖ ਨਾ ਜਾਣੇ ਜੀਵ ਗਵਾਰ, ਬ੍ਰਹਮਾ ਵੇਤਾ ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਹੋ ਉਜਿਆਰ, ਆਪ ਆਪਣਾ ਰੰਗ ਰੰਗਾਇਆ । ਕਲਜੁਗ ਅੰਤਮ ਹਰਿ ਨਿਰੰਕਾਰ, ਦੀਵਾ ਬਾਤੀ ਇਕ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕ ਜੁੜਿਆ ਜੋੜਾ, ਜੋੜੀ ਜੋੜ ਆਪ ਜੁੜਾਇਆ । ਇਕ ਹਰਿ ਇਕ ਨਰ, ਇਕ ਇਕ ਨਾਲ ਬੰਧਾਈਆ । ਇਕ ਗੁਰ ਇਕ ਅਵਤਾਰ ਏਕਾ ਘਰ ਕਰੇ ਕੁੜਮਾਈਆ । ਏਕਾ ਗੁਰਮੁਖ ਲਏ ਵਰ, ਏਕਾ ਘਰ ਵੱਜੇ ਵਧਾਈਆ । ਏਕਾ ਗੁਰਸਿਖ ਪੱਲਾ ਲਏ ਫੜ, ਏਕਾ ਸਤਿਗੁਰ ਰੂਪ ਵਟਾਈਆ । ਏਕਾ ਇਕ ਅੱਖਰ ਲਏ ਪੜ੍ਹ, ਏਕਾ ਕਰੇ ਨਾਉਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕ ਬਣ ਗਿਆਰਾਂ, ਲੇਖਾ ਜਾਣੇ ਹਾੜ ਗਿਆਰਾਂ, ਯਾਰ ਯਾਰਾਂ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਜੁਗ ਜਗਤ ਜੁਗਤ ਆਪਣੇ ਹੱਥ ਰਖਾਈਆ ।

## (੨੯-੩੦ ਹਾੜ ੨੦੧੯ ਬਿਕ੍ਰਮੀ) ਦਿਲੀ ਸਿੰਘਾਸਣ ਦਰਬਾਰ ਵਿਚ

ਨਿਰਾਕਾਰ ਨਿਰੰਕਾਰ, ਨਿਰਗੁਣ ਰੂਪ ਸਮਾਇੰਦਾ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਬੇਪਰਵਾਹ ਭੇਵ ਨਾ ਆਇੰਦਾ । ਆਦਿ ਨਿਰੰਜਣ ਖੇਲ ਅਪਾਰ, ਆਦਿ ਜੁਗਾਦੀ ਖੇਲ ਖਿਲਾਇੰਦਾ । ਪਾਰਬ੍ਰਹਮ ਪੁਰਖ ਕਰਤਾਰ, ਪੁਰਖ ਪੁਰਖੋਤਮ ਵੇਸ ਵਟਾਇੰਦਾ । ਸਤਿ ਸਰੂਪ ਸਤਿ ਜੈਕਾਰ, ਨਾਦ ਅਨਾਦੀ ਧੁਨ ਉਪਜਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਨਾਮ ਜੈਕਾਰਾ ਇਕ ਲਗਾਇੰਦਾ । ਮਹੱਲ ਅਟੱਲ ਉਚ ਮਿਨਾਰ, ਅਗੰਮ ਅਥਾਹ ਬੇਪਰਵਾਹ ਆਪ ਵਸਾਇੰਦਾ । ਥਿਰ ਘਰ ਸੋਹੇ ਬੰਕ ਦੁਵਾਰ, ਬੰਕ ਦੁਵਾਰੀ ਆਪ ਸੁਹਾਇੰਦਾ । ਛੱਪਰ ਛੰਨ ਨਾ ਕੋਈ ਦੀਵਾਰ, ਨਾ ਕੋਈ ਬਾਢੀ ਬਣਤ ਬਣਾਇੰਦਾ । ਇਕ ਇਕੱਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਜੋਤੀ ਦੀਪਕ ਕਰ ਉਜਿਆਰ, ਆਪ ਆਪਣਾ ਡਗਮਗਾਇੰਦਾ । ਕਮਲਾਪਾਤੀ ਖੇਲ ਅਪਾਰ, ਸਾਚੀ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਨਿਰਾਕਾਰ ਨਾਉਂ ਧਰਾਇੰਦਾ । ਨਿਰਾਕਾਰ ਪੁਰਖ ਅਕਾਲ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਜੁਗ ਵੇਸ ਵਟਾਇਆ । ਚਲੇ ਚਲਾਏ ਅਵੱਲੜੀ ਚਾਲ, ਚਾਲ ਨਿਰਾਲੀ ਆਪ ਚਲਾਇਆ । ਆਪਣੀ ਕਰੇ ਆਪ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਰਖਾਇਆ । ਆਪਣੇ ਮੰਦਰ ਆਪਣਾ ਦੀਪਕ ਆਪੇ ਬਾਲ, ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸੱਚਾ ਸ਼ਾਹ ਸ਼ਹਿਨਸ਼ਾਹ ਸ਼ਾਹ ਸੁਲਤਾਨ ਨਾਉਂ ਧਰਾਇਆ । ਨਿਰਗੁਣ ਸ਼ਾਹੋ ਸਚ ਸੁਲਤਾਨ, ਹਰਿ ਹਰਿ ਆਪ ਅਖਵਾਇੰਦਾ । ਖੇਲੇ ਖੇਲ ਦੋ ਜਹਾਨ, ਆਪ ਆਪਣੀ ਰਚਨ ਰਚਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੁਨੇਹੁੜਾ ਆਪ ਸੁਣਾਇੰਦਾ । ਦਾਤਾ ਦਾਨੀ ਵਡ ਮਿਹਰਬਾਨ, ਆਪ ਆਪਣੀ ਦਇਆ ਕਮਾਇੰਦਾ । ਆਪੇ ਵਸੇ ਮੰਦਰ ਸਚ ਮਕਾਨ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰੰਕਾਰ ਨਿਰਗੁਣ ਵੇਸ ਆਪਣਾ ਆਪ ਵਟਾਇੰਦਾ । ਨਿਰਗੁਣ ਧਾਰ ਨਿਰਗੁਣ ਰੂਪ, ਨਿਰਗੁਣ ਵੇਖ ਵਖਾਈਆ । ਨਿਰਗੁਣ ਦਾਤਾ ਸਤਿ ਸਰੂਪ, ਘਰ ਸਾਚੇ ਬੈਠਾ ਆਸਣ ਲਾਈਆ । ਨਿਰਗੁਣ ਵਸੇ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਨਿਰਗੁਣ ਆਪੇ ਜਾਏ ਤੁਠ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰਾਧਾਰ ਏਕਾ ਰੰਗ ਰੰਗਾਈਆ । ਏਕਾ ਰੰਗ ਪੁਰਖ ਕਰਤਾਰ, ਆਪਣਾ ਆਪ ਰੰਗਾਇੰਦਾ । ਖੇਲੇ ਖੇਲ ਅਪਰ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਮਹੱਲ ਅਟੱਲ ਉਚ ਮਿਨਾਰ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਸ਼ਾਹੋ ਭੂਪ ਸੁਲਤਾਨ ਵਡ ਸਿਕਦਾਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਇੰਦਾ । ਰਵ ਸਸ ਨਾ ਕੋਈ ਸਿਤਾਰ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਏਕਾ ਦੀਪਕ ਕਰ ਉਜਿਆਰ, ਏਕਾ ਘਰ ਲਟਕਾਇੰਦਾ । ਏਕਾ ਗਾਏ ਗਾਵਣਹਾਰ, ਸੁਰ ਤਾਲ ਨਾ ਕੋਈ ਵਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਪਿਆਰ, ਕਰੋੜ ਤੇਤੀਸਾ ਨਾ ਕੋਇ ਸੰਗ ਰਖਾਇੰਦਾ । ਨਿਰਗੁਣ ਰੂਪ ਅਪਰ ਅਪਾਰ, ਆਪ ਆਪਣੇ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਉਂ ਧਰਾਇੰਦਾ । ਅਜੂਨੀ ਰਹਿਤ ਮੂਰਤ ਅਕਾਲ, ਏਕਾ ਏਕੰਕਾਰਿਆ । ਸੰਗ ਰਖਾਏ ਕਾਲ ਮਹਾਂਕਾਲ, ਖੰਡ ਸਚ

ਬੰਕ ਦੁਵਾਰਿਆ । ਆਪਣਾ ਫਲ ਆਪੇ ਲਾਏ ਡਾਲ੍ਹ, ਆਪ ਆਪਣੀ ਰੁੱਤ ਸੁਹਾ ਲਿਆ । ਆਪਣਾ ਅੰਮ੍ਰਿਤ ਭਰੇ ਆਪਣੇ ਤਾਲ, ਤਾਲ ਸੁਹਾਵਾ ਇਕ ਉਪਾ ਰਿਹਾ । ਆਪਣਾ ਦੀਪਕ ਆਪੇ ਬਾਲ, ਆਪੇ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਸ ਨਰ ਨਰੇਸ਼, ਏਕਾ ਏਕ ਕਰਾ ਰਿਹਾ । ਨਰ ਨਰੇਸ਼ ਨਿਰੰਕਾਰ, ਨਿਰਾਕਾਰ ਅਖਵਾਇੰਦਾ । ਜੋਤੀ ਜਾਮਾ ਭੇਖ ਅਪਾਰ, ਭੇਵ ਕੋਈ ਨਾ ਪਾਇੰਦਾ । ਆਪੇ ਨਾਰੀ ਕੰਤ ਭਤਾਰ, ਆਪ ਆਪਣੀ ਸੇਜ ਹੰਢਾਇੰਦਾ । ਆਪ ਆਪਣਾ ਕਰ ਪਿਆਰ, ਆਪੇ ਮੇਲ ਮਿਲਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਿਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰਗੁਣ ਨਰ ਨਰਾਇਣ ਏਕਾ ਰੰਗ ਰੰਗਾਇੰਦਾ । ਸਰਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਜੋਤੀ ਜੋਤ ਕਰ ਪਸਾਰ, ਜੋਤੀ ਜੋਤ ਵਿਚ ਟਿਕਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਹੱਡ ਮਾਸ ਨਾੜੀ ਚੰਮੜਾ ਨਾ ਕਰੇ ਕੋਈ ਤਿਆਰ, ਰਕਤ ਬੂੰਦ ਨਾ ਕੋਈ ਟਿਕਾਈਆ । ਸੁੱਤ ਅਨਾਦੀ ਖ਼ਬਰਦਾਰ, ਆਪ ਆਪਣਾ ਸੰਗ ਰਖਾਈਆ । ਹੰ ਬ੍ਰਹਮ ਬ੍ਰਹਿਮਾਦੀ ਹੋ ਤਿਆਰ, ਰੂਪ ਅਨੂਪਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਸਾਕਾਰ ਆਪ ਹੋ ਜਾਈਆ । ਨਿਰਾਕਾਰ ਪੁਰਖ ਕਰਤਾਰ, ਏਕਾ ਵੇਸ ਵਟਾਇਆ । ਸਾਕਾਰ ਖੇਲੇ ਖੇਲ ਅਗੰਮ ਅਪਾਰ, ਅੰਗੀ ਅੰਗੀ ਕਾਰ ਕਰਾਇਆ । ਇਕ ਮਰਦੰਗ ਵੱਜੇ ਅਪਾਰ, ਵਜਾਵਣਹਾਰਾ ਦਿਸ ਨਾ ਆਇਆ । ਖੇਲੇ ਖੇਲ ਖੇਲਣਹਾਰ, ਆਪ ਆਪਣਾ ਖੇਲ ਖਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਸਤਿ ਸਰੂਪ, ਵਿਸ਼ਨੂੰ ਵਿਸ਼ਨੂੰ ਨਾਉਂ ਧਰਾਇਆ । ਵਿਸ਼ਨੂੰ ਰੂਪ ਅਨੂਪ ਅਨੂਪਾ, ਆਪਣਾ ਆਪ ਵਟਾਇੰਦਾ । ਨਿਰਗੁਣ ਹੋਇਆ ਸਤਿ ਸਰੂਪਾ, ਸਾਚੀ ਧਾਰ ਬੰਧਾਇੰਦਾ । ਵੇਖਣਹਾਰਾ ਚਾਰੇ ਕੂਟਾ, ਆਪ ਆਪਣਾ ਦਰ ਸੁਹਾਇੰਦਾ । ਆਪੇ ਭਰਿਆ ਆਪਣਾ ਠੂਠਾ, ਅੰਮ੍ਰਿਤ ਆਪਣੇ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਅਬਿਨਾਸ਼ੀ ਕਰਤਾ ਇਕ ਅਖਵਾਇੰਦਾ । ਅਬਿਨਾਸ਼ੀ ਕਰਤਾ ਖੇਲ ਅਵੱਲਾ, ਆਪਣਾ ਆਪ ਕਰਾਇਆ । ਆਪ ਵਸਾਇਆ ਸਚ ਮਹੱਲਾ, ਏਕਾ ਦਰ ਸੁਹਾਇਆ । ਆਪਣੀ ਜੋਤੀ ਆਪੇ ਰਲਾ, ਆਪਣਾ ਬੀਜ ਬਿਜਾਇਆ । ਆਪਣਾ ਸਿੰਘਾਸਣ ਆਪੇ ਮੱਲਾ, ਆਪੇ ਡੇਰਾ ਲਾਇਆ । ਆਪਣਾ ਫੜਿਆ ਆਪੇ ਪੱਲਾ, ਆਪਣੇ ਨਾਉਂ ਧਰਾਇਆ । ਆਪੇ ਕਰੇ ਵਲ ਛੱਲਾ, ਵਲ ਛਲ ਧਾਰੀ ਆਪ ਹੋ ਜਾਇਆ । ਆਪੇ ਧਾਰੇ ਆਪਣਾ ਬਲਾ, ਆਪ ਆਪਣਾ ਬਲ ਰਖਾਇਆ । ਨਿਰਗੁਣ ਰੂਪ ਸਤਿ ਸਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਵੇਸ ਵਟਾਇਆ । ਵੇਸ ਵਟਾਇਆ ਵਿਸ਼ਨੂੰ ਧਾਰ, ਅਕਲ ਕਲਾ ਵਡਿਆਈਆ । ਪੁਰਖ ਅਬਿਨਾਸ਼ੀ ਭੇਵ ਨਿਆਰ, ਭੇਵ ਕੋਈ ਨਾ ਪਾਈਆ । ਅੰਮ੍ਰਿਤ ਭਰਿਆ ਸਚ ਭੰਡਾਰ, ਸਾਚਾ ਦਰ ਸੁਹਾਈਆ । ਕਵਲ ਕਵਲਾ ਕਰ ਤਿਆਰ, ਕਵਲ ਮੁਖ ਸੁਹਾਈਆ । ਵੇਖਣਹਾਰਾ ਸਿਰਜਣਹਾਰ, ਨਾ ਕੋਈ ਦੂਸਰ ਸੰਗ ਰਖਾਈਆ । ਆਦਿ ਨਿਰੰਜਣ ਹੋ ਉਜਿਆਰ, ਜੋਤੀ ਜੋਤ ਡਗਮਗਾਈਆ । ਖੇਲੇ ਖੇਲ ਅਪਰ ਅਪਾਰ, ਆਪ ਆਪਣੀ ਦਇਆ ਕਮਾਈਆ । ਨਾਭੀ ਫੁੱਟੀ ਆਇਆ ਬਾਹਿਰ, ਪੰਖੜੀਆਂ ਮੁਖ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਚਾਰ ਵੇਖ ਵਖਾਈਆ । ਕਵਲ ਫੁਲ ਫੁਲ ਉਜਿਆਰ, ਹਰੀ ਹਰਿ ਆਪ ਕਰਾਇੰਦਾ । ਕਮਲਾਪਾਤੀ ਖੇਲ ਅਪਾਰ,

ਬੂੰਦ ਸਵਾਂਤੀ ਵਿਚ ਟਿਕਾਇੰਦਾ । ਇਕ ਇਕਾਂਤੀ ਪਾਵੇ ਸਾਰ, ਆਪ ਆਪਣਾ ਮੇਲ ਮਿਲਾਇੰਦਾ । ਪੁਰਖ ਬਿਧਾਤੀ ਭੇਵ ਨਿਆਰ, ਪਾਰਬ੍ਰਹਮ ਭੇਵ ਨਾ ਆਇੰਦਾ । ਉਤਮ ਜ਼ਾਤੀ ਕਰ ਉਜਿਆਰ, ਆਪ ਆਪਣਾ ਮੁਖ ਖੁਲ੍ਹਾਇੰਦਾ । ਹੰ ਬ੍ਰਹਮ ਇਕ ਪਸਾਰ, ਪਾਰਬ੍ਰਹਮ ਆਪਣਾ ਰੂਪ ਵਟਾਇੰਦਾ । ਚਾਰੇ ਮੁਖ ਕਰ ਉਜਿਆਰ, ਚਾਰੇ ਕੁੰਟਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਸਾਚਾ ਇਕ ਸੁਹਾਇੰਦਾ । ਹਰੀ ਹਰਿ ਹਰਿ ਹਰਿ ਰੂਪ, ਹਰਿ ਹਰਿ ਵੇਖ ਵਖਾਈਆ । ਪਾਰਬ੍ਰਹਮ ਸਤਿ ਸਰੂਪ, ਬ੍ਰਹਮ ਬ੍ਰਹਮ ਉਪਜਾਈਆ । ਦਾਤਾ ਦਾਤਾਰ ਸ਼ਾਹੋ ਭੂਪ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਆਦਿ ਜੁਗਾਦਿ ਜੁਗਾ ਜੁਗੰਤ ਜੁਗ ਜੁਗ ਆਪਣੀ ਖੇਲ ਆਪਣੇ ਹੱਥ ਰਖਾਈਆ । ਆਪ ਉਪਾਏ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਆਦਿ ਆਪੇ ਜੁਗਾਦਿ, ਆਪ ਆਪਣਾ ਨਾਉਂ ਰਖਾਈਆ । ਆਪੇ ਸ਼ਬਦ ਆਪੇ ਨਾਦ, ਆਪੇ ਤੁਰੀਆ ਤੂਰਤ ਨਾਦ ਵਜਾਈਆ । ਆਪੇ ਮੋਹਣ ਮਾਧਵ ਮਾਧ, ਰੂਪ ਅਨੂਪ ਆਪ ਦਰਸਾਈਆ । ਆਪੇ ਨਿਰਗੁਣ ਸਰਗੁਣ ਲਏ ਲਾਧ, ਨਿਰਾਕਾਰ ਸਾਕਾਰ ਆਪ ਹੋ ਜਾਈਆ । ਆਪੇ ਆਪਣਾ ਆਪ ਰਿਹਾ ਅਰਾਧ, ਆਪੇ ਆਪਣੀ ਸੇਵ ਕਮਾਈਆ । ਆਪੇ ਜਾਣੇ ਭੇਦ ਬੋਧ ਅਗਾਧ, ਆਪ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਏਕੰਕਾਰ, ਇਕ ਇਕੱਲਾ ਕਰ ਪਸਾਰ, ਜੁਗਾ ਜੁਗੰਤਰ ਪਾਵੇ ਸਾਰ, ਜੁਗ ਕਰਤਾ ਆਪ ਹੋ ਜਾਈਆ । ਜਗ ਕਰਤਾ ਹਰਿ ਕਰਨੇਹਾਰਾ, ਪਾਰਬ੍ਰਹਮ ਅਖਵਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਜੁਗ ਜੁਗ ਵੇਸ ਵਟਾਇੰਦਾ । ਆਪੇ ਉਤਪਤ ਕਰਨੇਹਾਰਾ, ਆਪੇ ਮੇਟ ਮਿਟਾਇੰਦਾ । ਆਪੇ ਵਿਸ਼ਨੂੰ ਵੇਸ ਨਿਆਰਾ, ਆਪਣਾ ਆਪ ਵਟਾਇੰਦਾ । ਆਪੇ ਬ੍ਰਹਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਅਖਵਾਇੰਦਾ । ਆਦਿ ਜੁਗਾਦੀ ਏਕੰਕਾਰਾ, ਅਕਲ ਕਲਾ ਵਰਤਾਇੰਦਾ । ਲੇਖਾ ਲਿਖੇ ਨਾ ਕੋਈ ਸੰਸਾਰਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਇਕ ਇਕੱਲਾ ਸਚ ਮਹੱਲਾ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਚਖੰਡ ਦੁਵਾਰ ਦਰਵਾਜਾ ਗ਼ਰੀਬ ਨਿਵਾਜਾ ਏਕਾ ਏਕ ਖੁਲ੍ਹਾਇੰਦਾ । ਸਚਖੰਡ ਦੁਵਾਰ ਦਰ ਦਰਵੇਸ਼, ਏਕਾ ਏਕੰਕਾਰਿਆ । ਪੁਰਖ ਅਬਿਨਾਸ਼ੀ ਨਰ ਨਰੇਸ਼, ਸਤਿ ਸੁਲਤਾਨ ਆਪ ਅਖਵਾ ਰਿਹਾ । ਆਪੇ ਬ੍ਰਹਮਾ ਆਪੇ ਵਿਸ਼ਨ ਹੋਏ ਮਹੇਸ਼, ਆਪ ਆਪਣਾ ਵੇਖ ਵਿਖਾ ਰਿਹਾ । ਆਪੇ ਸ਼ੰਕਰ ਬਣ ਕਰੇ ਅਦੇਸ, ਆਪੇ ਨਿਉਂ ਨਿਉਂ ਸੀਸ ਝੁਕਾ ਰਿਹਾ । ਆਪੇ ਬਾਸ਼ਕ ਤਸ਼ਕਾ ਹੋਏ ਸ਼ੇਸ਼, ਆਪੇ ਸੇਜ ਹੰਢਾ ਰਿਹਾ । ਆਪੇ ਜੁਗਾ ਜੁਗੰਤ ਕਰੇ ਵੇਸ, ਵੇਸ ਅਨੇਕਾ ਆਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਦਿ ਜੁਗਾਦੀ ਨਾਦ ਅਨਾਦੀ ਅਖਵਾ ਰਿਹਾ । ਆਪਣਾ ਨਾਉਂ ਰੱਖ ਕਰਤਾਰ, ਨਿਰਗੁਣ ਆਪ ਉਪਜਾਇੰਦਾ । ਸ਼ਬਦ ਅਗੰਮੀ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵੇਤਾ ਕਰ ਪਿਆਰ, ਬ੍ਰਹਮ ਬ੍ਰਹਮ ਸਮਝਾਇੰਦਾ । ਏਕਾ ਸ਼ਬਦ ਇਕ ਧੁਨਕਾਰ, ਏਕਾ ਧੁਨੀ ਨਾਦ ਵਜਾਇੰਦਾ । ਚਾਰੇ ਮੁਖ ਮੁਖ ਉਜਿਆਰ, ਮੁਖ ਕਵਲਾ ਆਪ ਖੁਲ੍ਹਾਇੰਦਾ । ਬੋਧ ਅਗਾਧੀ ਏਕਾ ਧਾਰ, ਸ਼ਬਦ ਅਨਾਦੀ ਨਾਦ ਵਜਾਇੰਦਾ । ਲੇਖਾ ਲਿਖਿਆ ਹਰਿ ਅਪਾਰ, ਆਪਣਾ ਲੇਖ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਆਪ ਹੋ ਜਾਇੰਦਾ । ਏਕਾ ਰੰਗ ਪੁਰਖ ਕਰਤਾਰਾ, ਏਕਾ ਰੂਪ ਸਮਾਈਆ । ਏਕਾ ਨਿਰਗੁਣ

੭੨੦
੦੮

ਖੇਲ ਅਪਾਰਾ, ਏਕਾ ਸਰਗੁਣ ਵੇਸ ਵਟਾਈਆ । ਏਕਾ ਮੇਲਾ ਵਿਚ ਸੰਸਾਰ, ਏਕਾ ਸਾਚੀ ਰਚਨ ਰਚਾਈਆ । ਏਕਾ ਲੋਆਂ ਪੁਰੀਆਂ ਦਏ ਸਹਾਰ, ਏਕਾ ਮੰਡਲ ਮੰਡਪ ਰਿਹਾ ਸੁਹਾਈਆ । ਏਕਾ ਜੋਤੀ ਨੂਰ ਰਵ ਸਸ ਸਤਾਰ, ਆਪ ਆਪਣੀ ਦਇਆ ਕਮਾਈਆ । ਏਕਾ ਪੁਰਖ ਏਕਾ ਨਾਰ, ਏਕਾ ਕੰਤ ਸੁਹਾਗ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ, ਜੁਗਤ ਜੁਗ ਜਗਤ ਆਪਣੇ ਹੱਥ ਰਖਾਈਆ ।

✪ (੨੯-੩੦ ਹਾੜ ੨੦੧੬ ਬਿਕ੍ਰਮੀ) ਪ੍ਰੀਤਮ ਸਿੰਘ ਦੇ ਘਰ ੧੨ ਏ ੧੬ ਵੈਸਟ ਈਸਟ ਏਰੀਆ ਦਿਲੀ ✪

ਹਰਿ ਕਿਰਪਾ ਹਰਿ ਜਾਣਿਆ, ਪਾਰਬ੍ਰਹਮ ਗੁਰ ਕਰਤਾਰ । ਹਰਿ ਕਿਰਪਾ ਹਰਿ ਪਛਾਣਿਆ, ਨਿਰਗੁਣ ਜੋਤ ਸ਼ਬਦ ਅਧਾਰ । ਹਰਿ ਕਿਰਪਾ ਹਰਿ ਸੰਗਤ ਮਾਨਿਆ, ਮੇਲ ਮਿਲਾਵਾ ਸਿਰਜਣਹਾਰ । ਹਰਿ ਕਿਰਪਾ ਖੇਲ ਦੋ ਜਹਾਨਿਆ, ਖੇਲ ਖਲਾਏ ਗਿਰਵਰ ਗਿਰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਪਰਵਾਨਿਆ । ਹਰਿ ਕਿਰਪਾ ਹਰਿ ਪੇਖਿਆ, ਆਤਮ ਅੰਤਰ ਮੀਤ । ਹਰਿ ਕਿਰਪਾ ਹਰਿ ਵੇਖਿਆ, ਸਤਿਗੁਰ ਠਾਂਡਾ ਸੀਤ । ਹਰਿ ਭਗਤਨ ਹਰਿ ਭਗਤੀ ਲੇਖਿਆ, ਆਦਿ ਜੁਗਾਦੀ ਪਤਿਤ ਪੁਨੀਤ । ਹਰਿ ਕਿਰਪਾ ਹਰਿ ਧਾਰੇ ਭੇਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਗਾਏ ਸੁਹਾਗੀ ਗੀਤ । ਹਰਿ ਕਿਰਪਾ ਹਰਿ ਪਾਇਆ, ਸਤਿਗੁਰ ਸੱਜਣ ਸ਼ਾਹ । ਹਰਿ ਕਿਰਪਾ ਦਰ ਖੁਲ੍ਹਾਇਆ, ਪ੍ਰਭ ਮਿਲਿਆ ਬੇਪਰਵਾਹ । ਹਰਿ ਕਿਰਪਾ ਘਰ ਵਸਾਇਆ, ਲੇਖਾ ਚੁਕਾ ਅਗੰਮ ਅਥਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਬਣੇ ਮਲਾਹ । ਹਰਿ ਕਿਰਪਾ ਹਰਿ ਰੂਪ ਹੈ, ਹਰਿ ਹਰਿ ਰੰਗ ਸਮਾਏ । ਹਰਿ ਕਿਰਪਾ ਮੇਲਾ ਸਤਿਗੁਰ ਸ਼ਾਹੋ ਭੂਪ ਹੈ, ਜਨ ਹਰਿ ਸਾਚੇ ਮੇਲ ਮਿਲਾਏ । ਹਰਿ ਕਿਰਪਾ ਲੇਖਾ ਚੁੱਕੇ ਚਾਰੋਂ ਕੂਟ ਹੈ, ਦਹਿ ਦਿਸ਼ਾ ਪੰਧ ਮੁਕਾਏ । ਹਰਿ ਕਿਰਪਾ ਨਾਤਾ ਤੁਟੇ ਜੂਠ ਝੂਠ ਹੈ, ਘਰ ਸਾਚੇ ਸਚ ਵਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਵੇਖ ਵਖਾਏ । ਹਰਿ ਮੰਦਰ ਹਰਿ ਬੋਲਿਆ, ਨਿਰਗੁਣ ਸ਼ਬਦ ਜੈਕਾਰ । ਪੁਰਖ ਅਬਿਨਾਸ਼ੀ ਪਰਦਾ ਖੋਲ੍ਹਿਆ, ਨਿਰਗੁਣ ਬਾਤੀ ਕਰ ਉਜਿਆਰ । ਨਾਮ ਵਸਤ ਕੰਡੇ ਤੋਲਿਆ, ਤੋਲਣਹਾਰ ਅਪਰ ਅਪਾਰ । ਆਦਿ ਜੁਗਾਦਿ ਕਦੇ ਨਾ ਡੋਲਿਆ, ਲੱਖ ਚੁਰਾਸੀ ਪਾਵੇ ਸਾਰ । ਹਰ ਘਟ ਅੰਦਰ ਆਪੇ ਮੌਲਿਆ, ਜੋਤੀ ਨੂਰ ਕਰ ਉਜਿਆਰ । ਅੰਮ੍ਰਿਤ ਭਰੇ ਆਪੇ ਕੌਲਿਆ, ਖਿਲ੍ਹੇ ਕਵਲ ਸੱਚੀ ਗੁਲਜ਼ਾਰ । ਖੇਲੇ ਖੇਲ ਉਪਰ ਧੌਲਿਆ, ਧਰਤ ਧਵਲ ਦਏ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਹਰਿ ਕਿਰਪਾ ਸਤਿਗੁਰ ਸਾਖਯਾਤ, ਨਿਰਗੁਣ ਜੋਤ ਜਗਾਏ । ਹਰਿ ਕਿਰਪਾ ਮੇਲ ਮਿਲਾਵਾ ਕਮਲਾਪਾਤ, ਕਵਲ ਮੁੱਖੀ ਮੁਖ ਅੱਠ ਖੁਲ੍ਹਾਏ । ਹਰਿ ਕਿਰਪਾ ਮੇਲਾ ਚਰਨ ਨਾਤ, ਸਤਿਗੁਰ ਪੂਰਾ ਜੋੜ ਜੁੜਾਏ । ਹਰਿ ਕਿਰਪਾ ਸਾਚੀ ਦਾਤ, ਨਾਮ ਵਸਤ ਵਸਤ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਏ । ਹਰਿਜਨ ਸਾਚਾ ਮੀਤੜਾ, ਮੇਲ ਮਿਲਾਵਾ ਵਿਚ ਸੰਸਾਰ । ਸਤਿਗੁਰ ਪੂਰਾ ਕਾਇਆ ਚੋਲੀ ਰੰਗੇ ਚੀਥੜਾ, ਰੰਗੇ ਰੰਗ ਅਪਾਰ । ਅਨਾਦੀ ਬ੍ਰਿਹਮਾਦੀ

ਸ਼ਬਦ ਸੁਣਾਏ ਸਾਚਾ ਗੀਤੜਾ, ਵਾਦ ਵਿਵਾਦੀ ਦੇਵੇ ਮਾਰ । ਪੰਜ ਤੱਤ ਤੱਤਾਂ ਕਰੇ ਠੰਡਾ ਸੀਤੜਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਪਤਿਤ ਪਾਪੀ ਕਰੇ ਪਤਿਤ ਪੁਨੀਤੜਾ, ਹਿਰਦੇ ਰਾਮ ਨਾਮ ਉਰਧਾਰ । ਮਿੱਠਾ ਕਰੇ ਕੌੜਾ ਰੀਠੜਾ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਸਾਚਾ ਨਾਤਾ, ਸਤਿਗੁਰ ਪੁਰਖ ਬੰਧਾਇੰਦਾ । ਆਦਿ ਜੁਗਾਦੀ ਇਕ ਇਕਾਂਤਾ, ਏਕਾ ਖੇਲ ਖਿਲਾਇੰਦਾ । ਧੁਰਦਰਗਾਹੀ ਸਾਚੀ ਦਾਤਾ, ਨਾਮ ਨਾਮਾ ਝੋਲੀ ਪਾਇੰਦਾ । ਜੁਗਾ ਜੁਗੰਤਰ ਪੁੱਛੇ ਵਾਤਾ, ਵੇਸ ਅਨੇਕਾ ਵੇਸ ਵਟਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਦ ਚੜ੍ਹਾਇੰਦਾ । ਸ਼ਬਦ ਅਗੰਮੀ ਸੁਣਾਏ ਗਾਥਾ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਮੰਦਰ ਏਕਾ ਹਾਟਾ, ਏਕਾ ਦਰ ਖੁਲ੍ਹਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਸੁਹਾਇੰਦਾ । ਏਕਾ ਜੋਤੀ ਨੂਰ ਲਿਲਾਟਾ, ਦਿਵਸ ਰੈਣ ਡਗਮਗਾਇੰਦਾ । ਏਕਾ ਬਿਸਤਰ ਏਕਾ ਖਾਟਾ, ਏਕਾ ਸੇਜ ਸੁਹਾਇੰਦਾ । ਏਕਾ ਚੋਲੀ ਕਾਇਆ ਮਾਟਾ, ਪੰਜ ਤੱਤ ਵੇਖ ਵਖਾਇੰਦਾ । ਏਕਾ ਅੱਗੇ ਵਖਾਏ ਨੇੜੇ ਵਾਟਾ, ਪਿਛਲਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਲੇਖਾ ਜਾਣੇ ਧੁਰ, ਧੁਰ ਲੇਖਾ ਆਪ ਲਿਖਾਇੰਦਾ । ਧੁਰ ਲੇਖਾ ਹਰਿ ਲਿਖਣਹਾਰਾ, ਏਕਾ ਏਕੰਕਾਰਿਆ । ਖੇਲੇ ਖੇਲ ਅਗੰਮ ਅਪਾਰਾ, ਵੇਦ ਕਤੇਬ ਭੇਵ ਨਾ ਪਾ ਰਿਹਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾ ਰਿਹਾ । ਦੀਪਕ ਬਾਤੀ ਕਰ ਉਜਿਆਰਾ, ਜੋਤੀ ਨਿਰਗੁਣ ਡਗਮਗਾ ਰਿਹਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਘਰ ਮੰਦਰ ਇਕ ਸੁਣਾ ਰਿਹਾ । ਡੂੰਘੀ ਕੰਦਰ ਅੰਧ ਅੰਧਿਆਰਾ, ਏਕਾ ਮੁਖ ਛੁਪਾ ਰਿਹਾ । ਆਪੇ ਖੋਲ੍ਹੇ ਬੰਦ ਕਿਵਾੜਾ, ਦੂਈ ਦਵੈਤੀ ਪਰਦਾ ਲਾਹ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਮੇਟੇ ਅਗਨੀ ਹਾੜਾ, ਤੱਤਵ ਤੱਤ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਬ੍ਰਹਮ ਮਤ ਇਕ ਸਮਝਾ ਰਿਹਾ । ਬ੍ਰਹਮ ਮਤ ਗੁਰ ਚਰਨ ਪ੍ਰੀਤ, ਗੁਰ ਗੁਰਮੁਖ ਵਡ ਵਡਿਆਈਆ । ਸੀਤਲ ਸਾਂਤ ਕਰੇ ਸੀਤ, ਠਾਂਡੀ ਧਾਰ ਮੁਖ ਚੁਆਈਆ । ਆਪੇ ਜਾਣੇ ਆਪਣੀ ਰੀਤ, ਚਾਲ ਨਿਰਾਲੀ ਇਕ ਵਖਾਈਆ । ਨਾ ਕੋਈ ਮੰਦਰ ਗੁਰੂਦੁਵਾਰਾ ਮਸੀਤ, ਸ਼ਿਵਦੁਵਾਲਾ ਮੱਠ ਨਾ ਕੋਈ ਉਪਜਾਈਆ । ਨਾ ਕੋਈ ਹਸਤ ਨਾ ਕੋਈ ਕੀਟ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਰੰਗਾਈਆ । ਆਪੇ ਵਸੇ ਧਾਮ ਅਨਡੀਠ, ਜਗਤ ਨੇਤਰ ਦਿਸ ਨਾ ਆਈਆ । ਆਪਣੇ ਭਾਣੇ ਆਪੇ ਜਾਣੇ ਮੀਠ, ਆਪਣੇ ਭਾਣੇ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਣਾਏ ਸੁਹਾਗੀ ਗੀਤ, ਅੱਖਰ ਵੱਖਰ ਕਰੇ ਪੜ੍ਹਾਈਆ । ਹਰਿ ਕਿਰਪਾ ਸ਼ਬਦ ਉਪਾਇਆ, ਗੁਰ ਗੁਰ ਕਿਰਪਾ ਧਾਰ । ਹਰਿ ਨਾਦ ਅਨਾਦੀ ਢੋਲਾ ਗਾਇਆ, ਗਾਵਣਹਾਰਾ ਪੁਰਖ ਕਰਤਾਰ । ਲੋਆਂ ਪੁਰੀਆਂ ਆਪ ਸੁਣਾਇਆ, ਬ੍ਰਹਿਮੰਡ ਖੰਡ ਹੋਏ ਉਜਿਆਰ । ਲੋਕਮਾਤ ਵੇਖ ਵਖਾਇਆ, ਧਰਨੀ ਧਰਤ ਧਵਲ ਦਏ ਸਹਾਰ । ਅਕਾਸ਼ ਪਰਕਾਸ਼ ਆਪ ਕਰਾਇਆ, ਆਪ ਆਪਣੀ ਕਿਰਪਾ ਧਾਰ । ਹਰ ਘਟ ਅੰਦਰ ਵਾਸ ਰਖਾਇਆ, ਲੱਖ ਚੁਰਾਸੀ ਕਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਗੁਰ ਗੋਪਾਲਾ, ਨਿਰਗੁਣ ਨੂਰ ਏਕਾ ਡਗਮਗਾਇਆ । ਨਿਰਗੁਣ ਦੀਵਾ ਨਿਰਗੁਣ ਬਾਤੀ, ਨਿਰਗੁਣ ਆਪ ਜਗਾਈਆ । ਨਿਰਗੁਣ ਪੀਆ ਕਮਲਾਪਾਤੀ,

ਕਵਲ ਨੈਣ ਅਖਵਾਈਆ । ਨਿਰਗੁਣ ਬੈਠਾ ਇਕ ਇਕਾਂਤੀ, ਥਿਰ ਮੰਦਰ ਸੋਭਾ ਪਾਈਆ । ਨਿਰਗੁਣ ਬਣਿਆ ਸਾਚਾ ਸਾਕੀ, ਸਾਚਾ ਜਾਮ ਪਿਆਈਆ । ਨਿਰਗੁਣ ਖੋਲ੍ਹੇ ਆਪਣੀ ਤਾਕੀ, ਆਪਣਾ ਕੁੰਡਾ ਲਾਹੀਆ । ਨਿਰਗੁਣ ਲਹਿਣਾ ਦੇਣਾ ਚੁੱਕੇ ਬਾਕੀ, ਆਦਿ ਜੁਗਾਦਿ ਵੱਡੀ ਵਡਿਆਈਆ । ਨਿਰਗੁਣ ਅਸਵ ਨਿਰਗੁਣ ਰਾਕੀ, ਨਿਰਗੁਣ ਸ਼ਾਹ ਅਸਵਾਰ ਅਖਵਾਈਆ । ਨਿਰਗੁਣ ਵੇਖੇ ਲੱਖ ਚੁਰਾਸੀ ਜੀਵ ਖ਼ਾਕੀ, ਖ਼ਾਕੀ ਖ਼ਾਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਮੇਲ ਮਿਲਾਈਆ । ਨਿਰਗੁਣ ਦਾਤਾ ਬੇਪਰਵਾਹ, ਨਿਰਗੁਣ ਰੂਪ ਸਮਾਇੰਦਾ । ਨਿਰਗੁਣ ਸ਼ਬਦੀ ਬਣ ਮਲਾਹ, ਨਿਰਗੁਣ ਬੇੜਾ ਆਪ ਚਲਾਇੰਦਾ । ਨਿਰਗੁਣ ਲਿਆ ਆਪਣਾ ਨਾਂ, ਨਿਰਗੁਣ ਨਾਅਰਾ ਆਪੇ ਲਾਇੰਦਾ । ਨਿਰਗੁਣ ਵੇਖੇ ਥਾਉਂ ਥਾਂ, ਨਿਰਗੁਣ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਨਿਰਾਕਾਰ ਆਪ ਕਰਾਇੰਦਾ । ਨਿਰਗੁਣ ਮਾਤਾ ਨਿਰਗੁਣ ਪਿਤਾ, ਪਿਤਾ ਪੂਤ ਆਪ ਅਖਵਾਈਆ । ਨਿਰਗੁਣ ਬੰਨ੍ਹੇ ਸਾਚਾ ਨਾਤਾ, ਨਿਰਗੁਣ ਆਪੇ ਜੋੜ ਜੁੜਾਈਆ । ਨਿਰਗੁਣ ਉਤਮ ਰੱਖੇ ਜ਼ਾਤਾ, ਹਰਿ ਕਾ ਵਰਨ ਨਾ ਕੋਇ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਖੇਲਣਹਾਰ ਬੇਪਰਵਾਹੀਆ । ਨਿਰਗੁਣ ਪੁਰਖ ਪੁਰਖ ਮਹਾਨ, ਸਰਗੁਣ ਸ਼ਾਹ ਭੂਪ ਅਖਵਾਇਆ । ਨਿਰਗੁਣ ਗੋਪੀ ਨਿਰਗੁਣ ਕਾਹਨ, ਨਿਰਗੁਣ ਰਾਮ ਨਾਮ ਉਪਜਾਇਆ । ਨਿਰਗੁਣ ਖੇਲੇ ਖੇਲ ਦੋ ਜਹਾਨ, ਨਿਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਸ਼ਬਦ ਨਿਰਗੁਣ ਬਿਬਾਨ, ਨਿਰਗੁਣ ਰਿਹਾ ਉਡਾਇਆ । ਨਿਰਗੁਣ ਵੇਖੇ ਮਾਰ ਧਿਆਨ, ਨਿਰਗੁਣ ਨਿਰਗੁਣ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਘਰ ਸੱਚਾ ਹਰਿ ਮੰਦਰ ਉਚ ਮੁਨਾਰਾ, ਜੋਤੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੇਲ ਨਿਆਰਾ, ਖੇਲੇ ਬੇਪਰਵਾਹੀਆ । ਏਕਾ ਦੀਪਕ ਬਾਤੀ ਕਰ ਉਜਿਆਰਾ, ਆਦਿ ਜੁਗਾਦਿ ਜੁਗਾ ਜੁਗੰਤਰ ਡਗਮਗਾਈਆ । ਰਵ ਸਸ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਸਹਾਰਾ, ਧਰਤ ਧਵਲ ਨਾ ਕੋਇ ਵਸਾਈਆ । ਲੱਖ ਚੁਰਾਸੀ ਨਾ ਕੋਈ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਉਜਿਆਰਾ, ਆਪ ਆਪਣੀ ਰਚਨ ਰਚਾਈਆ । ਨਿਰਗੁਣ ਮੀਤਾ ਨਿਰਗਣ ਅਤੀਤਾ ਕਰੇ ਪਿਆਰਾ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਥਾਉਂ ਥਾਈਆ । ਨਿਰਗੁਣ ਸਤਿਗੁਰ ਪੁਰਖ ਨਿਰੰਜਣ, ਸਤਿ ਸਤਿਵਾਦ ਅਖਵਾਇੰਦਾ । ਨਿਰਗੁਣ ਦਾਤਾ ਦਰਦ ਦੁੱਖ ਭੈ ਭੰਜਣ, ਆਦਿ ਜੁਗਾਦੀ ਨਾਉਂ ਧਰਾਇੰਦਾ । ਨਿਰਗੁਣ ਮੀਤ ਨਿਰਗੁਣ ਸੱਜਣ, ਸਾਕ ਸੈਣ ਨਿਰਗੁਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਪੁਰਖ ਪੁਰਖ ਕਰਤਾਰ, ਸਤਿ ਸਰੂਪ ਸਮਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪ ਆਪਣੀ ਕਿਰਪਾ ਧਾਰ, ਕਰ ਕਿਰਪਾ ਵੇਸ ਵਟਾਇੰਦਾ । ਸਰਗੁਣ ਬੰਨ੍ਹੇ ਸਾਚੀ ਧਾਰ, ਸਾਚਾ ਮਾਰਗ ਲਾਇੰਦਾ । ਪੰਜ ਤੱਤ ਕਰ ਪਿਆਰ, ਆਪ ਆਪਣਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਘਰ, ਘਰ ਮੰਦਰ ਇਕ ਸੁਹਾਇੰਦਾ । ਨਿਰਗੁਣ ਉਪਜਿਆ ਹਰਿ ਕਰਤਾਰ, ਸਰਗੁਣ ਜੋਤ ਜਗਾਈਆ । ਸਰਗੁਣ ਮੇਲਾ ਵਿਚ ਸੰਸਾਰ, ਨਿਰਗੁਣ ਵੇਖ ਵਖਾਈਆ । ਦੋਹਾਂ ਵਿਚੋਲਾ ਕਰਨੇਹਾਰ, ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਨਿਰਗੁਣ ਸਰਗੁਣ ਜੋੜ ਜੁੜਾਈਆ । ਨਿਰਗੁਣ ਸੱਜਣ ਪਾਇਆ, ਸਤਿਗੁਰ ਮੀਤ ਮੁਰਾਰ । ਸਰਗੁਣ ਢੋਲਾ ਗਾਇਆ, ਸ਼ਬਦੀ ਸ਼ਬਦ ਜੈਕਾਰ, ਅੱਖਰ ਵੱਖਰ ਨਾਮ ਪੜ੍ਹਾਇਆ ਆਪ ਆਪਣਾ ਕਰ ਪਿਆਰ । ਇਸ਼ਟ ਦੇਵ ਇਕ ਜਣਾਇਆ, ਏਕਾ ਰੂਪ ਸੱਚੀ ਸਰਕਾਰ । ਨੇਤਰ ਨੈਣ ਇਕ ਖੁਲ੍ਹਾਇਆ, ਖੋਲ੍ਹਣਹਾਰ ਬੰਦ ਕਿਵਾੜ । ਸਾਚਾ ਕਿਲਾ ਇਕ ਸੁਹਾਇਆ ਮੰਦਰ ਸੋਹੇ ਬੰਕ ਦੁਵਾਰ । ਆਪੇ ਹਰਿ ਹਰਿ ਰੂਪ ਵਟਾਇਆ, ਨਿਰਗੁਣ ਨੂਰੋ ਨੂਰ ਉਜਿਆਰ । ਪੰਜਾਂ ਤੱਤਾਂ ਮੇਲ ਮਿਲਾਇਆ, ਮੰਦਰ ਅੰਦਰ ਗੁਪਤ ਜ਼ਾਹਿਰ । ਸਾਚੀ ਕੰਦਰ ਡੇਰਾ ਲਾਇਆ, ਵਸਣਹਾਰਾ ਧੁਆਂਧਾਰ । ਸ਼ਬਦ ਅਨਾਦੀ ਇਕ ਚਲਾਇਆ, ਧੁਨ ਅਗੰਮੀ ਧੁਨੀਕਾਰ । ਆਪ ਆਪਣਾ ਰਾਗ ਅਲਾਇਆ, ਗਾਵਣਹਾਰ ਹਰਿ ਨਿਰੰਕਾਰ । ਗਾਵਣਹਾਰ ਦਿਸ ਨਾ ਆਇਆ, ਭਰਮੇ ਭੁੱਲੇ ਸਰਬ ਸੰਸਾਰ । ਗੁਰਮੁਖ ਵਿਰਲੇ ਮੇਲ ਮਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ ।

## ✪ ਪਹਿਲੀ ਸਾਵਣ ੨੦੧੬ ਬਿਕ੍ਰਮੀ ਜੇਠੂਵਾਲ ✪

ਨਿਰਗੁਣ ਧਾਰ ਹਰਿ ਨਿਰੰਕਾਰ, ਨੂਰੋ ਨੂਰ ਜੋਤ ਸਮਾਈਆ । ਆਦਿ ਨਿਰੰਜਣ ਖੇਲ ਅਪਾਰ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਕੋਇ ਨਾ ਪਾਈਆ । ਆਦਿ ਜੁਗਾਦੀ ਖੇਲ ਅਪਾਰ, ਖੇਲੇ ਖੇਲ ਬੇਪਰਵਾਹੀਆ । ਕਮਲਾਪਾਤੀ ਹੋ ਉਜਿਆਰ, ਏਕਾ ਏਕ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾਈਆ । ਨਿਰਗੁਣ ਨੂਰ ਪੁਰਖ ਅਕਾਲਾ, ਏਕਾ ਏਕੰਕਾਰਿਆ । ਆਦਿ ਜੁਗਾਦੀ ਹੋ ਉਜਾਲਾ, ਆਪ ਆਪਣਾ ਰੂਪ ਵਟਾ ਰਿਹਾ । ਸਾਚਾ ਮੰਦਰ ਸੱਚੀ ਧਰਮਸਾਲਾ, ਥਿਰ ਘਰ ਸਾਚਾ ਇਕ ਸੁਹਾ ਰਿਹਾ । ਆਪਣਾ ਦੀਪਕ ਆਪੇ ਬਾਲਾ, ਆਪ ਆਪਣਾ ਦਰ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਰਖਾ ਲਿਆ । ਆਦਿ ਜੁਗਾਦੀ ਪੁਰਖ ਕਰਤਾਰ, ਏਕਾ ਰੰਗ ਸਮਾਇਆ । ਆਪੇ ਗੁਪਤ ਆਪੇ ਜਾਹਿਰ, ਅੰਦਰ ਬਾਹਰ ਆਪ ਹੋ ਜਾਇਆ । ਆਪੇ ਜੋਤੀ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਆਪੇ ਸ਼ਬਦ ਜੈ ਜੈ ਜੈਕਾਰ, ਧੁਨ ਅਨਾਦੀ ਆਪ ਸੁਣਾਇਆ । ਆਪੇ ਬੋਧ ਅਗਾਧੀ ਭਰ ਭੰਡਾਰ, ਆਪੇ ਵੇਖ ਵਖਾਇਆ । ਆਪੇ ਬਣ ਹਰਿ ਵਣਜਾਰ, ਆਪ ਆਪਣਾ ਵਣਜ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਰੂਪ ਅਕਾਲ ਮੂਰਤ, ਏਕਾ ਏਕ ਅਖਵਾਇੰਦਾ । ਸ਼ਬਦ ਅਨਾਦੀ ਸਾਚੀ ਤੂਰਤ, ਜੁਗਾ ਜੁਗੰਤਰ ਇਕ ਵਜਾਇੰਦਾ । ਆਪੇ ਵਸੇ ਨੇੜੇ ਦੂਰਤ, ਦਰ ਦੁਵਾਰਾ ਆਪ ਸੁਹਾਇੰਦਾ । ਆਪੇ ਦਾਤਾ ਹਾਜ਼ਰ ਹਜ਼ੂਰਤ, ਹਰਿ ਹਰੀ ਹਰਿ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਪ੍ਰਗਟਾਇੰਦਾ । ਆਪਣਾ ਨਾਉਂ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਅਜੂਨੀ ਰਹਿਤ ਹੋ ਪ੍ਰਤੱਖ, ਆਪਣੀ ਕਲ ਵਰਤਾਈਆ । ਆਪੇ ਲੇਖਾ ਜਾਣੇ ਅਲੱਖਣਾ ਅਲੱਖ, ਅਗੰਮ ਅਗੰਮ ਵੱਡੀ ਵਡਿਆਈਆ । ਆਪੇ ਕਰੇ ਆਪਣਾ ਪੱਖ, ਆਪ ਆਪਣਾ ਸੰਗ ਨਿਭਾਈਆ । ਆਪਣੇ ਮੰਦਰ ਆਪੇ ਵਸ, ਆਪੇ ਆਸਣ ਲਾਈਆ । ਆਪਣੀ

ਸੇਜਾ ਆਪੇ ਹੱਸ, ਨਾਰੀ ਕੰਤ ਆਪ ਹੋ ਜਾਈਆ । ਆਪਣੇ ਹਿਰਦੇ ਅੰਦਰ ਆਪੇ ਵਸ, ਆਪ ਆਪਣਾ ਬੀਜ ਬਿਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਆਪ ਚਲਾਈਆ । ਨਿਰਗੁਣ ਧਾਰ ਧੁਰ ਦਰਬਾਰ, ਹਰਿ ਸਾਚੀ ਸਚ ਚਲਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਲੇਖਾ ਲੇਖ ਨਾ ਕੋਈ ਲਿਖਾਈਆ । ਅਬਿਨਾਸ਼ੀ ਕਰਤਾ ਹੋ ਤਿਆਰ, ਪੁਰਖ ਪੁਰਖੋਤਮ ਵਡ ਵਡਿਆਈਆ । ਅਗੰਮ ਅਲੱਖ ਅਗੋਚਰ ਬੇਐਬ ਬੇਐਬ ਪਰਵਰਦਿਗਾਰ, ਨੂਰੋ ਨੂਰ ਡਗਮਗਾਈਆ । ਥਿਰ ਘਰ ਸਾਚਾ ਮੰਦਰ ਕਰ ਤਿਆਰ, ਅੰਦਰ ਬੈਠਾ ਬੇਪਰਵਾਹੀਆ । ਆਦਿ ਜੁਗਾਦੀ ਏਕੰਕਾਰ, ਅਕਲ ਕਲਾ ਵਰਤਾਈਆ । ਪਿਤਾ ਪੂਤ ਨਾ ਕੋਈ ਦੁਲਾਰ, ਭਾਈ ਭੈਣ ਨਾ ਕੋਈ ਅਖਵਾਈਆ । ਸ਼ਬਦ ਅਗੰਮੀ ਇਕ ਜੈਕਾਰ, ਏਕਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਵਡ ਵਡਿਆਈਆ । ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਆਪੇ ਵਸੇ ਆਪਣੇ ਥਾਂ, ਸਚਖੰਡ ਦੁਵਾਰਾ ਇਕ ਉਪਾਇਆ । ਛੱਪਰ ਛੰਨ ਨਾ ਲਿਆ ਕੋਈ ਛੁਹਾ, ਚਾਰ ਦੀਵਾਰ ਨਾ ਕੋਈ ਬਣਾਇਆ । ਦੀਵਾ ਬਾਤੀ ਨਾ ਲਿਆ ਕੋਈ ਜਗਾ, ਜੋਤੀ ਨੂਰ ਡਗਮਗਾਇਆ । ਕਮਲਾਪਾਤੀ ਆਪ ਅਖਵਾ, ਆਪ ਆਪਣਾ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਏਕਾ ਆਪਣਾ ਨਾਮ ਵਡਿਆਇਆ । ਨਾਮ ਵਡਿਆਈ ਪੁਰਖ ਅਕਾਲ, ਏਕਾ ਏਕ ਅਖਵਾਈਆ । ਜੁਗਾ ਜੁਗੰਤਰ ਦੀਨ ਦਿਆਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਵਜਾਏ ਸਾਚਾ ਤਾਲ, ਧੁਨ ਆਪਣੇ ਹੱਥ ਰਖਾਈਆ । ਸਚਖੰਡ ਦੁਵਾਰੇ ਸ਼ਾਹ ਕੰਗਾਲ, ਥਿਰ ਘਰ ਸਾਚੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਵੱਡੀ ਵਡਿਆਈਆ । ਨਿਰਾਕਾਰ ਪੁਰਖ ਅਬਿਨਾਸ਼ੀ, ਆਪਣਾ ਰੰਗ ਰੰਗਾਇੰਦਾ । ਖੇਲੇ ਖੇਲ ਸ਼ਾਹੋ ਸ਼ਾਬਾਸ਼ੀ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਆਪਣੇ ਮੰਡਲ ਪਾਵੇ ਰਾਸੀ, ਨਾ ਕੋਈ ਦੂਸਰ ਸੰਗ ਰਲਾਇੰਦਾ । ਨਾ ਕੋਈ ਪ੍ਰਿਥਮੀ ਨਾ ਕੋਈ ਅਕਾਸ਼ੀ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਰਵ ਸਸ ਨਾ ਕੋਈ ਪ੍ਰਕਾਸ਼ੀ, ਨਾ ਕੋਈ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਨੂਰ ਉਜਾਲਾ ਹਰਿ ਗੋਪਾਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਖੇਲੇ ਖੇਲ ਦੀਨ ਦਿਆਲਾ, ਦਇਆਨਿਧ ਵੱਡੀ ਵਡਿਆਈਆ । ਆਪੇ ਚਲੇ ਆਪਣੀ ਚਾਲਾ, ਚਾਲ ਅਵੱਲੜੀ ਇਕ ਰਖਾਈਆ । ਸਾਚੇ ਮੰਦਰ ਬੈਠ ਸੱਚੀ ਧਰਮਸਾਲਾ, ਸਚਖੰਡ ਦੁਵਾਰਾ ਇਕ ਸੁਹਾਈਆ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਵਡ ਵਡਿਆਈਆ । ਆਪਣਾ ਫਲ ਲਗਾਏ ਡਾਲ੍ਹਾ, ਫੁੱਲ ਫੁਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਹਰਿ ਹਰਿ ਧਾਰ, ਹਰਿ ਹਰਿ ਆਪ ਉਪਜਾਇੰਦਾ । ਅਗੰਮ ਅਗੰਮੜੀ ਕਰੇ ਕਾਰ, ਅਗੰਮੜੇ ਧਾਮ ਸੁਹਾਇੰਦਾ । ਹੱਡ ਮਾਸ ਨਾੜੀ ਚੰਮੜੇ ਨਾ ਕੋਈ ਪਿਆਰ, ਪੰਜ ਤੱਤ ਨਾ ਕੋਈ ਵਖਾਇੰਦਾ । ਮਾਤ ਪਿਤ ਨਾ ਅੰਮੜੀ ਕੋਈ ਦੁਲਾਰ, ਭੈਣ ਭਾਈ ਨਾ ਕੋਈ ਅਖਵਾਇੰਦਾ । ਪ੍ਰਿਥਮੀ ਅਕਾਸ਼ ਨਾ ਕੋਈ ਸਹਾਰ, ਪੁਰੀਆਂ ਲੋਆਂ ਨਾ ਰਚਨ ਰਚਾਇੰਦਾ । ਗਗਨ ਮੰਡਲ ਨਾ ਕੋਈ ਪਿਆਰ, ਧਰਤ ਧਵਲ ਨਾ ਕੋਈ ਸੁਹਾਇੰਦਾ । ਜੰਗਲ ਜੂਹ ਨਾ ਕੋਈ ਪਹਾੜ, ਸਮੁੰਦ ਸਾਗਰ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਨਾ ਕੋਈ ਉਜਿਆਰ, ਮਨ ਮਤ ਬੁੱਧ ਨਾ ਕੋਇ ਰਖਾਇੰਦਾ । ਤੀਰਥ ਤੱਟ ਨਾ ਕੋਈ ਕਿਨਾਰ, ਚੌਦਾਂ ਹੱਟ ਨਾ ਕੋਈ ਖੁਲ੍ਹਾਇੰਦਾ ।

ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਿਆਰ, ਸ਼ੰਕਰ ਸੰਗ ਨਾ ਕੋਈ ਨਿਭਾਇੰਦਾ । ਕਰੋੜ ਤੇਤੀਸ ਨਾ ਕੋਈ ਅਧਾਰ, ਗਣ ਗੰਧਰਬ ਨਾ ਕੋਈ ਰਖਾਇੰਦਾ । ਸ਼ਾਹ ਸੁਲਤਾਨ ਨਾ ਕੋਈ ਦਰ ਦਰਬਾਨ, ਰਾਜ ਰਾਜਾਨ ਨਾ ਕੋਈ ਅਖਵਾਇੰਦਾ । ਨਾ ਕੋਈ ਦੇਵਣਹਾਰ ਫ਼ਰਮਾਣ, ਨਾ ਕੋਈ ਨਿਉਂ ਨਿਉਂ ਸੀਸ ਝੁਕਾਇੰਦਾ । ਬੱਤੀ ਦੰਦ ਕੋਈ ਨਾ ਗਾਇਣ, ਰਸਨਾ ਜਿਹਵਾ ਨਾ ਕੋਈ ਹਲਾਇੰਦਾ । ਗੁਰ ਪੀਰ ਅਵਤਾਰ ਨਾ ਕੋਈ ਨਿਸ਼ਾਨ, ਸਾਧ ਸੰਤ ਨਾ ਕੋਈ ਦਿਸਾਇੰਦਾ । ਆਦਿ ਜੁਗਾਦੀ ਏਕੰਕਾਰ ਨਿਰਗੁਣ ਰੂਪ ਸ੍ਰੀ ਭਗਵਾਨ, ਨਿਰਾਕਾਰ ਆਪ ਅਖਵਾਇੰਦਾ । ਆਪੇ ਵਸੇ ਸਾਚੇ ਮੰਦਰ ਸਚ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਪਰਮ ਪੁਰਖ ਆਪ ਅਖਵਾਇੰਦਾ । ਆਪੇ ਹੋਏ ਜਾਣੀ ਜਾਣ, ਜਾਨਣਹਾਰ ਨਾਉਂ ਧਰਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਵੇਦ ਕਤੇਬ ਭੇਵ ਨਾ ਪਾਇੰਦਾ । ਲੇਖਾ ਜਾਣੇ ਨਾ ਅੰਜੀਲ ਕੁਰਾਨ, ਮੂਸਾ ਈਸਾ ਨਾ ਕੋਈ ਸਦਾਇੰਦਾ । ਖਾਣੀ ਬਾਣੀ ਨਾ ਕੋਈ ਕਲਿਆਣ, ਛੱਤੀ ਰਾਗ ਨਾ ਕੋਈ ਸੁਣਾਇੰਦਾ । ਨਾ ਕੋਈ ਪੂਜਾ ਨਾ ਅਸ਼ਨਾਨ, ਤੀਰਥ ਤੱਟ ਨਾ ਕੋਈ ਵਖਾਇੰਦਾ । ਨਾ ਕੋਈ ਗਿਆਨ ਨਾ ਕੋਈ ਧਿਆਨ, ਇਸ਼ਟ ਦੇਵ ਨਾ ਕੋਈ ਦ੍ਰਿੜਾਇੰਦਾ । ਨਾ ਕੋਈ ਗੁਰੂਦੁਵਾਰ ਵਸੇ ਮਕਾਨ, ਮੰਦਰ ਮਸਜਿਦ ਸ਼ਿਵਦੁਵਾਲਾ, ਮੱਠ ਨਾ ਕੋਈ ਰਹਾਇੰਦਾ । ਆਦਿ ਜੁਗਾਦੀ ਪੁਰਖ ਸੁਲਤਾਨ, ਨਿਰਗੁਣ ਜੋਤ ਡਗਮਗਾਇੰਦਾ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਹਰਿ ਬ੍ਰਹਿਮਾਦੀ, ਹਰਿ ਹਰਿ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਏਕਾ ਏਕੰਕਾਰਿਆ । ਆਪੇ ਪਿਤਾ ਆਪੇ ਮਾਤਾ, ਸੁੱਤ ਦੁਲਾਰਾ ਆਪ ਅਖਵਾ ਰਿਹਾ । ਆਪੇ ਜਾਣੇ ਆਪਣੀ ਉਤਮ ਜ਼ਾਤਾ, ਵਰਨ ਗੋਤ ਨਾ ਕੋਈ ਬਣਾ ਰਿਹਾ । ਬੈਠਾ ਰਹੇ ਇਕ ਇਕਾਂਤਾ, ਅਡੋਲ ਆਪ ਅਕਾਲ ਅਖਵਾ ਰਿਹਾ । ਖੇਲੇ ਖੇਲ ਬਹੁ ਬਹੁ ਭਾਂਤਾ, ਹਰਿ ਕਾ ਭੇਵ ਕੋਈ ਨਾ ਪਾ ਰਿਹਾ । ਆਪੇ ਪੁੱਛੇ ਆਪਣੀ ਵਾਤਾ, ਆਪ ਆਪਣਾ ਮੇਲ ਮਿਲਾ ਰਿਹਾ । ਆਪੇ ਦੇਵਣਹਾਰਾ ਦਾਤਾ, ਆਪਣੀ ਝੋਲੀ ਆਪ ਭਰਾ ਰਿਹਾ । ਆਪੇ ਜਾਣੇ ਸਚ ਸੁਗਾਤਾ, ਸਚ ਭੰਡਾਰ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਏਕਾ ਏਕੰਕਾਰਾ ਖੇਲ ਖਿਲਾ ਰਿਹਾ । ਏਕੰਕਾਰਾ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਬੈਠਾ ਇਕ ਇਕੱਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਸਚ ਸਿੰਘਾਸਣ ਆਸਣ ਮੱਲਾ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ, ਸਤਿ ਸਰੂਪ ਆਪ ਆਪਣਾ ਨਾਉਂ ਧਰਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਥਿਰ ਘਰ ਮੰਦਰ ਸੋਹੇ ਮੰਦਰ ਸਚ ਦੁਵਾਰ, ਹਰਿ ਬੈਠਾ ਬੇਪਰਵਾਹੀਆ । ਰਾਓ ਰੰਕ ਨਾ ਕੋਈ ਵਿਚਾਰ, ਰਾਜ ਰਾਜਾਨ ਨਾ ਕੋਈ ਵਡਿਆਈਆ । ਸ਼ਾਹ ਸੁਲਤਾਨ ਨਾ ਕੋਈ ਸਿਕਦਾਰ, ਦਰ ਭਿਖਾਰੀ ਨਾ ਕੋਈ ਵਖਾਈਆ । ਨਾ ਕੋਈ ਕਰੇ ਹਾਹਾਕਾਰ, ਨੇਤਰ ਨੀਰ ਨਾ ਕੋਈ ਵਹਾਈਆ । ਨਾ ਕੋਈ ਰੋਵੇ ਜ਼ਾਰੋ ਜ਼ਾਰ, ਹੰਸ ਮੁਖ ਨਾ ਕੋਈ ਸਲਾਹੀਆ । ਨਾ ਕੋਈ ਦਿਸੇ ਕਾਗੀ ਡਾਰ, ਨਾ ਕੋਈ ਕੂੰਜ ਰਹੀ ਕੁਰਲਾਈਆ । ਨਾ ਕੋਈ ਬਗਲਾ ਬਪ ਕਰੇ ਪੁਕਾਰ, ਨਾ ਕੋਈ ਹੰਸਾ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਖੇਲ ਕਰ, ਕਰਨੀ ਕਰਤਾ ਆਪਣੀ ਕਰੇ ਵਡਿਆਈਆ । ਹਰਿ ਵਡਿਆਈ ਪੁਰਖ ਸਮਰਥ, ਆਪਣੀ ਆਪ

੭੨੬
੦੮

ਕਰਾਇੰਦਾ । ਆਦਿ ਜੁਗਾਦੀ ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਆਪ ਨਿਭਾਏ ਆਪਣਾ ਸਾਥ, ਸਗਲਾ ਸਾਥੀ ਆਪ ਹੋ ਜਾਇੰਦਾ । ਆਪੇ ਜਾਣੇ ਆਪਣੀ ਗਾਥ, ਕਥਾ ਅਕਥ ਕਥ ਨਾ ਕੋਈ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸਚ ਦੁਵਾਰੇ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਾਚਾ ਬੇੜਾ ਆਪੇ ਬੰਨ੍ਹ, ਹਰਿ ਸਾਚੀ ਬਣਤ ਬਣਾਈਆ । ਲੋਆਂ ਪੁਰੀਆਂ ਦੇਵੇ ਥੰਮ, ਸ਼ਬਦ ਡੋਰੀ ਇਕ ਬੰਧਾਈਆ । ਸੇਵਾ ਲਾਏ ਸੂਰਜ ਚੰਨ, ਰਵ ਸਸ ਕਰੇ ਰੁਸ਼ਨਾਈਆ । ਆਪੇ ਵਿਸ਼ਨੂੰ ਲਏ ਜੰਮ, ਆਪੇ ਕਵਲਾ ਮੁਖ ਖਿਲਾਈਆ । ਆਪ ਬ੍ਰਹਮਾ ਵੇਤਾ ਰਾਗ ਸੁਣਾਏ ਕੰਨ, ਚਾਰੇ ਵੇਦਾਂ ਕਰੇ ਪੜ੍ਹਾਈਆ । ਆਪੇ ਸ਼ੰਕਰ ਦੇਵਣਹਾਰਾ ਡੰਨ, ਬਾਸ਼ਕ ਤਸ਼ਕਾ ਗਲ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ, ਸਾਕਾਰ ਆਪ ਹੋ ਜਾਈਆ । ਸਾਕਾਰ ਪੁਰਖ ਸਲਤਾਨ, ਨਿਰਗੁਣ ਜੋਤੀ ਜੋਤ ਜਗਾਇੰਦਾ । ਆਪੇ ਵਿਸ਼ਨੂੰ ਵਿਸ਼ਵ ਰੂਪ ਭਗਵਾਨ, ਵਾਸਦੇਵ ਨਾਮ ਧਰਾਇੰਦਾ । ਆਪੇ ਆਤਮਕ ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਪ੍ਰਭ ਅਖਵਾਇੰਦਾ । ਆਪੇ ਸ਼ਬਦ ਮੰਤਰ ਬਣ ਗਿਆਨ, ਗੁਣ ਨਿਧਾਨ ਵੇਸ ਵਟਾਇੰਦਾ । ਆਪੇ ਵੇਖੇ ਤ੍ਰੈਗੁਣ ਤੇਰਾ ਸਚ ਮਕਾਨ, ਪੰਜ ਤੱਤ ਨਾਤਾ ਜੋੜ ਜੁੜਾਇੰਦਾ । ਆਪੇ ਖੇਲੇ ਖੇਲ ਮਹਾਨ, ਮਨ ਮਤ ਬੁੱਧ ਸੰਗ ਰਲਾਇੰਦਾ । ਨੌ ਦੁਵਾਰੇ ਖੋਲ੍ਹ ਦੁਕਾਨ, ਆਪਣਾ ਬੰਧਨ ਆਪੇ ਪਾਇੰਦਾ । ਆਪੇ ਕਰਿਆ ਬੰਦ ਮਕਾਨ, ਘਰ ਘਰ ਵਿਚ ਆਪ ਟਿਕਾਇੰਦਾ । ਅੰਮ੍ਰਿਤ ਸਾਚਾ ਪੀਣ ਖਾਣ, ਸਰ ਸਰੋਵਰ ਇਕ ਭਰਾਇੰਦਾ । ਜੋਤ ਨਿਰੰਜਣ ਜਗੇ ਮਹਾਨ, ਸਾਚਾ ਦੀਪਕ ਆਪ ਜਗਾਇੰਦਾ । ਅਨਹਦ ਨਾਮ ਸੱਚੀ ਧੁਨਕਾਨ, ਨਾਦ ਅਨਾਦੀ ਨਾਦ ਵਜਾਇੰਦਾ । ਪੰਚਮ ਮੀਤਾ ਹੋ ਪਰਧਾਨ, ਪੰਚਮ ਮੁਖ ਸਲਾਹਿੰਦਾ । ਸਾਚੇ ਮੰਦਰ ਹੋ ਪ੍ਰਧਾਨ, ਆਪ ਆਪਣਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ, ਸਾਕਾਰ ਵੇਸ ਵਟਾਇੰਦਾ । ਨਿਰਗੁਣ ਸਰਗੁਣ ਏਕਾ ਧਾਰ, ਸਤਿਗੁਰ ਬਣਤ ਬਣਾਈਆ । ਸ਼ਬਦ ਅਗੰਮੀ ਕਰ ਪਿਆਰ, ਅੰਦਰ ਮੰਦਰ ਵੇਖ ਵਖਾਇਆ । ਆਦਿ ਨਿਰੰਜਣ ਖੇਲ ਅਪਾਰ, ਜੋਤ ਨਿਰੰਜਣ ਸੇਵਾ ਲਾਇੰਦਾ । ਦਰਦ ਦੁੱਖ ਭੈ ਭੰਜਣ ਖ਼ਬਰਦਾਰ, ਨਾ ਮਰੇ ਨਾ ਜਾਈਆ । ਲੱਖ ਚੁਰਾਸੀ ਕਰ ਤਿਆਰ, ਸਾਚੀ ਹਾਟੀ ਆਪ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਮੇਲਾ ਸਰਗੁਣ ਚੇਲਾ, ਘਰ ਸਾਚੇ ਵੱਜੀ ਵਧਾਈਆ । ਏਕਾ ਵਸੇ ਧਾਮ ਇਕੱਲਾ, ਘਰ ਬੈਠਾ ਬੇਪਰਵਾਹੀਆ । ਪੰਚਮ ਮੀਤਾ ਸੱਜਣ ਸੁਹੇਲਾ, ਏਕਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੀ ਵਡਿਆਈਆ । ਨਿਰਗੁਣ ਵਡਿਆਈ ਆਪਣੇ ਰੱਖ ਹੱਥ, ਹਰਿ ਸਾਚੇ ਵਡ ਵਡਿਆਇੰਦਾ । ਸਰਗੁਣ ਦੇਵੇ ਸਾਚੀ ਵੱਥ, ਸਾਚਾ ਬੀਜ ਬਿਜਾਇੰਦਾ । ਦੋਹਾਂ ਵਿਚੋਲਾ ਪੁਰਖ ਸਮਰਥ, ਪਾਰਬ੍ਰਹਮ ਅਖਵਾਇੰਦਾ । ਬ੍ਰਹਮ ਬ੍ਰਹਮ ਪਾਏ ਨੱਥ, ਦਿਸ ਕਿਸੇ ਨਾ ਆਇੰਦਾ । ਸ਼ਬਦ ਜਣਾਈ ਅਕਥਨਾ ਅਕੱਥ, ਏਕਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਕਾਇਆ ਮੰਦਰ ਡੂੰਘੀ ਕੰਦਰ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਰਗੁਣ ਧਾਰ ਨਿਰਾਕਾਰ ਇਕ ਇਕੱਲਾ ਕਰ ਪਿਆਰ, ਘਟ ਘਟ ਡੇਰਾ ਲਾਇੰਦਾ । ਘਟ ਘਟ ਅੰਦਰ ਆਪੇ ਵਸ, ਆਪਣਾ ਰਾਹ ਬੁਝਾਇੰਦਾ । ਆਪਣੀ ਜੋਤ ਕਰ ਪ੍ਰਕਾਸ਼, ਆਪੇ ਵੇਖ ਵਿਖਾਇੰਦਾ । ਆਪੇ ਪਾਵਣਹਾਰਾ ਰਾਸ, ਗੋਪੀ ਕਾਹਨ

੭੨੮
੦੮

ਆਪ ਨਚਾਇੰਦਾ । ਆਪੇ ਲੇਖਾ ਜਾਣੇ ਦਸ ਦਸ ਮਾਸ, ਮਾਤ ਗਰਭ ਲੇਖ ਚੁਕਾਇੰਦਾ । ਆਪੇ ਨਿਜ਼ ਘਰ ਸਾਚੇ ਰੱਖੇ ਵਾਸ, ਆਤਮ ਬ੍ਰਹਮ ਆਪ ਅਖਵਾਇੰਦਾ । ਆਪੇ ਵਸੇ ਵਿਚ ਪ੍ਰਭਾਸ, ਫੁੱਲ ਫਲਵਾੜੀ ਆਪ ਲਗਾਇੰਦਾ । ਆਪੇ ਜਾਣੇ ਪ੍ਰਿਥਮੀ ਅਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਦਰ, ਸਰਗੁਣ ਸਾਚਾ ਵੇਖ ਵਖਾਇੰਦਾ । ਸਰਗੁਣ ਤੇਰਾ ਸਾਚਾ ਰੂਪ, ਤ੍ਰੈਗੁਣ ਮਾਇਆ ਮੇਲ ਮਿਲਾਇਆ । ਪੰਜ ਤੱਤ ਵਸੇ ਚਾਰੇ ਕੂਟ, ਦੋ ਜਹਾਨਾਂ ਫੇਰੀ ਪਾਇਆ । ਅਬਿਨਾਸ਼ੀ ਕਰਤਾ ਗਿਆ ਤੁਠ, ਆਪ ਆਪਣਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਵਤਾਰ, ਏਕਾ ਏਕ ਅਖਵਾਇਆ । ਲੱਖ ਚੁਰਾਸੀ ਬੰਨ੍ਹੇ ਧਾਰ, ਹਰਿ ਹਰਿ ਬਣਤ ਬਣਾਈਆ । ਮਾਨਸ ਮਨੁੱਖ ਕਰ ਤਿਆਰ, ਆਪਣੀ ਬੂਝ ਬੁਝਾਈਆ । ਏਕਾ ਦੀਪਕ ਆਪੇ ਬਾਲ, ਆਪਣੀ ਕਰੇ ਆਪ ਕੁੜਮਾਈਆ । ਆਪਣਾ ਬਣੇ ਮੀਤ ਮੁਰਾਰ, ਆਪਣਾ ਸੱਜਣ ਆਪ ਅਖਵਾਈਆ । ਆਪਣੀ ਰੀਤ ਚਲੇ ਸੰਸਾਰ, ਸਾਚੀ ਰੀਤ ਇਕ ਵਡਿਆਈਆ । ਹਸਤ ਕੀਟ ਏਕਾ ਧਾਰ, ਊਚ ਨੀਚ ਨਾ ਕੋਈ ਵਖਾਈਆ । ਪਤਿਤ ਪੁਨੀਤ ਕਰੇ ਪਿਆਰ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਨਿਰੰਜਣ ਵਡ ਵਡਿਆਈਆ । ਅਲੱਖ ਨਿਰੰਜਣ ਅਗੰਮ ਅਥਾਹ, ਆਪਣਾ ਖੇਲ ਖਿਲਾਇੰਦਾ । ਸਰਗੁਣ ਸਾਚਾ ਮੇਲ ਮਿਲਾ, ਮੇਲ ਮਿਲਾਵਾ ਆਪ ਕਰਾਇੰਦਾ । ਨਿਰਗੁਣ ਦੀਵਾ ਆਪ ਜਗਾ, ਕਮਲਾਪਾਤੀ ਵੇਖ ਵਖਾਇੰਦਾ । ਸਾਚੇ ਮੰਦਰ ਖੋਲ੍ਹ ਤਾਕੀ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਏਕਾ ਬੰਧਨ ਬੰਧ ਬੰਧਾਇੰਦਾ । ਬੰਧਨਹਾਰਾ ਸ਼ਬਦ ਡੋਰ, ਸ਼ਬਦੀ ਸ਼ਬਦ ਵੱਡੀ ਵਡਿਆਈਆ । ਵਸਣਹਾਰ ਅੰਧ ਘੋਰ, ਅੰਧ ਘੋਰ ਆਸਣ ਲਾਈਆ । ਰੱਖਣਹਾਰਾ ਪੰਜ ਚੋਰ, ਪੰਜਾਂ ਚੋਰਾਂ ਕਰੇ ਲੜਾਈਆ । ਚਾੜ੍ਹਨਹਾਰਾ ਸਾਚੇ ਘੋੜ, ਸਾਚਾ ਅਸਵ ਇਕ ਰਖਾਈਆ । ਦੋ ਜਹਾਨਾਂ ਰਿਹਾ ਦੌੜ, ਹਰਿ ਸਾਚੇ ਵਡ ਵਡਿਆਈਆ । ਆਦਿ ਜੁਗਾਦਿ ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਘਟ ਘਟ ਅੰਦਰ ਖੋਜ ਖੁਜਾਈਆ । ਆਪ ਲਗਾਏ ਦੋ ਜਹਾਨੀ ਏਕਾ ਪੌੜ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਖੇਲ ਕਰ, ਖੇਲੇ ਖੇਲ ਥਾਉਂ ਥਾਈਂਆ । ਪੁਰਖ ਅਬਿਨਾਸ਼ੀ ਸਾਚੀ ਧਾਰ, ਆਪਣੀ ਆਪ ਚਲਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਏਕਾ ਗੁਰ ਅਖਵਾਇੰਦਾ । ਜਨ ਭਗਤਾਂ ਸੁੱਤਾ ਕਰ ਪਿਆਰ, ਸਾਚੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਖ ਵਖਾਇੰਦਾ । ਜੁਗਾ ਜੁਗੰਤਰ ਵੇਖਣਹਾਰ, ਹਰਿ ਵੱਡੀ ਵਡਿਆਈਆ । ਨਿਰਗੁਣ ਰੂਪ ਆਪਣਾ ਧਰ, ਸਰਗੁਣ ਮੇਲਾ ਸਹਿਜ ਸੁਭਾਈਆ । ਆਪਣਾ ਮੇਲਾ ਆਪੇ ਕਰ, ਆਪੇ ਮੇਲ ਮਿਲਾਈਆ । ਆਪਣਾ ਭਾਣਾ ਆਪੇ ਜ਼ਰ, ਆਪੇ ਭਾਣਾ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਸਤਿਜੁਗ ਸਾਚਾ ਉਤਰਿਆ ਪਾਰ, ਤ੍ਰੇਤਾ ਤੇਰਾ ਮੀਤ ਮੁਰਾਰ, ਤ੍ਰੈਗੁਣ ਮੇਲਾ ਵੇਖ ਵਖਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਲੋਕਮਾਤ ਡੇਰਾ ਲਾਇਆ । ਸਾਚੀ ਸਿਖਿਆ ਇਕ ਵਿਚਾਰ, ਏਕਾ ਰੰਗ ਰੰਗਾਇਆ । ਏਕਾ ਘਰ ਇਕ ਦਰਬਾਰ, ਏਕਾ ਬੰਕ ਸੁਹਾਇਆ । ਏਕਾ ਸ਼ਾਹ ਇਕ ਦਰਬਾਰ, ਰਾਜ ਰਾਜਾਨ ਇਕ ਅਖਵਾਇਆ । ਏਕ ਗੀਤਾ ਕਰ ਪਿਆਰ, ਸੀਤਾ ਸੁਰਤੀ ਲਏ ਪ੍ਰਨਾਇਆ ।

ਏਕਾ ਤੋੜੇ ਗੜ੍ਹ ਹੰਕਾਰ, ਲੰਕਾ ਗੜ੍ਹ ਤੁੜਾਇਆ । ਭਗਤ ਵਛਲ ਕਰ ਪਿਆਰ, ਭਗਤਨ ਮੀਤਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤ੍ਰੀਆ ਵੇਸ ਕਰ, ਤ੍ਰੈਗੁਣ ਖੇਲ ਖਲਾਇਆ । ਖੇਲੇ ਖੇਲ ਪੁਰਖ ਕਰਤਾਰਾ, ਪੁਰਖ ਪੁਰਖੋਤਮ ਵਡ ਵਡਿਆਈਆ । ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਗਿਆ ਗਾਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਨਾਮ ਬੰਸਰੀ ਇਕ ਵਜਾਈਆ । ਗੀਤਾ ਗਿਆਨ ਕਰ ਪਿਆਰਾ, ਅਰਜਨ ਇਕ ਸਮਝਾਈਆ । ਬਿਪਰ ਸੁਦਾਮਾ ਕਰ ਪਿਆਰਾ, ਦਰੋਪਦ ਲਾਜ ਰਖਾਈਆ । ਤੋੜਣਹਾਰਾ ਗੜ੍ਹ ਹੰਕਾਰਾ, ਹੰਕਾਰੀ ਗੜ੍ਹ ਤੁੜਾਈਆ । ਅੰਤਮ ਕਰਿਆ ਪਾਰ ਕਿਨਾਰਾ, ਆਪ ਆਪਣਾ ਕਲ ਵਰਤਾਈਆ । ਕਲਜੁਗ ਕੂੜਾ ਕਰ ਪਿਆਰਾ, ਕੂੜਾ ਡੰਕ ਵਜਾਈਆ । ਚਾਰੋਂ ਕੁੰਟ ਧੁੰਧੂਕਾਰਾ, ਵੇਖੇ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਆਪ ਆਪਣੀ ਕਲ ਵਰਤਾਈਆ । ਈਸਾ ਮੂਸਾ ਕਰ ਪਿਆਰਾ, ਅੰਜੀਲਾਂ ਕੁਰਾਨਾਂ ਦਏ ਵਡਿਆਈਆ । ਸੰਗ ਮੁਹੰਮਦ ਚਾਰ ਯਾਰਾ, ਏਕਾ ਕਲਮਾ ਰਿਹਾ ਪੜ੍ਹਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਅੱਲਾ ਹੂ ਹੂ ਨਾਅਰਾ ਲਾਈਆ । ਨਾਨਕ ਲੇਖਾ ਧੁਰ ਦਰਬਾਰਾ, ਹਰਿ ਸਾਚਾ ਰਿਹਾ ਜਣਾਈਆ । ਪ੍ਰਗਟ ਹੋਇਆ ਨਿਰਾਧਾਰਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਪਾਇਆ ਵਰ ਪੁਰਖ ਕਰਤਾਰਾ, ਨਾ ਮਰੇ ਨਾ ਜਾਈਆ । ਮਿਲਿਆ ਮੇਲ ਮੀਤ ਮੁਰਾਰਾ, ਵਿਛੜ ਕਦੇ ਨਾ ਜਾਈਆ । ਥਿਰ ਘਰ ਸੋਹਿਆ ਸਚ ਦੁਵਾਰਾ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਅੰਦਰ ਬਾਹਰ ਕਰੇ ਰੁਸ਼ਨਾਈਆ । ਨਿਰਗੁਣ ਨਿਰਗੁਣ ਢਹਿ ਪਿਆ ਦੁਵਾਰਾ, ਨਾਨਕ ਏਕਾ ਮੰਗ ਮੰਗਾਈਆ । ਲੱਖ ਚੁਰਾਸੀ ਕਰੇ ਪਿਆਰਾ, ਸਾਚਾ ਹੱਟ ਖੁਲ੍ਹਾਈਆ । ਲੱਖ ਚੁਰਾਸੀ ਉਤਰੇ ਪਾਰਾ, ਜੋ ਜਨ ਰਸਨਾ ਗਾਈਆ । ਕਲਜੁਗ ਕੂੜਾ ਹੋਏ ਉਜਿਆਰਾ, ਧੂਅੰਧਾਰ ਸਰਬ ਕਰਾਈਆ । ਨਾ ਕੋਈ ਦਿਸੇ ਕਿਸੇ ਸਹਾਰਾ, ਹਿੰਦੂ ਮੁਸਲਮ ਸਿਖ ਨਾ ਕੋਈ ਸਹਾਈਆ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਵੱਜੀ ਵਧਾਈਆ । ਖੜਗ ਖੰਡਾ ਤੇਜ ਕਟਾਰਾ, ਤਨ ਗਾਤਰੇ ਨਾਮ ਲਟਕਾਈਆ । ਸਾਚਾ ਬਸਤਰ ਅਪਰ ਅਪਾਰਾ, ਤਨ ਸ਼ਸਤਰ ਆਪ ਸਜਾਈਆ । ਸੀਸ ਜਗਦੀਸ਼ ਸੋਹੇ ਦਸਤਾਰਾ, ਕਲਗੀ ਤੋੜਾ ਆਪ ਟਿਕਾਈਆ । ਪੰਚਮ ਮੀਤਾ ਪੰਚ ਪਿਆਰਾ, ਪੰਚਮ ਪੰਚਮ ਕਰੇ ਕੁੜਮਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਅੰਮਿਉਂ ਰਸ ਮੁਖ ਚੁਆਈਆ । ਆਪ ਲੰਘਾਏ ਏਕਾ ਧਾਰਾ, ਏਕਾ ਵਾਰ ਕਰਾਈਆ । ਨਾਮ ਖੰਡਾ ਤੇਜ ਕਟਾਰਾ, ਆਰ ਪਾਰ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਕਰ ਤਿਆਰਾ, ਸਾਚੀ ਬਣਤ ਬਣਾਈਆ । ਆਪੇ ਢਹਿ ਪਿਆ ਦੁਵਾਰਾ, ਆਪਣੀ ਝੋਲੀ ਅੱਗੇ ਡਾਹੀਆ । ਗੁਰ ਚੇਲਾ ਸੋਹੇ ਇਕ ਦੁਵਾਰਾ, ਏਕਾ ਘਰ ਵੱਜੇ ਵਧਾਈਆ । ਤੇਰਾ ਮੇਰਾ ਰੂਪ ਅਪਾਰਾ, ਭੇਵ ਅਭੇਵ ਰਹੇ ਨਾ ਰਾਈਆ । ਵਹਿਗੁਰੂ ਫਤਿਹ ਬੋਲ ਜੈਕਾਰਾ, ਪੁਰਖ ਅਕਾਲ ਇਕ ਮਨਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਖੇਲੇ ਖੇਲ ਬੇਪਰਵਾਹੀਆ । ਮੇਲ ਮਿਲਾਵਾ ਸੁੱਤ ਦੁਲਾਰਾ, ਗੋਬਿੰਦ ਨਾਉਂ ਵਡ ਵਡਿਆਈਆ । ਸਿੰਘ ਰੂਪ ਆਪ ਕਰਤਾਰਾ, ਸਿੰਘ ਸਿੰਘ ਵੇਖ ਵਖਾਈਆ । ਚਾਰ ਕੁੰਟ ਖੇਲ ਅਪਾਰਾ, ਦਹਿ ਦਿਸ਼ਾ ਫੇਰੀ ਪਾਈਆ । ਕਲਜੁਗ ਕੂੜਾ ਰਿਹਾ ਲਲਕਾਰਾ, ਆਪਣਾ ਬਲ ਵਖਾਈਆ । ਆਪੇ ਮੰਗੇ ਬਣ ਭਿਖਾਰਾ, ਦਰ ਬੈਠਾ ਅਲੱਖ ਜਗਾਈਆ । ਗੋਬਿੰਦ ਤੇਰਾ ਸਚ ਦੁਵਾਰਾ, ਖ਼ਾਲੀ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪੇ ਰਿਹਾ ਰਚਾਈਆ ।

ਗੋਬਿੰਦ ਜੋਧਾ ਸੂਰਬੀਰ ਬਲਕਾਰ, ਏਕਾ ਸ਼ਬਦ ਸੁਣਾਇੰਦਾ । ਕਲਜੁਗ ਤੇਰੀ ਆਏ ਵਾਰ, ਏਕਾ ਢਈਆ ਵਿਚ ਰਖਾਇੰਦਾ । ਕੋਈ ਨਾ ਪਾਵੇ ਤੇਰੀ ਸਾਰ, ਤੇਰਾ ਭੇਵ ਆਪਣੇ ਵਿਚ ਛੁਪਾਇੰਦਾ । ਚਾਰ ਲੱਖ ਬੱਤੀ ਹਜ਼ਾਰ ਗਏ ਹਾਰ, ਲੇਖਾ ਲਿਖਿਆ ਆਪ ਮਿਟਾਇੰਦਾ । ਮਾਰਨਹਾਰਾ ਸਾਚੀ ਮਾਰ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਲੇਖਾ ਚੁੱਕੇ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ, ਪਾਰਬ੍ਰਹਮ ਭੇਵ ਨਾ ਆਇੰਦਾ । ਕਲਜੁਗ ਕੂਕੇ ਦਏ ਦੁਹਾਈ, ਨੇਤਰ ਨੀਰ ਵਹਾਇਆ । ਵੇਲੇ ਅੰਤ ਨਾ ਕੋਈ ਸਹਾਈ, ਸੰਗ ਮੁਹੰਮਦ ਨਾ ਕੋਈ ਰਖਾਇਆ । ਅੱਲਾ ਰਾਣੀ ਬੈਠੀ ਮੁਖ ਸ਼ਰਮਾਈ, ਚੌਦਾਂ ਚੌਦਾਂ ਵੇਸ ਵਟਾਇਆ । ਚੌਦਾਂ ਤਬਕਾਂ ਪਏ ਲੜਾਈ, ਨਾ ਕੋਈ ਧੀਰਜ ਧੀਰ ਧਰਾਇਆ । ਮੁਲਾਂ ਸ਼ੇਖ਼ ਮੁਸਾਇਕ ਕੁਤਬ ਗੌਂਸ ਨਾ ਕੋਈ ਸਹਾਇਆ । ਨਾ ਕੋਈ ਦੀਸੇ ਨੇਰਨ ਨੇਰ, ਪੀਰਨ ਪੀਰ ਨਾ ਕੋਈ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ਼ਬਦ ਬੋਲਾ ਸਾਚਾ ਤੋਲਾ, ਏਕਾ ਢੋਲਾ ਆਪੇ ਗਾਇਆ । ਕਲਜੁਗ ਤੇਰਾ ਸਾਚਾ ਪੰਧ, ਹਰਿ ਸਾਚੇ ਆਪ ਮੁਕਾਵਣਾ । ਗੋਬਿੰਦ ਗਾਇਆ ਸਾਚਾ ਛੰਦ, ਹਰਿ ਸਾਚੇ ਪੂਰ ਕਰਾਵਣਾ, ਆਪਣੇ ਘਰ ਪ੍ਰਗਟ ਹੋਏ ਆਪੇ ਨੰਦ, ਆਪ ਆਪਣਾ ਕਰਮ ਕਮਾਵਣਾ । ਤੇਰਾ ਕੱਟੇ ਬੰਦ ਬੰਦ, ਨਾਮ ਖੰਡਾ ਹੱਥ ਰਖਾਵਣਾ । ਮੇਟ ਮਿਟਾਏ ਭੇਖ ਪਖੰਡ, ਜੂਠ ਝੂਠ ਰਹਿਣ ਨਾ ਪਾਵਣਾ । ਆਪੇ ਵੰਡੇ ਸਾਚੀ ਵੰਡ, ਸਾਚਾ ਤੋਲਾ ਆਪ ਅਖਵਾਵਣਾ । ਖੇਲੇ ਖੇਲ ਵਿਚ ਬ੍ਰਹਿਮੰਡ, ਲੋਕਮਾਤ ਵੇਸ ਵਟਾਵਣਾ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਵਣਾ । ਮਨਮੁਖ ਮੇਟੇ ਨਾਰ ਦੁਹਾਗਣ ਰੰਡ, ਵਿਭਚਾਰ ਨਾ ਕੋਈ ਜਣਾਵਣਾ । ਜਨ ਭਗਤਾਂ ਆਤਮ ਪਾਏ ਠੰਡ, ਅੰਮ੍ਰਿਤ ਆਤਮ ਜਾਮ ਪਿਆਵਣਾ । ਨੰਗੀ ਹੋਏ ਨਾ ਕਦੇ ਕੰਡ, ਸਿਰ ਆਪਣਾ ਹੱਥ ਟਿਕਾਵਣਾ । ਸੋ ਪੁਰਖ ਨਿਰੰਜਣ ਸਾਚਾ ਨਾਮ ਵੰਡ, ਹੰ ਬ੍ਰਹਮ ਇਕ ਰਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਤਿ ਸੰਤੋਖੀ ਇਕ ਗਿਆਨ, ਅੰਦਰ ਮੰਦਰ ਖੋਲ੍ਹ ਦੁਕਾਨ, ਇਕ ਵਣਜ ਨਾਮ ਵਣਜਾਰਾ, ਸਾਚੇ ਹੱਟ ਵਿਕਾਵਣਾ । ਕਲਜੁਗ ਉਠ ਉਠ ਬਲ ਧਾਰ, ਦੋਏ ਜੋੜ ਕਰੇ ਨਿਮਸਕਾਰਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਤੇਰਾ ਦਰ ਸੋਹੇ ਅੰਤਮ ਵਾਰਾ । ਲੱਖ ਚੁਰਾਸੀ ਜਾਏ ਹਾਰ, ਸਾਧ ਸੰਤ ਨਾ ਦਿਸੇ ਸਹਾਰਾ । ਨਾਰੀ ਕੰਤ ਨਾ ਕੋਈ ਪਿਆਰ, ਭੈਣ ਭਾਈ ਨਾ ਕੋਈ ਸਹਾਰਾ । ਪੰਜ ਤੱਤ ਵਿਕਾਰਾ ਹੋਏ ਉਜਿਆਰ, ਕਾਮ ਕਰੋਧ ਲੋਭ ਮੋਹ ਹੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਅੰਤਮ ਆਪੇ ਸਾਰਾ । ਕਲਜੁਗ ਤੇਰਾ ਅੰਤਮ ਰੰਗ, ਹਰਿ ਹਰਿ ਵੇਖ ਵਖਾਵਣਾ । ਪ੍ਰਗਟ ਹੋਏ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਖੇਲ ਖਿਲਾਵਣਾ । ਨਾਮ ਵਜਾਏ ਸਚ ਮਰਦੰਗ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਵਣਾ । ਲੋਆਂ ਪੁਰੀਆਂ ਆਪੇ ਲੰਘ, ਲੋਕਮਾਤ ਫੇਰਾ ਪਾਵਣਾ । ਗੋਬਿੰਦ ਵਿਛਾਈ ਸੇਜ ਪਲੰਘ, ਹਰਿ ਸਾਚੇ ਆਸਣ ਲਾਵਣਾ । ਆਪੇ ਧਾਰ ਵਹਾਏ ਗੰਗ, ਆਪੇ ਮੇਟ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ ਤੇਰੇ ਦਰ, ਤੇਰਾ ਹਰਿ ਸੁਹਾਵਣਾ । ਕਲਜੁਗ ਤੇਰਾ ਕੂੜ ਪਰਧਾਨ, ਕੂੜਾ ਡੰਕ ਵਜਾਇੰਦਾ । ਰਾਜ ਰਾਜਾਨ ਨਾ ਦਿਸੇ ਕੋਈ ਸ਼ਾਹ ਸੁਲਤਾਨ, ਸਚ ਸੁੱਚ ਨਾ ਕੋਈ ਜਣਾਇੰਦਾ । ਗੁਰ ਕਾ ਮੰਤਰ ਨਾ ਕੋਈ ਗਾਇਣ, ਹਰਿ ਹਿਰਦੇ ਨਾ ਕੋਈ ਵਸਾਇੰਦਾ । ਸਾਚਾ

ਰਾਗ ਨਾ ਸੁਨਣ ਕਾਨ, ਨਾਮ ਨਿਧਾਨਾ ਨਾ ਕੋਈ ਵਿਖਾਇੰਦਾ । ਅੰਮ੍ਰਿਤ ਆਤਮ ਨਾ ਮਿਲੇ ਪੀਣ ਖਾਣ, ਰਸ ਮਿੱਠਾ ਕੋਈ ਨਾ ਪਾਇੰਦਾ । ਕਿਸੇ ਨਾ ਵਸਿਆ ਕਾਇਆ ਮੰਦਰ ਸਚ ਮਕਾਨ, ਨੌਂ ਦੁਵਾਰੇ ਖ਼ਾਲੀ ਸਰਬ ਵਿਖਾਇੰਦਾ । ਕਲਜੁਗ ਤੇਰੀ ਜਗਤ ਦੁਕਾਨ, ਹਰਿ ਸਾਚਾ ਫੋਲ ਫੁਲਾਇੰਦਾ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਲੇਖਾ ਕੋਈ ਰਹਿਣ ਨਾ ਪਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੀ ਦਇਆ ਕਮਾਇੰਦਾ । ਦੇਵੇ ਨਾਮ ਰਾਮ ਸੱਚੀ ਧੁਨਕਾਨ, ਧੁਨ ਧੁਨੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨ ਹਰਿ ਮਿਹਰਵਾਨ, ਏਕਾ ਏਕ ਵਖਾਇੰਦਾ । ਕਲਜੁਗ ਤੇਰਾ ਅੰਤ ਨਿਸ਼ਾਨ, ਚਾਰ ਕੁੰਟ ਵਿਭਚਾਰਿਆ । ਜੂਠ ਝੂਠ ਹੋਏ ਪਰਧਾਨ, ਸਚ ਸਚ ਸਚ ਜਣਾ ਰਿਹਾ । ਚਾਰੋਂ ਕੁੰਟ ਸੁੰਞ ਮਸਾਣ, ਦਹਿ ਦਿਸ਼ਾ ਹਰਿ ਕਾ ਨਾਮ ਨਾ ਕੋਈ ਗਾ ਰਿਹਾ । ਰਵ ਸਸ ਮੁਖ ਸ਼ਰਮਾਣ, ਤੇਜ ਬਲ ਨਾ ਕੋਈ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ, ਆਪ ਆਪਣੀ ਰਚਨ ਰਚਾ ਰਿਹਾ । ਕਲਜੁਗ ਤੇਰਾ ਅੰਤਮ ਔਣਾ, ਹਰਿ ਸਾਚਾ ਸਚ ਸੁਣਾਇੰਦਾ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਆਪ ਆਪਣਾ ਨਾਉਂ ਧਰਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਜਾਗਰਤ ਜੋਤ ਇਕ ਜਗਾਇੰਦਾ । ਗੋਬਿੰਦ ਸਾਚਾ ਸੰਗ ਨਿਭੌਣਾ, ਸ਼ਬਦੀ ਡੰਕ ਵਜਾਇੰਦਾ । ਸੰਬਲ ਨਗਰੀ ਧਾਮ ਸਹੌਣਾ, ਆਪ ਆਪਣਾ ਆਸਣ ਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਸੀਸ ਤਾਜ ਨਾ ਕੋਈ ਰਖਾਇੰਦਾ । ਏਕਾ ਢੋਲਾ ਸਾਚਾ ਗੌਣਾ, ਸੋਹੰ ਸ਼ਬਦ ਚਲਾਇੰਦਾ । ਰਾਮ



ਕ੍ਰਿਸ਼ਨ ਏਕਾ ਦਰ ਬਹੌਣਾ, ਏਕਾ ਦਰ ਸੁਹਾਇੰਦਾ । ਈਸਾ ਮੂਸਾ ਮੇਲ ਮਿਲੌਣਾ, ਸੰਗ ਮੁਹੰਮਦ ਜੋੜ ਜੁੜਾਇੰਦਾ । ਨਾਨਕ ਨਿਰਗੁਣ ਧਾਰ ਚਲੌਣਾ, ਗੁਰ ਗੋਬਿੰਦ ਖੇਲ ਖਿਲਾਇੰਦਾ । ਫਤਿਹ ਡੰਕਾ ਇਕ ਵਜੌਣਾ, ਰਾਓ ਰੰਕਾਂ ਆਪ ਸਮਝਾਇੰਦਾ । ਚਾਰ ਵਰਨਾਂ ਏਕਾ ਧਾਮ ਬਹੌਣਾ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਜੋਤੀ ਜਾਮਾ ਹਰਿ ਕਰਤਾਰ, ਆਪਣਾ ਆਪ ਉਪਾਇੰਦਾ । ਪ੍ਰਗਟ ਹੋ ਵਿਚ ਸੰਸਾਰ, ਸੋਹੰ ਢੋਲਾ ਗਾਇੰਦਾ । ਗੁਰਮੁਖ ਸਾਜਣ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਸਾਚੇ ਮੰਦਰ ਦਰਸ ਦਖਾਇੰਦਾ । ਸਤਾਰਾਂ ਹਾੜੀ ਬਾਕੀ ਚੁੱਕੇ ਵਿਚ ਸੰਸਾਰ, ਖ਼ਾਕੀ ਖ਼ਾਕ ਨਾ ਕੋਈ ਸਮਝਾਇੰਦਾ । ਸ਼ਬਦ ਰਾਕੀ ਕਰ ਤਿਆਰ, ਲੋਕਮਾਤ ਆਪ ਸੁਹਾਇੰਦਾ । ਸੋਲਾਂ ਕਲੀਆਂ ਆਸਣ ਪਾਇਆ ਸਿਰਜਣਹਾਰ, ਚਾਰੇ ਰਾਸਾਂ ਹੱਥ ਉਠਾਇੰਦਾ । ਗੁਰਮੁਖਾਂ ਲਹਿਣਾ ਦੇਣਾ ਬਾਕੀ ਚੁਕਾਏ ਆਪ ਕਰਤਾਰ, ਪੂਰਬ ਲਹਿਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਖੇ ਅੰਤ ਨਿਸ਼ਾਨ, ਸਤਿਜੁਗ ਸਾਚਾ ਮਾਰਗ ਲਾਇੰਦਾ । ਗੁਰਮੁਖ ਨੇਤਰ ਸਤਿਗੁਰ ਪੇਖਿਆ, ਵਿਸਰਿਆ ਸੰਸਾਰ । ਜ਼ਾਹਿਰਾ ਜ਼ਹੂਰ ਹਾਜ਼ਰ ਹਜ਼ੂਰ ਸਤਿਗੁਰ ਵੇਖਿਆ, ਮਿਲਿਆ ਮੀਤ ਮੁਰਾਰ । ਦੋ ਜਹਾਨਾਂ ਚੁੱਕਿਆ ਲੇਖਿਆ, ਭਵ ਸਾਗਰ ਉਤਰੇ ਪਾਰ । ਲੇਖੇ ਲੱਗੇ ਮੁੱਛ ਦਾੜ੍ਹੀ ਕੇਸਿਆ, ਜਿਸ ਜਨ ਚਰਨ ਕਰੀ ਨਿਮਸਕਾਰ । ਏਥੇ ਓਥੇ ਮਿਟਾਏ ਭਰਮ ਭੁਲੇਖਿਆ, ਸੁਹਾਏ ਸਚਖੰਡ ਦੁਵਾਰ । ਗੁਰਮੁਖਾਂ ਲਿਖਣਹਾਰਾ ਲੇਖਿਆ, ਕਲਜੁਗ ਅੰਤਮ ਗੁਰਮੁਖਾਂ ਬਣੇ ਦਰ ਭਿਖਾਰ । ਧੁਰ ਮਸਤਕ ਲਾਈ ਸਾਚੀ ਮੇਖਿਆ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ

੭੩੧ ੦੮

ਆਪਣੀ ਜੋਤ ਧਰ, ਦਰਸ਼ਨ ਦੇਵੇ ਅੱਗੇ ਖੜ੍ਹ, ਨਿਰਗੁਣ ਸਰਗੁਣ ਰੂਪ ਆਪ ਕਰਤਾਰ । ਦਸਮ ਦੁਵਾਰਾ ਸਚ ਟਿਕਾਣਾ, ਸਤਿਗੁਰ ਸਾਚੇ ਆਪ ਬਣਾਇਆ । ਉਪਰ ਬੈਠ ਸ਼ਾਹ ਸੁਲਤਾਨ ਸਾਚਾ ਰਾਣਾ, ਸਤਿ ਸਰੂਪੀ ਨਜ਼ਰੀ ਆਇਆ । ਗੁਰਮੁਖ ਵੇਖੇ ਚਤੁਰ ਸੁਜਾਣਾ, ਆਪ ਆਪਣੀ ਦਇਆ ਕਮਾਇਆ । ਆਵਣ ਜਾਵਣ ਚੁੱਕੇ ਜਮ ਕੀ ਕਾਣਾ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਮਾਰਗ ਆਪੇ ਲਾਇਆ । ਸਚ ਤਖਤ ਬੈਠ ਸੁਲਤਾਨ, ਹਰਿ ਘਰ ਸਾਚਾ ਆਪ ਸੁਹਾਇੰਦਾ । ਕਲਜੁਗ ਅੰਤਮ ਹੋਇਆ ਪ੍ਰਧਾਨ, ਜੋਤੀ ਜਾਮਾ ਭੇਖ ਵਟਾਇੰਦਾ । ਗੁਰਮੁਖਾਂ ਦੇਵੇ ਨਾਮ ਨਿਧਾਨ, ਸੋਹੰ ਜਾਮ ਪਿਆਲਾ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਜੋਤੀ ਨੂਰ ਨੂਰ ਉਜਿਆਰ, ਦੇਵੇ ਦਰਸ ਮਿਟੇ ਹਰਸ ਸਰਬ ਸੰਸਾਰ, ਜੋ ਜਨ ਨੇਤਰ ਦਰਸ਼ਨ ਪਾਇੰਦਾ ।

### ✪ ੨ ਸਾਵਣ ੨੦੧੬ ਬਿਕ੍ਰਮੀ ਕੇਹਰ ਸਿੰਘ ਦੇ ਘਰ ਪਿੰਡ ਰਜੀਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਤਾਰਨਹਾਰਾ ਪੁਰਖ ਸਮਰਾਥਾ, ਹਰਿਜਨ ਸਾਚੇ ਆਪ ਤਰਾਇੰਦਾ । ਨਾਮ ਜਣਾਈ ਸਾਚੀ ਗਾਥਾ, ਏਕਾ ਏਕ ਅਲ੍ਹਾਇੰਦਾ । ਹਰਿਜਨ ਚੜ੍ਹਾਏ ਸਾਚਾ ਰਾਥਾ, ਸਤਿਗੁਰ ਸਾਚਾ ਰਥ ਚਲਾਇੰਦਾ । ਲੇਖਾ ਜਾਣੇ ਤ੍ਰਲੋਕੀ ਨਾਥਾ, ਲੋਆਂ ਪੁਰੀਆਂ ਵੇਖ ਵਖਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਪੂਰਬ ਲਹਿਣਾ ਝੋਲੀ ਪਾਇੰਦਾ । ਸਾਚਾ ਮੰਤਰ ਪੂਜਾ ਪਾਠਾ, ਏਕਾ ਹਰਿ ਹਰਿ ਨਾਮ ਦ੍ਰਿੜਾਇੰਦਾ । ਸਰ ਸਰੋਵਰ ਤੀਰਥ ਤਾਟਾ, ਚਰਨ ਦੁਵਾਰਾ ਤਾਲ ਸੁਹਾਇੰਦਾ । ਆਪੇ ਜਾਣੇ ਆਪਣੀ ਵਾਟਾ, ਜੁਗ ਜੁਗ ਪੰਧ ਮੁਕਾਇੰਦਾ । ਦੀਪਕ ਜੋਤੀ ਜੋਤ ਲਲਾਟਾ, ਘਰ ਮੰਦਰ ਆਪ ਟਿਕਾਇੰਦਾ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਫਿਰੇ ਨਾਠਾ, ਹਰਿ ਹਰਿ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਏਕਾ ਏਕ ਏਕੰਕਾਰਿਆ । ਆਪ ਸੁਹਾਏ ਆਪਣੀ ਰੁੱਤ, ਰੁੱਤ ਮਾਹ ਵਰਖ ਵੇਖ ਵਖਾ ਰਿਹਾ । ਜੁਗ ਜੁਗ ਉਪਜਾਏ ਸਾਚੇ ਸੁੱਤ, ਹਰਿ ਭਗਤੀ ਨਾਮ ਦ੍ਰਿੜਾ ਰਿਹਾ । ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਘੁਟ, ਸਤਿ ਸਰੋਵਰ ਸੀਰ ਮੁਖ ਚੁਆ ਰਿਹਾ । ਹਉਮੇ ਕੱਢੇ ਵਾਸਨਾ ਖੋਟ, ਏਕਾ ਅੰਤਰ ਰੰਗ ਰੰਗਾ ਰਿਹਾ । ਤਨ ਨਗਾਰੇ ਲਾਏ ਚੋਟ, ਧੁਨ ਅਨਾਦੀ ਸ਼ਬਦ ਵਜਾ ਰਿਹਾ । ਲੱਭਦੇ ਫਿਰਦੇ ਕੋਟੀ ਕੋਟ, ਤੀਰਥ ਤੱਟਾਂ ਹੱਥ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਸਤਿਗੁਰ ਪੂਰਾ ਪਾਰਬ੍ਰਹਮ, ਪਰਮ ਪੁਰਖ ਅਖਵਾਇੰਦਾ । ਹਰਿਜਨ ਲੇਖੇ ਲਾਏ ਦਮ, ਜੋ ਜਨ ਰਸਨਾ ਹਰਿ ਹਰਿ ਗਾਇੰਦਾ । ਆਪੇ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਇੰਦਾ । ਗਗਨ ਪਤਾਲ ਰਹਾਏ ਬਿਨ ਬਿਨ ਥੰਮ, ਮੰਡਲ ਮੰਡਪ ਆਪ ਸੁਹਾਇੰਦਾ । ਸੇਵਾ ਲਾਏ ਸੂਰਜ ਚੰਨ, ਰਵ ਸਸ ਆਪ ਫਿਰਾਇੰਦਾ । ਲੋਆਂ ਪੁਰੀਆਂ ਬੇੜਾ ਬੰਨ੍ਹ, ਆਦਿ ਨਿਰੰਜਣ ਆਪ ਉਠਾਇੰਦਾ । ਬ੍ਰਹਮ ਬ੍ਰਹਿਮਾਦੀ ਸੁਣਾਏ ਰਾਗ ਕੰਨ, ਸ਼ਬਦ ਅਨਾਦੀ ਆਪ ਸੁਣਾਇੰਦਾ । ਆਪੇ ਜਾਣੇ ਜਨਨੀ ਜਨ, ਹਰਿਜਨ ਸਾਚੇ ਮਾਤ ਉਪਜਾਇੰਦਾ । ਏਕਾ ਰਾਗ ਸੁਣਾਏ ਕੰਨ, ਆਪ

ਆਪਣਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਉਠਾਇੰਦਾ । ਸਤਿਗੁਰ ਸੱਚਾ ਪਾਤਸ਼ਾਹ, ਪਰਮ ਪੁਰਖ ਕਰਤਾਰਾ । ਆਦਿ ਜੁਗਾਦੀ ਏਕਾ ਸ਼ਹਿਨਸ਼ਾਹ, ਨਿਤ ਨਵਿਤ ਲਏ ਅਵਤਾਰਾ । ਦੋ ਜਹਾਨਾਂ ਚਲਾਏ ਸਾਚਾ ਰਾਹ, ਖੇਲੇ ਖੇਲ ਅਗੰਮ ਅਪਾਰਾ । ਸ਼ਬਦ ਸਰੂਪੀ ਬਣ ਮਲਾਹ, ਆਪੇ ਵੇਖੇ ਆਰ ਪਾਰ ਕਿਨਾਰਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਬਖ਼ਸ਼ੇ ਨਾਮ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਉਪਜਾਏ ਸਾਚਾ ਸੁੱਤ ਦੁਲਾਰਾ । ਹਰਿ ਭਗਵੰਤ ਆਦਿ ਅੰਤ, ਸੰਤਨ ਸੰਗ ਸਮਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਨਰ ਨਰਾਇਣ ਵੇਖ ਵਖਾਇੰਦਾ । ਆਪ ਸੁਹਾਏ ਰੁੱਤ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਹਰਿ ਹਰਿ ਮਹਿਮਾ ਗਣਤ ਅਗਣਤ, ਭੇਵ ਕੋਈ ਨਾ ਪਾਇੰਦਾ । ਵੇਖਣਹਾਰ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਹਰੀ ਹਰਿ ਨਰਾਇਣ, ਹਰੀ ਹਰਿ ਰੂਪ ਵਟਾਈਆ । ਆਪੇ ਪੇਖੇ ਆਪਣੇ ਨੈਣ, ਨੇਤਰ ਲੋਚਣ ਇਕ ਦਰਸਾਈਆ । ਆਪ ਚੁਕਾਏ ਲਹਿਣ ਦੇਣ, ਜੁਗ ਜੁਗ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਏਕਾ ਘਰ, ਘਰ ਸੁਹੰਜਣਾ ਜੋਤ ਰੁਸ਼ਨਾਈਆ । ਘਰ ਸੁਹੰਜਣਾ ਹਰਿ ਗੋਪਾਲ, ਨਰ ਹਰਿ ਆਪ ਉਪਜਾਇੰਦਾ । ਦੀਪ ਅਗੰਮਾ ਆਪੇ ਬਾਲ, ਜੋਤੀ ਬਾਤੀ ਵਿਚ ਟਿਕਾਇੰਦਾ । ਆਪੇ ਰੱਖੇ ਆਪਣੇ ਥਾਲ, ਆਪ ਆਪਣਾ ਦਰ ਸੁਹਾਇੰਦਾ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਵਸਣਹਾਰਾ ਧਰਮ ਧਰਮ ਸੱਚੀ ਧਰਮਸਾਲ, ਥਿਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਥਿਰ ਘਰ ਸਾਚਾ ਸਚ ਮਹੱਲਾ, ਹਰਿ ਨਿਰਗੁਣ ਜੋਤ ਜਗਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਏਕੰਕਾਰਾ ਬੈਠਾ ਇਕ ਇਕੱਲਾ, ਅਕਲ ਕਲਾ ਵਰਤਾਈਆ । ਸਤਿ ਸਰੂਪੀ ਨੇਹਚਲ ਧਾਮ ਅਟੱਲਾ, ਦਰ ਮੰਦਰ ਏਕਾ ਸੋਭਾ ਪਾਈਆ । ਆਪਣੀ ਜੋਤੀ ਆਪੇ ਰਲਾ, ਆਪ ਆਪਣੀ ਕਰ ਰੁਸ਼ਨਾਈਆ । ਸਚ ਸਨੇਹੜਾ ਆਪੇ ਘੱਲਾ, ਸ਼ਬਦ ਅਨਾਦੀ ਢੋਲਾ ਗਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕਾ ਮੱਲਾ, ਆਪ ਆਪਣਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਹਰਿ ਹਰਿ ਖੋਲ੍ਹ, ਆਪਣੀ ਦਇਆ ਕਮਾਇੰਦਾ । ਅੱਖਰ ਵੱਖਰ ਆਪੇ ਬੋਲ, ਆਪੇ ਰਾਗ ਸੁਣਾਇੰਦਾ । ਜੁਗਾ ਜੁਗੰਤਰ ਲੱਖ ਚੁਰਾਸੀ ਤੋਲੇ ਆਪਣੇ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਭਗਤ ਵਛਲ ਹਰਿਜਨ ਸਾਚੇ ਲਏ ਵਿਰੋਲ, ਆਪ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਰਹੇ ਅਡੋਲ, ਗੁਰਮੁਖ ਸੱਜਣ ਆਪ ਤਰਾਇੰਦਾ । ਦੇਵੇ ਵਸਤ ਨਾਮ ਅਨਮੋਲ, ਆਪ ਆਪਣਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਨਾਮ ਵਸਤ ਹਰਿ ਕਰਤਾਰ, ਆਪਣੇ ਹੱਥ ਰਖਾਈਆ । ਜੁਗਾ ਜੁਗੰਤਰ ਲਏ ਅਵਤਾਰ, ਜੁਗ ਜੁਗ ਵੇਸ ਵਟਾਈਆ । ਨਿਰਗੁਣ ਸਰਗੁਣ ਇਕ ਪਿਆਰ, ਏਕਾ ਰੰਗ ਰੰਗਾਈਆ । ਸੰਤ ਸਾਜਣ ਪਾਏ ਸਾਰ, ਸਤਿ ਪੁਰਖ ਨਿਰੰਜਣ ਵੇਖ ਵਖਾਈਆ । ਬੋਧ ਅਗਾਧੀ ਸ਼ਬਦ ਜੈਕਾਰ, ਏਕਾ ਨਾਅਰਾ ਲਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਲੋਕਮਾਤ ਵੇਖ ਵਖਾਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ

ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਂਆ । ਵੇਖਣਹਾਰਾ ਹਰਿ ਭਗਵਾਨਾ, ਏਕਾ ਏਕੰਕਾਰਿਆ । ਸ਼ਬਦ ਸਰੂਪੀ ਸਤਿ ਤਰਾਨਾ, ਸਤਿਗੁਰ ਪੂਰਾ ਨਾਉਂ ਉਪਜਾ ਰਿਹਾ । ਸਾਚੇ ਮੰਦਰ ਏਕਾ ਗਾਣਾ, ਏਕਾ ਰਾਗ ਸੁਣਾ ਰਿਹਾ । ਇਕ ਵਖਾਏ ਪਦ ਨਿਰਬਾਣਾ, ਨਿਰਭੈ ਰੂਪ ਵਟਾ ਲਿਆ । ਅਕਾਲ ਮੂਰਤ ਖੇਲ ਮਹਾਨਾ, ਸਾਚੀ ਤੂਰਤ ਨਾਦ ਵਜਾ ਲਿਆ । ਜੂਨੀ ਰਹਿਤ ਹੋ ਪਰਧਾਨਾ, ਆਪ ਆਪਣੀ ਕਲ ਵਰਤਾ ਰਿਹਾ । ਸੋਹੰ ਸ਼ਬਦ ਧੁਰ ਫ਼ਰਮਾਣਾ, ਆਪਣਾ ਗਾਣਾ ਆਪੇ ਗਾ ਲਿਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਗੁਰਮੁਖ ਵਿਰਲੇ ਝੋਲੀ ਪਾ ਰਿਹਾ । ਜਗਤ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਅਖਵਾ ਰਿਹਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਸਾਚਾ ਸਗਨ ਮਨਾ ਲਿਆ । ਸੰਮਤ ਸੋਲਾਂ ਕਰ ਪ੍ਰਵਾਨਾ, ਬੀਸ ਬੀਸਾ ਰੰਗ ਰੰਗਾ ਲਿਆ । ਵਿਛੜ ਨਾ ਜਾਏ ਦੋ ਜਹਾਨਾਂ, ਜਿਸ ਜਨ ਨੇਤਰ ਲੋਚਣ ਦਰਸ਼ਨ ਪਾ ਲਿਆ । ਆਵਣ ਜਾਵਣ ਚੁਕੀ ਕਾਨਾ, ਲੱਖ ਚੁਰਾਸੀ ਫੰਦ ਕਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾ ਲਿਆ । ਘਰ ਸੁਹੰਜਣਾ ਆਦਿ ਨਿਰੰਜਣ, ਚਾਰ ਕੁੰਟ ਰੁਸ਼ਨਾਈਆ । ਸਤਿਗੁਰ ਦਾਤਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨਾ ਪਾਏ ਅੰਜਨ, ਅਗਿਆਨ ਅੰਧੇਰ ਮਿਟਾਈਆ । ਸਖਾ ਸਖਾਈ ਸਾਚਾ ਸੱਜਣ, ਸੱਜਣ ਮੀਤ ਸਤਿਗੁਰ ਅਤੀਤ ਇਕ ਅਖਵਾਈਆ । ਕਲਜੁਗ ਅੰਤਮ ਆਇਆ ਪਰਦੇ ਕੱਜਣ, ਹਰਿਜਨ ਸਾਚੇ ਵੇਖ ਵਖਾਈਆ । ਚਾਰੋਂ ਕੁੰਟ ਝੂਠ ਨਗਾਰੇ ਵੱਜਣ, ਕੂੜੀ ਕਿਰਿਆ ਕਰੇ ਕੁੜਮਾਈਆ । ਗੁਰਮੁਖ ਵਿਰਲੇ ਮਦਿਰਾ ਮਾਸ ਤਜਣ, ਰਸਨਾ ਜਿਹਵਾ ਸੋਹੰ ਢੋਲਾ ਗਾਈਆ । ਸਤਿਗੁਰ ਪਾਇਆ ਸਾਚਾ ਸੱਜਣ, ਨਿਰਗੁਣ ਮੀਤਾ ਵਡ ਵਡਿਆਈਆ । ਅੰਤਮ ਵੇਲੇ ਰੱਖੇ ਲੱਜਣ, ਕਲਜੁਗ ਕੂਕੇ ਦਏ ਦੁਹਾਈਆ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ ਕੋਈ ਰਹਿਣ ਨਾ ਪਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਦਰ ਦਰਬਾਨ ਤਜਣ, ਸੀਸ ਤਾਜ ਨਾ ਕੋਈ ਟਿਕਾਈਆ । ਘਰ ਸਾਚਾ ਸੋਹੇ ਬੰਕ ਦੁਆਰ, ਬੰਕ ਦੁਆਰੀ ਹਰਿ ਹਰਿ ਆਇਆ । ਆਤਮ ਅੰਤਰ ਕਰ ਪਿਆਰ, ਗੁਰ ਮੰਤਰ ਨਾਮ ਦ੍ਰਿੜ੍ਹਾਇਆ । ਜਗਤ ਤ੍ਰਿਸ਼ਨਾ ਦਏ ਨਿਵਾਰ, ਆਤਮ ਸਾਚਾ ਜਾਮ ਪਿਆਇਆ । ਦਿਵਸ ਰੈਣ ਇਕ ਖ਼ੁਮਾਰ, ਏਕਾ ਰੰਗ ਰੰਗਾਇਆ । ਬੰਸ ਸਰਬੰਸਾ ਕਰੇ ਵਿਚਾਰ, ਸੋਹੰ ਹੰਸਾ ਰੂਪ ਵਟਾਇਆ । ਕਲਜੁਗ ਗੁਣ ਕਰ ਖ਼ਵਾਰ, ਰਾਵਣ ਹੰਕਾਰੀ ਮੇਟ ਮਿਟਾਇਆ । ਸਹਿੰਸਾ ਵਿਚੋਂ ਕਰ ਉਜਿਆਰ, ਗੁਰਮੁਖ ਸਾਚਾ ਇਕ ਜਗਾਇਆ । ਕੋਟਨ ਕੋਟੀ ਕੋਟ ਕੋਟ ਰਹੇ ਵਿਚਾਰ, ਦਿਵਸ ਰੈਣ ਰਹੇ ਬਿਲਲਾਇਆ । ਕਲਜੁਗ ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਨ ਨਾ ਕੋਈ ਚੜ੍ਹਾਇਆ । ਭਰਮੇ ਭਰਮ ਭੁੱਲਾ ਸੰਸਾਰ, ਭਰਮ ਗੜ੍ਹ ਨਾ ਕੋਈ ਤੁੜਾਇਆ । ਨਿਹਕਰਮੀ ਅੰਤਮ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਵਰਨੀ ਬਰਨੀ ਵਸਿਆ ਬਾਹਿਰ, ਜ਼ਾਤ ਪਾਤ ਨਾ ਕੋਈ ਰਖਾਇਆ । ਸਾਚੀ ਕਰਨੀ ਕਰੇ ਵਿਚ ਸੰਸਾਰ, ਕਰਨੇਹਾਰ ਆਪ ਅਖਵਾਇਆ । ਗੁਰਮੁਖ ਸਾਚੇ ਲਏ ਉਭਾਰ, ਗੁਰ ਗੋਬਿੰਦ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਸਾਚੇ ਘਰ, ਘਰ ਸਾਚਾ ਇਕ ਦਰਸਾਇਆ । ਘਰ ਸਾਚਾ ਵੇਖੇ ਉਚ ਮੁਨਾਰਾ, ਨਿਰਗੁਣ ਜੋਤ ਜੋਤ ਜਗਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਨਿਰਗੁਣ ਵੇਖੇ ਬੇਪਰਵਾਹੀਆ । ਸਰਗੁਣ ਮੇਲਾ ਵਿਚ ਸੰਸਾਰਾ, ਸਾਚੇ ਸ਼ਬਦ ਕਰੀ ਕੁੜਮਾਈਆ । ਏਕਾ ਸ਼ਬਦ ਧੁਨੀ ਧੁਨਕਾਰਾ, ਨਾਦ

੭੩੪
ot

ਅਨਾਦੀ ਨਾਦ ਵਜਾਈਆ । ਰਾਗੀ ਨਾਦੀ ਵਸੇ ਬਾਹਿਰਾ, ਭੇਵ ਕੋਈ ਨਾ ਪਾਈਆ । ਆਦਿ ਜੁਗਾਦੀ ਖੇਲ ਅਪਾਰਾ, ਖੇਲੇ ਖੇਲ ਬੇਪਰਵਾਹੀਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਮੰਤਰ ਏਕਾ ਨਾਮ ਇਕ ਜੈਕਾਰਾ, ਏਕਾ ਨਾਅਰਾ ਰਿਹਾ ਸੁਣਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਲੋਕਮਾਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਬ੍ਰਹਿਮੰਡ ਲੇਖਾ ਜਾਣੇ ਜੇਰਜ ਅੰਡ, ਵਰਭੰਡੀ ਵੇਖ ਵਖਾਈਆ । ਸਤਿਗੁਰ ਪੂਰਾ ਦੀਨ ਦਿਆਲ, ਅਕਲ ਕਲ ਕਲ ਧਾਰੀਆ । ਹਰਿਜਨ ਵੇਖੇ ਸਾਚੇ ਲਾਲ, ਘਰ ਸਾਚੇ ਮੇਲ ਮਿਲਾ ਰਿਹਾ । ਦਿਵਸ ਰੈਣ ਕਰੇ ਪ੍ਰਿਤਪਾਲ, ਆਪ ਆਪਣੀ ਸੇਵ ਕਮਾ ਲਿਆ । ਜੋ ਜਨ ਘਾਲਣ ਰਹੇ ਘਾਲ, ਆਪਣੇ ਲੇਖੇ ਆਪ ਲਗਾ ਰਿਹਾ । ਦੇਵਣਹਾਰ ਸੱਚਾ ਧਨ ਮਾਲ, ਨਾਮ ਖ਼ਜ਼ਾਨਾ ਇਕ ਲੁਟਾ ਰਿਹਾ । ਲਹਿਣਾ ਦੇਣ ਚੁਕਾਏ ਕਾਲ ਮਹਾਂਕਾਲ, ਮਹਾਂਕਾਲ ਰੂਪ ਆਪ ਅਖਵਾ ਰਿਹਾ । ਏਥੇ ਓਥੇ ਚਲੇ ਨਾਲ ਨਾਲ, ਦੋ ਜਹਾਨਾਂ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਉਠਾ ਰਿਹਾ । ਗੁਰਮੁਖ ਸਾਚੇ ਆਪ ਉਠਾਏ, ਆਪ ਆਪਣੀ ਦਇਆ ਕਮਾਈਆ । ਕਲਜੁਗ ਲੇਖਾ ਲੇਖ ਲਿਖਾਏ, ਲਿਖਣਹਾਰ ਬੇਪਰਵਾਹੀਆ । ਸਚ ਸੰਦੇਸ਼ਾ ਇਕ ਸੁਣਾਏ, ਚਾਰ ਕੁੰਟ ਫੇਰੀ ਪਾਈਆ । ਨਰ ਨਰੇਸ਼ਾ ਆਪ ਅਖਵਾਏ, ਨਰ ਨਰਾਇਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਣ ਲਏ ਵਰ, ਰਾਜਨ ਰਾਜ ਆਪ ਹੋ ਜਾਈਆ । ਰਾਜਨ ਰਾਜ ਸ਼ਾਹੋ ਭੂਪ, ਸਤਿ ਪੁਰਖ ਅਖਵਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਜਨ ਭਗਤਾਂ ਉਪਰ ਜਾਏ ਤੁਠ, ਆਪ ਆਪਣਾ ਸੰਗ ਨਿਭਾਇੰਦਾ । ਦੇਵੇ ਨਾਮ ਸਾਚਾ ਘੁੱਟ, ਅੰਮ੍ਰਿਤ ਨਾਮ ਪਿਆਇੰਦਾ । ਲੱਖ ਚੁਰਾਸੀ ਜਾਏ ਛੁੱਟ, ਆਵਣ ਜਾਵਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਘਰ ਸਾਚਾ ਸੋਹੇ ਸਤਿਗੁਰ ਪਾਇਆ, ਮਿਲਿਆ ਪੁਰਖ ਕਰਤਾਰਾ । ਸਾਚੇ ਮੰਦਰ ਢੋਲਾ ਗਾਇਆ, ਰਾਮ ਨਾਮ ਇਕ ਜੈਕਾਰਾ ਏਕੰਕਾਰਾ ਤੋਲਾ ਬਣ ਕੇ ਆਇਆ, ਤੋਲਣਹਾਰ ਸਰਬ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਏਕਾ ਭਰੇ ਨਾਮ ਭੰਡਾਰਾ ।

## ✪ ਮਲ ਸਿੰਘ ਦੇ ਘਰ ਰਜੀ ਵਾਲਾ ✪

ਹਰਿ ਸਤਿਗੁਰ ਏਕ ਏਕੰਕਾਰ, ਮੂਰਤ ਅਕਾਲ ਅਖਵਾਈਆ । ਗੁਰ ਗੁਰ ਰੂਪ ਅਪਰ ਅਪਾਰ, ਹਰਿ ਸ਼ਬਦੀ ਸ਼ਬਦ ਉਪਜਾਈਆ । ਗੁਰਮੁਖ ਸਾਜਣ ਮੀਤ ਮੁਰਾਰ, ਗੁਰ ਮੰਤਰ ਨਾਮ ਦ੍ਰਿੜਾਈਆ । ਗੁਰਸਿਖ ਸੋਹੇ ਬੰਕ ਦੁਵਾਰ, ਘਰ ਸਾਚੇ ਵੱਜੇ ਵਧਾਈਆ । ਪਰਮ ਪੁਰਖ ਪੁਰਖ ਕਰਤਾਰ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਇਕੱਲਾ ਅਕਲ ਕਲ ਪਸਾਰ, ਆਦਿ ਜੁਗਾਦੀ ਵੇਖ ਵਖਾਈਆ । ਹਰਿਜਨ ਦੇਵੇ ਨਾਮ ਅਧਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਹਰਿ ਸਤਿਗੁਰ ਸੱਚਾ

ਮਿਹਰਵਾਨ, ਆਦਿ ਨਿਰੰਜਣ ਵਡ ਵਡਿਆਈਆ । ਗੁਰ ਮੂਰਤ ਪ੍ਰਗਟ ਵਿਚ ਜਹਾਨ, ਅਨਾਦੀ ਤੂਰਤ ਸ਼ਬਦ ਸੁਣਾਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਘਰ ਸਾਚੇ ਮੇਲ ਮਿਲਾਈਆ । ਗੁਰਮੁਖਾਂ ਬਖ਼ਸ਼ੇ ਇਕ ਧਿਆਨ, ਏਕਾ ਰੂਪ ਦਿਸਾਈਆ । ਸਭਨਾ ਦਾਤਾ ਹਰਿ ਭਗਵਾਨ, ਅਲੱਖ ਨਿਰੰਜਣ ਵਡ ਵਡਿਆਈਆ । ਲੱਖ ਚੁਰਾਸੀ ਹੋ ਪ੍ਰਧਾਨ, ਘਟ ਘਟ ਬੈਠਾ ਆਸਣ ਲਾਈਆ । ਸੰਤ ਸਾਜਣ ਕਰ ਪਰਵਾਨ, ਆਤਮ ਅੰਤਰ ਬ੍ਰਹਮ ਜਣਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਦੂਸਰ ਵਸਤ ਨਾ ਕੋਈ ਦਿਸਾਈਆ । ਸਾਚਾ ਰਾਗ ਸੁਣਾਏ ਕਾਨ, ਧੁਨੀ ਨਾਦੀ ਨਾਦ ਵਜਾਈਆ । ਅੰਤਰ ਆਤਮ ਪੀਣ ਖਾਣ, ਅੰਮ੍ਰਿਤ ਸਾਚਾ ਜਾਮ ਪਿਆਈਆ । ਨਿਰਮਲ ਜੋਤੀ ਨੂਰ ਮਹਾਨ, ਦਿਵਸ ਰੈਣ ਡਗਮਗਾਈਆ । ਕਾਇਆ ਮੰਦਰ ਸਚ ਮਕਾਨ, ਘਰ ਮੇਲਾ ਬੇਪਰਵਾਹੀਆ । ਨੌਂ ਦੁਵਾਰੇ ਝੂਠ ਦੁਕਾਨ, ਕੂੜੀ ਕਿਰਿਆ ਮੇਟ ਮਿਟਾਈਆ । ਮੇਟਣਹਾਰਾ ਪੰਜ ਸ਼ੈਤਾਨ, ਨਾਮ ਖੰਡਾ ਹੱਥ ਉਠਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਸਤਿਗੁਰ ਪੂਰਾ ਇਕ ਅਖਵਾਈਆ । ਜੁਗਾ ਜੁਗੰਤ ਵੇਖੇ ਮਾਰ ਧਿਆਨ, ਆਦਿ ਅੰਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਏਕਾ ਏਕੰਕਾਰਾ ਨਿਰਾਕਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਦਾਤਾ ਬੇਪਰਵਾਹ, ਸਤਿਗੁਰ ਹਰਿ ਹਰਿ ਅਖਵਾਇਆ । ਗੁਰ ਗੁਰ ਸਾਚਾ ਬਣ ਮਲਾਹ, ਲੋਕਮਾਤ ਵੇਸ ਵਟਾਇਆ । ਗੁਰਮੁਖ ਸਾਚੇ ਸਾਜਣ ਲਏ ਜਗਾ, ਆਪ ਆਪਣੀ ਬੂਝ ਬੁਝਾਇਆ । ਗੁਰਸਿਖਾਂ ਨੇਤਰ ਦਏ ਖੁਲ੍ਹਾ, ਅੰਧ ਅੰਧੇਰ ਮੇਟ ਮਿਟਾਇਆ । ਸਾਚੀ ਸਿਖਿਆ ਇਕ ਸਮਝਾ, ਸਾਚਾ ਮਾਰਗ ਇਕ ਵਖਾਇਆ । ਬੰਕ ਦੁਵਾਰਾ ਦਏ ਸੁਹਾ, ਥਿਰ ਘਰ ਵਾਸੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਦਰ ਆਪੇ ਵੇਖ ਵਖਾਇਆ । ਸਤਿਗੁਰ ਪੂਰਾ ਹਰਿ ਸੁਲਤਾਨ, ਸ਼ਾਹੋ ਭੂਪ ਅਖਵਾਇਆ । ਗੁਰ ਗੁਰ ਖੇਲੇ ਖੇਲ ਵਿਚ ਜਹਾਨ, ਵਰਭੰਡੀ ਵੰਡ ਵੰਡਾਇਆ । ਗੁਰਮੁਖ ਸਾਜਣ ਚਤੁਰ ਸੁਜਾਨ, ਆਪ ਆਪਣਾ ਮੇਲ ਮਿਲਾਇਆ । ਗੁਰਮੁਖ ਵੇਖੇ ਮਾਰ ਧਿਆਨ, ਆਪ ਆਪਣੀ ਸੇਵ ਕਮਾਇਆ । ਦਾਤਾ ਦਾਨੀ ਹਰਿ ਮਿਹਰਵਾਨ, ਨਾਮ ਨਿਧਾਨਾ ਝੋਲੀ ਪਾਇਆ । ਸ਼ਬਦ ਨਿਸ਼ਾਨਾ ਤੀਰ ਕਮਾਨ, ਤੀਰ ਅਣਿਆਲਾ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਸਤਿਗੁਰ ਪੂਰਾ ਏਕਾ ਏਕੰਕਾਰ, ਅਕਲ ਕਲਾ ਅਖਵਾਈਆ । ਗੁਰ ਗੁਰ ਵੇਸ ਅਪਰ ਅਪਾਰ, ਗੁਰ ਗੁਰ ਆਪਣਾ ਖੇਲ ਖਲਾਈਆ । ਗੁਰਮੁਖ ਸਾਜਣ ਕਰ ਤਿਆਰ, ਪੰਜ ਤੱਤ ਕਰੇ ਰੁਸ਼ਨਾਈਆ । ਗੁਰਸਿਖ ਮੇਲਾ ਵਿਚ ਦਰਬਾਰ, ਸਚ ਮੰਦਰ ਵੱਜੇ ਵਧਾਈਆ । ਆਪ ਸੁਹਾਏ ਬੰਕ ਦੁਵਾਰ, ਬੰਕ ਦੁਵਾਰੀ ਬੇਪਰਵਾਹੀਆ । ਲੱਖ ਚੁਰਾਸੀ ਪਾਵੇ ਸਾਰ, ਭੇਵ ਅਭੇਦਾ ਭੇਵ ਛੁਪਾਈਆ । ਅਛਲ ਛਲ ਕਰੇ ਕਰਤਾਰ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤੀ ਜੋਤ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਸਤਿਗੁਰ ਦਿਆਲ, ਦੀਨ ਦਿਆਲ ਅਖਵਾਇੰਦਾ । ਗੁਰ ਗੁਰ ਸੁਹਾਏ ਸਾਚਾ ਤਾਲ, ਸਚ ਅੰਮ੍ਰਿਤ ਨਾਮ ਭਰਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਮਦਿ ਪਿਆਲਾ ਨਾਮ ਜਾਮ ਪਿਆਇੰਦਾ । ਗੁਰਮੁਖਾਂ ਫਲ ਲਗਾਏ ਡਾਲ੍ਹ, ਆਪ ਆਪਣੀ ਦਇਆ ਕਮਾਇੰਦਾ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਪਾਇੰਦਾ । ਖੇਲੇ ਖੇਲ ਪੁਰਖ ਅਕਾਲ, ਜੂਨੀ ਰਹਿਤ ਦਿਸ ਨਾ ਆਇੰਦਾ । ਥਿਰ ਘਰ ਬੈਠ ਸੱਚੀ ਧਰਮਸਾਲ, ਦਰ ਸਾਚਾ ਇਕ ਸੁਹਾਇੰਦਾ । ਸਤਿਗੁਰ

ਸਚਾ ਪੁਰਖ ਅਬਿਨਾਸ਼ਾ, ਪਰਮ ਪੁਰਖ ਅਖਵਾਈਆ । ਗੁਰ ਗੁਰ ਵੇਖੇ ਖੇਲ ਤਮਾਸ਼ਾ, ਲੋਆਂ ਪੁਰੀਆਂ ਫੇਰਾ ਪਾਈਆ । ਗੁਰਮੁਖਾਂ ਪੂਰੀ ਕਰੇ ਆਸਾ, ਸਵਛ ਸਰੂਪੀ ਦਰਸ ਦਿਖਾਈਆ । ਗੁਰਮੁਖ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪੇ ਧਾਰ, ਆਪੇ ਵੇਖ ਵਖਾਈਆ । ਸਤਿਗੁਰ ਪੂਰਾ ਅਕਲ ਕਲਾ ਕਲ ਧਾਰ, ਏਕਾ ਰੰਗ ਸਮਾਇੰਦਾ । ਗੁਰ ਗੁਰ ਰੂਪ ਲੈ ਅਵਤਾਰ, ਨਾਮ ਨਿਧਾਨ ਡੰਕ ਵਜਾਇੰਦਾ । ਗੁਰਮੁਖ ਸਾਜਣ ਕਰ ਪਿਆਰ, ਆਪਣਾ ਰੰਗ ਰੰਗਾਇੰਦਾ । ਗੁਰਮੁਖ ਮੇਲਾ ਦਰ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਆਦਿ ਜੁਗਾਦੀ ਏਕੰਕਾਰ, ਅਕਲ ਕਲ ਧਾਰੀ ਨਾਉਂ ਰਖਾਇੰਦਾ । ਸ਼ਬਦ ਅਗੰਮੀ ਇਕ ਜੈਕਾਰ, ਆਪਣਾ ਨਾਅਰਾ ਲਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਨੂਰ ਕਰ ਉਜਿਆਰ, ਦਿਵਸ ਰੈਣ ਡਗਮਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਨਿਉਂ ਨਿਉਂ ਸੀਸ ਝੁਕਾਇੰਦਾ । ਰਵ ਸਸ ਰਹੇ ਵਿਚਾਰ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਨਿਹਕਲੰਕਾ ਜਾਮਾ ਧਾਰ, ਸੋਹੰ ਡੰਕਾ ਸ਼ਬਦ ਵਿਚਾਰ, ਰਾਓ ਰੰਕਾਂ ਕਰੇ ਖ਼ਬਰਦਾਰ, ਵਾਸੀ ਪੁਰੀ ਘਨਕਾ ਆਪ ਅਖਵਾਇੰਦਾ । ਗੁਰਸਿਖ ਜਨਕਾ ਕਰ ਤਿਆਰ, ਦਰ ਘਰ ਸਾਚਾ ਵੇਖ ਵਖਾਇੰਦਾ । ਬਾਰ ਅਨਕਾ ਲਏ ਅਵਤਾਰ, ਆਦਿ ਜੁਗਾਦੀ ਨਾਉਂ ਧਰਾਇੰਦਾ । ਧਰਨੀ ਧਰਤ ਧਵਲ ਸੁਣੇ ਪੁਕਾਰ, ਲੱਖ ਚੁਰਾਸੀ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਗੁਰ ਗੋਪਾਲਾ, ਦੀਨ ਦਿਆਲਾ ਵੇਸ ਵਟਾਇੰਦਾ । ਸਤਿਗੁਰ ਪੂਰਾ ਦੀਨ ਦਰਦ ਦੁੱਖ ਭੈ ਭੰਜਣ, ਅਨਭਵ ਪ੍ਰਕਾਸ਼ ਸਮਾਈਆ । ਸਤਿਗੁਰ ਪੂਰਾ ਆਦਿ ਨਿਰੰਜਣ, ਗੁਰ ਗੁਰ ਨਾਉਂ ਰਖਾਈਆ । ਗੁਰਮੁਖਾਂ ਨੇਤਰ ਪਾਏ ਅੰਜਨ, ਅੰਧ ਅੰਧੇਰ ਮਿਟਾਈਆ । ਗੁਰਮੁਖ ਮੇਲਾ ਸਾਚੇ ਸੱਜਣ, ਘਰ ਮਿਲਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਰਿਹਾ ਕਮਾਈਆ । ਸਤਿਗੁਰ ਪੂਰਾ ਹਰਿ ਅਡੋਲ, ਆਦਿ ਅੰਤ ਨਾ ਕੋਈ ਡੁਲਾਈਆ । ਗੁਰ ਗੁਰ ਸ਼ਬਦ ਜੈਕਾਰਾ ਬੋਲ, ਲੋਕਮਾਤ ਕਰੇ ਪੜ੍ਹਾਈਆ । ਗੁਰਮੁਖਾਂ ਵਸੇ ਸਦਾ ਕੋਲ, ਵਿਛੜ ਕਦੇ ਨਾ ਜਾਈਆ । ਗੁਰਸਿਖ ਤੋਲੇ ਆਪਣਾ ਤੋਲ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਰਹੀ ਅਨਭੋਲ, ਹਰਿ ਕਾ ਭੇਵ ਕੋਈ ਨਾ ਪਾਈਆ । ਤ੍ਰੈਗੁਣ ਮਾਇਆ ਕਰਿਆ ਘੋਲ, ਪੰਜ ਤੱਤ ਕਰੇ ਲੜਾਈਆ । ਕਲਜੁਗ ਕੂੜਾ ਰਿਹਾ ਬੋਲ, ਜੂਠ ਝੂਠ ਵੱਜੀ ਵਧਾਈਆ । ਹਉਮੇ ਹੰਗਤਾ ਵੱਜੇ ਢੋਲ, ਦਰ ਦਰ ਮੰਗਤਾ ਦਏ ਦੁਹਾਈਆ । ਭੁਖਾ ਨੰਗਤਾ ਪਰਦਾ ਰਿਹਾ ਫੋਲ, ਆਪਣੀ ਗਠੜੀ ਆਪ ਖੁਲ੍ਹਾਈਆ । ਸਚ ਵਸਤ ਨਾ ਦਿਸੇ ਕੋਲ, ਖ਼ਾਲੀ ਹੱਥ ਫਿਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਸਤਿਗੁਰ ਪੂਰਾ ਹਰਿ ਗੋਬਿੰਦ, ਰੂਪ ਅਨੂਪ ਦਰਸਾਈਆ । ਗੁਰ ਗੁਰ ਮੇਟੇ ਸਗਲੀ ਚਿੰਦ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖ ਉਪਜਾਏ ਆਪਣੀ ਬਿੰਦ, ਪਿਤਾ ਪੂਤ ਆਪ ਹੋ ਜਾਈਆ । ਗੁਰਮੁਖਾਂ ਅੰਤਰ ਆਤਮ ਧਾਰਾ ਦੇਵੇ ਸਾਗਰ ਸਿੰਧ, ਗਹਿਰ ਗੰਭੀਰ ਸਮਾਈਆ । ਦਾਤਾ ਦਾਨੀ ਗੁਣੀ ਗਹਿੰਦ, ਏਕੰਕਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਸਹਿਜ ਸੁਖਦਾਈਆ । ਸਤਿਗੁਰ ਪੂਰਾ ਨਿਰਾਕਾਰ,


੭੩੭
੦੮

ਨਿਰਗੁਣ ਨਾਉਂ ਧਰਾਇੰਦਾ । ਗੁਰ ਗੁਰ ਵੇਸ ਵਿਚ ਸੰਸਾਰ, ਸਰਗੁਣ ਮੇਲਾ ਮੇਲ ਮਿਲਾਇੰਦਾ । ਗੁਰਮੁਖਾਂ ਦੇਵੇ ਨਾਮ ਭੰਡਾਰ, ਆਪਣੀ ਦਾਤ ਆਪ ਵਰਤਾਇੰਦਾ । ਗੁਰਮੁਖਾਂ ਬਖ਼ਸ਼ੇ ਇਕ ਪਿਆਰ, ਇਸ਼ਟ ਦੇਵ ਇਕ ਜਣਾਇੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਅੰਦਰ ਮੰਦਰ ਖੋਜ ਖੁਜਾਇੰਦਾ । ਆਪੇ ਗੁਪਤ ਆਪੇ ਜ਼ਾਹਿਰ, ਆਪ ਆਪਣਾ ਖੇਲ ਖਿਲਾਇੰਦਾ । ਆਪੇ ਵਸੇ ਸਭ ਤੋਂ ਬਾਹਿਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਘਰ ਮੇਲਾ ਮੇਲ ਮਿਲਾਇੰਦਾ । ਸਤਿਗੁਰ ਸੱਚਾ ਮੇਲਣਹਾਰਾ, ਸਾਖਯਾਤ ਅਖਵਾਇੰਦਾ । ਗੁਰ ਗੁਰ ਖੇਲ ਅਗੰਮ ਅਪਾਰਾ, ਗੁਰ ਦੀਵਾ ਬਾਤੀ ਆਪ ਜਗਾਇੰਦਾ । ਗੁਰਮੁਖਾਂ ਮੇਟੇ ਅੰਧ ਅੰਧਿਆਰਾ, ਬੰਦ ਤਾਕੀ ਆਪ ਖੁਲ੍ਹਾਇੰਦਾ । ਗੁਰਸਿਖਾਂ ਕਰੇ ਪਾਰ ਕਿਨਾਰਾ, ਔਖੀ ਘਾਟੀ ਆਪ ਚੜ੍ਹਾਇੰਦਾ । ਏਕਾ ਵਣਜ ਕਰੇ ਵਣਜਾਰਾ, ਹਰਿ ਹਰਿ ਨਾਮਾ ਹੱਟ ਵਿਕਾਇੰਦਾ । ਚੌਦਾਂ ਲੋਕਾਂ ਖੋਲ੍ਹ ਕਿਵਾੜਾ, ਏਕਾ ਹੱਟ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣਾ ਮੰਤਰ ਸ਼ਬਦ ਅਨਾਦ ਹਰਿ ਬ੍ਰਹਿਮਾਦ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਸੁਣਾਇੰਦਾ । ਸਤਿਗੁਰ ਦਾਤਾ ਗਹਿਰ ਗੰਭੀਰ, ਗੁਣ ਅਵਗੁਣ ਨਾ ਕੋਈ ਜਣਾਈਆ । ਗੁਰ ਸੂਰਾ ਠਾਂਡਾ ਸਤਿ ਸਤਿ ਸੀਰ, ਸਾਂਤਕ ਸਤਿ ਸਤਿ ਵਰਤਾਈਆ । ਗੁਰਮੁਖਾਂ ਕੱਢੇ ਹਉਮੇ ਪੀੜ, ਦੂਈ ਦਵੈਤੀ ਰਹਿਣ ਨਾ ਪਾਈਆ । ਗੁਰਮੁਖਾਂ ਬਜ਼ਰ ਕਪਾਟੀ ਚੀਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਮਾਇਆ ਮਮਤਾ ਕੱਟ ਜੰਜੀਰ, ਸਾਚੀ ਸੰਗਤਾ ਮੇਲ ਮਿਲਾਈਆ । ਚਰਨ ਚਰਨੋਦਕ ਬਖ਼ਸ਼ੇ ਠਾਂਡਾ ਸੀਰ, ਸੀਤਲ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਥਾਉਂ ਥਾਈਂਆ । ਸਤਿਗੁਰ ਪੂਰਾ ਵੇਖਣਹਾਰਾ, ਜੋਤੀ ਜੋਤ ਡਗਮਗਾਇੰਦਾ । ਗੁਰ ਗੁਰ ਭਰੇ ਨਾਮ ਭੰਡਾਰਾ, ਜਗਤ ਵਰਤਾਰਾ ਆਪ ਹੋ ਜਾਇੰਦਾ । ਗੁਰਮੁਖ ਮੰਗਣ ਮੰਗ ਦੁਵਾਰਾ, ਸਤਿਗੁਰ ਪੂਰਾ ਝੋਲੀ ਪਾਇੰਦਾ । ਗੁਰਮੁਖ ਚਰਨ ਸਰਨ ਸਰਨ ਚਰਨ ਕਰਨ ਨਿਮਸਕਾਰਾ, ਪੂਰਬ ਲਹਿਣਾ ਵੇਖ ਵਖਾਇੰਦਾ । ਦੇਵੇ ਦਰਸ ਦਰਸ ਕਰਤਾਰਾ, ਕਰਨੀ ਕਰਤਾ ਕਿਰਤ ਕਮਾਇੰਦਾ । ਮੇਟੇ ਹਰਸ ਹਰਸ ਸੰਸਾਰਾ, ਤ੍ਰਿਸ਼ਨਾ ਤ੍ਰਿਖਾ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਸਤਿਗੁਰ ਰੰਗ ਰੰਗੇ ਚਲੂਲ, ਸਾਚਾ ਚੋਲਾ ਆਪ ਰੰਗਾਈਆ । ਆਦਿ ਜੁਗਾਦਿ ਨਾ ਜਾਏ ਭੂਲ, ਗੁਰ ਗੁਰ ਵੱਡੀ ਵਡਿਆਈਆ । ਗੁਰਮੁਖ ਚੁਕਾਏ ਪਿਛਲਾ ਮੂਲ, ਨੇਤਰ ਨੈਣਾਂ ਵੇਖ ਵਖਾਈਆ । ਗੁਰਮੁਖਾਂ ਆਤਮ ਸੇਜਾ ਬਰਖੇ ਫੂਲ, ਦਸਮ ਦੁਆਰੀ ਇਕ ਸੁਹਾਈਆ । ਸੁਰਤੀ ਸ਼ਬਦੀ ਮੇਲਾ ਕੰਤ ਕੰਤੂਹਲ, ਘਰ ਸਾਚੇ ਵੱਜੀ ਵਧਾਈਆ । ਸਚ ਸਿੰਘਾਸਣ ਆਪ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਈਆ । ਅਗੰਮ ਅਗੰਮੜਾ ਪੰਘੂੜਾ ਰਿਹਾ ਝੂਲ, ਨਾਮ ਹੁਲਾਰਾ ਇਕ ਰਖਾਈਆ । ਗੁਰਮੁਖ ਨਾਰੀ ਮੇਲਾ ਕੰਤ ਕੰਤੂਹਲ, ਦੋਏ ਮੂਰਤੀ ਇਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਸਾਚੇ ਘਰ ਕਰੀ ਕੁੜਮਾਈਆ । ਸਤਿਗੁਰ ਸਾਚਾ ਕੰਤ ਸੁਹਾਗੀ, ਏਕਾ ਏਕ ਅਖਵਾਇੰਦਾ । ਗੁਰ ਗੁਰ ਸ਼ਬਦ ਬਣੇ ਲਾਗੀ, ਸਾਚਾ ਸਗਨ ਮਨਾਇੰਦਾ । ਗੁਰਮੁਖ ਨਾਰੀ ਉਠ ਉਠ ਜਾਗੀ, ਏਕਾ ਰਾਹ ਵਖਾਇੰਦਾ । ਗੁਰਸਿਖ ਪੇਈਏ ਰਿਹਾ ਤਿਆਗੀ, ਕੂੜਾ ਮੋਹ ਚੁਕਾਇੰਦਾ । ਭੈਣਾਂ ਭਈਆ ਮਾਤ ਪਿਤ ਸਾਕ ਸੱਜਣ ਸੈਣ ਨਾ ਕੋਈ ਦਿਸੇ ਸੱਚਾ ਸਾਥੀ, ਸਗਲਾ


੭੩੮
੦੮

ਸੰਗ ਨਿਭਾਇੰਦਾ । ਸਤਿਗੁਰ ਪੂਰਾ ਏਕਾ ਦਿਸੇ ਪਾਕਨ ਪਾਕੀ, ਪਤਿਤ ਪੁਨੀਤ ਇਕ ਅਖਵਾਇੰਦਾ । ਸੰਗ ਰਖਾਏ ਸਾਚਾ ਰਾਕੀ, ਆਪ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਆਪੇ ਵੇਖ ਵਖਾਇੰਦਾ । ਸਤਿਗੁਰ ਪੂਰਾ ਹਰਿ ਰਘੁਨਾਥ, ਹਰਿ ਹਰਿ ਵੱਡੀ ਵਡਿਆਈਆ । ਗੁਰ ਗੁਰ ਦੇਵੇ ਆਪਣਾ ਸਾਥ, ਸਗਲਾ ਸੰਗ ਨਿਭਾਈਆ । ਗੁਰਮੁਖ ਸੁਣਾਏ ਆਪਣੀ ਗਾਥ, ਆਪਣੀ ਬੂਝ ਬੁਝਾਈਆ । ਗੁਰਸਿਖ ਲੇਖਾ ਵੇਖੇ ਮਸਤਕ ਮਾਥ, ਲੇਖਾ ਲਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਸੋਭਾ ਪਾਈਆ । ਘਰ ਮੰਦਰ ਸੋਹੇ ਸਚ ਮਹੱਲਾ, ਜੋਤੀ ਜੋਤ ਜਗਾਇੰਦਾ । ਸਤਿਗੁਰ ਪੂਰਾ ਇਕ ਇਕੱਲਾ, ਨਰ ਨਿਰੰਕਾਰ ਡੇਰਾ ਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ਣ ਸੋਭਾ ਪਾਇੰਦਾ । ਆਪਣੇ ਦੀਪਕ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਸੁਨੇਹੜਾ ਸਾਚਾ ਘੱਲਾ, ਗੁਰਮੁਖ ਸਾਚੇ ਮਾਤ ਉਠਾਇੰਦਾ । ਆਪ ਫੜਾਏ ਆਪਣਾ ਪੱਲਾ, ਆਪਣੇ ਲੜ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਦਰ ਸਾਚਾ ਇਕ ਵਖਾਇੰਦਾ । ਆਪਣਾ ਪੱਲਾ ਆਪੇ ਫੜਾਏ, ਗੁਰ ਗੁਰ ਵੱਡੀ ਵਡਿਆਈਆ । ਗੁਰਮੁਖ ਨਾਰੀ ਮੇਲ ਮਿਲਾਏ, ਘਰ ਸਾਚੇ ਵੱਜੀ ਵਧਾਈਆ । ਥਿਰ ਦਰਬਾਰਾ ਇਕ ਲਗਾਏ, ਉਪਰ ਬੈਠਾ ਬੇਪਰਵਾਹੀਆ । ਚੋਬਦਾਰ ਕੋਈ ਦਿਸ ਨਾ ਆਏ, ਰਾਜ ਮੰਤਰੀ ਨਾ ਕੋਈ ਵਖਾਈਆ । ਵੇਦ ਪਾਠ ਨਾ ਕੋਈ ਸੁਣਾਏ, ਗਾਇਤ੍ਰੀ ਮੰਤਰ ਨਾ ਕੋਈ ਪੜ੍ਹਾਈਆ । ਵੇਦੀ ਫੇਰੇ ਨਾ ਕੋਈ ਦੁਵਾਏ, ਹਵਨ ਧੂਪ ਸੁਗੰਧ ਨਾ ਕੋਈ ਕਰਾਈਆ । ਖਾਣੀ ਬਾਣੀ ਨਾ ਕੋਈ ਪੜ੍ਹਾਏ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਚਾਰ ਕੁੰਟ ਨਾ ਕੋਈ ਫਿਰਾਏ, ਨਾ ਕੋਈ ਗੇੜ ਵਖਾਈਆ । ਸਤਿਗੁਰ ਪੂਰਾ ਸਾਖਯਾਤ ਹਰਿ ਸਤਿਗੁਰ ਸੱਚਾ ਨਜ਼ਰੀ ਆਏ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਆਪਣਾ ਮੇਲ ਮਿਲਾਏ, ਮਿਲਿਆ ਮੇਲ ਅਗੰਮ ਅਥਾਹੀਆ । ਆਪਣਾ ਮੇਲਾ ਆਪ ਕਰਾਏ, ਵਿਛੜ ਕਦੇ ਨਾ ਜਾਈਆ । ਸਾਚੇ ਪੌੜੇ ਆਪੇ ਚੜ੍ਹਾਏ, ਚੌਥੇ ਡੰਡੇ ਹੱਥ ਫੜਾਈਆ । ਆਪਣੀ ਗੋਦੀ ਆਪ ਉਠਾਏ, ਆਪ ਆਪਣੇ ਅੰਗ ਲਗਾਈਆ । ਬ੍ਰਹਮਾ ਵਿਸ਼ਨ ਸ਼ਿਵ ਰਾਹ ਰਹੇ ਤਕਾਏ, ਗੁਰਮੁਖ ਤੇਰਾ ਦਰ ਸੁਹਾਈਆ । ਲੱਖ ਚੁਰਾਸੀ ਕਿਸੇ ਹੱਥ ਨਾ ਆਏ, ਕੋਟਨ ਕੋਟ ਹੋਏ ਹਲਕਾਈਆ । ਪੁਰਖ ਅਗੰਮੜਾ ਅਗੰਮੜੀ ਕਾਰ ਕਰਾਏ, ਹੱਡ ਮਾਸ ਨਾੜੀ ਚੰਮੜਾ, ਨਾ ਮੇਲ ਮਿਲਾਈਆ । ਬ੍ਰਹਮ ਪਾਰਬ੍ਰਹਮ ਏਕਾ ਰੰਗ ਰੰਗਾਏ, ਅਨ ਬੰਸਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਪਾਇਆ ਇਕ ਰਘੁਰਾਈਆ । ਗੁਰਮੁਖ ਨਾਰੀ ਕੰਤ ਪਿਆਰੀ, ਹਰਿ ਹਰਿ ਕੰਤ ਰਖਾਈਆ । ਆਤਮ ਸੇਜਾ ਮੀਤ ਮੁਰਾਰੀ, ਦੇਵੇ ਦਰਸ ਅਗੰਮ ਅਪਾਰੀ, ਨਿਰਗੁਣ ਜੋਤੀ ਇਕ ਜਗਾਈਆ । ਏਕਾ ਸ਼ਬਦ ਧੁਨੀ ਧੁਨਕਾਰੀ, ਰਾਗਾਂ ਨਾਦਾ ਵਸੇ ਬਾਹਰੀ, ਆਪ ਸੁਣਾਏ ਸਾਚਾ ਰਾਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਆਪੇ ਕਰੇ ਕਰਾਏ ਵਡ ਵਡਿਆਈਆ । ਹਰਿਜਨ ਮੇਲਾ ਪਾਰਬ੍ਰਹਮ, ਪਰਮ ਪੁਰਖ ਸੁਲਤਾਨ । ਨਾ ਮਰੇ ਨਾ ਪਏ ਜੰਮ, ਖੇਲੇ ਖੇਲ ਦੋ ਜਹਾਨ । ਗੁਰਮੁਖਾਂ ਸਵਾਰੇ ਆਪੇ ਕੰਮ, ਗੁਰਮੁਖ ਸਾਚੇ ਕਰ ਪਛਾਣ । ਜਗਤ ਤ੍ਰਿਸ਼ਨਾ ਮੇਟੇ ਤਮ, ਮੇਲ ਮਿਲਾਏ ਸ੍ਰੀ ਭਗਵਾਨ । ਜੂਠਾ ਝੂਠਾ ਗੜ੍ਹ ਹੰਕਾਰੀ ਭੰਨ, ਨਾਮ ਫੜਾਏ ਹੱਥ ਨਿਸ਼ਾਨ । ਸ਼ਬਦ ਡੋਰੀ ਬੰਨ੍ਹੇ ਮਨ, ਦਹਿ ਦਿਸ਼ਾ ਵੇਖੇ ਮਾਰ ਧਿਆਨ । ਰਾਗ ਅਨਾਦੀ ਸੁਣਾਏ


੭੩੯
੦੮

ਕੰਨ, ਸੋਹੰ ਸ਼ਬਦ ਹਰਿ ਜਵਾਨ । ਜੋਤ ਨਿਰੰਜਣ ਚਾੜ੍ਹੇ ਚੰਨ, ਮੇਟੇ ਰੈਣ ਅੰਧੇਰੀ ਅੰਧ ਅੰਧਿਆਨ । ਏਕਾ ਵਸਤ ਦਿਸਾਏ ਤਨ, ਚੋਰ ਯਾਰ ਲੁੱਟ ਕੋਈ ਨਾ ਲੈ ਜਾਣ । ਗੁਰਮੁਖ ਸਾਜਣ ਆਪੇ ਪੇਖੇ ਆਪੇ ਲਾਏ ਲੜ, ਸਤਿਗੁਰ ਪੂਰਾ ਗਿਆ ਮੰਨ । ਆਵਣ ਜਾਵਣ ਲੱਖ ਚੁਰਾਸੀ ਤੁੱਟੇ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਜਗਤ ਭਗਤ ਭਗਵੰਤ ਸੰਤ ਨਾਰੀ ਕੰਤ ਕਰੇ ਪਰਵਾਨ ।

## ✪ ੩ ਸਾਵਣ ੨੦੧੯ ਬਿਕ੍ਰਮੀ ਨਿਰੰਜਣ ਸਿਘ ਦੇ ਘਰ ਅਜਿਤਵਾਲ ਜ਼ਿਲਾ ਫ਼ਿਰੋਜ਼ਪੁਰ ✪

ਸਤਿ ਪੁਰਖ ਨਿਰੰਜਣ ਹਰਿ ਸੁਲਤਾਨਾ, ਆਦਿ ਜੁਗਾਦਿ ਏਕ ਏਕੰਕਾਰਿਆ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਆਦਿ ਨਿਰੰਜਣ ਵੇਸ ਵਟਾ ਰਿਹਾ । ਜੋਤੀ ਨੂਰ ਦੋ ਜਹਾਨਾ, ਨਿਰਗੁਣ ਦਾਤਾ ਆਪ ਜਗਾ ਰਿਹਾ । ਖੇਲੇ ਖੇਲ ਸ੍ਰੀ ਭਗਵਾਨਾ, ਹਰਿ ਕਾ ਭੇਵ ਕੋਈ ਨਾ ਪਾ ਰਿਹਾ । ਸ਼ਬਦ ਅਨਾਦੀ ਧੁਨ ਤਰਾਨਾ, ਪਾਰਬ੍ਰਹਮ ਆਪ ਉਪਾ ਰਿਹਾ । ਥਿਰ ਘਰ ਵਸੇ ਸਚ ਮਕਾਨਾ, ਸਚਖੰਡ ਥਿਰ ਦਰਬਾਰ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰੋ ਨੂਰ ਡਗਮਗਾ ਰਿਹਾ । ਪਾਰਬ੍ਰਹਮ ਪੁਰਖ ਸੁਲਤਾਨ, ਹਰਿ ਹਰਿ ਆਪ ਅਖਵਾਇੰਦਾ । ਦੀਪਕ ਜੋਤੀ ਦੀਪ ਮਹਾਨ, ਨੂਰੋ ਨੂਰ ਡਗਮਗਾਇੰਦਾ । ਇਕ ਇਕੱਲਾ ਮਿਹਰਵਾਨ, ਏਕੰਕਾਰਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਅਛਲ ਅਛੱਲ ਅਛੇਦਾ, ਆਪ ਆਪਣਾ ਭੇਵ ਛੁਪਾਇੰਦਾ । ਪਾਰਬ੍ਰਹਮ ਸ੍ਰੀ ਭਗਵੰਤਾ, ਨਿਰਗੁਣ ਨੂਰੋ ਨੂਰ ਉਪਾਨਿਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੇਸ ਸ੍ਰੀ ਭਗਵਾਨਿਆ । ਆਪ ਬਣਾਏ ਆਪਣੀ ਬਣਤਾ, ਆਪੇ ਵਸੇ ਸਚ ਟਿਕਾਨਿਆ । ਆਪੇ ਨਾਰੀ ਆਪੇ ਕੰਤਾ, ਆਪਣਾ ਦਰ ਆਪ ਸੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਕਰੇ ਪਰਵਾਨਿਆ । ਹਰਿ ਸੱਜਣ ਹਰਿ ਮੀਤੜਾ, ਪਾਰਬ੍ਰਹਮ ਕਰਤਾਰਾ । ਏਕਾ ਵਸੇ ਧਾਮ ਅਨਡੀਠੜਾ, ਅਲੱਖ ਅਗੋਚਰ ਅਗੰਮ ਅਪਾਰਾ । ਆਦਿ ਜੁਗਾਦੀ ਜਾਣੇ ਆਪਣੀ ਰੀਤੜਾ, ਖੇਲੇ ਖੇਲ ਅਪਰ ਅਪਾਰਾ । ਆਪਣਾ ਭਾਣਾ ਰੱਖੇ ਮੀਠੜਾ, ਦਾਤਾ ਦਾਨੀ ਸਿਰਜਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਨੂਰ ਹੋਏ ਉਜਿਆਰਾ । ਨਿਰਗੁਣ ਦਾਤਾ ਬੇਪਰਵਾਹ, ਏਕਾ ਏਕੰਕਾਰਿਆ । ਆਪ ਆਪਣਾ ਬਣ ਮਲਾਹ, ਆਪੇ ਦੇਵੇ ਸਚ ਸਹਾਰਿਆ । ਆਪੇ ਵਸੇ ਸਾਚੇ ਥਾਂ, ਸਚਖੰਡ ਦੁਵਾਰਾ ਇਕ ਉਪਾ ਰਿਹਾ । ਅਗੰਮ ਅਗੰਮੜੀ ਕਾਰ ਕਮਾ, ਅਲੱਖ ਅਲੱਖਣਾ ਅਲੱਖ ਜਗਾ ਰਿਹਾ । ਥਿਰ ਘਰ ਮੰਦਰ ਇਕ ਸੁਹਾ, ਨਿਰਗੁਣ ਦੀਵਾ ਬਾਤੀ ਇਕ ਜਗਾ ਰਿਹਾ । ਕਮਲਾਪਾਤੀ ਵੇਸ ਵਟਾ, ਸਚ ਸਿੰਘਾਸਣ ਆਸਣ ਲਾ ਰਿਹਾ । ਸ਼ਾਹੋ ਭੂਪ ਸੁਲਤਾਨ ਨਾਮ ਧਰਾ, ਰੂਪ ਰੰਗ ਨਾ ਕੋਈ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਆਪ ਆਪਣੀ ਕਲ ਵਰਤਾ ਰਿਹਾ । ਵਰਤੇ ਕਲ ਹਰਿ ਕਰਤਾਰ, ਅਕਲ ਕਲਾ ਅਖਵਾਈਆ । ਨਿਰਗੁਣ ਜੋਤੀ ਨੂਰ ਉਜਿਆਰ, ਆਦਿ ਨਿਰੰਜਣ ਵਡ ਵਡਿਆਈਆ । ਖੇਲੇ ਖੇਲ ਸੱਚੀ ਸਰਕਾਰ, ਦਰ ਘਰ ਸਾਚੇ ਡੇਰਾ ਲਾਈਆ । ਆਦਿ ਜੁਗਾਦੀ ਇਕ ਅਵਤਾਰ, ਸਤਿਗੁਰ ਪੂਰਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਆਪ ਚਲਾਏ

ਆਪਣਾ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਸਰਬ ਕਲ ਆਪੇ ਸਮਰਥ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸ਼ਬਦ ਅਗੰਮੀ ਏਕਾ ਵਥ, ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਇੰਦਾ । ਆਦਿ ਜੁਗਾਦੀ ਪੁਰਖ ਅਕਾਲ, ਏਕਾ ਰੂਪ ਸਮਾਈਆ । ਸਤਿਗੁਰ ਪੂਰਾ ਦੀਨ ਦਿਆਲ, ਗੁਰ ਮੰਤਰ ਨਾਮ ਦ੍ਰਿੜਾਈਆ । ਥਿਰ ਘਰ ਵਸੇ ਸੱਚੀ ਧਰਮਸਾਲ, ਸਚਖੰਡ ਦੁਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਕਰਤਾ ਪੁਰਖ ਕਰਨੇਹਾਰਾ, ਏਕਾ ਏਕ ਏਕੰਕਾਰਿਆ । ਆਦਿ ਜੁਗਾਦੀ ਲਏ ਅਵਤਾਰਾ, ਜੁਗ ਜੁਗ ਵੇਸ ਵਟਾ ਰਿਹਾ । ਸ਼ਬਦ ਅਗੰਮੀ ਨਾਮ ਭੰਡਾਰਾ, ਗੁਰ ਪੂਰਾ ਆਪ ਵਰਤਾ ਰਿਹਾ । ਨਿਰਗੁਣ ਮੇਲਾ ਅਪਰ ਅਪਾਰਾ, ਨਿਰਗੁਣ ਸਾਚਾ ਸੰਗ ਨਿਭਾ ਲਿਆ । ਨਿਰਗੁਣ ਨਾਰੀ ਕੰਤ ਭਤਾਰਾ, ਸਾਚੀ ਸੇਜ ਹੰਢਾ ਲਿਆ । ਨਿਰਗੁਣ ਉਪਜੇ ਸੁੱਤ ਦੁਲਾਰਾ, ਸ਼ਬਦੀ ਨਾਉਂ ਧਰਾ ਲਿਆ । ਨਿਰਗੁਣ ਵਣਜ ਕਰੇ ਵਣਜਾਰਾ, ਏਕਾ ਨਾਮਾ ਹੱਟ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਉਪਾ ਲਿਆ । ਥਿਰ ਘਰ ਸਾਚਾ ਉਚ ਮਹੱਲਾ, ਹਰਿ ਹਰਿ ਜੋਤ ਜਗਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਨਿਰਾਕਾਰ ਰੂਪ ਵਟਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਆਪਣੀ ਜੋਤੀ ਆਪੇ ਰਲਾ, ਆਪਣਾ ਦੀਪਕ ਆਪ ਜਗਾਇੰਦਾ । ਸ਼ਬਦ ਸੁਨੇਹੜਾ ਸਾਚਾ ਘੱਲਾ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਨਿਰਗੁਣ ਨਾਉਂ ਰੱਖ ਕਰਤਾਰ, ਆਪਣੀ ਕਲ ਵਰਤਾਈਆ । ਪਰਮ ਪੁਰਖ ਪ੍ਰਭ ਕਿਰਪਾ ਧਾਰ, ਆਪਣੀ ਕਰੀ ਆਪ ਕੁੜਮਾਈਆ । ਆਪ ਸੁਹਾਇਆ ਬੰਕ ਦੁਵਾਰ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਪਾਏ ਭਿਛਿਆ, ਆਪਣੀ ਝੋਲੀ ਆਪ ਭਰਾਈਆ । ਬ੍ਰਹਮ ਭਿਛਿਆ ਆਪੇ ਪਾ, ਆਪਣੀ ਦਇਆ ਕਮਾਇੰਦਾ । ਆਪੇ ਦੇਵੇ ਸਾਚਾ ਨਾਂ, ਆਪੇ ਨਾਉਂ ਧਰਾਇੰਦਾ । ਆਪੇ ਪਕੜਨਹਾਰਾ ਬਾਂਹ, ਆਪੇ ਸੰਗ ਨਿਭਾਇੰਦਾ । ਆਪੇ ਕਰੇ ਸਚ ਨਿਆਂ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਰਿ ਵੇਖੇ ਸਾਚਾ ਦਰ, ਦਰ ਸਾਚਾ ਇਕ ਉਪਜਾਇੰਦਾ । ਦਰ ਘਰ ਹਰਿ ਸਾਚਾ ਖੋਲ੍ਹ, ਸਚਖੰਡ ਵੱਡੀ ਵਡਿਆਈਆ । ਸ਼ਬਦ ਅਨਾਦੀ ਆਪੇ ਬੋਲ, ਆਪਣਾ ਰਾਗ ਅਲਾਈਆ । ਅਬਿਨਾਸ਼ੀ ਕਰਤਾ ਤੋਲਣਹਾਰਾ ਪੂਰਾ ਤੋਲ, ਏਕਾ ਕੰਡਾ ਹੱਥ ਉਠਾਈਆ । ਆਦਿ ਜੁਗਾਦਿ ਰਹੇ ਅਡੋਲ, ਜੁਗ ਜੁਗ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਬੰਧਨ ਆਪੇ ਪਾ, ਆਪੇ ਵੇਖੇ ਸਹਿਜ ਸੁਭਾਈਆ । ਨਿਰਗੁਣ ਅੰਦਰ ਨਿਰਗੁਣ ਵੜਿਆ, ਨਿਰਗੁਣ ਜੋਤ ਜਗਾਇੰਦਾ । ਨਾ ਕੋਈ ਸੀਸ ਨਾ ਕੋਈ ਧੜਿਆ, ਪੰਜ ਤੱਤ ਨਾ ਕੋਈ ਰਖਾਇੰਦਾ । ਨਿਰਗੁਣ ਰੂਪ ਨਿਰਗੁਣ ਧਰਿਆ, ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਨਾਰੀ ਨਿਰਗੁਣ ਕੰਤ ਵਰਿਆ, ਨਿਰਗੁਣ ਸੁਹਾਗ ਹੰਢਾਇੰਦਾ । ਨਿਰਗੁਣ ਆਪੇ ਘਾੜਣ ਘੜਿਆ, ਰਕਤ ਬੂੰਦ ਨਾ ਕੋਈ ਧਰਾਇੰਦਾ । ਨਿਰਗੁਣ ਆਪਣੇ ਪੌੜੇ ਚੜ੍ਹਿਆ, ਸਚ ਮਹੱਲੇ ਆਸਣ ਲਾਇੰਦਾ । ਨਿਰਗੁਣ ਲੜ ਆਪਣਾ ਫੜਿਆ, ਆਪਣਾ ਪੱਲੂ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅਜੂਨੀ ਰਹਿਤ ਨਾਮ ਧਰਾਇੰਦਾ । ਅਜੂਨੀ

ਰਹਿਤ ਹਰਿ ਭਗਵਾਨਾ, ਏਕਾ ਰੰਗ ਸਮਾਇੰਦਾ । ਏਕਾ ਵਸੇ ਸਚ ਮਕਾਨਾ, ਦਿਸ ਕਿਸੇ ਨਾ ਆਇੰਦਾ । ਏਕਾ ਗਾਏ ਸਚ ਤਰਾਨਾ, ਰਾਗੀ ਨਾਦੀ ਭੇਵ ਨਾ ਪਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗਾ ਜੁਗੰਤਰ ਖੇਲ ਖਲਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸ਼ਾਹੋ ਭੂਪ ਇਕ ਹੋ ਜਾਇੰਦਾ । ਨਾ ਕੋਈ ਦਿਸੇ ਦਰ ਦਰਬਾਨਾ, ਨਾ ਕੋਈ ਸੀਸ ਝੁਕਾਇੰਦਾ । ਏਕੰਕਾਰਾ ਹਰਿ ਨਿਰੰਕਾਰਾ ਖੇਲੇ ਖੇਲ ਸ੍ਰੀ ਭਗਵਾਨਾ, ਜੋਤੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਾਚਾ ਦਰ, ਦਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ ਨੂਰੋ ਨੂਰ ਸਮਾਇੰਦਾ । ਆਦਿ ਨਿਰੰਜਣ ਹਰਿ ਭਗਵੰਤਾ, ਏਕਾ ਰੂਪ ਸਮਾਈਆ । ਖੇਲੇ ਖੇਲ ਆਦਿਨ ਅੰਤਾ, ਅੰਤ ਆਦਿ ਭੇਵ ਕੋਈ ਨਾ ਪਾਈਆ । ਜਾਣੇ ਭੇਵ ਜੁਗਾ ਜੁਗੰਤਾ, ਜਗਤ ਜੁਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਨਿਰਗੁਣ ਦਰ, ਵੇਖਣਹਾਰ ਆਪ ਹੋ ਜਾਈਆ । ਨਿਰਗੁਣ ਨਿਰੰਜਣ ਨਿਰਗੁਣ ਧਾਰ, ਨਿਰਗੁਣ ਮਾਤ ਵਡਿਆਈਆ । ਨਿਰਗੁਣ ਮਾਤ ਪਿਤ ਸੁੱਤ ਦੁਲਾਰ, ਪੂਤ ਸਪੂਤਾ ਆਪ ਅਖਵਾਈਆ । ਨਿਰਗੁਣ ਪ੍ਰਗਟ ਹੋਏ ਆਪ ਕਰਤਾਰ, ਆਪ ਆਪਣੀ ਰਚਨ ਰਚਾਈਆ । ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਨੂਰੋ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਰੰਗਾਇੰਦਾ । ਆਪਣਾ ਦੇਵੇ ਆਪੇ ਵਰ, ਆਪੇ ਦਰ ਸੁਹਾਇੰਦਾ । ਆਪੇ ਨਾਰੀ ਨਰ, ਨਰ ਨਰਾਇਣ ਆਪ ਆਪਣੀ ਦਇਆ ਕਮਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਨਾਉਂ ਧਰਾਇੰਦਾ । ਆਪਣੇ ਦਰ ਆਪੇ ਵਰ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚਾ ਵੇਸ ਵਟਾਇੰਦਾ । ਨਿਰਗੁਣ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇਆ । ਆਪੇ ਵਸਿਆ ਸਚ ਮਹੱਲਾ, ਨੌ ਦੁਵਾਰ ਨਾ ਕੋਈ ਬਣਾਇਆ । ਨਾ ਕੋਈ ਛੱਪਰ ਨਾ ਕੋਈ ਛੰਨ, ਨਾ ਕੋਈ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸੋਹੇ ਆਪਣੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਏਕਾ ਏਕ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਸਾਜਣ ਸਾਜਾ, ਸਾਚੀ ਬਣਤ ਬਣਾਇੰਦਾ । ਅੰਦਰ ਰਖਿਆ ਏਕਾ ਵਾਜਾ, ਅਨਹਦ ਆਪ ਵਜਾਇੰਦਾ । ਧੁਰਦਰਗਾਹੀ ਸਾਚਾ ਰਾਜਾ, ਰਾਜ ਰਾਜਾਨ ਆਪ ਅਖਵਾਇੰਦਾ । ਆਪੇ ਰਚਿਆ ਆਪਣਾ ਕਾਜਾ, ਆਪਣਾ ਮੰਗਲ ਆਪੇ ਗਾਇੰਦਾ । ਆਪੇ ਰੱਖੇ ਆਪਣੀ ਲਾਜਾ, ਲਾਜਾਵੰਤ ਆਪ ਹੋ ਜਾਇੰਦਾ । ਆਪੇ ਚੜ੍ਹੇ ਆਪਣੇ ਤਾਜਾ, ਅਸਵ ਘੋੜਾ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਦੀਨ ਦਿਆਲ, ਆਪ ਆਪਣਾ ਲਾਲ ਉਪਜਾਇੰਦਾ । ਦੀਨ ਦਿਆਲਾ ਗੁਰ ਗੋਪਾਲਾ, ਹਰਿ ਹਰਿ ਨਾਉਂ ਉਪਜਾਇੰਦਾ । ਸ਼ਬਦੀ ਸੁੱਤ ਸੁੱਤ ਦੁਲਾਰਾ, ਘਰ ਘਰ ਵੇਖ ਵਖਾਈਆ । ਫਲ ਲਗਾਏ ਆਪਣੇ ਡਾਲ੍ਹਾ, ਫੁੱਲ ਫੁਲਵਾੜੀ ਆਪ ਮਹਿਕਾਈਆ । ਨਿਰਗੁਣ ਸਰਗੁਣ ਖੇਲ ਨਿਰਾਲਾ, ਆਪ ਆਪਣੀ ਕਲ ਵਰਤਾਈਆ । ਆਪ ਆਪਣਾ ਤੋੜ ਜੰਜਾਲਾ, ਵਿਸ਼ਨੂੰ ਵਿਸ਼ਵ ਰੂਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਵੇਖਣਹਾਰਾ ਆਪ ਹੋ ਜਾਈਆ । ਆਪੇ ਵਿਸ਼ਨੂੰ ਵਿਸ਼ਵ ਧਾਰ, ਆਪ ਹੋ ਜਾਇੰਦਾ । ਏਕਾ ਦੂਆ ਕਰ ਪਿਆਰ, ਏਕਾ ਨੇਤਰ ਆਪ ਖੁਲ੍ਹਾਇੰਦਾ । ਆਪਣੇ ਰੰਗ ਰੰਗੇ ਕਰਤਾਰ, ਰੰਗਣਹਾਰ ਆਪ ਹੋ ਜਾਇੰਦਾ । ਏਕਾ ਅੰਮ੍ਰਿਤ ਭਰੇ ਭੰਡਾਰ, ਸਾਚੀ ਨਾਭੀ ਕਵਲ ਭਰਾਇੰਦਾ । ਆਪੇ ਕਵਲਾ ਕਰ ਉਜਿਆਰ, ਏਕਾ ਮੁਖ ਖਿਲਾਇੰਦਾ ।

੭੪੨
੦੮

ਏਕਾ ਰੂਪ ਸੱਚੀ ਸਰਕਾਰ, ਹਰਿ ਹਰਿ ਰੂਪ ਵਟਾਇੰਦਾ । ਹਰਿ ਹਰਿ ਕਰ ਪਸਾਰ, ਆਪਣਾ ਅੰਗ ਕਟਾਇੰਦਾ । ਏਕਾ ਸ਼ਬਦ ਨਾਦ ਧੁਨਕਾਰ, ਧੁਨੀ ਨਾਦ ਆਪ ਵਜਾਇੰਦਾ । ਚਾਰੇ ਕੂਟਾਂ ਪਾਵੇ ਸਾਰ, ਚਾਰੇ ਮੁਖ ਸਲਾਹਿੰਦਾ । ਗਾਵਣਹਾਰਾ ਗਾਏ ਆਪਣੀ ਵਾਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਚਾਰੇ ਵੇਦਾਂ ਕਰ ਤਿਆਰ, ਚਾਰ ਜੁਗ ਸਲਾਹਿੰਦਾ । ਸ਼ੰਕਰ ਮੇਟੇ ਧੁੰਧੂਕਾਰ, ਆਪ ਆਪਣਾ ਰੂਪ ਪ੍ਰਗਟਾਇੰਦਾ । ਏਕਾ ਬਖ਼ਸ਼ੇ ਗਲ ਵਿਚ ਹਾਰ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਤ੍ਰੈਗੁਣ ਮਾਇਆ ਕਰ ਤਿਆਰ, ਪੰਚਮ ਮੀਤਾ ਪੰਚਮ ਪਿਆਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੰਗ ਰਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਮਨ ਮਤ ਬੁੱਧ ਕਰੇ ਖ਼ਬਰਦਾਰ, ਆਪ ਆਪਣਾ ਦਰ ਖੁਲ੍ਹਾਇੰਦਾ । ਘਰ ਵਿਚ ਘਰ ਕਰ ਤਿਆਰ, ਮੰਦਰ ਅੰਦਰ ਡੇਰਾ ਲਾਇੰਦਾ । ਆਪੇ ਕਰੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਸੰਗ ਰਲਾਏ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾਉਂ ਰਖਾਇੰਦਾ । ਆਸਾ ਤ੍ਰਿਸ਼ਨਾ ਕਰ ਪਿਆਰ, ਹਉਮੇ ਹੰਗਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਪੰਜ ਤੱਤ ਕਰ ਪਰਧਾਨਾ, ਹਰਿ ਹਰਿ ਜੋਤ ਜਗਾਇੰਦਾ । ਲੱਖ ਚੁਰਾਸੀ ਖੇਲ ਮਹਾਨਾ, ਘਟ ਘਟ ਡੇਰਾ ਲਾਇੰਦਾ । ਸ਼ਬਦ ਅਨਾਦਿ ਧੁਨ ਤਰਾਨਾ, ਅਨਹਦ ਰਾਗੀ ਰਾਗ ਸੁਣਾਇੰਦਾ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਮਾਰਗ ਆਪੇ ਲਾਏ, ਹਰਿ ਹਰਿ ਵੱਡੀ ਵਡਿਆਈਆ । ਮਾਨਸ ਮਾਨੁਖ ਆਪ ਉਪਜਾਏ, ਆਪਣੀ ਦਇਆ ਕਮਾਈਆ । ਸਾਚੀ ਸਿਖਿਆ ਇਕ ਸਮਝਾਏ, ਗੁਰ ਮੰਤਰ ਨਾਮ ਦ੍ਰਿੜਾਈਆ । ਓਅੰ ਰੂਪ ਆਪ ਅਖਵਾਏ, ਸੋ ਪੁਰਖ ਨਿਰੰਜਣ ਖੇਲ ਖਿਲਾਈਆ । ਹੰ ਬ੍ਰਹਮ ਸਰਬ ਬਣਾਏ, ਜੀਵ ਜੰਤ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਆਪਣਾ ਨਾਉਂ ਆਪੇ ਰੱਖ, ਹਰਿ ਆਪੇ ਵੇਖ ਵਖਾਇੰਦਾ । ਨਿਰਗੁਣ ਸਰਗੁਣ ਹੋ ਪ੍ਰਤੱਖ, ਸਤਿਗੁਰ ਰੂਪ ਵਟਾਇੰਦਾ । ਆਪ ਖੁਲ੍ਹਾਏ ਜਨ ਭਗਤਾਂ ਅੱਖ, ਨੇਤਰ ਨੈਣ ਇਕ ਦਰਸਾਇੰਦਾ । ਆਪੇ ਕਰੇ ਕੱਖੋਂ ਲੱਖ, ਆਪੇ ਹੱਟੋ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇੰਦਾ । ਆਦਿ ਜੁਗਾਦੀ ਹਰਿ ਨਿਰੰਕਾਰਾ, ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਨਾਮ ਭੰਡਾਰਾ, ਭਗਤੀ ਮਾਰਗ ਇਕ ਵਖਾਇੰਦਾ । ਆਤਮ ਸ਼ਕਤੀ ਕਰ ਉਜਿਆਰਾ, ਨੂਰੋ ਨੂਰ ਉਪਜਾਇੰਦਾ । ਵੇਖਣਹਾਰਾ ਡੂੰਘੀ ਕੰਦਰ ਗਾਰਾ, ਘਟ ਮੰਦਰ ਫੋਲ ਫੁਲਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਸਰ ਸਰੋਵਰ ਤਾਲ ਭਰਾਇੰਦਾ । ਅਨਹਦ ਰਾਗ ਉਪਜਾਏ ਸੱਚੀ ਧੁਨਕਾਰਾ, ਪੰਚਮ ਸਖੀਆਂ ਮੰਗਲ ਗਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਪੰਚ ਵਿਕਾਰਾ ਮਾਰੇ ਨਾਅਰਾ, ਨੌ ਦੁਆਰੇ ਸਰਬ ਕੁਰਲਾਇੰਦਾ । ਹਰਿਜਨ ਮੇਲਾ ਸਚ ਘਰ ਬਾਹਰਾ, ਘਰ ਸਾਚਾ ਇਕ ਖੁਲ੍ਹਾਇੰਦਾ । ਦਸਮ ਦੁਆਰੀ ਹੋ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਆਤਮ ਸੇਜਾ ਖੇਲ ਅਪਾਰਾ, ਸਾਚੀ ਸੇਜਾ ਆਪ ਸੁਹਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਹਰਿਜਨ ਸਾਚਾ ਮੇਲ ਮਿਲਾਇੰਦਾ । ਸੁਰਤੀ ਸ਼ਬਦ ਦਏ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਭਗਤਨ ਮੀਤਾ ਹਰਿ ਨਿਰੰਕਾਰ, ਆਦਿ ਜੁਗਾਦਿ ਅਖਵਾਇੰਦਾ । ਦੇਵੇ ਨਾਮ ਸ਼ਬਦ ਧੁਨਕਾਰ, ਸਾਚੀ ਸਿਖਿਆ ਇਕ ਸਮਝਾਇੰਦਾ ।

੭੪੩
੦੮

ਚਰਨ ਪ੍ਰੀਤੀ ਸਚ ਪਿਆਰ, ਸਾਚੀ ਰੀਤੀ ਮਾਤ ਚਲਾਇੰਦਾ । ਹਸਤ ਕੀਟੀ ਇਕ ਦੁਵਾਰ, ਊਚ ਨੀਚ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚੇ ਅਕਲ ਕਲ ਧਾਰ, ਅਕਲ ਕਲਾ ਅਖਵਾਈਆ । ਆਪ ਆਪਣੀ ਪਾਵੇ ਸਾਰ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਖੇਲ ਸੰਸਾਰ, ਲੱਖ ਚੁਰਾਸੀ ਵੱਜੇ ਵਧਾਈਆ । ਭਗਤ ਵਛਲ ਹਰਿ ਮੀਤ ਮੁਰਾਰ, ਜਨ ਭਗਤਾਂ ਲਏ ਤਰਾਈਆ । ਦੇਵੇ ਦਰਸ ਅਗੰਮ ਅਪਾਰ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਦੇਵੇ ਵਰ, ਕਲਜੁਗ ਵੇਖੇ ਬੇਪਰਵਾਹੀਆ । ਚਾਰ ਜੁਗ ਚਾਰ ਕੁੰਟ ਚਾਰ ਘਰ, ਚੌਥੇ ਪਦ ਸਮਾਇੰਦਾ । ਜਨ ਭਗਤਾਂ ਚੁੱਕੇ ਆਵਣ ਜਾਵਣ ਡਰ, ਏਕਾ ਸਾਚਾ ਨਾਦ ਵਜਾਇੰਦਾ । ਅੰਮ੍ਰਿਤ ਤਾਲ ਸੁਹਾਵਾ ਦੇਵੇ ਭਰ, ਸਰ ਸਰੋਵਰ ਇਕ ਸੁਹਾਇੰਦਾ । ਆਪਣੀ ਕਰਨੀ ਆਪੇ ਕਰ, ਕਰਨੀ ਕਰਤਾ ਆਪ ਕਮਾਇੰਦਾ । ਹਰਿਜਨ ਸਾਚਾ ਘਾੜਣ ਘੜ, ਘੜਣ ਭੰਨਣਹਾਰ ਆਪ ਅਖਵਾਇੰਦਾ । ਅਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ । ਦਰਸ ਦਖਾਏ ਅੱਗੇ ਖੜ੍ਹ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਨੂਰ ਡਗਮਗਾਇੰਦਾ । ਲੱਖ ਚੁਰਾਸੀ ਨਾਲ ਰਿਹਾ ਲੜ, ਦਿਸ ਕਿਸੇ ਨਾ ਆਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਜੋਤੀ ਜੋਤ ਜਗਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਦਿ ਨਿਰੰਜਣ ਹੋ ਉਜਿਆਰ, ਆਪ ਆਪਣਾ ਰੂਪ ਵਟਾਇੰਦਾ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਭੇਵ ਅਭੇਦਾ ਭੇਵ ਚੁਕਾਇੰਦਾ । ਮਰੇ ਨਾ ਜਨਮੇ ਵਿਚ ਸੰਸਾਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਵੇਸ ਪੁਰਖ ਸੁਲਤਾਨ, ਹਰਿ ਜੋਤੀ ਜੋਤ ਰੁਸ਼ਨਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਸੱਤਾਂ ਦੀਪਾਂ ਹੋ ਪ੍ਰਧਾਨ, ਏਕਾ ਡੰਕਾ ਰਿਹਾ ਵਜਾਈਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨ, ਹਰਿ ਕਾ ਭੇਵ ਕੋਈ ਨਾ ਪਾਈਆ । ਕਰੋੜ ਤੇਤੀਸਾ ਤੁਟੇ ਮਾਣ, ਸੁਰਪਤ ਰਾਜਾ ਇੰਦ ਰਿਹਾ ਕੁਰਲਾਈਆ । ਗਣ ਗੰਧਰਬ ਨਾ ਗਾਵਣ ਗਾਣ, ਨੇਤਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰਿਸ਼ਟ ਸੁਬਾਈਆ । ਸ੍ਰਿਸ਼ਟ ਸੁਬਾਈ ਹਰਿ ਹਰਿ ਖੇਲ, ਆਦਿ ਜੁਗਾਦਿ ਖਲਾਇੰਦਾ । ਜਨ ਭਗਤਾਂ ਆਪੇ ਸਾਚਾ ਮੇਲ, ਧੁਰ ਮਸਤਕ ਲੇਖ ਲਖਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੁਰਖ ਅਬਿਨਾਸ਼ੀ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕਾ ਆਦਿ ਨਿਰੰਜਣ, ਹਰਿ ਸਤਿਗੁਰ ਵੇਸ ਵਟਾਇਆ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਣ, ਹਰਿਜਨ ਸਾਚੇ ਲਏ ਤਰਾਇਆ । ਗੁਰਮੁਖਾਂ ਨੇਤਰ ਪਾਏ ਨਾਮ ਅੰਜਨ, ਜਗਤ ਅੰਧੇਰਾ ਦਏ ਮਿਟਾਇਆ । ਧੁਰਦਰਗਾਹੀ ਸਾਚਾ ਸੱਜਣ, ਏਕੰਕਾਰਾ ਇਕ ਅਖਵਾਇਆ । ਅੰਤਮ ਆਇਆ ਪਰਦੇ ਕੱਜਣ, ਜੋ ਜਨ ਰਸਨਾ ਜਿਹਵਾ ਰਿਹਾ ਗਾਇਆ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ ਕੋਈ ਰਹਿਣ ਨਾ ਪਾਇਆ । ਕਾਲ ਨਗਾਰੇ ਸਿਰ ਤੇ ਵੱਜਣ, ਕਲਜੁਗ ਕੂਕੇ ਦਏ ਦੁਹਾਇਆ ।

੭੪੪

ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਰ ਘਰ ਘਰ ਛੱਡ ਛੱਡ ਭੱਜਣ, ਸਿਰ ਤਾਜ ਨਾ ਕੋਈ ਟਿਕਾਇਆ । ਬਿਨ ਸਤਿਗੁਰ ਪੂਰੇ ਕੋਈ ਨਾ ਰੱਖੇ ਲੱਜਣ, ਨਾਨਕ ਗੋਬਿੰਦ ਏਹ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਤੇਰਾ ਅੰਤਮ ਰੰਗ, ਹਰਿ ਹਰਿ ਵੇਖ ਵਖਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸਤਿਗੁਰ ਪੂਰਾ ਵੇਸ ਵਟਾਇੰਦਾ । ਚਾਰ ਕੁੰਟਾਂ ਦਹਿ ਦਿਸ਼ਾ ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਆਪ ਵਜਾਏ ਆਪਣਾ ਮਰਦੰਗ, ਗਗਨ ਪਤਾਲਾਂ ਵੇਖ ਵਖਾਇੰਦਾ । ਵੇਖਣਹਾਰਾ ਜੇਰਜ ਅੰਡ, ਉਤਭੁਜ ਸੇਹਤਜ ਫੋਲ ਫੁਲਾਇੰਦਾ । ਲੱਖ ਚੁਰਾਸੀ ਮੇਟੇ ਭੇਖ ਪਖੰਡ, ਕੂੜੀ ਕਿਰਿਆ ਮੇਟ ਮਿਟਾਇੰਦਾ । ਏਕਾ ਅੱਖਰ ਏਕਾ ਨਾਉਂ ਦੇਵੇ ਵੰਡ, ਚਾਰ ਵਰਨਾਂ ਏਹ ਸਮਝਾਇੰਦਾ । ਦੇਵਣਹਾਰਾ ਕਲਜੁਗ ਦੰਡ, ਏਕਾ ਖੰਡਾ ਹੱਥ ਉਠਾਇੰਦਾ । ਮਨਮੁਖਾਂ ਵੱਢੇ ਅੰਤਮ ਕੰਡ, ਗੁਰਮੁਖ ਸਾਚੇ ਗਲੇ ਲਗਾਇੰਦਾ । ਨਾਮ ਨਿਧਾਨਾ ਚੰਡ ਪ੍ਰਚੰਡ, ਗੁਰ ਗੋਬਿੰਦ ਵੇਖ ਵਖਾਇੰਦਾ । ਜਨ ਭਗਤਾਂ ਆਤਮ ਅੰਤਰ ਪਾਏ ਠੰਡ, ਹਰਿ ਹਰਿ ਪਾਰਬ੍ਰਹਮ ਮਿਲਾਇੰਦਾ । ਨਾਰ ਦੁਹਾਗਣ ਕੋਈ ਨਾ ਦਿਸੇ ਰੰਡ, ਕਲਜੁਗ ਅੰਤਮ ਮੇਟ ਮਿਟਾਇੰਦਾ । ਸਤਿਜੁਗ ਸਾਚਾ ਚਾੜ੍ਹੇ ਚੰਦ, ਸਚ ਸੁੱਚ ਇਕ ਵਰਤਾਇੰਦਾ । ਪੁਰਖ ਅਬਿਨਾਸ਼ੀ ਸਦ ਬਖ਼ਸ਼ਿੰਦ, ਬਖ਼ਸ਼ਣਹਾਰਾ ਆਪ ਹੋ ਜਾਇੰਦਾ । ਗੁਰਮੁਖਾਂ ਦੇਵੇ ਨਿਜਾਨੰਦ, ਨਿਝ ਘਰ ਸਾਚਾ ਡੇਰਾ ਲਾਇੰਦਾ । ਹਰਿਜਨ ਤਜਾਇਆ ਮਦਿਰਾ ਮਾਸ ਗੰਦ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੋ ਜਨ ਗਾਏ ਬੱਤੀ ਦੰਦ, ਰਸਨਾ ਜਿਹਵਾ ਲੇਖੇ ਲਾਇੰਦਾ । ਅੰਤ ਨਾ ਹੋਵੇ ਨੰਗੀ ਕੰਡ, ਸਤਿਗੁਰ ਪੂਰਾ ਹਰਿ ਸਮਰਥ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਨਾਮ ਵਜਾਇੰਦਾ । ਹਰਿ ਡੰਕਾ ਨਾਮ ਅਪਾਰ, ਗੁਰ ਸਤਿਗੁਰ ਆਪ ਵਜਾਈਆ । ਚੌਥੇ ਜੁਗ ਹੋ ਤਿਆਰ, ਸ਼ਬਦੀ ਸ਼ਬਦ ਕਰੇ ਕੁੜਮਾਈਆ । ਨਾਨਕ ਨਿਰਗੁਣ ਲੇਖਾ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਫਤਿਹ ਬੋਲ ਜੈਕਾਰ, ਵਾਹ ਵਾਹ ਗੁਰੂ ਜਣਾਈਆ । ਪੁਰਖ ਅਕਾਲ ਹੋ ਤਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਕਾਲ ਮੂਰਤ ਮੂਰਤ ਅਕਾਲ, ਅਕਲ ਕਲਾ ਵਰਤਾਈਆ । ਅਜੂਨੀ ਰਹਿਤ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਇਲਾਹੀਆ । ਆਦਿ ਜੁਗਾਦੀ ਇਕ ਅਵਤਾਰ, ਏਕਾ ਗੁਰ ਅਖਵਾਈਆ । ਲੱਖ ਚੁਰਾਸੀ ਕਰੇ ਪਿਆਰ, ਊਚ ਨੀਚ ਨਾ ਕੋਈ ਜਣਾਈਆ । ਗੁਰਮੁਖਾਂ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਈਆ । ਤੋੜਣਹਾਰਾ ਗੜ੍ਹ ਹੰਕਾਰ, ਹਉਮੇ ਹੰਗਤਾ ਦਏ ਮਿਟਾਈਆ । ਸਾਚੀ ਸੰਗਤਾ ਕਰ ਪਿਆਰ, ਏਕਾ ਰੰਗਤਾ ਨਾਮ ਚੜ੍ਹਾਈਆ । ਰੰਗੇ ਨਾਮ ਅਪਰ ਅਪਾਰ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਰੂਪ ਸ਼ਾਹੋ ਭੂਪ, ਸਤਿ ਸਰੂਪ ਆਪ ਅਖਵਾਈਆ । ਸਤਿ ਸਰੂਪ ਸਤਿਗੁਰ ਮੀਤਾ, ਹਰਿ ਹਰਿ ਨਾਉਂ ਰਖਾਇੰਦਾ । ਬੈਠਾ ਰਹੇ ਇਕ ਅਤੀਤਾ, ਏਕਾ ਘਰ ਵਸਾਇੰਦਾ । ਨਾ ਕੋਈ ਮੰਦਰ ਦੇਹੁਰਾ ਗੁਰਦੁਵਾਰ ਮਸੀਤਾ, ਸ਼ਿਵਦੁਆਲਾ ਮੱਠ ਨਾ ਕੋਈ ਬਣਾਇੰਦਾ । ਨਿਰਗੁਣ ਵਸੇ ਧਾਮ ਅਨਡੀਠਾ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਥਿਰ ਘਰ ਵਾਸੀ ਜਾਣੇ ਆਪਣੀ ਰੀਤਾ, ਜੁਗ ਜੁਗ ਆਪਣੀ ਧਾਰ ਬਣਾਇੰਦਾ । ਆਪੇ ਹਸਤ ਆਪੇ ਕੀਟਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪੇ ਹੋਏ ਕੌੜਾ ਰੀਠਾ, ਆਪੇ ਮਿੱਠਾ ਰਸ ਭਰਾਇੰਦਾ । ਆਪੇ ਹੋਏ ਪਤਿਤ ਪੁਨੀਤਾ, ਪਤਿਤ ਪਾਪੀ ਆਪ ਤਰਾਇੰਦਾ । ਆਪੇ ਵੇਦ ਸ਼ਾਸਤਰ

੭੪੫ ੦੮

ਪੁਰਾਨ ਆਪੇ ਗਾਏ ਗੀਤਾ, ਆਪੇ ਸਿਖਿਆ ਸਿਖ ਸਮਝਾਇੰਦਾ । ਆਪੇ ਅੰਜੀਲ ਕੁਰਾਨਾ ਬਹਿ ਬਹਿ ਪਰਖੇ ਨੀਤਾ, ਤੀਸ ਬਤੀਸ ਆਪ ਅਲਾਇੰਦਾ । ਆਪੇ ਖਾਣੀ ਬਾਣੀ ਠੰਡਾ ਸੀਤਾ, ਆਪੇ ਗੁਰ ਗੁਰ ਸ਼ਬਦ ਚਲਾਇੰਦਾ । ਆਪੇ ਹਰਿਜਨ ਵਸਿਆ ਅੰਦਰ ਚੀਤਾ, ਹਰਿ ਮੰਦਰ ਡੇਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦੁਵਾਰਾ ਇਕ ਸੁਹਾਇੰਦਾ । ਹਰਿ ਮੰਦਰ ਹਰ ਕਾਇਆ ਗੜ੍ਹ, ਹਰਿ ਜੂ ਬਣਤ ਬਣਾਈਆ । ਪੁਰਖ ਅਬਿਨਾਸ਼ੀ ਅੰਦਰ ਵੜ, ਨਿਰਗੁਣ ਬੈਠਾ ਡੇਰਾ ਲਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਫੜ, ਗੁਰ ਗੋਬਿੰਦ ਮੇਲ ਮਿਲਾਈਆ । ਦਰਸ ਦਿਖਾਏ ਅੱਗੇ ਖੜ, ਆਪ ਆਪਣਾ ਰੂਪ ਵਟਾਈਆ । ਚੌਥੇ ਪੌੜੇ ਆਪੇ ਚੜ੍ਹ, ਪੰਜ ਤੱਤ ਕਰੇ ਜੁਦਾਈਆ । ਸੁਰਤ ਸਵਾਣੀ ਲਏ ਫੜ, ਸ਼ਬਦੀ ਬੰਧ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਸ਼ਬਦ ਵਿਚੋਲਾ, ਗੁਰ ਗੁਰ ਆਪ ਉਪਜਾਇੰਦਾ । ਆਪੇ ਗਾਏ ਆਪਣਾ ਢੋਲਾ, ਸੋਹੰ ਨਾਉਂ ਰਖਾਇੰਦਾ । ਨਾਨਕ ਨਿਰਗੁਣ ਬਣਿਆ ਤੋਲਾ, ਤੇਰਾਂ ਤੇਰਾਂ ਧਾਰ ਚਲਾਇੰਦਾ । ਕਲਜੁਗ ਅੰਤਮ ਬਦਲਿਆ ਚੋਲਾ, ਨਿਹਕਲੰਕਾ ਨਾਉਂ ਰਖਾਇੰਦਾ । ਨਾ ਕੋਈ ਜਾਣੇ ਕਲਾ ਸੋਲਾ, ਅਕਲ ਕਲਾ ਆਪ ਹੋ ਜਾਇੰਦਾ । ਘਟ ਘਟ ਅੰਦਰ ਆਪੇ ਮੌਲਾ, ਮੌਲਾ ਰੂਪ ਵਟਾਇੰਦਾ । ਜਨ ਭਗਤਾਂ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਆਤਮ ਜਾਮ ਭਰਾਇੰਦਾ । ਦੇਵੇ ਵਡਿਆਈ ਉਪਰ ਧਵਲਾ, ਧਰੂ ਪ੍ਰਹਿਲਾਦ ਆਪ ਤਰਾਇੰਦਾ । ਆਪੇ ਹੋਏ ਸਾਵਲ ਸਵਲਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਪੁਰਖ ਅਬਿਨਾਸ਼ਾ, ਵਡ ਵੱਡੀ ਵਡਿਆਈਆ । ਵੇਖਣਹਾਰਾ ਜਗਤ ਤਮਾਸ਼ਾ, ਜੋਤੀ ਨੂਰ ਕਰੇ ਰੁਸ਼ਨਾਈਆ । ਮੰਡਲ ਮੰਡਪ ਲੋਆਂ ਪੁਰੀਆਂ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਪਤਾਲਾਂ ਡੇਰਾ ਲਾਈਆ । ਗੁਰਮੁਖਾਂ ਹਿਰਦੇ ਅੰਦਰ ਰੱਖੇ ਵਾਸਾ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਈਆ । ਆਦਿ ਜੁਗਾਦੀ ਦਾਸਨ ਦਾਸਾ, ਸੇਵਕ ਸੇਵਾ ਰਿਹਾ ਕਮਾਈਆ । ਜਿਸ ਜਨ ਗਾਇਆ ਰਸਨ ਸਵਾਸਾ, ਪਵਣ ਪਵਣ ਸਮਾਈਆ । ਕਲਜੁਗ ਅੰਤਮ ਨਾ ਹੋਏ ਨਿਰਾਸਾ, ਸਤਿਗੁਰ ਪੂਰਾ ਵੇਖ ਵਖਾਈਆ । ਲੱਖ ਚੁਰਾਸੀ ਤੁਲੇ ਤੋਲ ਨਾ ਕੋਈ ਤੋਲਾ ਮਾਸਾ, ਰੱਤੀ ਨਾਮ ਨਾ ਕੋਈ ਟਿਕਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਕਾਇਆ ਭਾਂਡਾ ਦਿਸੇ ਖ਼ਾਲੀ ਕਾਸਾ, ਅੰਮ੍ਰਿਤ ਧਾਰ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਏਕਾ ਡੰਕ ਵਜਾਈਆ । ਨਿਹਕਲੰਕ ਸਾਚਾ ਡੰਕ, ਹਰਿ ਸ਼ਬਦੀ ਸ਼ਬਦ ਵਜਾਇੰਦਾ । ਆਪ ਸੁਹਾਏ ਸਾਚਾ ਬੰਕ, ਘਰ ਮੰਦਰ ਡੇਰਾ ਲਾਇੰਦਾ । ਗੁਰਮੁਖ ਉਪਜਾਏ ਜੀਵ ਜਨ ਜਨਕ, ਜਨ ਜਨਨੀ ਲੇਖੇ ਲਾਇੰਦਾ । ਜੋਤੀ ਸ਼ਬਦੀ ਲਾਏ ਤਨਕ, ਤਾਰ ਨਿਰਾਲੀ ਆਪ ਹਿਲਾਇੰਦਾ । ਪ੍ਰਗਟ ਹੋਇਆ ਵਾਸੀ ਪੁਰੀ ਘਨਕ, ਘਨਕ ਪੁਰ ਵਾਸੀ ਜੋਤ ਜਗਾਇੰਦਾ । ਖੇਲੇ ਖੇਲ ਬਾਰ ਅਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ ।

ਜਗਤ ਜੰਜੀਰੀ ਲੋਹਾ ਸਾਰ, ਸਤਿਗੁਰ ਡੋਰੀ ਆਪ ਬਣਾਈਆ । ਲੱਖ ਚੁਰਾਸੀ ਮਾਰੇ ਮਾਰ, ਚਾਰੋਂ ਕੁੰਟ ਬੰਧਨ ਪਾਈਆ । ਵੇਖਣਹਾਰਾ ਆਰ ਪਾਰ ਕਿਨਾਰ, ਅੱਧਵਿਚਕਾਰ ਬੈਠਾ ਸਚ ਮਲਾਹੀਆ । ਨੌ ਸਤ ਪਾਵੇ ਸਾਰ, ਹਰਿ ਬਨ ਪ੍ਰਬਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਧਨ ਆਪੇ ਵੇਖ ਵਖਾਈਆ । ਜਗਤ ਜੰਜੀਰੀ ਹੱਥ ਕਰਤਾਰ, ਚਾਰੋਂ ਕੁੰਟ ਫਿਰਾਇੰਦਾ । ਪੀਰ ਫ਼ਕੀਰਾਂ ਮਾਰੇ ਮਾਰ, ਦਸਤਗੀਰ ਨਾ ਕੋਈ ਛੁਡਾਇੰਦਾ । ਸ਼ਾਹ ਸੁਲਤਾਨ ਕਰੇ ਖ਼ਬਰਦਾਰ, ਰਾਜ ਰਾਜਾਨਾ ਖ਼ਾਕ ਮਿਲਾਇੰਦਾ । ਮਨਮੁਖ ਭੁੱਲੇ ਜੀਵ ਗਵਾਰ, ਮਨਮਤ ਸਰਬ ਕੁਰਲਾਇੰਦਾ । ਕੂੜੀ ਕਿਰਿਆ ਰਹੇ ਨਿਵਾਰ, ਜੂਠ ਝੂਠ ਜਗਤ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਇੰਦਾ । ਜਗਤ ਜੰਜੀਰੀ ਜਗਤ ਸੰਗਲ, ਸਤਿਗੁਰ ਹੱਥ ਉਠਾਇੰਦਾ । ਗੁਰਮੁਖ ਏਕਾ ਨਾਉਂ ਗਾਇਣ ਮੰਗਲ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਕਲਜੁਗ ਕੂੜ ਕੁੜਿਆਰਾ ਗਵਰਧਨ ਉਠਾਏ ਏਕਾ ਉਂਗਲ, ਗੁਰਮੁਖਾਂ ਭਾਰ ਵੰਡਾਇੰਦਾ । ਬੀਸ ਬੀਸਾ ਹਰਿ ਜਗਦੀਸਾ ਜਗਤ ਮੇਟੇ ਲੱਖ ਚੁਰਾਸੀ ਚੁਗਲ ਨਿੰਦਕ, ਨਿੰਦਿਆ ਨਾ ਕੋਈ ਸੁਣਾਇੰਦਾ । ਨਾ ਕੋਈ ਖਾਨ ਨਾ ਕੋਈ ਮੁਗਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੋਰੀ ਬੰਧ ਬੰਧਾਇੰਦਾ । ਏਕਾ ਡੋਰੀ ਬੰਨ੍ਹੇ ਚੋਰ, ਗੁਰ ਸਤਿਗੁਰ ਹੱਥ ਵਡਿਆਈਆ । ਵੇਖਣਹਾਰਾ ਅੰਧ ਘੋਰ, ਦਿਸ ਕਿਸੇ ਨਾ ਆਈਆ । ਸ਼ਬਦ ਅਗੰਮੀ ਚੜ੍ਹਿਆ ਘੋੜ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਕਲਜੁਗ ਅੰਤਰ ਮਾਰੇ ਪਹਿਲਾ ਪੌੜ, ਚੌਥੇ ਜੁਗ ਡੇਰਾ ਢਾਹੀਆ । ਰੂਪ ਵਟਾਏ ਬ੍ਰਹਮਣ ਗੌੜ, ਪੂਤ ਸਪੂਤਾ ਨਾਉਂ ਰਖਾਈਆ । ਦੋ ਜਹਾਨਾਂ ਰਿਹਾ ਦੌੜ, ਆਪ ਆਪਣਾ ਵੇਸ ਵਟਾਈਆ । ਜਿਸ ਜਨ ਆਤਮ ਅੰਤਰ ਲੱਗੀ ਔੜ, ਅੰਮ੍ਰਿਤ ਮੇਘ ਬਰਸ ਠੰਡੀ ਠਾਰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੋਰੀ ਹੱਥ ਕਰਤਾਰ, ਲੱਖ ਚੁਰਾਸੀ ਅੱਧਵਿਚਕਾਰ, ਚਾਰੋਂ ਕੁੰਟ ਆਪਣਾ ਰਾਕ ਆਪੇ ਰਿਹਾ ਫਿਰਾਈਆ । ਸਾਚੀ ਡੋਰੀ ਹੱਥ ਫੜ, ਚਾਰ ਕੁੰਟ ਉਠ ਧਾਇਆ । ਸ੍ਰਿਸ਼ਟ ਸਬਾਈ ਨਾਲ ਰਿਹਾ ਲੜ, ਦਿਸ ਕਿਸੇ ਨਾ ਆਇਆ । ਕਲਜੁਗ ਤੋੜੇ ਕਿਲਾ ਹੰਕਾਰੀ ਗੜ੍ਹ, ਨਾਮ ਖੰਡਾ ਇਕ ਉਠਾਇਆ । ਸੰਤ ਸੁਹੇਲੇ ਲਏ ਫੜ, ਅੰਦਰ ਮੰਦਰ ਫੇਰਾ ਪਾਇਆ । ਕਰੇ ਪ੍ਰਕਾਸ਼ ਬਹੱਤਰ ਨਾੜ, ਜੋਤੀ ਜੋਤ ਜੋਤ ਰੁਸ਼ਨਾਇਆ । ਸਾਚੇ ਪੌੜੇ ਆਪੇ ਚੜ੍ਹ, ਆਪ ਆਪਣਾ ਕੁੰਡਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਪ੍ਰਿਥਮੀ ਅਕਾਸ਼ਨ ਫੇਰਾ ਪਾਇਆ । ਪ੍ਰਿਥਮੀ ਅਕਾਸ਼ ਖੇਲ ਖਿਲਾ, ਨੌ ਖੰਡ ਖੋਜ ਖੁਜਾਈਆ । ਵਸਣਹਾਰਾ ਜਲਾਂ ਥਲਾਂ, ਉਚੇ ਟਿੱਲੇ ਜੰਗਲ ਜੂਹ ਉਜਾੜ ਪਹਾੜ ਪਰਬਤ ਫੇਰਾ ਪਾਈਆ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ ਛਲਾ, ਵਲ ਛਲ ਧਾਰੀ ਭੇਵ ਨਾ ਰਾਈਆ । ਜਨ ਸੰਤਾਂ ਮੇਟੇ ਦੂਈ ਦਵੈਤੀ ਸਲਾ, ਸਾਂਤਕ ਸਤਿ ਸਤਿ ਵਰਤਾਈਆ । ਸ਼ਬਦ ਸੁਨੇਹੜਾ ਆਪਣਾ ਆਪ ਆਪੇ ਘੱਲਾ, ਆਪੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੋਰੀ ਏਕਾ ਤੰਦ, ਆਪਣੇ ਹੱਥ ਖੇਲੇ ਖੇਲ ਪੁਰਖ ਸਮਰਥ, ਗੁਰਮੁਖ ਸਾਜਣ ਲਏ ਰੱਖ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਅੰਦਰ ਫੋਲ, ਹਰਿਜਨ ਆਪ ਜਗਾਇੰਦਾ । ਸਤਿਗੁਰ ਸਾਚੇ ਕੰਡੇ ਤੋਲ, ਏਕਾ ਕੰਡੇ ਨਾਮ ਚੜ੍ਹਾਇੰਦਾ । ਆਪਣੀ ਧਾਰਨ ਆਪੇ ਬੋਲ, ਆਪਣਾ ਰਾਗ ਸੁਣਾਇੰਦਾ । ਹਰਿਜਨ ਵਸੇ ਸਦਾ ਕੋਲ, ਘਰ

੭੪੭
੦੮

ਸਾਚੇ ਮੇਲ ਮਿਲਾਇੰਦਾ । ਬਜ਼ਰ ਕਪਾਟੀ ਪਰਦਾ ਖੋਲ੍ਹ, ਆਪਣਾ ਦਰਸ ਦਿਖਾਇੰਦਾ । ਮਰਦੰਗਾ ਵਜਾਏ ਅਨਹਦ ਢੋਲ, ਰਾਗ ਅਨਾਦੀ ਆਪੇ ਗਾਇੰਦਾ । ਹਰਿਜਨ ਚਰਨ ਪ੍ਰੀਤੀ ਰਿਹਾ ਘੋਲ, ਸੇਵਕ ਸੇਵਾ ਲੇਖੇ ਲਾਇੰਦਾ । ਮਨਮੁਖ ਜੀਵ ਰਹੇ ਅਨਭੋਲ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਦਰ, ਦਰ ਸਾਚਾ ਇਕ ਸੁਹਾਇੰਦਾ । ਸਾਚੀ ਵਸਤ ਆਈ ਭੇਟਾ, ਹਰਿ ਹਰਿ ਵੇਖ ਵਖਾਇੰਦਾ । ਆਪ ਉਪਜਾਇਆ ਨਾਦੀ ਸ਼ਬਦ ਸੁੱਤ ਜੇਠਾ, ਜੇਠਾ ਰੁੱਤ ਸੁਹਾਇੰਦਾ । ਆਪੇ ਰੱਖੇ ਆਪਣੀ ਸਾਇਆ ਹੇਠਾ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਮੇਟੇ ਵਡ ਵਡ ਸੇਠਾ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਜੀਓ ਪਿੰਡ ਪਿੰਡ ਤਨ ਕਾਚੇ, ਅੰਦਰ ਮੰਦਰ ਡੇਰਾ ਲਾਇੰਦਾ । ਗੁਰਮੁਖ ਵੇਖ ਆਪਣੀ ਨੈਣੀ, ਹਰਿ ਸੰਗਲ ਜਗਤ ਕਟਾਇੰਦਾ । ਉਪਰ ਰੱਖੀ ਸਾਚੀ ਛੈਣੀ, ਨਾਮ ਹਥੌੜਾ ਉਪਰ ਲਾਇੰਦਾ । ਸਾਧ ਸੰਗਤ ਸਚ ਕਰਨੀ ਬਹਿਣੀ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਤੇਜ਼ ਕਟਾਰ, ਖੜਗ ਖੰਡਾ ਕਰ ਤਿਆਰ, ਤਿਖ਼ੀ ਦੋਵੇਂ ਧਾਰ ਰਖਾਇੰਦਾ । ਤਿਖੀ ਧਾਰ ਆਪੇ ਰੱਖ, ਆਪੇ ਵਾਰ ਕਰਾਇੰਦਾ । ਆਪੇ ਸੰਤਾਂ ਮਾਰਗ ਦੱਸ, ਆਪੇ ਸੇਵਾ ਲਾਇੰਦਾ । ਆਪੇ ਮੇਲਾ ਕਰੇ ਹੱਸ ਹੱਸ, ਆਪੇ ਮੁਖ ਛੁਪਾਇੰਦਾ । ਆਪੇ ਤੀਰ ਨਿਰਾਲਾ ਮਾਰੇ ਕਸ, ਅਨਿਆਲਾ ਤੀਰ ਆਪ ਚਲਾਇੰਦਾ । ਆਪੇ ਹਿਰਦੇ ਅੰਦਰ ਜਾਏ ਵਸ, ਆਪ ਆਪਣੀ ਦਇਆ ਕਮਾਇੰਦਾ । ਆਪੇ ਕੋਟਨ ਕੋਟ ਪ੍ਰਕਾਸ਼ ਕਰੇ ਰਵ ਸਸ, ਅਗਿਆਨ ਅੰਧੇਰ ਮਿਟਾਇੰਦਾ । ਆਪੇ ਦਰਸ ਦਖਾਏ ਨੱਸ ਨੱਸ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ੭੪੮
੦੮
ਆਪੇ ਜਾਣੇ ਜਣਾਏ ਹਰਿਜਨ ਤੇਰਾ ਜਸ, ਜਸ ਵੇਦ ਪੁਰਾਣੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਹੱਥੀਂ ਆਪੇ ਗੰਢੇ ਆਪੇ ਕੱਟ ਵਖਾਇੰਦਾ । ਕੱਟਣਹਾਰ ਹਰਿ ਸਵਾਮੀ, ਏਕਾ ਏਕ ਏਕੰਕਾਰਿਆ । ਪਾਰਬ੍ਰਹਮ ਪੁਰਖ ਸੁਲਤਾਨੀ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਘਟ ਘਟ ਅੰਤਰ ਅੰਤਰਜਾਮੀ, ਜੋਤੀ ਨੂਰੋ ਨੂਰ ਉਜਿਆਰਿਆ । ਆਪੇ ਜਾਣੇ ਆਪਣੀ ਬਾਣੀ, ਆਪਣਾ ਸ਼ਬਦ ਆਪ ਸੁਣਾ ਰਿਹਾ । ਹਰਿ ਕੀ ਮਹਿਮਾ ਅਕੱਥ ਕਹਾਣੀ, ਰਸਨਾ ਜਿਹਵਾ ਨਾ ਕੋਈ ਗਾ ਰਿਹਾ । ਗੁਰਮੁਖ ਵਿਰਲਾ ਪਾਏ ਪਦ ਨਿਰਬਾਣੀ, ਨਿਰਭੈ ਰੂਪ ਵਿਚ ਸਮਾ ਰਿਹਾ । ਸਰਬ ਜੀਆਂ ਦਾ ਜਾਣ ਜਾਣੀ, ਜਾਣਨਹਾਰ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਸੰਗਲ, ਜਾਮਾ ਧਾਰ ਵਾਰ ਮੰਗਲ, ਪੰਚਮ ਪੰਚਮ ਮੋਹ ਕਟਾ ਰਿਹਾ । ਪੰਚਮ ਨਾਤਾ ਦੇਵੇ ਕੱਟ, ਹਰਿ ਸਤਿਗੁਰ ਹੱਥ ਵਡਿਆਈਆ । ਦੂਈ ਦਵੈਤੀ ਮੇਟੇ ਫੱਟ, ਏਕਾ ਰੰਗ ਰੰਗਾਈਆ । ਚੌਦਾਂ ਲੋਕ ਵਖਾਏ ਏਕਾ ਹੱਟ, ਚੌਦਾਂ ਤਬਕਾਂ ਫੇਰਾ ਪਾਈਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਸੰਮਤ ਸਤਾਰਾਂ ਤੁਟਣਾ ਹਠ, ਧੀਰਜ ਧੀਰ ਨਾ ਕੋਈ ਰਖਾਈਆ । ਘਰ ਬਾਰ ਤਜਣਾ ਨੱਠ ਨੱਠ, ਫਿਰਨਾ ਵਾਹੋ ਦਾਹੀਆ । ਪ੍ਰਭ ਗੇੜਣ ਆਇਆ ਉਲਟੀ ਲੱਠ, ਨਾ ਸਕੇ ਕੋਈ ਬਚਾਈਆ । ਹਰਿ ਸੰਗਤ ਤੇਰਾ ਇਕ ਇਕੱਠ, ਦਰ ਏਕਾ ਸੋਭਾ ਪਾਈਆ । ਰੱਖੇ ਪਤ ਕਮਲਾਪਤ, ਪਤਿ ਪਤਵੰਤ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲੇ ਗੁਰੂ ਗੁਰ ਚੇਲੇ, ਧਾਮ ਅਵੱਲਾ ਇਕ ਦਰਸਾਈਆ । ਗੁਰ ਚੇਲਾ ਮੇਲਾ ਧੁਰਦਰਗਾਹ, ਹਰਿ ਮੰਦਰ ਆਪ

ਖੁਲ੍ਹਾਇਆ । ਪੁਰਖ ਅਬਿਨਾਸ਼ੀ ਦੇਵੇ ਸਤਿ ਸਲਾਹ, ਸਤਿਗੁਰ ਮਾਰਗ ਏਕਾ ਲਾਇਆ । ਸੋਹੰ ਅੱਖਰ ਨਾਮ ਜਪਾ, ਸੋ ਪੁਰਖ ਨਿਰੰਜਣ ਵੇਖ ਵਖਾਇਆ । ਜਗਤ ਹਰਿ ਹਰਿ ਗਿਆ ਸਮਾ, ਪਾਰਬ੍ਰਹਮ ਵੱਡੀ ਵਡਿਆਇਆ । ਅਲੱਖ ਅਗੋਚਰ ਅਗੰਮ ਬੇਪਰਵਾਹ, ਅਗਾਧ ਬੋਧ ਭੇਵ ਖੁਲ੍ਹਾਇਆ । ਜਨ ਭਗਤਾਂ ਕੱਟੇ ਜਮ ਕਾ ਫਾਹ, ਮਨਮੁਖਾਂ ਸੰਗਲ ਆਪਣੇ ਹੱਥ ਗਲ ਪੁਵਾਇਆ । ਨਾ ਕੋਈ ਸਹਾਈ ਪੁੱਤਰ ਮਾਂ, ਭੈਣ ਭਾਈ ਧੀ ਜਵਾਈ ਨਾ ਸਕੇ ਕੋਈ ਬਚਾਇਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਦ ਰੱਖੇ ਠੰਡੀ ਛਾਂ, ਜਿਸ ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਤਰ ਆਪ ਦ੍ਰਿੜਾਇਆ । ਹਾਹੇ ਉਪਰ ਟਿੱਪੀ, ਏਕਾ ਮੁਖ ਰਖਾਈਆ । ਚਾਰ ਵਰਨਾਂ ਸਾਚੀ ਸਿਖੀ, ਸਤਿਗੁਰ ਪੂਰਾ ਆਪ ਬਣਾਈਆ । ਭੇਵ ਨਾ ਜਾਣੇ ਕੋਈ ਮੁਨੀ ਰਿਖੀ, ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਸਰਬ ਲੋਕਾਈਆ । ਵਾਲੋਂ ਤਿਖੀ ਖੰਡਿਉਂ ਨਿੱਕੀ, ਗੁਰ ਗੋਬਿੰਦ ਲੇਖ ਲਿਖਾਈਆ । ਨਰ ਨਰਾਇਣ ਨੇਤਰ ਪੇਖੀ, ਸ਼ਾਹ ਸੁਲਤਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਏਕਾ ਕੰਗਣ ਏਕਾ ਧਾਰ, ਏਕਾ ਰੂਪ ਵਟਾਇੰਦਾ । ਪੰਚਮ ਅੱਖਰ ਉਪਰ ਹੋ ਤਿਆਰ, ਹੰ ਬ੍ਰਹਮ ਸਮਾਇੰਦਾ । ਏਕਾ ਪੱਥਰ ਪਰਦਾ ਭਾਰ, ਨਾ ਕੋਈ ਤੋੜ ਤੁੜਾਇੰਦਾ । ਦੂਈ ਦਵੈਤੀ ਅੱਧਵਿਚਕਾਰ, ਮਾਇਆ ਮੋਹ ਵਖਾਇੰਦਾ । ਸ਼ਰਅ ਸ਼ਰੀਅਤ ਮਾਰੇ ਮਾਰ, ਹੱਕ ਹਕੀਕਤ ਮੁਖ ਛੁਪਾਇੰਦਾ । ਲਾਸ਼ਰੀਕ ਬੇਐਬ ਪਰਵਰਦਿਗਾਰ, ਖ਼ਾਲਕ ਖ਼ਲਕ ਆਪ ਅਖਵਾਇੰਦਾ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅੱਲਾ ਰਾਣੀ ਕਰ ਪਿਆਰ, ਐਨਲਹੱਕ ਵੇਖ ਵਖਾਇੰਦਾ । ਏਕਾ ਕੰਗਨ ਤਨ ਸ਼ਿੰਗਾਰ, ਭੂਸ਼ਨ ਬਸਤਰ ਆਪ ਸੁਹਾਇੰਦਾ । ਮੰਗੀ ਮੰਗ ਧੁਰ ਦਰਬਾਰ, ਸੰਗ ਮੁਹੰਮਦ ਚਾਰ ਯਾਰ ਅੱਗੇ ਝੋਲੀ ਡਾਹਿੰਦਾ । ਧਰਮ ਰਾਏ ਖ਼ਬਰਦਾਰ, ਲਾੜੀ ਮੌਤ ਕਰੇ ਤਿਆਰ, ਨੇਤਰ ਨੈਣਾਂ ਰਿਹਾ ਸ਼ਿੰਗਾਰ, ਧਰਮ ਸਪੁੱਤਰੀ ਏਹ ਸਮਝਾਇੰਦਾ । ਲਹਿਦੀ ਦਿਸ਼ਾ ਹੋ ਤਿਆਰ, ਪਾਈ ਹਿਸ ਵਿਚ ਤੇਰਾ ਸਹਾਈ ਪਰਵਰਦਿਗਾਰ, ਕਲਜੁਗ ਵੇਲਾ ਅੰਤਮ ਆਇੰਦਾ । ਏਕਾ ਕੰਗਨ ਹੱਥ ਕਰਤਾਰ, ਕਰੇ ਸਗਨ ਜੀਵ ਗਵਾਰ, ਮਨ ਮਤ ਹੋਏ ਨਾਰ ਵਿਭਚਾਰ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕੰਗਨ ਲਾਏ ਅੰਗਣ, ਗੁਰਮੁਖ ਮੰਗ ਸਾਚੀ ਮੰਗਣ, ਸਾਚੀ ਭਿਛਿਆ ਝੋਲੀ ਪਾਇੰਦਾ ।

ਇਕ ਏਕਾ ਏਕ ਏਕੰਕਾਰ, ਇਕ ਇਕੱਲਾ ਹਰਿ ਅਖਵਾਈਆ । ਦੂਜੀ ਬੰਨ੍ਹੇ ਕੁਦਰਤ ਧਾਰ, ਕਾਦਰ ਕਰਤੇ ਵਡ ਵਡਿਆਈਆ । ਤੀਜਾ ਨੇਤਰ ਨੈਣ ਉਘਾੜ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਚੌਥੇ ਘਰ ਮੀਤ ਮੁਰਾਰ, ਬੈਠਾ ਆਸਣ ਲਾਈਆ । ਪੰਚਮ ਸੋਹੇ ਦਰ ਦਰਬਾਰ, ਪਾਰਬ੍ਰਹਮ ਵੱਡੀ ਵਡਿਆਈਆ । ਛੇਵੇਂ ਛੱਪਰ ਛੰਨ ਨਾ ਕੋਈ ਮਹੱਲ ਮੁਨਾਰ, ਥਿਰ ਘਰ ਬੈਠਾ ਆਸਣ ਲਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਆਦਿ ਜੁਗਾਦਿ ਵੇਖ ਵਖਾਈਆ । ਅੱਠਾਂ ਤੱਤਾਂ ਵਸਿਆ ਬਾਹਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼, ਮਨ ਮਤ ਬੁੱਧ ਨਾ ਕੋਈ ਰਖਾਈਆ । ਨੌਂ ਦੁਵਾਰੇ ਜਗਤ ਦੁਵਾਰ, ਨੌਂ ਰਸ ਫੀਕੇ ਦਰ ਫਿਰਾਈਆ । ਦਸਮ ਦੁਵਾਰੀ ਜੋਤ ਉਜਿਆਰ, ਨਿਰਗੁਣ ਬੈਠਾ ਆਸਣ ਲਾਈਆ । ਜਨ ਭਗਤਾਂ ਦੇਵੇ ਨਾਮ

੭੪੯
੦੮

ਅਧਾਰ, ਉਰਧ ਕਮਲ ਬਿਗਸਾਈਆ । ਆਤਮ ਤਾਕੀ ਖੋਲ੍ਹ ਕਿਵਾੜ, ਦੂਈ ਦਵੈਤੀ ਪਰਦਾ ਲਾਹੀਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਚ ਸਰੋਵਰ ਇਕ ਵਿਖਾਈਆ । ਨਿਰਗੁਣ ਜੋਤੀ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਸ਼ਬਦ ਅਨਾਦਿ ਸਚੀ ਧੁਨਕਾਰ, ਅਨਹਦ ਤਾਲ ਵਜਾਈਆ । ਆਤਮ ਸੇਜਾ ਕਰ ਪਿਆਰ, ਗੁਰਮੁਖ ਨਾਰੀ ਕੰਤ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਦੂਜਾ ਏਕਾ ਏਕਾ ਭੇਵ ਚੁਕਾਈਆ । ਏਕਾ ਦੂਜਾ ਚੁੱਕੇ ਭੇਵ ਹਰਿਜਨ ਹਰਿ ਹਰਿ ਆਪ ਚੁਕਾਇੰਦਾ । ਤੀਜੇ ਨੇਤਰ ਕਰੇ ਸਚ ਨਿਆਉਂ, ਲੋਚਣ ਨੈਣ ਖੁਲ੍ਹਾਇੰਦਾ । ਚੌਥੇ ਪਦ ਪਕੜੇ ਬਾਹੋਂ, ਗੁਰਮੁਖ ਸਾਜਣ ਮੇਲ ਮਿਲਾਇੰਦਾ । ਪੰਚਮ ਵੇਖੇ ਥਾਈਂ ਥਾਉਂ, ਥਾਨ ਥਨੰਤਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਜੁਗਾ ਜੁਗੰਤਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਚਲਾਏ ਸਾਚਾ ਰਥ, ਰਥ ਰਥਵਾਹੀ ਨਾਉਂ ਧਰਾਇਆ । ਸ਼ਬਦ ਕਹਾਣੀ ਅਕਥਨਾ ਅਕੱਥ, ਆਪ ਆਪਣੀ ਆਪ ਦ੍ਰਿੜਾਇਆ । ਸਰਬ ਕਲਾ ਆਪੇ ਸਮਰਥ, ਏਕੰਕਾਰਾ ਨਾਉਂ ਧਰਾਇਆ । ਆਪੇ ਜਾਣੇ ਆਪਣੀ ਵੱਥ, ਨਾਮ ਭੰਡਾਰਾ ਹਰਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਨਾਮ ਨਿਧਾਨਾ ਏਕਾ ਪਾਇਆ । ਨਾਮ ਨਿਧਾਨ ਵਸਤ ਅਨਮੋਲ, ਹਰਿ ਹਰਿ ਆਪ ਉਪਜਾਇੰਦਾ । ਆਪਣੇ ਕੰਡੇ ਆਪੇ ਤੋਲ, ਆਪੇ ਵੇਖ ਵਖਾਇੰਦਾ । ਸ਼ਬਦ ਅਗੰਮੀ ਆਪੇ ਬੋਲ, ਆਪੇ ਰਾਗ ਅਲਾਇੰਦਾ । ਤ੍ਰੈਗੁਣ ਮਾਇਆ ਕਰੇ ਚੋਲ, ਪੰਜ ਤੱਤ ਵੇਖ ਵਖਾਇੰਦਾ । ਲੱਖ ਚੁਰਾਸੀ ਅੰਦਰ ਰਿਹਾ ਬੋਲ, ਆਪ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਬਣਤ ਬਣਾਇੰਦਾ । ਤ੍ਰੈਗੁਣ ਮਾਇਆ ਤੱਤ ਪਸਾਰਾ, ਹਰਿ ਹਰਿ ਰਚਨ ਰਚਾਈਆ । ਪੰਚਮ ਤੱਤ ਕਰ ਨਿਆਰਾ, ਨਾਤਾ ਬਿਧਾਤਾ ਜੋੜ ਜੁੜਾਈਆ । ਕਾਇਆ ਮੰਦਰ ਮਹੱਲ ਮੁਨਾਰਾ, ਉਚ ਅਟੱਲ ਵਖਾਈਆ । ਸਾਢੇ ਤਿੰਨ ਹੱਥ ਤੇਰੀ ਪਾਵੇ ਸਾਰਾ, ਘਰ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਲਿਖਣਹਾਰਾ, ਦੂਸਰ ਭੇਵ ਕੋਈ ਨਾ ਪਾਈਆ । ਨੇਤਰ ਨੈਣ ਹੋਏ ਉਜਿਆਰਾ, ਜੋਤੀ ਨੂਰ ਕਰੇ ਰੁਸ਼ਨਾਈਆ । ਆਪੇ ਹੋਏ ਅੰਧ ਅੰਧਿਆਰਾ, ਜੋਤ ਨੈਣ ਆਪ ਅਖਵਾਈਆ । ਆਪੇ ਕਰੇ ਰੇਖ ਤਿਆਰਾ, ਆਪੇ ਹੱਥੋ ਹੱਥ ਵਖਾਈਆ । ਸਰਬ ਜੀਆਂ ਪ੍ਰਭ ਜਾਨਣਹਾਰਾ, ਪੰਡਤ ਪਾਂਧਾ ਥੱਕਾ ਮਾਂਦਾ ਭੇਵ ਅਭੇਦਾ ਅਛਲ ਅਛੇਦਾ, ਚਾਰੇ ਵੇਦਾਂ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰੇਖਾ, ਗੁਰਮੁਖ ਕੱਢੇ ਭਰਮ ਭੁਲੇਖਾ, ਨੇਤਰ ਨੈਣ ਇਕ ਖੁਲ੍ਹਾਈਆ । ਜਗਤ ਨੇਤਰ ਹੋਏ ਮੰਦ, ਮਾਇਆ ਮਮਤਾ ਮੋਹ ਚੁਕਾਇੰਦਾ । ਕਾਇਆ ਕਪੜ ਵੇਖੇ ਬੰਦ, ਬੰਦੀ ਬੰਧਨ ਬੰਦ ਬੰਧਾਇੰਦਾ । ਕਲਜੁਗ ਆਯੂ ਚੁਕਿਆ ਪੰਧ, ਸਾਚਾ ਮਾਰਗ ਨਾ ਕੋਈ ਵਖਾਇੰਦਾ । ਜੀਵਾਂ ਜੰਤਾਂ ਸਾਧਾਂ ਸੰਤਾਂ ਭੁਲਾਇਆ ਆਤਮ ਅਨੰਦ, ਪਰਮਾਨੰਦ ਨਾ ਕੋਈ ਸਮਾਇੰਦਾ । ਜੂਠ ਝੂਠ ਰਸਨਾ ਲਾਇਆ ਗੰਦ, ਸਚ ਸੁੱਚ ਨਾ ਕੋਈ ਦ੍ਰਿੜਾਇੰਦਾ । ਸਤਿਗੁਰ ਘਰ ਨਾ ਚੜ੍ਹਿਆ ਚੰਦ, ਹੱਥ ਦੀ ਰੇਖਾ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਬੈਠਾ ਵੜ, ਡੂੰਘੀ ਕੰਦਰ ਡੇਰਾ ਲਾਇੰਦਾ । ਹਰ ਘਟ ਅੰਦਰ ਹਰਿ ਹਰਿ ਵੜਿਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੀ ਰੇਖਾ ਆਪੇ ਪੜ੍ਹਿਆ, ਜਨ ਭਗਤਾਂ ਕਰੇ ਪੜ੍ਹਾਈਆ । ਮਨਮੁੱਖ ਜੀਵ ਹਉਮੇ ਹੰਗਤਾ ਸੜਿਆ, ਕਾਮ ਕਰੋਧ ਹਲਕਾਈਆ ।

੭੫੦
੦੮

ਪੰਜ ਤੱਤ ਮੁਨਾਰਾ ਬਣਿਆ ਗੜ੍ਹਿਆ, ਗੜ ਹੰਕਾਰੀ ਦਏ ਦੁਹਾਈਆ । ਜਗਤ ਤ੍ਰਿਸ਼ਨਾ ਅੰਦਰ ਸੜਿਆ, ਸਾਂਤਕ ਸਤਿ ਨਾ ਕੋਈ ਕਰਾਈਆ । ਸਤਿਗੁਰ ਸਰਨਾਈ ਜੋ ਜਨ ਪੜਿਆ, ਰੇਖ ਮਸਤਕ ਲੇਖ ਦਏ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਨਣਹਾਰਾ ਘਰ ਘਰ, ਘਰ ਘਰ ਵਿਚ ਬੈਠਾ ਆਸਣ ਲਾਈਆ । ਘਰ ਮਹੱਲਾ ਘਰ ਮੁਨਾਰਾ, ਘਰ ਸਾਚਾ ਵੇਸ ਵਟਾਇੰਦਾ । ਘਰ ਇਕੱਲਾ ਜੋਤ ਨਿਰੰਕਾਰਾ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਘਰ ਸ਼ਬਦ ਘਰ ਬੁਲਾਰਾ, ਘਰ ਧੁਨ ਅਨਾਦੀ ਨਾਦ ਵਜਾਇੰਦਾ । ਘਰ ਗੁਰੂ ਘਰ ਗੁਰਸਿਖ ਪਿਆਰਾ, ਘਰ ਗੋਬਿੰਦ ਵੇਖ ਵਖਾਇੰਦਾ । ਘਰ ਨਰ ਹਰਿ ਹਰੀ ਅਵਤਾਰਾ, ਹਰਿ ਜੂ ਹਰ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਲੇਖਾ, ਲਿਖਣਹਾਰ ਆਪ ਅਖਵਾਇੰਦਾ । ਹਰਿ ਕਾ ਲੇਖਾ ਧੁਰ ਦੀ ਰੇਖ, ਦੋਏ ਨੈਣ ਪੜ੍ਹਨ ਨਾ ਜਾਈਆ । ਆਤਮ ਅੰਤਰ ਜੋ ਜਨ ਰਿਹਾ ਵੇਖ, ਦੇਵੇ ਦਰਸ ਸ੍ਰੀ ਭਗਵਾਨਿਆ । ਦਰ ਦੁਵਾਰ ਜਨ ਭਗਤਾਂ ਹੋਏ ਦਰ ਦਰਵੇਸ਼, ਪਾਰਬ੍ਰਹਮ ਪੁਰਖ ਸੁਲਤਾਨਿਆ । ਸੇਵਕ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਸੇਵ ਕਮਾਈਆ । ਹਰਿ ਭਗਤਾਂ ਕਰੇ ਆਪ ਅਦੇਸ, ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਜਿਸ ਜਨ ਸਤਿਗੁਰ ਪੂਰਾ ਪੂਰਬ ਲਹਿਣਾ ਮਸਤਕ ਰੇਖਾ ਲਏ ਵੇਖ, ਦੇਵੇ ਨਾਮ ਨਿਧਾਨਾ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪੇ ਕਰ, ਕਰਮ ਧਰਮ ਜਨਮ ਜਨਮ ਕਰਮ ਧਰਮ, ਦੋਵੇਂ ਦਰ ਕਰੇ ਪ੍ਰਵਾਨੀਆ ।



੭੫੧ ੦੮

## ✪ ੪ ਸਾਵਣ ੨੦੧੬ ਬਿਕ੍ਰਮੀ ਮਿਹਰ ਸਿੰਘ ਦੇ ਘਰ ਜਗਰਾਉਂ ਸ਼ਹਿਰ ✪

ਨਿਰਗੁਣ ਨਿਰਾਕਾਰ ਨਿਰੰਕਾਰ, ਪਾਰਬ੍ਰਹਮ ਹਰਿ ਪੁਰਖ ਅਬਿਨਾਸ਼ਿਆ । ਜੋਤੀ ਨੂਰ ਨੂਰ ਉਜਿਆਰ, ਜਾਗਰਤ ਜੋਤ ਖੇਲ ਤਮਾਸਿਆ । ਪਰਮ ਪੁਰਖ ਪੁਰਖ ਕਰਤਾਰ, ਆਦਿ ਜੁਗਾਦੀ ਏਕਾ ਏਕ ਪ੍ਰਕਾਸ਼ਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਮੰਦਰ ਰੱਖੇ ਆਪੇ ਵਾਸਿਆ । ਅਬਿਨਾਸ਼ੀ ਕਰਤਾ ਹਰਿ ਭਗਵੰਤ, ਆਦਿ ਅੰਤ ਵਡ ਵਡਿਆਈਆ । ਜੋਤੀ ਨੂਰ ਜੁਗਾ ਜੁਗੰਤ, ਨਿਰਗੁਣ ਨੂਰ ਡਗਮਗਾਈਆ । ਆਪ ਬਣਾਏ ਆਪਣੀ ਬਣਤ, ਪਾਰਬ੍ਰਹਮ ਪੁਰਖ ਅਖਵਾਈਆ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਆਪ ਅਖਵਾਈਆ । ਜੂਨੀ ਰਹਿਤ ਪੁਰਖ ਅਕਾਲ, ਅਕਲ ਕਲਾ ਅਖਵਾਈਆ । ਨਿਰਗੁਣ ਵਸੇ ਸਚ ਸੱਚੀ ਧਰਮਸਾਲ, ਥਿਰ ਘਰ ਸਾਚਾ ਬੰਕ ਸੁਹਾਈਆ । ਦੀਪਕ ਜੋਤੀ ਬਾਤੀ ਏਕਾ ਬਾਲ, ਆਪਣੀ ਆਪ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਖੇਲ ਖਿਲਾਈਆ । ਆਦਿ ਨਿਰੰਜਣ ਪੁਰਖ ਬਿਧਾਤਾ, ਪਾਰਬ੍ਰਹਮ ਅਖਵਾਇੰਦਾ । ਏਕਾ ਪਿਤਾ ਏਕਾ ਮਾਤਾ, ਪੂਤ ਸਪੂਤਾ ਇਕ ਉਪਾਇੰਦਾ । ਏਕਾ ਦੇਵਣਹਾਰਾ ਦਾਤਾ, ਸਾਚੀ ਦਾਤ ਝੋਲੀ ਪਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਗਾਥ ਸੁਣਾਇੰਦਾ । ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਏਕਾ ਮੰਦਰ ਏਕਾ ਹਾਟਾ, ਏਕਾ ਘਰ ਖੁਲ੍ਹਾਇੰਦਾ । ਏਕਾ ਦੀਪਕ ਜੋਤ ਲਿਲਾਟਾ, ਨੂਰ ਨੂਰ ਡਗਮਗਾਇੰਦਾ । ਇਕ ਸਿੰਘਾਸਣ ਸਾਚੀ ਖਾਟਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ

੭੫੨
੦੮

ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਆਪ ਸੁਹਾਇੰਦਾ । ਅਜੂਨੀ ਰਹਿਤ ਪੁਰਖ ਕਰਤਾਰਾ, ਪਰਮ ਪੁਰਖ ਵੱਡੀ ਵਡਿਆਈਆ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਧਰਾਈਆ । ਨਿਰਗੁਣ ਰੂਪ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਜੁਗਾ ਜੁਗੰਤਰ ਪਾਵੇ ਸਾਰਾ, ਸਤਿਗੁਰ ਪੂਰਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਗੰਮੜਾ ਅਗੰਮੜੀ ਕਾਰ ਕਮਾਈਆ । ਨਿਰਗੁਣ ਖੇਲ ਅਪਰ ਅਪਾਰ, ਭੇਵ ਕੋਇ ਨਾ ਪਾਇੰਦਾ । ਆਪੇ ਵਸੇ ਸਚ ਦੁਵਾਰ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਨਿਭਾਇੰਦਾ । ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਪ੍ਰਿਥਮੀ ਅਕਾਸ਼ ਨਾ ਕੋਈ ਅਧਾਰ, ਜਲ ਬਿੰਬ ਨਾ ਕੋਈ ਜਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਪਿਆਰ, ਕਰੋੜ ਤੇਤੀਸਾ ਨਾ ਰਚਨ ਰਚਾਇੰਦਾ । ਤ੍ਰੈਗੁਣ ਮਾਇਆ ਨਾ ਕੋਈ ਪਿਆਰ, ਪੰਜ ਤੱਤ ਨਾ ਕੋਈ ਵਖਾਇੰਦਾ । ਲੱਖ ਚੁਰਾਸੀ ਨਾ ਭਰੇ ਭੰਡਾਰ, ਨਾ ਕੋਈ ਹੱਟੇ ਹੱਟ ਵਿਕਾਇੰਦਾ । ਜਲ ਥਲ ਨਾ ਕੋਈ ਧਾਰ, ਸਮੁੰਦ ਸਾਗਰ ਨਾ ਕੋਈ ਵਖਾਇੰਦਾ । ਜੰਗਲ ਜੂਹ ਨਾ ਕੋਈ ਪਹਾੜ, ਡੂੰਘੀ ਕੰਦਰ ਨਾ ਕੋਈ ਉਪਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਕੰਤ ਸੁਹਾਗ ਹੰਢਾਇੰਦਾ । ਨਾ ਕੋਈ ਮੰਦਰ ਗੁਰੂਦੁਵਾਰ, ਚਾਰ ਦੁਵਾਰ ਨਾ ਕੋਈ ਉਪਾਇੰਦਾ । ਨਾ ਕੋਈ ਸੰਤ ਸਾਧ ਕਰੇ ਪਿਆਰ, ਰਸਨਾ ਜਿਹਵਾ ਨਾ ਕੋਈ ਗਾਇੰਦਾ । ਰਾਗ ਨਾਦ ਨਾ ਕੋਈ ਧਾਰ, ਤਾਲ ਤਲਵਾੜਾ ਨਾ ਕੋਈ ਵਜਾਇੰਦਾ । ਨਾ ਕੋਈ ਘਾੜਣ ਘੜੇ ਅਪਰ ਅਪਾਰ, ਨਾ ਕੋਈ ਰਚਨ ਰਚਾਇੰਦਾ । ਇਕ ਇਕੱਲਾ ਏਕੰਕਾਰ, ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ ਆਪ ਅਖਵਾਇੰਦਾ । ਜੋਤੀ ਜੋਤ ਅਗੰਮ ਅਪਾਰ, ਨੂਰੋ ਨੂਰ ਡਗਮਗਾਇੰਦਾ । ਥਿਰ ਘਰ ਵਸੇ ਹਰਿ ਦਰਬਾਰ, ਧੁਰ ਦਰਬਾਰਾ ਆਪ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ, ਆਪ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਆਪ ਅਖਵਾਇੰਦਾ । ਨਿਰਗੁਣ ਦਾਤਾ ਆਦਿ ਨਿਰੰਜਣ, ਆਦਿ ਅੰਤ ਸ੍ਰੀ ਭਗਵਾਨਿਆ । ਸਖਾ ਸਹੇਲਾ ਆਪੇ ਬਣੇ ਆਪਣਾ ਸੱਜਣ, ਆਪ ਕਰੇ ਆਪਣੀ ਪ੍ਰਿਤਪਾਲਿਆ । ਆਪਣੇ ਦਰ ਕਰਾਏ ਸਾਚਾ ਮਜਨ, ਆਪੇ ਗੁਰੂ ਗੁਰੂ ਗੁਰ ਚੇਲਿਆ । ਆਪੇ ਹੋਇਆ ਪਰਦੇ ਕੱਜਣ, ਆਪੇ ਵਸੇ ਧਾਮ ਨਵੇਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਅਚਰਜ ਖੇਲ ਆਪੇ ਖੇਲਿਆ । ਅਚਰਜ ਖੇਲ ਹਰਿ ਖਿਲੰਦੜਾ, ਸਤਿਗੁਰ ਰੂਪ ਵੱਡੀ ਵਡਿਆਈਆ । ਨਿਰਗੁਣ ਜੋਤੀ ਜੋਤ ਜਗੰਦੜਾ, ਦੀਵਾ ਬਾਤੀ ਕਰੇ ਰੁਸ਼ਨਾਈਆ । ਸਾਚਾ ਧਾਮ ਇਕ ਸੁਹੰਦੜਾ, ਥਿਰ ਘਰ ਬੈਠਾ ਬੇਪਰਵਾਹੀਆ । ਸ਼ਬਦ ਸਿੰਘਾਸਣ ਇਕ ਵਿਛੰਦੜਾ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਆਪ ਆਪਣਾ ਵੇਖ ਵਖੰਦੜਾ, ਨਾ ਕੋਈ ਦੂਸਰ ਦੱਸੇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕੰਕਾਰ, ਆਪ ਆਪਣਾ ਕਰ ਪਸਾਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਪਰਮ ਪੁਰਖ ਅਖਵਾਇੰਦਾ । ਤ੍ਰੈਗੁਣ ਮਾਇਆ ਮੀਤ ਮੁਰਾਰਾ, ਤ੍ਰੈ ਤ੍ਰੈ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸਾਚਾ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰ ਪਿਆਰਾ, ਘਟ ਘਟ ਆਸਣ ਲਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਜੋਤੀ ਜੋਤ ਮੇਲ ਮਿਲਾਇੰਦਾ । ਸ਼ਬਦ ਅਗੰਮੀ ਸੱਚੀ ਧੁਨਕਾਰਾ, ਨਾਦੀ ਨਾਦ ਵਜਾਇੰਦਾ । ਭਗਤਨ ਮੀਤਾ ਕਰ ਪਿਆਰਾ, ਆਪ

੭੫੩
੦੮

ਆਪਣੀ ਬੂਝ ਬੁਝਾਇੰਦਾ । ਦੇਵੇ ਦਰਸ ਦਰਸ ਅਪਾਰਾ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ, ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਰੱਖ, ਲੋਕਮਾਤ ਕਰੇ ਰੁਸ਼ਨਾਈਆ । ਸਰਗੁਣ ਰੂਪ ਹੋ ਪਰਤੱਖ, ਗੁਰ ਸਤਿਗੁਰ ਪੂਰਾ ਨਾਉਂ ਧਰਾਈਆ । ਹਰਿਜਨ ਸਾਚੇ ਕਰੇ ਵੱਖ, ਹਰਿਜਨ ਸਾਚਾ ਫੋਲ ਫੁਲਾਈਆ । ਦੇਵੇ ਨਾਮ ਸਾਚੀ ਵੱਥ, ਆਤਮ ਅੰਤਰ ਆਪ ਟਿਕਾਈਆ । ਪੱਲੇ ਬੰਨ੍ਹੇ ਸਾਚੀ ਗੱਠ, ਸਚ ਸੁੱਚ ਝੋਲੀ ਪਾਈਆ । ਇਕ ਵਖਾਏ ਤੀਰਥ ਤੱਟ, ਸਰ ਸਰੋਵਰ ਕਾਇਆ ਹੱਟ ਆਪ ਖੁਲ੍ਹਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਨਿਝਰ ਝਿਰਨਾ ਆਪ ਝਿਰਾਈਆ । ਦੂਈ ਦਵੈਤੀ ਮੇਟੇ ਫੱਟ, ਆਪ ਆਪਣੀ ਦਇਆ ਕਮਾਈਆ । ਸ਼ਬਦ ਅਗੰਮੀ ਲਾਏ ਸੱਟ, ਬਜ਼ਰ ਕਪਾਟੀ ਤੋੜ ਤੁੜਾਈਆ । ਭਾਗ ਲਗਾਏ ਕਾਇਆ ਮੱਟ, ਡੂੰਘੀ ਕੰਦਰ ਜੋਤ ਰੁਸ਼ਨਾਈਆ । ਜਿਸ ਜਨ ਉਪਰ ਜਾਏ ਤੁਠ, ਸਤਿਗੁਰ ਪੂਰਾ ਹਰਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਈਆ । ਹਰਿਜਨ ਮੇਲਾ ਧੁਰ ਦਰਗਾਹ, ਹਰਿ ਹਰਿ ਮੇਲ ਮਿਲਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਗੁਰ ਗੁਰ ਨਾਉਂ ਧਰਾਇੰਦਾ । ਸਤਿਗੁਰ ਦਾਤਾ ਬੇਪਰਵਾਹ, ਦਿਸ ਕਿਸੇ ਨਾ ਆਇੰਦਾ । ਹਰਿਜਨ ਵੇਖੇ ਥਾਉਂ ਥਾਂ, ਫੜ ਫੜ ਬਾਹੋਂ ਆਪ ਉਠਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਇੰਦਾ । ਵਸਣਹਾਰਾ ਨਗਰ ਗਿਰਾਂ, ਕਾਇਆ ਖੇੜਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਹਰਿ ਜੀ ਹਰਿ ਹਰਿ ਵੇਸ ਅਵੱਲਾ, ਜੁਗ ਜੁਗ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਲੋਕਮਾਤ ਫੇਰਾ ਪਾਇੰਦਾ । ਆਪੇ ਕਰੇ ਵਲ ਛਲਾ, ਵਲ ਛਲ ਧਾਰੀ ਨਾਉਂ ਧਰਾਇੰਦਾ । ਜਨ ਭਗਤਾਂ ਫੜਾਏ ਆਪਣਾ ਪੱਲਾ, ਆਪਣਾ ਪਰਦਾ ਆਪੇ ਲਾਹਿੰਦਾ । ਸਚ ਸੁਨੇਹੁੜਾ ਏਕਾ ਘੱਲਾ, ਜੁਗ ਜੁਗ ਸ਼ਬਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਿਰਤ ਕਮਾਇੰਦਾ । ਸ਼ਬਦ ਸੁਨੇਹੁੜਾ ਧੁਰ ਦੀ ਬਾਣੀ, ਹਰਿ ਸਾਚੇ ਸ਼ਬਦ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰ ਪਛਾਣੀ, ਪੂਰਨ ਜੋਤ ਕਰੇ ਰੁਸ਼ਨਾਈਆ । ਕਲਜੁਗ ਵੇਖੇ ਕਲਜੁਗ ਰਾਣੀ, ਅੰਜੀਲ ਕੁਰਾਨੀ ਭੇਵ ਖੁਲ੍ਹਾਈਆ । ਨਾਤਾ ਤੁਟਾ ਵੇਦ ਪੁਰਾਨੀ, ਬਾਵਨ ਅੱਖਰੀ ਨਾ ਕੋਈ ਪੜ੍ਹਾਈਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨੀ, ਥਿਰ ਘਰ ਬੈਠਾ ਡੇਰਾ ਲਾਈਆ । ਖੇਲੇ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਵੇਸ ਵਟਾਈਆ । ਲੱਖ ਚੁਰਾਸੀ ਦਿਸੇ ਫਾਨੀ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਹਰਿ ਹਰਿ ਵੇਖ, ਆਪਣੀ ਦਇਆ ਕਮਾਇੰਦਾ । ਨਾਨਕ ਸਰਗੁਣ ਲਿਖਣਹਾਰਾ ਲੇਖ, ਨਾਨਕ ਅੰਗ ਸਮਾਇੰਦਾ । ਲੇਖਾ ਚੁਕਾ ਔਲੀਆ ਪੀਰ ਸ਼ੇਖ਼, ਦਸਤਗੀਰ ਨਾ ਕੋਇ ਬਚਾਇੰਦਾ । ਦਾਤਾ ਦਾਨੀ ਦਸ ਦਸਮੇਸ਼, ਏਕਾ ਜੋਤੀ ਰੂਪ ਵਟਾਇੰਦਾ । ਪੁਰਖ ਅਕਾਲ ਦੀਨ ਦਿਆਲ ਨਾ ਕੋਈ ਮੁੱਛ ਦਾੜ੍ਹੀ ਨਾ ਕੇਸ, ਮੂੰਡ ਮੁੰਡਾਇਆ ਨਾ ਕੋਈ ਦਿਸਾਇੰਦਾ । ਅਲਖ ਨਿਰੰਜਣ ਜੋਤ ਪ੍ਰਵੇਸ, ਨੂਰੋ ਨੂਰ ਡਗਮਗਾਇੰਦਾ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਆਪ ਹੰਢਾਇੰਦਾ । ਆਪੇ ਵੇਖੇ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਆਪ ਅਖਵਾਇੰਦਾ । ਆਪੇ ਹੋਏ ਰਿਖੀ ਕੇਸ, ਗਵਰਧਨਧਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਹਰਿ ਬ੍ਰਹਿਮਾਦੀ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ

ਵੇਸ ਧਰ, ਹਰਿ ਸਾਚੀ ਜੋਤ ਜਗਾਈਆ । ਨਿਰਗੁਣ ਸਰਗੁਣ ਅੰਦਰ ਵੜ, ਸੰਬਲ ਨਗਰੀ ਧਾਮ ਸੁਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਈ ਜਣਾਈਆ । ਉਚ ਮਹੱਲੇ ਗਿਆ ਚੜ੍ਹ, ਹੱਥ ਕਿਸੇ ਨਾ ਆਈਆ । ਗੁਰਮੁਖ ਵਿਰਲੇ ਆਪੇ ਲਏ ਫੜ, ਆਪ ਆਪਣੀ ਦਇਆ ਕਮਾਈਆ । ਆਪਣਾ ਅੱਖਰ ਆਪੇ ਪੜ੍ਹ, ਗੁਰਮੁਖਾਂ ਕਰੇ ਨਾਮ ਪੜ੍ਹਾਈਆ । ਅਗਨੀ ਹਵਨ ਨਾ ਜਾਏ ਸੜ, ਸਤਿਗੁਰ ਪੂਰੇ ਵਡ ਵਡਿਆਈਆ । ਜਨ ਭਗਤਾਂ ਫੜਾਏ ਆਪਣਾ ਲੜ, ਦੋ ਜਹਾਨਾਂ ਵਿਛੜ ਨਾ ਜਾਈਆ । ਕਲਜੁਗ ਅੰਤਮ ਲੱਖ ਚੁਰਾਸੀ ਉਖੇੜੇ ਜੜ੍ਹ, ਨੌ ਖੰਡ ਸੱਤਾਂ ਦੀਪਾਂ ਫੇਰਾ ਪਾਈਆ । ਆਪਣੇ ਭਾਂਡੇ ਆਪੇ ਲਏ ਘੜ, ਭੰਨਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਮਰਥ ਪੁਰਖ ਆਪ ਅਖਵਾਈਆ । ਸਮਰਥ ਪੁਰਖ ਪੁਰਖ ਗੁਰ ਅਵਤਾਰਾ, ਪਾਰਬ੍ਰਹਮ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਆਪ ਆਪਣੀ ਕਲ ਵਰਤਾਇੰਦਾ । ਨਾਮ ਖੜਗ ਖੰਡਾ ਕਟਾਰਾ, ਤਿਖੀ ਧਾਰਾ ਵੇਖ ਵਖਾਇੰਦਾ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਖ਼ਬਰਦਾਰਾ, ਰਾਓ ਰੰਕਾਂ ਆਪ ਉਠਾਇੰਦਾ । ਸਾਧਾਂ ਸੰਤਾਂ ਦਏ ਹੁਲਾਰਾ, ਜੀਵਾਂ ਜੰਤਾਂ ਆਪ ਉਠਾਇੰਦਾ । ਸ਼ਬਦ ਡੰਕਾ ਅਪਰ ਅਪਾਰਾ, ਨਿਰਗੁਣ ਆਪਣਾ ਤਾਲ ਵਜਾਇੰਦਾ । ਪ੍ਰਗਟ ਹੋ ਵਿਚ ਸੰਸਾਰਾ, ਨਿਹਕਲੰਕ ਨਾਉਂ ਰਖਾਇੰਦਾ । ਮਾਂ ਪਿਤ ਨਾ ਕੋਈ ਪਿਆਰਾ, ਪੁੱਤਰ ਧੀਆਂ ਨਾ ਕੋਈ ਉਪਾਇੰਦਾ । ਜੋਤ ਸਰੂਪੀ ਇਕ ਜੈਕਾਰਾ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਪ ਆਪਣਾ ਰੂਪ ਵਟਾਇੰਦਾ । ਰੂਪ ਅਨੂਪ ਸੱਚੀ ਸਰਕਾਰ, ਹਰਿ ਸਤਿਗੁਰ ਆਪ ਅਖਵਾਈਆ । ਪ੍ਰਗਟ ਹੋ ਵਿਚ ਸੰਸਾਰ, ਅਕਲ ਕਲ ਧਾਰ ਵੇਸ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਬੈਠਾ ਬੇਪਰਵਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਕਾਗਦ ਕਲਮ ਲਿਖ ਲਿਖ ਗਏ ਹਾਰ, ਗੁਰ ਪੀਰ ਸਾਧ ਸੰਤ ਦੇਣ ਗਵਾਹੀਆ । ਹਰਿ ਕਾ ਭੇਵ ਨਾ ਪਾਏ ਕੋਇ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਸਮਾਈਆ । ਨਿਰਗੁਣ ਪੁਰਖ ਅਕਾਲ, ਏਕਾ ਏਕੰਕਾਰਿਆ । ਸਰਗੁਣ ਸਾਚਾ ਲਾਲ, ਗੁਰ ਗੁਰ ਮੇਲ ਮਿਲਾ ਲਿਆ । ਸ਼ਬਦ ਵਿਚੋਲਾ ਬਣ ਦਲਾਲ, ਆਪਣਾ ਖੇਲ ਖਲਾ ਲਿਆ । ਸੰਗ ਰਖਾਏ ਕਾਲ ਮਹਾਂਕਾਲ, ਆਪ ਆਪਣਾ ਜੋੜ ਜੁੜਾ ਲਿਆ । ਦਰਗਹਿ ਸਾਚੀ ਵੱਜੇ ਤਾਲ, ਦੋ ਜਹਾਨਾਂ ਆਪ ਸੁਣਾ ਲਿਆ । ਲੋਆਂ ਪੁਰੀਆਂ ਸੁਰਤ ਸੰਭਾਲ, ਬ੍ਰਹਮਾ ਵਿਸ਼ਨੂੰ ਸ਼ਿਵ ਉਠਾ ਲਿਆ । ਸਰ ਸਰੋਵਰ ਮਾਰ ਉਛਾਲ, ਮਾਣਕ ਮੋਤੀ ਇਕ ਉਛਾਲਿਆ । ਗੁਰਮੁਖ ਸਾਚੇ ਆਪੇ ਭਾਲ, ਆਪ ਆਪਣੇ ਦਰ ਬੁਲਾ ਲਿਆ । ਲੇਖਾ ਚੁੱਕੇ ਸ਼ਾਹ ਕੰਗਾਲ, ਰਾਜ ਰਾਜਾਨ ਨਾ ਕੋਈ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਘਰ, ਕਾਇਆ ਮੰਦਰ ਡੂੰਘੀ ਕੰਦਰ ਆਤਮ ਤਾਕੀ ਲਹਿਣਾ ਦੇਣਾ ਦੇਵੇ ਬਾਕੀ, ਦੂਈ ਦਵੈਤੀ ਪਰਦਾ ਆਪੇ ਲਾਹ ਲਿਆ ।

੭੫੪
੦੮

੭੫੫

✪ ੪ ਸਾਵਣ ੨੦੧੯ ਬਿਕ੍ਰਮੀ ਗੁਰਬਚਨ ਸਿੰਘ ਦੇ ਘਰ ਪਿੰਡ ਸਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਪੁਰਖ ਅਬਿਨਾਸ਼ ਹਰਿ ਨਿਰੰਕਾਰ, ਆਦਿ ਜੁਗਾਦੀ ਏਕ ਏਕੰਕਾਰਿਆ । ਪਾਰਬ੍ਰਹਮ ਪ੍ਰਭ ਪੁਰਖ ਕਰਤਾਰ, ਜੋਤੀ ਨੂਰ ਡਗਮਗਾ ਰਿਹਾ । ਇਕ ਇਕੱਲਾ ਕਰ ਪਸਾਰ, ਅਕਲ ਕਲ ਧਾਰੀ ਨਾਉਂ ਰਖਾ ਲਿਆ । ਮਹੱਲ ਅਟੱਲ ਉਚ ਮਿਨਾਰ, ਥਿਰ ਘਰ ਸਾਚੇ ਆਸਣ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਲਿਆ । ਪੁਰਖ ਅਬਿਨਾਸ਼ੀ ਹਰਿ ਨਿਰੰਕਾਰਾ, ਏਕਾ ਏਕ ਅਖਵਾਇੰਦਾ । ਆਦਿ ਨਿਰੰਜਣ ਭੇਵ ਅਪਾਰਾ, ਭੇਵ ਕੋਈ ਨਾ ਪਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਆਪਣਾ ਨਾਉਂ ਰਖਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਸਾਚੀ ਕਲ ਵਰਤਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਇਕ ਇਕੱਲਾ ਸਚ ਮਹੱਲਾ ਘਰ ਸਾਚਾ ਆਪ ਸੁਹਾਇੰਦਾ । ਘਰ ਸਾਚਾ ਸੱਜਣ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਨ, ਏਕਾ ਏਕੰਕਾਰਾ ਨਾਉਂ ਧਰਾਈਆ । ਆਪੇ ਸੰਤ ਮੀਤ ਮੁਰਾਰਾ ਸੱਜਣ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦੀ ਇਕ ਮਲਾਹ, ਏਕਾ ਬੇੜਾ ਰਿਹਾ ਚਲਾਈਆ । ਏਕਾ ਹਰਿ ਨਰ ਅਵਤਾਰ, ਏਕਾ ਜੋਤੀ ਜੋਤ ਜਗਾਇੰਦਾ । ਏਕਾ ਪ੍ਰਭ ਗੁਰ ਕਰਤਾਰ, ਰੂਪ ਅਨੂਪ ਸਤਿ ਸਰੂਪ ਵਟਾਇੰਦਾ । ਏਕਾ ਲੋਆਂ ਪੁਰੀਆਂ ਕਰ ਉਜਿਆਰ, ਬ੍ਰਹਿਮੰਡ ਖੰਡਾਂ ਆਪ ਸੁਹਾਇੰਦਾ । ਏਕਾ ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਆਪ ਆਪਣੀ ਦਇਆ ਕਮਾਇੰਦਾ । ਏਕਾ ਪੰਜ ਤੱਤ ਖੇਲੇ ਖੇਲ ਨਿਆਰ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਏਕੰਕਾਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਅਕਲ ਕਲਾ ਅਖਵਾਇੰਦਾ । ਜੋਤੀ ਨੂਰ ਸ੍ਰੀ ਭਗਵੰਤਾ, ਰੂਪ ਰੰਗ ਨਾ ਕੋਈ ਵਖਾਇੰਦਾ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪ ਬਣਾਏ ਆਪਣੀ ਬਣਤਾ, ਆਪਣੀ ਰਚਨ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕ ਇਕੱਲਾ ਡੇਰਾ ਲਾਇੰਦਾ । ਇਕ ਇਕੱਲਾ ਏਕੰਕਾਰ, ਆਦਿ ਜੁਗਾਦਿ ਸਮਾਇੰਦਾ । ਸਤਿਗੁਰ ਪੂਰਾ ਨਰ ਨਿਰੰਕਾਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਆਪੇ ਸੁਹਾਏ ਬੰਕ ਦੁਵਾਰ, ਸਚਖੰਡ ਦੁਵਾਰਾ ਸੋਭਾ ਪਾਇੰਦਾ । ਨਿਰਗੁਣ ਬਾਤੀ ਦੀਪਕ ਕਰ ਉਜਿਆਰ, ਆਦਿ ਜੁਗਾਦੀ ਡਗਮਗਾਇੰਦਾ । ਕਮਲਾਪਾਤੀ ਮੀਤ ਮੁਰਾਰ, ਪਰਮ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਰ ਸੁਹਾਇੰਦਾ । ਏਕਾ ਦਰ ਇਕ ਦਰਵਾਜ਼ਾ, ਥਿਰ ਘਰ ਸਾਚੇ ਆਪ ਉਪਾਇਆ, ਵੇਖਣਹਾਰਾ ਗ਼ਰੀਬ ਨਿਵਾਜ਼ਾ, ਦੂਸਰ ਸੰਗ ਨਾ ਕੋਇ ਰਖਾਇਆ । ਆਪੇ ਰਚਿਆ ਆਪਣਾ ਕਾਜਾ, ਆਪ ਆਪਣਾ ਸਗਨ ਮਨਾਇਆ । ਆਪੇ ਮਾਰੇ ਆਪਣੀ ਵਾਜਾ, ਸ਼ਬਦ ਅਗੰਮੀ ਆਪ ਉਪਾਇਆ । ਥਿਰ ਘਰ ਸਾਚੇ ਸਾਜਣ ਸਾਜਾ, ਚਾਰ ਦਿਵਾਰ ਨਾ ਕੋਈ ਬਣਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਇਕ ਅਖਵਾਇਆ । ਦੋ ਜਹਾਨਾਂ ਫਿਰੇ ਭਾਜਾ, ਲੋਆਂ ਪੁਰੀਆਂ ਫੇਰਾ ਪਾਇਆ । ਅਸਵ ਘੋੜਾ ਰੱਖੇ ਤਾਜਾ, ਸ਼ਬਦ ਸ਼ਬਦੀ ਰਿਹਾ ਦੌੜਾਇਆ । ਆਦਿ ਜੁਗਾਦਿ ਆਪ

ਆਪਣੀ ਰੱਖੇ ਲਾਜਾ, ਜੁਗ ਜੁਗ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਘਰ ਸਾਚੇ ਬੈਠਾ ਆਸਣ ਲਾਇਆ । ਘਰ ਸਾਚਾ ਸੋਹੇ ਬੰਕ ਸੱਚੀ ਧਰਮਸਾਲ, ਹਰਿ ਸਾਚੀ ਜੋਤ ਜਗਾਈਆ । ਦੀਪਕ ਦੀਵਾ ਏਕਾ ਬਾਲ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਗਗਨ ਸਾਚਾ ਥਾਲ, ਹਰਿ ਸਾਚਾ ਆਪ ਟਿਕਾਈਆ । ਏਕਾ ਚਲੇ ਅਵੱਲੜੀ ਚਾਲ, ਜੁਗ ਜੁਗ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਨੇਹਚਲ ਧਾਮ ਉਚ ਮਹੱਲਾ ਪੁਰਖ ਅਬਨਾਸ਼ੀ ਇਕ ਇਕੱਲਾ ਏਕੰਕਾਰਾ ਨਰ ਨਿਰੰਕਾਰਾ, ਨਿਰਗੁਣ ਬੈਠਾ ਜੋਤ ਜਗਾਈਆ । ਨਿਰਗੁਣ ਦਾਤਾ ਸਤਿ ਸਰੂਪ, ਹਰਿ ਸਾਚਾ ਸਚ ਅਖਵਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਨਾ ਕੋਈ ਵੇਖ ਵਖਾਇੰਦਾ । ਨਾ ਕੋਈ ਮਾਤਾ ਨਾ ਕੋਈ ਪੂਤ, ਨਾ ਕੋਈ ਪਿਤਾ ਨਾਉਂ ਧਰਾਇੰਦਾ । ਨਾ ਕੋਈ ਤਾਣਾ ਪੇਟਾ ਨਾ ਕੋਈ ਸੂਤ, ਨਾ ਕੋਈ ਬਾਡੀ ਬਣਤ ਬਣਾਇੰਦਾ । ਵਸਣਹਾਰਾ ਚਾਰੇ ਕੂਟ, ਪਾਰਬ੍ਰਹਮ ਆਪ ਅਖਵਾਇੰਦਾ । ਆਪਣੀ ਕਰਨੀ ਕਰਤਾ ਆਪੇ ਜਾਏ ਤੁਠ, ਆਪ ਆਪਣਾ ਖੇਲ ਖਿਲਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਜਾਏ ਰੁਠ, ਆਪ ਆਪਣਾ ਮੂੰਹ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਮੂਰਤ ਸਾਚੀ ਤੂਰਤ, ਨਾਦ ਅਨਾਦੀ ਨਾਦ ਵਜਾਇੰਦਾ । ਏਕਾ ਨਾਦ ਸ਼ਬਦ ਬ੍ਰਿਹਮਾਦ, ਹਰਿ ਸਾਚਾ ਆਪ ਵਜਾਇੰਦਾ । ਸ਼ਬਦ ਜਣਾਈ ਬੋਧ ਅਗਾਧ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਆਪੇ ਦੇਵੇ ਆਪਣੀ ਦਾਦ, ਆਪਣੀ ਝੋਲੀ ਆਪ ਭਰਾਇੰਦਾ । ਆਪਣੀ ਵਸਤ ਆਪੇ ਲਾਧ, ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਸਾਚਾ ਹਰਿ ਦੁਵਾਰ, ਹਰਿ ਜੋਤੀ ਜੋਤ ਜਗਾਇੰਦਾ । ਨਿਰਗੁਣ ਨੂਰ ਨੂਰ ਉਜਿਆਰ, ਪਰਵਰਦਿਗਾਰ ਆਪ ਅਖਵਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਆਦਿ ਜੁਗਾਦੀ ਏਕਾ ਕਾਰ, ਜੁਗ ਕਰਤਾ ਆਪ ਕਰਾਇੰਦਾ । ਪੁਰਖ ਪ੍ਰਖੋਤਮ ਸਾਚੀ ਧਾਰ, ਪਾਰਬ੍ਰਹਮ ਇਕ ਇਕ ਵਖਾਇੰਦਾ । ਮਰੇ ਨਾ ਜਨਮੇ ਵਿਚ ਸੰਸਾਰ, ਏਕਾ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾਇੰਦਾ । ਜੋਤੀ ਨੂਰ ਦੀਪ ਉਜਾਲਾ, ਹਰਿ ਹਰਿ ਵੱਡੀ ਵਡਿਆਈਆ । ਸਾਚਾ ਸਾਚੀ ਵਸੇ ਧਰਮਸਾਲਾ, ਘਰ ਸਾਚਾ ਇਕ ਸੁਹਾਈਆ । ਆਪੇ ਸ਼ਾਹ ਆਪੇ ਕੰਗਾਲਾ, ਧਨ ਮਾਲਾ ਆਪ ਵਖਾਈਆ । ਆਪੇ ਹੋਏ ਆਪਣਾ ਆਪ ਦਲਾਲਾ, ਆਪਣੀ ਵਸਤ ਆਪ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਸਾਚੇ ਘਰ, ਸਚਖੰਡ ਦੁਵਾਰਾ ਇਕ ਸੁਹਾਈਆ । ਸਚਖੰਡ ਦੁਵਾਰਾ ਸਾਚਾ ਘਰ, ਹਰਿ ਸਾਚੀ ਜੋਤ ਜਗਾਇੰਦਾ । ਆਪਣਾ ਦੇਵੇ ਆਪੇ ਵਰ, ਆਪ ਆਪਣਾ ਸਗਨ ਮਨਾਇੰਦਾ । ਆਪਣੀ ਕਰਨੀ ਆਪੇ ਕਰ, ਹਰਿ ਕਰਤਾ ਵੇਖ ਵਖਾਇੰਦਾ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਆਪਣੀ ਜੋਤੀ ਅੰਦਰ ਆਪੇ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਆਪਣੀ ਗੋਦੀ ਆਪੇ ਹਰੀ ਕਰ, ਬਾਲ ਨਿਧਾਨਾ ਆਪ ਉਪਜਾਇੰਦਾ । ਸ਼ਬਦ ਸ਼ਬਦੀ ਵਸੇ ਘਰ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਦੁਲਾਰਾ ਏਕੰਕਾਰਾ, ਏਕਾ ਨਾਮ ਉਪਜਾਇੰਦਾ । ਸੁੱਤ ਦੁਲਾਰਾ ਹਰਿ ਬਲਵਾਨ, ਆਪਣਾ ਆਪ ਉਪਜਾਈਆ । ਅਗੰਮ ਅਗੰਮੀ ਧੁਰ ਫ਼ਰਮਾਣ, ਸਾਚਾ ਰਿਹਾ ਸੁਣਾਈਆ । ਸਚਖੰਡ ਵਸੇ ਸਚ

ਮਕਾਨ, ਸਚ ਦੁਵਾਰਾ ਇਕ ਸੁਹਾਈਆ । ਰਵ ਸਸ ਨਾ ਕੋਈ ਨਿਸ਼ਾਨ, ਮੰਡਲ ਮੰਡਪ ਨਾ ਕੋਈ ਵਖਾਈਆ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਈ ਬਣਾਈਆ । ਲੱਖ ਚੁਰਾਸੀ ਨਾ ਕੋਈ ਪ੍ਰਧਾਨ, ਪੰਜ ਤੱਤ ਨਾ ਕਰੇ ਕੁੜਮਾਈਆ । ਕਰੋੜ ਤੇਤੀਸ ਨਾ ਕੋਈ ਵਖਾਣ, ਗਣ ਗੰਧਰਬ ਨਾ ਕੋਇ ਉਪਾਈਆ । ਹੱਥ ਤ੍ਰਸੂਲ ਨਾ ਕੋਈ ਉਠਾਣ, ਬ੍ਰਹਮਾ ਚਾਰੇ ਵੇਦ ਨਾ ਰਿਹਾ ਵਖਾਨ, ਚਾਰੇ ਮੁਖ ਚਾਰ ਕੁੰਟ ਖੁਲ੍ਹਾਈਆ । ਵਿਸ਼ਨੂੰ ਬਾਸ਼ਕ ਸੇਜਾ ਨਾ ਹੋਏ ਪ੍ਰਧਾਨ, ਸਾਂਗੋ ਪਾਂਗ ਨਾ ਕੋਈ ਹੰਢਾਈਆ । ਨਾ ਕੋਈ ਜੋਧਾ ਸੂਰਬੀਰ ਬਲੀ ਬਲਵਾਨ, ਸ਼ਾਹ ਸੁਲਤਾਨ ਨਾ ਕੋਈ ਦਿਸਾਈਆ । ਨਾ ਕੋਈ ਰੰਕ ਨਾ ਰਾਜਾਨ, ਊਚ ਨੀਚ ਨਾ ਵਡ ਵਡਿਆਈਆ । ਨਾ ਕੋਈ ਮੰਦਰ ਮਸਜਿਦ ਗੁਰੂਦੁਵਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਤੀਰਥ ਤੱਟ ਅਠਸਠ ਨਾ ਕੋਈ ਇਸ਼ਨਾਨ, ਗੰਗਾ ਗੋਦਾਵਰੀ ਨਾ ਕੋਈ ਨੁਹਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਰਾਸ ਮੰਡਲ ਨਾ ਕੋਈ ਨਚਾਈਆ । ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਲੰਕਾ ਗੜ੍ਹ ਤੁੜਾਈਆ । ਨਾ ਕੋਈ ਪੂਜਾ ਵੇਦ ਪਾਠ ਪੁਰਾਨ, ਸ਼ਾਸਤਰ ਸਿਮਰਤ ਨਾ ਕੋਈ ਸੁਣਾਈਆ । ਨਾ ਕੋਈ ਸਾਧ ਸੰਤ ਕਰੇ ਗਿਆਨ, ਆਤਮ ਧਿਆਨ ਨਾ ਕੋਈ ਲਗਾਈਆ । ਨਾ ਕੋਈ ਚਿੱਲਾ ਤੀਰ ਕਮਾਨ, ਨਾ ਕੋਈ ਦੀਸੇ ਰਥ ਰਥਵਾਹੀਆ । ਨਾ ਕੋਈ ਈਸਾ ਮੂਸਾ ਦਿਸੇ ਨਿਸ਼ਾਨ, ਅੰਜੀਲ ਕੁਰਾਨ ਨਾ ਕੋਈ ਸਲਾਹੀਆ । ਇਕ ਇਕੱਲਾ ਏਕੰਕਾਰ ਸ੍ਰੀ ਭਗਵਾਨ, ਆਦਿ ਜੁਗਾਦਿ ਇਕ ਅਖਵਾਈਆ । ਜੁਗਾ ਜੁਗੰਤਰ ਲੋਕਮਾਤ ਵੇਖੇ ਮਾਰ ਧਿਆਨ, ਆਪਣੀ ਰਚਨ ਆਪ ਰਚਾਈਆ । ਲੱਖ ਚੁਰਾਸੀ ਕਰ ਸੰਤਾਨ, ਬ੍ਰਹਮੇ ਝੋਲੀ ਪਾਈਆ । ਪੰਜ ਤੱਤ ਜੀਆ ਦਾਨ, ਆਤਮ ਬ੍ਰਹਮ ਵੰਡ ਵੰਡਾਈਆ । ਮਨ ਮਤ ਬੁੱਧ ਕਰ ਪ੍ਰਧਾਨ, ਨਿਰਗੁਣ ਵਿਚ ਟਿਕਾਈਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਦਿਵਸ ਰੈਣ ਸੁਣਾਈਆ । ਗੁਰਮੁਖ ਸਾਚੇ ਚਤੁਰ ਸੁਜਾਣ, ਜੁਗ ਜੁਗ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਖੇਲਣਹਾਰ ਪੁਰਖ ਸਮਰਥਾ, ਅਕਲ ਕਲਾ ਅਖਵਾਇੰਦਾ । ਜੁਗ ਜੁਗ ਚਲਾਏ ਆਪਣੀ ਗਾਥਾ, ਆਪਣਾ ਨਾਉਂ ਧਰਾਇੰਦਾ । ਆਪੇ ਪੂਜਾ ਆਪੇ ਪਾਠਾ, ਇਸ਼ਟ ਦੇਵ ਆਪ ਹੋ ਜਾਇੰਦਾ । ਆਪੇ ਤੀਰਥ ਆਪੇ ਤਾਟਾ, ਸਰ ਸਰੋਵਰ ਆਪ ਨੁਹਾਇੰਦਾ । ਆਪੇ ਚੌਦਾਂ ਲੋਕਾਂ ਖੋਲ੍ਹੇ ਤਾਕਾ, ਚੌਦਾਂ ਹੱਟਾਂ ਵੇਖ ਵਖਾਇੰਦਾ । ਆਪੇ ਲੋਆਂ ਪੁਰੀਆਂ ਬਣੇ ਸਾਕਾ, ਸਾਕੀ ਸਾਚਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਜੁਗ ਜੁਗ ਖੇਲ ਹਰਿ ਖਿਲੰਦੜਾ, ਆਦਿ ਅੰਤ ਵੱਡੀ ਵਡਿਆਈਆ । ਨਿਰਗੁਣ ਸਰਗੁਣ ਮੇਲ ਮਿਲੰਦੜਾ, ਘਰ ਸਾਚੇ ਵੱਜੇ ਵਧਾਈਆ । ਸਤਿਗੁਰ ਆਪਣਾ ਰੂਪ ਵਟੰਦੜਾ, ਗੁਰ ਗੁਰ ਨਾਉਂ ਧਰਾਈਆ । ਗੁਰਮੁਖ ਸਾਚੇ ਵੇਖ ਵਖੰਦੜਾ, ਕਾਇਆ ਮੰਦਰ ਖੋਜ ਖੁਜਾਈਆ । ਹਰਿਜਨ ਸਾਚੇ ਮੇਲ ਮਿਲੰਦੜਾ, ਮੇਲਣਹਾਰ ਬੇਪਰਵਾਹੀਆ । ਗੁਰਮੁਖਾਂ ਬਜ਼ਰ ਕਪਾਟੀ ਤੋੜੇ ਜੰਦਰਾ, ਸ਼ਬਦ ਅਗੰਮੀ ਸੱਟ ਲਗਾਈਆ । ਜੂਠਾ ਝੂਠਾ ਮੇਟੇ ਪੰਧੜਾ, ਪੰਚ ਵਿਕਾਰਾ ਦਰ ਦੁਰਕਾਈਆ । ਅਨਹਦ ਸਾਚਾ ਰਾਗ ਸੁਣਾਏ ਛੰਦੜਾ, ਧੁਨ ਅਨਾਦੀ ਆਪ ਉਪਜਾਈਆ । ਅੰਮ੍ਰਿਤ ਸਾਚਾ ਜਾਮ ਆਪ ਪਿਅੰਦੜਾ, ਸਰ ਸਰੋਵਰ ਇਕ ਨੁਹਾਈਆ । ਸੁਰਤੀ ਸ਼ਬਦੀ ਮੇਲ ਮਿਲੰਦੜਾ, ਗੁਰ ਪੂਰੇ ਵਡ ਵਡਿਆਈਆ । ਦੋ ਜਹਾਨੀ ਪੰਧ ਮੁਕੰਦੜਾ, ਜਿਸ ਜਨ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਲੱਖ ਚੁਰਾਸੀ ਗੇੜ ਕਟੰਦੜਾ, ਜਮ ਕੀ ਫਾਸੀ ਰਹਿਣ ਨਾ ਪਾਈਆ । ਦਰਗਹਿ ਸਾਚੀ ਧਾਮ ਸੁਹੰਦੜਾ, ਥਿਰ ਘਰ

ਬੈਠਾ ਬੇਪਰਵਾਹੀਆ । ਗੁਰ ਚੇਲੇ ਏਕਾ ਰੰਗ ਰਗੰਦੜਾ, ਰੰਗੇ ਰੰਗ ਉਤਰ ਕਦੇ ਨਾ ਜਾਈਆ । ਜੁਗ ਜੁਗ ਆਪਣਾ ਵੇਸ ਵਟੰਦੜਾ, ਭੇਖਾਧਾਰੀ ਭੇਖ ਧਰਾਈਆ । ਸ਼ਾਹੋ ਭੂਪ ਆਪ ਅਖਵੰਦੜਾ, ਸਚ ਸੁਲਤਾਨ ਹਰਿ ਰਘੁਰਾਈਆ । ਆਪਣਾ ਮਾਰਗ ਆਪ ਚਲੰਦੜਾ, ਸਤਿਜੁਗ ਤ੍ਰੇਤਾ ਦੁਆਪਰ ਵੇਖੇ ਆਪਣੀ ਥਾਈਂਆ । ਕਲਜੁਗ ਕੂੜਾ ਕੂੜੇ ਧੰਦੇ ਲਗੰਦੜਾ, ਜੂਠ ਝੂਠ ਕਰੇ ਕੁੜਮਾਈਆ । ਜੀਵ ਜੰਤ ਭਾਗਾਂ ਮੰਦੜਾ, ਪੰਜ ਤੱਤ ਹੋਇਆ ਹਲਕਾਈਆ । ਨੇਤਰ ਨੈਣ ਆਤਮ ਅੰਧੜਾ, ਲੋਚਣ ਨੈਣ ਨਾ ਕੋਈ ਖੁਲ੍ਹਾਈਆ । ਮਦਿਰਾ ਮਾਸੀ ਪਾਪੀ ਗੰਦੜਾ, ਪਾਇਆ ਵਰ ਨਾ ਹਰਿ ਸਾਚਾ ਮਾਹੀਆ । ਸਾਚੀ ਡੋਲੀ ਨਾ ਕੋਈ ਚੜ੍ਹੰਦੜਾ, ਬਣ ਕੁਹਾਰ ਨਾ ਕੋਈ ਉਠਾਈਆ । ਰਾਏ ਧਰਮ ਰਾਹ ਤਕੰਦੜਾ, ਲਾੜੀ ਮੌਤ ਕਰੇ ਕੁੜਮਾਈਆ । ਗੁਰ ਗੋਬਿੰਦ ਜੋਧਾ ਸੂਰਬੀਰ ਬਖ਼ਸ਼ੰਦੜਾ, ਗੁਰ ਨਾਨਕ ਮੇਲਾ ਸਹਿਜ ਸੁਭਾਈਆ । ਜੋ ਜਨ ਚਰਨ ਪ੍ਰੀਤੀ ਸਾਚੀ ਰੀਤੀ ਮਾਤ ਰਖੰਦੜਾ, ਪਤਿਤ ਪੁਨੀਤੀ ਵੇਖ ਵਖਾਈਆ । ਹਸਤ ਕੀਟੀ ਏਕਾ ਧਾਮ ਸੁਹੰਦੜਾ, ਰਾਜ ਰਾਜਾਨ ਸ਼ਾਹ ਸੁਲਤਾਨ ਰਾਓ ਰੰਕ ਦੁਵਾਰ ਬੰਕ ਏਕਾ ਘਰ ਵਖਾਈਆ । ਜਨ ਭਗਤਾਂ ਹੋਏ ਸਦ ਬਖ਼ਸ਼ੰਦੜਾ, ਬਖ਼ਸ਼ਣਹਾਰ ਆਪ ਹੋ ਜਾਈਆ । ਅੰਤਮ ਆਤਮ ਦੇਵੇ ਨਿਜਾ ਨੰਦੜਾ, ਨਿਝ ਆਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਜੁਗ ਜੁਗ ਲੱਗੀ ਵੇਖੇ ਬਸੰਤਰ, ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਆਪਣੀ ਫੇਰੀ ਪਾਈਆ । ਨਿਰਗੁਣ ਰੂਪ ਪੁਰਖ ਅਕਾਲ, ਏਕਾ ਏਕ ਏਕੰਕਾਰਿਆ । ਚਲੇ ਚਲਾਏ ਅਵੱਲੜੀ ਚਾਲ, ਭੇਵ ਅਭੇਦਾ ਭੇਵ ਛੁਪਾ ਰਿਹਾ । ਸੰਗ ਰਖਾਏ ਕਾਲ ਮਹਾਂਕਾਲ, ਦਰ ਦੁਵਾਰੇ ਸੇਵ ਲਗਾ ਰਿਹਾ । ਭਗਤ ਵਛਲ ਦੀਨ ਕ੍ਰਿਪਾਲ, ਦੀਨਾਂ ਨਾਥਾਂ ਮੇਲ ਮਿਲਾ ਰਿਹਾ । ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਇਕ ਵਖਾ ਰਿਹਾ । ਲੱਖ ਚੁਰਾਸੀ ਵਿਚੋਂ ਵਿਰੋਲੇ ਹਰਿਜਨ ਸਾਚੇ ਲਾਲ, ਨਾਮ ਮਧਾਣਾ ਏਕਾ ਪਾ ਲਿਆ । ਗੁਰ ਸ਼ਬਦ ਵਿਚੋਲਾ ਬਣ ਦਲਾਲ, ਗੁਰਮੁਖ ਸਾਚੇ ਮੇਲ ਮਿਲਾ ਲਿਆ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਮੇਵਾ ਇਕ ਖੁਵਾ ਲਿਆ । ਸਰ ਸਰੋਵਰ ਭਰਿਆ ਤਾਲ, ਤੀਰਥ ਤੱਟ ਇਕ ਵਖਾ ਲਿਆ । ਤੋੜਣਹਾਰਾ ਜਗਤ ਜੰਜਾਲ, ਲੋਕਮਾਤ ਵੇਸ ਵਟਾ ਲਿਆ । ਸੰਤ ਸੁਹੇਲੇ ਗੁਰੂ ਗੁਰੂ ਗੁਰ ਚੇਲੇ ਸਤਿਗੁਰ ਪੂਰਾ ਆਪੇ ਭਾਲ, ਆਪ ਆਪਣੀ ਸੇਵ ਕਮਾ ਰਿਹਾ । ਵੇਲੇ ਅੰਤ ਕੰਤ ਭਗਵੰਤ ਸੰਤ ਕਰੇ ਪ੍ਰਿਤਪਾਲ, ਗੁਰਮੁਖ ਸੱਜਣ ਮੀਤ ਆਪ ਤਰਾ ਲਿਆ । ਜੀਵ ਜੰਤ ਹੋਏ ਕੰਗਾਲ, ਹਰਿ ਕਾ ਨਾਮ ਸਾਚਾ ਵਣਜ ਹੱਟ ਨਾ ਕਿਸੇ ਵਿਕਾ ਲਿਆ । ਪੰਜ ਤੱਤ ਕਾਇਆ ਮਾਟੀ ਦਿਸੇ ਖਾਲ, ਰੱਤੀ ਨਾਮ ਨਾ ਕੋਈ ਟਿਕਾ ਲਿਆ । ਗੁਰਮੁਖ ਵਿਰਲੇ ਘਾਲਣ ਰਹੇ ਘਾਲ, ਰਸਨਾ ਜਿਹਵਾ ਹਰਿ ਗੁਣ ਗਾ ਲਿਆ । ਆਦਿ ਜੁਗਾਦਿ ਜੁਗਾ ਜੁਗੰਤ ਜਨ ਭਗਤਾਂ ਕਰੇ ਆਪ ਸੰਭਾਲ, ਆਪਣੀ ਗੋਦੀ ਆਪ ਉਠਾ ਲਿਆ । ਕਲਜੁਗ ਕੂੜਾ ਵਜਾਏ ਤਾਲ, ਡੰਕਾ ਡੋਰੂ ਹੱਥ ਉਠਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਵੇਸ ਵਟਾ ਲਿਆ । ਵੇਸ ਅਵੱਲਾ ਇਕ ਇਕੱਲਾ, ਏਕਾ ਏਕ ਕਰਾਇੰਦਾ । ਵਸਣਹਾਰਾ ਜਲਾਂ ਥਲਾਂ, ਹਰ ਘਟ ਡੇਰਾ ਆਪੇ ਲਾਇੰਦਾ । ਸਚ ਸਿੰਘਾਸਣ ਆਸਣ ਮੱਲਾ, ਪੁਰਖ ਅਬਿਨਾਸ਼ਣ ਖੇਲ ਖਲਾਇੰਦਾ । ਆਪੇ ਕਰੇ ਆਪਣਾ ਵਲ ਛਲਾ, ਬਲ ਬਾਵਨ ਆਪ ਛਲਾਇੰਦਾ । ਤ੍ਰੇਤਾ ਦੁਆਪਰ ਕਰਿਆ ਹੱਲਾ, ਆਪਣਾ ਬਲ ਧਰਾਇੰਦਾ । ਕਲਜੁਗ ਅੰਤਮ ਫੜਿਆ ਪੱਲਾ, ਸੋਹੰ ਖੰਡਾ ਹੱਥ ਉਠਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਬਣ ਮਲਾਹ, ਕਲਜੁਗ ਅੰਤਮ ਦੱਸੇ ਰਾਹ, ਸਤਿਜੁਗ ਸਾਚਾ ਮਾਰਗ ਲਾਇੰਦਾ । ਕਲਜੁਗ ਤੇਰੀ ਹੱਕ ਹਕੀਕਤ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਹੋਇਆ ਲਾਸ਼ਰੀਕਤ, ਸ਼ਰਅ ਸ਼ਰੀਅਤ ਮੂਲ ਚੁਕਾਇੰਦਾ । ਨਬੀ ਰਸੂਲਾ ਜਾਣੇ ਅਕੀਦਤ, ਆਲਮ ਉਲਮਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਕਲਮਾ ਨਾਮ ਅਮਾਮ, ਕਾਇਨਾਤ ਪਿਆਏ ਸਾਚਾ ਜਾਮ, ਪੀਰ ਦਸਤਗੀਰ ਸ਼ਾਹ ਹਕੀਰ, ਏਕਾ ਰੰਗ ਰੰਗਾਇੰਦਾ । ਏਕਾ ਰੰਗ ਰੰਗ ਕਰਤਾਰਾ, ਆਪਣਾ ਆਪ ਚੜ੍ਹਾਇੰਦਾ । ਨੂਰ ਇਲਾਹੀ ਬੇਐਬ ਪਰਵਰਦਿਗਾਰਾ, ਮੁਕਾਮੇ ਹੱਕ ਵਖਾਏ ਇਕ ਐਨਲਹੱਕ ਨਾਅਰਾ, ਦਰ ਸਾਚਾ ਆਪ ਲਗਾਇੰਦਾ । ਚੌਦਾਂ ਤਬਕਾਂ ਦਏ ਹੁਲਾਰਾ, ਚੌਦਾਂ ਚੌਦਾਂ ਵੇਖ ਵਖਾਇੰਦਾ । ਮੱਕਾ ਕਾਅਬਾ ਖੇਲ ਅਪਾਰਾ, ਸ਼ਾਹ ਨਵਾਬਾ ਫੇਰਾ ਪਾਇੰਦਾ । ਹੱਕ ਜਨਾਬਾ ਹੋ ਨਿਆਰਾ, ਆਪਣੀ ਵੰਡਣ ਆਪ ਵੰਡਾਇੰਦਾ । ਅਗੈਬ ਅਗੈਬੀ ਮਾਰੇ ਮਾਰਾ, ਅਜ਼ਮਤੋ ਕਸਮਤੋ ਭੇਵ ਕੋਈ ਨਾ ਪਾਇੰਦਾ । ਖ਼ਾਲਕ ਖ਼ਲਕ ਕਰੇ ਪਿਆਰਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਏਕਾ ਕਲਮਾ ਕਰ ਤਿਆਰਾ, ਏਕਾ ਅਲਫੀ ਅਲਫ ਪਹਿਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਰਚਨ ਰਚਾਇੰਦਾ । ਰਾਮ ਰਾਮਾ ਹਰਿ ਅਵਤਾਰ, ਆਪਣੀ ਕਲ ਵਰਤਾਇੰਦਾ । ਰਾਧਾ ਕ੍ਰਿਸ਼ਨ ਕਰੇ ਪਿਆਰ, ਜੈ ਜੈ ਮੁਖ ਸਲਾਹਿੰਦਾ । ਆਦਿ ਸ਼ਕਤੀ ਹੋ ਤਿਆਰ, ਦਿਵਸ ਰੈਣ ਡਗਮਗਾਇੰਦਾ । ਨਮੋ ਦੇਵ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਅਕਾਲ ਮੂਰਤ ਖੇਲ ਅਪਾਰ, ਅਜੂਨੀ ਰਹਿਤ ਵੇਸ ਵਟਾਇੰਦਾ । ਏਕੰਕਾਰ ਕਰ ਪਸਾਰ, ਸਤਿ ਨਾਮ ਮੰਤਰ ਆਪ ਦ੍ਰਿੜ੍ਹਾਇੰਦਾ । ਕਰਤਾ ਪੁਰਖ ਕਰਨੇਹਾਰ, ਵੇਦ ਕਤੇਬ ਭੇਵ ਨਾ ਪਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਆਪ ਆਪਣਾ ਵੇਸ ਵਟਾਇੰਦਾ । ਚੌਥੇ ਜੁਗ ਪਾਏ ਸਾਰ, ਚਾਰੇ ਕੁੰਟਾਂ ਵੇਖ ਵਖਾਇੰਦਾ । ਅਗਾਧ ਬੋਧ ਸ਼ਬਦ ਧੁਨਕਾਰ, ਗੀਤ ਸੁਹਾਗੀ ਏਕਾ ਗਾਇੰਦਾ । ਆਪਣਾ ਬੋਲ ਆਪ ਜੈਕਾਰ, ਆਪਣਾ ਨਾਅਰਾ ਆਪੇ ਲਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਸੱਸੇ ਉਪਰ ਹੋੜਾ ਆਪੇ ਲਾਇੰਦਾ । ਨਿਰਗੁਣ ਸਰਗੁਣ ਕਰੇ ਕਾਰ, ਕਰਨੀ ਕਰਤਾ ਕਿਰਤ ਕਮਾਇੰਦਾ । ਹੰ ਬ੍ਰਹਮ ਕਰ ਪਸਾਰ, ਪਾਰਬ੍ਰਹਮ ਰੂਪ ਵਟਾਇੰਦਾ । ਸੋਹੰ ਸ਼ਬਦ ਧੁਰ ਕਰਤਾਰ, ਆਦਿ ਜੁਗਾਦਿ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰੰਗ ਹਰਿਜਨ ਸਾਚੇ ਆਪ ਰੰਗਾਇੰਦਾ । ਏਕਾ ਰੰਗ ਰੰਗਣਹਾਰਾ, ਏਕਾ ਦਰ ਸੁਹਾਈਆ । ਗੁਰਮੁਖਾਂ ਚਰਨ ਪ੍ਰੀਤੀ ਮੰਗਣਹਾਰਾ, ਏਕਾ ਲੇਖਾ ਰਿਹਾ ਸਮਝਾਈਆ । ਸਾਚੀ ਰੀਤੀ ਨੀਤੀ ਬੰਨ੍ਹਣਹਾਰਾ, ਰਾਮ ਨਾਮ ਘਸਵਟੀ ਏਕਾ ਲਾਈਆ । ਊਚਾਂ ਨੀਚਾਂ ਕਰੇ ਵਿਚਾਰਾ, ਰਾਓ ਰੰਕਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਵੇਸ ਨਰ ਨਰੇਸ਼, ਦਰ ਦਰਵੇਸ਼ ਆਪ ਵਟਾਈਆ । ਨਾਨਕ ਨਿਰਗੁਣ ਧਾਰ, ਗੁਰ ਸ਼ਬਦ ਮਾਤ ਚਲਾਈਆ । ਅੰਗਦ ਕੀਆ ਅੰਗੀਕਾਰ, ਲਹਿਣਾ ਲਹਿਣੇ ਝੋਲੀ ਪਾਈਆ । ਅਮਰੂ ਅੰਮ੍ਰਿਤ ਆਤਮ ਦੇਵੇ ਠਾਰ, ਭਰ ਪਿਆਲਾ ਜਾਮ ਪਿਆਈਆ । ਰਾਮ ਦਾਸ ਗੁਰ ਪਾਰ ਉਤਾਰ, ਹਰਿ ਮੇਲਾ ਸਹਿਜ ਸੁਭਾਈਆ । ਗੁਰ ਅਰਜਨ ਭਰਿਆ ਸ਼ਬਦ ਭੰਡਾਰ, ਗੁਰ ਨਾਨਕ ਵੰਡ ਵੰਡਾਈਆ । ਲੇਖਾ ਲਿਖਿਆ ਅਪਰ ਅਪਾਰ, ਸੰਤ ਭਗਤ ਭਗਵੰਤ ਏਕਾ ਥਾਨ ਸੁਹਾਈਆ । ਗੁਰੂ ਗ੍ਰੰਥ ਗੁਰ ਕਰ ਤਿਆਰ, ਗੁਰਮਤ

ਇਕ ਸਮਝਾਈਆ । ਹਰਿ ਮੰਦਰ ਸੋਹੇ ਬੰਕ ਦੁਵਾਰ, ਕਾਇਆ ਕੰਚਨ ਗੜ੍ਹ ਵਖਾਈਆ । ਅੱਠੇ ਪਹਿਰ ਸ਼ਬਦ ਧੁਨਕਾਰ, ਅਨਹਦ ਸਾਚਾ ਰਾਗ ਅਲਾਈਆ । ਪੰਚਮ ਸਖੀਆਂ ਗਾਵਣ ਵਾਰੋ ਵਾਰ, ਆਪਣੀ ਸੇਵਾ ਆਪ ਕਮਾਈਆ । ਨਿਰਗੁਣ ਬਾਤੀ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਏਕਾ ਮੇਲਾ ਧੁਰ ਦਰਬਾਰ, ਗੁਰ ਮੰਤਰ ਬਾਣੀ ਨਾਮ ਦ੍ਰਿੜਾਈਆ । ਗੁਰਮੁਖ ਵਿਰਲਾ ਕਰੇ ਵਿਚਾਰ, ਕਲਜੁਗ ਸੁੱਤੀ ਸਰਬ ਲੋਕਾਈਆ । ਹਰਿ ਗੋਬਿੰਦ ਗੁਰ ਗੁਰ ਅਪਾਰ, ਦੋਏ ਧਾਰ ਬੰਧਾਈਆ । ਹਰਿਰਾਏ ਹਰਿ ਦਏ ਅਧਾਰ, ਉਰਧ ਕਵਲ ਬਿਗਸਾਈਆ । ਹਰਿ ਕ੍ਰਿਸ਼ਨ ਵਸੇ ਘਰ ਬਾਰ, ਬਾਲ ਬਾਲਾ ਰੁੱਤ ਵਖਾਈਆ । ਤੇਗ ਬਹਾਦਰ ਤੇਗ ਤਿਆਰ, ਆਪਣੇ ਨਾਮ ਚਲਾਈਆ । ਸੁੱਤ ਦੁਲਾਰ ਕਰ ਤਿਆਰ, ਪਾਰਬ੍ਰਹਮ ਖ਼ੁਸ਼ੀ ਮਨਾਈਆ । ਗੋਬਿੰਦ ਗੁਰ ਖ਼ਬਰਦਾਰ, ਲੋਕਮਾਤ ਕਰੇ ਰੁਸ਼ਨਾਈਆ । ਮਿਲਿਆ ਮੇਲ ਪੁਰਖ ਕਰਤਾਰ, ਵਿਛੜ ਕਦੇ ਨਾ ਜਾਈਆ । ਲੇਖਾ ਦੇਵੇ ਸਰਬ ਸੰਸਾਰ, ਸਾਚੀ ਸਿਖਿਆ ਇਕ ਸਮਝਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਮੇਲਾ ਮੇਲ ਮਿਲਾਈਆ । ਨਾਮ ਖੰਡਾ ਖਿਚ ਕਟਾਰ, ਤਿਖੀ ਧਾਰ ਵਖਾਈਆ । ਗੁਰਸਿਖ ਰੰਗ ਚੜ੍ਹਿਆ ਅਪਾਰ, ਪ੍ਰੇਮ ਰੰਗਣ ਇਕ ਰੰਗਾਈਆ । ਅੰਮ੍ਰਿਤ ਪਿਆਲਾ ਕਰ ਤਿਆਰ, ਸਾਚਾ ਖੰਡਾ ਵਿਚ ਫਿਰਾਈਆ । ਸ਼ਬਦ ਪੜ੍ਹੇ ਹਰਿ ਪੜ੍ਹਣੇਹਾਰ, ਗੁਰ ਸ਼ਬਦੀ ਸ਼ਬਦ ਸੁਣਾਈਆ । ਅੰਮ੍ਰਿਤ ਕਰਿਆ ਠੰਡੀ ਠਾਰ, ਸਾਂਤਕ ਸਤਿ ਸਤਿ ਕਰਾਈਆ । ਗੁਰਮੁਖਾਂ ਦਿਤਾ ਕਰ ਪਿਆਰ, ਪੰਚਮ ਨਾਮ ਕਰੇ ਰੁਸ਼ਨਾਈਆ । ਤਨ ਪਹਿਨਾਏ ਇਕ ਇਕ ਕਟਾਰ, ਪੰਜਾਂ ਚੋਰਾਂ ਡੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੇਲਾ ਆਪ ਮਿਲਾਈਆ । ਪੰਚਮ ਮੇਲਾ ਗੁਰ ਮਿਲਾਇਆ, ਮੇਲਣਹਾਰ ਦਇਆ ਕਮਾਈਆ । ਆਪੇ ਦਰ ਮੰਗਣ ਆਇਆ, ਆਪਣੀ ਝੋਲੀ ਅੱਗੇ ਡਾਹੀਆ । ਆਪੇ ਚੇਲਾ ਨਾਮ ਧਰਾਇਆ, ਗੁਰ ਗੋਬਿੰਦ ਨਿਉਂ ਨਿਉਂ ਸੀਸ ਝੁਕਾਈਆ । ਗੁਰਸਿਖ ਤੇਰੀ ਵਡ ਵਡਿਆਇਆ, ਤੇਰਾ ਮੇਰਾ ਏਕਾ ਰੰਗ ਰੰਗਾਈਆ । ਜੋ ਜਨ ਸਤਿਗੁਰ ਪੂਰਾ ਹਿਰਦੇ ਅੰਦਰ ਰਿਹਾ ਧਿਆਇਆ, ਵਿਛੜ ਕਦੇ ਨਾ ਜਾਈਆ । ਨਾਨਕ ਨਿਰਗੁਣ ਹੋਏ ਸਹਾਇਆ, ਅੱਠੇ ਪਹਿਰ ਸੇਵ ਕਮਾਈਆ । ਕਲਜੁਗ ਅੰਤਮ ਵੇਸ ਵਟਾਇਆ, ਜੋਤੀ ਜਾਮਾ ਭੇਖ ਕਰਾਈਆ । ਨਿਹਕਲੰਕਾ ਨਾਉਂ ਧਰਾਇਆ, ਸੰਬਲ ਨਗਰੀ ਡੇਰਾ ਲਾਈਆ । ਜਗਤ ਨੇਤਰ ਕਿਸੇ ਦਿਸ ਨਾ ਆਇਆ, ਗੁਰਮੁਖਾਂ ਆਪਣਾ ਨੇਤਰ ਦਏ ਖੁਲ੍ਹਾਈਆ । ਨਾਨਕ ਸੋਹੰ ਢੋਲਾ ਸਾਚਾ ਗਾਇਆ, ਗੁਰੂ ਗ੍ਰੰਥ ਦਏ ਗਵਾਹੀਆ । ਅੰਤਮ ਤੋਲਾ ਬਣ ਕੇ ਆਇਆ, ਤੇਰਾਂ ਤੇਰਾਂ ਤੇਰਾਂ ਤੇਰੀ ਧਾਰ ਚਲਾਈਆ । ਸੰਮਤ ਸੋਲਾਂ ਵੇਸ ਵਟਾਇਆ, ਵੀਹ ਸੌ ਬਿਕ੍ਰਮੀ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਸ਼ਬਦ ਸਰੂਪੀ ਲੜ ਫੜਾਇਆ, ਆਪਣਾ ਪੱਲੂ ਅੱਗੇ ਡਾਹੀਆ । ਅੰਦਰ ਮੰਦਰ ਡੂੰਘੀ ਕੰਦਰ ਉਪਰ ਚੜ੍ਹ ਡੇਰਾ ਲਾਇਆ, ਬੰਦ ਕਵਾੜੀ ਕੁੰਡਾ ਲਾਹੀਆ । ਅੱਗੇ ਖੜ ਦਰਸ ਦਿਖਾਇਆ, ਸਵਛ ਸਰੂਪੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਚਾਰ ਵਰਨ ਜਨ ਭਗਤ ਹਰਿਜਨ ਗੁਰਮੁਖ ਗੁਰਸਿਖ ਦੇਵੇ ਸਾਚਾ ਵਰ, ਏਕਾ ਨਾਮ ਝੋਲੀ ਪਾਈਆ । ਸਾਚਾ ਨਾਮ ਸ਼ਬਦ ਗਿਆਨ, ਗੁਰ ਮੰਤਰ ਆਪ ਦ੍ਰਿੜਾਇੰਦਾ । ਸਤਿਗੁਰ ਪੂਰੇ ਚਰਨ ਧਿਆਨ, ਸਾਚੀ ਭਗਤੀ ਭਗਤ ਸਿਖਾਇੰਦਾ । ਦੇਵੇ ਦਰਸ ਸ੍ਰੀ ਭਗਵਾਨ, ਆਦਿ ਸ਼ਕਤ ਰੂਪ ਵਟਾਇੰਦਾ । ਗੁਰਮੁਖ ਸੱਜਣ ਵਿਛੜ ਕਦੇ ਨਾ ਜਾਣ, ਜਿਸ ਜਨ ਆਪਣੇ ਦਰ ਬਹਾਇੰਦਾ । ਅਮਰਾ ਪਦ ਅੰਤਮ ਪਾਣ, ਜੋਤੀ ਜੋਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮੇਲ ਮਿਲਾਏ

੭੬੦
ot

ਸਾਚੇ ਘਰ, ਜਗਤ ਵਿਛੋੜਾ ਫੰਦ ਕਟਾਇੰਦਾ । ਜਗਤ ਵਿਛੋੜਾ ਤੁਟੇ ਨਾਤਾ, ਸਤਿਗੁਰ ਪੂਰਾ ਆਪ ਤੁੜਾਇੰਦਾ । ਮੇਲ ਮਿਲਾਏ ਪੁਰਖ ਬਿਧਾਤਾ ਵਿਛੜ ਕਦੇ ਨਾ ਜਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਨ ਚੜ੍ਹਾਇੰਦਾ । ਸ਼ਬਦ ਸੁਣਾਏ ਸਾਚੀ ਗਾਥਾ, ਸੋਹੰ ਢੋਲਾ ਆਪ ਸੁਣਾਇੰਦਾ । ਲਹਿਣਾ ਦੇਣਾ ਚੁਕੇ ਮਸਤਕ ਮਾਥਾ, ਪੂਰਬ ਲਹਿਣਾ ਝੋਲੀ ਪਾਇੰਦਾ । ਏਥੇ ਓਥੇ ਦੋ ਜਹਾਨਾਂ ਨਿਭਾਏ ਸਾਥਾ, ਸਗਲਾ ਸੰਗ ਆਪ ਅਖਵਾਇੰਦਾ । ਪੰਜ ਤੱਤ ਚਲਾਏ ਕਾਇਆ ਰਾਥਾ, ਰਥ ਰਥਵਾਹੀ ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਲਹਿਣਾ ਦੇਣਾ ਜਗਤ ਜੁਗ ਪੂਜਾ ਪਾਠਾ, ਜੋ ਜਨ ਨੇਤਰ ਲੋਚਣ ਨੈਣ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲੇ ਆਪਣੇ ਦਰ, ਦਰ ਮੇਲਾ ਗੁਰੂ ਗੁਰ ਚੇਲਾ, ਚੇਲਾ ਗੁਰ ਆਪ ਹੋ ਜਾਇੰਦਾ ।

## ✪ ੫ ਸਾਵਣ ੨੦੧੯ ਬਿਕ੍ਰਮੀ ਜੋਰਾ ਸਿੰਘ ਦੇ ਘਰ ਸਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਨਿਰਗੁਣ ਧਾਰ ਸ਼ਬਦ ਸਾਰ, ਹਰੀ ਹਰਿ ਆਪ ਉਪਜਾਈਆ । ਆਪੇ ਵੇਖੇ ਕਰੇ ਵਿਚਾਰ, ਆਪ ਆਪਣੀ ਦਇਆ ਕਮਾਈਆ । ਤਿਖੀਆਂ ਰੱਖੇ ਦੋਵੇਂ ਧਾਰ, ਨਾਮ ਨਿਧਾਨਾ ਆਪ ਉਪਜਾਈਆ । ਥਿਰ ਘਰ ਸਾਚੇ ਬੈਠ ਦੁਵਾਰ, ਧੁਰ ਦਰਬਾਰਾ ਇਕ ਸੁਹਾਈਆ । ਇਕ ਇਕੱਲਾ ਅਕਲ ਕਲ ਧਾਰ, ਅਕਾਲ ਮੂਰਤ ਖੇਲ ਖਲਾਈਆ । ਅਜੂਨੀ ਰਹਿਤ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਈਆ । ਬੇਐਬ ਖ਼ੁਦਾਈ ਪਰਵਰਦਿਗਾਰ,
੭੬੧
੦੮
ਰੂਪ ਅਨੂਪ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾਈਆ । ਸਾਰ ਸ਼ਬਦ ਸ਼ਬਦ ਅਪਾਰਾ, ਹਰਿ ਹਰਿ ਆਪ ਉਪਜਾਇੰਦਾ । ਜੋਤੀ ਮਾਤਾ ਕਰ ਪਿਆਰਾ, ਪੂਤ ਸਪੂਤਾ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਸੁੱਤ ਦੁਲਾਰਾ, ਏਕਾ ਏਕ ਆਪਣਾ ਆਪ ਉਪਜਾਇੰਦਾ । ਆਦਿ ਨਿਰੰਜਣ ਕਰ ਪਿਆਰਾ, ਆਪ ਆਪਣਾ ਅੰਗ ਲਗਾਇੰਦਾ । ਪਾਰਬ੍ਰਹਮ ਪ੍ਰਭ ਦਏ ਸਹਾਰਾ, ਸਾਚਾ ਸੰਗ ਨਿਭਾਇੰਦਾ । ਥਿਰ ਘਰ ਸਾਚੇ ਕਰ ਉਜਿਆਰਾ, ਏਕਾ ਹੁਕਮ ਸੁਣਾਇੰਦਾ । ਕਰੇ ਕਰਾਏ ਕਰਨੇਹਾਰਾ, ਕਾਦਰ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਆਪ ਉਪਜਾਇੰਦਾ । ਸਾਰ ਸ਼ਬਦ ਹਰਿ ਕਾ ਰੂਪ, ਹਰਿ ਹਰਿ ਆਪ ਉਪਜਾਈਆ । ਆਪ ਵਸਾਏ ਚਾਰੇ ਕੂਟ, ਦਹਿ ਦਿਸ਼ਾ ਆਪ ਟਿਕਾਈਆ । ਆਪ ਸੁਹਾਏ ਆਪਣੀ ਰੁੱਤ, ਆਪੇ ਵੇਖ ਵਖਾਈਆ । ਖੇਲੇ ਖੇਲ ਪਾਰਬ੍ਰਹਮ ਅਬਿਨਾਸ਼ੀ ਅਚੁਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕਾ ਏਕ ਦੁਲਾਰਾ ਸੁੱਤ, ਸਤਿਗੁਰ ਆਪਣਾ ਨਾਉਂ ਧਰਾਈਆ । ਪੰਜ ਤੱਤ ਨਾ ਦਿਸੇ ਬੁੱਤ, ਕਾਇਆ ਗੜ੍ਹ ਨਾ ਕੋਈ ਵਖਾਈਆ । ਨਾ ਕੋਈ ਕਿਲਾ ਨਾ ਕੋਈ ਕੋਟ, ਮੰਦਰ ਮਹੱਲ ਨਾ ਕੋਈ ਵਖਾਈਆ । ਨਾ ਕੋਈ ਨਗਾਰਾ ਨਾ ਕੋਈ ਚੋਟ, ਡੰਕਾ ਡੌਰੂ ਕੋਈ ਨਾ ਵਾਹੀਆ । ਇਕ ਰਖਾਈ ਆਪਣੀ ਓਟ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਤੱਤ ਏਕਾ ਸਾਰ, ਏਕਾ ਰੂਪ ਇਕ ਕਰਤਾਰ, ਏਕਾ ਨੂਰ ਕਰੇ ਰੁਸ਼ਨਾਈਆ । ਸਾਰ ਸ਼ਬਦ ਸ਼ਬਦ ਉਜਾਲਾ, ਹਰਿ ਸਤਿਗੁਰ ਆਪ ਉਪਜਾਇੰਦਾ । ਪਾਰਬ੍ਰਹਮ ਪ੍ਰਭ ਗੁਰ ਗੋਪਾਲਾ, ਗੋਬਿੰਦ ਆਪਣਾ ਨਾਉਂ ਧਰਾਇੰਦਾ । ਆਪੇ ਖੇਲੇ ਖੇਲ ਨਿਰਾਲਾ, ਆਪ ਆਪਣੀ ਕਲ ਵਰਤਾਇੰਦਾ ।

ਸ਼ਬਦੀ ਸ਼ਬਦ ਅਵੱਲੜੀ ਚਾਲਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਾਰ ਵੰਡੀ ਵੰਡ, ਆਪ ਉਪਜਾਏ ਕੋਟ ਬ੍ਰਹਿਮੰਡ, ਕੋਟਨ ਕੋਟਾਂ ਵਿਚ ਮਿਲਾਈਆ । ਸਾਰ ਸ਼ਬਦ ਕਰ ਤਿਆਰ, ਹਰਿ ਹਰਿ ਖੇਲ ਖਲਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰ, ਸ਼ਬਦੀ ਬੰਧਨ ਪਾਇੰਦਾ । ਰਵ ਸਸ ਕਰ ਉਜਿਆਰ, ਏਕਾ ਹੁਕਮ ਸੁਣਾਇੰਦਾ । ਮੰਡਲ ਮੰਡਪ ਦਏ ਸਹਾਰ, ਆਪ ਆਪਣਾ ਸੰਗ ਨਿਭਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਖ਼ਬਰਦਾਰ, ਆਪ ਆਪਣੀ ਅੰਸ ਉਪਜਾਇੰਦਾ । ਬੰਸ ਸਰਬੰਸਾ ਹੋ ਤਿਆਰ, ਰਸਨਾ ਸਹਿਸਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦੀ ਸਾਰ, ਸਤਿਗੁਰ ਸਾਚਾ ਆਪ ਹੋ ਜਾਇੰਦਾ । ਸਾਰ ਸ਼ਬਦ ਹਰਿ ਮੀਤ, ਸਤਿਗੁਰ ਰੂਪ ਵਟਾਇਆ । ਆਦਿ ਜੁਗਾਦੀ ਇਕ ਅਤੀਤ, ਸਚ ਘਰ ਬੈਠਾ ਆਸਣ ਲਾਇਆ । ਪੁਰਖ ਅਬਿਨਾਸ਼ੀ ਪਤਿਤ ਪੁਨੀਤ ਪਤਿਤ ਪਾਵਣ ਨਾਉਂ ਧਰਾਇਆ । ਸਦਾ ਸੁਹੇਲਾ ਠੰਡਾ ਸੀਤ, ਅਗਨੀ ਤੱਤ ਨਾ ਕੋਈ ਰਖਾਇਆ । ਏਕਾ ਭਾਣਾ ਜਾਣੇ ਮੀਠ, ਆਪਣੇ ਭਾਣੇ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਰੀਤ, ਆਪਣਾ ਮਾਰਗ ਆਪੇ ਲਾਇਆ, ਸ਼ਬਦ ਸਾਰ ਸਚ ਘਰ, ਘਰ ਸਾਚੇ ਵੱਜੀ ਵਧਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਪ੍ਰਭ ਆਪਣਾ ਨਾਉਂ ਧਰਾਈਆ । ਆਪੇ ਦੇਵਣਹਾਰਾ ਵਰ, ਆਪੇ ਕਰੇ ਕੁੜਮਾਈਆ । ਆਪ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਸੁਹਾਈਆ । ਆਪੇ ਅੰਦਰ ਜਾਏ ਵੜ, ਆਪੇ ਬੈਠਾ ਡੇਰਾ ਲਾਈਆ । ਆਪੇ ਵਿਦਿਆ ਰਿਹਾ ਪੜ੍ਹ, ਆਪੇ ਕਰੇ ਪੜ੍ਹਾਈਆ । ਆਪਣਾ ਲੜ ਆਪੇ ਫੜ, ਆਪੇ ਵੇਖ ਵਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਮੂਰਤ ਅਕਾਲ ਇਕ ਉਪਜਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਬੀਜ ਰਿਹਾ ਬਿਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸ਼ਬਦੀ ਧਾਰ, ਸਤਿ ਸਰੂਪ ਆਪ ਉਪਜਾਈਆ । ਸਾਰ ਸ਼ਬਦ ਹਰਿ ਕਾ ਰੰਗ, ਹਰਿ ਹਰਿ ਆਪ ਉਪਨਿਆ । ਆਪੇ ਮੰਗੇ ਆਪਣੀ ਮੰਗ, ਆਪੇ ਦੇਵੇ ਮਾਲ ਨਾਮ ਧਨ ਧਨਿਆ । ਆਪੇ ਹੋਏ ਸਦਾ ਸੰਗ, ਸਤਿਗੁਰ ਪੂਰਾ ਆਪੇ ਮੰਨਿਆ । ਆਪੇ ਸਚ ਸਿੰਘਾਸਣ ਬੈਠ ਪਲੰਘ, ਥਿਰ ਘਰ ਸਾਚਾ ਇਕ ਸੁਹੰਨਿਆ । ਆਪ ਵਜਾਏ ਇਕ ਮਰਦੰਗ, ਨਾਮ ਮਰਦੰਗਾ ਇਕ ਰਖੰਨਿਆ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਿਮੰਡਾਂ ਖੰਡਾਂ ਫਿਰੇ ਭੰਨਿਆ । ਆਪੇ ਵੇਖੇ ਸੂਰਜ ਚੰਨ, ਰਵ ਸਸ ਆਪੇ ਬੇੜਾ ਬੰਨਿਆ । ਆਪੇ ਵਸੇ ਪੰਜ ਤੱਤ ਤਨ, ਆਪ ਸੁਣਾਏ ਆਪਣਾ ਰਾਗ ਕੰਨਿਆ । ਆਪੇ ਦੇਵਣਹਾਰਾ ਡੰਨ, ਜੁਗਾ ਜੁਗੰਤਰ ਦੇਵੇ ਡੰਨਿਆ । ਆਪੇ ਜਨਨੀ ਜਨ ਲਏ ਜਨ, ਭਗਤ ਵਛਲ ਆਪ ਅਖਵੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਏਕਾ ਵਰ, ਏਕਾ ਘਰ ਸੁਹੰਨਿਆ । ਸਾਰ ਸ਼ਬਦ ਗ਼ਰੀਬ ਨਿਵਾਜਾ, ਆਪਣਾ ਆਪ ਉਪਜਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਏਕਾ ਹੁਕਮ ਸੁਣਾਇੰਦਾ । ਏਕਾ ਅਸਵ ਏਕਾ ਤਾਜਾ, ਏਕਾ ਹਰਿ ਦੌੜਾਇੰਦਾ । ਏਕਾ ਪੁਰਖ ਆਤਮ ਵਜਾਏ ਵਾਜਾ, ਅਨਹਦ ਏਕਾ ਤਾਲ ਵਜਾਇੰਦਾ । ਏਕਾ ਆਦਿ ਜੁਗਾਦੀ ਰਚੇ ਕਾਜਾ, ਜੁਗਾ ਜੁਗੰਤਰ ਵੇਖ ਵਖਾਇੰਦਾ । ਏਕਾ ਲੱਖ ਚੁਰਾਸੀ ਸਾਜਣ ਸਾਜਾ, ਏਕਾ ਤ੍ਰੈਗੁਣ ਮੇਲ ਮਿਲਾਇੰਦਾ । ਏਕਾ ਪੰਚਮ ਖੋਲ੍ਹੇ ਪਾਜਾ, ਏਕਾ ਪੰਚਮ ਮੋਹ ਚੁਕਾਇੰਦਾ । ਏਕਾ ਮੱਕਾ ਕਾਅਬਾ ਹਾਜੀ ਹਾਜਾ, ਸ਼ਰਅ ਸ਼ਰੀਅਤ ਇਕ ਵਖਾਇੰਦਾ । ਏਕਾ ਪੰਡਤ ਪਾਂਧਾ ਦੇਵੇ ਦਾਜਾ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਏਕਾ ਮਾਰਨਹਾਰਾ ਵਾਜਾ, ਗੁਰਮੁਖ ਸੋਏ ਆਪ ਉਠਾਇੰਦਾ । ਸਾਰ

੭੬੨
੦੮

ਸ਼ਬਦ ਜੁਗ ਰੱਖੇ ਲਾਜਾ, ਆਦਿ ਜੁਗਾਦੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦ ਅਗੰਮਾ ਨਾ ਮਰੇ ਨਾ ਕਦੇ ਜੰਮਾ, ਮਾਤ ਗਰਭ ਨਾ ਫੇਰਾ ਪਾਇੰਦਾ । ਸਾਰ ਸ਼ਬਦ ਸ਼ਬਦ ਅਨਮੋਲ, ਹਰਿ ਸਤਿਗੁਰ ਹਰਿ ਉਪਜਾਈਆ । ਆਪਣੇ ਅੰਦਰ ਆਪੇ ਮੌਲ, ਫੁੱਲ ਫੁਲਵਾੜੀ ਆਪ ਖਿਲਾਈਆ । ਆਪੇ ਭਰਿਆ ਅੰਮ੍ਰਿਤ ਕਵਲ, ਕਵਲ ਨਾਭੀ ਮੁਖ ਭੁਵਾਈਆ । ਆਪੇ ਲੇਖਾ ਜਾਣੇ ਧਰਤ ਧਵਲ, ਧਵਲ ਧਰਨੀ ਧਰਤ ਆਪ ਸੁਹਾਈਆ । ਆਪੇ ਰਹੇ ਆਦਿ ਜੁਗਾਦਿ ਸਦਾ ਅਡੋਲ, ਲੱਖ ਚੁਰਾਸੀ ਰਿਹਾ ਡੁਲਾਈਆ । ਗੁਰਮੁਖ ਸਾਜਣ ਤੋਲੇ ਆਪਣੇ ਤੋਲ, ਨਾਮ ਕੰਡਾ ਹੱਥ ਉਠਾਈਆ । ਮਨਮੁਖ ਜੀਵ ਰਹੇ ਅਨਭੋਲ, ਹਰਿ ਕਾ ਭੇਵ ਕੋਈ ਨਾ ਪਾਈਆ । ਗੁਰਮੁਖਾਂ ਪਰਦਾ ਦੇਵੇ ਖੋਲ੍ਹ, ਅੰਤਰ ਆਤਮ ਇਕ ਜਣਾਈਆ । ਸਤਿਗੁਰ ਪੂਰਾ ਵਸੇ ਕੋਲ, ਅੰਦਰ ਮੰਦਰ ਬੇਪਰਵਾਹੀਆ । ਅਨਹਦ ਵਜਾਏ ਸਾਚਾ ਢੋਲ, ਇਕ ਮਰਦੰਗਾ ਨਾਉਂ ਵਜਾਈਆ । ਸਦਾ ਸੁਹੇਲਾ ਇਕ ਅਕੇਲਾ ਜਨ ਭਗਤਾਂ ਕਰੇ ਸਦਾ ਚੋਲ੍ਹ, ਆਪ ਆਪਣੀ ਗੋਦ ਉਠਾਈਆ । ਅੱਖਰ ਵੱਖਰ ਸ਼ਬਦ ਅਨਾਦੀ ਆਪੇ ਬੋਲ, ਸਾਰ ਸ਼ਬਦ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਵਡਿਆਈਆ । ਸਾਰ ਸ਼ਬਦ ਹਰਿ ਵਡਿਆਈ, ਹਰਿ ਹਰਿ ਹਰਿ ਗੁਣ ਗਾਇੰਦਾ । ਲੱਖ ਚੁਰਾਸੀ ਕਰ ਕੁੜਮਾਈ, ਘਟ ਘਟ ਡੇਰਾ ਲਾਇੰਦਾ । ਗੁਰਮੁਖ ਸਾਜਣ ਵੇਖੇ ਚਾਈਂ ਚਾਈਂ, ਜੁਗ ਜੁਗ ਵੇਖ ਵਖਾਇੰਦਾ । ਸੰਤ ਸੁਹੇਲੇ ਆਪ ਉਠਾਏ ਫੜ ਫੜ ਬਾਹੀਂ, ਆਪ ਆਪਣਾ ਦਰ ਸੁਹਾਇੰਦਾ । ਦੇਵਣਹਾਰ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਤੀਰ ਨਿਰਾਲਾ ਸੇਵਾ ਲਾਏ ਕਾਲ ਮਹਾਂਕਾਲਾ, ਕਾਲ ਰੂਪ ਆਪ ਹੋ ਜਾਇੰਦਾ । ਸਾਰ ਸ਼ਬਦ ਹਰਿ ਫ਼ਰਮਾਣ, ਆਪਣਾ ਆਪ ਜਣਾਈਆ । ਆਦਿ ਜੁਗਾਦੀ ਹੋ ਮਿਹਰਵਾਨ, ਜੁਗ ਜੁਗ ਖੇਲ ਖਲਾਈਆ । ਏਕੰਕਾਰਾ ਕਰ ਧਿਆਨ, ਨਰ ਨਿਰੰਕਾਰਾ ਵੇਖ ਵਖਾਈਆ । ਖੇਲੇ ਖੇਲ ਦੋ ਜਹਾਨ, ਚੌਦਾਂ ਲੋਕਾਂ ਫੋਲ ਫੁਲਾਈਆ । ਲੋਆਂ ਪੁਰੀਆਂ ਇਕ ਗਿਆਨ, ਲੋਕਮਾਤ ਵੱਜੇ ਵਧਾਈਆ । ਗੁਰਮੁਖਾਂ ਕਰੇ ਆਪ ਪਛਾਣ, ਆਪਣੀ ਸਿਖਿਆ ਆਪ ਸਮਝਾਈਆ । ਮਨਮੁਖ ਜੀਵ ਬਾਲ ਅਵਾਣ, ਨੇਤਰ ਨੈਣ ਨਾ ਕੋਈ ਖੁਲ੍ਹਾਈਆ । ਵੇਲੇ ਅੰਤ ਸਰਬ ਪਛਤਾਣ, ਨਾ ਦਿਸੇ ਕੋਈ ਸਹਾਈਆ । ਗੁਰਮੁਖ ਸਾਚੇ ਚਤੁਰ ਸੁਜਾਣ, ਹਰਿਜਨ ਮੇਲਾ ਮੇਲ ਮਿਲਾਈਆ । ਰਸਨਾ ਜਿਹਵਾ ਹਰਿ ਗੁਣ ਗਾਣ, ਬੱਤੀ ਦੰਦ ਸਲਾਹੀਆ । ਮਿਲੇ ਪਦ ਪਦ ਨਿਰਬਾਣ, ਨਿਰਗੁਣ ਨਿਰਭੈ ਵਿਚ ਰਖਾਈਆ । ਆਵਣ ਜਾਵਣ ਚੁਕੇ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਪਾਇਆ ਪੁਰਖ ਪੁਰਖ ਸੁਲਤਾਨ, ਘਰ ਸਾਚੇ ਵੱਜੀ ਵਧਾਈਆ । ਰਲ ਮਿਲ ਸਖੀਆਂ ਮੰਗਲ ਗਾਣ, ਸੋਹੰ ਢੋਲਾ ਏਕਾ ਗਾਈਆ । ਜਗਤ ਵਿਚੋਲਾ ਸ੍ਰੀ ਭਗਵਾਨ, ਦੂਸਰ ਕੋਈ ਨਾ ਸੰਗ ਰਖਾਈਆ । ਹਰਿਜਨ ਦੇਵੇ ਜੀਆ ਦਾਨ, ਦਾਤਾ ਦਾਨੀ ਦਾਨ ਝੋਲੀ ਪਾਈਆ । ਆਤਮ ਅੰਤਰ ਇਕ ਗਿਆਨ, ਏਕਾ ਬ੍ਰਹਮ ਵਖਾਈਆ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਤਿਗੁਰ ਪੂਰੇ ਚਰਨ ਧਿਆਨ, ਦਰ ਦੁਵਾਰਾ ਇਕ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਰ ਸ਼ਬਦ ਤਿਖੀ ਧਾਰ, ਵਿਚ ਸੰਸਾਰ ਆਪ ਚਲਾਈਆ । ਤਿਖੀ ਧਾਰ ਪੁਰਖ ਕਰਤਾਰ, ਸ਼ਬਦੀ ਸ਼ਬਦ ਰਖਾਇੰਦਾ । ਗੁਰਮੁਖਾਂ ਕਰੇ ਮਾਤ ਪਿਆਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਮਨਮੁਖਾਂ ਕਰੇ ਅੰਤ ਖੁਵਾਰ, ਧੀਰਜ ਧੀਰ ਨਾ ਕੋਈ ਰਖਾਇੰਦਾ । ਖੇਲੇ ਖੇਲ ਅਗੰਮ

ਅਪਾਰ, ਬੋਧ ਅਗਾਧੀ ਸ਼ਬਦ ਜਣਾਇੰਦਾ । ਅਲੱਖ ਨਿਰੰਜਣ ਹੋ ਤਿਆਰ, ਜੁਗ ਜੁਗ ਆਪਣੀ ਅਲੱਖ ਜਗਾਇੰਦਾ । ਸਚਖੰਡ ਦੁਵਾਰਾ ਖੇਲ ਅਪਾਰ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਵੰਡੇ ਵੰਡ ਸਰਬ ਸੰਸਾਰ, ਵੰਡਣਹਾਰਾ ਆਪ ਹੋ ਜਾਇੰਦਾ । ਵਰਭੰਡੀ ਪਾਵਣਹਾਰਾ ਸਾਰ, ਬ੍ਰਹਿਮੰਡੀ ਖੋਜ ਖੁਜਾਇੰਦਾ । ਸ਼ਬਦ ਖੰਡੀ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਆਦਿ ਜੁਗਾਦੀ ਗੁਰ ਅਖਵਾਇੰਦਾ । ਨਾਮ ਤੋੜਾ ਸੀਸ ਦਸਤਾਰ, ਏਕਾ ਕਲਗੀ ਜੋਤ ਚਮਕਾਇੰਦਾ । ਅਸਵ ਘੋੜਾ ਕਰ ਤਿਆਰ, ਸ਼ਾਹ ਅਸਵਾਰ ਆਪ ਅਖਵਾਇੰਦਾ । ਗੁਰਮੁਖਾਂ ਪਾਵਣਹਾਰ ਸਾਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਜਗਤ ਨਾਤਾ ਤੋੜ ਤੁੜਾਇੰਦਾ । ਦਰਸ ਦਿਖਾਏ ਅਗੰਮ ਅਪਾਰ, ਆਪ ਆਪਣੀ ਦਇਆ ਕਮਾਇੰਦਾ । ਖ਼ੁਸ਼ੀ ਗ਼ਮੀ ਨਾ ਕੋਈ ਵਿਚਾਰ, ਏਕਾ ਰੰਗ ਰੰਗਾਇੰਦਾ । ਤੋੜਣਹਾਰਾ ਗੜ੍ਹ ਹੰਕਾਰ, ਦੂਈ ਦਵੈਤੀ ਮੇਟ ਮਿਟਾਇੰਦਾ । ਅੰਮ੍ਰਿਤ ਭਰੇ ਨਾਮ ਭੰਡਾਰ, ਨਾਮ ਪਿਆਲਾ ਭਰ ਪਿਆਇੰਦਾ । ਜੋ ਜਨ ਮੰਗੇ ਬਣ ਭਿਖਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਗ਼ਰੀਬ ਨਿਮਾਣੇ ਲਾਏ ਪਾਰ, ਜੋ ਜਨ ਸਰਨਾਈ ਆਇੰਦਾ । ਰੋਗ ਸੋਗ ਚਿੰਤਾ ਦੁੱਖ ਦਏ ਨਿਵਾਰ, ਜੋ ਜਨ ਰਸਨਾ ਸੋਹੰ ਗਾਇੰਦਾ । ਕਰੇ ਕਰਾਏ ਸਚ ਪਿਆਰ, ਗੁਰਸਿਖ ਬਾਲ ਅੰਞਾਣੇ ਆਪ ਆਪਣੀ ਗੋਦ ਉਠਾਇੰਦਾ । ਮਾਵਾਂ ਪੁੱਤਰਾਂ ਇਕ ਪਿਆਰ, ਇਕ ਸੁਹਾਏ ਬੰਕ ਦੁਵਾਰ, ਸਤਿਗੁਰ ਪੂਰਾ ਹਰਿ ਅਖਵਾਇੰਦਾ । ਏਥੇ ਓਥੇ ਦਏ ਸਹਾਰ, ਦੋ ਜਹਾਨਾਂ ਮੀਤ ਮੁਰਾਰ, ਕਲਜੁਗ ਤੇਰੀ ਅੰਤਮ ਵਾਰ, ਫੜ ਫੜ ਬਾਹੋਂ ਪਾਰ ਕਰਾਇੰਦਾ । ਸਾਰ ਸ਼ਬਦ ਤੇਜ਼ ਕਟਾਰ, ਮਾਰੀ ਜਾਏ ਵਾਰੋ ਵਾਰ, ਗੁਰਮੁਖ ਸਾਜਣ ਲਾਏ ਪਾਰ, ਮਨਮੁੱਖ ਸ਼ੌਹ ਦਰਿਯਾਏ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਏਕਾ ਨਾਮ ਏਕਾ ਜੋਤ ਸ੍ਰੀ ਭਗਵਾਨ, ਏਕਾ ਦੇਵਣਹਾਰਾ ਦਾਨ, ਏਕਾ ਬਖ਼ਸ਼ੇ ਬ੍ਰਹਮ ਗਿਆਨ, ਆਤਮ ਪ੍ਰੇਮ ਇਕ ਜਣਾਇੰਦਾ । ਆਤਮ ਬ੍ਰਹਮ ਬ੍ਰਹਮ ਜਣਾਈ, ਜਨ ਹਰਿ ਬੂਝ ਬੁਝਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾਈ, ਗੁਰਮੁਖ ਸੱਜਣ ਵੇਖ ਵਖਾਇੰਦਾ । ਦਰ ਘਰ ਸਾਚੇ ਹੋਈ ਕੁੜਮਾਈ, ਸਾਚਾ ਸਗਨ ਮਨਾਇੰਦਾ । ਦਿਵਸ ਰੈਣ ਵੱਜੇ ਵਧਾਈ, ਏਕਾ ਰੰਗ ਸਮਾਇੰਦਾ । ਅੰਤ ਵਿਛੋੜਾ ਹੋਏ ਨਾਹੀ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸਤਿਗੁਰ ਪੂਰਾ ਬਣ ਮਲਾਹ, ਗੁਰਮੁਖਾਂ ਕਲਜੁਗ ਪਕੜੇ ਬਾਂਹ, ਦੋ ਜਹਾਨੀ ਕਰੇ ਸਚ ਨਿਆਂ, ਦਰਗਹਿ ਸਾਚੀ ਦੇਵੇ ਥਾਂ, ਏਕਾ ਧਾਮ ਸੁਹਾਇੰਦਾ । ਧਾਮ ਅਵੱਲਾ ਹਰਿ ਨਿਰੰਕਾਰ, ਗੁਰਮੁਖਾਂ ਆਪ ਵਖਾਈਆ । ਇਕ ਇਕੱਲਾ ਬੈਠ ਸੱਚੀ ਸਰਕਾਰ, ਸਾਚਾ ਹੁਕਮ ਸੁਣਾਈਆ । ਜਲਾਂ ਥਲਾਂ ਪਾਵੇ ਸਾਰ, ਲੱਖ ਚੁਰਾਸੀ ਮੰਦਰ ਅੰਦਰ ਡੇਰਾ ਲਾਈਆ । ਗੁਰਮੁਖਾਂ ਗੁਰਸਿਖਾਂ ਪੂਰਬ ਲਹਿਣਾ ਕਰ ਵਿਚਾਰ, ਨੇਤਰ ਨੈਣਾਂ ਦਰਸ ਦਿਖਾਈਆ । ਜੁਗਾਂ ਜੁਗਾਂ ਦੇ ਵਿਛੜੇ ਯਾਰ, ਕਲਜੁਗ ਅੰਤਮ ਮੇਲ ਮਿਲਾਈਆ । ਬਾਵਨ ਰਾਮਾ ਹੋ ਅਵਤਾਰ, ਕ੍ਰਿਸ਼ਨਾ ਕਾਹਨ ਆਪ ਅਖਵਾਈਆ । ਈਸਾ ਮੂਸਾ ਬੰਨ੍ਹੇ ਧਾਰ, ਸੰਗ ਮੁਹੰਮਦ ਸੇਵਾ ਰਿਹਾ ਕਮਾਈਆ । ਨਾਨਕ ਗੋਬਿੰਦ ਇਕ ਪਿਆਰ, ਏਕਾ ਸ਼ਬਦ ਕਰੀ ਕੁੜਮਾਈਆ । ਨਾਮ ਡੰਕਾ ਵਿਚ ਸੰਸਾਰ, ਨਾਮ ਸਤਿ ਰਿਹਾ ਵਜਾਈਆ । ਵਾਸੀ ਪੁਰੀ ਘਨਕਾ ਹੋ ਤਿਆਰ, ਕਲਜੁਗ ਅੰਤਮ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਹਕਲੰਕਾ ਲਏ ਅਵਤਾਰ, ਸੰਬਲ ਨਗਰੀ ਧਾਮ ਸੁਹਾਈਆ । ਗੁਰਮੁਖਾਂ ਕਰੇ ਸਚ ਪਿਆਰ, ਗੁਰ ਗੋਬਿੰਦ ਦਏ ਗਵਾਹੀਆ । ਸਰਬ ਜੀਆਂ ਦਾ ਸਾਂਝਾ ਯਾਰ, ਸਤਿਗੁਰ



੭੬੪
0t

ਪੂਰਾ ਇਕ ਅਖਵਾਈਆ । ਹਿੰਦੂ ਮੁਸਲਮ ਸਿਖ ਈਸਾਈ ਊਚ ਨੀਚ ਨਾ ਕੋਈ ਵਿਚਾਰ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਬਹਾਈਆ । ਆਪੇ ਸਭ ਤੋਂ ਵਸਿਆ ਬਾਹਰ, ਦਿਸ ਕਿਸੇ ਨਾ ਆਈਆ । ਜਿਸ ਜਨ ਆਪਣੀ ਕਿਰਪਾ ਦੇਵੇ ਧਾਰ, ਆਪ ਆਪਣਾ ਦਰਸ ਦਿਖਾਈਆ । ਭਵ ਜਲ ਸਾਗਰ ਉਤਰੇ ਪਾਰ, ਜੋ ਜਨ ਆਏ ਚਲ ਸਰਨਾਈਆ । ਕਾਗ ਨਾ ਉਡੇ ਕਾਗਾਂ ਡਾਰ, ਕਾਗੋਂ ਹੰਸ ਉਡਾਈਆ । ਮਾਣਕ ਮੋਤੀ ਭਰੇ ਭੰਡਾਰ, ਸੋਹੰ ਚੋਗ ਚੁਗਾਈਆ । ਨਿਰਗੁਣ ਜੋਤੀ ਕਰ ਉਜਿਆਰ, ਦਿਵਸ ਰੈਣ ਡਗਮਗਾਈਆ । ਗੁਰਸਿਖ ਵਰਨ ਗੋਤੀ ਵਸਿਆ ਬਾਹਰ, ਏਕਾ ਵਰਨ ਪਾਰਬ੍ਰਹਮ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਕਾਇਆ ਮੰਦਰ ਅੰਦਰ ਉਚ ਮਿਨਾਰ, ਹਰਿ ਨਿਰੰਕਾਰ ਜੋਤੀ ਨੂਰ ਨੂਰ ਉਜਿਆਰ, ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਹਰਿਜਨ ਸਾਚੇ ਮੇਲ ਮਿਲਾਈਆ ।

## ਗੁਰਦਿਆਲ ਸਿੰਘ ਦੇ ਘਰ ਸਦਾ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ

ਗੋਬਿੰਦ ਪਿਆਰ ਹਰਿਜਨ ਸੱਜਣ, ਸਤਿਗੁਰ ਦਰਸਾਈਆ । ਸਤਿਗੁਰ ਬਖ਼ਸ਼ੇ ਚਰਨ ਮਜਨ, ਧੂੜੀ ਧੂੜ ਮਸਤਕ ਲਾਈਆ । ਮੇਲ ਮਿਲਾਵਾ ਆਦਿ ਨਿਰੰਜਣ, ਨਿਰਗੁਣ ਮਿਲੇ ਸਹਿਜ ਸੁਭਾਈਆ । ਘਰ ਮੰਦਰ ਸਾਚੇ ਵਾਜੇ ਵੱਜਣ, ਦਿਵਸ ਰੈਣ ਸ਼ਨਵਾਈਆ । ਜਨ ਭਗਤਾਂ ਹਰਿ ਪਰਦੇ

੭੬੫ ੦੮

ਕੱਜਣ, ਨਾਮ ਦੋਸ਼ਾਲਾ ਉਪਰ ਪਾਈਆ । ਚਰਨ ਪ੍ਰੀਤੀ ਜੋ ਜਨ ਬੱਝਣ, ਜਗਤ ਬੰਧਨ ਤੋੜ ਤੁੜਾਈਆ । ਦਰ ਘਰ ਸਾਚੇ ਬਹਿ ਬਹਿ ਸਜਣ, ਬੰਕ ਦੁਵਾਰਾ ਇਕ ਸੁਹਾਈਆ । ਦੋ ਜਹਾਨੀ ਰੱਖੇ ਲੱਜਣ, ਗੁਰ ਗੋਬਿੰਦ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸਹਾਈਆ । ਗੋਬਿੰਦ ਮੀਤਾ ਸਾਚਾ ਸਾਕੀ, ਸਤਿਗੁਰ ਹਰਿ ਅਖਵਾਇੰਦਾ । ਗੁਰਮੁਖ ਚੜ੍ਹਾਏ ਸਾਚੇ ਰਾਕੀ, ਵਾਗਾਂ ਆਪਣੇ ਹੱਥ ਉਠਾਇੰਦਾ । ਲਹਿਣਾ ਦੇਣਾ ਦੇਵੇ ਬਾਕੀ, ਜਗਤ ਮਲਾਹ ਮੇਲ ਮਿਲਾਇੰਦਾ । ਲੇਖੇ ਲਾਏ ਤਨ ਖ਼ਾਕੀ, ਖ਼ਾਕੀ ਖ਼ਾਕ ਸੁਹਾਇੰਦਾ । ਸਾਚੇ ਮੰਦਰ ਖੋਲ੍ਹੇ ਤਾਕੀ, ਦੀਵਾ ਬਾਤੀ ਇਕ ਜਗਾਇੰਦਾ । ਮੇਲ ਮਿਲਾਵਾ ਕਮਲਾਪਾਤੀ, ਘਰ ਸੇਜਾ ਇਕ ਸੁਹਾਇੰਦਾ । ਲਹਿਣਾ ਦੇਣਾ ਚੁੱਕੇ ਬਾਕੀ, ਜਗਤ ਬੇੜਾ ਬੰਨੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਜਗਤ ਮਲਾਹ ਪਾਰ ਕਿਨਾਰਾ, ਏਕਾ ਇਕੀ ਰਿਹਾ ਤਰਾਈਆ । ਸਾਚੀ ਸਿਖੀ ਕਰ ਉਜਿਆਰਾ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਸਾਗਰ ਡੂੰਘੀ ਧਾਰਾ, ਆਰ ਪਾਰ ਨਾ ਕੋਈ ਜਣਾਈਆ । ਚਾਰ ਵਰਨ ਨਾ ਕੋਈ ਸਹਾਰਾ, ਮਨ ਮਤ ਰਹੀ ਰੁੜ੍ਹਾਈਆ । ਪੁਰਖ ਅਬਿਨਾਸ਼ੀ ਲੈ ਅਵਤਾਰਾ, ਗੋਬਿੰਦ ਮੇਲਾ ਮੇਲ ਮਿਲਾਈਆ । ਚੇਲਾ ਸੋਹੇ ਇਕ ਦੁਵਾਰਾ, ਚੇਤਨ ਚਿੱਤ ਇਕ ਕਰਾਈਆ । ਏਕਾ ਦੇਵੇ ਨਾਮ ਅਧਾਰਾ, ਅਦਭੁਤ ਰੂਪ ਨਾ ਕੋਈ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਸਾਗਰ ਵੇਖ ਵਖਾਈਆ । ਜਗ ਸਾਗਰ ਹਰਿ ਤਾਰਨਹਾਰਾ, ਹਰਿਜਨ ਸਾਚੇ ਆਪ ਤਰਾਇੰਦਾ । ਬੇੜਾ ਬੰਨ੍ਹੇ ਗੁਰ ਕਰਤਾਰਾ, ਗੁਰਮੁਖ ਸਾਚੇ ਵੇਖ ਵਖਾਇੰਦਾ । ਨਾਮ ਚੱਪੂ ਅਪਰ ਅਪਾਰਾ, ਸੋਹੰ ਡੰਡਾ ਹੱਥ ਉਠਾਇੰਦਾ । ਲੋਆਂ ਪੁਰੀਆਂ ਪਾਰ

੭੬੫ ੦੮

ਕਿਨਾਰਾ, ਸਚਖੰਡ ਦੁਵਾਰਾ ਇਕ ਵਖਾਇੰਦਾ । ਨਿਰਗੁਣ ਬੈਠਾ ਨਿਰਗੁਣ ਧਾਰਾ, ਨੂਰੋ ਨੂਰ ਡਗਮਗਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਚਤੁਰਭੁਜ ਆਪਣੀ ਭੁਜਾ ਆਪ ਉਠਾਇੰਦਾ । ਮੇਲ ਮਿਲਾਏ ਵਾਰੋ ਵਾਰਾ, ਵਾਰ ਥਿਤ ਨਾ ਕੋਈ ਵਖਾਇੰਦਾ । ਆਦਿ ਜੁਗਾਦੀ ਪਾਵੇ ਸਾਰਾ, ਭਗਤ ਵਛਲ ਨਿਗਾਹਵਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੋਬਿੰਦ ਗੋਬਿੰਦ ਵਰਿਆ, ਗੋਬਿੰਦ ਮੇਲ ਮਿਲਾਇੰਦਾ । ਗੋਬਿੰਦ ਮੇਲਾ ਗੋਬਿੰਦ ਕਰਿਆ, ਗੋਬਿੰਦ ਖੇਲ ਖਲਾਇੰਦਾ । ਗੋਬਿੰਦ ਘਾੜਣ ਹਰਿਜਨ ਘੜਿਆ, ਗੋਬਿੰਦ ਲੇਖ ਲਿਖਾਇੰਦਾ । ਗੋਬਿੰਦ ਸੂਰਾ ਅੰਦਰ ਵੜਿਆ, ਦੇ ਮਤ ਆਪ ਸਮਝਾਇੰਦਾ । ਗੋਬਿੰਦ ਬੇੜੇ ਪਹਿਲੇ ਚੜ੍ਹਿਆ, ਜਗਤ ਧਾਰਾ ਜਲ ਫਿਰਾਇੰਦਾ । ਖੇਵਟ ਖੇਟਾ ਆਪੇ ਖੜ੍ਹਿਆ, ਚਾਰੋਂ ਕੁੰਟ ਫਿਰਾਇੰਦਾ । ਏਕਾ ਅੱਖਰ ਹਰਿ ਹਰਿ ਪੜ੍ਹਿਆ, ਏਕਾ ਰਸਨ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਜਾਣੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਜਗਤ ਮਲਾਹ ਬਣ ਸਹਾਰਾ, ਨਈਆ ਨਾਉਂ ਚਲਾਈਆ । ਆਪੇ ਫਿਰੇ ਅੱਧਵਿਚਕਾਰਾ, ਪਾਰ ਕਿਨਾਰਾ ਨਾ ਕੋਈ ਜਣਾਈਆ । ਗੋਬਿੰਦ ਬੋਲੇ ਬੋਲ ਜੈਕਾਰਾ, ਏਕਾ ਨਾਮ ਸੁਣਾਈਆ । ਨਾ ਕੋਈ ਘਾਟ ਉਤਰੇ ਪਾਰਾ, ਕਵਣ ਥਾਨ ਸੁਹਾਈਆ । ਚਰਨ ਡਿੱਗੇ ਕਰੇ ਪੁਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਅੰਤਮ ਆਏ ਤੇਰੇ ਦੁਵਾਰਾ, ਮੇਰਾ ਉਧਾਰ ਰਹੇ ਨਾ ਰਾਈਆ । ਭਵ ਸਾਗਰ ਕਰਨਾ ਪਾਰ ਕਿਨਾਰਾ, ਅੱਧਵਿਚਕਾਰ ਨਾ ਕੋਈ ਡੁਬਾਈਆ । ਗੋਬਿੰਦ ਦਿਤਾ ਨਾਮ ਅਧਾਰਾ, ਆਪਣੀ ਦਇਆ ਕਮਾਈਆ । ਇਕੀ ਕੁਲਾਂ ਉਤਰੇ ਪਾਰਾ, ਕੁਲ ਕੁਲਵੰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਦੇਵੇ ਵਰ, ਹਰਿਜਨ ਵੇਖੇ ਵੇਖ ਵਖਾਈਆ । ਗੋਬਿੰਦ ਸਿਫ਼ਤ ਗੋਬਿੰਦ ਸਲਾਹ, ਗੋਬਿੰਦ ਰੰਗ ਚੜ੍ਹਾਇਆ । ਗੋਬਿੰਦ ਨਈਆ ਗੁਰ ਮਲਾਹ, ਗੋਬਿੰਦ ਬੇੜਾ ਰਿਹਾ ਚਲਾਇਆ । ਗੋਬਿੰਦ ਪਕੜਣਹਾਰਾ ਬਾਂਹ, ਗੁਰ ਗੋਬਿੰਦ ਵੇਸ ਵਟਾਇਆ । ਗੁਰ ਕਰਨੇਹਾਰਾ ਸਚ ਨਿਆਂ, ਸਤਿਗੁਰ ਪੂਰਾ ਨਾਉਂ ਧਰਾਇਆ । ਕਲਜੁਗ ਅੰਤਮ ਦੇਵੇ ਠੰਡੀ ਛਾਂ, ਸਿਰ ਸਮਰਥ ਹੱਥ ਟਿਕਾਇਆ । ਫੜ ਫੜ ਹੰਸ ਬਣਾਏ ਕਾਂ, ਅੰਮ੍ਰਿਤ ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖੇ ਨੈਣਾਂ, ਨੇਤਰ ਲੋਚਣ ਆਪ ਦਰਸਾਇੰਦਾ । ਪੂਰਬ ਲਹਿਣਾ ਹਰਿ ਚੁਕੌਣਾ, ਸਤਿਗੁਰ ਵਡ ਵਡਿਆਈਆ । ਪਿਛਲਾ ਲੇਖਾ ਲੇਖ ਚੁਕੌਣਾ, ਅੱਗੇ ਮਾਰਗ ਪਾਈਆ । ਸਾਚੇ ਰਾਕੀ ਆਪ ਚੜ੍ਹੌਣਾ, ਨਾਮ ਘੋੜਾ ਇਕ ਵਖਾਈਆ । ਚਾਰ ਕੁੰਟ ਆਪ ਦੁੜੌਣਾ, ਆਪੇ ਸੇਵ ਕਮਾਈਆ । ਸਾਚੀ ਸਿਖਿਆ ਇਕ ਸਮਝੌਣਾ, ਗੁਰਮਤ ਵੱਡੀ ਵਡਿਆਈਆ । ਬੰਸ ਸਰਬੰਸਾ ਲੇਖੇ ਲੌਣਾ, ਸਗਲਾ ਸੰਗ ਤਰਾਈਆ । ਨੇਤਰ ਸਹਿਸਾ ਆਪ ਖੁਲ੍ਹੌਣਾ, ਸਹੰਸਰ ਮੁਖ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਗੁਰ ਸਹਿਜ ਸਹਿਜ ਕਰਾਈਆ । ਗੁਰ ਸ਼ਬਦ ਉਪਦੇਸ਼, ਹਰਿਜਨ ਸਾਚੇ ਆਪ ਜਗਾਇੰਦਾ । ਜੁਗਾ ਜੁਗੰਤਰ ਧਾਰੇ ਭੇਸ, ਸ਼ਬਦ ਸ਼ਬਦੀ ਨਾਉਂ ਧਰਾਇੰਦਾ । ਆਪੇ ਦਾਤਾ ਦਾਨੀ ਦਸ ਦਸਮੇਸ਼, ਦਰ ਘਰ ਸਾਚਾ ਆਪ ਸੁਹਾਇੰਦਾ । ਆਪੇ ਹੋਏ ਰਿਖੀ ਕੇਸ, ਜਗਤ ਗਵਰਧਨ ਆਪ ਉਠਾਇੰਦਾ । ਆਪੇ ਰਾਮਾ ਰਾਮ ਰਮੇਸ਼, ਰਾਮ ਰਮਈਆ ਖੇਲ ਖਲਾਇੰਦਾ । ਆਪੇ ਵਿਸ਼ਨ ਬ੍ਰਹਮਾ ਗਣਪਤ ਗਣੇਸ਼, ਸਵਾਂਗੀ ਆਪਣਾ ਸਵਾਂਗ ਵਰਤਾਇੰਦਾ । ਆਦਿ ਜੁਗਾਦੀ ਰਹੇ ਹਮੇਸ਼, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਪਾਰਬ੍ਰਹਮ

ਪੁਰਖ ਸੁਲਤਾਨ ਸਦਾ ਅਦੇਸ, ਦਰ ਘਰ ਸਾਚਾ ਇਕ ਸੁਹਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਜੋਤੀ ਨੂਰ ਨੂਰ ਪ੍ਰਵੇਸ਼, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਫੜ, ਏਕਾ ਪੱਲਾ ਨਾਮ ਫੜਾਇੰਦਾ । ਏਕਾ ਪੱਲਾ ਨਾਮ ਫੜਾਇਆ, ਗੁਰ ਸਤਿਗੁਰ ਵਡ ਵਡਿਆਈਆ । ਦੂਈ ਦਵੈਤੀ ਪਰਦਾ ਲਾਹਿਆ, ਏਕਾ ਰੰਗ ਰੰਗਾਈਆ । ਨੈਣ ਲੋਚਣ ਇਕ ਖੁਲ੍ਹਾਇਆ, ਚੌਥੇ ਘਰ ਵੱਜੇ ਵਧਾਈਆ । ਪੰਚਮ ਮੇਲਾ ਸਹਿਜ ਸੁਭਾਇਆ, ਮਿਲ ਸਖੀਆਂ ਮੰਗਲ ਗਾਈਆ । ਛੇਵੇਂ ਘਰ ਘਰ ਦਰਸਾਇਆ, ਛੱਪਰ ਛੰਨ ਨਾ ਕੋਈ ਸੁਹਾਈਆ । ਸਤਿਗੁਰ ਪੁਰਖ ਨਿਰੰਜਣ ਜੋਤ ਜਗਾਇਆ, ਅੱਠਾਂ ਤੱਤਾਂ ਵੇਖਣ ਆਇਆ, ਜੋਤੀ ਜਾਮਾ ਭੇਸ ਵਟਾਈਆ । ਨੌਂ ਦਰ ਖੋਜੇ ਖੋਜ ਖੁਜਾਇਆ, ਨੌਂ ਖੰਡ ਫੇਰਾ ਪਾਈਆ । ਦਸਮ ਦੁਵਾਰੀ ਆਸਣ ਲਾਇਆ, ਦਿਸ ਕਿਸੇ ਨਾ ਆਈਆ । ਗੁਰਮੁਖ ਸਾਚੇ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਬਜ਼ਰ ਕਪਾਟੀ ਤੋੜ ਤੁੜਾਇਆ, ਆਪਣੀ ਹੱਥੀਂ ਕੁੰਡਾ ਲਾਹੀਆ । ਆਤਮ ਸੇਜਾ ਰਿਹਾ ਸੁਹਾਇਆ, ਨਿਰਗੁਣ ਬੈਠਾ ਬੇਪਰਵਾਹੀਆ । ਗੁਰਸਿਖ ਸੱਜਣ ਰਾਹ ਤਕਾਇਆ, ਦਿਵਸ ਰੈਣ ਵੇਖ ਵਖਾਈਆ । ਸੁਰਤੀ ਸ਼ਬਦੀ ਮੇਲ ਮਿਲਾਇਆ, ਜਗਤ ਵਿਚੋਲਾ ਬੇਪਰਵਾਹੀਆ । ਸੋਹੰ ਢੋਲਾ ਸਾਚਾ ਗਾਇਆ, ਸੋ ਪੁਰਖ ਨਿਰੰਜਣ ਸਿਫ਼ਤ ਸਲਾਹੀਆ । ਹੰ ਬ੍ਰਹਮ ਆਪ ਰਘੁਰਾਇਆ, ਪਾਰਬ੍ਰਹਮ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਮਿਲੇ ਵਰ, ਵਰ ਘਰ ਹਰਿ ਨਰ ਸਾਚਾ ਇਕ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਾਕਾਰ ਸਰਗੁਣ ਪਾਵੇ ਸਾਰ, ਧੁਰ ਮਸਤਕ ਲੇਖਾ ਲੇਖ ਲਿਖਾਈਆ ।



## ✪ ੫ ਸਾਵਣ ੨੦੧੯ ਬਿਕ੍ਰਮੀ ਗੁਰਦਿਆਲ ਸਿੰਘ ਦੇ ਘਰ ਪਿੰਡ ਨਾਥੇ ਵਾਲ ਜ਼ਿਲਾ ਫ਼ਿਰੋਜ਼ਪੁਰ ✪

ਨਿਰਗੁਣ ਸਰਗੁਣ ਸਾਚੀ ਧਾਰ, ਪੁਰਖ ਅਕਾਲ ਚਲਾਈਆ । ਇਕ ਇਕੱਲਾ ਕਰ ਪਸਾਰ, ਤ੍ਰੈ ਤ੍ਰੈ ਵੇਸ ਵਟਾਈਆ । ਤ੍ਰੈਗੁਣ ਮਾਇਆ ਕਰ ਉਜਿਆਰ, ਆਪਣੇ ਰੰਗ ਰੰਗਾਈਆ । ਸਾਚੀ ਵਸਤ ਅਗੰਮ ਅਪਾਰ, ਆਪਣੀ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰ ਵਡਿਆਈਆ । ਤ੍ਰੈਗੁਣ ਮੀਤਾ ਤ੍ਰੈਗੁਣ ਅਤੀਤਾ, ਤ੍ਰੈਗੁਣ ਵੇਸ ਵਟਾਇੰਦਾ । ਤ੍ਰੈਗੁਣ ਠਾਂਡਾ ਤ੍ਰੈਗੁਣ ਸੀਤਾ, ਤ੍ਰੈਗੁਣ ਅਗਨੀ ਤੱਤ ਤਪਾਇੰਦਾ । ਤ੍ਰੈਗੁਣ ਪਤਿਤ ਤ੍ਰੈਗੁਣ ਪੁਨੀਤਾ, ਤ੍ਰੈਗੁਣ ਆਪਣਾ ਵੇਖ ਵਖਾਇੰਦਾ । ਤ੍ਰੈਗੁਣ ਹਸਤ ਤ੍ਰੈਗੁਣ ਕੀਟਾ, ਤ੍ਰੈਗੁਣ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਤ੍ਰੈਗੁਣ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਨਿਰਗੁਣ ਸਰਗੁਣ ਰੂਪ ਅਪਾਰ, ਵਿਸ਼ਨੂੰ ਵੇਸ ਵਟਾਈਆ । ਬ੍ਰਹਮਾ ਵੇਤਾ ਕਰ ਉਜਿਆਰ, ਕਵਲ ਫੁੱਲ ਖਿਲਾਈਆ । ਸ਼ੰਕਰ ਬੰਨ੍ਹੇ ਸਾਚੀ ਧਾਰ, ਸਿਵ ਸ਼ਕਤੀ ਵਿਚ ਟਿਕਾਈਆ । ਆਦਿ ਸ਼ਕਤੀ ਕਰ ਪਿਆਰ, ਏਕਾ ਇਸ਼ਟ ਵਖਾਈਆ । ਇਕ ਮਹੱਲ ਲਏ ਉਸਾਰ, ਏਕਾ ਵੇਖ ਵਖਾਈਆ । ਏਕਾ ਬਖ਼ਸ਼ੇ ਸਚ ਪਿਆਰ, ਏਕਾ ਦਰ ਖੁਲ੍ਹਾਈਆ । ਇਕ ਕਰਾਏ ਵਣਜ ਵਪਾਰ, ਏਕਾ ਵਸਤੂ ਝੋਲੀ ਪਾਈਆ । ਏਕਾ ਦੇਵੇ ਸਚ ਭੰਡਾਰ, ਏਕਾ ਰਿਹਾ ਵਰਤਾਈਆ । ਏਕਾ ਬ੍ਰਹਿਮੰਡ ਖੋਲ੍ਹ ਕਿਵਾੜ, ਲੋਆਂ ਪੁਰੀਆਂ ਰਚਨ ਰਚਾਈਆ । ਇਕ ਉਪਾਏ ਰਵ ਸਸ ਸਤਾਰ, ਮੰਡਲ ਮੰਡਪ ਇਕ

ਸੁਹਾਈਆ । ਏਕਾ ਪੁਰਖ ਏਕਾ ਨਾਰ, ਕੰਤ ਸੁਹਾਗੀ ਏਕਾ ਨਾਉਂ ਧਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਆਪ ਆਪਣਾ ਬੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਤ੍ਰੈ ਆਪਣਾ ਲੇਖ ਲਿਖਾਈਆ । ਆਪਣਾ ਲੇਖਾ ਆਪੇ ਧਰ, ਆਪੇ ਵੇਖ ਵਖਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਰਾਗ ਅਲਾਇੰਦਾ । ਆਪਣੇ ਮੰਦਰ ਆਪੇ ਵੜ, ਆਪੇ ਇਸ਼ਟ ਮਨਾਇੰਦਾ । ਆਪਣੇ ਅੱਗੇ ਆਪੇ ਖੜ, ਆਪੇ ਦਰਸ ਦਿਖਾਇੰਦਾ । ਆਪਣਾ ਫੜੇ ਆਪੇ ਲੜ, ਆਪੇ ਮੇਲ ਮਿਲਾਇੰਦਾ । ਆਪਣਾ ਵੇਸ ਆਪੇ ਕਰ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਵਿਸ਼ਵ ਰੂਪ ਅਖਵਾਇੰਦਾ । ਬ੍ਰਹਮਾ ਵੇਤਾ ਪਾਰਬ੍ਰਹਮ, ਆਪਣੀ ਅੰਸ ਉਪਾਈਆ । ਆਪਣੇ ਘਰ ਆਪੇ ਪਿਆ ਜੰਮ, ਮਾਤ ਪਿਤ ਨਾ ਕੋਈ ਬਣਾਈਆ । ਏਕਾ ਤ੍ਰਿਸ਼ਨਾ ਏਕਾ ਤਮ, ਏਕਾ ਲੇਖ ਮੁਕਾਈਆ । ਏਕਾ ਬੇੜਾ ਰਿਹਾ ਬੰਨ੍ਹ, ਏਕਾ ਹੁਕਮ ਚਲਾਈਆ । ਏਕਾ ਦੇਵੇ ਸਾਚਾ ਧਨ, ਏਕਾ ਸਾਚਾ ਹੱਟ ਖੁਲ੍ਹਾਈਆ । ਏਕਾ ਰਾਗ ਸੁਣਾਏ ਕੰਨ, ਏਕਾ ਬੂਝ ਬੁਝਾਈਆ । ਏਕਾ ਜਨਨੀ ਜਣਿਆ ਜਨ, ਆਦਿ ਸ਼ਕਤੀ ਸਾਚੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਪਾਰਬ੍ਰਹਮ ਅਖਵਾਈਆ । ਏਕਾ ਸ਼ੰਕਰ ਕਰ ਤਿਆਰ, ਏਕਾ ਰੂਪ ਵਟਾਇਆ । ਏਕਾ ਸ਼ਿਵ ਹੋ ਉਜਿਆਰ, ਏਕਾ ਨੈਣ ਖੁਲ੍ਹਾਇਆ । ਏਕਾ ਗਲ ਵਿਚ ਪਾਏ ਹਾਰ, ਏਕਾ ਕੰਠ ਸੁਹਾਇਆ । ਏਕਾ ਕਰੇ ਸਚ ਪਿਆਰ, ਏਕਾ ਮੇਲ ਮਿਲਾਇਆ । ਏਕਾ ਦੇਵੇ ਇਕ ਅਧਾਰ, ਏਕਾ ਦਰਸ ਦਿਖਾਇਆ । ਏਕਾ ਸਿਖਿਆ ਸਚ ਵੀਚਾਰ, ਏਕਾ ਬੂਝ ਬੁਝਾਇਆ । ਏਕਾ ਲਿਖਿਆ ਧੁਰ ਦਰਬਾਰ, ਏਕਾ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਤ੍ਰੈ ਆਪਣਾ ਨਾਉਂ ਧਰਾਇਆ । ਆਪੇ ਵਿਸ਼ਨੂੰ ਕਰ ਅਕਾਰ, ਆਪਣਾ ਰੂਪ ਵਟਾਇੰਦਾ । ਆਪੇ ਬ੍ਰਹਮਾ ਹੋ ਤਿਆਰ, ਪਾਰਬ੍ਰਹਮ ਪ੍ਰਭ ਆਪਣਾ ਅੰਗ ਕਟਾਇੰਦਾ । ਆਪੇ ਸ਼ੰਕਰ ਕਰੇ ਖ਼ਬਰਦਾਰ, ਆਲਸ ਨਿੰਦਰਾ ਆਪ ਗਵਾਇੰਦਾ । ਆਪੇ ਤਿੰਨਾਂ ਮੀਤ ਮੁਰਾਰ, ਆਪਣਾ ਸੰਗ ਨਿਭਾਇੰਦਾ । ਖੇਲੇ ਖੇਲ ਪੁਰਖ ਕਰਤਾਰ, ਅਗੰਮ ਅਗੋਚਰ ਭੇਵ ਨਾ ਆਇੰਦਾ । ਆਦਿ ਨਿਰੰਜਣ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇੰਦਾ । ਇਕ ਇਕੱਲਾ ਕਰ ਪਸਾਰ, ਏਕਾ ਵੇਖ ਵਖਾਇੰਦਾ । ਨਾ ਕੋਈ ਦੂਜੀ ਦਿਸੇ ਧਾਰ, ਨਾ ਕੋਈ ਕੁਦਰਤ ਰਚਨ ਰਚਾਇੰਦਾ । ਨਾ ਕੋਈ ਤੀਜਾ ਦਰ ਦਰਬਾਰ, ਨਾ ਕੋਈ ਚੌਥਾ ਵਸਾਇੰਦਾ । ਨਾ ਕੋਈ ਪੰਚਮ ਮੀਤ ਮੁਰਾਰ, ਨਾ ਕੋਈ ਛੱਪਰ ਛੰਨ ਸੁਹਾਇੰਦਾ । ਨਾ ਕੋਈ ਸਤਿ ਸਤਿਵਾਦੀ ਹੋ ਉਜਿਆਰ, ਸਾਚਾ ਮਾਰਗ ਲਾਇੰਦਾ । ਅੱਠ ਤੱਤ ਨਾ ਕੋਈ ਅਧਾਰ, ਨੌਂ ਦਰ ਨਾ ਕੋਈ ਖੁਲ੍ਹਾਇੰਦਾ । ਨਾ ਕੋਈ ਮੇਲਾ ਦਸਵੇਂ ਦਰ ਦਰਬਾਰ, ਸੁਰਤ ਸ਼ਬਦ ਨਾ ਕੋਈ ਜਣਾਇੰਦਾ । ਜੋਤ ਨਿਰੰਜਣ ਨਾ ਕੋਈ ਉਜਿਆਰ, ਲੱਖ ਚੁਰਾਸੀ ਨਾ ਵੇਖ ਵਖਾਇੰਦਾ । ਸੰਤ ਸਾਧ ਨਾ ਕੋਈ ਦੁਲਾਰ, ਭਗਤ ਵਛਲ ਨਾ ਕੋਈ ਅਖਵਾਇੰਦਾ । ਨਾ ਕੋਈ ਗੋਪੀ ਕਾਹਨ ਮੀਤ ਮੁਰਾਰ, ਨਾ ਕੋਈ ਬੰਸਰੀ ਜਗਤ ਵਜਾਇੰਦਾ । ਨਾ ਕੋਈ ਸੀਤਾ ਰਾਮ ਕਰੇ ਪਿਆਰ, ਜਨਕ ਸਪੁੱਤ੍ਰੀ ਨਾ ਕੋਈ ਪ੍ਰਨਾਇੰਦਾ । ਨਾ ਕੋਈ ਬਲ ਛਲ ਧਾਰੇ ਭੇਖਾ ਧਾਰ, ਬਲ ਬਾਵਨ ਨਾ ਵੇਸ ਵਟਾਇੰਦਾ । ਧਰੂ ਭਗਤ ਨਾ ਕੋਈ ਸਹਾਰ, ਨਾ ਕੋਈ ਨਾਮਾ ਨਾਮ ਧਿਆਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲ ਧਾਰੀ ਆਪ ਅਖਵਾਇੰਦਾ । ਆਦਿ ਆਦਿ ਹਰਿ ਕਰ ਪਸਾਰ, ਆਪਣੀ ਰਚਨ ਰਚਾਇੰਦਾ । ਨਿਰਗੁਣ ਰੂਪ ਸੱਚੀ ਸਰਕਾਰ, ਸਰਗੁਣ ਵੇਸ ਵਟਾਇੰਦਾ । ਸਰਗੁਣ ਕਰੇ ਇਕ ਅਧਾਰ, ਏਕਾ

੭੬੮
੦੮

ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਪੁਰਖ ਆਪ ਅਖਵਾਇੰਦਾ । ਆਦਿ ਅਨਾਦੀ ਏਕ ਏਕੰਕਾਰ, ਏਕਾ ਏਕ ਅਖਵਾਈਆ । ਆਪੇ ਦੇਵੇ ਆਪਣੀ ਦਾਦੀ, ਆਪਣੀ ਵਸਤ ਆਪੇ ਝੋਲੀ ਪਾਈਆ । ਆਪ ਲਡਾਏ ਆਪਣੀ ਲਾਡੀ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਨਾਉਂ ਧਰਾਈਆ । ਨਿਰਗੁਣ ਸਰਗੁਣ ਭੇਸ ਵਟਾਇਆ, ਆਪਣੀ ਕਲ ਵਰਤਾਇੰਦਾ । ਆਪਣੀ ਗੋਦੀ ਆਪ ਸੁਹਾਇਆ, ਆਪੇ ਖੇਲ ਖਿਲਾਇੰਦਾ । ਸੁੱਤ ਦੁਲਾਰਾ ਏਕਾ ਜਾਇਆ, ਏਕਾ ਘਰ ਵਸਾਇੰਦਾ । ਅੰਮ੍ਰਿਤ ਸਾਚਾ ਜਾਮ ਪਿਆਇਆ, ਭਰ ਪਿਆਲਾ ਆਪ ਪਿਆਇੰਦਾ । ਰੂਪ ਰੰਗ ਨਾ ਕੋਈ ਵਖਾਇਆ, ਆਪ ਆਪਣੇ ਰੰਗ ਰੰਗਾਇੰਦਾ । ਆਪਣਾ ਲੇਖਾ ਆਪ ਜਣਾਇਆ, ਆਪੇ ਭੇਵ ਖੁਲ੍ਹਾਇੰਦਾ । ਆਪਣੀ ਸੇਵਾ ਆਪ ਕਮਾਇਆ, ਆਪ ਆਪਣਾ ਨਾਉਂ ਧਰਾਇੰਦਾ । ਵਿਸ਼ਨੂੰ ਰੂਪ ਬਣ ਕੇ ਆਇਆ, ਦਿਸ ਕਿਸੇ ਨਾ ਆਇੰਦਾ । ਆਪੇ ਦਾਤਾ ਰਿਜ਼ਕ ਸੁਬਾਇਆ, ਦੇਵਣਹਾਰ ਆਪ ਅਖਵਾਇੰਦਾ । ਆਦਿ ਨਿਰੰਜਣ ਜੋਤ ਜਗਾਇਆ, ਜੋਤੀ ਨੂਰ ਡਗਮਗਾਇੰਦਾ । ਆਪਣਾ ਨਾਉਂ ਆਪ ਧਰਾਇਆ, ਆਪੇ ਖੇਲ ਖਲਾਇੰਦਾ । ਆਪਣਾ ਬੀਜ ਆਪੇ ਪਾਇਆ, ਆਪੇ ਫੱਲ ਲਗਾਇੰਦਾ । ਆਪਣਾ ਤਾਲ ਆਪ ਭਰਾਇਆ, ਆਪੇ ਹਰਿ ਸੁਹਾਇੰਦਾ । ਆਪਣਾ ਕਵਲਾ ਆਪ ਉਪਜਾਇਆ, ਆਪੇ ਮੁਖ ਖੁਲ੍ਹਾਇੰਦਾ । ਆਪਣਾ ਰੂਪ ਆਪ ਵਟਾਇਆ, ਆਪੇ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਾ ਰਾਇਆ, ਬ੍ਰਹਮ ਬ੍ਰਹਮ ਸਮਾਇੰਦਾ । ਨਾਭੀ ਫੁੱਟੀ ਬਾਹਿਰ ਆਇਆ, ਏਕਾ ਮੁਖ ਦਰਸਾਇੰਦਾ । ਚਾਰੇ ਮੁਖ ਰਿਹਾ ਖੁਲ੍ਹਾਇਆ, ਅੱਠੇ ਨੇਤਰ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਨਜ਼ਰੀ ਆਇਆ, ਨਿਉਂ ਨਿਉਂ ਸੀਸ ਸੀਸ ਝੁਕਾਇੰਦਾ । ਗਲ ਵਿਚ ਪੱਲੂ ਏਕਾ ਪਾਇਆ, ਸਾਚੀ ਮੰਗ ਮੰਗਾਇੰਦਾ । ਹਰਿ ਹਰਿ ਸਾਚੀ ਦਇਆ ਕਮਾਇਆ, ਦੇ ਮਤ ਸਮਝਾਇੰਦਾ । ਆਪਣੀ ਰਚਨ ਆਪ ਰਚਾਇਆ । ਆਪਣਾ ਲੇਖਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵੇਤਾ ਆਪੇ ਧਰ, ਆਪ ਆਪਣਾ ਸੰਗ ਨਿਭਾਇੰਦਾ । ਬ੍ਰਹਮਾ ਉਪਜਿਆ ਪਾਰਬ੍ਰਹਮ, ਹਰਿ ਹਰਿ ਵੱਡੀ ਵਡਿਆਈਆ । ਦੂਸਰ ਘਰ ਨਾ ਗਿਆ ਜੰਮ, ਮਾਤ ਪਿਤ ਨਾ ਕੋਈ ਅਖਵਾਈਆ । ਨਾ ਕੋਈ ਰਸਨਾ ਜਿਹਵਾ ਲਏ ਦਮ, ਪਵਣ ਸਵਾਸ ਨਾ ਕੋਈ ਜਣਾਈਆ । ਆਲਸ ਤ੍ਰਿਸ਼ਨਾ ਨਾ ਕੋਈ ਤਮ, ਨੈਣ ਨੀਂਦਰ ਨਾ ਕੋਈ ਰਖਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗਮ, ਚਿੰਤਾ ਸੋਗ ਨਾ ਕੋਈ ਰਖਾਈਆ । ਨਾ ਕੋਈ ਹੱਡ ਮਾਸ ਨਾੜੀ ਚੰਮ, ਪੁਰਖ ਅਬਿਨਾਸ਼ੀ ਆਪਣੀ ਰਚਨ ਰਚਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਆਪਣਾ ਰਾਗ ਆਪ ਸੁਣਾਏ ਆਪਣੇ ਕੰਨ, ਸੁਨਣੇਹਾਰ ਆਪ ਹੋ ਜਾਈਆ । ਆਪੇ ਜਨਨੀ ਬਣ ਬਣ ਜਣਿਆ ਜਨ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਿਸ਼ਨੂੰ ਵਿਸ਼ਨ ਅਕਾਰ, ਦੂਜਾ ਬ੍ਰਹਮਾ ਕਰ ਤਿਆਰ, ਤੀਜਾ ਆਪਣਾ ਰੰਗ ਰੰਗਾਈਆ । ਤੀਜਾ ਰੰਗ ਰੰਗ ਕਰਤਾਰਾ, ਆਪਣੀ ਰਚਨ ਰਚਾਇੰਦਾ । ਆਪੇ ਵਸੇ ਧੁੰਧੂਕਾਰਾ, ਆਪੇ ਸੁੰਨ ਸਮਾਧ ਸਮਾਇੰਦਾ । ਆਪੇ ਜੋਤ ਨੂਰ ਕਰ ਉਜਿਆਰਾ, ਆਪੇ ਡਗਮਗਾਇੰਦਾ । ਆਪੇ ਵੇਖਣਹਾਰ ਗਿਰਧਾਰਾ, ਆਪਣਾ ਲੋਚਣ ਆਪ ਖੁਲ੍ਹਾਇੰਦਾ । ਆਪਣਾ ਵਰਤੇ ਆਪ ਵਰਤਾਰਾ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਜੋਤੀ ਦਏ ਸਹਾਰਾ, ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਆਪਣਾ ਸਰੂਪ ਆਪੇ ਰੱਖ,

੭੬੯
੦੮

ਆਪੇ ਜੋਤ ਜਗਾਈਆ । ਆਪੇ ਨਿਰਗੁਣ ਹੋ ਪ੍ਰਤੱਖ, ਆਪੇ ਕਰੇ ਕੁੜਮਾਈਆ । ਖੇਲੇ ਖੇਲ ਅਲੱਖਣਾ ਅਲੱਖ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਭਾਂਡੇ ਕਰੇ ਸਖ, ਆਪੇ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਆਪੇ ਸ਼ੰਕਰ ਭੋਲਾ ਨਾਥ, ਆਪਣੀ ਦਇਆ ਕਮਾਇੰਦਾ । ਆਪੇ ਨਿਰਗੁਣ ਸਰਗੁਣ ਰਲਿਆ ਸਾਥ, ਆਪਣੀ ਦਇਆ ਕਮਾਇੰਦਾ । ਆਪ ਜਣਾਏ ਆਪਣੀ ਗਾਥ, ਆਪਣਾ ਮੰਤਰ ਆਪ ਦ੍ਰਿੜਾਇੰਦਾ । ਆਪ ਨਿਭਾਏ ਸਗਲਾ ਸਾਥ, ਸਗਲਾ ਸੰਗੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਜੋਤੀ ਦੇਵੇ ਵਰ, ਆਪਣਾ ਖੇਲ ਖਲਾਇੰਦਾ । ਆਪਣੀ ਜੋਤੀ ਨੂਰ ਉਜਾਲਾ ਕਰ, ਵਿਸ਼ਨੂੰ ਨਾਉਂ ਧਰਾਇਆ । ਬ੍ਰਹਮਾ ਵੇਤਾ ਆਪੇ ਕਰ, ਪਾਰਬ੍ਰਹਮ ਵਡਿਆਇਆ । ਸ਼ਿਵ ਜੀ ਦੇਵੇ ਆਪਣਾ ਵਰ, ਆਪਣਾ ਸੰਗ ਨਿਭਾਇਆ । ਤਿੰਨਾਂ ਡੋਰੀ ਲਏ ਬੰਨ੍ਹ, ਏਕਾ ਸ਼ਬਦ ਉਠਾਇਆ । ਥਿਰ ਘਰ ਸਾਚੇ ਚੜ੍ਹਿਆ ਚੰਨ, ਪੁਰਖ ਅਬਿਨਾਸ਼ੀ ਆਪ ਚੜ੍ਹਾਇਆ । ਰਵ ਸਸ ਬੇੜਾ ਬੰਨ੍ਹ, ਆਪਣਾ ਨੂਰ ਕਰੇ ਰੁਸ਼ਨਾਈਆ । ਮੰਡਲ ਮੰਡਪ ਤਣਿਆ ਤਾਣ, ਆਪ ਆਪਣਾ ਬੰਧਨ ਪਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਭੇਵ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸਚ ਸੁਨੇਹੜਾ ਸ਼ਬਦ ਸੁਣਾਇਆ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਹਰਿ ਆਪ ਜਣਾਇੰਦਾ । ਵਿਸ਼ਨੂੰ ਸੁਣ ਲਾ ਕਰ ਕਾਨ, ਹਰਿ ਸਾਚਾ ਆਪ ਸੁਣਾਇੰਦਾ । ਬ੍ਰਹਮਾ ਵੇਤਾ ਕਰ ਧਿਆਨ, ਭਰਮ ਭੁਲੇਖਾ ਦੂਰ ਕਰਾਇੰਦਾ । ਸ਼ੰਕਰ ਤੇਰਾ ਰੱਖੇ ਮਾਣ, ਤੇਰਾ ਦਰ ਸੁਹਾਇੰਦਾ । ਤਿੰਨਾਂ ਵਿਚੋਲਾ ਆਪ ਭਗਵਾਨ, ਦੂਸਰ ਸੰਗ ਨਾ ਕੋਈ ਨਿਭਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਈ ਵਖਾਇੰਦਾ । ਪਾਰਬ੍ਰਹਮ ਪੁਰਖ ਖੇਲ ਮਹਾਨ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ ਨਰ ਨਰੇਸ਼ ਇਕੋ ਹੁਕਮ ਸੁਣਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਧੁਰ ਫ਼ਰਮਾਣ ਇਕ ਸੁਣਾਈਆ । ਵਿਸ਼ਨੂੰ ਵੇਤਾ ਖ਼ਬਰਦਾਰ, ਪ੍ਰਭ ਸਾਚਾ ਆਪ ਕਰਾਈਆ । ਬ੍ਰਹਮਾ ਵੇਤਾ ਹੋ ਤਿਆਰ, ਤੇਰੀ ਸੇਵਾ ਰਿਹਾ ਲਗਾਈਆ । ਸ਼ੰਕਰ ਉਠ ਉਠ ਬਲ ਧਾਰ, ਹਰਿ ਸਾਚਾ ਰਿਹਾ ਉਠਾਈਆ । ਤਿੰਨਾਂ ਹੋਇਆ ਮੀਤ ਮੁਰਾਰ, ਸੱਜਣ ਸੁਹੇਲਾ ਆਪ ਅਖਵਾਈਆ । ਗਾਏ ਗੀਤ ਸੁਹਾਗੀ ਸਾਚੀ ਧਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਆਪਣੀ ਅੰਸ ਕਰ ਤਿਆਰ, ਸੋਹੰ ਰੂਪ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਦਰ ਦੁਵਾਰਾ ਆਪ ਸੁਹਾਈਆ । ਵਿਸ਼ਨੂੰ ਉਠ ਉਠ ਬਲ ਧਾਰ, ਹਰਿ ਸਾਚੀ ਦਇਆ ਕਮਾਈਆ । ਬ੍ਰਹਮਾ ਵੇਤਾ ਬਣ ਭਿਖਾਰ, ਸਾਚੀ ਸਿਖਿਆ ਇਕ ਸਮਝਾਈਆ । ਸ਼ਿਵ ਸ਼ੰਕਰ ਰਹਿਣਾ ਮੀਤ ਮੁਰਾਰ, ਚਰਨ ਪ੍ਰੀਤੀ ਇਕ ਦਰਸਾਈਆ । ਆਪੇ ਤਿੰਨਾਂ ਵਸਿਆ ਬਾਹਿਰ, ਆਪੇ ਤਿੰਨਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਆਪ ਰਚਾਈਆ । ਬ੍ਰਹਮਾ ਉਠਿਆ ਨੌਜਵਾਨ, ਘਰ ਸਾਚੇ ਲਏ ਅੰਗੜਾਈਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨ, ਦਰ ਸਾਚਾ ਵੇਖ ਵਖਾਈਆ । ਏਕਾ ਮੰਗੇ ਸਾਚਾ ਦਾਨ, ਦੇਵਣਹਾਰ ਬੇਪਰਵਾਹੀਆ । ਤੇਰਾ ਮੇਰਾ ਰੂਪ ਮਹਾਨ, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵੰਡਣ ਵੰਡ ਵੰਡਾਈਆ । ਸਾਚੀ ਵੰਡ ਹਰਿ ਨਿਰੰਕਾਰ, ਘਰ ਸਾਚੇ ਆਪ ਵੰਡਾਇੰਦਾ । ਵਿਸ਼ਨੂੰ ਕਰੇ ਇਕ ਪਿਆਰ,

ਸਾਂਤਕ ਸਤਿ ਵਰਤਾਇੰਦਾ । ਬ੍ਰਹਮਾ ਵੇਤਾ ਦਏ ਅਧਾਰ, ਰਾਜਸ ਰਾਜ ਕਮਾਇੰਦਾ । ਸ਼ੰਕਰ ਮੇਲਾ ਅਪਰ ਅਪਾਰ, ਤਾਮਸ ਤ੍ਰਿਖਾ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤਿੰਨਾਂ ਦੇਵੇ ਵਰ, ਏਕਾ ਏਕ ਝੋਲੀ ਪਾਇੰਦਾ । ਵਿਸ਼ਨੂੰ ਮੇਲਾ ਸਾਂਤਕ ਸਤਿ ਦਰ, ਸਤਿ ਸਤਿ ਸਮਾਈਆ । ਬ੍ਰਹਮਾ ਰਾਜਸ ਏਕਾ ਘਰ, ਆਪਣਾ ਰਾਜ ਕਮਾਈਆ । ਸ਼ੰਕਰ ਤਾਮਸ ਲਾਇਆ ਲੜ, ਆਪਣੀ ਤ੍ਰਿਸ਼ਨਾ ਵਧਾਈਆ । ਪੁਰਖ ਅਬਿਨਾਸ਼ੀ ਖੇਲ ਕਰ, ਅਚਰਜ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਆਪਣਾ ਭੇਵ ਖੁਲ੍ਹਾਈਆ । ਸਾਚੀ ਵਸਤ ਹਰਿ ਨਿਰੰਕਾਰ, ਤ੍ਰੈ ਤ੍ਰੈ ਵੰਡ ਵੰਡਾਇਆ । ਰਾਜਸ ਤਾਮਸ ਸਾਂਤਕ ਕਰ ਪਿਆਰ, ਏਕਾ ਦਰ ਵਖਾਇਆ । ਆਪੇ ਖਿਚੇ ਚਰਨ ਦੁਵਾਰ, ਆਪ ਆਪਣਾ ਮੇਲ ਮਿਲਾਇਆ । ਆਪੇ ਬਣੇ ਹਰਿ ਵਰਤਾਰ, ਆਪਣਾ ਭੰਡਾਰਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮੇਲਾ ਏਕਾ ਦਰ, ਏਕਾ ਦਰ ਸੁਹਾਇਆ । ਵਿਸ਼ਨੂੰ ਸੇਵ ਸਚ ਕਮੌਣੀ, ਹਰਿ ਸਾਚਾ ਸਚ ਸੁਣਾਈਆ । ਬ੍ਰਹਮਾ ਵੇਤਾ ਏਹ ਸਮਝੌਣੀ, ਲੱਖ ਚੁਰਾਸੀ ਬਣਤ ਬਣਾਈਆ । ਸ਼ਿਵ ਸ਼ੰਕਰ ਤੇਰੀ ਚੋਟ ਲਗੌਣੀ, ਜੋ ਘੜਿਆ ਸੋ ਭੰਨ ਵਖਾਈਆ । ਤ੍ਰੈਗੁਣ ਮਾਇਆ ਤੇਰੀ ਵਸਤ ਪੁਰਖ ਅਬਿਨਾਸ਼ੀ ਬ੍ਰਹਮਾ ਝੋਲੀ ਪੌਣੀ, ਆਪਣੀ ਭਿਛਿਆ ਕਰ ਕਰ ਇਛਿਆ, ਆਪੇ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਦਿਤਾ ਸਾਚਾ ਵਰ, ਘਰ ਸਾਚਾ ਆਪ ਸੁਹਾਈਆ । ਤ੍ਰੈਗੁਣ ਬ੍ਰਹਮਾ ਵੇਤਾ ਵਰਿਆ, ਤ੍ਰੈ ਤ੍ਰੈ ਵੇਸ ਵਟਾਇਆ । ਪੁਰਖ ਅਬਿਨਾਸ਼ੀ ਅੱਗੇ ਖੜਿਆ, ਆਪਣਾ ਹੁਕਮ ਸੁਣਾਇਆ । ਪੰਜ ਤੱਤ ਅਕਾਰਾ ਸਚ ਧੜਿਆ, ਨਿਰਗੁਣ ਸਰਗੁਣ ਵੇਖ ਵਖਾਇਆ । ਘਟ ਘਟ ਅੰਦਰ ਆਪੇ ਵੜਿਆ, ਆਪ ਆਪਣਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇਆ । ਬ੍ਰਹਮਾ ਵੇਤਾ ਬਾਲ ਨਿਧਾਨ, ਦੋਏ ਜੋੜ ਕਰੇ ਨਿਮਸਕਾਰਿਆ । ਹਰਿ ਜੂ ਤੇਰਾ ਧੁਰ ਫ਼ਰਮਾਣ, ਮੰਨੇ ਵਿਚ ਸੰਸਾਰਿਆ । ਲੱਖ ਚੁਰਾਸੀ ਜੀਵ ਜੰਤ ਜਹਾਨ, ਆਪ ਕਰੇ ਉਜਿਆਰਿਆ । ਤੇਰਾ ਰੂਪ ਹੋਏ ਪ੍ਰਧਾਨ, ਦੇਵੇ ਸਰਬ ਸਹਾਰਿਆ । ਨਿਰਗੁਣ ਜੋਤ ਜਗੇ ਮਹਾਨ, ਏਕਾ ਹੋਏ ਉਜਿਆਰਿਆ । ਤੇਰਾ ਸ਼ਬਦ ਸੱਚੀ ਧੁਨਕਾਨ, ਤੇਰਾ ਰਾਗ ਸੁਣਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਨ, ਤੇਰਾ ਹੁਕਮ ਵਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪ ਅਖਵਾ ਰਿਹਾ । ਬ੍ਰਹਮਾ ਵੇਤਾ ਵਡ ਬਲਵਾਨ, ਦਰ ਅੱਗੇ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਏਕਾ ਬਖ਼ਸ਼ੇ ਨਾਮ ਨਿਧਾਨ, ਨਾਮ ਨਾਮਾ ਝੋਲੀ ਪਾਇੰਦਾ । ਆਦਿ ਜੁਗਾਦੀ ਧੁਰ ਫ਼ਰਮਾਣ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇੰਦਾ । ਬ੍ਰਹਮਾ ਵੇਤਾ ਪੂਤ ਸਪੂਤਾ, ਸਾਚੇ ਘਰ ਸੁਹਾਇਆ । ਵੇਖਣਹਾਰਾ ਚਾਰੇ ਕੂਟਾ, ਦਹਿ ਦਿਸ਼ਾ ਫੇਰਾ ਪਾਇਆ । ਲੱਖ ਚੁਰਾਸੀ ਲਾਇਆ ਬੂਟਾ, ਆਪਣਾ ਬਾਗ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੁਕਮ ਚਲਾਇਆ । ਲੱਖ ਚੁਰਾਸੀ ਬਣਤ ਬਣਾ, ਸਾਚੀ ਰਚਨ ਰਚਾਈਆ । ਘਟ ਘਟ ਬੈਠਾ ਗਣਤ ਗਣਾ, ਲੇਖਾ ਰਿਹਾ ਸਮਝਾਈਆ । ਜੀਵ ਜੰਤ ਆਪ ਸਮਝਾ, ਮਨ ਮਤ ਬੁੱਧ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਦਿਤਾ ਵਰ, ਬ੍ਰਹਮਾ ਵੇਸ ਸਾਚੇ ਘਰ, ਵਰਭੰਡੀ ਖੇਲ ਖਿਲਾਈਆ । ਤ੍ਰੈਗੁਣ ਮਾਇਆ ਹੋ

ਪ੍ਰਧਾਨ, ਲੋਕਮਾਤ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਵੇਖ ਮਾਰ ਧਿਆਨ, ਥਿਰ ਘਰ ਬੈਠਾ ਬੇਪਰਵਾਹੀਆ । ਕਵਣ ਸੋ ਵੇਲਾ ਤੇਰਾ ਹੋਏ ਧਿਆਨ, ਤੇਰੀ ਰਚਨਾ ਤੇਰੇ ਵਿਚ ਸਮਾਈਆ । ਮੇਰੀ ਅੰਤ ਕਰੇ ਕੌਣ ਕਲਿਆਣ, ਕਵਣ ਲੇਖਾ ਦਏ ਚੁਕਾਈਆ । ਤ੍ਰੈਗੁਣ ਮੇਟੇ ਕਵਣ ਨਿਸ਼ਾਨ, ਕਵਣ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਲੇਖਾ ਰਿਹਾ ਸਮਝਾਈਆ । ਬ੍ਰਹਮਾ ਵੇਤਾ ਆਸ ਰੱਖ, ਹਰਿ ਸਾਚਾ ਸਚ ਸਮਝਾਇੰਦਾ । ਨੌ ਨੌ ਚਾਰ ਹੋਏ ਪ੍ਰਤੱਖ, ਪਾਰਬ੍ਰਹਮ ਰੂਪ ਵਟਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਸਖ, ਲੋਕਮਾਤ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਪਾਏ ਭੱਠ, ਆਪਣੇ ਤੱਤ ਜਲਾਇੰਦਾ । ਜੋਤ ਸਰੂਪ ਹੋਏ ਪ੍ਰਗਟ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਨੂਰ ਲਟ ਲਟ, ਪੁਰਖ ਅਕਾਲ ਡਗਮਗਾਇੰਦਾ । ਚੌਦਾਂ ਲੋਕਾਂ ਮੇਟੇ ਹੱਟ, ਆਪਣੀ ਖੇਲ ਖਲਾਇੰਦਾ । ਆਪੇ ਜਾਣੇ ਵਾਰ ਥਿਤ, ਭੇਵ ਕੋਈ ਨਾ ਪਾਇੰਦਾ । ਲੱਖ ਚੁਰਾਸੀ ਆਪੇ ਲਏ ਜਿਤ, ਆਪਣਾ ਹਿੱਤ ਚੁਕਾਇੰਦਾ । ਖੇਲੇ ਖੇਲ ਨਿਤ ਨਵਿਤ, ਖੇਲਣਹਾਰ ਆਪ ਅਖਵਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤੇਰਾ ਪਿਤ, ਪਾਰਬ੍ਰਹਮ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਚੁਕਾਇੰਦਾ । ਤ੍ਰੈਗੁਣ ਮਾਇਆ ਲੇਖ ਚੁਕੌਣਾ, ਨੌ ਨੌ ਚਾਰ ਵੱਜੀ ਵਧਾਈਆ । ਸ਼ਿਵ ਸ਼ੰਕਰ ਲੇਖਾ ਅੰਤ ਮੁਕੌਣਾ, ਪ੍ਰਭ ਸਾਚਾ ਲੇਖ ਚੁਕਾਈਆ । ਬ੍ਰਹਮਾ ਜੋਤੀ ਜੋਤ ਮਿਲੌਣਾ, ਥਿਰ ਕੋਇ ਰਹਿਣ ਨਾ ਪਾਈਆ । ਵਿਸ਼ਨੂੰ ਰੂਪ ਆਪ ਵਟੌਣਾ, ਭਗਵਾਨ ਜੋਤੀ ਨੂਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤੇਰਾ ਤੱਤ ਨਿਭੌਣਾ, ਤੱਤਵ ਤੱਤ ਨਾ ਕੋਈ ਦਿਸਾਈਆ । ਸਾਚੀ ਰੁੱਤ ਇਕ ਸੁਹੌਣਾ, ਕਲਜੁਗ ਅੰਤਮ ਵੇਖ ਵਖਾਈਆ । ਇਕੀ ਜੇਠ ਵਡ ਵਡਿਔਣਾ, ਵੀਹ ਸਦ ਬੀਸ ਕਰੇ ਕੁੜਮਾਈਆ । ਨਾਥੇ ਵਾਲੀ ਧਾਮ ਸੁਹੌਣਾ, ਧਰਤ ਧਵਲ ਰੁਸ਼ਨਾਈਆ । ਗੋਬਿੰਦ ਤੇਰਾ ਲੇਖ ਚੁਕੌਣਾ, ਪ੍ਰਭ ਸਾਚਾ ਪੂਰ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕੋਈ ਭੇਵ ਨਾ ਪੌਣਾ, ਵੇਦ ਕਤੇਬ ਨਾ ਕੋਈ ਸੁਣਾਈਆ । ਸ਼ਾਸਤਰ ਸਿਮਰਤ ਨਾ ਕਿਸੇ ਗੌਣਾ, ਅੰਜੀਲ ਕੁਰਾਨ ਨਾ ਕੋਈ ਪੜ੍ਹਾਈਆ । ਨਿਰਗੁਣ ਰੂਪ ਤੇਰਾ ਨਾਉਂ ਨਿਰਗੁਣ ਸਰਗੁਣ ਹਰਿ ਹਰਿ ਗੌਣਾ, ਹੰ ਬ੍ਰਹਮ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਹਰ ਘਟ ਨਜ਼ਰੀ ਔਣਾ, ਜੋਤੀ ਨੂਰ ਨੂਰ ਰੁਸ਼ਨਾਈਆ । ਗੁਰਮੁਖ ਵਿਰਲੇ ਦਰਸ਼ਨ ਪੌਣਾ, ਜਿਸ ਜਨ ਆਪਣਾ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਖੰਡ ਪ੍ਰਿਥਮੀ ਰਸਨਾ ਗੌਣਾ, ਘਰ ਘਰ ਵੱਜੇ ਵਧਾਈਆ ।

### ੬ ਸਾਵਣ ੨੦੧੬ ਬਿਕ੍ਰਮੀ ਮਹਿੰਦਰ ਸਿੰਘ ਦੇ ਘਰ ਪਿੰਡ ਨਾਥੇ ਵਾਲ ਜ਼ਿਲਾ ਫ਼ਿਰੋਜ਼ਪੁਰ

ਤ੍ਰੈਗੁਣ ਵਸਤ ਅਨਮੋਲ, ਹਰਿ ਆਪਣੀ ਆਪ ਉਪਜਾਈਆ । ਤ੍ਰੈਗੁਣ ਤੋਲੇ ਆਪਣੇ ਤੋਲ, ਏਕਾ ਤੋਲ ਵਖਾਈਆ । ਤ੍ਰੈਗੁਣ ਤੱਤ ਰਿਹਾ ਵਿਰੋਲ, ਆਪ ਆਪਣੀ ਖੇਲ ਖਿਲਾਈਆ । ਤ੍ਰੈਗੁਣ ਰੱਖੇ ਆਪ ਅਡੋਲ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਆਪੇ ਜਾਏ ਮੌਲ, ਆਪਣਾ ਮੇਲ ਮਿਲਾਈਆ । ਤ੍ਰੈਗੁਣ ਰੂਪ ਰਹੇ ਅਨਭੋਲ, ਅਨਭਵ ਪ੍ਰਕਾਸ਼ ਕਰਾਈਆ । ਤ੍ਰੈਗੁਣ ਪੂਰਾ ਕਰੇ ਕੌਲ, ਸਗਲਾ ਸੰਗ ਨਿਭਾਈਆ । ਤ੍ਰੈਗੁਣ ਵੇਖੇ ਘੋਲ, ਕਰੇ ਸਚ ਲੜਾਈਆ । ਤ੍ਰੈਗੁਣ ਪ੍ਰਗਟੇ ਉਪਰ ਧਵਲ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਏਕਾ ਸ਼ਬਦ ਜਣਾਈਆ । ਤ੍ਰੈਗੁਣ ਦਾਤਾ ਹਰਿ ਨਿਰੰਕਾਰ, ਤ੍ਰੈਗੁਣ ਅੰਗ ਲਗਾਇੰਦਾ । ਤ੍ਰੈਗੁਣ ਮਾਤ ਪਿਤ ਪੁਰਖ ਕਰਤਾਰ, ਤ੍ਰੈਗੁਣ ਪੂਤ ਸਪੂਤ ਉਪਾਇੰਦਾ । ਤ੍ਰੈਗੁਣ ਦਾਤਾ ਭਰੇ ਭੰਡਾਰ, ਆਪ ਆਪਣੀ ਦਇਆ ਕਮਾਇੰਦਾ । ਤ੍ਰੈਗੁਣ ਜਾਤਾ ਵੇਸ ਕਰਤਾਰ, ਰੂਪ ਰੰਗ ਨਾ ਕੋਈ ਵਖਾਇੰਦਾ । ਤ੍ਰੈਗੁਣ ਨਾਤਾ ਪਾਵੇ ਸਾਰ, ਇਕ ਇਕੱਲਾ ਖੇਲ ਖਲਾਇੰਦਾ । ਤ੍ਰੈਗੁਣ ਗਾਥਾ ਬੰਨ੍ਹੇ ਧਾਰ, ਤ੍ਰੈ ਤ੍ਰੈ ਨਾਮ ਉਪਜਾਇੰਦਾ । ਰਾਜਸ ਤਾਮਸ ਸਾਂਤਕ ਦਏ ਅਧਾਰ, ਵਿਸ਼ਨੂੰ ਬ੍ਰਹਮਾ ਸ਼ਿਵ ਮੇਲ ਮਿਲਾਇੰਦਾ । ਆਦਿ ਜੁਗਾਦਾ ਪਾਵੇ ਸਾਰ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਸੁਹਾਏ ਆਪਣੀ ਰੁੱਤ, ਕਰੇ ਕਰਾਏ ਆਪ ਉਤਪਤ, ਆਪੇ ਵੇਖ ਵਖਾਇੰਦਾ । ਤ੍ਰੈਗੁਣ ਵੰਡ ਹਰਿ ਬ੍ਰਹਿਮੰਡ, ਆਪਣੀ ਆਪ ਕਰਾਇੰਦਾ । ਤ੍ਰੈਗੁਣ ਪੱਲੇ ਬੰਨ੍ਹੇ ਗੰਢ, ਤ੍ਰੈਗੁਣ ਹੱਟ ਵਿਕਾਇੰਦਾ । ਤ੍ਰੈਗੁਣ ਮੇਲਾ ਜੇਰਜ ਅੰਡ, ਤ੍ਰੈਗੁਣ ਉਤਭੁਜ ਸੇਹਤਜ ਸੰਗ ਨਿਭਾਇੰਦਾ । ਤ੍ਰੈਗੁਣ ਵਿਚ ਵਰਭੰਡ, ਵਰਭੰਡੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਤ੍ਰੈਗੁਣ ਦਿਵਸ ਤ੍ਰੈਗੁਣ ਰਾਤ, ਤ੍ਰੈਗੁਣ ਰੂਪ ਵਟਾਈਆ । ਤ੍ਰੈਗੁਣ ਸੰਧਿਆ ਤ੍ਰੈਗੁਣ ਪ੍ਰਭਾਤ, ਤ੍ਰੈਗੁਣ ਆਪਣਾ ਖੇਲ ਖਲਾਈਆ । ਤ੍ਰੈਗੁਣ ਰਵ ਸਸ ਕਰੇ ਪ੍ਰਕਾਸ਼, ਤ੍ਰੈਗੁਣ ਮੰਡਲ ਮੰਡਪ ਫੇਰਾ ਪਾਈਆ । ਤ੍ਰੈਗੁਣ ਪਾਏ ਸਾਚੀ ਰਾਸ, ਤ੍ਰੈਗੁਣ ਆਪੇ ਵੇਖ ਵਖਾਈਆ । ਤ੍ਰੈਗੁਣ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਆਪ ਉਪਜਾਈਆ । ਤ੍ਰੈਗੁਣ ਤ੍ਰੈਗੁਣ ਨਿਵਾਸ, ਤ੍ਰੈਗੁਣ ਭੇਵ ਅਭੇਦ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਅਤੀਤਾ ਪਤਿਤ ਪੁਨੀਤਾ, ਏਕਾ ਏਕ ਅਖਵਾਈਆ । ਤ੍ਰੈਗੁਣ ਅੰਗ ਤ੍ਰੈਗੁਣ ਸੰਗ, ਤ੍ਰੈਗੁਣ ਮੇਲ ਮਿਲੰਨਿਆ । ਤ੍ਰੈਗੁਣ ਸੇਜਾ ਤ੍ਰੈਗੁਣ ਪਲੰਘ, ਤ੍ਰੈਗੁਣ ਆਪ ਵਿਛੰਨਿਆ । ਤ੍ਰੈਗੁਣ ਮੰਗੇ ਸਾਚੀ ਮੰਗ, ਤ੍ਰੈਗੁਣ ਆਪਣਾ ਦਰ ਖੁਲੰਨਿਆ । ਤ੍ਰੈਗੁਣ ਵਜਾਏ ਇਕ ਮਰਦੰਗ, ਤ੍ਰੈਗੁਣ ਆਪਣੇ ਹੱਥ ਰਖੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਤ੍ਰੈ ਆਪਣਾ ਖੇਲ ਖਲੰਨਿਆ । ਤ੍ਰੈਗੁਣ ਮੀਤਾ ਇਕ ਅਤੀਤਾ, ਤ੍ਰੈ ਤ੍ਰੈ ਅੰਗ ਸਮਾਈਆ । ਤ੍ਰੈਗੁਣ ਠਾਂਡਾ ਤ੍ਰੈਗੁਣ ਸੀਤਾ, ਤ੍ਰੈਗੁਣ ਅਗਨੀ ਤੱਤ ਬਣਾਈਆ । ਤ੍ਰੈਗੁਣ ਹਸਤ ਤ੍ਰੈਗੁਣ ਕੀਟਾ, ਤ੍ਰੈਗੁਣ ਸ਼ਾਹ ਸੁਲਤਾਨ ਉਪਜਾਈਆ । ਤ੍ਰੈਗੁਣ ਖੇਲ ਖੇਲ ਅਨਡੀਠਾ, ਪ੍ਰਭ ਸਾਚਾ ਆਪ ਖਿਲਾਈਆ । ਤ੍ਰੈਗੁਣ ਫਲ ਕੌੜਾ ਰੀਠਾ, ਤ੍ਰੈਗੁਣ ਮਿੱਠਾ ਰਸ ਆਪ ਖੁਵਾਈਆ । ਤ੍ਰੈਗੁਣ ਜਾਣੇ ਆਪਣਾ ਕੀਤਾ, ਆਪਣੀ ਕਰਨੀ ਆਪ ਕਰਾਈਆ । ਤ੍ਰੈਗੁਣ ਵੇਖੇ ਸਾਚੀ ਰੀਤਾ, ਚਾਲ ਅਵੱਲੜੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵਸਤ ਦੇਵੇ ਦਸਤ ਪਾਰਬ੍ਰਹਮ ਵੱਡੀ ਵਡਿਆਈਆ । ਸਾਚੀ ਵਸਤ ਹਰਿ ਧਰਾ, ਪਾਰਬ੍ਰਹਮ ਸਮਝਾਇੰਦਾ । ਆਪਣਾ ਲੜ ਆਪ ਫੜਾ, ਆਪੇ ਰਾਹ ਵਖਾਇੰਦਾ । ਆਪਣੀ ਬਣਤ ਆਪ ਬਣਾ, ਦੇ ਮਤ ਆਪ ਸਮਝਾਇੰਦਾ । ਆਪਣੀ ਗਣਤ ਆਪ ਗਣਾ, ਲੇਖਾ ਗਣਤ ਆਪ ਰਖਾਇੰਦਾ । ਆਦਿ ਅੰਤ ਆਪ ਅਖਵਾ, ਆਪਣੀ ਕਲ ਵਰਤਾਇੰਦਾ । ਲੱਖ ਚੁਰਾਸੀ ਰਚਨ ਰਚਾ, ਤ੍ਰੈਗੁਣ ਮੇਲ ਮਿਲਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਘਰ ਸਾਚਾ ਆਪ ਸੁਹਾਇੰਦਾ । ਏਕਾ ਤੱਤਵ ਤੱਤ ਰਖਾ, ਏਕਾ ਬ੍ਰਹਮ ਦ੍ਰਿੜਾਇੰਦਾ । ਏਕਾ ਅਗਨੀ ਅੰਦਰ ਪਾ, ਏਕਾ ਹਵਨ ਕਰਾਇੰਦਾ । ਏਕਾ ਤਾਲ ਦਏ ਭਰਾ, ਅੰਮ੍ਰਿਤ ਜਲ ਵਹਾਇੰਦਾ । ਏਕਾ ਹਵਾ ਰਿਹਾ ਚਲਾ, ਪਵਣੀ ਪਵਣ ਸਮਾਇੰਦਾ । ਏਕਾ ਅਕਾਸ਼ ਰਿਹਾ ਵਖਾ, ਏਕਾ ਧਰਤ ਟਿਕਾਇੰਦਾ । ਆਪੇ ਅੰਦਰ ਡੇਰਾ ਲਾ, ਆਪਣਾ ਮੁਖ ਛੁਪਾਇੰਦਾ । ਆਪਣਾ

੭੭੩
ot

ਰਾਗ ਆਪ ਅਲ੍ਹਾ, ਆਪੇ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤੇਰੀ ਤੱਤ ਦਿਵਾਰ, ਪੁਰਖ ਅਬਿਨਾਸ਼ੀ ਖੇਲ ਅਪਾਰ, ਨਿਰਗੁਣ ਵਸੇ ਅੱਧਵਿਚਕਾਰ, ਆਪ ਆਪਣਾ ਆਸਣ ਲਾਇੰਦਾ । ਤ੍ਰੈਗੁਣ ਤੇਰਾ ਮਹੱਲ ਅਪਾਰਾ, ਹਰਿ ਹਰਿ ਆਪ ਉਪਾਇੰਦਾ । ਲੋਆਂ ਪੁਰੀਆਂ ਇਕ ਸਹਾਰਾ, ਬ੍ਰਹਿਮੰਡ ਖੰਡ ਰਚਨ ਰਚਾਇੰਦਾ । ਲੱਖ ਚੁਰਾਸੀ ਤਨ ਮੁਨਾਰਾ, ਪੰਜ ਤੱਤ ਜੋੜ ਜੁੜਾਇੰਦਾ । ਅੰਦਰ ਮੰਦਰ ਗੁਪਤ ਜ਼ਾਹਿਰਾ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਮਲ ਬਾਤੀ ਕਰ ਉਜਿਆਰਾ, ਕਮਲਾਪਾਤੀ ਖੇਲ ਖਿਲਾਇੰਦਾ । ਸਾਚਾ ਸਾਕੀ ਬਣ ਵਣਜਾਰਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਤ੍ਰੈਗੁਣ ਤੱਤ ਭਰ ਭੰਡਾਰਾ, ਬ੍ਰਹਮ ਮਤ ਇਕ ਸਮਝਾਇੰਦਾ । ਰੱਤੀ ਰੱਤ ਨਾ ਕੋਈ ਸਹਾਰਾ, ਰਕਤ ਬੂੰਦ ਨਾ ਕੋਈ ਵਖਾਇੰਦਾ । ਸ਼ਬਦ ਅਗੰਮੀ ਸਚ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਸਚ ਸਿੰਘਾਸਣ ਆਸਣ ਭਾਰਾ, ਪੁਰਖ ਅਬਿਨਾਸ਼ਣ ਡੇਰਾ ਲਾਇੰਦਾ । ਥਿਰ ਘਰ ਸੋਹੇ ਬੰਕ ਦੁਵਾਰਾ, ਸਚਖੰਡ ਨਾਉਂ ਧਰਾਇੰਦਾ । ਪੁਰਖ ਅਗੰਮ ਅਗੰਮੜੀ ਕਾਰਾ, ਆਪਣੀ ਕਾਰ ਕਮਾਇੰਦਾ । ਅਲੱਖ ਅਗੋਚਰ ਭੇਵ ਨਿਆਰਾ, ਭੇਵ ਕੋਈ ਨਾ ਪਾਇੰਦਾ । ਸਤਿ ਪੁਰਖ ਨਿਰੰਜਣ ਏਕ ਏਕੰਕਾਰਾ, ਆਪਣੀ ਕਲ ਵਰਤਾਇੰਦਾ । ਆਪੇ ਵਸੇ ਧਾਮ ਨਿਆਰਾ, ਉਚ ਮਹੱਲ ਅਟੱਲ ਅਗੰਮ ਅਥਾਹ ਬੇਪਰਵਾਹ ਆਪ ਆਪਣਾ ਆਸਣ ਲਾਇੰਦਾ । ਸਿਫ਼ਤ ਸਿਫ਼ਤੀ ਸਿਫ਼ਤ ਸਲਾਹ, ਆਪ ਆਪਣਾ ਨਾਮ ਚਲਾਇੰਦਾ । ਤ੍ਰੈਗੁਣ ਬਣੇ ਆਪ ਮਲਾਹ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਕਰ ਪਸਾਰਾ, ਤ੍ਰੈਗੁਣ ਤੇਰੀ ਬੰਨ੍ਹੇ ਧਾਰਾ, ਬ੍ਰਹਮਾ ਵਿਸ਼ਨ ਸ਼ਿਵ ਕਰੇ ਲੇਖਾ ਲੇਖ ਨਾ ਕੋਈ ਜਣਾਇੰਦਾ । ਬ੍ਰਹਮਾ ਵੇਤਾ ਰਿਹਾ ਪੁਕਾਰ, ਹਰਿ ਕਾ ਭੇਵ ਨਾ ਕੋਈ ਪਾਇੰਦਾ । ਤ੍ਰੈਗੁਣ ਮਾਇਆ ਸਚ ਪਿਆਰ, ਸਾਚਾ ਸੰਗ ਨਿਭਾਇੰਦਾ । ਸ਼ਬਦੀ ਦੇਵੇ ਸ਼ਬਦ ਧੁਨਕਾਰ, ਆਪਣਾ ਹੁਕਮ ਸੁਣਾਇੰਦਾ । ਲੇਖਾ ਜਾਣੇ ਧੁਰ ਫ਼ਰਮਾਣ, ਭੇਵ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾਇੰਦਾ । ਬ੍ਰਹਮਾ ਵੇਤਾ ਉਠ ਨਿਧਾਨ, ਹਰਿ ਸਾਚਾ ਆਪ ਜਗਾਈਆ । ਦੇਵਣਹਾਰਾ ਧੁਰ ਫ਼ਰਮਾਣ, ਥਿਰ ਘਰ ਬੈਠਾ ਬੇਪਰਵਾਹੀਆ । ਲੇਖਾ ਲਿਖਾਏ ਆਪ ਮਹਾਨ, ਲਿਖਣਹਾਰਾ ਆਪ ਅਖਵਾਈਆ । ਤੇਰੀ ਸੇਵਾ ਕਰ ਪਰਵਾਨ, ਤੇਰੀ ਝੋਲੀ ਪਾਈਆ । ਮੇਰਾ ਮੰਤਰ ਤੇਰਾ ਗਿਆਨ, ਆਤਮ ਬ੍ਰਹਮ ਜਣਾਈਆ । ਏਕਾ ਨੂਰ ਸ੍ਰੀ ਭਗਵਾਨ, ਦਿਵਸ ਰੈਣ ਡਗਮਗਾਈਆ । ਸ਼ਬਦ ਅਨਾਦੀ ਮਾਰੇ ਬਾਣ, ਆਪ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦੇਵੇ ਏਕਾ ਵਰ, ਏਕਾ ਸਿਖ ਸਮਝਾਈਆ । ਬ੍ਰਹਮੇ ਵਰ ਘਰ ਸਾਚਾ ਪੌਣਾ, ਹਰਿ ਹਰਿ ਸ਼ਬਦ ਅਲਾਇੰਦਾ । ਹਰਿ ਕਾ ਭੇਵ ਭੇਵ ਖੁਲ੍ਹੌਣਾ, ਹਰਿ ਸਾਚਾ ਭੇਵ ਖੁਲ੍ਹਾਇੰਦਾ । ਲੋਕਮਾਤ ਦੀ ਬਣਤ ਬਣੌਣਾ, ਲੱਖ ਚੁਰਾਸੀ ਵੇਸ ਵਟਾਇੰਦਾ । ਤੇਰਾ ਨਾਮ ਨਾਮ ਪ੍ਰਗਟੌਣਾ, ਤੇਰੀ ਕਿਰਿਆ ਕਰਮ ਕਮਾਇੰਦਾ । ਤੇਰਾ ਲੇਖਾ ਲੇਖ ਲਿਖੌਣਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਚਾਰੇ ਜੁਗਾਂ ਮਾਰਗ ਲੌਣਾ, ਜੁਗ ਜੁਗ ਪੰਧ ਮੁਕਾਇੰਦਾ । ਆਪਣਾ ਲੇਖਾ ਆਪਣੇ ਹੱਥ ਰਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਇੰਦਾ । ਸਾਚੀ ਸਿਖਿਆ ਸਿਖ ਮਤ, ਹਰਿ ਸਾਚਾ ਆਪ ਸਮਝਾਇੰਦਾ । ਏਕਾ ਰੂਪ ਬ੍ਰਹਮ ਤੱਤ, ਪਾਰਬ੍ਰਹਮ ਦਰਸਾਇੰਦਾ । ਆਪਣੀ ਰੰਗੇ ਸਾਚੀ ਰੱਤ, ਰੱਤੀ ਰੱਤ ਰੱਤ ਟਿਕਾਇੰਦਾ । ਆਦਿ ਜੁਗਾਦੀ ਜਾਣੇ ਮਿਤ ਗਤ, ਭੇਵ ਕੋਈ ਨਾ ਪਾਇੰਦਾ । ਨਾ ਕੋਈ ਵਾਰ ਨਾ ਕੋਈ ਥਿਤ, ਬਰਸ ਮਾਸ ਨਾ

ਕੋਈ ਰਖਾਇੰਦਾ । ਪੁਰਖ ਅਬਿਨਾਸ਼ੀ ਆਪ ਆਪਣਾ ਕਰਿਆ ਹਿੱਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦਿਤਾ ਏਕਾ ਵਰ, ਏਕਾ ਹੁਕਮ ਸੁਣਾਇੰਦਾ । ਹਰਿ ਹਰਿ ਹੁਕਮ ਧੁਰ ਫ਼ਰਮਾਣਾ, ਹਰਿ ਹਰਿ ਆਪ ਉਪਾਈਆ । ਥਿਰ ਘਰ ਬੈਠਾ ਸਾਚਾ ਰਾਣਾ, ਸਾਚਾ ਅਦਲ ਕਮਾਈਆ । ਸ਼ਬਦ ਅਨਾਦੀ ਏਕਾ ਗਾਣਾ, ਏਕਾ ਰਾਗ ਅਲਾਈਆ । ਬ੍ਰਹਮੇ ਬਖ਼ਸ਼ੇ ਚਰਨ ਧਿਆਨਾ, ਚਰਨ ਕਵਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪਣਾ ਮੇਲ ਆਪੇ ਲਏ ਕਰਾਈਆ । ਸਚਖੰਡ ਦੁਵਾਰਾ ਸਾਚੀ ਧਾਰ, ਹਰਿ ਸਾਚਾ ਆਪ ਚੁਆਇੰਦਾ । ਚਰਨ ਕਵਲ ਇਕ ਅਧਾਰ, ਏਕਾ ਰੂਪ ਦਰਸਾਇੰਦਾ । ਆਪਣਾ ਅੰਮ੍ਰਿਤ ਆਪਣੇ ਉਤੇ ਆਪੇ ਵਾਰ, ਚਰਨੋਦਕ ਨਾਉਂ ਰਖਾਇੰਦਾ । ਸਚਖੰਡ ਦੁਵਾਰਿਉਂ ਆਏ ਬਾਹਿਰ, ਏਕਾ ਬੂੰਦ ਬਰਸਾਇੰਦਾ । ਬ੍ਰਹਮਾ ਮੰਗੇ ਬਣ ਭਿਖਾਰ, ਅੱਠੇ ਨੇਤਰ ਰਾਹ ਤਕਾਇੰਦਾ । ਕਿਰਪਾਨਿਧ ਕਿਰਪਾ ਧਾਰ, ਏਕਾ ਏਕ ਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਅੰਮ੍ਰਿਤ ਬੂੰਦ ਠੰਡੀ ਠਾਰ, ਚਰਨੋਦਕ ਚਰਨ ਉਪਾਈਆ । ਬ੍ਰਹਮਾ ਦਿਤਾ ਕਰ ਪਿਆਰ, ਏਕਾ ਰਸ ਖੁਵਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਆਪ ਆਪਣਾ ਮੇਲ ਮਿਲਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਅੰਦਰ ਮੰਦਰ ਆਪ ਸੁਣਾਈਆ । ਬ੍ਰਹਮਾ ਬ੍ਰਹਮ ਹੋ ਤਿਆਰ, ਆਪ ਆਪਣਾ ਵੇਖ ਵਖਾਈਆ । ਆਪਣਾ ਬਲ ਆਪੇ ਧਾਰ, ਆਪਣਾ ਜੋਬਨ ਰਿਹਾ ਹੰਢਾਈਆ । ਪੁਰਖ ਅਬਿਨਾਸ਼ੀ ਦਏ ਅਧਾਰ, ਏਕਾ ਮੰਤਰ ਨਾਮ ਦ੍ਰਿੜਾਈਆ । ਲੱਖ ਚੁਰਾਸੀ ਪਸਰ ਪਸਾਰ, ਬ੍ਰਹਮਾ ਨਾਉਂ ਧਰਾਈਆ । ਆਦਿ ਅਨਾਦੀ ਪੁਰਖ ਕਰਤਾਰ, ਅਕਲ ਕਲਾ ਵਰਤਾਈਆ । ਸ਼ਬਦ ਸ਼ਬਦੀ ਸ਼ਬਦ ਧੁਨਕਾਰ, ਬ੍ਰਹਮ ਵਿਦਿਆ ਸਮਾਈਆ । ਚਾਰ ਚਾਰ ਹੋ ਉਜਿਆਰ, ਚਾਰ ਚਾਰ ਜੋੜ ਜੁੜਾਈਆ । ਬ੍ਰਹਮਾ ਸ਼ਿਵ ਵਿਸ਼ਨ ਤਿੰਨ ਪਿਆਰ, ਤ੍ਰੈਗੁਣ ਚੌਥੀ ਨਾਲ ਰਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲ ਕਲਜੁਗ ਬੰਨ੍ਹੇ ਧਾਰ, ਆਪ ਆਪਣੀ ਖੇਲ ਖਿਲਾਈਆ । ਨੌ ਨੌ ਚਾਰ ਕਰ ਖ਼ਵਾਰ, ਨੌ ਸੱਤ ਵੇਸ ਵਟਾਈਆ । ਦੋ ਇਕ ਦਸ ਦਏ ਅਧਾਰ, ਸ਼ਬਦ ਸ਼ਬਦ ਕਰੇ ਕੁੜਮਾਈਆ । ਅੰਤ ਭਗਵੰਤ ਪਾਵੇ ਸਾਰ, ਦੂਸਰ ਭੇਵ ਕੋਈ ਨਾ ਪਾਈਆ । ਇਕ ਇਕੱਲਾ ਏਕਾ ਏਕੰਕਾਰ, ਜੁਗਾ ਜੁਗੰਤਰ ਖੇਲ ਖਿਲਾਈਆ । ਸਾਧਾਂ ਸੰਤਾਂ ਸੇਵਾਦਾਰ, ਆਪਣੀ ਸੇਵ ਰਿਹਾ ਕਮਾਈਆ । ਏਕਾ ਦੇਵੇ ਨਾਮ ਅਧਾਰ, ਹਰਿ ਹਿਰਦੇ ਵਿਚ ਟਿਕਾਈਆ । ਗਾ ਗਾ ਥੱਕਾ ਸਰਬ ਸੰਸਾਰ, ਗਾਵਤ ਗਾਵਤ ਹਰਿ ਕਾ ਰੂਪ ਨਾ ਕੋਈ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪਣਾ ਮੇਵਾ ਆਪੇ ਫਲ ਖੁਵਾਈਆ । ਤ੍ਰੈਗੁਣ ਤੇਰਾ ਫੁਲਿਆ ਫੁੱਲ, ਫੁਲਵਾੜੀ ਆਪ ਮਹਿਕਾਈਆ । ਵਸਣਹਾਰਾ ਨੇਹਚਲ ਧਾਮ ਅਟੱਲ, ਲੋਕਮਾਤ ਵੇਖ ਵਖਾਈਆ । ਕਲਜੁਗ ਵਰਤੇ ਆਪਣੀ ਕਲ, ਕਲ ਧਾਰਾ ਵੱਡੀ ਵਡਿਆਈਆ । ਆਪਣੀ ਜੋਤੀ ਦੀਪਕ ਆਪੇ ਗਿਆ ਬਲ, ਆਪਣੀ ਆਪ ਕਰੇ ਰੁਸ਼ਨਾਈਆ । ਆਪਣਾ ਆਸਣ ਆਪੇ ਮੱਲਾ, ਆਪੇ ਬੈਠਾ ਡੇਰਾ ਲਾਈਆ । ਸ਼ਬਦ ਸੁਨੇਹੜਾ ਏਕਾ ਘੱਲਾ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਉਠਾਈਆ । ਤ੍ਰੈਗੁਣ ਲੱਗਾ ਜਗਤ ਸਲਾ, ਤ੍ਰੈਗੁਣ ਅਗਨੀ ਤੱਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਜੁਗ ਚੌਥੀ ਧਾਰ, ਆਪਣੀ ਆਪ ਚਲਾਈਆ । ਧਾਰ ਅਵੱਲੀ ਪੁਰਖ ਅਬਿਨਾਸ਼ੀ, ਨਿਰਗੁਣ ਆਪਣੀ ਆਪ ਚਲਾਇੰਦਾ । ਸਰਗੁਣ ਰੂਪ ਸਰਬ ਪ੍ਰਕਾਸ਼ੀ, ਪਰਮ ਪੁਰਖ ਅਖਵਾਇੰਦਾ । ਖੇਲੇ ਖੇਲ ਪ੍ਰਿਥਮੀ

ਅਕਾਸ਼ੀ, ਆਪ ਆਪਣੀ ਖੇਲ ਖਲਾਇੰਦਾ । ਤ੍ਰੈਗੁਣ ਤੇਰੀ ਪਾਵੇ ਰਾਸੀ, ਗੋਪੀ ਕਾਹਨ ਸਰਬ ਨਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਵੇਖਣ ਪਾਸੀ, ਦਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਣਵੰਤਾ ਆਪ ਅਖਵਾਇੰਦਾ । ਗੁਣਵੰਤਾ ਹਰਿ ਭਗਵੰਤ, ਆਦਿ ਆਦਿ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣੀ ਜੋਤ ਜਗਾਈਆ । ਆਪੇ ਨਾਮ ਮਣੀਆਂ ਮੰਤ, ਆਪੇ ਸ਼ਬਦੀ ਡੰਕ ਵਜਾਈਆ । ਆਪੇ ਰੂਪ ਸਾਧ ਸੰਤ, ਆਪੇ ਭਗਤ ਕਰੇ ਕੁੜਮਾਈਆ । ਆਪੇ ਲੱਖ ਚੁਰਾਸੀ ਜੀਵ ਜੰਤ, ਖਾਣੀ ਬਾਣੀ ਆਪ ਅਖਵਾਈਆ । ਆਪੇ ਨਾਰੀ ਆਪੇ ਕੰਤ, ਆਪੇ ਸਾਚੀ ਸੇਜ ਹੰਢਾਈਆ । ਆਪੇ ਫੁੱਲ ਫੁਲਵਾੜੀ ਰੁੱਤ ਬਸੰਤ, ਖ਼ਿਜ਼ਾਂ ਬਹਾਰ ਆਪ ਹੋ ਜਾਈਆ । ਆਪੇ ਮਹਿਮਾ ਜਾਣੇ ਅਗਣਤ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਤ੍ਰੈਗੁਣ ਤੇਰਾ ਪਾਰ ਕਿਨਾਰਾ, ਹਰਿ ਸਾਚਾ ਆਪ ਕਰਾਇੰਦਾ । ਪਹਿਲੋਂ ਢਾਇਆ ਪੰਜ ਤੱਤ ਮੁਨਾਰਾ, ਆਪਣਾ ਨਾਉਂ ਨਾ ਕੋਈ ਰਖਾਇੰਦਾ । ਦੂਜੇ ਨਿਰਗੁਣ ਜੋਤ ਕਰ ਉਜਿਆਰਾ, ਨਿਰਗੁਣ ਆਪਣਾ ਨਾਉਂ ਉਪਜਾਇੰਦਾ । ਨਿਹਕਲੰਕਾ ਹਰਿ ਅਵਤਾਰਾ, ਸ਼ਬਦੀ ਡੰਕ ਰਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਰ ਕਿਨਾਰਾ, ਪਾਰਬ੍ਰਹਮ ਮੇਲ ਮਿਲਾਇੰਦਾ । ਤ੍ਰੈਗੁਣ ਵੇਖੇ ਵਿਚ ਸੰਸਾਰਾ, ਆਪਣੀ ਗੰਢ ਖੁਲ੍ਹਾਇੰਦਾ । ਜਗਤ ਜਗਦੀਸ਼ ਹੋ ਉਜਿਆਰਾ, ਏਕਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਬੰਕ ਦੁਵਾਰਾ ਇਕ ਸੁਹਾਇੰਦਾ । ਤ੍ਰੈਗੁਣ ਤੇਰਾ ਕਰ ਪ੍ਰਕਾਸ਼, ਸਚਖੰਡ ਖੇਲ ਖਲਾਇਆ । ਅੰਤਮ ਤੇਰਾ ਕਰ ਵਿਨਾਸ, ਲੋਕਮਾਤੀ ਜੋਤ ਧਰਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਰਵ ਸਸ ਨਾ ਕੋਈ ਚਮਕਾਇਆ । ਨਾ ਕੋਈ ਪਵਣ ਨਾ ਕੋਈ ਸਵਾਸ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਮਾਤ ਗਰਭ ਨਾ ਰਖਿਆ ਵਾਸ, ਪਿਤ ਗੋਦ ਨਾ ਕੋਈ ਉਠਾਇਆ । ਗੁਰਮੁਖ ਅੰਦਰ ਕਰ ਪ੍ਰਕਾਸ਼, ਆਪਣਾ ਜਾਮਾ ਆਪੇ ਪਾਇਆ । ਗੋਬਿੰਦ ਸੂਰਾ ਦਾਸੀ ਦਾਸ, ਸੇਵਕ ਸੇਵ ਕਮਾਇਆ । ਆਪੇ ਲੱਖ ਚੁਰਾਸੀ ਕਰੇ ਨਾਸ, ਤ੍ਰੈਗੁਣ ਆਪ ਲਏ ਉਪਜਾਇਆ । ਆਪੇ ਲੇਖਾ ਜਾਣੇ ਬਰਖ ਮਾਸ, ਦਿਵਸ ਰਾਤ ਗਣਤ ਗਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ, ਏਕਾ ਨੂਰ ਕਰੇ ਰੁਸ਼ਨਾਇਆ । ਆਪੇ ਵੇਖੇ ਭਾਰਤ ਖੰਡ, ਪਾਰਬ੍ਰਹਮ ਵੱਡੀ ਵਡਿਆਈਆ । ਜੰਬੂ ਦੀਪ ਵੰਡੀ ਵੰਡ, ਦੀਪਕ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਖੰਡ ਖੰਡ, ਸਤਿ ਸੱਤ ਸੱਤ ਵਟਾਈਆ । ਜਨ ਭਗਤਾਂ ਅੰਤਮ ਪਾਵੇ ਠੰਡ, ਆਪ ਆਪਣੀ ਦਇਆ ਕਮਾਈਆ । ਏਕਾ ਅੱਖਰ ਨਾਮ ਵੰਡ, ਸੋਹੰ ਕਰੇ ਸਚ ਪੜ੍ਹਾਈਆ । ਗੋਬਿੰਦ ਹੱਥ ਚੰਡ ਪ੍ਰਚੰਡ, ਬ੍ਰਹਿਮੰਡ ਖੋਜ ਖੁਜਾਈਆ । ਨਾਤਾ ਤੋੜੇ ਭੇਖ ਭਖੰਡ, ਸਚ ਸੁੱਚ ਵਰਤਾਈਆ । ਲਹਿਣਾ ਦੇਣਾ ਚੁੱਕੇ ਨਾਰ ਦੁਹਾਗਣ ਰੰਡ, ਵਿਭਚਾਰ ਨਾ ਕੋਈ ਵਖਾਈਆ । ਏਕਾ ਰੂਪ ਕਰੇ ਵਰਭੰਡ, ਆਪ ਆਪਣੀ ਦਇਆ ਕਮਾਈਆ । ਨੰਗੀ ਹੋਵੇ ਨਾ ਕਿਸੇ ਕੰਡ, ਜੋ ਜਨ ਆਏ ਸਰਨਾਈਆ । ਤ੍ਰੈਗੁਣ ਮਾਇਆ ਦੇਵੇ ਵੰਡ, ਏਕਾ ਇਕੀ ਸਿਖੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿਖੀ ਧਾਰ ਇਕ ਵਖਾਈਆ । ਤਿਖੀ ਧਾਰ ਤੇਜ ਕਟਾਰ, ਹਰਿ ਸਾਚਾ ਸਚ ਵਖਾਇੰਦਾ । ਸ਼ਬਦ ਖੰਡਾ ਅਪਰ ਅਪਾਰ, ਦੋਵੇਂ ਮੁੱਖ ਸਲਾਹਿੰਦਾ । ਲੱਖ ਚੁਰਾਸੀ ਮਾਰੇ ਮਾਰ, ਅੱਗੇ ਹੋ ਨਾ ਕੋਈ ਬਚਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਸ਼ਿਵ ਸ਼ੰਕਰ ਗਲੋਂ ਲਾਹੇ ਹਾਰ,

ਕੰਠ ਮਾਲਾ ਨਾ ਕੋਈ ਵਖਾਇੰਦਾ । ਵਿਸ਼ਨੂੰ ਵੰਸੀ ਕਰੇ ਪੁਕਾਰ, ਅੱਗੇ ਸੀਸ ਝੁਕਾਇੰਦਾ । ਤ੍ਰੈਗੁਣ ਮਾਇਆ ਹੋਏ ਖ਼ਵਾਰ, ਲੋਕਮਾਤ ਨਾ ਕੋਈ ਬਚਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਹੁਕਮ ਸੁਣਾਇੰਦਾ । ਆਦਿ ਜੁਗਾਦੀ ਹਰਿ ਨਿਰੰਕਾਰ, ਦੂਸਰ ਕੋਈ ਨਾ ਵਿਚ ਰਖਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕ ਨਾਉਂ ਰਖਾਇੰਦਾ । ਭਗਤਨ ਮੀਤਾ ਕਰ ਪਿਆਰ, ਗੁਰਮੁਖ ਸਾਚੇ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਲਹਿਣਾ ਮੂਲ ਚੁਕਾਇੰਦਾ । ਗੋਬਿੰਦ ਲਹਿਣਾ ਹਰਿ ਚੁਕੌਣਾ, ਹਰਿ ਸਾਚੇ ਵਡ ਵਡਿਆਈਆ । ਪਿਛਲਾ ਲੇਖਾ ਪੂਰ ਕਰੌਣਾ, ਅੱਗੇ ਬਾਕੀ ਰਹੇ ਨਾ ਰਾਈਆ । ਵਰਨਾਂ ਬਰਨਾਂ ਆਪ ਮਿਟੌਣਾ, ਏਕਾ ਸਰਨ ਸਮਝਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹੌਣਾ, ਬੰਕ ਦੁਵਾਰਾ ਇਕ ਵਖਾਈਆ । ਏਕਾ ਮੰਤਰ ਨਾਮ ਦ੍ਰਿੜੌਣਾ, ਇਸ਼ਟ ਦੇਵ ਇਕ ਹੋ ਜਾਈਆ । ਏਕਾ ਅੰਮ੍ਰਿਤ ਜਾਮ ਪਿਔਣਾ, ਅੰਤਰ ਆਤਮ ਆਪ ਰਖਾਈਆ । ਬ੍ਰਹਿਮਣ ਸ਼ੂਦਰ ਵੈਸ਼ ਸ਼ੱਤਰੀ ਏਕਾ ਰੰਗ ਰੰਗੌਣਾ, ਏਕਾ ਬ੍ਰਹਮ ਕਰੇ ਕੁੜਮਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਾਚੀ ਸਿਖਿਆ ਇਕ ਸਮਝਾਈਆ । ਬੀਸ ਬੀਸਾ ਹਰਿ ਜਗਦੀਸ਼ਾ ਆਪ ਅਖਵੌਣਾ, ਘਰ ਸਾਚੇ ਵੱਜੀ ਵਧਾਈਆ । ਜਿਸ ਦੁਵਾਰੇ ਹਰਿ ਚਰਨ ਛੁਹੌਣਾ, ਸੋਭਾ ਸੋਭ ਸੋਭ ਵਡਿਆਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਨਿਉਂ ਨਿਉਂ ਸੀਸ ਝੁਕੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਡੱਲਾ ਝੱਲਾ ਲੇਖੇ ਲੌਣਾ, ਸਗਲੀ ਕੁਲ ਤਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਰੂਪ ਸਾਚਾ ਭੂਪ ਵਸਣਹਾਰਾ ਚਾਰ ਕੂਟ, ਦਹਿ ਦਿਸ਼ਾ ਪਾਏ ਹਿੱਸਾ, ਨੇਤਰ ਨੈਣ ਲੋਚਣ ਜਗਤ ਨਾ ਦਿਸਾ, ਗੁਰਮੁਖਾਂ ਦਰਸ ਦਿਖਾਈਆ ।



## ✪ ੬ ਸਾਵਣ ੨੦੧੬ ਬਿਕ੍ਰਮੀ ਬੂੜ ਸਿੰਘ ਦੇ ਘਰ ਨਾਥੇ ਵਾਲ ਜ਼ਿਲਾ ਫ਼ਿਰੋਜ਼ਪੁਰ ✪

ਬ੍ਰਹਮਾ ਵਿਸ਼ਨ ਸ਼ਿਵ ਅਧਾਰ, ਇਕ ਇਕੱਲਾ ਏਕਾ ਏਕੰਕਾਰਿਆ । ਲੱਖ ਚੁਰਾਸੀ ਕਰ ਪਸਾਰ, ਆਪ ਆਪਣੀ ਜੋਤ ਟਿਕਾ ਲਿਆ । ਗੁਰਮੁਖ ਵੰਡੀ ਵੰਡ ਅਪਾਰ, ਮਨ ਮਤ ਬੁੱਧ ਰੂਪ ਵਟਾ ਲਿਆ । ਪੰਜ ਤੱਤ ਕਰੇ ਪਿਆਰ, ਪੰਚਮ ਨਾਤਾ ਜੋੜ ਜੁੜਾ ਲਿਆ । ਪੰਚਮ ਭਰੇ ਜਗਤ ਭੰਡਾਰ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਵਸਾ ਲਿਆ । ਪੰਚਮ ਮੀਤਾ ਕਰ ਪਿਆਰ, ਹਰਿ ਸ਼ਬਦ ਧੁਨ ਉਪਜਾ ਲਿਆ । ਸਾਚਾ ਮੰਦਰ ਕਰ ਉਜਿਆਰ, ਦੀਵਾ ਬਾਤੀ ਇਕ ਜਗਾ ਲਿਆ । ਸਾਚਾ ਸ਼ਬਦ ਸੱਚੀ ਧੁਨਕਾਰ, ਅਨਹਦ ਸਾਚਾ ਤਾਲ ਵਜਾ ਲਿਆ । ਸਚ ਸਿੰਘਾਸਣ ਅਪਰ ਅਪਾਰ, ਪੁਰਖ ਅਬਿਨਾਸ਼ੀ ਡੇਰਾ ਲਾ ਲਿਆ । ਇਕ ਇਕੱਲਾ ਕਰ ਅਕਾਰ, ਨਿਰਗੁਣ ਸਰਗੁਣ ਵੇਖ ਵਖਾ ਲਿਆ । ਬ੍ਰਹਮ ਬ੍ਰਹਮ ਪ੍ਰਭ ਪਾਵੇ ਸਾਰ, ਪਾਰਬ੍ਰਹਮ ਸੰਗ ਨਿਭਾ ਲਿਆ । ਏਕਾ ਜੋਤੀ ਨੂਰ ਪਸਾਰ, ਘਟ ਘਟ ਅੰਦਰ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪ੍ਰਵਾਨ, ਹਰਿ ਸਾਚੇ ਸਚ ਸਮਾ ਲਿਆ । ਤ੍ਰੈਗੁਣ ਮਾਇਆ ਕਰ ਪ੍ਰਧਾਨ, ਆਪੇ ਖੇਲ ਖਿਲਾ ਰਿਹਾ । ਆਪੇ ਪੰਚਮ ਕਰੇ ਨਿਸ਼ਾਨ, ਆਪੇ ਹਰਿ ਵੇਖ ਵਖਾ ਰਿਹਾ । ਆਪੇ ਵਸੇ ਦੋ ਜਹਾਨ, ਲੋਕਮਾਤ ਆਪੇ ਵੇਸ ਵਟਾ ਲਿਆ । ਆਪੇ ਜੋਤ ਸ੍ਰੀ ਭਗਵਾਨ, ਆਪੇ ਪੰਜ ਤੱਤ ਡੇਰਾ ਲਾ ਲਿਆ । ਆਪੇ ਰਾਜ ਭੂਪ ਸੁਲਤਾਨ, ਰਾਓ ਰੰਕ ਆਪ ਅਖਵਾ ਰਿਹਾ । ਆਪੇ ਮੰਦਰ

ਵਸੇ ਸਚ ਮਕਾਨ, ਆਪੇ ਖ਼ਾਕੀ ਖ਼ਾਕ ਡੇਰਾ ਲਾ ਲਿਆ । ਆਪੇ ਬੰਧਨ ਜ਼ਿਮੀ ਅਸਮਾਨ, ਗਗਨ ਪਤਾਲਾਂ ਆਪੇ ਡੋਰੀ ਪਾ ਲਿਆ । ਆਪੇ ਆਪ ਉਪਾਏ ਰਵ ਸਸ ਭਾਨ, ਆਪੇ ਆਪਣਾ ਮਾਣ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾ ਲਿਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਆਪਣੀ ਦਇਆ ਕਮਾਈਆ । ਆਪੇ ਬਖ਼ਸ਼ੇ ਸਚ ਭੰਡਾਰਾ, ਆਪੇ ਰਿਹਾ ਵਰਤਾਈਆ । ਆਪੇ ਕਰਨੀ ਕਰਾਏ ਕਰਨੇਹਾਰਾ, ਏਕਾ ਹੁਕਮ ਜਣਾਈਆ । ਆਪੇ ਆਦਿ ਲੈ ਅਵਤਾਰਾ, ਅੰਤ ਰੂਪ ਆਪ ਵਟਾਈਆ । ਆਪੇ ਵਸੇ ਸਚ ਮੁਨਾਰਾ, ਉਚ ਅਟੱਲ ਇਕ ਅਖਵਾਈਆ । ਆਪੇ ਜੋਤ ਨਿਰਗੁਣ ਧਾਰਾ, ਆਪੇ ਸਰਗੁਣ ਨਾਉਂ ਧਰਾਈਆ । ਆਪੇ ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੀ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਸਿਕਦਾਰ, ਤ੍ਰੈ ਤ੍ਰੈ ਲੋਕ ਉਪਜਾਇੰਦਾ । ਆਪੇ ਵੇਖੇ ਵਿਗਸੇ ਕਰੇ ਵਿਚਾਰ, ਆਪੇ ਆਪਣਾ ਹੁਕਮ ਚਲਾਇੰਦਾ । ਆਪੇ ਪਾਵਣਹਾਰ ਸਾਰ, ਆਪੇ ਲੇਖ ਲਿਖਾਇੰਦਾ । ਆਪੇ ਉਤਪਤ ਕਰੇ ਸਰਬ ਸੰਸਾਰ, ਆਪੇ ਮੇਟ ਮਿਟਾਇੰਦਾ । ਆਪੇ ਲੱਖ ਚੁਰਾਸੀ ਦਏ ਅਧਾਰ, ਨਿਰਗੁਣ ਬਾਤੀ ਆਪ ਜਗਾਇੰਦਾ । ਆਪੇ ਕਮਲਾਪਾਤੀ ਮੀਤ ਮੁਰਾਰ, ਨਾਰੀ ਕੰਤ ਆਪ ਹੋ ਜਾਇੰਦਾ । ਆਪੇ ਰਾਕੀ ਸ਼ਾਹ ਅਸਵਾਰ, ਆਪਣਾ ਘੋੜਾ ਆਪ ਦੌੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਬ੍ਰਹਮਾ ਵਿਸ਼ਨ ਸਿਵ ਕਰ ਧਿਆਨ, ਆਪਣੀ ਸੇਵਾ ਲਾਈਆ । ਆਪੇ ਪਾਏ ਆਪਣੀ ਆਣ, ਆਪਣੇ ਭਾਣੇ ਵਿਚ ਰਖਾਈਆ । ਆਪੇ ਬਖ਼ਸ਼ੇ ਚਰਨ ਧਿਆਨ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਰੰਗ ਰੰਗਾਈਆ । ਬ੍ਰਹਮਾ ਵਿਸ਼ਨ ਸ਼ਿਵ ਮੀਤ ਮੁਰਾਰ, ਏਕਾ ਏਕ ਏਕੰਕਾਰਿਆ । ਆਪੇ ਕਰੇ ਆਪਣਾ ਆਪ ਪਸਾਰ, ਆਪੇ ਵੇਖ ਵਖਾ ਰਿਹਾ । ਆਪ ਉਪਾਏ ਬ੍ਰਹਿਮੰਡ ਖੰਡ ਕਿਨਾਰਾ, ਲੋਆਂ ਪੁਰੀਆਂ ਰਚਨ ਰਚਾ ਲਿਆ । ਆਪ ਰਚਾਏ ਰਵ ਸਸ ਸਤਾਰਾ, ਮੰਡਲ ਮੰਡਪ ਆਪ ਸੁਹਾ ਲਿਆ । ਆਪੇ ਜ਼ਿਮੀ ਅਸਮਾਨਾਂ ਰੱਖੇ ਪਾੜਾ, ਆਪ ਆਪਣਾ ਗੁਣ ਵਖਾ ਲਿਆ । ਆਪੇ ਵਜਾਏ ਆਪਣਾ ਨਗਾਰਾ, ਆਪੇ ਢੋਲ ਵਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਸੁੱਤ ਹਰਿ ਸੁੱਤ ਦੁਲਾਰ, ਆਪਣੇ ਆਪ ਉਪਜਾਇੰਦਾ । ਆਪੇ ਖੇਲੇ ਖੇਲ ਅਪਰ ਅਪਾਰ, ਪਾਰਬ੍ਰਹਮ ਆਪ ਅਖਵਾਇੰਦਾ । ਆਪੇ ਲੱਖ ਚੁਰਾਸੀ ਦਏ ਅਧਾਰ, ਆਪ ਆਪਣਾ ਮੇਲ ਮਿਲਾਇੰਦਾ । ਬ੍ਰਹਮਾ ਵੇਤਾ ਕਰ ਪਿਆਰ, ਏਕਾ ਬ੍ਰਹਮ ਜਣਾਇੰਦਾ । ਵਿਸ਼ਨੂੰ ਭਰਿਆ ਸਚ ਭੰਡਾਰ, ਆਦਿ ਜੁਗਾਦਿ ਵਰਤਾਇੰਦਾ । ਸ਼ਿਵ ਸ਼ੰਕਰ ਮਾਰਨਹਾਰਾ ਮਾਰ, ਪੰਚਮ ਲੇਖਾ ਲੇਖ ਚੁਕਾਇੰਦਾ । ਪੁਰਖ ਅਬਿਨਾਸ਼ੀ ਸਾਚੀ ਕਾਰ, ਜੁਗ ਜੁਗ ਆਪਣੀ ਆਪ ਕਰਾਇੰਦਾ । ਤਿੰਨਾਂ ਲੋਕਾਂ ਵਸਿਆ ਬਾਹਰ, ਤ੍ਰੈਗੁਣ ਵਿਚ ਨਾ ਆਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਵਣ ਵਾਰੋ ਵਾਰ, ਰਸਨਾ ਜਿਹਵਾ ਆਪ ਹਿਲਾਇੰਦਾ । ਦੇਵੀ ਦੇਵ ਵਡ ਬਲਕਾਰ, ਜੋਧਾ ਸੂਰਬੀਰ ਆਪ ਅਖਵਾਇੰਦਾ । ਨਾਮ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਆਪ ਚਮਕਾਇੰਦਾ । ਜੋਤੀ ਨੂਰ ਕਰ ਉਜਿਆਰ, ਚਾਰੋਂ ਕੁੰਟ ਵੇਖ ਵਖਾਇੰਦਾ । ਥਿਰ ਘਰ ਬੈਠ ਸੱਚੇ ਦਰਬਾਰ, ਆਪ ਆਪਣਾ ਮਤਾ ਪਕਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਵਖਾਇੰਦਾ । ਇਕ ਇਕੱਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੇ

੭੭੮
੦੮

ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਜੁਗਾ ਜੁਗੰਤਰ ਮਾਰੇ ਮਾਰ, ਲੱਖ ਚੁਰਾਸੀ ਮੇਟ ਮਿਟਾਇੰਦਾ । ਨਿਰਗੁਣ ਜੋਤੀ ਨੂਰ ਉਜਿਆਰ, ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਨਿਰੰਜਣ ਆਪਣੀ ਅਲੱਖ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾਮ ਸੌਦਾਗਰ, ਏਕਾ ਵਣਜ ਕਰਾਇੰਦਾ । ਲੱਖ ਚੁਰਾਸੀ ਵਸੇ ਕਾਇਆ ਗਾਗਰ, ਆਪਣਾ ਮੁਖ ਛੁਪਾਇੰਦਾ । ਜਨ ਭਗਤਾਂ ਕਰੇ ਕਰਮ ਉਜਾਗਰ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ ਆਪਣਾ ਵੇਸ ਵਟਾਇੰਦਾ । ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਧਾਰ ਚਲਾਈਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਬਣਾਏ ਸਾਚੀ ਬਣਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਧਾਮ ਇਕ ਸੁਹੰਤਾ, ਘਰ ਸਾਚੇ ਵੱਜੀ ਵਧਾਈਆ । ਤੋੜੇ ਗੜ੍ਹ ਹਉਮੇ ਹੰਗਤਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਵੇਖੇ ਥਾਉਂ ਥਾਈਆ । ਤ੍ਰੈਗੁਣ ਤੇਰਾ ਤੱਤ ਮੁਨਾਰਾ, ਹਰਿ ਹਰਿ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਮਾਨਸ ਮਨੁੱਖ ਦਏ ਹੁਲਾਰਾ, ਇਕ ਹੁਲਾਰਾ ਨਾਮ ਰਖਾਇੰਦਾ । ਅੰਦਰ ਮੰਦਰ ਪਾਵੇ ਸਾਰਾ, ਡੂੰਘੀ ਕੰਦਰ ਫੋਲ ਫੁਲਾਇੰਦਾ । ਨਿਰਗੁਣ ਵਣਜ ਕਰੇ ਵਣਜਾਰਾ, ਮਨ ਮਤ ਬੁੱਧ ਨਾਲ ਰਲਾਇੰਦਾ । ਮਨ ਪੰਖੀ ਉਡੇ ਦਹਿ ਦਿਸ਼ ਧਾਰਾ, ਚਾਰੋਂ ਕੁੰਟ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਮਨ ਸਿਕਦਾਰ ਕਾਇਆ ਮੰਦਰ, ਹਰਿ ਹਰਿ ਆਪ ਬਹਾਇਆ । ਕਰੇ ਰਾਜ ਡੂੰਘੀ ਕੰਦਰ, ਆਪਣਾ ਹੁਕਮ ਚਲਾਇਆ । ਚਾਰ ਕੁੰਟ ਦਹਿ ਦਿਸ਼ਾ ਫਿਰੇ ਬੰਦਰ, ਦਿਵਸ ਰੈਣ ਏਕਾ ਰੰਗ ਰੰਗਾਇਆ । ਨੇਤਰ ਨੈਣ ਮਮਤਾ ਅੰਧੜ, ਮੋਹ ਵਿਕਾਰਾ ਜਾਲ ਫਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸਾਚਾ ਇਕ ਸੁਹਾਇਆ । ਮਨ ਸ਼ਾਹ ਭੂਪ ਸੁਲਤਾਨ, ਪੰਜ ਤੱਤ ਵਡਿਆਈਆ । ਆਪਣਾ ਦੇਵੇ ਇਕ ਫ਼ਰਮਾਣ, ਏਕਾ ਕਰਮ ਕਮਾਈਆ । ਨੌ ਦਰ ਵੇਖੇ ਜਗਤ ਦੁਕਾਨ, ਦਿਵਸ ਰੈਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪਣੀ ਅੰਸ ਆਪ ਉਪਜਾਈਆ । ਮਨ ਮਨੂਆ ਬ੍ਰਹਮ ਅੰਸ, ਜੋਤੀ ਨੂਰ ਸੁਬਾਇਆ । ਆਪੇ ਜਾਣੇ ਆਪਣੀ ਅੰਸ, ਆਪੇ ਲੇਖ ਲਿਖਾਇਆ । ਬਾਸ਼ਕ ਗਾਏ ਨਾ ਮੁਖ ਸਹੰਸ, ਦੋਏ ਸਹੰਸਰ ਜਿਹਵਾ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਇਆ । ਮਤ ਮਤਵਾਲੀ ਦਿਸੇ ਖ਼ਾਲੀ, ਤਨ ਮੰਦਰ ਦਰ ਸੁਹਾਇੰਦਾ । ਚਾਰੋਂ ਕੁੰਟ ਘਟਾ ਕਾਲੀ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਫਲ ਨਾ ਦਿਸੇ ਕਿਸੇ ਡਾਲ੍ਹੀ, ਫੁੱਲ ਫੁਲਵਾੜੀ ਨਾ ਵੇਖ ਵਖਾਇੰਦਾ । ਮਨ ਮਨੂਆ ਬਣਿਆ ਜਗਤ ਵਾਲੀ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਤ ਏਕਾ ਤੱਤ, ਏਕਾ ਰੱਤ ਰਖਾਇੰਦਾ । ਬੁੱਧ ਬਬੇਕੀ ਲੱਗਾ ਸੇਕ, ਤੱਤਵ ਤੱਤ ਜਲਾਇਆ । ਤ੍ਰੈਗੁਣ ਮੀਤਾ ਰਿਹਾ ਵੇਖ, ਆਪ ਆਪਣੀ ਦਇਆ ਕਮਾਇਆ । ਆਪੇ ਲਿਖਣਹਾਰਾ ਲੇਖ, ਆਪੇ ਮੇਟ ਮਿਟਾਇਆ । ਆਪੇ ਹੋਏ ਦਰ ਦਰਵੇਸ਼, ਆਪ ਆਪਣਾ ਵੇਸ ਧਰਾਇਆ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼, ਸੇਵਕ ਸੇਵਾਦਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਵੰਡੀ ਵੰਡ,

ਨਿਰਗੁਣ ਵਸਿਆ ਜੇਰਜ ਅੰਡ, ਸਰਗੁਣ ਮੇਲਾ ਸਹਿਜ ਸੁਬਾਇਆ । ਪੰਜ ਤੱਤ ਤੱਤ ਪ੍ਰਕਾਸ਼, ਆਪਣਾ ਆਪ ਕਰਾਇੰਦਾ । ਆਪੇ ਪਾਏ ਸਾਚੀ ਰਾਸ, ਆਪਣਾ ਮੰਡਲ ਆਪ ਸੁਹਾਇੰਦਾ । ਆਪੇ ਰੱਖੇ ਅੰਦਰ ਵਾਸ, ਆਪੇ ਮੁਖ ਛੁਪਾਇੰਦਾ । ਆਪੇ ਹੋਏ ਦਾਸੀ ਦਾਸ, ਆਪੇ ਹੁਕਮ ਚਲਾਇੰਦਾ । ਆਪੇ ਦਾਤਾ ਸ਼ਾਹੋ ਸ਼ਾਬਾਸ਼, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਨਿਰਗੁਣ ਜੋਤ ਕਰੇ ਪ੍ਰਕਾਸ਼, ਸਰਗੁਣ ਰੂਪ ਆਪ ਵਟਾਇੰਦਾ । ਆਪੇ ਵਾਸਾ ਰੱਖੇ ਦਸ ਦਸ ਮਾਸ, ਅਜੂਨੀ ਰਹਿਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇੰਦਾ । ਅਜੂਨੀ ਰਹਿਤ ਪੁਰਖ ਕਰਤਾਰ, ਪੰਜ ਤੱਤ ਡੇਰਾ ਲਾਇੰਦਾ । ਸਾਚਾ ਦੀਪਕ ਇਕ ਉਜਿਆਰ, ਏਕਾ ਡਗਮਗਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਨੈਣ ਨੇਤਰ ਨਾ ਕੋਇ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪੇ ਵਰ, ਆਪਣੀ ਆਪ ਕਰੀ ਕੁੜਮਾਈਆ । ਤ੍ਰੈਗੁਣ ਮਾਇਆ ਅੱਗੇ ਧਰ, ਤਿੰਨਾਂ ਵੰਡ ਵੰਡਾਈਆ । ਏਕਾ ਝੋਲੀ ਰਿਹਾ ਭਰ, ਏਕਾ ਵਸਤ ਵਖਾਈਆ । ਏਕਾ ਹੁਕਮ ਦੇਵੇ ਦਰ, ਏਕਾ ਰਿਹਾ ਸਮਝਾਈਆ । ਏਕਾ ਘਾੜਣ ਰਿਹਾ ਘੜ, ਏਕਾ ਭਾਂਡੇ ਰਿਹਾ ਉਪਜਾਈਆ । ਏਕਾ ਅੰਦਰ ਗਿਆ ਵੜ, ਏਕਾ ਰਿਹਾ ਉਠਾਈਆ । ਏਕਾ ਵਿਦਿਆ ਗਿਆ ਪੜ੍ਹ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਵਿਸ਼ਨ ਸ਼ਿਵ ਸੇਵਕ ਸੇਵਾ ਸਚ ਕਮਾਈਆ । ਬ੍ਰਹਮੇ ਸੇਵਾ ਕਰ ਪਰਵਾਨ, ਹਰਿ ਅੰਤਮ ਅੰਤ ਵਡਿਆਇਆ । ਚੌਥੇ ਜੁਗ ਕਰੇ ਪਰਵਾਨ, ਨੌ ਨੌ ਚਾਰ ਲੇਖਾ ਆਪ ਚੁਕਾਇਆ । ਆਪੇ ਦੇਵੇ ਧੁਰ ਫ਼ਰਮਾਣ, ਸ਼ਬਦ ਸੁਨੇਹੜਾ ਇਕ ਘਲਾਇਆ । ਅੰਤਮ ਵੇਲਾ ਪੁਜਿਆ ਆਣ, ਥਿਰ ਕੋਇ ਰਹਿਣ ਨਾ ਪਾਇਆ । ਪ੍ਰਗਟ ਹੋਏ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਧਰਾਇਆ । ਪਿਛਲਾ ਮੇਟੇ ਸਰਬ ਨਿਸ਼ਾਨ, ਅਗਲਾ ਲੇਖਾ ਆਪਣੇ ਹੱਥ ਰਖਾਇਆ । ਛੱਡਣਾ ਪਏ ਬ੍ਰਹਮ ਮਕਾਨ, ਪੁਰੀ ਬ੍ਰਹਮ ਨਾ ਕੋਈ ਵਸਾਇਆ । ਜੋਤੀ ਮੇਲ ਸ੍ਰੀ ਭਗਵਾਨ, ਅੰਤਮ ਮੇਲਾ ਦਏ ਕਰਾਇਆ । ਗੁਰਮੁਖ ਸਾਚਾ ਚਤੁਰ ਸੁਜਾਣ, ਤੇਰਾ ਰੂਪ ਲਏ ਵਟਾਇਆ । ਆਪੇ ਜਾਣੇ ਜਾਣੀ ਜਾਣ, ਦੂਸਰ ਭੇਵ ਕਿਸੇ ਨਾ ਪਾਇਆ । ਖਾਣੀ ਬਾਣੀ ਹੋਈ ਹੈਰਾਨ, ਲੇਖਾ ਲੇਖ ਨਾ ਕੋਈ ਜਣਾਇਆ । ਵੇਦ ਪੁਰਾਨ ਸਰਬ ਕੁਰਲਾਣ, ਅੰਜੀਲ ਕੁਰਾਨ ਦੇਣ ਦੁਹਾਇਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ, ਕਲਜੁਗ ਅੰਤਮ ਵੇਖੇ ਮਾਰ ਧਿਆਨ, ਲੋਕਮਾਤ ਫੇਰਾ ਪਾਇਆ । ਰਵ ਸਸ ਸਰਬ ਮਿਟ ਜਾਣ, ਲੇਖਾ ਚੁੱਕੇ ਜ਼ਿਮੀ ਅਸਮਾਨ, ਅੰਧ ਅੰਧੇਰ ਸੰਞ ਸਵੇਰ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਇਆ । ਸ਼ਿਵ ਜੀ ਤੇਰਾ ਅੰਤ ਕਿਨਾਰਾ, ਹਰਿ ਹਰਿ ਆਪ ਸੁਣਾਇੰਦਾ । ਕਲਜੁਗ ਦੇਵੇ ਅੰਤ ਹੁਲਾਰਾ, ਬੇੜਾ ਪਾਰ ਵਖਾਇੰਦਾ । ਨਾਤਾ ਤੁਟੇ ਤ੍ਰੈਗੁਣ ਧਾਰਾ, ਆਪਣੇ ਤੱਤ ਮਿਲਾਇੰਦਾ । ਬਾਸ਼ਕ ਤਸ਼ਕ ਨਾ ਕੋਈ ਸਹਾਰਾ, ਨਾ ਕੋਈ ਦਰ ਸੁਹਾਇੰਦਾ । ਭੋਲੇ ਨਾਥ ਕਰੇ ਖ਼ਬਰਦਾਰਾ, ਭੋਲਾ ਭਾਓ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਭੋਲੇ ਨਾਥ ਉਠ ਕਰ ਤਿਆਰੀ, ਹਰਿ ਸਾਚੇ ਸ਼ਬਦ ਜਣਾਈਆ । ਕਲਜੁਗ ਤੇਰੀ ਆਈ ਵਾਰੀ, ਚੌਥੇ ਜੁਗ ਵੱਜੇ ਵਧਾਈਆ । ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰੀ, ਪੰਜ ਤੱਤ ਨਾ ਕੋਈ ਵਖਾਈਆ । ਦੋ ਜਹਾਨਾਂ ਕਰੇ ਸੱਚੀ ਸਿਕਦਾਰੀ, ਸ਼ਾਹ ਸੁਲਤਾਨਾਂ ਵਡ ਵਡਿਆਈਆ । ਲੇਖ ਚੁਕਾਏ ਵਾਰੋ

ਵਾਰੀ, ਥਿਰ ਕੋਇ ਰਹਿਣ ਨਾ ਪਾਈਆ । ਗੁਰਸਿਖਾਂ ਦੇਵੇ ਨਾਮ ਅਧਾਰੀ, ਆਪ ਆਪਣੀ ਬੂਝ ਬੁਝਾਈਆ । ਕਰੇ ਖੇਲ ਵਡ ਸੰਸਾਰੀ, ਸਹਿੰਸਾ ਕੋਈ ਰਹਿਣ ਨਾ ਪਾਈਆ । ਜਗਤ ਜਗਦੀਸ਼ਾ ਖੇਲ ਅਪਾਰੀ, ਆਪ ਆਪਣੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਆਪਣਾ ਘਰ, ਆਪੇ ਵੇਖ ਵਖਾਈਆ । ਸ਼ਿਵ ਸ਼ੰਕਰ ਨਾਤਾ ਤੋੜ ਤੁੜੌਣਾ, ਕਲਜੁਗ ਅੰਤਮ ਲੇਖ ਲਿਖਾਇੰਦਾ । ਗੁਰਮੁਖ ਸਾਚੇ ਸਾਚਾ ਮਾਣ ਦਵੌਣਾ, ਆਪ ਆਪਣਾ ਮਾਣ ਧਰਾਇੰਦਾ । ਆਪਣੀ ਵੰਡ ਆਪ ਵੰਡੌਣਾ, ਆਪਣਾ ਨਾਉਂ ਉਪਜਾਇੰਦਾ । ਬ੍ਰਹਿਮੰਡ ਖੰਡ ਸਰਬ ਉਠੌਣਾ, ਧਰੂ ਪ੍ਰਹਿਲਾਦ ਆਪ ਸਮਝਾਇੰਦਾ । ਜੇਰਜ ਅੰਡ ਪੰਧ ਮੁਕੌਣਾ, ਉਤਭੁਜ ਸੇਹਤਜ ਵੇਖ ਵਖਾਇੰਦਾ । ਨਿਰਗੁਣ ਸਾਚਾ ਚੰਦ ਚੜ੍ਹੌਣਾ, ਰਵ ਸਸ ਮੁਖ ਸ਼ਰਮਾਇੰਦਾ । ਪੁਰਖ ਅਬਿਨਾਸ਼ੀ ਖੇਲ ਖਲੌਣਾ, ਬ੍ਰਹਮਾ ਸ਼ਿਵ ਮੂਲ ਚੁਕਾਇੰਦਾ । ਵਿਸ਼ਨੂੰ ਮੇਲਾ ਮਾਤ ਕਰੌਣਾ, ਭਗਵਨ ਜੋਤੀ ਜੋਤ ਜਗਾਇੰਦਾ । ਦੋਹਾਂ ਰੰਗ ਇਕ ਚੜ੍ਹੌਣਾ, ਏਕਾ ਰੰਗ ਰੰਗਾਇੰਦਾ । ਕਲਜੁਗ ਅੰਤਮ ਫੇਰਾ ਪੌਣਾ, ਸਾਚਾ ਸਗਨ ਮਨਾਇੰਦਾ । ਗੁਰ ਗੋਬਿੰਦ ਨਾਲ ਰਲੌਣਾ, ਗੋਬਿੰਦ ਗੜ੍ਹ ਸੁਹਾਇੰਦਾ । ਸੰਬਲ ਨਗਰੀ ਡੇਰਾ ਲੌਣਾ, ਤ੍ਰੈਗੁਣ ਤੇਰਾ ਘਰ ਵਖਾਇੰਦਾ । ਤੇਰਾ ਅੰਤਮ ਮੰਦਰ ਢੌਣਾ, ਆਪ ਆਪਣਾ ਮੇਟ ਮਿਟਾਇੰਦਾ । ਦੀਪਕ ਜੋਤੀ ਇਕ ਜਗੌਣਾ, ਦਿਵਸ ਰੈਣ ਡਗਮਗਾਇੰਦਾ । ਸ਼ਬਦ ਸਰੂਪੀ ਸ਼ਬਦ ਚਲੌਣਾ, ਸ਼ਬਦ ਗੁਰ ਇਕ ਅਖਵਾਇੰਦਾ । ਨਾ ਕੋਈ ਦੂਸਰ ਸੰਗ ਉਪੌਣਾ, ਆਪਣਾ ਹੁਕਮ ਆਪ ਸੁਣਾਇੰਦਾ । ਬ੍ਰਹਮਾ ਸ਼ਿਵ ਤਖ਼ਤੋਂ ਲਾਹੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਰ ਨਰੇਸ਼ ਨਿਰਾਕਾਰ, ਤ੍ਰੈਗੁਣ ਮਾਰਨਹਾਰਾ ਮਾਰ, ਪੰਜ ਤੱਤ ਕਰੇ ਖ਼ੁਵਾਰ, ਨੌ ਦਰ ਖੋਜ ਖੁਜਾਇੰਦਾ । ਨੌ ਦਰ ਜਗਤ ਰਾਹ, ਕਲਜੁਗ ਅੰਤ ਦਏ ਦੁਹਾਈਆ । ਨਿਰਗੁਣ ਸਤਿਗੁਰ ਬਣ ਮਲਾਹ, ਏਕਾ ਜੋਤ ਕਰੇ ਰੁਸ਼ਨਾਈਆ । ਗੋਬਿੰਦ ਗੁਰ ਪਕੜੇ ਬਾਂਹ, ਆਪਣਾ ਮੇਲ ਮਿਲਾਈਆ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਮਤ ਸਮਝਾਈਆ । ਸੋ ਪੁਰਖ ਨਿਰੰਜਣ ਲੈਣਾ ਗਾ, ਹੰ ਬ੍ਰਹਮ ਰੂਪ ਸਮਾਈਆ । ਨਾਤਾ ਤੁੱਟੇ ਭੈਣ ਭਰਾ, ਮਾਤ ਪਿਤ ਨਾ ਕੋਈ ਅਖਵਾਈਆ । ਨਰ ਨਿਰੰਕਾਰਾ ਦੇਵੇ ਠੰਡੀ ਛਾਂ, ਸਮਰਥ ਹੱਥ ਵਡਿਆਈਆ । ਕਲਜੁਗ ਅੰਤਮ ਕਰੇ ਸਚ ਨਿਆਂ, ਬ੍ਰਹਮਾ ਵਿਸ਼ਨ ਸ਼ਿਵ ਦੇਣ ਦੁਹਾਈਆ । ਹਰਿ ਕਾ ਭੇਵ ਕੋਈ ਜਾਣੇ ਨਾ, ਆਦਿ ਅੰਤ ਆਪੇ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦਾਤਾ ਸੂਰਾ ਸਰਬੰਗ, ਆਪੇ ਖ਼ਾਲਕ ਖ਼ਲਕ ਵਸਣਹਾਰਾ, ਜੁਗ ਜਗਤ ਜੁਗਤ ਜੋਤ ਆਪਣੀ ਆਪ ਕਰੇ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਾਕਾਰ, ਦੋ ਜਹਾਨਾਂ ਖੇਲ ਅਪਾਰ, ਲੋਕਮਾਤ ਖੇਲ ਖਲਾਈਆ ।



## ੭ ਸਾਵਣ ੨੦੧੬ ਬਿਕ੍ਰਮੀ ਮੁਕੰਦ ਸਿੰਘ ਦੇ ਘਰ ਪਿੰਡ ਮਹਰਾਜ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਸੱਚਾ ਸ਼ਾਹ ਸੁਲਤਾਨ, ਪਾਰਬ੍ਰਹਮ ਪੁਰਖ ਨਿਰੰਕਾਰਿਆ । ਦਾਤਾ ਦਾਨੀ ਵਾਲੀ ਦੋ ਜਹਾਨ, ਨਿਰਗੁਣ ਨੂਰ ਕਰੇ ਉਜਿਆਰਿਆ । ਏਕਾ ਵਸੇ ਸਚ ਮਕਾਨ, ਸਚਖੰਡ ਦੁਵਾਰਾ ਇਕ ਸੁਹਾ ਰਿਹਾ । ਏਕਾ ਸ਼ਾਹੋ ਭੂਪ ਰਾਜ ਰਾਜਾਨ, ਤਖ਼ਤ ਤਾਜ ਇਕ ਵਖਾ ਲਿਆ । ਏਕਾ ਦੇਵਣਹਾਰਾ

ਧੁਰ ਫ਼ਰਮਾਣ, ਏਕਾ ਹੁਕਮੀ ਹੁਕਮ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਰਖਾ ਲਿਆ । ਨਿਰਗੁਣ ਦਾਤਾ ਆਦਿ ਨਿਰੰਜਣ, ਆਦਿ ਪੁਰਖ ਵਡਿਆਈਆ । ਪੁਰਖ ਅਬਿਨਾਸ਼ੀ ਸਾਚਾ ਸੱਜਣ, ਘਰ ਮੇਲਾ ਬੇਪਰਵਾਹੀਆ । ਆਪੇ ਰੱਖੇ ਆਪਣੀ ਲੱਜਣ, ਆਦਿ ਜੁਗਾਦਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨਿਰਾਕਾਰ, ਏਕ ਏਕੰਕਾਰਾ ਨਾਉਂ ਧਰਾਈਆ । ਏਕੰਕਾਰਾ ਪੁਰਖ ਅਕਾਲ, ਅਕਲ ਕਲਾ ਅਖਵਾਈਆ । ਸਤਿਗੁਰ ਸਾਚਾ ਦੀਨ ਦਿਆਲ, ਥਿਰ ਘਰ ਬੈਠਾ ਆਸਣ ਲਾਈਆ । ਸ਼ਬਦ ਸਰੂਪੀ ਦੀਨ ਦਿਆਲ, ਜੁਗ ਜੁਗ ਆਪਣੀ ਚਲਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਅਗੰਮ ਅਥਾਹ, ਭੇਵ ਅਭੇਦ ਆਪ ਛੁਪਾਈਆ । ਅਛੱਲ ਅਛੱਲਾ ਹਰਿ ਨਿਰੰਕਾਰ, ਨਿਰਗੁਣ ਜੋਤੀ ਨੂਰ ਸਮਾਇੰਦਾ । ਆਦਿ ਜੁਗਾਦੀ ਲੈ ਅਵਤਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਮੂਰਤ ਅਕਾਲ ਆਪ ਅਖਵਾਇੰਦਾ । ਅਜੂਨੀ ਰਹਿਤ ਕਰ ਪਸਾਰ, ਆਪ ਆਪਣੀ ਧਾਰ ਬੰਧਾਇੰਦਾ । ਏਕਾ ਨਾਮ ਕਰ ਜੈਕਾਰ, ਏਕਾ ਨਾਅਰਾ ਲਾਇੰਦਾ । ਰੂਪ ਰੰਗ ਤੇ ਵਸਿਆ ਬਾਹਰ, ਦਿਸ ਕਿਸੇ ਨਾ ਆਇੰਦਾ । ਸਚ ਮਹੱਲਾ ਉਚ ਮੁਨਾਰ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਨਿਰਾਕਾਰ ਆਪ ਅਖਵਾਇੰਦਾ । ਸਤਿ ਸਰੂਪੀ ਸ਼ਾਹ ਸੁਲਤਾਨਾ, ਆਦਿ ਪੁਰਖ ਵਡਿਆਈਆ । ਏਕਾ ਵਸੇ ਸਚ ਮਕਾਨਾ, ਸਤਿਗੁਰ ਆਪਣੀ ਬਣਤ ਬਣਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਏਕਾ ਸ਼ਬਦ ਜਣਾਈਆ । ਏਕਾ ਦੇਵੇ ਰਾਗ ਤਰਾਨਾ, ਏਕਾ ਨਾਦ ਵਜਾਈਆ । ਏਕਾ ਖੇਲੇ ਖੇਲ ਦੋ ਜਹਾਨਾ, ਪ੍ਰਭ ਸਾਚਾ ਵਡ ਵਡਿਆਈਆ । ਏਕਾ ਗੋਪੀ ਏਕਾ ਕਾਹਨਾ, ਏਕਾ ਮੰਡਲ ਰਾਸ ਰਚਾਈਆ । ਏਕਾ ਰਵ ਸਸ ਤੇਜ ਕਰੇ ਕੋਟਨ ਭਾਨਾ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਕਰਨੇਹਾਰ, ਕਾਦਰ ਕਰਤਾ ਆਪ ਹੋ ਜਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਅਲੱਖ ਅਗੋਚਰ ਭੇਵ ਨਾ ਆਇਆ । ਸਚਖੰਡ ਸੁਹਾਏ ਬੰਕ ਦੁਵਾਰ, ਆਪ ਆਪਣਾ ਮੰਦਰ ਆਪ ਉਪਾਇਆ । ਇਕ ਇਕੱਲਾ ਏਕੰਕਾਰ, ਏਕਾ ਆਸਣ ਲਾਇਆ । ਆਦਿ ਨਿਰੰਜਣ ਹੋ ਉਜਿਆਰ, ਨੂਰੋ ਨੂਰ ਡਗਮਗਾਇਆ । ਆਦਿ ਸ਼ਕਤ ਕਰ ਪਿਆਰ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਇਆ । ਆਦਿ ਜੁਗਾਦੀ ਇਕ ਇਕੱਲਾ, ਏਕਾ ਰੰਗ ਸਮਾਇੰਦਾ । ਆਪੇ ਵਸਿਆ ਸਚ ਮਹੱਲਾ, ਥਿਰ ਘਰ ਸਾਚਾ ਆਪ ਵਖਾਇੰਦਾ । ਆਪਣੀ ਕਰਨੀ ਆਪੇ ਫਲਾ, ਫੁਲ ਫੁਲਵਾੜੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਨਾਦ ਅਨਾਦੀ ਆਪ ਵਜਾਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਹਰਿ ਸਾਚਾ ਆਪ ਵਜਾਈਆ । ਪੁਰਖ ਅਗੰਮੜਾ ਅਗੰਮੜੀ ਕਾਰ, ਜੁਗ ਜੁਗ ਆਪ ਚਲਾਈਆ । ਆਪ ਆਪਣਾ ਕਰ ਪਿਆਰ, ਆਪੇ ਮੇਲਾ ਸਹਿਜ ਸੁਭਾਈਆ । ਆਪੇ ਚੇਲਾ ਗੁਰ ਬਣ ਅਵਤਾਰ, ਲੋਕਮਾਤ ਕਰੇ ਰੁਸ਼ਨਾਈਆ । ਆਪੇ ਬ੍ਰਹਮਾ ਵੇਤਾ ਮੀਤ ਮੁਰਾਰ, ਤ੍ਰੈਗੁਣ ਮਾਇਆ ਝੋਲੀ ਪਾਈਆ । ਆਪੇ ਵਿਸ਼ਨੂੰ ਹੋ ਉਜਿਆਰ, ਸਾਂਗੋ ਪਾਂਗ ਸੇਜ ਹੰਢਾਈਆ । ਆਪੇ ਸ਼ੰਕਰ ਦਏ ਅਧਾਰ, ਹੱਥ ਤ੍ਰਸੂਲ ਫੜਾਈਆ । ਆਪੇ ਸਭ ਤੋਂ ਵਸਿਆ ਬਾਹਿਰ, ਤੱਤਵ ਤੱਤ ਨਾ ਕੋਈ ਰਖਾਈਆ । ਨਿਰਗੁਣ ਦਾਤਾ ਬੇਐਬ ਪਰਵਰਦਿਗਾਰ,

ਨੂਰੋ ਨੂਰ ਅਲਾਹੀਆ । ਆਦਿ ਜੁਗਾਦਿ ਬੰਨ੍ਹੇ ਧਾਰ, ਲੱਖ ਚੁਰਾਸੀ ਰਚਨ ਰਚਾਈਆ । ਪੰਜ ਤੱਤ ਕਰ ਪਿਆਰ, ਉਤਭੁਜ ਸੇਹਤਜ ਜੇਰਜ ਅੰਡ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਇਕ ਸੁਹਾਈਆ । ਘਰ ਸੁਹੰਜਣਾ ਪੁਰਖ ਬਿਧਾਤਾ, ਏਕਾ ਏਕ ਅਖਵਾਇੰਦਾ । ਆਪੇ ਬੈਠਾ ਕਮਲਾਪਾਤਾ, ਕਵਲ ਨੈਣ ਡਗਮਗਾਇੰਦਾ । ਆਪੇ ਜਾਣੇ ਆਪਣੀ ਗਾਥਾ, ਆਪਣੀ ਸਿਖਿਆ ਇਕ ਸਮਝਾਇੰਦਾ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਸਰਬ ਕਲ ਆਪੇ ਸਮਰਾਥਾ, ਪਰਮ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਕੁਲਵੰਤਾ ਹਰਿ ਭਗਵੰਤ, ਅਕਲ ਕਲਾ ਕਲ ਧਾਰੀਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਭੇਵ ਨਿਆਰੀਆ । ਆਪੇ ਰਸਨਾ ਜਿਹਵਾ ਮਣੀਆ ਮੰਤ, ਆਪੇ ਸ਼ਬਦ ਜੈਕਾਰ ਲਾਈਆ । ਆਪੇ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਈ ਲਿਖਾਈਆ । ਆਪੇ ਨਾਰੀ ਆਪੇ ਕੰਤ, ਆਪੇ ਸੇਜ ਹੰਢਾਈਆ । ਆਪੇ ਚਾੜ੍ਹੇ ਰੰਗ ਬਸੰਤ, ਏਕਾ ਰੰਗਣ ਨਾਮ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਤੱਤ ਏਕਾ ਰੱਤ ਏਕਾ ਬ੍ਰਹਮ ਸਮਝਾ ਰਿਹਾ । ਪੁਰਖ ਅਬਿਨਾਸ਼ੀ ਸਾਚਾ ਤੱਤ, ਆਪਣਾ ਆਪ ਸਮਝਾਇੰਦਾ । ਨਿਰਗੁਣ ਬੀਜ ਬੀਜੇ ਆਪਣੇ ਵਤ, ਆਪਣਾ ਫੁੱਲ ਆਪ ਉਪਾਇੰਦਾ । ਆਪੇ ਜਾਣੇ ਮਿਤ ਗਤ, ਵੇਦ ਕਤੇਬ ਭੇਵ ਨਾ ਆਇੰਦਾ । ਆਪੇ ਬੰਨ੍ਹੇ ਆਪਣਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਕਰਤਾ ਹਰਿ ਨਿਰੰਕਾਰ, ਲੱਖ ਚੁਰਾਸੀ ਪਾਵੇ ਸਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਹਰਿ ਹਰਿ ਜੋਤ ਜਗਾਈਆ । ਅਚਰਜ ਖੇਲ ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਖੇਲਾ, ਆਦਿ ਜੁਗਾਦਿ ਵੱਡੀ ਵਡਿਆਈਆ । ਆਦਿ ਨਿਰੰਜਣ ਜੋਤ ਨਿਰੰਜਣ ਚਾੜ੍ਹੇ ਤੇਲਾ, ਥਿਰ ਘਰ ਬੈਠਾ ਸਗਨ ਮਨਾਈਆ । ਆਪੇ ਜਾਣੇ ਆਪਣਾ ਵੇਲਾ, ਬ੍ਰਹਮਾ ਵਿਸ਼ਨ ਸ਼ਿਵ ਭੇਵ ਨਾ ਪਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਨਿਰਗੁਣ ਧਾਰ ਹਰਿ ਨਿਰੰਕਾਰ ਆਪ ਉਪਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਜੋਤ ਉਜਾਲਾ, ਹਰਿ ਹਰਿ ਆਪ ਉਪਾਇੰਦਾ । ਸਤਿਗੁਰ ਪੂਰਾ ਦੀਨ ਦਿਆਲਾ, ਗੋਬਿੰਦ ਨਾਉਂ ਰਖਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਦਰ ਕਿਸੇ ਨਾ ਆਇੰਦਾ । ਆਪੇ ਚੱਲੇ ਅਵੱਲੜੀ ਚਾਲਾ, ਲੇਖਾ ਲੇਖ ਨਾ ਕੋਈ ਜਣਾਇੰਦਾ । ਵਸੇ ਸਚਖੰਡ ਸੱਚੀ ਧਰਮਸਾਲਾ, ਚਾਰ ਦਿਵਾਰ ਨਾ ਕੋਈ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਬੰਕ ਦੁਵਾਰ, ਪੁਰਖ ਅਬਿਨਾਸ਼ੀ ਕਰ ਤਿਆਰ, ਨਿਰਗੁਣ ਸਰਗੁਣ ਆਸਣ ਸਚ ਸਿੰਘਾਸਣ ਡੇਰਾ ਲਾਇੰਦਾ । ਨਿਰਗੁਣ ਆਸਣ ਧੁਰ ਦਰਬਾਰਾ, ਹਰਿ ਸਾਚੀ ਰਚਨ ਰਚਾਈਆ । ਬੇਐਬ ਖ਼ੁਦਾਈ ਪਰਵਰਦਿਗਾਰਾ, ਨੂਰੋ ਨੂਰ ਡਗਮਗਾਈਆ । ਇਕ ਇਕੱਲਾ ਕਰ ਪਸਾਰਾ, ਆਪੇ ਵੇਖ ਵਖਾਈਆ । ਨਾ ਕੋਈ ਦੂਸਰ ਦਿਸੇ ਸਹਾਰਾ, ਨਾ ਕੋਈ ਤੀਜਾ ਵੇਸ ਵਟਾਈਆ । ਚੌਥਾ ਘਰ ਨਾ ਕੋਈ ਕਿਨਾਰਾ, ਪੰਚਮ ਮੇਲ ਨਾ ਕੋਈ ਮਿਲਾਈਆ । ਛੱਪਰ ਛੰਨ ਨਾ ਕੋਈ ਉਸਾਰਾ, ਸਤਿ ਸਤਿਵਾਦ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਆਪ ਆਪਣੀ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਵਰ

ਦਾਤਾ ਆਪ ਹੋ ਜਾਈਆ । ਆਪੇ ਵਰ ਦਾਤਾ ਹਰਿ ਨਿਰੰਕਾਰ, ਆਪੇ ਹੁਕਮ ਚਲਾਇੰਦਾ । ਆਪੇ ਮਾਰਨਹਾਰਾ ਮਾਰ, ਆਪੇ ਲੇਖ ਮੁਕਾਇੰਦਾ । ਆਪੇ ਵਿਸ਼ਨੂੰ ਵਿਸ਼ਵ ਕਰ ਅਕਾਰ, ਵਾਸਤਕ ਰੂਪ ਆਪ ਵਟਾਇੰਦਾ । ਆਪੇ ਸ਼ਿਵ ਸ਼ੰਕਰ ਲਏ ਸ਼ੰਘਾਰ, ਆਪੇ ਲੇਖਾ ਲੇਖ ਜਣਾਇੰਦਾ । ਆਪੇ ਤ੍ਰੈਗੁਣ ਕਰ ਉਜਿਆਰ, ਪੰਚਮ ਤੱਤ ਆਪ ਮਿਲਾਇੰਦਾ । ਆਪੇ ਨਿਰਗੁਣ ਸਰਗੁਣ ਦਏ ਅਧਾਰ, ਆਪਣੀ ਖਾਣੀ ਆਪ ਜਣਾਇੰਦਾ । ਆਪੇ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਹਰਿ ਸਾਚਾ ਵੇਸ ਵਟੰਦੜਾ, ਪਰਮ ਪੁਰਖ ਵੱਡੀ ਵਡਿਆਈਆ । ਜੁਗਾ ਜੁਗੰਤਰ ਖੇਲ ਖਲੰਦੜਾ, ਭੇਵ ਅਭੇਦਾ ਭੇਵ ਛੁਪਾਈਆ । ਨਿਰਗੁਣ ਸਰਗੁਣ ਵੇਸ ਵਟੰਦੜਾ, ਲੋਕਮਾਤ ਕਰੇ ਰੁਸ਼ਨਾਈਆ । ਏਕਾ ਸਾਚਾ ਨਾਮ ਜਪੰਦੜਾ, ਬੋਧ ਅਗਾਧ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਵੇਖ ਵਖੰਦੜਾ, ਦੁਆਪਰ ਆਪਣਾ ਖੋਜ ਖੁਜਾਈਆ । ਕਲਜੁਗ ਕਾਲਾ ਲੇਖ ਮਿਟੰਦੜਾ, ਝੂਠੀ ਮਿਟੇ ਮਸਤਕ ਛਾਹੀਆ । ਪਾਵੇ ਸਾਰ ਜੂਠ ਝੂਠ ਪਖੰਡੜਾ, ਮਨ ਮਤ ਰਿਹਾ ਦੁਰਕਾਈਆ । ਜੋਤੀ ਜਾਮਾ ਭੇਸ ਵਟੰਦੜਾ, ਗੁਰ ਗੋਬਿੰਦ ਦਏ ਗਵਾਹੀਆ । ਨਾਨਕ ਨਿਰਗੁਣ ਲੇਖ ਲਿਖੰਦੜਾ, ਲਿਖਿਆ ਲੇਖ ਨਾ ਕੋਈ ਮਿਟਾਈਆ । ਵੇਦ ਵਿਆਸਾ ਰਾਹ ਵਖੰਦੜਾ, ਪੁਰਾਨ ਪੁਰਾਨੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਖੇਲ ਖਲੰਦੜਾ ਜੋਤ ਜਗੰਦੜਾ, ਪਰਮ ਪੁਰਖ ਕਰਤਾਰਿਆ । ਭੇਸ ਵਟੰਦੜਾ ਲੇਖ ਲਖੰਦੜਾ, ਨਿਰਗੁਣ ਲੋਕਮਾਤ ਲਏ ਅਵਤਾਰਿਆ । ਆਪਣਾ ਲੇਖਾ ਪੂਰ ਕਰੰਦੜਾ, ਭਰਮ ਭੁਲੇਖਾ ਜਗਤ ਘੜੰਦੜਾ, ਏਕਾ ਸ਼ਬਦੀ ਸ਼ਬਦ ਡੰਕ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾ ਲਿਆ । ਕਲਜੁਗ ਤੇਰਾ ਅੰਤ ਕਿਨਾਰਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਮ ਖੰਡਾ ਹੱਥ ਉਠਾਇੰਦਾ । ਨਾਮ ਖੜਗ ਖੰਡ ਤੇਜ਼ ਪ੍ਰਚੰਡ ਤਿਖੀ ਰੱਖੇ ਧਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਬ੍ਰਹਿਮੰਡ ਖੰਡਾ ਜੇਰਜ ਅੰਡਾਂ ਪਾਵੇ ਸਾਰਾ, ਆਪ ਆਪਣੀ ਵੰਡ ਵੰਡਾਇੰਦਾ । ਨਾਰ ਦੁਹਾਗਣ ਰੰਡ ਕਰੇ ਖੁਵਾਰਾ, ਕਲਜੁਗ ਅੰਤਮ ਕੰਡ ਵਢਾਇੰਦਾ । ਦੇਵੇ ਦੰਡ ਦੇਵਣਹਾਰਾ, ਆਪ ਆਪਣੀ ਕਲ ਵਰਤਾਇੰਦਾ । ਏਕਾ ਨਾਮ ਸੱਚਾ ਜਾਏ ਵੰਡ, ਚਾਰ ਵਰਨਾਂ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇੰਦਾ । ਨਿਹਕਲੰਕ ਵਡ ਦਾਤਾ ਸੂਰ, ਨਿਰਗੁਣ ਹਰਿ ਬੇਪਰਵਾਹੀਆ । ਕਲਜੁਗ ਨਾਤਾ ਤੋੜੇ ਕੂੜੋ ਕੂੜ, ਜੂਠ ਝੂਠ ਰਹਿਣ ਨਾ ਪਾਈਆ । ਗੁਰਮੁਖਾਂ ਬਖ਼ਸ਼ੇ ਸਾਚੀ ਚਰਨ ਧੂੜ, ਮਸਤਕ ਟਿੱਕਾ ਨਾਮ ਲਗਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਨਿਹਕਲੰਕ ਪੁਰਖ ਕਰਤਾਰਾ, ਪਾਰਬ੍ਰਹਮ ਅਖਵਾਇਆ । ਕਲਜੁਗ ਅੰਤਮ ਲੈ ਅਵਤਾਰਾ, ਆਪ ਆਪਣਾ ਨਾਉਂ ਧਰਾਇਆ । ਏਕਾ ਨਾਮ ਇਕ ਜੈਕਾਰਾ, ਏਕਾ ਨਾਅਰਾ ਲਾਇਆ । ਸੋ ਪੁਰਖ ਨਿਰੰਜਣ ਪਾਵੇ ਸਾਰਾ, ਜਗਤ ਬ੍ਰਹਮ ਵੇਖ ਵਖਾਇਆ । ਚਾਰੋਂ ਕੁੰਟ ਦਏ ਹੁਲਾਰਾ, ਦਹਿ ਦਿਸ਼ਾ ਫੇਰਾ ਪਾਇਆ । ਨੌ ਖੰਡ ਪ੍ਰਿਥਮੀ ਮਾਰੇ ਮਾਰਾ, ਸੱਤਾਂ ਦੀਪਾਂ ਡੇਰਾ ਢਾਇਆ । ਰਾਜ ਰਾਜਾਨਾ ਕਰੇ ਖ਼ਵਾਰਾ, ਸ਼ਾਹ ਸੁਲਤਾਨਾਂ ਮੇਟ ਮਿਟਾਇਆ । ਚਾਰ ਵਰਨਾਂ ਵਖਾਏ ਇਕ ਦੁਵਾਰਾ,

ਊਚਾਂ ਨੀਚਾਂ ਏਕਾ ਧਾਮ ਬਹਾਇਆ । ਏਕਾ ਵਣਜ ਕਰਾਏ ਵਣਜਾਰਾ, ਨਾਮ ਹੱਟ ਇਕ ਖੁਲ੍ਹਾਇਆ । ਚੌਦਾਂ ਹੱਟਾਂ ਦਏ ਅਧਾਰਾ, ਚੌਦਾਂ ਲੋਕਾਂ ਵੇਖ ਵਖਾਇਆ । ਚੌਦਾਂ ਤਬਕਾਂ ਲਾਏ ਪਾੜਾ, ਸਤਾਰਾਂ ਹਾੜਾ ਵੇਸ ਵਟਾਇਆ । ਲੋਆਂ ਪੁਰੀਆਂ ਵੇਖ ਅਖਾੜਾ, ਆਪ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਬ੍ਰਹਮਾ ਵਿਸ਼ਨ ਸ਼ਿਵ ਲੇਖਾ ਦਏ ਚੁਕਾਇਆ । ਕਲਜੁਗ ਤੇਰਾ ਅੰਤਮ ਰਥ, ਹਰਿ ਸਾਚਾ ਆਪ ਚਲਾਇੰਦਾ । ਆਪੇ ਜਾਣੇ ਆਪਣੀ ਮਹਿਮਾ ਅਕੱਥ, ਕਥਨੀ ਕਥ ਨਾ ਕੋਈ ਸੁਣਾਇੰਦਾ । ਆਪੇ ਤੇਰਾ ਅੰਤ ਵਿਛਾਏ ਲੋਕਮਾਤ ਸਥ, ਤੇਰਾ ਸੱਥਰ ਇਕ ਵਖਾਇੰਦਾ । ਜੋ ਦੀਸੇ ਸੋ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਇੰਦਾ । ਨਾ ਕੋਈ ਮੰਦਰ ਮਸਜਿਦ ਦਿਸੇ ਮੱਠ, ਸ਼ਿਵਦੁਆਲਾ ਨਾ ਕੋਈ ਸੁਹਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਤੱਟ, ਗੰਗਾ ਗੋਦਾਵਰੀ ਨਾ ਕੋਈ ਨੁਹਾਇੰਦਾ । ਲੇਖਾ ਚੁੱਕੇ ਜੂਠ ਝੂਠ ਪੰਜ ਤੱਤ ਤੇਰਾ ਹੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇੰਦਾ । ਕਲਜੁਗ ਅੰਤਮ ਖੇਲ ਖਲੌਣਾ, ਹਰਿ ਸਾਚੇ ਜੋਤ ਜਗਾਈਆ । ਭੇਖ ਪਖੰਡਾ ਮੇਟ ਮਿਟੌਣਾ, ਜੂਠ ਝੂਠ ਰਹਿਣ ਨਾ ਪਾਈਆ । ਚਾਰ ਵਰਨਾਂ ਏਕਾ ਰੰਗ ਰੰਗੌਣਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਈਆ । ਅਠਾਰਾਂ ਬਰਨਾ ਮੇਟ ਮਟੌਣਾ, ਸ਼ਰਅ ਸ਼ਰੀਅਤ ਇਕ ਸਿਖਾਈਆ । ਅੰਜੀਲਾਂ ਕੁਰਾਨਾਂ ਵਕਤ ਚੁਕੌਣਾ, ਨਬੀ ਰਸੂਲਾਂ ਰਿਹਾ ਸਮਝਾਈਆ । ਪੀਰ ਫ਼ਕੀਰ ਸ਼ਾਹ ਹਕੀਰ ਦਸਤਗੀਰ ਮੇਟ ਮਿਟੌਣਾ, ਮੁਲਾਂ ਮੁਸਾਇਕ ਸ਼ੇਖ਼ ਨਾ ਕੋਈ ਅਖਵਾਈਆ । ਐਨਲਹੱਕ ਨਾਅਰਾ ਨਾ ਕਿਸੇ ਲੌਣਾ, ਮੁਕਾਮੇ ਹੱਕ ਖ਼ੁਦਾਈਆ । ਖ਼ਾਲਕ ਖਲਕ ਵਿਚ ਆਪ ਸਮੌਣਾ, ਆਪ ਆਪਣੀ ਜੋਤ ਕਰ ਰੁਸ਼ਨਾਈਆ । ਚੌਦਾਂ ਤਬਕਾਂ ਵੇਖ ਵਖੌਣਾ, ਸਦੀ ਚੌਦਵੀਂ ਦਏ ਦੁਹਾਈਆ । ਸੰਗ ਮੁਹੰਮਦ ਚਾਰ ਯਾਰ ਮੇਲ ਮਿਲੌਣਾ, ਰਫ਼ੀਕ ਇਕ ਤਾਰੀਕ ਰਿਹਾ ਵਖਾਈਆ । ਲਾਸ਼ਰੀਕ ਏਕਾ ਏਕ ਰੂਪ ਵਟੌਣਾ, ਆਪ ਆਪਣੀ ਕਲ ਵਰਤਾਈਆ । ਅੱਲਾ ਰਾਣੀ ਮੁਖ ਸ਼ਰਮੌਣਾ, ਨੇਤਰ ਰੋ ਰੋ ਨੀਰ ਵਹਾਈਆ । ਮੇਕਾਈਲ ਜ਼ਬਰਾਈਲ ਅਸਰਾਈਲ ਅਸਰਾਫੀਲ ਨਿਉਂ ਨਿਉਂ ਸੀਸ ਝੁਕੌਣਾ, ਦੋਏ ਜੋੜ ਰੋਵਣ ਮਾਰਨ ਧਾਹੀਆ । ਪੁਰਖ ਅਬਿਨਾਸ਼ੀ ਨਾਮ ਖੰਡਾ ਹੱਥ ਉਠੌਣਾ, ਕਲਜੁਗ ਕੂਕੇ ਦਏ ਦੁਹਾਈਆ । ਉਤਰ ਪੂਰਬ ਪੱਛਮ ਦੱਖਣ ਫੇਰਾ ਪੌਣਾ, ਆਪ ਆਪਣੀ ਜੋਤ ਕਰੇ ਰੁਸ਼ਨਾਈਆ । ਅਸਵ ਘੋੜਾ ਆਪ ਦੁੜੌਣਾ, ਸ਼ਾਹ ਅਸਵਾਰ ਆਸਣ ਲਾਈਆ । ਸੋਲਾਂ ਕਲੀਆਂ ਆਸਣ ਪੌਣਾ, ਨੌ ਸੱਤ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠੌਣਾ, ਪੁਰੀਆਂ ਲੋਆਂ ਖ਼ਾਲੀ ਰਿਹਾ ਕਰਾਈਆ । ਕਰੋੜ ਤੇਤੀਸਾ ਪੰਧ ਮੁਕੌਣਾ, ਗਣ ਗੰਧਰਬ ਨਾ ਕੋਈ ਵਖਾਈਆ । ਲੱਖ ਚੁਰਾਸੀ ਤੇਰਾ ਫੰਦ ਕਟੌਣਾ, ਅੰਤਮ ਫੰਦ ਰਹਿਣ ਨਾ ਪਾਈਆ । ਸਤਿਜੁਗ ਸਾਚਾ ਚੰਦ ਚੜ੍ਹੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਬੱਤੀ ਦੰਦ ਏਕਾ ਢੋਲਾ ਹਰਿ ਹਰਿ ਸਾਚਾ ਗੌਣਾ, ਚਾਰ ਵਰਨ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿਖ ਈਸਾਈ ਏਕਾ ਮੰਦਰ ਆਪ ਬਹੌਣਾ, ਏਕਾ ਇਸ਼ਟ ਦੇਵ ਦਰਸਾਈਆ । ਰਾਮ ਕ੍ਰਿਸ਼ਨ ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਰੂਪ ਵਟੌਣਾ, ਨਾਨਕ ਗੋਬਿੰਦ ਨਜ਼ਰੀ ਆਈਆ । ਸੋ ਪੁਰਖ ਨਿਰੰਜਣ ਆਪਣਾ ਵੇਸ ਵਟੌਣਾ, ਏਕਾ ਬ੍ਰਹਮ ਕਰੇ ਕੁੜਮਾਈਆ । ਆਤਮ ਅੰਤਰ ਦੀਪਕ ਜੋਤ ਜਗੌਣਾ, ਅੰਧ ਅੰਧੇਰ ਮਿਟਾਈਆ । ਦੂਈ ਦਵੈਤੀ ਮੇਟ ਮਿਟੌਣਾ, ਆਸਾ ਤ੍ਰਿਸ਼ਨਾ ਦਏ ਜਲਾਈਆ । ਹਉਮੇ ਹੰਗਤਾ ਗੜ੍ਹ ਤੁੜੌਣਾ, ਗੜ੍ਹ ਹੰਕਾਰੀ ਰਹਿਣ

ਨਾ ਪਾਈਆ । ਬਜ਼ਰ ਕਪਾਟੀ ਪਰਦਾ ਲੌਹਣਾ, ਆਪ ਆਪਣਾ ਦਰਸ ਦਖਾਈਆ । ਗੁਰਮੁਖ ਸੱਜਣ ਮੀਤ ਮੁਰਾਰੇ ਸਤਿਗੁਰ ਤੇਰਾ ਰਾਹ ਤਕੌਣਾ, ਗੁਰ ਗੁਰ ਸੇਵ ਕਮਾਈਆ । ਸ਼ਬਦ ਡੋਰੀ ਤੰਦ ਬੰਧੌਣਾ, ਸਾਚਾ ਸਗਨ ਮਨਾਈਆ । ਸੁਰਤ ਸੁਵਾਣੀ ਬਹਿ ਬਹਿ ਗੌਣਾ, ਮੇਲ ਮਿਲਾਵਾ ਸਾਚੇ ਮਾਹੀਆ । ਏਕਾ ਮੰਦਰ ਆਪ ਸੁਹੌਣਾ, ਨਿਝ ਘਰ ਆਤਮ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਈਸ਼ ਜੀਵ ਜੀਵ ਜਗਦੀਸ਼ ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਜੋਤ ਗੁਰ ਦੀਨਾ, ਸਤਿਗੁਰ ਪੂਰਾ ਮੇਲ ਮਿਲਾਈਆ । ਜਿਸ ਜਨ ਹਿਰਦੇ ਹਰਿ ਹਰਿ ਚੀਨਾ, ਹਰਿ ਹਿਰਦਾ ਕਵਲ ਖਲਾਇਆ । ਅੱਠ ਪਹਿਰ ਰੰਗ ਚਾੜ੍ਹੇ ਭੀਨਾ, ਭਿੰਨੜੀ ਰੈਣ ਨਾਲ ਰਲਾਇਆ । ਆਪੇ ਹੋਏ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇਆ । ਜਨ ਭਗਤਾਂ ਕਰੇ ਠਾਂਡਾ ਸੀਨਾ, ਅੰਮ੍ਰਿਤ ਜਲ ਮੁਖ ਚੁਆਇਆ । ਲੱਖ ਚੁਰਾਸੀ ਨਾਲੋਂ ਵੱਖ ਕੀਨਾ, ਰਾਏ ਧਰਮ ਨਾ ਦਏ ਸਜਾਇਆ । ਪਾਰ ਕਰਾਏ ਲੋਕਾਂ ਤੀਨਾਂ, ਘਰ ਚੌਥੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੁਰਖ ਅਬਿਨਾਸ਼ੀ ਦੇਵੇ ਵਰ, ਗੁਰਮੁਖ ਸੱਜਣ ਲਏ ਤਰਾਇਆ । ਗੁਰਸਿਖ ਸੱਜਣ ਮੀਤੜਾ, ਗੁਰ ਸਤਿਗੁਰ ਵੇਖ ਵਖਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਪੀ ਆਪ ਤਰਾਇੰਦਾ । ਆਦਿ ਜੁਗਾਦੀ ਠੰਡਾ ਸੀਤੜਾ, ਅਗਨੀ ਤੱਤ ਨਾ ਕੋਈ ਵਖਾਇੰਦਾ । ਜੁਗਾ ਜੁਗੰਤਰ ਆਪੇ ਜਾਣੇ ਆਪਣੀ ਰੀਤੜਾ, ਵੇਦ ਕਤੇਬ ਭੇਵ ਨਾ ਪਾਇੰਦਾ । ਆਪੇ ਦੇਹੁਰਾ ਗੁਰੂਦੁਵਾਰ ਮੰਦਰ ਮਸੀਤੜਾ, ਸ਼ਿਵ ਦੁਵਾਲਾ ਮੱਠ ਆਪ ਅਖਵਾਇੰਦਾ । ਆਪੇ ਅਠਸਠ ਹੋਏ ਤੀਰਥੜਾ, ਪਾਰ ਕਿਨਾਰਾ ਆਪ ਸੁਹਾਇੰਦਾ । ਆਪੇ ਕੌੜਾ ਕਰੇ ਮਿੱਠਾ ਰੀਠੜਾ, ਅੰਮ੍ਰਿਤ ਧਾਰ ਆਪ ਚੁਆਇੰਦਾ । ਆਪੇ ਜੁਗ ਜੁਗ ਗਾਏ ਆਪਣਾ ਸੁਹਾਗੀ ਗੀਤੜਾ, ਆਪ ਆਪਣਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਢੋਲਾ ਸ਼ਬਦ ਸੁਣਾਇੰਦਾ । ਸਾਚਾ ਢੋਲਾ ਸ਼ਬਦ ਜੈਕਾਰ, ਸੋ ਪੁਰਖ ਨਿਰੰਜਣ ਆਪ ਅਲ੍ਹਾਇੰਦਾ । ਹੰ ਬ੍ਰਹਮ ਪਾਏ ਸਾਰ, ਪਾਰਬ੍ਰਹਮ ਨਾਉਂ ਧਰਾਇੰਦਾ । ਮਰੇ ਨਾ ਜੰਮੇ ਵਿਚ ਸੰਸਾਰ, ਮਾਤ ਗਰਭ ਨਾ ਫੇਰਾ ਪਾਇੰਦਾ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਕਲਜੁਗ ਅੰਤਮ ਹੋ ਤਿਆਰ, ਲੋਕਮਾਤ ਵੇਸ ਵਟਾਇੰਦਾ । ਨਿਹਕਲੰਕਾ ਨਿਰਗੁਣ ਧਾਰ, ਨਿਰਗੁਣ ਜੋਤੀ ਨੂਰ ਡਗਮਗਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਆਪਣਾ ਤਾਲ ਆਪ ਵਜਾਇੰਦਾ । ਰਾਓ ਰੰਕਾਂ ਕਰੇ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਇੰਦਾ । ਜਨ ਭਗਤਾਂ ਕਰੇ ਜਗਤ ਪਿਆਰ, ਭਗਤ ਭਗਤੀ ਨਾਮ ਦ੍ਰਿੜਾਇੰਦਾ । ਦੇਵੇ ਦਰਸ ਅਗੰਮ ਅਪਾਰ, ਸਵਛ ਸਰੂਪੀ ਰੂਪ ਵਟਾਇੰਦਾ । ਅੰਦਰ ਮੰਦਰ ਗੁਪਤ ਜ਼ਾਹਰ, ਜ਼ਾਹਿਰ ਜ਼ਹੂਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਆਤਮ ਅੰਤਰ ਇਕ ਪਿਆਰ, ਹਉਮੇ ਹੰਗਤਾ ਦਏ ਨਿਵਾਰ, ਸਾਚੀ ਸੰਗਤਾ ਮੇਲ ਮਿਲਾਇੰਦਾ । ਗੁਰਮੁਖ ਸਾਚਾ ਹਰਿ ਹਰਿ ਸੱਜਣ, ਲੋਕਮਾਤ ਉਪਜਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧੁਵਾਈਆ । ਅੰਤਮ ਆਇਆ ਪਰਦੇ ਕੱਜਣ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਾਰ ਕੁੰਟਾਂ ਦਹਿ ਦਿਸ਼ਾ ਕੂੜ ਨਗਾਰੇ ਵੱਜਣ, ਰਾਏ ਧਰਮ ਰਿਹਾ ਵਜਾਈਆ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ

੭੯੭
੦੮

ਕੋਈ ਰਹਿਣ ਨਾ ਪਾਈਆ । ਕੋਈ ਨਾ ਕਿਸੇ ਰੱਖੇ ਲੱਜਣ, ਨਾ ਹੋਵੇ ਅੰਤ ਸਹਾਈਆ । ਗੋਬਿੰਦ ਮੀਤਾ ਇਕ ਅਤੀਤਾ ਸਤਿਗੁਰ ਸਾਚਾ ਸੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਜਗਤ ਅਖਾੜਾ, ਹਰਿ ਸਾਚਾ ਆਪ ਲਗਾਇੰਦਾ । ਲੱਖ ਚੁਰਾਸੀ ਲੁੱਟੀ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਇੰਦਾ । ਸੰਮਤ ਸੰਮਤੀ ਮਾਰੇ ਮਾਰ ਸਤਾਰਾਂ ਹਾੜਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਧੁਰਦਰਗਾਹੀ ਸਾਚਾ ਲਾੜਾ, ਸ਼ਾਹੋ ਭੂਪ ਸੁਲਤਾਨ ਇਕ ਅਖਵਾਇੰਦਾ । ਪਾਵੇ ਸਾਰ ਜਲ ਥਲ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਸ ਅਵੱਲਾ ਇਕ ਇਕੱਲਾ, ਆਪਣਾ ਆਪ ਕਰਾਇੰਦਾ । ਵੇਸ ਅਵੱਲਾ ਪੁਰਖ ਕਰਤਾਰਾ, ਆਪਣਾ ਆਪ ਕਰਾਈਆ । ਦੂਜੀ ਬੰਨ੍ਹੇ ਕੁਦਰਤ ਧਾਰਾ, ਤੀਜੇ ਨੈਣ ਦਰਸਾਈਆ । ਚੌਥੇ ਪਦ ਹੋ ਉਜਿਆਰਾ, ਪੰਚਮ ਕਰੇ ਰੁਸ਼ਨਾਈਆ । ਛੇਵੇਂ ਛੇ ਦਰ ਬੰਨ੍ਹੇ ਧਾਰਾ, ਸਤਵੇਂ ਸਤਿ ਪੁਰਖ ਵਡਿਆਈਆ । ਅਠਵੇਂ ਅੱਠਾਂ ਤੱਤਾਂ ਵਸੇ ਬਾਹਿਰਾ, ਮਨ ਮਤ ਬੁੱਧ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਉਪਾਈਆ । ਨੌਵੇਂ ਨੌਂ ਦਰ ਕਰੇ ਪਾਰ ਕਿਨਾਰਾ, ਲੱਖ ਚੁਰਾਸੀ ਬੇਪਰਵਾਹੀਆ । ਦਸਵੇਂ ਦਹਿ ਦਿਸ਼ਾ ਮੇਲਾ ਮੀਤ ਮੁਰਾਰਾ, ਘਰ ਬੈਠਾ ਸਾਚਾ ਮਾਹੀਆ । ਨਿਰਗੁਣ ਜੋਤੀ ਦੀਪ ਉਜਿਆਰਾ, ਨੂਰੋ ਨੂਰ ਡਗਮਗਾਈਆ । ਆਤਮ ਸੇਜਾ ਕਰ ਪਿਆਰਾ, ਬੈਠਾ ਆਸਣ ਲਾਈਆ । ਚਤੁਰਭੁਜ ਦਏ ਹੁਲਾਰਾ, ਆਪਣੀ ਭੁਜਾਂ ਰਿਹਾ ਉਠਾਈਆ । ਗੁਰਸਿਖ ਆਏ ਸਚ ਦੁਵਾਰਾ, ਬਜ਼ਰ ਕਪਾਟੀ ਕੁੰਡਾ ਲਾਹੀਆ । ਜੋਤ ਨਿਰੰਜਣ ਸੇਵਾਦਾਰਾ, ਸਾਚੀ ਸੇਵ ਕਮਾਈਆ । ਅਨਹਦ ਸ਼ਬਦ ਸੱਚੀ ਧੁਨਕਾਰਾ, ਪੰਚਮ ਸਖੀਆਂ ਬਹਿ ਬਹਿ ਮੰਗਲ ਗਾਈਆ । ਸੁਰਤੀ ਸ਼ਬਦੀ ਮੇਲਾ ਕੰਤ ਭਤਾਰਾ, ਸਾਚੀ ਸੇਜਾ ਇਕ ਹੰਢਾਈਆ । ਆਵਣ ਜਾਵਣ ਛੁੱਟਾ ਸੰਸਾਰਾ, ਲੱਖ ਚੁਰਾਸੀ ਫੰਦ ਕਟਾਈਆ । ਸਤਿਗੁਰ ਮੇਲਾ ਮੀਤ ਮੁਰਾਰਾ, ਨਿਰਗੁਣ ਦਾਤਾ ਵਡ ਵਡਿਆਈਆ । ਸੁੰਨ ਅਗੰਮੀ ਪਾਰ ਕਿਨਾਰਾ, ਸਚਖੰਡ ਦੁਵਾਰ ਸੁਹਾਈਆ । ਅਲੱਖ ਅਲੱਖਣਾ ਅਗੰਮ ਅਪਾਰਾ, ਅਗੰਮੜੇ ਧਾਮ ਡੇਰਾ ਲਾਈਆ । ਹੱਡ ਮਾਸ ਨਾੜੀ ਚੰਮੜੇ ਨਾ ਕੋਈ ਅਧਾਰਾ, ਤੱਤਵ ਤੱਤ ਨਾ ਕੋਈ ਉਪਜਾਈਆ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ ਅਵਤਾਰਾ, ਏਕੰਕਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਲੱਖ ਚੁਰਾਸੀ ਚੁੱਕੇ ਡਰ, ਏਕਾ ਮੀਤਾ ਮਿਲੇ ਵਰ, ਦਰ ਸੱਚਾ ਇਕ ਸੁਹਾਈਆ । ਗੁਰਮੁਖ ਸਾਚੇ ਦਰ ਦਰਵਾਜ਼ਾ, ਹਰਿ ਹਰਿ ਆਪ ਸੁਹਾਇੰਦਾ । ਪਰਮ ਪੁਰਖ ਪ੍ਰਭ ਗ਼ਰੀਬ ਨਿਵਾਜ਼ਾ, ਆਪ ਆਪਣਾ ਫੇਰਾ ਪਾਇੰਦਾ । ਸ਼ਬਦ ਵਜਾਏ ਅਨਹਦ ਵਾਜਾ, ਰਾਗ ਰਾਗਨੀ ਮੁਖ ਸ਼ਰਮਾਇੰਦਾ । ਸੰਗ ਰਖਾਏ ਅਸਵ ਤਾਜਾ, ਸਾਚਾ ਘੋੜਾ ਆਪ ਦੌੜਾਇੰਦਾ । ਧੁਰਦਰਗਾਹੀ ਫਿਰੇ ਭਾਜਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਮਾਰੇ ਵਾਜਾ, ਹਰਿਜਨ ਸੋਏ ਮਾਤ ਉਠਾਇੰਦਾ । ਅੱਖਰ ਵੱਖਰ ਦੇਵੇ ਦਾਜਾ, ਸੋਹੰ ਝੋਲੀ ਪਾਇੰਦਾ । ਸ਼ਾਹੋ ਭੂਪ ਹਰਿ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਖ਼ਾਕ ਰਲਾਏ ਰਾਜਨ ਰਾਜਾ, ਦਰ ਦਰ ਭਿੱਖ ਮੰਗਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਸੰਮਤ ਸੋਲਾਂ ਲੇਖ ਲਿਖਾਇੰਦਾ । ਆਪੇ ਮੱਕਾ ਕਾਅਬਾ ਦੋ ਦੋ ਆਬਾ ਹਾਜੀ ਹਾਜਾ, ਹੱਕ ਹਕੀਕਤ ਵੇਖ ਵਖਾਇੰਦਾ । ਆਪੇ ਸਤਿਗੁਰ ਸ਼ਾਹ ਨਵਾਬਾ, ਆਪ ਆਪਣਾ ਅਦਲ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ

ਵਰ, ਤੇਰਾ ਲੇਖਾ ਵੇਖ ਵਖਾਇੰਦਾ । ਕਲਜੁਗ ਤੇਰਾ ਲੇਖਾ ਅਨਮੋਲ, ਹਰਿ ਸਾਚਾ ਵੇਖ ਵਖਾਈਆ । ਸ਼ਬਦ ਅਗੰਮੀ ਕੰਡੇ ਰਿਹਾ ਤੋਲ, ਏਕਾ ਤੋਲਾ ਹਰਿ ਰਘੁਰਾਈਆ । ਨਾਨਕ ਨਿਰਗੁਣ ਤੇਰਾਂ ਤੇਰਾਂ ਗਿਆ ਤੋਲ, ਤੇਰਾਂ ਤੇਰੀ ਧਾਰ ਬੰਧਾਈਆ । ਲੱਖ ਚੁਰਾਸੀ ਕਾਇਆ ਮਾਟੀ ਪਰਦਾ ਫੋਲ, ਨਾਮ ਰੱਤੀ ਵੇਖ ਵਖਾਈਆ । ਸਚ ਵਸਤ ਨਾ ਕਿਸੇ ਕੋਲ, ਲੱਖ ਚੁਰਾਸੀ ਖ਼ਾਲੀ ਹੱਥ ਦਏ ਵਖਾਈਆ । ਸਾਧ ਸੰਤ ਜੀਵ ਜੰਤ ਖ਼ਾਕੀ ਮਾਟੀ ਰਹੇ ਵਿਰੋਲ, ਲਾਲ ਅਨਮੁਲੜਾ ਨਾ ਕੋਈ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪਿਆ ਘੋਲ, ਤ੍ਰੈਗੁਣ ਮਾਇਆ ਕਰੇ ਲੜਾਈਆ । ਹਰਿ ਕਾ ਸ਼ਬਦ ਨਾ ਕੋਈ ਵਿਚੋਲ, ਦਰਗਹਿ ਸਾਚੀ ਦਏ ਮਿਲਾਈਆ । ਅਨਹਦ ਨਾ ਵੱਜੇ ਢੋਲ, ਘਰ ਮੰਦਰ ਦਏ ਸੁਹਾਈਆ । ਭਰਮੇ ਭੁੱਲੇ ਪਾਂਧੇ ਰੌਲ, ਵਾਕ ਭਵਿਖਤ ਨਾ ਕੋਈ ਜਣਾਈਆ । ਗੁਰ ਗੋਬਿੰਦ ਕੀਤਾ ਏਕਾ ਕੌਲ, ਪੁਰਖ ਅਬਿਨਾਸ਼ੀ ਤੋੜ ਨਿਭਾਈਆ । ਪ੍ਰਗਟ ਹੋਏ ਉਪਰ ਧਵਲ, ਧਰਤ ਧਵਲ ਆਪ ਸੁਹਾਈਆ । ਨਾਨਕ ਲੇਖ ਨਾ ਮਿਟੇ ਰੱਤੀ ਚੌਲ, ਵੇਦ ਵਿਆਸਾ ਸੰਗ ਨਿਭਾਈਆ । ਪਾਰਬ੍ਰਹਮ ਅਬਿਨਾਸ਼ੀ ਲੱਖ ਚੁਰਾਸੀ ਕਾਇਆ ਮੰਦਰ ਅੰਦਰ ਡੂੰਘੀ ਕੰਦਰ ਪਰਦਾ ਦੇਵੇ ਫੋਲ, ਭੁੱਲ ਰਹੇ ਨਾ ਰਾਈਆ । ਅੰਤਰ ਸਾਚੇ ਕੰਡੇ ਦੇਵੇ ਤੋਲ, ਹਰਿਜਨ ਸਾਚੇ ਵੇਖ ਵਖਾਈਆ । ਸਚਖੰਡ ਦੁਵਾਰਾ ਏਕਾ ਖੋਲ੍ਹ, ਆਪ ਆਪਣੀ ਕਰੇ ਕੁੜਮਾਈਆ । ਸੋਹੰ ਅੱਖਰ ਸਤਿਗੁਰ ਪੂਰਾ ਬੋਲ, ਸਤਿਜੁਗ ਸਾਚੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਏਕੰਕਾਰਾ ਇਕ ਉਪਜਾਈਆ । ਏਕਾ ਏਕ ਏਕੰਕਾਰਾ, ਓਅੰਕਾਰਾ ਇਕ ਅਖਵਾਈਆ । ਇਕ ਡੰਕ ਇਕ ਨਗਾਰਾ, ਇਕ ਰਿਹਾ ਵਜਾਈਆ । ਇਕ ਜੋਤ ਨਿਰਗੁਣ ਧਾਰਾ, ਏਕਾ ਏਕ ਕਰੇ ਰੁਸ਼ਨਾਈਆ । ਏਕਾ ਪੁਰਖ ਇਕ ਨਾਰ, ਨਾਰੀ ਕੰਤ ਇਕ ਅਖਵਾਈਆ । ਇਕ ਸ਼ਬਦ ਇਕ ਜੈਕਾਰ, ਨਾਅਰਾ ਏਕਾ ਏਕ ਲਗਾਈਆ । ਏਕਾ ਏਕ ਇਕ ਦੁਵਾਰ, ਸਚਖੰਡ ਇਕ ਸੁਹਾਈਆ । ਇਕ ਰਾਜ ਇਕ ਸਿਕਦਾਰ, ਸ਼ਾਹੋ ਭੂਪ ਇਕ ਹੋ ਜਾਈਆ । ਇਕ ਮੰਗ ਮੰਗੇ ਬਣ ਭਿਖਾਰ, ਇਕ ਭਿਛਿਆ ਝੋਲੀ ਪਾਈਆ । ਏਕਾ ਲੇਖਾ ਲਿਖੇ ਅਪਰ ਅਪਾਰ, ਲਿਖਣਹਾਰਾ ਇਕ ਹੋ ਜਾਈਆ । ਰੂਪ ਅਨੂਪ ਲਏ ਅਵਤਾਰ, ਇਕ ਆਪਣੀ ਕਲ ਵਰਤਾਈਆ । ਏਕਾ ਰੰਗ ਰੂਪ ਤੋਂ ਵਸਿਆ ਬਾਹਿਰ, ਅਜੂਨੀ ਰਹਿਤ ਇਕ ਅਖਵਾਈਆ । ਇਕ ਕਰਤਾ ਪੁਰਖ ਬੰਨ੍ਹੇ ਧਾਰ, ਅਕਾਲ ਮੂਰਤ ਇਕ ਅਖਵਾਈਆ । ਇਕ ਨਿਰਭੈ ਹੋਏ ਸੱਚੀ ਸਰਕਾਰ, ਇਕ ਭੌ ਸਰਬ ਜਣਾਈਆ । ਇਕ ਇਕੱਲਾ ਏਕਾ ਘਰ ਨਿਰਗੁਣ ਜੋਤ ਕਰੇ ਉਜਿਆਰ, ਨੂਰੋ ਨੂਰ ਇਕ ਰੁਸ਼ਨਾਈਆ । ਆਦਿ ਜੁਗਾਦੀ ਇਕ ਅਵਤਾਰ, ਇਕ ਏਕਾ ਗੁਰ ਅਖਵਾਈਆ । ਜੁਗਾ ਜੁਗੰਤਰ ਏਕਾ ਕਾਰ, ਇਕ ਇਕੱਲਾ ਰਿਹਾ ਕਰਾਈਆ । ਕਲਜੁਗ ਅੰਤਮ ਭੇਖ ਨਿਆਰ, ਨਿਰਗੁਣ ਆਪਣਾ ਰੂਪ ਵਟਾਈਆ । ਨਿਹਕਲੰਕਾ ਨਾਮ ਅਪਾਰ, ਗੁਰ ਗੋਬਿੰਦ ਰਸਨਾ ਗਾਈਆ । ਸੰਬਲ ਨਗਰੀ ਧਾਮ ਨਿਆਰ, ਬੈਠਾ ਆਸਣ ਲਾਈਆ । ਰਾਮ ਦਾਸ ਦਾਸ ਰਾਮ ਕਰੇ ਵਿਚਾਰ, ਪੂਰਬ ਪੂਰਬ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਈਆ । ਨਰ ਨਰਾਇਣ ਨੇਤਰ ਨੈਣ, ਨੈਣੀ ਨੈਣ ਬਿਗਸਾਇਆ । ਗੁਰਮੁਖ ਵਿਰਲੇ ਮਿਲਿਆ ਸਾਚਾ ਸੱਜਣ ਸੈਣ, ਲੱਖ ਚੁਰਾਸੀ ਦਿਸ ਨਾ ਆਇਆ । ਗੋਬਿੰਦ ਗੋਬਿੰਦ ਗੋਬਿੰਦ ਸਾਰੇ ਰਸਨਾ ਕਹਿਣ, ਗੋਬਿੰਦ ਦਰਸ ਕਿਸੇ ਨਾ ਪਾਇਆ । ਗੁਰਮੁਖਾਂ ਚੁਕਾਇਆ ਲਹਿਣ ਦੇਣ, ਪਿਛਲਾ ਲਹਿਣਾ ਰਹੇ ਨਾ ਰਾਇਆ । ਸਾਕ ਸੱਜਣ

੭੮੯
੦੮

ਭੈਣ ਭਾਈ ਬੰਧਪ ਬਨਿਆ ਮੀਤ, ਮਾਤ ਪਿਤ ਆਪ ਅਖਵਾਇਆ । ਤਨ ਬਸਤਰ ਪਾਏ ਸੋਹੰ ਸਾਚਾ ਗਹਿਣ, ਸੋਲਾਂ ਸ਼ਿੰਗਾਰ ਵੇਸ ਵਟਾਇਆ । ਗੁਰ ਗੁਰਮੁਖ ਗੋਬਿੰਦ ਧਾਮ ਇਕੱਠੇ ਏਕਾ ਰਹਿਣ, ਜਿਸ ਜਨ ਰਸਨਾ ਸਾਚੀ ਗਾਇਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਨੇਤਰ ਨੈਣ, ਲੋਚਣ ਆਪਣਾ ਆਪ ਖੁਲ੍ਹਾਇਆ । ਗੁਰਮੁਖ ਨੇਤਰ ਜਾਏ ਖੁਲ੍ਹ, ਗੁਰ ਸਤਿਗੁਰ ਆਪ ਖੁਲ੍ਹਾਇੰਦਾ । ਸਤਿਗੁਰ ਪੂਰਾ ਕੋਈ ਨਾ ਲਾਏ ਮੁਲ, ਕਰ ਕਿਰਪਾ ਮੇਲ ਮਿਲਾਇੰਦਾ । ਜੋ ਜਨ ਸੋਹੰ ਕੰਡੇ ਗਿਆ ਤੁਲ, ਦਰਗਹਿ ਸਾਚੀ ਧਾਮ ਸੁਹਾਇੰਦਾ । ਹੱਸਦੇ ਰਹਿਣ ਸਦਾ ਬੁਲ, ਖ਼ੁਸ਼ੀ ਗ਼ਮੀ ਏਕਾ ਰੰਗ ਰੰਗਾਇੰਦਾ । ਭਾਗ ਲਗਾਏ ਸਾਚੀ ਕੁਲ, ਜਨ ਜਨਨੀ ਲੇਖੇ ਲਾਇੰਦਾ । ਗੁਰਸਿਖ ਤੇਰਾ ਜਨਮ ਅਨਮੁਲ, ਲੱਖ ਕਰੋੜੀ ਕੀਮਤ ਕੋਈ ਨਾ ਪਾਇੰਦਾ । ਚਰਨ ਪ੍ਰੀਤੀ ਜੋ ਜਨ ਗਿਆ ਘੁੱਲ, ਹਰ ਘੋਲੀ ਘੋਲ ਘੁਮਾਇੰਦਾ । ਆਪ ਉਪਜਾਏ ਸੱਚਾ ਫੁੱਲ, ਫਲ ਫੁਲਵਾੜੀ ਆਪ ਮਹਿਕਾਇੰਦਾ । ਲੋਕਮਾਤ ਨਾ ਜਾਏ ਰੁਲ, ਜੋ ਜਨ ਨਿਹਕਲੰਕ ਨਰਾਇਣ ਨਰ ਤੇਰੀ ਸਰਨ ਤਕਾਇੰਦਾ । ਸਚ ਦੁਵਾਰ ਗਿਆ ਖੁਲ੍ਹ, ਸਤਿਜੁਗ ਸਾਚਾ ਮਾਰਗ ਲਾਇੰਦਾ । ਕਲਜੁਗ ਅੰਧੇਰ ਰਿਹਾ ਝੁੱਲ, ਪਤ ਡਾਲੀ ਨਾ ਕੋਈ ਵਖਾਇੰਦਾ । ਅੰਤਮ ਪਾਣੀ ਪਿਆ ਕਾਇਆ ਚੁਲ, ਸਾਚਾ ਤੱਤ ਨਾ ਕੋਈ ਉਪਜਾਇੰਦਾ । ਜੋ ਜਨ ਚਰਨ ਦੁਵਾਰੇ ਆਏ ਭੁੱਲ, ਅੰਤਮ ਲੇਖਾ ਲੇਖ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪਾਵੇ ਸਾਰ ਮੂੰਡ ਮੁੰਡਾਏ ਕੇਸਾਧਾਰੀ ਵੇਖ ਵਖਾਇੰਦਾ । ਕੇਸਾਧਾਰੀ ਕੇਸ ਗੜ੍ਹ, ਗੁਰ ਗੁਰ ਬਣਤ ਬਣਾਈਆ । ਪੰਚਮ ਅੰਦਰ ਆਪੇ ਵੜ, ਆਪਣੀ ਕੀਤੀ ਆਪ ਪੜ੍ਹਾਈਆ । ਨਾਮ ਖੰਡਾ ਹੱਥ ਫੜ, ਪ੍ਰੇਮ ਕਟਾਰ ਚਲਾਈਆ । ਲੇਖਾ ਜਾਣੇ ਸੀਸ ਧੜ, ਜੀਵ ਜੰਤ ਭੇਵ ਨਾ ਰਾਈਆ । ਅੰਤਮ ਮਰਨੇ ਲੜ ਲੜ, ਪੱਲੂ ਲੜ ਨਾ ਕੋਈ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਅੰਦਰ ਜਾਏ ਵੜ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਸਿਖ ਕਾਇਆ ਮੰਦਰ ਸਚ ਮਕਾਨ, ਹਰਿ ਸਾਚਾ ਆਪ ਉਪਜਾਇੰਦਾ । ਪੁਰਖ ਅਬਿਨਾਸ਼ੀ ਨਿਗਹਬਾਨ, ਦਿਵਸ ਰੈਣ ਸੇਵ ਕਮਾਇੰਦਾ । ਨਿਰਗੁਣ ਦੀਪਕ ਜੋਤ ਮਹਾਨ, ਆਪਣੀ ਬਾਤੀ ਆਪ ਟਿਕਾਇੰਦਾ । ਖੇਲੇ ਖੇਲ ਗੋਪੀ ਕਾਹਨ, ਸਾਚੀ ਸਖੀਆਂ ਵੇਖ ਵਖਾਇੰਦਾ । ਅਨਹਦ ਰਾਗ ਅਨਾਦੀ ਆਪੇ ਗਾਣ, ਆਪ ਆਪਣਾ ਹੁਕਮ ਚਲਾਇੰਦਾ । ਸਰ ਸਰੋਵਰ ਅੰਮ੍ਰਿਤ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਆਤਮ ਸੇਜਾ ਕਰ ਪਰਵਾਨ, ਹਰਿਜਨ ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਧਰਮ ਉਠਾਏ ਇਕ ਨਿਸ਼ਾਨ, ਲੋਆਂ ਪੁਰੀਆਂ ਪਾਏ ਆਣ, ਵਰਭੰਡੀ ਦੇਵੇ ਇਕ ਗਿਆਨ, ਸੋਹੰ ਸ਼ਬਦ ਮਾਤ ਪ੍ਰਧਾਨ, ਸਤਿਜੁਗ ਸਾਚਾ ਰਾਹ ਵਖਾਇੰਦਾ ।

✪ ੮ ਸਾਵਣ ੨੦੧੯ ਬਿਕ੍ਰਮੀ ਵਧਾਵਾ ਸਿੰਘ ਦੇ ਘਰ ਪਿੰਡ ਮਹਰਾਜ ✪

ਹਰਿ ਮਿਹਰਵਾਨ ਸ਼ਾਹ ਸੁਲਤਾਨਾ, ਆਦਿ ਅੰਤ ਏਕੰਕਾਰਿਆ । ਪਾਰਬ੍ਰਹਮ ਸ੍ਰੀ ਭਗਵਾਨਾ, ਇਕ ਇਕੱਲਾ ਖੇਲ ਅਪਾਰਿਆ । ਆਦਿ

੭੯੦ ੦੮

ਨਿਰੰਜਣ ਜੋਤ ਮਹਾਨਾ, ਨੂਰੋ ਨੂਰ ਡਗਮਗਾ ਰਿਹਾ । ਵਸਣਹਾਰਾ ਸਚ ਮਕਾਨਾ, ਸਚਖੰਡ ਦੁਵਾਰਾ ਇਕ ਉਪਾ ਰਿਹਾ । ਏਕਾ ਰਾਗ ਇਕ ਤਰਾਨਾ, ਏਕਾ ਸ਼ਬਦ ਅਲ੍ਹਾ ਰਿਹਾ । ਏਕਾ ਦੇਵਣਹਾਰਾ ਦਾਨ ਧੁਰ ਫ਼ਰਮਾਣਾ, ਏਕਾ ਹੁਕਮ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾ ਰਿਹਾ । ਅਬਿਨਾਸ਼ੀ ਕਰਤਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਪਰਮ ਪੁਰਖ ਆਪ ਕਰਾਈਆ । ਨਿਰਗੁਣ ਬਾਤੀ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਨਾ ਕੋਈ ਦੂਸਰ ਦਿਸੇ ਹੋਰ ਅਕਾਰ, ਨਾ ਕੋਈ ਰਚਨ ਰਚਾਈਆ । ਏਕਾ ਵਸੇ ਸਚ ਦੁਵਾਰ, ਬੰਕ ਦੁਵਾਰਾ ਇਕ ਸੁਹਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸਿਕਦਾਰ ਇਕ ਅਖਵਾਈਆ । ਇਕ ਇਕੱਲਾ ਖੇਲੇ ਖੇਲ ਨਿਰਗੁਣ ਧਾਰ, ਅਕਾਲ ਮੂਰਤ ਵੱਡੀ ਵਡਿਆਈਆ । ਅਜੂਨੀ ਰਹਿਤ ਭੇਵ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਨੂਰ ਨੂਰ ਉਜਾਲਾ, ਹਰਿ ਹਰਿ ਵੇਸ ਵਟਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਆਦਿ ਜੁਗਾਦੀ ਖੇਲ ਖਲਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਚਲਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਅਗਨੀ ਜੋਤੀ ਨੂਰ ਜਵਾਲਾ, ਆਦਿ ਸ਼ਕਤੀ ਡਗਮਗਾਇੰਦਾ । ਸ਼ਬਦ ਅਨਾਦੀ ਵੱਜੇ ਤਾਲਾ, ਤਾਲ ਤਲਵਾੜਾ ਆਪ ਵਜਾਇੰਦਾ । ਵਸਣਹਾਰਾ ਧਰਮ ਸੱਚੀ ਧਰਮਸਾਲਾ, ਦਰ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਪਰਵਰਦਿਗਾਰ ਆਪ ਅਖਵਾਇੰਦਾ । ਬੇਪਰਵਾਹ ਬੇਅੰਤ, ਭੇਵ ਕੋਈ ਨਾ ਪਾਈਆ । ਖੇਲੇ ਖੇਲ ਸ੍ਰੀ ਭਗਵੰਤ, ਭਗਵਨ ਜੋਤੀ ਨੂਰ ਰੁਸ਼ਨਾਈਆ । ਆਪੇ ਨਾਰੀ ਆਪੇ ਕੰਤ, ਹਰਿ ਮੰਦਰ ਆਪ ਸੁਹਾਈਆ । ਆਪ ਬਣਾਏ ਆਪਣੀ ਬਣਤ, ਆਪ ਆਪਣੀ ਰਚਨ ਰਚਾਈਆ । ਆਪੇ ਗਾਏ ਆਪਣਾ ਛੰਤ, ਆਪਣਾ ਸ਼ਬਦ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਨਿਰਾਕਾਰ, ਨਿਰਗੁਣ ਨਾਉਂ ਧਰਾਇੰਦਾ । ਮਾਤ ਪਿਤ ਨਾ ਕੋਈ ਪਿਆਰ, ਨਾ ਕੋਈ ਹਿੱਤ ਵਖਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਨਾ ਕੋਈ ਬਣਾਇੰਦਾ । ਨਾ ਕੋਈ ਨਾਤਾ ਪੰਜ ਤੱਤ ਅਕਾਰ, ਸਰਗੁਣ ਵੇਸ ਨਾ ਕੋਈ ਧਰਾਇੰਦਾ । ਇਕ ਇਕੱਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਜੋਤੀ ਬਾਤੀ ਕਰ ਤਿਆਰ, ਆਪਣਾ ਨੂਰ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸੁਤੇ ਪ੍ਰਕਾਸ਼ ਆਪ ਕਰਾਇੰਦਾ । ਸੁਤੇ ਪ੍ਰਕਾਸ਼ ਲਾਲ ਗੁਲਾਲ, ਹਰਿ ਸਾਚੀ ਰਚਨ ਰਚਾਈਆ । ਕੰਚਨ ਰੂਪ ਜੋਤ ਜਲਾਲ, ਜੋਤੀ ਨੂਰੀ ਬੇਪਰਵਾਹੀਆ । ਸੂਹਾ ਵੇਸ ਦਰ ਦਰਵੇਸ ਮੂਰਤ ਅਕਾਲ, ਇਕ ਵਖਾਈਆ । ਚੌਥੀ ਧਾਰ ਛੁਟੀ ਕਾਰ, ਨਿਰਗੁਣ ਆਪਣਾ ਰੰਗ ਰੰਗਾਈਆ । ਪੀਲਾ ਵੇਸ ਨਰ ਨਰੇਸ਼, ਨਰ ਹਰਿ ਸਾਚਾ ਆਪ ਮੁਕਾਈਆ । ਨੀਲੀ ਧਾਰ ਆਪੇ ਵੇਖ, ਆਪਣਾ ਰੰਗ ਰੰਗਾਈਆ । ਕਾਲਾ ਰੰਗ ਸਾਚਾ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਵੇਸ ਅਵੱਲਾ ਏਕੰਕਾਰ, ਆਪਣਾ ਆਪ ਕਰਾਇੰਦਾ । ਵਲੀਆ ਛਲੀਆ ਸਿਰਜਣਹਾਰ, ਭੇਵ ਕੋਈ ਨਾ ਪਾਇੰਦਾ । ਵਸੇ ਨੇਹਚਲ ਧਾਮ ਅਟਲਿਆ ਕਰ ਪਸਾਰ, ਦੀਵਾ ਬਾਤੀ ਇਕ ਰਖਾਇੰਦਾ । ਕਮਲਾਪਾਤੀ ਹੋ ਤਿਆਰ, ਆਪਣੀ ਗਾਥੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਇਕ ਇਕੱਲਾ ਸਚ ਮਹੱਲਾ, ਉਚ ਅਟੱਲਾ ਨੇਹਚਲ ਧਾਮ ਪੁਰਖ ਅਬਿਨਾਸ਼ੀ ਆਪਣਾ ਆਪ ਉਪਾਇੰਦਾ । ਵਸਿਆ ਘਰ ਮੰਦਰ ਸੁਲਤਾਨ, ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਏਕਾ ਤਖ਼ਤ ਤਾਜ ਸ੍ਰੀ ਭਗਵਾਨ, ਪਾਰਬ੍ਰਹਮ ਆਪ ਹੰਢਾਈਆ । ਆਦਿ ਨਿਰੰਜਣ ਫੜ ਨਿਸ਼ਾਨ, ਸਚ ਦੁਵਾਰੇ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਸੱਚੀ ਸਰਕਾਰ, ਨਿਰਗੁਣ ਖੇਲੇ ਖੇਲ ਅਪਾਰ, ਆਪਣੀ ਰਚਨਾ ਆਪ ਰਚਾਈਆ । ਨਿਰਗੁਣ ਮਹੱਲਾ ਉਚ ਅਟਾਰੀ, ਸਚਖੰਡ ਆਸਣ ਲਾਇੰਦਾ । ਇਕ ਇਕੱਲਾ ਖੇਲ ਅਪਾਰੀ, ਬ੍ਰਹਿਮੰਡ ਖੰਡ ਵੇਸ ਵਟਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰੀ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਨਿਰੰਕਾਰਾ ਵੇਸ ਮਦਾਰੀ, ਵੇਸ ਅਵੇਸਾ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਸ਼ਬਦ ਸਲਾਹ, ਪਾਰਬ੍ਰਹਮ ਪ੍ਰਭ ਬੇਪਰਵਾਹ, ਆਪਣਾ ਹੁਕਮ ਆਪ ਸੁਣਾਇੰਦਾ । ਹੁਕਮੇ ਅੰਦਰ ਹਰਿ ਹਰਿ ਵਸਿਆ, ਹਰਿ ਹੁਕਮ ਵੱਡੀ ਵਡਿਆਈਆ । ਆਪਣੇ ਹੁਕਮ ਆਪੇ ਵਸਿਆ, ਆਪੇ ਸੇਵ ਕਮਾਈਆ । ਪੁਰਖ ਬਿਧਾਤਾ ਫਿਰੇ ਨੱਸਿਆ, ਦੂਰ ਦੁਰਾਡਾ ਪੰਧ ਮੁਕਾਈਆ । ਸੇਵ ਲਗਾਏ ਰਵ ਸਸਿਆ, ਜੋਤੀ ਨੂਰ ਡਗਮਗਾਈਆ । ਬਾਣ ਨਿਰਾਲਾ ਤੀਰ ਏਕਾ ਕਸਿਆ, ਏਕਾ ਚਿਲੇ ਰਿਹਾ ਚੜ੍ਹਾਈਆ । ਸਚਖੰਡ ਦੁਵਾਰੇ ਨਿਰਗੁਣ ਰੂਪ ਆਪਣੇ ਦੁਵਾਰੇ ਬਹਿ ਬਹਿ ਆਪੇ ਹੱਸਿਆ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਆਪਣਾ ਵਰ, ਆਪਣੀ ਝੋਲੀ ਆਪ ਭਰਾਈਆ । ਆਪਣਾ ਵਰ ਆਪੇ ਦੇ, ਆਪੇ ਖੇਲ ਖਲਾਇੰਦਾ । ਆਪ ਆਪਣਾ ਲਾਏ ਨੇਂਹ, ਆਪੇ ਤੋੜ ਚੜ੍ਹਾਇੰਦਾ । ਆਪੇ ਮਾਤਾ ਆਪੇ ਪੇ, ਬਾਲ ਬਾਲਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਾਚੇ ਘਰ, ਸਾਚਾ ਘਰ ਇਕ ਸੁਹਾਇੰਦਾ । ਸਾਚੇ ਘਰ ਪੁਰਖ ਅਕਾਲ, ਇਕ ਇਕੱਲਾ ਏਕੰਕਾਰਿਆ । ਜੁਗਾ ਜੁਗੰਤਰ ਅਵੱਲੜੀ ਚਾਲ, ਆਪ ਆਪਣੀ ਚਾਲ ਚਲਾ ਰਿਹਾ । ਖੇਲੇ ਖੇਲ ਦੀਨ ਦਿਆਲ, ਦਇਆਨਿਧ ਵੇਸ ਵਟਾ ਰਿਹਾ । ਏਕਾ ਬਾਤੀ ਦੀਪਕ ਬਾਲ, ਆਪ ਆਪਣੀ ਜੋਤ ਜਗਾ ਰਿਹਾ । ਬ੍ਰਹਮਾ ਵਿਸ਼ਨ ਕਰੇ ਪ੍ਰਿਤਪਾਲ, ਸ਼ਿਵ ਸ਼ੰਕਰ ਸੰਗ ਨਿਭਾ ਲਿਆ । ਕਰੋੜ ਤੇਤੀਸਾ ਫਲ ਲਗਾਏ ਡਾਲ, ਸੁਰਪਤ ਰਾਜਾ ਇੰਦ ਸੰਗ ਰਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ, ਹਰਿ ਹਰਿ ਸਾਚਾ ਵੇਸ ਵਟਾਏ, ਪਾਰਬ੍ਰਹਮ ਵੱਡੀ ਵਡਿਆਈਆ । ਤ੍ਰੈਗੁਣ ਮੀਤਾ ਮੀਤ ਅਖਵਾਏ, ਮੀਤ ਮੁਰਾਰਾ ਇਕ ਰਘੁਰਾਈਆ । ਤ੍ਰੈਗੁਣ ਵਸਤ ਝੋਲੀ ਪਾਏ, ਰਾਜਸ ਤਾਮਸ ਸਾਂਤਕ ਸਤਿ ਸਤਿ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੁਹਾਏ, ਆਪ ਆਪਣੀ ਬੂਝ ਬੁਝਾਈਆ । ਜਾਗਰਤ ਜੋਤ ਹਰਿ ਜਗਾ, ਲੱਖ ਚੁਰਾਸੀ ਡੇਰਾ ਲਾਇੰਦਾ । ਮਨ ਮਤ ਬੁੱਧ ਵਿਚ ਟਿਕਾ, ਨਿਰਗੁਣ ਆਪਣੀ ਧਾਰ ਬੰਧਾਇੰਦਾ । ਘਰ ਵਿਚ ਘਰ ਦਏ ਸੁਹਾ, ਮਹੱਲ ਅਟੱਲ ਉਚ ਮਿਨਾਰ ਇਕ ਵਖਾਇੰਦਾ । ਸ਼ਬਦ ਅਗੰਮੀ ਧੁਨ ਉਪਜਾ, ਅਨਹਦ ਰਾਗ ਅਲਾਇੰਦਾ । ਨਿਰਗੁਣ ਜੋਤੀ ਜੋਤ ਜਗਾ, ਜੋਤ ਨਿਰੰਜਣ ਸੇਵਾ ਲਾਇੰਦਾ । ਸਾਚਾ ਮੰਦਰ ਵੇਖ ਵਖਾ, ਬੰਕ ਦੁਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗ ਜੁਗ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਹਰਿ ਰਚਾਏ, ਹਰਿ ਸਤਿਗੁਰ ਵਡ ਵਡਿਆਈਆ । ਲੱਖ ਚੁਰਾਸੀ ਵੇਸ ਵਟਾਏ,



੭੯੧
੦੮

ਘਟ ਮੰਦਰ ਡੇਰਾ ਲਾਈਆ । ਸ਼ਬਦ ਅਨਾਦੀ ਧੁਨ ਉਪਜਾਏ, ਆਪ ਆਪਣਾ ਰਾਗ ਸੁਣਾਈਆ । ਸੰਤ ਸੁਹੇਲੇ ਆਪ ਉਠਾਏ, ਦੇ ਮਤ ਆਪ ਸਮਝਾਈਆ । ਭਗਤ ਵਛਲ ਹਰਿ ਰਘੁਰਾਏ, ਹਰਿ ਭਗਤਨ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਜਗਤ ਜੁਗ ਆਪਣੇ ਹੱਥ ਰਖਾਈਆ । ਜੁਗਤ ਜੁਗ ਕਰਨੇਹਾਰਾ, ਕਰਤਾ ਪੁਰਖ ਅਖਵਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਬ੍ਰਹਮਾ ਸੁੱਤ ਸਮਝਾਇੰਦਾ । ਏਕਾ ਦੇਵੇ ਨਾਮ ਅਧਾਰਾ, ਏਕਾ ਬੂਝ ਬੁਝਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਸਤਿਜੁਗ ਤੇਰੀ ਸਾਚੀ ਧਾਰਾ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਏਕਾ ਸ਼ਬਦ ਏਕੰਕਾਰਾ, ਓਮ ਰੂਪ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਜੀ ਬਣੇ ਕੁਦਰਤ ਧਾਰਾ, ਹੰ ਬ੍ਰਹਮ ਆਪ ਅਖਵਾਇੰਦਾ । ਸਤਿਜੁਗ ਤੇਰਾ ਸਾਚਾ ਰੰਗ, ਹਰਿ ਸਾਚਾ ਵੇਖ ਵਖਾਈਆ । ਵਾਰ ਅਠਾਰਾਂ ਆਤਮ ਸੇਜਾ ਮਾਣ ਪਲੰਘ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪੇ ਵਸੇ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਆਪ ਧਾਰ ਵਹਾਏ ਗੰਗ, ਜਮਨਾ ਸੁਰਸਤੀ ਆਪ ਸੁਹਾਈਆ । ਆਪੇ ਕੰਢਾ ਸ਼ੌਹ ਦਰਯਾਏ ਲੰਘ, ਆਪਣਾ ਬੇੜਾ ਆਪ ਚਲਾਈਆ । ਆਪ ਵਜਾਏ ਨਾਮ ਮਰਦੰਗ, ਆਪਣਾ ਰਾਗ ਆਪ ਅਲਾਈਆ । ਸੁਰਸਤੀ ਨਾਰ ਮੰਗੀ ਮੰਗ, ਏਕਾ ਵਸਤ ਝੋਲੀ ਪਾਈਆ । ਛੱਤੀ ਰਾਗ ਲਾਏ ਅੰਗ, ਫਲ ਫੁਲਵਾੜੀ ਆਪ ਸੁਹਾਈਆ । ਵਡ ਦਾਤਾ ਸੂਰਾ ਸਰਬੰਗ, ਪਾਰਬ੍ਰਹਮ ਵੱਡੀ ਵਡਿਆਈਆ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਈਆ । ਅਸਵ ਘੋੜੇ ਕਸਿਆ ਤੰਗ, ਚਿੱਟਾ ਅਸਵ ਆਪ ਦੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਵਿਚ ਬ੍ਰਹਿਮੰਡ, ਲੋਕਮਾਤ ਕਰੇ ਰੁਸ਼ਨਾਈਆ । ਬ੍ਰਹਿਮੰਡ ਹਰਿ ਖੇਲ ਅਪਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਰਵ ਸਸ ਦਏ ਹੁਲਾਰਾ, ਏਕਾ ਕਿਰਨਾ ਕਿਰਨਾ ਬੂਝ ਬੁਝਾਈਆ । ਏਕਾ ਮੰਡਲ ਮੰਡਪ ਦਏ ਸਹਾਰਾ, ਤਾਰਾ ਮੰਡਲ ਵੇਖ ਵਖਾਈਆ । ਗਗਨ ਗਗਨੰਤਰ ਹੋ ਉਜਿਆਰਾ, ਏਕਾ ਨੂਰ ਕਰੇ ਰੁਸ਼ਨਾਈਆ । ਪੁਰੀ ਬ੍ਰਹਮ ਵਡ ਅਧਾਰਾ, ਏਕਾ ਨਾਮ ਪੜ੍ਹਾਈਆ । ਸ਼ਿਵ ਸ਼ੰਕਰ ਕਰ ਪਿਆਰਾ, ਚਰਨ ਕਵਲ ਇਕ ਦਰਸਾਈਆ । ਵਿਸ਼ਨੂੰ ਮੀਤਾ ਮੀਤ ਮੁਰਾਰਾ, ਆਪ ਆਪਣੇ ਅੰਕ ਲਗਾਈਆ । ਕਰੋੜ ਤੇਤੀਸਾ ਦਏ ਅਧਾਰਾ, ਏਕਾ ਅੰਮ੍ਰਿਤ ਜਾਮ ਪਿਆਈਆ । ਗਣ ਗੰਧਰਬ ਇਕ ਹੁਲਾਰਾ, ਏਕਾ ਰਾਗ ਅਲਾਈਆ । ਕਿਨਰ ਯੱਛਪ ਕਰ ਉਜਿਆਰਾ, ਆਪਣੀ ਸੇਵਾ ਆਪ ਕਰਾਈਆ । ਲੋਕਮਾਤ ਖੇਲ ਅਪਾਰਾ, ਲੱਖ ਚੁਰਾਸੀ ਰਚਨ ਰਚਾਈਆ । ਨੌ ਦਸ ਗਿਆਰਾ ਬੀਸ ਤੀਸ ਚਾਰ ਚਾਰ ਜੁਗ ਵੱਜੀ ਵਧਾਈਆ । ਰਾਗ ਛਤੀਸ ਕਰ ਪਿਆਰਾ, ਦੰਦ ਬਤੀਸ ਗਾਈਆ । ਇਕ ਹਦੀਸ ਸਿਰਜਣਹਾਰਾ, ਆਦਿ ਜੁਗਾਦਿ ਆਪ ਉਠਾਈਆ । ਜੁਗ ਜੁਗ ਪੀਸਣ ਰਿਹਾ ਪੀਸ, ਆਪਣੀ ਚੱਕੀ ਆਪ ਚਲਾਈਆ । ਦਾਤਾ ਦਾਨੀ ਸ਼ਾਹੋ ਸ਼ਬੀਸ, ਲੱਖ ਚੁਰਾਸੀ ਹਦੀਸ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਸਤਿਜੁਗ ਦੇਵੇ ਸਤਿ ਹੁਲਾਰਾ, ਪਾਰਬ੍ਰਹਮ ਪ੍ਰਭ ਖੇਲ ਖਲਾਇੰਦਾ । ਆਪ ਆਪਣਾ ਲੈ ਅਵਤਾਰਾ, ਆਪ ਆਪਣਾ ਰੂਪ ਵਟਾਇੰਦਾ । ਸਤਿਜੁਗ ਸਾਚੇ ਖੇਲ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲਾਇੰਦਾ । ਤ੍ਰੇਤੇ ਤ੍ਰੀਆ ਹਰਿ ਹਰਿ ਵੇਸ, ਏਕਾ ਏਕ ਕਰਾਇਆ । ਪਾਰਬ੍ਰਹਮ ਪ੍ਰਭ ਸਦਾ ਅਦੇਸ, ਭੇਵ ਕੋਈ ਨਾ ਰਾਇਆ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗਣਪਤ

ਗਣੇਸ਼ ਆਪ ਅਖਵਾਇਆ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਆਪ ਹੰਢਾਇਆ । ਆਪੇ ਕਰੇ ਆਪਣਾ ਵੇਸ, ਇਸ਼ਟ ਦੇਵ ਆਪ ਹੋ ਜਾਇਆ । ਆਪੇ ਵਸ਼ਿਸ਼ਟ ਨਰ ਨਰੇਸ਼, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਜੁਗ ਜੁਗ ਨਾਉਂ ਹਰਿ ਨਿਰੰਕਾਰ, ਆਪਣਾ ਆਪ ਉਪਾਇੰਦਾ । ਖੜਗ ਖੰਡਾ ਤੇਜ਼ ਕਟਾਰ, ਏਕਾ ਹੱਥ ਉਠਾਇੰਦਾ । ਮਾਰਨਹਾਰਾ ਸਾਚੀ ਮਾਰ, ਗੜ੍ਹ ਹੰਕਾਰ ਤੁੜਾਇੰਦਾ । ਵੇਖਣਹਾਰਾ ਦਰ ਦੁਵਾਰ, ਘਰ ਘਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਪਾਰ ਕਿਨਾਰ, ਆਪੇ ਆਪ ਕਰਾਇੰਦਾ । ਤ੍ਰੇਤਾ ਉਤਰਿਆ ਪਾਰ ਕਿਨਾਰਾ, ਲੰਕਾ ਗੜ੍ਹ ਤੁੜਾਈਆ । ਰਾਵਣ ਸੁੱਤਾ ਪੈਰ ਪਸਾਰਾ, ਛੇ ਸ਼ਾਸਤਰ ਚਾਰ ਵੇਦ ਨਾ ਕੋਈ ਪੜ੍ਹਾਈਆ । ਨਾ ਕੋਈ ਰੋਵੇ ਜ਼ਾਰੋ ਜ਼ਾਰਾ, ਸਿਰ ਤਾਜ ਨਾ ਕੋਈ ਵਖਾਈਆ । ਰਾਮ ਨਾਮ ਇਕ ਉਜਿਆਰਾ, ਏਕਾ ਕਰੇ ਪੜ੍ਹਾਈਆ । ਗਰੀਬ ਨਿਮਾਣਿਆਂ ਪਾਵੇ ਸਾਰਾ, ਭੀਲਣੀ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਵੇਖੇ ਘਰ, ਦੁਆਪਰ ਸਾਚੀ ਜੋਤ ਜਗਾਈਆ । ਦੁਆਪਰ ਸਾਚੀ ਜੋਤ ਜਗਾ, ਹਰਿ ਹਰਿ ਵੇਖ ਵਖਾਈਆ । ਵੇਦ ਵਿਆਸਾ ਲਏ ਉਪਾ, ਪੁਰਾਨ ਅਠਾਰਾਂ ਲੇਖ ਲਿਖਾਈਆ । ਕਾਹਨਾ ਕ੍ਰਿਸ਼ਨਾ ਰੂਪ ਨਾਮ ਬੰਸਰੀ ਇਕ ਵਜਾਈਆ । ਅਰਜਨ ਮੇਲਾ ਸਹਿਜ ਸੁਭਾ, ਗੀਤਾ ਗਿਆਨ ਇਕ ਦ੍ਰਿੜਾਈਆ । ਅੰਤਮ ਲਹਿਣਾ ਦੇਣਾ ਦਏ ਚੁਕਾ, ਦੋਹਾਂ ਧਿਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਦੁਆਪਰ ਅੰਤਮ ਉਤਰਿਆ ਪਾਰ, ਕਲਜੁਗ ਕੂੜਾ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਮੰਗੇ ਮੰਗ ਭਿਖਾਰ, ਦੋਵੇਂ ਜੋੜ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਦੇਵੇ ਵਰ ਬੇਪਰਵਾਹੀਆ । ਲੇਖਾ ਚਾਰ ਲੱਖ ਬੱਤੀ ਹਜ਼ਾਰ, ਚੌਥੇ ਜੁਗ ਕਰੀ ਕੁੜਮਾਈਆ । ਤੇਰਾ ਰੂਪ ਹੋਏ ਵਿਭਚਾਰ, ਤੇਰੇ ਨਾਮ ਫਿਰੇ ਦੁਹਾਈਆ । ਤੇਰੀ ਖੜਗ ਤੇਰੀ ਧਾਰ, ਤੇਰਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਾਚੇ ਰਿਹਾ ਸਮਝਾਈਆ । ਕਲਜੁਗ ਕੂੜੇ ਚੜ੍ਹਿਆ ਚਾ, ਦਰ ਸਾਚੇ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਸਚ ਮਲਾਹ, ਬੇੜਾ ਮਾਤ ਚਲਾਇੰਦਾ । ਆਪਣਾ ਮਰਦੰਗ ਨਾਮ ਵਜਾ, ਚਾਰੋਂ ਕੁੰਟ ਸੁਣਾਇੰਦਾ । ਰਾਮ ਨਾਮ ਇਕ ਭੁਲਾ, ਹਰਿ ਕਾ ਨਾਮ ਨਾ ਕੋਈ ਗਾਇੰਦਾ । ਘਰ ਘਰ ਸੱਥਰ ਦਿਆਂ ਵਿਛਾ, ਆਪ ਆਪਣਾ ਖੇਲ ਖਲਾਇੰਦਾ । ਨਾਤਾ ਤੋੜੇ ਪੁਤਰਾਂ ਮਾਂ, ਭੈਣ ਭਾਈ ਨਾ ਕੋਈ ਰਖਾਇੰਦਾ । ਆਪਣੀ ਕਰਨੀ ਕਰਾ, ਆਪਣੇ ਬਲ ਬਾਂਹ, ਆਪ ਆਪਣਾ ਜ਼ੋਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣਾ ਲੇਖਾ ਆਪ ਸਮਝਾਇੰਦਾ । ਕਲਜੁਗ ਉਠਿਆ ਨੌਜਵਾਨ, ਧਰਤ ਮਾਤ ਕਰੇ ਕੁੜਮਾਈਆ । ਨਾਲ ਰਲਾਇਆ ਪੰਜ ਸ਼ੈਤਾਨ, ਪੰਚ ਵਿਕਾਰ ਮੋਹ ਰਲਾਈਆ । ਅੰਤਮ ਉਤਰਿਆ ਵਿਚ ਮੈਦਾਨ, ਆਪ ਆਪਣਾ ਬਲ ਧਰਾਈਆ । ਬੁੱਧ ਮਤ ਹੋਈ ਹੈਰਾਨ, ਮਨ ਡੌਰੂ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਕਲਜੁਗ ਇਕ ਇਕੱਲਾ ਦਏ ਹੁਲਾਰਾ, ਲੱਖ ਚੁਰਾਸੀ ਨਾ ਸਕੇ ਹੁਲਾਈਆ । ਨੇਤਰ ਰੋਇਆ ਜ਼ਾਰੋ ਜ਼ਾਰਾ, ਨੈਣ ਨੇਤਰ ਨੀਰ ਵਹਾਈਆ । ਮੰਗੇ ਮੰਗ ਚਰਨ ਦੁਵਾਰਾ, ਨਿਰਧਨ ਆਪਣਾ ਰੂਪ ਵਟਾਈਆ । ਮੇਰਾ ਨਾ ਚਲੇ ਕੋਈ ਚਾਰਾ, ਦੂਸਰ ਸੰਗ ਨਾ ਕੋਈ ਵਖਾਈਆ । ਪੁਰਖ ਅਬਿਨਾਸ਼ੀ ਕਰ ਪਿਆਰਾ,

ਏਕਾ ਸ਼ਬਦ ਰਿਹਾ ਸੁਣਾਈਆ । ਤੇਰਾ ਮੇਰਾ ਇਕ ਅਧਾਰਾ, ਤੇਰਾ ਲਹਿਣਾ ਝੋਲੀ ਪਾਈਆ । ਪੰਜ ਤੱਤ ਕਰ ਅਕਾਰਾ, ਈਸਾ ਮੂਸਾ ਤੇਰਾ ਸੰਗ ਰਲਾਈਆ । ਨਾਲ ਰਲਾਏ ਮੁਹੰਮਦੀ ਯਾਰਾ, ਚਾਰ ਯਾਰੀ ਕਰੇ ਕੁੜਮਾਈਆ । ਅੱਲਾ ਰਾਣੀ ਨਾਰ ਮੁਟਿਆਰਾ, ਸਚ ਕਰੇ ਕੁੜਮਾਈਆ । ਏਕਾ ਕਲਮਾ ਏਕਾ ਨਾਅਰਾ, ਏਕਾ ਨਬੀ ਸੁਣਾਈਆ । ਇਕ ਰਸੂਲ ਹੋ ਉਜਿਆਰਾ, ਏਕਾ ਸਬਕ ਪੜ੍ਹਾਈਆ । ਏਕਾ ਸ਼ਰਅ ਸ਼ਰੀਯਤ ਕਰ ਪਸਾਰਾ, ਕਾਇਨਾਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੇਵੇ ਸਾਚਾ ਵਰ, ਤੇਰਾ ਸੰਗ ਆਪ ਨਿਭਾਈਆ । ਕਲਜੁਗ ਤੇਰਾ ਅੰਤਮ ਸੰਗ, ਸੰਗ ਮੁਹੰਮਦ ਆਪ ਨਿਭਾਵਣਾ । ਚਾਰ ਯਾਰੀ ਵੱਜੇ ਮਰਦੰਗ, ਅੱਲਾ ਰਾਣੀ ਡੌਰੂ ਹੱਥ ਉਠਾਵਣਾ । ਹਰਿ ਹਰਿ ਨਾਮ ਕਰਨਾ ਭੰਗ, ਏਕਾ ਨਾਅਰਾ ਸੱਚਾ ਲਾਵਣਾ । ਐਨਲਹੱਕ ਲੱਗੇ ਅੰਗ, ਹੱਕ ਹਕੀਕਤ ਇਕ ਵਖਾਵਣਾ । ਲਾਸ਼ਰੀਕ ਸੂਰਾ ਸਰਬੰਗ, ਚੌਦਾਂ ਤਬਕਾਂ ਵੇਖ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਸ ਆਪਣਾ ਧਰ, ਆਪ ਆਪਣਾ ਨਾਉਂ ਵਡਿਆਵਣਾ । ਕਲਜੁਗ ਅੰਤਮ ਦੋਏ ਧਾਰ, ਹਰਿ ਸਾਚਾ ਆਪ ਚਲਾਇੰਦਾ । ਬ੍ਰਹਮਾ ਵੇਤਾ ਨਾ ਪਾਏ ਸਾਰ, ਭੇਵ ਅਭੇਦਾ ਭੇਵ ਰਖਾਇੰਦਾ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਨਾਉਂ ਧਰਾਇੰਦਾ । ਕਲਜੁਗ ਅੰਤਮ ਹੋ ਤਿਆਰ, ਚਾਰੇ ਕੁੰਟਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਕੂੜਾ ਰੰਗ, ਚਾਰ ਕੁੰਟ ਚੜ੍ਹਨਿਆ । ਘਰ ਘਰ ਝੂਠ ਵੱਜੇ ਮਰਦੰਗ, ਦਰ ਦੁਵਾਰੇ ਫਿਰੇ ਭੰਨਿਆ । ਕੋਈ ਨਾ ਦਿਸੇ ਸਾਚਾ ਸੰਗ, ਲੱਖ ਚੁਰਾਸੀ ਹੋਈ ਅੰਨਿਆ । ਜਨ ਭਗਤ ਗੁਰਮੁਖ ਗੁਰਸਿਖ ਮੰਗੀ ਸਾਚੀ ਮੰਗ, ਨੇਤਰ ਰੋ ਰੋ ਨੀਰ ਵਹੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਘਰ ਸਾਚੇ ਆਪੇ ਮੰਨਿਆ । ਗੁਰਮੁਖਾਂ ਹਰਿ ਸੁਣ ਪੁਕਾਰ, ਆਪਣੀ ਦਇਆ ਕਮਾਈਆ । ਨਿਰਗੁਣ ਜੋਤੀ ਕਰ ਉਜਿਆਰ, ਪੰਜ ਤੱਤ ਕਰੇ ਕੁੜਮਾਈਆ । ਨਾਨਕ ਰੱਖਿਆ ਨਾਮ ਸੰਸਾਰ, ਮਾਤਾ ਪਿਤਾ ਵੱਜੀ ਵਧਾਈਆ । ਭੇਵ ਨਾ ਪਾਇਣ ਪਰਵਰਦਿਗਾਰ, ਜਲਵਾ ਨੂਰ ਨੂਰ ਅਲਾਹੀਆ । ਸਰਬ ਜੀਆਂ ਦਾ ਸਾਂਝਾ ਯਾਰ, ਹਰ ਘਟ ਹੋਇਆ ਜਗਤ ਮਲਾਹੀਆ । ਬਾਲ ਨਿਧਾਨਾ ਗੁਰ ਕਰਤਾਰ, ਗੁਰ ਗੁਰ ਨਾਉਂ ਧਰਾਈਆ । ਵਸਣਹਾਰਾ ਸਚਖੰਡ ਦੁਵਾਰ, ਸਚਖੰਡ ਬੈਠਾ ਆਸਣ ਲਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਸ਼ਬਦ ਸਰੂਪੀ ਵੱਡੀ ਵਡਿਆਈਆ । ਨਿਰਗੁਣ ਦਾਤਾ ਏਕਾ ਵਾਜ ਰਿਹਾ ਮਾਰ, ਆਪ ਆਪਣਾ ਹੁਕਮ ਸੁਣਾਈਆ । ਨਿਰਗੁਣ ਬਣਿਆ ਦਰ ਭਿਖਾਰ, ਨਾਨਕ ਆਪਣਾ ਵੇਸ ਵਟਾਈਆ । ਪ੍ਰਭ ਅੱਗੇ ਨਿਉਂ ਨਿਉਂ ਕਰੇ ਨਿਮਸਕਾਰ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਤੂੰ ਕੰਤ ਹਉਂ ਤੇਰੀ ਨਾਰ, ਸਚ ਸੁਹਾਗ ਇਕ ਹੰਢਾਈਆ । ਤੇਰੀ ਸੇਜਾ ਮੇਰਾ ਪਿਆਰ, ਤੇਰਾ ਰੰਗ ਮੇਰਾ ਰੰਗ ਇਕ ਚੜ੍ਹਾਈਆ । ਤੇਰਾ ਮਰਦੰਗ ਸੱਚੀ ਸਰਕਾਰ, ਨਾਨਕ ਨਿਰਗੁਣ ਦਏ ਵਜਾਈਆ । ਏਕਾ ਡੋਰੀ ਬੰਨ੍ਹ ਪਤੰਗ, ਦੋ ਜਹਾਨਾਂ ਆਪ ਉਡਾਈਆ । ਦਰ ਦਰਵੇਸ਼ ਮੰਗੀ ਮੰਗ, ਏਕਾ ਵਸਤ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਸਚ ਵਸਤ ਝੋਲੀ ਪਾਈਆ । ਇਕ ਏਕੰਕਾਰਾ ਵਸਤ ਅਨਮੋਲ, ਨਾਨਕ ਸਤਿਗੁਰ ਝੋਲੀ ਪਾਇੰਦਾ । ਸਚਖੰਡ ਦੁਵਾਰੇ ਸਾਚੇ ਕੰਡੇ ਆਪੇ ਤੋਲ, ਏਕਾ ਤੋਲਾ ਆਪ ਹੋ ਜਾਇੰਦਾ । ਆਪਣਾ ਵਾਕ ਆਪੇ ਬੋਲ, ਸੋਹੰ ਰਸਨਾ ਗਾਇੰਦਾ । ਪ੍ਰਭ ਚਰਨ ਦੁਵਾਰ ਨਾਨਕ ਘੋਲੀ ਗਿਆ

ਘੋਲ, ਮੇਰਾ ਤੇਰਾ ਭੇਵ ਕੋਈ ਨਾ ਆਇੰਦਾ । ਤੂੰ ਦਾਤਾ ਨਿਰਗੁਣ ਰਹੇ ਅਡੋਲ, ਹਉਂ ਤੇਰੇ ਵਿਚ ਸਮਾਇੰਦਾ । ਤੇਰੀ ਕਿਰਪਾ ਤੇਰੀ ਕਾਇਆ ਬਦਲਿਆ ਚੋਲ, ਲੋਕਮਾਤ ਜਾਮਾ ਪਾਇੰਦਾ । ਤੇਰਾ ਵੱਜੇ ਸੱਚਾ ਨਾਮ ਤੇਰਾ ਢੋਲ, ਚਾਰ ਕੁੰਟਾਂ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਆਪ ਆਪਣਾ ਪਰਦਾ ਖੋਲ੍ਹ, ਗੁਰ ਨਾਨਕ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਜਗਤ ਕਰ, ਜੁਗ ਕਰਤਾ ਵੇਸ ਵਟਾਇੰਦਾ । ਨਾਨਕ ਮਿਲਿਆ ਹਰਿ ਨਿਰੰਕਾਰ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਦੇਵੇ ਸਿਫ਼ਤ ਨਾਮ ਸਲਾਹੀਆ । ਏਕਾ ਅੱਖਰ ਕਰ ਤਿਆਰ, ਤ੍ਰੈਗੁਣ ਬੰਦ ਕਰਾਈਆ । ਤਿੰਨਾ ਲੋਕਾਂ ਇਕ ਅਧਾਰ, ਏਕਾ ਬੂਝ ਬੁਝਾਈਆ । ਉਪਰ ਖਿਚੀ ਆਪ ਲਕਾਰ, ਊੜਾ ਮੁਖ ਖੁਲ੍ਹਾਈਆ । ਭਰਿਆ ਸਤਿਨਾਮ ਭੰਡਾਰ, ਨਾਨਕ ਝੋਲੀ ਅੱਗੇ ਡਾਹੀਆ । ਨਿਰਗੁਣ ਆਪਣੀ ਅੱਖ ਉਘਾੜ, ਏਕਾ ਐੜਾ ਲਿਆ ਉਪਾਈਆ । ਈੜੀ ਇਸ਼ਟ ਕਰੇ ਵਿਚਾਰ, ਨਿਰਗੁਣ ਨਾਨਕ ਲੋਕਮਾਤ ਕਰੇ ਰੁਸ਼ਨਾਈਆ । ਸੱਸਾ ਸਤਿਗੁਰ ਸੱਚਾ ਕਿਲਾ ਕਰ ਤਿਆਰ, ਸੱਸਾ ਅੱਖਰ ਆਪ ਸੁਹਾਈਆ । ਹਾਹਾ ਹਰਿ ਕਾ ਰੂਪ ਅਪਰ ਅਪਾਰ, ਪੰਚਮ ਸ਼ਬਦ ਵੱਜੇ ਵਧਾਈਆ । ਉਤੇ ਟਿੱਪੀ ਬ੍ਰਹਮ ਵਿਚਾਰ, ਪਾਰਬ੍ਰਹਮ ਮੇਲ ਮਿਲਾਈਆ । ਸੱਸਾ ਹਾਹਾ ਜਗਤ ਵਿਹਾਰ, ਏਕਾ ਹੋੜਾ ਨਾਲ ਰਲਾਈਆ । ਸੱਸਾ ਹੋੜਾ ਕਰ ਪਿਆਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਨਾਮ ਵਰ, ਸਤਿਨਾਮ ਕਰੇ ਪੜ੍ਹਾਈਆ । ਸਤਿਨਾਮ ਸਤਿ ਜੈਕਾਰ, ਹਰਿ ਸਾਚਾ ਸਚ ਸੁਣਾਇੰਦਾ । ਸਤਿਗੁਰ ਨਾਨਕ ਕਰ ਪਿਆਰ, ਲੋਕਮਾਤ ਵਰਤਾਇੰਦਾ । ਚਾਰ ਵਰਨਾਂ ਦਏ ਅਧਾਰ, ਊਚਾਂ ਨੀਚਾਂ ਮੇਲ ਮਿਲਾਇੰਦਾ । ਜਨ ਭਗਤਾਂ ਬਣੇ ਦਰ ਭਿਖਾਰ, ਪ੍ਰੇਮ ਭਿਛਿਆ ਇਕ ਮੰਗ ਮੰਗਾਇੰਦਾ । ਸਾਚੀ ਸਿਖਿਆ ਅਪਰ ਅਪਾਰ, ਜਗਤ ਗ਼ਰੀਬੀ ਝੋਲੀ ਪਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਦਏ ਅਧਾਰ, ਸਿੰਘ ਰੂਪ ਨਾ ਕੋਇ ਜਣਾਇੰਦਾ । ਕਲਮੀ ਕਲਮਾ ਇਕ ਉਜਿਆਰ, ਸ਼ਰਅ ਸ਼ਰੀਅਤ ਇਕ ਰਖਾਇੰਦਾ । ਮੱਕਾ ਕਾਅਬਾ ਖ਼ਬਰਦਾਰ, ਹੱਕ ਜਨਾਬਾ ਨਾਉਂ ਧਰਾਇੰਦਾ । ਪੀਰ ਦਸਤਗੀਰ ਸ਼ਾਹ ਹਕੀਰ ਪਾਵੇ ਸਾਰ, ਮੁਲਾਂ ਸ਼ੇਖ਼ ਮੁਸਾਇਕ ਆਪ ਸਮਝਾਇੰਦਾ । ਪੰਡਤ ਪਾਂਧੇ ਦਏ ਅਧਾਰ, ਤਿਲਕ ਲਲਾਟੀ ਵੇਖ ਵਖਾਇੰਦਾ । ਅਠਸਠ ਤੀਰਥ ਵੇਖੇ ਜਾ ਕਿਨਾਰ, ਆਪ ਆਪਣਾ ਆਸਣ ਲਾਇੰਦਾ । ਪਾਵੇ ਸਾਰ ਠੱਗ ਚੋਰ ਯਾਰ, ਮੂਰਖ ਮੂੜ੍ਹੇ ਆਪ ਸਮਝਾਇੰਦਾ । ਤੋੜਣਹਾਰਾ ਗੜ੍ਹ ਹੰਕਾਰ, ਹਉਮੇ ਹੰਗਤਾ ਮੇਟ ਮਿਟਾਇੰਦਾ । ਦੇਵਣਹਾਰਾ ਸਚ ਪਿਆਰ, ਸਤਿਨਾਤ ਮੰਤਰ ਦ੍ਰਿੜ੍ਹਾਇੰਦਾ । ਚਾਰ ਵਰਨਾਂ ਇਕ ਦੁਵਾਰ, ਏਕਾ ਬੰਕ ਵਖਾਇੰਦਾ । ਅਠਾਰਾਂ ਬਰਨਾਂ ਵਸਿਆ ਬਾਹਰ, ਆਪ ਆਪਣਾ ਭੇਵ ਛੁਪਾਇੰਦਾ । ਗੁਰਮੁਖ ਸਾਜਣ ਲਏ ਉਭਾਰ, ਅੰਦਰ ਮੰਦਰ ਖੋਜ ਖੁਜਾਇੰਦਾ । ਲੇਖਾ ਲਿਖ ਅਪਰ ਅਪਾਰ, ਬੇਅੰਤ ਬੇਅੰਤ ਹਰਿ ਹਰਿ ਨਾਉਂ ਧਰਾਇੰਦਾ । ਸਾਚੀ ਜੋਤ ਜੋਤ ਨਿਰੰਕਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਿਰਗੁਣ ਨਾਮ ਧਿਆਇੰਦਾ । ਨਾਨਕ ਹਰਿ ਹਰਿ ਸਾਚਾ ਗਾਇਆ, ਹਰਿ ਸਾਚੇ ਵਿਚ ਸਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਸਮਝਾਇਆ, ਆਤਮ ਅੰਤਰ ਹਰਿ ਹਰਿ ਨਾਮ ਬੀਜ ਸਾਚਾ ਇਕ ਬਿਜਾਇਆ ਆਪਣੀ ਹੱਥੀਂ ਬੂਟਾ ਲਾਈਆ । ਗੁਰਮੁਖ ਸੱਜਣ ਮੀਤ ਮੁਰਾਰ ਗੁਰ ਕਰਤਾਰ ਦਰ ਘਰ ਸਾਚੇ ਵੇਖ ਵਖਾਇਆ, ਆਪ ਆਪਣੀ ਦਇਆ ਕਮਾਈਆ । ਏਕਾ ਅੰਗਦ ਲੇਖੇ ਲਾਇਆ, ਲੈਹਣੇ

੭੯੫
੦੮

੭੯੬
੦੮

ਲਹਿਣਾ ਝੋਲੀ ਪਾਈਆ । ਅੰਤਮ ਆਪਣੀ ਸਿਖਿਆ ਰਿਹਾ ਸਮਝਾਇਆ, ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਵੱਜੀ ਵਧਾਈਆ । ਨਿਰਗੁਣ ਜੋਤ ਸ਼ਬਦ ਧਾਰ, ਨਾਨਕ ਹਰਿ ਉਪਜਾਈਆ । ਨਾਨਕ ਅੰਗਦ ਕਰਿਆ ਅੰਗੀਕਾਰ, ਹਰਿ ਕੀ ਵਸਤ ਵਿਚ ਟਿਕਾਈਆ । ਆਪਣਾ ਸ਼ਬਦ ਗਾਏ ਵਾਰੋ ਵਾਰ, ਓਟ ਇਕ ਅਕਾਲ ਰਖਾਈਆ । ਦੇਵੇ ਮਤ ਸਰਬ ਸੰਸਾਰ, ਗੁਰਮਤ ਵੱਡੀ ਵਡਿਆਈਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਮੇਲਾ ਅੰਤ ਮਿਲਾਈਆ । ਕਲਜੁਗ ਅੰਤਮ ਪਾਪੀ ਕੂੜਾ ਕੁੜਿਆਰ, ਚਾਰੋਂ ਕੁੰਟ ਡੰਕ ਰਿਹਾ ਵਜਾਈਆ । ਭਰਮੇ ਭੁੱਲਾ ਨਾਰੀ ਨਾਰ, ਨਰ ਨਰਾਇਣ ਦਿਸ ਨਾ ਆਈਆ । ਜੀਵ ਜੰਤ ਹੋਏ ਗਵਾਰ, ਸਾਧ ਸੰਤ ਨਾ ਕੋਈ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਬੂਝ ਬੁਝਾਈਆ । ਨਾਨਕ ਬੋਲੇ ਸਾਚੀ ਧਾਰ, ਲੱਖ ਚੁਰਾਸੀ ਰਿਹਾ ਜਣਾਈਆ । ਸੋਹੰ ਸ਼ਬਦ ਜੈ ਜੈ ਜੈਕਾਰ, ਬ੍ਰਹਮ ਪਾਰਬ੍ਰਹਮ ਵਡਿਆਈਆ । ਕੂੜੀ ਕਿਰਿਆ ਦਏ ਨਿਵਾਰ, ਕਲਜੁਗ ਅੰਤਮ ਵੇਖੇ ਬੇਪਰਵਾਹੀਆ । ਨਿਹਕਲੰਕਾ ਲਏ ਅਵਤਾਰ, ਦਿਸ ਕਿਸੇ ਨਾ ਆਈਆ । ਏਕਾ ਸ਼ਬਦ ਕਰੇ ਜੈਕਾਰ, ਚਾਰੇ ਵਰਨਾਂ ਕਰੇ ਪੜ੍ਹਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚਾ ਮਾਰਗ ਇਕ ਵਖਾਈਆ । ਸ਼ਾਹ ਸੁਲਤਾਨਾਂ ਕਰੇ ਖ਼ੁਵਾਰ, ਰਾਜ ਰਾਜਾਨਾ ਮੇਟ ਮਿਟਾਈਆ । ਨਾਮ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਨਿਹਕਲੰਕ ਕਲ ਅੰਤਮ ਔਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਚੌਥਾ ਜੁਗ ਮੇਟ ਮਿਟੌਣਾ, ਨੌ ਨੌ ਚਾਰ ਵੇਖ ਵਖਾਈਆ । ਬ੍ਰਹਮਾ ਵੇਤੇ ਅੰਤ ਕਰੌਣਾ, ਸ਼ਿਵ ਸ਼ੰਕਰ ਰਹਿਣ ਨਾ ਪਾਈਆ । ਸੁਰਪਤ ਰਾਜਾ ਇੰਦ ਤਖ਼ਤੋਂ ਲਾਹੌਣਾ, ਆਪ ਆਪਣਾ ਹੁਕਮ ਸੁਣਾਈਆ । ਅਗਲਾ ਮਾਰਗ ਆਪੇ ਲੌਣਾ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਕਾ ਭੇਵ ਕਿਸੇ ਨਾ ਪੌਣਾ, ਸਾਧ ਸੰਤ ਜੀਵ ਜੰਤ ਰਸਨਾ ਰਿਹਾ ਗਾਈਆ । ਆਦਿ ਅੰਤ ਇਕ ਅਖਵੌਣਾ, ਗੁਰ ਪੀਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਨਾਨਕ ਜੋਤੀ ਅੰਗਦ ਧਰ, ਅਮਰਦਾਸ ਵਡਿਆਈਆ । ਰਾਮ ਦਾਸ ਅੰਦਰ ਗਿਆ ਵੜ, ਗੁਰ ਅਰਜਨ ਬੂਝ ਬੁਝਾਈਆ । ਸ਼ਬਦੀ ਅੱਖਰ ਏਕਾ ਪੜ੍ਹ, ਅਗਾਧ ਬੋਧ ਜਣਾਈਆ । ਗੁਰੂ ਗ੍ਰੰਥ ਬਣਾਇਆ ਸਰ, ਗੁਰ ਇਸ਼ਟ ਇਕ ਵਖਾਈਆ । ਹਰਿ ਗੋਬਿੰਦ ਫੜਿਆ ਲੜ, ਦੋਵੇਂ ਧਾਰ ਬੰਧਾਈਆ । ਹਰਿਰਾਏ ਦਰਸ ਦਿਖਾਏ ਅੱਗੇ ਖੜ੍ਹ, ਹਰਿ ਕ੍ਰਿਸ਼ਨਾ ਬਾਲਾ ਲੇਖੇ ਲਾਈਆ । ਤੇਗ਼ ਬਹਾਦਰ ਲੇਖੇ ਲੱਗਾ ਸੀਸ ਧੜ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਗੁਰ ਗੋਬਿੰਦ ਲਗਾਏ ਆਪੇ ਜੜ੍ਹ, ਪੂਤ ਸਪੂਤਾ ਆਪੇ ਜਾਈਆ । ਉਚੇ ਟਿੱਲੇ ਪ੍ਰਬਤ ਲਿਆ ਫੜ, ਹੇਮ ਕੁੰਟ ਵੱਜੀ ਵਧਾਈਆ । ਪੰਜ ਤੱਤ ਸੁਹਾਇਆ ਕਾਇਆ ਗੜ੍ਹ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੁੱਤ ਉਪਜਾਈਆ । ਉਪਜਿਆ ਸੁੱਤ ਸੁੱਤ ਦੁਲਾਰਾ, ਹਰਿ ਗੋਬਿੰਦ ਨਾਉਂ ਰਖਾਈਆ । ਦਰ ਮੰਦਰ ਸ਼ਬਦ ਅਧਾਰਾ, ਦਿਵਸ ਰੈਣ ਸ਼ਨਵਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਅਲੱਖ ਨਿਰੰਜਣ ਮੇਲ ਮਿਲਾਈਆ । ਦਰਦ ਦੁੱਖ ਭੈ ਭੰਜਣ ਗੁਰ ਕਰਤਾਰਾ, ਗੁਰ ਮੂਰਤ ਆਪ ਹੋ ਜਾਈਆ । ਅਕਾਲ ਮੂਰਤ ਹਰਿ ਖੇਲ ਅਪਾਰਾ, ਅਕਲ ਕਲ ਰਿਹਾ ਵਰਤਾਈਆ । ਦੇਵੇ ਸ਼ਬਦ ਨਾਮ ਅਧਾਰਾ, ਸਾਚੀ ਸਿਖਿਆ ਇਕ ਸਮਝਾਈਆ । ਏਕਾ

ਹਵਨ ਏਕਾ ਪਵਨ, ਏਕਾ ਅੰਮ੍ਰਿਤ ਮੇਘ ਬਰਸੇ ਸਵਨ, ਏਕਾ ਅਹੂਤੀ ਸਾਚੀ ਪਾਈਆ । ਏਕਾ ਸੁਗੰਧੀ ਪਰਮਾਨੰਦੀ, ਚੰਦ ਨੌ ਚੰਦੀ ਗੁਰ ਸਾਚਾ ਆਪ ਚੜ੍ਹਾਈਆ । ਏਕਾ ਤੋੜਣਹਾਰਾ ਖਾਨਾ ਬੰਦੀ, ਬੰਦੀ ਤੋੜ ਇਕ ਅਖਵਾਈਆ । ਏਕਾ ਕੱਢੇ ਵਾਸਨਾ ਗੰਦੀ, ਆਤਮ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਪੁਰਖ ਅਕਾਲ, ਗੁਰ ਗੋਬਿੰਦ ਨਾਮ ਜਣਾਇੰਦਾ । ਫਲ ਲਗਾਏ ਸਾਚੇ ਡਾਲ, ਸਾਚਾ ਫਲ ਖਵਾਇੰਦਾ । ਅੰਮ੍ਰਿਤ ਭਰਿਆ ਰਹੇ ਤਾਲ, ਤਾਲ ਸੁਹਾਵਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪਣੀ ਵਸਤ ਸਾਚੇ ਦਸਤ ਆਪਣੇ ਹੱਥ ਫੜਾਇੰਦਾ । ਸਾਚੀ ਵਸਤ ਨਾਮ ਖੰਡਾ, ਗੁਰ ਗੋਬਿੰਦ ਹੱਥ ਫੜਾਈਆ । ਮਾਰੇ ਮਾਰ ਵਿਚ ਬ੍ਰਹਿਮੰਡਾਂ, ਅੱਗੇ ਕੋਇ ਰਹਿਣ ਨਾ ਪਾਈਆ । ਤੇਜ਼ ਰਖਾਇਆ ਚੰਡ ਪ੍ਰਚੰਡਾ, ਦੋਵੇਂ ਧਾਰ ਬੰਧਾਈਆ । ਪਾਵੇ ਸਾਰ ਵਿਚ ਵਰਭੰਡਾ, ਵਰਭੰਡੀ ਵੇਖ ਵਖਾਈਆ । ਮੇਟ ਮਿਟਾਏ ਭੇਖ ਭਖੰਡਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਕਲਜੁਗ ਅੰਤਮ ਵੰਡੇ ਵੰਡਾ, ਸਾਚੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਗੋਬਿੰਦ ਹਰਿ ਘਰ ਸਾਚੇ ਪਾਇਆ, ਜਗੇ ਜੋਤ ਪੁਰਖ ਅਬਿਨਾਸ਼ੀਆ । ਆਪ ਆਪਣਾ ਖੇਲ ਖਿਲਾਇਆ, ਖੇਲੇ ਖੇਲ ਸ਼ਾਹੋ ਸ਼ਾਬਾਸ਼ੀਆ । ਸਾਚਾ ਮਾਰਗ ਇਕ ਵਖਾਇਆ, ਆਪ ਆਪਣੀ ਕਲ ਵਰਤਾਸੀਆ । ਪੰਚਮ ਮੇਲਾ ਮੇਲ ਮਿਲਾਇਆ, ਆਪੇ ਗਾਏ ਰਸਨ ਸਵਾਸੀਆ । ਚੇਲਾ ਗੁਰ ਏਕਾ ਧਾਮ ਬਹਾਇਆ, ਪਾਵੇ ਸਾਰ ਪ੍ਰਿਥਮੀ ਅਕਾਸ਼ੀਆ । ਅੰਮ੍ਰਿਤ ਆਤਮ ਸਾਚਾ ਜਾਮ ਪਿਆਇਆ, ਲੱਖ ਚੁਰਾਸੀ ਕੱਟੀ ਜਮ ਕੀ ਫਾਸੀਆ । ਸੀਸ ਦਸਤਾਰ ਇਕ ਬੰਧਾਇਆ, ਜਗਦੀਸ਼ ਮੇਲਾ ਸਹਿਜ ਸੁਭਾਸੀਆ । ਛਤਰ ਸੀਸ ਇਕ ਟਿਕਾਇਆ, ਕਲਜੁਗ ਅੰਤਮ ਪਾਵੇ ਰਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਸ ਕਰ, ਖੇਲੇ ਖੇਲ ਸ਼ਾਹੋ ਸ਼ਾਬਾਸ਼ੀਆ । ਗੋਬਿੰਦ ਸਾਚੀ ਬੰਨ੍ਹੇ ਧਾਰ, ਪੰਚਮ ਮੇਲ ਮਿਲਾਇੰਦਾ । ਮੰਚਮ ਮੀਤਾ ਖ਼ਬਰਦਾਰ, ਦਿਵਸ ਰੈਣ ਸੇਵ ਕਮਾਇੰਦਾ । ਏਕਾ ਵਹਿਗੁਰੂ ਫਤਿਹ ਬੋਲ ਜੈਕਾਰ, ਪੁਰਖ ਅਕਾਲ ਇਕ ਸੁਣਾਇੰਦਾ । ਅੰਤਮ ਦੇਵੇ ਨਾਮ ਅਧਾਰ, ਏਕਾ ਸ਼ਬਦ ਸੁਣਾਇੰਦਾ । ਕਲਜੁਗ ਕੂੜਾ ਕੂੜ ਪਸਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾਨਕ ਲਿਖਿਆ ਲੇਖ ਅਪਾਰ, ਨਾ ਕੋਈ ਮੇਟ ਮਿਟਾਇੰਦਾ । ਗੋਬਿੰਦ ਮੀਤਾ ਮੀਤ ਮੁਰਾਰ, ਅੰਤਮ ਸੰਗ ਨਿਭਾਇੰਦਾ । ਏਕਾ ਢਈਆ ਅੱਧਵਿਚਕਾਰ, ਪਿਛਲਾ ਪੰਧ ਮੁਕਾਇੰਦਾ । ਪ੍ਰਗਟ ਹੋਵੇ ਵਿਚ ਸੰਸਾਰ, ਗੋਬਿੰਦ ਆਪਣਾ ਵੇਸ ਵਟਾਇੰਦਾ । ਨਾਲ ਰਲਾਏ ਪੁਰਖ ਕਰਤਾਰ, ਨਿਹਕਲੰਕਾ ਨਾਉਂ ਧਰਾਇੰਦਾ । ਸੰਬਲ ਨਗਰੀ ਧਾਮ ਨਿਆਰ, ਸਤਿਗੁਰ ਸਾਚਾ ਆਸਣ ਲਾਇੰਦਾ । ਦਿਸ ਨਾ ਆਏ ਵਿਚ ਸੰਸਾਰ, ਕਲਜੁਗ ਜੀਵ ਸਰਬ ਭੁਲਾਇੰਦਾ । ਗੁਰਮੁਖ ਵਿਰਲੇ ਲਏ ਉਭਾਰ, ਜੋ ਸਰਸੇ ਭੇਟ ਚੜ੍ਹਾਇੰਦਾ । ਖਿਚ ਲਿਆਏ ਚਰਨ ਦੁਵਾਰ, ਚਰਨ ਚਰਨੋਦਕ ਮੁਖ ਛੁਹਾਇੰਦਾ । ਦਰਸ ਦਖਾਏ ਅਗੰਮ ਅਪਾਰ, ਸਵਛ ਸਰੂਪੀ ਨਜ਼ਰੀ ਆਇੰਦਾ । ਲੱਖ ਚੁਰਾਸੀ ਸੋਏ ਪੈਰ ਪਸਾਰ, ਗੂੜ੍ਹੀ ਨੀਂਦ ਨਾ ਕੋਈ ਉਠਾਇੰਦਾ । ਪੰਚਮ ਵਿਕਾਰ ਦੇਣ ਪਿਆਰ, ਆਸਾ ਤ੍ਰਿਸ਼ਨਾ ਸੰਗ ਰਲਾਇੰਦਾ । ਹਉਮੇ ਹੰਗਤਾ ਕਰੇ ਖ਼ਵਾਰ, ਮਾਇਆ ਮਮਤਾ ਵਿਚ ਫਸਾਇੰਦਾ । ਮਨਮੁੱਖ ਜੀਵ ਨਾਰ ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਘਰ ਘਰ ਮਦਿਰਾ ਮਾਸ ਹੋਏ ਅਹਾਰ, ਹਰਿ ਕਾ ਨਾਮ ਨਾ ਕੋਈ ਗਾਇੰਦਾ । ਕਲਜੁਗ ਅੰਤਮ ਲੈ ਅਵਤਾਰ,

ਆਪ ਆਪਣਾ ਨਾਉਂ ਧਰਾਇੰਦਾ । ਖੜਗ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਸੁਹਾਇੰਦਾ । ਗੁਰਮੁਖ ਸਾਚੇ ਕਰ ਤਿਆਰ, ਏਕਾ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਹਰਿ ਸਾਚੇ ਵਡ ਵਡਿਆਈਆ । ਨਿਹਕਲੰਕਾ ਜਾਮਾ ਪਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਰਿਹਾ ਸੁਣਾਇਆ, ਸੋਇਆ ਕੋਇ ਰਹਿਣ ਨਾ ਪਾਈਆ । ਨਾਮ ਡੰਕਾ ਇਕ ਵਜਾਇਆ, ਚਾਰ ਵਰਨ ਕਰੇ ਪੜ੍ਹਾਈਆ । ਰਾਮ ਕ੍ਰਿਸ਼ਨ ਆਪ ਅਖਵਾਇਆ, ਨਾਨਕ ਗੋਬਿੰਦ ਵੇਸ ਵਟਾਈਆ । ਈਸਾ ਮੂਸਾ ਨਾਉਂ ਧਰਾਇਆ, ਸੰਗ ਮੁਹੰਮਦ ਕਰੇ ਕੁੜਮਾਈਆ । ਚਾਰੇ ਵੇਦਾਂ ਆਪੇ ਗਾਇਆ, ਬ੍ਰਹਮਾ ਸੇਵਾ ਲਾਈਆ । ਸ਼ਾਸਤਰ ਸਿਮਰਤ ਆਪ ਉਪਜਾਇਆ, ਆਪ ਆਪਣੀ ਦਇਆ ਕਮਾਈਆ । ਪੁਰਾਨ ਅਠਾਰਾਂ ਲੇਖ ਲਿਖਾਇਆ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਜਣਾਈਆ । ਗੀਤਾ ਗਿਆਨ ਆਪ ਦ੍ਰਿੜਾਇਆ, ਅਠਾਰਾਂ ਧਿਆਏ ਆਪੇ ਗਾਈਆ । ਅੰਜੀਲ ਕੁਰਾਨਾਂ ਲੇਖ ਲਿਖਾਇਆ, ਬਾਈਬਲ ਕਰੇ ਆਪ ਰੁਸ਼ਨਾਈਆ । ਖਾਣੀ ਬਾਣੀ ਵੇਖ ਵਖਾਇਆ, ਅਗਾਧ ਬੋਧ ਭੇਵ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਡੇਰਾ ਢਾਇਆ, ਕਲਜੁਗ ਵੇਲਾ ਅੰਤਮ ਆਈਆ । ਪ੍ਰਭ ਕਾ ਭਾਣਾ ਨਾ ਕਿਸੇ ਕੋਈ ਮਿਟਾਇਆ, ਆਦਿ ਜੁਗਾਦਿ ਵੱਡੀ ਵਡਿਆਈਆ । ਸਾਚਾ ਰਾਣਾ ਬਣ ਕੇ ਆਇਆ, ਰਾਜ ਰਾਜਾਨਾ ਰਿਹਾ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਵੇਖੇ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬੰਨ੍ਹੇ ਧਾਰ, ਹਰਿ ਸ਼ਬਦ ਕਰੇ ਕੁੜਮਾਈਆ । ਲੱਖਣ ਪੁਸ਼ਕਰ ਹੋ ਤਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਏਕਾ ਨਾਮ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਗੁਰ ਇਕ ਅਵਤਾਰ ਏਕਾ ਰੂਪ ਦਰਸਾਈਆ । ਏਕਾ ਮੰਦਰ ਗੁਰਦੁਵਾਰ, ਮਸਜਿਦ ਕਾਅਬਾ ਇਕ ਵਖਾਈਆ । ਏਕਾ ਰੂਪ ਨਰ ਨਿਰੰਕਾਰ, ਘਟ ਘਟ ਜੋਤ ਕਰੇ ਰੁਸ਼ਨਾਈਆ । ਸਤਿਜੁਗ ਸਾਚਾ ਸਾਚੀ ਪਾਵੇ ਸਾਰ, ਪੁਰਖ ਅਕਾਲ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਵਰ ਦਾਤਾ ਆਪ ਅਖਵਾਈਆ । ਗੁਰਮੁਖ ਵਡਿਆਈ ਧੰਨ, ਗੁਰ ਸਤਿਗੁਰ ਸੱਜਣ ਸਾਚਾ ਪਾਇਆ । ਆਤਮ ਅੰਤਰ ਮਨੂਆ ਮਨ ਗਿਆ ਮੰਨ, ਦਹਿ ਦਿਸ਼ਾ ਨਾ ਉਠ ਉਠ ਧਾਇਆ । ਸ਼ਬਦ ਸੁਹਾਗੀ ਸੁਣਿਆ ਕੰਨ, ਨਾਦ ਅਨਾਦੀ ਇਕ ਵਜਾਇਆ । ਗੜ੍ਹ ਹੰਕਾਰੀ ਦਿਤਾ ਭੰਨ, ਹਉਮੇ ਰੋਗ ਰਹੇ ਨਾ ਰਾਇਆ । ਜੋਤ ਨਿਰੰਜਣ ਚੜ੍ਹਿਆ ਚੰਨ, ਨੂਰੋ ਨੂਰ ਡਗਮਗਾਇਆ । ਏਕਾ ਦੇਵੇ ਨਾਮ ਸੱਚਾ ਮਾਲ ਧਨ, ਸੋਹੰ ਸਾਚਾ ਆਪ ਉਪਾਇਆ । ਦੋ ਜਹਾਨਾਂ ਬੇੜਾ ਦੇਵੇ ਬੰਨ੍ਹ, ਰਾਏ ਧਰਮ ਨਾ ਦਏ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲੇ ਸਾਚੇ ਘਰ, ਘਰ ਸਾਚੇ ਵੱਜੀ ਵਧਾਈਆ । ਵੱਜੀ ਵਧਾਈ ਹਰਿ ਹਰਿ ਪਾਇਆ, ਮਿਲਿਆ ਪੁਰਖ ਅਕਾਲ । ਏਕਾ ਅੱਖਰ ਸਾਚਾ ਗਾਇਆ, ਨਾਤਾ ਤੁਟਾ ਜਗਤ ਜੰਜਾਲ । ਜਗਤ ਰੰਡੇਪਾ ਕੱਟ ਵਖਾਇਆ, ਸਤਿਗੁਰ ਮਿਲਿਆ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਲਾਲ । ਹਰਿਜਨ ਲਾਲ ਅਮੋਲਕ ਹੀਰਾ, ਗੁਰਮੁਖ ਗੁਰਮੁਖ ਨਾਉਂ ਉਪਜਾਈਆ । ਸਤਿਗੁਰ ਪੂਰਾ ਸਾਚਾ ਸੀਸ ਬੰਨ੍ਹੇ ਚੀਰਾ, ਕੌਸਤਕ ਮਨੀਆ ਨਾਲ ਲਗਾਈਆ । ਸ਼ਬਦ ਕਟਾਰ ਤਨ ਪਹਿਨਾਏ ਨਾਮ ਫੜਾਏ ਕਮਾਨ ਤੀਰਾ, ਰਸਨਾ ਚਿੱਲਾ ਇਕ ਚੜ੍ਹਾਈਆ । ਆਤਮ ਅੰਮ੍ਰਿਤ ਦੇਵੇ ਠੰਡਾ ਸੀਰਾ, ਸਾਂਤਕ ਸਤਿ ਸਤਿ ਵਰਤਾਈਆ ।

ਹਉਮੇ ਹੰਗਤਾ ਦੂਈ ਦਵੈਤੀ ਕੱਢੇ ਪੀੜਾ, ਰੋਗ ਸੋਗ ਚਿੰਤਾ ਦੁੱਖ ਰਹਿਣ ਨਾ ਪਾਈਆ । ਪਾਇਆ ਵਰ ਗਹਿਰ ਗੰਭੀਰਾ, ਸਮੁੰਦ ਸਾਗਰ ਖੋਜਣ ਨਾ ਜਾਈਆ । ਏਕਾ ਰੰਗ ਰੰਗਾਇਆ ਹਸਤ ਕੀੜਾ, ਕੀਟ ਕੀਟਾਂ ਵਿਚ ਸਮਾਈਆ । ਪ੍ਰਗਟ ਹੋਇਆ ਵਡ ਪੀਰਨ ਪੀਰਾ, ਪਾਰਬ੍ਰਹਮ ਆਪ ਅਖਵਾਈਆ । ਗੁਰਮੁਖਾਂ ਦੇਵੇ ਸਾਚੀ ਧੀਰਾ, ਧੀਰਜ ਜਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਗੁਰ ਗਿਆਨ ਗਿਆਨ ਗੁਰ ਉਪਦੇਸ਼, ਦੇਵਣਹਾਰਾ ਨਰ ਨਰੇਸ਼ ਬ੍ਰਹਮਾ ਵਿਸ਼ਨ ਸ਼ਿਵ ਕਰੇ ਪੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਆਪ ਪੜ੍ਹਾਏ, ਜੁਗ ਜੁਗ ਵੱਡੀ ਵਡਿਆਈਆ । ਸਤਿਜੁਗ ਸਾਚੀ ਮਤ ਸਮਝਾਏ, ਸੋਹੰ ਅੱਖਰ ਝੋਲੀ ਪਾਈਆ । ਕਲਜੁਗ ਲੇਖਾ ਰਹਿਣ ਨਾ ਪਾਏ, ਵੇਲਾ ਅੰਤਮ ਦਏ ਦੁਹਾਈਆ । ਸਤਿਜੁਗ ਸਾਚਾ ਮਾਰਗ ਲਾਏ, ਪੁਰਖ ਅਕਾਲ ਵੱਡੀ ਵਡਿਆਈਆ । ਗੁਰਮੁਖ ਕਾਗੋਂ ਹੰਸ ਬਣਾਏ, ਮਾਣਕ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਡਗਮਗਾਈਆ । ਗੁਰਮੁਖ ਸੱਜਣ ਤੇਰਾ ਸਚ ਦੁਵਾਰਾ, ਹਰਿ ਸਤਿਗੁਰ ਸਾਚੇ ਭਾਇੰਦਾ । ਜੁਗ ਜੁਗ ਅੰਤ ਲੈ ਅਵਤਾਰਾ, ਜਨ ਭਗਤਾਂ ਵੇਖਣ ਆਇੰਦਾ । ਦਰ ਦਰਵੇਸ਼ ਬਣੇ ਭਿਖਾਰਾ, ਏਕਾ ਅਲਫ਼ੀ ਗਲ ਲਟਕਾਇੰਦਾ । ਨੇਤਰ ਨੈਣ ਦਿਸ ਨਾ ਆਏ ਵਿਚ ਸੰਸਾਰਾ, ਲੱਖ ਚੁਰਾਸੀ ਭਰਮ ਭੁਲਾਇੰਦਾ । ਗੁਰਸਿਖਾਂ ਖੋਲ੍ਹੇ ਬੰਦ ਕਿਵਾੜਾ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਅੰਦਰ ਮੰਦਰ ਕੰਤ ਭਤਾਰਾ, ਸਾਚੀ ਨਾਰਾ ਆਪ ਪ੍ਰਨਾਇੰਦਾ । ਆਤਮ ਸੇਜਾ ਖੇਲ ਅਪਾਰਾ, ਸੇਜ ਸੁਹੰਜਣੀ ਆਪ ਸੁਹਾਇੰਦਾ । ਜੋਤ ਨਿਰੰਜਣ ਦੀਪ ਉਜਿਆਰਾ, ਸਤਿਗੁਰ ਪੂਰਾ ਆਪ ਜਗਾਇੰਦਾ । ਗੁਰਮੁਖਾਂ ਕਰੇ ਗੁਰ ਪਿਆਰਾ, ਗੁਰ ਦੀਵਾ ਗੁਰ ਬਾਤੀ ਗੁਰ ਮੇਲਾ ਕਮਲਾਪਾਤੀ, ਕੰਤ ਕੰਤੂਹਲ ਆਪ ਹੋ ਜਾਇੰਦਾ । ਕੰਤ ਕੰਤੂਹਲ ਹਰਿ ਸੱਜਣ ਸਵਾਮੀ, ਗੁਰਮੁੱਖ ਵਿਰਲੇ ਪਾਇਆ । ਪਾਰਬ੍ਰਹਮ ਪ੍ਰਭ ਅੰਤਰਜਾਮੀ, ਆਦਿਨ ਅੰਤਾ ਵੇਸ ਵਟਾਇਆ । ਜੁਗਾ ਜੁਗੰਤਰ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਇਆ । ਆਪ ਉਚਾਰੇ ਆਪਣੀ ਬਾਣੀ, ਆਪ ਆਪਣਾ ਹੁਕਮ ਸੁਣਾਇਆ । ਆਪੇ ਜਾਣੇ ਆਪਣਾ ਪਦ ਨਿਰਬਾਣੀ, ਪ੍ਰਭ ਆਪਣਾ ਨਾਉਂ ਧਰਾਇਆ । ਆਪੇ ਗਾਏ ਆਪਣੀ ਅਕੱਥ ਕਹਾਣੀ, ਜੀਵ ਜੰਤ ਨਾ ਸਕੇ ਕੋਈ ਗਾਇਆ । ਆਪੇ ਬਣਿਆ ਆਪਣਾ ਹਾਣੀ, ਆਪ ਆਪਣਾ ਮੇਲ ਮਿਲਾਇਆ । ਆਪੇ ਵਸਿਆ ਚਾਰੇ ਖਾਣੀ, ਆਪ ਆਪਣੀ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਾਣੇ ਚਾਰੇ ਬਾਣੀ, ਪਰਾ ਬਸੰਤੀ ਮਧਮ ਬੈਖ਼ਰੀ ਆਪੇ ਰਿਹਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਇਆ । ਗੁਰਸਿਖ ਤਾਰਨਹਾਰ ਪੁਰਖ ਸਮਰਥ, ਹਰਿ ਸੱਜਣ ਮੀਤ ਮੁਰਾਰਿਆ । ਆਦਿ ਜੁਗਾਦਿ ਜੁਗ ਜੁਗ ਰੱਖੇ ਦੇ ਕਰ ਹੱਥ, ਨਿਤ ਨਵਿਤ ਸਾਚੀ ਕਾਰਿਆ । ਸ਼ਬਦ ਜਣਾਈ ਪੂਜਾ ਪਾਠ, ਏਕਾ ਮੰਤਰ ਨਾਮ ਦ੍ਰਿੜ੍ਹਾ ਰਿਹਾ । ਚਰਨ ਧੂੜ ਸਰੋਵਰ ਤੀਰਥ ਅਠਸਾਠ, ਗੰਗਾ ਗੋਦਾਵਰੀ ਨਾ ਕੋਈ ਰਖਾ ਰਿਹਾ, ਆਪ ਉਤਾਰੇ ਆਪਣੇ ਘਾਟ, ਸਾਚਾ ਬੇੜਾ ਨਾਮ ਚਲਾ ਰਿਹਾ । ਅੰਤਮ ਨੇੜੇ ਆਈ ਵਾਟ, ਕਲਜੁਗ ਅਗਲਾ ਪੰਧ ਮੁਕਾ ਲਿਆ । ਕਲਜੁਗ ਕੂੜਾ ਬਸਤਰ ਜਾਣਾ ਪਾਟ, ਤਨ ਖ਼ਾਲੀ ਸਰਬ ਵਖਾ ਰਿਹਾ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਪੂਰਾ ਘਾਟ, ਨਾਮ ਪੱਲੂ ਨਾ ਕੋਈ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਚੇਲੇ ਏਕਾ ਰੰਗ ਰੰਗਾ ਲਿਆ । ਗੁਰ ਚੇਲਾ ਏਕਾ ਰੰਗ

੭੯੯
੦੮

ਰੰਗਣਾ, ਹਰਿ ਸਾਚੀ ਦਇਆ ਕਮਾਈਆ । ਗੁਰਮੁਖ ਦੂਜਾ ਦਰ ਨਾ ਕੋਈ ਮੰਗਣਾ, ਪਾਇਆ ਹਰਿ ਬੇਪਰਵਾਹੀਆ । ਲੋਕਮਾਤ ਕਿਸੇ ਕੋਲੋਂ ਨਾ ਸੰਗਣਾ, ਸਤਿਗੁਰ ਪੂਰਾ ਸਿਰ ਆਪਣਾ ਹੱਥ ਟਿਕਾਈਆ । ਦਰ ਦਰਵਾਜ਼ਾ ਆਪਣਾ ਆਪੇ ਲੰਘਣਾ, ਨੌ ਦਰ ਰਸ ਤਜਾਈਆ । ਆਤਮ ਸੇਜਾ ਸਚ ਪਲੰਘਣਾ, ਗੁਰ ਬੈਠਾ ਆਪ ਵਿਛਾਈਆ । ਦਿਵਸ ਰੈਣ ਵਜਾਏ ਮਰਦੰਗਨਾ, ਅਨਹਦ ਤਾਰ ਸਤਾਰ ਹਿਲਾਈਆ । ਦੀਨ ਦਿਆਲ ਹਰਿ ਕਿਰਪਾਲ ਗੁਰਸਿਖ ਲਾਲ ਸਦਾ ਸਦਾ ਬਖ਼ਸ਼ੰਦਨਾ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਨਿਝ ਆਤਮ ਨਿਝ ਘਰ ਨਿਝ ਹਰਿ ਨਿਝ ਦਰ ਨਿਝ ਦੇਵੇ ਵਰ, ਨਾਮ ਭੰਡਾਰਾ ਏਕਾ ਭਰ, ਅਤੋਟ ਅਤੁਟ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਗ਼ਰੀਬ ਨਿਮਾਣੇ ਗੁਰਸਿਖ ਸੱਜਣ ਜਾਏ ਤਾਰ, ਤਾਰਨਹਾਰ ਗੁਰ ਕਰਤਾਰ ਕਰਨੀ ਕਰਤਾ ਕਰਤਾ ਪੁਰਖ, ਨਾ ਕੋਈ ਸੋਗ ਨਾ ਕੋਈ ਹਰਖ਼, ਅੰਮ੍ਰਿਤ ਮੇਘ ਆਤਮ ਬਰਸ, ਜਨ ਭਗਤਾਂ ਉਪਰ ਕਰ ਕਰ ਤਰਸ, ਜਗਤ ਤ੍ਰਿਸ਼ਨਾ ਭੁੱਖ ਬੁਝਾਈਆ । ਜਗਤ ਤ੍ਰਿਸ਼ਨਾ ਜਾਏ ਬੁੱਝ, ਗੁਰ ਸਤਿਗੁਰ ਆਪ ਬੁਝਾਇੰਦਾ । ਗੁਰਸਿਖ ਆਪਣੇ ਦੁਵਾਰੇ ਜਾਏ ਬੂਝ, ਸਤਿਗੁਰ ਪੂਰਾ ਪਰਦਾ ਲਾਹਿੰਦਾ । ਚਰਨ ਪ੍ਰੀਤੀ ਜਾਏ ਝੂਜ, ਸਾਚਾ ਮੰਦਰ ਇਕ ਵਖਾਇੰਦਾ । ਹਰਿ ਬਿਨ ਅਵਰ ਨਾ ਦਿਸੇ ਕੁਝ, ਨੇਤਰ ਨੈਣ ਇਕ ਖੁਲ੍ਹਾਇੰਦਾ । ਹਰਿ ਕਾ ਭੇਵ ਨਾ ਜਾਣੇ ਮਨ ਮਤ ਬੁੱਧ, ਗਿਆਨ ਧਿਆਨ ਜਗਤ ਵਖਿਆਨ ਨਾ ਕੋਈ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਵਰ, ਆਤਮ ਅੰਤਰ ਸਾਚੇ ਘਰ, ਦਰ ਦਰਵਾਜ਼ਾ ਆਪੇ ਖੋਲ੍ਹ, ਸ਼ਬਦ ਅਨਾਦੀ ਅੱਖਰ ਬੋਲ, ਸੋਹੰ ਢੋਲਾ ਨਾਮ ਅਨਮੋਲਾ ਸਾਚੀ ਝੋਲੀ ਆਪ ਪਾਇੰਦਾ । ਹਰਿ ਸੰਗਤ ਹਰਿ ਭੇਟਿਆ, ਹਰਿ ਸਤਿਗੁਰ ਪੁਰਖ ਦਿਆਲ । ਸਤਿਗੁਰ ਪੂਰਾ ਖੇਵਟ ਖੇਟਿਆ, ਪਾਰ ਕਰਾਏ ਗੁਰਮੁਖ ਲਾਲ । ਤਾਣਾ ਸੂਤ ਏਕਾ ਪੇਟਿਆ, ਏਕਾ ਰੰਗ ਰੰਗਾਏ ਬਣ ਦਲਾਲ । ਲੇਖਾ ਜਾਣੇ ਪੰਚਮ ਜੇਠਿਆ, ਅਗਨੀ ਤੱਤ ਆਪੇ ਢਾਲ । ਨਿਰਗੁਣ ਰੱਖੇ ਸਾਇਆ ਹੇਠਿਆ, ਦਿਵਸ ਰੈਣ ਕਰੇ ਪ੍ਰਿਤਪਾਲ । ਪਿਛਲੀ ਮੇਟੇ ਲਿਖੀ ਰੇਖਿਆ, ਅੱਗੇ ਦੇਵੇ ਨਾਮ ਵਸਤ ਧੰਨ ਮਾਲ । ਗੁਰਮੁਖਾਂ ਕੱਢੇ ਭਰਮ ਭੁਲੇਖਿਆ, ਜੋ ਜਨ ਚਰਨ ਪ੍ਰੀਤੀ ਘਾਲਣ ਰਹੇ ਘਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਕਲਜੁਗ ਅੰਤਮ ਤੋੜੇ ਜਗਤ ਜੰਜਾਲ ।

### ✪ ੯ ਸਾਵਣ ੨੦੧੬ ਬਿਕ੍ਰਮੀ ਅਜੈਬ ਸਿੰਘ ਦੇ ਘਰ ਪਿੰਡ ਅਰਨੀ ਵਾਲਾ ਮਲੋਟ ਮੰਡੀ ✪

ਸੋ ਪੁਰਖ ਨਿਰਜਣ ਹਰਿ ਮਿਹਰਵਾਨ, ਆਦਿ ਜੁਗਾਦੀ ਏਕ ਏਕੰਕਾਰਿਆ । ਹੰ ਬ੍ਰਹਮ ਕਰ ਪ੍ਰਧਾਨ, ਪਾਰਬ੍ਰਹਮ ਰੂਪ ਵਟਾ ਲਿਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਆਦਿ ਨਿਰੰਜਣ ਜੋਤ ਜਗਾ ਲਿਆ । ਖੇਲੇ ਖੇਲ ਦੋ ਜਹਾਨ, ਪੁਰਖ ਅਕਾਲ ਭੇਵ ਨਾ ਆ ਰਿਹਾ । ਅਜੂਨੀ ਰਹਿਤ ਸ੍ਰੀ ਭਗਵਾਨ, ਮੂਰਤ ਅਕਾਲ ਡਗਮਗਾ ਲਿਆ । ਏਕਾ ਦਿਸੇ ਸਚ ਮਕਾਨ, ਸਚਖੰਡ ਦੁਵਾਰਾ ਆਪ ਉਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਪਰਮ ਪੁਰਖ ਵਡਿਆਈਆ । ਹੰ ਬ੍ਰਹਮ ਕਰ ਪ੍ਰਧਾਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਧੁਨ ਤਰਾਨਾ, ਆਪਣਾ ਰਾਗ ਅਲਾਈਆ । ਨਿਰਗੁਣ ਖੇਲ ਸ੍ਰੀ ਭਗਵਾਨਾ,

ਪਾਰਬ੍ਰਹਮ ਵੱਡੀ ਵਡਿਆਈਆ । ਦੀਪਕ ਜੋਤੀ ਇਕ ਜਗਾਨਾ, ਏਕਾ ਜੋਤ ਕਰੇ ਰੁਸ਼ਨਾਈਆ । ਨਾ ਕੋਈ ਦੂਸਰ ਸੰਗ ਰਖਾਣਾ, ਆਪ ਆਪਣਾ ਵੇਸ ਵਟਾਈਆ । ਦੀਨ ਦਿਆਲ ਦਰਦ ਦੁੱਖ ਭੈ ਭੰਜਣ ਹਰਿ ਸੁਲਤਾਨਾ, ਸ਼ਾਹੋ ਭੂਪ ਰਾਜ ਰਾਜਾਨਾ ਆਪ ਅਖਵਾਈਆ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਏਕਾ ਜੋਤ ਕਰੇ ਰੁਸ਼ਨਾਈਆ । ਦੀਨ ਦਿਆਲ ਸਰਬ ਗੁਣਵੰਤਾ, ਏਕਾ ਏਕੰਕਾਰਿਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣੀ ਕਾਰ ਕਮਾ ਰਿਹਾ । ਏਕੰਕਾਰਾ ਆਦਿਨ ਅੰਤਾ, ਅਨਭਵ ਪ੍ਰਕਾਸ਼ ਸਮਾ ਰਿਹਾ । ਆਪ ਬਣਾਏ ਆਪਣੀ ਬਣਤਾ, ਆਪ ਆਪਣੀ ਰਚਨ ਰਚਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਵੇਸ ਵਟੰਤਾ, ਏਕਾ ਜੋਤੀ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਪੁਰਖ ਕਰਤਾਰ, ਆਪ ਆਪਣਾ ਕਰ ਪਸਾਰ, ਆਪ ਆਪਣੀ ਧਾਰ ਚਲਾ ਰਿਹਾ । ਨਿਰਗੁਣ ਨੂਰ ਕਰ ਉਜਿਆਰਾ, ਏਕਾ ਏਕ ਡਗਮਗਾਈਆ । ਆਪੇ ਰਵ ਸਸ ਬਣ ਸਤਾਰਾ, ਮੰਡਲ ਮੰਡਪ ਜੋਤ ਰੁਸ਼ਨਾਈਆ । ਆਪੇ ਗਗਨ ਮੰਡਲ ਦਏ ਸਹਾਰਾ, ਅਕਾਸ਼ ਪ੍ਰਕਾਸ਼ ਆਪ ਸੁਹਾਈਆ । ਆਪੇ ਧਰਤ ਧਵਲ ਵੇਖੇ ਜਲਧਾਰਾ ਜਲ ਬਿੰਬ ਰੂਪ ਵਟਾਈਆ । ਆਪੇ ਨਿਰਗੁਣ ਮੀਤ ਮੁਰਾਰਾ, ਤ੍ਰੈਗੁਣ ਸਗਲਾ ਸੰਗ ਨਿਭਾਈਆ । ਆਪੇ ਸਭ ਤੋਂ ਵਸਿਆ ਬਾਹਰਾ, ਦਿਸ ਕਿਸੇ ਨਾ ਆਈਆ । ਆਪੇ ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪ ਅਖਵਾਈਆ । ਆਪੇ ਬੋਲੇ ਸ਼ਬਦ ਜੈਕਾਰਾ, ਆਪਣਾ ਨਾਉਂ ਆਪ ਉਪਜਾਈਆ । ਆਪੇ ਬਣੇ ਵਣਜ ਵਣਜਾਰਾ, ਆਪਣੀ ਕੀਮਤ ਕਰਤਾ ਆਪੇ ਪਾਈਆ । ਆਪੇ ਭਰੇ ਘਰ ਭੰਡਾਰਾ, ਥਿਰ ਘਰ ਸਾਚਾ ਇਕ ਸੁਹਾਈਆ । ਆਪੇ ਬਣੇ ਹਰਿ ਵਰਤਾਰਾ, ਜੁਗਾ ਜੁਗੰਤਰ ਸੇਵ ਕਮਾਈਆ । ਨਿਰਗੁਣ ਰੂਪ ਅਪਰ ਅਪਾਰਾ, ਨਿਰਾਕਾਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਕਰ ਅਕਾਰ, ਨਿਰਗੁਣ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਅਗੰਮੜੀ ਕਾਰ ਪੁਰਖ ਕਰਤਾਰਾ, ਆਦਿ ਜੁਗਾਦਿ ਚਲਾਇੰਦਾ । ਆਪੇ ਕੰਤ ਆਪੇ ਨਾਰਾ, ਆਪ ਆਪਣਾ ਸੰਗ ਨਿਭਾਇੰਦਾ । ਆਪ ਉਪਜਾਏ ਸੁੱਤ ਦੁਲਾਰਾ, ਸ਼ਬਦੀ ਡੰਕ ਵਜਾਇੰਦਾ । ਆਪੇ ਸਚ ਸਿੰਘਾਸਣ ਆਸਣ ਲਾਏ ਨਿਰਗੁਣ ਧਾਰਾ, ਜੋਤੀ ਨੂਰ ਡਗਮਗਾਇੰਦਾ । ਆਪੇ ਸਿਫ਼ਤੀ ਸਿਫ਼ਤ ਸਲਾਹ ਪਰਵਰਦਿਗਾਰਾ, ਰਾਮ ਰਾਮਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਭਗਵਨ ਜੋਤੀ ਕਰ ਪ੍ਰਕਾਸ਼, ਕਰੇ ਖੇਲ ਸਰਬ ਗੁਣਤਾਸ, ਗੁਣਵੰਤਾ ਭੇਵ ਨਾ ਆਇੰਦਾ । ਭੇਵ ਅਭੇਦ ਪੁਰਖ ਸੁਲਤਾਨਾ, ਹਰਿ ਸਾਚੇ ਵਡ ਵਡਿਆਈਆ । ਦੋ ਜਹਾਨਾਂ ਖੇਲ ਮਹਾਨਾਂ, ਪੁਰੀਆਂ ਲੋਆਂ ਵੇਸ ਵਟਾਈਆ । ਬ੍ਰਹਮਾ ਵਿਸ਼ਨ ਦੇਵੇ ਨਾਮ ਨਿਧਾਨਾ, ਕਰੋੜ ਤੇਤੀਸਾ ਨਾਮ ਜਪਾਈਆ । ਨਿਰਗੁਣ ਸਰਗੁਣ ਵੇਸ ਵਟਾਣਾ, ਲੋਕਮਾਤ ਵੱਜੇ ਵਧਾਈਆ । ਪੰਜ ਤੱਤ ਹੋਏ ਪਰਧਾਨਾ, ਪੰਚਮ ਮੇਲਾ ਸਹਿਜ ਸੁਭਾਈਆ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਈਆ । ਏਕਾ ਮੰਦਰ ਸਚ ਮਕਾਨਾ, ਕਾਇਆ ਕੋਠੜੀ ਆਪ ਬਹਾਈਆ । ਏਕਾ ਪਦ ਪਦ ਨਿਰਬਾਣਾ, ਦਰ ਸਾਚਾ ਇਕ ਸਮਝਾਈਆ । ਏਕਾ ਨੇਤਰ ਨੈਣ ਖੁਲ੍ਹਾਣਾ, ਹਰਿ ਲੋਚਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਪੁਰਖ ਕਰਤਾਰਾ, ਆਪਣਾ ਆਪ ਕਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ,

ਲੋਕਮਾਤ ਜੋਤ ਜਗਾਇੰਦਾ । ਭਗਤ ਸੰਤ ਕਰ ਪਿਆਰਾ, ਆਪ ਆਪਣੀ ਬੂਝ ਬੁਝਾਇੰਦਾ । ਏਕਾ ਦੇਵੇ ਨਾਮ ਅਧਾਰਾ, ਏਕਾ ਢੋਲਾ ਸਾਚਾ ਗਾਇੰਦਾ । ਏਕਾ ਖੋਲ੍ਹੇ ਬੰਦ ਕਿਵਾੜਾ, ਘਰ ਸਾਚਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਹਰਿ ਹਰਿ ਨਾਉਂ ਰੱਖ ਕਰਤਾਰ, ਆਪਣੀ ਕਲ ਵਰਤਾਈਆ । ਨਿਰਗੁਣ ਦੀਵਾ ਬਾਤੀ ਕਰ ਉਜਿਆਰ, ਸਰਗੁਣ ਮੰਦਰ ਆਪ ਟਿਕਾਈਆ । ਕਮਲਾਪਾਤੀ ਮੀਤ ਮੁਰਾਰ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਧਾਰ ਚਲਾਈਆ । ਸਤਿਜੁਗ ਧਾਰ ਹਰਿ ਅਵੱਲੀ, ਏਕਾ ਏਕ ਚਲਾਇੰਦਾ । ਵਸਣਹਾਰਾ ਜਲੀ ਥਲੀ, ਆਦਿ ਸ਼ਕਤੀ ਨਾਲ ਰਲਾਇੰਦਾ । ਜੋਧਾ ਸੂਰਬੀਰ ਵਡ ਬਲੀ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਵੇਖੇ ਸਾਚਾ ਘਰ, ਤ੍ਰੇਤਾ ਆਪਣਾ ਲੇਖ ਲਿਖਾਇੰਦਾ । ਤ੍ਰੇਤਾ ਲੇਖਾ ਧੁਰ ਦਰਬਾਰ, ਹਰਿ ਸਾਚਾ ਆਪ ਲਿਖਾਇੰਦਾ । ਆਪੇ ਨਿਰਗੁਣ ਸਰਗੁਣ ਲੈ ਅਵਤਾਰ, ਰਾਮ ਰਾਮਾ ਰੂਪ ਵਟਾਇੰਦਾ । ਆਪੇ ਤੋੜੇ ਗੜ੍ਹ ਹੰਕਾਰ, ਹਉਮੇ ਹੰਗਤਾ ਰੋਗ ਮਿਟਾਇੰਦਾ । ਆਪੇ ਜਾਣੇ ਆਰ ਪਾਰ, ਆਪਣਾ ਬੇੜਾ ਆਪ ਚਲਾਇੰਦਾ । ਰਥ ਰਥਵਾਹੀ ਹਰਿ ਨਿਰੰਕਾਰ, ਜੁਗ ਜੁਗ ਆਪਣਾ ਰਥ ਚਲਾਇੰਦਾ । ਦੁਆਪਰ ਸਾਚਾ ਹੋ ਉਜਿਆਰ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਵਡਿਆਇੰਦਾ । ਆਪਣਾ ਨਉਂ ਆਪੇ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਜੋਤ ਕਰੇ ਪ੍ਰਤੱਖ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਪੇ ਵੇਖੇ ਸਾਚੀ ਵਥ, ਆਪਣੇ ਮੰਦਰ ਆਪ ਟਿਕਾਈਆ । ਆਪੇ ਗਾਏ ਆਪਣੀ ਗਾਥ, ਆਪਣੀ ਕਰੇ ਆਪ ਪੜ੍ਹਾਈਆ । ਆਪੇ ਹੋ ਤ੍ਰਲੋਕੀ ਨਾਥ, ਕਾਹਨਾ ਬੰਸਰੀ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣੀ ਲਏ ਅੰਗੜਾਈਆ । ਕਲਜੁਗ ਹਰਿ ਲੈ ਅੰਗੜਾਈ, ਆਪਣਾ ਖੇਲ ਖਿਲਾਇੰਦਾ । ਈਸਾ ਮੂਸਾ ਕਰ ਕੁੜਮਾਈ, ਸੰਗ ਮੁਹੰਮਦ ਵੇਸ ਵਟਾਇੰਦਾ । ਨਾਨਕ ਗੋਬਿੰਦ ਜੋਤ ਜਗਾਈ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦੀ ਬਣ ਮਲਾਹ, ਜਗਤ ਬੇੜਾ ਆਪ ਚਲਾਇੰਦਾ । ਕਲਜੁਗ ਅੰਤਮ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਨਿਰਗੁਣ ਨਿਰਗੁਣ ਲਏ ਅਵਤਾਰ, ਸਰਗੁਣ ਡੇਰਾ ਲਾਈਆ । ਜੋਤੀ ਜੋਤ ਨੂਰ ਉਜਿਆਰ, ਨੂਰੋ ਨੂਰ ਡਗਮਗਾਈਆ । ਦਿਸ ਨਾ ਆਏ ਵਿਚ ਸੰਸਾਰ, ਨੇਤਰ ਨੈਣ ਦਰਸ ਕੋਈ ਨਾ ਪਾਈਆ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਦੇਵੇ ਦਰਸ ਅਗੰਮ ਅਪਾਰ, ਸਤਿਗੁਰ ਪੂਰਾ ਵਡ ਵਡਿਆਈਆ । ਤੋੜੇ ਲੰਕਾ ਗੜ ਹੰਕਾਰ, ਹਉਮੇ ਗੜ੍ਹ ਰਹਿਣ ਨਾ ਪਾਈਆ । ਏਕਾ ਮੰਗਤਾ ਧੁਰ ਦਰਬਾਰ, ਅਲੱਖ ਨਿਰੰਜਣ ਅਲੱਖ ਜਗਾਈਆ । ਕਲਜੁਗ ਅੰਤਮ ਪਾਵੇ ਸਾਰ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਸੱਤਾਂ ਦੀਪਾਂ ਦਏ ਹੁਲਾਰ, ਚਾਰੋਂ ਕੁੰਟ ਵੱਜੇ ਵਧਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਏਕਾ ਡੰਕਾ ਹੱਥ ਉਠਾਈਆ । ਵਾਸੀ ਪੁਰੀ ਘਨਕਾ ਹੋ ਤਿਆਰ, ਜੋਤੀ ਨੂਰ ਕਰੇ ਰੁਸ਼ਨਾਈਆ । ਏਕਾ ਨਾਮ ਜੈ ਜੈਕਾਰ, ਚਾਰ ਵਰਨਾਂ ਰਿਹਾ ਸੁਣਾਈਆ । ਸ਼ਾਹ ਸੁਲਤਾਨਾ ਮਾਰੇ ਮਾਰ, ਦਰ ਮੰਗਣ ਭਿਖ ਨਾ ਪਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਜਗਤ ਨਿਮਾਣੇ ਗਲੇ ਲਗਾਈਆ । ਖੜਗ ਖੰਡਾ ਤੇਜ਼ ਕਟਾਰ, ਹਰਿ ਸਾਚੇ ਹੱਥ ਉਠਾਈਆ । ਬ੍ਰਹਿਮੰਡਾਂ ਮਾਰਨਹਾਰਾ ਮਾਰ, ਨਾ ਸਕੇ ਕੋਈ ਬਚਾਈਆ । ਜੇਰਜ

੮੦੨
੦੮

ਅੰਡਾਂ ਕਰੇ ਖੁਵਾਰ, ਉਤਭੁਜ ਸੇਹਤਜ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜਾਮਾ ਪਾਈਆ । ਨਿਹਕਲੰਕ ਪੁਰਖ ਕਰਤਾਰਾ, ਹਰਿ ਸਤਿਗੁਰ ਨਾਉਂ ਧਰਾਇੰਦਾ । ਗੋਬਿੰਦ ਸਾਜਣ ਮੀਤ ਮੁਰਾਰਾ, ਸਿੰਘ ਰੂਪ ਵਟਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਦੋ ਧਾਰਾ ਹੱਥ ਉਠਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਆਪ ਆਪਣੀ ਕਲ ਵਰਤਾਇੰਦਾ । ਮਨਮੁਖ ਜੀਵ ਕਰੇ ਖ਼ਵਾਰਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰਾ, ਨਾਮ ਪਿਆਲਾ ਜਾਮ ਪਿਆਇੰਦਾ । ਅਗਨੀ ਬੁਝੇ ਤੱਤੀ ਹਾੜ੍ਹਾ, ਹਉਮੇ ਤੱਤ ਨਾ ਕੋਈ ਰਖਾਇੰਦਾ । ਕਰੇ ਪ੍ਰਕਾਸ਼ ਬਹੱਤਰ ਨਾੜਾ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਗੰਮੀ ਲਾਏ ਅਖਾੜਾ, ਅਨਹਦ ਸਾਚਾ ਤਾਲ ਵਜਾਇੰਦਾ । ਮੇਟ ਮਿਟਾਏ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਧੁਰਦਰਗਾਹੀ ਸਾਚਾ ਲਾੜਾ, ਏਕੰਕਾਰਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅੰਤ ਕਰਾਇੰਦਾ । ਕਲਜੁਗ ਤੇਰਾ ਅੰਤ ਕਰੌਣਾ, ਹਰਿ ਸਾਚੇ ਵਡ ਵਡਿਆਈਆ । ਜੂਠਾ ਝੂਠਾ ਪੰਧ ਮੁਕੌਣਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਬੱਤੀ ਦੰਦ ਪੁਰਖ ਅਬਿਨਾਸ਼ ਢੋਲਾ ਜੀਵ ਜੰਤ ਏਕਾ ਗੌਣਾ, ਏਕਾ ਕਰੇ ਪੜ੍ਹਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਏਕਾ ਦਰ ਵਖੌਣਾ, ਘਰ ਸਾਚੇ ਵੱਜੇ ਵਧਾਈਆ । ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਗੌਣਾ, ਮਸਤਕ ਤਿਲਕ ਨਾ ਕਿਸੇ ਲਗੌਣਾ, ਅੱਲਾ ਹੂ ਹੂ ਨਾਅਰਾ ਕੋਈ ਨਾ ਲਾਈਆ । ਏਕਾ ਮਾਰਗ ਹਰਿ ਦ੍ਰਿੜੌਣਾ, ਅਕਾਲ ਪੁਰਖ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੂਲ ਤੇਰਾ ਲਹਿਣਾ, ਤੇਰੀ ਝੋਲੀ ਪਾਈਆ । ਕਲਜੁਗ ਤੇਰਾ ਮੂਲ ਚੁਕੌਣਾ, ਹਰਿ ਸਤਿਗੁਰ ਆਪ ਚੁਕਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਚਾਰ ਵਰਨਾਂ ਆਪ ਸਮਝਾਇੰਦਾ । ਊਚਾਂ ਨੀਚਾਂ ਏਕਾ ਰੰਗ ਰੰਗੌਣਾ, ਏਕਾ ਧਾਮ ਸੁਹਾਇੰਦਾ । ਅੰਮ੍ਰਿਤ ਜਾਮ ਪਿਆਲਾ ਇਕ ਪਿਔਣਾ, ਏਕਾ ਮੁਖ ਸਲਾਹਿੰਦਾ । ਗੋਬਿੰਦ ਮੇਲਾ ਮੇਲ ਮਿਲੌਣਾ, ਗੁਰ ਗੋਬਿੰਦ ਵੇਸ ਵਟਾਇੰਦਾ । ਪੁਰਖ ਅਕਾਲ ਇਕ ਧਿਔਣਾ, ਦੂਜਾ ਇਸ਼ਟ ਨਾ ਕੋਈ ਜਣਾਇੰਦਾ । ਮੁੱਛ ਦਾੜ੍ਹੀ ਕੇਸ ਨਾ ਕਿਸੇ ਮੁਨੌਣਾ, ਨੌ ਖੰਡ ਪ੍ਰਿਥਮੀ ਏਹ ਸਮਝਾਇੰਦਾ । ਰਾਜ ਰਾਜਾਨਾ ਸੱਚਾ ਨਾਮ ਨਾ ਕਿਸੇ ਗੌਣਾ, ਦਰ ਦਰਬਾਰ ਨਾ ਕੋਈ ਸੁਹਾਇੰਦਾ । ਅਠਸਠ ਤੀਰਥ ਕਿਸੇ ਨਾ ਨੁਹੌਣਾ, ਗੰਗਾ ਗੋਦਾਵਰੀ ਕੋਈ ਨਾ ਜਾਇੰਦਾ । ਮੰਦਰ ਮਸਜਿਦ ਲੇਖ ਚੁਕੌਣਾ, ਸ਼ਿਵਦੁਆਲਾ ਮੱਠ ਵੇਖ ਵਖਾਇੰਦਾ । ਕਾਇਆ ਗੁਰੂਦੁਵਾਰ ਇਕ ਸੁਹੌਣਾ, ਸਤਿਗੁਰ ਸਾਚਾ ਆਸਣ ਲਾਇੰਦਾ । ਅਨਹਦ ਨਾਦੀ ਰਾਗ ਸੁਣੌਣਾ, ਸਾਚਾ ਸ਼ਬਦ ਆਪੇ ਗਾਇੰਦਾ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਆਤਮ ਬ੍ਰਹਮ ਜਣਾਇੰਦਾ । ਨੇਤਰ ਤੀਜਾ ਆਪ ਖੁਲ੍ਹੌਣਾ, ਸਵਛ ਸਰੂਪੀ ਦਰਸ ਦਖਾਇੰਦਾ । ਚੌਥੇ ਪਦ ਆਪ ਬਹੌਣਾ, ਜੋਤੀ ਜੋਤ ਮੇਲ ਮਿਲਾਇੰਦਾ । ਪੰਚਮ ਮੀਤਾ ਘਰ ਸੁਹੌਣਾ, ਪੰਚਮ ਮੋਹ ਚੁਕਾਇੰਦਾ । ਕਲਜੁਗ ਲੇਖਾ ਰਹਿਣ ਨਾ ਪੌਣਾ, ਜੁਗ ਚੌਥੇ ਮੇਲ ਮਿਲਾਇੰਦਾ । ਸੰਮਤ ਸੰਮਤੀ ਮੇਟ ਮਿਟੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਵਣਾ । ਕਲਜੁਗ ਝੂਠਾ ਨਾਤਾ ਤੋੜ, ਝੂਠੀ ਕਿਰਿਆ ਦਏ ਮਿਟਾਈਆ । ਸਤਿਜੁਗ ਸਾਚਾ ਜਾਏ ਬੌਹੜ, ਧਰਤ ਮਾਤ ਗੋਦ ਸੁਹਾਈਆ । ਕਲਜੁਗ ਕੂੜਾ ਚੜ੍ਹਿਆ ਘੋੜ, ਚਾਰੋਂ ਕੁੰਟ ਫੇਰੀ ਪਾਈਆ । ਸਤਿਜੁਗ ਸਾਚਾ ਗਿਆ ਬੌਹੜ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਰੀਠਾ ਹੋਇਆ ਕੌੜ,

ਮਿੱਠਾ ਰਸ ਨਾ ਕੋਈ ਵਖਾਈਆ । ਸਤਿਜੁਗ ਸਾਚਾ ਲਾਇਆ ਪੌੜ, ਆਪ ਆਪਣੀ ਨੀਂਹ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਏਕਾ ਦਰ ਵਖਾਈਆ । ਕਲਜੁਗ ਦਰ ਹਰਿ ਦਰਬਾਰਾ, ਰੋ ਰੋ ਸੀਸ ਝੁਕਾਇੰਦਾ । ਨਾ ਕੋਈ ਸਹਾਈ ਮੁਹੰਮਦੀ ਯਾਰਾ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਜੂਠਾ ਝੂਠਾ ਬੰਨ੍ਹਿਆ ਭਾਰਾ, ਨਾ ਸੀਸ ਕੋਈ ਉਠਾਇੰਦਾ । ਨਾ ਕੋਈ ਦਿਸੇ ਪਰਵਰਦਿਗਾਰਾ, ਮੁਕਾਮੇ ਹੱਕ ਨਾ ਕੋਈ ਵਖਾਇੰਦਾ । ਖ਼ਾਲਕ ਖ਼ਲਕ ਨਾ ਕੋਈ ਪਸਾਰਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਚੰਨ ਨਾ ਕੋਈ ਚੜ੍ਹਾਇੰਦਾ । ਮਾਤ ਪਿਤ ਨਾ ਕੋਈ ਪਿਆਰਾ, ਪੁੱਤਰ ਧੀਆਂ ਨਾ ਸਾਕ ਜਣਾਇੰਦਾ । ਭਾਈ ਭੈਣ ਨਾ ਕੋਈ ਸਹਾਰਾ, ਨਾਰੀ ਕੰਤ ਨਾ ਕੋਈ ਅਖਵਾਇੰਦਾ । ਸਚ ਸੁੱਚ ਨਾ ਕੋਈ ਵਣਜਾਰਾ, ਜੂਠਾ ਝੂਠਾ ਵਣਜ ਵਖਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਠੱਗ ਚੋਰ ਯਾਰ ਸਰਬ ਦਰਸਾਇੰਦਾ । ਨਾ ਕੋਈ ਮੰਦਰ ਨਾ ਦੁਵਾਰਾ, ਇਸ਼ਟ ਦੇਵ ਨਾ ਕੋਈ ਜਣਾਇੰਦਾ । ਨਾ ਕੋਈ ਗੋਬਿੰਦ ਜਾਣੇ ਧਾਰਾ, ਨਾਨਕ ਦਰਸ ਨਾ ਕੋਈ ਪਾਇੰਦਾ । ਨਾ ਕੋਈ ਦਿਸੇ ਪੰਚ ਪਿਆਰਾ, ਪੰਚਮ ਮੋਹ ਨਾ ਕੋਈ ਚੁਕਾਇੰਦਾ । ਨਾ ਕੋਈ ਦਿਸੇ ਖੰਡਾ ਧਾਰਾ, ਤਿਖੀ ਧਾਰ ਨਾ ਕੋਈ ਬਣਾਇੰਦਾ । ਨਾ ਕੋਈ ਦੀਸੇ ਕੁਛ ਸਹਾਰਾ, ਧੀਰਜ ਜਤ ਨਾ ਕੋਈ ਧਰਾਇੰਦਾ । ਨਾ ਕੋਈ ਕੇਸ ਸੀਸ ਦਿਸੇ ਦਸਤਾਰਾ, ਨਾ ਕੋਈ ਜਗਦੀਸ਼ ਸੀਸ ਝੁਕਾਇੰਦਾ । ਨਾ ਕੋਈ ਕੰਗਨ ਕਰੇ ਪਿਆਰ, ਸਮਰਥ ਹੱਥ ਨਾ ਕੋਈ ਮਿਲਾਇੰਦਾ । ਨਾ ਕੋਈ ਪੰਡਤ ਵੇਦ ਵਿਚਾਰਾ, ਆਤਮ ਬ੍ਰਹਮ ਨਾ ਕੋਈ ਵਖਾਇੰਦਾ । ਨਾ ਕੋਈ ਵੇਦ ਪਾਠ ਕਰੇ ਜੈਕਾਰਾ, ਆਤਮ ਰਾਮ ਨਾ ਕੋਇ ਵਸਾਇੰਦਾ । ਨਾ ਕੋਈ ਸਨਾਤਨ ਧਰਮ ਕਰੇ ਪਿਆਰਾ, ਸਾਚੀ ਸਿਖਿਆ ਨਾ ਕੋਈ ਸਮਝਾਇੰਦਾ । ਰਿਖੀ ਮੁਨੀ ਨਾ ਕੋਈ ਅਧਾਰਾ, ਸੁਨ ਸਮਾਧ ਨਾ ਕੋਈ ਲਗਾਇੰਦਾ । ਆਦਿ ਸ਼ਕਤ ਜੋਤ ਜਵਾਲਾ ਨਾ ਕੋਈ ਉਜਿਆਰਾ, ਨੂਰੋ ਨੂਰ ਨਾ ਡਗਮਗਾਇੰਦਾ । ਨਾ ਕੋਈ ਭਗਤ ਨਾ ਸੰਤ ਦੁਲਾਰਾ, ਸਤਿਗੁਰ ਰੂਪ ਨਾ ਕੋਈ ਸਮਾਇੰਦਾ । ਨਾ ਕੋਈ ਐਨਲਹੱਕ ਲਾਏ ਨਾਅਰਾ, ਹੱਕ ਹਕੀਕਤ ਨਾ ਕੋਇ ਜਣਾਇੰਦਾ । ਨਾ ਕੋਈ ਮੁਲਾਂ ਸ਼ੇਖ਼ ਮੁਸਾਇਕ ਪੀਰ ਗੁਪਤ ਜ਼ਾਹਿਰਾ, ਦਸਤਗੀਰ ਨਾ ਕੋਈ ਅਖਵਾਇੰਦਾ । ਨਾ ਕੋਈ ਕਲਮਾ ਅਮਾਮ ਪਾਏ ਸਾਰਾ, ਜਲਵਾ ਨੂਰ ਨਾ ਕੋਈ ਜਗਾਇੰਦਾ । ਨਾ ਕੋਈ ਕਾਗਦ ਕਲਮ ਲਿਖੇ ਬਣ ਬਣ ਲਿਖਾਰਾ, ਗੁਰ ਬਾਣੀ ਭੇਵ ਕੋਈ ਨਾ ਪਾਇੰਦਾ । ਕਲਜੁਗ ਅੰਤਮ ਗੁਰ ਅਰਜਨ ਬਣਿਆ ਇਕ ਵਣਜਾਰਾ, ਸਾਚਾ ਹੱਟ ਖੁਲਾਇੰਦਾ । ਭਰਮੇ ਭੁੱਲਾ ਭਰਮ ਸੰਸਾਰਾ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਚਾਰ ਵਰਨਾਂ ਇਕ ਦਵਾਰਾ, ਗੁਰੂ ਗ੍ਰੰਥ ਗੁਰਮਤ ਏਹ ਸਮਝਾਇੰਦਾ । ਸੰਤ ਭਗਤ ਭਗਵੰਤ ਏਕਾ ਸੁਹਾਇਆ ਘਰ ਸੱਚਾ ਘਰ ਬਾਰਾ, ਦਰ ਏਕਾ ਆਸਣ ਲਾਇੰਦਾ । ਜੋਗ ਜੁਗਤ ਜਗਤ ਨਾ ਕੋਇ ਵਿਚਾਰਾ, ਨਿਉਲੀ ਕਰਮ ਨਾ ਕੋਇ ਕਰਾਇੰਦਾ । ਨਾ ਕੋਈ ਠਰੇ ਠੰਡੀ ਜਲ ਧਾਰਾ, ਤੱਤੀ ਅੱਗ ਨਾ ਕੋਈ ਤਪਾਇੰਦਾ । ਨਾ ਕੋਈ ਜੰਗਲ ਜਾਏ ਜੂਹ ਪਹਾੜਾ, ਬਨਖੰਡ ਨਾ ਕੋਈ ਖੋਜ ਖੁਜਾਇੰਦਾ । ਨਾ ਕੋਈ ਤਨ ਬਿਭੂਤ ਲਗਾਏ ਮਾਰੇ ਨਾਅਰਾ, ਜਟਾ ਜੂਟ ਨਾ ਕੋਈ ਲਗਾਇੰਦਾ । ਨਾ ਕੋਈ ਅਭਿਆਸ ਤਿਆਗ ਵੈਰਾਗ ਕਰੇ ਪਿਆਰਾ, ਏਕਾ ਸ਼ਬਦੀ ਸ਼ਬਦ ਸੁਣਾਇੰਦਾ । ਜੋ ਜਨ ਸਤਿਗੁਰ ਚਰਨ ਢਹਿ ਪਏ ਦੁਵਾਰਾ, ਗੁਰ ਪੂਰਾ ਪਾਰ ਕਰਾਇੰਦਾ । ਕਲਜੁਗ ਅੰਤਮ ਕੂੜ ਕੁੜਿਆਰਾ, ਚਾਰ ਕੁੰਟ ਵੇਸ ਵਟਾਇੰਦਾ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਤਿਜੁਗ ਸਾਚਾ ਮਾਰਗ ਲਾਇੰਦਾ । ਨੌ ਖੰਡ ਪ੍ਰਿਥਮੀ ਸੁਹਾਏ ਇਕ

ਦੁਵਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਕਾ ਸ਼ਬਦ ਛੱਤੀ ਰਾਗ ਨਾ ਪਾਇਣ ਸਾਰਾ, ਰਾਗ ਰਾਗਨੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਕਰਨੀ ਕਰਤਾ ਹਰਿ ਨਿਰੰਕਾਰ, ਖੇਲੇ ਖੇਲ ਅਗੰਮ ਅਪਾਰ, ਗੁਰਮੁਖ ਸਾਜਣ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ ।

## ੧੦ ਸਾਵਣ ੨੦੧੬ ਬਿਕ੍ਰਮੀ ਹਰਬੰਸ ਸਿੰਘ ਦੇ ਘਰ ਅਬੋਹਰ ਸ਼ਹਿਰ ਜ਼ਿਲਾ ਫ਼ਿਰੋਜ਼ਪੁਰ

ਸਤਿ ਪੁਰਖ ਨਿਰੰਜਣ ਹਰਿ ਮਿਹਰਵਾਨ, ਆਦਿ ਜੁਗਾਦੀ ਏਕੰਕਾਰਿਆ । ਰੂਪ ਅਨੂਪ ਸ੍ਰੀ ਭਗਵਾਨ, ਇਕ ਇਕੱਲਾ ਖੇਲ ਅਪਾਰਿਆ । ਜੁਗਾ ਜੁਗੰਤਰ ਖੇਲ ਮਹਾਨ, ਪਾਰਬ੍ਰਹਮ ਗੁਰ ਅਵਤਾਰਿਆ । ਥਿਰ ਘਰ ਵਸੇ ਸਚ ਮਕਾਨ, ਸਚਖੰਡ ਦੁਵਾਰਾ ਇਕ ਸੁਹਾ ਰਿਹਾ । ਸ਼ਾਹੋ ਭੂਪ ਸੱਚਾ ਸੁਲਤਾਨ, ਰਾਜ ਰਾਜਾਨ ਵੇਖ ਵਖਾ ਰਿਹਾ । ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਹੁਕਮ ਸੁਣਾ ਰਿਹਾ । ਨਾ ਕੋਈ ਦੀਸੇ ਦਰ ਦਰਬਾਨ, ਦਰ ਦਰਵੇਸ਼ ਨਾ ਕੋਈ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਏਕੰਕਾਰਾ ਨਾਉਂ ਧਰਾ ਰਿਹਾ । ਏਕੰਕਾਰਾ ਪੁਰਖ ਸੁਲਤਾਨਾ, ਹਰਿ ਵਡਾ ਵਡ ਵਡਿਆਈਆ । ਜੋਤੀ ਨੂਰ ਦੀਪ ਮਹਾਨਾ, ਪਰਮ ਪੁਰਖ ਆਪ ਜਗਾਈਆ । ਖੇਲੇ ਖੇਲ ਦੋ ਜਹਾਨਾ, ਜੁਗ ਜੁਗ ਆਪਣਾ ਵੇਸ ਵਟਾਈਆ । ਆਦਿ ਜੁਗਾਦੀ ਇਕ ਤਰਾਨਾ, ਨਾਦ ਅਨਾਦੀ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਨਿਰਗੁਣ ਜੋਤੀ ਕਰ ਉਜਿਆਰ, ਨੂਰੋ ਨੂਰ ਡਗਮਗਾਈਆ । ਜੋਤੀ ਨੂਰ ਹਰਿ ਉਜਾਲਾ, ਏਕਾ ਏਕ ਰੂਪ ਦਰਸਾਇੰਦਾ । ਪਰਮ ਪੁਰਖ ਦੀਨ ਦਿਆਲਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲਾ, ਭੇਵ ਕੋਈ ਨਾ ਆਇੰਦਾ । ਆਪੇ ਵਸੇ ਸਚ ਸੱਚੀ ਧਰਮਸਾਲਾ, ਆਪਣਾ ਦੁਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਸਤਿ ਸਰੂਪ ਆਪ ਅਖਵਾਇੰਦਾ । ਸਤਿ ਸਰੂਪੀ ਹਰਿ ਗਿਰਧਾਰ, ਰੂਪ ਰੰਗ ਨਾ ਕੋਈ ਜਣਾਈਆ । ਨਿਰਗੁਣ ਖੇਲ ਕਰੇ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਭੇਵ ਅਭੇਦਾ ਭੇਵ ਛੁਪਾਈਆ । ਮਾਤ ਪਿਤ ਨਾ ਕੋਈ ਅਧਾਰ, ਪੂਤ ਸਪੂਤ ਨਾ ਕੋਈ ਜਾਈਆ । ਨਾ ਕੋਈ ਨਾਰ ਕੰਤ ਭਤਾਰ, ਨਾ ਕੋਈ ਸੇਜ ਹੰਢਾਈਆ । ਨਾ ਕੋਈ ਸਖੀਆਂ ਮੰਗਲਾਚਾਰ, ਨਾ ਕੋਈ ਗੀਤ ਸੁਹਾਗੀ ਗਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਨਾ ਕੋਈ ਸਗਲਾ ਸੰਗ ਰਖਾਈਆ । ਇਕ ਇਕੱਲਾ ਏਕੰਕਾਰ, ਆਪ ਆਪਣੀ ਕਲ ਵਰਤਾਈਆ । ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਕੋਈ ਸੁਹਾਈਆ । ਗਗਨ ਪਤਾਲਾ ਬੰਨ੍ਹੇ ਧਾਰ, ਅਕਾਸ਼ ਪ੍ਰਕਾਸ਼ ਨਾ ਕੋਈ ਜਣਾਈਆ । ਬ੍ਰਹਿਮੰਡ ਖੰਡ ਨਾ ਕੋਈ ਵਿਚਾਰ, ਲੋਆਂ ਪੁਰੀਆਂ ਨਾ ਰਚਨ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਅਕਾਰ, ਕਰੋੜ ਤੇਤੀਸ ਨਾ ਵੇਖ ਵਖਾਈਆ । ਗਣ ਗੰਧਰਬ ਨਾ ਕੋਈ ਉਜਿਆਰ, ਕਿਨਰ ਯਛਪ ਨਾ ਕੋਈ ਵਖਾਈਆ । ਧਰਤ ਧਵਲ ਨਾ ਕੋਈ ਉਸਾਰ, ਜਲ ਬਿੰਬ ਨਾ ਕੋਈ ਉਪਾਈਆ । ਬ੍ਰਹਿਮੰਡ ਖੰਡ ਨਾ ਕੋਈ ਵਿਹਾਰ, ਜੇਰਜ ਅੰਡ ਨਾ ਕੋਈ ਉਪਾਈਆ । ਉਤਭੁਜ ਸੇਤਜ ਨਾ ਪਾਏ ਸਾਰ, ਜਲ

ਥਲ ਮਹੀਅਲ ਨਾ ਕੋਇ ਸਮਾਈਆ । ਜੰਗਲ ਜੂਹ ਨਾ ਕੋਈ ਪਹਾੜ, ਉਚੇ ਟਿੱਲੇ ਪਰਬਤ ਡੇਰਾ ਕੋਇ ਨਾ ਲਾਈਆ । ਨੌ ਖੰਡ ਪ੍ਰਿਥਮੀ ਨਾ ਕੋਈ ਅਖਾੜ, ਸੱਤ ਦੀਪ ਨਾ ਵੰਡ ਵੰਡਾਈਆ । ਲੱਖ ਚੁਰਾਸੀ ਨਾ ਕੋਈ ਪਸਾਰ, ਜੀਵ ਜੰਤ ਨਾ ਰਚਨ ਰਚਾਈਆ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਦਿਸਾਈਆ । ਰਾਓ ਰੰਕ ਨਾ ਕੋਈ ਦੁਵਾਰ, ਰਾਜ ਰਾਜਾਨ ਨਾ ਕੋਈ ਅਖਵਾਈਆ । ਦਰ ਦਰਵੇਸ਼ ਨਾ ਕੋਈ ਭਿਖਾਰ, ਚਾਰ ਕੁੰਟ ਦਹਿ ਦਿਸ਼ਾ ਅਲੱਖ ਨਾ ਕੋਈ ਜਗਾਈਆ । ਸ਼ੱਤ੍ਰੀ ਬ੍ਰਹਮ ਸ਼ੂਦਰ ਵੈਸ਼ ਨਾ ਕੋਈ ਵਿਚਾਰ, ਖਾਣੀ ਬਾਣੀ ਨਾ ਰਚਨ ਰਚਾਈਆ । ਵੇਦ ਪੁਰਾਨ ਨਾ ਕੋਈ ਅਧਾਰ, ਇਸ਼ਟ ਦੇਵ ਨਾ ਕੋਈ ਵਖਾਈਆ । ਗੀਤਾ ਗਿਆਨ ਨਾ ਕੋਈ ਸੁਧਾਰ, ਰਸਨਾ ਜਿਹਵਾ ਨਾ ਕੋਈ ਗਾਈਆ । ਰਾਮ ਕ੍ਰਿਸ਼ਨ ਨਾ ਕੋਈ ਅਵਤਾਰ, ਭੇਵ ਅਭੇਦਾ ਭੇਵ ਨਾ ਕੋਈ ਲਿਖਾਈਆ । ਰਿਖ ਮੁਨ ਜਪ ਤਪ ਨਾ ਕੋਈ ਸੰਸਾਰ, ਸਾਗਰ ਸਿੰਧ ਨਾ ਕੋਈ ਵਹਾਈਆ । ਈਸਾ ਮੂਸਾ ਨਾ ਕੋਈ ਪਨਿਹਾਰ, ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਨਾਅਰਾ ਕੋਈ ਨਾ ਲਾਈਆ । ਨਾਨਕ ਗੋਬਿੰਦ ਨਾ ਸਰਗੁਣ ਧਾਰ, ਸਾਖਯਾਤ ਰੂਪ ਨਾ ਕੋਈ ਦਰਸਾਈਆ । ਆਦਿ ਜੁਗਾਦੀ ਏਕੰਕਾਰ, ਇਕ ਇਕੱਲਾ ਇਕ ਅਖਵਾਈਆ । ਸਚ ਮਹੱਲਾ ਕਰ ਤਿਆਰ, ਸਚਖੰਡ ਬੈਠਾ ਡੇਰਾ ਲਾਈਆ । ਤ੍ਰੈਗੁਣ ਮਾਇਆ ਨਾ ਕੋਈ ਪਸਾਰ, ਪੰਜ ਤੱਤ ਨਾ ਕੋਈ ਕੁੜਮਾਈਆ । ਨਿਰਗੁਣ ਜੋਤੀ ਦੀਪ ਉਜਿਆਰ, ਦਿਵਸ ਰੈਣ ਨਾ ਕੋਈ ਬਣਾਈਆ । ਇਕ ਇਕਾਂਤੀ ਪਾਵੇ ਸਾਰ, ਇਕ ਇਕੱਲਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀ, ਆਦਿ ਜੁਗਾਦਿ ਜੁਗਾ ਜੁਗੰਤ ਏਕਾ ਏਕ ਅਖਵਾਈਆ । ਏਕਾ ਇਕ ਅਕਾਰ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਜੁਗਾ ਜੁਗੰਤਰ ਭੇਵ ਅਪਾਰ, ਵੇਦ ਕਤੇਬ ਭੇਵ ਨਾ ਆਇੰਦਾ । ਸਚਖੰਡ ਦੁਵਾਰੇ ਬੈਠ ਸਚ ਦਰਬਾਰ, ਆਪ ਆਪਣੀ ਰਚਨ ਰਚਾਈਆ । ਆਪਣੇ ਮੰਦਰ ਪਾਵੇ ਸਾਰ, ਮਹੱਲ ਅਟੱਲ ਅਚੱਲ ਆਪ ਸੁਹਾਇੰਦਾ । ਆਪਣਾ ਦੇਵੇ ਧੁਰ ਫ਼ਰਮਾਣ, ਆਪਣਾ ਹੁਕਮ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਚ ਘਰ, ਸਾਚਾ ਘਰ ਸਚ ਸਿੰਘਾਸਣ, ਜਗੇ ਜੋਤ ਪੁਰਖ ਅਬਿਨਾਸ਼ਣ, ਦੀਵਾ ਬਾਤੀ ਨਾ ਕੋਈ ਰਖਾਇੰਦਾ । ਨਾ ਕੋਈ ਦੀਵਾ ਨਾ ਕੋਈ ਬਾਤੀ, ਨਾ ਕੋਈ ਬਣਤ ਬਣਾਈਆ । ਇਕ ਇਕੱਲਾ ਕਮਲਾਪਾਤੀ, ਬੈਠਾ ਡੇਰਾ ਲਾਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਮਾਸ ਬਰਖ਼ ਨਾ ਕੋਈ ਉਪਜਾਈਆ । ਆਪਣੇ ਮੰਦਰ ਆਪੇ ਖੋਲ੍ਹੇ ਤਾਕੀ, ਆਪ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਨਿਰੰਜਣਾ, ਘਰ ਸਾਚਾ ਆਪ ਸੁਹਾਈਆ । ਘਰ ਸਾਚਾ ਹਰਿ ਸੁਹੰਜਣਾ, ਜੋਤੀ ਨੂਰੋ ਨੂਰ ਨੁਰਾਨਿਆ । ਪਾਰਬ੍ਰਹਮ ਪ੍ਰਭ ਦਰਦ ਦੁੱਖ ਭੈ ਭੰਜਣਾ, ਖੇਲੇ ਖੇਲ ਸ੍ਰੀ ਭਗਵਾਨਿਆ । ਆਪ ਆਪਣਾ ਆਪੇ ਬਣਿਆ ਸੱਜਣਾ, ਨਾ ਕੋਈ ਦੂਸਰ ਸੰਗ ਰਖਾਨਿਆ । ਆਪੇ ਰੱਖੇ ਆਪਣੀ ਲੱਜਣਾ, ਆਪ ਆਪਣਾ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਥਿਰ ਘਰ ਸਾਚਾ ਇਕ ਸੁਹਾਨਿਆ । ਥਿਰ ਘਰ ਸਾਚਾ ਸੋਹੇ ਦਰਬਾਰ, ਹਰਿ ਸਾਚਾ ਸੇਜ ਸੁਹਾਇੰਦਾ । ਇਕ ਅਕੱਲਾ ਨਿਰਗੁਣ ਨਿਰੰਕਾਰ, ਨਿਰਗੁਣ ਜੋਤੀ ਡਗਮਗਾਇੰਦਾ । ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਕਲ ਵਰਤਾਇੰਦਾ । ਸ਼ਾਹੋ ਭੂਪ ਸੱਚੀ ਸਰਕਾਰ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਆਪਣੀ ਬੰਨ੍ਹੇ ਆਪੇ ਧਾਰ, ਆਪਣਾ ਹੁਕਮ ਸੁਣਾਇੰਦਾ । ਆਪਣੀ ਕਰੇ ਆਪੇ

ਕਾਰ, ਕਰਨੀ ਕਰਤਾ ਆਪ ਅਖਵਾਇੰਦਾ । ਆਪੇ ਨਾਰੀ ਕੰਤ ਭਤਾਰ, ਆਪੇ ਸੇਜ ਹੰਢਾਇੰਦਾ । ਆਪੇ ਕਰੇ ਸਚ ਸ਼ਿੰਗਾਰ, ਆਪੇ ਵੇਖ ਵਖਾਇੰਦਾ । ਆਪੇ ਸੋਹੇ ਮੰਦਰ ਬੰਕ ਦੁਵਾਰ, ਆਪੇ ਖੇਲ ਖਲਾਇੰਦਾ । ਆਪੇ ਰੰਗ ਰਵੇ ਕਰਤਾਰ, ਰੰਗ ਰੂਪ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਸਾਚੇ ਘਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਸਚਖੰਡ ਦੁਵਾਰਾ ਦਰ ਦਰਵਾਜ਼ਾ, ਹਰਿ ਸਾਚਾ ਖੋਲ੍ਹ ਖੁਲ੍ਹਨਿਆ । ਪੁਰਖ ਅਬਿਨਾਸ਼ੀ ਗਰੀਬ ਨਿਵਾਜ਼ਾ, ਖੇਲੇ ਖੇਲ ਸ੍ਰੀ ਭਗਵਾਨਿਆ । ਆਪੇ ਰਚਿਆ ਆਪਣਾ ਕਾਜਾ, ਵੇਖ ਵਖਾਏ ਦੋ ਜਹਾਨਿਆ । ਆਪਣਾ ਸਾਜਣ ਆਪੇ ਸਾਜਾ, ਆਪੇ ਘੜੇ ਆਪੇ ਭੰਨਿਆ । ਆਪਣੀ ਦਿਸ਼ਾ ਆਪੇ ਫਿਰੇ ਭਾਜਾ, ਆਪਣਾ ਹੁਕਮ ਆਪੇ ਮੰਨਿਆ । ਆਪੇ ਰਈਅਤ ਆਪੇ ਰਾਜਾ, ਸ਼ਾਹ ਸੁਲਤਾਨ ਆਪ ਅਖਵੰਨਿਆ । ਆਪੇ ਰੱਖੇ ਆਪਣੀ ਲਾਜਾ, ਆਪੇ ਵੇਖ ਵਿਖੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟੰਨਿਆ । ਵੇਸ ਵਟੰਦੜਾ ਹਰਿ ਨਿਰੰਕਾਰ, ਆਪਣੀ ਕਲ ਵਰਤਾਇੰਦਾ । ਆਪਣੀ ਜੋਤ ਕਰ ਉਜਿਆਰ, ਆਪਣੀ ਜੋਤ ਜਗਾਇੰਦਾ । ਆਪਣਾ ਰੂਪ ਵੇਖ ਵਖਾਏ ਪਾਏ ਸਾਰ, ਰੂਪ ਰੰਗ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਦਰ ਆਪਣੀ ਰੱਛਿਆ, ਆਪਣੀ ਝੋਲੀ ਪਾਏ ਭਿਛਿਆ, ਆਪਣਾ ਦਰ ਸੁਹਾਇੰਦਾ । ਆਪਣੀ ਭਿਛਿਆ ਆਪੇ ਪਾ, ਆਪਣੀ ਝੋਲੀ ਆਪ ਭਰਾਈਆ । ਆਪਣਾ ਮੰਗਲ ਆਪੇ ਗਾ, ਘਰ ਆਪਣੇ ਖ਼ੁਸ਼ੀ ਮਨਾਈਆ । ਆਪਣਾ ਸੰਗ ਆਪ ਬਣਾ, ਆਪੇ ਹੋਏ ਸਹਾਈਆ । ਆਪਣਾ ਇਕੱਠ ਆਪ ਕਰਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਕਰੇ ਕੁੜਮਾਈਆ । ਨਿਰਗੁਣ ਨਿਰਗੁਣ ਨਿਰਗੁਣ ਜੁੜਿਆ ਨਾਤਾ, ਨਿਰਗੁਣ ਆਪਣਾ ਆਪ ਜੁੜ੍ਹਾਇੰਦਾ । ਨਿਰਗੁਣ ਨਿਰਗੁਣ ਦੇਵੇ ਦਾਤਾ, ਨਿਰਗੁਣ ਨਿਰਗੁਣ ਝੋਲੀ ਅੱਗੇ ਡਾਹਿੰਦਾ । ਨਿਰਗੁਣ ਦੇਵੇ ਸਗਲਾ ਸਾਥਾ, ਨਿਰਗੁਣ ਸਗਲਾ ਸੰਗ ਨਿਭਾਇੰਦਾ । ਨਿਰਗੁਣ ਨਿਰਗੁਣ ਚਲਾਏ ਰਾਥਾ, ਰਥ ਰਥਵਾਹੀ ਨਿਰਗੁਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿ ਭਗਵੰਤ, ਨਾਰੀ ਕੰਤ ਮੇਲ ਮਿਲਾਇੰਦਾ । ਨਾਰੀ ਕੰਤ ਹਰਿ ਹਰਿ ਮੇਲਾ, ਹਰਿ ਆਪਣਾ ਆਪ ਮਿਲਾਇੰਦਾ । ਆਪੇ ਹੋਇਆ ਸੱਜਣ ਸੁਹੇਲਾ, ਸਾਚੀ ਸਿਖਿਆ ਆਪ ਸਮਝਾਇੰਦਾ । ਆਪੇ ਵਸੇ ਰੰਗ ਨਵੇਲਾ, ਆਪੇ ਆਪਣੇ ਵਿਚ ਸਮਾਇੰਦਾ । ਆਪਣਾ ਖੇਲ ਆਪੇ ਖੇਲਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਚਲਾਇੰਦਾ । ਜੋਤੀ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਥਿਰ ਘਰ ਬੈਠ ਸਾਚੇ ਦਰਬਾਰ, ਦਇਆਵਾਨ ਦਇਆ ਕਮਾਈਆ । ਸ਼ਬਦ ਅਗੰਮੀ ਇਕ ਜੈਕਾਰ, ਆਪਣੀ ਆਪ ਉਪਾਈਆ । ਨਾਉਂ ਰਖਾਇਆ ਸੁੱਤ ਦੁਲਾਰ, ਘਰ ਸਾਚੇ ਵੱਜੀ ਵਧਾਈਆ । ਕਰੇ ਕਰਾਏ ਇਕ ਪਿਆਰ, ਆਪ ਆਪਣਾ ਮੇਲ ਮਿਲਾਈਆ । ਪੂਤ ਸਪੂਤਾ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪਣਾ ਕਰ, ਆਪ ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਆਪਣਾ ਭੇਵ ਖੁਲ੍ਹਾਇਆ, ਸ਼ਬਦੀ ਸੁੱਤ ਉਠਾਇੰਦਾ । ਸਾਚੀ ਸੇਵਾ ਸੇਵਕ ਲਾਇਆ, ਸਾਚਾ ਹੁਕਮ ਸੁਣਾਇੰਦਾ । ਸਮਰਥ ਪੁਰਖ ਸਿਰ ਹੱਥ ਟਿਕਾਇਆ, ਮਹਿਮਾ ਅਕਥਨੀ ਅਕੱਥ ਜਣਾਇੰਦਾ । ਅਲੱਖ ਅਲੱਖਣਾ ਨਾਉਂ ਧਰਾਇਆ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਅਗੰਮ ਅਗੰਮੜੇ ਧਾਮ ਬਹਾਇਆ, ਦਿਸ

ਕਿਸੇ ਨਾ ਆਇੰਦਾ । ਸਤਿ ਪੁਰਖ ਨਿਰੰਜਣ ਖੇਲ ਰਚਾਇਆ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪਣੀ ਸਿਖਿਆ ਆਪ ਸਮਝਾਇੰਦਾ । ਸੁੱਤ ਦੁਲਾਰਾ ਸ਼ਬਦ ਜਵਾਨ, ਘਰ ਸਾਚੇ ਲਏ ਅੰਗੜਾਈਆ । ਥਿਰ ਘਰ ਵਸਿਆ ਸਚ ਮਕਾਨ, ਚਾਰ ਦਿਵਾਰ ਨਾ ਕੋਈ ਦਿਸਾਈਆ । ਏਕਾ ਨੂਰ ਸ੍ਰੀ ਭਗਵਾਨ, ਏਕਾ ਜੋਤ ਡਗਮਗਾਈਆ । ਏਕਾ ਭੂਪ ਸਤਿ ਸੁਲਤਾਨ, ਏਕਾ ਬੈਠਾ ਰਾਜ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁੱਤ ਦੇਵੇ ਵਰ, ਏਕਾ ਹੁਕਮ ਸੁਣਾਈਆ । ਸ਼ਬਦ ਸੁੱਤ ਉਠ ਬਲਵਾਨ, ਹਰਿ ਸਾਚਾ ਸਚ ਸੁਹਾਇੰਦਾ । ਮੇਰੀ ਇਛਿਆ ਤੇਰਾ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਬਣੌਣਾ ਇਕ ਮਕਾਨ, ਤੇਰੀ ਸੇਵਾ ਸੇਵਕ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੇਵਣਹਾਰਾ ਵਰ, ਏਕਾ ਆਪਣਾ ਹੁਕਮ ਸੁਣਾਇੰਦਾ । ਸ਼ਬਦ ਸੁੱਤ ਸੀਸ ਝੁਕਾਏ, ਨਿਉਂ ਨਿਉਂ ਕਰੇ ਨਿਮਸਕਾਰਿਆ । ਸਮਰਥ ਪੁਰਖ ਸਿਰ ਹੱਥ ਟਿਕਾਏ, ਆਪ ਆਪਣਾ ਸੰਗ ਨਿਭਾ ਰਿਹਾ । ਤੇਰਾ ਭਾਣਾ ਮੇਰੇ ਵਿਚ ਸਮਾਏ, ਮੇਰਾ ਰੂਪ ਤੇਰਾ ਨਾਉਂ ਉਪਾ ਲਿਆ । ਚਾਰ ਕੂਟ ਤੇਰਾ ਡੰਕ ਵਜਾਏ, ਤੇਰਾ ਨਾਅਰਾ ਇਕ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਾਚਾ ਵਰ, ਬੋਧ ਅਗਾਧ ਇਕ ਸਮਝਾ ਲਿਆ । ਬੋਧ ਅਗਾਧ ਸ਼ਬਦ ਧੁਨਕਾਰ, ਹਰਿ ਸਾਚਾ ਸਚ ਜਣਾਇੰਦਾ । ਗਗਨ ਮੰਡਲ ਕਰ ਤਿਆਰ, ਤੇਰਾ ਦਰ ਸੁਹਾਇੰਦਾ । ਰਵ ਸਸ ਕਰ ਉਜਿਆਰ, ਤੇਰਾ ਨੂਰ ਡਗਮਗਾਇੰਦਾ । ਅਕਲ ਕਲਾ ਕਲ ਆਪੇ ਧਾਰ, ਆਪੇ ਵੇਖ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਏਕ ਏਕੰਕਾਰਾ ਆਪ ਅਖਵਾਇੰਦਾ । ਸ਼ਬਦ ਸੁੱਤ ਕਰੇ ਪਿਆਰ, ਦਰ ਘਰ ਸਾਚਾ ਆਪ ਸੁਹਾਇੰਦਾ । ਆਪਣਾ ਰੰਗ ਰਵੇ ਕਰਤਾਰ, ਰੰਗ ਰੰਗੀਲਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਆਪਣਾ ਵਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰ ਪੁਰਖ ਸਮਰਥ, ਆਪਣੇ ਹੱਥ ਰੱਖੀ ਵਡਿਆਈਆ । ਆਪੇ ਜਾਣੇ ਆਪਣੀ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਆਪੇ ਜਾਣੇ ਆਪਣੀ ਗਾਥ, ਆਪੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਅੰਗ ਸੂਰਾ ਸਰਬੰਗ, ਨਿਰਗੁਣ ਨਿਰਗੁਣ ਦਏ ਕਟਾਈਆ । ਨਿਰਗੁਣ ਰੂਪ ਪਾਰਬ੍ਰਹਮ, ਏਕਾ ਏਕ ਅਖਵਾਇੰਦਾ । ਨਾ ਮਰੇ ਨਾ ਪਏ ਜੰਮ, ਆਪ ਆਪਣਾ ਖੇਲ ਖਿਲਾਇੰਦਾ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਬੱਤੀ ਦੰਦ ਨਾ ਮੁਖ ਹਸਾਇੰਦਾ । ਨਾ ਖ਼ੁਸ਼ੀ ਨਾ ਕੋਈ ਗ਼ਮ, ਆਲਸ ਨਿੰਦਰਾ ਵਿਚ ਨਾ ਆਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲਾ ਪੁਰਖ ਕਰਤਾਰਾ, ਆਪਣਾ ਆਪ ਕਰਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਆਪਣੀ ਬੰਨ੍ਹੇ ਆਪੇ ਧਾਰਾ, ਆਪ ਆਪਣਾ ਵੇਸ ਵਟਾਇੰਦਾ । ਖੇਲੇ ਖੇਲ ਖੇਲਣਹਾਰਾ, ਸਾਚੀ ਖੇਲ ਖਲਾਇੰਦਾ । ਕਰੇ ਵਣਜ ਵਣਜ ਵਣਜਾਰਾ, ਆਪ ਆਪਣਾ ਹੱਟ ਖੁਲ੍ਹਾਇੰਦਾ । ਆਪੇ ਵਸਤ ਰੱਖੇ ਏਕਾ ਏਕ ਬਾਰਾ, ਥਿਰ ਆਪਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੇਵੇ ਨਿਰਗੁਣ ਵਰ, ਸਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਸਰਗੁਣ ਧਰ, ਵਿਸ਼ਨੂੰ ਵਿਸ਼ਵ ਰੂਪ ਅਖਵਾਇਆ । ਅੰਮ੍ਰਿਤ ਆਤਮ ਭਰ, ਆਪ ਆਪਣਾ ਖੇਲ ਖਲਾਇਆ ।

੮੦੮
੮੦

ਨਾਭੀ ਕਵਲੀ ਘਾੜਣ ਘੜ, ਸਾਚੀ ਬਣਤ ਬਣਾਇਆ । ਆਪੇ ਅੰਦਰ ਬੈਠਾ ਵੜ, ਆਪ ਆਪਣਾ ਮੁਖ ਛੁਪਾਇਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤੱਤ ਨਾ ਕੋਈ ਰਖਾਇਆ । ਨਾ ਕੋਈ ਬਾਢੀ ਬਣਤ ਬਣਾਏ ਨਾ ਸਕੇ ਘੜ, ਰੂਪ ਰੰਗ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਆਪਣੇ ਘਰ ਆਪੇ ਜੰਮ, ਬ੍ਰਹਮ ਬ੍ਰਹਮ ਆਪ ਅਖਵਾਇਆ । ਆਪ ਆਪਣਾ ਕਰ ਉਜਾਲਾ, ਆਪਣੀ ਦਇਆ ਕਮਾਇੰਦਾ । ਖੇਲੇ ਖੇਲ ਦੀਨ ਦਿਆਲਾ, ਦਇਆਨਿਧ ਭੇਵ ਨਾ ਆਇੰਦਾ । ਆਪ ਉਪਜਾਇਆ ਆਪਣਾ ਬਾਲਾ, ਆਪੇ ਵੇਖ ਵਖਾਇੰਦਾ । ਚਲੇ ਚਲਾਏ ਆਪਣੀ ਚਾਲਾ, ਲੇਖਾ ਲੇਖ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਬ੍ਰਹਮ ਨਾਉਂ ਧਰਾਇੰਦਾ । ਬ੍ਰਹਮ ਉਤਪਾਤੀ ਕਮਲਾਪਾਤੀ, ਹਰਿ ਹਰਿ ਵੇਸ ਵਟਾਇਆ । ਦੇਵਣਹਾਰਾ ਸਾਚੀ ਦਾਤੀ, ਨਾਮ ਭੰਡਾਰਾ ਆਪ ਵਰਤਾਇਆ । ਖੇਲੇ ਖੇਲ ਇਕ ਇਕਾਂਤੀ, ਅਕਲ ਕਲਾ ਧਰਾਇਆ । ਆਪੇ ਦੀਵਾ ਆਪੇ ਬਾਤੀ, ਅਕਾਸ਼ ਪ੍ਰਕਾਸ਼ ਆਪ ਵਖਾਇਆ । ਆਪੇ ਵੇਖੇ ਮਾਰ ਝਾਤੀ, ਅੰਦਰ ਬਾਹਰ ਗੁਪਤ ਜ਼ਾਹਿਰ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਸਾਚਾ ਵਰ, ਏਕਾ ਨਾਮ ਨਾਮਾ ਝੋਲੀ ਪਾਇਆ । ਏਕਾ ਸ਼ਬਦ ਨਾਮ ਜਣਾਈ, ਪਾਰਬ੍ਰਹਮ ਉਪਜਾਇੰਦਾ । ਏਕਾ ਧੁਨ ਰਾਗ ਸੁਣਾਈ, ਏਕਾ ਤਾਲ ਵਜਾਇੰਦਾ । ਏਕਾ ਦੀਪ ਰਿਹਾ ਜਗਾਈ, ਇਕ ਅੰਧੇਰ ਮਿਟਾਇੰਦਾ । ਏਕਾ ਨਜ਼ਰੀ ਆਏ ਭੈਣ ਭਾਈ, ਏਕਾ ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਆਪਣਾ ਵੇਸ ਵਟਾਇੰਦਾ । ਆਪੇ ਆਦਿ ਆਪੇ ਅੰਤਾ, ਮਧ ਆਪਣਾ ਵੇਸ ਵਟਾਇੰਦਾ । ਆਪੇ ਦਰਵੇਸ਼ ਆਪੇ ਮੰਗਤਾ, ਸ਼ਾਹ ਭਿਖਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਬ੍ਰਹਮਾ ਵਿਸ਼ਨ ਸ਼ਿਵ ਜੋਤ ਧਰ, ਤ੍ਰੈਗੁਣ ਤ੍ਰੈ ਤ੍ਰੈ ਮੇਲ ਮਿਲਾਇੰਦਾ । ਤ੍ਰੈਗੁਣ ਤੇਰੀ ਬਣਤ ਬਣਾ, ਹਰਿ ਹਰਿ ਵੇਸ ਵਟਾਈਆ । ਬ੍ਰਹਮਾ ਵਿਸ਼ਨ ਸੇਵਾ ਲਾ, ਤੱਤ ਤੱਤ ਕਰੇ ਕੁੜਮਾਈਆ । ਤੱਤਵ ਵਿਚ ਗਿਆ ਸਮਾ, ਬ੍ਰਹਮ ਮਤ ਉਪਜਾਈਆ । ਨਿਰਗੁਣ ਆਪਣਾ ਅੰਗ ਕਟਾ, ਮਨ ਮਤ ਬੁੱਧ ਵਿਚ ਟਿਕਾਈਆ । ਨੌਂ ਦੁਵਾਰੇ ਖੋਲ੍ਹ ਖੁਲ੍ਹਾ, ਰਚਨਾ ਰਚਨ ਰਚਾਈਆ । ਘਰ ਵਿਚ ਘਰ ਮਹੱਲ ਬਣਾ, ਆਪ ਆਪਣਾ ਆਸਣ ਲਾਈਆ । ਆਪਣੇ ਮੰਦਰ ਹੁਕਮ ਸੁਣਾ, ਅਨਹਦ ਸ਼ਬਦ ਰਿਹਾ ਵਜਾਈਆ । ਆਤਮ ਸਰ ਸਰੋਵਰ ਤਾਲ ਭਰਾ, ਸਾਚਾ ਸਰ ਸੁਹਾਈਆ । ਜਗਤ ਨੇਤਰ ਬੰਦ ਕਰਾ, ਨੇਤਰ ਆਪਣਾ ਇਕ ਖੁਲ੍ਹਾਈਆ । ਬਜ਼ਰ ਕਪਾਟੀ ਕੁੰਡਾ ਲਾ, ਆਪ ਆਪਣਾ ਪਰਦਾ ਪਾਈਆ । ਪੰਜ ਤੱਤ ਵਿਕਾਰਾ ਸੰਗ ਰਲਾ, ਕਾਮ ਕਰੋਧ ਲੋਭ ਮੋਹ ਹੰਕਾਰ ਕੁੜਮਾਈਆ । ਆਸਾ ਤ੍ਰਿਸ਼ਨਾ ਮੇਲ ਮਿਲਾ, ਹਉਮੇ ਹੰਗਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਰਚਨ ਰਚਾਈਆ । ਲੱਖ ਚੁਰਾਸੀ ਜੁੜਿਆ ਨਾਤਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਆਪੇ ਬੈਠਾ ਇਕ ਇਕਾਂਤਾ, ਘਰ ਘਰ ਵਿਚ ਡੇਰਾ ਲਾਇਆ । ਜੁਗਾ ਜੁਗੰਤਰ ਚਲਾਏ ਰਾਥਾ, ਰਥ ਰਥਵਾਹੀ ਨਾਉਂ ਧਰਾਇਆ । ਸਾਚਾ ਨਾਉਂ ਪੂਜਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਆਦਿ ਅਬਿਨਾਸ਼ਾ ਖੇਲ ਤਮਾਸ਼ਾ, ਆਦਿ ਆਦੀ ਵੇਖ ਵਖਾਇੰਦਾ । ਗਗਨ ਗਗਨੰਤਰ ਪਾਵੇ ਰਾਸਾ, ਬ੍ਰਹਿਮੰਡਾਂ


੮੦੯
੦੮

ਖੰਡਾਂ ਡੇਰਾ ਲਾਇੰਦਾ । ਜੁਗਾਦਿ ਆਦਿ ਨਾ ਕਦੇ ਵਿਨਾਸਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਪਰਮ ਪੁਰਖ ਪ੍ਰਭ ਸ਼ਾਹੋ ਸ਼ਬਾਸ਼ਾ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਚੌਦਾਂ ਲੋਕਾਂ ਚੌਦਾਂ ਹੱਟਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਆਪੇ ਆਸਣ ਲਾਇੰਦਾ । ਹਰ ਘਟ ਮਿਲਿਆ ਪੁਰਖ ਸੁਲਤਾਨ, ਹਰਿ ਸਾਚੇ ਵਡ ਵਡਿਆਈਆ । ਕਾਇਆ ਮੰਦਰ ਸਚ ਮਕਾਨ, ਨਿਰਗੁਣ ਬੈਠਾ ਆਸਣ ਲਾਈਆ । ਦੇਵਣਹਾਰਾ ਧੁਰ ਫ਼ਰਮਾਣ, ਏਕਾ ਸ਼ਬਦ ਰਿਹਾ ਸੁਣਾਈਆ । ਆਪਣੀ ਕਰੇ ਆਪ ਪਛਾਣ, ਆਪ ਆਪਣੀ ਬੂਝ ਬੁਝਾਈਆ । ਮਾਨਸ ਮਾਨੁਖ ਲੱਖ ਚੁਰਾਸੀ ਵਿਚੋਂ ਕਰ ਪਰਧਾਨ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਅੰਤਰ ਆਤਮ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਏਕਾ ਅੱਖਰ ਵੱਖਰ ਲੋਕਮਾਤ ਨਿਸ਼ਾਨ, ਆਪ ਆਪਣਾ ਦਏ ਉਪਜਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਸਤਿਗੁਰ ਪੂਰਾ ਨਾਉਂ ਧਰਾਈਆ । ਹੰ ਬ੍ਰਹਮ ਕਰ ਪਰਧਾਨ, ਲੱਖ ਚੁਰਾਸੀ ਵੇਖ ਵਖਾਈਆ । ਸਰਬ ਜੀਆਂ ਹੋਏ ਜਾਣੀ ਜਾਣ, ਜਾਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਾਚੇ ਦਰ, ਸਰਗੁਣ ਸਾਚੀ ਵੱਜੀ ਵਧਾਈਆ । ਨਿਰਗੁਣ ਸਰਗੁਣ ਸਾਚੀ ਧਾਰ, ਲੋਕਮਾਤ ਚਲਾਇੰਦਾ । ਪੰਚਮ ਮੀਤਾ ਕਰ ਪਿਆਰ, ਪੰਚਮ ਮੇਲ ਮਿਲਾਇੰਦਾ । ਤ੍ਰੈਗੁਣ ਅਤੀਤਾ ਖੇਲ ਅਪਾਰ, ਠਾਂਡਾ ਸੀਤਾ ਨਾਉਂ ਰਖਾਇੰਦਾ । ਪਤਿਤ ਪੁਨੀਤਾ ਹਰਿ ਕਰਤਾਰ, ਪਤਿਤ ਪਾਵਣ ਖੇਲ ਖਲਾਇੰਦਾ । ਹਸਤ ਕੀਟਾ ਏਕਾ ਰੰਗ ਰੰਗੇ ਸੰਸਾਰ, ਊਚ ਨੀਚ ਨਾ ਕੋਈ ਜਣਾਇੰਦਾ । ਨਾਮ ਮੀਠਾ ਦੇਵੇ ਅੰਮ੍ਰਿਤ ਧਾਰ, ਸਾਚਾ ਸੀਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵਣਹਾਰਾ ਵਰ, ਜੁਗਾ ਜੁਗੰਤ ਹਰਿ ਭਗਵੰਤ ਹਰਿ ਸੰਤ, ਸਾਚੇ ਮਾਤ ਉਪਜਾਇੰਦਾ । ਸੰਤ ਦੁਲਾਰ ਸ਼ਬਦ ਭੰਡਾਰਾ, ਹਰਿ ਸਾਚਾ ਸਚ ਭਰਾਈਆ । ਨਾਮ ਅਧਾਰ ਅਪਰ ਅਪਾਰਾ, ਏਕਾ ਵਸਤ ਵਖਾਈਆ । ਧੁਨ ਜੈਕਾਰਾ ਅਨਹਦ ਸਤਾਰਾ, ਸਚ ਸਤਾਰ ਹਿਲਾਈਆ । ਜੋਤ ਨਿਰੰਜਣ ਕਰ ਉਜਿਆਰਾ ਪਾਵੇ ਸਾਰਾ, ਅੰਧ ਅੰਧੇਰ ਮਿਟਾਈਆ । ਪੰਚਮ ਸਖੀਆਂ ਪਾਵੇ ਸਾਰਾ ਗਾਵਣ ਵਾਰੋ ਵਾਰਾ, ਸਾਚੀ ਸੇਵ ਲਗਾਈਆ । ਡੂੰਘੀ ਭਵਰੀ ਪਾਰ ਕਿਨਾਰਾ, ਸੁਖਮਨ ਨਾੜੀ ਦਏ ਹੁਲਾਰਾ, ਸੰਗਮ ਏਕਾ ਪਾਰ ਕਰਾਈਆ । ਬਜ਼ਰ ਕਪਾਟੀ ਖੋਲ੍ਹ ਕਿਵਾੜਾ, ਮੇਟ ਮਿਟਾਏ ਪੰਚਮ ਧਾੜਾ, ਧਰਮ ਅਖਾੜਾ ਇਕ ਵਖਾਈਆ । ਕਰੇ ਪ੍ਰਕਾਸ਼ ਬਹੱਤਰ ਨਾੜਾ, ਆਪ ਆਪਣੀ ਦਇਆ ਕਮਾਈਆ । ਆਤਮ ਸੇਜਾ ਕਰ ਪਿਆਰਾ, ਗੁਰਮੁਖ ਨਾਰੀ ਲਏ ਪ੍ਰਨਾਈਆ । ਸੁਰਤੀ ਸ਼ਬਦੀ ਇਕ ਹੁਲਾਰਾ, ਸਾਚੇ ਸੰਤਾਂ ਆਪ ਦਵਾਈਆ । ਆਪ ਸੁਹਾਏ ਦਸਮ ਦੁਵਾਰਾ, ਬੈਠਾ ਬੇਪਰਵਾਹੀਆ । ਏਕਾ ਸੇਜਾ ਸੁਤਾ ਪੈਰ ਪਸਾਰਾ, ਨਾਰੀ ਕੰਤਾ ਵੇਖ ਵਖਾਈਆ । ਆਪਣੀ ਜਾਣੇ ਆਪਣੀ ਧਾਰਾ, ਆਪ ਆਪਣਾ ਰਾਹ ਤਕਾਈਆ । ਆਪੇ ਅੰਦਰ ਆਪੇ ਬਾਹਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸੁੰਨ ਸਮਾਧੀ ਲਾਏ ਪਾੜਾ, ਪਾਰ ਕਿਨਾਰਾ ਆਪ ਕਰਾਈਆ । ਆਪੇ ਵੇਖੇ ਸਚ ਦੁਵਾਰਾ, ਖੰਡ ਸਚ ਵੱਜੇ ਵਧਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਏਕੰਕਾਰਾ ਬੈਠਾ ਆਸਣ ਲਾਈਆ । ਜਨ ਸੰਤਾਂ ਕਰੇ ਸਚ ਪਿਆਰਾ, ਜੋਤੀ ਜੋਤ ਸਮਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਕਰੇ ਰੁਸ਼ਨਾਈਆ । ਨਿਰਗੁਣ ਖੇਲ ਅਗੰਮ ਅਪਾਰਾ, ਸਰਗੁਣ ਸਾਚਾ ਵੇਸ ਵਟਾਈਆ । ਸਤਿਜੁਗ ਕਰੇ ਪਾਰ ਉਤਾਰਾ, ਤ੍ਰੇਤਾ ਲੇਖ ਮੁਕਾਈਆ । ਦੁਆਪਰ ਅੰਤਮ ਉਤਰਿਆ ਪਾਰ ਸੰਸਾਰਾ, ਸਹਿੰਸਾ ਕੋਇ ਰਹਿਣ ਨਾ ਪਾਈਆ । ਕਲਜੁਗ

੮੨੦ ੦੮

ਕੂੜਾ ਕਰ ਪਸਾਰਾ, ਧਰਤ ਮਾਤ ਦੀ ਗੋਦ ਬਿਠਾਈਆ । ਜੂਠਾ ਝੂਠਾ ਭਰ ਭੰਡਾਰਾ, ਆਪ ਆਪਣਾ ਰਿਹਾ ਵਰਤਾਈਆ । ਹਉਮੇ ਹੰਗਤਾ ਬੋਲ ਜੈਕਾਰਾ, ਚਾਰੋਂ ਕੁੰਟ ਲਏ ਅੰਗੜਾਈਆ । ਭੇਖ ਪਖੰਡਾ ਖੇਲ ਅਪਾਰਾ, ਭੇਖੀ ਆਪਣਾ ਭੇਖ ਧਰਾਈਆ । ਨਾਲ ਰਲਾਏ ਕਾਮ ਕਰੋਧ ਲੋਭ ਮੋਹ ਹੰਕਾਰਾ, ਅਗਨੀ ਤੱਤ ਜਲਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਰੇ ਖ਼ਵਾਰਾ, ਸਤਿ ਧੀਰਜ ਨਾ ਕੋਈ ਉਠਾਈਆ । ਲੱਖ ਚੁਰਾਸੀ ਹੋਈ ਨਾਰ ਵਿਭਚਾਰਾ, ਸਾਚਾ ਕੰਤ ਨਾ ਕੋਈ ਹੰਢਾਈਆ । ਨਾ ਕੋਈ ਦੀਸੇ ਸਤਿ ਦੁਵਾਰਾ, ਵਸਤ ਨਾਮ ਨਾ ਕੋਈ ਵਿਕਾਈਆ । ਨੌਂ ਦਰ ਹੋਏ ਜੀਵ ਭਿਖਾਰਾ, ਨੌਂ ਰਸ ਰਸਨ ਹਲਕਾਈਆ । ਨੌਂ ਖੰਡ ਪ੍ਰਿਥਮੀ ਨੌਂ ਨੌਂ ਅਖਾੜਾ, ਨੌਂ ਦਰ ਨਾ ਕੋਈ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰਾ, ਕਲਜੁਗ ਕਿਰਿਆ ਵੇਖ ਵਖਾਈਆ । ਕਲਜੁਗ ਕੂੜਾ ਕੂੜਾ ਸੁਲਤਾਨ, ਚਾਰ ਕੁੰਟ ਲਲਕਾਰਿਆ । ਤੀਰਥ ਤੱਟਾਂ ਵੇਖੇ ਮਾਰ ਧਿਆਨ, ਆਪ ਆਪਣਾ ਨੈਣ ਉਘਾੜਿਆ । ਨਾਲ ਰਲਾਇਆ ਪੰਚ ਸ਼ੈਤਾਂਨ, ਪੰਚਮ ਮੀਤਾ ਪੰਚਮ ਮੋਹ ਚੁਕਾ ਲਿਆ । ਘਰ ਘਰ ਬਣਿਆ ਝੂਠਾ ਮਕਾਨ, ਸਾਚਾ ਘਰ ਨਾ ਕੋਈ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਖੇਲ ਖਿਲਾ ਰਿਹਾ । ਕਲਜੁਗ ਅੰਤਮ ਮਨ ਮਤ ਪ੍ਰਧਾਨ, ਸਾਚਾ ਸ਼ਬਦ ਜਣਾਈਆ । ਆਪੇ ਪਾਏ ਆਪਣੀ ਆਣ, ਆਪਣਾ ਹੁਕਮ ਸੁਣਾਈਆ । ਘਰ ਘਰ ਵੇਖਣਾ ਮਾਰ ਧਿਆਨ, ਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦਿਤਾ ਏਕਾ ਵਰ, ਦੂਜੀ ਕਰੇ ਜਗਤ ਕੁੜਮਾਈਆ । ਕਲਜੁਗ ਕੁੜਮਾਈ ਵੱਜੀ ਵਧਾਈ, ਹਰਿ ਸਾਚੇ ਸਗਨ ਮਨਾਇਆ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਵੇਦ ਕਤੇਬ ਭੇਵ ਨਾ ਰਾਇਆ । ਵੇਦ ਵਿਆਸ ਨਾ ਸਕੇ ਭੁਲਾਇਆ, ਪੁਰਾਨ ਅਠਾਰਾਂ ਰਿਹਾ ਗਾਇਆ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਏਕਾ ਕਲਮਾ ਰਿਹਾ ਪੜ੍ਹਾਇਆ । ਸ਼ਰਅ ਸ਼ਰੀਅਤ ਇਕ ਬਣਾਇਆ, ਲਾਸ਼ਰੀਕ ਇਕ ਖੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਲਾ ਸਾਚੇ ਦਰ, ਦਰ ਦਰਵਾਜਾ ਇਕ ਸੁਹਾਇਆ । ਦਰ ਦਰਵਾਜਾ ਧੁਰ ਦਰਬਾਰ, ਪਾਰਬ੍ਰਹਮ ਆਪ ਸੁਹਾਇੰਦਾ । ਕਲਜੁਗ ਮੇਲਾ ਪਰਵਰਦਿਗਾਰ, ਪਾਰਬ੍ਰਹਮ ਆਪ ਕਰਾਇੰਦਾ । ਖ਼ਲਕ ਖ਼ੁਦਾਈ ਪਾਏ ਸਾਰ, ਖਾਲਕ ਖ਼ਲਕ ਵੇਖ ਵਖਾਇੰਦਾ । ਆਪੇ ਬੰਨ੍ਹੇ ਆਪਣੀ ਧਾਰ, ਆਪਣੀ ਕਲ ਵਰਤਾਇੰਦਾ । ਸੰਗ ਮੁਹੰਮਦ ਚਾਰ ਯਾਰ, ਏਕਾ ਨਬੀ ਅਖਵਾਇੰਦਾ । ਕਾਇਨਾਤ ਖੇਲ ਅਪਾਰ, ਹਰਿ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਆਪ ਆਪਣਾ ਵੇਸ ਵਟਾਇੰਦਾ । ਸੰਗ ਮੁਹੰਮਦ ਚਾਰ ਯਾਰ, ਸਾਚਾ ਸੰਗ ਨਿਭਾਇਆ । ਏਕਾ ਕਲਮਾ ਕਰ ਤਿਆਰ, ਏਕਾ ਨਾਅਰਾ ਲਾਇਆ । ਏਕਾ ਰਾਣੀ ਅੱਲਾ ਖ਼ਬਰਦਾਰ, ਮੁਖ ਆਪਣਾ ਪਰਦਾ ਲਾਹਿਆ । ਚਾਰੋਂ ਕੁੰਟ ਵੇਖੇ ਨੈਣ ਉਘਾੜ, ਦਹਿ ਦਿਸ਼ਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਅੱਲ੍ਹਾ ਰਾਣੀ ਨਾਰ ਮੁਟਿਆਰ, ਹਰਿ ਸਾਚੇ ਬਣਤ ਬਣਾਈਆ । ਕਲਜੁਗ ਕਰਿਆ ਅੰਤ ਸ਼ਿੰਗਾਰ, ਬਸਤਰ ਭੂਸ਼ਣ ਆਪੇ ਪਾਈਆ । ਨੇਤਰ ਕਜਲਾ ਤਿਖੀ ਧਾਰ, ਨੈਣ ਰਹੀ ਮਟਕਾਈਆ । ਦਰ ਮੰਗੇ ਏਕਾ ਕੰਤ ਭਤਾਰ, ਜੋਬਨ ਰਹੀ ਹੰਢਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਦੇ ਮਤ ਰਿਹਾ ਸਮਝਾਈਆ । ਤੇਰਾ ਭਗਤ ਇਕ ਦੁਵਾਰ, ਚੌਦਾਂ ਤਬਕਾਂ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਵੇਸ ਅਵੱਲਾ ਇਕ ਇਕੱਲਾ, ਆਪਣਾ ਆਪ ਧਰਾਈਆ । ਵੇਸ ਅਵੱਲਾ ਹਰਿ ਨਿਰੰਕਾਰ, ਆਪਣਾ ਆਪ ਕਰਾਇੰਦਾ । ਪਰਵਰਦਿਗਾਰ ਸਾਂਝਾ ਯਾਰ, ਨੂਰੋ ਨੂਰ ਡਗਮਗਾਇੰਦਾ । ਐਨਲਹੱਕ ਹੱਕ ਵਿਚਾਰ, ਹੱਕ ਹਕੀਕਤ ਵੇਖ ਵਖਾਇੰਦਾ । ਮੁਕਾਮੇ ਹੱਕ ਏਕਾ ਧਾਰ, ਏਕਾ ਨੂਰੋ ਨੂਰ ਦਰਸਾਇੰਦਾ । ਸਾਚਾ ਮੇਲਾ ਮੀਤ ਮੁਰਾਰ, ਲੋਕਮਾਤ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਹਰਿ ਅਨਮੋਲ, ਆਪਣੀ ਝੋਲੀ ਪਾਇੰਦਾ । ਚੌਦਾਂ ਤਬਕਾਂ ਪਰਦਾ ਖੋਲ੍ਹ, ਆਪੇ ਕੁੰਡਾ ਲਾਹਿੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸ਼ਾਹ ਹਕੀਰ, ਏਕਾ ਕੰਡੇ ਤੋਲ ਤੁਲਾਇੰਦਾ । ਸਾਚਾ ਦੁਵਾਰਾ ਨਾਨਕ ਗੁਰ, ਨਿਰਗੁਣ ਮਾਤ ਖੁਲ੍ਹਾਇਆ । ਜੁੜਿਆ ਜੋੜਾ ਲਿਖਿਆ ਧੁਰ, ਨਾ ਕੋਈ ਮੇਟੇ ਮੇਟ ਮਿਟਾਇਆ । ਏਕਾ ਸ਼ਬਦ ਏਕਾ ਤਾਲ ਏਕਾ ਸੁਰ, ਏਕਾ ਸਤਾਰ ਰਿਹਾ ਵਜਾਇਆ । ਏਕਾ ਚੜ੍ਹਿਆ ਸਾਚੇ ਘੋੜ, ਸ਼ਾਹ ਅਸਵਾਰ ਇਕ ਅਖਵਾਇਆ । ਏਕਾ ਦੋ ਜਹਾਨਾਂ ਰਿਹਾ ਦੌੜ, ਪੁਰੀਆਂ ਲੋਆਂ ਫੇਰਾ ਪਾਇਆ । ਏਕਾ ਲੱਖ ਚੁਰਾਸੀ ਜੀਵ ਜੰਤ ਵੇਖੇ ਮਿੱਠਾ ਕੌੜ, ਮਿੱਠੇ ਕੌੜੇ ਰਿਹਾ ਕਰਾਇਆ । ਏਕਾ ਸਚਖੰਡ ਦੁਵਾਰੇ ਲਾਇਆ ਪੌੜ, ਸਤਿਨਾਮ ਡੰਡਾ ਹੱਥ ਫੜਾਇਆ । ਏਕਾ ਚੌਥੇ ਪਦ ਗਿਆ ਬੌਹੜ, ਹਰਿ ਸੰਤਾਂ ਮੇਲ ਮਿਲਾਇਆ । ਏਕਾ ਤੀਜਾ ਨੇਤਰ ਖੋਲ੍ਹੇ ਹਰਨ ਫੋਰ, ਅੰਧ ਅੰਧੇਰਾ ਦਏ ਗਵਾਇਆ । ਏਕਾ ਦੂਈ ਦਵੈਤੀ ਦੇਵੇ ਹੋੜ, ਅੰਤਮ ਨਾਮ ਇਕ ਦ੍ਰਿੜਾਇਆ । ਏਕਾ ਸੁਰਤੀ ਸ਼ਬਦੀ ਨਾਤਾ ਦਏ ਜੋੜ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਕਲਜੁਗ ਲੱਗੀ ਜਨ ਭਗਤਾਂ ਔੜ, ਅੰਮ੍ਰਿਤ ਆਤਮ ਮੇਘ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਏਹ ਸਮਝਾਇਆ । ਨਾਨਕ ਗੁਰ ਲੇਖ ਅਵੱਲਾ, ਆਪਣਾ ਆਪ ਲਿਖਾਇੰਦਾ । ਲਹਿਣੇ ਅੰਦਰ ਸਚ ਸਿੰਘਾਸਣ ਆਪੇ ਮੱਲਾ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਆਪ ਫੜਿਆ ਹਰਿ ਹਰਿ ਪੱਲਾ, ਜੀਵਾਂ ਜੰਤਾਂ ਆਪ ਫੜਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸਣਹਾਰਾ ਨੇਹਚਲ ਧਾਮ ਅਟੱਲਾ, ਉਚ ਮਹੱਲ ਅਟਾਰ, ਨਿਰਗੁਣ ਬੈਠਾ ਆਸਣ ਲਾਇੰਦਾ । ਸ਼ਬਦ ਸੁਨੇਹੜਾ ਦੇਵੇ ਗੁਰ ਕਰਤਾਰ, ਗੁਰ ਕਰਨੀ ਕਿਰਤ ਕਮਾਇੰਦਾ । ਕਲਜੁਗ ਕੂੜਾ ਚਾਰ ਕੁੰਟ ਕੁੜਿਆਰ, ਕੂੜੀ ਰਈਅਤ ਵੇਖ ਵਖਾਇੰਦਾ । ਅੰਤਮ ਮਾਤ ਆਏ ਹਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਮਾਰੇ ਮਾਰ, ਜੁਗ ਜੁਗ ਵੇਸ ਵਟਾਇੰਦਾ । ਨਿਹਕਲੰਕਾ ਲਏ ਅਵਤਾਰ, ਏਕਾ ਡੰਕਾ ਸ਼ਬਦ ਵਜਾਇੰਦਾ । ਪਾਵਣਹਾਰਾ ਸਾਚੀ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਰਹਾਇੰਦਾ । ਕਲਜੁਗ ਅੰਤਮ ਹਰਿ ਵੇਸ ਵਟੌਣਾ, ਗੁਰ ਨਾਨਕ ਲੇਖ ਲਖਾਇੰਦਾ । ਨਿਹਕਲੰਕ ਪ੍ਰਭ ਜਾਮਾ ਪੌਣਾ, ਨਿਰਗੁਣ ਨੂਰ ਨੂਰ ਉਪਜਾਇੰਦਾ । ਨੌ ਖੰਡ ਪ੍ਰਿਥਮੀ ਸਾਚਾ ਮਾਰਗ ਲੌਣਾ, ਚਾਰ ਵਰਨਾਂ ਏਕਾ ਰੰਗ ਰੰਗਾਇੰਦਾ । ਸ਼ਾਹ ਸੁਲਤਾਨ ਖ਼ਾਕ ਮਿਲੌਣਾ, ਆਪ ਆਪਣਾ ਖੇਲ ਖਲਾਇੰਦਾ । ਵਰਨ ਬਰਨ ਕੋਈ ਦਿਸ ਨਾ ਔਣਾ, ਅੱਠ ਅਠਾਰਾਂ ਵੇਖ ਵਖਾਇੰਦਾ । ਨੌ ਅਠਾਰਾਂ ਨਾ ਧਾਰ ਚਲੌਣਾ, ਏਕਾ ਖੰਡਾ ਨਾਮ ਚਮਕਾਇੰਦਾ । ਏਕਾ ਪੁਰਖ ਅਕਾਲ ਮਨੌਣਾ, ਇਸ਼ਟ ਦੇਵ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅੰਤਮ ਵਾਰ, ਕਲਜੁਗ ਕੂੜਾ ਮੇਟ ਮਿਟਾਇੰਦਾ । ਨਾਨਕ ਜੋਤੀ ਨਿਰਗੁਣ ਧਾਰ, ਦਸ ਦਸ ਰੂਪ ਵਟਾਈਆ । ਅੰਗਦ ਗੁਰ ਕਰ ਪਿਆਰ, ਅਮਰ ਰਾਮਦਾਸ ਵਿਚ ਧਰਾਈਆ ।

੮੧੨
੦੮

ਗੁਰ ਅਰਜਨ ਮੀਤਾ ਹਰਿ ਨਿਰੰਕਾਰ, ਬੋਧ ਅਗਾਧ ਸ਼ਬਦ ਜਣਾਈਆ । ਗੁਰੂ ਗ੍ਰੰਥ ਕਰ ਤਿਆਰ, ਚਾਰ ਵਰਨ ਗਿਆ ਸਮਝਾਈਆ । ਹਰਿਗੋਬਿੰਦ ਖ਼ਬਰਦਾਰ, ਲੋਕਮਾਤ ਲਏ ਅੰਗੜਾਈਆ । ਹਰਿਰਾਏ ਹਰਿਕ੍ਰਿਸ਼ਨ ਪਾਏ ਸਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰ ਤੇਗ ਬਹਾਦਰ ਤਿਖੀ ਧਾਰ, ਵਿਚ ਸੰਸਾਰ ਆਪ ਚਲਾਈਆ । ਗੁਰ ਗੋਬਿੰਦ ਜੋਧਾ ਸੂਰਬੀਰ ਬਲੀ ਬਲਕਾਰ, ਸੁੱਤ ਦੁਲਾਰਾ ਪੁਰਖ ਅਕਾਲ ਆਪ ਉਪਜਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਦੂਸਰ ਦਰ ਨਾ ਕੋਈ ਵਖਾਈਆ । ਏਕਾ ਖੰਡਾ ਨਾਮ ਕਟਾਰ, ਤਨ ਗਾਤਰੇ ਆਪ ਪਹਿਨਾਈਆ । ਆਪੇ ਸੀਸ ਜਗਦੀਸ਼ ਹੋਏ ਦਸਤਾਰ, ਕਲਗੀ ਤੋੜਾ ਆਪ ਸੁਹਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਮੇਲੇ ਸਹਿਜ ਸੁਬਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਗੁਰਮੁਖਾਂ ਆਪ ਪਿਆਈਆ । ਗੁਰਮੁਖ ਸਾਚੇ ਕਰ ਤਿਆਰ, ਸਿੰਘ ਰੂਪ ਵੱਡੀ ਵਡਿਆਈਆ । ਆਪਣੀ ਖਿਚੀ ਸਤਿ ਕਟਾਰ, ਸਤਿ ਸਤਿਵਾਦੀ ਲਏ ਤਰਾਈਆ । ਪੰਚਮ ਮੀਤਾ ਪੰਚਮ ਦਏ ਅਧਾਰ, ਹਰਿ ਸ਼ਬਦ ਵੱਡੀ ਵਡਿਆਈਆ । ਪੰਚਮ ਨਾਤਾ ਤੋੜ ਜਗਤ ਸੰਸਾਰ, ਚਰਨ ਕਵਲ ਪ੍ਰੀਤ ਬੰਧਾਈਆ । ਪੰਚਮ ਫਤਿਹ ਬੋਲ ਜੈਕਾਰ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਖ਼ੁਸ਼ੀ ਮਨਾਈਆ । ਆਪੇ ਢਹਿ ਪਿਆ ਦੁਵਾਰ, ਆਪਣੀ ਝੋਲੀ ਅੱਗੇ ਡਾਹੀਆ । ਗੁਰ ਗੁਰ ਰੂਪ ਆਪ ਕਰਤਾਰ, ਗੁਰ ਚੇਲਾ ਗੁਰ ਮੇਲਾ ਗੁਰਸਿਖ ਗੋਬਿੰਦ ਰੂਪ ਵਟਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਭੇਵ ਨਾ ਰਾਈਆ । ਅਜੂਨੀ ਰਹਿਤ ਪੁਰਖ ਅਕਾਲ, ਆਦਿ ਜੁਗਾਦਿ ਸਮਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਕਰਤਾ ਕੀਮਤ ਆਪੇ ਪਾਇੰਦਾ । ਗੁਰੂ ਗੁਰ ਰੂਪ ਬਣ ਦਲਾਲ, ਲੋਕਮਾਤ ਧਰਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਤੋੜ ਤੁੜਾਏ ਜਗਤ ਜੰਜਾਲ, ਲੱਖ ਚੁਰਾਸੀ ਫੰਦ ਕਟਾਇੰਦਾ । ਲੱਖ ਚੁਰਾਸੀ ਵਿਚੋਂ ਆਪੇ ਭਾਲ, ਗੁਰਮੁਖ ਸਾਚੇ ਮਾਤ ਜਗਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਲੁੱਟ ਕੋਇ ਨਾ ਲੈ ਜਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਗੁਰਮੁਖਾਂ ਸਚ ਖ਼ਜ਼ਾਨਾ ਆਪ ਲੁਟਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਵ ਕੋਈ ਨਾ ਪਾਇੰਦਾ । ਆਪਣੀ ਘਾਲ ਆਪੇ ਘਾਲ, ਗੁਰ ਗੋਬਿੰਦ ਆਪਣਾ ਖੇਲ ਖਲਾਇੰਦਾ । ਗੁਰਮੁਖ ਸਾਚੇ ਮਾਤ ਜਗੌਣਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਸੰਮਤ ਚੌਦਾਂ ਵੇਖ ਵਖੌਣਾ, ਲੱਖ ਚੁਰਾਸੀ ਜੋੜ ਜੁੜਾਈਆ । ਨੌਂ ਦਸ ਗਿਆਰਾਂ ਬੀਸ ਤੀਸ ਚਾਰ ਮੇਲ ਮਿਲੌਣਾ, ਚਾਰ ਚਾਰ ਕਰੇ ਕੁੜਮਾਈਆ । ਰਾਗ ਛਤੀਸਾ ਭੇਵ ਖਲੌਣਾ, ਅੰਜੀਲ ਕੁਰਾਨਾ ਮੂਲ ਚੁਕਾਈਆ । ਵੇਦ ਪੁਰਾਨ ਰਹਿਣ ਨਾ ਪੌਣਾ, ਪੰਡਤ ਪਾਂਧਾ ਮਸਤਕ ਤਿਲਕ ਨਾ ਕੋਈ ਲਗਾਈਆ । ਮੱਕਾ ਕਾਅਬਾ ਸੀਸ ਨਾ ਕਿਸੇ ਝੁਕੌਣਾ, ਦੋ ਦੋਆਬਾ ਦਏ ਦੁਹਾਈਆ । ਹੱਕ ਜਨਾਬਾ ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪ ਅਖਵੌਣਾ, ਇਕ ਅਮਾਮ ਸ਼ਬਦ ਕਰੇ ਵਡਿਆਈਆ । ਤਾਲਬ ਤਲਬ ਆਪ ਅਖਵੌਣਾ, ਸਾਚਾ ਸਾਲਸ ਇਕ ਹੋ ਜਾਈਆ । ਨੌ ਖੰਡ ਪ੍ਰਿਥਮੀ ਖ਼ਾਲਸ ਖ਼ਾਲਸਾ ਆਪ ਬਣੌਣਾ, ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਬਹਾਈਆ । ਸੰਮਤ ਵੀਹ ਸੌ ਸੋਲਾਂ ਲੇਖ ਲਖੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਧੁਰ ਸੰਦੇਸ਼ ਜੀਵ ਜੰਤ ਸੁਣੌਣਾ, ਸਾਧ ਸੰਤ ਰਿਹਾ ਜਗਾਈਆ । ਸੰਮਤ ਸਤਾਰਾਂ ਖੇਲ ਖਲੌਣਾ, ਅਗਨੀ ਤੱਤ ਲੜੇ ਲੜਾਈਆ । ਅੱਠ ਅਠਾਰਾਂ ਵਹਿਣ ਵਹੌਣਾ, ਜਲ ਜਲ ਰੂਪ ਸਰਬ ਸਮਾਈਆ । ਸੰਮਤ ਉਨੀ ਮੁਸਲਮ ਸੁੰਨੀ ਰਹਿਣ ਨਾ ਪੌਣਾ, ਈਸਾ ਮੂਸਾ ਖ਼ਾਲੀ ਖ਼ੀਸਾ ਇਕ ਵਿਖਾਈਆ । ਬੀਸ ਬੀਸਾ ਹਰਿ ਜਗਦੀਸ਼ਾ ਨਿਹਕਲੰਕ ਕਲ ਡੰਕ ਵਜੌਣਾ, ਏਕਾ ਸ਼ਬਦ ਕਰੇ

ਜਣਾਈਆ । ਨੌ ਖੰਡ ਪ੍ਰਿਥਮੀ ਸਰਬ ਉਠੌਣਾ, ਦਿਲੀ ਦਰਬਾਰੇ ਚਰਨ ਛੁਹੌਣਾ, ਦਰ ਦੁਵਾਰਾ ਇਕ ਸੁਹਾਈਆ । ਪੰਦਰਾਂ ਕੱਤਕ ਲੇਖ ਲਖੌਣਾ, ਜਗਤ ਭੁਲੇਖਾ ਭਰਮ ਕਢੌਣਾ, ਔਲੀਆ ਪੀਰ ਸ਼ੇਖ਼ਾ ਮੇਟ ਮਿਟੌਣਾ, ਏਕਾ ਵਰਨ ਸਰਬ ਲੋਕਾਈਆ । ਏਕਾ ਅਲੱਖ ਜੀਵ ਜੰਤ ਸਾਧ ਸੰਤ ਸੱਤ ਦੀਪ ਜਗੌਣਾ, ਪੁਰਖ ਅਕਾਲ ਦੀਨ ਦਿਆਲ ਏਕਾ ਇਸ਼ਟ ਵਖਾਈਆ । ਪੰਚਮ ਰਾਜ ਸਾਚਾ ਜੋਗ ਕਮੌਣਾ, ਜੁਗਤ ਜੋਗ ਜਗਤ ਪ੍ਰਭ ਆਪਣੇ ਹੱਥ ਰਖਾਈਆ । ਸਿਆਸਤ ਵਰਾਸਤ ਕਿਸੇ ਦੀ ਰਹਿਣ ਨਾ ਪੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਅਗੰਮ ਅਪਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਤ ਧਰ, ਗੁਰਮੁਖਾਂ ਚੁਕਾਏ ਚੁਰਾਸੀ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਗੁਰ ਪੂਰਾ ਸਦ ਮਿਹਰਵਾਨ, ਸਤਿ ਪੁਰਖ ਨਿਰੰਜਣ ਏਕਉਂਕਾਰਿਆ । ਗੁਰਮੁਖਾਂ ਦੇਵੇ ਨਾਮ ਨਿਧਾਨ, ਲੋਕਮਾਤ ਲਏ ਅਵਤਾਰਿਆ । ਸ਼ਬਦ ਜਣਾਈ ਧੁਰ ਫ਼ਰਮਾਣ, ਏਕਾ ਅੱਖਰ ਨਾਮ ਪੜ੍ਹਾ ਰਿਹਾ । ਚਰਨ ਧੂੜ ਬਖ਼ਸ਼ੇ ਸਚ ਅਸ਼ਨਾਨ, ਦੁਰਮਤ ਮੈਲ ਗੁਵਾ ਰਿਹਾ । ਰਾਗ ਸੁਣਾਏ ਸਾਚਾ ਕਾਨ, ਅਨਹਦ ਧੁਨ ਉਪਜਾ ਰਿਹਾ । ਦਰਗਹਿ ਸਾਚੀ ਦੇਵੇ ਮਾਣ, ਰਾਏ ਧਰਮ ਫੰਦ ਕਟਾ ਰਿਹਾ । ਆਵਣ ਜਾਵਣ ਲੱਖ ਚੁਰਾਸੀ ਛੁੱਟੇ ਕਾਣ, ਮਾਤ ਗਰਭ ਫੰਦ ਕਟਾ ਰਿਹਾ । ਏਕਾ ਬਖ਼ਸ਼ੇ ਪਦ ਨਿਰਬਾਨ, ਹਰਿ ਸੱਜਣ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਸਮਝਾ ਰਿਹਾ । ਸਤਿਗੁਰ ਸਾਚਾ ਪੁਰਖ ਕਰਤਾਰ, ਹਰਿ ਸਾਚਾ ਵਡ ਵਡਿਆਈਆ । ਜਨ ਭਗਤਾਂ ਕਰੇ ਮਾਤ ਪਿਆਰ, ਨਿਤ ਨਵਿਤ ਖੇਲ ਖਲਾਈਆ । ਮਨਮੁਖਾਂ ਮਾਰਨਹਾਰਾ ਮਾਰ, ਜੁਗ ਜੁਗ ਦੇਵੇ ਜਗਤ ਸਜ਼ਾਈਆ । ਨਾਮ ਖੰਡਾ ਤੇਜ਼ ਕਟਾਰ, ਦੋਵੇਂ ਧਾਰ ਰਿਹਾ ਵਖਾਈਆ । ਗੁਰਮੁਖ ਵਿਰਲੇ ਲਾਏ ਪਾਰ, ਜਿਸ ਜਨ ਆਪਣਾ ਮੇਲ ਮਿਲਾਈਆ । ਮੂਰਖ ਮੂੜ੍ਹੇ ਸੁੱਤੇ ਪੈਰ ਪਸਾਰ, ਗੁਰ ਕਾ ਰੂਪ ਦਿਸ ਨਾ ਆਈਆ । ਸੁਰਤ ਸ਼ਬਦ ਨਾ ਕੋਈ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਹਰਿ ਸਮਰਥ, ਹਰਿਜਨ ਵੇਖ ਵਖਾਇੰਦਾ । ਆਪੇ ਰੱਖੇ ਦੇ ਕਰ ਹੱਥ, ਆਪ ਆਪਣੀ ਦਇਆ ਕਮਾਇੰਦਾ । ਇਕ ਕਰਾਏ ਪੂਜਾ ਪਾਠ, ਸਰ ਸਰੋਵਰ ਇਕ ਨੁਹਾਇੰਦਾ । ਏਕਾ ਤੀਰਥ ਏਕਾ ਤਟ, ਏਕਾ ਘਾਟ ਵਖਾਇੰਦਾ । ਦੁਰਮਤ ਮੈਲ ਦੇਵੇ ਕੱਟ, ਹਉਮੇ ਰੋਗ ਗਵਾਇੰਦਾ । ਦੀਪਕ ਜੋਤੀ ਲਟ ਲਟ, ਮਸਤਕ ਥਾਲ ਆਪ ਜਗਾਇੰਦਾ । ਵਸਣਹਾਰਾ ਘਟ ਘਟ, ਗੁਰਮੁਖ ਸੋਏ ਮਾਤ ਉਠਾਇੰਦਾ । ਭਾਗ ਲਗਾਏ ਕਾਇਆ ਮੱਟ, ਕੰਚਨ ਗੜ੍ਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਅੰਦਰ ਮੰਦਰ ਮੇਲ ਮਿਲਾਇੰਦਾ । ਸਤਿਗੁਰ ਪੂਰਾ ਅੰਦਰ ਵੜ, ਗੁਰਮੁਖ ਲਏ ਜਗਾਈਆ । ਨਾ ਕੋਈ ਸੀਸ ਨਾ ਕੋਈ ਧੜ, ਦਿਸ ਕਿਸੇ ਨਾ ਆਈਆ । ਸੰਤ ਸੁਹੇਲੇ ਆਪੇ ਲਏ ਫੜ, ਜੁਗ ਜੁਗ ਵੱਡੀ ਵਡਿਆਈਆ । ਦਰਸ ਦਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਆਪਣੀ ਵਿਦਿਆ ਆਪੇ ਪੜ੍ਹ, ਏਕਾ ਕਰੇ ਪੜ੍ਹਾਈਆ । ਜਨ ਭਗਤਾਂ ਫੜਾਏ ਆਪਣਾ ਲੜ, ਦੂਸਰ ਹੱਟ ਨਾ ਕਿਸੇ ਵਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਹਰਿ ਭਗਵਾਨ, ਦੇਵਣਹਾਰਾ ਜੀਆ ਦਾਨ, ਜੀਆ ਦਾਤਾ ਆਪ ਹੋ ਜਾਈਆ । ਜੀਆ ਦਾਤਾ ਪੁਰਖ ਬਿਧਾਤਾ, ਪਾਰਬ੍ਰਹਮ ਪੁਰਖ ਸੁਲਤਾਨਿਆ । ਆਪੇ ਪਿਤਾ ਆਪੇ ਮਾਤਾ, ਆਪੇ ਵੇਖੇ ਬਾਲ ਨਿਧਾਨਿਆ । ਆਪੇ ਦੇਵਣਹਾਰਾ ਸਾਚੀ ਦਾਤਾ, ਆਪੇ ਬਖ਼ਸ਼ੇ ਚਰਨ ਧਿਆਨਿਆ ।

੮੧੪
੦੮

ਆਪੇ ਮੇਟੇ ਰੈਣ ਅੰਧੇਰੀ ਰਾਤਾ, ਆਪੇ ਤੇਜ ਪਰਕਾਸ਼ ਕਰੇ ਕੋਟਨ ਭਾਨਿਆ । ਆਪ ਚੜ੍ਹਾਏ ਆਪਣੇ ਰਾਥਾ, ਪਾਰ ਕਰਾਏ ਦੋ ਜਹਾਨਿਆ । ਸਤਿਗੁਰ ਪੂਰਾ ਸਗਲਾ ਸਾਥਾ, ਸਗਲਾ ਸੰਗ ਨਿਭਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਹਰਿ ਮਿਹਰਵਾਨ, ਆਪਣੇ ਦਰ ਕਰੇ ਪਰਵਾਨਿਆ । ਆਏ ਦਰ ਹੋਏ ਪਰਵਾਨ, ਜਿਸ ਜਨ ਨੇਤਰ ਲੋਚਣ ਦਰਸ਼ਨ ਪਾਇਆ । ਅੰਤਮ ਮੇਲਾ ਵਾਲੀ ਦੋ ਜਹਾਨ, ਜਗਤ ਵਿਛੋੜਾ ਪੰਧ ਮੁਕਾਇਆ । ਸੋ ਪੁਰਖ ਨਿਰੰਜਣ ਰਸਨਾ ਜਿਹਵਾ ਗਾਣ, ਹੰ ਬ੍ਰਹਮ ਮੇਲ ਮਿਲਾਇਆ । ਸੋਹੰ ਸ਼ਬਦ ਸਤਿਜੁਗ ਪਰਧਾਨ, ਸਾਚੇ ਸਾਚਾ ਮਾਰਗ ਲਾਇਆ । ਆਪ ਝੁਲਾਏ ਹਰਿ ਨਿਸ਼ਾਨ, ਦੂਸਰ ਹੱਥ ਨਾ ਕਿਸੇ ਫੜਾਇਆ । ਚਾਰੇ ਖਾਣੀ ਕਰ ਪਰਵਾਨ, ਚਾਰੇ ਬਾਣੀ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰੈਣ ਨਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਸਤਿਗੁਰ ਪੂਰਾ ਇਕ ਅਖਵਾਇਆ । ਸਤਿਗੁਰ ਪੂਰਾ ਹਰਿ ਗੋਬਿੰਦ ਗੋਪਾਲ, ਦੀਨਾਂ ਨਾਥ ਦੀਨ ਦਿਆਲਿਆ । ਗੁਰਮੁਖਾਂ ਮੇਟੇ ਸਗਲੀ ਚਿੰਦ ਗਲੇ ਲਗਾਏ ਸਾਚੇ ਲਾਲ, ਦੋ ਜਹਾਨ ਕਰੇ ਪ੍ਰਿਤਪਾਲਿਆ । ਗਹਿਰ ਗੰਭੀਰ ਸਾਗਰ ਸਿੰਧ ਅੰਮ੍ਰਿਤ ਭਰਿਆ ਸਾਚਾ ਤਾਲ, ਭਰ ਪਿਆਏ ਨਾਮ ਪਿਆਲਿਆ । ਦਾਤਾ ਦਾਨੀ ਸਦਾ ਬਖ਼ਸ਼ਿੰਦ ਤੋੜਣਹਾਰਾ ਜਗਤ ਜੰਜਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਸਾਚਾ ਘਰ, ਸਚਖੰਡ ਦੁਵਾਰਾ ਇਕ ਪਰਵਾਨਿਆ । ਸਚਖੰਡ ਦੁਵਾਰਾ ਹਰਿ ਹਰਿ ਖੋਲ੍ਹ, ਗੁਰਮੁਖਾਂ ਰਾਹ ਵਖਾਇੰਦਾ । ਗੁਰ ਨਾਨਕ ਤੇਰਾਂ ਤੇਰਾਂ ਤੋਲੇ ਤੋਲ, ਤੇਰਾ ਤੇਰੀ ਝੋਲੀ ਪਾਇੰਦਾ । ਸੋਹੰ ਅੱਖਰ ਆਪਣੀ ਰਸਨਾ ਬੋਲ, ਨਾਮ ਸਤਿ ਮੰਤਰ ਜਗਤ ਦ੍ਰਿੜਾਇੰਦਾ । ਕਲਜੁਗ ਅੰਤਮ ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਵਜਾਏ ਸਾਚਾ ਢੋਲ, ਏਕਾ ਡੰਕਾ ਹੱਥ ਉਠਾਇੰਦਾ । ਲੱਖ ਚੁਰਾਸੀ ਰਾਓ ਰੰਕਾਂ ਜੀਵਾਂ ਜੰਤਾਂ ਕੱਢੇ ਪੋਲ, ਘਟ ਘਟ ਅੰਦਰ ਫੋਲ ਫੁਲਾਇੰਦਾ । ਹਰਿ ਕਾ ਭੇਵ ਨਾ ਪਾਏ ਕੋਈ ਪੰਡਤ ਪਾਂਧਾ ਰੌਲ, ਗਿਆਨ ਧਿਆਨ ਨਾ ਕੋਇ ਸਮਝਾਇੰਦਾ । ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਆਪਣਾ ਕਰੇ ਕੀਤਾ ਪੂਰਾ ਕੌਲ, ਵੇਲਾ ਅੰਤ ਸੰਤ ਕੰਤ ਭਗਵੰਤ ਆਪ ਸੁਹਾਇੰਦਾ । ਲੱਖ ਚੁਰਾਸੀ ਸੁੱਤੀ ਰਹੀ ਅਨਭੋਲ, ਮਾਇਆ ਪਰਦਾ ਕੋਇ ਨਾ ਲਾਹਿੰਦਾ । ਮਨਮਤ ਕਰਿਆ ਜਗਤ ਜਗ ਘੋਲ, ਫੜ ਬਾਂਹ ਨਾ ਕੋਇ ਛੁਡਾਇੰਦਾ । ਸੰਮਤ ਚੜ੍ਹਿਆ ਵੀਹ ਸਦ ਸੋਲ, ਸੋਲਾਂ ਸੋਲਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਏਕਾ ਹਰਿ, ਗੁਰਮੁਖ ਸਾਜਣ ਜਾਏ ਤਾਰ, ਤਾਰਨਹਾਰ ਪੁਰਖ ਸਮਰਥ, ਗੁਰਮੁਖ ਰੱਖੇ ਦੇ ਕਰ ਹੱਥ, ਦੋ ਜਹਾਨਾਂ ਹਰਿ ਮਿਹਰਵਾਨਾ ਬੇੜਾ ਪਾਰ ਕਰਾਇੰਦਾ ।

## ੧੧ ਸਾਵਣ ੨੦੧੬ ਬਿਕ੍ਰਮੀ ਪਿੰਡ ਭੂੰਡਰ

ਹਰਿ ਸਤਿਗੁਰ ਸੱਚਾ ਦੀਨ ਦਿਆਲ, ਬੇਅੰਤ ਬੇਅੰਤ ਬੇਅੰਤਿਆ । ਲੋਕਮਾਤ ਬਣ ਦਲਾਲ, ਗੁਰਮੁਖ ਤਾਰੇ ਸਾਚੇ ਸੰਤਿਆ । ਜਗਤ ਜੁਗ ਅਵੱਲੜੀ ਚਾਲ, ਖੇਲੇ ਖੇਲ ਸ੍ਰੀ ਭਗਵੰਤਿਆ । ਜਨ ਭਗਤਾਂ ਦੇਵੇ ਨਾਮ ਸੱਚਾ ਧਨ ਮਾਲ, ਆਪ ਆਪਣੀ ਦਇਆ ਕਮੰਤਿਆ । ਗੁਰਸਿਖ ਸਾਜਣ ਘਾਲਣ ਸਾਚੀ ਘਾਲ, ਏਕਾ ਭਗਤੀ ਨਾਮ ਦ੍ਰਿੜੰਤਿਆ । ਫਲ ਲਗਾਵੇ ਕਾਇਆ ਡਾਲ੍ਹ, ਅੰਮ੍ਰਿਤ ਮੇਵਾ ਇਕ ਖੁਵੰਤਿਆ । ਤੋੜਨਹਾਰਾ ਜਗਤ

ਜੰਜਾਲ, ਸਿਰ ਸਮਰਥ ਹੱਥ ਰਖੰਤਿਆ । ਦਿਵਸ ਰੈਣ ਕਰੇ ਪ੍ਰਿਤਪਾਲ, ਨੇੜੇ ਦੂਰ ਵੇਖ ਵਖੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲੰਤਿਆ । ਮੇਲਣਹਾਰਾ ਸਰਬ ਜੀਅ ਦਾਤਾ, ਪਾਰਬ੍ਰਹਮ ਗੁਰ ਕਰਤਾਰਿਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਨਾਤਾ, ਚਰਨ ਪ੍ਰੀਤੀ ਇਕ ਵਖਾ ਰਿਹਾ । ਸਦਾ ਸਹਾਈ ਪਿਤਾ ਮਾਤਾ, ਪੂਤ ਸਪੂਤਾ ਗਲੇ ਲਗਾ ਰਿਹਾ । ਦੇਵਣਹਾਰਾ ਸਾਚੀ ਦਾਤਾ, ਨਾਮ ਵਸਤ ਝੋਲੀ ਪਾ ਰਿਹਾ । ਮੇਟੇ ਰੈਣ ਅੰਧੇਰੀ ਰਾਤਾ, ਜਗ ਬੰਧਨ ਤੋੜ ਤੁੜਾ ਰਿਹਾ । ਰਸਨਾ ਗਾਈ ਹਰਿ ਹਰਿ ਗਾਥਾ, ਗੋਬਿੰਦ ਮੇਲਾ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਹਰਿਜਨ ਸੱਚਾ ਦਾਸਨ ਦਾਸ, ਸੇਵਕ ਸੇਵ ਵੱਡੀ ਵਡਿਆਈਆ । ਹਰਿ ਹਰਿ ਹਿਰਦੇ ਰੱਖ ਵਾਸ, ਨਿਜ ਆਤਮ ਬ੍ਰਹਮ ਜਣਾਈਆ । ਜੋਤੀ ਨੂਰ ਨੂਰ ਪ੍ਰਕਾਸ਼, ਦੀਵਾ ਬਾਤੀ ਇਕ ਜਗਾਈਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਪਾਵੇ ਸਾਰ ਪ੍ਰਿਥਮੀ ਅਕਾਸ਼, ਪਤਿਤ ਪਾਵਣ ਵਡ ਵਡਿਆਈਆ । ਹਰਿਜਨ ਨਾ ਹੋਏ ਕਦੇ ਉਦਾਸ, ਆਦਿ ਜੁਗਾਦੀ ਵੇਖ ਵਖਾਈਆ । ਸੰਤਨ ਮੀਤਾ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਲੇਖਾ ਰਿਹਾ ਚੁਕਾਈਆ । ਗੁਰਮੁਖ ਲੇਖਾ ਹਰਿ ਚੁਕੌਣਾ, ਆਪਣੀ ਦਇਆ ਕਮਾਇੰਦਾ । ਪੂਰਬ ਲਹਿਣਾ ਝੋਲੀ ਪੌਣਾ, ਨੇਤਰ ਨੈਣਾਂ ਦਰਸ ਦਖਾਇੰਦਾ । ਆਤਮ ਮਧ ਜਾਮ ਪਿਔਣਾ, ਏਕਾ ਰਸ ਵਖਾਇੰਦਾ । ਸ਼ਬਦ ਸੁਰ ਤਾਲ ਵਜੌਣਾ, ਏਕਾ ਰਾਗ ਅਲਾਇੰਦਾ । ਕਾਗ ਹੰਸ ਆਪ ਬਣੌਣਾ, ਏਕਾ ਮੋਤੀ ਚੋਗ ਵਖਾਇੰਦਾ । ਪਿਛਲਾ ਦਾਗ਼ ਆਪੇ ਲਾਹੌਣਾ, ਸਾਚੇ ਮਾਰਗ ਆਪੇ ਪਾਇੰਦਾ । ਚਰਨ ਧੂੜੀ ਮਜਨ ਮਾਘ ਆਪ ਕਰੌਣਾ, ਦਰ ਘਰ ਸਾਚੇ ਫੇਰਾ ਪਾਇੰਦਾ । ਜਗਤ ਤ੍ਰਿਸ਼ਨਾ ਅੱਗ ਬੁਝੌਣਾ, ਸਾਂਤਕ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਹਰਿ ਭਗਵਾਨ, ਆਦਿ ਜੁਗਾਦਿ ਵੱਡੀ ਵਡਿਆਈਆ । ਜੁਗਾ ਜੁਗੰਤਰ ਵੇਖੇ ਮਾਰ ਧਿਆਨ, ਕਲਜੁਗ ਅੰਤਮ ਦਾਤਾ ਬੇਪਰਵਾਹੀਆ । ਏਕਾ ਦੇਵੇ ਧੁਰ ਫ਼ਰਮਾਣ, ਸਾਚੀ ਸਿਖਿਆ ਨਾਮ ਪੜ੍ਹਾਈਆ । ਸੋਹੰ ਮੰਤਰ ਕਰ ਪਰਧਾਨ, ਚਤੁਰ ਸੁਜਾਣ ਜਗਤ ਤਰਾਈਆ । ਨਾਰੀ ਪੁਰਖ ਸਾਰੇ ਗਾਣ, ਪੁਰਖ ਪੁਰਖੋਤਮ ਮੇਲ ਮਿਲਾਈਆ । ਸਾਚਾ ਮੰਦਰ ਵੇਖ ਮਕਾਨ, ਕੰਚਨ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਅੰਦਰ ਵੜ, ਆਪਣੀ ਸਦਾ ਆਪ ਲਗਾਈਆ । ਉਚੀ ਸਦਾ ਦੇਵੇ ਬਾਂਗ, ਏਕਾ ਨਾਅਰਾ ਲਾਇੰਦਾ । ਇਕ ਸੁਣਾਏ ਸਾਚਾ ਰਾਗ, ਏਕਾ ਕਲਮਾ ਆਪ ਸੁਣਾਇੰਦਾ । ਸੋ ਪੁਰਖ ਨਿਰੰਜਣ ਮਾਰੇ ਵਾਜ, ਹੰ ਬ੍ਰਹਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚ ਮਹੱਲ ਅਟੱਲ ਮੁਨਾਰ, ਗੁਰਮੁਖ ਸੱਜਣ ਪਾਏ ਸਾਰ, ਗੀਤ ਗੋਬਿੰਦ ਇਕ ਅਲਾਇੰਦਾ । ਗੀਤ ਗੋਬਿੰਦ ਸੱਚੀ ਧੁਨਕਾਰ, ਗੁਰ ਪੂਰੇ ਹੱਥ ਰਖਾਈਆ । ਆਪ ਆਪਣੀ ਕਿਰਪਾ ਧਾਰ, ਗੁਰਮੁਖਾਂ ਝੋਲੀ ਰਿਹਾ ਭਰਾਈਆ । ਸਾਚੀ ਸਿਖਿਆ ਵਿਚ ਸੰਸਾਰ, ਗੁਰਮਤ ਇਕ ਸਮਝਾਈਆ । ਚਰਨ ਪ੍ਰੀਤੀ ਭਗਤ ਅਧਾਰ, ਜਗਤ ਜੁਗਤ ਵਡਿਆਈਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣਾ ਵੇਸ ਵਟਾਈਆ । ਗੁਰਮੁਖ ਸੱਜਣ ਜਾਏ ਤਾਰ, ਕਲਜੁਗ ਤਾਰੇ ਫੜ ਫੜ ਬਾਹੀਆ । ਨੇਤਰ ਲੋਚਣ ਨੈਣ ਦਿਸ ਨਾ ਆਏ ਵਿਚ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ

ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਘਰ ਸਾਚਾ ਵਡ ਵਡਿਆਈਆ । ਗੁਰਮੁਖ ਨਾਮ ਭੰਡਾਰਾ ਵੰਡ, ਗੁਰ ਸਤਿਗੁਰ ਦਇਆ ਕਮਾਇੰਦਾ । ਪੱਲੇ ਬੰਨ੍ਹੇ ਨਾਮ ਗੰਢ, ਸਚ ਖ਼ਜ਼ਾਨਾ ਇਕ ਵਖਾਇੰਦਾ । ਨੰਗੀ ਹੋਵੇ ਨਾ ਮਾਤ ਕੰਡ, ਸਿਰ ਆਪਣਾ ਹੱਥ ਟਿਕਾਇੰਦਾ । ਭੇਖ ਪਖੰਡਾ ਦੇਵੇ ਦੰਡ, ਨਾਮ ਖੰਡਾ ਚੰਡ ਪ੍ਰਚੰਡ ਹੱਥ ਉਠਾਇੰਦਾ । ਪਾਵੇ ਸਾਰ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਇੰਦਾ । ਲੱਖ ਚੁਰਾਸੀ ਖੰਡ ਖੰਡ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖ਼ੁਸ਼ੀ ਕਰਾਏ ਬੰਦ ਬੰਦ, ਏਕਾ ਨਾਮ ਤਾਰ ਸਤਾਰ ਹਿਲਾਇੰਦਾ । ਨਾਮ ਸਤਾਰ ਸਾਚੀ ਸੁਰ, ਗੁਰਮੁਖ ਕਾਇਆ ਆਪ ਹਿਲਾਈਆ । ਗੁਰ ਚਰਨ ਪ੍ਰੀਤੀ ਗਿਆ ਜੁੜ, ਮੇਲ ਮਿਲਿਆ ਸਹਿਜ ਸੁਭਾਈਆ । ਲੇਖਾ ਸਤਿਗੁਰ ਜਾਣੇ ਧੁਰ, ਦੂਸਰ ਹੋਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਨਿਭਾਈਆ । ਸਗਲਾ ਸੰਗ ਆਸਾ ਮਨਸਾ ਪੂਰ, ਗੁਰਮਤੀ ਮਤ ਦ੍ਰਿੜਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਸਿਖ ਸਮਝਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਮਸਤਕ ਟਿੱਕਾ ਜੋਤ ਲਲਾਟੀ ਡਗਮਗਾਇੰਦਾ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਜਗਤ ਲਲਾਰੀ ਨਾ ਕੋਇ ਚੜ੍ਹਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਦਾਤਾ ਦਾਨੀ ਸੂਰ, ਸੂਰਬੀਰ ਆਪ ਅਖਵਾਇੰਦਾ । ਸਰਬ ਕਲ ਆਪੇ ਭਰਪੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਦੇਵੇ ਵਰ, ਤਨ ਗਹਿਣਾ ਬਸਤਰ ਪਹਿਨਾਇੰਦਾ । ਤਨ ਬਸਤਰ ਸ਼ਬਦ ਅਪਾਰ, ਗੁਰਮੁਖ ਗੁਰ ਪਾਇਆ । ਗੁਰ ਮੀਤਾ ਸੱਜਣ ਮੁਰਾਰ, ਧੁਰ ਲੇਖਾ ਵੇਖ ਵਖਾਇਆ । ਲੋਕਮਾਤ ਕਰੇ ਪਿਆਰ, ਘਰ ਮੰਦਰ ਇਕ ਸੁਹਾਇਆ । ਇਕ ਇਕੱਲਾ ਲਏ ਉਭਾਰ, ਏਕਾ ਬੰਸ ਸੁਹਾਇਆ । ਜੀਵਾਂ ਜੰਤਾਂ ਮਾਰੇ ਮਾਰ, ਮਾਰਨਹਾਰਾ ਬੇਪਰਵਾਹਿਆ । ਘਨਕ ਪੁਰ ਵਾਸੀ ਹੋ ਤਿਆਰ, ਨਿਰਗੁਣ ਜੋਤੀ ਆਪਣੀ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਆਤਮ ਵੇਖੇ ਮਾਰ ਧਿਆਨ, ਆਪ ਆਪਣੀ ਦਇਆ ਕਮਾਇਆ । ਦਇਆਨਿਧ ਗਹਿਰ ਗੁਣ ਸਾਗਰ, ਗੁਰ ਗੁਰ ਨਾਉਂ ਧਰਾਈਆ । ਗੁਰਮੁਖਾਂ ਕਰਾਏ ਨਾਮ ਵਣਜ ਬਣ ਸੌਦਾਗਰ, ਸਾਚਾ ਹੱਟ ਖੁਲ੍ਹਾਈਆ । ਭਾਗ ਲਗਾਏ ਕਾਇਆ ਗਾਗਰ, ਰਤਨ ਅਮੋਲਕ ਹੀਰਾ ਵਿਚ ਰਖਾਈਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਬਖ਼ਸ਼ੇ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਪਾਵੇ ਹਿੱਸਾ, ਬ੍ਰਹਿਮੰਡ ਖੰਡ ਆਪਣੀ ਵੰਡ ਆਪੇ ਰਿਹਾ ਵੰਡਾਈਆ ।

### ✪ ੧੧ ਸਾਵਣ ੨੦੧੬ ਬਿਕ੍ਰਮੀ ਬੀਬੀ ਪ੍ਰੀਤੋ ਦੇ ਘਰ ਦਇਆ ਹੋਈ ਪਿੰਡ ਮਦਰਸਾ ਜ਼ਿਲਾ ਫ਼ਿਰੋਜ਼ਪੁਰ ✪

ਟੁੱਟੀ ਗੰਢਣਹਾਰ ਗੋਪਾਲ, ਗੁਣ ਗਹਿਰ ਗੰਭੀਰ ਅਖਵਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਆਪਣੀ ਆਪ ਕਰਾਇੰਦਾ । ਭਗਤ

ਵਛਲ ਸਦ ਕਿਰਪਾਲ, ਕਰਤਾ ਪੁਰਖ ਨਾਉਂ ਧਰਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਸਾਚਾ ਮੇਵਾ ਅੰਮ੍ਰਿਤ ਫਲ ਖੁਵਾਇੰਦਾ । ਸਤਿਗੁਰ ਸੂਰਾ ਬਣ ਦਲਾਲ, ਲੋਕਮਾਤ ਪਾਰ ਕਰਾਇੰਦਾ । ਜੋ ਜਨ ਘਾਲਣ ਰਹੇ ਘਾਲ, ਪੂਰਬ ਲੇਖਾ ਝੋਲੀ ਪਾਇੰਦਾ । ਤੋੜਣਹਾਰਾ ਜਗਤ ਜੰਜਾਲ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾਇੰਦਾ । ਜਗਤ ਟੁੱਟੀ ਦੇਵੇ ਗੰਢ, ਗੁਰ ਸਤਿਗੁਰ ਹੱਥ ਵਡਿਆਈਆ । ਏਕਾ ਅੱਖਰ ਨਾਮ ਦੇਵੇ ਵੰਡ, ਆਪਣੀ ਭਿਛਿਆ ਆਪੇ ਪਾਈਆ । ਕਾਇਆ ਸੀਤਲ ਪਾਏ ਠੰਡ, ਸਾਂਤਕ ਸਤਿ ਸਰੂਪ ਵਖਾਈਆ । ਜਗਤ ਵਿਕਾਰਾ ਤੋੜ ਘਮੰਡ, ਏਕਾ ਰੰਗਣ ਰੰਗ ਰੰਗਾਈਆ । ਲੇਖਾ ਜਾਣੇ ਬੱਤੀ ਦੰਦ, ਰਸਨਾ ਜਿਹਵਾ ਜੋ ਜਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਟੁੱਟੀ ਗੰਢੇ ਹਰਿ ਗੋਬਿੰਦ, ਜੁਗ ਜੁਗ ਵੱਡੀ ਵਡਿਆਈਆ । ਗੁਰਮੁਖਾਂ ਮੇਟੇ ਸਗਲੀ ਚਿੰਦ, ਸਾਚੀ ਸਿਖਿਆ ਸਿਖ ਸਮਝਾਈਆ । ਹਰਿਜਨ ਉਪਜਾਏ ਆਪਣੀ ਬਿੰਦ, ਸੁੱਤ ਨਾਦੀ ਨਾਉਂ ਧਰਾਈਆ । ਦਾਤਾ ਦਾਨੀ ਗੁਣੀ ਗਹਿੰਦ, ਸਾਚੀ ਵਸਤੂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸ਼ਬਦ ਕਰੇ ਕੁੜਮਾਈਆ । ਸਤਿਗੁਰ ਪੂਰਾ ਹਰਿ ਮਿਹਰਵਾਨ, ਹਰਿਜਨ ਸਾਚੇ ਵੇਖ ਵਖਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪ ਆਪਣਾ ਮੇਲ ਮਿਲਾਇੰਦਾ । ਆਤਮ ਦਰਸੀ ਦਰਸ ਮਹਾਨ, ਦਰ ਦੁਵਾਰਾ ਇਕ ਵਖਾਇੰਦਾ । ਨਾਤਾ ਤੁੱਟੇ ਜਗਤ ਜਹਾਨ, ਘਰ ਸਾਚਾ ਇਕ ਸੁਹਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨ, ਸਤਿਗੁਰ ਪੂਰਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖੇ ਲਾਇੰਦਾ । ਆਇਆ ਦਰ ਹਰਿ ਨਿਰੰਕਾਰ, ਨਿਰਗੁਣ ਜੋਤੀ ਨੂਰ ਜਗਾਈਆ । ਬਿਰਧ ਬਾਲਾਂ ਜਾਏ ਤਾਰ, ਜੋ ਜਨ ਆਏ ਸਰਨਾਈਆ । ਅੰਤਮ ਵਾਰ ਨਾ ਹੋਏ ਖ਼ੁਆਰ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਜਗਤ ਬੁਢੇਪਾ ਤੁਟਾ ਨਾਤਾ, ਹਰਿ ਸਤਿਗੁਰ ਆਪ ਤੁੜਾਇੰਦਾ । ਰਸਣਾ ਗੌਣਾ ਸਾਚਾ ਜਾਪਾ, ਸੋਹੰ ਨਾਮ ਜਪਾਇੰਦਾ । ਮੇਟ ਮਿਟਾਏ ਤੀਨੋਂ ਤਾਪਾ, ਅਗਨੀ ਤੱਤ ਨਾ ਕੋਇ ਤਪਾਇੰਦਾ । ਮੇਲ ਮਿਲਾਏ ਸਾਚੇ ਬਾਪਾ, ਪਿਤਾ ਪੂਤ ਏਕਾ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਦਰ, ਸਾਚਾ ਦਰਸੀ ਦਰਸ ਵਖਾਇੰਦਾ । ਜਗਤ ਬੁੜੇਪਾ ਨਿਭਿਆ ਤੋੜ, ਹਰਿ ਸਾਚਾ ਵੇਖ ਵਖਾਨਿਆ । ਅੰਤਮ ਚਾੜ੍ਹੇ ਆਪਣੇ ਘੋੜ, ਪਾਰ ਕਰਾਏ ਦੋ ਜਹਾਨਿਆਂ । ਸਤਿਗੁਰ ਪੂਰਾ ਬੰਦੀ ਛੋੜ, ਤੋੜੇ ਬੰਦ ਖੇਲ ਮਹਾਨਿਆ । ਅੰਤਮ ਵੇਲੇ ਜਾਏ ਬੌਹੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵਾਨਿਆ । ਪੰਜ ਤੱਤ ਤੱਤ ਪਿਆਰ, ਤੱਤਵ ਤੱਤ ਰਿਹਾ ਤਜਾਈਆ । ਬਲ ਛੁਟਕਿਆ ਸਰਬ ਸੰਸਾਰ, ਨੇਤਰਹੀਣ ਜੋਤ ਖਿਚਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਖੇਲੇ ਖੇਲ ਬੇਪਰਵਾਹੀਆ । ਜੋ ਜਨ ਚਰਨ ਸਰਨ ਸੀਸ ਧਰੇ ਦਸਤਾਰ, ਸੀਸ ਜਗਦੀਸ਼ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਆਦਿ ਜੁਗਾਦਿ ਜਗਤ ਗੁਰਦੇਵ, ਏਕਾ ਏਕਓਂਕਾਰਿਆ । ਜਨ ਭਗਤਾਂ ਲਾਵੇ ਆਪਣੀ ਸੇਵ, ਆਪ ਆਪਣਾ ਖੇਲ ਖਿਲਾ ਰਿਹਾ । ਏਕਾ ਅੰਮ੍ਰਿਤ ਆਤਮ ਨਾਮ ਦੇਵੇ ਮੇਵ, ਸਾਚਾ ਫਲ ਖੁਵਾ ਰਿਹਾ । ਗੁਰਮੁਖ ਗੁਰਸਿਖ ਗਾਏ ਰਸਨਾ

ਜਿਹਵ, ਏਕਾ ਸਿਖਿਆ ਸਿਖ ਸਮਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਲੜ ਹਰਿਜਨ ਫੜ, ਆਪੇ ਬੰਧ ਬੰਧਾ ਲਿਆ ।

✪ ੧੨ ਸਾਵਣ ੨੦੧੯ ਬਿਕ੍ਰਮੀ ਤੇਜਾ ਸਿੰਘ ਦੇ ਘਰ ਦਇਆ ਹੋਈ ਪਿੰਡ ਸਾਦਕ ਜ਼ਿਲਾ ਫ਼ਿਰੋਜ਼ਪੁਰ ✪

ਆਦਿ ਜੁਗਾਦੀ ਇਕ ਇਕੱਲਾ ਏਕਉਂਅੰਕਾਰ, ਪਾਰਬ੍ਰਹਮ ਵੱਡੀ ਵਡਿਆਈਆ । ਜੁਗਾ ਜੁਗੰਤਰ ਲੈ ਅਵਤਾਰ, ਜੋਤੀ ਨੂਰੀ ਕਰੇ ਰੁਸ਼ਨਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਆਦਿ ਨਿਰੰਜਣ ਭੇਵ ਨਿਆਰ, ਲੇਖਾ ਲੇਖ ਨਾ ਕੋਇ ਜਣਾਈਆ । ਨਿਰਗੁਣ ਰੂਪ ਅਪਰ ਅਪਾਰ, ਅਪਰੰਪਰ ਸਵਾਮੀ ਆਪ ਅਖਵਾਈਆ । ਥਿਰ ਘਰ ਵਸੇ ਸਚ ਦੁਵਾਰ, ਦਰ ਸਾਚਾ ਇਕ ਸੁਹਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਨੂਰੋ ਨੂਰ ਨੂਰ ਉਜਿਆਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਰਖਾਈਆ । ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਖੇਲੇ ਖੇਲ ਸਿਰਜਣਹਾਰ, ਆਪ ਆਪਣੀ ਖੇਲ ਖਲਾਇੰਦਾ । ਨਿਰਗੁਣ ਰੂਪ ਨਿਰਾਕਾਰ, ਦਿਸ ਕਿਸੇ ਨਾ ਆਇੰਦਾ । ਸੁਹਾਏ ਸਾਚਾ ਬੰਕ ਦੁਵਾਰ, ਸਚਖੰਡ ਦੁਵਾਰਾ ਵੇਖ ਵਖਾਇੰਦਾ । ਅਲੱਖ ਅਲੱਖਣਾ ਅਲੱਖ ਕਰੇ ਇਕ ਜੈਕਾਰ, ਏਕਾ ਨਾਅਰਾ ਲਾਇੰਦਾ । ਅਗੰਮ ਅਗੰਮੜਾ ਧਾਮ ਅਪਾਰ, ਆਪ ਆਪਣਾ ਥਾਨ ਸੁਹਾਇੰਦਾ । ਸਮਰਥ ਪੁਰਖ ਕਲ ਕਰਤਾਰ, ਕਰਨੀ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ ਉਚ ਅਗੰਮ ਅਥਾਹ, ਬੇਪਰਵਾਹ ਪਾਰਬ੍ਰਹਮ ਅਖਵਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ਾ, ਏਕਾ ਏਕ ਅਖਵਾਈਆ । ਆਪੇ ਖੇਲੇ ਖੇਲ ਤਮਾਸ਼ਾ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਪਾਏ ਆਪਣੀ ਰਾਸਾ, ਆਪੇ ਵੇਖ ਵਖਾਈਆ । ਆਪੇ ਦਾਸੀ ਆਪੇ ਦਾਸਾ, ਸੇਵਕ ਸੇਵਾ ਆਪ ਕਮਾਈਆ । ਆਪੇ ਨਿਰਗੁਣ ਜੋਤ ਪਰਕਾਸ਼ਾ, ਪਰਮ ਪੁਰਖ ਵੱਡੀ ਵਡਿਆਈਆ । ਆਪੇ ਪ੍ਰਿਥਮੀ ਆਪ ਅਕਾਸ਼ਾ, ਗਗਨ ਮੰਡਲ ਮੰਡਪ ਆਪ ਸੁਹਾਈਆ । ਆਪੇ ਬ੍ਰਹਿਮੰਡ ਖੰਡ ਕਰੇ ਨਿਵਾਸਾ, ਲੋਆਂ ਪੁਰੀਆਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਉਂਅੰਕਾਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਅਲੱਖ ਅਗੋਚਰ ਬੇਅੰਤ ਬੇਪਰਵਾਹ, ਏਕਾ ਏਕ ਪਰਵਰਦਿਗਾਰਿਆ । ਨੂਰੋ ਨੂਰੀ ਨੂਰ ਖ਼ੁਦਾ, ਇਲਾਹੀ ਨੂਰ ਆਪ ਅਖਵਾ ਰਿਹਾ । ਆਪੇ ਖੇਲੇ ਖੇਲ ਬੇਪਰਵਾਹ, ਆਪ ਆਪਣਾ ਵੇਸ ਵਟਾ ਰਿਹਾ । ਏਕਾ ਬਣੇ ਆਪ ਮਲਾਹ, ਆਪਣਾ ਬੇੜਾ ਆਪ ਚਲਾ ਰਿਹਾ । ਆਪੇ ਦੇਵੇ ਸਚ ਸਲਾਹ, ਸਿਫ਼ਤ ਸਲਾਹੀ ਨਾਉਂ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਵਾਰਾ ਇਕ ਸੁਹਾ ਰਿਹਾ । ਸਚਖੰਡ ਦੁਵਾਰਾ ਧੁਰ ਦਰਬਾਰਾ, ਹਰਿ ਹਰਿ ਆਪ ਸੁਹਾਇੰਦਾ । ਨਿਰਗੁਣ ਬਾਤੀ ਕਰ ਉਜਿਆਰਾ, ਸਾਚਾ ਦੀਪਕ ਇਕ ਜਗਾਇੰਦਾ । ਇਕ ਇਕੱਲਾ ਨਿਰਾਕਾਰਾ, ਨਿਰਗੁਣ ਆਪਣਾ ਧਾਮ ਸੁਹਾਇੰਦਾ । ਸ਼ਾਹੋ ਭੂਪ ਸੱਚਾ ਸਿਕਦਾਰਾ, ਸ਼ਾਹ ਸੁਲਤਾਨ ਇਕ ਅਖਵਾਇੰਦਾ । ਨਾ ਕੋਈ ਦੀਸੇ ਹੋਰ ਪਸਾਰਾ, ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਸੱਜਣ

ਮੀਤ ਮੁਰਾਰਾ, ਨਾ ਕੋਈ ਮੇਲ ਮਿਲਾਇੰਦਾ । ਨਾ ਕੋਈ ਸੁੱਤ ਨਾ ਕੋਈ ਦਾਰਾ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਨਾ ਕੋਈ ਮੰਦਰ ਦਿਸੇ ਚਾਰ ਦੀਵਾਰਾ, ਨਾ ਕੋਈ ਰਚਨ ਰਚਾਇੰਦਾ । ਨਾ ਕੋਈ ਸ਼ਬਦ ਨਾ ਜੈਕਾਰਾ, ਨਾ ਕੋਈ ਨਾਅਰਾ ਲਾਇੰਦਾ । ਨਾ ਕੋਈ ਸੰਤ ਨਾ ਦੁਲਾਰਾ, ਨਾ ਕੋਈ ਪਿਆਰ ਵਖਾਇੰਦਾ । ਨਾ ਕੋਈ ਗੁਰ ਨਾ ਅਵਤਾਰਾ, ਨਾ ਕੋਈ ਵੇਸ ਵਟਾਇੰਦਾ । ਨਾ ਕੋਈ ਰਵ ਸਸ ਦਿਸੇ ਸਤਾਰਾ, ਅਕਾਸ਼ ਪ੍ਰਕਾਸ਼ ਨਾ ਕੋਈ ਸੁਹਾਇੰਦਾ । ਨਾ ਕੋਈ ਜੰਗਲ ਜੂਹ ਉਜਾੜ ਪਹਾੜ ਦਿਸੇ ਡੂੰਘੀ ਗਾਰਾ, ਜਲ ਥਲ ਨਾ ਕੋਇ ਰਖਾਇੰਦਾ । ਨਾ ਕੋਈ ਜ਼ਿਮੀਂ ਅਸਮਾਨ ਦਿਸੇ ਪਾੜਾ, ਮੰਡਲ ਮੰਡਪ ਨਾ ਕੋਈ ਸੁਹਾਇੰਦਾ । ਨਾ ਕੋਈ ਵਿਸ਼ਨ ਕਰੇ ਅਕਾਰਾ, ਬਾਸ਼ਕ ਸੇਜ ਨਾ ਕੋਇ ਹੰਢਾਇੰਦਾ । ਨਾ ਕੋਈ ਬ੍ਰਹਮਾ ਵੇਦ ਵਿਚਾਰਾ, ਚਾਰੇ ਮੁਖ ਨਾ ਕੋਇ ਸਲਾਹਿੰਦਾ । ਨਾ ਕੋਈ ਸ਼ੰਕਰ ਗਲ ਪਾਏ ਹਾਰਾ, ਹੱਥ ਤਰਸੂਲ ਨਾ ਕੋਇ ਉਠਾਇੰਦਾ । ਨਾ ਕੋਈ ਕਰੋੜ ਤੇਤੀਸਾ ਅੰਮ੍ਰਿਤ ਮੰਗੇ ਧਾਰਾ, ਸੁਰਪਤ ਰਾਜਾ ਇੰਦ ਨਾ ਕੋਇ ਅਖਵਾਇੰਦਾ । ਨਾ ਕੋਈ ਗਣ ਗੰਧਰਬ ਰਾਗ ਵਜਾਏ ਸਤਾਰਾ, ਕਿਨਰ ਜਛਪ ਨਾ ਕੋਇ ਬਣਾਇੰਦਾ । ਨਾ ਕੋਈ ਤ੍ਰੈਗੁਣ ਕਰੇ ਪਸਾਰਾ, ਰਜੋ ਤਮੋ ਸਤੋ ਨਾ ਕੋਇ ਉਪਾਇੰਦਾ । ਨਾ ਕੋਈ ਪੰਚਮ ਕਰੇ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਇ ਉਪਾਇੰਦਾ । ਨਾ ਕੋਈ ਲੱਖ ਚੁਰਾਸੀ ਕਰ ਉਜਿਆਰਾ, ਘਰ ਘਰ ਵਿਚ ਦੀਪ ਨਾ ਕੋਇ ਜਗਾਇੰਦਾ । ਨਾ ਕੋਈ ਖੋਲ੍ਹੇ ਨੌ ਦੁਵਾਰ ਕਿਵਾੜਾ, ਪੰਚਮ ਧਾੜ ਨਾ ਕੋਇ ਵਖਾਇੰਦਾ । ਨਾ ਕੋਈ ਨਾਰ ਕੰਤ ਭਤਾਰਾ, ਸਾਚੀ ਸੇਜ ਨਾ ਕੋਇ ਹੰਢਾਇੰਦਾ । ਆਦਿ ਜੁਗਾਦੀ ਇਕ ਇਕੱਲਾ ਏਕਉਅੰਕਾਰਾ, ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ੀ ਭੇਵ ਨਿਆਰਾ, ਆਪ ਆਪਣਾ ਰੂਪ ਨਾ ਕੋਈ ਵਖਾਇੰਦਾ । ਆਦਿ ਸ਼ਕਤੀ ਖੇਲ ਨਿਆਰਾ, ਆਪ ਆਪਣੀ ਖੇਲ ਖਲਾਇੰਦਾ । ਨਾ ਕੋਈ ਖੜਗ ਖੰਡਾ ਤੇਜ ਕਟਾਰਾ, ਚੰਡ ਪ੍ਰਚੰਡ ਨਾ ਕੋਇ ਉਠਾਇੰਦਾ । ਨਾ ਕੋਈ ਚਿਲਾ ਤੀਰ ਕਮਾਨ ਜੋਧਾ ਸੂਰਬੀਰ ਦਿਸੇ ਬਲੀ ਬਲਕਾਰਾ, ਬਲਧਾਰੀ ਨਾ ਕੋਇ ਅਖਵਾਇੰਦਾ । ਨਾ ਕੋਈ ਰਾਮ ਸੀਤਾ ਕਰੇ ਪਿਆਰਾ, ਰਾਵਣ ਗੜ੍ਹ ਨਾ ਕੋਇ ਤੁੜਾਇੰਦਾ । ਨਾ ਕੋਈ ਵੇਦ ਵਿਆਸਾ ਬਣੇ ਲਿਖਾਰਾ, ਬਰਾਹ ਰੂਪ ਨਾ ਕੋਇ ਧਰਾਇੰਦਾ । ਨਾ ਕੋਈ ਸ਼ਾਸਤਰ ਸਿਮਰਤ ਕਰੇ ਪਿਆਰਾ, ਅਨਭਵ ਨਾ ਕੋਇ ਜਣਾਇੰਦਾ । ਨਾ ਕੋਈ ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ, ਜਗਤ ਬੰਸਰੀ ਨਾ ਕੋਇ ਵਜਾਇੰਦਾ । ਨਾ ਕੋਈ ਸਈਆਂ ਮੰਗਲਚਾਰਾ, ਨਾ ਕੋਈ ਨਾਚ ਨਚਾਇੰਦਾ । ਨਾ ਕੋਈ ਗੀਤਾ ਗਿਆਨ ਦਏ ਅਧਾਰਾ, ਅਠਾਰਾਂ ਧਿਆਏ ਨਾ ਕੋਇ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨ ਅੰਤਾ ਹਰਿ ਭਗਵੰਤਾ, ਏਕਾ ਏਕ ਏਕ ਅਖਵਾਇੰਦਾ । ਏਕਾ ਏਕ ਇਕ ਇਕੱਲਾ, ਹਰਿ ਸਾਚਾ ਵਡ ਵਡਿਆਈਆ । ਵਸਣਹਾਰਾ ਨੇਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਅਟਾਰ ਨਿਰਗੁਣ ਬੈਠਾ ਜੋਤ ਜਗਾਈਆ । ਸਚਖੰਡ ਵਸੇ ਸਚ ਨਿਰੰਕਾਰ, ਘਰ ਸਾਚੇ ਸੋਭਾ ਪਾਈਆ । ਕਰਮ ਧਰਮ ਨਾ ਕੋਇ ਵਿਚਾਰ, ਗੋਤ ਵਰਨ ਨਾ ਕੋਇ ਜਣਾਈਆ । ਤਰਨੀ ਤਰਨ ਭੇਵ ਨਿਆਰ, ਤਾਰਨਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਈਆ । ਆਪੇ ਸਾਜਣ ਹਰਿ ਹਰਿ ਆਪੇ ਮੀਤਾ, ਆਪੇ ਖੇਲ ਖਲਾਇੰਦਾ । ਆਪੇ ਬੈਠਾ ਰਹੇ ਇਕ ਅਤੀਤਾ, ਤ੍ਰੈਗੁਣ ਮਾਇਆ ਵਿਚ ਨਾ ਆਇੰਦਾ । ਆਪੇ ਠੰਡਾ ਆਪੇ ਸੀਤਾ, ਅਗਨੀ ਤੱਤ ਨਾ ਕੋਇ ਰਖਾਇੰਦਾ । ਆਪੇ ਪਤਿਤ ਆਪੇ ਪੁਨੀਤਾ, ਪਤਿਤ ਪਾਪੀ ਆਪ ਤਰਾਇੰਦਾ । ਆਪੇ ਹਸਤ ਆਪੇ ਕੀਟਾ, ਅਨਡੀਠਾ ਰੂਪ ਵਟਾਇੰਦਾ ।

ਆਪੇ ਪਰਖਣਹਾਰਾ ਨੀਤਾ, ਆਪੇ ਵੇਖ ਵਖਾਇੰਦਾ । ਆਪੇ ਮਿੱਠਾ ਕੌੜਾ ਰੀਠਾ, ਅੰਮ੍ਰਿਤ ਫਲ ਆਪ ਖੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਿਆ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਾਚਾ ਸਚ ਸੁਹਾਈਆ । ਖੇਲੇ ਖੇਲ ਸਰਬ ਘਟ ਵਾਸਨ, ਭੇਵ ਅਭੇਦਾ ਭੇਵ ਛੁਪਾਈਆ । ਪਾਵੇ ਸਾਰ ਪ੍ਰਿਥਮੀ ਆਕਾਸ਼ਨ, ਅਕਲ ਕਲ ਵੱਡੀ ਵਡਿਆਈਆ । ਜੁਗਾ ਜੁਗੰਤਰ ਸਾਚੀ ਰਾਸਨ, ਆਪ ਆਪਣੀ ਰਿਹਾ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਬੈਠਾ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਸੁਹੰਦੜਾ, ਇਕ ਇਕੱਲਾ ਏਕ ਓਅੰਕਾਰਿਆ । ਥਿਰ ਘਰ ਸਾਚਾ ਵੇਖ ਵਖੰਦੜਾ, ਪਾਰਬ੍ਰਹਮ ਰੂਪ ਅਗੰਮ ਅਪਾਰਿਆ । ਨਿਰਗੁਣ ਜੋਤੀ ਦੀਪ ਜਗੰਦੜਾ, ਆਦਿ ਜੁਗਾਦਿ ਰਹੇ ਉਜਿਆਰਿਆ । ਸਚ ਸਿੰਘਾਸਣ ਇਕ ਸੁਹੰਦੜਾ, ਆਪ ਆਪਣਾ ਆਸਣ ਲਾ ਰਿਹਾ । ਚੋਬਦਾਰ ਨਾ ਕੋਇ ਵਖੰਦੜਾ, ਦਰ ਦਰਬਾਨ ਨਾ ਕੋਇ ਦਸਾ ਰਿਹਾ । ਆਪਣੀ ਕਲ ਆਪ ਵਰਤੰਦੜਾ, ਅਕਲ ਕਲ ਧਾਰੀ ਨਾਉਂ ਰਖਾ ਲਿਆ । ਆਪਣਾ ਹੁਕਮ ਧੁਰ ਫ਼ਰਮਾਣ ਆਪ ਚਲੰਦੜਾ, ਆਪੇ ਹੁਕਮ ਜਣਾ ਰਿਹਾ । ਸ਼ਬਦ ਸਰੂਪੀ ਸਾਚਾ ਸੁੱਤ ਇਕ ਉਪਜੰਦੜਾ, ਆਪਣੀ ਗੋਦੀ ਆਪ ਉਪਜਾ ਰਿਹਾ । ਆਪਣਾ ਭਾਣਾ ਹਰਿ ਸਮਝੰਦੜਾ, ਲੇਖਾ ਲੇਖ ਨਾ ਕੋਇ ਜਣਾ ਰਿਹਾ । ਲੋਆਂ ਪੁਰੀਆਂ ਰਚਨ ਰਚੰਦੜਾ, ਬ੍ਰਹਿਮੰਡ ਖੰਡ ਰਚਨ ਰਚਾ ਲਿਆ । ਸ਼ਬਦ ਡੋਰੀ ਇਕ ਬਧੰਦੜਾ, ਤੰਦਨ ਤੰਦ ਇਕ ਉਠਾ ਲਿਆ । ਪ੍ਰਿਥਮੀ ਅਕਾਸ਼ ਖੇਲ ਖਲੰਦੜਾ, ਆਪ ਆਪਣੀ ਆਣ ਤਕਾ ਲਿਆ । ਵਿਸ਼ਨ ਰੂਪ ਆਪ ਅਖਵੰਦੜਾ, ਨਿਰਗੁਣ ਸਰਗੁਣ ਨਾਉਂ ਧਰਾ ਲਿਆ । ਬ੍ਰਹਮਾ ਲੇਖਾ ਆਪ ਲਿਖੰਦੜਾ, ਨਾਭੀ ਕਵਲ ਆਪ ਆਪਣਾ ਫੁੱਲ ਖਿਲਾ ਲਿਆ । ਆਪੇ ਚਾਰੇ ਵੇਦਾਂ ਭੇਵ ਖੁਲੰਦੜਾ, ਏਕਾ ਸ਼ਬਦ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਨਾਉਂ ਧਰਾ ਰਿਹਾ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਰੂਪ ਆਪ ਵਟਾਈਆ । ਆਪੇ ਕਰੇ ਘਰ ਸਚ ਆਦੇਸ, ਆਪਣੀ ਅਲੱਖ ਆਪ ਜਗਾਈਆ । ਆਪੇ ਦੇਵਣਹਾਰਾ ਨਰ ਨਰੇਸ਼, ਆਪਣੀ ਝੋਲੀ ਆਪ ਭਰਾਈਆ । ਆਪੇ ਧਾਰੇ ਆਪਣਾ ਭੇਸ, ਵੇਸ ਅਨੇਕਾ ਆਪ ਕਰਾਈਆ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਈਆ । ਆਪੇ ਆਪ ਆਪਣਾ ਰਿਹਾ ਵੇਖ, ਆਪ ਆਪਣਾ ਨੇਤਰ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਕਾਲ ਹਰਿ ਸਮਰਥ, ਹਰਿ ਸਤਿਗੁਰ ਵਡ ਵਡਿਆਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਈਆ । ਆਪੇ ਜਾਣੇ ਮਹਿਮਾ ਅਕੱਥ, ਅਗਾਧ ਬੋਧ ਆਪ ਆਪਣਾ ਭੇਵ ਖੁਲ੍ਹਾਈਆ । ਆਪੇ ਦੇਵੇ ਆਪਣੀ ਵੱਥ, ਆਪਣੀ ਝੋਲੀ ਆਪ ਭਰਾਈਆ । ਆਪ ਨਿਭਾਵੇ ਆਪਣਾ ਸਾਥ, ਸਗਲਾ ਸੰਗ ਸਰਬ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਤ੍ਰੈਗੁਣ ਰਚਨ ਰਚਾਈਆ । ਤ੍ਰੈਗੁਣ ਤੇਰਾ ਸਾਚਾ ਮੇਲਾ, ਹਰਿ ਹਰਿ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਖੇਲਾ, ਬ੍ਰਹਮ ਬ੍ਰਹਮ ਬ੍ਰਹਮ ਵੇਸ ਵਟਾਇੰਦਾ । ਨਿਰਗੁਣ ਬਣਿਆ ਸੱਜਣ ਸੁਹੇਲਾ, ਸਰਗੁਣ ਨਾਉਂ ਧਰਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਰ ਪਿਆਰ,


੮੨੧
੦੮

ਨਿਰਗੁਣ ਬਾਤੀ ਕਰ ਉਜਿਆਰ, ਰਕਤ ਬੂੰਦ ਸਾਚੀ ਵੇਖ ਵਖਾਇੰਦਾ । ਪੰਜ ਤੱਤ ਤੱਤ ਮੁਨਾਰਾ, ਹਰਿ ਹਰਿ ਆਪ ਉਪਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਵੇਦ ਕਤੇਬ ਭੇਵ ਨਾ ਰਾਈਆ । ਮਨ ਮਤ ਬੁੱਧ ਦਏ ਸਹਾਰਾ, ਆਪ ਆਪਣਾ ਅੰਗ ਕਟਾਈਆ । ਘਰ ਵਿਚ ਘਰ ਮਹੱਲ ਉਸਾਰਾ, ਘਰ ਬੈਠਾ ਸੇਜ ਵਛਾਈਆ । ਅਨਹਦ ਸ਼ਬਦ ਸੱਚੀ ਧੁਨਕਾਰਾ, ਧੁਨ ਅਨਾਦੀ ਤਾਲ ਵਜਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਸਰ ਸਰੋਵਰ ਇਕ ਭਰਾਈਆ । ਨਿਰਗੁਣ ਜੋਤ ਕਰ ਉਜਿਆਰਾ, ਕਾਇਆ ਮੰਦਰ ਕਰੇ ਰੁਸ਼ਨਾਈਆ । ਆਤਮ ਸੇਜਾ ਖੇਲ ਅਪਾਰਾ, ਘਰ ਬੈਠਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਕਾਇਆ ਸਾਚੇ ਘਰ, ਘਰ ਵਿਚ ਵੇਖ ਵਖਾਈਆ । ਕਾਇਆ ਮੰਦਰ ਨੌਂ ਦਰ, ਦਰ ਦਰ ਵੇਸ ਵਟਾਇਆ । ਪੰਜ ਤੱਤ ਵਿਕਾਰਾ ਭਰ, ਹਉਮੇ ਗੜ੍ਹ ਸੁਹਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਫੜਾਇਆ ਲੜ, ਆਸਾ ਤ੍ਰਿਸ਼ਨਾ ਲਏ ਪ੍ਰਨਾਇਆ । ਡੂੰਘੀ ਭਵਰੀ ਬੈਠਾ ਵੜ, ਦਿਸ ਕਿਸੇ ਨਾ ਆਇਆ । ਸੁਖਮਨ ਨਾੜੀ ਵੇਖੇ ਖੜ, ਹਰਿਜਨ ਸਾਚੇ ਰਾਹ ਤਕਾਇਆ । ਜਿਸ ਜਨ ਫੜਾਏ ਆਪਣਾ ਲੜ, ਆਪ ਆਪਣੀ ਦਇਆ ਕਮਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਾ ਕੋਈ ਸੀਸ ਨਾ ਕੋਈ ਧੜ, ਹਰ ਘਰ ਬੈਠਾ ਜੋਤ ਜਗਾਇਆ । ਅਗਨੀ ਹਵਨ ਨਾ ਜਾਏ ਸੜ, ਮਾਟੀ ਖ਼ਾਕ ਨਾ ਕੋਇ ਦਬਾਇਆ । ਜਗਤ ਵਿਦਿਆ ਨਾ ਰਿਹਾ ਪੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਿਰਗੁਣ ਜੋਤੀ ਨੂਰ ਉਜਾਲਾ, ਹਰਿ ਹਰਿ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਦੀਨ ਦਿਆਲਾ, ਆਦਿ ਪੁਰਖ ਖੇਲ ਖਿਲਾਇੰਦਾ । ਵਸੇ ਸਚ ਸੱਚੀ ਧਰਮਸਾਲਾ, ਛੱਪਰ ਛੰਨ ਨਾ ਕੋਇ ਸੁਹਾਇੰਦਾ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਇੰਦਾ । ਆਪੇ ਕਾਲ ਆਪੇ ਮਹਾਂਕਾਲਾ, ਪ੍ਰਿਤਪਾਲਾ ਆਪ ਅਖਵਾਇੰਦਾ । ਆਪੇ ਬਣੇ ਜੁਗ ਜੁਗੰਤ ਦਲਾਲਾ, ਲੋਕਮਾਤ ਵੇਸ ਵਟਾਇੰਦਾ । ਹਰਿਜਨ ਵੇਖੇ ਸਾਚੇ ਲਾਲਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਦੇਵੇ ਨਾਮ ਸੱਚਾ ਧਨ ਮਾਲਾ, ਸਚ ਖ਼ਜ਼ੀਨਾ ਇਕ ਵਖਾਇੰਦਾ । ਫਲ ਲਗਾਏ ਪੰਜ ਤੱਤ ਕਾਇਆ ਡਾਲਾ, ਅੰਮ੍ਰਿਤ ਮੇਵਾ ਮੁਖ ਖੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਾ ਗੁਰ, ਲੇਖਾ ਜਾਣੇ ਲਿਖਿਆ ਧੁਰ, ਦੂਸਰ ਕੋਇ ਭੇਵ ਨਾ ਪਾਇੰਦਾ । ਹਰਿ ਕਾ ਭੇਵ ਆਦਿ ਅਭੇਦਾ, ਅੰਤ ਕੋਇ ਨਾ ਪਾਈਆ । ਬ੍ਰਹਮਾ ਲਿਖ ਲਿਖ ਥੱਕਾ ਚਾਰੇ ਵੇਦਾ, ਗਣਤ ਗਣੀ ਨਾ ਜਾਈਆ । ਕੋਟਨ ਕੋਟ ਗਾ ਗਾ ਥੱਕੇ ਜਿਹਵਾ, ਜਿਹਵਾ ਗੁਣ ਨਾ ਕੋਇ ਵਖਾਈਆ । ਪਾਰਬ੍ਰਹਮ ਪ੍ਰਭ ਅਲੱਖ ਅਭੇਵਾ, ਅਲੱਖ ਅਗੋਚਰ ਭੇਵ ਨਾ ਰਾਈਆ । ਆਦਿ ਸ਼ਕਤ ਵਡ ਦੇਵੀ ਦੇਵਾ, ਦੇਵ ਆਤਮਾ ਰੂਪ ਵਟਾਈਆ । ਆਪੇ ਜਾਣੇ ਆਪਣੀ ਸੇਵਾ, ਨਿਰਗੁਣ ਸਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਰਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਪੁਰਖ ਅਕਾਲ ਕਰਾਇੰਦਾ । ਅਜੂਨੀ ਰਹਿਤ ਨਿਰਗੁਣ ਧਾਰ, ਮਾਤ ਗਰਭ ਫੇਰਾ ਨਾ ਪਾਇੰਦਾ । ਅਕਾਲ ਮੂਰਤ ਨੂਰ ਅਪਾਰ, ਨੂਰੋ ਨੂਰ ਨੂਰ ਸਮਾਇੰਦਾ । ਨਿਰਭੈ ਵਸੇ ਆਪ ਕਰਤਾਰ, ਭੌ ਵਿਚ ਸਰਬ ਰਖਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਨਾਉਂ ਧਰਾਇੰਦਾ । ਆਪਣੇ ਨਾਉਂ ਕਰ ਜੈਕਾਰ, ਨਰ ਨਿਰੰਕਾਰਾ ਆਪ ਅਖਵਾਇੰਦਾ । ਵਸੇ ਨਗਰ ਖੇੜੇ ਸਚ ਗਰਾਉਂ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇੰਦਾ । ਸੰਤਨ ਮੀਤਾ ਕਰ ਪਿਆਰ, ਇਕ ਅਤੀਤਾ ਦਰਸ ਦਖਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਦਾਤਾ ਬੇਪਰਵਾਹ, ਏਕਾ ਏਕ ਓਅੰਕਾਰਿਆ । ਸਰਗੁਣ ਬਣੇ ਜਗਤ ਮਲਾਹ, ਗੁਰ ਗੁਰ ਰੂਪ ਵਟਾ ਰਿਹਾ । ਸ਼ਬਦ ਸਰੂਪੀ ਪਕੜੇ ਬਾਂਹ, ਨਾਮ ਨਾਮਾ ਲੜ ਫੜਾ ਰਿਹਾ । ਹਰਿਜਨ ਹੰਸ ਬਣਾਏ ਕਾਂ, ਮਾਣਕ ਮੋਤੀ ਚੋਗ ਚੁਗਾ ਰਿਹਾ । ਨਿਥਾਵਿਆਂ ਦੇਵੇ ਸਾਚਾ ਥਾਂ, ਸਤਿਗੁਰ ਪੂਰਾ ਆਪ ਅਖਵਾ ਰਿਹਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਜੁਗ ਜੁਗ ਬੇੜਾ ਆਪ ਤਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਵਛਲ ਵਛਲ ਗਿਰਧਾਰ, ਖੇਲੇ ਖੇਲ ਵਿਚ ਸੰਸਾਰ, ਸਗਲਾ ਸੰਗ ਆਪ ਨਿਭਾ ਰਿਹਾ । ਭਗਤਨ ਮੀਤਾ ਸਗਲਾ ਸੰਗ, ਹਰਿ ਹਰਿ ਆਪ ਨਿਭਾਈਆ । ਆਪੇ ਆਤਮ ਸੇਜਾ ਸੁੱਤਾ ਸਚ ਪਲੰਘ, ਘਰ ਘਰ ਵਿਚ ਆਸਣ ਲਾਈਆ । ਆਪੇ ਅਨਹਦ ਤਾਲ ਵਜਾਏ ਮਰਦੰਗ, ਪੰਚਮ ਸਖੀਆਂ ਰਾਗ ਅਲਾਈਆ । ਆਪੇ ਅੰਮ੍ਰਿਤ ਧਾਰਾ ਜਾਣੇ ਗੰਗ, ਨਿਝਰ ਝਿਰਨਾ ਆਪ ਝਿਰਾਈਆ । ਆਪੇ ਨੌ ਦੁਵਾਰੇ ਰਿਹਾ ਲੰਘ, ਟੇਢੀ ਬੰਕ ਪਾਰ ਕਰਾਈਆ । ਆਪੇ ਸੁਰਤੀ ਸ਼ਬਦੀ ਡੋਰੀ ਬੰਨ੍ਹੇ ਪਤੰਗ, ਅਕਾਸ਼ ਅਕਾਸ਼ ਆਪ ਉਡਾਈਆ । ਆਪੇ ਭਗਤਾਂ ਮੰਗੇ ਜੁਗ ਜੁਗ ਦਰ ਮੰਗ, ਦਰ ਦਰਵੇਸ਼ ਫੇਰੀ ਪਾਈਆ । ਕਾਇਆ ਚੋਲੀ ਚਾੜ੍ਹੇ ਮਜੀਠੀ ਰੰਗ, ਉਤਰ ਕਦੇ ਨਾ ਜਾਈਆ । ਕੱਟਣਹਾਰਾ ਭੁੱਖ ਨੰਗ, ਭੂਤ ਭਵਿਖਤ ਰਿਹਾ ਸਮਝਾਈਆ । ਅਸਵ ਘੋੜੇ ਕਸੇ ਤੰਗ, ਸ਼ਾਹ ਸਵਾਰ ਫੇਰਾ ਪਾਈਆ । ਲੋਆਂ ਪੁਰੀਆਂ ਆਪੇ ਲੰਘ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਨੌ ਖੰਡ ਪ੍ਰਿਥਮੀ ਵਜਾਏ ਮਰਦੰਗ, ਨਾਮ ਸਤਾਰ ਇਕ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਸਿਆ ਸਦਾ ਸੰਗ, ਸਗਲਾ ਸਾਥ ਆਪ ਰਖਾਈਆ । ਭਗਤਨ ਮੀਤਾ ਹਰਿ ਭਗਵੰਤ, ਹਰਿ ਸੱਜਣ ਸਚ ਤਰਾਇੰਦਾ । ਹਰਿਜਨ ਵੇਖੇ ਸਾਚੇ ਸੰਤ, ਜੁਗ ਜੁਗ ਮੇਲ ਮਿਲਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਆਤਮ ਸੇਜਾ ਸਚ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ, ਬਸੰਤ, ਨਾਮ ਰੰਗਨ ਇਕ ਰੰਗਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣਾ ਸ਼ਬਦ ਆਪਣਾ ਮੰਤ, ਆਪੇ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਆਪ ਅਖਵਾਇੰਦਾ । ਸ਼ਬਦ ਅਨਾਦੀ ਧੁਨ ਜੈਕਾਰਾ, ਹਰਿ ਸਾਚਾ ਸਚ ਉਪਜਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪ ਸੁਣਾਈਆ । ਆਪੇ ਗੁਪਤ ਆਪੇ ਜ਼ਾਹਰਾ, ਅੰਦਰ ਬਾਹਰ ਆਪ ਹੋ ਜਾਈਆ । ਆਪੇ ਵਸਿਆ ਅੰਧ ਅੰਧਿਆਰਾ, ਬੈਠਾ ਮੁਖ ਛੁਪਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਗੁਰ ਇਸ਼ਟ ਆਪ ਹੋ ਜਾਈਆ । ਪੁਰਖ ਅਬਿਨਾਸ਼ੀ ਪਾਏ ਸਾਰਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜਨ ਭਗਤਾਂ ਖੋਲ੍ਹੇ ਏਕਾ ਦਰ, ਆਪ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਜੁਗ ਜੁਗ ਕਰਦਾ ਆਇਆ । ਨਿਰਗੁਣ ਸਰਗੁਣ ਖੇਲ ਅਪਾਰਾ, ਨਿਰਗੁਣ ਸਰਗੁਣ ਨਾਉਂ ਧਰਾਇਆ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਤ੍ਰੇਤਾ ਆਪਣਾ ਵੇਸ ਵਟਾਇਆ । ਦੁਆਪਰ ਕਰਿਆ ਪਾਰ ਕਿਨਾਰਾ, ਭੇਵ ਕਿਸੇ ਨਾ ਆਇਆ । ਕਲਜੁਗ ਖੇਲੇ ਖੇਲ ਅਗੰਮ ਅਪਾਰਾ, ਆਪ ਆਪਣਾ ਨਾਉਂ ਧਰਾਇਆ । ਈਸਾ ਮੂਸਾ ਦਏ ਅਧਾਰਾ, ਏਕਾ ਕਲਮਾ ਨਬੀ ਸੁਣਾਇਆ । ਹੱਕ ਹਕੀਕਤ ਖੇਲ ਨਿਆਰਾ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਏਕਾ ਰੂਪ ਦਰਸਾਇਆ । ਆਪੇ ਵਸਿਆ ਸਚ ਮਹੱਲਾ, ਨੂਰੋ ਨੂਰ ਨੂਰ ਰੁਸ਼ਨਾਇਆ ।

ਬੇਐਬ ਖ਼ੁਦਾ ਪਕੜਿਆ ਪੱਲਾ, ਦਸਤਗੀਰ ਵੇਸ ਵਟਾਇਆ । ਆਪਣੀ ਜੋਤੀ ਆਪੇ ਰਲਾ, ਆਪਣਾ ਨਾਅਰਾ ਆਪੇ ਲਾਇਆ । ਮੁਕਾਮੇ ਹੱਕ ਫੜਿਆ ਪੱਲਾ, ਲਾਸ਼ਰੀਕ ਇਕ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਨਾਉਂ ਧਰ ਹਰਿ ਨਿਰੰਕਾਰ, ਆਪਣੀ ਕਲ ਵਰਤਾਇੰਦਾ । ਕਰੇ ਪਿਆਰ ਮੁਹੰਮਦੀ ਯਾਰ, ਚਾਰ ਯਾਰੀ ਵੇਖ ਵਖਾਇੰਦਾ । ਅੱਲਾ ਰਾਣੀ ਦਏ ਅਧਾਰ, ਏਕਾ ਹੁਕਮ ਸੁਣਾਇੰਦਾ । ਕਾਇਨਾਤ ਪਾਵੇ ਸਾਰ, ਚਾਰ ਕੁੰਟ ਸੇਵਾ ਲਾਇੰਦਾ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਏਕਾ ਹੱਟ ਵਖਾਇੰਦਾ । ਚੌਦਾਂ ਲੋਕਾਂ ਵਸਿਆ ਬਾਹਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਲਮਾ ਕਰ ਅਮਾਮ, ਦਹਿ ਦਿਸ਼ਾ ਵੇਖ ਵਖਾਇੰਦਾ । ਦਹਿ ਦਿਸ਼ਾ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਏਕਾ ਨਾਅਰਾ ਕਰ ਤਿਆਰ, ਏਕਾ ਸਬਕ ਪੜ੍ਹਾਈਆ । ਆਪੇ ਪਾਵਣਹਾਰਾ ਸਾਰ, ਆਪੇ ਵੇਖ ਵਖਾਈਆ । ਆਪੇ ਨਿਰਗੁਣ ਜੋਤੀ ਕਰ ਉਜਿਆਰ, ਨਾਨਕ ਨਾਮ ਵੱਜੀ ਵਧਾਈਆ । ਸਤਿਨਾਮ ਵਣਜ ਵਪਾਰ, ਚਾਰ ਵਰਨਾਂ ਰਿਹਾ ਕਰਾਈਆ । ਊਚ ਨੀਚ ਰਾਓ ਰੰਕ ਸੋਹੇ ਇਕ ਦੁਵਾਰ, ਰਾਜ ਰਾਜਾਨਾਂ ਏਕਾ ਧਾਮ ਬਹਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਨਾਮ ਖੰਡਾ ਹੱਥ ਉਠਾਈਆ । ਏਕਾ ਬਖ਼ਸ਼ੇ ਹਰਿ ਚਰਨ ਪਿਆਰ, ਗੁਰਮਤ ਇਕ ਸਮਝਾਈਆ । ਕਾਗਦ ਕਲਮ ਲਿਖ ਲਿਖ ਗਈ ਹਾਰ, ਮਸ ਬਨਾਸਪਤ ਰਹੀ ਸ਼ਰਮਾਈਆ । ਚੁੱਕੇ ਭਾਰ ਨਾ ਚੌਦਾਂ ਭਾਰ, ਭਾਗ ਆਪਣਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਨਾਨਕ ਨਿਰਗੁਣ ਨਾਉਂ ਰੱਖ, ਹਰਿ ਆਪਣੀ ਕਲ ਵਰਤਾਇੰਦਾ । ਸਰਗੁਣ ਰੂਪ ਹੋ ਪਰਤੱਖ, ਲੋਕਮਾਤ ਫੇਰਾ ਪਾਇੰਦਾ । ਗੁਰਮੁਖ ਸੱਜਣ ਲਏ ਰੱਖ, ਠੱਗ ਠਗੋਰੀ ਨਾ ਕੋਇ ਪਾਇੰਦਾ । ਜੂਠ ਝੂਠ ਪਾਏ ਨੱਥ, ਚਾਰੋਂ ਕੁੰਟ ਫਿਰਾਇੰਦਾ । ਮਿਲਿਆ ਮੇਲ ਪੁਰਖ ਸਮਰਥ, ਘਰ ਸਾਚਾ ਬੰਕ ਸੁਹਾਇੰਦਾ । ਹਰਿ ਕੀ ਮਹਿਮਾ ਕਥਨੀ ਅਕੱਥ, ਕਥ ਕਥਾ ਆਪ ਸੁਣਾਇੰਦਾ । ਕਲਜੁਗ ਉਪਜਾਇਆ ਸਾਚਾ ਰਥ, ਚਾਰ ਵਰਨਾਂ ਆਪ ਚੜ੍ਹਾਇੰਦਾ । ਲਹਿਣਾ ਦੇਣਾ ਚੁਕਾਇਆ ਤੀਰਥ ਅਠਸਠ, ਘਰ ਸਾਚਾ ਇਕ ਵਖਾਇੰਦਾ । ਏਕਾ ਪੂਜਾ ਏਕਾ ਪਾਠ, ਏਕਾ ਮੰਤਰ ਨਾਮ ਦ੍ਰਿੜ੍ਹਾਇੰਦਾ । ਏਕਾ ਧੀਰਜ ਏਕਾ ਸਤਿ, ਏਕਾ ਜਤ ਵਖਾਇੰਦਾ । ਏਕਾ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਜੋਤ ਜਗਾਏ ਨਿਤ ਨਵਿਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਕਰੇ ਸਾਚਾ ਹਿੱਤ, ਹਿੱਤਕਾਰੀ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰ, ਗੋਬਿੰਦ ਬੰਨ੍ਹੇ ਸਾਚੀ ਧਾਰ, ਪੁਰਖ ਅਕਾਲ ਮੀਤ ਮੁਰਾਰ, ਸੁੱਤ ਦੁਲਾਰਾ ਨਾਉਂ ਧਰਾਇੰਦਾ । ਸੁੱਤ ਦੁਲਾਰਾ ਗੁਰ ਗੋਬਿੰਦ, ਅਕਾਲ ਪੁਰਖ ਵੱਡੀ ਵਡਿਆਈਆ । ਪਰਗਟ ਹੋਇਆ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਆਪੇ ਮੇਟੇ ਸਗਲੀ ਚਿੰਦ, ਹਉਮੇ ਹੰਗਤਾ ਰੋਗ ਗਵਾਈਆ । ਗੁਰਸਿਖ ਉਪਜਾਏ ਆਪਣੀ ਬਿੰਦ, ਪੰਚਮ ਮੀਤਾ ਪੰਚਮ ਮੇਲ ਮਿਲਾਈਆ । ਅੰਮ੍ਰਿਤ ਧਾਰ ਦੇਵੇ ਸਾਗਰ ਸਿੰਧ, ਨਾਮ ਖੰਡੇ ਪੌਹਲ ਛਕਾਈਆ । ਸਿੰਘਾਂ ਮੇਟੀ ਸਗਲੀ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਪ ਆਪਣੀ ਬੂਝ ਬੁਝਾਈਆ । ਗੋਬਿੰਦ ਮੇਲਾ ਹਰਿ ਕਰਤਾਰ, ਹਰਿ ਹਰਿ ਵਿਚ ਆਪ ਸਮਾਇੰਦਾ । ਇਕ ਸੁਹਾਇਆ ਬੰਕ ਦੁਵਾਰ, ਗੁਰ ਦਰ ਮੰਦਰ ਸੋਭਾ ਪਾਇੰਦਾ । ਨਿਰਗੁਣ

ਜੋਤੀ ਅਗੰਮ ਅਪਾਰ, ਦਿਵਸ ਰੈਣ ਡਗਮਗਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਠਾਕਰ ਕਰਤਾ ਆਪ ਪਿਆਇੰਦਾ । ਮੇਲ ਮਿਲਾਵਾ ਕਲਜੁਗ ਧਾਰ, ਕੂੜਾ ਬੰਧਨ ਤੋੜ ਤੁੜਾਇੰਦਾ । ਸਾਚਾ ਸੱਜਣ ਮੀਤ ਮੁਰਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਤੇਰਾ ਰੂਪ ਅਪਰ ਅਪਾਰ, ਹਰਿ ਹਰਿ ਰੰਗ ਰੰਗਾਇੰਦਾ । ਕਲਜੁਗ ਅੰਤਮ ਕਰਨਾ ਪਾਰ, ਬੇੜਾ ਤੇਰੇ ਹੱਥ ਫੜਾਇੰਦਾ । ਗੁਰ ਗੋਬਿੰਦ ਬਣ ਲਿਖਾਰ, ਸਿੰਘ ਸਿੰਘ ਇਹ ਫ਼ਰਮਾਇੰਦਾ । ਕਲਜੁਗ ਅੰਤਮ ਹੋਣੇ ਵਿਭਚਾਰ, ਨਾਰੀ ਕੰਤ ਨਾ ਕੋਇ ਹੰਢਾਇੰਦਾ । ਨਾ ਕੋਈ ਦੀਸੇ ਸਚ ਸਿਕਦਾਰ, ਰਾਜ ਰਾਜਾਨਾ ਨਾ ਕੋਇ ਅਖਵਾਇੰਦਾ । ਮਾਤ ਪਿਤ ਨਾ ਕੋਇ ਪਿਆਰ, ਧੀ ਭੈਣ ਨਾ ਕੋਇ ਬਣਾਇੰਦਾ । ਨਾ ਕੋਈ ਸੱਜਣ ਦਿਸੇ ਵਿਚ ਸੰਸਾਰ, ਠਗ ਚੋਰ ਯਾਰ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਆਪੇ ਲੇਖਾ ਲੇਖ ਲਿਖਾਇੰਦਾ । ਲੇਖਾ ਲਿਖਿਆ ਸਾਚਾ ਤੱਤ, ਸਤਿਗੁਰ ਹੱਥ ਵਡਿਆਈਆ । ਕਲਜੁਗ ਅੰਤਮ ਲੱਖ ਚੁਰਾਸੀ ਉਬਲੇ ਰਤ, ਧੀਰਜ ਧੀਰ ਨਾ ਕੋਇ ਧਰਾਈਆ । ਸਾਧਾਂ ਸੰਤਾਂ ਲੱਥੇ ਪਤ, ਸ੍ਰੀ ਭਗਵਾਨ ਨਾ ਕੋਇ ਮਿਲਾਈਆ । ਖੜਗ ਖੰਡਾ ਫੜ ਹੱਥ, ਸੂਰਬੀਰ ਨਾ ਕੋਇ ਅਖਵਾਈਆ । ਪੰਚ ਵਿਕਾਰਾ ਪਾਏ ਨੱਥ, ਜੀਵ ਜੰਤ ਹੋਏ ਹਲਕਾਈਆ । ਸ੍ਰਿਸ਼ਟ ਸਬਾਈ ਭੁੱਲੇ ਗੁਰ ਗੁਰਮਤ, ਮਨਮਤ ਕਰੇ ਲੜਾਈਆ । ਆਤਮ ਬੀਜ ਨਾ ਬੀਜੇ ਕੋਈ ਸਾਚੇ ਵਤ, ਨਾਮ ਬੀਜ ਨਾ ਕੋਇ ਬਿਜਾਈਆ । ਮਾਇਆਧਾਰੀ ਭਰਿਆ ਖਤ, ਝੂਠਾ ਵਣਜ ਕਰਾਈਆ । ਕਿਸੇ ਨਾ ਦਿਸੇ ਧੀਰਜ ਜਤ, ਸਤਿ ਸੰਤੋਖ ਨਾ ਕੋਇ ਰਖਾਈਆ । ਸਤਿਨਾਮ ਨਾ ਕਿਸੇ ਕੋਲ ਵਥ, ਨਾਨਕ ਨਾਮਾ ਗਿਆ ਸਮਝਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਵੇਖ ਵਖਾਈਆ । ਵੇਸਵਾ ਘਰ ਬਣੇ ਤੀਰਥ ਅਠਸਠ, ਧੀਆਂ ਭੈਣਾਂ ਰਹੇ ਤਕਾਈਆ । ਪੰਡਤ ਪਾਂਧਾ ਕੋਈ ਨਾ ਕਰੇ ਪੂਜਾ ਪਾਠ, ਜੂਠਾ ਝੂਠਾ ਮਸਤਕ ਤਿਲਕ ਲਗਾਈਆ । ਗੁਰ ਦਰ ਮੰਦਰ ਵੇਖੇ ਹਾਟ, ਗੁਰ ਕਾ ਨਾਉਂ ਹੱਟੋ ਹੱਟ ਵਿਕਾਈਆ । ਕੋਈ ਨਾ ਉਤਾਰੇ ਪੂਰੇ ਘਾਟ, ਘਰ ਘਰ ਬੈਠਣ ਧੂਣੀਆਂ ਲਾਈਆ । ਕਲਜੁਗ ਨੇੜੇ ਆਈ ਵਾਟ, ਏਕਾ ਢੱਯਾ ਵਿਚ ਰਖਾਈਆ । ਗੁਰ ਗੋਬਿੰਦ ਸਤਿਗੁਰ ਪੂਰਾ ਕਲਗੀ ਤੋੜਾ ਸੀਸ ਦਸਤਾਰ, ਨੀਲਾ ਨੀਲੀ ਧਾਰੋਂ ਕਰੇ ਬਾਹਰ, ਕਲਜੁਗ ਵੇਖੇ ਅੰਤਮ ਵਾਰ, ਚੌਥੇ ਜੁਗ ਚੌਥਾ ਪੌੜਾ ਪੂਤ ਸਪੂਤਾ ਬ੍ਰਹਿਮਣ ਗੌੜਾ, ਰੂਪ ਅਨੂਪ ਸ਼ਾਹੋ ਭੂਪ ਉਚਾ ਟਿੱਲਾ ਪਰਬਤ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਦਿ ਪੁਰਖ ਖੇਲ ਖਲਾਈਆ । ਆਦਿ ਪੁਰਖ ਹਰਿ ਖੇਲਣਹਾਰਾ, ਜੁਗ ਜੁਗ ਖੇਲ ਖਲਾਇੰਦਾ । ਨਾਨਕ ਨਿਰਗੁਣ ਲਿਆ ਅਵਤਾਰਾ, ਲੱਖ ਚੁਰਾਸੀ ਆਪ ਸਮਝਾਇੰਦਾ । ਗੁਰ ਗੋਬਿੰਦ ਸਚ ਭੰਡਾਰਾ, ਅੰਮ੍ਰਿਤ ਜਾਮ ਪਿਆਇੰਦਾ । ਲੇਖਾ ਲਿਖੇ ਲਿਖਣਹਾਰਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਲਹਿਣਾ ਦੇਣਾ ਚੁਕੇ ਸੰਗ ਮੁਹੰਮਦ ਚਾਰ ਯਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਚੌਦਾਂ ਲੋਕਾਂ ਦਏ ਅਧਾਰਾ, ਸਦੀ ਚੌਧਵੀਂ ਵੇਖ ਵਖਾਇੰਦਾ । ਪਰਗਟ ਹੋਏ ਹਰਿ ਕਰਤਾਰਾ, ਆਪ ਆਪਣਾ ਵੇਸ ਵਟਾਇੰਦਾ । ਨਿਹਕਲੰਕ ਨਾਉਂ ਜੈਕਾਰਾ, ਰੂਪ ਰੰਗ ਨਾ ਕੋਇ ਵਖਾਇੰਦਾ । ਏਕਾ ਜੋਤ ਨੂਰ ਕਰ ਉਜਿਆਰਾ, ਸ਼ਬਦੀ ਸ਼ਬਦ ਚਲਾਇੰਦਾ । ਸ਼ਬਦ ਗੁਰ ਗੋਬਿੰਦ ਮੀਤ ਮੁਰਾਰਾ, ਪੁਰਖ ਅਕਾਲ ਸੰਗ ਨਿਭਾਇੰਦਾ । ਸੰਬਲ ਨਗਰੀ ਵਸੇ ਧਾਮ ਨਿਆਰਾ, ਸਾਢੇ ਤਿੰਨ ਹੱਥ ਮਹੱਲ ਉਪਾਇੰਦਾ । ਆਪੇ ਘੜੇ ਭੰਨੇ ਹਰਿ ਘੜਣ ਭੰਨਣਹਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਆਪ

ਆਪਣਾ ਵੇਸ ਵਟਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਸਰਸਾ ਤੇਰੀ ਸਾਚੀ ਧਾਰਾ, ਗੋਬਿੰਦ ਲੇਖਾ ਆਪ ਜਣਾਇੰਦਾ । ਲੱਖ ਚੁਰਾਸੀ ਉਤਰੇ ਪਾਰਾ, ਜਿਸ ਜਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਮੀਤ ਮੁਰਾਰਾ, ਦੇਵੇ ਦਰਸ ਅਗੰਮ ਅਪਾਰ, ਸ ਵਛ ਸਰੂਪੀ ਰੂਪ ਵਟਾਇੰਦਾ । ਗੁਰਮੁਖ ਸੱਜਣ ਮੀਤ ਪਿਆਰਾ, ਗੁਰ ਸਤਿਗੁਰ ਸਾਚੇ ਭਾਇਆ । ਲੋਕਮਾਤ ਕਰੇ ਪਿਆਰਾ, ਲੱਖ ਚੁਰਾਸੀ ਵਿਚੋਂ ਵੇਖ ਵਖਾਇਆ । ਏਕਾ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇਆ । ਸਾਚਾ ਨਾਮ ਦੇਵੇ ਜਗਤ ਸਹਾਰਾ, ਅੰਦਰ ਮੰਦਰ ਆਪ ਸੁਹਾਇਆ । ਖੜਗ ਖੰਡਾ ਤੇਜ਼ ਕਟਾਰਾ, ਤਨ ਗਾਤਰੇ ਇਕ ਲਟਕਾਇਆ । ਪੰਚ ਵਿਕਾਰੇ ਮਾਰੇ ਮਾਰਾ, ਤਿੱਖੀ ਧਾਰ ਵਖਾਇਆ । ਜੂਠ ਝੂਠ ਪਾਰ ਕਿਨਾਰਾ, ਸਾਚੀ ਸਿਖਿਆ ਸਿਖ ਸਮਝਾਇਆ । ਗੁਰਮੁਖ ਸਾਚਾ ਸੁੱਤ ਦੁਲਾਰਾ, ਗੁਰ ਗੋਬਿੰਦ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਖੁਲ੍ਹਾਇਆ । ਸਚਖੰਡ ਦੁਵਾਰਾ ਆਪੇ ਖੋਲ੍ਹ, ਗੁਰਮੁਖਾਂ ਮੇਲ ਮਿਲੰਨਿਆ । ਸ਼ਬਦ ਅਗੰਮੀ ਆਪੇ ਬੋਲ, ਸਚ ਸੁਨੇਹੜਾ ਆਪ ਘਲੰਨਿਆ । ਕਾਇਆ ਮੰਦਰ ਸਾਚੇ ਅੰਦਰ ਅਨਹਦ ਵਜਾਏ ਸਾਚਾ ਢੋਲ, ਢੋਲਕ ਛੈਣਾ ਨਾ ਕੋਇ ਰਖੰਨਿਆ । ਆਪਣਾ ਪਰਦਾ ਆਪੇ ਖੋਲ੍ਹ, ਤੀਜੇ ਨੇਤਰ ਦਰਸ ਵਖੰਨਿਆ । ਗੁਰਮੁਖ ਮੱਖਣ ਲਏ ਵਿਰੋਲ, ਲੱਖ ਚੁਰਾਸੀ ਛਾਛ ਵਖੰਨਿਆ । ਆਪਣੇ ਤੋਲੇ ਸਾਚੇ ਤੋਲ, ਗੁਰ ਨਾਨਕ ਤੇਰਾਂ ਧਾਰ ਚਲੰਨਿਆ । ਸਤਿਗੁਰ ਪੂਰਾ ਆਦਿ ਜੁਗਾਦਿ ਰਹੇ ਅਡੋਲ, ਏਕਾ ਏਕ ਸ੍ਰੀ ਭਗਵੰਨਿਆ । ਕਲਜੁਗ ਅੰਤਮ ਜੂਠ ਝੂਠ ਕੱਢਣ ਆਇਆ ਪੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਬੇੜਾ ਬੰਨਿਆ । ਗੁਰਮੁਖ ਤੇਰਾ ਬੇੜਾ ਬੰਨ੍ਹ, ਗੁਰ ਸਤਿਗੁਰ ਭਾਰ ਉਠਾਇੰਦਾ । ਲੋਕਮਾਤ ਚੜ੍ਹਿਆ ਸਾਚਾ ਚੰਨ, ਦਰਗਹਿ ਸਾਚੀ ਆਪ ਸੁਹਾਇੰਦਾ । ਏਕਾ ਰਾਗ ਸੁਣਾਇਆ ਕੰਨ, ਰਾਗ ਰਾਗਨੀ ਮੁਖ ਸ਼ਰਮਾਇੰਦਾ । ਭਾਗ ਲਗਾਇਆ ਕਾਇਆ ਤਨ, ਆਤਮ ਬ੍ਰਹਮ ਜਣਾਇੰਦਾ । ਮਨ ਮਨੂਆ ਦਿਤਾ ਬੰਨ੍ਹ, ਦਹਿ ਦਿਸ਼ ਉਡਾਰੀ ਨਾ ਕੋਇ ਲਗਾਇੰਦਾ । ਮਤ ਮਤਵਾਲੀ ਦਿਤਾ ਡੰਨ, ਮਾਇਆ ਮਮਤਾ ਮੋਹ ਚੁਕਾਇੰਦਾ । ਬੁੱਧ ਬਬੇਕੀ ਕਹੇ ਧੰਨ ਧੰਨ ਧੰਨ ਗੁਰਸਿਖ ਧੰਨ, ਹਰਿ ਨਾਮਾ ਸਾਚਾ ਪਾਇੰਦਾ । ਜਨਣੀ ਜਣਿਆ ਸਾਚਾ ਜਨ, ਜਨ ਜਨਣੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਏਕਾ ਪੁਰਖ ਅਕਾਲ ਲੈਣਾ ਵਰ, ਦੂਜਾ ਦਰ ਨਾ ਕੋਇ ਵਖਾਇੰਦਾ । ਪੁਰਖ ਅਕਾਲ ਇਕ ਮਨੌਣਾ, ਸਤਿਗੁਰ ਸਿਖਿਆ ਸਚ ਸਮਝਾਈਆ । ਗੁਰ ਕਾ ਸ਼ਬਦ ਰਿਦੇ ਧਿਔਣਾ, ਅੰਤਰ ਹਰਿ ਲਿਵ ਲਾਈਆ । ਦੂਈ ਦਵੈਤੀ ਮੇਟ ਮਿਟੌਣਾ, ਏਕਾ ਰੰਗ ਰੰਗਾਈਆ । ਏਕਾ ਮੰਦਰ ਘਰ ਸੁਹੌਣਾ, ਦੂਜੇ ਸ਼ਬਦ ਹੋਏ ਕੁੜਮਾਈਆ । ਤੀਜਾ ਨੇਤਰ ਇਕ ਖੁਲੌਣਾ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਚੌਥੇ ਪਦ ਪਦ ਸਮੌਣਾ, ਘਰ ਚੌਥੇ ਵੱਜੇ ਵਧਾਈਆ । ਪੰਚਮ ਮੀਤਾ ਮੇਲ ਮਿਲੌਣਾ, ਪੰਚਮ ਮੋਹ ਚੁਕਾਈਆ । ਛੇਵਾਂ ਦਰ ਇਕ ਸੁਹੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਲੇਖੇ ਲੌਣਾ, ਲੇਖਾ ਲੇਖ ਰਹੇ ਨਾ ਰਾਈਆ । ਅੱਠਾਂ ਤੱਤਾਂ ਤੱਤ ਗਵੌਣਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਦਿਸ ਨਾ ਆਈਆ । ਨੌਂ ਦੁਵਾਰੇ ਪੰਧ ਮੁਕੌਣਾ, ਨੌਂ ਰਸ ਫਿਕੇ ਜਗਤ ਵਖਾਈਆ । ਦਸਮ ਦਵਾਰੀ ਕੁੰਡਾ ਲੌਹਣਾ, ਬਜ਼ਰ ਕਪਾਟੀ ਤੋੜ ਤੁੜਾਈਆ । ਆਤਮ ਸੇਜਾ ਸਾਚਾ

੮੨੬
੦੮

ਪਲੰਘ ਵਛੌਣਾ, ਫੂਲਨ ਬਰਖ਼ਾ ਏਕਾ ਲਾਈਆ । ਸੁਰਤ ਸਵਾਣੀ ਸਚ ਸ਼ਿੰਗਾਰ ਕਰੌਣਾ, ਸੋਲਾਂ ਇਛਿਆ ਪੂਰ ਕਰਾਈਆ । ਸੋਲਾਂ ਕਲੀਆਂ ਸੀਸ ਗੁੰਦੌਣਾ, ਨੇਤਰ ਨਾਮ ਕੱਜਲ ਏਕਾ ਪਾਈਆ । ਪ੍ਰੇਮ ਮਹਿੰਦੀ ਰੰਗ ਰੰਗੌਣਾ, ਸਾਚਾ ਸਗਨ ਮਨਾਈਆ । ਸਾਚੀ ਸਖੀਆਂ ਮਿਲ ਮਿਲ ਮੰਗਲ ਗੌਣਾ, ਪੰਚਮ ਮੇਲਾ ਸਹਿਜ ਸੁਭਾਈਆ । ਅਨੰਦ ਮੰਗਲ ਇਕ ਸੁਹੌਣਾ, ਪੁਰੀ ਅਨੰਦ ਵੇਖ ਵਖਾਈਆ । ਪਰਮਾਨੰਦ ਡੇਰਾ ਲੌਣਾ, ਪਰਮ ਪੁਰਖ ਮੇਲ ਮਿਲਾਵਾ ਸਾਚਾ ਮਾਹੀਆ । ਗੁਰਮੁਖ ਨਾਰੀ ਕੰਤ ਭਗਵੰਤ ਇਕ ਹੰਢੌਣਾ, ਦੁਹਾਗਣ ਬਣ ਦੂਸਰ ਸੇਜ ਨਾ ਕੋਇ ਹੰਢਾਈਆ । ਸਚਖੰਡ ਦੁਵਾਰਾ ਦਰ ਸੁਹੌਣਾ, ਦਰਦ ਦੁੱਖ ਭੈ ਭੰਜਨ, ਦੁੱਖ ਦਰਦ ਦਏ ਮਿਟਾਈਆ । ਸਾਚਾ ਸੱਜਣ ਇਕ ਅਖਵੌਣਾ, ਏਥੇ ਓਥੇ ਦੋ ਜਹਾਨਾਂ ਹੋਏ ਸਹਾਈਆ । ਸਿਰ ਸਮਰਥ ਹੱਥ ਟਿਕੌਣਾ, ਨਿਵਣ ਸੋ ਅੱਖਰ ਖ਼ਿਮਾ ਗ਼ਰੀਬੀ ਨਾਨਕ ਗੁਰ ਗਿਆ ਸਮਝਾਈਆ । ਕਲਜੁਗ ਅੰਤਮ ਨਿਰਗੁਣ ਜੋਤ ਨਿਹਕਲੰਕ ਮੇਲ ਮਿਲੌਣਾ, ਪੰਜ ਤੱਤ ਨਾ ਕੋਇ ਵਖਾਈਆ । ਬੀਸ ਬੀਸਾ ਹਰਿ ਜਗਦੀਸ਼ਾ ਦਰ ਘਰ ਸਾਚੇ ਸੋਭਾ ਪੌਣਾ, ਸੋ ਪੁਰਖ ਨਿਰੰਜਣ ਨਾਉਂ ਧਰਾਈਆ । ਹੰ ਬ੍ਰਹਮ ਬ੍ਰਹਮ ਰੰਗ ਰੰਗੌਣਾ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਜੁਗ ਸਾਚਾ ਮਾਰਗ ਲੌਣਾ, ਸੋਹੰ ਸ਼ਬਦ ਕਰੇ ਪੜ੍ਹਾਈਆ । ਚਾਰ ਵਰਨਾਂ ਏਕਾ ਰਸਨਾ ਗੌਣਾ, ਏਕਾ ਨਾਅਰਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਨਿਰਗੁਣ ਸਰਗੁਣ ਲਏ ਵਰ, ਜਗਤ ਜੰਜਾਲਾ ਚੁੱਕੇ ਡਰ, ਗੁਰ ਗੋਬਿੰਦ ਗੁਣੀ ਗਹਿੰਦ ਦਰਸ ਦਖਾਏ ਅੱਗੇ ਖੜ੍ਹ, ਆਪਣੇ ਪੌੜੇ ਆਪੇ ਚੜ੍ਹ, ਆਪ ਫੜਾਏ ਆਪਣਾ ਲੜ, ਲੋਕਮਾਤ ਮਾਰ ਝਾਤ, ਇਕ ਇਕਾਂਤ ਮੇਟੇ ਰੈਣ ਅੰਧੇਰੀ ਰਾਤ, ਗੁਰਮੁਖਾਂ ਦੇਵੇ ਸਾਚੀ ਦਾਤ, ਨਾਮ ਵਸਤ ਅਨਮੋਲ, ਨਾਨਕ ਕੰਡੇ ਸਾਚੇ ਤੋਲ, ਆਤਮ ਝੋਲੀ ਆਪ ਭਰਾਈਆ । ਹਰਿ ਸੰਗਤ ਵਡ ਵਡਿਆਈ, ਹਰੀ ਹਰਿ ਹਰਿ ਹਰਿ ਵੱਡਾ ਪਾਇਆ । ਹਰਿ ਸ਼ਬਦ ਹੋਈ ਕੁੜਮਾਈ, ਸਗਲਾ ਬੰਧਨ ਤੋੜ ਤੁੜਾਇਆ । ਸਾਚੇ ਘਰ ਵੱਜੀ ਵਧਾਈ, ਘਰ ਮੰਗਲ ਏਕਾ ਗਾਇਆ । ਸਤਿਗੁਰ ਮੇਲਾ ਚਾਈਂ ਚਾਈਂ, ਚਾਤਰਕ ਤ੍ਰਿਖਾ ਰਿਹਾ ਬੁਝਾਇਆ । ਅੰਤਮ ਪਾਰ ਕਰਾਏ ਫੜ ਫੜ ਬਾਹੀਂ, ਗੁਰਮੁਖ ਸੱਜਣ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਅੰਗ ਸੰਗ ਸੰਗ ਅੰਗ ਅੰਗੀਕਾਰ ਆਪ ਅਖਵਾਇਆ ।

### ੧੩ ਸਾਵਣ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਘਰ ਦਇਆ ਹੋਈ ਪਿੰਡ ਪਿਪਲੀ ਜ਼ਿਲਾ ਫ਼ਿਰੋਜ਼ਪੁਰ

ਅਬਿਨਾਸ਼ੀ ਕਰਤਾ ਹਰਿ ਮਿਹਰਵਾਨ, ਆਦਿ ਜੁਗਾਦੀ ਏਕ ਓਅੰਕਾਰਿਆ । ਨਿਰਗੁਣ ਰੂਪ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਭੇਵ ਨਿਆਰਿਆ । ਆਦਿ ਨਿਰੰਜਣ ਖੇਲ ਮਹਾਨ, ਜੋਤੀ ਨੂਰ ਡਗਮਗਾ ਰਿਹਾ । ਸ਼ਾਹੋ ਭੂਪ ਸਚ ਸੁਲਤਾਨ, ਰਾਜ ਰਾਜਾਨ ਇਕ ਅਖਵਾ ਰਿਹਾ । ਵਸਣਹਾਰਾ ਸਚ ਮਕਾਨ, ਇਕ ਇਕੱਲਾ ਵੇਸ ਵਟਾ ਰਿਹਾ । ਨਾ ਕੋਈ ਦੂਸਰ ਦਿਸੇ ਥਾਨ, ਨਾ ਕੋਈ ਰਚਨ ਰਚਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾ ਲਿਆ । ਏਕ ਓਅੰਕਾਰਾ ਹਰਿ ਨਿਰੰਕਾਰਾ, ਆਦਿ ਜੁਗਾਦਿ ਸਮਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤ ਕਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਵਸੇ ਘਰ ਸਚ ਮੁਨਾਰਾ, ਖੰਡ ਦੁਵਾਰਾ

ਇਕ ਸੁਹਾਇੰਦਾ । ਕਮਲਾਪਾਤੀ ਮੀਤ ਮੁਰਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਨਾਮ ਰਖਾਇਆ । ਆਪੇ ਚਲੇ ਆਪਣੀ ਚਾਲ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਨਾਉਂ ਰਖਾਇਆ । ਸਤਿ ਪੁਰਖ ਨਿਰੰਜਣ ਹਰਿ ਕਰਤਾਰਾ, ਹਰਿ ਹਰਿ ਵੱਡੀ ਵਡਿਆਈਆ । ਆਦਿ ਜੁਗਾਦੀ ਖੇਲ ਅਪਾਰਾ, ਜੁਗਾ ਜੁਗੰਤਰ ਵੇਸ ਵਟਾਈਆ । ਨਿਰਗੁਣ ਜੋਤੀ ਨੂਰ ਉਜਿਆਰਾ, ਨੂਰੋ ਨੂਰ ਨੂਰ ਸਮਾਈਆ । ਆਪ ਸੁਹਾਏ ਸਚਖੰਡ ਦਵਾਰਾ, ਥਿਰ ਘਰ ਬੈਠਾ ਬੇਪਰਵਾਹੀਆ । ਅਗੰਮ ਅਗੰਮੜੀ ਕਰੇ ਕਾਰਾ, ਅਗੰਮ ਅਗੰਮ ਆਪ ਅਖਵਾਈਆ । ਅਲੱਖ ਨਿਰੰਜਣ ਬੋਲ ਜੈਕਾਰਾ, ਆਪਣੀ ਅਲੱਖ ਜਗਾਈਆ । ਆਪ ਸੁਹਾਏ ਸਚ ਦੁਵਾਰਾ, ਬੰਕ ਦੁਵਾਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਵਖਾਈਆ । ਏਕਾ ਘਰ ਸਚ ਮਹੱਲਾ, ਹਰਿ ਸਾਚਾ ਸਚ ਉਪਜਾਇੰਦਾ । ਪੁਰਖ ਅਬਿਨਾਸ਼ੀ ਬੈਠ ਇਕੱਲਾ, ਏਕਓਅੰਕਾਰਾ ਨਾਉਂ ਧਰਾਇੰਦਾ । ਆਪਣੀ ਜੋਤੀ ਆਪੇ ਬਲਾ, ਆਪਣਾ ਦੀਪਕ ਆਪ ਜਗਾਇੰਦਾ । ਆਪਣਾ ਫੜੇ ਆਪੇ ਪੱਲਾ, ਆਪਣਾ ਮੇਲ ਮਿਲਾਇੰਦਾ । ਆਪੇ ਵਸੇ ਨਿਹਚਲ ਧਾਮ ਅਟੱਲਾ, ਉਚ ਮੁਨਾਰ ਨਿੰਰਕਾਰ ਨਿਰਾਕਾਰ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਅਨੇਕਾ ਅਨਕ ਕਲ ਧਾਰੀ ਆਪ ਕਰਾਇੰਦਾ । ਅਕਲ ਕਲ ਧਾਰੀ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਖੇਲੇ ਖੇਲ ਬੇਅੰਤ ਬੇਅੰਤ ਬੇਅੰਤ, ਬੇਪਰਵਾਹ ਭੇਵ ਨਾ ਰਾਈਆ । ਆਦਿ ਜੁਗਾਦੀ ਨਾਰੀ ਕੰਤ, ਕੰਤ ਕੰਤੂਹਲ ਆਪ ਅਖਵਾਈਆ । ਆਪ ਬਣਾਏ ਆਪਣੀ ਬਣਤ, ਆਪਣਾ ਲੇਖਾ ਆਪ ਬਣਾਈਆ । ਆਪੇ ਆਦਿ ਆਪੇ ਅੰਤ, ਨਿਰਗੁਣ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧ ਅਗਾਧ ਬੋਧ ਆਪ ਅਖਵਾਈਆ । ਪੁਰਖ ਨਿਰੰਜਣ ਬੇਪਰਵਾਹ, ਏਕਾ ਰੰਗ ਸਮਾਇੰਦਾ । ਆਪ ਉਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਰਖਾਇੰਦਾ । ਆਪੇ ਪਕੜੇ ਆਪਣੀ ਬਾਂਹ, ਆਪ ਆਪਣਾ ਸੰਗ ਨਿਭਾਇੰਦਾ । ਆਪੇ ਵਸੇ ਆਪਣੇ ਥਾਂ, ਥਾਨ ਥਨੰਤਰ ਇਕ ਵਖਾਇੰਦਾ । ਆਪੇ ਰੱਖੇ ਆਪਣੀ ਛਾਂ, ਸਮਰਥ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਅਕਾਲ ਮੂਰਤ, ਅਕਲ ਕਲਾ ਅਖਵਾਈਆ । ਨਿਰਗੁਣ ਸਾਚੀ ਸੂਰਤ, ਰੇਖ ਰੰਗ ਨਾ ਕੋਇ ਜਣਾਈਆ । ਆਦਿ ਜੁਗਾਦੀ ਹਾਜ਼ਰ ਹਜ਼ੂਰਤ, ਹਰ ਘਟ ਬੈਠਾ ਆਸਣ ਲਾਈਆ । ਆਪਣੀ ਆਸਾ ਮਨਸਾ ਆਪੇ ਪੂਰਤ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਆਪੇ ਨਾਦ ਅਨਾਦੀ ਸਾਚੀ ਤੂਰਤ, ਧੁਨੀ ਨਾਦ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਦੇਵੇ ਵਰ, ਵਰ ਘਰ ਸਾਚਾ ਏਕਾ ਸੋਭਾ ਪਾਈਆ । ਆਪੇ ਦੇਵਣਹਾਰਾ ਵਰ, ਆਪੇ ਮੰਗ ਮੰਗਾਈਆ । ਆਪੇ ਭਿਛਿਆ ਮੰਗੇ ਦਰ, ਆਪੇ ਝੋਲੀ ਪਾਈਆ । ਆਪੇ ਫੜਾਏ ਆਪਣਾ ਲੜ, ਆਪੇ ਪੱਲੂ ਗੰਢ ਵਖਾਈਆ । ਆਪੇ ਆਪਣੇ ਮੰਦਰ ਜਾਏ ਵੜ, ਥਿਰ ਘਰ ਸਾਚਾ ਆਪ ਸੁਹਾਈਆ । ਆਪੇ ਆਪਣਾ ਦਰਸ ਦਿਖਾਏ ਖੜ, ਨਿਰਗੁਣ ਨੂਰੋ ਨੂਰ ਡਗਮਗਾਈਆ । ਆਪੇ ਆਪਣੀ ਵਿਦਿਆ ਲਏ ਪੜ੍ਹ, ਨਾ ਕੋਈ ਦੂਸਰ ਕਰੇ ਪੜ੍ਹਾਈਆ । ਆਪੇ ਵੇਖੇ ਆਪਣਾ

ਗੜ੍ਹ, ਆਪੇ ਹੋਏ ਸਹਾਈਆ । ਆਪਣਾ ਘਾੜਣ ਆਪੇ ਘੜ, ਆਪੇ ਰਚਨ ਰਚਾਈਆ । ਆਪੇ ਚੋਟੀ ਆਪੇ ਜੜ੍ਹ, ਫਲ ਫੁੱਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸ਼ਾਹੋ ਭੂਪ ਸਤਿ ਸੁਲਤਾਨ ਹਰਿ ਮਿਹਰਵਾਨ, ਆਦਿ ਜੁਗਾਦੀ ਇਕ ਨਿਸ਼ਾਨ, ਏਕਓਅੰਕਾਰਾ ਕਰ ਤਿਆਰਾ, ਆਪਣਾ ਆਪ ਚਲਾਈਆ । ਸਚ ਨਿਸ਼ਾਨਾ ਸਚਖੰਡ, ਹਰਿ ਸਾਚਾ ਸਚ ਝੁਲਾਇੰਦਾ । ਪੁਰਖ ਅਬਿਨਾਸ਼ੀ ਵੰਡੀ ਵੰਡ, ਆਪ ਆਪਣੀ ਦਇਆ ਕਮਾਇੰਦਾ । ਸ਼ਬਦ ਸਰੂਪੀ ਖੇਲ ਬ੍ਰਹਿਮੰਡ, ਲੋਆਂ ਪੁਰੀਆਂ ਰਚਨ ਰਚਾਇੰਦਾ । ਆਪੇ ਵਸੇ ਜੇਰਜ ਅੰਡ, ਉਤਭੁਜ ਸੇਹਤਜ ਲੇਖੇ ਲਾਇੰਦਾ । ਆਪੇ ਪਰਕਾਸ਼ ਰਵ ਸਸ ਸੂਰਜ ਚੰਦ, ਮੰਡਲ ਮੰਡਪ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇੰਦਾ । ਥਿਰ ਘਰ ਵਸੇ ਸਚ ਮਹੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਆਪਣੇ ਦੀਪਕ ਆਪੇ ਬਲਾ, ਆਪਣੀ ਜੋਤ ਆਪ ਜਗਾਇੰਦਾ । ਆਪਣਾ ਸ਼ਬਦ ਸਚ ਸੁਨੇਹੁੜਾ ਆਪੇ ਘੱਲਾ, ਆਪੇ ਨਾਮ ਦ੍ਰਿੜਾਇੰਦਾ । ਆਪੇ ਕਰੇ ਵਲ ਛਲਾ, ਅਛਲ ਛਲ ਧਾਰੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ, ਖੇਲ ਆਪਣਾ ਆਪ ਖਲਾਇੰਦਾ । ਪੁਰਖ ਅਬਿਨਾਸ਼ੀ ਖੇਲ ਖਲੰਦੜਾ, ਪਾਰਬ੍ਰਹਮ ਗੁਰ ਕਰਤਾਰ । ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗੰਦੜਾ, ਦੇਵੇ ਨਾਮ ਅਧਾਰ । ਤ੍ਰੈਗੁਣ ਮਾਇਆ ਵੇਸ ਵਟੰਦੜਾ, ਪੰਜ ਤੱਤ ਕਰੇ ਪਿਆਰ । ਲੱਖ ਚੁਰਾਸੀ ਲੇਖ ਲਖੰਦੜਾ, ਲੇਖਾ ਜਾਣੇ ਅਗੰਮ ਅਪਾਰ । ਘਟ ਘਟ ਅੰਦਰ ਜੋਤ ਜਗੰਦੜਾ, ਨਿਰਗੁਣ ਦੀਆ ਕਰ ਉਜਿਆਰ । ਘਰ ਘਰ ਵਿਚ ਆਪ ਵਖੰਦੜਾ, ਆਪ ਆਪਣੀ ਕਿਰਪਾ ਧਾਰ, ਲੋਕਮਾਤ ਵੇਸ ਵਟੰਦੜਾ, ਨਿਰਗੁਣ ਸਰਗੁਣ ਲੈ ਅਵਤਾਰ । ਹਰਿਜਨ ਸਾਚੇ ਮੇਲ ਮਿਲੰਦੜਾ, ਦੇਵੇ ਸ਼ਬਦ ਨਾਮ ਅਧਾਰ । ਕੂੜਾ ਨਾਤਾ ਤੋੜ ਤੁੜੰਦੜਾ, ਸਚ ਸੁੱਚ ਕਰੇ ਵਰਤਾਰ । ਸਾਚੀ ਸਿਖਿਆ ਇਕ ਸਮਝੰਦੜਾ, ਗੁਰ ਮੰਤਰ ਨਾਮ ਪਿਆਰ । ਰਸਨਾ ਜਿਹਵਾ ਕਥਨੀ ਕਥਾ ਆਪ ਸੁਣੰਦੜਾ, ਆਪੇ ਗਾਏ ਗਾਵਣਹਾਰ । ਭੇਵ ਅਭੇਦਾ ਭੇਵ ਖੁਲੰਦੜਾ, ਦੂਈ ਦਵੈਤੀ ਪਰਦਾ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਉਜਿਆਰ । ਨਿਰਗੁਣ ਧਾਰ ਸਰਗੁਣ ਰੂਪ, ਲੋਕਮਾਤ ਵੱਜੇ ਵਧਾਈਆ । ਸਰਗੁਣ ਪਿਆਰ ਸਤਿ ਸਰੂਪ, ਸਾਚੇ ਸ਼ਬਦ ਕਰੇ ਕੁੜਮਾਈਆ । ਵੱਜੇ ਡੰਕਾ ਚਾਰੇ ਕੂਟ, ਦਹਿ ਦਿਸ਼ਾ ਦਏ ਉਠਾਈਆ । ਅੰਮ੍ਰਿਤ ਆਤਮ ਸੋਮਾ ਜਾਏ ਫੂਟ, ਨਿਝਰ ਧਾਰਾ ਮੁਖ ਚੁਆਈਆ । ਪੰਚ ਵਿਕਾਰ ਨਾ ਸਕੇ ਲੂਟ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਨਿਰਗੁਣ ਸਰਗੁਣ ਜਾਏ ਤੁਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕਉਂਕਾਰ, ਲੋਕਮਾਤੀ ਕਰ ਪਸਾਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਵੇਖਣਹਾਰਾ, ਨਿਰਗੁਣ ਨਾਉਂ ਧਰਾਇੰਦਾ । ਘਟ ਘਟ ਅੰਦਰ ਮਹੱਲ ਮੁਨਾਰਾ, ਆਪਣਾ ਆਪ ਸੁਹਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਅੰਧ ਅੰਧਿਆਰਾ ਮੇਟ ਮਿਟਾਇੰਦਾ । ਧੁਨ ਅਨਾਦ ਸੱਚੀ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਭਰ ਪਿਆਲਾ ਜਾਮ ਪਿਆਇੰਦਾ । ਸੰਤ ਸੁਹੇਲਾ ਹੋ ਉਜਿਆਰਾ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਚੇਲਾ ਗੁਰ ਕਰ ਪਿਆਰਾ, ਏਕਾ ਦਰ ਵਖਾਇੰਦਾ । ਸਾਚਾ ਭਰੇ ਨਾਮ ਭੰਡਾਰਾ, ਆਪਣੀ ਭਿਛਿਆ ਆਪੇ ਪਾਇੰਦਾ । ਆਪ ਬਣਾਏ ਜਗਤ ਵਣਜਾਰਾ, ਏਕਾ ਵਣਜ ਕਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ ਖੇਲੇ ਖੇਲ ਸ੍ਰੀ ਭਗਵੰਤ, ਭਗਤ ਭਗਵਨ ਮੇਲ ਮਿਲਾਇੰਦਾ । ਭਗਵਨ ਮੀਤਾ ਹਰਿ ਭਗਤ, ਹਰਿਜਨ ਵੱਡੀ ਵਡਿਆਈਆ । ਲੇਖਾ ਜਾਣੇ ਆਦਿ ਸ਼ਕਤ, ਨਿਰਗੁਣ ਜੋਤ ਨੂਰ ਇਲਾਹੀਆ । ਜੁਗਾ ਜੁਗੰਤਰ ਖੇਲੇ ਖੇਲ ਆਪਣੇ ਵਕਤ, ਵੇਲਾ ਵਕਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਰਚਨਾ ਆਪ ਰਚਾਈਆ । ਜਗ ਰਚਨਾ ਹਰਿ ਆਪੇ ਰਚ, ਆਪੇ ਬਣਤ ਬਣਾਇੰਦਾ । ਆਪੇ ਨਿਰਗੁਣ ਸਰਗੁਣ ਸਤਿਗੁਰ ਸਚ, ਸਚ ਸਚ ਆਪ ਦ੍ਰਿੜਾਇੰਦਾ । ਆਪੇ ਵਸੇ ਪੰਜ ਤੱਤ ਕਾਇਆ ਮਾਟੀ ਕੱਚ, ਆਪੇ ਕੰਚਨ ਗੜ੍ਹ ਸੁਹਾਇੰਦਾ । ਆਪੇ ਨੌਂ ਦੁਵਾਰੇ ਰਿਹਾ ਨੱਚ, ਦਸਮ ਦਵਾਰੀ ਆਪੇ ਮੁਖ ਛੁਪਾਇੰਦਾ । ਆਪੇ ਗੁਰਮੁਖਾਂ ਹਿਰਦੇ ਜਾਏ ਰਚ, ਆਪਣੀ ਰਚਨਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਦਇਆਨਿਧ ਗਹਿਰ ਗੰਭੀਰ, ਸਾਗਰ ਸਿੰਧ ਆਪ ਅਖਵਾਇੰਦਾ । ਗਹਿਰ ਗੰਭੀਰ ਹਰਿ ਗੋਪਾਲ, ਭਗਵਨ ਭੇਵ ਨਾ ਰਾਈਆ । ਪਰਵਰਦਿਗਾਰ ਨੂਰੀ ਜੋਤ ਜਲਾਲ, ਨੂਰੋ ਨੂਰ ਡਗਮਗਾਈਆ । ਖੇਲੇ ਖੇਲ ਪੁਰਖ ਅਕਾਲ, ਅਜੂਨੀ ਰਹਿਤ ਵੱਡੀ ਵਡਿਆਈਆ । ਮੂਰਤ ਅਕਾਲ ਵਸੇ ਸਚ ਸੱਚੀ ਧਰਮਸਾਲ, ਦਰ ਘਰ ਸਾਚਾ ਇਕ ਸੁਹਾਈਆ । ਜੁਗ ਜੁਗ ਚਲਾਏ ਆਪਣੀ ਚਾਲ, ਵੇਦ ਕਤੇਬ ਭੇਵ ਨਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਫਲ ਲਗਾਇਆ ਆਪਣੇ ਡਾਲ, ਫਲ ਫੁਲਵਾੜੀ ਆਪ ਮਹਿਕਾਈਆ । ਆਪਣੀ ਘਾਲਣ ਆਪੇ ਰਿਹਾ ਘਾਲ, ਨਾ ਕੋਈ ਦੂਸਰ ਸੰਗ ਰਲਾਈਆ । ਚਾਰ ਕੁੰਟ ਦਹਿ ਦਿਸ਼ਾ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਗਗਨ ਪਤਾਲਾਂ ਚੌਦਾਂ ਤਬਕਾਂ ਵਜਾਏ ਆਪਣਾ ਤਾਲ, ਚੌਦਾਂ ਲੋਕਾਂ ਰਿਹਾ ਸੁਣਾਈਆ । ਸਤ ਸਰੋਵਰ ਮਾਰੇ ਇਕ ਉਛਾਲ, ਜੰਗਲ ਜੂਹ ਉਜਾੜ ਪਹਾੜ ਵੇਖਣਹਾਰਾ ਡੂੰਘਾ ਤਾਲ, ਅੰਧ ਘੋਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਸ਼ਬਦ ਬ੍ਰਹਿਮਾਦੀ ਜੁਗ ਜੁਗ ਆਪਣਾ ਨਾਉਂ ਧਰਾਈਆ । ਜੁਗ ਜੁਗ ਨਾਉਂ ਰੱਖ ਕਰਤਾਰਾ, ਆਪਣਾ ਵੇਸ ਵਟਾਇੰਦਾ । ਆਪਣੇ ਸ਼ਬਦ ਕਰੇ ਜੈਕਾਰਾ, ਲੋਕਮਾਤ ਸੁਣਾਇੰਦਾ । ਭਗਤਾਂ ਕਰਾਏ ਸਚ ਵਣਜ ਵਣਜਾਰਾ, ਸਾਚੀ ਵਸਤ ਝੋਲੀ ਪਾਇੰਦਾ । ਰੰਗਨ ਰੰਗੇ ਰੰਗ ਅਪਾਰਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਆਤਮ ਅੰਤਰ ਸਚ ਹੁਲਾਰਾ, ਆਤਮ ਬ੍ਰਹਮ ਜਣਾਇੰਦਾ । ਪਾਰਬ੍ਰਹਮ ਪ੍ਰਭ ਕੰਤ ਭਤਾਰਾ, ਸਾਚੀ ਸਖੀਆਂ ਕੰਤ ਮਿਲਾਇੰਦਾ । ਸੁਹਾਏ ਦਰ ਸੱਚਾ ਦਰਬਾਰਾ, ਮਹੱਲ ਅਟੱਲ ਇਕ ਵਖਾਇੰਦਾ । ਇਕ ਇਕੱਲਾ ਏਕਉਂਕਾਰਾ, ਨਿਰਗੁਣ ਰੂਪ ਆਸਣ ਲਾਇੰਦਾ । ਸਤਿ ਸਰੂਪੀ ਸਾਚੀ ਧਾਰਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਪਾਰਬ੍ਰਹਮ, ਪਰਮ ਪੁਰਖ ਵੱਡੀ ਵਡਿਆਈਆ । ਜੁਗਾ ਜੁੰਗਤਰ ਜਾਣੇ ਆਪਣਾ ਕੰਮ, ਕਰਨੀ ਕਰਤਾ ਨਾਉਂ ਰਖਾਈਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਰਚਨ ਰਚਾਈਆ । ਪੰਜ ਤੱਤ ਨਾ ਦਿਸੇ ਤਨ, ਤ੍ਰੈਗੁਣ ਮਾਇਆ ਨਾ ਸੰਗ ਰਖਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਬੇੜਾ ਰਿਹਾ ਬੰਨ੍ਹ, ਨਾ ਕੋਈ ਦੇਵੇ ਸੰਗ ਸਾਲਾਹੀਆ । ਨਾ ਕੋਈ ਰਾਗ ਸੁਣਾਏ ਕੰਨ, ਰਾਗ ਰਾਗਨੀ ਕੋਇ ਨਾ ਗਾਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਮੰਦਰ ਗੁਰਦਵਾਰ ਨਾ ਡੇਰਾ ਲਾਈਆ । ਨਾ ਕੋਈ ਜਨਨੀ ਜਣਿਆ ਜਨ, ਮਾਤ ਪਿਤ ਨਾ ਕੋਇ ਅਖਵਾਈਆ । ਨਾ ਕੋਈ ਘੜੇ ਨਾ ਦੇਵੇ ਭੰਨ, ਘੜਣ ਭੰਨਣਹਾਰ ਆਪ ਅਖਵਾਈਆ । ਨਾ ਕੋਈ ਸੂਰਜ ਨਾ ਕੋਈ

੮੩੦
੦੮

ਚੰਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਪਣੇ ਅੰਦਰ ਆਪੇ ਗਿਆ ਮੰਨ, ਆਪ ਆਪਣਾ ਮਤਾ ਪਕਾਈਆ । ਆਪੇ ਦੇਵਣਹਾਰਾ ਡੰਨ, ਆਪੇ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਲੈ ਅਵਤਾਰ, ਗੁਰ ਪੀਰ ਆਪ ਅਖਵਾਈਆ । ਆਪੇ ਗੁਰ ਆਪ ਅਵਤਾਰਾ, ਆਪੇ ਸੰਤ ਸਾਧ ਉਪਜਾਇੰਦਾ । ਆਪੇ ਨਾਮ ਆਪੇ ਸ਼ਬਦ ਭੰਡਾਰਾ, ਆਪੇ ਹਰਿ ਹਰਿ ਮਾਤ ਵਰਤਾਇੰਦਾ । ਆਪੇ ਭਗਤ ਭਗਵੰਤ ਕਰੇ ਪਿਆਰਾ, ਆਪੇ ਜੀਵ ਜੰਤ ਵੇਖ ਵਖਾਇੰਦਾ । ਆਪੇ ਆਦਿ ਕਰ ਪਸਾਰਾ, ਆਪੇ ਅੰਤ ਢਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਆਪੇ ਕਰੋੜ ਤੇਤੀਸਾ ਲੇਖੇ ਲਾਇੰਦਾ । ਆਪੇ ਲੱਖ ਚੁਰਾਸੀ ਕਰੇ ਵਿਚਾਰਾ, ਆਪੇ ਬੂਝ ਬੁਝਾਇੰਦਾ । ਗੁਰਮੁਖ ਵਿਰਲੇ ਦੇਵੇ ਨਾਮ ਅਧਾਰਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਗੁਰ ਅਖਵਾਇੰਦਾ । ਖੜਗ ਖੰਡਾ ਤੇਜ ਕਟਾਰਾ, ਸਾਚਾ ਨਾਉਂ ਹੱਥ ਉਠਾਇੰਦਾ । ਦੋ ਜਹਾਨਾਂ ਮਾਰੇ ਮਾਰਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਨੌ ਖੰਡ ਪ੍ਰਿਥਮੀ ਦਏ ਹੁਲਾਰਾ, ਸੱਤਾਂ ਦੀਪਾਂ ਆਪ ਜਗਾਇੰਦਾ । ਸ਼ਾਹ ਸੁਲਤਾਨਾਂ ਕਰੇ ਖਵਾਰਾ, ਰਾਜ ਰਾਜਾਨ ਨਾ ਕੋਇ ਅਖਵਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਨਿਰਧਨ ਸਰਧਨ ਰੂਪ ਕਰਤਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਆਪ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਮਾਤ ਧਰ, ਦਰ ਦਰਵੇਸ਼ ਨਾਉਂ ਰਖਾਇੰਦਾ । ਦਰ ਦਰਵੇਸ਼ ਹਰਿ ਭਗਵਾਨ, ਜੁਗ ਜੁਗ ਵੇਸ ਵਟਾਈਆ । ਜਨ ਭਗਤ ਦੁਵਾਰੇ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਖੇਲੇ ਖੇਲ ਪੁਰਖ ਸੁਲਤਾਨ, ਸਤਿਗੁਰ ਸਾਚਾ ਰੂਪ ਵਟਾਈਆ । ਆਪੇ ਰਾਮ ਰਮੱਯਾ ਹੋ ਮਿਹਰਵਾਨ, ਆਪੇ ਕਾਹਨਾ ਬੰਸਰੀ ਨਾਮ ਵਜਾਈਆ । ਆਪੇ ਸਤਿਜੁਗ ਹੋ ਪਰਧਾਨ, ਵਲ ਛਲ ਧਾਰੀ ਖੇਲ ਖਲਾਈਆ । ਆਪੇ ਕਲਜੁਗ ਹੋ ਮਿਹਰਵਾਨ, ਆਪਣੀ ਨੱਯਾ ਨਾਉਂ ਚਲਾਈਆ । ਆਪੇ ਜੂਠ ਝੂਠ ਕਰ ਪਰਧਾਨ, ਕੂੜੀ ਕਿਰਿਆ ਸੰਗ ਰਲਾਈਆ । ਨਾਲ ਰਲਾਏ ਪੰਜ ਸ਼ੈਤਾਨ, ਘਰ ਘਰ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਧੁਰ ਫ਼ਰਮਾਣਾ, ਹਰਿ ਹਰਿ ਆਪ ਸੁਣਾਇੰਦਾ । ਲੱਖ ਚੁਰਾਸੀ ਵੇਖੇ ਰਾਜਾ ਰਾਣਾ, ਜੀਆਂ ਜੰਤਾਂ ਫੋਲ ਫੁਲਾਇੰਦਾ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇੰਦਾ । ਜੀਵ ਜੰਤ ਸਾਧ ਸੰਤ ਬਾਲ ਅੰਞਾਣਾ, ਦੇ ਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਹਰਿ ਖੇਲ ਖਲੰਦੜਾ । ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟੰਦੜਾ । ਏਕਾ ਸ਼ਬਦ ਨਾਮ ਜੈਕਾਰ, ਏਕਾ ਢੋਲਾ ਆਪ ਸੁਣੰਦੜਾ । ਰਾਗਾਂ ਨਾਦਾਂ ਵਸਿਆ ਬਾਹਰ, ਆਪ ਆਪਣੀ ਖੋਜ ਖੁਜੰਦੜਾ । ਬੇਐਬ ਖ਼ੁਦਾਈ ਪਰਵਰਦਿਗਾਰ, ਨੂਰ ਇਲਾਹੀ ਨਾਉਂ ਰਖੰਦੜਾ । ਸਰਬ ਜੀਆਂ ਦਾ ਸਾਂਝਾ ਯਾਰ, ਦਰ ਦਰਵੇਸ਼ ਨਰ ਨਰੇਸ਼ ਵੇਸ ਵਟੰਦੜਾ । ਪੁਰਖ ਅਬਿਨਾਸ਼ੀ ਏਕਓਅੰਕਾਰ, ਆਪਣੀ ਕਲ ਆਪ ਵਰਤੰਦੜਾ । ਰਾਮ ਰੂਪ ਸਿਰਜਣਹਾਰ, ਸਾਚੀ ਜੋਤ ਇਕ ਜਗੰਦੜਾ । ਆਪੇ ਕਰੇ ਮੰਗਲਾਚਾਰ, ਸਾਚੀ ਸਖੀਆਂ ਵੇਸ ਵਟੰਦੜਾ, ਆਪੇ ਈਸਾ ਮੂਸਾ ਪਾਏ ਸਾਰ, ਸੰਗ ਮੁਹੰਮਦ ਚਾਰ ਯਾਰ, ਏਕਾ ਰੰਗ ਰਗੰਦੜਾ । ਆਪੇ ਨਾਨਕ ਗੋਬਿੰਦ ਬੰਨ੍ਹੇ

ਧਾਰ, ਪੁਰਖ ਅਕਾਲ ਮੇਲ ਮਿਲੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟੰਦੜਾ । ਜੋਤੀ ਜਾਮਾ ਹਰਿ ਹਰਿ ਪਾਇਆ, ਨਿਹਕਲੰਕ ਵੱਜੀ ਵਧਾਈਆ । ਕਲਜੁਗ ਵੇਲਾ ਅੰਤਮ ਆਇਆ, ਲੱਖ ਚੁਰਾਸੀ ਰਿਹਾ ਜਗਾਈਆ । ਬ੍ਰਹਮਾ ਵਿਸ਼ਨ ਆਪ ਉਠਾਇਆ, ਸ਼ਿਵ ਸ਼ੰਕਰ ਅੱਖ ਖੁਲ੍ਹਾਈਆ । ਕਰੋੜ ਤੇਤੀਸਾ ਦਏ ਹਿਲਾਇਆ, ਸੁਰਪਤ ਰਾਜਾ ਸੋਇਆ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਕਰ ਰੁਸ਼ਨਾਇਆ, ਏਕਾ ਜੋਤ ਕਰੇ ਰੁਸ਼ਨਾਈਆ । ਸ਼ਬਦ ਜੈਕਾਰਾ ਸੱਚਾ ਨਾਅਰਾ ਏਕਾ ਲਾਇਆ, ਚਾਰ ਵਰਨਾਂ ਕਰੇ ਪੜ੍ਹਾਈਆ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਰਹਿਣ ਨਾ ਪਾਇਆ, ਏਕਾ ਬ੍ਰਹਮ ਵਖਾਈਆ । ਕੂੜੀ ਕਿਰਿਆ ਪਰਦਾ ਦਏ ਮਿਟਾਇਆ, ਦੂਈ ਦਵੈਤੀ ਗੜ੍ਹ ਤੁੜਾਈਆ । ਸਾਚੀ ਸਿਖਿਆ ਇਕ ਸਮਝਾਇਆ, ਸਾਖਯਾਤ ਰੂਪ ਵਟਾਈਆ । ਸਤਿਜੁਗ ਸਾਚਾ ਆਪ ਹੰਢਾਇਆ, ਤ੍ਰੇਤੇ ਵੱਜੀ ਵਧਾਈਆ । ਦੁਵਾਪਰ ਤੇਰਾ ਪੰਧ ਮੁਕਾਇਆ, ਕਲਜੁਗ ਜੋਤ ਕਰੇ ਰੁਸ਼ਨਾਈਆ । ਗੋਬਿੰਦ ਮੇਲਾ ਮੇਲ ਮਿਲਾਇਆ, ਘਰ ਸਾਚੇ ਸੋਭਾ ਪਾਈਆ । ਪੁਰਖ ਅਕਾਲਾ ਵੇਸ ਵਟਾਇਆ, ਦੀਨ ਦਿਆਲਾ ਭੇਵ ਨਾ ਰਾਈਆ । ਜੋਤ ਜਵਾਲਾ ਵਿਚ ਸਮਾਇਆ, ਆਦਿ ਸ਼ਕਤ ਚਰਨਾਂ ਵਿਚ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅਕਲ ਕਲ ਧਾਰ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਕਲ ਵਰਤਾਏ, ਹਰਿ ਸਾਚੀ ਵਡ ਵਡਿਆਈਆ । ਜੂਠਾ ਝੂਠਾ ਹਉਮੇ ਹੰਗਤਾ ਪੰਜ ਤੱਤ ਵਿਕਾਰਾ ਮੋਹ ਚੁਕਾਏ, ਸਾਚੀ ਰੰਗਨ ਨਾਮ ਰੰਗਾਈਆ । ਏਕਾ ਸਿਖਿਆ ਏਕਾ ਭਿਛਿਆ ਨਾਮ ਅੱਖਰ ਵੱਖਰ ਆਪ ਪੜ੍ਹਾਏ, ਸੋ ਪੁਰਖ ਨਿਰੰਜਣ ਆਪਣਾ ਢੋਲਾ ਆਪੇ ਗਾਈਆ । ਹੰ ਬ੍ਰਹਮ ਪ੍ਰਭ ਮੇਲ ਮਿਲਾਏ, ਸੋਹੰ ਸ਼ਬਦ ਕਰੇ ਕੁੜਮਾਈਆ । ਜਪ ਤਪ ਨਾ ਕੋਇ ਕਰਾਏ, ਬ੍ਰਹਮ ਮਤ ਇਕ ਸਮਝਾਈਆ । ਗੰਗਾ ਗੋਦਾਵਰੀ ਨਾ ਕੋਈ ਨੁਹਾਵਣ ਜਾਏ, ਚਰਨ ਧੂੜ ਇਸ਼ਨਾਨ ਸਾਚਾ ਇਕ ਕਰਾਈਆ । ਅਠਸਠ ਨਾ ਫੇਰਾ ਪਾਏ, ਕਾਇਆ ਮੰਦਰ ਸਾਚੇ ਬੁੱਤ ਸਰ ਸਰੋਵਰ ਇਕ ਵਖਾਈਆ । ਪੂਜਾ ਪਾਠ ਨਾ ਕੋਇ ਰਖਾਏ, ਏਕਾ ਮੰਤਰ ਨਾਮ ਦ੍ਰਿੜਾਈਆ । ਸੋਹੰ ਸ਼ਬਦ ਜੋ ਜਨ ਰਸਨਾ ਗਾਏ, ਬ੍ਰਹਮ ਪਾਰਬ੍ਰਹਮ ਸਮਾਈਆ । ਕਲਜੁਗ ਬੇੜਾ ਪਾਰ ਕਰਾਏ, ਵੰਝ ਮੁਹਾਣਾ ਆਪਣੇ ਹੱਥ ਰਖਾਈਆ । ਧਰਮ ਰਾਏ ਨਾ ਦਏ ਸਜ਼ਾਏ, ਚਿਤਰ ਗੁਪਤ ਨਾ ਹਿਸਾਬ ਖੁਲ੍ਹਾਈਆ । ਲਾੜੀ ਮੌਤ ਨਾ ਅੰਤ ਪ੍ਰਨਾਏ, ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਗੁਰਮੁਖ ਸਾਚੇ ਆਪਣੀ ਗੋਦ ਉਠਾਈਆ । ਆਸਾ ਮਨਸਾ ਕਰੇ ਪੂਰਾ, ਸੰਸਾ ਰੋਗ ਗਵਾਈਆ । ਅਨਹਦ ਸ਼ਬਦ ਅਨਾਦੀ ਤੂਰਾ, ਤਨ ਮੰਦਰ ਦਏ ਸੁਣਾਈਆ । ਨਾਤਾ ਤੁਟੇ ਕੂੜੋ ਕੂੜਾ, ਘਰ ਸਚ ਹੋਏ ਕੁੜਮਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜਾ, ਕੌਸਤਕ ਮਣੀਆ ਮਸਤਕ ਟਿੱਕਾ ਏਕਾ ਲਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜੋ ਜਨ ਆਏ ਸਰਨਾਈਆ । ਕਾਇਆ ਰੰਗ ਚੜ੍ਹਾਏ ਗੂੜ੍ਹਾ, ਲੋਕਮਾਤ ਉਤਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਾਰਨਹਾਰ ਪੁਰਖ ਸਮਰਥ, ਹਰਿਜਨ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਈਆ । ਤਾਰਨਹਾਰ ਹਰਿ ਭਗਵਾਨ, ਏਕਾ ਏਕਓਅੰਕਾਰਿਆ । ਗੁਰਮੁਖ ਸਾਜਣ ਕਰੇ ਪਰਵਾਨ, ਬਖ਼ਸ਼ੇ ਚਰਨ ਦੁਵਾਰਿਆ । ਆਤਮ ਅੰਤਰ ਇਕ ਗਿਆਨ, ਏਕਾ ਬ੍ਰਹਮ ਜਣਾ ਰਿਹਾ । ਇਕ ਵਖਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਹੱਥ ਉਠਾ ਰਿਹਾ । ਹਿੰਦੂ ਮੁਸਲਮ ਸਿਖ ਈਸਾਈ ਪਾਏ ਏਕਾ ਆਣ, ਏਕਾ ਹੁਕਮ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,


੮੩੨ ੦੮

ਨਿਹਕਲੰਕ ਨਾਉਂ ਰਖਾ ਲਿਆ । ਨਿਹਕਲੰਕ ਨਾਉਂ ਨਿਰੰਕਾਰ, ਜੋਤੀ ਜੋਤ ਜਗਾਈਆ । ਸ਼ਬਦ ਡੰਕਾ ਅਪਰ ਅਪਾਰ, ਨੌ ਖੰਡ ਰਿਹਾ ਸੁਣਾਈਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੰਮਤ ਸੋਲਾਂ ਬੀਸ ਸਦ ਦਏ ਦੁਹਾਈਆ । ਪਰਦਾ ਉਹਲਾ ਦਏ ਉਤਾਰ, ਭੇਵ ਅਭੇਦਾ ਭੇਵ ਖੁਲ੍ਹਾਈਆ । ਬਦਲਿਆ ਚੋਲਾ ਨਰ ਨਿਰੰਕਾਰ, ਨਿਰਗੁਣ ਸਰਗੁਣ ਵਿਚ ਸਮਾਈਆ । ਬਣਿਆ ਤੋਲਾ ਵਿਚ ਸੰਸਾਰ, ਲੱਖ ਚੁਰਾਸੀ ਆਪਣੇ ਕੰਡੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਪ ਆਪਣਾ ਰੂਪ ਵਟਾਈਆ । ਰੂਪ ਵਟੰਦੜਾ ਪੁਰਖ ਅਕਾਲਾ, ਏਕਾ ਜੋਤ ਜਗਾਇੰਦਾ । ਖੇਲ ਖਲੰਦੜਾ ਦੀਨ ਦਿਆਲਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਇੰਦਾ । ਸੰਗ ਰਖਾਏ ਕਾਲ ਮਹਾਂਕਾਲਾ, ਅਕਲ ਕਲ ਆਪ ਵਰਤਾਇੰਦਾ । ਲੱਖ ਚੁਰਾਸੀ ਵੇਖੇ ਡਾਲ੍ਹਾ, ਫਲ ਫੁਲਵਾੜੀ ਫੋਲ ਫੁਲਾਇੰਦਾ । ਚਾਰੋਂ ਕੁੰਟ ਵਜਾਏ ਏਕਾ ਤਾਲਾ, ਕਾਲ ਨਗਾਰਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਫ਼ਰਮਾਣ, ਸ਼ਬਦ ਸਰੂਪੀ ਪਾਏ ਆਣ, ਆਪਣਾ ਹੁਕਮ ਸੁਣਾਇੰਦਾ । ਸਾਚਾ ਹੁਕਮ ਸੱਚੀ ਸਰਕਾਰ, ਵਿਸ਼ਨੂੰ ਵਿਸ਼ਨ ਜਣਾਈਆ । ਕਲਜੁਗ ਅੰਤਮ ਉਠ ਉਠ ਬਲ ਧਾਰ, ਤੇਰੀ ਸੇਵਾ ਸਾਚੀ ਲਾਈਆ । ਨਿਰਗੁਣ ਸਰਗੁਣ ਕਰ ਅਕਾਰ, ਕਰਤਾ ਕਰਨੀ ਰਿਹਾ ਕਮਾਈਆ । ਤੇਰਾ ਭਰਿਆ ਹਰਿ ਭੰਡਾਰ, ਤੇਰਾ ਦਰ ਸੁਹਾਈਆ । ਤੇਰੀ ਲੱਛਮੀ ਕਰੇ ਪਿਆਰ, ਲਾਲ ਬਸਤਰ ਭੂਸ਼ਨ ਰਹੀ ਸੁਹਾਈਆ । ਕਲਜੁਗ ਕੂੜਾ ਮਾਰੇ ਮਾਰ, ਸੱਤਾਂ ਦੀਪਾਂ ਵੇਖ ਵਖਾਈਆ । ਰੰਗਣ ਰੰਗ ਰੰਗ ਕਰਤਾਰ, ਹਰਿ ਆਪਣੀ ਆਪ ਰੰਗਾਈਆ । ਲੱਖਣ ਦੀਪ ਕਰ ਪਸਾਰ, ਆਪਣੀ ਕਲ ਰਿਹਾ ਵਰਤਾਈਆ । ਬ੍ਰਹਮਾ ਤੇਰੀ ਬ੍ਰਹਮ ਧਾਰ, ਕੰਚਨ ਗੜ੍ਹ ਵਖਾਈਆ । ਕੰਚਨ ਰੂਪ ਹਰਿ ਨਿਰੰਕਾਰ, ਆਪਣੀ ਜੋਤ ਕਰੇ ਰੁਸ਼ਨਾਈਆ । ਅਲੱਖ ਨਿਰੰਜਣ ਖੇਲ ਅਪਾਰ, ਏਕਾ ਨਾਅਰਾ ਰਿਹਾ ਸੁਣਾਈਆ । ਪੁਸ਼ਕਰ ਪਾਏ ਸਾਚੀ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਸੂਹਾ ਵੇਸ ਦਰ ਦਰਵੇਸ਼ ਕਰਤਾਰ, ਏਕਾ ਅਲਫ਼ੀ ਰਿਹਾ ਹੰਢਾਈਆ । ਕਰੌਂਚ ਕਰੇ ਖ਼ਬਰਦਾਰ, ਖੜਗ ਖੰਡਾ ਹੱਥ ਚਮਕਾਈਆ । ਦਿਸ ਨਾ ਆਏ ਵਿਚ ਸੰਸਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਾਏ ਵੰਡਾਂ ਅਪਰ ਅਪਾਰ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਪੁਸ਼ਕਰ ਕਰੇ ਇਕ ਪਿਆਰ, ਵੇਲਾ ਅੰਤਮ ਦਏ ਸਮਝਾਈਆ । ਥਿਰ ਨਾ ਦਿਸੇ ਕੋਇ ਸੰਸਾਰ, ਆਵਣ ਜਾਵਣ ਖੇਲ ਖਲਾਈਆ । ਸਚ ਸੁਹਾਏ ਬੰਕ ਦੁਵਾਰ, ਆਪਣੀ ਕਿਰਪਾ ਆਪ ਕਰਾਈਆ । ਸੁੰਨ ਸਮਾਧੀ ਆਇਆ ਬਾਹਰ, ਆਪ ਆਪਣਾ ਵੇਸ ਵਟਾਈਆ । ਪੰਜ ਤੱਤ ਕਰ ਪਸਾਰ, ਦਸਮ ਦੁਆਰੀ ਆਸਣ ਲਾਈਆ । ਚਿੱਟੀ ਧਾਰ ਹਰਿ ਨਿਰੰਕਾਰ, ਜੰਬੂ ਦੀਪ ਸੁਹਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵੇਸ ਵਟਾਈਆ । ਸਲਮਲ ਪੁਰਖ ਸਲਮਲ ਨਾਰ, ਸਲਮਲ ਨਾਰੀ ਕੰਤ ਭਤਾਰ, ਸਾਚੀ ਸੇਜਾ ਰਿਹਾ ਹੰਢਾਈਆ । ਪੀਲਾ ਵੇਸ ਸੱਚੀ ਸਰਕਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਲੋਕਮਾਤ ਬੰਨ੍ਹੇ ਧਾਰ, ਖੇਲੇ ਖੇਲ ਬੇਪਰਵਾਹੀਆ । ਨੀਲਾ ਨੀਲੀ ਧਾਰੋਂ ਕਰੇ ਪਾਰ, ਸਾਨ ਵੱਜੇ ਵਧਾਈਆ । ਸਖੀਆਂ ਗਾਇਣ ਮੰਗਲਾ ਚਾਰ, ਗੋਬਿੰਦ ਮਿਲਿਆ ਸਾਚਾ ਮਾਹੀਆ । ਮਨਮੁਖਾਂ ਦਰ ਦਰ ਹਾਹਾਕਾਰ, ਲੱਖ ਚੁਰਾਸੀ ਰਹੀ ਕੁਰਲਾਈਆ । ਸ੍ਰਿਸ਼ਟ ਸਬਾਈ ਨਾਰ ਵਿਭਚਾਰ, ਸਾਚਾ ਕੰਤ ਨਾ ਕੋਇ ਹੰਢਾਈਆ । ਹਉਮੇ ਹੰਗਤਾ ਗੜ੍ਹ ਹੰਕਾਰ, ਮਨਮਤ ਕਰੀ ਕੁੜਮਾਈਆ । ਆਸਾ ਤ੍ਰਿਸ਼ਨਾ ਕਰੇ ਖ਼ੁਵਾਰ, ਜਗਤ

੮੩੩
੦੮

ਤ੍ਰਿਸ਼ਨਾ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨ ਦੁਵਾਰੇ ਅੱਗੇ ਖੜ੍ਹ, ਸਵੱਛ ਸਰੂਪੀ ਰੂਪ ਵਟਾਈਆ । ਸਵਛ ਸਰੂਪੀ ਹਰਿ ਹਰਿ ਰੂਪ, ਆਪਣਾ ਵੇਖ ਵਖਾਇੰਦਾ । ਸਚ ਸੁਲਤਾਨਾਂ ਸ਼ਾਹੋ ਭੂਪ, ਰਾਜ ਰਾਜਾਨਾਂ ਲੇਖ ਲਖਾਇੰਦਾ । ਵਸਣਹਾਰਾ ਚਾਰੇ ਕੂਟ, ਨੌ ਖੰਡ ਫੇਰਾ ਪਾਇੰਦਾ । ਲਹਿਣਾ ਦੇਣਾ ਚੁਕਾਏ ਜੂਠ ਝੂਠ, ਭੇਖ ਪਖੰਡ ਮੇਟ ਮਿਟਾਇੰਦਾ । ਗੁਰਮੁਖਾਂ ਉਪਰ ਆਪੇ ਜਾਏ ਤੁਠ, ਆਪ ਆਪਣੀ ਸੇਵਾ ਲਾਇੰਦਾ । ਅੰਮ੍ਰਿਤ ਦੇਵੇ ਆਤਮ ਘੁੱਟ, ਨਿਝਰ ਝਿਰਨਾ ਆਪ ਝਿਰਾਇੰਦਾ । ਸਚ ਸਰੋਵਰ ਸੋਮਾ ਰਿਹਾ ਫੁੱਟ, ਸਾਚੀ ਧਾਰਾ ਆਪ ਵਹਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਪੰਚਮ ਮੇਲ ਮਿਲਾਇੰਦਾ । ਸ਼ਬਦ ਅਣਯਾਲਾ ਤੀਰ ਰਿਹਾ ਛੁੱਟ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਸਾਚੇ ਮੰਦਰ ਪੋਹ ਰਹੀ ਫੁੱਟ, ਜੋਤ ਨਿਰੰਜਣ ਚੰਦ ਚੜ੍ਹਾਇੰਦਾ । ਗੁਰਮੁਖ ਉਧਾਰੇ ਵਿਚੋਂ ਕੋਟੀ ਕੋਟ, ਕੋਟ ਕੋਟਾਂ ਵਿਚੋਂ ਫੋਲ ਫੁਲਾਇੰਦਾ । ਜੀਵ ਜੰਤ ਸਾਧ ਸੰਤ ਆਹਲਣਿਉਂ ਡਿੱਗੇ ਬੋਟ, ਫੜ ਵਿਚ ਨਾ ਕੋਇ ਟਿਕਾਇੰਦਾ । ਜੂਠ ਝੂਠ ਬੰਨ੍ਹੀ ਤਨ ਲੰਗੋਟ, ਧੀਰਜ ਜਤ ਨਾ ਕੋਇ ਰਖਾਇੰਦਾ । ਭੰਗ ਪਿਆਲਾ ਪੀਤਾ ਘੋਟ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਇੰਦਾ । ਮਾਇਆ ਤ੍ਰਿਸ਼ਨਾ ਨਾ ਭਰੀ ਪੋਟ, ਦਰ ਦਰ ਮੰਗਣ ਭਿੱਖ ਕੋਇ ਨਾ ਪਾਇੰਦਾ । ਜਿਸ ਜਨ ਰੱਖੀ ਪੁਰਖ ਅਕਾਲ ਏਕਾ ਓਟ, ਗੁਰ ਗੋਬਿੰਦ ਮੇਲ ਮਿਲਾਇੰਦਾ । ਪਹਿਲਾਂ ਕੱਢੇ ਵਾਸਨਾ ਖੋਟ, ਦੂਜੀ ਸਿਖਿਆ ਸਿਖ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੱਜਣ ਸਾਚਾ ਮੀਤ ਮੁਰਾਰ, ਮੇਲ ਮਿਲਾਵਾ ਧੁਰ ਦਰਬਾਰ, ਘਰ ਸਾਚੇ ਸੋਭਾ ਪਾਇੰਦਾ । ਘਰ ਸੁਹੰਜਣਾ ਪੁਰਖ ਅਬਿਨਾਸ਼ਾ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਚਰਨ ਧੂੜ ਕਰਾਏ ਮਜਨਾ ਨਿਜ ਘਰ ਆਤਮ ਰੱਖੇ ਵਾਸਾ, ਪਾਰਬ੍ਰਹਮ ਵੱਡੀ ਵਡਿਆਈਆ । ਦੋ ਜਹਾਨੀ ਸਾਚਾ ਸੱਜਣਾ ਚਰਨ ਕਵਲ ਦਏ ਭਰਵਾਸਾ, ਦੂਜਾ ਦਰ ਨਾ ਕੋਇ ਵਖਾਈਆ । ਅੰਤਮ ਹਰਿਜਨ ਪਰਦਾ ਕੱਜਣਾ ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਈਆ । ਗੁਰਮੁਖ ਵਿਰਲਾ ਗਾਏ ਰਸਨ ਸਵਾਸਾ, ਜਿਸ ਜਨ ਆਪਣੀ ਸੇਵਾ ਲਾਈਆ । ਹੰ ਬ੍ਰਹਮ ਪ੍ਰਭ ਕਰ ਕਰ ਵਾਸਾ, ਸੋਇਮ ਰੂਪ ਦਰਸਾਈਆ । ਸੋਹੰ ਸ਼ਬਦ ਪ੍ਰਿਥਮੀ ਅਕਾਸ਼ਾ, ਆਦਿ ਜੁਗਾਦਿ ਸਮਾਈਆ । ਬ੍ਰਹਮ ਪਾਰਬ੍ਰਹਮ ਨਾ ਕਦੇ ਵਿਨਾਸਾ, ਪਾਰਬ੍ਰਹਮ ਬ੍ਰਹਮ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਕਰੇ ਪੜ੍ਹਾਈਆ । ਗੁਰਸਿਖ ਤੇਰੀ ਸਾਚੀ ਸਿਕ, ਹਰਿ ਸਤਿਗੁਰ ਆਪ ਰਖਾਈਆ । ਪਹਿਲਾ ਲੇਖ ਆਪੇ ਲਿਖ, ਦੂਜੇ ਲਏ ਮਿਲਾਈਆ । ਤੀਜੇ ਨੇਤਰ ਲੈਣਾ ਪੇਖ, ਚੌਥੇ ਪਦ ਸਮਾਈਆ । ਪੰਚਮ ਮੇਲਾ ਨਰ ਨਰੇਸ਼, ਛੇਵੇਂ ਦਰ ਵੱਜੇ ਵਧਾਈਆ । ਸਤਵੇਂ ਸਤਿ ਪੁਰਖ ਨਿਰੰਜਣ ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਅੱਠਾਂ ਤੱਤਾਂ ਦਏ ਇਕ ਆਦੇਸ, ਏਕਾ ਮਤ ਸਮਝਾਈਆ । ਨੌ ਦਰ ਨਾ ਬਣਨਾ ਦਰ ਦਰਵੇਸ, ਜੂਠੀ ਝੂਠੀ ਨਾ ਮੰਗ ਮੰਗਾਈਆ । ਏਕਾ ਮੇਲਾ ਸ੍ਰੀ ਦਸਮੇਸ਼, ਘਰ ਦਸਵੇਂ ਵੇਖ ਵਖਾਈਆ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਗੁਰਮੁਖ ਸਾਚੇ ਤੈਨੂੰ ਨਿਉਂ ਨਿਉਂ ਸੀਸ ਝੁਕਾਈਆ । ਪਾਬਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਧਾਰੇ ਆਪਣਾ ਵੇਸ, ਵਡ ਦਾਤਾ ਬੇਪਰਵਾਹੀਆ । ਸਚਖੰਡ ਸੁਹਾਏ ਸਾਚਾ ਦੇਸ, ਲੋਕਮਾਤ ਚਰਨ ਕਵਲ ਇਕ ਵਖਾਈਆ । ਆਪੇ ਮੇਟੇ ਜੁਗਾ ਜੁਗੰਤਰ ਪਿਛਲੀ ਰੇਖ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਕਿਸੇ ਨਾ ਚਲੇ ਕੋਈ ਪੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੇ ਮਿਲਣ ਦੀ ਸਾਚੀ ਬਿਧ, ਆਪੇ

ਆਪ ਕਰਾਈਆ । ਗੁਰਮੁਖ ਤੇਰੇ ਮਿਲਣ ਦੀ ਪਿਆਸ, ਹਰਿ ਜੀ ਆਦਿ ਜੁਗਾਦਿ ਰਖਾਇੰਦਾ । ਲੋਕਮਾਤ ਹੋਵੇ ਦਾਸੀ ਦਾਸ, ਸੇਵਕ ਸੇਵਾ ਸੇਵ ਕਮਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਮੰਡਲ ਮੰਡਪ ਫੇਰਾ ਪਾਇੰਦਾ । ਗੁਰਸਿਖ ਤੇਰੀ ਕਾਇਆ ਮੰਦਰ ਪਾਵਣਹਾਰਾ ਸਾਚੀ ਰਾਸ, ਗੋਪੀ ਕਾਹਨ ਘਰ ਨਚਾਇੰਦਾ । ਕਲਜੁਗ ਅੰਤਮ ਪੂਰੀ ਕਰੇ ਆਸ, ਤਰੇਤਾ ਸਤਿਜੁਗ ਦੁਵਾਪਰ ਵਿਛੜੇ ਘਰ ਸਾਚੇ ਮੇਲ ਮਿਲਾਇੰਦਾ । ਸਾਚਾ ਮੇਲਾ ਕਲਜੁਗ ਵਿਚ ਪਰਭਾਸ, ਜਗਤ ਜੂਹ ਜੰਗਲ ਉਜਾੜ ਪਹਾੜ ਅੰਧ ਅੰਧੇਰਾ ਸਰਬ ਵਖਾਇੰਦਾ । ਸਾਚਾ ਦੀਪਕ ਕਰ ਪਰਕਾਸ਼, ਗੁਰਮੁਖ ਸਾਚੇ ਆਪ ਜਗਾਇੰਦਾ । ਏਕਾ ਦੇਵੇ ਧੁਰ ਧਰਵਾਸ, ਧੁਰ ਸੰਜੋਗੀ ਮੇਲ ਮਿਲਾਇੰਦਾ । ਦਰ ਆਇਆ ਨਾ ਜਾਏ ਨਿਰਾਸ, ਜੋ ਨਿਉਂ ਨਿਉਂ ਸੀਸ ਝੁਕਾਇੰਦਾ । ਸਤਿਗੁਰ ਪੂਰਾ ਅੰਦਰ ਰੱਖੇ ਵਾਸ, ਆਪਣੀ ਸਿਖਿਆ ਆਪ ਸਮਝਾਇੰਦਾ । ਸਦਾ ਸੁਹੇਲਾ ਵਸੇ ਪਾਸ, ਚਿੰਤਾ ਰੋਗ ਜਗਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਰਾਹ ਤਕਾਇੰਦਾ । ਗੁਰਸਿਖ ਤੇਰਾ ਤੱਕੇ ਰਾਹ, ਗੁਰ ਸਤਿਗੁਰ ਨੈਣ ਉਠਾਈਆ । ਗੁਰਮੁਖ ਬਣਿਆ ਜਗਤ ਮਲਾਹ, ਜੀਵਾਂ ਜੰਤਾਂ ਰਾਹ ਦਸਾਈਆ । ਗੁਰਮੁਖ ਦੇਵੇ ਸਚ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਗੁਰਮੁਖ ਤੇਰੀ ਪਕੜੇ ਹਰਿ ਹਰਿ ਬਾਂਹ, ਜਗਤ ਵਿਛੋੜਾ ਪੰਧ ਕਟਾਈਆ । ਆਦਿ ਜੁਗਾਦੀ ਕਰੇ ਸਚ ਨਿਆਂ, ਦਰਗਹਿ ਸਾਚੀ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੇ ਮਿਲਣ ਦੀ ਸਾਚੀ ਆਸ, ਲੋਕਮਾਤ ਆਪ ਰਖਾਈਆ । ਸਚਖੰਡ ਤਜ ਦਵਾਰਾ, ਲੋਕਮਾਤ ਉਠ ਧਾਇੰਦਾ । ਗੁਰਮੁਖ ਕਰੇ ਸਚ ਪਿਆਰਾ, ਗੋਬਿੰਦ ਮੇਲ ਮਿਲਾਇੰਦਾ । ਸਾਚਾ ਸੀਸ ਸੀਸ ਦਸਤਾਰਾ, ਖੁਲ੍ਹੜੇ ਕੇਸ ਆਪ ਵਖਾਇੰਦਾ । ਗੁਰਮੁਖ ਤੇਰੇ ਚਰਨ ਛੁਹਾਏ ਆਪਣਾ ਦਾੜ੍ਹਾ, ਤੇਰੀ ਧੂੜੀ ਮਸਤਕ ਟਿੱਕਾ ਲਾਇੰਦਾ । ਦੇਵੇ ਵਡਿਆਈ ਸਤਾਰਾਂ ਹਾੜਾ, ਸਤਿਜੁਗ ਸਾਚਾ ਮਾਰਗ ਲਾਇੰਦਾ । ਨੌਂ ਖੰਡ ਪ੍ਰਿਥਮੀ ਇਕ ਅਖਾੜਾ, ਸੱਤਾਂ ਦੀਪਾਂ ਵਿਚ ਨਚਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਧੁਰਦਰਗਾਹੀ ਬਣਿਆ ਲਾੜਾ, ਸੀਸ ਸੇਹਰਾ ਇਕ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਸਾਚੇ ਦਰ, ਘਰ ਸਾਚੇ ਰਾਹ ਤਕਾਇੰਦਾ । ਰਾਹ ਤੱਕਣਹਾਰਾ ਪਰਵਰਦਿਗਾਰ, ਗੁਰਮੁਖ ਵੇਖ ਵਖਾਈਆ । ਖ਼ਲਕ ਖ਼ੁਦਾਈ ਨਾ ਪਾਏ ਸਾਰ, ਖ਼ਾਲਕ ਆਪਣੀ ਖੇਲ ਖਲਾਈਆ । ਮੇਲ ਮਿਲਾਵਾ ਸਾਚੇ ਯਾਰ, ਮੁਕਾਮੇ ਹੱਕ ਵੱਜੇ ਵਧਾਈਆ । ਕਲਮਾ ਅਮਾਮ ਕਰ ਤਿਆਰ, ਇਕ ਦਮਾਮਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਮੇਲਾ ਦਰ, ਬੰਕ ਸੁਹਾਏ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਵਟਾਈਆ । ਗੁਰਸਿਖ ਤੇਰੀ ਸਾਚੀ ਓਟ, ਲੋਕਮਾਤ ਹਰਿ ਰਖਾਇੰਦਾ । ਨਾਤਾ ਤੋੜੇ ਕੋਟੀ ਕੋਟ, ਤੇਰਾ ਸੰਗ ਨਿਭਾਇੰਦਾ । ਤੇਰੇ ਤਨ ਲਗਾਏ ਚੋਟ, ਸ਼ਬਦ ਡੰਕਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਮਿਲਿਆ ਗੁਰ ਗੋਬਿੰਦ, ਹਰਿ ਘਰ ਵੱਜੀ ਵਧਾਈਆ । ਸਤਿਗੁਰ ਮੇਟੇ ਸਗਲੀ ਚਿੰਦ, ਸੰਸਾ ਰੋਗ ਮਿਟਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸਮਾਈਆ । ਅੰਮ੍ਰਿਤ ਧਾਰਾ ਦੇਵੇ ਸਾਗਰ ਸਿੰਧ, ਜਲ ਅੰਮ੍ਰਿਤ ਆਪ ਭਰਾਈਆ । ਮਨਮੁੱਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਹੋਏ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਗੁਰਸਿਖ ਤੇਰੀ ਸਾਚੀ ਧਾਰ, ਪ੍ਰੇਮੀ ਪ੍ਰੇਮ ਰੰਗਾਇੰਦਾ ।

੮੩੫
੦੮

ਗੰਗਾ ਗੋਦਾਵਰੀ ਗਈ ਹਾਰ, ਤੱਟ ਕਿਨਾਰਾ ਨਾ ਕੋਇ ਸੁਹਾਇੰਦਾ । ਜਮਨਾ ਸੁਰਸਤੀ ਰੋਵੇ ਵਾਰੋ ਵਾਰ, ਅਠਸਠ ਪੱਲੂ ਗਲ ਵਿਚ ਪਾਇੰਦਾ । ਮੱਕਾ ਕਾਅਬਾ ਕਰੇ ਪੁਕਾਰ, ਦੋ ਦੋ ਆਬਾ ਨਾ ਕੋਇ ਸੁਹਾਇੰਦਾ । ਮੰਦਰ ਗੁਰੂਦੁਵਾਰ ਸ਼ਿਵਦੁਵਲਾ ਮੱਠ ਮਾਰੇ ਨਾਅਰ, ਮਸਜਿਦ ਮੁਲਾਂ ਸਰਬ ਕੁਰਲਾਇੰਦਾ । ਤੁਟਾ ਜਤ ਸਤਿ ਸਰਬ ਸੰਸਾਰ, ਸਾਚਾ ਹੱਠ ਨਾ ਕੋਇ ਰਖਾਇੰਦਾ । ਕਲਜੁਗ ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਇੰਦਾ । ਚੌਦਾਂ ਲੋਕਾਂ ਵੇਖਣਹਾਰਾ ਹੱਟ, ਚੌਦਾਂ ਤਬਕਾਂ ਖੋਲ੍ਹ ਖੁਲਾਇੰਦਾ । ਗੁਰਸਿਖਾਂ ਅੰਤਮ ਰੱਖੇ ਪਤ, ਪਤ ਪਤਵੰਤਾ ਜੋਤ ਜਗਾਇੰਦਾ । ਚਰਨ ਪ੍ਰੀਤੀ ਬੰਨ੍ਹੇ ਨਤ, ਨਾਤਾ ਬਿਧਾਤਾ ਨਾ ਕੋਇ ਤੁੜਾਇੰਦਾ । ਦਰਸ ਦਖਾਏ ਇਕ ਇਕਾਂਤ, ਇਕ ਇਕੱਲਾ ਫੇਰੀ ਪਾਇੰਦਾ । ਕਲਜੁਗ ਅੰਤਮ ਪੁੱਛੇ ਵਾਤ, ਆਪ ਆਪਣੀ ਗੋਦ ਉਠਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਨਾ ਕੋਈ ਪੁੱਛੇ ਜ਼ਾਤ ਪਾਤ, ਊਚਾਂ ਨੀਚਾਂ ਰਾਓ ਰੰਕਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਰੰਗਾਇੰਦਾ । ਚਾਰ ਵਰਨਾਂ ਨਾਤਾ ਭੈਣਾਂ ਭਾਈ ਸਾਧ ਸੰਗਤ ਦਰ ਸੁਹਾਈ ਏਕਾ ਸ਼ਬਦ ਕਰੇ ਕੁੜਮਾਈ, ਸਾਚਾ ਸਗਨ ਮਨਾਇੰਦਾ । ਗੁਰਮੁਖਾਂ ਗਲ ਤਨ ਸ਼ਿੰਗਾਰ ਵਖਾਈ, ਫੂਲਣ ਬਰਖ਼ਾ ਹਰਿ ਹਰਿ ਲਾਈ, ਸਾਚੀ ਸੇਵਾ ਸੇਵ ਕਮਾਇੰਦਾ । ਸੋਹੰ ਢੋਲਾ ਗੌਣਾ ਚਾਈਂ ਚਾਈਂ, ਸਤਿਗੁਰ ਪੂਰਾ ਪਾਰ ਉਤਾਰੇ ਫੜ ਫੜ ਬਾਹੀਂ, ਬੇੜਾ ਸ਼ੌਹ ਦਰਯਾਏ ਨਾ ਕਿਸੇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਵੇਖੇ ਥਾਉਂ ਥਾਈਂ, ਜਨਮ ਕਰਮ ਵੇਖ ਵਖਾਇੰਦਾ । ਗੁਰਸਿਖ ਤੇਰਾ
੮੩੬ ਸਾਚਾ ਕਰਮ, ਕਰਮ ਸਿੰਘ ਸਿੰਘ ਕਰਮ ਵਿਚਾਰਿਆ । ਨਾ ਕੋਈ ਗੋਤ ਨਾ ਕੋਈ ਵਰਨ, ਨਾ ਕੋਈ ਬਰਨੀ ਬਰਨ ਸਮਝਾ ਰਿਹਾ । ਪੁਰਖ ੮੩੬
੦੮ ਅਬਿਨਾਸ਼ੀ ਬਖ਼ਸ਼ੀ ਆਪਣੀ ਸਰਨ, ਦੂਜਾ ਡੇਰਾ ਜਗਤ ਢਾਹ ਰਿਹਾ । ਲਹਿਣਾ ਦੇਣਾ ਆਵਣ ਜਾਵਣ ਛੁੱਟਾ ਜਨਮ ਮਰਨ, ਲੱਖ ਚੁਰਾਸੀ ਫੰਦ ੦੮
ਕਟਾ ਰਿਹਾ । ਸਤਿਗੁਰ ਪੂਰਾ ਤਰਨੀ ਤਰਨ, ਬੰਸ ਸਰਬੰਸ ਸਰਬ ਤਰਾ ਲਿਆ । ਕਾਰਜ ਕਰਨ ਆਇਆ ਕਰਤਾ ਕਰਨੀ ਕਰਨ, ਗੁਰਮੁਖ ਸਾਚੇ ਕਾਜ ਰਚਾ ਲਿਆ । ਨਿਉਂ ਨਿਉਂ ਨਿਮਸਕਾਰ ਕਰੇ ਧਰਨੀ ਧਰਤ ਧਵਲ, ਜਿਸ ਘਰ ਸਤਿਗੁਰ ਪੂਰੇ ਚਰਨ ਛੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਜਰਮ ਆਪਣੇ ਹੱਥ ਵਖਾ ਲਿਆ । ਕਰਮ ਸਿੰਘ ਨਿਹਕਰਮ ਉਪਾਇਆ, ਸਤਿਗੁਰ ਪੂਰੇ ਹੱਥ ਵਡਿਆਈਆ । ਸਾਚੀ ਕੁਲ ਜਨਮ ਦੁਵਾਇਆ, ਕੁਲਵੰਤਾ ਵੇਖ ਵਖਾਈਆ । ਇਕੀ ਕੁਲਾਂ ਪਾਰ ਕਰਾਇਆ, ਪਸ਼ੂ ਪ੍ਰੇਤੋਂ ਦੇਵ ਬਣਾਈਆ । ਪਿਤਾ ਪੂਤ ਮਾਤ ਹਿੱਤ ਭੈਣ ਭਾਈ ਨਿਤ ਨਵਿਤ ਦਰਸ ਦਿਖਾਇਆ, ਚੇਤਨ ਚਿਤ ਚਿਤ ਆਪ ਹੋ ਜਾਈਆ । ਰਕਤ ਬੂੰਦ ਲੇਖੇ ਲਾਇਆ, ਹੱਡ ਮਾਸ ਨਾੜੀ ਰੱਤ ਆਪਣੀ ਝੋਲੀ ਪਾਈਆ । ਅੰਮ੍ਰਿਤ ਆਤਮ ਸਿੰਚ ਹਰਾ ਕਰਾਇਆ, ਫੁਲ ਫੁਲਵਾੜੀ ਆਪ ਮਹਿਕਾਈਆ । ਨਿਤ ਨਵਿਤ ਦਰਸ ਦਖਾਇਆ, ਨੇਤਰ ਲੋਚਣ ਨੈਣ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਸਾਚਾ ਮਿੱਤ ਬਣ ਕੇ ਆਇਆ, ਗੁਰਸਿਖਾਂ ਹੱਥ ਨਾਲ ਹੱਥ ਰਿਹਾ ਮਿਲਾਈਆ । ਵਾਰ ਥਿਤ ਕਿਸੇ ਨਾ ਦਸ ਕੇ ਆਇਆ, ਬ੍ਰਹਮਾ ਚਾਰੇ ਵੇਦ ਰਹੇ ਸ਼ਰਮਾਈਆ । ਤ੍ਰੈਗੁਣ ਮਾਇਆ ਜਿਤ ਕੇ ਆਇਆ, ਗੁਰਸਿਖ ਸੁਰਤੀ ਸ਼ਬਦ ਮਿਲਾਈਆ । ਦੋ ਜਹਾਨਾਂ ਡੋਰੀ ਆਪਣੀ ਹੱਥੀਂ ਖਿਚ ਕੇ ਆਇਆ, ਨਾਮ ਸਤਾਰ ਇਕ ਵਜਾਈਆ । ਜਗਤ ਵਿਕਾਰ ਨੌ ਦੁਵਾਰ ਗੁਰਮੁਖ ਤੇਰਾ ਪਰੇ ਸੱਟ ਕੇ ਆਇਆ, ਸਾਚਾ ਦਰ ਇਕ ਸੁਹਾਈਆ । ਲੱਖ ਚੁਰਾਸੀ ਦਿਨ ਦਿਹਾੜੇ ਲੁੱਟ ਕੇ ਆਇਆ, ਦਿਸ ਕਿਸੇ ਨਾ ਆਈਆ । ਕਲਜੁਗ ਅੰਤਮ ਜੜ੍ਹ

ਪੁੱਟ ਕੇ ਆਇਆ, ਗੁਰਮੁਖਾਂ ਆਪਣੀ ਹੱਥੀਂ ਬੂਟਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਟੇ ਕਰਮ ਜਰਮ, ਨਿਹਕਰਮੀ ਨਿਹਕਰਮ ਵੱਡੀ ਵਡਿਆਈਆ । ਮਿਟਿਆ ਕਰਮ ਜਗ ਤੁਟਾ ਨਾਤਾ, ਪਾਇਆ ਪਾਰਬ੍ਰਹਮ ਕਰਤਾਰ । ਦਰ ਘਰ ਸਾਚੇ ਮਿਲੀ ਸਾਚੀ ਦਾਤਾ, ਸੋਹੰ ਸ਼ਬਦ ਨਾਮ ਜੈਕਾਰ । ਏਕਾ ਸਤਿਗੁਰ ਚੜ੍ਹਿਆ ਰਾਥਾ, ਦੂਜੀ ਵਾਰ ਨਾ ਹੋਏ ਫੇਰ ਅਸਵਾਰ । ਲਹਿਣਾ ਦੇਣਾ ਚੁੱਕਿਆ ਪੂਜਾ ਪਾਠਾ, ਜਿਸ ਜਨ ਦਰਸ਼ਨ ਪਾਇਆ ਨੇਤਰ ਨੈਣ ਕਰਿਆ ਦੀਦਾਰ । ਪਿਛਲਾ ਪੂਰਾ ਕਰਿਆ ਘਾਟਾ, ਅੱਗੇ ਭਰਿਆ ਨਾਮ ਭੰਡਾਰ । ਸਤਿਜੁਗ ਸਾਚੀ ਆਈ ਵਾਟਾ, ਗੁਰਸਿਖ ਸੋਹਣ ਬੰਕ ਦੁਵਾਰ । ਨਾ ਕੋਈ ਦੱਸੇ ਤੀਰਥ ਤਾਟਾ, ਨਾ ਕੋਈ ਮੰਦਰ ਮਸਜਿਦ ਗੁਰੂਦੁਵਾਰ । ਚਰਨ ਕਵਲ ਗੁਰ ਖੋਲ੍ਹੇ ਸਾਚਾ ਹਾਟਾ, ਸਤਿਗੁਰ ਪੂਰਾ ਦੇਵਣਹਾਰ ਸਰਬ ਸੰਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਇਕ ਏਕਉਂਕਾਰਾ ਇਕ ਅਵਤਾਰ ।

ਗੁਰਮੁਖ ਤਨ ਸ਼ਿੰਗਾਰ, ਤਨ ਮਨ ਹਰਿਆ ਥੀਆ । ਸਤਿਗੁਰ ਪੂਰੇ ਕੀਆ ਪਿਆਰ, ਲੋਕਮਾਤ ਬੀਜਿਆ ਬੀਆ । ਏਕਾ ਦੇਵੇ ਨਾਮ ਅਧਾਰ, ਨਿਰਮਲ ਹੋਏ ਜੀਆ । ਸੋਹੰ ਸਚਾ ਬੰਕ ਦੁਵਾਰ, ਗੁਰਮੁਖ ਆਪਣੇ ਜੇਹਾ ਕੀਆ । ਲੱਖ ਚੁਰਾਸੀ ਨਾ ਮਿਲੇ ਗਿਰਧਾਰ, ਸਾਧ ਸੰਤ ਕਰ ਕਰ ਥੱਕੇ ਕਲਜੁਗ ਆਪਣਾ ਹੀਆ । ਸਾਧ ਸੰਗਤ ਦੇਵੇ ਵਰ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਚਾ ਵਰ, ਅੰਮ੍ਰਿਤ ਆਤਮ ਬਰਸੇ ਮੇਘ ਸਾਚਾ ਮੇਂਹਾ । ਅੰਮ੍ਰਿਤ ਮੇਘ ਬਰਸੇ ਸਾਚੀ ਰੁੱਤ, ਰੁੱਤੀ ਰੁੱਤ ਸੁਹਾਵਣੀ । ਖੇਲੇ ਖੇਲ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਭਿੰਨੜੀ ਰੈਣ ਹੋਈ ਸੁਹਾਵਣੀ । ਗੁਰਸਿਖ ਉਪਜਾਏ ਸਾਚੇ ਸੁੱਤ, ਗਾਏ ਸੋਹੰ ਅੱਖਰ ਸਾਚਾ ਬਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਗਾਏ ਆਪਣੇ ਲੜ, ਆਪ ਗੁਰਸਿਖਾਂ ਪਕੜੇ ਦਾਮਨੀ । ਗੁਰਸਿਖ ਤੇਰਾ ਪਕੜੇ ਦਾਮਨ, ਗੁਰ ਸਤਿਗੁਰ ਹੱਥ ਉਠਾਈਆ । ਦਰਗਹਿ ਸਾਚੀ ਹੋਵੇ ਜ਼ਾਮਨ, ਲੋਕਮਾਤ ਲਏ ਤਰਾਈਆ । ਨੇੜ ਨਾ ਆਏ ਕਾਮਨੀ ਕਾਮਨ, ਕਰਮ ਖੰਡ ਨਾ ਕੋਇ ਜਣਾਈਆ । ਮੇਟੇ ਰੈਣ ਅੰਧੇਰੀ ਸ਼ਾਮਨ, ਸ਼ਮਾ ਸ਼ਮਸ ਤਬਰੇਜ਼ ਏਕਾ ਰੰਗ ਰੰਗਾਈਆ । ਵਸੇ ਨਗਰ ਖੇੜਾ ਗਰਾਮਨ, ਗ੍ਰਾਮ ਗੋਬਿੰਦ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੋੜੇ ਲੰਕਾ ਗੜ੍ਹ ਹੰਕਾਰੀ ਰਾਵਨ, ਰਾਮ ਸੀਤਾ ਸੁਰਤੀ ਮੇਲ ਮਿਲਾਈਆ । ਸਾਚਾ ਤੀਰਥ ਗੁਰਸਿਖ ਨਹਾਵਣ, ਗੁਰ ਚਰਨ ਧੂੜ ਦੁਰਮਤ ਮੈਲ ਦਏ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਏਕਾ ਦਾਨ, ਦਰ ਆਈ ਸੰਗਤ ਕਰੇ ਪਰਵਾਨ, ਰੋਗ ਸੋਗ ਚਿੰਤਾ ਦੁੱਖ ਜਗਤ ਭਗਤ ਦਏ ਮਿਟਾਈਆ ।

ਜੋ ਜਨ ਆਏ ਆਸ ਕਰ, ਆਸਾ ਪੂਰਨ ਦਏ ਕਰਾਈਆ । ਜੋ ਜਨ ਮੰਗੇ ਨਾਮ ਦਾਨ, ਬਣ ਦਾਸ ਦਾਸੀ ਸੇਵ ਕਮਾਈਆ । ਸੋ ਜਨ

ਗਾਏ ਸਵਾਸ ਸਵਾਸ, ਹਰਿ ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋ ਜਨ ਮੰਗੇ ਮੰਗ ਉਤਰੇ ਦੁੱਖ ਚਿੰਤਾ ਦੁੱਖ, ਸਰਬ ਮਿਟਾਇੰਦਾ । ਜੋ ਜਨ ਮੰਗੇ ਹਰੀ ਹੋਵੇ ਕੁੱਖ, ਬਾਲ ਬਾਲਾ ਗੋਦ ਸੁਹਾਇੰਦਾ । ਜੋ ਜਨ ਮੰਗੇ ਜਗਤ ਮਿਟੇ ਤ੍ਰਿਸ਼ਨਾ ਭੁੱਖ, ਨਾਮ ਰੰਗਣ ਰੰਗ ਰੰਗਾਇੰਦਾ । ਜੋ ਜਨ ਮੰਗੇ ਮੰਗ ਉਲਟਾ ਗਰਭ ਨਾ ਹੋਏ ਰੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਜਨ ਜਗਤ ਸੁਖਣਾ ਰਹੇ ਸੁੱਖ, ਮਾਇਆ ਭਾਂਡੇ ਘਰ ਭਰਾਇੰਦਾ । ਗੁਰਮੁਖਾਂ ਲੇਖਾ ਪਿਛਲਾ ਰਿਹਾ ਮੁੱਕ, ਅਗਲਾ ਲੇਖਾ ਆਪ ਲਿਖਾਇੰਦਾ । ਆਪਣੀ ਗੋਦੀ ਆਪੇ ਚੁੱਕ, ਬਾਲ ਅਵਾਣੇ ਆਪ ਖਿਡਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਵੇਲੇ ਅੰਤ ਨਾ ਕੋਇ ਛੁਡਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਲਜੁਗ ਬੂਟਾ ਰਿਹਾ ਸੁੱਕ, ਲੱਖ ਚੁਰਾਸੀ ਪਤ ਡਾਲੀ ਨਾ ਕੋਇ ਸੁਹਾਇੰਦਾ । ਗੁਰਮੁਖਾਂ ਉਜਲ ਕਰੇ ਮਾਤ ਮੁੱਖ, ਮੁਖ ਸੋਹੰ ਢੋਲਾ ਗਾਇੰਦਾ । ਸਤਿਗੁਰ ਪੂਰਾ ਨਾ ਮਾਣਸ ਨਾ ਦਿਸੇ ਮਨੁੱਖ, ਘਟ ਘਟ ਅੰਦਰ ਆਸਣ ਲਾਇੰਦਾ । ਗੁਰਸਿਖ ਚੁੱਕਿਆ ਆਪਣੀ ਕੁੱਖ, ਗੋਬਿੰਦ ਅੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਅੰਦਰ ਬੈਠਾ ਲੁਕ, ਜਗਤ ਜੀਵਾਂ ਦਿਸ ਨਾ ਆਇੰਦਾ । ਜੋ ਜਨ ਚਰਨ ਦੁਵਾਰ ਨੀਵਾਂ ਹੋਏ ਵੇਖੇ ਝੁਕ, ਸਤਿਗੁਰ ਪੂਰਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਰਮਾਂ ਮੇਟੇ ਦੁੱਖ, ਆਪਣਾ ਲੇਖਾ ਆਪ ਲਿਖਾਇੰਦਾ ।



੮੩੮ ੦੮

## ✪ ੧੪ ਸਾਵਣ ੨੦੧੬ ਬਿਕ੍ਰਮੀ ✪

ਅਬਿਨਾਸ਼ੀ ਕਰਤਾ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਖੇਲੇ ਖੇਲ ਅਗੰਮ ਅਪਾਰ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤੀ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਅਕਲ ਕਲ ਕਲ ਆਪੇ ਧਾਰ, ਆਪਣੀ ਕਲ ਵਰਤਾਇੰਦਾ । ਆਦਿ ਨਿਰੰਜਣ ਖ਼ਬਰਦਾਰ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਨਿਰਗੁਣ ਨੂਰ ਪੁਰਖ ਅਕਾਲਾ, ਏਕਾ ਏਕ ਰੰਗ ਸਮਾਈਆ । ਆਪੇ ਚਲੇ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਈਆ । ਆਪੇ ਜੋਤੀ ਨੂਰ ਜਵਾਲਾ, ਆਦਿ ਸ਼ਕਤ ਆਪ ਵਡਿਆਈਆ । ਆਪੇ ਵਸੇ ਸਚ ਸੱਚੀ ਧਰਮਸਾਲਾ, ਸਚਖੰਡ ਦੁਵਾਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਬੈਠਾ ਬੇਪਰਵਾਹੀਆ । ਨਿਰਗੁਣ ਹਰਿ ਇਕ ਇਕੱਲਾ, ਏਕਾ ਏਕਓਂਕਾਰਿਆ । ਏਕਾ ਬੈਠਾ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾ ਰਿਹਾ । ਆਪਣੀ ਜੋਤੀ ਆਪੇ ਬਲਾ, ਆਪਣਾ ਦੀਪਕ ਆਪ ਜਗਾ ਰਿਹਾ । ਆਪਣਾ ਸਿੰਘਾਸਣ ਆਪੇ ਮੱਲਾ, ਦਰ ਦਰਬਾਨ ਨਾ ਕੋਇ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤੇ ਪਰਕਾਸ਼ ਆਪ ਕਰਾ ਲਿਆ । ਪਾਰਬ੍ਰਹਮ ਹਰਿ ਬੇਅੰਤ, ਆਦਿ ਜੁਗਾਦਿ ਭੇਵ ਨਾ ਆਇਆ । ਆਪ ਬਣਾਏ ਆਪਣੀ ਬਣਤ, ਨਾ ਕੋਈ ਦੂਸਰ ਸੰਗ ਰਲਾਇਆ । ਨਾ ਕੋਈ ਨਾਰੀ ਨਾ ਕੋਈ ਕੰਤ, ਨਾਰੀ ਕੰਤ ਆਪ ਹੋ ਜਾਇਆ । ਆਪੇ ਜਾਣੇ ਮਣੀਆ ਮੰਤ, ਆਪ ਆਪਣਾ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਜੂਨੀ ਰਹਿਤ ਨਾਉਂ ਰਖਾਇਆ । ਜੂਨੀ ਰਹਿਤ ਪਰਵਰਦਿਗਾਰ, ਏਕਾ ਏਕ ਨੂਰ ਇਲਾਹੀਆ । ਆਦਿ ਜੁਗਾਦਿ ਭੇਵ ਅਪਾਰ, ਲੇਖਾ ਲੇਖ ਨਾ ਕੋਇ ਜਣਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਏਕਉਂਕਾਰ ਆਪ ਅਖਵਾਈਆ । ਅਲੱਖ ਨਿਰੰਜਣ ਆਪਣੀ ਅਲੱਖ ਆਪ ਜਗਾ, ਆਪ ਆਪਣੀ ਫੇਰੀ ਪਾਈਆ । ਸਚਖੰਡ ਦੁਵਾਰ ਆਪ ਸੁਹਾ, ਨਿਰਗੁਣ ਆਪਣੀ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਡੰਕ ਵਜਾ, ਆਪਣਾ ਨਾਦ ਆਪ ਵਜਾਈਆ । ਜੁਗਾ ਜੁਗੰਤਰ ਖੇਲ ਖਿਲਾ, ਨਿਰਗੁਣ ਸਰਗੁਣ ਰੂਪ ਵਟਾਈਆ । ਪੰਜ ਤੱਤ ਚੋਲਾ ਆਪ ਹੰਢਾ, ਲੋਕਮਾਤ ਰੂਪ ਦਰਸਾਈਆ । ਗੁਰ ਅਵਤਾਰ ਸੇਵਾ ਲਾ, ਸਾਧ ਸੰਤ ਦਏ ਵਡਿਆਈਆ । ਭਗਤ ਭਗਵੰਤ ਮੇਲ ਮਿਲਾ, ਆਪ ਆਪਣੀ ਬੂਝ ਬੁਝਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾ, ਏਕਾ ਮੰਦਰ ਦਏ ਵਡਿਆਈਆ । ਆਪਣਾ ਪਰਦਾ ਆਪੇ ਲਾਹ, ਆਪੇ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਜੋਤ ਪ੍ਰਗਟਾਈਆ । ਠਾਂਡਾ ਦਰ ਇਕ ਵਖਾ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਗੁਰਮੁਖ ਸਾਚੇ ਗੋਦ ਬਹਾ, ਆਪ ਆਪਣੇ ਅੰਗ ਲਗਾਈਆ । ਜਗਤ ਤ੍ਰਿਸ਼ਨਾ ਦਏ ਬੁਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣੀ ਕਲ ਆਪ ਵਰਤਾਈਆ ।

★ ੧੪ ਸਾਵਣ ੨੦੧੬ ਬਿਕ੍ਰਮੀ ਧਰਮ ਸਿੰਘ ਦੇ ਘਰ ਦਇਆ ਹੋਈ, ਪਿੰਡ ਪਿਪਲੀ ਜ਼ਿਲਾ ਫ਼ਿਰੋਜ਼ਪੁਰ ★

ਹਰਿ ਬਾਣੀ ਗੁਰ ਮੰਤਰ, ਗੁਰ ਸਤਿਗੁਰ ਆਪ ਜਣਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ ਆਤਮ ਖੋਜ ਖੁਜਾਈਆ । ਜਗਤ ਬੁਝਾਏ ਲੱਗੀ ਬਸੰਤਰ, ਜੋ ਜਨ ਰਸਨਾ ਗਾਈਆ । ਲੇਖ ਜਣਾਏ ਗਗਨ ਗਗਨੰਤਰ, ਕਾਇਆ ਗਗਨ ਮੰਡਲ ਸੁਹਾਈਆ । ਸਚ ਸਤਿ ਬਣਾਏ ਸਾਚੀ ਬਣਤਰ, ਸਤਿ ਅਸਤਿ ਦਏ ਮਿਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾਮ ਨਾਮ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਹਰਿ ਫ਼ਰਮਾਣ ਧੁਰ ਧੁਰ ਦੀ ਬਾਣੀ, ਗੁਰ ਸਤਿਗੁਰ ਮੁਖ ਸਲਾਹੀਆ । ਦੋ ਜਹਾਨਾਂ ਸਾਚੀ ਰਾਣੀ, ਸਾਚੇ ਕੰਤ ਵਡਿਆਈਆ । ਸ਼ਬਦ ਮਿਲਾਵਾ ਸਾਚੇ ਹਾਣੀ, ਸਗਲਾ ਸੰਗ ਰਖਾਈਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਭਰ ਪਿਆਲਾ ਸੰਗ ਲਿਆਈਆ । ਗੁਰਮੁਖਾਂ ਚੁਕਾਏ ਜਗਤ ਕਾਣੀ, ਆਵਣ ਜਾਵਣ ਲੇਖ ਮਿਟਾਈਆ । ਰਸਨਾ ਗਾਇਣ ਪਾਇਣ ਪਦ ਨਿਰਬਾਣੀ, ਨਿਰਭੈ ਰੂਪ ਦਰਸਾਈਆ । ਧੁਰਦਰਗਾਹੀ ਸਚ ਨਿਸ਼ਾਨੀ, ਲੋਕਮਾਤ ਕਰੇ ਰੁਸ਼ਨਾਈਆ । ਆਪੇ ਜਾਣੇ ਜਾਣ ਜਾਣੀ, ਦੂਸਰ ਹੱਥ ਨਾ ਕੋਇ ਵਖਾਈਆ । ਪਾਵੇ ਸਾਰ ਚਾਰੇ ਖਾਣੀ, ਉਤਭੁਜ ਸੇਹਤਜ ਜੇਰਜ ਅੰਡ ਤੋਲ ਤੁਲਾਈਆ । ਕਰੇ ਕਰਾਏ ਪੁਣ ਛਾਣੀ, ਲੱਖ ਚੁਰਾਸੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਤਰ ਨਾਮ ਵਡਿਆਈਆ । ਹਰਿ ਬਾਣੀ ਨੇਤਰ ਮੰਤਰ ਫੋਰ, ਗੁਰ ਸਤਿਗੁਰ ਖੇਲ ਖਲਾਈਆ । ਨਾਤਾ ਤੋੜੇ ਪੰਚਮ ਚੋਰ, ਝੂਠੀ ਧਾੜ ਦਏ ਮਿਟਾਈਆ । ਆਸਾ ਤ੍ਰਿਸ਼ਨਾ ਹਰਾਮ ਖ਼ੋਰ, ਗੁਰਸਿਖ ਨੇੜ ਨਾ ਆਈਆ । ਲੇਖਾ ਜਾਣੇ ਅੰਧ ਘੋਰ, ਡੂੰਘੀ ਭਵਰੀ ਖੋਜ ਖੁਜਾਈਆ । ਸੁਰਤ ਸਵਾਣੀ ਰਿਹਾ ਹੋੜ, ਨਾਮ ਖੰਡਾ ਹੱਥ ਉਠਾਈਆ । ਹਰਿ ਬਾਣੀ ਬੰਨ੍ਹੇ ਸਾਚੀ ਡੋਰ, ਸ਼ਬਦੀ ਗੰਢ ਦਵਾਈਆ ।

ਚਰਨ ਕਵਲ ਪ੍ਰੀਤੀ ਜੋੜ, ਜੋੜੀ ਜੋੜ ਜੁੜਾਈਆ । ਆਪ ਚੜ੍ਹਾਏ ਸਾਚੇ ਘੋੜ, ਵਾਗ ਆਪਣੇ ਹੱਥ ਉਠਾਈਆ । ਗੁਰਸਿਖ ਲੱਗੀ ਨਿਭੇ ਤੋੜ, ਨਾ ਕੋਈ ਤੋੜੇ ਤੋੜ ਤੁੜਾਈਆ । ਸਤਿਗੁਰ ਪੂਰਾ ਜਾਏ ਬੌਹੜ, ਸੋ ਪੁਰਖ ਵੱਡੀ ਵਡਿਆਈਆ । ਹੰ ਬ੍ਰਹਮ ਲੱਗੀ ਔੜ, ਪਾਰਬ੍ਰਹਮ ਅੰਮ੍ਰਿਤ ਮੇਘ ਬਰਸਾਈਆ । ਮਿੱਠਾ ਕਰੇ ਰੀਠਾ ਕੌੜ, ਏਕਾ ਅੰਮ੍ਰਿਤ ਫਲ ਲਗਾਈਆ । ਦੋ ਜਹਾਨਾਂ ਰਿਹਾ ਦੌੜ, ਵੇਸ ਅਨੇਕਾ ਰੂਪ ਵਟਾਈਆ । ਆਪੇ ਪੰਧ ਜਾਣੇ ਲੰਮਾ ਚੌੜ, ਲੋਆਂ ਪੁਰੀਆਂ ਗਗਨ ਪਤਾਲਾਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਸਚਖੰਡ ਦੁਵਾਰੇ ਲਾਇਆ ਏਕਾ ਪੌੜ, ਏਕਾ ਡੰਡਾ ਰਿਹਾ ਵਖਾਈਆ । ਗੁਰਮੁਖਾਂ ਅੰਤਮ ਜਾਏ ਬੌਹੜ, ਹਰਿ ਸੱਜਣ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜਨਨੀ ਲੇਖੇ ਲਾਈਆ । ਹਰਿ ਬਾਣੀ ਧੁਰ ਫ਼ਰਮਾਣ, ਸ਼ਬਦੀ ਸ਼ਬਦ ਜਣਾਇੰਦਾ । ਲੱਖ ਚੁਰਾਸੀ ਪਾਏ ਆਣ, ਏਕਾ ਹੁਕਮ ਸੁਣਾਇੰਦਾ । ਰਾਜੇ ਰਾਣੀਆਂ ਸਾਰੇ ਗਾਣ, ਰਾਓ ਰੰਕਾਂ ਮੁਖ ਸਲਾਹਿੰਦਾ । ਆਪੇ ਹੋਏ ਜਾਣੀ ਜਾਣ, ਜਾਨਣਹਾਰਾ ਨਾਉਂ ਧਰਾਇੰਦਾ । ਸੰਤ ਸੁਹੇਲੇ ਗੁਰਮੁਖ ਸਾਜਣ ਮਾਤ ਪਛਾਣ, ਮਾਤਾ ਪਿਤਾ ਤ੍ਰਿਪਤ ਕਰਾਇੰਦਾ । ਬਖ਼ਸ਼ਣਹਾਰਾ ਚਰਨ ਧਿਆਨ, ਚਾਤ੍ਰਕ ਚਿਤ ਸਰਬ ਬਿਲਲਾਇੰਦਾ । ਚੁਕੌਣਹਾਰਾ ਦੂਜੀ ਕਾਣ, ਦੋਏ ਦੋਏ ਧਾਰ ਗਵਾਇੰਦਾ । ਦੇਵਣਹਾਰਾ ਦਰਸ ਮਹਾਨ, ਨੇਤਰ ਲੋਚਣ ਦਰਸ ਵਖਾਇੰਦਾ । ਵਸਣਹਾਰਾ ਸਚ ਮਕਾਨ, ਚੌਥੇ ਪਦ ਡੇਰਾ ਲਾਇੰਦਾ । ਪੰਚਮ ਮੇਲਾ ਗੁਣ ਨਿਧਾਨ, ਗੁਣਵੰਤਾ ਵੇਖ ਵਖਾਇੰਦਾ । ਸੰਤ ਸਾਜਣ ਦੋ ਜਹਾਨ, ਸਤਿਗੁਰ ਪੂਰਾ ਪਾਰ ਕਰਾਇੰਦਾ । ਖਾਣੀ ਬਾਣੀ ਬਣ ਬਬਾਣ, ਗੁਰਮੁਖ ਸਾਚੇ ਵਿਚ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਦਰ, ਦਰ ਸਾਚਾ ਇਕ ਸੁਹਾਇੰਦਾ ।



ਹਰਿ ਬਾਣੀ ਹਰਿ ਰੂਪ ਹੈ, ਗੁਰ ਸਤਿਗੁਰ ਵਿਚ ਸਮਾਏ । ਹਰਿ ਬਾਣੀ ਸਤਿ ਸਰੂਪ ਹੈ, ਸਤਿਗੁਰ ਸਾਚਾ ਵੇਖ ਵਖਾਏ । ਹਰਿ ਬਾਣੀ ਚਾਰੇ ਕੂਟ ਹੈ, ਦਹਿ ਦਿਸ਼ਾ ਵਿਚ ਸਮਾਏ । ਹਰਿ ਬਾਣੀ ਸਾਚਾ ਸੂਤ ਹੈ, ਤਾਣਾ ਪੇਟਾ ਇਕ ਅਖਵਾਏ । ਹਰਿ ਬਾਣੀ ਸਾਚਾ ਭੂਪ ਹੈ, ਰਾਜ ਜੋਗ ਸਚ ਸੁਲਤਾਨ ਇਕ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸਾਚਾ ਮੰਤਰ ਨਾਮ ਦ੍ਰਿੜਾਏ । ਹਰਿ ਬਾਣੀ ਹਰਿ ਅੰਤਰ ਧਿਆਨ, ਗੁਰ ਸਤਿਗੁਰ ਬੂਝ ਬੁਝਾਈਆ । ਹਰਿ ਬਾਣੀ ਮਾਰੇ ਬਾਣ ਮਹਾਨ, ਤੀਰ ਨਿਰਾਲਾ ਇਕ ਚਲਾਈਆ । ਹਰਿ ਬਾਣੀ ਮੇਟੇ ਪੰਜ ਸ਼ੈਤਾਨ, ਹਉਮੇ ਹਿੰਸਾ ਰਹੇ ਨਾ ਰਾਈਆ । ਹਰਿ ਬਾਣੀ ਮੇਟੇ ਨੌਜੁਵਾਨ, ਪੰਚਮ ਮੇਲ ਨਾ ਕੋਇ ਵਖਾਈਆ । ਹਰਿ ਬਾਣੀ ਲਹਿਣਾ ਚੁਕਾਏ ਜਗਤ ਜਹਾਨ, ਚਾਰੇ ਖਾਣੀ ਪੰਧ ਮੁਕਾਈਆ । ਹਰਿ ਬਾਣੀ ਦੇਵੇ ਧੁਰ ਫ਼ਰਮਾਣ, ਸ਼ਬਦ ਢੋਲਾ ਏਕਾ ਗਾਈਆ । ਹਰਿ ਬਾਣੀ ਹੋਏ ਦਰ ਪਰਵਾਨ, ਹਰਿ ਸਾਚਾ ਲੇਖਾ ਲੇਖੇ ਪਾਈਆ । ਹਰਿ ਬਾਣੀ ਲੋਕਮਾਤ ਕਰ ਪਰਧਾਨ, ਆਪਣੇ ਨਾਮ ਕਰੇ ਵਡਿਆਈਆ । ਹਰਿ ਬਾਣੀ ਗੁਰਮੁਖਾਂ ਦੇਵੇ ਜਗਤ ਮਾਣ, ਭਗਤ ਵਛਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਏਕਾ ਸ਼ਬਦ ਕਰੇ ਕੁੜਮਾਈਆ । ਹਰਿ ਬਾਣੀ ਅੰਮ੍ਰਿਤ ਰਸ, ਗੁਰ ਸਤਿਗੁਰ ਆਪ ਚੁਆਇਆ । ਪਾਰਬ੍ਰਹਮ ਅਬਿਨਾਸ਼ੀ ਅੰਦਰ ਵਸ, ਆਪ ਆਪਣਾ

ਭੇਵ ਖੁਲ੍ਹਾਇਆ । ਦਰਸ ਦਖਾਏ ਹੱਸ ਹੱਸ, ਨਿਰਗੁਣ ਸਰਗੁਣ ਮੇਲ ਮਿਲਾਇਆ । ਤੀਰ ਨਿਰਾਲਾ ਮਾਰੇ ਕਸ, ਅਨਯਾਲਾ ਆਪ ਚਲਾਇਆ । ਸਾਚਾ ਮਾਰਗ ਲੋਕਮਾਤ ਦੱਸ, ਦਰ ਦਸਵਾਂ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਵਰ, ਗੁਰ ਮੰਤਰ ਨਾਮ ਸਮਝਾਇਆ । ਹਰਿ ਬਾਣੀ ਹਰਿ ਕਾ ਨੇਤਰ, ਗੁਰ ਗੁਰ ਆਪ ਖੁਲ੍ਹਾਇੰਦਾ । ਆਪੇ ਵੇਖੇ ਕਾਇਆ ਖੇਤਰ, ਨਵ ਨਵ ਫੋਲ ਫੁਲਾਇੰਦਾ । ਰੁੱਤ ਬਸੰਤੀ ਮਹੀਨਾ ਚੇਤਰ, ਫਲ ਫੁਲਵਾੜੀ ਫਲ ਮਹਿਕਾਇੰਦਾ । ਗੁਰਮੁਖਾਂ ਕਰੇ ਸਾਚਾ ਹੇਤੜ, ਨਿਤ ਨਵਿਤ ਵੇਖ ਵਖਾਇੰਦਾ । ਲੇਖਾ ਜਾਣੇ ਪੰਚਮ ਜੇਠੜ, ਵਦੀ ਸੁਦੀ ਨਾ ਨਾਲ ਰਲਾਇੰਦਾ । ਹਰਿਜਨ ਰੱਖੇ ਸਾਇਆ ਹੇਠੜ, ਸਿਰ ਆਪਣਾ ਹੱਥ ਟਿਕਾਇੰਦਾ । ਲੱਭਦੇ ਫਿਰਦੇ ਕੋਟੀ ਕੋਟ ਕੇਤੜ, ਦਿਸ ਕਿਸੇ ਨਾ ਆਇੰਦਾ । ਰਾਜ ਰਾਜਾਨ ਵਡ ਵਡ ਸੇਠੜ, ਪੁੰਨ ਦਾਨ ਸਰਬ ਕਰਾਇੰਦਾ । ਮਿਲੇ ਮੇਲ ਨਾ ਹਰਿ ਹਰਿ ਮੀਤੜ, ਮਿੱਤਰ ਪਿਆਰਾ ਨਾ ਕੋਇ ਮਿਲਾਇੰਦਾ । ਕਾਇਆ ਕਰੇ ਨਾ ਠਾਂਡੀ ਸੀਤੜ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ ਗੁਰਮੁਖਾਂ ਮੇਲਾ ਆਪੇ ਕੀਤੜ, ਹਸਤ ਕੀਟ ਏਕਾ ਰੰਗ ਰੰਗਾਇੰਦਾ । ਰੰਗ ਰੰਗਾਏ ਇਕ ਮਜੀਠੜ, ਲਾਲ ਗੁਲਾਲਾ ਰੂਪ ਵਟਾਇੰਦਾ । ਸ਼ਾਹੋ ਭੂਪ ਵਡ ਬੀਠਲਾ ਬੀਠਲ, ਮੋਹਨ ਮਾਧਵ ਨਾਉਂ ਧਰਾਇੰਦਾ । ਆਦਿ ਜੁਗਾਦੀ ਜਾਣੇ ਰੀਤੜ, ਆਪਣਾ ਮਾਰਗ ਆਪੇ ਲਾਇੰਦਾ । ਸਤਿਜੁਗ ਸਾਚਾ ਪਤਿਤ ਪੁਨੀਤੜ, ਪਾਰਬ੍ਰਹਮ ਪ੍ਰਭ ਨਾਉਂ ਧਰਾਇੰਦਾ । ਨਾ ਕੋਈ ਗੁਰਦੁਵਾਰ ਨਾ ਮੰਦਰ ਮਸੀਤੜ, ਚਾਰ ਵਰਨਾਂ ਸਤਿਗੁਰ ਏਕਾ ਰੂਪ ਦਰਸਾਇੰਦਾ । ਹਰਿ ਬਾਣੀ ਹਰਿ ਸ਼ਬਦ ਜਗਤ ਅਨਡੀਠੜ, ਸਤਿਗੁਰ ਪੂਰਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਮੇਲ ਮਿਲਾਇੰਦਾ । ਹਰਿ ਬਾਣੀ ਹਰਿ ਜਾਣਿਆ, ਗੁਰ ਸਤਿਗੁਰ ਰੂਪ ਅਪਾਰ । ਦਰ ਘਰ ਸਾਚਾ ਇਕ ਪਛਾਣਿਆ, ਮਿਲਿਆ ਮੇਲ ਸ੍ਰੀ ਭਗਵਾਨ । ਲੇਖਾ ਚੁੱਕਾ ਜੀਵ ਜਹਾਨਿਆ, ਪਾਇਆ ਪਦ ਪਦ ਨਿਰਬਾਣ । ਅੰਮ੍ਰਿਤ ਮਿਲਿਆ ਠੰਡਾ ਪਾਣੀਆ, ਸਾਚਾ ਨੀਰ ਸੀਰ ਵਿਰੋਲੇ ਦੋ ਜਹਾਨ । ਸਤਿਗੁਰ ਪੂਰਾ ਗਾਏ ਅਕੱਥ ਕਹਾਣੀਆ, ਲੇਖਾ ਜਾਣੇ ਨਾ ਵੇਦ ਪੁਰਾਨ । ਗੁਰਮੁਖ ਸਾਚਾ ਸਾਚੀ ਸੁਘੜ ਸੁਵਾਣੀਆ, ਮੇਲ ਮਿਲਾਵਾ ਸੀਤਾ ਰਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਏਕਾ ਨਾਮ ਪਿਆਏ ਜਾਮ । ਹਰਿ ਬਾਣੀ ਹਰਿ ਨਾਮ ਪਿਆਲਾ, ਗੁਰ ਸਤਿਗੁਰ ਹੱਥ ਫੜਾਇੰਦਾ । ਸਤਿਗੁਰ ਪੂਰਾ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਲੇਖਾ ਲੇਖ ਨਾ ਕੋਇ ਵਖਾਇੰਦਾ । ਗੁਰਮੁਖ ਕਾਇਆ ਸੱਚੀ ਧਰਮਸਾਲਾ, ਸਾਚਾ ਬੰਕ ਸੁਹਾਇੰਦਾ । ਜੋਤੀ ਨੂਰ ਹਾਜ਼ਰ ਹਜ਼ੂਰ ਇਕ ਉਜਾਲਾ, ਪਰਕਾਸ਼ ਅਕਾਸ਼ ਰਖਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲਾ, ਬਾਲ ਬਾਲਾ ਲੇਖੇ ਲਾਇੰਦਾ । ਗਲ ਵਿਚ ਪਾਏ ਏਕਾ ਮਾਲਾ, ਸੋਹੰ ਹਾਰ ਗਲ ਵਿਚ ਪਾਇੰਦਾ । ਅਜਪਾ ਜਾਪ ਆਪੇ ਘਾਲੇ ਆਪਣੀ ਘਾਲਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਫਲ ਲਗਾਏ ਸਾਚੇ ਡਾਲਾ, ਪਤ ਡਾਲ੍ਹੀ ਵੇਖ ਵਖਾਇੰਦਾ । ਦੋ ਜਹਾਨੀ ਬਣ ਦਲਾਲਾ, ਸਾਚਾ ਜੋੜਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਮੁਖ ਸਲਾਹਿੰਦਾ । ਹਰਿ ਬਾਣੀ ਸਾਚਾ ਰੰਗ ਸਾਚੀ ਅੰਮੜੀਏ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਰੰਗ ਰੰਗੇ ਕਾਇਆ ਮਾਟੀ ਝੂਠੀ ਚੰਮੜੀਏ, ਚੰਮ ਦ੍ਰਿਸ਼ਟੀ ਇਸ਼ਟ ਮਿਟਾਇੰਦਾ । ਕੀਮਤ ਕਰਤਾ ਕੋਇ ਨਾ ਲਾਏ ਪੈਸਾ ਧੇਲਾ ਦਮੜੀਏ, ਚਰਨ ਪ੍ਰੀਤੀ ਇਕ ਸਿਖਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਆਪੇ ਵੇਖ ਵਖਾਇੰਦਾ । ਹਰਿ ਬਾਣੀ ਹਰਿ ਸਾਚਾ ਜ਼ੋਰ, ਜਗਤ ਜੁਗਤ ਬਣਾਈਆ । ਗੁਰ ਸਤਿਗੁਰ ਆਪੇ ਤੋਰ, ਲੋਕਮਾਤ ਕਰੇ ਜਣਾਈਆ । ਨਿਰਗੁਣ ਆਪਣੇ ਹੱਥ ਰੱਖੇ ਡੋਰ, ਸਰਗੁਣ ਤੰਦ ਬੰਧਾਈਆ । ਨੇਤਰ ਖੋਲ੍ਹੇ ਹਰਨ ਫੋਰ, ਫੁਰਨਾ ਫੁਰੇ ਬੇਪਰਵਾਹੀਆ । ਆਪੇ ਹੁਕਮੇ ਰਿਹਾ ਤੋਰ, ਹੁਕਮੀ ਹੁਕਮ ਫਿਰਾਈਆ । ਪਾਵੇ ਸਾਰ ਅੰਧ ਘੋਰ, ਏਕਾ ਜੋਤ ਕਰ ਰੁਸ਼ਨਾਈਆ । ਹਰਿ ਬਿਨ ਅਵਰ ਨਾ ਦੀਸੇ ਕੋਈ ਹੋਰ, ਨਾ ਕੋਈ ਕੁਦਰਤ ਰਚਨ ਰਚਾਈਆ । ਲੱਖ ਚੁਰਾਸੀ ਨਾ ਜੋੜੇ ਜੋੜ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਸਹਾਈਆ । ਹਰਿ ਕਾ ਰੂਪ ਸਤਿ ਸਰੂਪ ਗੁਰਮੁਖਾਂ ਚੁਕਾਏ ਮੋਰ ਤੋਰ, ਤੇਰਾ ਮੇਰਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਬਾਣੀ ਆਪਣੀ ਆਪ ਸੁਣਾਈਆ । ਹਰਿ ਬਾਣੀ ਪਤਿਤ ਪੁਨੀਤ, ਪਤਿਤ ਪਾਵਣ ਆਪ ਚਲਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਰਸਨਾ ਗਾਵਤ ਗਾਵਤ ਗਾਵਤ ਪਾਰ ਕਰਾਈਆ । ਧੁਰ ਦਾ ਸ਼ਬਦ ਸਾਚਾ ਮੀਤ, ਸਾਕ ਸੱਜਣ ਸੈਣ ਇਕ ਅਖਵਾਈਆ । ਗੁਰਸਿਖ ਗੌਣਾ ਸੋਹੰ ਸੁਹਾਗੀ ਗੀਤ, ਸਤਿਗੁਰ ਪੂਰਾ ਕਰੇ ਕੁੜਮਾਈਆ । ਅੱਠੇ ਪਹਿਰ ਵਸੇ ਚੀਤ, ਚੇਤਨ ਸਤਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਘਰ, ਬੰਕ ਦੁਵਾਰਾ ਇਕ ਵਖਾਈਆ । ਹਰਿ ਬਾਣੀ ਬਾਣ ਨਿਰਾਲਾ, ਗੁਰ ਸਤਿਗੁਰ ਹੱਥ ਉਠਾਇਆ । ਰਸਨਾ ਚਿੱਲਾ ਤੀਰ ਕਮਾਨਾ, ਲੋਕਮਾਤ ਆਪ ਚਲਾਇਆ । ਖੇਲੇ ਖੇਲ ਦੋ ਜਹਾਨਾਂ, ਭੇਵ ਅਭੇਦਾ ਭੇਵ ਛੁਪਾਇਆ । ਗੁਰਮੁਖਾਂ ਮਾਰੇ ਇਕ ਨਿਸ਼ਾਨਾ, ਸੋਏ ਮਾਤ ਲਏ ਉਠਾਇਆ । ਪੁਰਖ ਅਬਿਨਾਸ਼ੀ ਬੀਨਾ ਦਾਨਾ, ਦਾਨਾ ਬੀਨਾ ਆਪ ਹੋ ਜਾਇਆ । ਹਰਿਜਨ ਕਰੇ ਠਾਂਡਾ ਸੀਨਾ, ਸਤਿ ਸਤਿ ਸਤਿ ਵਰਤਾਇਆ । ਤਿੰਨਾਂ ਲੋਕਾਂ ਪਾਰ ਕੀਨਾ, ਬ੍ਰਹਮਾ ਵਿਸ਼ਨ ਸ਼ਿਵ ਰਾਹ ਰਹੇ ਤਕਾਇਆ । ਆਪਣਾ ਰੰਗ ਚੜ੍ਹਾਇਆ ਭੀਨਾ, ਭਿੰਨੜੀ ਰੈਣ ਨਾਲ ਸੁਹਾਇਆ । ਰਸਨਾ ਜਿਹਵਾ ਜਿਸ ਜਨ ਸੋਹੰ ਚੀਨਾ, ਚਿੰਤਾ ਸੋਗ ਰਹੇ ਨਾ ਰਾਇਆ । ਅੰਤਮ ਅੰਤ ਆਪ ਆਪਣੇ ਜੇਹਾ ਕੀਨਾ, ਹੰ ਬ੍ਰਹਮ ਪਾਰਬ੍ਰਹਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਖਲਾਇਆ । ਹਰਿ ਸ਼ਬਦ ਸੱਚੀ ਧੁਨਕਾਰ, ਧੁਰ ਬਾਣੀ ਨਾਉਂ ਧਰਾਈਆ । ਪੁਰਖ ਅਗੰਮ ਖੇਲ ਕਰਤਾਰ, ਕੁਲਾਵੰਤ ਕਲ ਵਰਤਾਈਆ । ਬੇਅੰਤ ਬੇਅੰਤ ਬੇਅੰਤ ਸਿਰਜਣਹਾਰ, ਅੰਤ ਆਦਿ ਵੱਡੀ ਵਡਿਆਈਆ । ਕੰਤ ਕੰਤ ਕੰਤ ਹਰਿ ਨਾਰ ਭਤਾਰ, ਦਰ ਸੁਹਾਗਣ ਸੋਭਾ ਪਾਈਆ । ਇਛਿਆ ਭਿਛਿਆ ਕਰ ਸ਼ਿੰਗਾਰ, ਭੂਸ਼ਨ ਬਸਤਰ ਇਕ ਸਜ਼ਾਈਆ । ਕੌਸਤਕ ਮਣੀਆ ਸਾਚਾ ਹਾਰ, ਮਸਤਕ ਟਿੱਕਾ ਤਿਲਕ ਲਲਾਟ ਲਗਾਈਆ । ਨੈਣਾਂ ਕੱਜਲ ਨਾਮ ਧਾਰ, ਲੋਇਣ ਰਹੀ ਮਟਕਾਈਆ । ਹੱਸ ਮੁਖ ਬੱਤੀ ਦੰਦ ਉਚਾਰ, ਗੋਬਿੰਦ ਗੋਬਿੰਦ ਜਿਹਵਾ ਰਹੀ ਗਾਈਆ । ਸਰਵਨ ਸੁਨਣ ਕੰਤ ਪਿਆਰ, ਧੁਨੀ ਨਾਦ ਏਕਾ ਲਿਵ ਲਾਈਆ । ਨੱਕ ਵਾਸਨਾ ਸੁਗੰਧੀ ਵੇਖ ਵਿਹਾਰ, ਗੁਰ ਸੰਗਤ ਸੰਗ ਮਹਿਕਾਈਆ । ਬੰਦੀ ਤੋੜ ਆਇਆ ਵਿਚ ਸੰਸਾਰ, ਬੰਦੀਖ਼ਾਨਾ ਤੋੜ ਤੁੜਾਈਆ । ਸ਼ਾਹੋ ਭੂਪ ਸਾਚੇ ਘੋੜੇ ਚੜ੍ਹਿਆ ਸ਼ਾਹ ਸਵਾਰ, ਸੋਲਾਂ ਕਲੀਆਂ ਆਸਣ ਪਾਈਆ । ਸੋਲਾਂ ਸੋਲਾਂ ਬੰਨ੍ਹੇ ਧਾਰ, ਸੋਲਾਂ ਸੋਲਾਂ ਵਡ ਵਡਿਆਈਆ । ਸੋਲਾਂ ਸੋਲਾਂ ਮਾਰੇ ਮਾਰ, ਸੋਲਾਂ ਸੋਲਾਂ ਲੇਖ ਲਿਖਾਈਆ । ਬਦਲਿਆ ਚੋਲਾ ਕਲਜੁਗ ਤੇਰੀ ਅੰਤਮ ਵਾਰ, ਪੰਜ ਤੱਤ ਨਾ ਕੋਇ ਰਖਾਈਆ । ਬਣਿਆ ਗੋਲਾ ਗੁਰਸਿਖ ਦੁਵਾਰ, ਲੋਕਮਾਤ ਸਾਚੀ ਸੇਵਾ ਰਿਹਾ ਕਮਾਈਆ । ਗਾਇਆ ਢੋਲਾ ਬੇਐਬ

ਪਰਵਰਦਿਗਾਰ, ਸੋਹੰ ਰਸਨਾ ਗਾਈਆ । ਬਣਿਆ ਤੋਲਾ ਵਿਚ ਸੰਸਾਰ, ਨਾਮ ਕੰਡਾ ਹੱਥ ਉਠਾਈਆ । ਪਾਏ ਰੌਲਾ ਨਰ ਨਾਰ, ਚਾਰੋਂ ਕੁੰਟ ਪਈ ਦੁਹਾਈਆ । ਮਨਮੁਖ ਮਾਇਆ ਕਰੇ ਖ਼ੁਵਾਰ, ਕਾਮੀ ਕਰੋਧੀ ਲੋਭੀ ਆਸਾ ਤ੍ਰਿਸ਼ਨਾ ਹੋਈ ਹਲਕਾਈਆ । ਮਾਣਸ ਮਾਨੁੱਖ ਜਨਮ ਗਏ ਹਾਰ, ਗਲ ਪਾਈ ਜਮ ਕੀ ਫਾਹੀਆ । ਦਰਸ਼ ਨਾ ਪਾਇਆ ਗੁਰ ਕਰਤਾਰ, ਜਗਤ ਵੇਖ ਵੇਖ ਨੈਣ ਨੈਣਾਂ ਨਾਲ ਮਿਲਾਈਆ । ਬੰਦ ਕਿਵਾੜ ਨਾ ਖੋਲ੍ਹਿਆ ਤਾਕ, ਆਪਣੀ ਅੱਖ ਨਾ ਆਪ ਉਠਾਈਆ । ਗੁਰਮੁਖਾਂ ਮੇਲਾ ਸਾਚੇ ਸੱਜਣ ਸੈਣ ਸਾਕ, ਸਤਿਗੁਰ ਪੂਰਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਬਾਣੀ ਹਰਿ ਮੰਤਰ, ਗੁਰ ਸਤਿਗੁਰ ਮੁਖ ਸੁਣਾਈਆ । ਸਤਿਗੁਰ ਗਾਏ ਧੁਰ ਧੁਰ ਰਾਗ, ਹਰਿ ਰਾਗੀ ਰਾਗ ਅਲਾਇੰਦਾ । ਸ਼ਬਦ ਅਗੰਮੀ ਏਕਾ ਅਵਾਜ਼, ਧੁਰ ਧਾਮੀ ਆਪ ਸੁਣਾਇੰਦਾ । ਆਪੇ ਰਚਿਆ ਸਚ ਕਾਜ, ਸਾਚੀ ਵਸਤੂ ਸੰਗ ਰਖਾਇੰਦਾ । ਜੁਗਾ ਜੁਗੰਤਰ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਕਲਜੁਗ ਅੰਤਮ ਦੇਸ ਮਾਝ, ਮਜਨ ਮਾਘ ਇਕ ਵਖਾਇੰਦਾ । ਹਾੜ ਸਤਾਰਾਂ ਸਾਜਣ ਸਾਜ, ਜਨ ਭਗਤਾਂ ਭਗਤੀ ਲੇਖੇ ਲਾਇੰਦਾ । ਸੀਸ ਰਖਾਏ ਸਾਚਾ ਤਾਜ, ਆਪੇ ਵੇਖ ਵਖਾਇੰਦਾ । ਧੁਰਦਰਗਾਹੀ ਏਕਾ ਰਾਜ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਪਾਰ ਕਰਾਇੰਦਾ । ਪਾਰ ਉਤਾਰਾ ਆਪੇ ਕਰ, ਗੁਰ ਸ਼ਬਦੀ ਬੇੜਾ ਹਰਿ ਚਲਾਈਆ । ਆਪ ਉਤਾਰੇ ਆਪਣੇ ਘਰ, ਵੰਞ ਮੁਹਾਣਾ ਇਕ ਰਖਾਈਆ । ਆਵਣ ਜਾਵਣ ਦੋ ਜਹਾਨਾਂ ਚੁੱਕੇ ਡਰ, ਸਾਚਾ ਦਾਮਨ ਰਿਹਾ ਫੜਾਈਆ । ਗੁਰਮੁਖ ਜ਼ਾਮਨ ਬਣਿਆ ਹਰਿ, ਹਰਿ ਕੀ ਪੌੜੀ ਦਏ ਚੜ੍ਹਾਈਆ । ਕਲਜੁਗ ਮੇਟੇ ਹੰਕਾਰੀ ਰਾਵਣ ਗੜ, ਹਉਮੇ ਲੰਕਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੁਰਮੁਖ ਗੁਰ ਗੁਰ ਗੁਰ ਝੋਲੀ ਪਾਈਆ । ਗੁਰਸਿਖ ਆਪਣੀ ਝੋਲੀ ਪਾ, ਪੂਰਬ ਲਹਿਣਾ ਲਹਿਣ ਚੁਕਾਇੰਦਾ । ਸਤਿਗੁਰ ਸਾਜਣ ਬਣ ਮਲਾਹ, ਬੇੜਾ ਮਾਤ ਚਲਾਇੰਦਾ । ਅੰਤਮ ਵੇਲੇ ਪਕੜੇ ਬਾਂਹ, ਲੇਖਾ ਲੇਖ ਲਖਾਇੰਦਾ । ਨਿਹਕਲੰਕੀ ਜਾਮਾ ਪਾ, ਜੋਤ ਜਾਤ ਜਗਤ ਇਕ ਵਖਾਇੰਦਾ । ਗੁਰਸਿਖਾਂ ਬਣਿਆ ਪਿਤਾ ਮਾਂ, ਬਾਲ ਅੰਞਾਣੇ ਗਲੇ ਲਗਾਇੰਦਾ । ਹਰਿ ਸੰਗਤ ਤੇਰੀ ਠੰਡੀ ਛਾਂ, ਸਤਿਗੁਰ ਸਿਰ ਆਪਣਾ ਹੇਠ ਧਰਾਇੰਦਾ । ਇਕ ਦੂਜੇ ਦੀ ਫੜੀ ਬਾਂਹ, ਦੂਜਾ ਵਿਚੋਲਾ ਨਾ ਕੋਇ ਵਖਾਇੰਦਾ । ਪੁਤਰਾਂ ਪਿਆਰੀ ਲੱਗੇ ਮਾਂ, ਮਾਂ ਪੁੱਤਰਾਂ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਤੀਰ ਨਾ ਕਮਾਨ, ਨਾ ਕੋਈ ਰਥ ਰਥਵਾਹੀ ਦਿਸੇ ਨਿਸ਼ਾਨ, ਏਕਾ ਜੋਤੀ ਨੂਰ ਵਾਲੀ ਦੋ ਜਹਾਨ, ਗੁਰਮੁਖਾਂ ਕਰੇ ਕਲ ਪਛਾਣ, ਲੱਖ ਚੁਰਾਸੀ ਮਾਰ ਧਿਆਨ, ਏਕਾ ਦੇਵੇ ਸੋਹੰ ਦਾਨ, ਬ੍ਰਹਮ ਪਾਰਬ੍ਰਹਮ ਨਾ ਕੋਈ ਗੋਤ ਨਾ ਕੋਈ ਵਰਨ, ਅੰਸ ਬੰਸ ਬੰਸ ਅੰਸ, ਅੰਸਾ ਬੰਸਾ ਆਪ ਅਖਵਾਇੰਦਾ ।

## ✪ ੧੪ ਸਾਵਣ ੨੦੧੬ ਬਿਕ੍ਰਮੀ ਸੁੱਚਾ ਸਿੰਘ ਦੇ ਘਰ ਦਇਆ ਹੋਈ ਪਿੰਡ ਪਿਪਲੀ ਜ਼ਿਲਾ ਫ਼ਿਰੋਜ਼ਪੁਰ ✪

ਹਰਿ ਸਤਿਗੁਰ ਸੂਰਾ ਨੌਜਵਾਨ, ਆਪ ਆਪਣਾ ਬਲ ਰਖਾਈਆ । ਨਿਰਗੁਣ ਜੋਤ ਸ੍ਰੀ ਭਗਵਾਨ, ਪਰਮ ਪੁਰਖ ਵੱਡੀ ਵਡਿਆਈਆ । ਸਚ

ਵਖਾਏ ਇਕ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਦਾਤਾ ਦਾਨੀ ਵਡ ਮਿਹਰਬਾਨ, ਪਾਰਬ੍ਰਹਮ ਗੁਰ ਅਖਵਾਈਆ । ਖੇਲੇ ਖੇਲ ਖੇਲ ਮਹਾਨ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੂਰਬੀਰ ਇਕ ਅਖਵਾਈਆ । ਸਤਿਗੁਰ ਉਠਿਆ ਜੋਧਾ ਸੂਰ, ਸਤਿ ਪੁਰਖ ਲਏ ਅੰਗੜਾਈਆ । ਕਰੇ ਪਰਕਾਸ਼ ਜੋਤੀ ਨੂਰ, ਜ਼ਾਹਰ ਜ਼ਹੂਰ ਵੱਡੀ ਵਡਿਆਈਆ । ਸਰਬ ਕਲ ਆਪੇ ਭਰਪੂਰ, ਸਮਰਥ ਪੁਰਖ ਅਖਵਾਈਆ । ਆਪੇ ਵਸੇ ਨੇੜੇ ਦੂਰ, ਆਪ ਆਪਣਾ ਪੰਧ ਮੁਕਾਈਆ । ਆਪੇ ਸ਼ਬਦ ਅਨਾਦੀ ਵੱਜੇ ਤੂਰ, ਨਾਦ ਅਨਾਦੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਲਧਾਰੀ ਆਪ ਅਖਵਾਈਆ । ਆਪੇ ਜੋਧਾ ਹਰਿ ਬਲਵਾਨ, ਪਰਮ ਪੁਰਖ ਅਖਵਾਇੰਦਾ । ਖੇਲੇ ਖੇਲ ਦੋ ਜਹਾਨ, ਲੋਕਮਾਤ ਵੇਸ ਵਟਾਇੰਦਾ । ਪਾਵਣਹਾਰਾ ਸਾਚੀ ਆਣ, ਏਕਾ ਹੁਕਮ ਸੁਣਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸਾਚਾ ਸ਼ਬਦ ਅਲਾਇੰਦਾ । ਲੱਖ ਚੁਰਾਸੀ ਹੋ ਪਰਧਾਨ, ਆਪਣਾ ਆਸਣ ਲਾਇੰਦਾ । ਦਿਸ ਨਾ ਆਏ ਜੀਵ ਜਹਾਨ, ਜੰਤ ਕੰਤ ਨਾ ਕੋਇ ਮਿਲਾਇੰਦਾ । ਦਾਤਾ ਦਾਨੀ ਗੁਣ ਨਿਧਾਨ, ਗੁਣਵੰਤਾ ਨਾਉਂ ਰਖਾਇੰਦਾ । ਜੋਤੀ ਨੂਰ ਕੋਟਨ ਭਾਨ, ਅਕਾਸ਼ ਪਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਇੰਦਾ । ਏਕਾ ਸੂਰਾ ਸਤਿਗੁਰ ਪੁਰਖ ਸਮਰਥ, ਪਾਰਬ੍ਰਹਮ ਵੱਡੀ ਵਡਿਆਈਆ । ਮਹਿਮਾ ਗਾਏ ਅਕੱਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਚਲਾਵਣਹਾਰਾ ਸਾਚਾ ਰਥ, ਜੁਗ ਜੁਗ ਗੇੜਾ ਆਪ ਦਵਾਈਆ । ਆਪੇ ਦੇਵਣਹਾਰਾ ਸਾਚੀ ਵੱਥ, ਆਪਣੀ ਭਿਛਿਆ ਝੋਲੀ ਪਾਈਆ । ਆਪੇ ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਜਣ ਏਕਾ ਏਕ ਹੋ ਜਾਈਆ । ਸਤਿਗੁਰ ਸਾਜਣ ਪੂਰਾ ਉਠਿਆ, ਨਿਰਗੁਣ ਜੋਤੀ ਨੂਰ ਉਜਿਆਰ । ਜਨ ਭਗਤਾਂ ਉਪਰ ਆਪੇ ਤੁਠਿਆ, ਦੇਵੇ ਨਾਮ ਸ਼ਬਦ ਅਧਾਰ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠਿਆ, ਵੇਖ ਵਖਾਏ ਨੌਂ ਖੰਡ ਪ੍ਰਿਥਮੀ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਅਗੰਮੜਾ ਖੇਲ ਹਰਿ ਮਿਹਰਵਾਨਾ, ਆਪਣਾ ਆਪ ਖਲਾਈਆ । ਪ੍ਰਗਟ ਹੋ ਦੋ ਜਹਾਨਾਂ, ਤਿੰਨ ਲੋਕ ਕਰੇ ਰੁਸ਼ਨਾਈਆ । ਚੌਦਾਂ ਹੱਟਾਂ ਵੇਖ ਵਖਾਣਾ, ਚੌਦਾਂ ਚੌਦਾਂ ਸੰਗ ਨਿਭਾਈਆ । ਚਾਰੋਂ ਕੁੰਟ ਮਾਰੇ ਇਕ ਧਿਆਨਾ, ਏਕਾ ਨੈਣ ਉਠਾਈਆ । ਲੱਖ ਚੁਰਾਸੀ ਜਾਣੀ ਜਾਣਾ, ਸੰਤ ਸਾਧ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦਾਤਾ ਸੂਰ, ਸਤਿਗੁਰ ਸਾਚਾ ਇਕ ਅਖਵਾਈਆ । ਸਤਿਗੁਰ ਭਰਿਆ ਨਾਮ ਭੰਡਾਰਾ, ਨਰ ਹਰਿ ਝੋਲੀ ਪਾਇੰਦਾ । ਪਰਮ ਪੁਰਖ ਪ੍ਰਭ ਬਣ ਵਰਤਾਰਾ, ਗੁਰਮੁਖਾਂ ਆਪ ਵਰਤਾਇੰਦਾ । ਵਣਜ ਕਰਾਏ ਸਚ ਵਣਜਾਰਾ, ਸਾਚਾ ਦਰ ਖੁਲ੍ਹਾਇੰਦਾ । ਏਥੇ ਓਥੇ ਦਏ ਸਹਾਰਾ, ਸਗਲਾ ਸੰਗ ਨਿਭਾਇੰਦਾ । ਬੇੜਾ ਕਰੇ ਪਾਰ ਕਿਨਾਰਾ, ਸ਼ੌਹ ਦਰਯਾਏ ਨਾ ਕੋਇ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਹਰਿ ਹਰਿ ਮੀਤਾ, ਹਰਿ ਹਰਿ ਵੱਡੀ ਵਡਿਆਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਕੀਟ ਕੀਟਾਂ ਵਿਚ ਸਮਾਈਆ । ਪਾਰਬ੍ਰਹਮ ਪ੍ਰਭ ਠਾਂਡਾ ਸੀਤਾ, ਸੀਤਲ ਧਾਰ ਰਿਹਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਈਆ । ਖੇਲ ਖਲਾਵਣਹਾਰ ਬੇਅੰਤਾ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ

ਵੇਸ ਵਟਾਇਆ । ਲੇਖਾ ਜਾਣੇ ਸਾਧਨ ਸੰਤਾ, ਸੰਤ ਸਾਧ ਆਪ ਹੋ ਆਇਆ । ਜੋਤੀ ਨੂਰ ਸ੍ਰੀ ਭਗਵੰਤਾ, ਭਗਵਨ ਜੋਤੀ ਨੂਰ ਵਟਾਇਆ । ਤੋੜਣਹਾਰਾ ਹਉਮੇ ਗੜ੍ਹ ਹੰਗਤਾ, ਨਾਮ ਖੰਡਾ ਤੇਜ ਕਟਾਰ ਹੱਥ ਉਠਾਇਆ । ਗੁਰਮੁਖਾਂ ਕਾਇਆ ਚੋਲੀ ਰੰਗਦਾ, ਰੰਗ ਮਜੀਠੀ ਇਕ ਚੜ੍ਹਾਇਆ । ਮਨਮੁੱਖ ਦੁਵਾਰੇ ਕਦੇ ਨਾ ਲੰਘਦਾ, ਦਰ ਦਵਾਰਾ ਰਿਹਾ ਤਜਾਇਆ । ਜਨ ਭਗਤਾਂ ਅੱਗੇ ਫਿਰੇ ਮੰਗਦਾ, ਜੁਗ ਜੁਗ ਆਪਣੀ ਝੋਲੀ ਅੱਗੇ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬਲ ਧਰਾਇਆ । ਬਲ ਧਰਾਏ ਹਰਿ ਭਗਵਾਨਾ, ਹਰਿ ਸੱਜਣ ਵਡ ਵਡਿਆਈਆ । ਅੰਤਮ ਦੇਵੇ ਧੁਰ ਫ਼ਰਮਾਣਾ, ਵਿਸ਼ਨੂੰ ਕਰੇ ਜਣਾਈਆ । ਉਠ ਬਾਲ ਬਾਲ ਨਿਧਾਨਾ, ਹਰਿ ਸਾਚੀ ਸੇਵਾ ਲਾਈਆ । ਤੇਰਾ ਜੋਗ ਤੇਰਾ ਭੋਗ ਤੇਰਾ ਰਸ ਵੇਖ ਵਖਾਣਾ, ਤੇਰੀ ਧਾਰ ਬੰਧਾਈਆ । ਤੇਰਾ ਚਿਲਾ ਤੀਰ ਕਮਾਨਾ, ਤੇਰੇ ਹੱਥ ਉਠਾਈਆ । ਤੇਰਾ ਪੀਣਾ ਤੇਰਾ ਖਾਣਾ ਤੇਰਾ ਅੰਨ ਤੇਰਾ ਦਾਣਾ, ਤੇਰੀ ਝੋਲੀ ਪਾਈਆ । ਤੇਰਾ ਭੂਪਾ ਤੇਰਾ ਰਾਜਾ ਤੇਰਾ ਰਾਣਾ, ਤੇਰੀ ਰਈਅਤ ਰਿਹਾ ਵਖਾਈਆ । ਪੁਰਖ ਅਬਿਨਾਸ਼ੀ ਵਰਤੇ ਆਪਣਾ ਭਾਣਾ, ਆਪਣਾ ਭਾਣਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਰਿਹਾ ਉਠਾਈਆ । ਉਠ ਵਿਸ਼ਨੂੰ ਲੈ ਅੰਗੜਾਈ, ਹਰਿ ਸਾਚਾ ਆਪ ਜਗਾਇੰਦਾ । ਅੰਤਮ ਵੇਲਾ ਪਏ ਦੁਹਾਈ, ਨਾ ਕੋਈ ਧੀਰ ਧਰਾਇੰਦਾ । ਰਵ ਸਸ ਪੇਖਣ ਮੁੱਖ ਸ਼ਰਮਾਈ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਸਾਚੇ ਦਰ ਮੰਗਲ ਕੋਇ ਨਾ ਗਾਈ, ਨਾ ਕੋਈ ਨਾਦ ਵਜਾਇੰਦਾ । ਪੁਰਖ ਅਬਿਨਾਸ਼ੀ ਖੇਲ ਖਿਲਾਈ, ਖੇਲਣਹਾਰਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਵਿਸ਼ਨੂੰ ਦੇਵੇ ਏਕਾ ਵਰ, ਸੋਇਆ ਆਪ ਉਠਾਇੰਦਾ । ਵਿਸ਼ਨੂੰ ਸੋਇਆ ਉਠ ਖਲੋਤਾ, ਨੇਤਰ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਹੱਥ ਵਿਚ ਫੜਿਆ ਸੋਟਾ, ਏਕਾ ਹੱਥ ਹਿਲਾ ਰਿਹਾ । ਤੇਰੇ ਭੰਡਾਰੇ ਆਵੇ ਤੋਟਾ, ਤੇਰਾ ਮੂਲ ਚੁਕਾ ਰਿਹਾ । ਸਚ ਨਗਾਰੇ ਲੱਗੇ ਚੋਟਾ, ਏਕਾ ਤਾਲ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਓਟ ਸਮਝਾ ਰਿਹਾ । ਵਿਸ਼ਨੂੰ ਨੇਤਰ ਆਪਣਾ ਖੋਲ੍ਹ, ਸਾਂਗੋ ਪਾਂਗ ਸੁਹਾਇੰਦਾ । ਨਿਉਂ ਨਿਉਂ ਸੀਸ ਰਿਹਾ ਬੋਲ, ਚਰਨ ਕਵਲ ਬਿਗਸਾਇੰਦਾ । ਪਾਰਬ੍ਰਹਮ ਪ੍ਰਭ ਪੂਰੇ ਤੋਲੀਂ ਤੋਲ, ਸਾਚਾ ਤੋਲਾ ਤੂੰ ਅਖਵਾਇੰਦਾ । ਮੈਂ ਸੁੱਤਾ ਰਿਹਾ ਅਨਭੋਲ, ਛੱਤੀ ਜੁਗ ਨਾ ਕੋਇ ਉਠਾਇੰਦਾ । ਤੂੰ ਸਤਿਗੁਰ ਦਾਤਾ ਸਦਾ ਅਡੋਲ, ਹਰਿ ਹਰਿ ਤੇਰਾ ਭੇਵ ਕੋਇ ਨਾ ਪਾਇੰਦਾ । ਮੈਂ ਵਸਾਂ ਸਦਾ ਤੇਰੇ ਕੋਲ, ਤੇਰਾ ਵਿਛੋੜਾ ਨਾ ਮੋਹੇ ਸੁਖਾਇੰਦਾ । ਤੇਰਾ ਰੂਪ ਜਾਏ ਮੌਲ, ਮੇਰਾ ਕਵਲ ਖਿਲਾਇੰਦਾ । ਮੇਰਾ ਕਵਲ ਜਾਏ ਫੂਲ, ਬ੍ਰਹਮਾ ਉਤਪਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਖੇਲ ਖਲਾਏ, ਆਪੇ ਮੇਟ ਮਿਟਾਇੰਦਾ । ਵਿਸ਼ਨੂੰ ਸੁਣ ਹਰਿ ਜਣਾਈ, ਹਰਿ ਸਾਚਾ ਸਚ ਅਲਾਇੰਦਾ । ਤੇਰੀ ਮੇਰੀ ਹੋਏ ਕੁੜਮਾਈ, ਸਾਚਾ ਸਗਨ ਮਨਾਇੰਦਾ । ਤੇਰਾ ਰੂਪ ਮੈਂ ਲਵਾਂ ਪਰਨਾਈ, ਅੰਗੀਕਾਰ ਕਰਾਇੰਦਾ । ਆਪੇ ਧੀ ਆਪ ਜਵਾਈ, ਸੌਹਰੇ ਪੇਈਏ ਆਪ ਸੁਹਾਇੰਦਾ । ਆਪੇ ਸੇਜਾ ਰਿਹਾ ਹੰਢਾਈ, ਆਪੇ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਖੇਲ ਖਿਲਾਇੰਦਾ । ਵਿਸ਼ਨੂੰ ਬਾਲਾ ਲਾਲ ਗੁਲਾਲਾ, ਹਰਿ ਹਰਿ ਰੰਗ ਰੰਗਾਈਆ । ਮੇਲ ਮਿਲਾਵਾ ਦੀਨ ਦਿਆਲਾ, ਗੁਰ ਗੋਪਾਲਾ ਸਹਿਜ ਸੁਭਾਈਆ । ਆਪੇ ਬਣੇ ਸਚ ਦਲਾਲਾ, ਆਪੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਗੁਣ ਰਿਹਾ ਉਠਾਈਆ । ਵਿਸ਼ਨੂੰ ਉਠਿਆ ਹਰਿ ਹਰਿ ਤੁਠਿਆ, ਲੋਕਮਾਤ ਉਠ ਧਾਇਆ । ਤੀਰ ਨਿਰਾਲਾ ਏਕਾ ਛੁਟਿਆ, ਹਰਿ ਸਾਚੇ ਆਪ ਚਲਾਇਆ । ਅੰਤਮ ਅੰਤ ਮੈਂ ਗਿਆ ਲੁੱਟਿਆ, ਮੇਰਾ ਭੰਡਾਰਾ ਖ਼ਾਲੀ ਰਿਹਾ ਕਰਾਇਆ । ਅਬਿਨਾਸ਼ੀ ਕਰਤਾ ਏਕਾ ਰੁਠਿਆ, ਨਾ ਸਕੇ ਕੋਈ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰ ਦਾਤਾ ਆਪ ਅਖਵਾਇਆ । ਆਪੇ ਬ੍ਰਹਮੇ ਖੋਲ੍ਹੇ ਜਾਗ, ਆਪੇ ਅੱਖ ਖੁਲ੍ਹਾਈਆ । ਆਪੇ ਮਾਰੇ ਆਪਣੀ ਵਾਜ, ਆਪੇ ਰਿਹਾ ਉਠਾਈਆ । ਆਪੇ ਰੱਖਣਹਾਰਾ ਲਾਜ, ਆਪੇ ਵੇਖ ਵਖਾਈਆ । ਆਪੇ ਸਾਜਣ ਲਏ ਸਾਜ, ਆਪੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਬ੍ਰਹਮ ਰਿਹਾ ਸਮਝਾਈਆ । ਉਠ ਬ੍ਰਹਮ ਕਰ ਧਿਆਨ, ਪਾਰਬ੍ਰਹਮ ਸਮਝਾਇੰਦਾ । ਚਾਰ ਵੇਦਾਂ ਜਗਤ ਗਿਆਨ, ਅੰਤਮ ਪੰਧ ਮੁਕਾਇੰਦਾ । ਤੇਰਾ ਨਾਤਾ ਛੁੱਟੇ ਦੋ ਜਹਾਨ, ਨੌਂ ਨੌਂ ਚਾਰ ਵੇਸ ਵਟਾਇੰਦਾ । ਅੰਤਮ ਜੋਤੀ ਮੇਲ ਮਿਲਾਣ, ਜੋਤੀ ਜੋਤ ਜੋਤ ਸਮਾਇੰਦਾ । ਤੇਰੀ ਕਿਰਿਆ ਕਰੇ ਕਲਿਆਣ, ਤੇਰਾ ਅੰਤ ਵਖਾਇੰਦਾ । ਤੇਰਾ ਮੰਦਰ ਵੇਖ ਵਖਾਣ, ਹਰਿ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣੇ ਹੱਥ ਰਖਾਇੰਦਾ । ਬ੍ਰਹਮਾ ਵੇਤਾ ਅੱਖ ਉਘਾੜ, ਹਰਿ ਸਾਚੇ ਆਪ ਸੁਣਾਇਆ । ਲਹਿਣਾ ਦੇਣਾ ਚੁੱਕਿਆ ਸਤਾਰਾਂ ਹਾੜ, ਵੀਹ ਸੌ ਬੀਸਾ ਦਏ ਦੁਹਾਇਆ । ਤੇਰੀ ਵੱਜੇ ਨਾ ਕੋਇ ਸਤਾਰ, ਰਾਗ ਰਾਗਨੀ ਨਾ ਕੋਇ ਸੁਹਾਇਆ । ਤੇਰਾ ਬੇੜਾ ਆਰ ਪਾਰ, ਨਾਰਦ ਮੁਨ ਨਾ ਵੇਖ ਵਖਾਇਆ । ਸੁਰਸਤੀ ਕਰੇ ਨਾ ਕੋਇ ਪਿਆਰ, ਅੰਕ ਸਹੇਲੀ ਨਾ ਗਲੇ ਲਗਾਇਆ । ਤ੍ਰੈਗੁਣ ਬੰਨ੍ਹੇ ਨਾ ਕੋਈ ਧਾਰ, ਪੰਚਮ ਨਾਤਾ ਨਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਗ ਕਰੇ ਭੰਗ, ਆਪਣੇ ਰੰਗ ਰੰਗਾਇਆ । ਬ੍ਰਹਮੇ ਤੇਰਾ ਸਾਚਾ ਰੂਪ, ਹਰਿ ਹਰਿ ਵੇਖ ਵਖਾਇੰਦਾ । ਲੱਖ ਚੁਰਾਸੀ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਇੰਦਾ । ਕਲਜੁਗ ਅੰਤਮ ਲਏ ਲੁੱਟ, ਆਪਣਾ ਨਾਅਰਾ ਏਕਾ ਲਾਇੰਦਾ । ਦੋ ਜਹਾਨਾਂ ਚੋਗ ਗਈ ਨਿਖੁੱਟ, ਅੰਮ੍ਰਿਤ ਪਿਆਲਾ ਨਾ ਕੋਇ ਪਿਆਇੰਦਾ । ਅੰਤਮ ਰੱਖਣੀ ਏਕਾ ਓਟ, ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਬ੍ਰਹਮਾ ਵੇਤਾ ਨੇਤਰ ਰੋ ਰੋ, ਨੈਣ ਨੀਰ ਵਹਾਇੰਦਾ । ਆਪਣਾ ਮੁੱਖੜਾ ਆਪੇ ਧੋ ਧੋ, ਆਪੇ ਵੇਸ ਵਟਾਇੰਦਾ । ਆਪਣਾ ਅੰਮ੍ਰਿਤ ਆਪੇ ਚੋ ਚੋ, ਆਪੇ ਕਵਲ ਖਿਲਾਇੰਦਾ । ਆਪੇ ਕਰ ਕਰ ਆਪਣਾ ਮੋਹ, ਆਪੇ ਅੰਤ ਤੁੜਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋ, ਬ੍ਰਹਮਾ ਰੋ ਰੋ ਨੀਰ ਵਹਾਇੰਦਾ । ਪ੍ਰਗਟ ਹੋਇਆ ਹਰਿ ਹਰਿ ਸੋ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਹੰ ਬ੍ਰਹਮ ਆਪੇ ਹੋ, ਆਪੇ ਨਾਮ ਧਰਾਇੰਦਾ । ਆਪੇ ਢੋਆ ਦੇਵੇ ਢੋਅ, ਆਪੇ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵੇਤਾ ਏਕਾ ਮੀਤਾ, ਨੇਤਰ ਨੈਣ ਨਜ਼ਰੀ ਆਇੰਦਾ । ਸਾਚਾ ਮੀਤਾ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਈਆ । ਬ੍ਰਹਮਾ ਵੇਤਾ ਦਏ ਅਧਾਰ, ਆਤਮ ਬ੍ਰਹਮ ਜਣਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰ, ਜੀਵ ਜੀਵ ਸਮਝਾਈਆ । ਅੰਤਮ ਮਾਰੇ ਆਪਣੀ ਮਾਰ, ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਆਰ ਪਾਰ, ਆਪਣੀ ਨੈਂ ਚਲਾਈਆ । ਨੱਯਾ ਡੋਬੇ ਅੱਧਵਿਚਕਾਰ, ਸਾਚਾ ਸਈਆ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ੰਕਰ ਰਿਹਾ ਸਮਝਾਈਆ । ਸ਼ੰਕਰ ਸ਼ਿਵ ਉਠ

੮੪੬
੦੮

ਮੀਤ, ਬਾਸ਼ਕ ਤਸ਼ਕਾ ਗਲ ਸੁਹਾਈਆ । ਹੱਥ ਤ੍ਰਸੂਲ ਆਪਣਾ ਆਪ ਰਿਹਾ ਜੀਤ, ਦਰ ਆਪਣਾ ਸੋਭਾ ਪਾਈਆ । ਭੋਲਾ ਨਾਥ ਬੈਠਾ ਅਤੀਤ, ਤ੍ਰੈਗੁਣ ਮਾਇਆ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਭੋਲੇ ਨਾਥ ਨਾਥ ਅਨਾਥਾ, ਹਰਿ ਹਰਿ ਜੋਤ ਜਗਾਇੰਦਾ । ਤੇਰਾ ਅੰਤਮ ਤੁਟੇ ਸਾਥਾ, ਅੰਗੀ ਅੰਗ ਸਮਾਇੰਦਾ । ਆਪ ਚਲਾਏ ਆਪਣਾ ਰਾਥਾ, ਜੁਗ ਜੁਗ ਵੇਸ ਧਰਾਇੰਦਾ । ਆਪੇ ਪੂਜਾ ਆਪੇ ਪਾਠਾ, ਆਪੇ ਨਾਉਂ ਉਪਜਾਇੰਦਾ । ਤੇਰੀ ਜੋਤੀ ਖਿਚ ਲਲਾਟਾ, ਆਪਣੇ ਵਿਚ ਮਿਲਾਇੰਦਾ । ਚੌਥੇ ਜੁਗ ਆਇਆ ਘਾਟਾ, ਨਾ ਕੋਈ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਰੂਪ ਆਪੇ ਧਰ, ਬ੍ਰਹਮਾ ਵੇਤਾ ਲਏ ਫੜ, ਸ਼ੰਕਰ ਚੋਟੀ ਰਿਹਾ ਚੜ੍ਹ, ਆਪਣੀ ਖੇਲ ਖਲਾਇੰਦਾ । ਸ਼ੰਕਰ ਚੋਟੀ ਹਰਿ ਹਰਿ ਚੜ੍ਹਿਆ, ਬ੍ਰਹਮੇ ਬੰਧਨ ਪਾਈਆ । ਵਿਸ਼ਨੂੰ ਰੂਪ ਆਪੇ ਧਰਿਆ, ਭਗਵਨ ਸੰਗ ਨਿਭਾਈਆ । ਸੋਹੰ ਅੱਖਰ ਆਪੇ ਪੜ੍ਹਿਆ, ਸੋ ਪੁਰਖ ਨਿਰੰਜਣ ਵੱਜੀ ਵਧਾਈਆ । ਹੰ ਬ੍ਰਹਮ ਪ੍ਰਭ ਘਾੜਣ ਘੜਿਆ, ਆਪ ਆਪਣੇ ਵਿਚ ਟਿਕਾਈਆ । ਨਿਰਗੁਣ ਨਿਰਗੁਣ ਨਾਲ ਲੜਿਆ, ਖੰਡਾ ਤੀਰ ਕਮਾਨ ਨਾ ਹੱਥ ਉਠਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਦੋ ਧਾਰ ਨਾ ਕੋਇ ਚਲਾਈਆ । ਹੁਕਮੇ ਅੰਦਰ ਤੋੜੇ ਗੜ੍ਹਿਆ, ਹਰਿ ਹੁਕਮ ਵੱਡੀ ਸ਼ਹਿਨਸ਼ਾਹੀਆ । ਬ੍ਰਹਮਾ ਵਿਸ਼ਨ ਸ਼ਿਵ ਆਪੇ ਫੜਿਆ, ਆਪ ਆਪਣੇ ਲੜ ਬੰਧਾਈਆ । ਕਰੋੜ ਤੇਤੀਸਾ ਏਕਾ ਅੱਖਰ ਪੜ੍ਹਿਆ, ਹਰਿ ਸਾਚੀ ਕਰੇ ਪੜ੍ਹਾਈਆ । ਸੁਰਪਤ ਰਾਜਾ ਅੰਦਰ ਵੜਿਆ, ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਚੁਕਾਈਆ । ਉਠ ਇੰਦ ਇੰਦਰਾਸਣ ਦੇਣਾ ਤਜ, ਹਰਿ ਸਾਚਾ ਹੁਕਮ ਸੁਣਾਇੰਦਾ । ਸਚ ਸਿੰਘਾਸਣ ਨਾ ਬਹਿਣਾ ਸਜ, ਵੇਲਾ ਅੰਤਮ ਆਇੰਦਾ । ਕੋਈ ਨਾ ਪਰਦਾ ਸਕੇ ਕੱਜ, ਹਰਿ ਸਾਚਾ ਪਰਦਾ ਲਾਹਿੰਦਾ । ਹਰਿ ਸ਼ਬਦ ਨਗਾਰਾ ਰਿਹਾ ਵੱਜ, ਕਰੋੜ ਤੇਤੀਸਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਇੰਦ ਇੰਦਰਾਸਣ ਅੰਤ ਤਜੌਣਾ, ਸਚ ਸਿੰਘਾਸਣ ਨਾ ਆਸਣ ਲਾਈਆ । ਅੰਮ੍ਰਿਤ ਜਾਮ ਨਾ ਕਿਸੇ ਪਿਔਣਾ, ਚੌਦਾਂ ਰਤਨ ਨਾ ਕੋਇ ਵਖਾਈਆ । ਦਰ ਅਪੱਛਰਾਂ ਨਾ ਕੋਈ ਗੌਣਾ, ਨਾ ਕੋਈ ਵੇਸ ਵੇਸ ਵਟਾਈਆ । ਤਾਰ ਸਤਾਰ ਨਾ ਕੋਇ ਹਲੌਣਾ, ਕਲਜੁਗ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਬਣਾਏ ਬਣਤਰ, ਆਦਿ ਅੰਤ ਹਰਿ ਭਗਵੰਤ, ਆਪਣੀ ਖੇਲ ਖਲਾਈਆ । ਇੰਦਰ ਰੋਵੇ ਮਾਰੇ ਧਾਹ, ਧੀਰਜ ਧੀਰ ਨਾ ਕੋਇ ਧਰਾਇੰਦਾ । ਅੱਠੇ ਪਹਿਰ ਉਭੇ ਸਾਹ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਨਾ ਕੋਈ ਪਕੜੇ ਅੰਤਮ ਬਾਂਹ, ਹਰਿ ਸਾਚਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਖਲਾਇੰਦਾ । ਆਪਣੀ ਖੇਲ ਖਲਾਵਣਹਾਰਾ, ਏਕਾ ਏਕਓਂਕਾਰਿਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾ ਰਿਹਾ । ਆਪੇ ਸੇਵਕ ਸੇਵਾਦਾਰਾ, ਸਾਚੀ ਸੇਵਾ ਆਪ ਕਰਾ ਰਿਹਾ, ਆਪੇ ਵਿਸ਼ਨੂੰ ਦੇਵੇ ਭੰਡਾਰਾ, ਆਪਣੀ ਦਇਆ ਕਮਾ ਰਿਹਾ, ਆਪੇ ਬ੍ਰਹਮ ਕਰ ਪਸਾਰਾ, ਆਪੇ ਅੰਤ ਵਖਾ ਰਿਹਾ । ਆਪੇ ਸ਼ੰਕਰ ਬੰਨ੍ਹੇ ਧਾਰਾ, ਸਚ ਸੰਘਾਰਾ ਆਪ ਕਰਾ ਰਿਹਾ । ਆਪੇ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆ ਰਿਹਾ । ਆਦਿ ਜੁਗਾਦੀ ਇਕ ਅਵਤਾਰਾ, ਹਰਿ ਸਾਚਾ ਆਪ ਅਖਵਾ ਰਿਹਾ । ਲੋਕਮਾਤ ਲੱਖ ਚੁਰਾਸੀ ਜੀਵ ਜੰਤ ਪਾਏ ਸਾਰਾ, ਥਿਰ ਘਰ ਸਾਚਾ ਇਕ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਬਣ ਮਲਾਹ, ਆਪਣਾ ਬੇੜਾ ਆਪ ਚਲਾ ਰਿਹਾ । ਸਤਿਜੁਗ ਸਾਚਾ ਬੇੜਾ ਆਪ ਚਲਾਇਆ, ਹਰਿ ਸਾਚੀ ਸਚ ਵਡਿਆਈਆ । ਤ੍ਰੇਤਾ ਲਹਿਣਾ ਦੇਣ ਮੁਕਾਇਆ, ਏਕਾ ਨਾਮ ਵੱਜੇ ਵਧਾਈਆ । ਦੁਵਾਪਰ ਤੇਰਾ ਖੇਲ ਖਲਾਇਆ, ਖੇਲਣਹਾਰਾ ਬੇਪਰਵਾਹੀਆ । ਕਲਜੁਗ ਸਾਚਾ ਵੇਸ ਵਟਾਇਆ, ਚਾਰੋਂ ਕੁਟ ਅੰਧੇਰਾ ਛਾਈਆ । ਨਾਨਕ ਨਿਰਗੁਣ ਜੋਤੀ ਜੋਤ ਜਗਾਇਆ, ਕਰੇ ਸਚ ਰੁਸ਼ਨਾਈਆ । ਏਕਾ ਮੰਤਰ ਸਤਿਨਾਮ ਪੜ੍ਹਾਇਆ, ਚਾਰ ਵਰਨਾਂ ਕਰੇ ਪੜ੍ਹਾਈਆ । ਜੀਵਾਂ ਜੰਤਾਂ ਆਪ ਸਮਝਾਇਆ, ਥਿਰ ਕੋਇ ਰਹਿਣ ਨਾ ਪਾਈਆ । ਆਦਿ ਜੁਗਾਦੀ ਇਕ ਅਖਵਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਮੇਟੇ ਮੇਟ ਮਿਟਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵਰਨ ਗੋਤ ਨਾ ਕੋਇ ਰਖਾਇਆ, ਮਾਤ ਪਿਤ ਨਾ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਨਿਰਗੁਣ ਰੰਗਿਆ ਸਾਚਾ ਰੰਗ, ਹਰਿ ਘਰ ਸਾਚੇ ਵੱਜੀ ਵਧਾਈਆ । ਗੋਬਿੰਦ ਸੇਜਾ ਸਚ ਪਲੰਘ, ਪੁਰਖ ਅਕਾਲ ਸੇਜ ਵਛਾਈਆ । ਵਾਹਿਗੁਰੂ ਫਤਿਹ ਡੰਕਾ ਵੱਜੇ ਮਰਦੰਗ, ਵਾਹ ਵਾ ਗੁਰੂ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤ, ਨਿਰਗੁਣ ਸਰਗੁਣ ਖੇਲ ਖਲਾਈਆ । ਨਿਰਗੁਣ ਖੇਲੇ ਖੇਲ ਅਪਾਰ, ਆਦਿ ਜੁਗਾਦੀ ਏਕਉਂਕਾਰਿਆ । ਸਰਗੁਣ ਕਰੇ ਸਚ ਪਿਆਰ, ਲੋਕਮਾਤ ਲੈ ਅਵਤਾਰਿਆ । ਸ਼ਬਦ ਰੱਖੇ ਤਿਖੀ ਧਾਰ, ਸਾਚਾ ਖੰਡਾ ਇਕ ਅਪਾਰਿਆ । ਗੁਰਮੁਖ ਸਾਜਣ ਲਾਏ ਪਾਰ, ਮਨਮੁਖਾਂ ਮੇਟ ਮਿਟਾ ਰਿਹਾ । ਕਲਜੁਗ ਅੰਤਮ ਰੈਣ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾ ਰਿਹਾ । ਗੁਰ ਗੋਬਿੰਦ ਹੋਇਆ ਖ਼ਬਰਦਾਰ, ਸਿੰਘ ਆਪਣਾ ਰੂਪ ਵਟਾ ਲਿਆ । ਏਕਾ ਖੰਡਾ ਤੇਜ ਕਟਾਰ, ਏਕਾ ਸੰਗ ਰਖਾ ਲਿਆ । ਕਮਲਾਪਾਤੀ ਜੋਤੀ ਨੂਰ ਉਜਿਆਰ, ਨੂਰੋ ਨੂਰ ਡਗਮਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਹਰਿਜਨ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜ੍ਹਾ ਲਿਆ । ਏਕਾ ਮੰਤਰ ਹਰਿ ਹਰਿ ਨਾਂ ਰਸਨਾ ਗੌਣਾ, ਚਾਰ ਵਰਨ ਜਣਾਈਆ । ਊਚ ਨੀਚ ਨਾ ਕੋਇ ਰਖੌਣਾ, ਗੁਰਮੁਖ ਸੱਜਣ ਮੇਲ ਮਿਲਾਈਆ । ਪੰਡਤ ਪਾਂਧਾ ਕੋਈ ਦਿਸ ਨਾ ਔਣਾ, ਮੁਲਾਂ ਸ਼ੇਖ਼ ਮੁਸਾਇਕ ਕਲਮਾ ਨਬੀ ਨਾ ਕੋਇ ਪੜ੍ਹਾਈਆ । ਹੂ ਹੂ ਨਾਅਰਾ ਕਿਸੇ ਨਾ ਲੌਣਾ, ਐਨਲਹੱਕ ਨਾ ਕੋਇ ਸੁਣਾਈਆ । ਕਲਜੁਗ ਅੰਤਮ ਸਾਚੀ ਖੇਲ ਖਲੌਣਾ, ਗੁਰ ਗੋਬਿੰਦ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਫੇਰਾ ਪੌਣਾ, ਸੱਤਾਂ ਦੀਪਾਂ ਦਏ ਉਠਾਈਆ । ਏਕਾ ਖੰਡਾ ਨਾਮ ਚਮਕੌਣਾ, ਚਾਰ ਕੁੰਟ ਵਖਾਈਆ । ਸ਼ਬਦ ਅਗੰਮੀ ਫੌਜ ਉਠੌਣਾ, ਦਿਸ ਕਿਸੇ ਨਾ ਆਈਆ । ਸੰਮਤ ਸੋਲਾਂ ਸਾਹ ਸੁਧੌਣਾ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਵੀਹ ਸਦ ਸਤਾਰਾਂ ਵੇਸ ਵਟੌਣਾ, ਜੋਤੀ ਨੂਰ ਕਰ ਰੁਸ਼ਨਾਈਆ । ਗੁਰਮੁਖ ਸੱਜਣ ਆਪ ਉਠੌਣਾ, ਘਰ ਘਰ ਦੇਵੇ ਦਰਸ ਬੇਪਰਵਾਹੀਆ । ਜਾਗਰਤ ਜੋਤ ਇਕ ਜਗੌਣਾ, ਜੋਤੀ ਨੂਰ ਕਰੇ ਰੁਸ਼ਨਾਈਆ । ਸਾਚਾ ਮਾਰਗ ਇਕ ਵਖੌਣਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਵੀਹ ਸੌ ਅਠਾਰਾਂ ਅੱਠਾਂ ਤੱਤਾਂ ਮੂਲ ਚੁਕੌਣਾ, ਤੱਤਵ ਤੱਤ ਸਮਾਈਆ । ਉਨੀ ਉਨੀਸਾ ਸ਼ਾਹ ਸੁਲਤਾਨਾਂ ਖ਼ਾਲੀ ਖ਼ੀਸਾ, ਮੁਸਲਮ ਸੁੰਨੀ ਚੋਟੀ ਜਾਏ ਮੁਨੀ, ਅੱਲ੍ਹਾ ਰਾਣੀ ਮੁਖ ਸ਼ਰਮਾਈਆ । ਬੀਸ ਬੀਸਾ ਹਰਿ ਜਗਦੀਸ਼ਾ ਸ਼ਾਹੋ ਸ਼ਾਹਬੀਸਾ, ਏਕਾ ਛਤਰ ਸੀਸ ਟਿਕਾਈਆ । ਚਾਰ ਵਰਨ ਇਕ ਹਦੀਸਾ, ਏਕਾ ਹੁਕਮ ਸੁਣਾਈਆ । ਪ੍ਰਗਟ ਹੋਏ ਪੰਚਮ ਮੀਤਾ, ਪੰਚ ਨਿਸ਼ਾਨਾ ਹੱਥ ਉਠਾਈਆ । ਜੋਤੀ ਜੋਤ

੮੫੮
੦੮

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਆਪ ਅਖਵਾਈਆ । ਨਿਹਕਲੰਕ ਹਰਿ ਨਿਰੰਕਾਰ, ਏਕਾ ਏਕ ਓਅੰਕਾਰਿਆ । ਦੂਜਾ ਦਿਸੇ ਨਾ ਕੋਇ ਸੰਸਾਰ, ਪੰਜ ਤੱਤ ਨਾ ਕੋਇ ਬਣਾ ਰਿਹਾ । ਗੋਬਿੰਦ ਗੁਰ ਸਾਚੀ ਧਾਰ, ਪੁਰਖ ਅਕਾਲ ਆਪ ਚਲਾ ਰਿਹਾ । ਸਿੰਘ ਰੂਪ ਸੱਚੀ ਸਰਕਾਰ, ਸਾਚਾ ਖੰਡਾ ਹੱਥ ਉਠਾ ਰਿਹਾ । ਸ਼ਾਹੋ ਭੂਪ ਭੂਪ ਅਸਵਾਰ, ਸਚ ਸਿੰਘਾਸਣ ਆਸਣ ਲਾ ਰਿਹਾ । ਸਚਖੰਡ ਦੁਵਾਰਿਉਂ ਆਏ ਬਾਹਰ, ਲੋਆਂ ਪੁਰੀਆਂ ਚਰਨਾਂ ਹੇਠ ਦਬਾ ਰਿਹਾ । ਲੋਕਮਾਤ ਪਾਵੇ ਸਾਰ, ਸਾਚੀ ਜੋਤੀ ਡਗਮਗਾ ਰਿਹਾ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾ ਰਿਹਾ । ਜਨ ਭਗਤਾਂ ਅੰਤਰ ਆਏ ਬੌਹੜਾ, ਜਗਤ ਸੰਦੇਸ਼ਾ ਰੋਗ ਮਿਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਘਰ ਮੰਦਰ ਇਕ ਵਖਾ ਲਿਆ । ਗੁਰਮੁਖ ਤੇਰਾ ਸਚ ਦਰਵਾਜ਼ਾ, ਸਚਖੰਡ ਹਰਿ ਸੁਹਾਈਆ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਧੁਨ ਅਨਾਦੀ ਅਨਹਦ ਮਾਰੇ ਵਾਜਾ, ਸੁੰਨ ਸਮਾਧ ਖੁਲ੍ਹਾਈਆ । ਹਰਿ ਸੁਲਤਾਨ ਵਡ ਰਾਜਨ ਰਾਜਾ, ਅਦਲੀ ਅਦਲ ਕਮਾਈਆ । ਕਲਜੁਗ ਅੰਤਮ ਰਚਿਆ ਕਾਜਾ, ਤ੍ਰੈਗੁਣ ਰੋਵੇ ਦਏ ਦੁਹਾਈਆ । ਜਨ ਭਗਤਾਂ ਸਾਚਾ ਸਾਜਣ ਸਾਜਾ, ਮਿਲੇ ਮੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰੀ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਤੇਰੀ ਵਡਿਆਈ ਧੰਨ, ਹਰਿ ਗੋਬਿੰਦ ਦਰਸ਼ਨ ਪਾਇਆ । ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਜਿਸ ਜਨ ਹਰਿ ਹਰਿ ਰਸਨਾ ਗਾਇਆ । ਜਨਨੀ ਜਣਿਆ ਸਾਚਾ ਜਨ, ਧੰਨ ਧੰਨ ਧੰਨ ਜਣੇਂਦੀ ਮਾਇਆ । ਏਕਾ ਰਾਗ ਸੁਣਿਆ ਕੰਨ, ਪੁਰਖ ਅਕਾਲ ਇਕ ਮਨਾਇਆ । ਰਾਏ ਧਰਮ ਨਾ ਦੇਵੇ ਡੰਨ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦੇਵੇ ਵਰ, ਵਰ ਦਾਤਾ ਇਕ ਅਖਵਾਇਆ ।

## ੧੫ ਸਾਵਣ ੨੦੧੬ ਬਿਕ੍ਰਮੀ ਅਰਜਨ ਸਿੰਘ ਦੇ ਘਰ ਪਿੰਡ ਪਿਪਲੀ ਜ਼ਿਲਾ ਫ਼ਿਰੋਜ਼ਪੁਰ

ਅਸੰਖ ਅਸੰਖਾ ਹਰਿ ਗੁਣ ਨਿਰੰਕਾਰ, ਅਸੰਖ ਅਸੰਖ ਨਾ ਗਣਤ ਗਣਾਈਆ । ਆਪਣੀ ਪਾਵੇ ਆਪੇ ਸਾਰ, ਆਪਣੀ ਜੋਤ ਕਰ ਰੁਸ਼ਨਾਈਆ । ਧਾਮ ਅਗੰਮੜੇ ਬੈਠ ਨਿਰੰਕਾਰ, ਜੋਤੀ ਨੂਰ ਡਗਮਗਾਈਆ । ਸਾਚਾ ਮੰਦਰ ਬੰਕ ਦੁਵਾਰ, ਆਪਣਾ ਆਪ ਸੁਹਾਈਆ । ਆਪਣੀ ਕਿਰਪਾ ਆਪੇ ਧਾਰ, ਆਪਣੀ ਕਿਰਣ ਇਕ ਉਪਜਾਈਆ । ਆਪਣੇ ਅੰਦਰੋਂ ਕਰੀ ਬਾਹਰ, ਬ੍ਰਹਿਮੰਡ ਖੰਡ ਲੋਆਂ ਪੁਰੀਆਂ ਰਚਨ ਰਚਾਈਆ । ਏਕਾ ਕਿਰਨ ਵੰਡੇ ਵੰਡ, ਤ੍ਰੈ ਤ੍ਰੈ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਸੰਖ ਗੁਣ ਆਪ ਅਖਵਾਈਆ । ਏਕਾ ਕਿਰਨ ਤ੍ਰੈ ਤ੍ਰੈ ਧਾਰ, ਹਰਿ ਸਾਚੀ ਵੰਡ ਵੰਡਾਇੰਦਾ । ਨੂਰੀ ਨੂਰ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਵਿਸ਼ਨੂੰ ਕਰੇ ਪਿਆਰ, ਇਕ ਬ੍ਰਹਮਾ ਵਿਚ ਵਸਾਇੰਦਾ । ਏਕਾ ਸ਼ਿਵ ਦਏ ਅਧਾਰ, ਏਕਾ ਰੰਗ ਰੰਗਾਇੰਦਾ । ਇਕ ਕਿਰਨ ਕਿਰਨ ਕਿਰਨ ਆਕਾਰ, ਆਪਣਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਸੰਖ ਗੁਣ ਆਪ ਅਖਵਾਇੰਦਾ । ਇਕ ਕਿਰਨ ਹਰਿ ਵੰਡ ਵੰਡਾਏ, ਵਡ ਵੱਡੀ ਵਡਿਆਈਆ ।

ਇਕ ਇਕ ਇਕ ਤਿੰਨੇ ਏਕੇ ਸੰਗ ਰਲਾਏ, ਇਕ ਸਦ ਇਕ ਦਸ ਇਕ ਕਰੇ ਕੁੜਮਾਈਆ । ਆਪੇ ਜਾਣੇ ਆਪਣੀ ਹੱਦ, ਬ੍ਰਹਿਮਾਦ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਕਿਰਨ ਇਕ ਸੌ ਗਿਆਰਵਾਂ ਹਿੱਸਾ ਦਏ ਵੰਡ, ਰਵ ਸਸ ਦਏ ਰੁਸ਼ਨਾਈਆ । ਦੂਜਾ ਖੇਲੇ ਖੇਲ ਬ੍ਰਹਿਮੰਡ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਸੰਖ ਗੁਣ ਇਕ ਅਖਵਾਈਆ । ਇਕ ਇਕ ਇਕ ਖੇਲ ਨਿਰਾਲਾ, ਏਕਾ ਇਕ ਇਕ ਨਾਲ ਰਲਾਈਆ । ਤੀਜਾ ਏਕਾ ਕਰ ਨਿਰਾਲਾ, ਆਪਣੀ ਬਣਤ ਬਣਾਈਆ । ਤਿੰਨੇ ਲੋਕ ਗਗਨ ਥਾਲਾ, ਸਾਚੀ ਬਣਤ ਬਣਾਈਆ । ਏਕਾ ਸ਼ਕਤੀ ਜੋਤ ਜਵਾਲਾ, ਆਦਿ ਆਦਿ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਆਪਣੀ ਵੰਡ ਵੰਡਾਈਆ । ਦੂਜਾ ਏਕਾ ਕਰ ਤਿਆਰ, ਦੋਹਾਂ ਮੇਲ ਮਿਲਾਇੰਦਾ । ਏਕਾ ਕਿਰਨ ਗਿਆਰਵੀਂ ਧਾਰ, ਲੱਖ ਚੁਰਾਸੀ ਰਚਨ ਰਚਾਇੰਦਾ । ਨਿਰਗੁਣ ਨੂਰ ਕਰ ਆਕਾਰ, ਘਟ ਘਟ ਅੰਦਰ ਡੇਰਾ ਲਾਹਿੰਦਾ । ਦੇਵਣਹਾਰ ਸਰਬ ਸੰਸਾਰ, ਰਾਜ਼ਕ ਰਹੀਮ ਆਪ ਅਖਵਾਇੰਦਾ । ਆਪੇ ਉਤਪਤ ਕਰੇ ਆਪਣੀ ਧਾਰ, ਆਪ ਆਪਣੀ ਬਣਤ ਬਣਾਇੰਦਾ । ਆਪੇ ਅੰਤਮ ਲਏ ਸ਼ੰਘਾਰ, ਆਪਣਾ ਲੇਖਾ ਆਪ ਚੁਕਾਇੰਦਾ । ਦੋਏ ਏਕੇ ਕਰ ਪਿਆਰ, ਏਕਾ ਏਕੇ ਨਾਲ ਜੁੜਾਇੰਦਾ । ਏਕਾ ਕਿਰਨ ਹੋਈ ਉਜਿਆਰ, ਰਵ ਸਸ ਦਏ ਆਧਾਰ, ਲੱਖ ਚੁਰਾਸੀ ਜੋਤ ਜਗਾਇੰਦਾ । ਤੀਜਾ ਏਕਾ ਨਿਰਗੁਣ ਰੂਪ, ਹਰਿ ਹਰਿ ਆਪਣੇ ਹੱਥ ਰਖਾਈਆ । ਅਬਿਨਾਸ਼ੀ ਕਰਤਾ ਸਤਿ ਸਰੂਪ, ਪੰਚਮ ਪੰਚਮ ਵੱਡੀ ਵਡਿਆਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਤੁਠ, ਰਵ ਸਸ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਨ ਆਪਣੇ ਹੱਥ ਰਖਾਈਆ । ਤੀਜਾ ਏਕਾ ਤਿਖੀ ਧਾਰ, ਏਕਓਅੰਕਾਰ ਉਪਜਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਆਦਿ ਜੁਗਾਦਿ ਕਰਾਇੰਦਾ । ਪੰਜ ਤੱਤ ਕਰ ਪਿਆਰ, ਆਪ ਆਪਣਾ ਆਸਣ ਲਾਇੰਦਾ । ਨਾਉਂ ਧਰ ਗੁਰ ਅਵਤਾਰ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਸੰਖ ਗੁਣ ਅਸੰਖ ਅਸੰਖਾ, ਆਪ ਉਪਜਾਇੰਦਾ । ਇਕ ਇਕ ਇਕ, ਏਕਾ ਰੰਗ ਰੰਗਾਇਆ । ਏਕਾ ਰਵ ਸਸ ਮੇਟੇ ਤ੍ਰਿਖ, ਇਕ ਲੱਖ ਚੁਰਾਸੀ ਫੇਰਾ ਪਾਇਆ । ਇਕ ਆਪਣਾ ਲੇਖਾ ਆਪੇ ਲਿਖ, ਆਪੇ ਵੇਖ ਵਖਾਇਆ । ਏਕਾ ਧਾਰੇ ਸਾਚਾ ਭੇਖ, ਬ੍ਰਹਮਾ ਵਿਸ਼ਨ ਸ਼ਿਵ ਲਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇਆ । ਏਕਾ ਕਿਰਨ ਹਰਿ ਕਰਤਾਰ, ਆਪਣੀ ਆਪ ਆਪ ਉਪਜਾਈਆ । ਤ੍ਰੈ ਤ੍ਰੈ ਖੇਲ ਖੇਲੇ ਅਪਾਰ, ਤਿੰਨਾਂ ਮੇਲਾ ਸਹਿਜ ਸੁਭਾਈਆ । ਜੇਰਜ ਅੰਡ ਕਰੇ ਪਿਆਰ, ਉਤਭੁਜ ਸੇਹਤਜ ਆਸਣ ਲਾਈਆ । ਗੁਰ ਰੂਪ ਆਪ ਕਰਤਾਰ, ਆਪਣੀ ਜੋਤ ਕਰੇ ਰੁਸ਼ਨਾਈਆ । ਨਾ ਕੋਈ ਦੀਸੇ ਹੋਰ ਪਸਾਰ, ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਰਨੀ ਕਿਰਨ ਉਪਜਾਈਆ । ਇਕ ਇਕ ਇਕ ਗਿਆਰਾਂ, ਏਕਾ ਰੰਗ ਰੰਗਾਇਆ । ਕਲਜੁਗ ਅੰਤਮ ਮੀਤ ਮੁਰਾਰਾ, ਲੋਕਮਾਤੀ ਵੇਸ ਵਟਾਇਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਬ੍ਰਹਮਾ ਵਿਸ਼ਨ ਸ਼ਿਵ ਬੰਨ੍ਹ ਵਖਾਇਆ । ਲੱਖ ਚੁਰਾਸੀ ਮਾਰੇ ਮਾਰਾ, ਏਕਾ ਖੰਡਾ ਹੱਥ ਉਠਾਇਆ । ਗੁਰਮੁਖਾਂ ਕਰੇ ਸਚ ਪਿਆਰਾ, ਇਕ ਸੌ ਗਿਆਰਾਂ ਦਿਵਸ ਸਾਚਾ ਜਾਪ ਜਪਾਇਆ । ਛੱਤੀ ਜੁਗ ਨਾ ਪਾਏ ਕੋਈ ਪਾਰਾਵਾਰਾ, ਗੁਰ ਪੀਰ ਸਾਧ ਸੰਤ ਔਲੀਏ

੮੫੦
੦੮

ਪੀਰ, ਸ਼ੇਖ਼ ਮੁਲਾਂ ਸਾਰੇ ਗਏ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇਆ । ਏਕਾ ਕਿਰਨ ਨਿਰਗੁਣ ਧਾਰ, ਇਕ ਗਿਆਰਾਂ ਵੰਡ ਵੰਡਾਈਆ । ਆਪਣੇ ਅੰਦਰੋਂ ਆਈ ਬਾਹਰ, ਦਰ ਦੁਵਾਰਾ ਆਪ ਤਜਾਈਆ । ਅਸੰਖ ਗੁਣ ਬੈਠ ਨਿਰੰਕਾਰ, ਖੇਲੇ ਖੇਲ ਬੇਪਰਵਾਹੀਆ । ਏਕਾ ਵੰਡੀ ਤਿੰਨ ਪਿਆਰ, ਤੀਜਾ ਹਿੱਸਾ ਆਪ ਰਖਾਈਆ । ਦੂਜਾ ਕੁਦਰਤ ਕਾਦਰ ਬਣਿਆ ਸਾਚਾ ਯਾਰ, ਕਾਦਰ ਕੁਦਰਤ ਵਿਚ ਸਮਾਈਆ । ਆਪੇ ਕਰੇ ਰਵ ਸਸ ਉਜਿਆਰ, ਆਪਣੀ ਕਰਨੀ ਨੂਰ ਰੁਸ਼ਨਾਈਆ । ਆਪੇ ਸਾਹਿਬ ਸੱਜਣ ਸਤਿਗੁਰ ਸਾਚਾ ਮੀਤ ਮੁਰਾਰ, ਲੋਕਮਾਤ ਵੇਖ ਵਖਾਈਆ । ਆਪੇ ਸਭ ਤੋਂ ਵਸਿਆ ਬਾਹਰ, ਭੇਵ ਅਭੇਦਾ ਭੇਵ ਛੁਪਾਈਆ । ਜੋ ਉਪਜੇ ਸੋ ਲਏ ਸੰਘਾਰ, ਥਿਰ ਕੋਇ ਰਹਿਣ ਨਾ ਪਾਈਆ । ਜੁਗਾ ਜੁਗੰਤ ਸਾਧ ਸੰਤ ਗੁਰ ਅਵਤਾਰ ਆਪਣੇ ਅੰਦਰ ਲਏ ਵਾੜ, ਆਪ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੇਪਰਵਾਹੀਆ । ਗੁਰ ਪੀਰ ਅਵਤਾਰ ਸਾਧ ਸੰਤ, ਹਰਿ ਆਪਣੇ ਅੰਦਰ ਆਪ ਟਿਕਾਇੰਦਾ । ਜੁਗਾ ਜੁਗੰਤਰ ਕਰ ਪਿਆਰ, ਲੋਕਮਾਤ ਧਰਾਇੰਦਾ । ਸ਼ਬਦ ਸਰੂਪੀ ਕਰ ਜੈਕਾਰ, ਸਾਚਾ ਨਾਮ ਸੁਣਾਇੰਦਾ । ਲਾਏ ਮਾਰਗ ਅਗੰਮ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰੋ ਨਰ ਨਿਰੰਕਾਰੋ, ਨਿਰਗੁਣ ਨੂਰ ਸਰਬ ਗੁਣਵੰਤਿਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰੋ, ਜੋਤੀ ਨੂਰ ਨੂਰ ਉਜਿਆਰੋ, ਘਰ ਸਾਚੇ ਸੋਭਾਵੰਤਿਆ । ਅਕਲ ਕਲ ਕਲ ਆਪੇ ਧਾਰੋ, ਜਲ ਥਲ ਮਹੀਅਲ ਰਿਹਾ ਪਸਾਰੋ, ਰੂਪ ਰੰਗ ਨਾ ਕੋਇ ਵਖੰਤਿਆ । ਵਸੇ ਨੇਹਚਲ ਧਾਮ ਨਿਆਰੋ, ਆਦਿ ਨਿਰੰਜਣ ਬ੍ਰਹਮ ਪਸਾਰੋ, ਪਾਰਬ੍ਰਹਮ ਸ੍ਰੀ ਭਗਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹੰਤਿਆ । ਭਗਵਨ ਭੈ ਭੰਜਣ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਨਰਾਇਣ ਸੱਜਣ, ਅਕਾਲ ਪੁਰਖ ਬੇਪਰਵਾਹੀਆ । ਜੂਨੀ ਰਹਿਤ ਘੜਣ ਭੰਨਣ, ਸਮਰਥ ਪੁਰਖ ਅਖਵਾਈਆ । ਆਦਿ ਜੁਗਾਦਿ ਏਕਾ ਸੱਜਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਨੂਰ ਦਰਸਾਈਆ । ਅਲੱਖ ਅਲੱਖਣਾ ਅਗੰਮ ਅਗੰਮੜਾ, ਅਨਭਵ ਪਰਕਾਸ਼ ਸਮਾਈਆ । ਸਦ ਵਸੇ ਵੱਖਰਾ ਹੱਡ ਮਾਸ ਨਾੜੀ ਨਾ ਚੰਮੜਾ, ਤੱਤ ਰੱਤ ਨਾ ਕੋਇ ਵਖਾਈਆ । ਜੁਗਾ ਜੁਗੰਤ ਹੋਏ ਪਰਤੱਖਣਾ, ਪੱਲੇ ਨਾ ਕੋਈ ਪੈਸਾ ਦਮੜਾ, ਮਹਿਮਾ ਅਗਣਤ ਗਣੀ ਨਾ ਜਾਈਆ । ਦੋਵੇਂ ਹੱਥੀਂ ਫਿਰੇ ਸੱਖਣਾ, ਮਾਤ ਪਿਤ ਨਾ ਕੋਇ ਅੰਮੀ ਅੰਮੜਾ, ਸਾਕ ਸੱਜਣ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਲਿਖਾਈਆ । ਲਿਖਣਹਾਰਾ ਹਰਿ ਨਿਰੰਕਾਰ, ਏਕਓਅੰਕਾਰ ਅਕਲ ਕਲਾ ਅਖਵਾਇੰਦਾ । ਜੋਤ ਉਜਿਆਰ ਖੇਲ ਅਪਾਰ, ਸਚਖੰਡ ਦਵਾਰ ਸੋਭਾਵੰਤ ਸੋਭਾ ਪਾਇੰਦਾ । ਸੁੱਤ ਦੁਲਾਰ ਸ਼ਬਦ ਜੈਕਾਰ, ਏਕਾ ਨਾਅਰਾ ਨਾਮ ਨਾਮਾ ਸਤਿ ਲਗਾਇੰਦਾ । ਸਚਖੰਡ ਦਰਬਾਰ ਧਰਮ ਅਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਸੁਹਾਇੰਦਾ । ਦਰ ਸੁਹਾਵਣਾ ਰਾਗ ਅਲ੍ਹਾਵਣਾ, ਹਰਿ ਮੰਦਰ ਸੋਭਾ ਪਾਈਆ । ਸਚ ਸਿੰਘਾਸਣ ਆਸਣ ਲਾਵਣਾ, ਜੋਤ ਪਰਕਾਸ਼ਣ ਖੇਲ ਖਲਾਵਣਾ, ਨੂਰੋ ਨੂਰ ਡਗਮਗਾਈਆ । ਦੀਪਕ ਜੋਤੀ ਇਕ ਜਗਾਵਣਾ, ਆਪ ਆਪਣਾ ਮੇਲ ਮਿਲਾਵਣਾ, ਘਰ ਮੇਲਾ ਸਹਿਜ ਸੁਭਾਈਆ । ਸਾਚਾ ਬੰਕ ਸੁਹਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਘਰ ਉਪਜਾਇਆ ਹਰਿ

੮੫੧
੦੮

ਰਘੁਰਾਇਆ, ਖੰਡ ਸਚ ਸਚ ਵੱਡੀ ਵਡਿਆਈਆ । ਸਚ ਸਮਾਇਆ ਦਿਸ ਨਾ ਆਇਆ, ਸਚ ਕਹਿਣਾ ਕਹਿਣ ਨਾ ਕੋਇ ਜਾਈਆ । ਸ਼ਬਦ ਅਲਾਇਆ ਮੰਗਲ ਗਾਇਆ, ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਆਪਣਾ ਕਰ ਹਰਿ ਪਸਾਰਾ, ਹਰਿ ਨਿਰੰਕਾਰਾ ਆਪੇ ਆਪ ਵੇਖ ਵਖਾਇੰਦਾ । ਕਰਨੀ ਕਰਤਾ ਕਰ ਉਜਿਆਰਾ, ਕਰਨਾ ਕਰਤਾ ਕਰਨੀ ਕਰਤਾ ਆਪ ਕਮਾਇੰਦਾ । ਆਪੇ ਬੰਨ੍ਹੇ ਆਪਣੀ ਧਾਰਾ, ਆਪੇ ਵੇਖ ਵਖਾਇੰਦਾ । ਆਪੇ ਉਤਪਤ ਕਰੇ ਕਰਾਏ ਸਰਬ ਸੰਸਾਰਾ, ਆਪ ਆਪਣੀ ਖੇਲ ਖਲਾਇੰਦਾ । ਆਪੇ ਮੇਟੇ ਕੂੜ ਪਸਾਰਾ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਆਪੇ ਬ੍ਰਹਮਾ ਵਿਸ਼ਨ ਕਰਾਏ ਅੰਤ ਕਿਨਾਰਾ, ਆਪੇ ਜੋਤੀ ਨੂਰ ਧਰਾਇੰਦਾ । ਕਲਜੁਗ ਅੰਤਮ ਜੋਤ ਉਜਿਆਰਾ, ਏਕਓਅੰਕਾਰਾ, ਆਪ ਅਖਵਾਇੰਦਾ । ਵੇਦ ਕਤੇਬਾਂ ਵਸੇ ਬਾਹਰਾ, ਖਾਣੀ ਬਾਣੀ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਸੋਭਾ ਪਾਇੰਦਾ । ਦਰ ਸੋਭਾ ਪਾਏ ਸੋਭਾਵੰਤ, ਗੁਣਵੰਤ ਗੁਣ ਜਣਾਈਆ । ਦਰ ਮੰਦਰ ਅੰਦਰ ਸਾਚੀ ਬਣਤ, ਨਿਰਗੁਣ ਆਪਣੀ ਆਪ ਉਪਜਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਈਆ । ਨਿਹਕਲੰਕ ਹਰਿ ਨਿਰੰਕਾਰ, ਭੇਵ ਕਿਸੇ ਨਾ ਪਾਇਆ । ਚਾਰੇ ਜੁਗ ਬਣ ਲਿਖਾਰ, ਆਪਣਾ ਆਪਣਾ ਲੇਖਾ ਗਏ ਲਿਖਾਇਆ । ਸਾਧ ਸੰਤ ਗੁਰ ਸਤਿਗੁਰ ਰਹੇ ਪੁਕਾਰ, ਨਿਹਕਲੰਕ ਤੇਰਾ ਨਾਂ ਧਿਆਇਆ । ਕਲਜੁਗ ਅੰਤਮ ਔਣਾ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਨਿਰਗੁਣ ਜੋਤੀ ਦੀਪਕ ਬਾਲ, ਗੁਰਮੁਖਾਂ ਰਿਹਾ ਜਗਾਈਆ । ਇਕ ਵਖਾਏ ਸਾਚੀ ਧਰਮਸਾਲ, ਚਰਨ ਦੁਵਾਰਾ ਵਡ ਵਡਿਆਈਆ । ਆਪੇ ਪਰਖੇ ਸਾਚੇ ਲਾਲ, ਨਾਮ ਕਸਵਟੀ ਹੱਥ ਉਠਾਈਆ । ਲੇਖੇ ਲਾਏ ਕਾਚੀ ਮਾਟੀ ਝੂਠੀ ਖਾਲ, ਰੱਤ ਤੱਤ ਬ੍ਰਹਮ ਮਤ ਆਪ ਉਪਜਾਈਆ । ਅਬਿਨਾਸ਼ੀ ਕਰਤਾ ਧਰਨੀ ਧਰਤਾ ਧਰਤ ਧਵਲ ਉਪਰ ਗੁਰਮੁਖ ਸਾਜਣ ਲਏ ਭਾਲ, ਲੱਖ ਚੁਰਾਸੀ ਫੋਲ ਫੁਲਾਈਆ । ਸ਼ਬਦ ਸ਼ਬਦੀ ਬਣ ਦਲਾਲ, ਵਣਜ ਕਰਾਏ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਲੁਟਾਈਆ । ਗੁਰਸਿਖ ਸ਼ਾਹ ਬਣਿਆ ਕੰਗਾਲ, ਅਤੋਟ ਅਤੁਟ ਭੰਡਾਰ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਲਏ ਤਰਾਈਆ । ਤਾਰਨਹਾਰਾ ਏਕਾ ਗੁਰ, ਏਕਾ ਏਕਓਅੰਕਾਰਿਆ । ਗੁਰਮੁਖ ਸਾਜਣ ਸਾਚੇ ਚੜ੍ਹਾਏ ਘੋੜ, ਸਾਚਾ ਘੋੜਾ ਇਕ ਵਖਾ ਰਿਹਾ । ਕਲਜੁਗ ਅੰਤਮ ਗਿਆ ਬੌਹੜ, ਆਪ ਆਪਣਾ ਵੇਸ ਵਟਾ ਲਿਆ । ਲੱਖ ਚੁਰਾਸੀ ਵੇਖ ਮਿੱਠਾ ਕੌੜ, ਕਲਜੁਗ ਰੀਠਾ ਕੌੜਾ ਭੰਨ ਵਖਾ ਲਿਆ । ਗੁਰਮੁਖਾਂ ਅੰਤਰ ਆਤਮ ਲੱਗੀ ਔੜ, ਦੇ ਦਰਸ ਤ੍ਰਿਖਾ ਬੁਝਾ ਲਿਆ । ਸਤਿਗੁਰ ਪੂਰਾ ਗਿਆ ਬੌਹੜ, ਭਾਂਡਾ ਭਰਮ ਗੜ੍ਹ ਭਨਾ ਲਿਆ । ਗੁਰਮੁਖ ਫੜਨਾ ਏਕਾ ਪੌੜ, ਚੌਥੇ ਪਦ ਚੌਥੇ ਘਰ ਸੋਹੰ ਡੰਡਾ ਏਕਾ ਲਾ ਲਿਆ । ਅੱਧ ਵਿਚ ਨਾ ਜਾਣਾ ਅੜ, ਗੁਰ ਪੂਰੇ ਸਿਰ ਆਪਣਾ ਹੱਥ ਟਿਕਾ ਲਿਆ । ਸ਼ਬਦ ਸਰੂਪੀ ਲਏ ਫੜ, ਸਤਿਗੁਰ ਵਿਚੋਲਾ ਸ਼ਬਦ ਰਖਾ ਲਿਆ । ਸੱਸੇ ਉਪਰ ਹੋੜਾ ਧਰ, ਨਿਰਗੁਣ ਸਰਗੁਣ ਨਾਉਂ ਧਰਾ ਲਿਆ । ਹੰ ਬ੍ਰਹਮ ਲਾਏ ਲੜ, ਆਪਣਾ ਪੱਲੂ ਆਪ ਫੜਾ ਲਿਆ । ਪੁਰਖ ਅਬਿਨਾਸ਼ੀ ਸਾਚੇ ਘੋੜੇ ਰਿਹਾ ਚੜ੍ਹ, ਸਚ ਸਿੰਘਾਸਣ ਆਸਣ ਲਾ ਲਿਆ । ਗੁਰਮੁਖ ਨਾਰੀ ਲਏ ਵਰ, ਕੰਤ ਕੰਤੂਹਲਾ ਫੇਰਾ ਪਾ ਲਿਆ । ਸਾਚੀ ਡੋਲੀ ਚੁੱਕੇ

ਬਣ ਕਹਾਰ, ਆਪਣੇ ਕੰਧ ਉਠਾ ਲਿਆ । ਤਿੰਨਾਂ ਲੋਕਾਂ ਕਰੇ ਪਾਰ, ਸਾਚੇ ਮਾਰਗ ਆਪੇ ਪਾ ਲਿਆ । ਆਦਿ ਸ਼ਕਤ ਪਾਣੀ ਦਏ ਵਾਰ, ਅੰਮ੍ਰਿਤ ਸਾਚਾ ਹੱਥ ਉਠਾ ਲਿਆ । ਸਚਖੰਡ ਦੁਵਾਰੇ ਕਰ ਪਿਆਰ, ਗੁਰਮੁਖ ਸਾਚਾ ਆਪ ਬਹਾ ਲਿਆ । ਲੱਖ ਚੁਰਾਸੀ ਘੁੰਗਟ ਦਏ ਉਤਾਰ, ਆਪਣਾ ਮੁਖੜਾ ਆਪ ਵਖਾ ਲਿਆ । ਕਰੇ ਕਰਾਏ ਸਚ ਪਿਆਰ, ਅੰਗੀਕਾਰ ਅੰਗ ਲਗਾ ਲਿਆ । ਸਾਚੀ ਸੇਜਾ ਪੁਰਖ ਕਰਤਾਰ, ਨਿਰਗੁਣ ਆਪਣੀ ਆਪ ਸੁਹਾ ਲਿਆ । ਸੰਤ ਦੁਲਾਰਾ ਦਏ ਅਧਾਰ, ਸਾਚੀ ਸੇਜਾ ਆਪ ਸਵਾ ਲਿਆ । ਏਕਾ ਸੇਜਾ ਸੁੱਤੇ ਪੈਰ ਪਸਾਰ, ਦੂਸਰ ਫੇਰ ਨਾ ਕਿਸੇ ਉਠਾ ਲਿਆ । ਜੁਗ ਜੁਗ ਬੰਨ੍ਹੇ ਆਪਣੀ ਧਾਰ, ਭਗਤਾਂ ਆਪ ਜਗਾ ਲਿਆ । ਸ਼ਬਦ ਸੁਨੇਹੜਾ ਦੇਵੇ ਆਪਣੀ ਵਾਰ, ਸਾਚਾ ਹੁਕਮ ਸੁਣਾ ਲਿਆ । ਲੋਕਮਾਤ ਜਾਣਾ ਵਿਚ ਸੰਸਾਰ, ਭਗਤੀ ਮਾਰਗ ਇਕ ਵਖਾ ਲਿਆ । ਮੈਂ ਆਵਾਂ ਕਿਰਪਾ ਧਾਰ, ਗੁਰ ਸਤਿਗੁਰ ਰੂਪ ਵਟਾ ਲਿਆ । ਕਲਜੁਗ ਅੰਤਮ ਵੇਖ ਵਿਚਾਰ, ਨਿਰਗੁਣ ਸਾਚਾ ਖੇਲ ਖਿਲਾ ਲਿਆ । ਗੁਰਮੁਖ ਸਾਜਣ ਲਾਏ ਪਾਰ, ਆਪਣੇ ਬੇੜੇ ਆਪ ਚੜ੍ਹਾ ਲਿਆ । ਕੋਏ ਨਾ ਡੋਬੇ ਵਿਚ ਮੰਝਧਾਰ, ਭਵ ਸਾਗਰ ਪਾਰ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾ ਲਿਆ । ਗੁਰਮੁਖ ਨਾਰੀ ਕੰਤ ਪਿਆਰੀ, ਨੇਤਰ ਨੈਣ ਸ਼ਿੰਗਾਰਿਆ । ਦਿਵਸ ਰੈਣ ਰਹੀ ਪੁਕਾਰੀ, ਘਰ ਆ ਸਾਜਣ ਮੀਤ ਮੁਰਾਰਿਆ । ਧੁਰਦਰਗਾਹੀ ਲੱਗੀ ਯਾਰੀ, ਜਗਤ ਵਿਛੋੜਾ ਕਿਉਂ ਪਾ ਲਿਆ । ਮੈਂ ਭੁੱਲੀ ਅਵਗੁਣਹਾਰੀ, ਤੇਰਾ ਗੁਣ ਨਾ ਜਣਾ ਲਿਆ । ਤੂੰ ਸ਼ਾਹੋ ਸੱਚਾ ਬਖ਼ਸ਼ਣਹਾਰੀ, ਹਉਂ ਖ਼ਾਕੀ ਖ਼ਾਕ ਰਮਾ ਲਿਆ । ਬਿਨ ਤੇਰੇ ਦਰਸ਼ਨ ਹੋਏ ਖ਼ੁਵਾਰੀ, ਲੱਖ ਚੁਰਾਸੀ ਭਰਮ ਭੁਲਾ ਲਿਆ । ਤੇਰੀ ਸੇਜ਼ਾ ਇਕ ਪਿਆਰੀ, ਦੂਜਾ ਰਸ ਨਾ ਕੋਇ ਵਖਾ ਲਿਆ । ਤੇਰਾ ਸ਼ਬਦ ਸੱਚੀ ਧਾਰੀ, ਸਾਚਾ ਮੰਗਲ ਗਾ ਲਿਆ । ਪਾ ਗਲਵਕੜੀ ਅੰਤਮ ਵਾਰੀ, ਕਲਜੁਗ ਮਾਇਆ ਮੋਹ ਝੂਠਾ ਧੰਦਾ ਤੋੜ ਤੁੜਾ ਲਿਆ । ਤੇਰੀ ਡਿਗੀ ਤੇਰੇ ਚਰਨ ਦੁਵਾਰੀ, ਤੇਰਾ ਆਸਰਾ ਇਕ ਤਕਾ ਲਿਆ । ਛੱਤੀ ਜੁਗ ਰਹੀ ਕੁਵਾਰੀ, ਕੰਤ ਸੁਹਾਗ ਨਾ ਕੋਇ ਹੰਢਾ ਲਿਆ । ਕਲਜੁਗ ਅੰਤਮ ਆਈ ਵਾਰੀ, ਸੋਹਣਾ ਸੀਸ ਮਾਤ ਗੁੰਦਾ ਲਿਆ । ਸਾਚਾ ਕਰਿਆ ਇਕ ਵਿਹਾਰੀ, ਹਰਿ ਹਰਿ ਸਗਨ ਮਨਾ ਲਿਆ । ਸੋਹੰ ਸ਼ਬਦ ਮਿਲਿਆ ਦਾਜ ਭਰੀ ਪਟਾਰੀ, ਆਪਣੇ ਸੰਗ ਉਠਾ ਲਿਆ । ਜਾਂਞੀ ਲਾੜਾ ਆਏ ਕਰ ਤਿਆਰੀ, ਸੋਹਣਾ ਘੋੜਾ ਵਾਂਗ ਗੁਦਾ ਲਿਆ । ਗੁਰ ਗੁਰਮੁਖ ਨਾਰੀ ਮਹਿੰਦੀ ਲਾਏ ਹੱਥੀਂ ਅਪਾਰੀ, ਲਾਲ ਰੰਗਨ ਰੰਗ ਰੰਗਾ ਲਿਆ । ਸੂਹੇ ਬਸਤਰ ਸੂਹਾ ਵੇਸ, ਤਿੰਨਾਂ ਲੋਕਾਂ ਕਰੇ ਵਿਚਾਰੀ, ਕੰਚਨ ਰੂਪ ਆਪ ਵਟਾ ਲਿਆ । ਆਦਿ ਜੁਗਾਦਿ ਜੁਗ ਜੁਗ ਨੇਤਰ ਰੋ ਰੋ ਕਰੇ ਗਿਰਿਆਜ਼ਾਰੀ, ਪੇਈਆ ਘਰ ਨਾ ਕਿਸੇ ਵਸਾ ਲਿਆ । ਫੜਿਆ ਲੜ ਚੌਥੇ ਜੁਗ ਪਾਰਬ੍ਰਹਮ ਅਬਿਨਾਸ਼ੀ ਕਰਤੇ ਹਰਿ ਨਿਰੰਕਾਰੀ, ਆਪਣਾ ਪੱਲੂ ਆਪ ਬੰਨ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਨਣਹਾਰ ਜਗਤ ਪੁਕਾਰਾ, ਗੁਰਮੁਖ ਸਾਚੇ ਵੇਖ ਵਖਾ ਲਿਆ । ਸੁਣੀ ਪੁਕਾਰ ਦਾਤਾਰ ਪ੍ਰਭ, ਸਚਖੰਡ ਲਏ ਅੰਗੜਾਈਆ । ਸੰਤ ਸੁਹੇਲੇ ਗੁਰਮੁਖ ਸਾਚੇ ਲਏ ਲੱਭ, ਹਰਿ ਵੱਡਾ ਵਡ ਵਡਿਆਈਆ । ਪਹਿਲਾ ਅੰਮ੍ਰਿਤ ਚੋਵੇ ਨੱਭ, ਉਲਟਾ ਕਵਲ ਖੁਲ੍ਹਾਈਆ । ਪੰਜ ਵਿਕਾਰਾ ਦੇਵੇ ਦੱਬ, ਮੋਹ ਵਿਕਾਰ ਰਹਿਣ ਨਾ ਪਾਈਆ । ਤੀਜਾ ਨੇਤਰ ਨਾ ਝੱਲੇ ਤਾਬ, ਨੂਰੋ ਨੂਰ ਰੁਸ਼ਨਾਈਆ । ਚੌਥੇ ਘਰ ਆਬਹਯਾਤ, ਦੋ ਦੋਆਬ ਮੇਲ ਮਿਲਾਈਆ । ਪੰਚਮ ਮੀਤਾ ਸ਼ਾਹ ਨਵਾਬ, ਸ਼ਾਹ ਸਵਾਰ ਖੇਲ ਖਲਾਈਆ । ਚਰਨ ਘੋੜੇ ਦੇ ਰਕਾਬ, ਲੋਕਮਾਤ ਉਠ ਧਾਈਆ ।

ਪਰਵਰਦਿਗਾਰਾ ਹੱਕ ਜਨਾਬ, ਹੱਕ ਹਕੀਕਤ ਵੇਖ ਵਖਾਈਆ । ਨਾ ਕੋਈ ਪੁੰਨ ਜਾਣੇ ਸਵਾਬ, ਪਤਿਤ ਪਾਪੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਉਠਿਆ ਹਰਿ ਹਰਿ ਸ਼ਾਹ ਸੁਲਤਾਨਾ, ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਹੱਥੀਂ ਬੱਧਾ ਗਾਨਾ, ਸਾਚਾ ਚੀਰਾ ਸੀਸ ਟਿਕਾਇੰਦਾ । ਹੱਥ ਵਿਚ ਫੜਿਆ ਸ਼ਬਦ ਨਿਸ਼ਾਨਾ, ਤੀਰ ਕਮਾਨਾ ਇਕ ਰਖਾਇੰਦਾ । ਜਾਂਞੀ ਲਾੜੇ ਰਵ ਸਸ ਭਾਨਾ, ਬ੍ਰਹਮਾ ਵਿਸ਼ਨ ਸ਼ਿਵ ਸੰਗ ਰਲਾਇੰਦਾ । ਸੁਰਪਤ ਬਣਿਆ ਲਾਗੀ ਖੇਲ ਮਹਾਨਾ, ਆਪਣੀ ਝੋਲੀ ਅੱਗੇ ਡਾਹਿੰਦਾ । ਕਰੋੜ ਤੇਤੀਸਾ ਸਖੀਆਂ ਮੰਗਲ ਗਾਣਾ, ਵਾਹ ਵਾ ਰਾਗ ਅਲਾਇੰਦਾ । ਗਣ ਗੰਧਰਬ ਤਾਲ ਵਜਾਣਾ, ਕਿਨਰ ਜਛਪ ਆਪ ਨਚਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਆਪ ਆਪਣੀ ਖੇਲ ਖਲਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਆਪ ਆਪਣਾ ਬਲ ਧਰਾਇੰਦਾ । ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਣਾ, ਚਰਨ ਚਰਨੋਦਕ ਇਕ ਵਖਾਇੰਦਾ । ਲੋਕਮਾਤ ਆਇਆ ਵਾਲੀ ਦੋ ਜਹਾਨਾਂ, ਕਲਜੁਗ ਅੰਤਮ ਵੇਸ ਵਟਾਇੰਦਾ । ਗੁਰਮੁਖ ਨਾਰੀ ਕਰੇ ਪਰਵਾਨਾ, ਆਪ ਆਪਣੀ ਦਇਆ ਕਮਾਇੰਦਾ । ਸ਼ਬਦ ਸੁਣਾਏ ਸਚ ਤਰਾਨਾ, ਸਾਚਾ ਹੁਕਮ ਸੁਣਾਇੰਦਾ । ਤੇਰਾ ਕੰਤ ਆਦਿ ਅੰਤ ਇਕ ਭਗਵਾਨਾ, ਤੇਰੀ ਸੇਜ ਹੰਢਾਇੰਦਾ । ਲੱਖ ਚੁਰਾਸੀ ਭਰਮ ਭੁਲਾਣਾ, ਝੂਠੀ ਕਿਰਿਆ ਵਿਚ ਫਸਾਇੰਦਾ । ਸ਼ਾਹੋ ਭੂਪ ਹਰਿ ਵਡ ਸੁਲਤਾਨਾ, ਰਾਜ ਰਾਜਾਨਾ ਇਕ ਅਖਵਾਇੰਦਾ । ਗੁਰਮੁਖ ਰਾਣੀ ਮਿਲਿਆ ਸਾਚਾ ਹਾਣੀ, ਸਤਿਗੁਰ ਸਾਚਾ ਇਕ ਅਖਵਾਇੰਦਾ । ਅੰਮ੍ਰਿਤ ਦੇਵੇ ਠੰਡਾ ਪਾਣੀ, ਜਗਤ ਤ੍ਰਿਸ਼ਨਾ ਭੁੱਖ ਗਵਾਇੰਦਾ । ਲੱਖ ਚੁਰਾਸੀ ਤੁੱਟੇ ਕਾਣੀ, ਫੰਦਨ ਫੰਦ ਕਟਾਇੰਦਾ । ਸੋਹੰ ਅੱਖਰ ਪੜ੍ਹਾਏ ਬਾਣੀ, ਬ੍ਰਹਮ ਪਾਰਬ੍ਰਹਮ ਆਪ ਹੋ ਜਾਇੰਦਾ । ਗੁਰਮੁਖ ਤੇਰੀ ਨਾਮ ਨਿਸ਼ਾਨੀ, ਲੋਕਮਾਤ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਵਰ ਘਰ ਸਾਚਾ ਪਾਇਆ, ਪਾਇਆ ਕੰਤ ਕੰਤੂਹਲ । ਏਕਾ ਦੂਜਾ ਭੌ ਗਵਾਇਆ, ਫਲ ਫੁਲਵਾੜੀ ਗਈ ਫੂਲ । ਤੀਜਾ ਨੇਤਰ ਨੈਣ ਇਕ ਖੁਲ੍ਹਾਇਆ, ਸਚ ਸਿੰਘਾਸਣ ਦਰਸ਼ਨ ਪਾਇਆ, ਨਾ ਪਾਵਾ ਨਾ ਦਿਸੇ ਚੂਲ । ਚੌਥੇ ਪਦ ਡੇਰਾ ਲਾਇਆ, ਹਰਿ ਮਿਲਿਆ ਸਾਚਾ ਕੰਤ ਕੰਤੂਹਲ । ਪੰਚਮ ਮੇਲਾ ਆਪ ਕਰਾਇਆ, ਪਿਛਲਾ ਲਹਿਣਾ ਗਿਆ ਭੂਲ, ਸਾਚੇ ਮੰਦਰ ਡੇਰਾ ਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੋਲੇ ਪੂਰੇ ਤੋਲ । ਗੁਰਮੁਖ ਸਾਜਣ ਮੀਤੜਾ, ਮਿਲਿਆ ਪਾਰਬ੍ਰਹਮ ਕਰਤਾਰ । ਘਰ ਵਸਿਆ ਇਕ ਅਨਡੀਠੜਾ, ਮਹੱਲ ਅਟੱਲ ਉਚ ਮੁਨਾਰ । ਸਤਿਗੁਰ ਪਾਇਆ ਠੰਡਾ ਸੀਤੜਾ, ਨਾਤਾ ਛੁੱਟਾ ਦੁੱਖ ਸੰਸਾਰ । ਗੁਰਮੁਖ ਗੁਰਸਿਖ ਗਾਓ ਸੋਹੰ ਸੁਹਾਗੀ ਗੀਤੜਾ, ਜਨਮ ਕਰਮ ਧਰਮ ਵਰਨ ਬਰਨ ਤਰਨੀ ਤਰਨ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਕਰੇ ਆਪ ਪਸਾਰ ।

**੧੫ ਸਾਵਣ ੨੦੧੬ ਬਿਕ੍ਰਮੀ ਦੇ ਘਰ ਪਿੰਡ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ**

ਗੁਰ ਪ੍ਰਸਾਦਿ ਹਰਿ ਹਰਿ ਪਾਇਆ, ਘਰ ਸਾਚੇ ਵੱਜੀ ਵਧਾਈਆ । ਸਤਿ ਪੁਰਖ ਨਿਰੰਜਣ ਜੋਤ ਜਗਾਇਆ, ਨਿਰਗੁਣ ਆਪਣੀ ਰਚਨ ਰਚਾਈਆ ।

ਸਚਖੰਡ ਦੁਵਾਰਾ ਇਕ ਸੁਹਾਇਆ, ਸੋਭਾਵੰਤ ਵੱਡੀ ਵਡਿਆਈਆ । ਸਚ ਸਿੰਘਾਸਣ ਆਸਣ ਲਾਇਆ, ਪੁਰਖ ਅਬਿਨਾਸ਼ੀ ਖੇਲ ਖਲਾਈਆ । ਜੋਤ ਪਰਕਾਸ਼ਣ ਨਾਉਂ ਧਰਾਇਆ, ਅਕਲ ਕਲਾ ਬੇਪਰਵਾਹੀਆ । ਪ੍ਰਿਥਮੀ ਅਕਾਸ਼ਣ ਡੇਰਾ ਲਾਇਆ, ਭੇਵ ਅਭੇਦਾ ਭੇਵ ਛੁਪਾਈਆ । ਲੋਆਂ ਪੁਰੀਆਂ ਬੰਧਨ ਪਾਇਆ, ਰਵ ਸਸ ਰਿਹਾ ਚਮਕਾਈਆ । ਮੰਡਲ ਮੰਡਪ ਆਪ ਸੁਹਾਇਆ, ਧਰਤ ਧਵਲ ਵਡਿਆਈਆ । ਲੱਖ ਚੁਰਾਸੀ ਜੰਤ ਉਪਾਇਆ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਜੋਤੀ ਦੀਪ ਜਗਾਇਆ, ਘਟ ਮੰਦਰ ਕਰ ਰੁਸ਼ਨਾਈਆ । ਆਦਿ ਜੁਗਾਦੀ ਵੇਸ ਵਟਾਇਆ, ਗੁਰ ਗੁਰ ਰੂਪ ਵਟਾਈਆ । ਮੰਤਰ ਸ਼ਬਦ ਅਨਾਦੀ ਇਕ ਸੁਣਾਇਆ, ਆਪ ਆਪਣਾ ਆਪੇ ਗਾਈਆ । ਹਰਿ ਬਾਣੀ ਹਰਿ ਭੇਵ ਖੁਲ੍ਹਾਇਆ, ਹਰਿ ਨਾਮਾ ਨਾਮ ਜਪਾਈਆ । ਮਹਿਮਾ ਗਣਤ ਗਣੀ ਨਾ ਜਾਇਆ, ਆਦਿ ਪੁਰਖ ਵੱਡੀ ਵਡਿਆਈਆ । ਕਥਨੀ ਕਥਾ ਕਥ ਆਪ ਸੁਣਾਇਆ, ਆਪਣੀ ਕਰੇ ਸਿਫ਼ਤ ਸਾਲਾਹੀਆ । ਆਪਣਾ ਬੇੜਾ ਆਪ ਚਲਾਇਆ, ਏਕਾ ਚੱਪੂ ਨਾਮ ਵੰਝ ਮੁਹਾਣਾ ਇਕ ਰਖਾਈਆ । ਭਵ ਸਾਗਰ ਆਰ ਪਾਰ ਤਰਾਇਆ, ਕਾਇਆ ਗਾਗਰ ਕਾਚੀ ਮਾਟੀ ਸੋਭਾ ਪਾਈਆ । ਗੁਰਮੁਖ ਸੱਜਣ ਲਏ ਜਗਾਇਆ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਧੁਨ ਉਪਜਾਇਆ, ਅਨਹਦ ਸੇਵ ਕਮਾਈਆ । ਸਾਚਾ ਮੰਗਲ ਆਪੇ ਗਾਇਆ, ਸੁਨਣਹਾਰ ਆਪ ਹੋ ਜਾਈਆ । ਗੁਰਸਿਖਾਂ ਕਾਇਆ ਖੇੜਾ ਡੇਰਾ ਲਾਇਆ, ਪੰਚਾਂ ਡੇਰਾ ਦੇਵੇ ਢਾਹੀਆ । ਨਗਰ ਖੇੜਾ ਆਪ ਵਸਾਇਆ, ਕੰਚਨ ਗੜ੍ਹ ਉਪਾਈਆ । ਜੋਤੀ ਸ਼ਬਦੀ ਜੋੜ ਜੁੜਾਇਆ, ਜੁੜਿਆ ਜੋੜ ਏਕਾ ਥਾਈਂਆ । ਦਸਮ ਦੁਵਾਰੀ ਡੇਰਾ ਲਾਇਆ, ਮਹੱਲ ਅਟੱਲ ਉਚ ਮੁਨਾਰ ਏਕਾ ਏਕ ਸੁਹਾਈਆ । ਗੁਰ ਪੂਰੇ ਸਤਿਗੁਰ ਰਾਹ ਜਣਾਇਆ, ਰਸਨਾ ਗਾਇਆ ਬੇਪਰਵਾਹੀਆ । ਪੁਰਖ ਅਕਾਲ ਦਇਆ ਕਮਾਇਆ, ਪਾਰਬ੍ਰਹਮ ਹੋਏ ਸਹਾਈਆ । ਜੂਨੀ ਰਹਿਤ ਵੇਸ ਵਟਾਇਆ, ਵੇਸ ਅਵੱਲਾ ਆਪ ਕਰਾਈਆ । ਸਾਚੀ ਨਾਦ ਤੂਰਤ ਰਿਹਾ ਵਜਾਇਆ, ਗੁਰਮੁਖ ਸੱਜਣ ਆਪ ਉਠਾਈਆ । ਆਸਾ ਮਨਸਾ ਪੂਰਤ ਨਾਉਂ ਧਰਾਇਆ, ਪੂਰੀ ਇਛਿਆ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਦਰ ਵੇਖੇ ਸਾਚਾ ਘਰ, ਘਰ ਸਾਚੇ ਦਰਸ਼ਨ ਪਾਇਆ । ਗੁਰ ਕਿਰਪਾ ਹਰਿ ਜਾਣਿਆ, ਸਤਿਗੁਰ ਗਹਿਰ ਗੰਭੀਰ । ਤੁਟਾ ਮਾਨ ਅਭਿਮਾਨਿਆ, ਠਾਂਡਾ ਸਾਂਤਕ ਸਤਿ ਸਰੀਰ । ਘਰ ਮੰਦਰ ਅੰਦਰ ਇਕ ਪਛਾਣਿਆ, ਦੂਈ ਦਵੈਤੀ ਹਉਮੇ ਨਿਕਲੀ ਪੀੜ, ਅਨਹਦ ਸੁਣੀ ਸਾਚੀ ਬਾਣੀਆ, ਦੂਈ ਦਵੈਤੀ ਪਰਦਾ ਚੀਰ । ਗਾਵਣਹਾਰਾ ਅਕੱਥ ਕਹਾਣੀਆ, ਗਾਏ ਰਾਗ ਇਕ ਅਕਸੀਰ । ਮਾਰੇ ਤੀਰ ਸੱਚਾ ਨਿਸ਼ਾਨੀਆ, ਸ਼ਾਹ ਸੁਲਤਾਨ ਵਡ ਪੀਰਨ ਪੀਰ । ਗੁਰਮੁਖਾਂ ਦੇਵੇ ਨਾਮ ਨਿਸ਼ਾਨੀਆ, ਅੰਤਰ ਮੰਤਰ ਸਾਚੀ ਧੀਰ । ਜੋਧਾ ਸੂਰਬੀਰ ਬਲੀ ਬਲਵਾਨੀਆ, ਗੁਰਮੁਖ ਚੋਟੀ ਚਾੜ੍ਹੇ ਇਕ ਅਖ਼ੀਰ । ਦੇਵਣਹਾਰਾ ਪਦ ਨਿਰਬਾਣੀਆ, ਲੱਖ ਚੁਰਾਸੀ ਕੱਟੇ ਜ਼ੰਜੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਸਤਿਗੁਰ ਦਾਤਾ ਗੁਣੀ ਗਹੀਰ । ਗੁਰ ਕਿਰਪਾ ਹਰਿ ਮੇਲਿਆ, ਪਾਰਬ੍ਰਹਮ ਕਰਤਾਰ । ਸਤਿਗੁਰ ਪਾਇਆ ਸੱਜਣ ਸੁਹੇਲਿਆ, ਸੋਹਿਆ ਬੰਕ ਦਵਾਰ । ਏਕਾ ਘਰ ਵਸੇ ਗੁਰੂ ਗੁਰ ਚੇਲਿਆ, ਗੁਰ ਚੇਲਾ ਮੇਲਾ ਨਾਰੀ ਕੰਤ ਭਤਾਰ । ਆਪੇ ਜਾਣੇ ਸਾਚਾ ਵੇਲਿਆ, ਆਦਿ ਅੰਤ ਲੈ ਅਵਤਾਰ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਦਿਸ ਨਾ ਆਏ ਵਿਚ ਸੰਸਾਰ । ਜਨ ਭਗਤਾਂ ਧਰਮ ਰਾਏ ਦੀ ਕੱਟੀ ਜੇਲ੍ਹਿਆ, ਲੱਖ ਚੁਰਾਸੀ ਗੇੜ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਲਏ

ਉਭਾਰ । ਸਤਿਗੁਰ ਸਾਚੇ ਹੱਟ ਹੈ, ਹਰਿ ਹਰਿ ਆਪ ਖੁਲ੍ਹਾਇਆ । ਗੁਰਮੁਖ ਵਿਰਲਾ ਲਾਹਾ ਲਏ ਖੱਟ ਹੈ, ਦੂਸਰ ਹੱਥ ਕਿਸੇ ਨਾ ਆਇਆ । ਵਸਣਹਾਰਾ ਘਟ ਘਟ ਹੈ, ਘਟ ਮੰਦਰ ਬੈਠਾ ਆਸਣ ਲਾਇਆ । ਖੇਲੇ ਖੇਲ ਬਾਜ਼ੀਗਰ ਨਟ ਹੈ, ਨੱਟ ਨਟੂਆ ਸਵਾਂਗ ਵਰਤਾਇਆ । ਕਿਸੇ ਹੱਥ ਨਾ ਆਏ ਤੀਰਥ ਤੱਟ ਹੈ, ਅਠਸਠ ਭੌਂਦੀ ਫਿਰੇ ਲੋਕਾਇਆ । ਜਿਸ ਜਨ ਹਿਰਦੇ ਅੰਦਰ ਜਾਏ ਵਸ ਹੈ, ਬੰਦ ਤਾਕੀ ਦਏ ਖੁਲ੍ਹਾਇਆ । ਕੋਟਨ ਕਰੇ ਪਰਕਾਸ਼ ਰਵ ਸਸ ਹੈ, ਜੋਤੀ ਨੂਰ ਕਰ ਰੁਸ਼ਨਾਇਆ । ਦਰਸ ਦਖਾਏ ਹੱਸ ਹੱਸ ਹੈ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਜਣ ਸਾਚਾ ਹਰਿ ਹਰਿ ਪਾਇਆ । ਗੁਰ ਕਿਰਪਾ ਹਰਿ ਲੇਖਿਆ, ਆਦਿ ਨਿਰੰਜਣ ਮੀਤ । ਲਿਖਣਹਾਰਾ ਸਾਚਾ ਲੇਖਿਆ, ਆਦਿ ਜੁਗਾਦੀ ਪਰਖੇ ਨੀਤ । ਕੱਢਣਹਾਰਾ ਭਰਮ ਭੁਲੇਖਿਆ, ਕਾਇਆ ਮੰਦਰ ਵਖਾਏ ਦੇਹੁਰਾ ਸਚ ਮਸੀਤ । ਸਤਿ ਪੁਰਖ ਨਿਰੰਜਣ ਸਦਾ ਅਦੇਸਿਆ, ਨਿਰਗੁਣ ਬੈਠਾ ਰਹੇ ਅਤੀਤ । ਜੁਗ ਜੁਗ ਲੋਕਮਾਤ ਕਰੇ ਵੇਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਸਿਆ ਹਰਿ ਹਰਿ ਚੀਤ । ਗੁਰ ਕਿਰਪਾ ਹਰਿ ਗਾਇਆ, ਰਸਨਾ ਜਿਹਵਾ ਨਾਉਂ । ਸਤਿ ਪੁਰਖ ਨਿਰੰਜਣ ਇਕ ਮਨਾਇਆ, ਮੇਲ ਮਿਲਾਵਾ ਨੇਹਚਲ ਸਾਚੇ ਥਾਉਂ । ਬੰਕ ਦੁਵਾਰਾ ਇਕ ਸੁਹਾਇਆ, ਪਾਇਆ ਪੁਰਖ ਅਗੰਮ ਅਥਾਹੋ । ਜੂਠਾ ਝੂਠਾ ਮੋਹ ਚੁਕਾਇਆ, ਸਤਿਗੁਰ ਪੂਰਾ ਪਕੜਣਹਾਰਾ ਬਾਹੋਂ । ਏਕਾ ਮੰਤਰ ਨਾਮ ਦ੍ਰਿੜਾਇਆ, ਦੇਵਣਹਾਰਾ ਠੰਡੀ ਛਾਉਂ । ਏਥੇ ਓਥੇ ਹੋਏ ਸਹਾਇਆ, ਦੋ ਜਹਾਨੀ ਕਰੇ ਨਿਆਉਂ । ਫੜ ਕਾਗੋਂ ਹੰਸ ਬਣਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਸਾਚੇ ਘਰ, ਘਰ ਸਾਚਾ ਇਕ ਸੁਹਾਇਆ । ਗੁਰ ਪ੍ਰਸਾਦੀ ਹਰਿ ਹਰਿ ਬੁਝਿਆ, ਦੀਨਾ ਬੰਧਪ ਦੀਨ ਦਿਆਲ । ਆਦਿ ਜੁਗਾਦੀ ਭੇਵ ਰੱਖੇ ਗੁਝਿਆ, ਪਾਰਬ੍ਰਹਮ ਗੁਰ ਗੋਪਾਲ । ਜਨ ਭਗਤਾਂ ਉਪਰ ਆਪੇ ਤੁਠਿਆ, ਦੇਵੇ ਨਾਮ ਸੱਚਾ ਧਨ ਮਾਲ । ਝੂਠ ਵਿਕਾਰਾ ਫੜ ਫੜ ਕੁੱਠਿਆ, ਖ਼ਾਲੀ ਕਰੇ ਸੱਚੀ ਧਰਮਸਾਲ । ਅੰਮ੍ਰਿਤ ਦੇਵੇ ਆਤਮ ਘੁੱਟਿਆ, ਪਕੜ ਉਠਾਏ ਸਾਚੇ ਲਾਲ । ਆਵਣ ਜਾਵਣ ਗੁਰਸਿਖ ਛੁੱਟਿਆ, ਲੱਖ ਚੁਰਾਸੀ ਤੁਟਾ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਭਾਲ । ਗੁਰ ਪ੍ਰਸਾਦੀ ਹਰਿ ਮੰਦਰ ਪਾਇਆ, ਅਨਹਦ ਵਾਜਾ ਰਾਗ ਅਲਾਈਆ । ਤਾਲ ਤਲਵਾੜਾ ਇਕ ਵਜਾਇਆ, ਸਚ ਦੁਵਾਰਾ ਸੋਭਾ ਪਾਈਆ । ਸਾਚੀ ਸਖੀਆਂ ਮੰਗਲ ਗਾਇਆ, ਵਾਹ ਵਾ ਗੋਬਿੰਦ ਵੱਜੀ ਵਧਾਈਆ । ਰੰਗ ਰੰਗੀਲਾ ਮੋਹਨ ਮਾਧਵ ਏਕਾ ਪਾਇਆ, ਏਕਾ ਰੁੱਤ ਸੁਹਾਈਆ । ਦਾਨਾ ਬੀਨਾ ਨਜ਼ਰੀ ਆਇਆ, ਦਾਤਾ ਦਾਨੀ ਵਡ ਵਡਿਆਈਆ । ਤਿੰਨਾਂ ਲੋਕਾਂ ਡੇਰਾ ਢਾਹਿਆ, ਚੌਥੇ ਘਰ ਕਰੇ ਕੁੜਮਾਈਆ । ਸਾਚੇ ਸੰਤਾਂ ਮੇਲ ਮਿਲਾਇਆ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਕਾਗਦ ਕਲਮ ਨਾ ਲੇਖ ਲਿਖਾਇਆ, ਚਾਰੇ ਵੇਦ ਰਹੇ ਕੁਰਲਾਈਆ । ਬ੍ਰਹਮਾ ਵੇਤਾ ਭੇਵ ਨਾ ਆਇਆ, ਵਿਸ਼ਨੂੰ ਸ਼ੰਕਰ ਸਾਰ ਨਾ ਪਾਈਆ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਆਦਿ ਜੁਗਾਦਿ ਵੱਡੀ ਵਡਿਆਈਆ । ਗੁਰਮੁਖ ਸਾਚੇ ਲਏ ਜਗਾਇਆ, ਏਕਾ ਮੰਤਰ ਨਾਮ ਦ੍ਰਿੜਾਈਆ । ਆਤਮ ਅੰਤਰ ਵੇਖ ਵਖਾਇਆ । ਨਿਜ ਨੇਤਰ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲੇ ਦਰ, ਦਰ ਸਾਚੇ ਸੋਭਾ ਪਾਈਆ । ਗੁਰ ਕਿਰਪਾ ਹਰਿ ਪਾਇਆ, ਮਿਟਿਆ ਜਗਤ ਅੰਧੇਰਾ । ਏਕਾ ਦੂਜਾ ਭੌ ਚੁਕਾਇਆ, ਸਤਿਗੁਰ ਵਸਿਆ ਨੇਰਨ ਨੇਰਾ । ਘਰ ਮੰਦਰ ਇਕ ਸੁਹਾਇਆ,

੮੫੬
੦੮

ਪੁਰਖ ਅਬਿਨਾਸ਼ੀ ਪਾਇਆ ਫੇਰਾ । ਜੋਤੀ ਦੀਪਕ ਇਕ ਜਗਾਇਆ, ਆਪ ਕਰ ਕਰ ਆਪਣੀ ਮਿਹਰਾ । ਸਚ ਸਿੰਘਾਸਣ ਆਸਣ ਲਾਇਆ, ਆਪੇ ਗੁਰੂ ਆਪੇ ਚੇਰਾ । ਘੜਣ ਭੰਨਣਹਾਰ ਆਪ ਅਖਵਾਇਆ, ਆਪੇ ਕਰੇ ਹੱਕ ਨਬੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚਾ ਵਰ, ਸ਼ਬਦੀ ਸ਼ਬਦ ਫੜਾਏ ਲੜ, ਏਕਾ ਰੰਗ ਰੰਗਾਏ ਦਇਆ ਕਮਾਏ, ਭੇਵ ਚੁਕਾਏ ਸੰਞ ਸਵੇਰਾ । ਸੰਝ ਸਵੇਰ ਸਚ ਪਰਭਾਤ, ਗੁਰਮੁਖਾਂ ਇਕ ਜਣਾਈਆ । ਮਿਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਈਆ । ਜਿਸ ਜਨ ਬਖ਼ਸ਼ੇ ਨਾਮ ਦਾਤ, ਨਾਮ ਭੰਡਾਰਾ ਆਪ ਵਰਤਾਈਆ । ਉਤਮ ਗੁਰਸਿਖ ਹੋਈ ਜ਼ਾਤ, ਵਰਨ ਬਰਨ ਨਾ ਕੋਇ ਰਖਾਈਆ । ਸਤਿਗੁਰ ਪੂਰਾ ਅੰਤਮ ਪੁੱਛੇ ਵਾਤ, ਨੇਤਰ ਹਰਨ ਫਰਨ ਖੁਲ੍ਹਾਈਆ । ਦੁਰਮਤ ਮੈਲ ਦੇਵੇ ਕਾਟ, ਨਿਰਮਲ ਨਿਰਮਲ ਨਿਰਮਲ ਆਪ ਸਮਾਈਆ । ਵਣਜ ਕਰਾਏ ਸਾਚੇ ਹਾਟ, ਚੌਦਾਂ ਲੋਕਾਂ ਹੱਥ ਨਾ ਆਈਆ । ਹਰਿਜਨ ਮੇਲਾ ਆਤਮ ਖਾਟ, ਸਚ ਸੁਹੰਜਣੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਨਾਮ ਭਿਖਿਆ ਭਿਛਿਆ ਝੋਲੀ ਪਾਈਆ । ਨਾਮ ਭਿਛਿਆ ਝੋਲੀ ਪਾ, ਹਰਿਜਨ ਭੰਡਾਰ ਭਰਾਇਆ । ਜਗਤ ਇਛਿਆ ਪੂਰ ਕਰਾ, ਸੰਸਾ ਰੋਗ ਚੁਕਾਇਆ । ਦਹਿ ਦਿਸ਼ਾ ਹੋਏ ਆਪ ਸਹਾ, ਸਿਰ ਆਪਣਾ ਹੱਥ ਟਿਕਾਇਆ । ਕਲਜੁਗ ਅੰਤਮ ਗੁਰਮੁਖ ਆਪਣਾ ਹਿੱਸਾ ਰਹੇ ਵੰਡਾ, ਮਨਮੁੱਖ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਰ ਗੁਰ ਸਤਿਗੁਰ ਨਾਉਂ ਧਰਾਇਆ ।



੮੫੭ ੦੮

## ੧੫ ਸਾਵਣ ੨੦੧੬ ਬਿਕ੍ਰਮੀ ਰਾਮ ਸਿੰਘ ਦੇ ਘਰ ਦਇਆ ਹੋਈ ਫ਼ਿਰੋਜ਼ਪੁਰ ਛਾਉਣੀ

ਏਕਓਅੰਕਾਰਾ ਪੁਰਖ ਆਦਿ, ਅਬਿਨਾਸ਼ੀ ਕਰਤਾ ਹਰਿ ਰਘੁਰਾਈਆ । ਜਾਣੇ ਭੇਵ ਹਰਿ ਜੁਗਾਦਿ, ਮਧ ਆਪਣੇ ਹੱਥ ਰਖਾਈਆ । ਅਗੰਮ ਵਜਾਏ ਏਕਾ ਨਾਦ, ਏਕਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਨਿਰਗੁਣ ਹਰਿ ਹਰਿ ਨਿਰਾਕਾਰ, ਜੋਤ ਜੋਤ ਉਜਿਆਰਿਆ । ਇਕ ਇਕੱਲਾ ਕਰ ਪਸਾਰ, ਖੇਲੇ ਖੇਲ ਨਰ ਨਿਰੰਕਾਰਿਆ । ਆਪੇ ਜਾਣੇ ਆਪਣੀ ਧਾਰ, ਆਪ ਆਪਣੀ ਬਣਤ ਬਣਾ ਰਿਹਾ । ਆਪੇ ਕਰੇ ਆਪਣੀ ਕਾਰ, ਕਰਨੀ ਕਰਤਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾ ਰਿਹਾ । ਨਿਰਗੁਣ ਜੋਤ ਸੁੱਤੇ ਪਰਕਾਸ਼, ਹਰਿ ਆਪਣਾ ਆਪ ਕਰਾਇੰਦਾ । ਆਪੇ ਕਰਿਆ ਆਪਣਾ ਵਾਸ, ਆਪੇ ਵੇਖ ਵਖਾਇੰਦਾ । ਆਪੇ ਪਾਵੇ ਸਾਚੀ ਰਾਸ, ਆਪੇ ਹਰਿ ਸੁਹਾਇੰਦਾ । ਆਪੇ ਵਸੇ ਸਦਾ ਪਾਸ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਆਪ ਅਖਵਾਇੰਦਾ । ਹਰਿ ਹਰਿ ਹਰਿ ਅਤੀਤ, ਨਿਰਗੁਣ ਨੂਰੋ ਨੂਰ ਉਜਾਲਿਆ । ਆਦਿ ਜੁਗਾਦੀ ਠੰਡਾ ਸੀਤ, ਪਾਰਬ੍ਰਹਮ ਪੁਰਖ ਅਕਾਲਿਆ । ਆਪੇ ਜਾਣੇ ਆਪਣੀ ਰੀਤ, ਆਪਣਾ ਮਾਰਗ ਆਪ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾ ਲਿਆ । ਜੋਤੀ ਨੂਰ ਹਰਿ ਨਿਰੰਕਾਰ, ਏਕਾ ਏਕ ਓਅੰਕਾਰਿਆ । ਅਗੰਮ ਅਗੰਮੜਾ ਖੇਲ ਅਪਾਰ, ਅਗੰਮੜਾ ਧਾਮ ਸੁਹਾ ਰਿਹਾ । ਲੇਖਾ ਜਾਣੇ ਅਪਰ ਅਪਾਰ, ਭੇਵ ਅਭੇਦਾ ਆਪ ਖੁਲ੍ਹਾ ਲਿਆ । ਰੂਪ ਅਨੂਪ ਸਤਿ ਸਰੂਪ ਸਾਚੀ

ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾ ਲਿਆ । ਖੇਲਣਹਾਰਾ ਹਰਿ ਸਮਰਥ, ਆਪਣੀ ਖੇਲ ਖਲਾਇੰਦਾ । ਆਪੇ ਚੜ੍ਹਿਆ ਆਪਣੇ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਕਹਾਣੀ ਅਕੱਥ, ਕਥਨੀ ਕਥ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪੇ ਆਪ ਪ੍ਰਗਟਾਇੰਦਾ । ਆਪਣੀ ਇਛਿਆ ਆਪੇ ਕਰ, ਹਰਿ ਆਪੇ ਮਤਾ ਪਕਾਇੰਦਾ । ਆਪਣੀ ਸਿਖਿਆ ਆਪੇ ਪੜ੍ਹ, ਆਪੇ ਹੁਕਮ ਚਲਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਨਾਉਂ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਆਪਣੀ ਜੋਤੀ ਹਰਿ ਉਜਿਆਰ, ਨੂਰੋ ਨੂਰ ਸਮਾਇਆ । ਆਦਿ ਜੁਗਾਦੀ ਖ਼ਬਰਦਾਰ, ਏਕਓਅੰਕਾਰਾ ਇਕ ਅਖਵਾਇਆ । ਆਪੇ ਸੱਜਣ ਸੱਚਾ ਸਾਥੀ, ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦੇਸ ਸੁਹਾਇਆ । ਦੇਸ ਸੁਹਾਏ ਹਰਿ ਹਰਿ ਰਾਏ, ਹਰਿ ਸਾਚੀ ਵਡ ਵਡਿਆਈਆ । ਆਪਣੀ ਰਚਨਾ ਆਪ ਰਚਾਏ, ਆਪੇ ਵੇਖ ਵਖਾਈਆ । ਆਪਣਾ ਮੰਦਰ ਆਪ ਬਣਾਏ, ਆਪੇ ਬੰਕ ਸੁਹਾਈਆ । ਚਾਰ ਦੀਵਾਰ ਨਾ ਕੋਇ ਵਖਾਏ, ਛੱਪਰ ਛੰਨ ਨਾ ਕੋਇ ਛੁਹਾਈਆ । ਦਰ ਦਰਵਾਜ਼ਾ ਨਾ ਕੋਇ ਲਗਾਏ, ਗ਼ਰੀਬ ਨਿਵਾਜ਼ਾ ਵਡ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਨਾ ਕੋਇ ਵਖਾਏ, ਭੇਵ ਅਭੇਦਾ ਭੇਵ ਛੁਪਾਈਆ । ਰਵ ਸਸ ਨਾ ਕੋਇ ਚਮਕਾਏ, ਮੰਡਲ ਮੰਡਪ ਨਾ ਕੋਇ ਵਖਾਈਆ । ਜ਼ਿਮੀ ਅਸਮਾਨ ਨਾ ਕੋਇ ਟਿਕਾਏ, ਨਾ ਕੋਈ ਥਾਨ ਸੁਹਾਈਆ । ਪੁਰਖ ਅਗੰਮੜਾ ਅਗੰਮੜੀ ਕਾਰ ਕਰਾਏ, ਭੇਵ ਕੋਇ ਨਾ ਪਾਈਆ । ਸਚਖੰਡ ਦੁਵਾਰਾ ਬੰਕ ਵਖਾਏ, ਆਪ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸੁਹਾਈਆ । ਸਚਖੰਡ ਦੁਵਾਰਾ ਹਰਿ ਨਿਰੰਕਾਰਾ, ਏਕਓਅੰਕਾਰਾ ਆਪ ਬਣਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਜੋਤੀ ਨੂਰ ਕਰ ਉਜਿਆਰਾ, ਏਕਾ ਏਕ ਡਗਮਗਾਇੰਦਾ । ਰੂਪ ਅਨੂਪ ਸੱਚੀ ਸਰਕਾਰਾ, ਸਤਿ ਸਰੂਪ ਆਪ ਸਮਾਇੰਦਾ । ਸ਼ਾਹੋ ਭੂਪ ਰਾਜ ਰਾਜਾਨ ਖੇਲੇ ਖੇਲ ਸ਼ਾਹ ਦਾਰਾ, ਸਚ ਸੁਲਤਾਨ ਇਕ ਅਖਵਾਇੰਦਾ । ਨਿਰਗੁਣ ਆਸਣ ਸਚ ਸਿੰਘਾਸਣ ਖੇਲ ਅਪਾਰਾ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਉਪਾਏ ਆਪਣਾ ਘਰ, ਘਰ ਸਾਚਾ ਆਪ ਉਪਾਇੰਦਾ । ਸਚਖੰਡ ਦੁਵਾਰਾ ਸੋਹੇ ਬੰਕ, ਹਰਿ ਸਾਚੇ ਆਪ ਉਪਾਇਆ । ਕੋਇ ਨਾ ਜਾਣੇ ਆਦਿ ਅੰਤ, ਆਦਿ ਅੰਤ ਆਪਣੇ ਹੱਥ ਰਖਾਇਆ । ਹਰਿ ਹਰਿ ਮਹਿਮਾ ਸਦ ਅਗਣਤ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਵਾਰਾ ਵੇਖ ਵਖਾਇਆ । ਸਚਖੰਡ ਦੁਵਾਰਾ ਹਰਿ ਨਿਰੰਕਾਰਾ, ਏਕਾ ਏਕ ਸੁਹਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਨਿਰੰਜਣ ਵਡ ਵਡਿਆਈਆ । ਦਰ ਦਰਬਾਰ ਪੁਰਖ ਕਰਤਾਰ ਜੋਤ ਉਜਿਆਰਾ, ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਆਪੇ ਰਿਹਾ ਵੰਡਾਈਆ । ਸਚਖੰਡ ਦੁਵਾਰਾ ਸੋਭਾਵੰਤ, ਹਰਿ ਸੱਚੀ ਬਣਤ ਬਣਾਇੰਦਾ । ਆਪੇ ਬਣਿਆ ਨਾਰੀ ਕੰਤ, ਆਪੇ ਸਗਨ ਮਨਾਇੰਦਾ । ਆਪ ਬਣਾਏ ਆਪਣੀ ਬਣਤ, ਆਪੇ ਸਤਿ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਨਾਉਂ ਧਰਾਇੰਦਾ । ਧਰਿਆ ਨਾਉਂ ਨਰ ਨਿਰੰਕਾਰ, ਨਿਰਗੁਣ ਵਡ ਵਡਿਆਈਆ । ਜੋਤੀ ਜੋਤ ਜੋਤ ਕਰ

ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ। ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਜਾਈਆ। ਆਪਣੀ ਕਰਨੀ ਕਰ ਤਿਆਰ, ਏਕਾ ਕਿਰਨੀ ਕਿਰਨ ਉਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੀ ਝੋਲੀ ਆਪੇ ਪਾਈਆ। ਸਾਚੀ ਵਸਤ ਨਾਮ ਭੰਡਾਰਾ, ਹਰਿ ਹਰਿ ਝੋਲੀ ਪਾਇੰਦਾ। ਆਪੇ ਸਾਜਣ ਮੀਤ ਮੁਰਾਰਾ, ਆਪੇ ਸੰਗ ਨਿਭਾਇੰਦਾ। ਆਪੇ ਬਖ਼ਸ਼ੇ ਇਕ ਪਿਆਰਾ, ਆਪੇ ਵੇਖ ਵਖਾਇੰਦਾ। ਆਪੇ ਦੇਵੇ ਸਤਿ ਹੁਲਾਰਾ, ਸਤਿ ਸਤਿਵਾਦੀ ਸੇਵ ਕਮਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਚ ਘਰ, ਸਚਖੰਡ ਮਹੱਲਾ ਉਚ ਅਟੱਲਾ ਨਿਹਚਲ ਧਾਮ ਇਕ ਸੁਹਾਇੰਦਾ। ਸਚਖੰਡ ਦਵਾਰਾ ਥਿਰ ਦਰਬਾਰ, ਹਰਿ ਸਾਚੇ ਸਚ ਉਪੰਨਿਆ। ਪੁਰਖ ਅਬਿਨਾਸ਼ੀ ਨਿਰਾਕਾਰ, ਨਿਰਗੁਣ ਬੈਠਾ ਇਕ ਇਕੱਲਿਆ। ਜੋਤੀ ਬਾਤੀ ਕਰ ਉਜਿਆਰ, ਦਰ ਸਾਚਾ ਇਕ ਸੁਹੰਨਿਆ। ਕਮਲਾਪਾਤੀ ਖੇਲ ਅਪਾਰ, ਕਵਲ ਨੈਣ ਇਕ ਖੁਲੰਨਿਆ। ਸਾਚਾ ਸਾਥੀ ਬਣ ਕਰਤਾਰ, ਸਗਲਾ ਸੰਗ ਨਿਭੰਨਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਥਿਰ ਘਰ ਸਾਚਾ ਵੇਖ ਵਖੰਨਿਆ। ਘਰ ਵਿਚ ਘਰ ਬਣਤ ਬਣਾ, ਸਚਖੰਡ ਵੱਜੀ ਵਧਾਈਆ। ਸੱਚਖੰਡ ਅੰਦਰ ਥਿਰ ਘਰ ਬੈਠਾ ਡੇਰਾ ਲਾ, ਘਰ ਘਰ ਵਿਚ ਆਪ ਟਿਕਾਈਆ। ਜੋਤੀ ਨੂਰ ਜੋਤ ਜਗਾ, ਏਕਾ ਏਕ ਕਰੇ ਰੁਸ਼ਨਾਈਆ। ਪਾਰਬ੍ਰਹਮ ਅਬਿਨਾਸ਼ੀ ਕਰਤਾ ਬੇਪਰਵਾਹ, ਪੁਰਖ ਸੁਲਤਾਨ ਵੱਡੀ ਵਡਿਆਈਆ। ਦੂਸਰ ਕੋਈ ਦਿਸੇ ਨਾ, ਨਾ ਕੋਈ ਰਚਨ ਰਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਰਿਹਾ ਸੁਹਾਈਆ। ਘਰ ਵਿਚ ਮੰਦਰ ਕਰ ਤਿਆਰਾ, ਘਰ ਸਾਚਾ ਆਪ ਸੁਹਾਇੰਦਾ। ਆਪੇ ਵਸੇ ਸਚਖੰਡ ਦਵਾਰਾ, ਥਿਰ ਘਰ ਆਪੇ ਕੁੰਡਾ ਲਾਇੰਦਾ। ਆਪੇ ਸਾਜਣ ਮੀਤ ਮੁਰਾਰਾ, ਆਪੇ ਖੇਲ ਖਲਾਇੰਦਾ। ਆਪੇ ਵਰਤੇ ਆਪਣਾ ਵਰਤਾਰਾ, ਆਪਣੀ ਕਲ ਆਪ ਵਰਤਾਇੰਦਾ। ਆਪ ਸੁਹਾਏ ਬੰਕ ਦਵਾਰਾ, ਆਪੇ ਘਰ ਉਪਜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਭੇਵ ਖੁਲ੍ਹਾਇੰਦਾ। ਸਚਖੰਡ ਅੰਦਰ ਥਿਰ ਦਰਬਾਰ, ਹਰਿ ਸਾਚੇ ਆਪ ਸੁਹਾਇਆ। ਇਕ ਇਕੱਲਾ ਕਰ ਪਸਾਰ, ਆਪੇ ਵੇਖ ਵਖਾਇਆ। ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਰੁਸ਼ਨਾਇਆ। ਆਪਣੀ ਜੋਤੀ ਕਰ ਉਜਿਆਰ, ਆਪੇ ਖੇਲ ਖਲਾਇਆ। ਸਚ ਸਿਘਾਸਣ ਬੈਠ ਸੱਚੀ ਸਰਕਾਰ, ਸਾਚਾ ਹੁਕਮ ਆਪ ਸੁਣਾਇਆ। ਆਪੇ ਬਣਿਆ ਚੋਬਦਾਰ, ਆਪੇ ਨਿਉਂ ਨਿਉਂ ਸੀਸ ਝੁਕਾਇਆ। ਆਪੇ ਹੋਇਆ ਖ਼ਬਰਦਾਰ, ਆਪਣਾ ਹੁਕਮ ਆਪ ਮਨਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵੇਖੇ ਸਚਖੰਡ ਦਵਾਰ, ਥਿਰ ਘਰ ਸਾਚਾ ਆਪ ਸੁਹਾਇਆ। ਥਿਰ ਘਰ ਸਾਚਾ ਹਰਿ ਹਰਿ ਮੰਦਰ, ਹਰਿ ਹਰਿ ਆਪ ਉਪਜਾਇੰਦਾ। ਆਦਿ ਨਿਰੰਜਣ ਵੜਿਆ ਅੰਦਰ, ਆਦਿ ਪੁਰਖ ਖੇਲ ਖਲਾਇੰਦਾ। ਪਰਮ ਪੁਰਖ ਪ੍ਰਭ ਬਣਿਆ ਸੱਜਣ, ਪਾਰਬ੍ਰਹਮ ਸਗਲਾ ਸੰਗ ਨਿਭਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਸੋਭਾ ਪਾਇੰਦਾ। ਸਚਖੰਡ ਦਵਾਰੇ ਸਾਚਾ ਕੰਤ, ਨਿਰਗੁਣ ਨੂਰੋ ਨੂਰ ਸਮਾਈਆ। ਥਿਰ ਘਰ ਨਾਰੀ ਬਣੇ ਬਣਤ, ਆਪ ਆਪਣੀ ਰਚਨ ਰਚਾਈਆ। ਖੇਲੇ ਖੇਲ ਆਦਿ ਅੰਤ, ਅੰਤ ਆਦਿ ਵੱਡੀ ਵਡਿਆਈਆ। ਆਪੇ ਚਾੜ੍ਹੇ ਆਪਣਾ ਰੰਗ ਬਸੰਤ, ਉਤਰ ਕਦੇ ਨਾ ਜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਈਆ। ਸਚਖੰਡ ਦਵਾਰੇ ਹਰਿ

ਨਿਰੰਕਾਰ, ਆਪਣੇ ਘਰ ਲਏ ਅੰਗੜਾਈਆ । ਨਿਰਗੁਣ ਦਾਤਾ ਹੋ ਤਿਆਰ, ਦਇਆਵਾਨ ਖੇਲ ਖਲਾਈਆ । ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਹੁਕਮ ਸੁਣਾਈਆ । ਸਗਨ ਮਨਾਏ ਪਹਿਲੀ ਵਾਰ, ਆਪ ਆਪਣੇ ਮੁਖ ਲਗਾਈਆ । ਆਪਣੇ ਸੀਸ ਕਰ ਸ਼ਿੰਗਾਰ, ਸਾਚਾ ਸਿਹਰਾ ਆਪ ਲਟਕਾਈਆ । ਹਰਿ ਜਗਦੀਸ਼ ਖੇਲ ਅਪਾਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਏਕਾ ਏਕ ਸੁਹਾਈਆ । ਥਿਰ ਘਰ ਸਾਚੇ ਜੋਤੀ ਨਾਰੀ, ਆਪਣਾ ਆਪ ਸ਼ਿੰਗਾਰਿਆ । ਆਦਿ ਜੁਗਾਦਿ ਰਹੇ ਕਵਾਰੀ, ਨਾ ਕੋਈ ਕੰਤ ਮੇਲ ਮਿਲਾ ਲਿਆ । ਖੇਲੇ ਖੇਲ ਪੁਰਖ ਕਰਤਾਰੀ, ਕਰਤਾ ਪੁਰਖ ਖੇਲ ਖਿਲਾ ਲਿਆ । ਆਪ ਵਿਚੋਲ ਬਣਿਆ ਆਪਣੀ ਵਾਰੀ, ਆਪੇ ਮੇਲ ਮਿਲਾ ਲਿਆ । ਆਪੇ ਕਜਲਾ ਪਾਏ ਤਿਖੀ ਧਾਰੀ, ਆਪੇ ਨੈਣ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਵੇਖ ਵਿਖਾ ਲਿਆ । ਸਚਖੰਡ ਦਵਾਰੇ ਹਰਿ ਭਗਵੰਤ, ਆਪਣਾ ਜੋਬਨ ਵੇਖ ਵਖਾਈਆ । ਅਬਿਨਾਸ਼ੀ ਕਰਤਾ ਸਾਚਾ ਕੰਤ, ਘਰ ਸਾਚੇ ਸੋਭਾ ਪਾਈਆ । ਥਿਰ ਘਰ ਨਾਰੀ ਜੋਤ ਉਜਿਆਰੀ ਏਕਾ ਏਕ ਮਹਿਮਾ ਅਗਣਤ, ਲੇਖਾ ਲੇਖ ਨਾ ਲਿਖਿਆ ਜਾਈਆ । ਦਰ ਘਰ ਸਾਚੇ ਬਣੀ ਬਣਤ, ਹੋਈ ਸੱਚੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੇਖ ਵਖਾਈਆ । ਘਰ ਕੰਤ ਭਤਾਰਾ ਮੀਤਾ, ਸਚਖੰਡ ਦਵਾਰ ਸੁਹਾਇੰਦਾ । ਆਪ ਚਲਾਏ ਆਪਣੀ ਰੀਤਾ, ਆਪਣੇ ਮਾਰਗ ਲਾਇੰਦਾ । ਆਪਣਾ ਖੇਲ ਆਪੇ ਕੀਤਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਥਿਰ ਘਰ ਸਾਚੇ ਨਾਰ ਭਤਾਰੀ, ਆਪਣਾ ਵੇਸ ਵਟਾਈਆ । ਆਪਣੇ ਤਨ



ਕਰ ਸ਼ਿੰਗਾਰੀ, ਆਪੇ ਸੋਭਾ ਪਾਈਆ । ਆਪਣਾ ਨੈਣ ਰਹੀ ਉਘਾੜੀ, ਆਪੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣੀ ਖੇਲ ਖਲਾਈਆ । ਥਿਰ ਘਰ ਸਾਚੇ ਨਾਰ ਸੁਹਾਗਣ, ਆਪਣਾ ਵੇਸ ਵਟਾਇਆ । ਹਰਿ ਜੋਤ ਹੋਈ ਇਕ ਵੈਰਾਗਣ, ਬਿਰਹੋ ਰੋਗ ਜਲਾਇਆ । ਨਾ ਕੋਈ ਦਿਸੇ ਲਾਗੀ ਲਾਗਣ, ਵਿਚੋਲਾ ਕੋਇ ਦਿਸ ਨਾ ਆਇਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪ ਆਪਣਾ ਸਾਜਿਆ ਸਾਜਣ, ਸਾਜਣਹਾਰ ਆਪ ਅਖਵਾਇਆ । ਸਚਖੰਡ ਦਵਾਰੇ ਉਠਿਆ ਰਾਜ ਰਾਜਨ, ਸ਼ਾਹੋ ਭੂਪ ਬਲ ਧਰਾਇਆ । ਆਪਣੇ ਚੜ੍ਹਿਆ ਅਸਵ ਤਾਜਨ, ਆਪਣਾ ਆਸਣ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇਆ । ਉਠਿਆ ਰਾਜਾ ਹਰਿ ਜਗਦੀਸ਼, ਸਚਖੰਡ ਵੱਜੀ ਵਧਾਈਆ । ਜੋਤੀ ਨਾਰੀ ਗੁੰਦਿਆ ਸੀਸ, ਥਿਰ ਘਰ ਬੈਠੀ ਰਾਹ ਤਕਾਈਆ । ਪੁਰਖ ਅਬਿਨਾਸ਼ੀ ਖੇਲੇ ਖੇਲ ਇਕ ਇਕੀਸ, ਅਕਲ ਕਲ ਅਖਵਾਈਆ । ਜੋਤੀ ਨਾਰੀ ਨਿਉਂ ਨਿਉਂ ਝੁਕਾਏ ਸੀਸ, ਪਰਣਵਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਰਿਹਾ ਸਮਝਾਈਆ । ਜੋਤੀ ਨਾਰੀ ਸੀਸ ਗੁੰਦਾਇਆ, ਥਿਰ ਘਰ ਸੋਹੇ ਬੰਕ ਦਵਾਰਾ । ਪੁਰਖ ਅਬਿਨਾਸ਼ੀ ਉਠ ਕੇ ਆਇਆ, ਸਚਖੰਡ ਕਰੇ ਖੇਲ ਅਪਾਰਾ । ਆਪਣਾ ਮੇਲਾ ਆਪ ਮਿਲਾਇਆ, ਆਪ ਕਰਾਇਆ ਸਚ ਪਿਆਰਾ । ਆਪਣਾ ਪੱਲਾ ਆਪ ਫੜਾਇਆ, ਆਪੇ ਕਰੇ ਇਕ ਵਿਹਾਰਾ । ਆਪਣੇ ਅੰਗ ਆਪ ਲਗਾਇਆ । ਆਪੇ ਹੋਇਆ ਅੰਗੀਕਾਰਾ, ਆਪਣਾ ਧਾਮ ਆਪ ਸੁਹਾਇਆ । ਆਪ ਸੁਹਾਏ ਸਚ ਦਰਬਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੰਨ੍ਹੇ ਆਪਣੀ ਧਾਰਾ । ਕੰਤ ਭਤਾਰੀ ਹਰਿ ਹਰਿ

੮੬੦ ੦੮

ਰੂਪ, ਏਕਾ ਰੰਗ ਸਮਾਇਆ । ਏਕਾ ਨਾਰੀ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਸਚਖੰਡ ਦਵਾਰੇ ਗਿਆ ਤੁਠ, ਥਿਰ ਘਰ ਸਾਚੇ ਮੇਲ ਮਿਲਾਇਆ । ਆਪੇ ਅੰਮ੍ਰਿਤ ਵਾਰੇ ਆਪਣਾ ਘੁੱਟ, ਆਪੇ ਮੁਖ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਰਿਹਾ ਸੁਹਾਇਆ । ਘਰ ਮੰਦਰ ਹਰਿ ਸੁਹੰਜਣਾ, ਪਾਰਬ੍ਰਹਮ ਉਪਜਾਇੰਦਾ । ਖੇਲੇ ਖੇਲ ਆਦਿ ਨਿਰੰਜਣਾ, ਸਚਖੰਡ ਦਵਾਰਾ ਵੇਖ ਵਖਾਇੰਦਾ । ਥਿਰ ਘਰ ਮੇਲਾ ਸਾਚੇ ਸੱਜਣਾ, ਸਾਚੀ ਸਖੀ ਸੰਗ ਨਿਭਾਇੰਦਾ । ਏਕਾ ਪਾਇਆ ਸਾਚਾ ਅੰਜਣਾ, ਏਕਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਡੇਰਾ ਲਾਇੰਦਾ । ਘਰ ਮਹੱਲ ਉਚ ਅਟਾਰੀ, ਹਰਿ ਸਾਚੇ ਆਪ ਸੁਹਾਈਆ । ਥਿਰ ਘਰ ਜੋਤ ਜਗੇ ਨਿਰੰਕਾਰੀ, ਨਿਰਗੁਣ ਆਪੇ ਰਿਹਾ ਜਗਾਈਆ । ਸਚਖੰਡ ਵਾਸੀ ਲੱਗੀ ਪਿਆਰੀ, ਅੰਤ ਅੰਤ ਪਰਨਾਈਆ । ਨਾਰੀ ਕੰਤ ਖੇਲ ਅਪਾਰੀ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸਾਚੇ ਹੋਏ ਸਹਾਈਆ । ਸਚਖੰਡ ਦੁਵਾਰਾ ਸਚ ਦਰਵਾਜ਼ਾ ਹਰਿ ਹਰਿ ਖੋਲ੍ਹ ਖੁਲ੍ਹਾਇਆ । ਥਿਰ ਘਰ ਮੰਦਰ ਬਹਿ ਬਹਿ ਮਾਰੇ ਵਾਜਾ, ਆਪ ਆਪਣਾ ਹੁਕਮ ਚਲਾਇਆ । ਸ਼ਾਹ ਸੁਲਤਾਨ ਵਡ ਰਾਜਨ ਰਾਜਾ, ਰਾਜ ਰਾਜਾਨਾ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਾਚੇ ਘਰ, ਘਰ ਸਾਚੇ ਵੇਸ ਵਟਾਇਆ । ਥਿਰ ਘਰ ਸਾਚਾ ਕਰ ਪਰਵਾਨ, ਪਰਮ ਪੁਰਖ ਖ਼ੁਸ਼ੀ ਮਨਾਇੰਦਾ । ਸਚਖੰਡ ਦਵਾਰਾ ਸੋਹੇ ਮਕਾਨ, ਦਰ ਮੰਦਰ ਇਕ ਸੁਹਾਇੰਦਾ । ਵੇਖਣਹਾਰ ਸ੍ਰੀ ਭਗਵਾਨ, ਏਕਓਅੰਕਾਰਾ ਇਕ ਅਖਵਾਇੰਦਾ । ਆਪੇ ਬਣਿਆ ਗੋਪੀ ਕਾਹਨ, ਆਪੇ ਨਾਚ ਕਰਾਇੰਦਾ । ਆਪਣੀ ਸਖੀ ਕਰ ਪਰਵਾਨ, ਆਪੇ ਸੇਜ ਹੰਢਾਇੰਦਾ । ਆਪੇ ਦੇਵਣਹਾਰਾ ਦਾਨ, ਆਪੇ ਝੋਲੀ ਪਾਇੰਦਾ । ਆਪ ਉਪਜਾਏ ਆਪਣਾ ਸਚ ਨਿਸ਼ਾਨ, ਆਪਣਾ ਸ਼ਬਦ ਆਪ ਉਪਜਾਇੰਦਾ । ਜੋਤੀ ਮਾਤਾ ਵੇਖੇ ਮਾਰ ਧਿਆਨ, ਪੁਰਖ ਅਕਾਲ ਪਿਤਾ ਅਖਵਾਇੰਦਾ । ਸਚਖੰਡ ਦਵਾਰਾ ਵੇਖ ਮਕਾਨ, ਥਿਰ ਘਰ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਸੁੱਤ ਦੁਲਾਰਾ ਕਰੇ ਪਿਆਰ, ਏਕਾ ਮੰਗ ਮੰਗਾਈਆ । ਥਿਰ ਘਰ ਰੋਵੇ ਜ਼ਾਰੋ ਜ਼ਾਰ, ਅੰਮੜੀ ਗਲੇ ਲਗਾਈਆ । ਕਵਣ ਪਿਤਾ ਮੇਰਾ ਮੀਤ ਮੁਰਾਰ, ਕਵਣ ਗੋਦ ਸੁਹਾਈਆ । ਜੋਤੀ ਮਾਤਾ ਹੋ ਉਜਿਆਰ, ਦੇ ਮਤ ਰਹੀ ਸਮਝਾਈਆ । ਸਚਖੰਡ ਦਵਾਰਾ ਵੇਖ ਖੋਲ੍ਹ ਕਿਵਾੜ, ਅਬਿਨਾਸ਼ੀ ਕਰਤਾ ਬੈਠਾ ਬੇਪਰਵਾਹੀਆ । ਏਕਾ ਕੰਤ ਸੁਹਾਗੀ ਲਾੜ, ਤੇਰਾ ਪਿਤਾ ਅਖਵਾਈਆ । ਸਾਚੀ ਘੋੜੀ ਦੇਵੇ ਚਾੜ੍ਹ, ਵਾਗ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਆਪ ਸਮਝਾਈਆ । ਸੁੱਤ ਦੁਲਾਰੇ ਚੜ੍ਹਿਆ ਚਾਅ, ਪਿਤਾ ਪੂਤ ਵੇਖ ਵਖਾਨਿਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਉਂਗਲੀ ਲਾਏ ਬਾਲ ਅੰਜਾਣਿਆ । ਨਿਰਗੁਣ ਦੇਵੇ ਠੰਡੀ ਛਾਂ, ਸਚਖੰਡ ਦਵਾਰਾ ਇਕ ਸੁਹਾਨਿਆ । ਜੋਤੀ ਮਾਤਾ ਸਦਕੇ ਘੋਲੀ ਵਾਰੀ ਜਾਂ, ਆਪ ਆਪਣਾ ਮੇਲ ਮਿਲਾ ਲਿਆ । ਥਿਰ ਘਰ ਵਖਾਇਆ ਸਾਚਾ ਥਾਂ, ਦਰ ਸਾਚਾ ਇਕ ਸੁਹਾ ਲਿਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਮਾਤ ਪਿਤ ਪੂਤ ਆਪ ਅਖਵਾ ਰਿਹਾ । ਆਪੇ ਮਾਤਾ ਆਪੇ ਪਿਤਾ, ਆਪੇ ਸੁੱਤ ਉਪਜਾਈਆ । ਆਪੇ ਕਰੇ ਸਾਚਾ ਹਿੱਤਾ, ਆਪੇ ਗੋਦ ਉਠਾਈਆ । ਆਪੇ ਰਕਤ ਬੂੰਦ ਨਿਤ ਨਵਿਤਾ, ਆਪੇ ਮੇਲ ਮਿਲਾਈਆ । ਆਪੇ ਅੰਮ੍ਰਿਤ ਸਾਚਾ ਸਿਤਾ, ਆਪੇ ਸਿੰਚ ਹਰਾ ਕਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਈਆ । ਸੁੱਤ ਦੁਲਾਰਾ ਉਠਿਆ, ਜੋਧਾ ਸੂਰਬੀਰ ਬਲਵਾਨ । ਪਿਤਾ ਪੂਤ ਉਪਰ ਏਕਾ ਤੁਠਿਆ, ਦੇਵੇ ਏਕਾ ਧੁਰ ਫ਼ਰਮਾਣ । ਹਰਿ ਕਾ ਸ਼ਬਦ ਤੀਰ ਨਿਰਾਲਾ ਛੁਟਿਆ, ਖੇਲੇ ਖੇਲ ਸ੍ਰੀ ਭਗਵਾਨ । ਆਪਣੇ ਅੰਦਰ ਆਪਣੇ ਮੰਦਰ ਆਪੇ ਫੁੱਟਿਆ, ਆਪੇ ਵੇਖੇ ਮਾਰ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੀ ਏਕਾ ਹਰਿ, ਥਿਰ ਘਰ ਸਾਚੇ ਬੈਠਾ ਲੁਕਿਆ । ਥਿਰ ਘਰ ਸਾਚਾ ਸਚ ਸਿੰਘਾਸਣ, ਸਾਚੀ ਸੇਜ ਸੁਹਾਈਆ । ਹਰਿ ਹਰਿ ਸੱਜਣ ਸ਼ਾਹੋ ਸ਼ਾਬਾਸ਼ਣ, ਸ਼ਹਿਨਸ਼ਾਹ ਬੇਪਰਵਾਹੀਆ । ਆਪੇ ਖੇਲੇ ਖੇਲ ਤਮਾਸ਼ਣ, ਆਪਣੀ ਰਚਨਾ ਵੇਖ ਵਖਾਈਆ । ਆਪਣੀ ਜੋਤ ਕਰੇ ਪਰਕਾਸ਼ਣ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਵਾਰਾ ਏਕਾ ਘਰ ਏਕਾ ਵੇਖ ਵਖਾਈਆ । ਸਚਖੰਡ ਦਵਾਰਾ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਥਿਰ ਘਰ ਵੇਖੇ ਆਪੇ ਲੰਘ, ਆਪਣਾ ਚਰਨ ਟਿਕਾਇੰਦਾ । ਸਚਖੰਡ ਦਵਾਰੇ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਥਿਰ ਘਰ ਵਜਾਏ ਇਕ ਮਰਦੰਗ, ਏਕਾ ਨਾਮ ਸਤਾਰ ਹਿਲਾਇੰਦਾ । ਸਚਖੰਡ ਦਵਾਰ ਸੂਰਾ ਸਰਬੰਗ, ਏਕਓਅੰਕਾਰਾ ਆਪ ਅਖਵਾਇੰਦਾ । ਥਿਰ ਘਰ ਵਾਸੀ ਮੰਗੇ ਮੰਗ, ਆਪਣੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਸਚਖੰਡ ਦਵਾਰੀ ਪਾਏ ਭਿਛਿਆ, ਹਰਿ ਵਡ ਵੱਡਾ ਮਿਹਰਵਾਨਿਆ । ਥਿਰ ਘਰ ਪੂਰੀ ਕਰੇ ਇਛਿਆ, ਖੇਲੇ ਖੇਲ ਸ੍ਰੀ ਭਗਵਾਨਿਆ । ਏਕਾ ਦੇਵੇ ਸਾਚੀ ਸਿਖਿਆ, ਸਤਿ ਸ਼ਬਦ ਕਰੇ ਪਰਧਾਨਿਆ । ਆਪਣਾ ਲੇਖ ਆਪ ਲਿਖਿਆ, ਨਾ ਕੋਈ ਦੂਸਰ ਹੋਰ ਨਿਸ਼ਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪੁਰਖ ਸੁਲਤਾਨੀਆ । ਲੇਖਾ ਲਿਖਿਆ ਸਚਖੰਡ, ਹਰਿ ਸਾਚੀ ਖੇਲ ਖਲਾਈਆ । ਥਿਰ ਘਰ ਵੰਡੇ ਆਪਣੀ ਵੰਡ, ਆਪਣਾ ਹਿੱਸਾ ਪਾਈਆ । ਸੁੱਤ ਦੁਲਾਰਾ ਨੌਜਵਾਨ ਆਪ ਉਠਾਏ ਦਇਆ ਕਮਾਏ ਏਕਾ ਨਾਮ ਦੇਵੇ ਵੰਡ, ਖੇਲੇ ਖੇਲ ਸਬਾਈਆ । ਰਚਨ ਰਚਾਏ ਖੇਲ ਕਰਾਏ ਆਪ ਉਪਜਾਏ ਹਰਿ ਬ੍ਰਹਿਮੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਸਾਚਾ ਮੇਲ ਮਿਲਾਈਆ । ਨਿਰਗੁਣ ਅੰਦਰ ਨਿਰਗੁਣ ਵੜਿਆ, ਪਾਰਬ੍ਰਹਮ ਪੁਰਖ ਕਰਤਾਰਾ । ਨਿਰਗੁਣ ਮੰਦਰ ਨਿਰਗੁਣ ਚੜ੍ਹਿਆ, ਨਿਰਗੁਣ ਖੇਲੇ ਖੇਲ ਅਗੰਮ ਅਪਾਰਾ । ਨਿਰਗੁਣ ਲੜ ਨਿਰਗੁਣ ਫੜਿਆ, ਨਿਰਗੁਣ ਨਾਰੀ ਕੰਤ ਭਤਾਰਾ । ਨਿਰਗੁਣ ਨਿਰਗੁਣ ਲਾਏ ਜੜ੍ਹਿਆ, ਆਦਿ ਜੁਗਾਦੀ ਜੋਤ ਉਜਿਆਰਾ । ਨਿਰਗੁਣ ਅੱਖਰ ਨਿਰਗੁਣ ਪੜ੍ਹਿਆ, ਨਿਰਗੁਣ ਲੇਖ ਲਿਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਸਚਖੰਡ ਇਕ ਦਵਾਰਾ । ਸਚਖੰਡ ਦਵਾਰਾ ਨਿਰਗੁਣ ਧਾਰ, ਪਾਰਬ੍ਰਹਮ ਉਪਜਾਈਆ । ਥਿਰ ਘਰ ਜੋਤ ਨੂਰ ਉਜਿਆਰ, ਏਕਾ ਏਕ ਡਗਮਗਾਈਆ । ਸ਼ਬਦ ਅਨਾਦੀ ਧੁਨ ਜੈਕਾਰ, ਦਰ ਦਰਵਾਜ਼ੇ ਆਪ ਲਗਾਈਆ । ਦੋਹਾਂ ਵਿਚੋਲਾ ਬਣ ਕਰਤਾਰ, ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਈਆ । ਅਲੱਖ ਅਗੋਚਰ ਅਗੰਮ ਅਥਾਹ, ਆਦਿ ਜੁਗਾਦਿ ਸਮਾਇਆ । ਸਚਖੰਡ ਦਵਾਰਾ ਰਿਹਾ ਸੁਹਾ, ਥਿਰ ਘਰ ਆਸਣ ਲਾਇਆ । ਜੁਗਾ ਜੁਗੰਤਰ ਬਣ ਮਲਾਹ, ਆਪਣਾ ਬੇੜਾ ਆਪ ਚਲਾਇਆ, ਆਪਣਾ ਨਾਉਂ ਆਪ ਧਰਾ, ਆਪੇ ਰਿਹਾ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਥਿਰ ਘਰ ਸਾਚਾ ਵੇਖ ਵਖਾਇਆ । ਥਿਰ ਘਰ ਸਾਚਾ ਹਰਿ ਹਰਿ ਪੇਖਿਆ, ਹਰਿ ਮੰਦਰ ਨੂਰ ਅਪਾਰ । ਸਚਖੰਡ ਦੁਵਾਰਾ ਲੇਖ ਕਿਸੇ ਨਾ ਲਿਖਿਆ, ਨਾ ਕੋਈ ਪਾਵਣਹਾਰਾ ਸਾਰ । ਨੇਤਰ ਨੈਣ ਕਿਸੇ ਨਾ ਦਿਸਿਆ, ਦਿਸੇ ਧਾਮ ਅਟੱਲ ਉਚ ਮੁਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਆਪ ਵੰਡਾਏ ਆਪਣਾ ਹਿਸਿਆ । ਆਪਣਾ ਹਿੱਸਾ ਆਪੇ ਵੰਡ, ਆਪਣੀ ਰਚਨ ਰਚਾਈਆ । ਆਪੇ ਰਚਿਆ ਹਰਿ ਬ੍ਰਹਿਮੰਡ, ਲੋਆਂ ਪੁਰੀਆਂ ਆਪ ਉਪਾਈਆ । ਸ਼ਬਦ ਸਰੂਪੀ ਦਿਤੀ ਗੰਢ, ਸਤਿ ਸਤਿਵਾਦੀ ਡੋਰੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਆਪਣੀ ਧਾਰ ਆਪ ਚਲਾ, ਆਪੇ ਵੇਸ ਵਟਾਇੰਦਾ । ਨਿਰਗੁਣ ਸਰਗੁਣ ਨਾਉਂ ਧਰਾ, ਵਿਸ਼ਨੂੰ ਮੁਖ ਸਲਾਹਿੰਦਾ । ਕਵਲ ਨਾਭੀ ਮੁਖ ਖੁਲ੍ਹਾ, ਸਾਚੇ ਤਨ ਟਿਕਾਇੰਦਾ । ਏਕਾ ਕਵਲਾ ਲਏ ਖਿਲਾ, ਪਾਰਬ੍ਰਹਮ ਬ੍ਰਹਮ ਰੂਪ ਵਟਾਇੰਦਾ । ਆਪੇ ਚਾਰੇ ਮੁਖ ਦਏ ਵਖਾ, ਏਕ ਰਾਗ ਸੁਣਾਇੰਦਾ । ਆਪਣੀ ਸੇਵਾ ਆਪ ਕਮਾ, ਸ਼ੰਕਰ ਨਾਉਂ ਧਰਾਇੰਦਾ । ਤਿੰਨਾਂ ਲੇਖਾ ਲਏ ਜਗਾ, ਤ੍ਰੈਗੁਣ ਸੰਗ ਨਿਭਾਇੰਦਾ । ਪੰਚਮ ਮੇਲਾ ਮੇਲ ਮਿਲਾ, ਲੱਖ ਚੁਰਾਸੀ ਵੇਸ ਵਟਾਇੰਦਾ । ਨਿਰਗੁਣ ਜੋਤੀ ਜੋਤ ਜਗਾ, ਆਪਣੀ ਧੀਰ ਧਰਾਇੰਦਾ । ਮਨ ਮਤ ਬੁੱਧ ਵਿਚ ਰਖਾ, ਆਪਣਾ ਅੰਗ ਕਟਾਇੰਦਾ । ਸ਼ਬਦ ਅਨਾਦੀ ਧੁਨ ਉਪਜਾ, ਅਨਹਦ ਰਾਗ ਸੁਣਾਇੰਦਾ । ਘਰ ਵਿਚ ਘਰ ਦਏ ਵਸਾ, ਸਾਚਾ ਬੰਕ ਸੁਹਾਇੰਦਾ । ਏਕਾ ਜੋਤੀ ਦਏ ਜਗਾ, ਜੋਤ ਨਿਰੰਜਣ ਡਗਮਗਾਇੰਦਾ । ਆਪਣਾ ਮੰਦਰ ਆਪ ਖੁਲ੍ਹਾ, ਆਪੇ ਵੇਖ ਵਖਾਇੰਦਾ । ਸਾਚੀ ਸੇਜਾ ਆਸਣ ਲਾ, ਆਪੇ ਸਗਨ ਮਨਾਇੰਦਾ । ਦਾਤਾ ਦਾਨੀ ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਪੰਜ ਸ਼ੈਤਾਨ ਮੇਟ ਮਿਟਾ, ਪੰਚਮ ਸ਼ਬਦ ਅਲਾਇੰਦਾ । ਘਰ ਮੰਦਰ ਸਾਚਾ ਦਏ ਸੁਹਾ, ਸੋਭਾਵੰਤ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਵਾਰਾ ਹਰਿ ਨਿਰੰਕਾਰਾ ਲੋਕਮਾਤ ਆਪ ਸੁਹਾਇੰਦਾ । ਲੋਕਮਾਤ ਸਚ ਦੁਵਾਰਾ, ਕਾਇਆ ਕੰਚਨ ਗੜ੍ਹ ਸੁਹਾਈਆ । ਪੁਰਖ ਅਬਿਨਾਸ਼ੀ ਕਰ ਤਿਆਰਾ, ਆਪੇ ਵੇਖ ਵਖਾਈਆ । ਬ੍ਰਹਿਮੰਡ ਖੰਡ ਅੰਦਰ ਬਾਹਰਾ, ਜੀਓ ਪਿੰਡ ਵਸਾਈਆ । ਆਪੇ ਥਿਰ ਘਰ ਵੇਖੇ ਬੰਕ ਦਵਾਰਾ, ਸਚਖੰਡ ਆਪੇ ਸੋਭਾ ਪਾਈਆ । ਆਪੇ ਗੁਰਮੁਖ ਸੁਰਤੀ ਕਰੇ ਨਾਰ ਪਿਆਰਾ, ਸ਼ਬਦ ਸਾਚਾ ਕੰਤ ਬਣਾਈਆ । ਆਪੇ ਖੋਲ੍ਹੇ ਬੰਦ ਕਿਵਾੜਾ, ਆਪਣਾ ਤਾਕ ਆਪ ਖੁਲ੍ਹਾਈਆ । ਸਾਚੇ ਮੰਦਰ ਕਰੇ ਪਿਆਰਾ, ਆਪਣੀਆਂ ਭੁਜਾਂ ਆਪ ਉਠਾਈਆ । ਮੇਲ ਮਿਲਾਵਾ ਮੀਤ ਮੁਰਾਰਾ, ਘਰ ਸੱਜਣ ਸਾਚਾ ਮਾਹੀਆ । ਲੋਕਮਾਤ ਹਰਿ ਖੇਲ ਨਿਆਰਾ, ਆਦਿ ਜੁਗਾਦਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਈਆ । ਸਚਖੰਡ ਦੁਵਾਰਾ ਵਸਿਆ, ਲੋਕਮਾਤ ਵੱਜੀ ਵਧਾਈਆ । ਜਨ ਭਗਤਾਂ ਮਾਰਗ ਏਕਾ ਦੱਸਿਆ, ਏਕਾ ਨਾਮ ਦ੍ਰਿੜਾਈਆ । ਨਿਰਗੁਣ ਧਾਰਾ ਅੰਦਰ ਵਸਿਆ, ਸਰਗੁਣ ਨੂਰ ਕਰੇ ਰੁਸ਼ਨਾਈਆ । ਕੋਟਨ ਕੋਟ ਕਰੇ ਪਰਕਾਸ਼ ਰਵ ਸਸਿਆ, ਅੰਧ ਅੰਧੇਰ ਮਿਟਾਈਆ । ਮਿਟੇ ਰੈਣ ਅੰਧੇਰੀ ਮੱਸਿਆ, ਗੁਰ ਸ਼ਬਦੀ ਚੰਦ ਚੜ੍ਹਾਈਆ । ਹਰਿ ਮੰਦਰ ਹਰਿ ਜੂ ਆਪੇ ਫਿਰੇ ਨੱਸਿਆ, ਕਾਇਆ ਬੰਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣੀ ਖੇਲ ਖਲਾਈਆ । ਜੁਗ ਕਰਤਾ ਹਰਿ ਕਰਨ ਜੋਗ, ਜਗਤ ਜੁਗਤ ਆਪਣੇ ਹੱਥ ਰਖਾਇੰਦਾ । ਆਪੇ ਰਸ ਰਸੀਆ ਭੋਗੇ ਭੋਗ, ਆਪਣੀ ਇਛਿਆ ਆਪੇ ਪੂਰ ਕਰਾਇੰਦਾ । ਆਪੇ ਜਾਣੇ ਆਪਣਾ ਜੋਗ, ਆਪਣਾ ਮਾਰਗ ਆਪੇ

੮੬੩
੦੮

ਲਾਇੰਦਾ । ਆਪੇ ਮੇਲ ਵਿਛੋੜਾ ਕਰੇ ਸੰਜੋਗ, ਆਪੇ ਵਿਛੜੇ ਮੇਲ ਮਿਲਾਇੰਦਾ । ਆਪੇ ਕੱਟਣਹਾਰਾ ਹਉਮੇ ਰੋਗ, ਦੂਈ ਦਵੈਤੀ ਢੇਰੀ ਢਾਇੰਦਾ । ਆਪੇ ਦੇਵਣਹਾਰਾ ਸਾਚੀ ਚੋਗ, ਸੋਹੰ ਹੰਸਾ ਚੋਗ ਚੁਗਾਇੰਦਾ । ਆਪੇ ਦੇਵਣਹਾਰਾ ਦਰਸ ਅਮੋਘ, ਸਵਛ ਸਰੂਪੀ ਰੂਪ ਵਟਾਇੰਦਾ । ਆਪੇ ਵਸਣਹਾਰਾ ਤੀਨ ਲੋਕ, ਚੌਦਾਂ ਲੋਕਾਂ ਆਪ ਸੁਹਾਇੰਦਾ । ਆਪੇ ਗਾਵਣਹਾਰਾ ਸਚ ਸਲੋਕ, ਅੱਖਰ ਵੱਖਰ ਨਾਮ ਸੁਣਾਇੰਦਾ । ਆਪੇ ਦੇਵਣਹਾਰਾ ਮੋਖ, ਆਪੇ ਮੁਕਤੀ ਝੋਲੀ ਪਾਇੰਦਾ । ਆਪੇ ਲੱਖ ਚੁਰਾਸੀ ਦੇਵੇ ਝੋਕ, ਘੜਣ ਭੰਨਣਹਾਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ, ਆਪਣਾ ਖੇਲ ਖਲਾਇੰਦਾ । ਖੇਲ ਖਿਲਾਵਣਹਾਰ ਪੁਰਖ ਅਗੰਮੜੋ, ਰੂਪ ਅਨੂਪ ਬਹੁ ਬਹੁ ਰੰਗੀਆ । ਹੱਡ ਮਾਸ ਨਾੜੀ ਨਾ ਦਿਸੇ ਚੰਮੜੋ, ਪੰਜ ਤੱਤ ਨਾ ਕੋਈ ਸੰਗੀਆ । ਨਾ ਕੋਈ ਪੱਲੇ ਪੈਸਾ ਧੇਲਾ ਦਮੜੀਓ, ਗੁਰਮੁਖਾਂ ਦਵਾਰਾ ਏਕਾ ਮੰਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰ, ਖੇਲੇ ਖੇਲ ਸੂਰਾ ਸਰਬੰਗੀਆ । ਸੂਰਾ ਸਰਬੰਗ ਪੁਰਖ ਸਮਰਥ, ਅਕੱਥ ਕਥਾ ਕਹਾਣੀਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਖੇਲ ਮਹਾਨੀਆ । ਆਪ ਨਿਭਾਏ ਆਪਣਾ ਸਾਥ, ਸਗਲਾ ਸੰਗ ਰਖਾਨੀਆ । ਆਪੇ ਜਾਣੇ ਪੂਜਾ ਪਾਠ, ਆਪ ਉਪਜਾਏ ਆਪਣੀ ਬਾਣੀਆ । ਆਪੇ ਤੀਰਥ ਆਪੇ ਤਾਟ, ਅਠਸਠ ਆਪੇ ਵੇਸ ਵਟਾਨੀਆ । ਆਪੇ ਜਾਣੇ ਆਪਣੇ ਘਾਟ, ਆਰ ਪਾਰ ਵੰਝ ਮੁਹਾਣੀਆ । ਆਪੇ ਵੇਖੇ ਆਪਣੇ ਹਾਟ, ਚੌਦਾਂ ਤਬਕਾਂ ਤਾਕ ਖੁਲ੍ਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਗੁਣ ਨਿਧਾਨੀਆ । ਗੁਣ ਨਿਧਾਨ ਹਰਿ ਭਗਵਾਨ, ਹਰਿ ਵਡਾ ਵਡ ਵਡਿਆਈਆ । ਸ਼ਾਹੋ ਭੂਪ ਸਚ ਸੁਲਤਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਭਗਤ ਲਏ ਪਛਾਣ, ਹਰਿਜਨ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਹੋ ਪਰਧਾਨ, ਲੋਕਮਾਤ ਕਰੇ ਰੁਸ਼ਨਾਈਆ । ਵਿਸ਼ਨੂੰ ਮੀਤਾ ਚਤੁਰ ਸੁਜਾਣ, ਸਾਚਾ ਸੰਗ ਰਖਾਈਆ । ਭਗਵਨ ਜੋਤੀ ਨੂਰ ਮਹਾਨ, ਆਪ ਆਪਣੀ ਡਗਮਗਾਈਆ । ਬ੍ਰਹਮੇ ਦੇਵੇ ਧੁਰ ਫ਼ਰਮਾਣ, ਵੇਲਾ ਅੰਤਮ ਆਈਆ । ਸ਼ਿਵ ਸ਼ੰਕਰ ਉਠ ਬਾਲ ਨਿਧਾਨ, ਹਰਿ ਸਾਚਾ ਆਪ ਜਗਾਈਆ । ਕਰੋੜ ਤੇਤੀਸਾ ਕਰ ਪਛਾਣ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੁਰਪਤ ਇੰਦ ਵੇਖੇ ਮਾਰ ਧਿਆਨ, ਚਾਰੋਂ ਕੁੰਟ ਅੰਧੇਰਾ ਛਾਈਆ । ਖੇਲੇ ਖੇਲ ਪੁਰਖ ਸੁਲਤਾਨ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਲੋਆਂ ਪੁਰੀਆਂ ਦਏ ਹੁਲਾਰਾ, ਹਰਿ ਹਰਿ ਵੱਡੀ ਵਡਿਆਈਆ । ਕਲਜੁਗ ਅੰਤਮ ਵੇਖ ਕਿਨਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋਕਮਾਤ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਅਪਰ ਅਪਾਰਾ, ਚਾਰੇ ਕੁੰਟਾਂ ਰਿਹਾ ਵਜਾਈਆ । ਗੁਰਮੁਖਾਂ ਕਰੇ ਖ਼ਬਰਦਾਰਾ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਆਪੇ ਗੁਰਸਿਖ ਤੇਰੇ ਦਰ ਦੇਵੇ ਪਹਿਰਾ, ਦਿਵਸ ਰੈਣ ਸੇਵ ਕਮਾਈਆ । ਤੇਰਾ ਮੰਦਰ ਲੱਗੇ ਪਿਆਰਾ, ਹਰਿ ਮੰਦਰ ਨਾਉਂ ਧਰਾਈਆ । ਡੂੰਘੀ ਕੰਦਰ ਖੇਲ ਅਪਾਰਾ, ਹਰਿ ਸਾਚਾ ਵੇਖ ਵਖਾਈਆ । ਤੁੜਾਇਆ ਜੰਦਰ ਬਜ਼ਰ ਕਿਵਾੜਾ, ਆਪ ਆਪਣਾ ਕੁੰਡਾ ਲਾਹੀਆ । ਧੰਨ ਸੁਭਾਗ ਸਤਾਰਾਂ ਹਾੜਾ, ਸੰਮਤ ਸੋਲਾਂ ਵੱਜੀ ਵਧਾਈਆ । ਜਨ ਭਗਤਾਂ ਬਖ਼ਸ਼ਿਆ ਇਕ ਪਿਆਰਾ, ਚਰਨ ਸਰਨ ਸੱਚੀ ਸਰਨਾਈਆ । ਦੂਸਰ ਦਿਸੇ ਨਾ ਕੋਇ ਦਵਾਰਾ, ਨਾ ਕੋਈ ਬੰਕ ਸੁਹਾਈਆ । ਨਿਰਗੁਣ ਦੀਪ ਜੋਤ ਉਜਿਆਰਾ, ਪੁਰਖ ਅਬਿਨਾਸ਼ੀ ਡਗਮਗਾਈਆ । ਮੇਟਣਹਾਰਾ ਅੰਧ ਅੰਧਿਆਰਾ, ਰੈਣ

ਅੰਧੇਰੀ ਰਿਹਾ ਗਵਾਈਆ । ਮੁਖ ਸ਼ਰਮਾਇਣ ਰਵ ਸਸ ਸਤਾਰਾ, ਗੁਰਸਿਖ ਤੇਰਾ ਦਰਸ਼ਨ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰਾ, ਦੋਏ ਨਿਉਂ ਨਿਉਂ ਸੀਸ ਝੁਕਾਈਆ । ਚਾਰ ਵੇਦ ਨਾ ਪਾਏ ਸਾਰਾ, ਪੁਰਾਨ ਅਠਾਰਾਂ ਕੋਇ ਨਾ ਗਾਈਆ । ਸ਼ਾਸਤਰ ਸਿਮਰਤ ਨਾ ਮਾਰੇ ਨਾਅਰਾ, ਨਾਨਾ ਰੂਪ ਨਾ ਕੋਇ ਦਰਸਾਈਆ । ਗੀਤਾ ਗਿਆਨ ਕਰ ਉਜਿਆਰਾ, ਏਕਾ ਭਗਤ ਦਏ ਵਡਿਆਈਆ । ਏਕਾ ਰਾਮ ਰਾਮ ਨਿਆਰਾ, ਸ਼ਾਹ ਭਬੀਖ਼ਣ ਗਲੇ ਲਗਾਈਆ । ਐਨਲਹੱਕ ਏਕਾ ਨਾਅਰਾ, ਮੁਕਾਮੇ ਹੱਕ ਰਿਹਾ ਵਖਾਈਆ । ਨਾਨਕ ਨਿਰਗੁਣ ਬਣ ਵਰਤਾਰਾ, ਨਾਮ ਸਤਿ ਰਿਹਾ ਵਰਤਾਈਆ । ਗੁਰੂ ਅਰਜਨ ਬਣ ਲਿਖਾਰਾ, ਅਗਾਧ ਬੋਧ ਲਿਖਾਈਆ । ਗੁਰ ਗੋਬਿੰਦ ਸੁੱਤ ਦੁਲਾਰਾ, ਪੁਰਖ ਅਕਾਲ ਏਕਾ ਪਿਤਾ ਮਾਈਆ । ਪਾਰਬ੍ਰਹਮ ਪ੍ਰਭ ਦਏ ਹੁਲਾਰਾ, ਆਪਣੀ ਬੂਝ ਬੁਝਾਈਆ । ਕਲਜੁਗ ਕੂੜਾ ਕੂੜ ਕੁੜਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਸੱਜਣ ਮੀਤ ਮੁਰਾਰਾ, ਸਾਕ ਸੈਣ ਨਾ ਕੋਇ ਅਖਵਾਈਆ । ਧੀਆਂ ਭੈਣਾਂ ਕਰਨ ਵਣਜ ਵਣਜਾਰਾ, ਭੈਣ ਭਾਈ ਨਾ ਕੋਇ ਅਖਵਾਈਆ । ਨਾਰੀ ਕੰਤ ਨਾ ਕੋਇ ਪਿਆਰਾ, ਨਾਰ ਦੁਹਾਗਣ ਸਰਬ ਲੋਕਾਈਆ । ਮਿਲਿਆ ਮੇਲ ਨਾ ਕੰਤ ਕਰਤਾਰਾ, ਸੁਰਤ ਸਵਾਣੀ ਰਹੀ ਕੁਰਲਾਈਆ । ਸਾਧਾਂ ਸੰਤਾਂ ਆਏ ਹਾਰਾ, ਧੀਆਂ ਭੈਣਾਂ ਰਹੇ ਤਕਾਈਆ । ਨਾ ਕੋਈ ਮੰਦਰ ਗੁਰੂਦਵਾਰਾ, ਠੱਗ ਚੋਰ ਬੈਠੇ ਆਸਣ ਲਾਈਆ । ਏਕਾ ਭੁੱਲਿਆ ਨਾਮ ਕਰਤਾਰਾ, ਹਰਿ ਕਾ ਨਾਉਂ ਨਾ ਕੋਇ ਧਿਆਈਆ । ਕਾਮ ਕਰੋਧ ਲੋਭ ਮੋਹ ਹੋਇਆ ਹਲਕਾਰਾ, ਆਸਾ ਤ੍ਰਿਸ਼ਨਾ ਰਹੀ ਜਲਾਈਆ । ਨਾਤਾ ਤੁੱਟਾ ਗਿਰਵਰ ਗਿਰਧਾਰਾ, ਗਿਰਿਆਜ਼ਾਰੀ ਨਾ ਕੋਇ ਕਰਾਈਆ । ਜੂਠ ਝੂਠ ਕਰ ਪਿਆਰਾ, ਭੇਖ ਪਖੰਡਾ ਰਿਹਾ ਵਖਾਈਆ । ਕਲਜੁਗ ਜੋਧਾ ਸੂਰ ਬਲੀ ਬਲਕਾਰਾ, ਆਪਣਾ ਬਲ ਧਰਾਈਆ । ਸੰਗ ਮੁਹੰਮਦ ਚਾਰ ਯਾਰ ਲਾਏ ਨਾਅਰਾ, ਅੱਲਾ ਰਾਣੀ ਨਾਲ ਰਲਾਈਆ । ਚੌਦਾਂ ਤਬਕਾਂ ਕਰੇ ਖ਼ਬਰਦਾਰਾ, ਸਦੀ ਚੌਦਵੀਂ ਦਏ ਦੁਹਾਈਆ । ਪੁਰਖ ਅਕਾਲ ਮੀਤ ਮੁਰਾਰਾ, ਗੁਰ ਗੋਬਿੰਦ ਰਿਹਾ ਸਮਝਾਈਆ । ਤੇਰਾ ਦਰ ਸੱਚਾ ਘਰ ਬਾਰਾ, ਥਿਰ ਘਰ ਮੇਲਾ ਸਹਿਜ ਸੁਭਾਈਆ । ਸਚਖੰਡ ਵਸੇ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਰਖਾਈਆ । ਕਲਜੁਗ ਮੇਟੇ ਕੂੜ ਪਸਾਰਾ, ਵੇਲਾ ਅੰਤਮ ਆਪਣੇ ਹੱਥ ਰੱਖੇ ਵਡਿਆਈਆ । ਗੋਬਿੰਦ ਤੇਰਾ ਰੂਪ ਸ਼ਬਦੀ ਧਾਰਾ, ਸੰਬਲ ਨਗਰੀ ਡੇਰਾ ਲਾਈਆ । ਪੁਰਖ ਅਕਾਲ ਕੰਤ ਪਿਆਰਾ, ਘਰ ਸਾਚੇ ਲਏ ਪਰਨਾਈਆ । ਲੋਕਮਾਤ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ੁਵਾਰਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਚਾਰ ਵਰਨ ਵਖਾਏ ਇਕ ਦਵਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਜਣਾਈਆ । ਏਕਾ ਵਰਤੇ ਨਾਮ ਭੰਡਾਰਾ, ਹਰਿ ਸਾਚਾ ਆਪ ਵਰਤਾਈਆ । ਹਿੰਦੂ ਮੁਸਲਮ ਸਿਖ ਈਸਾਈ ਕਰੇ ਪਿਆਰਾ, ਆਪਣੀ ਗੋਦ ਉਠਾਈਆ । ਕਲਜੁਗ ਮੇਟੇ ਕੂੜ ਪਸਾਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਸਾਚਾ ਖੋਲ੍ਹ ਕਿਵਾੜਾ, ਲੋਕਮਾਤ ਨਾਉਂ ਧਰਾਈਆ । ਦੇਵੇ ਵਡਿਆਈ ਸਤਾਰਾਂ ਹਾੜਾ, ਸਤਿਜੁਗ ਸਾਚੀ ਨੀਂਹ ਰਖਾਈਆ । ਜ਼ਿਮੀਂ ਅਸਮਾਨਾਂ ਮੇਟੇ ਪਾੜਾ, ਭੇਵ ਅਭੇਦਾ ਭੇਵ ਛੁਪਾਈਆ । ਨੌ ਖੰਡ ਪ੍ਰਿਥਮੀ ਬਣਾਏ ਇਕ ਅਖਾੜਾ, ਸੱਤਾਂ ਦੀਪਾਂ ਰਿਹਾ ਜਗਾਈਆ । ਗੁਰਸਿਖ ਸੱਜਣ ਬਣਾਏ ਸਾਚਾ ਲਾੜਾ, ਸਿਰ ਸਿਹਰਾ ਏਕਾ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਨਾਰੀ ਕਰ ਪਿਆਰ, ਮੇਲ ਮਿਲਾਵਾ ਕੰਤ ਭਤਾਰ, ਗੁਣ ਫਲ ਦੇਵੇ ਅੰਮ੍ਰਿਤ ਚਾਰ, ਰਸ ਭਿੰਨਾ ਆਦਿ ਜੁਗਾਦੀ ਸਿਰਜਣਹਾਰ, ਤਿੰਨਾਂ ਲੋਕਾਂ ਵਸਿਆ ਬਾਹਰ, ਬੇਐਬ ਪਰਵਰਦਿਗਾਰ,

ਥਿਰ ਘਰ ਮੇਲਾ ਸਾਚੇ ਯਾਰ, ਸਚਖੰਡ ਦਵਾਰਾ ਹਰਿ ਨਿਰੰਕਾਰਾ ਗੁਰਮੁਖ ਸੱਜਣ ਕਰ ਪਿਆਰਾ, ਆਪ ਆਪਣੀ ਗੋਦ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੂਪ ਏਕਓਅੰਕਾਰਾ, ਆਦਿ ਜੁਗਾਦੀ ਕਰ ਪਸਾਰਾ, ਜੁਗ ਜੁਗ ਲੋਕਮਾਤ ਲਏ ਅਵਤਾਰਾ, ਜਨ ਭਗਤਾਂ ਪਾਵੇ ਸਾਚੀ ਸਾਰਾ, ਲੱਖ ਚੁਰਾਸੀ ਪਾਰ ਕਿਨਾਰਾ, ਦਰਗਹਿ ਸਾਚੀ ਸਾਚਾ ਧਾਮ, ਮੇਲ ਮਿਲਿਆ ਏਕਾ ਰਾਮ, ਨਜ਼ਰੀ ਆਏ ਘਨੀਆ ਸ਼ਾਮ, ਨਾਨਕ ਗੋਬਿੰਦ ਇਕ ਪਰਨਾਮ, ਸਤਿਗੁਰ ਪੂਰਾ ਪਕੜੇ ਦਾਮ, ਐਥੇ ਓਥੇ ਦੋ ਜਹਾਨਾਂ, ਪੁਰਖ ਅਬਿਨਾਸ਼ੀ ਹਰਿ ਮਿਹਰਵਾਨਾ, ਜਨ ਭਗਤਾਂ ਸਾਚੇ ਸੰਤਾਂ ਆਪ ਆਪਣਾ ਮੇਲ ਮਿਲਾਈਆ । ਮਿਲਿਆ ਮੇਲਾ ਗੁਰ ਗੁਰ ਚੇਲਾ, ਹਰਿ ਹਰਿ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਪਾਇਆ ਸੱਜਣ ਸੁਹੇਲਾ, ਦੂਸਰ ਦਰ ਨਾ ਮੰਗਣ ਜਾਇਆ । ਆਪੇ ਵਸੇ ਧਾਮ ਨਵੇਲਾ, ਗੁਰਮੁਖ ਸਾਜਣ ਆਪਣੇ ਘਰ ਬਹਾਇਆ । ਕਲਜੁਗ ਅੰਤਮ ਕਰਿਆ ਮੇਲਾ, ਵਿਛੜ ਕਦੇ ਨਾ ਜਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਦਿਸ ਕਿਸੇ ਨਾ ਆਇਆ । ਹਰਿਜਨ ਹਰਿਭਗਤ ਗੁਰਸਿਖ ਗੁਰਮੁਖ ਤੇਰੀ ਧਰਮ ਰਾਏ ਦੀ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਜੋਤ ਨਿਰੰਜਣ ਚਾੜ੍ਹੇ ਤੇਲਾ, ਅੰਤਰ ਆਤਮ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਜੀਆ ਦਾਨ, ਜੀਆ ਦਾਤਾ ਪੁਰਖ ਬਿਧਾਤਾ ਮੇਟੇ ਰੈਣ ਅੰਧੇਰੀ ਰਾਤਾ, ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਚਰਨ ਕਵਲ ਬੰਧਾਏ ਸਾਚਾ ਨਾਤਾ, ਨਿਤ ਨਵਿਤ ਕਰ ਕਰ ਹਿੱਤ, ਆਪਣਾ ਦਰਸ ਦਿਖਾਇਆ । ਦਰਸ਼ਨ ਪੌਣਾ ਗਹਿਰ ਗੰਭੀਰ, ਹਰਿ ਸਤਿਗੁਰ ਵਡ ਵਡਿਆਈਆ । ਕਾਇਆ ਕਰੇ ਸਾਂਤ ਸਰੀਰ, ਸਤਿ ਸਤਿ ਸਤਿ ਰੂਪ ਦਰਸਾਈਆ । ਹਉਮੇ ਹੰਗਤਾ ਜੂਠੀ ਝੂਠੀ ਕੱਢੇ ਪੀੜ, ਅੰਮ੍ਰਿਤ ਆਤਮ ਸੀਰ ਪਿਆਈਆ । ਜਗਤ ਜੰਜਾਲਾ ਕੱਟ ਜ਼ੰਜੀਰ, ਨਾਮ ਡੋਰੀ ਤੰਦਨ ਤੰਦ ਬੰਧਾਈਆ । ਸ਼ਾਹ ਸੁਲਤਾਨ ਵਡ ਪੀਰਨ ਪੀਰ, ਦਸਤਗੀਰ ਸ਼ਾਹ ਹਕੀਰ ਏਕਾ ਰੰਗ ਰੰਗਾਈਆ । ਗੁਰਮੁਖਾਂ ਦੇਵੇ ਅੰਤਮ ਧੀਰ, ਵੇਲੇ ਅੰਤ ਕੰਤ ਭਗਵੰਤ ਹੋਏ ਸਹਾਈਆ । ਸਚਖੰਡ ਦੁਵਾਰੇ ਚੋਟੀ ਚਾੜ੍ਹੇ ਇਕ ਅਖ਼ੀਰ, ਥਿਰ ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚੇ ਦਰ ਬਹਾਈਆ । ਬੱਧਕ ਤੇਰਾ ਸੱਚਾ ਤੀਰ, ਚਰਨ ਕਵਲ ਸੀਸ ਝੁਕਾਈਆ । ਮੁਖ ਚੁੰਘੇ ਸਾਚਾ ਸੀਰ, ਕ੍ਰਿਸ਼ਨਾ ਰਿਹਾ ਚੁੰਘਾਈਆ । ਭਗਤੀ ਵਿਰੋਲੇ ਏਕਾ ਨੀਰ, ਅੰਤਰ ਆਤਮ ਭੀੜ ਕਢਾਈਆ । ਕੱਟਣਹਾਰਾ ਸਾਚੀ ਭੀੜ, ਸਾਖਯਾਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਤੇਰਾ ਤੀਰ ਤਿੱਖਾ ਮੁੱਖ, ਸਾਚਾ ਸੁੱਖ ਉਪਜਾਇੰਦਾ । ਚਰਨ ਸਰਨ ਮਿਟੇ ਦੁੱਖ, ਚਰਨ ਕਵਲ ਚਿਤ ਲਾਇੰਦਾ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਸਾਚਾ ਮੇਲ ਮਿਲਾਇੰਦਾ । ਚੌਥੇ ਜੁਗ ਚੁੱਕੇ ਆਪਣੀ ਕੁੱਖ, ਦੁਆਪਰ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਨਾ ਮਾਣਸ ਨਾ ਦਿਸੇ ਮਨੁੱਖ, ਰੂਪ ਅਨੂਪ ਇਕ ਰਖਾਇੰਦਾ । ਆਪਣੇ ਮੰਦਰ ਆਪੇ ਬੈਠਾ ਲੁਕ, ਲੋਕਮਾਤ ਦਿਸ ਨਾ ਆਇੰਦਾ । ਹਰਿ ਸੱਜਣ ਸਾਚੇ ਵੇਖੇ ਝੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਦਰ ਸਾਚੇ ਵੇਖ ਵਖਾਇੰਦਾ । ਚਰਨ ਤੀਰ ਤੀਰ ਨਿਰਾਲਾ, ਤਿੱਖੀ ਧਾਰ ਵਹਾਇੰਦਾ । ਮਿਲਿਆ ਮੇਲ ਹਰਿ ਗੋਪਾਲਾ, ਗੋਬਿੰਦ ਵੇਖ ਵਖਾਇੰਦਾ । ਨੇਤਰ

ਨੈਣ ਨੀਰ ਸਾਚੀ ਮਾਲਾ, ਮਾਣਕ ਮੋਤੀ ਤਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣ ਪੂਰਬ ਝੋਲੀ ਪਾਇੰਦਾ । ਚਰਨ ਤੀਰ ਮਨ ਚਿਤ, ਭੌ ਭਗਤੀ ਲੇਖੇ ਲਾਈਆ । ਬੱਧਕ ਕਰਾਇਆ ਆਪ ਨਿਰਭੌ, ਨਿਰਵੈਰ ਆਪ ਅਖਵਾਈਆ । ਦੇ ਬਾਂਹ ਸਰਹਾਣੇ ਰਹਿਣਾ ਸੌਂ, ਸੁੱਖ ਸਹਿਜ ਸਹਿਜ ਸਹਿਜ ਇਕ ਵਖਾਈਆ । ਜੁਗ ਜੁਗ ਪਕੜਣਹਾਰਾ ਬਾਹੋਂ, ਆਪਣੇ ਗਲੇ ਲਏ ਲਗਾਈਆ । ਕਲਜੁਗ ਅੰਤਮ ਕਰੇ ਸਚ ਨਿਆਉਂ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਮਿਲਿਆ ਵਰ ਧੁਰ ਦਰਬਾਰ, ਬ੍ਰਹਮ ਦਇਆ ਕਮਾਈਆ । ਕਲਜੁਗ ਅੰਤਮ ਮੇਲਾ ਵਿਚ ਸੰਸਾਰ, ਸੰਸਾਰ ਸਾਗਰ ਵੇਖ ਵਖਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਖੇਲੇ ਖੇਲ ਹਰ ਘਟ ਥਾਈਂਆ । ਮਾਣਸ ਜਨਮ ਦਏ ਆਧਾਰ, ਭਗਤ ਭਗਤੀ ਭਗਵੰਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਭਗਤਨ ਮੀਤਾ ਆਦਿ ਨਿਰੰਜਣ, ਆਦਿ ਜੁਗਾਦਿ ਸਮਾਇਆ । ਪੁਰਖ ਅਬਿਨਾਸ਼ੀ ਸਾਚਾ ਸੱਜਣ, ਸਤਿਗੁਰ ਵੇਸ ਵਟਾਇਆ । ਜਨ ਭਗਤਾਂ ਆਇਆ ਪਰਦੇ ਕੱਜਣ, ਸੋਏ ਮਾਤ ਲਏ ਉਠਾਇਆ । ਧੁਰਦਰਗਾਹੀ ਸਾਚਾ ਸੱਜਣ, ਸਾਖਯਾਤ ਰੂਪ ਵਟਾਇਆ । ਚਰਨ ਧੂੜ ਕਰਾਏ ਮਜਨ, ਮਨ ਕਾ ਮਣਕਾ ਦਏ ਭੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਇਆ । ਸੋਹਿਆ ਦਰ ਘਰ ਬੰਕ ਦਵਾਰਾ, ਪਰਮ ਪੁਰਖ ਵੱਡੀ ਵਡਿਆਈਆ । ਬੱਧਕ ਤਾਰਿਆ ਦੂਜੀ ਵਾਰਾ, ਆਪ ਆਪਣਾ ਸੰਗ ਨਿਭਾਈਆ । ਸੋਹੰ ਸ਼ਬਦ ਭਰ ਭੰਡਾਰਾ, ਸੋਹੰ ਮੁੱਖੀ ਤੀਰ ਵਖਾਈਆ । ਮਿਲਿਆ ਮੇਲ ਮੀਤ ਮੁਰਾਰਾ, ਸੱਜਣ ਸਤਿਗੁਰ ਹਰਿ ਰਘੁਰਾਈਆ । ਅੰਤਮ ਉਤਰਿਆ ਪਾਰ ਕਿਨਾਰਾ, ਸਾਚਾ ਘਾਟ ਆਪ ਸੁਹਾਈਆ । ਰਾਮ ਰੂਪ ਰਾਮ ਨਿਰੰਕਾਰਾ, ਸਿੰਘ ਸਿੰਘ ਵੇਖ ਵਖਾਈਆ । ਨਾਦ ਕਿੰਗਰੀ ਮਰਦੰਗ ਵੱਜੇ ਸਤਾਰਾ, ਮਰਦੰਗਾ ਆਪਣੇ ਹੱਥ ਉਠਾਈਆ । ਸਤਿਗੁਰ ਪਾਇਆ ਏਕਓਅੰਕਾਰਾ, ਹਰਿ ਸੱਜਣ ਸਾਚਾ ਮਾਹੀਆ । ਬੰਸ ਸਰਬੰਸਾ ਏਕਾ ਤਾਰਾ, ਝੂਠਾ ਕੰਸਾ ਦਏ ਮਿਟਾਈਆ । ਰਾਵਣ ਤੋੜੇ ਲੰਕਾ ਗੜ੍ਹ ਹੰਕਾਰਾ, ਰਾਮ ਨਾਮ ਇਕ ਵਡਿਆਈਆ । ਕਲਜੁਗ ਅੰਤਮ ਖੇਲ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਉਤਾਰਾ ਆਪ ਕਰਾਈਆ ।

### ✪ ੧੯ ਸਾਵਣ ੨੦੧੯ ਬਿਕ੍ਰਮੀ ਗੁਰਚਰਨ ਕੌਰ ਦੇ ਘਰ ਫ਼ਿਰੋਜ਼ਪੁਰ ✪

ਆਦਿ ਪੁਰਖ ਨਿਰੰਜਣ ਹਰਿ ਮਿਹਰਵਾਨ, ਆਦਿ ਜੁਗਾਦੀ ਏਕ ਓਅੰਕਾਰਿਆ । ਪਾਰਬ੍ਰਹਮ ਪੁਰਖ ਸੁਲਤਾਨ, ਖੇਲੇ ਖੇਲ ਅਗੰਮ ਅਪਾਰਿਆ । ਜੋਤੀ ਨੂਰ ਨੂਰ ਮਹਾਨ, ਏਕਓਅੰਕਾਰਾ ਨਾਉਂ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾ ਲਿਆ । ਰੂਪ ਅਨੂਪਾ ਹਰਿ ਨਿਰੰਕਾਰ, ਏਕਾ ਏਕ ਸਮਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੋਤੀ ਦੀਪਕ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਏਕਾ ਵਸੇ ਸਚ ਸੱਚੇ ਘਰ ਬਾਰ, ਬੰਕ ਦਵਾਰਾ ਇਕ ਸੁਹਾਇੰਦਾ । ਆਦਿ ਅੰਤ ਨਾ ਪਾਰਾ ਵਾਰ, ਬੇਅੰਤ

ਬੇਅੰਤ ਬੇਅੰਤ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਸਾਰ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਲਾਇੰਦਾ । ਅਬਿਨਾਸ਼ੀ ਕਰਤਾ ਹਰਿ ਭਗਵਾਨ, ਆਦਿ ਨਿਰੰਜਣ ਵਡ ਵਡਿਆਈਆ । ਆਪਣੀ ਕਰੇ ਆਪ ਪਛਾਣ, ਆਪ ਆਪਣਾ ਵੇਖ ਵਖਾਈਆ । ਆਪਣੇ ਮੰਦਰ ਵਸੇ ਮਕਾਨ, ਘਰ ਸਾਚੇ ਸੋਭਾ ਪਾਈਆ । ਨਾ ਕੋਈ ਦਿਸੇ ਹੋਰ ਨਿਸ਼ਾਨ, ਦੂਸਰ ਵਸਤ ਨਾ ਕੋਇ ਉਪਾਈਆ । ਇਕ ਇਕੱਲਾ ਗੁਣ ਨਿਧਾਨ, ਗੁਣਵੰਤਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਇਕ ਇਕੱਲਾ ਖੇਲ ਖਲਾਈਆ । ਇਕ ਇਕੱਲਾ ਅਕਲ ਕਲ ਧਾਰੀ, ਏਕਾ ਏਕ ਓਅੰਕਾਰਿਆ । ਆਦਿ ਜੁਗਾਦੀ ਇਕ ਅਵਤਾਰੀ, ਏਕਾ ਖੇਲ ਅਪਾਰਿਆ । ਏਕਾ ਮਹੱਲ ਇਕ ਅਟਾਰੀ, ਏਕਾ ਬੰਕ ਸੁਹਾ ਰਿਹਾ । ਏਕਾ ਸ਼ਾਹੋ ਭੂਪ ਵਡ ਸਿਕਦਾਰੀ, ਸ਼ਾਹ ਸੁਲਤਾਨ ਇਕ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾ ਰਿਹਾ । ਇਕ ਇਕੱਲਾ ਪੁਰਖ ਸੁਲਤਾਨਾ, ਏਕਾ ਰੰਗ ਸਮਾਇੰਦਾ । ਖੇਲੇ ਖੇਲ ਦੋ ਜਹਾਨਾਂ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਆਪੇ ਅਪਣੀ ਚਲੇ ਚਾਲਾ, ਚਾਲ ਅਵੱਲੜੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਓਅੰਕਾਰ ਨਿਰਾਕਾਰ ਨਿਰਗੁਣ ਜੋਤੀ ਡਗਮਗਾਇੰਦਾ । ਨਿਰਾਕਾਰ ਆਦਿ ਨਿਰੰਜਣ, ਨਿਰਗੁਣ ਨਾਉਂ ਧਰਾਈਆ । ਆਪ ਆਪਣਾ ਬਣਿਆ ਸੱਜਣ, ਆਪ ਆਪਣਾ ਸੰਗ ਨਿਭਾਈਆ । ਆਪ ਆਪਣਾ ਕਰੇ ਮਜਨ, ਆਪ ਆਪਣਾ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਅਕਲ ਕਲ ਧਾਰ, ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਭੇਵ ਅਭੇਦਾ ਹਰਿ ਭਗਵੰਤ, ਆਪਣਾ ਆਪ ਰਖਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ ਹੰਢਾਇੰਦਾ । ਆਪ ਬਣਾਏ ਸਾਚੀ ਬਣਤ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨਿਰਾਕਾਰ, ਏਕਾ ਜੋਤੀ ਜੋਤ ਜਗਾਇੰਦਾ । ਜੋਤ ਉਜਾਲਾ ਹਰਿ ਗੋਪਾਲਾ, ਆਦਿ ਪੁਰਖ ਅਬਿਨਾਸਿਆ । ਖੇਲੇ ਖੇਲ ਪੁਰਖ ਅਕਾਲਾ, ਮੰਡਲ ਮੰਡਪ ਪਾਵੇ ਰਾਸਿਆ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲਾ, ਲੋਕਮਾਤ ਜੋਤ ਪ੍ਰਕਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਵੇਖੇ ਖੇਲ ਤਮਾਸਿਆ । ਸਚਖੰਡ ਦਵਾਰਾ ਹਰਿ ਨਿਰੰਕਾਰ, ਆਪਣਾ ਆਪ ਸੁਹਾਈਆ । ਨਿਰਗੁਣ ਜੋਤੀ ਕਰ ਉਜਿਆਰ, ਹਰਿ ਬੈਠਾ ਬੇਪਰਵਾਹੀਆ । ਇਕ ਇਕੱਲਾ ਨਿਰਾਕਾਰ, ਨੂਰੋ ਨੂਰ ਡਗਮਗਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਰਾਮ ਰੂਪ ਆਪ ਅਖਵਾਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਆਪਣੀ ਆਪ ਵਖਾਈਆ । ਅਲੱਖ ਨਿਰੰਜਣ ਭੇਵ ਨਿਆਰ, ਆਦਿ ਪੁਰਖ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਆਪੇ ਰਚ, ਹਰਿ ਸਾਚਾ ਖੇਲ ਖਲਾਇੰਦਾ । ਆਪੇ ਸਾਜਣ ਬਣਿਆ ਸਚ, ਸਚ ਵਸਤੂ ਵਿਚ ਟਿਕਾਇੰਦਾ । ਆਪੇ ਆਪਣਾ ਹੁਕਮ ਰਿਹਾ ਵਾਚ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਾਉਂ ਹਰਿ ਨਿਰੰਕਾਰ, ਆਪਣਾ ਆਪ ਰਖਾਈਆ । ਵਸਣਹਾਰਾ ਸਚਖੰਡ ਦਵਾਰ, ਦਰ ਮੰਦਰ ਇਕ ਸੁਹਾਈਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਇ

੮੬੮
੦੮

ਸੁਹਾਈਆ । ਨਾ ਕੋਈ ਰਵ ਸਸ ਸੂਰਜ ਚੰਨ ਦਿਸੇ ਸਤਾਰ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਬ੍ਰਹਮਾ ਵਿਸ਼ਨ ਸ਼ਿਵ ਕਰੇ ਆਕਾਰ, ਨਾ ਕੋਈ ਤ੍ਰੈਗੁਣ ਬਣਤ ਬਣਾਈਆ । ਪੰਜ ਤੱਤ ਨਾ ਕੋਇ ਪਿਆਰ, ਬੂੰਦ ਰਕਤ ਨਾ ਕੋਇ ਜੁੜਾਈਆ । ਨਾ ਕੋਈ ਪ੍ਰਿਥਮੀ ਅਕਾਸ਼ ਦਏ ਹੁਲਾਰ, ਬ੍ਰਹਿਮੰਡ ਖੰਡ ਨਾ ਕੋਇ ਵਖਾਈਆ । ਜੇਰਜ ਅੰਡ ਨਾ ਕਰੇ ਪਿਆਰ, ਉਤਭੁਜ ਸੇਹਤਜ ਨਾ ਕੋਈ ਉਗਾਈਆ । ਨਾ ਕੋਈ ਦੀਸੇ ਜਲ ਧਾਰ, ਖ਼ਾਕੀ ਖ਼ਾਕ ਨਾ ਕੋਇ ਉਡਾਈਆ । ਨਾ ਕੋਈ ਕਰੋੜ ਤੇਤੀਸਾ ਦਏ ਆਧਾਰ, ਸੁਰਪਤ ਰਾਜਾ ਇੰਦ ਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸੋਹੇ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ, ਪਾਰਬ੍ਰਹਮ ਬੇਅੰਤ ਬੇਪਰਵਾਹ ਆਪੇ ਬੈਠਾ ਆਸਣ ਲਾਈਆ । ਪਾਰਬ੍ਰਹਮ ਬੇਪਰਵਾਹ ਬੇਅੰਤ, ਏਕਾ ਏਕ ਓਅੰਕਾਰਿਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਖੇਲ ਅਪਾਰਿਆ । ਆਪ ਬਣਾਏ ਆਪਣੀ ਬਣਤ, ਆਪੇ ਵੇਸ ਵਟਾ ਰਿਹਾ । ਆਪੇ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਲਿਖਾ ਰਿਹਾ । ਆਪੇ ਨਾਰੀ ਆਪੇ ਕੰਤ, ਕੰਤ ਸੁਹਾਗ ਆਪ ਹੰਢਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਏਕਾ ਨੂਰ, ਏਕਾ ਦੀਪਕ ਏਕਾ ਬਾਤੀ, ਕਮਲਾਪਾਤੀ ਆਪ ਜਗਾ ਰਿਹਾ । ਕਮਲਾਪਾਤੀ ਹਰਿ ਨਿਰੰਕਾਰ, ਏਕਾ ਰੰਗ ਸਮਾਇਆ । ਨਾ ਕੋਈ ਦੂਸਰ ਦਿਸੇ ਹੋਰ ਪਸਾਰ, ਸਚਖੰਡ ਦੁਵਾਰੇ ਡੇਰਾ ਲਾਇਆ । ਥਿਰ ਘਰ ਸੋਹੇ ਬੰਕ ਦੁਵਾਰ, ਪੁਰਖ ਅਬਿਨਾਸ਼ੀ ਰਿਹਾ ਸੁਹਾਇਆ । ਥਿਰ ਘਰ ਸਾਚੇ ਕਰੇ ਪਿਆਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ, ਆਪਣੀ ਆਸਾ ਆਪਣੀ ਮਨਸਾ ਆਪੇ ਪੂਰ ਕਰਾਇਆ । ਆਪਣੀ ਇਛਿਆ ਆਪੇ ਝੋਲੀ ਪਾ, ਆਪਣੀ ਦਇਆ ਕਮਾਇੰਦਾ । ਆਪਣੀ ਵੰਡ ਆਪ ਵੰਡਾ, ਆਪੇ ਝੋਲੀ ਡਾਹਿੰਦਾ । ਆਪੇ ਸ਼ਬਦ ਸੁੱਤ ਲਏ ਉਪਜਾ, ਆਪੇ ਹੁਕਮ ਸੁਣਾਇੰਦਾ । ਆਪੇ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਬਣਤ ਬਣਾ, ਆਪੇ ਹੁਕਮ ਸੁਣਾਇੰਦਾ । ਆਪੇ ਵਿਸ਼ਨ ਬ੍ਰਹਮਾ ਸ਼ਿਵ ਲਏ ਉਪਾ, ਆਪੇ ਜੋਤੀ ਨੂਰ ਡਗਮਗਾਇੰਦਾ । ਆਪਣੀ ਸੇਵਾ ਆਪੇ ਲਾ, ਆਪੇ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਤ੍ਰੈ ਮੇਲਾ ਏਕਾ ਧਾਰ, ਅਬਿਨਾਸ਼ੀ ਕਰਤਾ ਕਰ ਪਿਆਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਨਿਰਗੁਣ ਸਰਗੁਣ ਪੰਜ ਤੱਤ, ਤੱਤਵ ਤੱਤ ਸਮਾਇਆ । ਆਪੇ ਪਾਰਬ੍ਰਹਮ ਬ੍ਰਹਮ ਕਰ ਉਤਪਤ, ਆਪੇ ਵੇਖ ਵਖਾਇਆ । ਆਪੇ ਬੂੰਦ ਰਕਤ ਰਤ, ਆਪੇ ਜੋੜ ਜੁੜਾਇਆ । ਆਪੇ ਡਾਲੀ ਆਪੇ ਪਤ, ਫਲ ਫੁਲਵਾੜੀ ਆਪ ਖਿਲਾਇਆ । ਆਪੇ ਦੇਵਣਹਾਰਾ ਸਤਾ ਸਤਿ, ਸਤਿ ਸਰੂਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਹਰਿ ਸਾਚੇ ਵਡ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਤ੍ਰੈ ਤ੍ਰੈ ਸੇਵ ਲਗਾਈਆ । ਤਿੰਨਾਂ ਗੁਣਾਂ ਆਪੇ ਵਸਿਆ ਬਾਹਰ, ਭੇਵ ਅਭੇਦਾ ਭੇਵ ਛੁਪਾਈਆ । ਲੱਖ ਚੁਰਾਸੀ ਕਰ ਤਿਆਰ, ਘਰ ਘਰ ਵਿਚ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੀਵਾ ਬਾਤੀ ਆਪਣਾ ਆਪ ਟਿਕਾਈਆ । ਨਿਰਗੁਣ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਮਾਣਸ ਮਾਨੁਖ ਕਰ ਪਿਆਰਾ, ਏਕਾ ਦਰ ਸੁਹਾਇੰਦਾ । ਅੰਦਰ ਮੰਦਰ ਖੇਲ ਅਪਾਰਾ, ਹਰਿ ਸਾਚਾ ਆਪ ਕਰਾਇੰਦਾ । ਧੁਨ ਅਨਾਦਿ ਸੱਚੀ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਸਰ

੮੬੯
੦੮

ਸਰੋਵਰ ਠੰਡੀ ਠਾਰਾ, ਸਾਚਾ ਤਾਲ ਵਖਾਇੰਦਾ । ਦਸਮ ਦਵਾਰੀ ਖੋਲ੍ਹ ਕਿਵਾੜਾ, ਆਪਣਾ ਦਰ ਸੁਹਾਇੰਦਾ । ਆਤਮ ਸੇਜਾ ਸਾਚਾ ਲਾੜਾ, ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਦੇਵੇ ਵਰ, ਆਪੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਅੰਦਰ ਵੜਿਆ ਹਰਿ ਨਿਰੰਕਾਰ, ਦਿਸ ਕਿਸੇ ਨਾ ਆਈਆ । ਆਪਣੇ ਮੰਦਰ ਆਪੇ ਚੜ੍ਹਿਆ, ਆਪਣੀ ਕਲ ਵਰਤਾਈਆ । ਕਰੇ ਪਰਕਾਸ਼ ਬਹੱਤਰ ਨੜਿਆ, ਦਿਵਸ ਰੈਣ ਰੁਸ਼ਨਾਈਆ । ਲੱਖ ਚੁਰਾਸੀ ਕਿਸੇ ਨਾ ਫੜਿਆ, ਹੱਥ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਓਅੰਕਾਰਾ ਆਪਣੀ ਕਲ ਵਰਤਾਈਆ । ਏਕਓਅੰਕਾਰਾ ਕਰ ਪਸਾਰਾ, ਲੱਖ ਚੁਰਾਸੀ ਵੇਖ ਵਖਾਈਆ । ਨਿਰਗੁਣ ਰੂਪ ਸਰਗੁਣ ਧਾਰਾ, ਸਰਗੁਣ ਨਿਰਗੁਣ ਮੇਲ ਮਿਲਾਈਆ । ਖੇਲੇ ਖੇਲ ਵਿਚ ਸੰਸਾਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਆਪੇ ਪਾਏ ਆਪਣੀ ਸਾਰਾ, ਆਪਣੀ ਕਲ ਆਪ ਵਰਤਾਈਆ । ਆਪੇ ਬੋਲ ਸ਼ਬਦ ਜੈਕਾਰਾ, ਆਪਣਾ ਨਾਅਰਾ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਨਿਰਗੁਣ ਦਾਤਾ ਬੇਪਰਵਾਹ, ਆਦਿ ਜੁਗਾਦਿ ਸਮਾਇਆ । ਸਰਗੁਣ ਵੇਸ ਲਏ ਵਟਾ, ਲੋਕਮਾਤ ਉਠ ਧਾਇਆ । ਪੰਜ ਤੱਤ ਡੇਰਾ ਆਪੇ ਲਾ, ਤ੍ਰੈਗੁਣ ਬੰਧਨ ਪਾਇਆ । ਬ੍ਰਹਮ ਪਾਰਬ੍ਰਹਮ ਲਏ ਮਿਲਾ, ਆਪ ਆਪਣੇ ਅੰਗ ਛੁਹਾਇਆ । ਜੋਤੀ ਜੋਤ ਦਏ ਜਗਾ, ਜਾਗਰਤ ਜੋਤ ਕਰ ਰੁਸ਼ਨਾਇਆ । ਗੁਰ ਅਵਤਾਰ ਆਪ ਅਖਵਾ, ਆਪ ਆਪਣਾ ਨਾਉਂ ਧਰਾਇਆ । ਆਪਣਾ ਸ਼ਬਦ ਸੁਨੇਹੜਾ ਰਿਹਾ ਘਲਾ, ਧੁਰ ਫ਼ਰਮਾਣਾ ਇਕ ਜਣਾਇਆ । ਸਾਚੇ ਭਾਣੇ ਰਿਹਾ ਸਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਕਰਤਾ ਪੁਰਖ, ਏਕਓਅੰਕਾਰਾ ਆਪ ਅਖਵਾਇਆ । ਕਰਨੇਹਾਰ ਪੁਰਖ ਕਰਤਾਰਾ, ਏਕਾ ਏਕਓਅੰਕਾਰਿਆ । ਲੋਕਮਾਤ ਲੈ ਅਵਤਾਰਾ, ਆਪ ਆਪਣਾ ਵੇਸ ਵਟਾ ਰਿਹਾ । ਏਕਾ ਦੇਵੇ ਨਾਮ ਸਹਾਰਾ, ਆਪ ਆਪਣਾ ਨਾਉਂ ਜਪਾ ਰਿਹਾ । ਦੀਪਕ ਬਾਤੀ ਕਰ ਉਜਿਆਰਾ, ਪਰਕਾਸ਼ ਪਰਕਾਸ਼ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾ ਰਿਹਾ । ਜੁਗ ਕਰਤਾ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਆਪ ਚਲਾਏ ਆਪਣਾ ਰਥ, ਹਰਿ ਸਾਚਾ ਰਥ ਰਥਵਾਹੀਆ । ਜੁਗ ਜੁਗ ਮਹਿਮਾ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਆਪ ਚਲਾਏ ਆਪਣੀ ਗਾਥ, ਆਪਣੀ ਸਿਖਿਆ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਬੇਐਬ ਪਰਵਰਦਿਗਾਰ, ਏਕਾ ਏਕ ਏਕ ਅਖਵਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਸਤਿਜੁਗ ਤ੍ਰੇਤਾ ਦੁਵਾਪਰ ਵੇਸ ਵਟਾਇੰਦਾ । ਲੋਕਮਾਤ ਖੇਲ ਅਪਾਰ, ਅਪਰੰਪਰ ਕਰਤਾ ਆਪ ਕਰਾਇੰਦਾ । ਦੇਵੀ ਦੇਵ ਦਏ ਸਹਾਰ, ਇਸ਼ਟ ਦੇਵ ਆਪ ਹੋ ਜਾਇੰਦਾ । ਨਮੋ ਨਮੋ ਨਮੋ ਕਰ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਆਦਿ ਸ਼ਕਤ ਜੋਤ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਇੰਦਾ । ਆਪੇ ਰਾਮ ਰੂਪ ਨਿਰਾਕਾਰ, ਆਪੇ ਬੰਸਰੀ ਕਾਹਨਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਰੱਖ, ਆਪਣੀ ਰਚਨ ਰਚਾਇੰਦਾ । ਨਿਰਗੁਣ ਸਰਗੁਣ ਹੋ ਪਰਤੱਖ, ਪੰਚਮ

ਡੇਰਾ ਲਾਇੰਦਾ । ਏਕਾ ਲਿਆਏ ਨਾਮ ਵਥ, ਲੋਕਮਾਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਕੂੜਾ ਵੇਖ ਪਸਾਰਾ, ਹਰਿ ਸਾਚਾ ਦਇਆ ਕਮਾਇੰਦਾ । ਪੰਜ ਤੱਤ ਕਰ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੇਖ ਵਖਾਇੰਦਾ । ਰਜੋ ਤਮੋ ਸਤੋ ਦੇ ਸਹਾਰਾ, ਸਾਚੀ ਧੀਰ ਧਰਾਇੰਦਾ । ਮਾਤ ਪਿਤ ਕਰ ਪਿਆਰਾ, ਬੂੰਦ ਰਕਤ ਸੁਹਾਇੰਦਾ । ਦਸ ਮਾਸ ਖੇਲ ਅਪਾਰਾ, ਨੌ ਅਠਾਰਾਂ ਵਕਤ ਲੰਘਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰਾ ਆਪ ਅਖਵਾਇੰਦਾ । ਆਪੇ ਜੋਤੀ ਨੂਰ ਉਜਿਆਰਾ, ਅੰਧ ਅੰਧੇਰਾ ਆਪੇ ਆਸਣ ਲਾਇੰਦਾ । ਆਪੇ ਵਸੇ ਸਚਖੰਡ ਦਵਾਰਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਨਾਨਕ ਪੰਜ ਤੱਤ ਪਿਆਰ, ਕਾਇਆ ਤਨ ਸਮਾਇਆ । ਪੁਰਖ ਅਬਿਨਾਸ਼ੀ ਕਰ ਪਿਆਰ, ਏਕਾ ਦੀਪਕ ਜੋਤੀ ਜੋਤ ਜਗਾਇਆ । ਨਿਰਗੁਣ ਸਰਗੁਣ ਕਰਿਆ ਪਿਆਰ, ਕਰ ਕਿਰਪਾ ਮੇਲ ਮਿਲਾਇਆ । ਇਕ ਸੁਹਾਇਆ ਬੰਕ ਦਵਾਰ, ਦਰ ਘਰ ਸਾਚਾ ਵੇਖ ਵਖਾਇਆ । ਠਾਂਡਾ ਮੀਤਾ ਏਕਓਅੰਕਾਰ, ਆਪਣਾ ਸੰਗ ਨਿਭਾਇਆ । ਅਚਰਜ ਰੀਤਾ ਅਪਰ ਅਪਾਰ, ਏਕਾ ਸ਼ਬਦ ਸੁਣਾਇਆ । ਏਕਾ ਢੋਲਾ ਜੈ ਜੈਕਾਰ, ਏਕਾ ਮੰਗਲ ਗਾਇਆ । ਏਕਾ ਤੋਲਾ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਨਾ ਕੋਈ ਜਾਣੇ ਕਲਾ ਸੋਲਾਂ, ਅਕਲ ਕਲਾ ਉਠ ਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਸਾਚੇ ਘਰ, ਦਰ ਦਵਾਰਾ ਇਕ ਸੁਹਾਇਆ । ਨਾਨਕ ਪਾਇਆ ਕੰਤ ਭਤਾਰਾ, ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਮੀਤ ਮੁਰਾਰਾ, ਸਾਚਾ ਸੰਗ ਨਿਭਾਈਆ । ਸ਼ਾਹੋ ਭੂਪ ਸੱਚਾ ਸਿਕਦਾਰਾ, ਧੁਰ ਫ਼ਰਮਾਣਾ ਰਿਹਾ ਜਣਾਈਆ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਰਾਗ ਸੁਣਾਈਆ । ਏਕਾ ਗਾਵੇ ਏਕਾ ਸੁਣੇ ਸੁਨਣੇਹਾਰਾ, ਦੂਸਰ ਦਿਸ ਕਿਸੇ ਨਾ ਆਈਆ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਖੁਲ੍ਹਾਈਆ । ਚੌਦਾਂ ਹੱਟਾਂ ਪਾਰ ਕਿਨਾਰਾ, ਚੌਦਾਂ ਤਬਕਾਂ ਭੇਵ ਨਾ ਰਾਈਆ । ਲੋਆਂ ਪੁਰੀਆਂ ਖੇਲ ਨਿਆਰਾ, ਆਪ ਆਪਣੀ ਰਚਨ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰਾ, ਕਰ ਕਿਰਪਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਲਾਈਆ । ਨਾਨਕ ਮਿਲਿਆ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਦਇਆਨਿਧ ਆਪ ਅਖਵਾਈਆ । ਆਪਣਾ ਦੀਪਕ ਆਪੇ ਬਾਲ, ਆਪੇ ਵੇਖ ਵਖਾਈਆ । ਆਪੇ ਮਾਤ ਪਿਤ ਸੁੱਤ ਦੁਲਾਰਾ ਬਣੇ ਲਾਲ, ਆਪੇ ਗੋਦ ਉਠਾਈਆ । ਆਪੇ ਫਲ ਲਗਾਏ ਡਾਲ੍ਹ, ਫਲ ਫੁਲ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਵੱਲੜੀ ਖੇਲ ਆਪਣੀ ਆਪ ਚਲਾਈਆ । ਅਵੱਲੜੀ ਖੇਲ ਪੁਰਖ ਅਗੰਮ, ਆਪਣੀ ਆਪ ਚਲਾਇੰਦਾ । ਹਰਿ ਘਰ ਹਰਿ ਸ਼ਬਦ ਪਿਆ ਜੰਮ, ਮਾਤ ਪਿਤ ਨਾ ਕੋਇ ਦਿਸਾਇੰਦਾ । ਦੋ ਜਹਾਨਾਂ ਜਾਣੇ ਕੰਮ, ਕਰਨੀ ਕਰਤਾ ਕਰਮ ਕਮਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਏਕਾ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੇੜਾ ਆਪੇ ਬੰਨ੍ਹ, ਆਪੇ ਮਾਤ ਚਲਾਇੰਦਾ । ਬੇੜਾ ਬੰਨ੍ਹ ਪੁਰਖ ਸੁਲਤਾਨ, ਆਪਣੀ ਦਇਆ ਕਮਾਇੰਦਾ । ਲੋਕਮਾਤ ਹੋ ਪਰਧਾਨ, ਵੇਸ ਅਨੇਕਾ ਰੂਪ ਵਟਾਇੰਦਾ । ਸ਼ਬਦ ਜਣਾਈ ਧੁਰ ਫ਼ਰਮਾਣ,

ਸਾਚਾ ਹੁਕਮ ਸੁਣਾਇੰਦਾ । ਨਾਨਕ ਮੇਲਾ ਹਰਿ ਮਿਹਰਵਾਨ, ਸਗਲਾ ਸੰਗ ਰਖਾਇੰਦਾ । ਦੇਵਣਹਾਰਾ ਸਾਚਾ ਦਾਨ, ਨਾਮ ਸਤਿ ਝੋਲੀ ਪਾਇੰਦਾ । ਸ਼ਬਦ ਸਰੂਪੀ ਇਕ ਬਬਾਣ, ਦੋ ਜਹਾਨਾਂ ਆਪ ਉਡਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸਾਚਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਇੰਦਾ । ਨਾਨਕ ਹਰਿ ਰੰਗ ਰਤਿਆ, ਰੰਗੇ ਰੰਗ ਅਨਮੋਲ । ਪੁਰਖ ਅਬਿਨਾਸ਼ੀ ਕਮਲਾਪਤਿਆ, ਕਾਇਆ ਵੇਖੇ ਪੰਜ ਤੱਤ ਖੋਲ । ਏਕਾ ਵਸਤ ਅੰਦਰ ਘੱਤਿਆ, ਆਪੇ ਤੋਲੇ ਸਾਚੇ ਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਰਖਾਏ ਸਦਾ ਅਡੋਲ । ਅਡੋਲ ਅਡੁਲ ਪੁਰਖ ਕਰਤਾਰ, ਏਕਾ ਏਕ ਅਖਵਾਇਆ । ਖੇਲੇ ਖੇਲ ਅਗੰਮ ਅਪਾਰ, ਭੇਵ ਕਿਸੇ ਨਾ ਪਾਇਆ । ਨਾਨਕ ਨਿਰਗੁਣ ਜੋਤੀ ਪਾਵੇ ਸਾਰ, ਜੋਤੀ ਜੋਤ ਡਗਮਗਾਇਆ । ਆਪ ਆਪਣੀ ਬਖ਼ਸ਼ੇ ਧਾਰ, ਸੁੰਨ ਸਮਾਧ ਨਾ ਕੋਇ ਵਖਾਇਆ । ਏਕਾ ਨਾਦ ਇਕ ਸਿਤਾਰ, ਏਕਾ ਰਿਹਾ ਵਜਾਇਆ । ਏਕਾ ਸੱਜਣ ਮੀਤ ਮੁਰਾਰ, ਏਕਾ ਨਜ਼ਰੀ ਆਇਆ । ਨਾ ਕੋਈ ਦੀਸੇ ਹੋਰ ਦਵਾਰ, ਨਾ ਕੋਈ ਬੰਕ ਸੁਹਾਇਆ । ਸਚਖੰਡ ਵਸੇ ਹਰਿ ਨਿਰੰਕਾਰ, ਜੋਤੀ ਨੂਰ ਡਗਮਗਾਇਆ । ਨਾਨਕ ਵਰ ਘਰ ਪਾਇਆ ਸੋਹਿਆ ਬੰਕ ਦਵਾਰ, ਘਰ ਸੱਜਣ ਵੇਖ ਵਖਾਇਆ । ਸੇਵਾ ਕਰੇ ਸੇਵਕ ਦਰ, ਸਾਚੀ ਸੇਵਾ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਹਰਿ ਸਮਝਾਇਆ । ਏਕਾ ਗੁਣ ਹਰਿ ਗਹਿਰ ਗੰਭੀਰ, ਨਾਨਕ ਨਾਮ ਸਮਝਾਈਆ । ਏਕਾ ਅੰਮ੍ਰਿਤ ਏਕਾ ਸੀਰ, ਏਕਾ ਮੁਖ ਚੁਆਈਆ । ਏਕਾ ਮੰਦਰ ਚੋਟੀ ਚੜ੍ਹ ਅਖ਼ੀਰ, ਮਹੱਲ ਅਟੱਲ ਮੁਨਾਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪੇ ਲਾਈਆ । ਸਾਚੀ ਸੇਵਾ ਲੋਕਮਾਤ, ਹਰਿ ਸਾਚਾ ਆਪ ਲਗਾਇੰਦਾ । ਗੁਰ ਨਾਨਕ ਦਿਤੀ ਏਕਾ ਦਾਤ, ਨਾਮ ਸਤਿ ਝੋਲੀ ਪਾਇੰਦਾ । ਚਾਰ ਵਰਨਾਂ ਇਕ ਜਮਾਤ, ਏਕਾ ਪੱਟੀ ਨਾਮ ਪੜ੍ਹਾਇੰਦਾ । ਏਕਾ ਮੇਟਣਹਾਰਾ ਅੰਧੇਰੀ ਰਾਤ, ਸਾਚਾ ਚੰਦ ਇਕ ਚੜ੍ਹਾਇੰਦਾ । ਏਕਾ ਚਰਨ ਕਵਲ ਬੰਧਾਏ ਨਾਤ, ਰਾਮ ਰੂਪ ਇਕ ਅਖਵਾਇੰਦਾ । ਏਕਾ ਖੋਲ੍ਹਣਹਾਰਾ ਤਾਕ, ਬੰਦ ਕਿਵਾੜਾ ਇਕ ਖੁਲ੍ਹਾਇੰਦਾ । ਏਕਾ ਬਣਿਆ ਸਾਚਾ ਸੱਜਣ ਸਾਕ, ਮੀਤ ਮੀਤਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਨਾਨਕ ਵਰ, ਆਪੇ ਖੇਲ ਖਲਾਇੰਦਾ । ਨਾਨਕ ਦੇਵੇ ਧੁਰ ਫ਼ਰਮਾਣ, ਦਿਵਸ ਰੈਣ ਹਰਿ ਜਣਾਈਆ । ਨਾਨਕ ਲੋਕਮਾਤ ਕਰੇ ਪਰਵਾਨ, ਹਰਿ ਭਾਣੇ ਵਿਚ ਸਮਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਥਿਰ ਘਰ ਬੈਠਾ ਬੇਪਰਵਾਹੀਆ । ਨਾਨਕ ਨਿਰਗੁਣ ਹੋਇਆ ਜਾਣੀ ਜਾਣ, ਜਾਨਣਹਾਰ ਆਪ ਹੋ ਜਾਈਆ । ਸਚਖੰਡ ਦਵਾਰੇ ਨਿਗਹਬਾਨ, ਪੁਰਖ ਅਕਾਲ ਰਾਹ ਤਕਾਈਆ । ਨਾਨਕ ਮੇਲਾ ਵਾਲੀ ਦੋ ਜਹਾਨ, ਏਕਾ ਰੰਗ ਸਮਾਈਆ । ਮਿਲਿਆ ਪਦ ਪਦ ਨਿਰਬਾਨ, ਏਕਾ ਦਰ ਵਖਾਈਆ । ਇਕ ਇਕੱਲਾ ਖੇਲ ਮਹਾਨ, ਦੂਜਾ ਆਪਣਾ ਵੇਸ ਧਰਾਈਆ । ਤੀਜਾ ਨੇਤਰ ਨੈਣ ਮਹਾਨ ਆਪਣਾ ਆਪ ਖੁਲ੍ਹਾਈਆ । ਚੌਥੇ ਘਰ ਕਰ ਪਰਵਾਨ, ਸਾਚਾ ਸੋਹਲਾ ਆਪ ਸੁਣਾਈਆ । ਪੰਚਮ ਮੀਤਾ ਹੋ ਪਰਧਾਨ, ਪੰਚਮ ਮੇਲਾ ਸਹਿਜ ਸੁਭਾਈਆ । ਛੇਵੇਂ ਦਰ ਕਰ ਪਰਵਾਨ, ਛੇ ਘਰ ਬੈਠਾ ਸੋਭਾ ਪਾਈਆ । ਸਤਿ ਪੁਰਖ ਨਿਰੰਜਣ ਵਡ ਮਿਹਰਵਾਨ, ਆਪਣੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਰਿਹਾ ਜਣਾਈਆ । ਧੁਰ ਫ਼ਰਮਾਣਾ ਧੁਰ ਦਰਬਾਰ, ਹਰਿ ਸਾਚਾ ਸਚ ਸੁਣਾਇੰਦਾ ।

ਪਾਰਬ੍ਰਹਮ ਪ੍ਰਭ ਭੇਵ ਨਿਆਰ, ਵੇਦ ਕਤੇਬ ਭੇਵ ਨਾ ਆਇੰਦਾ । ਚਾਰੇ ਮੁਖ ਨਾ ਸਕੇ ਉਚਾਰ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਕਾਰ ਕਮਾਇੰਦਾ । ਨਾਨਕ ਮੇਲਾ ਵਿਚ ਸੰਸਾਰ, ਘਰ ਸਾਚਾ ਵੇਖ ਵਖਾਇੰਦਾ । ਸ਼ਬਦ ਢੋਲਾ ਇਕ ਜੈਕਾਰ, ਬੋਲਾ ਇਕ ਸੁਣਾਇੰਦਾ । ਤੋਲਾ ਬਣ ਸਿਰਜਣਹਾਰ, ਸਾਚਾ ਕੰਡਾ ਹੱਥ ਉਠਾਇੰਦਾ । ਪਰਦਾ ਉਹਲਾ ਵਿਚ ਸੰਸਾਰ, ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਅਖਵਾਇੰਦਾ । ਨਾਨਕ ਸਤਿਗੁਰ ਸੇਵ ਕਮਾਏ, ਹਰਿ ਸਾਚੇ ਸੇਵ ਲਗਾਈਆ । ਗ਼ਰੀਬ ਨਿਮਾਣਿਆਂ ਗਲੇ ਲਗਾਏ, ਆਪ ਆਪਣੀ ਗੋਦ ਉਠਾਈਆ । ਖ਼ਿਮਾ ਗ਼ਰੀਬੀ ਝੋਲੀ ਪਾਏ, ਚਾਕਰ ਚਾਕਰੀ ਰਿਹਾ ਕਮਾਈਆ । ਪ੍ਰਭ ਅਬਿਨਾਸ਼ੀ ਤੇਰਾ ਸੁਨੇਹੜਾ ਭੁੱਲ ਨਾ ਜਾਏ, ਤੇਰੇ ਅੱਗੇ ਸੀਸ ਝੁਕਾਈਆ । ਤੇਰਾ ਦਾਸ ਕਰ ਅਰਦਾਸ, ਸਵਾਸ ਸਵਾਸ ਰਸਨਾ ਰਿਹਾ ਧਿਆਈਆ । ਸਦਾ ਸੁਹੇਲੇ ਵਸਨਾ ਪਾਸ, ਪ੍ਰਿਥਮੀ ਅਕਾਸ਼ ਚਰਨਾਂ ਹੇਠ ਦਬਾਈਆ । ਗਗਨ ਪਤਾਲ ਨਾ ਹੋਏ ਨਿਰਾਸ਼, ਪੂਰੀ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਪੁਰਖ ਅਬਿਨਾਸ਼ੀ ਧੁਰ ਫ਼ਰਮਾਣਾ, ਨਾਨਕ ਨਾਮ ਸਮਝਾਇੰਦਾ । ਤੇਰਾ ਮੇਰਾ ਏਕਾ ਤਾਣਾ, ਏਕਾ ਪੇਟਾ ਸੂਤ ਵਖਾਇੰਦਾ । ਤੇਰਾ ਮੰਦਰ ਮੇਰਾ ਗਾਣਾ, ਤੇਰੀ ਸਤਾਰ ਵਜਾਇੰਦਾ । ਮੇਰਾ ਸ਼ਬਦ ਤੇਰਾ ਬਬਾਣਾ, ਤੇਰਾ ਨਾਮ ਸੁਘੜ ਸਿਆਣਾ, ਲੋਕਮਾਤ ਸਮਝਾਇੰਦਾ । ਤੇਰਾ ਰੂਪ ਹਰਿ ਪਛਾਣਾ, ਹਰਿ ਕਾ ਰੂਪ ਨਾਨਕ ਅਖਵਾਣਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਮੇਰਾ ਤੀਰ ਤੇਰੀ ਕਮਾਨਾ, ਤੇਰਾ ਚਿੱਲਾ ਤੇਰੀ ਰਸਨ ਚੜ੍ਹਾਇੰਦਾ । ਤੇਰਾ ਖੇਲ ਦੋ ਜਹਾਨਾਂ, ਵੇਖਣਹਾਰ ਸ੍ਰੀ ਭਗਵਾਨਾ, ਕਲਜੁਗ ਅੰਤਮ ਵੇਸ ਵਟਾਇੰਦਾ । ਆਦਿ ਜੁਗਾਦੀ ਦੇਵਣਹਾਰਾ ਧੁਰ ਫ਼ਰਮਾਣਾ, ਸਚ ਸੁਨੇਹੜਾ ਇਕ ਘਲਾਇੰਦਾ । ਨਾਨਕ ਨਿਉਂ ਨਿਉਂ ਕਰ ਪਰਵਾਨਾ, ਲੋਕਮਾਤ ਮਾਰਗ ਲਾਇੰਦਾ । ਲੇਖਾ ਲਿਖੇ ਲੇਖ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ ਨਰ ਨਰੇਸ਼ ਜੋਤੀ ਜੋਤ ਹੋ ਪਰਵੇਸ਼, ਸ਼ਬਦ ਤਰਾਨਾ ਇਕ ਸੁਣਾਇੰਦਾ । ਸ਼ਬਦ ਤਰਾਨਾ ਸਾਚਾ ਗੀਤ, ਹਰਿ ਹਰਿ ਆਪ ਉਪਜਾਈਆ । ਨਾ ਕੋਈ ਮੰਦਰ ਨਾ ਮਸੀਤ, ਨਾਨਕ ਕਾਇਆ ਗੜ੍ਹ ਸੁਹਾਈਆ । ਪੁਰਖ ਅਬਿਨਾਸ਼ੀ ਇਕ ਅਤੀਤ, ਮੇਲ ਮਿਲਾਵੇ ਸਾਚਾ ਮਾਹੀਆ । ਆਦਿ ਜੁਗਾਦੀ ਠੰਡਾ ਸੀਤ, ਤੱਤਵ ਤੱਤ ਨਾ ਕੋਇ ਰਖਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਆਪ ਤਰਾਈਆ । ਲੱਖ ਚੁਰਾਸੀ ਆਪੇ ਜੀਤ, ਗੁਰ ਸਤਿਗੁਰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਸਾਚਾ ਵਰ, ਏਕਾ ਸ਼ਬਦ ਜਣਾਈਆ । ਨਾਨਕ ਸ਼ਬਦ ਨਾਮ ਧੁਨਕਾਰਾ, ਹਰਿ ਸਤਿਗੁਰ ਆਪ ਸੁਣਾਇੰਦਾ । ਲੋਕਮਾਤ ਵਣਜ ਵਣਜਾਰਾ, ਏਕਾ ਵਣਜ ਕਰਾਇੰਦਾ । ਏਕਾ ਨੂਰ ਨੂਰ ਉਜਿਆਰਾ, ਏਕਾ ਜੋਤ ਜੋਤ ਡਗਮਗਾਇੰਦਾ । ਏਕਾ ਮੰਦਰ ਇਕ ਦਵਾਰਾ, ਏਕਾ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਨਕ ਅੰਤਰ ਹਰਿ ਧਿਆਨ, ਏਕਾ ਹਰਿ ਲਿਵ ਲਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਸਚਖੰਡ ਬੈਠਾ ਡੇਰਾ ਲਾਈਆ । ਨਿਰਗੁਣ ਵਸੇ ਸਚ ਮਕਾਨ, ਦੀਵਾ ਬਾਤੀ ਨਾ ਕੋਇ ਰਖਾਈਆ । ਨਿਰਗੁਣ ਜੋਤੀ ਜਗੇ ਮਹਾਨ, ਆਦਿ ਨਿਰੰਜਣ ਆਪ ਜਗਾਈਆ । ਸਚ ਸਿੰਘਾਸਣ ਕਰ ਪਰਵਾਨ, ਬੈਠਾ ਆਸਣ ਲਾਈਆ । ਸ਼ਬਦੀ ਸ਼ਬਦ ਧੁਰ ਫ਼ਰਮਾਣ, ਸਾਚਾ ਹੁਕਮ


੮੭੩
੦੮

ਜਣਾਈਆ । ਨਾਨਕ ਲੋਕਮਾਤ ਕਰ ਪਰਵਾਨ, ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣ ਅਵਗੁਣ ਨਾ ਕੋਇ ਵਖਾਈਆ । ਨਾਨਕ ਮੰਨਿਆ ਧੁਰ ਫ਼ਰਮਾਣਾ, ਏਕਾ ਤੋਲਾ ਤੋਲ ਤੁਲਾਇੰਦਾ । ਏਕਾ ਦਰ ਇਕ ਦਰਬਾਨਾ, ਏਕਾ ਘਰ ਸੁਹਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਰਾਇੰਦਾ । ਨਾਨਕ ਤੋਲਾ ਆਪੇ ਤੋਲ, ਹਰਿ ਸਾਚੇ ਸੇਵਾ ਲਾਈਆ । ਸੋਹੰ ਗਾਏ ਸਾਚਾ ਢੋਲਾ ਢੋਲ, ਆਪ ਆਪਣੇ ਮੁਖ ਸਲਾਹੀਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਤੇਰੇ ਦਰ ਬਣਿਆ ਗੋਲਾ ਗੋਲ, ਘਰ ਸਾਚੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਬੇਪਰਵਾਹੀਆ । ਨਾਨਕ ਬਣਿਆ ਨਿਰਗੁਣ ਗੋਲਾ, ਸਰਗੁਣ ਪੰਜ ਤੱਤ ਹੰਢਾਇਆ । ਆਪਣੀ ਰਸਨਾ ਹਰਿ ਹਰਿ ਬੋਲਾ, ਏਕਾ ਢੋਲਾ ਸੋਹੰ ਗਾਇਆ । ਜੀਵਾਂ ਜੰਤਾਂ ਸੁਣਾਇਆ ਸੋਹਲਾ, ਸਤਿਨਾਮ ਮੰਤਰ ਦ੍ਰਿੜਾਇਆ । ਆਪੇ ਹਰਿ ਜੂ ਵਸੇ ਕੋਲਾ, ਨੇੜਾ ਦੂਰ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਇਆ । ਨਾਨਕ ਗੋਲਾ ਬਣਿਆ ਹਰਿ ਨਿਰੰਕਾਰ, ਆਪਣੀ ਸੇਵਾ ਆਪ ਕਮਾਈਆ । ਸ੍ਰਿਸ਼ਟ ਸਬਾਈ ਕਰਿਆ ਖ਼ਬਰਦਾਰ, ਬਿਨ ਹਰਿ ਅਵਰ ਨਾ ਦੀਸੇ ਕੋਈ, ਇਸ਼ਟ ਦੇਵ ਨਾ ਕੋਇ ਜਣਾਈਆ । ਸੋ ਪੁਰਖ ਨਿਰੰਜਣ ਏਕਾ ਹੋਈ, ਏਕਓਅੰਕਾਰਾ ਨਾਉਂ ਰਖਾਈਆ । ਦੋ ਜਹਾਨਾਂ ਦੇਵੇ ਢੋਈ, ਏਥੇ ਓਥੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੂਝ ਬੁਝਾਈਆ । ਨਾਨਕ ਗੋਲਾ ਦਰ ਦਰਵੇਸ਼, ਹਉਮੇ ਗੜ੍ਹ ਤੁੜਾਇਆ । ਪੁਰਖ ਅਬਿਨਾਸ਼ੀ ਆਪੇ ਪੇਖ, ਆਪਣਾ ਸੀਸ ਝੁਕਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਲਿਖਣਹਾਰਾ ਲੇਖ, ਨਾਨਕ ਲੇਖਾ ਆਪਣੇ ਹੱਥ ਰਖਾਇਆ । ਲੋਕਮਾਤ ਕਰ ਆਦੇਸ਼, ਸਚ ਸੰਦੇਸ਼ ਇਕ ਸੁਣਾਇਆ । ਪਾਏ ਸਾਰ ਰਿਖੀ ਕੇਸ, ਕਲਜੁਗ ਕੂੜ ਗੋਵਰਧਨ ਹੱਥ ਉਠਾਇਆ । ਏਕਾ ਜੋਤੀ ਨੂਰ ਦਸ ਦਸਮੇਸ਼, ਨੂਰੋ ਨੂਰ ਡਗਮਗਾਇਆ । ਘਰ ਸਾਚੇ ਗੋਲਾ ਬਣਿਆ ਹਮੇਸ਼, ਗੁਰਮੁਖਾਂ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਆਪੇ ਪੂਰ ਕਰਾਇਆ । ਆਪੇ ਵਰ ਘਰ ਦਾਤਾ ਦੇਵਣਹਾਰ, ਆਪੇ ਪੂਰ ਕਰਾਈਆ । ਆਦਿ ਜੁਗਾਦਿ ਆਪੇ ਵੇਖਣਹਾਰ, ਮਧ ਆਪੇ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਨਾਨਕ ਨਿਰਗੁਣ ਅੰਦਰ ਵੜ, ਸਤਿ ਸਤਿ ਲਾਈ ਜੜ੍ਹ, ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਥਿਰ ਘਰ ਠਾਂਡਾ ਹਰਿ ਦਰਬਾਰ, ਹਰਿ ਸਾਚੇ ਆਪ ਉਪਾਇਆ । ਦੀਵਾ ਬਾਤੀ ਕਰ ਉਜਿਆਰ, ਆਪਣਾ ਦਰ ਸੁਹਾਇਆ । ਲੋਕਮਾਤੀ ਖੇਲ ਅਪਾਰ, ਹਰਿ ਸੰਤਨ ਮੇਲ ਮਿਲਾਇਆ । ਭਗਤਨ ਦੇਵੇ ਨਾਮ ਆਧਾਰ, ਭਗਤ ਭਗਤੀ ਵੇਖ ਵਖਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇਆ । ਏਕਾ ਸ਼ਬਦ ਨਾਮ ਜੈਕਾਰ, ਸਾਚਾ ਨਾਅਰਾ ਇਕ ਸੁਣਾਇਆ । ਅੰਤਮ ਵੇਲੇ ਪਾਏ ਸਾਰ, ਗੁਰਮੁਖ ਸਾਜਣ ਲਏ ਤਰਾਇਆ । ਸਚਖੰਡ ਦਵਾਰੇ ਖੋਲ੍ਹ ਕਿਵਾੜ, ਗੁਰਮੁਖਾਂ ਰਾਹ ਵਖਾਇਆ । ਮੇਟਣਹਾਰਾ ਪੰਚਮ ਧਾੜ, ਜੂਠਾ ਝੂਠਾ ਮੋਹ ਚੁਕਾਇਆ । ਆਪਣੀ ਕਿਰਪਾ ਆਪੇ ਧਾਰ, ਗੁਰਸਿਖ ਸੱਜਣ ਥਿਰ ਘਰ ਸਾਚੇ ਲਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਵਾਰਾ ਇਕ ਸੁਹਾਇਆ । ਸਤਿਗੁਰ ਪੂਰਾ ਸਵਾਰੇ

ਕਾਜ, ਲੋਕਮਾਤ ਵੱਡੀ ਵਡਿਆਈਆ । ਗੁਰਮੁਖਾਂ ਮਾਰੇ ਇਕ ਅਵਾਜ਼, ਸ਼ਬਦੀ ਰਾਗ ਸੁਣਾਈਆ । ਅੰਤਮ ਅੰਤ ਰੱਖੇ ਲਾਜ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਸਾਚੇ ਤਾਰਨਹਾਰਾ, ਸਤਿਗੁਰ ਪੂਰਾ ਆਪ ਸਮਰਥ । ਆਪੇ ਕਰਾਏ ਪਾਰ ਕਿਨਾਰਾ, ਆਪੇ ਰੱਖੇ ਦੇ ਕਰ ਹੱਥ । ਆਪੇ ਦੇਵੇ ਨਾਮ ਸਹਾਰਾ, ਆਪ ਜਣਾਏ ਕਥਾ ਕਥਨੀ ਅਕੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੜ੍ਹਾਏ ਆਪਣੇ ਰਥ । ਆਪਣੇ ਰਥ ਆਪ ਚੜ੍ਹਾ, ਆਪਣੀ ਦਇਆ ਕਮਾਇੰਦਾ । ਦੂਤੀ ਦੁਸ਼ਟ ਦਏ ਖਪਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਸਾ ਤ੍ਰਿਸ਼ਨਾ ਦਏ ਮਿਟਾ, ਹਉਮੇ ਹੰਗਤਾ ਰੋਗ ਗਵਾਇੰਦਾ । ਅੰਮ੍ਰਿਤ ਆਤਮ ਜਾਮ ਪਿਆ, ਅਗਨੀ ਤੱਤ ਬੁਝਾਇੰਦਾ । ਅਨਹਦ ਰਾਗ ਆਪ ਸੁਣਾ, ਧੁਨੀ ਨਾਦ ਸਚ ਵਜਾਇੰਦਾ । ਪੰਚਮ ਸਖੀਆਂ ਖੇਲ ਖਲਾ, ਵਾਹਵਾ । ਸ਼ਬਦ ਦੇਵੇ ਸਾਚੀ ਦਾਤ, ਚੋਰ ਯਾਰ ਕੋਈ ਲੁੱਟ ਨਾ ਜਾਈਆ । ਸਰਨ ਸਰਨਾਈ ਹਰਿ ਭਗਵਾਨ, ਏਕਾ ਏਕ ਵਖਾਈਆ । ਮੇਲ ਮਿਲਾਵਾ ਗੋਪੀ ਕਾਹਨ, ਸੁਰਤ ਸ਼ਬਦ ਕਰੇ ਕੁੜਮਾਈਆ । ਥਿਰ ਘਰ ਵਸਣਾ ਸਚ ਮਕਾਨ, ਆਪ ਬਠਾਏ ਬੇਪਰਵਾਹੀਆ । ਸਤਿਗੁਰ ਕਾਜ ਸੁਵਾਰੇ ਵਿਚ ਜਹਾਨ, ਪੂਰੇ ਗੁਰ ਹੱਥ ਵਡਿਆਈਆ । ਸ਼ਾਹ ਸੁਲਤਾਨਾ ਪਾਏ ਆਣ, ਆਪਣਾ ਹੁਕਮ ਜਣਾਈਆ । ਗੁਰਮੁਖਾਂ ਵੇਖੇ ਮਾਰ ਧਿਆਨ, ਅੰਮ੍ਰਿਤ ਆਤਮ ਜਾਮ ਪਿਆਈਆ । ਨਿਰਭੈ ਵਖਾਏ ਇਕ ਨਿਸ਼ਾਨ, ਅਮਰਾਪਦ ਵਖਾਈਆ । ਏਕਾ ਏਕ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਈਆ । ਸਾਧ ਸੰਗਤ ਵਿਟਹੁ ਕੁਰਬਾਨ, ਹਰਿ ਸੰਗਤ ਮੇਲ ਮਿਲਾਈਆ । ਸਰਨ ਸਰਨਾਈ ਚਰਨ ਧਿਆਨ, ਏਕਾ ਮਤ ਸਮਝਾਈਆ । ਏਕਾ ਓਟ ਵਾਲੀ ਦੋ ਜਹਾਨ, ਦੂਸਰ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੇਵੇ ਵਰ, ਅਜੂਨੀ ਰਹਿਤ ਵੱਡੀ ਵਡਿਆਈਆ । ਅਜੂਨੀ ਰਹਿਤ ਖੇਲ ਅਪਾਰਾ, ਹਰਿ ਹਰਿ ਆਪ ਕਰਾਇੰਦਾ । ਏਕਾ ਸਾਹਿਬ ਪੁਰਖ ਕਰਤਾਰਾ, ਕਰਨਹਾਰ ਅਖਵਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਪੰਜ ਤੱਤ ਤੱਤ ਆਧਾਰਾ, ਪੰਜ ਪੰਜ ਮੇਲ ਮਿਲਾਇੰਦਾ । ਪੰਚਮ ਭਰੇ ਸ਼ਬਦ ਭੰਡਾਰਾ, ਪੰਚਮ ਦਰ ਸੁਹਾਇੰਦਾ । ਪੰਚਮ ਦੇਵੇ ਇਕ ਅਧਾਰਾ, ਪੰਚਮ ਏਕਾ ਮਾਰਗ ਲਾਇੰਦਾ । ਪੰਚਮ ਨੂਰ ਕਰ ਉਜਿਆਰਾ, ਪੰਚਮ ਪੰਚਮ ਡਗਮਗਾਇੰਦਾ । ਪੰਚਮ ਧੁਨ ਸੱਚੀ ਧੁਨਕਾਰਾ, ਪੰਚਮ ਸ਼ਬਦੀ ਰਾਗ ਅਲਾਇੰਦਾ । ਪੰਚਮ ਮੇਲਾ ਧੁਰ ਦਰਬਾਰਾ, ਪੰਚਮ ਬੰਕ ਸੁਹਾਇੰਦਾ । ਪੰਚਮ ਸੱਜਣ ਮੀਤ ਮੁਰਾਰਾ, ਪੰਚਮ ਵੇਖ ਵਖਾਇੰਦਾ । ਪੰਚਮ ਬੋਲ ਇਕ ਜੈਕਾਰਾ, ਏਕਾ ਮੰਗਲ ਗਾਇੰਦਾ । ਪੰਜਮ ਠਾਂਡਾ ਸੀਤਾ ਦਰ ਦਰਬਾਰਾ, ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਪੰਚਮ ਰੂਪ ਵਟਾਇੰਦਾ । ਪੰਚਮ ਵੇਖੇ ਖੇਲ ਅਪਾਰ, ਪੰਚਮ ਰੰਗ ਰੰਗਾਈਆ । ਪੰਚਮ ਕਾਮ ਕਰੋਧ ਲੋਭ ਮੋਹ ਹੰਕਾਰ, ਪੰਚਮ ਨਾਰ ਵਿਭਚਾਰ ਹੰਢਾਈਆ । ਪੰਚਮ ਨਾਤਾ ਜੋੜ ਸੰਸਾਰ, ਪੰਚਮ ਮਾਇਆ ਬੰਧਨ ਪਾਈਆ । ਪੰਚਮ ਕੂੜ ਕੂੜਾ ਸਿਕਦਾਰ, ਪੰਚਮ ਜੂਠ ਝੂਠ ਕਰੇ ਕੁੜਮਾਈਆ । ਪੰਚਮ ਵਖਾਏ ਗੜ੍ਹ ਹੰਕਾਰ, ਪੰਚਮ ਬੈਠਾ ਆਸਣ ਲਾਈਆ । ਪੰਚਮ ਕਰੇ ਹਾਹਾਕਾਰ, ਪੰਚਮ ਰੋ ਰੋ ਨੀਰ ਵਹਾਈਆ । ਪੰਚਮ ਸੁਣੇ ਨਾ ਕੋਈ ਪੁਕਾਰ, ਪੰਚਮ ਥਾਨ ਨਾ ਕੋਇ ਸੁਹਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਪੰਚਮ ਪੰਚਮ ਸੰਗ ਨਿਭਾਈਆ । ਪੰਚਮ ਮੀਤਾ ਇਕ ਅਤੀਤਾ, ਪੰਚਮ ਰੰਗ ਰੰਗਾਇੰਦਾ । ਪੰਚਮ ਹਸਤ ਪੰਚਮ ਕੀਟਾ, ਪੰਚਮ

ਏਕਾ ਸੰਗ ਵਖਾਇੰਦਾ । ਪੰਚਮ ਵਸੇ ਧਾਮ ਅਨਡੀਠਾ, ਲੋਕਮਾਤ ਦਿਸ ਕਿਸੇ ਨਾ ਆਇੰਦਾ । ਪੰਚਮ ਰਸ ਦੇਵੇ ਮੀਠਾ, ਅੰਮ੍ਰਿਤ ਜਾਮ ਮੁਖ ਪਿਆਇੰਦਾ । ਪੰਚਮ ਕੌੜਾ ਕਰਿਆ ਰੀਠਾ, ਫਲ ਸਚ ਨਾ ਕੋਇ ਵਖਾਇੰਦਾ । ਪੰਚਮ ਹਰਿ ਹਰਿ ਵਸਿਆ ਚੀਤਾ, ਪੰਚਮ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੋੜੇ ਪੰਚਮ ਤੋੜੇ, ਪੰਚਮ ਵੇਖ ਵਖਾਇੰਦਾ । ਪੰਚਮ ਮਾਰੇ ਮਾਰ, ਸਤਿਗੁਰ ਪੂਰੇ ਹੱਥ ਵਡਿਆਈਆ । ਪੰਚਮ ਦੇਵੇ ਸੱਚੀ ਧੁਨਕਾਰ, ਆਪਣਾ ਰਾਗ ਸੁਣਾਈਆ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਆਪਣੀ ਕਰਨੀ ਰਿਹਾ ਕਮਾਈਆ । ਗੁਰਸਿਖਾਂ ਬਖ਼ਸ਼ੇ ਚਰਨ ਪਿਆਰ, ਧੂੜੀ ਟਿੱਕਾ ਮਸਤਕ ਲਾਈਆ । ਕੱਟੇ ਲੋਭ ਕਾਮ ਕਰੋਧ ਹਉਮੇ ਹੰਕਾਰ, ਜੋ ਜਨ ਨਿਉਂ ਨਿਉਂ ਸੀਸ ਝੁਕਾਈਆ । ਫੜ ਫੜ ਬਾਹੋਂ ਜਾਏ ਤਾਰ, ਸਤਿਗੁਰ ਪੂਰੇ ਹੱਥ ਵਡਿਆਈਆ । ਜਗਤ ਵਿਕਾਰਾ ਨਾ ਕਰੇ ਖ਼ਵਾਰ, ਆਸਾ ਤ੍ਰਿਸ਼ਨਾ ਨਾ ਹੋਏ ਹਲਕਾਈਆ । ਹਉਮੇ ਹੰਗਤਾ ਰੋਗ ਦਏ ਨਿਵਾਰ, ਸਾਚੀ ਸੰਗਤਾ ਮੇਲ ਮਿਲਾਈਆ । ਜੋ ਜਨ ਭੁੱਖਾ ਨੰਗਤਾ ਆਏ ਦਰ ਦਰਬਾਰ, ਨਾਮ ਬਸਤਰ ਭੂਸ਼ਨ ਤਨ ਬਸਤਰ ਏਕਾ ਪਾਈਆ । ਜੋ ਜਨ ਮੰਗੇ ਬਣ ਭਿਖਾਰ, ਸਾਚੀ ਵਸਤ ਆਤਮ ਅੰਤਰ ਏਕਾ ਝੋਲੀ ਪਾਈਆ । ਜੋ ਜਨ ਮੰਗੇ ਦਰਸ ਦੀਦਾਰ, ਤੀਜਾ ਲੋਚਣ ਖੋਲ੍ਹ ਵਖਾਈਆ । ਜੋ ਜਨ ਮੰਗੇ ਚਰਨ ਪਿਆਰ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਜੋ ਜਨ ਮੰਗੇ ਮੰਗ ਦਰਦ ਦੁੱਖ ਦਏ ਨਿਵਾਰ, ਰੋਗ ਸੋਗ ਚਿੰਤਾ ਰਹਿਣ ਨਾ ਪਾਈਆ । ਜੋ ਜਨ ਮੰਗੇ ਜੋਗ ਵਿਚ ਸੰਸਾਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋ ਜਨ ਮੇਟੇ ਸੋਗ ਅੰਤਮ ਵਾਰ, ਆਪਣੀ ਗੋਦ ਲਏ ਉਠਾਈਆ । ਚਾਰ ਵਰਨਾਂ ਸਾਂਝਾ ਯਾਰ, ਏਕਓਅੰਕਾਰਾ ਆਪ ਅਖਵਾਈਆ । ਰਾਮਾ ਕ੍ਰਿਸ਼ਨਾ ਆਪ ਅਵਤਾਰ, ਈਸਾ ਮੂਸਾ ਸੰਗ ਮੁਹੰਮਦ ਕਰੇ ਪਿਆਰ, ਅੱਲਾ ਰਾਣੀ ਵੇਖ ਵਖਾਈਆ । ਨਾਨਕ ਗੋਬਿੰਦ ਏਕਾ ਧਾਰ, ਦੂਜਾ ਦਰ ਨਾ ਕੋਇ ਸੁਹਾਈਆ । ਵੇਦ ਪੁਰਾਨਾਂ ਪਾਵੇ ਸਾਰ, ਸ਼ਾਸਤਰ ਸਿਮਰਤ ਫੋਲ ਫੁਲਾਈਆ । ਗੀਤਾ ਗਿਆਨ ਦਏ ਅਧਾਰ, ਏਕਾ ਭਗਤ ਵੱਡੀ ਵਡਿਆਈਆ । ਅੰਜੀਲ ਕੁਰਾਨਾਂ ਦਏ ਹੁਲਾਰ, ਆਪਣਾ ਪਰਦਾ ਆਪੇ ਲਾਹੀਆ । ਬਾਣੀ ਖਾਣੀ ਵੇਖ ਵਿਚਾਰ, ਏਕਾ ਧਾਰ ਰਿਹਾ ਚਲਾਈਆ । ਕਲਜੁਗ ਅੰਤਮ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਪਾਰਬ੍ਰਹਮ ਬੇਐਬ ਪਰਵਰਦਿਗਾਰ, ਰਾਮ ਰਹੀਮ ਆਪ ਅਖਵਾਈਆ । ਖ਼ਾਲਕ ਖ਼ਲਕ ਵਿਚ ਰਿਹਾ ਪਸਾਰ, ਨੂਰੋ ਨੂਰ ਨੂਰ ਇਲਾਹੀਆ । ਆਪੇ ਨਾਮ ਆਪ ਜੈਕਾਰ, ਆਪੇ ਢੋਲਾ ਸੋਹਲਾ ਗਾਈਆ । ਆਪੇ ਭਗਤਾਂ ਕਰੇ ਪਿਆਰ, ਆਪੇ ਹਰਿਜਨ ਲਏ ਜਗਾਈਆ । ਆਪੇ ਗੁਰਮੁਖ ਸਾਜਣ ਜਾਏ ਤਾਰ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਗੁਰਮੁਖਾਂ ਉਤੋਂ ਆਪਣਾ ਆਪ ਦਿਤਾ ਵਾਰ, ਸੀਸ ਜਗਦੀਸ਼ ਭੇਟ ਚੜ੍ਹਾਈਆ । ਗੁਰਮੁਖ ਸੁਹਾਗਣ ਏਕਾ ਨਾਰ, ਹਰਿ ਸਾਚੇ ਕੰਤ ਪਰਨਾਈਆ । ਲੱਖ ਚੁਰਾਸੀ ਦੁਹਾਗਣ ਹੋਏ ਖੁਵਾਰ, ਕੰਤ ਕੰਤੂਹਲ ਨਾ ਅੰਗ ਲਗਾਈਆ । ਗੁਰਮੁਖ ਵੈਰਾਗਣ ਰੋਵੇ ਧਾਹਾਂ ਮਾਰ, ਦਿਵਸ ਰੈਣ ਰਹੀ ਕੁਰਲਾਈਆ । ਸੋਏ ਜਾਗਣ ਇਕ ਵਿਹਾਰ, ਸੁਫ਼ਨ ਸਖੋਪਤ ਜਾਗਰਤ ਤੁਰੀਆ ਸਤਿਗੁਰ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸੋ ਜਨ ਵਿਛੜ ਕਦੇ ਨਾ ਜਾਈਆ ।

੮੭੬ ੦੮

ਇਕ ਇਕੱਲਾ ਏਕਓਅੰਕਾਰ, ਆਦਿ ਜੁਗਾਦਿ ਸਮਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਈਆ । ਜੋਤੀ ਨੂਰੋ ਨੂਰ ਉਜਿਆਰ, ਨਿਰਗੁਣ ਦਾਤਾ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਦਿਸ ਕਿਸੇ ਨਾ ਆਈਆ । ਸੱਚਾ ਮੰਦਰ ਹਰਿ ਦਵਾਰ, ਸਚਖੰਡ ਦਵਾਰਾ ਇਕ ਸੁਹਾਈਆ । ਥਿਰ ਘਰ ਸੋਹੇ ਬੰਕ ਦਵਾਰ, ਆਪ ਆਪਣਾ ਵੇਖ ਵਖਾਈਆ । ਸ਼ਾਹੋ ਭੂਪ ਸੱਚੀ ਸਰਕਾਰ, ਸਚ ਸੁਲਤਾਨਾ ਆਪ ਅਖਵਾਈਆ । ਕਮਲਾਪਾਤੀ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਈਆ । ਦੀਵਾ ਬਾਤੀ ਕਰ ਤਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬਿਨਾਸ਼ੀ ਕਰਤਾ ਆਪ ਅਖਵਾਈਆ । ਏਕਓਅੰਕਾਰਾ ਖੇਲ ਅਪਾਰਾ, ਆਦਿ ਜੁਗਾਦਿ ਸਮਾਇੰਦਾ । ਆਪੇ ਵਸੇ ਧਾਮ ਨਿਆਰਾ, ਨੇਹਚਲ ਧਾਮ ਅਟੱਲ ਇਕ ਵਖਾਇੰਦਾ । ਨਾ ਕੋਈ ਦਿਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਸੁਹਾਇੰਦਾ । ਰਵ ਸਸ ਨਾ ਕੋਇ ਸਤਾਰਾ, ਮੰਡਲ ਮੰਡਪ ਨਾ ਕੋਇ ਵਖਾਇੰਦਾ । ਪ੍ਰਿਥਮੀ ਅਕਾਸ਼ ਨਾ ਕੋਇ ਸਹਾਰਾ, ਬ੍ਰਹਿਮੰਡ ਖੰਡ ਨਾ ਰਚਨ ਰਚਾਇੰਦਾ । ਵਿਸ਼ਨ ਸ਼ਿਵ ਨਾ ਕੋਇ ਅਕਾਰਾ, ਬ੍ਰਹਮਾ ਵੇਦ ਨਾ ਕੋਇ ਲਿਖਾਇੰਦਾ । ਕਰੋੜ ਤੇਤੀਸ ਨਾ ਬੰਨ੍ਹੇ ਧਾਰਾ, ਸੁਰਪਤ ਰਾਜਾ ਇੰਦ ਨਾ ਕੋਇ ਸੁਹਾਇੰਦਾ । ਗਣ ਗੰਧਰਬ ਨਾ ਕੋਇ ਜੈਕਾਰਾ, ਕਿਨਰ ਜਛਪ ਨਾ ਵੇਖ ਵਖਾਇੰਦਾ । ਲੋਆਂ ਪੁਰੀਆਂ ਨਾ ਕੋਇ ਆਕਾਰਾ, ਥਾਨ ਥਨੰਤਰ ਨਾ ਭੇਵ ਛੁਪਾਇੰਦਾ । ਤ੍ਰੈਗੁਣ ਮਾਇਆ ਨਾ ਕੋਇ ਪਸਾਰਾ, ਪੰਜ ਤੱਤ ਨਾ ਕੋਇ ਹੰਢਾਇੰਦਾ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਇ ਉਜਿਆਰਾ, ਰਕਤ ਬੂੰਦ ਨਾ ਮੇਲ ਮਿਲਾਇੰਦਾ । ਨੌਂ ਦਰ ਨਾ ਕੋਇ ਕਿਵਾੜਾ, ਦਸਵਾਂ ਘਰ ਨਾ ਕੋਇ ਸੁਹਾਇੰਦਾ । ਨਾ ਕੋਈ ਦਿਸੇ ਪੰਚਮ ਧਾੜਾ, ਪੰਚਮ ਰਾਗ ਨਾ ਕੋਇ ਅਲਾਇੰਦਾ । ਨਾ ਕੋਈ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਨਾ ਕੋਇ ਵਖਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਸੇਜ ਹੰਢਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਸਾਕ ਸੈਣ ਨਾ ਕੋਇ ਅਖਵਾਇੰਦਾ । ਨਾ ਕੋਈ ਪੂਤ ਸਪੂਤਾ ਸੁੱਤ ਦੁਲਾਰਾ, ਨਾ ਕੋਈ ਗੋਦ ਸੁਹਾਇੰਦਾ । ਨਾ ਕੋਈ ਵਣਜ ਨਾ ਵਣਜਾਰਾ, ਨਾ ਕੋਈ ਹੱਟ ਖੁਲ੍ਹਾਇੰਦਾ । ਨਾ ਕੋਈ ਸ਼ਬਦ ਨਾ ਜੈਕਾਰਾ, ਨਾ ਕੋਈ ਰਸਨਾ ਜਿਹਵਾ ਗਾਇੰਦਾ । ਨਾ ਕੋਈ ਗੁਰ ਪੀਰ ਦਿਸੇ ਅਵਤਾਰਾ, ਸਾਧ ਸੰਤ ਨਾ ਕੋਇ ਜਣਾਇੰਦਾ । ਨਾ ਕੋਈ ਲੋਕਮਾਤ ਕਰੇ ਪਸਾਰਾ, ਨਵ ਸਤ ਨਾ ਵੰਡ ਵੰਡਾਇੰਦਾ । ਇਕ ਇਕੱਲਾ ਏਕਓਅੰਕਾਰਾ, ਘਰ ਆਪਣੇ ਸੋਭਾ ਪਾਇੰਦਾ । ਆਪੇ ਜਾਣੇ ਆਪਣੀ ਧਾਰਾ, ਆਪਣੀ ਕਲ ਵਰਤਾਇੰਦਾ । ਪੁਰਖ ਅਗੰਮੜਾ ਅਗੰਮੜੀ ਕਾਰਾ, ਅਗੰਮੜੀ ਕਾਰ ਕਰਾਇੰਦਾ । ਸਚਖੰਡ ਸੋਹੇ ਬੰਕ ਦਵਾਰਾ, ਬੰਕ ਦਵਾਰੀ ਵੇਖ ਵਖਾਇੰਦਾ । ਥਿਰ ਘਰ ਸਾਚੇ ਸਚ ਸਿੰਘਾਸਣ ਨਿਰਗੁਣ ਧਾਰਾ, ਪਾਵਾ ਚੂਲ ਨਾ ਕੋਇ ਬਣਾਇੰਦਾ । ਆਪੇ ਘੜੇ ਘੜਨੇਹਾਰਾ, ਨਾ ਕੋਈ ਬਾਢੀ ਸੰਗ ਰਖਾਇੰਦਾ । ਆਪੇ ਸ਼ਾਹ ਸੁਲਤਾਨ ਭੂਪ ਵਡ ਸਿਕਦਾਰਾ, ਰਾਜ ਰਾਜਾਨ ਆਪ ਅਖਵਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਚਲਾਇੰਦਾ । ਹੁਕਮੇ ਅੰਦਰ ਸਰਬ ਵਰਤਾਰਾ, ਹੁਕਮ ਸ਼ਬਦੀ ਨਾਉਂ ਰਖਾਇੰਦਾ । ਸ਼ਬਦੀ ਸ਼ਬਦ ਖੇਲ ਅਪਾਰਾ, ਭੇਵ ਕੋਇ ਨਾ ਪਾਇੰਦਾ । ਆਪ ਆਪਣਾ ਕਰ ਪਸਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਆਸਣ ਲਾਇੰਦਾ । ਆਪੇ ਨਿਰਾਕਾਰ ਕਰੇ ਖੇਲ ਨਿਆਰਾ, ਸਾਕਾਰ ਰੂਪ ਆਪ ਹੋ ਜਾਇੰਦਾ । ਆਪੇ ਨਿਰਗੁਣ ਬੰਨ੍ਹੇ ਧਾਰਾ, ਆਪੇ ਸਰਗੁਣ ਵੇਸ ਵਟਾਇੰਦਾ । ਆਪੇ ਪੁਰਖ ਆਪੇ ਨਾਰਾ, ਕੰਤ ਕੰਤੂਹਲ ਆਪ ਅਖਵਾਇੰਦਾ । ਆਪੇ ਕਰੇ ਸਚ ਪਿਆਰਾ, ਸਾਚੀ

ਸੇਜ ਹੰਢਾਇੰਦਾ । ਪਾਰਬ੍ਰਹਮ ਬੇਅੰਤ ਬੇਐਬ ਪਰਵਰਦਿਗਾਰਾ, ਨੂਰੋ ਨੂਰ ਨੂਰ ਅਖਵਾਇੰਦਾ । ਆਦਿ ਨਿਰੰਜਣ ਭੇਵ ਨਿਆਰਾ, ਸੁਤੇ ਪਰਕਾਸ਼ ਡਗਮਗਾਇੰਦਾ । ਅਜੂਨੀ ਰਹਿਤ ਸੋਹੇ ਸਚ ਦੁਵਾਰਾ, ਸਚ ਘਰ ਏਕਾ ਸੋਭਾ ਪਾਇੰਦਾ । ਮੂਰਤ ਅਕਾਲ ਖੇਲ ਅਪਾਰਾ, ਖੇਲੇ ਖੇਲ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਆਪ ਆਪਣੀ ਬਣਤ ਬਣਾਇੰਦਾ । ਆਪ ਆਪਣੀ ਬਣਤ ਬਣਾਏ, ਹਰਿ ਸਾਚੇ ਵਡ ਵਡਿਆਈਆ । ਲੋਆਂ ਪੁਰੀਆਂ ਰਚਨ ਰਚਾਏ, ਆਪਣੀ ਸੇਵਾ ਆਪ ਕਮਾਈਆ । ਸ਼ਬਦ ਡੋਰੀ ਬੰਧ ਬੰਧਾਏ, ਨਾ ਕੋਈ ਤੋੜ ਤੁੜਾਈਆ । ਆਪਣਾ ਰੂਪ ਆਪ ਵਟਾਏ, ਵਿਸ਼ਨੂੰ ਵੰਸ਼ੀ ਨਾਉਂ ਧਰਾਈਆ । ਸਾਂਗੋ ਪਾਂਗ ਸੇਜ ਹੰਢਾਏ, ਆਪਣਾ ਆਸਣ ਲਾਈਆ । ਆਪੇ ਨਾਭੀ ਕਵਲਾ ਫੁੱਲ ਖਿਲਾਏ, ਆਪੇ ਅੰਮ੍ਰਿਤ ਮੁਖ ਚੁਆਈਆ । ਆਪੇ ਪੰਖੜੀਆਂ ਵੇਖ ਵਖਾਏ, ਆਪਣੀ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਰੂਪ ਵਟਾਏ, ਬ੍ਰਹਮ ਨਾਉਂ ਰਖਾਈਆ । ਏਕਾ ਬ੍ਰਹਮ ਸਰਬ ਦਰਸਾਏ, ਪਾਰਬ੍ਰਹਮ ਵੱਡੀ ਵਡਿਆਈਆ । ਨਿਹਕਰਮੀ ਨਿਹਕਰਮ ਕਮਾਏ, ਗੁਣ ਦਾਤਾ ਬੇਪਰਵਾਹੀਆ । ਧੁੰਦੂਕਾਰਾ ਵੇਖ ਵਖਾਏ, ਸ਼ਿਵ ਸ਼ੰਕਰ ਵੇਖ ਵਖਾਈਆ । ਬਾਸ਼ਕ ਤਸ਼ਕਾ ਗਲ ਲਟਕਾਏ, ਇਕ ਤ੍ਰਿਸੂਲ ਹੱਥ ਉਠਾਈਆ । ਸਾਚਾ ਸ਼ਬਦ ਧੁਰ ਫ਼ਰਮਾਣਾ ਹਰਿ ਜਣਾਏ, ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵਸੇ ਸਾਚਾ ਹਰਿ, ਆਦਿ ਜੁਗਾਦਿ ਇਕ ਅਖਵਾਈਆ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲਾ ਕਲ ਧਾਰੀਆ । ਆਪ ਵਸਾਏ ਆਪਣਾ ਸਚ ਮਹੱਲਾ, ਆਪੇ ਨਿਰਗੁਣ ਜੋਤ ਕਰੇ ਉਜਿਆਰੀਆ । ਆਪੇ ਤ੍ਰੈਗੁਣ ਮਾਇਆ ਰਲਾ, ਵੰਡੇ ਵੰਡ ਭੇਵ ਨਿਆਰੀਆ । ਆਪੇ ਪੰਜ ਤੱਤ ਲਗਾਏ ਫਲਾ, ਖੇਲੇ ਖੇਲ ਸਰਬ ਸੰਸਾਰੀਆ । ਆਪੇ ਲੱਖ ਚੁਰਾਸੀ ਅੰਦਰ ਰਲਾ, ਨਿਰਗੁਣ ਸਰਗੁਣ ਸੰਗ ਨਿਭਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦੀ ਪੁਰਖ ਆਪ ਅਖਵਾ ਰਿਹਾ । ਆਦੀ ਪੁਰਖ ਪੁਰਖ ਅਬਿਨਾਸ਼ਾ, ਏਕਾ ਰੰਗ ਸਮਾਇਆ । ਆਪੇ ਖੇਲੇ ਖੇਲ ਤਮਾਸ਼ਾ, ਖੇਲਣਹਾਰ ਆਪ ਹੋ ਜਾਇਆ । ਆਦਿ ਜੁਗਾਦਿ ਨਾ ਕਦੇ ਵਿਨਾਸ਼ਾ, ਥਿਰ ਘਰ ਬੈਠਾ ਆਸਣ ਲਾਇਆ । ਆਪਣੀ ਜੋਤ ਆਪ ਪਰਕਾਸ਼ਾ, ਆਪੇ ਰਿਹਾ ਡਗਮਗਾਇਆ । ਆਪਣੇ ਮੰਦਰ ਕਰਿਆ ਵਾਸਾ, ਆਪੇ ਬੰਕ ਸੁਹਾਇਆ । ਆਪ ਆਪਣਾ ਹੋਇਆ ਦਾਸਾ, ਦਾਸੀ ਦਾਸ ਸੇਵ ਕਮਾਇਆ । ਆਪ ਆਪਣੀ ਪਾਏ ਰਾਸਾ, ਆਪੇ ਵੇਖ ਵਖਾਇਆ । ਆਪੇ ਲੱਖ ਚੁਰਾਸੀ ਪੂਰਨ ਕਰੇ ਆਸਾ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਬ੍ਰਹਿਮੰਡ, ਧਰਤ ਧਵਲ ਨਵ ਖੰਡ ਦੀਪ ਸੱਤ ਆਪ ਸੁਹਾਇਆ । ਸੱਤ ਦੀਪ ਨੌਂ ਖੰਡ ਹਰਿ ਹਰਿ ਧਾਰ, ਆਪਣੀ ਆਪ ਚਲਾਇੰਦਾ । ਲੋਕਮਾਤ ਖੇਲ ਅਪਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਏਕਾ ਵਸਤ ਥਿਰ ਦਰਬਾਰ, ਸਾਚੇ ਹੱਟ ਵਿਕਾਇੰਦਾ । ਸ਼ਬਦੀ ਸ਼ਬਦ ਭਰ ਭੰਡਾਰ, ਸਾਚਾ ਵਣਜ ਕਰਾਇੰਦਾ । ਆਪ ਆਪਣਾ ਲੈ ਅਵਤਾਰ, ਆਪ ਆਪਣਾ ਰਾਹ ਵਖਾਇੰਦਾ । ਆਪੇ ਬੋਲੇ ਸਤਿ ਜੈਕਾਰ, ਆਪੇ ਨਾਉਂ ਰਖਾਇੰਦਾ । ਕਰਨਹਾਰਾ ਸਚ ਪਿਆਰ, ਸਾਚੀ ਕਿਰਿਆ ਕਰਮ ਕਮਾਇੰਦਾ । ਜਨ ਭਗਤਾਂ ਮੇਲਾ ਵਿਚ ਸੰਸਾਰ, ਸਾਚਾ ਮੇਲਾ ਆਪ ਮਿਲਾਇੰਦਾ । ਏਕਾ ਦੇਵੇ ਨਾਮ ਆਧਾਰ, ਧੁਨ ਅਨਾਦੀ ਨਾਦ ਵਜਾਇੰਦਾ । ਅਨਹਦ ਸਾਚਾ ਸੇਵਾਦਾਰ, ਸਾਚੀ ਸੇਵ ਕਮਾਇੰਦਾ । ਪੰਚਮ ਸਖੀਆਂ ਮੰਗਲਚਾਰ, ਵਾਹਵਾ ਰਾਗ ਅਲਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰ, ਸਰ ਸਰੋਵਰ

ਇਕ ਵਖਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਅੰਧ ਅੰਧਿਆਰ ਮਿਟਾਇੰਦਾ । ਸੁਖਮਨ ਨਾੜੀ ਪਾਵੇ ਸਾਰ, ਟੇਢੀ ਬੰਕ ਸੁਹਾਇੰਦਾ । ਤ੍ਰਿਬੈਣੀ ਨੈਣੀ ਖੇਲ ਅਪਾਰ, ਸਾਚਾ ਸੰਗਮ ਵੇਖ ਵਖਾਇੰਦਾ । ਤ੍ਰਿਕੁਟੀ ਵੇਖੇ ਏਕਾ ਧਾਰ, ਏਕਾ ਵੇਸ ਵਟਾਇੰਦਾ । ਆਪੇ ਤੋੜੇ ਬਜ਼ਰ ਕਪਾਟ, ਦੂਈ ਦਵੈਤੀ ਪਰਦਾ ਲਾਇੰਦਾ । ਆਪੇ ਤੋੜੇ ਗੜ੍ਹ ਹੰਕਾਰ, ਹਉਮੇ ਰੋਗ ਗਵਾਇੰਦਾ । ਆਪੇ ਪੰਚਮ ਦੇਵੇ ਮਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਏਕਾ ਸ਼ਬਦ ਕਰਾਏ ਸਚ ਵਣਜਾਰ, ਨਾਮ ਖੰਡਾ ਹੱਥ ਫੜਾਇੰਦਾ । ਅੰਦਰ ਮੰਦਰ ਪਾਵੇ ਸਾਰ, ਡੂੰਘੀ ਕੰਦਰ ਪਾਰ ਕਰਾਇੰਦਾ । ਸਤਿਗੁਰ ਪੂਰਾ ਸਾਚੀ ਧਾਰ, ਸਾਖਯਾਤ ਰੂਪ ਵਟਾਇੰਦਾ । ਗੁਰਮੁਖ ਸੱਜਣ ਲਾਏ ਪਾਰ, ਸਾਚਾ ਬੇੜਾ ਆਪ ਚਲਾਇੰਦਾ । ਨਾ ਕੋਈ ਡੋਬੇ ਵਿਚ ਮੰਝਧਾਰ, ਪਾਰ ਕਿਨਾਰਾ ਆਪ ਵਖਾਇੰਦਾ । ਹਰਿ ਹਰਿ ਸੱਜਣ ਮੀਤ ਮੁਰਾਰ, ਸਾਚਾ ਸੰਗ ਨਿਭਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਵਾਪਰ ਕਰਿਆ ਪਾਰ, ਰਾਮਾ ਕ੍ਰਿਸ਼ਨਾ ਨਾਉਂ ਰਖਾਇੰਦਾ । ਕਲਜੁਗ ਅੰਤਮ ਵੇਖੇ ਖੇਲ ਨਿਆਰ, ਈਸਾ ਮੂਸਾ ਵੇਸ ਵਟਾਇੰਦਾ । ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਮੇਲ ਮਿਲਾਇੰਦਾ । ਨਾਨਕ ਗੋਬਿੰਦ ਕਰ ਪਿਆਰ, ਏਕਾ ਜੋਤੀ ਦਸ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਏਕਾ ਭਰਿਆ ਸ਼ਬਦ ਭੰਡਾਰ, ਨਾਮ ਸਤਿ ਚਾਰ ਵਰਨਾਂ ਆਪ ਵਰਤਾਇੰਦਾ । ਉਚਾਂ ਨੀਚਾਂ ਕਰ ਪਿਆਰ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇੰਦਾ । ਏਕਾ ਅੰਮ੍ਰਿਤ ਠੰਡੀ ਠਾਰ, ਸਾਚੇ ਮੁਖ ਲਗਾਇੰਦਾ । ਦੂਈ ਦਵੈਤੀ ਦੇਵੇ ਮਾਰ, ਕਾਮ ਕਰੋਧ ਹੰਕਾਰ ਨੇੜ ਨਾ ਆਇੰਦਾ । ਹਰਿ ਸ਼ਬਦ ਵਖਾਏ ਸਚ ਪਿਆਰ, ਸਾਚਾ ਮਾਰਗ ਲਾਇੰਦਾ । ਜੋ ਜਨ ਰਸਨਾ ਗਾਏ ਵਿਚ ਸੰਸਾਰ, ਡੂੰਘਾ ਸਾਗਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਖੰਡ ਜੇਰਜ ਅੰਡ, ਉਤਭੁਜ ਸੇਹਤਜ ਵਰਭੰਡੀ ਵੇਖ ਵਖਾਇੰਦਾ । ਵਰਭੰਡੀ ਹਰਿ ਵੇਖਣਹਾਰਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਲੋਕਮਾਤ ਲੈ ਅਵਤਾਰਾ, ਆਪ ਆਪਣਾ ਮਾਰਗ ਲਾਇਆ । ਜਨ ਭਗਤਾਂ ਕਰੇ ਸਚ ਪਿਆਰਾ, ਗੁਰਮੁਖ ਸਾਚੇ ਲਏ ਜਗਾਇਆ । ਏਕਾ ਮੰਤਰ ਸਾਚਾ ਵਣਜ ਵਣਜਾਰਾ, ਘਰ ਸਾਚੇ ਹੱਟ ਵਿਕਾਇਆ । ਨਾਨਕ ਤੋਲੇ ਤੇਰਾਂ ਧਾਰਾ, ਤੇਰਾ ਤੇਰੀ ਝੋਲੀ ਪਾਇਆ । ਕਲਜੁਗ ਕੂੜਾ ਕੂੜ ਕੁੜਿਆਰਾ, ਚਾਰੋਂ ਕੁੰਟ ਅੰਧੇਰਾ ਛਾਇਆ । ਨਾ ਕੋਈ ਦਿਸੇ ਸਚ ਠਠਿਆਰਾ, ਕਾਇਆ ਭਾਂਡਾ ਕੰਚਨ ਗੜ੍ਹ ਨਾ ਕੋਇ ਵਖਾਇਆ । ਜੂਠ ਝੂਠ ਜਗਤ ਪਿਆਰਾ, ਆਸਾ ਤ੍ਰਿਸ਼ਨਾ ਵਿਚ ਫਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣਾ ਵੇਸ ਆਪੇ ਧਰ, ਖੇਲੇ ਖੇਲ ਅਗੰਮ ਅਪਾਰ, ਅਗਾਧ ਬੋਧ ਬੋਧ ਅਗਾਧ ਆਪਣੇ ਹੱਥ ਰਖਾਇਆ । ਹੱਥ ਵਡਿਆਈ ਪੁਰਖ ਸਮਰਥ, ਪਾਰਬ੍ਰਹਮ ਬੇਅੰਤ ਬੇਅੰਤਿਆ । ਜੁਗ ਜੁਗ ਚਲਾਏ ਸਾਚਾ ਰਥ, ਗੁਰਮੁਖ ਸਾਜਣ ਉਧਾਰੇ ਸਾਚੇ ਸੰਤਿਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਪਾਏ ਨੱਥ, ਆਪ ਬਣਾਏ ਆਪਣੀ ਬਣਤਿਆ । ਜਨ ਭਗਤਾਂ ਸਗਲ ਵਸੂਰਾ ਦੇਵੇ ਮਥ, ਮੇਲ ਮਿਲਾਏ ਨਾਰੀ ਕੰਤਿਆ । ਹਉਮੇ ਗੜ੍ਹ ਜਾਏ ਢੱਠ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤਿਆ । ਇਕ ਵਖਾਏ ਤੀਰਥ ਤੱਟ, ਸਰ ਸਰੋਵਰ ਇਕ ਸੁਹੰਤਿਆ । ਵਸਣਹਾਰਾ ਘਟ ਘਟ, ਘਟ ਮੰਦਰ ਖੋਜ ਖੁਜੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅਗੰਮ

ਅਪਾਰ, ਲੋਕਮਾਤ ਵੇਸ ਵਟੰਤਿਆ । ਲੋਕਮਾਤ ਹਰਿ ਅਵਤਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਵੇਦ ਕਤੇਬ ਭੇਵ ਨਾ ਪਾਈਆ । ਸ਼ਾਸਤਰ ਸਿਮਰਤ ਵਸੇ ਬਾਹਰਾ, ਦਿਸ ਕਿਸੇ ਨਾ ਆਈਆ । ਹਰਿ ਕਾ ਗੁਣ ਅਵਗੁਣ ਨਾ ਕਿਸੇ ਵਿਚਾਰਾ, ਗਹਿਰ ਗੰਭੀਰ ਵਡ ਵਡਿਆਈਆ । ਆਦਿ ਜੁਗਾਦੀ ਖੇਲ ਅਪਾਰਾ, ਜੁਗਾ ਜੁਗੰਤਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਓਅੰਕਾਰਾ ਵੇਸ ਵਟਾਈਆ । ਏਕਉਂਕਾਰ ਪੁਰਖ ਕਰਤਾਰ, ਕਰਨੀ ਕਿਰਤ ਕਮਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਨਿਹਕਲੰਕਾ ਨੂਰ ਉਜਿਆਰ, ਸ਼ਬਦੀ ਡੰਕ ਵਜਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਝੂਠਾ ਗੜ੍ਹ ਤੋੜੇ ਹੰਕਾਰ, ਕਲਜੁਗ ਰਾਵਣ ਮੇਟ ਮਿਟਾਇੰਦਾ । ਨਾਮ ਖੰਡਾ ਤੇਜ਼ ਕਟਾਰ, ਗੁਰ ਗੋਬਿੰਦ ਹੱਥ ਉਠਾਇੰਦਾ । ਸਾਚੇ ਘੋੜੇ ਸ਼ਾਹ ਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਲਾਲ ਭੂਸ਼ਨ ਅਪਰ ਅਪਾਰ, ਕੰਚਨ ਰੂਪ ਵਟਾਇੰਦਾ । ਪੀਲਾ ਰੰਗ ਹਰਿ ਗਿਰਧਾਰ, ਪੀਆ ਪ੍ਰੀਤਮ ਨਾਉਂ ਰਖਾਇੰਦਾ । ਚਿੱਟੀ ਧਾਰੀ ਜੋਤ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਪੀਲਾ ਬਸਤਰ ਤਨ ਸ਼ਿੰਗਾਰ, ਸਾਚਾ ਸ਼ਸਤਰ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਾਲੀ ਧਾਰ ਮਾਰੇ ਮਾਰ, ਕਾਲਾ ਸੂਸਾ ਵੇਖ ਵਖਾਏ ਈਸਾ ਮੂਸਾ ਆਪ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਜੋਤ ਜਗਾਈ, ਹਰਿ ਸਾਚੇ ਵਡ ਵਡਿਆਈਆ । ਚਾਰ ਵਰਨਾਂ ਕਰੇ ਜਣਾਈ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਖਾਈਆ । ਏਕਾ ਹੁਕਮ ਰਿਹਾ ਸੁਣਾਈ, ਹਿੰਦੂ ਮੁਸਲਮ ਸਿਖ ਈਸਾਈ ਕਰੇ ਜਣਾਈਆ । ਸੱਤਾਂ ਦੀਪਾਂ ਭੇਵ ਖੁਲ੍ਹਾਈ, ਨੌ ਖੰਡ ਖੋਜ ਖੁਜਾਈਆ । ਕਲਜੁਗ ਅੰਤਮ ਦਏ ਦੁਹਾਈ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕਾ ਨਾਮ ਨਾ ਕੋਇ ਧਿਆਈ, ਗੁਰ ਦਰ ਮੰਦਰ ਮਸਜਿਦ ਮੱਠ ਵੇਸਵਾ ਘਰ ਰਹੇ ਬਣਾਈਆ । ਧੀਆਂ ਭੈਣਾਂ ਰਹੇ ਤਕਾਈ, ਪਾਰਬ੍ਰਹਮ ਅਬਿਨਾਸ਼ੀ ਕਰਤਾ ਹਰਿ ਸਮਰਥ, ਥਿਰ ਘਰ ਵੇਖੇ ਬੇਪਰਵਾਹੀਆ । ਆਪੇ ਗੇੜੇ ਉਲਟੀ ਲੱਠ, ਗੇੜਾ ਆਪਣੇ ਹੱਥ ਰਖਾਈਆ । ਗੁਰਮੁਖਾਂ ਦੇਵੇ ਸਾਚੀ ਵੱਥ, ਨਾਮ ਵਸਤ ਅਨਮੋਲ ਝੋਲੀ ਪਾਈਆ । ਰਸਨਾ ਜਿਹਵਾ ਹਰਿ ਹਰਿ ਨਾਉਂ ਲੈਣਾ ਰਟ, ਏਕਾ ਨਾਉਂ ਹਰਿ ਰਘੁਰਾਈਆ । ਆਪੇ ਖੋਲ੍ਹਿਆ ਸਾਚਾ ਹੱਟ, ਜੁਗ ਜੁਗ ਵੇਸ ਵਟਾਈਆ । ਆਪੇ ਰਾਮਾ ਆਪੇ ਕ੍ਰਿਸ਼ਨਾ ਆਪੇ ਸੋਇਆ ਆਪਣੀ ਖਾਟ, ਆਪੇ ਲਏ ਅੰਗੜਾਈਆ । ਆਪੇ ਨੂਰ ਇਲਾਹੀ ਗਿਆ ਪਾਟ, ਆਪੇ ਜਲਵਾ ਰਿਹਾ ਵਖਾਈਆ । ਆਪੇ ਨਾਨਕ ਨਿਰਗੁਣ ਮੇਲੇ ਆਪਣੇ ਘਾਟ, ਸਚਖੰਡ ਦੁਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਰੂਪ ਆਪ ਉਲਟਾਈਆ । ਚਾਰ ਵਰਨਾਂ ਆਪ ਪਸਾਰਾ, ਆਪੇ ਰੰਗ ਰੰਗਾਇੰਦਾ । ਆਪੇ ਦੇਵੇ ਨਾਮ ਅਧਾਰਾ, ਆਪੇ ਜਾਪ ਜਪਾਇੰਦਾ । ਆਪੇ ਦੇਵੇ ਦਰਸ ਅਗੰਮ ਅਪਾਰਾ, ਸਵਛ ਸਰੂਪੀ ਰੂਪ ਵਟਾਇੰਦਾ । ਆਪੇ ਸੁੱਤਾ ਅੰਧ ਅੰਧਿਆਰਾ, ਬੇਮੁਖਾਂ ਦਿਸ ਨਾ ਆਇੰਦਾ । ਕਲਜੁਗ ਅੰਤਮ ਮਾਰੇ ਨਾਅਰਾ, ਆਪਣਾ ਬਲ ਵਖਾਇੰਦਾ । ਸੰਗ ਰਲਾਇਆ ਮੁਹੰਮਦੀ ਯਾਰਾ, ਕਾਲਾ ਸੂਸਾ ਤਨ ਛੁਹਾਇੰਦਾ । ਮੁਖ ਨਕਾਬ ਪਰਦਾ ਭਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤੀ ਨੂਰ ਧਰ, ਆਪ ਆਪਣਾ ਨਾਉਂ ਧਰਾਇੰਦਾ । ਕਲਜੁਗ ਅੰਤਮ ਹਰਿ ਹਰਿ ਆਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਾਢੇ ਤਿੰਨ



tto
ot

ਹੱਥ ਨਗਰੀ ਡੇਰਾ ਲਾਇਆ, ਸੰਬਲ ਨਾਉਂ ਧਰਾਈਆ । ਪੁਰਖ ਅਕਾਲ ਮੇਲ ਮਿਲਾਇਆ, ਏਕਓਅੰਕਾਰ ਸਹਿਜ ਸੁਭਾਈਆ । ਸਤਿ ਸਤਿਵਾਦੀ ਸਾਚਾ ਧਾਮ ਸੁਹਾਇਆ, ਅਸਤਿ ਅਸਤਿ ਨਾ ਕੋਇ ਦਸਾਈਆ । ਹਰਿਜਨ ਸਾਚੇ ਲਏ ਜਗਾਇਆ, ਜੁਗ ਵਿਛੜੇ ਮੇਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਲਹਿਣਾ ਮੂਲ ਚੁਕਾਇਆ, ਪੂਰਬ ਲਹਿਣਾ ਝੋਲੀ ਪਾਈਆ । ਨਿਰਗੁਣ ਨੂਰ ਦਰਸ ਦਿਖਾਇਆ, ਸਰਗੁਣ ਮੇਲਾ ਸਹਿਜ ਸੁਭਾਈਆ । ਏਕਾ ਇਸ਼ਟ ਦੇਵ ਰਿਹਾ ਸਮਝਾਇਆ, ਰਾਮ ਨਾਮ ਇਕ ਜਪਾਈਆ । ਪੁਰਖ ਅਕਾਲ ਇਕ ਮਨਾਇਆ, ਨਾ ਦੂਸਰ ਕੋਇ ਸਹਾਈਆ । ਪਰਵਰਦਿਗਾਰ ਇਕ ਖ਼ੁਦਾਇਆ, ਮੁਕਾਮੇ ਹੱਕ ਡੇਰਾ ਲਾਈਆ । ਆਦਿ ਸ਼ਕਤ ਜੋਤ ਜਗਾਇਆ, ਨਮੋ ਨਮੋ ਸੀਸ ਝੁਕਾਈਆ । ਆਪਣੀ ਸ਼ਕਤ ਸਭ ਮੇਂ ਪਾਇਆ, ਸਮਰਥ ਪੁਰਖ ਇਕ ਅਖਵਾਈਆ । ਜੁਗਾ ਜੁਗੰਤਰ ਖੇਲ ਖਲਾਇਆ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਗੁਰਮੁੱਖ ਸੱਜਣ ਲਏ ਤਰਾਇਆ, ਬੇੜਾ ਆਪੇ ਰਿਹਾ ਉਠਾਈਆ । ਮਨਮੁਖ ਗੂੜ੍ਹੀ ਨੀਂਦ ਸਵਾਇਆ, ਮਾਇਆ ਪਰਦਾ ਉਪਰ ਪਾਈਆ । ਵੀਹ ਸੌ ਸੋਲਾਂ ਬਿਕਰਮੀ ਦਏ ਦੁਹਾਇਆ, ਹਰਿ ਕਾ ਭਾਣਾ ਨਾ ਕੋਈ ਮੇਟੇ ਮੇਟ ਮਿਟਾਈਆ । ਚਾਰੋਂ ਕੁੰਟ ਕਹਿਰ ਖ਼ੁਦਾਇਆ, ਦਹਿ ਦਿਸ਼ਾ ਪਏ ਦੁਹਾਈਆ । ਸੰਮਤ ਸਤਾਰਾਂ ਨੇੜੇ ਆਇਆ, ਸਤਿ ਸੰਤੋਖ ਨਾ ਕੋਇ ਵਖਾਈਆ । ਰਾਜ ਰਾਜਾਨਾਂ ਦਏ ਹਲਾਇਆ, ਸ਼ਾਹ ਸੁਲਤਾਨਾਂ ਆਪ ਭੁਵਾਈਆ । ਆਪਣਾ ਭਾਣਾ ਆਪ ਵਰਤਾਇਆ, ਵਿਚ ਭਾਣੇ ਆਪ ਸਮਾਈਆ । ਰਾਜਾ ਰਾਣਾ ਤਖ਼ਤੋਂ ਲਾਹਿਆ, ਸੀਸ ਤਾਜ ਨਾ ਕੋਇ ਟਿਕਾਈਆ । ਸੰਮਤ ਅਠਾਰਾਂ ਖੇਲ ਖਿਲਾਇਆ, ਜਲ ਧਾਰਾ ਧਾਰ ਵਹਾਈਆ । ਮਨਮੁਖ ਜੀਵਾਂ ਦਏ ਰੁੜ੍ਹਾਇਆ, ਨਾ ਸਕੇ ਕੋਇ ਬਚਾਈਆ । ਉਨੀ ਉਨੀਸਾ ਜੋਤ ਜਗਾਇਆ, ਏਕਾ ਨਾਇਆ ਨਾਲ ਰਲਾਈਆ । ਏਕਾ ਏਕਓਅੰਕਾਰਾ ਆਪ ਅਖਵਾਇਆ, ਨਾਇਆ ਨੌ ਖੰਡ ਵੇਸ ਵਟਾਈਆ । ਮੁਸਲਮ ਸੁੰਨੀ ਕੋਈ ਰਹਿਣ ਨਾ ਪਾਇਆ ਅੱਲ੍ਹਾ ਰਾਣੀ ਸਿਰ ਚੁੰਨੀ ਕੋਇ ਨਾ ਦਵਾਈਆ । ਅਜੂਨੀ ਰਹਿਤ ਆਪਣੀ ਕਲ ਆਪ ਵਰਤਾਇਆ, ਅਕਲ ਕਲ ਆਪ ਅਖਵਾਈਆ । ਬੀਸ ਬੀਸਾ ਹਰਿ ਰਘੁਰਾਇਆ, ਜਗਤ ਜਗਦੀਸ਼ਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਦੇਵੇ ਵਰ, ਏਕਾ ਜਪਿਆ ਹਰਿ ਰਘੁਰਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਦਰ ਵਖਾਇੰਦਾ । ਚਾਰ ਵਰਨਾਂ ਇਕ ਧਿਆਨ, ਏਕਾ ਰੰਗ ਰੰਗਾਇੰਦਾ । ਚਾਰ ਵਰਨਾਂ ਦੇਵੇ ਮਾਣ, ਦਰ ਘਰ ਸਾਚੇ ਆਪ ਸੁਹਾਇੰਦਾ । ਚਾਰ ਵਰਨਾਂ ਕਰ ਪਰਵਾਨ, ਆਪਣੇ ਲੜ ਲਗਾਇੰਦਾ । ਜੋ ਜਨ ਗਾਇਣ ਸ੍ਰੀ ਭਗਵਾਨ, ਅੰਤ ਕੰਤ ਸੰਤ ਭਗਵੰਤ ਮੇਲ ਮਿਲਾਇੰਦਾ । ਦਾਤਾ ਦਾਨੀ ਵਡ ਮਿਹਰਵਾਨ, ਭਗਤ ਵਛਲ ਆਪ ਅਖਵਾਇੰਦਾ । ਆਪੇ ਗੋਪੀ ਆਪੇ ਕਾਹਨ, ਸੀਤਾ ਰਾਮ ਨਾਉਂ ਰਖਾਇੰਦਾ । ਆਪੇ ਨਾਨਕ ਨਿਰਗੁਣ ਕਰ ਪਰਨਾਮ, ਆਪੇ ਗੋਬਿੰਦ ਸੁੱਤ ਸੁਹਾਇੰਦਾ । ਆਪੇ ਜੋਧਾ ਸੂਰ ਬਲੀ ਬਲਵਾਨ, ਨਾਮ ਖੰਡਾ ਹੱਥ ਉਠਾਇੰਦਾ । ਆਪੇ ਚੰਡ ਪ੍ਰਚੰਡ ਤੇਜ਼ ਕਿਰਪਾਨ, ਦੋ ਧਾਰੀ ਖੇਲ ਖਲਾਇੰਦਾ । ਆਪੇ ਵੰਡੇ ਵੰਡ ਦੋ ਜਹਾਨ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਮੇਟੇ ਜੀਵ ਸ਼ੈਤਾਨ, ਪੰਚ ਵਿਕਾਰਾ ਮੂਲ ਚੁਕਾਇੰਦਾ । ਜਨ ਭਗਤਾਂ ਦੇਵੇ ਆਤਮ ਅੰਤਰ ਬ੍ਰਹਮ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਦੀਪਕ ਜੋਤੀ ਜਗੇ ਮਹਾਨ, ਸਚ ਪਰਕਾਸ਼ ਵਖਾਇੰਦਾ । ਅਨਹਦ ਧੁਨ ਸੱਚੀ ਧੁਨਕਾਨ, ਦਰ ਮੰਦਰ ਆਪ ਸੁਣਾਇੰਦਾ । ਘਰ ਵਿਚ ਘਰ ਖੇਲ ਮਹਾਨ, ਗੁਰਮੁਖ ਸੱਜਣ ਮੇਲ ਮਿਲਾਇੰਦਾ । ਸ਼ਬਦ ਗੁਰ ਵਡ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਆਪੇ ਬਣਿਆ

ਸਾਚਾ ਕਾਹਨ, ਸੁਰਤ ਸਵਾਣੀ ਆਪ ਪਰਨਾਇੰਦਾ । ਆਪੇ ਵਸੇ ਸਚ ਮਕਾਨ, ਦਸਮ ਦਵਾਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਵਰ, ਚਾਰ ਵਰਨਾਂ ਏਕਾ ਘਰ, ਦੂਈ ਦਵੈਤੀ ਫੰਦ ਕਟਾਇੰਦਾ । ਆਪੇ ਰਾਮ ਕ੍ਰਿਸ਼ਨ ਅਵਤਾਰਾ, ਹਰਿ ਮਿਹਰਵਾਨ ਆਪ ਅਖਵਾਈਆ । ਆਪੇ ਵੇਦ ਪੁਰਾਨ ਸ਼ਾਸਤਰ ਸਿਮਰਤ ਬੰਨ੍ਹੇ ਧਾਰਾ, ਆਪ ਆਪਣਾ ਹੁਕਮ ਜਣਾਈਆ । ਆਪੇ ਗੀਤਾ ਗਿਆਨ ਰਿਹਾ ਉਚਾਰਾ, ਆਪੇ ਅਰਜਨ ਮੁਖ ਸਾਲਾਹੀਆ । ਆਪੇ ਅੰਜੀਲ ਕੁਰਾਨਾਂ ਪਾਵੇ ਸਾਰਾ, ਤੀਸ ਬਤੀਸਾ ਆਪੇ ਗਾਈਆ । ਆਪੇ ਐਨਲਹੱਕ ਲਾਏ ਨਾਅਰਾ, ਹੱਕ ਹਕੀਕਤ ਆਪ ਅਖਵਾਈਆ । ਆਪੇ ਲਾਸ਼ਰੀਕ ਸਾਂਝਾ ਯਾਰਾ, ਏਕਓਅੰਕਾਰਾ ਨਾਉਂ ਧਰਾਈਆ । ਆਪੇ ਨਾਨਕ ਨਾਮ ਸਤਿ ਕਰੇ ਪਿਆਰਾ, ਚਾਰ ਵਰਨਾਂ ਰਿਹਾ ਵਰਤਾਈਆ । ਆਪੇ ਗੋਬਿੰਦ ਦੇਵੇ ਅੰਮ੍ਰਿਤ ਠੰਡੀ ਠਾਰਾ, ਊਚ ਨੀਚ ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਬੋਲੇ ਸਚ ਜੈਕਾਰਾ, ਵਾਹਿਗੁਰੂ ਫਤਿਹ ਆਪ ਗਜਾਈਆ । ਆਪੇ ਮੰਗੇ ਬਣ ਭਿਖਾਰਾ, ਆਪਣੀ ਝੋਲੀ ਅੱਗੇ ਡਾਹੀਆ । ਆਪੇ ਪੁਰਖ ਅਕਾਲ ਬਣ ਵਰਤਾਰਾ, ਆਪਣੀ ਵੰਡ ਆਪ ਵੰਡਾਈਆ । ਆਪੇ ਗੋਬਿੰਦ ਦੇਵੇ ਸਚ ਸਹਾਰਾ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਰੂਪ ਆਪ ਵਟਾਈਆ । ਤੇਰਾ ਸੁਹਾਏ ਬੰਕ ਦੁਵਾਰਾ, ਤੇਰਾ ਸੰਗ ਨਿਭਾਈਆ । ਤੇਰਾ ਵਣਜ ਕਰੇ ਸਰਬ ਸੰਸਾਰਾ, ਬੀਸ ਬੀਸਾ ਰਾਹ ਤਕਾਈਆ । ਕਲਜੁਗ ਉਤਰੇ ਪਾਰ ਕਿਨਾਰਾ, ਸਤਿਜੁਗ ਸਾਚਾ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਦੇਵੇ ਸੱਚਾ ਵਰ, ਰਾਮ ਨਾਮ ਰਸਨਾ ਗਾਓ, ਆਦਿ ਸ਼ਕਤ ਘਰ ਘਰ ਬਣਾਓ, ਨੇਤਰ ਨੈਣ ਕਾਹਨਾ ਕ੍ਰਿਸ਼ਨਾ ਦਰਸ਼ਨ ਪਾਓ, ਈਸਾ ਮੂਸਾ ਵੇਖ ਵਖਾਓ, ਸੰਗ ਮੁਹੰਮਦ ਚਾਰ ਯਾਰ ਸੰਗ ਨਿਭਾਓ, ਨਾਨਕ ਨਿਰਗੁਣ ਹਿਰਦੇ ਵਸਾਓ, ਗੋਬਿੰਦ ਮੇਲਾ ਦਰ ਦਵਾਰ ਕਰਾਓ, ਦੂਈ ਦਵੈਤੀ ਭਰਮ ਚੁਕਾਓ, ਏਕਾ ਸੰਘਮ ਸ੍ਰਿਸ਼ਟ ਸਬਾਈ ਲੋਕਮਾਤ ਬਣਾਓ, ਪਾਰਬ੍ਰਹਮ ਅਗੰਮ ਅਥਾਹੇ, ਵੇਖਣਹਾਰਾ ਹਰ ਘਟ ਅੰਦਰ ਕਰੇ ਕਰਾਏ ਸਚ ਨਿਆਉਂ, ਕਲਜੁਗ ਵੇਲਾ ਅੰਤਮ ਅੰਤ, ਖੇਲੇ ਖੇਲ ਪਾਰਬ੍ਰਹਮ ਅਬਿਨਾਸ਼ੀ ਬੇਅੰਤ, ਗੁਰਮੁਖ ਸਾਜਣ ਵੇਖੇ ਸੰਤ, ਮੇਲ ਮਿਲਾਵਾ ਨਾਰੀ ਕੰਤ, ਆਤਮ ਸੇਜਾ ਕਰੇ ਪਿਆਰੀ, ਗੁਰਮੁਖ ਕਾਇਆ ਮਹੱਲ ਅਟਾਰੀ, ਦਸਮ ਦੁਵਾਰੀ ਜੋਤ ਨਿਰੰਕਾਰੀ, ਹਰਿਜਨ ਮੇਲਾ ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਜੁਗ ਜੁਗ ਆਵਣ ਜਾਵਣ ਪਤਿਤ ਪਾਵਣ ਆਪਣੀ ਖੇਲ ਰਚਾਈਆ ।

✪ ੧੭ ਸਾਵਣ ੨੦੧੯ ਬਿਕ੍ਰਮੀ ਸੁਲੱਖਣ ਸਿੰਘ ਦੇ ਘਰ ਦਇਆ ਹੋਈ ਪਿੰਡ ਰੁਕਨਾ ਮੁਗਲਾ ਜ਼ਿਲਾ ਫ਼ਿਰੋਜ਼ਪੁਰ ✪

ਸੋਹਿਣ ਬੰਕ ਦਵਾਰ, ਘਰ ਸੱਜਣ ਹਰਿ ਹਰਿ ਆਇਆ । ਨਿਰਧਨ ਨਿਰਬਲ ਲਏ ਉਭਾਰ, ਨਿਰਗੁਣ ਆਪਣੀ ਦਇਆ ਕਮਾਇਆ । ਬਖ਼ਸ਼ੇ ਬਲ ਚਰਨ ਪਿਆਰ, ਲੱਖ ਚੁਰਾਸੀ ਹੱਥ ਕਿਸੇ ਨਾ ਆਇਆ । ਸਚਖੰਡ ਦੁਵਾਰਾ ਬਣਾਏ ਸਚ ਦੁਵਾਰ, ਜਿਸ ਦਵਾਰੇ ਚਰਨ ਛੁਹਾਇਆ । ਪਤਿਤ ਪਾਪੀ ਉਪਰੇ ਪਾਰ, ਪਤਿਤ ਪਾਵਣ ਰਿਹਾ ਤਰਾਇਆ । ਮਾਣਸ ਜਨਮ ਜਾਏ ਸੁਆਰ, ਜਿਉਂ ਸੁਦਾਮਾ ਦਲਿਦਰੀ ਗਲੇ ਲਗਾਇਆ । ਦਰ

ਦਰਬਾਰਾ ਕਰ ਪਿਆਰ, ਪ੍ਰੇਮ ਪਟੋਲਾ ਸੀਸ ਟਿਕਾਇਆ । ਭਰਿਆ ਸਚ ਸੱਚਾ ਭੰਡਾਰ, ਸਚ ਖ਼ਜ਼ਾਨਾ ਇਕ ਵਖਾਇਆ । ਕਾਇਆ ਕਾਇਆ ਕਾਚੀ ਮਾਟੀ ਪੈਜ ਜਾਏ ਸੁਆਰ, ਮਾਣਸ ਜਨਮ ਲੇਖੇ ਲਾਇਆ । ਕਾਗਦ ਕਲਮ ਨਾ ਪਾਏ ਸਾਰ, ਗੁਰਮੁਖ ਤੇਰੀ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਸੁਹਾਇਆ । ਸੋਹੇ ਬੰਕ ਸਚ ਮਹੱਲ, ਮਹੱਲ ਮਹੱਲ ਸੁਹਾਈਆ । ਵਸਣਹਾਰਾ ਨੇਹਚਲ ਧਾਮ ਅਟੱਲ, ਆਪਣੀ ਕਲ ਵਰਤਾਈਆ । ਕਲਜੁਗ ਕਰਿਆ ਵਲ ਛਲ, ਵਲ ਛਲ ਧਾਰੀ ਖੇਲ ਖਲਾਈਆ । ਗੁਰਮੁਖ ਆਤਮ ਆਸਣ ਲਿਆ ਮੱਲ, ਦਿਸ ਕਿਸੇ ਨਾ ਆਈਆ । ਦੇਵਣਹਾਰਾ ਸਾਚਾ ਫਲ, ਅੰਮ੍ਰਿਤ ਮੇਵਾ ਇਕ ਖੁਵਾਈਆ । ਫਲ ਲਗਾਏ ਕਾਇਆ ਡਾਲ੍ਹ, ਫਲ ਫੁਲਵਾੜੀ ਆਪ ਮਹਿਕਾਈਆ । ਲਾਲ ਅਨਮੁਲੜੇ ਆਪੇ ਭਾਲ, ਕਰਤਾ ਕੀਮਤ ਆਪੇ ਪਾਈਆ । ਜਨ ਭਗਤਾਂ ਬਣੇ ਜਗਤ ਦਲਾਲ, ਜੁਗ ਜੁਗ ਵੱਡੀ ਵਡਿਆਈਆ । ਆਪਣੀ ਗੋਦੀ ਉਠਾਏ ਆਪਣੇ ਲਾਲ, ਬਾਲੀ ਬਾਲਾ ਰੂਪ ਸਖਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਜੋ ਜਨ ਚਰਨ ਪ੍ਰੀਤੀ ਘਾਲਣ ਰਹੇ ਘਾਲ, ਅੰਤਮ ਆਪਣਾ ਮੇਲ ਮਿਲਾਈਆ । ਤੋੜਣਹਾਰਾ ਜਗਤ ਜੰਜਾਲ, ਰੋਗ ਸੋਗ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਚੋਗ ਚੁਗਾਈਆ । ਸੋਹਿਆ ਬੰਕ ਸਚ ਦਰਵਾਜ਼ਾ, ਘਰ ਸਾਚੇ ਸਚ ਸੁਹਾਇਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਦਰ ਦਰਵੇਸ਼ਾ ਫੇਰੀ ਪਾਇਆ । ਗ਼ਰੀਬ ਨਿਮਾਣਿਆਂ ਰੱਖੇ ਲਾਜਾ, ਜੁਗ ਜੁਗ ਆਪਣਾ ਬਿਰਧ ਧਰਾਇਆ । ਜਿਉਂ ਬਿਦਰ ਅਲੂਣਾ ਖਾਏ ਸਾਗਾ, ਦਰਯੋਧਨ ਦਰ ਨਾ ਚਰਨ ਟਿਕਾਇਆ । ਕਲਜੁਗ ਅੰਤਮ ਆਇਆ ਭਾਜਾ, ਭੇਵ ਅਭੇਦਾ ਭੇਵ ਛੁਪਾਇਆ । ਗੁਰਸਿਖ ਉਠਾਏ ਮਾਰ ਵਾਜਾ, ਪੂਰਬ ਲਹਿਣਾ ਝੋਲੀ ਪਾਇਆ । ਬਾਹੋਂ ਪਕੜ ਚੜ੍ਹਾਏ ਸਚ ਜਹਾਜ਼ਾ, ਨਾਮ ਚੱਪੂ ਏਕਾ ਲਾਇਆ । ਰੱਖਣਹਾਰਾ ਆਦਿ ਅੰਤ ਲਾਜਾ, ਸਤਿਗੁਰ ਪੂਰਾ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਅੰਦਰ ਨਿਰਧਨ ਵੜ, ਨਿਰਧਨ ਰੂਪ ਆਪ ਹੋ ਜਾਇਆ । ਸੋਹੇ ਬੰਕ ਸਚ ਅਟਾਰੀ, ਹਰਿ ਸਾਚਾ ਸਚ ਵਡਿਆਇੰਦਾ । ਨਿਰਗੁਣ ਜੋਤ ਜਗੇ ਨਿਰੰਕਾਰੀ, ਦੀਵਾ ਬਾਤੀ ਨਾ ਕੋਇ ਵਖਾਇੰਦਾ । ਅਗਾਧ ਬੋਧ ਸ਼ਬਦ ਧੁਨਕਾਰੀ, ਸਾਚਾ ਸ਼ਬਦ ਅਲਾਇੰਦਾ । ਗੁਰਮੁਖਾਂ ਰਿਹਾ ਪੈਜ ਸੁਆਰੀ, ਸਿਰ ਆਪਣਾ ਹੱਥ ਰਖਾਇੰਦਾ । ਜੁਗਾ ਜੁਗੰਤਰ ਲਹਿਣਾ ਦੇਣ ਚੁਕਾਏ ਵਾਰੋ ਵਾਰੀ, ਦੇਵਣਹਾਰ ਇਕ ਅਖਵਾਇੰਦਾ । ਬਖ਼ਸ਼ਣਹਾਰਾ ਚਰਨ ਪਿਆਰੀ, ਚਰਨ ਨਾਤਾ ਜੋੜ ਜੁੜਾਇੰਦਾ । ਏਕਾ ਦੇਵੇ ਸਚ ਸੱਚੀ ਸਿਕਦਾਰੀ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਕਾਇਆ ਮੰਦਰ ਆਪੇ ਚੜ੍ਹ, ਦਿਸ ਕਿਸੇ ਨਾ ਆਇੰਦਾ । ਸੋਹੇ ਬੰਕ ਵਿਚ ਸੰਸਾਰ, ਸਤਿਗੁਰ ਸਾਚਾ ਆਪ ਸੁਹਾਈਆ । ਕੁੱਲੀ ਕੱਖਾਂ ਕਰ ਪਿਆਰ, ਕਰਤਾ ਬੈਠਾ ਆਸਣ ਲਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਏਕਾ ਰੰਗ ਰੰਗਾਈਆ । ਜਨ ਭਗਤਾਂ ਕਰੇ ਸਚ ਪਿਆਰ, ਆਦਿ ਜੁਗਾਦਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚਾ ਵੇਖ ਵਖਾਈਆ । ਸੋਹੇ ਬੰਕ ਸਚ ਸਿੰਘਾਸਣ, ਹਰਿ ਸਾਚੇ ਸਚ ਸੁਹਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ਣ, ਜੁਗ ਜੁਗ ਆਪਣਾ ਵੇਸ ਵਟਾਇਆ । ਖੇਲੇ ਖੇਲ ਪ੍ਰਿਥਮੀ ਅਕਾਸ਼ਣ, ਗਗਨ ਮੰਡਲ ਡੇਰਾ ਲਾਇਆ ।

ਨੌ ਖੰਡ ਪ੍ਰਿਥਮੀ ਪਾਵੇ ਰਾਸਨ, ਲੱਖ ਚੁਰਾਸੀ ਵਿਚ ਸਮਾਇਆ । ਜਨ ਭਗਤਾਂ ਦੇਵੇ ਨਾਮ ਸਵਾਸਣ, ਰਸਨਾ ਜਿਹਵਾ ਏਕਾ ਗੁਣ ਵਖਾਇਆ । ਹਿਰਦੇ ਅੰਦਰ ਕਰ ਕਰ ਵਾਸਨ, ਆਪ ਆਪਣਾ ਮੇਲ ਮਿਲਾਇਆ । ਸਤਿਗੁਰ ਸੱਚਾ ਸ਼ਾਹੋ ਸ਼ਾਬਾਸ਼ਣ, ਏਕਓਅੰਕਾਰਾ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਦਾਸ ਦਾਸਨ, ਦਾਸੀ ਦਾਸ ਸੇਵ ਕਮਾਇਆ । ਸੇਵਾ ਸੇਵਕਦਾਰ, ਹਰੀ ਹਰਿ ਆਪ ਅਖਵਾਇੰਦਾ । ਗੁਰਮੁਖਾਂ ਕਰੇ ਲੋਕਮਾਤ ਪਿਆਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵਰਨਾਂ ਬਰਨਾਂ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਿਖਾਇੰਦਾ । ਦੇਵੇ ਦਰਸ ਅਗੰਮ ਅਪਾਰ, ਸਵਛ ਸਰੂਪੀ ਦਰਸ ਦਖਾਇੰਦਾ । ਗ਼ਰੀਬ ਨਿਮਾਣੇ ਫੜ ਫੜ ਬਾਹੋਂ ਜਾਏ ਤਾਰ, ਤਾਰਨਹਾਰ ਪੁਰਖ ਸਮਰਥ ਏਕਾ ਏਕ ਏਕ ਅਖਵਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਹਰਿ ਸਾਚਾ ਖੇਲ ਖਲਾਇੰਦਾ । ਭਗਤ ਵਛਲ ਹਰਿ ਮੀਤ ਮੁਰਾਰ, ਭਗਤ ਭਗਵੰਤ ਆਪ ਅਖਵਾਇੰਦਾ । ਸਾਚੀ ਨੱਯਾ ਕਰ ਤਿਆਰ, ਆਪ ਆਪਣਾ ਚੱਪੂ ਲਾਇੰਦਾ । ਗੁਰਸਿਖ ਗੁਰਮੁਖ ਭਵਜਲ ਸਾਗਰ ਕਰ ਜਾਏ ਪਾਰ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਮੇਲ ਮਿਲਾਇੰਦਾ । ਹਰਿਜਨ ਮੇਲਾ ਪੁਰਖ ਸੁਲਤਾਨ, ਘਰ ਸੋਹੇ ਬੰਕ ਦਵਾਰਾ । ਸਤਿਗੁਰ ਪੂਰਾ ਦੇਵੇ ਜੀਆ ਦਾਨ, ਭਗਤੀ ਭਰੇ ਨਾਮ ਭੰਡਾਰਾ, ਮੇਲ ਮਿਲਾਵਾ ਵਾਲੀ ਦੋ ਜਹਾਨ, ਖੇਲੇ ਖੇਲ ਅਗੰਮ ਅਪਾਰਾ । ਏਕਾ ਬਖ਼ਸ਼ੇ ਚਰਨ ਧਿਆਨ, ਲੱਖ ਚੁਰਾਸੀ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਜਣ ਲਏ ਵਰ, ਮੇਲ ਮਿਲਾਵਾ ਵਿਚ ਸੰਸਾਰਾ ।

## ✪ ੧੭ ਸਾਵਣ ੨੦੧੬ ਬਿਕ੍ਰਮੀ ਜਰਨੈਲ ਸਿੰਘ ਦੇ ਘਰ ਦਇਆ ਹੋਈ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਏਕਾ ਹਰਿ ਹਰਿ ਪੁਰਖ ਕਰਤਾਰ, ਆਦਿ ਜੁਗਾਦੀ ਏਕਓਅੰਕਾਰਿਆ । ਨਿਰਗੁਣ ਦਾਤਾ ਬੇਐਬ ਪਰਵਰਦਿਗਾਰ, ਰਾਮ ਰਹੀਮ ਆਪ ਅਖਵਾ ਰਿਹਾ । ਦੋ ਜਹਾਨਾਂ ਸਾਂਝਾ ਯਾਰ, ਰੂਪ ਰੇਖ ਨਾ ਕੋਇ ਵਖਾ ਰਿਹਾ । ਜੋਤੀ ਨੂਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾ ਰਿਹਾ । ਪਾਰਬ੍ਰਹਮ ਪ੍ਰਭ ਭੇਵ ਅਪਾਰ, ਭੇਵ ਅਭੇਦਾ ਭੇਵ ਛੁਪਾ ਰਿਹਾ । ਕਮਲਾਪਾਤੀ ਖੇਲ ਅਪਾਰ, ਆਪ ਆਪਣਾ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾ ਲਿਆ । ਜੋਤੀ ਨੂਰ ਨੂਰ ਉਜਿਆਰਾ, ਆਦਿ ਜੁਗਾਦਿ ਸਮਾਈਆ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਧਾਰ ਚਲਾਈਆ । ਏਕਾ ਵਸੇ ਨੇਹਚਲ ਧਾਮ ਨਿਆਰਾ, ਮਹੱਲ ਅਟੱਲ ਉਚ ਸਮਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਜੋਤੀ ਨੂਰ ਡਗਮਗਾਈਆ । ਆਪ ਸੁਹਾਏ ਬੰਕ ਦੁਵਾਰਾ, ਸਚਖੰਡ ਬੈਠਾ ਬੇਪਰਵਾਹੀਆ । ਸਤਿ ਸਿੰਘਾਸਣ ਅਪਰ ਅਪਾਰਾ, ਆਪਣੀ ਬਣਤ ਆਪ ਬਣਾਈਆ । ਸਚ ਸੁਲਤਾਨ ਵਡ ਸਿਕਦਾਰਾ, ਹਰਿ ਨਿਰੰਕਾਰਾ ਬੈਠਾ ਆਸਣ ਲਾਈਆ । ਆਪਣੇ ਮੰਦਰ ਬੋਲ ਜੈਕਾਰਾ, ਆਪਣਾ ਨਾਅਰਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਕਲ ਵਰਤੰਤਾ

ਹਰਿ ਭਗਵੰਤਾ, ਹਰਿ ਵੱਡਾ ਵਡ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣਾ ਨਾਉਂ ਧਰਾਈਆ । ਆਪੇ ਆਦਿਨ ਆਪੇ ਅੰਤਾ, ਆਪ ਆਪਣੀ ਖੇਲ ਖਲਾਈਆ । ਆਪ ਬਣਾਏ ਆਪਣੀ ਬਣਤਾ, ਆਪੇ ਵੇਖ ਵਖਾਈਆ । ਆਪਣਾ ਦਰ ਆਪ ਸੁਹੰਤਾ, ਸੋਭਾਵੰਤ ਆਪ ਹੋ ਜਾਈਆ । ਆਪੇ ਨਾਰੀ ਨਰ ਨਰਾਇਣ ਕੰਤਾ, ਰੁੱਤ ਬਸੰਤਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕ ਅਖਵਾਈਆ । ਆਦਿ ਜੁਗਾਦੀ ਏਕਾ ਏਕ, ਇਕ ਇਕੱਲਾ ਏਕਓਅੰਕਾਰਿਆ । ਆਪਣੀ ਰੱਖੇ ਆਪੇ ਟੇਕ ਆਪੇ ਦੇਵੇ ਸਚ ਸਹਾਰਿਆ । ਆਪ ਬੈਠਾ ਆਪੇ ਲਏ ਵੇਖ, ਦੂਸਰ ਦਿਸ ਕਿਸੇ ਨਾ ਆ ਰਿਹਾ । ਆਪੇ ਲਿਖਣਹਾਰਾ ਲੇਖ, ਆਪੇ ਲੇਖ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾ ਲਿਆ । ਵੇਸ ਅਵੱਲਾ ਹਰਿ ਇਕੱਲਾ, ਏਕਓਅੰਕਾਰਾ ਆਪ ਕਰਾਇੰਦਾ । ਆਪੇ ਵਸੇ ਸਚ ਮਹੱਲਾ, ਥਿਰ ਘਰ ਸਾਚਾ ਧਾਮ ਸੁਹਾਇੰਦਾ । ਆਪੇ ਵਸੇ ਜਲਾਂ ਥਲਾਂ, ਸਮੁੰਦ ਸਾਗਰ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਜਾਇੰਦਾ । ਹਰਿ ਨਾਮਾ ਆਪੇ ਨਾਮ ਰੱਖ, ਆਪਣੇ ਨਾਉਂ ਕਰੇ ਵਡਿਆਈਆ । ਆਦਿ ਜੁਗਾਦੀ ਏਕਓਅੰਕਾਰਾ ਬੰਨ੍ਹੇ ਧਾਰਾ, ਆਪਣਾ ਮਾਰਗ ਆਪੇ ਦੱਸ, ਆਪਣੀ ਮਤ ਆਪ ਸਮਝਾਈਆ । ਆਪੇ ਜੋਤੀ ਨੂਰ ਰਵ ਸਸ, ਘਟ ਪਰਕਾਸ਼ ਆਪ ਕਰਾਈਆ । ਆਪੇ ਹਰਿ ਹਰਿ ਹਿਰਦੇ ਰਿਹਾ ਵਸ, ਲੱਖ ਚੁਰਾਸੀ ਡੇਰਾ ਲਾਈਆ । ਆਪੇ ਨਵ ਸਤ ਰਿਹਾ ਨੱਸ, ਦਿਵਸ ਰੈਣ ਸੇਵ ਕਮਾਈਆ । ਆਪੇ ਤੀਰ ਨਿਰਾਲਾ ਮਾਰੇ ਕਸ, ਏਕਾ ਮੁਖੀ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗਾ ਜੁਗੰਤਰ ਹਰਿ ਹਰਿ ਕਾਰ, ਸਾਚੀ ਸਚ ਕਰਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਲੋਕਮਾਤ ਹੋ ਉਜਿਆਰ, ਆਪ ਆਪਣਾ ਵੇਸ ਵਟਾਇੰਦਾ । ਏਕਾ ਨਾਮ ਸ਼ਬਦ ਜੈਕਾਰ, ਰਸਨਾ ਢੋਲਾ ਏਕਾ ਗਾਇੰਦਾ । ਏਕਾ ਸ਼ਬਦ ਸਚ ਪਿਆਰ, ਸਾਚਾ ਮਾਰਗ ਇਕ ਵਖਾਇੰਦਾ । ਏਕਾ ਇਸ਼ਟ ਦੇਵ ਗੁਰ ਕਰਤਾਰ, ਪੁਰਖ ਅਕਾਲ ਇਕ ਮਨਾਇੰਦਾ । ਏਕਾ ਬੰਕ ਇਕ ਦਵਾਰ, ਘਰ ਏਕਾ ਸੋਭਾ ਪਾਇੰਦਾ । ਏਕਾ ਸੱਜਣ ਮੀਤ ਮੁਰਾਰ, ਏਕਾ ਸੰਗ ਨਿਭਾਇੰਦਾ । ਨਾਤਾ ਤੁੱਟੇ ਸਰਬ ਸੰਸਾਰ, ਜੋ ਜਨ ਏਕਓਅੰਕਾਰਾ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਦਇਆਵਾਨ ਹਰਿ ਮਿਹਰਵਾਨ, ਆਦਿ ਜੁਗਾਦਿ ਸਮਾਈਆ । ਜਨ ਭਗਤਾਂ ਦੇਵੇ ਸਾਚਾ ਦਾਨ, ਅੰਤਰ ਆਤਮ ਝੋਲੀ ਰਿਹਾ ਭਰਾਈਆ । ਏਕਾ ਮੰਤਰ ਸਚ ਗਿਆਨ, ਬਿਰਹੋਂ ਰੋਗ ਇਕ ਗਵਾਈਆ । ਏਕਾ ਮਾਰੇ ਤੀਰ ਨਿਸ਼ਾਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਇਕ ਵਖਾਏ ਸਚ ਬਿਬਾਨ, ਗੁਰਮੁਖ ਸੱਜਣ ਲਏ ਚੜ੍ਹਾਈਆ । ਜੋਤੀ ਨੂਰ ਸ੍ਰੀ ਭਗਵਾਨ, ਏਕਓਅੰਕਾਰਾ ਨਿਰਾਕਾਰਾ ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਬੇਅੰਤ, ਏਕਾ ਰੰਗ ਸਮਾਇਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣਾ ਵੇਸ ਵਟਾਇਆ । ਗੁਰਮੁਖ ਨਾਰੀ ਮੇਲਾ ਕੰਤ, ਘਰ ਸੱਜਣ ਸੱਚਾ ਪਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਆਦਿ ਜੁਗਾਦਿ ਜੁਗਾ ਜੁਗੰਤ, ਹਰਿਜਨ ਤੇਰੀ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਈਆ । ਲੇਖਾ ਜਾਣੇ ਸਾਧ ਸੰਤ, ਜੀਵ ਜੰਤ ਨਾ ਕੋਈ ਸਕੇ ਭੇਵ ਛੁਪਾਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਇਕ ਗਿਆਨ, ਏਕਾ ਬਖ਼ਸ਼ੇ ਚਰਨ ਧਿਆਨ, ਏਕਾ ਵਰ ਝੋਲੀ ਪਾਇਆ । ਸਾਚੀ ਵਸਤ ਨਾਮ ਭੰਡਾਰ, ਹਰਿ ਸਾਚੇ ਹੱਥ ਰਖਾਈਆ । ਜੁਗਾ ਜੁਗੰਤਰ ਲੈ ਅਵਤਾਰ, ਗੁਰਮੁਖਾਂ ਆਪ ਵਰਤਾਈਆ । ਫੜ ਫੜ ਬਾਹੋਂ ਲਾਏ ਪਾਰ, ਪਾਰ ਕਿਨਾਰਾ ਪਾਰ ਕਰਾਈਆ । ਘੜਣ ਭੰਨਣਹਾਰ ਸਰਬ ਸੰਸਾਰ, ਸਮਰਥ ਪੁਰਖ ਵੱਡੀ ਵਡਿਆਈਆ । ਗ਼ਰੀਬ ਨਿਮਾਣੇ ਲਾਏ ਪਾਰ, ਆਪਣੇ ਬੇੜੇ ਆਪ ਚੜ੍ਹਾਈਆ । ਚਾਰੋਂ ਕੁੰਟ ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਹਾਹਾਕਾਰ, ਸਤਿ ਸੰਤੋਖ ਨਾ ਕੋਇ ਵਖਾਈਆ । ਖੇਲੇ ਖੇਲ ਪੁਰਖ ਕਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਸੋਹੇ ਬੰਕ ਦੁਵਾਰ, ਏਕਾ ਮੰਗਲ ਗਾਈਆ । ਏਕਾ ਮੰਗਲ ਏਕਾ ਗੀਤ, ਏਕਾ ਹਰਿ ਜਣਾਈਆ । ਏਕਾ ਦਾਤਾ ਠੰਡਾ ਸੀਤ, ਏਕਾ ਸਤਿਗੁਰ ਨਾਉਂ ਰਖਾਈਆ । ਏਕਾ ਹਸਤ ਏਕਾ ਕੀਟ, ਏਕਾ ਦਰ ਬਹਾਈਆ । ਏਕਾ ਨਾਮ ਦੇਵੇ ਜਗਤ ਅਨਡੀਠ, ਲੇਖਾ ਲੇਖ ਨਾ ਕੋਇ ਜਣਾਈਆ । ਏਕਾ ਠਾਂਡਾ ਏਕਾ ਸੀਤ, ਨਿਝਰ ਧਾਰਾ ਇਕ ਚਲਾਈਆ । ਏਕਾ ਪਤਿਤ ਇਕ ਪੁਨੀਤ, ਪਤਿਤ ਪਾਵਣ ਇਕ ਅਖਵਾਈਆ । ਆਪੇ ਜਾਣੇ ਆਪਣੀ ਰੀਤ, ਜਗਤ ਵਿਚੋਲਾ ਨਾ ਕੋਇ ਬਣਾਈਆ । ਪਾਵੇ ਸਾਰ ਮੰਦਰ ਮਸੀਤ, ਗੁਰੂਦੁਵਾਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਖੇਲਣਹਾਰ ਹਰਿ ਭਗਵਾਨ, ਹਰ ਘਟ ਖੇਲ ਖਲਾਇੰਦਾ । ਕਾਇਆ ਮੰਦਰ ਸਚ ਮਕਾਨ, ਨਿਜ ਘਰ ਡੇਰਾ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਲੜ, ਪੱਲੂ ਮਾਤ ਨਾ ਕੋਇ ਛੁਡਾਇੰਦਾ । ਹਰਿਜਨ ਸਾਚਾ ਪੱਲਾ ਫੜਿਆ, ਹਰਿ ਹਰਿ ਆਪ ਫੜਾਈਆ । ਆਬਿਨਾਸ਼ੀ ਕਰਤਾ ਨਿਰਗੁਣ ਧਾਰ ਆਪੇ ਅੰਦਰ ਵੜਿਆ, ਕਾਇਆ ਮੰਦਰ ਵੇਖ ਵਖਾਈਆ । ਆਪਣੀ ਚੋਟੀ ਆਪੇ ਚੜ੍ਹਿਆ, ਅੱਧਵਿਚਕਾਰ ਨਾ ਕੋਇ ਡੁਬਾਈਆ । ਗੁਰਮੁਖ ਵਿਰਲਾ ਆਪੇ ਫੜਿਆ, ਜਿਸ ਜਨ ਬੂਝ ਬੁਝਾਈਆ । ਲੱਖ ਚੁਰਾਸੀ ਜੀਵ ਜੰਤ ਭਰਿਆ ਭੰਡਾਰ ਹਉਮੇ ਗੜ੍ਹਿਆ, ਗੜ੍ਹ ਹੰਕਾਰੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿ ਸੱਜਣ ਹਰਿ ਸਿਖ ਹੈ, ਗੁਰਮੁਖ ਨਾਮ ਆਧਾਰ । ਸੰਤ ਸਾਜਣ ਦੇਵੇ ਸਾਚਾ ਸੁੱਖ ਹੈ, ਲੋਕਮਾਤ ਖੇਲ ਅਪਾਰ । ਭਗਤ ਭਗਤੀ ਉਜਲ ਮੁਖ ਹੈ, ਗਾਵਣਹਾਰਾ ਗਾਏ ਵਾਰੋ ਵਾਰ । ਘਟ ਘਟ ਅੰਦਰ ਬੈਠਾ ਲੁਕ ਹੈ, ਗੁਰਮੁਖ ਵਿਰਲੇ ਪਰਦਾ ਦਏ ਉਤਾਰ । ਦੂਰ ਦੁਰਾਡਾ ਆਪੇ ਝੁਕ ਹੈ, ਗੁਰਮੁਖ ਸੱਜਣ ਲਏ ਉਭਾਰ । ਨਾ ਮਾਣਸ ਨਾ ਮਨੁਖ ਹੈ, ਹਰਿ ਕਾ ਰੂਪ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਾਏ ਪਾਰ । ਹਰਿ ਸੱਜਣ ਹਰਿ ਰੰਗ ਰੱਤਿਆ, ਮਿਲਿਆ ਮੇਲ ਸ੍ਰੀ ਭਗਵਾਨ । ਬੀਜ ਬੀਜਿਆ ਸਾਚੇ ਵਤਿਆ, ਅੰਮ੍ਰਿਤ ਲੱਗਾ ਫਲ ਮਹਾਨ । ਵੇਖ ਵਖਾਣੇ ਡਾਲੀ ਪੱਤਿਆ, ਫਲ ਫੁਲਵਾੜੀ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਰਵਾਨ । ਹਰਿ ਸਾਜਣ ਸੁੱਖ ਪਾਇਆ, ਹਰਿ ਮਿਲਿਆ ਸਤਿਗੁਰ ਮੀਤ । ਅਨੰਦ ਮੰਗਲ ਏਕਾ ਗੁਣ ਗਾਇਆ, ਦਿਵਸ ਰੈਣ ਵਸਿਆ ਚੀਤ । ਦੂਈ ਦਵੈਤੀ ਭਰਮ ਮਿਟਾਇਆ, ਏਕਾ ਰੰਗ ਰੰਗਾਇਆ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਦੇਵੇ ਨਾਮ ਸ਼ਬਦ ਅਨਡੀਠ । ਨਾਮ ਸ਼ਬਦ ਅਨਡਿਠ ਅਨਮੋਲਾ,

ਹਰਿ ਸਤਿਗੁਰ ਹੱਟ ਵਿਕਾਇੰਦਾ । ਸਤਿ ਪੁਰਖ ਨਿਰੰਜਣ ਸ਼ਬਦ ਭੰਡਾਰਾ ਆਪੇ ਖੋਲ੍ਹਾ, ਪੁਰਖ ਅਕਾਲ ਪ੍ਰਭ ਆਪ ਵਰਤਾਇੰਦਾ । ਸੋਹੰ ਲਾਇਆ ਸਾਚਾ ਢੋਲਾ, ਆਪਣਾ ਚੋਲਾ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਮੇਲ ਮਿਲਾਇੰਦਾ । ਗੁਰਮੁਖ ਸਾਜਣ ਸਚ ਮੁਨਾਰਾ, ਸਾਢੇ ਤਿੰਨ ਹੱਥ ਬੰਕ ਸੁਹਾਈਆ । ਪਾਵੇ ਸਾਰ ਨੌ ਦਵਾਰਾ, ਨੌ ਦਰ ਖੋਜੇ ਖੋਜ ਖੁਜਾਈਆ । ਡੂੰਘੀ ਕੰਦਰ ਹੋ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਦਰ ਬਾਹਰ ਖੇਲ ਅਪਾਰਾ, ਭੇਵ ਜ਼ਾਹਰਾ ਵਡ ਵਡਿਆਈਆ । ਗੁਪਤੀ ਗੁਪਤ ਭਰੇ ਭੰਡਾਰਾ, ਦਿਸ ਕਿਸੇ ਨਾ ਆਈਆ । ਜੋ ਜਨ ਕਰੇ ਸਚ ਪਿਆਰਾ, ਸਾਚਾ ਮਾਰਗ ਇਕ ਵਖਾਈਆ । ਆਪ ਸੁਹਾਏ ਬੰਕ ਦੁਵਾਰਾ, ਬੰਕ ਅੰਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੰਕਾ ਸ਼ਬਦ ਉਠਾਈਆ । ਸ਼ਬਦ ਡੰਕਾ ਹਰਿ ਉਠਾਇਆ, ਆਪੇ ਤਾਲ ਵਜਾਇੰਦਾ । ਲੱਖ ਚੁਰਾਸੀ ਰਿਹਾ ਹਿਲਾਇਆ, ਧੀਰਜ ਧੀਰ ਨਾ ਕੋਇ ਧਰਾਇੰਦਾ । ਚਾਰੋਂ ਕੁੰਟ ਰਿਹਾ ਫਿਰਾਇਆ, ਦਹਿ ਦਿਸ਼ਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਜ ਆਪ ਕਮਾਇੰਦਾ । ਆਪੇ ਰਾਜ ਜੋਗ ਸੁਲਤਾਨ, ਆਪੇ ਤਖ਼ਤ ਹੰਢਾਈਆ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਆਪੇ ਹੁਕਮ ਚਲਾਈਆ । ਆਪੇ ਵਸੇ ਪਦ ਨਿਰਬਾਣ, ਪਰਮ ਪੁਰਖ ਵੱਡੀ ਵਡਿਆਈਆ । ਹਰਿ ਕਾ ਮੰਤਰ ਨਾ ਵਿਕੇ ਕਿਸੇ ਜਗਤ ਹੱਟ ਮਕਾਨ, ਹੱਟੋ ਹੱਟ ਨਾ ਕੋਇ ਵਖਾਈਆ । ਜਿਸ ਜਨ ਕਰ ਕਿਰਪਾ ਬਖ਼ਸ਼ੇ ਚਰਨ ਧਿਆਨ, ਸੋ ਜਨ ਰਸਨਾ ਜਿਹਵਾ ਗਾਈਆ । ਏਕਾ ਪਾਏ ਪਦ ਨਿਰਬਾਣ, ਪਰਮ ਪੁਰਖ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਨੂਰ ਧਰ, ਨੂਰੋ ਨੂਰ ਸਮਾਇਆ । ਆਪਣੀ ਕਰਨੀ ਆਪੇ ਕਰ, ਆਪੇ ਵੇਖ ਵਖਾਇਆ । ਆਪਣੀ ਸਰਨੀ ਆਪੇ ਪੜ੍ਹ, ਆਪੇ ਹੁਕਮ ਸੁਣਾਇਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਰਿਹਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਹਰਿ ਸੱਜਣ ਕਲ ਜਾਗਿਆ, ਸਤਿਗੁਰ ਪੂਰਾ ਆਪ ਜਗਾਇੰਦਾ । ਧੂੜੀ ਮਜਨ ਕਰਿਆ ਸਾਚਾ ਮਾਘਿਆ, ਸਚ ਦਵਾਰਾ ਇਕ ਸੁਹਾਇੰਦਾ । ਏਕਾ ਨਾਮ ਇਕ ਵੈਰਾਗਿਆ । ਹਰਿ ਏਕਾ ਵੇਖ ਵਖਾਇੰਦਾ, ਏਕਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਹਿ ਦਿਸ਼ਾ ਫਿਰੇ ਭਾਜਿਆ, ਰੈਣ ਦਿਵਸ ਰਵ ਸਸ ਹੱਸ ਹੱਸ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੱਜਣ, ਦਰ ਸਾਚੇ ਵੇਖ ਵਖਾਇਆ । ਗੁਰਮੁਖ ਸੱਜਣ ਸੱਚਾ ਲਾਲ, ਗੁਰ ਸਤਿਗੁਰ ਵੇਖ ਵਖਾਇੰਦਾ । ਪਰਮ ਪੁਰਖ ਪ੍ਰਭ ਦੀਨ ਦਿਆਲ, ਦੀਨਾਂ ਅਨਾਥਾਂ ਸੰਗ ਨਿਭਾਇੰਦਾ । ਗ਼ਰੀਬ ਨਿਮਾਣੇ ਉਠਾਏ ਲਾਲ, ਅਮੁਲੜੇ ਲਾਲ ਆਪਣੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚਾ ਦੇਵੇ ਵਰ, ਸਚ ਸੱਚਾ ਆਪ ਅਖਵਾਇੰਦਾ ।

## ✪ ੧੮ ਸਾਵਣ ੨੦੧੬ ਬਿਕ੍ਰਮੀ ਗੁਰਦਾਸ ਸਿੰਘ ਦੇ ਘਰ ਦਇਆ ਹੋਈ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਹਰੀਅੰ ਅਕਾਲੰ ਕਰੇ ਖੇਲ ਦਿਆਲੰ ਪਰਮ ਪੁਰਖ ਪ੍ਰਿਤਪਾਲੰ, ਭੇਵ ਅਭੇਦ ਵਖਾਨੀਏ । ਸ਼ਾਹ ਸੁਲਤਾਨੰ ਦੋ ਜਹਾਨਨੰ ਤੇਜ ਭਾਨਨੰ, ਕੋਟਨ

ttt

ot

ਕੋਟ ਮਹਾਨੀਏ । ਗੁਣ ਨਿਧਾਨੰ ਸ੍ਰੀ ਭਗਵਾਨੰ ਜੋਤ ਜਵਾਲੰ, ਆਦਿ ਸ਼ਕਤ ਭਵਾਨੀਏ । ਰੂਪ ਅਨਾਦਿੰ ਖੇਲ ਬ੍ਰਹਿਮਾਦੰ ਸ਼ਬਦ ਜੁਗਾਦਿੰ, ਜਗਤ ਵਹਾਨੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਬਾਣੀਏ । ਅਕਾਲ ਮੂਰਤੰ ਨਾਦ ਤੂਰਤੰ ਸਚ ਸੂਰਤੰ, ਅਨਭਵ ਪਰਕਾਸ਼ਿਆ । ਨੇੜੇ ਦੂਰਤੰ ਆਸ ਪੂਰਤੰ ਹਾਜ਼ਰ ਹਜ਼ੂਰਤੰ, ਪੁਰਖ ਅਬਿਨਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਤਮਾਸ਼ਿਆ । ਸੂਰਾ ਸਰਬੰਗੰ ਤੇਜ ਪਰਚੰਡੰ ਖੰਡ ਬ੍ਰਹਿਮੰਡੰ ਜੇਰਜ ਅੰਡੰ, ਉਤਭਜ ਸੇਹਤਜ ਵੇਖ ਵਖਾਨਿਆ । ਕਲ ਕਰਨਾ ਦੁੱਖ ਹਰਨਾ ਸਰਬ ਸੁੱਖ ਤਰਨਾ, ਹਰਿਜਨ ਹਰਿ ਮਿਹਰਵਾਨਿਆ । ਭੂਤ ਭਵਿਖਤ ਆਦਿ ਸ਼ਕਤ ਸਤਿ ਸਰੂਪੰ ਸ਼ਾਹੋ ਭੂਪੰ, ਸਤਿ ਸਤਿਵਾਦ ਸਮਾਨੀਏ । ਸਰਬ ਜੋਗੰ ਸਰਬ ਭੋਗੰ ਅਨ ਰੋਗੰ, ਏਕਾ ਪੁਰਖ ਅਕਾਲੀਏ । ਨਾਮ ਰਾਜੰ ਸਰਬ ਤਾਜੰ ਜੋਤ ਜੋਤੰ ਬ੍ਰਹਮ ਪੋਤੰ, ਪਾਰਬ੍ਰਹਮ ਵਖਾਨੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨੀਏ । ਹਰਿ ਭਗਵਾਨਨ ਜੋਤ ਮਹਾਨਨ ਸ਼ਬਦ ਦਾਨਨ, ਦੇਵਣਹਾਰ ਦਾਤਾਰਿਆ । ਸੱਚਖੰਡੰ ਬ੍ਰਹਿਮੰਡੰ ਵਰਭੰਡੰ, ਏਕਾ ਰੰਗ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਇਕ ਜਗਾਨਿਆ । ਅਖੰਡ ਮੀਤਾ ਅਚਰਜ ਰੀਤਾ ਭੈ ਭੀਤਾ, ਭਗਵਨ ਰੂਪ ਵਟਾਈਆ । ਠਾਂਡਾ ਸੀਤਾ ਪਤਿਤ ਪੁਨੀਤਾ ਹਸਤ ਕੀਟਾ, ਏਕਾ ਰੰਗ ਰੰਗਾਈਆ । ਆਦਿ ਜੁਗਾਦਿ ਅਤੀਤਾ ਸਾਚੀ ਰੀਤਾ ਪਤਿਤ ਪੁਨੀਤਾ, ਆਪਣੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲਾਈਆ । ਖੇਲ ਖਲੰਤਾ ਸਰਬ ਗੁਣਵੰਤਾ ਸ੍ਰੀ ਭਗਵੰਤਾ, ਏਕਾ ਗੁਣ ਵਖਾਣੀਏ । ਜੀਵ ਜੰਤਾਂ ਜੋਤ ਜੁਗੰਤਾ ਬਾਲ ਰਖੰਤਾ, ਬਲ ਬਾਵਨ ਭੇਖ ਵਟਾਨੀਏ । ਨਾਮ ਮੰਗਤਾ ਚੋਲੀ ਰੰਗਤਾ, ਸਾਚੀ ਸੰਗਤਾ ਸਾਚਾ ਗੜ੍ਹ ਵਖਾਨੀਏ । ਭੁੱਖਾ ਨੰਗਤਾ ਨਾਨਕ ਅੰਗਦਾ, ਗੁਰ ਅੰਮ੍ਰਿਤ ਨਾਮ ਵਖਾਣੀਏ । ਦਰ ਦਰਵੇਸ਼ੰ ਨਰ ਨਰੇਸ਼ੰ ਸ੍ਰੀ ਪਤਿ ਦਸਮੇਸੰ, ਦਸ ਦਸ ਮਾਸ ਫੰਦ ਕਟਾਨੀਏ । ਸਵਛ ਸਰੂਪੰ ਮਹਿਮਾ ਅਨੂਪੰ ਏਕਾ ਸਰੂਪੰ, ਗੁਣ ਅਵਗੁਣ ਨਾ ਕੋਇ ਜਾਣੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਰਤੇ ਆਪਣੇ ਭਾਣੀਏ । ਨੇਹਚਲ ਧਾਮੰ ਏਕਾ ਰਾਮੰ ਏਕਾ ਨਾਮੰ ਏਕਾ ਰਸ ਵਖਾਣੀਏ । ਪੂਰਨ ਕਾਮੰ ਪਕੜੇ ਦਾਮੰ ਹੋਏ ਜ਼ਾਮੰ, ਦੋ ਜਹਾਨਾਂ ਸ਼ਾਹ ਸੁਲਤਾਨੀਏ । ਮੇਟੇ ਸ਼ਾਮੰ ਪਰਕਾਸ਼ ਕੋਟੰ ਭਾਨੰ ਗੁਰਮੁਖ ਵਿਰਲੇ ਜਾਨੰ, ਜਿਸ ਜਨ ਦੇਵੇ ਆਤਮ ਬ੍ਰਹਮ ਗਿਆਨੀਏ । ਸਚ ਨਿਸ਼ਾਨੰ ਦੋ ਜਹਾਨੰ ਆਪ ਝੁਲਾਨੰ, ਸ੍ਰੀ ਅਸਕੇਤ ਆਪ ਵਖਾਨੀਏ । ਮਧ ਪੁਰਾਨੰ ਵੇਦ ਨਿਧਾਨੰ ਗੁਰ ਸ਼ਬਦ ਮਹਾਨੰ, ਗੁਰ ਮੰਤਰ ਇਕ ਵਖਾਨੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਜਾਣੇ ਆਪਣੀ ਅਕੱਥ ਕਹਾਣੀਏ । ਕਥਾ ਕਥਨੰ ਸਰਬ ਸਮਰਥੰ, ਏਕਾ ਏਕ ਓਅੰਕਾਰਿਆ । ਅਕਾਲ ਅਕਾਲਾ ਦੀਨ ਦਿਆਲਾ ਜੋਤ ਜਵਾਲਾ ਸ਼ਕਤੀ ਰੂਪ ਅਨਭਵ ਸਰੂਪ ਸਹਿਸ ਗੁਣ ਨਾ ਕਿਸੇ ਵਖਾਨਿਆ । ਅਪਰੰਪਰ ਕਰਤਾ ਖੇਲ ਖਲੰਤਾ ਜੁਗਾ ਜੁਗੰਤਾ, ਵੇਦ ਵੇਦਾਂਤਾ ਭੇਵ ਨਾ ਆਣਿਆ । ਖੇਲ ਮੁਰਾਰੀ ਜੋਤ ਨਿਰੰਕਾਰੀ ਅਕਲ ਕਲ ਧਾਰੀ ਵੇਸ ਅਨੇਕਾ ਰੂਪ ਵਟਾਨਿਆ । ਖੜਗ ਖੰਡੰ ਤੇਜ਼ ਪਰਚੰਡੰ ਹੱਥ ਉਠਨੰ ਤਿਖੀ ਰੱਖੇ ਦੋਵੇਂ ਧਾਰਿਆ । ਰਾਜ ਰਾਜਾਨੰ ਸ਼ਾਹ ਸੁਲਤਾਨੰ ਕਰ ਖ਼ੁਵਾਰੰ ਤੋੜੇ ਹਉਮੇ ਗੜ੍ਹ ਹੰਕਾਰਿਆ । ਭਗਤ ਉਧਾਰੰ ਦੁੱਖ ਰੋਗ ਬਿਦਾਰੰ ਸਰਬ ਸੁਖ ਸਾਰੰ, ਸਾਰੰ ਧਰ ਬੀਠਲੋ ਆਪ ਅਖਵਾ ਰਿਹਾ । ਭਗਵਨ ਭਗਤੰ ਮੇਲ ਮਿਲੰਤੰ ਜੋਗ ਜੁਗਤੰ, ਜੀਵਣ ਮੁਕਤ ਆਪ ਅਖਵਾ ਰਿਹਾ । ਸਾਲਸਾ ਸਾਲਸ ਖ਼ਾਲਸਾ ਖ਼ਾਲਸ ਲਾਲਸਾ ਲਾਲਸ, ਜਗਤ ਤ੍ਰਿਸ਼ਨਾ ਮੋਹ

ttt

ot

ਚੁਕਾ ਰਿਹਾ । ਦਵਾਰ ਚਰਨੰ ਸਰਬ ਦੁੱਖ ਹਰਨੰ ਚਾਰ ਵਰਨੰ, ਸਤਿ ਸਤਿਵਾਦ ਹਰਿ ਬ੍ਰਹਿਮਾਦ ਏਕਾ ਏਕ ਸਮਝਾ ਰਿਹਾ । ਲੇਖ ਲਿਖੰਤਾ ਜੁਗਾ ਜੁਗੰਤਾ ਆਦਿਨ ਅੰਤਾ, ਕੇਸ਼ਵ ਕੇਸ਼ਵ ਕੰਕਰ ਕਿਨਰ ਆਪ ਅਖਵਾ ਰਿਹਾ । ਲੋਕ ਪਰਲੋਕੰ ਏਕਾ ਓਟੰ ਸ਼ਬਦ ਚੋਟੰ ਨਾਮ ਨਗਾਰਾ ਇਕ ਵਜਾ ਰਿਹਾ । ਬ੍ਰਹਮਾ ਵਿਸ਼ਨ ਕੋਟੰ ਭੰਡਾਰਾ ਮੰਗਣ ਅਤੋਟੰ, ਸ਼ੰਕਰ ਘਾਇਲ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾ ਰਿਹਾ । ਖੇਲ ਖਲੰਦੜੋ ਹਰਿ ਬਖ਼ਸ਼ੰਦੜੋ ਜੋਤ ਜਗੰਦੜੋ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਦੀਪਕ ਬਲੰਦੜੋ ਅਗਿਆਨ ਮਿਟੰਦੜੋ ਸਚ ਮੰਦਰ ਸੁਹੰਦੜੋ, ਸੋਭਾਵੰਤ ਸੋਭਾ ਪਾਈਆ । ਏਕਓਅੰਕਾਰ ਅਖਵੰਦੜੋ ਨਾਮ ਸਤਿ ਜਪੰਦੜੋ, ਮੂਰਤ ਅਕਾਲ ਵੱਡੀ ਵਡਿਆਈਆ । ਕਰਤਾ ਕਰਨੀ ਕਰੰਦੜੋ ਨਿਰਭੈ ਸੁਹੰਦੜੋ, ਨਿਰਵੈਰ ਆਪ ਅਖਵਾਈਆ । ਅਜੂਨੀ ਰਹਿਤ ਵੇਸ ਵਟੰਦੜੋ ਜੁਗਾ ਜੁਗੰਤ ਲੇਖ ਲਖੰਦੜੋ, ਵੇਦ ਪੁਰਾਨ ਨਾ ਕੋਇ ਦਸਾਈਆ । ਕਲਜੁਗ ਅੰਤਮ ਨਾਮ ਰਖੰਦੜੋ ਨਿਹਕਲੰਕ ਡੰਕ ਵਜੰਦੜੋ, ਸ਼ਬਦ ਖੰਡਾ ਹੱਥ ਉਠੰਦੜੋ, ਖੰਡ ਬ੍ਰਹਿਮੰਡ ਵੇਖੇ ਸਰਬ ਲੋਕਾਈਆ । ਜਨ ਭਗਤਾਂ ਮੇਲ ਮਲੰਦੜੋ ਦਰਸ ਵਖੰਦੜੋ ਭਾਂਡਾ ਭਰਮ ਭੌ ਤੁੜੰਦੜੋ ਭਵ ਸਾਗਰ ਪਾਰ ਕਰਾਈਆ । ਕਾਲ ਮਹਾਂਕਾਲ ਦਰ ਦੁਵਾਰ ਦੁਰਕੰਦੜੋ ਸਤਿਗੁਰ ਸਾਜਣ ਪ੍ਰਿਤਪਾਲ ਆਪ ਅਖਵੰਦੜੋ, ਸ਼ਾਹ ਕੰਗਾਲ ਆਪਣਾ ਵੇਸ ਵਟਾਈਆ । ਜਨ ਭਗਤਾਂ ਦਰ ਸੁਹੰਦੜੋ ਲੱਖ ਚੁਰਾਸੀ ਨਾਤਾ ਤੋੜ ਤੁੜੰਦੜੋ, ਏਕਾ ਬੰਧਨ ਹਰਿ ਹਰਿ ਨਾਮਾ ਪਾਈਆ । ਕਾਲ ਫਾਸ ਕਟੰਦੜੋ ਰਾਏ ਧਰਮ ਦਰ ਦਵਾਰ ਦੁਰਕੰਦੜੋ, ਚਿਤਰ ਗੁਪਤ ਨਾ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਲਏ ਤਰਾਈਆ । ਤਾਰਨਹਾਰਾ ਏਕੰ ਏਕ, ਹਰਿਜਨ ਬਖ਼ਸ਼ੇ ਸਾਚੀ ਟੇਕ, ਤ੍ਰੈਗੁਣ ਨਾ ਲਾਏ ਮਾਇਆ ਸੇਕ, ਸਾਂਤਕ ਸਤਿ ਸਤਿ ਵਰਤਾਈਆ । ਕਰੇ ਕਰਾਏ ਬੁੱਧ ਬਬੇਕ, ਆਪੇ ਲੇਖਾ ਜਾਣੇ ਲਿਖਿਆ ਲੇਖ, ਆਪਣੇ ਨੇਤਰ ਲਏ ਪੇਖ, ਜਗਤ ਨੇਤਰ ਬੰਦ ਵਖਾਈਆ । ਖੇਲੇ ਖੇਲ ਦਸ ਦਸਮੇਸ਼, ਦਾਨੀ ਦਾਤਾ ਦਰ ਦਰਵੇਸ਼, ਸਵਾਂਗੀ ਕਰੇ ਆਪਣਾ ਵੇਸ, ਨੀਲੇ ਬਸਤਰ ਚੋਲੀ ਪਾਈਆ । ਉਚ ਪੀਰ ਧਾਰਿਆ ਭੇਖ, ਵਸਣਹਾਰਾ ਗੜ੍ਹ ਕੇਸ, ਪੁਰੀ ਅਨੰਦ ਲਾਈ ਠੇਸ, ਦਰ ਦਵਾਰ ਬੰਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪਣੀ ਰਚਨਾ ਆਪ ਰਚਾਈਆ । ਪੀਰਨ ਪੀਰੰ ਦਸਤਗੀਰੰ ਸ਼ਾਹ ਹਕੀਰੰ, ਆਪਣਾ ਰੂਪ ਵਟਾਇੰਦਾ । ਬਸਤਰ ਚੀਰੰ ਹਾਲ ਫ਼ਕੀਰੰ ਖੰਡਾ ਤੀਰੰ, ਤੁਪਕ ਕਮਾਨ ਨਾ ਕੋਇ ਉਠਾਇੰਦਾ । ਨੀਲੀ ਧਾਰੰ ਹਰਿ ਨਿਰੰਕਾਰੰ ਗੋਬਿੰਦ ਸਾਰੰ, ਸਵਾਂਗੀ ਸਵਾਂਗ ਵਟਾਇੰਦਾ । ਖੇਲ ਅਪਾਰੰ ਵਿਚ ਸੰਸਾਰੰ ਵਲ ਛਲ ਧਾਰੰ, ਅਛਲ ਅਛਲੀਆ ਆਪ ਅਖਵਾਇੰਦਾ । ਵਰਨ ਬਰਨ ਵਸਿਆ ਬਾਹਰੰ, ਹਿੰਦੂ ਮੁਸਲਮ ਕਰੇ ਪਿਆਰੰ, ਸਿਖ ਸਾਜਣ ਆਪ ਉਧਾਰੰ, ਸਾਚਾ ਕਰੇ ਸਚ ਪਿਆਰਿਆ । ਮੁਗਲ ਪਠਾਨੰ ਨਾਮ ਨਿਧਾਨੰ ਆਤਮ ਧਿਆਨੰ, ਚਰਨ ਕਵਲ ਬਖ਼ਸ਼ੇ ਸਚ ਸਿਕਦਾਰੀਆ । ਦਰਸ ਮਹਾਨੰ ਸ੍ਰੀ ਭਗਵਾਨੰ ਜੋਤ ਅਕਾਲੰ, ਨੂਰ ਇਲਾਹੀ ਨੂਰ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਰ, ਭੇਵ ਅਭੇਦਾ ਭੇਵ ਛੁਪਾ ਲਿਆ । ਉਚ ਪੀਰ ਸ਼ਹਿਨਸ਼ਾਹ, ਦਸਤਗੀਰ ਰੂਪ ਵਟਾਇਆ । ਨੀਲੇ ਬਸਤਰ ਤਨ ਛੁਹਾ, ਆਪਣਾ ਭਾਣਾ ਆਪ ਮਨਾਇਆ । ਤੀਰ ਕਮਾਨ ਖੰਡਾ ਦਿਤਾ ਤਜਾ, ਤੇਜ ਬਲ ਆਪਣਾ ਆਪ ਧਰਾਇਆ । ਆਪਣਾ ਕਲਮਾ ਆਪ ਪੜ੍ਹਾ, ਨਬੀ ਰਸੂਲ ਆਪ ਸਮਝਾਇਆ । ਆਪਣੀ ਸ਼ਰੀਅਤ ਆਪ ਜਣਾ, ਸ਼ਰਅ ਸ਼ਰੀਅਤ ਵਿਚ ਆਪ ਨਾ ਆਇਆ । ਚਾਰ

ਕਹਾਰ ਲਏ ਬਣਾ, ਸਾਚਾ ਮੁਰਸ਼ਦ ਵੇਸ ਵਟਾਇਆ । ਏਕਾ ਹੁਕਮ ਦਏ ਜਣਾ, ਹੁਕਮੀ ਹੁਕਮ ਰਿਹਾ ਭੁਵਾਇਆ । ਖੁਲੜੇ ਕੇਸ ਗਲ ਵਿਚ ਪਾ, ਖ਼ਾਲਕ ਖ਼ਲਕ ਵੇਖ ਵਖਾਇਆ । ਹੱਥੀਂ ਮਹਿੰਦੀ ਲਈ ਲਗਾ, ਪ੍ਰੇਮ ਰੰਗਣ ਰੰਗ ਚੜ੍ਹਾਇਆ । ਤਸਬੀ ਗਲ ਲਈ ਲਟਕਾ, ਗੜ੍ਹੀ ਚਮਕੌਰ ਗੁਰਮੁਖਾਂ ਸੀਸ ਆਪਣੇ ਗਲ ਰਿਹਾ ਲਟਕਾਇਆ । ਹੱਥ ਮੁਸੱਲਾ ਲਿਆ ਉਠਾ, ਗੁਰਮੁਖਾਂ ਸਾਚੀ ਸੇਜ ਸੁਹਾਇਆ । ਏਕਾ ਕੂਜ਼ਾ ਰਿਹਾ ਵਖਾ, ਅੰਮ੍ਰਿਤ ਸਾਚਾ ਜਲ ਭਰਾਇਆ । ਏਕਾ ਕਲਮਾ ਰਿਹਾ ਗਾ, ਤੇਰਾ ਭਾਣਾ ਮੀਠਾ ਮੋਹੇ ਭਾਇਆ । ਏਕਾ ਸੀਸ ਰਿਹਾ ਝੁਕਾ, ਤੇਰਾ ਸਜਦਾ ਪੁਰਖ ਅਕਾਲ ਤੇਰਾ ਰਿਹਾ ਕਰਾਇਆ । ਏਕਾ ਬਾਂਗ ਰਿਹਾ ਅਲਾ, ਇਲਾਹੀ ਜਲਵਾ ਵੇਖ ਵਖਾਇਆ । ਏਕਾ ਇਕ ਸਦਾ ਰਿਹਾ ਲਗਾ, ਸਿਦਕ ਸਬੂਰੀ ਤੋੜ ਨਿਭਾਇਆ । ਇਕ ਗਦਾਗਰ ਬਣ ਫੇਰਾ ਰਿਹਾ ਪਾ, ਏਕਾ ਅਲਫ਼ੀ ਰਿਹਾ ਹੰਢਾਇਆ । ਏਕਾ ਸਖੀ ਸਰਵਰ ਸੁਲਤਾਨ ਨਾਮ ਧਰਾ, ਨਾਮ ਮਤੈਹਰਾ ਹੱਥ ਉਠਾਇਆ । ਨੰਗੀ ਪੈਰੀਂ ਖੇਲ ਖਿਲਾ, ਗੁਰਸਿਖਾਂ ਭੁੱਖ ਨੰਗ ਰਿਹਾ ਕਟਾਇਆ । ਆਪਣੀ ਬਣਤ ਆਪ ਬਣਾ, ਆਪੇ ਵੇਖ ਵਖਾਇਆ । ਵੇਦ ਪੁਰਾਨ ਨਾ ਸਕੇ ਕੋਈ ਗਾ, ਸਾਧ ਸੰਤ ਨਾ ਕਿਸੇ ਜਣਾਇਆ । ਮੁਗ਼ਲ ਸ਼ਾਹੀ ਵਿਚੋਂ ਮੁਗ਼ਲ ਲਏ ਉਠਾ, ਆਪ ਆਪਣਾ ਦਰਸ ਦਖਾਇਆ । ਸਰਬ ਜੀਆਂ ਦਾ ਦਾਤਾ ਇਕ ਬੇਪਰਵਾਹ, ਦੀਨ ਮਜ਼੍ਹਬ ਨਾ ਕੋਇ ਜਣਾਇਆ, ਵਰਨ ਗੋਤ ਵਿਚ ਨਾ ਜਾਏ ਆ, ਬੰਧਨ ਬੰਧ ਨਾ ਕੋਇ ਪਾਇਆ । ਸਾਚੀ ਸਿਖਿਆ ਗਿਆ ਸਮਝਾ, ਸਾਚਾ ਮਾਰਗ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇਆ । ਚਾਰ ਕਹਾਰ ਹੋ ਤਿਆਰ, ਸਾਚਾ ਦਰ ਸੁਹਾਈਆ । ਉਚ ਪੀਰ ਮੀਤ ਮੁਰਾਰ, ਠਾਂਡਾ ਸੀਤ ਅਖਵਾਈਆ । ਕਰਿਆ ਦਰਸ ਬੇਨਜ਼ੀਰ, ਰਹਿਮਤ ਭਰੀ ਨਾਮ ਖ਼ੁਦਾਈਆ । ਸਤਿ ਸਲਾਮਤ ਅੰਤ ਅਖ਼ੀਰ, ਨਾ ਮਰੇ ਨਾ ਜਾਈਆ । ਇਕ ਅਮਾਮ ਦਏ ਜ਼ਮਾਨਤ, ਜ਼ਾਮਨ ਜ਼ਾਮਨੀ ਤੋੜ ਨਿਭਾਈਆ । ਦਰਗਹਿ ਸਾਚੀ ਸਚ ਅਦਾਲਤ, ਸਾਚਾ ਅਦਲ ਕਮਾਈਆ । ਆਪੇ ਬਣੇ ਸਾਚਾ ਸਾਲਸ, ਹੱਕ ਹਕੀਕਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਨਾਉਂ ਧਰਾਈਆ । ਚਾਰ ਕਹਾਰ ਪੇਖ, ਗੋਬਿੰਦ ਖ਼ੁਸ਼ੀ ਮਨਾਇੰਦਾ । ਹਿੰਦੂ ਮੁਸਲਮ ਏਕਾ ਨੇਤਰ ਵੇਖ, ਏਕਾ ਦਰਸ ਦਖਾਇੰਦਾ । ਏਕਾ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਏਕਾ ਦਾਤਾ ਦਸ ਦਸਮੇਸ, ਦਰ ਦਰਵੇਸ਼ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੇਲ ਮਿਲਾਇੰਦਾ । ਆਪਣਾ ਮੇਲਾ ਆਪੇ ਕਰ, ਆਪੇ ਖੇਲ ਖਲਾਈਆ । ਆਪੇ ਦੇਵੇ ਦਰਸ ਦਰ, ਦਰ ਸਾਚਾ ਇਕ ਸੁਹਾਈਆ । ਆਪ ਬੰਧਾਏ ਆਪਣੇ ਲੜ, ਛੁੱਟ ਕਦੇ ਨਾ ਜਾਈਆ । ਆਪੇ ਲਾਏ ਸਾਚੀ ਜੜ੍ਹ, ਫਲ ਫੁੱਲ ਫੁਲਵਾੜੀ ਆਪ ਮਹਿਕਾਈਆ । ਆਪੇ ਘਾੜਣ ਲਏ ਘੜ, ਘੜਣ ਭੰਨਣਹਾਰ ਵੱਡੀ ਵਡਿਆਈਆ । ਆਪੇ ਸਾਚੀ ਸੇਜਾ ਬੈਠਾ ਚੜ੍ਹ, ਆਪਣੀ ਖਾਟ ਹੇਠ ਵਿਛਾਈਆ । ਚਾਰ ਕਹਾਰਾਂ ਆਪੇ ਫੜ, ਆਪਣੀ ਸੇਵਾ ਲਾਈਆ । ਆਪਣੀ ਸੇਵਾ ਆਪੇ ਕਰ, ਆਪਣੀ ਸੇਵ ਕਮਾਈਆ । ਸ਼ਹਿਨਸ਼ਾਹੀ ਚੁਕਿਆ ਡਰ, ਸ਼ਾਹ ਸੁਲਤਾਨ ਹੱਥ ਕਿਸੇ ਨਾ ਆਈਆ । ਅੰਤਮ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪੁਰਖ ਕਰਤਾਰ, ਆਪਣੇ ਰੰਗ ਸਮਾਇਆ । ਚਾਰ ਚਾਰਾਂ ਕਰ ਪਿਆਰ, ਚੌਥੇ ਜੁਗ ਵੇਖ ਵਖਾਇਆ । ਏਕਾ ਭਰਿਆ ਸਚ

੮੯੦
੦੮

ਭੰਡਾਰ, ਏਕਾ ਹੱਥ ਵਰਤਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਲਹਿਣਾ ਦੇਣਾ ਦਏ ਚੁਕਾਇਆ । ਅੰਤਮ ਮੇਲਾ ਵਿਚ ਸੰਸਾਰ, ਲੋਕਮਾਤ ਦਏ ਕਰਾਇਆ । ਨਿਰਗੁਣ ਆਵੇ ਹੋ ਤਿਆਰ, ਸਰਗੁਣ ਵੇਖੇ ਸਹਿਜ ਸੁਭਾਇਆ । ਗੋਬਿੰਦ ਕਰੇ ਸਚ ਪਿਆਰ, ਸਿਰ ਪੀਰ ਪੀਰਾਂ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਸਮਝਾਇਆ । ਪੀਰਨ ਪੀਰਾਂ ਉਚ ਸੁਲਤਾਨ, ਹਰਿ ਹਰਿ ਵੱਡੀ ਵਡਿਆਈਆ । ਅੰਤਮ ਮੇਲਾ ਕਰੇ ਜਹਾਨ, ਮਾਣਸ ਜਨਮ ਲੇਖੇ ਲਾਈਆ । ਲੋਕਮਾਤ ਕਰ ਪਛਾਣ, ਕਲਜੁਗ ਅੰਤਮ ਭੇਵ ਖੁਲ੍ਹਾਈਆ । ਮੇਲ ਮਿਲਾਵਾ ਸ੍ਰੀ ਭਗਵਾਨ, ਭਗਤਨ ਮੀਤਾ ਇਕ ਰਘੁਰਾਈਆ । ਆਪੇ ਜਾਣੇ ਜਾਣੀ ਜਾਣ, ਜਾਨਣਹਾਰ ਆਪ ਅਖਵਾਈਆ । ਜੁਗਾ ਜੁਗੰਤਰ ਦੇਵੇ ਦਾਨ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਈਆ । ਕਰ ਕਿਰਪਾ ਹਰਿ ਜਾਣਿਆ, ਹਰਿ ਗੁਣਵੰਤ ਸੋਭਾਵੰਤ ਗਹਿਰ ਗੰਭੀਰ । ਪਾਰਬ੍ਰਹਮ ਪੁਰਖ ਸੁਲਤਾਨਿਆ, ਖੇਲੇ ਖੇਲ ਜੁਗਾ ਜੁਗੰਤ ਜੁਗ ਜੁਗ ਜਾਣੇ ਅੰਤ ਅਖ਼ੀਰ । ਹਰਿਜਨ ਸਾਚੇ ਕਰੇ ਦਰ ਪਰਵਾਨਿਆ, ਚਰਨ ਪ੍ਰੀਤੀ ਬਖ਼ਸ਼ੇ ਸਾਚੀ ਧੀਰ । ਚਾਰ ਚਾਰੇ ਮੇਲ ਮਿਲਾਨਿਆ, ਸਿੰਘ ਜਰਨੈਲ ਗੁਰਦਾਸ ਨਛੱਤਰ ਕਰਨੈਲ ਪਿਆਇਆ ਅੰਮ੍ਰਿਤ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਲੇਖੇ ਉਤੇ ਫੇਰ ਲਕੀਰ, ਅੱਗੇ ਪਾਏ ਨਾਮ ਜ਼ੰਜੀਰ ।



੮੯੧
੦੮

## ✪ ੧੮ ਸਾਵਣ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਪਿੰਡ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ✪

ਆਦਿ ਨਿਰੰਜਣ ਹਰਿ ਭਗਵਾਨਾ, ਏਕਾ ਏਕ ਓਅੰਕਾਰਿਆ । ਜੋਤੀ ਨੂਰ ਨੂਰ ਮਹਾਨਾ, ਨੂਰੋ ਨੂਰ ਡਗਮਗਾ ਰਿਹਾ । ਸ਼ਾਹੋ ਭੂਪ ਵਡ ਸੁਲਤਾਨਾ, ਰਾਜ ਰਾਜਾਨਾ ਆਪ ਅਖਵਾ ਰਿਹਾ । ਆਦਿ ਜੁਗਾਦੀ ਇਕ ਨਿਸ਼ਾਨਾ, ਇਕ ਓਅੰਕਾਰਾ ਆਪਣਾ ਆਪ ਝੁਲਾ ਰਿਹਾ । ਖੇਲੇ ਖੇਲ ਦੋ ਜਹਾਨਾਂ, ਭੇਵ ਅਭੇਦਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬਣਤ ਬਣਾ ਲਿਆ । ਪਾਰਬ੍ਰਹਮ ਹਰਿ ਹਰਿ ਬੇਅੰਤ, ਏਕਾ ਏਕ ਅਖਵਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੱਡੀ ਵਡਿਆਈਆ । ਆਪ ਬਣਾਏ ਆਪਣੀ ਬਣਤ, ਆਪਣੀ ਮਹਿਮਾ ਆਪ ਜਣਾਈਆ । ਆਪੇ ਖੇਲੇ ਖੇਲ ਸ੍ਰੀ ਭਗਵੰਤ, ਨਿਰਗੁਣ ਨੂਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਨਿਰਗੁਣ ਦਾਤਾ ਪੁਰਖ ਬਿਧਾਤਾ, ਏਕਾ ਏਕ ਓਅੰਕਾਰਿਆ । ਆਦਿ ਜੁਗਾਦੀ ਜੁਗਾ ਜੁਗੰਤਰ ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਆਪ ਅਖਵਾ ਰਿਹਾ । ਦੀਨ ਦਿਆਲਾ ਗੁਰ ਗੋਪਾਲਾ ਸਗਲਾ ਸਾਥਾ, ਪਾਰਬ੍ਰਹਮ ਆਪਣਾ ਆਪ ਨਿਭਾ ਰਿਹਾ । ਪੁਰਖ ਅਬਿਨਾਸ਼ਾ ਖੇਲ ਤਮਾਸ਼ਾ, ਜੁਗਾ ਜੁਗੰਤਰ ਵੇਖ ਵਖਾ ਰਿਹਾ । ਆਪਣੇ ਮੰਡਲ ਪਾਵੇ ਰਾਸਾ, ਆਪ ਆਪਣੀ ਜੋਤ ਡਗਮਗਾ ਰਿਹਾ । ਨਾ ਕੋਈ ਪ੍ਰਿਥਮੀ ਨਾ ਅਕਾਸ਼ਾ, ਗਗਨ ਮੰਡਲ ਨਾ ਕੋਇ ਵਖਾ ਰਿਹਾ । ਸ਼ਾਹੋ ਭੂਪ ਹਰਿ ਸ਼ਾਹੋ ਸ਼ਾਬਾਸ਼ਾ, ਸਤਿ ਸਰੂਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤਾ ਵੇਸ ਵਟਾ ਲਿਆ । ਆਦਿਨ ਅੰਤਾ ਹਰਿ ਭਗਵਾਨਾ, ਅਕਲ ਕਲਾ ਅਖਵਾਈਆ ।

ਖੇਲੇ ਖੇਲ ਖੇਲ ਮਹਾਨਾ, ਲੇਖਾ ਲੇਖ ਨਾ ਕੋਇ ਜਣਾਈਆ । ਸਚ ਤਖ਼ਤ ਸਚ ਸੁਲਤਾਨਾ, ਹਰਿ ਸਾਚਾ ਬੈਠਾ ਆਸਣ ਲਾਈਆ । ਸਾਚਾ ਮੰਦਰ ਸਚ ਮਕਾਨਾ, ਸਚਖੰਡ ਦਵਾਰਾ ਬੰਕ ਸੁਹਾਈਆ । ਸਚ ਘਰ ਸਾਚੇ ਦੇਵੇ ਮਾਣਾ, ਥਿਰ ਘਰ ਵੱਡੀ ਵਡਿਆਈਆ । ਰਾਗ ਅਨਾਦੀ ਏਕਾ ਤਰਾਨਾ, ਏਕਾ ਸ਼ਬਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਦਾਤਾ ਏਕਓਅੰਕਾਰ, ਆਦਿ ਜੁਗਾਦਿ ਸਮਾਇਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਸਗਲਾ ਸੰਗ ਨਿਭਾਇਆ । ਨਾ ਕੋਈ ਦੂਸਰ ਹੋਰ ਪਸਾਰ, ਨਾ ਕੋਈ ਦਰ ਸੁਹਾਇਆ । ਸਚਖੰਡ ਵਸੇ ਆਪ ਨਿਰੰਕਾਰ, ਦੀਵਾ ਬਾਤੀ ਇਕ ਜਗਾਇਆ । ਕਮਲਾਪਾਤੀ ਖੇਲ ਅਪਾਰ, ਆਪ ਆਪਣਾ ਖੇਲ ਖਲਾਇਆ । ਨਾਰੀ ਕੰਤਾ ਬਣ ਭਤਾਰ, ਸਾਚੀ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਅਗੰਮੜੀ ਕਾਰ ਕਮਾਇਆ । ਪੁਰਖ ਅਗੰਮੜਾ ਅਗੰਮੜੀ ਕਾਰ, ਨਿਰਗੁਣ ਨਿਰਗੁਣ ਆਪ ਕਰਾਈਆ । ਅਲੱਖ ਨਿਰੰਜਣ ਅਲੱਖ ਜੈਕਾਰ, ਆਪਣੀ ਆਪ ਜਗਾਈਆ । ਬੰਕ ਸੁਹਾਏ ਸਚਖੰਡ ਦਵਾਰ, ਥਿਰ ਘਰ ਬੈਠਾ ਆਸਣ ਲਾਈਆ । ਆਦਿ ਨਿਰੰਜਣ ਭੇਵ ਨਿਆਰ, ਆਦਿ ਸ਼ਕਤ ਵੇਸ ਵਟਾਈਆ । ਕਰਤਾ ਪੁਰਖ ਕਰਨੀ ਕਰੇ ਆਪਣੀ ਕਾਰ, ਕਰਨਹਾਰ ਆਪ ਹੋ ਜਾਈਆ । ਅਜੂਨੀ ਰਹਿਤ ਨਿਰਾਕਾਰ, ਮੂਰਤ ਅਕਾਲ ਆਪ ਅਖਵਾਈਆ । ਆਪੇ ਜਾਣੇ ਆਪਣੀ ਧਾਰ, ਆਪਣੀ ਧਾਰਾ ਆਪ ਵਹਾਈਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਈਆ । ਵਸਣਹਾਰਾ ਉਚ ਮਹੱਲ ਅਟੱਲ ਮੁਨਾਰ, ਊਚੋ ਊਚ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨੂਰ ਉਜਾਲਾ ਗੁਰ ਗੋਪਾਲਾ, ਏਕਾ ਰੰਗ ਰੰਗਾਇਆ । ਦੀਨਾਂ ਬੰਧਪ ਦੀਨ ਦਿਆਲਾ, ਭੇਵ ਅਭੇਦਾ ਭੇਵ ਛੁਪਾਇਆ । ਆਦਿ ਜੁਗਾਦਿ ਚਲੇ ਅਵੱਲੜੀ ਚਾਲਾ, ਲੇਖਾ ਲੇਖ ਨਾ ਕਿਸੇ ਜਣਾਇਆ । ਸ਼ਬਦ ਸਰੂਪੀ ਬਣ ਦਲਾਲਾ, ਆਪਣਾ ਵਣਜ ਕਰਾਇਆ । ਖੇਲੇ ਖੇਲ ਪੁਰਖ ਅਕਾਲਾ, ਅਕਲ ਕਲਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇਆ । ਜੋਤੀ ਨੂਰ ਜੋਤ ਨਿਰੰਕਾਰਾ, ਨਿਰਗੁਣ ਨਾਉਂ ਰਖਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਅਗਾਧ ਬੋਧ ਜਣਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਾਚੀ ਧਾਰਾ, ਘਰ ਸਾਚੇ ਆਪ ਚਲਾਇੰਦਾ । ਕੰਤ ਕੰਤੂਹਲ ਮੀਤ ਮੁਰਾਰਾ, ਨਰ ਨਰੈਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਚਖੰਡ ਸਚ ਦਵਾਰਾ ਇਕ ਸੁਹਾਇੰਦਾ । ਸਚਖੰਡ ਵਸੇ ਨਿਰੰਕਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਈਆ । ਆਪੇ ਦੀਵਾ ਬਾਤੀ ਹੋ ਉਜਿਆਰਾ, ਆਪੇ ਡਗਮਗਾਈਆ । ਆਪੇ ਸਚ ਸਿੰਘਾਸਣ ਸੋਹੇ ਬੰਕ ਦਵਾਰਾ, ਹਰਿ ਬੈਠਾ ਆਸਣ ਲਾਈਆ । ਆਪੇ ਦੋ ਜਹਾਨਾਂ ਬਣ ਸਿਕਦਾਰਾ, ਆਪਣਾ ਹੁਕਮ ਚਲਾਈਆ । ਆਪੇ ਵਰਤੇ ਸਤਿ ਵਰਤਾਰਾ, ਸਤਿ ਸਰੂਪ ਵੱਡੀ ਵਡਿਆਈਆ । ਆਪੇ ਕਰੇ ਆਪਣਾ ਆਪ ਖ਼ਬਰਦਾਰਾ, ਆਪੇ ਲਏ ਅੰਗੜਾਈਆ । ਆਪੇ ਬਣਿਆ ਚੋਬਦਾਰਾ, ਆਪੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਧਾਰ ਹਰਿ ਨਿਰੰਕਾਰ, ਨਿਰਗੁਣ ਆਪਣੀ ਖੇਲ ਖਲਾਈਆ । ਖੇਲ ਖਲੰਦੜਾ ਪਾਰਬ੍ਰਹਮ, ਗੁਣ ਅਵਗੁਣ ਨਾ ਕੋਇ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਨਾਉਂ ਧਰਾਇੰਦਾ । ਸਤਿ ਸਰੂਪੀ

ਬੇੜਾ ਬੰਨ੍ਹ, ਸਾਚੇ ਸਾਗਰ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ, ਏਕਾ ਜੋਤੀ ਜੋਤ ਜਗਾਇੰਦਾ । ਜੋਤੀ ਨੂਰ ਪੁਰਖ ਅਕਾਲਾ, ਪਰਮ ਪੁਰਖ ਅਖਵਾਈਆ । ਆਪੇ ਬਣਿਆ ਹਰਿ ਰਖਵਾਲਾ, ਆਪਣੀ ਸੇਵਾ ਆਪ ਕਮਾਈਆ । ਨਿਰਗੁਣ ਨਿਰਗੁਣ ਬਣ ਦਲਾਲਾ, ਏਕਾ ਵਣਜ ਕਰਾਈਆ । ਇਕ ਉਪਾਏ ਸਾਚਾ ਲਾਲਾ, ਲਾਲ ਅਮੋਲਕ ਹੀਰਾ ਨਾਉਂ ਧਰਾਈਆ । ਸ਼ਬਦੀ ਸ਼ਬਦ ਵੱਜੇ ਤਾਲਾ, ਤਾਲ ਤਲਵਾੜਾ ਇਕ ਵਖਾਈਆ । ਆਪਣਾ ਫਲ ਲਾਇਆ ਡਾਲਾ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਈਆ । ਸਾਚਾ ਸ਼ਬਦ ਸੱਚੀ ਧੁਨਕਾਰ, ਘਰ ਸਾਚੇ ਆਪ ਉਪਾਇੰਦਾ । ਹਰਿ ਮੰਦਰ ਹਰਿ ਖੇਲ ਅਪਾਰ, ਥਿਰ ਘਰ ਵਾਸੀ ਵੇਖ ਵਖਾਇੰਦਾ । ਨਾ ਕੋਈ ਦੀਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਰਵ ਸਸ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਅਕਾਰ, ਕਰੋੜ ਤੇਤੀਸ ਨਾ ਨਜ਼ਰੀ ਆਇੰਦਾ । ਲੱਖ ਚੁਰਾਸੀ ਨਾ ਕੋਇ ਪਸਾਰ, ਤ੍ਰੈ ਗੁਣ ਮੇਲ ਨਾ ਕੋਇ ਮਿਲਾਇੰਦਾ । ਪੰਜ ਤੱਤ ਨਾ ਕੋਇ ਆਧਾਰ, ਰਕਤ ਬੂੰਦ ਨਾ ਸੰਗ ਨਿਭਾਇੰਦਾ । ਧਰਤ ਧਵਲ ਨਾ ਕੋਇ ਪਸਾਰ, ਜਲ ਬਿੰਬ ਨਾ ਕੋਇ ਟਿਕਾਇੰਦਾ । ਅਕਾਸ਼ ਪਰਕਾਸ਼ ਨਾ ਕੋਇ ਉਜਿਆਰ, ਬ੍ਰਹਿਮੰਡ ਖੰਡ ਨਾ ਕੋਇ ਸੁਹਾਇੰਦਾ । ਲੋਆਂ ਪੁਰੀਆਂ ਨਾ ਕੋਇ ਧਾਰ, ਨਾ ਕੋਈ ਰਚਨ ਰਚਾਇੰਦਾ । ਆਦਿ ਜੁਗਾਦੀ ਏਕਓਅੰਕਾਰ, ਆਪ ਆਪਣੀ ਕਲ ਵਰਤਾਇੰਦਾ । ਥਿਰ ਘਰ ਵਸੇ ਸਚ ਦਵਾਰ, ਹਰਿ ਸਾਚਾ ਸੋਭਾ ਪਾਇੰਦਾ । ਪਰਮ ਪੁਰਖ ਹਰਿ ਮੀਤ ਮੁਰਾਰ, ਪਾਰਬ੍ਰਹਮ ਸਗਲਾ ਸੰਗ ਨਿਭਾਇੰਦਾ । ਆਦਿ ਨਿਰੰਜਣ ਸਾਚਾ ਯਾਰ, ਸਾਚਾ ਦਰ ਸੁਹਾਇੰਦਾ । ਨਿਰਗੁਣ ਦੀਵਾ ਨਿਰਗੁਣ ਬਾਤੀ, ਨਿਰਗੁਣ ਮੀਤ ਕਮਲਾਪਾਤੀ, ਨਿਰਗੁਣ ਸਾਚੀ ਸੇਜ ਹੰਢਾਇੰਦਾ । ਨਿਰਗੁਣ ਖੋਲ੍ਹਣਹਾਰਾ ਅਬਿਨਾਸ਼ੀ ਕਰਤਾ ਆਪਣੀ ਤਾਕੀ, ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਦ ਅਨਾਦੀ ਧੁਰ ਫ਼ਰਮਾਣਾ ਏਕਾ ਸ਼ਬਦ ਸੁਣਾਇੰਦਾ । ਧੁਨ ਅਨਾਦੀ ਧੁਰ ਫ਼ਰਮਾਣ, ਹਰਿ ਹਰਿ ਆਪ ਅਲ੍ਹਾਈਆ । ਆਪੇ ਵੇਖੇ ਦੋ ਜਹਾਨ, ਬ੍ਰਹਿਮੰਡਾਂ ਖੰਡਾਂ ਰਚਨ ਰਚਾਈਆ । ਲੋਆਂ ਪੁਰੀਆਂ ਮਾਰ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਈਆ । ਨਿਰਗੁਣ ਜੋਤ ਸ੍ਰੀ ਭਗਵਾਨ, ਨਿਰਾਕਾਰ ਵੱਡੀ ਵਡਿਆਈਆ । ਪਾਰਬ੍ਰਹਮ ਪੁਰਖ ਸੁਲਤਾਨ, ਸਤਿਗੁਰ ਸੱਚਾ ਏਕਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਹਰਿ ਕਰਤਾਰ, ਆਪਣੀ ਆਪ ਜਗਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਲੋਕਮਾਤ ਵੇਸ ਵਟਾਇੰਦਾ । ਪੰਜ ਤੱਤ ਕਰ ਪਿਆਰ, ਘਰ ਘਰ ਵਿਚ ਆਸਣ ਲਾਇੰਦਾ । ਘਰ ਮੰਦਰ ਸੋਹੇ ਬੰਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਏਕਾ ਸ਼ਬਦ ਸੱਚੀ ਧੁਨਕਾਰ, ਅਨਹਦ ਰਾਗ ਅਲਾਇੰਦਾ । ਡੂੰਘੀ ਕੰਦਰ ਕਰ ਉਜਿਆਰ, ਜੋਤ ਨਿਰੰਜਣ ਆਪ ਜਗਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਬੂੰਦ ਸਵਾਂਤੀ ਕਰ ਪਿਆਰ, ਹਰਿਜਨ ਸਾਚੇ ਆਪ ਪਿਆਇੰਦਾ । ਬਜ਼ਰ ਕਪਾਟੀ ਖੋਲ੍ਹ ਕਿਵਾੜ, ਦੂਈ ਦਵੈਤੀ ਪਰਦਾ ਲਾਹਿੰਦਾ । ਆਤਮ ਸੇਜਾ ਕਰ ਸ਼ਿੰਗਾਰ, ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਕਰੇ ਸਚ ਪਿਆਰ, ਸਾਚਾ ਮਾਰਗ ਆਪ ਵਖਾਇੰਦਾ । ਸੁਰਤੀ ਸ਼ਬਦ ਮੀਤ ਮੁਰਾਰ, ਜੋੜੀ ਜੋੜਾ ਮੇਲ ਮਿਲਾਇੰਦਾ । ਏਕਾ ਘਰ ਸੁੱਤੇ ਪੈਰ ਪਸਾਰ, ਏਕਾ ਰੰਗ ਰੰਗਾਇੰਦਾ । ਨਾਰੀ ਕੰਤ ਕੰਤ ਭਤਾਰ, ਸਗਲਾ

੯੦੩
੦੮

ਸੰਗ ਨਿਭਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਅਖਵਾਇੰਦਾ । ਆਪੇ ਸੁੰਨ ਅਗੰਮੀ ਜਾਏ ਬਾਹਰ, ਦਿਸ ਕਿਸੇ ਨਾ ਆਇੰਦਾ । ਆਪੇ ਵਸੇ ਧੁੰਆਂਧਾਰ, ਅਕਾਸ਼ ਪਰਕਾਸ਼ ਆਪ ਸਮਾਇੰਦਾ । ਆਪੇ ਸੋਹੇ ਸਚਖੰਡ ਦਵਾਰ, ਥਿਰ ਘਰ ਸਾਚੇ ਆਸਣ ਲਾਇੰਦਾ । ਆਪੇ ਅਲੱਖ ਨਿਰੰਜਣ ਬੋਲ ਜੈਕਾਰ, ਆਪਣਾ ਨਾਅਰਾ ਲਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਅਗੰਮ ਅਗੰਮੜਾ ਆਪ ਕਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਵਾਪਰ ਕਰਿਆ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਚਾਰੋਂ ਕੁੰਟ ਅੰਧ ਅੰਧਿਆਰ, ਕੂੜ ਕੁੜਿਆਰਾ ਡੰਕ ਵਜਾਇੰਦਾ । ਨਾਤਾ ਤੁਟਾ ਸਰਬ ਸੰਸਾਰ, ਹਰਿ ਕਾ ਨਾਉਂ ਨਾ ਕੋਇ ਧਿਆਇੰਦਾ । ਪੰਡਤ ਪਾਂਧੇ ਗਏ ਹਾਰ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ ਕਰਨ ਪੁਕਾਰ, ਦਸਤਗੀਰ ਨਾ ਕੋਇ ਮਿਲਾਇੰਦਾ । ਵਰਨ ਬਰਨ ਹੋਏ ਖ਼ੁਵਾਰ, ਸਾਚੀ ਸਰਨ ਨਾ ਕੋਇ ਤਕਾਇੰਦਾ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਹਾਹਾਕਾਰ, ਘਰ ਬੰਕ ਨਾ ਕੋਇ ਸੁਹਾਇੰਦਾ । ਲੱਖ ਚੁਰਾਸੀ ਦੁਹਾਗਣ ਨਾਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਭੈਣ ਭੱਜਾ ਨਾ ਕੋਇ ਪਿਆਰ, ਮਾਤਾ ਪੁੱਤਰ ਸੇਜ ਹੰਢਾਇੰਦਾ । ਚਾਰੋਂ ਕੁੰਟ ਜੂਠ ਝੂਠ ਵਣਜ ਵਪਾਰ, ਕਲਜੁਗ ਆਪਣਾ ਗੜ੍ਹ ਸੁਹਾਇੰਦਾ । ਪੰਜ ਤੱਤ ਹਾਹਾਕਾਰ, ਕਾਮ ਕਰੋਧ ਲੋਭ ਮੋਹ ਹੰਕਾਰ, ਦਿਵਸ ਰੈਣ ਕੁਰਲਾਇੰਦਾ । ਅਗਨੀ ਤੱਤ ਰਿਹਾ ਸਾੜ, ਅੰਮ੍ਰਿਤ ਜਲ ਨਾ ਕੋਇ ਪਿਆਇੰਦਾ । ਕਲਜੁਗ ਅਗਨੀ ਲੱਗੀ ਹਾੜ, ਸਿਰ ਹੱਥ ਨਾ ਕੋਇ ਰਖਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ, ਖੇਲੇ ਖੇਲ ਸ੍ਰੀ ਭਗਵੰਤ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਮੇਲਾ ਪੁਰਖ ਕਰਤਾਰ, ਪਾਰਬ੍ਰਹਮ ਵੱਡੀ ਵਡਿਆਈਆ । ਸਰਗੁਣ ਚੇਲਾ ਸੋਹੇ ਬੰਕ ਦਵਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਦੋਹਾਂ ਵਿਚੋਲਾ ਸ਼ਬਦੀ ਧਾਰ, ਨਾਮ ਨਾਮਾ ਨਾਉਂ ਧਰਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਉਠਾਈਆ । ਨੌਂ ਸਤ ਪਾਵੇ ਸਾਰ, ਬ੍ਰਹਮ ਮਤ ਵੇਖ ਵਖਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਦਏ ਹੁਲਾਰ, ਸੋਇਆ ਕੋਇ ਰਹਿਣ ਨਾ ਪਾਈਆ । ਖੜਗ ਖੰਡਾ ਤੇਜ਼ ਕਟਾਰ, ਸਤਿਗੁਰ ਪੂਰਾ ਆਪਣੇ ਹੱਥ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰ, ਪੁਰਾਨ ਅਠਾਰਾਂ ਰਿਹਾ ਉਠਾਈਆ । ਭੇਖ ਪਖੰਡਾ ਕੂੜ ਕੁੜਿਆਰਾ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ । ਪਾਵੇ ਵੰਡਾਂ ਹਰਿ ਕਰਤਾਰ, ਵੰਡਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਵੇਖਣਹਾਰਾ, ਏਕਾ ਏਕਓਅੰਕਾਰਿਆ । ਆਦਿ ਜੁਗਾਦੀ ਖੇਲ ਅਪਾਰਾ, ਜੁਗਾ ਜੁਗੰਤਰ ਵੇਸ ਵਟਾ ਲਿਆ । ਆਪੇ ਰਾਮਾ ਕ੍ਰਿਸ਼ਨਾ ਬਣ ਅਵਤਾਰਾ, ਆਪ ਆਪਣਾ ਖੇਲ ਖਲਾ ਲਿਆ । ਆਪੇ ਈਸਾ ਮੂਸਾ ਕਰ ਸ਼ਿੰਗਾਰਾ, ਪੰਜ ਤੱਤ ਚੋਲਾ ਆਪ ਹੰਢਾ ਲਿਆ । ਆਪੇ ਸੰਗ ਮੁਹੰਮਦ ਚਾਰ ਯਾਰਾ, ਨਾਤਾ ਜੋੜ ਜੁੜਾ ਲਿਆ । ਆਪੇ ਵੇਦ ਪੁਰਾਨਾ ਲਾਏ ਨਾਅਰਾ, ਸ਼ਾਸਤਰ ਸਿਮਰਤ ਆਪੇ ਗਾ ਲਿਆ । ਆਪੇ ਗੀਤਾ ਗਿਆਨ ਭਰ ਭੰਡਾਰਾ, ਆਪਣੇ ਹੱਥੀਂ ਆਪ ਵਰਤਾ ਲਿਆ । ਆਪੇ ਅੰਜੀਲ ਕੁਰਾਨਾਂ ਕਰ ਤਿਆਰਾ, ਐਨਲਹੱਕ ਨਾਅਰਾ ਲਾ ਲਿਆ । ਆਪੇ ਨੂਰ ਇਲਾਹੀ ਬੇਐਬ ਪਰਵਰਦਿਗਾਰਾ, ਸ਼ਾਹ ਨਵਾਬ ਆਪ ਅਖਵਾ ਲਿਆ । ਆਪੇ ਵਸੇ ਅਗੰਮੜੀ ਧਾਰਾ, ਅਗੰਮ ਪੁਰਖ ਵੇਸ ਵਟਾ ਲਿਆ । ਆਪੇ ਬੋਲ ਸਚ ਜੈਕਾਰਾ, ਆਪਣੀ ਅਲੱਖ

ਜਗਾ ਲਿਆ । ਆਪੇ ਖੋਲ੍ਹ ਥਿਰ ਘਰ ਦਵਾਰਾ, ਸਚਖੰਡ ਇਕ ਸੁਹਾ ਲਿਆ । ਆਪੇ ਸ਼ਬਦ ਧੁਨ ਹੋ ਉਜਿਆਰਾ, ਆਪਣਾ ਰੂਪ ਵਟਾ ਲਿਆ । ਆਪੇ ਨਿਰਗੁਣ ਨਿਰਗੁਣ ਕਰ ਪਿਆਰਾ, ਆਪਣਾ ਹੁਕਮ ਸੁਣਾ ਲਿਆ । ਆਪੇ ਨਾਮ ਆਪ ਸਤਾਰਾ, ਆਪੇ ਤਾਲ ਵਜਾ ਲਿਆ । ਆਪੇ ਦੇਵਣਹਾਰਾ ਧੁਰ ਫ਼ਰਮਾਣਾ, ਆਪਣਾ ਹੁਕਮ ਵਖਾ ਲਿਆ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਹਰਿ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਵੇਸ ਵਟਾ ਲਿਆ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ, ਆਪਣੀ ਕਲ ਵਰਤਾਈਆ । ਹਰਿ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ਼ੀ, ਸ਼ਾਹ ਸੁਲਤਾਨਾ ਖੇਲ ਖਲਾਈਆ । ਆਪਣੀ ਜੋਤ ਆਪ ਪਰਕਾਸ਼ੀ, ਅਨਭਵ ਪਰਕਾਸ਼ ਰਖਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼ੀ, ਨੂਰੋ ਨੂਰ ਡਗਮਗਾਈਆ । ਆਪਣੇ ਅੰਦਰ ਆਪਣਾ ਕਰਿਆ ਵਾਸੀ, ਵਾਸ ਨਿਵਾਸਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤ ਨੂਰੀ ਧਾਰ, ਨਿਰਗੁਣ ਨਿਰਾਕਾਰ ਆਪਣੀ ਆਪ ਉਪਜਾਈਆ । ਪੰਜ ਤੱਤ ਤੱਤ ਕਰ ਪਿਆਰ, ਰੱਤੀ ਰੱਤ ਸਮਾਈਆ । ਬ੍ਰਹਮ ਮਤ ਦਏ ਆਧਾਰ ਬ੍ਰਹਮ ਬ੍ਰਹਮ ਬ੍ਰਹਮ ਵੱਡੀ ਵਡਿਆਈਆ । ਪਾਰਬ੍ਰਹਮ ਜੋਤ ਨਿਰੰਕਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਤ੍ਰੈਗੁਣ ਮੇਲਾ ਵਿਚ ਸੰਸਾਰ, ਨਾਨਕ ਨਾਉਂ ਧਰਾਈਆ । ਸ਼ਬਦੀ ਡੰਕਾ ਅਪਰ ਅਪਾਰ, ਨਾਮ ਸਤਿ ਵਜਾਈਆ । ਏਕਾ ਗਾਇਆ ਕਰਤਾ ਕਰਤਾਰ, ਦੂਸਰ ਹੋਰ ਨਾ ਕੋਇ ਵਖਾਈਆ । ਵਰਨਾਂ ਬਰਨਾਂ ਤੋੜ ਹੰਕਾਰ, ਚਾਰ ਵਰਨਾਂ ਬਖ਼ਸ਼ੇ ਸੱਚੀ ਸਰਨਾਈਆ । ਊਚਾਂ ਨੀਚਾਂ ਕਰ ਪਿਆਰ, ਰਾਓ ਰੰਕਾਂ ਏਕਾ ਧਾਮ ਬਹਾਈਆ । ਲੇਖਾ ਲਿਖਿਆ ਅਗੰਮ ਅਪਾਰ, ਹਰਿ ਹਰਿ ਮਹਿਮਾ ਸਾਚਾ ਢੋਲਾ ਆਪਣੀ ਜੇਹਵਾ ਗਾਈਆ । ਪੁਰਖ ਅਬਿਨਾਸ਼ੀ ਬਣਿਆ ਤੋਲਾ, ਤੋਲੇ ਤੋਲ ਬੇਪਰਵਾਹੀਆ । ਨਿਰਗੁਣ ਸਰਗੁਣ ਬਦਲਿਆ ਚੋਲਾ, ਭੇਵ ਕੋਇ ਨਾ ਪਾਈਆ । ਆਪੇ ਜਾਣੇ ਪਰਦਾ ਓਹਲਾ, ਕਾਇਆ ਕੱਪੜ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਨਾਦੀ ਏਕ ਬੋਲਾ, ਸੋਹੰ ਰਸਨਾ ਗਾਈਆ । ਸੋਹੰ ਗਾਇਆ ਹਰਿ ਘਰ ਪਾਇਆ, ਪਾਇਆ ਹਰਿ ਬੇਅੰਤ । ਏਕਾ ਦੂਜਾ ਭੌ ਚੁਕਾਇਆ, ਰੰਗ ਰੰਗਾਇਆ ਇਕ ਬਸੰਤ । ਨਿਜ ਨੇਤਰ ਹਰਿ ਦਰਸ਼ਨ ਪਾਇਆ, ਤੁਟਾ ਗੜ੍ਹ ਹਉਮੇ ਹੰਗਤ । ਹਰਿ ਮੰਦਰ ਹਰਿ ਵੇਸ ਵਟਾਇਆ, ਖੇਲੇ ਖੇਲ ਜੁਗਾ ਜੁਗੰਤ । ਨਾਰੀ ਪੁਰਖ ਪੁਰਖ ਨਾਰ ਆਪ ਅਖਵਾਇਆ, ਆਪ ਆਪਣੀ ਸੇਜ ਹਢੰਤ । ਆਪਣਾ ਅੰਗ ਆਪ ਕਟਾਇਆ, ਆਪੇ ਬ੍ਰਹਮਾ ਵਿਸ਼ਨੂੰ ਸ਼ਿਵ ਬਣਾਏ ਬਣਤ । ਆਪਣੀ ਜੋਤੀ ਨੂਰ ਜਗਾਇਆ, ਆਪੇ ਲੱਖ ਚੁਰਾਸੀ ਉਪਾਏ ਜੀਵ ਜੰਤ । ਜੁਗ ਜੁਗ ਆਪਣਾ ਖੇਲ ਖਲਾਇਆ, ਖੇਲੇ ਖੇਲ ਜੁਗਾ ਜੁਗੰਤ । ਨਾਨਕ ਪੁਰਖ ਅਬਿਨਾਸ਼ੀ ਦਰ ਏਕਾ ਪਾਇਆ, ਆਦਿ ਨਿਰੰਜਣ ਸ੍ਰੀ ਭਗਵੰਤ । ਹਰਿ ਭਗਵੰਤ ਪੁਰਖ ਅਥਾਹ, ਪਾਰਬ੍ਰਹਮ ਅਖਵਾਈਆ । ਲੋਕਮਾਤ ਬਣ ਮਲਾਹ, ਨਾਨਕ ਸਿਫ਼ਤ ਸਲਾਹੀਆ । ਸਾਚਾ ਮਾਰਗ ਏਕਾ ਲਾ, ਚਾਰ ਵਰਨਾਂ ਗਿਆ ਸਮਝਾਈਆ । ਕਲਜੁਗ ਜੀਵ ਕੋਈ ਜਾਣੇ ਨਾ, ਭਰਮੇ ਭੁੱਲੀ ਸਰਬ ਲੋਕਾਈਆ । ਅੰਤਮ ਲੇਖਾ ਗਿਆ ਚੁਕਾ, ਆਪਣਾ ਹੁਕਮ ਸੁਣਾਈਆ । ਕਲਜੁਗ ਲਹਿਣਾ ਰਹਿਣ ਨਾ ਪਾ, ਅੰਧ ਅੰਧੇਰਾ ਦਏ ਮਿਟਾਈਆ । ਨਿਹਕਲੰਕ ਕਲ ਜਾਮਾ ਪਾ, ਸਾਚਾ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤੀ ਦਸ ਅਵਤਾਰਾ, ਦੀਪਕ ਦੀਪਕ ਆਪ ਜਗਾਇਆ । ਘਰ ਵਿਚ ਘਰ ਕਰ ਉਜਿਆਰਾ, ਘਰ ਮੰਦਰ

ਆਪ ਸੁਹਾਇਆ । ਘਰ ਸ਼ਬਦ ਸੱਚੀ ਧੁਨਕਾਰਾ, ਘਰ ਰਾਗ ਅਨਾਦੀ ਆਪੇ ਗਾਇਆ । ਘਰ ਅੰਮ੍ਰਿਤ ਸਰ ਭਰ ਭੰਡਾਰਾ, ਸਰ ਅੰਮ੍ਰਿਤ ਆਪ ਭਰਾਇਆ । ਘਰ ਪੰਚਮ ਸਖੀਆਂ ਲਾਇਆ ਅਖਾੜਾ, ਘਰ ਪੰਚਮ ਸਖੀਆਂ ਰਾਗ ਅਲਾਇਆ । ਘਰ ਮੇਲਾ ਹਰਿ ਸਾਚਾ ਲਾੜਾ, ਸਾਚੀ ਸੇਜਾ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਨੂਰ ਕਰੇ ਰੁਸ਼ਨਾਇਆ । ਗੋਬਿੰਦ ਸੁੱਤ ਦੁਲਾਰ, ਪੁਰਖ ਅਕਾਲ ਮਨਾਇੰਦਾ । ਇਕ ਸੁਹਾਏ ਸਚ ਦਵਾਰ, ਬੰਕ ਦਵਾਰੀ ਵੇਖ ਵਖਾਇੰਦਾ । ਪੰਚਮ ਮੀਤਾ ਕਰ ਪਿਆਰ, ਪੰਚਮ ਮੋਹ ਚੁਕਾਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਸੁਹਾਇੰਦਾ । ਸਾਚੀ ਸਿਖਿਆ ਗੁਰ ਵਿਚਾਰ, ਸਿੰਘ ਰੂਪ ਆਪ ਦਰਸਾਇੰਦਾ । ਆਪ ਆਇਆ ਉਤੋਂ ਵਾਰ, ਆਪੇ ਨਿਊਂ ਨਿਊਂ ਸੀਸ ਝੁਕਾਇੰਦਾ । ਆਪੇ ਗੁਰਮੁਖਾਂ ਸੀਸ ਧਰੇ ਦਸਤਾਰ, ਸਰਤਾਜ ਆਪ ਬਣਾਇੰਦਾ । ਆਪੇ ਲੇਖਾ ਲਿਖ ਸ਼ੰਗਾਰ, ਦੇ ਮਤ ਆਪ ਸਮਝਾਈਆ । ਕਲਜੁਗ ਅੰਤਮ ਔਣਾ ਹਰਿ ਕਰਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਨਗਰੀ ਧਾਮ ਨਿਆਰ, ਹਰਿ ਜੂ ਹਰਿ ਮੰਦਰ ਡੇਰਾ ਲਾਇੰਦਾ ।ਗੋਬਿੰਦ ਮੀਤਾ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਧਾੜ ਉਠਾਇੰਦਾ । ਹੱਡ ਮਾਸ ਨਾੜੀ ਚੰਮੜੇ ਵਸਿਆ ਬਾਹਰ, ਤੱਤਵ ਤੱਤ ਨਾ ਕੋਇ ਜਣਾਇੰਦਾ । ਮਾਤ ਪਿਤ ਨਾ ਕੋਇ ਪਿਆਰ, ਭੈਣ ਭੱਯਾ ਸਾਕ ਸੱਜਣ ਸੈਣ ਸੱਯਾ, ਲੋਕਮਾਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਭਗਵਾਨਾ, ਕਲਜੁਗ ਅੰਤਮ ਪਾਈਆ । ਏਕਾ ਚਿਲਾ ਤੀਰ ਕਮਾਨਾ, ਏਕਾ ਹੱਥ ਉਠਾਈਆ । ਏਕਾ ਜੋਧਾ ਸੂਰ ਬਲੀ ਬਲਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਏਕਾ ਖੇਲੇ ਖੇਲ ਦੋ ਜਹਾਨਾਂ, ਏਕਾ ਲੋਕਮਾਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਫੋਲ ਫੁਲਾਈਆ । ਲੱਖ ਚੁਰਾਸੀ ਬਾਲ ਨਿਧਾਨਾ, ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਪੰਡਤ ਪਾਂਧੇ ਦਿਸ ਨਾ ਆਈਆ । ਅੰਜੀਲ ਕੁਰਾਨ ਨਾ ਕਿਸੇ ਪਛਾਣਾ, ਕੂਕੇ ਬਾਂਗ ਦਏ ਦੁਹਾਈਆ । ਖਾਣੀ ਬਾਣੀ ਹੋਈ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਵਡ ਵਿਦਵਾਨਾ, ਗਿਆਨ ਧਿਆਨ ਰਹੇ ਲਗਾਈਆ । ਦਿਸ ਨਾ ਆਏ ਸ੍ਰੀ ਭਗਵਾਨਾ, ਗੁਰ ਦਰ ਮੰਦਰ ਬੈਠੇ ਆਸਣ ਲਾਈਆ । ਪਾਰਬ੍ਰਹਮ ਪ੍ਰਭ ਸਦ ਮਿਹਰਵਾਨਾ, ਮਿਹਰਵਾਨ ਆਪ ਅਖਵਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨਾ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਸਰਗੁਣ ਕਰ, ਕਲਜੁਗ ਅੰਤਮ ਵੇਸ ਵਟਾਈਆ । ਨਿਹਕਲੰਕਾ ਨਾਉਂ ਨਿਰੰਕਾਰ, ਦੂਸਰ ਹੋਰ ਨਾ ਕੋਇ ਜਣਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਵੇਖ ਵਖਾਇੰਦਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਫੋਲ ਫੁਲਾਇੰਦਾ । ਵੰਡੇ ਵੰਡਾਂ ਕਿਰਪਾ ਧਾਰ, ਕਲਜੁਗ ਵੰਡ ਵੰਡਾਇੰਦਾ । ਲਹਿੰਦੀ ਦਿਸ਼ਾ ਕਰ ਖ਼ਵਾਰ, ਆਪਣਾ ਹੁਕਮ ਸੁਣਾਇੰਦਾ । ਲਾਲ ਮਹਿੰਦੀ ਰੰਗ ਅਪਾਰ, ਘਰ ਘਰ ਸਗਨ ਮਨਾਇੰਦਾ । ਅੰਜੀਲ ਕੁਰਾਨ ਇਕ ਦੂਜੇ ਦੇ ਨਾਲ ਖਹਿੰਦੀ, ਨਾ ਕੋਈ ਪਰੇ ਹਟਾਇੰਦਾ । ਆਪੇ ਜਾਣੇ ਧਾਰ ਵਹਿੰਦੀ, ਆਪੇ ਵੇਖ ਵਖਾਇੰਦਾ । ਆਪੇ ਲੇਖਾ ਜਾਣੇ ਅਮਾਮ ਮਹਿੰਦੀ, ਸਚ ਅਮਾਮ ਆਪ ਹੋ ਜਾਇੰਦਾ । ਕਾਇਨਾਤ ਰਸਨਾ ਕਹਿੰਦੀ, ਕਾਇਆ ਗੜ੍ਹ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਾਉਂ ਰਖਾਇੰਦਾ । ਨਿਹਕਲੰਕ ਜੋਤ ਚਮਤਕਾਰਾ,

੮੯੬
੦੮

ਚਾਰ ਕੁੰਟ ਦਰਸਾਈਆ । ਖੇਲੇ ਖੇਲ ਸਿਰਜਣਹਾਰਾ, ਨੌ ਖੰਡ ਵੱਜੇ ਵਧਾਈਆ । ਦੀਪ ਲੋਆਂ ਕਰੇ ਇਕ ਜੈਕਾਰਾ, ਏਕਾ ਨਾਅਰਾ ਲਾਈਆ । ਏਕਾ ਨਾਮ ਬਣ ਵਰਤਾਰਾ, ਵਰਨਾਂ ਬਰਨਾਂ ਆਪ ਵਰਤਾਈਆ । ਸਤਿ ਸਤਿਵਾਦੀ ਭਰ ਭੰਡਾਰਾ, ਘਰ ਸਾਚੇ ਆਪ ਟਿਕਾਈਆ । ਗੁਰਮੁਖਾਂ ਦੇਵੇ ਕਰ ਪਿਆਰਾ, ਗੁਰਸਿਖਾਂ ਝੋਲੀ ਆਪ ਭਰਾਈਆ । ਦੋਵੇਂ ਰੱਖੇ ਤਿਖੀਆਂ ਧਾਰਾ, ਮਨਮੁਖਾਂ ਮੁਖ ਭੁਵਾਈਆ । ਦਿਸ ਨਾ ਆਏ ਵਿਚ ਸੰਸਾਰਾ, ਗੂੜ੍ਹੀ ਨੀਂਦ ਸੁਵਾਈਆ । ਤ੍ਰੈਗੁਣ ਮਾਇਆ ਪਰਦਾ ਭਾਰਾ, ਪੰਜ ਤੱਤ ਮੁਖ ਛੁਪਾਈਆ । ਜਗਤ ਵਿਕਾਰਾ ਧੂਆਂਧਾਰਾ, ਰੈਣ ਅੰਧੇਰੀ ਛਾਈਆ । ਮੁਖ ਸ਼ਰਮਾਇਣ ਰਵ ਸਸ ਸਤਾਰਾ, ਕਾਲਖ ਟਿੱਕਾ ਦੁਰਮਤ ਲੱਗੀ ਛਾਹੀਆ । ਗੁਰਮੁਖ ਵਿਰਲਾ ਬੋਲੇ ਸੋਹੰ ਇਕ ਜੈਕਾਰਾ, ਮਿਲਿਆ ਪਾਰਬ੍ਰਹਮ ਬ੍ਰਹਮ ਸਾਚਾ ਮਾਹੀਆ । ਲੱਖ ਚੁਰਾਸੀ ਉਤਰੇ ਪਾਰਾ, ਜਮ ਕੀ ਫਾਸ ਕਟਾਈਆ । ਸ਼ੌਹ ਦਰਯਾ ਨਾ ਸੁੱਟੇ ਕੋਈ ਧਾਰਾ, ਵਹਿੰਦੇ ਵਹਿਣ ਨਾ ਕੋਇ ਵਹਾਈਆ । ਜਿਸ ਜਨ ਬਖ਼ਸ਼ੇ ਚਰਨ ਪਿਆਰਾ, ਘਰ ਸਾਚੇ ਮੇਲ ਮਿਲਾਏ ਸਹਿਜ ਸੁਭਾਈਆ । ਦੇਵੇ ਦਰਸ ਅਗੰਮ ਅਪਾਰਾ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਿਹਾ ਵਜਾਈਆ । ਏਕਾ ਡੰਕਾ ਰਾਓ ਰੰਕਾ, ਹਰਿ ਹਰਿ ਆਪ ਸੁਣਾਇੰਦਾ । ਆਪ ਸੁਹਾਏ ਸਾਚਾ ਬੰਕਾ, ਬਾਰ ਅਨਕਾ ਜੋਤ ਜਗਾਇੰਦਾ । ਸੋ ਪੁਰਖ ਨਿਰੰਜਣ ਹੱਥ ਉਠਾਏ ਏਕਾ ਧਨੁਖਾ, ਹੰ ਬ੍ਰਹਮ ਵੇਖ ਵਖਾਇੰਦਾ । ਪਰਗਟ ਹੋਇਆ ਵਾਸੀ ਪੁਰੀ ਘਨਕਾ, ਘਨਕ ਪੁਰ ਵਾਸੀ ਜੋਤ ਜਗਾਇੰਦਾ । ਜਨ ਭਗਤਾਂ ਮਾਰੇ ਏਕਾ ਤਨਕਾ, ਚਰਨ ਦਵਾਰਾ ਇਕ ਵਖਾਇੰਦਾ । ਆਪੇ ਫੇਰੇ ਮਨ ਕਾ ਮਣਕਾ, ਮਨ ਮਮਤਾ ਮੋਹ ਚੁਕਾਇੰਦਾ । ਲੇਖਾ ਜਾਣੇ ਜਨਨੀ ਜਨ ਕਾ, ਜਾਨਣਹਾਰ ਆਪ ਹੋ ਜਾਇੰਦਾ । ਨੌ ਖੰਡ ਪ੍ਰਿਥਮੀ ਕੱਢੇ ਸ਼ੰਕਾ, ਸਾਖਯਾਤ ਰੂਪ ਵਟਾਇੰਦਾ । ਏਕਾ ਨਾਅਰਾ ਏਕਾ ਡੰਕਾ, ਏਕਾ ਹਰਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੀਤਾ ਏਕਓਅੰਕਾਰ, ਆਦਿ ਜੁਗਾਦੀ ਲੈ ਅਵਤਾਰ, ਨਿਤ ਨਵਿਤ ਕਰ ਕਰ ਹਿੱਤ, ਸਾਚਾ ਮੇਲ ਮਿਲਾਇੰਦਾ । ਹਰਿ ਸਤਿਗੁਰ ਸੱਚਾ ਪਾਤਸ਼ਾਹ, ਜੁਗ ਜੁਗ ਮੇਲਣਹਾਰ । ਜਨ ਭਗਤਾਂ ਬਣ ਲੋਕਮਾਤ ਮਲਾਹ, ਬੇੜਾ ਜਾਏ ਤਾਰ । ਦੇਵੇ ਨਾਮ ਸੱਚੀ ਸਿਫ਼ਤ ਸਲਾਹ, ਰਾਮ ਨਾਮਾ ਇਕ ਉਰਧਾਰ । ਆਪ ਜਪਾਵੇ ਆਪਣਾ ਨਾਂ, ਭੇਵ ਅਭੇਦਾ ਭੇਵ ਨਿਵਾਰ । ਗੁਰਮੁਖਾਂ ਪਕੜੇ ਆਪੇ ਬਾਂਹ, ਹਰਿ ਸੱਜਣ ਮੀਤ ਮੁਰਾਰ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਧਾਮ ਨਿਆਰ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਵੇਖੇ ਹਰਿ ਕਰਤਾਰ । ਜੁਗਾ ਜੁਗੰਤਰ ਕਰੇ ਸਚ ਨਿਆਂ, ਹੱਕ ਨਬੇੜਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਕਲਕੀ ਅਵਤਾਰ । ਕਲਕੀ ਅਵਤਾਰ ਖੇਲ ਨਿਰਾਲਾ, ਆਪਣੀ ਕਲ ਵਰਤਾਇੰਦਾ । ਜਗਤ ਜੁਗਤ ਚਲਾਏ ਆਪਣੀ ਚਾਲਾ, ਭਗਤ ਭਗਤੀ ਵੇਖ ਵਖਾਇੰਦਾ । ਸਾਚਾ ਮੰਦਰ ਸਚੀ ਧਰਮਸਾਲਾ, ਗੁਰਸਿਖ ਕਾਇਆ ਘਰ ਵਖਾਇੰਦਾ । ਪਹਿਲਾਂ ਤੋੜ ਜਗਤ ਜੰਜਾਲਾ, ਦੂਜਾ ਮੋਹ ਚੁਕਾਇੰਦਾ । ਤੀਜਾ ਨੇਤਰ ਖੋਲ੍ਹ ਗੋਪਾਲਾ, ਗੋਬਿੰਦ ਮੇਲ ਮਿਲਾਇੰਦਾ । ਚੌਥੇ ਘਰ ਬਣ ਰਖਵਾਲਾ, ਚੌਥੇ ਪਦ ਸਮਾਇੰਦਾ । ਪੰਚਮ ਮੀਤਾ ਸ਼ਾਹ ਕੰਗਾਲਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਸੁਹਾਨਾ, ਸਚਖੰਡ ਡੇਰਾ ਲਾਇੰਦਾ । ਸਤਿ ਪੁਰਖ ਨਿਰੰਜਣ ਜੋਤੀ ਨੂਰ ਡਗਮਗਾਨਾ, ਜੋਤੀ ਨੂਰ ਇਕ ਰੁਸ਼ਨਾਇੰਦਾ । ਅੱਠਾਂ ਤੱਤਾਂ ਕਰ ਪਰਵਾਨਾ,

੯੦੭
੦੮

ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਮੇਲ ਮਿਲਾਇੰਦਾ । ਨੌ ਦਵਾਰੇ ਖੋਲ੍ਹ ਦੁਕਾਨਾ, ਨੌ ਖੰਡ ਫੇਰਾ ਪਾਇੰਦਾ । ਦਸਵੇਂ ਨੂਰ ਸ੍ਰੀ ਭਗਵਾਨਾ, ਨੂਰੋ ਨੂਰ ਨੂਰ ਚਮਕਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਰਾਸ ਰਚਾਇੰਦਾ । ਗੁਰਮੁਖ ਸਾਜਣ ਕਰ ਪਰਵਾਨਾ, ਆਪਣੇ ਲੜ ਬੰਧਾਇੰਦਾ । ਦੇਵੇ ਨਾਮ ਸੱਚਾ ਧਨ ਮਾਲਾ, ਸਚ ਖ਼ਜ਼ੀਨਾ ਇਕ ਭਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਹਰਿ ਭਗਤ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਧਰਾਇੰਦਾ । ਕਲਜੁਗ ਅੰਤਮ ਚਾਰ ਵਰਨਾਂ ਦੱਸੇ ਰਾਹ ਸੁਖਾਲਾ, ਸੋਹੰ ਸਾਚਾ ਜਾਪ ਜਪਾਇੰਦਾ । ਏਕਾ ਮੰਤਰ ਪਾਏ ਮਾਲਾ, ਸਾਚਾ ਕੰਠ ਸੁਹਾਇੰਦਾ । ਜਲਵਾ ਨੂਰ ਨੂਰ ਜਲਾਲਾ, ਆਪਣਾ ਆਪ ਦਰਸਾਇੰਦਾ । ਮੂਰਤ ਅਕਾਲ ਅਕਾਲ ਅਕਾਲਾ, ਅਕਲ ਕਲ ਵਰਤਾਇੰਦਾ । ਰਾਮ ਰਾਮ ਗੁਰ ਗੋਪਾਲਾ, ਹਰਿ ਹਰਿ ਵੇਸ ਵਟਾਇੰਦਾ । ਰਾਗ ਅਨਾਦੀ ਸਚ ਤਰਾਨਾ, ਧੁਨੀ ਨਾਦ ਵਜਾਇੰਦਾ । ਸਤਿ ਸਤਿਵਾਦੀ ਸਾਚਾ ਗਾਣਾ, ਏਕਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵੇਸ ਵਟਾਇੰਦਾ । ਜੋਤੀ ਜਾਮਾ ਆਦਿ ਨਿਰੰਜਣ, ਕਲਜੁਗ ਅੰਤਮ ਪਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਸਤਿਗੁਰ ਪੂਰਾ ਇਕ ਅਖਵਾਈਆ । ਗੁਰਮੁਖਾਂ ਨੇਤਰ ਨਾਮ ਪਾਏ ਅੰਜਣ, ਅੰਧ ਅੰਧੇਰ ਮਿਟਾਈਆ । ਧੁਰਦਰਗਾਹੀ ਸਾਚਾ ਸੱਜਣ, ਸਾਖਯਾਤ ਜੋਤ ਕਰੇ ਰੁਸ਼ਨਾਈਆ । ਜਿਸ ਜਨ ਚਰਨ ਧੂੜ ਕਰਾਏ ਸਾਚਾ ਮਜਨ, ਅਠਸਠ ਪੰਧ ਮੁਕਾਈਆ । ਜੁਗਾ ਜੁਗੰਤਰ ਰੱਖੇ ਲੱਜਣ, ਸਿਰ ਆਪਣਾ ਹੱਥ ਟਿਕਾਈਆ । ਅਨਹਦ ਤਾਲ ਨਗਾਰੇ ਵੱਜਣ, ਧੁਨ ਆਤਮਕ ਆਪ ਸੁਣਾਈਆ । ਜੋ ਘੜੇ ਸੋ ਸਰਬ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਨਰ ਨਰੇਸ਼ ਦਰ ਦਰਵੇਸ਼ ਖੇਲੇ ਖੇਲ ਦੇਸ ਮਾਝਨ, ਵਡ ਦਾਤਾ ਬੇਪਰਵਾਹੀਆ । ਆਪ ਚਲਾਏ ਕਲਜੁਗ ਤੇਰਾ ਕੂੜ ਜਹਾਜ਼ਨ, ਰਥ ਰਥਵਾਹੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਦੇਵੇ ਜੀਆ ਦਾਨ, ਆਦਿ ਬ੍ਰਹਮ ਜੁਗਾਦਿ ਬ੍ਰਹਮ ਮਧ ਬ੍ਰਹਮ ਪਾਰਬ੍ਰਹਮ ਆਪ ਅਖਵਾਈਆ । ਆਦਿ ਗੁਰ ਨਮੋ ਦੇਵਾ, ਪਰਮ ਪੁਰਖ ਅਬਿਨਾਸ਼ਿਆ । ਅਬਿਨਾਸ਼ੀ ਕਰਤਾ ਅਲੱਖ ਅਭੇਵਾ, ਖੇਲੇ ਖੇਲ ਖੇਲ ਤਮਾਸ਼ਿਆ । ਸਰਬ ਗੁਣਵੰਤਾ ਨਿਹਕੇਵਾ, ਸਰਬ ਜੋਤ ਨੂਰ ਪਰਕਾਸ਼ਿਆ । ਆਪੇ ਕਰੇ ਕਰਾਏ ਆਪਣੀ ਸੇਵਾ, ਆਪੇ ਘਟ ਘਟ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਸਾਚਾ ਮੇਵਾ, ਕਿਸੇ ਹੱਥ ਨਾ ਆਏ ਪ੍ਰਿਥਮੀ ਅਕਾਸ਼ਿਆ ।

## ✪ ੧੯ ਸਾਵਣ ੨੦੧੬ ਬਿਕ੍ਰਮੀ ਬਲੀ ਸਿੰਘ ਦੇ ਘਰ ਦਇਆ ਹੋਈ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ✪

ਇਕ ਇਕੱਲਾ ਏਕਓਅੰਕਾਰ, ਆਦਿ ਜੁਗਾਦਿ ਸਮਾਇਆ । ਜੋਤੀ ਨੂਰ ਨੂਰ ਉਜਿਆਰ, ਪਾਰਬ੍ਰਹਮ ਨਾਉਂ ਰਖਾਇਆ । ਮੂਰਤ ਅਕਾਲ ਭੇਵ ਨਿਆਰ, ਦੀਨ ਦਿਆਲ ਦਿਸ ਨਾ ਆਇਆ । ਆਦਿ ਨਿਰੰਜਣ ਖੇਲ ਅਪਾਰ, ਆਦਿ ਸ਼ਕਤ ਵੇਸ ਵਟਾਇਆ । ਬੇਐਬ ਨੂਰ ਇਲਾਹੀ ਪਰਵਰਦਿਗਾਰ, ਨੂਰੋ ਨੂਰ ਡਗਮਗਾਇਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਕਰਤਾ ਆਪ ਕਰਾਇਆ । ਖੇਲੇ ਖੇਲ ਅਗੰਮ ਅਪਾਰ, ਅਲੱਖ

ਨਿਰੰਜਣ ਭੇਵ ਨਾ ਰਾਇਆ । ਸਚਖੰਡ ਦੁਵਾਰਾ ਸੋਹੇ ਬੰਕ ਦਵਾਰ, ਥਿਰ ਘਰ ਬੈਠਾ ਆਸਣ ਲਾਇਆ । ਸ਼ਾਹੋ ਭੂਪ ਹਰਿ ਵੱਡਾ ਸਿਕਦਾਰ, ਰਾਜ ਰਾਜਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਹਰਿ ਨਿਰੰਕਾਰ, ਅਬਿਨਾਸ਼ੀ ਕਰਤਾ ਵੇਸ ਵਟਾਇਆ । ਅਬਿਨਾਸ਼ੀ ਕਰਤਾ ਇਕ ਇਕੱਲਾ, ਏਕਾ ਰੰਗ ਸਮਾਇੰਦਾ । ਉਚ ਅਗੰਮ ਅਥਾਹ ਬੇਪਰਵਾਹ ਆਪੇ ਵਸੇ ਸਚ ਮਹੱਲਾ, ਘਰ ਸਾਚੇ ਆਸਣ ਲਾਇੰਦਾ । ਆਪਣੇ ਦੀਪਕ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਆਪੇ ਫੜਿਆ ਆਪਣਾ ਪੱਲਾ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਪੁਰਖ ਅਕਾਲਾ ਨਿਰਗੁਣ ਰੂਪ ਸ਼ਾਹੋ ਭੂਪ, ਸਤਿ ਸਰੂਪ ਆਪ ਅਖਵਾਇੰਦਾ । ਸਤਿ ਸਰੂਪ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਆਪ ਬਣਾਏ ਆਪਣੀ ਬਣਤ, ਆਪ ਆਪਣੀ ਰਚਨ ਰਚਾਇੰਦਾ । ਆਪੇ ਨਾਰੀ ਆਪੇ ਕੰਤ, ਆਪੇ ਸੇਜ ਹੰਢਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਕਾਰ ਨਿਰਗੁਣ ਧਾਰਾ, ਏਕਓਅੰਕਾਰ ਰੂਪ ਵਟਾਇੰਦਾ । ਏਕਓਅੰਕਾਰਾ ਪੁਰਖ ਅਬਿਨਾਸ਼ਾ, ਇਕ ਇਕੱਲਾ ਜੋਤ ਜਗਾਈਆ । ਆਦਿ ਜੁਗਾਦੀ ਖੇਲ ਤਮਾਸ਼ਾ, ਜੁਗ ਜੁਗ ਵੇਖ ਵਖਾਈਆ । ਆਪਣੇ ਮੰਦਰ ਪਾਵੇ ਰਾਸਾ, ਥਿਰ ਘਰ ਬੈਠਾ ਬੇਪਰਵਾਹੀਆ । ਨਾ ਕੋਈ ਪ੍ਰਿਥਮੀ ਨਾ ਅਕਾਸ਼ਾ, ਗਗਨ ਮੰਡਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਰ, ਅਗੰਮ ਅਗੰਮੜੀ ਕਾਰ ਕਰਾਈਆ । ਪੁਰਖ ਅਗੰਮੜਾ ਆਦਿ ਨਿਰੰਜਣ, ਏਕਾ ਏਕ ਅਖਵਾਇੰਦਾ । ਦੋ ਜਹਾਨਾਂ ਸਾਚਾ ਸੱਜਣ, ਘਰ ਸਾਚੇ ਸੋਭਾ ਪਾਇੰਦਾ । ਆਪਣੀ ਧੂੜ ਆਪੇ


੮੯੯
੦੮

ਕਰੇ ਮਜਨ, ਆਪਣੇ ਸਰ ਸਰੋਵਰ ਆਪੇ ਨੁਹਾਇੰਦਾ । ਆਪੇ ਬਣਿਆ ਸਾਕ ਸੱਜਣ, ਆਪੇ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਸੁਹਾਇੰਦਾ । ਘਰ ਸੁਹੰਜਣਾ ਪੁਰਖ ਬਿਧਾਤ, ਏਕਾ ਏਕ ਸੁਹਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਨਾ ਕੋਈ ਸੰਧਿਆ ਨਾ ਪਰਭਾਤ, ਵੇਲਾ ਵਕਤ ਨਾ ਕੋਇ ਵਖਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਨਾ ਕੋਈ ਸਰ ਸਰੋਵਰ ਮਾਰੇ ਠਾਠ, ਤੱਟ ਤੀਰਥ ਨਾ ਕੋਈ ਵਖਾਇੰਦਾ । ਨਾ ਕੋਈ ਚੌਦਾਂ ਲੋਕ ਦੱਸੇ ਹਾਟ, ਲੋਆਂ ਪੁਰੀਆਂ ਨਾ ਬਣਤ ਬਣਾਇੰਦਾ । ਬ੍ਰਹਮਾ ਵਿਸ਼ਨ ਨਾ ਸੁੱਤਾ ਆਪਣੀ ਖਾਟ, ਸ਼ੰਕਰ ਸਾਂਗੋ ਪਾਂਗ ਨਾ ਸੇਜ ਹੰਢਾਇੰਦਾ । ਨਾ ਕੋਈ ਤ੍ਰੈਗੁਣ ਮਾਇਆ ਉਤਰੇ ਘਾਟ, ਪੰਜ ਤੱਤ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਨਾ ਨਾਤਾ ਆਨ ਬਾਟ, ਰਕਤ ਬੂੰਦ ਨਾ ਕੋਇ ਸੁਹਾਇੰਦਾ । ਅਬਿਨਾਸ਼ੀ ਕਰਤਾ ਏਕਓਅੰਕਾਰ ਖੇਲੇ ਖੇਲ ਬਾਜ਼ੀਗਰ ਨਾਟ, ਆਦਿ ਜੁਗਾਦਿ ਸਵਾਂਗੀ ਸਵਾਂਗ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸੇ ਸਾਚੇ ਘਰ, ਨਿਰਾਕਾਰ ਨਿਰਾਧਾਰ ਏਕਾ ਨੂਰ ਰਹਾਇੰਦਾ । ਨੂਰ ਨੁਰਾਨਾ ਜੋਤ ਨਿਰੰਕਾਰਾ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਵਸੇ ਇਕ ਦਵਾਰਾ, ਦੂਸਰ ਦਰ ਨਾ ਕੋਇ ਵਖਾਇੰਦਾ । ਨਾ ਕੋਈ ਦਿਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸ਼ਾਹੋ ਭੂਪ ਵੱਡਾ ਸਿਕਦਾਰਾ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਪੁਰਖ ਅਬਿਨਾਸ਼ਣ ਸਚ ਸਿੰਘਾਸਣ ਖੇਲੇ ਖੇਲ ਅਪਾਰਾ, ਏਕਾ ਹੁਕਮੀ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਆਪਣਾ ਵਰ, ਆਪੇ ਝੋਲੀ ਪਾਇੰਦਾ । ਆਪੇ ਦਾਤਾ ਹਰਿ ਭੰਡਾਰੀ, ਆਪੇ

ਝੋਲੀ ਡਾਹਿੰਦਾ । ਆਪੇ ਵਣਜ ਕਰੇ ਵਣਜਾਰੀ, ਆਪੇ ਖੇਲ ਖਲਾਇੰਦਾ । ਆਪੇ ਨਾਰੀ ਕੰਤ ਭਤਾਰੀ, ਕੰਤ ਕੰਤੂਹਲ ਆਪ ਅਖਵਾਇੰਦਾ । ਕਰ ਪਿਆਰੀ, ਥਿਰ ਘਰ ਸਾਚੇ ਆਸਣ ਲਾਇੰਦਾ । ਖੇਲੇ ਖੇਲ ਅਗੰਮ ਅਪਾਰੀ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਸਾਚਾ ਸ਼ਬਦ ਸੁੱਤ ਦੁਲਾਰੀ, ਆਪਣੇ ਘਰ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਵੰਤਾ ਸ੍ਰੀ ਭਗਵਾਨ, ਏਕਾ ਰੰਗ ਸਮਾਇੰਦਾ । ਏਕਾ ਰੰਗ ਸ੍ਰੀ ਭਗਵਾਨ, ਆਦਿ ਜੁਗਾਦਿ ਰਖਾਇਆ । ਵਸਣਹਾਰਾ ਸਚ ਮਕਾਨ, ਥਿਰ ਘਰ ਬੈਠਾ ਆਸਣ ਲਾਇਆ । ਜੋਧਾ ਸੂਰ ਬਲੀ ਬਲਵਾਨ, ਇਕ ਇਕੱਲਾ ਆਪ ਅਖਵਾਇਆ । ਨਾ ਕੋਈ ਦੀਸੇ ਹੋਰ ਨਿਸ਼ਾਨ, ਨਾ ਕੋਈ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਰਦੰਗ ਆਪਣਾ ਆਪ ਵਜਾਇਆ । ਸਾਚਾ ਮਰਦੰਗ ਨਾਮ ਢੋਲ, ਥਿਰ ਘਰ ਸਾਚੇ ਆਪ ਵਜਾਇੰਦਾ । ਪੁਰਖ ਅਗੰਮਾ ਆਪੇ ਬੋਲ, ਆਪਣੀ ਅਲੱਖ ਜਗਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਆਪੇ ਮੁਖ ਵਖਾਇੰਦਾ । ਆਪਣੇ ਅੰਦਰ ਜਾਏ ਮੌਲ, ਆਪੇ ਫੁੱਲ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਏਕਾ ਦਰ, ਸਾਚਾ ਸ਼ਬਦ ਸੁਹਾਇੰਦਾ । ਸ਼ਬਦ ਸੱਚਾ ਹਰਿ ਮਿਹਰਵਾਨ, ਆਪਣੇ ਅੰਕ ਲਗਾਈਆ । ਦਾਤਾ ਦਾਨੀ ਦੇਵੇ ਦਾਨ, ਏਕਾ ਵਸਤ ਝੋਲੀ ਪਾਈਆ । ਪੁਰਖ ਅਕਾਲਾ ਧੁਰ ਫ਼ਰਮਾਣ, ਦੀਨ ਦਿਆਲਾ ਰਿਹਾ ਸੁਣਾਈਆ । ਲੋਆਂ ਪੁਰੀਆਂ ਇਕ ਮਕਾਨ, ਸਾਚੀ ਰਚਨ ਰਚਾਈਆ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਆਪ ਆਪਣਾ ਨੈਣ ਖੁਲ੍ਹਾਈਆ । ਪਾਵੇ ਵੰਡ ਦੋ ਜਹਾਨ, ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਡੋਰੀ ਸਾਚਾ ਤੰਦ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬੰਧਨ ਪਾਈਆ । ਸ਼ਬਦ ਡੋਰੀ ਹਰਿ ਸਹਾਰਾ, ਤੰਦਨ ਤੰਦ ਬੰਧਾਇਆ । ਨਿਰਗੁਣ ਖੇਲ ਅਗੰਮ ਅਪਾਰਾ, ਆਪਣਾ ਵੇਖ ਵਖਾਇਆ । ਆਪੇ ਬੰਨ੍ਹੇ ਆਪਣੀ ਧਾਰਾ, ਆਪਣਾ ਨਾਉਂ ਧਰਾਇਆ । ਵਿਸ਼ਨੂੰ ਵੰਸੀ ਹੋ ਉਜਿਆਰਾ, ਵਿਸ਼ਵ ਰੂਪ ਸਮਾਇਆ । ਅੰਮ੍ਰਿਤ ਭਰਿਆ ਠੰਡਾ ਠਾਰਾ, ਕਵਲਾ ਫੁਲ ਖਿਲਾਇਆ । ਆਪੇ ਅੰਦਰ ਆਪੇ ਬਾਹਰਾ, ਆਪੇ ਨਾਭੀ ਮੁਖ ਭਵਾਇਆ । ਆਪੇ ਪ੍ਰਗਟ ਹੋਇਆ ਅਪਰ ਅਪਾਰਾ, ਬ੍ਰਹਮ ਪਾਰਬ੍ਰਹਮ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਵਡ ਵਡਿਆਇਆ । ਸੋ ਪੁਰਖ ਨਿਰੰਜਣ ਦਾਤਾ ਹਰਿ ਭਗਵੰਤ, ਗੁਣ ਅਵਗੁਣ ਨਾ ਕੋਇ ਜਣਾਈਆ । ਆਪੇ ਆਦਿ ਆਪੇ ਅੰਤ, ਆਪੇ ਮਧ ਸਮਾਈਆ । ਆਪੇ ਜਾਣੇ ਆਪਣੀ ਬਣਤ, ਦੂਸਰ ਦਿਸ ਕਿਸੇ ਨਾ ਆਈਆ । ਆਪੇ ਲੇਖਾ ਜਾਣੇ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਆਪਣਾ ਦਿਤਾ ਆਪੇ ਦਾਨ, ਪਾਰਬ੍ਰਹਮ ਖੇਲ ਮਹਾਨ, ਬ੍ਰਹਮ ਰੂਪ ਆਪ ਅਖਵਾਈਆ । ਬ੍ਰਹਮ ਬ੍ਰਹਮ ਬ੍ਰਹਮ ਹਰਿ ਪਸਾਰਾ, ਆਪਣਾ ਖੇਲ ਖਲਾਇੰਦਾ । ਆਪਣੀ ਜੋਤੀ ਹੋ ਉਜਿਆਰਾ, ਆਪੇ ਡਗਮਗਾਇੰਦਾ । ਆਪਣਾ ਸ਼ਬਦ ਸਚ ਧੁਨਕਾਰਾ, ਸਾਚਾ ਰਾਗ ਸੁਣਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਆਪੇ ਹੱਟ ਖੁਲ੍ਹਾਇੰਦਾ । ਆਪੇ ਬੋਲ ਸਚ ਜੈਕਾਰਾ, ਆਪਣਾ ਨਾਉਂ ਉਪਜਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹੰ ਬ੍ਰਹਮ ਵੇਖ ਵਖਾਇੰਦਾ । ਆਦਿ ਰੂਪ ਖੇਲ ਨਿਆਰਾ, ਨਿਰਗੁਣ ਨਿਰਗੁਣ ਅੰਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਮੂਰਤ ਮੂਰਤ ਅਕਾਲ, ਅਕਲ ਕਲਾ ਅਖਵਾਇੰਦਾ । ਅਕਲ ਕਲ ਧਾਰੀ ਹਰਿ ਨਿਰੰਕਾਰੀ, ਏਕਾ

ਏਕ ਵੱਡੀ ਵਡਿਆਈਆ । ਜੂਨੀ ਰਹਿਤ ਖੇਲ ਅਪਾਰੀ, ਆਪਣੀ ਰਚਨ ਰਚਾਈਆ । ਨਿਰਗੁਣ ਸਰਗੁਣ ਬਣ ਅਧਾਰੀ, ਸਾਖਯਾਤ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਭਰ ਭੰਡਾਰੀ, ਸ਼ਿਵ ਸ਼ੰਕਰ ਵੇਖ ਵਖਾਈਆ । ਆਪੇ ਵਸੇ ਤਿੰਨਾਂ ਗੁਣਾਂ ਬਾਹਰੀ, ਤੱਤਵ ਤੱਤ ਨਾ ਕੋਇ ਰਖਾਈਆ । ਪੰਚਮ ਧਰ ਸੱਚੀ ਸਿਕਦਾਰੀ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰੀ ਕੁੜਮਾਈਆ । ਲੱਖ ਚੁਰਾਸੀ ਖੇਲ ਅਪਾਰੀ, ਹਰਿ ਸਾਚੀ ਰਚਨ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰੀ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਨਿਰਾਕਾਰ ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ, ਸਰਗੁਣ ਅੰਦਰ ਬੈਠਾ ਡੇਰਾ ਲਾਈਆ । ਨਿਰਗੁਣ ਸਰਗੁਣ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਸਾਚੀ ਖੇਲ ਖਿਲਾਈਆ । ਪੰਜ ਤੱਤ ਕਰ ਪਿਆਰ, ਨੌ ਦਰ ਖੋਜ ਖੁਜਾਈਆ । ਡੂੰਘੀ ਭਵਰੀ ਪਾਏ ਸਾਰ, ਕਾਇਆ ਕਵਰੀ ਵੇਖ ਵਖਾਈਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਸੇਵ ਕਮਾਈਆ । ਅਨਹਦ ਸ਼ਬਦ ਸੱਚੀ ਧੁਨਕਾਰ, ਸਾਚਾ ਢੋਲਾ ਆਪਣਾ ਆਪ ਸੁਣਾਈਆ । ਪੰਚਮ ਮੀਤਾ ਕਰ ਪਿਆਰ, ਪੰਚਮ ਮੇਲਾ ਸਹਿਜ ਸੁਭਾਈਆ । ਬੰਦ ਤਾਕੀ ਖੋਲ੍ਹ ਕਿਵਾੜ, ਆਪਣਾ ਦਰ ਖੁਲ੍ਹਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਸਰ ਸਰੋਵਰ ਇਕ ਵਖਾਈਆ । ਕਾਗੋਂ ਹੰਸ ਕਰੇ ਕਰਤਾਰ, ਸੁਰਤੀ ਸ਼ਬਦੀ ਮੇਲ ਮਿਲਾਈਆ । ਸ਼ਬਦ ਮੀਤਾ ਏਕਓਅੰਕਾਰ, ਆਪਣਾ ਰਾਗ ਅਲਾਈਆ । ਆਪੇ ਵਸਿਆ ਰਹੇ ਅਤੀਤਾ, ਪਤਿਤ ਪੁਨੀਤਾ ਬੇਪਰਵਾਹੀਆ । ਠਾਂਡਾ ਸੀਤਾ ਬੇਐਬ ਪਰਵਰਦਿਗਾਰ, ਨਾ ਮਰੇ ਨਾ ਜਾਈਆ । ਹਸਤ ਕੀਟਾ ਲਏ ਉਧਾਰ, ਆਪ ਆਪਣੀ ਦਇਆ ਕਮਾਈਆ । ਅਨਡੀਠਾ ਖੇਲ ਕਰੇ ਵਿਚ ਸੰਸਾਰ, ਵੇਦ ਕਤੇਬ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਈਆ । ਜੁਗਾ ਜੁਗੰਤਰ ਹਰਿ ਹਰਿ ਵੇਸਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਖੇਲੇ ਖੇਲ ਨਰ ਨਰੇਸ਼ਾ, ਨਰ ਨਰਾਇਣ ਨਾਉਂ ਧਰਾਇੰਦਾ । ਨਾ ਕੋਈ ਮੁੱਛ ਦਾੜ੍ਹੀ ਦਿਸੇ ਕੇਸਾ, ਮੂੰਡ ਮੁੰਡਾਇਆ ਨਾ ਰੰਗ ਵਖਾਇੰਦਾ । ਆਦਿ ਜੁਗਾਦਿ ਰਹੇ ਹਮੇਸ਼ਾ, ਥਿਰ ਘਰ ਬੈਠਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਨਾਉਂ ਰੱਖ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖ ਸਾਜਣ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਜਨ ਭਗਤਾਂ ਦਰਸ਼ਨ ਦੇਵੇ ਅਗੰਮ ਅਪਾਰ, ਸਵਛ ਸਰੂਪੀ ਰੂਪ ਵਟਾਈਆ । ਹਰਿਜਨ ਸਾਚੇ ਲਾਏ ਪਾਰ, ਏਕਾ ਨੱਯਾ ਨਾਮ ਚੜ੍ਹਾਈਆ । ਫੜ ਫੜ ਬਾਹੋਂ ਜਾਏ ਤਾਰ, ਸਤਿਗੁਰ ਪੂਰਾ ਵਡ ਵਡਿਆਈਆ । ਸੰਤ ਸੁਹੇਲੇ ਕਰ ਉਜਿਆਰ, ਲੋਕਮਾਤ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਈਆ । ਪਾਰਬ੍ਰਹਮ ਅਲੱਖ ਅਲੱਖਣਾ, ਲੇਖਾ ਲੇਖ ਨਾ ਕੋਇ ਜਣਾਈਆ । ਲੋਕਮਾਤ ਹੋ ਪਰਤਖਣਾ, ਪਰਤੱਖ ਰੂਪ ਆਪ ਵਟਾਈਆ । ਖੇਲੇ ਖੇਲ ਪੁਰਖ ਸਮਰਥਨਾ, ਸਮਰਥ ਪੁਰਖ ਵੱਡੀ ਵਡਿਆਈਆ । ਜੁਗ ਜੁਗ ਚਲਾਏ ਆਪਣਾ ਰਥਨਾ, ਰਥ ਰਥਵਾਹੀ ਆਪ ਅਖਵਾਈਆ । ਆਪਣੀ ਮਹਿਮਾ ਜਾਣੇ ਅਕੱਥਨਾ, ਕਥਨੀ ਕਥ ਨਾ ਸਕੇ ਰਾਈਆ । ਆਪੇ ਸੁਣਾਏ ਆਪਣੀ ਗਥਨਾ, ਆਪਣ ਮੰਤਰ ਨਾਮ ਪੜ੍ਹਾਈਆ । ਆਪੇ ਜਾਣੇ ਆਪਣੀ ਪੂਜਾ ਪਾਠਨਾ, ਆਪੇ ਕਰੇ ਪੜ੍ਹਾਈਆ । ਆਪੇ ਵੇਖੇ ਚੌਦਾਂ ਲੋਕ ਹਾਟਨਾ, ਆਪੇ ਹੱਟੋ ਹੱਟ ਵਿਕਾਈਆ । ਆਪੇ ਖੇਲੇ ਖੇਲ

ਤੀਰਥ ਤਾਟਣਾ, ਆਪੇ ਅਠਸਠ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਸ਼ਬਦ ਬ੍ਰਿਹਮਾਦੀ ਏਕਾ ਰਾਗ ਸੁਣਾਈਆ । ਏਕਾ ਰਾਗ ਇਕ ਤਰਾਨਾ, ਏਕਾ ਹਰਿ ਉਪਜਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਨਾਉਂ ਧਰਾਇੰਦਾ । ਸਤਿਜੁਗ ਸਾਚਾ ਵੇਸ ਵਟਾਣਾ, ਵੇਸ ਅਨੇਕਾ ਆਪ ਕਰਾਇੰਦਾ । ਤ੍ਰੇਤਾ ਤ੍ਰੀਆ ਨਾਮ ਵਖਾਣਾ, ਰਾਮ ਰਾਮਾ ਡੰਕ ਵਜਾਇੰਦਾ । ਦੁਆਪਰ ਮੀਤਾ ਸ੍ਰੀ ਭਗਵਾਨਾ, ਕਾਹਨਾ ਕੰਸਾ ਮੇਟ ਮਿਟਾਇੰਦਾ । ਕਲਜੁਗ ਖੇਲੇ ਖੇਲ ਮਹਾਨਾ, ਈਸਾ ਮੂਸਾ ਜੋਤ ਜਗਾਇੰਦਾ । ਜੋਤੀ ਨੂਰ ਕਰ ਪਰਧਾਨਾ, ਸਾਚਾ ਸੰਗ ਨਿਭਾਇੰਦਾ । ਸੰਗ ਮੁਹੰਮਦ ਹੋ ਪਰਧਾਨਾ, ਆਪਣਾ ਡੰਕ ਵਜਾਇੰਦਾ । ਚਾਰ ਯਾਰੀ ਹਰਿ ਮਿਹਰਵਾਨਾ, ਏਕਾ ਕਲਮਾ ਨਬੀ ਪੜ੍ਹਾਇੰਦਾ । ਪੀਰ ਦਸਤਗੀਰ ਆਪ ਅਖਵਾਣਾ, ਸ਼ਾਹ ਹਕੀਰ ਨਾਉਂ ਧਰਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਗਾਇਣ ਗਾਣਾ, ਏਕਾ ਨਾਅਰਾ ਹੂ ਹੂ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦਿ ਸ਼ਬਦ ਬ੍ਰਿਹਮਾਦ ਆਪਣਾ ਆਪ ਸੁਣਾਇੰਦਾ । ਸਾਚਾ ਸ਼ਬਦ ਹਰਿ ਬਲਵਾਨ, ਆਦਿ ਜੁਗਾਦਿ ਉਠਾਈਆ । ਜੁਗ ਜੁਗ ਵੇਖੇ ਮਾਰ ਧਿਆਨ, ਲੋਕਮਾਤ ਲਏ ਅੰਗੜਾਈਆ । ਲੱਖ ਚੁਰਾਸੀ ਕਰ ਪਛਾਣ, ਅੰਦਰ ਮੰਦਰ ਖੋਜ ਖੁਜਾਈਆ । ਵਸਣਹਾਰਾ ਪੰਜ ਤੱਤ ਮਕਾਨ, ਨਿਰਭੈ ਨਾਉਂ ਰਖਾਈਆ । ਅਕਾਲ ਮੂਰਤ ਖੇਲ ਮਹਾਨ, ਜੂਨੀ ਰਹਿਤ ਵੱਡੀ ਵਡਿਆਈਆ । ਦੇਵਣਹਾਰਾ ਧੁਰ ਫ਼ਰਮਾਣ, ਅਨਹਦ ਸ਼ਬਦ ਕਰੇ ਕੁੜਮਾਈਆ । ਸਾਚਾ ਮੀਤਾ ਦੋ ਜਹਾਨ, ਏਕਓਅੰਕਾਰਾ ਇਕ ਅਖਵਾਈਆ । ਅੱਲਾ ਰਾਣੀ ਵੇਖੇ ਮਾਰ ਧਿਆਨ, ਨੂਰੋ ਨੂਰ ਡਗਮਗਾਈਆ । ਏਕਾ ਕਲਮਾ ਤੀਸ ਬਤੀਸਾ ਆਪੇ ਗਾਈਆ । ਆਪੇ ਦਾਤਾ ਸ਼ਾਹ ਸੁਲਤਾਨ, ਹੱਕ ਹਕੀਕਤ ਵੇਖ ਵਖਾਈਆ । ਵਸਣਹਾਰਾ ਉਚ ਮਕਾਨ, ਏਕਾ ਕਾਅਬਾ ਰਿਹਾ ਸੁਹਾਈਆ । ਮੁਕਾਮੇ ਹੱਕ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਚਲਾਈਆ । ਜੁਗ ਜੁਗ ਆਪਣਾ ਨਾਮ ਧਰਾਏ, ਹਰਿ ਵਡ ਵੱਡੀ ਵਡਿਆਈਆ । ਆਪਣੀ ਰਸਨਾ ਆਪਣੀ ਜੇਹਵਾ ਆਪਣੀ ਮਣੀਆ ਮੰਤ ਬਣਾਏ, ਆਪੇ ਕਰੇ ਪੜ੍ਹਾਈਆ । ਆਪੇ ਜੀਵ ਆਪੇ ਜੰਤ, ਆਪੇ ਸਾਧ ਆਪੇ ਸੰਤ, ਆਪੇ ਸਤਿਗੁਰ ਨਾਉਂ ਧਰਾਈਆ । ਆਪੇ ਖੇਲੇ ਖੇਲ ਸ੍ਰੀ ਭਗਵੰਤ, ਜੁਗਾ ਜੁਗੰਤ ਜੁਗ ਦਾਤਾ ਬੇਪਰਵਾਹੀਆ । ਆਪੇ ਤੋੜੇ ਗੜ੍ਹ ਹਉਮੇ ਹੰਗਤ, ਗੜ੍ਹ ਹੰਕਾਰੀ ਰਹਿਣ ਨਾ ਪਾਈਆ । ਆਪੇ ਗ਼ਰੀਬ ਨਿਮਾਣੇ ਲਾਏ ਅੰਗ, ਆਪ ਆਪਣੀ ਗੋਦ ਉਠਾਈਆ । ਆਪੇ ਦਾਤਾ ਸੂਰਾ ਸਰਬੰਗ, ਸਰਬ ਗੁਣ ਆਪ ਹੋ ਜਾਈਆ । ਆਪ ਵਜਾਏ ਸਤਿ ਮਰਦੰਗ, ਘਰ ਸਾਚੇ ਵੱਜੀ ਵਧਾਈਆ । ਆਪਣੀ ਭਿਛਿਆ ਆਪੇ ਮੰਗ, ਆਪਣੀ ਝੋਲੀ ਪਾਈਆ । ਸਚ ਦਵਾਰਾ ਬੈਠਾ ਲੰਘ, ਸਚਖੰਡ ਏਕਾ ਏਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਏਕਓਅੰਕਾਰਿਆ । ਵਸਣਹਾਰਾ ਸਚਖੰਡ ਦਵਾਰਾ, ਖੇਲੇ ਖੇਲ ਸਿਰਜਣਹਾਰਿਆ । ਪੰਜ ਤੱਤ ਤੱਤ ਵਿਹਾਰਾ, ਤੱਤਵ ਤੱਤ ਨਾ ਕੋਇ ਬਣਾ ਰਿਹਾ । ਨਿਰਗੁਣ ਸਰਗੁਣ ਕਰੇ ਪਿਆਰਾ, ਸਾਚਾ ਸੰਗਮ ਇਕ ਰਖਾ ਲਿਆ । ਮਾਤ ਗਰਭ ਤੋਂ ਆਇਆ ਬਾਹਰਾ, ਬ੍ਰਹਮ ਪਾਰਬ੍ਰਹਮ ਮਿਲਾ ਲਿਆ । ਪਾਰਬ੍ਰਹਮ ਬ੍ਰਹਮ ਏਕਾ ਧਾਰਾ, ਏਕਾ ਰੂਪ ਵਟਾ ਲਿਆ । ਨਾਨਕ ਮਿਲਿਆ ਹਰਿ ਕਰਤਾਰਾ, ਹਰਿ ਸਾਚਾ ਸੱਜਣ ਵੇਖ ਵਿਖਾ ਲਿਆ । ਏਕਾ ਭਰਿਆ ਨਾਮ ਸਤਿ ਭੰਡਾਰਾ, ਚਾਰ ਵਰਨਾਂ ਆਪ ਵਰਤਾ ਰਿਹਾ । ਊਚਾਂ ਨੀਚਾਂ ਏਕਾ ਦਵਾਰਾ, ਏਕਾ ਰੰਗ

ਰੰਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾ ਲਿਆ । ਆਪਣਾ ਨਾਨਕ ਨਾਉਂ ਰੱਖ, ਆਪੇ ਖੇਲ ਖਿਲਾਈਆ । ਆਪੇ ਅੰਗਦ ਹੋ ਪਰਤੱਖ, ਅਮਰਦਾਸੇ ਗਿਆ ਸਮਾਈਆ । ਆਪੇ ਰਾਮ ਦਾਸ ਅਲੱਖਣਾ ਅਲੱਖ, ਆਪੇ ਅਰਜਨ ਅਗਾਧ ਬੋਧ ਜਣਾਈਆ । ਆਪੇ ਗੁਰੂ ਗ੍ਰੰਥ ਗੁਰੂ ਗੁਰ ਰਚ, ਗੁਰ ਇਸ਼ਟ ਦੇਵ ਇਕ ਜਣਾਈਆ । ਆਪੇ ਹਰਿਗੋਬਿੰਦ ਰੱਖੇ ਪਤ, ਪੀਰ ਪੀਰਾਂ ਵਡ ਵਡਿਆਈਆ । ਹਰਿਰਾਏ ਨਿਭਾਇਆ ਸਾਚਾ ਸਤਿ, ਹਰਿਕ੍ਰਿਸ਼ਨ ਵੱਡੀ ਵਡਿਆਈਆ । ਗੁਰ ਤੇਗ ਬਹਾਦਰ ਲੇਖਾ ਲੇਖ ਨਾ ਸਕੇ ਕੋਈ ਲਿਖ, ਲੇਖਾ ਲਿਖਣ ਵਿਚ ਨਾ ਆਈਆ । ਦਾਤਾ ਦਾਨੀ ਦਸ ਦਸਮੇਸ਼, ਪੁਰਖ ਅਕਾਲ ਇਕ ਮਨਾਈਆ । ਸੁੱਤ ਦੁਲਾਰਾ ਰਿਹਾ ਵੇਖ, ਪਾਰਬ੍ਰਹਮ ਵੱਡੀ ਵਡਿਆਈਆ । ਨਿਰਗੁਣ ਧਾਰਾ ਕਰ ਪਰਵੇਸ਼, ਜੋਤੀ ਜੋਤ ਡਗਮਗਾਈਆ । ਸ਼ਬਦ ਸੁਨੇਹੜਾ ਸਚ ਸੰਦੇਸ਼, ਕਲਜੁਗ ਅੰਤਮ ਰਿਹਾ ਸੁਣਾਈਆ । ਲੇਖਾ ਚੁੱਕੇ ਬ੍ਰਹਮਾ ਵਿਸ਼ਨ ਗਣੇਸ਼, ਦਰ ਦਰਵੇਸ਼ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਮੰਗਣ ਭਿੱਖ, ਦੇਵਣਹਾਰਾ ਇਕ ਅਖਵਾਈਆ । ਕਰੋੜ ਤੇਤੀਸਾ ਲੇਖਾ ਜਾਏ ਚੁੱਕ, ਹਰਿ ਸਾਚਾ ਦਏ ਚੁਕਾਈਆ । ਗਣ ਗੰਧਰਬ ਪੈਂਡਾ ਰਿਹਾ ਮੁੱਕ, ਨਾ ਕੋਈ ਸੰਗ ਨਿਭਾਈਆ । ਤ੍ਰੈਗੁਣ ਮਾਇਆ ਪੰਜ ਤੱਤ ਬੂਟਾ ਰਿਹਾ ਸੁੱਕ, ਨਾ ਹਰਾ ਕੋਈ ਕਰਾਈਆ । ਲੱਖ ਚੁਰਾਸੀ ਨਾਰ ਦੁਹਾਗਣ ਸੁਫਲ ਹੋਏ ਨਾ ਕੋਈ ਕੁੱਖ, ਸਾਚਾ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੱਡੀ ਵਡਿਆਈਆ । ਆਦਿ ਆਦਿ ਹਰਿ ਕਰ ਪਸਾਰਾ, ਹਰ ਘਟ ਆਸਣ ਲਾਈਆ । ਜੁਗਾਦਿ ਜੁਗਾਦੀ ਖੇਲ ਅਪਾਰਾ, ਜੁਗਾ ਜੁਗੰਤਰ ਨਾਉਂ ਧਰਾਈਆ । ਬ੍ਰਹਮ ਬ੍ਰਹਿਮਾਦ ਦਏ ਹੁਲਾਰਾ, ਵਿਸ਼ਨ ਬ੍ਰਹਮਾ ਬੈਠਾ ਆਪ ਉਠਾਈਆ । ਸ਼ੰਕਰ ਕਰੇ ਖ਼ਬਰਦਾਰਾ, ਏਕਾ ਅੱਖ ਖੁਲ੍ਹਾਈਆ । ਕਰੋੜ ਤੇਤੀਸਾ ਦਏ ਹੁਲਾਰਾ, ਸੁਰਪਤ ਇੰਦ ਨਾਲ ਰਲਾਈਆ । ਬ੍ਰਹਿਮੰਡ ਖੰਡ ਪਾਰ ਕਿਨਾਰਾ, ਵਰਭੰਡ ਕਰੇ ਰੁਸ਼ਨਾਈਆ । ਨਵ ਖੰਡ ਫੜੇ ਤੇਜ਼ ਕਟਾਰਾ, ਨਾਮ ਖੰਡਾ ਇਕ ਚਮਕਾਈਆ । ਸੱਤਾਂ ਦੀਪਾਂ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਮੇਟੇ ਅੰਧ ਅੰਧਿਆਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਕਰੇ ਖ਼ੁਵਾਰਾ, ਤਖ਼ਤ ਤਾਜ ਨਾ ਕੋਇ ਹੰਢਾਈਆ । ਦਰ ਦਰ ਘਰ ਘਰ ਕਰ ਭਿਖਾਰਾ, ਮੰਗਣ ਭਿਖ ਭਿਛਿਆ ਕੋਇ ਨਾ ਪਾਈਆ । ਊਚਾਂ ਨੀਚਾਂ ਪਾਰ ਕਿਨਾਰਾ, ਰਾਓ ਰੰਕਾਂ ਏਕਾ ਧਾਮ ਬਹਾਈਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣੇ ਏਕਾ ਧਾਰਾ, ਏਕਾ ਰੰਗ ਰੰਗਾਈਆ । ਹਿੰਦੂ ਸਿਖ ਈਸਾਈ ਮੁਸਲਮ ਕਰ ਪਿਆਰਾ, ਆਪਣਾ ਲੜ ਫੜਾਈਆ । ਆਪੇ ਵਸੇ ਮੰਦਰ ਗੁਰੂਦੁਵਾਰਾ, ਮੱਕਾ ਕਾਅਬਾ ਆਪੇ ਫੇਰਾ ਪਾਈਆ । ਆਪੇ ਮੱਠ ਸ਼ਿਵਦਵਾਲਾ ਹੋ ਉਜਿਆਰਾ, ਆਪੇ ਅਠਸਠ ਜੋਤ ਕਰੇ ਰੁਸ਼ਨਾਈਆ । ਆਪੇ ਗੰਗਾ ਗੋਦਾਵਰੀ ਤੱਟ ਕਿਨਾਰਾ, ਜਮਨਾ ਸੁਰਸਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਅਰਥੀ ਆਪ ਉਠਾਈਆ । ਆਪੇ ਪੁਰਖ ਪੁਰਖ ਸੁਲਤਾਨ, ਆਪੇ ਰਾਜਨ ਵਡ ਵਡ ਰਾਜਿਆ । ਆਪੇ ਵਾਲੀ ਦੋ ਜਹਾਨ, ਆਪੇ ਹਰਿ ਗ਼ਰੀਬ ਨਿਵਾਜ਼ਿਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਵੇਖੇ ਮਾਰ ਧਿਆਨ, ਆਪੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਿਆ । ਆਪ ਉਠਾਏ ਹੱਥ ਨਿਸ਼ਾਨ, ਆਪੇ ਚੜ੍ਹਿਆ ਸ਼ਾਹਸਵਾਰ ਸਾਚੇ ਤਾਜਿਆ । ਆਪੇ ਲੱਖ ਚੁਰਾਸੀ ਪਾਏ ਏਕਾ ਆਣ, ਪ੍ਰਗਟ ਹੋਏ ਦੇਸ ਮਾਝਿਆ । ਦੇਵਣਹਾਰਾ ਧੁਰ ਫ਼ਰਮਾਣ, ਹਰਿ ਭਗਵਾਨ ਸ੍ਰੀ ਨਵਾਬਿਆ ।

੯੦੩
੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਜਨ ਭਗਤਾਂ ਰੱਖੇ ਲਾਜਿਆ । ਭਗਤਨ ਮੀਤਾ ਏਕਓਅੰਕਾਰ, ਅਕਲ ਕਲਾ ਅਖਵਾਈਆ । ਜੁਗ ਜੁਗ ਮਾਤ ਲਏ ਅਵਤਾਰ, ਹਰਿਜਨ ਸਾਚੇ ਲਏ ਤਰਾਈਆ । ਫੜ ਫੜ ਬਾਹੋਂ ਕਰੇ ਪਾਰ, ਭਵ ਸਾਗਰ ਵੇਖ ਵਖਾਈਆ । ਦੂਤੀ ਦੁਸ਼ਟ ਕਰ ਖ਼ੁਵਾਰ, ਜੂਠ ਝੂਠ ਮੇਟ ਮਿਟਾਈਆ । ਏਕਾ ਖੜਗ ਖੰਡਾ ਤੇਜ ਕਟਾਰ, ਚੰਡ ਪਰਚੰਡ ਹੱਥ ਉਠਾਈਆ । ਬ੍ਰਹਿਮੰਡ ਖੰਡ ਪਾਏ ਸਾਰ, ਲੋਆਂ ਪੁਰੀਆਂ ਗਗਨ ਪਤਾਲਾਂ ਵੇਖ ਵਖਾਈਆ । ਦੁਹਾਗਣ ਨਾਰ ਰੰਡ ਨਾ ਦਿਸੇ ਕਲਜੁਗ ਤੇਰੀ ਅੰਤਮ ਵਾਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕਾ ਨਾਉਂ ਰਖਾਈਆ । ਨਿਹਕਲੰਕ ਵੱਜਾ ਡੰਕ, ਚਾਰ ਕੁੰਟ ਜੈਕਾਰਾ । ਆਪ ਉਠਾਏ ਰਾਓ ਰੰਕ, ਸ਼ਾਹ ਸੁਲਤਾਨਾ ਦਏ ਹੁਲਾਰਾ । ਗੁਰਮੁਖਾਂ ਸੁਹਾਏ ਸਾਚਾ ਬੰਕ, ਸਾਚਾ ਮੰਦਰ ਗੁਰੂਦਵਾਰਾ । ਹਰਿਜਨ ਲੇਖੇ ਲਾਏ ਜਿਉਂ ਜਨ ਜਨਕ, ਜਨ ਜਨਨੀ ਪਾਰ ਕਿਨਾਰਾ । ਜੋਤੀ ਸ਼ਬਦੀ ਲਾਏ ਤਨਕ, ਤ੍ਰੈਗੁਣ ਵਸਿਆ ਬਾਹਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਵਤਾਰਾ । ਇਕ ਅਵਤਾਰ ਇਕ ਗੁਰ, ਗੁਰ ਸਤਿਗੁਰ ਇਕ ਅਖਵਾਈਆ । ਲੇਖਾ ਜਾਣੇ ਲਹਿਣਾ ਦੇਣਾ ਧੁਰ, ਧੁਰ ਦਰਗਹਿ ਵੇਖ ਵਖਾਈਆ । ਭੇਵ ਨਾ ਪਾਏ ਤ੍ਰੈ ਤ੍ਰੈ ਜੁੜ, ਕੋਟੀ ਸੁਰ ਗਣ ਗੰਧਰਬ ਨਾ ਕੋਇ ਗਾਈਆ । ਜਗਤ ਵਿਦਿਆ ਨਾ ਲਏ ਪੜ੍ਹ, ਹਰਿ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤ ਅੰਤ ਭਗਵੰਤ ਹਰਿ ਸੰਤ ਲਏ ਮਿਲਾਈਆ । ਸੰਤਨ ਮੇਲਾ ਸਚ ਦਵਾਰ, ਹਰਿ ਸਾਚਾ ਸਚ ਕਰਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਦੂਈ ਦਵੈਤੀ ਦੇਵੇ ਮਾਰ, ਮਾਇਆ ਮਮਤਾ ਮੋਹ ਮਿਟਾਇੰਦਾ । ਤੀਜਾ ਨੇਤਰ ਇਕ ਉਘਾੜ, ਆਪਣਾ ਦਰਸ ਦਿਖਾਇੰਦਾ । ਚੌਥੇ ਪਦ ਦੇਵੇ ਵਾੜ, ਚੌਥਾ ਘਰ ਸੁਹਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਸਾਚਾ ਰਾਗ ਅਲਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਸਹਾਰ, ਥਿਰ ਘਰ ਸਾਚਾ ਇਕ ਵਸਾਇੰਦਾ । ਸਤਿ ਪੁਰਖ ਨਿਰੰਜਣ ਹੋ ਉਜਿਆਰ, ਦੀਪਕ ਜੋਤੀ ਡਗਮਗਾਇੰਦਾ । ਅੱਠਾਂ ਤੱਤਾਂ ਕਰ ਪਿਆਰ, ਹਰਿਜਨ ਮੇਲ ਮਿਲਾਇੰਦਾ । ਨੌਂ ਦਵਾਰੇ ਵਸਿਆ ਬਾਹਰ, ਨੌਂ ਖੰਡ ਫੋਲ ਫੁਲਾਇੰਦਾ । ਦਸਮ ਦਵਾਰੀ ਬੰਦ ਕਿਵਾੜ, ਆਪੇ ਕੁੰਡਾ ਲਾਇੰਦਾ । ਹਰਿਜਨ ਸਾਚਾ ਮੀਤ ਮੁਰਾਰ, ਆਪੇ ਮਾਰਗ ਪਾਇੰਦਾ । ਸੁਰਤੀ ਸ਼ਬਦ ਸ਼ਬਦ ਪਿਆਰ, ਸੁਰਤ ਸਵਾਣੀ ਮੇਲ ਮਿਲਾਇੰਦਾ । ਸਾਚਾ ਹਾਣੀ ਕਰ ਪਿਆਰ, ਆਪਣੇ ਅੰਗ ਲਗਾਇੰਦਾ । ਸਾਚਾ ਆਤਮ ਸੇਜਾ ਮੀਤ ਮੁਰਾਰ, ਸਾਚਾ ਬੰਕ ਸੁਹਾਇੰਦਾ । ਏਕਾ ਸੇਜਾ ਸੁੱਤੇ ਪੈਰ ਪਸਾਰ, ਲੋਕਮਾਤ ਨਾ ਕੋਇ ਉਠਾਇੰਦਾ । ਨਿਰਗੁਣ ਮਿਲਿਆ ਨਿਰਗੁਣ ਧਾਰ, ਜੋਤੀ ਜੋਤ ਡਗਮਗਾਇੰਦਾ । ਸੱਜਣ ਸੁਹੇਲਾ ਮੀਤ ਮੁਰਾਰ, ਆਪਣੀ ਗੋਦ ਉਠਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਵਸਿਆ ਅੰਧ ਅੰਧਿਆਰ, ਅਕਾਸ਼ ਪਰਕਾਸ਼ ਆਪ ਵਖਾਇੰਦਾ । ਸੁਨ ਅਗੰਮੀ ਅਲੱਖ ਨਿਰੰਜਣ ਖੇਲ ਅਪਾਰ, ਸੁਨ ਸਮਾਧੀ ਡੇਰਾ ਢਾਹਿੰਦਾ । ਆਪੇ ਨਿਰਗੁਣ ਜੋਤੀ ਕਰ ਉਜਿਆਰ, ਦੀਵਾ ਬਾਤੀ ਇਕ ਜਗਾਇੰਦਾ । ਕਮਲਾਪਾਤੀ ਖੇਲ ਅਪਾਰ, ਦਿਸ ਕਿਸੇ ਨਾ ਆਇੰਦਾ । ਇਕ ਸੁਹਾਏ ਸਚ ਦਵਾਰ, ਥਿਰ ਘਰ ਬੈਠਾ ਆਸਣ ਲਾਇੰਦਾ । ਸਚ ਸਿੰਘਾਸਣ ਹਰਿ ਕਰਤਾਰ, ਰੂਪ ਅਨੂਪ ਆਪ ਦਰਸਾਇੰਦਾ । ਅਲੱਖ ਨਿਰੰਜਣ ਆਪਣੀ ਬੋਲ ਜੈਕਾਰ, ਇਕ ਅਲੱਖ ਜਗਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਕਲਜੁਗ


੯੦੪
ot

ਅੰਤਮ ਖੇਲ ਅਪਾਰ, ਜੋਤੀ ਜਾਮਾ ਭੇਖ ਵਟਾਇੰਦਾ । ਗੋਬਿੰਦ ਮੀਤਾ ਮੀਤ ਮੁਰਾਰ, ਸੱਜਣ ਸੈਣ ਅਖਵਾਇੰਦਾ । ਮੰਦਰ ਮਸੀਤਾ ਵਸਿਆ ਬਾਹਰ, ਗੁਰਮੁਖ ਕਾਇਆ ਮੰਦਰ ਡੇਰਾ ਲਾਇੰਦਾ । ਅਚਰਜ ਰੀਤਾ ਸਾਚੀ ਧਾਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਮਨਮੁਖ ਜੀਵਾਂ ਕਰੇ ਖਵਾਰ, ਦੂਤੀ ਦੁਸ਼ਟ ਰਹਿਣ ਨਾ ਪਾਇੰਦਾ । ਗੁਰਮੁਖ ਸਾਜਣ ਲਏ ਉਭਾਰ, ਚਾਰੇ ਵਰਨਾਂ ਵੇਖ ਵਖਾਇੰਦਾ । ਊਚਾਂ ਨੀਚਾਂ ਇਕ ਪਿਆਰ, ਏਕਾ ਸਰਨ ਬਹਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਤਿਗੁਰ ਸਾਚਾ ਇਕ ਅਖਵਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਛਲ ਅਛੇਦਾ ਅਛਲ ਅਛੱਲ ਕਰਾਇੰਦਾ । ਅਛਲ ਅਛੱਲ ਸ੍ਰੀ ਭਗਵਾਨਾ, ਭੇਵ ਅਭੇਦ ਛੁਪਾਇਆ । ਜੋਧਾ ਸੂਰਬੀਰ ਮਰਦ ਮਰਦਾਨਾ, ਆਪਣਾ ਨਾਉਂ ਧਰਾਇਆ । ਆਪੇ ਗੋਬਿੰਦ ਖੇਲ ਮਹਾਨਾ, ਆਪੇ ਖੜਗ ਖੰਡਾ ਖੜਕਾਇਆ । ਆਪੇ ਚਿਲਾ ਤੀਰ ਕਮਾਨਾ, ਆਪ ਕਮੰਦ ਖਚਾਇਆ । ਆਪੇ ਮਾਰੇ ਨੌਂ ਖੰਡ ਪ੍ਰਿਥਮੀ ਇਕ ਨਿਸ਼ਾਨਾ, ਸੱਤਾਂ ਦੀਪਾਂ ਵੇਖ ਵਖਾਇਆ । ਆਪੇ ਸ਼ਾਹ ਆਪ ਸੁਲਤਾਨਾ, ਪਰਧਾਨ ਮੰਤਰੀ ਆਪ ਬਣ ਜਾਇਆ । ਆਪੇ ਮੇਟੇ ਰਾਜ ਰਾਜਾਨਾ, ਆਪੇ ਰੰਕਾਂ ਰਾਜ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਹਰਿ ਸੂਰਬੀਰ, ਏਕਾ ਏਕਓਅੰਕਾਰਿਆ । ਸ਼ਬਦ ਨਿਰਾਲਾ ਫੜਿਆ ਤੀਰ, ਲੋਆਂ ਪੁਰੀਆਂ ਪਾਵੇ ਸਾਰਿਆ । ਨੌਂ ਖੰਡ ਪ੍ਰਿਥਮੀ ਰਿਹਾ ਚੀਰ, ਦੋ ਜਹਾਨਾਂ ਪਾਰ ਕਿਨਾਰਿਆ । ਲੱਖ ਚੁਰਾਸੀ ਕੋਇ ਨਾ ਬੰਨ੍ਹੇ ਧੀਰ, ਧੀਰਜ ਧਰਵਾਸ ਨਾ ਕੋਇ ਰਖਾ ਰਿਹਾ । ਸ਼ਾਹ ਸੁਲਤਾਨਾਂ ਨੇਤਰ ਵਗੇ ਨੀਰ, ਪੀਰ ਫ਼ਕੀਰ ਨਾ ਕੋਇ ਤਰਾ ਲਿਆ । ਪੰਡਤ ਪਾਂਧੇ ਲੱਬੇ ਚੀਰ, ਤਿਲਕ ਲਲਾਟ ਨਾ ਕੋਇ ਵਖਾ ਲਿਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਹਉਮੇ ਹੰਗਤਾ ਕੱਢੇ ਪੀੜ, ਆਪ ਆਪਣੇ ਭਾਰ ਦਬਾ ਲਿਆ । ਜਨ ਭਗਤਾਂ ਅੰਤਮ ਕੱਟੇ ਭੀੜ, ਆਪ ਆਪਣਾ ਦਰਸ ਵਖਾ ਲਿਆ । ਨਾਨਕ ਨਿਰਗੁਣ ਖੇਲ ਅਖੀਰ, ਗੋਬਿੰਦ ਸਾਚੀ ਸੇਵ ਕਮਾ ਲਿਆ । ਪਾਰਬ੍ਰਹਮ ਵਡ ਪੀਰਨ ਪੀਰ, ਆਪ ਆਪਣਾ ਵੇਸ ਵਟਾ ਲਿਆ । ਗੁਰਮੁਖਾਂ ਦੇਵੇ ਸਾਚਾ ਸੀਰ, ਅੰਮ੍ਰਿਤ ਧਾਰਾ ਨਿਝਰ ਮੁਖ ਚੁਆ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਹੁਕਮ ਸੁਣਾ ਲਿਆ । ਏਕਾ ਹੁਕਮ ਧੁਰ ਫ਼ਰਮਾਣ, ਹਰਿ ਸਾਚਾ ਸਚ ਜਣਾਈਆ । ਦੋ ਜਹਾਨਾਂ ਏਕਾ ਆਣ, ਏਕਾ ਬੰਧਨ ਪਾਈਆ । ਸ਼ਾਹੋ ਭੂਪ ਇਕ ਸੁਲਤਾਨ, ਨੌਂ ਖੰਡ ਰਾਜ ਕਮਾਈਆ । ਮਨ ਮਤ ਕਰੇ ਜਗਤ ਵੈਰਾਨ, ਖੇਲੇ ਖੇਲ ਬੇਪਰਵਾਹੀਆ । ਜੂਝ ਝੂਠ ਪੰਜ ਸ਼ੈਤਾਨ, ਪੰਚ ਵਿਕਾਰਾ ਦਏ ਖਪਾਈਆ । ਸਚ ਸੁੱਚ ਕਰ ਪਰਧਾਨ, ਸਾਚੀ ਸਿਖਿਆ ਇਕ ਸਮਝਾਈਆ । ਹਿੰਦੂ ਮੁਸਲਮ ਸਿਖ ਈਸਾਈ ਸਾਰੇ ਗਾਣ, ਏਕਾ ਕਲਮਾ ਆਪ ਪੜ੍ਹਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਰਸਨਾ ਗਾਈਆ । ਸਤਿਜੁਗ ਸਾਚੇ ਕਰ ਪਰਧਾਨ, ਏਕਾ ਰੰਗਨ ਰੰਗ ਰੰਗਾਈਆ । ਜੋਧਾ ਸੂਰਾ ਸ੍ਰੀ ਭਗਵਾਨ, ਏਕਓਅੰਕਾਰਾ ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਖੇਲ ਅਪਾਰ, ਸਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਹਰਿ ਹਰਿ ਮੇਲਾ, ਹਰੀ ਹਰਿ ਆਪ ਕਰਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਗੋਬਿੰਦ ਨਾਉਂ ਧਰਾਇੰਦਾ । ਆਪੇ ਸਤਿਗੁਰ ਸੱਜਣ ਸੁਹੇਲਾ, ਸਾਚੇ ਮਾਰਗ ਲਾਇੰਦਾ । ਜੁਗ ਜੁਗ ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਘੜੀ ਨਾ ਕੋਇ ਲਿਖਾਇੰਦਾ । ਆਪੇ

ਵਸੇ ਰੰਗ ਨਵੇਲਾ, ਆਪੇ ਘਰ ਘਰ ਵਿਚ ਮੇਲ ਮਿਲਾਇੰਦਾ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਆਪੇ ਜੁਗਾ ਜੁਗੰਤ ਹਰਿ ਭਗਵੰਤ ਹਰਿ ਭਗਤਨ ਚਾੜ੍ਹੇ ਸਾਚਾ ਤੇਲਾ, ਸਾਚਾ ਸਗਨ ਮਨਾਇੰਦਾ । ਕਲਜੁਗ ਅੰਤਮ ਪਾਰਬ੍ਰਹਮ, ਅਚਰਜ ਖੇਲ ਆਪੇ ਖੇਲਾ, ਬ੍ਰਹਮਾ ਵੇਤਾ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਓਅੰਕਾਰਾ ਦੀਨ ਦਿਆਲਾ ਦਇਆਨਿਧ ਗਹਿਰ ਗੰਭੀਰ ਸਾਗਰ ਗੁਣੀ ਗਹੀਰ ਆਪ ਅਖਵਾਇੰਦਾ । ਗੁਣੀ ਗਹੀਰਾ ਗਹਿਰ ਗੰਭੀਰਾ, ਏਕਾ ਏਕ ਓਅੰਕਾਰਿਆ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਆਤਮ ਸੀਰਾ, ਨਿਰਮਲ ਧਾਰਾ ਮੁਖ ਚੁਆ ਰਿਹਾ । ਦੂਈ ਦਵੈਤੀ ਕੱਢੇ ਪੀੜਾ, ਹਉਮੇ ਰੋਗ ਗਵਾ ਲਿਆ । ਚਾਰ ਵਰਨ ਬਣਾਏ ਭੈਣਾਂ ਭਾਈ ਏਕਾ ਰੰਗ ਰੰਗਾਏ ਗੂੜ੍ਹਾ, ਉਤਰ ਕਦੇ ਨਾ ਜਾ ਰਿਹਾ । ਬੀਸ ਬੀਸਾ ਹਰਿ ਜਗਦੀਸ਼ਾ ਨੌ ਖੰਡ ਪ੍ਰਿਥਮੀ ਬਖ਼ਸ਼ੇ ਚਰਨ ਧੂੜਾ, ਮਸਤਕ ਟਿੱਕਾ ਜੋਤ ਲਲਾਟੀ ਏਕਾ ਡਗਮਗਾ ਰਿਹਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜੋ ਜਨ ਸਰਨਾਈ ਆ ਗਿਆ । ਨਾਤਾ ਤੋੜੇ ਕੂੜੋ ਕੂੜਾ, ਕੂੜਾ ਬੰਧਨ ਤੋੜ ਤੁੜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਤੇਰਾ ਕਾਇਆ ਮੰਦਰ ਹਰਿ ਮੰਦਰ ਆਪ ਸੁਹਾ ਲਿਆ । ਕਾਇਆ ਮੰਦਰ ਸਚ ਟਿਕਾਣਾ, ਹਰਿ ਸਾਚਾ ਸਚ ਸੁਹਾਇੰਦਾ । ਸ਼ਬਦ ਸਰੂਪੀ ਇਕ ਬਬਾਨਾ, ਏਕਾ ਗੁਰ ਵਖਾਇੰਦਾ । ਗੁਰਮੁਖਾਂ ਦੇਵੇ ਵੰਞ ਮੁਹਾਣਾ, ਸਾਚਾ ਚੱਪੂ ਨਾਮ ਲਗਾਇੰਦਾ । ਸਾਚੀ ਸੇਵਾ ਸੇਵ ਕਮਾਨਾ, ਸੇਵਕ ਆਪਣਾ ਨਾਉਂ ਧਰਾਇੰਦਾ । ਅੱਧਵਿਚਕਾਰੇ ਗਾਏ ਗਾਣਾ, ਅਨਹਦ ਰਾਗ ਸੁਣਾਇੰਦਾ । ਅੰਮ੍ਰਿਤ ਜਲ ਵਖਾਏ ਠੰਡਾ ਪਾਣਾ, ਏਕਾ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਸਰਧਨ ਆਪੇ ਵੇਖ ਵਖਾਇੰਦਾ । ਨਿਰਧਨ ਮੀਤਾ ਆਪ ਕਰਤਾਰ, ਪਤਿਤ ਪਾਪੀ ਪਾਰ ਕਰਾਇੰਦਾ । ਸਰਧਨ ਮੇਲਾ ਵਿਚ ਸੰਸਾਰ, ਘਰ ਸਾਚੇ ਮੇਲ ਮਿਲਾਇੰਦਾ । ਦੋਹਾਂ ਵਿਚੋਲਾ ਸ਼ਬਦ ਪਿਆਰ, ਏਕਾ ਬੰਧਨ ਪਾਇੰਦਾ । ਘਟ ਮੰਦਰ ਸਾਜਣ ਹੋ ਤਿਆਰ, ਆਪਣਾ ਦਰਸ ਦਖਾਇੰਦਾ । ਅਸਵ ਘੋੜਾ ਕਰ ਤਿਆਰ, ਸੋਲਾਂ ਕਲੀਆਂ ਆਸਣ ਪਾਇੰਦਾ । ਨੀਲੇ ਵਾਲਾ ਸ਼ਾਹ ਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਨਾਮ ਖੰਡਾ ਤੇਜ਼ ਕਟਾਰ, ਸਤਿਗੁਰ ਪੂਰਾ ਹੱਥ ਉਠਾਇੰਦਾ । ਕਲਜੁਗ ਅੰਤਮ ਕਰੇ ਖ਼ੁਵਾਰ, ਪੂਰਬ ਲਹਿਣਾ ਝੋਲੀ ਪਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚਾ ਮਾਰਗ ਲਾਇੰਦਾ । ਇਕ ਵਖਾਏ ਸਚ ਦਰਬਾਰ, ਦਰ ਦਰਵਾਜ਼ਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰ ਜੋਤ ਨਿਰੰਕਾਰ, ਸ਼ਬਦ ਖੰਡਾ ਤੇਜ਼ ਕਟਾਰ, ਆਪਣੇ ਹੱਥ ਉਠਾਇੰਦਾ ।

## ✪ ਪਹਿਲੀ ਭਾਦਰੋਂ ੨੦੧੬ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ✪

ਆਦਿ ਜੁਗਾਦੀ ਏਕਓਅੰਕਾਰ, ਅਕਲ ਕਲਾ ਕਲ ਧਾਰੀਆ । ਖੇਲੇ ਖੇਲ ਅਗੰਮ ਅਪਾਰ, ਨਿਰਗੁਣ ਜੋਤ ਨੂਰ ਅਪਾਰੀਆ । ਅਲੱਖ ਨਿਰੰਜਣ ਭੇਵ ਨਿਆਰ, ਰੂਪ ਅਨੂਪ ਆਪ ਅਖਵਾ ਰਿਹਾ । ਵਸਣਹਾਰਾ ਧਾਮ ਨਿਆਰ, ਭੇਵ ਅਭੇਦਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ

੯੦੭
੦੮

ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਖੇਲਣਹਾਰਾ ਹਰਿ ਭਗਵਾਨ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਦੀਪਕ ਜੋਤ ਨੁਰਾਨ, ਨੂਰੋ ਨੂਰ ਡਗਮਗਾਇੰਦਾ । ਏਕਾ ਵਸੇ ਸਚ ਮਕਾਨ, ਘਰ ਸਾਚਾ ਇਕ ਸੁਹਾਇੰਦਾ । ਏਕਾ ਪੁਰਖ ਇਕ ਸੁਲਤਾਨ, ਏਕਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤੰਤਾ, ਏਕਾ ਰੂਪ ਸਮਾਈਆ । ਖੇਲੇ ਖੇਲ ਸ੍ਰੀ ਭਗਵੰਤਾ, ਲੇਖਾ ਲੇਖ ਨਾ ਕੋਇ ਜਣਾਈਆ । ਆਪ ਬਣਾਏ ਆਪਣੀ ਬਣਤਾ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਪੁਰਖ ਨਾਰੀ ਕੰਤਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪ ਅਖਵਾਈਆ । ਆਦਿ ਜੁਗਾਦੀ ਇਕ ਇਕੱਲਾ, ਏਕਓਅੰਕਾਰ ਸਮਾਇੰਦਾ । ਵਸਣਹਾਰਾ ਸਚ ਮਹੱਲਾ, ਏਕਾ ਘਰ ਵਖਾਇੰਦਾ । ਨੇਹਚਲ ਧਾਮ ਉਚ ਅਟੱਲਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਆਸਣ ਆਪੇ ਮੱਲਾ, ਸਚ ਸਿੰਘਾਸਣ ਆਪ ਸੁਹਾਇੰਦਾ । ਆਪੇ ਫੜਿਆ ਆਪਣਾ ਪੱਲਾ, ਆਪੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਜੋਤ ਜੋਤ ਅਕਾਲਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਦੀਨ ਦਿਆਲਾ, ਭੇਵ ਕੋਇ ਨਾ ਪਾਇਆ । ਆਪਣੀ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਰਖਾਇਆ । ਵਸਣਹਾਰਾ ਸਚ ਸੱਚੀ ਧਰਮਸਾਲਾ, ਸਾਚਾ ਮੰਦਰ ਆਪ ਸੁਹਾਇਆ । ਆਦਿ ਸ਼ਕਤੀ ਜੋਤ ਜਵਾਲਾ, ਏਕਾ ਡਗਮਗਾਇਆ । ਨੂਰੋ ਨੂਰ ਖ਼ੁਦਾ ਤੁਆਲਾ, ਬੇਐਬ ਪਰਵਰਦਿਗਾਰ ਆਪ ਅਖਵਾਇਆ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਦਿਸ ਨਾ ਆਇਆ । ਚਲੇ ਚਲਾਏ ਆਪਣੀ ਚਾਲਾ, ਚਾਲ ਨਿਰਾਲੀ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਨਾਉਂ ਰਖਾਇਆ । ਆਦਿ ਨਿਰੰਜਣ ਨਾਉਂ ਰੱਖ, ਹਰਿ ਕਰਤਾ ਕਰਨੀ ਕਮਾਇੰਦਾ । ਆਪੇ ਨਿਰਗੁਣ ਹੋ ਪਰਤੱਖ, ਆਪੇ ਡਗਮਗਾਇੰਦਾ । ਆਪਣੇ ਆਪਣੇ ਦਰ ਜਗਾਏ ਅਲੱਖ, ਅਲੱਖ ਅਲੱਖਣਾ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਪੱਖ, ਦੂਜਾ ਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵੇਸ ਵਟਾਇੰਦਾ । ਇਕ ਇਕੱਲਾ ਪੁਰਖ ਅਬਿਨਾਸ਼ਾ, ਏਕਾ ਰੰਗ ਸਮਾਈਆ । ਆਪੇ ਖੇਲੇ ਖੇਲ ਤਮਾਸ਼ਾ, ਨਾ ਕੋਈ ਦੂਸਰ ਸੰਗ ਜਣਾਈਆ । ਆਪੇ ਮੰਡਲ ਪਾਵੇ ਰਾਸਾ, ਆਪੇ ਰਚਨ ਰਚਾਈਆ । ਆਪੇ ਸ਼ਾਹੋ ਭੂਪ ਸ਼ਾਹ ਸ਼ਾਬਾਸ਼ਾ, ਸਚ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਹੋ ਜਾਈਆ । ਆਪੇ ਜੋਤੀ ਨੂਰ ਉਜਾਲਾ, ਹਰਿ ਹਰਿ ਵੱਡੀ ਵਡਿਆਈਆ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਬੇਪਰਵਾਹੀਆ । ਆਪ ਵਜਾਏ ਆਪਣਾ ਤਾਲਾ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਆਪਣੀ ਘਾਲੇ ਆਪੇ ਘਾਲਾ, ਆਪੇ ਘੋਲੀ ਘੋਲ ਘੁੰਮਾਈਆ । ਆਪੇ ਜਾਣੇ ਆਪਣੀ ਮਾਲਾ, ਆਪੇ ਫੇਰਾ ਫਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਵੇਸ ਵਟਾਏ ਪਾਰਬ੍ਰਹਮ, ਭੇਵ ਅਭੇਵ ਛੁਪਾਇਆ । ਮਾਤ ਗਰਭ ਨਾ ਪਏ ਜੰਮ, ਪਿਤਾ ਪੂਤ ਨਾ ਕੋਇ ਰਖਾਇਆ । ਨਾ ਕੋਈ ਪਵਣ ਸਵਾਸੀ ਦਮ, ਨੇਤਰ ਨੀਰ ਨਾ ਕੋਇ ਵਹਾਇਆ । ਹੱਡ ਮਾਸ ਨਾ ਨਾੜੀ ਚੰਮ, ਰਕਤ ਬੂੰਦ ਨਾ ਕੋਇ ਧਰਾਇਆ । ਵਸਣਹਾਰਾ ਧਾਮ ਅਗੰਮ, ਅਗੰਮੜੀ ਖੇਲ ਖਲਾਇਆ ।

ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਆਲਸ ਨਿੰਦਰਾ ਵਿਚ ਨਾ ਆਇਆ । ਨਾ ਕੋਈ ਘੜੇ ਨਾ ਦੇਵੇ ਭੰਨ, ਘੜਣ ਭੰਨਣਹਾਰ ਆਪ ਅਖਵਾਇਆ । ਆਦਿ ਜੁਗਾਦੀ ਨਾ ਕੋਈ ਦੇਵੇ ਡੰਨ, ਨਾ ਕੋਈ ਹੁਕਮੀ ਹੁਕਮ ਫਿਰਾਇਆ । ਨਾ ਕਿਸੇ ਵਸੇਰਾ ਛੱਪਰੀ ਛੰਨ, ਚਾਰ ਦੀਵਾਰ ਨਾ ਕੋਇ ਬਣਾਇਆ । ਨਾ ਕੋਈ ਮਾਲ ਦਿਸੇ ਧੰਨ, ਵਣਜ ਵਣਜਾਰਾ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਖਲਾਇਆ । ਆਪੇ ਖੇਲੇ ਖੇਲ ਪੁਰਖ ਸਮਰਥ, ਹਰਿ ਸਾਚੇ ਵਡ ਵਡਿਆਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਬੇਪਰਵਾਹੀਆ । ਆਪੇ ਜਾਣੇ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਆਪੇ ਜਾਣੇ ਆਪਣੀ ਵੱਥ, ਆਪਣੇ ਮੰਦਰ ਆਪ ਟਿਕਾਈਆ । ਆਪੇ ਬੰਨ੍ਹੇ ਆਪਣੀ ਗੱਠ, ਆਪੇ ਭਾਰ ਉਠਾਈਆ । ਆਪੇ ਗੇੜੇ ਆਪਣੀ ਲੱਠ, ਗੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਖਵਾਈਆ । ਆਦਿ ਜੁਗਾਦੀ ਹਰਿ ਸੁਲਤਾਨਾ, ਏਕਾ ਏਕ ਅਖਵਾਇੰਦਾ । ਪਾਰਬ੍ਰਹਮ ਪ੍ਰਭ ਸ੍ਰੀ ਭਗਵਾਨਾ, ਨਿਰਗੁਣ ਨੂਰ ਡਗਮਗਾਇੰਦਾ । ਨਾ ਕੋਈ ਮੰਦਰ ਨਾ ਮਕਾਨਾ, ਨਾ ਕੋਈ ਬਣਤ ਬਣਾਇੰਦਾ । ਖੇਲੇ ਖੇਲ ਦੋ ਜਹਾਨਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਜੁਗਤ ਧਰਾਇੰਦਾ । ਆਪਣੀ ਜੁਗਤ ਆਪੇ ਧਰ, ਆਪੇ ਵੇਖ ਵਖਾਈਆ । ਪੁਰਖ ਅਬਿਨਾਸ਼ੀ ਖੇਲ ਕਰ, ਕਰਨੀ ਕਰਤਾ ਕਰਮ ਕਮਾਈਆ । ਆਪਣੇ ਅੰਦਰ ਆਪੇ ਵੜ, ਆਪੇ ਵੇਖ ਵਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤੱਤਵ ਤੱਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਜੂਨੀ ਰਹਿਤ ਵਡ ਵਡਿਆਈਆ । ਜੂਨੀ ਰਹਿਤ ਹਰਿ ਕਰਤਾਰਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਖੇਲ ਅਪਾਰਾ, ਹਰਿ ਸਾਚਾ ਆਪ ਕਰਾਇੰਦਾ । ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਏਕਾ ਵਸੇ ਸੱਚੇ ਘਰ ਬਾਹਰਾ, ਥਿਰ ਘਰ ਸਾਚੇ ਆਸਣ ਲਾਇੰਦਾ । ਸਚਖੰਡ ਸੋਹੇ ਬੰਕ ਦਵਾਰਾ, ਜੋਤੀ ਜੋਤ ਡਗਮਗਾਇੰਦਾ । ਸਚ ਸਿੰਘਾਸਣ ਅਪਰ ਅਪਾਰਾ, ਨਿਰਗੁਣ ਆਸਣ ਲਾਇੰਦਾ । ਨਾ ਕੋਈ ਦਿਸੇ ਚੋਬਦਾਰਾ, ਨਾ ਕੋਈ ਸੇਵਕ ਸੇਵ ਕਮਾਇੰਦਾ । ਨਾ ਕੋਈ ਸ਼ਾਹ ਸੁਲਤਾਨ ਦਿਸੇ ਸਿਕਦਾਰਾ, ਰਾਜ ਜੋਗ ਨਾ ਕੋਇ ਵਖਾਇੰਦਾ । ਨਾ ਕੋਈ ਰਵ ਸਸ ਸੂਰਜ ਚੰਨ ਸਤਾਰਾ, ਮੰਡਲ ਮੰਡਪ ਨਾ ਕੋਇ ਸੁਹਾਇੰਦਾ । ਨਾ ਕੋਈ ਗੁਰ ਪੀਰ ਅਵਤਾਰਾ, ਸਾਧ ਸੰਤ ਨਾ ਕੋਇ ਅਖਵਾਇੰਦਾ । ਲੱਖ ਚੁਰਾਸੀ ਨਾ ਕੋਈ ਸਹਾਰਾ, ਤ੍ਰੈਗੁਣ ਨਾ ਝੋਲੀ ਪਾਇੰਦਾ । ਪੰਜ ਤੱਤ ਨਾ ਕੋਇ ਭੰਡਾਰਾ, ਤ੍ਰੈ ਤ੍ਰੈ ਨਾ ਮੇਲ ਮਿਲਾਇੰਦਾ । ਦਸ ਪੰਜ ਨਾ ਕੋਇ ਵਿਹਾਰਾ, ਅੱਠ ਤੱਤ ਨਾ ਕੋਇ ਵਖਾਇੰਦਾ । ਨਾ ਕੋਈ ਖੋਲ੍ਹੇ ਨੌਂ ਦਰ ਕਿਵਾੜਾ, ਨਾ ਕੋਈ ਰੂਪ ਧਰਾਇੰਦਾ । ਨਾ ਕੋਈ ਸ਼ਬਦੀ ਸ਼ਬਦ ਜੈਕਾਰਾ, ਰਸਨਾ ਜੇਹਵਾ ਨਾ ਕੋਇ ਹਿਲਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਗੁਣ ਅਵਗੁਣ ਨਾ ਕੋਇ ਵਖਾਇੰਦਾ । ਨਾ ਕੋਈ ਨਾਰੀ ਕੰਤ ਭਤਾਰਾ, ਨਾ ਕੋਈ ਸੇਜ ਹੰਢਾਇੰਦਾ । ਨਾ ਕੋਈ ਬ੍ਰਹਮਾ ਵੇਦ ਉਚਾਰਾ, ਨਾ ਕੋਈ ਮੁਖ ਸਲਾਹਿੰਦਾ । ਨਾ ਕੋਈ ਵਿਸ਼ਨੂੰ ਕਵਲਾ ਧਾਰਾ, ਮੁੱਖੀ ਮੁਖ ਧਰਾਇੰਦਾ । ਨਾ ਕੋਈ ਸ਼ੰਕਰ ਕਰੇ ਸ਼ੰਘਾਰਾ, ਨਾ ਕੋਈ ਮੇਟ ਮਿਟਾਇੰਦਾ । ਆਦਿ ਜੁਗਾਦੀ ਏਕਓਅੰਕਾਰਾ, ਏਕਾ ਘਰ ਵਸਾਇੰਦਾ । ਥਿਰ ਘਰ ਬੈਠ ਸੱਚੀ ਸਰਕਾਰਾ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਆਪੇ ਜੋਤ ਨੂਰ ਉਜਿਆਰਾ, ਆਪੇ ਅੰਕ ਸਮਾਈਆ । ਆਪੇ

੯੦੮
੦੮

ਖੇਲੇ ਖੇਲ ਅਪਾਰਾ, ਖੇਲਣਹਾਰ ਬੇਪਰਵਾਹੀਆ । ਆਪੇ ਅਗੰਮ ਅਲੱਖ ਵਸੇ ਵਸਣਹਾਰਾ, ਸਤਿ ਪੁਰਖ ਵੱਡੀ ਵਡਿਆਈਆ । ਆਪੇ ਸਚਖੰਡ ਖੋਲ੍ਹ ਕਿਵਾੜਾ, ਆਪ ਆਪਣਾ ਦਰ ਸੁਹਾਈਆ । ਆਪੇ ਬੈਠਾ ਸਾਚਾ ਲਾੜਾ, ਆਪੇ ਸੋਭਾ ਪਾਈਆ । ਆਪੇ ਵੇਖੇ ਇਕ ਅਖਾੜਾ, ਆਪੇ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕਓਅੰਕਾਰਾ, ਨੂਰੋ ਨੂਰ ਨੂਰ ਉਜਿਆਰਾ, ਏਕਾ ਬੋਲ ਏਕਾ ਪੋਲ ਏਕਾ ਹੋਲ ਵਖਾਈਆ । ਏਕਾ ਸੋਲ ਹਰਿ ਨਿਰੰਕਾਰ, ਏਕਾ ਨੂਰ ਜਗਾਇੰਦਾ । ਏਕਾ ਪੋਲ ਕਰ ਤਿਆਰ, ਬ੍ਰਹਿਮੰਡ ਖੰਡ ਰਚਨ ਰਚਾਇੰਦਾ । ਚਾਰੋਂ ਕੁੰਟ ਦਏ ਹੁਲਾਰ, ਦਹਿ ਦਿਸ਼ਾ ਆਪ ਫਿਰਾਇੰਦਾ । ਆਪਣੀ ਕਰ ਆਪ ਵਿਚਾਰ, ਆਪੇ ਖੇਲ ਖਲਾਇੰਦਾ । ਆਪੇ ਬੰਨ੍ਹੇ ਆਪਣੀ ਧਾਰ, ਆਪੇ ਰਚਨ ਰਚਾਇੰਦਾ । ਆਪੇ ਵੇਖੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਇੰਦਾ । ਆਪਣੇ ਅੰਦਰ ਲਾਏ ਪਾੜ, ਏਕਾ ਦਰ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਏਕਾ ਸੋਲ ਹਰਿ ਪਰਕਾਸ਼ਾ, ਆਦਿ ਅੰਤ ਵੱਡੀ ਵਡਿਆਈਆ । ਆਪਣੇ ਪੋਲ ਪਾਏ ਰਾਸਾ, ਅਨਭੋਲ ਬੇਪਰਵਾਹੀਆ । ਆਪਣੀ ਹੋਲ ਖੋਲ੍ਹ ਕਰੇ ਰਾਸਾ, ਏਕਾ ਕਿਰਨ ਬਾਹਰ ਕਢਾਈਆ । ਏਕਾ ਕਿਰਨ ਪਾਵੇ ਰਾਸਾ, ਰਾਸ ਮੰਡਲ ਦਏ ਰਚਾਈਆ । ਬ੍ਰਹਿਮੰਡ ਖੰਡ ਪੂਰਨ ਆਸਾ, ਪੂਰੀ ਇਛਿਆ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕ ਏਕ ਆਪ ਅਖਵਾਈਆ । ਏਕਾ ਏਕ ਇਕ ਟਿਕਾਣਾ, ਏਕਾ ਘਰ ਵਸਾਇੰਦਾ । ਏਕਾ ਭੂਪ ਇਕ ਸੁਲਤਾਨਾ, ਏਕਾ ਰਾਜ ਕਮਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਦਰ ਸੁਹਾਇੰਦਾ । ਏਕਾ ਰੂਪ ਸ੍ਰੀ ਭਗਵਾਨਾ, ਰੂਪ ਅਨੂਪ ਆਪ ਵਖਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਗੀਤ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਖੇਲੇ ਖੇਲ ਹਰਿ ਭਗਵਾਨਾ, ਆਪਣੀ ਬਣਤ ਬਣਾਈਆ । ਆਪਣੀ ਕਿਰਨ ਕਰ ਪਰਵਾਨਾ, ਆਪੇ ਦਏ ਸਲਾਹੀਆ । ਆਪਣਾ ਮਾਰਗ ਆਪ ਵਖਾਣਾ, ਆਪੇ ਦਏ ਸਮਝਾਈਆ । ਆਪੇ ਚਤੁਰ ਸੁਘੜ ਸਿਆਣਾ, ਦਾਨੀ ਦਾਨਾ ਆਪ ਹੋ ਜਾਈਆ । ਆਪ ਹੋਇਆ ਜਾਣੀ ਜਾਣਾ, ਜਾਨਣਹਾਰ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਬੇਪਰਵਾਹ, ਆਪੇ ਜਾਣੇ ਸਚ ਸਲਾਹ ਸਿਫ਼ਤ ਸਲਾਹੀਆ । ਸਚ ਸਲਾਹ ਸਾਚੇ ਮੰਦਰ, ਹਰਿ ਆਪਣੀ ਆਪ ਰਖਾਇੰਦਾ । ਨਾ ਕੋਈ ਦੂਜਾ ਵੜੇ ਅੰਦਰ, ਨਾ ਕੋਈ ਸੰਗ ਨਿਭਾਇੰਦਾ । ਨਾ ਕੋਈ ਦੀਸੇ ਹੋਰ ਕੰਦਰ, ਨਾ ਕੋਈ ਰਚਨ ਵਖਾਇੰਦਾ । ਨਾ ਕੋਈ ਲਾਏ ਆਪਣਾ ਜੰਦਰ, ਨਾ ਕੋਈ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਆਪੇ ਦੇਵੇ ਵਰ, ਨਰ ਨਰਾਇਣ ਆਪ ਹੋ ਆਇੰਦਾ । ਆਪੇ ਹਰਿ ਹਰਿ ਅਵਤਾਰਾ, ਆਪੇ ਰੰਗ ਸਮਾਇਆ । ਆਪੇ ਮੀਤ ਮੀਤ ਮੁਰਾਰਾ, ਆਪੇ ਮੇਲ ਮਿਲਾਇਆ । ਆਪੇ ਬੰਕ ਬੰਕ ਦਵਾਰਾ, ਬੰਕ ਦਵਾਰਾ ਆਪ ਸੁਹਾਇਆ । ਆਪੇ ਦੇਵਣਹਾਰਾ ਸਚ ਸਹਾਰਾ, ਆਪੇ ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪ ਖੁਲ੍ਹਾਇਆ । ਆਪਣਾ ਦਰ ਹਰਿ ਨਿਰੰਕਾਰ, ਏਕਾ ਏਕ ਖੁਲ੍ਹਾਈਆ । ਆਪਣੀ ਕਿਰਪਾ ਆਪੇ ਧਾਰ, ਆਪਣੀ ਵੰਡ ਵੰਡਾਈਆ । ਏਕਾ ਕਿਰਨ ਕਰ ਤਿਆਰ, ਆਪਣਾ ਅੰਗ ਕਟਾਈਆ । ਇਕ ਇਕ ਇਕ ਕਰ ਵਿਚਾਰ, ਏਕਾ ਰੰਗ ਸਮਾਈਆ । ਏਕਾ ਵਿਸ਼ਨ ਰੂਪ ਕਰਤਾਰ, ਆਪਣਾ ਆਪ ਵਟਾਈਆ । ਏਕਾ ਬ੍ਰਹਮ

ਕਰ ਵਿਚਾਰ, ਪਾਰਬ੍ਰਹਮ ਨਾਉਂ ਧਰਾਈਆ । ਏਕਾ ਸ਼ੰਕਰ ਬੰਨ੍ਹੇ ਧਾਰ, ਸਾਖ਼ਯਾਤ ਬੇਪਰਵਾਹੀਆ । ਏਕਾ ਕਿਰਨ ਏਕਾ ਹਿੱਸਾ ਇਕ ਤਨ ਦੇਵੇ ਵਾੜ, ਤ੍ਰੈ ਤ੍ਰੈ ਮੂਲ ਚੁਕਾਈਆ । ਏਕਾ ਸ਼ਬਦ ਰਾਗ ਸੱਚੀ ਧੁਨਕਾਰ, ਸਚ ਸਤਾਰ ਹਿਲਾਈਆ । ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਹੁਕਮ ਜਣਾਈਆ । ਆਪੇ ਪਾਏ ਆਪਣੀ ਆਣ, ਵਡ ਦਾਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪਣਾ ਮੇਲ, ਆਪੇ ਮੇਲ ਮਿਲਾਈਆ । ਮੇਲ ਮਿਲਾਵਾ ਕਰਨੀ ਕਰਤਾ ਕਰ, ਆਪਣੀ ਕਲ ਵਰਤਾਇੰਦਾ । ਆਪਣੀ ਜੋਤ ਆਪੇ ਵਰ, ਆਪੇ ਜੋਤੀ ਨਾਉਂ ਰਖਾਇੰਦਾ । ਆਪ ਚੁਕਾਏ ਆਪਣਾ ਡਰ, ਆਪੇ ਭੈ ਮੁਕਾਇੰਦਾ । ਆਪੇ ਵਿਸ਼ਨੂੰ ਅੰਦਰ ਵੜ, ਆਪਣੀ ਧਾਰ ਬੰਨ੍ਹਾਇੰਦਾ । ਆਪੇ ਬ੍ਰਹਮਾ ਗਿਆ ਖੜ੍ਹ, ਆਪੇ ਵੇਖ ਵਖਾਇੰਦਾ । ਆਪੇ ਸ਼ੰਕਰ ਫੜਾਇਆ ਲੜ, ਆਪਣੇ ਪੌੜੇ ਆਪ ਚੜ੍ਹਾਇੰਦਾ । ਆਪ ਆਦਿ ਸ਼ਕਤ ਭਵਾਨੀ ਲਾਏ ਜੜ੍ਹ, ਘਰ ਸਾਚਾ ਆਪ ਸੁਹਾਇੰਦਾ । ਜੁਗਾ ਜੁਗੰਤਰ ਵੇਸ ਧਰ, ਦਰ ਦਰਵੇਸ਼ਾ ਨਾਉਂ ਧਰਾਇੰਦਾ । ਨਾ ਜਨਮੇ ਨਾ ਜਾਏ ਮਰ, ਜੀਵਤ ਮਰਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰਾ ਖੇਲ ਖਿਲਾੜੀ, ਏਕਾ ਏਕ ਅਖਵਾਈਆ । ਆਦਿ ਜੁਗਾਦਿ ਜੋਤ ਨਿਰੰਕਾਰੀ, ਨਿਰਗੁਣ ਨਾਉਂ ਵਟਾਈਆ । ਸ਼ਾਹੋ ਭੂਪ ਸੁਲਤਾਨ ਵਡ ਸਿਕਦਾਰੀ, ਸਾਚਾ ਸੰਗ ਆਪ ਨਿਭਾਈਆ । ਆਪੇ ਜਾਣੇ ਆਪਣੀ ਕਾਰੀ, ਆਪੇ ਕਿਰਤ ਕਮਾਈਆ । ਆਪੇ ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰੀ, ਆਪੇ ਜੋਤ ਜੋਤ ਸਮਾਈਆ । ਆਪੇ ਵਸੇ ਧਾਮ ਨਿਆਰੀ, ਅਡੋਲ ਅਡੁਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਅਖਵਾਈਆ । ਆਪੇ ਦਾਤਾ ਦਰ ਭੰਡਾਰੀ, ਆਪੇ ਹਰਿ ਵਰਤਾਇੰਦਾ । ਆਪੇ ਖੋਲ੍ਹ ਸਚ ਦਵਾਰੀ, ਸਾਚੀ ਵਸਤ ਆਪ ਵਿਕਾਇੰਦਾ । ਆਪੇ ਸ਼ਬਦ ਨਾਮ ਜੈਕਾਰੀ, ਆਪੇ ਰਾਗ ਅਲਾਇੰਦਾ । ਆਪੇ ਢੋਲਾ ਗਾਵੇ ਵਡ ਸੰਸਾਰੀ, ਆਪੇ ਸਿਫ਼ਤ ਸਲਾਹਿੰਦਾ । ਆਪੇ ਵੇਸ ਅਨੇਕਾ ਕਰੇ ਅਕਲ ਕਲ ਧਾਰੀ, ਕੁਲਵੰਤਾ ਆਪ ਅਖਵਾਇੰਦਾ । ਆਪੇ ਨਿਰਗੁਣ ਜੋਤ ਉਜਿਆਰੀ, ਆਪੇ ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਅਖਵਾਇੰਦਾ । ਜੋਤੀ ਨੂਰ ਨਿਰਾਕਾਰ, ਨਿਰਗੁਣ ਵਡ ਵਡਿਆਈਆ । ਆਪਣਾ ਖੇਲ ਆਪੇ ਕਰ, ਤ੍ਰੈ ਤ੍ਰੈ ਮੇਲ ਮਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਫੜਾਇਆ ਲੜ, ਆਪ ਆਪਣਾ ਲੜ ਬੰਧਾਈਆ । ਆਪੇ ਅੰਦਰ ਬੈਠਾ ਵੜ, ਗੁਪਤ ਜ਼ਾਹਰ ਆਪ ਹੋ ਜਾਈਆ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਨਾਮ ਸ਼ਬਦ ਨਿਸ਼ਾਨ, ਦੋ ਜਹਾਨ ਆਪਣਾ ਆਪ ਝੁਲਾਈਆ । ਆਪੇ ਨਿਰਗੁਣ ਹਰਿ ਭਗਵਾਨਾ, ਆਪੇ ਜੋਤ ਜਗਾਇੰਦਾ । ਆਪੇ ਜੋਤ ਵਿਸ਼ਨ ਮਹਾਨਾ, ਆਪੇ ਵੇਸ ਧਰਾਇੰਦਾ । ਆਪੇ ਬ੍ਰਹਮਾ ਦੇਵੇ ਮਾਣਾ, ਆਪ ਆਪਣਾ ਰੂਪ ਵਟਾਇੰਦਾ । ਆਪੇ ਸ਼ੰਕਰ ਮੇਲ ਮਿਲਾਣਾ, ਆਪ ਆਪਣੀ ਬਣਤ ਬਣਾਇੰਦਾ । ਆਪੇ ਹੋਏ ਵਡ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਆਪੇ ਦੇਵੇ ਧੁਰ ਫ਼ਰਮਾਣਾ, ਆਪੇ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸਿਖਿਆ ਪਾਏ ਭਿਛਿਆ, ਸਾਚੀ ਝੋਲੀ ਆਪ ਭਰਾਇੰਦਾ । ਏਕਾ ਬ੍ਰਹਮ ਕਰ ਉਜਿਆਰਾ, ਹਰਿ ਹਰਿ ਬਣਤ ਬਣਾਈਆ । ਦੀਵਾ ਬਾਤੀ ਖੇਲ ਅਪਾਰਾ, ਆਪਣਾ ਆਪ ਜਗਾਈਆ । ਦਿਵਸ ਰੈਣ ਰਹੇ

੬੧੦
੦੮

ਉਜਿਆਰਾ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਖੇਲੇ ਖੇਲ ਅਗੰਮ ਅਪਾਰਾ, ਭੇਵ ਅਭੇਦਾ ਭੇਵ ਛੁਪਾਈਆ । ਆਪਣਾ ਸ਼ਬਦ ਸੱਚੀ ਧੁਨਕਾਰਾ, ਰਾਗ ਅਨਾਦੀ ਇਕ ਸੁਣਾਈਆ । ਏਕਾ ਕਿਰਨ ਸਚ ਬੀਠਲੋ ਅਪਾਰ, ਸਾਰੰਗ ਧਰ ਭਗਵਾਨ ਆਪਣੀ ਆਪ ਉਪਾਈਆ । ਬ੍ਰਹਮਾ ਵੇਖੇ ਮਾਰ ਧਿਆਨ, ਕਵਣ ਦਾਤਾ ਬੇਪਰਵਾਹੀਆ । ਪੁਰਖ ਅਬਿਨਾਸ਼ੀ ਨੌਜਵਾਨ, ਬਿਰਧ ਬਾਲ ਨਾ ਕੋਇ ਵਖਾਈਆ । ਅੱਗੇ ਖੜੇ ਸ੍ਰੀ ਭਗਵਾਨ, ਜੋਤੀ ਨੂਰ ਦਰਸ ਦਿਖਾਈਆ । ਚਰਨ ਕਵਲ ਇਕ ਧਿਆਨ, ਏਕਾ ਮਤ ਸਮਝਾਈਆ । ਪੂਤ ਸਪੂਤੇ ਖੋਲ੍ਹ ਦੁਕਾਨ, ਤੇਰਾ ਹੱਟ ਵਿਕਾਈਆ । ਖੇਲੇ ਖੇਲ ਦੋ ਜਹਾਨ, ਲੋਕਮਾਤ ਦਏ ਵਡਿਆਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਤੇਰੇ ਪੱਲੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਿਹਮਾਦ, ਅਨਾਦ ਅਨਾਦੀ ਤਾਲ ਵਜਾਈਆ । ਵੱਜੇ ਨਾਦੀ ਤਾਲ, ਹਰਿ ਵਜਾਇੰਦਾ । ਖੇਲੇ ਖੇਲ ਦੀਨ ਦਿਆਲ, ਭੇਵ ਕੋਇ ਨਾ ਪਾਇੰਦਾ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਬ੍ਰਹਮਾ ਵੇਤਾ ਕਰੇ ਕਰਾਏ ਪ੍ਰਿਤਪਾਲ, ਪ੍ਰਿਤਪਾਲਕ ਆਪ ਹੋ ਜਾਇੰਦਾ । ਤੇਰੇ ਫਲ ਲਗਾਏ ਡਾਲ, ਲੱਖ ਚੁਰਾਸੀ ਫਲ ਫੁਲਵਾੜੀ ਆਪ ਲਗਾਇੰਦਾ । ਤੇਰਾ ਰੂਪ ਕਾਇਆ ਮੰਦਰ ਸੱਚੀ ਧਰਮਸਾਲ, ਸਾਚੇ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਕਰ, ਕਰਨੀ ਕਰਤਾ ਕਰਮ ਕਮਾਇੰਦਾ । ਬ੍ਰਹਮਾ ਵੇਤਾ ਦਰਸ਼ਨ ਪਾ, ਨਿਉਂ ਨਿਉਂ ਸੀਸ ਝੁਕਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਤੇਰਾ ਭੇਵ ਕੋਇ ਨਾ ਪਾਇੰਦਾ । ਤੇਰੀ ਸਿਫ਼ਤ ਤੇਰੀ ਸਲਾਹ, ਤੇਰਾ ਤੇਰੀ ਗਾਇੰਦਾ । ਤੇਰਾ ਬਨਿਆ ਜਗਤ ਮਲਾਹ, ਤੇਰਾ ਮਾਰਗ ਲਾਇੰਦਾ । ਤੇਰਾ ਨਾਮ ਨਾਮ ਧਰਾ, ਨਾਮ ਨਾਮਾ ਵਣਜ ਵਖਾਇੰਦਾ । ਪੂਰਨ ਇਛਿਆ ਕਾਮ ਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪੇ ਲਾਇੰਦਾ । ਸੇਵਕ ਸੇਵਾ ਸਾਚੀ ਲਾ, ਹਰਿ ਹਰਿ ਸ਼ਬਦ ਜਣਾਈਆ । ਬ੍ਰਹਮਾ ਵੇਤਾ ਨੈਣ ਰਿਹਾ ਉਠਾ, ਏਕਾ ਅੱਖ ਖੁਲ੍ਹਾਈਆ । ਨਿਰਗੁਣ ਦਾਤਾ ਰਿਹਾ ਸਮਝਾ, ਸਾਚੀ ਸਿਖਿਆ ਇਕ ਸਮਝਾਈਆ । ਤੇਰਾ ਰਥ ਦਿਆਂ ਚਲਾ, ਚਾਰੋਂ ਕੁੰਟ ਆਪ ਫਿਰਾਈਆ । ਤੇਰੀ ਅੰਸ ਉਪਾ, ਸਾਚਾ ਬੰਸ ਸੁਹਾਈਆ । ਲੱਖ ਚੁਰਾਸੀ ਬਣਤ ਬਣਾ, ਬਾਵਨ ਮੁਖ ਛੁਪਾਈਆ । ਰਾਗ ਰਾਗਨੀ ਰਹੇ ਗਾ, ਛੱਤੀ ਰਾਗ ਭੇਵ ਨਾ ਆਈਆ । ਸੋਭਾਵੰਤ ਬੇਪਰਵਾਹ, ਘਰ ਬੈਠਾ ਵੇਖ ਵਖਾਈਆ । ਵੇਖ ਵਖਾਏ ਸਾਚਾ ਥਾਂ, ਸਚਖੰਡ ਦਵਾਰਾ ਇਕ ਸੁਹਾਈਆ । ਲੋਆਂ ਪੁਰੀਆਂ ਰਚਨ ਰਚਾ, ਬ੍ਰਿਹਮੰਡ ਖੰਡ ਬਣਤ ਬਣਾਈਆ । ਮੰਡਲ ਮੰਡਪ ਦਏ ਸੁਹਾ, ਰਵ ਸਸ ਕਰੇ ਰੁਸ਼ਨਾਈਆ । ਗਹਿਰ ਗੰਭੀਰ ਡੇਰਾ ਲਾ, ਅਲੱਖ ਨਿਰੰਜਣ ਅਲੱਖ ਜਗਾਈਆ । ਸੁਨ ਅਗੰਮੀ ਵੇਖ ਵਖਾ, ਸੁਨ ਸਮਾਧ ਆਪ ਹੋ ਜਾਈਆ । ਲੱਖ ਚੁਰਾਸੀ ਵੇਸ ਵਟਾ, ਨੌ ਦਸ ਗਿਆਰਾਂ ਬੀਸ ਤੀਸ ਚਾਰ ਕਰੇ ਕੁੜਮਾਈਆ । ਪੰਜ ਤੱਤ ਮੇਲਾ ਮੇਲ ਮਿਲਾ, ਤ੍ਰੈਗੁਣ ਵੱਜੇ ਵਧਾਈਆ । ਮਨ ਮਤ ਬੁੱਧ ਵਿਚ ਟਿਕਾ, ਆਪੇ ਵੇਖ ਵਖਾਈਆ । ਨੌ ਦਵਾਰੇ ਖੋਲ੍ਹ ਖੁਲ੍ਹਾ, ਖ਼ਾਲਕ ਖ਼ਲਕ ਵੇਖ ਵਖਾਈਆ । ਦਸਵੇ ਡੇਰਾ ਆਪੇ ਲਾ, ਨਿਰਗੁਣ ਜੋਤ ਨੂਰ ਕਰੇ ਰੁਸ਼ਨਾਈਆ । ਬ੍ਰਹਮ ਬ੍ਰਹਮ ਬ੍ਰਹਮ ਸਰਬ ਦਏ ਜਣਾ, ਅਨਭਵ ਪਰਕਾਸ਼ ਕਰਾਈਆ । ਅਕਾਲ ਮੂਰਤ ਵੇਖ ਵਖਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਇਕ ਵਜਾ, ਅਨਹਦ ਤਾਲ ਵਜਾਈਆ । ਡੂੰਘੀ ਕਵਰੀ ਪਾਰ ਕਰਾ, ਆਪਣੇ ਮਾਰਗ ਲਾਈਆ । ਸਚ ਸੁਨੇਹੜਾ ਦਏ ਸੁਣਾ, ਏਕਾ ਢੋਲਾ ਗਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਸਰ ਸਰੋਵਰ ਇਕ ਸੁਹਾਈਆ ।

੯੨੧
੦੮

ਪੰਚ ਵਿਕਾਰਾ ਦਏ ਮਿਟਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਆਸਾ ਤ੍ਰਿਸ਼ਨਾ ਦਏ ਗਵਾ, ਸਾਂਤਕ ਸਤਿ ਸਤਿ ਵਰਤਾਈਆ । ਆਪਣੀ ਬੂਝ ਦਏ ਬੁਝਾ, ਸਚ ਬੁਝਾਰਤ ਏਕਾ ਪਾਈਆ । ਬ੍ਰਹਮਾ ਵੇਤਾ ਮੇਲ ਮਿਲਾ, ਬ੍ਰਹਮ ਬ੍ਰਹਮ ਵੇਖ ਵਖਾਈਆ । ਬ੍ਰਹਮ ਬ੍ਰਹਮ ਬ੍ਰਹਮ ਚੜ੍ਹਿਆ ਚਾਅ, ਵੇਲੇ ਅੰਤ ਵੱਜੀ ਵਧਾਈਆ । ਮਿਲਿਆ ਦਾਤਾ ਬੇਪਰਵਾਹ, ਘਰ ਸਾਚੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਆਪਣੇ ਕੰਧ ਉਠਾਈਆ । ਕਰੇ ਕਰਾਏ ਸਚ ਨਿਆਂ, ਜੁਗ ਜੁਗ ਵੱਡੀ ਵਡਿਆਈਆ । ਸਤਿਜੁਗ ਵੇਖੇ ਸਾਚਾ ਥਾਂ, ਬਾਵਨ ਭੇਖਾਧਾਰੀ ਭੇਖ ਵਟਾਈਆ । ਰਾਮ ਰਮੱਯਾ ਆਪ ਅਖਵਾ, ਤ੍ਰੇਤੇ ਤ੍ਰੈਗੁਣ ਲੇਖੇ ਲਾਈਆ । ਕਾਹਨਾ ਕੰਸਾ ਜੋਤ ਜਗਾ, ਸਹੰਸ ਸਹੰਸਾ ਮੇਟ ਮਿਟਾਈਆ । ਨਾਨਕ ਗੋਬਿੰਦ ਖੇਲ ਖਿਲਾ, ਆਪ ਆਪਣਾ ਹੁਕਮ ਚਲਾਈਆ । ਈਸਾ ਮੂਸਾ ਵੇਖ ਵਖਾ, ਕਾਲਾ ਸੂਸਾ ਤਨ ਛੁਹਾਈਆ । ਸੰਗ ਮੁਹੰਮਦ ਚਾਰ ਯਾਰ ਏਕਾ ਰੰਗ ਰੰਗਾ, ਏਕਾ ਪੱਲੂ ਰਿਹਾ ਫੜਾਈਆ । ਏਕਾ ਮੰਤਰ ਨਾਮ ਦ੍ਰਿੜਾ, ਓਅੰ ਰੂਪ ਆਪ ਹੋ ਜਾਈਆ । ਨਮੋ ਦੇਵ ਆਪ ਅਖਵਾ, ਵਾਸਤਕ ਵੇਸ ਰਿਹਾ ਵਟਾਈਆ । ਆਪੇ ਵਿਸ਼ਨੂੰ ਪੂਜ ਪੁਜਾ, ਚਤੁਰਭੁਜ ਆਪ ਹੋ ਜਾਈਆ । ਆਪੇ ਬ੍ਰਹਮਾ ਬ੍ਰਹਮ ਸਮਾ, ਆਪ ਆਪਣਾ ਰੰਗ ਰੰਗਾਈਆ । ਆਪੇ ਸ਼ੰਕਰ ਲੇਖ ਲਿਖਾ, ਆਪੇ ਦਏ ਮਿਟਾਈਆ । ਆਪੇ ਵੇਦਾਂ ਵੇਦ ਜਣਾ, ਆਪੇ ਚਾਰ ਮੁਖ ਸਲਾਹੀਆ । ਆਪੇ ਸ਼ਾਸਤਰ ਸਿਮਰਤ ਰਿਹਾ ਸਮਾ, ਪੁਰਾਨ ਪੁਰਾਨੀ ਆਪੇ ਗਾਈਆ । ਆਪੇ ਗੀਤਾ ਗਿਆਨ ਰਿਹਾ ਦ੍ਰਿੜਾ, ਆਪਣੀ ਭਿਛਿਆ ਝੋਲੀ ਪਾਈਆ । ਆਪੇ ਅੰਜੀਲ ਕੁਰਾਨਾ ਰਹੇ ਅਲਾ, ਅਲੀ ਅੱਲਾ ਆਪ ਹੋ ਜਾਈਆ । ਆਪੇ ਖਾਣੀ ਬਾਣੀ ਡੇਰਾ ਲਾ, ਨਾਨਕ ਗੋਬਿੰਦ ਜੋਤ ਸਮਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਭੇਵ ਕੋਇ ਨਾ ਪਾਈਆ । ਆਦਿ ਜੁਗਾਦੀ ਰਹੇ ਗਾ, ਜੁਗ ਜੁਗ ਰਹੇ ਸਲਾਹੀਆ । ਬ੍ਰਹਮਾ ਵਿਸ਼ਨ ਸ਼ਿਵ ਸੀਸ ਨਵਾ, ਦੋਏ ਜੋੜ ਪੜਨ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾ, ਨੌਂ ਪੰਜ ਕਰੇ ਲੜਾਈਆ । ਕਲਜੁਗ ਅੰਤਮ ਵੇਸ ਵਟਾ, ਚੌਦਾਂ ਤਬਕਾਂ ਖੇਲ ਖਲਾਈਆ । ਚੌਦਾਂ ਤਬਕਾਂ ਭੇਵ ਚੁਕਾ, ਭਾਂਡਾ ਭਰਮ ਦਏ ਭੰਨਾਈਆ । ਨੌਂ ਦਵਾਰੇ ਮੁਹੰਮਦ ਗਿਆ ਗਾ, ਪੰਜ ਤੱਤ ਨਾਲ ਰਲਾਈਆ । ਚੌਦਾਂ ਤਬਕ ਕਾਇਆ ਵਿਚ ਮਿਲਾ, ਕਾਇਆ ਗੜ੍ਹ ਕੋਟ ਸੁਹਾਈਆ । ਦੇਵੇ ਸੁਨੇਹੜਾ ਬੇਪਰਵਾਹ, ਇਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ ਸੰਗ ਰਲਾਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਭੇਵ ਨਾ ਸਕੇ ਕੋਈ ਪਾ, ਕੁਤਬ ਗੌਂਸ ਨਾ ਕਰੇ ਜਣਾਈਆ । ਅੱਲਾ ਹੂ ਨਾਅਰਾ ਰਹੇ ਲਾ, ਹੂ ਹੂ ਕੂਕੇ ਖ਼ਲਕ ਖ਼ੁਦਾਈਆ । ਬਿਸਮਿਲ ਹੋਏ ਨਾ ਕੋਈ ਗਿਆ ਸਮਾ, ਬਿਸਮਲ ਦਿਸ ਕਿਸੇ ਨਾ ਆਈਆ । ਐਨਲਹੱਕ ਨਾ ਨਾਮ ਲਿਆ ਰਖਾ, ਹੱਕ ਹਕੀਕਤ ਨਾ ਖੋਜ ਖੁਜਾਈਆ । ਮੁਕਾਮੇ ਹੱਕ ਇਕ ਖ਼ੁਦਾ, ਬੈਠਾ ਬੇਪਰਵਾਹੀਆ । ਸੰਗ ਮੁਹੰਮਦ ਚਾਰ ਯਾਰੀ ਰਿਹਾ ਸਮਝਾ, ਚੌਦਾਂ ਚੌਦਾਂ ਵੇਖ ਵਖਾਈਆ । ਚੌਦਾਂ ਦਾਤਾ ਆਪ ਅਖਵਾ, ਕਲਜੁਗ ਅੰਤਮ ਵੇਸ ਵਟਾਈਆ । ਪੰਜ ਤੱਤ ਵਿਕਾਰਾ ਦਏ ਗਵਾ, ਆਪ ਆਪਣੀ ਰਚਨ ਰਚਾਈਆ । ਬਾਲ ਅੰਞਾਣੇ ਅੱਗੇ ਲਾ, ਏਕਾ ਮਤ ਸਮਝਾਈਆ । ਬ੍ਰਹਮ ਮਤ ਹਰਿ ਵੇਖ ਵਿਖਾ, ਗੁਰਮਤ ਕਰੇ ਪੜ੍ਹਾਈਆ । ਸਿੰਘ ਮਨਜੀਤਾ ਦਏ ਸਲਾਹ, ਪੰਜ ਤੱਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾ, ਸਾਚੀ ਬਣਤ ਬਣਾਈਆ । ਸਿੰਘ ਜਗਦੀਸ਼ਾ ਸੇਵਾ ਲਾ, ਸਾਚੀ ਖ਼ੁਸ਼ੀ ਮਨਾਈਆ । ਨੌਂ ਦਵਾਰੇ ਖੋਲ੍ਹ ਖੁਲ੍ਹਾ, ਸਾਚੀ ਵੰਡ ਵੰਡਾਈਆ । ਨੌਂ ਪੰਜ ਚੌਦਾਂ ਏਕਾ ਧਾਮ ਬਹਾ, ਚੌਦਾਂ ਤਬਕ ਦਏ ਵਖਾਈਆ । ਗੁਰਸਿਖ ਕੋਈ ਭੁੱਲੇ ਨਾ, ਵਡ ਦਾਤਾ ਹਰਿ ਬੇਪਰਵਾਹੀਆ ।

ਸਚ ਸਿੰਘਾਸਣ ਆਸਣ ਲਾ, ਥਿਰ ਘਰ ਵਾਸਨ ਵੇਸ ਵਟਾਈਆ । ਪੁਰਖ ਅਬਿਨਾਸ਼ੀ ਜੋਤ ਜਗਾ, ਲੱਖ ਚੁਰਾਸੀ ਵੇਖ ਵਖਾਈਆ । ਪ੍ਰਿਥਮੀ ਅਕਾਸ਼ ਫੇਰਾ ਪਾ, ਗਗਨ ਮੰਡਲ ਰਿਹਾ ਫਿਰਾਈਆ । ਬ੍ਰਹਮਾ ਵਿਸ਼ਨ ਰਿਹਾ ਉਠਾ, ਸੋਇਆ ਕੋਇ ਰਹਿਣ ਨਾ ਪਾਈਆ । ਸ਼ੰਕਰ ਤੇਰੀ ਸੇਵਾ ਲਾ, ਸਾਚੀ ਮਤ ਰਿਹਾ ਸਮਝਾਈਆ । ਕਰੋੜ ਤੇਤੀਸਾ ਰਹਿਣਾ ਨਾ, ਸੁਰਪਤ ਰਾਜਾ ਦਏ ਦੁਹਾਈਆ । ਗਣ ਗੰਧਰਬ ਨਾ ਕੋਇ ਰਿਹਾ ਗਾ, ਕਿਨਰ ਯਛਪ ਨਾ ਕੋਇ ਗਾਈਆ । ਨੌ ਖੰਡ ਪ੍ਰਿਥਮੀ ਵੇਸ ਵਟਾ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਏਕਓਅੰਕਾਰਾ ਏਕਾ ਏਕ ਖ਼ੁਦਾ, ਖ਼ਾਲਕ ਖ਼ਲਕ ਆਪ ਹੋ ਜਾਈਆ । ਏਕਾ ਏਕ ਰਾਮ ਰਹੀਮ ਆਪ ਅਖਵਾ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਕਾਹਨਾ ਬੰਸਰੀ ਡੰਕ ਵਜਾ, ਏਕਾ ਗੀਤਾ ਗਿਆਨ ਦ੍ਰਿੜਾਈਆ । ਏਕਾ ਖਾਣੀ ਬਾਣੀ ਭੇਵ ਖੁਲ੍ਹਾ, ਅੰਜੀਲ ਕੁਰਾਨਾ ਏਕਾ ਗਾਈਆ । ਏਕਾ ਗੁਰ ਪੀਰ ਅਵਤਾਰ ਸਾਧ ਸੰਤ ਲਏ ਬਣਾ, ਆਦਿ ਜੁਗਾਦਿ ਵੱਡੀ ਵਡਿਆਈਆ । ਜੁਗਾ ਜੁਗੰਤਰ ਰੱਖੇ ਥਾਉਂ ਥਾਂ, ਥਾਨ ਥਨੰਤਰ ਆਪ ਸੁਹਾਈਆ । ਆਪੇ ਜਾਣੇ ਆਪਣਾ ਮੰਤਰ, ਬ੍ਰਹਮਾ ਮਨਵੰਤਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੋਲ ਏਕਾ ਪੋਲ ਏਕਾ ਹੋਲ ਵਖਾਈਆ । ਏਕਾ ਹੋਲ ਕਿਰਨ ਉਜਾਲਾ, ਹਰਿ ਹਰਿ ਮੁਖ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਰਾਲਾ, ਵੇਦ ਕਤੇਬ ਨਾ ਕੋਇ ਜਣਾਇੰਦਾ । ਇਕ ਇਕੱਲਾ ਨਿਰਾਕਾਰ ਨਿਰਗੁਣ ਧਾਰ, ਨੂਰੋ ਨੂਰ ਨੂਰ ਡਗਮਗਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਚੌਥੇ ਜੁਗ ਵੇਸ ਵਟਾਇੰਦਾ । ਚੌਥੇ ਜੁਗ ਚੌਥੀ ਧਾਰੀ, ਹਰਿ ਹਰਿ ਚਾਲ ਚਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਸੰਸਾਰੀ, ਜੂਠ ਝੂਠ ਰਹਿਣ ਨਾ ਪਾਈਆ । ਨਾ ਕੋਈ ਦੀਸੇ ਜੀਵ ਹੰਕਾਰੀ, ਹਉਮੇ ਹੰਗਤਾ ਗੜ੍ਹ ਤੁੜਾਈਆ । ਮੇਟ ਮਿਟਾਏ ਪੰਚ ਵਿਕਾਰੀ, ਪੰਚਮ ਨਾਤਾ ਤੋੜ ਤੁੜਾਈਆ । ਸ਼ਾਹ ਸੁਲਤਾਨਾਂ ਕਰੇ ਖ਼ੁਵਾਰੀ, ਰਾਜ ਰਾਜਾਨ ਨਾ ਕੋਇ ਅਖਵਾਈਆ । ਨੌ ਸਤ ਜੋਤ ਨਿਰੰਕਾਰੀ, ਏਕਾ ਡੰਕ ਵਜਾਈਆ । ਏਕਾ ਹੁਕਮ ਧੁਰ ਫ਼ਰਮਾਣ ਸੱਚੀ ਸਿਕਦਾਰੀ, ਏਕਾ ਮਾਰਗ ਲਾਈਆ । ਚਾਰ ਵਰਨ ਸੋਹਨ ਇਕ ਦਵਾਰੀ, ਏਕਾ ਬੰਕ ਸੁਹਾਈਆ । ਏਕਾ ਖੰਡਾ ਤੇਜ਼ ਕਟਾਰੀ, ਏਕਾ ਨਾਮ ਹੱਥ ਉਠਾਈਆ । ਵਰਤੇ ਵਰਤਾਵੇ ਆਪਣੀ ਵਾਰੀ, ਜੁਗ ਜੁਗ ਵੇਸ ਅਨੇਕ ਕਰਾਈਆ । ਕਲਜੁਗ ਕੂਕੇ ਰੋਵੇ ਜ਼ਾਰੋ ਜ਼ਾਰੀ, ਚਾਰੋਂ ਕੁੰਟ ਦਏ ਦੁਹਾਈਆ । ਸ੍ਰਿਸ਼ਟ ਸਬਾਈ ਧੁਆਂਧਾਰੀ, ਸਚ ਗਿਆਨ ਨਾ ਕੋਇ ਦ੍ਰਿੜਾਈਆ । ਸਾਧ ਸੰਤ ਸੁਰਤ ਨਾਰ ਹੋਈ ਵਿਭਚਾਰੀ, ਸਾਚਾ ਕੰਤ ਨਾ ਕੋਇ ਹੰਢਾਈਆ । ਆਤਮ ਬ੍ਰਹਮ ਨਾ ਬੰਨ੍ਹੇ ਕੋਈ ਧਾਰੀ, ਬ੍ਰਹਮ ਬ੍ਰਹਮ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਰਚਨਾ ਆਪ ਰਚਾਈਆ । ਜੁਗ ਰਚਨਾ ਹਰਿ ਆਪੇ ਰਚ, ਆਪੇ ਵੇਖ ਵਖਾਇੰਦਾ । ਆਪੇ ਬ੍ਰਹਮਾ ਵਿਸ਼ਨ ਸਚ, ਆਪੇ ਸਚ ਸਮਾਇੰਦਾ । ਆਪੇ ਤੋਲਣਹਾਰਾ ਕਚ, ਏਕਾ ਕੰਡਾ ਹੱਥ ਉਠਾਇੰਦਾ । ਆਪੇ ਭੇਖ ਪਖੰਡਾ ਨੌ ਦਵਾਰੇ ਰਿਹਾ ਨੱਚ, ਆਪੇ ਸਚ ਘਰ ਆਸਣ ਲਾਇੰਦਾ । ਆਪੇ ਤ੍ਰੈਗੁਣ ਮਾਇਆ ਅਗਨੀ ਰਿਹਾ ਮੱਚ, ਆਪੇ ਅੰਮ੍ਰਿਤ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਬ੍ਰਹਮ ਸਰਬ ਸਮਝਾਇੰਦਾ । ਬ੍ਰਹਮ ਪਸਾਰਾ ਹਰਿ ਅਵਤਾਰਾ, ਬ੍ਰਹਮ ਬ੍ਰਹਮ ਜਣਾਈਆ । ਬ੍ਰਹਮ ਸ਼ਬਦ ਭਰ ਭੰਡਾਰਾ, ਬ੍ਰਹਮ ਝੋਲੀ ਪਾਈਆ । ਬ੍ਰਹਮ ਰੂਪ ਨਿਰਗੁਣ ਧਾਰਾ, ਬ੍ਰਹਮ ਨਿਰਗੁਣ ਵਿਚ ਸਮਾਈਆ । ਨਿਰਗੁਣ ਬ੍ਰਹਮ ਹੋ ਉਜਿਆਰਾ, ਸਰਗੁਣ ਕਰੇ ਕੁੜਮਾਈਆ । ਸਰਗੁਣ ਬ੍ਰਹਮ ਪੰਜ ਤੱਤ ਪਿਆਰਾ, ਕਾਇਆ

ਚੋਲਾ ਇਕ ਹੰਢਾਈਆ । ਬੂੰਦ ਰਕਤ ਹੱਡ ਮਾਸ ਨਾੜੀ ਗਾਰਾ, ਲਹੂ ਮਿਝ ਆਪ ਉਪਾਈਆ । ਅੰਦਰ ਵੜ ਕਰੇ ਖੇਲ ਅਪਾਰਾ, ਦਿਸ ਕਿਸੇ ਨਾ ਆਈਆ । ਜੁਗ ਜੁਗ ਹਰਿਜਨ ਮੇਲੇ ਵਿਚ ਸੰਸਾਰਾ, ਜਨ ਭਗਤਾਂ ਦਰਸ ਦਖਾਈਆ । ਹਰਿਜਨ ਉਤਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਕਲਜੁਗ ਡੂੰਘਾ ਸਾਗਰ ਦਿਸੇ ਗਾਰਾ, ਗਹਿਰ ਗੰਭੀਰ ਇਕ ਅਖਵਾਈਆ । ਅੰਤਮ ਆਇਆ ਅੰਤ ਕਿਨਾਰਾ, ਅੰਤ ਅੰਤ ਭਗਵੰਤ ਵੇਖ ਵਖਾਈਆ । ਏਕਾ ਮੰਤ ਨਾਮ ਜੈਕਾਰਾ, ਏਕਾ ਅੱਖਰ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਬਣ ਵਣਜਾਰਾ, ਸਾਚਾ ਵਣਜ ਕਰਾਈਆ । ਹੰ ਬ੍ਰਹਮ ਇਕ ਉਧਾਰਾ, ਏਕਾ ਦਰ ਸੁਹਾਈਆ । ਸੋਹੰ ਰੂਪ ਆਪ ਕਰਤਾਰਾ, ਬ੍ਰਹਮ ਪਾਰਬ੍ਰਹਮ ਸਮਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰਾ, ਅਟੱਲ ਮਹੱਲ ਬੈਠਾ ਆਸਣ ਲਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰਾ, ਆਪ ਉਪਜਾਏ ਆਪੇ ਮੇਟ ਮਿਟਾਏ, ਆਪਣਾ ਗੇੜਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਬਰਨ ਰਖਾਈਆ । ਵਰਨ ਗੋਤ ਨਾ ਕੋਈ ਪਿਆਰਾ, ਨਾ ਕੋਈ ਵੰਡ ਵੰਡਾਇੰਦਾ । ਚੌਥੇ ਜੁਗ ਕਰੇ ਪਾਰ ਕਿਨਾਰਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਸਾਚਾ ਮਾਰਗ ਇਕ ਵਖਾਇੰਦਾ । ਏਕਾ ਬ੍ਰਹਮ ਰੂਪ ਅਪਾਰਾ, ਹਰ ਘਟ ਆਪ ਦਰਸਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਕਾਇਆ ਅੰਦਰ ਡੂੰਘੀ ਗਾਰਾ, ਆਪੇ ਪਾਰ ਕਰਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਜਲ ਥਲ ਫੋਲ ਫੁਲਾਇੰਦਾ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਵੇਖੇ ਇਕ ਅਖਾੜਾ, ਜੇਰਜ ਅੰਡਾਂ ਉਤਭੁਜ ਸੇਹਤਜ ਵੇਖ ਵਖਾਇੰਦਾ । ਗੁਰਮੁਖਾਂ ਕਰੇ ਪਰਕਾਸ਼ ਬਹੱਤਰ ਨਾੜਾ, ਆਪ ਆਪਣੀ ਦਇਆ ਕਮਾਇੰਦਾ । ਹਰਿ ਸਾਜਣ ਸਾਚਾ ਲਾੜਾ, ਦਰ ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰੇ ਵਰਨ ਦੇਵੇ ਵਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਜਣਾਇੰਦਾ । ਚਾਰ ਵਰਨ ਏਕਾ ਨਾਤਾ, ਏਕਾ ਜੋੜ ਜੁੜਾਈਆ । ਖੇਲੇ ਖੇਲ ਪੁਰਖ ਬਿਧਾਤਾ, ਪੁਰਖ ਪੁਰਖੋਤਮ ਵਡ ਵਡਿਆਈਆ । ਉਤਮ ਰੱਖੀ ਆਪਣੀ ਜ਼ਾਤਾ, ਜ਼ਾਤ ਪਾਤ ਨਾ ਕੋਇ ਜਣਾਈਆ । ਸੋ ਪੁਰਖ ਨਿਰੰਜਣ ਸਾਚੀ ਗਾਥਾ, ਹੰ ਬ੍ਰਹਮ ਸਮਝਾਈਆ । ਆਪ ਚਲਾਏ ਆਪਣਾ ਰਾਥਾ, ਜੁਗ ਜੁਗ ਬਣ ਰਥਵਾਹੀਆ । ਆਪੇ ਹੋਏ ਤ੍ਰਲੋਕੀ ਨਾਥਾ, ਅਵਣ ਗਵਣ ਤ੍ਰੈਭਵਣ ਆਪ ਸਮਾਈਆ । ਆਪੇ ਰਖੇ ਸਗਲਾ ਸਾਥਾ, ਬ੍ਰਹਮਾ ਵਿਸ਼ਨ ਸ਼ਿਵ ਸੰਗ ਨਿਭਾਈਆ । ਆਪੇ ਪੂਜਾ ਆਪੇ ਪਾਠਾ, ਇਸ਼ਟ ਦੇਵ ਗੁਰ ਆਪ ਹੋ ਜਾਈਆ । ਆਪੇ ਸਰ ਸਰੋਵਰ ਮਾਰੇ ਠਾਠਾ, ਤੀਰਥ ਤੱਟ ਆਪ ਸੁਹਾਈਆ । ਆਪੇ ਜਨ ਭਗਤਾਂ ਪਿਛੇ ਫਿਰੇ ਨਾਠਾ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਜੁਗ ਅੰਤਮ ਨੇੜੇ ਆਈ ਵਾਟਾ, ਕੂੜਾ ਪੰਧ ਦਏ ਮੁਕਾਈਆ । ਹਰਿਜਨ ਪੂਰਾ ਕਰੇ ਘਾਟਾ, ਮਨਮੁਖਾਂ ਸੰਗ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਮਰਦੰਗ ਵਜਾਈਆ । ਨਾਮ ਮਰਦੰਗਾ ਇਕ ਵਜਾਵਣਾ, ਹਰਿ ਸਾਚਾ ਹੱਥ ਉਠਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਆਪ ਉਠਾਵਣਾ, ਆਪਣਾ ਹੁਕਮ ਆਪ ਸੁਣਾਇੰਦਾ । ਲੋਕਮਾਤ ਮਾਰਗ ਲਾਵਣਾ, ਨਵ ਸਤ ਫੇਰਾ ਆਪੇ ਪਾਇੰਦਾ । ਲੱਖ ਚੁਰਾਸੀ ਖੇਲ ਖਲਾਵਣਾ, ਘਟ ਘਟ ਅੰਦਰ ਫੋਲ ਫੁਲਾਇੰਦਾ । ਘਨਕ ਪੁਰ ਵਾਸੀ ਨਾਮ ਧਰਾਵਣਾ । ਜਮ ਕੀ ਫਾਸੀ ਗੁਰਮੁਖਾਂ ਆਪ ਕਟਾਵਣਾ । ਮਦਿਰਾ

੯੧੪
੦੮

੯੧੫
੦੮

ਮਾਸੀ ਦਰ ਦੁਰਕਾਵਣਾ । ਸਾਚੀ ਦਰਗਹਿ ਨਾ ਕੋਈ ਜ਼ਾਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਫੜਾਏ ਆਪਣਾ ਦਾਮਨਾ । ਗੁਰਸਿਖ ਦਾਮਨ ਸਾਚਾ ਫੜ, ਹਰਿ ਸਾਚਾ ਆਪ ਫੜਾਇੰਦਾ । ਸਾਚੇ ਪੌੜੇ ਜਾਣਾ ਚੜ੍ਹ, ਸਾਚਾ ਮਾਰਗ ਏਕਾ ਲਾਇੰਦਾ । ਆਪਣੇ ਅੰਦਰ ਜਾਣਾ ਵੜ, ਨੌ ਦਵਾਰੇ ਪਾਰ ਕਰਾਇੰਦਾ । ਪੰਚ ਵਿਕਾਰ ਨਾ ਸਕੇ ਅਗੇ ਅੜ, ਏਕਾ ਖੰਡਾ ਨਾਮ ਉਠਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਸਤਿਗੁਰ ਪੂਰਾ ਆਪ ਅਖਵਾਇੰਦਾ । ਆਪਣੀ ਚੋਟੀ ਬੈਠਾ ਚੜ੍ਹ, ਕਲਜੁਗ ਚੋਟੀ ਅੰਤ ਮੁੰਨਾਇੰਦਾ । ਕੋਟਨ ਕੋਟੀ ਰਹੇ ਲੜ, ਹਰਿ ਕਾ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚੇਤਨ ਆਪੇ ਜੜ੍ਹ, ਆਪੇ ਭਾਂਡੇ ਲਏ ਘੜ, ਆਪੇ ਅੰਦਰ ਬਹੇ ਵੜ, ਆਪੇ ਬ੍ਰਹਮ ਫੜਾਏ ਲੜ, ਆਪੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਲੇਖਾ, ਆਪੇ ਜਾਣੇ ਨਰ ਨਰੇਸ਼ਾ, ਜਨ ਭਗਤ ਦੁਵਾਰੇ ਦਰ ਦਰਵੇਸ਼ਾ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਆਪੇ ਵੇਖ ਵਖਾਇੰਦਾ । ਆਪ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਗਣੇਸ਼ ਆਪ ਹੋ ਜਾਈਆ । ਆਪੇ ਹੋਏ ਰਿਖੀ ਕੇਸ਼, ਜਗਤ ਗੋਵਰਧਨ ਆਪ ਉਠਾਈਆ । ਆਪੇ ਰਾਮ ਰਾਮਾ ਨਰ ਨਰੇਸ਼, ਰਾਵਨ ਗੜ੍ਹ ਤੁੜਾਈਆ । ਆਪੇ ਨਾਨਕ ਗੋਬਿੰਦ ਦਸ ਦਸਮੇਸ਼, ਏਕਾ ਰੂਪ ਵਟਾਈਆ । ਆਪੇ ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਪੰਜ ਤੱਤ ਹਰਿ ਕਰ ਕਰ ਵੇਸ, ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਭੇਵ ਨਾ ਰਾਇਆ ਹਰਿ ਰਘੁਰਾਇਆ, ਹਰਿ ਹਰਿ ਵੇਸ ਵਟਾਈਆ । ਕਲਜੁਗ ਵੇਲਾ ਅੰਤਮ ਆਇਆ ਖੇਲ ਖਿਲਾਇਆ, ਖੇਲ ਖਲਾਰੀ ਆਪ ਹੋ ਜਾਈਆ । ਨਿਰਗੁਣ ਸਰਗੁਣ ਜੋੜ ਜੁੜਾਇਆ, ਮਾਤ ਪਿਤ ਨਾ ਕੋਇ ਬਣਾਈਆ । ਸ਼ਬਦ ਵਿਚੋਲਾ ਵਿਚ ਰਖਾਇਆ, ਸਾਲਸ ਸਾਲਸੀ ਕਰਨੇ ਆਈਆ । ਹਰਿਜਨ ਸਾਚੇ ਲਏ ਜਗਾਇਆ, ਸੋਇਆ ਕੋਈ ਰਹਿਣ ਨਾ ਪਾਈਆ । ਏਕਾ ਮੰਤਰ ਨਾਮ ਦ੍ਰਿੜਾਇਆ, ਗਿਆਨ ਗੁਰੂ ਆਪ ਅਖਵਾਇਆ, ਗੁਰ ਨੇਤਰ ਨਾਮ ਧਰਾਈਆ । ਭਗਤ ਭਗਤੀ ਵੇਖ ਵਖਾਇਆ, ਆਦਿ ਸ਼ਕਤੀ ਸੇਵ ਕਮਾਇਆ, ਜਾਗਰਤ ਜੋਤ ਕਰੀ ਰੁਸ਼ਨਾਈਆ । ਅਨਹਦ ਨਾਦ ਇਕ ਵਜਾਇਆ, ਅਨਹਦ ਰਾਗ ਰਿਹਾ ਅਲਾਇਆ, ਬਹੱਤਰ ਤਾਲ ਤਲਵਾੜਾ ਆਪ ਅਖਵਾਈਆ । ਜੀਵ ਜੰਤ ਕਿਸੇ ਭੇਵ ਨਾ ਪਾਇਆ, ਸਾਧ ਸੰਤ ਕਿਸੇ ਦਿਸ ਨਾ ਆਇਆ, ਕਲਜੁਗ ਅੰਤਮ ਵੇਸ ਵਟਾਈਆ । ਬ੍ਰਹਮਾ ਵੇਤਾ ਸੇਵਾ ਲਾਇਆ ਸਾਚਾ ਹੁਕਮ ਇਕ ਸੁਣਾਇਆ, ਹੁਕਮੀ ਹੁਕਮ ਰਿਹਾ ਚਲਾਈਆ । ਅਨਡਿਠੜਾ ਧਾਮ ਆਪ ਸੁਹਾਇਆ, ਪੁਰਖ ਅਬਿਨਾਸ਼ੀ ਡੇਰਾ ਲਾਇਆ, ਨਿਰਗੁਣ ਜੋਤੀ ਜੋਤ ਜਗਾਈਆ । ਗੋਬਿੰਦ ਮੇਲਾ ਸਹਿਜ ਸੁਭਾਇਆ, ਆਦਿ ਜੁਗਾਦਿ ਵਿਛੜ ਨਾ ਜਾਇਆ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਅੰਤਮ ਨਾਉਂ ਧਰਾਇਆ, ਸੰਬਲ ਨਗਰੀ ਦਏ ਸੁਹਾਇਆ, ਸੋਹੰ ਢੋਲਾ ਏਕਾ ਗਾਈਆ । ਗੁਰਮੁਖ ਸਾਚੇ ਲਏ ਤਰਾਇਆ, ਹਰਿ ਸੰਗਤ ਸਾਚੀ ਮੇਲ ਮਿਲਾਇਆ, ਲੱਖ ਚੁਰਾਸੀ ਫੰਦ ਕਟਾਈਆ । ਧਰਮ ਰਾਏ ਨਾ ਦਏ ਸਜ਼ਾਇਆ, ਚਿਤਰ ਗੁਪਤ ਨਾ ਲੇਖ ਵਖਾਇਆ, ਲਾੜੀ ਮੌਤ ਨਾ ਕਰੇ ਕੁੜਮਾਈਆ । ਜਿਸ ਜਨ ਨੇਤਰ ਦਰਸ਼ਨ ਪਾਇਆ, ਪੂਰਬ ਲਹਿਣਾ ਦਏ ਚੁਕਾਇਆ, ਪੂਜਾ ਪਾਠ ਨਾ ਕੋਈ ਕਰਾਈਆ । ਕਰ ਕਿਰਪਾ ਆਪਣੀ

ਗੋਦ ਉਠਾਇਆ, ਗੁਰਮੁਖ ਸਾਚੇ ਚਾਰ ਜੁਗ ਸਚ ਜੋਗ ਕਮਾਇਆ, ਕਲਜੁਗ ਅੰਤਮ ਲਹਿਣਾ ਲਹਿਣਾ ਝੋਲੀ ਪਾਈਆ । ਪਹਿਲਾਂ ਹਉਮੇ ਰੋਗ ਗਵਾਇਆ, ਦੂਜਾ ਧੁਰ ਸੰਜੋਗ ਮਿਲਾਇਆ, ਤੀਜੇ ਨੇਤਰ ਦਰਸ ਵਖਾਈਆ । ਚੌਥੇ ਘਰ ਇਕ ਵਖਾਇਆ, ਨੌ ਦਵਾਰੇ ਆਪ ਲੰਘਾਇਆ, ਅੱਗੇ ਬੈਠਾ ਬੇਪਰਵਾਹੀਆ । ਪੰਚਮ ਮੀਤਾ ਦਇਆ ਕਮਾਇਆ, ਪੰਚਮ ਸੀਸ ਤਾਜ ਪਹਿਨਾਇਆ, ਜਗਤ ਜਗਦੀਸ਼ ਵੱਡੀ ਵਡਿਆਈਆ । ਛੱਪਰ ਛੰਨ ਨਾ ਕੋਇ ਛੁਹਾਇਆ, ਗੁਰੂਦੁਵਾਰ ਮੰਦਰ ਮਸਜਿਦ ਨਾ ਕੋਇ ਬਣਾਇਆ, ਸ਼ਿਵ ਦਵਾਲਾ ਮੱਠ ਨਾ ਕੋਇ ਵਖਾਇਆ, ਗੁਰਸਿਖ ਤੇਰੀ ਕਾਇਆ ਅੰਦਰ ਬੈਠਾ ਡੇਰਾ ਲਾਈਆ । ਸਤਵੇਂ ਸਤਿ ਪੁਰਖ ਨਿਰੰਜਣ ਵੇਸ ਵਟਾਇਆ, ਦੀਵਾ ਬਾਤੀ ਆਪ ਜਗਾਇਆ, ਗੁਰਸਿਖ ਤੇਰਾ ਚਰਨ ਪਿਆਰ ਏਕਾ ਘਿਰਤ ਵਿਚ ਰਖਾਈਆ । ਅੱਠਾਂ ਤੱਤਾਂ ਪੰਧ ਮੁਕਾਇਆ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾਤਾ ਤੋੜ ਤੁੜਾਇਆ, ਮਨ ਮਤ ਬੁੱਧ ਰਹਿਣ ਨਾ ਪਾਈਆ । ਨੌ ਦਵਾਰੇ ਖੋਜ ਖੁਜਾਇਆ, ਕਾਮ ਕਰੋਧ ਵੇਖ ਹਲਕਾਇਆ, ਗੁਰਮੁਖ ਸਾਚੇ ਲਏ ਉਠਾਇਆ, ਆਪ ਆਪਣਾ ਦਰਸ ਦਖਾਇਆ, ਸਚਖੰਡ ਦਵਾਰਾ ਇਕ ਸੁਹਾਇਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਲੋਕਮਾਤ ਮਾਰ ਝਾਤ, ਵਡ ਦਾਤਾ ਬੇਪਰਵਾਹ ਸ਼ਬਦ ਸਰੂਪੀ ਬਣ ਮਲਾਹ, ਇਕ ਜਪਾਏ ਆਪਣਾ ਨਾਂ, ਏਕਾ ਨਈਆ ਰਿਹਾ ਚੜ੍ਹਾਇਆ । ਨੌ ਦੁਵਾਰੇ ਪਾਰ ਕਿਨਾਰਾ, ਗੁਰਮੁਖਾਂ ਪੰਧ ਮੁਕਾਇੰਦਾ । ਆਪੇ ਖਿਚ ਲਿਆਏ ਚਰਨ ਦਵਾਰਾ, ਆਤਮ ਬ੍ਰਹਮ ਆਪ ਸਮਝਾਇੰਦਾ । ਆਪੇ ਵਣਜ ਕਰੇ ਵਣਜਾਰਾ, ਆਪੇ ਵਸਤ ਹੱਟ ਵਿਕਾਇੰਦਾ । ਆਪੇ ਭਰੇ ਨਾਮ ਭੰਡਾਰਾ, ਆਪੇ ਝੋਲੀ ਪਾਇੰਦਾ । ਗੁਰਮੁਖ ਸਾਜਣ ਮੀਤ ਮੁਰਾਰਾ, ਘਰ ਸਾਚੇ ਆਪ ਸੁਹਾਇੰਦਾ । ਆਪੇ ਗੁਪਤ ਆਪੇ ਜ਼ਾਹਰਾ, ਆਪੇ ਅੰਦਰ ਆਪੇ ਬਾਹਰਾ, ਆਪਣੇ ਸਿੰਘਾਸਣ ਆਸਣ ਲਾਇੰਦਾ । ਦਸਮ ਦੁਵਾਰੀ ਖੇਲ ਅਪਾਰਾ, ਸਾਢੇ ਤਿੰਨ ਹੱਥ ਸੇਜ ਹੰਢਾਇੰਦਾ । ਗੁਰਮੁਖਾਂ ਦੇਵੇ ਇਕ ਅਧਾਰਾ, ਏਕਾ ਮਾਰਗ ਲਾਇੰਦਾ । ਜੋ ਜਨ ਰਸਨਾ ਬੋਲੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਆਵਣ ਜਾਵਣ ਪੰਧ ਮੁਕਾਇੰਦਾ । ਗੁਰਮੁਖ ਨਿਉਂ ਨਿਉਂ ਤੇਰੇ ਚਰਨ ਕਰਨ ਨਿਮਸਕਾਰਾ, ਬ੍ਰਹਮਾ ਵਿਸ਼ਨ ਸ਼ਿਵ ਤੇਰਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਦਿ ਆਪੇ ਅੰਤ, ਆਪੇ ਜੋਤ ਸ੍ਰੀ ਭਗਵੰਤ, ਆਪੇ ਨਾਰੀ ਆਪੇ ਕੰਤ, ਆਪੇ ਸਾਧ ਆਪੇ ਸੰਤ, ਆਪ ਬਣਾਏ ਆਪਣੀ ਬਣਤ, ਆਪੇ ਜਾਣੇ ਮਹਿਮਾ ਅਗਣਤ, ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਵੱਡੀ ਵਡਿਆਈਆ । ਹਰਿ ਸੰਗਤ ਤੇਰਾ ਰੂਪ, ਤੇਰੇ ਅੰਤ ਆਪ ਹੋ ਜਾਈਆ । ਜੋਤੀ ਜਾਮਾ ਭੇਖ ਭਗਵੰਤ, ਭਗਤ ਭਗਤੀ ਨਾਮ ਗਿਆਨ ਇਕ ਦ੍ਰਿੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਾਵੇ ਸਾਰ ਜੀਵ ਜੰਤ, ਉਤਭੁਜ ਸੇਹਤਜ ਜੇਰਜ ਅੰਡ ਵੇਖ ਵਖਾਈਆ ।

ਹਰਿ ਸੰਗਤ ਹਰਿ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਏਕਾ ਦੇਵੇ ਜੀਆ ਦਾਨ, ਏਕਾ ਝੋਲੀ ਪਾਇੰਦਾ । ਚਰਨ ਧੂੜ ਸਚ ਅਸ਼ਨਾਨ, ਅਠਸਠ ਮਾਣ ਗਵਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸੋਹੰ ਜਾਮ ਪਿਆਇੰਦਾ । ਨੇਤਰ ਲੋਚਣ ਨੈਣ ਦਰਸ ਮਹਾਨ, ਕਮਲਾਪਾਤੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਹਰਿ ਮੇਲਣਹਾਰਾ, ਵਡ

ਵੱਡੀ ਵਡਿਆਈਆ । ਏਕਾ ਬਖ਼ਸ਼ੇ ਚਰਨ ਪਿਆਰਾ, ਸਾਚੀ ਸਿਖਿਆ ਸਿਖ ਸਮਝਾਈਆ । ਗੁਰਮੁਖ ਬੰਨ੍ਹੇ ਗੁਰਮਤ ਧਾਰਾ, ਗੁਰ ਗੁਰ ਬੂਝ ਬੁਝਾਈਆ । ਏਕਾ ਖੋਲ੍ਹ ਸਚ ਕਿਵਾੜਾ, ਏਕਾ ਹੱਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਏ ਤਰਾਈਆ । ਹਰਿ ਸੰਗਤ ਸਾਚਾ ਲੇਖ ਲਿਖੌਣਾ, ਲਿਖਣਹਾਰਾ ਆਪ ਲਿਖਾਇੰਦਾ । ਰੋਗ ਸੋਗ ਜਗਤ ਮਿਟੌਣਾ, ਦਰਦ ਦੁੱਖ ਵੰਡ ਵੰਡਾਇੰਦਾ । ਪਵਣ ਮਸਾਣ ਨੇੜ ਨਾ ਔਣਾ, ਜਿਨ ਭੂਤ ਪ੍ਰੇਤ ਖ਼ਬੀਸ ਨਾ ਕੋਇ ਸਤਾਇੰਦਾ । ਸ਼ਹੀਦ ਦੀਦ ਨਾ ਕੋਇ ਮਨੌਣਾ, ਚਿਰਾਗ਼ ਆਗ ਨਾ ਕੋਇ ਬਲਾਇੰਦਾ । ਜੋਤ ਜੋਤ ਨਾ ਕੋਇ ਜਗੌਣਾ, ਦੇਵੀ ਦੇਵ ਆਪ ਸਮਝਾਇੰਦਾ । ਏਕਾ ਸ਼ਬਦ ਡੰਡਾ ਹੱਥ ਉਠੌਣਾ, ਕੂੜੀ ਕਿਰਿਆ ਵੇਖ ਵਖਾਇੰਦਾ । ਸ਼ਬਦ ਸੁਹਾਗੀ ਛੰਦਾ ਏਕਾ ਗੌਣਾ, ਏਕਾ ਰਾਗ ਅਲਾਇੰਦਾ । ਸਿਰ ਬਾਂਹ ਸਰਹਾਣੇ ਦੇ ਦੇ ਸੌਣਾ, ਭੈ ਭਿਆਨਕ ਨਾ ਕੋਇ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਦੁੱਖ, ਆਪਣੀ ਝੋਲੀ ਆਪੇ ਪਾਇੰਦਾ । ਹਰਿ ਸੰਗਤ ਤੇਰਾ ਜਗਤ ਵਿਸੂਰਾ, ਸਤਿਗੁਰ ਪੂਰਾ ਦਏ ਮਿਟਾਈਆ । ਦਰਸ ਦਖਾਏ ਹਾਜ਼ਰ ਹਜ਼ੂਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਸਾ ਮਨਸਾ ਸਭ ਦੀ ਕਰੇ ਪੂਰਾ, ਜੋ ਜਨ ਸਾਚੀ ਮੰਗ ਮੰਗਾਈਆ । ਜੋ ਜਨ ਮੰਗੇ ਚਰਨ ਧੂੜਾ, ਮਸਤਕ ਟਿੱਕਾ ਜੋਤ ਲਲਾਟੀ ਦਏ ਜਗਾਈਆ । ਜੋ ਜਨ ਮੰਗੇ ਸ਼ਬਦ ਤੂਰਾ, ਸ਼ਬਦ ਸ਼ਬਦੀ ਦਏ ਜਣਾਈਆ । ਜੋ ਜਨ ਮਾਇਆ ਮੰਮਤਾ ਮੰਗੇ ਨਾਤਾ ਕੂੜਾ, ਦੇ ਮਤ ਦਏ ਸਮਝਾਈਆ । ਗੁਰਮੁਖਾਂ ਬਖ਼ਸ਼ੇ ਜੋਤੀ ਨੂਰਾ, ਘਰ ਮੰਦਰ ਵੱਜੇ ਵਧਾਈਆ । ਗੁਰਸਿਖ ਸੱਜਣ ਵਡ ਸੂਰਨ ਸੂਰਾ, ਜੋ ਆਇਆ ਚਲ ਸਰਨਾਈਆ । ਜਗਤ ਵਿਕਾਰਾ ਨਾਤਾ ਤੁੱਟਾ ਕੂੜਾ, ਕੂੜਾ ਨਾਤਾ ਮਾਤ ਪਿਤ ਭੈਣ ਭਾਈਆ । ਵਸਣਹਾਰਾ ਨੇੜ ਦੂਰਾ, ਨੇਰਨ ਨੇਰ ਦਰਸ ਦਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਜਗਤ ਵਿਸੂਰੇ ਜਾਇਣ ਲੱਥ, ਸਤਿਗੁਰ ਪੂਰਾ ਦਇਆ ਕਮਾਇੰਦਾ । ਜੋ ਜਨ ਸਰਨਾਈ ਗਏ ਢੱਠ, ਢਹਿ ਢਹਿ ਢੇਰੀ ਆਪ ਹੋ ਜਾਇੰਦਾ । ਆਪ ਸੁਣਾਏ ਆਪਣੀ ਗਾਥ, ਆਪੇ ਹਰਿ ਹਰਿ ਗਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਬ ਝੋਲੀ ਪਾਇੰਦਾ । ਲੇਖ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਸੰਗ ਰਲਾਇੰਦਾ । ਗੁਰਸਿਖ ਵਿਕਿਆ ਏਕਾ ਹਾਟ, ਹਰਿ ਕਰਤਾ ਕੀਮਤ ਪਾਇੰਦਾ । ਖੇਲੇ ਖੇਲ ਬਾਜ਼ੀਗਰ ਨਾਟ, ਨਟ ਨਟੂਆ ਸਵਾਂਗ ਵਰਤਾਇੰਦਾ । ਸਚ ਸਰੋਵਰ ਤੀਰਥ ਤਾਟ, ਹਰਿ ਸੰਗਤ ਸਾਚਾ ਸੰਗਮ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰਬੈਣੀ ਨੈਣੀ ਵੇਖੇ ਘਾਟ, ਆਪ ਆਪਣਾ ਦਰ ਸੁਹਾਇੰਦਾ । ਹਰਿ ਸੰਗਤ ਤੇਰਾ ਲੇਖਾ ਜਾਏ ਚੁੱਕ, ਸਤਿਗੁਰ ਪੂਰਾ ਆਪ ਚੁਕਾਈਆ । ਕਾਇਆ ਮੇਟੇ ਲੱਗਾ ਦੁੱਖ, ਦੀਨਾਂ ਅਨਾਥਾਂ ਦਰਦ ਵੰਡਾਈਆ । ਧਰਤ ਧਵਲ ਜੁਗ ਜੁਗ ਸੁਖਣਾ ਰਹੀ ਸੁੱਖ, ਗੁਰਮੁਖਾਂ ਰਾਹ ਤਕਾਈਆ । ਗੁਰਮੁਖ ਉਜਲ ਕਰਨ ਮੁੱਖ, ਭਗਤ ਭਗਵੰਤ ਰਸਨਾ ਹਰਿ ਹਰਿ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਰੱਖੇ ਆਪਣੀ ਕੁੱਖ, ਆਪੇ ਪਿਤਾ ਆਪੇ ਮਾਈਆ । ਨਾ ਮਾਣਸ ਨਾ ਮਨੁੱਖ, ਨਿਰਗੁਣ ਜੋਤ ਬੇਪਰਵਾਹੀਆ । ਹਰ ਘਟ ਅੰਦਰ ਬੈਠਾ ਲੁਕ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਅੱਗੇ ਜਾਏ ਝੁੱਕ, ਜੁਗ ਜੁਗ ਵੱਡੀ ਵਡਿਆਈਆ । ਮਨਮੁਖਾਂ ਮੁਖ ਪਾਏ ਥੁੱਕ, ਵੇਲੇ ਅੰਤ ਦਏ ਸਜ਼ਾਈਆ । ਹਰਿ ਕਾ ਭਾਣਾ ਨਾ ਜਾਏ ਰੁਕ, ਗੁਰ ਪੀਰ ਸਾਧ ਸੰਤ ਵੇਦ ਸ਼ਾਸਤਰ ਖਾਣੀ ਬਾਣੀ

ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖਾਂ ਕਰੇ ਇਕ ਪਿਆਰ, ਹਰਿ ਸੰਗਤ ਮੇਲਾ ਧੁਰ ਦਰਬਾਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਏਕਾ ਏਕ ਖੁਲ੍ਹਾਈਆ । ਦਰ ਦਰਵਾਜ਼ਾ ਗਿਆ ਖੁਲ੍ਹ, ਹਰਿ ਸਾਚੇ ਆਪ ਖੁਲ੍ਹਾਇਆ । ਕਲਜੁਗ ਅੰਤਮ ਕੋਈ ਨਾ ਲਾਏ ਮੁੱਲ, ਚਰਨ ਪ੍ਰੀਤੀ ਇਕ ਸਿਖਾਇਆ । ਤਾਰਨਹਾਰਾ ਸਾਚੀ ਕੁਲ, ਇਕੀ ਕੁਲਾ ਪਾਰ ਕਰਾਇਆ । ਜੋ ਜਨ ਦਰ ਦਵਾਰੇ ਹਰਿ ਸੰਗਤ ਵਿਚ ਆਇਆ ਭੁੱਲ, ਵੇਲੇ ਅੰਤ ਪਾਰ ਕਰਾਇਆ । ਗੁਰਮੁਖ ਫੁਲਵਾੜੀ ਖਿੜਿਆ ਸਾਚਾ ਫੁੱਲ, ਸਤਿਗੁਰ ਪੂਰੇ ਹਾਰ ਬਣਾਇਆ । ਬ੍ਰਹਮਾ ਵਿਸ਼ਨ ਸ਼ਿਵ ਤਿੰਨੇ ਦਰ ਪਾਵਣ ਆਵਣ ਮੁਲ, ਕਰਤਾ ਕੀਮਤ ਨਾ ਕੋਇ ਚੁਕਾਇਆ । ਜੋ ਜਨ ਚਰਨ ਪ੍ਰੀਤੀ ਘੋਲੀ ਗਿਆ ਘੁਲ, ਲਾਲ ਅਮੋਲਕ ਹੀਰਾ ਰਤਨ ਜਵਾਹਰ ਮਾਣਕ ਮੋਤੀ ਆਪਣੇ ਕੰਠ ਲਗਾਇਆ । ਸਾਚੇ ਕੰਡੇ ਪੂਰੇ ਤੋਲ ਗਿਆ ਤੁਲ, ਤੋਲਣਹਾਰਾ ਏਕਾ ਆਇਆ । ਕਲਜੁਗ ਜੀਵ ਮਾਇਆ ਮਮਤਾ ਹਉਮੇ ਹੰਗਤਾ ਗਏ ਰੁਲ, ਸਾਚਾ ਲੜ ਨਾ ਕੋਇ ਫੜਾਇਆ । ਜੂਠਾ ਝੂਠਾ ਬੂਟਾ ਗਿਆ ਹੁਲ, ਸਿੰਮਲ ਰੁਖ ਫਲ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਹਰਿ ਸੰਗਤ ਮੇਲ ਆਪੇ ਕਰ, ਮੇਲ ਮਿਲਾਵਾ ਆਪਣੇ ਹੱਥ ਰਖਾਇਆ । ਆ ਮਿਲ ਸਖੀ ਪਿਆਰੀ ਲੱਗ ਅੰਕ, ਅੰਕ ਅੰਕੜੀ ਰਿਹਾ ਪਾਈਆ । ਨਾਰ ਭਤਾਰੀ ਸੋਹੇ ਬੰਕ, ਬੰਕ ਦਵਾਰੀ ਵੇਖ ਵਖਾਈਆ । ਲੇਖਾ ਜਾਣੇ ਵਾਸੀ ਪੁਰ ਘਨਕ, ਘਨਕ ਪੁਰ ਵਾਸੀ ਵੇਸ ਵਟਾਈਆ । ਖੇਲੇ ਖੇਲ ਬਾਰ ਅਨਕ, ਅਨਕ ਕਲ ਆਪ ਹੋ ਜਾਈਆ । ਗੁਰਮੁਖ ਤਰਾਏ ਜਿਉਂ ਜਨ ਜਨਕ, ਧਰੂ ਪ੍ਰਹਿਲਾਦ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਦਰ ਆਈ ਮੰਗਤ, ਕਾਇਆ ਚੋਲੀ ਚੜ੍ਹੇ ਰੰਗਤ, ਨਾਮ ਬਸਤਰ ਭੂਸ਼ਨ ਸਚ ਦੁਸ਼ਾਲਾ ਪੰਜ ਤੱਤ ਕਾਇਆ ਕੱਪੜ ਤ੍ਰੈਗੁਣ ਸੰਗ ਹੰਢਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਗੁਰ ਏਕਾ ਅਵਤਾਰ, ਏਕਾ ਸ਼ਬਦ ਇਕ ਜੈਕਾਰ, ਏਕਾ ਕੰਤ ਇਕ ਭਤਾਰ, ਗੁਰਮੁਖ ਨਾਰੀ ਸ਼ਬਦ ਸੁਹਾਗਣ ਨਾਮ ਵੈਰਾਗਣ ਕਲਜੁਗ ਅੰਤਮ ਅੰਤ ਲਏ ਪਰਨਾਈਆ । ਨਿਰਗੁਣ ਨੂਰ ਆਦਿ ਨਿਰੰਜਣ ਪੁਰਖ ਅਬਿਨਾਸ਼ੀ ਮੂਰਤ ਅਕਾਲ ਪਾਰਬ੍ਰਹਮ ਪਰਵਰਦਿਗਾਰ ਰਾਮ ਰਹਿਮਾਨ ਨੂਰ ਅਲਾ ਬੇਪਰਵਾਹ, ਏਕਓਅੰਕਾਰ ਨਿਰਾਕਾਰ ਨਿਰਾਧਾਰ ਨਿਰਵੈਰ ਏਕਾ ਰੰਗ ਏਕਾ ਰੂਪ ਏਕਾ ਰੇਖ ਏਕਾ ਭੇਖ ਏਕਾ ਆਦਿ ਏਕਾ ਜੁਗਾਦਿ ਏਕਾ ਵੇਸ, ਏਕਾ ਦਰਵੇਸ ਏਕਾ ਨਰੇਸ਼ ਏਕਾ ਅਗੰਮ ਏਕਾ ਨਾਮ ਏਕਾ ਸਤਿ ਏਕਾ ਜੋਤ ਏਕਾ ਸੋ ਏਕਾ ਨੌ ਏਕਾ ਲਾਟ, ਹਰਿ ਹਰਿ ਆਪ ਆਪ ਅਖਵਾਈਆ ।

## ✪ ੨ ਭਾਦਰੋਂ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ✪

ਬੰਦੀ ਛੋੜ ਬੰਧਨ ਕੱਟ, ਏਕਾ ਬੰਧਨ ਨਾਮ ਪਾਈਆ । ਕਾਲੀ ਭੈਰੋਂ ਗੌਰਜਾ ਮਾਰੇ ਸੱਟ, ਸ਼ਬਦ ਡੰਡਾ ਹੱਥ ਉਠਾਈਆ । ਜਾਣੇ ਖੇਲ ਘਟ ਘਟ, ਘਟ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਿਤ ਪਾਪੀ ਪਾਪੀ ਪਤਿਤ ਆਪ ਤਰਾਈਆ । ਸਾਧ ਸੰਤ ਜਗਤ ਫ਼ਕੀਰ, ਬੰਧਨ ਬੰਧ ਬੰਧਾਇੰਦਾ । ਚਿੱਟੇ ਉਪਰ ਖਿੱਚ ਲਕੀਰ, ਕਾਲਾ ਦਾਗ਼ ਮਿਟਾਇੰਦਾ । ਬੰਨਣਹਾਰ ਬੇਤਾਲ ਬੀਰ, ਅਹਿਮਦ

ਮੁਹੰਮਦ ਧੀਰ ਨਾ ਕੋਇ ਧਰਾਇੰਦਾ । ਭੌਂਦਾ ਦੀਆ ਖਲੰਤਾ ਵਹਾਏ ਨੀਰ, ਸਲਸਲਾ ਮੁਖ ਸ਼ਰਮਾਇੰਦਾ । ਪਿਛਲੀ ਕੱਟਣਹਾਰਾ ਭੀੜ, ਪਿਛਲਾ ਪੰਧ ਮੁਕਾਇੰਦਾ । ਅੱਗੇ ਤਨ ਬਸਤਰ ਪਹਿਨਾਏ ਸਾਚਾ ਚੀਰ, ਸਚ ਸ਼ਿੰਗਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖ ਮੇਟ ਮਿਟਾਇੰਦਾ । ਕਾਗ਼ਜ਼ ਕਲਮ ਲਿਖੇ ਦਵਾਤ, ਲਾਲ ਸ਼ਾਹੀ ਨਾਲ ਰਲਾਈਆ । ਆਪੇ ਵੇਖੇ ਮਾਰ ਝਾਤ, ਯਾ ਮੁਬੀਨ ਕਲਮਾ ਨੂਰ ਇਲਾਹੀਆ । ਜਗਤ ਫ਼ਕੀਰ ਨਾ ਪੁੱਛੇ ਕੋਈ ਵਾਤ, ਦੇਵੇ ਧੱਕਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੰਧਨ ਨਾਮ ਬੰਧਾਈਆ । ਬੰਧਨ ਨਾਮ ਬੰਨ੍ਹੇ ਮਨ, ਤਨ ਤੰਦੂਰ ਨਾ ਕੋਇ ਤਪਾਇਆ । ਝੂਠਾ ਠੀਕਰ ਦੇਵੇ ਭੰਨ, ਸਾਚਾ ਭਾਂਡਾ ਆਪ ਘੜਾਇਆ । ਵਿਚ ਰਖਾਏ ਅੰਮ੍ਰਿਤ ਜਲ, ਜਲ ਧਾਰਾ ਮੁਖ ਚੁਆਇਆ । ਕਾਇਆ ਲਗਾਏ ਸਾਚਾ ਫਲ, ਆਪ ਆਪਣੀ ਦਇਆ ਕਮਾਇਆ । ਪਵਣ ਪਵਣ ਸਿਰ ਜਾਏ ਟਲ, ਸਚ ਹੁਲਾਰਾ ਇਕ ਵਖਾਇਆ, ਪਾਵੇ ਸਾਰ ਜਲ ਥਲ, ਘਰ ਮੰਦਰ ਅੰਦਰ ਬਾਹਰ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਰਿਹਾ ਵੇਖ, ਚਰਨ ਚਵਰਾ ਸਾਚੇ ਕੇਸ, ਆਪ ਆਪਣਾ ਅੰਗ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਇਆ ਲੇਖਾ ਤਨ ਮਨ ਅੰਦਰ ਬਾਹਰ ਦੁੱਖ ਭੁੱਖ ਅਗਨੀ ਤੱਤ ਹੱਡ ਮਾਸ ਨਾੜੀ ਰੱਤ, ਆਪਣੇ ਲੇਖੇ ਲਏ ਲਗਾਈਆ ।



## ✪ ੨ ਭਾਦਰੋਂ ੨੦੧੯ ਬਿਕ੍ਰਮੀ ਹਜ਼ਾਰਾ ਸਿੰਘ ਪਿੰਡ ਛੀਨੇ ਜ਼ਿਲਾ ਅੰਮ੍ਰਿਤਸਰ ✪

੯੧੯ ੦੮

ਇਕ ਇਕੱਲਾ ਏਕਓਅੰਕਾਰ, ਆਦਿ ਜੁਗਾਦਿ ਸਮਾਇਆ । ਖੇਲੇ ਖੇਲ ਅਗੰਮ ਅਪਾਰ, ਪਾਰਬ੍ਰਹਮ ਭੇਵ ਨਾ ਰਾਇਆ । ਅਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਡਗਮਗਾਇਆ । ਏਕਾ ਵਸੇ ਧਾਮ ਨਿਆਰ, ਅਟੱਲ ਮਹੱਲ ਆਪ ਸੁਹਾਇਆ । ਥਿਰ ਘਰ ਬੈਠ ਸੱਚੀ ਸਰਕਾਰ, ਦੀਵਾ ਬਾਤੀ ਇਕ ਜਗਾਇਆ । ਕਮਲਾਪਾਤੀ ਖੇਲ ਅਪਾਰ, ਨਿਰਗੁਣ ਆਪਣਾ ਵੇਸ ਵਟਾਇਆ । ਦਿਵਸ ਰਾਤੀ ਨਾ ਕੋਈ ਧਾਰ, ਸੂਰਜ ਚੰਨ ਨਾ ਕੋਇ ਚੜ੍ਹਾਇਆ । ਮੰਡਲ ਮੰਡਪ ਨਾ ਕੋਇ ਪਸਾਰ, ਧਰਤ ਧਵਲ ਨਾ ਕੋਇ ਵਖਾਇਆ । ਅਕਾਸ਼ ਪਰਕਾਸ਼ ਨਾ ਕੋਇ ਉਜਿਆਰ, ਲੋਆਂ ਪੁਰੀਆਂ ਨਾ ਰਚਨ ਰਚਾਇਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਿਆਰ, ਨਿਰਗੁਣ ਨਾਉਂ ਨਾ ਕੋਇ ਧਰਾਇਆ । ਪੰਜ ਤੱਤ ਨਾ ਕੋਇ ਅਕਾਰ, ਲੱਖ ਚੁਰਾਸੀ ਨਾ ਬਣਤ ਬਣਾਇਆ । ਸਾਧ ਸੰਤ ਨਾ ਕੋਇ ਗੁਰ ਪੀਰ ਅਵਤਾਰ, ਜੀਵ ਜੰਤ ਨਾ ਕੋਇ ਵਖਾਇਆ । ਜਲ ਥਲ ਨਾ ਕੋਇ ਧਾਰ, ਤੀਰਥ ਤੱਟ ਨਾ ਕੋਇ ਸੁਹਾਇਆ । ਵੇਦ ਪੁਰਾਨ ਨਾ ਕੋਇ ਉਧਾਰ, ਗੀਤਾ ਗਿਆਨ ਨਾ ਕੋਇ ਦ੍ਰਿੜਾਇਆ । ਅੰਜੀਲ ਕੁਰਾਨ ਨਾ ਵਜਾਏ ਕੋਇ ਸਤਾਰ, ਕਲਮੀ ਕਲਮਾ ਨਾ ਕੋਇ ਪੜ੍ਹਾਇਆ । ਖਾਣੀ ਬਾਣੀ ਨਾ ਕੋਇ ਕਿਵਾੜ, ਸ਼ਬਦੀ ਸ਼ਬਦ ਨਾ ਕੋਇ ਅਲਾਇਆ । ਰਾਮ ਕ੍ਰਿਸ਼ਨ ਨਾ ਕੋਇ ਪਿਆਰ, ਈਸਾ ਮੂਸਾ ਨਾ ਰੰਗ ਰੰਗਾਇਆ । ਸੰਗ ਮੁਹੰਮਦ ਨਾ ਚਾਰ ਯਾਰ, ਐਨਲਹੱਕ ਨਾ ਕੋਇ ਵਖਾਇਆ । ਨਾਨਕ ਗੋਬਿੰਦ ਨਾ ਕੋਇ ਧਾਰ, ਤੱਤਵ ਤੱਤ ਨਾ ਕੋਇ ਸੁਹਾਇਆ । ਅਬਿਨਾਸ਼ੀ ਕਰਤਾ ਖੇਲ ਅਪਾਰ, ਆਪ ਆਪਣਾ ਰਿਹਾ ਕਮਾਇਆ । ਏਕਓਅੰਕਾਰਾ ਜੋਤ ਉਜਿਆਰ, ਨਿਰਗੁਣ ਬੈਠਾ ਬੇਪਰਵਾਹਿਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਨਾਮ ਧਰਾਇਆ । ਆਪਣੀ ਕਰੇ ਆਪੇ ਕਾਰ, ਕਰਤਾ ਪੁਰਖ

ਆਪ ਅਖਵਾਇਆ । ਅਜੂਨੀ ਰਹਿਤ ਭੇਵ ਨਿਆਰ, ਮੂਰਤ ਅਕਾਲ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਆਦਿ ਪੁਰਖ ਏਕਓਅੰਕਾਰਾ, ਏਕਾ ਰੰਗ ਸਮਾਈਆ । ਨਾ ਕੋਈ ਦੂਸਰ ਮੀਤ ਮੁਰਾਰਾ, ਨਾ ਕੋਈ ਸੰਗ ਨਿਭਾਈਆ । ਨਾ ਕੋਈ ਖੋਲ੍ਹੇ ਦਰ ਕਿਵਾੜਾ, ਨਾ ਕੋਈ ਬੰਕ ਸੁਹਾਈਆ । ਨਾ ਕੋਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਨਾ ਕੋਈ ਵਖਾਈਆ । ਨਾ ਕੋਈ ਮੰਦਰ ਮਸਜਿਦ ਮੱਠ ਦਿਸੇ ਗੁਰਦੁਵਾਰਾ, ਗਹਿਰ ਗੰਭੀਰ ਨਾ ਕੋਈ ਸਹਾਈਆ । ਅਠਸਠ ਨਾ ਕੋਈ ਜਲ ਜਲਧਾਰਾ, ਗੰਗਾ ਗੋਦਾਵਰੀ ਨਾ ਕੋਇ ਵਹਾਈਆ । ਰਾਜ ਰਾਜਾਨ ਨਾ ਕੋਈ ਦਿਸੇ ਸਿਕਦਾਰਾ, ਰਾਜ ਜੋਗ ਨਾ ਕੋਇ ਕਮਾਈਆ । ਤੀਸ ਬਤੀਸ ਨਾ ਕੋਇ ਪੁਕਾਰਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸੀਸ ਜਗਦੀਸ਼ ਨਾ ਕੋਇ ਨਿਮਸਕਾਰਾ, ਦੋਏ ਜੋੜ ਨਾ ਕੋਇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕਓਅੰਕਾਰ, ਜੋਤੀ ਨੂਰ ਕਰ ਉਜਿਆਰ, ਅਗੰਮ ਅਥਾਹ ਬੇਪਰਵਾਹ, ਦਰ ਘਰ ਸਾਚੇ ਬੈਠਾ ਬੇਪਰਵਾਹੀਆ । ਦਰ ਘਰ ਸੱਚਾ ਬੇਪਰਵਾਹ, ਹਰਿ ਹਰਿ ਆਪ ਉਪਾਇਆ । ਨਾ ਕੋਈ ਦੂਸਰ ਦਏ ਸਲਾਹ, ਨਾ ਕੋਈ ਸੰਗ ਨਿਭਾਇਆ । ਨਾ ਕੋਈ ਰਚਨ ਰਿਹਾ ਰਚਾ, ਨਾ ਕੋਈ ਲੇਖ ਲਿਖਾਇਆ । ਨਾ ਕੋਈ ਮੰਗਲ ਰਿਹਾ ਗਾ, ਨਾ ਕੋਈ ਰਾਗ ਅਲਾਇਆ । ਨਾ ਕੋਈ ਤਖ਼ਤ ਤਾਜ ਰਿਹਾ ਸੁਹਾ, ਚੋਬਦਾਰ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰ, ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਨੂਰੋ ਨੂਰ ਪੁਰਖ ਅਕਾਲ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਦੀਨ ਦਿਆਲ, ਭੇਵ ਅਭੇਦਾ ਭੇਵ ਛੁਪਾਈਆ । ਆਪੇ ਚਲੇ ਆਪਣੀ ਚਾਲ, ਵਡ ਦਾਤਾ ਬੇਪਰਵਾਹੀਆ । ਆਪਣਾ ਦੀਪਕ ਆਪੇ ਬਾਲ, ਆਪੇ ਕਰੇ ਰੁਸ਼ਨਾਈਆ । ਆਪ ਸੁਹਾਏ ਆਪਣੀ ਸਚ ਸੱਚੀ ਧਰਮਸਾਲ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਰ ਸਾਚੇ ਆਸਣ ਲਾਈਆ । ਆਪੇ ਮੰਡਲ ਪਾਵੇ ਰਾਸੀ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਖੇਲਣਹਾਰਾ ਆਪ ਅਖਵਾਈਆ । ਆਪਣਾ ਖੇਲ ਹਰਿ ਖਲੰਤਾ, ਖੇਲਣਹਾਰ ਏਕਓਅੰਕਾਰਾ । ਜੋਤੀ ਨੂਰ ਸ੍ਰੀ ਭਗਵੰਤਾ, ਆਦਿ ਜੁਗਾਦੀ ਜੋਤ ਉਜਿਆਰਾ । ਆਪੇ ਨਾਰੀ ਆਪੇ ਕੰਤਾ, ਆਪੇ ਸੇਜ ਸੁੱਤਾ ਸਚ ਭਤਾਰਾ । ਆਪ ਬਣਾਏ ਆਪਣੀ ਬਣਤਾ, ਆਪੇ ਮਾਤ ਪਿਤ ਸੁੱਤ ਦੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲ ਨਿਆਰਾ । ਖੇਲਣਹਾਰ ਪੁਰਖ ਸੁਲਤਾਨਾ, ਏਕਾ ਏਕਓਅੰਕਾਰਿਆ । ਆਦਿ ਜੁਗਾਦੀ ਨੂਰ ਨੁਰਾਨਾ, ਨੂਰੋ ਨੂਰ ਡਗਮਗਾ ਰਿਹਾ । ਏਕਾ ਮੰਦਰ ਇਕ ਮਕਾਨਾ, ਏਕਾ ਘਰ ਸੁਹਾ ਰਿਹਾ । ਏਕਾ ਰੂਪ ਸ੍ਰੀ ਭਗਵਾਨਾ, ਏਕਾ ਰੰਗ ਰੰਗਾ ਰਿਹਾ । ਏਕਾ ਦੇਵਣਹਾਰਾ ਦਾਨਾ, ਏਕਾ ਝੋਲੀ ਅੱਗੇ ਡਾਹ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ । ਵੇਸ ਵਟੰਦੜਾ ਹਰਿ ਭਗਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਦੇਵੇ ਆਪੇ ਦਾਨ, ਆਪਣੀ ਇਛਿਆ ਭਿਛਿਆ ਆਪੇ ਪਾਈਆ । ਸਚ ਵਸਤ ਇਕ ਮਹਾਨ, ਨਿਰਗੁਣ ਆਪਣੀ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਜੋਤੀ ਨੂਰ ਉਜਿਆਰ, ਹਰਿ ਹਰਿ ਆਪ ਕਰਾਇੰਦਾ । ਆਪੇ ਵੇਖੇ ਵੇਖਣਹਾਰ, ਆਪ ਆਪਣੀ ਖੇਲ ਖਲਾਇੰਦਾ । ਆਪਣੇ ਰੰਗ ਰਵੇ ਕਰਤਾਰ, ਕਰਨੀ ਕਰਤਾ ਆਪ ਅਖਵਾਇੰਦਾ । ਸਾਜਣ ਮੀਤਾ ਕਰ ਪਿਆਰ,

੬੨੦
੦੮

ਇਕ ਅਤੀਤਾ ਵੇਸ ਵਟਾਇੰਦਾ । ਆਪੇ ਜਾਣੇ ਆਪਣੀ ਰੀਤਾ, ਆਪੇ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਧਾਮ ਸੁਹਾਇੰਦਾ । ਹਰਿ ਹਰਿ ਧਾਮ ਇਕ ਅਵੱਲਾ, ਹਰਿ ਸਾਚੀ ਜੋਤ ਜਗਾਈਆ । ਬੈਠਾ ਰਹੇ ਇਕ ਇਕੱਲਾ, ਏਕਓਅੰਕਾਰਾ ਬੇਪਰਵਾਹੀਆ । ਆਪੇ ਨੂਰ ਖ਼ੁਦਾਈ ਅੱਲਾ, ਰਾਮ ਰਹੀਮ ਆਪ ਅਖਵਾਈਆ । ਆਪੇ ਆਪਣੇ ਅੰਦਰ ਹੋਇਆ ਬਿਸਮਿਲਾ, ਬਿਸਮਿਲ ਰੂਪ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਲਵਾ ਜਲਾਲ ਵੇਖ ਵਖਾਈਆ । ਜਲਵਾ ਜਲਾਲ ਨੂਰ ਪਰਵਰਦਿਗਾਰ, ਏਕਾ ਰੰਗ ਸਮਾਇਆ । ਅਲੱਖ ਅਗੋਚਰ ਭੇਵ ਅਪਾਰ, ਭੇਵ ਕੋਇ ਨਾ ਰਾਇਆ । ਆਦਿ ਆਦੀ ਖੇਲ ਨਿਆਰ, ਜੁਗਾ ਜੁਗਾਦੀ ਵੇਸ ਵਟਾਇਆ । ਆਪੇ ਸਾਜਣ ਮੀਤ ਮੁਰਾਰ, ਆਪੇ ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਜੋਤ ਜਗਾਏ ਆਦਿ ਨਿਰੰਜਣਾ, ਏਕਾ ਨਾਉਂ ਰਖਾਇਆ । ਏਕਓਅੰਕਾਰਾ ਨਾਉਂ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਜੋਤ ਕਰ ਪ੍ਰਤੱਖ, ਆਪੇ ਵੇਖ ਵਖਾਈਆ । ਆਪੇ ਸਰਬ ਕਲਾ ਸਮਰਥ, ਸਮਰਥ ਪੁਰਖ ਆਪ ਹੋ ਜਾਈਆ । ਆਪੇ ਜਾਣੇ ਆਪਣੀ ਗਥ, ਆਪੇ ਕਰੇ ਪੜ੍ਹਾਈਆ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਆਪ ਹੋ ਜਾਈਆ । ਆਪੇ ਪੂਜਾ ਆਪੇ ਪਾਠ, ਆਪਣਾ ਗੁਣ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਸਿਆ ਸਚ ਘਰ, ਸਚ ਘਰ ਉਚ ਮਹੱਲਾ ਇਕ ਇਕੱਲਾ ਬੈਠਾ ਆਸਣ ਲਾਈਆ । ਇਕ ਇਕੱਲਾ ਪੁਰਖ ਅਬਿਨਾਸ਼ਣ, ਪਾਰਬ੍ਰਹਮ ਰਘੁਰਾਇਆ । ਖੇਲੇ ਖੇਲ ਸ਼ਾਹੋ ਸ਼ਾਬਾਸ਼ਣ, ਸ਼ਾਹ ਸੁਲਤਾਨ ਨਾਮ ਧਰਾਇਆ । ਆਦਿ ਜੁਗਾਦੀ ਏਕਾ ਰਾਸਨ, ਆਪ ਆਪਣੀ ਰਿਹਾ ਰਚਾਇਆ । ਆਪਣੇ ਮੰਦਰ ਕਰਿਆ ਵਾਸਣ, ਘਰ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਰਖਾਇਆ । ਨਿਰਗੁਣ ਨੂਰ ਹਰਿ ਕਰਤਾਰ, ਅਕਲ ਕਲਾ ਕਲ ਧਾਰਿਆ । ਆਪੇ ਪਾਏ ਆਪਣੀ ਸਾਰ, ਆਪ ਆਪਣੇ ਵਿਚ ਸਮਾ ਰਿਹਾ । ਆਪੇ ਖੋਲ੍ਹ ਸਚ ਕਿਵਾੜ, ਆਪਣਾ ਮੰਦਰ ਆਪ ਸੁਹਾ ਲਿਆ । ਸਚਖੰਡ ਵਖਾਏ ਇਕ ਦਵਾਰ, ਚਾਰ ਦਵਾਰ ਨਾ ਕੋਇ ਬਣਾ ਲਿਆ । ਛੱਪਰ ਛੰਨ ਨਾ ਕੋਇ ਸਹਾਰ, ਰਵ ਸਸ ਨਾ ਕੋਇ ਚੜ੍ਹਾ ਲਿਆ । ਨਿਰਗੁਣ ਬਾਤੀ ਕਰ ਉਜਿਆਰ, ਆਦਿ ਜੁਗਾਦੀ ਡਗਮਗਾ ਰਿਹਾ । ਕਮਲਾਪਾਤੀ ਖੇਲ ਅਪਾਰ, ਘਰ ਸਾਚੇ ਆਪ ਖਲਾ ਲਿਆ । ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਇਕ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾ ਲਿਆ । ਸਚਖੰਡ ਦਵਾਰਾ ਹਰਿ ਨਿਰੰਕਾਰ, ਆਪਣਾ ਆਪ ਸੁਹਾਇੰਦਾ । ਥਿਰ ਘਰ ਵੇਖੇ ਉਚ ਮੁਨਾਰ, ਉਚ ਅਟੱਲਾ ਨਾਉਂ ਧਰਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਨਾਰੀ ਕੰਤ ਭਤਾਰ, ਆਪੇ ਸੇਜ ਹੰਢਾਇੰਦਾ । ਆਪੇ ਪੂਤ ਸਪੂਤਾ ਕਰ ਤਿਆਰ, ਸੁੱਤ ਦੁਲਾਰਾ ਸ਼ਬਦ ਉਪਾਇੰਦਾ । ਆਪ ਵਜਾਏ ਸਚ ਸਤਾਰ, ਆਪ ਆਪਣਾ ਨਾਮ ਅਲਾਇੰਦਾ । ਆਪੇ ਗਾਏ ਗਾਵਣਹਾਰ, ਗਾਵਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸੋਹੇ ਬੰਕ, ਪੁਰਖ ਅਬਿਨਾਸ਼ੀ ਏਕਾ ਅੰਕ, ਏਕਾ ਡੰਕ ਵਜਾਇੰਦਾ । ਹਰਿ ਹਰਿ ਸ਼ਬਦ ਸਾਚਾ ਡੰਕ, ਹਰਿ ਹਰਿ ਆਪ ਵਜਾਈਆ । ਹਰਿ ਹਰਿ ਸੁਹਾਏ ਸਾਚਾ ਬੰਕ, ਹਰਿ ਹਰਿ ਵੇਖ ਵਖਾਈਆ । ਹਰਿ ਹਰਿ ਖੇਲੇ ਖੇਲ ਬਾਰ ਅਨਕ, ਅਨਕ


੯੨੧
੦੮

ਕਲਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕਓਅੰਕਾਰ, ਅਕਲ ਕਲ ਧਾਰੀ ਆਪ ਹੋ ਜਾਈਆ । ਅਕਲ ਕਲਾ ਹਰਿ ਆਪੇ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਵਰਨੀ ਆਪੇ ਵਰ, ਆਪ ਕਰੇ ਕੁੜਮਾਈਆ । ਆਪਣੀ ਸਰਨੀ ਆਪੇ ਪੜ੍ਹ, ਆਪੇ ਸੀਸ ਝੁਕਾਈਆ । ਨਾ ਕੋਈ ਸੀਸ ਨਾ ਕੋਈ ਧੜ, ਪਾਰਬ੍ਰਹਮ ਵੱਡੀ ਵਡਿਆਈਆ । ਆਪਣੇ ਮੰਦਰ ਬੈਠਾ ਵੜ, ਥਿਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਈਆ । ਖੇਲੇ ਖੇਲ ਹਰਿ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਆਪਣਾ ਦੇਵੇ ਧੁਰ ਫ਼ਰਮਾਣ, ਆਪੇ ਹੁਕਮ ਸੁਣਾਇੰਦਾ । ਆਪੇ ਹੋਏ ਜਾਣੀ ਜਾਣ, ਜਾਨਣਹਾਰ ਆਪ ਹੋ ਜਾਇੰਦਾ । ਆਪੇ ਰੱਖੇ ਆਪਣਾ ਮਾਣ, ਆਪੇ ਥਾਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਗ ਕਟਾਇੰਦਾ । ਆਪਣਾ ਅੰਗ ਨਿਰਗੁਣ ਕੱਟ, ਨਿਰਗੁਣ ਵੇਸ ਵਟਾਇਆ । ਜੋਤੀ ਨੂਰ ਲਟ ਲਟ, ਨੂਰ ਨੁਰਾਨਾ ਡਗਮਗਾਇਆ । ਆਪਣਾ ਖੋਲ੍ਹ ਆਪੇ ਹੱਟ, ਆਪੇ ਵਸਤ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਨਿਰਗੁਣ ਰੂਪ ਸਤਿ ਸਰੂਪ, ਸਰਗੁਣ ਆਪਣਾ ਵੇਸ ਵਟਾਇਆ । ਨਿਰਗੁਣ ਸਰਗੁਣ ਵੇਸ ਧਰ, ਆਪਣੀ ਕਲ ਵਰਤਾਈਆ । ਭਗਵਨ ਜੋਤੀ ਨੂਰ ਨੂਰ ਕਰ, ਨੂਰੋ ਨੂਰ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਰਚਨ ਰਚਾਏ ਹਰਿ ਭਗਵਾਨ, ਆਪਣਾ ਖੇਲ ਖਲਾਇਆ । ਆਪੇ ਦੇਵੇ ਆਪਣਾ ਦਾਨ, ਆਪਣੀ ਝੋਲੀ ਆਪ ਭਰਾਇਆ । ਆਪੇ ਵਿਸ਼ਨੂੰ ਹੋ ਪਰਧਾਨ, ਆਪ ਆਪਣਾ ਵੇਸ ਵਟਾਇਆ । ਆਪੇ ਕਵਲ ਕਵਲਾ ਖੇਲ ਮਹਾਨ, ਆਪੇ ਨਾਭੀ ਫੁੱਲ ਖਲਾਇਆ । ਆਪੇ ਪਾਰਬ੍ਰਹਮ ਪ੍ਰਭ ਮਾਰ ਧਿਆਨ, ਬ੍ਰਹਮ ਰੂਪ ਆਪ ਹੋ ਜਾਇਆ । ਆਪੇ ਦੇਵੇ ਸ਼ਬਦ ਗਿਆਨ, ਅੰਤਰ ਮੰਤਰ ਆਪ ਦ੍ਰਿੜਾਇਆ । ਆਪੇ ਵੇਖੇ ਮਾਰ ਧਿਆਨ, ਆਪ ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੀਪਕ ਆਪੇ ਆਪ ਜਗਾਇਆ । ਆਪਣਾ ਦੀਪਕ ਆਪ ਜਗਾ, ਆਪ ਕਰੇ ਰੁਸ਼ਨਾਈਆ । ਆਪੇ ਵੇਖੇ ਥਾਉਂ ਥਾਂ, ਬ੍ਰਹਮਾ ਵਿਸ਼ਨ ਦਏ ਟਿਕਾਈਆ । ਸ਼ੰਕਰ ਲੇਖਾ ਆਪ ਗਣਾ, ਧੁੰਧੂਕਾਰ ਸਮਾਈਆ । ਏਕਾ ਰੂਪ ਲਏ ਵਟਾ, ਤ੍ਰੈ ਤ੍ਰੈ ਨਾਉਂ ਰਖਾਈਆ । ਤ੍ਰੈ ਤ੍ਰੈ ਮੇਲਾ ਆਪ ਕਰਾ, ਆਪਣੀ ਡੋਰ ਬੰਧਾਈਆ । ਸੱਜਣ ਸੁਹੇਲਾ ਬੇਪਰਵਾਹ, ਖੇਲ ਖੇਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਰਿਹਾ ਕਮਾਈਆ । ਬ੍ਰਹਮਾ ਵਿਸ਼ਨ ਸ਼ਿਵ ਅਕਾਰ, ਨਿਰਗੁਣ ਨਿਰਾਕਾਰ ਕਰਾਇਆ । ਸ਼ਬਦ ਸਰੂਪੀ ਬੰਨ੍ਹੇ ਧਾਰ, ਸਤਿ ਪੁਰਖ ਨਿਰੰਜਣ ਖੇਲ ਖਲਾਇਆ । ਏਕਾ ਵਸਤ ਕਰ ਤਿਆਰ, ਤ੍ਰੈਗੁਣ ਝੋਲੀ ਆਪ ਭਰਾਇਆ । ਪੰਜ ਤੱਤ ਮੀਤ ਮੁਰਾਰ, ਏਕਾ ਰੂਪ ਦਰਸਾਇਆ । ਹੰ ਬ੍ਰਹਮ ਖੇਲ ਕਰ, ਲੱਖ ਚੁਰਾਸੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਲੱਖ ਚੁਰਾਸੀ ਹਰਿ ਮਿਹਰਵਾਨ, ਲੋਕਮਾਤ ਬਣਤ ਬਣਾਈਆ । ਵਿਸ਼ਨੂੰ ਵੰਸੀ ਖੇਲ ਮਹਾਨ, ਜੀਆ ਦਾਤਾ ਰਿਜ਼ਕ ਸੁਬਾਈਆ । ਬ੍ਰਹਮਾ ਵੇਤਾ ਇਕ ਗਿਆਨ, ਏਕਾ ਮਾਰਗ ਲਾਈਆ । ਸ਼ਿਵ ਸ਼ੰਕਰ ਅੰਤਮ ਵੇਖੇ ਮਾਰ ਧਿਆਨ, ਭੁੱਲ ਰਹੇ ਨਾ ਰਾਈਆ । ਤਿੰਨਾਂ ਦਾਤਾ ਹਰਿ ਭਗਵਾਨ, ਪਾਰਬ੍ਰਹਮ ਆਪ ਅਖਵਾਈਆ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਵਾਪਰ ਆਪੇ ਦੇਵੇ ਦਾਨ, ਕਲਜੁਗ

ਵੰਡ ਵੰਡਾਈਆ । ਚਾਰ ਜੁਗ ਕਰ ਪਰਵਾਨ, ਆਪਣੇ ਨਾਮ ਕਰੇ ਵਡਿਆਈਆ । ਆਪੇ ਅੰਤਮ ਮੇਟੇ ਸਰਬ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨਹਾਰ ਹਰਿ ਕਰਤਾਰਾ, ਕਰਨੀ ਕਰਤਾ ਆਪ ਕਰਾਈਆ । ਕਰਨਹਾਰ ਹਰਿ ਹਰਿ, ਏਕਾ ਏਕ ਸਮਾਇਆ । ਆਦਿ ਜੁਗਾਦੀ ਖੋਲ੍ਹ ਦਰ, ਆਪੇ ਵੇਖ ਵਖਾਇਆ । ਆਪ ਰਖਾਏ ਆਪਣਾ ਡਰ, ਆਪ ਆਪਣਾ ਭੌ ਚੁਕਾਇਆ । ਆਪੇ ਹਰ ਘਟ ਅੰਦਰ ਬੈਠਾ ਵੜ, ਆਪੇ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਇਆ । ਜੁਗ ਜੁਗ ਨਾਮ ਹਰਿ ਕਰਤਾਰਾ, ਆਪਣਾ ਆਪ ਚਲਾਇੰਦਾ । ਆਪੇ ਵਰਤੇ ਵਿਚ ਸੰਸਾਰਾ, ਵਡ ਸੰਸਾਰੀ ਆਪ ਹੋ ਜਾਇੰਦਾ । ਆਪੇ ਭਗਤਨ ਮੀਤਾ ਬਣ ਪਿਆਰਾ, ਸਾਚਾ ਮਾਰਗ ਲਾਇੰਦਾ । ਆਪੇ ਦੇਵੇ ਨਾਮ ਆਧਾਰਾ, ਆਪੇ ਸ਼ਬਦ ਸੁਣਾਇੰਦਾ । ਆਪੇ ਜੋਤ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਆਪੇ ਰਾਮ ਕ੍ਰਿਸ਼ਨ ਬਣ ਅਵਤਾਰਾ, ਭਗਤ ਵਛਲ ਨਾਉਂ ਰਖਾਇੰਦਾ । ਆਪੇ ਨਾਨਕ ਗੋਬਿੰਦ ਬੋਲ ਜੈਕਾਰਾ, ਏਕਾ ਨਾਅਰਾ ਲਾਇੰਦਾ । ਆਪੇ ਈਸਾ ਮੂਸਾ ਖੇਲ ਸੱਚੀ ਸਰਕਾਰਾ, ਕਾਲਾ ਸੂਸਾ ਤਨ ਛੁਹਾਇੰਦਾ । ਆਪੇ ਮੁਹੰਮਦ ਮੁਹੰਮਦੀ ਹੋਏ ਪਿਆਰਾ, ਆਪ ਆਪਣਾ ਵੇਸ ਵਟਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਹਰਿ ਸਾਚਾ ਆਪ ਕਰਾਇੰਦਾ । ਵੇਦ ਪੁਰਾਨ ਕਤੇਬ ਨਾ ਪਾਵਣ ਸਾਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਸਾਧ ਸੰਤ ਭਗਤ ਭਗਵੰਤ ਏਕਾ ਧਾਰਾ, ਏਕਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਹਰਿ ਵੇਸ ਵਟਾਇਆ, ਅਚਰਜ ਬਣਤ ਬਣਾਈਆ । ਕਲਜੁਗ ਵੇਲਾ ਅੰਤਮ ਆਇਆ, ਖੇਲੇ ਖੇਲ ਬੇਪਰਵਾਹੀਆ । ਸਾਧ ਸੰਤ ਕਿਸੇ ਭੇਵ ਨਾ ਪਾਇਆ, ਭਰਮੇ ਭੁੱਲੀ ਸਰਬ ਲੋਕਾਈਆ । ਹਉਮੇ ਹੰਗਤਾ ਰੋਗ ਵਧਾਇਆ, ਕਾਮ ਕਰੋਧ ਲੋਭ ਮੋਹ ਹੰਕਾਰ ਹੋਈ ਹਲਕਾਈਆ । ਆਸਾ ਤ੍ਰਿਸ਼ਨਾ ਨਾ ਕੋਇ ਬੁਝਾਇਆ । ਸਾਂਤਕ ਸਤਿ ਨਾ ਕੋਇ ਵਰਤਾਈਆ । ਸਾਚੇ ਮੰਦਰ ਨਾ ਦੇਵੇ ਕੋਈ ਚੜ੍ਹਾਇਆ, ਦਰਸ ਨਾ ਪਾਇਆ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਵੇਸ ਅਵੱਲਾ, ਹਰਿ ਹਰਿ ਆਪ ਕਰਾਇੰਦਾ । ਆਪੇ ਵੇਖੇ ਰਾਣੀ ਅੱਲਾ, ਆਪੇ ਹੂ ਹੂ ਨਾਅਰਾ ਲਾਇੰਦਾ । ਆਪੇ ਪਾਵੇ ਸਾਰ ਜਲਾ ਥਲਾ, ਡੂੰਘੀ ਕੰਦਰ ਫੋਲ ਫੁਲਾਈਆ । ਆਪੇ ਮੇਟੇ ਗੁਰਮੁਖਾਂ ਦੂਈ ਦਵੈਤੀ ਸਲਾ, ਸਾਚਾ ਰੰਗ ਇਕ ਚੜ੍ਹਾਇੰਦਾ । ਆਪੇ ਸਚ ਸਿੰਘਾਸਣ ਆਸਣ ਮੱਲਾ, ਆਤਮ ਸੇਜਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੰਤ ਭਗਵੰਤ ਗੁਰਮੁਖ ਸਾਜਣ ਸੰਤ ਆਪ ਜਗਾਇੰਦਾ । ਸੰਤ ਸੁਹੇਲਾ ਇਕ ਅਤੀਤਾ, ਏਕਾ ਏਕਓਅੰਕਾਰਿਆ । ਗੁਰਮੁਖਾਂ ਦੱਸੇ ਚਰਨ ਪ੍ਰੀਤਾ, ਸਾਚੀ ਰੀਤੀ ਮਾਰਗ ਇਕ ਵਖਾ ਲਿਆ । ਏਕਾ ਰੰਗ ਰੰਗਾਏ ਹਸਤ ਕੀਟਾ, ਉਚਾਂ ਨੀਚਾਂ ਭੇਵ ਚੁਕਾ ਲਿਆ । ਸ਼ਬਦ ਜਣਾਏ ਨਾਮ ਅਨਡੀਠਾ, ਮਿੱਠਾ ਰਸ ਇਕ ਖਵਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਤਰਾ ਲਿਆ । ਤਾਰਨਹਾਰ ਹਰਿ ਗੁਰਦੇਵ, ਏਕਾ ਏਕ ਏਕ ਅਖਵਾਈਆ । ਜਿਸ ਜਨ ਗਾਇਆ ਰਸਨਾ ਜੇਹਵ, ਆਸਾ ਮਨਸਾ ਪੂਰ ਕਰਾਈਆ । ਕੌਸਤਕ ਮਣੀਆ ਮਸਤਕ ਥੇਵ, ਚੌਦਾਂ ਰਤਨ ਮੁਖ ਸ਼ਰਮਾਈਆ । ਅਬਿਨਾਸ਼ੀ ਕਰਤਾ ਅਲੱਖ ਅਭੇਵ, ਬ੍ਰਹਮ

ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਵੇਖ ਵਖਾਈਆ । ਘਰ ਸਾਚਾ ਹਰਿ ਸੁਹਾਇਆ, ਪਾਇਆ ਪਰਮ ਪੁਰਖ ਕਰਤਾਰ । ਗੁਰਮੁਖ ਮੇਲਾ ਮੇਲ ਮਿਲਾਇਆ, ਨਾਤਾ ਤੁੱਟਾ ਸਰਬ ਸੰਸਾਰ । ਗੁਰ ਚੇਲਾ ਏਕਾ ਰੰਗ ਰੰਗਾਇਆ, ਗੁਰ ਗੋਬਿੰਦ ਮੀਤ ਮੁਰਾਰ । ਆਪੇ ਸਗਲਾ ਸੰਗ ਨਿਭਾਇਆ, ਸਗਲਾ ਸਾਥੀ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲ ਕਲਕੀ ਇਕ ਅਵਤਾਰ । ਕਲ ਕਲਕੀ ਹਰਿ ਅਵਤਾਰਾ, ਨਿਰਗੁਣ ਜੋਤ ਜਗਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰਾ, ਲੋਆਂ ਪੁਰੀਆਂ ਫੋਲ ਫੁਲਾਈਆ । ਜਨ ਭਗਤਾਂ ਕਰੇ ਸਤਿ ਪਿਆਰਾ, ਸਤਿ ਸਰੂਪ ਆਪ ਹੋ ਜਾਈਆ । ਬ੍ਰਹਮ ਮਤ ਏਕਾ ਧਾਰਾ, ਏਕਾ ਰੰਗ ਰੰਗਾਈਆ । ਮਨ ਮਤ ਹੋਏ ਖ਼ਵਾਰਾ, ਚਾਰੋਂ ਕੁੰਟ ਕੂਕੇ ਦਏ ਦੁਹਾਈਆ । ਨਾਰ ਵਿਭਚਾਰ ਨਾ ਹਾਹਾਕਾਰਾ, ਸਾਚਾ ਕੰਤ ਨਾ ਕੋਇ ਮਨਾਈਆ । ਹਰਿ ਕਾ ਭੇਵ ਨਾ ਪਾਏ ਜੀਵ ਗਵਾਰਾ, ਰਸਨਾ ਜਿਹਵਾ ਨਾ ਕੋਇ ਵਖਾਈਆ । ਗੁਰਮੁਖ ਵਿਰਲਾ ਉਤਰਿਆ ਪਾਰਾ, ਜਿਸ ਜਨ ਆਪਣੀ ਦਇਆ ਕਮਾਈਆ । ਏਕਾ ਵਣਜ ਕਰਾਏ ਸੱਚਾ ਵਣਜਾਰਾ, ਏਕਾ ਨਾਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਠਾਂਡਾ ਸੀਤ, ਏਕਾ ਰੰਗ ਸਮਾਇਆ । ਪਤਿਤ ਪਾਪੀ ਕਰੇ ਪੁਨੀਤ, ਪਤਿਤ ਪਾਵਣ ਨਾਉਂ ਧਰਾਇਆ । ਜਿਸ ਜਨ ਰੱਖਿਆ ਹਰਿ ਹਰਿ ਚੀਤ, ਵੇਲੇ ਅੰਤਮ ਮੇਲ ਮਿਲਾਇਆ । ਕਲਜੁਗ ਕੂੜਾ ਰਿਹਾ ਬੀਤ, ਹਰਿ ਸਾਚੇ ਵੇਸ ਵਟਾਇਆ । ਵਸਣਹਾਰਾ ਧਾਮ ਅਨਡੀਠ, ਲੋਕਮਾਤ ਫੇਰਾ ਪਾਇਆ । ਲੱਖ ਚੁਰਾਸੀ ਰਿਹਾ ਜੀਤ, ਆਪ ਆਪਣਾ ਡੰਕ ਵਜਾਇਆ । ਗੁਰਮੁਖ ਵਿਰਲਾ ਗਾਏ ਸੁਹਾਗੀ ਗੀਤ, ਸੋਹੰ ਢੋਲਾ ਇਕ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਵਰ, ਆਪ ਆਪਣੀ ਦਇਆ ਕਮਾਇਆ । ਗੁਰਮੁਖ ਸੱਜਣ ਬੇਪਰਵਾਹ, ਹਰਿ ਹਰਿ ਲੱਧਾ ਰਾਮ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦੇਵਣਹਾਰਾ ਸਚ ਸਲਾਹ, ਅੰਮ੍ਰਿਤ ਨਾਮ ਪਿਆਏ ਜਾਮ । ਦੋ ਜਹਾਨੀ ਬਣ ਮਲਾਹ, ਕਲਜੁਗ ਅੰਤਮ ਪੂਰਨ ਕਰੇ ਕਾਮ । ਨਿਧਾਵਿਆਂ ਦੇਵੇ ਸਾਚਾ ਥਾਂ, ਸਚਖੰਡ ਦਵਾਰਾ ਸਾਚਾ ਧਾਮ । ਆਪੇ ਪਕੜਣਹਾਰਾ ਬਾਂਹ, ਵੇਖ ਵਖਾਏ ਨਗਰ ਗਰਾਮ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਲੇਖੇ ਲਾਏ ਹੱਡ ਮਾਸ ਨਾੜੀ ਚਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਟੇ ਅੰਧੇਰੀ ਸ਼ਾਮ । ਹਰਿਜਨ ਅੰਧੇਰਾ ਜਾਏ ਚੁੱਕ, ਸਤਿਗੁਰ ਪੂਰਾ ਆਪ ਚੁਕਾਈਆ । ਸਫਲ ਕਰਾਏ ਮਾਤ ਕੁੱਖ, ਧੰਨ ਧੰਨ ਧੰਨ ਜਣੇਂਦੀ ਮਾਈਆ । ਉਲਟਾ ਗਰਭ ਨਾ ਹੋਏ ਰੁਖ, ਲੱਖ ਚੁਰਾਸੀ ਫੰਦ ਕਟਾਈਆ । ਕਰ ਦਰਸ ਉਤਰੇ ਭੁੱਖ, ਹਰਿ ਸਾਚਾ ਤਰਸ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪ ਉਠਾਏ ਲੁਕ ਲੁਕ, ਮਨਮੁਖਾਂ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਜੀਆ ਦਾਤਾ ਵਡ ਵਡਿਆਈਆ । ਅੰਤਰਜਾਮੀ ਪੁਰਖ ਬਿਧਾਤਾ, ਹਰ ਘਟ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਆਤਮ ਬ੍ਰਹਮ ਜਣਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਸਾਚਾ ਚੰਨ ਚੜ੍ਹਾਇੰਦਾ । ਸ਼ਬਦ ਸੁਣਾਏ ਏਕਾ ਗਾਥਾ, ਅਨਹਦ ਤਾਲ ਵਜਾਇੰਦਾ । ਕਾਇਆ ਮੰਦਰ ਪੂਜਾ ਪਾਠਾ, ਏਕਾ ਰਾਗ ਸੁਣਾਇੰਦਾ । ਸਰ ਸਰੋਵਰ

ਤੀਰਥ ਤਾਟਾ, ਅੰਤਰ ਆਤਮ ਆਪ ਨੁਹਾਇੰਦਾ । ਨੂਰੀ ਨੂਰ ਜੋਤ ਲਲਾਟਾ, ਜੋਤ ਨਿਰੰਜਣ ਡਗਮਗਾਇੰਦਾ । ਆਪੇ ਸੁੱਤਾ ਸਾਚੀ ਖਾਟਾ, ਆਸਣ ਸਿੰਘਾਸਣ ਆਪ ਵਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਘਟ ਆਪੇ ਵੇਖ ਵਖਾਇੰਦਾ । ਅੰਤਰਜਾਮੀ ਪੁਰਖ ਸੁਜਾਣ, ਏਕਾ ਏਕ ਓਅੰਕਾਰਿਆ । ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਖੇਲੇ ਵਿਚ ਸੰਸਾਰਿਆ । ਜਨ ਭਗਤਾਂ ਦੇਵੇ ਭਗਤੀ ਦਾਨ, ਏਕਾ ਮੰਤਰ ਨਾਮ ਦ੍ਰਿੜਾ ਰਿਹਾ । ਆਤਮ ਦਰਸੀ ਦਰਸ ਮਹਾਨ, ਸਵਛ ਸਰੂਪੀ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਮਾਰ ਝਾਤ, ਇਕ ਇਕਾਂਤ ਖੇਲ ਖਲਾ ਰਿਹਾ । ਅੰਤਰਜਾਮੀ ਖੇਲ ਅਪਾਰਾ, ਗੁਣ ਅਵਗੁਣ ਨਾ ਕੋਇ ਜਣਾਈਆ । ਪਾਰਬ੍ਰਹਮ ਬ੍ਰਹਮ ਰੂਪ ਪਸਾਰਾ, ਬ੍ਰਹਮ ਬ੍ਰਹਮ ਬ੍ਰਹਮ ਵੱਡੀ ਵਡਿਆਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਏਕਾ ਅੰਕ ਸਮਾਈਆ । ਆਪੇ ਸੋਹੇ ਸਚ ਦਵਾਰਾ, ਬੰਕ ਦਵਾਰੀ ਡੇਰਾ ਲਾਈਆ । ਨਿਜ ਘਰ ਵਸੇ ਵਸਣਹਾਰਾ, ਨਿਜ ਆਤਮ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਮੇਲਾ ਮੇਲ ਮਿਲਾਈਆ । ਘਟ ਘਟ ਬ੍ਰਹਮ ਵਸਿਆ, ਪਾਰਬ੍ਰਹਮ ਗੁਰ ਕਰਤਾਰ । ਆਦਿ ਜੁਗਾਦੀ ਫਿਰੇ ਨੱਸਿਆ, ਆਪ ਆਪਣੀ ਕਿਰਪਾ ਧਾਰ । ਜਨ ਭਗਤਾਂ ਰੈਣ ਅੰਧੇਰੀ ਮੇਟੇ ਮੱਸਿਆ, ਨਿਰਮਲ ਜੋਤ ਕਰੇ ਉਜਿਆਰ । ਸਾਚੇ ਮੰਦਰ ਬਹਿ ਬਹਿ ਹੱਸਿਆ, ਆਪੇ ਕਾਇਆ ਖੋਲ੍ਹ ਕਿਵਾੜ । ਸ਼ਬਦ ਤੀਰ ਨਿਰਾਲਾ ਕਸਿਆ, ਹਉਮੇ ਹੰਗਤਾ ਦੇਵੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਖੇਲੇ ਖੇਲ ਅਪਾਰ । ਘਟ ਘਟ ਅੰਤਰ ਨੂਰ ਉਜਿਆਰਾ, ਹਰਿ ਹਰਿ ਆਪ ਕਰਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਬੋਧ ਅਗਾਧ ਵੱਡੀ ਵਡਿਆਈਆ । ਪਾਵਣਹਾਰਾ ਸਾਚੀ ਸਾਰਾ, ਸਾਚੀ ਸਿਖਿਆ ਸਿਖ ਸਮਝਾਈਆ । ਆਪੇ ਜਾਣੇ ਆਰ ਪਾਰ ਕਿਨਾਰਾ, ਮੰਜਧਾਰ ਆਪ ਸੁਹਾਈਆ । ਆਪੇ ਵਸੇ ਖੰਡ ਸਚ ਦਵਾਰਾ, ਥਿਰ ਘਰ ਸਾਚੇ ਡੇਰਾ ਲਾਈਆ । ਆਪੇ ਵਿਸ਼ਨੂੰ ਰੂਪ ਅਪਾਰਾ, ਆਪੇ ਬ੍ਰਹਮ ਜੋਤ ਪ੍ਰਗਟਾਈਆ । ਆਪੇ ਸ਼ੰਕਰ ਖੇਲ ਅਪਾਰਾ, ਖੇਲਣਹਾਰਾ ਆਪ ਖਿਲਾਈਆ । ਆਪੇ ਤ੍ਰੈਗੁਣ ਤੱਤ ਕਰੇ ਉਧਾਰ, ਪੰਚਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖਲੇ ਅਗੰਮ ਅਪਾਰ, ਮਨ ਮਤ ਬੁੱਧ ਆਪਣਾ ਅੰਕ ਵਖਾਈਆ । ਅੰਤਰਜਾਮੀ ਹਰਿ ਹਰਿ ਮੀਤਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਠੰਡਾ ਸੀਤਾ, ਤੱਤਵ ਤੱਤ ਨਾ ਕੋਇ ਵਖਾਇਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਇਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਜਣਾਇਆ । ਆਪਣਾ ਭਾਣਾ ਜਾਣੇ ਮੀਠਾ, ਆਪਣੇ ਭਾਣੇ ਆਪ ਰਹਾਇਆ । ਆਪੇ ਵਸੇ ਧਾਮ ਅਨਡੀਠਾ, ਨੇਤਰ ਲੋਚਣ ਨੈਣ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਕਾਇਆ ਮੰਦਰ, ਨਿਜ ਘਰ ਵਾਸੀ ਪੁਰਖ ਅਬਿਨਾਸ਼ੀ ਏਕਓਅੰਕਾਰਾ ਨਿਰਾਕਾਰਾ ਨਿਰਗੁਣ ਬੈਠਾ ਜੋਤ ਜਗਾਇਆ । ਘਟ ਅੰਦਰ ਹਰਿ ਖੇਲ ਅਪਾਰਾ, ਘਟ ਘਟ ਜੋਤ ਜਗਾਈਆ । ਗੁਰਮੁਖਾਂ ਕਰੇ ਸਚ ਪਿਆਰਾ, ਆਪ ਆਪਣੀ ਬੂਝ ਬੁਝਾਈਆ । ਏਕਾ ਵਣਜ ਕਰੇ ਕਰਾਏ ਸਚ ਵਣਜਾਰਾ, ਏਕਾ ਵਸਤ ਝੋਲੀ ਪਾਈਆ । ਏਕਾ ਰੰਗ ਰੰਗੇ ਕਰਤਾਰਾ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਮੇਲਾ ਖੇਲੇ ਖੇਲ ਬੇਪਰਵਾਹੀਆ । ਘਟ ਅੰਦਰ ਹਰਿ ਹਰਿ ਵਾਸਾ, ਆਪਣਾ ਆਪ ਕਰਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਮੰਡਲ ਵੇਖ

ਵਖਾਇੰਦਾ । ਲੋਆਂ ਪੁਰੀਆਂ ਪਾਏ ਰਾਸਾ, ਰਵ ਸਸ ਆਪ ਨਚਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸਾ, ਜੁਗ ਜੁਗ ਵੇਸ ਵਟਾਇੰਦਾ । ਪੂਰਨ ਕਰੇ ਆਪੇ ਆਸਾ, ਆਪ ਆਪਣਾ ਸੰਗ ਨਿਭਾਇੰਦਾ । ਸ਼ਾਹ ਸੁਲਤਾਨ ਸ਼ਾਹੋ ਸ਼ਾਬਾਸ਼ਾ, ਸਤਿਗੁਰ ਪੂਰਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਭੀਤਰ ਡੇਰਾ ਲਾਇੰਦਾ । ਘਟ ਘਟ ਅੰਦਰ ਹਰਿ ਵਸੇਰਾ, ਹਰਿ ਹਰਿ ਜੋਤ ਜਗਾਈਆ । ਗੁਰਮੁਖਾਂ ਦਿਸੇ ਨੇਰਨ ਨੇਰਾ, ਆਪ ਆਪਣੀ ਬੂਝ ਬੁਝਾਈਆ । ਮਨਮੁਖਾਂ ਅੰਦਰ ਕਰ ਅੰਧੇਰਾ, ਬੈਠਾ ਮੁਖ ਛੁਪਾਈਆ । ਆਪੇ ਜਾਣੇ ਹੇਰਾ ਫੇਰਾ, ਵਲ ਛਲ ਧਾਰੀ ਖੇਲ ਖਲਾਈਆ । ਆਦਿ ਜੁਗਾਦੀ ਜੁਗਾ ਜੁਗੰਤਰ ਕਰੇ ਕਰਾਏ ਹੱਕ ਨਬੇੜਾ, ਭੁੱਲ ਰਹੇ ਨਾ ਰਾਈਆ । ਲੱਖ ਚੁਰਾਸੀ ਦੇਵਣਹਾਰਾ ਆਪਣਾ ਗੇੜਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਹਤਜ ਆਪ ਭਵਾਈਆ । ਗੁਰਮੁਖ ਵਸਾਏ ਕਾਇਆ ਖੇੜਾ, ਹਰਿ ਮੰਦਰ ਡੇਰਾ ਲਾਈਆ । ਪੰਚ ਵਿਕਾਰਾ ਚੁੱਕੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਮਨ ਮਤ ਨਾ ਕਰੇ ਵਸੇਰਾ, ਆਸਾ ਤ੍ਰਿਸ਼ਨਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਬੈਠਾ ਬੇਪਰਵਾਹੀਆ । ਘਟ ਘਟ ਵਸਿਆ ਊਚ ਨੀਚ, ਹਸਤ ਕੀਟ ਏਕਾ ਰੰਗ ਸਮਾਇਆ । ਖੇਲੇ ਖੇਲ ਜਗਤ ਜਗਦੀਸ਼, ਜਗਤ ਜਗਦੀਸ਼ਰ ਵੇਸ ਵਟਾਇਆ । ਆਪਣਾ ਪੀਸਣ ਰਿਹਾ ਪੀਸ, ਆਪਣੀ ਚੱਕੀ ਆਪ ਚਲਾਇਆ । ਆਦਿ ਜੁਗਾਦੀ ਸ਼ਰਅ ਹਦੀਸ, ਆਪ ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਆਪ ਆਪਣਾ ਆਸਣ ਲਾਇਆ । ਘਟ ਅੰਦਰ ਹਰਿ ਕਰ ਕਰ ਵਾਸਾ, ਹਰਿ ਆਪਣਾ ਖੇਲ ਖਲਾਇੰਦਾ । ਗੁਰਮੁਖ ਦੇਵੇ ਨਾਮ ਧਰਵਾਸਾ, ਨਾਮ ਨਾਮਾ ਰਸਨਾ ਜੇਹਵਾ ਮੁਖ ਸਲਾਹਿੰਦਾ । ਲੇਖਾ ਜਾਣੇ ਸਵਾਸ ਸਵਾਸਾ, ਸਗਲਾ ਸੰਗ ਨਿਭਾਇੰਦਾ । ਮਨਮੁਖਾਂ ਖ਼ਾਲੀ ਕਰੇ ਕਾਇਆ ਕਾਸਾ, ਨਾਮ ਵਸਤ ਨਾ ਝੋਲੀ ਪਾਇੰਦਾ । ਦੋਹਾਂ ਵੇਖੇ ਜਗਤ ਤਮਾਸ਼ਾ, ਆਪ ਆਪਣੀ ਰਚਨ ਰਚਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਵਿਸ਼ਵ ਰੂਪ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਿਧ ਜਾਣੇ ਅੰਤਰ, ਤਨ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਆਤਮ ਸਾਚਾ ਜਾਮ ਪਿਆਇੰਦਾ । ਅੰਤਰ ਬਿਧ ਹਰਿ ਹਰਿ ਜਾਣੇ, ਭੁੱਲ ਰਹੇ ਨਾ ਰਾਈਆ । ਦਿਵਸ ਰੈਣ ਵੇਖ ਵਖਾਣੇ, ਅੱਠੇ ਪਹਿਰ ਸੇਵ ਕਮਾਈਆ । ਜੋ ਜਨ ਹਰਿ ਹਰਿ ਰੱਖੇ ਚਰਨ ਧਿਆਨੇ, ਚਰਨ ਚਰਨੋਦਕ ਮੁਖ ਪਿਆਈਆ । ਆਪ ਚਲਾਏ ਆਪਣੇ ਭਾਣੇ, ਸਿਰ ਆਪਣਾ ਹੱਥ ਟਿਕਾਈਆ । ਦਰ ਦਵਾਰੇ ਦੇਵੇ ਮਾਣੇ, ਦਰ ਘਰ ਸਾਚੇ ਸੋਭਾ ਪਾਈਆ । ਮਨਮੁੱਖ ਭੁੱਲੇ ਜੀਵ ਅੰਵਾਣੇ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਮੁਖ ਵਿਰਲੇ ਚਤੁਰ ਸੁਘੜ ਸਿਆਣੇ, ਜਗਤ ਤ੍ਰਿਸ਼ਨਾ ਰਹੇ ਮਿਟਾਈਆ । ਦੋਹਾਂ ਵਿਚੋਲਾ ਸ੍ਰੀ ਭਗਵਾਨੇ, ਸੰਤ ਕੰਤ ਭਗਵੰਤ ਜੀਵ ਜੰਤ ਆਦਿ ਅੰਤ ਜੁਗਾ ਜੁਗੰਤ ਜਾਗਰਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਤਮ ਬ੍ਰਹਮ ਬ੍ਰਹਮ ਪਛਾਣ, ਪ੍ਰਭ ਪਾਰਬ੍ਰਹਮ ਇਕ ਧਿਆਨ, ਇਸ਼ਟ ਦੇਵ ਹਰਿ ਸਾਚਾ ਮਾਣ, ਆਦਿ ਸ਼ਕਤੀ ਰੂਪ ਮਹਾਨ, ਨੂਰ ਇਲਾਹੀ ਬੇਐਬ ਪਰਵਰਦਿਗਾਰ, ਸਰਬ ਜੀਆਂ ਦਾ ਯਾਂਝਾ ਯਾਰ, ਖ਼ਾਲਕ ਖ਼ਲਕ ਕਰੇ ਪਿਆਰ, ਓਅੰ ਰੂਪ ਆਪ ਨਿਰਾਕਾਰ, ਸਰਗੁਣ ਪਸਰੇ ਸਰਬ ਪਸਾਰ, ਹੰ ਬ੍ਰਹਮ ਦਏ ਅਧਾਰ, ਸ਼ਬਦ ਡੰਕਾ ਬਾਰ ਅਨਕਾ, ਅਕਲਕਲ ਕਲ ਧਾਰ ਆਪਣਾ ਆਪ ਸੁਣਾਈਆ । ਅੰਤਰਜਾਮੀ ਉਚ ਅਗੰਮਾ, ਏਕਾ ਏਕ ਅਖਵਾਇੰਦਾ । ਨਾ

੯੨੬
੦੮

ਮਰੇ ਨਾ ਕਦੇ ਜੰਮਾ, ਜੁਗਾ ਜੁਗੰਤਰ ਵੇਸ ਵਟਾਇੰਦਾ । ਪਵਣ ਸਵਾਸ ਨਾ ਲਏ ਦਮਾਂ, ਨੇਤਰ ਨੀਰ ਨਾ ਕੋਇ ਵਹਾਇੰਦਾ । ਕਰੇ ਕਰਾਏ ਆਪਣਾ ਕੰਮਾ, ਕਰਨੀ ਕਰਤਾ ਆਪ ਅਖਵਾਇੰਦਾ । ਨਾ ਕੋਈ ਖ਼ੁਸ਼ੀ ਨਾ ਕੋਈ ਗਮਾ, ਹਰਖ ਸੋਗ ਨਾ ਕੋਇ ਰਖਾਇੰਦਾ । ਨਾ ਕੋਈ ਹੱਡ ਮਾਸ ਨਾੜੀ ਦਿਸੇ ਚੰਮਾ, ਪੰਜ ਤੱਤ ਨਾ ਕੋਇ ਹੰਢਾਇੰਦਾ । ਜਿਸ ਜਨ ਗਾਇਆ ਦਮ ਦਮਾਂ, ਕਰ ਕਿਰਪਾ ਮੇਲ ਮਿਲਾਇੰਦਾ । ਲੋਕਮਾਤ ਭਗਤ ਵਛਲ ਜਗ ਆਏ ਭੰਨਾ, ਆਪ ਆਪਣਾ ਰੂਪ ਵਟਾਇੰਦਾ । ਕਰੇ ਸੇਵ ਜਿਉਂ ਮਾਲ ਚਰਾਏ ਧੰਨਾ, ਸੇਵਕ ਸੇਵਾ ਆਪ ਕਮਾਇੰਦਾ । ਅਨਾਦੀ ਨਾਦ ਵਜਾਏ ਰਾਗ ਸੁਣਾਏ ਕੰਨਾ, ਤਾਲ ਤਲਵਾੜਾ ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰਜਾਮੀ ਅੰਤਰ ਜਾਣਤ, ਭਲੇ ਬੁਰੇ ਦੀ ਪੀਰ ਪਛਾਣਤ, ਪਰਮ ਪੁਰਖ ਹਰਿ ਕਰ ਪਿਆਰ, ਗੁਰਮੁਖ ਸੱਜਣ ਜਾਏ ਤਾਰ, ਮਨਮੁਖਾਂ ਕਰੇ ਜਗਤ ਖੁਵਾਰ, ਲੱਖ ਚੁਰਾਸੀ ਜੰਮ ਕੀ ਫਾਸੀ ਰਾਏ ਧਰਮ ਸੇਵ ਲਗਾਇੰਦਾ । ਅੰਤਰਜਾਮੀ ਜਿਸ ਜਨ ਵੇਖਿਆ, ਮਿਟਿਆ ਜਗਤ ਅੰਧੇਰ । ਏਕਾ ਨੇਤਰ ਆਪਣੇ ਪੇਖਿਆ, ਸਹਿੰਸਾ ਚੁਕਿਆ ਸੰਞ ਸਵੇਰ । ਨਾ ਕੋਈ ਮੁੱਛ ਦਾੜ੍ਹੀ ਨਾ ਕੇਸਿਆ, ਮੂੰਡ ਮੁੰਡਾਏ ਨਾ ਲਾਏ ਢੇਰ । ਆਦਿ ਜੁਗਾਦੀ ਏਕਾ ਜੋਤ ਜੋਤ ਪ੍ਰਵੇਸਿਆ, ਨਿਰਗੁਣ ਨੂਰ ਨੂਰ ਉਜਿਆਰ । ਆਪੇ ਲਿਖਣਹਾਰਾ ਲੇਖਿਆ, ਬੈਠਾ ਧਰਮ ਸੱਚੇ ਦਰਬਾਰ । ਬ੍ਰਹਮਾ ਵਿਸ਼ਨ ਮਹੇਸ਼ ਕਰਨ ਆਦੇਸਿਆ, ਕੋਟਨ ਕੋਟ ਰਹੇ ਪੁਕਾਰ । ਕਲਜੁਗ ਅੰਤਮ ਅੰਤ ਹਰਿ ਭਗਵੰਤ, ਗੁਰਮੁਖਾਂ ਜਾਣੇ ਅਗਲੀ ਪਿਛਲੀ ਰੇਖਿਆ, ਮੇਲ ਮਿਲਾਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵਰਤੇ ਵਰਤਾਵੇ ਆਪਣੀ ਧਾਰ । ਧਾਰ ਨਿਰਾਲੀ ਜੋਤ ਅਕਾਲੀ, ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਦਵਾਰੇ ਬਣੇ ਸਵਾਲੀ, ਆਪ ਆਪਣੀ ਭਿਖਿਆ ਮੰਗ ਮੰਗਾਇੰਦਾ । ਮਨਮੁਖਾਂ ਦਰ ਰੱਖੇ ਖ਼ਾਲੀ, ਸਾਚੀ ਵਸਤ ਨਾ ਕੋਇ ਟਿਕਾਇੰਦਾ । ਦੋਹਾਂ ਕਰੇ ਜਗਤ ਦਲਾਲੀ, ਆਪ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਅੰਦਰ ਵੇਖੇ ਵੜ, ਆਪਣੀ ਚੋਟੀ ਆਪੇ ਚੜ੍ਹ, ਆਪਣੀ ਵਿਦਿਆ ਅੱਖਰ ਆਪੇ ਪੜ੍ਹ, ਹਰਿਜਨ ਸਾਚੇ ਕਰੇ ਪੜ੍ਹਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਕਾਰਜ ਸਿਧ ਵਖਾਇੰਦਾ । ਸੰਤ ਸੁਹੇਲੇ ਆਪੇ ਭਾਲ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਮੀਤੜਾ, ਪਾਰਬ੍ਰਹਮ ਗੁਰ ਕਰਤਾਰ । ਗੁਰਸਿਖ ਕਾਇਆ ਚੋਲੀ ਰੰਗੇ ਚੀਥੜਾ, ਚਾੜ੍ਹੇ ਰੰਗ ਨਾਮ ਅਪਾਰ । ਦੇਵੇ ਨਾਮ ਸ਼ਬਦ ਅਨਡੀਠੜਾ, ਲੇਖਾ ਜਾਣੇ ਨਾ ਕੋਇ ਸੰਸਾਰ । ਸੁਣਾਏ ਸਚ ਸੱਚਾ ਸੁਹਾਗੀ ਗੀਤੜਾ, ਕਾਇਆ ਮੰਦਰ ਸੁਹਾਏ ਬੰਕ ਦਵਾਰ । ਕਰੇ ਕਰਾਏ ਪਤਿਤ ਪੁਨੀਤੜਾ, ਪਤਿਤ ਪਾਪੀ ਜਾਏ ਤਾਰ । ਮਿਠਾ ਕਰੇ ਕੌੜਾ ਰੀਠੜਾ, ਜੋ ਜਨ ਮੰਗੇ ਨਾਮ ਬਣ ਭਿਖਾਰ । ਆਦਿ ਜੁਗਾਦੀ ਠੰਡਾ ਸੀਤੜਾ, ਅਗਨੀ ਤੱਤ ਮਿਟਾਏ ਝੂਠੀ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਸਤਿਗੁਰ ਸਾਚਾ ਏਕ ਹੈ, ਏਕਾ ਏਕ ਓਅੰਕਾਰ । ਗੁਰਮੁਖ ਬਖ਼ਸ਼ੇ ਸਾਚੀ ਟੇਕ ਹੈ, ਚਰਨ ਕਵਲ ਪਿਆਰ । ਕਰੇ ਕਰਾਏ ਬੁੱਧ ਬਬੇਕ ਹੈ, ਨਿਰਗੁਣ ਬਾਤੀ ਜੋਤ ਉਜਿਆਰ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਪੰਚਮ ਤੱਤ ਨਾ ਕਰੇ ਖੁਵਾਰ । ਹਰਿਜਨ ਸਾਚੇ ਆਪ ਆਪਣੇ ਵੇਖ ਹੈ, ਜੁਗ ਜੁਗ ਮੇਲੇ ਮੇਲਣਹਾਰ । ਆਪੇ



੯੨੭
੦੮

ਪੂਰਬ ਲਹਿਣਾ ਰਿਹਾ ਪੇਖ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਅਗੰਮ ਅਪਾਰ । ਸਤਿਗੁਰ ਪੂਰਾ ਤੁਠਿਆ, ਵਡ ਦਾਤਾ ਹਰਿ ਮਿਹਰਵਾਨ । ਏਕਾ ਨਾਮ ਅੰਮ੍ਰਿਤ ਪਿਆਏ ਸਾਚਾ ਘੁਟਿਆ, ਦੂਈ ਦਵੈਤੀ ਮੇਟੇ ਝੂਠ ਨਿਸ਼ਾਨ । ਗੁਰਸਿਖ ਆਪ ਉਠਾਏ ਸੁਤਿਆ, ਆਲਸ ਨਿੰਦਰਾ ਗਵਾਏ ਜਗਤ ਦੁਕਾਨ । ਸਚ ਸੁਹਾਏ ਏਕਾ ਰੁਤਿਆ, ਦੇਵੇ ਆਤਮ ਜੀਆ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਕਰੇ ਦਰ ਪਰਵਾਨ । ਕਿਰਪਾ ਕਰੇ ਹਰਿ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਪਤਿਤ ਪਾਪੀ ਕਰ ਧਿਆਨਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਦੇਵੇ ਨਾਮ ਨਿਧਾਨਾ, ਸਾਚੀ ਵਸਤ ਝੋਲੀ ਪਾਇੰਦਾ । ਜੋਗ ਅਭਿਆਸ ਨਾ ਕੋਇ ਵਖਾਣਾ, ਜਪ ਤਪ ਹੱਠ ਨਾ ਕੋਇ ਕਰਾਇੰਦਾ । ਨਜ਼ਰੀ ਨਜ਼ਰ ਨਦਰ ਕਰੇ ਭਗਵਾਨਾ, ਹਰਿਜਨ ਸਾਚੇ ਪਾਰ ਕਰਾਇੰਦਾ । ਧੁਰਦਰਗਾਹੀ ਦੇਵੇ ਸਚ ਪਰਵਾਨਾ, ਆਪਣਾ ਨਾਮ ਹੱਥ ਫੜਾਇੰਦਾ । ਸ਼ਬਦੀ ਬੰਨ੍ਹੇ ਏਕਾ ਗਾਨਾ, ਏਕਾ ਕੰਤ ਸਗਨ ਮਨਾਇੰਦਾ । ਨਾਰੀ ਕੰਤ ਕੰਤੂਹਲ ਪੁਰਖ ਸੁਲਤਾਨਾ, ਬ੍ਰਹਮ ਪਾਰਬ੍ਰਹਮ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸੱਜਣ ਮੀਤ ਅਤੀਤ ਲਏ ਵਰ, ਮੰਦਰ ਮਸੀਤ ਨਾ ਕੋਇ ਜਣਾਇੰਦਾ । ਹਰਿ ਸੰਗਤ ਸੋਹੇ ਦਰ, ਵਡ ਵੱਡੀ ਵਡਿਆਈਆ । ਸਤਿਗੁਰ ਪੂਰਾ ਕਿਰਪਾ ਦਏ ਕਰ, ਮਨਮਤ ਰਹਿਣ ਨਾ ਪਾਈਆ । ਆਪਣੀ ਇਛਿਆ ਅੰਦਰ ਧਰ, ਸਾਚੀ ਭਿਛਿਆ ਇਕ ਵਖਾਈਆ । ਜਗਤ ਵਿਕਾਰਾ ਤੋੜ ਗੜ੍ਹ, ਹਉਮੇ ਰੋਗ ਗਵਾਈਆ । ਸੋ ਪੁਰਖ ਨਿਰੰਜਣ ਫੜਾਏ ਲੜ, ਨਾਮ ਸਤਿ ਸਤਿ ਕੁੜਮਾਈਆ । ਏਕਾ ਅੱਖਰ ਏਕਓਅੰਕਾਰਾ ਜਾਣਾ ਪੜ੍ਹ, ਏਕਾ ਸਿਖਿਆ ਸਿਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਵਰ, ਜੋ ਜਨ ਮੰਗੇ ਸਰਨ ਸਰਨਾਈਆ । ਆਏ ਦਰ ਦਰ ਸਵਾਲੀ, ਮੰਗੇ ਨਾਮ ਭਿਖਾਰੀ । ਆਤਮ ਅੰਤਰ ਕੋਇ ਨਾ ਜਾਏ ਖ਼ਾਲੀ, ਮਾਣਸ ਜਨਮਾ ਪੈਜ ਸੁਵਾਰੀ । ਸਤਿਗੁਰ ਪੂਰਾ ਸੱਚਾ ਮਾਲੀ, ਫੁੱਲ ਫਲ ਬੂਟੇ ਵੇਖੇ ਜਗਤ ਕਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਘਰ, ਘਰ ਸੱਜਣ ਮੀਤ ਮੁਰਾਰੀ । ਜਨ ਸਰਧਾਲੂ ਸਰਧਾ ਰੱਖ, ਅੰਤਰ ਆਤਮ ਇਕ ਲਿਵ ਲਾਈਆ । ਦਰਸ ਦਖਾਏ ਹੋ ਪਰਤੱਖ, ਸਤਿਗੁਰ ਪੂਰੇ ਹੱਥ ਵਡਿਆਈਆ । ਲੋਕਮਾਤ ਲਏ ਰੱਖ, ਲੋਕ ਲਾਜ ਦਏ ਗਵਾਈਆ । ਕਰੇ ਕਰਾਏ ਲੱਖੋਂ ਕੱਖ, ਕੱਖੋਂ ਲੱਖ ਬਣਾਈਆ । ਕਾਗ ਹੰਸ ਕਰੇ ਵੱਖ ਵੱਖ, ਆਪਣੀ ਚੋਗ ਆਪ ਚੁਗਾਈਆ । ਏਕਾ ਮਾਰਗ ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਦੱਸ, ਪੁਰਖ ਅਕਾਲ ਇਕ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਦੇਵੇ ਵਰ, ਜੁਗਤ ਜਗਤ ਭਗਤ ਭਗਵੰਤ ਸੱਜਣ ਸੰਤ, ਸਾਦਕ ਸਿਧ ਏਕਾ ਏਕ ਜਣਾਈਆ । ਆਪੇ ਚਾਵਲ ਆਪੇ ਦਾਲ, ਆਪਣੀ ਹਾਂਡੀ ਆਪ ਤਪਾਈਆ । ਆਪੇ ਪਾਣੀ ਦੇਵੇ ਡਾਲ, ਆਪੇ ਰੱਤ ਤੱਤ ਉਬਲਾਈਆ । ਆਪੇ ਲੂਣ ਮਿਰਚ ਲਾਏ ਮਸਾਲ, ਆਪ ਆਪਣਾ ਰਸ ਬਣਾਈਆ । ਆਪੇ ਪਰਦਾ ਉਪਰ ਦਏ ਡਾਲ, ਅੰਦਰੇ ਅੰਦਰ ਆਪ ਭੜਕਾਈਆ । ਆਪੇ ਕਰੇ ਹਾਲ ਬੇਹਾਲ, ਚਾਵਲ ਦਾਲ ਸੁਧ ਰਹੇ ਨਾ ਰਾਈਆ । ਆਪੇ ਪਰੋਸੇ ਰੱਖੇ ਵਿਚ ਥਾਲ, ਆਪੇ ਰਸਨਾ ਭੋਗ ਲਗਾਈਆ । ਆਪੇ ਵਿਸ਼ਟਾ ਕਰ ਕੱਢੇ ਬਾਹਰ ਕਾਇਆ ਮਾਟੀ ਖਾਲ, ਰੂਪ ਰੰਗ ਨਾ ਕੋਇ ਜਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦੀਨ ਦਿਆਲ, ਭੇਵ ਅਭੇਦਾ ਅਛਲ ਅਛੇਦਾ ਜੁਗਾ ਜੁਗੰਤ ਆਪਣੀ ਬਣਤ

ਰਿਹਾ ਬਣਾਈਆ । ਚਾਵਲ ਦਾਲ ਆਪੇ ਮੇਲ, ਆਪਣਾ ਮੇਲ ਮਿਲਾਇਆ । ਆਪੇ ਰਿਹਾ ਆਪਣਾ ਖੇਲ ਖੇਲ, ਆਪਣਾ ਡੰਡਾ ਆਪੇ ਵਿਚ ਫਿਰਾਇਆ । ਆਪੇ ਅੰਦਰ ਬਾਹਰ ਸੱਜੇ ਖੱਬੇ ਪਿਛੇ ਅੱਗੇ ਰਿਹਾ ਧਕੇਲ, ਅੱਗੇ ਅੜ ਕੋਈ ਨਾ ਜਾਇਆ । ਲੱਖ ਚੁਰਾਸੀ ਆਪਣੀ ਹੱਥੀਂ ਪਾਈ ਨਕੇਲ, ਖਿਚੀ ਜਾਏ ਵਾਹੋ ਦਾਹਿਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨਾਂ ਬਹਿਣ ਨਾ ਦੇਵੇ ਕਿਸੇ ਵੇਲੇ ਵੇਹਲ, ਸਾਚੀ ਸੇਵਾ ਆਪ ਕਰਾਇਆ । ਗੁਰਮੁਖ ਸਾਚੇ ਸੱਜਣ ਸੁਹੇਲ, ਆਪ ਆਪਣੇ ਵੇਖ ਵਖਾਇਆ । ਲੱਖ ਚੁਰਾਸੀ ਵਿਚੋਂ ਕੱਢੇ ਆਪਣੇ ਹੱਥ ਫੜ ਵੇਖੇ ਰਸ ਲਾਏ ਰਸਨਾ ਜੇਹਵ, ਕਲਜੁਗ ਵੇਲਾ ਅੰਤਮ ਆਇਆ । ਸੋ ਚਾਵਲ ਦਾਲ ਹੋਈ ਪਰਵਾਨ, ਜਿਸ ਹੱਥ ਲਾਇਆ ਭਗਵਾਨ, ਆਪ ਆਪਣੇ ਵਿਚ ਟਿਕਾਇਆ । ਜੀਵ ਜੰਤ ਜੰਤ ਅੰਞਾਣ, ਹਰਿ ਕਾ ਭੇਵ ਭੇਵ ਮਹਾਨ, ਦੇਵੀ ਦੇਵ ਸਰਬ ਗੁਣ ਗਾਣ, ਸਾਧ ਸੰਤ ਕਰਨ ਧਿਆਨ, ਗੁਰ ਪੀਰ ਅਵਤਾਰ ਰਹੇ ਵਖਾਨ, ਭੇਵ ਅਭੇਦਾ ਲੇਖ ਨਾ ਜਾਣੇ ਚਾਰੇ ਵੇਦਾ, ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ, ਖਾਣੀ ਬਾਣੀ ਰਹੀ ਮੁਖ ਸਲਾਹਿਆ । ਜੀਵ ਜੀਵ ਜੀਵ ਅੰਞਾਣਾ, ਜੀਵਨ ਜੁਗਤ ਜਣਾਈਆ । ਈਸ਼ ਈਸ਼ ਖੇਲ ਮਹਾਨਾ, ਈਸ਼ ਈਸ਼ ਵਡਿਆਈਆ । ਆਪੇ ਵੰਞ ਆਪ ਮੁਹਾਣਾ, ਆਪੇ ਚੱਪੂ ਲਾਈਆ । ਆਪੇ ਸੁਘੜ ਆਪ ਸਿਆਣਾ, ਆਪੇ ਵੇਖ ਵਖਾਈਆ । ਆਪੇ ਲੱਖ ਚੁਰਾਸੀ ਬਣਤ ਬਣਾਣਾ, ਆਪੇ ਰਿਹਾ ਭੁਵਾਈਆ । ਆਪੇ ਵਰਤੇ ਆਪਣਾ ਭਾਣਾ, ਆਪਣੇ ਭਾਣੇ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਫਿਰਾਈਆ । ਹੁਕਮੀ ਹੁਕਮ ਵਡ ਬਲਵਾਨ, ਆਪਣਾ ਆਪ ਚਲਾਇੰਦਾ । ਲੋਆਂ ਪੁਰੀਆਂ ਏਕਾ ਆਣ, ਰਵ ਸਸ ਸੇਵਾ ਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੇ ਧਿਆਨ, ਸਾਚਾ ਸ਼ਬਦ ਜਣਾਇੰਦਾ । ਲੱਖ ਚੁਰਾਸੀ ਹੋ ਪਰਧਾਨ, ਆਪਣਾ ਵੇਸ ਵਟਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਖੇਲ ਖਲੰਤਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪਣਾ ਝੇੜਾ ਆਪੇ ਕਰੇ ਹੱਕ ਨਬੇੜਾ, ਆਪੇ ਵਸੇ ਸਾਚੇ ਖੇੜਾ, ਆਪੇ ਦੂਰ ਆਪੇ ਨੇੜਾ ਆਪੇ ਮੁਖ ਛੁਪਾਇੰਦਾ । ਸਰਬ ਕਲਾ ਹਰਿ ਭਰਪੂਰ, ਜਪ ਤਪ ਨਾ ਕੋਇ ਰਖਾਈਆ । ਆਪੇ ਉਪਜੇ ਆਪਣਾ ਨੂਰ, ਆਪੇ ਡਗਮਗਾਈਆ । ਆਪੇ ਆਪਣਾ ਦੇਵੇ ਸਤਿ ਸਰੂਰ, ਆਪ ਆਪਣੇ ਵਿਚ ਸਮਾਈਆ । ਆਪੇ ਹੋਏ ਹਾਜ਼ਰ ਹਜ਼ੂਰ, ਦੂਰ ਨੇੜਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਆਪੇ ਸੋਹੇ, ਆਪੇ ਸੇਜ ਸੁਹਾਈਆ । ਨਾ ਕੋਈ ਗਿਆਨ ਨਾ ਕੋਈ ਧਿਆਨ, ਹਰਿ ਇਸ਼ਟ ਨਾ ਕੋਇ ਮਨਾਈਆ । ਨਾ ਕੋਈ ਪੜ੍ਹੇ ਵੇਦ ਪੁਰਾਨ, ਪੂਜਾ ਪਾਠ ਨਾ ਕੋਇ ਵਖਾਈਆ । ਨਾ ਕੋਈ ਅੰਜੀਲ ਨਾ ਕੋਈ ਕੁਰਾਨ, ਕਲਮਾ ਅਮਾਮ ਨਾ ਕੋਇ ਰਖਾਈਆ । ਖਾਣੀ ਬਾਣੀ ਨਾ ਕੋਇ ਵਖਾਣ, ਰਸਨਾ ਢੋਲਾ ਨਾ ਕੋਇ ਗਾਈਆ । ਆਪਣੀ ਕਰ ਆਪ ਪਛਾਣ, ਆਪ ਆਪਣੇ ਵਿਚ ਸਮਾਈਆ । ਪੁਰਖ ਅਕਾਲ ਇਕ ਮਹਾਨ, ਏਕਾ ਏਕ ਏਕ ਹੋ ਜਾਈਆ । ਵੇਸ ਅਨੇਕ ਵਿਚ ਜਹਾਨ, ਲੱਖ ਚੁਰਾਸੀ ਡੇਰਾ ਲਾਈਆ । ਆਪਣਾ ਨਾਮ ਜਗਤ ਨਿਸ਼ਾਨ, ਧੁਨ ਨਾਦ ਜਣਾਈਆ । ਪੰਜ ਪੰਜੀ ਖੇਲ ਮਹਾਨ, ਤੱਤ ਰੱਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਦੇਵੇ ਸਾਚਾ ਵਰ, ਬ੍ਰਹਮ ਪਾਰਬ੍ਰਹਮ ਸਰਨਾਈਆ । ਕਾਇਆ ਮੰਦਰ ਅੰਮ੍ਰਿਤਸਰ, ਹਰਿ ਹਰਿ ਰਚਨ ਰਚਾਈਆ । ਗੁਰਮੁਖ ਵਿਰਲਾ ਹਰਿ ਕੀ ਪੌੜੀ ਜਾਏ ਚੜ੍ਹ, ਜਿਸ ਜਨ ਸਤਿਗੁਰ ਪੂਰਾ ਆਪ ਚੜ੍ਹਾਈਆ । ਗੁਰ ਅਮਰ ਦਾਸ ਫੜਾਇਆ ਆਪਣਾ ਲੜ, ਗੁਰ ਅੰਗਦ ਰਾਹ ਜਣਾਈਆ । ਨਾਨਕ

੯੨੯
੦੮

ਘਾੜਣ ਦਿਤਾ ਘੜ, ਰਾਮ ਦਾਸ ਵੱਜੀ ਵਧਾਈਆ । ਗੁਰ ਅਰਜਨ ਦਰਸ ਦਖਾਇਆ ਅੱਗੇ ਖੜ੍ਹ, ਪਾਰਬ੍ਰਹਮ ਵੱਡੀ ਵਡਿਆਈਆ । ਜੋ ਜਨ ਸਰਨ ਸਰਨਾਈ ਜਾਏ ਪੜ੍ਹ, ਨੌ ਦਵਾਰੇ ਦਏ ਤਜਾਈਆ । ਸੁਖਮਨ ਨਾੜੀ ਬਹੇ ਲੜ, ਤ੍ਰੈ ਸੰਗਮ ਮੇਟ ਮਿਟਾਈਆ । ਸਰੋਵਰ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਈਆ । ਕਾਗ ਹੰਸ ਜਾਏ ਬਣ, ਏਕਾ ਚੋਗ ਮਾਣਕ ਮੋਤੀ ਸ਼ਬਦ ਗੁਰ ਚੁਗਾਈਆ । ਆਵਣ ਜਾਵਣ ਚੁੱਕੇ ਡਰ, ਮਿਟੇ ਭਰਮ ਕੀ ਕਾਈਆ । ਅਠਸਠ ਤੀਰਥ ਨਾ ਮਿਲੇ ਹਰਿ, ਹਰਿ ਮੰਦਰ ਕਾਇਆ ਅੰਦਰ ਸਾਚਾ ਮੇਲ ਮਿਲਾਈਆ । ਜਗਤ ਤੁੜੌਣਾ ਹੰਕਾਰੀ ਜੰਦਰ, ਸਾਚੇ ਮੰਦਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰ ਸਰੋਵਰ ਅੰਮ੍ਰਿਤ ਆਤਮ ਏਕਾ ਏਕ ਏਕ ਦਰਸਾਈਆ । ਅੰਮ੍ਰਿਤਸਰ ਸਾਚੇ ਨਹੌਣਾ, ਹਰਿ ਸਾਚੇ ਤਾਲ ਸੁਹਾਇਆ । ਹਉਮੇ ਹੰਗਤਾ ਰੋਗ ਗਵੌਣਾ, ਮਾਇਆ ਮਮਤਾ ਮੋਹ ਚੁਕਾਇਆ, ਭਾਂਡਾ ਗੜ੍ਹ ਹੰਕਾਰ ਭੰਨੌਣਾ, ਜੂਠ ਝੂਠ ਰਹਿਣ ਨਾ ਪਾਇਆ । ਧੀਰਜ ਸਤਿ ਇਕ ਰਖੌਣਾ, ਸਤਿ ਸਤਿਵਾਦੀ ਵੇਖ ਵਖਾਇਆ । ਕਾਇਆ ਕਪੜ ਮਾਇਆ ਮਮਤਾ ਲੌਹਣਾ, ਸਚ ਸਰੋਵਰ ਗੁਰਮੁਖ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਸ਼ਨਾਨ ਜੀਆ ਦਾਨ, ਜੀਵਣ ਦਾਤਾ ਆਪ ਕਰਾਇਆ ।

ਜੀਆ ਦਾਨ ਜਾਗਰਤ ਜੋਤ, ਗੁਰਮੁਖਾਂ ਆਪ ਜਗਾਈਆ । ਲਹਿਣਾ ਦੇਣਾ ਚੁਕਾਏ ਵਰਨ ਗੋਤ, ਏਕਾ ਰੰਗ ਸਮਾਈਆ । ਸ਼ਬਦ ਨਗਾਰੇ ਲਾਏ ਚੋਟ, ਅਨਹਦ ਰਾਗ ਸੁਣਾਈਆ । ਦੂਜੀ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਧੀਰਜ ਜਤ ਸਤਿ ਬੰਧਾਏ ਇਕ ਲੰਗੋਟ, ਕਾਮ ਕਰੋਧ ਨਾ ਹੋਏ ਹਲਕਾਈਆ । ਇਕ ਜਣਾਏ ਸਾਚੀ ਓਟ, ਦੂਸਰ ਇਸ਼ਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਝੋਲੀ ਪਾਈਆ ।

### ✪ ੩ ਭਾਦਰੋਂ ੨੦੧੯ ਬਿਕ੍ਰਮੀ ਪਿੰਡ ਮਾਨਾ ਵਾਲਾ ✪

ਇਕ ਇਕੱਲਾ ਏਕਓਅੰਕਾਰ, ਆਦਿ ਜੁਗਾਦਿ ਸਮਾਈਆ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਈਆ । ਆਦਿ ਨਿਰੰਜਣ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਈਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਖੇਲਣਹਾਰਾ ਆਪ ਖਲਾਈਆ । ਅਲੱਖ ਅਗੋਚਰ ਅਗੰਮ ਅਪਾਰ, ਨਾਦ ਅਨਾਦੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕਓਅੰਕਾਰ, ਆਦਿ ਜੁਗਾਦੀ ਕਰ ਪਸਾਰ, ਆਪ ਆਪਣਾ ਵੇਖ ਵਖਾਈਆ । ਵੇਖਣਹਾਰ ਪੁਰਖ ਅਕਾਲਾ, ਏਕਾ ਏਕਓਅੰਕਾਰਿਆ । ਆਪੇ ਖੇਲੇ ਖੇਲ ਨਿਰਾਲਾ, ਖੇਲਣਹਾਰ ਆਪ ਅਖਵਾ ਰਿਹਾ । ਚਲੇ ਚਲਾਏ ਆਪਣੀ ਚਾਲਾ, ਚਾਲ ਨਿਰਾਲੀ ਇਕ ਵਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਆਪਣੀ ਰਚਨਾ ਆਪ ਰਚਾਏ, ਹਰਿ ਹਰਿ ਵੱਡੀ ਵਡਿਆਈਆ । ਆਪਣੀ ਬਣਤ ਆਪ ਬਣਾਏ, ਆਪੇ ਵੇਖ ਵਖਾਈਆ ।

੯੩੧
੦੮

ਨਾਰੀ ਕੰਤ ਆਪ ਅਖਵਾਏ, ਆਪਣੀ ਦਇਆ ਕਮਾਈਆ । ਆਪਣਾ ਰੰਗ ਆਪ ਚੜ੍ਹਾਏ, ਵਡ ਦਾਤਾ ਬੇਪਰਵਾਹੀਆ । ਦੂਸਰ ਨਾ ਕੋਈ ਸੰਗ ਰਖਾਏ, ਸਗਲਾ ਸੰਗ ਨਾ ਕੋਈ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕਓਅੰਕਾਰ, ਆਪ ਆਪਣਾ ਵੇਸ ਵਟਾਈਆ । ਵੇਸ ਅਵੱਲਾ ਏਕਓਅੰਕਾਰਾ, ਆਪਣਾ ਆਪ ਕਰਾਇੰਦਾ । ਨਿਰਮਲ ਬਾਤੀ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਵਸਣਹਾਰਾ ਸਚ ਦਵਾਰਾ, ਦਰ ਘਰ ਸਾਚੇ ਆਸਣ ਲਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਆਪ ਆਪਣਾ ਆਪ ਸੁਹਾਇੰਦਾ । ਸ਼ਾਹੋ ਭੂਪ ਵਡ ਸਿਕਦਾਰਾ, ਰਾਜਨ ਰਾਜ ਨਾਮ ਧਰਾਇੰਦਾ । ਹੁਕਮੀ ਹੁਕਮ ਕਰ ਪਿਆਰਾ, ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਹਰਿ ਭਗਵਾਨਾ, ਆਦਿ ਜੁਗਾਦੀ ਏਕਾ ਏਕਓਅੰਕਾਰਿਆ । ਖੇਲੇ ਖੇਲ ਦੋ ਜਹਾਨਾ, ਵੇਖੇ ਵਿਗਸੇ ਕਰੇ ਵਿਚਾਰਿਆ । ਸਾਚਾ ਮੰਦਰ ਇਕ ਸੁਹਾਨਾ, ਸਚਖੰਡ ਦਵਾਰਾ ਨਾਮ ਰਖਾ ਲਿਆ । ਦੀਵਾ ਬਾਤੀ ਇਕ ਟਿਕਾਣਾ, ਨਿਰਗੁਣ ਜੋਤੀ ਨੂਰ ਉਜਿਆਰਿਆ । ਸਾਚਾ ਤਖ਼ਤ ਆਪ ਸੁਹਾਣਾ, ਸਚ ਸਿੰਘਾਸਣ ਆਸਣ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਏਕਓਅੰਕਾਰ, ਆਪ ਆਪਣੀ ਬੰਨ੍ਹੇ ਧਾਰ, ਆਪਣੀ ਧਾਰਾ ਆਪ ਬੰਧਾ ਰਿਹਾ । ਕਰਤਾ ਪੁਰਖ ਹਰਿ ਕਰਨੇਹਾਰਾ, ਆਪਣੀ ਕਿਰਤ ਕਮਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਆਪੇ ਵਸੇ ਧਾਮ ਨਿਆਰਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਸਾਚਾ ਮੰਦਰ ਕਰ ਤਿਆਰਾ, ਆਪ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਜੋਤ ਪਰਕਾਸ਼, ਪਾਰਬ੍ਰਹਮ ਵਡ ਵਡਿਆਈਆ । ਆਪਣੇ ਮੰਡਲ ਪਾਵੇ ਰਾਸ, ਆਪੇ ਵੇਖ ਵਖਾਈਆ । ਨਾ ਕੋਈ ਦੂਸਰ ਦਿਸੇ ਪਾਸ, ਨਾ ਕੋਈ ਅੰਗ ਲਗਾਈਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਗਗਨ ਮੰਡਲ ਨਾ ਕੋਇ ਸੁਹਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਆਦਿ ਜਗਾਦਿ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਕਾਲਾ ਦੀਨ ਦਿਆਲਾ, ਆਪ ਆਪਣੀ ਦਇਆ ਕਮਾਈਆ । ਦੀਨ ਦਿਆਲ ਪੁਰਖ ਕਰਤਾਰਾ, ਏਕਾ ਰੰਗ ਸਮਾਇਆ । ਆਪੇ ਜਾਣੇ ਆਪਣੀ ਧਾਰਾ, ਆਪ ਆਪਣਾ ਵੇਸ ਵਟਾਇਆ । ਆਪੇ ਵਸੇ ਸਚ ਦਵਾਰਾ, ਖੰਡ ਸਚ ਆਪ ਬਣਾਇਆ । ਆਪੇ ਨਿਰਗੁਣ ਨੂਰ ਉਜਿਆਰਾ, ਨਿਰਾਕਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਖੇਲਣਹਾਰ ਪੁਰਖ ਸਮਰਥ, ਏਕਾ ਏਕ ਵੱਡੀ ਵਡਿਆਈਆ । ਆਪਣੀ ਮਹਿਮਾ ਜਾਣੇ ਅਕੱਥ, ਕਥਨੀ ਕੱਥ ਨਾ ਸਕੇ ਰਾਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਈਆ । ਆਪੇ ਵੇਖੇ ਆਪਣੀ ਵਥ, ਆਪਣੇ ਮੰਦਰ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਚਾਲ ਚਲਾਈਆ । ਪਾਰਬ੍ਰਹਮ ਪੁਰਖ ਅਗੰਮੜਾ, ਅਗੰਮੜੀ ਕਾਰ ਕਮਾਇੰਦਾ । ਹੱਡ ਮਾਸ ਨਾੜੀ ਨਾ ਦੀਸੇ ਚੰਮੜਾ, ਰਕਤ ਬੂੰਦ ਮਾਤ ਪਿਤ ਭਾਈ ਭੈਣ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਿਆਰਾ ਨਿਰਗੁਣ ਧਾਰਾ, ਨਰ ਨਿਰੰਕਾਰਾ ਆਪ ਅਖਵਾਇੰਦਾ । ਨਰ ਨਿਰੰਕਾਰ ਪੁਰਖ ਅਕਾਲ, ਆਪਣੀ ਕਲ ਵਰਤਾਈਆ । ਥਿਰ ਘਰ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਆਸਣ

ਲਾਈਆ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਹੁਕਮ ਸੁਣਾਈਆ । ਹੁਕਮੇ ਅੰਦਰ ਖੇਲ ਅਪਾਰ, ਆਪਣੀ ਬਣਤ ਬਣਾਈਆ । ਆਪਣੇ ਮੰਦਰ ਖੋਲ੍ਹ ਕਿਵਾੜ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੰਧਨ ਆਪੇ ਪਾ, ਲੇਖਾ ਜਾਣੇ ਬੇਪਰਵਾਹ, ਆਪ ਆਪਣਾ ਸਗਨ ਮਨਾਈਆ । ਆਪਣਾ ਬੰਧਨ ਆਪੇ ਪਾਏ, ਹਰਿ ਹਰਿ ਵੱਡੀ ਵਡਿਆਈਆ । ਆਪਣਾ ਸਗਨ ਆਪ ਮਨਾਏ, ਆਪ ਕਰੇ ਕੁੜਮਾਈਆ । ਨਾਰੀ ਕੰਤ ਆਪ ਅਖਵਾਏ, ਆਪੇ ਸੇਜ ਹੰਢਾਈਆ । ਸੁੱਤ ਦੁਲਾਰਾ ਆਪੇ ਜਾਏ, ਹਰਿ ਸ਼ਬਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਈਆ । ਸ਼ਬਦ ਦੁਲਾਰਾ ਸਾਚਾ ਸੁੱਤ, ਹਰਿ ਸਾਚਾ ਆਪ ਉਪਜਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਆਇੰਦਾ । ਆਪ ਸੁਹਾਏ ਰੁੱਤੀ ਰੁੱਤ, ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਸ਼ਬਦ ਸੁੱਤ ਉਪਜਿਆ ਪੂਤ, ਹਰਿ ਸਾਚੀ ਦਇਆ ਕਮਾਈਆ । ਸਚਖੰਡ ਦਵਾਰੇ ਵਸਿਆ ਦੂਤ, ਸਾਚੀ ਸੇਵਾ ਆਪ ਲਗਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਚਾਰ ਵਰਨ ਏਕਾ ਰੂਪ, ਆਪ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸੁੱਤ ਦੁਲਾਰਾ ਨੌਜਵਾਨ, ਸ਼ਬਦੀ ਸ਼ਬਦ ਉਠਾਇੰਦਾ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਆਪ ਆਪਣਾ ਭੇਵ ਖੁਲ੍ਹਾਇੰਦਾ । ਏਕਾ ਤੱਤ ਏਕਾ ਰੱਤ ਕਰ ਪਰਵਾਨ, ਏਕਾ ਮਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਚ ਘਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਦਵਾਰ ਨੇਹਚਲ ਧਾਮ ਅਟੱਲ, ਹਰਿ ਸਾਚਾ ਆਪ ਸੁਹਾਇੰਦਾ । ਨਾ ਕੋਈ ਜਲ ਨਾ ਕੋਈ ਥਲ, ਗਗਨ ਮੰਡਲ ਨਾ ਕੋਈ ਉਪਾਇਆ । ਸਾਧ ਸੰਤ ਨਾ ਕੋਈ ਅਵਤਾਰਾ, ਗੁਰ ਪੀਰ ਨਾ ਕੋਈ ਉਪਜਾਇੰਦਾ । ਲੱਖ ਚੁਰਾਸੀ ਨਾ ਬੰਨ੍ਹੇ ਧਾਰਾ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਰਖਾਇੰਦਾ । ਸ਼ਬਦ ਅਨਾਦੀ ਸੁੱਤ ਦੁਲਾਰਾ, ਹਰਿ ਸਾਚਾ ਆਪ ਉਪਜਾਇੰਦਾ । ਆਪੇ ਮਾਤ ਪਿਤ ਬਣ ਸਹਾਰਾ, ਆਪੇ ਗੋਦ ਉਠਾਇੰਦਾ । ਆਪੇ ਵਣਜ ਕਰਾਏ ਬਣ ਵਣਜਾਰਾ, ਆਪੇ ਵਸਤ ਵਖਾਇੰਦਾ । ਆਪੇ ਬੰਨ੍ਹੇ ਸਾਚੀ ਧਾਰਾ, ਆਪੇ ਹੁਕਮ ਸੁਣਾਇੰਦਾ । ਆਪੇ ਲੋਆਂ ਪੁਰੀਆਂ ਕਰ ਪਸਾਰਾ, ਰਵ ਸਸ ਆਪ ਚਮਕਾਇੰਦਾ । ਆਪੇ ਬ੍ਰਹਿਮੰਡ ਖੰਡ ਖੇਲ ਅਪਾਰਾ, ਆਪ ਆਪਣਾ ਦਰ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੁੱਤ ਇਕ ਉਠਾਇੰਦਾ । ਸਾਚੇ ਸੁੱਤ ਉਠ ਬਲਵਾਨ, ਹਰਿ ਸਾਚੇ ਦਇਆ ਕਮਾਈਆ । ਤੇਰਾ ਰੂਪ ਸ੍ਰੀ ਭਗਵਾਨ, ਤੇਰਾ ਅੰਕ ਲਗਾਈਆ । ਤੇਰਾ ਨਾਮ ਇਕ ਨਿਸ਼ਾਨ, ਏਕਾ ਦਏ ਝੁਲਾਈਆ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਅਖਵਾਈਆ । ਹਰਿ ਕਾ ਸ਼ਬਦ ਧੁਰ ਫ਼ਰਮਾਣ, ਸ਼ਬਦ ਸ਼ਬਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਸ਼ਬਦੀ ਸੁੱਤ ਬਣ ਭਿਖਾਰਾ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਤੇਰਾ ਸਚ ਦੁਵਾਰਾ, ਘਰ ਸਾਚਾ ਇਕ ਸੁਹਾਈਆ । ਚਰਨ ਕਵਲ ਇਕ ਸਹਾਰਾ, ਏਕਾ ਆਸ ਤਕਾਈਆ । ਆਪੇ ਬਣ ਵਿਚੋਲਾ ਦੇਵੇ ਦੇਵਣਹਾਰਾ, ਸਚ ਭੰਡਾਰਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਵਸਤ ਝੋਲੀ ਪਾ, ਆਪਣੀ

੯੩੨
੦੮

ਦਇਆ ਕਮਾਈਆ । ਏਕਾ ਮਤ ਦਏ ਸਮਝਾ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਰੰਗ ਦਏ ਚੜ੍ਹਾ, ਏਕਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਵਾਰਾ ਏਕੰਕਾਰਾ, ਸ਼ਬਦ ਸੁੱਤ ਅਬਿਨਾਸ਼ੀ ਅਚੁਤ ਆਪਣਾ ਆਪ ਸੁਹਾਈਆ ।

ਸਚਖੰਡ ਦੁਵਾਰਾ ਹਰਿ ਹਰਿ ਵਾਸਾ, ਹਰਿ ਸਾਚੀ ਰਚਨ ਰਚਾਈਆ । ਖੇਲੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਸਾਚੇ ਬੰਕ ਬੰਕ ਦਵਾਰੀ ਪਾਏ ਰਾਸਾ, ਆਪਣੀ ਰਚਨ ਰਚਾਈਆ । ਸਾਚੇ ਸ਼ਬਦ ਦਏ ਭਰਵਾਸਾ, ਏਕਾ ਬੂਝ ਬੁਝਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਤੇਰੀ ਪੂਰੀ ਕਰੇ ਆਸਾ, ਪੂਰਨ ਇਛਿਆ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਈਆ । ਆਪਣਾ ਰੱਖ ਨਾਉਂ ਨਿਰੰਕਾਰ, ਨਿਰਗੁਣ ਵੇਸ ਵਟਾਇਆ । ਆਪੇ ਸ਼ਬਦ ਬੋਲ ਜੈਕਾਰ, ਆਪਣਾ ਨਾਅਰਾ ਆਪੇ ਲਾਇਆ । ਆਪੇ ਸੱਜਣ ਮੀਤ ਮੁਰਾਰ, ਬੰਧਨ ਬੰਧੂ ਆਪ ਹੋ ਜਾਇਆ । ਆਪੇ ਖੇਲੇ ਖੇਲ ਅਪਾਰ, ਆਪ ਆਪਣੀ ਅਚਰਜ ਖੇਲ ਖਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਘਰ ਸੁਹੰਜਣਾ ਜਗੇ ਜੋਤ ਨਿਰੰਜਣਾ, ਨੂਰੋ ਨੂਰ ਡਗਮਗਾਇਆ । ਸਚ ਦੁਵਾਰਾ ਸਾਚੀ ਧਾਰ, ਹਰਿ ਸਾਚੇ ਸਚ ਬਣਾਈਆ । ਸਾਚੀ ਵਸਤ ਅਪਰ ਅਪਾਰ, ਸਾਚੇ ਵਿਚ ਟਿਕਾਈਆ । ਸਾਚਾ ਸ਼ਾਹੋ ਭੂਪ ਹਰਿ ਸਿਕਦਾਰ, ਸ਼ਾਹ ਸੁਲਤਾਨ ਸਚ ਅਖਵਾਈਆ । ਸਾਚਾ ਦੂਤ ਦਰ ਦਰਬਾਨ, ਏਕਾ ਏਕ ਸੁਹਾਈਆ । ਸਾਚਾ ਸ਼ਬਦ ਧੁਰ ਫ਼ਰਮਾਣ, ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਆਪ ਰਚਾਏ, ਹਰਿ ਵਡ ਵਡਾ ਬਲਕਾਰੀਆ । ਆਪਣੇ ਮੰਦਰ ਵੇਸ ਵਟਾਏ, ਦਰ ਦਰਵੇਸ਼ ਸ਼ਾਹ ਸਵਾਰੀਆ । ਨਰ ਨਰੇਸ਼ ਨਾਉਂ ਧਰਾਏ, ਨਿਰਗੁਣ ਜੋਤ ਨੂਰ ਉਜਿਆਰੀਆ । ਆਪਣਾ ਅੰਗ ਆਪ ਕਟਾਏ, ਨਿਰਗੁਣ ਬੰਨ੍ਹੇ ਸਾਚੀ ਧਾਰੀਆ । ਸਾਖ਼ਯਾਤ ਆਪ ਹੋ ਆਏ, ਵਿਸ਼ਨੂੰ ਵੇਸ ਕਰੇ ਅਪਾਰੀਆ । ਆਪਣੀ ਜੋਤੀ ਜੋਤ ਜਗਾਏ, ਜੋਤੀ ਜੋਤ ਡਗਮਗਾ ਰਿਹਾ । ਆਪਣਾ ਅੰਮ੍ਰਿਤ ਜਲ ਭਰਾਏ, ਸਰ ਸਰੋਵਰ ਇਕ ਸੁਹਾ ਰਿਹਾ । ਆਪਣਾ ਕਵਲ ਫੁੱਲ ਉਗਾਏ, ਨਾਭੀ ਮੁਖ ਖੁਲ੍ਹਾ ਰਿਹਾ । ਪਾਰਬ੍ਰਹਮ ਬ੍ਰਹਮ ਰੂਪ ਵਟਾਏ, ਆਪ ਆਪਣਾ ਨਾਉਂ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਕਰਾ ਲਿਆ । ਵੇਸ ਅਵੱਲਾ ਇਕ ਇਕੱਲਾ, ਏਕਾ ਏਕ ਕਰਾਇੰਦਾ । ਆਪੇ ਕਰੇ ਵਲ ਛਲਾ, ਅਛਲ ਅਛੱਲ ਆਪ ਅਖਵਾਇੰਦਾ । ਆਪਣੀ ਜੋਤੀ ਆਪੇ ਬਲਾ, ਵਿਸ਼ਨ ਬ੍ਰਹਮਾ ਸ਼ਿਵ ਦੀਪਕ ਆਪ ਜਗਾਇੰਦਾ । ਸ਼ਬਦ ਸੁਨੇਹੜਾ ਏਕਾ ਘੱਲਾ, ਏਕਾ ਹੁਕਮ ਅਲ੍ਹਾਇੰਦਾ । ਮੇਲ ਮਿਲਾਵਾ ਘੜੀ ਘੜੀ ਪਲ ਪੱਲਾ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਪਰ ਅਪਾਰ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਪਾਰਬ੍ਰਹਮ ਬ੍ਰਹਮ ਵੇਸ ਵਟਾਇਆ, ਹਰਿ ਹਰਿ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਦਇਆ ਕਮਾਇਆ, ਹੰ ਬ੍ਰਹਮ ਆਪ ਹੋ ਜਾਈਆ । ਸੋਹੰ ਸੋ ਸੋ ਰਘੁਰਾਇਆ, ਏਕਾ ਏਕ ਏਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਗਿਆ ਖੁਲ੍ਹ, ਹਰਿ ਸਾਚਾ ਆਪ ਖੁਲ੍ਹਾਇੰਦਾ । ਅਬਿਨਾਸ਼ੀ ਕਰਤਾ ਕੋਇ ਨਾ ਪਾਏ ਮੁਲ, ਆਪਣੀ ਕਰਨੀ ਆਪ ਕਰਾਇੰਦਾ । ਆਪੇ ਫੁਲਿਆ ਆਪੇ ਗਿਆ ਫਲ, ਬ੍ਰਹਮਾ ਵਿਸ਼ਨ ਸ਼ਿਵ ਆਪ ਉਪਾਇੰਦਾ । ਆਪਣੇ

ਕੰਡੇ ਤੋਲੇ ਤੋਲ, ਸਾਚਾ ਕੰਡਾ ਹੱਥ ਉਠਾਇੰਦਾ । ਸ਼ਬਦ ਅਗੰਮੀ ਏਕ ਬੋਲ, ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਅਕਲ ਕਲ ਧਾਰ, ਕਲ ਆਪਣੀ ਆਪ ਵਰਤਾਇੰਦਾ । ਕੁਲਵੰਤਾ ਕਲ ਆਪਣੀ ਧਾਰ, ਆਪੇ ਵੇਸ ਵਟਾਈਆ । ਆਪੇ ਵਿਸ਼ਵ ਰੂਪ ਬਣ ਕਰਤਾਰ, ਆਪਣਾ ਸੰਗ ਨਿਭਾਈਆ । ਆਪੇ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਵੱਡੀ ਵਡਿਆਈਆ । ਆਪੇ ਵਸੇ ਧੂਆਂਧਾਰ, ਆਪੇ ਸ਼ੰਕਰ ਗਲੇ ਲਗਾਈਆ । ਆਪੇ ਸਭ ਤੋਂ ਵਸਿਆ ਬਾਹਰ, ਰੂਪ ਰੰਗ ਰੇਖ ਨਾ ਕੋਈ ਜਣਾਈਆ । ਸੁੱਤ ਦੁਲਾਰੇ ਕਰ ਪਿਆਰ, ਸਾਚਾ ਹੁਕਮ ਜਣਾਈਆ । ਲੋਆਂ ਪੁਰੀਆਂ ਦਏ ਸਹਾਰ, ਮੰਡਲ ਮੰਡਪ ਆਪ ਰਹਾਈਆ । ਦੋ ਜਹਾਨਾਂ ਹੋ ਉਜਿਆਰ, ਜੋਤੀ ਨੂਰ ਰਿਹਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ ਭਰ ਭੰਡਾਰ, ਆਪੇ ਦਏ ਵਰਤਾਈਆ । ਸਚ ਭੰਡਾਰਾ ਸਤਿ ਸਰੂਪ, ਆਪਣਾ ਆਪ ਉਪਾਇੰਦਾ । ਸ਼ਬਦ ਸੁੱਤ ਸ਼ਾਹੋ ਭੂਪ, ਹਰਿ ਝੋਲੀ ਆਪ ਭਰਾਇੰਦਾ । ਤ੍ਰੈਗੁਣ ਉਪਜੇ ਤੇਰਾ ਰੂਪ, ਤੇਰੇ ਸੰਗ ਰਖਾਇੰਦਾ । ਹੋਏ ਪਸਾਰਾ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ ।

## ੪ ਭਾਦਰੋਂ ੨੦੧੯ ਬਿਕ੍ਰਮੀ ਤਾਰਾ ਸਿੰਘ ਦੇ ਘਰ ਪਿੰਡ ਮਾਨਾ ਵਾਲਾ ਜ਼ਿਲਾ ਅੰਮ੍ਰਿਤਸਰ

ਦੀਨ ਦਿਆਲ ਸਰਬ ਗੁਣਵੰਤਾ, ਘਟ ਘਟ ਰਿਹਾ ਸਮਾਈਆ । ਹਰਿਜਨ ਬਣਾਏ ਸਾਚੀ ਬਣਤਾ, ਜੁਗ ਜੁਗ ਵੱਡੀ ਵਡਿਆਈਆ । ਦੇਵੇ ਨਾਮ ਮਣੀਆ ਮੰਤਾ, ਰਸਨਾ ਜਿਹਵਾ ਆਪ ਧਿਆਈਆ । ਤੋੜੇ ਗੜ੍ਹ ਹਉਮੇ ਹੰਗਤਾ, ਭਰਮੀ ਭਰਮ ਮਿਟਾਈਆ । ਲੇਖੇ ਲਾਏ ਭੁੱਖੇ ਨੰਗਤਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖੇ ਲਏ ਲਗਾਈਆ । ਲੇਖਾ ਲਿਖਣਹਾਰ ਕਰਤਾਰਾ, ਆਦਿ ਜੁਗਾਦਿ ਸਮਾਇੰਦਾ । ਗੁਰਮੁਖਾਂ ਦੇਵੇ ਨਾਮ ਭੰਡਾਰਾ, ਗੁਰ ਸਤਿਗੁਰ ਰੂਪ ਵਟਾਇੰਦਾ । ਦਰ ਦਿਖਾਏ ਅਗੰਮ ਅਪਾਰਾ, ਆਪ ਆਪਣਾ ਪਰਦਾ ਲਾਹਿੰਦਾ । ਏਕਾ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਕਾਲ ਫਾਸ ਕਲ ਕੱਟਣਹਾਰਾ, ਗੇੜਾ ਆਪਣੇ ਹੱਥ ਰਖਾਇੰਦਾ । ਦਾਸਨ ਦਾਸੀ ਹੋ ਉਜਿਆਰਾ, ਸੇਵਕ ਸੇਵਾ ਆਪ ਕਮਾਇੰਦਾ । ਖ਼ਾਲਕ ਖ਼ਲਕ ਮੀਤ ਮੁਰਾਰਾ, ਗਹਿਰ ਗੰਭੀਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਸਾਚਾ ਮੇਲ ਮਿਲਾਇਆ, ਮੇਲਣਹਾਰ ਗੁਰ ਕਰਤਾਰ । ਜਗਤ ਵਿਛੋੜਾ ਫੰਦ ਕਟਾਇਆ, ਨਾਤਾ ਤੋੜ ਜਗਤ ਸੰਸਾਰ । ਆਤਮ ਅੰਤਰ ਗਿਆਨ ਦ੍ਰਿੜਾਇਆ, ਹਉਮੇ ਹੰਗਤਾ ਰੋਗ ਨਿਵਾਰ । ਸਾਚਾ ਰਾਗ ਇਕ ਸੁਣਾਇਆ, ਧੁਨ ਅਨਾਦਿ ਸੱਚੀ ਧੁਨਕਾਰ । ਪੰਚਮ ਸਖੀਆਂ ਬਹਿ ਬਹਿ ਗਾਇਆ, ਵਰ ਪਾਇਆ ਪੁਰਖ ਕਰਤਾਰ । ਘਰ ਮੰਦਰ ਸਾਚੇ ਡੇਰਾ ਲਾਇਆ, ਦੀਵਾ ਬਾਤੀ ਨਿਰਗੁਣ ਜੋਤ ਕਰ ਉਜਿਆਰ । ਕਮਲਾਪਾਤੀ ਵੇਸ ਵਟਾਇਆ, ਦਿਸ ਨਾ ਆਏ ਜੀਵ ਗਵਾਰ । ਸੰਤ ਸਾਜਣ ਵੇਖ ਵਖਾਇਆ, ਆਪ ਆਪਣੀ ਕਿਰਪਾ ਧਾਰ । ਪੂਰਬ ਲਹਿਣਾ ਝੋਲੀ ਪਾਇਆ, ਨੇਤਰ ਨੈਣਾਂ ਦਰਸ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਜਾਏ ਤਾਰ । ਤਾਰਨਹਾਰ ਇਕ ਕਰਤਾਰਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਖੇਲੇ ਖੇਲ ਅਪਾਰਾ,

ਲੋਕਮਾਤ ਵੇਸ ਵਟਾਇਆ । ਗੁਰਮੰਤਰ ਨਾਮ ਸ਼ਬਦ ਜੈਕਾਰਾ, ਏਕਾ ਨਾਅਰਾ ਲਾਇਆ । ਜਨ ਭਗਤਾਂ ਦੇਵੇ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਦਵਾਇਆ । ਏਕਾ ਦਸੇ ਸਚ ਪਿਆਰਾ, ਘਰ ਸਾਚੇ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਵੇਖ ਵਖਾਇਆ । ਘਰ ਮੰਦਰ ਹਰਿ ਮੇਲਿਆ, ਗੁਰਮੁਖ ਸੱਜਣ ਮੀਤ । ਏਕਾ ਰੰਗ ਗੁਰੂ ਗੁਰ ਚੇਲਿਆ, ਗੁਰ ਨਾਮ ਅੰਮ੍ਰਿਤ ਬਾਣੀ ਠੰਡਾ ਸੀਤ । ਆਪੇ ਹੋਏ ਸੱਜਣ ਸੁਹੇਲਿਆ, ਧੁਰਦਰਗਾਹੀ ਸੱਚਾ ਮੀਤ । ਆਪੇ ਵਸੇ ਰੰਗ ਨਵੇਲਿਆ, ਆਪੇ ਹੋਇਆ ਹਸਤ ਕੀਟ । ਅਚਰਜ ਖੇਲ ਪਾਰਬ੍ਰਹਮ ਕਲ ਖੇਲਿਆ, ਕਿਸੇ ਹੱਥ ਨਾ ਆਏ ਦੇਹੁਰੇ ਮੰਦਰ ਮਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਲਏ ਵਰ, ਆਦਿ ਜੁਗਾਦੀ ਪਰਖਣਹਾਰਾ ਨੀਤ । ਗੁਰਮੁਖ ਸੱਚਾ ਸੱਜਣ, ਹਰਿਜਨ ਵੇਖ ਵਖਾਇੰਦਾ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਗਵਾਇੰਦਾ । ਭਾਂਡੇ ਗੜ ਹੰਕਾਰੀ ਭੱਜਣ, ਹਉਮੇ ਹੰਗਤਾ ਰੋਗ ਮਿਟਾਇੰਦਾ । ਨੇਤਰ ਨੈਣ ਪਾਏ ਕੱਜਲ, ਨਾਮ ਨਾਮਾ ਇਕ ਰਖਾਇੰਦਾ । ਸਖਾ ਸਖਾਈ ਸਾਚਾ ਸੱਜਣ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਦੋ ਜਹਾਨੀ ਪਰਦੇ ਕੱਜਣ, ਸ਼ਬਦ ਦੋਸ਼ਾਲਾ ਉਪਰ ਪਾਇੰਦਾ । ਲੱਖ ਚੁਰਾਸੀ ਭਾਂਡੇ ਭੱਜਣ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਰਿਜਨ ਸਾਚੇ ਮੇਲ ਮਿਲਾਇੰਦਾ । ਜੁਗ ਜੁਗ ਮੇਲ ਮੇਲਣਹਾਰਾ, ਆਦਿ ਜੁਗਾਦਿ ਸਮਾਇਆ । ਗੁਰਮੁਖ ਸੋਹੇ ਸਚ ਦੁਵਾਰਾ, ਘਰ ਸਾਚਾ ਇਕ ਵਖਾਇਆ । ਏਕਾ ਰੂਪ ਸਤਿ ਸਰੂਪ ਮਹਿਮਾ ਅਨੂਪ ਲੇਖਾ ਲਿਖੇ ਨਾ ਕੋਈ ਸੰਸਾਰਾ, ਲੇਖਾ ਲਿਖਤ ਵਿਚ ਨਾ ਆਇਆ । ਜਨ ਭਗਤਾਂ ਦੇਵੇ ਭਗਤੀ ਭੰਡਾਰਾ, ਨਾਮ ਨਾਮਾ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਘਰ, ਘਰ ਮੇਲਾ ਸਹਿਜ ਸੁਭਾਇਆ । ਮੇਲਾ ਹਰਿ ਸ਼ਾਹ ਸੁਲਤਾਨ, ਪਾਇਆ ਪੁਰਖ ਅਗੰਮ । ਧਰਮ ਵਖਾਏ ਇਕ ਨਿਸ਼ਾਨ, ਨਿਹਕਰਮੀ ਕਰੇ ਕਰਮ । ਸਤਿ ਸਰੂਪੀ ਇਕ ਬਬਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਨਾ ਮਰੇ ਨਾ ਪਏ ਜੰਮ । ਸ਼ਬਦ ਬਿਬਾਣਾ ਹਰਿ ਭਗਵੰਤ, ਏਕਾ ਏਕ ਰਖਾਇੰਦਾ । ਗੁਰਮੁਖ ਚੜ੍ਹਾਏ ਸਾਚੇ ਸੰਤ, ਸਾਚੀ ਸੇਵਾ ਆਪ ਕਮਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਦਰ ਸਾਚਾ ਇਕ ਸੁਹਾਇੰਦਾ । ਦਰ ਸੱਚਾ ਦਰਬਾਰ, ਹਰਿ ਸੁਹਾਇੰਦਾ । ਸਚਖੰਡ ਦਵਾਰੇ ਖੋਲ੍ਹ ਕਿਵਾੜ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਗੁਰਮੁਖ ਸਾਜਣ ਸਾਚੇ ਲਾੜ, ਸਾਚੇ ਘੋੜੇ ਆਪ ਚੜ੍ਹਾਇੰਦਾ । ਸ਼ਬਦ ਸਰੂਪੀ ਪਕੜੇ ਵਾਗ, ਲੋਆਂ ਪੁਰੀਆਂ ਪਾਰ ਕਰਾਇੰਦਾ । ਜੂਠੀ ਝੂਠੀ ਕਿਰਿਆ ਧੋਵੇ ਦਾਗ਼, ਸਚ ਸੁੱਚ ਇਕ ਵਖਾਇੰਦਾ । ਸਰਨ ਸਰਨਾਈ ਜੋ ਜਨ ਜਾਏ ਸਤਿਗੁਰ ਪੂਰੇ ਲਾਗ, ਰਾਏ ਧਰਮ ਫੰਦ ਕਟਾਇੰਦਾ । ਤ੍ਰੈਗੁਣ ਮਾਇਆ ਬੁਝੇ ਆਗ, ਪੰਜ ਤੱਤ ਨਾਤਾ ਤੋੜ ਤੁੜਾਇੰਦਾ । ਮੇਲ ਮਿਲਾਏ ਕੰਤ ਸੁਹਾਗ, ਸੁਰਤ ਸਵਾਣੀ ਸ਼ਬਦ ਹਾਣੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਮੀਤ ਅਤੀਤ, ਆਪਣੇ ਆਪ ਜਗਾਇੰਦਾ । ਗੁਰਮੁਖ ਸੋਇਆ ਜਾਏ ਉਠ, ਗੁਰ ਸਤਿਗੁਰ ਆਪ ਜਗਾਈਆ । ਸਤਿਗੁਰ ਪੂਰਾ ਜਾਏ ਤੁਠ, ਦੇਵੇ ਦਰਸ ਬੇਪਰਵਾਹੀਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁਠ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਨਾਮ ਲਗਾਏ ਸਾਚੀ ਚੋਟ, ਸ਼ਬਦ ਨਗਾਰਾ ਇਕ ਵਜਾਈਆ । ਦੂਈ

ਦਵੈਤੀ ਕੱਢੇ ਖੋਟ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਦਰ ਘਰ ਸਾਚੇ ਸੋਭਾ ਪਾਈਆ । ਸੋਭਾਵੰਤ ਪਾਇਆ ਭਗਵਾਨ, ਭਗਤੀ ਭਗਤ ਲੇਖੇ ਲਾਈਆ । ਉਤਮ ਹੋਇਆ ਵਿਚ ਜਹਾਨ, ਜਾਗਰਤ ਜੋਤ ਵੱਡੀ ਵਡਿਆਈਆ । ਸੁਣਿਆ ਰਾਗ ਸਾਚੇ ਕਾਨ, ਏਕਾ ਏਕ ਸਿਫ਼ਤ ਸਲਾਹੀਆ । ਅੰਮ੍ਰਿਤ ਮਿਲਿਆ ਪੀਣ ਖਾਣ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਹਰਿ ਨਰ ਗੁਰਮੁਖ ਲੇਖੇ ਲਾਏ ਜਨ, ਧੰਨ ਧੰਨ ਧੰਨ ਜਣੇਂਦੀ ਮਾਈਆ ।

ਪਾਰਬ੍ਰਹਮ ਪੁਰਖ ਸੁਲਤਾਨਾ, ਆਦਿ ਜੁਗਾਦੀ ਏਕ ਏਕੰਕਾਰਿਆ । ਖੇਲੇ ਖੇਲ ਦੋ ਜਹਾਨਾ, ਆਪ ਆਪਣੀ ਕਲ ਵਰਤਾ ਰਿਹਾ । ਨਿਰਗੁਣ ਜੋਤੀ ਜੋਤ ਮਹਾਨਾ, ਆਦਿ ਨਿਰੰਜਣ ਡਗਮਗਾ ਰਿਹਾ । ਏਕਾ ਵਸੇ ਸਚ ਮਕਾਨਾ, ਸਚਖੰਡ ਦੁਆਰ ਆਪ ਬਣਾ ਰਿਹਾ । ਲੋਆਂ ਪੁਰੀਆਂ ਖੇਲ ਮਹਾਨਾ, ਸ਼ਬਦ ਸ਼ਬਦੀ ਡੰਕ ਵਜਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਆਪਣੀ ਸੇਵਾ ਆਪ ਲਗਾ ਰਿਹਾ । ਲੱਖ ਚੁਰਾਸੀ ਹੋ ਪਰਧਾਨਾ, ਆਪ ਆਪਣਾ ਸੰਗ ਨਿਭਾ ਰਿਹਾ । ਪੰਜ ਤ੍ਰੈ ਵੇਸ ਵਟਾਨਾ, ਤੱਤਵ ਤੱਤ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰ, ਨਿਰਗੁਣ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪ ਕਰਾ ਰਿਹਾ । ਖੇਲ ਅਵੱਲਾ ਇਕ ਇਕੱਲਾ, ਏਕਾ ਏਕ ਕਰਾਇੰਦਾ । ਅਬਿਨਾਸ਼ੀ ਕਰਤਾ ਵਸਿਆ ਸਚ ਮਹੱਲਾ, ਬੰਕ ਦੁਵਾਰਾ ਇਕ ਸੁਹਾਇੰਦਾ । ਨੇਹਚਲ ਧਾਮ ਧਾਮ ਅਟੱਲਾ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਦੀਪਕ ਬਾਤੀ ਜਲਾ, ਜੋਤੀ ਨੂਰ ਡਗਮਗਾਇੰਦਾ । ਆਪਣੀ ਸ਼ਕਤੀ ਆਪੇ ਰਲਾ, ਆਪ ਆਪਣੇ ਰੰਗ ਸਮਾਇੰਦਾ । ਆਪਣਾ ਆਸਣ ਆਪੇ ਮੱਲਾ, ਆਪੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ ਆਪ ਅਖਵਾਇੰਦਾ । ਸਤਿ ਸਰੂਪ ਹਰਿ ਮਿਹਰਵਾਨ, ਏਕਾ ਰੰਗ ਸਮਾਈਆ । ਜੋਤੀ ਜੋਤ ਜੋਤ ਮਹਾਨ, ਨਿਰਗੁਣ ਦਾਤਾ ਬੇਪਰਵਾਹੀਆ । ਸਾਚੇ ਮੰਦਰ ਬੈਠ ਮਕਾਨ, ਆਪ ਆਪਣਾ ਖੇਲ ਖਲਾਈਆ । ਆਪਣਾ ਦੇਵੇ ਧੁਰ ਫ਼ਰਮਾਣ, ਆਪਣਾ ਸ਼ਬਦ ਜਣਾਈਆ । ਸ਼ਬਦ ਦਾਤਾ ਵਡ ਬਲਵਾਨ, ਨਿਰਭੌ ਆਪ ਹੋ ਜਾਈਆ । ਨਿਰਵੈਰ ਖੇਲੇ ਖੇਲ ਮਹਾਨ, ਮੂਰਤ ਅਕਾਲ ਵੱਡੀ ਵਡਿਆਈਆ । ਅਜੂਨੀ ਰਹਿਤ ਨੌਜਵਾਨ, ਨਾ ਮਰੇ ਨਾ ਜਾਈਆ । ਥਿਰ ਘਰ ਵਸੇ ਸ੍ਰੀ ਭਗਵਾਨ,
ਬੀਠਲ ਬੀਠਲੋ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਉਂ ਨਿਰੰਕਾਰਾ ਆਪ ਅਖਵਾਈਆ । ਨਾਉਂ ਨਿਰੰਕਾਰ ਨਿਰਗੁਣ ਧਾਰ, ਹਰਿ ਆਪਣੀ ਆਪ ਉਪਾਇੰਦਾ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਇੰਦਾ । ਆਪੇ ਕਰੇ ਮੰਗਲਾ ਚਾਰ, ਰਾਗ ਅਨਾਦੀ ਆਪੇ ਗਾਇੰਦਾ । ਆਪੇ ਵਸੇ ਧੂਆਂਧਾਰ, ਸੁਨ ਸਮਾਧ ਆਪ ਹੋ ਜਾਇੰਦਾ । ਆਪੇ ਆਸਣ ਸਿੰਘਾਸਣ ਕਰ ਜੋਤ ਉਜਿਆਰ, ਸ਼ਾਹੋ ਸ਼ਾਬਾਸ਼ ਆਪ ਅਖਵਾਇੰਦਾ । ਆਪੇ ਪਾਵੇ ਰਾਸਣ ਆਪਣੇ ਦਵਾਰ, ਮੰਡਲ ਮੰਡਪ ਆਪ ਉਪਾਇੰਦਾ । ਆਪੇ ਰਵ ਸਸ ਕਰੇ ਉਜਿਆਰ, ਜੋਤੀ ਜੋਤ ਜਗਾਇੰਦਾ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰ, ਆਪਣੀ ਆਸ ਕਰਾਇੰਦਾ । ਆਪੇ ਤ੍ਰੈਗੁਣ ਮਾਇਆ ਭਰ ਭੰਡਾਰ, ਲੱਖ ਚੁਰਾਸੀ ਰਚਨ ਰਚਾਇੰਦਾ । ਆਪੇ ਪੰਜ ਤੱਤ ਕਰ ਪਿਆਰ, ਆਪ ਆਪਣੀ ਵੰਡ ਵੰਡਾਇੰਦਾ । ਆਪੇ ਸਰਗੁਣ ਮੇਲਾ ਅਪਰ ਅਪਾਰ, ਨਿਰਗੁਣ ਆਪਣਾ ਆਪ ਕਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਕਰ ਸਹਾਰਾ, ਆਪੇ ਵੇਖੇ ਵੇਖਣਹਾਰਾ, ਦਿਸ ਕਿਸੇ ਨਾ ਆਇੰਦਾ । ਵੇਖਣਹਾਰ ਪੁਰਖ ਸਮਰਥ, ਏਕਾ ਏਕ ਏਕੰਕਾਰਿਆ । ਆਦਿ ਜੁਗਾਦਿ ਚਲਾਏ ਰਥ, ਜੁਗ ਜੁਗ ਖੇਲ ਅਪਾਰਿਆ । ਸ਼ਬਦ ਡੋਰੀ ਪਾਏ ਨੱਥ, ਲੋਆਂ ਪੁਰੀਆਂ ਆਪ ਬੰਧਾ ਰਿਹਾ । ਬ੍ਰਹਿਮੰਡ ਖੰਡ ਦੇਵੇ ਵਥ, ਸ਼ਬਦ ਜੈਕਾਰਾ ਏਕਾ ਲਾ ਰਿਹਾ । ਵਸਣਹਾਰਾ ਘਟ ਘਟ, ਅੰਤਰ ਰੂਪ ਵਟਾ ਲਿਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਨਾਦ ਅਨਾਦੀ ਨਾਦ ਵਜਾ ਲਿਆ । ਸ਼ਬਦ ਅਨਾਦੀ ਸਾਚਾ ਨਾਦ, ਹਰਿ ਹਰਿ ਆਪ ਵਜਾਇੰਦਾ । ਆਪ ਸੁਣਾਏ ਬ੍ਰਹਮ ਬ੍ਰਹਿਮਾਦ, ਆਪਣਾ ਢੋਲਾ ਆਪੇ ਗਾਇੰਦਾ । ਆਪ ਆਪਣਾ ਰਖਿਆ ਯਾਦ, ਆਪੇ ਭੇਵ ਖੁਲ੍ਹਾਇੰਦਾ । ਆਪੇ ਰੂਪ ਮੋਹਣੀ ਮਾਧਵ ਮਾਧ, ਆਪ ਆਪਣਾ ਵੇਸ ਵਟਾਇੰਦਾ । ਆਪਣਾ ਘਰ ਆਪੇ ਲਾਧ, ਆਪੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਏਕਾ ਏਕ ਅਖਵਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਵਰਤਾਈਆ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਡੇਰਾ ਲਾਈਆ । ਮਾਨਸ ਮਾਨੁੱਖ ਕਰ ਤਿਆਰ, ਆਪਣੀ ਰਚਨ ਰਚਾਈਆ । ਨੌ ਦਰ ਖੋਲ੍ਹੇ ਜਗਤ ਕਿਵਾੜ, ਸਾਚੀ ਰਚਨ ਰਚਾਈਆ । ਘਰ ਵਿਚ ਘਰ ਕਰ ਤਿਆਰ, ਆਪੇ ਬੈਠਾ ਆਸਣ ਲਾਈਆ । ਜੋਤੀ ਨੂਰ ਨੂਰ ਉਜਿਆਰ, ਦਿਵਸ ਰੈਣ ਡਗਮਗਾਈਆ । ਨਾਦ ਨਾਦ ਸ਼ਬਦ ਧੁਨਕਾਰ, ਅਨਹਦ ਸਾਚਾ ਤਾਲ ਵਜਾਈਆ । ਸਰ ਸਰੋਵਰ ਅੰਮ੍ਰਿਤ ਧਾਰ, ਕਾਇਆ ਮੰਦਰ ਆਪ ਰਖਾਈਆ । ਆਤਮ ਸੇਜਾ ਮੀਤ ਮੁਰਾਰ, ਨਿਰਗੁਣ ਸਰਗੁਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲ ਖਲਾਈਆ । ਲੱਖ ਚੁਰਾਸੀ ਖੇਲ ਖਲਾਇਆ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ, ਆਪਣਾ ਹੁਕਮ ਸੁਣਾਇੰਦਾ । ਸੰਸਾਰੀ ਭੰਡਾਰੀ ਨਾਉਂ ਧਰਾਇਆ, ਲਾਏ ਦੀਬਾਣ ਆਪ ਜਣਾਇੰਦਾ । ਆਪਣਾ ਭੇਵ ਨਾ ਕਿਸੇ ਜਣਾਇਆ, ਭੇਵ ਅਭੇਦ ਭੇਵ ਛੁਪਾਇੰਦਾ । ਜੁਗਾ ਜੁਗੰਤਰ ਖੇਲ ਖਲਾਇਆ, ਜੁਗ ਕਰਤਾ ਆਪ ਅਖਵਾਇੰਦਾ । ਆਪਣਾ ਸ਼ਬਦ ਰਾਗ ਅਲਾਇਆ, ਚਾਰੇ ਵੇਦ ਉਪਜਾਇੰਦਾ । ਚਾਰੇ ਖਾਣੀ ਵੰਡ ਵੰਡਾਇਆ, ਉਤਭੁਜ ਸੇਹਤਜ ਜੇਰਜ ਅੰਡ ਆਪੇ ਡੇਰਾ ਲਾਇੰਦਾ । ਸ਼ਬਦ ਅਗੰਮੀ ਮੇਲ ਮਿਲਾਇਆ, ਬ੍ਰਹਿਮੰਡੀ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਪਰਵਰਦਿਗਾਰ, ਏਕਾ ਨੂਰ ਇਲਾਹੀਆ । ਏਕਾ ਵਸੇ ਧਾਮ ਨਿਆਰ, ਦਿਸ ਕਿਸੇ ਨਾ ਆਈਆ । ਮੁਕਾਮੇ ਹੱਕ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਏਕਾ ਰਾਮ ਰਾਮ ਰਹਿਮਾਨ ਏਕਾ ਏਕ ਏਕੰਕਾਰਿਆ । ਏਕਾ ਗੁਣੀ ਗੁਣ ਗ਼ੈਨ, ਗਾਵਤ ਗਾਵਤ ਭੇਵ ਕੋਈ ਨਾ ਪਾ ਰਿਹਾ । ਏਕਾ ਮੁਖ ਖੋਲ੍ਹੇ ਐਨ, ਅਲਫ਼ ਡੰਡਾ ਮੀਮ ਨੁਕਤਾ ਗ਼ੈਨ ਨਾ ਕੋਈ ਰਲਾ ਲਿਆ । ਆਪੇ ਜਾਣੇ ਆਪਣੀ ਕਲਿਆਣ, ਤਾਲਬ ਤਲਬ ਆਪ ਬਣਾ ਲਿਆ । ਆਪਣੇ ਮੰਦਰ ਆਪੇ ਬਹਿ ਬਹਿ ਚੀਨਾ, ਆਪਣਾ ਕਲਮਾ ਆਪ ਪੜ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾ ਲਿਆ । ਰਾਮ ਨਾਮਾ ਹੋ ਉਜਿਆਰ, ਆਪਣਾ ਡੰਕ ਵਜਾਈਆ । ਖੇਲੇ ਖੇਲ ਪੁਰਖ ਕਰਤਾਰ, ਕਰਨੀ ਕਰਤਾ ਕਿਰਤ

੯੩੭
੦੮

ਕਮਾਈਆ । ਜੋਤ ਜਗਾਏ ਵਿਚ ਸੰਸਾਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਕਰੇ ਇਕ ਪਿਆਰ, ਆਤਮ ਬ੍ਰਹਮ ਜਣਾਈਆ । ਮੇਟ ਮਿਟਾਏ ਅੰਧ ਅੰਧਿਆਰ, ਸਵਛ ਸਰੂਪੀ ਦਰਸ ਦਖਾਈਆ । ਕਮਲਾਪਾਤੀ ਮੀਤ ਮੁਰਾਰ, ਦੀਵਾ ਬਾਤੀ ਇਕ ਰਖਾਈਆ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਧਾਰਾ ਇਕ ਚਲਾਈਆ । ਖੁਲ੍ਹੇ ਕਵਲ ਹੋਏ ਉਜਿਆਰ, ਉਲਟੀ ਨਾਭੀ ਆਪ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਦਰਵੇਸ ਨਰੇਸ਼ ਆਪਣਾ ਆਪ ਵਟਾਈਆ । ਦਰ ਦਰਵੇਸ ਇਕ ਇਕੱਲਾ, ਆਦਿ ਜੁਗਾਦਿ ਸਮਾਇਆ । ਸਚ ਸਿੰਘਾਸਣ ਏਕਾ ਮੱਲਾ, ਥਿਰ ਘਰ ਡੇਰਾ ਲਾਇਆ । ਲੋਕਮਾਤ ਆਵੇ ਕਰ ਵਲ ਛਲਾ, ਜੁਗ ਜੁਗ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇਆ । ਖੇਲੇ ਖੇਲ ਹਰਿ ਹਰਿ ਮੀਤ, ਅਚਰਜ ਰੀਤ ਚਲਾਈਆ । ਜੀਵਾਂ ਜੰਤਾਂ ਪਰਖੇ ਨੀਤ, ਨਿਝ ਘਰ ਬੈਠਾ ਆਸਣ ਲਾਈਆ । ਜਨ ਭਗਤਾਂ ਦੱਸੇ ਸਚ ਪ੍ਰੀਤ, ਆਤਮ ਅੰਤਰ ਇਕ ਲਿਵ ਲਾਈਆ । ਰਾਗ ਸੁਣਾਏ ਸੁਹਾਗੀ ਗੀਤ, ਅੱਖਰ ਵੱਖਰ ਕਰੇ ਪੜ੍ਹਾਈਆ । ਮਨ ਮਨੂਆ ਮਨ ਲਏ ਜੀਤ, ਮਤ ਮਤਵਾਲੀ ਨਾ ਦਏ ਦੁਹਾਈਆ । ਬੁੱਧ ਬਿਬੇਕ ਠੰਡੀ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਆਪੇ ਵਸੇ ਹਰਿਜਨ ਚੀਤ, ਆਪਣਾ ਨਾਮ ਆਪ ਜਪਾਈਆ । ਆਪ ਸੁਹਾਏ ਕਾਇਆ ਮੰਦਰ ਦੇਹੁਰਾ ਸਚ ਮਸੀਤ, ਘਰ ਸਾਚੇ ਆਸਣ ਲਾਈਆ । ਬੈਠਾ ਰਹੇ ਇਕ ਅਤੀਤ, ਨਿਰਗੁਣ ਵਡ ਵੱਡੀ ਵਡਿਆਈਆ । ਏਕਾ ਏਕ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਸਰਬ ਕਲ ਆਪੇ ਸਮਰਥ ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਇਕ ਅਖਵਾਈਆ । ਰਥ ਰਥਵਾਹੀ ਬੇਪਰਵਾਹ, ਆਪਣੀ ਸੇਵ ਕਮਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਵੇਸ ਵਟਾਇੰਦਾ । ਗੁਰ ਪੀਰ ਆਪ ਅਖਵਾ, ਅਵਤਾਰ ਆਪਣਾ ਨਾਉਂ ਧਰਾਇੰਦਾ । ਜਨ ਭਗਤਾਂ ਦੇਵੇ ਸਚ ਸਲਾਹ, ਸਾਚੇ ਮਾਰਗ ਲਾਇੰਦਾ । ਲੱਖ ਚੁਰਾਸੀ ਕੱਟੇ ਫਾਹ, ਆਵਣ ਜਾਵਣ ਫੰਦ ਕਟਾਇੰਦਾ । ਇਕ ਜਪਾਏ ਸਾਚਾ ਨਾਂ, ਨਾਮ ਨਾਮਾ ਆਪ ਉਪਜਾਇੰਦਾ । ਸਦਾ ਸੁਹੇਲਾ ਪਕੜੇ ਬਾਂਹ, ਸਿਰ ਆਪਣਾ ਹੱਥ ਰਖਾਇੰਦਾ । ਫੜ ਫੜ ਹੰਸ ਬਣਾਏ ਕਾਂ, ਸਾਚੀ ਚੋਗ ਨਾਮ ਚੁਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਵਟੰਦੜਾ, ਪਾਰਬ੍ਰਹਮ ਕਰਤਾਰ । ਲੋਕਮਾਤ ਜੋਤ ਜਗੰਦੜਾ, ਪੰਜ ਤੱਤ ਕਰੇ ਪਿਆਰ । ਨਿਰਗੁਣ ਸਰਗੁਣ ਨਾਉਂ ਰਖੰਦੜਾ, ਖੇਲੇ ਖੇਲ ਵਿਚ ਸੰਸਾਰ । ਗੁਰਮੁਖ ਸੱਜਣ ਮੀਤ ਆਪ ਅਖਵੰਦੜਾ, ਦੇਵੇ ਨਾਮ ਸ਼ਬਦ ਅਧਾਰ । ਦੀਵਾ ਬਾਤੀ ਇਕ ਵਖੰਦੜਾ, ਕਮਲਾਪਾਤੀ ਜੋਤ ਉਜਿਆਰ । ਅੰਧੇਰੀ ਰਾਤੀ ਮੇਟ ਮਿਟੰਦੜਾ, ਮੇਲ ਮਿਲਾਵਾ ਏਕੰਕਾਰ । ਲਹਿਣਾ ਦੇਣਾ ਮੂਲ ਚੁਕੰਦੜਾ, ਪੂਰਬ ਲੇਖਾ ਲਏ ਵਿਚਾਰ । ਹਰਿਜਨ ਸਾਚੇ ਪਾਰ ਕਰੰਦੜਾ, ਆਪੇ ਜਾਣੇ ਆਰ ਪਾਰ । ਮੰਝਧਾਰ ਨਾ ਕੋਈ ਰੁੜ੍ਹੰਦੜਾ, ਭਵ ਸਾਗਰ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਏ ਮਾਤ ਅਵਤਾਰ । ਲੋਕਮਾਤ ਹਰਿ ਅਵਤਾਰਾ, ਹਰਿ ਹਰਿ ਰਚਨ ਰਚਾਈਆ । ਆਪੇ ਖੇਲੇ ਖੇਲ ਅਪਾਰਾ, ਨਿਰਗੁਣ ਵੱਡੀ ਵਡਿਆਈਆ । ਵੇਦ ਕਤੇਬ ਨਾ ਪਾਵਣ ਸਾਰਾ, ਭੇਵ ਅਭੇਦਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਨਾਉਂ ਧਰਾਈਆ ।

ਜੁਗ ਜੁਗ ਆਪਣਾ ਨਾਉਂ ਰੱਖ, ਨਾਮ ਜੈਕਾਰਾ ਏਕਾ ਲਾਇੰਦਾ । ਸਤਿਜੁਗ ਹੋ ਪ੍ਰਤੱਖ, ਏਕਾ ਰੂਪ ਸਮਾਇੰਦਾ । ਤ੍ਰੇਤਾ ਆਪਣਾ ਆਪ ਕੀਆ ਵੱਖ, ਰਾਮ ਰਾਮਾ ਡੰਕ ਵਜਾਇੰਦਾ । ਦੁਆਪਰ ਕ੍ਰਿਸ਼ਨਾ ਅਲੱਖਣਾ ਅਲੱਖ, ਏਕਾ ਅਲਖ ਜਗਾਇੰਦਾ । ਕਾਹਨਾ ਕ੍ਰਿਸ਼ਨਾ ਏਕਾ ਪੱਖ, ਕਿਸਨਾ ਸੁਖਲਾ ਨਾ ਕੋਈ ਵਖਾਇੰਦਾ । ਵਸਣਹਾਰਾ ਘਟ ਘਟ, ਲੋਕਮਾਤ ਖੇਲ ਖਲਾਇੰਦਾ । ਕਲਜੁਗ ਅੰਤਮ ਲਾਏ ਸੱਟ, ਡੰਕ ਨਗਾਰਾ ਇਕ ਵਜਾਇੰਦਾ । ਆਪੇ ਪ੍ਰਗਟ ਹੋਏ ਖੇਲ ਬਾਜੀਗਰ ਨਟ, ਈਸਾ ਮੂਸਾ ਨਾਉਂ ਧਰਾਇੰਦਾ । ਆਪੇ ਆਪਣਾ ਕਲਮਾ ਰਿਹਾ ਰਟ, ਚਾਰ ਯਾਰ ਸੰਗ ਮੁਹੰਮਦ ਨਾਤਾ ਜੋੜ ਜੁੜਾਇੰਦਾ । ਆਪੇ ਜੋਤੀ ਨੂਰ ਲਟ ਲਟ, ਨਾਨਕ ਕਾਇਆ ਡੇਰਾ ਲਾਇੰਦਾ । ਆਪੇ ਖੋਲ੍ਹੇ ਚੌਦਾਂ ਹੱਟ, ਚੌਦਾਂ ਤਬਕਾਂ ਵੇਖ ਵਖਾਇੰਦਾ । ਆਪੇ ਬੋਲੇ ਨਾਮ ਸਤਿ, ਸਤਿ ਨਾਮ ਸਤਿ ਆਪ ਹੋ ਜਾਇੰਦਾ । ਆਪੇ ਪੰਚਮ ਬੀਜੇ ਆਪਣੇ ਵਤ, ਆਪੇ ਫਲ ਫੁੱਲ ਲਗਾਇੰਦਾ । ਆਪੇ ਪਾਣੀ ਦੇਵੇ ਝੱਟ, ਆਪਣੀ ਸੇਵਾ ਆਪ ਲਗਾਇੰਦਾ । ਆਪੇ ਗੋਬਿੰਦ ਜੋਧਾ ਸੂਰਾ ਹੋਏ ਸਮਰਥ, ਸਰਬ ਕਲ ਆਪ ਅਖਵਾਇੰਦਾ । ਆਪੇ ਆਪਣੀ ਹਾੜੀ ਲਏ ਕੱਟ, ਦੂਸਰ ਕੋਇ ਨਾ ਸੰਗ ਰਲਾਇੰਦਾ । ਕਲਜੁਗ ਖੇਲੇ ਖੇਲ ਬਾਜ਼ੀਗਰ ਨਟ, ਕੂੜੀ ਰਾਸ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਹਰਿ ਹਰਿ ਵੇਸ, ਆਪਣਾ ਆਪ ਵਟਾਈਆ । ਭੇਵ ਨਾ ਪਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕੋਟਨ ਕੋਟ ਦਰ ਬੈਠੇ ਸੀਸ ਝੁਕਾਈਆ । ਲਿਖ ਲਿਖ ਥੱਕਾ ਚਾਰੇ ਵੇਦ, ਵੇਦ ਵਿਆਸਾ ਭੇਵ ਨਾ ਰਾਈਆ । ਪੁਰਾਨ ਅਠਾਰਾਂ ਕਰਨ ਆਦੇਸ, ਸ਼ਾਸਤਰ ਸਿਮਰਤ ਰਹੇ ਗਾਈਆ । ਗੀਤਾ ਗਿਆਨ ਆਪੇ ਵੇਖ, ਆਪਣਾ ਗੁਣ ਆਪ ਜਣਾਈਆ । ਅੰਜੀਲ ਕੁਰਾਨਾ ਲਿਖੀ ਰੇਖ, ਹੰਸਾ ਬੰਸਾ ਕਰੇ ਪੜ੍ਹਾਈਆ । ਖਾਣੀ ਬਾਣੀ ਇਕ ਅਦੇਸ, ਨੀਚੋ ਨੀਚ ਸੀਸ ਝੁਕਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਿਸੇ ਦੀ ਚਲੇ ਨਾ ਕੋਈ ਪੇਸ਼, ਆਪ ਉਪਾਏ ਆਪੇ ਲਏ ਮਿਟਾਈਆ । ਜੁਗਾ ਜੁਗੰਤਰ ਖੇਲੇ ਖੇਲ ਹਮੇਸ਼, ਖੇਲਣਹਾਰਾ ਆਪ ਅਖਵਾਈਆ । ਸਚਖੰਡ ਦੁਵਾਰੇ ਵਸਿਆ ਨਰ ਨਰੇਸ਼, ਹੁਕਮੀ ਹੁਕਮ ਸਰਬ ਭੁਵਾਈਆ । ਆਪੇ ਨਾਨਕ ਨਿਰਗੁਣ ਮੋਢੇ ਧਰੇ ਖੂੰਡੀ ਭੂਰੀ ਖੇਸ, ਆਪਣਾ ਮੁਖ ਛੁਪਾਈਆ । ਆਪੇ ਦਾਤਾ ਜੋਧਾ ਦਸ ਦਸਮੇਸ਼, ਆਪ ਆਪਣਾ ਭੇਟ ਚੜ੍ਹਾਈਆ । ਪੁਰਖ ਅਕਾਲ ਰਿਹਾ ਵੇਖ, ਭੁੱਲ ਰਹੇ ਨਾ ਰਾਈਆ । ਜਾਨਣਹਾਰਾ ਰਿਖੀ ਕੇਸ, ਕਵਣ ਗਵਰਧਨ ਰਿਹਾ ਉਠਾਈਆ । ਏਕਾ ਜਾਣੇ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਏ ਭੇਵ ਨਾ ਰਾਈਆ । ਲੱਖ ਚੁਰਾਸੀ ਲਿਖਿਆ ਲੇਖ, ਹਰਿ ਕਾ ਲੇਖਾ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਅਗੰਮੜੀ ਕਾਰ ਹਰਿ ਕਰਾਏ, ਕਰਨ ਕਰਾਵਣਹਾਰਾ । ਨਾ ਕੋਈ ਦੂਸਰ ਸੰਗ ਰਲਾਏ, ਖੇਲੇ ਖੇਲ ਪੁਰਖ ਨਿਰੰਕਾਰਾ । ਤਿੰਨਾਂ ਲੋਕਾਂ ਡੇਰਾ ਢਾਹੇ, ਚੌਥੇ ਘਰ ਵਸੇ ਸਚ ਘਰ ਬਾਰਾ । ਚੌਦਾਂ ਹੱਟਾਂ ਭੇਵ ਖੁਲ੍ਹਾਏ, ਚੌਦਾਂ ਤਬਕਾਂ ਮਾਰੇ ਮਾਰਾਂ । ਬ੍ਰਹਮਾ ਵੇਤਾ ਰੋ ਰੋ ਨੀਰ ਵਹਾਏ, ਕਲਜੁਗ ਅੰਤਮ ਰੋਵੇ ਜ਼ਾਰੋ ਜ਼ਾਰਾ । ਸ਼ੰਕਰ ਨਿਉਂ ਨਿਉਂ ਸੀਸ ਝੁਕਾਏ, ਗਲ ਪਾਈ ਕੰਠ ਮਾਲਾ । ਵਿਸ਼ਨੂੰ ਵੇਸ ਆਪ ਵਟਾਏ, ਆਪੇ ਖੇਲੇ ਖੇਲ ਨਿਰਾਲਾ । ਪਾਰਬ੍ਰਹਮ ਪ੍ਰਭ ਭੇਵ ਨਾ ਰਾਏ, ਜਗਤ ਵਿਦਿਆ ਹੋਏ ਬੇਹਾਲਾ । ਚੌਦਾਂ ਵਿਦਿਆ ਦਿਸ ਨਾ ਆਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬ੍ਰਹਿਮੰਡ, ਆਪਣੀ ਪਾਏ ਆਪੇ ਵੰਡ, ਵਰਭੰਡੀ ਖੋਜ ਖੁਜਾਈਆ । ਵਰਭੰਡੀ

ਹਰਿ ਖੋਜਣਹਾਰਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਬ੍ਰਹਿਮੰਡੀ ਦੇਵਣਹਾਰ ਸਹਾਰਾ, ਜੇਰਜ ਅੰਡੀ ਡੇਰਾ ਲਾਇੰਦਾ । ਤੋੜੇ ਗੰਢਾਂ ਤੋੜਣਹਾਰਾ, ਗੜ੍ਹ ਹੰਕਾਰ ਰਹਿਣ ਨਾ ਪਾਇੰਦਾ । ਤੇਜ ਪ੍ਰਚੰਡੀ ਤੇਜ ਕਟਾਰਾ, ਨਾਮ ਖੰਡਾ ਹੱਥ ਉਠਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰਾ, ਗੁਰ ਸ਼ਬਦੀ ਨਾਉਂ ਧਰਾਇੰਦਾ । ਦਹਿ ਦਿਸ਼ਾ ਚਾਰ ਕੁੰਟ ਪਾਵੇ ਸਾਰਾ, ਗਗਨ ਗਗਨੰਤਰ ਵੇਖ ਵਖਾਇੰਦਾ । ਸੱਤਾਂ ਦੀਪਾਂ ਹੋ ਉਜਿਆਰਾ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਨੌ ਖੰਡ ਪ੍ਰਿਥਮੀ ਦਏ ਹੁਲਾਰਾ, ਆਪਣਾ ਧੱਕਾ ਆਪੇ ਲਾਇੰਦਾ । ਧਰਤ ਮਾਤ ਕਰੇ ਪੁਕਾਰਾ, ਅੰਤਰ ਰੋ ਰੋ ਨੀਰ ਵਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ, ਕਲਜੁਗ ਅੰਤਮ ਲੈ ਅਵਤਾਰਾ, ਆਪ ਆਪਣਾ ਨਾਉਂ ਧਰਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਖ਼ੁਦਾਈ ਪਰਵਰਦਿਗਾਰ, ਅਕਲ ਕਲਾ ਅਖਵਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਬੇਐਬ ਰੂਪ ਵਟਾਈਆ । ਨਬੀ ਰਸੂਲਾਂ ਕਰੇ ਵਿਚਾਰ, ਕੁਤਬ ਗੌਂਸ ਸ਼ੇਖ਼ ਮੁਸਾਇਕ ਪੀਰ ਦਸਤਗੀਰ ਵੇਖ ਵਖਾਈਆ । ਖੇਲੇ ਖੇਲ ਗੁਪਤ ਜ਼ਾਹਿਰ, ਅੰਦਰ ਬਾਹਰ ਵੱਡੀ ਵਡਿਆਈਆ । ਧਰਤ ਧਵਲ ਨਾ ਚੁੱਕੇ ਭਾਰ, ਪਾਪਾਂ ਦੱਬੀ ਰਹੀ ਕੁਰਲਾਈਆ । ਸਾਧ ਸੰਤ ਰਹੇ ਪੁਕਾਰ, ਆਤਮ ਅੰਤਰ ਇਕ ਲਿਵ ਲਾਈਆ । ਕਲਜੁਗ ਜੀਵ ਹੋਏ ਵਿਭਚਾਰ, ਨਾਤਾ ਤੁਟਾ ਭੈਣਾਂ ਭਾਈਆ । ਨਾ ਕੋਈ ਨਾਰ ਕੰਤ ਭਤਾਰ, ਸੁਹਾਗ ਕੰਤ ਨਾ ਕੋਈ ਹੰਢਾਈਆ । ਮਾਤ ਪਿਤ ਨਾ ਕੋਈ ਪਿਆਰ, ਪਿਤਾ ਪੂਤ ਨਾ ਕੋਈ ਵਡਿਆਈਆ । ਸਾਕ ਸੱਜਣ ਨਾ ਮੀਤ ਮੁਰਾਰ, ਝੂਠੇ ਧੰਦੇ ਰਹੇ ਝੂਠੇ ਬੰਧਨ ਪਾਈਆ । ਕੋਈ ਨਾ ਗਾਵੇ ਹਰਿ ਨਿਰੰਕਾਰ, ਹਿਰਦੇ ਹਰਿ ਨਾ ਕੋਈ ਵਸਾਈਆ । ਸਾਧ ਸੰਤ ਕਰਨ ਪਰਚਾਰ, ਧੀਆਂ ਭੈਣਾਂ ਰਹੇ ਤਕਾਈਆ । ਤਟ ਤੀਰਥ ਹੋਏ ਖ਼ਵਾਰ, ਪੁਰਸ਼ ਨਾਰੀ ਨੰਗੇ ਰਹੇ ਤਾਰੀਆਂ ਲਾਈਆ । ਕਿਸੇ ਨਾ ਮਿਲਿਆ ਹਰਿ ਕਾ ਦੁਵਾਰ, ਹਰਿ ਕੀ ਪੌੜੀ ਨਾ ਕੋਈ ਚੜ੍ਹਾਈਆ । ਫਿਰ ਫਿਰ ਥੱਕੇ ਨੌ ਦੁਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮਿਲਿਆ ਮੇਲ ਨਾ ਮੀਤ ਮੁਰਾਰ, ਆਸਾ ਤ੍ਰਿਸ਼ਨਾ ਨਾ ਕੋਈ ਚੁਕਾਈਆ । ਕਾਇਆ ਤੁਟਾ ਨਾ ਗੜ੍ਹ ਹੰਕਾਰ, ਮਨ ਕਾ ਮਣਕਾ ਨਾ ਕੋਈ ਫਿਰਾਈਆ । ਸੁਰਤ ਸੁਵਾਣੀ ਨਾ ਕਰੇ ਪਿਆਰ, ਗੁਰ ਸ਼ਬਦ ਨਾ ਜੋੜ ਜੁੜਾਈਆ । ਸਾਚੇ ਮੰਦਰ ਅੰਧ ਅੰਧਿਆਰ, ਦੀਵਾ ਬੱਤੀ ਨਾ ਕੋਈ ਟਿਕਾਈਆ । ਭਰਮੇ ਭੁੱਲਾ ਭਰਮ ਸੰਸਾਰ, ਭਰਮ ਗੜ੍ਹ ਨਾ ਕੋਈ ਤੁੜਾਈਆ । ਕਲਜੁਗ ਜੋਧਾ ਵਡ ਬਲਕਾਰ, ਆਪਣੀ ਕਰਨੀ ਰਿਹਾ ਕਰਾਈਆ । ਚਾਰੋਂ ਕੁੰਟ ਕਰੇ ਖੁਵਾਰ, ਧੀਰਜ ਧੀਰ ਨਾ ਕੋਈ ਧਰਾਈਆ । ਸਤਿ ਸੰਤੋਖ ਗਏ ਹਾਰ, ਜਤ ਲੰਗੋਟ ਨਾ ਕੋਈ ਬੰਧਾਈਆ । ਖ਼ਾਕੀ ਖ਼ਾਕ ਹੋਇਆ ਸੰਸਾਰ, ਸਾਚੀ ਖ਼ਾਕ ਨਾ ਤਨ ਰਮਾਈਆ । ਜਟਾ ਜੂਟ ਵੇਖ ਪਸਾਰ, ਝੂਠਾ ਬੰਧਨ ਗਲ ਵਿਚ ਪਾਈਆ । ਗੁਰਮੁਖ ਵਿਰਲਾ ਕਰੇ ਵਿਚਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਦਰਸ ਦਖਾਏ ਅਗੰਮ ਅਪਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਨਾਤਾ ਤੁਟੇ ਸਰਬ ਸੰਸਾਰ, ਸਗਲਾ ਸੰਗ ਤਜਾਈਆ । ਪੁਰਖ ਅਬਿਨਾਸ਼ੀ ਕੰਤ ਭਤਾਰ, ਮਿਲੇ ਮੇਲ ਸਾਚੇ ਮਾਹੀਆ । ਨਾਰ ਸੁਹਾਗਣ ਸੋਹੇ ਬੰਕ ਦੁਵਾਰ, ਗੁਰਮੁਖ ਸਾਚੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਆਪਣਾ ਨਾਉਂ ਰਖਾਈਆ । ਨਿਹਕਲੰਕ ਪੁਰਖ ਸੁਲਤਾਨਾ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਸ਼ਬਦ ਅਨਾਦੀ ਰਾਗ ਤਰਾਨਾ, ਏਕਾ

ਰਾਗ ਅਲਾਇੰਦਾ । ਜਨ ਭਗਤਾਂ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਸਤਿ ਸਰੂਪੀ ਬੱਧਾ ਗਾਨਾ, ਸਾਚਾ ਸਗਨ ਮਨਾਇੰਦਾ । ਚਰਨ ਧੂੜ ਕਰਾਏ ਸੱਚਾ ਇਸ਼ਨਾਨਾ, ਦੁਰਮਤ ਮੈਲ ਧੁਵਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਸਾਚਾ ਜਲ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲ ਕਲਕੀ ਆਪ ਅਖਵਾਇੰਦਾ । ਕਲ ਕਲਕੀ ਹਰਿ ਧਾਰ ਅਵੱਲੀ, ਆਪਣੀ ਆਪ ਚਲਾਈਆ । ਨਿਰਗੁਣ ਜੋਤ ਇਕ ਇਕੱਲੀ, ਅਕਾਲ ਪੁਰਖ ਵਡ ਵਡਿਆਈਆ । ਲੋਕਮਾਤ ਹੋਕਾ ਦੇਵੇ ਗਲੀਓ ਗਲੀ, ਮਨਮੁੱਖ ਕੋਇ ਉਠ ਨਾ ਜਾਈਆ । ਖੇਲੇ ਖੇਲ ਵਲ ਛਲੀ, ਅਛਲ ਅਛੱਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਅੰਮ੍ਰਿਤ ਫਲੀ, ਗੁਰਮੁਖਾਂ ਚੋਗ ਚੁਗਾਈਆ । ਗੁਰਮੁਖ ਚੁਗਾਏ ਸਾਚੀ ਚੋਗ, ਆਤਮ ਰਸ ਜਣਾਇੰਦਾ । ਆਤਮ ਸੇਜਾ ਸਾਚਾ ਭੋਗ, ਸਾਚਾ ਦਰ ਸੁਹਾਇੰਦਾ । ਜਗਤ ਵਿਛੋੜਾ ਕੱਟੇ ਵਿਜੋਗ, ਬ੍ਰਿਹੋਂ ਰੋਗ ਮਿਟਾਇੰਦਾ । ਦਰ ਘਰ ਮੇਲਾ ਸਤਿ ਸੰਜੋਗ, ਸਗਲਾ ਸੰਗ ਨਿਭਾਇੰਦਾ । ਦਰਸ ਦਿਖਾਏ ਹਰਿ ਅਮੋਘ, ਸਵੱਛ ਸਰੂਪ ਰੂਪ ਵਿਟਾਇੰਦਾ । ਚਰਨ ਪ੍ਰੀਤੀ ਸਾਚਾ ਜੋਗ, ਸਾਚਾ ਮਾਰਗ ਏਕਾ ਲਾਇੰਦਾ । ਸੋਹੰ ਸ਼ਬਦ ਸਚ ਸਲੋਕ, ਸਤਿਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਲਹਿਣਾ ਦੇਣਾ ਚੁੱਕੇ ਚੌਦਾਂ ਲੋਕ, ਪੂਰਬ ਲਹਿਣਾ ਝੋਲੀ ਪਾਇੰਦਾ । ਲੱਖ ਚੁਰਾਸੀ ਦੇਵੇ ਝੋਕ, ਤ੍ਰੈਗੁਣ ਅਗਨੀ ਮੱਠ ਤਪਾਇੰਦਾ । ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੱਜਣ ਲਏ ਵਰ, ਆਪ ਆਪਣਾ ਜੋੜ ਜੁੜਾਇੰਦਾ । ਗੁਰਮੁਖਾਂ ਗੁਰ ਨਾਤਾ ਜੋੜ, ਗੁਰ ਸ਼ਬਦੀ ਸ਼ਬਦ ਸਮਾਈਆ । ਕਲਜੁਗ ਅੰਤਮ ਆਇਆ ਵਾਗਾਂ ਮੋੜ, ਗੁਰ ਗੋਬਿੰਦ ਵਡ ਵਡਿਆਈਆ । ਸਰਸੇ ਲੱਗੀ ਨਿਭੇ ਤੋੜ, ਨਾ ਕੋਈ ਤੋੜੇ ਤੋੜ ਤੁੜਾਈਆ । ਸ਼ਾਹ ਸਵਾਰਾ ਚੜ੍ਹਿਆ ਨੀਲੇ ਘੋੜ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਗੁਰਮੁਖਾਂ ਅੰਤਮ ਜਾਏ ਬੌਹੜ, ਆਪ ਆਪਣਾ ਰੂਪ ਵਟਾਈਆ । ਦੋ ਜਹਾਨਾਂ ਲਾਏ ਏਕਾ ਪੌੜ, ਅੱਧਵਿਚਕਾਰ ਡੰਡਾ ਨਾ ਕੋਈ ਲਗਾਈਆ । ਜਗਤ ਤ੍ਰਿਸ਼ਨਾ ਮੇਟੇ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਗੁਰਮੁਖ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਸ਼ਬਦ ਵਜਾਈਆ । ਡੰਕਾ ਸ਼ਬਦ ਨਿਸ਼ਾਨ, ਹਰਿ ਵਜਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਭੇਵ ਕੋਈ ਨਾ ਆਇੰਦਾ । ਦੋ ਜਹਾਨਾਂ ਪਾਵੇ ਆਣ, ਹੁਕਮ ਸੁਣਾਇੰਦਾ । ਸਤਿਗੁਰ ਪੂਰਾ ਹੋ ਮਿਹਰਵਾਨ, ਬਣਤ ਬਣਾਇੰਦਾ । ਲੋਕਮਾਤ ਵੇਖੇ ਮਾਰ ਧਿਆਨ, ਗੁਰਮੁਖ ਉਠਾਇੰਦਾ । ਮਨਮੁਖ ਨਾ ਸਕੇ ਕੋਈ ਪਛਾਣ, ਮਾਇਆ ਪਰਦਾ ਪਾਇੰਦਾ । ਸਰਬ ਜੀਆਂ ਦਾ ਜਾਣੀ ਜਾਣ, ਆਪ ਆਪਣਾ ਮੁਖ ਛੁਪਾਇੰਦਾ । ਕਲਜੁਗ ਮੇਟੇ ਝੂਠ ਮਕਾਨ, ਸਤਿਜੁਗ ਸਾਚਾ ਮਾਰਗ ਲਾਇੰਦਾ । ਸੰਤ ਸੁਹੇਲੇ ਕਰ ਪਰਵਾਨ, ਗੁਰ ਚੇਲੇ ਮੇਲ ਮਿਲਾਇੰਦਾ । ਵੇਦ ਪੁਰਾਨ ਅੰਜੀਲ ਕੁਰਾਨੀ ਖਾਣੀ ਬਾਣੀ ਸਾਰੇ ਗਾਣ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਭਗਤ ਵਛਲ ਗੁਣ ਨਿਧਾਨ, ਗੁਣਵੰਤਾ ਨਾਉਂ ਰਖਾਇੰਦਾ । ਗੁਰਸਿਖਾਂ ਵਖਾਏ ਪਦ ਨਿਰਬਾਨ, ਪਰਮਾਨੰਦ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤ ਸੰਦੇਸ਼, ਲੋਕਮਾਤ ਆਪ ਸੁਣਾਇੰਦਾ । ਅੰਤ ਸੰਦੇਸਾ ਕਲਜੁਗ ਧਾਰ, ਹਰਿ ਸਤਿਗੁਰ ਆਪ ਸੁਣਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਰਹਿਣ ਨਾ ਪਾਈਆ ।

ਕਲਜੁਗ ਕਾਇਆ ਤੋੜੇ ਗੜ੍ਹ ਹੰਕਾਰ, ਹਉਮੇ ਗੜ੍ਹ ਰਹਿਣ ਨਾ ਪਾਈਆ । ਬੀਸ ਬੀਸਾ ਹਰਿ ਜਗਦੀਸ਼ਾ ਹੋਇਆ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਇਕ ਹਦੀਸ ਪੜ੍ਹਾਏ ਸਰਬ ਸੰਸਾਰ, ਕਲਮਾ ਕਾਇਨਾਤ ਆਪ ਜਣਾਈਆ । ਵਾਹਿਗੁਰੂ ਅੱਲਾ ਏਕਾ ਧਾਰ, ਰਾਮ ਕ੍ਰਿਸ਼ਨ ਕਰੇ ਪੜ੍ਹਾਈਆ । ਬਰਨਾਂ ਵਰਨਾਂ ਕਰ ਖ਼ਵਾਰ, ਸਾਚੀ ਸਰਨ ਇਕ ਤਕਾਈਆ । ਪੁਰਖ ਅਕਾਲ ਮੀਤ ਮੁਰਾਰ, ਦੂਸਰ ਹੋਏ ਨਾ ਕੋਈ ਸਹਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚੀ ਸਿਖਿਆ ਇਕ ਸਮਝਾਈਆ । ਚਾਰ ਵਰਨਾਂ ਇਕ ਪਿਆਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਬਹਾਈਆ । ਏਕਾ ਨਾਮ ਸ਼ਬਦ ਜੈਕਾਰ, ਏਕਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਕ ਇਕ ਵਜਾਈਆ ।

## ੪ ਭਾਦਰੋਂ ੨੦੧੯ ਬਿਕ੍ਰਮੀ ਸੁਰਿੰਦਰ ਸਿੰਘ ਦੇ ਘਰ ਪਿੰਡ ਭੂਲਰ ਜ਼ਿਲਾ ਅੰਮ੍ਰਿਤਸਰ

ਸਤਿ ਪੁਰਖ ਨਿਰੰਜਣ ਇਕ ਓਅੰਕਾਰ, ਆਦਿ ਜੁਗਾਦਿ ਸਮਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਅਲਖ ਅਗੋਚਰ ਅਗੰਮ ਆਪ ਕਰਾਇੰਦਾ । ਜੋਤੀ ਨੂਰ ਨੂਰ ਉਜਿਆਰ, ਪੁਰਖ ਅਕਾਲ ਨਾਉਂ ਧਰਾਇੰਦਾ । ਸਾਚੀ ਸੂਰਤ ਬੇਐਬ ਪਰਵਰਦਿਗਾਰ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਖਲਾਇੰਦਾ । ਖੇਲਣਹਾਰ ਸ੍ਰੀ ਭਗਵਾਨਾ, ਏਕਾ ਰੰਗ ਸਮਾਇਆ । ਆਪੇ ਜਾਣੇ ਆਪਣਾ ਭਾਣਾ, ਆਪਣੇ ਭਾਣੇ ਵਿਚ ਸਮਾਇਆ । ਆਪੇ ਸ਼ਾਹ ਸੁਲਤਾਨ ਵਡ ਰਾਜ ਰਾਜਾਨਾ, ਸ਼ਾਹੋ ਭੂਪ ਆਪ ਅਖਵਾਇਆ । ਆਪੇ ਗੁਣਵੰਤਾ ਹਰਿ ਗੁਣ ਨਿਧਾਨਾ, ਗਹਿਰ ਗੰਭੀਰ ਨਾਉਂ ਧਰਾਇਆ । ਆਪੇ ਚਤੁਰ ਸੁਘੜ ਹਰਿ ਸਿਆਣਾ, ਲੇਖਾ ਲੇਖ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਪ੍ਰਗਟਾਇਆ । ਨੂਰ ਉਜਿਆਰਾ ਪਾਰਬ੍ਰਹਮ, ਆਪਣਾ ਆਪ ਕਰਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਪੰਜ ਤੱਤ ਤੱਤ ਨਾ ਕੋਈ ਰਖਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਇੰਦਾ । ਹਰਖ ਸੋਗ ਨਾ ਖ਼ੁਸ਼ੀ ਗ਼ਮ, ਆਲਸ ਨਿੰਦਰਾ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਏਕਾ ਰੰਗ ਰੰਗਾਇੰਦਾ । ਏਕਾ ਰੰਗ ਹਰਿ ਬਨਵਾਰੀ, ਆਪਣਾ ਆਪ ਰੰਗਾਈਆ । ਨਿਰਗੁਣ ਜੋਤ ਨੂਰ ਉਜਿਆਰੀ, ਏਕਾ ਏਕ ਡਗਮਗਾਈਆ । ਆਦਿ ਨਿਰੰਜਣ ਖੇਲ ਅਪਾਰੀ, ਖੇਲ ਖਲੰਤਾ ਬੇਪਰਵਾਹੀਆ । ਸਾਚੇ ਮੰਦਰ ਵਸੇ ਅਗੰਮ ਅਪਾਰੀ, ਆਪ ਆਪਣਾ ਆਸਣ ਲਾਈਆ । ਥਿਰ ਘਰ ਬੈਠਾ ਲਾਈ ਤਾੜੀ, ਦਿਸ ਕਿਸੇ ਨਾ ਆਈਆ । ਨਾ ਕੋਈ ਮੁੱਛ ਨਾ ਕੋਈ ਦਾੜ੍ਹੀ, ਮੂੰਡ ਮੁੰਡਾਏ ਨਾ ਕੋਈ ਰਖਾਈਆ । ਨਾ ਕੋਈ ਨਾਤਾ ਜੋੜੇ ਬਹੱਤਰ ਨਾੜੀ, ਮਨ ਮਤ ਬੁੱਧ ਨਾ ਕੋਈ ਰਖਾਈਆ । ਨਾ ਕੋਈ ਸਮੁੰਦ ਸਾਗਰ ਡੂੰਘੀ ਖ਼ਾੜੀ, ਧਰਤ ਧਵਲ ਨਾ ਕੋਈ ਵਖਾਈਆ । ਪੰਜ ਤੱਤ ਨਾ ਕੋਈ ਹੰਕਾਰੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਈ ਹਲਕਾਈਆ । ਨਾ ਕੋਈ ਖੰਡਾ ਤੀਰ ਕਟਾਰੀ, ਸ਼ਸਤਰ ਬਸਤਰ ਨਾ ਕੋਈ ਹੰਢਾਈਆ । ਆਦਿ ਜੁਗਾਦਿ ਖੇਲ ਨਿਆਰੀ, ਆਪਣੀ ਆਪ ਕਰਾਈਆ । ਥਿਰ ਘਰ ਸੋਹੇ ਸਚਖੰਡ ਸੱਚੇ ਦਰਬਾਰੀ, ਸਚ ਸਿੰਘਾਸਣ ਆਸਣ

ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪਣਾ ਨਾਉਂ ਰਖਾਈਆ । ਅਬਿਨਾਸ਼ੀ ਕਰਤਾ ਕਰਨੇਹਾਰਾ, ਅਕਲ ਕਲਾ ਵਰਤਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਭੇਵ ਕੋਈ ਨਾ ਪਾਇੰਦਾ । ਨਿਰਗੁਣ ਜੋਤ ਨੂਰ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਾਚਾ ਮੰਦਰ ਕਰ ਤਿਆਰਾ, ਸਚਖੰਡ ਆਪ ਸੁਹਾਇੰਦਾ । ਨਾ ਕੋਈ ਦੀਸੇ ਚਾਰ ਦੀਵਾਰਾ, ਛੱਪਰ ਛੰਨ ਨਾ ਕੋਈ ਸੁਹਾਇੰਦਾ । ਇਕ ਇਕੱਲਾ ਏਕੰਕਾਰਾ, ਘਰ ਸਾਚੇ ਆਸਣ ਲਾਇੰਦਾ । ਨਾ ਕੋਈ ਦੀਸੇ ਚੋਬਦਾਰਾ, ਨਾ ਕੋਈ ਸੀਸ ਝੁਕਾਇੰਦਾ । ਨਾ ਕੋਈ ਗੁਰ ਪੀਰ ਸਾਧ ਸੰਤ ਅਵਤਾਰਾ, ਸ਼ਬਦ ਨਾਦ ਧੁਨ ਨਾ ਕੋਈ ਵਜਾਇੰਦਾ । ਇਕ ਇਕੱਲਾ ਕਰ ਪਸਾਰਾ, ਆਪ ਆਪਣਾ ਵੇਸ ਵਟਾਇੰਦਾ । ਪਵਣ ਪਾਣੀ ਨਾ ਕੋਈ ਵਿਚਾਰਾ, ਗਗਨ ਮੰਡਲ ਨਾ ਕੋਈ ਸੁਹਾਇੰਦਾ । ਨਾ ਕੋਈ ਰਵ ਸਸ ਦਿਸੇ ਸਤਾਰਾ, ਮੰਡਲ ਮੰਡਪ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਚ ਮਹੱਲਾ, ਨੇਹਚਲ ਧਾਮ ਉਚ ਅਟੱਲਾ, ਕਮਲਾਪਾਤੀ ਏਕਾ ਏਕਾ ਏਕ ਸੁਹਾਇੰਦਾ । ਏਕਾ ਏਕ ਏਕ ਕਰਤਾਰਾ, ਏਕਾ ਏਕ ਅਖਵਾਈਆ । ਏਕਾ ਏਕ ਨਿਰਗੁਣ ਜੋਤ ਨੂਰ ਉਜਿਆਰਾ, ਨੂਰੋ ਨੂਰ ਡਗਮਗਾਈਆ । ਏਕਾ ਏਕ ਸਤਿ ਸਰੂਪ ਹਰਿ ਸਿਰਜਣਹਾਰਾ, ਸਤਿ ਸਤਿ ਸਤਿ ਅਖਵਾਈਆ । ਏਕਾ ਪੁਰਖ ਅਗੰਮ ਅਗੰਮੜਾ ਅਗੰਮੜੀ ਕਾਰਾ, ਆਪਣੀ ਆਪ ਚਲਾਈਆ । ਪਾਰਬ੍ਰਹਮ ਪ੍ਰਭ ਲੈ ਅਵਤਾਰਾ, ਆਪ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪ ਸਮਾਈਆ । ਆਦਿ ਜੁਗਾਦੀ ਹਰਿ ਹਰਿ ਖੇਲ, ਆਪਣਾ ਆਪ ਕਰਾਇੰਦਾ । ਆਪੇ ਕਰੇ ਆਪਣੇ ਮੇਲ, ਆਪੇ ਵੇਸ ਵਟਾਇੰਦਾ । ਆਪੇ ਨਿਰਗੁਣ ਦੀਵਾ ਬਾਤੀ ਪਾਏ ਤੇਲ, ਆਪੇ ਡਗਮਗਾਇੰਦਾ । ਆਪੇ ਦਾਤਾ ਸੂਰਾ ਸਰਬੱਗ ਸਦਾ ਸੁਹੇਲ, ਆਪੇ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਕਰਨੇਹਾਰਾ, ਦੂਸਰ ਨਾਂਹੀ ਕੋਇ । ਥਿਰ ਘਰ ਬੈਠ ਸੱਚੇ ਦਰਬਾਰਾ, ਆਪੇ ਜਾਣੇ ਆਪਣੀ ਸੋਏ । ਆਪ ਆਪਣਾ ਕਰ ਪਿਆਰਾ, ਆਪ ਆਪਣੇ ਰੰਗ ਬਲੋਏ । ਆਪੇ ਕੰਤ ਆਪ ਭਤਾਰਾ, ਆਪਣੀ ਸੇਜਾ ਆਪੇ ਸੋਏ । ਆਪੇ ਪੁਰਖ ਆਪੇ ਨਾਰਾ, ਆਪ ਆਪਣਾ ਖੇਲ ਖਲੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰ, ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਨੂਰ ਉਜਾਲਾ ਹਰਿ ਗੋਪਾਲਾ, ਅਕਲ ਕਲਾ ਵਰਤਾਈਆ । ਸਚਖੰਡ ਵਸੇ ਸੱਚੀ ਧਰਮਸਾਲਾ, ਥਿਰ ਘਰ ਬੈਠਾ ਡੇਰਾ ਲਾਈਆ । ਸ਼ਬਦ ਸਿੰਘਾਸਣ ਖੇਲ ਨਿਰਾਲਾ, ਪੁਰਖ ਅਬਿਨਾਸ਼ਣ ਸੋਭਾ ਪਾਈਆ । ਹਰਿਜਨ ਕਰੇ ਆਪ ਪ੍ਰਿਤਪਾਲਾ, ਪ੍ਰਿਤਪਾਲਕ ਵਡ ਵਡਿਆਈਆ । ਆਪਣਾ ਮਾਰਗ ਜਾਣੇ ਰਾਹ ਸੁਖਾਲਾ, ਨਾ ਕੋਈ ਦੂਸਰ ਵੇਖ ਵਖਾਈਆ । ਆਪੇ ਕਾਲ ਆਪੇ ਮਹਾਂਕਾਲਾ, ਅਕਾਲ ਮੂਰਤ ਰੂਪ ਬੇਪਰਵਾਹੀਆ । ਆਪੇ ਤੱਤ ਜੋਤ ਜਵਾਲਾ, ਆਦਿ ਸ਼ਕਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਕ ਬਣਾਈਆ । ਆਪ ਆਪਣਾ ਅੰਕ ਬਣਾ, ਆਪਣੀ ਖੇਲ ਖਲਾਇੰਦਾ । ਆਪਣਾ ਸੁੱਤ ਆਪ ਉਪਜਾ, ਆਪੇ ਕੁੱਖ ਉਠਾਇੰਦਾ । ਆਪਣੀ ਗੋਦੀ ਆਪ ਉਠਾ, ਆਪੇ ਵੇਸ ਵਟਾਇੰਦਾ । ਸਚਖੰਡ ਦਵਾਰਾ ਰਚਨ ਰਚਾ, ਸਾਚਾ ਧਾਮ ਜਣਾਇੰਦਾ । ਦਾਤਾ ਦਾਨੀ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਨਿਰੰਜਣ ਇਕ ਅਲੱਖ ਜਗਾਇੰਦਾ । ਅਲੱਖ ਨਿਰੰਜਣ ਅਲੱਖ ਜਗਾ, ਆਪਣੀ ਅਲੱਖ ਜਗਾਈਆ ।


੯੪੩
੦੯

ਆਪੇ ਬਣੇ ਬੇਪਰਵਾਹ, ਆਪਣੀ ਝੋਲੀ ਅੱਗੇ ਡਾਹੀਆ । ਆਪੇ ਭਿਛਿਆ ਦੇਵੇ ਪਾ, ਝੋਲੀ ਆਪੇ ਰਿਹਾ ਭਰਾਈਆ । ਆਪੇ ਪੂਰਨ ਇਛਿਆ ਆਪਣੀ ਲਏ ਕਰਾ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਵੇਸ ਵਟਾਈਆ । ਵੇਸ ਅਵੱਲਾ ਇਕ ਇਕੱਲਾ, ਏਕਾ ਏਕ ਕਰਾਈਆ । ਆਪੇ ਫਲਿਆ ਆਪੇ ਫੁਲਾ, ਫੁੱਲ ਫੁਲਵਾੜੀ ਆਪ ਹੋ ਜਾਈਆ । ਆਪਣੀ ਕਰਤਾ ਕੀਮਤ ਪਾਏ ਆਪਣਾ ਮੁਲਾ, ਆਪੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਸਚ ਦਰਵਾਜ਼ਾ, ਹਰਿ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜ਼ਾ, ਨਿਰਗੁਣ ਆਸਣ ਲਾਇੰਦਾ । ਆਦਿ ਨਿਰੰਜਣ ਰਚਿਆ ਕਾਜਾ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਸਤਿ ਸਰੂਪੀ ਦੇਵੇ ਦਾਜਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਥਿਰ ਘਰ ਸਾਚਾ ਹਰਿ ਸੁਹੰਜਣਾ, ਹਰਿ ਸਾਚਾ ਆਪ ਉਪਜਾਈਆ । ਜੋਤ ਜਗਾਏ ਆਦਿ ਨਿਰੰਜਣਾ, ਵਡ ਦਾਤਾ ਬੇਪਰਵਾਹੀਆ । ਨਾਉਂ ਰਖਾਏ ਦਰਦ ਦੁੱਖ ਭੈ ਭੰਜਣਾ, ਦੂਸਰ ਭੈ ਨਾ ਕੋਈ ਰਖਾਈਆ । ਆਪੇ ਸਰ ਸਰੋਵਰ ਕਰੇ ਕਰਾਏ ਮਜਨਾ, ਆਪਣਾ ਤਾਲ ਆਪ ਸੁਹਾਈਆ । ਨਾ ਘੜਿਆ ਨਾ ਭੱਜਣਾ, ਆਦਿ ਜੁਗਾਦਿ ਵੱਡੀ ਵਡਿਆਈਆ । ਸਚ ਨਗਾਰਾ ਏਕਾ ਵੱਜਣਾ, ਪੁਰਖ ਅਕਾਲ ਇਕ ਵਜਾਈਆ । ਆਪਣਾ ਬਣੇ ਆਪੇ ਸੱਜਣਾ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਵੇਖੇ ਸਾਚਾ ਘਰ, ਥਿਰ ਘਰ ਅੰਦਰ ਡੇਰਾ ਲਾਈਆ । ਸਚਖੰਡ ਸਚ ਦੁਆਰਾ, ਹਰਿ ਸਾਚਾ ਆਪ ਸੁਹਾਇੰਦਾ । ਥਿਰ ਘਰ ਕਰੇ ਜੋਤ ਉਜਿਆਰਾ, ਨਿਰਗੁਣ ਬਾਤੀ ਦੀਪ ਜਗਾਇੰਦਾ । ਅੰਦਰ ਮੰਦਰ ਪੁਰਖ ਕਰਤਾਰਾ, ਆਪ ਆਪਣਾ ਖੇਲ ਖਲਾਇੰਦਾ । ਆਦਿ ਸ਼ਕਤ ਕਰ ਪਿਆਰਾ, ਸਾਚਾ ਸੰਗ ਨਿਭਾਇੰਦਾ । ਜੋਤੀ ਨਾਰੀ ਜੋਤ ਭਤਾਰਾ, ਸਾਚਾ ਵੇਸ ਵਟਾਇੰਦਾ । ਆਪੇ ਜਾਏ ਸੁੱਤ ਦੁਲਾਰਾ, ਸ਼ਬਦੀ ਨਾਉਂ ਧਰਾਇੰਦਾ । ਸ਼ਾਹੋ ਭੂਪ ਸੱਚਾ ਸਿਕਦਾਰਾ, ਸ਼ਾਹ ਸੁਲਤਾਨਾਂ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੋਚਰ ਬੇਪਰਵਾਹ, ਸ਼ਬਦ ਸੁੱਤ ਲਏ ਉਠਾ, ਆਪ ਆਪਣਾ ਨਾਉਂ ਧਰਾਇੰਦਾ । ਸ਼ਬਦ ਸੁੱਤ ਵਡ ਬਲਵਾਨਾ, ਹਰਿ ਹਰਿ ਆਪ ਜਗਾਇਆ । ਆਪੇ ਦੇਵੇ ਧੁਰ ਫ਼ਰਮਾਣਾ, ਆਪ ਆਪਣਾ ਹੁਕਮ ਸੁਣਾਇਆ । ਥਿਰ ਘਰ ਵੇਖੇ ਸਚ ਮਕਾਨਾ, ਸਚਖੰਡ ਦਵਾਰਾ ਇਕ ਉਪਾਇਆ । ਏਕਾ ਰਾਗ ਇਕ ਤਰਾਨਾ, ਏਕਾ ਮੰਗਲ ਗਾਇਆ । ਏਕਾ ਪਦ ਰੱਖੇ ਨਿਰਬਾਣਾ, ਦੂਸਰ ਦਰ ਨਾ ਕੋਈ ਸੁਹਾਇਆ । ਏਕਾ ਓਟ ਸ੍ਰੀ ਭਗਵਾਨਾ, ਸਿਰ ਸਮਰਥ ਹੱਥ ਟਿਕਾਇਆ । ਸਤਿ ਸਰੂਪੀ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ, ਅਜੂਨੀ ਰਹਿਤ ਵੇਸ ਵਟਾਇਆ । ਅਜੂਨੀ ਰਹਿਤ ਕਰਨੀ ਕਰਤਾ, ਆਪਣੀ ਕਿਰਤ ਕਮਾਈਆ । ਸੁੱਤ ਦੁਲਾਰਾ ਵੇਸ ਦਰ ਦਰਵੇਸ਼, ਅਨੇਕਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਦੀਆ ਬਾਤੀ, ਕਮਲਾਪਾਤੀ ਆਪ ਜਗਾਇੰਦਾ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਸ਼ਾਬਾਸ਼ੀ ਪਾਵੇ ਰਾਸੀ, ਆਪਣਾ ਮੰਡਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵੇਖੇ ਸਾਚਾ ਦਰ, ਸਚ ਦੁਵਾਰਾ

ਇਕ ਸੁਹਾਇੰਦਾ । ਥਿਰ ਘਰ ਸਾਚਾ ਇਕ ਸੁਹਾਇਆ, ਹਰਿ ਹਰਿ ਵੱਡੀ ਵਡਿਆਈਆ । ਸਚਖੰਡ ਅੰਦਰ ਡੇਰਾ ਲਾਇਆ, ਘਰ ਘਰ ਵਿਚ ਮੇਲ ਮਿਲਾਈਆ । ਮੇਲ ਮਿਲਾਵਾ ਸਹਿਜ ਸੁਭਾਇਆ, ਵਿਛੜ ਕਦੇ ਨਾ ਜਾਈਆ । ਏਕਾ ਰੂਪ ਆਪ ਵਟਾਇਆ, ਦੂਜੀ ਧਾਰ ਨਾ ਕੋਈ ਜਣਾਈਆ । ਤੀਜਾ ਦਰ ਨਾ ਕੋਈ ਖੁਲ੍ਹਾਇਆ, ਚੌਥੇ ਘਰ ਨਾ ਵੱਜੇ ਵਧਾਈਆ । ਪੰਚਮ ਮੇਲ ਨਾ ਕੋਈ ਮਿਲਾਇਆ, ਸਾਚੀ ਸਖੀਆਂ ਨਾ ਮੰਗਲ ਗਾਈਆ । ਛੇਵੇਂ ਛੱਪਰ ਨਾ ਕੋਈ ਰਖਾਇਆ, ਅੱਠਾਂ ਤੱਤਾਂ ਵਿਚ ਨਾ ਆਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਨਾਲ ਰਲਾਇਆ, ਨੌਂ ਦਰ ਨਾ ਖੋਲ੍ਹ ਖੁਲ੍ਹਾਈਆ । ਜਗਤ ਵਾਸਨਾ ਨਾ ਕੋਈ ਭਰਾਇਆ, ਦਸਮ ਦੁਆਰੀ ਨਾ ਡੇਰਾ ਲਾਈਆ । ਸਚਖੰਡ ਦੁਵਾਰਾ ਸੋਭਾ ਪਾਈਆ । ਸਚਖੰਡ ਦੁਵਾਰਾ ਸੋਭਾਵੰਤ, ਹਰਿ ਸਾਚੀ ਰਚਨ ਰਚਾਈਆ । ਏਕਾ ਬੈਠਾ ਹਰਿ ਭਗਵੰਤ, ਭਗਵਾਨ ਰੂਪ ਬੇਪਰਵਾਹੀਆ । ਆਪੇ ਜਾਣੇ ਆਪਣਾ ਆਦਿ ਅੰਤ, ਆਦਿ ਆਦਿ ਆਪ ਅਖਵਾਈਆ । ਆਪ ਬਣਾਏ ਆਪਣੀ ਬਣਤ, ਸੁੱਤੇ ਪ੍ਰਕਾਸ਼ ਵੇਖ ਵਖਾਈਆ । ਆਪੇ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਈ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਮੰਡਲ ਰਾਸ ਖੇਲ ਤਮਾਸ਼ਾ, ਆਪਣਾ ਆਪ ਕਰਾਈਆ । ਖੇਲ ਤਮਾਸ਼ਾ ਕਰ ਕਰ ਵੇਖੇ, ਹਰਿ ਹਰਿ ਵੱਡੀ ਵਡਿਆਈਆ । ਆਪਣੇ ਨੇਤਰ ਆਪੇ ਪੇਖੇ, ਦਿਸ ਕਿਸੇ ਨਾ ਆਈਆ । ਆਪੇ ਦਰ ਦਰਬਾਨ ਦਰ ਦਰਵੇਸੇ, ਆਪ ਆਪਣੀ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸੁੱਤ ਸ਼ਬਦ ਸ਼ਬਦ ਸਮਝਾਈਆ । ਸੁੱਤ ਸ਼ਬਦ ਹੋ ਤਿਆਰ, ਹਰਿ ਸਾਚਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਮਹੱਲ ਉਸਾਰ, ਆਪਣਾ ਆਸਣ ਲਾਇੰਦਾ । ਰਵ ਸਸ ਕਰ ਤਿਆਰ, ਜੋਤੀ ਜੋਤ ਡਗਮਗਾਇੰਦਾ । ਜਲ ਬਿੰਬ ਵੇਖ ਵਿਚਾਰ, ਧਰਤ ਧਵਲ ਉਪਾਇੰਦਾ । ਅਕਾਸ਼ ਪ੍ਰਕਾਸ਼ ਇਕ ਪਿਆਰ, ਏਕਾ ਰੂਪ ਵਟਾਇੰਦਾ । ਆਪਣੀ ਕਿਰਪਾ ਆਪੇ ਧਾਰ, ਨਿਰਗੁਣ ਖੇਲ ਕਰਾਇੰਦਾ । ਵਿਸ਼ਨੂੰ ਵੰਸੀ ਵੇਸ ਅਪਾਰ, ਵਿਸ਼ਵ ਰੂਪ ਵਟਾਇੰਦਾ । ਅੰਮ੍ਰਿਤ ਜਲ ਭਰ ਭੰਡਾਰ, ਕਵਲ ਨਾਭ ਖੁਲ੍ਹਾਇੰਦਾ । ਖਿਲਿਆ ਕਵਲ ਹੋਈ ਗੁਲਜ਼ਾਰ, ਬ੍ਰਹਮਾ ਮੁਖ ਸਲਾਹਿੰਦਾ । ਤ੍ਰੈਗੁਣ ਮੀਤਾ ਦਏ ਅਧਾਰ, ਠਾਂਡਾ ਸੀਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਸਾਚਾ ਵਰ, ਸੁਨ ਸਮਾਧ ਬੋਧ ਅਗਾਧ ਆਪ ਜਣਾਇੰਦਾ । ਆਪੇ ਸੰਝ ਆਪ ਸਵੇਰ, ਦਿਵਸ ਰੈਣ ਆਪ ਹੋ ਜਾਇੰਦਾ । ਆਪੇ ਦੇਵਣਹਾਰਾ ਗੇੜ, ਆਪ ਆਪਣੀ ਕਲ ਵਰਤਾਇੰਦਾ । ਆਪੇ ਲਹਿਣਾ ਦੇਣਾ ਦਏ ਨਿਬੇੜ, ਨਾ ਕੋਈ ਦੂਸਰ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੰਡਲ ਮੰਡਪ ਆਪ ਸੁਹਾਇੰਦਾ । ਮੰਡਲ ਮੰਡਪ ਹਰਿ ਹਰਿ ਮਾੜੀ, ਆਪਣੀ ਆਪ ਸੁਹਾਇੰਦਾ । ਰਵ ਸਸ ਸੂਰਜ ਚੰਨ ਸਤਾਰੀ, ਸਾਚੀ ਸੇਵਕ ਸੇਵ ਲਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਪਿਆਰੀ, ਆਪਣੇ ਹੁਕਮੇ ਹੁਕਮ ਫਿਰਾਇੰਦਾ । ਪੰਜ ਤੱਤ ਤ੍ਰੈਗੁਣ ਖੇਲ ਨਿਆਰੀ, ਪੁਰਖ ਬਿਧਾਤਾ ਨਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਖੇਲ ਨਿਆਰੀ, ਆਪੇ ਵੇਖ ਵਖਾਇੰਦਾ । ਨਿਰਗੁਣ ਜੋਤ ਕਰ ਉਜਿਆਰੀ, ਘਰ ਘਰ ਵਿਚ ਆਪ ਟਿਕਾਇੰਦਾ । ਪਵਣ ਸਵਾਸੀ ਸੇਵਾਦਾਰੀ, ਸਵਾਸ ਸਵਾਸਾ ਨਾਮ ਧਰਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰੀ, ਆਪ ਆਪਣਾ ਖੇਲ ਖਲਾਇੰਦਾ । ਵਰਭੰਡੀ ਹਰਿ ਖੇਲ ਨਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ

ਆਸਣ ਲਾਇਆ। ਸ਼ਬਦ ਅਨਾਦ ਸੱਚੀ ਧੁਨਕਾਰਾ, ਆਪਣਾ ਰਾਗ ਅਲਾਇਆ। ਆਪਣਾ ਨਾਮ ਬੋਲ ਜੈਕਾਰਾ, ਆਪੇ ਮੰਗਲ ਗਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲ ਰਘੁਰਾਇਆ। ਸ਼ਬਦ ਜੈਕਾਰਾ ਆਪੇ ਬੋਲ, ਆਪਣੀ ਦਇਆ ਕਮਾਈਆ। ਪਾਰਬ੍ਰਹਮ ਬ੍ਰਹਮ ਰਿਹਾ ਤੋਲ, ਏਕਾ ਕੰਡਾ ਹੱਥ ਉਠਾਈਆ। ਸ਼ਬਦ ਅਗੰਮੀ ਵੱਜੇ ਢੋਲ, ਮਰਦੰਗਾ ਰਿਹਾ ਹਿਲਾਈਆ। ਸਦਾ ਸੁਹੇਲਾ ਵਸੇ ਕੋਲ, ਵਿਛੜ ਕਦੇ ਨਾ ਜਾਈਆ। ਆਪੇ ਬ੍ਰਹਮਾ ਵੇਤਾ ਜਾਏ ਮੌਲ, ਆਪ ਆਪਣੀ ਬੂਝ ਬੁਝਾਈਆ। ਆਪੇ ਅੰਤਰ ਜਾਏ ਮੌਲ, ਆਪੇ ਕਵਲ ਨਾਭ ਭੁਵਾਈਆ। ਆਪੇ ਲੇਖਾ ਜਾਣੇ ਧਰਤ ਧੌਲ, ਆਪੇ ਧਵਲਾ ਭਾਰ ਉਠਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਵੇਸ ਵਟਾਈਆ। ਆਦਿ ਜੁਗਾਦੀ ਖੇਲ ਖਲੰਤਾ, ਭੇਵ ਕੋਈ ਨਾ ਪਾਇੰਦਾ। ਲੱਖ ਚੁਰਾਸੀ ਵੇਸ ਵੇਸ ਵਟੰਤਾ, ਨਿਰਗੁਣ ਜੋਤ ਜਗਾਇੰਦਾ। ਪੰਚ ਵਿਕਾਰ ਸੰਗ ਰਖੰਤਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਉਂ ਰਖਾਇੰਦਾ। ਆਸਾ ਤ੍ਰਿਸ਼ਨਾ ਜੋੜ ਜੁੜੰਤਾ, ਹਉਮੇ ਹੰਗਤਾ ਗੜ੍ਹ ਬਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ। ਆਪਣੀ ਰਚਨ ਆਪੇ ਰਚ, ਆਪੇ ਵੇਖ ਵਖਾਈਆ। ਆਪੇ ਅੰਦਰ ਵੜਿਆ ਸਚ, ਸਚ ਆਪ ਸਮਝਾਈਆ। ਆਪੇ ਕਾਇਆ ਮਾਟੀ ਭਾਂਡਾ ਕੱਚ, ਆਪੇ ਭੰਨੇ ਘੜ ਵਖਾਈਆ। ਆਪੇ ਨੌਂ ਦੁਵਾਰੇ ਰਿਹਾ ਨੱਚ, ਆਪੇ ਦਸਵੇਂ ਸੇਜ ਸੁਹਾਈਆ। ਆਪੇ ਤ੍ਰੈਗੁਣ ਅਗਨੀ ਜਾਏ ਮੱਚ, ਆਪੇ ਸਾਂਤਕ ਸਤਿ ਰੂਪ ਵਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਖਲਾਈਆ। ਇਕ ਇਕੱਲਾ ਕਰ ਪਸਾਰਾ, ਅਕਲ ਕਲਾ ਵਰਤਾਇੰਦਾ। ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਸਰਗੁਣ ਨਿਰਗੁਣ ਵੇਸ ਵਟਾਇੰਦਾ। ਦੋਹਾਂ ਵਚੋਲਾ ਅਗੰਮ ਅਪਾਰਾ, ਸ਼ਬਦ ਸ਼ਬਦੀ ਨਾਉਂ ਧਰਾਇੰਦਾ। ਦਿਸ ਨਾ ਆਏ ਵਿਚ ਸੰਸਾਰਾ, ਰੂਪ ਰੰਗ ਨਾ ਕੋਈ ਸਮਝਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ। ਖੇਲ ਖਲੰਤਾ ਸ਼ਾਹ ਸੁਲਤਾਨ, ਹਰਿ ਵੱਡਾ ਵਡ ਵਡਿਆਈਆ। ਸ਼ਬਦ ਝੁਲਾਏ ਇਕ ਨਿਸ਼ਾਨ, ਏਕਾ ਹੱਥ ਉਠਾਈਆ। ਬ੍ਰਹਮਾ ਵਿਸ਼ਨ ਸ਼ਿਵ ਪਾਏ ਆਣ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੀਸ ਝੁਕਾਈਆ। ਨੌਂ ਖੰਡ ਪ੍ਰਿਥਮੀ ਹੋ ਪਰਧਾਨ, ਸੱਤਾਂ ਦੀਪਾਂ ਵੇਸ ਵਟਾਈਆ। ਲੱਖ ਚੁਰਾਸੀ ਜਾਣੀ ਜਾਣ, ਘਟ ਘਟ ਵੇਖੇ ਦਿਸ ਨਾ ਆਈਆ। ਗੁਰਮੁਖ ਸਾਚੇ ਲਏ ਪਛਾਣ, ਜਨ ਭਗਤਾਂ ਦੇਵੇ ਨਾਮ ਵਡਿਆਈਆ। ਕਾਇਆ ਮੰਦਰ ਸਚ ਮਕਾਨ, ਏਕਾ ਬ੍ਰਹਮ ਜਣਾਈਆ। ਜੋਤੀ ਜੋਤ ਜਗੇ ਮਹਾਨ, ਜੋਤ ਨਿਰੰਜਣ ਡਗਮਗਾਈਆ। ਅਨਹਦ ਸ਼ਬਦ ਸੱਚੀ ਧੁਨਕਾਨ, ਰਾਗ ਅਨਾਦੀ ਆਪ ਸੁਣਾਈਆ। ਸਰ ਸਰੋਵਰ ਇਕ ਮਹਾਨ, ਕਾਗੋਂ ਹੰਸ ਬਣਾਈਆ। ਜੂਠੀ ਝੂਠੀ ਮਿਟੇ ਦੁਕਾਨ, ਪੰਜ ਤੱਤ ਨਾ ਕੋਈ ਹਲਕਾਈਆ। ਆਤਮ ਸੇਜਾ ਕਰ ਪਰਵਾਨ, ਬਜ਼ਰ ਕਪਾਟੀ ਤੋੜ ਤੁੜਾਈਆ। ਦਰਸ ਦਖਾਏ ਹੋ ਮਿਹਰਵਾਨ, ਸਵਛ ਸਰੂਪੀ ਰੂਪ ਵਟਾਈਆ। ਸੁਰਤੀ ਸ਼ਬਦੀ ਇਕ ਧਿਆਨ, ਏਕਾ ਰੰਗ ਸਮਾਈਆ। ਏਕਾ ਮੰਦਰ ਇਕ ਮਕਾਨ, ਏਕਾ ਮੇਲਾ ਸਹਿਜ ਸੁਭਾਈਆ। ਆਦਿ ਜੁਗਾਦੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨਾਮ ਕਰੇ ਵਡਿਆਈਆ। ਵਡ ਵੱਡੀ ਵਡਿਆਈ ਹਰਿ ਹਰਿ ਨਾਉਂ, ਹਰਿ ਸਾਚਾ ਨਾਉਂ ਉਪਜਾਇੰਦਾ। ਸੰਤ ਸੁਹੇਲੇ ਪਕੜੇ ਬਾਹੋਂ, ਸਿਰ ਆਪਣਾ ਹੱਥ ਰਖਾਇੰਦਾ। ਆਪੇ ਬਣੇ ਪਿਤਾ ਮਾਉਂ, ਹਰਿਜਨ ਬਾਲ ਅੰਞਾਣੇ ਗੋਦ ਉਠਾਇੰਦਾ।

੯੪੭
੦੮

ਹੰਸ ਬਣਾਏ ਫੜ ਫੜ ਕਾਉਂ, ਏਕਾ ਸਾਚੀ ਚੋਗ ਚੁਗਾਇੰਦਾ । ਨਗਰ ਖੇੜਾ ਵੇਖੇ ਇਕ ਗਰਾਉਂ, ਕਾਇਆ ਮੰਦਰ ਸੋਭਾ ਪਾਇੰਦਾ । ਕਰੇ ਕਰਾਏ ਸਚ ਨਿਆਉਂ, ਹੱਕ ਹਕੀਕਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਆਪਣਾ ਨਾਉਂ ਹਰਿ ਕਰਤਾਰ, ਆਪੇ ਆਪ ਰਖਾਈਆ । ਲੋਕਮਾਤ ਲਏ ਅਵਤਾਰ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਮੇਲ ਵਿਚ ਸੰਸਾਰ, ਕਾਇਆ ਚੋਲਾ ਇਕ ਹੰਢਾਈਆ । ਸ਼ਬਦ ਬੋਲ ਸੱਚਾ ਜੈਕਾਰ, ਆਪਣਾ ਨਾਅਰਾ ਦਏ ਲਾਈਆ । ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧ ਵੱਡੀ ਵਡਿਆਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚੀ ਸਿਖਿਆ ਇਕ ਸਮਝਾਈਆ । ਚਾਰੇ ਵੇਦ ਕਰ ਵਿਚਾਰ, ਆਪੇ ਵੇਖ ਵਖਾਈਆ । ਭਗਤ ਸੁਹੇਲੇ ਲਏ ਉਭਾਰ, ਆਪ ਆਪਣਾ ਮੇਲ ਮਿਲਾਈਆ । ਦੂਤੀ ਦੁਸ਼ਟ ਕਰ ਖੁਵਾਰ, ਹਉਮੇ ਹੰਗਤਾ ਗੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਜਾਣੇ ਬਿਧ ਘਟ ਘਟ ਅੰਤਰ, ਆਪਣਾ ਲੇਖਾ ਆਪੇ ਪਾਈਆ । ਲੇਖਾ ਲਿਖਣਹਾਰ ਭਗਵਾਨਾ, ਭੇਵ ਅਭੇਦ ਨਾ ਕੋਈ ਛੁਪਾਇੰਦਾ । ਅਬਿਨਾਸ਼ੀ ਕਰਤਾ ਗੁਣ ਨਿਧਾਨਾ, ਗੁਣਵੰਤਾ ਵੇਸ ਵਟਾਇੰਦਾ । ਸ਼ਬਦ ਅਨਾਦੀ ਧੁਨ ਤਰਾਨਾ, ਲੋਕਮਾਤ ਆਪ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਬੰਨ੍ਹੇ ਗਾਨਾ, ਆਪੇ ਸਗਨ ਮਨਾਇੰਦਾ । ਜਨ ਭਗਤਾਂ ਕਰੇ ਜਗਤ ਪਛਾਣਾ, ਆਪਣਾ ਨੇਤਰ ਆਪ ਖੁਲ੍ਹਾਇੰਦਾ । ਆਪ ਵਖਾਏ ਪਦ ਨਿਰਬਾਣਾ, ਪਰਮਾਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਜੁਗਤ ਆਪ ਬੰਧਾਇੰਦਾ । ਜੁਗਤ ਜਗਤ ਹੱਥ ਕਰਤਾਰ, ਰਾਜ ਜੋਗ ਕਮਾਈਆ । ਪ੍ਰਗਟ ਹੋ ਵਿਚ ਸੰਸਾਰ, ਲੱਖ ਚੁਰਾਸੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਖੇਲ ਅਪਾਰ, ਆਪ ਆਪਣਾ ਵੇਸ ਵਟਾਈਆ । ਦੁਆਪਰ ਉਤਰਿਆ ਅੰਤਮ ਪਾਰ, ਨਾ ਸਕੇ ਕੋਈ ਬਚਾਈਆ । ਕਲਜੁਗ ਪ੍ਰਗਟ ਹੋ ਸੰਸਾਰ, ਲੋਕਮਾਤ ਲਏ ਅੰਗੜਾਈਆ । ਨਾਲ ਲਿਆਇਆ ਇਕ ਵਿਭਚਾਰ, ਜੂਠ ਝੂਠ ਕਰੀ ਕੁੜਮਾਈਆ । ਪੰਚ ਵਿਕਾਰਾ ਭਰ ਭੰਡਾਰ, ਜੀਵਾਂ ਜੰਤਾਂ ਆਪ ਵਰਤਾਈਆ । ਸਾਧਾਂ ਸੰਤਾਂ ਆਈ ਹਾਰ, ਦਹਿ ਦਿਸ਼ਾ ਡੇਰਾ ਢਾਈਆ । ਕਲਜੁਗ ਤੇਰਾ ਖੇਲ ਅਪਾਰਾ, ਹਰਿ ਸਾਚਾ ਆਪ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ ਕਿਨਾਰਾ, ਸਾਚੇ ਘਾਟ ਬਹਾਈਆ । ਖੇਲੇ ਖੇਲ ਖੇਲਣਹਾਰਾ, ਆਪ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰ ਸਾਚੇ ਘਰ ਦੇਵੇ ਹਰਿ, ਨਾ ਕੋਈ ਦੂਸਰ ਸੰਗ ਰਖਾਈਆ । ਕਲਜੁਗ ਉਠਿਆ ਬਾਲ ਨਿਧਾਨ, ਦੋਏ ਜੋੜ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦਰ ਮੰਗੇ ਮੰਗ ਬਣ ਭਿਖਾਰਿਆ । ਜਗਤ ਵੇਖਾਂ ਇਕ ਮਕਾਨ, ਨੌ ਖੰਡ ਪ੍ਰਿਥਮੀ ਖੋਲ੍ਹ ਕਿਵਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਗੇ ਮੰਗ, ਦਰ ਦਰਵੇਸ਼ ਬਣ ਭਿਖਾਰਿਆ । ਕਲਜੁਗ ਮੰਗੇ ਆਪਣਾ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਜੂਠ ਝੂਠ ਕਰ ਪ੍ਰਧਾਨ, ਹਰਿ ਤੇਰੀ ਵਡ ਵਡਿਆਈਆ । ਏਕਾ ਅੱਖਰ ਹੋਏ ਨਿਸ਼ਾਨ, ਦੂਸਰ ਰੂਪ ਵਟਾਈਆ । ਜਾਣੇ ਖੇਲ ਦੋ ਜਹਾਨ, ਦੋ ਜਹਾਨਾਂ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੰਗਣਹਾਰਾ ਤੇਰੇ ਦਰ, ਨਿਉਂ ਨਿਉਂ ਸੀਸ ਝੁਕਾਈਆ । ਕਲਜੁਗ ਸੀਸ ਰਿਹਾ ਝੁਕਾ, ਦੋਏ ਜੋੜ ਕਰੇ ਨਿਮਸਕਾਰਾ । ਪੁਰਖ ਅਬਿਨਾਸ਼ੀ ਵਸਤ ਝੋਲੀ ਪਾ, ਮੰਗਣ ਆਇਆ ਦਰ ਦੁਵਾਰਾ । ਤੇਰਾ ਨਾਅਰਾ ਦੇਵਾਂ ਲਾ, ਕਰਾਂ ਖੇਲ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਦੇਵਣਹਾਰਾ ਵਡ ਭੰਡਾਰਾ । ਕਲਜੁਗ ਕੂਕੇ ਦਏ ਦੁਹਾਈਆ, ਨੇਤਰ ਰੋ ਰੋ ਨੀਰ ਵਹਾਇਆ । ਬਾਲ ਅਵਸਥਾ ਕਰ ਕੁੜਮਾਈਆ, ਆਪਣਾ ਨਾਤਾ ਜੋੜ ਜੁੜਾਇਆ । ਏਕਾ ਸੰਗ ਰਿਹਾ ਨਿਭਾਈਆ, ਦੂਸਰ ਵਸਤ ਨਾ ਕੋਈ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੰਗਣ ਤੇਰਾ ਆਇਆ । ਤੇਰਾ ਦਰ ਉਚ ਅਪਾਰਾ, ਕਲਜੁਗ ਬੋਲ ਸੁਣਾਇਆ । ਆਦਿ ਜੁਗਾਦੀ ਵਡ ਭੰਡਾਰਾ, ਤੂੰ ਵਰਤਾਰਾ ਰਿਹਾ ਵਰਤਾਇਆ । ਦੇਵਣਹਾਰ ਸਰਬ ਸੰਸਾਰਾ, ਭੁੱਲ ਰਹੇ ਨਾ ਰਾਈਆ । ਏਕਾ ਮੰਗੇ ਮੰਗ ਭਿਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦਿਤਾ ਆਪਣਾ ਵਰ, ਬੁੱਧ ਮਤ ਆਪ ਸਮਝਾਇਆ । ਸਾਚੀ ਵਸਤ ਝੋਲੀ ਪਾ, ਦੇ ਮਤ ਰਿਹਾ ਸਮਝਾਈਆ । ਕਲਜੁਗ ਬਸਤਰ ਤਨ ਛੁਹਾ, ਜੂਠ ਝੂਠ ਸ਼ਿੰਗਾਰ ਬਣਾਈਆ । ਤੱਤ ਵਿਕਾਰਾ ਦਏ ਵਸਾ, ਸਾਚਾ ਮੇਲ ਮਿਲਾਈਆ । ਏਕਾ ਸਿਖਿਆ ਦਏ ਪੜ੍ਹਾ, ਮਨਮਤ ਵੱਡੀ ਵਡਿਆਈਆ । ਗੁਰਮਤ ਸਭ ਦੀ ਦਏ ਗਵਾ, ਹਉਮੇ ਰੋਗ ਜਣਾਈਆ । ਝੂਠੇ ਮਾਰਗ ਦੇਵੇ ਲਾ, ਸਚ ਸੁਚ ਨਾ ਕੋਈ ਜਣਾਈਆ । ਆਪਣਾ ਰੂਪ ਰਿਹਾ ਵਟਾ, ਕਲਜੁਗ ਬੈਠਾ ਆਸਣ ਲਾਈਆ । ਦੁਆਪਰ ਮਿਲਿਆ ਸੱਚਾ ਥਾਂ, ਲੋਕਮਾਤ ਗਿਆ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਦੇਵੇ ਬੇਪਰਵਾਹੀਆ । ਕਲਜੁਗ ਬਾਲ ਨਿਧਾਨ, ਦਿਵਸ ਦਿਵਸ ਰਾਹ ਤਕਾਇੰਦਾ । ਸਦੀ ਸਦੀ ਹੋਇਆ ਨੌਜਵਾਨ, ਆਪ ਆਪਣਾ ਅੰਗ ਹਲਾਇੰਦਾ । ਚਾਰੋਂ ਕੁੰਟ ਉਠ ਬਲਵਾਨ, ਆਪਣਾ ਚੱਕਰ ਆਪ ਫਿਰਾਇੰਦਾ । ਨਾਲ ਰਲਾਇਆ ਪੰਜ ਸ਼ੈਤਾਨ, ਸਾਚਾ ਹੁਕਮ ਸੁਣਾਇੰਦਾ । ਮਨ ਮਤ ਮੇਲਾ ਬੇਈਮਾਨ, ਸਚ ਈਮਾਨ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣੀ ਰਚਨ ਆਪ ਰਚਾਇੰਦਾ । ਕਲਜੁਗ ਚਾਰ ਕੁੰਟ ਲਲਕਾਰ, ਆਪਣਾ ਆਪ ਲਗਾਇੰਦਾ । ਕਰ ਕਰ ਵੇਸ ਗਿਆ ਹਾਰ, ਨਾ ਕੋਈ ਪੰਧ ਮੁਕਾਇੰਦਾ । ਇਕ ਇਕੱਲਾ ਨਾ ਪਾਵੇ ਸਾਰ, ਹਰਿ ਕਾ ਭੇਵ ਕੋਈ ਨਾ ਆਇੰਦਾ । ਦੂਜੀ ਵਾਰੀ ਮੰਗੇ ਮੰਗ ਬਣ ਭਿਖਾਰ, ਅੱਗੇ ਹਰਿ ਹਰਿ ਝੋਲੀ ਡਾਹਿੰਦਾ । ਤੂੰ ਦਾਤਾ ਦਾਨੀ ਸਿਰਜਣਹਾਰ, ਸਰਬ ਜੀਆਂ ਰਿਜ਼ਕ ਸਬਾਇੰਦਾ । ਖਾਲੀ ਕੋਈ ਨਾ ਦਿਸੇ ਭਰੇ ਰਹਿਣ ਭੰਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਤੇਰਾ ਇਕ ਤਕਾਇੰਦਾ । ਪੁਰਖ ਅਬਿਨਾਸ਼ੀ ਦੇਵੇ ਵਰ, ਕਲਜੁਗ ਕੂੜਾ ਆਪ ਉਠਾਇਆ । ਤੇਰਾ ਸੰਗ ਦੇਵੇ ਹਰਿ, ਸਾਚਾ ਨਾਤਾ ਜੋੜ ਜੁੜਾਇਆ । ਈਸਾ ਮੂਸਾ ਜੋਤ ਧਰ, ਪੰਜ ਤੱਤ ਕਰੇ ਰੁਸ਼ਨਾਇਆ । ਰਾਮ ਨਾਮ ਜਾਏ ਹਰਿ, ਏਕਾ ਕਲਮਾ ਦਏ ਪੜ੍ਹਾਇਆ । ਇਕ ਮੁਹੰਮਦ ਅੰਦਰ ਵੜ, ਚਾਰ ਯਾਰੀ ਲਏ ਉਪਜਾਇਆ । ਉਚੀ ਚੋਟੀ ਆਪੇ ਚੜ੍ਹ, ਜਲਵਾ ਨੂਰ ਆਪ ਵਖਾਇਆ । ਆਪਣੀ ਹਦੀਸ ਆਪੇ ਪੜ੍ਹ, ਕਲਮਾ ਅਮਾਮ ਆਪ ਉਪਜਾਇਆ । ਆਪੇ ਕਾਇਨਾਤ ਵੇਖੇ ਖੜ੍ਹ, ਆਪ ਆਪਣਾ ਨੈਣ ਖਲ੍ਹਾਇਆ । ਆਪੇ ਖੋਲ੍ਹੇ ਚੌਦਾਂ ਦਰ, ਚੌਦਾਂ ਤਬਕਾਂ ਮੂਲ ਮੁਕਾਇਆ । ਆਪੇ ਘਾੜਣ ਲਏ ਘੜ, ਘੜਣਹਾਰ ਦਿਸ ਨਾ ਆਇਆ । ਕਲਜੁਗ ਤੇਰੀ ਬਾਂਹ ਲਏ ਫੜ, ਦੋਹਾਂ ਮੇਲਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਖੇਲ ਖਲਾਇਆ । ਸੰਗ ਮੁਹੰਮਦ ਚਾਰ ਯਾਰ, ਨਾਤਾ ਜੋੜ ਜੁੜਾਈਆ । ਅੱਲਾ ਰਾਣੀ ਕਰ ਪਿਆਰ, ਸਾਚਾ ਸੰਗ ਨਿਭਾਈਆ । ਏਕਾ ਨਾਅਰਾ ਬੋਲ ਜੈਕਾਰ, ਨਿਉਂ ਨਿਉਂ ਦਏ ਸੁਣਾਈਆ । ਐਨਲਹੱਕ ਹੱਕ ਪੁਕਾਰ, ਹੱਕ ਹਕੀਕਤ ਵੇਖ ਵਖਾਈਆ । ਮੁਕਾਮੇ ਹੱਕ ਸਾਂਝੇ ਯਾਰ, ਆਪਣੀ ਕਰਨੀ ਰਿਹਾ ਕਮਾਈਆ ।

ਲਾਸ਼ਰੀਕ ਬੇਐਬ ਪਰਵਰਦਿਗਾਰ, ਵਾਹਦ ਇਕ ਰੂਪ ਵਟਾਈਆ । ਤੇਰਾ ਕਰੇ ਸਚ ਪਿਆਰ, ਆਪਣਾ ਪੱਲੂ ਨਾਮ ਬੰਧਾਈਆ । ਜਗਤ ਕਿਰਿਆ ਕਰੇ ਖ਼ਵਾਰ, ਏਕਾ ਕਲਮਾ ਆਪ ਪੜ੍ਹਾਈਆ । ਸ਼ਰਅ ਸ਼ਰੀਅਤ ਮਾਰੇ ਮਾਰ, ਮੁਲਾਂ ਸ਼ੇਖ਼ ਮੁਸਾਇਕ ਕਾਜ਼ੀ ਪੀਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਕਲਮਾ ਰਿਹਾ ਸੁਣਾਈਆ । ਏਕਾ ਹੁਕਮ ਧੁਰ ਫ਼ਰਮਾਣਾ, ਹਰਿ ਸਾਚਾ ਆਪ ਸੁਣਾਇੰਦਾ । ਮੁਹੰਮਦੀ ਬੱਧਾ ਏਕਾ ਗਾਨਾ, ਸਾਚਾ ਮੌਲੀ ਤੰਦ ਰੰਗਾਇੰਦਾ । ਹੱਥੀ ਮਹਿੰਦੀ ਖੇਲ ਮਹਾਨਾ, ਏਕਾ ਰੰਗ ਰੰਗਾਇੰਦਾ । ਤੀਸ ਬਤੀਸ ਗਾਏ ਗਾਣਾ, ਆਪਣਾ ਰਾਗ ਸੁਣਾਇੰਦਾ । ਭੇਵ ਖੁਲ੍ਹਾਏ ਅੰਜੀਲ ਕੁਰਾਨਾ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਤੀਰ ਆਪੇ ਨਿਸ਼ਾਨਾ, ਆਪੇ ਚਿੱਲਾ ਹੱਥ ਉਠਾਇੰਦਾ । ਆਪੇ ਮਾਰੇ ਖਿਚ ਕਮਾਨਾ, ਆਰ ਪਾਰ ਆਪ ਦਰਸਾਇੰਦਾ । ਆਪੇ ਚੌਦਾਂ ਤਬਕਾਂ ਹੱਟ ਖੁਲ੍ਹਾਣਾ, ਮੁਹੰਮਦ ਬੂਝ ਬੁਝਾਇੰਦਾ । ਨੌ ਦੁਵਾਰੇ ਜਗਤ ਮਕਾਨਾ, ਪੰਚਮ ਮੋਹ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਇੰਦਾ । ਮੁਹੰਮਦ ਮਿਲਿਆ ਸਾਚਾ ਵਰ, ਹਰਿ ਸਾਚੇ ਆਪ ਸੁਣਾਇਆ । ਏਕਾ ਕਲਮਾ ਲੈਣਾ ਪੜ੍ਹ, ਏਕਾ ਅਲਫ ਅਲਫੀ ਪਾਇਆ । ਏਕਾ ਪੌੜੇ ਜਾਣਾ ਚੜ੍ਹ, ਏਕਾ ਡੰਡਾ ਹੱਥ ਫੜਾਇਆ । ਚਾਰ ਕੁੰਟ ਵੇਖਣਾ ਖੜ੍ਹ, ਤੇਰਾ ਨਾਅਰਾ ਨਾਮ ਲਗਾਇਆ । ਐੜਾ ਅੱਖਰ ਅੱਧ ਵਿਚ ਬੈਠਾ ਵੜ, ਦੂਜਾ ਘਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇਆ । ਸਾਚੀ ਸਿਖਿਆ ਹਰਿ ਸੁਲਤਾਨ, ਆਪਣੀ ਆਪ ਸਮਝਾਈਆ । ਮਹਿਬਾਨ ਬੀਧੋ ਹਰਿ ਮਿਹਰਵਾਨ, ਨੂਰੋ ਨੂਰ ਉਪਜਾਈਆ । ਆਪੇ ਕਲਮਾ ਦੀਨ ਈਮਾਨ, ਆਪੇ ਮੁਸਲਮ ਰੂਪ ਵਟਾਈਆ । ਆਪੇ ਸ਼ਰਅ ਸ਼ਰੀਅਤ ਵੇਖ ਜਹਾਨ, ਆਪ ਆਪਣੀ ਈਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਇਕ ਕਲਮਾ ਰਿਹਾ ਸਮਝਾਈਆ । ਅੰਤ ਮੁਹੰਮਦ ਹਰਿ ਸਮਝਾਏ, ਨੇਤਰ ਨੈਣ ਉਘਾੜਿਆ । ਥਿਰ ਕੋਈ ਰਹਿਣ ਨਾ ਪਾਏ, ਜੋ ਦੀਸੇ ਵਿਚ ਸੰਸਾਰਿਆ । ਸਤਿਜੁਗ ਤ੍ਰੇਤਾ ਦਿਸ ਨਾ ਆਏ, ਦੁਆਪਰ ਹੋਏ ਨਾ ਕੋਈ ਉਜਿਆਰਿਆ । ਕਲਜੁਗ ਕੂੜਾ ਡੰਕ ਵਜਾਏ, ਚਾਰੇ ਕੁੰਟ ਫਿਰੇ ਹੰਕਾਰਿਆ । ਤੇਰਾ ਸਾਚਾ ਸੰਗ ਨਿਭਾਏ, ਸਗਲਾ ਸਾਥੀ ਇਕ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਏਕਾ ਮਤ ਸਮਝਾ ਰਿਹਾ । ਇਕ ਮੁਹੰਮਦ ਨੇਤਰ ਖੋਲ੍ਹ, ਆਪਣਾ ਰਾਹ ਤਕਾਇੰਦਾ । ਅੰਤਮ ਅੰਤ ਚਾਰ ਯਾਰ ਨਾ ਦਿਸਣ ਕੋਲ, ਨਾ ਕੋਈ ਸੰਗ ਨਿਭਾਇੰਦਾ । ਉਮਤ ਉਮਤੀ ਨਾ ਤੋਲੇ ਤੋਲ, ਨਾ ਕੋਈ ਕੰਡਾ ਹੱਥ ਉਠਾਇੰਦਾ । ਚਾਰ ਕੁੰਟ ਪਿਆ ਘੋਲ, ਘੋਲ ਘੋਲੀ ਨਾ ਕੋਇ ਘੁੰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਅੰਤ ਆਪ ਜਣਾਇੰਦਾ । ਅੰਤਮ ਖੇਲ ਹਰਿ ਜਣਾਏ, ਆਪਣੀ ਦਇਆ ਕਮਾਈਆ । ਕਲਜੁਗ ਕੂੜਾ ਵੇਖ ਵਖਾਏ, ਕੂੜੀ ਕਿਰਿਆ ਕਰ ਹਲਕਾਈਆ । ਪੰਜ ਤੱਤ ਤੱਤ ਲੜਾਏ, ਦਿਵਸ ਰੈਣ ਕਰੇ ਲੜਾਈਆ । ਅਗਨੀ ਅੱਗ ਅੱਗ ਜਲਾਏ, ਸਾਂਤਕ ਸਤਿ ਨਾ ਕੋਈ ਵਖਾਈਆ । ਸੂਰਾ ਸਰਬੰਗ ਖੇਲ ਖਲਾਏ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦਿਤਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਮੁਹੰਮਦ ਕਰਿਆ ਆਪਣਾ ਜ਼ੋਰ, ਜ਼ੋਰੂ ਜ਼ਰ ਪ੍ਰਨਾਇੰਦਾ । ਕੂੜ ਕੁੜਿਆਰਾ ਕਲਜੁਗ ਪਕੜੀ ਡੋਰ, ਚਾਰੋਂ ਕੁੰਟ ਸਰਨ ਲਗਾਇੰਦਾ । ਦੋਹਾਂ ਵਿਚੋਲਾ

੯੪੯
੦੮

ਅੰਧ ਘੋਰ, ਪੰਜ ਚੋਰ ਫੇਰਾ ਪਾਇੰਦਾ । ਜੂਠ ਝੂਠ ਨਾ ਸਕੇ ਕੋਈ ਹੋੜ, ਨਾ ਕੋਈ ਬਾਹਰ ਕਢਾਇੰਦਾ । ਅਬਿਨਾਸ਼ੀ ਕਰਤਾ ਜੁਗਾ ਜੁਗੰਤਰ ਆਪੇ ਚੜ੍ਹਿਆ ਆਪਣੇ ਘੋੜ, ਆਪਣਾ ਵੇਸ ਵਟਾਇੰਦਾ । ਨਿਰਗੁਣ ਸਰਗੁਣ ਜਾਏ ਬੌਹੜ, ਨਾਨਕ ਨਾਮ ਧਰਾਇੰਦਾ । ਵੇਖੇ ਫਲ ਮਿੱਠਾ ਕੌੜ, ਅੰਮ੍ਰਿਤ ਰਸ ਆਪਣੇ ਹੱਥ ਰਖਾਇੰਦਾ । ਚਾਰ ਕੁੰਟ ਦੌੜ ਦੌੜ, ਕਲਜੁਗ ਅਗਨੀ ਅੱਗ ਬੁਝਾਇੰਦਾ । ਗੁਰਮੁਖਾਂ ਬੁਝਾਏ ਲੱਗੀ ਔੜ, ਸਤਿ ਪਿਆਲਾ ਨਾਮ ਇਕ ਪਿਆਇੰਦਾ । ਚਰਨ ਪ੍ਰੀਤੀ ਸਾਚੀ ਜੋੜ, ਘਰ ਸਾਚੇ ਮੇਲ ਮਿਲਾਇੰਦਾ । ਸੱਸੇ ਉਪਰ ਲਾਇਆ ਹੋੜ, ਸਾਚੀ ਸਿਖਿਆ ਇਕ ਸਮਝਾਇੰਦਾ । ਊੜਾ ਓਅੰਕਾਰਾ ਤੋਲੇ ਤੋਲ, ਐੜਾ ਆਪਣੀ ਵੰਡ ਵੰਡਾਇੰਦਾ । ਈੜੀ ਇਸ਼ਟ ਹਰਿ ਰਿਹਾ ਮੌਲ, ਮੌਲਾ ਰੂਪ ਆਪ ਅਖਵਾਇੰਦਾ । ਸੱਸਾ ਕਿਲਾ ਮੰਦਰ ਖੋਲ੍ਹ, ਕਾਇਆ ਗੜ੍ਹ ਸੁਹਾਇੰਦਾ । ਪੰਜਵਾਂ ਅੱਖਰ ਵਜਾਏ ਢੋਲ, ਹਾਹਾ ਨਾਲ ਰਲਾਇੰਦਾ । ਹੰ ਬ੍ਰਹਮ ਤੋਲਿਆ ਤੋਲ, ਪਾਰਬ੍ਰਹਮ ਵੇਸ ਵਟਾਇੰਦਾ । ਸਚ ਵਸਤ ਨਾਨਕ ਕੋਲ, ਨਿਰਗੁਣ ਝੋਲੀ ਆਪ ਭਰਾਇੰਦਾ । ਜਨ ਭਗਤਾਂ ਪਰਦੇ ਦੇਵੇ ਖੋਲ੍ਹ, ਦੂਈ ਦਵੈਤੀ ਮੇਟ ਮਿਟਾਇੰਦਾ । ਚਾਰ ਵਰਨਾਂ ਵਸੇ ਕੋਲ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਵਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੱਢੇ ਪੋਲ, ਪੰਡਤ ਪਾਂਧੇ ਆਪ ਸਮਝਾਇੰਦਾ । ਕਲਮਾ ਅਮਾਮ ਆਪੇ ਬੋਲ, ਆਪਣਾ ਸਜਦਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਨਾਨਕ ਖੰਡਾ ਨਾਮ ਫੜ, ਲੋਕਮਾਤ ਉਠ ਧਾਇਆ । ਪੁਰਖ ਅਬਿਨਾਸ਼ੀ ਵੇਖੇ ਖੜ੍ਹ, ਆਪ ਆਪਣਾ ਮੇਲ ਮਿਲਾਇਆ । ਨਿਰਗੁਣ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਰੂਪ ਵਟਾਇਆ । ਆਪਣੀ ਵਿਦਿਆ ਆਪੇ ਪੜ੍ਹ, ਨਾਮ ਸਤਿ ਮੰਤਰ ਦ੍ਰਿੜਾਇਆ । ਕਲਜੁਗ ਕੂੜਾ ਰਿਹਾ ਸੜ, ਅਗਨੀ ਤੱਤ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚਾ ਵੇਖ ਵਖਾਇਆ । ਕਲਜੁਗ ਕੂਕੇ ਦਏ ਦੁਹਾਈ, ਨੇਤਰ ਨੀਰ ਵਹੰਨਿਆ । ਇਕ ਮੁਹੰਮਦ ਸੰਗ ਰਲਾਈ, ਦਰ ਆਏ ਸਾਚੇ ਭੰਨਿਆ । ਪੁਰਖ ਅਬਿਨਾਸ਼ੀ ਲਏ ਅੰਗੜਾਈ, ਆਪੇ ਵੇਖੇ ਮਾਰ ਧਿਆਨਿਆ । ਆਪੇ ਪੁੱਛੇ ਚਾਈਂ ਚਾਈਂ, ਦੋਹਾਂ ਕੋਲ ਬਹੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟੰਨਿਆ । ਮੁਹੰਮਦ ਰੋਵੇ ਮਾਰੇ ਧਾ, ਕੂਕੇ ਕੂਕ ਦੁਹਾਈਆ । ਤੇਰਾ ਹੁਕਮ ਲਿਆ ਵਜਾ, ਤੇਰੀ ਸਚ ਸਰਨਾਈਆ । ਤੇਰਾ ਬਸਤਰ ਤੇਰਾ ਗਹਿਣਾ ਗਲ ਵਿਚ ਪਾ, ਤੇਰਾ ਵੇਖ ਵਖਾਈਆ । ਤੇਰਾ ਡੰਕਾ ਦਿਤਾ ਵਜਾ, ਤੇਰਾ ਰਾਗ ਸੁਣਾਈਆ । ਤੂੰ ਦਾਤਾ ਬੇਪਰਵਾਹ, ਤੇਰਾ ਭੇਵ ਕੋਈ ਨਾ ਪਾਈਆ । ਹੰਕਾਰੀਆਂ ਦੇਵੇ ਗੜ੍ਹ ਤੁੜ੍ਹਾ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਮੇਰਾ ਮਾਣ ਦਿਤਾ ਗਵਾ, ਨਾਨਕ ਜੋਤ ਕਰ ਰੁਸ਼ਨਾਈਆ । ਵੇਖਣ ਜਾਏ ਥਾਉਂ ਥਾਂ, ਨੌ ਖੰਡ ਪ੍ਰਿਥਮੀ ਫੇਰਾ ਪਾਈਆ । ਮੈਂ ਵਸਾਂ ਕਿਹੜੇ ਨਗਰ ਗਰਾਂ, ਮੱਕਾ ਕਾਅਬਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿਰ ਆਪਣਾ ਹੱਥ ਟਿਕਾਈਆ । ਸੁਣ ਸੁੱਤ ਸੁੱਤ ਬਲਕਾਰ, ਤੇਰੇ ਅੰਕ ਸਮਾਇਆ । ਤੇਰਾ ਕਰਾਂ ਸਚ ਪਿਆਰ, ਤੇਰਾ ਲੇਖਾ ਲੇਖ ਲਿਖਾਇਆ । ਤੇਰਾ ਭਰਿਆ ਜਗਤ ਭੰਡਾਰ, ਤੇਰੀ ਵੰਡ ਵੰਡਾਇਆ । ਤੇਰਾ ਤਬਕ ਤੇਰੀ ਧਾਰ, ਤੇਰਾ ਰੰਗ ਰੰਗਾਇਆ । ਨੌ ਪੰਜ ਖ਼ਬਰਦਾਰ, ਨਾਨਕ ਕਰਨੇ ਆਇਆ । ਚੌਦਾਂ ਸਦ ਹੋਏ ਖ਼ਵਾਰ, ਚੌਦਾਂ ਚੌਦਾਂ ਦਏ ਗਵਾਇਆ । ਅੰਤਮ ਲੇਖਾ ਮੁੱਕੇ ਵਿਚ ਸੰਸਾਰ, ਲਹਿਣਾ ਦੇਣਾ ਦਏ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ


੯੫੦
੦੮

ਸ਼ਬਦ ਰਿਹਾ ਸੁਣਾਇਆ । ਸੱਚਾ ਸ਼ਬਦ ਹਰਿ ਜਣਾ, ਆਪਣਾ ਬਿਰਧ ਧਰਾਈਆ । ਮੁਹੰਮਦ ਢਹਿ ਪਿਆ ਸਰਨਾ, ਸਰਨਾਗਤ ਇਕ ਜਣਾਈਆ । ਤੇਰਾ ਲੇਖਾ ਜਾਣੇ ਤੂੰਹੀ ਬੇਪਰਵਾਹ, ਤੇਰਾ ਭੇਵ ਕੋਈ ਨਾ ਪਾਈਆ । ਤੇਰਾ ਨਾਨਕ ਤੇਰਾ ਰਾਹ, ਤੇਰਾ ਮਾਰਗ ਰਿਹਾ ਚਲਾਈਆ । ਤੂੰਹੀ ਖੇਲ ਰਿਹਾ ਖਿਲਾ, ਖ਼ਾਲਕ ਖ਼ਲਕ ਆਪ ਅਖਵਾਈਆ । ਆਲਮ ਉਲਮਾ ਸਰਬ ਦਏ ਭੁਲਾ, ਜਗਤ ਵਿਦਿਆ ਨਾ ਕੋਈ ਚਤੁਰਾਈਆ । ਪੰਡਤ ਪਾਂਧੇ ਦੇਣੇ ਰੁਲਾ, ਰਾਵਣ ਗੜ੍ਹ ਤੁੜਾਈਆ । ਦੁਸ਼ਟ ਹੰਕਾਰੀ ਦਏ ਖਪਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਸਤਿਜੁਗ ਡੇਰਾ ਦਿਤਾ ਢਾਹ, ਤ੍ਰੇਤਾ ਪਾਰ ਵਖਾਈਆ । ਦੁਆਪਰ ਲੇਖਾ ਦਿਤਾ ਚੁਕਾ, ਕਲਜੁਗ ਵੇਸ ਵਟਾਈਆ । ਨਾਨਕ ਨਿਰਗੁਣ ਜੋਤ ਜਗਾ, ਜੋਤੀ ਨੂਰ ਕਰੇ ਰੁਸ਼ਨਾਈਆ । ਆਪਣਾ ਵੇਸ ਵੇਖ ਵਖਾ, ਇਕ ਇਕੱਲਾ ਫੇਰਾ ਪਾਈਆ । ਨਾਨਕ ਨਿਰਗੁਣ ਰਿਹਾ ਗਾ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਨਾਨਕ ਗਾਏ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਵਿਚ ਸਮਾਇਆ । ਹਉਂ ਭਿਖਾਰੀ ਸੇਵਕ ਸੇਵਾਦਾਰ, ਮੰਗ ਮੰਗਣ ਏਕਾ ਆਇਆ । ਖ਼ਿਮਾ ਗ਼ਰੀਬੀ ਕਰ ਪਿਆਰ, ਆਪ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹਿਆ । ਨਾਨਕ ਸਤਿਗੁਰ ਬੋਲ ਜੈਕਾਰਾ, ਹਰਿ ਹਰਿ ਆਪ ਧਿਆਇੰਦਾ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਤੇਰਾ ਭੇਵ ਨਾ ਕੋਈ ਖੁਲ੍ਹਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਦਿਸੇ ਪਾਰ ਕਿਨਾਰਾ, ਆਪੇ ਵੇਖ ਵਖਾਇੰਦਾ । ਜੋਤ ਸਰੂਪੀ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਡੰਕਾ ਵੱਜੇ ਵਿਚ ਸੰਸਾਰਾ, ਸੋਹੰ ਢੋਲਾ ਰਸਨਾ ਗਾਇੰਦਾ । ਤੋਲਾ ਤੋਲੇ ਤੋਲੇ ਤੋਲਣਹਾਰਾ, ਮੋਦੀਖ਼ਾਨੇ ਤੇਰਾਂ ਤੇਰਾਂ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਨਾਨਕ ਜੋਤੀ ਦਸ ਅਵਤਾਰ, ਹਰਿ ਹਰਿ ਖੇਲ ਖਲਾਇੰਦਾ । ਗੋਬਿੰਦ ਮੀਤਾ ਸੁੱਤ ਦੁਲਾਰ, ਪੂਤ ਸਪੂਤਾ ਨਾਉਂ ਧਰਾਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਸੀਸ ਜਗਦੀਸ਼ ਕਲਗੀ ਤੋੜਾ ਸੀਸ ਸੁਹਾਏ ਦਸਤਾਰ, ਸ਼ਸਤਰ ਬਸਤਰ ਤਨ ਸਜਾਇੰਦਾ । ਸਾਚੇ ਅਸਵ ਹੋ ਅਸਵਾਰ, ਸੋਲਾਂ ਕਲੀਆਂ ਆਸਣ ਲਾਇੰਦਾ । ਲੋਆਂ ਪੁਰੀਆਂ ਵਸਿਆ ਬਾਹਰ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇੰਦਾ । ਕਲਜੁਗ ਅੰਤਮ ਬੋਲ ਜੈਕਾਰ, ਏਕਾ ਡੰਕਾ ਹੁਕਮ ਵਜਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੀਤਾ ਇਕ ਅਤੀਤਾ, ਆਦਿ ਜੁਗਾਦੀ ਆਪ ਅਖਵਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ, ਹਰਿ ਸਾਚਾ ਖੇਲ ਖਲਾਇੰਦਾ । ਆਪੇ ਜਾਣੇ ਆਪਣਾ ਮੰਤਰ, ਆਪਣਾ ਨਾਮ ਦ੍ਰਿੜਾਇੰਦਾ । ਆਪ ਗੁਰ ਪੀਰ ਅਵਤਾਰ ਬਣਾਏ ਬਣਤਰ, ਆਪ ਆਪਣੇ ਵਿਚ ਸਮਾਇੰਦਾ । ਆਪੇ ਬਾਸ਼ਕ ਸੇਜਾ ਸੁੱਤਾ ਪੈਰ ਪਸਾਰ ਆਪੇ ਮੁਖ ਗਾਏ ਸਹੰਸਰ, ਦੋ ਸਹੰਸਰ ਜਿਹਵਾ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਜਾਇੰਦਾ । ਨਾਨਕ ਨਾਨਕ ਗੁਰ ਗੁਰ ਅਵਤਾਰਾ, ਗੋਬਿੰਦ ਜੋਤ ਜਗਾਈਆ । ਦਸਵੇਂ ਘਰ ਦਸਮ ਪਿਆਰਾ, ਗੁਰਮੁਖ ਸਾਚੇ ਲਏ ਉਠਾਈਆ । ਅਰਜਨ ਮੇਲਾ ਮੇਲ ਪਿਆਰਾ, ਗੁਰ ਸ਼ਬਦ ਕਰੇ ਕੁੜਮਾਈਆ । ਭਗਤ ਸੰਤ ਗੁਰ ਸਤਿਗੁਰ ਸੋਹਿਣ ਇਕ ਦੁਵਾਰਾ, ਏਕਾ ਥਾਨ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਮੇਲਾ ਮੇਲ ਮੇਲਾ, ਆਪਣਾ ਰੰਗ ਰੰਗਾਈਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਾ, ਹਰਿ ਸ਼ਬਦ ਕਰੇ ਕੁੜਮਾਈਆ । ਪੁਰਖ ਅਕਾਲ ਬਣਿਆ ਸੱਜਣ ਸੁਹੇਲਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਰਿਹਾ ਸਮਝਾਈਆ । ਗੁਰ ਗੋਬਿੰਦ ਸਚ ਸੰਦੇਸ਼ਾ, ਪੁਰਖ ਅਕਾਲ ਜਣਾਈਆ । ਸੂਲਾਂ ਸੱਥਰ ਕਰਿਆ ਵੇਸਾ, ਯਾਰੜੇ ਰਾਹ ਤਕਾਈਆ । ਪ੍ਰਗਟ ਹੋਇਆ ਨਰ ਨਰੇਸ਼ਾ, ਨਿਰਗੁਣ ਨੂਰ ਡਗਮਗਾਈਆ । ਮੇਲ ਮਿਲਾਵਾ ਦਸ ਦਸਮੇਸ਼ਾ, ਦਰ ਘਰ ਸਾਚੇ ਸੋਭਾ ਪਾਈਆ । ਆਪਣੀ ਜੋਤ ਆਪ ਪ੍ਰਵੇਸਾ, ਆਪੇ ਨੂਰੋ ਨੂਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਰਿਹਾ ਪੜ੍ਹਾਈਆ । ਏਕਾ ਅੱਖਰ ਹਰਿ ਪੜ੍ਹੌਣਾ, ਏਕਾ ਓਟ ਰਖਾਇੰਦਾ । ਗੁਰ ਗੋਬਿੰਦ ਗੁਰ ਮੇਲ ਮਿਲੌਣਾ, ਸਾਚਾ ਸਗਨ ਮਨਾਇੰਦਾ । ਕਲਜੁਗ ਅੰਤਮ ਵੇਸ ਵਟੌਣਾ, ਨਿਹਕਲੰਕ ਨਾਉਂ ਰਖਾਇੰਦਾ । ਕਲ ਕਲਕੀ ਅਵਤਾਰ ਫੇਰਾ ਪੌਣਾ, ਮਾਤ ਪਿਤ ਨਾ ਕੋਈ ਜਣਾਇੰਦਾ । ਸ਼ਬਦ ਡੰਕਾ ਇਕ ਵਜੌਣਾ, ਰਾਜ ਰਾਜਾਨਾਂ ਰਾਓ ਰੰਕਾ ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਕਲਜੁਗ ਭੇਖ ਪਖੰਡ ਮਿਟੌਣਾ, ਜੂਠ ਝੂਠ ਰਹਿਣ ਨਾ ਪਾਇੰਦਾ । ਰਾਜਾ ਰਾਣਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਈ ਟਿਕਾਇੰਦਾ । ਚਾਰ ਵਰਨ ਮੇਟ ਮਿਟੌਣਾ, ਅਠਾਰਾਂ ਬਰਨ ਮੁਖ ਸ਼ਰਮਾਇੰਦਾ । ਏਕਾ ਸਰਨ ਪੁਰਖ ਅਕਾਲ ਕਰੌਣਾ, ਦੂਜਾ ਇਸ਼ਟ ਨਾ ਕੋਈ ਮਨਾਇੰਦਾ । ਸ਼ਬਦ ਜੈਕਾਰਾ ਏਕਾ ਲੌਣਾ, ਏਕਾ ਕਲਮਾ ਆਪ ਪੜ੍ਹਾਇੰਦਾ । ਊਚਾਂ ਨੀਚਾਂ ਏਕਾ ਧਾਮ ਬਹਾਉਣਾ, ਜ਼ਾਤ ਪਾਤੀ ਮੇਟ ਮਿਟਾਇੰਦਾ । ਨਿਹਕਲੰਕ ਹਰਿ ਨਾਉਂ ਰਖੌਣਾ, ਗੋਬਿੰਦ ਸਾਚਾ ਸੰਗ ਨਿਭਾਇੰਦਾ । ਸੰਬਲ ਨਗਰੀ ਧਾਮ ਸੁਹੌਣਾ, ਸਾਢੇ ਤਿੰਨ ਹੱਥ ਆਸਣ ਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਔਣਾ, ਆਸਾ ਤ੍ਰਿਸ਼ਨਾ ਨਾ ਕੋਈ ਚਲਾਇੰਦਾ । ਪੁੱਤਰ ਧੀਆਂ ਨਾ ਰੰਗ ਰੰਗੌਣਾ, ਨਾਰੀ ਕੰਤ ਨਾ ਮੇਲ ਮਿਲਾਇੰਦਾ । ਪੀਲਾ ਬਸਤਰ ਨਾ ਰੰਗ ਚੜ੍ਹੌਣਾ, ਨਾ ਕੋਈ ਸ਼ਸਤਰ ਤਨ ਸਜਾਇੰਦਾ । ਸ਼ਬਦ ਖੰਡਾ ਇਕ ਉਠੌਣਾ, ਬ੍ਰਹਿਮੰਡਾਂ ਆਪ ਚਮਕਾਇੰਦਾ । ਜੇਰਜ ਅੰਡਾਂ ਲੇਖ ਮੁਕੌਣਾ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਰੱਖ ਹਰਿ ਨਿਰੰਕਾਰ, ਨਿਹਕਲੰਕ ਡੰਕ ਵਜਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰ, ਕਲਜੁਗ ਵੇਲਾ ਅੰਤਮ ਆਇੰਦਾ । ਕਰੋੜ ਤੇਤੀਸਾ ਕਰੇ ਹਾਹਾਕਾਰ, ਧੀਰਜ ਧੀਰ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਨਾਰ ਵਿਭਚਾਰ, ਹਰਿ ਕੰਤ ਨਾ ਕੋਈ ਹੰਢਾਇੰਦਾ । ਮਨਮੁੱਖ ਸੁੱਤੇ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸੁਆਇੰਦਾ । ਜੂਠਾ ਝੂਠਾ ਵਣਜ ਵਪਾਰ, ਸਾਧਾਂ ਸੰਤਾਂ ਆਪ ਕਰਾਇੰਦਾ । ਅਠਸਠ ਤੀਰਥ ਹੋਏ ਖੁਆਰ, ਲਜਪਤ ਨਾ ਕੋਈ ਧਰਾਇੰਦਾ । ਅੱਲ੍ਹਾ ਰਾਣੀ ਕਰ ਸ਼ਿੰਗਾਰ, ਮੁਖ ਘੁੰਘਟ ਆਪਣਾ ਲਾਹਿੰਦਾ । ਏਕਾ ਰੱਖੀ ਤਿਖੀ ਧਾਰ, ਚਾਰੋਂ ਕੁੰਟ ਨੈਣ ਮਟਕਾਇੰਦਾ । ਭਰਮੇ ਭੁੱਲੇ ਜੀਵ ਗਵਾਰ, ਪੰਜ ਤੱਤ ਵਿਕਾਰਾ ਲੋਭ ਹਲਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਤੇਰੀ ਦਿਸ਼ਾ ਆਪੇ ਪਾਵਣਹਾਰਾ ਹਿੱਸਾ ਆਪੇ ਵੰਡ ਵੰਡਾਇੰਦਾ । ਕਲਜੁਗ ਅੰਤਮ ਵੰਡੀ ਵੰਡ, ਗੁਰ ਗੋਬਿੰਦ ਵੱਡੀ ਵਡਿਆਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਖੋਜ ਖੁਜਾਈਆ । ਚਾਰੋਂ ਕੁੰਟ ਭੇਖ ਪਖੰਡ, ਜੂਠੇ ਝੂਠੇ ਧੂਣੀਆਂ ਤਾਈਆ । ਸੁਰਤ ਸੁਆਣੀ ਹੋਈ ਰੰਡ, ਕੰਤ

ਸੁਹਾਗ ਨਾ ਕੋਈ ਹੰਢਾਈਆ । ਹਉਮੇ ਹੰਗਤਾ ਚੁੱਕੀ ਪੰਡ, ਸਤਿਨਾਮ ਨਾ ਸੀਸ ਕੋਈ ਉਠਾਈਆ । ਜੂਠੀ ਝੂਠੀ ਪੱਲੇ ਬੱਧੀ ਗੰਢ, ਕੁਕਰਮਾਂ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਕਿਰਿਆ ਵੇਖ ਵਖਾਈਆ । ਕਲਜੁਗ ਤੇਰਾ ਕੂੜਾ ਰੰਗ, ਹਰਿ ਹਰਿ ਵੇਖ ਵਖਾਇੰਦਾ । ਮਾਵਾਂ ਪੁਤਰਾਂ ਟੁੱਟਾ ਸੰਗ, ਪਿਤਾ ਪੂਤ ਨਾ ਮੇਲ ਮਿਲਾਇੰਦਾ । ਭੈਣਾਂ ਭਈਆ ਸੇਜ ਮਾਣੇ ਪਲੰਘ, ਸਤਿ ਧਰਮ ਨਾ ਕੋਇ ਰਖਾਇੰਦਾ । ਸਾਧਾਂ ਸੰਤਾਂ ਮਾਇਆ ਮਮਤਾ ਮਾਰੇ ਡੰਗ, ਤ੍ਰੈਗੁਣ ਆਪਣਾ ਵੇਸ ਵਟਾਇੰਦਾ । ਕਾਮ ਕਰੋਧ ਚੜ੍ਹੀ ਕੰਗ, ਚਾਰੋਂ ਕੁੰਟ ਵਹਾਇੰਦਾ । ਕੂੜ ਕੁੜਿਆਰਾ ਹੋਇਆ ਨੰਗ, ਉਤੇ ਪੱਲੂ ਕੋਇ ਨਾ ਪਾਇੰਦਾ । ਗੁਰ ਗੋਬਿੰਦ ਵਜਾਏ ਮਰਦੰਗ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਖੇਲ ਖਲਾਇੰਦਾ । ਗੁਰ ਗੋਬਿੰਦ ਨੌਜਵਾਨ, ਨਾ ਮਰੇ ਨਾ ਜਾਈਆ । ਆਦਿ ਪੁਰਖ ਹਰਿ ਹਰਿ ਮਿਹਰਵਾਨ, ਹਰਿ ਸ਼ਬਦ ਵੱਡੀ ਵਡਿਆਈਆ । ਨਿਰਗੁਣ ਜੋਤ ਨੂਰ ਮਹਾਨ, ਦੋ ਜਹਾਨਾਂ ਖੇਲ ਖਲਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਨਾਮ ਸੰਦੇਸ਼ਾ ਇਕ ਸੁਣਾਈਆ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ ਹੋਏ ਹੈਰਾਨ, ਲੋਕਮਾਤ ਰਾਹ ਤਕਾਈਆ । ਨਰ ਨਰੇਸ਼ਾ ਵਡ ਬਲਵਾਨ, ਜੋਤੀ ਜਾਮਾ ਭੇਖ ਵਟਾਈਆ । ਆਪੇ ਗੋਪੀ ਕ੍ਰਿਸ਼ਨਾ ਕਾਹਨ, ਆਪੇ ਮੰਡਲ ਰਾਸ ਵਖਾਈਆ । ਆਪੇ ਮੇਲਾ ਸੀਤਾ ਰਾਮ, ਸੀਤਾ ਸੁਰਤੀ ਲਏ ਪ੍ਰਨਾਈਆ । ਆਪੇ ਬ੍ਰਹਿਮੰਡ ਵਸਿਆ ਨਗਰ ਗਰਾਮ, ਆਪੇ ਖੋਜ ਖੁਜਾਈਆ । ਆਪੇ ਪੰਜ ਤੱਤ ਨਾਤਾ ਹੱਡ ਚਾਮ, ਆਪੇ ਜੋੜੀ ਜੋੜ ਜੁੜਾਈਆ । ਆਪੇ ਮੇਟੇ ਰੈਣ ਅੰਧੇਰੀ ਸ਼ਾਮ, ਸਾਚਾ ਚੰਦ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਖੇਲ ਬੇਪਰਵਾਹੀਆ । ਕਲਜੁਗ ਹਰਿ ਖੇਲ ਖਲੌਣਾ, ਵੇਦ ਕਤੇਬ ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਿਹਕਲੰਕੀ ਜਾਮਾ ਪਾਇਆ । ਸ਼ਬਦ ਡੰਕਾ ਇਕ ਵਜੌਣਾ, ਏਕਾ ਹੱਥ ਉਠਾਇਆ । ਆਪ ਆਪਣਾ ਮੇਲ ਮਿਲੌਣਾ, ਗੁਰਮੁਖ ਸਾਚੇ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇਆ । ਗੁਰਮੁਖ ਸਾਜਣ ਉਠ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਦਰ ਘਰ ਸਾਚੇ ਲੱਗਾ ਭਾਗ, ਕਮਲਾਪਾਤੀ ਆਪ ਲਗਾਇੰਦਾ । ਮਾਝੇ ਦੀਪਕ ਜਗੇ ਚਰਾਗ, ਨੌ ਖੰਡ ਆਪ ਵਖਾਇੰਦਾ । ਸੱਤਾਂ ਦੀਪਾਂ ਏਕਾ ਰਾਗ, ਏਕਾ ਸ਼ਬਦ ਸੁਣਾਇੰਦਾ । ਲੱਖ ਚੁਰਾਸੀ ਪਕੜੇ ਵਾਗ, ਚਾਰੋਂ ਕੁੰਟ ਭੁਵਾਇੰਦਾ । ਤ੍ਰੈਗੁਣ ਮਾਇਆ ਵੇਖੇ ਆਗ, ਪੰਚਮ ਤੱਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੁਰਮੁਖ ਸੋਇਆ ਜਾਏ ਉਠ, ਹਰਿ ਸਤਿਗੁਰ ਆਪ ਉਠਾਈਆ । ਅਬਿਨਾਸ਼ੀ ਕਰਤਾ ਆਪੇ ਤੁਠ, ਦੇਵੇ ਦਰਸ ਬੇਪਰਵਾਹੀਆ । ਜੁਗਾਂ ਜੁਗਾਂ ਦੇ ਵਿਛੜੇ ਬੈਠੇ ਰੁਠ, ਕਲਜੁਗ ਅੰਤਮ ਲਏ ਮਨਾਈਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਜੋ ਜਨ ਰਸਨਾ ਰਹੇ ਗਾਈਆ । ਕਲਜੁਗ ਅੰਤਮ ਕਰੇ ਏਕਾ ਮੁੱਠ, ਚਾਰ ਵਰਨਾਂ ਮੇਲ ਮਿਲਾਈਆ । ਦੂਈ ਦਵੈਤੀ ਮੇਟੇ ਫੁੱਟ, ਭਾਂਡਾ ਭਰਮ ਭੰਨਾਈਆ । ਮਾਇਆ ਮੋਹ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਹੱਥ ਉਠਾਈਆ । ਗੁਰਸਿਖ ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਆਏ ਸਰਨਾਈਆ । ਕਲਜੁਗ ਪੌਹ ਰਹੀ ਫੁੱਟ, ਕਲਜੁਗ ਮੇਟੇ ਝੂਠੀ ਸ਼ਾਹੀਆ । ਸੰਮਤ ਸਤਾਰਾਂ ਪਏ ਲੁੱਟ, ਸੰਮਤ ਸੋਲਾਂ ਦਏ ਗਵਾਹੀਆ । ਗੁਰਮੁਖਾਂ ਪਿਆਏ ਅੰਮ੍ਰਿਤ ਘੁੱਟ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਆਪ ਅਖਵਾਈਆ । ਨਿਰਗੁਣ ਦਾਤਾ ਬੇਪਰਵਾਹ, ਨਿਹਕਲੰਕ ਅਖਵਾਇੰਦਾ । ਕਲਜੁਗ ਅੰਤਮ ਬਣ ਮਲਾਹ, ਗੁਰ ਗੋਬਿੰਦ ਸੰਗ ਨਿਭਾਇੰਦਾ । ਗੁਰਮੁਖਾਂ ਦੇਵੇ ਸਚ ਸਲਾਹ, ਸਾਚਾ ਮਾਰਗ ਆਪੇ ਲਾਇੰਦਾ । ਅੱਖਰ ਵੱਖਰ ਨਾਮ ਪੜ੍ਹਾ, ਜੋਤੀ ਜੋਤ ਡਗਮਗਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਅੱਧਵਿਚਕਾਰੇ ਨਾ ਕੋਈ ਅਟਕਾਇੰਦਾ । ਦਸਮ ਦੁਆਰੀ ਮੇਲ ਮਿਲਾ, ਸੁਖਮਨ ਨਾੜੀ ਪਾਰ ਕਰਾਇੰਦਾ । ਬਜ਼ਰ ਕਪਾਟੀ ਤੋੜ ਤੁੜਾ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਕਵਲ ਨਾਭ ਆਪ ਉਲਟਾ, ਆਪਣਾ ਝਿਰਨਾ ਆਪ ਵਹਾਇੰਦਾ । ਆਪਣਾ ਰਾਗ ਦਏ ਸੁਣਾ, ਪੰਚਮ ਸਖੀਆਂ ਮੰਗਲ ਗਾਇੰਦਾ । ਸੁਰਤ ਸ਼ਬਦ ਹਰਿ ਜੋੜ ਜੁੜਾ, ਸਾਚੇ ਘੋੜੇ ਆਪ ਚੜ੍ਹਾਇੰਦਾ । ਦਸਮ ਦੁਆਰੀ ਬਾਹਰ ਕਢਾ, ਆਪਣਾ ਕੁੰਡਾ ਆਪੇ ਲਾਹਿੰਦਾ । ਆਪੇ ਸੁੰਨ ਸਮਾਧ ਜਾਏ ਸਮਾ, ਰੂਪ ਰੰਗ ਨਾ ਕੋਈ ਜਣਾਇੰਦਾ । ਆਪਣੀ ਖੇਲ ਆਪ ਖਿਲਾ, ਆਪਣਾ ਦਰ ਵਖਾਇੰਦਾ । ਸੱਚਖੰਡ ਦੁਵਾਰਾ ਰਚਨ ਰਚਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਥਿਰ ਘਰ ਅੰਦਰ ਬਣਤ ਬਣਾ, ਘਰ ਘਰ ਵਿਚ ਸੋਭਾ ਪਾਇੰਦਾ । ਜੋਤੀ ਜੋਤ ਲਏ ਮਿਲਾ, ਜੋਤੀ ਜੋਤ ਆਪ ਮਿਲਾਇੰਦਾ । ਅਲੱਖ ਨਿਰੰਜਣ ਬੇਪਰਵਾਹ, ਅਗੰਮ ਅਗੋਚਰ ਭੇਵ ਨਾ ਆਇੰਦਾ । ਸਤਿ ਪੁਰਖ ਨਿਰੰਜਣ ਨਾਉਂ ਧਰਾ, ਸਤਿ ਸਤਿਵਾਦੀ ਵੇਸ ਵਟਾਇੰਦਾ । ਅਜੂਨੀ ਰਹਿਤ ਬੇਪਰਵਾਹ, ਮੂਰਤ ਅਕਾਲ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਨਰ ਅਵਤਾਰ ਸ੍ਰੀ ਭਗਵਾਨਾ, ਹਰਿ ਹਰਿ ਬਲੀ ਬਲਕਾਰਿਆ । ਨਾਮ ਖੰਡਾ ਤੇਜ ਕ੍ਰਿਪਾਨਾ, ਚੰਡ ਪ੍ਰਚੰਡ ਆਪ ਚਮਕਾ ਰਿਹਾ । ਸ਼ਬਦ ਤੀਰ ਸਚ ਕਮਾਨਾ, ਸਾਚੇ ਚਿਲੇ ਆਪ ਚੜ੍ਹਾ ਰਿਹਾ । ਆਪੇ ਮਰਦ ਮਰਦ ਮਰਦਾਨਾ, ਸੂਰਬੀਰ ਆਪ ਅਖਵਾ ਰਿਹਾ । ਆਪੇ ਖੇਲੇ ਖੇਲ ਦੋ ਜਹਾਨਾਂ, ਲੋਕਮਾਤ ਵੇਸ ਵਟਾ ਰਿਹਾ । ਲੱਖ ਚੁਰਾਸੀ ਬੰਨ੍ਹੇ ਗਾਨਾ, ਕਲਜੁਗ ਅੰਤਮ ਸਗਨ ਮਨਾ ਰਿਹਾ । ਰਾਏ ਧਰਮ ਵੇਖੇ ਮਾਰ ਧਿਆਨਾ, ਚਿਤਰ ਗੁਪਤ ਹਿਸਾਬ ਵਿਖਾ ਰਿਹਾ । ਲਾੜੀ ਮੌਤ ਨੌਜਵਾਨਾ, ਕੁਵਾਰ ਕੰਨਿਆ ਆਪ ਉਠਾ ਰਿਹਾ । ਨੌ ਖੰਡ ਪ੍ਰਿਥਮੀ ਵੇਖੇ ਸ੍ਰਿਸ਼ਟ ਸਬਾਨਾ, ਲੱਖ ਚੁਰਾਸੀ ਫੋਲ ਫੁਲਾ ਰਿਹਾ । ਕਵਣ ਦਰ ਹੋਏ ਪਰਧਾਨਾ, ਕਵਣ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਧਾਰ ਚਲਾ ਰਿਹਾ । ਧਰਮ ਰਾਏ ਲਏ ਅੰਗੜਾਈ, ਆਪਣੀ ਕਰਵਟ ਆਪ ਬਦਲਾਈਆ । ਚਿਤਰ ਗੁਪਤ ਰਿਹਾ ਉਠਾਈ, ਆਪਣਾ ਲੇਖਾ ਫੋਲ ਫੁਲਾਈਆ । ਦੋਹਾਂ ਮੇਲਾ ਏਕਾ ਥਾਈਂ, ਏਕਾ ਅੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵੇ ਸਚ ਸਲਾਹੀਆ । ਸਚ ਸਲਾਹ ਦੇਵੇ ਦੇਵਣਹਾਰਾ, ਆਦਿ ਅੰਤ ਅਖਵਾਇਆ । ਲੱਖ ਚੁਰਾਸੀ ਪਾਵੇ ਸਾਰਾ, ਰਾਏ ਧਰਮ ਦਏ ਸਜਾਇਆ । ਗੁਰਮੁਖ ਸਾਚੇ ਲਏ ਤਰਾਇਆ, ਜਿਸ ਜਨ ਰਸਨਾ ਹਰਿ ਹਰਿ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਖੇਲ ਖਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਸ ਅਨੇਕ ਅਨਕ ਕਲ ਧਾਰ, ਦਿਆਲ ਕਾਲ ਕਰੇ ਖੇਲ ਵਿਚ ਸੰਸਾਰ, ਕਾਲ ਮਹਾਂਕਾਲ ਆਪਣੀ ਸੇਵਾ ਲਾਇਆ ।

ਹਰਿ ਸੱਜਣ ਮੀਤ ਮੁਰਾਰ ਸਰਬ ਗੁਣਵੰਤ, ਗੁਰ ਸਤਿਗੁਰ ਨਾਉਂ ਧਰਾਇੰਦਾ । ਖੇਲੇ ਖੇਲ ਅਗੰਮ ਅਪਾਰ ਸ੍ਰੀ ਭਗਵੰਤ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਲੱਖ ਚੁਰਾਸੀ ਖੇਲ ਅਪਾਰ ਕਰੰਤ, ਹਰਿਜਨ ਸਾਚੇ ਮਾਤ ਜਗਾਇੰਦਾ । ਮਨਮੁਖਾਂ ਮਾਇਆ ਪਾਏ ਬੇਅੰਤ, ਪਰਦਾ ਓਹਲਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਰਖਾਇੰਦਾ । ਭਗਤਨ ਮੀਤਾ ਪੁਰਖ ਅਕਾਲ, ਪਰਮ ਪੁਰਖ ਅਖਵਾਈਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਜੁਗ ਵੇਸ ਵਟਾਈਆ । ਸੰਤ ਸੁਹੇਲੇ ਸਾਚੇ ਲਾਲ, ਲੋਕਮਾਤ ਆਪ ਉਠਾਈਆ । ਸ਼ਬਦ ਸਰੂਪੀ ਬਣ ਦਲਾਲ, ਘਰ ਸਾਚੇ ਮੇਲ ਮਿਲਾਈਆ । ਧੁਨ ਅਨਾਦਿ ਵਜਾਏ ਸੱਚਾ ਤਾਲ, ਅਨਹਦ ਸੇਵਾ ਲਾਈਆ । ਅੰਮ੍ਰਿਤ ਸਰ ਦੇਵੇ ਸਰ ਸਰੋਵਰ ਇਕ ਉਛਾਲ, ਤਾਲ ਸੁਹਾਵਾ ਇਕ ਦਰਸਾਈਆ । ਨਾਮ ਖ਼ਜ਼ਾਨਾ ਧਨ ਸੱਚਾ ਧਨ ਮਾਲ, ਗੁਰਮੁਖਾਂ ਝੋਲੀ ਪਾਈਆ । ਫਲ ਲਗਾਏ ਕਾਇਆ ਡਾਲ, ਅੰਮ੍ਰਿਤ ਮੇਵਾ ਆਪ ਖਵਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਚਰਨ ਪ੍ਰੀਤੀ ਘਾਲਣ ਘਾਲ, ਘਾਲੀ ਘਾਲ ਲੇਖੇ ਲਾਈਆ । ਇਕ ਵਖਾਏ ਧਰਮ ਸੱਚੀ ਧਰਮਸਾਲ, ਘਰ ਬੈਠਾ ਬੇਪਰਵਾਹੀਆ । ਦੀਪਕ ਜੋਤੀ ਸਾਚੀ ਬਾਲ, ਅਗਿਆਨ ਅੰਧੇਰ ਮਿਟਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪ ਹੋ ਜਾਈਆ । ਗ਼ਰੀਬ ਨਿਮਾਣੇ ਆਪੇ ਭਾਲ, ਜੁਗ ਜੁਗ ਆਪਣਾ ਦਰਸ ਦਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਹਿਜ ਸੁਭਾਈਆ । ਸੱਜਣ ਸੱਚਾ ਪਾਤਸ਼ਾਹ, ਪਾਰਬ੍ਰਹਮ ਬੇਅੰਤ ਇਕਓਅੰਕਾਰ । ਆਦਿ ਜੁਗਾਦੀ ਬਣੇ ਜਗਤ ਮਲਾਹ, ਆਪੇ ਗੁਰ ਪੀਰ ਅਵਤਾਰ । ਆਪੇ ਸਾਧ ਸੰਤ ਲਏ ਉਪਾ, ਆਪੇ ਭਗਤਨ ਭਗਤੀ ਭਰੇ ਭੰਡਾਰ । ਆਪੇ ਆਪਣਾ ਨਾਉਂ ਲਏ ਜਪਾ, ਸ਼ਬਦ ਬੋਲੇ ਸਚ ਜੈਕਾਰ । ਆਪੇ ਲਹਿਣਾ ਦੇਣਾ ਦਏ ਮੁਕਾ, ਪੂਰਬ ਲਹਿਣਾ ਕਰ ਵਿਚਾਰ । ਗੁਰਮੁਖਾਂ ਤਨ ਬਸਤਰ ਗਹਿਣਾ ਦੇਵੇ ਪਾ, ਸ਼ਬਦ ਸਰੂਪੀ ਸਚ ਸ਼ਿੰਗਾਰ । ਮਾਇਆ ਮਮਤਾ ਪਰਦਾ ਦੇਵੇ ਲਾਹ, ਕੂੜੀ ਕਿਰਿਆ ਦਏ ਨਿਵਾਰ । ਚਰਨ ਧੂੜੀ ਮਸਤਕ ਟਿੱਕਾ ਦੇਵੇ ਲਾ, ਜੋਤ ਨਿਰੰਜਣ ਕਰ ਉਜਿਆਰ । ਅੰਮ੍ਰਿਤ ਠੰਡੀ ਧਾਰ ਮੁਖ ਦਏ ਚੁਆ, ਨਿਝਰ ਬਰਸੇ ਏਕ ਏਕੰਕਾਰ । ਬੰਦ ਕਿਵਾੜਾ ਦਏ ਖੁਲ੍ਹਾ, ਮੇਟ ਮਿਟਾਏ ਪੰਚਮ ਧਾੜ । ਅਨਹਦ ਰਾਗ ਦਏ ਸੁਣਾ, ਪੰਚਮ ਮੇਲਾ ਮੀਤ ਮੁਰਾਰ । ਸੁਰਤੀ ਸ਼ਬਦ ਏਕਾ ਰੰਗ ਦਏ ਰੰਗਾ, ਕਰੇ ਕਰਾਏ ਸਚ ਪਿਆਰ । ਆਤਮ ਸੇਜਾ ਦਏ ਸੁਹਾ, ਆਪੇ ਸੁੱਤਾ ਪੈਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਲਾਏ ਪਾਰ । ਗੁਰਮੁਖ ਸੱਜਣ ਪਾਰ ਕਿਨਾਰਾ, ਗੁਰ ਸਤਿਗੁਰ ਆਪ ਕਰਾਇੰਦਾ । ਪਹਿਲੋਂ ਬਖ਼ਸ਼ੇ ਚਰਨ ਪਿਆਰਾ, ਦੂਜਾ ਮੰਤਰ ਨਾਮ ਦ੍ਰਿੜਾਇੰਦਾ । ਤੀਜੇ ਨੇਤਰ ਕਰ ਉਜਿਆਰਾ, ਆਪਣਾ ਦਰਸ ਦਖਾਇੰਦਾ । ਚੌਥੇ ਘਰ ਖੋਲ੍ਹ ਕਿਵਾੜਾ, ਚੌਥੇ ਪਦ ਰਹਾਇੰਦਾ । ਪੰਚਮ ਮੀਤਾ ਹੋ ਉਜਿਆਰਾ, ਪੰਚਮ ਸੰਗ ਨਿਭਾਇੰਦਾ । ਛੇ ਘਰ ਕਰੇ ਪਾਰ ਕਿਨਾਰਾ, ਛੱਪਰ ਛੰਨ ਨਾ ਕੋਈ ਵਖਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਸਾਚੀ ਕਾਰਾ, ਘਰ ਸਾਚੇ ਆਪ ਕਰਾਇੰਦਾ । ਅੱਠ ਤੱਤ ਨਾ ਕੋਈ ਵਿਚਾਰਾ, ਪੰਜ ਤ੍ਰੈ ਨਾ ਮੇਲ ਮਿਲਾਇੰਦਾ । ਨੌਂ ਦਰ ਨਾ ਕੋਈ ਹਾਹਾਕਾਰਾ, ਅੰਤਰ ਰੋ ਰੋ ਨੀਰ ਨਾ ਕੋਈ ਵਹਾਇੰਦਾ । ਦਸਵੇਂ ਆਪੇ ਪਾਵੇ ਸਾਰਾ, ਗੁਰਮੁਖ ਸੱਜਣ ਵੇਖ ਵਖਾਇੰਦਾ । ਨਾਤਾ ਤੋੜ ਜਗਤ ਸੰਸਾਰਾ, ਆਪ ਆਪਣੇ ਅੰਗ ਲਗਾਇੰਦਾ । ਨਾਰੀ ਕੰਤ ਕੰਤ ਭਤਾਰਾ, ਹਰਿਜਨ ਸਾਚੀ ਸੇਜ ਹੰਢਾਇੰਦਾ । ਰਲੀਆਂ ਮਾਣੇ ਗੁਪਤ ਜ਼ਾਹਿਰਾ, ਦਿਸ ਕਿਸੇ

੯੫੫ ੦੮

ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਆਪਣੇ ਲੇਖੇ ਲਾਇੰਦਾ । ਗੁਰਮੁਖ ਲੇਖੇ ਜਾਏ ਲੱਗ, ਗੁਰ ਸਤਿਗੁਰ ਆਪ ਲਗਾਇੰਦਾ । ਆਪੇ ਹੰਸ ਬਣਾਏ ਕਗ, ਆਪੇ ਮਾਣਕ ਮੋਤੀ ਚੋਗ ਚੁਗਾਇੰਦਾ । ਆਪੇ ਵਸੇ ਉਪਰ ਸ਼ਾਹ ਰਗ, ਆਪ ਆਪਣਾ ਭੇਵ ਖੁਲ੍ਹਾਇੰਦਾ । ਆਪੇ ਅਗਨੀ ਜੋਤੀ ਰਿਹਾ ਮਘ, ਨੂਰੋ ਨੂਰ ਆਪ ਡਗਮਗਾਇੰਦਾ । ਆਪੇ ਤਾਰੇ ਜੀਵ ਅਲਪਗ, ਸਰਬਗ ਆਪ ਅਖਵਾਇੰਦਾ । ਆਪੇ ਚਰਨ ਧੂੜੀ ਮਜਨ ਕਰਾਏ ਮਾਘ, ਦੁਰਮਤ ਮੈਲ ਆਪ ਗਵਾਇੰਦਾ । ਆਪੇ ਸ਼ਬਦ ਸਰੂਪੀ ਬੰਨ੍ਹੇ ਸਾਚਾ ਤਗ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਵੇਖ ਵਖਾਇੰਦਾ । ਵੇਖਣਹਾਰਾ ਏਕੰਕਾਰ, ਜੁਗ ਜੁਗ ਵੱਡੀ ਵਡਿਆਈਆ । ਭਗਤਨ ਮੀਤਾ ਮੀਤ ਮੁਰਾਰ, ਸੰਤ ਭਗਤ ਕਰੇ ਕੁੜਮਾਈਆ । ਦੇਵੇ ਨਾਮ ਸ਼ਬਦ ਅਧਾਰ, ਰਾਮ ਨਾਮਾ ਭੇਵ ਖੁਲ੍ਹਾਈਆ । ਜੋਤੀ ਨੂਰ ਨੂਰ ਉਜਿਆਰ, ਨੂਰੋ ਨੂਰ ਦਿਸਾਈਆ । ਪੰਚਮ ਪੰਚਮ ਕਰ ਖ਼ਵਾਰ, ਪੰਚਮ ਮੋਹ ਮਾਇਆ ਮੋਹ ਚੁਕਾਈਆ । ਪੰਚਮ ਨਾਦ ਨਾਦ ਧੁੰਨਕਾਰ, ਪੰਚਮ ਸਾਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਪਣੇ ਦਰ, ਦਰ ਸੱਚਾ ਇਕ ਸੁਹਾਈਆ । ਸਾਚਾ ਦਰ ਆਦਿ ਨਿਰੰਜਣ, ਆਪਣਾ ਆਪ ਰਖਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਦੁਖੀਆਂ ਦੁੱਖ ਵੰਡਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਮਸਤਕ ਇੱਕਾ ਜੋਤ ਲਿਲਾਟ ਜਗਾਇੰਦਾ । ਦੋ ਜਹਾਨਾਂ ਪਰਦੇ ਕੱਜਣ, ਨਾਮ ਦੋਸ਼ਾਲਾ ਉਪਰ ਪਾਇੰਦਾ । ਸਖਾ ਸੁਹੇਲਾ ਸਾਚਾ ਸੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਮਾਤ ਤਰਾਇੰਦਾ । ਗੁਰਮੁਖ ਸਿਖ ਸੁੱਤ ਦੁਲਾਰਾ, ਸਤਿਗੁਰ ਸਾਚੇ ਪਾਇਆ । ਗੁਣ ਅਵਗੁਣ ਨਾ ਕੋਈ ਵਿਚਾਰਾ, ਕਰ ਕਿਰਪਾ ਪਾਰ ਕਰਾਇਆ । ਨਿਰਗੁਣ ਸਰਗੁਣ ਬਣੇ ਧਾਰਾ, ਸਾਚੀ ਸਿਖਿਆ ਸਿਖ ਸਮਝਾਇਆ । ਕਰੇ ਖੇਲ ਜੁਗਾ ਜੁਗੰਤਰ ਵਾਰੋ ਵਾਰਾ, ਆਪਣਾ ਨਾਉਂ ਧਰਾਇਆ । ਕਲਜੁਗ ਮੇਟੇ ਕੂੜ ਪਸਾਰਾ, ਜੂਠ ਝੂਠ ਰਹਿਣ ਨਾ ਪਾਇਆ । ਮਨ ਮਤ ਜੀਵ ਹੋਏ ਹੰਕਾਰਾ, ਹਰਿ ਕਾ ਨਾਮ ਨਾ ਕੋਇ ਧਿਆਇਆ । ਗੁਰਮੁਖ ਵਿਰਲਾ ਆਤਮ ਅੰਤਰ ਰੋਵੇ ਜ਼ਾਰੋ ਜ਼ਾਰਾ, ਬਿਰਹੋਂ ਰੋਗ ਜਲਾਇਆ । ਦੇਵੇ ਦਰਸ ਅਗੰਮ ਅਪਾਰਾ, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਜੋਤ ਚਮਤਕਾਰਾ, ਰਵ ਸਸ ਰਹੇ ਸ਼ਰਮਾਇਆ । ਗੁਰਮੁਖਾਂ ਦੇਵੇ ਇਕ ਅਧਾਰਾ, ਆਪ ਆਪਣੀ ਦਇਆ ਕਮਾਇਆ । ਕਲਜੁਗ ਭੁੱਲਾ ਸਰਬ ਸੰਸਾਰਾ, ਨੇਤਰ ਗਿਆਨ ਨਾ ਕੋਈ ਖੁਲ੍ਹਾਇਆ । ਚਾਰੋਂ ਕੁੰਟ ਧੂਅਾਂਧਾਰਾ, ਦਿਵਸ ਰੈਣ ਅੰਧੇਰਾ ਛਾਇਆ । ਹਰਿ ਕਾ ਸ਼ਬਦ ਨਾ ਕਿਸੇ ਵਿਚਾਰਾ, ਗੁਰ ਗੁਰ ਨਾਮ ਨਾ ਕੋਈ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸੱਜਣ ਲਏ ਉਠਾਇਆ । ਗੁਰਮੁਖ ਗੁਰਸਿਖ ਆਪ ਉਠਾਏ, ਆਪਣੀ ਸੇਵਾ ਆਪ ਕਮਾਇੰਦਾ । ਦਿਵਸ ਰੈਣ ਰਿਹਾ ਜਗਾਏ, ਸੋਇਆ ਕੋਈ ਰਹਿਣ ਨਾ ਪਾਇੰਦਾ । ਚਰਨ ਪ੍ਰੀਤੀ ਨਾਤਾ ਜੋੜ ਜੁੜਾਏ, ਪੁਰਖ ਬਿਧਾਤਾ ਵੇਸ ਵਟਾਇੰਦਾ । ਸਾਚੀ ਗਾਥਾ ਆਪ ਸੁਣਾਏ, ਸੋਹੰ ਜਾਪ ਜਪਾਇੰਦਾ । ਸਤਿਜੁਗ ਰਾਥਾ ਰਿਹਾ ਚਲਾਏ, ਕਲਜੁਗ ਬੇੜਾ ਆਪ ਡੁਬਾਇੰਦਾ । ਤ੍ਰਲੋਕੀ ਨਾਥਾ ਵੇਸ ਵਟਾਏ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਸੱਚਾ ਮੀਤ, ਏਕਾ ਬਖ਼ਸ਼ੇ ਚਰਨ ਪ੍ਰੀਤ, ਚਰਨ ਦੁਵਾਰਾ ਇਕ ਵਸਾਇੰਦਾ । ਸਚ ਪ੍ਰੀਤੀ ਸਚ ਦੁਵਾਰਾ ਆਪੇ ਖੋਲ੍ਹ, ਗੁਰਮੁਖਾਂ



੯੫੬
੦੮

ਮੁਖ ਸਲਾਹੀਆ । ਸ਼ਬਦ ਅਨਾਦੀ ਆਪੇ ਬੋਲ, ਪਾਰਬ੍ਰਹਮ ਬ੍ਰਹਮ ਢੋਲਾ ਰਿਹਾ ਗਾਈਆ । ਆਪਣੇ ਕੰਡੇ ਆਪੇ ਤੋਲ, ਤੋਲਣਹਾਰਾ ਦਿਸ ਨਾ ਆਈਆ । ਗੁਰਮੁਖਾਂ ਹਿਰਦੇ ਅੰਦਰ ਰਿਹਾ ਮੌਲ, ਆਪ ਆਪਣਾ ਰੂਪ ਵਟਾਈਆ । ਆਪੇ ਵੇਖੇ ਅੰਮ੍ਰਿਤ ਭਰਿਆ ਕਵਲ, ਆਪੇ ਨਾਭੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਘਰ ਸੋਹਿਆ ਹਰਿ ਬੰਕ ਦੁਵਾਰ, ਗੁਰਮੁਖ ਹਰਿ ਹਰਿ ਪਾਇਆ । ਨਾਤਾ ਤੁਟਾ ਸਰਬ ਸੰਸਾਰ, ਘਰ ਬਹਿ ਬਹਿ ਮੰਗਲ ਗਾਇਆ । ਮਿਲਿਆ ਮੇਲ ਹਰਿ ਮੀਤ ਮੁਰਾਰ, ਘਰ ਸਾਚੀ ਵੱਜੀ ਵਧਾਇਆ । ਸੋਭਾਵੰਤ ਹੋਈ ਨਾਰ, ਕੰਤ ਸੁਹਾਗੀ ਮੇਲ ਮਿਲਾਇਆ । ਜੁਗ ਜੁਗ ਵਿਛੜੇ ਮੇਲੇ ਯਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਆਪਣੇ ਘਰ, ਘਰ ਮੰਦਰ ਇਕ ਖੁਲ੍ਹਾਇਆ । ਘਰ ਮੰਦਰ ਹਰਿ ਸੁਹੰਜਣਾ, ਦਿਵਸ ਰੈਣ ਪ੍ਰਭਾਤ । ਜਗੇ ਜੋਤ ਆਦਿ ਨਿਰੰਜਣਾ, ਹਰਿ ਬੈਠਾ ਰਹੇ ਇਕ ਇਕਾਂਤ । ਮੀਤ ਮੁਰਾਰਾ ਸਾਚਾ ਸੱਜਣਾ, ਦਰਸ ਦਿਖਾਏ ਬਹੁ ਬਿਧ ਭਾਂਤ । ਕਲਜੁਗ ਅੰਤਮ ਲੱਖ ਚੁਰਾਸੀ ਠੀਕਰ ਭੱਜਣਾ, ਨਾਤਾ ਤੁੱਟੇ ਜ਼ਾਤ ਪਾਤ । ਚਾਰ ਵਰਨ ਕਰਾਏ ਏਕਾ ਮਜਨਾ, ਏਕਾ ਨਾਮ ਬਖ਼ਸ਼ੇ ਸਾਚੀ ਦਾਤ । ਸਤਿਜੁਗ ਸਾਚਾ ਮਾਤ ਲੱਗਣਾ, ਗੁਰਮੁਖ ਚੜ੍ਹੇ ਸਚੀ ਬਰਾਤ । ਕਾਲ ਨਗਾਰਾ ਲੱਖ ਚੁਰਾਸੀ ਸਿਰ ਤੇ ਵੱਜਣਾ, ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਵੇਖੇ ਮਾਰ ਝਾਤ । ਜਗਤ ਦੁਵਾਰਾ ਸਭ ਨੇ ਤਜਣਾ, ਨਾ ਕੋਈ ਪਿਤਾ ਨਾ ਕੋਈ ਮਾਤ । ਬਿਨ ਸਤਿਗੁਰ ਪੂਰੇ ਪਰਦਾ ਕਿਸੇ ਨਾ ਕੱਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖੇ ਤੇਰਾ ਖਾਤ । ਕਲਜੁਗ ਖਾਤਾ ਡੂੰਘਾ ਸਾਗਰ, ਹਰਿ ਸਾਚਾ ਵੇਖ ਵਖਾਇੰਦਾ । ਲੱਖ ਚੁਰਾਸੀ ਕਾਇਆ ਗਾਗਰ, ਆਪੇ ਫੋਲ ਫੁਲਾਇੰਦਾ । ਗੁਰਮੁਖਾਂ ਨਿਰਮਲ ਕਰਮ ਕਰੇ ਉਜਾਗਰ, ਆਪ ਆਪਣਾ ਨਾਮ ਜਪਾਇੰਦਾ । ਸਾਚਾ ਵਣਜ ਕਰਾਏ ਹਰਿ ਸੌਦਾਗਰ, ਰਤਨ ਅਮੋਲਕ ਹੀਰਾ ਨਾਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਰਾਮ ਨਾਮ ਰਤਨ ਜਵਾਹਰ ਮਾਣਕ ਮੋਤੀ, ਗੁਰਮੁਖਾਂ ਝੋਲੀ ਆਪ ਭਰਾਈਆ । ਤੀਰਥ ਤੱਟਾਂ ਭੁੱਲੇ ਫਿਰਦੇ ਕੋਟਨ ਕੋਟੀ, ਹਰਿ ਹਰਿ ਰੂਪ ਦਿਸ ਨਾ ਆਈਆ । ਕੋਟਨ ਕੋਟੀ ਚੜ੍ਹੇ ਚੋਟੀ, ਕੋਟਨ ਕੋਟੀ ਜਲ ਧਾਰਾ ਰਹੇ ਤਾਰੀਆਂ ਲਾਈਆ । ਕੋਟਨ ਕੋਟੀ ਤੁੜਾਵਣ ਬੋਟੀ ਬੋਟੀ, ਕੋਟਨ ਕੋਟੀ ਖ਼ਾਕੀ ਖ਼ਾਕ ਰਹੇ ਰਮਾਈਆ । ਕੋਟਨ ਕੋਟੀ ਬੰਨ੍ਹ ਲੰਗੋਟੀ, ਚਾਰੋਂ ਕੁੰਟ ਰਹੇ ਫੇਰੀਆਂ ਪਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕੱਢੇ ਵਾਸਨਾ ਖੋਟੀ, ਨਿਰਗੁਣ ਦੀਵਾ ਬਾਤੀ ਜੋਤ ਨਾ ਕਰੇ ਕੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਸਾਚੇ ਦਰਸ ਦੀਦਾਰ, ਨੇਤਰ ਲੋਚਣ ਨੈਣ ਦਰਸਾਈਆ । ਕਰ ਕਿਰਪਾ ਪ੍ਰਭ ਜਾਏ ਤਾਰ, ਪੂਜਾ ਪਾਠ ਨਾ ਕੋਇ ਕਰਾਈਆ । ਅਠਸਠ ਲੇਖਾ ਚੁੱਕੇ ਸੰਸਾਰ, ਗੰਗਾ ਗੋਦਾਵਰੀ ਗੁਰਸਿਖ ਤੇਰੇ ਚਰਨਾਂ ਹੇਠ ਦਬਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰ, ਦੋਏ ਦੋਏ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਹਰਿ ਸੰਤ ਲਏ ਜਗਾਈਆ । ਕੰਤ ਭਗਵੰਤ ਏਕਾ ਧਾਰ, ਨਰ ਨਰਾਇਣ ਵੱਡੀ ਵਡਿਆਈਆ । ਪਾਰਬ੍ਰਹਮ ਹਰਿ ਮੀਤ ਮੁਰਾਰ, ਬ੍ਰਹਮ ਬ੍ਰਹਮ ਪਾਰਬ੍ਰਹਮ ਸਮਾਈਆ । ਬੈਠ ਅਤੀਤ ਸੱਚੀ ਸਰਕਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਹਸਤ ਕੀਟ ਕਰ ਪਿਆਰ, ਊਚ ਨੀਚ ਵੇਖ ਵਖਾਈਆ ।

ਰਾਓ ਰੰਕ ਸੋਹੇ ਇਕ ਦੁਵਾਰ, ਦੂਜਾ ਦਰ ਨਾ ਕੋਈ ਬਣਾਈਆ । ਗੁਰਮੁਖਾਂ ਭਗਤੀ ਭਰੇ ਭੰਡਾਰ, ਨਾਮ ਭੰਡਾਰਾ ਆਪ ਵਰਤਾਈਆ । ਏਕਾ ਸ਼ਬਦ ਸੱਚੀ ਜੈਕਾਰ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੰ ਬ੍ਰਹਮ ਜਨਮ ਕਰਮ ਵਰਨ ਬਰਨ ਧਰਮ ਦਏ ਸਵਾਰ, ਸਾਚੀ ਸਰਨ ਇਕ ਸਰਨਾਈਆ । ਆਵਣ ਜਾਵਣ ਪਤਿਤ ਪਾਵਣ ਮਰਨ ਡਰਨ ਚੁਕਾਏ ਵਿਚ ਸੰਸਾਰ, ਲੱਖ ਚੁਰਾਸੀ ਫੰਦ ਕਟਾਈਆ । ਹਰਨ ਫਰਨ ਨੇਤਰ ਫੇਰ ਖੋਲ੍ਹ ਕਿਵਾੜਾ, ਆਪ ਆਪਣਾ ਦਰਸ ਦਖਾਈਆ । ਸਚਖੰਡ ਦੁਵਾਰੇ ਗੁਰਮੁਖ ਲਾੜੇ ਦੇਵੇ ਵਾੜ, ਸ਼ਬਦ ਘੋੜੇ ਆਪ ਚੜ੍ਹਾਈਆ । ਜੋਤ ਨਿਰੰਜਣ ਪਾਣੀ ਦੇਵੇ ਵਾਰ, ਸਾਚਾ ਸਗਨ ਮਨਾਈਆ । ਆਦਿ ਸ਼ਕਤ ਕਰ ਪਿਆਰ, ਆਪਣਾ ਕੁੰਡਾ ਦੇਵੇ ਲਾਹੀਆ । ਦਰਸ ਦਿਖਾਏ ਅਗੰਮ ਅਪਾਰ, ਨਿਰਗੁਣ ਬੈਠਾ ਬੇਪਰਵਾਹੀਆ । ਸਾਚਾ ਤਖ਼ਤ ਸੱਚਾ ਸੁਲਤਾਨ, ਹਰਿ ਸਾਚਾ ਰਿਹਾ ਸੁਹਾਈਆ । ਇਕ ਇਕੱਲਾ ਏਕੰਕਾਰ ਵਡ ਮਿਹਰਵਾਨ, ਆਪ ਆਪਣੀ ਦਇਆ ਕਮਾਈਆ । ਗੁਰਮੁਖਾਂ ਝੁਲਾਏ ਸਚ ਨਿਸ਼ਾਨ, ਲੋਕਮਾਤ ਵੱਜੇ ਵਧਾਈਆ । ਏਕਾ ਬਖ਼ਸ਼ੇ ਬ੍ਰਹਮ ਗਿਆਨ, ਆਤਮ ਅੰਤਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖਿਆ ਪਾਏ ਭਿਛਿਆ, ਏਕਾ ਦਰਸ ਵੱਡੀ ਵਡਿਆਈਆ । ਹਰਿ ਕਾ ਦਰਸ ਸਚ ਦਰਗਾਹ, ਖੰਡ ਸਾਚਾ ਆਪ ਸੁਹਾਇਆ । ਬੇਪਰਵਾਹ ਬਣ ਮਲਾਹ, ਸ਼ਬਦ ਸਲਾਹ, ਸਾਚਾ ਮਾਰਗ ਰਿਹਾ ਵਖਾਇਆ । ਪਕੜੇ ਬਾਂਹ ਨਿਥਾਵਿਆਂ ਦੇਵੇ ਥਾਂ, ਗ਼ਰੀਬ ਨਿਮਾਣੇ ਗਲੇ ਲਗਾਇਆ । ਆਪੇ ਪਿਤਾ ਆਪੇ ਮਾਂ, ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਸਮਰਥ ਪੁਰਖ ਆਪ ਅਖਵਾਇਆ । ਗੁਰਸਿਖ ਤੇਰਾ ਕਾਇਆ ਖੇੜਾ ਦਿਸੇ ਨਗਰ ਗਰਾਂ, ਪੰਚਮ ਛੇੜਾਂ ਦਏ ਛੜਾ, ਪੰਚਮ ਰਾਗ ਨਾਦਿ ਧੁਨ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਵਸਾਏ ਆਪਣੇ ਘਰ, ਦੂਸਰ ਵਖਾਏ ਨਾ ਕੋਈ ਦਰ, ਧਰਮ ਰਾਏ ਦਾ ਚੁੱਕੇ ਡਰ, ਆਪਣਾ ਘਾੜਣ ਲਏ ਘੜ, ਦਸਮ ਦੁਆਰੀ ਚੋਟੀ ਚੜ੍ਹ, ਗੁਰਮੁਖ ਸੁਰਤੀ ਲਏ ਫੜ, ਸ਼ਬਦ ਸਰੂਪੀ ਬੰਨ੍ਹੇ ਲੜ, ਤ੍ਰੈ ਭਵਣ ਵਿਚ ਨਾ ਜਾਏ ਅੜ, ਅਵਣ ਗਵਣ ਵਿਚ ਨਾ ਜਾਏ ਸੜ, ਜਗਤ ਵਿਦਿਆ ਨਾ ਜਾਏ ਪੜ੍ਹ, ਸਚਖੰਡ ਦੁਵਾਰੇ ਆਪੇ ਵੜ, ਗੁਰਮੁਖ ਸਾਚੇ ਸੰਗ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਪੂਜਾ ਏਕਾ ਪਾਠ, ਸਰ ਸਰੋਵਰ ਏਕਾ ਘਾਟ ਏਕਾ ਤੀਰਥ ਏਕਾ ਤਾਟ, ਏਕਾ ਦਸਤ ਏਕਾ ਹਾਟ, ਖੇਲੇ ਖੇਲ ਲੋਕਮਾਤ ਗੁਰਮੁਖ ਉਠਾਏ ਮਾਰ ਝਾਤ, ਕਲਜੁਗ ਵੇਖ ਅੰਧੇਰੀ ਰਾਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਸੁਣਾਏ ਆਪਣੀ ਗਾਥ, ਫੜ ਫੜ ਚੜ੍ਹਾਏ ਸਾਚੇ ਰਾਥ, ਆਪ ਨਿਭਾਏ ਆਪਣਾ ਸਾਥ, ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹਾਥ, ਤੱਤ ਵਿਕਾਰਾ ਜਾਏ ਨਾਠ, ਪੱਲੇ ਬੰਨ੍ਹੇ ਏਕਾ ਗਾਠ, ਅੱਗੇ ਨੇੜੇ ਰੱਖੇ ਵਾਟ, ਗੁਰਮੁਖ ਉਤਰੇ ਆਪਣੇ ਘਾਟ, ਸਤਿਗੁਰ ਪੂਰਾ ਪਾਰ ਕਰਾਈਆ । ਸੱਚਾ ਘਾਟ ਸਚ ਕਿਨਾਰਾ । ਦੋ ਜਹਾਨੀ ਪਾਵੇ ਸਾਰਾ । ਲੋਆਂ ਪੁਰੀਆਂ ਵਸਿਆ ਬਾਹਰਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕਿਸੇ ਵਿਚਾਰਾ । ਆਪੇ ਸੋਹੇ ਆਪਣੇ ਬੰਕ ਦੁਵਾਰਾ । ਸਚਖੰਡ ਅੰਦਰ ਥਿਰ ਘਰ ਦੁਵਾਰਾ । ਪੁਰਖ ਅਬਿਨਾਸ਼ੀ ਵਸਿਆ ਆਪੇ ਵਸਣਹਾਰਾ । ਨਿਰਗੁਣ ਬਾਤੀ ਨਿਰਗੁਣ ਦੀਆ ਨਿਰਗੁਣ ਜੋਤ ਕਰੇ ਉਜਿਆਰਾ, ਨਿਰਗੁਣ ਨਾਰੀ ਨਿਰਗੁਣ ਕਮਲਾਪਾਤੀ ਨਿਰਗੁਣ ਕੰਤ ਕੰਤ ਭਤਾਰਾ । ਨਿਰਗੁਣ ਸੇਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ

ਅਪਾਰ ਜੋਤ ਉਜਿਆਰਾ । ਆਦਿ ਨਿਰੰਜਣ ਭੇਵ ਨਿਆਰ । ਪਾਰਬ੍ਰਹਮ ਪੁਰਖ ਕਰਤਾਰ । ਅਜੂਨੀ ਰਹਿਤ ਸੱਚੀ ਸਰਕਾਰ । ਅਕਾਲ ਮੂਰਤ ਖੇਲ ਦੋ ਧਾਰ । ਨਿਰਗੁਣ ਸਰਗੁਣ ਕਰੇ ਵਿਚਾਰ । ਲੋਕਮਾਤ ਲਏ ਅਵਤਾਰ, ਡੁੱਬਦੇ ਪਾਥਰ ਜਾਏ ਤਾਰ । ਜਿਸ ਜਨ ਬਖ਼ਸ਼ੇ ਚਰਨ ਪਿਆਰ । ਪਤਿਤ ਪਾਪੀ ਲਾਏ ਪਾਰ । ਜੋ ਜਨ ਚਰਨ ਕਰੇ ਨਿਮਸਕਾਰ । ਏਥੇ ਓਥੇ ਦਏ ਸਹਾਰ । ਆਪ ਆਪਣੀ ਕਿਰਪਾ ਧਾਰ । ਗੁਰਸਿਖਾਂ ਬਣਿਆ ਸਾਂਝਾ ਯਾਰ । ਚੁਰਾਸੀ ਦੁੱਖਾਂ ਦਏ ਨਿਵਾਰ । ਜਮ ਕੀ ਫਾਸੀ ਲਾਹੇ ਹਾਰ । ਘਨਕ ਪੁਰ ਵਾਸੀ ਕਰੇ ਸਚ ਸ਼ਿੰਗਾਰ । ਸ਼ਾਹੋ ਸ਼ਾਬਾਸ਼ੀ ਸਿਰਜਣਹਾਰ । ਗੁਰੂ ਰਾਮਦਾਸ ਕਰਿਆ ਇਕ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਦੇਵੇ ਨਾਮ ਭੰਡਾਰ । ਭੰਡਾਰ ਭਰਪੂਰ ਦੇਵਣਹਾਰਾ ਦਾਤਾ ਸੂਰ । ਵੇਖੇ ਵਿਗਸੇ ਨੇੜੇ ਦੂਰ । ਸਖਾ ਸਹਾਈ ਹਾਜ਼ਰ ਹਜ਼ੂਰ । ਆਸਾ ਮਨਸਾ ਕਰੇ ਪੂਰ । ਨਾਤਾ ਤੋੜੇ ਕੂੜੋ ਕੂੜ । ਮਸਤਕ ਟਿੱਕਾ ਬਖ਼ਸ਼ੇ ਸਾਚੀ ਧੂੜ । ਚਤੁਰ ਸੁਘੜ ਬਣਾਏ ਮੂਰਖ ਮੂੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਾਏ ਕਾਗ ਹੰਸ, ਗੁਰਮੁਖ ਸੋਹੇ ਬੰਸ ਸਰਬੰਸ, ਹਰਿ ਸੰਗਤ ਬਣਾਏ ਆਪਣੀ ਅੰਸ, ਵਿਸ਼ਨੂੰ ਵੰਸੀ ਬੰਸ ਚਲਾਈਆ । ਕੋਟਨ ਕੋਟ ਜੁਗ ਬੀਤੇ ਸਹੰਸ, ਕੋਟਨ ਕੋਟ ਕ੍ਰਿਸ਼ਨਾ ਮਾਰੇ ਕੰਸ, ਕੋਟਨ ਕੋਟ ਰਾਮਾ ਚੁੱਕੇ ਧਨੁਸ਼, ਕੋਟਨ ਕੋਟ ਬਾਵਨ ਰੱਖਣ ਅੰਕ, ਅਸੰਖ ਅਸੰਖ ਬ੍ਰਹਮਾ ਵਿਸ਼ਨ ਸ਼ਿਵ ਨੈਣ ਰੋ ਰੋ ਪੇਖ ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਏਕੰਕਾਰਾ ਇਕ ਬੇਅੰਤ, ਲੇਖੇ ਲਾਏ ਗੁਰਮੁਖ ਸੰਤ, ਆਪ ਬਣਾਈ ਕਲਜੁਗ ਸਾਚੀ ਬਣਤ, ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਆਨ ਅੰਜੀਲ ਕੁਰਾਨ ਖਾਣੀ ਬਾਣੀ ਮਹਿਮਾ ਜਾਣੇ ਅਗਣਤ, ਅਕਲ ਕਲਾ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅੰਞਾਣੇ ਗ਼ਰੀਬ ਨਿਮਾਣੇ, ਗੁਰਸਿਖ ਆਪਣੀ ਗੋਦ ਉਠਾਈਆ ।



ਆਦਿ ਜੁਗਾਦੀ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਆਪਣੀ ਧਾਰਾ ਆਪੇ ਬੋਲ, ਆਪੇ ਹਰਿ ਸੁਣਾਇੰਦਾ । ਆਪਣੀ ਵਸਤ ਆਪੇ ਲਏ ਵਰੋਲ, ਆਪੇ ਵੇਖ ਵਖਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਆਪੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਤਰਾਨਾ ਇਕ ਵਖਾਇੰਦਾ । ਤੋਲਣਹਾਰਾ ਪੁਰਖ ਸੁਲਤਾਨ, ਏਕਾ ਏਕੰਕਾਰਿਆ । ਆਪਣੇ ਕੰਡੇ ਚਾੜ੍ਹੇ ਦੋ ਜਹਾਨ, ਲੋਆਂ ਪੁਰੀਆਂ ਦਏ ਹੁਲਾਰਿਆ । ਜੁਗਾ ਜੁਗੰਤਰ ਖੇਲ ਮਹਾਨ, ਪ੍ਰਗਟ ਹੋਏ ਵਿਚ ਸੰਸਾਰਿਆ । ਲੱਖ ਚੁਰਾਸੀ ਕਰ ਪਛਾਣ, ਗੁਰਮੁਖ ਸਾਚੇ ਲਏ ਉਭਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਤੋਲਾ ਨਾਉਂ ਧਰਾ ਰਿਹਾ । ਤੋਲਾ ਤੋਲੇ ਤੋਲਣਹਾਰਾ, ਏਕਾ ਕੰਡਾ ਤੁਲਾਈਆ । ਸਚ ਭੰਡਾਰਾ ਖੋਲ੍ਹੇ ਖੋਲ੍ਹਣਹਾਰਾ, ਸਚਖੰਡ ਦੁਵਾਰੇ ਸੋਭਾ ਪਾਈਆ । ਏਕਾ ਢੋਲਾ ਬੋਲੇ ਬੋਲਣਹਾਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਪਾਰਬ੍ਰਹਮ ਪ੍ਰਭ ਦਏ ਹੁਲਾਰਾ, ਹੰ ਹੰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕੰਡਾ ਆਪ ਉਠਾਈਆ । ਆਪਣਾ ਕੰਡਾ ਹੱਥ ਫੜ, ਆਪੇ ਵੇਖ ਵਖਾਇੰਦਾ । ਆਪਣੇ ਆਸਣ ਬੈਠਾ ਚੜ੍ਹ, ਪੁਰਖ ਅਬਿਨਾਸ਼ੀ ਖੇਲ ਖਲਾਇੰਦਾ । ਆਪਣੀ ਧੜ ਆਪ ਕਰ, ਦੋ

ਜਹਾਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਤਰਾਜ਼ੂ ਬਣਤ ਬਣਾਇੰਦਾ । ਸਚ ਤਰਾਜ਼ੂ ਬਣਾਏ ਤੱਕੜ, ਹਰਿ ਆਪਣੀ ਕਲ ਵਰਤਾਈਆ । ਖੇਲੇ ਖੇਲ ਕਲਜੁਗ ਅੰਤਮ ਛੇਕੜ, ਘਰ ਬੈਠਾ ਬੇਪਰਵਾਹੀਆ । ਲਿਖਣਹਾਰਾ ਸਾਚਾ ਲੇਖ, ਲੇਖਾ ਲਿਖਿਆ ਫੋਲ ਫੁਲਾਇੰਦਾ । ਆਪੇ ਲੱਖ ਚੁਰਾਸੀ ਲੋਕਮਾਤ ਲਾਏ ਝੱਖੜ, ਆਪੇ ਦਏ ਉਖੜਾਈਆ । ਆਪੇ ਮਾਇਆ ਮਮਤਾ ਪਾਏ ਭਰਮ ਭੁਲੇਖੜ, ਆਪੇ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਣਤ ਆਪ ਬਣਾਈਆ । ਸਾਚੀ ਹਰਿ ਹਰਿ ਬਣਤ ਬਣਾਏ, ਆਪਣਾ ਖੇਲ ਖਿਲਾਇੰਦਾ । ਏਕਾ ਡੰਡਾ ਨਾਮ ਰਖਾਏ, ਬ੍ਰਹਿਮੰਡਾਂ ਵੇਖ ਵਖਾਇੰਦਾ । ਤ੍ਰੈ ਤ੍ਰੈ ਲੋਕਾਂ ਲਾਸਾ ਪਾਏ, ਸਚ ਤਰਾਜ਼ੂ ਬਣਤ ਬਣਾਇੰਦਾ । ਥਿਰ ਘਰ ਵਾਸੀ ਬੋਦੀ ਇਕ ਰਖਾਏ, ਸੋਹੰ ਹੋੜਾ ਨਾਲ ਰਲਾਇੰਦਾ । ਕਲਜੁਗ ਸਤਿਜੁਗ ਛਾਬਾ ਵੇਖ ਵਖਾਏ, ਦੋਹਾਂ ਵੰਡ ਵੰਡਾਇੰਦਾ । ਲੱਖ ਚੁਰਾਸੀ ਜਗਤ ਅਨਾਜਾ ਆਪੇ ਗਾਹੇ, ਆਪੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਇੰਦਾ । ਲੱਖ ਚੁਰਾਸੀ ਵੇਖੇ ਦਾਨਾ, ਹਰਿ ਹਰਿ ਬਣਤ ਬਣਾਈਆ । ਪਾਰਬ੍ਰਹਮ ਸ੍ਰੀ ਭਗਵਾਨਾ, ਵਡ ਦਾਤਾ ਬੇਪਰਵਾਹੀਆ । ਤੋਲਣਹਾਰਾ ਸੁਘੜ ਸਿਆਣਾ, ਏਕਾ ਏਕ ਸੱਚਾ ਧੜਵਾਈਆ । ਆਪੇ ਗਾਏ ਏਕਾ ਗਾਣਾ, ਆਪਣੀ ਧਾਰਨ ਆਪ ਚਲਾਈਆ । ਲੱਖ ਚੁਰਾਸੀ ਜੀਵ ਜੰਤ ਕਰ ਪਛਾਣਾ, ਆਪਣੇ ਕੰਡੇ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਬੇਪਰਵਾਹੀਆ । ਲੱਖ ਚੁਰਾਸੀ ਕਲਜੁਗ ਰਾਸ, ਹਰਿ ਸਾਚੇ ਆਪ ਭਰਾਈਆ । ਆਪੇ ਵੇਖੇ ਖੇਲ ਤਮਾਸ਼, ਆਪੇ ਰਚਨ ਰਚਾਈਆ । ਆਪੇ ਕਰੇ ਪੂਰੀ ਆਸ, ਆਪਣੀ ਭਿਛਿਆ ਝੋਲੀ ਪਾਈਆ । ਆਪੇ ਲੇਖਾ ਜਾਣੇ ਦਸ ਦਸ ਮਾਸ, ਦਹਿ ਦਿਸ਼ਾ ਵੇਖ ਵਖਾਈਆ । ਆਪੇ ਲੇਖਾ ਲਿਖੇ ਪ੍ਰਿਥਮੀ ਅਕਾਸ਼, ਗਗਨ ਪਤਾਲਾਂ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਹੋਈ ਤਿਆਰ, ਅੰਤਮ ਫਲ ਪਕਾਈਆ । ਆਪਣੀ ਹਾੜ੍ਹੀ ਵੱਢੇ ਆਪਣੀ ਵਾਰ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਖੇਤੀ ਖੇਤ ਨਾ ਖਾਏ ਵਾੜ, ਪਹਿਰੇਦਾਰ ਭੇਵ ਨਾ ਰਾਈਆ । ਵੇਖੇ ਪਤਾ ਜੰਗਲ ਜੂਹ ਉਜਾੜ ਪਹਾੜ, ਅਠਾਰਾਂ ਭਾਰ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕੰਡਾ ਹੱਥ ਉਠਾਈਆ । ਤੋਲਣਹਾਰ ਹਰਿ ਬ੍ਰਹਿਮੰਡ, ਆਪਣੇ ਕੰਡੇ ਆਪੇ ਪਾਇੰਦਾ । ਆਪੇ ਲੋਆਂ ਪੂਰੀਆਂ ਵੰਡੇ ਵੰਡ, ਆਪਣਾ ਹਿੱਸਾ ਆਪ ਵੰਡਾਇੰਦਾ । ਆਪੇ ਨੌ ਖੰਡ ਪ੍ਰਿਥਮੀ ਕਰੇ ਖੰਡ ਖੰਡ, ਅੰਗ ਭੰਗ ਆਪ ਕਰਾਇੰਦਾ । ਆਪੇ ਵੇਖਣਹਾਰਾ ਭੇਖ ਪਖੰਡ, ਜੂਠਾ ਝੂਠਾ ਆਪ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਆਪੇ ਤੱਕੜੀ ਆਪੇ ਛਾਬਾ, ਆਪੇ ਕੰਡਾ ਨਾਮ ਉਠਾਈਆ । ਆਪੇ ਤੋਲੇ ਦੋ ਦੋ ਆਬਾ, ਆਪ ਆਪਣਾ ਭਾਰ ਵੰਡਾਈਆ । ਆਪੇ ਗਿਣਤੀ ਗਿਣੇ ਹੱਕ ਜਨਾਬਾ, ਆਪਣਾ ਲੇਖਾ ਆਪ ਗਿਣਾਈਆ । ਆਪੇ ਵਸੇ ਕਵਲ ਨਾਭਾ, ਆਪੇ ਵਿਸ਼ਵ ਕਰੇ ਰੁਸ਼ਨਾਈਆ । ਆਪੇ ਸ਼ੰਕਰ ਮਾਰੇ ਦਾਬਾ, ਆਪ ਆਪਣਾ ਹੁਕਮ ਸੁਣਾਈਆ । ਆਪੇ ਚਰਨ ਘੋੜੇ ਦੇ ਰਕਾਬਾ, ਲੋਆਂ ਪੁਰੀਆਂ ਆਪ ਦੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਤੀ ਵੇਖ ਵਖਾਈਆ । ਆਪੇ ਪਵਣ ਆਪ ਅਸਵਾਰਾ, ਆਪੇ ਘੋੜਾ ਨਾਮ ਦੌੜਾਇੰਦਾ । ਆਪੇ ਜਲ ਅਗਨੀ ਵਸੇ ਧਾਰਾ, ਆਪੇ ਤੱਤਵ ਤੱਤ ਰਖਾਇੰਦਾ । ਆਪੇ ਮੇਘ

੯੬੦
੦੮

ਬਰਸੇ ਅਪਰ ਅਪਾਰਾ, ਆਪੇ ਛਹਿਬਰ ਲਾਇੰਦਾ । ਆਪੇ ਸੱਤ ਸਮੁੰਦਰ ਵਿਰੋਲੇ ਏਕ ਏਕੰਕਾਰਾ, ਆਪੇ ਛਾਛ ਵਖਾਇੰਦਾ । ਆਪੇ ਚੌਦਾਂ ਰਤਨਾਂ ਕੱਢੇ ਬਾਹਰਾ, ਨਾਮ ਮਧਾਣਾ ਏਕਾ ਪਾਇੰਦਾ । ਆਪੇ ਹੋਏ ਅੰਨ ਦਾਨਾ, ਪੀਣਾ ਖਾਣਾ ਆਪ ਅਖਵਾਇੰਦਾ । ਆਪੇ ਰਾਜਾ ਆਪੇ ਰਾਣਾ, ਆਪੇ ਹੁਕਮ ਚਲਾਇੰਦਾ । ਆਪੇ ਤਖ਼ਤ ਤਾਜ ਸੁਹਾਨਾ, ਆਪੇ ਸੀਸ ਜਗਦੀਸ਼ ਇਕ ਵਖਾਇੰਦਾ । ਆਪੇ ਵੰਞ ਆਪ ਮੁਹਾਣਾ, ਆਪਣਾ ਬੇੜਾ ਆਪ ਚਲਾਇੰਦਾ । ਆਪੇ ਸੁਘੜ ਆਪ ਸਿਆਣਾ, ਮੂਰਖ ਮੂੜ੍ਹ ਆਪ ਅਖਵਾਇੰਦਾ । ਆਪੇ ਰਾਗ ਆਪੇ ਗਾਣਾ, ਆਪੇ ਨਾਦ ਵਜਾਇੰਦਾ । ਆਪੇ ਪੇਟਾ ਆਪੇ ਤਾਣਾ, ਆਪੇ ਸੂਤਰ ਵਟ ਚੜ੍ਹਾਇੰਦਾ । ਆਪੇ ਵਸੇ ਦੋ ਜਹਾਨਾਂ, ਆਪੇ ਸਚਖੰਡ ਡੇਰਾ ਲਾਇੰਦਾ । ਆਪੇ ਲੱਖ ਚੁਰਾਸੀ ਹੋ ਪਰਧਾਨਾ, ਆਪਣਾ ਮੰਗਲ ਗਾਇੰਦਾ । ਆਪੇ ਜੋਧਾ ਸੂਰਬੀਰ ਬਲੀ ਬਲਵਾਨਾ, ਆਪੇ ਚਿੱਲਾ ਹੱਥ ਉਠਾਇੰਦਾ । ਆਪੇ ਖਿਚੇ ਨਾਮ ਕਮਾਨਾ, ਇਕ ਨਿਸ਼ਾਨਾ ਨਾਮ ਲਗਾਇੰਦਾ । ਆਪੇ ਖਾਣੀ ਆਪੇ ਬਾਣੀ ਆਪੇ ਹੋਏ ਜਾਣੀ ਜਾਣਾ, ਭੇਵ ਅਭੇਦਾ ਆਪ ਛੁਪਾਇੰਦਾ । ਆਪੇ ਤਰਵਰ ਸਰਵਰ ਪੰਖੀ ਵੇਖੇ ਰੋ ਰੋ ਦੋ ਜਹਾਨਾ, ਆਪ ਆਪਣਾ ਖੇਲ ਖਲਾਇੰਦਾ । ਆਪੇ ਕਥਾ ਅਕੱਥ ਕਹਾਣਾ, ਆਪ ਆਪਣੀ ਆਪੇ ਗਾਇੰਦਾ । ਆਪੇ ਰਾਜਾ ਆਪੇ ਰਾਣਾ, ਆਪੇ ਦਰ ਦਰਬਾਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਿਰਿਆ ਆਪੇ ਵੇਖ ਵਖਾਇੰਦਾ । ਆਪਣੀ ਕਿਰਿਆ ਆਪੇ ਵੇਖੇ, ਆਪੇ ਰਚਨ ਰਚਾਇੰਦਾ । ਆਪੇ ਲਿਖਣਹਾਰਾ ਲੇਖੇ, ਆਪੇ ਲੇਖ ਮਿਟਾਇੰਦਾ । ਆਪੇ ਹੋਏ ਧਾਰੀ ਕੇਸੇ, ਆਪੇ ਮੂੰਡ ਮੁੰਡਾਇੰਦਾ । ਆਪੇ ਨਰ ਆਪੇ ਨਰੇਸ਼ੇ, ਆਪੇ ਰਈਅਤ ਨਾਮ ਧਰਾਇੰਦਾ । ਆਪੇ ਹੋਏ ਦਰ ਦਰਵੇਸ਼ੇ, ਆਪੇ ਅਲੱਖ ਜਗਾਇੰਦਾ । ਆਪੇ ਬ੍ਰਹਮਾ ਵਿਸ਼ਨ ਮਹੇਸ਼ੇ, ਗਣਪਤ ਪੂਜਾ ਆਪ ਕਰਾਇੰਦਾ । ਆਦਿ ਅੰਤ ਆਦਿ ਨਿਰੰਜਣ ਆਪੇ ਵੇਖੇ, ਪਾਰਬ੍ਰਹਮ ਨਾਉਂ ਧਰਾਇੰਦਾ । ਆਪੇ ਪਾਏ ਭਰਮ ਭੁਲੇਖੇ, ਅਭੁੱਲ ਅਭੁੱਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਆਪੇ ਮੁਲਾ ਸ਼ੇਖ਼ ਮੁਸਾਇਕ ਪੀਰ, ਆਪੇ ਹਾਜ਼ੀ ਹੱਜ ਗੁਜ਼ਾਰੀਆ । ਆਪੇ ਦੇਵਣਹਾਰਾ ਧੀਰ, ਆਪੇ ਬਿਰਹੋਂ ਲਾਏ ਤੀਰ ਤੇਜ਼ ਕਟਾਰੀਆ । ਆਪੇ ਕੱਟਣਹਾਰਾ ਪੀੜ, ਆਪੇ ਵੇਖੇ ਹਉਮੇ ਰੋਗ ਬੀਮਾਰੀਆ । ਆਪੇ ਤੋੜਣਹਾਰ ਜੰਜ਼ੀਰ, ਆਪੇ ਲੱਖ ਚੁਰਾਸੀ ਕਰੇ ਖਵਾਰੀਆ । ਆਪੇ ਦੇਵੇ ਠੰਡਾ ਸੀਰ, ਅੰਮ੍ਰਿਤ ਧਾਰਾ ਆਪ ਚੁਆ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾ ਲਿਆ । ਆਪੇ ਜੋਧਾ ਸੂਰਬੀਰ ਬਲਕਾਰ, ਬਲਧਾਰੀ ਨਾਉਂ ਰਖਾਇੰਦਾ । ਆਪੇ ਗੁਰ ਪੀਰ ਅਵਤਾਰ, ਸਾਧ ਸੰਤ ਆਪ ਹੋ ਜਾਇੰਦਾ । ਆਪੇ ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਆਪ ਉਪਜਾਇੰਦਾ । ਆਪੇ ਪੁਰਖ ਪ੍ਰਖੋਤਮ ਬਣ ਬਣ ਨਾਰ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਕੰਤ ਹੋਏ ਭਤਾਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਮਹੱਲ ਅਟੱਲ ਲਏ ਉਸਾਰ, ਆਪੇ ਆਸਣ ਲਾਇੰਦਾ । ਆਪੇ ਜਗਮਗ ਜੋਤ ਕਰੇ ਉਜਿਆਰ, ਨਿਰਗੁਣ ਦੀਵਾ ਬਾਤੀ ਇਕ ਰਖਾਇੰਦਾ । ਆਪੇ ਕਮਲਾਪਾਤੀ ਮੀਤ ਮੁਰਾਰ, ਆਪਣਾ ਸੰਗ ਨਿਭਾਇੰਦਾ । ਆਪੇ ਅੰਮ੍ਰਿਤ ਬੂੰਦ ਸਵਾਂਤੀ, ਦੇਵੇ ਠੰਡੀ ਠਾਰ, ਸਾਂਤਕ ਸਤਿ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਦਰ ਡੇਰਾ ਲਾਇੰਦਾ । ਆਪੇ ਮੰਦਰ ਆਪੇ ਤਾਕੀ, ਆਪੇ ਖੋਲ੍ਹ ਵਖਾਇੰਦਾ । ਆਪੇ ਜਾਮ ਆਪੇ ਸਾਕੀ, ਆਪੇ ਨਾਮ ਪਿਆਲਾ ਪਿਆਇੰਦਾ । ਆਪੇ ਦੇਵੇ ਲਹਿਣਾ ਦੇਣਾ ਬਾਕੀ, ਆਪੇ ਪਿਛਲਾ ਮੂਲ ਚੁਕਾਇੰਦਾ । ਆਪੇ ਮਾਟੀ ਹੋਏ

੯੬੧
੦੮

ਖ਼ਾਕੀ, ਆਪੇ ਖ਼ਾਕੀ ਖ਼ਾਕ ਰਮਾਇੰਦਾ । ਆਪੇ ਕਰੇ ਆਪਣੀ ਆਪ ਚਲਾਕੀ, ਭੇਵ ਅਭੇਦਾ ਭੇਵ ਛੁਪਾਇੰਦਾ । ਆਪੇ ਚੜ੍ਹੇ ਆਪਣੇ ਰਾਕੀ, ਆਪਣਾ ਘੋੜਾ ਆਪ ਦੌੜਾਇੰਦਾ । ਆਪੇ ਬੈਠੇ ਮਾਰ ਪਲਾਕੀ, ਆਪਣਾ ਆਸਣ ਆਪ ਸੁਹਾਇੰਦਾ । ਆਪੇ ਜਾਣੇ ਭਵਿਖਤ ਵਾਕੀ, ਵੇਦ ਪੁਰਾਨ ਕੋਈ ਨਾ ਗਾਇੰਦਾ । ਆਪੇ ਨਿਰਧਨ ਆਪੇ ਆਕੀ, ਆਪੇ ਆਪਣਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਿਰਿਆ ਵੇਖ ਵਖਾਇੰਦਾ । ਆਪੇ ਖੜਗ ਖੰਡਾ ਤਲਵਾਰ, ਤਿਖੀ ਧਾਰ ਆਪ ਹੋ ਜਾਈਆ । ਆਪੇ ਬਰਛੀ ਤੇਜ਼ ਕਟਾਰ, ਹੱਥ ਤ੍ਰਸੂਲ ਆਪ ਉਠਾਈਆ । ਆਪੇ ਸੰਖ ਨਾਦ ਜੈਕਾਰ, ਆਪੇ ਦੁਰਗਾ ਇਸ਼ਟ ਮਨਾਈਆ । ਆਪੇ ਖੇਲ ਕਰੇ ਕਰਤਾਰ, ਆਪਣੀ ਕਲ ਆਪ ਵਰਤਾਈਆ । ਆਪੇ ਜੁਗਾ ਜੁਗੰਤਰ ਹੋ ਤਿਆਰ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਆਪੇ ਵੇਸ ਵੇਸ ਅਵੱਲਾ, ਹਰਿ ਹਰਿ ਆਪ ਕਰਾਇੰਦਾ । ਆਪੇ ਰਾਮ ਆਪੇ ਨਾਮ ਆਪੇ ਸ਼ਾਮ, ਆਪੇ ਅੱਲਾ ਰੂਪ ਵਖਾਇੰਦਾ । ਆਪੇ ਪਿਆਏ ਆਪਣਾ ਜਾਮ, ਆਪੇ ਮੇਟਣਹਾਰਾ ਸਲਾ, ਆਪੇ ਮਾਰਗ ਪਾਇੰਦਾ । ਆਪੇ ਨਗਰ ਆਪ ਗਰਾਮ, ਆਪੇ ਵਸੇ ਸਚ ਮਹੱਲਾ, ਸਾਚਾ ਖੇੜਾ ਆਪ ਵਸਾਇੰਦਾ । ਆਪੇ ਜਲਾ ਆਪੇ ਥਲਾ, ਆਪੇ ਜੋਤੀ ਜੋਤ ਬਲਾ, ਆਪੇ ਜਾਣੇ ਆਪਣਾ ਝੇੜਾ, ਆਪਣਾ ਗੇੜਾ ਆਪ ਦੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਆਪੇ ਵੇਖੇ ਆਪੇ ਲੇਖੇ, ਆਪੇ ਲੇਖ ਲਿਖਾਈਆ । ਆਪੇ ਨਾਨਕ ਗੋਬਿੰਦ ਦਸ ਦਸਮੇਸੇ, ਆਪੇ ਜੋਤ ਜਗਾਈਆ । ਆਪੇ ਆਦਿ ਜੁਗਾਦਿ ਰਹੇ ਹਮੇਸ਼ੇ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਆਪੇ ਕਰ, ਆਪਣਾ ਵੇਸ ਵਟਾਇਆ । ਨਾਮ ਤਰਾਜ਼ੂ ਹੱਥ ਵਿਚ ਫੜ, ਲੋਕਮਾਤ ਉਠ ਧਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਅੱਖਰ ਆਪੇ ਪੜ੍ਹ, ਜੀਵਾਂ ਜੰਤਾਂ ਰਿਹਾ ਸੁਣਾਇਆ । ਅਗਨੀ ਹਵਨ ਨਾ ਗਿਆ ਸੜ, ਮੜ੍ਹੀ ਗੋਰ ਨਾ ਕੋਈ ਦਬਾਇਆ । ਸਾਚੇ ਪੌੜੇ ਬੈਠਾ ਚੜ੍ਹ, ਦਿਸ ਕਿਸੇ ਨਾ ਆਇਆ । ਨਾ ਕੋਈ ਸੀਸ ਨਾ ਕੋਈ ਧੜ, ਧਰਨੀ ਧਰਤ ਧਵਲ ਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਵਖਾਇਆ । ਲੱਖ ਚੁਰਾਸੀ ਆਪੇ ਫੋਲ, ਆਪੇ ਮੁੱਲ ਪੁਆਇੰਦਾ । ਆਪੇ ਕੰਡੇ ਦੇਵੇ ਤੋਲ, ਆਪੇ ਧਾਰ ਸੁਣਾਇੰਦਾ । ਕਲਜੁਗ ਛਾਛ ਰਿਹਾ ਵਿਰੋਲ, ਗੁਰਮੁਖ ਮੱਖਣ ਬਾਹਰ ਕਢਾਇੰਦਾ । ਪਹਿਲੀ ਵਸਤ ਰੱਖੇ ਕੋਲ, ਕਿਸੇ ਛਾਬੇ ਵਿਚ ਨਾ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਤ੍ਰੈਗੁਣ ਮਾਇਆ ਮਾਰੇ ਧਾਹ, ਵੇਲਾ ਅੰਤਮ ਆਇਆ । ਕੰਡਾ ਫੜਿਆ ਬੇਪਰਵਾਹ, ਵੱਟਾ ਵਿਚ ਨਾ ਕੋਈ ਰਖਾਇਆ । ਪੰਚ ਵਿਕਾਰਾ ਨਾਲ ਲਏ ਰਲਾ, ਹੌਲਾ ਭਾਰ ਆਪ ਜਣਾਇਆ । ਸਗਲਾ ਸਾਥੀ ਕਰ ਕਰ ਨਾ, ਬੈਠਾ ਮੁਖ ਭੁਵਾਇਆ । ਕਲਜੁਗ ਅੰਤਮ ਬਣਿਆ ਕਾਂ, ਕਾਗੀ ਕਾਗ ਉਡਾਇਆ । ਮੁਹੰਮਦ ਨਾ ਦੇਵੇ ਕੋਈ ਥਾਂ, ਸਦੀ ਚੌਧਵੀਂ ਵੇਖ ਵਖਾਇਆ । ਅੱਲ੍ਹਾ ਰਾਣੀ ਕਰ ਕਰ ਨਾ, ਮੁਖ ਪੱਲੂ ਰਹੀ ਪਾਇਆ । ਖੇਲੇ ਖੇਲ ਅਗੰਮ ਅਥਾਹ, ਭੇਵ ਕੋਈ ਨਾ ਰਾਇਆ । ਏਕਾ ਛਾਬੇ ਦੇਵੀਂ ਪਾ, ਨਬੀ ਰਸੂਲਾਂ ਲਏ ਚੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕੰਡਾ ਤੋਲ ਤਰਾਜ਼ੂ, ਆਪੇ ਤੋਲਣ ਆਇਆ । ਤੋਲਣਹਾਰਾ ਨਾਨਕ ਗਾਏ, ਤੇਰਾਂ ਧਾਰ

੯੬੩
੦੮

ਚਲਾਈਆ । ਕਲਜੁਗ ਅੰਤਮ ਫੇਰਾ ਪਾਏ, ਆਪਣਾ ਵੇਸ ਵਟਾਈਆ । ਬ੍ਰਹਿਮੰਡਾਂ ਖੰਡਾਂ ਆਪ ਉਠਾਏ, ਸੋਇਆ ਕੋਈ ਰਹਿਣ ਨਾ ਪਾਈਆ । ਗੁਣ ਅਵਗੁਣ ਵੱਖ ਵੱਖ ਕਰਾਏ, ਕਲਜੁਗ ਸਾਚੀ ਵੰਡ ਵੰਡਾਈਆ । ਦੂਸਰ ਨਾ ਕੋਈ ਸੰਗ ਰਲਾਏ, ਨਾ ਕੋਈ ਦਏ ਗਵਾਹੀਆ । ਸਾਲਸ ਬਣ ਕੇ ਆਪੇ ਆਏ, ਏਕ ਏਕੰਕਾਰਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਰ ਆਪ ਉਠਾਈਆ । ਕਲਜੁਗ ਤੋਲੇ ਸਾਚਾ ਭਾਰ, ਸਚ ਸੱਚਾ ਕਰਮ ਕਮਾਇੰਦਾ । ਲੱਖ ਚੁਰਾਸੀ ਕਰ ਤਿਆਰ, ਏਕਾ ਪਾਸੇ ਆਪ ਬਹਾਇੰਦਾ । ਦੂਸਰ ਪਾਸੇ ਖ਼ਬਰਦਾਰ, ਆਪਣਾ ਡੰਕ ਵਜਾਇੰਦਾ । ਗੁਰਮੁਖਾਂ ਦੀ ਚਰਨ ਧੂੜੀ ਦੇਵੇ ਡਾਰ, ਜਨਕ ਨੈਣ ਸ਼ਰਮਾਇੰਦਾ । ਕੋਟਨ ਕੋਟੀ ਜੋ ਕੱਢੇ ਬਾਹਰ, ਅੰਤਮ ਫੇਰ ਭਰਾਇੰਦਾ । ਕਲਜੁਗ ਤੇਰੀ ਸੁਣ ਪੁਕਾਰ, ਹਰਿ ਸੱਚਾ ਵੇਸ ਵਟਾਇੰਦਾ । ਏਕਾ ਧੱਕਾ ਦੇਵੇ ਮਾਰ, ਅਠਾਈ ਕੁੰਡਾਂ ਆਪ ਭਰਾਇੰਦਾ । ਅਠਾਰਾਂ ਕੁੰਡਾਂ ਉਤਰੇ ਦਸ, ਆਪਣੇ ਨਾਲ ਰਲਾਇੰਦਾ । ਆਪਣਾ ਛਾਬਾ ਦਏ ਹੁਲਾਰ, ਆਪਣਾ ਵਾਕ ਪੂਰ ਕਰਾਇੰਦਾ । ਲੱਖ ਚੁਰਾਸੀ ਕਰੇ ਆਰ ਪਾਰ ਵਿਚ ਸੰਸਾਰ, ਸਾਗਰ ਸਿੰਧ ਧਾਰ ਵਹਾਇੰਦਾ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਇਕ ਵਖਾਇੰਦਾ । ਫੜ ਫੜ ਬਾਹੋਂ ਕੱਢੇ ਬਾਹਰ, ਆਪ ਆਪਣੀ ਸੇਵ ਕਮਾਇੰਦਾ । ਕਲਜੁਗ ਤੇਰਾ ਘੋਰ ਅੰਧਿਆਰ, ਸਚ ਸੁੱਚ ਨਾ ਨਜ਼ਰੀ ਆਇੰਦਾ । ਪੰਡਤ ਪਾਂਧੇ ਮਸਤਕ ਲਲਾਟੀ ਲਾ ਲਾ ਗਏ ਹਾਰ, ਜੋਤ ਨਿਰੰਜਣ ਨਾ ਕੋਈ ਜਗਾਇੰਦਾ । ਤਨ ਜਨੇਊ ਕਰ ਸ਼ਿੰਗਾਰ, ਤਨ ਮਾਟੀ ਸਾਚਾ ਚੌਕਾ ਨਾ ਪੋਚ ਪੁਚਾਇੰਦਾ । ਝੂਠੀ ਹਾਟੀ ਵਣਜ ਵਪਾਰ, ਮਾਇਆ ਮਮਤਾ ਮੋਹ ਕਰਾਇੰਦਾ । ਸਾਧ ਸੰਤ ਗਏ ਹਾਰ, ਸਤਿ ਸੰਤੋਖ ਨਾ ਕੋਈ ਰਖਾਇੰਦਾ । ਨਾਰ ਦੁਹਾਗਣ ਹੋਈ ਮੁਟਿਆਰ, ਸੁਰਤ ਸੁਵਾਣੀ ਨਾ ਕੋਈ ਪ੍ਰਨਾਇੰਦਾ । ਕੁਆਰੀ ਕੰਨਿਆ ਕਰ ਸ਼ਿੰਗਾਰ, ਕਲਜੁਗ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਚਾਰੋਂ ਕੁੰਟ ਕਰੇ ਖ਼ੁਵਾਰ, ਨਾਮ ਡੰਡਾ ਹੱਥ ਉਠਾਇੰਦਾ । ਤੋਲਾ ਬਣਿਆ ਅਪਰ ਅਪਾਰ, ਹੌਲਾ ਭਾਰ ਆਪ ਤੁਲਾਇੰਦਾ । ਸੋਲਾਂ ਕਲਾਂ ਨਾ ਕੋਈ ਅਵਤਾਰ, ਅਕਲ ਕਲ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਤੋਲੇ ਆਪਣੀ ਧਾਰਨ, ਧਰਤ ਧਵਲ ਤੁਲਾਈਆ । ਪ੍ਰਿਥਮੀ ਅਕਾਸ਼ ਆਇਆ ਪੈਜ ਸਵਾਰਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਬ੍ਰਹਮਾ ਸ਼ਿਵ ਉਤਰਨ ਪਾਰਨ, ਆਪਣਾ ਘਾਟ ਵਖਾਈਆ । ਗੁਰਮੁਖਾਂ ਬੋਲੇ ਇਕ ਜੈਕਾਰਨ, ਏਕਾ ਨਾਅਰਾ ਲਾਈਆ । ਜਨ ਭਗਤਾਂ ਆਇਆ ਪੈਜ ਸਵਾਰਨ, ਲੋਕਮਾਤ ਵੱਡੀ ਵਡਿਆਈਆ । ਮਨਮੁਖ ਮਿਟੇ ਜੀਵ ਹੰਕਾਰਨ, ਲੰਕਾ ਗੜ੍ਹ ਤੁੜਾਈਆ । ਹਰਿਜਨ ਮੇਟੇ ਰੈਣ ਅੰਧੇਰੀ ਸ਼ਾਮਨ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਗੁਰਮੁਖਾਂ ਹੋਏ ਆਪੇ ਜ਼ਾਮਨ, ਰਾਏ ਧਰਮ ਨਾ ਦਏ ਸਜ਼ਾਈਆ । ਪੂਰੀ ਕਰੇ ਮਨੋ ਕਾਮਨ, ਪੂਰੀ ਇਛਿਆ ਆਪ ਕਰਾਈਆ । ਨਾ ਕੋਈ ਪੰਡਤ ਨਾ ਕੋਈ ਬ੍ਰਹਿਮਣ, ਨਾ ਕੋਈ ਸ਼ੱਤਰੀ ਸ਼ੂਦਰ ਵੈਸ਼ ਹੋਏ ਸ਼ਾਮਨ, ਸਾਖ਼ਯਾਤ ਨਿਰਗੁਣ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਚਾਰ ਵਰਨਾਂ ਏਕਾ ਤੋਲ ਤੁਲਾਈਆ । ਚਾਰ ਵਰਨ ਤੁਲੇ ਤੋਲ, ਹਰਿ ਸਾਚਾ ਆਪ ਤੁਲਾਇੰਦਾ । ਆਪ ਚੁਕਾਏ ਪਿਛਲਾ ਮੂਲ, ਲਹਿਣਾ ਕੋਈ ਰਹਿਣ ਨਾ ਪਾਇੰਦਾ । ਸਤਿਜੁਗ ਫੁਲਵਾੜੀ ਲਾਏ ਫਲ ਫੂਲ, ਨਾਮ ਕਿਆਰੀ ਇਕ ਬਿਜਾਇੰਦਾ । ਗੁਰਮੁਖ ਪੰਘੂੜਾ ਰਹੇ ਝੂਲ, ਸਤਿਗੁਰ ਸਾਚਾ ਆਪ ਝੁਲਾਇੰਦਾ । ਕਰੇ ਕਰਾਏ ਸੂਲੀਉਂ ਸੂਲ, ਸੂਲਾਂ ਸੱਬਰ ਹੇਠ

ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ, ਗੁਰਮੁਖਾਂ ਕਰੇ ਪਿਆਰ, ਸੋਹੰ ਬਸਤਰ ਸਾਚਾ ਗਹਿਣਾ ਕਲਜੁਗ ਜੀਆਂ ਦਿਸ ਨਾ ਆਏ, ਜਗਤ ਜੰਤਾਂ ਆਪਣੇ ਨੇਤਰ ਆਪ ਵਖਾਇੰਦਾ ।

ਸਰਬ ਪਰਵਾਰ ਲੱਗੇ ਲੇਖੇ, ਸਤਿਗੁਰ ਪੂਰਾ ਆਪ ਲਗਾਈਆ । ਬਾਲ ਅੰਞਾਣੇ ਕੱਢੇ ਭਰਮ ਭੁਲੇਖੇ, ਭਰਮ ਗੜ੍ਹ ਤੋੜ ਤੁੜਾਈਆ । ਬਿਧਨਾ ਮੇਟੇ ਲਿਖੀ ਰੇਖੇ, ਆਪਣਾ ਲੇਖਾ ਆਪ ਸੁਹਾਈਆ । ਚਰਨ ਲਗਾਈ ਮੁੱਛ ਦਾੜ੍ਹੀ ਕੇਸੇ, ਕੇਸ ਦਸਮੇਸ ਸੀਸ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਤਾ ਪੂਤ ਦਏ ਅਧਾਰ, ਲੇਖੇ ਲਾਏ ਸਰਬ ਪਰਵਾਰ, ਆਵਣ ਜਾਵਣ ਫੰਦ ਕਟਾਈਆ । ਗੁਰ ਪਰਵਾਰ ਹਰਿ ਕਾ ਬੇੜਾ, ਸਤਿਗੁਰ ਆਪ ਚਲਾਈਆ । ਜਨ ਭਗਤਾਂ ਵਸੇ ਨਗਰ ਖੇੜਾ, ਸਦ ਵੱਜਦੀ ਰਹੇ ਵਧਾਈਆ । ਕਰੇ ਕਰਾਏ ਹੱਕ ਨਿਬੇੜਾ, ਪਾਰਬ੍ਰਹਮ ਵੱਡੀ ਵਡਿਆਈਆ । ਵਸਣਹਾਰਾ ਦੂਰ ਨੇੜਾ, ਘਰ ਮੰਦਰ ਦਰਸ ਦਿਖਾਈਆ । ਗੁਰਮੁਖਾਂ ਰਖਾਏ ਖੁਲ੍ਹਾ ਵੇਹੜਾ, ਸਚਖੰਡ ਨਿਵਾਸੀ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਦਰਗਹਿ ਸਾਚੀ ਕਰੇ ਪਰਵਾਨ, ਮਾਤ ਗਰਭ ਫੇਰ ਨਾ ਆਈਆ ।



ਸੁਹੰਦੜਾ ਥਾਨ ਹਰਿ ਦਰਸ ਦਖਾਇਆ, ਸੰਗਤ ਸੰਗ ਰਲਾਈਆ । ਸ੍ਰੀ ਭਗਵਾਨ ਤਰਸ ਕਮਾਇਆ, ਕਲਜੁਗ ਅੰਤਮ ਮੇਲ ਮਿਲਾਈਆ । ਧਰਮ ਨਿਸ਼ਾਨ ਇਕ ਵਖਾਇਆ, ਘਟ ਮੰਦਰ ਰਿਹਾ ਝੁਲਾਈਆ । ਗੁਰਸਿਖ ਬਿਬਾਣ ਇਕ ਬਠਾਇਆ, ਸਤਿਗੁਰ ਪੂਰਾ ਰਿਹਾ ਉਡਾਈਆ । ਆਵਣ ਜਾਵਣ ਪੰਧ ਮੁਕਾਇਆ, ਜਿਸ ਜਨ ਬਖ਼ਸ਼ੀ ਸਚ ਸਰਨਾਈਆ । ਪੀਣ ਖਾਣ ਲੇਖੇ ਲਾਇਆ, ਗੁਰ ਸੰਗਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਕਲਜੁਗ ਆਪਣੀ ਕਰਨੀ ਕਰ, ਦਰ ਘਰ ਆਏ ਦਇਆ ਕਮਾਏ, ਆਵੇ ਜਾਵੇ ਫੇਰਾ ਪਾਈਆ ।

✪ ੫ ਭਾਦਰੋਂ ੨੦੧੯ ਬਿਕ੍ਰਮੀ ਮੰਗਲ ਸਿਘ ਦੇ ਘਰ ਪਿੰਡ ਸਾਰਿੰਗੜਾ ਜ਼ਿਲਾ ਅੰਮ੍ਰਿਤਸਰ ✪

ਆਦਿ ਜੁਗਾਦੀ ਏਕੰਕਾਰ, ਅਕਲ ਕਲਾ ਅਖਵਾਈਆ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰ, ਨੂਰੋ ਨੂਰ ਖ਼ੁਦਾਈਆ । ਆਦਿ ਨਿਰੰਜਣ ਜੋਤ ਉਜਿਆਰ, ਇਕ ਇਕੱਲਾ ਡਗਮਗਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪ ਆਪਣਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਦਿ ਨਿਰੰਜਣ ਪੁਰਖ ਅਬਿਨਾਸ਼ਾ, ਏਕਾ ਏਕ ਏਕੰਕਾਰਿਆ । ਆਦਿ ਜੁਗਾਦੀ

ਖੇਲੇ ਖੇਲ ਤਮਾਸ਼ਾ, ਜੁਗ ਜੁਗ ਮਾਤ ਲਏ ਅਵਤਾਰਿਆ । ਮੰਡਲ ਮੰਡਪ ਪਾਵੇ ਰਾਸਾ, ਗਗਨ ਗਗਨੰਤਰ ਆਪ ਸੁਹਾ ਰਿਹਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਜਲ ਥਲ ਮਹੀਅਲ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਮੇਟ ਮਿਟਾ ਰਿਹਾ । ਪਾਰਬ੍ਰਹਮ ਹਰਿ ਬੇਅੰਤ, ਆਦਿ ਜੁਗਾਦਿ ਸਮਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ ਮਹਿਮਾ ਅਗਣਤ, ਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਆਪੇ ਜਾਣੇ ਆਪਣੀ ਬਣਤ, ਘੜਣ ਭੰਨਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਸ ਵਟਾਇੰਦਾ । ਜੁਗਾ ਜੁਗੰਤਰ ਵੇਸ ਅਵੱਲਾ, ਹਰਿ ਸਾਚਾ ਆਪ ਕਰਾਇੰਦਾ । ਵਸਣਹਾਰਾ ਨੇਹਚਲ ਧਾਮ ਅਟੱਲਾ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਮੱਲਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਨਿਰਗੁਣ ਦੀਪਕ ਬਾਤੀ ਆਪੇ ਬਲਾ, ਪ੍ਰਕਾਸ਼ ਪ੍ਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਆਪ ਅਖਵਾਇੰਦਾ । ਕਰਨੀ ਕਰਤਾ ਹਰਿ ਕਰਤਾਰ, ਏਕਾ ਏਕ ਅਖਵਾਇਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਇਆ । ਨਿਰਗੁਣ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜੋਤ ਨੂਰ ਡਗਮਗਾਇਆ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਖੇਲ ਨਿਆਰ, ਆਪ ਆਪਣਾ ਲਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦੀਪਕ ਆਪ ਜਗਾਇਆ । ਆਪੇ ਦੀਪਕ ਆਪੇ ਜੋਤੀ, ਆਪੇ ਨੂਰੋ ਨੂਰ ਸਮਾਈਆ । ਆਪੇ ਸਚਖੰਡ ਦੁਵਾਰੇ ਚੜ੍ਹਿਆ ਚੋਟੀ, ਆਪ ਆਪਣਾ ਆਸਣ ਲਾਈਆ । ਆਪੇ ਫੜੇ ਆਪਣੀ ਸੋਟੀ, ਆਪਣਾ ਡੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਨਾਉਂ ਧਰਾਈਆ । ਦੀਨ ਦਿਆਲਾ ਦੀਨਾਂ ਨਾਥ, ਅਕਲ ਕਲਾ ਕਲ ਧਾਰੀਆ । ਆਪੇ ਆਪਣਾ ਰੱਖੇ ਸਾਥ, ਆਪ ਆਪਣਾ ਸੰਗ ਨਿਭਾ ਰਿਹਾ । ਜੁਗਾ ਜੁਗੰਤਰ ਚਲਾਏ ਰਾਥ, ਰਥ ਰਥਵਾਹੀ ਵੇਸ ਵਟਾ ਰਿਹਾ । ਆਪੇ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲਹਿਣਾ ਆਪ ਚੁਕਾ ਰਿਹਾ । ਆਪ ਚਲਾਏ ਆਪਣੀ ਗਾਥ, ਆਪਣਾ ਮੰਤਰ ਆਪ ਦ੍ਰਿੜ੍ਹਾ ਰਿਹਾ । ਆਪੇ ਪੂਜਾ ਆਪੇ ਪਾਠ, ਇਸ਼ਟ ਗੁਰਦੇਵ ਆਪ ਉਪਾ ਰਿਹਾ । ਆਪੇ ਸਰ ਸਰੋਵਰ ਮਾਰੇ ਠਾਠ, ਜਲਧਾਰਾ ਆਪ ਸਮਾ ਰਿਹਾ । ਆਪੇ ਵਿਕੇ ਆਪਣੇ ਹਾਟ, ਆਪਣੀ ਕੀਮਤ ਆਪੇ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਏਕ ਏਕੰਕਾਰ, ਖੇਲੇ ਖੇਲ ਅਗੰਮ ਅਪਾਰ, ਭੇਵ ਕੋਈ ਨਾ ਆ ਰਿਹਾ । ਭੇਵ ਅਭੇਦ ਪੁਰਖ ਅਕਾਲ, ਹਰਿ ਵਡ ਵੱਡੀ ਵਡਿਆਈਆ । ਨਿਰਗੁਣ ਜੋਤੀ ਦੀਪਕ ਬਾਲ, ਆਪਣੀ ਆਪ ਕਰੇ ਰੁਸ਼ਨਾਈਆ । ਸਚਖੰਡ ਵਸਾਏ ਸਚੀ ਧਰਮਸਾਲ, ਨਿਰਗੁਣ ਦਾਤਾ ਬੇਪਰਵਾਹੀਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਰਵ ਸਸ ਨਾ ਕੋਈ ਸਤਾਰ, ਮੰਡਲ ਮੰਡਪ ਨਾ ਆਪ ਸੁਹਾਈਆ । ਗਗਨ ਪਤਾਲ ਨਾ ਕੋਈ ਧਾਰ, ਪ੍ਰਿਥਮੀ ਅਕਾਸ਼ ਨਾ ਨਾਉਂ ਧਰਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਅਹਾਰ, ਤ੍ਰੈਗੁਣ ਨਾਤਾ ਨਾ ਜੋੜ ਜੁੜਾਈਆ । ਪੰਚਮ ਤੱਤ ਨਾ ਕੋਈ ਅਧਾਰ, ਲੱਖ ਚੁਰਾਸੀ ਨਾ ਰਚਨ ਰਚਾਈਆ । ਜੰਗਲ ਜੂਹ ਨਾ ਕੋਈ ਪਹਾੜ, ਡੂੰਘੀ ਗਾਰ ਨਾ ਕੋਈ ਵਖਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਨਾ ਦਿਸੇ ਕੋਈ ਸਿਕਦਾਰ, ਹੁਕਮੀ ਹੁਕਮ ਨਾ ਕੋਈ ਫਿਰਾਈਆ । ਸ਼ਸਤਰ ਬਸਤਰ ਨਾ ਦੀਸੇ ਕੋਈ ਸ਼ਾਹ ਅਸਵਾਰ, ਅਸਵ ਘੋੜਾ ਨਾ ਕੋਈ ਦੁੜਾਈਆ । ਸੋਲਾਂ ਕਲੀਆਂ ਨਾ ਕੋਈ ਸ਼ਿੰਗਾਰ,

੯੬੫
੦੮

ਆਸਣ ਸਿੰਘਾਸਣ ਨਾ ਕੋਈ ਵਿਛਾਈਆ । ਗੁਰ ਪੀਰ ਸਾਧ ਸੰਤ ਨਾ ਕੋਈ ਅਵਤਾਰ, ਬ੍ਰਹਮਾ ਵੇਦ ਨਾ ਕੋਈ ਪੜ੍ਹਾਈਆ । ਇਕ ਇਕੱਲਾ ਏਕੰਕਾਰ, ਆਪ ਆਪਣੀ ਕਲ ਵਰਤਾਈਆ । ਥਿਰ ਘਰ ਬੈਠ ਸੱਚੇ ਦਰਬਾਰ, ਆਪ ਆਪਣੀ ਖੇਲ ਖਲਾਈਆ । ਸਚਖੰਡ ਸੋਹੇ ਬੰਕ ਸੱਚਾ ਘਰ ਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗ਼ਰੀਬ ਨਿਵਾਜ਼ਾ ਹੋ ਤਿਆਰ, ਆਪਣਾ ਮਤਾ ਆਪ ਪਕਾਈਆ । ਆਪੇ ਬੰਨ੍ਹੇ ਆਪਣੀ ਧਾਰ, ਆਪਣਾ ਮਾਰਗ ਲਾਈਆ । ਆਪੇ ਪੁਰਖ ਆਪੇ ਨਾਰ, ਆਪੇ ਸੇਜ ਹੰਢਾਈਆ । ਆਪੇ ਸੁੱਤ ਦੁਲਾਰਾ ਕਰ ਤਿਆਰ, ਸ਼ਬਦੀ ਨਾਉਂ ਧਰਾਈਆ । ਸ਼ਬਦ ਵਿਚੋਲਾ ਖੇਲ ਅਪਾਰ, ਪਾਰਬ੍ਰਹਮ ਆਪ ਕਰਾਈਆ । ਸਚ ਸੁਨੇਹੜਾ ਦੇਵੇ ਸਿਰਜਣਹਾਰ, ਸਾਚੀ ਸਿਖਿਆ ਇਕ ਸਮਝਾਈਆ । ਲੋਆਂ ਪੁਰੀਆਂ ਕਰ ਤਿਆਰ, ਬ੍ਰਹਿਮੰਡ ਖੰਡ ਬਣਤ ਬਣਾਈਆ । ਆਪਣਾ ਕੀਆ ਆਪ ਪਿਆਰ, ਆਪੇ ਵੇਖ ਵਖਾਈਆ । ਨਿਰਗੁਣ ਨਿਰਗੁਣ ਵਿਚੋਂ ਆਇਆ ਬਾਹਰ, ਦਿਸ ਕਿਸੇ ਨਾ ਆਈਆ । ਮਾਤ ਪਿਤ ਨਾ ਕੋਈ ਅਧਾਰ, ਰਕਤ ਬੂੰਦ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਲਾਈਆ । ਖੇਲ ਖਲੰਦੜਾ ਪੁਰਖ ਅਗੰਮ, ਪਾਰਬ੍ਰਹਮ ਬੇਅੰਤਿਆ । ਆਪੇ ਮੰਦਰ ਆਪੇ ਅੰਦਰ ਆਪਣੀ ਗੋਦੀ ਆਪਣੀ ਕੁੱਖ ਆਪੇ ਪਏ ਜੰਮ, ਮਾਤ ਪਿਤ ਨਾ ਕੋਈ ਰਖੰਤਿਆ । ਕਰਨੀ ਕਰਤਾ ਕਰਨੇਹਾਰਾ ਆਪੇ ਜਾਣੇ ਆਪਣਾ ਕੰਮ, ਆਪ ਆਪਣੀ ਕਾਰ ਕਰੰਤਿਆ । ਆਦਿ ਜੁਗਾਦੀ ਹਰਿ ਬ੍ਰਹਮਾਦੀ ਆਪਣਾ ਬੇੜਾ ਦੇਵੇ ਬੰਨ੍ਹ, ਆਪੇ ਭਾਰ ਉਠੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਬਣ ਮਲਾਹ, ਆਪ ਆਪਣਾ ਵੇਸ ਵਟੰਤਿਆ । ਵੇਸ ਵਟੰਦੜਾ ਪੁਰਖ ਕਰਤਾਰ, ਨਿਰਗੁਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਾਕਾਰ ਨਿਰਵੈਰ ਆਪਣੇ ਅੰਦਰੋਂ ਆਇਆ ਬਾਹਰ, ਆਪੇ ਵੇਖ ਵਖਾਈਆ । ਮੂਰਤ ਅਕਾਲ ਖੇਲ ਅਪਾਰ, ਅਜੂਨੀ ਰਹਿਤ ਵੱਡੀ ਵਡਿਆਈਆ । ਗੁਣਵੰਤਾ ਗੁਣ ਕਰੇ ਅਪਾਰ, ਮਹਿਮਾ ਅਗਣਤ ਗਣੀ ਨਾ ਜਾਈਆ । ਆਪਣਾ ਨਾਉਂ ਰੱਖ ਅਪਰ ਅਪਾਰ, ਵਿਸ਼ਨੂੰ ਰੂਪ ਆਪ ਹੋ ਜਾਈਆ । ਅੰਮ੍ਰਿਤ ਭਰ ਸਚ ਭੰਡਾਰ, ਨਾਭੀ ਕਵਲ ਫੁੱਲ ਖਲਾਈਆ । ਆਪੇ ਪਾਰਬ੍ਰਹਮ ਬ੍ਰਹਮ ਲਏ ਅਵਤਾਰ, ਆਪਣਾ ਅੰਗ ਆਪ ਕਟਾਈਆ । ਆਪੇ ਸ਼ੰਕਰ ਮੀਤਾ ਹੋ ਉਜਿਆਰ, ਆਪਣਾ ਸੰਗ ਨਿਭਾਈਆ । ਆਪੇ ਸ਼ਬਦ ਅਨਾਦੀ ਬੋਲ ਜੈਕਾਰ, ਆਪਣਾ ਨਾਅਰਾ ਆਪੇ ਲਾਈਆ । ਆਪੇ ਤ੍ਰੈਗੁਣ ਮਾਇਆ ਕਰ ਤਿਆਰ, ਤ੍ਰੈ ਤ੍ਰੈ ਝੋਲੀ ਪਾਈਆ । ਆਪੇ ਸ਼ਾਹੋ ਭੂਪ ਸਚ ਸਿਕਦਾਰ, ਸਚ ਸੁਲਤਾਨ ਆਪ ਅਖਵਾਈਆ । ਸਚਖੰਡ ਸੋਹੇ ਬੰਕ ਦੁਵਾਰ, ਹਰਿ ਸਾਚਾ ਆਪ ਸੁਹਾਈਆ । ਨਿਰਗੁਣ ਖੇਲ ਅਗੰਮ ਅਪਾਰ, ਨਰ ਨਰਾਇਣ ਵੱਡੀ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਸਾਚੀ ਸੇਵਾ ਆਪ ਲਗਾਈਆ । ਲੱਖ ਚੁਰਾਸੀ ਕਰ ਤਿਆਰ, ਆਪ ਆਪਣਾ ਮੇਲ ਮਿਲਾਈਆ । ਮਨ ਮਤ ਬੁੱਧ ਦਏ ਅਧਾਰ, ਆਪ ਆਪਣੇ ਰੰਗ ਰੰਗਾਈਆ । ਨੌ ਦਰ ਖੋਲ੍ਹ ਕਿਵਾੜ, ਕਾਇਆ ਗੜ੍ਹ ਸੁਹਾਈਆ । ਘਰ ਵਿਚ ਘਰ ਕਰ ਤਿਆਰ, ਅੰਦਰ ਬੈਠਾ ਮੁਖ ਛੁਪਾਈਆ । ਸ਼ਬਦ ਨਾਦ ਸੱਚੀ ਧੁਨਕਾਰ, ਅਨਹਦ ਸਾਚਾ ਰਾਗ ਅਲਾਈਆ । ਅੰਮ੍ਰਿਤ ਸਰ ਸਰੋਵਰ ਭਰਿਆ ਤਾਲ, ਆਪਣੀ ਨਾਭੀ ਮੁਖ ਭੁਵਾਈਆ । ਬਜ਼ਰ ਕਪਾਟੀ ਖੇਲ ਅਪਾਰ, ਆਪਣਾ ਪਰਦਾ ਆਪੇ ਪਾਈਆ । ਆਤਮ ਸੇਜਾ ਸੁੱਤਾ ਪੈਰ ਪਸਾਰ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਂਆ । ਦਸਵੇਂ ਮੇਲਾ ਮੀਤ ਮੁਰਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਲੱਖ ਚੁਰਾਸੀ ਕਰ ਤਿਆਰ, ਜੂਨੀ ਜੂਨ ਆਪ ਭੁਵਾਈਆ । ਆਪਣੀ ਕਿਰਪਾ ਆਪੇ

ਧਾਰ, ਆਪਣਾ ਵੇਸ ਆਪ ਵਟਾਈਆ । ਬ੍ਰਹਮੇ ਦੇਵੇ ਇਕ ਹੁਲਾਰ, ਏਕਾ ਸ਼ਬਦ ਸੁਣਾਈਆ । ਚਾਰੇ ਵੇਦਾਂ ਕਰ ਤਿਆਰ, ਚਾਰ ਯੁਗ ਕਰੇ ਕੁੜਮਾਈਆ । ਆਪਣਾ ਖੋਲ੍ਹ ਆਪ ਕਿਵਾੜ, ਆਪੇ ਵੇਖ ਵਖਾਈਆ । ਆਪੇ ਲੇਖਾ ਜਾਣੇ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਆਪੇ ਕਰੇ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਸ਼ਬਦੀ ਸ਼ਬਦ ਸੱਚੀ ਧੁਨਕਾਰਾ, ਧੁਨਕਾਰਾ ਧੁਨ ਸਾਚਾ ਰਾਗ ਅਲਾਇੰਦਾ । ਪਵਣ ਪਾਣੀ ਦਏ ਸਹਾਰਾ, ਸਾਰਿੰਗ ਧਰ ਆਪ ਅਖਵਾਇੰਦਾ । ਜਲ ਥਲ ਮਹੀਅਲ ਖੇਲ ਨਿਆਰਾ, ਭੇਵ ਕੋਈ ਨਾ ਆਇੰਦਾ । ਆਪਣੀ ਪਾਵੇ ਆਪੇ ਸਾਰਾ, ਆਪ ਆਪਣਾ ਵੇਸ ਵਟਾਇੰਦਾ । ਸਾਧ ਸੰਤ ਭਗਤ ਭਗਵੰਤ ਕਰ ਪਿਆਰਾ, ਆਪ ਆਪਣੀ ਬੂਝ ਬੁਝਾਇੰਦਾ । ਏਕਾ ਵਣਜ ਕਰਾਏ ਸਚ ਵਣਜਾਰਾ, ਨਾਮ ਵਸਤ ਇਕ ਤੁਲਾਇੰਦਾ । ਚੌਦਾਂ ਹੱਟਾਂ ਵੇਖ ਕਿਵਾੜਾ, ਆਪੇ ਮੁਲ ਪੁਵਾਇੰਦਾ । ਲੋਆਂ ਪੁਰੀਆਂ ਵਸਿਆ ਬਾਹਰਾ, ਤ੍ਰੈਗੁਣ ਮਾਇਆ ਵਿਚ ਨਾ ਆਇੰਦਾ । ਪੰਚਮ ਮੀਤਾ ਪੰਚਮ ਸੰਗ ਹੋ ਉਜਿਆਰਾ, ਪੰਚਮ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਧਾਰਾ ਨਾਉਂ ਧਰਾਇੰਦਾ । ਆਪੇ ਨਿਰਗੁਣ ਧਾਰ, ਜੋਤ ਜਗਾਇੰਦਾ । ਆਪੇ ਸਰਗੁਣ ਪਸਰ ਪਸਾਰ, ਵੇਖ ਵਖਾਇੰਦਾ । ਆਪੇ ਸ਼ਬਦ ਸ਼ਬਦ ਜੈਕਾਰ, ਨਾਅਰਾ ਲਾਇੰਦਾ । ਆਪੇ ਜੁਗ ਜੁਗ ਲਏ ਅਵਤਾਰ, ਖੇਲ ਖਲਾਇੰਦਾ । ਆਪੇ ਭਗਤਾਂ ਕਰੇ ਪਿਆਰ, ਮੇਲ ਮਿਲਾਇੰਦਾ । ਆਪੇ ਸੰਤਾਂ ਲਾਏ ਪਾਰ, ਦਰਸ ਦਖਾਇੰਦਾ । ਆਪੇ ਮਨਮੁਖਾਂ ਕਰੇ ਖੁਵਾਰ, ਗੜ੍ਹ ਤੁੜਾਇੰਦਾ । ਆਪੇ ਖੰਡਾ ਤੇਜ ਕਟਾਰ, ਹੱਥ ਉਠਾਇੰਦਾ । ਆਪੇ ਆਦਿ ਸ਼ਕਤ ਹੋ ਤਿਆਰ, ਜੋਤ ਜਵਾਲਾ ਆਪ ਜਗਾਇੰਦਾ । ਆਪੇ ਹੋਏ ਸਿੰਘ ਅਸਵਾਰ, ਗਦਾ ਚੱਕਰ ਸੰਖ ਆਪ ਰਖਾਇੰਦਾ । ਆਪੇ ਰੱਖੇ ਆਪਣੀ ਤਿਖੀ ਧਾਰ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪਣੀ ਰਚਨ ਰਚਾਈਆ । ਆਦਿ ਜੁਗਾਦੀ ਹਰਿ ਹਰਿ ਮੀਤਾ, ਆਪਣੀ ਬਣਤ ਬਣਾਈਆ । ਆਪੇ ਜਾਣੇ ਆਪਣੀ ਰੀਤਾ, ਆਪੇ ਵੇਖ ਵਖਾਈਆ । ਆਪੇ ਵਸਿਆ ਹਸਤ ਕੀਟਾ, ਊਚਾਂ ਨੀਚਾਂ ਡੇਰਾ ਲਾਈਆ । ਆਪੇ ਵਸਿਆ ਧਾਮ ਅਨਡੀਠਾ, ਮਹੱਲ ਅਟੱਲ ਸੁਹਾਈਆ । ਆਪੇ ਕਰੇ ਮਿੱਠਾ ਕੌੜਾ ਰੀਠਾ, ਅੰਮ੍ਰਿਤ ਫਲ ਆਪ ਖਵਾਈਆ । ਆਪੇ ਗੁਰਮੁਖਾਂ ਵਸਿਆ ਹਰਿ ਹਰਿ ਚੀਤਾ, ਚਿਤਵਤ ਠਗੌਰੀ ਕੋਈ ਨਾ ਪਾਈਆ । ਆਪੇ ਪਤਿਤ ਆਪ ਪੁਨੀਤਾ, ਪਤਿਤ ਪਾਪੀ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਈਆ । ਆਦਿ ਜੁਗਾਦੀ ਹਰਿ ਨਿਰੰਕਾਰ, ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਆਪ ਆਪਣਾ ਵੇਸ ਵਟਾਇੰਦਾ । ਹਰਿਜਨ ਸੱਜਣ ਲਏ ਉਭਾਰ, ਗੁਰਮੁਖ ਪਾਰ ਕਰਾਇੰਦਾ । ਸੰਤ ਸੁਹੇਲੇ ਕਰ ਪਿਆਰ, ਗੁਰ ਚੇਲੇ ਮੇਲ ਮਿਲਾਇੰਦਾ । ਘਰ ਮੰਦਰ ਸੋਹੇ ਬੰਕ ਦੁਵਾਰ, ਘਰ ਸਾਚਾ ਵੇਖ ਵਖਾਇੰਦਾ । ਕਾਇਆ ਗੜ ਤੋੜ ਹੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਸਤਿਜੁਗ ਉਤਰਿਆ ਆਪਣੇ ਘਾਟ, ਹਰਿ ਸਾਚਾ ਆਪ ਚੜ੍ਹਾਇੰਦਾ । ਆਪੇ ਸੁੱਤਾ ਆਪਣੀ ਖਾਟ, ਸੋਇਆ ਸੁੱਤ ਨਾ ਕੋਈ ਉਠਾਇੰਦਾ । ਆਪਣਾ ਰਸ ਆਪੇ ਗਿਆ ਚਾਟ, ਦੂਸਰ ਹੱਥ ਕਿਸੇ ਨਾ ਆਇੰਦਾ । ਸਚ ਸੁੱਚ ਨਾ ਵਿਕੇ ਕਿਸੇ ਹਾਟ, ਨਾ ਕੋਈ ਕੀਮਤ ਪਾਇੰਦਾ । ਅੱਗੇ ਨੇੜੇ ਆਈ

੯੬੮
੦੮

ਵਾਟ, ਤ੍ਰੇਤਾ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਧਾਰ ਧਰਾਇੰਦਾ । ਤ੍ਰੇਤਾ ਤੇਰਾ ਤ੍ਰਿਆ ਵੇਸ, ਹਰਿ ਹਰਿ ਵੇਖ ਵਖਾਇੰਦਾ । ਆਦਿ ਜੁਗਾਦੀ ਰਹੇ ਹਮੇਸ਼, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਸੋ ਪੁਰਖ ਨਿਰੰਜਣ ਸਦਾ ਆਦੇਸ਼, ਥਿਰ ਘਰ ਬੈਠਾ ਰਾਹ ਤਕਾਇੰਦਾ । ਆਪੇ ਜੋਤੀ ਜੋਤ ਪ੍ਰਵੇਸ, ਆਪੇ ਪੰਜ ਤੱਤ ਮੇਲ ਮਿਲਾਇੰਦਾ । ਆਪੇ ਆਪਣੇ ਨੇਤਰ ਲਏ ਪੇਖ, ਨੈਣ ਲੋਚਣ ਬੰਦ ਕਰਾਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਆਦਿ ਜੁਗਾਦੀ ਏਕੰਕਾਰਾ ਆਪੇ ਹੋਏ ਨਰ ਨਰੇਸ਼, ਸ਼ਾਹ ਸੁਲਤਾਨ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਆਪੇ ਖੜਗ ਖੰਡਾ ਤੀਰ ਕਮਾਨ, ਆਪੇ ਚਿੱਲਾ ਹੱਥ ਉਠਾਈਆ । ਆਪੇ ਜੋਧਾ ਸੂਰ ਬਲੀ ਬਲਵਾਨ, ਬਲਧਾਰੀ ਆਪ ਹੋ ਜਾਈਆ । ਆਪੇ ਖੇਲੇ ਖੇਲ ਮਹਾਨ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਆਪੇ ਲੰਕਾ ਗੜ ਹੰਕਾਰ, ਆਪੇ ਬੰਕ ਸੁਹਾਈਆ । ਆਪੇ ਰਾਵਣ ਪੰਡਤ ਹੋ ਤਿਆਰ, ਆਪਣੀ ਵਿਦਿਆ ਕਰੇ ਪੜ੍ਹਾਈਆ । ਆਪੇ ਸਭ ਤੋਂ ਵਸਿਆ ਬਾਹਰ, ਭੇਵ ਕੋਈ ਨਾ ਪਾਈਆ । ਖੇਲੇ ਖੇਲ ਪੁਰਖ ਕਰਤਾਰ, ਆਪਣੀ ਰਚਨ ਆਪ ਰਚਾਈਆ । ਦੋ ਜਹਾਨਾਂ ਵਿਚੋਲਾ ਬਣ ਸੰਸਾਰ, ਅਛਲ ਛਲ ਧਾਰੀ ਵਲ ਛਲ ਆਪ ਵਖਾਈਆ । ਆਪੇ ਰਣ ਭੂਮੀ ਸੁੱਤਾ ਪੈਰ ਪਸਾਰ, ਤਿਖੀ ਧਾਰ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤਾ ਤੇਰਾ ਪਾਰ ਕਿਨਾਰਾ, ਰਾਵਣ ਤੁੱਟਾ ਗੜ੍ਹ ਹੰਕਾਰਾ, ਆਪਣਾ ਨਾਉਂ ਧਰਾਇੰਦਾ । ਦੁਆਪਰ ਉਠਿਆ ਬਾਲ ਨਿਧਾਨ, ਹਰਿ ਸਾਚਾ ਆਪ ਉਠਾਇੰਦਾ । ਲੋਕਮਾਤ ਹੋ ਪ੍ਰਧਾਨ, ਆਪਣਾ ਬਲ ਧਰਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਕਾਹਨਾ ਕ੍ਰਿਸ਼ਨਾ ਰੂਪ ਵਟਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਨਿਮਾਣੇ ਗਲੇ ਲਗਾਇੰਦਾ । ਆਪੇ ਅੱਖਰ ਬਣ ਗਿਆਨ, ਆਪਣਾ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਦੁਆਪਰ ਤੇਰਾ ਸਚ ਦੁਵਾਰਾ, ਹਰਿ ਸਾਚਾ ਵੇਖ ਵਖਾਇੰਦਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਮੁਕੰਦ ਮਨੋਹਰ ਲਖ਼ਮੀ ਨਰਾਇਣ ਵੇਸ ਵਟਾਇੰਦਾ । ਰਥ ਰਥਵਾਹੀ ਕਰੇ ਆਪਣੀ ਕਾਰਾ ਆਪ ਕਰਾਇੰਦਾ । ਅੱਠ ਅਠਾਰਾਂ ਪਾਰ ਕਿਨਾਰਾ, ਨੌਂ ਧਾਰਾ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਵੇਖ ਘਰ, ਹਰਿ ਸਾਚਾ ਖੇਲ ਖਲਾਇੰਦਾ । ਕਲਜੁਗ ਬਾਲਾ ਕਰ ਤਿਆਰਾ, ਆਪਣਾ ਹੁਕਮ ਸੁਣਾਇੰਦਾ । ਦੇਵੇ ਵਰ ਸੱਚੀ ਸਰਕਾਰਾ, ਸਾਚੀ ਵਸਤ ਝੋਲੀ ਪਾਇੰਦਾ । ਕੂੜ ਕੂੜਾ ਤੇਰਾ ਪਸਾਰਾ, ਕੂੜ ਡੰਕ ਵਜਾਇੰਦਾ । ਨਾਲ ਰਲਾਏ ਹਉਮੇ ਹੰਗਤਾ ਪੰਚ ਵਿਕਾਰਾ, ਆਸਾ ਤ੍ਰਿਸ਼ਨਾ ਮੇਲ ਮਿਲਾਇੰਦਾ । ਅੰਤਮ ਮੇਲਾ ਹੋਏ ਵਿਚ ਸੰਸਾਰਾ, ਸੰਗ ਮੁਹੰਮਦ ਤੋੜ ਨਿਭਾਇੰਦਾ । ਈਸਾ ਮੂਸਾ ਬੰਨ੍ਹੇ ਧਾਰਾ, ਅੰਜੀਲ ਕੁਰਾਨਾ ਲੇਖ ਲਿਖਾਇੰਦਾ । ਅੱਲ੍ਹਾ ਰਾਣੀ ਲਾਏ ਨਾਅਰਾ, ਏਕਾ ਕਲਮਾ ਆਪ ਪੜ੍ਹਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਹੱਕ ਹਕੀਕਤ ਵੇਖ ਵਖਾਇੰਦਾ । ਮੁਕਾਮੇ ਹੱਕ ਸਾਂਝਾ ਯਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਕਲਜੁਗ ਕੂੜਾ ਕੂੜ ਹੋਏ ਅੰਧਿਆਰਾ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਚਾਰੋਂ ਕੁੰਟ ਹਾਹਾਕਾਰਾ, ਜੀਵ ਜੰਤ ਸਰਬ ਕੁਰਲਾਇੰਦਾ । ਕਲਜੁਗ ਰੋ ਰੋ ਕਰੇ ਨਿਮਸਕਾਰਾ, ਆਪਣਾ ਸੀਸ ਆਪ ਝੁਕਾਇੰਦਾ । ਸਾਚਾ ਵਣਜ ਕਰਾਂ ਕੌਣ ਵਪਾਰਾ, ਕਵਣ ਵਸਤ

ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਇਕ ਇਕੱਲਾ, ਅਕਲ ਕਲਾ ਕਲ ਧਾਰੀਆ । ਕਲਜੁਗ ਮੇਲਾ ਰਾਣੀ ਅੱਲਾ, ਹਰਿ ਸਾਚਾ ਮੇਲ ਮਿਲਾਈਆ । ਨੌ ਖੰਡ ਪ੍ਰਿਥਮੀ ਵੇਖੇ ਜਗਤ ਮਹੱਲਾ, ਆਪ ਆਪਣੀ ਬੰਨ੍ਹੇ ਧਾਰੀਆ । ਦੂਈ ਦਵੈਤੀ ਫੜਿਆ ਭੱਲਾ, ਨਾਲ ਰਲਾਇਆ ਗੜ੍ਹ ਹੰਕਾਰੀਆ । ਹਉਮੇ ਹੰਗਤਾ ਹੋਇਆ ਸਲਾ, ਸਾਚਾ ਰੰਗ ਨਾ ਰੰਗੇ ਕੋਈ ਲਲਾਰੀਆ । ਰਾਮ ਨਾਮ ਨਾ ਫੜੇ ਕੋਈ ਪੱਲਾ, ਐਨਲਹੱਕ ਏਕਾ ਨਾਅਰਾ ਲਾਈਆ । ਖ਼ਲਕ ਖ਼ੁਦਾਈ ਖ਼ਾਲਕ ਵੇਖੇ ਆਪੇ ਬੋਲੇ ਆਪਣਾ ਹੱਲਾ, ਆਪ ਆਪਣੀ ਆਪੇ ਵਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਰਤੇ ਵਿਚ ਸੰਸਾਰੀਆ । ਵਰਤੇ ਵਰਤਾਵੇ ਵਿਚ ਸੰਸਾਰ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਕਲਜੁਗ ਮੇਲਾ ਮੁਹੰਮਦੀ ਯਾਰ, ਚਾਰ ਕੁੰਟ ਪਈ ਦੁਹਾਈਆ । ਜੀਵ ਜੰਤ ਕਰਨ ਪੁਕਾਰ, ਸਾਧ ਸੰਤ ਰਹੇ ਕੁਰਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਆਪ ਕਮਾਈਆ । ਪੰਜ ਤੱਤ ਕਰ ਪਿਆਰ, ਨਿਰਗੁਣ ਜੋਤੀ ਜੋਤ ਜਗਾਈਆ । ਨਾਨਕ ਰੱਖ ਨਾਮ ਸੰਸਾਰ, ਆਪ ਆਪਣਾ ਵੇਸ ਵਟਾਈਆ । ਨਾਮ ਸਤਿ ਸਤਿ ਭੰਡਾਰ, ਚਾਰ ਵਰਨ ਵਰਤਾਈਆ । ਊਚਾਂ ਨੀਚਾਂ ਕਰ ਪਿਆਰ, ਏਕਾ ਥਾਨ ਵਖਾਈਆ । ਤੇਰਾਂ ਤੇਰਾਂ ਤੋਲੇ ਧਾਰ, ਮੋਦੀਖ਼ਾਨਾ ਇਕ ਚਲਾਈਆ । ਚਾਰ ਕੁੰਟ ਮਾਰ ਉਡਾਰ, ਆਪਣੀ ਫੇਰੀ ਆਪੇ ਪਾਈਆ । ਗੜ੍ਹ ਹੰਕਾਰੀ ਦਏ ਸੰਘਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਅੰਤਮ ਬੋਲ ਇਕ ਜੈਕਾਰ, ਸਾਚੀ ਸਿਖਿਆ ਗਿਆ ਸਮਝਾਈਆ । ਪੁਰਖ ਅਕਾਲ ਸਰਬ ਜੀਆਂ ਦਾ ਸਾਂਝਾ ਯਾਰ, ਦੂਸਰ ਇਸ਼ਟ ਨਾ ਕੋਈ ਵਖਾਈਆ । ਕਲਜੁਗ ਪ੍ਰਗਟ ਹੋਏ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਅਰਜਨ ਭੇਵ ਖੁਲ੍ਹਾਈਆ । ਬੋਧ ਅਗਾਧੀ ਬਣ ਲਿਖਾਰ, ਸੰਤ ਭਗਤ ਭਗਵੰਤ ਗੁਰਮੁਖ ਗੁਰਸਿਖ ਏਕਾ ਧਾਮ ਬਹਾਈਆ । ਗੁਰੂ ਗ੍ਰੰਥ ਗੁਰ ਕਰ ਤਿਆਰ, ਲੱਖ ਚੁਰਾਸੀ ਗਿਆ ਸਮਝਾਈਆ । ਹਰਿ ਕਾ ਭੇਵ ਅਚਰਜ ਖੇਲ ਅਗੰਮ ਅਪਾਰ, ਬਿਨ ਗੁਰ ਪੂਰੇ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨਾ ਆਪ ਰਚਾਈਆ । ਆਪੇ ਰਚਨਾ ਰਚ ਰਚ, ਸਚ ਸਚ ਸਚ ਵਿਚ ਟਿਕਾਇੰਦਾ । ਆਪੇ ਕਾਇਆ ਮਾਟੀ ਭਾਂਡਾ ਕੱਚ, ਆਪੇ ਕੰਚਨ ਗੜ੍ਹ ਵਖਾਇੰਦਾ । ਆਪੇ ਨੌ ਦੁਵਾਰੇ ਰਿਹਾ ਨੱਚ, ਆਪੇ ਦਸਵੇਂ ਆਸਣ ਲਾਇੰਦਾ । ਆਪੇ ਤ੍ਰੈਗੁਣ ਮਾਇਆ ਰਿਹਾ ਮੱਚ, ਆਪੇ ਅੰਮ੍ਰਿਤ ਜਲ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਕਲ ਵਰਤੰਤਾ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਨਾਮ ਧਰਾਇੰਦਾ । ਤੋੜੇ ਗੜ ਹਉਮੇ ਹੰਗਤਾ, ਸਾਚੇ ਸੰਤਾਂ ਮੇਲ ਮਿਲਾਇੰਦਾ । ਗੁਰ ਗੋਬਿੰਦ ਬਣਾਈ ਸਾਚੀ ਬਣਤਾ, ਸਾਚਾ ਮਾਰਗ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਕੋਟਨ ਕੋਟ ਜੀਵ ਤਰਾਇੰਦਾ । ਗੁਰ ਗੋਬਿੰਦ ਗੁਰ ਦੀਨ ਦਿਆਲਾ, ਗੁਰ ਨੇਤਰ ਨੈਣ ਰੂਪ ਸ਼ੰਗਾਰਿਆ । ਗੁਰ ਸੂਰਾ ਗੁਰ ਕਰੇ ਪ੍ਰਿਤਪਾਲਾ, ਗੁਰ ਦੇਵੇ ਨਾਮ ਸਹਾਰਿਆ । ਗੁਰ ਹਾਜ਼ਰ ਹਜ਼ੂਰ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਗੇੜ ਨਿਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਮੇਲ ਮਿਲਾ ਲਿਆ । ਗੋਬਿੰਦ ਸੂਰਾ ਸਰਬੰਗ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਗੁਰਮੁਖ

ਲਗਾਏ ਅੰਗੀ ਅੰਗ, ਅੰਗੀਕਾਰ ਆਪ ਕਰਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਅੰਮ੍ਰਿਤ ਜਲ ਪਿਆਇੰਦਾ । ਦੇਵੇ ਦਾਨ ਮੰਗੀ ਮੰਗ, ਸਾਚੀ ਸਿਖਿਆ ਝੋਲੀ ਪਾਇੰਦਾ । ਗੁਰਸਿਖ ਤੇਰੀ ਨੰਗੀ ਨਾ ਹੋਵੇ ਕੰਡ, ਜੋ ਨਾਨਕ ਗੋਬਿੰਦ ਰਸਨਾ ਗਾਇੰਦਾ । ਪੰਚ ਵਿਕਾਰਾ ਕਰੇ ਖੰਡ ਖੰਡ, ਤੇਜ ਪ੍ਰਚੰਡ ਹੱਥ ਫੜਾਇੰਦਾ । ਅੰਮ੍ਰਿਤ ਧਾਰਾ ਆਪਣੀ ਵੰਡ, ਚਾਰ ਵਰਨਾਂ ਰੰਗ ਰੰਗਾਇੰਦਾ । ਊਚਾਂ ਨੀਚਾਂ ਦਿਤੀ ਗੰਢ, ਨਾ ਕੋਈ ਮਾਤ ਖੁਲ੍ਹਾਇੰਦਾ । ਮਨਮੁਖ ਜੀਵ ਸੁਰਤ ਸਵਾਣੀ ਹੋਏ ਰੰਡ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਮੇਟਣਹਾਰਾ ਭੇਖ ਪਖੰਡ, ਆਪਣਾ ਡੰਡਾ ਹੱਥ ਉਠਾਇੰਦਾ । ਪਾਵੇ ਸਾਰ ਵਿਚ ਬ੍ਰਹਿਮੰਡ, ਲੋਆਂ ਪੁਰੀਆਂ ਫੇਰੀ ਪਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਹਤਜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਨਾਉਂ ਹਰਿ ਬਨਵਾਰੀ, ਆਪਣਾ ਆਪ ਧਰਾਈਆ । ਗੋਬਿੰਦ ਮੇਲਾ ਵਡ ਸੰਸਾਰੀ, ਸਾਚਾ ਖੇਲ ਖਲਾਈਆ । ਸੂਲਾਂ ਸੇਜ ਕਰ ਪਿਆਰੀ, ਸੱਥਰ ਰਿਹਾ ਹੰਢਾਈਆ । ਮੰਗੇ ਮੰਗ ਬਣ ਭਿਖਾਰੀ, ਆਪਣੀ ਝੋਲੀ ਅੱਗੇ ਡਾਹੀਆ । ਪਾਰਬ੍ਰਹਮ ਪ੍ਰਭ ਪਾਏ ਸਾਰੀ, ਘਰ ਸਾਚਾ ਵੇਖ ਵਖਾਈਆ । ਦੋਹਾਂ ਵਿਚੋਲਾ ਜੋਤ ਨਿਰੰਕਾਰੀ, ਨਿਰਗੁਣ ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਪੁਰਖ ਅਕਾਲ ਦੀਨ ਦਿਆਲ, ਗੋਬਿੰਦ ਮੇਲ ਮਿਲਾਇੰਦਾ । ਆਪੇ ਜਾਣੇ ਆਪਣਾ ਲਾਲ, ਆਪੇ ਗੋਦ ਉਠਾਇੰਦਾ । ਆਪੇ ਬਣੇ ਲੋਕਮਾਤ ਦਲਾਲ, ਆਪੇ ਵਣਜ ਕਰਾਇੰਦਾ । ਆਪੇ ਜਾਣੇ ਹੱਕ ਹਲਾਲ, ਹੱਕ ਹਕੀਕਤ ਵੇਖ ਵਖਾਇੰਦਾ । ਆਪੇ ਸ਼ਰਅ ਸ਼ਰੀਅਤ ਤੋੜ ਜੰਜਾਲ, ਸਾਚਾ ਮਾਰਗ ਏਕਾ ਲਾਇੰਦਾ । ਪੰਚਮ ਮੀਤਾ ਕਰੇ ਪ੍ਰਿਤਪਾਲ, ਪੰਚਮ ਮਾਇਆ ਮੋਹ ਚੁਕਾਇੰਦਾ । ਪੰਚਮ ਦੇਵੇ ਮਾਲ ਸੱਚਾ ਧਨ ਮਾਲ, ਲੁੱਟ ਕੋਈ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਮਾਣਾ, ਏਕਾ ਏਕ ਸ੍ਰੀ ਭਗਵਾਨਾ, ਏਕਾ ਖੇਲ ਖਲਾਇੰਦਾ । ਧੁਰ ਫ਼ਰਮਾਣਾ ਪੁਰਖ ਕਰਤਾਰ, ਆਪਣਾ ਆਪ ਜਣਾਈਆ । ਗੋਬਿੰਦ ਮੀਤਾ ਮੀਤ ਮੁਰਾਰ, ਆਪੇ ਰਿਹਾ ਸਮਝਾਈਆ । ਤੇਰਾ ਰੂਪ ਅਨੂਪ ਸੱਚੀ ਸਰਕਾਰ, ਕਲਜੁਗ ਅੰਤਮ ਵੇਖ ਵਖਾਈਆ । ਫਤਿਹ ਡੰਕਾ ਬੋਲ ਜੈਕਾਰ, ਵਾਹ ਵਾਹ ਗੁਰੂ ਵਡਿਆਈਆ । ਚਾਰ ਵਰਨ ਕਰੇ ਪਿਆਰ, ਵਰਨ ਬਰਨ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਏਕਾ ਧਾਰ, ਸੱਤਾਂ ਦੀਪਾਂ ਜੋੜ ਜੁੜਾਈਆ । ਏਕਾ ਸ਼ਬਦ ਹੋਏ ਜੈਕਾਰ, ਪੁਰਖ ਅਕਾਲ ਇਕ ਮਨਾਈਆ । ਏਕਾ ਮਿਲਿਆ ਪਾਰ ਕਿਨਾਰ, ਲੋਕਮਾਤ ਰਹਿਣ ਨਾ ਪਾਈਆ । ਸੰਗ ਮੁਹੰਮਦ ਚਾਰ ਯਾਰੀ ਹੋਏ ਖਵਾਰ, ਅੱਲ੍ਹਾ ਰਾਣੀ ਮੁਖ ਸ਼ਰਮਾਈਆ । ਚੌਦਾਂ ਤਬਕਾਂ ਮਾਰੇ ਮਾਰ, ਜ਼ਿਮੀਂ ਅਸਮਾਨਾਂ ਪਏ ਦੁਹਾਈਆ । ਤੇਰਾ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਦਏ ਚਮਕਾਈਆ । ਪਾਵੇ ਵੰਡਾਂ ਸਿਰਜਣਹਾਰ, ਕਲਜੁਗ ਅੰਤਮ ਵੰਡ ਵੰਡਾਈਆ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਸੰਬਲ ਨਗਰੀ ਧਾਮ ਨਿਆਰ, ਬੈਠੇ ਮੁਖ ਛੁਪਾਈਆ । ਦਿਸ ਨਾ ਆਏ ਵਿਚ ਸੰਸਾਰ, ਗੁਰਮੁਖ ਵਿਰਲੇ ਲਏ ਜਗਾਈਆ । ਏਕਾ ਜੋਤ ਨੂਰ ਉਜਿਆਰ, ਸਵਛ ਸਰੂਪੀ ਰੂਪ ਵਟਾਈਆ । ਮੇਟ ਮਿਟਾਏ ਅੰਧ ਅੰਧਿਆਰ, ਕੂੜੀ ਕਿਰਿਆ ਦਏ ਗਵਾਈਆ । ਸਚ ਸੁੱਚ ਕਰਾਏ ਤਨ ਸ਼ਿੰਗਾਰ, ਬਸਤਰ ਚੋਲਾ ਏਕਾ ਪਾਈਆ । ਗਾਏ ਢੋਲਾ ਆਪਣੀ ਵਾਰ, ਨਾਨਕ ਨਿਰਗੁਣ ਗਿਆ ਸਮਝਾਈਆ । ਬਣੇ ਤੋਲਾ ਹਰਿ ਨਿਰੰਕਾਰ, ਲੱਖ ਚੁਰਾਸੀ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੭੦
੦੮

ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਆਪਣੇ ਹੱਥ ਰੱਖੇ ਵਡਿਆਈਆ । ਨਿਹਕਲੰਕ ਪੁਰਖ ਸੁਲਤਾਨਾ, ਏਕਾ ਏਕ ਏਕ ਅਖਵਾਇੰਦਾ । ਕਲਜੁਗ ਪ੍ਰਗਟ ਹੋਵੇ ਵਾਲੀ ਦੋ ਜਹਾਨਾਂ, ਆਪ ਆਪਣਾ ਨਾਉਂ ਧਰਾਇੰਦਾ । ਸਚ ਝੁਲਾਏ ਨਾਮ ਨਿਸ਼ਾਨਾ, ਲੋਆਂ ਪੁਰੀਆਂ ਆਪ ਵਖਾਇੰਦਾ । ਲੱਖ ਚੁਰਾਸੀ ਬੰਨ੍ਹੇ ਗਾਨਾ, ਰਾਏ ਧਰਮ ਸਗਨ ਮਨਾਇੰਦਾ । ਗੁਰਮੁਖਾਂ ਕਰੇ ਆਪ ਪਛਾਣਾ, ਕਲਜੁਗ ਸੋਏ ਮਾਤ ਉਠਾਇੰਦਾ । ਅੰਤਰ ਆਤਮ ਦੇਵੇ ਬ੍ਰਹਮ ਗਿਆਨਾ, ਆਪ ਆਪਣੀ ਬੂਝ ਬੁਝਾਇੰਦਾ । ਰਾਗ ਸੁਣਾਏ ਸਚ ਤਰਾਨਾ, ਅਨਹਦ ਤਾਲ ਵਜਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਗਵਾਇੰਦਾ । ਇਕ ਸੁਹਾਏ ਸਚ ਮਕਾਨਾ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਵਡ ਬਲਵਾਨ, ਸਤਿਗੁਰ ਪੂਰਾ ਹਰਿ ਅਖਵਾਇੰਦਾ । ਕਲਜੁਗ ਅੰਤਮ ਹੋ ਪ੍ਰਧਾਨ, ਆਪਣਾ ਡੰਕ ਵਜਾਇੰਦਾ । ਬਿਰਧ ਬਾਲ ਨਾ ਕੋਈ ਜਵਾਨ, ਏਕਾ ਰੰਗ ਸਮਾਇੰਦਾ । ਸ੍ਰਿਸ਼ਟ ਸਬਾਈ ਪਾਈ ਆਣ, ਆਪ ਆਪਣਾ ਹੁਕਮ ਚਲਾਇੰਦਾ । ਜੂਠ ਝੂਠ ਮੇਟੇ ਨਿਸ਼ਾਨ, ਸਚ ਸੁੱਚ ਵਰਤਾਇੰਦਾ । ਆਪੇ ਗੋਪੀ ਆਪੇ ਕਾਹਨ, ਆਪੇ ਮੰਡਲ ਰਾਸ ਰਖਾਇੰਦਾ । ਆਪੇ ਸੀਤਾ ਆਪੇ ਰਾਮ, ਆਪੇ ਦਰ ਸੁਹਾਇੰਦਾ । ਆਪੇ ਨਾਨਕ ਗੋਬਿੰਦ ਕਰ ਪ੍ਰਨਾਮ, ਆਪੇ ਸੀਸ ਝੁਕਾਇੰਦਾ । ਆਪੇ ਈਸਾ ਮੂਸਾ ਸੰਗ ਮੁਹੰਮਦ ਦਏ ਪੈਗ਼ਾਮ, ਅਜ਼ਰਾਈਲ ਮੇਕਾਈਲ ਜ਼ਬਰਾਈਲ ਅਸਰਾਫੀਲ ਸੇਵਾ ਲਾਇੰਦਾ । ਆਪੇ ਕਰੇ ਆਪਣਾ ਕਾਮ, ਕਰਨੀ ਕਰਤਾ ਨਾਉਂ ਧਰਾਇੰਦਾ । ਕਲਜੁਗ ਮੇਟੇ ਅੰਧੇਰੀ ਸ਼ਾਮ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖਾਂ ਪਿਆਏ ਏਕਾ ਜਾਮ, ਸਾਚਾ ਸਾਕੀ ਨਾਮ ਪਿਆਲਾ ਇਕ ਉਠਾਇੰਦਾ । ਲੱਖ ਚੁਰਾਸੀ ਕਰੇ ਤਾਮ, ਏਕਾ ਸ਼ਬਦ ਬਾਜ ਉਡਾਇੰਦਾ । ਨਾ ਕੋਈ ਨਗਰ ਨਾ ਕੋਈ ਗਰਾਮ, ਨਾ ਕੋਈ ਖੇੜਾ ਘਰ ਵਸਾਇੰਦਾ । ਕਿਸੇ ਪੱਲੇ ਨਾ ਦਿਸੇ ਕੋਈ ਦਾਮ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਸ੍ਰੀ ਭਗਵਾਨਾ, ਏਕਾ ਏਕ ਅਖਵਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨ, ਲੋਕਮਾਤ ਵੱਜੀ ਵਧਾਈਆ । ਏਕਾ ਏਕ ਇਕ ਪ੍ਰਧਾਨ, ਦੂਜੀ ਕੁਦਰਤ ਵੇਖ ਵਖਾਈਆ । ਤੀਜੇ ਨੇਤਰ ਖੇਲ ਮਹਾਨ, ਚੌਥੇ ਪਦ ਸਮਾਈਆ । ਪੰਚਮ ਮੀਤਾ ਸ਼ਾਹ ਸੁਲਤਾਨ, ਛੇਵੇਂ ਛੱਪਰ ਛੰਨ ਨਾ ਕੋਈ ਛੁਹਾਈਆ । ਸਤਿ ਪੁਰਖ ਨੌਜਵਾਨ, ਨਾ ਮਰੇ ਨਾ ਜਾਈਆ । ਅੱਠਾਂ ਤੱਤਾਂ ਬਾਹਰ ਮਕਾਨ, ਨੌ ਦਰ ਨਾ ਡੇਰਾ ਲਾਈਆ । ਦਸਵੇਂ ਮੇਲ ਬ੍ਰਹਮ ਪਛਾਣ, ਪਾਰਬ੍ਰਹਮ ਵੱਡੀ ਵਡਿਆਈਆ । ਇਕ ਦਸ ਗੁਣ ਨਿਧਾਨ, ਸੁਨ ਸਮਾਧ ਸਮਾਈਆ । ਦੋ ਦਸ ਵੇਖ ਨਿਸ਼ਾਨ, ਰਵ ਸਸ ਮੁਖ ਸ਼ਰਮਾਨ, ਤ੍ਰੈ ਦਸ ਖੇਲ ਮਹਾਨ, ਆਪਣੀ ਧਾਰ ਆਪ ਚਲਾਈਆ । ਚਾਰ ਦਸ ਵਡ ਬਲਵਾਨ, ਆਪਣਾ ਡੰਕਾ ਆਪ ਵਜਾਈਆ । ਪੰਜ ਦਸ ਮੇਟ ਨਿਸ਼ਾਨ, ਘਰ ਸਾਚੇ ਸੋਭਾ ਪਾਈਆ । ਦਸ ਛੇ ਸੋਲਾਂ ਵਿਚ ਜਹਾਨ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਖੇਲੇ ਖੇਲ ਸ੍ਰੀ ਭਗਵਾਨ, ਨਾਮ ਡੰਕਾ ਇਕ ਵਜਾਈਆ । ਕਲਜੁਗ ਉਠ ਜੀਵ ਨਿਧਾਨ, ਵੇਲਾ ਅੰਤਮ ਆਈਆ । ਭਰਮੇ ਭੁੱਲਾ ਸਰਬ ਜਹਾਨ, ਭਰਮ ਗੜ੍ਹ ਨਾ ਕੋਈ ਤੁੜਾਈਆ । ਮਿਲਿਆ ਮੇਲ ਪੰਜ ਸ਼ੈਤਾਨ, ਪੰਚਮ ਧੁਨ ਸ਼ਬਦ ਨਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਦੇਵੇ ਵਰ, ਆਪ ਆਪਣੀ ਦਇਆ ਕਮਾਈਆ । ਵੀਹ ਸਦ ਸੋਲਾਂ ਸੰਮਤ ਚੜ੍ਹਿਆ, ਹਰਿ ਸਾਚਾ

੯੭੧
੦੮

ਵੇਖ ਵਖਾਇੰਦਾ । ਮਨ ਮਤ ਬੁੱਧ ਆਪੇ ਲੜਿਆ, ਆਪੇ ਫੜ ਫੜਾਇੰਦਾ । ਮਨਮੁਖਾਂ ਦੇ ਅੰਦਰ ਵੜਿਆ, ਕਲਜੁਗ ਛੇੜ ਛਿੜਾਇੰਦਾ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੋਰ ਨਾ ਕੋਈ ਦਬਾਇੰਦਾ । ਹੱਥੇ ਹੱਥੀ ਕਿਸੇ ਨਾ ਫੜਿਆ, ਹੱਥ ਕਿਸੇ ਨਾ ਆਇੰਦਾ । ਜਗਤ ਵਿਦਿਆ ਆਪੇ ਪੜ੍ਹਿਆ, ਕਲਜੁਗ ਜੀਆਂ ਆਪ ਪੜ੍ਹਾਇੰਦਾ । ਆਪੇ ਵੇਖੇ ਹੰਕਾਰੀ ਗੜਿਆ, ਆਪੇ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇੰਦਾ । ਗੁਰ ਗੋਬਿੰਦ ਤੇਰਾ ਸਾਚਾ ਡੰਕ, ਹਰਿ ਸੱਜਣ ਆਪ ਵਜਾਈਆ । ਆਪ ਉਠਾਏ ਰਾਓ ਰੰਕ, ਸੋਇਆ ਕੋਈ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾ ਕੱਢੇ ਸ਼ੰਕ, ਸਤਿ ਸਾਗਰ ਨਾ ਕੋਈ ਰੁੜ੍ਹਾਈਆ । ਗੁਰਮੁਖਾਂ ਸੁਹਾਏ ਸਾਚਾ ਬੰਕ, ਆਪ ਆਪਣਾ ਦਰਸ ਦਿਖਾਈਆ । ਹਰਿਜਨ ਉਧਾਰੇ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਈਆ । ਖੇਲੇ ਖੇਲ ਬਾਰ ਅਨਕ, ਜੁਗ ਜੁਗ ਵੱਡੀ ਵਡਿਆਈਆ । ਆਪੇ ਸਨਕ ਸਨੰਦਨ ਸਨਾਤਨ ਕੁਮਾਰ ਸੰਤ, ਆਪੇ ਬਰਾਹ ਰੂਪ ਵਟਾਈਆ । ਆਪੇ ਯਗਯ ਪੁਰਸ਼ ਲਾਏ ਤਨਕ, ਹਾਵ ਗਰੀਵ ਰੂਪ ਵਟਾਈਆ । ਨਰਾਇਣ ਨਰ ਖੇਲੇ ਖੇਲ ਬਾਰ ਅਨਕ, ਦਤਾ ਤ੍ਰੈ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪੁਰਖ ਸਮਰਥ, ਜੁਗ ਜੁਗ ਵੇਸ ਵਟਾਇਆ । ਸਤਿਜੁਗ ਤ੍ਰੇਤਾ ਚਲਾਇਆ ਰਥ, ਦੁਆਪਰ ਨਾਉਂ ਧਰਾਇੰਦਾ । ਕਲਜੁਗ ਮਹਿਮਾ ਅਕੱਥਨਾ ਅਕੱਥ, ਵੇਦ ਪੁਰਾਨ ਕੋਈ ਨਾ ਗਾਇੰਦਾ । ਵੇਦ ਵਿਆਸਾ ਗਿਆ ਦੱਸ, ਕਲਜੁਗ ਵੇਲਾ ਅੰਤਮ ਆਇੰਦਾ । ਅਬਿਨਾਸ਼ੀ ਕਰਤਾ ਆਪੇ ਨੱਸ, ਆਪਣਾ ਵੇਸ ਵਟਾਇੰਦਾ । ਨਾਨਕ ਗੋਬਿੰਦ ਲੇਖਾ ਲਿਖ, ਲਿਖ ਲਿਖ ਆਪ ਸਮਝਾਇੰਦਾ । ਭਰਮੇ ਭੁੱਲੇ ਨਾ ਕੋਈ ਸਿਖ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਨਾ ਕੋਈ ਜਾਣੇ ਵਾਕ ਭਵਿਖ, ਸਾਧ ਸੰਤ ਸਰਬ ਕੁਰਲਾਇੰਦਾ । ਕਲਜੁਗ ਅੰਤਮ ਹਰਿ ਕਾ ਰੂਪ ਨੇਤਰ ਸਕੇ ਨਾ ਕੋਈ ਪੇਖ, ਨੇਤਰ ਗਿਆਨ ਨਾ ਕੋਈ ਖੁਲ੍ਹਾਇੰਦਾ । ਚਾਰੋਂ ਕੁੰਟ ਧਰਿਆ ਭੇਖ, ਰੇਖ ਮੇਖ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਦੇਵੇ ਵਰ, ਸੋਲਾਂ ਸੋਲਾਂ ਪੂਰ ਕਰਾਇੰਦਾ । ਸੰਮਤ ਸੋਲਾਂ ਚੜ੍ਹਿਆ ਚਾ, ਹਰਿ ਸਾਚੇ ਜੋਤ ਜਗਾਈਆ । ਸਾਧਾਂ ਸੰਤਾਂ ਬਣੇ ਮਲਾਹ, ਭਿੰਨੜੀ ਰੈਣ ਨਾਲ ਰਲਾਈਆ । ਭਿੰਨੜੀ ਰੈਣ ਨੇਤਰ ਰਹੀ ਉਠਾ, ਗੁਰਮੁਖਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਈਆ । ਕਲਜੁਗ ਕਲ ਕਲ ਵਰਤਾਏ, ਅਕਲ ਕਲਾ ਕਲ ਧਾਰੀਆ । ਸੰਮਤ ਸੋਲਾਂ ਲੇਖ ਲਿਖਾਏ, ਵਡ ਦਾਤਾ ਖੇਲ ਅਪਾਰੀਆ । ਸੰਮਤ ਸਤਾਰਾਂ ਨੌ ਖੰਡ ਪ੍ਰਿਥਮੀ ਆਪ ਉਠਾਏ, ਨਾ ਕੋਈ ਸੁਹਾਏ ਬੰਕ ਦੁਵਾਰੀਆ । ਰਾਜ ਰਾਜਾਨਾਂ ਦਰ ਦਰ ਫਿਰਾਏ, ਨਾਤਾ ਤੁੱਟੇ ਸਰਬ ਪਿਤਾ ਪੂਤ ਮਾਤ ਪਿਤ, ਭਾਈ ਭੈਣ ਨਾ ਕਰੇ ਕੋਈ ਪਿਆਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਆਪਣੀ ਵਾਰੀਆ । ਸੰਮਤ ਸਤਾਰਾਂ ਸਾਚੀ ਧਾਰ, ਹਰਿ ਆਪਣੀ ਆਪ ਵਹਾਇੰਦਾ । ਨਰ ਨਾਰੀ ਹੋਏ ਖ਼ਵਾਰ, ਨਰ ਨਰਾਇਣ ਦਿਸ ਨਾ ਆਇੰਦਾ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠ ਅਠਾਰਾਂ ਦੇਵੇ ਵਰ, ਜਲ ਧਾਰਾ ਆਪ ਰੁੜ੍ਹਾਇੰਦਾ । ਦਸ ਅੱਠ ਅਠਾਰਾਂ ਖੇਲ ਅਪਾਰਾ, ਹਰਿ ਸਾਚਾ ਰਚਨ ਰਚਾਇੰਦਾ । ਨੌ

ਖੰਡ ਪ੍ਰਿਥਮੀ ਆਪ ਵਹਾਏ ਜਲ ਜਲ ਧਾਰਾ, ਮੇਘ ਮੇਘਣੀ ਆਪ ਬਰਸਾਇੰਦਾ । ਇੰਦਰ ਰੋਵੇ ਜ਼ਾਰੋ ਜ਼ਾਰਾ, ਖ਼ਿਜ਼ਰ ਖ਼ਵਾਜਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਖੇਲ ਖਲਾਇੰਦਾ । ਖੇਲ ਖਲੰਦੜਾ ਹਰਿ ਭਗਵੰਤ, ਭਗਤਨ ਭੇਵ ਕੋਈ ਨਾ ਆਇਆ । ਗੁਰਮੁਖ ਵੇਖੇ ਸਾਚੇ ਸੰਤ, ਹਰਿ ਸਤਿਗੁਰ ਸੱਜਣ ਮੇਲ ਮਿਲਾਇਆ । ਏਕਾ ਜੇਹਵਾ ਏਕਾ ਮਣੀਆ ਏਕਾ ਨਾਮ ਮੰਤ, ਏਕਾ ਰਸਨ ਹਰਿ ਗੁਣ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹਿਆ । ਦਸ ਨੌਂ ਉਨੀ ਉਨੀਸਾ, ਹਰਿ ਅਚਰਜ ਖੇਲ ਖਲਾਇੰਦਾ । ਸ਼ਾਹ ਸੁਲਤਾਨਾ ਖਾਲੀ ਖੀਸਾ, ਦਰ ਦਰਬਾਰ ਨਾ ਕੋਈ ਰਖਾਇੰਦਾ । ਲੇਖਾ ਚੁੱਕੇ ਮੂਸਾ ਈਸਾ, ਅੰਜੀਲ ਕੁਰਾਨਾ ਮੇਲ ਮਿਲਾਇੰਦਾ । ਨਾ ਕੋਈ ਪੜ੍ਹੇ ਜਗਤ ਹਦੀਸਾ, ਨਿਉਂ ਨਿਉਂ ਸੀਸ ਨਾ ਕੋਈ ਝੁਕਾਇੰਦਾ । ਸੰਗ ਮੁਹੰਮਦ ਪੀਸਨ ਪੀਸਾ, ਚਾਰ ਯਾਰੀ ਵੇਖ ਵਖਾਇੰਦਾ । ਨਾ ਕੋਈ ਪੜ੍ਹੇ ਤੀਸ ਬਤੀਸਾ, ਬੱਤੀ ਦੰਦ ਨਾ ਕੋਈ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਬੀਸ ਸਦ ਬੀਸ, ਹਰਿ ਸਾਚੇ ਖੇਲ ਖਲਾਵਣਾ । ਨੌਂ ਖੰਡ ਪ੍ਰਿਥਮੀ ਇਕ ਹਦੀਸ, ਸੱਤਾਂ ਦੀਪਾਂ ਆਪ ਸਮਝਾਵਣਾ । ਏਕਾ ਛਤਰ ਸੋਹੇ ਹਰਿ ਸਾਚੇ ਸੀਸ, ਰਾਜਾ ਰਾਣਾ ਦਿਸ ਨਾ ਆਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਦਰਾਂ ਕੱਤਕ ਦਿਵਸ ਸੁਹਾਵਣਾ । ਬੀਸ ਬੀਸਾ ਹੋ ਉਜਿਆਰ, ਹਰਿ ਸਾਚਾ ਡੰਕ ਵਜਾਈਆ । ਨੌਂ ਖੰਡ ਪ੍ਰਿਥਮੀ ਬੰਨ੍ਹੇ ਧਾਰ, ਸੱਤਾਂ ਦੀਪਾਂ ਆਪ ਸੁਹਾਈਆ । ਸਤ ਰੰਗ ਨਿਸ਼ਾਨਾ ਦੇਵੇ ਚਾੜ੍ਹ, ਉਪਰ ਲੇਖਾ ਲੇਖ ਲਿਖਾਈਆ । ਲੱਖਣ ਪੁਸ਼ਕਰ ਪਾਵੇ ਸਾਰ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸਤ ਰੰਗ ਨਿਸ਼ਾਨਾ ਆਪ ਚੜ੍ਹੌਣਾ, ਹਰਿ ਸਾਚਾ ਸ਼ਬਦ ਜਣਾਇੰਦਾ । ਰਾਓ ਰੰਕ ਰਾਜ ਰਾਜਾਨ ਊਚ ਨੀਚ ਗ਼ਰੀਬ ਨਿਮਾਣਾ ਏਕਾ ਧਾਮ ਬਹੌਣਾ, ਦੂਜਾ ਦਰ ਨਾ ਕੋਈ ਵਖਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਦੀਨ ਮਜ਼੍ਹਬ ਨਾ ਕੋਈ ਰਖੌਣਾ, ਏਕਾ ਕਲਮਾ ਨਾਮ ਪੜ੍ਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਟ ਮਿਟੌਣਾ, ਏਕਾ ਬ੍ਰਹਮ ਜਣਾਇੰਦਾ । ਚਾਰ ਵਰਨ ਏਕਾ ਰੰਗ ਰੰਗੌਣਾ, ਨਾਮ ਲਿਲਾਰੀ ਆਪ ਅਖਵਾਇੰਦਾ । ਸੀਸ ਤਾਜ ਇਕ ਟਿਕੌਣਾ, ਜਗਦੀਸ਼ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਨਾਤਾ ਦੇਵੇ ਤੋੜ, ਹਰਿ ਸਾਚੇ ਵਡ ਵਡਿਆਈਆ । ਸਤਿਜੁਗ ਸਾਚੇ ਚਾੜ੍ਹੇ ਪੌੜ, ਲੋਕਮਾਤ ਧਰਾਈਆ । ਧਰਤ ਮਾਤਾ ਜਾਏ ਬੌਹੜ, ਆਪ ਆਪਣੇ ਗਲੇ ਲਗਾਈਆ । ਫਲ ਨਾ ਦਿਸੇ ਕੋਈ ਕੌੜ, ਮਿੱਠਾ ਰਸ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਹਰਿ ਬ੍ਰਹਿਮਾਦੀ, ਆਦਿਨ ਅੰਤਾ ਹਰਿ ਭਗਵੰਤਾ, ਜੁਗਾ ਜੁਗੰਤਾ ਖੇਲ ਖਲੰਤਾ, ਸਾਧਾਂ ਸੰਤਾਂ ਮੇਲ ਮਿਲਾਈਆ । ਬੀਸ ਬੀਸਾ ਹਰਿ ਨਿਰੰਕਾਰ, ਏਕਾ ਡੰਕ ਵਜਾਇੰਦਾ । ਆਪ ਬਣਾਏ ਸੱਚੀ ਸਰਕਾਰ, ਸਾਚਾ ਮਾਰਗ ਏਕਾ ਲਾਇੰਦਾ । ਏਕਾ ਨਾਮ ਸ਼ਬਦ ਜੈਕਾਰ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਮੰਦਰ ਮਸਜਿਦ ਗੁਰੂਦੁਵਾਰ, ਸ਼ਿਵਦੁਵਾਲਾ ਮੱਠ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਇੰਦਾ । ਕਲਜੁਗ ਅੰਤਮ ਲਹਿਣਾ ਜਾਏ ਚੁੱਕ, ਹਰਿ ਸਾਚੇ ਆਪ ਚੁਕਾਵਣਾ । ਚੌਥਾ ਗੇੜਾ ਜਾਏ ਮੁੱਕ, ਸਾਚੀ ਗੋਦੀ ਫੇਰ ਸਵਾਵਣਾ ।

ਤਿੰਨ ਜੁਗ ਨਾ ਪਏ ਉਠ, ਫੜ ਬਾਹੋਂ ਨਾ ਕਿਸੇ ਮਨਾਵਣਾ । ਅਬਿਨਾਸ਼ੀ ਕਰਤਾ ਗਿਆ ਤੁਠ, ਸਤਿਜੁਗ ਸਾਚੇ ਮੇਲ ਮਿਲਾਵਣਾ । ਅੰਮ੍ਰਿਤ ਦੇਵੇ ਏਕਾ ਘੁੱਟ, ਏਕਾ ਜਾਮ ਪਿਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਵਣਾ । ਕਲਜੁਗ ਜਾਏ ਮੁਕ ਪੰਧ, ਹਰਿ ਸਾਚਾ ਆਪ ਮੁਕਾਈਆ । ਸਤਿਜੁਗ ਸਾਚਾ ਚੜ੍ਹੇ ਚੰਦ, ਲੋਕਮਾਤ ਵੱਜੇ ਵਧਾਈਆ । ਕੋਈ ਨਾ ਲਾਏ ਰਸਨਾ ਮੁਖ ਮਦਿਰਾ ਮਾਸ ਗੰਦ, ਬੀੜੀ ਸਿਰਗਟ ਪਾਨ ਨਾ ਕੋਈ ਮੁਖ ਛੁਹਾਈਆ । ਕੋਈ ਨਾ ਕਰੇ ਕਿਸੇ ਨਿੰਦ, ਮੁਖ ਨਾ ਥੁੱਕ ਭਰਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਆਪੇ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਈ ਜਲਾਈਆ । ਸਰਬ ਜੀਆਂ ਆਪੇ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਮੇਲਾ ਸਾਚੇ ਘਰ, ਘਰ ਮੇਲੇ ਸਹਿਜ ਸੁਭਾਈਆ ।

## ✪ ੬ ਭਾਦਰੋਂ ੨੦੧੯ ਬਿਕ੍ਰਮੀ ਅਵਤਾਰ ਸਿੰਘ ਦੇ ਘਰ ਪਿੰਡ ਕਾਉਂਕੇ ✪

ਨੇਤਰ ਗੁਰ ਹਰਿ ਦਰਸ, ਗੁਰਮੁਖ ਵਿਰਲਾ ਪਾਈਆ । ਮੇਲ ਮਿਲਾਵਾ ਲਿਖਿਆ ਧੁਰ, ਅੰਮ੍ਰਿਤ ਮੇਘ ਦੇਵੇ ਬਰਸ, ਸਾਂਤਕ ਸਤਿ ਸਤਿ ਵਰਤਾਈਆ । ਦਾਤਾ ਸੂਰਾ ਮੇਟੇ ਹਰਸ, ਆਪ ਆਪਣਾ ਤਰਸ ਕਮਾਈਆ । ਲੇਖਾ ਜਾਣੇ ਦਿਵਸ ਮਾਸ ਬਰਖ਼, ਜੁਗਾ ਜੁਗੰਤਰ ਗਣਤ ਗਣਾਈਆ । ਪਾਵੇ ਸਾਰ ਅਰਸ਼ ਫਰਸ਼, ਕੁਰਸ਼ ਕੁਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਆਪ ਸਮਾਈਆ । ਨੇਤਰ ਲੋਚਣ ਦਰਸ਼ਨ ਗੁਰ, ਹਰਿ ਕਿਰਪਾ ਅਪਰ ਅਪਾਰੀਆ । ਚਰਨ ਕਵਲ ਜਨ ਜਾਏ ਜੁੜ, ਉਤਰੇ ਦੁੱਖ ਸੰਸਾਰੀਆ । ਸਤਿਗੁਰ ਪੂਰਾ ਜਾਏ ਬੌਹੜ, ਦੇਵੇ ਨਾਮ ਵਡ ਭੰਡਾਰੀਆ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਨਾਮ ਚੜ੍ਹੇ ਖ਼ੁਮਾਰੀਆ । ਕਾਇਆ ਮੰਦਰ ਲਾਏ ਪੌੜ, ਕਰੇ ਖੇਲ ਪੁਰਖ ਨਿਰੰਕਾਰੀਆ । ਆਪਣੇ ਘਰ ਆਪੇ ਦੌੜ, ਦੇਵੇ ਦਰਸ ਜੋਤ ਉਜਿਆਰੀਆ । ਜਗਤ ਵਿਕਾਰਾ ਦੇਵੇ ਹੋੜ, ਮਾਰੇ ਖੰਡਾ ਨਾਮ ਤੇਜ ਕਟਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦਾਤਾ ਵਡ ਸਿਕਦਾਰੀਆ । ਗੁਰ ਦਰਸ਼ਨ ਮੇਲਾ ਹਰਿ, ਸਮਰਥ ਪੁਰਖ ਵੱਜੇ ਵਧਾਈਆ । ਆਪਣਾ ਵੇਖੇ ਸਾਚਾ ਘਰ, ਸਚਖੰਡ ਜੋਤ ਰੁਸ਼ਨਾਈਆ । ਨਾ ਕੋਈ ਨਾਰੀ ਨਾ ਕੋਈ ਨਰ, ਨਰ ਨਰਾਇਣ ਇਕ ਬੈਠਾ ਬੇਪਰਵਾਹੀਆ । ਨਾ ਜਨਮੇ ਨਾ ਜਾਏ ਮਰ, ਜੋਬਨ ਜ਼ਰ ਨਾ ਕੋਇ ਵਖਾਈਆ । ਆਪਣਾ ਘਾੜਣ ਆਪੇ ਘੜ, ਸਮਰਥ ਪੁਰਖ ਨਾਉਂ ਧਰਾਈਆ । ਸਾਚੇ ਮੰਦਰ ਬੈਠਾ ਵੜ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਜੀਵ ਜੰਤ ਨਾ ਸਕੇ ਫੜ, ਲੱਖ ਚੁਰਾਸੀ ਭਰਮ ਭੁਲਾਈਆ । ਜਿਸ ਜਨ ਫੜਾਏ ਆਪਣਾ ਲੜ, ਦੇ ਮਤ ਆਪ ਸਮਝਾਈਆ । ਜੁਗ ਜੁਗ ਆਪਣਾ ਅੱਖਰ ਪੜ੍ਹ, ਆਪੇ ਕਰੇ ਪੜ੍ਹਾਈਆ । ਆਪਣੇ ਪੌੜੇ ਜਾਏ ਚੜ੍ਹ, ਗੁਰਮੁਖ ਸੱਜਣ ਨਾਲ ਰਲਾਈਆ । ਸਚਖੰਡ ਦੁਵਾਰੇ ਅੱਗੇ ਖੜ੍ਹ, ਆਪਣਾ ਕੁੰਡਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਦਰਸ਼ਨ ਨੇਤਰ ਗੁਰ ਪਿਆਰ, ਚਰਨ ਸਰਨ ਸਰਨਾਈਆ । ਲੇਖਾ ਜਾਣੇ ਧੁਰ ਕਰਤਾਰ, ਜੁਗ ਜੁਗ ਵੱਡੀ ਵਡਿਆਈਆ । ਗੁਰਮੁਖ ਸਾਚੇ

ਲਏ ਉਭਾਰ, ਕਰ ਕਿਰਪਾ ਮੇਲ ਮਿਲਾਈਆ । ਆਤਮ ਅੰਤਰ ਇਕ ਅਧਾਰ, ਏਕਾ ਰੰਗ ਰੰਗਾਈਆ । ਸੰਞ ਸਵੇਰ ਨਾ ਕੋਈ ਵਿਚਾਰ, ਦਿਵਸ ਰੈਣ ਨਾ ਕੋਈ ਵਖਾਈਆ । ਜੋਤੀ ਨੂਰ ਇਕ ਉਜਿਆਰ, ਅੱਠ ਪਹਿਰ ਡਗਮਗਾਈਆ । ਸਾਚਾ ਰਾਗ ਸੱਚੀ ਧੁਨਕਾਰ, ਅਨਹਦ ਸੇਵਾ ਲਾਈਆ । ਪਾਰਬ੍ਰਹਮ ਬ੍ਰਹਮ ਬ੍ਰਹਮ ਮੰਗਲਾਚਾਰ, ਪਰਮ ਪੁਰਖ ਕਰਾਈਆ । ਸਾਚੇ ਮੰਦਰ ਖੇਲ ਅਪਾਰ, ਤ੍ਰੈਗੁਣ ਮੂਲ ਚੁਕਾਈਆ । ਨੌ ਦਰ ਨਾਤਾ ਤੋੜ ਸੰਸਾਰ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਬੇਪਰਵਾਹੀਆ । ਨੇਤਰ ਦਰਸ ਨਿਰਗੁਣ ਚਾਨਣ, ਚੰਨ ਸੂਰਜ ਸ਼ਰਮਾਈਆ । ਨਿਰਗੁਣ ਨੂਰ ਗੋਪੀ ਕਾਹਨਨ, ਮੰਡਲ ਰੀਤੀ ਰਾਸ ਪੁਵਾਈਆ । ਆਪੇ ਮੇਟੇ ਅੰਧੇਰੀ ਸ਼ਾਮਨ, ਧੂਆਂਧਾਰ ਆਪ ਗਵਾਈਆ । ਆਪੇ ਜਨ ਭਗਤਾਂ ਬਣੇ ਲੋਕਮਾਤ ਜ਼ਾਮਨ, ਆਪ ਆਪਣੀ ਦਇਆ ਕਮਾਈਆ । ਕਾਇਆ ਖੇੜਾ ਵੇਖੇ ਨਗਰ ਗਰਾਮਨ, ਕੰਚਨ ਗੜ ਸੁਹਾਈਆ । ਆਪ ਫੜਾਏ ਆਪਣਾ ਦਾਮਨ, ਦਰ ਦਰਵੇਸ਼ਾ ਫੇਰੀ ਪਾਈਆ । ਪੂਰੀ ਕਰੇ ਕਰਾਏ ਮਨੋ ਕਾਮਨ, ਜਗਤ ਕਾਮਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਈਆ । ਗੁਰ ਨੇਤਰ ਦਰਸ ਹਰਨ ਫਰਨ, ਹਰਿ ਹਰਿ ਮੇਲ ਮਿਲੰਨਿਆ । ਆਵਣ ਜਾਵਣ ਚੁੱਕੇ ਮਰਨ ਡਰਨ, ਘਰ ਸਾਚਾ ਏਕ ਸੁਹੰਨਿਆ । ਸਤਿਗੁਰ ਪੂਰਾ ਤਰਨੀ ਤਰਨ, ਤਾਰਨਹਾਰ ਸ੍ਰੀ ਭਗਵੰਨਿਆ । ਜਨ ਭਗਤ ਵਖਾਏ ਏਕਾ ਸਰਨ, ਸਰਨ ਸਰਨਾਈ ਦੋ ਜਹਾਨਿਆ । ਲੇਖਾ ਚੁਕਾਏ ਬਰਨ ਵਰਨ, ਏਕਾ ਰੰਗ ਰਗੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਵੇ ਭੰਨਿਆ । ਦਰਸ ਪਿਆਸਾ ਗੁਰਮੁਖ ਮੀਤਾ, ਦਿਵਸ ਰੈਣ ਬਿਲਲਾਈਆ । ਪੁਰਖ ਅਬਿਨਾਸ਼ੀ ਠਾਂਡਾ ਸੀਤਾ, ਅੰਮ੍ਰਿਤ ਧਾਰ ਮੁਖ ਚੁਆਈਆ । ਆਪੇ ਕਰੇ ਪਤਿਤ ਪੁਨੀਤਾ, ਪਤਿਤ ਪਾਵਨ ਆਪ ਅਖਵਾਈਆ । ਏਕਾ ਰਾਗ ਸੁਣਾਏ ਗੀਤਾ, ਗੋਬਿੰਦ ਗਾਏ ਥਾਈਂ ਥਾਈਂਆ । ਕਿਸੇ ਹੱਥ ਨਾ ਆਏ ਮੰਦਰ ਮਸੀਤਾ, ਗੁਰਸਿਖ ਕਾਇਆ ਸੋਭਾ ਪਾਈਆ । ਜੁਗਾ ਜੁਗੰਤਰ ਜਾਣੇ ਆਪਣੀ ਰੀਤਾ, ਆਪਣੀ ਚਾਲ ਆਪ ਰਖਾਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਈ ਜਣਾਈਆ । ਆਪਣਾ ਭਾਣਾ ਜਾਣੇ ਮੀਠਾ, ਹਰਿਜਨ ਭਾਣੇ ਵਿਚ ਰਖਾਈਆ । ਦੇਵੇ ਸ਼ਬਦ ਨਾਮ ਅਨਡੀਠਾ, ਲਿਖਣ ਪੜ੍ਹਣ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਬੇਪਰਵਾਹੀਆ । ਦਰਸ਼ਨ ਮੀਤਾ ਪੁਰਖ ਬਿਧਾਤਾ, ਹਰਿਜਨ ਵੇਖ ਵਖਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਚੰਨ ਚੜ੍ਹਾਇੰਦਾ । ਹਰਿਜਨ ਰੱਖੇ ਉਤਮ ਜ਼ਾਤਾ, ਜ਼ਾਤ ਪਾਤ ਨਾ ਕੋਈ ਰਖਾਇੰਦਾ । ਬੈਠਾ ਰਹੇ ਇਕ ਇਕਾਂਤਾ, ਆਪਣੀ ਕਲ ਵਰਤਾਇੰਦਾ । ਗੁਰਮੁਖਾਂ ਅੰਦਰ ਬਹਿ ਬਹਿ ਕਰੇ ਬਾਤਾ, ਦਿਸ ਕਿਸੇ ਨਾ ਆਇੰਦਾ । ਏਕਾ ਦੇਵੇ ਨਾਮ ਸੁਗਾਤਾ, ਸਾਚੀ ਝੋਲੀ ਆਪ ਭਰਾਇੰਦਾ । ਸ਼ਬਦ ਅਗੰਮੀ ਬੋਲੇ ਗਾਥਾ, ਆਪਣਾ ਹੁਕਮ ਸੁਣਾਇੰਦਾ । ਸਾਢੇ ਤਿੰਨ ਹੱਥ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਗੁਰਮੁਖ ਵਿਰਲੇ ਸਗਲ ਵਿਸੂਰਾ ਲਾਥਾ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਲਹਿਣਾ ਦੇਣਾ ਚੁਕਾਏ ਪੂਜਾ ਪਾਠਾ, ਫੜ ਬਾਹੋਂ ਗਲੇ ਲਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖਾਂ ਕਰੇ ਪੂਰਾ ਘਾਟਾ, ਆਪਣੇ ਤੋਲ ਆਪ ਤੁਲਾਇੰਦਾ । ਖੇਲੇ ਖੇਲ ਬਾਜ਼ੀਗਰ ਨਾਟਾ, ਨੱਟ ਨਟੂਆ ਸਾਂਗ ਵਰਤਾਇੰਦਾ । ਦੋ ਜਹਾਨਾਂ ਫਿਰੇ ਨਾਠਾ, ਲੱਖ ਚੁਰਾਸੀ ਵੇਖ ਵਖਾਇੰਦਾ । ਕਲਜੁਗ ਕੂੜ ਕੁੜਿਆਰਾ ਮਾਰੇ ਠਾਠਾ, ਜੀਵ ਜੰਤ ਤਾਰੀਆਂ ਲਾਇੰਦਾ । ਨਾ ਕੋਈ ਸੁਹਾਏ ਤੀਰਥ ਅਠ ਸਾਠਾ,

ਗੰਗਾ ਗੋਦਾਵਰੀ ਨੇਤਰ ਨੈਣਾਂ ਨੀਰ ਵਹਾਇੰਦਾ । ਨਾ ਕੋਈ ਧੀਰਜ ਸਤਿ ਦਿਸੇ ਹਾਠਾ, ਸਤਿ ਸੰਤੋਖ ਨਾ ਕੋਈ ਧਰਾਇੰਦਾ । ਨਾ ਕੋਈ ਲਹਿਣਾ ਦੇਣ ਚੁਕਾਏ ਆਨ ਬਾਟਾ, ਮਾਤ ਗਰਭ ਨਾ ਫੰਦ ਕਟਾਇੰਦਾ । ਪਾਰਬ੍ਰਹਮ ਅਬਿਨਾਸ਼ੀ ਏਕਾ ਏਕ ਸਰਬ ਕਲਾ ਸਮਰਾਥਾ, ਹਰਿਜਨ ਸਾਚੇ ਆਪ ਤਰਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਪੂਰਬ ਦੇਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਸੀ ਦਰਸ ਦਖਾਇੰਦਾ । ਹਰਿ ਦਰਸ਼ਨ ਗੁਰ ਬਲਿਹਾਰੀ, ਗੁਰ ਸੱਜਣ ਹਰਿ ਹਰਿ ਪਾਇਆ । ਸੋਹਿਆ ਬੰਕ ਬੰਕ ਦੁਵਾਰੀ, ਘਰ ਮਜਨ ਮੈਲ ਗਵਾਇਆ । ਜਗੀ ਜੋਤ ਜੋਤ ਨਿਰੰਕਾਰੀ, ਨਿਰਗੁਣ ਦਾਤਾ ਬੇਪਰਵਾਹਿਆ । ਹਰਿਜਨ ਮੰਗੇ ਮੰਗ ਭਿਖਾਰੀ, ਦੋਏ ਜੋੜ ਸੀਸ ਝੁਕਾਇਆ । ਦੇਵਣਹਾਰਾ ਵਡ ਦਾਤਾਰੀ, ਜੁਗ ਜੁਗ ਆਪਣਾ ਵੇਸ ਵਟਾਇਆ । ਆਪੇ ਰੱਖੇ ਅਤੁਟ ਭੰਡਾਰੀ, ਅਤੋਟ ਅਤੁਟ ਆਪ ਰਖਾਇਆ । ਦਾਨਾ ਬੀਨਾ ਵਡ ਸੰਸਾਰੀ, ਸਤਿਗੁਰ ਸਾਚਾ ਨਾਉਂ ਧਰਾਇਆ । ਜੁਗ ਜੁਗ ਜਨ ਭਗਤਾਂ ਪੈਜ ਰਿਹਾ ਸੁਵਾਰੀ, ਦੂਸਰ ਹੱਥ ਕਿਸੇ ਨਾ ਆਇਆ । ਰਾਓ ਰੰਕ ਕਰੇ ਖੁਵਾਰੀ, ਜਿਸ ਹਰਿ ਹਰਿ ਨਾਮ ਭੁਲਾਇਆ । ਗ਼ਰੀਬ ਨਿਮਾਣੇ ਜਾਏ ਤਾਰੀ, ਜੋ ਬੈਠੇ ਰਾਹ ਤਕਾਇਆ । ਦਰ ਘਰ ਸਾਚੇ ਕਰੇ ਪਿਆਰੀ, ਘਰ ਸੱਜਣ ਇਕ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਗੁਰ ਦਰਸ਼ਨ ਹਰਿ ਮੇਲਿਆ, ਪਾਰਬ੍ਰਹਮ ਗੁਰ ਕਰਤਾਰ । ਹਰਿ ਪਾਇਆ ਸੱਜਣ ਸੁਹੇਲਿਆ, ਸਤਿਗੁਰ ਸਾਚਾ ਮੀਤ ਮੁਰਾਰ । ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ, ਦੂਸਰ ਰੰਗੇ ਨਾ ਕੋਈ ਵਿਚ ਸੰਸਾਰ । ਆਪੇ ਵਸੇ ਧਾਮ ਨਵੇਲਿਆ, ਆਪੇ ਹਰ ਘਟ ਕਰੇ ਪਸਾਰ । ਆਪਣਾ ਖੇਲ ਪਾਰਬ੍ਰਹਮ ਅਬਿਨਾਸ਼ੀ ਕਰਤਾ ਜੁਗਾ ਜੁਗੰਤਰ ਆਪੇ ਖੇਲਿਆ, ਲੋਕਮਾਤ ਲਏ ਅਵਤਾਰ । ਜਨ ਭਗਤਾਂ ਧਰਮ ਰਾਏ ਦੀ ਕੱਟੇ ਜੇਲਿਆ, ਲੱਖ ਚੁਰਾਸੀ ਗੇੜ ਨਿਵਾਰ । ਦਰ ਘਰ ਸਾਚੇ ਸਚਖੰਡ ਦੁਵਾਰੇ ਜੋਤ ਨਿਰੰਜਣ ਚਾੜ੍ਹੇ ਤੇਲਿਆ, ਨਾਤਾ ਤੋੜ ਜਗਤ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਸਤਿਗੁਰ ਦਰਸ਼ਨ ਚਰਨ ਪਿਆਰ, ਭਾਂਡਾ ਭਰਮ ਭੰਨਾਈਆ । ਹਰਿ ਹਰਿ ਸੱਜਣ ਮੀਤ ਮੁਰਾਰ, ਹਰਿਜਨ ਸਾਚੇ ਲਏ ਜਗਾਈਆ । ਦੇਵੇ ਦਰਸ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਨੇਤਰ ਲੋਚਣ ਨੈਣ ਦਏ ਉਘਾੜ, ਨਿਝ ਨੇਤਰ ਆਪ ਵਖਾਈਆ । ਆਪੇ ਕਰੇ ਬੰਦ ਕਿਵਾੜ, ਆਪੇ ਕੁੰਡਾ ਲਾਹੀਆ । ਆਪੇ ਅਨਹਦ ਵਜਾਏ ਸੱਚੀ ਧੁਨਕਾਰ, ਰਾਗ ਅਨਾਦੀ ਆਪੇ ਗਾਈਆ । ਆਪੇ ਬਖ਼ਸ਼ੇ ਅੰਮ੍ਰਿਤ ਧਾਰ, ਉਲਟਾ ਕਵਲ ਆਪ ਭੁਵਾਈਆ । ਆਪੇ ਆਤਮ ਸੇਜਾ ਹੋ ਉਜਿਆਰ, ਦਸਮ ਦੁਵਾਰੀ ਬੰਕ ਸੁਹਾਈਆ । ਆਪੇ ਕਮਲਾਪਾਤੀ ਮੀਤ ਮੁਰਾਰ, ਆਪੇ ਸ਼ਬਦੀ ਡੰਕ ਵਜਾਈਆ । ਆਪੇ ਸੁਰਤ ਸਵਾਣੀ ਪਾਏ ਸਾਰ, ਆਪ ਆਪਣੇ ਲੜ ਲਗਾਈਆ । ਆਪੇ ਕੰਤ ਆਪ ਭਤਾਰ, ਆਪੇ ਨਾਰੀ ਸੇਜ ਹੰਢਾਈਆ । ਆਪੇ ਸੁੱਤਾ ਪੈਰ ਪਸਾਰ, ਆਪਣੀ ਆਪ ਲਏ ਅੰਗੜਾਈਆ । ਆਪੇ ਗੁਰਮੁਖ ਸੱਜਣ ਲਾਏ ਪਾਰ, ਜੁਗ ਜੁਗ ਵੱਡੀ ਵਡਿਆਈਆ । ਗੁਰ ਕਰਤਾ ਗੁਰ ਕਰਨੇਹਾਰਾ ਦਰਸ਼ਨ ਦੇਵੇ ਕਿਰਪਾ ਧਾਰ, ਕਰਮ ਧਰਮ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਬੇਪਰਵਾਹੀਆ । ਹਰਿ ਦਰਸ ਨੇਤਰ ਜਾਏ ਖੁਲ੍ਹ, ਸਤਿਗੁਰ ਮਾਰਗ ਇਕ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕੋਇ ਨਾ ਲਾਏ ਮਾਤ ਮੁੱਲ, ਏਕਾ ਮਾਰਗ ਆਪ ਵਖਾਇੰਦਾ । ਜੋ ਜਨ ਸਾਚੇ ਨਾਮ ਕੰਡੇ ਜਾਏ ਤੁਲ, ਦੂਸਰ ਦਰ ਨਾ ਕੋਈ ਜਣਾਇੰਦਾ । ਭਾਗ ਲਗਾਏ

ਸਾਚੀ ਕੁਲ, ਕੁਲਵੰਤਾ ਵੇਖ ਵਖਾਇੰਦਾ । ਆਪੇ ਵੇਖੇ ਫੁਲ ਫੁਲਵਾੜੀ ਫੁੱਲ, ਰੁੱਤ ਬਸੰਤੀ ਆਪ ਸੁਹਾਇੰਦਾ । ਹਰਿਜਨ ਵਿਰਲਾ ਹਰਿ ਚਰਨ ਪ੍ਰੀਤੀ ਜਾਏ ਘੁਲ, ਆਪੇ ਘੋਲੀ ਘੋਲ ਘੁਮਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਵਿਕਾਰਾ ਨਾ ਜਾਏ ਰੁਲ, ਮਨ ਮਤ ਨਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਆਪ ਉਠਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਪਾਰਬ੍ਰਹਮ ਬੇਅੰਤਿਆ । ਆਦਿ ਜੁਗਾਦੀ ਨੌਜਵਾਨ, ਖੇਲੇ ਖੇਲ ਸ੍ਰੀ ਭਗਵੰਤਿਆ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਆਤਮ ਅੰਤਰ ਏਕਾ ਜੋਤ ਜੁਗੰਤਿਆ । ਸ਼ਬਦ ਅਨਾਦਿ ਸੱਚੀ ਧੁਨਕਾਨ, ਅਨਹਦ ਰਾਗ ਵਜੰਤਿਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟੰਤਿਆ । ਮੰਦਰ ਸੁਹਾਏ ਸਚ ਮਕਾਨ, ਕਾਇਆ ਗੁਰੂਦੁਵਾਰ ਇਕ ਵਖੰਤਿਆ । ਆਪ ਵਖਾਏ ਸਚ ਨਿਸ਼ਾਨ, ਸਚਖੰਡ ਦੁਵਾਰੇ ਆਪ ਝੁਲੰਤਿਆ । ਆਦਿ ਜੁਗਾਦੀ ਨਿਗਹਬਾਨ, ਗੁਰਮੁਖ ਸੱਜਣ ਵੇਖ ਵਖੰਤਿਆ । ਸ਼ਬਦ ਸਰੂਪੀ ਪਾਏ ਆਨ, ਨਾਮ ਖੰਡਾ ਇਕ ਉਠੰਤਿਆ । ਮੇਟ ਮਿਟਾਏ ਪੰਜ ਸ਼ੈਤਾਨ, ਪੰਜਾਂ ਮੋਹ ਤੁੜੰਤਿਆ । ਵੇਖਣਹਾਰਾ ਚੌਦਾਂ ਹੱਟ ਚੌਦਾਂ ਲੋਕ ਦੁਕਾਨ, ਲੋਆਂ ਪੁਰੀਆਂ ਖੋਜ ਖੁਜੰਤਿਆ । ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਵਡ ਦਾਤਾ ਸ੍ਰੀ ਭਗਵੰਤਿਆ । ਲੋਕਮਾਤ ਖੇਲ ਮਹਾਨ, ਜੁਗ ਜੁਗ ਆਪਣਾ ਵੇਸ ਵਟੰਤਿਆ । ਹਰਿਜਨ ਸਾਚੇ ਕਰੇ ਪਛਾਣ, ਲੱਖ ਚੁਰਾਸੀ ਫੋਲ ਫੁਲੰਤਿਆ । ਜੀਵ ਜੰਤ ਜਗਤ ਨਿਧਾਨ, ਹਰਿ ਕਾ ਭੇਵ ਨਾ ਕੋਈ ਖੁਲੰਤਿਆ । ਰਾਗ ਨਾਦ ਸਾਰੇ ਗਾਣ, ਸਾਧ ਸੰਤ ਕਹਿਣ ਬੇਅੰਤਿਆ । ਵੇਦ ਪੁਰਾਨੀ ਧੁਰ ਫ਼ਰਮਾਣ, ਅੰਜੀਲ ਕੁਰਾਨੀ ਬਣਤ ਬਣੰਤਿਆ । ਖਾਣੀ ਬਾਣੀ ਕਰ ਪਰਧਾਨ, ਆਪ ਅਪਣਾ ਹੁਕਮ ਸੁਣੰਤਿਆ । ਆਪੇ ਹੋਇਆ ਬੇਪਛਾਣ, ਦਿਸ ਕਿਸੇ ਨਾ ਆਏ ਜੀਵ ਜੰਤਿਆ । ਜਿਸ ਜਨ ਕਿਰਪਾ ਕਰੇ ਸ੍ਰੀ ਭਗਵਾਨ, ਆਪ ਆਪਣਾ ਮੇਲ ਮਿਲੰਤਿਆ । ਪਾਏ ਦਰਸ ਦਰ ਦਰਬਾਨ, ਦਰ ਦਰਵਾਜਾ ਆਪ ਖੁਲੰਤਿਆ । ਜੋਤੀ ਨੂਰ ਜਗੇ ਮਹਾਨ, ਨੂਰੋ ਨੂਰ ਡਗਮਗੰਤਿਆ । ਸਾਚਾ ਮੰਦਰ ਸਚ ਮਕਾਨ, ਨੌ ਦੁਵਾਰ ਨਾ ਕੋਈ ਰਖੰਤਿਆ । ਛੱਪਰ ਛੰਨ ਨਾ ਕੋਈ ਨਿਸ਼ਾਨ, ਸਚਖੰਡ ਦੁਵਾਰਾ ਏਕ ਏਕੰਕਾਰਾ ਨਰ ਅਵਤਾਰ ਆਪ ਵਸੰਤਿਆ । ਨਾ ਕੋਈ ਨਗਰ ਨਾ ਗਰਾਮ, ਨਾ ਖੇੜਾ ਰੰਗ ਰਗੰਤਿਆ । ਨਾ ਕੋਈ ਹੱਡ ਮਾਸ ਨਾੜੀ ਦਿਸੇ ਚਾਮ, ਪੰਜ ਤੱਤ ਨਾ ਵੇਸ ਵਟੰਤਿਆ । ਨਾ ਕੋਈ ਸੀਤਾ ਨਾ ਕੋਈ ਰਾਮ, ਨਾ ਕੋਈ ਕ੍ਰਿਸ਼ਨਾ ਗਾਏ ਗਾਣ, ਸਰਗੁਣ ਖੇਲ ਨਾ ਕੋਈ ਜਹਾਨ, ਨਿਰਗੁਣ ਜੋਤ ਨੂਰੋ ਨੂਰ ਸਰਬ ਕਲ ਆਪੇ ਭਰਪੂਰ, ਦੂਸਰ ਸੰਗ ਨਾ ਕੋਈ ਵਿਖੰਤਿਆ । ਜਨ ਭਗਤਾਂ ਆਦਿ ਜੁਗਾਦਿ ਹਾਜ਼ਰ ਹਜ਼ੂਰ, ਨੇੜਾ ਦੂਰ ਨਾ ਕੋਇ ਜਣੰਤਿਆ । ਆਸਾ ਮਨਸਾ ਹਰਿ ਹਰਿ ਪੂਰ, ਹਰਿਜਨ ਹਉਮੇ ਰੋਗ ਗਵੰਤਿਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਮੇਟ ਮਿਟੰਤਿਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਦੁਰਮਤ ਮੈਲ ਗਵੰਤਿਆ । ਦਾਤਾ ਦਾਨੀ ਸਤਿਗੁਰ ਸੂਰ, ਸੂਰਬੀਰ ਆਪ ਅਖਵੰਤਿਆ । ਜਗਤ ਵਿਕਾਰਾ ਚੂਰੋ ਚੂਰ, ਸ਼ਬਦ ਖੰਡਾ ਇਕ ਉਠੰਤਿਆ । ਗੁਰਮੁਖਾਂ ਦਰਸ ਦਖਾਏ ਨੇੜੇ ਦੂਰ, ਦੋ ਜਹਾਨਾਂ ਪੰਧ ਮੁਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟੰਤਿਆ । ਹਰਿ ਦਰਸ਼ਨ ਸਤਿਗੁਰ ਪਾਇਆ, ਗੁਰ ਮਿਲਿਆ ਮੀਤ ਮੁਰਾਰ । ਸੰਤ ਸੁਹੇਲਾ ਸੰਗ ਰਲਾਇਆ, ਭਗਤ ਭਗਤੀ ਭਰੇ ਭੰਡਾਰ । ਗੁਰਮੁਖਾਂ ਗੁਰ ਗੁਰ ਮੰਗਲ ਗਾਇਆ, ਸੋਭਾਵੰਤੀ ਹੋਈ ਨਾਰ । ਗੁਰਮੁਖ ਨਿਉਂ ਨਿਉਂ ਸੀਸ ਝੁਕਾਇਆ, ਚਰਨ ਕਵਲ ਕਰੇ ਪਿਆਰ । ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਇਆ, ਆਪ ਆਪਣੀ ਕਿਰਪਾ ਧਾਰ । ਆਦਿ ਨਿਰੰਜਣ

ਜੋਤ ਜਗਾਇਆ, ਅੰਧ ਅੰਧੇਰਾ ਦਏ ਗਵਾ । ਅਬਿਨਾਸ਼ੀ ਕਰਤਾ ਵੇਖ ਵਖਾਇਆ, ਕਰੇ ਕਰਾਏ ਆਪਣੀ ਕਾਰ । ਨਾਮ ਮੰਤਰ ਸਤਿ ਦ੍ਰਿੜਾਇਆ, ਸਤਿ ਸਤਿਵਾਦੀ ਬੰਨ੍ਹੇ ਧਾਰ । ਅਕਾਲ ਮੂਰਤ ਨਜ਼ਰੀ ਆਇਆ, ਨਿਰਗੁਣ ਨੂਰੋ ਨੂਰ ਕਰ ਪਸਾਰ । ਅਜੂਨੀ ਰਹਿਤ ਖੇਲ ਖਲਾਇਆ, ਖੇਲੇ ਖੇਲ ਖੇਲਣਹਾਰ । ਆਦਿ ਜੁਗਾਦਿ ਭੈ ਨਾ ਕੋਈ ਰਖਾਇਆ, ਨਿਰਭੈ ਹੋਏ ਆਪ ਕਰਤਾਰ । ਲੋਕਮਾਤੀ ਵੇਸ ਵਟਾਇਆ, ਜੁਗ ਜੁਗ ਲਏ ਮਾਤ ਅਵਤਾਰ । ਆਪੇ ਰਾਵਣ ਗੜ੍ਹ ਤੁੜਾਇਆ, ਕਰਿਆ ਵਾਰ ਆਪਣੀ ਵਾਰ । ਆਪੇ ਕੰਸ ਕੇਸੀ ਪਕੜ ਗਿਰਾਇਆ, ਆਪੇ ਦਰਯੋਧਨ ਕਰ ਖੁਵਾਰ । ਆਪੇ ਮੰਤਰ ਨਾਮ ਦ੍ਰਿੜਾਇਆ, ਆਪੇ ਗੀਤਾ ਗਿਆਨ ਕਰੇ ਉਜਿਆਰ । ਵੇਦ ਪੁਰਾਨਾ ਨਾਮ ਧਰਾਇਆ, ਆਪ ਆਪਣੀ ਬੰਨ੍ਹੇ ਧਾਰ । ਆਪੇ ਈਸਾ ਮੂਸਾ ਸੰਗ ਰਲਾਇਆ, ਆਪੇ ਬਣ ਮੁਹੰਮਦੀ ਯਾਰ । ਆਪੇ ਅੰਜੀਲ ਕੁਰਾਨਾ ਵੇਖ ਵਖਾਇਆ, ਆਪੇ ਕਲਮੇ ਪੜ੍ਹੇ ਆਪਣੀ ਧਾਰ । ਆਪੇ ਨਿਉਂ ਨਿਉਂ ਸੀਸ ਝੁਕਾਇਆ, ਆਪੇ ਸਜਦਾ ਕਰੇ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਅਪਾਰ । ਆਪੇ ਨਾਨਕ ਜੋਤੀ ਰਾਸ, ਮੰਡਲ ਮੰਡਪ ਪਾਈਆ । ਆਪੇ ਪ੍ਰਿਥਮੀ ਆਪੇ ਅਕਾਸ਼, ਦਹਿ ਦਿਸ਼ਾ ਫੇਰੀ ਪਾਈਆ । ਆਪੇ ਪਵਣ ਆਪ ਸਵਾਸ, ਆਪੇ ਰਸਨਾ ਜਿਹਵਾ ਗਾਈਆ । ਆਪੇ ਦੇਵੇ ਚਰਨ ਧਰਵਾਸ, ਆਸ ਨਿਰਾਸ ਪੂਰ ਕਰਾਈਆ । ਆਪੇ ਘਟ ਘਟ ਅੰਦਰ ਰੱਖੇ ਵਾਸ, ਆਪ ਆਪਣਾ ਆਪੇ ਵਿਚ ਟਿਕਾਈਆ । ਖੇਲੇ ਖੇਲ ਖੇਲ ਤਮਾਸ਼, ਹਰਿ ਵਡਾ ਵਡ ਵਡਿਆਈਆ । ਮਰੇ ਨਾ ਜੰਮੇ ਪੁਰਖ ਅਬਿਨਾਸ਼, ਨਿਰਗੁਣ ਸਰਗੁਣ ਨਾਉਂ ਧਰਾਈਆ । ਕਲਜੁਗ ਜੋਤ ਜੋਤ ਪ੍ਰਕਾਸ਼, ਪਰਮ ਪੁਰਖ ਆਪ ਅਖਵਾਈਆ । ਜਨ ਭਗਤਾਂ ਹੋਏ ਆਪੇ ਦਾਸ, ਦਾਸ ਦਾਸੀ ਸੇਵ ਕਮਾਈਆ । ਨਾਤਾ ਤੋੜੇ ਗਰਭ ਵਾਸ, ਲੱਖ ਚੁਰਾਸੀ ਫੰਦ ਕਟਾਈਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਨਿਜ਼ ਘਰ ਆਤਮ ਰੱਖੇ ਵਾਸ, ਦੇਵੇ ਦਰਸ ਸਹਿਜ ਸੁਭਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪ੍ਰਭਾਸ, ਜਲ ਥਲ ਮਹੀਅਲ ਡੇਰਾ ਲਾਈਆ । ਗੁਰਸਿਖ ਨਾ ਹੋਏ ਕੋਇ ਨਿਰਾਸ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਅਗੰਮ ਅਥਾਹੀਆ । ਗੁਰਮੁਖ ਨੇਤਰ ਦਰਸ਼ਨ ਪੌਣਾ, ਹਰਿ ਸੱਜਣ ਮੇਲ ਮਿਲਾਇਆ । ਮਾਇਆ ਮਮਤਾ ਮੋਹ ਚੁਕੌਣਾ, ਹਉਮੇ ਹੰਗਤਾ ਰੋਗ ਮਿਟਾਇਆ । ਪੰਚਮ ਵਿਕਾਰਾ ਨੇੜ ਨਾ ਔਣਾ, ਅੰਮ੍ਰਿਤ ਆਤਮ ਜਾਮ ਪਿਆਇਆ । ਨੇਤਰ ਲੋਚਣ ਇਕ ਖੁਲ੍ਹੌਣਾ, ਏਕਾ ਰੰਗ ਰੰਗਾਇਆ । ਸਾਚੇ ਮਾਰਗ ਆਪੇ ਪੌਣਾ, ਪਾਰਬ੍ਰਹਮ ਬ੍ਰਹਮ ਰੂਪ ਦਰਸਾਇਆ । ਗੁਰਸਿਖ ਲੋਕਮਾਤ ਦੇ ਬਾਂਹ ਸਰਹਾਣੇ ਸੌਣਾ, ਸਤਿਗੁਰ ਪੂਰਾ ਆਪੇ ਲਏ ਉਠਾਇਆ । ਕਰੇ ਕਰਾਏ ਜੋ ਹਰਿ ਭੌਣਾ, ਹਰਿ ਭਾਣਾ ਭਾਵੀ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਵਰ, ਘਰ ਘਰ ਵਿਚ ਮੇਲ ਮਿਲਾਇਆ । ਘਰ ਮੇਲਾ ਘਰ ਪਾਇਆ, ਘਰ ਪਰਮ ਪੁਰਖ ਕਰਤਾਰ । ਘਰ ਸੱਜਣ ਘਰ ਬੰਕ ਸੁਹਾਇਆ, ਘਰ ਲੇਖਾ ਬੰਦ ਕਿਵਾੜ । ਘਰ ਚੇਲਾ ਘਰ ਗੁਰ ਘਰ ਆਪਣਾ ਰੰਗ ਰੰਗਾਇਆ, ਵਾ ਲੱਗੇ ਨਾ ਤੱਤੀ ਹਾੜ । ਘਰ ਸ਼ਬਦ ਘਰ ਨਾਦ ਘਰ ਧੁਨ ਵਜਾਇਆ, ਘਰ ਸਖੀਆਂ ਮੰਗਲਚਾਰ । ਘਰ ਸਰੋਵਰ ਘਰ ਅੰਮ੍ਰਿਤ ਜਲ ਭਰਾਇਆ, ਘਰ ਬੂੰਦ ਸਵਾਂਤੀ ਠੰਡੀ ਠਾਰ । ਘਰ ਦੀਪਕ ਘਰ ਬਾਤੀ ਘਰ ਘਰ ਜੋਤੀ ਜੋਤ ਡਗਮਗਾਇਆ, ਪਾਰਬ੍ਰਹਮ ਪੁਰਖ ਅਬਿਨਾਸ਼ । ਗੁਰਮੁਖ ਸਵਾਣੀ ਸੋਤੀ ਆਪ ਉਠਾਇਆ, ਦੇਵੇ ਦਰਸ ਸ਼ਾਹੋ ਸ਼ਾਬਾਸ਼ । ਸਾਚੀ ਸੋਟੀ

ਸ਼ਬਦ ਫੜਾਇਆ, ਪਾਰ ਕਰਾਏ ਪ੍ਰਿਥਮੀ ਅਕਾਸ਼ । ਕੋਟਨ ਕੋਟੀ ਜੀਵ ਰਹੇ ਧਿਆਇਆ, ਕਿਸੇ ਹੱਥ ਨਾ ਆਏ ਸਤਿਗੁਰ ਸੱਚਾ ਸ਼ਾਹੋ ਸ਼ਾਬਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਇਆ ਦਾਸੀ ਦਾਸ । ਦਾਸੀ ਦਾਸ ਸੇਵਾ ਕਰ, ਆਪਣੀ ਖ਼ੁਸ਼ੀ ਮਨਾਇੰਦਾ । ਗੁਰਮੁਖ ਸੱਜਣ ਆਪੇ ਵਰ, ਆਪਣੇ ਅੰਗ ਲਗਾਇੰਦਾ । ਆਪ ਲੈ ਜਾਏ ਆਪਣੇ ਘਰ, ਆਪਣਾ ਘਰ ਸੁਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਿਊਂ ਨਿਊਂ ਨਿਮਸਕਾਰ ਰਹੇ ਕਰ, ਜਿਸ ਮਾਰਗ ਗੁਰਮੁਖ ਜਾਇੰਦਾ । ਨਾਨਕ ਖੁਲ੍ਹਾਇਆ ਸਾਚਾ ਦਰ, ਗੋਬਿੰਦ ਵੇਖ ਵਖਾਇੰਦਾ । ਪ੍ਰਭ ਅਬਿਨਾਸ਼ੀ ਖੇਲੇ ਖੇਲ ਸਚਖੰਡ ਦੁਵਾਰੇ ਉਪਰ ਚੜ੍ਹ, ਸਤਿ ਪੁਰਖ ਨਿਰੰਜਣ ਨਾਉਂ ਧਰਾਇੰਦਾ । ਗੁਰਸਿਖ ਗੁਰਮੁਖ ਕਲਜੁਗ ਅਗਨੀ ਵਿਚ ਨਾ ਜਾਏ ਸੜ, ਸਿਰ ਆਪਣਾ ਹੱਥ ਟਿਕਾਇੰਦਾ । ਸੋ ਪੁਰਖ ਨਿਰੰਜਣ ਆਪ ਫੜਾਇਆ ਆਪਣਾ ਲੜ, ਹੰ ਬ੍ਰਹਮ ਆਪ ਪ੍ਰਨਾਇੰਦਾ । ਚੌਥੇ ਜੁਗ ਕਲਜੁਗ ਅੰਤਮ ਚੌਥੇ ਪੌੜੇ ਜਾਏ ਚੜ੍ਹ, ਜੋਗ ਅਭਿਆਸ ਨਾ ਕੋਈ ਵਖਾਇੰਦਾ । ਜੋ ਜਨ ਸੋਹੰ ਅੱਖਰ ਲਏ ਪੜ੍ਹ, ਜਨਮ ਮਰਨ ਫੰਦ ਕਟਾਇੰਦਾ । ਦਰਗਹਿ ਸਾਚੀ ਜਾਏ ਵੜ, ਹਰਿ ਸਤਿਗੁਰ ਮੇਲ ਮਿਲਾਇੰਦਾ । ਦਰਸ ਦਖਾਏ ਅੱਗੇ ਖੜ੍ਹ, ਸਵਛ ਸਰੂਪੀ ਰੂਪ ਵਟਾਇੰਦਾ । ਆਪੇ ਲੱਖ ਚੁਰਾਸੀ ਭਾਂਡੇ ਲਏ ਘੜ, ਆਪੇ ਭੰਨ ਵਖਾਇੰਦਾ । ਆਪੇ ਤੋੜ ਹੰਕਾਰੀ ਗੜ੍ਹ, ਆਪੇ ਖੜਗ ਖੰਡਾ ਚਮਕਾਇੰਦਾ । ਆਪੇ ਗੁਰਸਿਖਾਂ ਅੰਦਰ ਜਾਏ ਵੜ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲ ਕਰ, ਗੁਰਸਿਖ ਸੱਜਣ ਮੀਤ ਅਤੀਤ, ਚਰਨ ਪ੍ਰੀਤ ਇਕ ਸਿਖਾਇੰਦਾ । ਚਰਨ ਪ੍ਰੀਤੀ ਸਾਚਾ ਰੰਗ, ਨੀਲੀ ਕਾਲੀ ਧਾਰ ਛੁਪਾਈਆ । ਗੋਬਿੰਦ ਮੇਲਾ ਆਤਮ ਸੇਜਾ ਸਚ ਪਲੰਘ, ਗੁਰ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਖੰਡਾ ਤੀਰ ਦੇਵੇ ਨਾਮ ਤਰੰਗ, ਹਰਿਜਨ ਸਾਚਾ ਰਿਹਾ ਦ੍ਰਿੜਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਚ ਦੁਵਾਰੇ ਆਪੇ ਲੰਘ, ਹਰਿਜਨ ਸਾਚੇ ਲਏ ਉਠਾਈਆ । ਸਰ ਸਰੋਵਰ ਸਾਚੀ ਧਾਰ, ਅੰਮ੍ਰਿਤ ਵਹਾਏ ਏਕਾ ਗੰਗ, ਗੁਰਸਿਖ ਗੰਗਾ ਗੋਦਾਵਰੀ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਨਾਤਾ ਜੋੜ, ਪੰਚ ਵਿਕਾਰਾ ਦੇਵੇ ਹੋੜ, ਸ਼ਬਦ ਚੜ੍ਹਾਏ ਸਾਚੇ ਘੋੜ, ਵਾਗ ਆਪਣੇ ਹੱਥ ਰਖਾਈਆ । ਗੁਰਸਿਖ ਤੇਰੀ ਉਤਮ ਜ਼ਾਤ, ਪਾਰਬ੍ਰਹਮ ਸਰਨਾਈਆ । ਅਬਿਨਾਸ਼ੀ ਕਰਤਾ ਵੇਖੇ ਮਾਰ ਝਾਤ, ਜੁਗ ਜੁਗ ਵੇਸ ਵਟਾਈਆ । ਜਨ ਭਗਤਾਂ ਦੇਵੇ ਸਾਚੀ ਦਾਤ, ਏਕਾ ਨਾਮ ਝੋਲੀ ਪਾਈਆ । ਬੈਠਾ ਰਹੇ ਇਕ ਇਕਾਂਤ, ਘਟ ਘਟ ਆਪੇ ਰਿਹਾ ਸਮਾਈਆ । ਹਰਿਜਨ ਮੇਟੇ ਅੰਧੇਰੀ ਰਾਤ, ਅੰਧ ਅੰਧੇਰ ਰਹਿਣ ਨਾ ਪਾਈਆ । ਸ਼ਬਦ ਸੁਣਾਏ ਸਾਚੀ ਗਾਥ, ਕਾਇਆ ਮੰਦਰ ਆਪਣਾ ਰਾਗ ਅਲਾਈਆ । ਸਤਿਗੁਰ ਪੂਰਾ ਦੇਵੇ ਸਗਲਾ ਸਾਥ, ਵਿਛੜ ਕਦੇ ਨਾ ਜਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਦਏ ਗਵਾਹੀਆ । ਗੁਰ ਗੋਬਿੰਦ ਉਤਾਰੇ ਪਾਰ ਘਾਟ, ਮੰਝਧਾਰ ਨਾ ਕੋਈ ਰੁੜ੍ਹਾਈਆ । ਨਾਨਕ ਨਿਰਗੁਣ ਦੇਵੇ ਸਾਥ, ਜੋ ਜਨ ਰਸਨਾ ਰਹੇ ਧਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਪੁਰਖ ਸਮਰਾਥ, ਸਮਰਥ ਹੱਥ ਵਡਿਆਈਆ । ਕਰ ਦਰਸ ਸਗਲ ਵਿਸੂਰੇ ਗਏ ਲੱਥ, ਰਾਏ ਧਰਮ ਨਾ ਦਏ ਸਜਾਈਆ । ਜੋ ਜਨ ਸਰਨ ਸਰਨਾਈ ਗਏ ਢੱਠ, ਸਤਿਗੁਰ ਪੂਰਾ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਤੀਰਥ ਅਠ ਸਠ, ਆਪ ਆਪਣਾ ਮੇਲ ਮਿਲਾਈਆ । ਜੋਤ ਜਗਾਏ ਕਾਇਆ ਮਟ, ਦਿਵਸ ਰੈਣ

ਡਗਮਗਾਈਆ । ਅਨਹਦ ਤਾਲ ਨਗਾਰੇ ਲਾਏ ਸੱਟ, ਸ਼ਬਦ ਅਨਾਦੀ ਆਪ ਸੁਣਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਤ੍ਰਿਸ਼ਨਾ ਅੱਗ ਬੁਝਾਈਆ । ਦਰਸ ਦਖਾਏ ਨੱਠ ਨੱਠ, ਗੁਰਮੁਖਾਂ ਸੇਵ ਕਮਾਈਆ । ਵਸਣਹਾਰਾ ਘਟ ਘਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਜੋੜ ਨਾਤਾ, ਦਰਸ ਦਖਾਏ ਇਕ ਇਕਾਂਤਾ, ਇਕ ਇਕੱਲਾ ਏਕੰਕਾਰ ਜਨ ਭਗਤਾਂ ਕਰੇ ਸਦ ਪਿਆਰ, ਆਵੇ ਜਾਵੇ ਵਿਚ ਸੰਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲ ਮਿਲਾਈਆ । ਗੁਰਮੁਖ ਸੱਜਣ ਰੱਖੇ ਆਸ, ਦਿਵਸ ਰੈਣ ਰਾਹ ਤਕਾਈਆ । ਸਤਿਗੁਰ ਪੂਰਾ ਆਪ ਬੁਝਾਏ ਲੱਗੀ ਪਿਆਸ, ਦੇ ਦਰਸ ਤ੍ਰਿਪਤ ਕਰਾਈਆ । ਹਿਰਦੇ ਅੰਦਰ ਰੱਖੇ ਵਾਸ, ਨਿਜ ਨੇਤਰ ਆਪ ਖੁਲ੍ਹਾਈਆ । ਸਖਾ ਸੁਹੇਲਾ ਵਸੇ ਪਾਸ, ਦਿਵਸ ਰੈਣ ਨਾ ਕੋਈ ਜਣਾਈਆ । ਲਹਿਣਾ ਦੇਣਾ ਚੁੱਕੇ ਦਸ ਦਸ ਮਾਸ, ਮਾਤ ਗਰਭ ਨਾ ਫੇਰਾ ਪਾਈਆ । ਜੁਗਾ ਜੁਗੰਤਾ ਜਨ ਭਗਤਾਂ ਪੂਰੀ ਕਰੇ ਆਸ, ਮਨਮੁਖਾਂ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬਾਹੋਂ ਲਏ ਫੜ, ਆਪਣੇ ਬੇੜੇ ਆਪ ਚੜ੍ਹਾਈਆ ।

ਹਰੀ ਹਰਿ ਹਰਿ ਨਿਰੰਕਾਰ, ਹਰਿ ਹਰੀ ਹਰਿ ਰੂਪ ਸਮਾਈਆ । ਸ਼ਬਦੀ ਸ਼ਬਦ ਸ਼ਬਦ ਭੰਡਾਰ, ਸ਼ਬਦੀ ਸ਼ਬਦ ਸਮਾਈਆ । ਗੁਰੂ ਗੁਰ ਗੁਰ ਅਵਤਾਰ, ਗੁਰੂ ਗੁਰ ਰੂਪ ਅਖਵਾਈਆ । ਨਾਮ ਨਾਮ ਨਾਮ ਜੈਕਾਰ, ਨਾਮ ਨਾਮ ਆਪ ਬੁਲਾਈਆ । ਸਚ ਵਸਤ ਵਸਤ ਅਪਾਰ, ਸਚ ਸੱਚੀ ਆਪ ਉਪਜਾਈਆ । ਆਦਿ ਪੁਰਖ ਏਕੰਕਾਰ, ਏਕਾ ਏਕ ਏਕ ਅਖਵਾਈਆ । ਜੁਗਾ ਜੁਗੰਤਰ ਭੇਵ ਨਿਆਰ, ਭਗਵਾਨ ਭੇਵ ਕੋਈ ਨਾ ਪਾਈਆ । ਆਦਿ ਜੁਗਾਦੀ ਬੰਨ੍ਹੇ ਧਾਰ, ਸਤਿ ਸਤਿਵਾਦੀ ਵਡ ਵਡਿਆਈਆ । ਬੋਧ ਅਗਾਧੀ ਪਾਵੇ ਸਾਰ, ਆਪ ਆਪਣਾ ਭੇਵ ਖੁਲ੍ਹਾਈਆ । ਧੁਨ ਅਨਾਦੀ ਅਗੰਮ ਅਪਾਰ, ਅਲੱਖ ਅਲੱਖਣਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਅੰਤ ਹਰਿ ਭਗਵਾਨ, ਭਗਵਨ ਆਪਣੀ ਖੇਲ ਖਲਾਇੰਦਾ । ਰਾਮ ਨਾਮ ਨਾਮ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ । ਸ਼ਬਦ ਸਰੂਪੀ ਧੁਰ ਫ਼ਰਮਾਣ, ਸਚ ਸੁਨੇਹੜਾ ਆਪ ਸੁਣਾਇੰਦਾ । ਦੋ ਜਹਾਨਾਂ ਪਾਵੇ ਆਣ, ਲੋਆਂ ਪੁਰੀਆਂ ਬੰਧ ਬੰਧਾਇੰਦਾ । ਲੱਖ ਚੁਰਾਸੀ ਹੋ ਪਰਧਾਨ, ਆਪਣਾ ਡੰਕ ਵਜਾਇੰਦਾ । ਸਾਧਾਂ ਸੰਤਾਂ ਬ੍ਰਹਮ ਗਿਆਨ, ਆਪਣਾ ਇਸ਼ਟ ਵਖਾਇੰਦਾ । ਖੋਲ੍ਹੇ ਦ੍ਰਿਸ਼ਟ ਵਡ ਮਿਹਰਵਾਨ, ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਸ਼ਬਦ ਗਿਆਨ ਸਰਬ ਗੁਣਵੰਤਾ, ਨਾਮ ਭੰਡਾਰੀ ਆਪ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜਾਗਰਤ ਜੋਤ ਜੋਤ ਜਗਾਇੰਦਾ । ਮੇਲ ਮਿਲਾਵਾ ਸਾਚੇ ਸੰਤਾ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਪੰਜ ਤੱਤ ਬਣਾਏ ਆਪੇ ਬਣਤਾ, ਆਪਣਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਅਲਾਇੰਦਾ । ਸਚ ਸੰਦੇਸ਼ਾ ਧੁਰ ਫ਼ਰਮਾਣ, ਆਦਿ ਜੁਗਾਦਿ ਸੁਣਾਈਆ । ਨਿਰਗੁਣ ਜੋਤ ਸ੍ਰੀ ਭਗਵਾਨ, ਪਰਮ ਪੁਰਖ ਵਡਿਆਈਆ । ਲੋਕਮਾਤ ਵੇਖੇ ਮਾਰ ਧਿਆਨ, ਆਪ ਆਪਣੀ ਦਇਆ ਕਮਾਈਆ । ਸ਼ਬਦ ਸਰੂਪੀ ਇਕ ਬਿਬਾਨ, ਹਰਿ ਹਰਿ ਲਏ ਉਠਾਈਆ ।

੯੮੦
੦੮

ਹਰਿਜਨ ਸਾਜਣ ਚਤੁਰ ਸੁਜਾਨ, ਚਤੁਰਭੁਜ ਮੇਲ ਮਿਲਾਈਆ । ਆਦਿ ਅਨਾਦੀ ਇਕ ਮਕਾਨ, ਏਕ ਏਕੰਕਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਜੁਗਾ ਜੁਗੰਤਰ ਅਵੱਲੜਾ ਵੇਸ, ਪੰਜ ਤੱਤ ਤਨ ਹੰਢਾਇੰਦਾ । ਸਤਿ ਸਰੂਪੀ ਸਤਿ ਸੰਦੇਸ਼, ਸਤਿ ਸਤਿ ਸਤਿ ਆਪ ਸੁਣਾਇੰਦਾ । ਆਪੇ ਧਾਰੇ ਆਪਣਾ ਭੇਖ, ਆਪ ਆਪਣਾ ਨਾਉਂ ਵਟਾਇੰਦਾ । ਆਪ ਆਪਣੀ ਕਰੇ ਆਦੇਸ਼, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਜੁਗ ਕਰਤਾ ਹਰਿ ਕਰਨੇ ਯੋਗ, ਕਰਨੀ ਕਿਰਤ ਕਮਾਈਆ । ਹਰਿਜਨ ਮੇਲ ਮਿਲਾਵਾ ਧੁਰ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਕੱਟਣਹਾਰਾ ਹਉਮੇ ਰੋਗ, ਬਿਰਹੋਂ ਅੱਗ ਬੁਝਾਈਆ । ਦੇਵਣਹਾਰਾ ਸਾਚੀ ਮੋਖ, ਰਾਮ ਨਾਮਾ ਰੰਗ ਰੰਗਾਈਆ । ਲਹਿਣਾ ਦੇਣਾ ਚੁਕਾਏ ਤੀਨਾਂ ਲੋਕ, ਤ੍ਰੈਲੋਕ ਨਾ ਕੋਈ ਭੁਵਾਈਆ । ਆਪ ਸੁਣਾਏ ਸਚ ਸਲੋਕ, ਆਪਣਾ ਢੋਲਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਆਪੇ ਸ਼ਬਦ ਗੁਰ ਗਿਆਨ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਆਪੇ ਨਿਰਗੁਣ ਜੋਤੀ ਨੂਰ ਮਹਾਨ, ਆਪੇ ਡਗਮਗਾਇੰਦਾ । ਆਪੇ ਬ੍ਰਹਮੇ ਬਖ਼ਸ਼ੇ ਆਪਣਾ ਦਾਨ, ਚਾਰੇ ਵੇਦਾਂ ਆਪੇ ਗਾਇੰਦਾ । ਆਪੇ ਵੇਦ ਵਿਆਸੇ ਕਰੇ ਪਰਵਾਨ, ਪੁਰਾਨ ਅਠਾਰਾਂ ਆਪ ਸਲਾਹਿੰਦਾ । ਆਪੇ ਸ਼ਾਸਤਰ ਸਿਮਰਤ ਕਰ ਵਖਿਆਨ, ਆਪੇ ਰਾਗ ਅਲਾਇੰਦਾ । ਆਪੇ ਗੀਤਾ ਮੇਲਾ ਵਿਚ ਜਹਾਨ, ਆਪ ਆਪਣੇ ਮੁਖ ਸਲਾਹਿੰਦਾ । ਆਪੇ ਕਲਮਾ ਬਣ ਈਮਾਨ, ਨਬੀ ਰਸੂਲ ਆਪ ਅਖਵਾਇੰਦਾ । ਆਪੇ ਅੰਜੀਲ ਆਪ ਕੁਰਾਨ, ਆਪਣੀ ਆਈਤ ਆਪ ਅਲਾਇੰਦਾ । ਆਪੇ ਨਿਰਗੁਣ ਹੋ ਪ੍ਰਧਾਨ, ਨਾਨਕ ਨਾਮ ਰਖਾਇੰਦਾ । ਆਪੇ ਸ਼ਬਦ ਸਰੂਪੀ ਸਚ ਬਿਬਾਨ, ਲੋਕਮਾਤ ਉਡਾਇੰਦਾ । ਆਪੇ ਸਤਿਨਾਮ ਸਾਚਾ ਦਾਨ, ਲੱਖ ਚੁਰਾਸੀ ਝੋਲੀ ਪਾਇੰਦਾ । ਆਪੇ ਅੰਗਦ ਕਰ ਪਛਾਣ, ਆਪਣੇ ਅੰਗ ਲਗਾਇੰਦਾ । ਆਪੇ ਅਮਰ ਹੋ ਪ੍ਰਧਾਨ, ਅਮਰਾਪਦ ਵਖਾਇੰਦਾ । ਆਪੇ ਰਾਮਦਾਸ ਕਰ ਪਰਵਾਨ, ਆਪਣੀ ਗੋਦ ਬਹਾਇੰਦਾ । ਆਪੇ ਅਰਜਨ ਦੇਵੇ ਇਕ ਧਿਆਨ, ਏਕਾ ਸ਼ਬਦ ਅਲ੍ਹਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣ, ਆਪਣਾ ਆਪ ਸੁਣਾਇੰਦਾ । ਲੋਕਮਾਤ ਖੇਲ ਮਹਾਨ, ਸਾਚੀ ਸਿਖਿਆ ਇਕ ਵਖਾਇੰਦਾ । ਸੰਤ ਭਗਵੰਤ ਮੇਲਾ ਦੋ ਜਹਾਨ, ਵਿਛੜ ਕਦੇ ਨਾ ਜਾਇੰਦਾ । ਗੁਰ ਸਤਿਗੁਰ ਵੇਖੇ ਇਕ ਦੁਕਾਨ, ਏਕਾ ਹੱਟ ਖੁਲ੍ਹਾਇੰਦਾ । ਗੁਰੂ ਗ੍ਰੰਥ ਗੁਰ ਸ਼ਬਦ ਗਿਆਨ, ਗੁਰੂ ਰੂਪ ਵਖਾਇੰਦਾ । ਪੰਚਮ ਗਾਇਨ ਇਕ ਧਿਆਨ, ਏਕਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣਾ ਨਾਉਂ ਵਟਾਇੰਦਾ । ਗੁਰ ਗੁਰ ਗੁਰਦੇਵ ਗੁਰੂ ਗੁਰ ਇਸ਼ਟ, ਗੁਰ ਦੇਵ ਆਪ ਸਮਾਈਆ । ਆਪੇ ਰਾਮਾ ਆਪ ਵਸ਼ਿਸ਼ਟ, ਆਪ ਆਪਣੀ ਕਲ ਵਰਤਾਈਆ । ਆਪੇ ਖੋਲ੍ਹੇ ਆਪਣੀ ਦ੍ਰਿਸ਼ਟ, ਆਪੇ ਰੰਗ ਰੰਗਾਈਆ । ਆਪੇ ਵਸੇ ਸਰਬ ਸ੍ਰਿਸ਼ਟ, ਆਦਿ ਜੁਗਾਦਿ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਸ਼ਬਦ ਮੰਤਰ ਗੁਰਦੇਵ ਨਮੋ ਨਮੋ, ਨਿਮਸਕਾਰਿਆ । ਵੇਖ ਵਖਾਣੇ ਤਮੋ ਤਮੋ, ਤਾਮਸ ਤ੍ਰਿਸ਼ਨਾ ਵੇਖ ਵਿਚਾਰਿਆ । ਭੇਵ ਖੁਲ੍ਹਾਏ ਰਜੋ ਰਜੋ, ਰਾਜਸ ਖੇਲੇ ਖੇਲ ਵਿਚ ਸੰਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿ ਵਰਤੇ ਆਪ ਵਰਤਾਰਿਆ । ਨਾਮ ਨਿਧਾਨ ਸਰਬ ਗੁਣ ਅੰਤਰ, ਗੁਣਵੰਤਾ ਆਪ ਚਲਾਈਆ । ਗੁਰ ਕਾ ਸ਼ਬਦ ਸੱਚਾ ਜਗ

ਮੰਤਰ, ਸਾਚੀ ਕਰੇ ਪੜ੍ਹਾਈਆ । ਪੰਜ ਤੱਤ ਬੁਝਾਏ ਲੱਗੀ ਬਸੰਤਰ, ਮਾਇਆ ਮਮਤਾ ਮੋਹ ਚੁਕਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਭੇਵ ਰਹੇ ਨਾ ਰਾਈਆ । ਖੇਲੇ ਖੇਲ ਜੁਗਾ ਜੁਗੰਤਰ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਆਪੇ ਸ਼ਬਦ ਗੁਰੂ ਗੁਰ ਗ੍ਰੰਥ, ਗੁਰ ਬੰਧਨ ਆਪੇ ਪਾਇੰਦਾ । ਆਪੇ ਜਾਣੇ ਆਪਣਾ ਮਾਰਗ ਪੰਥ, ਆਪੇ ਰਾਹ ਵਖਾਇੰਦਾ । ਆਪ ਵਜਾਏ ਆਪਣੇ ਨਾਮ ਆਪੇ ਸੰਖ, ਸੰਖ ਅਸੰਖਾ ਆਪ ਉਠਾਇੰਦਾ । ਆਪੇ ਸਾਧ ਆਪੇ ਸੰਤ, ਸਾਦਿਕ ਸਿਧ ਆਪ ਹੋ ਜਾਇੰਦਾ । ਆਪੇ ਜਾਣੇ ਆਪਣੀ ਬਣਤ, ਆਪ ਆਪਣੀ ਰਚਨ ਰਚਾਇੰਦਾ । ਆਪੇ ਗਿਣੇ ਆਪਣੀ ਗਣਤ, ਲੇਖਾ ਲੇਖ ਨਾ ਕੋਈ ਗਿਣਾਇੰਦਾ । ਖਾਣੀ ਬਾਣੀ ਕਹੇ ਬੇਅੰਤ, ਭੇਵ ਕੋਈ ਨਾ ਪਾਇੰਦਾ । ਪੁਰਖ ਅਬਿਨਾਸ਼ੀ ਸਾਚਾ ਕੰਤ, ਘਰ ਸਾਚਾ ਆਪ ਸੁਹਾਇੰਦਾ । ਆਪੇ ਆਦਿ ਆਪੇ ਅੰਤ, ਆਪੇ ਮਧ ਸਮਾਇੰਦਾ । ਨਿਰਗੁਣ ਜੋਤ ਸ੍ਰੀ ਭਗਵੰਤ, ਕਲਜੁਗ ਅੰਤਮ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਸ਼ਬਦ ਤਰਾਨਾ ਜੋਤ ਉਜਾਲਾ, ਰਾਗ ਨੂਰ ਦਰਸਾਈਆ । ਖੇਲੇ ਖੇਲ ਖੇਲ ਨਿਰਾਲਾ, ਗੁਰ ਗੋਪਾਲਾ ਵਡ ਵਡਿਆਈਆ । ਚਲੇ ਚਲਾਏ ਅਵੱਲੜੀ ਚਾਲਾ, ਦੀਨ ਦਿਆਲਾ ਭੇਵ ਨਾ ਰਾਈਆ । ਕਲਜੁਗ ਅੰਤਮ ਜਨ ਭਗਤਾਂ ਦੱਸੇ ਰਾਹ ਸੁਖਾਲਾ, ਆਪਣੀ ਦਇਆ ਆਪ ਕਮਾਈਆ । ਤੋੜਣਹਾਰਾ ਜਗਤ ਜੰਜਾਲਾ, ਲੱਖ ਚੁਰਾਸੀ ਤੋੜ ਤੁੜਾਈਆ । ਗਲ ਵਿਚ ਪਾਏ ਸਾਚੀ ਮਾਲਾ, ਸੋ ਪੁਰਖ ਨਿਰੰਜਣ ਆਪ ਵਟਾਈਆ । ਹਰਿਜਨ ਬਹਾਏ ਧਰਮ ਸੱਚੀ ਧਰਮਸਾਲਾ, ਗੁਰਦੁਵਾਰਾ ਇਕ ਵਖਾਈਆ । ਨਾ ਕੋਈ ਸ਼ਾਹ ਨਾ ਕੋਈ ਕੰਗਾਲਾ, ਨਾਮ ਧੰਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਘਰ ਮੰਦਰ ਸੋਹੇ ਗੁਰੂ ਦੁਵਾਰ, ਗੁਰੂ ਗ੍ਰੰਥ ਗੁਰ ਅਖਵਾਈਆ । ਅੰਦਰ ਮੰਦਰ ਖੇਲ ਅਪਾਰ, ਦਿਵਸ ਰੈਣ ਰਾਗ ਅਲਾਈਆ । ਸਾਚਾ ਸੰਖ ਵੱਜੇ ਸੱਚੀ ਧੁਨ ਨਾਦਿ, ਅਨਹਦ ਆਪੇ ਰਿਹਾ ਵਜਾਈਆ । ਆਸਾ ਮਨਸਾ ਪੂਰ ਕਰਤਾਰ, ਸੰਝ ਸਵੇਰ ਨਾ ਕੋਈ ਰਖਾਈਆ । ਅੱਠੇ ਪਹਿਰ ਏਕਾ ਧਾਰ, ਏਕਾ ਪ੍ਰਭਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਆਪ ਸੁਹਾਈਆ । ਹਰਿ ਮੰਦਰ ਹਰਿ ਗੁਰ ਕਾ ਘਰ, ਗੁਰ ਸ਼ਬਦੀ ਰਾਗ ਸੁਣਾਇੰਦਾ । ਸ਼ਬਦ ਗੁਰ ਫੜੇ ਲੜ, ਅੰਦਰ ਵੜ ਦਿਸ ਕਿਸੇ ਨਾ ਆਇੰਦਾ । ਹਰਿਜਨ ਘਾੜਣ ਆਪੇ ਘੜ, ਆਪੇ ਵੇਖੇ ਅੱਗੇ ਖੜ, ਦਰਸ ਦਖਾਏ ਚੋਟੀ ਚੜ੍ਹ, ਦਰ ਦੁਵਾਰਾ ਆਪ ਖੁਲ੍ਹਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਹਰਿਜਨ ਲਗਾਏ ਮਾਤ ਜੜ੍ਹ, ਲੋਕ ਪਰਲੋਕ ਨਾ ਕੋਈ ਉਖੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਨਿਰਗੁਣ ਹਰਿ ਗੁਰ ਸੰਤ ਕੰਤ ਭਗਵੰਤ, ਨਿਰਗੁਣ ਜੀਵ ਜੰਤ ਅਖਵਾਈਆ । ਨਿਰਗੁਣ ਦਾਤਾ ਗੁਣੀ ਗਨੀਮ ਗੁਣਵੰਤ, ਰਾਮ ਰਹੀਮ ਨਿਰਗੁਣ ਰੂਪ ਵਟਾਈਆ । ਨਿਰਗੁਣ ਨਿਰਵੈਰ ਆਦਿ ਅੰਤ, ਨਿਰਗੁਣ ਭੌ ਭੈ ਨਾ ਕੋਈ ਜਣਾਈਆ । ਨਿਰਗੁਣ ਖੇਲੇ ਖੇਲ ਜੁਗਾ ਜੁਗੰਤ, ਨਿਰਗੁਣ ਨਿਤ ਨਵਿਤ ਵੇਸ ਵਟਾਈਆ । ਨਿਰਗੁਣ ਗੁਰਸਿਖਾਂ ਬਣਾਏ ਸਾਚੀ ਬਣਤ, ਨਾਨਕ ਅੰਗਦ ਅਮਰਦਾਸ ਗੁਰ ਅਰਜਨ ਗੁਰੂ ਗ੍ਰੰਥ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੁਗ ਵਿਛੜੇ ਜੁਗ ਮੇਲੇ, ਬਣ ਸ਼ਬਦ ਵਿਚੋਲਾ ਘਰ ਘਰ ਫੇਰਾ ਪਾਈਆ ।

## ✪ ਹਜ਼ਾਰਾ ਸਿੰਘ ਦੇ ਘਰ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✪

ਹਰਿ ਸਤਿਗੁਰ ਸ਼ਬਦ ਬਿਬਾਨ, ਗੁਰਮਤ ਗੁਰ ਆਪ ਸੁਹਾਇੰਦਾ । ਜੁਗ ਜੁਗ ਵੇਖੇ ਮਾਰ ਧਿਆਨ, ਲੋਕਮਾਤ ਰਾਹ ਤਕਾਇੰਦਾ । ਲੱਖ ਚੁਰਾਸੀ ਪੁਣ ਛਾਣ, ਹਰਿਜਨ ਸਾਚੇ ਆਪ ਉਠਾਇੰਦਾ । ਦੇਵੇ ਮੰਤਰ ਨਾਮ ਨਿਧਾਨ, ਆਪਣਾ ਹੁਕਮ ਸੁਣਾਇੰਦਾ । ਸਾਚੀ ਸਿਖਿਆ ਸਿਖ ਪ੍ਰਵਾਨ, ਸਚ ਸਾਚਾ ਮਾਰਗ ਲਾਇੰਦਾ । ਪੰਚ ਵਿਕਾਰਾ ਮੇਟ ਨਿਸ਼ਾਨ, ਪੰਚਮ ਸ਼ਬਦ ਮਿਲਾਇੰਦਾ । ਮੇਲ ਮਿਲਾਵਾ ਦੋ ਜਹਾਨ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਵੇਖ ਵਖਾਇੰਦਾ । ਸਤਿਗੁਰ ਸੱਜਣ ਮੀਤੜਾ, ਮਿਹਰਵਾਨ ਮਿਹਰਵਾਨ । ਹਰਿ ਭਗਤ ਜਣਾਏ ਆਪਣੀ ਰੀਤੜਾ, ਦਇਆਵਾਨ ਦਇਆਵਾਨ । ਸੁਣਾਏ ਸੁਹਾਗੀ ਗੀਤੜਾ, ਧੁਰ ਫ਼ਰਮਾਣੀ ਧੁਰ ਫ਼ਰਮਾਣ । ਮਨ ਮਨੂਆ ਆਪੇ ਚੀਤੜਾ, ਡੋਰੀ ਬੰਨ੍ਹੇ ਬੰਨ੍ਹ ਬੰਧਾਣ । ਆਪ ਆਪਣੇ ਜਿਹਾ ਕੀਤੜਾ, ਭਗਤ ਭਗਵਾਨ ਰੂਪ ਪਛਾਣ । ਕਰੇ ਕਰਾਏ ਠੰਡਾ ਸੀਤੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਨਿਗਹਬਾਨ । ਸਤਿਗੁਰ ਪੂਰਾ ਸਾਚਾ ਰਸ, ਨਾਮ ਅੰਮ੍ਰਿਤ ਆਪ ਚਖਾਇੰਦਾ । ਭਗਤ ਭਗਤੀ ਮਾਰਗ ਦੱਸ, ਭਵ ਸਾਗਰ ਆਪ ਤਰਾਇੰਦਾ । ਪਕੜ ਉਠਾਏ ਨੱਸ ਨੱਸ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਾਚੇ ਮੰਦਰ ਬਹਿ ਬਹਿ ਹੱਸ, ਹੱਸਮੁੱਖ ਸਲਾਹਿੰਦਾ । ਬਿਰਹੋਂ ਤੀਰ ਨਿਰਾਲਾ ਮਾਰੇ ਕਸ, ਅਨਯਾਲਾ ਨਾਉਂ ਧਰਾਇੰਦਾ । ਹਿਰਦੇ ਅੰਦਰ ਜਾਏ ਵਸ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਧਨ ਸਰਧਨ ਸਰਧਨ ਨਿਰਧਨ ਏਕਾ ਰੰਗ ਰੰਗਾਇੰਦਾ । ਨਿਰਧਨ ਸਰਧਨ ਏਕਾ ਦਾਤ, ਚਰਨ ਦੁਵਾਰ ਰਖਾਈਆ । ਨਾਮ ਨਿਧਾਨਾ ਵਡ ਕਰਾਮਾਤ, ਗੁਰਮੁਖਾਂ ਝੋਲੀ ਪਾਈਆ । ਸਾਚਾ ਸ਼ਬਦ ਸਾਚੀ ਗਾਥ, ਹਰਿ ਸਾਚਾ ਆਪ ਸੁਣਾਈਆ । ਸਤਿਗੁਰ ਪੂਰਾ ਏਕਾ ਰਾਥ, ਲੋਕਮਾਤ ਆਪ ਚਲਾਈਆ । ਜਨ ਭਗਤਾਂ ਦੇਵੇ ਸਗਲਾ ਸਾਥ, ਫੜ ਬਾਹੋਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਮੇਲ ਮਿਲਾਈਆ । ਮੇਲ ਮਿਲਾਵਾ ਪੁਰਖ ਬਿਧਾਤਾ, ਪਰਮ ਪੁਰਖ ਮਿਲਾਇੰਦਾ । ਦੇਵੇ ਨਾਮ ਸਾਚੀ ਦਾਤਾ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਮਿਟੇ ਰੈਣ ਅੰਧੇਰੀ ਰਾਤਾ, ਜੋਤ ਪ੍ਰਕਾਸ਼ ਕਰਾਇੰਦਾ । ਕਾਇਆ ਮੰਦਰ ਖੋਲ੍ਹੇ ਸਾਚਾ ਹਾਟਾ, ਬੰਦ ਕਿਵਾੜੀ ਤਾਕ ਖੁਲ੍ਹਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜੋ ਜਨ ਗੁਰ ਸਤਿਗੁਰ ਦਰਸ਼ਨ ਪਾਇੰਦਾ । ਅੱਗੇ ਨੇੜੇ ਰੱਖੇ ਵਾਟਾ, ਪਿਛਲਾ ਪੰਧ ਮੁਕਾਇੰਦਾ । ਸਚ ਸਿੰਘਾਸਣ ਵੇਖੇ ਖਾਟਾ, ਆਤਮ ਸੇਜਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੱਜਣ ਜੀਵਣ ਮੁਕਤ ਕਰਾਇੰਦਾ । ਜੀਆਂ ਦਾਤਾ ਜੀਵਣ ਦਾਨ, ਜੀਆਂ ਜੀ ਜਣਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਭਗਵਤ ਭਗਤੀ ਰੂਪ ਵਟਾਈਆ । ਅਗੰਮ ਅਗੰਮੜਾ ਅਗੰਮ ਨਿਸ਼ਾਨ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਆਪ ਝੁਲਾਈਆ । ਰਾਮ ਨਾਮ ਨਾਮ ਧੁਰ ਫ਼ਰਮਾਣ, ਕਾਇਆ ਨਗਰ ਗਰਾਮ ਆਪ ਸੁਣਾਈਆ । ਪਤਿਤ ਪਾਵਣ ਕਰ ਧਿਆਨ, ਬਲ ਬਾਵਨ ਭੇਖ ਵਟਾਈਆ । ਹਰਿਜਨ ਸਾਚੇ ਵਿਟੋਂ ਕੁਰਬਾਨ, ਕਾਇਆ ਕੁਰਾ ਵੇਖ ਵਖਾਈਆ । ਅਨੰਦ ਪਰਮਾਨੰਦ ਘਰ ਸਾਚੀ ਖਾਣ, ਨਾਮ ਸੁਗੰਧ ਬੰਦ ਬੰਦ ਆਪ ਮਹਿਕਾਈਆ । ਰਵ ਸਸ ਸੂਰਜ ਚੰਦ ਹੋਣ ਹੈਰਾਨ, ਜੋਤ ਨਿਰੰਜਣ ਡਗਮਗਾਈਆ । ਕੋਟਨ ਕੋਟ ਤੇਜ਼ ਬਖ਼ਸ਼ੇ ਭਾਨ, ਆਤਮ ਅੰਤਰ ਇਕ ਦ੍ਰਿੜਾਈਆ । ਮੇਲ ਮਿਲਾਵਾ

੯੮੪ ੦੮

ਹਰਿ ਸਾਚੇ ਰਾਮ, ਸੀਤਾ ਸੁਰਤੀ ਖ਼ੁਸ਼ੀ ਮਨਾਈਆ । ਗੋਬਿੰਦ ਮੇਲਾ ਸਾਚੇ ਕਾਹਨ, ਘਰ ਬੰਸਰੀ ਨਾਮ ਵਜਾਈਆ । ਛਹਿਬਰ ਲਾਏ ਦੋ ਜਹਾਨ, ਅੰਮ੍ਰਿਤ ਮੇਘ ਆਪ ਬਰਸਾਈਆ । ਸਾਚਾ ਸਈਆ ਵਡ ਮਿਹਰਵਾਨ, ਆਪਣੀ ਨੱਯਾ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਜਣਾਈਆ । ਸਾਚੀ ਨੱਯਾ ਸਚ ਕਿਨਾਰਾ, ਹਰਿ ਸਾਚੀ ਧਾਰ ਵਹਾਇੰਦਾ । ਡੂੰਘੇ ਸਾਗਰ ਪਾਵੇ ਸਾਰਾ, ਕਲਜੁਗ ਵੇਖ ਵਖਾਇੰਦਾ । ਏਕਾ ਚੱਪੂ ਨਾਮ ਸਹਾਰਾ, ਸਾਢੇ ਤਿੰਨ ਹੱਥ ਆਪੇ ਲਾਇੰਦਾ । ਘਾੜਨ ਘੜੇ ਘੜਣਹਾਰਾ, ਦਿਸ ਕਿਸੇ ਨਾ ਆਇੰਦਾ । ਆਪੇ ਚੜ੍ਹੇ ਉਚ ਮੁਨਾਰਾ, ਘਰ ਆਪਣੇ ਸੋਭਾ ਪਾਇੰਦਾ । ਸਮਰਥ ਪੁਰਖ ਹਰਿ ਖੇਲ ਅਪਾਰਾ, ਭੇਵ ਕੋਈ ਨਾ ਆਇੰਦਾ । ਤ੍ਰੈਗੁਣ ਵਸਿਆ ਆਪੇ ਬਾਹਰਾ, ਤੱਤਵ ਤੱਤ ਨਾ ਕੋਈ ਜਣਾਇੰਦਾ । ਰੰਗ ਰਲੀਆਂ ਮਾਣੇ ਵਿਚ ਸੰਸਾਰਾ, ਘਰ ਸੰਤਾਂ ਡੇਰਾ ਲਾਇੰਦਾ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਰੂਪ ਵਟਾਇੰਦਾ । ਆਪੇ ਚੁੱਕੇ ਆਪਣਾ ਭਾਰਾ, ਸੀਸ ਜਗਦੀਸ਼ ਆਪ ਉਠਾਇੰਦਾ । ਗੁਰਮੁਖਾਂ ਕਰੇ ਸਚ ਸ਼ਿੰਗਾਰਾ, ਸਚ ਸਾਚੀ ਸੇਜ ਵਿਛਾਇੰਦਾ । ਸ਼ਬਦ ਸਰੂਪੀ ਦਏ ਹੁਲਾਰਾ, ਅਵਣ ਗਵਣ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੱਜਣ ਸਚ ਸਲਾਹਿੰਦਾ । ਸਚ ਸਲਾਹੀ ਸਤਿਗੁਰ ਰੂਪ, ਸਿਫ਼ਤੀ ਸਿਫ਼ਤ ਸਲਾਹੀਆ । ਸਰਬ ਜੀਆਂ ਦਾ ਇਕ ਮਹਿਬੂਬ, ਏਕਾ ਦਾਤਾ ਬੇਪਰਵਾਹੀਆ । ਨਾ ਕੋਈ ਰੰਗ ਨਾ ਕੋਈ ਰੂਪ, ਰੂਪ ਅਨੂਪ ਆਪ ਦਰਸਾਈਆ । ਸ਼ਾਹ ਸੁਲਤਾਨ ਵਡ ਵਡ ਭੂਪ, ਵਡ ਰਾਜਨ ਰਾਜ ਆਪ ਅਖਵਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਜਨ ਭਗਤਾਂ ਉਪਰ ਜਾਏ ਤੁਠ, ਆਪ ਆਪਣਾ ਮੇਲ ਮਿਲਾਈਆ । ਅੰਮ੍ਰਿਤ ਜਾਮ ਪਿਆਏ ਸਾਚਾ ਘੁੱਟ, ਸਾਚਾ ਸਾਕੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਵੱਡੀ ਵਡਿਆਈਆ । ਵਡ ਵਡਿਆਈ ਬੇਪਰਵਾਹ, ਭੇਵ ਕੋਈ ਨਾ ਪਾਇੰਦਾ । ਗੁਰਮੁਖਾਂ ਬਣੇ ਮਾਤ ਮਲਾਹ, ਫੜ ਬੇੜਾ ਪਾਰ ਕਰਾਇੰਦਾ । ਸਤਿ ਸਰੂਪੀ ਦੇਵੇ ਨਾਮ ਸਲਾਹ, ਸਾਚਾ ਵਣਜ ਇਕ ਵਖਾਇੰਦਾ । ਆਪਣਾ ਢੋਲਾ ਦੇਵੇ ਗਾ, ਆਪਣਾ ਸ਼ਬਦ ਆਪ ਉਪਜਾਇੰਦਾ । ਗੁਰਸਿਖ ਮੇਲੇ ਥਾਉਂ ਥਾਂ, ਨਿਥਾਵਿਆਂ ਥਾਨ ਵਖਾਇੰਦਾ । ਨਗਰ ਖੇੜਾ ਸਚ ਗਿਰਾਂ, ਗੁਰਮੁਖ ਕਾਇਆ ਗੜ੍ਹ ਸੁਹਾਇੰਦਾ । ਇਕ ਅਤੀਤਾ ਠੰਡਾ ਸੀਤਾ ਪਤਿਤ ਪੁਨੀਤਾ ਪਕੜੇ ਬਾਂਹ, ਗੁਰਮੀਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹਸਤ ਆਪੇ ਕੀਟਾ, ਆਪੇ ਵਸੇ ਧਾਮ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਨਾ ਦਿਸੇ ਹਰਿ ਦਿਸਣਹਾਰਾ, ਕਲਜੁਗ ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਧੂੰਆਂਧਾਰਾ, ਚਾਰ ਵਰਨ ਪਈ ਲੜਾਈਆ । ਸਾਚਾ ਧਰਮ ਨਾ ਕਿਸੇ ਵਿਚਾਰਾ, ਧਰਤ ਧਵਲ ਰਹੀ ਕੁਰਲਾਈਆ । ਗੁਰ ਕਾ ਸ਼ਬਦ ਨਾ ਬੋਲੇ ਕੋਈ ਜੈਕਾਰਾ, ਗੁਰ ਸ਼ਬਦ ਨਾ ਕੋਈ ਸਮਾਈਆ । ਜੀਵ ਜੰਤ ਗੜ੍ਹ ਹੰਕਾਰਾ, ਹਉਮੇ ਰੋਗ ਵਧਾਈਆ । ਬਿਨ ਹਰਿਨਾਮੇ ਵਿਸਰਿਆ ਕਰਤਾਰਾ, ਕਰਤਾ ਪੁਰਖ ਨਾ ਨਜ਼ਰੀ ਆਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਪੁਰਖ ਪੁਰਖੋਤਮ ਵਡ ਵਡਿਆਈਆ । ਖੇਲੇ ਖੇਲ ਅਗੰਮ ਅਪਾਰਾ, ਬੋਧ ਅਗਾਧ ਸ਼ਬਦ ਜਣਾਈਆ । ਸੋ ਪੁਰਖ ਨਿਰੰਜਣ ਬੋਲ ਜੈਕਾਰਾ, ਹੰ ਬ੍ਰਹਮ ਲਏ ਸਮਝਾਈਆ । ਆਲਮ ਇਲਮ ਉਲਮਾ ਨਾ ਕਿਸੇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤਾਲਬ ਤਲਬ ਨਾ ਕੋਈ ਰਖਾਈਆ ।

## ੬ ਭਾਦਰੋਂ ੨੦੧੯ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ ਦੇ ਘਰ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ

ਸਤਿ ਪੁਰਖ ਨਿਰੰਜਣ ਹਰਿ ਕਰਤਾਰ, ਹਰਿ ਆਪਣੀ ਕਲ ਵਰਤਾਈਆ । ਨਿਰਗੁਣ ਖੇਲ ਅਗੰਮ ਅਪਾਰ, ਆਦਿ ਜੁਗਾਦਿ ਵੱਡੀ ਵਡਿਆਈਆ । ਅਗੰਮ ਅਗੰਮੜਾ ਅਗੰਮੜੀ ਕਾਰ, ਪੁਰਖ ਅਕਾਲ ਆਪ ਕਰਾਈਆ । ਸਚਖੰਡ ਵਸੇ ਸਚ ਦੁਵਾਰ, ਆਦਿ ਨਿਰੰਜਣ ਬੇਪਰਵਾਹੀਆ । ਥਿਰ ਘਰ ਖੋਲ੍ਹ ਬੰਦ ਕਿਵਾੜ, ਆਪਣਾ ਮਹੱਲ ਅਟੱਲ ਆਪ ਸੁਹਾਈਆ । ਸਾਚਾ ਨਾਮ ਕਰ ਤਿਆਰ, ਨਾਮ ਸਤਿ ਨਾਉਂ ਰਖਾਈਆ । ਨਾਮ ਸਤਿ ਤਿੱਖੀ ਧਾਰ, ਆਪੇ ਆਪ ਉਪਾਈਆ । ਸਾਚਾ ਖੰਡਾ ਹਰਿ ਨਿਰੰਕਾਰ, ਆਪਣਾ ਆਪ ਉਠਾਈਆ । ਆਪਣੇ ਅੰਦਰੋਂ ਆਏ ਬਾਹਰ, ਆਪ ਅਪਣੀ ਕਲ ਧਰਾਈਆ । ਸੁਨ ਅਗੰਮੀ ਕਰ ਵਿਚਾਰ, ਸੁਨ ਸਮਾਧ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਰਵ ਸਸ ਦਏ ਹੁਲਾਰ, ਮੰਡਲ ਮੰਡਪ ਆਪ ਸੁਹਾਈਆ । ਬ੍ਰਹਿਮੰਡ ਖੰਡ ਮਾਰੇ ਨਾਅਰ, ਇਕ ਜੈਕਾਰ ਬੁਲਾਈਆ । ਪਾਰਬ੍ਰਹਮ ਪ੍ਰਭ ਭੇਵ ਅਪਾਰ, ਭੇਵ ਕੋਈ ਨਾ ਪਾਈਆ । ਜੁਗਾ ਜੁਗੰਤ ਲਏ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਜੀਆਂ ਜੰਤਾਂ ਵੇਖ ਵਖਾਈਆ । ਸਾਧਾਂ ਸੰਤਾਂ ਨਾਮ ਅਧਾਰ, ਭਗਤ ਭਗਤੀ ਮਾਰਗ ਲਾਈਆ । ਆਪਣੇ ਰੰਗ ਰੰਗੇ ਕਰਤਾਰ, ਰੰਗ ਸਾਚਾ ਆਪ ਚੜ੍ਹਾਈਆ । ਨੌਂ ਖੰਡ ਪਾਵਣਹਾਰਾ ਸਾਰ, ਸੱਤਾਂ ਦੀਪਾਂ ਵੇਖ ਵਖਾਈਆ । ਜੇਰਜ ਅੰਡ ਸੁਣੇ ਪੁਕਾਰ, ਉਤਭੁਜ ਸੇਹਤਜ ਭੁੱਲ ਨਾ ਜਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਡੇਰਾ ਲਾਈਆ । ਸਮੁੰਦ ਸਾਗਰ ਬੰਨ੍ਹੇ ਧਾਰ, ਸਰ ਸਰੋਵਰ ਵੇਖ ਵਖਾਈਆ । ਜਲ ਥਲ ਮਹੀਅਲ ਕਰ ਵਿਚਾਰ, ਆਪ ਆਪਣੀ ਰਚਨ ਰਚਾਈਆ । ਪ੍ਰਿਥਮੀ ਅਕਾਸ਼ ਖੇਲ ਅਪਾਰ, ਗਗਨ ਗਗਨੰਤਰ ਸੋਭਾ ਪਾਈਆ । ਦਿਵਸ ਰੈਣ ਖੇਲ ਸਤਾਰ, ਘੜੀ ਪਲ ਵੰਡ ਵੰਡਾਈਆ । ਆਪੇ ਸਭ ਤੋਂ ਵਸਿਆ ਬਾਹਰ, ਭੇਵ ਅਭੇਦਾ ਭੇਵ ਛੁਪਾਈਆ । ਅਕਲ ਕਲਾ ਕਲ ਆਪੇ ਧਾਰ, ਧਰਨੀ ਧਰਤ ਧਵਲ ਸੁਹਾਈਆ । ਆਪੇ ਸਾਧ ਸੰਤ ਗੁਰ ਪੀਰ ਬਣ ਅਵਤਾਰ, ਆਪਣਾ ਮਾਰਗ ਆਪੇ ਲਾਈਆ । ਆਪੇ ਹਰਿ ਕਾ ਨਾਮ ਕਰੇ ਕਰਾਏ ਵਣਜ ਵਪਾਰ, ਸਾਚੀ ਵਸਤ ਆਪ ਉਪਾਈਆ । ਆਪੇ ਚੌਦਾਂ ਲੋਕਾਂ ਖੋਲ੍ਹ ਕਿਵਾੜ, ਚੌਦਾਂ ਹੱਟਾਂ ਵੇਖ ਵਖਾਈਆ । ਆਪੇ ਪੰਜ ਤੱਤ ਕਰ ਅਕਾਰ, ਆਪੇ ਤ੍ਰੈਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪਣੀ ਰਚਨ ਰਚਾਈਆ । ਸਤਿ ਪੁਰਖ ਨਿਰੰਜਣ ਇਕ ਇਕੱਲਾ, ਏਕਾ ਰੰਗ ਸਮਾਇੰਦਾ । ਸਚਖੰਡ ਵਸੇ ਸਚ ਮਹੱਲਾ, ਆਪ ਆਪਣਾ ਦਰ ਵਖਾਇੰਦਾ । ਥਿਰ ਘਰ ਵਾਸੀ ਉਚ ਅਟੱਲਾ, ਪੁਰਖ ਅਬਿਨਾਸ਼ੀ ਆਪ ਹੋ ਜਾਇੰਦਾ । ਆਪਣੀ ਜੋਤੀ ਆਪੇ ਬਲਾ, ਆਪਣਾ ਦੀਪਕ ਆਪ ਜਗਾਇੰਦਾ । ਆਪਣਾ ਸ਼ਬਦ ਸੰਦੇਸ਼ਾ ਆਪੇ ਘੱਲਾ, ਸਚ ਸੁਨੇਹੜਾ ਆਪ ਸੁਣਾਇੰਦਾ । ਆਪਣਾ ਫੜਾਏ ਆਪੇ ਪੱਲਾ, ਨਾਮ ਖੰਡਾ ਹੱਥ ਚਮਕਾਇੰਦਾ । ਆਦਿ ਜੁਗਾਦੀ ਅਛਲ ਅਛੱਲਾ, ਵੇਦ ਪੁਰਾਨਾਂ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਵੇਸ ਵਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਨਿਰਗੁਣ ਆਪਣੀ ਆਪ ਉਪਾਈਆ । ਆਪੇ ਰੱਖੇ ਸਚਖੰਡ ਦੁਵਾਰ, ਦੂਸਰ ਹੱਥ ਕਿਸੇ ਨਾ ਆਈਆ । ਜੁਗਾ ਜੁਗੰਤਰ ਕਰ ਤਿਆਰ, ਤਿੱਖੀ ਧਾਰ ਬੰਧਾਈਆ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਖੋਜ ਖੁਜਾਈਆ । ਲੋਕਮਾਤ ਹਰਿ ਹੋ ਉਜਿਆਰ, ਆਪ ਆਪਣਾ ਡੰਕ ਵਜਾਈਆ ।

੯੮੫
੦੮

ਨਿਰਗੁਣ ਸਰਗੁਣ ਬੰਨ੍ਹੇ ਧਾਰ, ਸਤਿ ਪੁਰਖ ਵੱਡੀ ਵਡਿਆਈਆ । ਸੰਤ ਸਹੇਲੇ ਲਾਏ ਪਾਰ, ਗੁਰ ਚੇਲੇ ਮੇਲ ਮਿਲਾਈਆ । ਆਪੇ ਤੋੜੇ ਗੜ੍ਹ ਹੰਕਾਰ, ਗੜ੍ਹ ਹੰਕਾਰੀ ਰਹਿਣ ਨਾ ਪਾਈਆ । ਲੱਖ ਚੁਰਾਸੀ ਵੇਖ ਵਿਚਾਰ, ਘਟ ਘਟ ਫੋਲੇ ਫੋਲ ਫੁਲਾਈਆ । ਲਹਿਣਾ ਦੇਣਾ ਕਰਮ ਵੀਚਾਰ, ਧਰਮੀ ਧਰਮ ਕਰੇ ਵਡਿਆਈਆ । ਜੂਠ ਝੂਠ ਕਰੇ ਖੁਵਾਰ, ਸਚ ਸੁੱਚ ਸਾਚਾ ਮਾਰਗ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਰਾਈਆ । ਸਤਿ ਪੁਰਖ ਨਿਰੰਜਣ ਪੁਰਖ ਬਿਧਾਤਾ, ਏਕਾ ਮਾਰਗ ਲਾਇੰਦਾ । ਸਚਖੰਡ ਵਸੇ ਇਕ ਇਕਾਂਤਾ, ਏਕਾ ਦਰ ਖੁਲ੍ਹਾਇੰਦਾ । ਖੇਲੇ ਖੇਲ ਬਹੁ ਬਿਧ ਭਾਂਤਾ, ਵੇਸ ਅਨੇਕ ਰੂਪ ਵਟਾਇੰਦਾ । ਜ਼ਾਤ ਮੇਂ ਜੋਤ ਜੋਤ ਮੇਂ ਜਾਤਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਨਾਉਂ ਧਰਾਇੰਦਾ । ਸ਼ਬਦ ਅਗੰਮੀ ਸਾਚੀ ਗਾਥਾ, ਆਪਣਾ ਮੰਤਰ ਨਾਮ ਦ੍ਰਿੜਾਇੰਦਾ । ਆਪੇ ਖੋਲ੍ਹੇ ਸਾਚਾ ਹਾਟਾ, ਆਪੇ ਵਣਜ ਵਖਾਇੰਦਾ । ਆਪੇ ਤੀਰਥ ਆਪੇ ਤਾਟਾ, ਆਪੇ ਅੰਮ੍ਰਿਤ ਜਲ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਤਿ ਸਤਿਵਾਦ, ਸਾਰਿੰਗ ਧਰ ਅਖਵਾਇੰਦਾ । ਪਾਰਬ੍ਰਹਮ ਬੀਠਲੋ ਮਾਧਵ ਮਾਧ, ਰੂਪ ਰੰਗ ਨਾ ਕੋਈ ਜਣਾਇੰਦਾ । ਸਚਖੰਡ ਦੁਵਾਰਾ ਆਪੇ ਲਾਧ, ਆਪੇ ਆਸਣ ਲਾਇੰਦਾ । ਸ਼ਬਦ ਅਨਾਦੀ ਬੋਧ ਅਗਾਧ, ਪੁਰਖ ਅਕਾਲਾ ਆਪੇ ਗਾਇੰਦਾ । ਆਪ ਵਜਾਏ ਆਪਣਾ ਨਾਦ, ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਆਪੇ ਮਾਰੇ ਆਪਣੀ ਵਾਜ, ਆਪਣਾ ਨਾਮ ਆਪ ਧਰਾਇੰਦਾ । ਆਪੇ ਰੱਖੇ ਆਪਣੀ ਲਾਜ, ਲਜਪਤ ਆਪਣੇ ਹੱਥ ਰਖਾਇੰਦਾ । ਆਪੇ ਰਚੇ ਆਪਣਾ ਕਾਜ, ਕਰਨੀ ਕਰਤਾ ਆਪ ਕਰਾਇੰਦਾ । ਆਪੇ ਜਾਣੇ ਆਪਣਾ ਰਾਜ, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਆਪਣਾ ਸਾਜਣ ਆਪੇ ਸਾਜ, ਆਪੇ ਵੇਖ ਵਖਾਇੰਦਾ । ਆਪੇ ਦਾਤਾ ਗ਼ਰੀਬ ਨਿਵਾਜ਼, ਪਰਵਰਦਿਗਾਰ ਆਪ ਅਖਵਾਇੰਦਾ । ਆਪੇ ਰੱਖੇ ਲੱਖ ਚੁਰਾਸੀ ਸਾਂਝ, ਆਪੇ ਘਟ ਘਟ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਰੂਪ, ਹਰਿ ਹਰਿ ਵੱਡੀ ਵਡਿਆਈਆ । ਵਸਣਹਾਰਾ ਦਹਿ ਦਿਸ਼ਾ ਚਾਰੇ ਕੂਟ, ਭੇਵ ਅਭੇਦਾ ਭੇਵ ਛੁਪਾਈਆ । ਸਚਖੰਡ ਹੁਲਾਰਾ ਰਿਹਾ ਝੂਟ, ਸਚ ਸਿੰਘਾਸਣ ਆਸਣ ਲਾਈਆ । ਸ਼ਬਦ ਅਗੰਮੀ ਆਪੇ ਬੋਲੇ ਨਿਰਗੁਣ ਨਿਰਗੁਣ ਵਿਚੋਂ ਫੂਟ, ਤੱਤਵ ਤੱਤ ਨਾ ਕੋਈ ਵਖਾਈਆ । ਆਪੇ ਧਾਰੇ ਭੇਸ ਕੋਟਨ ਕੋਟ, ਕੋਟੀ ਕੋਟ ਰੂਪ ਵਟਾਈਆ । ਆਪੇ ਚੜ੍ਹਿਆ ਆਪਣੀ ਚੋਟ, ਆਪਣਾ ਦਰ ਆਪ ਸੁਹਾਈਆ । ਆਪੇ ਰੱਖੇ ਆਪਣੀ ਓਟ, ਸਿਰ ਆਪਣਾ ਹੱਥ ਟਿਕਾਈਆ । ਆਪੇ ਨਿਰਗੁਣ ਬਣੇ ਜੋਤ, ਆਪੇ ਸਰਗੁਣ ਪੰਜ ਤੱਤ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਬਣਤ ਬਣਾਈਆ । ਸਤਿ ਪੁਰਖ ਨਿਰੰਜਣ ਬਣਤ ਬਣਾਏ, ਆਪ ਆਪਣੀ ਕਲ ਧਾਰੀਆ । ਸਚਖੰਡ ਸਾਚਾ ਧਾਮ ਸੁਹਾਏ, ਨਿਰਗੁਣ ਬੈਠਾ ਨਿਰੰਕਾਰੀਆ । ਥਿਰ ਘਰ ਆਸਣ ਇਕ ਵਿਛਾਏ, ਭੇਵ ਨਾ ਜਾਣੇ ਜੀਵ ਸੰਸਾਰੀਆ । ਸ਼ਬਦ ਅਗੰਮੀ ਆਪ ਚਲਾਏ, ਆਪੇ ਬੰਨ੍ਹੇ ਆਪਣੀ ਧਾਰੀਆ । ਤੇਜ਼ ਧਾਰ ਨਾਮ ਰਖਾਏ, ਪ੍ਰਗਟ ਹੋਏ ਵਡ ਸੰਸਾਰੀਆ । ਬ੍ਰਹਿਮੰਡੀ ਖੰਡੀ ਵੇਖ ਵਖਾਏ, ਆਪ ਆਪਣੀ ਕਰ ਵਿਚਾਰੀਆ । ਜੇਰਜ ਅੰਡੀ ਵੰਡ ਵੰਡਾਏ, ਖੇਲੇ ਖੇਲ ਅਗੰਮ ਅਪਾਰੀਆ । ਜੁਗਾ ਜੁਗੰਤਰ ਭੇਖ ਪਖੰਡੀ ਮੇਟ ਮਿਟਾਏ, ਹਰਿਜਨ ਸਾਚੇ ਪਾਰ ਉਤਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੮੬
੦੮

ਜੋਤ ਧਰ, ਆਪੇ ਹੋਏ ਸ਼ਬਦ ਪੈਜ ਸੁਵਾਰੀਆ । ਸ਼ਬਦ ਨਿਵਾਸੀ ਪੁਰਖ ਅਬਿਨਾਸ਼ੀ, ਘਟ ਘਟ ਅੰਦਰ ਜਾਣਿਆ । ਬ੍ਰਹਿਮੰਡਾਂ ਖੰਡਾਂ ਪਾਵੇ ਰਾਸੀ, ਨਿਰਗੁਣ ਜੋਤ ਨੂਰ ਮਹਾਨਿਆ । ਪ੍ਰਿਥਮੀ ਅਕਾਸ਼ੀ ਖੇਲ ਤਮਾਸ਼ੀ, ਖੇਲੇ ਖੇਲ ਵਾਲੀ ਦੋ ਜਹਾਨਿਆ । ਜਨ ਭਗਤਾਂ ਪੂਰੀ ਕਰੇ ਆਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਹੋ ਪਰਧਾਨਿਆ । ਲੋਕਮਾਤ ਹਰਿ ਹੋ ਪਰਧਾਨ, ਆਪਣਾ ਖੇਲ ਖਲਾਇੰਦਾ । ਪੁਰਖ ਅਗੰਮਾ ਸ੍ਰੀ ਭਗਵਾਨ, ਆਪ ਆਪਣੀ ਕਲ ਵਰਤਾਇੰਦਾ । ਸ਼ਬਦ ਸਰੂਪੀ ਸਚ ਨਿਸ਼ਾਨ, ਆਪਣਾ ਆਪ ਝੁਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਆਪ ਫ਼ਰਮਾਣ, ਕਰੋੜ ਤੇਤੀਸਾ ਭੁੱਲ ਨਾ ਜਾਇੰਦਾ । ਲੋਕਮਾਤ ਕਰ ਧਿਆਨ, ਸਾਧਾਂ ਸੰਤਾਂ ਆਪ ਉਠਾਇੰਦਾ । ਆਤਮ ਅੰਤਰ ਦੇਵੇ ਇਕ ਗਿਆਨ, ਏਕਾ ਬ੍ਰਹਮ ਸਮਝਾਇੰਦਾ । ਸ਼ਬਦ ਅਨਾਦੀ ਧੁਰ ਫ਼ਰਮਾਣ, ਅੰਦਰ ਮੰਦਰ ਆਪ ਅਲਾਇੰਦਾ । ਦਾਤਾ ਦਾਨੀ ਹਰਿ ਮਿਹਰਵਾਨ, ਚਤੁਰ ਸੁਘੜ ਸਿਆਣ ਬਾਲ ਅੰਞਾਣ ਆਪ ਉਠਾਇੰਦਾ । ਏਕਾ ਰਾਗ ਸੁਣਾਏ ਕਾਨ, ਦੂਜੀ ਧਾਰ ਨਾ ਕੋਈ ਜਣਾਇੰਦਾ । ਭਗਤਨ ਭਗਤੀ ਦੇਵੇ ਦਾਨ, ਹਰਿ ਸੱਜਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਖੇਲਣਹਾਰ ਪੁਰਖ ਸਮਰਥ, ਜੁਗ ਜੁਗ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਚਾਰੋਂ ਕੁੰਟ ਆਪ ਫਿਰਾਈਆ । ਉਲਟੀ ਗੇੜੇ ਆਪੇ ਲੱਠ, ਗੇੜਾ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਮੇਲੇ ਨੱਠ ਨੱਠ, ਦਿਵਸ ਰੈਣ ਸੇਵ ਕਮਾਈਆ । ਵਸਣਹਾਰਾ ਘਟ ਘਟ, ਜਾਗਰਤ ਜੋਤ ਕਰੇ ਰੁਸ਼ਨਾਈਆ । ਖੇਲੇ ਖੇਲ ਬਾਜ਼ੀਗਰ ਨਟ, ਨਟ ਨਟੂਆ ਸਵਾਂਗ ਵਰਤਾਈਆ । ਪਾਵੇ ਸਾਰ ਤੀਰਥ ਅਠਸਠ, ਤੱਟ ਕਿਨਾਰਾ ਵੇਖ ਵਖਾਈਆ । ਜੋਤੀ ਨੂਰ ਲਟ ਲਟ, ਆਦਿ ਜੁਗਾਦੀ ਡਗਮਗਾਈਆ । ਗੁਰਮੁਖਾਂ ਦੁਰਮਤ ਮੈਲ ਦੇਵੇ ਕੱਟ, ਸਰ ਸਰੋਵਰ ਇਕ ਨੁਹਾਈਆ । ਦੂਈ ਦਵੈਤੀ ਮੇਟੇ ਫੱਟ, ਹਉਮੇ ਹੰਗਤਾ ਰੋਗ ਮਿਟਾਈਆ । ਅਨਹਦ ਮਾਰੇ ਸਾਚੀ ਸੱਟ, ਬਜ਼ਰ ਕਪਾਟੀ ਤੋੜ ਤੁੜਾਈਆ । ਦਸਮ ਦੁਆਰੀ ਹੋ ਪ੍ਰਗਟ, ਆਪ ਆਪਣਾ ਰੂਪ ਦਰਸਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਨਿਝਰ ਧਾਰਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਪੁਰਖ ਸੁਲਤਾਨ, ਹਰਿ ਸਤਿਗੁਰ ਵਡ ਮਿਹਰਵਾਨਾ । ਖੇਲੇ ਖੇਲ ਸ੍ਰੀ ਭਗਵਾਨ, ਆਦਿ ਨਿਰੰਜਣ ਜੋਤ ਮਹਾਨਾ । ਪਾਰਬ੍ਰਹਮ ਬ੍ਰਹਮ ਮਿਹਰਵਾਨ, ਦੇਵਣਹਾਰਾ ਸਾਚਾ ਦਾਨਾ । ਹਰਿਜਨ ਹਰਿ ਹਰਿ ਆਤਮ ਗਿਆਨ, ਦੇਵੇ ਮਾਣ ਚਰਨ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਣਾ । ਖੇਲਣਹਾਰਾ ਖੇਲ ਖਲਾਰੀ, ਜੁਗਾ ਜੁਗੰਤਰ ਆਪ ਖਲਾਈਆ । ਆਦਿ ਨਿਰੰਜਣ ਜੋਤ ਉਜਿਆਰੀ, ਜੁਗ ਜੁਗ ਵੇਸ ਵਟਾਈਆ । ਸਚਖੰਡ ਸੁਹਾਏ ਬੰਕ ਦੁਵਾਰੀ, ਸੋਭਾਵੰਤ ਵੱਡੀ ਵਡਿਆਈਆ । ਸ਼ਬਦ ਖ਼ਜ਼ਾਨਾ ਵਡ ਭੰਡਾਰੀ, ਅਤੋਟ ਅਤੁਟ ਚਲਾਈਆ । ਆਪੇ ਬਣ ਹਰਿ ਸੰਸਾਰੀ, ਆਪਣੇ ਰੰਗ ਰੰਗਾਈਆ । ਆਪੇ ਵਣਜ ਕਰੇ ਵਪਾਰੀ, ਆਪੇ ਵਸਤ ਵਖਾਈਆ । ਆਪੇ ਗੁਰ ਪੀਰ ਅਵਤਾਰੀ, ਸਾਧ ਸੰਤ ਆਪ ਹੋ ਜਾਈਆ । ਆਪੇ ਰਾਜ ਰਾਜਾਨ ਸ਼ਾਹ ਸਿਕਦਾਰੀ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਦਰ ਦਰ ਬਣੇ ਭਿਖਾਰੀ, ਆਪੇ ਘਰ ਘਰ ਅਲੱਖ ਜਗਾਈਆ । ਆਪੇ ਕਿੱਲਾ ਕੋਟ ਰਿਹਾ ਉਸਾਰੀ, ਆਪੇ ਰਿਹਾ ਢਾਈਆ । ਆਪੇ ਲੱਖ ਚੁਰਾਸੀ ਕਰ ਪਿਆਰੀ, ਆਪੇ ਮੇਟ ਮਿਟਾਈਆ । ਆਪੇ ਉਤਪਤ ਕਰੇ ਆਦਿ ਜੁਗਾਦੀ ਆਪਣੀ ਵਾਰੀ, ਆਪੇ ਆਪਣੇ ਵਿਚ ਸਮਾਈਆ । ਆਪੇ

ਵਿਸ਼ਨੂੰ ਵੰਸੀ ਹੋ ਉਜਿਆਰੀ, ਆਪੇ ਆਪਣਾ ਵੇਸ ਵਟਾਈਆ । ਆਪੇ ਬ੍ਰਹਮਾ ਕਵਲ ਖਿਲੇ ਗੁਲਜ਼ਾਰੀ, ਆਪੇ ਪਾਰਬ੍ਰਹਮ ਬ੍ਰਹਮ ਰੂਪ ਵਟਾਈਆ । ਆਪੇ ਸ਼ੰਕਰ ਖੇਲ ਨਿਆਰੀ, ਬਾਸ਼ਕ ਤਸ਼ਕਾ ਗਲ ਸੁਹਾਈਆ । ਆਪੇ ਤ੍ਰੈਗੁਣ ਤੱਤ ਵਿਚਾਰੀ, ਤ੍ਰੈ ਤ੍ਰੈ ਵੇਖ ਵਖਾਈਆ । ਆਪੇ ਪੰਜ ਤੱਤ ਬਣ ਭੰਡਾਰੀ, ਆਪ ਆਪਣਾ ਆਪ ਵਿਕਾਈਆ । ਆਪੇ ਸਤਿਗੁਰ ਗੁਰ ਗੁਰ ਖੇਲ ਕਰੇ ਸੰਸਾਰੀ, ਗੁਰ ਮੰਤਰ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਸਤਿ ਪੁਰਖ ਨਿਰੰਜਣ ਹਰਿ ਹਰਿ ਨਾਉਂ, ਜੁਗਾ ਜੁਗੰਤਰ ਆਪ ਧਰਾਇੰਦਾ । ਆਪੇ ਵੇਖੇ ਥਾਈਂ ਥਾਉਂ, ਦਰ ਦਰ ਆਪਣਾ ਵੇਸ ਵਟਾਇੰਦਾ । ਆਪੇ ਨਗਰ ਆਪ ਗਰਾਉਂ, ਆਪਣਾ ਖੇੜਾ ਆਪ ਵਸਾਇੰਦਾ । ਆਪੇ ਪਿਤਾ ਆਪੇ ਮਾਉਂ, ਪੂਤ ਸਪੂਤਾ ਆਪੇ ਜਾਇੰਦਾ । ਆਪੇ ਪਕੜਨਹਾਰਾ ਬਾਹੋਂ, ਆਪੇ ਆਪਣਾ ਮਾਰਗ ਲਾਇੰਦਾ । ਆਪੇ ਦੇਵਣਹਾਰਾ ਠੰਡੀ ਛਾਉਂ, ਸਿਰ ਸਮਰਥ ਆਪਣਾ ਹੱਥ ਟਿਕਾਇੰਦਾ । ਆਪੇ ਫੜ ਫੜ ਹੰਸ ਬਣਾਏ ਕਾਉਂ, ਆਪੇ ਸਾਚੀ ਚੋਗ ਚੁਗਾਇੰਦਾ । ਆਪੇ ਜੁਗ ਜੁਗ ਕਰੇ ਸਚ ਨਿਆਉਂ, ਸ਼ਬਦ ਵਿਚੋਲਾ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਰਖਾਇੰਦਾ । ਸ਼ਬਦ ਵਿਚੋਲਾ ਹਰਿ ਨਿਰੰਕਾਰ, ਆਪਣਾ ਆਪ ਬਣਾਇੰਦਾ । ਸਚਖੰਡ ਵੇਖੇ ਸਚ ਦੁਵਾਰ, ਲੋਕਮਾਤ ਫੇਰਾ ਪਾਇੰਦਾ । ਲੋਕਮਾਤ ਲੱਖ ਚੁਰਾਸੀ ਬਣ ਬਣ ਯਾਰ, ਸਾਚਾ ਹੁਕਮ ਸੁਣਾਇੰਦਾ । ਸਚਖੰਡ ਵੇਖੇ ਮੀਤ ਮੁਰਾਰ, ਨਿਰਗੁਣ ਬੈਠਾ ਆਸਣ ਲਾਇੰਦਾ । ਲੋਕਮਾਤ ਹੋ ਖ਼ਬਰਦਾਰ, ਆਪਣਾ ਡੰਕ ਵਜਾਇੰਦਾ । ਸਚਖੰਡ ਨਿਉਂ ਨਿਉਂ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਸਚਖੰਡ ਵਡ ਬਲਕਾਰ, ਰਾਜ ਰਾਜਾਨਾ ਆਪ ਉਠਾਇੰਦਾ । ਲੋਕਮਾਤ ਮਾਰੇ ਮਾਰ, ਬਚਿਆ ਕੋਈ ਰਹਿਣ ਨਾ ਪਾਇੰਦਾ । ਕਰਨੀ ਕਰਤਾ ਕਰੇ ਕਾਰ, ਕਾਦਰ ਕਰੀਮ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਚੋਲਾ ਮਾਤ ਕਰ, ਜੁਗ ਜੁਗ ਲੇਖਾ ਲੇਖ ਚੁਕਾਇੰਦਾ । ਸ਼ਬਦ ਵਿਚੋਲਾ ਮਾਰੇ ਫੇਰੇ, ਦੋ ਜਹਾਨੀ ਬਣਤ ਬਣਾਈਆ । ਲੱਖ ਚੁਰਾਸੀ ਲੇਵੇ ਘੇਰੇ, ਆਪ ਆਪਣੀ ਕਲ ਵਰਤਾਈਆ । ਸਚਖੰਡ ਨਿਵਾਸੀ ਦੇਵੇ ਗੇੜੇ, ਆਪਣੀ ਵਾਰੀ ਆਪ ਭੁਵਾਈਆ । ਜਗਤ ਵਿਚੋਲਾ ਵਸੇ ਖੁਲ੍ਹੇ ਵਿਹੜੇ, ਕੋਟਨ ਕੋਟ ਬ੍ਰਹਿਮੰਡਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਆਪ ਆਪਣਾ ਹੁਕਮ ਚਲਾਈਆ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਸ਼ਬਦੀ ਸ਼ਬਦ ਅਲ੍ਹਾਇੰਦਾ । ਲੋਕਮਾਤ ਮਾਰ ਧਿਆਨ, ਸਚ ਸੰਤਾਂ ਆਪ ਸੁਣਾਇੰਦਾ । ਭਗਤਾਂ ਦੇਵੇ ਇਕ ਗਿਆਨ, ਏਕਾ ਰੂਪ ਦਰਸਾਇੰਦਾ । ਗੁਰਮੁਖ ਬਣਾਏ ਚਤੁਰ ਸੁਜਾਨ, ਮੂਰਖ ਮੂੜ ਗਲੇ ਲਗਾਇੰਦਾ । ਗੁਰਮੁਖਾਂ ਦੇਵੇ ਨਾਮ ਨਿਧਾਨ, ਹਉਮੇ ਰੋਗ ਮਿਟਾਇੰਦਾ । ਮਨਮੁਖ ਨਾ ਸਕੇ ਕੋਈ ਪਛਾਣ, ਗੂੜ੍ਹੀ ਨੀਂਦ ਸੁਵਾਇੰਦਾ । ਸ਼ਬਦ ਵਿਚੋਲਾ ਗੁਣ ਨਿਧਾਨ, ਆਪਣਾ ਕਰਮ ਕਮਾਇੰਦਾ । ਡੰਕਾ ਮਾਰੇ ਵਿਚ ਜਹਾਨ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਮਾਇਆ ਰਾਣੀ ਹੋ ਪ੍ਰਧਾਨ, ਆਪਣਾ ਰੰਗ ਰੰਗਾਇੰਦਾ । ਨਾਲ ਰਲਾਏ ਪੰਜ ਸ਼ੈਤਾਨ, ਪੰਚਾਂ ਜੋੜ ਜੁੜਾਇੰਦਾ । ਮਨ ਮਤ ਰਲਾਈ ਬੇਈਮਾਨ, ਸਚ ਈਮਾਨ ਨਾ ਕੋਈ ਧਰਾਇੰਦਾ । ਹਰਿ ਕਾ ਨਾਮ ਨਾ ਸੁਣਿਆ ਕਾਨ, ਕਾਇਆ ਗੜ੍ਹ ਨਾ ਕੋਈ ਵਖਾਇੰਦਾ । ਸ਼ਬਦ ਵਿਚੋਲਾ ਮਾਰੇ ਉਠ ਧਿਆਨ, ਆਪ ਆਪਣੀ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਖੇਲ ਖਲਾਇੰਦਾ । ਲੋਕਮਾਤ ਵੇਖ ਵਿਚਾਰ, ਸ਼ਬਦੀ ਸ਼ਬਦ ਕਰੇ ਸਲਾਹੀਆ । ਮਨ ਮਤ ਹੋਈ ਨਾਰ

ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਪਿਆਰ, ਆਪਣੀ ਸੇਜ ਰਹੀ ਹੰਢਾਈਆ । ਹਉਮੇ ਹੰਗਤਾ ਆਸਾ ਤ੍ਰਿਸ਼ਨਾ ਝੂਠੀ ਜੂਠੀ ਧਾਰ, ਸ਼ੌਹ ਦਰਯਾ ਰਹੀ ਵਹਾਈਆ । ਮਾਇਆ ਮਮਤਾ ਡੂੰਘੀ ਗਾਰ, ਅੰਧ ਅੰਧੇਰਾ ਅੰਧ ਰਿਹਾ ਛਾਈਆ । ਵਰਨ ਬਰਨ ਨਾ ਕੋਈ ਪਿਆਰ, ਨਾਤਾ ਤੁਟਾ ਭੈਣਾਂ ਭਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰਹੇ ਝੱਖ ਮਾਰ, ਗ਼ਰੀਬ ਨਿਮਾਣੇ ਕੋਈ ਨਾ ਗਲੇ ਲਗਾਈਆ । ਧਰਤ ਧਵਲ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਸਾਧਾਂ ਸੰਤਾਂ ਹਾਹਾਕਾਰ, ਅੰਤਰ ਆਤਮ ਰਹੀ ਕੁਰਲਾਈਆ । ਭਗਤ ਨਾ ਸੁਣੇ ਕੋਈ ਪੁਕਾਰ, ਭਰਮੇ ਭੁੱਲੀ ਝੂਠੀ ਸ਼ਾਹੀਆ । ਚਾਰੋਂ ਕੁੰਟ ਗੜ੍ਹ ਹੰਕਾਰ, ਕਲਜੁਗ ਕਿਲਾ ਰਿਹਾ ਬਣਾਈਆ । ਉਤੇ ਚੜ੍ਹਿਆ ਮਨ ਸਿਕਦਾਰ, ਸੀਸ ਆਪਣਾ ਤਾਜ ਟਿਕਾਈਆ । ਹਉਮੇ ਰਲਿਆ ਨਾਲ ਸਰਦਾਰ, ਦੇਵੇ ਸਿਫ਼ਤ ਸਲਾਹੀਆ । ਕਾਮ ਕਰੋਧ ਮੋਹ ਹੰਕਾਰ, ਲੋਭੀ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਹੰਦੜਾ ਵੇਖੇ ਘਰ, ਚਾਰੋਂ ਕੁੰਟ ਫੇਰਾ ਪਾਈਆ । ਸ਼ਬਦ ਸਰੂਪੀ ਘਰ ਘਰ ਵੜਿਆ, ਭੁੱਲ ਰਹੇ ਨਾ ਰਾਇਆ । ਕਲਜੁਗ ਆਪੇ ਘਾੜਣ ਘੜਿਆ, ਆਪੇ ਰਚਨ ਰਚਾਇਆ । ਕਲਜੁਗ ਵਿਦਿਆ ਆਪੇ ਪੜ੍ਹਿਆ, ਚੌਦਾਂ ਵਿਦਿਆ ਮਾਣ ਮੁਕਾਇਆ । ਸਾਧਾਂ ਸੰਤਾਂ ਪਾਂਧੇ ਪੰਡਤਾਂ ਦਰ ਦੁਵਾਰੇ ਖੜਿਆ, ਮੁਲਾਂ ਸ਼ੇਖ਼ ਮੁਸਾਇਕ ਪੀਰ ਰਿਹਾ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਸ਼ਬਦ ਵਿਚੋਲਾ, ਲੋਕਮਾਤ ਧਰਾਇਆ । ਸ਼ਬਦ ਵਿਚੋਲਾ ਫੇਰਾ ਪਾ, ਲੋਕਮਾਤ ਵੇਖ ਵਖਾਈਆ । ਆਪਣਾ ਪੰਧ ਰਿਹਾ ਮੁਕਾ, ਸਚਖੰਡ ਸਾਚਾ ਰਾਹ ਤਕਾਈਆ । ਸੰਮਤ ਸੋਲਾਂ ਗਿਆ ਆ, ਆਪਣਾ ਲੇਖਾ ਲਏ ਲਿਖਾਈਆ । ਪੁਰਖ ਅਬਿਨਾਸ਼ੀ ਦਏ ਸੁਣਾ, ਜੋ ਪੜ੍ਹਿਆ ਪੜ੍ਹ ਜਣਾਈਆ । ਲੱਖ ਚੁਰਾਸੀ ਭਾਂਡਾ ਜੋ ਲਿਆ ਬਣਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਈਆ । ਤੇਰਾ ਨਾਂ ਗਏ ਭੁਲਾ, ਭਰਮੇ ਭੁੱਲੀ ਸਰਬ ਲੋਕਾਈਆ । ਗੁਰ ਗੋਬਿੰਦ ਗਿਆ ਲਿਖਾ, ਰੈਣ ਅੰਧੇਰੀ ਛਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਭੈਣ ਨਾ ਭਰਾ, ਨਾ ਕੋਈ ਨਾਰੀ ਕੰਤ ਭਤਾਰ, ਨਾ ਕੋਈ ਨਗਰ ਨਾ ਕੋਈ ਗਰਾਂ, ਨਾ ਕੋਈ ਤੀਰਥ ਤੱਟਾਂ ਦੇਵੇ ਛਾਂ, ਚਾਰੋਂ ਕੁੰਟ ਕਾਮ ਕਰੋਧ ਲੋਭ ਮੋਹ ਹੰਕਾਰ ਸਾਧ ਸੰਤ ਨਾ ਪਕੜੇ ਬਾਂਹ, ਰਾਜ ਰਾਜਾਨ ਨਾ ਕਰੇ ਸਚ ਨਿਆਂ, ਗ਼ਰੀਬ ਨਿਮਾਣੇ ਮਾਰਨ ਧਾਹ, ਦੁੱਖ ਭੁੱਖ ਰਹੀ ਸਤਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਵੇਖਣਹਾਰਾ ਥਾਉਂ ਥਾਂ, ਜੁਗ ਜੁਗ ਕਰੇ ਸਚ ਨਿਆਂ, ਘਰ ਸਾਚੇ ਬੈਠਾ ਆਸਣ ਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਸ਼ਬਦੀ ਸੁੱਤ ਬੁਲਾਇਆ । ਘਨਕ ਪੁਰ ਵਾਸੀ ਸ਼ਾਹੋ ਸ਼ਾਬਾਸ਼ੀ, ਸਚ ਸੰਦੇਸ਼ਾ ਹਾਲ ਸੁਣਾਇਆ । ਪੰਡਤ ਕਾਂਸ਼ੀ ਮਦਿਰਾ ਮਾਸੀ, ਦਰ ਮੰਦਰ ਨਾ ਕੋਈ ਸੁਹਾਇਆ । ਸਨਿਆਸੀ ਵੈਰਾਗੀ ਨਾ ਰਹੀ ਉਦਾਸੀ, ਧੀਰਜ ਜਤ ਨਾ ਕੋਈ ਧਰਾਇਆ । ਮਾਇਆ ਮਮਤਾ ਪਾਈ ਫਾਸੀ, ਸਾਧ ਸੰਤ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਭਾਣਾ ਤੇਰੇ ਦਰ ਨਾ ਭਾਇਆ । ਪੁਰਖ ਅਬਿਨਾਸ਼ੀ ਲਏ ਅੰਗੜਾਈ, ਆਪਣੀ ਕਰਵਟ ਆਪ ਬਦਲਾਈਆ । ਸਚਖੰਡ ਦੁਵਾਰਾ ਸੋਹੇ ਚਾਈਂ ਚਾਈਂ, ਨਿਰਗੁਣ ਖੇਲੇ ਖੇਲ ਬੇਪਰਵਾਹੀਆ । ਨਾਮ ਕਟਾਰ ਤਿੱਖੀ ਧਾਰ ਰਿਹਾ ਉਠਾਈ, ਦੋ ਜਹਾਨਾਂ ਆਪ ਚਮਕਾਈਆ । ਸੋ ਪੁਰਖ ਨਿਰੰਜਣ ਖੇਲ ਰਚਾਈ, ਹੰ ਬ੍ਰਹਮ ਕਰੇ ਕੁੜਮਾਈਆ । ਸੋਹੰ ਚਿਲਾ ਤੀਰ ਕਮਾਨ ਚਲਾਈ, ਜਗਤ ਨਿਸ਼ਾਨਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੰਡਾ ਕਰ ਤਿਆਰ,

੯੮੯
੦੮

ਪੁਰਖ ਅਬਿਨਾਸ਼ੀ ਮਾਰੇ ਮਾਰ, ਨਿਰਗੁਣ ਦਾਤਾ ਬੇਪਰਵਾਹੀਆ । ਸ਼ਬਦ ਖੰਡਾ ਤੇਜ਼ ਕਟਾਰ, ਤਿੱਖੀ ਧਾਰ ਰਖਾਇੰਦਾ । ਸੋਹੰ ਸ਼ਬਦ ਬੋਲ ਜੈਕਾਰ, ਲੋਕਮਾਤ ਉਠ ਧਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇੰਦਾ । ਸ਼ੰਕਰ ਗਲ ਵਿਚ ਲਾਹੇ ਹਾਰ, ਹੱਥ ਤ੍ਰਸੂਲ ਉਠਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਢਹਿ ਢਹਿ ਪਏ ਦੁਵਾਰਾ, ਫੜ ਬਾਹੋਂ ਨਾ ਕੋਈ ਉਠਾਇੰਦਾ । ਰਵ ਸਸ ਕਰਨ ਨਿਮਸਕਾਰਾ, ਆਪ ਆਪਣਾ ਭੇਟ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਅਸਵਾਰਾ, ਸਾਚੇ ਅਸਵ ਆਸਣ ਲਾਇੰਦਾ । ਸੋਲਾਂ ਕਲੀਆਂ ਕਰ ਸ਼ਿੰਗਾਰਾ, ਸੋਲਾਂ ਇਛਿਆ ਪੂਰ ਕਰਾਇੰਦਾ । ਖੜਗ ਖੰਡਾ ਹਰਿ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਇੰਦਾ । ਨੀਲੀ ਧਾਰੋਂ ਪਾਰ ਕਿਨਾਰਾ, ਲੋਕਮਾਤੀ ਰਾਹ ਤਕਾਇੰਦਾ । ਪ੍ਰਗਟ ਹੋ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸੋਹੰ ਡੰਕਾ ਅਪਰ ਅਪਾਰਾ, ਆਪਣਾ ਨਾਮ ਵਜਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰਾ, ਵੇਲਾ ਅੰਤਮ ਆਇੰਦਾ । ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨੈਣ ਖੁਲ੍ਹਾਇੰਦਾ । ਈਸਾ ਮੂਸਾ ਖੋਲ੍ਹ ਕਿਵਾੜਾ, ਆਪਣਾ ਰਾਹ ਵਖਾਇੰਦਾ । ਅੰਜੀਲ ਕੁਰਾਨਾ ਦਏ ਹੁਲਾਰਾ, ਕਲਮਾ ਨਬੀ ਆਪ ਪੜ੍ਹਾਇੰਦਾ । ਆਪੇ ਪਾਵਣਹਾਰਾ ਸਾਰਾ, ਸ਼ਰਅ ਸ਼ਰੀਅਤ ਆਪ ਰਚਾਇੰਦਾ । ਆਪੇ ਚੌਦਾਂ ਤਬਕਾਂ ਦਏ ਹੁਲਾਰਾ, ਨੌ ਪੰਜ ਵੇਖ ਵਖਾਇੰਦਾ । ਆਪੇ ਚੌਦਾਂ ਸਦੀਆਂ ਕਰੇ ਪਾਰ ਕਿਨਾਰਾ, ਚੌਧਵੀਂ ਚੰਦ ਆਪ ਚੜ੍ਹਾਇੰਦਾ । ਆਪੇ ਅੱਲ੍ਹਾ ਹੂ ਹੂ ਲਾਏ ਨਾਅਰਾ, ਬਿਸਮਲ ਰੂਪ ਆਪ ਹੋ ਆਇੰਦਾ । ਆਪੇ ਐਨਲਹੱਕ ਕਰੇ ਪਿਆਰਾ, ਹੱਕ ਹਕੀਕਤ ਆਪੇ ਵੇਖ ਵਖਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਸਾਂਝਾ ਯਾਰ ਆਪ ਹੋ ਜਾਇੰਦਾ । ਮੁਕਾਮੇ ਹੱਕ ਹੋ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਆਪੇ ਜਾਣੇ ਆਪਣਾ ਪਾਰ ਕਿਨਾਰਾ, ਆਪਣਾ ਹੁਕਮ ਆਪ ਚਲਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਭੇਵ ਕੋਈ ਨਾ ਪਾਇੰਦਾ । ਵੇਦ ਪੁਰਾਨ ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਨੇਤਰ ਲੋਚਣ ਨੈਣ ਦਰਸ ਕੋਈ ਨਾ ਪਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਸਾਚਾ ਰਾਹ ਵਖਾਇੰਦਾ । ਨਾਨਕ ਗੋਬਿੰਦ ਰਹੇ ਪੁਕਾਰਾ, ਏਕਾ ਨੈਣ ਉਠਾਇੰਦਾ । ਕਲਜੁਗ ਅੰਤਮ ਪ੍ਰਗਟ ਹੋਵੇ ਵਿਚ ਸੰਸਾਰ, ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਈ ਬਣਾਇੰਦਾ । ਤ੍ਰੈਗੁਣ ਰੂਪ ਵਸਿਆ ਬਾਹਰਾ, ਪੰਜ ਤੱਤ ਨਾ ਕੋਈ ਵਖਾਇੰਦਾ । ਨਿਰਗੁਣ ਨੂਰ ਨੂਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਨਾਮ ਖੰਡਾ ਤੇਜ ਕਟਾਰਾ, ਹਰਿ ਆਪਣੇ ਹੱਥ ਉਠਾਇੰਦਾ । ਦਿਸ ਨਾ ਆਏ ਵਿਚ ਸੰਸਾਰਾ, ਨੇਹ ਕਰਮੀ ਕਰਮ ਕਮਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਚਰਨ ਪ੍ਰੀਤੀ ਚਰਨ ਦੁਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਸਮਰਥ ਪੁਰਖ ਘੜਨ ਭੰਨਣਹਾਰਾ, ਆਪੇ ਘੜੇ ਆਪੇ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਕਟਾਰ ਰੱਖੀ ਤਿੱਖੀ, ਪਾਵੇ ਸਾਰ ਮੁਨੀ ਰਿਖੀ, ਪਰਖੀ ਜਾਏ ਸਾਚੀ ਸਿਖੀ, ਵਾਲੋਂ ਨਿੱਕੀ ਖੰਡਿਉਂ ਤਿੱਖੀ, ਨੇਤਰ ਨੈਣ ਦਿਸ ਨਾ ਆਈਆ । ਸੂਰਬੀਰ ਸੁਲਤਾਨ, ਜੋਧਾ ਬਲ ਬਲੀ ਬਲਕਾਰਿਆ । ਪਾਰਬ੍ਰਹਮ ਸ੍ਰੀ ਭਗਵਾਨ, ਆਦਿ ਨਿਰੰਜਣ ਖੇਲ ਅਪਾਰਿਆ । ਆਦਿ ਜੁਗਾਦੀ ਨੌਜਵਾਨ, ਜਾਗਰਤ ਜੋਤ ਇਕ ਜਗਾ ਰਿਹਾ । ਕਲਜੁਗ ਵੇਖੇ ਜੀਵ ਸ਼ੈਤਾਨ, ਘਟ ਘਟ ਅੰਦਰ ਰੂਪ ਵਟਾ ਲਿਆ । ਗੁਰਮੁਖ ਮੇਲੇ ਕਰੇ ਦਰ ਪਰਵਾਨ, ਦਰ ਦਰਵਾਜ਼ਾ ਆਪ ਖੁਲ੍ਹਾ ਲਿਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਆਪ ਆਪਣੀ ਦਇਆ ਕਮਾ ਰਿਹਾ । ਚਰਨ ਧੂੜ ਬਖ਼ਸ਼ੇ ਸਚ ਅਸ਼ਨਾਨ, ਦੁਰਮਤ ਮੈਲ ਗਵਾ ਰਿਹਾ । ਮਨਮੁੱਖ ਵੇਖੇ ਜੀਵ ਸ਼ੈਤਾਨ, ਧਰਤ ਮਾਤ ਗੋਦ ਬਹਾ ਰਿਹਾ ।

ਜੂਠੀ ਝੂਠੀ ਜਗਤ ਦੁਕਾਨ, ਕਲਜੁਗ ਅੰਤਮ ਆਪ ਲੁਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਪੀਰ ਆਪ ਬਣਾ ਰਿਹਾ । ਸ਼ਬਦ ਹਰਿ ਸ਼ਬਦ ਦਰ, ਸ਼ਬਦੀ ਸ਼ਬਦ ਵੱਡੀ ਵਡਿਆਈਆ । ਸ਼ਬਦੀ ਧਰਨੀ ਧਰਤ ਧਵਲ ਧਰ, ਹਰਿ ਸ਼ਬਦ ਕਰੇ ਕੁੜਮਾਈਆ । ਸ਼ਬਦ ਚੁਕਾਏ ਜਗਤ ਡਰ, ਗੁਰਮੁਖ ਸੱਜਣ ਮੇਲ ਮਿਲਾਈਆ । ਸ਼ਬਦ ਸ਼ਬਦੀ ਰਿਹਾ ਲੜ, ਨੌ ਖੰਡ ਫੇਰਾ ਪਾਈਆ । ਸ਼ਬਦੀ ਸ਼ਬਦ ਫੜਾਏ ਲੜ, ਏਕਾ ਪੱਲੂ ਨਾਮ ਰਖਾਈਆ । ਸ਼ਬਦੀ ਸ਼ਬਦ ਮੰਦਰ ਜਾਏ ਵੜ, ਕਾਇਆ ਮੰਦਰ ਸੋਭਾ ਪਾਈਆ । ਸ਼ਬਦ ਸ਼ਬਦੀ ਗੁਰਮੁਖ ਅੱਖਰ ਜਾਏ ਪੜ੍ਹ, ਨਾ ਦੂਸਰ ਕੋਈ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੱਜਣ ਲਏ ਤਰਾਈਆ । ਤਾਰਨਹਾਰਾ ਹਰਿ ਨਿਰੰਕਾਰ, ਹਰਿਜਨ ਸਾਚੇ ਆਪ ਤਰਾਇੰਦਾ । ਚਰਨ ਪ੍ਰੀਤੀ ਬਖ਼ਸ਼ ਪਿਆਰ, ਸਾਚੀ ਰੀਤ ਇਕ ਵਖਾਇੰਦਾ । ਨਾਮ ਨਿਧਾਨਾ ਭਰ ਭੰਡਾਰ, ਆਤਮ ਝੋਲੀ ਆਪ ਭਰਾਇੰਦਾ । ਕਲਜੁਗ ਖਾਲੀ ਕਰੇ ਦੁਵਾਰ, ਝੂਠਾ ਠੂਠਾ ਭੰਨ ਵਖਾਇੰਦਾ । ਸਚ ਵਸਤ ਨਾ ਕਿਸੇ ਦੁਵਾਰ, ਨਾ ਕੋਈ ਭਿਛਿਆ ਇਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਮੀਤ ਮੁਰਾਰ, ਕਰ ਕਰ ਕਿਰਪਾ ਲਾਏ ਪਾਰ, ਬੇੜਾ ਬੰਨੇ ਆਪੇ ਲਾਇੰਦਾ । ਗੁਰਮੁਖ ਬੇੜਾ ਪਾਰ ਕਿਨਾਰੇ, ਹਰਿ ਸਾਚਾ ਆਪ ਲਗਾਈਆ । ਮਨਮੁਖ ਡੁੱਬੇ ਵਿਚ ਮੰਝਧਾਰੇ, ਡੂੰਘੀ ਧਾਰ ਵਹਾਈਆ । ਕਲਜੁਗ ਕੂੜਾ ਕੂਕੇ ਕੂਕ ਪੁਕਾਰੇ, ਦਿਵਸ ਰੈਣ ਦਏ ਦੁਹਾਈਆ । ਨਾਤਾ ਤੁਟਾ ਸੰਗ ਮੁਹੰਮਦ ਚਾਰ ਯਾਰੇ, ਚਾਰ ਯਾਰੀ ਰਹੀ ਮੁਖ ਭੁਵਾਈਆ । ਪ੍ਰਗਟ ਹੋਇਆ ਹਰਿ ਨਿਰੰਕਾਰੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੰਚਾਂ ਬੰਨ੍ਹੇ ਸੀਸ ਦਸਤਾਰੇ, ਸਿਰ ਆਪਣਾ ਹੱਥ ਟਿਕਾਈਆ । ਚਾਰ ਵਰਨ ਕਰਾਏ ਇਕ ਵਪਾਰੇ, ਏਕਾ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿਖ ਈਸਾਈ ਸੋਹਿਣ ਇਕ ਦੁਵਾਰੇ, ਸ਼ੂਦਰ ਬ੍ਰਹਿਮਣ ਸ਼ੱਤਰੀ ਵੈਸ਼ ਨਾ ਕੋਈ ਅਖਵਾਈਆ । ਏਕਾ ਨਾਮ ਭਰੇ ਭੰਡਾਰੇ, ਅਤੋਟ ਅਤੁਟ ਰਖਾਈਆ । ਚਾਰ ਕੁੰਟ ਪੁਰਖ ਅਕਾਲ ਤੇਰੇ ਨਾਉਂ ਜੈਕਾਰੇ, ਦੂਜਾ ਇਸ਼ਟ ਨਾ ਕੋਈ ਮਨਾਈਆ । ਆਪੇ ਰਾਮ ਕ੍ਰਿਸ਼ਨ ਅਵਤਾਰੇ, ਆਪੇ ਗੀਤਾ ਗਿਆਨ ਦ੍ਰਿੜਾਈਆ । ਆਪੇ ਬ੍ਰਹਮਾ ਵੇਦ ਵਿਚਾਰੇ, ਸ਼ਾਸਤਰ ਸਿਮਰਤ ਆਪ ਬਣਾਈਆ । ਆਪੇ ਵੇਦ ਵਿਆਸ ਬਣ ਲਿਖਾਰੇ, ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਲਿਖਾਈਆ । ਆਪੇ ਈਸਾ ਮੂਸਾ ਖੇਲ ਨਿਆਰੇ, ਖ਼ਾਲਕ ਖ਼ਲਕ ਵੇਖ ਵਖਾਈਆ । ਆਪ ਮੁਹੰਮਦ ਚਾਰ ਯਾਰੇ, ਆਪੇ ਸਗਲਾ ਸੰਗ ਨਿਭਾਈਆ । ਆਪੇ ਬੰਨ੍ਹੇ ਸਾਚੀ ਧਾਰੇ, ਤੀਸ ਬਤੀਸਾ ਆਪੇ ਗਾਈਆ । ਆਪੇ ਨਿਰਗੁਣ ਜੋਤ ਨੂਰ ਉਜਿਆਰੇ, ਆਪ ਪੰਜ ਤੱਤ ਨਾਉਂ ਰਖਾਈਆ । ਆਪੇ ਸਤਿਨਾਮ ਬੋਲ ਜੈਕਾਰੇ, ਸਾਚਾ ਮੰਤਰ ਇਕ ਦ੍ਰਿੜਾਈਆ । ਆਪੇ ਗੋਬਿੰਦ ਦਸ ਅਵਤਾਰੇ, ਪੂਤ ਸਪੂਤਾ ਨਾਉਂ ਧਰਾਈਆ । ਆਪੇ ਅੰਮ੍ਰਿਤ ਠੰਡੀ ਠਾਰੇ, ਆਪੇ ਸ਼ਸਤਰ ਬਸਤਰ ਤਨ ਸਜਾਈਆ । ਆਪੇ ਕਰੇ ਖੇਲ ਨਿਆਰੇ, ਖੇਲਣਹਾਰਾ ਦਿਸ ਨਾ ਆਈਆ । ਆਪੇ ਸੂਲਾਂ ਸੱਥਰ ਆਪਣੀ ਸੇਜ ਮਾਣੇ, ਆਪੇ ਸ਼ਬਦ ਸੁਨੇਹੜਾ ਰਿਹਾ ਘਲਾਈਆ । ਆਪੇ ਜੋਤ ਅਕਾਲ ਦੀਨ ਦਿਆਲ ਖੇਲੇ ਖੇਲ ਵਿਚ ਸੰਸਾਰੇ, ਆਪ ਆਪਣਾ ਹੁਕਮ ਸੁਣਾਈਆ । ਆਪੇ ਆਦਿ ਆਪੇ ਅੰਤ, ਆਪੇ ਮਧ ਸਮਾਈਆ । ਆਪੇ ਜੋਤ ਨੂਰ ਹੋ ਉਜਿਆਰੇ, ਗੁਰ ਗੁਰ ਆਪੇ ਨਾਉਂ ਧਰਾਈਆ । ਆਪੇ ਲੇਖਾ ਲਿਖੇ ਲਿਖਾਰੇ, ਗੁਰ ਗੋਬਿੰਦ ਰਿਹਾ ਸਮਝਾਈਆ । ਕਲਜੁਗ ਤੇਰੀ ਅੰਤਮ ਵਾਰੇ, ਨਿਹਕਲੰਕਾ ਜਾਮ ਪਿਆਈਆ । ਸੰਬਲ ਨਗਰੀ ਧਾਮ ਨਿਆਰੇ, ਬੈਠੇ ਆਸਣ ਲਾਈਆ । ਮਨਮੁਖ ਜੀਵ ਨਾ ਕੋਈ ਵਿਚਾਰੇ,

ਗੁਰਮੁਖਾਂ ਬੂਝ ਬੁਝਾਈਆ । ਸਦੀ ਬੀਸਵੀਂ ਖੇਲ ਅਪਾਰੇ, ਬੀਸ ਬੀਸਾ ਆਪ ਕਰਾਈਆ । ਸੰਮਤ ਸੋਲਾਂ ਆਪਣਾ ਪਰਦਾ ਪਾੜੇ, ਆਪਣਾ ਨੂਰ ਕਰੇ ਰੁਸ਼ਨਾਈਆ । ਸੰਮਤ ਸਤਾਰਾਂ ਆਏ ਵਿਚ ਅਖਾੜੇ, ਜੋਧਾ ਸੂਰਬੀਰ ਆਪ ਹੋ ਜਾਈਆ । ਨਾਲ ਰਲਾਏ ਗੁਰਮੁਖ ਲਾੜੇ, ਹੱਥੀਂ ਗਾਨਾ ਨਾਮ ਬੰਧਾਈਆ । ਦਿਵਸ ਸੁਹਾਏ ਸਤਾਰਾਂ ਹਾੜੇ, ਹਰਿ ਕੀ ਪੌੜੀ ਆਪ ਚੜ੍ਹਾਈਆ । ਜਗੇ ਜੋਤ ਬਹੱਤਰ ਨਾੜੇ, ਸੰਮਤ ਸੋਲਾਂ ਵਡ ਵਡਿਆਈਆ । ਆਪੇ ਜਾਣੇ ਆਰ ਪਾਰ ਕਿਨਾਰੇ, ਮੰਝਧਾਰ ਆਪੇ ਡੇਰਾ ਲਾਈਆ । ਗੁਰਮੁਖਾਂ ਹਰਿ ਕਾਜ ਸੁਵਾਰੇ, ਗੁਰ ਗੋਬਿੰਦ ਦਏ ਗਵਾਹੀਆ । ਜੋ ਸਰਸੇ ਡੁੱਬੇ ਕਲਜੁਗ ਧਾਰੇ, ਅੰਤਮ ਆਪ ਆਪਣਾ ਮੇਲ ਮਿਲਾਈਆ । ਮਾਇਆ ਮਮਤਾ ਭੁੱਲੇ ਜੀਵ ਗਵਾਰੇ, ਹਰਿ ਕਾ ਰੂਪ ਦਿਸ ਨਾ ਆਈਆ । ਗੁਰਮੁੱਖ ਸੁੱਤੇ ਪੈਰ ਪਸਾਰੇ, ਜਿਸ ਮਿਲਿਆ ਦਾਤਾ ਬੇਪਰਵਾਹੀਆ । ਲੋਕਮਾਤ ਖਿੜੀ ਗੁਲਜ਼ਾਰੇ, ਫਲ ਫੁੱਲ ਆਪ ਮਹਿਕਾਈਆ । ਗੁਰਸਿਖ ਪ੍ਰੀਤੀ ਬਨਿਆ ਸਾਚੇ ਹਾਰੇ, ਤਨ ਸਚ ਸ਼ਿੰਗਾਰ ਕਰਾਈਆ । ਲੱਖ ਚੁਰਾਸੀ ਲੁੱਟੀ ਜਾਏ ਦਿਨ ਦਿਹਾੜੇ, ਔਂਦਾ ਜਾਂਦਾ ਦਿਸ ਨਾ ਆਈਆ । ਗੁਰਮੁਖਾਂ ਕਰੇ ਜਗਤ ਪਿਆਰੇ, ਜਾਗਰਤ ਜੋਤ ਨੂਰ ਰੁਸ਼ਨਾਈਆ । ਦਰਸ ਦਖਾਏ ਅਗੰਮ ਅਪਾਰੇ, ਅਲੱਖ ਅਗੋਚਰ ਵਡ ਵਡਿਆਈਆ । ਜੁਗਾਂ ਜੁਗਾਂ ਦੇ ਕਾਜ ਸੁਵਾਰੇ, ਜੋ ਜਨ ਰਸਨਾ ਰਹੇ ਧਿਆਈਆ । ਕਾਲ ਮਹਾਂਕਾਲ ਨਾ ਆਏ ਦੁਆਰੇ, ਪ੍ਰਭ ਬਖ਼ਸ਼ੇ ਸਚ ਸਰਨਾਈਆ । ਗੁਰਸਿਖ ਬਹਾਏ ਸਚਖੰਡ ਮਹੱਲ ਉਚ ਚੁਬਾਰੇ, ਅਟੱਲ ਥਾਨ ਇਕ ਵਖਾਈਆ । ਦਰਗਹਿ ਸਾਚੀ ਮੇਲ ਕੰਤ ਭਤਾਰੇ, ਕੰਤ ਕੰਤੂਹਲਾ ਮੇਲ ਮਿਲਾਈਆ । ਧੰਨ ਸੋਭਾਗਣ ਗੁਰਮੁਖ ਸਾਜਣ ਸਾਚੀ ਨਾਰੇ, ਵਰ ਪਾਇਆ ਬੇਪਰਵਾਹੀਆ । ਮਨਮੁਖ ਜੀਵ ਮਾਨਸ ਜਨਮ ਗਏ ਹਾਰੇ, ਲੱਖ ਚੁਰਾਸੀ ਆਪ ਭੁਵਾਈਆ । ਰਾਏ ਧਰਮ ਮਾਰੇ ਮਾਰੇ, ਆਪਣੇ ਕੁੰਡਾਂ ਆਪ ਫਿਰਾਈਆ । ਰੋ ਰੋ ਕੱਢਣ ਹਾੜੇ, ਬਿਨ ਸਤਿਗੁਰ ਪੂਰੇ ਨਾ ਕੋਈ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਮੇਲੇ ਸਾਚੇ ਘਰ, ਆਵਣ ਜਾਵਣ ਚੁੱਕੇ ਡਰ, ਆਪ ਲਗਾਏ ਆਪਣੇ ਲੜ, ਸਾਚੇ ਪੌੜੇ ਜਾਏ ਚੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਦਰਸ ਦਖਾਏ ਅੱਗੇ ਖੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈਆ ।

ਭਗਤ ਜਨਾਂ ਗੁਣ ਹਰਿ ਹਰਿ ਗਾਏ, ਹਰਿ ਸੰਤ ਜਨਾਂ ਸੇਵ ਕਮਾਈਆ । ਗੁਰਮੁਖਾਂ ਲੇਖਾ ਲੇਖ ਲਖਾਏ, ਗੁਰਮੁਖ ਵੇਖ ਵਖਾਈਆ । ਧੁਰ ਸੰਦੇਸ਼ਾ ਆਪ ਸੁਣਾਏ, ਸਤਿਗੁਰ ਸਾਚਾ ਨਾਉਂ ਧਰਾਈਆ । ਨਰ ਨਰੇਸ਼ਾ ਵੇਸ ਵਟਾਏ, ਧਰਤ ਧਵਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸੱਜਣ ਲਏ ਮਿਲਾਈਆ । ਗੁਰਮੁਖ ਸਾਚੇ ਆਪ ਉਪਾਏ, ਆਪਣੀ ਦਇਆ ਕਮਾਈਆ । ਗੁਰਮੁਖ ਰੰਗਨ ਰੰਗ ਰੰਗਾਏ, ਰੰਗ ਕੰਚਨ ਇਕ ਚੜ੍ਹਾਈਆ । ਸੰਤ ਸਾਜਣ ਸੰਗ ਨਿਭਾਏ, ਸਗਲਾ ਸੰਗ ਨਿਭਾਈਆ । ਭਗਤਾਂ ਭਗਤੀ ਮਾਰਗ ਪਾਏ, ਆਪ ਆਪਣਾ ਰਾਹ ਦਿਸਾਈਆ । ਜੁਗਾ ਜੁਗੰਤਰ ਧਾਰ ਬੰਧਾਏ, ਆਪ ਆਪਣਾ ਨਾਮ ਦ੍ਰਿੜ੍ਹਾਈਆ । ਏਕਾ ਸ਼ਕਤੀ ਜੋਤ ਜਗਾਏ, ਸਚ ਵਿਅਕਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਲਾਈਆ । ਭਗਤਨ ਘਰ ਹਰਿ ਵਸਿਆ, ਸੰਤਾਂ ਧੁਰ ਸੰਜੋਗ । ਗੁਰਮੁਖਾਂ

੯੯੨ ੦੮

ਰਾਹ ਸਾਚਾ ਦੱਸਿਆ, ਗੁਰਮੁਖਾਂ ਕੱਟੇ ਹਉਮੇ ਰੋਗ । ਬਿਰਹੋ ਵੈਰਾਗੀ ਫਿਰੇ ਨੱਸਿਆ, ਲੱਭਦਾ ਫਿਰੇ ਚੌਦਾਂ ਲੋਕ । ਔਂਦਾ ਜਾਂਦਾ ਕਿਸੇ ਨਾ ਦਿਸਿਆ, ਆਪ ਸੁਣਾਏ ਸਚ ਸਲੋਕ । ਲੋਕਮਾਤ ਵੰਡਾਵੇ ਆਪਣਾ ਹਿਸਿਆ, ਆਪੇ ਦੇਵੇ ਸਾਚੀ ਮੋਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਓਤ ਪੋਤ । ਸਿਖ ਵਣਜਾਰਾ ਨਾਮ ਧਨ, ਗੁਰ ਸਤਿਗੁਰ ਆਪ ਬਣਾਈਆ । ਗੁਰਮੁਖਾਂ ਰਾਗ ਸੁਣਾਏ ਕੰਨ, ਆਪ ਆਪਣਾ ਢੋਲਾ ਗਾਈਆ । ਸੰਤ ਚੜ੍ਹਾਏ ਸਾਚੇ ਚੰਨ, ਲੋਕਮਾਤ ਕਰੇ ਰੁਸ਼ਨਾਈਆ । ਭਗਤਾਂ ਬੇੜਾ ਦੇਵੇ ਬੰਨ੍ਹ, ਨਿਤ ਨਵਿਤ ਵੱਜੀ ਵਧਾਈਆ । ਹਰਿਜਨ ਸਾਚਾ ਜਨਨੀ ਜਣੇ ਜਨ, ਜਨ ਜਨਨੀ ਲੇਖੇ ਲਾਈਆ । ਮੇਟ ਮਿਟਾਏ ਪੰਚ ਵਿਕਾਰਾ ਤਨ, ਏਕਾ ਨਾਮ ਰਤਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਭਗਤਨ ਘਰ ਭਗਵਾਨ, ਜੁਗ ਜੁਗ ਵੇਸ ਵਟਾਇੰਦਾ । ਸੰਤਾਂ ਦੇਵੇ ਆਤਮ ਗਿਆਨ, ਬ੍ਰਹਮ ਗਿਆਨ ਆਪ ਸਮਝਾਇੰਦਾ । ਗੁਰਮੁਖ ਮੇਲੇ ਵਾਲੀ ਦੋ ਜਹਾਨ, ਭਗਤ ਵਿਛੋੜਾ ਫੰਦ ਕਟਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਸਚ ਪ੍ਰੀਤੀ ਇਕ ਸਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਆਂ ਦਾਤਾ ਆਪਣੀ ਜੁਗਤ ਆਪ ਜਣਾਇੰਦਾ । ਗੁਰਸਿਖ ਸਿੱਖੀ ਸਚ ਵਿਚਾਰ, ਸਾਚਾ ਸਚ ਸਮਝਾਇੰਦਾ । ਗੁਰਮੁਖ ਸਾਜਣ ਲਾਏ ਪਾਰ, ਆਪਣਾ ਬੇੜਾ ਆਪ ਉਠਾਇੰਦਾ । ਸੰਤ ਸੁਹੇਲੇ ਬੋਲ ਜੈਕਾਰ, ਆਪਣਾ ਸੋਹਲਾ ਆਪ ਸੁਣਾਇੰਦਾ । ਭਗਤ ਮੇਲਾ ਵਿਚ ਸੰਸਾਰ, ਭਗਵਨ ਆਪਣਾ ਆਪ ਕਰਾਇੰਦਾ । ਨੇਤਰ ਦਰਸਨ ਨੈਣ ਉਘਾੜ, ਲੋਚਣ ਆਪ ਖੁਲ੍ਹਾਇੰਦਾ । ਧਰਮ ਵਖਾਏ ਇਕ ਅਖਾੜ, ਸਚਖੰਡ ਦੁਵਾਰੇ ਸੋਭਾ ਪਾਇੰਦਾ । ਧੁਰਦਰਗਾਹੀ ਸਾਚਾ ਲਾੜ, ਏਕਓਅੰਕਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਭਗਤਨ ਮੀਤਾ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਸੁੱਤ ਜਗਾਏ ਜੁਗਾ ਜੁਗੰਤ, ਜੋਤੀ ਨੂਰ ਕਰ ਰੁਸ਼ਨਾਈਆ । ਗੁਰਮੁਖ ਮਹਿਮਾ ਜਗਤ ਅਗਣਤ, ਲੇਖਾ ਲੇਖ ਨਾ ਕੋਈ ਵਖਾਈਆ । ਗੁਰਸਿਖ ਰਸਨਾ ਜਿਹਵਾ ਮਣੀਆ ਮੰਤ, ਏਕਾ ਬ੍ਰਹਮ ਨਾਮ ਦਿਸਾਈਆ । ਦੋਹਾਂ ਵਿਚੋਲਾ ਬਣ ਭਗਵੰਤ, ਚਾਰੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਬੇਪਰਵਾਹੀਆ । ਭਗਤ ਭਗਵਾਨ ਏਕਾ ਓਟ, ਏਕਾ ਆਸ ਰਖਾਇੰਦਾ । ਸੰਤਨ ਕੱਢੇ ਵਿਚੋਂ ਖੋਟ, ਕੋਟੀ ਕੋਟ ਫੋਲ ਫੁਲਾਇੰਦਾ । ਗੁਰਮੁਖ ਤਨ ਨਗਾਰੇ ਲਾਏ ਚੋਟ, ਅਨਹਦ ਸਾਚਾ ਤਾਲ ਵਜਾਇੰਦਾ । ਗੁਰਸਿਖਾਂ ਕੱਢੇ ਵਾਸਨਾ ਖੋਟ, ਸਚ ਸੁਗੰਧੀ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਸ ਦਖਾਏ ਨਿਰਮਲ ਜੋਤ, ਬਿਜਲੀ ਰੂਪ ਆਪ ਹੋ ਜਾਇੰਦਾ । ਗੁਰਮੁਖ ਸੱਜਣ ਸਚ ਹੈ, ਸਾਚੇ ਸੰਗ ਪਿਆਰ । ਗੁਰਮੁਖ ਰਿਹਾ ਨੱਚ ਹੈ, ਘਰ ਹੋਏ ਮੰਗਲਾਚਾਰ । ਸੰਤ ਹਰਿ ਸ਼ਬਦ ਰਿਹਾ ਵਾਚ ਹੈ, ਧੁਰ ਫ਼ਰਮਾਣਾ ਪਾਵੇ ਸਾਰ । ਭਗਤ ਨਾਤਾ ਤੋੜੇ ਪੰਜ ਤੱਤ ਮਾਟੀ ਕੱਚ ਹੈ, ਪਾਏ ਪੁਰਖ ਪੁਰਖ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਭਗਤਨ ਭਗਤੀ ਰਤਿਆ, ਨਾਮਾ ਰੰਗ ਚਲੂਲ । ਸੰਤਾਂ ਅੰਦਰ ਆਪੇ ਵਸਿਆ, ਪੁਰਖ ਅਬਿਨਾਸ਼ੀ ਕੰਤ ਕੰਤੂਹਲ । ਗੁਰਮੁਖਾਂ ਪਿੱਛੇ ਫਿਰੇ ਨੱਸਿਆ, ਆਦਿ ਜੁਗਾਦਿ ਨਾ ਜਾਏ ਭੂਲ । ਗੁਰਸਿਖ ਮਾਰਗ ਆਪਣਾ ਦੱਸਿਆ, ਆਪ ਚੁਕਾਏ ਪਿਛਲਾ ਮੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਪ ਅਸਬੂਲ । ਗੁਰਸਿਖ ਸੱਚਾ ਸੱਚਾ ਰਾਹ,

੯੯੩
੦੮

ਏਕਾ ਏਕ ਤਕਾਈਆ । ਗੁਰਮੁਖਾਂ ਬਣੇ ਆਪ ਮਲਾਹ, ਆਪੇ ਬੇੜਾ ਰਿਹਾ ਚਲਾਈਆ । ਸੰਤਾਂ ਦੇਵੇ ਸਚ ਸਲਾਹ, ਪੰਚਮ ਪੰਚਮ ਇਕ ਬਣਾਈਆ । ਭਗਤਨ ਮੇਲਾ ਬੇਪਰਵਾਹ, ਭਗਤ ਭਗਤੀ ਲੇਖੇ ਲਾਈਆ । ਵੇਖਣਹਾਰਾ ਥਾਉਂ ਥਾਂ, ਹਰਿ ਵਡ ਵੱਡਾ ਵਡਿਆਈਆ । ਕਰੇ ਕਰਾਏ ਸਚ ਨਿਆਂ, ਲਾਸ਼ਰੀਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਭਗਤਨ ਸੰਗ, ਸੰਤਨ ਦਰ ਵੱਜੇ ਮਰਦੰਗ, ਗੁਰਮੁਖ ਪਾਰ ਕਿਨਾਰਾ ਜਾਏ ਲੰਘ, ਗੁਰਸਿਖ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਗੁਰਸਿਖਾਂ ਆਪਣੇ ਅੰਗ ਆਪ ਲਗਾ, ਆਪੇ ਗੋਦ ਸੁਹਾਇੰਦਾ । ਗੁਰਮੁਖ ਸਾਚੇ ਲਏ ਜਗਾ, ਆਪਣਾ ਮੇਲ ਮਿਲਾਇੰਦਾ । ਸੰਤਨ ਨਾਮ ਦਏ ਜਪਾ, ਰਾਮ ਨਾਮ ਰੰਗ ਰੰਗਾਇੰਦਾ । ਭਗਤਨ ਬਣੇ ਪਿਤਾ ਮਾਂ, ਸਿਰ ਆਪਣਾ ਹੱਥ ਰਖਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਭਗਤਨ ਰੰਗ ਹਰਿ ਮੌਲਿਆ, ਪਰਮ ਪੁਰਖ ਕਰਤਾਰ । ਜਨ ਸੰਤਾਂ ਉਲਟਾ ਕਰੇ ਨਾਭ ਕਵਲਿਆ, ਅੰਮ੍ਰਿਤ ਭਰੇ ਭੰਡਾਰ । ਗੁਰਮੁਖਾਂ ਮਾਣ ਦੁਵਾਏ ਉਪਰ ਧਵਲਿਆ, ਧਰਨ ਧਰਨੀ ਪੈਜ ਸਵਾਰ । ਗੁਰਮੁਖ ਮੇਲਾ ਸਾਵਲ ਸਵਲਿਆ, ਸ਼ਾਮ ਸੁੰਦਰ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ । ਗੁਰਸਿਖ ਗੁਰ ਗੁਰ ਪਾਇਆ, ਹਰਿ ਗੋਬਿੰਦ । ਗੁਰਮੁਖ ਨਾਮ ਧਿਆਇਆ, ਮਿਟੀ ਸਗਲੀ ਚਿੰਦ । ਘਰ ਸੰਤਨ ਰਾਗ ਅਲਾਇਆ, ਵਡ ਦਾਤਾ ਗੁਣੀ ਗਹਿੰਦ । ਭਗਤਨ ਮੇਲਾ ਸਹਿਜ ਸੁਭਾਇਆ, ਕਰੇ ਕਰਾਏ ਸਦਾ ਬਖ਼ਸ਼ਿੰਦ । ਕਲਜੁਗ ਚੌਥੇ ਜੁਗ ਆਪਣਾ ਖੇਲ ਖਲਾਇਆ, ਵਡ ਦਾਤਾ ਗੁਣੀ ਗਹਿੰਦ । ਚਾਰੇ ਅੱਖਰ ਆਪ ਪੜ੍ਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਅੰਕ ਆਪੇ ਲੇਖੇ ਲਾਇਆ, ਆਪਣਾ ਅੰਕ ਆਪ ਬਣਾ, ਏਕਾ ਅੱਖਰ ਕਰੇ ਪੜ੍ਹਾਈਆ । ਭਗਤਨ ਮੇਲਾ ਸਹਿਜ ਸੁਭਾ, ਘਰ ਸੱਜਣ ਵੇਖ ਵਖਾਈਆ । ਦੂਜਾ ਅੱਖਰ ਨਾਲ ਰਲਾ, ਹਰਿ ਸੰਤ ਕਰੇ ਕੁੜਮਾਈਆ । ਤੀਜਾ ਨਾਤਾ ਦਏ ਜੁੜਾ, ਗੁਰਮੁਖ ਮੇਲ ਸਚ ਸਰਨਾਈਆ । ਚੌਥੇ ਪੌੜੇ ਆਪ ਦਏ ਚੜ੍ਹਾ, ਗੁਰਮੁਖ ਵਿਛੜ ਕਦੇ ਨਾ ਜਾਈਆ । ਚਾਰੇ ਅੱਖਰ ਵੇਖ ਵਖਾ, ਆਪ ਆਪਣਾ ਰੰਗ ਰੰਗਾਈਆ । ਕਲਜੁਗ ਢੇਰੀ ਦੇਵੇ ਢਾਹ, ਚੌਥਾ ਜੁਗ ਰਹਿਣ ਨਾ ਪਾਈਆ । ਚਾਰੇ ਅੱਖਰ ਦੇਣ ਸਲਾਹ, ਵਾਹ ਵਾਹ ਗੁਰੂ ਵੱਡੀ ਵਡਿਆਈਆ । ਗੁਰਸਿਖ ਗੁਰਮੁਖ ਲਏ ਤਰਾ, ਸੰਤ ਭਗਵੰਤ ਗੋਦ ਉਠਾਈਆ । ਚੌਹਾਂ ਮੇਲਾ ਦਏ ਮਿਲਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਨਿਹਕਲੰਕਾ ਨਾਉਂ ਧਰਾ, ਸਚਖੰਡ ਦੁਵਾਰੇ ਸਚ ਦਰਬਾਰਾ ਇਕ ਲਗਾਈਆ । ਨਾਨਕ ਗੋਬਿੰਦ ਬਣੇ ਗਵਾਹ, ਨਾਲ ਕਬੀਰਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੇ ਵਿਛੜੇ ਯਾਰ, ਆਪ ਆਪਣਾ ਕਰ ਪਿਆਰ, ਅੰਤਮ ਆਪਣੇ ਲੇਖੇ ਆਪਣੇ ਖਾਤੇ ਆਪੇ ਪਾਈਆ । ਹਰਿ ਸੱਜਣ ਸ਼ਾਹ ਵੱਡਾ ਖਾਤਾ, ਧੁਰਦਰਗਾਹ ਰਖਾਇਆ । ਆਪੇ ਬਣਿਆ ਗੁਰਮੁਖਾਂ ਮਲਾਹ, ਬੇੜਾ ਆਪਣੇ ਕੰਧ ਉਠਾਇਆ । ਦੂਸਰ ਕੋਲੋਂ ਨਾ ਲਏ ਸਲਾਹ, ਨਾ ਕੋਈ ਸੰਗ ਰਲਾਇਆ । ਲੱਖ ਚੁਰਾਸੀ ਵਿਚੋਂ ਕੱਢੇ ਫੜ ਫੜ ਬਾਂਹ, ਆਪ ਆਪਣਾ ਬਿਰਧ ਰਖਾਇਆ । ਗੁਰਸਿਖ ਗੁਰ ਕਦੀ ਭੁੱਲੇ ਨਾ, ਗੁਰ ਗੋਬਿੰਦ ਰਿਹਾ ਗੁਰਮੁਖਾਂ ਉਤੋਂ ਭੇਟ ਚੜ੍ਹਾਇਆ । ਅੰਤਮ ਖੇਵਟ ਖੇਟ ਬਣ ਦੱਸੇ ਰਾਹ, ਅਗਲਾ ਪੰਧ ਮੁਕਾਇਆ । ਗੁਰਸਿਖਾਂ ਦੇ ਗੀਤ ਸੁਹਾਗੀ ਆਪੇ ਰਿਹਾ ਗਾ, ਆਪੇ

੯੯੪
੦੮

ਸਗਨ ਮਨਾਇਆ । ਜੋਤ ਨਿਰੰਜਣ ਤੱਕੇ ਰਾਹ, ਆਦਿ ਨਿਰੰਜਣ ਧਿਆਨ ਲਗਾਇਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਭੱਜਾ ਜਾਵੇ ਵਾਹੋ ਦਾਹਿਆ । ਦਰਗਹਿ ਸਾਚੀ ਸਾਚਾ ਥਾਂ, ਗੁਰਸਿਖਾਂ ਵੰਡ ਵੰਡਾਇਆ । ਕਲਜੁਗ ਜੀਵ ਅੰਞਾਣੇ ਹੰਸ ਬਣੇ ਕਾਂ, ਕਾਂ ਕਾਗਾਂ ਵਿਚ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਤੋਂ ਹੋ ਕੁਰਬਾਨ, ਆਪ ਆਪਣਾ ਸੀਸ ਜਗਦੀਸ਼ ਭੇਟ ਚੜ੍ਹਾਇਆ ।

## ✪ ੭ ਭਾਦਰੋਂ ੨੦੧੬ ਬਿਕਰਮੀ ਬਲਦੇਵ ਸਿੰਘ ਦੇ ਘਰ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਗੁਰਮੁਖਾਂ ਦੇਵੇ ਅਨਮੋਲ, ਵਸਤ ਆਪਣੇ ਹੱਥ ਰਖਾਈਆ । ਗੁਰਮੁਖ ਸਾਚੇ ਕੰਡੇ ਦੇਵੇ ਤੋਲ, ਏਕਾ ਤੋਲਾ ਹਰਿ ਰਘੁਰਾਈਆ । ਸੰਤਾਂ ਵਸੇ ਸਦਾ ਕੋਲ, ਘਰ ਘਰ ਵਿਚ ਮੇਲ ਮਿਲਾਈਆ । ਭਗਤਾਂ ਅੰਦਰ ਆਪੇ ਬੋਲ, ਨਾਮ ਜੈਕਾਰਾ ਇਕ ਸੁਣਾਈਆ । ਸਚ ਦਰਵਾਜਾ ਸਾਚਾ ਖੋਲ੍ਹ, ਸਾਚੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਭਗਤੀ ਹਰਿ ਹਰਿ ਜਾਣਿਆ, ਏਕਾ ਏਕ ਏਕੰਕਾਰ । ਹਰਿ ਸੰਤ ਰੂਪ ਪਛਾਣਿਆ, ਨਿਰਗੁਣ ਨੂਰ ਜੋਤ ਨਿਰਾਧਾਰ । ਗੁਰਮੁਖ ਸਾਚੇ ਮਿਲੇ ਮਾਣਿਆ, ਮੇਲ ਮਿਲਾਵਾ ਕੰਤ ਭਤਾਰ । ਗੁਰਮੁਖ ਚਲੇ ਸਾਚੇ ਭਾਣਿਆ, ਸਾਚਾ ਹੁਕਮ ਸੱਚੀ ਸਰਕਾਰ । ਜਗਤ ਵਿਚੋਲਾ ਸ੍ਰੀ ਭਗਵਾਨਿਆ, ਆਦਿ ਜੁਗਾਦੀ ਕਰੇ ਕਾਰ । ਨਾਮ ਵਿਚੋਲਾ ਦੋ ਜਹਾਨਿਆ, ਆਪ ਬਣਾਏ ਸੱਚਾ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਕਰੇ ਵਿਚਾਰ । ਗੁਰਮੁਖ ਚਰਨ ਗੁਰ ਜੋੜਿਆ, ਕਰ ਕਿਰਪਾ ਦੇਵੇ ਦਾਤ । ਗੁਰਮੁਖ ਚੜ੍ਹੇ ਸਾਚੇ ਘੋੜਿਆ, ਮਿਟੇ ਰੈਣ ਅੰਧੇਰੀ ਰਾਤ । ਸਤਿ ਲਗਾਏ ਸਾਚਾ ਪੌੜਿਆ, ਉਚ ਮਹੱਲ ਮਾਰ ਝਾਤ । ਜਨ ਭਗਤਾਂ ਆਪੇ ਬੌਹੜਿਆ, ਲੇਖਾ ਲਿਖੇ ਬਿਨ ਕਲਮ ਦਵਾਤ । ਲੱਖ ਚੁਰਾਸੀ ਵੇਖਣਹਾਰਾ ਮਿੱਠਾ ਕੌੜਿਆ, ਜੁਗਾ ਜੁਗੰਤਰ ਲਹਿਣਾ ਦੇਣ ਚੁਕਾਏ ਮਸਤਕ ਮਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸਰਬ ਕਲਾ ਸਮਰਾਥ । ਭਗਤ ਵਛਲ ਹਰਿ ਹਰਿ ਮੀਤਾ, ਏਕਾ ਰੰਗ ਸਮਾਇਆ । ਸੰਤਨ ਮੇਲਾ ਧਾਮ ਅਨਡੀਠਾ, ਅੰਮ੍ਰਿਤ ਜਲ ਪਿਆਇਆ । ਗੁਰਸਿਖ ਕਾਇਆ ਠੰਡਾ ਸੀਤਾ, ਸਾਂਤਕ ਸਤਿ ਆਪ ਵਰਤਾਇਆ । ਜੁਗਾ ਜੁਗੰਤਰ ਆਪਣੀ ਰੀਤਾ, ਹਰਿ ਆਪੇ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਗੁਰਮੁਖ ਮੀਤ ਸਾਚਾ ਸੱਜਣ, ਗੁਰ ਸਤਿਗੁਰ ਆਪ ਤਰਾਇੰਦਾ । ਗੁਰਮੁਖਾਂ ਕਰਾਏ ਸਾਚਾ ਮਜਨ, ਚਰਨ ਧੂੜੀ ਮਸਤਕ ਟਿੱਕਾ ਆਪ ਲਗਾਇੰਦਾ । ਸੰਤ ਸੁਹੇਲਾ ਸੰਤਨ ਹੋਏ ਪਰਦੇ ਕੱਜਣ, ਨਾਮ ਦੋਸ਼ਾਲਾ ਉਪਰ ਪਾਇੰਦਾ । ਭਗਤ ਭਗਵੰਤ ਏਕਾ ਧਾਮ ਬਹਿ ਬਹਿ ਸਜਣ, ਘਰ ਸਾਚਾ ਇਕ ਸੁਹਾਇੰਦਾ । ਆਦਿ ਜੁਗਾਦੀ ਆਪੇ ਰੱਖਣਹਾਰਾ ਲੱਜਣ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਆਪ ਅਖਵਾਇੰਦਾ । ਭਗਤ ਵਛਲ ਗਿਰਵਰ ਗਿਰਧਾਰਾ, ਕਵਲ ਨੈਣ ਅਖਵਾਈਆ । ਸੰਤਨ ਕਰੇ ਸਚ ਪਿਆਰਾ, ਸਾਖਯਾਤ ਦਰਸ ਵਖਾਈਆ । ਗੁਰਮੁਖਾਂ ਦੇਵੇ ਨਾਮ ਭੰਡਾਰਾ, ਰਾਮ ਨਾਮ ਆਪਣੇ ਹੱਟ

ਵਿਕਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਪੰਚਮ ਧਾੜਾ ਮੇਟ ਮਿਟਾਈਆ । ਸਾਚੀ ਸਖੀਆਂ ਗਾਵਣ ਮੰਗਲਚਾਰਾ, ਘਰ ਸਾਚੇ ਵੱਜੇ ਵਧਾਈਆ । ਖੇਲੇ ਖੇਲ ਪੁਰਖ ਕਰਤਾਰਾ, ਏਕ ਏਕੰਕਾਰਾ ਆਪਣੀ ਕਲ ਵਰਤਾਈਆ । ਆਦਿ ਨਿਰੰਜਣ ਭੇਵ ਨਿਆਰਾ, ਆਦਿ ਸ਼ਕਤ ਵੱਡੀ ਵਡਿਆਈਆ । ਨਿਰਗੁਣ ਨੂਰ ਸਿਰਜਣਹਾਰਾ, ਪਾਰਬ੍ਰਹਮ ਅਖਵਾਈਆ । ਸਚਖੰਡ ਸੁਹਾਏ ਬੰਕ ਦੁਵਾਰਾ, ਥਿਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਭਗਤਨ ਹਰਿ ਰੰਗ ਰਤਿਆ, ਰੰਗੇ ਰੰਗ ਅਪਾਰ । ਸੰਤਨ ਦੇਵੇ ਸਾਚੀ ਸਤਿਆ, ਸਤਿਨਾਮ ਅਧਾਰ । ਗੁਰਮੁਖਾਂ ਪੰਚ ਵਿਕਾਰਾ ਕਰੇ ਹੱਤਿਆ, ਖੜਗ ਖੰਡਾ ਦੇਵੇ ਮਾਰ । ਗੁਰਮੁਖ ਚਰਨ ਬੰਧਾਏ ਨਤਿਆ, ਨਾਤਾ ਤੋੜ ਸਰਬ ਸੰਸਾਰ । ਆਪ ਸੁਣਾਏ ਸਾਚੀ ਗਾਥਿਆ, ਕਲਜੁਗ ਤੇਰੀ ਅੰਤਮ ਵਾਰ । ਸਰਬ ਕਲਾ ਆਪੇ ਸਮਰੱਥਿਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਜਨ ਭਗਤਾਂ ਮਾਰਗ ਸਾਚਾ ਦੱਸਿਆ, ਸੋਹੰ ਸ਼ਬਦ ਨਾਮ ਜੈਕਾਰ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥਿਆ, ਭਵ ਸਾਗਰ ਲਾਏ ਪਾਰ । ਜੋ ਜਨ ਸਰਨਾਈ ਆਏ ਢੱਠਿਆ, ਰਾਏ ਧਰਮ ਨਾ ਕਰੇ ਖੁਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਵੰਤ ਸੰਤ ਕੰਤ ਗੁਰਮੁਖਾਂ ਬਣਾਏ ਬਣਤ, ਗੁਰਮੁਖ ਉਪਜਾਏ ਵਿਚ ਜੀਵ ਜੰਤ, ਜੀਆਂ ਦਾਤਾ ਆਪ ਅਖਵਾਈਆ । ਜੀ ਦਾਤਾ ਹਰਿ ਭਗਵਾਨ, ਗੁਰਮੁਖ ਮੇਲ ਮਿਲੰਨਿਆ । ਗੁਰਮੁਖਾਂ ਮਾਤ ਕਰੇ ਪਛਾਣ, ਦੇਵੇ ਨਾਮ ਸੱਚਾ ਧਨ ਧੰਨਿਆ । ਸੰਤਨ ਰਾਗ ਸੁਣਾਏ ਕਾਨ, ਧੁਨ ਅਨਾਦੀ ਇਕ ਵਖੰਨਿਆ । ਭਗਤਨ ਭਗਤੀ ਕਰ ਪਰਵਾਨ, ਆਪ ਚੜ੍ਹਾਏ ਸਾਚਾ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ

੯੯੬ ੦੮

ਖੇਲ ਅਗੰਮ ਅਪਾਰ, ਆਪਣਾ ਵੇਸ ਨਰ ਨਰੇਸ਼ ਦਰ ਦਰਵੇਸ, ਖੇਲੇ ਖੇਲ ਦੋ ਜਹਾਨਿਆ । ਦੋ ਜਹਾਨਾਂ ਖੇਲ ਅਗੰਮ, ਭੇਵ ਅਭੇਦ ਛੁਪਾਇਆ । ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਸਾਚੇ ਮਾਰਗ ਆਪੇ ਲਾਇਆ । ਗੁਰਮੁਖਾਂ ਲੇਖੇ ਲਾਏ ਤਨ, ਪੰਜ ਤੱਤ ਨਾਤਾ ਤੋੜ ਤੁੜਾਇਆ । ਸੰਤਨ ਕਹੇ ਧੰਨ ਧੰਨ, ਧੰਨ ਧੰਨ ਜਣੇਂਦੀ ਮਾਇਆ । ਜਗਤ ਦੁਵਾਰੇ ਜਾਏ ਮੰਨ, ਆਪ ਆਪਣਾ ਬਿਰਧ ਰਖਾਇਆ । ਕਲਜੁਗ ਅੰਤਮ ਸ੍ਰੀ ਭਗਵਾਨ, ਭਾਰਤ ਖੰਡ ਕਰਾਇਆ । ਲੱਖ ਚੁਰਾਸੀ ਦੇਵੇ ਡੰਨ, ਜੋ ਘੜਿਆ ਸੋ ਭੰਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਾਣ ਤਾਣ ਭਗਤ ਭਗਵਾਨ ਸੰਤ ਨਿਧਾਨ ਗੁਰਮੁਖ ਪਛਾਣ, ਗੁਰਸਿਖ ਵਖਾਣ ਕਰਮ ਧਰਮ ਜਨਮ ਮਰਨ ਹਰਨ ਫਰਨ ਨੇਤਰ ਫੋਰ ਅੰਧ ਘੋਰ ਪੰਚ ਚੋਰ ਸ਼ਬਦ ਡੋਰ ਚੜ੍ਹ ਘੋੜ ਦਏ ਹੋੜ, ਲੋਆਂ ਪੁਰੀਆਂ ਦੌੜ, ਸਚਖੰਡ ਲਾਇਆ ਏਕਾ ਪੌੜ, ਗੁਰਮੁਖਾਂ ਦਏ ਬਿਠਾਇਆ । ਗੁਰਸਿਖ ਗੁਰਮੁਖ ਆ, ਹਰਿ ਸਤਿਗੁਰ ਆਪ ਮਿਲਾਇੰਦਾ । ਸੰਤ ਭਗਵੰਤ ਗਲਵਕੜੀ ਪਾ, ਆਪਣਾ ਆਪ ਬੁਝਾਇੰਦਾ । ਨਾਮ ਤੱਕੜੀ ਤੋਲ ਤੁਲਾ, ਸੋ ਪੁਰਖ ਨਿਰੰਜਣ ਏਕੰਕਾਰਾ ਆਪਣੀ ਧਾਰ ਉਠਾਇੰਦਾ । ਆਪਣਾ ਵਾਕ ਆਪੇ ਦਏ ਸੁਣਾ, ਸੋਹੰ ਬੋਲਾ ਬੋਲ ਬੁਲਾਇੰਦਾ । ਸੋ ਪੁਰਖ ਨਿਰੰਜਣ ਤੋਲਾ ਆਪ ਅਖਵਾ, ਹੰ ਬ੍ਰਹਮ ਮੁਲ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਪਰਦਾ ਉਹਲਾ ਦਿਤਾ ਚੁਕਾ, ਰੂਪ ਅਨਮੁਲਾ ਆਪ ਦਰਸਾਇੰਦਾ । ਗੁਰਸਿਖ ਗੁਰਸਿਖ ਆ ਸੁੱਤ ਦੁਲਾਰੇ, ਸਤਿਗੁਰ ਪੂਰਾ ਰਾਹ ਤਕਾਈਆ । ਸੰਤਨ ਜਾਏ ਬਲ ਬਲਿਹਾਰੇ, ਬਲਿਹਾਰੀ ਬਲਿਹਾਰ ਆਪ ਹੋ ਜਾਈਆ । ਭਗਤਨ ਮੰਗੇ ਮੰਗ ਦੁਵਾਰੇ, ਅੱਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਬਣ ਭਿਖਾਰੇ, ਘਰ

ਘਰ ਅਲੱਖ ਜਗਾਈਆ । ਗੁਰਸਿਖਾਂ ਵਸਦੇ ਰਹਿਣ ਦੁਵਾਰੇ, ਜਗਤ ਨਿਸ਼ਾਨ ਆਪ ਝੁਲਾਈਆ । ਗੁਰਮੁਖ ਚੜ੍ਹੇ ਉਚ ਮੁਨਾਰੇ, ਸਚਖੰਡ ਦੁਵਾਰੇ ਸੋਭਾ ਪਾਈਆ । ਸੰਤਨ ਪਾਇਆ ਪੁਰਖ ਕਰਤਾਰੇ, ਨਿਹਕਲੰਕਾ ਮਿਲਿਆ ਸਾਚਾ ਮਾਹੀਆ । ਭਗਤਨ ਕਰਿਆ ਇਕ ਸ਼ਿੰਗਾਰੇ, ਨੇਤਰ ਨੈਣਾਂ ਨਾਮ ਕੱਜਲ ਧਾਰ ਬੰਧਾਈਆ । ਸੀਸ ਗੁੰਦਾਇਆ ਪਹਿਲੀ ਵਾਰੇ, ਆਪਣੀ ਮੇਂਢੀ ਆਪ ਵਖਾਈਆ । ਚਾਰ ਜੁਗ ਬਣੇ ਕਹਾਰੇ, ਰਹੇ ਭਾਰ ਉਠਾਈਆ । ਪੁਰਖ ਅਬਿਨਾਸ਼ੀ ਵਾਜਾਂ ਮਾਰੇ, ਘਰ ਬੈਠਾ ਬੇਪਰਵਾਹੀਆ । ਸੰਤ ਮੇਰੇ ਸੁੱਤ ਦੁਲਾਰੇ, ਜਿਉਂ ਗੋਬਿੰਦ ਮੇਲਾ ਚਾਈਂ ਚਾਈਂਆ । ਕਲਜੁਗ ਅੰਤਮ ਖੜਾ ਕਿਨਾਰੇ, ਪ੍ਰਭ ਦੇਵੇ ਧੱਕਾ ਲਾਈਆ । ਗੁਰਸਿਖਾਂ ਉਤੋਂ ਆਪਣਾ ਆਪ ਪਹਿਲਾ ਵਾਰੇ, ਹਰਿ ਸੰਗਤ ਫੇਰ ਬਣਾਈਆ । ਲੋਕਮਾਤ ਖਿੜੀ ਗੁਲਜ਼ਾਰੇ, ਜੁਗ ਜੁਗ ਰੱਖੇ ਬੂਟੇ ਕਲਜੁਗ ਅੰਤਮ ਧਰਤ ਧਵਲ ਦਏ ਟਿਕਾਈਆ । ਸਤਿਗੁਰ ਘਰ ਬਸੰਤ ਖਿੜੀ ਸੱਚੀ ਗੁਲਜ਼ਾਰੇ, ਹਰਿ ਸੰਗਤ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆਂ ਦਾਨ, ਗੁਰਮੁਖਾਂ ਸਗਲੀ ਚਿੰਤ ਆਪ ਨਿਵਾਰੇ ।

ਗੁਰਮੁਖਾਂ ਕੱਟੇ ਹਉਮੇ ਰੋਗ, ਹਰਿ ਸਤਿਗੁਰ ਦਇਆ ਕਮਾਈਆ । ਗੁਰਮੁਖਾਂ ਦੇਵੇ ਸਾਚਾ ਜੋਗ, ਏਕਾ ਰਸਨਾ ਨਾਮ ਜਣਾਈਆ । ਸੰਤਨ ਦੇਵੇ ਸਤਿ ਸੰਤੋਖ, ਸਤਿ ਸਤਿਵਾਦੀ ਵੱਡੀ ਵਡਿਆਈਆ । ਭਗਤਨ ਮੀਤਾ ਦਰਸ ਅਮੋਘ, ਆਪ ਆਪਣਾ ਆਪ ਦਰਸਾਈਆ । ਜੁਗਾ ਜੁਗੰਤਰ ਸਚ ਸਲੋਕ, ਧੁਰ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੇਅੰਤ ਬੇਅੰਤ ਆਪ ਅਖਵਾਈਆ । ਭਗਤਨ ਮੇਲਾ ਸਚ ਦੁਵਾਰ, ਹਰਿ ਸਾਚਾ ਆਪ ਕਰਾਇੰਦਾ । ਸੰਤਨ ਸੋਹੇ ਜਗਤ ਦੁਵਾਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਗੁਰਮੁਖਾਂ ਦੇਵੇ ਦਰਸ ਅਪਾਰ, ਨੇਤਰ ਨੈਣਾਂ ਦਰਸ ਦਖਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਵੇਖ ਵਖਾਇੰਦਾ । ਵੇਖਣਹਾਰ ਪੁਰਖ ਸਮਰਥ, ਗੁਣ ਅਵਗੁਣ ਨਾ ਕੋਈ ਜਣਾਇੰਦਾ । ਗੁਰਸਿਖ ਸਾਚੇ ਲਏ ਰੱਖ, ਰੱਖਣਹਾਰਾ ਦਇਆ ਕਮਾਇੰਦਾ । ਗੁਰਮੁਖਾਂ ਸਗਲ ਵਸੂਰੇ ਜਾਇਣ ਲੱਥ, ਨਿਝ ਨੇਤਰ ਦਰਸ ਵਖਾਇੰਦਾ । ਸੰਤਨ ਵਸੇ ਘਟ ਘਟ, ਘਟ ਮੰਦਰ ਡੇਰਾ ਲਾਇੰਦਾ । ਭਗਤਨ ਵਖਾਏ ਸਾਚਾ ਹੱਟ, ਨਾਮ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲੱਖ ਅਗੰਮ ਬੇਪਰਵਾਹ ਆਪ ਅਖਵਾਇੰਦਾ । ਬੇਪਰਵਾਹ ਹਰਿ ਨਿਰੰਕਾਰ, ਭਗਤਨ ਸੰਗ ਨਿਭਾਈਆ । ਸੰਤਨ ਸੋਹੇ ਬੰਕ ਦੁਵਾਰ, ਘਰ ਸਾਚੇ ਵੱਜੀ ਵਧਾਈਆ । ਗੁਰਸਿਖ ਮੰਗਣ ਮੰਗ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਗੁਰਸਿਖਾਂ ਗੁਰ ਦੇਵਣਹਾਰ, ਗੁਰ ਸ਼ਬਦੀ ਵੰਡ ਵੰਡਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਘਰ ਸਾਚਾ ਵੇਖ ਵਖਾਈਆ । ਲੇਖਾ ਜਾਣੇ ਧੁਰ ਕਰਤਾਰ, ਧੁਰ ਦੀ ਬਾਣ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਣ ਨਿਧਾਨ ਵਡ ਵਡਿਆਈਆ । ਗੁਣਵੰਤਾ ਹਰਿ ਗੁਣ ਨਿਧਾਨ, ਗਹਿਰ ਗੰਭੀਰ ਸਮਾਇੰਦਾ । ਗੁਰਮੁਖਾਂ ਦੇਵੇ ਸਾਚਾ ਦਾਨ, ਗੁਰਮੁਖਾਂ ਚਰਨ ਧੂੜ ਅਸ਼ਨਾਨ ਕਰਾਇੰਦਾ । ਸੰਤ ਵਖਾਏ ਸਚ ਨਿਸ਼ਾਨ, ਘਰ ਸਾਚੇ ਆਸਣ ਲਾਇੰਦਾ । ਭਗਤਨ ਮੀਤਾ

ਇਕ ਭਗਵਾਨ, ਨਿਤ ਨਵਿਤ ਵੇਸ ਵਟਾਇੰਦਾ । ਜਾਗਰਤ ਜੋਤ ਖੇਲ ਮਹਾਨ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਭੈ ਆਪਣਾ ਨਾਉਂ ਧਰਾਇੰਦਾ । ਨਿਰਭੈ ਰੂਪ ਸੱਚੀ ਸਰਕਾਰ, ਸਤਿ ਪੁਰਖ ਨਿਰੰਜਣ ਵੱਡੀ ਵਡਿਆਈਆ । ਭਗਤ ਵਛਲ ਜਗ ਪਾਵੇ ਸਾਰ, ਆਪ ਆਪਣਾ ਵੇਸ ਵਟਾਈਆ । ਸੰਤਨ ਘਰ ਬੋਲ ਜੈਕਾਰ, ਸ਼ਬਦ ਅਗੰਮੀ ਆਪ ਸੁਣਾਈਆ । ਗੁਰਮੁਖ ਸਾਚੇ ਦਏ ਹੁਲਾਰ, ਨਾਮ ਹੁਲਾਰਾ ਇਕ ਲਗਾਈਆ । ਗੁਰਮੁਖਾਂ ਨੇਤਰ ਦਏ ਉਘਾੜ, ਆਪ ਆਪਣੀ ਅੱਖ ਖੁਲ੍ਹਾਈਆ । ਦਰ ਘਰ ਸਾਚੇ ਦੇਵੇ ਵਾੜ, ਨਾਤਾ ਤੋੜੇ ਜਗਤ ਲੋਕਾਈਆ । ਘਾੜਨ ਘੜੇ ਗੁਰ ਕਰਤਾਰ, ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਕੁਲਵੰਤਾ ਹਰਿ ਭਗਵਾਨ, ਭਗਤਨ ਸੰਗ ਨਿਭਾਇੰਦਾ । ਜੁਗਾ ਜੁਗੰਤਾ ਖੇਲ ਮਹਾਨ, ਹਰਿ ਸੰਤਨ ਜੋਤ ਜਗਾਇੰਦਾ । ਆਦਿਨ ਅੰਤਾ ਗੋਪੀ ਕਾਹਨ, ਗੁਰਮੁਖ ਮੰਡਲ ਮਾਇਆ ਰਾਸ ਰਚਾਇੰਦਾ । ਗੁਰਸਿਖ ਵੇਖੇ ਕਰ ਧਿਆਨ, ਦਰ ਸਾਚਾ ਇਕ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਖੇਲੇ ਖੇਲ ਹਰਿ ਭਗਵੰਤ, ਭਗਤ ਭਾਵਨੀ ਪੂਰ ਕਰਾਈਆ । ਲੇਖਾ ਜਾਣੇ ਸਾਚੇ ਸੰਤ, ਸਤਿ ਸਰੂਪੀ ਨਾਉਂ ਧਰਾਈਆ । ਗੁਰਮੁਖਾਂ ਬਣਾਏ ਸਾਚੀ ਬਣਤ, ਸਾਚੀ ਦੇਵੇ ਨਾਮ ਵਡਿਆਈਆ । ਗੁਰਸਿਖ ਮੇਲਾ ਹਰਿ ਹਰਿ ਕੰਤ, ਜਗਤ ਵਿਛੋੜਾ ਫੰਦ ਕਟਾਈਆ । ਸਚ ਸੁਹਾਵਨੀ ਰੁੱਤ ਬਸੰਤ, ਰੁੱਤ ਰੁਤੜੀ ਆਪ ਸੁਹਾਈਆ । ਘਰ ਮੰਦਰ ਹਰਿ ਸੋਭਾਵੰਤ, ਘਰ ਸਖੀਆਂ ਮੰਗਲ ਗਾਈਆ । ਘਰ ਮੇਲਾ ਘਰ ਚੇਲਾ ਘਰ ਗੁਰੂ ਭਗਵੰਤ, ਘਰ ਤਾਲ ਤਲਵਾੜਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਵਖਾਈਆ । ਸਾਚਾ ਦਰ ਗ਼ਰੀਬ ਨਿਵਾਜ਼, ਆਪਣਾ ਆਪ ਸੁਹਾਇੰਦਾ । ਗੁਰਮੁਖਾਂ ਮਾਰੇ ਇਕ ਅਵਾਜ਼, ਸੋਏ ਮਾਤ ਉਠਾਇੰਦਾ । ਗੁਰਮੁਖਾਂ ਦੇਵੇ ਸਾਚਾ ਤਾਜ, ਸੀਸ ਸੇਹਰਾ ਨਾਮ ਬੰਧਾਇੰਦਾ । ਸੰਤਨ ਰੱਖਣਹਾਰਾ ਲਾਜ, ਜੋਤੀ ਨੂਰ ਡਗਮਗਾਇੰਦਾ । ਭਗਤਨ ਪੂਰਾ ਕਰੇ ਕਾਜ, ਕਰਨੀ ਕਰਤਾ ਆਪ ਅਖਵਾਇੰਦਾ । ਕਲਜੁਗ ਅੰਤਮ ਪ੍ਰਗਟ ਹੋਇਆ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾਇੰਦਾ । ਜੁਗਾ ਜੁਗੰਤਰ ਰੱਖਣਹਾਰਾ ਲਾਜ, ਆਪ ਆਪਣਾ ਬਿਰਧ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਆ ਗਿਆ, ਕਲ ਕਲਕੀ ਲੈ ਅਵਤਾਰ । ਗੁਰਮੁਖ ਸੋਏ ਆਪ ਉਠਾ ਗਿਆ, ਨਿਰਗੁਣ ਜੋਤ ਕਰ ਉਜਿਆਰ । ਗੁਰਮੁਖ ਸਾਜਣ ਮੇਲ ਮਿਲਾ ਗਿਆ, ਤਨ ਕਰ ਕਰ ਸ਼ਬਦ ਸ਼ਿੰਗਾਰ । ਸੰਤ ਸੁਹੇਲੇ ਰੰਗ ਰੰਗਾ ਗਿਆ, ਰੰਗ ਮਜੀਠੀ ਆਪਣਾ ਚਾੜ੍ਹ । ਭਗਤ ਭਗਵੰਤ ਕੋਲ ਬਹਾ ਗਿਆ, ਆਪ ਸੁਹਾਇਆ ਸਾਚਾ ਲਾੜ । ਆਪਣੀ ਸੇਵਾ ਆਪ ਕਮਾ ਗਿਆ, ਗੁਰਮੁਖਾਂ ਗਿਰਦ ਕਰੇ ਸਾਚੀ ਵਾੜ । ਕਲਜੁਗ ਰਾਖਾ ਹੋਕੇ ਦੇ ਸੁਣਾ ਰਿਹਾ, ਤ੍ਰੈਗੁਣ ਲੱਗੀ ਮਾਤ ਆਗ । ਹੰਸਾ ਕਾਗ ਬਣਾ ਗਿਆ, ਕਾਗੋਂ ਹੰਸ ਦੇਵੇ ਸਾਜ । ਜੋ ਜਨ ਸਰਨਾਈ ਆ ਗਿਆ, ਲੋਕਮਾਤ ਰੱਖੇ ਲਾਜ, ਏਕਾ ਅਲਫ਼ੀ ਗਲ ਵਿਚ ਪਾ ਗਿਆ, ਸੀਸ ਧਰਿਆ ਸੋਹੰ ਤਾਜ । ਦੋ ਜਹਾਨਾਂ ਪੰਧ ਮੁਕਾ ਗਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਾਜਣ ਸਾਜ । ਸੱਜਣ ਸੱਚਾ ਬੋਲਿਆ, ਘਰ ਘਰ ਸ਼ਬਦ ਜੈਕਾਰ । ਆਦਿ ਜੁਗਾਦਿ ਕਦੇ ਨਾ ਡੋਲਿਆ, ਪਾਰਬ੍ਰਹਮ ਹਰਿ ਕਰਤਾਰ । ਗੁਰਮੁਖ ਆਪਣੇ ਕੰਡੇ ਤੋਲਿਆ, ਫੜ ਹੱਥ ਸੱਚੀ ਸਰਕਾਰ । ਜੋ

ਜਨ ਚਰਨ ਪ੍ਰੀਤੀ ਘੋਲ ਘੋਲਿਆ, ਲੇਖਾ ਲੇਖੇ ਲਾਏ ਵਿਚ ਸੰਸਾਰ । ਕਲਜੁਗ ਖੇਲਣ ਆਇਆ ਹੋਲਿਆ, ਸ੍ਰਿਸ਼ਟ ਸਬਾਈ ਹੌਲਾ ਕਰੇ ਭਾਰ । ਗੁਰਮੁਖਾਂ ਅੰਦਰ ਆਪੇ ਬੋਲਿਆ, ਦਿਵਸ ਰੈਣ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਅ ਜੰਤ ਜਗਤ ਜੁਗਤ ਕਰੇ ਕਰਾਏ ਸਚ ਵਿਹਾਰ ।

## ੭ ਭਾਦਰੋਂ ੨੦੧੯ ਬਿਕ੍ਰਮੀ ਸਵਰਨ ਸਿੰਘ ਦੇ ਘਰ ਪਿੰਡ ਗੁਮਾਨ ਪੁਰਾ ਜ਼ਿਲਾ ਅੰਮ੍ਰਿਤਸਰ

ਗੁਰਸਿਖ ਮੇਲਾ ਸਾਚੇ ਘਰ, ਥਿਰ ਘਰ ਨਾਉਂ ਰਖਾਈਆ । ਗੁਰਮੁਖ ਵੇਖੇ ਅੰਦਰ ਵੜ, ਸਤਿਗੁਰ ਪੂਰਾ ਬੂਝ ਬੁਝਾਈਆ । ਸੰਤ ਸੁਹੇਲੇ ਆਪੇ ਫੜ, ਆਪੇ ਵੇਖੇ ਬੇਪਰਵਾਹੀਆ । ਜਨ ਭਗਤ ਫੜਾਏ ਆਪਣਾ ਲੜ, ਨਿਰਗੁਣ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਲਾਈਆ । ਹਰਿਜਨ ਵਾਸਾ ਥਿਰ ਦਰਬਾਰ, ਗੁਰਸਿਖ ਮੇਲ ਮਿਲਾਇੰਦਾ । ਗੁਰਸਿਖ ਸੋਹੇ ਬੰਕ ਦੁਵਾਰ, ਸੰਤ ਸੁਹੇਲੇ ਪਾਰ ਕਰਾਇੰਦਾ । ਭਗਤੀ ਨਾਮ ਬੋਲ ਜੈਕਾਰ, ਭਗਤ ਭਗਵੰਤ ਖੇਲ ਖਲਾਇੰਦਾ । ਇਕ ਇਕੱਲਾ ਏਕੰਕਾਰ, ਆਦਿ ਜੁਗਾਦੀ ਵੇਸ ਵਟਾਇੰਦਾ । ਸਰਬ ਕਲ ਵਰਤੇ ਸੰਸਾਰ, ਵੇਦ ਕਤੇਬ ਭੇਵ ਨਾ ਪਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਸਤਿ ਸਰੂਪੀ ਡਗਮਗਾਇੰਦਾ । ਭੈ ਭੰਜਨ ਭਵ ਸਾਗਰ ਕਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਵੇਖਣਹਾਰਾ ਦੀਨ ਦਿਆਲ, ਅਕਲ ਕਲਾ ਵਡਿਆਈਆ । ਗੁਰਮੁਖ ਵੇਖੇ ਸਾਚੇ ਲਾਲ, ਸਾਚੇ ਹੱਟ ਵਿਕਾਈਆ । ਗੁਰਮੁਖਾਂ ਬਣੇ ਆਪ ਦਲਾਲ, ਸਚ ਸਾਲਸ ਬੇਪਰਵਾਹੀਆ । ਸੰਤਾਂ ਨਿਤ ਨਵਿਤ ਕਰੇ ਰਖਵਾਲ, ਕਰਨੀ ਕਰਤਾ ਵੇਸ ਵਟਾਈਆ । ਭਗਤ ਭਗਵੰਤ ਵਸੇ ਧਰਮ ਸੱਚੀ ਧਰਮਸਾਲ, ਦਰ ਸਾਚਾ ਇਕ ਸੁਹਾਈਆ । ਤੋੜਣਹਾਰਾ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਸਿਖ ਪ੍ਰੀਤੀ ਨਿਭੇ ਨਾਲ, ਗੁਰ ਪੂਰਾ ਆਪ ਨਿਭਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਫਲ ਲਗਾਏ ਸਾਚੇ ਡਾਲ, ਫੁੱਲ ਫੁਲਵਾੜੀ ਆਪ ਲਗਾਈਆ । ਜੋ ਜਨ ਚਰਨ ਪ੍ਰੀਤੀ ਘਾਲਣ ਰਹੇ ਘਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਲੇਖੇ ਆਪੇ ਲਾਈਆ । ਗੁਰਸਿਖ ਹਰਿ ਹਰਿ ਪਾਇਆ, ਪਰਮ ਪੁਰਖ ਕਰਤਾਰ । ਗੁਰਮੁਖ ਵਿਰਲੇ ਰਸਨਾ ਗਾਇਆ, ਭਰਮੇ ਭੁੱਲਾ ਸਰਬ ਸੰਸਾਰ । ਘਰ ਸੰਤਨ ਰੰਗ ਚੜ੍ਹਾਇਆ, ਆਪ ਆਪਣੀ ਕਿਰਪਾ ਧਾਰ । ਸ਼ਬਦ ਵਿਚੋਲਾ ਆਪ ਅਖਵਾਇਆ, ਸ਼ਬਦੀ ਸ਼ਬਦ ਵਣਜ ਵਪਾਰ । ਆਪਣਾ ਢੋਲਾ ਆਪੇ ਗਾਇਆ, ਜੁਗ ਜੁਗ ਵੇਸ ਆਪ ਨਿਰੰਕਾਰ । ਕਾਇਆ ਚੋਲਾ ਆਪ ਹੰਢਾਇਆ, ਪੰਜ ਤੱਤ ਕਰ ਉਜਿਆਰ । ਪਰਦਾ ਓਹਲਾ ਆਪ ਰਖਾਇਆ, ਆਪੇ ਅੰਦਰ ਆਪੇ ਬਾਹਰ । ਸਰਬ ਕਲਾ ਸਮਰਥ ਆਪ ਅਖਵਾਇਆ, ਖੇਲੇ ਖੇਲ ਅਗੰਮ ਅਪਾਰ । ਹਰਿਜਨ ਸਗਲੀ ਚਿੰਤ ਮਿਟਾਇਆ, ਹਉਮੇ ਹੰਗਤਾ ਰੋਗ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਭਾਰ । ਗੁਰਮੁਖ ਸਾਚਾ ਸਚ ਘਰ ਮੰਨਿਆ, ਘਰ ਮੇਲਾ ਬੇਪਰਵਾਹ । ਗੁਰਮੁਖ ਚੜ੍ਹੇ ਸਾਚਾ ਚੰਨਿਆ, ਵੇਖ ਵਖਾਏ ਥਾਉਂ ਥਾਂ । ਸੰਤਾਂ ਗੜ੍ਹ ਹੰਕਾਰੀ ਭੰਨਿਆ, ਏਕਾ ਦੇਵੇ ਠੰਡੀ ਛਾਂ । ਭਗਤਾਂ ਭਾਣਾ ਹਰਿ ਹਰਿ ਮੰਨਿਆ,

ਨਿਉਂ ਨਿਉਂ ਰਹੇ ਸੀਸ ਝੁਕਾ । ਖੇਲੇ ਖੇਲ ਸ੍ਰੀ ਭਗਵੰਨਿਆ, ਆਪ ਆਪਣੀ ਜੋਤ ਜਗਾ । ਲੱਖ ਚੁਰਾਸੀ ਦੇਵੇ ਡੰਨਿਆ, ਨਾ ਕੋਈ ਸਕੇ ਮਾਤ ਬਚਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਲਏ ਤਰਾ । ਤਾਰਨਹਾਰਾ ਪੁਰਖ ਅਕਾਲ, ਇਕ ਇਕੱਲਾ ਏਕੰਕਾਰਿਆ । ਜੁਗ ਜੁਗ ਚਲੇ ਅਵੱਲੜੀ ਚਾਲ, ਲੋਕਮਾਤ ਲੈ ਅਵਤਾਰਿਆ । ਨਿਰਗੁਣ ਸਰਗੁਣ ਬਣ ਦਲਾਲ, ਨਾਮ ਵਣਜ ਇਕ ਕਰਾ ਰਿਹਾ । ਵਸਣਹਾਰਾ ਕਾਇਆ ਮਾਟੀ ਝੂਠੀ ਖਾਲ, ਕੰਚਨਗੜ੍ਹ ਆਪ ਬਣਾ ਲਿਆ । ਸਰ ਸਰੋਵਰ ਭਰਿਆ ਤਾਲ, ਅੰਮ੍ਰਿਤ ਝਿਰਨਾ ਆਪ ਝਿਰਾ ਲਿਆ । ਜਨ ਭਗਤਾਂ ਆਪ ਰਖਵਾਲ, ਸੇਵਕ ਸੇਵਾ ਸਚ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖ ਵਖਾ ਰਿਹਾ । ਗੁਰਮੁਖ ਸੱਜਣ ਰੰਗ ਮਜੀਠ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਗੁਰਮੁਖਾਂ ਹਰਿ ਹਰਿ ਵਸਿਆ ਚੀਤ, ਚਿਤਵਿਤ ਠਗੌਰੀ ਕੋਈ ਨਾ ਪਾਇੰਦਾ । ਸੰਤ ਸੁਹੇਲਾ ਇਕ ਅਤੀਤ, ਤ੍ਰੈਗੁਣ ਵੇਸ ਨਾ ਕੋਈ ਵਟਾਇੰਦਾ । ਭਗਤਨ ਮੀਤਾ ਠੰਡਾ ਸੀਤ, ਸਤਿ ਸੰਤੋਖੀ ਧਾਰ ਚਲਾਇੰਦਾ । ਆਦਿ ਜੁਗਾਦੀ ਅਚਰਜ ਰੀਤ, ਮੰਦਰ ਮਸੀਤ ਨਾ ਕੋਈ ਵਖਾਇੰਦਾ । ਏਕਾ ਸ਼ਬਦ ਸੁਣਾਏ ਸੁਹਾਗੀ ਗੀਤ, ਹਰਿ ਗੋਬਿੰਦ ਨਾਉਂ ਧਰਾਇੰਦਾ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਸੰਤਨ ਵੇਖੇ ਅੰਦਰ ਵੜ, ਗੁਰਮੁਖ ਸੱਜਣ ਲਏ ਫੜ, ਗੁਰਸਿਖ ਬੰਧਾਏ ਆਪਣੇ ਲੜ, ਦੂਸਰ ਰਾਹ ਨਾ ਕੋਈ ਜਣਾਇੰਦਾ । ਗੁਰਮੁਖ ਬਾਲਾ ਬਾਲ ਨਿਧਾਨਾ, ਗੁਰਮਤੀ ਮਤ ਸਮਝਾਇੰਦਾ । ਗੁਰਮੁਖਾਂ ਦੇਵੇ ਨਾਮ ਬਿਬਾਨਾ, ਕਰ ਕਿਰਪਾ ਆਪ ਚੜ੍ਹਾਇੰਦਾ । ਸਾਚੇ ਸੰਤਾਂ ਦੇਵੇ ਘਰ ਸਾਚੇ ਮਾਣਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਭਗਤਾਂ ਅੰਦਰ ਹੋ ਪਰਧਾਨਾ, ਆਪ ਆਪਣਾ ਡੰਕ ਵਜਾਇੰਦਾ । ਆਪੇ ਸ਼ਬਦ ਆਪ ਤਰਾਨਾ, ਆਪੇ ਰਾਗ ਅਲਾਇੰਦਾ । ਆਪੇ ਜਾਣੇ ਪਦ ਨਿਰਬਾਨਾ, ਆਪੇ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਮੇਲ ਵਿਛੋੜਾ ਹੱਥ ਰੱਖ, ਗੁਰਮੁਖਾਂ ਦਏ ਵਡਿਆਈਆ । ਗੁਰਮੁਖ ਸੱਜਣ ਕਰੇ ਵੱਖ, ਲੱਖ ਚੁਰਾਸੀ ਵੰਡ ਵੰਡਾਈਆ । ਸੰਤ ਸੁਹੇਲੇ ਰੰਗੇ ਆਪਣੀ ਰੱਤ, ਰੱਤੀ ਰੱਤ ਰਹਿਣ ਨਾ ਪਾਈਆ । ਭਗਤਾਂ ਦੇਵੇ ਏਕਾ ਹਰਿ ਹਰਿ ਮਤ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਨਿਰਗੁਣ ਸਰਗੁਣ ਬੰਨੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸੋ ਪੁਰਖ ਨਿਰੰਜਣ ਆਪ ਸੁਣਾਏ ਆਪਣੀ ਗਾਥ, ਸੋਹੰ ਸ਼ਬਦ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਸੰਤ ਦੁਲਾਰ ਭਗਤ ਅਧਾਰ, ਸਾਚਾ ਰੰਗ ਚੜ੍ਹਾਈਆ । ਰੰਗ ਅਨਮੋਲਾ ਕਾਇਆ ਚੋਲਾ, ਹਰਿ ਚੋਜੀ ਆਪ ਚੜ੍ਹਾਇੰਦਾ । ਦਰ ਦਰਵੇਸ਼ ਨਰ ਨਰੇਸ਼ ਬਣ ਬਣ ਗੋਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਸੋਹੰ ਬੋਲਾ ਸਾਚਾ ਢੋਲਾ, ਆਪਣਾ ਆਪ ਅਲਾਇੰਦਾ । ਭਗਤੀ ਮੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਚੁਕਾਏ ਡਰ, ਭੈ ਭਿਆਨਕ ਨਾ ਕੋਈ ਵਖਾਇੰਦਾ । ਭੈ ਭਿਆਨਕ ਚੁਕੇ ਡਰ, ਹਰਿ ਸਾਚਾ ਆਪ ਚੁਕਾਈਆ । ਗੁਰਮੁਖਾਂ ਬਹਾਏ ਸਾਚੇ ਦਰ, ਘਰ ਸਾਚਾ ਸੋਭਾ ਪਾਈਆ । ਗੁਰਮੁਖ ਹਰਿ ਹਰਿ ਲਏ ਵਰ, ਘਰ ਵੱਜਦੀ ਰਹੇ ਵਧਾਈਆ । ਸੰਤ ਸਾਗਰ ਗਏ ਤਰ, ਭਵ ਸਾਗਰ ਪਾਰ ਕਰਾਈਆ । ਭਗਵੰਤ ਚੋਟੀ ਬੈਠੇ ਚੜ੍ਹ, ਕਬੀਰ ਜੁਲਾਹਾ ਦਏ ਗਵਾਹੀਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਆਪਣਾ ਪਕੜਾ ਲੜ, ਸਰਗੁਣ ਸਾਚਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਦੋ ਜਹਾਨ, ਸਗਲਾ ਸੰਗ ਸੂਰਾ ਸਰਬੰਗ, ਖੇਲੇ ਖੇਲ ਵਿਚ ਵਰਭੰਡ, ਬ੍ਰਹਿਮੰਡ ਖੰਡ ਜੇਰਜ ਅੰਡ ਖੋਜ ਖੁਜਾਈਆ ।

✪ ੭ ਭਾਦਰੋਂ ੨੦੧੯ ਬਿਕ੍ਰਮੀ ਨਰਾਇਣ ਸਿੰਘ ਦੇ ਘਰ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ✪

ਗੁਰਸਿਖਾਂ ਨਾਮ ਭੰਡਾਰ, ਹਰੀ ਹਰਿ ਆਪ ਵਰਤਾਇੰਦਾ । ਗੁਰਮੁਖਾਂ ਸੁਹਾਏ ਬੰਕ ਦੁਵਾਰ, ਨਿਜ ਮੰਦਰ ਵੇਖ ਵਖਾਇੰਦਾ । ਸੰਤ ਸੁਹੇਲੇ ਪਾਵੇ ਸਾਰ, ਨਿਰਮਲ ਜੋਤੀ ਜੋਤ ਜਗਾਇੰਦਾ । ਭਗਤ ਭਗਵੰਤ ਖੇਲ ਅਪਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਭਗਤਨ ਮੀਤਾ ਬੇਅੰਤ, ਪਰਮ ਪੁਰਖ ਸੁਲਤਾਨਿਆ । ਵੇਖਣਹਾਰਾ ਸਾਚੇ ਸੰਤ, ਗੁਣ ਦੇਵੇ ਨਾਮ ਨਿਧਾਨਿਆ । ਗੁਰਮੁਖਾਂ ਬਣਾਏ ਆਪੇ ਬਣਤ, ਸ਼ਬਦ ਜਣਾਈ ਧੁਰ ਫ਼ਰਮਾਨਿਆ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਕਰ ਕਿਰਪਾ ਮੇਲ ਮਿਲਾਨਿਆ । ਜਗਤ ਵਿਚੋਲਾ ਸ੍ਰੀ ਭਗਵੰਤ, ਸ਼ਬਦ ਸੁਣਾਏ ਰਾਗੀ ਨਾਦ ਤਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਦੋ ਜਹਾਨਿਆ । ਗੁਰਮੁਖ ਮੇਲਾ ਗੁਣ ਨਿਧਾਨ, ਹਰਿ ਗੋਬਿੰਦ ਮੇਲ ਮਿਲਾਇੰਦਾ । ਗੁਰਮੁਖ ਸੱਜਣ ਚਤੁਰ ਸੁਜਾਣ, ਦਰ ਸਾਚੇ ਸੋਭਾ ਪਾਇੰਦਾ । ਸੰਤ ਸੁਹੇਲੇ ਕਰ ਪਛਾਣ, ਆਪ ਆਪਣੀ ਗੋਦ ਬਿਠਾਇੰਦਾ । ਭਗਤਾਂ ਦੇਵੇ ਇਕ ਨਿਸ਼ਾਨ, ਸਚ ਦੁਵਾਰੇ ਆਪ ਝੁਲਾਇੰਦਾ ।
੧੦੦੧ ੦੮
ਸਚਖੰਡ ਬੈਠ ਸ੍ਰੀ ਭਗਵਾਨ, ਏਕੰਕਾਰਾ ਰੰਗ ਰੰਗਾਇੰਦਾ । ਅਲੱਖ ਨਿਰੰਜਣ ਬੋਲ ਜੈਕਾਰ, ਆਪਣੀ ਅਲੱਖ ਜਗਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਤਿ ਸਤਿਵਾਦੀ ਆਪ ਨਿਭਾਇੰਦਾ । ਪ੍ਰਗਟ ਹੋ ਵਿਚ ਸੰਸਾਰ, ਲੋਕਮਾਤੀ ਵੇਸ ਵਟਾਇੰਦਾ । ਗੁਰਮੁਖਾਂ ਕਰੇ ਇਕ ਪਿਆਰ, ਏਕਾ ਬੂਝ ਬੁਝਾਇੰਦਾ । ਗੁਰਮੁਖ ਨੇਤਰ ਦਏ ਉਘਾੜ, ਏਕਾ ਬ੍ਰਹਮ ਜਣਾਇੰਦਾ । ਸਾਚੇ ਸੰਤ ਸੁੱਤ ਦੁਲਾਰ, ਆਪ ਆਪਣੇ ਰੰਗ ਰੰਗਾਇੰਦਾ । ਭਗਤਨ ਮੀਤਾ ਭੇਵ ਨਿਆਰ, ਆਦਿ ਅੰਤ ਹਰਿ ਭਗਵੰਤ ਸਾਚਾ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੇਲੇ ਖੇਲ ਅਗੰਮ ਅਪਾਰ, ਨਿਜ ਘਰ ਵਾਸੀ ਆਸਣ ਲਾਇੰਦਾ । ਸ਼ਾਹੋ ਸ਼ਾਬਾਸ਼ੀ ਮੰਡਲ ਰਾਸੀ ਜੋਤ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਵੰਤਾ ਏਕੰਕਾਰ, ਜੁਗਾ ਜੁਗੰਤਰ ਕਰੇ ਸਾਚੀ ਕਾਰ, ਜੁਗ ਕਰਤਾ ਆਪ ਅਖਵਾਇੰਦਾ । ਕਰਤਾ ਪੁਰਖ ਹਰਿ ਕਰਤਾਰ, ਗੁਰਮੁਖਾਂ ਵੇਖ ਵਖਾਈਆ । ਗੁਰਮੁਖਾਂ ਦੇਵੇ ਚਰਨ ਪਿਆਰ, ਆਪ ਆਪਣਾ ਦਰ ਵਖਾਈਆ । ਸੰਤ ਸੁਹੇਲੇ ਕਰ ਤਿਆਰ, ਲੋਕਮਾਤ ਕਰੇ ਰੁਸ਼ਨਾਈਆ । ਭਗਤਾਂ ਦੇਵੇ ਸਚ ਭੰਡਾਰ, ਸਾਚਾ ਨਾਮ ਵਰਤਾਈਆ । ਆਪੇ ਵਸੇ ਸਭ ਤੋਂ ਬਾਹਿਰ, ਆਪੇ ਹਰ ਘਟ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਕਿਰਪਾ ਝੋਲੀ ਪਾਈਆ । ਗੁਰ ਕਿਰਪਾ ਹਰਿ ਜਾਣਿਆ, ਪਰਮ ਪੁਰਖ ਕਰਤਾਰ । ਗੁਰਸਿਖ ਆਪਣਾ ਆਪ ਪਛਾਣਿਆ, ਤਜਿਆ ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਮੁਖ ਚੜ੍ਹਿਆ ਸ਼ਬਦ ਬਿਬਾਨਿਆ, ਜਗਤ ਤ੍ਰਿਸ਼ਨਾ ਭੁੱਖ ਨਿਵਾਰ । ਸੰਤਾਂ ਪਾਇਆ ਪਦ ਨਿਰਬਾਨਿਆ, ਘਰ ਚੌਥੇ ਮੇਲਾ ਕੰਤ ਭਤਾਰ । ਭਗਤਨ ਵੇਖੇ ਗੁਣ ਨਿਧਾਨਿਆ, ਨਿਰਗੁਣ ਸਰਗੁਣ ਕਰ ਪਿਆਰ । ਸ਼ਾਹੋ ਭੂਪ ਸੱਚਾ

ਸੁਲਤਾਨਿਆ, ਇਕ ਇਕੱਲਾ ਏਕੰਕਾਰ । ਜੁਗ ਜੁਗ ਖੇਲੇ ਖੇਲ ਦੋ ਜਹਾਨਿਆ, ਗਗਨ ਮੰਡਲ ਬੰਨ੍ਹੇ ਧਾਰ । ਪ੍ਰਿਥਮੀ ਅਕਾਸ਼ ਹੋ ਪ੍ਰਧਾਨਿਆ, ਰਵ ਸਸ ਪਾਏ ਸਾਰ । ਲੱਖ ਚੁਰਾਸੀ ਵੇਖ ਵਖਾਨਿਆ, ਕਰਮ ਧਰਮ ਕਰੇ ਵਿਚਾਰ । ਆਦਿ ਜੁਗਾਦੀ ਖੇਲ ਮਹਾਨਿਆ, ਖੇਲੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਵਿਗਸੇ ਕਰੇ ਵਿਚਾਰ । ਗੁਰਸਿਖ ਗੁਰ ਸਲਾਹੀਆ, ਰਸਨਾ ਜਿਹਵਾ ਹਰਿ ਹਰਿ ਨਾਉਂ । ਗੁਰਮੁਖਾਂ ਵਡ ਵਡਿਆਈਆ, ਘਰ ਪਾਇਆ ਬੇਪਰਵਾਹੋ । ਘਰ ਸੰਤਨ ਵੱਜੇ ਵਧਾਈਆ, ਕੰਤ ਮਿਲਾਵਾ ਸ਼ਹਿਨਸ਼ਾਹੋ । ਭਗਤ ਭਗਵੰਤ ਨਾ ਹੋਏ ਜੁਦਾਈਆ, ਨਿਰਗੁਣ ਸਰਗੁਣ ਵਸੇ ਏਕਾ ਥਾਉਂ । ਗੁਰ ਸ਼ਬਦ ਸੱਚੀ ਕੁੜਮਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਸਚ ਨਿਆਉਂ । ਸਚ ਨਿਆਉਂ ਸਚ ਘਰ, ਹਰਿ ਸੱਚਾ ਆਪ ਕਰਾਇੰਦਾ । ਆਪੇ ਗੁਰਸਿਖ ਦੇਵੇ ਵਰ, ਆਪੇ ਪੂਰ ਕਰਾਇੰਦਾ । ਆਪੇ ਗੁਰਮੁਖਾਂ ਅੰਦਰ ਜਾਏ ਵੜ, ਆਪੇ ਆਪਣਾ ਭੇਵ ਖੁਲ੍ਹਾਇੰਦਾ । ਆਪੇ ਸੰਤਾਂ ਚੋਟੀ ਜਾਏ ਚੜ੍ਹ, ਆਪਣਾ ਗੜ੍ਹ ਸੁਹਾਇੰਦਾ । ਆਪੇ ਹਰਿ ਭਗਤਾਂ ਲਏ ਫੜ, ਆਪ ਆਪਣਾ ਸੰਗ ਨਿਭਾਇੰਦਾ । ਜੁਗਾ ਜੁਗੰਤਰ ਘਾੜਣ ਘੜ, ਘੜੇ ਭੰਨੇ ਭੰਨ ਵਖਾਇੰਦਾ । ਆਪਣੇ ਨਾਲ ਆਪੇ ਲੜ, ਆਪੇ ਵੇਖ ਵਖਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਆਪੇ ਹੁਕਮ ਚਲਾਇੰਦਾ । ਆਪੇ ਤੋੜਣਹਾਰਾ ਗੜ੍ਹ, ਆਪੇ ਖੰਡਾ ਨਾਮ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡਾਂ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਹਰਿ ਕਰ ਪਸਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੋਕਮਾਤ ਲਏ ਅਵਤਾਰਾ, ਗੁਰਮੁਖ ਬਾਲ ਅੰਵਾਣੇ ਲਏ ਉਠਾਈਆ । ਦੇਵੇ ਨਾਮ ਸ਼ਬਦ ਸਚ ਭੰਡਾਰਾ, ਗੁਰਮੁਖਾਂ ਝੋਲੀ ਪਾਈਆ । ਸੰਤ ਸੁਹੇਲਾ ਬਣ ਵਰਤਾਰਾ, ਆਪਣੀ ਭਿਛਿਆ ਰਿਹਾ ਵਖਾਈਆ । ਭਗਤਨ ਸੋਹੇ ਸਤਿ ਦੁਵਾਰਾ, ਸਤਿ ਸਤਿਵਾਦੀ ਵੇਖ ਵਖਾਈਆ । ਨਿਰਗੁਣ ਜੋਤੀ ਕਰ ਉਜਿਆਰਾ, ਆਦਿ ਜੁਗਾਦੀ ਡਗਮਗਾਈਆ । ਖੜਗ ਖੰਡਾ ਤੇਜ ਕਟਾਰਾ, ਚੰਡ ਪ੍ਰਚੰਡ ਨਾਮ ਰਖਾਈਆ । ਮਨਮੁਖ ਮਨਮਤ ਕਰੇ ਖੁਵਾਰਾ, ਕੂੜੀ ਕਿਰਿਆ ਦਏ ਗਵਾਹੀਆ । ਨਾਤਾ ਤੋੜ ਜਗਤ ਹੰਕਾਰਾ, ਹਉਮੇ ਹੰਗਤਾ ਰਹਿਣ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹਰਿ ਪਾਵੇ ਸਾਰਾ, ਨੌਂ ਸਤ ਫੇਰਾ ਪਾਈਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਗੁਰਮੁਖ ਸਾਚੀ ਸੇਵ ਕਮਾਈਆ । ਸੰਤ ਸੰਗ ਰੰਗ ਰਲੀਆਂ ਮਾਣੇ ਕੰਤ ਭਤਾਰਾ, ਆਤਮ ਸੇਜਾ ਸਚ ਹੰਡਾਈਆ । ਜਨ ਭਗਤਾਂ ਅੰਦਰ ਸੁੱਤਾ ਪੈਰ ਪਸਾਰਾ, ਆਪ ਆਪਣਾ ਆਸਣ ਲਾਈਆ । ਜੁਗਾ ਜੁਗੰਤਰ ਅਵੱਲੜੀ ਕਾਰਾ, ਆਪ ਆਪਣੀ ਰਿਹਾ ਕਰਾਈਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਬ੍ਰਹਿਮੰਡਾਂ ਖੰਡਾਂ ਦਏ ਹੁਲਾਰਾ, ਲੋਆਂ ਪੁਰੀਆਂ ਰਿਹਾ ਹਿਲਾਈਆ । ਗੁਰਮੁਖਾਂ ਦੇਵੇ ਇਕ ਸਹਾਰਾ, ਅੰਮ੍ਰਿਤ ਆਤਮ ਜਾਮ ਪਿਆਈਆ । ਗੁਰਮੁਖਾਂ ਤਨ ਵਜਾਏ ਨਗਾਰਾ, ਅਨਹਦ ਢੋਲ ਸੁਣਾਈਆ । ਸੰਤਾਂ ਮੰਦਰ ਹੋ ਉਜਿਆਰਾ, ਨਿਰਗੁਣ ਜੋਤੀ ਨੂਰ ਕਰੇ ਰੁਸ਼ਨਾਈਆ । ਭਗਤਨ ਮੰਗੇ ਦਰ ਬਣ ਭਿਖਾਰਾ, ਪਾਰਬ੍ਰਹਮ ਵੱਡੀ ਵਡਿਆਈਆ । ਅਲੱਖ ਅਗੋਚਰ ਭੇਵ ਨਿਆਰਾ, ਬੋਧ ਅਗਾਧ ਸ਼ਬਦ ਜਣਾਈਆ । ਰਥ ਰਥਵਾਹੀ ਵਿਚ ਸੰਸਾਰਾ, ਜੁਗ ਜੁਗ ਆਪਣਾ ਰਥ ਚਲਾਈਆ । ਕਲਜੁਗ ਵੇਖੇ ਡੂੰਘੀ ਗਾਰਾ, ਚਾਰੋਂ ਕੁੰਟ ਫੋਲ ਫੁਲਾਈਆ । ਲੱਖ ਚੁਰਾਸੀ ਮਾਰੇ ਨਾਅਰਾ, ਹਾਹਾਕਾਰ ਰਹੀ ਮਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਜੋਤ ਉਜਾਲਾ, ਜੋਤੀ ਜੋਤ ਜੋਤ ਜਗਾਇੰਦਾ । ਗੁਰਮੁਖਾਂ

ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਧਰਾਇੰਦਾ । ਗੁਰਮੁਖਾਂ ਗਲ ਪਾਏ ਮਾਲਾ, ਨਾਮ ਆਪਣਾ ਆਪ ਸੁਹਾਇੰਦਾ । ਸੰਤਨ ਤੋੜ ਜਗਤ ਜੰਜਾਲਾ, ਜਾਗਰਤ ਜੋਤ ਇਕ ਵਖਾਇੰਦਾ । ਭਗਤਨ ਮੇਲਾ ਸਚ ਸੱਚੀ ਧਰਮਸਾਲਾ, ਘਰ ਮੰਦਰ ਇਕ ਵਖਾਇੰਦਾ । ਘਰ ਦਰ ਘਰ ਖੇਲ ਨਿਰਾਲਾ, ਹਰਿ ਸਾਚਾ ਆਪ ਖਲਾਇੰਦਾ । ਜੋਤ ਸਰੂਪੀ ਜੋਤੀ ਦੀਪਕ ਬਾਲਾ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਹਰਿ ਸੁਹਾਇੰਦਾ । ਘਰ ਮੰਦਰ ਹਰਿ ਮਾਣਕ ਮੋਤੀ, ਰਤਨ ਜਵਾਹਰ ਜੋੜ ਜੁੜਾਇਆ । ਭਗਤ ਚੜ੍ਹਾਏ ਆਪਣੀ ਚੋਟੀ, ਆਪੇ ਰਾਹ ਵਖਾਇਆ । ਸੰਤਾਂ ਵਾਸਨਾ ਕੱਢੇ ਖੋਟੀ, ਨਿਰਮਲ ਨਿਰਮਲ ਰੂਪ ਸਮਾਇਆ । ਗੁਰਸਿਖ ਉਭਾਰੇ ਵਿਚੋਂ ਕੋਟੀ, ਕੋਟਨ ਕੋਟਾਂ ਫੋਲ ਫੁਲਾਇਆ । ਗੁਰਮੁਖਾਂ ਹੱਥ ਫੜਾਏ ਨਾਮ ਸੋਟੀ, ਸਚ ਮਾਰਗ ਏਕਾ ਲਾਇਆ । ਮਨਮੁਖ ਕਰੇ ਬੋਟੀ ਬੋਟੀ, ਕਲਜੁਗ ਭੁੰਨ ਕਬਾਬ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅਹਿਬਾਬ ਰਬਾਬ ਇਕ ਵਜਾਇਆ । ਸਚ ਰਬਾਬ ਹਰਿ ਸਤਾਰ, ਨਾਮਾ ਨਾਮ ਵਜਾਈਆ । ਗੁਰਮੁਖਾਂ ਕਰ ਇਕ ਪਿਆਰ, ਏਕਾ ਰੰਗ ਰੰਗਾਈਆ । ਦੂਜਾ ਦਰ ਵੇਖ ਵਿਚਾਰ, ਗੁਰਮੁਖ ਸਾਚੇ ਲਏ ਜਗਾਈਆ । ਤੀਜਾ ਨੇਤਰ ਖੋਲ੍ਹ ਕਿਵਾੜ, ਹਰਿ ਸੰਤਨ ਵੇਖ ਵਖਾਈਆ । ਭਗਤ ਭਗਵੰਤ ਦਰ ਘਰ ਸਾਚੇ ਦੇਵੇ ਵਾੜ, ਪੰਚਮ ਵੱਜਦੀ ਰਹੇ ਵਧਾਈਆ । ਆਪੇ ਸੋਹੇ ਸਚ ਦੁਵਾਰ, ਛੱਪਰ ਛੰਨ ਨਾ ਕੋਈ ਛੁਹਾਈਆ । ਰੰਗ ਰੰਗੀਲਾ ਸਾਂਝਾ ਯਾਰ, ਪਰਵਰਦਿਗਾਰ ਆਪ ਅਖਵਾਈਆ । ਲੋਕਮਾਤੀ ਲੈ ਅਵਤਾਰ, ਕਲਜੁਗ ਅੰਤਮ ਵੇਸ ਵਟਾਈਆ । ਨਿਹਕਲੰਕਾ ਨਾਉਂ ਉਚਾਰ, ਆਪਣਾ ਡੰਕ ਆਪ ਵਜਾਈਆ । ਭਗਤਾਂ ਦੇਵੇ ਇਕ ਅਧਾਰ, ਏਕਾ ਘਰ ਵਖਾਈਆ ।

੧੦੦੩ ਸੰਤ ਸੁਹਾਏ ਬੰਕ ਦੁਵਾਰ, ਸੋਭਾਵੰਤ ਵੱਡੀ ਵਡਿਆਈਆ । ਗੁਰਮੁਖ ਮੰਗੇ ਬਣ ਭਿਖਾਰ, ਸਾਚੀ ਭਿਛਿਆ ਝੋਲੀ ਪਾਈਆ । ਗੁਰਮੁਖਾਂ ਗੇੜਾ ੧੦੦੩

੦੮ ੦੮

ਦਏ ਨਿਵਾਰ, ਆਵਣ ਜਾਵਣ ਫੰਦ ਕਟਾਈਆ । ਰਾਏ ਧਰਮ ਨਾ ਕਰੇ ਖ਼ਵਾਰ, ਲਾੜੀ ਮੌਤ ਨਾ ਲਏ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਥਾਉਂ ਥਾਈਂਆ । ਗੁਰਸਿਖ ਸੱਜਣ ਹਰਿ ਹਰਿ ਪਾਇਆ, ਆਤਮ ਭਇਆ ਅਨੰਦ । ਗੁਰਮੁਖ ਸਹਿੰਸਾ ਰੋਗ ਮੁਕਾਇਆ, ਨਿਝ ਅੰਤਰ ਨਿਝਾ ਨੰਦ । ਹਰਿ ਸੰਤਨ ਸੰਗ ਨਿਭਾਇਆ, ਅਬਿਨਾਸ਼ੀ ਕਰਤਾ ਵਸਿਆ ਸੰਗ । ਭਗਤਾਂ ਭਗਤੀ ਜੋਗ ਕਮਾਇਆ, ਘਰ ਨਾਮ ਵੱਜੇ ਮਰਦੰਗ । ਪੁਰਖ ਅਬਿਨਾਸ਼ੀ ਖੇਲ ਖਲਾਇਆ, ਆਪੇ ਹੋਏ ਬਾਲ ਭੁਯੰਗ । ਨੌਜਵਾਨ ਵੇਸ ਵਟਾਇਆ, ਜੋਧਾ ਸੂਰਾ ਸੂਰਬੀਰ ਸਰਬੰਗ । ਕਲਜੁਗ ਬੁੜੇਪਾ ਵੇਖਣ ਆਇਆ, ਲੱਖ ਚੁਰਾਸੀ ਹੋਈ ਨੰਗ । ਗੁਰਮੁਖਾਂ ਜਗਤ ਰੰਡੇਪਾ ਦਏ ਕਟਾਇਆ, ਸਤਿਜੁਗ ਮੰਗੇ ਸਾਚੀ ਮੰਗ । ਸਤਿਗੁਰ ਪੂਰੇ ਸਗਨ ਮਨਾਇਆ, ਹੱਥੀਂ ਮਹਿੰਦੀ ਲਾਲ ਰੰਗ । ਸੋਹੰ ਜੋੜਾ ਆਪ ਜੁੜਾਇਆ, ਨਿਰਗੁਣ ਸਰਗੁਣ ਹੱਥੀ ਪਾਈ ਵੰਗ । ਲਾਲ ਸਾਲੂ ਇਕ ਰੰਗਾਇਆ, ਪੁਰਖ ਅਬਿਨਾਸ਼ੀ ਚਾੜ੍ਹਿਆ ਰੰਗ । ਸਾਚਾ ਗਾਨਾ ਹੱਥ ਬੰਧਾਇਆ, ਫੜਿਆ ਤਾਲ ਢੋਲ ਮਰਦੰਗ । ਸੋਲਾਂ ਸ਼ਿੰਗਾਰ ਤਨ ਵਖਾਇਆ, ਬਸਤਰ ਭੂਸ਼ਨ ਲਾਏ ਅੰਗ । ਹਰਿ ਕਾ ਨਾਮ ਜ਼ੇਵਰ ਪਾਇਆ, ਆਪੇ ਪਰਖੇ ਬਣ ਸਰਾਫ ਮੰਦਾ ਚੰਗ । ਨੇਤਰ ਕਜਲਾ ਧਾਰ ਬੰਧਾਇਆ, ਤ੍ਰੈਗੁਣ ਮਾਇਆ ਨਾ ਮਾਰੇ ਡੰਗ । ਮਸਤਕ ਬਿੰਦੀ ਇਕ ਵਿਖਾਇਆ, ਜੋਤ ਨਿਰੰਜਣ ਲਾਏ ਅੰਗ । ਸੋਹਣਾ ਸੀਸ ਆਪ ਗੁੰਦਾਇਆ, ਖੇਲੇ ਖੇਲ ਹਰਿ ਬ੍ਰਹਿਮੰਡ । ਸਾਚਾ ਵਟਣਾ ਤਨ ਛੁਹਾਇਆ, ਗੁਰਸਿਖਾਂ ਕੋਲੋਂ ਚਰਨ ਧੂੜ ਪ੍ਰੀਤੀ ਮੰਗ । ਆਪਣੀ ਹੱਥੀ ਮਲ ਮਲ ਸੇਵ ਕਮਾਇਆ,

ਨਾਈ ਨੈਣ ਨਾ ਰੱਖਿਆ ਕੋਈ ਸੰਗ । ਅੰਮ੍ਰਿਤ ਭਰ ਕਟੋਰਾ ਧੁਰ ਦਰਗਾਹੋਂ ਲੈ ਕੇ ਆਇਆ, ਗੁਰਸਿਖਾਂ ਪੂਰੀ ਕਰੇ ਮੰਗ । ਸਾਚੇ ਖਾਰੇ ਆਪ ਚੜ੍ਹਾਇਆ, ਆਪ ਵਿਛਾਇਆ ਨਾਮ ਪਲੰਘ । ਪਹਿਲੀ ਛਾਲ ਇਕ ਲਵਾਇਆ, ਕਲਜੁਗ ਭਾਂਡਾ ਦੇਵੇ ਭੰਨ । ਦੂਜੇ ਘੋੜੇ ਨਾਮ ਚੜ੍ਹਾਇਆ, ਸਖੀਆਂ ਵੇਖਣ ਚੜ੍ਹਿਆ ਚੰਨ । ਜੋਤ ਨਿਰੰਜਣ ਬਣ ਕੇ ਭਾਬੀ ਸੁਰਮਾ ਪਾਇਆ, ਖੇਲੇ ਖੇਲ ਹਰਿ ਨਿਰੰਕਾਰ ਆਪ ਆਪਣਾ ਬੇੜਾ ਬੰਨ੍ਹ । ਸਾਚੇ ਅਸਵ ਤੰਗ ਕਸਾਇਆ, ਲੋਆਂ ਪੁਰੀਆਂ ਆਪੇ ਲੰਘ । ਗੁਰਮੁਖ ਭੈਣਾਂ ਸਰਬ ਬਣਾਇਆ, ਵਾਗ ਗੁੰਦਣ ਅੱਗੇ ਲੰਘ । ਸਾਚੀ ਭਿਛਿਆ ਝੋਲੀ ਪਾਇਆ, ਦੋ ਜਹਾਨਾਂ ਰੱਖੇ ਸੰਗ । ਕਲਜੁਗ ਵੇਲਾ ਅੰਤਮ ਵੇਖਣ ਆਇਆ, ਲੋਕਮਾਤ ਨਾ ਗਿਆ ਸੰਗ । ਸਿੰਘ ਨਰਾਇਣ ਆਪਣੇ ਕੰਠ ਲਗਾਇਆ, ਜਗਤ ਹੰਕਾਰੀ ਭਾਂਡਾ ਭੰਨ । ਚਾਰ ਜੁਗ ਹੱਥ ਕਿਸੇ ਨਾ ਆਇਆ, ਨਾਨਕ ਕਬੀਰਾ ਕਹਿ ਕਹਿ ਗਿਆ ਧੰਨ ਧੰਨ । ਨਰ ਨਰਾਇਣ ਨਰਾਇਣ ਆਪਣੇ ਦਰ ਖ਼ਾਕੀ ਖ਼ਾਕ ਵਿਚ ਰਲਾਇਆ, ਨਾ ਕੋਈ ਦਿਸੇ ਮਹੱਲ ਅਟੱਲ । ਪੁਰਖ ਅਬਿਨਾਸ਼ੀ ਫੇਰਾ ਪਾਇਆ, ਲੱਖ ਚੁਰਾਸੀ ਕਰਿਆ ਵਲ ਛਲ । ਜੁਗ ਚੌਥੇ ਅੰਤ ਨਿਬੇੜਾ ਆਪ ਕਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕੰਤ ਹਰਿ ਭਗਵੰਤ, ਗੁਰਮੁਖ ਨਾਰੀ ਕਰ ਪਿਆਰੀ, ਲੋਕਮਾਤ ਮਾਰ ਝਾਤ ਇਕ ਇਕਾਂਤ ਹਰਿ ਸੰਗਤ ਨਾਲ ਰੱਖ ਬਰਾਤ, ਘਰ ਸਚ ਵਿਹਾਵਣ ਆਇਆ ।



੧੦੦੪ ੦੮

ਤਨ ਕਪੜਾ ਰੂਪ ਸ਼ਿੰਗਾਰ, ਜਗਤ ਜੁਗ ਸੁਹਾਵਣਾ । ਬਿਨ ਹਰਿ ਦਰਸ ਕੋਈ ਨਾ ਉਤਰੇ ਪਾਰ, ਆਰ ਪਾਰ ਨਾ ਕੋਈ ਕਰਾਵਣਾ । ਬਿਨ ਹਰਿ ਨਾਮ ਨਾ ਕੋਈ ਅਧਾਰ, ਘਰ ਅਵਰ ਨਾ ਕੋਈ ਸੁਹਾਵਣਾ । ਬਿਨ ਹਰਿ ਹੋਰ ਨਾ ਕੋਈ ਜੈਕਾਰ, ਹਰਿ ਬਿਨ ਨਾਮ ਨਾ ਹੋਰ ਧਿਆਵਣਾ । ਬਿਨ ਹਰਿ ਹੋਰ ਨਾ ਜੋਤ ਆਕਾਰ, ਨਿਰਗੁਣ ਜੋਤ ਨਾ ਕੋਈ ਜਗਾਵਣਾ । ਬਿਨ ਹਰਿ ਹੋਰ ਨਾ ਕੋਏ ਦੁਵਾਰ, ਦਰ ਦਰਬਾਰ ਨਾ ਕੋਈ ਵਖਾਵਣਾ । ਬਿਨ ਹਰਿ ਹੋਰ ਨਾ ਕੋਈ ਭਤਾਰ, ਨਾਰ ਕੰਤ ਨਾ ਕੋਈ ਹੰਢਾਵਣਾ । ਬਿਨ ਹਰਿ ਹੋਰ ਨਾ ਕੋਈ ਦਿਦਾਰ, ਮੁਖ ਘੁੰਗਟ ਕਿਸੇ ਨਾ ਲਾਹਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਵਣਾ । ਹਰਿ ਬਿਨ ਅਵਰ ਨਾ ਕੋਈ ਘਾਟ, ਸਾਚੀ ਘਾਟੀ ਨਾ ਕੋਈ ਜਣਾਈਆ । ਹਰਿ ਬਿਨ ਅਵਰ ਨਾ ਕੋਈ ਹਾਟ, ਨਾਮ ਹੱਟ ਨਾ ਕੋਈ ਖੁਲ੍ਹਾਈਆ । ਹਰਿ ਬਿਨ ਅਵਰ ਨਾ ਕੋਈ ਨਾਥ, ਦੀਨਾਂ ਅਨਾਥਾਂ ਹੋਏ ਸਹਾਈਆ । ਹਰਿ ਬਿਨ ਅਵਰ ਨਾ ਕੋਈ ਸਾਥ, ਸਗਲਾ ਸਗਲਾ ਸੰਗ ਦਏ ਨਿਭਾਈਆ । ਹਰਿ ਸੰਤ ਨਾ ਗਾਏ ਕੋਈ ਗਾਥ, ਆਪਣੇ ਅੱਖਰ ਕਰੇ ਪੜ੍ਹਾਈਆ । ਹਰਿ ਬਿਨ ਨਾ ਕੋਈ ਸਮਰਾਥ, ਸਰਬ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਆਪ ਸਮਝਾਈਆ । ਹਰਿ ਬਿਨ ਅਵਰ ਨਾ ਕੋਈ ਦਾਤ, ਸਾਚੀ ਵਸਤ ਨਾ ਕੋਈ ਰਖਾਇੰਦਾ । ਹਰਿ ਬਿਨ ਅਵਰ ਨਾ ਕੋਈ ਪਿਤਾ ਮਾਤ, ਗੁਰਮੁਖ ਕੋਇ ਨਾ ਗੋਦ ਉਠਾਇੰਦਾ । ਹਰਿ ਬਿਨ ਕੋਇ ਨਾ ਉਤਮ ਜ਼ਾਤ, ਵਰਨ ਬਰਨ ਨਾ ਕੋਇ ਜਣਾਇੰਦਾ । ਹਰਿ ਬਿਨ ਅਵਰ ਨਾ ਖੋਲ੍ਹੇ ਕੋਈ ਤਾਕ, ਨਿਝ ਨੇਤਰ ਦਰਸ ਨਾ ਕੋਈ ਵਖਾਇੰਦਾ । ਹਰਿ ਬਿਨ ਅਵਰ ਨਾ ਕਰੇ ਕੋਈ ਪੂਰਾ ਵਾਕ, ਗੁਰ ਪੂਰਾ ਨਾ ਕੋਈ ਅਖਵਾਇੰਦਾ । ਹਰਿ ਬਿਨ

ਅਵਰ ਨਾ ਕੋਈ ਸਾਕ, ਸਾਕ ਸੈਣ ਨਾ ਕੋਈ ਅਖਵਾਇੰਦਾ । ਹਰਿ ਬਿਨ ਕੋਈ ਨਾ ਸਕੇ ਰਾਖ, ਸਿਰ ਹੱਥ ਨਾ ਕੋਈ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸੰਤਾਂ ਆਪ ਦਰਸਾਇੰਦਾ । ਹਰਿ ਬਿਨ ਅਵਰ ਨਾ ਕੋਈ ਮੀਤ, ਮੀਤ ਮੁਰਾਰਾ ਆਪ ਅਖਵਾਈਆ । ਹਰਿ ਬਿਨ ਅਵਰ ਨਾ ਵਸੇ ਚੀਤ, ਬਿਨ ਹਰਿ ਨਾਮ ਨਾ ਹੋਰ ਧਿਆਈਆ । ਹਰਿ ਬਿਨ ਅਵਰ ਨਾ ਕੋਈ ਗੀਤ, ਛੱਤੀ ਰਾਗ ਗਾ ਗਾ ਰਹੇ ਸਲਾਹੀਆ । ਹਰਿ ਬਿਨ ਅਵਰ ਨਾ ਕੋਈ ਅਤੀਤ, ਥਿਰ ਘਰ ਬੈਠਾ ਬੇਪਰਵਾਹੀਆ । ਹਰਿ ਬਿਨ ਅਵਰ ਨਾ ਠੰਡਾ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਹਰਿ ਬਿਨ ਅਵਰ ਨਾ ਪਤਿਤ ਪੁਨੀਤ, ਪਤਿਤ ਪਾਵਨ ਨਾ ਕੋਈ ਅਖਵਾਈਆ । ਹਰਿ ਬਿਨ ਅਵਰ ਨਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਏਕਾ ਧਾਮ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਏ ਵਡ ਵਡਿਆਈਆ । ਹਰਿ ਬਿਨ ਅਵਰ ਨਾ ਕੋਇ ਰੱਖੇ ਲੱਜਣ, ਲਾਜਾਵੰਤ ਕੋਈ ਦਿਸ ਨਾ ਆਇੰਦਾ । ਹਰਿ ਬਿਨ ਕੋਈ ਨਾ ਦਿਸੇ ਸੱਜਣ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਹਰਿ ਬਿਨ ਨਾ ਕੋਈ ਮਜਨ, ਦੁਰਮਤ ਮੈਲ ਨਾ ਕੋਈ ਗਵਾਇੰਦਾ । ਹਰਿ ਬਿਨ ਨਾ ਪਾਏ ਕੋਈ ਅੰਜਨ, ਨੇਤਰ ਗਿਆਨ ਨਾ ਕੋਈ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਸਮਝਾਇੰਦਾ । ਹਰਿ ਬਿਨ ਅਵਰ ਨਾ ਕੋਈ ਸਚਖੰਡ, ਥਿਰ ਘਰ ਨਾ ਡੇਰਾ ਲਾਈਆ । ਹਰਿ ਬਿਨ ਨਾ ਕੋਈ ਵਿਚ ਬ੍ਰਹਿਮੰਡ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿ ਬਿਨ ਨਾ ਕਰੇ ਕੋਈ ਆਪਣੀ ਵੰਡ, ਰਵ ਸਸ ਨਾ ਕੋਈ ਉਪਾਈਆ । ਹਰਿ ਬਿਨ ਨਾ ਉਪਜਾਏ ਜੇਰਜ ਅੰਡ, ਉਤਭੁਜ ਸੇਹਤਜ ਵੇਖ ਵਖਾਈਆ । ਹਰਿ ਬਿਨ ਨਾ ਖੇਲੇ ਖੇਲ ਵਿਚ ਵਰਭੰਡ, ਵਰਭੰਡੀ ਰਚਨ ਰਚਾਈਆ । ਹਰਿ ਬਿਨ ਗੁਰਮੁਖਾਂ ਕੋਈ ਨਾ ਬੰਨ੍ਹੇ ਪੱਲੇ ਨਾਮ ਗੰਢ, ਆਪਣਾ ਨਾਤਾ ਜੋੜ ਜੁੜਾਈਆ । ਹਰਿ ਬਿਨ ਅਵਰ ਨਾ ਕੋਈ ਪਾਏ ਠੰਡ, ਅੰਮ੍ਰਿਤ ਧਾਰ ਨਾ ਮੁਖ ਚੁਆਈਆ । ਹਰਿ ਬਿਨ ਹਰਿ ਕਾ ਨਾਉਂ ਨਾ ਸਕੇ ਕੋਈ ਵੰਡ, ਗੁਰ ਸੰਤ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਮੇਲ ਮਿਲਾਈਆ । ਹਰਿ ਬਿਨ ਅਵਰ ਨਾ ਕੋਈ ਗੁਰ, ਸਤਿਗੁਰ ਨਾ ਕੋਈ ਅਖਵਾਈਆ । ਹਰਿ ਬਿਨ ਅਵਰ ਨਾ ਕੋਈ ਘੋੜ, ਹਰਿ ਸ਼ਬਦੀ ਘੋੜ ਚੜ੍ਹਾਈਆ । ਹਰਿ ਬਿਨ ਅਵਰ ਨਾ ਜਾਏ ਕੋਈ ਬੌਹੜ, ਲਹਿਣਾ ਦੇਣਾ ਦਏ ਮੁਕਾਈਆ । ਹਰਿ ਬਿਨ ਅਵਰ ਨਾ ਲਾਏ ਕੋਈ ਪੌੜ, ਦੋ ਜਹਾਨਾਂ ਵੇਖ ਵਖਾਈਆ । ਹਰਿ ਬਿਨ ਅਵਰ ਨਾ ਜਾਣੇ ਕੋਈ ਪੈਂਡਾ ਲੰਮਾ ਚੌੜ, ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਵੰਤ ਦਏ ਵਡਿਆਈਆ । ਹਰਿ ਬਿਨ ਅਵਰ ਨਾ ਕੋਈ ਸੰਗ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਹਰਿ ਬਿਨ ਅਵਰ ਨਾ ਕੋਈ ਮਰਦੰਗ, ਨਾਮ ਮਰਦੰਗ ਨਾ ਕੋਈ ਵਜਾਇੰਦਾ । ਹਰਿ ਬਿਨ ਅਵਰ ਨਾ ਕੋਈ ਰੰਗ, ਰੰਗ ਚਲੂਲ ਨਾ ਕੋਈ ਚੜ੍ਹਾਇੰਦਾ । ਹਰਿ ਬਿਨ ਅਵਰ ਨਾ ਕੱਟੇ ਕੋਈ ਭੁੱਖ ਨੰਗ, ਸਚ ਭੰਡਾਰ ਨਾ ਕੋਈ ਵਰਤਾਇੰਦਾ । ਹਰਿ ਬਿਨ ਅਵਰ ਨਾ ਕੋਈ ਧਾਰ ਵਹਾਏ ਸਾਚੀ ਗੰਗ, ਸਰ ਸਰੋਵਰ ਅੰਮ੍ਰਿਤ ਤਾਲ ਭਰਾਇੰਦਾ । ਹਰਿ ਬਿਨ ਅਵਰ ਨਾ ਕੋਈ ਭਗਤ ਦੁਵਾਰਾ ਮੰਗੇ ਮੰਗ, ਬਣ ਭਿਖਾਰੀ ਝੋਲੀ ਅੱਗੇ ਡਾਹਿੰਦਾ । ਹਰਿ ਬਿਨ ਕੋਈ ਨਾ ਆਤਮ ਸੇਜਾ ਬਹੇ ਪਲੰਘ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲੇ ਸਾਚੇ ਘਰ, ਘਰ ਸਾਚਾ ਸਿਫ਼ਤ ਸਲਾਹੀਆ । ਹਰਿ ਬਿਨ ਅਵਰ ਨਾ ਕੋਈ ਦਰ, ਦਰਗਹਿ

੧੦੦੫ ੦੮

ਦਰ ਸਾਚਾ ਸਚ ਵਖਾਇੰਦਾ । ਹਰਿ ਬਿਨ ਅਵਰ ਨਾ ਕੋਈ ਮਲਾਹ, ਗੁਰ ਸਤਿਗੁਰ ਮੇਲ ਮਿਲਾਇੰਦਾ । ਹਰਿ ਬਿਨ ਅਵਰ ਨਾ ਜਪਾਏ ਕੋਈ ਨਾ, ਨਾਮ ਵਸਤ ਨਾ ਝੋਲੀ ਪਾਇੰਦਾ । ਹਰਿ ਬਿਨ ਅਵਰ ਨਾ ਕੋਈ ਪਕੜੇ ਬਾਂਹ, ਗ਼ਰੀਬ ਨਿਮਾਣੇ ਨਾ ਗਲੇ ਲਗਾਇੰਦਾ । ਹਰਿ ਬਿਨ ਅਵਰ ਨਾ ਕੋਈ ਹੰਸ ਬਣਾਏ ਕਾਂ, ਮਾਣਕ ਮੋਤੀ ਨਾ ਚੋਗ ਚੁਗਾਇੰਦਾ । ਹਰਿ ਬਿਨ ਅਵਰ ਨਾ ਕੋਈ ਨਿਥਾਵਿਆਂ ਦੇਵੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖ ਵਖਾਇੰਦਾ । ਹਰਿ ਬਿਨ ਅਵਰ ਨਾ ਕੋਈ ਓਟ, ਨਾ ਕੋਈ ਆਸ ਤਕਾਈਆ । ਹਰਿ ਬਿਨ ਅਵਰ ਨਾ ਲਾਏ ਕੋਈ ਚੋਟ, ਤਨ ਨਗਾਰਾ ਸ਼ਬਦ ਵਜਾਈਆ । ਹਰਿ ਬਿਨ ਅਵਰ ਨਾ ਭਰੇ ਕੋਈ ਪੋਟ, ਤ੍ਰਿਸ਼ਨਾ ਭੁੱਖ ਗਵਾਈਆ । ਹਰਿ ਬਿਨ ਅਵਰ ਨਾ ਕੱਢੇ ਕੋਈ ਖੋਟ, ਝੂਠੀ ਵਾਸਨਾ ਦਏ ਤਜਾਈਆ । ਹਰਿ ਬਿਨ ਅਵਰ ਨਾ ਚੜ੍ਹੇ ਕੋਈ ਚੋਟ, ਕੋਟੀ ਕੋਟ ਰਾਹ ਵਿਚ ਬੈਠੇ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਹਿਜ ਸੁਭਾਈਆ । ਹਰਿ ਬਿਨ ਅਵਰ ਨਾ ਕੋਇ ਸੂਰਬੀਰ, ਜੋਧਾ ਬਲ ਬਲੀ ਬਲਕਾਰਿਆ । ਹਰਿ ਬਿਨ ਅਵਰ ਨਾ ਕੋਈ ਤੀਰ, ਨਾਮ ਚਿੱਲਾ ਆਪ ਉਠਾ ਲਿਆ । ਹਰਿ ਬਿਨ ਅਵਰ ਨਾ ਕੋਈ ਕੱਟੇ ਭੀੜ, ਪੀਰ ਫ਼ਕੀਰ ਨਾ ਕੋਈ ਅਖਵਾ ਲਿਆ । ਹਰਿ ਬਿਨ ਕੱਟੇ ਨਾ ਕੋਈ ਜੰਜ਼ੀਰ, ਲੱਖ ਚੁਰਾਸੀ ਫੰਦ ਕਟਾ ਲਿਆ । ਹਰਿ ਬਿਨ ਅਵਰ ਨਾ ਬਖ਼ਸ਼ੇ ਕੋਈ ਗੰਗਾ ਸੀਰ, ਭਗਤ ਕਬੀਰ ਦਿਵਸ ਰੈਣ ਕੁਰਲਾ ਰਿਹਾ । ਹਰਿ ਬਿਨ ਅਵਰ ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਸਾਚੀ ਮੰਜ਼ਲ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾ ਲਿਆ । ਹਰਿ ਬਿਨ ਅਵਰ ਨਾ ਕੋਈ ਸੰਜੋਗ, ਨਾ ਕੋਈ ਸੰਗ ਨਿਭਾਈਆ । ਹਰਿ ਬਿਨ ਅਵਰ ਨਾ ਕੋਈ ਵਿਜੋਗ, ਬਿਰਹੋਂ ਰੋਗ ਗਵਾਈਆ । ਹਰਿ ਬਿਨ ਅਵਰ ਨਾ ਕੋਈ ਭੋਗੇ ਭੋਗ, ਸਾਚੀ ਸੇਜ ਨਾ ਕੋਈ ਹੰਢਾਈਆ । ਹਰਿ ਬਿਨ ਅਵਰ ਨਾ ਕੋਈ ਪਾਰ ਕਰਾਏ ਤੀਨੋਂ ਲੋਕ, ਚੌਥੇ ਪਦ ਨਾ ਕੋਈ ਸਮਾਈਆ । ਹਰਿ ਬਿਨ ਸਚ ਸੁਣਾਏ ਨਾ ਕੋਈ ਸਲੋਕ, ਆਪਣਾ ਢੋਲਾ ਆਪੇ ਗਾਈਆ । ਹਰਿ ਬਿਨ ਅਵਰ ਨਾ ਦੇਵੇ ਕੋਈ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਹਰਿ ਬਿਨ ਅਵਰ ਨਾ ਦੀਸੇ ਕੋਈ ਜੋਗ, ਏਕਾ ਜਗਤ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮੁਖ ਸਲਾਹੀਆ । ਹਰਿ ਬਿਨ ਅਵਰ ਨਾ ਕੋਈ ਧਾਰ, ਧਰਨੀ ਧਰਤ ਵਹਾਇੰਦਾ । ਹਰਿ ਬਿਨ ਅਵਰ ਨਾ ਕੋਈ ਪਿਆਰ, ਨਾਰ ਭਤਾਰ ਨਾ ਕੋਈ ਅਖਵਾਇੰਦਾ । ਹਰਿ ਬਿਨ ਅਵਰ ਨਾ ਕੋਈ ਸ਼ਿੰਗਾਰ, ਬਸਤਰ ਭੂਸ਼ਣ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਗੁਰਮੁਖ ਸਾਚੇ ਲੇਖ ਲਖਾਇੰਦਾ । ਹਰਿ ਬਿਨ ਅਵਰ ਨਾ ਕੋਈ ਲਾੜਾ, ਨਾ ਕੋਈ ਕੰਤ ਸੁਹਾਗੀਆ । ਹਰਿ ਬਿਨ ਅਵਰ ਨਾ ਕੋਈ ਸਚ ਅਖਾੜਾ, ਨਾ ਕੋਈ ਗਾਏ ਰਾਗ ਬੈਰਾਗੀਆ । ਹਰਿ ਬਿਨ ਕੋਈ ਨਾ ਪਰਖੇ ਚੰਗਾ ਮਾੜਾ, ਸਚ ਘਸਵਟੀ ਨਾ ਕੋਈ ਲਾਈਆ । ਹਰਿ ਬਿਨ ਅਵਰ ਨਾ ਦੇਵੇ ਕੋਈ ਮਾਣ ਸਤਾਰਾਂ ਹਾੜਾ, ਨਿਰਗੁਣ ਜੋਤੀ ਜੋਤ ਮਾਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਵਰ, ਚਰਨ ਧੂੜੀ ਬਖ਼ਸ਼ੇ ਮਜਨ ਹਰਿ ਹਰਿ ਸਾਚਾ ਮਾਘੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹੋਕਾ ਦੇਵੇ ਘਰੋ ਘਰ, ਫੜ ਫੜ ਹੰਸ ਬਣਾਏ ਕਾਗੀਆ ।

## ੭ ਭਾਦਰੋਂ ੨੦੧੬ ਬਿਕ੍ਰਮੀ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ

ਨਿਹਕਲੰਕ ਹਰਿ ਬਲਵਾਨ, ਇਕ ਇਕੱਲਾ ਏਕ ਏਕੰਕਾਰਿਆ । ਆਦਿ ਜੁਗਾਦੀ ਖੇਲ ਮਹਾਨ, ਜੁਗਾ ਜੁਗੰਤਰ ਖੇਲ ਖਿਲਾ ਰਿਹਾ । ਜੋਤੀ ਨੂਰ ਸ੍ਰੀ ਭਗਵਾਨ, ਨੂਰੋ ਨੂਰ ਡਗਮਗਾ ਰਿਹਾ । ਆਦਿ ਨਿਰੰਜਣ ਵਡ ਮਿਹਰਵਾਨ, ਭੇਵ ਕੋਈ ਨਾ ਪਾ ਰਿਹਾ । ਸ਼ਾਹੋ ਭੂਪ ਰਾਜ ਸੁਲਤਾਨ, ਰਾਜ ਰਾਜਾਨ ਆਪ ਅਖਵਾ ਰਿਹਾ । ਖੇਲੇ ਖੇਲ ਦੋ ਜਹਾਨ, ਨਿਹਕਰਮੀ ਕਰਮ ਕਮਾ ਰਿਹਾ । ਸਚਖੰਡ ਵਸੇ ਸਚ ਮਕਾਨ, ਉਚ ਮਹੱਲਾ ਆਪ ਸੁਹਾ ਰਿਹਾ । ਦੀਪਕ ਬਾਤੀ ਇਕ ਮਹਾਨ, ਨਿਰਗੁਣ ਸਰਗੁਣ ਆਪ ਜਗਾ ਰਿਹਾ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨ, ਅਲੱਖ ਨਿਰੰਜਣ ਅਲੱਖ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾ ਰਿਹਾ । ਨਿਹਕਲੰਕਾ ਹਰਿ ਭਗਵਾਨਾ, ਪਾਰਬ੍ਰਹਮ ਅਖਵਾਇੰਦਾ । ਖੇਲੇ ਖੇਲ ਦੋ ਜਹਾਨਾਂ, ਭੇਵ ਕੋਈ ਨਾ ਪਾਇੰਦਾ । ਏਕੰਕਾਰਾ ਜੋਤ ਨਿਰੰਕਾਰਾ ਏਕਾ ਰੂਪ ਸਮਾਨਾ, ਰੂਪ ਰੰਗ ਨਾ ਕੋਈ ਜਣਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਇੰਦਾ । ਏਕਾ ਗੀਤ ਏਕਾ ਗਾਣਾ, ਏਕਾ ਹਰਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕੰਕਾਰਾ ਕਰ ਪਸਾਰਾ, ਨਿਰਗੁਣ ਧਾਰ ਆਪ ਬੰਧਾਇੰਦਾ । ਨਿਰਗੁਣ ਦਾਤਾ ਦਾਤਾ ਸੂਰ, ਪਾਰਬ੍ਰਹਮ ਅਖਵਾਇੰਦਾ । ਸਰਬ ਕਲ ਆਪੇ ਭਰਪੂਰ, ਸਮਰਥ ਪੁਰਖ ਨਾਉਂ ਧਰਾਇੰਦਾ । ਪਰਵਰਦਿਗਾਰ ਨੂਰੋ ਨੂਰ, ਅਲਾਹੀ ਨੂਰ ਆਪ ਹੋ ਜਾਇੰਦਾ । ਆਦਿ ਜੁਗਾਦੀ ਹਾਜ਼ਰ ਹਜ਼ੂਰ, ਥਿਰ ਘਰ ਬੈਠਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ, ਦੀਨਾਂ ਨਾਥ ਆਪ ਅਖਵਾਇੰਦਾ । ਦੀਨਾਂ ਨਾਥ ਪੁਰਖ ਅਕਾਲ, ਏਕਾ ਰੰਗ ਸਮਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਆਪ ਆਪਣੀ ਚਾਲ ਰਖਾਈਆ । ਆਪੇ ਖੇਲੇ ਖੇਲ ਸਚ ਸੱਚੀ ਧਰਮਸਾਲ, ਸਚਖੰਡ ਬੈਠਾ ਆਸਣ ਲਾਈਆ । ਆਪੇ ਜਲਵਾ ਨੂਰ ਜਲਾਲ, ਨੂਰ ਨੁਰਾਨਾ ਆਪ ਅਖਵਾਈਆ । ਆਪੇ ਕਰੇ ਆਪਣੀ ਪ੍ਰਿਤਪਾਲ, ਬੇਐਬ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਕ ਇਕੱਲਾ ਕਰ ਪਸਾਰਾ, ਏਕਾ ਏਕ ਏਕ ਅਖਵਾਇੰਦਾ । ਜੁਗਾ ਜੁਗੰਤਰ ਖੇਲ ਅਪਾਰਾ, ਨਿਰਗੁਣ ਆਪਣਾ ਖੇਲ ਖਲਾਇੰਦਾ । ਅਗੰਮ ਅਗੋਚਰ ਅਲੱਖ ਅਪਾਰਾ, ਏਕੰਕਾਰਾ ਆਪ ਅਖਵਾਇੰਦਾ । ਸਚਖੰਡ ਸੁਹਾਏ ਸਚ ਦੁਵਾਰਾ, ਦੂਸਰ ਧਾਮ ਨਾ ਕੋਈ ਸੁਹਾਇੰਦਾ । ਥਿਰ ਘਰ ਬੈਠਾ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਹਰਿ ਰੰਗ ਰਤੜਾ ਹਰਿ ਹਰਿ ਰਾਮ, ਨਾ ਦੂਸਰ ਕੋਈ ਜਣਾਈਆ । ਆਦਿ ਜੁਗਾਦੀ ਜਾਣੇ ਆਪਣਾ ਕਾਮ, ਕਰਨੀ ਕਰਤਾ ਨਾਉਂ ਧਰਾਈਆ । ਆਪੇ ਅੰਮ੍ਰਿਤ ਆਪੇ ਜਾਮ, ਭਰ ਪਿਆਲਾ ਆਪ ਪਿਆਈਆ । ਆਪੇ ਮੇਟ ਅੰਧੇਰੀ ਸ਼ਾਮ, ਆਪੇ ਨੂਰ ਕਰੇ ਰੁਸ਼ਨਾਈਆ । ਆਪੇ ਸਚਖੰਡ ਦੁਵਾਰੇ ਵਸਿਆ ਨਗਰ ਗਰਾਮ, ਉਚ ਮਹੱਲ ਅਟੱਲ ਆਸਣ ਲਾਈਆ । ਪੰਜ ਤੱਤ ਨਾ ਦਿਸੇ ਚਾਮ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾ ਕੋਈ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਵਡ ਵਡਿਆਈਆ । ਅਜੂਨੀ ਰਹਿਤ ਹਰਿ ਕਰਤਾਰ, ਕਾਦਰ ਕਰਤਾ ਆਪ ਅਖਵਾਇੰਦਾ । ਆਪ ਆਪਣਾ ਕਰ ਪਸਾਰ, ਨਿਰਗੁਣ ਜੋਤੀ ਵੇਖ ਵਖਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਵੇਸ ਵਟਾਇੰਦਾ । ਅਗੰਮ ਅਗੰਮੜਾ ਅਗੰਮੜੀ

ਕਾਰ, ਪੁਰਖ ਅਗੰਮੜਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਣਵੰਤ ਹਰਿ ਭਗਵੰਤ, ਸੋਭਾਵੰਤ ਆਪ ਹੋ ਜਾਇੰਦਾ । ਸੋਭਾਵੰਤ ਨਰ ਨਰਾਇਣ, ਏਕਾ ਰੰਗ ਸਮਾਇਆ । ਰਵ ਸਸ ਨਾ ਕੋਈ ਰਚਾਇਣ, ਮੰਡਲ ਮੰਡਪ ਨਾ ਕੋਈ ਸੁਹਾਈਆ । ਜ਼ਿਮੀ ਅਸਮਾਨ ਨਾ ਪਾਇਣ ਵੈਣ, ਲੱਖ ਚੁਰਾਸੀ ਨਾ ਰਚਨ ਰਚਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਵੇਖੇ ਨੇਤਰ ਨੈਣ, ਅੰਗ ਅੰਗ ਨਾ ਆਪ ਕਟਾਈਆ । ਕਰੋੜ ਤੇਤੀਸ ਨਾ ਕੋਈ ਪਛਾਣ, ਸੁਰਪਤ ਰਾਜਾ ਇੰਦ ਨਾ ਕੋਈ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਨਿਰਾਕਾਰ, ਨਿਰਗੁਣ ਖੇਲੇ ਖੇਲ ਪਾਰਬ੍ਰਹਮ ਬੇਅੰਤ ਬੇਅੰਤ ਆਪ ਹੋ ਜਾਈਆ । ਬੇਅੰਤ ਹਰਿ ਬੇਪਰਵਾਹ, ਏਕਾ ਏਕ ਅਖਵਾਇੰਦਾ । ਪੁਰਖ ਅਬਿਨਾਸ਼ੀ ਨਾਉਂ ਧਰਾ, ਘਰ ਸਾਚਾ ਆਪ ਸੁਹਾਇੰਦਾ । ਉਚ ਮਹੱਲੇ ਜੋਤ ਜਗਾ, ਸਚ ਘਰ ਡੇਰਾ ਲਾਇੰਦਾ । ਸ਼ਾਹੋ ਭੂਪ ਸੁਲਤਾਨ , ਹਰਿ ਮਿਹਰਵਾਨ ਆਪ ਅਖਵਾਇੰਦਾ । ਤਖ਼ਤ ਤਾਜ ਆਪ ਸੁਹਾ, ਆਪਣਾ ਕਾਜ ਆਪ ਰਚਾ, ਆਪੇ ਵੇਖ ਵਖਾਇੰਦਾ । ਨਾਰੀ ਕੰਤ ਆਪ ਅਖਵਾ, ਆਪਣੀ ਸੇਜ ਹੰਢਾਇੰਦਾ । ਆਪ ਆਪਣਾ ਬਣ ਮਲਾਹ, ਆਪੇ ਮਾਰਗ ਲਾਇੰਦਾ । ਆਪਣਾ ਭੇਵ ਦਏ ਖੁਲ੍ਹਾ, ਭੇਵ ਅਭੇਦ ਵੇਸ ਵਟਾਇੰਦਾ । ਨਿਹਕਲੰਕ ਹਰਿ ਭਗਵਾਨਨ, ਨਿਰਮਲ ਜੋਤੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨਨ, ਦੋ ਜਹਾਨਨ ਆਪ ਕਰਾਈਆ । ਆਪੇ ਬਖ਼ਸ਼ੇ ਆਪਣਾ ਚਾਨਨ, ਆਪੇ ਨੂਰ ਕਰੇ ਰੁਸ਼ਨਾਈਆ । ਆਪੇ ਆਪਣਾ ਹੋਏ ਜਾਣੀ ਜਾਨਨ, ਆਪ ਆਪਣੀ ਬੂਝ ਬੁਝਾਈਆ । ਆਪੇ ਪਕੜੇ ਆਪਣਾ ਦਾਮਨ, ਆਪਣਾ ਪੱਲੂ ਆਪ ਫੜਾਈਆ । ਆਪੇ ਰਾਮ ਆਪੇ ਰਾਮਨ, ਆਪੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਸਾਚਾ ਹਰਿ ਹਰਿ ਵਾਸਾ, ਆਪਣਾ ਆਪ ਕਰਾਇੰਦਾ । ਖੇਲੇ ਖੇਲ ਖੇਲ ਤਮਾਸ਼ਾ, ਘਰ ਸਾਚੇ ਵੇਸ ਵਟਾਇੰਦਾ । ਪਰਮ ਪੁਰਖ ਪੁਰਖ ਅਬਿਨਾਸ਼ਾ, ਆਪਣੀ ਕਰਨੀ ਕਿਰਤ ਕਮਾਇੰਦਾ । ਸਾਚੇ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਚ ਘਰ, ਸਚਖੰਡ ਦੁਵਾਰਾ ਇਕ ਸੁਹਾਇੰਦਾ । ਸਚਖੰਡ ਵਸਿਆ ਹਰਿ ਨਿਰੰਕਾਰ, ਘਰ ਸੋਹਿਆ ਬੰਕ ਦੁਵਾਰਿਆ । ਘਰ ਮੀਤਾ ਅਤੀਤਾ ਕਮਲਾਪਾਤੀ ਜੋਤ ਉਜਿਆਰ, ਨੂਰੋ ਨੂਰ ਨੂਰ ਨੁਰਾਨਿਆ । ਠਾਂਡਾ ਸੀਤਾ ਏਕਾ ਧਾਰ, ਪਤਿਤ ਪੁਨੀਤਾ ਸ੍ਰੀ ਭਗਵਾਨਿਆ । ਅਚਰਜ ਰੀਤਾ ਆਪਣੀ ਜਾਣੇ ਆਪ ਕਰਤਾਰ, ਨਾ ਦੂਸਰ ਕੋਈ ਸਰਨਾਈਆ । ਮੰਦਰ ਮਸੀਤਾ ਨਾ ਕੋਈ ਗੁਰੂਦੁਵਾਰ, ਸਤਿਗੁਰ ਪੂਰਾ ਬੈਠਾ ਵਡ ਮਿਹਰਵਾਨਿਆ । ਸਚਖੰਡ ਦੁਵਾਰਾ ਖੋਲ੍ਹ ਕਿਵਾੜ, ਥਿਰ ਘਰ ਜੋਤ ਜਗੇ ਮਹਾਨਿਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਸੁੱਤ ਦੁਲਾਰ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਖੇਲ ਖਲਾਨਿਆ । ਹਰਿ ਖੇਲ ਖਲੰਦੜਾ ਸਦ ਮਿਹਰਵਾਨ, ਜੁਗ ਕਰਤਾ ਵਡ ਵਡਿਆਈਆ । ਡੰਕ ਵਜੰਦੜਾ ਦੋ ਜਹਾਨ, ਏਕਾ ਨਾਮ ਹੱਥ ਉਠਾਈਆ । ਲੋਆਂ ਪੁਰੀਆਂ ਰਚਨ ਰਚੰਦੜਾ ਮਾਰ ਧਿਆਨ, ਬ੍ਰਹਿਮੰਡ ਖੰਡ ਸੋਭਾ ਪਾਈਆ । ਰਵ ਸਸ ਕਰ ਪਰਧਾਨ, ਤੇਜ ਤੇਜ ਵਿਚ ਚਮਕਾਈਆ । ਮੰਡਲ ਮੰਡਪ ਧੁਰ ਨਿਸ਼ਾਨ, ਆਪ ਆਪਣੀ ਅੰਸ ਸੁਹਾਈਆ । ਆਪੇ ਹੋਇਆ ਨਿਗਹਬਾਨ, ਵੇਖਣਹਾਰ ਦਿਸ ਨਾ ਆਈਆ । ਚੌਦਾਂ ਲੋਕਾਂ ਖੋਲ੍ਹ ਦੁਕਾਨ, ਏਕਾ ਹੱਟ ਵਖਾਈਆ । ਲੋਆਂ ਪੁਰੀਆਂ ਖੇਲ ਮਹਾਨ, ਖ਼ਾਲਕ ਆਪੇ ਰਿਹਾ ਖਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਨਿਹਕਲੰਕ ਵੱਜੇ ਵਧਾਈਆ । ਨਿਹਕਲੰਕ ਹਰਿ ਹਰਿ ਬੇਅੰਤ, ਬੇਅੰਤ ਆਪ ਅਖਵਾਇਆ । ਆਪੇ ਜਾਣੇ ਆਦਿ ਆਪੇ
ਅੰਤ, ਆਪੇ ਮਧ ਸਮਾਇਆ । ਆਪੇ ਜੋਤ ਸ੍ਰੀ ਭਗਵੰਤ, ਆਪੇ ਨੂਰੋ ਨੂਰ ਡਗਮਗਾਇਆ । ਆਪ ਬਣਾਏ ਆਪਣੀ ਬਣਤ, ਆਪੇ ਪ੍ਰਕਾਸ਼ ਆਪ
ਕਰਾਇਆ । ਆਪਣੀ ਮਹਿਮਾ ਜਾਣੇ ਅਗਣਤ, ਨਾ ਕੋਈ ਲੇਖਾ ਸਕੇ ਲਿਖਾਇਆ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਅਵਤਾਰ ਨਾ
ਕੋਈ ਰਖਾਇਆ । ਥਿਰ ਘਰ ਸਾਚੇ ਸੋਭਾਵੰਤ, ਨਿਰਗੁਣ ਬੈਠਾ ਆਸਣ ਲਾਇਆ । ਨਾ ਕੋਈ ਜੀਵ ਨਾ ਕੋਈ ਜੰਤ, ਨਾ ਕੋਈ ਮੰਤਰ ਨਾਮ
ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਾਚਾ ਖੇਲ ਖਲਾਇਆ । ਸਾਚਾ ਖੇਲ ਹਰਿ ਖਲਾਏ, ਅਕਲ
ਕਲਾ ਅਖਵਾ ਰਿਹਾ । ਨਿਰਗੁਣ ਨਿਰਗੁਣ ਨਿਰਗੁਣ ਵੇਸ ਵਟਾਏ, ਆਪ ਆਪਣਾ ਵੇਸ ਵਟਾ ਰਿਹਾ । ਆਪਣਾ ਅੰਗ ਆਪ ਕਟਾਏ, ਆਪੇ
ਸੇਵ ਕਮਾ ਰਿਹਾ । ਆਪਣਾ ਮਰਦੰਗ ਆਪ ਵਜਾਏ, ਆਪ ਰਾਗ ਅਲ੍ਾ ਰਿਹਾ । ਆਪਣਾ ਰਾਗ ਆਪ ਸੁਣਾਏ, ਆਪੇ ਗਾਵਣਹਾਰਾ ਗਾ ਰਿਹਾ ।
ਨਾ ਕੋਈ ਦੂਸਰ ਸੰਗ ਰਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾ ਰਿਹਾ । ਆਪਣਾ ਰੂਪ ਧਰ ਭਗਵਾਨ,
ਆਪੇ ਵੇਖ ਵਖਾਈਆ । ਵਿਸ਼ਨੂੰ ਦੇਵੇ ਜੋਤ ਮਹਾਨ, ਵਿਸ਼ਵ ਆਪ ਆਪ ਸਮਾਈਆ । ਆਪੇ ਅੰਮ੍ਰਿਤ ਭਰਿਆ ਸਰੋਵਰ ਸਾਚਾ ਤਾਲ, ਕਵਲ ਕਵਲਾ
ਆਪ ਖੁਲ੍ਹਾਈਆ । ਆਪੇ ਬ੍ਰਹਮਾ ਹੋ ਪਰਧਾਨ, ਪਾਰਬ੍ਰਹਮ ਵੇਸ ਵਟਾਈਆ । ਆਪੇ ਦੇਵੇ ਬ੍ਰਹਮ ਗਿਆਨ, ਆਪੇ ਸ਼ਬਦ ਕਰੇ ਪੜ੍ਹਾਈਆ । ਜੋਤੀ
੧੦੦੯ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਧ ਅੰਧਿਆਰ ਕਰ ਪਸਾਰ, ਆਪੇ ਸ਼ੰਕਰ ਨਾਮ ਧਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਅਕਾਰ, ੧੦੦੯
੦੮ ਨਿਰਗੁਣ ਵੇਸ ਵਟਾਇਆ । ਤ੍ਰੈਗੁਣ ਮਾਇਆ ਕਰ ਪਿਆਰ, ਝੋਲੀ ਆਪ ਭਰਾਇਆ । ਪੰਜ ਤੱਤ ਦਏ ਸਹਾਰ, ਸਾਚਾ ਸੰਗ ਨਿਭਾਇਆ । ਸਰਗੁਣ ੦੮
ਅੰਦਰ ਨਿਰਗੁਣ ਧਾਰ, ਆਪਣਾ ਰੂਪ ਵਟਾਇਆ । ਆਪੇ ਖੋਲ੍ਹੇ ਨੌਂ ਦੁਵਾਰ, ਆਪੇ ਘਰ ਵਿਚ ਘਰ ਸੁਹਾਇਆ । ਆਪੇ ਸ਼ਬਦ ਨਾਦ ਧੁਨਕਾਰ,
ਆਪੇ ਅਨਹਦ ਰਾਗ ਸੁਣਾਇਆ । ਆਪੇ ਸਰ ਸਰੋਵਰ ਠੰਡਾ ਠਾਰ, ਆਪੇ ਅੰਮ੍ਰਿਤ ਜਲ ਭਰਾਇਆ । ਆਪੇ ਬਜ਼ਰ ਕਪਾਟੀ ਲਾਇਆ ਪਾੜ, ਆਪੇ
ਬੰਦ ਮੁਖ ਵਖਾਇਆ । ਆਪੇ ਆਤਮ ਸੇਜਾ ਸੁੱਤਾ ਪੈਰ ਪਸਾਰ, ਨਿਰਗੁਣ ਸਰਗੁਣ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਆਪਣੀ ਕਰਵਟ ਲਏ ਬਦਲਾਇਆ । ਆਪਣੀ ਕਰਨੀ ਆਪੇ ਕਰ, ਆਪੇ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਿਤਾ ਵਰ, ਏਕਾ
ਵਸਤ ਝੋਲੀ ਪਾਇੰਦਾ । ਤ੍ਰੈਗੁਣ ਫੜਾਇਆ ਸਾਚਾ ਲੜ, ਸਾਚਾ ਨਾਤਾ ਜੋੜ ਜੁੜਾਇੰਦਾ । ਘਟ ਘਟ ਅੰਦਰ ਆਪੇ ਵੜ, ਆਪਣਾ ਆਸਣ ਲਾਇੰਦਾ ।
ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਬਿਨਾਸ਼ੀ ਖੇਲ ਖਲਾਇੰਦਾ । ਸਚ ਮਹੱਲੇ ਆਪੇ ਚੜ੍ਹ, ਆਪ ਆਪਣਾ ਦਰ ਖੁਲ੍ਹਾਇੰਦਾ । ਕਰੇ ਪ੍ਰਕਾਸ਼
ਬਹੱਤਰ ਨਾੜ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ
ਸਤਿ ਸਰੂਪ, ਸਤਿ ਸਤਿਵਾਦੀ ਆਪ ਅਖਵਾਇੰਦਾ । ਨਿਹਕਲੰਕ ਨਿਰਗੁਣ ਜੋਤ, ਜੋਤੀ ਜੋਤ ਡਗਮਗਾਈਆ । ਨਾ ਕੋਈ ਵਰਨ ਨਾ ਕੋਈ ਗੋਤ,
ਨਾ ਕੋਈ ਬਰਨ ਵਖਾਈਆ । ਨਾ ਕੋਈ ਆਸਾ ਤ੍ਰਿਸ਼ਨਾ ਨਾ ਕੋਈ ਮਾਇਆ ਮਮਤਾ ਭਰੇ ਪੋਟ, ਤੱਤਵ ਤੱਤ ਨਾ ਕੋਈ ਹਲਕਾਈਆ । ਨਾ ਕੋਈ
ਵਾਸਨਾ ਰੱਖੇ ਖੋਟ, ਹਉਮੇ ਹੰਗਤਾ ਨਾ ਕੋਈ ਹਲਕਾਈਆ । ਖੇਲੇ ਖੇਲ ਚੌਦਾਂ ਲੋਕ, ਪੁਰੀਆਂ ਲੋਆਂ ਵੇਸ ਵਟਾਈਆ । ਆਪ ਸੁਣਾਏ ਆਪਣਾ

ਸਚ ਸਲੋਕ, ਸਾਚਾ ਢੋਲਾ ਆਪੇ ਗਾਈਆ । ਆਦਿ ਆਦਿ ਜੁਗਾਦਿ ਜੁਗਾਦਿ ਹਰਿ ਕਾ ਭਾਣਾ ਨਾ ਸਕੇ ਕੋਈ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਆਪ ਅਖਵਾਈਆ । ਨਿਹਕਲੰਕ ਕਲ ਕਲਵੰਤਾ, ਅਕਲ ਕਲਾ ਕਲ ਧਾਰੀਆ । ਪਾਰਬ੍ਰਹਮ ਪ੍ਰਭ ਬੇਅੰਤ ਬੇਅੰਤਾ, ਭੇਵ ਕੋਈ ਨਾ ਪਾ ਰਿਹਾ । ਖੇਲੇ ਖੇਲ ਜੁਗਾ ਜੁਗੰਤਾ, ਲੋਕਮਾਤ ਲੈ ਅਵਤਾਰਿਆ । ਸਤਿਜੁਗ ਬਣਾਏ ਸਾਚੀ ਬਣਤਾ, ਵੇਦ ਵਿਦਾਤਾ ਆਪ ਬਣਾ ਰਿਹਾ । ਜਨ ਭਗਤਾਂ ਤੋੜੇ ਹਉਮੇ ਹੰਗਤਾ, ਏਕਾ ਦਰ ਵਖਾ ਰਿਹਾ । ਭਗਤ ਭਿਖਾਰੀ ਹੋਏ ਮੰਗਤਾ, ਅੱਗੇ ਆਪਣੀ ਝੋਲੀ ਡਾਹ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਉਂ ਧਰਾ ਰਿਹਾ । ਪੰਜ ਤੱਤ ਹੋਏ ਪ੍ਰਤੱਖ, ਸ਼ਬਦੀ ਡੰਕ ਵਜਾਈਆ । ਖੇਲੇ ਖੇਲ ਅਲੱਖਣਾ ਅਲੱਖ, ਅਲੱਖ ਨਿਰੰਜਣ ਵਡ ਵਡਿਆਈਆ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਭੇਵ ਨਾ ਰਾਈਆ । ਆਪ ਚਲਾਏ ਆਪਣੀ ਗਾਥ, ਆਪਣੇ ਨਾਮ ਕਰੇ ਪੜ੍ਹਾਈਆ । ਆਪੇ ਜਾਣੇ ਆਪਣਾ ਸਾਥ, ਸਗਲਾ ਸੰਗ ਆਪ ਨਿਭਾਈਆ । ਆਪੇ ਪੂਜਾ ਆਪੇ ਪਾਠ, ਆਪੇ ਇਸ਼ਟ ਦੇਵ ਮਨਾਈਆ । ਆਪੇ ਤੀਰਥ ਆਪੇ ਤਾਟ, ਸਰ ਸਰੋਵਰ ਆਪ ਅਖਵਾਈਆ । ਆਪੇ ਆਦਿ ਸ਼ਕਤ ਜੋਤ ਲਲਾਟ, ਅਸ਼ਟਭੁਜ ਰੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਸਤਿਜੁਗ ਸਾਚੇ ਹੋ ਤਿਆਰ, ਆਪਣੀ ਕਲ ਵਰਤਾਇੰਦਾ । ਆਪੇ ਬ੍ਰਹਮਾ ਸੁੱਤ ਬਣ ਦੁਲਾਰ, ਘਰ ਸਾਚਾ ਮੰਗਣ ਆਇੰਦਾ । ਆਪੇ ਵਸੇ ਸਚਖੰਡ ਦੁਵਾਰ, ਪਰਮ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਇਆ ਜਾਣੀ ਜਾਣ, ਜਾਣੀ ਜਾਣ ਆਪ ਅਖਵਾਇੰਦਾ । ਘਰ ਸੋਹੇ ਬੰਕ ਦੁਵਾਰਾ, ਵੱਜੀ ਨਾਮ ਵਧਾਈਆ । ਲੋਆਂ ਪੁਰੀਆਂ ਜੈ ਜੈ ਕਾਰਾ, ਗਣ ਗੰਧਰਬ ਫੂਲਣ ਬਰਖ਼ਾ ਲਾਈਆ । ਕਰੋੜ ਤੇਤੀਸਾ ਮਾਰੇ ਮਾਰਾ, ਸ਼ਿਵ ਸ਼ੰਕਰ ਵੇਖ ਵਖਾਈਆ । ਬ੍ਰਹਮਾ ਨੇਤਰ ਖੋਲ੍ਹੇ ਚਾਰੋਂ ਕੁੰਟ ਵੇਖੇ ਨੈਣ ਉਘਾੜਾ, ਆਪ ਆਪਣੀ ਅੱਖ ਖੁਲ੍ਹਾਈਆ । ਵਿਸ਼ਨੂੰ ਨੂਰ ਨੂਰ ਉਜਿਆਰਾ, ਕਵਲ ਨੈਣ ਆਪ ਹੋ ਜਾਈਆ । ਆਪੇ ਵਸੇ ਸਭ ਤੋਂ ਬਾਹਿਰਾ, ਭੇਵ ਅਭੇਦ ਭੇਵ ਰਖਾਈਆ । ਸਚਖੰਡ ਬੈਠਾ ਸਿਰਜਣਹਾਰਾ, ਸ੍ਰੀ ਧਰ ਭਗਵਾਨ ਬੀਠਲੋ ਆਪ ਅਖਵਾਈਆ । ਤ੍ਰੇਤਾ ਤੇਰਾ ਤ੍ਰਿਆ ਵੇਸ, ਹਰਿ ਸਾਚਾ ਵੇਖ ਵਖਾਇੰਦਾ । ਸ਼ਬਦ ਅਨਾਦੀ ਇਕ ਸੰਦੇਸ਼, ਏਕਾ ਹੁਕਮ ਜਣਾਇੰਦਾ । ਲੱਖ ਚੁਰਾਸੀ ਆਪੇ ਵੇਖ, ਆਪੇ ਪਰਦਾ ਲਾਹਿੰਦਾ । ਆਪੇ ਲਿਖਣਹਾਰਾ ਰੇਖ, ਆਪੇ ਮੇਟ ਮਿਟਾਇੰਦਾ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਆਦਿ ਜੁਗਾਦੀ ਰਹੇ ਹਮੇਸ਼, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਪਾਰਬ੍ਰਹਮ ਅਵੱਲੜਾ ਭੇਸ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਕਲ ਆਪੇ ਧਾਰ, ਖੇਲੇ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਮੇਲਾ ਸਰਗੁਣ ਧਾਰ, ਸਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਨੂਰ ਜੋਤ ਉਜਿਆਰ, ਸਰਗੁਣ ਪੰਜ ਤੱਤ ਅਖਵਾਈਆ । ਖੇਲੇ ਖੇਲ ਪੁਰਖ ਕਰਤਾਰ, ਆਪ ਆਪਣੀ ਰਚਨ ਰਚਾਈਆ । ਆਪੇ ਰਾਮ ਰੂਪ ਬਣ ਅਵਤਾਰ, ਆਪੇ ਪੰਡਤ ਰਾਵਣ ਰਿਹਾ ਪੜ੍ਹਾਈਆ । ਆਪੇ ਖੜਗ ਖੰਡਾ ਤੇਜ ਕਟਾਰ, ਤੀਰ ਕਮਾਨ ਆਪ ਉਠਾਈਆ । ਆਪੇ ਸਾਗਰ ਕਰਿਆ ਪਾਰ, ਸਮੁੰਦ ਧਾਰ ਆਪ ਰੁੜ੍ਹਾਈਆ । ਆਪੇ ਅੰਤਮ ਲਾਏ ਪਾਰ, ਜੁਗ ਜੁਗ ਆਪਣੇ

ਹੱਥ ਰੱਖੇ ਵਡਿਆਈਆ । ਦੁਆਪਰ ਜਾਣੇ ਆਪਣੀ ਕਾਰ, ਏਕਾ ਬੰਸਰੀ ਨਾਮ ਵਜਾਈਆ । ਗ਼ਰੀਬ ਨਿਮਾਣੇ ਪਾਏ ਸਾਰ, ਆਪ ਆਪਣੇ ਗਲੇ ਲਗਾਈਆ । ਆਪੇ ਤੋੜਣਹਾਰ ਗੜ੍ਹ ਹੰਕਾਰ, ਗੜ੍ਹ ਹੰਕਾਰੀ ਮੇਟ ਮਿਟਾਈਆ । ਆਪੇ ਕਲਜੁਗ ਅੰਤਮ ਵੇਖ ਪਸਾਰ, ਕੂੜਾ ਡੰਕ ਵਜਾਈਆ । ਜੂਠ ਝੂਠ ਧਰ ਸੰਸਾਰ, ਧਰਨੀ ਧਰਤ ਧਵਲ ਸੁਹਾਈਆ । ਈਸਾ ਮੂਸਾ ਕਰ ਸ਼ਿੰਗਾਰ, ਸੰਗ ਮੁਹੰਮਦ ਚਾਰ ਯਾਰ ਦੇਣ ਗਵਾਹੀਆ । ਅੱਲ੍ਹਾ ਰਾਣੀ ਬੋਲ ਜੈਕਾਰ, ਆਪਣਾ ਨਾਅਰਾ ਰਹੀ ਸੁਣਾਈਆ । ਅੰਜੀਲ ਕੁਰਾਨਾ ਕਰਿਆ ਖ਼ਬਰਦਾਰ, ਕਲਮਾ ਨਬੀ ਆਪ ਪੜ੍ਹਾਈਆ । ਕਾਇਨਾਤ ਵੇਖ ਵਿਚਾਰ, ਕਾਦਰ ਕੁਦਰਤ ਵਿਚ ਸਮਾਈਆ । ਆਪੇ ਨਿਰਗੁਣ ਜੋਤੀ ਨੂਰ ਨਿਰੰਕਾਰ, ਨਾਨਕ ਪੰਜ ਤੱਤ ਨਾਉਂ ਰਖਾਈਆ । ਆਪੇ ਨਾਮ ਸ਼ਬਦ ਬੋਲ ਜੈਕਾਰ, ਲੋਕਮਾਤ ਫੇਰਾ ਪਾਈਆ । ਚਾਰ ਵਰਨਾਂ ਕਰੇ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਰਖਾਈਆ । ਗ਼ਰੀਬ ਨਿਮਾਣੇ ਲਏ ਉਭਾਰ, ਆਪ ਆਪਣੇ ਗਲੇ ਲਗਾਈਆ । ਏਕਾ ਡੰਕ ਕਰੇ ਖ਼ਬਰਦਾਰ, ਚਾਰੋਂ ਕੁੰਟ ਰਿਹਾ ਉਠਾਈਆ । ਅੰਤਮ ਗਾਏ ਆਪਣੀ ਵਾਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਅੰਤਮ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖੜਗ ਖੰਡਾ ਤੇਜ ਕਟਾਰ, ਧੁਰ ਦੀਬਾਣ ਆਪ ਅਖਵਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਗੋਬਿੰਦ ਨਾਉਂ ਉਪਜਾਈਆ । ਪੂਤ ਸਪੂਤਾ ਸੁੱਤ ਦੁਲਾਰ, ਪੁਰਖ ਅਕਾਲ ਮਨਾਈਆ । ਸ਼ਸਤਰ ਬਸਤਰ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਆਪੇ ਅਸਵ ਹੋ ਅਸਵਾਰ, ਸੋਲਾਂ ਕਲੀਆਂ ਆਸਣ ਪਾਈਆ । ਆਪੇ ਅੰਮ੍ਰਿਤ ਕਰ ਤਿਆਰ, ਭਰ ਪਿਆਲਾ ਜਾਮ ਪਿਆਈਆ । ਪੰਚਮ ਮੀਤਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰ ਗੋਬਿੰਦ ਸਿੰਘ ਸੂਰਬੀਰ, ਸਤਿਗੁਰ ਆਪ ਅਖਵਾਇੰਦਾ । ਸ਼ਬਦ ਨਿਰਾਲਾ ਮਾਰੇ ਤੀਰ, ਰਾਜ ਰਾਜਾਨਾ ਮੇਟ ਮਿਟਾਇੰਦਾ । ਆਪੇ ਕਲਜੁਗ ਲਹਿਣਾ ਦੇਣਾ ਜਾਣੇ ਅਖ਼ੀਰ, ਆਪਣਾ ਲੇਖਾ ਆਪ ਲਿਖਾਇੰਦਾ । ਆਪੇ ਜਾਣੇ ਊਚ ਨੀਚ ਰਾਓ ਰੰਕ ਸ਼ਾਹ ਹਕੀਰ, ਦਸਤਗੀਰ ਵੇਖ ਵਖਾਇੰਦਾ । ਆਪੇ ਕੁਤਬ ਗੌਂਸ ਹੋਇ ਫ਼ਕੀਰ, ਸ਼ਰਅ ਸ਼ਰੀਅਤ ਨਾ ਕੋਈ ਤੋੜ ਤੁੜਾਇੰਦਾ । ਸਦੀ ਚੌਧਵੀਂ ਪਏ ਵਹੀਰ, ਚੌਦਾਂ ਤਬਕਾਂ ਆਪ ਹਿਲਾਇੰਦਾ । ਸੰਗ ਮੁਹੰਮਦ ਚਾਰ ਯਾਰ, ਨੇਤਰ ਵਹਾਇਣ ਨੀਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਕਲਜੁਗ ਕੂੜਾ ਹੋਇਆ ਫ਼ਕੀਰ, ਘਰ ਘਰ ਅਲੱਖ ਜਗਾਇੰਦਾ । ਨਾ ਕੋਈ ਕੱਢੇ ਹਉਮੇ ਪੀੜ, ਬਿਰਹੋਂ ਰੋਗ ਨਾ ਕੋਈ ਸਤਾਇੰਦਾ । ਗੋਬਿੰਦ ਲਾਇਆ ਸਾਚਾ ਤੀਰ, ਤਿਖੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਗੋਬਿੰਦ ਲਾਇਆ ਤੀਰ ਨਿਰਾਲਾ, ਤਿੱਖਾ ਮੁਖ ਰਖਾਈਆ । ਸੰਗ ਰਖਾਏ ਕਾਲ ਮਹਾਕਾਲਾ, ਮਾਹਕਾਲਾ ਵੱਡੀ ਵਡਿਆਈਆ । ਸਤਿਗੁਰ ਪੂਰਾ ਬਣ ਦਲਾਲਾ, ਸਾਚਾ ਵਣਜ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਲੇ ਚਲਾਏ ਅਵੱਲੜੀ ਚਾਲਾ, ਜੁਗਤ ਜਗਤ ਆਪਣੇ ਹੱਥ ਰਖਾਈਆ । ਜਗਤ ਅਵੱਲੜੀ ਚਾਲ, ਹਰਿ ਚਲਾਇੰਦਾ । ਗੋਬਿੰਦ ਪੁਰਖ ਅਕਾਲ, ਇਕ ਮਨਾਇੰਦਾ । ਗੁਰਸਿਖ ਬਣਾਏ ਸਾਚੇ ਲਾਲ, ਗੋਦ ਉਠਾਇੰਦਾ । ਤੋੜਣਹਾਰਾ ਜਗਤ ਜੰਜਾਲ, ਦਇਆ ਕਮਾਇੰਦਾ । ਆਦਿ ਜੁਗਾਦਿ ਕਰੇ ਸੰਭਾਲ, ਜਗਤ ਵਿਛੋੜਾ ਫੰਦ ਕਟਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਰਖਾਇੰਦਾ । ਕਲਜੁਗ ਅੰਤਮ ਹੋਏ ਕੰਗਾਲ, ਸਾਚਾ

ਧਨ ਨਾ ਕੋਈ ਜਣਾਇੰਦਾ । ਫਲ ਨਾ ਦਿਸੇ ਕਿਸੇ ਡਾਲ, ਲੱਖ ਚੁਰਾਸੀ ਆਪ ਹਿਲਾਇੰਦਾ । ਗੁਰਮੁਖ ਵਿਰਲੇ ਘਾਲਣ ਰਹੇ ਘਾਲ, ਘਾਲੀ ਘਾਲ ਘੋਲ ਘੁੰਮਾਈ ਆਪ ਘੁਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਗੋਬਿੰਦ ਭਾਣਾ ਰਿਹਾ ਮੰਨ, ਪੁਰਖ ਅਕਾਲ ਮਨਾਈਆ । ਗੁਰਸਿਖਾਂ ਕਹੇ ਧੰਨ ਧੰਨ, ਨਿਉਂ ਨਿਉਂ ਸੀਸ ਝੁਕਾਈਆ । ਏਕਾ ਰਾਗ ਸੁਣਾਏ ਕੰਨ, ਵਾਹਿਗੁਰੂ ਫਤਿਹ ਗਜ਼ਾਈਆ । ਅੰਤਮ ਬੇੜਾ ਦੇਵੇ ਬੰਨ੍ਹ, ਕਲਜੁਗ ਵੇਖੇ ਸਰਬ ਲੋਕਾਈਆ । ਪ੍ਰਗਟ ਹੋਏ ਹਰਿ ਭਗਵਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਦੇਵੇ ਏਕਾ ਦਾਨ, ਆਤਮ ਅੰਤਰ ਏਕਾ ਬ੍ਰਹਮ ਗਿਆਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਏਕੰਕਾਰਾ, ਜੂਨੀ ਰਹਿਤ ਖੇਲ ਨਿਆਰਾ, ਅਨਭਵ ਪ੍ਰਕਾਸ਼ ਸਮਾਈਆ । ਸਤਿਗੁਰ ਸੱਜਣ ਮੀਤੜਾ, ਪਾਰਬ੍ਰਹਮ ਕਰਤਾਰ । ਗੁਰਮੁਖਾਂ ਰੰਗੇ ਕਾਇਆ ਚੀਥੜਾ, ਰੰਗ ਚਾੜ੍ਹੇ ਅਪਰ ਅਪਾਰ । ਧਾਮ ਵਖਾਏ ਇਕ ਅਨਡੀਠੜਾ, ਸਚਖੰਡ ਸੋਹੇ ਬੰਕ ਦੁਵਾਰ । ਆਦਿ ਜੁਗਾਦੀ ਜੁਗ ਜੁਗ ਚਲੇ ਆਪਣੀ ਰੀਤੜਾ, ਵੇਦ ਪੁਰਾਨ ਨਾ ਪਾਵਣ ਸਾਰ । ਕਿਸੇ ਹੱਥ ਨਾ ਆਏ ਮੰਦਰ ਮਸੀਤੜਾ, ਘਰ ਘਰ ਬੈਠਾ ਕਰ ਜੋਤ ਉਜਿਆਰ । ਗੋਬਿੰਦ ਠੰਡਾ ਸੀਤੜਾ, ਅੰਮ੍ਰਿਤ ਬਖ਼ਸ਼ੇ ਠੰਡੀ ਠਾਰ । ਤੇਰੀ ਲੱਖ ਚੁਰਾਸੀ ਪਰਖੇ ਨੀਤੜਾ, ਬਣ ਬਣ ਸਾਚਾ ਲੇਖ ਲਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ । ਵਡ ਸੰਸਾਰੀ ਆਪ ਹਰਿ, ਵਡ ਵੱਡੀ ਵਡਿਆਈਆ । ਜੁਗਾ ਜੁਗੰਤਰ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਵਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰੂ ਗੁਰ ਚੇਲੇ ਲਏ ਫੜ, ਆਪ ਆਪਣੇ ਲੜ ਬੰਧਾਈਆ । ਕਾਇਆ ਮੰਦਰ ਆਪੇ ਚੜ੍ਹ, ਦਸਮ ਦੁਆਰੀ ਕੁੰਡਾ ਲਾਹੀਆ । ਦਰਸ ਦਖਾਏ ਅੱਗੇ ਖੜ੍ਹ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵੇਸ ਵਟਾਈਆ । ਆਦਿ ਨਿਰੰਜਣ ਪੁਰਖ ਬਿਧਾਤਾ, ਪਾਰਬ੍ਰਹਮ ਸੁਲਤਾਨਿਆ । ਕਲਜੁਗ ਮੇਟੇ ਅੰਧੇਰੀ ਰਾਤਾ, ਨਿਰਗੁਣ ਨੂਰ ਕਰੇ ਪ੍ਰਧਾਨਿਆ । ਸਤਿਜੁਗ ਸੁਣਾਏ ਸਾਚੀ ਗਾਥਾ, ਸੋ ਪੁਰਖ ਨਿਰੰਜਣ ਵਡ ਮਿਹਰਵਾਨਿਆ । ਹੰ ਬ੍ਰਹਮ ਦੇਵੇ ਸਾਥਾ, ਪਾਰਬ੍ਰਹਮ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਇਕ ਮਹਾਨਿਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇਆ । ਗੁਰ ਗੋਬਿੰਦ ਨਾਨਕ ਬਣ ਭਿਖਾਰ, ਲੱਖ ਚੁਰਾਸੀ ਗਏ ਸਮਝਾਇਆ । ਵੇਦ ਵਿਆਸਾ ਬਣ ਬਣ ਧਾਰ, ਪੁਰਾਨ ਅਠਾਰਾਂ ਗਏ ਲਿਖਾਇਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਤੀਸ ਬਤੀਸਾ ਰਿਹਾ ਮੁਖ ਸਲਾਹਿਆ । ਭਗਤ ਭਗਵੰਤ ਰਾਹ ਰਹੇ ਵਿਚਾਰ, ਨੇਤਰ ਆਪਣਾ ਨੈਣ ਖੁਲ੍ਹਾਇਆ । ਸੰਤ ਸੁਹੇਲੇ ਨਿਉਂ ਨਿਉਂ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਇਆ । ਗੁਰਮੁਖ ਮੰਗਣ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹਿਆ । ਗੁਰਸਿਖ ਦਰ ਦਰ ਮੰਗਣ ਵਾਰੋ ਵਾਰ, ਤੇਰਾ ਨਾਮ ਕਿਸੇ ਹੱਟ ਹੱਥ ਨਾ ਆਇਆ । ਤੀਰਥ ਤੱਟਾਂ ਆਈ ਹਾਰ, ਅਠਸਠ ਬੈਠੇ ਮੁਖ ਭੁਵਾਇਆ । ਗੰਗਾ ਗੋਦਾਵਰੀ ਕਰੇ ਪੁਕਾਰ, ਸੁਰਸਤੀ ਜਮਨਾ ਨਾਲ ਰਲਾਇਆ । ਕੈਲਾਸ਼ੀ ਪ੍ਰਬਤ ਨਾ ਕੋਈ ਧਾਰ, ਜਟਾ ਜੂਟ ਨਾ ਕੋਈ ਵਹਾਇਆ । ਰੂਪ ਰੰਗ ਨਾ ਕੋਇ ਪਿਆਰ, ਸਾਚਾ ਰੰਗ ਨਾ ਕੋਈ ਚੜ੍ਹਾਇਆ । ਲੱਖ ਚੁਰਾਸੀ ਜੀਵ ਜੰਤ ਨਾਰ ਵਿਭਚਾਰ, ਹਰਿ ਕੰਤ ਨਾ ਕੋਈ ਮਨਾਇਆ । ਗੁਰ ਦਰ ਮੰਦਰ ਮਸਜਿਦ ਹੋ ਖੁਵਾਰ, ਧੀਆਂ ਭੈਣਾਂ ਰਹੇ ਤਕਾਇਆ । ਪੰਡਤ ਪਾਂਧੇ ਨਾ ਕਰਨ ਵਿਚਾਰ, ਜੂਠਾ

ਝੂਠਾ ਮਸਤਕ ਤਿਲਕ ਲਗਾਇਆ । ਖਾਣੀ ਬਾਣੀ ਨਾ ਕੋਈ ਪਿਆਰ, ਮਾਇਆ ਰਾਣੀ ਹੋਈ ਹਲਕਾਇਆ । ਧਰਤੀ ਰੋਵੇ ਜ਼ਾਰੋ ਜ਼ਾਰ, ਨੇਤਰ ਹੰਝੂਆਂ ਹਾਰ ਬਣਾਇਆ । ਮਨਮੁੱਖਾਂ ਭਰਿਆ ਇਕ ਹੰਕਾਰ, ਚਾਰੋਂ ਕੁੰਟ ਫਿਰਨ ਹਲਕਾਇਆ । ਮਨ ਮਤ ਨਾਲ ਰਲੀ ਨਾਰ ਕਮਜ਼ਾਤ, ਸਾਚਾ ਖੇੜਾ ਨਾ ਕੋਈ ਵਸਾਇਆ । ਪੰਚ ਵਿਕਾਰਾ ਦੇਵੇ ਸਾਥ, ਪੰਚਮ ਸ਼ਬਦ ਨਾਦ ਧੁਨ ਨਾ ਕੋਈ ਵਜਾਇਆ । ਹਰਿ ਹਰਿ ਤੇਰਾ ਵਿਸਰਿਆ ਸਾਚਾ ਪਾਠ, ਹਿਰਦੇ ਹਰਿ ਨਾ ਕੋਈ ਵਸਾਇਆ । ਗੁਰਸਿਖ ਅੰਦਰ ਜੋਤ ਨਾ ਜਗੀ ਲਲਾਟ, ਗੁਰ ਗੋਬਿੰਦ ਦਿਸ ਨਾ ਆਇਆ । ਕਲਜੁਗ ਅੰਤਮ ਨੇੜੇ ਆਈ ਵਾਟ, ਪ੍ਰਭ ਸਾਚਾ ਵੇਸ ਵਟਾਇਆ । ਅਰਸ਼ ਫਰਸ਼ ਫਰਸ਼ ਅਰਸ਼ ਜ਼ਿਮੀ ਫਰਸ਼ ਆਪੇ ਜਾਣੇ ਵਾਟ, ਹਰਸ ਹਵਸ ਨਾ ਕੋਈ ਮਿਟਾਇਆ । ਨਾ ਕੋਈ ਉਤਾਰੇ ਪਾਰ ਘਾਟ, ਹਰਿ ਕਾ ਨਾਉਂ ਜਿਹਵਾ ਨਾ ਕੋਈ ਲਗਾਇਆ । ਕਲਜੁਗ ਸਾਗਰ ਮਾਰੇ ਠਾਠ, ਜੂਠੀ ਝੂਠੀ ਲਹਿਰ ਵਖਾਇਆ । ਮਾਇਆ ਮਮਤਾ ਮੋਹ ਵਿਕਾਰਾ ਖੇਲ ਬਾਜ਼ੀਗਰ ਨਾਟ, ਨਟ ਨਟੂਆ ਆਪਣਾ ਸਾਂਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਵੇਸ ਅਵੱਲਾ ਇਕ ਇਕੱਲਾ, ਏਕਾ ਏਕ ਕਰਾਇੰਦਾ । ਪਾਏ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਫੋਲ ਫੁਲਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਜ਼ਮੀਨ ਡੂੰਘੀ ਡੱਲਾ, ਉਚੇ ਟਿੱਲੇ ਪ੍ਰਬਤ ਫੋਲ ਫੁਲਾਇੰਦਾ । ਸਮੁੰਦ ਸਾਗਰ ਵਿਰੋਲੇ ਨਾ ਕੋਈ ਮਾਰੇ ਛੱਲਾਂ, ਚੌਦਾਂ ਰਤਨਾਂ ਵੇਖ ਵਖਾਇੰਦਾ । ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਪੁਰਖ ਅਬਿਨਾਸ਼ੀ ਸਚ ਸਿੰਘਾਸਣ ਆਪੇ ਮੱਲਾ, ਘਰ ਸਾਚੇ ਆਸਣ ਲਾਇੰਦਾ । ਨਿਰਗੁਣ ਖੰਡਾ ਵਿਚ ਬ੍ਰਹਿਮੰਡਾਂ, ਤੇਜ਼ ਪ੍ਰਚੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਨਾਮ ਖੰਡਾ ਹਰਿ ਤੇਜ਼ ਕਟਾਰੀ, ਹਰਿ ਹਰਿ ਹੱਥ ਉਠਾਈਆ । ਜੋਤ ਨਿਰੰਜਣ ਸੇਵਾਦਾਰੀ, ਲੋਕਮਾਤ ਕਰੇ ਕੁੜਮਾਈਆ । ਗੁਰਮੁਖਾਂ ਕਰੇ ਖ਼ਬਰਦਾਰੀ, ਸੋਏ ਆਪ ਜਗਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰੀ, ਕਾਇਆ ਮੰਦਰ ਅੰਦਰ ਆਪ ਵਜਾਈਆ । ਮਨਮੁੱਖ ਸੁੱਤੇ ਪੈਰ ਪਸਾਰੀ, ਕਲਜੁਗ ਮਾਇਆ ਪਰਦਾ ਬੈਠਾ ਪਾਈਆ । ਭਰਮੇ ਭੁੱਲੇ ਨਰ ਨਾਰੀ, ਨਰ ਹਰਿ ਦਿਸ ਨਾ ਆਈਆ । ਕੁਵਾਰ ਕੰਨਿਆ ਕਰ ਸ਼ਿੰਗਾਰੀ, ਆਪਣਾ ਜੋਬਨ ਰਹੀ ਹੰਢਾਈਆ । ਕਿਸੇ ਨਾ ਲੱਗੇ ਮਾਂ ਪਿਆਰੀ, ਮਾਵਾਂ ਪੁੱਤਰਾਂ ਨਾਤਾ ਤੋੜ ਤੁੜਾਈਆ । ਨਾ ਕੋਈ ਕੰਤ ਨਾ ਭਤਾਰੀ, ਸਾਚੀ ਸੇਜ ਨਾ ਕੋਈ ਹੰਢਾਈਆ । ਧੀਆਂ ਭੈਣਾਂ ਕਰਨ ਖੁਵਾਰੀ, ਸਾਧਾਂ ਸੰਤਾਂ ਆਤਮ ਹੋਈ ਹਲਕਾਈਆ । ਸਚ ਪੜ੍ਹੀ ਨਾ ਹਰਿ ਹਰਿ ਕੀ ਬਾਣੀ, ਮੰਦਰ ਮਸਜਿਦ ਗੁਰ ਦਰ ਬੈਠੇ ਡੇਰਾ ਲਾਈਆ । ਸੁਰਤ ਸੁਵਾਣੀ ਰਹੀ ਕੁਵਾਰੀ, ਗੁਰ ਸ਼ਬਦ ਹਾਣੀ ਨਾ ਮੇਲ ਮਿਲਾਈਆ । ਨਾ ਕੋਈ ਜਾਣੇ ਪਦ ਨਿਰਬਾਣੀ, ਚੌਥੇ ਪਦ ਨਾ ਕੋਈ ਸਮਾਈਆ । ਪੜ੍ਹ ਪੜ੍ਹ ਥੱਕੇ ਨਾਨਕ ਬਾਣੀ, ਅਰਜਨ ਮੇਲਾ ਮਿਲਿਆ ਨਾ ਸਾਚੇ ਮਾਹੀਆ । ਆਵਣ ਜਾਵਣ ਨਾ ਚੁੱਕੀ ਕਾਣੀ, ਲੱਖ ਚੁਰਾਸੀ ਨਾ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਨਿਸ਼ਾਨਾ ਦੋ ਜਹਾਨਾਂ ਤੀਰ ਅਣਿਯਾਲਾ ਆਪ ਚਲਾਈਆ । ਸ਼ਬਦ ਸਰੂਪੀ ਫੜ ਕਮਾਨ, ਹਰਿ ਸਾਚਾ ਉਠੇ ਬਲਕਾਰਿਆ । ਲੋਆਂ ਪੁਰੀਆਂ ਮਾਰੇ ਆਪ ਧਿਆਨ, ਬ੍ਰਹਮਾ ਵਿਸ਼ਨ ਸ਼ਿਵ ਆਪ ਜਗਾ ਰਿਹਾ । ਕਰੋੜ ਤੇਤੀਸਾ ਮੇਟ ਨਿਸ਼ਾਨ, ਸਾਚੀ ਰਚਨਾ ਆਪ ਰਚਾ ਲਿਆ । ਗੁਰਮੁਖਾਂ ਅੰਤਮ ਇਕ ਗਿਆਨ, ਏਕਾ ਬ੍ਰਹਮ ਦ੍ਰਿੜਾ ਲਿਆ । ਆਪੇ ਬਖ਼ਸ਼ੇ ਚਰਨ ਧਿਆਨ, ਚਰਨ ਪ੍ਰੀਤੀ ਇਕ ਸਿਖਾ ਲਿਆ । ਮਨਮੁੱਖ ਭੁੱਲੇ

ਜੀਵ ਸ਼ੈਤਾਨ, ਥਿਰ ਕੋਈ ਰਹਿਣ ਨਾ ਪਾ ਰਿਹਾ । ਜੋਧਾ ਸੂਰਬੀਰ ਬਲੀ ਬਲਵਾਨ, ਏਕੰਕਾਰਾ ਆਪ ਅਖਵਾ ਰਿਹਾ । ਕਲਜੁਗ ਅੰਤਮ ਹੋ ਪ੍ਰਧਾਨ, ਨਿਹਕਲੰਕਾ ਨਾਉਂ ਰਖਾ ਲਿਆ । ਸੰਬਲ ਨਗਰੀ ਇਕ ਨਿਸ਼ਾਨ, ਲੋਕਮਾਤ ਝੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਡਗਮਗਾ ਰਿਹਾ । ਨਿਹਕਲੰਕ ਆਦਿ ਪੁਰਖ, ਏਕਾ ਏਕ ਏਕੰਕਾਰਿਆ । ਨਾ ਕੋਈ ਸੋਗ ਨਾ ਕੋਈ ਹਰਖ, ਨਾ ਕੋਈ ਨੇਤਰ ਨੀਰ ਵਹਾ ਰਿਹਾ । ਕੋਈ ਨਾ ਸਕੇ ਮਾਤ ਪਰਖ, ਸਚ ਘਸਵਟੀ ਨਾ ਕੋਇ ਲਗਾ ਰਿਹਾ । ਗੁਰਮੁਖਾਂ ਅੰਮ੍ਰਿਤ ਮੇਘ ਰਿਹਾ ਬਰਸ, ਆਪ ਆਪਣੀ ਸੇਵ ਕਮਾ ਰਿਹਾ । ਜਿਨ੍ਹਾਂ ਭਗਤਾਂ ਉਤੇ ਕਰੇ ਤਰਸ, ਸਗਲਾ ਸੰਗ ਆਪ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾ ਲਿਆ । ਨਾਉਂ ਰੱਖ ਹਰਿ ਨਿਰੰਕਾਰ, ਨਿਰਗੁਣ ਵੇਸ ਵਟਾਇਆ । ਸ਼ਬਦ ਸਰੂਪੀ ਬੋਲ ਜੈਕਾਰ, ਲੋਕਮਾਤ ਉਠ ਧਾਇਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਸਾਧਾਂ ਸੰਤਾਂ ਦਏ ਹੁਲਾਰ, ਅਠਸਠ ਤੀਰਥ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇਆ । ਏਕਾ ਡੰਕ ਸ਼ਬਦ ਗਿਆਨ, ਹਰਿ ਸਤਿਗੁਰ ਆਪ ਵਜਾਈਆ । ਚਾਰ ਵਰਨਾਂ ਬਖ਼ਸ਼ੇ ਇਕ ਧਿਆਨ, ਊਚ ਨੀਚ ਨਾ ਕੋਇ ਜਣਾਈਆ । ਏਕਾ ਧਾਮ ਬਹਾਏ ਰਾਓ ਰੰਕ ਰਾਜ ਰਾਜਾਨ, ਦੂਸਰ ਦਰ ਨਾ ਕੋਈ ਵਖਾਈਆ । ਏਕਾ ਸ਼ਬਦ ਸਾਰੇ ਗਾਣ, ਨੌ ਖੰਡ ਪ੍ਰਿਥਮੀ ਆਪ ਸਮਝਾਈਆ । ਸੱਤਾਂ ਦੀਪਾਂ ਝੁੱਲੇ ਇਕ ਨਿਸ਼ਾਨ, ਸੱਤ ਰੰਗ ਨਿਸ਼ਾਨਾ ਆਪ ਚੜ੍ਹਾਈਆ । ਆਪੇ ਮਜ਼੍ਹਬ ਦੀਨ ਹੋਏ ਅਸਲਾਮ, ਮੱਕਾ ਕਾਅਬਾ ਵੇਖ ਵਖਾਈਆ । ਆਪੇ ਪੰਡਤ ਪਾਂਧਾ ਬਣ ਬਣ ਰਾਮ, ਕਾਹਨਾ ਬੰਸਰੀ ਆਪ ਵਜਾਈਆ । ਆਪੇ ਨਾਨਕ ਗੋਬਿੰਦ ਕਰ ਪ੍ਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਆਪੇ ਦੇਵਣਹਾਰਾ ਸਚ ਪੈਗ਼ਾਮ, ਜ਼ਬਰਾਈਲ ਮੇਕਾਈਲ ਅਸਰਾਫੀਲ ਅਜ਼ਰਾਈਲ ਆਪਣਾ ਨਾਮ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਲਾਈਆ । ਆਪੇ ਦੀਵਾ ਆਪੇ ਬਾਤੀ, ਆਪੇ ਜੋਤ ਜਗਾਇੰਦਾ । ਆਪੇ ਮੇਲਾ ਕਮਲਾਪਾਤੀ, ਆਪੇ ਸੰਗ ਨਿਭਾਇੰਦਾ । ਆਪੇ ਦੇਵੇ ਸਾਚੀ ਦਾਤੀ, ਨਾਮ ਨਿਧਾਨਾ ਝੋਲੀ ਪਾਇੰਦਾ । ਆਪੇ ਮੇਟੇ ਅੰਧੇਰੀ ਰਾਤੀ, ਸਾਚਾ ਚੰਦ ਚੜ੍ਹਾਇੰਦਾ । ਆਪੇ ਰੱਖੇ ਉਤਮ ਜ਼ਾਤੀ, ਜ਼ਾਤ ਅਜ਼ਾਤੀ ਵੇਖ ਵਖਾਇੰਦਾ । ਆਪੇ ਦਰਸ ਦਖਾਏ ਇਕ ਇਕਾਂਤੀ, ਇਕ ਇਕੱਲਾ ਨਾਉਂ ਵਟਾਇੰਦਾ । ਆਪੇ ਕਲਜੁਗ ਲਹਿਣਾ ਦੇਣ ਚੁਕਾਏ ਬਾਕੀ, ਪੂਰਬ ਲਹਿਣਾ ਝੋਲੀ ਪਾਇੰਦਾ । ਆਪੇ ਸਤਿਜੁਗ ਸਾਚੀ ਖੋਲ੍ਹੇ ਤਾਕੀ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਨਰ ਅਵਤਾਰ, ਨਿਰਗੁਣ ਰੂਪ ਸਮਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਬੰਧਨ ਬੰਧ ਨਾ ਕੋਈ ਬੰਧਾਇਆ । ਘਟ ਘਟ ਰਵਿਆ ਮੀਤ ਮੁਰਾਰ, ਘਰ ਘਰ ਆਸਣ ਲਾਇਆ । ਦੇਵੇ ਨਾਮ ਸ਼ਬਦ ਭੰਡਾਰ, ਜਗਤ ਵਣਜਾਰਾ ਵਣਜ ਕਰਾਇਆ । ਸੋਹੰ ਸ਼ਬਦ ਬੋਲ ਜੈਕਾਰ, ਬ੍ਰਹਮ ਪਾਰਬ੍ਰਹਮ ਸਮਾਇਆ । ਨਾਤਾ ਤੁੱਟਾ ਸਰਬ ਸੰਸਾਰ, ਤੀਰਥ ਤੱਟ ਨਾ ਨਹਾਵਣ ਜਾਇਆ । ਜਿਸ ਜਨ ਦਰਸ਼ਨ ਪਾਇਆ ਗੁਰ ਕਰਤਾਰ, ਆਪਣਾ ਲੋਚਣ ਨੈਣ ਖੁਲ੍ਹਾਇਆ । ਚੌਥੇ ਪਦ ਕਰ ਪਿਆਰ, ਘਰ ਸਾਚੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ

ਅੰਤਮ ਵਰ, ਕਲਗੀ ਧਰ ਏਕਾ ਨਰ, ਏਕਾ ਹਰਿ ਏਕਾ ਦਰ ਸੁਹਾਇਆ । ਕਲਗੀ ਧਰ ਹਰਿ ਗੋਬਿੰਦ, ਗੁਰ ਗੋਬਿੰਦ ਨਾਉਂ ਧਰਾਈਆ । ਗੁਰਮੁਖਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਗਹਿਰ ਗੰਭੀਰ ਸਾਗਰ ਸਿੰਧ, ਏਕਾ ਹਰਿ ਨਾਮ ਚਲਾਈਆ । ਆਦਿ ਜੁਗਾਦੀ ਦਾਤਾ ਦਾਨੀ ਵਡ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਈਆ । ਆਪ ਬਣਾਏ ਆਪਣੀ ਬਿੰਦ, ਸੁੱਤ ਅਨਾਦੀ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਤਰਾਈਆ । ਕਲਜੁਗ ਸਾਗਰ ਡੂੰਘੀ ਗਾਰ, ਭੇਵ ਕੋਈ ਨਾ ਪਾਇੰਦਾ । ਸਾਧ ਸੰਤ ਗਏ ਹਾਰ, ਸਚ ਮਲਾਹ ਨਾ ਕੋਈ ਅਖਵਾਇੰਦਾ । ਨਾ ਕੋਈ ਕਰਾਏ ਪਾਰ ਕਿਨਾਰ, ਚੱਪੂ ਨਾਮ ਨਾ ਕੋਈ ਵਖਾਇੰਦਾ । ਅੱਧਵਿਚਕਾਰੇ ਰੋਂਦੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਜਨ ਭਗਤਾਂ ਸੁਣ ਹਰਿ ਪੁਕਾਰ, ਲੋਕਮਾਤ ਉਠ ਧਾਇੰਦਾ । ਨਿਰਗੁਣ ਸਰਗੁਣ ਮੀਤ ਮੁਰਾਰ, ਸਗਲਾ ਸੰਗ ਨਿਭਾਇੰਦਾ । ਫੜ ਫੜ ਬਾਹੋਂ ਜਾਏ ਤਾਰ, ਸਤਿਗੁਰ ਪੂਰਾ ਆਪ ਅਖਵਾਇੰਦਾ । ਆਪ ਉਠਾਏ ਸਿਰ ਆਪਣੇ ਭਾਰ, ਗੁਰਮੁਖ ਹੌਲੇ ਭਾਰ ਰਖਾਇੰਦਾ । ਸੁੱਤ ਦੁਲਾਰੇ ਉਤੋਂ ਵਾਰ, ਗੁਰਸਿਖਾਂ ਨੀਂਹ ਧਰਾਇੰਦਾ । ਜੜ੍ਹ ਨਾ ਉਖੜੇ ਵਿਚ ਸੰਸਾਰ, ਸਤਿਜੁਗ ਬੂਟਾ ਆਪੇ ਲਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਫਲ ਫੁਲਵਾੜੀ ਸਤਾਰਾਂ ਹਾੜ, ਬੀਸ ਬੀਸਾ ਆਪ ਮਹਿਕਾਇੰਦਾ । ਜੋਤ ਜਗਾਏ ਬਹੱਤਰ ਨਾੜ, ਗੁਰਮੁਖ ਕਾਇਆ ਡਗਮਗਾਇੰਦਾ । ਨੇੜ ਨਾ ਆਏ ਮੌਤ ਲਾੜ, ਧਰਮ ਰਾਏ ਦਰ ਦੁਰਕਾਇੰਦਾ । ਦਰਗਹਿ ਸਾਚੀ ਦੇਵੇ ਵਾੜ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਹਰਿ ਹਰਿ ਰਾਮਾ, ਰੂਪ ਵਟਾਏ ਕ੍ਰਿਸ਼ਨਾ ਕਾਹਨਾ, ਨਾਨਕ ਗੋਬਿੰਦ ਵਜਾਏ ਇਕ ਦਮਾਮਾ, ਇਕ ਨਗਾਰਾ ਨਾਮ ਰਖਾਇੰਦਾ । ਨਾਮ ਨਗਾਰਾ ਜਾਏ ਵੱਜ, ਹਰਿ ਸਾਚੇ ਆਪ ਵਜਾਵਣਾ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਈ ਰਹਿਣ ਨਾ ਪਾਵਣਾ । ਸ਼ਾਹ ਸੁਲਤਾਨਾ ਰਾਜ ਤਾਜ ਦੇਵਣ ਤਜ, ਸੀਸ ਤਾਜ ਨਾ ਕਿਸੇ ਹੰਢਾਵਣਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਰੂਪ ਪ੍ਰਗਟ ਹੋਇਆ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾਵਣਾ । ਸਾਢੇ ਤਿੰਨ ਹੱਥ ਰਚਿਆ ਤੇਰਾ ਕਾਜ, ਰਵਦਾਸ ਚੁਮਾਰਾ ਨਾਲ ਰਲਾਵਣਾ । ਲਹਿਣਾ ਦੇਣਾ ਚੁੱਕੇ ਕਲ ਕਿ ਆਜ, ਕਲਜੁਗ ਕਾਲਾ ਟਿੱਕਾ ਮੁਖ ਧੁਆਵਣਾ । ਜਨ ਭਗਤਾਂ ਰੱਖੇ ਜੁਗ ਜੁਗ ਲਾਜ, ਨਿਤ ਨਵਿਤ ਵੇਸ ਵਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਸਾਚਾ ਮੰਦਰ ਇਕ ਸੁਹਾਵਣਾ । ਸੋਹੇ ਮੰਦਰ ਬੰਕ ਦੁਵਾਰ, ਹਰਿ ਸਾਚਾ ਆਪ ਸੁਹਾਇੰਦਾ । ਨਿਰਗੁਣ ਦੀਪਕ ਕਰ ਉਜਿਆਰ, ਘਰ ਦੀਆ ਬਾਤੀ ਨਾ ਕੋਈ ਵਖਾਇੰਦਾ । ਜੋਤ ਨਿਰੰਜਣ ਸੇਵਾਦਾਰ, ਅਨਹਦ ਸਾਚਾ ਤਾਲ ਵਜਾਇੰਦਾ । ਪੰਚਮ ਸਖੀਆਂ ਮੰਗਲਾਚਾਰ, ਘਰ ਵਾਹ ਵਾਹ ਗੀਤ ਸੁਣਾਇੰਦਾ । ਨੇਤਰ ਲੋਚਣ ਨੈਣ ਉਘਾੜ, ਨਿਝ ਨੇਤਰ ਵੇਖ ਵਖਾਇੰਦਾ । ਸਰ ਸਰੋਵਰ ਦੇਵੇ ਵਾੜ, ਕਾਗੋਂ ਹੰਸ ਬਣਾਇੰਦਾ । ਮੇਟ ਮਿਟਾਏ ਪੰਚਮ ਧਾੜ, ਪੰਚਮ ਵਿਕਾਰਾ ਮੋਹ ਚੁਕਾਇੰਦਾ । ਪਾਰ ਕਰਾਏ ਸੁਖਮਨ ਨਾੜੀ ਡੂੰਘੀ ਗਾਰ, ਟੇਢੀ ਬੰਕ ਆਪ ਲਗਾਇੰਦਾ । ਸਤਿਗੁਰ ਰੂਪ ਸ਼ਬਦ ਕਰਤਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਬਜ਼ਰ ਕਪਾਟੀ ਦੇਵੇ ਪਾੜ, ਨਾਮ ਖੰਡਾ ਇਕ ਚਮਕਾਇੰਦਾ । ਸੁਰਤ ਸੁਵਾਣੀ ਕਰ ਕਰ ਖ਼ਬਰਦਾਰ, ਆਪਣੇ

ਮਾਰਗ ਆਪੇ ਲਾਇੰਦਾ । ਬੰਦ ਕਿਵਾੜੀ ਖੋਲ੍ਹ ਘਰ ਬਾਰ, ਆਪਣੀ ਦਇਆ ਕਮਾਇੰਦਾ । ਨਿਰਗੁਣ ਜੋਤ ਜਗੇ ਅਪਾਰ, ਗੁਰਮੁੱਖ ਆਤਮ ਸੇਜਾ ਸੋਭਾ ਪਾਇੰਦਾ । ਮੇਲ ਮਿਲਾਵਾ ਕੰਤ ਭਤਾਰ, ਰਸ ਭੋਗ ਬਲਾਸ ਇਕ ਵਖਾਇੰਦਾ । ਦਸਮ ਦੁਆਰੀ ਕਰ ਪਿਆਰ, ਘਰ ਸਾਚੇ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰ, ਭੇਵ ਕੋਈ ਨਾ ਪਾਇੰਦਾ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਿਰ, ਆਪ ਆਪਣੇ ਰੰਗ ਰੰਗਾਇੰਦਾ । ਆਪੇ ਵਸਿਆ ਧੁਆਂਧਾਰ, ਸੁਨ ਸਮਾਧ ਆਪ ਸਮਾਇੰਦਾ । ਆਪੇ ਸਚਖੰਡ ਖੋਲ੍ਹ ਦੁਵਾਰ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਘਰ ਵਿਚ ਘਰ ਕਰ ਤਿਆਰ, ਥਿਰ ਘਰ ਨਾਉਂ ਧਰਾਇੰਦਾ । ਦੀਵਾ ਬਾਤੀ ਇਕ ਉਜਿਆਰ, ਏਕਾ ਡਗਮਗਾਇੰਦਾ । ਏਕਾ ਸ਼ਬਦ ਇਕ ਜੈਕਾਰ, ਇਕ ਅਲੱਖ ਸੁਣਾਇੰਦਾ । ਨਾ ਕੋਈ ਦਿਸੇ ਚੋਬਦਾਰ, ਦਰ ਦਰਬਾਨ ਨਾ ਕੋਈ ਬਹਾਇੰਦਾ । ਸਾਚੇ ਤਖ਼ਤ ਸੋਹੇ ਹਰਿ ਨਿਰੰਕਾਰ, ਸ਼ਾਹ ਸੁਲਤਾਨ ਨਾਮ ਵਖਾਇੰਦਾ । ਜੁਗ ਜੁਗ ਲਏ ਮਾਤ ਅਵਤਾਰ, ਆਪਣੀ ਕਲ ਆਪ ਵਰਤਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਹੋ ਉਜਿਆਰ, ਰਾਮ ਰਾਮਾ ਡੰਕ ਵਜਾਇੰਦਾ । ਆਪੇ ਈਸਾ ਮੂਸਾ ਕਾਲਾ ਸੂਸਾ ਤਨ ਸ਼ਿੰਗਾਰ, ਅਲਫ਼ ਅਲਫ਼ੀ ਆਪਣੀ ਆਪ ਰੰਗਾਇੰਦਾ । ਆਪੇ ਸੰਗ ਮੁਹੰਮਦ ਵਸਿਆ ਚਾਰ ਯਾਰ, ਐਨਲਹੱਕ ਨਾਅਰਾ ਆਪੇ ਲਾਇੰਦਾ । ਆਪੇ ਮੁਕਾਮੇ ਹੱਕ ਹੋਏ ਖ਼ਬਰਦਾਰ, ਹੱਕ ਬਹੱਕ ਵੇਖ ਵਖਾਇੰਦਾ । ਆਪੇ ਨਾਨਕ ਨਿਰਗੁਣ ਕਰ ਪਿਆਰ, ਨਾਮ ਡੰਕਾ ਇਕ ਵਜਾਇੰਦਾ । ਆਪੇ ਅੰਗਦ ਕੀਆ ਅੰਗੀਕਾਰ, ਆਪਣੀ ਗੋਦ ਬਹਾਇੰਦਾ । ਆਪੇ ਅਮਰਦਾਸ ਬੰਨ੍ਹੇ ਧਾਰ, ਅੰਮ੍ਰਿਤ ਜਲ ਆਪ ਪਿਆਇੰਦਾ । ਆਪੇ ਰਾਮਦਾਸ ਦਏ ਸਹਾਰ, ਸਰ ਸਰੋਵਰ ਇਕ ਭਰਾਇੰਦਾ । ਆਪੇ ਅਰਜਨ ਗੁਰ ਬਣ ਲਿਖਾਰ, ਅਗਾਧ ਬੋਧ ਸ਼ਬਦ ਚਲਾਇੰਦਾ । ਆਪੇ ਹਰਿ ਗੋਬਿੰਦ ਕਰ ਸ਼ਿੰਗਾਰ, ਮੀਰੀ ਪੀਰੀ ਆਪ ਹੰਢਾਇੰਦਾ । ਆਪੇ ਹਰਿਰਾਏ ਵੇਖ ਵਿਚਾਰ, ਹਰੀ ਹਰਿ ਰੂਪ ਸਮਾਇੰਦਾ । ਆਪੇ ਬਾਲ ਅਵਸਥਾ ਲਾਏ ਪਾਰ, ਹਰਿ ਕ੍ਰਿਸ਼ਨ ਰੰਗ ਚੜ੍ਹਾਇੰਦਾ । ਆਪੇ ਤੇਗ਼ ਬਹਾਦਰ ਰੱਖੀ ਤਿਖੀ ਧਾਰ, ਸੀਸ ਜਗਦੀਸ਼ ਭੇਟ ਚੜ੍ਹਾਇੰਦਾ । ਆਪੇ ਗੋਬਿੰਦ ਬਣਿਆ ਸੁੱਤ ਦੁਲਾਰ, ਆਪੇ ਪੁਰਖ ਅਕਾਲ ਮਨਾਇੰਦਾ । ਆਪੇ ਆਪਾ ਉਤੋਂ ਦੇਵੇ ਵਾਰ, ਆਪੇ ਗੁਰਸਿਖਾਂ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਬਣੇ ਲੇਖ ਲਿਖਾਰ, ਆਪਣੀ ਮੰਗ ਆਪ ਮੰਗਾਇੰਦਾ । ਕਲਜੁਗ ਅੰਤਮ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੋਬਿੰਦ ਸਾਚਾ ਸੰਗ ਨਿਭਾਇੰਦਾ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਵੇਖ ਵਖਾਇੰਦਾ । ਖੜਗ ਖੰਡਾ ਤੇਜ਼ ਕਟਾਰ, ਨਾਮ ਗਾਤਰਾ ਤਨ ਪਹਿਨਾਇੰਦਾ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਸ਼ਬਦ ਮਿਲਾਇੰਦਾ । ਨੀਲਾ ਨੀਲੀ ਧਾਰੋਂ ਕਰੇ ਪਾਰ, ਸਾਚਾ ਅਸਵ ਆਪ ਦੌੜਾਇੰਦਾ । ਕਲਜੁਗ ਅੰਤਮ ਕਰੇ ਖ਼ਵਾਰ, ਵਰਨ ਵਰਨਾਂ ਮੇਟ ਮਿਟਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਇਕ ਪਿਆਰ, ਏਕਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟਨ ਕੋਟੀ ਕੋਟ ਵੇਖ ਘਰ, ਗੁਰਮੁਖ ਸਾਚੇ ਆਪ ਜਗਾਇੰਦਾ । ਗੁਰਸਿਖ ਉਠ ਉਠ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਕਲਜੁਗ ਅੰਤਮ ਲੱਗਾ ਭਾਗ, ਸਾਚਾ ਵੇਸ ਵਟਾਇੰਦਾ । ਤ੍ਰੈਗੁਣ ਲੱਗੀ ਬੁਝੇ ਆਗ, ਪੰਚਮ ਤੱਤ ਬੁਝਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਕਾਗੋਂ ਹੰਸ ਬਣਾਇੰਦਾ । ਸ਼ਬਦ ਚੜ੍ਹਾਏ ਸਾਚੇ ਰਾਕ, ਅਸਵ ਘੋੜਾ ਇਕ ਵਖਾਇੰਦਾ । ਨਕੇਲ ਪਾਏ ਨਾਮ ਨਾਕ, ਖ਼ਾਕੀ ਖ਼ਾਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜੋਤ ਡਗਮਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਆਦਿ ਜੁਗਾਦੀ ਖੇਲ ਮਹਾਨ, ਮੇਟ ਮਿਟਾਏ ਜੂਠ ਦੁਕਾਨ, ਸਚ ਸੁੱਚ ਮਾਰਗ ਏਕਾ ਲਾਇੰਦਾ ।

## ✪ ਪਹਿਲੀ ਅੱਸੂ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ਸ਼ਬਦ ✪

ਹਰਿ ਪ੍ਰਗਟਿਓ ਮਿਹਰਵਾਨ, ਪਾਰਬ੍ਰਹਮ ਬੇਅੰਤ ਬੇਅੰਤ ਬੇਅੰਤ ਵੱਡੀ ਵਡਿਆਈਆ । ਏਕੰਕਾਰਾ ਨਿਰੰਕਾਰਾ ਜੋਧਾ ਸੂਰ ਬਲੀ ਬਲਵਾਨ, ਆਦਿ ਅੰਤ ਜੁਗਾ ਜੁਗੰਤ ਆਪਣੀ ਖੇਲ ਖਲਾਈਆ । ਨਿਰਗੁਣ ਨੂਰ ਜੋਤ ਮਹਾਨ, ਸਤਿ ਸਰੂਪ ਅਨੂਪ ਕਰੇ ਰੁਸ਼ਨਾਈਆ । ਆਦਿ ਨਿਰੰਜਣ ਹੋ ਮਿਹਰਵਾਨ, ਗੁਣ ਨਿਧਾਨ ਦਇਆ ਕਮਾਈਆ । ਥਿਰ ਘਰ ਸਾਚੇ ਮੰਦਰ ਬੈਠ ਮਕਾਨ, ਸਚਖੰਡ ਦੁਵਾਰਾ ਸੋਭਾ ਪਾਈਆ । ਆਪਣਾ ਘਰ ਕਰ ਪਰਵਾਨ, ਆਪੇ ਦੇਵੇ ਸਾਚਾ ਦਾਨ, ਦਾਤਾ ਦਾਨੀ ਆਪ ਅਖਵਾਈਆ । ਆਪੇ ਪੁਰਖ ਆਪ ਸੁਲਤਾਨ, ਆਪੇ ਰਾਜ ਆਪ ਰਾਜਾਨ, ਸ਼ਾਹੋ ਭੂਪ ਨਾਮ ਧਰਾਈਆ । ਆਪੇ ਪੁਰਖ ਅਕਾਲ ਆਪ ਸੁਲਤਾਨ ਵਾਲੀ ਦੋ ਜਹਾਨ, ਅਜੂਨੀ ਰਹਿਤ ਆਪ ਹੋ ਜਾਈਆ । ਆਪੇ ਕਾਲ ਮਹਾਂਕਾਲ ਨਾ ਕੋਈ ਦਿਸੇ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਈਆ । ਆਪੇ ਨੂਰ ਆਪੇ ਭਾਨ, ਪ੍ਰਕਾਸ਼ ਪ੍ਰਕਾਸ਼ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੂਰ ਕਰੇ ਰੁਸ਼ਨਾਈਆ । ਹਰਿ ਪ੍ਰਗਟਿਓ ਗੋਬਿੰਦ, ਨਿਰਗੁਣ ਰੂਪ ਅਪਾਰਿਆ । ਹਰਿ ਪਾਰਬ੍ਰਹਮ ਬਖ਼ਸ਼ਿੰਦ, ਜੋਤੀ ਜੋਤ ਉਜਿਆਰਿਆ । ਹਰਿ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਆਪ ਸਮਾ ਰਿਹਾ । ਹਰਿ ਸਾਗਰ ਹਰਿ ਸਿੰਧ, ਹਰਿ ਡੂੰਘੀ ਧਾਰ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾ ਰਿਹਾ । ਪ੍ਰਗਟਿਆ ਹਰਿ ਸੁਲਤਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਧਾ ਸੂਰ ਬਲੀ ਬਲਵਾਨ, ਦੋ ਜਹਾਨਾਂ ਵੇਖ ਵਖਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਆਪ ਆਪਣਾ ਬਲ ਧਰਾਈਆ । ਆਪੇ ਆਪਣੇ ਘਰ ਹੋ ਪ੍ਰਧਾਨ, ਆਪਣੀ ਅਲੱਖ ਆਪ ਜਗਾਈਆ । ਅਲੱਖ ਨਿਰੰਜਣ ਖੇਲ ਮਹਾਨ, ਅਗੰਮ ਅਗੰਮੜੀ ਕਾਰ ਕਮਾਈਆ । ਆਪੇ ਨਾਰੀ ਕੰਤ ਭਤਾਰ, ਸਾਚੀ ਸੇਜ ਆਪ ਹੰਢਾਈਆ । ਆਪੇ ਆਪਣਾ ਕਰ ਸ਼ਿੰਗਾਰ, ਸ਼ਬਦ ਭੂਸ਼ਨ ਆਪੇ ਪਾਈਆ । ਆਪੇ ਕੰਗਨ ਕਰ ਤਿਆਰ, ਆਪੇ ਵੇਖ ਵਖਾਈਆ । ਆਪੇ ਜੋਰੂ ਜੋਬਨ ਨਾਰ ਮੁਟਿਆਰ, ਆਪੇ ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਪੇ ਨਿਰਗੁਣ ਕੰਤ ਭਤਾਰ, ਕੰਤ ਕੰਤੂਹਲਾ ਨਾਉਂ ਧਰਾਈਆ । ਆਪੇ ਆਪਣਾ ਕਰ ਵਿਹਾਰ, ਆਪ ਆਪਣਾ ਸਗਨ ਮਨਾਈਆ । ਆਪੇ ਵਿਚੋਲਾ ਫੇਰੇ ਮਾਰੇ ਵਾਰੋ ਵਾਰ, ਆਵੇ ਜਾਵੇ ਬੇਪਰਵਾਹੀਆ । ਆਪੇ ਗੋਲਾ ਬਣੇ ਦਰ ਦਰਬਾਰ, ਦਰ ਦਰਵੇਸ਼ ਅਲੱਖ ਜਗਾਈਆ । ਆਪੇ ਆਦਿ ਨਿਰੰਜਣ ਬਣ ਭਿਖਾਰ, ਦਰ ਆਪਣਾ ਰੰਗ ਰੰਗਾਈਆ । ਆਪੇ ਦੇਵਣਹਾਰ ਭੰਡਾਰ, ਦਾਤਾ ਦਾਨੀ ਆਪ ਹੋ ਜਾਈਆ । ਆਪੇ ਸੋਭਾਵੰਤੀ ਹੋਈ ਨਾਰ, ਰੂਪ ਅਨੂਪਾ ਆਪ ਦਰਸਾਈਆ । ਆਪੇ ਸਾਜਣ ਮੀਤਾ ਖ਼ਬਰਦਾਰ, ਆਪਣੀ ਆਪ ਲਏ ਅੰਗੜਾਈਆ । ਆਪੇ ਕੰਠ ਪਾਏ ਆਪਣਾ ਹਾਰ, ਆਪਣੀ ਜੜਤ ਆਪ ਜੜਾਈਆ । ਆਪੇ ਦੂਲ੍ਹਾ ਹੋ ਤਿਆਰ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਆਪੇ ਨਾਰੀ ਨਰ ਵਿਚਾਰ, ਆਪੇ ਜੋੜੀ ਜੋੜ ਜੁੜਾਈਆ । ਆਪੇ ਘਾੜਣ ਘੜੇ ਅਪਰ ਅਪਾਰ, ਸਚ ਸੁਨਿਆਰ ਭੇਵ ਨਾ ਰਾਈਆ । ਆਪੇ ਪਰਖ ਪਰਖੇ ਪਰਖਣਹਾਰ, ਵਡ ਸ਼ਰਾਫ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਆਪਣੇ ਘਰ ਕਰੇ ਰੁਸ਼ਨਾਈਆ । ਪ੍ਰਗਟਿਆ ਹਰਿ ਨਿਰੰਕਾਰ, ਭੇਵ ਅਭੇਦ ਖੁਲ੍ਹਾਇੰਦਾ । ਰੂਪ ਰੰਗ ਰੰਗ ਕਰਤਾਰ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਨਿਰਗੁਣ ਭਰ ਭੰਡਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਰਈਅਤ ਨਿਰਗੁਣ ਸਿਕਦਾਰ, ਨਿਰਗੁਣ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਪ੍ਰਗਟਿਆ ਹਰਿ ਹਰਿ ਦਾਤਾ, ਆਪਣੀ ਦਇਆ ਕਮਾਈਆ । ਆਪੇ ਮਾਤ ਪਿਤ ਧਰ ਨਿਸ਼ਾਨ, ਸੁੱਤ ਦੁਲਾਰਾ ਆਪ ਹੋ ਜਾਈਆ । ਆਪੇ ਦਾਈ ਦਾਇਆ ਬਣ ਨਿਧਾਨ, ਆਪ ਆਪਣੀ ਰੁੱਤ ਸੁਹਾਈਆ । ਆਪੇ ਖਾਟ ਸਚ ਪਲੰਘ ਵਛਾਏ ਦੋ ਜਹਾਨ, ਪਾਵਾ ਚੂਲ ਨਾ ਕੋਈ ਰਖਾਈਆ । ਆਪੇ ਬਸਤਰ ਭੂਸ਼ਨ ਵੇਖੇ ਨਾ ਕੋਈ ਜ਼ਿਮੀ ਨਾ ਅਸਮਾਨ, ਧਰਤ ਧਵਲ ਨਾ ਕੋਈ ਵਖਾਈਆ । ਆਪੇ ਕਰਿਆ ਆਪਣਾ ਪੀਣ ਖਾਣ, ਆਪ ਆਪਣੀ ਤ੍ਰਿਪਤ ਕਰਾਈਆ । ਆਪੇ ਹੋਇਆ ਗੁਣ ਨਿਧਾਨ, ਗੁਣਵੰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਈਆ । ਪ੍ਰਗਟਿਆ ਹਰਿ ਹਰਿ ਅਭੁੱਲ, ਭੇਵ ਕੋਈ ਨਾ ਪਾਇੰਦਾ । ਆਪ ਆਪਣੀ ਉਪਾਏ ਕੁਲ, ਆਪ ਆਪਣਾ ਵੇਸ ਰਖਾਇੰਦਾ । ਸਾਚੇ ਮੰਦਰ ਆਪੇ ਪਾਇਆ ਆਪਣਾ ਮੁਲ, ਆਪ ਆਪਣਾ ਹੱਟ ਖੁਲ੍ਹਾਇੰਦਾ । ਆਪਣੇ ਕੰਡੇ ਆਪੇ ਤੋਲ, ਤੋਲਣਹਾਰਾ ਆਪ ਹੋ ਜਾਇੰਦਾ । ਆਪਣਾ ਮੰਦਰ ਆਪੇ ਖੋਲ੍ਹ, ਆਪੇ ਆਸਣ ਲਾਇੰਦਾ । ਨਾ ਕੋਈ ਦੂਸਰ ਦਿਸੇ ਕੋਲ, ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਨਾਰ ਭਤਾਰ ਕਰੇ ਚੋਲ੍ਹ, ਸੇਜਾ ਸੇਜ ਨਾ ਕੋਈ ਹੰਢਾਇੰਦਾ । ਨਾ ਕੋਈ ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਮੇਘ ਨਾ ਕੋਈ ਝਿਰਾਇੰਦਾ । ਏਕਾ ਨੂਰ ਇਲਾਹੀ ਅਵਲ, ਨੂਰ ਇਲਾਹੀ ਆਪ ਅਖਵਾਇੰਦਾ । ਆਪਣੇ ਅੰਦਰ ਆਪੇ ਮਵਲ, ਆਪਣੀ ਬਹਾਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਰਖਾਇੰਦਾ । ਪ੍ਰਗਟਿਆ ਹਰਿ ਨਰਾਇਣ, ਨਿਰਗੁਣ ਨੂਰ ਨੂਰ ਉਪਾਇਆ । ਕੋਟਨ ਕੋਟ ਤ੍ਰਲੋਕੀ ਵਖਾਏ ਏਕਾ ਨੈਣਾ, ਹਰਿ ਕਾ ਨੇਤਰ ਭੇਵ ਨਾ ਰਾਇਆ । ਕੋਟਨ ਕੋਟ ਬ੍ਰਹਿਮੰਡ ਖੰਡ ਪ੍ਰਭ ਅਬਿਨਾਸ਼ੀ ਚਰਨਾਂ ਹੇਠ ਦਬੌਣਾ, ਆਪ ਆਪਣੀ ਕਲ ਵਰਤਾਈਆ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਰਸਨਾ ਜਿਹਵਾ ਗੌਣਾ, ਹਰਿ ਕਾ ਰੂਪ ਨਾ ਕੋਈ ਵਖਾਈਆ । ਕੋਟਨ ਕੋਟ ਰਵ ਸਸ ਦਿਵਸ ਰੈਣ ਰੈਣ ਦਿਵਸ ਆਦਿ ਜੁਗਾਦਿ ਚੱਕਰ ਵਰਤੀ ਭਵਣ, ਭੌਂਦਿਆਂ ਭੌਂਦਿਆਂ ਗਣਤ ਨਾ ਆਈਆ । ਗਗਨ ਮੰਡਲ ਸੰਖ ਅਸੰਖਾ ਰਾਹ ਤਕਾਇਣ, ਹਰਿ ਕਾ ਨੇਤਰ ਕਿਸੇ ਨਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਦਏ ਦਰਸਾਇਆ, ਹਰਿ ਕਾ ਰੂਪ ਅਗੰਮ ਅਪਾਰ, ਹਰਿ ਆਪਣੇ ਵਿਚ ਸਮਾਈਆ । ਸੁੱਤੇ ਪ੍ਰਕਾਸ਼ ਹੋ ਉਜਿਆਰ, ਏਕਾ ਧਾਰਾ ਧਾਰ ਬੰਧਾਇੰਦਾ । ਆਪਣੇ ਰੰਗ ਰਵੇ ਕਰਤਾਰ, ਆਪਣੀ ਕਰਨੀ ਕਰਤਾ ਆਪ ਕਮਾਇੰਦਾ । ਭੇਵ ਅਭੇਦਾ ਭੇਵ ਨਿਆਰ, ਅਛਲ ਅਛੇਦਾ ਦਿਸ ਨਾ ਆਇੰਦਾ । ਵੇਦ ਕਤੇਬਾ ਵਸਿਆ ਬਾਹਰ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇੰਦਾ । ਪ੍ਰਗਟਿਆ ਹਰਿ ਪੁਰਖ ਅਗੰਮ, ਅਗੰਮੜੀ ਕਾਰ ਕਰਾਈਆ । ਨਾ ਕੋਈ ਦਿਸੇ ਹੱਡ ਮਾਸ ਨਾੜੀ ਚੰਮ, ਰੱਤੀ ਰੱਤ ਨਾ ਕੋਈ ਜਣਾਈਆ । ਆਪਣਾ ਬੇੜਾ ਆਪੇ ਬੰਨ੍ਹ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਉਂ ਨਿਉਂ ਸੀਸ ਝੁਕਾਇਣ ਰਵ ਸਸ ਸੂਰਜ ਚੰਨ, ਨਿਤ ਨਵਿਤ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ

ਮਾਰ ਝਾਤ ਆਪਣਾ ਰੰਗ ਦਏ ਦਰਸਾਈਆ । ਹਰਿ ਕਾ ਮੰਦਰ ਪੰਜ ਤੱਤ ਮਕਾਨ, ਸਤਿਗੁਰ ਨਾਉਂ ਧਰਾਈਆ । ਪ੍ਰਗਟ ਹੋ ਵਿਚ ਜਹਾਨ, ਲੋਕਮਾਤ ਫੇਰਾ ਪਾਈਆ । ਲੱਖ ਚੁਰਾਸੀ ਦੇਵੇ ਇਕ ਗਿਆਨ, ਏਕਾ ਬ੍ਰਹਮ ਸਮਝਾਈਆ । ਮਨ ਮਤ ਬੁੱਧ ਨਾ ਕੋਈ ਪਰਧਾਨ, ਤ੍ਰੈਗੁਣ ਮਾਇਆ ਵੇਖ ਵਖਾਈਆ । ਪੰਚਮ ਵੇਖ ਜਗਤ ਸ਼ੈਤਾਨ, ਪੰਚਮ ਦਰ ਦੁਰਕਾਈਆ । ਪੰਚਮ ਦੇਵੇ ਸ਼ਬਦ ਨਿਧਾਨ, ਪੰਚਮ ਤੀਰ ਚਲਾਇੰਦਾ । ਪੰਚਮ ਬਹਿ ਬਹਿ ਸਾਰੇ ਗਾਣ, ਪੰਚਮ ਰਾਗ ਅਲਾਇੰਦਾ । ਪੰਚਮ ਖੇਲ ਸ੍ਰੀ ਭਗਵਾਨ, ਘਰ ਸਾਚਾ ਆਪ ਖੁਲ੍ਹਾਇੰਦਾ । ਪੰਚਮ ਤਖ਼ਤ ਪੰਚਮ ਸੁਲਤਾਨ, ਸ਼ਾਹੋ ਭੂਪ ਆਸਣ ਲਾਇੰਦਾ । ਪੰਚਮ ਚਿੱਲਾ ਤੀਰ ਕਮਾਨ, ਸ਼ਸਤਰ ਬਸਤਰ ਆਪ ਸੁਹਾਇੰਦਾ । ਪੰਚਮ ਖੰਡਾ ਤੇਜ਼ ਕਿਰਪਾਨ, ਗੁਣ ਨਿਧਾਨ ਨਾਮ ਰਖਾਇੰਦਾ । ਪੰਚਮ ਦੀਸੇ ਪੀਣ ਖਾਣ, ਪ੍ਰੇਮ ਪਿਆਲਾ ਮੁਖ ਲਗਾਇੰਦਾ । ਪੰਚਮ ਹੋਏ ਨਿਗਹਬਾਨ, ਨਿਰਧਨ ਸਰਧਨ ਸੇਵ ਕਮਾਇੰਦਾ । ਪੰਚਮ ਰਾਜ ਜੋਗ ਪ੍ਰਧਾਨ, ਜੋਗ ਜੁਗੀਸ਼ਰ ਹੋ ਹੋ ਆਇੰਦਾ । ਪੰਚਮ ਸੁਰਤ ਸ਼ਬਦ ਗਿਆਨ, ਪੰਚਮ ਏਕਾ ਬ੍ਰਹਮ ਜਣਾਇੰਦਾ । ਪੰਚਮ ਮੇਲਾ ਗੋਪੀ ਕਾਹਨ, ਕਾਹਨਾ ਕ੍ਰਿਸ਼ਨਾ ਵੇਖ ਵਖਾਇੰਦਾ । ਪੰਚਮ ਮੇਲਾ ਸੀਤਾ ਰਾਮ, ਸੀਤਾ ਰਾਮ ਸਮਾਇੰਦਾ । ਪੰਚਮ ਮੀਤਾ ਦੋ ਜਹਾਨ, ਆਦਿ ਜੁਗਾਦਿ ਆਪ ਅਖਵਾਇੰਦਾ । ਪੰਚਮ ਸਤਿਗੁਰ ਹੋ ਪਰਧਾਨ, ਲੋਕਮਾਤ ਨਾਉਂ ਧਰਾਇੰਦਾ । ਨਾਨਕ ਮੇਲਾ ਹਰਿ ਭਗਵਾਨ, ਦਰ ਮੰਦਰ ਇਕ ਸੁਹਾਇੰਦਾ । ਸ਼ਬਦ ਭੂਸ਼ਨ ਸਚ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜ ਤੱਤ ਹੰਢਾਇੰਦਾ । ਕਰੇ ਸ਼ਿੰਗਾਰ ਸ੍ਰੀ ਭਗਵਾਨ, ਗੁਰਮੁਖ ਆਸਾ ਤ੍ਰਿਸ਼ਨਾ ਨਾਲ ਰਲਾਇੰਦਾ । ਸਖੀਆਂ ਮੰਗਲ ਏਕਾ ਗਾਣ, ਭਗਤ ਭਗਤੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਇਕ ਵਖਾਇੰਦਾ । ਲੋਕਮਾਤ ਭੂਮਕਾ ਅਸਥਾਨ, ਸਾਚਾ ਮੰਦਰ ਆਪ ਜਣਾਈਆ । ਕਾਇਆ ਗੜ੍ਹ ਅੰਦਰ ਵੜ ਉਪਰ ਚੜ੍ਹ ਵੇਖੇ ਮਾਰ ਧਿਆਨ, ਉਚ ਮਹੱਲ ਅਟੱਲ ਆਪ ਸੁਹਾਈਆ । ਪਾਏ ਪਦ ਪਦ ਨਿਰਬਾਨ, ਗੀਤ ਗਾਏ ਗੁਣ ਨਿਧਾਨ, ਆਪ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਨਿਰਗੁਣ ਲੇਖਾ ਲਿਖਿਆ ਨਾ ਕੋਈ ਮੇਟੇ ਰੇਖ, ਆਪਣੀ ਰੇਖ ਆਪ ਉਪਾਇੰਦਾ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਵੰਡ ਵੰਡਾਇੰਦਾ । ਆਦਿ ਜੁਗਾਦੀ ਅਵੱਲੜਾ ਵੇਸ, ਆਦਿ ਸ਼ਕਤ ਰੂਪ ਧਰਾਇੰਦਾ । ਅਸ਼ਟਭੁਜ ਨਰ ਨਰੇਸ਼, ਸੁੰਭ ਨਿਸੁੰਭ ਖਪਾਇੰਦਾ । ਧਰੂ ਪ੍ਰਹਿਲਾਦ ਲਏ ਵੇਖ, ਦੁਸ਼ਟ ਹੰਕਾਰੀ ਮੇਟ ਮਿਟਾਇੰਦਾ । ਨਿਰਗੁਣ ਸਰਗੁਣ ਧਰ ਧਰ ਭੇਖ, ਧਰਨੀ ਧਰਤ ਧਵਲ ਸੁਹਾਇੰਦਾ । ਪੰਜ ਤੱਤ ਕਰੇ ਆਦੇਸ, ਜਿਸ ਘਰ ਆਪਣਾ ਆਸਣ ਲਾਇੰਦਾ । ਸੁੱਤ ਦੁਲਾਰਾ ਬਣਾਇਆ ਦਸ ਦਸਮੇਸ਼, ਦਰ ਆਪਣੀ ਅਲੱਖ ਜਗਾਇਆ । ਆਪੇ ਰੂਪ ਰਿਖੀ ਕੇਸ, ਗਵਰਧਨ ਧਾਰੀ ਆਪ ਹੋ ਜਾਇੰਦਾ । ਆਪੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇੰਦਾ । ਆਪੇ ਨੇਤਰ ਰਿਹਾ ਵੇਖ, ਨਿਉਂ ਨਿਉਂ ਆਪੇ ਸੀਸ ਝੁਕਾਇੰਦਾ । ਆਪੇ ਬਾਸ਼ਕ ਤਸ਼ਕਾ ਗਲ ਰੱਖੇ ਸ਼ੇਸ, ਆਪੇ ਸ਼ੰਕਰ ਜਟਾ ਜੂਟ ਗੰਗਾ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਆਪਣਾ ਭੇਵ ਆਪ ਖੁਲ੍ਹਾਇੰਦਾ । ਕਲਜੁਗ ਅੰਤਮ ਭੇਵ ਖੁਲ੍ਹਾਇਆ, ਭੂਲ ਰਹੇ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਸ ਵਟਾਇਆ, ਵੇਸ ਅਨੇਕਾ ਰੂਪ ਕਰਾਈਆ । ਨਿਤ ਨਵਿਤ ਫੇਰਾ ਪਾਇਆ, ਸਾਚਾ ਹਿੱਤ ਭਗਤ ਵਡਿਆਈਆ । ਅਬਿਨਾਸ਼ੀ ਅਚੁਤ ਦਿਸ ਨਾ ਆਇਆ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਲਜੁਗ ਵੇਸ ਹਰਿ ਅਵੱਲਾ, ਏਕਾ ਏਕ ਏਕੰਕਾਰਿਆ । ਰਾਹ ਤੱਕੇ ਰਾਣੀ ਅੱਲਾ, ਸੰਗ ਮੁਹੰਮਦ ਚਾਰ ਯਾਰਿਆ । ਈਸਾ ਮੂਸਾ ਫੜਿਆ ਪੱਲਾ, ਇਕ ਦੂਜੇ ਦੇਣ ਹੁਲਾਰਿਆ । ਰਾਮ ਰਾਮਾ ਰਾਹ ਮੱਲਾ, ਏਕਾ ਏਕੰਕਾਰਿਆ । ਕਾਹਨਾ ਕ੍ਰਿਸ਼ਨਾ ਅੱਗੇ ਖੱਲ੍ਹਾ, ਮੋਰ ਮੁਕਟ ਸੀਸ ਟਿਕਾ ਰਿਹਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਭੇਵ ਅਵੱਲਾ, ਅਕਲ ਕਲਾ ਵਰਤਾ ਰਿਹਾ । ਨਾਨਕ ਨਿਰਗੁਣ ਜੋਤੀ ਰੱਲਾ, ਨੂਰੋ ਨੂਰ ਸਮਾ ਰਿਹਾ । ਗੋਬਿੰਦ ਫੜਾਇਆ ਆਪਣਾ ਪੱਲਾ, ਆਪਣੇ ਪੌੜੇ ਆਪ ਚੜ੍ਹਾ ਰਿਹਾ । ਸਚ ਸਿੰਘਾਸਣ ਹਰਿ ਜੀ ਮੱਲਾ, ਘਰ ਸਾਚੇ ਡੇਰਾ ਲਾ ਰਿਹਾ । ਆਪਣੇ ਦੀਪਕ ਆਪਣੀ ਜੋਤੀ ਆਪੇ ਬਲਾ, ਦੀਵਾ ਬਾਤੀ ਨਾ ਕੋਈ ਰਖਾ ਰਿਹਾ । ਬੈਠਾ ਰਹੇ ਇਕ ਇਕੱਲਾ, ਏਕਾ ਏਕੰਕਾਰ ਨਾਮ ਧਰਾ ਲਿਆ । ਲੱਖ ਚੁਰਾਸੀ ਜੋ ਜਨ ਧਾਮ ਸਚਖੰਡ ਦੁਆਰਿਉਂ ਆਪੇ ਘੱਲਾ, ਦੂਸਰ ਕੋਈ ਨਾ ਪੰਧ ਮੁਕਾ ਰਿਹਾ । ਸਤਿ ਪੁਰਖ ਨਿਰੰਜਣ ਅਬਿਨਾਸ਼ੀ ਕਰਤਾ ਆਪੇ ਹੋਏ ਅਛਲ ਅਛੱਲਾ, ਵਲ ਛਲ ਧਾਰੀ ਰੂਪ ਵਟਾ ਲਿਆ । ਕਲਜੁਗ ਅੰਤਮ ਲੋਕਮਾਤ ਸੁੱਤ ਦੁਲਾਰੇ ਨਾਲ ਰਲਾ, ਪੂਤ ਸਪੂਤਾ ਮੇਲ ਮਿਲਾ ਲਿਆ । ਸੰਬਲ ਨਗਰੀ ਧਾਮ ਅਵੱਲਾ, ਸਚ ਸਿੰਘਾਸਣ ਇਕ ਵਿਛਾ ਲਿਆ । ਭਾਗ ਲਗਾਏ ਪੰਜ ਤੱਤ ਮਾਟੀ ਕਾਇਆ ਖਲਾ, ਖ਼ਲਕ ਖ਼ੁਦਾਈ ਆਪ ਅਖਵਾ ਰਿਹਾ । ਆਪੇ ਬਿਸਮਲ ਨਰ ਨਰਾਇਣ ਆਪੇ ਨੂਰ ਇਲਾਹੀ ਅੱਲਾ, ਆਪੇ ਰਾਮ ਕ੍ਰਿਸ਼ਨ ਨਾਉਂ ਧਰਾ ਲਿਆ । ਆਪੇ ਸੰਗ ਮੁਹੰਮਦ ਚਾਰ ਯਾਰ ਈਸਾ ਮੂਸਾ ਆਪੇ ਗੋਬਿੰਦ ਫੜਾਏ ਆਪਣਾ ਪੱਲਾ, ਆਪਣਾ ਮਾਰਗ ਆਪੇ ਲਾ ਲਿਆ । ਆਪੇ ਕਰੇ ਆਪਣਾ ਹੱਲਾ, ਆਪ ਆਪਣੀ ਖੇਲ ਖਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪਣੀ ਸੂਝ, ਗੁਰਮੁਖਾਂ ਆਪ ਬੁਝਾ ਰਿਹਾ । ਗੁਰਮੁਖਾਂ ਹਰਿ ਹਰਿ ਭੇਵ ਖੁਲੌਣਾ, ਭੁੱਲ ਰਹੇ ਨਾ ਰਾਈਆ । ਕਲਜੁਗ ਅੰਤਮ ਜੋਤ ਜਗੌਣਾ, ਦੀਪਕ ਜੋਤ ਕਰੇ ਰੁਸ਼ਨਾਈਆ । ਸਾਚਾ ਮੰਦਰ ਇਕ ਵਖੌਣਾ, ਜਿਸ ਘਰ ਬੈਠਾ ਬੇਪਰਵਾਹੀਆ । ਸ਼ਿਵਦੁਵਾਲਾ ਮੱਠ ਗੁਰ ਮੰਦਰ ਮਸਜਿਦ ਕਿਸੇ ਦਿਸ ਨਾ ਆਵਣਾ, ਪੰਡਤ ਪਾਂਧੇ ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਗ੍ਰੰਥੀ ਪੰਥੀ ਰਹੇ ਰਾਹ ਤਕਾਈਆ । ਨਾਨਕ ਲੇਖਾ ਪੂਰ ਕਰਾਵਣਾ, ਜੋ ਲੇਖਾ ਲਿਖਿਆ ਬੇਪਰਵਾਹੀਆ । ਵੇਦ ਵਿਆਸਾ ਸੰਗ ਰਲਾਵਣਾ, ਹਰਿ ਸਾਚਾ ਕਰੇ ਕੁੜਮਾਈਆ । ਗੋਬਿੰਦ ਤ੍ਰਿਸ਼ਨਾ ਪੂਰ ਕਰਾਵਣਾ, ਆਸਾ ਆਸਾ ਵਿਚ ਸਮਾਈਆ । ਆਪ ਆਪਣੀ ਕਲ ਵਰਤਾਵਣਾ, ਅਕਲ ਕਲਾ ਵਡ ਵਡਿਆਈਆ । ਛੱਤੀ ਰਾਗ ਭੇਵ ਨਾ ਪਾਵਣਾ, ਨਾਰਦ ਮੁਨ ਸੁਰਸਤੀ ਦਏ ਸਲਾਹੀਆ । ਚਾਰ ਵੇਦ ਨਾ ਸੰਗ ਨਿਭਾਵਣਾ, ਬ੍ਰਹਮਾ ਵੇਤਾ ਦਏ ਗਵਾਹੀਆ । ਪੁਰਾਨ ਅਠਾਰਾਂ ਵੇਖ ਵਖਾਵਣਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਵਡ ਵਡਿਆਈਆ । ਗੀਤਾ ਗਿਆਨ ਗਿਆਨ ਦ੍ਰਿੜਾਵਣਾ, ਬਿਨ ਅਰਜਨ ਭੇਵ ਨਾ ਰਾਈਆ । ਨਾਨਕ ਦਰਸ ਦਰਸ ਗੁਰਮੁਖ ਵਿਰਲੇ ਪਾਵਣਾ, ਅੰਗਦ ਅੰਗੀਕਾਰ ਕਰਾਈਆ । ਗੁਰ ਗੋਬਿੰਦ ਸਾਚਾ ਸੰਗ ਨਿਭਾਵਣਾ, ਜਿਸ ਜਨ ਆਪਣੀ ਦਇਆ ਕਮਾਈਆ । ਪੰਚਮ ਪਿਆਰਾ ਸੁੱਤ ਦੁਲਾਰਾ ਸੱਚਖੰਡ ਦੁਵਾਰਾ ਏਕਾ ਘਰ ਏਕਾ ਵੇਸ ਵਟਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਮੰਦਰ ਆਪੇ ਦਏ ਵਖਾਈਆ । ਹਰਿ ਕਾ ਮੰਦਰ ਸਾਢੇ ਤਿੰਨ ਹੱਥ, ਕਲਜੁਗ ਅੰਤ ਸੁਹਾਇਆ । ਏਕਾ ਬੈਠਾ ਪੁਰਖ ਸਮਰਥ, ਸਮਰਥ ਪੁਰਖ ਵੱਡੀ ਵਡਿਆਇਆ । ਬ੍ਰਹਮਾ ਵਿਸ਼ਨ ਸ਼ਿਵ ਖੰਡ ਬ੍ਰਹਿਮੰਡ ਪ੍ਰਿਥਮੀ ਅਕਾਸ਼ ਲੋਕ ਪਤਾਲ ਉਤਭੁਜ ਸੇਹਤਜ ਜੇਰਜ ਅੰਡ ਪਾਏ ਨੱਥ, ਵਾਗ ਆਪਣੇ ਹੱਥ ਰਖਾਇਆ । ਰਵ ਸਸ ਰਾਹ ਤੱਕਣ

ਨੱਸ ਨੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਦਏ ਵਖਾਇਆ । ਸਾਚਾ ਘਰ ਸਚ ਬਿਬਾਨਾ, ਹਰਿ ਸਾਚਾ ਆਪ ਸਮਝਾਈਆ । ਨਾ ਕੋਈ ਚਤੁਰ ਸੁਘੜ ਸਿਆਣਾ, ਚੌਦਾਂ ਵਿਦਿਆ ਦਿਸ ਨਾ ਆਈਆ । ਭੇਵ ਨਾ ਪਾਏ ਰਾਜਾ ਰਾਣਾ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਜਿਸ ਜਨ ਕਿਰਪਾ ਕਰੇ ਸ੍ਰੀ ਭਗਵਾਨਾ, ਸੋ ਜਨ ਬੂਝ ਬੁਝਾਈਆ । ਸਾਧਾਂ ਸੰਤਾਂ ਦੇਵੇ ਏਕਾ ਦਾਨਾ, ਏਕਾ ਨਾਮ ਝੋਲੀ ਪਾਈਆ । ਆਤਮ ਅੰਤਰ ਬ੍ਰਹਮ ਗਿਆਨਾ, ਏਕਾ ਬ੍ਰਹਮ ਵਖਾਈਆ । ਅਨਹਦ ਰਾਗ ਸੁਣਾਏ ਸਚ ਤਰਾਨਾ, ਧੁਨੀ ਨਾਦ ਵਜਾਈਆ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਗਵਾਈਆ । ਨੇਤਰ ਤੀਜਾ ਇਕ ਖੁਲ੍ਹਾਣਾ, ਦੋਏ ਲੋਚਣ ਬੰਦ ਕਰਾਈਆ । ਸੁਖਮਨ ਤੇਰਾ ਟੇਡਾ ਰਾਹ ਪਾਰ ਕਰਾਣਾ, ਤ੍ਰਬੈਣੀ ਨੈਣੀ ਆਪਣੇ ਚਰਨਾਂ ਹੇਠ ਦਬਾਈਆ । ਸਤਿਗੁਰ ਪੂਰੇ ਦਰਸ ਦਖਾਣਾ, ਸਵਛ ਸਰੂਪੀ ਨਜ਼ਰੀ ਆਈਆ । ਬਜ਼ਰ ਕਪਾਟੀ ਕੁੰਡਾ ਲਾਹਣਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਦਸਮ ਦੁਆਰੀ ਦਰ ਖੁਲ੍ਹਾਣਾ, ਆਤਮ ਸੇਜਾ ਇਕ ਹੰਢਾਈਆ । ਰੁੱਤ ਬਸੰਤੀ ਆਪ ਸੁਹਾਣਾ, ਫਲ ਫੁਲਵਾੜੀ ਆਪ ਮਹਿਕਾਈਆ । ਸਾਚੀ ਨਾਰੀ ਵੇਸ ਕਰਾਣਾ, ਸੁਰਤ ਸੁਵਾਣੀ ਸੋਲਾਂ ਸ਼ਿੰਗਾਰ ਕਰਾਈਆ । ਸ਼ਬਦ ਹਾਣੀ ਇਕ ਉਠਾਣਾ, ਗੁਰ ਗੁਰ ਨਾਮ ਵਡਿਆਈਆ । ਰਾਧਾ ਕ੍ਰਿਸ਼ਨ ਮੇਲ ਮਿਲਾਣਾ, ਸੀਤਾ ਰਾਮ ਜੋੜ ਜੁੜਾਈਆ । ਨਾਨਕ ਸ਼ਬਦ ਕਰ ਪਰਧਾਨਾ, ਨਾਮ ਸਤਿ ਵੱਜੇ ਵਧਾਈਆ । ਗੋਬਿੰਦ ਹੱਥੀਂ ਬੱਧਾ ਗਾਨਾ, ਸਾਚਾ ਸਗਨ ਮਨਾਈਆ । ਐਨਲਹੱਕ ਖੇਲ ਮਹਾਨਾ, ਅੱਲਾ ਹੂ ਹੂ ਵੇਖ ਵਖਾਈਆ । ਹੱਕ ਹਕੀਕਤ ਵੇਖੇ ਮਾਰ ਧਿਆਨਾ, ਲਾਸ਼ਰੀਕ ਇਕ ਖ਼ੁਦਾਈਆ । ਮਹਿਬਾਨ ਬੀਦੋ ਭੇਵ ਚੁਕਾਣਾ, ਬੀ ਖੈਰ ਯਾ ਅੱਲ੍ਹਾ ਬੇਪਰਵਾਹੀਆ । ਬਿਸਮਲ ਰੂਪ ਆਪ ਵਟਾਨਾ, ਆਪ ਆਪਣੀ ਕਲ ਵਰਤਾਈਆ । ਆਪਣੇ ਅੰਦਰ ਆਪਣਾ ਰੰਗ ਰੰਗਾਣਾ, ਆਪਣੀ ਦਇਆ ਕਮਾਈਆ । ਆਪਣਾ ਦੀਪਕ ਆਪ ਜਗਾਣਾ, ਨਿਰਗੁਣ ਨੂਰ ਨੂਰ ਟਿਕਾਈਆ । ਸਾਚੇ ਮੰਦਰ ਗੋਪੀ ਕਾਹਨਾ, ਬੈਠੇ ਰਾਸ ਰਚਾਈਆ । ਸਾਚੀ ਸਖੀ ਮਿਲੇ ਸ੍ਰੀ ਭਗਵਾਨਾ, ਗੁਰਮੁਖ ਸਖੀ ਇਕ ਸਮਝਾਈਆ । ਅੰਗੀਕਾਰ ਕਰੇ ਗੁਣ ਨਿਧਾਨਾ, ਆਪ ਆਪਣੇ ਅੰਗ ਲਗਾਈਆ । ਜਨ ਭਗਤਾਂ ਦੇਵੇ ਧੁਰ ਫ਼ਰਮਾਣਾ, ਸ਼ਬਦ ਅਨਾਦੀ ਇਕ ਸਮਝਾਈਆ । ਨਿਰਗੁਣ ਸਰਗੁਣ ਖੇਲ ਦੋ ਜਹਾਨਾਂ, ਜੁਗ ਕਰਤਾ ਆਪ ਕਰਾਈਆ । ਕਲਜੁਗ ਅੰਤਮ ਹੋ ਪ੍ਰਧਾਨਾ, ਸਾਚੇ ਮੰਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਾ ਮੰਦਰ ਦਏ ਵਖਾਈਆ । ਤਾਰਾ ਸਿੰਘ ਕਰ ਧਿਆਨ, ਹਰਿ ਸਾਚਾ ਬੂਝ ਬੁਝਾਇੰਦਾ । ਸਚਖੰਡ ਨਾ ਖੇਲ੍ਹ ਮਕਾਨ, ਥਿਰ ਘਰ ਨਾ ਕੋਈ ਵਖਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਰਵ ਸਸ ਨਾ ਕੋਈ ਚਮਕਾਇੰਦਾ । ਮੰਡਲ ਮੰਡਪ ਨਾ ਕੋਈ ਨਿਸ਼ਾਨ, ਪੁਰੀ ਲੋਅ ਨਾ ਕੋਈ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਪ੍ਰਧਾਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਆਪੇ ਰਚ, ਆਪਣਾ ਖੇਲ ਖਲਾਇਆ । ਆਪੇ ਨਿਰਗੁਣ ਬਣਿਆ ਸਚ, ਸਚ ਘਰ ਸਾਚਾ ਆਪ ਵਸਾਇਆ । ਆਪੇ ਨੌਂ ਦੁਵਾਰੇ ਰਿਹਾ ਨੱਚ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪਾਇਆ । ਆਪੇ ਲੱਖ ਚੁਰਾਸੀ ਭਾਂਡੇ ਕੱਚ, ਘੜਣ ਭੰਨਣਹਾਰ ਸਮਰਥ ਪੁਰਖ ਨਾਉਂ ਧਰਾਇਆ । ਆਪੇ ਪਾਏ ਵਿਚ ਆਪਣੀ ਵੱਥ, ਪਾਰਬ੍ਰਹਮ ਬ੍ਰਹਮ ਆਪਣੀ ਅੰਸ ਉਪਾਇਆ । ਆਪੇ ਸ਼ਬਦ ਜਣਾਈ ਅਕੱਥਨਾ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਆਪੇ ਜੁਗ ਜੁਗ ਚਲਾਏ ਆਪਣਾ ਰਥ, ਰਥ

ਰਖਵਾਹੀ ਵੇਸ ਵਟਾਇਆ । ਜੀਵ ਜੰਤ ਸਾਧ ਸੰਤ ਗੁਰ ਪੀਰ ਅਵਤਾਰ, ਕਾਇਆ ਮੰਦਰ ਸਭ ਦਾ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਇਆ । ਅਬਿਨਾਸ਼ੀ ਕਰਤਾ ਨਿਰਗੁਣ ਰੂਪ ਸਤਿ ਸਰੂਪ ਆਦਿ ਜੁਗਾਦਿ ਆਪੇ ਗੇੜੇ ਆਪਣੀ ਲੱਠ, ਗੇੜਾ ਆਪਣੇ ਹੱਥ ਰਖਾਇਆ । ਆਪੇ ਜਾਣੇ ਤੀਰਥ ਅਠਸਠ, ਗੰਗਾ ਗੋਦਾਵਰੀ ਸੁਰਸਤੀ ਵੇਖ ਵਖਾਇਆ । ਆਪੇ ਉਚੇ ਮੰਦਰ ਵਸੇ ਮੱਠ, ਆਪੇ ਡੂੰਘੀ ਕੰਦਰ ਡੇਰਾ ਲਾਇਆ । ਆਪੇ ਜਪੀ ਤਪੀ ਅਭਿਆਸ ਹਠ, ਨਿਓਲੀ ਕਰਮ ਆਪ ਕਰਾਇਆ । ਆਪੇ ਸਚ ਸੁੱਚ ਵੇਖੇ ਨੱਠ ਨੱਠ, ਹਵਨ ਪਵਨ ਆਪ ਸਮਾਇਆ । ਆਪੇ ਪੱਲੇ ਬੰਨ੍ਹੇ ਨਾਮ ਗੱਠ, ਖ਼ਾਲੀ ਹੱਥ ਆਪ ਫਿਰਾਇਆ । ਆਪੇ ਦੁਰਮਤ ਮੈਲ ਦੇਵੇ ਕੱਟ, ਆਪੇ ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਹਲਕਾਇਆ । ਆਪੇ ਅੰਮ੍ਰਿਤ ਆਤਮ ਦੇਵੇ ਝੱਟ, ਆਪੇ ਕਵਲ ਨਾਭੀ ਮੁਖ ਭੁਵਾਇਆ । ਆਪੇ ਵਸਣਹਾਰਾ ਕਾਇਆ ਮੰਦਰ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਗਵਾਹ ਰਖਾਇਆ । ਆਪੇ ਕਸੀਰਾ ਗੰਗਾ ਲਿਆ ਕੱਢ, ਹੱਥ ਆਪਣੇ ਕੰਗਨ ਆਪੇ ਬਾਹੀਂ ਪਹਿਨਾਇਆ । ਆਪੇ ਵੇਖਿਆ ਚੋਰ ਯਾਰ ਠੱਗ, ਆਪਣਾ ਪਰਦਾ ਆਪੇ ਪਾਇਆ । ਆਪੇ ਵਸਿਆ ਉਪਰ ਸ਼ਾਹ ਰਗ, ਆਪੇ ਕਾਗ ਹੰਸ ਉਡਾਇਆ । ਆਪੇ ਦਾਤਾ ਸੂਰਾ ਸਰਬੱਗ, ਕਰਨੀ ਕਰਤਾ ਆਪ ਅਖਵਾਇਆ । ਆਪੇ ਹਰਿ ਭਗਤ ਹਰਿ ਸੰਤ ਆਪਣੇ ਹੀਰੇ ਬਣਾਏ ਨਗ, ਆਪਣੇ ਤਾਜ ਆਪ ਜੁੜਾਇਆ । ਕਲਜੁਗ ਅੰਤਮ ਵਾ ਤੱਤੀ ਰਹੀ ਵਗ, ਹਰਿ ਕਾ ਭੇਵ ਕਿਸੇ ਨਾ ਪਾਇਆ । ਸਚ ਦਸਤਾਰ ਨਾ ਕਿਸੇ ਹੱਥ ਪੱਗ, ਗੁਰ ਗੋਬਿੰਦ ਨਜ਼ਰ ਨਾ ਆਇਆ । ਪੰਜ ਤੱਤ ਵਿਕਾਰਾ ਲੱਗੀ ਅੱਗ, ਨਾਨਕ ਸ਼ਬਦ ਹਿਰਦੇ ਨਾ ਕਿਸੇ ਵਸਾਇਆ । ਕਾਹਨਾ ਕ੍ਰਿਸ਼ਨਾ ਚਰਨ ਕੋਈ ਨਾ ਕਿਸੇ ਨਿਭਾਇਆ ਨੱਤ, ਮੱਥੇ ਤਿਲਕ ਰਹੇ ਵਖਾਇਆ । ਸੁਰਤ ਸੁਵਾਣੀ ਨਾ ਲੱਭੀ ਸੱਥ, ਸਾਚੀ ਸੀਤਾ ਨਾ ਰਾਮ ਪ੍ਰਨਾਇਆ । ਸਾਧਾਂ ਸੰਤਾਂ ਨੂੰ ਪੰਚਮ ਵਿਕਾਰਾ ਪਾਈ ਨੱਥ, ਨੌਂ ਦੁਵਾਰ ਹੋਏ ਹਲਕਾਇਆ । ਘਰ ਘਰ ਪੜ੍ਹ ਪੜ੍ਹ ਸੁਣੌਂਦੇ ਗਾਥ, ਘਰ ਕਾ ਭੇਵ ਕਿਸੇ ਨਾ ਪਾਇਆ । ਹੱਥ ਫੜ ਮਾਲਾ ਅਠੋਤਰੀ ਅੱਠ, ਮਨ ਕਾ ਮਣਕਾ ਨਾ ਕੋਈ ਭੁਵਾਇਆ । ਸਿਰ ਖ਼ਾਕ ਪਾ ਪਾ ਬੈਠੇ ਭਸ, ਪੰਜ ਤੱਤ ਭਸਮ ਨਾ ਕਿਸੇ ਕਰਾਇਆ । ਗਊ ਸੂਰ ਖਾਇਣ ਕਸਮ ਕਸ, ਗੁਰ ਕਾ ਬਚਨ ਨਾ ਕੋਇ ਪੂਰ ਕਰਾਇਆ । ਗੁਰ ਦਰ ਮੰਦਰ ਮਸਜਿਦ ਬੈਠੇ ਹੱਸ ਹੱਸ, ਧੀਆਂ ਭੈਣਾਂ ਰਹੇ ਤਕਾਇਆ । ਕਾਮ ਕਰੋਧ ਲੋਭ ਮੋਹ ਮਾਰਿਆ ਤੀਰ ਕਸ, ਸਾਚੀ ਢਾਲ ਕੋਈ ਨਾ ਅੱਗੇ ਡਾਹਿਆ । ਮਾਇਆ ਰਾਣੀ ਰਹੀ ਡੱਸ, ਮਮਤਾ ਮੋਹ ਨਾ ਕੋਈ ਚੁਕਾਇਆ । ਬਿਨ ਸਤਿਗੁਰ ਪੂਰੇ ਸਾਚਾ ਮਾਰਗ ਕੋਈ ਨਾ ਦੇਵੇ ਦੱਸ, ਫੜ ਬਾਹੋਂ ਪਾਰ ਨਾ ਕੋਈ ਕਰਾਇਆ । ਪੁਰਖ ਅਬਿਨਾਸ਼ੀ ਸ਼ਾਹੋ ਸ਼ਬਾਸ਼ੀ ਵਸਣਹਾਰਾ ਘਟ ਘਟ, ਘਟ ਅੰਦਰ ਡੇਰਾ ਲਾਇਆ । ਕਲਜੁਗ ਅੰਤਮ ਚੌਦਾਂ ਲੋਕ ਚੌਦਾਂ ਹੱਟ, ਜਗਤ ਪਸਾਰੀ ਆਪ ਹੋ ਜਾਇਆ । ਗੁਰਮੁਖਾਂ ਵਖਾਏ ਸਾਚੀ ਖਾਟ, ਹਰਿ ਮੰਦਰ ਡੇਰਾ ਲਾਇਆ । ਸਵਾਂਗੀ ਵਰਤੇ ਸਵਾਂਗ ਨਟੂਆ ਨਟ, ਨਰ ਨਰਾਇਣ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਏਕਾ ਧਾਮ ਦਏ ਵਖਾਇਆ । ਏਕਾ ਧਾਮ ਹਰਿ ਕਾ ਮੰਦਰ, ਲੋਕਮਾਤ ਆਪ ਸਮਝਾਈਆ । ਆਪੇ ਵਸਿਆ ਸਾਚੇ ਅੰਦਰ, ਸਚ ਦੁਵਾਰਾ ਆਪ ਵਖਾਈਆ । ਕਿਸੇ ਹੱਥ ਨਾ ਆਏ ਗੋਰਖ ਮਛੰਦਰ, ਉਚੇ ਟਿੱਲੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੰਦਰ ਦਏ ਵਖਾਈਆ । ਹਰਿ ਕਾ ਮੰਦਰ ਹਰਿ ਹਰਿ ਦੁਵਾਰ, ਲੋਕਮਾਤ ਉਪਜਾਇਆ । ਕਲਜੁਗ ਕਰਿਆ ਸਚ ਵਿਹਾਰ,

੧੦੨੨
੦੮

ਨੌ ਸੌ ਚੁਰਾਨਵੇ ਚੌਕੜੀ ਨਾ ਕੋਈ ਲੇਖ ਲਖਾਇਆ । ਨਿਹਕਲੰਕ ਲਏ ਅਵਤਾਰਾ, ਗੁਰ ਗੋਬਿੰਦ ਮੇਲ ਮਿਲਾਇਆ । ਵੇਦ ਵਿਆਸਾ ਕਰ ਪਿਆਰ, ਆਪਣੀ ਗੋਦ ਉਠਾਇਆ । ਨੌ ਦੁਵਾਰੇ ਖੋਲ੍ਹ ਕਿਵਾੜ, ਕਲਜੁਗ ਜੀਵਾਂ ਰਿਹਾ ਸਮਝਾਇਆ । ਗੁਰਮੁਖ ਅੰਦਰ ਲਏ ਵਾੜ, ਮਨਮੁਖਾਂ ਦਏ ਸਜਾਇਆ । ਪਹਿਲੇ ਮੇਟੇ ਪੰਚਮ ਧਾੜ, ਦੂਜੇ ਕਾਇਆ ਚੋਲੀ ਰੰਗ ਚੜ੍ਹਾਇਆ । ਤੀਜੇ ਨੇਤਰ ਦਏ ਉਘਾੜ, ਚੌਥਾ ਚੌਥੇ ਪਦ ਸਮਾਇਆ । ਹਰਿ ਹਰਿ ਸੋਹੇ ਸਾਚਾ ਲਾੜ, ਛੇਵੇਂ ਛੱਪਰ ਛੰਨ ਨਾ ਕੋਈ ਉਪਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਦੁਵਾਰੇ ਕਰਦਾ ਆਇਆ । ਅੱਠਾਂ ਤੱਤਾਂ ਵਸਿਆ ਬਾਹਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਨਾ ਕੋਈ ਰਖਾਇਆ । ਨੌ ਦੁਵਾਰੇ ਕਰ ਖ਼ਵਾਰ, ਦਸਵੇਂ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਸਾਚਾ ਮੰਦਰ ਆਪ ਸੁਹਾਇਆ । ਸਾਚਾ ਮੰਦਰ ਕਰ ਤਿਆਰ, ਸਾਢੇ ਤਿੰਨ ਹੱਥ ਬਣਤ ਬਣਾਈਆ । ਗੁਰ ਗੋਬਿੰਦ ਸੇਵਾਦਾਰ, ਸਾਚੀ ਸੇਵ ਕਮਾਈਆ । ਪੁਰਖ ਨਿਰੰਜਣ ਖੇਲ ਅਪਾਰ, ਆਪ ਆਪਣੀ ਰਿਹਾ ਕਰਾਈਆ । ਨਿਰਗੁਣ ਬਾਤੀ ਕਰ ਉਜਿਆਰ, ਦਿਵਸ ਰੈਣ ਡਗਮਗਾਈਆ । ਸ਼ਬਦ ਸ਼ਬਦ ਸ਼ਬਦ ਸੱਚੀ ਧੁਨਕਾਰ, ਆਪਣਾ ਨਾਦ ਵਜਾਈਆ । ਸੋਹੰ ਸ਼ਬਦ ਬੋਲ ਜੈਕਾਰ, ਸਚਖੰਡ ਦੁਵਾਰਾ ਇਕ ਸੁਹਾਈਆ । ਬ੍ਰਹਮ ਪਾਰਬ੍ਰਹਮ ਏਕਾ ਧਾਰ, ਏਕਾ ਰੰਗ ਰੰਗਾਈਆ । ਵਿਛੜ ਨਾ ਜਾਏ ਵਿਚ ਸੰਸਾਰ, ਵਡ ਦਾਤਾ ਬੇਪਰਵਾਹੀਆ । ਨਿਹਕਲੰਕਾ ਲਏ ਅਵਤਾਰ, ਪੰਜ ਤੱਤ ਬੈਠਾ ਡੇਰਾ ਲਾਈਆ । ਗੁਰਮੁਖਾਂ ਕਰੇ ਸਚ ਪਿਆਰ, ਜ਼ਾਤ ਪਾਤ ਨਾ ਕੋਈ ਰਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਦੁਵਾਰ, ਏਕਾ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿਖ ਈਸਾਈ ਨਾ ਕੋਈ ਹੋਏ ਖ਼ਵਾਰ, ਜੋ ਜਨ ਆਏ ਚਲ ਸਰਨਾਈਆ । ਅੰਤਮ ਪ੍ਰਗਟਿਆ ਗਿਰਵਰ ਗਿਰਧਾਰ, ਗਰੜ ਪੰਖ ਨਾ ਸੇਵ ਕਮਾਈਆ । ਜੋਤੀ ਜਾਮਾ ਜੋਤ ਨਿਰੰਕਾਰ, ਜੋਤੀ ਜੋਤ ਜੋਤ ਡਗਮਗਾਈਆ । ਨਾਮ ਖੜਗ ਖੰਡਾ ਤੇਜ ਕਟਾਰ, ਚੰਡ ਪ੍ਰਚੰਡ ਆਪਣੇ ਹੱਥ ਉਠਾਈਆ । ਬ੍ਰਹਿਮੰਡ ਖੰਡ ਪਾਵੇ ਸਾਰ, ਜੇਰਜ ਅੰਡ ਵੰਡ ਵੰਡਾਈਆ । ਨਾਰ ਦੁਹਾਗਣ ਮੇਟੇ ਵਿਭਚਾਰ, ਜੂਠ ਝੂਠ ਰਹਿਣ ਨਾ ਪਾਈਆ । ਗੁਰਮੁਖਾਂ ਵਖਾਏ ਇਕ ਦੁਵਾਰ, ਧਾਮ ਅਵੱਲਾ ਇਕ ਇਕੱਲਾ ਏਕੰਕਾਰ, ਨਿਰਾਕਾਰ ਨਿਰਗੁਣ ਬੈਠਾ ਆਸਣ ਲਾਈਆ । ਆਪੇ ਫਲਿਆ ਆਪੇ ਫੁਲਾ, ਆਪਣੀ ਕੀਮਤ ਕਰਤਾ ਆਪੇ ਪਾਏ ਮੁਲਾ, ਆਪੇ ਆਪਣੇ ਹੱਟ ਵਿਕਾਈਆ । ਆਪੇ ਜਲਾਂ ਆਪੇ ਥਲਾਂ ਆਪੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰਲਾ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਗੁਰਮੁਖ ਤੇਰਾ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪੇ ਮੱਲਾ, ਤੇਰਾ ਮੰਦਰ ਤੇਰਾ ਅੰਦਰ ਆਪਣਾ ਆਸਣ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦੇਵੇ ਏਕਾ ਦਾਨ, ਜਮ ਕੀ ਫਾਸੀ ਫੰਦ ਕਟਾਏ ਰਾਏ ਧਰਮ ਨਾ ਦਏ ਸਜ਼ਾਈਆ ।

ਹਰਿ ਸਾਚਾ ਗੁਰ ਕਰਤਾਰ, ਏਕਾ ਏਕ ਏਕੰਕਾਰਿਆ । ਕਲਜੁਗ ਅੰਤਮ ਲਏ ਅਵਤਾਰ, ਖੇਲੇ ਖੇਲ ਅਗੰਮ ਅਪਾਰਿਆ । ਸਦੀ ਬੀਸਵੀਂ ਹੋ ਉਜਿਆਰ, ਆਪ ਆਪਣਾ ਰੂਪ ਵਟਾ ਲਿਆ । ਪੰਜ ਤੱਤ ਕਰ ਖ਼ਵਾਰ, ਖ਼ਾਕੀ ਖ਼ਾਕ ਮਿਲਾ ਲਿਆ । ਨਿਰਗੁਣ ਨੂਰ ਨੂਰ ਕਰ ਤਿਆਰ,

ਨੂਰੋ ਨੂਰ ਡਗਮਗਾ ਲਿਆ । ਗੋਬਿੰਦ ਪਾਏ ਸਾਚੀ ਸਾਰ, ਪੂਰਬ ਲਹਿਣਾ ਆਪ ਚੁਕਾ ਲਿਆ । ਸਚ ਦੁਵਾਰੇ ਕਰ ਪਿਆਰ, ਸਾਚਾ ਮੰਦਰ ਵੇਖ ਵਖਾ ਲਿਆ । ਤ੍ਰੈਗੁਣ ਮਾਇਆ ਵਸਿਆ ਬਾਹਿਰ, ਤੱਤਵ ਤੱਤ ਨਾ ਕੋਈ ਜਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਸਮਾ ਲਿਆ । ਹਰਿ ਭਾਣਾ ਭਗਵਾਨ, ਆਪਣਾ ਆਪ ਵਰਤਾਈਆ । ਪ੍ਰਗਟ ਹੋ ਵਿਚ ਜਹਾਨ, ਨਿਹਕਲੰਕ ਨਾਉਂ ਰਖਾਈਆ । ਸ਼ਬਦ ਵਜਾਏ ਡੰਕ ਮਹਾਨ, ਏਕਾ ਡੰਕਾ ਹੱਥ ਉਠਾਈਆ । ਕਲਜੁਗ ਅੰਤਮ ਹੋ ਪ੍ਰਧਾਨ, ਆਪਣੇ ਮੁਖ ਆਪੇ ਰਿਹਾ ਗਾਈਆ । ਵੇਦ ਪੁਰਾਨ ਭੇਵ ਨਾ ਪਾਇਣ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਜੀਲ ਕੁਰਾਨ ਸਰਬ ਕੁਰਲਾਣ, ਤੀਸ ਬਤੀਸ ਹਦੀਸ ਭੇਵ ਨਾ ਰਾਈਆ । ਬਾਣੀ ਬੋਧ ਕਰੇ ਵਖਿਆਨ, ਬੇਅੰਤ ਬੇਅੰਤ ਬੇਪਰਵਾਹੀਆ । ਆਪਣਾ ਲੇਖਾ ਆਪੇ ਜਾਣੇ ਵਾਲੀ ਦੋ ਜਹਾਨ, ਜੁਗ ਕਰਤਾ ਆਪ ਅਖਵਾਈਆ । ਆਪ ਉਠਾਏ ਆਪਣਾ ਸਚ ਨਿਸ਼ਾਨ, ਦਿਸ ਕਿਸੇ ਨਾ ਆਈਆ । ਰੰਗੇ ਰੰਗ ਇਕ ਮਹਾਨ, ਕੰਚਨ ਰੰਗ ਰੰਗਾਈਆ । ਉਪਰ ਲਾਲ ਹੋ ਪ੍ਰਧਾਨ, ਸੂਹਾ ਧਾਰ ਬੰਧਾਈਆ । ਚਿੱਟਾ ਰੰਗ ਇਕ ਵਖਾਣ, ਪੀਲਾ ਬੰਧਨ ਪਾਈਆ । ਨੀਲਾ ਨੀਲਮ ਕਰੇ ਪਰਵਾਨ, ਆਪ ਆਪਣਾ ਪਰਦਾ ਲਾਹੀਆ । ਲੋਕਮਾਤ ਕਰ ਪ੍ਰਧਾਨ, ਕਾਲਾ ਰੰਗ ਇਕ ਰੰਗਾਈਆ । ਸੱਤ ਰੰਗ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਸਾਚੇ ਘਰ ਉਪਾਈਆ । ਸਾਚਾ ਡੰਡਾ ਸ੍ਰੀ ਭਗਵਾਨ, ਬ੍ਰਹਿਮੰਡਾਂ ਏਕਾ ਲਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਲੋਕਮਾਤ ਫੇਰਾ ਪਾਈਆ । ਚਵੀਆਂ ਰੂਪ ਹਰਿ ਭਗਵਾਨ, ਨਾ ਕੋਈ ਰੰਗ ਵਖਾਈਆ । ਨਾ ਕੋਈ ਤੀਰ ਨਾ ਕੋਈ ਕਮਾਨ, ਨਾ ਕੋਈ ਖੰਡਾ ਹੱਥ ਉਠਾਈਆ । ਚਵੀ ਹੱਥ ਕਰ ਪ੍ਰਧਾਨ, ਜ਼ਿਮੀ ਅਸਮਾਨਾਂ ਪੰਧ ਮੁਕਾਈਆ । ਬ੍ਰਹਮਾ ਵੇਖੇ ਨੇਤਰ ਖੋਲ੍ਹ ਮਾਰ ਧਿਆਨ, ਲੋਕਮਾਤ ਰਾਹ ਤਕਾਈਆ । ਪ੍ਰਗਟ ਹੋਇਆ ਵਾਲੀ ਦੋ ਜਹਾਨ, ਲੋਕਮਾਤ ਫੇਰਾ ਪਾਈਆ । ਲਹਿਣਾ ਦੇਣਾ ਚੁਕਾਏ ਆਪੇ ਪਾਏ ਆਪਣੀ ਆਣ, ਆਪਣੇ ਹੱਥ ਰੱਖੇ ਵਡਿਆਈਆ । ਸ਼ਿਵ ਸ਼ੰਕਰ ਦੇਵੇ ਇਕ ਗਿਆਨ, ਏਕਾ ਬੂਝ ਬੁਝਾਈਆ । ਬਾਸ਼ਕ ਤਸ਼ਕਾ ਗਲ ਲਟਕਾਣ, ਸਹੰਸਰ ਮੁਖ ਮੁਖ ਨਾ ਗਾਈਆ । ਕਰੋੜ ਤੇਤੀਸਾ ਸਰਬ ਪਛਤਾਣ, ਸੁਰਪਤ ਰਾਜਾ ਇੰਦ ਰਿਹਾ ਕੁਰਲਾਈਆ । ਪਤਿਪਰਮੇਸ਼ਵਰ ਸ੍ਰੀ ਭਗਵਾਨ, ਆਪਣਾ ਭਾਣਾ ਆਪੇ ਜਾਣੇ, ਆਪਣੇ ਭਾਣੇ ਵਿਚ ਸਮਾਈਆ । ਕਲਜੁਗ ਉਠਾਏ ਇਕ ਨਿਸ਼ਾਨ, ਸੱਤ ਰੰਗ ਨਿਸ਼ਾਨਾ ਆਪ ਝੁਲਾਈਆ । ਸੱਤਾਂ ਦੀਪਾਂ ਪਾਏ ਆਣ, ਨੌ ਖੰਡ ਪ੍ਰਿਥਮੀ ਇਕ ਵਖਾਈਆ । ਚਾਰ ਵਰਨਾਂ ਦੇਵੇ ਇਕ ਗਿਆਨ, ਏਕਾ ਬ੍ਰਹਮ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿਖ ਈਸਾਈ ਸਾਰੇ ਮਿਟ ਜਾਣ, ਹਰਿ ਕਾ ਰੂਪ ਇਕ ਦਰਸਾਈਆ । ਜੰਞੂ ਬੋਦੀ ਨਾ ਕੋਈ ਨਿਸ਼ਾਨ, ਸ਼ਰਅ ਸ਼ਰੀਅਤ ਨਾ ਕੋਈ ਵਖਾਈਆ । ਮੱਥੇ ਤਿਲਕ ਨਾ ਕੋਈ ਲਗਾਣ, ਨਾ ਕੋਈ ਮੂੰਡ ਮੁੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਨੂਰ ਰਿਹਾ ਦਰਸਾਈਆ । ਨਿਰਗੁਣ ਨੂਰ ਹਰਿ ਭਗਵੰਤ, ਚਾਰ ਵਰਨ ਦ੍ਰਿੜਾਇੰਦਾ । ਪੁਰਖ ਅਬਿਨਾਸ਼ੀ ਸਾਚਾ ਕੰਤ, ਲੱਖ ਚੁਰਾਸੀ ਆਪ ਪ੍ਰਨਾਇੰਦਾ । ਤੋੜੇ ਗੜ੍ਹ ਹਉਮੇ ਹੰਗਤ, ਹੰਗਤਾ ਰੋਗ ਨਾ ਕੋਈ ਮਿਟਾਇੰਦਾ । ਗੁਰਮੁਖਾਂ ਦਵਾਰੇ ਹੋਏ ਮੰਗਤ, ਦਰ ਦਰਵੇਸ ਅਲੱਖ ਜਗਾਇੰਦਾ । ਸਤਿਜੁਗ ਬਣਾਏ ਸਾਚੀ ਬਣਤ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਹਰਿ ਲੌਣਾ, ਕਲਜੁਗ ਕੂਕੇ ਦਏ ਦੁਹਾਈਆ । ਏਕਾ


੧੦੨੪
੦੮

ਮੰਤਰ ਨਾਮ ਦ੍ਰਿੜੌਣਾ, ਹਿੰਦੂ ਮੁਸਲਮ ਸਿਖ ਈਸਾਈ ਬਣਾਏ ਭਾਈ ਭੈਣਾਂ, ਹਰਿ ਸਾਚਾ ਸ਼ਾਹ ਸੁਲਤਾਨ ਰਾਜ ਰਾਜਾਨ ਨਾ ਕੋਈ ਵਖਾਈਆ । ਸੀਸ ਤਾਜ ਨਾ ਕੋਈ ਟਿਕੌਣਾ, ਦਰ ਦਰਬਾਨ ਨਾ ਕੋਈ ਬਣਾਈਆ । ਸ਼ਬਦੀ ਗੁਰ ਨਾ ਕਿਸੇ ਬਚੌਣਾ, ਆਪ ਆਪਣੀ ਕਲ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ ਪਾਰਬਤੀ ਨਾ ਕਿਸੇ ਸੀਸ ਝੁਕੌਣਾ, ਉਠ ਉਠ ਨਾ ਰਾਹ ਤਕਾਈਆ । ਕਰੋੜ ਤੇਤੀਸਾ ਮੁਖ ਛੁਪੌਣਾ, ਪ੍ਰਭ ਆਪਣਾ ਪਰਦਾ ਲਾਹੀਆ । ਗੀਤਾ ਗਿਆਨ ਨਾ ਕਿਸੇ ਦ੍ਰਿੜੌਣਾ, ਸ਼ਾਸਤਰ ਸਿਮਰਤ ਨਾ ਕੋਈ ਪੜ੍ਹਾਈਆ । ਰਾਮ ਕ੍ਰਿਸ਼ਨਾ ਨਾ ਮੇਲ ਮਿਲੌਣਾ, ਆਪ ਆਪਣੇ ਵਿਚ ਸਮਾਈਆ । ਐਨਲਹੱਕ ਨਾ ਨਾਅਰਾ ਕਿਸੇ ਲੌਣਾ, ਕਲਮਾ ਨਬੀ ਨਾ ਕੋਈ ਪੜ੍ਹਾਈਆ । ਕਾਇਨਾਤ ਹਰਿ ਵੇਖ ਵਖੌਣਾ, ਸਚ ਅਮਾਮ ਵੱਡੀ ਵਡਿਆਈਆ । ਨਾਨਕ ਗੋਬਿੰਦ ਅੰਗ ਲਗੌਣਾ, ਆਪ ਆਪਣੇ ਅੰਗ ਲਗਾਈਆ । ਸਰਬ ਕਲਾ ਸਮਰਥ ਆਪ ਅਖਵੌਣਾ, ਹਰਿ ਸਾਚਾ ਵਡ ਵਡਿਆਈਆ । ਇਸ਼ਟ ਦੇਵ ਨਾ ਕੋਇ ਮਨੌਣਾ, ਸਿਲ ਪੂਜਨ ਕੋਈ ਨਾ ਜਾਈਆ । ਅਠਸਠ ਤੀਰਥ ਕਿਸੇ ਨਾ ਨਹੌਣਾ, ਗੰਗਾ ਗੋਦਾਵਰੀ ਹਰਿ ਮੰਦਰ ਅੰਦਰ ਏਕਾ ਡੇਰਾ ਲਾਈਆ । ਸਾਚਾ ਡੰਕ ਨਾ ਕਿਸੇ ਵਜੌਣਾ, ਨਾ ਕੋਈ ਕੂਕੇ ਦਏ ਦੁਹਾਈਆ । ਮੁਲਾਂ ਮਸੀਤ ਨਾ ਬਾਂਗ ਅਲੌਣਾ, ਨਾ ਕੋਈ ਸਜਦਾ ਸੀਸ ਝੁਕਾਈਆ । ਨਾ ਮਸੱਲਾ ਹੇਠ ਵਿਛੌਣਾ, ਨਾਅਰਾ ਹੂ ਹੂ ਨਾ ਕੋਈ ਵਖਾਈਆ । ਕਾਗਦ ਕਲਮ ਨਾ ਲੇਖ ਲਿਖੌਣਾ, ਭਗਤ ਕਬੀਰਾ ਦਏ ਗਵਾਹੀਆ । ਰਵਦਾਸ ਚੁਮਾਰਾ ਮੇਲ ਮਿਲੌਣਾ, ਭੁਲਿਆ ਪੰਡਤ ਗਲੇ ਲਗਾਈਆ । ਸਚ ਕਸੀਰਾ ਤਨ ਆਪ ਪਹਿਨੌਣਾ, ਗੰਗਾ ਰਾਣੀ ਕਰੇ ਕੁੜਮਾਈਆ । ਹਰਿ ਦੁਵਾਰ ਚਰਨ ਛੁਹੌਣਾ, ਚਰਨ ਚਰਨੋਦਕ ਆਪ ਵਖਾਈਆ । ਸੁਰਸਤੀ ਹਰਿ ਵੇਖ ਵਖੌਣਾ, ਇਕੀ ਸਿਖਾਂ ਸੇਵ ਕਮਾਈਆ । ਗੋਦਾਵਰੀ ਤੇਰਾ ਕਰਜਾ ਲੌਹਣਾ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪ੍ਰਗਟ ਹੋਇਆ ਬੇਪਰਵਾਹੀਆ । ਬੇਪਰਵਾਹ ਅਲਾਹੀ ਨੂਰ, ਬੇਐਬ ਪਰਵਰਦਿਗਾਰਿਆ । ਦਰਸ ਦਖਾਏ ਹਾਜ਼ਰ ਹਜ਼ੂਰ, ਅੰਦਰ ਗੁਪਤ ਜ਼ਾਹਰਿਆ । ਨਾਤਾ ਤੋੜੇ ਕੂੜੋ ਕੂੜ, ਚਾਰ ਯਾਰੀ ਵੇਖ ਵਖਾ ਰਿਹਾ । ਰਾਣੀ ਅੱਲਾ ਮੰਗੇ ਚਰਨ ਧੂੜ, ਮੁਖ ਘੁੰਗਟ ਆਪਣਾ ਲਾਹ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੀਨ ਇਲਾਹੀ ਬੇਪਰਵਾਹੀ ਏਕਾ ਰਾਗ ਸੁਣਾ ਲਿਆ । ਏਕਾ ਸ਼ਬਦ ਸਚ ਤਰਾਨਾ, ਹਰਿ ਹਰਿ ਆਪ ਸੁਣਾਇੰਦਾ । ਆਪਣੀ ਹੱਥੀਂ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਮੱਕਾ ਕਾਅਬਾ ਵੇਖ ਵਖਾਣਾ, ਹਾਜ਼ੀ ਹੱਜ ਕਰਾਇੰਦਾ । ਆਪੇ ਮਰਦ ਮਰਦ ਮਰਦਾਨਾ, ਆਪੇ ਆਪਣਾ ਰੰਗ ਰੰਗਾਇੰਦਾ । ਆਪੇ ਪਹਿਰਿਆ ਆਪਣਾ ਬਾਣਾ, ਸਚ ਅਮਾਮ ਆਪ ਹੋ ਜਾਇੰਦਾ । ਨੀਲੇ ਬਸਤਰ ਖੇਲ ਮਹਾਨਾ, ਹੱਥੀਂ ਮਹਿੰਦੀ ਲਾਲ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪਣਾ ਖੇਲ ਖਲਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਸਚ ਹਦੀਸ, ਹਰਿ ਸਾਚਾ ਆਪ ਸੁਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਨਾਇਕ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖ਼ਲਕ ਖ਼ੁਦਾਈ ਵੇਖੇ ਖ਼ਾਲਕ, ਖ਼ਾਲਕ ਖ਼ਲਕ ਆਪ ਹੋ ਜਾਈਆ । ਅਜ਼ਮਤੋ ਕਸਮਤੋ ਹੋਏ ਸਹਾਇਕ, ਆਪੇ ਦਏ ਅਜ਼ਾਬ ਵਡ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸ਼ਾਹ ਨਵਾਬ, ਚਰਨ ਘੋੜੇ ਦੇ ਰਕਾਬ, ਸਾਚੇ ਅਸਵ ਆਸਣ ਲਾਇੰਦਾ । ਸਾਚੇ ਅਸਵ ਸ਼ਾਹ ਅਸਵਾਰਾ, ਆਪਣਾ ਆਸਣ ਲਾਈਆ । ਚੌਦਾਂ ਤਬਕਾਂ ਦਏ ਹੁਲਾਰਾ,

ਚੌਦਾਂ ਚੌਦਾਂ ਵੇਖ ਵਖਾਇੰਦਾ । ਸਦੀ ਚੌਧਵੀਂ ਕਰ ਖ਼ਵਾਰਾ, ਚੌਦਾਂ ਹੱਟ ਵਿਕਾਇੰਦਾ । ਮੁਸਲਮ ਸੁੰਨੀ ਪਾਏ ਸਾਰਾ, ਸ਼ਰਅ ਸ਼ਰੀਅਤ ਭੇਵ ਖੁਲ੍ਹਾਇੰਦਾ । ਏਕਾ ਕਲਮਾ ਕਰ ਉਜਿਆਰਾ, ਏਕਾ ਰਾਗ ਅਲਾਇੰਦਾ । ਏਕਾ ਸੁਣੇ ਸੁਨਣੇਹਾਰਾ, ਏਕਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਕੀ ਪਾਕ ਖ਼ਾਕੀ ਖ਼ਾਕ ਸ਼ਾਹ ਸ਼ਹਾਨਾ ਨਾਉਂ ਧਰਾਇੰਦਾ । ਪਾਕੀ ਪਾਕ ਸਿਫ਼ਤ ਸਲਾਹ, ਨੂਰੀ ਨੂਰ ਨੂਰ ਖ਼ੁਦਾਇਆ । ਬੇਐਬ ਬੇਪਰਵਾਹ, ਆਪਣਾ ਨਾਉਂ ਰਖਾਇਆ । ਇਕ ਇਕੱਲਾ ਬਣ ਮਲਾਹ, ਕਲਜੁਗ ਅੰਤਮ ਵੇਖ ਵਖਾਇਆ । ਲੱਖ ਚੁਰਾਸੀ ਗਾਹੇ ਆਪਣੇ ਗਾਹ, ਆਪਣਾ ਗੇੜਾ ਰਿਹਾ ਦੁਵਾਇਆ । ਆਪੇ ਮੰਦਰ ਲਏ ਵਸਾ, ਆਪੇ ਅੰਤਮ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਖਲਾਇਆ । ਨਰ ਨਰਾਇਣ ਨਰ ਹਰਿ ਬਨਵਾਰੀ, ਨਰ ਨਰਾਇਣ ਅਖਵਾਇੰਦਾ । ਕਲਜੁਗ ਅੰਤਮ ਖੇਲ ਨਿਆਰੀ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਗੁਰ ਗੋਬਿੰਦ ਬਣ ਲਿਖਾਰੀ, ਆਪਣਾ ਲੇਖਾ ਆਪ ਜਣਾਇੰਦਾ । ਕਲਜੁਗ ਅੰਤਮ ਪ੍ਰਗਟੇ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਸੰਬਲ ਨਗਰੀ ਡੇਰਾ ਲਾਇੰਦਾ । ਸੰਮਤ ਵੀਹ ਸੌ ਸੋਲਾਂ ਆਪਣਾ ਪਰਦਾ ਦਏ ਉਤਾਰੀ, ਸਾਲ ਪੰਦਰਾਂ ਆਪਣਾ ਮੁਖ ਛੁਪਾਇੰਦਾ । ਵਜਾਏ ਡੰਕ ਸ੍ਰਿਸ਼ਟ ਸੁਬਾਈ ਏਕਾ ਬੋਲ ਸ਼ਬਦ ਜੈਕਾਰੀ, ਏਕਾ ਨਾਅਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਸੁਲਤਾਨਾ ਰਾਜ ਰਾਜਾਨਾ ਅੰਤਮ ਆਪ ਉਠਾਇੰਦਾ । ਰਾਜ ਰਾਜਾਨਾ ਦਏ ਹੁਲਾਰਾ, ਹਰਿ ਸਾਚੇ ਜੋਤ ਜਗਾਈਆ । ਪ੍ਰਗਟ ਹੋਇਆ ਗੁਰ ਅਵਤਾਰਾ, ਅਕਲ ਕਲਾ ਵਰਤਾਈਆ । ਸਾਧਾਂ ਸੰਤਾਂ ਪਾਵੇ ਸਾਰਾ, ਭੁੱਲ ਰਹੇ ਨਾ ਰਾਈਆ । ਫੜਿਆ ਖੰਡਾ ਤੇਜ ਕਟਾਰਾ, ਏਕਾ ਨਾਮ ਨਾਮਾ ਹੱਥ ਉਠਾਈਆ । ਚਾਰੋਂ ਕੁੰਟ ਹੋਏ ਉਜਿਆਰਾ, ਪੰਦਰਾਂ ਕੱਤਕ ਰਾਹ ਤਕਾਈਆ । ਸ਼ਾਹ ਭਬੀਖਣ ਕਰੇ ਖ਼ਬਰਦਾਰਾ, ਰਾਸ਼ਟਰਪਤ ਤੇਰੀ ਅੱਖ ਖੁਲ੍ਹਾਈਆ । ਆਪੇ ਆਏ ਚਲ ਦੁਵਾਰਾ, ਆਪ ਆਪਣੀ ਕਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਹੋਇਆ ਬੇਪਰਵਾਹੀਆ ।

ਪ੍ਰਗਟ ਹੋਇਆ ਹਰਿ ਭਗਵੰਤ, ਭੁੱਲ ਰਹੇ ਨਾ ਰਾਏ । ਸਰਬ ਜੀਆਂ ਦਾ ਸਾਚਾ ਕੰਤ, ਨਿਰਗੁਣ ਨਾਰ ਕੰਤ ਇਕ ਪ੍ਰਨਾਏ । ਆਪੇ ਆਦਿ ਆਪੇ ਅੰਤ, ਬੇਅੰਤ ਆਪ ਅਖਵਾਏ । ਆਪੇ ਮਣੀਆ ਆਪੇ ਮੰਤ, ਆਪੇ ਰਸਨਾ ਜਿਹਵਾ ਆਪਣਾ ਨਾਮ ਜਪਾਏ । ਆਪੇ ਸਾਧ ਆਪੇ ਸੰਤ, ਆਪੇ ਸਾਦਕ ਸਿਧ ਰਖਾਏ । ਆਪੇ ਜੀਵ ਆਪੇ ਜੰਤ, ਆਪੇ ਜਾਗਰਤ ਜੋਤ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਏ । ਭੇਖ ਅਵੱਲੜਾ ਹਰਿ ਭਗਵਾਨ, ਆਪਣਾ ਆਪ ਵਟਾਇਆ । ਇਕ ਇਕੱਲੜਾ ਨੌਜੁਵਾਨ, ਨਾ ਮਰੇ ਨਾ ਜਾਇਆ । ਗੁਰੂਆਂ ਪੀਰਾਂ ਸਾਧਾਂ ਸੰਤਾਂ ਦੇਵੇ ਆਪਣਾ ਦਾਨ, ਜੁਗ ਜੁਗ ਝੋਲੀ ਰਿਹਾ ਭਰਾਇਆ । ਕਲਜੁਗ ਅੰਤਮ ਹੋ ਪ੍ਰਧਾਨ, ਲੋਕਮਾਤ ਫੇਰਾ ਪਾਇਆ । ਮੇਟ ਮਿਟਾਏ ਰਾਜ ਰਾਜਾਨ, ਸ਼ਾਹ ਸੁਲਤਾਨ ਰਹਿਣ ਨਾ ਪਾਇਆ । ਨਾ ਕੋਈ ਦੀਸੇ ਬੇਈਮਾਨ, ਜੂਠ ਝੂਠ ਨਾ ਰਸਨਾ ਗਾਇਆ । ਨਾ ਕੋਈ ਝੂਠੀ ਦਿਸੇ ਦੁਕਾਨ, ਝੂਠਾ ਹੱਟ ਨਾ ਕੋਈ ਰਖਾਇਆ । ਸੋਹੰ ਸ਼ਬਦ ਜੀਵ ਜੰਤ ਸਾਧ ਸੰਤ ਨੌ ਖੰਡ ਪ੍ਰਿਥਮੀ ਸਾਰੇ ਗਾਣ, ਵਿਸ਼ਨੂੰ ਭਗਵਾਨ

ਏਕਾ ਨਾਅਰਾ ਲਾਇਆ । ਸੰਮਤ ਸੋਲਾਂ ਖੇਲ ਕਰੇ ਵਾਲੀ ਦੋ ਜਹਾਨ, ਅੱਸੂ ਆਸ ਰਿਹਾ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਭੇਵ ਦਏ ਖੁਲ੍ਹਾਇਆ । ਛੱਤੀ ਜੁਗ ਰੱਖੀ ਆਸ, ਅੱਸੂ ਅਸਵ ਹੱਥ ਰਖਾਈਆ । ਸੱਚਾ ਘੋੜਾ ਪੁਰਖ ਅਗੰਮੜੇ ਪਾਸ, ਦੂਜੇ ਹੱਥ ਕਿਸੇ ਨਾ ਆਈਆ । ਨਾਨਕ ਇਕ ਪਕੜੀ ਰਾਸ, ਦੂਜਾ ਕਬੀਰਾ ਰਿਹਾ ਉਠਾਈਆ । ਮਿਲਿਆ ਮੇਲ ਸਰਬ ਗੁਣਤਾਸ, ਗੁਣਵੰਤਾ ਗੁਣ ਦਏ ਜਣਾਈਆ । ਅੰਤਮ ਮੇਲਾ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਭਗਤਨ ਮੀਤਾ ਹੋਏ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਹਰਿਜਨਾਂ ਹਰਿ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਅੰਤਮ ਮੇਲ ਅਸਵ ਪੂਰੀ ਕਰੇ ਆਸ, ਸੰਮਤ ਵੀਹ ਸੌ ਸੋਲਾਂ ਰਾਹ ਤਕਾਈਆ । ਗੁਰਮੁਖ ਕੋਈ ਨਾ ਦਰ ਤੋਂ ਜਾਏ ਨਿਰਾਸ, ਲੱਖ ਚੁਰਾਸੀ ਦਏ ਕਟਾਈਆ । ਸਚ ਵਸਤ ਸਤਿਗੁਰ ਪੂਰੇ ਪਾਸ, ਕਿਸੇ ਘਰ ਨਾ ਮੰਗਣ ਜਾਈਆ । ਗੁਰਮੁਖਾਂ ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਹਿਰਦੇ ਅੰਦਰ ਰੱਖੇ ਵਾਸ, ਘਟ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਲਹਿਣਾ ਦਏ ਚੁਕਾਈਆ । ਗੋਬਿੰਦ ਤੇਰਾ ਲਹਿਣਾ ਇਕ ਚੁਕਾਵਣਾ, ਅੱਸੂ ਆਸ ਇਕ ਰਖਾਂਵਦਾ । ਗੁਰਮੁਖਾਂ ਗਹਿਣਾ ਤਨ ਪਹਿਨਾਵਣਾ, ਸ਼ਬਦ ਸ਼ਿੰਗਾਰ ਇਕ ਸੁਹਾਂਵਦਾ । ਅਬਿਨਾਸ਼ੀ ਕਰਤੇ ਸਗਨ ਮਨਾਵਣਾ, ਨਾ ਕੋਈ ਦੂਸਰ ਸੰਗ ਰਲਾਂਵਦਾ । ਬ੍ਰਹਮਾ ਉਠੇ ਨੇਤਰ ਖੋਲ੍ਹ ਰਾਹ ਤਕਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪਹਿਲੀ ਅੱਸੂ ਦਿਵਸ ਸੁਹਾਂਵਦਾ । ਪਹਿਲੀ ਅੱਸੂ ਵੀਹ ਸੌ ਸੋਲਾਂ ਦਰ ਘਰ ਸਾਚੇ ਚੜ੍ਹਿਆ ਚਾ, ਬ੍ਰਹਿਮੰਡ ਵੱਜੀ ਵਧਾਈਆ । ਅਬਿਨਾਸ਼ੀ ਕਰਤਾ ਪ੍ਰਗਟ ਹੋਇਆ ਬੇਪਰਵਾਹ, ਸਤਿਗੁਰ ਪੂਰਾ ਨਾਉਂ ਧਰਾਈਆ । ਗੁਰਮੁਖਾਂ ਦੇਵੇ ਸਚ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਨਾਲ ਰਲਾ, ਆਪਣਾ ਪੱਲਾ ਆਪ ਫੜਾਈਆ । ਜੁਗ ਜੁਗ ਬੇੜੇ ਦਏ ਚੜ੍ਹਾ, ਏਕਾ ਚੱਪੂ ਨਾਮ ਲਗਾਈਆ । ਘਰ ਘਰ ਖੇੜੇ ਦਏ ਵਸਾ, ਗੁਰਮੁਖ ਖੇੜਾ ਇਕ ਵਡਿਆਈਆ । ਨੌ ਖੰਡ ਪਿਥਮੀ ਉਖੇੜਾ ਦਏ ਲਗਾ, ਹਰਿ ਕਾ ਭਾਣਾ ਨਾ ਕੋਈ ਮੇਟ ਮਿਟਾਈਆ । ਧਰਤ ਮਾਤ ਤੇਰਾ ਖੁਲ੍ਹਾ ਵੇਹੜਾ ਦਏ ਕਰਾ, ਗਲ ਆਪਣੇ ਅਲਫ਼ੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਏਕਾ ਲਾਈਆ । ੳ: ਓਅੰਕਾਰ ਤਿੰਨਾਂ ਅੰਦਰ ਗਿਆ ਵਸ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇੰਦਾ । ਪੈਂਡਾ ਮੁਕਾਵਣ ਨੱਸ ਨੱਸ, ਆਪ ਆਪਣੇ ਪੰਧ ਲਗਾਇੰਦਾ । ਨਿਉਂ ਨਿਉਂ ਸੀਸ ਝੁਕਾਇਨ ਰਵ ਸਸ, ਨਿਮਸਕਾਰ ਨਿਮਸਕਾਰ ਨਿਮਸਕਾਰ ਕਰੋੜ ਤੇਤੀਸਾ ਰਸਨਾ ਗਾਇੰਦਾ । ਗੁਰਮੁਖ ਰਾਹ ਰਹੇ ਤੱਕ, ਕਲਜੁਗ ਅੰਤਮ ਵੇਲਾ ਆਇੰਦਾ । ਚੌਥਾ ਜੁਗ ਗਿਆ ਥੱਕ, ਮਨਮੁਖਾਂ ਭਾਰ ਨਾ ਕੋਈ ਉਠਾਇੰਦਾ । ਧਰਤੀ ਮਾਤਾ ਟੁੱਟਾ ਲੱਕ, ਫੜ ਬਾਹੋਂ ਨਾ ਕੋਈ ਬਹਾਇੰਦਾ । ਅਠਸਠ ਤੀਰਥ ਲੇਖਾ ਗਿਆ ਮੁੱਕ, ਅੰਮ੍ਰਿਤ ਜਾਮ ਨਾ ਕੋਈ ਪਿਆਇੰਦਾ । ਸਾਧ ਸੰਤ ਨਾ ਸਕੇ ਕੋਈ ਰੱਖ, ਸਿਰ ਹੱਥ ਨਾ ਕੋਈ ਟਿਕਾਇੰਦਾ । ਸ਼ਾਹ ਸੁਲਤਾਨ ਵਿਕੇ ਹੱਟੋ ਹੱਟ, ਕੌਡੀ ਮੁਲ ਨਾ ਕੋਈ ਪਾਇੰਦਾ । ਕਿਸੇ ਘਰ ਕਾਇਆ ਮੰਦਰ ਜੋਤ ਨਾ ਜਗੇ ਲਟ ਲਟ, ਜੋਤ ਜਵਾਲਾ ਸਰਬ ਮਨਾਇੰਦਾ । ਨਾਨਕ ਗੁਰੂ ਨਾ ਮੇਟਿਆ ਦੂਈ ਦਵੈਤੀ ਫੱਟ, ਏਕਾ ਰੰਗ ਨਾ ਕੋਈ ਰੰਗਾਇੰਦਾ । ਗੁਰ ਗੋਬਿੰਦ ਅੰਮ੍ਰਿਤ ਆਤਮ ਨਾ ਦਿਤਾ ਝੱਟ, ਪੰਚ ਵਿਕਾਰ ਨਾ ਕੋਇ ਖਪਾਇੰਦਾ । ਕਲਜੁਗ ਸਵਾਂਗੀ

ਸਵਾਂਗ ਵਰਤਿਆ ਖੇਲੇ ਖੇਲ ਬਾਜ਼ੀਗਰ ਨਟ, ਨਟੂਆ ਨਟ ਘਰ ਘਰ ਨਾਚ ਨਚਾਇੰਦਾ । ਗੁਰ ਦਰ ਮੰਦਰ ਮਸਜਿਦ ਨਾ ਦਿਸੇ ਪੂਜਾ ਪਾਠ, ਪੜ੍ਹ ਪੁਸਤਕ ਜਗਤ ਵਿਵਾਦ ਵਧਾਇੰਦਾ । ਕਲਜੁਗ ਅੰਤਮ ਨੇੜੇ ਆਈ ਵਾਟ, ਕਲਜੁਗ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੱਸੂ ਏਕਾ ਰੰਗ ਰੰਗਾਇੰਦਾ । ਰੰਗ ਚਲੂਲਾ ਰਾਮ ਰੰਗ, ਰੰਗੇ ਰੰਗ ਅਨਮੋਲਿਆ । ਸਤਿਗੁਰ ਪੂਰਾ ਸਦਾ ਸੰਗ, ਗੁਰਮੁਖ ਸਾਚੇ ਕੰਡੇ ਤੋਲਿਆ । ਆਪੇ ਲਾਏ ਆਪਣੇ ਅੰਗ, ਅੰਗੀਕਾਰ ਆਪ ਅਡੋਲਿਆ । ਗ਼ਰੀਬ ਨਿਮਾਣਿਆਂ ਕਲਜੁਗ ਅੰਤਮ ਕੱਟੇ ਭੁੱਖ ਨੰਗ, ਸ਼ਾਹ ਸੁਲਤਾਨ ਕੀਤੇ ਹੌਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵਜਾਏ ਮਰਦੰਗ, ਸ਼ਬਦ ਜੈਕਾਰਾ ਏਕਾ ਬੋਲਿਆ । ਨਾਮ ਜੈਕਾਰਾ ਸ਼ਬਦ ਮਰਦੰਗ, ਹਰਿ ਸਾਚਾ ਆਪ ਵਜਾਇੰਦਾ । ਆਪੇ ਵੇਖੇ ਖੇਲ ਪ੍ਰਿਥਮੀ ਨੌ ਖੰਡ, ਨੌ ਨੌ ਵੰਡ ਵੰਡਾਇੰਦਾ । ਸਤਿ ਸਤਿ ਸਤਿ ਵਿਚ ਬ੍ਰਹਿਮੰਡ, ਸਤਿ ਸਤਿ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਜੀਆਂ ਦਾਨ, ਜੀਵਣ ਮੁਕਤ ਕਰਾਇੰਦਾ । ਗੁਰਮੁਖ ਉਧਰੇ ਪਾਰ, ਹਰਿ ਸਤਿਗੁਰ ਪਾਰ ਕਰਾਈਆ । ਸਾਚਾ ਮੇਲਾ ਹਰਿ ਕੇ ਦੁਵਾਰ, ਹਰਿ ਦੁਵਾਰਾ ਇਕ ਵਖਾਈਆ । ਪਤਿਤ ਪਾਪੀ ਦਏ ਤਾਰ, ਪਤਿਤ ਪਾਵਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਸਾਚਾ ਦਾਨ, ਤੀਜੀ ਅੱਸੂ ਰੁੱਤ ਸੁਹਾਈਆ ।



ਅੱਸੂ ਤਿੰਨ ਤੁੱਟਾ ਨਾਤਾ, ਸ਼ਾਹ ਸੁਲਤਾਨਾ ਸੰਗ ਤੁੜਾਈਆ । ਗੁਰਮੁਖਾਂ ਕਰੇ ਉਤਮ ਜ਼ਾਤਾ, ਪਾਰਬ੍ਰਹਮ ਵੱਡੀ ਵਡਿਆਈਆ । ਪੰਦਰਾਂ ਕੱਤਕ ਵੰਡੇ ਦਾਤਾਂ, ਮਸਤੂਆਣੇ ਚਰਨ ਛੁਹਾਈਆ । ਚਾਲੀ ਦਿਵਸ ਗਾਏ ਗਾਥਾ, ਆਪ ਆਪਣਾ ਰੂਪ ਵਟਾਈਆ । ਗੁਰਮੁਖਾਂ ਦਰ ਦਰ ਘਰ ਘਰ ਚਲਾਏ ਰਾਥਾ, ਰਥ ਰਥਵਾਹੀ ਫੇਰਾ ਪਾਈਆ । ਦੋ ਜਹਾਨਾਂ ਸਗਲਾ ਸਾਥਾ, ਸਗਲਾ ਸੰਗ ਨਿਭਾਈਆ । ਲਹਿਣਾ ਦੇਣਾ ਚੁਕਾਏ ਪੂਜਾ ਪਾਠਾ, ਆਪ ਆਪਣਾ ਦਰਸ ਦਖਾਈਆ । ਜੁਗਾ ਜੁਗੰਤਰ ਕਰੇ ਪੂਰਾ ਘਾਟਾ, ਪੂਰਬ ਲਹਿਣਾ ਝੋਲੀ ਪਾਈਆ । ਕਲਜੁਗ ਬਸਤਰ ਅੰਤਮ ਪਾਟਾ, ਨਾ ਕੋਈ ਪਰਦਾ ਉਪਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਧਾਰ ਬਣਾਈਆ । ਅੱਸੂ ਤਿੰਨ ਤਿਖੀ ਧਾਰ, ਤ੍ਰੈ ਤ੍ਰੈ ਲੋਕ ਵਖਾਇੰਦਾ । ਸਾਚੀ ਸਿਖੀ ਕਰ ਤਿਆਰ, ਚਾਰ ਵਰਨਾਂ ਰੰਗ ਚੜ੍ਹਾਇੰਦਾ । ਵਾਲੋਂ ਨਿੱਕੀ ਵਿਚ ਸੰਸਾਰ, ਸਤਿਗੁਰ ਪੂਰਾ ਆਪ ਵਖਾਇੰਦਾ । ਮੁਨੀ ਰਿਖੀ ਨਾ ਪਾਵਣ ਸਾਰ, ਗ੍ਰੰਥੀ ਪੰਥੀ ਨਾ ਭੇਵ ਖੁਲ੍ਹਾਇੰਦਾ । ਲਿਖੀ ਰੇਖ ਆਪ ਕਰਤਾਰ, ਗੁਰ ਗੋਬਿੰਦ ਸੇਵਾ ਲਾਇੰਦਾ । ਦਰ ਦਰਵੇਸ਼ ਨਰ ਨਰੇਸ਼ ਖੇਲ ਅਪਾਰ, ਬ੍ਰਹਮਾ ਵਿਸ਼ਨ ਮਹੇਸ਼ ਮੇਲ ਮਿਲਾਇੰਦਾ । ਕਲਜੁਗ ਅੰਤਮ ਪੇਸ਼ੀ ਏਕਾ ਵਾਰ, ਏਕਾ ਹੁਕਮ ਸੁਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਖ਼ਾਲਕ ਖ਼ਲਕ ਖ਼ਲਕ ਖ਼ਾਲਕ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਨੌ ਨੌ ਫੇਰਾ ਪਾਇੰਦਾ । ਨੌ ਹੁਲਾਰਾ ਨੌ ਪਿਆਰਾ ਨੌ ਅਧਾਰਾ ਨੌ ਜੈਕਾਰਾ, ਨੌ ਅਧਾਰ ਕਰਾਈਆ । ਸਤਿ ਉਜਿਆਰਾ

ਸਤਿ ਵਰਤਾਰਾ ਸਤਿ ਕਰਤਾਰਾ, ਸਤਿ ਸਤਿ ਰੂਪ ਵਟਾਈਆ । ਤੱਤ ਨਿਆਰਾ ਤੱਤ ਅਖਾੜਾ, ਤੱਤਵ ਤੱਤ ਰਿਤ ਨਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰਨ ਬਰਨ ਇਕ ਸਰਨ, ਹਰਨ ਫਰਨ ਖੋਲ੍ਹ ਤਰਨੀ ਤਰਨ, ਮਰਨ ਡਰਨ ਆਪ ਚੁਕਾਈਆ । ਮਾਣ ਮੋਹ ਜਗਤ ਅਭਿਮਾਨ, ਕਲਜੁਗ ਛਤਰ ਸੀਸ ਝੁਲਾਈਆ । ਕਾਮ ਕਰੋਧ ਲੋਭ ਮੋਹ ਪ੍ਰਧਾਨ, ਚਾਰੋਂ ਕੁੰਟ ਫੇਰੀਆਂ ਪਾਈਆ । ਆਸਾ ਤ੍ਰਿਸ਼ਨਾ ਨਾਲ ਨਿਧਾਨ, ਹਉਮੇ ਹੰਗਤਾ ਰਹੀ ਕੁਰਲਾਈਆ । ਬੁੱਧ ਬਿਬੇਕ ਨਾ ਕੋਈ ਗਿਆਨ, ਗੁਰਮਤ ਨਾ ਕੋਈ ਸਮਝਾਈਆ । ਮਤ ਮਤਵਾਲੀ ਬਾਲ ਨਿਧਾਨ, ਨਿਰਧਨ ਬੈਠੀ ਮੁਖ ਛੁਪਾਈਆ । ਮਨ ਮਨੂਆ ਉਠੇ ਨੌਜਵਾਨ, ਆਪ ਆਪਣਾ ਬਲ ਧਰਾਈਆ । ਦਹਿ ਦਿਸ਼ਾ ਮਾਰੇ ਇਕ ਧਿਆਨ, ਆਪਣਾ ਜੋਬਨ ਆਪ ਹੰਢਾਈਆ । ਪੰਜ ਤੱਤ ਖ਼ਾਲੀ ਵੇਖੇ ਜਗਤ ਮਕਾਨ, ਜੂਠੀ ਝੂਠੀ ਕਿਰਿਆ ਡੇਰਾ ਲਾਈਆ । ਸਤਿ ਸੰਤੋਖ ਜਤ ਸਤਿ ਨਾ ਕੋਈ ਧਿਆਨ, ਰਤੀ ਰੱਤ ਨਾ ਕੋਈ ਰੰਗਾਈਆ । ਹਰਿ ਹਰਿ ਮਤ ਨਾ ਸਕੇ ਕੋਈ ਪਛਾਣ, ਮਨ ਮਤ ਜਗਤ ਹਲਕਾਈਆ । ਜੋਤ ਜੁਗਤ ਭਗਤ ਭਗਵਾਨ, ਹਰੀ ਹਰਿ ਬੀਠਲੋ ਏਕਾ ਨਾਮ ਕਰੇ ਕੁੜਮਾਈਆ । ਧਰਮ ਵਖਾਏ ਇਕ ਸਚ ਨਿਸ਼ਾਨ, ਸਤਿਗੁਰ ਸਾਚਾ ਹੱਥ ਉਠਾਈਆ । ਆਦਿ ਜੁਗਾਦੀ ਨਿਗਹਬਾਨ, ਜੁਗਾ ਜੁਗੰਤਰ ਸੇਵ ਕਮਾਈਆ । ਦੇਵਣਹਾਰਾ ਧੁਰ ਫ਼ਰਮਾਣ, ਗੁਰ ਚੇਲੇ ਆਪ ਜਗਾਈਆ । ਪਵਣ ਪਾਣੀ ਸੇਵ ਕਮਾਨ, ਸੇਵਕ ਸੇਵਾ ਸਾਚੀ ਲਾਈਆ । ਧੁਨ ਅਨਾਦਿ ਬ੍ਰਹਿਮਾਦਿ ਘਟ ਮੰਦਰ ਅੰਦਰ ਬਹਿ ਬਹਿ ਗਾਣ, ਸਾਰਿੰਗ ਢੋਲਕ ਨਾ ਕੋਈ ਵਜਾਈਆ । ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਨ, ਹਰਿ ਸੰਤ ਵੱਡੀ ਵਡਿਆਈਆ । ਘਰ ਘਰ ਬੈਠਾ ਸਾਚਾ ਕਾਹਨ, ਸਾਚੀ ਸਖੀ ਸਾਚਾ ਸੀਸ ਨਾ ਕੋਈ ਗੁੰਦਾਈਆ । ਕੱਜਲ ਨੈਣ ਨਾ ਕੋਈ ਵਖਾਣ, ਨੇਤਰ ਨੈਣ ਨਾ ਕੋਈ ਮਿਲਾਈਆ । ਮੀਤ ਮੁਰਾਰਾ ਹਰਿ ਨਿਰੰਕਾਰਾ ਸ੍ਰੀ ਭਗਵਾਨ, ਆਪੇ ਸੁੱਤਾ ਆਪਣੀ ਸੇਜ ਸੁਹਾਈਆ । ਕਲਜੁਗ ਜੀਵ ਸਰਬ ਪਛਤਾਣ, ਮਿਲੇ ਮੇਲ ਨਾ ਸਾਚੇ ਮਾਹੀਆ । ਯਾਰੀ ਲੱਗੀ ਜਗਤ ਜਹਾਨ, ਸਾਚਾ ਮਹਿਬੂਬ ਨਜ਼ਰ ਨਾ ਆਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਵੇਦ ਪੁਰਾਨ ਸਾਰ ਨਾ ਪਾਈਆ । ਆਦਿ ਸ਼ਕਤ ਅਸ਼ਟਭੁਜ ਜੋਤ ਜਵਾਲਾ ਸਿੰਘ ਸਵਾਰੀ ਸਾਰੇ ਗਾਣ, ਨੇਤਰ ਨੈਣ ਦਰਸ ਨਾ ਕੋਇ ਪਾਈਆ । ਪਰਮ ਪੁਰਖ ਪੁਰਖ ਸੁਲਤਾਨ, ਸਚਖੰਡ ਮਹੱਲਾ ਇਕ ਇਕੱਲਾ ਏਕ ਏਕੰਕਾਰਾ ਇਕ ਵਸਾਈਆ । ਪਾਵੇ ਸਾਰ ਧਰਤ ਧਵਲ ਜ਼ਿਮੀ ਅਸਮਾਨ, ਗਗਨ ਮੰਡਲ ਵੇਖ ਵਖਾਈਆ । ਲੱਖ ਚੁਰਾਸੀ ਤੇਰਾ ਕਾਹਨ, ਏਕਾ ਏਕ ਏਕ ਅਖਵਾਈਆ । ਗੁਰਮੁਖ ਵਿਰਲੇ ਮੰਗਣ ਭਗਤੀ ਦਾਨ, ਭਗਵਾਨ ਏਕਾ ਝੋਲੀ ਪਾਈਆ । ਚਰਨ ਧੂੜ ਕਰਾਏ ਸਚ ਅਸ਼ਨਾਨ, ਅਠਸਠ ਨਹਾਵਣ ਕੋਈ ਨਾ ਜਾਈਆ । ਕਾਇਆ ਮੰਦਰ ਅੰਦਰ ਦੇਵੇ ਇਕ ਗਿਆਨ, ਜਗਤ ਭੁੱਲੇ ਸਰਬ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਤ ਬੁੱਧ ਆਪਣੀ ਸੇਵਾ ਆਪ ਲਗਾਈਆ । ਬੁੱਧ ਬਿਬੇਕ ਵੇਖੇ ਏਕ, ਜਿਸ ਜਨ ਦਇਆ ਕਮਾਇੰਦਾ । ਮਤ ਮਤਵਾਲੀ ਨਾ ਲਾਏ ਸੇਕ, ਜਗਤ ਸਾਚੀ ਸਿਕ ਮਿਟਾਇੰਦਾ । ਮਨੂਆ ਦਹਿ ਦਿਸ਼ਾ ਨਾ ਧਰੇ ਭੇਖ, ਚਾਰ ਕੁੰਟ ਨਾ ਫੇਰੀ ਪਾਇੰਦਾ । ਸੰਤ ਸੁਹੇਲੇ ਜੁਗ ਜੁਗ ਆਪੇ ਵੇਖ, ਆਪ ਆਪਣੇ ਮੁਖ ਸਾਲਾਹਿੰਦਾ । ਲਿਖਣਹਾਰਾ ਸਾਚੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਬ੍ਰਹਮਾ ਵਿਸ਼ਨ ਗਣਪਤ ਗਣੇਸ਼, ਗਾਇਤਰੀ ਮੰਤਰ ਆਪ ਜਣਾਇੰਦਾ । ਆਪੇ ਆਦਿ ਸ਼ਕਤ ਕਰੇ ਪ੍ਰਵੇਸ਼, ਨੂਰੋ ਨੂਰ ਡਗਮਗਾਇੰਦਾ । ਆਪੇ ਆਪਣੀ ਕਰੇ ਆਦੇਸ, ਘਰ ਆਪਣਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਏਕੰਕਾਰਾ ਕਰ ਪਸਾਰਾ, ਮਨ ਮਤ ਬੁੱਧ ਤਨ ਮੰਦਰ ਆਪ ਟਿਕਾਇੰਦਾ । ਮਨ ਮਤ ਤੇਰਾ ਸਚ ਦੁਵਾਰਾ, ਨੌ ਦਰ ਵੇਖ ਵਖਾਇਆ । ਬੁੱਧੀ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਈ ਧਰਾਇਆ । ਮਤ ਮਤਵਾਲੀ ਹਾਹਾਕਾਰਾ, ਨੇਤਰ ਰੋ ਰੋ ਨੀਰ ਵਹਾਇਆ । ਮਨੂਆ ਉਠ ਉਠ ਮਾਰੇ ਧਾੜਾ, ਜੂਠਾ ਝੂਠਾ ਸੰਦੇਵਾ ਹੱਥ ਉਠਾਇਆ । ਤੱਤਵ ਤੱਤ ਲੱਗਾ ਅਖਾੜਾ, ਗੁਰ ਚੇਲਾ ਆਪ ਨਚਾਇਆ । ਲੱਗੀ ਅੱਗ ਬਹੱਤਰ ਨਾੜਾ, ਨਾ ਸਕੇ ਕੋਈ ਬੁਝਾਇਆ । ਸਤਿਗੁਰ ਪੂਰਾ ਗੁਰਮੁਖ ਵੇਖੇ ਸਾਚਾ ਲਾੜਾ, ਸਿਰ ਸਾਚਾ ਹੱਥ ਟਿਕਾਇਆ । ਆਪ ਕਰਾਏ ਪਾਰ ਕਿਨਾਰਾ, ਅੱਧਵਿਚਕਾਰ ਨਾ ਕੋਈ ਡੁਬਾਇਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਮੂਰਖ ਮੁਗਧਾਂ ਲਏ ਉਠਾਇਆ । ਜੋ ਜਨ ਆਏ ਚਰਨ ਦੁਵਾਰਾ, ਆਤਮ ਭਿਛਿਆ ਮੰਗ ਮੰਗਾਇਆ । ਆਤਮ ਬ੍ਰਹਮ ਭਰੇ ਭੰਡਾਰਾ, ਵਡ ਭੰਡਾਰੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚੀ ਧਾਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਇਆ । ਬੁੱਧ ਨਿਮਾਣੀ ਹੋਈ ਦਾਸੀ, ਨਿਉਂ ਨਿਉਂ ਸੀਸ ਝੁਕਾਇਆ । ਮਨ ਮਤ ਕਰੇ ਬੰਦ ਖ਼ਲਾਸੀ, ਏਕਾ ਮਤਾ ਪਕਾਇਆ । ਮਨੂਆ ਦੇਵੇ ਨਾ ਕੋਈ ਝਾਕੀ, ਆਪਣਾ ਬਲ ਨਾ ਕੋਈ ਧਰਾਇਆ । ਹਰਿ ਵੇਖਣਹਾਰ ਖ਼ਾਕ ਖ਼ਾਕੀ, ਖ਼ਾਕੀ ਖ਼ਾਕ ਫੋਲ ਫੁਲਾਇਆ । ਜਿਸ ਜਨ ਖੋਲ੍ਹੇ ਆਪਣੀ ਤਾਕੀ, ਦੂਈ ਦਵੈਤੀ ਤਾਕ ਮਿਟਾਇਆ । ਜਿਸ ਜਨ ਚੜ੍ਹਾਏ ਸਾਚੇ ਰਾਕੀ, ਸਾਚਾ ਘੋੜਾ ਇਕ ਵਖਾਇਆ । ਗੁਰਮੁਖ ਚੜ੍ਹੇ ਮਾਰ ਪਲਾਕੀ, ਸਚ ਸਿੰਘਾਸਣ ਆਸਣ ਲਾਇਆ । ਕਲਜੁਗ ਅੰਤਮ ਦੇਣ ਆਇਆ ਬਾਕੀ, ਨਿਹਕਲੰਕਾ ਜਾਮਾ ਪਾਇਆ । ਭਰ ਪਿਆਲਾ ਨਾਮ ਪਿਆਏ ਸਾਕੀ, ਏਕਾ ਅੰਮ੍ਰਿਤ ਮੁਖ ਚੁਆਇਆ । ਆਪੇ ਜਾਣੇ ਭਵਿਖਤ ਵਾਕੀ, ਹਰਿ ਭੇਵ ਕਿਸੇ ਨਾ ਆਇਆ । ਅੱਗੇ ਕੋਇ ਨਾ ਦਿਸੇ ਆਕੀ, ਥਿਰ ਕੋਇ ਰਹਿਣ ਨਾ ਪਾਇਆ । ਸਾਚੇ ਦਰ ਨਾ ਚਲੇ ਕੋਈ ਚਲਾਕੀ, ਅਛਲ ਅਛੱਲ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਇਕ ਅਕਾਲਾ ਨਿਰਭੈ ਰੂਪ ਸਤਿ ਸਰੂਪ ਪਰਮ ਪੁਰਖ ਆਪ ਅਖਵਾਇਆ । ਪਰਮ ਪੁਰਖ ਪ੍ਰਭ ਦੀਨਾ ਬੰਧਨ, ਬੰਦੀ ਬੰਧਨ ਤੋੜ ਤੁੜਾਈਆ । ਗੁਰਮੁਖਾਂ ਮਸਤਕ ਤਿਲਕ ਲਿਲਾਟ ਲਗਾਏ ਚੰਦਨ, ਸਾਚੀ ਚੰਡੀ ਚੰਡ ਪ੍ਰਚੰਡ ਸਮਾਈਆ । ਏਕਾ ਦਾਤ ਆਇਆ ਵੰਡਣ, ਵਡ ਦਾਤਾ ਧੁਰਦਰਗਾਹੀਆ । ਸਾਚੀ ਚਾਲ ਰੱਖੇ ਬੇਹੰਗਮ, ਦੂਜੀ ਚਾਲ ਨਾ ਕੋਈ ਰਖਾਈਆ । ਗੁਰਮੁਖਾਂ ਬੇੜਾ ਆਇਆ ਬੰਨਣ, ਕਲਜੁਗ ਸਾਗਰ ਪਾਰ ਕਰਾਈਆ । ਸੋਹੰ ਸ਼ਬਦ ਤਨ ਪਾਏ ਕੰਗਨ, ਰਵਦਾਸ ਚੁਮਾਰੇ ਵੰਡ ਵੰਡਾਈਆ । ਮਾਨਸ ਜਨਮ ਨਾ ਹੋਏ ਭੰਗਨ, ਜੋ ਚਲ ਆਏ ਸਰਨਾਈਆ । ਕਾਇਆ ਚੋਲੀ ਸਾਰੇ ਰੰਗਣ, ਹਉਮੇ ਹੰਗਤਾ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਵਜਾਏ ਇਕ ਮਰਦੰਗਨ, ਮਨ ਮਤ ਬੁੱਧ ਦਏ ਸਲਾਹੀਆ । ਉਠੀ ਬੁੱਧ ਬੁੱਧ ਸੁਵਾਣੀ ਆਪਣਾ ਮਤਾ ਪਕਾਇਆ । ਸਤਿਗੁਰ ਮੇਲੇ ਸਾਚਾ ਹਾਣੀ, ਸਾਚੀ ਸੇਵ ਰਖਾਇਆ । ਮਤ ਮਤਵਾਲੀ ਅੰਧੀ ਕਾਣੀ, ਰਹੀ ਰਾਹ ਤਕਾਇਆ । ਮਨੂਆ ਬਹਿ ਬਹਿ ਭਰੇ ਪਾਣੀ, ਗੁਰ ਕਾ ਸ਼ਬਦ ਸੁਣਾਇਆ । ਗੁਰਮੁਖਾਂ ਚੁੱਕੇ ਆਵਣ ਜਾਣੀ, ਜਿਸ ਸਤਿਗੁਰ ਪੂਰੇ ਦਰਸ਼ਨ ਪਾਇਆ । ਲੇਖਾ ਚੁੱਕੇ ਚਾਰੇ ਖਾਣੀ, ਸਾਚੀ ਬਾਣੀ ਆਪ ਪੜ੍ਹਾਇਆ । ਗੁਰਮੁਖ ਨਾਰੀ ਸਾਚੀ ਰਾਣੀ, ਸਚ ਦੁਵਾਰੇ ਸੋਭਾ ਪਾਇਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਨਿਝਰ ਧਾਰਾ ਆਪ ਰਖਾਇਆ । ਇਕ ਵਖਾਏ ਪਦ ਨਿਰਬਾਣੀ, ਚੌਥੇ ਪਦ ਆਪ ਸਮਾਇਆ ।

੧੦੩੦
੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਤ ਵੇਖੇ ਥਾਉਂ ਥਾਈਂਆ । ਮਨ ਮਤ ਕੂਕੇ ਦਏ ਦੁਹਾਈ, ਨੇਤਰ ਰੋ ਰੋ ਨੀਰ ਵਹਾਇਆ । ਗੁਰਮੁਖ ਵਿਰਲੇ ਗੁਰਮਤ ਪਾਈ, ਜਗਤ ਸਹਿੰਸਾ ਰੋਗ ਗਵਾਇਆ । ਮਨਮੁਖਾਂ ਜੂਠ ਝੂਠ ਕਰੇ ਕੁੜਮਾਈ, ਹਉਮੇ ਹੰਗਤਾ ਸਗਨ ਮਨਾਇਆ । ਗੁਰਮੁਖਾਂ ਰਾਹ ਤੱਕਣ ਭਿੰਨੜੀ ਰੈਣ ਚਾਈਂ ਚਾਈਂ, ਵੀਹ ਸੌ ਸੋਲਾਂ ਬਿਕ੍ਰਮੀ ਪਹਿਲੀ ਅੱਸੂ ਰਾਹ ਤਕਾਇਆ । ਸਤਿਗੁਰ ਪੂਰਾ ਪਕੜੇ ਆਪੇ ਬਾਹੀਂ, ਆਪ ਆਪਣਾ ਮੇਲ ਮਿਲਾਇਆ । ਸਮਰਥ ਪੁਰਖ ਦੇਵੇ ਠੰਡੀਆਂ ਛਾਈਂ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਲਏ ਤਰਾਇਆ । ਤਾਰਨਹਾਰਾ ਸਤਿਗੁਰ ਏਕ, ਸਤਿ ਪੁਰਖ ਨਿਰੰਜਣ ਮਿਹਰਵਾਨਿਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਦੇਵੇ ਧੁਰ ਫ਼ਰਮਾਨਿਆ । ਪੰਜ ਤੱਤ ਵਿਕਾਰਾ ਨਾ ਲਏ ਵੇਖ, ਜਿਸ ਅੰਦਰ ਵਸਿਆ ਸ੍ਰੀ ਭਗਵਾਨਿਆ । ਬਿਧਨਾ ਲਿਖੀ ਮੇਟੇ ਰੇਖ, ਜੋ ਜਨ ਰੱਖੇ ਚਰਨ ਧਿਆਨਿਆ । ਦਰਸ਼ਨ ਦੇਵੇ ਵਾਰ ਅਨੇਕ, ਅਨਭਵ ਪ੍ਰਕਾਸ਼ ਕਰਾਨਿਆ । ਮਸਤਕ ਲਾਏ ਸਾਚੀ ਮੇਖ, ਜਗਤ ਝੋਲੀ ਗੋਦ ਭਰਾਨਿਆ । ਮਾਂ ਪੁੱਤਰ ਲਏ ਵੇਖ, ਸੁੰਞੀ ਕੁੱਖ ਨਾ ਕੋਇ ਰਖਾਨਿਆ । ਮੇਟ ਮਿਟਾਏ ਦੁੱਖ ਕਲੇਸ਼, ਕਾਲਖ ਟਿੱਕਾ ਮਸਤਕ ਲਾਹਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਹਰਿ ਸਾਚਾ ਮੂਲ ਪਛਾਨਿਆ । ਹਰਿ ਸੱਜਣ ਹਰਿ ਵੇਖਣਹਾਰਾ, ਪਾਰਬ੍ਰਹਮ ਅਬਿਨਾਸ਼ਿਆ । ਗੁਰਮੁਖਾਂ ਕਰੇ ਸਚ ਪਿਆਰਾ, ਸਾਚੇ ਮੰਡਲ ਪਾਵੇ ਰਾਸਿਆ । ਰੋਗ ਸੋਗ ਚਿੰਤ ਨਿਵਾਰਾ, ਅੰਮ੍ਰਿਤ ਭਰਿਆ ਕਾਇਆ ਕਾਸਿਆ । ਜੋ ਜਨ ਆਏ ਚਲ ਦੁਵਾਰਾ, ਦੇਵੇ ਨਾਮ ਸ਼ਬਦ ਭਰਵਾਸਿਆ । ਸੋਹੰ ਸ਼ਬਦ ਸਚ ਜੈਕਾਰਾ, ਪਾਰ ਕਰਾਏ ਪ੍ਰਿਥਮੀ ਅਕਾਸ਼ਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਖੇਲ ਤਮਾਸ਼ਿਆ । ਹਰਿ ਸੰਗਤ ਹਰਿ ਮੰਗਣਾ, ਹਰਿ ਹਰਿ ਰੂਪ ਅਪਾਰ । ਘਰ ਸਾਚੇ ਮੂਲ ਨਾ ਸੰਗਣਾ, ਲੋਕ ਲਾਜ ਦੇਣੀ ਉਤਾਰ । ਕਾਇਆ ਚੋਲੀ ਚਾੜ੍ਹੇ ਰੰਗਣਾ, ਰੰਗ ਚਲੂਲ ਚਾੜ੍ਹੇ ਕਰਤਾਰ । ਨਾਮ ਨਗਾਰਾ ਏਕਾ ਵੱਜਣਾ, ਸੁਣੇ ਸੁਣਾਏ ਸਰਬ ਸੰਸਾਰ । ਲੱਖ ਚੁਰਾਸੀ ਭਾਂਡਾ ਭੱਜਣਾ, ਕਲਜੁਗ ਆਈ ਅੰਤਮ ਵਾਰ, ਮਨਮੁਖਾਂ ਦਿਸੇ ਕਾਸਾ ਸੱਖਣਾ, ਚਾਰ ਕੁੰਟ ਹੋਏ ਖ਼ਵਾਰ । ਗੁਰਸਿਖ ਬਾਲ ਵਿਰੋਲੇ ਮੱਖਣਾ, ਆਪ ਆਪਣੀ ਕਿਰਪਾ ਧਾਰ । ਗੁਰਮੁਖ ਦੁਵਾਰੇ ਲਏ ਆਪ ਪਰਦੱਖਣਾ, ਜਿਉਂ ਸੁਦਾਮਾ ਕ੍ਰਿਸ਼ਨ ਮੁਰਾਰ । ਗ਼ਰੀਬ ਨਿਮਾਨਿਆ ਪਰਦਾ ਢਕਣਾ, ਜਿਉਂ ਬਿਦਰ ਦਏ ਅਧਾਰ । ਗੜ੍ਹ ਹੰਕਾਰੀ ਕਰੇ ਸੱਖਣਾ, ਰਾਜ ਰਾਜਾਨਾ ਕਰੇ ਖ਼ਵਾਰ । ਬਿਨ ਹਰਿ ਅੰਤ ਕਿਸੇ ਨਾ ਰੱਖਣਾ, ਨਾ ਕੋਈ ਬੇੜਾ ਲਾਏ ਪਾਰ । ਚਾਰ ਵਰਨਾਂ ਰਾਹ ਏਕਾ ਦੱਸਣਾ, ਬਰਨ ਅਠਾਰਾਂ ਏਕਾ ਧਾਰ । ਏਕਾ ਛੱਪਰ ਛਾਇਆ ਹੇਠ ਵਸਣਾ, ਹਰਿ ਮੰਦਰ ਗੁਰਦੁਵਾਰ । ਨਿਹਕਲੰਕ ਨਰਾਇਣ ਨਰ ਏਕਾ ਨਾਮ ਜਪਣਾ, ਪੁਰਖ ਅਕਾਲ ਵਜਾਏ ਆਪ ਸਤਾਰ । ਆਪੇ ਵਸੇ ਕੁੱਲੀ ਕੱਖਣਾ, ਆਪੇ ਸੱਥਰ ਸੁੱਤਾ ਪੈਰ ਪਸਾਰ । ਆਪੇ ਦੇਵੇ ਸੁਨੇਹੁੜਾ ਸਾਚੇ ਯਾਰ ਸੱਜਣਾ, ਮਿੱਤਰ ਪਿਆਰੇ ਮੀਤ ਮੁਰਾਰ । ਅੰਤਰ ਪਰਦਾ ਆਪੇ ਕੱਜਣਾ, ਸ਼ਬਦ ਦੋਸ਼ਾਲਾ ਉਪਰ ਡਾਰ । ਹਰਿ ਸੰਗਤ ਹਰਿ ਬਹਿ ਬਹਿ ਸਜਣਾ, ਬੀਸ ਇਕੀਸਾ ਖੇਲ ਅਪਾਰ । ਮਨ ਮਤ ਤੇਰਾ ਭਾਂਡਾ ਭੱਜਣਾ, ਬੁੱਧੀ ਬੁੱਧ ਕਰੇ ਵਿਚਾਰ । ਮਨੂਆ ਉਠ ਨਾ ਦਹਿ ਦਿਸ਼ ਨੱਠਣਾ, ਸਤਿਗੁਰ ਪੂਰਾ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤੀ ਸਾਚਾ ਨਾਤਾ, ਸਤਿਗੁਰ ਆਪ ਜੁੜਾਇੰਦਾ । ਬੈਠਾ ਰਹੇ ਇਕ ਇਕਾਂਤਾ, ਆਪਣਾ ਖੇਲ ਖਲਾਇੰਦਾ । ਵੇਸ

੧੦੩੧ ੦੮

ਅਨੇਕਾ ਬਹੁ ਬਹੁ ਭਾਂਤਾ, ਜੁਗ ਜੁਗ ਨਾਉਂ ਧਰਾਇੰਦਾ । ਜਨ ਭਗਤਾਂ ਰੱਖੇ ਉਤਮ ਜ਼ਾਤਾ, ਵਰਨ ਗੋਤ ਨਾ ਕੋਈ ਮਿਟਾਇੰਦਾ । ਏਕਾ ਦੇਵੇ ਨਾਮ ਦਾਤਾ, ਸਚ ਸਮਗਰੀ ਝੋਲੀ ਪਾਇੰਦਾ । ਆਪ ਸੁਣਾਏ ਆਪਣੀ ਗਾਥਾ, ਆਪੇ ਰਾਗ ਅਲਾਇੰਦਾ । ਆਪੇ ਵੇਖੇ ਸਿਧ ਚੁਰਾਸੀ ਨੌ ਨੌ ਨਾਥਾ, ਸਤਿ ਦੋ ਰੂਪ ਵਟਾਇੰਦਾ । ਆਪੇ ਜਾਣੇ ਪੂਜਾ ਪਾਠਾ, ਆਪੇ ਹਵਣ ਪਵਣ ਸੁਗੰਧ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਘਰ, ਮਨ ਮਤ ਬੁੱਧ ਆਪਣਾ ਖੇਲ ਖਲਾਇੰਦਾ । ਬੁੱਧੀ ਖੇਲੇ ਆਪਣਾ ਖੇਲ, ਗੁਰ ਗੁਰ ਆਪ ਖਲਾਈਆ । ਮਤ ਮਤਵਾਲੀ ਪਾਏ ਵੇਲ, ਆਪਣੀ ਝੋਲੀ ਅੱਗੇ ਡਾਹੀਆ । ਮਨੂਆ ਚਾਰੋਂ ਕੁੰਟ ਰਿਹਾ ਪੇਲ, ਆਪਣਾ ਜੋਬਨ ਰਿਹਾ ਵਖਾਈਆ । ਸਤਿਗੁਰ ਪੂਰਾ ਸ਼ਬਦ ਸਰੂਪੀ ਪਾਏ ਨਕੇਲ, ਡੋਰੀ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਆਪੇ ਮੇਲ, ਆਪ ਆਪਣਾ ਰੰਗ ਚੜ੍ਹਾਈਆ । ਧਰਮ ਰਾਏ ਦੀ ਕੱਟੇ ਜੇਲ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਆਪ ਸੁਹਾਏ ਬੰਕ ਦੁਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਜਾਣਾ ਖੁੱਲ੍ਹ, ਹਰਿ ਸਾਚਾ ਆਪ ਖੁਲ੍ਹਾਇੰਦਾ । ਸਚ ਦੁਵਾਰੇ ਕੋਈ ਨਾ ਲਾਏ ਮੁੱਲ, ਆਪਣੀ ਕੀਮਤ ਕਰਤਾ ਆਪੇ ਪਾਇੰਦਾ । ਜੋ ਜਨ ਚਰਨ ਪ੍ਰੀਤੀ ਗਿਆ ਘੁਲ, ਆਪ ਆਪਣਾ ਘੋਲ ਘੁੰਮਾਇੰਦਾ । ਲੋਕਮਾਤ ਨਾ ਜਾਣਾ ਰੁਲ, ਗੁਰਮੁਖ ਅਨਮੁਲਾ ਲਾਲ ਆਪਣੀ ਗੋਦ ਉਠਾਇੰਦਾ । ਆਪੇ ਫਲ ਫੁਲਵਾੜੀ ਵੇਖੇ ਫੁੱਲ, ਆਪੇ ਰੁੱਤ ਬਸੰਤ ਸੁਹਾਇੰਦਾ । ਆਪ ਉਪਜਾਏ ਆਪਣੀ ਕੁਲ, ਕੁਲਵੰਤਾ ਨਾਉਂ ਰਖਾਇੰਦਾ । ਆਪੇ ਵੇਖੇ ਗੁਲਸ਼ਨ ਗੁਲ, ਆਪੇ ਭਵਰ ਗੂੰਜ ਗੁੰਜਾਇੰਦਾ । ਆਪੇ ਪੰਖੜੀਆਂ ਅੰਦਰ ਵੜਿਆ ਭੁੱਲ, ਸ੍ਰਿਸ਼ਟ ਸਬਾਈ ਆਪ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਤ ਸਾਚੇ ਧਾਮ ਧਰਾਇੰਦਾ । ਮਤ ਬੁੱਧ ਮਨ ਸਾਚਾ ਡੇਰਾ, ਨਿਰਗੁਣ ਨਿਰਗੁਣ ਆਪ ਲਗਾਇਆ । ਪੰਜ ਤੱਤ ਪਾਇਆ ਘੇਰਾ, ਚਾਰ ਦਿਵਾਰ ਰਖਾਇਆ । ਕਿਸੇ ਨਾ ਸੁਝੇ ਸੰਝ ਸਵੇਰਾ, ਅੰਦਰ ਮੰਦਰ ਅੰਧ ਅੰਧੇਰ ਧਰਾਇਆ । ਗੁਰਮੁਖ ਵਿਰਲੇ ਭੇਵ ਖੁਲ੍ਹਾਏ ਗੁਝਾ, ਗੁਰ ਮੰਤਰ ਨਾਮ ਦ੍ਰਿੜਾਇਆ । ਸਤਿਗੁਰ ਸਰਨ ਸਰਨਾਈ ਜੋ ਜਨ ਝੂਜਾ, ਝੂਜਤ ਝੂਜਤ ਹਰਿ ਹਰਿ ਪਾਇਆ । ਭੌ ਚੁਕਾਇਆ ਏਕਾ ਦੂਜਾ, ਤੀਜਾ ਲੋਚਣ ਆਪ ਖੁਲ੍ਹਾਇਆ । ਸਚ ਦੁਵਾਰਾ ਹਰਿਜਨ ਸੁਝਾ, ਘਰ ਚੌਥੇ ਮੇਲ ਮਿਲਾਇਆ । ਲਹਿਣਾ ਚੁੱਕਿਆ ਪਾਠ ਪੂਜਾ, ਸਤਿਗੁਰ ਪੂਰਾ ਸਤਿ ਸਰੂਪੀ ਆਪਣਾ ਦੇਵੇ ਦਰਸ ਦਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਚਾੜ੍ਹੇ ਨਾਮ ਰੰਗਤ, ਰੰਗ ਚਲੂਲ ਸਦਾ ਅਨਮੂਲ, ਅਨਭੁਲ ਗੁਰ ਆਪ ਚੜ੍ਹਾਇਆ ।

### ✪ ੨ ਅੱਸੂ ੨੦੧੯ ਬਿਕ੍ਰਮੀ ਕੇਸਰ ਸਿੰਘ ਦੇ ਘਰ ਪਿੰਡ ਡੱਲੇ ਵਾਲਾ ਜ਼ਿਲਾ ਜਲੰਧਰ ✪

ਸਤਿ ਪੁਰਖ ਨਿਰੰਜਣ ਏਕ ਏਕੰਕਾਰ, ਅਕਲ ਕਲਾ ਅਖਵਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਜੁਗ ਜੁਗ ਵੇਸ ਧਰਾਇੰਦਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇੰਦਾ । ਦੋ ਜਹਾਨੀ ਖੇਲ ਨਿਆਰ, ਹਰਿ ਸਤਿਗੁਰ ਆਪ ਕਰਾਇੰਦਾ । ਅਲੱਖ ਨਿੰਰਜਣ ਬੋਲ ਜੈਕਾਰ,

ਅਪਣਾ ਆਪੇ ਲਾਇੰਦਾ । ਅਗੰਮ ਅਗੰਮੜੀ ਕਰੇ ਕਾਰ, ਭੇਵ ਕੋਈ ਨਾ ਪਾਇੰਦਾ । ਸਤਿ ਸਰੂਪੀ ਨਿਰਾਕਾਰ, ਨਿਰਗੁਣ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਖੇਲ ਖਲਾਇੰਦਾ । ਪੁਰਖ ਅਬਿਨਾਸ਼ੀ ਆਦਿ ਨਿਰੰਜਣ, ਅਕਲ ਕਲਾ ਕਲ ਧਾਰੀਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਇਕ ਇਕੱਲਾ ਖੇਲ ਅਪਾਰੀਆ । ਆਪ ਆਪਣਾ ਬਣ ਬਣ ਸੱਜਣ, ਜੁਗ ਜੁਗ ਆਪਣਾ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾ ਰਿਹਾ । ਜੋਤੀ ਨੂਰ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਪਰਮ ਪੁਰਖ ਪ੍ਰਭ ਇਕ ਇਕੱਲਾ, ਆਪਣੀ ਧਾਰ ਬੰਧਾਇੰਦਾ । ਵਸਣਹਾਰਾ ਜਲਾਂ ਥਲਾਂ, ਥਲ ਸਾਗਰ ਫੋਲ ਫੁਲਾਇੰਦਾ । ਲੋਆਂ ਪੁਰੀਆਂ ਕਰੇ ਹੱਲਾ, ਬ੍ਰਹਮਾ ਵਿਸ਼ਨ ਸ਼ਿਵ ਵੇਖ ਵਖਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਚਖੰਡ ਦੁਵਾਰਾ ਏਕਾ ਮੱਲਾ, ਥਿਰ ਘਰ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਪੁਰਖ ਅਬਿਨਾਸ਼ਾ, ਆਪਣਾ ਆਪ ਕਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਤਮਾਸ਼ਾ, ਆਪਣੀ ਮੰਡਲ ਰਾਸ ਰਚਾਈਆ । ਰਵ ਸਸ ਕਰ ਪਰਕਾਸ਼ਾ, ਜੋਤੀ ਨੂਰ ਨੂਰ ਸਮਾਈਆ । ਲੱਖ ਚੁਰਾਸੀ ਕਰ ਕਰ ਵਾਸਾ, ਘਰ ਘਟ ਵਿਚ ਰਿਹਾ ਸਮਾਈਆ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਪਰਮ ਪੁਰਖ ਸੁਲਤਾਨਿਆ । ਨਿਰਗੁਣ ਖੇਲ ਅਗੰਮ ਅਪਾਰਾ, ਜੋਤੀ ਨੂਰ ਸ੍ਰੀ ਭਗਵਾਨਿਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਪੁਰਖ ਅਕਾਲ ਇਕ ਤਰਾਨਿਆ । ਅਜੂਨੀ ਰਹਿਤ ਭੇਵ ਨਿਆਰਾ, ਜਲ ਥਲ ਮਹੀਅਲ ਆਪ ਸਮਾਨਿਆ । ਲੋਕਮਾਤ ਲੈ ਅਵਤਾਰਾ, ਲੱਖ ਚੁਰਾਸੀ ਵੇਖ ਵਖਾਨਿਆ । ਸਾਧਾਂ ਸੰਤਾਂ ਕਰੇ ਪਿਆਰਾ, ਦੇਵੇ ਨਾਮ ਗੁਣ ਨਿਧਾਨਿਆ, ਭਗਤਾਂ ਭਗਤੀ ਮੀਤ ਮੁਰਾਰਾ, ਖੇਲੇ ਖੇਲ ਸ੍ਰੀ ਭਗਵਾਨਿਆ । ਸ਼ਬਦ ਅਗੰਮੀ ਇਕ ਹੁਲਾਰਾ, ਸਤਿ ਪੁਰਖ ਨਿਰੰਜਣ ਆਪ ਅਖਵਾਨਿਆ । ਪੰਜ ਤੱਤ ਮੇਲਾ ਵਿਚ ਸੰਸਾਰਾ, ਬ੍ਰਹਮ ਪਾਰਬ੍ਰਹਮ ਵਖਾਨਿਆ । ਜੋਤੀ ਨੂਰ ਨੂਰ ਉਜਿਆਰਾ, ਦੀਵਾ ਬਾਤੀ ਇਕ ਟਿਕਾਣਿਆ । ਕਮਲਾਪਾਤੀ ਮੀਤ ਮੁਰਾਰਾ, ਸਤਿ ਸਤਿਵਾਦੀ ਸਤਿ ਪੁਰਖ ਘਰ ਸਾਚੇ ਨੌਜਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਾਣੀ ਜਾਣਿਆ । ਲੱਖ ਚੁਰਾਸੀ ਹਰਿ ਹਰਿ ਵਾਸਾ, ਨਿਰਗੁਣ ਨੂਰ ਰੁਸ਼ਨਾਈਆ । ਆਪੇ ਵਸੇ ਪਵਣ ਸਵਾਸਾ, ਰਸਨਾ ਜਿਹਵਾ ਆਪ ਚਲਾਈਆ । ਆਦਿ ਅੰਤ ਨਾ ਕਦੇ ਵਿਨਾਸਾ, ਜੁਗ ਜੁਗ ਕਰਤਾ ਖੇਲ ਖਲਾਈਆ । ਹਰਿ ਭਗਤਾਂ ਦੇਵੇ ਇਕ ਧਰਵਾਸਾ, ਧਰਨੀ ਧਰਤ ਧਵਲ ਸੁਹਾਈਆ । ਸਾਚੇ ਮੰਡਲ ਬਹਿ ਬਹਿ ਪਾਵੇ ਰਾਸਾ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਪਰਮ ਪੁਰਖ ਸੁਲਤਾਨਾ ਜੋਤੀ ਨੂਰ ਡਗਮਗਾਈਆ । ਜੋਤੀ ਨੂਰ ਸ੍ਰੀ ਭਗਵੰਤ, ਸਰਬ ਕਲ ਅਖਵਾਇੰਦਾ । ਖੇਲੇ ਖੇਲ ਜੁਗਾ ਜੁਗੰਤ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ । ਲੇਖੇ ਲਾਏ ਹਰਿ ਹਰਿ ਸੰਤ, ਆਪ ਆਪਣਾ ਮੇਲ ਮਿਲਾਇੰਦਾ । ਸਾਚਾ ਮੇਲਾ ਨਾਰੀ ਕੰਤ, ਨਿਰਗੁਣ ਸਰਗੁਣ ਸੰਗ ਨਿਭਾਇੰਦਾ । ਭੇਵ ਨਾ ਪਾਏ ਜੀਵ ਜੰਤ, ਜਗਤ ਜੁਗਤ ਆਪਣੇ ਹੱਥ ਰਖਾਇੰਦਾ । ਆਪੇ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਜਾਗਰਤ ਜੋਤ, ਜੋਤੀ ਜੋਤ

੧੦੩੩
੦੮

ਡਗਮਗਾਇੰਦਾ । ਜੋਤ ਉਜਾਲਾ ਹਰਿ ਗੋਪਾਲਾ, ਅਕਲ ਕਲਾ ਕਲ ਧਾਰੀਆ । ਸਤਿਗੁਰ ਪੂਰਾ ਦੀਨ ਦਿਆਲਾ, ਏਕਾ ਏਕ ਗੁਰ ਅਵਤਾਰੀਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਲੋਕਮਾਤ ਖੇਲ ਨਿਆਰੀਆ । ਸਚਖੰਡ ਵਸੇ ਸੱਚੀ ਧਰਮਸਾਲਾ, ਦੂਜਾ ਦਰ ਨਾ ਕੋਈ ਰਖਾ ਲਿਆ । ਚਰਨ ਰਖਾਏ ਕਾਲ ਮਹਾਂਕਾਲਾ, ਆਪ ਆਪਣਾ ਹੁਕਮ ਸੁਣਾ ਰਿਹਾ । ਸ਼ਬਦ ਸਰੂਪੀ ਬਣ ਦਲਾਲਾ, ਧੁਰ ਦਰਗਾਹੀ ਵੇਸ ਵਟਾ ਲਿਆ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਮਨਮੁਖ ਖ਼ਾਕੀ ਖ਼ਾਕ ਰਲਾ ਲਿਆ । ਲੱਖ ਚੁਰਾਸੀ ਵੇਖੇ ਫਲ ਕਾਇਆ ਡਾਲਾ, ਪਤ ਡਾਲੀ ਫੋਲ ਫੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਆਪਣੀ ਕਿਰਤ ਕਮਾ ਰਿਹਾ । ਕਰਤਾ ਪੁਰਖ ਪੁਰਖ ਅਬਿਨਾਸ਼, ਏਕਾ ਏਕ ਏਕੰਕਾਰਿਆ । ਭਗਤਨ ਮੀਤਾ ਭਗਤੀ ਵਾਸ, ਪ੍ਰਗਟ ਹੋਏ ਵਿਚ ਸੰਸਾਰਿਆ । ਗੁਰਮੁਖਾਂ ਹਿਰਦੇ ਰੱਖੇ ਵਾਸ, ਨਿਝ ਆਤਮ ਡੇਰਾ ਲਾ ਲਿਆ । ਕਿਸੇ ਹੱਥ ਨਾ ਆਏ ਪ੍ਰਿਥਮੀ ਅਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾ ਲਿਆ । ਆਪਣੀ ਰਚਨ ਆਪ ਰਚਾਏ, ਹਰਿ ਵਡ ਵਡਾ ਬਲਵਾਨਿਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਏ, ਦਿਵਸ ਰੈਣ ਸੇਵ ਕਮਾਨਿਆ । ਜੁਗ ਜੁਗ ਗੇੜਾ ਆਪਣੇ ਹੱਥ ਰਖਾਏ, ਲੱਖ ਚੁਰਾਸੀ ਆਪ ਭੁਵਾਨਿਆ । ਅੰਤਮ ਨਿਬੇੜਾ ਹੱਕ ਕਰਾਏ, ਹੱਕ ਹਕੀਕਤ ਵੇਖ ਵਖਾਨਿਆ । ਲਾਸ਼ਰੀਕ ਖ਼ੁਦਾਏ ਇਕ ਹੋ ਜਾਏ, ਨੂਰੋ ਨੂਰ ਡਗਮਗਾਨਿਆ । ਰਾਮ ਰੂਪ ਰੂਪ ਆਪ ਵਟਾਏ, ਆਪੇ ਬੰਸਰੀ ਨਾਮ ਵਜਾਨਿਆ । ਆਪੇ ਨਾਮ ਸਤਿ ਮੰਤਰ ਦ੍ਰਿੜਾਏ, ਨਾਨਕ ਨਿਰਗੁਣ ਆਪ ਵਖਾਨਿਆ । ਆਪੇ ਖੰਡਾ ਹੱਥ ਉਠਾਏ, ਆਪੇ ਚੰਡੀ ਵੇਖੇ ਮਾਰ ਧਿਆਨਿਆ । ਬ੍ਰਹਿਮੰਡਾਂ ਆਪੇ ਖੋਜ ਖੁਜਾਏ, ਜੇਰਜ ਅੰਡਾਂ ਫੋਲ ਫੁਲਾਨਿਆ । ਜੁਗ ਜੁਗ ਵੰਡਾਂ ਆਪ ਕਰਾਏ, ਨਾ ਕੋਈ ਦੂਸਰ ਸੰਗ ਰਖਾਨਿਆ । ਭੇਖ ਪਖੰਡਾ ਦਏ ਮਿਟਾਏ, ਜੂਠਾ ਝੂਠਾ ਮੇਟ ਨਿਸ਼ਾਨਿਆ । ਕਲਜੁਗ ਜੀਵ ਆਤਮ ਰੰਡਾ ਕੋਈ ਰਹਿਣ ਨਾ ਪਾਏ, ਜਿਸ ਭੁਲਿਆ ਹਰਿ ਭਗਵਾਨਿਆ । ਅੰਤਮ ਵੇਲਾ ਕੰਢਾ ਨਜ਼ਰੀ ਆਏ, ਬੀਸ ਬੀਸਾ ਖੇਲੇ ਖੇਲ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਅਬਿਨਾਸ਼ੀ ਕਰਤਾ, ਪਾਰਬ੍ਰਹਮ ਬ੍ਰਹਮ ਪੁਰਖ ਆਪਣਾ ਖੇਲ ਆਪ ਖਲਾਨਿਆ । ਖੇਲਣਹਾਰਾ ਹਰਿ ਹਰਿ ਖੇਲ, ਹਰਿ ਸਾਚੇ ਵਡ ਵਡਿਆਈਆ । ਸੰਤ ਸੁਹੇਲੇ ਆਪੇ ਮੇਲ, ਗੁਰਮੁਖ ਸੱਜਣ ਲਏ ਜਗਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਘਰ ਸਾਚੇ ਸਗਨ ਮਨਾਈਆ । ਸਤਿਗੁਰ ਮਿਲਿਆ ਸੱਜਣ ਸੁਹੇਲ, ਵਿਛੜ ਕਦੇ ਨਾ ਜਾਈਆ । ਧਰਮ ਰਾਏ ਦੀ ਕੱਟੇ ਜੇਲ, ਲੱਖ ਚੁਰਾਸੀ ਫੰਦ ਕਟਾਈਆ । ਵਸਣਹਾਰਾ ਰੰਗ ਨਵੇਲ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਜੁਗ ਜੁਗ ਆਪਣਾ ਨਾਉਂ ਰੱਖ, ਹਰਿ ਆਪਣਾ ਵੇਸ ਵਟਾਇੰਦਾ । ਸਤਿਗੁਰ ਰੂਪ ਹੋ ਪ੍ਰਤੱਖ, ਲੋਕਮਾਤ ਫੇਰਾ ਪਾਇੰਦਾ । ਲੱਖ ਚੁਰਾਸੀ ਨਕੇਲ ਪਾਏ ਨੱਕ, ਨਾਮ ਡੋਰੀ ਹੱਥ ਉਠਾਇੰਦਾ । ਆਪੇ ਲੱਖੋਂ ਕਰਨਹਾਰਾ ਕੱਖ, ਆਪੇ ਹੱਟੋ ਹੱਟ ਵਿਕਾਇੰਦਾ । ਆਪੇ ਭਾਂਡੇ ਭਰੇ ਕਰੇ ਸੱਖ, ਸੱਖਣੇ ਭਾਂਡੇ ਆਪ ਭਰਾਇੰਦਾ । ਆਪੇ ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰੇ ਵੱਖ, ਲੱਖ ਚੁਰਾਸੀ ਫੋਲ ਫੁਲਾਇੰਦਾ । ਆਪੇ ਫੇਰਾ ਪਾਏ ਉਤਰ ਪੂਰਬ ਪੱਛਮ ਦੱਖ, ਚਾਰੇ ਕੂਟਾਂ ਵੇਖ ਵਖਾਇੰਦਾ । ਆਪੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਢਕ, ਸਮੁੰਦ ਸਾਗਰ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਹਿਣਾ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ

੧੦੩੫ ੦੮

ਚੁਕਿਆ ਲਹਿਣਾ, ਕਲਜੁਗ ਅੰਤਮ ਵਾਰੀਆ । ਪਾਰਬ੍ਰਹਮ ਪ੍ਰਭ ਵੇਖੇ ਆਪਣੇ ਨੈਣਾਂ, ਨਿਰਗੁਣ ਨੂਰ ਡਗਮਗਾਈਆ । ਨਾਨਕ ਗੋਬਿੰਦ ਸਾਚਾ ਕਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਹਰਿ ਹਰਿ ਭਾਣਾ ਸਹਿਣਾ, ਕਲਜੁਗ ਕੂਕੇ ਦਏ ਦੁਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕੋਈ ਨਾ ਰਹਿਣਾ, ਸੀਸ ਤਾਜ ਨਾ ਕੋਈ ਟਿਕਾਈਆ । ਮੱਠ ਸ਼ਿਵਦੁਆਲੇ ਕਿਸੇ ਨਾ ਬਹਿਣਾ, ਤਿਲਕ ਲਲਾਟ ਨਾ ਕੋਈ ਲਗਾਈਆ । ਮੁਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸ਼ਾਹ ਹਕੀਰ ਅੱਲਾ ਹੂ ਅੰਨਾ ਹੂ ਨਾਅਰਾ ਕਿਸੇ ਨਾ ਲੈਣਾ, ਕਲਮਾ ਨਬੀ ਨਾ ਕੋਈ ਪੜ੍ਹਾਈਆ । ਹੇਠ ਮਸੱਲਾ ਨਾ ਕਿਸੇ ਵਿਛੌਣਾ, ਉਚੀ ਕੂਕ ਨਾ ਕੋਈ ਬਾਂਗ ਸੁਣਾਈਆ । ਨਿਉਂ ਨਿਉਂ ਸਜਦਾ ਨਾ ਕਿਸੇ ਕਰੌਣਾ, ਧਰਤ ਧਵਲ ਨਾ ਮਸਤਕ ਕੋਈ ਛੁਹਾਈਆ । ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਸੰਗ ਤੁੜੌਣਾ, ਸਦੀ ਚੌਧਵੀਂ ਵੇਖ ਵਖਾਈਆ । ਕਾਇਨਾਤ ਹਰਿ ਫੇਰਾ ਪਾਵਣਾ, ਆਪਣਾ ਕਲਮਾ ਆਪੇ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਕਲਜੁਗ ਅੰਤਮ ਖੇਲ ਖਲਾਵਣਾ, ਹਰਿ ਸਾਚਾ ਸਚ ਵਰਤਾਇੰਦਾ । ਲੱਖ ਚੁਰਾਸੀ ਮੇਟ ਮਿਟਾਵਣਾ, ਆਪ ਆਪਣਾ ਮਾਰਗ ਲਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਵਣਾ, ਦੂਜਾ ਦਰ ਨਾ ਕੋਈ ਵਖਾਇੰਦਾ । ਵਰਨ ਬਰਨ ਡੇਰਾ ਢਾਵਣਾ, ਏਕਾ ਸਿਖਿਆ ਸਿਖ ਸਮਝਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਏਕਾ ਘਰ ਬਹਾਵਨਾ, ਦਰ ਘਰ ਸਾਚਾ ਇਕ ਸੁਹਾਇੰਦਾ । ਏਕਾ ਸ਼ਬਦ ਸੁਹਾਗੀ ਢੋਲਾ ਗੀਤ ਹਰਿ ਹਰਿ ਲੱਖ ਚੁਰਾਸੀ ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਗਾਵਣਾ, ਇਕ ਜੈਕਾਰਾ ਆਪੇ ਲਾਇੰਦਾ । ਖੇਲੇ ਖੇਲ ਧਰ ਧਰ ਰੂਪ ਜਿਉਂ ਬਲ ਬਾਵਨਾ, ਅਛਲ ਅਛੱਲ ਫੇਰਾ ਪਾਇੰਦਾ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਨਾ, ਲੰਕਾ ਗੜ੍ਹ ਤੁੜਾਇੰਦਾ । ਖੇਲੇ ਖੇਲ ਕ੍ਰਿਸ਼ਨਾ ਕਾਹਨਾ, ਰਥ ਰਥਵਾਹੀ ਵੇਸ ਵਟਾਇੰਦਾ । ਗੋਬਿੰਦ ਖੰਡਾ ਇਕ ਚਮਕਾਵਣਾ, ਦਿਸ ਕਿਸੇ ਨਾ ਆਇੰਦਾ । ਚੰਡ ਪ੍ਰਚੰਡ ਵੇਖ ਵਖਾਵਣਾ, ਬ੍ਰਹਿਮੰਡਾਂ ਰਾਹ ਤਕਾਇੰਦਾ । ਕਲਜੁਗ ਜੂਠਾ ਝੂਠਾ ਭੰਨ ਵਖਾਵਣਾ, ਵੇਲੇ ਅੰਤ ਨਾ ਕੋਈ ਬਚਾਇੰਦਾ । ਗੁਰਸਿਖ ਚਾਰ ਜੁਗ ਦਾ ਰੁਠਿਆ ਆਪ ਮਨਾਵਣਾ, ਕਲਜੁਗ ਸਾਚਾ ਵਕਤ ਸੁਹਾਇੰਦਾ । ਸਾਚੀ ਸਿਖਿਆ ਇਕ ਸਮਝਾਵਣਾ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਪੁਰਖ ਅਕਾਲ ਇਕ ਮਨਾਵਣਾ, ਦੂਸਰ ਸੀਸ ਨਾ ਕੋਈ ਝੁਕਾਇੰਦਾ । ਬਿਨ ਹਰਿ ਪਾਰ ਨਾ ਕਿਸੇ ਕਰਾਵਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਖੇਲਣਹਾਰ ਪੁਰਖ ਸਮਰਥ, ਆਦਿ ਅੰਤ ਸ੍ਰੀ ਭਗਵਾਨਿਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਖੇਲੇ ਖੇਲ ਮਹਾਨਿਆ । ਬੋਧ ਅਗਾਧੀ ਮਹਿਮਾ ਅਕੱਥ, ਸ਼ਬਦੀ ਸੁਣਾਏ ਸ਼ਬਦ ਤਰਾਨਿਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਪਾਏ ਸ੍ਰੀ ਭਗਵਾਨਿਆ । ਹਉਮੇ ਹੰਗਤਾ ਮੰਦਰ ਜਾਏ ਢੱਠ, ਨਾਤਾ ਤੁੱਟੇ ਪੰਜ ਸ਼ੈਤਾਨਿਆ । ਘਰ ਵਿਚ ਦਿਸੇ ਸਾਚਾ ਹੱਟ, ਚੌਦਾਂ ਲੋਕਾਂ ਪੰਧ ਮੁਕਾਨਿਆ । ਅੰਮ੍ਰਿਤ ਆਤਮ ਆਪਣਾ ਝੱਟ, ਸਰ ਸਰੋਵਰ ਇਕ ਸੁਹਾਨਿਆ । ਨਿਰਗੁਣ ਜੋਤੀ ਲਟ ਲਟ, ਅੱਠੇ ਪਹਿਰ ਡਗਮਗਾਨਿਆ । ਅਨਹਦ ਮਾਰੇ ਸਾਚੀ ਸੱਟ, ਛੱਤੀ ਰਾਗ ਨਾ ਭੇਵ ਵਖਾਨਿਆ । ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਨਿਰਮਲ ਨੀਰ ਆਤਮ ਜਾਮ ਪਿਆਨਿਆ । ਵਸਣਹਾਰਾ ਘਟ ਘਟ, ਹਰ ਘਟ ਬੈਠਾ ਰੂਪ ਛੁਪਾਨਿਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਨਿਆ । ਨਿਰਗੁਣ ਰੂਪ ਹੋ ਪ੍ਰਗਟ, ਨਿਹਕਲੰਕਾ ਨਾਮ ਧਰਾਨਿਆ । ਕਲਜੁਗ ਤੇਰਾ ਮੇਟੇ

ਫੱਟ, ਦੂਈ ਦਵੈਤੀ ਵੇਖ ਵਖਾਨਿਆ । ਨਾਮ ਵਿਕਾਏ ਸਾਚੇ ਹੱਟ, ਗੁਰ ਸਤਿਗੁਰ ਹੱਟ ਕਰ ਪਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰ, ਜੋਧਾ ਸੂਰਬੀਰ ਬਲੀ ਬਲਵਾਨਿਆ । ਜੋਧਾ ਸੂਰਬੀਰ ਹਰਿ ਗੋਬਿੰਦ, ਗੁਰ ਸਤਿਗੁਰ ਨਾਉਂ ਧਰਾਇੰਦਾ । ਕਲਜੁਗ ਅੰਤਮ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਵਿਚ ਸਮਾਇੰਦਾ । ਗੁਰਮੁਖ ਉਪਜਾਏ ਆਪਣੀ ਬਿੰਦ, ਆਪਣਾ ਲੇਖਾ ਆਪ ਗਿਣਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ ਸਾਗਰ ਸਿੰਧ, ਭੇਵ ਕੋਈ ਨਾ ਪਾਇੰਦਾ । ਸਰਬ ਜੀਆਂ ਦਾਤਾ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਇੰਦਾ । ਮਨਮੁਖ ਲਗਾਏ ਆਪਣੀ ਨਿੰਦ, ਨਿੰਦਕ ਨਿੰਦਿਆ ਝੋਲੀ ਜਗਤ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦਾਤਾ ਗੁਣੀ ਗਹਿੰਦ, ਆਪੇ ਮੁਖ ਭੁਵਾਇੰਦਾ । ਗੁਣੀ ਗਹਿੰਦ ਸਤਿਗੁਰ ਮੀਤ, ਹਰਿ ਸੱਜਣ ਮੀਤ ਮੁਰਾਰੜਾ । ਆਦਿ ਜੁਗਾਦੀ ਜਾਣੇ ਆਪਣੀ ਰੀਤ, ਸਰਬ ਜੀਆਂ ਦਾ ਸਾਝਾਂ ਯਾਰੜਾ । ਜੁਗ ਜੁਗ ਸੁਣਾਏ ਆਪਣਾ ਗੀਤ, ਕਰੇ ਖੇਲ ਅਗੰਮ ਅਪਾਰੜਾ । ਪਤਿਤ ਪਾਪੀ ਕਰੇ ਪੁਨੀਤ, ਲੇਖਾ ਜਾਣੇ ਧੁਰ ਦਰਬਾਰੜਾ । ਹਰਿਜਨ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਦੇਵੇ ਸਚ ਪਿਆਲੜਾ । ਏਕਾ ਰੰਗ ਰੰਗਾਏ ਹਸਤ ਕੀਟ, ਊਚਾਂ ਨੀਚਾਂ ਆਪ ਸਮਾਲੜਾ । ਆਪੇ ਵਸੇ ਧਾਮ ਅਨਡੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲੇ ਆਪਣੀ ਚਾਲੜਾ । ਚਾਲ ਨਿਰਾਲੀ ਜੋਤ ਅਕਾਲੀ, ਜੁਗ ਜੁਗ ਆਪ ਚਲਾਈਆ । ਆਪੇ ਬਣੇ ਜਗਤ ਦਲਾਲੀ, ਆਪੇ ਵਣਜ ਵਖਾਈਆ । ਆਪਣੇ ਹੱਥਾਂ ਰੱਖੇ ਖਾਲੀ, ਨਾਮ ਭੰਡਾਰਾ ਝੋਲੀ ਪਾਈਆ । ਲੱਖ ਚੁਰਾਸੀ ਸਾਚਾ ਮਾਲੀ, ਨੌ ਖੰਡਾਂ ਬੂਟਾ ਆਪੇ ਲਾਈਆ । ਆਪੇ ਦੇਵਣਹਾਰਾ ਪਾਣੀ, ਆਪੇ ਰਿਜ਼ਕ ਸਬਾਈਆ । ਆਪੇ ਘਰ ਘਰ ਅੰਦਰ ਵਜਾਏ ਤਾਲੀ, ਸ਼ਬਦ ਅਨਾਦਿ ਧੁਨ ਸੁਣਾਈਆ । ਆਪੇ ਹੋਇਆ ਦੋ ਜਹਾਨਾਂ ਵਾਲੀ, ਲੋਕਮਾਤ ਆਪੇ ਫੇਰਾ ਪਾਈਆ । ਆਪੇ ਮੇਟੇ ਕਲਜੁਗ ਰੈਣ ਅੰਧੇਰੀ ਕਾਲੀ, ਚਾਰੋਂ ਕੁੰਟ ਧੁਆਂਧਾਰ ਛਾਈਆ । ਤੋੜਣਹਾਰਾ ਜਗਤ ਜੰਜਾਲੀ, ਨਾਮ ਖੰਡਾ ਹੱਥ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚੇ ਤਾਰਨਹਾਰਾ, ਏਕਾ ਏਕ ਏਕੰਕਾਰਿਆ । ਏਕਾ ਬਖ਼ਸ਼ੇ ਚਰਨ ਪਿਆਰਾ, ਦੇਵੇ ਨਾਮ ਅਧਾਰਿਆ । ਆਤਮ ਸੇਜਾ ਖੇਲ ਅਪਾਰਾ, ਸਚ ਸਿੰਘਾਸਣ ਆਸਣ ਲਾ ਲਿਆ । ਨਾਰੀ ਕੰਤਾ ਮੀਤ ਮੁਰਾਰਾ, ਕੰਤ ਕੰਤੂਹਲਾ ਵੇਸ ਵਟਾ ਲਿਆ । ਸ਼ਬਦ ਸਵਾਮੀ ਦਏ ਹੁਲਾਰਾ, ਨਿਹਕਾਮੀ ਵੇਖ ਵਖਾ ਰਿਹਾ । ਨਗਰ ਗਰਾਮੀ ਵਸੇ ਵਸਣਹਾਰਾ, ਆਪ ਆਪਣਾ ਧਾਮ ਸੁਹਾ ਲਿਆ । ਹੱਡ ਮਾਸ ਨਾੜੀ ਚਾਮੀ ਕਰ ਪਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜ ਤੱਤ ਡੇਰਾ ਆਪੇ ਲਾ ਲਿਆ । ਮਨ ਮਤ ਬੁੱਧ ਦਏ ਆਧਾਰਾ, ਨਿਰਗੁਣ ਆਪਣਾ ਅੰਗ ਕਟਾ ਲਿਆ । ਆਪੇ ਅੰਦਰ ਲਾਏ ਸਚ ਅਖਾੜਾ, ਪੰਚ ਵਿਕਾਰਾ ਆਪ ਜਗਾ ਲਿਆ । ਆਪੇ ਅਗਨੀ ਤੱਤ ਬਹੱਤਰ ਨਾੜਾ, ਰੱਤ ਰੱਤੀ ਆਪ ਸੁਕਾ ਲਿਆ । ਆਪੇ ਤੋੜਣਹਾਰਾ ਗੜ੍ਹ ਹੰਕਾਰਾ, ਕਾਮ ਕਰੋਧ ਲੋਭ ਮੋਹ ਆਪ ਹਲਕਾ ਲਿਆ । ਆਪੇ ਬਖ਼ਸ਼ੇ ਚਰਨ ਪਿਆਰਾ, ਸਾਚਾ ਮਾਰਗ ਆਪੇ ਲਾ ਲਿਆ । ਆਪੇ ਕਰੇ ਅੰਧ ਅੰਧਿਆਰਾ, ਆਪਣਾ ਮੁਖ ਛੁਪਾ ਲਿਆ । ਕਲਜੁਗ ਅੰਤਮ ਖੇਲ ਨਿਆਰਾ, ਗੁਰ ਗੋਬਿੰਦ ਵੇਖ ਵਖਾ ਰਿਹਾ । ਖੜਗ ਖੰਡਾ ਤੇਜ਼ ਕਟਾਰਾ, ਤਨ ਗਾਤਰੇ ਆਪ ਲਟਕਾ ਰਿਹਾ । ਸੰਬਲ ਨਗਰੀ ਧਾਮ ਨਿਆਰਾ, ਹਰਿ ਜੂ ਹਰਿ ਮੰਦਰ ਫੇਰਾ ਪਾ ਲਿਆ । ਭਰਮੇ ਭੁੱਲਾ ਭਰਮ ਸੰਸਾਰਾ,

੧੦੩੬ ੦੮

ਭਰਮ ਗੜ੍ਹ ਨਾ ਕੋਈ ਤੁੜਾ ਲਿਆ । ਪ੍ਰਗਟ ਹੋਇਆ ਨਰ ਨਿਰੰਕਾਰਾ, ਨਿਹਕਲੰਕਾ ਨਾਉਂ ਰਖਾ ਲਿਆ । ਸੰਮਤ ਸੋਲਾਂ ਦਏ ਹੁਲਾਰਾ, ਵੀਹ ਸੌ ਬਿਕ੍ਰਮੀ ਨਾਲ ਰਲਾ ਲਿਆ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸੋਇਆ ਕੋਈ ਰਹਿਣ ਨਾ ਪਾ ਲਿਆ । ਸਾਧਾਂ ਸੰਤਾਂ ਮਾਰੇ ਮਾਰਾ, ਸ਼ਬਦ ਡੰਕਾ ਹੱਥ ਉਠਾ ਲਿਆ । ਜੂਠੇ ਝੂਠੇ ਕਰੇ ਖ਼ਵਾਰਾ, ਮਨ ਮਤੀ ਮੋਹ ਚੁਕਾ ਲਿਆ । ਗੁਰਮਤੀ ਬੋਲ ਜੈਕਾਰਾ, ਸਤਿਗੁਰ ਨਾਨਕ ਮੇਲ ਮਿਲਾ ਲਿਆ । ਗੁਰ ਗੋਬਿੰਦ ਵੇਖੇ ਜਗਤ ਅਖਾੜਾ, ਏਕਾ ਡੰਕਾ ਆਪ ਵਜਾ ਲਿਆ । ਵੱਜੇ ਨਾਮ ਰਣਜੀਤ ਨਗਾਰਾ, ਲੋਆਂ ਪੁਰੀਆਂ ਆਪ ਜਗਾ ਲਿਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਕਲਜੁਗ ਵੇਲਾ ਅੰਤਮ ਆ ਗਿਆ । ਸ਼ਿਵ ਸ਼ੰਕਰ ਦਿਵਸ ਰੈਣ ਕਰੇ ਪੁਕਾਰਾ, ਹੱਥ ਤ੍ਰਸੂਲ ਨਾ ਕੋਈ ਉਠਾ ਲਿਆ । ਕਰੋੜ ਤੇਤੀਸਾ ਹਾਹਾਕਾਰਾ, ਸੁਰਪਤ ਰਾਜਾ ਇੰਦ ਸਚ ਸਿੰਘਾਸਣ ਨਾ ਕੋਈ ਵਿਛਾ ਲਿਆ । ਪ੍ਰਗਟ ਹੋਇਆ ਅਬਿਨਾਸ਼ੀ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾ ਲਿਆ । ਦੋ ਜਹਾਨਾਂ ਪਾਵੇ ਸਾਰਾ, ਲੋਆਂ ਪੁਰੀਆਂ ਗਗਨ ਪਤਾਲਾਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਹਤਜ ਆਪ ਵਖਾ ਲਿਆ । ਕਲਜੁਗ ਕੂੜੀ ਕਾਇਆ ਵੱਢੇ ਕੰਡਾਂ, ਸੀਸ ਧੜ ਨਾ ਕੋਈ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆ ਰਿਹਾ । ਅਲੱਖ ਅਗੋਚਰ ਅਗੰਮ ਅਥਾਹ, ਬੇਐਬ ਪਰਵਰਦਿਗਾਰਿਆ । ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਵੇਖ ਵਖਾ ਰਿਹਾ । ਜਨ ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਦ੍ਰਿੜਾ ਲਿਆ । ਮਨਮੁਖ ਪਾਏ ਅੰਧੇ ਰਾਹ, ਮਾਇਆ ਮਮਤਾ ਮੋਹ ਵਧਾ ਲਿਆ । ਕਾਮ ਕਰੋਧ ਨਾਲ ਰਲਾ, ਕਾਮੀ ਕਾਮੀ ਵੇਸ ਵਟਾ ਲਿਆ । ਜੂਠੀ ਝੂਠੀ ਸੇਜਾ ਡੇਰਾ ਲਾ, ਜੂਠ ਰੰਗ ਰੰਗਾ ਲਿਆ । ਆਸਾ ਤ੍ਰਿਸ਼ਨਾ ਪਕੜੇ ਬਾਂਹ, ਹਉਮੇ ਰੋਗ ਵਧਾ ਲਿਆ । ਬਿਨ ਹਰਿ ਨਾਮੇ ਹੰਸ ਬਣੇ ਕਾਂ, ਕਾਗੀ ਵਿਸ਼ਟਾ ਮੁਖ ਧਰਾ ਲਿਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਸਿਰ ਠੰਡੀ ਛਾਂ, ਭਵ ਸਾਗਰ ਨਾ ਕੋਈ ਤਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਆਪਣਾ ਵੇਸ ਵਟਾ ਲਿਆ । ਵੇਸ ਵਟਾਇਆ ਪੁਰਖ ਕਰਤਾਰ, ਨਿਰਗੁਣ ਜੋਤ ਜੋਤ ਜਗਾਈਆ । ਪ੍ਰਗਟ ਹੋਇਆ ਵਿਚ ਸੰਸਾਰ, ਮਾਤ ਪਿਤ ਨਾ ਕੋਈ ਭੈਣ ਭਾਈਆ । ਪੁੱਤਰ ਧੀ ਨਾ ਕੋਈ ਪਿਆਰ, ਜਗਤ ਕੁਟੰਬ ਨਾ ਕੋਈ ਵਖਾਈਆ । ਪੰਜ ਤੱਤ ਨਾ ਕੋਈ ਅਕਾਰ, ਤ੍ਰੈਗੁਣ ਬੰਧਨ ਨਾ ਕੋਈ ਵਖਾਈਆ । ਪੰਝੀ ਪ੍ਰਕਿਰਤੀ ਨਾ ਕੋਈ ਅਧਾਰ, ਮਨਮਤ ਬੁੱਧ ਨਾ ਕੋਈ ਪੜ੍ਹਾਈਆ । ਜਗਤ ਵਿਦਿਆ ਨਾ ਕੋਈ ਉਜਿਆਰ, ਨਾ ਕੋਈ ਇਸ਼ਟ ਮਨਾਈਆ । ਪੁਰਖ ਅਕਾਲ ਏਕੰਕਾਰ, ਮੂਰਤ ਅਕਾਲ ਆਪ ਉਪਾਈਆ । ਦੀਨਾ ਨਾਥਾ ਦਰਦ ਦੁੱਖ ਭੈ ਭੰਜਣ ਹਰਿ ਸੰਤਾਂ ਕਰੇ ਪਿਆਰ, ਸਾਂਤਕ ਸਤਿ ਸਤਿ ਵਰਤਾਈਆ । ਨੇਤਰ ਅੰਜਨ ਨਾਮ ਅਪਾਰ, ਲੋਚਣ ਨੈਣ ਆਪ ਖੁਲ੍ਹਾਈਆ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਥੱਕੀ ਸਰਬ ਲੋਕਾਈਆ । ਵੇਦ ਕਤੇਬਾਂ ਵਸਿਆ ਬਾਹਿਰ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਜੁਗ ਆਪਣਾ ਆਪ ਕਰਾਈਆ । ਕਾਦਰ ਕਰਤਾ ਹੋ ਤਿਆਰ, ਕਲਜੁਗ ਅੰਤਮ ਵੇਖ ਵਖਾਈਆ । ਸਾਢੇ ਤਿੰਨ ਹੱਥ ਮੰਦਰ ਕਰ ਤਿਆਰ, ਏਕਾ ਸੰਬਲ ਨਾਉਂ ਧਰਾਈਆ । ਗੁਰ ਗੋਬਿੰਦ ਹੋਇਆ ਖ਼ਬਰਦਾਰ, ਸ਼ਬਦੀ ਡੰਕ ਵਜਾਈਆ । ਉਠਿਆ ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਉਪਜਾਈਆ । ਨੌ ਨੌ ਕਰੇ ਖੁਵਾਰ,

ਸਤ ਸਤ ਦਏ ਹਿਲਾਈਆ । ਦਹਿ ਦਿਸ਼ਾ ਦਰ ਪਾਵਣਹਾਰਾ ਸਾਰ, ਕੁੰਟ ਚਾਰ ਵੇਖ ਵਖਾਈਆ । ਅਨਭਵ ਪ੍ਰਕਾਸ਼ ਕਰ ਉਜਿਆਰ, ਤੱਤਵ ਤੱਤ ਤੱਤ ਸਮਾਈਆ । ਬ੍ਰਹਮ ਮਤ ਦਏ ਅਧਾਰ, ਕਮਲਾਪਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੰਤਮ ਵੇਲਾ ਵੇਖੇ ਆਪ ਖ਼ੁਦਾਈਆ । ਖ਼ਲਕ ਖ਼ੁਦਾਈ ਖ਼ਾਲਕ ਹਰਿ, ਹਰੀ ਹਰਿ ਵੇਸ ਵਟਾਇਆ । ਨੂਰੀ ਅੱਲਾ ਜੋਤ ਧਰ, ਬਿਸਮਿਲ ਰੂਪ ਸਮਾਇਆ । ਆਪਣਾ ਕਲਮਾ ਆਪੇ ਪੜ੍ਹ, ਤੀਸ ਬਤੀਸ ਹਦੀਸ ਸੁਣਾਇਆ । ਆਪੇ ਲਾਵਣਹਾਰਾ ਜੜ੍ਹ, ਆਪੇ ਲਏ ਉਖੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਨਾਮ ਧਰਾਇਆ । ਨਾਮ ਧਰਾਇਆ ਨਰ ਨਿਰੰਕਾਰ, ਨਿਰਗੁਣ ਰੂਪ ਅਪਾਰਿਆ । ਪਾਵੇ ਸਾਰ ਸਰਬ ਸੰਸਾਰ, ਆਪ ਆਪਣੀ ਕਿਰਪਾ ਧਾਰਿਆ । ਸ਼ਬਦ ਢੋਲਾ ਸਚ ਜੈਕਾਰ, ਏਕਾ ਨਾਅਰਾ ਲਾ ਲਿਆ । ਸਤਿਜੁਗ ਲਾਵੇ ਸਚ ਦਰਬਾਰ, ਸਾਚਾ ਸਮਾ ਆਪ ਸੁਹਾ ਲਿਆ । ਬੀਸ ਬੀਸਾ ਖ਼ਬਰਦਾਰ, ਜਗਤ ਜਗਦੀਸ਼ਾ ਵੇਖ ਵਖਾ ਰਿਹਾ । ਇਕ ਇਕੀਸਾ ਬੰਨ੍ਹੇ ਧਾਰ, ਕਾਲਾ ਸੂਸਾ ਮੇਟ ਮਿਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਖੰਡਾ ਆਪ ਚਮਕਾ ਰਿਹਾ । ਸਾਚਾ ਖੰਡਾ ਸ਼ਬਦ ਕਟਾਰ, ਗੁਰ ਸਤਿਗੁਰ ਹੱਥ ਉਠਾਇੰਦਾ । ਰਸਨਾ ਚਿੱਲਾ ਤੀਰ ਕਮਾਨ, ਨਾਮ ਨਿਸ਼ਾਨਾ ਏਕਾ ਲਾਇੰਦਾ । ਪ੍ਰਗਟ ਹੋਇਆ ਵਾਲੀ ਦੋ ਜਹਾਨ, ਲੋਕ ਪ੍ਰਲੋਕ ਵੇਖ ਵਖਾਇੰਦਾ । ਸਚ ਸਲੋਕ ਸਚ ਨਿਸ਼ਾਨ, ਸਾਚਾ ਹੁਕਮ ਜਣਾਇੰਦਾ । ਕਲਜੁਗ ਤੋੜੇ ਮਾਣ ਅਭਿਮਾਨ, ਨਾਮ ਨਿਧਾਨ ਝੋਲੀ ਪਾਇੰਦਾ । ਗੁਰਮੁਖਾਂ ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਏਕਾ ਰਾਗ ਸੁਣਾਏ ਕਾਨ, ਧੁਨ ਆਤਮਕ ਆਪ ਅਲਾਇੰਦਾ । ਲੱਖ ਚੁਰਾਸੀ ਜਾਣੀ ਜਾਣ, ਜਨ ਜਨਣੀ ਵੇਖ ਵਖਾਇੰਦਾ । ਭਗਤ ਭਗਵੰਤ ਕਰ ਪਛਾਣ, ਮਨ ਕਾ ਮਣਕਾ ਆਪ ਫਿਰਾਇੰਦਾ । ਦੇਵਣਹਾਰਾ ਜੀਆ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਸਾਚਾ ਮੇਲਾ ਗੋਪੀ ਕਾਹਨ, ਸਚ ਦੁਆਰੇ ਆਪ ਮਿਲਾਇੰਦਾ । ਮੇਲ ਮਿਲਾਵਾ ਸੀਤਾ ਰਾਮ, ਰਾਮ ਸੀਤਾ ਸੰਗ ਜੁੜਾਇੰਦਾ । ਸਾਚਾ ਦਰ ਸੋਹੇ ਭਗਵਾਨ, ਨਾਨਕ ਨਿਰਗੁਣ ਰਸਨਾ ਗਾਇੰਦਾ । ਗੋਬਿੰਦ ਨਿਉਂ ਨਿਉਂ ਕਰੇ ਪ੍ਰਨਾਮ, ਪੁਰਖ ਅਕਾਲ ਇਕ ਮਨਾਇੰਦਾ । ਕਲਜੁਗ ਅੰਤਮ ਮੇਟੇ ਅੰਧੇਰੀ ਸ਼ਾਮ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਸਾਚਾ ਨਗਰ ਖੇੜਾ ਵਸੇ ਗਰਾਮ, ਜਿਸ ਦਰ ਦੁਵਾਰੇ ਚਰਨ ਛੁਹਾਇੰਦਾ । ਹਰਿ ਹਰਿ ਦਰਸ ਗੁਰਮੁਖ ਵਿਰਲੇ ਪਾਣ, ਮਨਮੁਖ ਜੀਆਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਪਣੇ ਘਰ, ਘਰ ਆਪਣਾ ਆਪ ਸੁਹਾਇੰਦਾ ।



✪ ੩ ਅੱਸੂ ੨੦੧੯ ਬਿਕ੍ਰਮੀ ਮਹਾਰਾਜਾ ਰਣਬੀਰ ਸਿੰਘ ਦੇ ਸਪੁੱਤਰ ਸਤਿਬੀਰ ਸਿੰਘ ਦੇ ਨਾਲ ਬਚਨ ਮਨੀ ਸਿੰਘ ਦੀ ਲਿਖਤ ਵਾਸਤੇ ਹੋਏ ਸੰਗਰੂਰ ਮੁਬਾਰਕ ਕੋਠੀ ✪

ਪੁਰਖ ਅਕਾਲ ਸਰਬ ਜੀਆਂ ਦਾਤਾ, ਏਕਾ ਏਕੰਕਾਰਿਆ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਲੋਕਮਾਤ ਲਏ ਅਵਤਾਰਿਆ । ਸੰਤਾਂ ਭਗਤਾਂ ਮੇਟੇ ਅੰਧੇਰੀ ਰਾਤਾ, ਸਾਚਾ ਨਾਮ ਚੰਦ ਚੜ੍ਹਾ ਰਿਹਾ । ਆਪ ਚਲਾਏ ਆਪਣੀ ਗਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ

ਸਾਚੇ ਵੇਖ ਵਖਾ ਰਿਹਾ । ਹਰਿਜਨ ਸਾਚਾ ਸ਼ਾਹ ਸੰਗਰੂਰ, ਆਪਣੀ ਸਰਨ ਲਗਾਈਆ । ਸੰਤ ਮਨੀ ਸਿੰਘ ਆਸਾ ਮਨਸਾ ਪੂਰ, ਆਤਮ ਲਹਿਣਾ ਦਏ ਚੁਕਾਈਆ । ਬਾਲ ਬਾਲੇ ਬਖ਼ਸ਼ੇ ਚਰਨ ਧੂੜ, ਚਰਨ ਚਰਨੋਦਕ ਮੁਖ ਚੁਆਈਆ । ਦਰਸ ਵਖਾਏ ਹਾਜ਼ਰ ਹਜ਼ੂਰ, ਅੱਸੂ ਤਿੰਨ ਰੁੱਤ ਸੁਹਾਈਆ । ਵੀਹ ਸੌ ਸੋਲਾਂ ਬਿਕ੍ਰਮੀ ਆਸਾ ਮਨਸਾ ਪੂਰ, ਦਰ ਆਵੇ ਜਾਵੇ ਫੇਰਾ ਪਾਈਆ । ਜੋਤੀ ਜਗੇ ਨੂਰੋ ਨੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਮੇਲਾ ਸਹਿਜ ਸੁਭਾਈਆ । ਹਰਿ ਹਰਿ ਲਿਖਿਆ ਸਾਚਾ ਲੇਖ, ਸੰਤ ਮਨੀ ਸਿੰਘ ਦਏ ਗਵਾਹੀਆ । ਅੰਤਮ ਲੇਖਾ ਜਾਣੇ ਦਸ ਦਸਮੇਸ, ਗੁਰ ਗੋਬਿੰਦ ਵੱਡੀ ਵਡਿਆਈਆ । ਨਾਨਕ ਆਪਣੇ ਨੇਤਰ ਲਏ ਪੇਖ, ਨਾਮ ਸਤਿ ਮੰਤਰ ਜਪਾਈਆ । ਜੋਤੀ ਜਾਮਾ ਧਰ ਧਰ ਭੇਸ, ਘਰ ਸਾਚਾ ਵੇਖ ਵਖਾਈਆ । ਲੇਖਾ ਲਿਖਿਆ ਬਾਲ ਵਰੇਸ, ਬਿਰਧ ਬੁਢਾਪਾ ਨਾ ਕੋਇ ਜਣਾਈਆ । ਸਦਾ ਸਖਾਈ ਦਏ ਅਦੇਸ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਿੰਤਾ ਸੁੱਖ ਜਗਤ ਸੋਗ ਹਰਖ ਦਏ ਮਿਟਾਈਆ । ਸ਼ਾਹ ਜੀਂਦ ਰਾਣਾ ਸੰਗਰੂਰ, ਰਾਜ ਮਹੱਲ ਸਹਿਜ ਸੁਖਦਾਇਆ । ਅੱਗੇ ਵੇਲਾ ਨੇੜੇ ਪਿਛਾ ਰਿਹਾ ਦੂਰ, ਪੁਰਖ ਅਬਿਨਾਸ਼ੀ ਮੇਲ ਮਿਲਾਇਆ । ਪੰਦਰਾਂ ਕੱਤਕ ਹਾਜ਼ਰ ਹਜ਼ੂਰ, ਮਸਤੂਆਣਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਜਨਮ ਲੇਖੇ ਲਾਇਆ । ਮਾਨਸ ਜਨਮ ਵਡ ਅਨਮੁਲਾ, ਲੱਖ ਚੁਰਾਸੀ ਵਿਚ ਰਖਾਈਆ । ਸਤਿਗੁਰ ਪੂਰਾ ਕਦੇ ਨਾ ਭੁੱਲਾ, ਗੁਰਮੁਖ ਸਾਚੇ ਲਏ ਤਰਾਈਆ । ਏਥੇ ਓਥੇ ਦੋ ਜਹਾਨੀ ਪਾਵੇ ਮੁਲਾ, ਸੰਤ ਮਨੀ ਸਿੰਘ ਲੇਖ ਲਿਖਾਈਆ । ਵਡ ਵਡਿਆਈ ਸਾਚੀ ਕੁਲਾ, ਕੁਲਵੰਤ ਹਰਿ ਵੇਖ ਵਖਾਈਆ । ਜਗਤ ਦੁਵਾਰਾ ਰਹੇ ਖੁੱਲ੍ਹਾ,

੧੦੩੯ ੧੦੩੯

੦੮ ੦੮

ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਈਆ । ਬਾਲ ਨਿਧਾਨ ਸ਼ਾਹ ਸ਼ਾਹਾਨਾ, ਸ਼ਹਿਨਸ਼ਾਹ ਸਮਝਾਇੰਦਾ । ਲੇਖਾ ਲਿਖਿਆ ਸੰਤ ਮਨੀ ਸਿੰਘ ਇਕ ਮਹਾਨਾ, ਘਰ ਤੇਰੇ ਬੰਦ ਕਰਾਇੰਦਾ । ਖੋਲ੍ਹ ਕਿਵਾੜ ਵੇਖ ਦੁਕਾਨਾ, ਦਰ ਸਾਚੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਲਿਖਤ ਵਾਕ ਭਵਿਖਤ ਰਾਜ ਰਾਜਾਨਾ ਹੱਥ ਰਖਾਇੰਦਾ । ਰਾਜ ਰਾਜਾਨਾ ਬੰਧੀ ਬੰਧ, ਸ਼ਾਹ ਸੁਲਤਾਨ ਵਡਿਆਈਆ । ਸੰਤ ਮਨੀ ਸਿੰਘ ਗਾਇਆ ਬੱਤੀ ਦੰਦ, ਪਾਰਬ੍ਰਹਮ ਵੱਜੀ ਵਧਾਈਆ । ਸੰਮਤ ਸੋਲਾਂ ਵੀਹ ਸੌ ਬਿਕ੍ਰਮੀ ਦੂਈ ਦਵੈਤੀ ਢਾਹੇ ਕੰਧ, ਸ਼ਾਹ ਪਟਿਆਲ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਫੰਦੀ ਫੰਦ ਕਟਾਈਆ । ਲੱਖ ਚੁਰਾਸੀ ਤੁਟੇ ਫੰਦ, ਆਵਣ ਜਾਵਣ ਗੇੜ ਕਟਾਇਆ । ਪੂਤ ਸਪੂਤੇ ਉਪਜੇ ਪਰਮਾਨੰਦ, ਨੇਤਰ ਨੈਣਾਂ ਦਰਸ਼ਨ ਪਾਇਆ । ਸੰਤ ਦੁਲਾਰੇ ਲਿਖਿਆ ਛੰਦ, ਸਚ ਸੁਹੇਲਾ ਮੰਗਲ ਗਾਇਆ । ਆਪੇ ਤੋੜੇ ਲੱਗਾ ਜੰਦ, ਕੁੰਜੀ ਆਪਣੇ ਹੱਥ ਰਖਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਭੈਣ ਭਾਈ ਸਾਕ ਸੱਜਣ ਸੈਣ ਸਗਲਾ ਪਰਵਾਰ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਸੂ ਤਿੰਨ ਸਾਚੀ ਰੁੱਤ ਸੁਹਾਇਆ । ਸਾਚਾ ਲਿਖਿਆ ਲੇਖ ਵਖਾਵਣਾ, ਸਾਲ ਬਤਾਲੀ ਬੰਦ ਰਖਾਈਆ । ਘਰ ਦਰ ਭੇਵ ਘਰ ਖੁਲ੍ਹਾਵਣਾ, ਘਰ ਘਰ ਵਿਚ ਵੱਜੇ ਵਧਾਈਆ । ਸਾਚਾ ਸਗਨ ਇਕ ਮਨਾਵਣਾ, ਸਤਿਗੁਰ ਪੂਰਾ ਮਿਲੇ ਨਰ ਨਰਾਇਣ, ਨਿਹਕਲੰਕ ਵੱਜੇ ਸਚ ਵਧਾਈਆ । ਪੰਦਰਾਂ ਕੱਤਕ ਸ਼ਬਦ ਲੇਖ ਘਲਾਵਣਾ, ਭਰਮ ਭੁਲੇਖਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਸ ਸਰਬੰਸ

ਬਾਲ ਬਿਰਧ ਜਵਾਨ ਧੀਰਜ ਮਤ ਸਤਿ ਸੰਤੋਖ ਦੇਵੇ ਵਰ, ਸਾਚੇ ਘਰ ਘਰ ਸਾਚਾ ਇਕ ਸੁਹਾਈਆ ।

## ✪ ੪ ਅੱਸੂ ੨੦੧੯ ਬਿਕ੍ਰਮੀ ਉਚੀ ਬਸਤੀ ਨਿਰੰਜਣ ਸਿੰਘ ਦੇ ਘਰ ਲੁਧਿਆਣਾ ਸ਼ਹਿਰ ✪

ਆਦਿ ਨਿਰੰਜਣ ਹਰਿ ਭਗਵਾਨ, ਇਕ ਇਕੱਲਾ ਏਕੰਕਾਰਿਆ । ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਲਏ ਮਾਤ ਅਵਤਾਰਿਆ । ਸ਼ਬਦ ਸਰੂਪੀ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾ ਲਿਆ । ਲੱਖ ਚੁਰਾਸੀ ਦੇਵਣਹਾਰਾ ਜੀਆਂ ਦਾਨ, ਏਕਾ ਮੰਤਰ ਨਾਮ ਦ੍ਰਿੜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਖਲਾ ਰਿਹਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰਾ, ਨੂਰੋ ਨੂਰ ਖ਼ੁਦਾਈਆ । ਰਾਮ ਰਾਮ ਜੋਤ ਉਜਿਆਰਾ, ਵੇਸ ਅਵੇਸਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਬੇਪਰਵਾਹੀਆ । ਵਡ ਦਾਤਾ ਹਰਿ ਬੇਪਰਵਾਹ, ਬੇਐਬ ਪਰਵਰਦਿਗਾਰਿਆ । ਜੋਤੀ ਨੂਰ ਰਿਹਾ ਡਗਮਗਾ, ਨਿਰਗੁਣ ਨੂਰੋ ਨੂਰ ਸਮਾ ਲਿਆ । ਸਚਖੰਡ ਦੁਵਾਰੇ ਡੇਰਾ ਲਾ, ਆਪ ਆਪਣਾ ਭੇਵ ਖੁਲ੍ਹਾ ਰਿਹਾ । ਸਚ ਸਿੰਘਾਸਣ ਆਸਣ ਲਾ, ਆਪ ਆਪਣਾ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਕਰ ਅਕਾਰ, ਨਿਰਗੁਣ ਮੇਲੇ ਆਪਣੀ ਧਾਰ, ਨਾ ਕੋਈ ਦੂਸਰ ਸੰਗ ਰਲਾ ਲਿਆ । ਇਕ ਇਕੱਲਾ ਕਰ ਪਸਾਰਾ, ਆਪ ਆਪਣਾ ਖੇਲ ਖਿਲਾ ਰਿਹਾ । ਥਿਰ ਘਰ ਵਸੇ ਸਚ ਦੁਵਾਰਾ, ਘਰ ਸੁਹੰਜਣਾ ਇਕ ਸੁਹਾਇੰਦਾ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਨੂਰ ਹਰਿ ਉਜਾਲਾ, ਹਰਿ ਹਰਿ ਵੱਡੀ ਵਡਿਆਈਆ । ਪਰਮ ਪੁਰਖ ਪ੍ਰਭ ਦੀਨ ਦਿਆਲਾ, ਦਰ ਘਰ ਸਾਚੇ ਸੋਭਾ ਪਾਈਆ । ਇਕ ਵਖਾਏ ਧਰਮ ਸੱਚੀ ਧਰਮਸਾਲਾ, ਦਰ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸੇ ਸਾਚੇ ਘਰ, ਘਰ ਸਾਚਾ ਆਪ ਉਪਜਾਈਆ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਉਪਜਾਇੰਦਾ । ਜੋਤ ਜਗੇ ਆਦਿ ਨਿਰੰਜਣਾ, ਆਪ ਆਪਣਾ ਰੂਪ ਡਗਮਗਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਏਕਾ ਏਕੰਕਾਰਾ ਨਾਉਂ ਧਰਾਇੰਦਾ । ਆਪੇ ਆਪਣਾ ਬਣੇ ਸਾਚਾ ਸਾਕ ਸੈਣ ਸੱਜਣਾ, ਮਾਤ ਪਿਤ ਭਾਈ ਭੈਣ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧੀ ਸ਼ਬਦ ਅਲਾਇੰਦਾ । ਸ਼ਬਦ ਅਨਾਦੀ ਧੁਨਕਾਰਾ, ਹਰਿ ਹਰਿ ਆਪ ਉਪਾਈਆ । ਆਪੇ ਸੁਣੇ ਸੁਣਨੇਹਾਰਾ, ਆਪੇ ਰਿਹਾ ਗਾਈਆ । ਆਪੇ ਖੇਲੇ ਖੇਲ ਅਪਰ ਅਪਾਰਾ, ਭੇਵ ਅਭੇਦਾ ਭੇਵ ਨਾ ਰਾਈਆ । ਆਪੇ ਮੰਡਲ ਮੰਡਪ ਪਾਵੇ ਰਾਸਾ ਬਣ ਸਤਾਰਾ, ਰਵ ਸਸ ਆਪ ਚਮਕਾਈਆ । ਆਪੇ ਬ੍ਰਹਮਾ ਵਿਸ਼ਨ ਸ਼ਿਵ ਕਰ ਉਜਿਆਰਾ, ਕਰੋੜ ਤੇਤੀਸਾ ਸੰਗ ਰਲਾਈਆ । ਆਪੇ ਸੁਰਪਤ ਰਾਜਾ ਇੰਦ ਦਏ ਹੁਲਾਰਾ, ਆਪਣੀ ਦਇਆ ਕਮਾਈਆ । ਆਪੇ ਤ੍ਰੈਗੁਣ ਮਾਇਆ ਕਰ ਤਿਆਰਾ, ਤ੍ਰੈ ਤ੍ਰੈ ਵੇਖ ਵਖਾਈਆ । ਆਪੇ ਪੰਚਮ ਮੀਤਾ ਹੋ ਉਜਿਆਰਾ, ਪੰਚਮ ਸੰਗ ਨਿਭਾਈਆ । ਲੱਖ ਚੁਰਾਸੀ ਖੇਲ ਨਿਆਰਾ, ਹਰਿ ਕਰਤਾ ਆਪ ਕਰਾਈਆ । ਨੌ ਦਰ ਵੇਖੇ

ਜਗਤ ਦੁਵਾਰਾ, ਦਰ ਘਰ ਸਾਚੇ ਸੋਭਾ ਪਾਈਆ । ਮਹੱਲ ਅਟੱਲ ਉਚ ਮੁਨਾਰਾ, ਘਰ ਘਰ ਵਿਚ ਆਪ ਸੁਹਾਈਆ । ਆਪੇ ਕਰੇ ਬੰਦ ਕਿਵਾੜਾ, ਬਜ਼ਰ ਕਪਾਟੀ ਸਿਲਾ ਟਿਕਾਈਆ । ਜੋਤ ਨਿਰੰਜਣ ਕਰ ਉਜਿਆਰਾ, ਰੂਪ ਅਨੂਪ ਆਪ ਵਟਾਈਆ । ਅਨਹਦ ਸ਼ਬਦ ਸੱਚੀ ਧੁਨਕਾਰਾ, ਘਰ ਸਾਚੇ ਰਾਗ ਅਲਾਈਆ । ਆਤਮ ਸੇਜਾ ਕਰ ਪਿਆਰਾ, ਘਰ ਬੈਠਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਲਾਈਆ । ਲੱਖ ਚੁਰਾਸੀ ਹਰਿ ਹਰਿ ਖੇਲ, ਆਪਣਾ ਆਪ ਕਰਾਇੰਦਾ । ਸੁਰਤੀ ਸ਼ਬਦੀ ਹਰਿਜਨ ਮੇਲ, ਸੰਤ ਸਹੇਲੇ ਆਪ ਉਠਾਇੰਦਾ । ਆਪੇ ਗੁਰੂ ਗੁਰੂ ਗੁਰ ਚੇਲ, ਗੁਰ ਚੇਲਾ ਨਾਉਂ ਧਰਾਇੰਦਾ । ਆਪੇ ਵਸੇ ਰੰਗ ਨਵੇਲ, ਆਪੇ ਘਟ ਘਟ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਆਪ ਉਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਏ ਹਰਿ ਨਿਰੰਕਾਰਾ, ਸਾਚੀ ਸੇਵਕ ਸੇਵ ਕਮਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਨਿਰਗੁਣ ਸਰਗੁਣ ਵਿਚ ਟਿਕਾਇੰਦਾ । ਪਾਰਬ੍ਰਹਮ ਪ੍ਰਭ ਖੇਲ ਅਪਾਰਾ, ਹਰਿ ਹਰਿ ਰੂਪ ਵਟਾਇੰਦਾ । ਸ਼ਬਦ ਵਿਚੋਲਾ ਅਪਰ ਅਪਾਰਾ, ਅਗੰਮ ਅਗੰਮੜੀ ਕਾਰ ਕਰਾਈਆ । ਹੱਡ ਮਾਸ ਨਾੜੀ ਚੰਮੜਾ ਕਰੇ ਪਿਆਰਾ, ਤੱਤਵ ਤੱਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਖੇਲੇ ਖੇਲ ਦਿਸ ਕਿਸੇ ਨਾ ਆਈਆ । ਜੁਗ ਜੁਗ ਖੇਲ ਖੇਲਣਹਾਰਾ, ਪਾਰਬ੍ਰਹਮ ਬੇਅੰਤਿਆ । ਲੋਕਮਾਤ ਲਏ ਅਵਤਾਰਾ, ਹਰਿਜਨ ਤਾਰੇ ਸਾਚੇ ਸੰਤਿਆ । ਏਕਾ ਬਖ਼ਸ਼ੇ ਨਾਮ ਭੰਡਾਰਾ, ਸਾਚਾ ਧੰਨ ਵਡ ਧੰਨਵੰਤਿਆ । ਕਾਮ ਕਰੋਧ ਲੋਭ ਮੋਹ ਹੰਕਾਰ ਮੇਟੇ ਹੰਕਾਰਾ, ਵਡ ਦਾਤਾ ਗੁਣ ਗੁਣਵੰਤਿਆ । ਚਰਨ ਪ੍ਰੀਤੀ ਬਖ਼ਸ਼ੇ ਸਚ ਪਿਆਰਾ, ਦਰਗਹਿ ਸਾਚੀ ਧਾਮ ਸੁਹੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਘਰ ਸਾਚੇ ਸੋਭਾਵੰਤਿਆ । ਹਰਿਜਨ ਉਪਾਏ ਦੁਸ਼ਟ ਖਪਾਏ, ਹਰਿ ਸੱਜਣ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਲੰਘਾਏ, ਕਲਜੁਗ ਅੰਤਮ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਅੰਧੇਰਾ ਛਾਏ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਸੱਤਾਂ ਦੀਪਾਂ ਪਏ ਦੁਹਾਏ, ਸਾਂਤਕ ਸਤਿ ਨਾ ਕੋਈ ਵਰਤਾਈਆ । ਸਾਧ ਸੰਤ ਹੋਏ ਹਲਕਾਏ, ਮਾਇਆ ਮਮਤਾ ਮੋਹ ਵਧਾਈਆ । ਹਰਿ ਕਾ ਨਾਮ ਨਾ ਕੋਈ ਧਿਆਏ, ਨਾ ਭਿਛਿਆ ਝੋਲੀ ਪਾਈਆ । ਸਾਚਾ ਮੰਗਲ ਨਾ ਕੋਈ ਗਾਏ, ਅਨਹਦ ਰਾਗ ਨਾ ਕੋਈ ਅਲਾਈਆ । ਸਾਚਾ ਸਈਆ ਨਾ ਕੋਈ ਮੇਲ ਮਿਲਾਏ, ਝੂਠੀ ਨਈਆ ਰਹੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਤੇਰੀ ਕਾਲੀ ਧਾਰ, ਹਰਿ ਹਰਿ ਵੇਖ ਵਖਾਇੰਦਾ । ਚਾਰੋਂ ਕੁੰਟ ਕੂੜ ਕੁੜਿਆਰ, ਸਾਚਾ ਦਰ ਨਾ ਕੋਈ ਸੁਹਾਇੰਦਾ । ਹਉਮੇ ਹੰਗਤਾ ਭਰ ਭੰਡਾਰ, ਵਰਨ ਬਰਨ ਵੇਖ ਵਖਾਇੰਦਾ । ਆਸਾ ਤ੍ਰਿਸ਼ਨਾ ਨਾਰ ਮੁਟਿਆਰ, ਮਨਮੁਖ ਜੀਆਂ ਨਾਲ ਰਲਾਇੰਦਾ । ਜੂਠਾ ਝੂਠਾ ਕਰਨ ਪਿਆਰ, ਸਗਲਾ ਸੰਗ ਨਾ ਕੋਈ ਨਿਭਾਇੰਦਾ । ਸਾਚਾ ਮੰਤਰ ਨਾ ਕੋਈ ਜੈਕਾਰ, ਅਨਭਵ ਪ੍ਰਕਾਸ਼ ਨਾ ਕੋਈ ਰਖਾਇੰਦਾ । ਕਮਲਾਪਾਤੀ ਮਿਲੇ ਨਾ ਮੀਤ ਮੁਰਾਰ, ਕਵਲ ਨੈਣ ਨਾ ਕੋਈ ਦਰਸਾਇੰਦਾ । ਆਤਮ ਝਾਤੀ ਮਾਰ ਕੇ ਵੇਖੇ ਨਾ ਕੋਈ ਬੰਦ ਕਿਵਾੜ, ਘਰ ਸਾਚਾ ਨਾ ਕੋਈ ਖੁਲ੍ਹਾਇੰਦਾ । ਲੱਗੀ ਅੱਗ ਬਹੱਤਰ ਨਾੜ, ਅਠਸਠ ਤੀਰਥ ਨਾ ਕੋਈ ਬੁਝਾਇੰਦਾ । ਕਾਇਆ ਮੰਦਰ ਸਾਚੇ ਅੰਦਰ ਕੋਈ ਨਾ ਦੇਵੇ ਵਾੜ, ਦੂਈ ਦਵੈਤੀ ਪਰਦਾ ਕੋਈ ਨਾ ਲਾਹਿੰਦਾ । ਕਲਜੁਗ ਵੇਖੇ ਝੂਠੀ ਧਾੜ, ਪੰਚ ਵਿਕਾਰਾ ਸੰਗ ਰਲਾਇੰਦਾ । ਨੌ ਖੰਡ ਪ੍ਰਿਥਮੀ


੧੦੪੧ ੦੮

ਵੇਖੇ ਇਕ ਅਖਾੜ, ਸੱਤਾਂ ਦੀਪਾਂ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਕੂੜਾ ਰੰਗ, ਹਰਿ ਹਰਿ ਵੇਖ ਵਖਾਇੰਦਾ । ਲੱਖ ਚੁਰਾਸੀ ਹੋਈ ਨੰਗ, ਨਾਮ ਪਰਦਾ ਨਾ ਕੋਈ ਪਾਇੰਦਾ । ਝੂਠੀ ਭਿਛਿਆ ਰਹੇ ਮੰਗ, ਸਾਚੀ ਮੰਗ ਨਾ ਕੋਈ ਮੰਗਾਇੰਦਾ । ਮਾਨਸ ਜਨਮ ਹੋਇਆ ਭੰਗ, ਸਾਚਾ ਲੇਖਾ ਨਾ ਕੋਈ ਜਣਾਇੰਦਾ । ਨਾ ਕੋਈ ਅੰਗੀਕਾਰ ਕਰੇ ਅੰਗ, ਅੰਗੀ ਅੰਗ ਨਾ ਕੋਈ ਲਗਾਇੰਦਾ । ਜਗਤ ਸਤਾਰ ਵਜਾਇਆ ਮਰਦੰਗ, ਨਾਮ ਮਰਦੰਗਾ ਨਾ ਕੋਈ ਉਠਾਇੰਦਾ । ਜਗਤ ਦਰਵਾਜ਼ਾ ਰਹੇ ਲੰਘ, ਆਪਣਾ ਮੰਦਰ ਨਾ ਵੇਖ ਵਖਾਇੰਦਾ । ਝੂਠੀ ਸੁੱਤਾ ਸੇਜ ਖਾਟ ਪਲੰਘ, ਕਾਇਆ ਅੰਤਰ ਆਤਮ ਸੇਜ ਨਾ ਕੋਈ ਹੰਢਾਇੰਦਾ । ਸਤਿਗੁਰ ਪੂਰਾ ਨਾ ਵਸੇ ਕਿਸੇ ਸੰਗ, ਨੇਤਰ ਨੈਣ ਨਾ ਦਰਸ ਦਿਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਲੱਗਾ ਜੰਗ, ਦਿਵਸ ਰੈਣ ਆਪ ਲੜਾਇੰਦਾ । ਕਲਜੁਗ ਨਟੂਆ ਸਵਾਂਗੀ ਸਵਾਂਗ ਕਰੇ ਮਲੰਗ, ਚਾਰੋਂ ਕੁੰਟ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਖੇਲ ਖਲਾਇੰਦਾ । ਕਲਜੁਗ ਤੇਰਾ ਕੂੜ ਪਸਾਰਾ, ਚਾਰੋਂ ਕੁੰਟ ਵੱਜੇ ਵਧਾਈਆ । ਰਾਮ ਨਾਮ ਨਾ ਕਿਸੇ ਪਿਆਰਾ, ਰਸਨਾ ਜਿਹਵਾ ਨਾ ਕੋਈ ਗਾਈਆ । ਮਿਲਿਆ ਮੇਲ ਨਾ ਕ੍ਰਿਸ਼ਨ ਮੁਰਾਰਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਦਿਸ ਨਾ ਆਈਆ । ਨਾਨਕ ਗੋਬਿੰਦ ਨਾ ਪਾਏ ਦਰਸ ਅਗੰਮ ਅਪਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਧਰਤ ਮਾਤ ਰੋਵੇ ਮਾਰੇ ਹਾਹ ਦਾ ਨਾਅਰਾ, ਨੇਤਰ ਆਪਣੇ ਨੀਰ ਵਹਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਧਰਤ ਧਵਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਲਏ ਅੰਗੜਾਈਆ । ਕਲਜੁਗ ਜੋਧਾ ਸੂਰਬੀਰ ਬਲਵਾਨ, ਅੰਤਮ ਆਪਣਾ ਰੰਗ ਚੜ੍ਹਾਇੰਦਾ । ਨਾਲ ਰਲਾਏ ਪੰਜ ਸ਼ੈਤਾਨ, ਸਗਲਾ ਸੰਗ ਵਖਾਇੰਦਾ । ਕੀਮਤ ਪਾਏ ਬੇਈਮਾਨ, ਸਾਬਤ ਈਮਾਨ ਨਾ ਕੋਈ ਧਰਾਇੰਦਾ । ਜੂਠਾ ਝੂਠਾ ਨਾਅਰਾ ਲਾਏ ਕਾਨ, ਸਾਚੀ ਸਿਖਿਆ ਨਾ ਕੋਈ ਵਖਾਇੰਦਾ । ਆਪਣਾ ਆਪਣਾ ਗੀਤ ਸਾਰੇ ਗਾਣ, ਹਰਿ ਕਾ ਰੂਪ ਦਿਸ ਕਿਸੇ ਨਾ ਆਇੰਦਾ । ਹਰਿ ਜੂ ਬੈਠਾ ਕਾਇਆ ਅੰਦਰ ਸਚ ਮਕਾਨ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਚੌਦਾਂ ਹੱਟਾਂ ਵੇਖ ਮਕਾਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਇਕ ਧਿਆਨ, ਏਕ ਰੂਪ ਦਰਸਾਇੰਦਾ । ਕਰੋੜ ਤੇਤੀਸਾ ਇਕ ਗਿਆਨ, ਏਕਾ ਨਾਮ ਜਣਾਇੰਦਾ । ਕਲਜੁਗ ਅੰਤਮ ਹੋ ਪ੍ਰਧਾਨ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨ, ਪੰਜ ਤੱਤ ਨਾ ਕੋਈ ਜਣਾਇੰਦਾ । ਪ੍ਰਗਟ ਹੋਵੇ ਵਾਲੀ ਦੋ ਜਹਾਨ, ਦੋ ਜਹਾਨਾਂ ਖੇਲ ਖਲਾਇੰਦਾ । ਨਾਮ ਖੰਡਾ ਸ਼ਬਦ ਤੀਰ ਕਮਾਨ, ਸਾਚੇ ਚਿੱਲੇ ਆਪ ਚੜ੍ਹਾਇੰਦਾ । ਅਠ ਦਸ ਵੇਖੇ ਮਾਰ ਧਿਆਨ, ਨੌਂ ਨੌਂ ਫੋਲ ਫੁਲਾਇੰਦਾ । ਭੇਵ ਖੁਲ੍ਹਾਏ ਰਾਜ ਰਾਜਾਨ, ਸ਼ਾਹ ਸੁਲਤਾਨ ਆਪ ਹਿਲਾਇੰਦਾ । ਜੋਧਾ ਸੂਰਬੀਰ ਬਲਵਾਨ, ਬਲ ਧਾਰੀ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਹਰਿ ਨਿਰੰਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਦਿ ਜੁਗਾਦੀ ਇਕ ਅਵਤਾਰਾ, ਏਕਾ ਰੂਪ ਸਮਾਈਆ । ਜੁਗ ਜੁਗ ਖੇਲੇ ਖੇਲ ਅਪਾਰਾ, ਨਿਰਗੁਣ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਨੂਰ ਨਿਹਕਲੰਕ, ਹਰਿ ਸ਼ਬਦੀ

ਡੰਕ ਵਜਾਇੰਦਾ । ਆਪ ਉਠਾਏ ਰਾਓ ਰੰਕ, ਰਾਜ ਰਾਜਾਨਾ ਆਪ ਜਗਾਇੰਦਾ । ਪ੍ਰਗਟ ਹੋਇਆ ਵਾਸੀ ਪੁਰੀ ਘਨਕ, ਵਾਰ ਅਨਕ ਖੇਲ ਖਲਾਇੰਦਾ । ਹਰਿਜਨ ਉਧਾਰੇ ਜਿਉਂ ਜਨਕ, ਜਨ ਜਨਨੀ ਲੇਖੇ ਲਾਇੰਦਾ । ਆਪ ਭੁਵਾਏ ਮਨ ਕਾ ਮਣਕ, ਮਨ ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਵੇਖ ਵਖਾਇੰਦਾ । ਕੂੜੀ ਕਿਰਿਆ ਕੂੜ ਪਸਾਰਾ, ਕੂੜ ਕੂੜਾ ਰੰਗ ਰੰਗਾਈਆ । ਪਾਰਬ੍ਰਹਮ ਪ੍ਰਭ ਲਏ ਅਵਤਾਰਾ, ਆਪ ਆਪਣੀ ਕਲ ਵਰਤਾਈਆ । ਸੰਮਤ ਸੰਮਤੀ ਮਾਰੇ ਮਾਰਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਵੀਹ ਸੌ ਸੋਲਾਂ ਬਿਕ੍ਰਮੀ ਖੇਲ ਨਿਆਰਾ, ਨਰ ਨਿਰੰਕਾਰਾ ਆਪ ਕਰਾਈਆ । ਸਤ ਸਤਾਰਾਂ ਹੋ ਉਜਿਆਰਾ, ਜੀਵਾਂ ਜੰਤਾਂ ਸਾਧਾਂ ਸੰਤਾਂ ਦੇਵੇ ਬੂਝ ਬੁਝਾਈਆ । ਅੱਠ ਅਠਾਰਾਂ ਆਪਣੀ ਧਾਰਾ, ਆਪੇ ਦਏ ਵਹਾਈਆ । ਇਕ ਉਨੀਸਾ ਹਰਿ ਜਗਦੀਸ਼ਾ, ਸ਼ਾਹੋ ਸ਼ਬੀਸਾ ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੰਤਮ ਗਹਿਣਾ ਤੇਰੇ ਤਨ ਪਹਿਨਾਈਆ । ਕਲਜੁਗ ਤੇਰਾ ਅੰਤ ਸ਼ਿੰਗਾਰ, ਹਰਿ ਸਾਚੇ ਆਪ ਕਰਾਵਣਾ । ਜੂਠ ਝੂਠ ਕਰ ਤਿਆਰ, ਤੇਰੇ ਨਾਲ ਰਲਾਵਣਾ । ਮਾਇਆ ਮਮਤਾ ਭਰ ਭੰਡਾਰ, ਤੇਰਾ ਦਰ ਸੁਹਾਵਣਾ । ਹਉਮੇ ਹੰਗਤਾ ਕਰ ਤਿਆਰ, ਸਾਚਾ ਜੋੜ ਜੁੜਾਵਣਾ । ਨਾਲ ਰਲਾਏ ਨਾਰ ਵਿਭਚਾਰ, ਝੂਠਾ ਨਾਤਾ ਤੋੜ ਤੁੜਾਵਣਾ । ਵੀਹ ਸੌ ਵੀਹ ਬਿਕ੍ਰਮੀ ਏਕਾ ਧੱਕਾ ਦੇਵੇ ਮਾਰ, ਨਾਮ ਖੰਡਾ ਇਕ ਚਮਕਾਵਣਾ । ਗੁਰਮੁਖ ਸੰਤ ਸੁਹੇਲੇ ਹਰਿਜਨ ਸਾਚੇ ਲਏ ਉਭਾਰ, ਆਪ ਆਪਣੀ ਬੂਝ ਬੁਝਾਵਣਾ । ਘਰ ਘਰ ਮੰਦਰ ਦੀਪਕ ਜੋਤੀ ਕਰ ਉਜਿਆਰ, ਮਾਣਕ ਮੋਤੀ ਆਪ ਸੁਹਾਵਣਾ । ਸੁਰਤੀ ਸੁਰਤੀ ਲਏ ਉਠਾਲ, ਗੁਰਮੁਖ ਸੋਇਆ ਕੋਈ ਰਹਿਣ ਨਾ ਪਾਵਣਾ । ਏਕਾ ਗੋਤੀ ਬਣਾਏ ਵਾਲੀ ਦੋ ਜਹਾਨ, ਵਰਨ ਬਰਨ ਸਰਬ ਮਿਟਾਵਣਾ । ਨਾਮ ਸੋਟੀ ਹੱਥ ਉਠਾਏ ਸ੍ਰੀ ਭਗਵਾਨ, ਕੋਟੀ ਕੋਟ ਜੀਵ ਤਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਮੁਕਾਵਣਾ । ਕਲਜੁਗ ਅੰਤਮ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸੋਇਆ ਆਪ ਉਠੌਣਾ, ਚੌਥੇ ਜੁਗ ਵੱਜੇ ਵਧਾਈਆ । ਸਾਧਾਂ ਸੰਤਾਂ ਮੇਲ ਮਿਲੌਣਾ, ਘਰ ਸਾਚੇ ਸੋਭਾ ਪਾਈਆ । ਏਕਾ ਮੰਤਰ ਨਾਮ ਦ੍ਰਿੜੌਣਾ, ਸੋ ਪੁਰਖ ਨਿਰੰਜਣ ਆਪ ਜਪਾਈਆ । ਹੰ ਬ੍ਰਹਮ ਆਪ ਸਮਝੌਣਾ, ਓਅੰ ਰੂਪ ਆਪ ਹੋ ਜਾਈਆ । ਸੋਹੰ ਸਾਚਾ ਸ਼ਬਦ ਚਲੌਣਾ, ਚਾਰ ਵਰਨ ਕਰੇ ਕੁੜਮਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗੌਣਾ, ਰੰਗ ਮਜੀਠੀ ਇਕ ਚੜ੍ਹਾਈਆ । ਫੜ ਫੜ ਕਾਗੋਂ ਹੰਸ ਬਣੌਣਾ, ਮਾਣਕ ਮੋਤੀ ਚੋਗ ਚੁਗਾਈਆ । ਨਿਰਗੁਣ ਜੋਤੀ ਇਕ ਜਗੌਣਾ, ਦੀਵਾ ਬਾਤੀ ਨਾ ਕੋਈ ਟਿਕਾਈਆ । ਵਾਸਨਾ ਖੋਟੀ ਕੱਢ ਵਖੌਣਾ, ਸਚ ਸੁੱਚ ਕਰੇ ਪੜ੍ਹਾਈਆ । ਨੌ ਖੰਡ ਪ੍ਰਿਥਮੀ ਸਾਚਾ ਮਾਰਗ ਏਕਾ ਲੌਣਾ, ਦੂਜਾ ਦਰ ਨਾ ਕੋਈ ਜਣਾਈਆ । ਇਸ਼ਟ ਗੁਰਦੇਵ ਇਕ ਮਨੌਣਾ, ਰੂਪ ਅਨੂਪ ਸਤਿ ਸਰੂਪ ਆਪ ਦਰਸਾਈਆ । ਸ਼ਾਹ ਭੂਪ ਸੁਲਤਾਨ ਇਕ ਬਣੌਣਾ, ਸਚ ਸਿਕਦਾਰ ਇਕ ਹੋ ਜਾਈਆ । ਸਾਚਾ ਤਾਜ ਸੀਸ ਟਿਕੌਣਾ, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਰਿਹਾ ਚੁਕਾਈਆ । ਕਲਜੁਗ ਤੇਰਾ ਲਹਿਣਾ ਮੂਲ, ਹਰਿ ਪੂਰਬ ਆਪ ਚੁਕਾਇੰਦਾ । ਸਤਿਜੁਗ ਸਾਚੇ ਬਰਖੇ ਫੂਲ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਸਚ ਸਿੰਘਾਸਣ ਆਪ ਬਰਾਜੇ ਨਾ ਕੋਈ ਪਾਵਾ

ਨਾ ਕੋਈ ਚੂਲ, ਸਾਢੇ ਤਿੰਨ ਹੱਥ ਬਣਤ ਬਣਾਇੰਦਾ। ਏਕੰਕਾਰਾ ਨਿਰੰਕਾਰਾ ਨਿਰਗੁਣ ਰੂਪ ਨਾ ਜਾਏ ਭੂਲ, ਆਦਿ ਜੁਗਾਦੀ ਵੇਖ ਵਖਾਇੰਦਾ। ਵੇਖਣਹਾਰਾ ਸ਼ੰਕਰ ਤ੍ਰਸੂਲ, ਤ੍ਰੈ ਤ੍ਰੈ ਮੁਖ ਭੁਵਾਇੰਦਾ। ਵਿਸ਼ਨੂੰ ਵਸਣਹਾਰਾ ਕੋਲ, ਨਿਰਗੁਣ ਸਰਗੁਣ ਮੇਲ ਮਿਲਾਇੰਦਾ। ਬ੍ਰਹਮਾ ਤੋਲੇ ਸਾਚਾ ਤੋਲ, ਤ੍ਰੈਗੁਣ ਏਕਾ ਕੰਡੇ ਪਾਇੰਦਾ। ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੋਆਂ ਪੁਰੀਆਂ ਪਰਦੇ ਰਿਹਾ ਫੋਲ, ਆਪਣਾ ਪਰਦਾ ਆਪੇ ਲਾਹਿੰਦਾ। ਸ਼ਬਦ ਜੈਕਾਰਾ ਏਕਾ ਏਕੰਕਾਰਾ ਸਾਚਾ ਨਾਅਰਾ ਏਕਾ ਬੋਲ, ਏਕਾ ਹੁਕਮ ਸੁਣਾਇੰਦਾ। ਜੀਵ ਜੰਤ ਰਹੇ ਅਨਭੋਲ, ਮਾਇਆ ਮਮਤਾ ਪਰਦਾ ਕੋਈ ਨਾ ਲਾਹਿੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਸਦਾ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਇੰਦਾ। ਸ੍ਰਿਸ਼ਟ ਸਬਾਈ ਜਗਤ ਹੁਲਾਰਾ, ਹਰਿ ਸਾਚਾ ਆਪ ਦਵਾਈਆ। ਕਿਸੇ ਨਾ ਦਿਸੇ ਪਾਰ ਕਿਨਾਰਾ, ਮੰਝਧਾਰ ਬੈਠੀ ਸਰਬ ਲੋਕਾਈਆ। ਭਰਮੇ ਭੁੱਲਾ ਭਰਮ ਗਵਾਰਾ, ਭਰਮ ਗੜ੍ਹ ਨਾ ਕੋਈ ਤੁੜਾਈਆ। ਏਕਾ ਵਿਸਰਿਆ ਨਾਮ ਹਰਿ ਕਰਤਾਰਾ, ਬਿਨ ਹਰਿ ਨਾਮੇ ਨਾ ਕੋਈ ਸਹਾਈਆ। ਚਾਰੋਂ ਕੁੰਟ ਧੂਆਂਧਾਰਾ, ਧੂਆਂਧਾਰ ਸਰਬ ਵਖਾਈਆ। ਨੇਤਰ ਰੋਵਨ ਰਵ ਸਸ ਸੂਰਜ ਚੰਨ ਸਤਾਰਾ, ਨੈਣਾਂ ਨੀਰ ਵਹਾਈਆ। ਕਲਜੁਗ ਅੰਤਮ ਹੋਏ ਖ਼ਵਾਰਾ, ਸੰਗ ਮੁਹੰਮਦ ਚਾਰ ਯਾਰ ਰਹੇ ਕੁਰਲਾਈਆ। ਈਸਾ ਮੂਸਾ ਕਾਲਾ ਸੂਸਾ ਰਿਹਾ ਉਤਾਰਾ, ਗਲ ਅਲਫ ਅਲਫੀ ਏਕਾ ਪਾਈਆ। ਕਰੇ ਖੇਲ ਅਗੰਮ ਅਪਾਰਾ, ਜੋਤੀ ਜੋਤ ਜੋਤ ਰੁਸ਼ਨਾਈਆ। ਮੁਕਾਮੇ ਹੱਕ ਸਾਂਝਾ ਯਾਰਾ, ਨੂਰ ਨੁਰਾਨੀ ਡਗਮਗਾਈਆ। ਅੱਲ੍ਹਾ ਰਾਣੀ ਨੈਣ ਉਘਾੜਾ,
੧੦੪੪ ਨੇਤਰ ਲੋਚਣ ਆਪ ਖੁਲ੍ਹਾਈਆ। ਚੌਧਵੀਂ ਸਦੀ ਦਏ ਹੁਲਾਰਾ, ਚੌਦਾਂ ਤਬਕਾਂ ਫੇਰਾ ਪਾਈਆ। ਪੀਰ ਦਸਤਗੀਰ ਸ਼ਾਹ ਹਕੀਰ ਨਾ ਕੋਈ ਦਏ ੧੦੪੪
੦੮ ਸਹਾਰਾ, ਮੁਲਾਂ ਸ਼ੇਖ਼ ਮੁਸਾਇਕ ਕੁਤਬ ਗੌਂਸ ਨਾ ਕੋਈ ਸਹਾਈਆ। ਅੰਜੀਲ ਕੁਰਾਨ ਕਰੇ ਪੁਕਾਰਾ, ਤੀਸ ਬਤੀਸ ਏਕਾ ਗਾਈਆ। ਕਲਜੁਗ ੦੮
ਕੂਕੇ ਆਪਣੀ ਅੰਤਮ ਵਾਰਾ, ਉਠ ਉਠ ਵੇਖੇ ਦਹਿ ਦਿਸ਼ਾ ਫੇਰੀਆਂ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਆਪ ਵਰਤਾਈਆ। ਆਪਣੀ ਕਲ ਹਰਿ ਵਰਤੰਤ, ਭੇਦ ਅਭੇਦ ਅਭੇਦਿਆ। ਖੇਲੇ ਖੇਲ ਜੁਗਾ ਜੁਗੰਤ, ਅਛਲ ਅਛੱਲ ਅਛੇਦਿਆ। ਪਾਵੇ ਸਾਰ ਸਾਚੇ ਸੰਤ, ਵੇਖਣਹਾਰਾ ਚਾਰੇ ਵੇਦਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਲੇਖਿਆ। ਲੇਖਾ ਲਿਖਣਹਾਰ ਗੋਪਾਲ, ਜੁਗ ਜੁਗ ਵੇਖ ਵਖਾਇੰਦਾ। ਆਪੇ ਸ਼ਾਹ ਆਪੇ ਕੰਗਾਲ, ਆਪੇ ਮੰਗ ਮੰਗਾਇੰਦਾ। ਆਪੇ ਕਲਜੁਗ ਅੰਤਮ ਬਣੇ ਦਲਾਲ, ਗੁਰ ਗੋਬਿੰਦ ਸੰਗ ਰਖਾਇੰਦਾ। ਵੇਦ ਵਿਆਸਾ ਵਜਾਏ ਤਾਲ, ਤਾਲ ਤਲਵਾੜਾ ਹੱਥ ਰਖਾਇੰਦਾ। ਸੇਵਾ ਲਾਏ ਕਾਲ ਮਹਾਂਕਾਲ, ਕਾਲ ਨਗਾਰਾ ਇਕ ਵਜਾਇੰਦਾ। ਧਰਮ ਰਾਏ ਲਏ ਉਠਾਲ, ਸਾਚਾ ਸਾਚਾ ਹੁਕਮ ਸੁਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵਕਤ ਸੁਹਾਇੰਦਾ। ਕਲਜੁਗ ਅੰਤਮ ਵਕਤ ਸੁਹੰਜਣਾ, ਹਰਿ ਸਾਚੇ ਜੋਤ ਜਗਾਈਆ। ਜਨ ਭਗਤਾਂ ਨੇਤਰ ਨਾਮ ਪਾਏ ਅੰਜਨਾ, ਅਗਿਆਨ ਅੰਧੇਰ ਮਿਟਾਈਆ। ਚਰਨ ਧੂੜ ਕਰਾਏ ਸਾਚਾ ਮਜਣਾ, ਦੁਰਮਤ ਮੈਲ ਗਵਾਈਆ। ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਈਆ। ਬਿਨ ਸਤਿਗੁਰ ਪੂਰੇ ਪਰਦਾ ਕਿਸੇ ਨਾ ਕੱਜਣਾ, ਜੂਠੇ ਝੂਠੇ ਮੁਖ ਛੁਪਾਈਆ। ਗੁਰਮੁਖ ਸਾਚੇ ਮੀਤ ਮੁਰਾਰ ਸੱਜਣਾ, ਹਰਿ ਸਾਚਾ ਰਾਹ ਤਕਾਈਆ। ਸ਼ਾਹ ਸੁਲਤਾਨ ਰਾਜ ਰਾਜਾਨ ਆਪਣਾ ਤਜਣਾ, ਮਹੱਲ ਅਟੱਲ ਨਾ ਕੋਈ ਡੇਰਾ ਲਾਈਆ। ਸ੍ਰਿਸ਼ਟ ਸਬਾਈ ਉਠ ਉਠ ਭੱਜਣਾ, ਭਵ ਸਾਗਰ ਕੋਈ

ਨਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਸਰਬ ਲੋਕਾਈਆ । ਜਗਤ ਲੋਕਾਈ ਅੰਤਮ ਵੇਖੇ, ਨਿਰਗੁਣ ਜੋਤ ਨੂਰ ਨੁਰਾਨਿਆ । ਲੱਖ ਚੁਰਾਸੀ ਲਿਖਣਹਾਰਾ ਲੇਖੇ, ਏਕਾ ਏਕ ਸ੍ਰੀ ਭਗਵਾਨਿਆ । ਆਪੇ ਦਾਤਾ ਸ੍ਰੀ ਦਸ ਦਸਮੇਸੇ, ਆਪ ਆਪਣਾ ਰੂਪ ਵਟਾਨਿਆ । ਆਪੇ ਵੇਖੇ ਮੁੱਛ ਦਾੜ੍ਹੀ ਕੇਸੇ, ਮੂੰਡ ਮੁੰਡਾਏ ਆਪਣੇ ਗਲੇ ਲਗਾਨਿਆ । ਆਪਣੇ ਨੇਤਰ ਆਪੇ ਪੇਖੇ, ਦੋਏ ਲੋਚਣ ਨਾ ਕੋਈ ਜਹਾਨਿਆ । ਦੋ ਜਹਾਨੀ ਨਰ ਨਰੇਸ਼ੇ, ਨਰ ਨਰਾਇਣ ਇਕ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਬੰਨ੍ਹੇ ਗਾਨਿਆ । ਲੱਖ ਚੁਰਾਸੀ ਗਾਨਾ ਬੰਨ੍ਹੇ ਡੋਰ, ਕਲਜੁਗ ਕੂੜਾ ਤੰਦਨ ਪਾਈਆ । ਸਗਨ ਮਨਾਇਣ ਪੰਜ ਚੋਰ, ਜੂਠਾ ਝੂਠਾ ਮੰਗਲ ਗਾਈਆ । ਹਉਮੇ ਹੰਗਤਾ ਚੜਿਆ ਘੋੜ, ਮਾਇਆ ਮਮਤਾ ਵਾਗ ਗੁੰਦਾਈਆ । ਆਸਾ ਤ੍ਰਿਸ਼ਨਾ ਲੱਗੀ ਔੜ, ਦਿਵਸ ਰੈਣ ਪਿਆਸ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਸੰਗ ਨਿਭਾਈਆ । ਕਲਜੁਗ ਤੇਰਾ ਸੰਗ ਨਿਭੌਣਾ, ਚਾਰ ਵਰਨ ਸੁਣਾਇੰਦਾ । ਜੂਠਾ ਝੂਠਾ ਮੇਟ ਮਿਟੌਣਾ, ਭੇਖ ਪਖੰਡੀ ਦਿਸ ਨਾ ਆਇੰਦਾ । ਸਚ ਸੁੱਚ ਮਾਰਗ ਲੌਣਾ, ਊਚਾਂ ਨੀਚਾਂ ਇਹ ਸਮਝਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਏਕਾ ਰੰਗ ਰੰਗੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਧਾਮ ਬਹਾਇੰਦਾ । ਚਾਰ ਵਰਨ ਏਕਾ ਨਾਮ ਜਪੌਣਾ, ਪੁਰਖ ਪੁਰਖੋਤਮ ਇਕ ਮਨਾਇੰਦਾ । ਪੁਰਖ ਅਕਾਲ ਨਜ਼ਰੀ ਔਣਾ, ਅਜੂਨੀ ਰਹਿਤ ਰੂਪ ਵਟਾਇੰਦਾ । ਸਤਿਗੁਰ ਸਾਚਾ ਤਾਲ ਵਜੌਣਾ, ਗੁਰਮੁਖ ਸਾਚਾ ਰਾਗ ਅਲ੍ਹਾਇੰਦਾ । ਮੰਗਲਾ ਚਾਰ ਸਰਬ ਜਨ ਗੌਣਾ, ਅਨਹਦ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਸਾਚਾ ਸ਼ਾਹ ਸੁਲਤਾਨਿਆ । ਜੁਗ ਜੁਗ ਚਲਾਏ ਆਪਣਾ ਰਥ, ਨਿਰਗੁਣ ਜੋਤ ਸ੍ਰੀ ਭਗਵਾਨਿਆ । ਕਲਜੁਗ ਅੰਤਮ ਦੇਵੇ ਮੱਥ, ਨਾਮ ਮਧਾਨਾ ਏਕਾ ਪਾਨਿਆ । ਸਤਿਜੁਗ ਮਹਿਮਾ ਚਲਾਏ ਅਕੱਥ, ਕਥਨੀ ਕਥੇ ਨਾ ਕੋਈ ਗਾਣਿਆ । ਝੂਠਾ ਬੁਰਜ ਜਾਏ ਢੱਠ, ਸਚ ਸੁੱਚ ਕਰੇ ਪ੍ਰਧਾਨਿਆ । ਗੁਰਮੁਖਾਂ ਮੇਲ ਮਿਲਾਏ ਨੱਠ ਨੱਠ, ਧਰੂ ਪ੍ਰਹਿਲਾਦ ਜਿਉਂ ਬਾਲ ਅੰਞਾਣਿਆ । ਸਚ ਦੁਵਾਰੇ ਇਕ ਇਕੱਠ, ਰੰਗ ਮਹੱਲ ਇਕ ਵਖਾਨਿਆ । ਪਾਵੇ ਸਾਰ ਮੰਦਰ ਮਸਜਿਦ ਗੁਰੂਦੁਆਰ ਮੱਠ, ਭੇਵ ਅਭੇਦਾ ਭੇਵ ਖੁਲ੍ਹਾਨਿਆ । ਵੇਖਣਹਾਰਾ ਤੀਰਥ ਅਠਸਠ, ਸਰ ਸਰੋਵਰ ਫੋਲ ਫੁਲਾਨਿਆ । ਲੱਖ ਚੁਰਾਸੀ ਘਟ ਘਟ ਅੰਦਰ ਅੰਮ੍ਰਿਤ ਰਿਹਾ ਝੱਟ, ਨਿਝਰ ਝਿਰਨਾ ਆਪ ਝਿਰਾਨਿਆ । ਦੀਪਕ ਜੋਤੀ ਲਟ ਲਟ, ਘਰ ਘਰ ਵਿਚ ਆਪ ਸੁਹਾਨਿਆ । ਦੂਈ ਦਵੈਤੀ ਮੇਟੇ ਫੱਟ, ਏਕਾ ਪੱਟੀ ਨਾਮ ਬੰਧਾਨਿਆ । ਸਾਚਾ ਵਣਜਾਰਾ ਖੋਲ੍ਹੇ ਹੱਟ, ਏਕਾ ਵਣਜ ਨਾਮ ਦੋ ਜਹਾਨਿਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਕਲਜੁਗ ਭੁੱਲੇ ਜੀਵ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟੇ ਪੰਜ ਸ਼ੈਤਾਨਿਆ । ਕਲਜੁਗ ਤੇਰਾ ਪੰਧ ਮੁਕੌਣਾ, ਤੇਰੀ ਅੰਤ ਕਰੇ ਕੁੜਮਾਈਆ । ਤੇਰਾ ਭਾਰ ਤੇਰੇ ਸਿਰ ਲਟਕੌਣਾ, ਨਾ ਕੋਈ ਦੂਸਰ ਵੇਖ ਵਖਾਈਆ । ਚਾਰ ਯਾਰ ਨਾ ਸੰਗ ਨਿਭੌਣਾ, ਮੁਹੰਮਦ ਕੂਕੇ ਦਏ ਦੁਹਾਈਆ । ਅੱਲਾ ਰਾਣੀ ਮੁੱਖ ਸ਼ਰਮੌਣਾ, ਨੇਤਰ ਨੀਰ ਰਹੀ ਵਹਾਈਆ । ਪਾਰਬ੍ਰਹਮ ਪ੍ਰਭ ਖੇਲ ਖਿਲੌਣਾ, ਖੇਲੇ ਖੇਲ ਥਾਉਂ ਥਾਈਂਆ । ਮੱਕਾ ਕਾਅਬਾ ਵੇਖ ਵਖੌਣਾ, ਦੀਨ ਅਸਲਾਮਾਂ ਫੋਲ ਫੁਲਾਈਆ । ਹੱਕ ਜਨਾਬਾ ਨਾਉਂ ਧਰੌਣਾ, ਸ਼ਾਹ

੧੦੪੫
੦੮

ਨਵਾਬਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਥਾਹ, ਬੇਪਰਵਾਹ ਭੇਵ ਕੋਈ ਨਾ ਪਾਈਆ । ਹਰਿ ਕਾ ਭੇਵ ਕਿਸੇ ਨਾ ਪਾਵਣਾ, ਆਦਿ ਜੁਗਾਦਿ ਸਮਾਇਆ । ਵੇਦ ਕਤੇਬ ਸਭ ਨੇ ਗਾਵਣਾ, ਬ੍ਰਹਮਾ ਵਿਸ਼ਨ ਸ਼ਿਵ ਰਹੇ ਧਿਆਇਆ । ਸਾਧਾਂ ਸੰਤਾਂ ਰਾਹ ਤਕਾਵਣਾ, ਭਗਤ ਭਗਵੰਤ ਰਹੇ ਸਲਾਹਿਆ । ਗੁਰਮੁਖ ਸੱਜਣ ਰਾਹ ਤਕਾਵਣਾ, ਨੇਤਰ ਨੈਣ ਰਹੇ ਤਕਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣਾ ਫੇਰਾ ਪਾਵਣਾ, ਜੁਗ ਜੁਗ ਆਪਣਾ ਵੇਸ ਵਟਾਇਆ । ਨਿਹਕਲੰਕਾ ਨਾਮ ਰਖਾਵਣਾ, ਦਿਸ ਕਿਸੇ ਨਾ ਆਇਆ । ਸਾਢੇ ਤਿੰਨ ਹੱਥ ਸੰਬਲ ਨਗਰੀ ਆਸਣ ਲਾਵਣਾ, ਸ਼ਬਦ ਜੈਕਾਰਾ ਇਕ ਬੁਲਾਇਆ । ਉਚ ਮਹੱਲ ਅਟੱਲ ਇਕ ਸੁਹਾਵਣਾ, ਸਚ ਸੁਹੰਜਣਾ ਧਾਮ ਵੇਖ ਵਖਾਇਆ । ਨਿਰਗੁਣ ਸਰਗੁਣ ਮੇਲ ਮਿਲਾਵਣਾ, ਸ਼ਬਦ ਵਿਚੋਲਾ ਇਕ ਬਣਾਇਆ । ਸਾਚਾ ਢੋਲਾ ਸਾਚੇ ਮਾਹੀ ਏਕਾ ਗਾਵਣਾ, ਧੁਰ ਦਰਗਾਹੋਂ ਲੈ ਕੇ ਆਇਆ । ਲੋਆਂ ਪੁਰੀਆਂ ਆਪ ਸੁਣਾਵਣਾ, ਲੋਕਮਾਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇਆ । ਵੇਸ ਅਵੱਲਾ ਇਕ ਇਕੱਲਾ, ਏਕਾ ਏਕ ਕਰਾਇੰਦਾ । ਥਿਰ ਘਰ ਵਸੇ ਸਚ ਮਹੱਲਾ, ਸਚਖੰਡ ਦੁਵਾਰੇ ਸੋਭਾ ਪਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪ੍ਰਬਤ ਡੂੰਘੀ ਕੰਦਰ ਫੋਲ ਫੁਲਾਇੰਦਾ । ਗੁਰਮੁਖਾਂ ਅੰਦਰ ਸੁਰਤੀ ਸ਼ਬਦੀ ਆਪੇ ਰਲਾ, ਘਰ ਸਾਚੇ ਮੇਲ ਮਿਲਾਇੰਦਾ । ਆਪਣੇ ਪ੍ਰਕਾਸ਼ ਆਪਣੇ ਦੀਪਕ ਆਪੇ ਬਲਾ, ਘਿਰਤ ਬਾਤੀ ਨਾ ਕੋਈ ਟਿਕਾਇੰਦਾ । ਆਪੇ ਜਾਣੇ ਆਪਣਾ ਰਾਹ ਸੁਖੱਲਾ, ਜੁਗ ਜੁਗ ਆਪਣਾ ਮਾਰਗ ਲਾਇੰਦਾ । ਜੀਵ ਜੰਤ ਭੁਲਾਏ ਕਰ ਕਰ ਵਲ ਛਲਾ, ਬਲ ਬਾਵਨ ਭੇਖ ਧਰਾਇੰਦਾ । ਆਪੇ ਨੂਰ ਇਲਾਹੀ ਅਵਲ ਅੱਲ੍ਹਾ, ਅੱਲ੍ਹਾ ਹੂ ਹੂ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਰਾਸ ਪੁਰਖ ਅਬਿਨਾਸ਼, ਤੇਰੀ ਝੋਲੀ ਆਪੇ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਲੱਭਦੇ ਫਿਰਦੇ ਕੋਟੀ ਕੋਟ, ਬਿਨ ਹਰਿ ਭਗਤ ਦਿਸ ਕਿਸੇ ਨਾ ਆਇੰਦਾ ।

## ੫ ਅੱਸੂ ੨੦੧੬ ਬਿਕ੍ਰਮੀ ਸਰਦਾਰਾ ਸਿੰਘ ਦੇ ਘਰ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ

ਏਕੰਕਾਰਾ ਹਰਿ ਭਗਵਾਨ, ਅਕਲ ਕਲਾ ਅਖਵਾਈਆ । ਜੋਤੀ ਨੂਰ ਨੂਰ ਮਹਾਨ, ਨਿਰਗੁਣ ਰੂਪ ਡਗਮਗਾਈਆ । ਸਤਿ ਪੁਰਖ ਸਤਿ ਸੁਲਤਾਨ, ਸ਼ਾਹੋ ਭੂਪ ਵਡ ਵਡਿਆਈਆ । ਇਕ ਇਕੱਲਾ ਰਾਜ ਰਾਜਾਨ, ਏਕੰਕਾਰਾ ਆਪ ਅਖਵਾਈਆ । ਏਕਾ ਵਸਿਆ ਸਚ ਮਕਾਨ, ਸਚਖੰਡ ਬੈਠਾ ਆਸਣ ਲਾਈਆ । ਸ਼ਬਦ ਸਿੰਘਾਸਣ ਇਕ ਮਹਾਨ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਆਪੇ ਜਾਣੇ ਆਪਣਾ ਧੁਰ ਫ਼ਰਮਾਣ, ਨਾ ਕੋਈ ਦੂਸਰ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਆਪ ਅਖਵਾਈਆ । ਆਦਿ ਨਿਰੰਜਣ ਹਰਿ ਭਗਵਾਨਾ, ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਸ਼ਾਹੋ ਭੂਪ ਨਰ ਹਰਿ ਸੁਲਤਾਨਾ, ਨਿਰਵੈਰ ਨਾਉਂ ਧਰਾਇੰਦਾ । ਮੂਰਤ ਅਕਾਲ ਭੇਵ ਨਾ ਆਨਾ, ਭੇਵ ਅਭੇਦ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ

ਪਰਕਾਸ਼ ਕਰਾਇੰਦਾ । ਅਨਭਵ ਪ੍ਰਕਾਸ਼ ਹਰਿ ਭਗਵੰਤ, ਭੇਵ ਅਭੇਦ ਅਭੇਦਿਆ । ਖੇਲੇ ਖੇਲ ਜੁਗਾ ਜੁਗੰਤ, ਅਛਲ ਅਛੱਲ ਅਛੇਦਿਆ । ਪਾਵੇ ਸਾਰ ਲੱਖ ਚੁਰਾਸੀ ਜੀਵ ਜੰਤ, ਲੇਖਾ ਜਾਣੇ ਚਾਰੇ ਵੇਦਿਆ । ਆਪੇ ਜਾਣੇ ਆਪਣਾ ਮੰਤ, ਆਪੇ ਲਿਖੇ ਲੇਖ ਕਤੇਬਿਆ । ਆਪੇ ਦਰ ਘਰ ਸਾਚੇ ਸੋਭਾਵੰਤ, ਆਪਣੇ ਨੇਤਰ ਆਪੇ ਪੇਖਿਆ । ਆਪੇ ਦਾਤਾ ਦਾਨੀ ਹਰਿ ਗੁਣਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲੇ ਖੇਲ ਜੁਗਾ ਜੁਗੰਤਿਆ । ਆਪੇ ਦਾਤਾ ਹਰਿ ਨਿਰੰਕਾਰ, ਏਕਾ ਰੰਗ ਸਮਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਏਕਾ ਨਾਅਰਾ ਲਾਇੰਦਾ । ਆਪੇ ਸਚ ਘਰ ਕਰੇ ਅਕਾਰ, ਨਿਰਗੁਨ ਆਪਣੀ ਜੋਤ ਜਗਾਇੰਦਾ । ਆਪੇ ਵਸਿਆ ਅੰਧ ਅੰਧਿਆਰ, ਧੂੰਆਂਧਾਰ ਆਪ ਸਮਾਇੰਦਾ । ਆਪੇ ਲੋਆਂ ਪੁਰੀਆਂ ਮਹੱਲ ਲਏ ਉਸਾਰ, ਚੌਦਾਂ ਲੋਕਾਂ ਮੱਠ ਤਪਾਇੰਦਾ । ਆਪੇ ਵਿਸ਼ਨੂੰ ਭਰੇ ਹਰਿ ਭੰਡਾਰ, ਆਪੇ ਬ੍ਰਹਮਾ ਪਾਰਬ੍ਰਹਮ ਉਪਜਾਇੰਦਾ । ਆਪੇ ਸ਼ੰਕਰ ਲਏ ਸੰਘਾਰ, ਨਾਮ ਖੰਡਾ ਹੱਥ ਚਮਕਾਇੰਦਾ । ਆਪੇ ਬਾਸ਼ਕ ਸੇਜਾ ਸੁੱਤਾ ਪੈਰ ਪਸਾਰ, ਸਾਂਗੋ ਪਾਂਗ ਹੰਢਾਇੰਦਾ । ਆਪੇ ਮੁਖ ਸਹੰਸਰ ਗਾਏ ਵਾਰੋ ਵਾਰ, ਰਸਨਾ ਜਿਹਵਾ ਆਪ ਹਿਲਾਇੰਦਾ । ਆਪੇ ਕਰੋੜ ਤੇਤੀਸਾ ਦਏ ਆਧਾਰ, ਆਪੇ ਸੁਰਪਤ ਸੇਵ ਕਰਾਇੰਦਾ । ਆਪੇ ਗਣ ਗੰਧਰਬ ਬੋਲ ਜੈਕਾਰ, ਗੀਤ ਅਨਾਦੀ ਆਪ ਸੁਣਾਇੰਦਾ । ਆਪੇ ਤ੍ਰੈਗੁਣ ਮਾਇਆ ਬੰਨੇ ਧਾਰ, ਆਪੇ ਪੰਜ ਤੱਤ ਮੇਲ ਮਿਲਾਇੰਦਾ । ਆਪੇ ਮਨ ਮਤ ਬੁੱਧ ਕਰ ਸ਼ਿੰਗਾਰ, ਹੱਡ ਮਾਸ ਨਾੜੀ ਰੱਤ ਜੋੜ ਜੁੜਾਇੰਦਾ । ਆਪੇ ਘਰ ਵਿਚ ਘਰ ਆਪਣਾ ਰੱਖ, ਘਰ ਸਾਚਾ ਇਕ ਸੁਹਾਇੰਦਾ । ਆਪੇ ਕਰੇ ਬੰਦ ਕਿਵਾੜ, ਆਪੇ ਮੁਖ ਖੁਲ੍ਹਾਇੰਦਾ । ਆਪੇ ਵੇਖੇ ਕਾਇਆ ਮੰਦਰ ਅੰਦਰ ਡੂੰਘੀ ਗਾਰ, ਮਹੱਲ ਅਟੱਲ ਆਪ ਸੁਹਾਇੰਦਾ । ਆਪੇ ਦੀਪਕ

੧੦੫੭ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਗਵਾਇੰਦਾ । ਆਪੇ ਅੰਮ੍ਰਿਤ ਆਤਮ ਸਰ ਸਰੋਵਰ ਭਰਿਆ ਤਾਲ, ਨਿਝਰ ਝਿਰਨਾ ਆਪ ਝਿਰਾਇੰਦਾ । ਆਪੇ ੧੦੫੭

ਆਤਮ ਸੇਜਾ ਬੈਠ ਕਰੇ ਪ੍ਰਿਤਪਾਲ, ਦਿਵਸ ਰੈਣ ਵੇਖ ਵਖਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਆਪੇ ਸਰਗੁਣ ਨਿਰਗੁਣ ਡੇਰਾ ਲਾਇੰਦਾ । ਆਪੇ ਵਸਤ ਨਾਮ ਧਨ ਮਾਲ, ਸਚ ਖ਼ਜ਼ੀਨਾ ਆਪ ਹੋ ਜਾਇੰਦਾ । ਆਪੇ ਲੱਖ ਚੁਰਾਸੀ ਤੋੜ ਜੰਜਾਲ, ਜਗਤ ਜੰਜਾਲਾ ਵੇਖ ਵਖਾਇੰਦਾ । ਆਪੇ ਜੁਗ ਜੁਗ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਪਾਇੰਦਾ । ਆਪੇ ਗਗਨ ਮੰਡਲ ਵੇਖੇ ਸਾਚਾ ਥਾਲ, ਅਨਹਦ ਸੇਵਾ ਸਾਚੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਖੇਲ ਖਲਾਇੰਦਾ । ਅਬਿਨਾਸ਼ੀ ਪੁਰਖ ਪੁਰਖ ਸੁਲਤਾਨਾ, ਵਡ ਵੱਡੀ ਵਡਿਆਈਆ । ਇਕ ਇਕੱਲਾ ਵਾਲੀ ਦੋ ਜਹਾਨਾ, ਜੁਗ ਕਰਤਾ ਨਾਉਂ ਰਖਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਪਾਰਬ੍ਰਹਮ ਆਪ ਅਖਵਾਈਆ । ਸਚਖੰਡ ਮੰਦਰ ਇਕ ਸੁਹਾਨਾ, ਚਾਰ ਦੀਵਾਰ ਨਾ ਕੋਈ ਬਣਾਈਆ । ਛੱਪਰ ਛੰਨ ਨਾ ਕੋਈ ਪਾਨਾ, ਨਾ ਬਾਢੀ ਸੰਗ ਰਖਾਈਆ । ਦੀਵਾ ਬਾਤੀ ਕਮਲਾਪਾਤੀ ਇਕ ਜਗਾਣਾ, ਆਪ ਆਪਣੀ ਕਰ ਰੁਸ਼ਨਾਈਆ । ਗਾਏ ਧੁਨ ਸਚ ਤਰਾਨਾ, ਆਪ ਆਪਣਾ ਸ਼ਬਦ ਅਲਾਈਆ । ਸਚ ਸਿੰਘਾਸਣ ਬੈਠ ਮਰਦਾਨਾ, ਮਿਹਰਵਾਨ ਵਡ ਵਡਿਆਈਆ । ਚਲਾਏ ਹੁਕਮ ਧੁਰ ਫ਼ਰਮਾਣਾ, ਦਰਗਹਿ ਸਾਚੀ ਸੋਭਾ ਪਾਈਆ । ਨਾ ਕੋਈ ਦਰ ਦਿਸੇ ਦਰਬਾਨਾ, ਨਾ ਕੋਈ ਸੀਸ ਝੁਕਾਈਆ । ਰਵ ਸਸ ਨਾ ਕੋਈ ਨਿਸ਼ਾਨਾ, ਮੰਡਲ ਮੰਡਪ ਨਾ ਕੋਈ ਵਖਾਈਆ । ਇਕ ਇਕੱਲਾ ਸ੍ਰੀ ਭਗਵਾਨਾ, ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਬੇਪਰਵਾਹੀਆ । ਬੇਪਰਵਾਹ ਬੇਐਬ ਪਰਵਰਦਿਗਾਰ, ਏਕਾ ਏਕ ਅਖਵਾਇੰਦਾ । ਏਕਾ ਵਸੇ ਸਚ ਮੁਨਾਰ, ਸਚ ਮਹੱਲਾ ਆਪ ਵਸਾਇੰਦਾ ।

੧੦੪੮
੦੮

ਆਪੇ ਨਾਰੀ ਕੰਤ ਭਤਾਰ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਸ਼ਬਦ ਸੁੱਤ ਬਣ ਦੁਲਾਰ, ਆਪ ਆਪਣੀ ਗੋਦ ਸੁਹਾਇੰਦਾ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਨਿਰਗੁਣ ਨਿਰਗੁਣ ਸੀਸ ਝੁਕਾਇੰਦਾ । ਆਪੇ ਹੋਇਆ ਖ਼ਬਰਦਾਰ, ਆਪ ਆਪਣੀ ਖੇਲ ਖਲਾਇੰਦਾ । ਆਪੇ ਲੱਖ ਚੁਰਾਸੀ ਕਰ ਤਿਆਰ, ਏਕਾ ਆਪਣੀ ਵੰਡ ਵੰਡਾਇੰਦਾ । ਆਪੇ ਜੇਰਜ ਅੰਡ ਭਰੇ ਭੰਡਾਰ, ਉਤਭੁਜ ਸੇਹਤਜ ਸੰਗ ਮਿਲਾਇੰਦਾ । ਆਪੇ ਜਲ ਬਿੰਬ ਦਏ ਅਧਾਰ, ਧਰਤ ਧਵਲ ਸੁਹਾਇੰਦਾ । ਆਪੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਡੇਰਾ ਲਾਇੰਦਾ । ਆਪੇ ਜਲ ਥਲ ਮਹੀਅਲ ਪਸਰ ਪਸਾਰ, ਆਪ ਆਪਣਾ ਰੰਗ ਰੰਗਾਇੰਦਾ । ਆਪੇ ਸਾਚਾ ਸਈਆ ਬਣ ਭਤਾਰ, ਆਪ ਆਪਣਾ ਵੇਸ ਵਟਾਇੰਦਾ । ਆਪੇ ਪੰਜ ਤੱਤ ਕਰੇ ਪਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਪੇ ਸ਼ਬਦ ਅਨਾਦੀ ਅਨਹਦ ਧਾਰ, ਆਪ ਆਪਣਾ ਰਾਗ ਸੁਣਾਇੰਦਾ । ਆਪੇ ਪੰਚਮ ਸਖੀਆਂ ਮੀਤ ਮੁਰਾਰ, ਘਰ ਘਰ ਬਹਿ ਬਹਿ ਮੰਗਲ ਗਾਇੰਦਾ । ਆਪੇ ਰੰਗ ਰਲੀਆਂ ਮਾਣੇ ਗੁਪਤ ਜ਼ਾਹਰ, ਦਿਸ ਕਿਸੇ ਨਾ ਆਇੰਦਾ । ਆਪੇ ਸੁਰਤ ਸਵਾਣੀ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਮਰੇ ਨਾ ਜੰਮੇ ਵਿਚ ਸੰਸਾਰ, ਅਜੂਨੀ ਰਹਿਤ ਆਪ ਅਖਵਾਇੰਦਾ । ਜੁਗਾ ਜੁਗੰਤਰ ਬੰਨ੍ਹੇ ਧਾਰ, ਜੁਗ ਕਰਤਾ ਵੇਸ ਵਟਾਇੰਦਾ । ਆਪੇ ਗੁਰ ਪੀਰ ਅਵਤਾਰ, ਏਕਾ ਆਪਣਾ ਨਾਉਂ ਰਖਾਇੰਦਾ । ਆਪੇ ਜੋਤੀ ਜੋਬਨ ਦਏ ਹੁਲਾਰ, ਆਪੇ ਸ਼ਬਦੀ ਰੰਗ ਚੜ੍ਹਾਇੰਦਾ । ਆਪੇ ਵੇਖੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਕਰਨੇਹਾਰਾ, ਆਦਿ ਜੁਗਾਦੀ ਲੈ ਅਵਤਾਰਾ, ਏਕਾ ਗੁਰ ਅਖਵਾਇੰਦਾ । ਏਕਾ ਗੁਰ ਸ਼ਾਹੋ ਭੂਪ, ਸਤਿਗੁਰ ਨਾਉਂ ਧਰਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇੰਦਾ । ਆਪਣੀ ਮਹਿਮਾ ਜਾਣੇ ਅਨੂਪ, ਭੇਵ ਕੋਈ ਨਾ ਪਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਘਟ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਲੋਕਮਾਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਬਰਸਾਇੰਦਾ । ਅੰਮ੍ਰਿਤ ਮੇਘ ਠੰਡੀ ਠਾਰ, ਹਰਿ ਸਤਿਗੁਰ ਨਾਉਂ ਰਖਾਈਆ । ਅੰਮ੍ਰਿਤ ਮੇਘ ਠੰਡੀ ਠਾਰ, ਹਰਿ ਸਤਿਗੁਰ ਹੱਥ ਉਠਾਈਆ । ਜੁਗਾ ਜੁਗੰਤਰ ਪਾਵੇ ਸਾਰ, ਜਨ ਭਗਤਾਂ ਲਏ ਤਰਾਈਆ । ਹਰਿਜਨ ਬਖ਼ਸ਼ੇ ਚਰਨ ਪਿਆਰ, ਆਪ ਆਪਣੀ ਬੂਝ ਬੁਝਾਈਆ । ਮਨਮੁਖਾਂ ਤੋੜੇ ਗੜ੍ਹ ਹੰਕਾਰ, ਨਾਮ ਖੰਡਾ ਹੱਥ ਉਠਾਈਆ । ਚੰਡ ਪ੍ਰਚੰਡ ਤਿਖੀ ਧਾਰ, ਹਰਿ ਸਾਚਾ ਇਕ ਰਖਾਈਆ । ਲੱਖ ਚੁਰਾਸੀ ਆਪੇ ਕਰੇ ਖ਼ਵਾਰ, ਆਪ ਆਪਣਾ ਮੇਲ ਮਿਲਾਈਆ । ਆਪੇ ਦੁਸ਼ਟਾਂ ਦਏ ਸੰਘਾਰ, ਬਲਧਾਰੀ ਵਡ ਵਡਿਆਈਆ । ਪਾਏ ਵੰਡ ਹਰਿ ਨਿਰੰਕਾਰ, ਵੰਡਣਹਾਰਾ ਬੇਪਰਵਾਹੀਆ । ਬ੍ਰਹਿਮੰਡ ਖੰਡ ਇਕ ਜੈਕਾਰ, ਏਕਾ ਨਾਅਰਾ ਲਾਈਆ । ਭਗਤ ਭਗਵੰਤ ਪਾਏ ਸਾਰ, ਭਗਤਨ ਭਗਤੀ ਲੇਖੇ ਲਾਈਆ । ਸਾਧਾਂ ਸੰਤਾਂ ਕਰੇ ਪਿਆਰ, ਆਪ ਆਪਣੀ ਗੋਦ ਉਠਾਈਆ । ਗੁਰਮੁਖ ਸਾਚੇ ਲਾਏ ਪਾਰ, ਨਾਮ ਬੇੜੇ ਆਪ ਚੜ੍ਹਾਈਆ । ਗੁਰਮੁਖਾਂ ਦੇਵੇ ਇਕ ਅਧਾਰ, ਆਤਮ ਅੰਤਰ ਬ੍ਰਹਮ ਜਣਾਈਆ । ਸਾਚਾ ਮੰਤਰ ਇਕ ਜੈਕਾਰ, ਗੁਰ ਸ਼ਬਦੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਖਲਾਈਆ । ਨਿਰਗੁਣ ਰੂਪ ਪੁਰਖ ਅਗੰਮ, ਬੇਅੰਤ ਬੇਅੰਤ ਬੇਅੰਤਿਆ । ਸਰਗੁਣ ਅੰਦਰ ਪਏ ਜੰਮ, ਸ਼ਬਦੀ ਢੋਲ ਮਰਦੰਗ ਵਜੰਤਿਆ । ਆਪੇ ਜਾਣੇ ਆਪਣਾ ਕੰਮ, ਆਪ ਆਪਣਾ ਖੇਲ ਖਿਲੰਤਿਆ । ਸਤਿਜੁਗ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠੰਤਿਆ । ਜਗਤ ਵਡਿਆਈ ਧੰਨ

ਧੰਨ, ਰਸਨਾ ਜਿਹਵਾ ਆਪ ਸੁਹੰਤਿਆ । ਹੰਕਾਰੀ ਭਾਂਡਾ ਦੇਵੇ ਭੰਨ, ਜੂਠ ਝੂਠ ਮੇਟ ਮਿਟੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਸ ਆਪ ਵਟੰਤਿਆ । ਸਤਿਜੁਗ ਵੇਸ ਹਰਿ ਵਟਾਇਆ, ਹਰਿ ਸੱਜਣ ਵੱਡ ਵਡਿਆਈਆ । ਸ਼ਬਦ ਬ੍ਰਹਿਮਾਦੀ ਇਕ ਚਲਾਇਆ, ਏਕਾ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਰ ਅਠਾਰਾਂ ਵੇਸ ਵਟਾਈਆ । ਸਤਿਜੁਗ ਹੋਇਆ ਪਾਰ ਕਿਨਾਰ, ਤ੍ਰੇਤਾ ਲਏ ਅੰਗੜਾਈਆ । ਖੇਲੇ ਖੇਲ ਖੇਲਣਹਾਰ, ਰਾਮ ਰਾਮ ਰੂਪ ਵਟਾਈਆ । ਤੋੜਣਹਾਰਾ ਗੜ੍ਹ ਹੰਕਾਰ, ਲੰਕਾ ਗੜ੍ਹ ਤੁੜਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਆਪਣੇ ਗਲੇ ਲਗਾਈਆ । ਅੰਤਮ ਬੇੜਾ ਕਰਿਆ ਪਾਰ, ਥਿਰ ਕੋਇ ਰਹਿਣ ਨਾ ਪਾਈਆ । ਦੁਆਪਰ ਬੰਨ੍ਹੇ ਆਪੇ ਧਾਰ, ਆਪਣੀ ਰੀਤ ਆਪ ਚਲਾਈਆ । ਕਾਹਨਾ ਕ੍ਰਿਸ਼ਨਾ ਹੋ ਤਿਆਰ, ਨਾਮ ਬੰਸਰੀ ਇਕ ਵਜਾਈਆ । ਏਕਾ ਮੰਤਰ ਇਕ ਗਿਆਨ, ਏਕਾ ਮੰਤਰ ਦ੍ਰਿੜਾਈਆ । ਏਕਾ ਲੇਖਾ ਲਿਖੇ ਲੇਖ ਲਿਖਾਰ, ਵੇਦ ਵਿਆਸਾ ਬੂਝ ਬੁਝਾਈਆ । ਕਲਜੁਗ ਖੇਲੇ ਖੇਲ ਵਿਚ ਸੰਸਾਰ, ਖ਼ਾਲਕ ਖ਼ਲਕ ਆਪ ਅਖਵਾਈਆ । ਪ੍ਰਗਟ ਹੋਵੇ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਪਾਵੇ ਸਾਰ ਸੰਗ ਮੁਹੰਮਦ ਚਾਰ ਯਾਰ, ਅੱਧਵਿਚਕਾਰੇ ਮੇਲ ਮਿਲਾਈਆ । ਈਸਾ ਮੂਸਾ ਕਰਿਆ ਖ਼ਬਰਦਾਰ, ਕਾਲਾ ਸੂਸਾ ਤਨ ਛੁਹਾਈਆ । ਅੰਜੀਲਾਂ ਕੁਰਾਨਾਂ ਭਰ ਭੰਡਾਰ, ਤੀਸ ਬਤੀਸਾ ਗਿਆ ਸੁਣਾਈਆ । ਨੇਤਰ ਨੈਣ ਇਕ ਉਘਾੜ, ਏਕਾ ਅੱਖ ਖੁਲ੍ਹਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਆਪਣੀ ਬੂਝ ਬੁਝਾਈਆ । ਅੱਗੇ ਕਰਿਆ ਬੰਦ ਦੁਵਾਰ, ਮੁਹੰਮਦ ਭੇਵ ਨਾ ਰਾਈਆ । ਅੱਲਾ ਰਾਣੀ ਕਰ ਸ਼ਿੰਗਾਰ, ਨੇਤਰ ਕਜਲਾ ਅਪਣਾ ਪਾਈਆ । ਪੁਰਖ ਅਬਿਨਾਸ਼ੀ ਇਛਿਆ ਪਾਏ ਭਿਛਿਆ ਭਰੇ ਭੰਡਾਰ, ਲੋਕਮਾਤ ਵੱਡੀ ਵਡਿਆਈਆ । ਸਾਚੀ ਸਿਖਿਆ ਧੁਰ ਕਰਤਾਰ, ਕਲਮੀ ਕਲਮਾ ਆਪ ਸੁਣਾਈਆ । ਕਾਇਨਾਤ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਵਰ ਬੇਪਰਵਾਹੀਆ । ਮੁਹੰਮਦ ਵਰ ਘਰ ਸਾਚਾ ਪਾਇਆ, ਘਰ ਸਾਚਾ ਵੇਖ ਵਖਾਇੰਦਾ । ਕਲਜੁਗ ਅੱਗੇ ਉਠ ਉਠ ਆਇਆ, ਨੇਤਰ ਰੋ ਰੋ ਨੀਰ ਵਹਾਇੰਦਾ । ਚਾਰੋਂ ਕੁੰਟ ਡੰਕ ਵਜਾਇਆ, ਹਰਿ ਕਾ ਨਾਮ ਨਾ ਕੋਈ ਭੁਲਾਇੰਦਾ । ਪੁਰਖ ਅਬਿਨਾਸ਼ੀ ਅੱਗੇ ਨਿਉਂ ਨਿਉਂ ਸੀਸ ਝੁਕਾਇਆ, ਰੋ ਆਪਣਾ ਹਾਲ ਸੁਣਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਖਲਾਇੰਦਾ । ਕਲਜੁਗ ਉਠ ਬਾਲ ਨਿਧਾਨ, ਹਰਿ ਸਾਚਾ ਆਪ ਸਮਝਾਈਆ । ਤੇਰਾ ਸੰਗ ਨਿਭਾਏ ਪੰਜ ਸ਼ੈਤਾਨ, ਪੰਚਮ ਕਰੇ ਕੁੜਮਾਈਆ । ਆਸਾ ਤ੍ਰਿਸ਼ਨਾ ਨਾਲ ਰਕਾਨ, ਝੂਠੀ ਨਾਰ ਨਾਲ ਰਲਾਈਆ । ਮਾਇਆ ਮਮਤਾ ਹਉਮੇ ਹੰਗਤਾ ਗੀਤ ਸਾਰੇ ਗਾਣ, ਹਰਿ ਕਾ ਰੂਪ ਦਿਸ ਨਾ ਆਈਆ । ਮੁਹੰਮਦ ਉਠੇ ਨੌਜਵਾਨ, ਤੇਰਾ ਸੰਗ ਨਿਭਾਈਆ । ਉਮਤ ਉਮਤੀ ਕਰ ਪ੍ਰਧਾਨ, ਆਪ ਆਪਣਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਦੋਹਾਂ ਵਿਚੋਲਾ ਆਪ ਅਖਵਾਈਆ । ਦੋਹਾਂ ਵਿਚੋਲਾ ਹਰਿ ਹਰਿ ਹੋਇਆ, ਭੇਵ ਕੋਈ ਨਾ ਪਾਇੰਦਾ । ਜੀਵ ਜੰਤ ਲੋਕਮਾਤ ਸੋਇਆ, ਹਰਿ ਸਾਚਾ ਖੇਲ ਖਲਾਇੰਦਾ । ਜੂਠਾ ਝੂਠਾ ਬੀਜ ਬੋਇਆ, ਕੂੜਾ ਫਲ ਲਗਾਇੰਦਾ । ਦਰਗਹਿ ਸਾਚੀ ਮਿਲੇ ਨਾ ਕੋਈ ਢੋਇਆ, ਸਚਖੰਡ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਕਰ, ਲੋਕਮਾਤ ਵੇਖ ਵਖਾਇੰਦਾ । ਦੋਹਾਂ ਮੇਲਾ ਜਗਤ ਸੰਸਾਰ, ਚਾਰੋਂ ਕੁੰਟ ਅੰਧੇਰਾ

੧੦੫੯
੦੮

ਛਾਇਆ । ਸਾਧਾਂ ਸੰਤਾਂ ਨਾ ਸੁਣੇ ਕੋਈ ਪੁਕਾਰ, ਦਿਵਸ ਰੈਣ ਰਹੇ ਕੁਰਲਾਇਆ । ਜੀਵਾਂ ਜੰਤਾਂ ਨਾ ਦਿਸੇ ਕੋਈ ਸਹਾਰ, ਨਾ ਕੋਈ ਸੰਗ ਨਿਭਾਇਆ । ਚਾਰੋਂ ਕੁੰਟ ਹੋਏ ਖੁਵਾਰ, ਧੀਰਜ ਧੀਰ ਨਾ ਕੋਈ ਧਰਾਇਆ । ਕਲਜੁਗ ਮਾਰੇ ਇਕ ਲਲਕਾਰ, ਆਪਣਾ ਬਲ ਰਖਾਇਆ । ਮੁਹੰਮਦ ਕਰੇ ਸਚ ਪਿਆਰ, ਏਕਾ ਕਲਮਾ ਰਿਹਾ ਪੜ੍ਹਾਇਆ । ਧਰਨੀ ਮੰਗੇ ਬਣ ਭਿਖਾਰ, ਗਲ ਪੱਲੂ ਆਪਣਾ ਪਾਇਆ । ਚੁੱਕਿਆ ਨਾ ਜਾਏ ਕਲਜੁਗ ਭਾਰ, ਆਪ ਆਪਣਾ ਹਾਲ ਸੁਣਾਇਆ । ਪੁਰਖ ਅਬਿਨਾਸ਼ੀ ਤੇਰਾ ਠਾਂਡਾ ਦਰਬਾਰ, ਬਿਨ ਤੇਰੇ ਹੋਏ ਨਾ ਕੋਈ ਸਹਾਇਆ । ਪਾਰਬ੍ਰਹਮ ਪ੍ਰਭ ਦਏ ਪਿਆਰ, ਦੇ ਮਤ ਆਪ ਸਮਝਾਇਆ । ਤੇਰਾ ਕਰੇ ਹੌਲਾ ਭਾਰ, ਮੇਰਾ ਤੇਰੇ ਨਾਲ ਰਖਾਇਆ । ਨਾਨਕ ਨਿਰਗੁਣ ਹੋ ਤਿਆਰ, ਲੋਕਮਾਤ ਵੇਖ ਵਖਾਇਆ । ਨ: ਨਿਰਗੁਣ ਕਰ ਅਕਾਰ, ਨਰਾਇਣ ਰੂਪ ਵਟਾਇਆ । ਕ: ਕਰਮ ਪਾਏ ਨੀਸਾਣ ਸਰਬ ਸੰਸਾਰ, ਆਪ ਆਪਣਾ ਭੇਵ ਖੁਲ੍ਹਾਇਆ । ਜੀਵਾਂ ਜੰਤਾਂ ਕਰੇ ਕਲਿਆਨ, ਨਾਮ ਨਿਧਾਨਾ ਇਕ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਵੇਸ ਵਟਾਇਆ । ਨਾਨਕ ਜੋਤੀ ਹਰਿ ਨਿਰੰਕਾਰ, ਨਿਰਗੁਣ ਰੂਪ ਮਾਤ ਕਰੇ ਰੁਸ਼ਨਾਈਆ । ਸਚਖੰਡ ਮੇਲਾ ਧੁਰ ਦਰਬਾਰ, ਵਿਛੜ ਕਦੇ ਨਾ ਜਾਈਆ । ਕੋਟਨ ਕੋਟ ਰਵ ਸਸ ਕਰਨ ਨਿਮਸਕਾਰ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਨਾਨਕ ਪਾਇਆ ਇਕ ਗੁਰ ਕਰਤਾਰ, ਹਰਿ ਸਤਿਗੁਰ ਸਾਚਾ ਮਾਹੀਆ । ਦੋਹਾਂ ਵਿਚੋਲਾ ਖੇਲ ਅਪਾਰ, ਸਤਿ ਨਾਮ ਆਪ ਧਰਾਈਆ । ਸਤਿਗੁਰ ਪੂਰਾ ਲਏ ਅਵਤਾਰ, ਲੋਕਮਾਤ ਵੱਜੀ ਵਧਾਈਆ । ਚਾਰ ਵਰਨਾਂ ਕਰੇ ਇਕ ਪਿਆਰ, ਊਚਾਂ ਨੀਚਾਂ ਗਲੇ ਲਗਾਈਆ । ਮੁਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਬੰਨ੍ਹੇ ਏਕਾ ਧਾਰ, ਨੂਰ ਇਲਾਹੀ ਇਕ ਵਖਾਈਆ । ਉਚੇ ਟਿੱਲੇ ਪਰਬਤ ਤੋੜੇ ਗੜ੍ਹ ਹੰਕਾਰ, ਠਗ ਚੋਰ ਯਾਰ ਆਪ ਸਮਝਾਈਆ । ਹਰਿਜਨ ਦੇਵੇ ਸਚ ਪਿਆਰ, ਆਤਮ ਅੰਤਰ ਏਕਾ ਨਾਮ ਜਣਾਈਆ । ਕਾਇਆ ਮੰਦਰ ਦੀਪਕ ਦੇਵੇ ਬਾਲ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਵਜਾਏ ਸਾਚਾ ਤਾਲ, ਅਨਹਦ ਸੇਵਾ ਲਾਈਆ । ਆਪੇ ਬਣ ਬਣ ਫਿਰੇ ਕੰਗਾਲ, ਆਪਣੀ ਸੇਵਾ ਆਪ ਕਮਾਈਆ । ਗੁਰਮੁਖਾਂ ਤੋੜੇ ਜਗਤ ਜੰਜਾਲ, ਆਪਣੀ ਝੋਲੀ ਆਪ ਭਰਾਈਆ । ਫਲ ਲਗਾਏ ਸਾਚੇ ਡਾਲ, ਅੰਮ੍ਰਿਤ ਮੇਵਾ ਇਕ ਖੁਵਾਈਆ । ਲੋਕਮਾਤ ਆਇਆ ਬਣ ਦਲਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਲਾਈਆ । ਨਾਨਕ ਸਤਿਗੁਰ ਹਰਿ ਬਲਿਹਾਰ, ਬਲਿਹਾਰੀ ਹਰਿ ਪਾਇਆ । ਸ਼ਬਦੀ ਸ਼ਬਦ ਬੋਲ ਜੈਕਾਰ, ਏਕਾ ਏਕੰਕਾਰਾ ਆਪ ਧਿਆਇਆ । ਆਪੇ ਵਰਤੇ ਵਰਤਾਵੇ ਵਿਚ ਸੰਸਾਰ, ਸਰਗੁਣ ਨਿਰਗੁਣ ਮੇਲ ਮਿਲਾਇਆ । ਜੀਵਾਂ ਜੰਤਾਂ ਸਾਧਾਂ ਸੰਤਾਂ ਦਏ ਹੁਲਾਰ, ਸ਼ਬਦ ਹੁਲਾਰਾ ਇਕ ਰਖਾਇਆ । ਨੌ ਦੁਵਾਰੇ ਪਾਰ ਕਿਨਾਰ, ਬਜ਼ਰ ਕਪਾਟੀ ਕੁੰਡਾ ਲਾਹਿਆ । ਡੂੰਘੀ ਕੰਦਰ ਪਾਵੇ ਸਾਰ, ਸੁਖਮਨ ਨਾੜੀ ਵੇਖ ਵਖਾਇਆ । ਟੇਢੀ ਬੰਕ ਹੋ ਉਜਿਆਰ, ਆਪ ਆਪਣਾ ਦਰਸ ਦਿਖਾਇਆ । ਤ੍ਰਬੈਣੀ ਨੈਣੀ ਖੇਲ ਅਪਾਰ, ਸਵਛ ਸਰੂਪੀ ਵੇਖ ਵਖਾਇਆ । ਦਸਮ ਦੁਵਾਰੀ ਕਰ ਪਿਆਰ, ਗੁਰਮੁਖ ਸੁਰਤੀ ਨਾਰੀ ਲਏ ਪ੍ਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਇਆ । ਸਾਚਾ ਮਾਰਗ ਏਕਾ ਲਾ, ਚਾਰ ਵਰਨਾਂ ਇਕ ਜਣਾਈਆ । ਰਾਮ ਰੂਪ ਆਪ ਅਖਵਾ, ਸੀਤਾ ਸੁਰਤੀ ਆਪ ਪਰਨਾਈਆ । ਕਾਹਨਾ ਕ੍ਰਿਸ਼ਨਾ ਵੇਸ ਵਟਾ, ਹਰਿ ਭਗਤ ਲਏ ਤਰਾਈਆ । ਬਿਨ ਹਰਿ ਨਾਮੇ ਕੋਈ ਨਾ ਥਾਂ, ਦਰਗਹਿ

੧੦੫੦
੦੮

ਸਾਚੀ ਮਿਲੇ ਸਜ਼ਾਈਆ । ਸਰਬ ਜੀਆਂ ਦਾ ਪਿਤਾ ਮਾਂ, ਪੁਰਖ ਅਕਾਲ ਇਕ ਵਖਾਈਆ । ਜੁਗਾ ਜੁਗੰਤਰ ਕਰੇ ਸਚ ਨਿਆਂ, ਹੱਕ ਨਿਬੇੜਾ ਆਪ ਕਰਾਈਆ । ਕਾਇਆ ਨਗਰ ਖੇੜਾ ਵੇਖੇ ਜਗਤ ਗਰਾਂ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਡੇਰਾ ਲਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਆਪ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਗਿਆ ਸਮਝਾ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਕੋਈ ਨਾ ਕਿਸੇ ਪਕੜੇ ਬਾਂਹ, ਨਾਤਾ ਤੁੱਟੇ ਭੈਣ ਭਾਈਆ । ਰਾਜ ਰਾਜਾਨ ਨਾ ਕਰਨ ਨਿਆਂ, ਭੁੱਲੀ ਸਰਬ ਲੋਕਾਈਆ । ਖੇਲੇ ਖੇਲ ਪ੍ਰਭ ਬੇਪਰਵਾਹ, ਨਿਹਕਲੰਕ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਦਏ ਖਪਾ, ਜੂਠ ਝੂਠ ਰਹਿਣ ਨਾ ਪਾਈਆ । ਸਾਚਾ ਡੰਕਾ ਦਏ ਵਜਾ, ਜਾਗਰਤ ਜੋਤ ਇਕ ਵਖਾਈਆ । ਕਾਗੋਂ ਹੰਸ ਦਏ ਬਣਾ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਲੇਖ ਸਮਝਾਈਆ । ਨਾਨਕ ਲਿਖਿਆ ਲੇਖ ਅਪਾਰ, ਅੰਗਦ ਅੰਗ ਲਗਾਇੰਦਾ । ਅੰਗਦ ਭਰਿਆ ਸਚ ਭੰਡਾਰ, ਅਮਰਦਾਸ ਵਰਤਾਇੰਦਾ । ਅਮਰਦਾਸ ਕਰ ਪਿਆਰ, ਰਾਮਦਾਸ ਨਾਲ ਰਲਾਇੰਦਾ । ਰਾਮ ਦਾਸ ਹੋ ਉਜਿਆਰ, ਅਰਜਨ ਸ਼ਬਦ ਅਲਾਇੰਦਾ । ਸ਼ਬਦ ਗੁਰ ਸਰਬ ਸਿਕਦਾਰ, ਏਕਾ ਏਕ ਅਖਵਾਇੰਦਾ । ਸੰਤਾਂ ਭਗਤਾਂ ਕਰੇ ਪਿਆਰ, ਜੁਗ ਜੁਗ ਮੇਲ ਮਿਲਾਇੰਦਾ । ਬੋਧ ਅਗਾਧੀ ਅਗਾਧ ਬੋਧੀ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਗੁਰੂ ਗ੍ਰੰਥ ਗੁਰ ਕਰ ਤਿਆਰ, ਨਿਰਗੁਣ ਸ਼ਬਦ ਵੰਡ ਵੰਡਾਇੰਦਾ । ਦੇਹ ਜੋਤ ਕਰ ਪਿਆਰ, ਹਰਿ ਗੋਬਿੰਦ ਮੇਲ ਮਿਲਾਇੰਦਾ । ਹਰਿ ਰਾਏ ਕਰੇ ਖ਼ਬਰਦਾਰ, ਰਾਮ ਰਾਏ ਮੁਖ ਸੁਹਾਇੰਦਾ । ਬਾਲ ਬਾਲਾ ਮੀਤ ਮੁਰਾਰ, ਹਰਿ ਕ੍ਰਿਸ਼ਨਾ ਆਪ ਤਰਾਇੰਦਾ । ਤੇਗ ਬਹਾਦਰ ਠਾਂਡਾ ਠਾਰ, ਠੰਡੀ ਠਾਰ ਧਾਰ ਚਲਾਇੰਦਾ । ਸੀਸ ਜਗਦੀਸ਼ ਆਪਣਾ ਵਾਰ, ਤੀਸ ਬਤੀਸ ਵੇਖ ਵਖਾਇੰਦਾ । ਬੀਸ ਬੀਸਾ ਕਰਿਆ ਖ਼ਬਰਦਾਰ, ਗੁਰ ਗੋਬਿੰਦ ਰਾਹ ਤਕਾਇੰਦਾ । ਸੁੱਤ ਦੁਲਾਰਾ ਕਰ ਪਿਆਰ, ਪੂਤ ਸਪੂਤਾ ਨਾਉਂ ਧਰਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਏਕਾ ਰੰਗ ਰੰਗਾਇੰਦਾ । ਵਸਿਆ ਚੀਤ ਨਾ ਹੋਏ ਬਾਹਰ, ਏਕਾ ਦੂਜਾ ਭੌ ਚੁਕਾਇੰਦਾ । ਆਪੇ ਖੋਲ੍ਹ ਸਚ ਦੁਵਾਰ, ਸਾਚਾ ਮਾਰਗ ਆਪੇ ਲਾਇੰਦਾ । ਆਪੇ ਹਵਨੀ ਹਵਨ ਖੇਲ ਨਿਆਰ, ਪਵਨੀ ਪਵਣ ਆਪ ਹੋ ਜਾਇੰਦਾ । ਆਪੇ ਸੁਗੰਧੀ ਭਰੇ ਭੰਡਾਰ, ਆਪੇ ਆਪਣੇ ਲੇਖੇ ਲਾਇੰਦਾ । ਆਪੇ ਨਾਮ ਖਿਚ ਇਕ ਤਲਵਾਰ, ਚੰਡੀ ਆਪ ਚਮਕਾਇੰਦਾ । ਆਪੇ ਕਰੇ ਤਨ ਸ਼ਿੰਗਾਰ, ਗਾਤਰੇ ਆਪ ਲਟਕਾਇੰਦਾ । ਆਪੇ ਹੋਇਆ ਖ਼ਬਰਦਾਰ, ਆਪਣਾ ਭੇਵ ਖੁਲ੍ਹਾਇੰਦਾ । ਆਪੇ ਪੰਚਾਂ ਬਣਿਆ ਸਿਕਦਾਰ, ਸਾਚਾ ਹੁਕਮ ਸੁਣਾਇੰਦਾ । ਖਿਚੀ ਆਏ ਵਾਰੋ ਵਾਰ, ਸਿਰ ਸਿਰ ਭੇਟਾ ਇਕ ਵਖਾਇੰਦਾ । ਅੰਮ੍ਰਿਤ ਭਰਿਆ ਸਚ ਭੰਡਾਰ, ਨਾਮ ਬਾਟੇ ਆਪੇ ਪਾਇੰਦਾ । ਖੰਡਾ ਫਿਰੇ ਅੱਧਵਿਚਕਾਰ, ਸਾਚੀ ਸੇਵ ਕਮਾਇੰਦਾ । ਮਿੱਠਾ ਰਸ ਗੁਰ ਸੰਗਤ ਪਿਆਰ, ਘੋਲੀ ਘੋਲ ਘੁਮਾਇੰਦਾ । ਹੱਸ ਹੱਸ ਗੁਰਮੁਖ ਕਰੇ ਤਿਆਰ, ਮੱਥੇ ਤਿਲਕ ਲਗਾਇੰਦਾ । ਨੱਸ ਨੱਸ ਵੇਖ ਸੰਸਾਰ, ਕਲਜੁਗ ਪੰਧ ਮੁਕਾਇੰਦਾ । ਪੰਚਮ ਪੰਚਮ ਕਰ ਤਿਆਰ, ਪੰਚਮ ਹੁਕਮ ਸੁਣਾਇੰਦਾ । ਪੰਚਮ ਮੀਤਾ ਖ਼ਬਰਦਾਰ, ਆਲਸ ਨਿੰਦਰਾ ਮਗਰੋਂ ਲਾਹਿੰਦਾ । ਪੰਚਮ ਭਰਿਆ ਨਾਮ ਭੰਡਾਰ, ਪੰਚਮ ਗੁਰ ਸਮਝਾਇੰਦਾ । ਗੁਰੂ ਗ੍ਰੰਥ ਗੁਰ ਕਰ ਵਿਚਾਰ, ਏਕਾ ਸਿਖਿਆ ਸਿਖ ਸਮਝਾਇੰਦਾ । ਆਪੇ ਢਹਿ ਪਏ ਦੁਵਾਰ, ਅੱਗੇ ਝੋਲੀ ਆਪਣੀ ਡਾਹਿੰਦਾ । ਖੇਲੇ ਖੇਲ ਖੇਲਣਹਾਰ, ਭੇਵ ਕੋਈ ਨਾ ਪਾਇੰਦਾ । ਆਪੇ ਵਸਿਆ ਅੰਦਰ ਬਾਹਰ, ਪੁਰੀ ਅਨੰਦ ਆਪ ਸੁਹਾਇੰਦਾ । ਆਪੇ ਸਰਸਾ ਕਰੇ ਪਾਰ, ਆਪੇ ਗੁਰਸਿਖ ਵਿਚ

੧੦੫੧
੦੮

ਟਿਕਾਇੰਦਾ । ਆਪੇ ਪੂਤ ਸਪੂਤਾ ਦੇਵੇ ਵਾਰ, ਆਪੇ ਸੂਲਾਂ ਸੱਥਰ ਹੇਠ ਵਿਛਾਇੰਦਾ । ਆਪੇ ਢੋਲਾ ਗਾਏ ਹਰਿ ਕਰਤਾਰ, ਏਕਾ ਸ਼ੁਕਰ ਮਨਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰ, ਭੁੱਲ ਕਦੇ ਨਾ ਜਾਇੰਦਾ । ਦੇਵੇ ਵਰ ਸੱਚੀ ਸਰਕਾਰ, ਸਾਚਾ ਹੁਕਮ ਸੁਣਾਇੰਦਾ । ਤੇਰਾ ਕਰਜ਼ਾ ਵੱਡਾ ਭਾਰ, ਪੁਰਖ ਅਕਾਲ ਆਪਣੇ ਸਿਰ ਉਠਾਇੰਦਾ । ਕਲਜੁਗ ਅੰਤਮ ਤੋੜੇ ਜਗਤ ਜੰਜਾਲ, ਤੇਰਾ ਬੰਧਨ ਬੰਧ ਪਾਇੰਦਾ । ਤੇਰਾ ਰੂਪ ਵਰਤੇ ਵਿਚ ਸੰਸਾਰ, ਸ਼ਬਦੀ ਨਾਉਂ ਰਖਾਇੰਦਾ । ਪੰਜ ਤੱਤ ਨਾ ਕੋਈ ਅਕਾਰ, ਗੋਬਿੰਦ ਨਾਉਂ ਧਰਾਇੰਦਾ । ਨਾਮ ਖੰਡਾ ਤੇਜ ਕਟਾਰ, ਤੇਰੇ ਹੱਥ ਫੜਾਇੰਦਾ । ਪੁਰਖ ਅਬਿਨਾਸ਼ੀ ਹੋਏ ਨਾਲ ਤਿਆਰ, ਦਿਸ ਕਿਸੇ ਨਾ ਆਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਾਚੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਸੰਗਮ ਕਰ ਵਿਚਾਰ, ਆਪ ਆਪਣੀ ਕਲ ਵਰਤਾਇੰਦਾ । ਦੇਵੇ ਦਰਸ ਅਗੰਮ ਅਪਾਰ, ਸਤਿ ਸਰੂਪ ਅਨੂਪ ਦਰਸ ਦਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਵਖਾਇੰਦਾ । ਗੋਬਿੰਦ ਸੁਣਿਆ ਹਰਿ ਫ਼ਰਮਾਣ, ਘਰ ਸਾਚੇ ਵੱਜੀ ਵਧਾਈਆ । ਤੇਰਾ ਰੂਪ ਸ੍ਰੀ ਭਗਵਾਨ, ਮੇਰਾ ਰੰਗ ਚੜ੍ਹਾਈਆ । ਤੇਰਾ ਨਾਮ ਗੁਣ ਨਿਧਾਨ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਤੇਰਾ ਬਿਬਾਣ ਇਕ ਨਿਸ਼ਾਨ, ਲੋਆਂ ਪੁਰੀਆਂ ਆਪ ਫਿਰਾਈਆ । ਤੇਰਾ ਚਿੱਲਾ ਤੀਰ ਕਮਾਨ, ਤੇਰਾ ਹੱਥ ਉਠਾਈਆ । ਲੱਖ ਚੁਰਾਸੀ ਪਾਵੇ ਆਣ, ਤੇਰਾ ਹੁਕਮ ਵੱਡੀ ਵਡਿਆਈਆ । ਪ੍ਰਿਥਮੀ ਅਕਾਸ਼ ਵੇਖੇ ਮਾਰ ਧਿਆਨ, ਗਗਨ ਮੰਡਲ ਫੇਰਾ ਪਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਤੋੜੇ ਮਾਣ ਅਭਿਮਾਨ, ਹਉਮੇ ਗੜ੍ਹ ਰਹਿਣ ਨਾ ਪਾਈਆ । ਜੂਠਾ ਝੂਠਾ ਮਿਟੇ ਜਗਤ ਨਿਸ਼ਾਨ, ਕੂੜੀ ਕਿਰਿਆ ਦਏ ਮਿਟਾਈਆ । ਤੇਰਾ ਸੰਗ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਈਆ । ਏਕੰਕਾਰਾ ਮੇਲਾ ਵਿਚ ਜਹਾਨ, ਏਕਾ ਢਈਆ ਦਏ ਗਵਾਹੀਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਵਸਣਹਾਰਾ ਸਚ ਸੱਚੀ ਧਰਮਸਾਲ, ਸਚਖੰਡ ਬੈਠਾ ਡੇਰਾ ਲਾਈਆ । ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਏਕਾ ਖੇਲ ਖਲਾਇੰਦਾ । ਗੋਬਿੰਦ ਤੇਰਾ ਸਚ ਭਰਵਾਸਾ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਕਰੇ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਕਰਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜਨਮ ਮਰਨ ਨਾ ਕੋਈ ਰਖਾਇੰਦਾ । ਕਦੇ ਨਾ ਆਵੇ ਹਾਰ ਪਾਸਾ, ਹਾਰ ਜਿਤ ਨਾ ਕੋਈ ਜਣਾਇੰਦਾ । ਵਸਣਹਾਰਾ ਕਾਇਆ ਕਾਸਾ, ਪੰਜ ਤੱਤ ਗੜ੍ਹ ਸੁਹਾਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਚੌਦਾਂ ਲੋਕਾਂ ਵੇਖ ਵਖਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸਾ, ਗੁਰਮੁਖਾਂ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਆਪ ਸਮਝਾਇੰਦਾ । ਆਪਣਾ ਰੂਪ ਹਰਿ ਸਮਝਾਏ, ਸ਼ਬਦੀ ਸ਼ਬਦ ਜਣਾਈਆ । ਕਲਜੁਗ ਅੰਤਮ ਵੇਸ ਵਟਾਏ, ਕੂੜਾ ਪੰਧ ਮੁਕਾਈਆ । ਧਰਮ ਨਿਸ਼ਾਨਾ ਇਕ ਝੁਲਾਏ, ਸੱਤ ਰੰਗ ਆਪ ਰੰਗਾਈਆ । ਸ਼ਾਹ ਸੁਲਤਾਨਾ ਖ਼ਾਕ ਮਿਲਾਏ, ਸੀਸ ਤਾਜ ਨਾ ਕੋਈ ਟਿਕਾਈਆ । ਏਕਾ ਇਸ਼ਟ ਦੇਵ ਪੁਰਖ ਅਕਾਲ ਰਖਾਏ, ਨਾ ਕੋਈ ਦੂਸਰ ਸੀਸ ਝੁਕਾਈਆ । ਚਾਰ ਵਰਨਾਂ ਬਣਾਏ ਭੈਣਾਂ ਭਾਏ, ਏਕਾ ਦੂਜਾ ਮੇਟ ਮਿਟਾਈਆ । ਰਾਓ ਰੰਕਾਂ ਆਪ ਸਮਝਾਏ, ਬ੍ਰਹਮ ਮਤ ਇਕ ਸਮਝਾਈਆ । ਏਕਾ ਤੱਤ ਸਰਬ ਵਖਾਏ, ਤੱਤੀ ਵਾ ਨਾ ਲੱਗੇ ਰਾਈਆ । ਸਾਚਾ ਰਥ ਆਪ ਚਲਾਏ, ਰਥ ਰਥਵਾਹੀ ਸੇਵ ਕਮਾਈਆ । ਆਪਣੀ ਗਾਥਾ ਆਪ ਸੁਣਾਏ, ਗੁਣਵੰਤਾ ਵਡ ਵਡਿਆਈਆ । ਗੁਰਸਿਖਾਂ ਸਗਲਾ ਸਾਥ ਆਪ ਨਿਭਾਏ, ਸਗਲਾ ਸੰਗ ਆਪ ਹੋ ਜਾਈਆ । ਏਕਾ

ਨਾਮ ਮਰਦੰਗ ਵਜਾਏ, ਬ੍ਰਹਮਾ ਵੇਤਾ ਅੱਠੇ ਨੈਣ ਜਾਗ ਖੁਲ੍ਹਾਈਆ । ਵਿਸ਼ਨੂੰ ਸੇਜਾ ਦਏ ਹਿਲਾਏ, ਲੱਛਮੀ ਨਾਲ ਰਲਾਈਆ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹੇ, ਹੱਥ ਤ੍ਰਸੂਲ ਉਠਾਈਆ । ਕਰੋੜ ਤੇਤੀਸਾ ਰੋ ਰੋ ਦਏ ਦੁਹਾਏ, ਕਲਜੁਗ ਨਾ ਕੋਈ ਸਹਾਈਆ । ਇੰਦ ਇੰਦ੍ਰਾਸਣ ਤਖ਼ਤ ਤਜਾਏ, ਬ੍ਰਹਮਾ ਮਨਵੰਤਰ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਕਾਜ ਰਚਾਏ, ਸੱਤਾਂ ਦੀਪਾਂ ਫੋਲ ਫੁਲਾਈਆ । ਸੋ ਪੁਰਖ ਨਿਰੰਜਣ ਏਕਾ ਨਾਮ ਬਾਜ ਉਡਾਏ, ਚਾਰੇ ਕੁੰਟ ਫਿਰਾਈਆ । ਨੀਲਾ ਨੀਲੀ ਧਾਰੋਂ ਧਾਰ ਪਾਰ ਕਰਾਏ, ਸੋਲਾਂ ਕਲੀਆਂ ਆਸਣ ਪਾਈਆ । ਸ਼ਾਹ ਸਵਾਰ ਡੇਰਾ ਲਾਏ, ਪੀਰਨ ਪੀਰਾ ਵਡ ਵਡਿਆਈਆ । ਦਸਤਗੀਰਾਂ ਮੇਟ ਮਿਟਾਏ, ਸ਼ਾਹ ਹਕੀਰਾਂ ਖੇਲ ਖਲਾਈਆ । ਜਨ ਭਗਤਾਂ ਜਗਤ ਭੀੜਾਂ ਕੱਟ ਵਖਾਏ, ਆਪ ਆਪਣੀ ਦਇਆ ਕਮਾਈਆ । ਚਾਰੋਂ ਕੁੰਟ ਵਹੀਰਾਂ ਦਏ ਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਈਆ । ਕਲਜੁਗ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇੰਦਾ । ਵੇਖਣਹਾਰਾ ਰਾਣੀ ਅੱਲਾ, ਦੂਈ ਦਵੈਤੀ ਪਰਦਾ ਲਾਹਿੰਦਾ । ਜਾਣੇ ਰੂਪ ਹਰਿ ਬਿਸਮਿਲਾ, ਬਿਸਮਿਲ ਵਿਚ ਆਪ ਸਮਾਇੰਦਾ । ਚੌਦਾਂ ਸਦੀਆਂ ਕੱਟੀਆਂ ਛਿਲਾ, ਆਪ ਆਪਣਾ ਖੇਲ ਖਲਾਇੰਦਾ । ਜਗਤ ਸਿੰਘਾਸਣ ਅੰਤਮ ਹਿੱਲਾ, ਧਰਤ ਧਵਲ ਨਾ ਕੋਈ ਟਿਕਾਇੰਦਾ । ਪਾਵੇ ਸਾਰ ਈਸਾ ਮੂਸਾ ਬੂਰਾ ਕੱਕਾ ਬਿਲਾ, ਉਚਾ ਟਿੱਲਾ ਪ੍ਰਬਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਲਾਇੰਦਾ । ਖੇਲ ਖਲੰਤਾ ਹਰਿ ਨਿਰੰਕਾਰ, ਆਦਿ ਜੁਗਾਦਿ ਸ੍ਰੀ ਭਗਵਾਨਿਆ । ਨਿਹਕਲੰਕਾ ਲਏ ਅਵਤਾਰ, ਜੋਤੀ ਨੂਰ ਧਰੇ ਮਹਾਨਿਆ । ਸ਼ਬਦ ਰੱਖੇ ਤਿਖੀ ਧਾਰ, ਦੋ ਜਹਾਨਾਂ ਵੇਖ ਵਖਾਨਿਆ । ਵੀਹ ਸੌ ਬਿਕ੍ਰਮੀ ਹੋ ਤਿਆਰ, ਲੋਕਮਾਤ ਹੋਇਆ ਪ੍ਰਧਾਨਿਆ । ਵੀਹ ਸੌ ਇਕ ਅੱਖ ਉਘਾੜ, ਤ੍ਰਲੋਕੀ ਮਾਰੇ ਤੀਰ ਨਿਸ਼ਾਨਿਆ । ਵੀਹ ਸੌ ਦੋ ਸਾਚਾ ਲਾੜ ਸਚ ਤੱਤ ਕਰੇ ਸ਼ਿੰਗਾਰ, ਖੇਲੇ ਖੇਲ ਗੁਣ ਨਿਧਾਨਿਆ । ਵੀਹ ਸੌ ਤਿੰਨ ਨਾ ਕੋਈ ਰੂਪ ਨਾ ਕੋਈ ਚਿੰਨ, ਆਪ ਆਪਣਾ ਹੋਇਆ ਜਾਣੀ ਜਾਣਿਆ । ਵੀਹ ਸੌ ਪੰਜ ਗੁਰਮੁਖ ਆਤਮ ਸੁੱਤਾ ਸਚ ਪਲੰਘ, ਘਰ ਮੰਦਰ ਇਕ ਸੁਹਾਨਿਆ । ਵੀਹ ਸੌ ਛੇ ਆਪਣੇ ਸ਼ਬਦ ਲਗਾ ਨੇਂਹ, ਸਾਚਾ ਨਾਤਾ ਜੋੜ ਜੁੜਾਨਿਆ । ਵੀਹ ਸੌ ਸੱਤ ਹੋਇਆ ਉਤਪਤ, ਹੱਡ ਮਾਸ ਨਾੜੀ ਨਾ ਦਿਸੇ ਰੱਤ, ਜੋਤੀ ਸ਼ਬਦੀ ਜੋਤ ਭਗਵਾਨਿਆ । ਵੀਹ ਸੌ ਅੱਠ ਖੇਲੇ ਖੇਲ ਕਮਲਾਪਤ, ਬੀਜ ਬੀਜਿਆ ਆਪਣੇ ਵਤ, ਆਪ ਆਪਣਾ ਹਲ ਚਲਾਨਿਆ । ਵੀਹ ਸੌ ਬਿਕ੍ਰਮੀ ਨੌਂ, ਨੌ ਖੰਡ ਪ੍ਰਿਥਮੀ ਰਿਹਾ ਭੌਂ, ਸਚਖੰਡ ਦੁਵਾਰੇ ਨਾ ਜਾਏ ਸੌਂ, ਆਲਸ ਨਿੰਦਰਾ ਨਾ ਕੋਈ ਰਖਾਨਿਆ । ਵੀਹ ਸੌ ਦਸ, ਖੇਲੇ ਖੇਲ ਹੱਸ ਹੱਸ, ਹਰਿਜਨ ਮੇਲੇ ਨੱਸ ਨੱਸ, ਗੁਰਮੁਖ ਬਾਲ ਇਵਾਣੇ ਗੋਦ ਉਠਾਨਿਆ । ਸਾਢੇ ਤਿੰਨ ਹੱਥ ਮੰਦਰ ਅੰਦਰ ਵਸ, ਕਰੋੜ ਤੇਤੀਸਾ ਕਰੇ ਭਸ, ਇੰਦ ਇੰਦ੍ਰਾਸਣ ਤਜ ਜਾਏ ਨੱਸ, ਹਰਿ ਸਾਚਾ ਵੇਖ ਵਖਾਨਿਆ । ਜਗਤ ਜਗਦੀਸ਼ਾ ਖੇਲੇ ਖੇਲ ਸ਼ਾਹੋ ਸ਼ਾਬੀਸਾ ਨਿਉਂ ਨਿਉਂ ਸੀਸ ਝੁਕਾਇਨ ਰਵ ਸਸ, ਲੋਕਮਾਤ ਹੋਏ ਪ੍ਰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਦੁਆਰੇ ਖੋਲ੍ਹ ਕਿਵਾੜ, ਸਾਚਾ ਮੰਦਰ ਕਰ ਤਿਆਰ, ਵੀਹ ਸੌ ਬਾਰਾਂ ਮੀਤ ਮੁਰਾਰ, ਹਾੜ ਸਤਾਰਾਂ ਥਿਤ ਵਖਾਨਿਆ । ਵੀਹ ਸੌ ਬਾਰਾਂ ਖੇਲ ਅਪਾਰਾ, ਹਰਿ ਸਾਚਾ ਖੇਲ ਖਲਾਇੰਦਾ । ਹਰਿ ਸੰਗਤ ਕਰੇ ਸਚ ਪਿਆਰਾ, ਸਾਚਾ ਧਾਮ ਵਖਾਇੰਦਾ । ਸਾਢੇ ਤਿੰਨ ਹੱਥ ਨਗਰੀ ਉਚ ਮਿਨਾਰਾ, ਸਚ ਮਹੱਲ ਆਪ ਉਪਾਇੰਦਾ । ਨਿਰਗੁਣ ਦੀਪਕ ਕਰ ਉਜਿਆਰਾ, ਆਪੇ

ਵੇਖ ਵਖਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਸਾਚਾ ਢੋਲਾ ਗਾਇੰਦਾ । ਲੋਕਮਾਤ ਵਣਜ ਕਰਾਏ ਸਚ ਵਣਜਾਰਾ, ਏਕਾ ਵਸਤ ਵਖਾਇੰਦਾ । ਗੁਰਮੁਖਾਂ ਭਰੇ ਨਾਮ ਭੰਡਾਰਾ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਆਪੇ ਬਣਿਆ ਹਰਿ ਵਰਤਾਰਾ, ਆਪ ਆਪਣੀ ਖੇਲ ਖਲਾਇੰਦਾ । ਸੰਮਤ ਤੇਰਾਂ ਗੁਪਤ ਜ਼ਾਹਰਾ, ਰਾਜ ਰਾਜਾਨਾ ਆਪ ਉਠਾਇੰਦਾ । ਸਾਧਾਂ ਸੰਤਾਂ ਦਏ ਹੁਲਾਰਾ, ਕਲਜੁਗ ਅੱਖ ਖੁਲ੍ਹਾਇੰਦਾ । ਅੰਤਮ ਆਇਆ ਪਾਰ ਕਿਨਾਰਾ, ਗੁਰ ਗੋਬਿੰਦ ਲੇਖ ਲਿਖਾਇੰਦਾ । ਉਚਾ ਟਿੱਲਾ ਢਏ ਮੁਨਾਰਾ, ਇੱਟ ਨਾਲ ਇੱਟ ਨਾ ਕੋਈ ਰਖਾਇੰਦਾ । ਸੰਮਤ ਚੌਦਾਂ ਮੀਤ ਮੁਰਾਰਾ, ਹਰਿ ਸੰਗਤ ਵੇਖ ਵਖਾਇੰਦਾ । ਏਕਾ ਇਕੀ ਏਕੰਕਾਰਾ, ਏਕਾ ਰੰਗ ਰੰਗਾਇੰਦਾ । ਧਾਰੋਂ ਤਿੱਖੀ ਵਿਚ ਸੰਸਾਰਾ, ਵਾਲੋਂ ਨਿੱਕੀ ਮੇਲ ਮਿਲਾਇੰਦਾ । ਭੇਵ ਨਾ ਪਾਇਣ ਮੁਨੀ ਰਿਖੀ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਆਪਣਾ ਹੁਕਮ ਚਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਜੁਗ ਜੁਗ ਕਾਰ ਕਮਾਇੰਦਾ । ਸੰਮਤ ਪੰਦਰਾਂ ਨੌਜਵਾਨ, ਆਪਣਾ ਬਲ ਵਖਾਇੰਦਾ । ਅਠਸਠ ਤੀਰਥ ਵੇਖੇ ਜਗਤ ਗਿਆਨ, ਸਾਧਾਂ ਸੰਤਾਂ ਕਾਇਆ ਮੱਠ ਫੋਲ ਫੁਲਾਇੰਦਾ । ਗੰਗਾ ਜਮਨਾ ਵੇਖੇ ਮਾਰ ਧਿਆਨ, ਗੋਦਾਵਰੀ ਸੁਰਸਤੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਠਸਠ ਮੂਲ ਚੁਕਾਇੰਦਾ । ਅਠਸਠ ਰਿੜਕੇ ਹਰਿ ਹਰਿ ਪਾਣੀ, ਨਾਮ ਮਧਾਣਾ ਪਾਇਆ । ਵੇਖਣਹਾਰਾ ਚਾਰੇ ਖਾਣੀ, ਚਾਰੇ ਵੇਦਾਂ ਫੋਲ ਫੁਲਾਇਆ । ਅਠਾਰਾਂ ਪੁਰਾਨ ਵੇਖੇ ਮਾਰ ਧਿਆਨੀ, ਪੁਰਾਨ ਪੁਰਾਨੀ ਆਪੇ ਗਾਇਆ । ਗੀਤਾ ਗਿਆਨ ਹੋ ਪ੍ਰਧਾਨੀ, ਏਕਾ ਸਿਖਿਆ ਸਿਖ ਸਮਝਾਇਆ । ਅੰਜੀਲ ਕੁਰਾਨੀ ਜਗਤ ਨਿਸ਼ਾਨੀ, ਆਪੇ ਵੇਖ ਵਖਾਇਆ । ਨਾਨਕ ਨਿਰਗੁਣ ਗਾਏ ਬਾਣੀ, ਬਾਣ ਨਿਰਾਲਾ ਲਾਇਆ । ੧੦੫੪ ਗੋਬਿੰਦ ਮਿਲਿਆ ਸਾਚਾ ਹਾਣੀ, ਪੁਰਖ ਅਕਾਲ ਮਨਾਇਆ । ਕਲਜੁਗ ਅੰਤਮ ਖੇਲ ਮਹਾਨੀ, ਪੁਰਖ ਅਬਿਨਾਸ਼ੀ ਜੋੜ ਜੁੜਾਇਆ । ਗੁਰਮੁਖਾਂ ਦੇਵੇ ਪਦ ਨਿਰਬਾਣੀ, ਚੌਥਾ ਪਦ ਵਖਾਇਆ । ਤੀਜਾ ਨੈਣ ਇਕ ਖੁਲ੍ਹਾਨੀ, ਆਪਣਾ ਪਰਦਾ ਲਾਹਿਆ । ਅਨਹਦ ਸੁਣਾਏ ਸਾਚੀ ਬਾਣੀ, ਆਪਣਾ ਰਾਗ ਅਲਾਇਆ । ਸੰਮਤ ਸੋਲਾਂ ਵੀਹ ਸੌ ਬਿਕ੍ਰਮੀ ਨੌ ਖੰਡ ਪ੍ਰਿਥਮੀ ਦੇਵੇ ਇਕ ਨਿਸ਼ਾਨੀ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਅੱਸੂ ਪੰਜ ਦਿਵਸ ਸੁਹਾਇਆ । ਅੱਸੂ ਪੰਜ ਪੰਚ ਪਿਆਰਾ, ਪੰਚਮ ਮੁਖ ਸਲਾਹਿੰਦਾ । ਕਲਜੁਗ ਕਰੇ ਪਾਰ ਕਿਨਾਰਾ, ਅੱਧਵਿਚਕਾਰ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਅੰਦਰ ਵੇਖ ਵਖਾਇੰਦਾ । ਚਾਰੋਂ ਕੁੰਟ ਧੂਆਂਧਾਰਾ, ਧਰਤ ਅਕਾਸ਼ ਰੰਗ ਰੰਗਾਇੰਦਾ । ਸੰਮਤ ਸਤਾਰਾਂ ਲਾਏ ਨਾਅਰਾ, ਹੱਕ ਬਹੱਕ ਵੇਖ ਵਖਾਇੰਦਾ । ਕਾਗ ਹੰਸ ਉਡਾਏ ਡਾਰਾ, ਕਾਗੀ ਕਾਗ ਕੁਰਲਾਇੰਦਾ । ਰਾਗੀ ਨਾਦੀ ਢਾਡੀ ਕੋਈ ਨਾ ਗਾਏ ਵਾਰਾ, ਹਰਿ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਗੁਰ ਸਤਿਗੁਰ ਦਰਸ ਦਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੀਵ ਆਪ ਉਠਾਇੰਦਾ । ਕਲਜੁਗ ਜੀਵ ਉਠ ਉਠ ਜਾਗ, ਹਰਿ ਸਾਚੇ ਜੋਤ ਜਗਾਈਆ । ਸ਼ਬਦ ਸੁਣਾਏ ਇਕ ਰਾਗ, ਏਕਾ ਨਾਦ ਵਜਾਈਆ । ਫੜ ਫੜ ਹੰਸ ਬਣਾਏ ਕਾਗ, ਕਾਗੋਂ ਹੰਸ ਵਖਾਈਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਰਹਿਣ ਨਾ ਪਾਈਆ । ਆਪਣੇ ਹੱਥ ਪਕੜੇ ਵਾਗ, ਸੰਮਤ ਅਠਾਰਾਂ ਵੇਖ ਵਖਾਈਆ । ਤ੍ਰੈਗੁਣ ਮਾਇਆ ਡੱਸਨੀ ਡੱਸੇ ਨਾਗ, ਪੰਜ ਤੱਤ ਕਰੇ ਹਲਕਾਈਆ । ਬਹੱਤਰ ਨਾੜੀ ਲੱਗੇ ਆਗ, ਨਾ ਕੋਈ ਸਕੇ ਬੁਝਾਈਆ । ਕਿਸੇ ਘਰ ਨਾ

੧੦੫੪

ਦਿਸੇ ਬਾਤੀ ਚਿਰਾਗ, ਸਾਚੀ ਸੇਜ ਨਾ ਕੋਈ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਅਠਾਰਾਂ ਅੰਮ੍ਰਿਤ ਜਲ ਧਾਰ, ਚਾਰੋਂ ਕੁੰਟ ਵਹਾਈਆ । ਏਕਾ ਨੌਂ ਨੌਂ ਇਕ, ਏਕਾ ਖੇਲ ਖਲਾਇੰਦਾ । ਏਕਾ ਲੇਖਾ ਦਏ ਲਿਖ, ਏਕਾ ਮੇਟ ਮਿਟਾਇੰਦਾ । ਏਕਾ ਪਾਵਣਹਾਰਾ ਭਿਖ, ਏਕਾ ਝੋਲੀ ਡਾਹਿੰਦਾ । ਏਕਾ ਸਿਖਿਆ ਲਏ ਸਿਖ, ਏਕਾ ਮੁਖ ਭੁਵਾਇੰਦਾ । ਏਕਾ ਮੇਟਣਹਾਰਾ ਤ੍ਰਿਖ, ਏਕਾ ਅਗਨੀ ਤੱਤ ਜਲਾਇੰਦਾ । ਏਕਾ ਵੇਖੇ ਦੇਸ ਪ੍ਰਦੇਸ, ਏਕਾ ਨਰ ਨਰੇਸ਼ ਸੋਭਾ ਪਾਇੰਦਾ । ਏਕਾ ਸੁੱਤਾ ਬਾਸ਼ਕ ਸੇਜ, ਏਕਾ ਬ੍ਰਹਮਾ ਵੇਦ ਸੁਣਾਇੰਦਾ । ਏਕਾ ਹੋਇਆ ਰਿੱਖੀ ਕੇਸ਼, ਏਕਾ ਗਵਰਧਨ ਹੱਥ ਉਠਾਇੰਦਾ । ਏਕਾ ਨਾਨਕ ਗੋਬਿੰਦ ਦਸ ਦਸਮੇਸ਼, ਖੜਗ ਖੰਡਾ ਇਕ ਚਮਕਾਇੰਦਾ । ਏਕਾ ਅੱਲ੍ਹਾ ਰਾਣੀ ਕਰੇ ਭੇਖ, ਏਕਾ ਮਸਤਕ ਮੇਖ ਲਗਾਇੰਦਾ । ਏਕਾ ਅੰਤਮ ਮੇਟੇ ਰੇਖ, ਸਦੀ ਚੌਧਵੀਂ ਪੰਧ ਮੁਕਾਇੰਦਾ । ਕਿਸੇ ਨਾ ਚਲੇ ਕੋਈ ਪੇਸ਼, ਹਰਿ ਕਾ ਭਾਣਾ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸੰਮਤ ਉਨੀ, ਨਾ ਕੋਈ ਦੀਸੇ ਮੁਸਲਮ ਸੁੰਨੀ, ਸਭ ਦੀ ਚੋਟੀ ਜਾਏ ਮੁੰਨੀ, ਜਗਤ ਹਦੀਸ ਨਾ ਕੋਈ ਪੜ੍ਹਾਇੰਦਾ । ਉਨੀ ਉਨੀਸਾ ਖੇਲ ਜਗਦੀਸ਼ਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਭੇਵ ਖੁਲ੍ਹਾਣਾ ਬੀਸ ਬੀਸਾ, ਕਲਜੁਗ ਪੀਸਣ ਪੀਸ ਕਮਾਈਆ । ਜਾਣੇ ਭੇਵ ਰਾਗ ਛਤੀਸਾ, ਨਾਰਦ ਮੁਨ ਸ੍ਰਿਸ਼ਟ ਸਬਾਈਆ । ਲੇਖਾ ਚੁੱਕੇ ਕੁਰਾਨ ਹਦੀਸਾ, ਵੇਦ ਪੁਰਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਤੇਰੇ ਅੱਗੇ ਧਰ, ਏਕਾ ਧੱਕਾ ਦੇਵੇ ਲਾਈਆ । ਕਲਜੁਗ ਆਪਣਾ ਚੁੱਕਣਾ ਭਾਰ, ਬੀਸ ਬੀਸਾ ਦਏ ਦੁਹਾਈਆ । ਪੁਰਖ ਅਬਿਨਾਸ਼ੀ ਮਾਰੇ ਮਾਰ, ਲੋਕਮਾਤ ਰਹਿਣ ਨਾ ਪਾਈਆ । ਗੁਰ ਗੋਬਿੰਦ ਖਿਚ ਕਟਾਰ, ਆਪਣੇ ਹੱਥ ਰਿਹਾ ਚਮਕਾਈਆ । ਫ਼ੌਜ ਅਗੰਮੀ ਆਪੇ ਚਾੜ੍ਹ, ਨੌਂ ਖੰਡ ਪ੍ਰਿਥਮੀ ਮੇਟ ਮਿਟਾਈਆ । ਨਾ ਕੋਈ ਦੀਸੇ ਝੂਠੀ ਧਾੜ, ਜੂਠ ਝੂਠ ਰਹਿਣ ਨਾ ਪਾਈਆ । ਧਰਤ ਮਾਤ ਲੱਗੇ ਅਖਾੜ, ਸੱਤ ਦੀਪ ਨੌਂ ਖੰਡ ਲੱਖ ਚੁਰਾਸੀ ਆਪਣਾ ਡੌਰੂ ਵਾਹੀਆ । ਰਾਏ ਧਰਮ ਹੋਏ ਤਿਆਰ, ਅਠਸਠ ਅਠਾਈ ਕੁੰਡਾਂ ਬੂਹਾ ਲਾਹੀਆ । ਚਿਤਰ ਗੁਪਤ ਕੱਢੇ ਲੇਖ ਲਿਖਾਰ, ਆਪਣਾ ਖਾਤਾ ਦਏ ਵਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਨੇਤਰ ਕੱਜਲ ਰਹੀ ਪਾਈਆ । ਹੱਥੀਂ ਲਾਲ ਮਹਿੰਦੀ ਰੰਗ ਅਪਾਰ, ਝੂਠਾ ਗਾਨਾ ਰਹੀ ਬੰਧਾਈਆ । ਹੋਈ ਨਾਰ ਜਗਤ ਮੁਟਿਆਰ, ਵਰ ਮੰਗੇ ਅੱਗੇ ਬੇਪਰਵਾਹੀਆ । ਜੋਬਨ ਜਵਾਨੀ ਦਿਹਾੜੇ ਚਾਰ, ਥਿਰ ਰਹਿਣ ਨਾ ਪਾਈਆ । ਕਲਜੁਗ ਵੇਲਾ ਚਾਰ ਕੁੰਟ ਹੋਏ ਖ਼ਬਰਦਾਰ, ਆਪ ਆਪਣਾ ਰਾਹ ਤਕਾਈਆ । ਸਾਚਾ ਕੰਤ ਵੇਖ ਭਤਾਰ, ਕਵਣ ਕੂਟੇ ਬੈਠਾ ਡੇਰਾ ਲਾਈਆ । ਮਨਮੁਖ ਜੀਵ ਹੋਇਆ ਵਿਭਚਾਰ, ਏਕਾ ਨਾਰ ਧਰਾਈਆ । ਸੰਮਤ ਵੀਹ ਸੌ ਸੋਲਾਂ ਪੰਦਰਾਂ ਕੱਤਕ ਸਗਨ ਪਏ ਵਿਚ ਸੰਸਾਰ, ਵਿਚ ਵਿਚੋਲਾ ਸ਼ਬਦ ਬਣਾਈਆ । ਸੰਮਤ ਸਤਾਰਾਂ ਕਲਜੁਗ ਜਾਂਵੀ ਦੇਵੇ ਚਾੜ੍ਹ, ਸੀਸ ਦਸਤਾਰ ਇਕ ਵਖਾਈਆ । ਸੰਮਤ ਅਠਾਰਾਂ ਜਲ ਜਲ ਧਾਰਾ ਸਾਚੇ ਡੋਲੇ ਦੇਵੇ ਵਾੜ, ਚਾਰ ਯਾਰ ਕਹਾਰ ਵਖਾਈਆ । ਸੰਮਤ ਉਨੀ ਆਪਣਾ ਮੁਖ ਕਲਜੁਗ ਲਾੜੀ ਦਏ ਵਖਾਈ, ਮੁਖ ਚੁੰਨੀ ਘੁੰਘਟ ਲਾਹੀਆ । ਨਾ ਕੋਈ ਦੀਸੇ ਮੀਤ ਮੁਰਾਰ, ਸਾਚਾ ਸੰਗ ਨਾ ਕੋਈ ਵਖਾਈਆ । ਬਿਨ ਹਰਿ ਨਾਮੇ ਭੁੱਲਾ ਸਰਬ ਸੰਸਾਰ, ਬਿਨ ਹਰਿ ਨਾਮ ਨਾ ਕੋਈ ਪਾਰ ਕਰਾਈਆ । ਮੁਸਲਮ ਹਿੰਦੂ ਸਿਖ ਈਸਾਈ ਕੋਈ ਨਾ ਬਣੇ ਯਾਰ, ਜੋ ਜਨ ਬੈਠੇ ਮੁਖ ਛੁਪਾਈਆ । ਜਿਸ ਜਨ ਰਸਨਾ ਜਿਹਵਾ ਗਾਇਆ ਗੁਣ ਕਰਤਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਤਰਾਈਆ । ਸੰਮਤ ਬੀਸ

ਕਰੇ ਪਿਆਰ, ਆਪ ਆਪਣਾ ਮੇਲ ਮਿਲਾਈਆ । ਸਾਚੀ ਸਖੀ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਈਆ । ਖ਼ਾਲਸ ਖ਼ਾਲਸਾ ਵਿਚ ਸੰਸਾਰ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਬਣੇ ਸਾਲਸ ਆਪ ਨਿਰੰਕਾਰ, ਸਾਚੀ ਸੇਵਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਮੇਟੇ ਜਗਤ ਸ਼ਾਹੀਆ । ਕਲਜੁਗ ਮਿਟੇ ਝੂਠੀ ਸ਼ਾਹੀ, ਸਤਿਜੁਗ ਸਾਚਾ ਮਾਤ ਲਗਾਵਣਾ । ਜਗਤ ਵਿਧਾਨ ਕੋਈ ਰਹੇ ਨਾਹੀਂ, ਸ਼ਾਹ ਸੁਲਤਾਨ ਨਾ ਕਿਸੇ ਅਖਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਡੰਕ ਵਜਾਵਣਾ, ਸੰਮਤ ਵੀਹ ਸੌ ਇਕੀ ਹੋ ਪ੍ਰਧਾਨ, ਹਰਿ ਸਾਚਾ ਖੇਲ ਖਲਾਈਆ । ਪੰਚਮ ਮੁਖ ਸੀਸ ਤਾਜ ਮਹਾਨ, ਪੰਚਾਂ ਸਿਖਾਂ ਰਾਜ ਜੋਗ ਸਿਖਾਈਆ । ਸੱਤ ਰੰਗ ਝੁੱਲੇ ਨਿਸ਼ਾਨ, ਸੱਤਾਂ ਦੀਪਾਂ ਆਪ ਵਖਾਈਆ । ਸ਼ਬਦ ਡੰਕਾ ਹੱਥ ਭਗਵਾਨ, ਆਪਣੇ ਲਏ ਉਠਾਈਆ । ਨੌ ਖੰਡ ਦੇਵੇ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਪੁਰਖ ਅਕਾਲ ਚਰਨ ਧਿਆਨ, ਅੰਤਰ ਆਤਮ ਇਕ ਲਿਵ ਲਾਈਆ । ਚਾਰ ਵਰਨ ਇਕੋ ਗਾਣ, ਏਕਾ ਇਸ਼ਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਸਤਿਜੁਗ ਸਾਚਾ ਖੇਲ, ਹਰਿ ਸਾਚਾ ਆਪ ਖਿਲ੍ਹਾਇੰਦਾ । ਮਨਮੁਖਾਂ ਘੱਲੇ ਧਰਮ ਰਾਏ ਦੀ ਜੇਲ, ਗੁਰਮੁਖਾਂ ਗੋਦ ਉਠਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਹੁਕਮ ਸੁਣਾਇੰਦਾ । ਖੇਲੇ ਖੇਲ ਸੱਜਣ ਸੁਹੇਲ, ਰੰਗ ਨਵੇਲ ਡੇਰਾ ਲਾਇੰਦਾ । ਆਪੇ ਗੁਰ ਗੁਰੂ ਗੁਰ ਚੇਲ, ਗੁਰ ਚੇਲਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਨੇਤਰ ਪਾਏ ਨਾਮ ਅੰਜਨ, ਪਾਰਬ੍ਰਹਮ ਦਰਦ ਦੁੱਖ ਭੈ ਭੰਜਨ, ਭਵ ਸਾਗਰ ਆਪ ਤਰਾਇੰਦਾ । ਭਵ ਸਾਗਰ ਡੂੰਘੀ ਗਾਗਰ, ਕਾਇਆ ਗੜ੍ਹ ਵੇਖ ਵਖਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਉਪਰ ਚੜ੍ਹ ਜੋਤ ਜਗਾਇੰਦਾ । ਕਰੇ ਨਾਮ ਵਣਜ ਸੌਦਾਗਰ, ਸੀਸ ਧੜ ਨਾ ਕੋਈ ਰਖਾਇੰਦਾ । ਏਕਾ ਨਾਮ ਰੱਤੀ ਰਤਨਾਗਰ, ਰਤਨ ਅਮੋਲਕ ਹੀਰਾ ਲਾਲ ਜਵਾਹਰ ਮਾਣਕ ਮੋਤੀ, ਗੁਰਸਿਖ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿ ਸੱਜਣ ਗੁਰ ਪਾਇਆ, ਗਹਿਰ ਗੰਭੀਰ ਗੋਬਿੰਦ । ਹਉਮੇ ਰੋਗ ਮਿਟਾਇਆ, ਮਿਟੀ ਸਗਲੀ ਚਿੰਦ । ਘਰ ਮੰਦਰ ਇਕ ਸੁਹਾਇਆ, ਉਪਜੀ ਸਾਚੀ ਬਿੰਦ । ਪੁਰਖ ਅਬਿਨਾਸ਼ੀ ਦਰਸ਼ਨ ਪਾਇਆ, ਵਡ ਦਾਤਾ ਗੁਣੀ ਗਹਿੰਦ । ਮਾਨਸ ਜਨਮ ਲੇਖੇ ਲਾਇਆ, ਅੰਮ੍ਰਿਤ ਪੀਆ ਸਾਗਰ ਸਿੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟਣਹਾਰਾ ਸਗਲੀ ਚਿੰਦ । ਗੁਰਮੁਖ ਸਾਚਾ ਮੀਤੜਾ, ਆਦਿ ਜੁਗਾਦਿ ਰਖਾਏ । ਗੁਰ ਸੁਣਾਏ ਸਾਚਾ ਗੀਤੜਾ, ਆਪ ਆਪਣਾ ਰਾਗ ਅਲ੍ਹਾਏ । ਵਖਾਏ ਧਾਮ ਇਕ ਅਨਡੀਠੜਾ, ਸਚਖੰਡ ਵਾਸੀ ਬੇਪਰਵਾਹੇ । ਮਿੱਠਾ ਕਰੇ ਕੌੜਾ ਰੀਠੜਾ, ਜੋ ਜਨ ਰਹੇ ਸਰਨਾਏ । ਆਪੇ ਪਾਕੀ ਪਾਕ ਪਤਿਤ ਪਾਪੀ ਕਰੇ ਪੁਨੀਤੜਾ, ਪਤਿਤ ਪਾਵਣ ਆਪ ਕਰਤਾਰ । ਆਦਿ ਜੁਗਾਦੀ ਠੰਡਾ ਸੀਤੜਾ, ਜਨ ਭਗਤਾਂ ਕਰੇ ਪਿਆਰ । ਜੁਗ ਜੁਗ ਚਲਾਏ ਆਪਣੀ ਰੀਤੜਾ, ਕੋਈ ਠਗੌਰੀ ਨਾ ਕਰੇ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਭਰੇ ਭੰਡਾਰ । ਗੁਰ ਸੰਗਤ ਗੁਰ ਵਸਿਆ, ਗੁਰਦਾਤਾ ਮਿਹਰਵਾਨ । ਹਰਿ ਸੰਗਤ ਅੰਦਰ ਬਹਿ ਬਹਿ ਹੱਸਿਆ, ਸ਼ਬਦ ਵਖਾਏ ਸਚ ਨਿਸ਼ਾਨ । ਤੀਰ ਨਿਰਾਲਾ ਨਾਮ ਕਸਿਆ, ਮਾਰੇ ਇਕ ਨਿਗਹਬਾਨ । ਮੇਟੇ ਰੈਣ ਅੰਧੇਰੀ ਮੱਸਿਆ, ਕਰੇ ਪ੍ਰਕਾਸ਼ ਕੋਟਨ ਭਾਨ । ਜਨ ਭਗਤਾਂ ਦੁਵਾਰੇ ਫਿਰੇ ਨੱਸਿਆ,

ਆਦਿ ਜੁਗਾਦੀ ਹਰਿ ਮਿਹਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸ੍ਰੀ ਭਗਵਾਨ । ਹਰਿ ਸੰਗਤ ਕਾਇਆ ਸੰਗਤ ਸਚ ਮੁਨਾਰਾ, ਗੁਰ ਸਤਿਗੁਰ ਆਪ ਸੁਹਾਇੰਦਾ । ਗੁਰਮੁਖਾਂ ਕਰੇ ਪਾਰ ਕਿਨਾਰਾ, ਜੋ ਜਨ ਚਰਨ ਧਿਆਇੰਦਾ । ਦਰਗਹਿ ਸਾਚੀ ਦਏ ਸਹਾਰਾ, ਰਾਏ ਧਰਮ ਨੇੜ ਨਾ ਆਇੰਦਾ । ਲੱਖ ਚੁਰਾਸੀ ਪਾਰ ਕਿਨਾਰਾ, ਮਾਤ ਗਰਭ ਬੰਧਨ ਕੱਟ ਵਖਾਇੰਦਾ । ਉਲਟਾ ਰੁੱਖ ਨਾ ਲਏ ਹੁਲਾਰਾ, ਦਸ ਦਸ ਮਾਸ ਮੇਟ ਮਿਟਾਇੰਦਾ । ਸ਼ਬਦੀ ਸ਼ਬਦ ਵਣਜ ਵਣਜਾਰਾ, ਸਾਚੇ ਹੱਟ ਵਿਕਾਇੰਦਾ । ਅੰਮ੍ਰਿਤ ਦੇਵੇ ਠੰਡੀ ਠਾਰਾ, ਭਰ ਪਿਆਲਾ ਜਾਮ ਸਾਕੀ ਆਪ ਪਿਆਇੰਦਾ । ਗੁਰਮੁਖਾਂ ਕਰੇ ਸਦ ਪਿਆਰਾ, ਆਪ ਆਪਾ ਵਾਰ ਵਖਾਇੰਦਾ । ਕਲਜੁਗ ਭੁਲਿਆ ਜੀਵ ਗਵਾਰਾ, ਹਰਨ ਫਰਨ ਨੇਤਰ ਨਾ ਕੋਈ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਅੰਦਰ ਜਾਏ ਵੜ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਅੰਦਰ ਆਪੇ ਵੜਿਆ, ਆਪਣੀ ਦਇਆ ਕਮਾਈਆ । ਆਪਣੇ ਪੌੜੇ ਆਪੇ ਚੜ੍ਹਿਆ, ਆਪਣਾ ਡੰਡਾ ਹੱਥ ਉਠਾਈਆ । ਨਾ ਕੋਈ ਸੀਸ ਨਾ ਕੋਈ ਧੜਿਆ, ਸਤਿਗੁਰ ਪੂਰਾ ਬੇਪਰਵਾਹੀਆ । ਗੁਰਸਿਖਾਂ ਦਰ ਦੁਵਾਰੇ ਖੜਿਆ, ਜੋ ਜਨ ਬੈਠੇ ਰਾਹ ਤਕਾਈਆ । ਪੰਚ ਵਿਕਾਰੇ ਆਪੇ ਸੜਿਆ, ਜਿਉਂ ਜੋਗਾ ਜੋਗ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੋੜਣਹਾਰ ਹੰਕਾਰੀ ਗੜ੍ਹਿਆ, ਗੜ੍ਹ ਹੰਕਾਰਾ ਮੇਟ ਮਿਟਾਈਆ । ਗੜ੍ਹ ਹੰਕਾਰੀ ਜਾਏ ਤੁੱਟ, ਕਿਲਾ ਕੋਟ ਰਹਿਣ ਨਾ ਪਾਈਆ । ਹਰਿ ਕਾ ਸ਼ਬਦ ਤੀਰ ਨਿਰਾਲਾ ਰਿਹਾ ਛੁੱਟ, ਦੋ ਜਹਾਨਾਂ ਡੇਰਾ ਰਿਹਾ ਢਾਹੀਆ । ਨੌ ਸਤ ਪੰਜ ਤੱਤ ਬਣੇ ਅਤੁੱਟ, ਮਨ ਮਤ ਨਾ ਕੋਈ ਚਤੁਰਾਈਆ । ਵਰਨਾਂ ਬਰਨਾਂ ਪਾਏ ਫੁੱਟ, ਨਾ ਕੋਈ ਜੋੜ ਜੁੜਾਈਆ । ਕਲਜੁਗ ਮਧ ਪਿਆਲਾ ਪੀਤਾ ਘੁੱਟ, ਚਾਰੋਂ ਕੁੰਟ ਖੇਹ ਉਡਾਈਆ । ਕਲਜੁਗ ਭਾਗ ਗਿਆ ਨਿਖੁੱਟ, ਮਨਮੁਖ ਜੀਵਾਂ ਨਾਲ ਰਲਾਈਆ । ਕੱਚੇ ਤੰਦਨ ਡੋਰ ਜਾਏ ਤੁੱਟ, ਗੁੱਡੀ ਅਕਾਸ਼ ਨਾ ਕੋਈ ਚੜ੍ਹਾਈਆ । ਗੁਰਮੁਖ ਵਿਰਲਾ ਪੀਵੇ ਅੰਮ੍ਰਿਤ ਘੁੱਟ, ਜਿਸ ਜਨ ਸਤਿਗੁਰ ਪੂਰਾ ਆਪ ਪਿਆਈਆ । ਆਵਣ ਜਾਵਣ ਜਾਏ ਛੁੱਟ, ਗੇੜਾ ਗੇੜ ਨਾ ਕੋਈ ਭੁਵਾਈਆ । ਭੌਂਦੇ ਫਿਰਦੇ ਕੋਟੀ ਕੋਟ ਤੀਰਥ ਤੱਟਾਂ ਜੰਗਲ ਜੂਹ ਉਜਾੜ ਪਹਾੜਾਂ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜਾ ਗ਼ਰੀਬ ਨਿਵਾਜਾ ਏਕਾ ਏਕ ਖੁਲ੍ਹਾਈਆ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਖੋਲ੍ਹ, ਆਪਣੀ ਦਇਆ ਕਮਾਇੰਦਾ । ਸ਼ਬਦ ਅਨਾਦੀ ਆਪੇ ਬੋਲ, ਬੋਧ ਅਗਾਧ ਜਣਾਇੰਦਾ । ਲੱਖ ਚੁਰਾਸੀ ਨਾਮ ਕੰਡੇ ਰਿਹਾ ਤੋਲ, ਸਤਿਗੁਰ ਨਾਨਕ ਤੇਰਾਂ ਤੇਰਾਂ ਧਾਰ ਚਲਾਇੰਦਾ । ਪੁਰਖ ਅਬਿਨਾਸ਼ੀ ਬੈਠਾ ਰਹੇ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਇੰਦਾ । ਤ੍ਰੈਗੁਣ ਤੇਰਾ ਪਿਆ ਘੋਲ, ਪੰਜ ਤੱਤ ਢੋਲ ਵਜਾਇੰਦਾ । ਸਚ ਵਸਤ ਨਾ ਕਿਸੇ ਕੋਲ, ਸਚ ਵਣਜ ਨਾ ਕੋਈ ਕਰਾਇੰਦਾ । ਕਰਨੀ ਕਰਤਾ ਕੂੜ ਕੁੜਿਆਰਾ ਚਾਰੋਂ ਕੁੰਟ ਕੱਢੇ ਪੋਲ, ਭੇਵ ਅਭੇਦ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਲਜੁਗ ਮਿਟਾਏ ਸਤਿਜੁਗ ਲਗਾਏ, ਗੁਰਮੁਖ ਤਰਾਏ ਮਨਮੁਖ ਡੁਬਾਏ, ਘਰ ਸਾਚੇ ਸਚ ਵਸਤ ਟਿਕਾਏ, ਸਾਚਾ ਘਰ ਹਰੀ ਹਰਿ, ਗੁਰਮੁਖ ਕਾਇਆ ਗੜ ਵਖਾਈਆ । ਗੁਰਮੁਖ ਕਾਇਆ ਮੰਦਰ, ਘਰ ਘਰ ਵਿਚ ਆਪ ਸੁਹਾਇਆ । ਆਪੇ ਤੋੜੇ ਲਗਾ ਜੰਦਰ, ਨਾਮ ਹਥੌੜਾ ਏਕਾ ਲਾਇਆ । ਮਨ ਮਨੂਆ ਦਹਿ ਦਿਸ਼ ਨਾ ਭਵੇ ਬੰਦਰ, ਜਿਸ ਜਨ ਸ਼ਬਦੀ

੧੦੫੭ ੦੮

੧੦੫੭ ੦੮

ਡੋਰੀ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦੀਵਾ ਨਿਰਗੁਣ ਬਾਤੀ, ਨਿਰਗੁਣ ਦਾਤਾ ਕਮਲਾਪਾਤੀ, ਨਿਰਗੁਣ ਮੇਟੇ ਅੰਧੇਰੀ ਰਾਤੀ, ਨਿਰਗੁਣ ਦੇਵੇ ਸਾਚੀ ਦਾਤੀ, ਨਿਰਗੁਣ ਰੱਖੀ ਉਤਮ ਜ਼ਾਤੀ, ਨਿਰਗੁਣ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤੀ, ਗੁਰਮੁਖ ਸਾਚੇ ਬਾਲ, ਆਪਣੀ ਗੋਦ ਲਏ ਉਠਾਈਆ ।

## ✪ ੬ ਅੱਸੂ ੨੦੧੬ ਬਿਕ੍ਰਮੀ ਸੁਰਜਣ ਸਿੰਘ ਦੇ ਘਰ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ✪

ਹਰਿ ਚਾਕਰ ਪਾ ਖ਼ਾਕ, ਖ਼ਾਕੀ ਖ਼ਾਕ ਸਮਾਈਆ । ਪਤਿਤ ਪਾਪੀ ਕਰੇ ਪਾਕੀ ਪਾਕ, ਪਤਿਤ ਪੁਨੀਤ ਵੱਡੀ ਵਡਿਆਈਆ । ਬਿਪਰ ਸੁਦਾਮਾ ਬਣਿਆ ਸੱਜਣ ਸਾਕ, ਗ਼ਰੀਬ ਨਿਮਾਣੇ ਸੰਗ ਰਲਾਈਆ । ਚਰਨ ਧੂੜੀ ਮਸਤਕ ਟਿੱਕਾ ਲਾਏ ਰਾਖ, ਪਿਛਲੀ ਰੇਖਾ ਦਏ ਮਿਟਾਈਆ । ਅੰਦਰ ਮੰਦਰ ਆਪੇ ਝਾਕ, ਦੂਈ ਦਵੈਤੀ ਮੇਟ ਮਿਟਾਈਆ । ਸੱਜਣ ਸੁਹੇਲਾ ਬਣਿਆ ਸਾਕ, ਮੀਤ ਮੁਰਾਰਾ ਬੇਪਰਵਾਹੀਆ । ਜਿਸ ਜਨ ਖੁਲ੍ਹਾਏ ਆਪਣੀ ਜਾਗ, ਸੋ ਜਨ ਦਰਸ਼ਨ ਪਾਈਆ । ਧੰਨ ਜਣੇਂਦੀ ਮਾਈ ਵਡ ਵਡ ਭਾਗ, ਪਿਤਾ ਪੂਤ ਵਧਾਈਆ । ਜਗਤ ਤ੍ਰਿਸ਼ਨਾ ਬੁਝੇ ਆਗ, ਅਗਨੀ ਤੱਤ ਮਿਟਾਈਆ । ਚਰਨ ਪ੍ਰੀਤੀ ਸਚ ਵੈਰਾਗ, ਬਿਰਹੋਂ ਵਿਛੋੜਾ ਇਕ ਵਖਾਈਆ । ਮਾਇਆ ਮਮਤਾ ਨਾ ਡੱਸੇ ਡੱਸਣੀ ਨਾਗ, ਆਸਾ ਤ੍ਰਿਸ਼ਨਾ ਮੇਟ ਮਿਟਾਈਆ । ਫੜ ਫੜ ਹੰਸ ਬਣਾਇਆ ਕਾਗ, ਸਤਿਗੁਰ ਪੂਰਾ ਵਡ ਵਡਿਆਈਆ । ਨਾਮ ਸੁਹੰਜਣਾ ਬੰਨ੍ਹੇ ਤਾਗ, ਤੰਦਵ ਤੰਦ ਇਕ ਵਖਾਈਆ । ਰਸਨਾ ਜਿਹਵਾ ਹਰਿਜਨ ਰਹੇ ਅਰਾਧ, ਰਸ ਭਿੰਨਾ ਇਕ ਵਖਾਈਆ । ਲੇਖਾ ਚੁੱਕੇ ਸੰਤ ਸਾਧ, ਮੀਤ ਮੁਰਾਰਾ ਏਕਾ ਮੇਲ ਮਿਲਾਈਆ । ਸੁਣੇ ਸੁਣਾਏ ਸਰਬ ਫਰਿਯਾਦ, ਪੰਚਾਂ ਪੰਚ ਵੇਖ ਵਖਾਈਆ । ਦੇਵਣਹਾਰਾ ਸਾਚੀ ਦਾਦ, ਅੱਖਰ ਵੱਖਰ ਝੋਲੀ ਪਾਈਆ । ਪਰਮ ਪੁਰਖ ਪ੍ਰਭ ਮਾਧਵ ਮਾਧ, ਮੋਹਣੀ ਰੂਪ ਵਟਾਈਆ । ਖੇਲ ਖਲੰਤਾ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਈਆ । ਕਲਜੁਗ ਸਾਗਰ ਡੂੰਘੀ ਭਵਰ ਹਰਿਜਨ ਸਾਚੇ ਲਏ ਲਾਧ, ਤਰਨੀ ਤਰਨ ਇਕ ਅਖਵਾਈਆ । ਆਪੇ ਲਡਾਏ ਆਪਣੇ ਲਾਡ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਿਲਵਿਖ ਪਾਪ ਮਿਟਾਈਆ । ਪਾਪ ਰੋਗ ਸੰਤਾਪ, ਦੁੱਖ ਦਰਦ ਨਿਵਾਰਿਆ । ਏਕਾ ਬਖ਼ਸ਼ੇ ਸਾਚਾ ਜਾਪ, ਭਰੇ ਨਾਮ ਸ਼ਬਦ ਭੰਡਾਰਿਆ । ਹਰਿਜਨ ਬੁੱਝੇ ਆਪੇ ਆਪ, ਹਉਮੇ ਹੰਗਤਾ ਰੋਗ ਨਿਵਾਰਿਆ । ਮੇਲ ਮਿਲਾਵਾ ਕਮਲਾਪਾਤ, ਕਮਲੀ ਰਮਲੀ ਗਲੇ ਲਗਾ ਲਿਆ । ਆਦਿ ਜੁਗਾਦੀ ਪੁਛੇ ਵਾਤ, ਵਾਹ ਵਾਹ ਸਤਿਗੁਰ ਨਾਉਂ ਧਰਾ ਲਿਆ । ਮਿਟੇ ਰੈਣ ਅੰਧੇਰੀ ਰਾਤ, ਜਿਸ ਜਨ ਆਪਣਾ ਦਰਸ ਦਿਖਾ ਰਿਹਾ । ਲਹਿਣਾ ਦੇਣਾ ਚੁੱਕਿਆ ਤੀਰਥ ਤਾਟ, ਘਟ ਅੰਤਰ ਸਰ ਸਰੋਵਰ ਆਪ ਨੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਲਣਿਉਂ ਡਿੱਗੇ ਬੋਟ, ਆਪ ਉਠਾ ਲਿਆ । ਆਪ ਉਠਾਏ ਦਇਆ ਕਮਾਏ, ਦਇਆ ਨਿਧ ਦਇਆਵਾਨਿਆ । ਕਰ ਕਿਰਪਾ ਜਨ ਮੇਲ ਮਿਲਾਏ, ਧੁਰਦਰਗਾਹੀ ਸ੍ਰੀ ਭਗਵਾਨਿਆ । ਦਾਸੀ ਦਾਸ ਹੋ ਸੇਵ ਕਮਾਏ, ਰੰਗੇ ਰੰਗ ਦੋ ਜਹਾਨਿਆ । ਵਾਸ ਨਿਵਾਸੀ ਆਪ ਅਖਵਾਏ, ਗੁਣਵੰਤਾ ਗੁਣ ਨਿਧਾਨਿਆ । ਘਨਕ ਪੁਰ ਵਾਸੀ ਵੇਖ ਵਖਾਏ, ਸਚ ਮੰਦਰ ਬੈਠ ਬਿਬਾਨਿਆ । ਜੋਤ ਪ੍ਰਕਾਸ਼ ਭੇਵ ਨਾ ਆਏ, ਨਾ ਦੀਸੇ ਜੀਵ

ਜਹਾਨਿਆ । ਸ਼ਾਹੋ ਸ਼ਾਬਾਸ਼ੀ ਵੇਖ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਖ਼ਸ਼ਣਹਾਰਾ ਚਰਨ ਧਿਆਨਿਆ । ਚਰਨ ਧਿਆਨ ਧੂੜ ਇਸ਼ਨਾਨ, ਚਿੰਤਾ ਰੋਗ ਸੋਗ ਮਿਟ ਜਾਈਆ । ਦੇਵੇ ਮਾਣ ਤੋੜੇ ਅਭਿਮਾਣ, ਕਿਰਪਾ ਨਿਧਾਨ ਕਰਮ ਕਮਾਈਆ । ਸਚ ਬਿਠਾਏ ਇਕ ਬਿਬਾਨ, ਹਰਿ ਮਿਹਰਵਾਨ ਕਾਲ ਫਾਸ ਕੱਟ ਵਖਾਈਆ । ਮਹਾਂਕਾਲ ਦਰ ਰਹੇ ਵਾਸ, ਹਰਿ ਹੁਕਮੀ ਹੁਕਮ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਗੁਰ ਗੁਰ ਰੂਪ ਸਮਾਈਆ ।

## ✪ ੬ ਅੱਸੂ ੨੦੧੬ ਬਿਕ੍ਰਮੀ ਬਿਸ਼ਨ ਦਾਸ ਦੇ ਘਰ ਢੱਕੀ ਚੱਕੀਆਂ ਜਲੰਧਰ ਸ਼ਹਿਰ ✪

ਇਕ ਏਕੰਕਾਰ ਪੁਰਖ ਸਮਰਥ, ਆਦਿ ਜੁਗਾਦਿ ਸਮਾਈਆ । ਜਨ ਭਗਤਾਂ ਰਾਮ ਨਾਮ ਦੇਵੇ ਸਾਚੀ ਵੱਥ, ਆਤਮ ਅੰਤਰ ਬੂਝ ਬੁਝਾਈਆ । ਨਾਮ ਚੜ੍ਹਾਏ ਸਾਚੇ ਰਥ, ਜੁਗ ਜੁਗ ਵੱਡੀ ਵਡਿਆਈਆ । ਅਬਿਨਾਸ਼ੀ ਕਰਤਾ ਮਹਿਮਾ ਅਕੱਥ, ਭੇਵ ਅਭੇਦਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਨਿਰੰਜਣ ਵਡ ਵਡਿਆਈਆ । ਆਦਿ ਨਿਰੰਜਣ ਪੁਰਖ ਸੁਲਤਾਨ, ਪਾਰਬ੍ਰਹਮ ਅਖਵਾਇੰਦਾ । ਜੋਤੀ ਨੂਰ ਦੀਪ ਮਹਾਨ, ਨਿਰਗੁਣ ਆਪਣਾ ਆਪ ਜਗਾਇੰਦਾ । ਵਸਣਹਾਰਾ ਸਚਖੰਡ ਸਚ ਮਕਾਨ, ਸਚ ਦੁਵਾਰੇ ਸੋਭਾ ਪਾਇੰਦਾ । ਜਨ ਭਗਤਾਂ ਦੇਵੇ ਆਤਮ ਬ੍ਰਹਮ ਗਿਆਨ, ਨਾਮ ਨਿਧਾਨਾ ਝੋਲੀ ਪਾਇੰਦਾ । ਸੁਰਤੀ ਸੁਰਤ ਕਰ ਪਰਵਾਨ, ਸ਼ਬਦ ਸ਼ਬਦੀ ਮੇਲ ਮਿਲਾਇੰਦਾ । ਦਿਵਸ ਰੈਣ ਨਿਗਹਬਾਨ, ਆਪ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੀਤਾ ਇਕ ਅਤੀਤਾ, ਨਿਰਗੁਣ ਰੂਪ ਸਤਿ ਸਰੂਪ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗੀਲਾ ਨਰ ਨਿਰੰਕਾਰ, ਅਕਲ ਕਲਾ ਅਖਵਾਈਆ । ਜੁਗਾ ਜੁਗੰਤਰ ਲੈ ਅਵਤਾਰ, ਲੋਕਮਾਤ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰ, ਕਲਜੁਗ ਖੇਲ ਬੇਪਰਵਾਹੀਆ । ਰਾਮ ਨਾਮ ਕਰ ਉਜਿਆਰ, ਕਾਹਨਾ ਬੰਸਰੀ ਨਾਮ ਵਜਾਈਆ । ਮੁਕੰਦ ਮਨੋਹਰ ਲਖ਼ਮੀ ਨਰਾਇਣ ਜੋਤ ਨਿਰੰਕਾਰ, ਅਨਭਵ ਪ੍ਰਕਾਸ਼ ਸਮਾਈਆ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਕਾਇਆ ਮੰਦਰ ਡੂੰਘੀ ਕੰਦਰ ਜੋਤ ਨਿਰੰਜਣ ਆਪ ਜਗਾਈਆ । ਧੁਨ ਅਨਾਦਿ ਸੱਚੀ ਧੁਨਕਾਰ, ਅਨਹਦ ਤਾਲ ਤਲਵਾੜਾ ਆਪ ਸੁਣਾਈਆ । ਪਾਵੇ ਸਾਰ ਸੁਖਮਨ ਨਾੜ, ਟੇਢੀ ਬੰਕ ਵੇਖ ਵਖਾਈਆ । ਬਜ਼ਰ ਕਪਾਟੀ ਦੇਵੇ ਪਾੜ, ਨਾਮ ਨਿਸ਼ਾਨਾ ਤੀਰ ਚਲਾਈਆ । ਮੇਟ ਮਿਟਾਏ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਆਸਾ ਤ੍ਰਿਸ਼ਨਾ ਦੇਵੇ ਮਾਰ, ਹਉਮੇ ਹੰਗਤਾ ਰੋਗ ਰਹਿਣ ਨਾ ਪਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਸਚ ਦੁਵਾਰਾ ਇਕ ਵਖਾਈਆ । ਨਿਰਗੁਣ ਸਰਗੁਣ ਮੇਲਾ ਨਾਰੀ ਕੰਤ ਭਤਾਰ, ਆਤਮ ਸਾਚੀ ਸੁਹੰਜਣੀ ਸੇਜ ਆਪ ਹੰਢਾਈਆ । ਆਪਣੇ ਰੰਗ ਰਵੇ ਕਰਤਾਰ, ਰੰਗ ਰੰਗੀਲਾ ਮੋਹਣ ਮਾਧਵ ਰਸ ਭਿੰਨਾ ਭੇਵ ਨਾ ਆਈਆ । ਦਸਮ ਦੁਵਾਰੀ ਖੇਲ ਅਪਾਰ, ਨੂਰ ਨੁਰਾਨਾ ਡਗਮਗਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਭਰ ਪਿਆਲਾ ਹਰਿਜਨ ਸਾਚੇ ਜਾਮ ਪਿਆਈਆ । ਕਾਗੋਂ ਹੰਸ ਹੰਸ ਉਡਾਰ, ਬੰਸ ਬੰਸਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਦਰ ਸਾਚਾ

ਇਕ ਸੁਹਾਈਆ । ਭਗਤਨ ਮੀਤਾ ਹਰਿ ਭਗਵੰਤ, ਇਕ ਇਕੱਲਾ ਖੇਲ ਖਲਾਇੰਦਾ । ਪਕੜ ਉਠਾਏ ਸਾਚੇ ਸੰਤ, ਸਾਚਾ ਮੰਦਰ ਵੇਖ ਵਖਾਇੰਦਾ । ਆਪ ਬਣਾਏ ਜੁਗ ਜੁਗ ਬਣਤ, ਜੁਗ ਕਰਤਾ ਨਾਉਂ ਧਰਾਇੰਦਾ । ਆਪੇ ਨਾਰੀ ਆਪੇ ਕੰਤ, ਸੁਰਤੀ ਸ਼ਬਦੀ ਵੇਖ ਵਖਾਇੰਦਾ । ਆਪੇ ਰਸਨਾ ਜਿਹਵਾ ਮਣੀਆ ਮੰਤ, ਆਪੇ ਹਰਿ ਹਰਿ ਗੁਣ ਅਲ੍ਹਾਇੰਦਾ । ਆਪੇ ਆਦਿ ਆਪੇ ਅੰਤ, ਮਧ ਡੇਰਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਭਗਤਨ ਖੋਲ੍ਹੇ ਬੰਦ ਕਿਵਾੜ, ਹਰਿ ਸਾਚੇ ਵਡ ਵਡਿਆਈਆ । ਏਕਾ ਦੇਵੇ ਨਾਮ ਅਧਾਰ, ਸਵਛ ਸਰੂਪੀ ਰੂਪ ਵਟਾਈਆ । ਦੀਵਾ ਬਾਤੀ ਕਰ ਉਜਿਆਰ, ਘਰ ਮੰਦਰ ਆਪ ਟਿਕਾਈਆ । ਵੇਖੇ ਵਿਗਸੇ ਕਰੇ ਵਿਚਾਰ, ਦਿਵਸ ਰੈਣ ਸੇਵ ਕਮਾਈਆ । ਦੋ ਜਹਾਨਾਂ ਪਾਵੇ ਸਾਰ, ਨਾਥ ਤ੍ਰਲੋਕੀ ਵਡ ਵਡਿਆਈਆ । ਚੌਦਾਂ ਹੱਟਾਂ ਵੇਖੇ ਖੋਲ੍ਹ ਕਿਵਾੜ, ਚੌਦਾਂ ਲੋਕ ਆਪ ਭੁਵਾਈਆ । ਧਰਮ ਰਖਾਏ ਸਚ ਅਖਾੜ, ਲੋਕਮਾਤ ਵੱਜੇ ਵਧਾਈਆ । ਜਨ ਭਗਤਾਂ ਕਰੇ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਹਰਿਜਨ ਬਣੇ ਜਗਤ ਮਲਾਹ, ਸਾਚੇ ਬੇੜੇ ਆਪ ਚੜ੍ਹਾਇੰਦਾ । ਸਾਚਾ ਬੇੜਾ ਪੁਰਖ ਅਬਿਨਾਸ਼, ਆਪਣੇ ਹੱਥ ਰਖਾਇੰਦਾ । ਹਰਿਜਨ ਮੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਪਰਮ ਪੁਰਖ ਪ੍ਰਭ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਜੁਗ ਜੁਗ ਆਪਣਾ ਖੇਲ ਖਲਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਕਰੇ ਕਰਾਏ ਬੰਦ ਖਲਾਸ, ਲੱਖ ਚੁਰਾਸੀ ਫੰਦ ਕਟਾਇੰਦਾ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਮਾਤ ਗਰਭ ਫੇਰ ਨਾ ਆਇੰਦਾ । ਪਾਵੇ ਸਾਰ ਪ੍ਰਿਥਮੀ ਅਕਾਸ਼, ਖੰਡ ਮੰਡਲ ਬ੍ਰਹਿਮੰਡ ਜੇਰਜ ਅੰਡ ਵੇਖ ਵਖਾਇੰਦਾ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਹਰਿ ਹਰਿ ਰਸਨਾ ਗਾਇੰਦਾ । ਸਤਿਗੁਰ ਪੂਰਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਖਾਏ ਆਪਣਾ ਘਰ, ਘਰ ਸੁਹੰਜਣਾ ਆਪ ਸੁਹਾਇੰਦਾ । ਘਰ ਸੁਹੰਜਣਾ ਸੋਭਾਵੰਤ, ਹਰਿ ਹਰਿ ਮੇਲ ਮਿਲੰਨਿਆ । ਹਰਿਜਨ ਮੇਲਾ ਨਾਰੀ ਕੰਤ, ਆਤਮ ਸੇਜਾ ਇਕ ਸੁਹੰਨਿਆ । ਖੇਲ ਖਲਾਏ ਸ੍ਰੀ ਭਗਵੰਤ, ਜੁਗ ਜੁਗ ਆਪਣਾ ਵੇਸ ਵਟੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਸ ਦਖਾਏ ਸ੍ਰੀ ਭਗਵਾਨਿਆ । ਸ੍ਰੀ ਭਗਵਾਨ ਨਿਰਗੁਣ ਰੂਪ, ਸਤਿ ਸਰੂਪ ਸਮਾਇਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਜਨ ਭਗਤਾਂ ਨਾਤਾ ਤੋੜੇ ਜੂਠ ਝੂਠ, ਸਾਚਾ ਮਾਰਗ ਏਕਾ ਲਾਇਆ । ਆਪਣੀ ਕਿਰਪਾ ਆਪੇ ਜਾਣਾ ਤੁਠ, ਸਿਰ ਆਪਣਾ ਹੱਥ ਟਿਕਾਇਆ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਇਆ । ਆਵਣ ਜਾਵਣ ਜਾਏ ਛੁੱਟ, ਜਿਸ ਜਨ ਹਰਿ ਹਰਿ ਦਰਸ਼ਨ ਪਾਇਆ । ਭੁੱਲੇ ਫਿਰਦੇ ਕੋਟੀ ਕੋਟ, ਕੋਟ ਕੋਟੀ ਹੱਥ ਨਾ ਆਇਆ । ਗੁਰਮੁਖ ਵਿਰਲੇ ਤਨ ਨਗਾਰੇ ਲਾਏ ਚੋਟ, ਆਪਣਾ ਡੰਕਾ ਆਪ ਵਜਾਇਆ । ਹਰਿਜਨ ਵਿਰਲਾ ਹਰਿ ਹਰਿ ਰੱਖੇ ਏਕਾ ਓਟ, ਦੂਜਾ ਦਰ ਨਾ ਮੰਗਣ ਜਾਇਆ । ਸਤਿਗੁਰ ਪੂਰਾ ਹਉਮੇ ਹੰਗਤਾ ਕਾਇਆ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਭੰਡਾਰਾ ਇਕ ਵਰਤਾਇਆ । ਨਾਮ ਭੰਡਾਰਾ ਸਚ ਵਸਤ, ਹਰਿ ਸਤਿਗੁਰ ਹੱਥ ਰਖਾਈਆ । ਦੇਵਣਹਾਰਾ ਦਸਤ ਬਦਸਤ, ਜਨ ਭਗਤਾਂ ਝੋਲੀ ਪਾਈਆ ।

ਨਾਮ ਖੁਮਾਰੀ ਦਿਵਸ ਰੈਣ ਰੱਖੇ ਮਸਤ, ਮਧ ਪਿਆਲਾ ਨਾ ਕੋਈ ਰਖਾਈਆ । ਏਕਾ ਰੰਗ ਰੰਗਾਏ ਕੀਟ ਹਸਤ, ਊਚ ਨੀਚ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਰੰਗਨ ਨਾਮ ਰੰਗਾਈਆ । ਰਾਮ ਨਾਮ ਰੰਗ ਅਨਡੀਠਾ, ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲਾ ਜਾਣੇ ਰਸ ਮਿੱਠਾ, ਜਿਸ ਜਨ ਆਪ ਚਖਾਇਆ । ਮਿੱਠਾ ਕਰੇ ਕੌੜਾ ਰੀਠਾ, ਫਲ ਮੇਵਾ ਅੰਮ੍ਰਿਤ ਆਪ ਬਣਾਇਆ । ਜਿਸ ਜਨ ਵਸਿਆ ਹਰਿ ਹਰਿ ਚੀਤਾ, ਚਿਤਵਿਤ ਠਗੌਰੀ ਕੋਈ ਨਾ ਪਾਇਆ । ਜੁਗਾ ਜੁਗੰਤਰ ਆਪ ਚਲਾਏ ਆਪਣੀ ਰੀਤਾ, ਧਾਰ ਅਵੱਲੀ ਆਪ ਰਖਾਇਆ । ਆਪੇ ਰਾਮ ਆਪੇ ਸੀਤਾ, ਕਾਹਨਾ ਕ੍ਰਿਸ਼ਨਾ ਨਾਉਂ ਧਰਾਇਆ । ਆਪੇ ਪਤਿਤ ਆਪ ਪੁਨੀਤਾ, ਪਤਿਤ ਪਾਵਣ ਵਡ ਵਡਿਆਇਆ । ਆਪੇ ਨਾਨਕ ਗੋਬਿੰਦ ਰਹੇ ਅਤੀਤਾ, ਨਿਰਗੁਣ ਆਪਣਾ ਖੇਲ ਖਲਾਇਆ । ਗੁਰਮੁਖਾਂ ਕਾਇਆ ਕਰੇ ਠਾਂਡੀ ਸੀਤਾ, ਅਗਨੀ ਤੱਤ ਨਾ ਕੋਈ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਪਣੇ ਗਲੇ ਲਗਾਇਆ । ਭਗਤ ਵਛਲ ਹਰਿ ਗਿਰਧਾਰ, ਭਗਤ ਭਗਤੀ ਲੇਖੇ ਲਾਈਆ । ਕਾਇਆ ਮੰਦਰ ਖੋਲ੍ਹ ਕਿਵਾੜ, ਡੂੰਘੀ ਕੰਦਰ ਫੋਲ ਫੁਲਾਈਆ । ਤ੍ਰੈਗੁਣ ਤ੍ਰਿਸ਼ਨਾ ਦੇਵੇ ਸਾੜ, ਪੰਚਮ ਪੰਚਮ ਮੋਹ ਚੁਕਾਈਆ । ਧਰਮ ਵਖਾਏ ਇਕ ਅਖਾੜ, ਸਾਚਾ ਮੰਗਲ ਰਾਗ ਅਲਾਈਆ । ਸਾਚੇ ਮੰਦਰ ਕਰ ਪਿਆਰ, ਸਾਢੇ ਤਿੰਨ ਹੱਥ ਵੇਖ ਵਖਾਈਆ । ਉਚ ਮਹੱਲ ਅਟੱਲ ਚੜ੍ਹ ਮਿਨਾਰ, ਘਰ ਘਰ ਵਿਚ ਵੇਖ ਵਖਾਈਆ । ਘਰ ਮੀਤਾ ਹਰਿ ਮੀਤ ਮੁਰਾਰ, ਘਰ ਸੱਜਣ ਬੇਪਰਵਾਹੀਆ । ਦਿਸ ਨਾ ਆਏ ਵਿਚ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਹਰਿਜਨ ਹਰਿ ਭਗਤ ਲੋਕਮਾਤ ਵਿਰਲਾ ਉਤਰੇ ਪਾਰ, ਜਿਸ ਜਨ ਆਪਣੀ

੧੦੬੧ ੦੮ ਬੂਝ ਬੁਝਾਈਆ । ਦਰਸ ਦਖਾਏ ਗੁਪਤ ਜ਼ਾਹਿਰ, ਅੰਦਰ ਬਾਹਰ ਵੇਸ ਵਟਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਿਰਗੁਣ ਜੋਤ ਹਰਿ ੧੦੬੧ ੦੮

ਰਘੁਰਾਈਆ । ਜਨ ਭਗਤਾਂ ਭਰੇ ਸਚ ਭੰਡਾਰ, ਸਚ ਵਣਜਾਰਾ ਏਕਾ ਵਣਜ ਕਰਾਈਆ । ਤੋਲਾ ਤੋਲੇ ਤੋਲਣਹਾਰ, ਏਕਾ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਦਏ ਹੁਲਾਰ, ਉਤਭੁਜ ਸੇਹਤਜ ਜੇਰਜ ਅੰਡ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਲਾਏ ਸੇਵਾਦਾਰ, ਸੇਵਕ ਸਾਚੀ ਸੇਵ ਕਮਾਈਆ । ਆਪੇ ਸਾਂਗੋ ਪਾਂਗ ਸੁੱਤਾ ਪੈਰ ਪਸਾਰ, ਆਪ ਆਪਣਾ ਆਸਣ ਲਾਈਆ । ਆਪੇ ਲਾਲ ਭੂਸ਼ਨ ਕਰ ਸ਼ਿੰਗਾਰ, ਚਰਨ ਕਵਲ ਵੇਖ ਵਖਾਈਆ । ਆਪੇ ਖੜਗ ਖੰਡਾ ਤੇਜ ਕਟਾਰ, ਅਸ਼ਟਭੁਜ ਰੂਪ ਵਟਾਈਆ । ਆਪੇ ਸਿੰਘ ਸ਼ੇਰ ਹੋਇਆ ਖ਼ਬਰਦਾਰ, ਸਚ ਭਵਾਨੀ ਰੂਪ ਵਟਾਈਆ । ਆਪੇ ਦੂਤਾਂ ਦੁਸ਼ਟਾਂ ਕਰੇ ਸੰਘਾਰ, ਲੋਕਮਾਤ ਵੇਖ ਵਖਾਈਆ । ਆਪੇ ਰਾਮਾ ਰਾਵਣ ਤੋੜੇ ਗੜ੍ਹ ਹੰਕਾਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਪੇ ਬਿਪਰ ਸੁਦਾਮਾ ਦੇਵੇ ਤਾਰ, ਜੁਗ ਜੁਗ ਵੱਡੀ ਵਡਿਆਈਆ । ਕਲਜੁਗ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਪਾਈਆ । ਜੁਗ ਜੁਗ ਵਿਛੜੇ ਮੇਲੇ ਯਾਰ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਈਆ । ਕਲਜੁਗ ਬਖ਼ਸ਼ੇ ਚਰਨ ਪਿਆਰ, ਸਾਚਾ ਨਾਤਾ ਜੋੜ ਜੁੜਾਈਆ । ਨਾ ਕੋਈ ਡੋਬੇ ਵਿਚ ਮੰਝਧਾਰ, ਭਵ ਸਾਗਰ ਪਾਰ ਕਰਾਈਆ । ਤ੍ਰਬੈਣੀ ਨੈਣੀ ਪਾਵੇ ਸਾਰ, ਗੰਗਾ ਗੋਦਾਵਰੀ ਸੁਰਸਤੀ ਜਮਨਾ ਫੇਰਾ ਪਾਈਆ । ਚਾਰੇ ਵੇਦਾਂ ਖ਼ਬਰਦਾਰ, ਪੁਰਾਨ ਅਠਾਰਾਂ ਵੇਖ ਵਖਾਈਆ । ਗੀਤਾ ਗਿਆਨ ਇਕ ਅਧਾਰ, ਏਕਾ ਸਿਖਿਆ ਸਿਖ ਸਮਝਾਈਆ । ਕਲਜੁਗ ਅੰਤਮ ਸਚ ਜੈਕਾਰ, ਏਕਾ ਨਾਅਰਾ ਲਾਈਆ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਪਾਰਬ੍ਰਹਮ ਕਰੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਸਾਚਾ ਯਾਰ, ਪੂਤ

ਸਪੂਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੇਲਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਭਗਤ ਰੰਗ ਰੱਤੜਾ, ਰਾਮ ਨਾਮ ਅਨਮੋਲ । ਨਾ ਠੰਡਾ ਨਾ ਤੱਤੜਾ, ਆਦਿ ਜੁਗਾਦੀ ਵਸੇ ਕੋਲ । ਆਪੇ ਦੇ ਸਮਝਾਵੇ ਮੱਤੜਾ, ਸ਼ਬਦ ਅਗੰਮੀ ਵਜਾਏ ਢੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਬਿਸ਼ਨ ਦਾਸ ਨਿਜ ਘਰ ਵਾਸ, ਆਤਮ ਪ੍ਰਕਾਸ਼ ਰਵ ਸਸ ਰਸਨ ਸਵਾਸ, ਲੇਖਾ ਲੇਖੇ ਲਏ ਲਗਾਈਆ ।

## ✪ ੨੪ ਅੱਸੂ ੨੦੧੯ ਬਿਕ੍ਰਮੀ ਬਿਸ਼ਨ ਸਿੰਘ ਦੇ ਘਰ ਗੁੜਗਾਉਂ ✪

ਆਦਿ ਪੁਰਖ ਨਿਰੰਜਣ ਹਰਿ ਮਿਹਰਬਾਨ, ਆਦਿ ਜੁਗਾਦੀ ਏਕੰਕਾਰਿਆ । ਖੇਲੇ ਖੇਲ ਸ੍ਰੀ ਭਗਵਾਨ, ਪਾਰਬ੍ਰਹਮ ਰੂਪ ਅਪਾਰਿਆ । ਇਕ ਇਕੱਲਾ ਵਾਲੀ ਦੋ ਜਹਾਨ, ਨਿਰਗੁਣ ਜੋਤ ਨੂਰ ਉਜਿਆਰਿਆ । ਧਰਮ ਉਠਾਏ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾ ਰਿਹਾ । ਖੇਲਣਹਾਰਾ ਹਰਿ ਭਗਵੰਤ, ਆਦਿ ਜੁਗਾਦੀ ਪੁਰਖ ਅਬਿਨਾਸ਼ੀ ਜੁਗਾ ਜੁਗੰਤ ਆਪਣਾ ਵੇਖ ਵਖਾਇੰਦਾ । ਆਪੇ ਨਾਰੀ ਆਪੇ ਕੰਤ, ਵੇਸ ਅਨੇਕਾ ਰੂਪ ਵਟਾਇੰਦਾ । ਲੱਖ ਚੁਰਾਸੀ ਬਣਾਏ ਬਣਤ, ਘਟ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਮਰਥ ਪੁਰਖ ਆਪ ਅਖਵਾਇੰਦਾ । ਸਮਰਥ ਪੁਰਖ ਹਰਿ ਕਰਤਾਰ, ਹਰਿ ਵੱਡੀ ਵਡ ਵਡਿਆਈਆ । ਗੁਰ ਪੀਰ ਅਵਤਾਰ ਸਾਧ ਸੰਤ ਬਣ ਵਰਤਾਰ, ਲੋਕਮਾਤ ਵੇਖ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬੰਨ੍ਹੇ ਧਾਰ, ਅੰਡਜ ਜੇਰਜ ਉਤਭੁਜ ਸੇਹਤਜ ਵੇਖ ਵਖਾਈਆ । ਸ਼ਬਦ ਅਗੰਮੀ ਇਕ ਜੈਕਾਰ, ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਜੋਤੀ ਨੂਰ ਪੁਰਖ ਅਬਿਨਾਸ਼, ਏਕਾ ਰੂਪ ਸਮਾਇੰਦਾ । ਹਰਿ ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤਾ ਨਾਉਂ ਧਰਾਇੰਦਾ । ਪਾਏ ਸਾਰ ਪ੍ਰਿਥਮੀ ਅਕਾਸ਼, ਗਗਨ ਮੰਡਲ ਮੰਡਪ ਫੋਲ ਫੋਲਾਇੰਦਾ । ਘਟ ਘਟ ਅੰਦਰ ਰੱਖੇ ਵਾਸ, ਆਪ ਆਪਣਾ ਵੇਸ ਵਟਾਇੰਦਾ । ਆਪੇ ਪਾਏ ਸਾਚੀ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਸਦਾ ਸੁਹੇਲਾ ਵਸੇ ਪਾਸ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਵੇਸ ਵਟਾਇੰਦਾ । ਜੁਗਾ ਜੁਗੰਤਰ ਜੁਗ ਕਰਨੇਹਾਰਾ, ਆਪ ਆਪਣਾ ਰੂਪ ਵਟਾਈਆ । ਜੁਗਾ ਜੁਗੰਤਰ ਲਏ ਅਵਤਾਰਾ, ਲੋਕਮਾਤ ਵੇਖ ਵਖਾਈਆ । ਹਰਿਜਨ ਵੇਖੇ ਸੁੱਤ ਦੁਲਾਰਾ, ਆਪ ਆਪਣਾ ਵੇਸ ਵਟਾਈਆ । ਦਿਵਸ ਰੈਣ ਕਰੇ ਪਿਆਰਾ, ਅੱਖਰ ਵੱਖਰ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਨੇਤਰ ਨੈਣ ਖੋਲ੍ਹ ਕਿਵਾੜਾ, ਰੂਪ ਅਨੂਪ ਦਰਸਾਈਆ । ਧਰਮ ਰਾਏ ਦਾ ਸਚ ਅਖਾੜਾ, ਘਰ ਸਾਚੇ ਵੱਜੇ ਵਧਾਈਆ । ਮੇਟ ਮਿਟਾਏ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੁਗ ਜੁਗ ਖੇਲ ਪੁਰਖ ਸਮਰਥ, ਸਮਰਥ ਪੁਰਖ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਏ ਰਥ, ਰਥ ਰਥਵਾਹੀ ਦਿਸ ਨਾ ਆਈਆ । ਕਲਜੁਗ ਮਹਿਮਾ ਅਕਥਨਾ ਅਕੱਥ, ਰਸਨਾ

ਜਿਹਵਾ ਕਥ ਨਾ ਸਕੇ ਰਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਬੰਧਨ ਪਾਈਆ । ਲੇਖਾ ਜਾਣੇ ਤੀਰਥ ਅਠਸਠ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਨੂਰ ਇਕ ਲਲਾਟ ਜਗੇ ਲਟ ਲਟ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਵੇਖਣਹਾਰਾ ਚੌਦਾਂ ਹੱਟ, ਚੌਦਾਂ ਤਬਕਾਂ ਫੇਰਾ ਪਾਈਆ । ਹਰਿਜਨ ਮੇਲਾ ਨੱਠ ਨੱਠ, ਦਿਵਸ ਰੈਣ ਮੇਲ ਮਿਲਾਈਆ । ਤਨ ਨਗਾਰੇ ਲਾਏ ਸੱਟ, ਸ਼ਬਦ ਅਗੰਮੀ ਜੋਤ ਵਖਾਈਆ । ਦੁਰਮਤ ਮੈਲ ਦੇਵੇ ਕੱਟ, ਸਤਿਗੁਰ ਪੂਰਾ ਵਡ ਵਡਿਆਈਆ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਡੰਕ ਵਜਾਈਆ । ਆਪਣੇ ਰੰਗ ਹਰਿ ਰੰਗ ਰਾਤਾ, ਖੇਲੇ ਖੇਲ ਅਪਾਰਿਆ । ਜਨ ਭਗਤਾਂ ਦੇਵੇ ਸਾਚੀ ਦਾਤਾ, ਇਕ ਇਕੱਲਾ ਮੀਤ ਮੁਰਾਰਿਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾ ਰਿਹਾ । ਸੋ ਪੁਰਖ ਨਿਰੰਜਣ ਸਾਚੀ ਗਾਥਾ, ਹੰ ਬ੍ਰਹਮ ਆਪ ਸੁਣਾ ਰਿਹਾ । ਲੇਖਾ ਜਾਣੇ ਪੂਜਾ ਪਾਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਆਪ ਸਮਝਾ ਰਿਹਾ । ਸਾਚੀ ਸਿਖਿਆ ਹਰਿ ਸੁਲਤਾਨ, ਹਰਿਜਨ ਆਪ ਸੁਣਾਈਆ । ਮੇਲ ਮਿਲਾਵਾ ਦੋ ਜਹਾਨ, ਲੋਕਮਾਤ ਵੱਜੇ ਵਧਾਈਆ । ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮੇਟੇ ਪੰਜ ਸ਼ੈਤਾਨ, ਸ਼ਰਅ ਸ਼ਰੀਅਤ ਇਕ ਵਖਾਈਆ । ਕਾਇਆ ਮੰਦਰ ਮੱਕਾ ਕਾਅਬਾ ਗੁਰ ਵੇਖੇ ਇਕ ਮਕਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬਣਤ ਬਣਾਈਆ । ਮਨ ਮਤ ਬੁੱਧ ਬਾਲ ਨਿਧਾਨ, ਦਿਵਸ ਰੈਣ ਰਿਹਾ ਖਲਾਈਆ । ਸ਼ਬਦ ਗੁਰ ਗੁਰ ਮਿਹਰਵਾਨ, ਆਪ ਆਪਣਾ ਨਾਉਂ ਧਰਾਈਆ । ਸੰਤ ਸੁਹੇਲੇ ਕਰ ਪਛਾਣ, ਗੁਰ ਚੇਲੇ ਮੇਲ ਮਿਲਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਚਤੁਰ ਸੁਘੜ ਸਿਆਣ, ਮੂਰਖ ਮੂੜ੍ਹੇ ਲਏ ਤਰਾਈਆ । ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਵੱਡੀ ਵਡਿਆਈਆ । ਸਤਿ ਸੰਤੋਖੀ ਪੀਣ ਖਾਣ, ਕਲਜੁਗ ਤ੍ਰਿਸ਼ਨਾ ਦਏ ਮਿਟਾਈਆ । ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਸਚਖੰਡ ਦੁਵਾਰਾ ਸਾਚਾ ਮਾਣ, ਚਰਨ ਦੁਵਾਰਾ ਸਚ ਸਰਨਾਈਆ । ਅਮਰਾਪਦ ਗੁਰਮੁਖ ਪਾਣ, ਜਿਸ ਮਿਲਿਆ ਬੇਪਰਵਾਹੀਆ । ਧੂੜੀ ਧੂੜ ਸਚ ਇਸ਼ਨਾਨ, ਸਾਚਾ ਮਜਨ ਇਕ ਵਖਾਈਆ । ਪਤਿਤ ਪਾਪੀ ਸਰਬ ਤਰ ਜਾਣ, ਨੇਤਰ ਲੋਚਣ ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੱਜੀ ਵਧਾਈਆ । ਕਲਜੁਗ ਅੰਤਮ ਵੇਸ ਅਵੱਲਾ, ਭੇਵ ਅਭੇਦਾ ਭੇਵ ਛੁਪਾਇੰਦਾ । ਏਕੰਕਾਰਾ ਇਕ ਇਕੱਲਾ, ਅਛਲ ਅਛੇਦ ਖੇਲ ਖਲਾਇੰਦਾ । ਸਚਖੰਡ ਦੁਵਾਰ ਵਸੇ ਸਚ ਮਹੱਲਾ, ਥਿਰ ਘਰ ਵਾਸੀ ਆਸਣ ਲਾਇੰਦਾ । ਆਪਣਾ ਦੀਪਕ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਆਪੇ ਵਸੇ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਪਣੀ ਕਰੇ ਆਪ ਪ੍ਰਿਤਪਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ ।

ਗੁਰਸਿਖ ਲਾਲ ਲਾਲ ਅਨਮੁਲਾ, ਗੁਰ ਸਤਿਗੁਰ ਹੱਟ ਵਿਕਾਇਆ । ਨਾਮ ਕੰਡੇ ਸਾਚੇ ਤੁਲਾ, ਦੂਸਰ ਹੱਥ ਕਿਸੇ ਨਾ ਆਇਆ । ਲੋਕਮਾਤ ਲੱਖ ਚੁਰਾਸੀ ਵਿਚ ਨਾ ਰੁਲਾ, ਦਰ ਘਰ ਸਾਚੇ ਸੋਭਾ ਪਾਇਆ । ਫੁਲ ਫੁਲਵਾੜੀ ਫਲਿਆ ਫੁੱਲਾ, ਰੁੱਤ ਬਸੰਤੀ ਰੋਮ ਰੋਮ ਮਹਿਕਾਇਆ । ਅੰਮ੍ਰਿਤ

ਆਤਮ ਨਿਝਰ ਡੁੱਲਾ, ਨੇਤਰ ਲੋਚਣ ਨੈਣ ਨੀਰ ਬਰਸਾਇਆ । ਪੰਜ ਤੱਤ ਕਾਇਆ ਬੂਟਾ ਅੰਤ ਨਾ ਹੁੱਲਾ, ਲਾਲ ਸਾਚਾ ਇਕ ਲਟਕਾਇਆ । ਚਰਨ ਪ੍ਰੀਤੀ ਘੋਲ ਘੁੱਲਾ, ਹਰਿ ਘੋਲੀ ਘੋਲ ਘੁੰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਵਿਛੋੜਾ ਜਗਤ ਵੈਰਾਗ, ਅੰਤਮ ਦਏ ਕਟਾਇਆ । ਉਠ ਸੁੱਤ ਲਾਲ ਦੁਲਾਰਾ, ਲਾਲਣ ਲਾਲ ਵਡਿਆਈਆ । ਕਰਤਾ ਕਰਨੀ ਕਰੇ ਸਚ ਪਿਆਰ, ਚਾਤਰਕ ਰੂਪ ਸਿਖ ਬਿਲਲਾਈਆ । ਕੋਟ ਬ੍ਰਹਿਮੰਡ ਚਰਨਾਂ ਹੇਠ ਲਤਾੜ, ਲੋਕਮਾਤ ਵੰਡ ਵੰਡਾਈਆ । ਸਤਿਖੰਡ ਸਤਿ ਅਖਾੜ, ਖ਼ਾਲਕ ਖ਼ਲਕ ਖ਼ਲਕ ਖ਼ਾਲਕ ਵੇਖ ਵਖਾਈਆ । ਜਗਤ ਜੁਗਤ ਅਗਨੀ ਹਾੜ, ਭਗਤ ਭਗਤੀ ਭਗਵੰਤ ਰੂਪ ਸਮਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਮੰਦਰ ਭਵਰੀ ਭਵਰ ਫੋਲ ਫੁਲਾਈਆ । ਤੱਤਵ ਤੱਤ ਦਏ ਅਧਾਰ, ਬ੍ਰਹਮ ਮਤ ਬ੍ਰਹਮ ਸਮਝਾਈਆ । ਆਤਮ ਵਤ ਬੀਜ ਅਪਾਰ, ਸਾਂਤਕ ਸਤਿ ਆਪ ਉਪਜਾਈਆ । ਰੱਤੀ ਰੱਤ ਕਰ ਪਿਆਰ, ਰਤਨ ਅਮੋਲਕ ਹੀਰਾ ਲਾਲ ਅਮੋਲਕ ਰੂਪ ਵਟਾਈਆ । ਗਤ ਮਿਤ ਜਾਣੇ ਆਪ ਕਰਤਾਰ, ਕਰਨੀ ਕਰਤਾ ਵੇਖ ਵਖਾਈਆ । ਵਾਰ ਥਿਤ ਨਾ ਸਕੇ ਕੋਈ ਵਿਚਾਰ, ਹਰਿ ਕਾ ਭੇਵ ਕੋਈ ਨਾ ਪਾਈਆ । ਬੋਧ ਅਗਾਧ ਖੇਲ ਅਪਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਹੇ ਗਾਈਆ । ਭਗਤਨ ਮੀਤਾ ਇਕ ਅਤੀਤਾ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਇਕ ਅਖਵਾਈਆ । ਠਾਂਡਾ ਸੀਤਾ ਧੁਰ ਦਰਬਾਰ, ਆਦਿ ਨਿਰੰਜਣ ਜੋਤੀ ਨੂਰ ਡਗਮਗਾਈਆ । ਹਸਤ ਕੀਟਾਂ ਪਾਵੇ ਸਾਰ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਰਨ ਬਰਨ ਸਰਨ ਇਕ ਸਰਨਾਈਆ । ਲੋਆਂ ਪੁਰੀਆਂ ਪੁਰਖ ਅਬਿਨਾਸ਼, ਘਟ ਨਿਵਾਸ ਬ੍ਰਹਮ ਸਮਾਈਆ । ਰਵ ਸਸ ਮੰਡਲ ਮੰਡਪ ਪ੍ਰਿਥਮੀ ਰਾਸ, ਆਪ ਆਪਣੀ ਵੇਖ ਵਖਾਈਆ । ਗੁਣਵੰਤ ਭਗਵੰਤ ਸਰਬ ਗੁਣ ਤਾਸ, ਗਹਿਰ ਗੰਭੀਰ ਸਾਗਰ ਸਿੰਧ ਸੰਗ ਰਖਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵਿਚ ਪ੍ਰਭਾਸ, ਸਮੁੰਦ ਸਾਗਰ ਕਾਇਆ ਗਾਗਰ ਮਹੱਲ ਅਟੱਲ ਉਚ ਮੁਨਾਰਾ, ਆਰ ਪਾਰ ਵੇਖ ਵਖਾਈਆ । ਭਗਤ ਵਣਜਾਰਾ ਨਾਮ ਸੁਦਾਗਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਥਾਂ ਅਨਾਥ ਸਗਲਾ ਸਾਥ, ਦੇਵ ਦੇਵਾ ਆਪ ਅਖਵਾਈਆ । ਆਤਮ ਦੇਵ ਬ੍ਰਹਮ ਨਿਵਾਸੀ, ਪਰਮ ਪੁਰਖ ਅਬਿਨਾਸਿਆ । ਘਟ ਘਟ ਅੰਤਰ ਮੇਲਾ ਸ਼ਾਹੋ ਸ਼ਾਬਾਸ਼ੀ, ਹਰਿਜਨ ਬੁਝਾਏ ਲੱਗੀ ਪਿਆਸਿਆ । ਰਸਨਾ ਜਿਹਵਾ ਖੇਲੇ ਪਵਣ ਸਵਾਸੀ, ਸਤਿ ਸਰੂਪ ਸਰਬ ਗੁਣ ਤਾਸਿਆ । ਨਿਰਗੁਣ ਜੋਤ ਦਾਸਨ ਦਾਸੀ, ਘਰ ਭਗਤਨ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜਨਨੀ ਕਰੇ ਬੰਦ ਖੁਲਾਸਿਆ । ਜਨ ਜਨਨੀ ਨਾਤਾ ਤੁਟੇ ਮੋਹ, ਜਾਗਰਤ ਜੋਤ ਕਰ ਰੁਸ਼ਨਾਈਆ । ਦਰ ਦੁਵਾਰ ਹਰਿ ਨਿਰੰਕਾਰ ਦਰਸ ਦਖਾਏ ਅੱਗੇ ਹੋ, ਦਰ ਮੰਦਰ ਅੰਦਰ ਡੂੰਘੀ ਕੰਦਰ ਆਪਣਾ ਪਰਦਾ ਆਪੇ ਲਾਹੀਆ । ਜਾਪ ਜਪਾਏ ਸੋਹੰ ਸੋ, ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਹਰਿ ਬਿਨ ਅਵਰ ਨਾ ਦੀਸੇ ਕੋ, ਦੂਸਰ ਇਸ਼ਟ ਨਾ ਕੋਈ ਜਣਾਈਆ । ਚਰਨ ਚਰਨੋਦਕ ਅੰਮ੍ਰਿਤ ਰਸ ਦੇਵੇ ਚੋ, ਤ੍ਰਿਸ਼ਨਾ ਤ੍ਰਿਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚੇ ਸੋਭਾ ਪਾਈਆ ।

ਗੁਰਮੁਖ ਤਨ ਸ਼ਿੰਗਾਰ, ਹਰਿ ਸ਼ਿੰਗਾਰਿਆ । ਨਾਮ ਬਰਖਾ ਫੂਲਨਹਾਰ, ਖਿੜੀ ਗੁਲਜ਼ਾਰਿਆ । ਕਲਜੁਗ ਸਰਸੇ ਉਤਰੇ ਪਾਰ, ਨਾ ਡੁੱਬੇ ਮੰਝਧਾਰਿਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਰੋਗ ਸਰਬ ਮਿਟਾ ਰਿਹਾ । ਆਪਣੀ ਘਸਵਟੀ ਆਪੇ ਪਰਖ, ਕੰਚਨ ਸੋਇਨਾ ਪਾਰਖ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੁਰ ਭੇਵ ਖੁਲ੍ਹਾ ਰਿਹਾ । ਫੂਲਣ ਬਰਖ਼ਾ ਫੁੱਲ ਫੁਲਵਾੜੀ, ਪਤ ਡਾਲ੍ਹੀ ਆਪ ਮਹਿਕਾਈਆ । ਸਦਾ ਸੁਹੇਲਾ ਫਿਰੇ ਪਿਛੇ ਅਗਾੜੀ, ਸਮਰਥ ਪੁਰਖ ਹੱਥ ਵਡਿਆਈਆ । ਲੇਖੇ ਲਾਏ ਚਰਨ ਛੁਹਾਈ ਦਾੜ੍ਹੀ, ਲੱਖ ਚੁਰਾਸੀ ਫੰਦ ਕਟਾਈਆ । ਦਰ ਘਰ ਸਾਚੇ ਦੇਵੇ ਵਾੜੀ, ਦਰ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗ੍ਰਿਹ ਮੰਦਰ ਹੋਏ ਸਹਾਈਆ । ਗ੍ਰਿਹ ਮੰਦਰ ਹਰਿ ਸਗਲਾ ਸਾਥ, ਅੰਗ ਸੰਗ ਰਖਾਇਆ । ਆਪ ਜਣਾਏ ਆਪਣੀ ਗਾਥ, ਸ਼ਬਦ ਅਨਾਦੀ ਇਕ ਸੁਣਾਇਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਆਦਿ ਨਿਰੰਜਣ ਜੋਤ ਨਿਰੰਜਣ ਸੇਵਾ ਲਾਇਆ । ਸਰ ਸਰੋਵਰ ਵਖਾਏ ਸਾਚੀ ਠਾਠ, ਜਲ ਧਾਰਾ ਆਪ ਨੁਹਾਇਆ । ਸਤਿ ਧੀਰਜ ਸੰਤੋਖ ਦੇਵੇ ਹਾਠ, ਮਨ ਮਤ ਬੁੱਧ ਨਾ ਹੋਏ ਹਲਕਾਇਆ । ਕਲਜੁਗ ਤਪੇ ਨਾ ਅਗਨੀ ਕਾਠ, ਤੱਤਵ ਤੱਤ ਕੋਈ ਸੁਣਾਇਆ । ਦੁਰਮਤ ਮੈਲ ਦੇਵੇ ਕਾਟ, ਦੂਈ ਦਵੈਤੀ ਪਰਦਾ ਲਾਹਿਆ । ਭਾਗ ਲਗਾਏ ਕਾਇਆ ਮਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਇਆ । ਤਾਰਨਹਾਰ ਦੀਨ ਦਿਆਲਣ, ਦਇਆਨਿਧ ਅਖਵਾਇੰਦਾ । ਸਰਬ ਜੀਆਂ ਕਰੇ ਪ੍ਰਿਤਪਾਲਣ, ਪ੍ਰਿਤਪਾਲਕ ਦਿਸ ਨਾ ਆਇੰਦਾ । ਗੁਰਮੁਖਾਂ ਦੇਵੇ ਸਾਚਾ ਦਾਨਨ, ਨਾਮ ਨਿਧਾਨਾ ਝੋਲੀ ਪਾਇੰਦਾ । ਸਾਚੀ ਸਖੀਆਂ ਮੇਲਾ ਏਕਾ ਕਾਹਨਨ, ਏਕਾ ਬੰਸਰੀ ਨਾਮ ਵਜਾਇੰਦਾ । ਥਿਰ ਘਰ ਸਾਚੇ ਆਤਮ ਸੁੱਖ ਸਾਚਾ ਮਾਨਣ, ਸੁਰਤ ਸ਼ਬਦੀ ਮੇਲ ਮਿਲਾਇੰਦਾ । ਕਰੇ ਪ੍ਰਕਾਸ਼ ਕੋਟਨ ਭਾਨਨ, ਕੋਟ ਕੋਟੀ ਵੇਖ ਵਖਾਇੰਦਾ । ਗੁਰਮੁਖ ਵਿਰਲੇ ਬਖ਼ਸ਼ੇ ਬ੍ਰਹਮ ਗਿਆਨਨ, ਗਿਆਨ ਧਿਆਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲੇਖੇ ਲਾਇੰਦਾ । ਲੇਖਾ ਲਿਖਣਹਾਰ, ਲੇਖਾ ਲੇਖ ਨਾ ਕੋਈ ਜਣਾਇੰਦਾ । ਬ੍ਰਹਮਾ ਵੇਤਾ ਨਿਉਂ ਨਿਉਂ ਕਰੇ ਨਿਮਸਕਾਰ, ਅੱਠੇ ਨੇਤਰ ਰਾਹ ਤਕਾਇੰਦਾ । ਸ਼ਿਵ ਸ਼ੰਕਰ ਮੰਗੇ ਬਣ ਭਿਖਾਰ, ਅੱਗੇ ਝੋਲੀ ਆਪਣੀ ਡਾਹਿੰਦਾ । ਵਿਸ਼ਨੂੰ ਵੰਸੀ ਖੇਲ ਅਪਾਰ, ਆਪਣੀ ਇਛਿਆ ਆਪ ਚਲਾਇੰਦਾ । ਕਰੋੜ ਤੇਤੀਸਾ ਕਰੇ ਪੁਕਾਰ, ਗਣ ਗੰਧਰਬ ਸਰਬ ਕੁਰਲਾਇੰਦਾ । ਲੱਖ ਚੁਰਾਸੀ ਖੇਲ ਨਿਆਰ, ਪਾਰਬ੍ਰਹਮ ਆਪ ਕਰਾਇੰਦਾ । ਰਵ ਸਸ ਸੇਵਾਦਾਰ, ਮੰਡਲ ਮੰਡਪ ਆਪ ਸੁਹਾਇੰਦਾ । ਜਲ ਬਿੰਬ ਕਰ ਅਕਾਰ, ਧਰਤ ਧਵਲ ਟਿਕਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਲੋਕਮਾਤ ਵੇਸ ਵਟਾਇੰਦਾ । ਭਗਵੰਤ ਭਗਤ ਖੇਲ ਨਿਆਰ, ਨਾਮ ਨਾਮਾ ਆਪ ਉਪਜਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਆਪ ਆਪਣਾ ਹੁਕਮ ਸੁਣਾਇੰਦਾ । ਸਚ ਸੁਲਤਾਨ ਸਚ ਸਿਕਦਾਰ, ਦਰ ਘਰ ਸਾਚੇ ਆਪ ਸੁਹਾਇੰਦਾ । ਨਾ ਕੋਈ ਵਸੇ ਚੋਬਦਾਰ, ਦੂਸਰ ਸੰਗ ਨਾ ਕੋਈ ਰਖਾਇੰਦਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਗਗਨ ਪਾਤਾਲਾ ਬੰਧਨ ਪਾਇੰਦਾ । ਸੰਤ ਕੰਤ ਮੀਤ ਮੁਰਾਰ, ਆਦਿ ਅੰਤ ਮੇਲ ਮਿਲਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਏਕਾ ਗੁਰ ਅਖਵਾਇੰਦਾ । ਜਨਨੀ ਜਣੇ ਸੁੱਤ ਦੁਲਾਰ, ਮਾਤ ਗਰਭ ਨਾ ਫੇਰਾ ਪਾਇੰਦਾ । ਪਿਤਾ ਪੂਤ ਨਾ ਹੋਏ ਅਧਾਰ, ਇਸ਼ਟ ਦੇਵ ਨਾ ਕੋਈ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕ ਅਖਵਾਇੰਦਾ ।

੧੦੬੫
੦੮

ਆਦਿ ਅਨਾਦੀ ਪੁਰਖ ਅਕਾਲ, ਰੂਪ ਅਨੂਪ ਸਮਾਇਆ । ਲੱਖ ਚੁਰਾਸੀ ਪਾਏ ਜੰਜਾਲ, ਤ੍ਰੈਗੁਣ ਮਾਇਆ ਨਾਲ ਰਲਾਇਆ । ਆਪੇ ਵਸੇ ਧਾਮ ਨਿਰਾਲ, ਧਾਮ ਅਵੱਲੜਾ ਇਕ ਸੁਹਾਇਆ । ਭਗਤ ਵਛਲ ਆਪ ਕਿਰਪਾਲ, ਗੁਰ ਮੂਰਤ ਵੇਖ ਵਖਾਇਆ । ਅਜੂਨੀ ਰਹਿਤ ਕਰੇ ਪ੍ਰਿਤਪਾਲ, ਅਜੂਨ ਅਜੂਨੀ ਆਪ ਫਿਰਾਇਆ । ਚਲੇ ਚਲਾਏ ਅਵੱਲੜੀ ਚਾਲ, ਵੇਦ ਕਤੇਬ ਨਾ ਲੇਖ ਜਣਾਇਆ । ਲੱਖ ਚੁਰਾਸੀ ਵੇਖੇ ਕਾਇਆ ਡਾਲ੍ਹ, ਪਤ ਡਾਲ੍ਹੀ ਫੋਲ ਫੁਲਾਇਆ । ਦੋ ਜਹਾਨਾਂ ਸ਼ਾਹ ਕੰਗਾਲ, ਪੁਰਖ ਨਿਰੰਜਣ ਆਪ ਅਖਵਾਇਆ । ਏਕਾ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਭਰਾਇਆ । ਗੁਰਮੁਖ ਵੇਖੇ ਸਾਚੇ ਲਾਲ, ਜੁਗ ਜੁਗ ਲੋਕਮਾਤ ਲਏ ਜਗਾਇਆ । ਧੁਨ ਅਨਾਦੀ ਵੱਜੇ ਤਾਲ, ਬਿਰਹੋਂ ਤਾਲ ਤਲਵਾੜਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇਆ । ਕੁਲਵੰਤਾ ਅਕਲ ਕਲ ਧਾਰ, ਪਰਮ ਪੁਰਖ ਸੁਲਤਾਨਿਆ । ਵਰਤੇ ਵਰਤਾਵੇ ਵਿਚ ਸੰਸਾਰ, ਜੋਤੀ ਨੂਰ ਨੂਰ ਮਹਾਨਿਆ । ਜਨ ਭਗਤਾਂ ਦੇਵੇ ਨਾਮ ਅਧਾਰ, ਧੁਰਦਰਗਾਹੀ ਇਕ ਨਿਸ਼ਾਨਿਆ । ਅਗੰਮ ਅਗੰਮੜੀ ਅਗੰਮ ਧੁਨਕਾਰ, ਰਾਗ ਨਾਦ ਭੇਵ ਨਾ ਪਾਨਿਆ । ਖੜਗ ਖੰਡਾ ਤੇਜ ਕਟਾਰ, ਹਰਿ ਨਿਰੰਕਾਰ, ਗੁਰਮੁਖ ਸੱਜਣ ਮੀਤ ਮੁਰਾਰ, ਤਨ ਗਾਤਰੇ ਆਪ ਪਹਿਨਾਨਿਆ । ਦੂਈ ਦਵੈਤੀ ਹਉਮੇ ਹੰਗਤਾ ਦੇਵੇ ਮਾਰ, ਆਸਾ ਤ੍ਰਿਸ਼ਨਾ ਮੇਟ ਮਿਟਾਨਿਆ । ਸਾਚੀ ਸੰਗਤਾਂ ਬਖ਼ਸ਼ੇ ਸਚ ਪਿਆਰ, ਸੋ ਦਿਨ ਸੋਹੇ ਵਿਟੋਂ ਆਪ ਕੁਰਬਾਨਿਆ । ਘਰ ਮੰਦਰ ਸੋਹੇ ਸਚ ਦਰਬਾਰ, ਨਿਰਗੁਣ ਜੋਤ ਜਗੇ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰੇ ਦਰ ਪਰਵਾਨਿਆ । ਦਰ ਪਰਵਾਨ ਬੱਧਾ ਗਾਨਾ, ਗੁਰਮੁਖ ਸਗਨ ਮਨਾਇੰਦਾ । ਚਰਨ ਦੁਵਾਰ ਸਾਚਾ ਮਾਣਾ, ਮਾਣ ਅਭਿਮਾਣ ਮੋਹ ਚੁਕਾਇੰਦਾ । ਧੁਰਦਰਗਾਹੀ ਸਾਚਾ ਗਾਣਾ, ਘਰ ਸਾਚੇ ਸਿਫ਼ਤ ਸਲਾਹਿੰਦਾ । ਜੁਗਾ ਜੁਗੰਤਰ ਵਰਤੇ ਭਾਣਾ, ਆਪਣੇ ਭਾਣੇ ਆਪ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੱਜਣ ਵੇਖ ਵਖਾਇੰਦਾ । ਗੁਰਮੁਖ ਸੱਜਣ ਪਾਇਆ, ਹਰਿ ਸਤਿਗੁਰ ਗਹਿਰ ਗੰਭੀਰ । ਜਗਤ ਤ੍ਰਿਸ਼ਨਾ ਰੰਗ ਮਿਟਾਇਆ, ਸਾਂਤਕ ਸਤਿ ਸਰੀਰ । ਆਤਮ ਭੋਗੀ ਭੋਗ ਕਰਾਇਆ, ਦੇਵਣਹਾਰਾ ਸਾਚੀ ਧੀਰ । ਧੁਰ ਸੰਜੋਗੀ ਮੇਲ ਮਿਲਾਇਆ, ਆਪੇ ਚੋਟੀ ਚੜ੍ਹ ਅਖ਼ੀਰ । ਜਗਤ ਵਿਜੋਗੀ ਸੰਗ ਕਟਵਾਇਆ, ਹਉਮੇ ਮਮਤਾ ਕੱਢੀ ਭੀੜ । ਤ੍ਰਲੋਕੀ ਚਰਨਾਂ ਹੇਠ ਦਬਾਇਆ, ਗੁਰਸਿਖਾਂ ਤੋੜੇ ਜਗਤ ਜੰਜ਼ੀਰ । ਸ਼ਬਦ ਸਲੋਕੀ ਇਕ ਸੁਣਾਇਆ, ਵਡ ਦਾਤਾ ਪੀਰਨ ਪੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਇਆ ।

### ✪ ੨੪ ਅੱਸੂ ੨੦੧੯ ਬਿਕ੍ਰਮੀ ਮਸਤੂਆਣੇ ਦੇ ਸੰਤਾਂ ਨੂੰ ਸ਼ਬਦ ਭੇਜਿਆ ੧੫ ਕੱਤਕ ਵਾਸਤੇ ਗੁੜਗਾਉਂ ਤੋਂ ✪

ਤ੍ਰੈਗੁਣ ਹਰਿ ਹਰਿ ਪ੍ਰਵੇਸਿਆ, ਵਿਸ਼ਨ ਬ੍ਰਹਮਾ ਸ਼ੰਕਰ ਧਾਰ । ਸਤਿ ਪੁਰਖ ਨਿਰੰਜਣ ਸਦਾ ਅਦੇਸਿਆ, ਨਿਰਗੁਣ ਰੂਪ ਅਨੂਪ ਕਰਤਾਰ । ਜੁਗਾ ਜੁਗੰਤਰ ਧਾਰੇ ਭੇਖਿਆ, ਭੇਖ ਅਵੱਲਾ ਵਿਚ ਸੰਸਾਰ । ਮੁੱਛ ਦਾੜ੍ਹੀ ਨਾ ਦਿਸੇ ਕੇਸਿਆ, ਮੂੰਡ ਮੁੰਡਾਏ ਨਾ ਸਿਰਜਣਹਾਰ । ਆਦਿ ਜੁਗਾਦੀ ਲਿਖਣਹਾਰਾ ਲੇਖਿਆ, ਲੇਖਾ ਜਾਣੇ ਅਪਰ ਅਪਾਰ । ਏਕੰਕਾਰਾ ਨਰ ਨਰਾਇਣ ਨਰ ਨਰੇਸ਼ਿਆ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸੋਹੇ ਸੱਚੀ

ਸਰਕਾਰ । ਲੋਕਮਾਤ ਦਰ ਦਰਵੇਸਿਆ, ਦਰ ਭਗਤਾਂ ਬਣੇ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਦੁਆਪਰ ਤ੍ਰੇਤਾ ਕਰਿਆ ਪਾਰ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਰਾਮ ਕ੍ਰਿਸ਼ਨ ਰੂਪ ਵਟਾਈਆ । ਕਲਜੁਗ ਰੂਪ ਅਗੰਮ ਅਪਾਰਾ, ਆਪ ਆਪਣਾ ਵੇਸ ਵਟਾਈਆ । ਈਸਾ ਮੂਸਾ ਰੰਗ ਕਰਤਾਰਾ, ਚਾਰ ਯਾਰਾ ਸੰਗ ਮੁਹੰਮਦ ਆਪ ਨਿਭਾਈਆ । ਹੱਕ ਹਕੀਕਤ ਬੋਲ ਜੈਕਾਰਾ, ਐਨਲਹੱਕ ਰੂਪ ਅਲਾਹੀਆ । ਮੁਕਾਮੇ ਹੱਕ ਸੱਚੀ ਸਰਕਾਰਾ, ਬੇਐਬ ਪਰਵਰਦਿਗਾਰ ਇਕ ਅਖਵਾਈਆ । ਮਹਿਬਾਨ ਬੀਦੋ ਖੇਲ ਨਿਆਰਾ, ਅਜ਼ਮਤੋ ਕਸਮਤੋ ਅਜਿਬਵਾ ਅਤਿਲਹੇ ਭੇਵ ਨਾ ਰਾਈਆ । ਪੀਰ ਦਸਤਗੀਰ ਕੁਤਬ ਗੌਂਸ ਦਏ ਹੁਲਾਰਾ, ਮੁਲਾਂ ਸ਼ੇਖ਼ ਮੁਸਾਇਕ ਰੂਪ ਵਟਾਈਆ । ਅੰਜੀਲ ਕੁਰਾਨ ਬੋਲ ਜੈਕਾਰਾ, ਬੀਸ ਤੀਸ ਹਦੀਸ ਪੜ੍ਹਾਈਆ । ਚੌਦਾਂ ਤਬਕ ਖੋਲ੍ਹ ਕਿਵਾੜਾ, ਜ਼ਿਮੀ ਅਸਮਾਨ ਵੇਖ ਵਖਾਈਆ । ਕਾਇਨਾਤ ਗੁਪਤ ਜ਼ਾਹਿਰਾ, ਕਲਮਾ ਅਮਾਮ ਵੇਖ ਵਖਾਈਆ । ਐਹਿਬਾਬ ਰਬਾਬ ਵਜਾਏ ਸਤਾਰਾ, ਦੋ ਦੋਆਬਾ ਫੇਲ ਫੁਲਾਈਆ । ਹੱਕ ਜਨਾਬਾ ਖੇਲ ਨਿਆਰਾ, ਕਾਇਆ ਕਾਅਬਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਜੋਤੀ ਨੂਰ ਪੁਰਖ ਅਕਾਲਾ, ਆਪਣਾ ਆਪ ਡਗਮਗਾਇੰਦਾ । ਖੇਲੇ ਖੇਲ ਖੇਲ ਨਿਰਾਲਾ, ਆਪ ਆਪਣਾ ਖੇਲ ਖਿਲਾਇੰਦਾ । ਲੋਕਮਾਤ ਪੰਜ ਤੱਤ ਵੇਖ ਸੱਚੀ ਧਰਮਸਾਲਾ, ਨਾਨਕ ਕਾਇਆ ਗੜ੍ਹ ਸੁਹਾਇੰਦਾ । ਨਾਮ ਸਤਿ ਭਰ ਪਿਆਲਾ, ਅੰਤਰ ਆਤਮ ਆਪ ਪਿਆਇੰਦਾ । ਦੀਪਕ ਦੀਪ ਏਕਾ ਬਾਲਾ, ਜੋਤੀ ਜੋਤ ਡਗਮਗਾਇੰਦਾ । ਮਾਰਗ ਦੱਸੇ ਇਕ ਨਿਰਾਲਾ, ਚਾਰ ਵਰਨਾਂ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਾਜਣ ਮੀਤ ਮੁਰਾਰ, ਗੁਰ ਪੀਰ ਹਰਿ ਪਾਏ ਸਾਰ, ਜੀਵ ਜੰਤ ਲਏ ਅਧਾਰ, ਪਾਰ ਉਤਾਰਾ ਆਪਣੇ ਹੱਥ ਰਖਾਇੰਦਾ । ਨਾਨਕ ਜੋਤੀ ਗੋਬਿੰਦ, ਦਸ ਦਸ ਆਪ ਚੜ੍ਹਾਈਆ । ਪੁਰਖ ਅਬਿਨਾਸ਼ੀ ਵਸਿਆ ਸੰਗ, ਸਗਲਾ ਸੰਗ ਨਿਭਾਈਆ । ਆਤਮ ਸੇਜਾ ਵੇਖ ਪਲੰਘ, ਨਿਜ ਆਤਮ ਸੇਜ ਵਛਾਈਆ । ਨਾਮ ਨਿਧਾਨਾ ਵੱਜੇ ਮਰਦੰਗ, ਤੁਰੀਆ ਰਾਗ ਅਲਾਈਆ । ਸੁਖਨ ਸਖੋਪਤ ਜਾਗਰਤ ਆਪੇ ਲੰਘ, ਆਪ ਆਪਣਾ ਦਰ ਸੁਹਾਈਆ । ਗੁਰ ਚੇਲਾ ਆਪੇ ਮੰਗੇ ਮੰਗ, ਇਛਿਆ ਭਿਛਿਆ ਝੋਲੀ ਆਪ ਭਰਾਈਆ । ਆਪੇ ਅਸਵ ਘੋੜੇ ਕਸੇ ਤੰਗ, ਲੋਆਂ ਪੁਰੀਆਂ ਆਪ ਫਿਰਾਈਆ । ਆਪੇ ਪੰਜ ਤੱਤ ਵਿਕਾਰਾ ਕਰੇ ਭੰਗ, ਪੰਚਮ ਨਾਤਾ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਖੇਲ ਨਿਆਰਾ, ਹਰਿ ਸਾਚਾ ਖੇਲ ਖਲਾਇੰਦਾ । ਨਾਨਕ ਗੋਬਿੰਦ ਬਣ ਭਿਖਾਰਾ, ਲਿਖਿਆ ਲੇਖ ਵਖਾਇੰਦਾ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਖੜਗ ਖੰਡਾ ਤੇਜ ਕਟਾਰਾ, ਚੰਡ ਪ੍ਰਚੰਡ ਹੱਥ ਉਠਾਇੰਦਾ । ਸੰਮਤ ਸੰਮਤੀ ਮਾਰੇ ਮਾਰਾ, ਭਾਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਸਾਚੀ ਸਿਖਿਆ ਹਰਿਜਨ ਸਿਖ, ਸਿਖੀ ਸਿਖਿਆ ਵਿਚ ਸਮਾਈਆ । ਜਗਤ ਤ੍ਰਿਸ਼ਨਾ ਮਿਟੇ ਤ੍ਰਿਖ, ਅੰਮ੍ਰਿਤ ਆਤਮ ਜਾਮ ਪਿਆਈਆ । ਏਕਾ ਨਾਮ ਮੰਗੀ ਭਿਖ, ਸਤਿਗੁਰ ਝੋਲੀ ਦਏ ਭਰਾਈਆ । ਜਗਤ ਵਿਕਾਰਾ ਮਿਟੇ ਤ੍ਰਿਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਦਏ ਬੁਝਾਈਆ । ਲੇਖਾ ਜਾਣੇ ਹਰਿ ਨਿਰੰਕਾਰ, ਗੁਰ ਮੰਦਰ ਆਪ ਸੁਹਾਇੰਦਾ । ਗੁਰੂਦੁਆਰ ਗੁਰ ਦਰਬਾਰ, ਗੁਰ ਸਤਿਗੁਰ ਵੇਖ ਵਖਾਇੰਦਾ । ਹਰਿ ਸ਼ਬਦ ਸ਼ਬਦ ਜੈਕਾਰ,


੧੦੬੭ ੦੮

ਆਪ ਆਪਣਾ ਹੁਕਮ ਅਲਾਇੰਦਾ । ਗੁਰਮੁਖ ਗੁਰਸਿਖ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਵੀਹ ਸੌ ਸੋਲਾਂ ਬਿਕ੍ਰਮੀ ਹੋਇਆ ਖ਼ਬਰਦਾਰ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਫ਼ਰਮਾਣਾ ਸਾਚਾ ਰਾਣਾ ਆਪਣਾ ਆਪ ਅਲਾਇੰਦਾ । ਧੁਰ ਫ਼ਰਮਾਣਾ ਹਰਿ ਭਗਵਾਨ, ਜਗ ਸੰਤ ਦਏ ਜਣਾਈਆ । ਪੰਦਰਾਂ ਕੱਤਕ ਦਿਵਸ ਮਹਾਨ, ਮਸਤੂਆਣਾ ਚਰਨ ਛੁਹਾਈਆ । ਸੁੱਤੇ ਰਹਿਣਾ ਨਾ ਬਣ ਨਾਦਾਨ, ਕਲਜੁਗ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਆਏ ਬੇਪਰਵਾਹੀਆ । ਜਗਤ ਸੰਤ ਉਠ ਲੈ ਅੰਗੜਾਈ, ਹਰਿ ਸਾਚੇ ਜੋਤ ਜਗਾਈਆ । ਮਸਤੂਆਣੇ ਗੁਰਮੁਖਾਂ ਕਰੇ ਸਚ ਕੁੜਮਾਈ, ਸ਼ਬਦ ਸ਼ਬਦੀ ਸਗਨ ਮਨਾਈਆ । ਹਰਿਜਨ ਘਰ ਘਰ ਵੱਜੇ ਵਧਾਈ, ਬੇਮੁਖਾਂ ਅਗਨੀ ਤੱਤ ਜਲਾਈਆ । ਜੋ ਜਨ ਬੈਠੇ ਮੁਖ ਭੁਵਾਈ, ਸ਼ੌਹ ਦਰਯਾ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਪੰਦਰਾਂ ਕੱਤਕ ਦਿਵਸ ਸੁਹਾਵਣਾ, ਵੀਹ ਸੌ ਸੋਲਾਂ ਬਿਕ੍ਰਮੀ ਮੰਗ ਮੰਗਾਈਆ । ਗੋਬਿੰਦ ਗੁਰ ਗੁਰ ਵੇਸ ਵਟਾਵਣਾ, ਮੂਰਤ ਅਕਾਲ ਵੱਡੀ ਵਡਿਆਈਆ । ਗੁਰਮੁਖ ਸਾਜਣ ਦਰ ਦਰਸ਼ਨ ਪਾਵਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਲਿਖਿਆ ਲੇਖ ਪੂਰ ਕਰਾਵਣਾ, ਸੰਤ ਮਨੀ ਸਿੰਘ ਗਿਆ ਲਿਖਾਈਆ । ਹਰਿ ਸੰਗਤ ਸਾਚੀ ਆਸ ਪੁਜਾਵਣਾ, ਹਰਿ ਹਿਰਦੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਆਪ ਅਖਵਾਈਆ । ਨਿਹਕਲੰਕ ਹਰਿ ਆਏ ਦਰ, ਖੋਲ੍ਹੇ ਬੰਦ ਕਿਵਾੜਿਆ । ਜਨ ਭਗਤਾਂ ਦਰਸ ਦਿਖਾਏ ਅੱਗੇ ਖੜ, ਜੋਤੀ ਨੂਰ ਨੂਰ ਉਜਿਆਰਿਆ । ਤੋੜਣਹਾਰਾ ਹੰਕਾਰੀ ਗੜ੍ਹ, ਕਿਲਾ ਕੋਟ ਵੇਖ ਵਖਾ ਰਿਹਾ । ਹਰਿਜਨ ਲਗਾਏ ਆਪਣੇ ਲੜ, ਚੌਥੇ ਜੁਗ ਲਹਿਣਾ ਮੂਲ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੂਆਣਾ ਵੇਖ ਵਖਾ ਰਿਹਾ । ਜਗਤ ਸੰਤ ਉਠ ਬਲ ਧਾਰ, ਦਰ ਆਏ ਸ਼ਬਦ ਪ੍ਰਵਾਨਾ । ਸ਼ਾਹ ਸੁਲਤਾਨਾ ਕਰ ਖ਼ਬਰਦਾਰ, ਪ੍ਰਗਟ ਹੋਇਆ ਗੁਣ ਨਿਧਾਨਾ । ਕਲਜੁਗ ਅੰਤਮ ਪੈਣੀ ਮਾਰ, ਏਕਾ ਧੁਰ ਫ਼ਰਮਾਨਾ । ਦਰ ਦਰ ਘਰ ਘਰ ਹੋਏ ਖ਼ਵਾਰ, ਉਚੇ ਮੰਦਰ ਨਾ ਦਿਸੇ ਕੋਈ ਨਿਸ਼ਾਨਾ । ਕਲਗੀ ਧਰ ਕਲਕੀ ਅਵਤਾਰ, ਅਕਲ ਕਲਾ ਹਰਿ ਅਖਵਾਨਾ । ਆਏ ਬੰਕ ਬੰਕ ਦੁਵਾਰ, ਬੰਕ ਦੁਵਾਰੀ ਖੇਲ ਮਹਾਨਾ । ਰੂਪ ਅਨੂਪ ਭੂਪ ਸੱਚੀ ਸਰਕਾਰ, ਸਤਿ ਸਰੂਪ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਸਾਚੇ ਦਰ ਕਰੇ ਪਰਵਾਨਾ । ਪੰਦਰਾਂ ਕੱਤਕ ਪਵਣੀ ਧਾਰ, ਪਵਣ ਪਾਣੀ ਸਮਾਈਆ । ਪੁਰੀ ਅਕਾਸ਼ ਕਰ ਪ੍ਰਕਾਸ਼ ਹੋਏ ਉਜਿਆਰ, ਮੰਡਲ ਰਾਸ ਆਪ ਵਖਾਈਆ । ਗੁਰਮੁਖਾਂ ਕਰੇ ਸਚ ਪਿਆਰ, ਲਹਿਣਾ ਦੇਣਾ ਕਰਜ਼ ਉਤਾਰ, ਚਾਰ ਜੁਗ ਜੋ ਰਿਹਾ ਚੜ੍ਹਾਈਆ । ਜਗਤ ਪੂਜਾ ਨਾ ਕੋਈ ਅਧਾਰ, ਇਸ਼ਟ ਦੂਜਾ ਨਾ ਵਿਚ ਸੰਸਾਰ, ਗੁਰ ਏਕਾ ਏਕ ਸਮਝਾਈਆ । ਤੀਜਾ ਨੇਤਰ ਖੋਲ੍ਹ ਕਿਵਾੜ, ਜਨ ਭਗਤਾਂ ਆਪਣੇ ਅੰਦਰ ਦੇਵੇ ਵਾੜ, ਮਸਤਕ ਮਾਥਾ ਮੂਲ ਚੁਕਾਈਆ । ਗੁਰ ਚਰਨ ਦੁਵਾਰਾ ਸਚ ਅਖਾੜ, ਵਾ ਨਾ ਲੱਗੇ ਤੱਤੀ ਹਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਸੁਨੇਹੜਾ ਦੇਵੇ ਘਰ, ਉਠ ਜਗਤ ਸੰਤ ਜੀਵ ਨਾਦਾਨ, ਕਲਜੁਗ ਗੂੜ੍ਹੀ ਨੀਂਦ ਰਿਹਾ ਸੁਆਈਆ ।

੧੦੬੮
੦੮

## ✪ ੨੬ ਅੱਸੂ ੨੦੧੬ ਬਿਕਰਮੀ ਚੰਨਣ ਸਿੰਘ ਦੇ ਘਰ ਦਿਲੀ ਛਾਉਣੀ ✪

ਸੀਤਲ ਧਾਰ ਸਰਬ ਸੁਖ ਆਤਮ, ਜਨ ਸਾਰਿੰਗ ਸਤਿ ਸਮਾਈਆ । ਅਬਿਨਾਸ਼ੀ ਕਰਤਾ ਪਰਮ ਪੁਰਖ ਪਰਮਾਤਮ, ਬਾਰੰਮ ਬਾਰ ਜੋਤ ਜਗਾਈਆ । ਦੀਨਾ ਠਾਕਰ ਅਨਾਥਿੰਗ, ਨਾਥ ਅਨਾਥਾਂ ਲਏ ਉਠਾਈਆ । ਨਾਮ ਨਿਧਾਨਾ ਗਹਿਰ ਗੰਭੀਰ ਗੁਣ ਗਾਥਿੰਗ, ਹਰਿ ਨਾਮ ਵਡ ਵਡਿਆਈਆ । ਸਰਬ ਸੁੱਖ ਸਹਿਜ ਸੁੱਖ ਮਾਥਿੰਗ, ਅਲੱਖ ਅਲੇਖ ਹਰਿ ਆਪ ਬਣਾਈਆ । ਅਵਣ ਗਵਣ ਤ੍ਰੈ ਭਵਨ ਚਲਾਏ ਰਾਥਿੰਗ, ਬ੍ਰਹਿਮੰਡ ਖੰਡ ਆਪ ਫਿਰਾਈਆ । ਸੋਇਮ ਰੂਪ ਪ੍ਰਿਥਮੀ ਅਕਾਸ਼ਿੰਗ, ਕਾਲ ਦਿਆਲ ਵੱਡੀ ਵਡਿਆਈਆ । ਆਦਿ ਜੁਗਾਦਿ ਪੁਰਖ ਅਬਿਨਾਸ਼ਿੰਗ, ਜੂਨੀ ਰਹਿਤ ਜੋਤ ਜਗਾਈਆ । ਸੁਰਤ ਸ਼ਬਦ ਪਵਣ ਸਵਾਸਿੰਗ, ਨਿਜਾ ਨੰਦ ਰਸ ਦਰਸਾਈਆ । ਚਰਨ ਕਵਲ ਬੰਧਾਏ ਨਾਤਿੰਗ, ਨਾਦ ਅਨਾਦੀ ਵਡ ਵਡਿਆਈਆ । ਮਿਟੇ ਰੈਣ ਅੰਧੇਰੀ ਰਾਤਿੰਗ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਹਉਮੇ ਰੋਗ ਹੰਗਤਾ ਵਿਨਾਸ਼ਿੰਗ, ਜਿਸ ਜਨ ਆਪਣੀ ਦਇਆ ਕਮਾਈਆ । ਸਰਬ ਦੇਵਾ ਆਤਮ ਦੇਵ ਵਾਸਿੰਗ, ਪਾਰਬ੍ਰਹਮ ਸਹਿਜ ਸੁਖਦਾਈਆ । ਸਚ ਮੰਡਲ ਸਚ ਪਾਏ ਰਾਸਿੰਗ, ਹਰਿ ਸੱਜਣ ਵੱਡੀ ਵਡਿਆਈਆ । ਕਰੇ ਕਰਾਏ ਬੰਦ ਖੁਲਾਸਿੰਗ, ਬੰਦੀ ਛੋੜ ਬੇਪਰਵਾਹੀਆ । ਲਹਿਣ ਦੇਣਾ ਚੁਕਾਏ ਦਸ ਦਸ ਮਾਸਿੰਗ, ਦਹਿ ਦਿਸ਼ਾ ਹੋਏ ਸਹਾਈਆ । ਤਨ ਮਾਟੀ ਲੇਖਾ ਲਾਏ ਖ਼ਾਕੀ ਖਾਕਿੰਗ, ਹਰਿ ਖ਼ਾਲਕ ਨਾਉਂ ਧਰਾਈਆ । ਪਤਿਤ ਪੁਨੀਤ ਕਰੇ ਪਾਕੀ ਪਾਕਿੰਗ, ਪਤਿਤ ਪਾਵਣ ਭੇਵ ਨਾ ਰਾਈਆ । ਜਨ ਭਗਤਾਂ ਲਹਿਣਾ ਦੇਣਾ ਚੁਕਾਏ ਬਾਕੀ ਬਾਕਿੰਗ, ਸਿਰ ਆਪਣਾ ਹੱਥ ਰਖਾਈਆ । ਨਿਝ ਘਰ ਮੰਦਰ ਖੋਲ੍ਹਣਹਾਰਾ ਤਾਕਿੰਗ, ਤ੍ਰੈ ਵਾਸ ਭੇਵ ਨਾ ਆਈਆ । ਡੂੰਘੀ ਕੰਦਰ ਮਾਰੇ ਝਾਕਿੰਗ, ਆਪਣਾ ਪਰਦਾ ਆਪੇ ਲਾਹੀਆ । ਭਰ ਪਿਆਲਾ ਜਾਮ ਪਿਆਏ ਸਾਚਾ ਸਾਕਿੰਗ, ਹਰਿ ਸਾਕੀ ਇਕ ਅਖਵਾਈਆ । ਅਸਵ ਘੋੜੇ ਚੜ੍ਹੇ ਮਾਰ ਪਲਾਕਿੰਗ, ਆਸਣ ਸਿੰਘਾਸਣ ਸੋਭਾ ਪਾਈਆ । ਗੁਰਸਿਖਾਂ ਅੰਦਰ ਕਰੇ ਵਾਸਿੰਗ, ਜਗਤ ਵਾਸਨਾ ਦਏ ਗਵਾਈਆ । ਹੋਏ ਸਹਾਈ ਜੰਗਲ ਜੂਹ ਵਿਚ ਪ੍ਰਭਾਸਿੰਗ, ਜਲ ਥਲ ਮਹੀਅਲ ਵੇਖ ਵਖਾਈਆ । ਦਾਤਾ ਦਾਨੀ ਸਰਬ ਗੁਣਤਾਸਿੰਗ, ਗੁਣਵੰਤ ਨਿਰਗੁਣ ਕਰੇ ਜਣਾਈਆ । ਗੁਰਸਿਖ ਨਾ ਹੋਏ ਕਦੇ ਨਿਰਾਸਿੰਗ, ਆਸਾ ਤ੍ਰਿਸ਼ਨਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਖੇਲ ਖਲੰਦੜਾ ਹਰਿ ਭਗਵੰਤ, ਪਰਮ ਪੁਰਖ ਅਬਿਨਾਸ਼ਿਆ । ਜੋਤ ਜੁਗੰਦੜਾ ਸਾਧ ਸੰਤ, ਖੇਲੇ ਖੇਲ ਤਮਾਸ਼ਿਆ । ਵੇਸ ਵਟੰਦੜਾ ਸਾਚਾ ਕੰਤ, ਰੂਪ ਅਨੂਪ ਸ਼ਾਹੋ ਸ਼ਬਾਸਿਆ । ਨਾਮ ਜਪੰਦੜਾ ਬਣਾਏ ਬਣਤ, ਪਾਵੇ ਸਾਰ ਪ੍ਰਿਥਮੀ ਅਕਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਧੁਰ ਭਰਵਾਸਿਆ । ਧੁਰ ਭਰਵਾਸਾ ਧੁਰ ਦਰਗਾਹ, ਧੁਰ ਧੁਰ ਦੀ ਬਾਣ ਰਖਾਈਆ । ਅਬਿਨਾਸ਼ੀ ਕਰਤਾ ਬਣ ਮਲਾਹ, ਗੁਰਮੁਖ ਸੱਜਣ ਲਏ ਤਰਾਈਆ । ਨਾਮ ਅਨਮੋਲਾ ਸਚ ਸਲਾਹ, ਸਾਚੀ ਸਿਖਿਆ ਸਾਖਯਾਤ ਜਣਾਈਆ । ਆਪੇ ਪਕੜਣਹਾਰਾ ਬਾਂਹ, ਭਵ ਸਾਗਰ ਵੇਖ ਵਖਾਈਆ । ਏਥੇ ਓਥੇ ਦੋ ਜਹਾਨੀ ਕਰੇ ਸਚ ਨਿਆਂ, ਨਰ ਨਰਾਇਣ ਵੱਡੀ ਵਡਿਆਈਆ । ਨਿਥਾਵਿਆਂ ਦੇਵਣਹਾਰਾ ਥਾਂ, ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸੱਜਣ ਲਏ ਉਠਾਈਆ । ਗੁਰਸਿਖ ਸੱਜਣਾ ਗਾਏ ਸੋਹਲਾ, ਸੋ ਪੁਰਖ ਨਿਰੰਜਣ ਮੇਲ ਮਿਲੰਨਿਆ । ਆਪ ਜਣਾਏ ਆਪਣਾ ਢੋਲਾ, ਆਪ ਆਪਣਾ ਰਾਗ ਸੁਣੰਨਿਆ । ਆਪਣਾ ਪਰਦਾ ਆਪੇ

ਖੋਲ੍ਹਾ, ਆਪ ਆਪਣਾ ਵੇਖ ਵਖੰਨਿਆ । ਆਪੇ ਬਦਲਿਆ ਆਪਣਾ ਚੋਲਾ, ਜੋਤੀ ਜਾਮਾ ਭੇਖ ਵਟੰਨਿਆ । ਗੁਰਮੁਖ ਕਾਇਆ ਮੰਦਰ ਆਪੇ ਮਵਲਾ, ਆਪੇ ਸੁਰਤੀ ਸ਼ਬਦੀ ਮੇਲ ਮਿਲੰਨਿਆ । ਆਪੇ ਅੰਮ੍ਰਿਤ ਆਤਮ ਦੇਵੇ ਸਾਚੀ ਪੌਹਲਾ, ਸਾਂਤਕ ਸਤਿ ਕਰਾਏ ਠਾਂਡਾ ਸੀਤਾ ਤਨਿਆ । ਆਪੇ ਭਰਨਹਾਰਾ ਅੰਮ੍ਰਿਤ ਉਲਟੀ ਕਰੇ ਨਾਭ ਕਵਲਾ, ਸਰ ਸਰੋਵਰ ਆਪ ਸੁਹੰਨਿਆ । ਆਪੇ ਦੇਵੇ ਮਾਣ ਉਪਰ ਧਵਲਾ, ਦੋ ਜਹਾਨਾਂ ਫਿਰੇ ਭੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਵੇ ਸਾਰ ਛੱਪਰ ਛੰਨਿਆ । ਛੱਪਰ ਛੰਨ ਜਗਤ ਸਹਾਰਾ, ਹਰਿ ਸਾਚਾ ਵੇਖ ਵਖਾਇੰਦਾ । ਜਿਸ ਜਨ ਮਿਲਿਆ ਮੀਤ ਮੁਰਾਰਾ, ਬੰਕ ਦੁਵਾਰਾ ਸੋ ਸੁਹਾਇੰਦਾ । ਘਰ ਮੰਦਰ ਦੀਪਕ ਹੋਏ ਉਜਿਆਰਾ, ਕਮਲਾਪਾਤੀ ਆਪ ਜਗਾਇੰਦਾ । ਮੇਟਣਹਾਰਾ ਧੁੰਧੂਕਾਰਾ, ਧੁਨ ਸੱਚੀ ਵੇਖ ਵਖਾਇੰਦਾ । ਪੁਰਖ ਪੁਰਖੋਤਮ ਕਰ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਪਰ ਛੰਨ ਆਪ ਸੁਹਾਇੰਦਾ । ਛੱਪਰੀ ਛੰਨ ਰੰਗ ਮਹੱਲ, ਉਚ ਅਟਾਰ ਸੁਹਾਈਆ । ਵਸਣਹਾਰਾ ਜਲ ਥਲ, ਘਟ ਘਟ ਬੈਠਾ ਆਸਣ ਲਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਗੁਰਸਿਖ ਮੰਦਰ ਆਪੇ ਮੱਲ, ਆਪ ਆਪਣੀ ਲਏ ਅੰਗੜਾਈਆ । ਜੋਤੀ ਸ਼ਬਦੀ ਰਿਹਾ ਰਲ, ਦਿਸ ਕਿਸੇ ਨਾ ਆਈਆ । ਕਰੇ ਖੇਲ ਕਾਇਆ ਮਾਟੀ ਪੰਜ ਤੱਤ ਵਿਕਾਰਾ ਖੱਲ, ਤੱਤ ਵਿਕਾਰਾ ਦਏ ਗਵਾਈਆ । ਸਤਿ ਸਰੂਪੀ ਨਾਮ ਨਿਰੰਜਣ ਚਲਾਏ ਹੱਲ, ਦੂਈ ਦਵੈਤੀ ਜੜ੍ਹ ਉਖੜਾਈਆ । ਸਤਿ ਸੰਤੋਖੀ ਬੀਜੇ ਬੀਜ ਅੰਮ੍ਰਿਤ ਲਾਏ ਏਕਾ ਫਲ, ਫਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਲਏ ਵਰ, ਦੂਸਰ ਹੱਟ ਨਾ ਕਿਸੇ ਵਿਕਾਈਆ ।


੧੦੭੦

੦੮

## ੨੯ ਅੱਸੂ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ੧੨ ਏ, ੧੯ ਕਰੋਲ ਬਾਗ ਨਵੀਂ ਦਿਲੀ

ਹਰਿ ਸੂਰਾ ਬਲਵਾਨ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਉਠਾਏ ਸਚ ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਇਆ । ਬ੍ਰਹਮਾ ਵਿਸ਼ਨ ਦੇਵੇ ਆਣ, ਏਕਾ ਹੁਕਮ ਸੁਣਾਇਆ । ਖੇਲੇ ਖੇਲ ਵਾਲੀ ਦੋ ਜਹਾਨ, ਭੇਵ ਅਭੇਦਾ ਭੇਵ ਨਾ ਰਾਇਆ । ਸਚਖੰਡ ਨਿਵਾਸੀ ਸਚ ਸੁਲਤਾਨ, ਨਿਰਗੁਣ ਨਿਰਗੁਣ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਵੇਸ ਵਟਾਇਆ । ਇਕ ਇਕੱਲਾ ਪੁਰਖ ਸੁਲਤਾਨਾ, ਏਕਾ ਰੰਗ ਰੰਗਾਇੰਦਾ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਕਰਤਾ ਵੇਸ ਵਟਾਇੰਦਾ । ਸ਼ਬਦ ਅਨਾਦੀ ਇਕ ਤਰਾਨਾ, ਏਕਾ ਰਾਗ ਸੁਣਾਇੰਦਾ । ਵਸਣਹਾਰਾ ਸਚ ਮਕਾਨਾ, ਮਹੱਲ ਅਟੱਲ ਅਗੰਮ ਅਥਾਹ ਇਕ ਰਖਾਇੰਦਾ । ਸ਼ਾਹੋ ਭੂਪ ਵਡ ਸੁਲਤਾਨਾ, ਸਚ ਸਿਕਦਾਰ ਆਪ ਅਖਵਾਇੰਦਾ । ਬ੍ਰਹਿਮੰਡਾਂ ਖੰਡਾਂ ਬੰਨ੍ਹੇ ਗਾਨਾ, ਅਕਾਸ਼ ਪ੍ਰਕਾਸ਼ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਆਪਣੀ ਰਚਨਾ ਆਪ ਰਚਾਏ, ਹਰਿ ਸੱਚਾ ਵਡ ਵਡਿਆਈਆ । ਬ੍ਰਹਿਮੰਡ ਖੰਡ ਬਣਤ ਬਣਾਏ, ਗਗਨ ਮੰਡਲ ਆਪ ਸੁਹਾਈਆ । ਲੋਆਂ ਪੁਰੀਆਂ ਵੇਖ ਵਖਾਏ, ਆਪ ਆਪਣਾ ਰੰਗ ਰੰਗਾਈਆ । ਆਪਣਾ ਰੂਪ ਆਪ ਵਟਾਏ, ਨਿਰਾਕਾਰ ਸਾਕਾਰ ਹੋ ਜਾਈਆ । ਆਪਣੀ ਅੰਸ ਆਪ ਉਪਜਾਏ, ਵਿਸ਼ਨੂੰ ਵੰਸੀ ਨਾਉਂ ਧਰਾਈਆ । ਆਪਣਾ ਅੰਗ ਆਪ ਕਟਾਏ, ਆਪ ਆਪਣੇ ਵਿਚ ਸਮਾਈਆ । ਆਪ ਆਪਣਾ

ਰੂਪ ਵਟਾਏ, ਆਪ ਆਪਣਾ ਖੇਲ ਖਲਾਈਆ । ਆਪ ਆਪਣੀ ਜੋਤ ਜਗਾਏ, ਜੋਤੀ ਜੋਤ ਡਗਮਗਾਈਆ । ਪਾਰਬ੍ਰਹਮ ਬ੍ਰਹਮ ਨਾਮ ਧਰਾਏ, ਨਿਰਗੁਣ ਸਰਗੁਣ ਵੇਖ ਵਖਾਈਆ । ਜੋਤੀ ਜੋਤ ਆਪ ਹੋ ਜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਕਰ ਪਸਾਰ, ਆਦਿ ਜੁਗਾਦੀ ਖੇਲ ਅਪਾਰ, ਨਿਰਗੁਣ ਸਰਗੁਣ ਬੰਨ੍ਹੇ ਧਾਰ, ਦੂਸਰ ਕੋਈ ਨਾ ਸੰਗ ਰਖਾਈਆ । ਨਾ ਕੋਈ ਸੰਗ ਨਾ ਕੋਈ ਸਾਥਾ, ਨਾ ਕੋਈ ਮੀਤ ਮੁਰਾਰਿਆ । ਇਕ ਇਕੱਲਾ ਪੁਰਖ ਸਮਰਾਥਾ, ਖੇਲੇ ਖੇਲ ਅਗੰਮ ਅਪਾਰਿਆ । ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਨਾਉਂ ਧਰਾ ਲਿਆ । ਆਪੇ ਜਾਣੇ ਆਪਣੀ ਗਾਥਾ, ਆਪਣਾ ਮੰਤਰ ਆਪ ਦ੍ਰਿੜ੍ਹਾ ਲਿਆ । ਆਪੇ ਪੂਜਾ ਆਪੇ ਪਾਠਾ, ਆਪੇ ਆਪਣਾ ਨਾਉਂ ਉਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਰਿਹਾ । ਖੇਲਣਹਾਰਾ ਦੀਨ ਦਿਆਲਾ, ਏਕਾ ਏਕ ਅਖਵਾਈਆ । ਆਦਿ ਸ਼ਕਤ ਜੋਤ ਅਕਾਲਾ, ਅਕਲ ਕਲ ਵਡਿਆਈਆ । ਅਜੂਨੀ ਰਹਿਤ ਸਰਬ ਪ੍ਰਿਤਪਾਲਾ, ਪ੍ਰਿਤਪਾਲਕ ਆਪ ਹੋ ਜਾਈਆ । ਚਰਨ ਕਵਲ ਰਖਾਏ ਕਾਲ ਮਹਾਂਕਾਲਾ, ਆਪ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ, ਨਾਦ ਅਨਾਦੀ ਤੁਰੀਆ ਆਪ ਵਜਾਈਆ । ਇਕ ਨਾਦ ਸ਼ਬਦ ਬ੍ਰਹਿਮਾਦ, ਹਰਿ ਸਾਚਾ ਸਚ ਉਪਜਾਇੰਦਾ । ਏਕਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਨਰ ਨਰਾਇਣ ਮਾਧਵ ਮਾਧ, ਮੋਹਣ ਮੋਹਣੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਅਵੱਲਾ ਇਕ ਇਕੱਲਾ ਏਕਾ ਏਕ ਧਰਾਇੰਦਾ । ਇਕ ਇਕੱਲਾ ਅਕਲ ਕਲ ਧਾਰ, ਲੋਕਮਾਤ ਕਰੇ ਰੁਸ਼ਨਾਈਆ । ਲੱਖ ਚੁਰਾਸੀ

੧੦੭੧ ਪਸਰ ਪਸਾਰ, ਤ੍ਰੈਗੁਣ ਮਾਇਆ ਬੰਧਨ ਪਾਈਆ । ਪੰਜ ਤੱਤ ਤਨ ਸ਼ਿੰਗਾਰ, ਤੱਤਵ ਤੱਤ ਵਿਚ ਟਿਕਾਈਆ । ਮਨ ਮਤ ਬੁੱਧ ਦਏ ਅਧਾਰ, ਨੌ ੧੦੭੧

ot ਦਰ ਖੋਜ ਖੁਜਾਈਆ । ਘਰ ਵਿਚ ਘਰ ਕਰ ਤਿਆਰ, ਨਿਝ ਆਤਮ ਬੈਠਾ ਆਸਣ ਲਾਈਆ । ਪਾਰਬ੍ਰਹਮ ਬ੍ਰਹਮ ਰੂਪ ਅਪਾਰ, ਪ੍ਰਕਾਸ਼ ਪ੍ਰਕਾਸ਼ ot

ਸਮਾਈਆ । ਨਾਦ ਧੁਨ ਸ਼ਬਦ ਜੈਕਾਰ, ਅਨਹਦ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਲਾਈਆ । ਜੁਗ ਜੁਗ ਖੇਲ ਹਰਿ ਹਰਿ ਖੇਲਾ, ਅਕਲ ਕਲਾ ਅਖਵਾਇੰਦਾ । ਆਪੇ ਗੁਰੂ ਗੁਰ ਚੇਲਾ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਵੇਖ ਵਖਾਇੰਦਾ । ਆਪ ਸੁਹੇਲਾ ਆਪੇ ਸੱਜਣ, ਹਰਿ ਭਗਤਨ ਆਪ ਉਪਾਇੰਦਾ । ਆਪੇ ਚਰਨ ਧੂੜ ਕਰਾਏ ਮਜਨ, ਆਪਣਾ ਲੇਖਾ ਆਪ ਲਿਖਾਇੰਦਾ । ਆਪੇ ਹੋਏ ਪਰਦੇ ਕੱਜਣ, ਆਪਣਾ ਪਰਦਾ ਏਕਾ ਪਾਇੰਦਾ । ਆਪੇ ਘੜੇ ਭੰਨੇ, ਭੰਨਣਹਾਰਾ ਆਪ ਅਖਵਾਇੰਦਾ । ਆਪੇ ਰਵ ਸਸ ਸੂਰਜ ਚੰਨ ਸਤਾਰਾ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਗਣ ਗੰਧਰਬ ਹਰਿ ਹਰਿ ਭਾਣਾ ਮੰਨਣ, ਹਰਿ ਭਾਣੇ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਆਪਣਾ ਰੰਗ ਹਰਿ ਰੰਗ ਰਾਤਾ, ਹਰਿ ਹਰਿ ਵੱਡੀ ਵਡਿਆਈਆ । ਮਾਨਸ ਮਾਨੁਖ ਦੇਵੇ ਦਾਤਾ, ਆਪ ਆਪਣੀ ਦਇਆ ਕਮਾਈਆ । ਆਪੇ ਰੈਣ ਅੰਧੇਰੀ ਰਾਤਾ, ਆਪੇ ਅਗਿਆਨ ਅੰਧੇਰ ਗਵਾਈਆ । ਆਪੇ ਅੰਮ੍ਰਿਤ ਬੂੰਦ ਸਵਾਂਤਾ, ਸਾਂਤਕ ਸਤਿ ਸਤਿ ਕਰਾਈਆ । ਬੰਦ ਕਿਵਾੜੀ ਖੋਲ੍ਹੇ ਤਾਕਾ, ਦੂਈ ਦਵੈਤੀ ਮੇਟ ਮਿਟਾਈਆ । ਇਕ ਚਲਾਏ ਸਾਚੀ ਗਾਥਾ, ਏਕਾ ਨਾਮ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਪੂਤ ਸਪੂਤਾ ਗੋਦ ਉਠਾਈਆ ।

ਬੈਠਾ ਰਹੇ ਇਕ ਇਕਾਂਤਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਵਟਾਈਆ । ਆਪਣਾ ਨਾਉਂ ਆਪੇ ਰੱਖ, ਆਪਣਾ ਲੇਖ ਲਿਖਾਇੰਦਾ । ਪੁਰਖ ਅਬਿਨਾਸ਼ੀ ਹੋ ਪ੍ਰਤੱਖ, ਲੋਕਮਾਤ ਵੇਸ ਵਟਾਇੰਦਾ । ਆਪੇ ਲੱਖੋਂ ਕਰਨਹਾਰਾ ਕੱਖ, ਆਪੇ ਕੱਖੋਂ ਲੱਖ ਕਰਾਇੰਦਾ । ਜਨ ਭਗਤਾਂ ਮਾਰਗ ਸਾਚਾ ਦੱਸ, ਸਾਚੇ ਮਾਰਗ ਆਪੇ ਲਾਇੰਦਾ । ਮਨਮੁਖਾਂ ਤੀਰ ਨਿਰਾਲਾ ਮਾਰੇ ਕਸ, ਜਗਤ ਰੋਗ ਨਾ ਮਾਤ ਮਿਟਾਇੰਦਾ । ਤੱਤ ਵਿਕਾਰਾ ਲੱਗੇ ਅੱਗ, ਪੰਜ ਤੱਤ ਧੀਰ ਨਾ ਕੋਈ ਧਰਾਇੰਦਾ । ਹਉਮੇ ਹੰਗਤਾ ਰਹੇ ਮਘ, ਸ਼ਾਂਤਕ ਸਤਿ ਨਾ ਕੋਈ ਵਰਤਾਇੰਦਾ । ਮਾਨਸ ਦੇਹੀ ਹੋਏ ਕੱਗ, ਹੰਸ ਚੋਗ ਨਾ ਕੋਈ ਚੁਗਾਇੰਦਾ । ਜਿਸ ਜਨ ਕਿਰਪਾ ਕਰ ਦੇਵੇ ਦਰਸ ਉਪਰ ਸ਼ਾਹ ਰਗ, ਆਪ ਆਪਣੀ ਬੂਝ ਬੁਝਾਇੰਦਾ । ਆਪੇ ਲੱਖ ਚੁਰਾਸੀ ਅੰਦਰ ਨਿਰਗੁਣ ਜੋਤ ਬਣ ਬਣ ਰਿਹਾ ਜਗ, ਆਪੇ ਦੀਪਕ ਗੁਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਖੇਲ ਖਲਾਇੰਦਾ । ਜੁਗ ਕਰਤਾ ਕਰਨੇ ਜੋਗ, ਭੇਵ ਕੋਈ ਨਾ ਪਾਇੰਦਾ । ਲੱਖ ਚੁਰਾਸੀ ਧੁਰ ਸੰਜੋਗ, ਸੰਜੋਗ ਵਿਜੋਗ ਆਪਣੇ ਹੱਥ ਰਖਾਇੰਦਾ । ਜੁਗਾ ਜੁਗੰਤਰ ਕੱਟਣਹਾਰਾ ਰੋਗ, ਨਾਮ ਪਿਆਲਾ ਇਕ ਪਿਆਇੰਦਾ । ਜਿਸ ਜਨ ਦੇਵੇ ਸਾਚਾ ਜੋਗ, ਸਾਚੀ ਭਗਤੀ ਇਕ ਸਿਖਾਇੰਦਾ । ਦਰਸ ਦਿਖਾਏ ਇਕ ਅਮੋਘ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਵੇਸ ਕਰਾਇੰਦਾ । ਵੇਸ ਵਟੰਦੜਾ ਹਰਿ ਭਗਵੰਤ, ਭਗਵਾਨ ਭੇਵ ਨਾ ਰਾਇਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਇਆ । ਲੱਖ ਚੁਰਾਸੀ ਬਣਿਆ ਗੜ੍ਹ ਹਉਮੇ ਹੰਗਤ, ਮਾਇਆ ਮੋਹ ਵਧਾਇਆ । ਰਾਜ ਰਾਜਾਨ ਹੋਏ ਨੰਗਤ, ਸਾਚਾ ਬਸਤਰ ਨਾ ਤਨ ਕੋਈ ਹੰਢਾਇਆ । ਦਰ ਦਰ ਭਿਖਾਰੀ ਬਣੇ ਮੰਗਤ, ਸਾਚੀ ਭਿਛਿਆ ਕੋਇ ਨਾ ਪਾਇਆ । ਸਾਚਾ ਚੜ੍ਹਿਆ ਰੰਗ ਗੂੜ੍ਹਾ ਰੰਗਤ, ਥਿਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇਆ । ਜੁਗ ਜੁਗ ਵੇਸ ਹਰਿ ਨਿਰੰਕਾਰ, ਆਪਣਾ ਰੂਪ ਵਟਾਇੰਦਾ । ਸਤਿਜੁਗ ਤ੍ਰੇਤਾ ਬੰਨ੍ਹੀ ਧਾਰ, ਦੁਆਪਰ ਖੇਲ ਖਿਲਾਇੰਦਾ । ਕਲਜੁਗ ਅੰਤਮ ਵੇਖ ਸੰਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਿਚ ਸਮਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰ, ਸ਼ਬਦ ਅਗੰਮੀ ਡੰਕ ਵਜਾਇੰਦਾ । ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਨਾ ਪਾਏ ਕੋਈ ਸਾਰ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਸਾਧ ਸੰਤ ਗੁਰ ਪੀਰ ਅਵਤਾਰ ਗਾ ਗਾ ਥੱਕੇ ਹਾਰ, ਗਾਵਣਹਾਰਾ ਏਕੰਕਾਰਾ ਏਕਾ ਹੁਕਮ ਸੁਣਾਇੰਦਾ । ਜੀਵ ਜੰਤ ਜੁਗਾ ਜੁਗੰਤ ਨਾ ਹੋਏ ਖੁਵਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਤੇਰਾ ਅੰਤਮ ਵੇਸ, ਹਰਿ ਸਾਚਾ ਰੂਪ ਵਟਾਈਆ । ਨਾ ਕੋਈ ਮੁੱਛ ਦਾੜ੍ਹੀ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਨਾ ਕੋਈ ਪੂਜੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸੁਰਪਤ ਕਰੋੜ ਤੇਤੀਸ ਨਾ ਕੋਈ ਮਨਾਈਆ । ਰਾਮ ਕ੍ਰਿਸ਼ਨ ਨਾ ਕੋਈ ਅਦੇਸ਼, ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਨਾਨਕ ਗੋਬਿੰਦ ਨਾ ਕੋਈ ਮਿਲਾਈਆ । ਪਾਵੇ ਸਾਰ ਨੌ ਖੰਡ ਸੱਤਾਂ ਦੀਪਾਂ ਬ੍ਰਹਮ ਬ੍ਰਹਿਮਾਦ, ਚਾਰੇ ਕੂਟਾਂ ਆਪਣਾ ਡੰਕ ਵਜਾਈਆ । ਨਾ ਕੋਈ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਦਿ ਨਿਰੰਜਣ ਕਰ

ਅਕਾਰ, ਲੋਕਮਾਤ ਕਰੇ ਰੁਸ਼ਨਾਈਆ । ਜੋਤ ਉਜਾਲਾ ਦੀਨ ਦਿਆਲਾ, ਆਪ ਅਖਵਾਇੰਦਾ । ਕਲਜੁਗ ਤੋੜੇ ਅੰਤ ਜੰਜਾਲਾ, ਸੇਵਾ ਲਾਏ ਕਾਲ ਮਹਾਂਕਾਲਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਜਨ ਭਗਤਾਂ ਬਣੇ ਆਪ ਰਖਵਾਲਾ, ਸ਼ਬਦ ਸਰੂਪੀ ਬਣ ਦਲਾਲਾ, ਵਰਨ ਬਰਨ ਨਾ ਕੋਈ ਜਣਾਇੰਦਾ । ਧਰਮ ਰਾਏ ਵਜਾਏ ਤਾਲਾ, ਚਾਰੋਂ ਕੁੰਟ ਖੇਲ ਨਿਰਾਲਾ, ਕਾਲੀ ਧਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਰੂਪ ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਆਪ ਅਖਵਾਇੰਦਾ । ਹਰਿ ਹਰਿ ਭੇਵ ਆਪਣਾ ਖੋਲ੍ਹ, ਹਰਿਜਨ ਦਏ ਬੁਝਾਈਆ । ਆਪੇ ਤੋਲੇ ਆਪਣੇ ਤੋਲ, ਨਾਮ ਕੰਡਾ ਹੱਥ ਉਠਾਈਆ । ਖੰਡਾਂ ਬ੍ਰਹਿਮੰਡਾਂ ਵਜਾਏ ਢੋਲ, ਅੰਡਜ ਜੇਰਜ ਉਤਭੁਜ ਸੇਹਤਜ ਚਾਰੇ ਖਾਣੀ ਦਏ ਉਠਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਅੰਤਰ ਵੇਖੇ ਸਚ ਵਸਤ ਕਵਣ ਰੱਖੇ ਕੋਲ, ਨਾਮ ਭੰਡਾਰਾ ਕਵਣ ਕਾਇਆ ਮੰਦਰ ਵਿਚ ਸੁਹਾਈਆ । ਕਵਣ ਨਿਰਗੁਣ ਸਰਗੁਣ ਕਰੇ ਚੋਲ੍ਹ, ਕਾਇਆ ਚੋਲਾ ਰੰਗ ਚੜ੍ਹਾਈਆ । ਕਵਣ ਗੁਰਮੁਖ ਬੈਠਾ ਰਹੇ ਅਡੋਲ, ਕਲਜੁਗ ਮਾਇਆ ਪੋਹ ਨਾ ਸਕੇ ਰਾਈਆ । ਕਵਣ ਕਾਹਨਾ ਕ੍ਰਿਸ਼ਨਾ ਸਾਚੀ ਸਖੀਆਂ ਖੇਲੇ ਖੇਲ ਹੋਲ, ਲਾਲ ਗੁਲਾਲਾ ਰੰਗ ਕਵਣ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਚਾਲ ਆਪਣੇ ਹੱਥ ਰਖਾਈਆ । ਚਾਲ ਨਿਰਾਲੀ ਜੋਤ ਅਕਾਲ, ਆਪਣੀ ਆਪ ਚਲਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਭਾਲ, ਸੰਤ ਸਾਧ ਵੇਖ ਵਖਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਵੇਖੇ ਫਲ ਕਿਹੜੇ ਡਾਲ, ਅੰਦਰ ਮੰਦਰ ਖੋਜ ਖੁਜਾਇੰਦਾ । ਪੰਡਤ ਪਾਂਧੇ ਵੇਖੇ ਸ਼ਾਹ ਕੰਗਾਲ, ਸਚ ਨਾਮ ਕਵਣ ਹੱਟ ਵਿਕਾਇੰਦਾ । ਗ੍ਰੰਥੀ ਪੰਥੀ ਵੇਖੇ ਤੋੜੇ ਕਵਣ ਜੰਜਾਲ, ਮਾਇਆ ਮਮਤਾ ਕਵਣ ਮਿਟਾਇੰਦਾ । ਕਵਣ ਬੈਠਾ ਗੁਰ ਦਰ ਮੰਦਰ ਮਸਜਿਦ ਸੱਚੀ ਧਰਮਸਾਲ, ਮੱਠ ਸ਼ਿਵਦੁਆਲਾ ਕਵਣ ਸੁਹਾਇੰਦਾ । ਕਵਣ ਵਣਜ ਕਰਾਏ ਅਨਮੁਲੜੇ ਲਾਲ, ਨਾਮ ਅਮੋਲਕ ਹੀਰਾ ਨਾਮ ਝੋਲੀ ਪਾਇੰਦਾ । ਕਵਣ ਸਰ ਸਰੋਵਰ ਸਾਚੇ ਮਾਰ ਛਾਲ, ਅਠਸਠ ਬੇੜਾ ਪਾਰ ਕਰਾਇੰਦਾ । ਕਵਣ ਘਾਲਣ ਰਿਹਾ ਘਾਲ, ਇਸ਼ਟ ਦੇਵ ਇਕ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਲੱਖ ਚੁਰਾਸੀ ਫੋਲਣਹਾਰਾ, ਘਰ ਘਰ ਆਪ ਸਮਾਇਆ । ਇਕ ਇਕੱਲਾ ਏਕੰਕਾਰਾ, ਅਕਲ ਕਲ ਅਖਵਾਇਆ । ਅੰਦਰ ਮੰਦਰ ਗੁਪਤ ਜ਼ਾਹਰਾ, ਦਿਸ ਕਿਸੇ ਨਾ ਆਇਆ । ਲੇਖਾ ਲਿਖੇ ਵਿਚ ਸੰਸਾਰਾ, ਸਾਰਿੰਗ ਧਰ ਭਗਵਾਨ ਬੀਠਲੋ ਭੇਵ ਕੋਈ ਨਾ ਪਾਇਆ । ਆਪੇ ਹੋਏ ਆਰ ਪਾਰ ਕਿਨਾਰਾ, ਜੁਗ ਜੁਗ ਬੇੜਾ ਰਿਹਾ ਚਲਾਇਆ । ਆਪੇ ਡੋਬਣਹਾਰਾ ਵਿਚ ਮੰਝਧਾਰਾ, ਆਪਣਾ ਧੱਕਾ ਲਾਇਆ । ਆਪੇ ਲਏ ਸਤਿ ਹੁਲਾਰਾ, ਸਤਿ ਸਤਿਵਾਦੀ ਨਾਉਂ ਧਰਾਇਆ । ਆਪੇ ਬੋਧ ਅਗਾਧੀ ਬੋਲ ਜੈਕਾਰਾ, ਸੋ ਪੁਰਖ ਨਿਰੰਜਣ ਏਕਾ ਨਾਉਂ ਧਰਾਇਆ । ਹੰ ਬ੍ਰਹਮ ਕਰ ਨਿਆਰਾ, ਪਾਰਬ੍ਰਹਮ ਸੇਵਾ ਲਾਇਆ । ਨਿਰਗੁਣ ਰੂਪ ਅਨੂਪ ਸੱਚੀ ਸਰਕਾਰਾ, ਸਾਚੇ ਤਖ਼ਤ ਸੁਲਤਾਨ ਹਰਿ ਸਾਚਾ ਆਪ ਸੁਹਾਇਆ । ਰਾਜ ਜੋਗ ਜਗਤ ਭਗਤ ਜਾਣੇ ਸ੍ਰੀ ਭਗਵਾਨ, ਜੋਗ ਜੁਗੀਸ਼ਰ ਨਾਉਂ ਧਰਾਇਆ । ਤਪੀ ਤਪੀਸ਼ਰ ਖੇਲ ਮਹਾਨ, ਰਿਖੀ ਰਿਖੇਸ਼ਰ ਕੇਸ਼ਵ ਰੂਪ ਵਟਾਇਆ । ਸਤਿ ਸੰਤੋਖੀ ਬ੍ਰਹਮ ਗਿਆਨ, ਸਤਿ ਮੰਤਰ ਨਾਮ ਦ੍ਰਿੜਾਇਆ । ਜਤ ਸਤਿ ਧੀਰਜ ਵਿਚ ਜਹਾਨ, ਆਤਮ ਤੱਤ ਇਕ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਡੰਕ ਵਜਾਇਆ । ਕਲਜੁਗ ਡੰਕ ਹਰਿ ਭਗਵਾਨ, ਆਪਣਾ ਆਪ ਵਜਾਈਆ ।

ਆਪ ਉਠਾਏ ਰਾਓ ਰੰਕ ਸ਼ਾਹ ਸੁਲਤਾਨ, ਸੋਇਆ ਕੋਇ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਮਾਰੇ ਏਕਾ ਬਾਣ, ਦੀਪ ਮਹਾਂਦੀਪ ਫੋਲ ਫੁਲਾਈਆ । ਖ਼ਾਲਕ ਖ਼ਲਕ ਵੇਖ ਰਹੀਮ ਰਹਿਮਾਨ, ਆਪਣੀ ਰਹਿਮਤ ਦਏ ਬੁਝਾਈਆ । ਲੇਖਾ ਜਾਣੇ ਅੰਜੀਲ ਕੁਰਾਨ, ਬੀਸ ਬੀਸਾ ਆਪੇ ਗਾਈਆ । ਸ਼ਰਅ ਸ਼ਰੀਅਤ ਵੇਖ ਦੁਕਾਨ, ਜੁਗ ਜੁਗ ਦਏ ਚੁਕਾਈਆ । ਹੱਕ ਹਕੀਕਤ ਹੋਈ ਕੁਰਬਾਨ, ਕੂੜੀ ਕਿਰਿਆ ਵੇਖ ਵਖਾਈਆ । ਐਨਲਹੱਕ ਕੂਕੇ ਇਕ ਜ਼ਬਾਨ, ਏਕਾ ਕਲਮਾ ਕਾਇਨਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੱਕ ਬਹੱਕ ਖੇਲ ਬਹੱਕ ਹਰਿ ਸਾਚਾ ਆਪ ਕਰਾਈਆ । ਸਾਚਾ ਖੇਲ ਖਲਾਵਣਹਾਰਾ ਏਕੰਕਾਰਾ ਪਰਵਰਦਿਗਾਰਾ, ਨੂਰ ਇਲਾਹੀ ਨੂਰ ਉਜਿਆਰਾ, ਖੇਲੇ ਖੇਲ ਵਿਚ ਸੰਸਾਰਿਆ । ਈਸਾ ਮੂਸਾ ਦਏ ਹੁਲਾਰਾ, ਸੰਗ ਮੁਹੰਮਦ ਚਾਰ ਯਾਰ ਬੰਨ੍ਹੇ ਧਾਰਾ, ਅੱਲਾ ਰਾਣੀ ਪਾਵੇ ਸਾਰਾ, ਰੂਪ ਅਨੂਪ ਆਪ ਵਟਾ ਲਿਆ । ਰਾਮ ਰੂਪ ਹੋ ਉਜਿਆਰਾ, ਖੇਲੇ ਖੇਲ ਅਗੰਮ ਅਪਾਰਿਆ । ਕਾਹਨਾ ਕ੍ਰਿਸ਼ਨਾ ਬੋਲ ਜੈਕਾਰਾ, ਜੈ ਜੈ ਵੰਤੀ ਨਾਮ ਧਰਾ ਰਿਹਾ । ਨਾਨਕ ਗੋਬਿੰਦ ਦਏ ਹੁਲਾਰ, ਨਿਰਗੁਣ ਸਰਗੁਣ ਵੇਸ ਵਟਾ ਲਿਆ । ਖੇਲੇ ਖੇਲ ਵਿਚ ਸੰਸਾਰਾ, ਅਲੱਖ ਨਿਰੰਜਣ ਆਪ ਆਪਣੀ ਅਲੱਖ ਜਗਾ ਰਿਹਾ । ਏਕਾ ਸ਼ਬਦ ਇਕ ਧੁਨਕਾਰਾ, ਏਕਾ ਗੀਤ ਸੁਣਾ ਰਿਹਾ । ਆਦਿ ਜੁਗਾਦੀ ਕਰ ਪਸਾਰਾ, ਜਗਤ ਵੇਸ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਮ ਖੰਡਾ ਤੇਜ਼ ਪ੍ਰਚੰਡਾ ਆਪਣਾ ਆਪ ਉਠਾ ਲਿਆ । ਨਾਮ ਖੰਡਾ ਤੀਰ ਕਟਾਰ, ਹਰਿ ਸਾਚਾ ਹੱਥ ਉਠਾਈਆ । ਲੱਖ ਚੁਰਾਸੀ ਆਰ ਪਾਰ, ਜੀਵ ਜੰਤ ਨਾ ਕੋਈ ਸਹਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਦਏ ਮਿਟਾਈਆ । ਗੜ੍ਹ ਤੋੜੇ ਮਾਇਆ ਮਮਤਾ ਲੋਭ ਮੋਹ ਹੰਕਾਰ, ਕਾਮ ਕਰੋਧ ਰਹਿਣ ਨਾ ਪਾਈਆ । ਹਰਿਜਨ ਨਾਮ ਮੰਗਤ ਰਹੇ ਭਿਖਾਰ, ਏਕਾ ਵੰਡੀ ਨਾਮ ਵੰਡਾਈਆ । ਸਾਚੀ ਸੰਗਤਾ ਕਰ ਤਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਹਿੰਦੂ ਮੁਸਲਿਮ ਸਿਖ ਈਸਾਈ ਸਰਬ ਜੀਆਂ ਦਾ ਯਾਂਝਾ ਯਾਰ, ਇਕ ਅਖਵਾਈਆ । ਵਰਨਾਂ ਬਰਨਾਂ ਵਸਿਆ ਬਾਹਰ, ਅਠਾਰਾਂ ਬਰਨ ਨਾ ਕੋਈ ਉਪਾਈਆ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲੇਖ ਬੇਪਰਵਾਹੀਆ । ਕੋਟਨ ਕੋਟ ਕੋਟੀ ਗਏ ਹਾਰ, ਵੇਦ ਪੁਰਾਨ ਸ਼ਾਸਤਰ ਸਿਮਰਤ ਦੇਣ ਗੁਵਾਹੀਆ । ਜੁਗਾ ਜੁਗੰਤਰ ਲੋਕਮਾਤ ਲੈ ਅਵਤਾਰ, ਜਨ ਭਗਤਾਂ ਹੋਏ ਸਹਾਈਆ । ਫੜ ਫੜ ਬਾਹੋਂ ਲਾਏ ਪਾਰ, ਡੁੱਬਦਾ ਬੇੜਾ ਆਪ ਤਰਾਈਆ । ਦੇਵੇ ਦਰਸ ਅਗੰਮ ਅਪਾਰ, ਸਤਿ ਸਰੂਪੀ ਨਾਉਂ ਧਰਾਈਆ । ਮੇਟਣਹਾਰਾ ਅੰਧ ਅੰਧਿਆਰ, ਸਾਚਾ ਚੰਨ ਆਪ ਚੜ੍ਹਾਈਆ । ਰਵ ਸਸ ਕਰਨ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਬ੍ਰਹਿਮੰਡ ਖੰਡ ਚਰਨਾਂ ਹੇਠ ਦਏ ਲਤਾੜ, ਪਾਰਬ੍ਰਹਮ ਵੱਡੀ ਵਡਿਆਈਆ । ਵਸਣਹਾਰਾ ਸਚਖੰਡ ਨਿਆਰ, ਸਚ ਮਹੱਲਾ ਇਕ ਸੁਹਾਈਆ । ਜੋਤੀ ਨੂਰ ਕਰ ਉਜਿਆਰ, ਅੰਧੇਰੀ ਰੈਣ ਨਾ ਕੋਈ ਵਖਾਈਆ । ਕਮਲਾਪਾਤੀ ਖੇਲ ਅਪਾਰ, ਘਰ ਬੈਠਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਕਰਨੇਹਾਰਾ, ਜੁਗਾ ਜੁਗੰਤਰ ਲਏ ਅਵਤਾਰਾ, ਲਹਿਣਾ ਦੇਣਾ ਦਏ ਚੁਕਾਈਆ । ਕਲਜੁਗ ਅੰਤਮ ਚੁੱਕਿਆ ਲਹਿਣਾ, ਹਰਿ ਸਾਚੇ ਆਪ ਚੁਕਾਵਣਾ । ਪੰਜ ਤੱਤ ਵਿਕਾਰਾ ਪਾਇਆ ਗਹਿਣਾ, ਮਨ ਮਤ ਵੇਸ ਕਰਾਵਣਾ । ਜੂਠ ਝੂਠ ਲਾਗੇ ਹੋ ਹੋ ਬਹਿਣਾ, ਕੂੜੀ ਕਿਰਿਆ ਗੀਤ ਸੁਣਾਵਣਾ । ਕਾਮੀ ਕਰੋਧੀ ਦਰਸ਼ਨ ਨੈਣਾ, ਜੋਤੀ ਧੀ ਧਾਰ ਨਾ ਕੋਈ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ

੧੦੮੪
੦੮

ਖਲਾਵਣਾ । ਕਲਜੁਗ ਲਹਿਣਾ ਜਾਏ ਚੁੱਕ, ਹਰਿ ਸਾਚਾ ਆਪ ਚੁਕਾਈਆ । ਧਰਤ ਮਾਤ ਦੀ ਸੁਫਲ ਕਰਾਏ ਕੁੱਖ, ਹਰਿਜਨ ਸਾਚੇ ਦਏ ਉਪਜਾਈਆ । ਜਨ ਭਗਤਾਂ ਕਰੇ ਉਜਲ ਮੁੱਖ, ਦੇਵੇ ਨਾਮ ਵੱਡੀ ਵਡਿਆਈਆ । ਸੁੱਕੇ ਕਰੇ ਹਰੇ ਰੁੱਖ, ਅੰਮ੍ਰਿਤ ਆਤਮ ਸਿੰਚ ਹਰਾ ਕਰਾਈਆ । ਚਾਰ ਵਰਨਾਂ ਮੇਟੇ ਭੁੱਖ, ਦੀਨਾਂ ਅਨਾਥਾਂ ਹੋਏ ਸਹਾਈਆ । ਅੰਮ੍ਰਿਤ ਆਤਮ ਦੇਵੇ ਸੁੱਖ, ਬਿਰਹੋਂ ਰੋਗ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕੂੜਾ ਦਏ ਮਿਟਾਈਆ । ਕਲਜੁਗ ਕੂੜਾ ਬੁਰਜ ਹੰਕਾਰ, ਹਰਿ ਸਾਚਾ ਆਪੇ ਢਾਇੰਦਾ । ਰਾਜ ਰਾਜਾਨਾਂ ਕਰੇ ਖ਼ਵਾਰ, ਸ਼ਾਹ ਸੁਲਤਾਨ ਨਾ ਕੋਈ ਵਖਾਇੰਦਾ । ਜੀਵ ਜੰਤ ਨਾ ਦਿਸੇ ਕੋਈ ਮੀਤ ਮੁਰਾਰ, ਨਾ ਕੋਈ ਸੰਗ ਨਿਭਾਇੰਦਾ । ਉਮਤ ਉਮਤੀ ਮਾਰੇ ਮਾਰ, ਹਰਿ ਭਾਣਾ ਭਾਣੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਾਚੇ ਘਰ, ਰਵ ਸਸ ਸੂਰਜ ਚੰਨ ਆਪਣੀ ਸੇਵਾ ਆਪੇ ਲਾਇੰਦਾ । ਰਵ ਸਸ ਤਾਰ ਸਤਾਰ, ਕੋਟਨ ਕੋਟ ਰਹੇ ਡਗਮਗਾਈਆ । ਪੁਰਖ ਅਬਿਨਾਸ਼ੀ ਵੇਖਣਹਾਰ, ਆਪੇ ਵੇਖੇ ਬੇਪਰਵਾਹੀਆ । ਸਿਫ਼ਤ ਸਲਾਹੀ ਸਲਾਹਕਾਰ, ਲੇਖਾ ਲਿਖ ਨਾ ਸਕੇ ਕੋਈ ਰਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਭੇਵ ਨਾ ਪਾਏ ਕੋਈ ਜੀਵ ਵਿਚ ਸੰਸਾਰ, ਬੁੱਧੀ ਰੋਵੇ ਦਏ ਦੁਹਾਈਆ । ਬੁੱਧ ਨਿਮਾਣੀ ਬਾਲੀ ਵੇਲੇ ਅੰਤ ਜਾਏ ਹਾਰ, ਤਨ ਸ਼ਿੰਗਾਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਬੁੱਧੀ ਬਲ ਬਲਵਾਨ, ਤੱਤਵ ਤੱਤ ਵਿਚ ਸਮਾਇੰਦਾ । ਆਪਣਾ ਖੇਲ ਜਾਣੇ ਭਗਵਾਨ, ਦੂਸਰ ਹੱਥ ਕਿਸੇ ਨਾ ਆਇੰਦਾ । ਕੋਟਨ ਕੋਟੀ ਲੱਭਦੇ ਫਿਰਨ ਨਿਸ਼ਾਨ, ਹਰਿ ਕਾ ਨਿਸ਼ਾਨਾ ਕੋਈ ਨਾ ਪਾਇੰਦਾ । ਕੋਟਨ ਕੋਟੀ ਰਸਨਾ ਗਾਣ, ਬੱਤੀ ਦੰਦ ਜਿਹਵਾ ਰਸਨ ਹਿਲਾਇੰਦਾ । ਕੋਟਨ ਕੋਟੀ ਅੰਦਰ ਵੜ ਵੜ ਬੈਠੇ ਜਗਤ ਮਕਾਨ, ਆਸਣ ਸਿੰਘਾਸਣ ਨਾ ਕੋਈ ਵਿਛਾਇੰਦਾ । ਕੋਟਨ ਕੋਟੀ ਚੜ੍ਹ ਚੜ੍ਹ ਥੱਕੇ ਵਿਚ ਜਹਾਨ, ਹਰਿ ਭਗਵਾਨ ਦਿਸ ਨਾ ਆਇੰਦਾ । ਕੋਟਨ ਕੋਟੀ ਲੋਕਮਾਤ ਝੁਲਾਇਣ ਨਿਸ਼ਾਨ, ਅੰਤ ਨਿਸ਼ਾਨ ਕੋਈ ਰਹਿਣ ਨਾ ਪਾਇੰਦਾ । ਸਰਬ ਜੀਆਂ ਦਾ ਦਾਤਾ ਸ੍ਰੀ ਭਗਵਾਨ, ਮਨ ਮਤ ਬੁੱਧ ਜੀਆਂ ਦਾਤਾ ਝੋਲੀ ਪਾਇੰਦਾ । ਆਪੇ ਦੇਵਣਹਾਰਾ ਜਗਤ ਗਿਆਨ, ਜਗਤ ਜੁਗਤੀ ਆਪ ਜਣਾਇੰਦਾ । ਆਪੇ ਸ਼ਕਤੀ ਖਿਚੇ ਕਰੇ ਸੁੰਞ ਮਸਾਣ, ਧੂਆਂਧਾਰ ਆਪ ਵਖਾਇੰਦਾ । ਆਪੇ ਮਾਰਨਹਾਰਾ ਬਾਣ, ਆਪੇ ਚਿੱਲਾ ਕਮਾਨ ਉਠਾਇੰਦਾ । ਆਪੇ ਢਹਿ ਢਹਿ ਮੰਗੇ ਚਰਨ ਧਿਆਨ, ਚਰਨ ਚਰਨੋਦਕ ਆਪ ਵਖਾਇੰਦਾ । ਆਪੇ ਦੇਵੇ ਮਾਣ ਅਭਿਮਾਣ, ਮਾਇਆ ਮਮਤਾ ਆਪੇ ਮੋਹ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪਣੀ ਹੋਂਦ ਆਪਣੇ ਵਿਚ ਟਿਕਾਇੰਦਾ । ਸਾਚਾ ਭਾਣਾ ਹਰਿ ਕਰਤਾਰ, ਕਾਦਰ ਕਰਤਾ ਕੁਦਰਤ ਖੇਲ ਖਲਾਈਆ । ਬੁੱਧ ਬਬੇਕੀ ਕਰ ਤਿਆਰ, ਬਾਵਨ ਭੇਖੀ ਭੇਖ ਵਟਾਈਆ । ਅਲਖ ਅਲੇਖੀ ਖੇਲ ਨਿਆਰ, ਅਲੱਖ ਅਗੋਚਰ ਖੇਲ ਖਲਾਈਆ । ਵੇਖਾ ਵੇਖੀ ਜਾਣੇ ਸੰਸਾਰ, ਪੇਖਤ ਦਰਸ ਨਾ ਕੋਈ ਪਾਈਆ । ਦੇਸ ਪ੍ਰਦੇਸ ਹੋਏ ਖ਼ਵਾਰ, ਨਰ ਨਰੇਸ਼ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਭਾਣਾ ਸਾਚਾ ਰਾਣਾ ਧੁਰ ਫ਼ਰਮਾਣਾ ਕੋਟ ਬ੍ਰਹਿਮੰਡ ਵਿਚ ਵਰਭੰਡ, ਜੇਰਜ ਅੰਡ ਜੀਵ ਜੰਤ ਸਾਧ ਸੰਤ ਪਸ਼ੂ ਪੰਖੀ ਪੰਛੀ ਆਪਣੇ ਹੁਕਮੇ ਰਿਹਾ ਫਿਰਾਈਆ ।

## ✪ ੨੬ ਅੱਸੂ ੨੦੧੬ ਬਿਕ੍ਰਮੀ ਦਰਬਾਰ ਵਿਚ ਦਿਲੀ ✪

ਨਿਰਗੁਣ ਨੂਰ ਹਰਿ ਨਿਰੰਕਾਰ, ਏਕਾ ਏਕ ਏਕੰਕਾਰਿਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਅਲੱਖ ਅਗੋਚਰ ਅਗੰਮ ਅਥਾਹ ਭੇਵ ਨਾ ਆ ਰਿਹਾ । ਆਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਰਖਾ ਰਿਹਾ । ਅਬਿਨਾਸ਼ੀ ਹਰਿ ਭਗਵੰਤ, ਹਰਿ ਹਰੀ ਵੱਡੀ ਵਡਿਆਈਆ । ਖੇਲੇ ਖੇਲ ਆਦਿ ਅੰਤ, ਅਕਲ ਕਲ ਆਪ ਅਖਵਾਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਕਰਤਾ ਨਾਉਂ ਧਰਾਈਆ । ਲੱਖ ਚੁਰਾਸੀ ਬਣਾਏ ਬਣਤ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਕਰੋੜ ਤੇਤੀਸਾ ਮਣੀਆ ਮੰਤ, ਸੁਰਪਤ ਰਾਜਾ ਇੰਦ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਖਲਾਈਆ । ਇਕ ਇਕੱਲਾ ਅਕਲ ਕਲ ਧਾਰ, ਆਦਿ ਜੁਗਾਦਿ ਸਮਾਇਆ । ਜੋਤੀ ਨੂਰ ਇਕ ਉਜਿਆਰ, ਧੁਨ ਅਨਾਦੀ ਜੈਕਾਰਾ ਲਾਇਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਆਪ ਆਪਣਾ ਖੇਲ ਖਲਾਇਆ । ਵਸਣਹਾਰਾ ਸਚਖੰਡ ਦੁਵਾਰ, ਥਿਰ ਘਰ ਸਾਚਾ ਇਕ ਸੁਹਾਇਆ । ਸਚ ਸਿੰਘਾਸਣ ਜੋਤ ਉਜਿਆਰ, ਪੁਰਖ ਅਬਿਨਾਸ਼ੀ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸੁਹੰਜਣਾ ਇਕ ਸੁਹਾਇਆ । ਘਰ ਸੁਹੰਜਣਾ ਪੁਰਖ ਅਕਾਲ, ਏਕਾ ਏਕ ਰਖਾਇੰਦਾ । ਨਿਰਗੁਣ ਦੀਪਕ ਆਪਣਾ ਬਾਲ, ਆਪ ਆਪਣਾ ਵੇਖ ਵਖਾਇੰਦਾ । ਆਪੇ ਵਸਣਹਾਰਾ ਸਚ ਸੱਚੀ ਧਰਮਸਾਲ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ ਆਪ ਆਪਣੀ ਰਚਨ ਰਚਾਇੰਦਾ । ਸ਼ਾਹੋ ਭੂਪ ਹਰਿ ਸਚ ਸੁਲਤਾਨ, ਪਾਰਬ੍ਰਹਮ ਅਖਵਾਈਆ । ਸਚਖੰਡ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਈ ਛੁਹਾਈਆ । ਜੋਤੀ ਨੂਰ ਨੂਰ ਮਹਾਨ, ਏਕਾ ਏਕ ਡਗਮਗਾਈਆ । ਨਾ ਕੋਈ ਦੂਸਰ ਦਿਸੇ ਹੋਰ ਨਿਸ਼ਾਨ, ਰਵ ਸਸ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਆਪਣਾ ਰੰਗ ਆਪੇ ਰੰਗ, ਹਰਿ ਸਾਚਾ ਵੇਖ ਵਖਾਇੰਦਾ । ਆਪਣੀ ਸੇਜਾ ਬੈਠ ਪਲੰਘ, ਆਪ ਆਪਣਾ ਆਸਣ ਲਾਇੰਦਾ । ਆਪ ਆਪਣਾ ਰੱਖੇ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਆਪ ਆਪਣੀ ਮੰਗੇ ਮੰਗ, ਆਪਣੀ ਭਿਛਿਆ ਆਪੇ ਝੋਲੀ ਪਾਇੰਦਾ । ਆਪ ਆਪਣਾ ਵਜਾਏ ਮਰਦੰਗ, ਆਪ ਆਪਣਾ ਤਾਲ ਰਖਾਇੰਦਾ । ਆਪ ਆਪਣਾ ਦਰ ਦੁਵਾਰ ਆਪੇ ਲੰਘ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਜੁਗਾਦਿ ਨਾ ਹੋਏ ਭੰਗ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸਰਬ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਗਗਨ ਪਤਾਲ ਵੇਖ ਵਖਾਇੰਦਾ । ਨਿਝ ਘਰ ਸਚ ਸਿੰਘਾਸਣ, ਹਰਿ ਹਰਿ ਆਪ ਸੁਹਾਇੰਦਾ । ਆਪੇ ਬੈਠ ਸਰਬ ਗੁਣ ਤਾਸਣ, ਗੁਣਵੰਤਾ ਗੁਣ ਗੁਣ ਵੇਖ ਵਖਾਇੰਦਾ । ਪਾਵੇ ਸਾਰ ਪ੍ਰਿਥਮੀ ਅਕਾਸ਼ਨ, ਅਕਾਸ਼ ਅਕਾਸ਼ਾਂ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਹਰਿ ਗੋਪਾਲਾ, ਰੂਪ ਅਨੂਪ ਆਪ ਵਟਾਇੰਦਾ । ਆਦਿ ਸ਼ਕਤ ਰੂਪ ਭਵਾਨੀ, ਨਿਰਗੁਣ ਧਾਰ ਚਲਾਈਆ । ਆਦਿ ਜੁਗਾਦੀ ਜੋਤ ਨੁਰਾਨੀ, ਨੂਰੋ ਨੂਰ ਡਗਮਗਾਈਆ । ਪਰਮ ਪੁਰਖ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪ ਅਖਵਾਈਆ । ਪਾਵੇ ਸਾਰ ਦੋ ਜਹਾਨੀ, ਚੌਦਾਂ ਲੋਕ ਭੇਵ ਖੁਲ੍ਹਾਈਆ ।

ਚੌਦਾਂ ਤਬਕਾਂ ਜਗਤ ਵਿਕਾਨੀ, ਆਪ ਆਪਣਾ ਵਣਜ ਕਰਾਈਆ । ਧੁਰਦਰਗਾਹੀ ਦਾਤਾ ਦਾਨੀ, ਏਕਾ ਵਸਤ ਰਿਹਾ ਵਰਤਾਈਆ । ਪਾਰਬ੍ਰਹਮ ਪ੍ਰਭ ਸਚ ਨਿਸ਼ਾਨੀ, ਲੋਕਮਾਤ ਦਏ ਉਪਜਾਈਆ । ਨਿਰਗੁਣ ਮਾਇਆ ਬੰਧ ਬੰਧਾਨੀ ਜੋੜ ਜੁੜਾਨੀ, ਆਪੇ ਜਾਣੇ ਆਪਣੀ ਖਾਣੀ, ਆਪ ਆਪਣਾ ਲਏ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਨਿਰਗੁਣ ਧਾਰ ਨਿਰਗੁਣ ਰੰਗ ਰੇਖ ਨਾ ਕੋਈ ਜਣਾਈਆ । ਨਿਰਗੁਣ ਨਰ ਹਰਿ ਨਰਾਇਣ, ਨਰ ਹਰਿ ਆਪ ਅਖਵਾਇੰਦਾ । ਹਰਿ ਕਾ ਭੇਵ ਕੋਈ ਨਾ ਸਕੇ ਕਹਿਣ, ਲੇਖਾ ਲੇਖ ਨਾ ਕੋਈ ਜਣਾਇੰਦਾ । ਆਪੇ ਜਾਣੇ ਆਪਣਾ ਲਹਿਣ ਦੇਣ, ਦੇਣਾ ਲਹਿਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਨਾਉਂ ਧਰਾਇੰਦਾ । ਅਜੂਨੀ ਰਹਿਤ ਸਤਿ ਪੁਰਖ ਨਿਰੰਜਣ, ਆਦਿ ਅੰਤ ਵੱਡੀ ਵਡਿਆਈਆ । ਜਨ ਭਗਤਾਂ ਨੇਤਰ ਨਾਮ ਪਾਏ ਅੰਜਨ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਸੁਹੇਲਾ ਸਖਾ ਸਖਾਈ ਸੱਜਣ, ਸਾਖਯਾਤ ਰੂਪ ਵਟਾਈਆ । ਤ੍ਰੈਲੋਕੀ ਨਾਥ ਸਗਲਾ ਸਾਥ ਚਰਨ ਧੂੜ ਕਰਾਏ ਸਾਚਾ ਮਜਨ, ਭਵ ਸਾਗਰ ਪਾਰ ਕਰਾਈਆ । ਓਮ ਸੋਇਮ ਨਿਰਗੁਣ ਨਿਰਾਕਾਰ ਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਆਪ ਹੰਢਾਈਆ । ਆਪਣੀ ਧਾਰ ਆਪੇ ਬੰਨ੍ਹ, ਆਪੇ ਵੇਖ ਵਖਾਇੰਦਾ । ਆਪੇ ਲੇਖੇ ਲਾਏ ਰਵ ਸਸ, ਚੰਨ ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਲੱਖ ਚੁਰਾਸੀ ਮੇਲਾ ਹੱਸ ਹੱਸ, ਤੋੜ ਵਿਛੋੜਾ ਆਪ ਕਰਾਇੰਦਾ । ਆਪੇ ਹਰਿਜਨ ਅੰਦਰ ਜਾਏ ਵਸ, ਆਪ ਆਪਣੀ ਬੂਝ ਬੁਝਾਇੰਦਾ । ਤੀਰ ਨਿਰਾਲਾ ਮਾਰੇ ਕਸ, ਸ਼ਬਦੀ ਬਾਣ ਇਕ ਉਠਾਇੰਦਾ । ਆਪੇ ਪੰਜ ਵਿਕਾਰਾ ਦੇਵੇ ਡੱਸ, ਪੰਚਮ ਤੱਤ ਨਾ ਕੋਈ ਸੁਣਾਇੰਦਾ । ਆਪੇ ਮਾਰਗ ਸਾਚਾ ਦੇਵੇ ਦੱਸ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਆਪੇ ਆਤਮ ਰਸੀਆ ਦੇਵੇ ਰਸ, ਆਤਮ ਅੰਤਰ ਨਿਝਰ ਝਿਰਨਾ ਆਪ ਝਿਰਾਇੰਦਾ । ਆਪੇ ਭਗਤ ਭਗਵੰਤ ਹੋਏ ਵਸ, ਸਾਚੀ ਡੋਰੀ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਹਾਜ਼ਰ ਹਜ਼ੂਰ ਹਰਿ ਸਾਚਾ ਵਡ ਵਡਿਆਈਆ । ਜਨ ਭਗਤਾਂ ਆਸਾ ਮਨਸਾ ਪੂਰ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਧੁਨ ਅਨਾਦੀ ਅਨਹਦ ਤੂਰ, ਆਤਮ ਅੰਤਰ ਦਏ ਸੁਣਾਈਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਮਸਤਕ ਟਿੱਕਾ ਮੇਟੇ ਝੂਠੀ ਸ਼ਾਹੀਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੀਤਾ ਇਕ ਅਤੀਤਾ, ਪਤਿਤ ਪੁਨੀਤਾ ਆਪੇ ਵੇਖ ਵਖਾਈਆ । ਪਤਿਤ ਪੁਨੀਤਾ ਪਤਿਤ ਪਾਵਣ, ਪਾਰਬ੍ਰਹਮ ਅਖਵਾਇੰਦਾ । ਧਾਰੇ ਭੇਖ ਜਿਉਂ ਬਲ ਬਾਵਨ, ਵਲ ਛਲ ਧਾਰੀ ਆਪ ਹੋ ਜਾਇੰਦਾ । ਆਪੇ ਤੋੜਣਹਾਰਾ ਲੰਕਾ ਗੜ੍ਹ ਹੰਕਾਰੀ ਮੇਟ ਮਿਟਾਏ ਰਾਮਾ ਰਾਵਣ, ਬਾਣ ਨਿਰਾਲਾ ਆਪ ਲਗਾਇੰਦਾ । ਆਪੇ ਗ਼ਰੀਬ ਨਿਮਾਣਿਆਂ ਬਣੇ ਜ਼ਾਮਨ, ਕਾਹਨਾ ਕੰਸਾ ਆਪ ਖਪਾਇੰਦਾ । ਆਪੇ ਹਰਿਜਨ ਪਕੜੇ ਦਾਮਨ, ਆਪਣਾ ਪੱਲਾ ਆਪ ਫੜਾਇੰਦਾ । ਆਪੇ ਮੇਟਣਹਾਰਾ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਪੇ ਵੇਖਣਹਾਰ ਅੰਧੇਰੀ ਸ਼ਾਮਨ, ਜਗਤ ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਕਰ ਪਸਾਰ, ਜੁਗਾ ਜੁਗੰਤਰ ਪਾਵੇ ਸਾਰ, ਲੋਕਮਾਤ ਲੈ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਸਰਗੁਣ ਧਾਰ, ਨਿਰਗੁਣ ਸਰਗੁਣ ਜੋੜ ਜੁੜਾਈਆ । ਪੁਰਖ ਅਬਿਨਾਸ਼ੀ

ਮੂਰਤ ਨਿਰੰਕਾਰ, ਪੰਜ ਤੱਤ ਡੇਰਾ ਆਪਣਾ ਆਪ ਲਾਈਆ । ਸਤਿ ਸਰੂਪੀ ਬੋਲ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਸੋ ਪੁਰਖ ਨਿਰੰਜਣ ਕਰਨੇਹਾਰ, ਕਰਤਾ ਕਾਦਰ ਆਪ ਅਖਵਾਈਆ । ਹੰ ਬ੍ਰਹਮ ਪ੍ਰਭ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਰੂਪ ਸੱਚੀ ਸਰਕਾਰ, ਦੂਜੀ ਕੁਦਰਤ ਵੇਖ ਵਖਾਈਆ । ਤੀਜਾ ਨੇਤਰ ਦਏ ਉਘਾੜ, ਜਨ ਭਗਤਾਂ ਦਇਆ ਕਮਾਈਆ । ਚੌਥੇ ਘਰ ਦੇਵੇ ਵਾੜ, ਚੌਥੇ ਪਦ ਆਪ ਸਮਾਈਆ । ਪੰਚਮ ਮੇਲਾ ਕੰਤ ਭਤਾਰ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਛੇਵੇਂ ਛੱਪਰ ਨਾ ਕੋਇ ਦੇਵੇ ਸਹਾਰ, ਸਚਖੰਡ ਬੈਠਾ ਡੇਰਾ ਲਾਈਆ । ਸਤਵੇਂ ਸਤਿ ਪੁਰਖ ਨਿਰੰਜਣ ਹੋ ਉਜਿਆਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਏਕਾ ਏਕ ਅਖਵਾਈਆ । ਅੱਠਾਂ ਤੱਤਾਂ ਪਕੜੇ ਬਾਂਹ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁੱਧ ਦਏ ਸਲਾਹੀਆ । ਨੌਂ ਦਰ ਵੇਖੇ ਥਾਉਂ ਥਾਂ, ਲੱਖ ਚੁਰਾਸੀ ਫੋਲ ਫੁਲਾਈਆ । ਘਰ ਵਿਚ ਘਰ ਦਏ ਮਿਲਾ, ਘਰ ਬੈਠਾ ਸਹਿਜ ਸੁਖਦਾਈਆ । ਠੰਡਾ ਸੀਤਾ ਮੇਲਾ ਲਏ ਮਿਲਾ, ਡੂੰਘੀ ਭਵਰੀ ਕਾਇਆ ਕਵਰੀ ਟੇਢੀ ਬੰਕ ਪਾਰ ਕਰਾਈਆ । ਤ੍ਰੈਬੈਣੀ ਨੈਣੀ ਫੇਰਾ ਪਾ, ਆਪ ਆਪਣਾ ਦਰਸ ਦਿਖਾ, ਅੰਮ੍ਰਿਤ ਆਤਮ ਸਰ ਸਰੋਵਰ ਸਾਚਾ ਜਾਮ ਦਏ ਪਿਆ, ਕਾਗੋਂ ਹੰਸ ਬਣਾਈਆ । ਬਜ਼ਰ ਕਪਾਟੀ ਦਏ ਤੁੜਾ, ਦੂਈ ਦਵੈਤੀ ਪਰਦਾ ਲਾਹੀਆ । ਆਤਮ ਸੇਜਾ ਜੋਤ ਜਗਾ, ਨਿਰਗੁਣ ਮੇਲਾ ਮੇਲ ਸਹਿਜ ਸੁਭਾਈਆ । ਸੁਰਤ ਸਵਾਣੀ ਪਕੜੇ ਬਾਂਹ, ਪੰਚਮ ਮੀਤਾ ਵੱਡੀ ਵਡਿਆਈਆ । ਸਖੀਆਂ ਸੱਚਾ ਮੰਗਲ ਗਾ, ਏਕਾ ਰਾਗ ਅਲਾਈਆ । ਧੰਨਵੰਤੀ ਧੰਨ ਸੋਭਾਵੰਤੀ ਦਰ ਘਰ ਸਾਚੇ ਸੋਭਾ ਰਹੀ ਪਾ, ਆਤਮ ਵੱਜੀ ਵਧਾਈਆ । ਪੁਰਖ ਪੁਰਖੋਤਮ ਮਿਲਿਆ ਬੇਪਰਵਾਹ, ਵਿਛੜ ਕਦੇ ਨਾ ਜਾਈਆ । ਸਚ ਘਰ ਕਰੇ ਕਰਾਏ ਸਚ ਨਿਆਂ, ਸਚ ਸੱਚਾ ਵਡ ਵਡਿਆਈਆ । ਗੁਰਮੁਖ ਗੁਰਸਿਖ ਹਰਿ ਭਗਤ ਹਰਿ ਪਕੜ ਉਠਾਵੇ ਬਾਂਹ, ਪਾਰ ਕਿਨਾਰੇ ਆਪ ਲਗਾਈਆ । ਨਿਥਾਵਿਆਂ ਦੇਵਣਹਾਰਾ ਥਾਂ, ਗ਼ਰੀਬ ਨਿਮਾਣਿਆਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੁਗ ਜੁਗ ਰਚਨਾ ਹਰਿ ਨਿਰੰਕਾਰ, ਆਪਣੀ ਆਪ ਕਰਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਰ ਘਰ ਡੇਰਾ ਲਾਇੰਦਾ । ਪੰਜ ਤੱਤ ਮੀਤਾ ਮੀਤ ਮੁਰਾਰ, ਨਿਰਗੁਣ ਸਰਗੁਣ ਆਪ ਅਖਵਾਇੰਦਾ । ਠਾਂਡਾ ਸੀਤਾ ਠਾਂਡੀ ਧਾਰ, ਅੰਮ੍ਰਿਤ ਕਵਲਾ ਕਵਲ ਭਰਾਇੰਦਾ । ਸ਼ਬਦ ਅਨਾਦੀ ਏਕਾ ਇਕ ਜੈਕਾਰ, ਏਕਾ ਰਾਗ ਅਲਾਇੰਦਾ । ਆਪੇ ਰਾਮਾ ਆਪੇ ਸ਼ਬਦ ਇਸ਼ਟ ਦੇਵ ਰੂਪ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਲਾਇੰਦਾ । ਖੇਲਣਹਾਰ ਪੁਰਖ ਸਮਰਥ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਚਲਾਏ ਰਥ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ । ਲੱਖ ਚੁਰਾਸੀ ਦੇਵੇ ਮਥ, ਨਾਮ ਮਧਾਨਾ ਏਕਾ ਪਾਇੰਦਾ । ਜਨ ਭਗਤਾਂ ਸੰਤਾਂ ਜਣਾਏ ਅਕੱਥਨਾ ਅਕੱਥ, ਰਸਨਾ ਜਿਹਵਾ ਨਾ ਕੋਈ ਸੁਣਾਇੰਦਾ । ਪੰਚ ਵਿਕਾਰਾ ਪਾਏ ਨੱਥ, ਨਾਮ ਡੋਰੀ ਹੱਥ ਉਠਾਇੰਦਾ । ਗੜ੍ਹ ਹੰਕਾਰੀ ਬੁਰਜ ਜਾਏ ਢੱਠ, ਰਸਨਾ ਜਿਹਵਾ ਨਾ ਕੋਈ ਸੁਣਾਇੰਦਾ । ਪਾਵੇ ਸਾਰ ਕਾਇਆ ਮੰਦਰ ਮੱਠ, ਸ਼ਿਵਦੁਆਲਾ ਵੇਖ ਵਖਾਇੰਦਾ । ਵਸਣਹਾਰਾ ਤੀਰਥ ਅਠਸਠ, ਜਲ ਧਾਰਾ ਰੂਪ ਵਟਾਇੰਦਾ । ਜੋਤ ਜਗਾਏ ਲਟ ਲਟ, ਜੋਤ ਜਵਾਲਾ ਵੇਖ ਵਖਾਇੰਦਾ । ਖੋਲ੍ਹਣਹਾਰਾ ਸਾਚਾ ਹੱਟ, ਚੌਦਾਂ ਲੋਕ ਆਪ ਖੁਲ੍ਹਾਇੰਦਾ । ਜਨ ਭਗਤਾਂ ਤਨ ਪਹਿਨਾਏ ਸਾਚਾ ਪੱਟ, ਏਕਾ ਬਸਤਰ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚੜ੍ਹਾਏ ਔਖੇ ਘਾਟ, ਹਰਿ ਕਾ

੧੦੭੮
੦੮

ਪੌੜਾ ਇਕ ਵਖਾਇੰਦਾ । ਹਰਿ ਕਾ ਪੌੜਾ ਇਕ ਅਟੱਲ, ਹਰਿ ਸਾਚਾ ਆਪ ਲਗਾਈਆ । ਵਸਣਹਾਰਾ ਨੇਹਚਲ ਧਾਮ ਅਟੱਲ, ਦਿਸ ਕਿਸੇ ਨਾ ਆਈਆ । ਜਲ ਥਲ ਮਹੀਅਲ ਜੰਗਲ ਜੂਹ ਉਜਾੜ ਪਹਾੜ ਹਰ ਘਟ ਅੰਦਰ ਰਿਹਾ ਰਲ, ਨੂਰੀ ਨੂਰ ਡਗਮਗਾਈਆ । ਅਕਾਸ਼ ਪ੍ਰਕਾਸ਼ ਪੁਰਖ ਅਬਿਨਾਸ਼ੀ ਜੋਤ ਜਗਾਏ ਘੜੀ ਘੜੀ ਪਲ ਪਲ, ਆਪ ਆਪਣਾ ਖੇਲ ਖਲਾਈਆ । ਕਲਜੁਗ ਵਰਤੇ ਆਪਣੀ ਕਲ, ਅਛਲ ਅਛੱਲ ਭੇਵ ਨਾ ਰਾਈਆ । ਲੱਖ ਚੁਰਾਸੀ ਕਾਇਆ ਬੂਟਾ ਵੇਖੇ ਲੱਗਾ ਫਲ, ਚਾਰੋਂ ਕੁੰਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਕਾਦਰ ਕਰਤਾ ਆਪ ਅਖਵਾਇੰਦਾ । ਲੋਕਮਾਤ ਵੇਖ ਪਸਾਰਾ, ਵਰਭੰਡੀ ਫੋਲ ਫੁਲਾਇੰਦਾ । ਜੇਰਜ ਅੰਡੀ ਦਏ ਸਹਾਰਾ, ਏਕਾ ਰੰਗ ਰੰਗਾਇੰਦਾ । ਕਰਨੀ ਕਰਤਾ ਹਰਿ ਕਰਨੇਹਾਰਾ, ਆਪਣੀ ਕਰਨੀ ਕਿਰਤ ਕਮਾਇੰਦਾ । ਜੁਗਾ ਜੁਗੰਤਰ ਹੋ ਉਜਿਆਰਾ, ਆਪ ਆਪਣਾ ਰੂਪ ਦਰਸਾਇੰਦਾ । ਭਗਤੀ ਭਗਤ ਕਰ ਪਸਾਰਾ, ਭਾਗਵਤ ਇਕ ਦਰਸਾਇੰਦਾ । ਨਾਮ ਭਗੌਤੀ ਖਿਚ ਕਟਾਰਾ, ਸਾਚਾ ਖੰਡਾ ਨਾਮ ਚਮਕਾਇੰਦਾ । ਬ੍ਰਹਿਮੰਡੀ ਪਾਵਣਹਾਰਾ ਸਾਰਾ, ਭੇਖ ਪਖੰਡਾ ਮੇਟ ਮਿਟਾਇੰਦਾ । ਵਿਭਚਾਰ ਦੁਰਾਚਾਰ ਜੀਵ ਹੋਇਆ ਨਾਰ ਰੰਡਾ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਕਰਨਹਾਰਾ ਖੰਡ ਖੰਡਾ, ਖੰਡਣ ਨੀਕਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਲੋਕਮਾਤ ਬੁਝਾਏ ਲੱਗੀ ਬਸੰਤਰ, ਤੱਤਵ ਤੱਤ ਬੁਝਾਇੰਦਾ । ਅਗਨੀ ਅੱਗ ਚਾਰੋਂ ਕੁੰਟ ਰਹੀ ਮਘ, ਅੱਗੇ ਸਕੇ ਨਾ ਕੋਈ ਬੁਝਾਈਆ । ਕੂੜ ਕਿਰਿਆ ਜਗਤ ਰਹੀ ਜਗ, ਜੂਠ ਝੂਠ ਆਪਣਾ ਹੁਲਾਰਾ ਰਹੀ ਹਿਲਾਈਆ । ਸਾਧਾਂ ਸੰਤਾਂ ਜੀਵਾਂ ਜੰਤਾਂ ਧੀਰਜ ਜਤ ਨਾ ਦਿਸੇ ਕੋਈ ਤਗ, ਸਤਿ ਸੰਤੋਖ ਨਾ ਕੋਈ ਧਰਾਈਆ । ਮਾਨਸ ਮਾਨੁਖ ਅਠਸਠ ਤੀਰਥ ਸਰੋਵਰ ਹੋਏ ਕਗ, ਹੰਸ ਰੂਪ ਨਾ ਕੋਈ ਜਣਾਈਆ । ਜੋਗੀ ਜਤੀ ਸਤੀ ਜੰਗਮ ਸੰਨਿਆਸੀ ਵੈਰਾਗੀ ਤਿਆਗੀ ਕੋਈ ਨਾ ਦਰਸ਼ਨ ਪਾਏ ਉਪਰ ਸ਼ਾਹ ਰਗ, ਤਨ ਖ਼ਾਕੀ ਖ਼ਾਕ ਸਮਾਈਆ । ਜਟਾ ਜੂਟ ਧਾਰ ਸਿਰ ਪਾਇਣ ਛਾਰ, ਚਾਰੋਂ ਕੁੰਟ ਹੋਇਣ ਖੁਵਾਰ, ਪ੍ਰਭ ਅਬਿਨਾਸ਼ੀ ਦਿਸ ਨਾ ਆਈਆ । ਬਿਨ ਹਰਿ ਭਗਤ ਨਾ ਚੜ੍ਹੇ ਕੋਈ ਸਚ ਦੁਵਾਰ, ਅੱਧਵਿਚਕਾਰੇ ਖਾਇਣ ਮਾਰ, ਕੰਢਾ ਪਾਰ ਨਾ ਕੋਈ ਵਖਾਈਆ । ਕਲਜੁਗ ਤੁਟਾ ਫੁੱਲ ਸੰਸਾਰ, ਕਾਇਆ ਨਾਤਾ ਝੂਠਾ ਮੋਹ ਪਿਆਰ, ਮਾਇਆ ਕੁਠਾ ਜੀਵ ਹੰਕਾਰ, ਨਾਮ ਰਤਨ ਅਮੋਲਕ ਹੀਰਾ ਸਾਚੀ ਵਸਤ ਝੋਲੀ ਕੋਈ ਨਾ ਪਾਈਆ । ਮਾਤ ਪਿਤ ਭਾਈ ਭੈਣ ਸਾਕ ਸੈਣ ਧੀਆਂ ਪੁੱਤਰ ਵੱਝਾ ਜੰਜ਼ੀਰ, ਵੇਲੇ ਅੰਤ ਨਾ ਕੋਈ ਕਟਾਈਆ । ਸਚ ਸੁੱਚ ਸੀਸ ਨਾ ਬੱਧਾ ਚੀਰ, ਸਾਚਾ ਤਿਲਕ ਨਾ ਮਸਤਕ ਲਾਈਆ । ਸਾਚੇ ਪੰਡਤ ਹੱਥ ਨਾ ਆਇਆ ਰਵਦਾਸ ਕਸੀਰਾ, ਗੰਗੋਤਰੀ ਗੰਗਾ ਬੈਠੇ ਤਾਰੀਆਂ ਲਾਈਆ । ਤ੍ਰਬੈਣੀ ਨੈਣੀ ਵੇਖਿਆ ਨੀਰ, ਸੁਰਸਤੀ ਸੰਗਮ ਕੋਈ ਨਾ ਨੁਹਾਈਆ । ਜੀਵਾਂ ਜੰਤਾਂ ਹਉਮੇ ਹੰਗਤਾ ਕੱਢੇ ਨਾ ਕੋਈ ਪੀੜ, ਦਿਵਸ ਰੈਣ ਰਹੀ ਸਤਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਅੰਮ੍ਰਿਤ ਸੀਰ, ਠਾਂਡਾ ਸੀਤਾ ਸਾਂਤਕ ਸਤਿ ਸਤਿ ਵਰਤਾਈਆ । ਕਲਜੁਗ ਅੰਤਮ ਆਈ ਅਖ਼ੀਰ, ਧਰਤ ਮਾਤ ਕੂਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਧਰਤ ਮਾਤ ਹਾਹਾਕਾਰ, ਦਿਵਸ ਰੈਣ ਰਹੀ ਕੁਰਲਾਈਆ । ਚਾਰੋਂ ਕੁੰਟ ਜੀਵ ਵਿਭਚਾਰ, ਕੁਕਰਮੀ ਕੁਕਰਮ ਰਹੇ ਕਮਾਈਆ । ਧੀਆਂ ਭੈਣਾਂ ਕਰਨ ਵਪਾਰ, ਮਾਤਾ ਪੂਤ ਸੇਜ ਹੰਢਾਈਆ । ਸਾਧ ਸੰਤ ਨਾ ਕੋਈ ਧਾਰ, ਘਰ ਘਰ ਬੈਠੇ ਧੂਣੀਆਂ ਤਾਈਆ । ਵਰਨਾਂ ਬਰਨਾਂ

੧੦੭੯ ੦੮

ਭੁਲਿਆ ਇਕ ਨਿਰੰਕਾਰ, ਨਿਰਗੁਣ ਇਸ਼ਟ ਨਾ ਕੋਈ ਮਨਾਈਆ । ਦੇਵੇ ਦੇਵ ਦੇਵ ਦੇਵਾ ਆਤਮਾ ਸਰਬ ਸੰਸਾਰ, ਵਾਸਤਕ ਰੂਪ ਇਕ ਸਮਾਈਆ । ਵਿਸ਼ਨੂੰ ਖੇਲ ਕਰੇ ਸਿਰਜਣਹਾਰ, ਲੇਖਾ ਲੇਖ ਨਾ ਕੋਈ ਜਣਾਈਆ । ਬ੍ਰਹਮਾ ਵੇਤਾ ਨੇਤਰ ਨੈਣ ਰਿਹਾ ਉਘਾੜ, ਚਾਰੋਂ ਕੁੰਟ ਰਾਹ ਤਕਾਈਆ । ਸ਼ਿਵ ਸ਼ੰਕਰ ਗਲ ਬਾਸ਼ਕ ਤਸ਼ਕਾ ਪਾਏ ਹਾਰ, ਹੱਥ ਤ੍ਰਸੂਲ ਰਿਹਾ ਉਠਾਈਆ । ਕਰੋੜ ਤੇਤੀਸਾ ਬੋਲ ਜੈਕਾਰ, ਸੁਰਪਤ ਰਾਜਾ ਇੰਦ ਨਾਲ ਰਲਾਈਆ । ਗਣ ਗੰਧਰਬ ਰਹੇ ਪੁਕਾਰ, ਕਿਨਰ ਯਛਪ ਨਾਚ ਕਰਾਈਆ । ਵਿਸ਼ਨੂੰ ਵੰਸੀ ਖੇਲ ਅਪਾਰ, ਵਡ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਪਾਵੇ ਸਾਰ, ਪਾਰਬ੍ਰਹਮ ਵੱਡੀ ਵਡਿਆਈਆ । ਨਿਹਕਲੰਕ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਦਏ ਅਧਾਰ, ਆਪ ਆਪਣੇ ਰੰਗ ਰੰਗਾਈਆ । ਕਾਮੀ ਕਰੋਧੀ ਲੋਭੀ ਮੋਹ ਮੇਟ ਮਿਟਾਏ ਜਗਤ ਹੰਕਾਰ, ਹੰਕਾਰੀ ਗੜ੍ਹ ਰਹਿਣ ਨਾ ਪਾਈਆ । ਜਨ ਭਗਤਾਂ ਇਕ ਸ਼ਿੰਗਾਰ, ਨਾਮ ਬਸਤਰ ਇਕ ਛੁਹਾਈਆ । ਸੋਲਾਂ ਇਛਿਆ ਪਾਰ ਕਿਨਾਰ, ਸੋਲਾਂ ਕਲੀਆਂ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਹਿ ਦਿਸ਼ਾ ਚਾਰ ਕੁੰਟ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਹਤਜ ਲੋਆਂ ਪੁਰੀਆਂ ਗਗਨ ਪਤਾਲਾਂ ਵੇਖ ਵਖਾਈਆ । ਹਰਿਜਨ ਪਰਦਾ ਹਰਿ ਹਰਿ ਖੋਲ੍ਹਿਆ, ਆਤਮ ਬ੍ਰਹਮ ਗਿਆਨ । ਕਾਇਆ ਮੰਦਰ ਬਹਿ ਬਹਿ ਬੋਲਿਆ, ਧੁਰਦਰਗਾਹੀ ਸ੍ਰੀ ਭਗਵਾਨ । ਨਾਮ ਕੰਡੇ ਸਾਚੇ ਤੋਲਿਆ, ਆਪਣਾ ਬੋਲਾ ਬੋਲੇ ਸਚ ਫ਼ਰਮਾਣ । ਲੇਖਾ ਜਾਣੇ ਹੌਲੀ ਹੌਲਿਆ, ਲੇਖਾ ਲਿਖੇ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਆਪੇ ਮੌਲਿਆ, ਆਪੇ ਜੋਤੀ ਨੂਰ ਮਹਾਨ । ਜੋਤੀ ਨੂਰ ਮਹਾਨ ਉਜਾਲਾ, ਨੂਰੋ ਨੂਰ ਡਗਮਗਾਈਆ । ਪਰਮ ਪੁਰਖ ਪ੍ਰਭ ਜੋਤ ਉਜਾਲਾ, ਨਿਰਗੁਣ ਨਿਰਗੁਣ ਵਿਚ ਸਮਾਈਆ । ਦੀਨ ਦਿਆਲਾ, ਦਰਦ ਦੁੱਖ ਭੈ ਭੰਜਣ ਆਪ ਅਖਵਾਈਆ । ਚਰਨ ਦੁਵਾਰ ਰਖਾਏ ਕਾਲ ਮਹਾਂਕਾਲਾ, ਕਾਲ ਦਿਆਲ ਆਪਣਾ ਨਾਉਂ ਧਰਾਈਆ । ਜਨ ਭਗਤਾਂ ਤੋੜੇ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੁਗ ਜੁਗ ਮਾਤ ਬਣੇ ਦਲਾਲ, ਸ਼ਬਦ ਵਿਚੋਲਾ ਨਾਲ ਰਲਾਈਆ । ਸੰਤ ਸੁਹੇਲੇ ਆਪੇ ਭਾਲ, ਆਪ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਸਚ ਸੱਚੀ ਧਰਮਸਾਲ, ਦਰ ਦੁਵਾਰ ਦਏ ਸੁਹਾਈਆ । ਜੋਤ ਜਗਾਏ ਕਾਇਆ ਮਾਟੀ ਖਾਲ, ਦੀਪਕ ਦੀਪ ਕਰੇ ਰੁਸ਼ਨਾਈਆ । ਵੇਖਣਹਾਰਾ ਗਗਨ ਥਾਲ, ਮਸਤਕ ਮਸਤਕ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਜਣ ਆਪ ਜਗਾਈਆ । ਜੋਤ ਨਿਰੰਜਣ ਦੀਪ ਉਜਿਆਰ, ਕਾਇਆ ਗੜ੍ਹ ਸੁਹਾਇੰਦਾ । ਮੇਟ ਮਿਟਾਏ ਅੰਧ ਅੰਧਿਆਰ, ਧੂਆਂਧਾਰ ਨਾ ਕੋਈ ਵਖਾਇੰਦਾ । ਕਮਲਾਪਾਤੀ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇੰਦਾ । ਦਿਵਸ ਰੈਣ ਕਰੇ ਪਿਆਰ, ਗੁਰਮੁਖਾਂ ਰੰਗ ਰੰਗਾਇੰਦਾ । ਲੁੱਟ ਨਾ ਜਾਏ ਕੋਈ ਵਿਚ ਸੰਸਾਰ, ਠਗ ਚੋਰ ਯਾਰ ਨੇੜ ਨਾ ਆਇੰਦਾ । ਸਵਛ ਸਰੂਪੀ ਦੇਵੇ ਦਰਸ ਅਗੰਮ ਅਪਾਰ, ਤੀਜਾ ਨੇਤਰ ਲੋਚਣ ਨੈਣ ਆਪ ਖੁਲ੍ਹਾਇੰਦਾ । ਅਨਹਦ ਧੁਨ ਸੱਚੀ ਧੁਨਕਾਰ, ਰਾਗੀ ਰਾਗ ਆਪ ਅਲਾਇੰਦਾ । ਪੰਚਮ ਸਖੀਆਂ ਮਿਲ ਮਿਲ ਗਾਇਣ ਮੰਗਲਾਚਾਰ, ਵਾਹ ਵਾਹ ਸਾਚਾ ਸ਼ਬਦ ਚਲਾਇੰਦਾ । ਨਾਰੀ ਕੰਤਾ ਮੇਲ ਭਤਾਰ, ਕੰਤ ਸੁਹਾਗੀ ਰੂਪ ਵਟਾਇੰਦਾ । ਦਰ ਸੋਹੇ ਬੰਕ ਦੁਵਾਰ, ਘਰ ਸਾਚਾ ਇਕ ਵਖਾਇੰਦਾ । ਸੋਭਾਵੰਤੀ ਹੋਈ ਨਾਰ, ਪੁਰਖ ਨਿਰੰਜਣ ਆਪ ਪ੍ਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਸਾਚੇ ਦਰ, ਜਗਤ ਵਿਛੋੜਾ ਆਪ ਕਟਾਇੰਦਾ । ਜਗਤ

ਵਿਛੋੜਾ ਦੇਵੇ ਕੱਟ, ਗੁਰ ਸਤਿਗੁਰ ਵਡ ਵਡਿਆਈਆ । ਆਪ ਚੜ੍ਹਾਏ ਔਖੇ ਘਾਟ, ਨਾਮ ਚੱਪੂ ਲਾਈਆ । ਨੇੜੇ ਦੱਸੇ ਆਪਣੀ ਵਾਟ, ਬੇਹੰਗਮ ਚਾਲ ਇਕ ਰਖਾਈਆ । ਸਚ ਸਰੋਵਰ ਵਖਾਏ ਤੀਰਥ ਤਾਟ, ਨਿਰਮਲ ਧਾਰਾ ਆਪ ਵਹਾਈਆ । ਚੌਦਾਂ ਚੌਦਾਂ ਖੁਲ੍ਹਾਏ ਹਾਟ, ਚੌਦਾਂ ਚੌਦਾਂ ਵਣਜ ਕਰਾਈਆ ਪੁਰਖ ਅਬਿਨਾਸ਼ੀ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਰਾਇਣ ਨਰ, ਨਰ ਆਪਣਾ ਰੂਪ ਵਟਾਈਆ । ਰੂਪ ਵਟੰਦੜਾ ਪੁਰਖ ਸੁਲਤਾਨ, ਪਰਮ ਪੁਰਖ ਆਪ ਅਖਵਾਇੰਦਾ । ਧਾਮ ਸੁਹੰਦੜਾ ਹਰਿ ਮਿਹਰਵਾਨ, ਜਿਸ ਘਟ ਆਸਣ ਲਾਇੰਦਾ । ਜੋਤ ਜੁਗੰਦੜਾ ਨੂਰ ਮਹਾਨ, ਅਗਿਆਨ ਅੰਧੇਰ ਗਵਾਇੰਦਾ । ਸ਼ਬਦ ਸੁਣੰਦੜਾ ਧੁਰ ਫ਼ਰਮਾਣ, ਆਪਣਾ ਹੁਕਮ ਅਲਾਇੰਦਾ । ਰੰਗ ਰਗੰਦੜਾ ਦੋ ਜਹਾਨ, ਨਾਮ ਰੰਗਣ ਇਕ ਚੜ੍ਹਾਇੰਦਾ । ਗੁਰਮੁਖ ਉਠੰਦੜਾ ਦੇਵੇ ਦਾਨ, ਦਾਤਾ ਦਾਨੀ ਦਾਨ ਝੋਲੀ ਪਾਇੰਦਾ । ਸਖੀਆਂ ਮਲੰਦੜਾ ਸਾਚਾ ਕਾਹਨ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸਾਚੀ ਸੁਰਤੀ ਸੀਤਾ ਮੇਲਾ ਰਾਮ, ਕਲਜੁਗ ਬਨਬਾਸ ਇਕ ਵਖਾਇੰਦਾ । ਨਾਨਕ ਗੋਬਿੰਦ ਆਪੇ ਪਕੜੇ ਦਾਮ, ਗੁਰ ਸ਼ਬਦੀ ਬੰਧਨ ਪਾਇੰਦਾ । ਈਸਾ ਮੂਸਾ ਦੇਵੇ ਸਚ ਪੈਗ਼ਾਮ, ਅਜਰਾਈਲ ਜ਼ਬਰਾਈਲ ਮੇਕਾਈਲ ਅਸਰਾਫੀਲ ਆਪੇ ਹੁਕਮ ਸੁਣਾਇੰਦਾ । ਮੁਹੰਮਦ ਮੇਟੇ ਅੰਧੇਰੀ ਸ਼ਾਮ, ਨੂਰੀ ਜਲਵਾ ਨੂਰੋ ਨੂਰ ਡਗਮਗਾਇੰਦਾ । ਚਾਰ ਯਾਰੀ ਲੇਖਾ ਜਾਣੇ ਕਾਇਆ ਚਾਮ, ਚੰਦ ਸਤਾਰ ਡਗਮਗਾਇੰਦਾ । ਮੁਲਾ ਸ਼ੇਖ਼ ਮਸਾਇਕ ਪੀਰ ਵਸਣਹਾਰ ਨਗਰ ਗਰਾਮ, ਕਲਮਾ ਨਬੀ ਅਮਾਮ ਆਪ ਰਲਾਇੰਦਾ । ਹੱਕ ਹਕੀਕਤ ਫੜ ਲਗਾਮ, ਸ਼ਰਅ ਸ਼ਰੀਅਤ ਆਪ ਦੌੜਾਇੰਦਾ । ਆਬੇਹਯਾਤ ਪਿਆਏ ਜਾਮ, ਐਹਬਾਬ ਰਬਾਬ ਆਪ ਵਜਾਇੰਦਾ । ਬੇਐਬ ਪਰਵਰਦਿਗਾਰ ਕਰੇ ਕਰਾਏ ਆਪਣਾ ਕਾਮ, ਖ਼ਾਲਕ ਖ਼ਲਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਵੇਸ ਵਟਾਇੰਦਾ । ਸ਼ਰਅ ਸ਼ਰੀਅਤ ਹੱਕ ਹਲਾਲ, ਹੱਕ ਹਕੀਕਤ ਫੋਲ ਫੁਲਾਈਆ । ਨੂਰ ਇਲਾਹੀ ਜਲਵਾ ਜਲਾਲ, ਹਰਿ ਰਹਿਮਤ ਵਿਚ ਸਮਾਈਆ । ਕਾਇਨਾਤ ਏਕਾ ਦੇਵੇ ਸਾਚਾ ਧਨ ਮਾਲ, ਕਲਮਾ ਕਲਮਾ ਕਰੇ ਪੜ੍ਹਾਈਆ । ਕਾਇਆ ਕਾਅਬਾ ਵੇਖੇ ਮਾਰ ਝਾਤ, ਦੋ ਦੋਆਬਾ ਖੋਜ ਖੁਜਾਈਆ । ਨੂਰ ਇਲਾਹੀ ਸੱਜਣ ਸਾਕ, ਮਿਹਰਬਾਨ ਵਡ ਵਡਿਆਈਆ । ਪੀਰ ਦਸਤਗੀਰ ਸ਼ਾਹ ਹਕੀਰ ਆਪੇ ਵੇਖੇ ਚੜ੍ਹ ਚੜ੍ਹ ਆਪਣੇ ਰਾਕ, ਆਪਣਾ ਘੋੜਾ ਆਪ ਦੌੜਾਈਆ । ਚੌਦਾਂ ਤਬਕਾਂ ਖੋਲ੍ਹੇ ਤਾਕ, ਸਤਿ ਸਤਿ ਵੰਡ ਵੰਡਾਈਆ । ਅੰਤਮ ਕਲਜੁਗ ਆਪ ਸੁਆਏ ਆਪਣੀ ਖਾਟ, ਆਪਣਾ ਲਹਿਣਾ ਦੇਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹੀਆ । ਬੇਪਰਵਾਹ ਅਲਾਹ, ਏਕਾ ਏਕ ਅਖਵਾਇੰਦਾ । ਆਪੇ ਬਣਿਆ ਸਚ ਮਲਾਹ, ਉਮਤੀ ਬੇੜਾ ਆਪ ਚਲਾਇੰਦਾ । ਆਪੇ ਰਹਿਮਤ ਰਹਿਮਾਨ ਰਹੀਮ ਰਿਹਾ ਅਖਵਾ, ਮਹਿਬਾਨ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੰਗ ਤੇਰੇ ਸੰਗ ਤੇਰੀ ਸੇਜਾ ਵੇਖ ਪਲੰਘ, ਤੇਰੇ ਨਾਲ ਪ੍ਰਨਾਇੰਦਾ । ਕਲਜੁਗ ਤੇਰਾ ਤੇਰਾ ਰੰਗ, ਤੇਰਾ ਰੰਗ ਚੜ੍ਹਾਈਆ । ਸਦੀ ਸਦੀਸਾ ਮੰਗੀ ਮੰਗ, ਏਕਾ ਸਿਲਾ ਲਗਾਈਆ । ਚੌਦਾਂ ਚੌਦਾਂ ਲਾਇਆ ਅੰਗ, ਅੰਗੀਕਾਰ ਦਿਸ ਨਾ ਆਈਆ । ਕਿੰਗਰੇ ਕਿੰਗਰੇ ਵੱਜੇ ਮਰਦੰਗ, ਚਾਰੋਂ ਕੁੰਟ ਕੂਕੇ ਦਏ ਦੁਹਾਈਆ । ਐਲੀ ਅੱਲਾ ਕਸਿਆ ਤੰਗ, ਤੁਰੰਗ ਆਪ ਦੌੜਾਈਆ । ਕਲਜੁਗ ਕੂੜਾ ਮੁੱਕਿਆ ਪੰਧ, ਅਗਲਾ ਲੇਖਾ ਰਿਹਾ ਮੁਕਾਈਆ । ਜੋਤੀ

੧੦੮੧
੦੮

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਦਾਤਾ ਸੂਰਾ ਸਰਬੰਗ, ਸਰਬ ਗੁਣ ਆਪ ਅਖਵਾਈਆ । ਗੁਣਵੰਤਾ ਗੁਣ ਕਰਨੇਹਾਰ, ਹਰਿ ਸੱਜਣ ਮੀਤ ਮੁਰਾਰਿਆ । ਜੁਗ ਜੁਗ ਭਗਤਾਂ ਦਏ ਸਹਾਰ, ਤੋੜਨਹਾਰਾ ਗੜ੍ਹ ਹੰਕਾਰਿਆ । ਸਤਿਜੁਗ ਤ੍ਰੇਤਾ ਦੁਆਪਰ ਪਾਏ ਸਾਰ, ਅੰਤਮ ਆਈ ਕਲਜੁਗ ਅੰਤਮ ਵਾਰਿਆ । ਖੁਲ੍ਹੜੇ ਕੇਸ ਸੀਸ ਜਗਦੀਸ਼ ਵੇਖ ਵਖਾ ਰਿਹਾ । ਚਾਰੋਂ ਕੁੰਟ ਹਾਹਾਕਾਰ, ਹਰਿ ਕਾ ਰੂਪ ਨਾ ਕੋਈ ਦਿਸਾ ਰਿਹਾ । ਗੁਰਦਰ ਮੰਦਰ ਮਸਜਿਦ ਮੱਠ ਹੋਇਆ ਵਿਭਚਾਰ, ਧੀਰਜ ਮਤ ਨਾ ਕੋਈ ਧਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅੰਦਰ ਵੇਖ ਵਖਾ ਰਿਹਾ । ਕਲਜੁਗ ਤੇਰਾ ਅੰਦਰ ਫੋਲ, ਹਰਿ ਸਾਚਾ ਵੇਖ ਵਖਾਈਆ । ਤੇਰੀ ਮਾਇਆ ਤੇਰਾ ਘੋਲ, ਤੇਰਾ ਡੰਕ ਵਜਾਈਆ । ਤੇਰਾ ਜੂਠ ਤੇਰਾ ਝੂਠ ਤੇਰਾ ਕੌਲ, ਤੇਰੀ ਧਾਰ ਸਹਾਈਆ । ਤੇਰਾ ਕਾਮ ਤੇਰਾ ਕਰੋਧ ਤੇਰੇ ਕੋਲ, ਤੇਰਾ ਰੰਗ ਰੰਗਾਈਆ । ਤੇਰੀ ਮਾਇਆ ਤੇਰੀ ਮਮਤਾ ਕੱਢੇ ਤੇਰਾ ਪੋਲ, ਤੇਰਾ ਪੱਲੂ ਫੋਲ ਫੁਲਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਸਚ ਵਸਤ ਨਾ ਰੱਖੀ ਕਿਸੇ ਕੋਲ, ਚਾਰੇ ਕੁੰਟਾਂ ਖ਼ਾਲੀ ਰਹੇ ਵਖਾਈਆ । ਕਲਜੁਗ ਅੰਤਮ ਮਾਰਿਆ ਢੋਲ, ਰਾਏ ਧਰਮ ਲਏ ਅੰਗੜਾਈਆ । ਚਿਤਰ ਗੁਪਤ ਆਪਣਾ ਲੇਖਾ ਰਿਹਾ ਫੋਲ, ਸੰਮਤ ਸਤਾਰਾਂ ਦਏ ਵਖਾਈਆ । ਲਾੜੀ ਮੌਤ ਕਰੇ ਕੌਲ, ਹੱਥੀਂ ਮਹਿੰਦੀ ਲਾਲ ਰੰਗ ਰੰਗਾਈਆ । ਪੁਰਖ ਅਗੰਮਾ ਧੁਰ ਦਰਗਾਹੀ ਸਚਖੰਡ ਨਿਵਾਸੀ ਰਿਹਾ ਬੋਲ, ਧੁਰ ਫ਼ਰਮਾਣਾ ਇਕ ਸੁਣਾਈਆ । ਵਿਸ਼ਨੂੰ ਤੋਲੇ ਸਾਚਾ ਤੋਲ, ਦੇਵਣਹਾਰ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਮੁਕਾਈਆ ।



ਲਹਿਣਾ ਦੇਣਾ ਹਰਿ ਭਗਵਾਨ, ਕਲਜੁਗ ਮੂਲ ਚੁਕਾਵਣਾ । ਜੂਠਾ ਝੂਠਾ ਮੇਟ ਨਿਸ਼ਾਨ, ਸਚ ਸੁੱਚ ਰੰਗ ਰੰਗਾਵਣਾ । ਕੂੜੀ ਦਿਸੇ ਨਾ ਕੋਈ ਦੁਕਾਨ, ਹਰਿ ਕਾ ਨਾਮ ਏਕਾ ਹੱਟ ਵਕਾਵਣਾ । ਨਾ ਕੋਈ ਰਾਜ ਨਾ ਰਾਜਾਨ, ਸ਼ਾਹ ਸੁਲਤਾਨ ਨਾ ਕੋਈ ਅਖਵਾਵਣਾ । ਨਾ ਕੋਈ ਦਰ ਨਾ ਦਰਬਾਨ, ਨਿਉਂ ਨਿਉਂ ਸੀਸ ਨਾ ਕੋਈ ਝੁਕਾਵਣਾ । ਨਾ ਕੋਈ ਨਗਰ ਨਾ ਗਰਾਮ, ਸਾਚਾ ਖੇੜਾ ਨਾ ਕਿਸੇ ਵਸਾਵਣਾ । ਨਾ ਕੋਈ ਮਾਇਆ ਮਮਤਾ ਆਸਾ ਤ੍ਰਿਸ਼ਨਾ ਵਸੇ ਤਾਮ, ਹਉਮੇ ਰੋਗ ਨਾ ਕਿਸੇ ਸਤਾਵਣਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਜੁਗ ਜੁਗ ਕਰੇ ਆਪਣਾ ਕਾਮ, ਦੂਸਰ ਕੋਇ ਨਾ ਸੰਗ ਰਲਾਵਣਾ । ਆਪਣਾ ਕਾਮ ਆਪੇ ਕਰ, ਆਪਣੇ ਹੱਥ ਰੱਖੀ ਵਡਿਆਈਆ । ਸੋ ਪੁਰਖ ਨਿਰੰਜਣ ਜੋਤ ਧਰ, ਹੰ ਬ੍ਰਹਮ ਕਰੇ ਕੁੜਮਾਈਆ । ਸੋ ਸ਼ੇਰ ਸ਼ੇਰ ਪਾਏ ਡਰ, ਜੈ ਹੰ ਜੰਬਕ ਰਿਹਾ ਡਰਾਈਆ । ਸਿੰਘ ਰੂਪ ਨੌਂ ਖੰਡ ਪ੍ਰਿਥਮੀ ਅੰਦਰ ਜਾਏ ਵੜ, ਲੱਖ ਚੁਰਾਸੀ ਭੈ ਭਿਆਨਕ ਦਰਸ ਦਖਾਈਆ । ਵਿਸ਼ਨੂੰ ਵੰਸੀ ਖੇਲ ਕਰ, ਆਪ ਆਪਣਾ ਖੇਲ ਖਲਾਈਆ । ਭਗਵਨ ਤੋੜਨਹਾਰਾ ਗੜ੍ਹ, ਕਲਜੁਗ ਗੜ੍ਹ ਰਹਿਣ ਨਾ ਪਾਈਆ । ਸੰਤ ਸੁਹੇਲੇ ਵਿਚੋਂ ਫੜ, ਲੱਖ ਚੁਰਾਸੀ ਵਿਚੋਂ ਲਏ ਤਰਾਈਆ । ਜੋਤ ਜਗਾਏ ਬਹੱਤਰ ਨੜ, ਦਿਵਸ ਰੈਣ ਕਰੇ ਰੁਸ਼ਨਾਈਆ । ਜਗਤ ਵਿਦਿਆ ਨਾ ਕੋਈ ਜਾਏ ਪੜ੍ਹ, ਆਤਮ ਵਿਦਿਆ ਕਰੇ ਪੜ੍ਹਾਈਆ । ਦਰਸ ਦਖਾਏ ਅੱਗੇ ਖੜ੍ਹ, ਰਾਮ ਕ੍ਰਿਸ਼ਨ ਈਸਾ ਮੂਸਾ ਸੰਗ ਮੁਹੰਮਦ ਨਾਨਕ ਗੋਬਿੰਦ ਆਪ ਹੋ ਜਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਜੜ੍ਹ, ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਜੋਤੀ ਜੋਤ ਡਗਮਗਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਈਆ । ਸ਼ਤਰੂ ਹੋ ਨਾ ਸਕੇ ਕੋਈ ਫੜ, ਖੰਡਾ ਤੀਰ ਕਟਾਰ ਘਾਓ ਨਾ ਕੋਈ ਲਗਾਈਆ ।

ਨੌ ਖੰਡ ਪ੍ਰਿਥਮੀ ਅੱਗੇ ਕੋਈ ਨਾ ਸਕੇ ਅੜ, ਹਰਿ ਕਾ ਸ਼ਬਦ ਤੀਰ ਕਟਾਰ ਮਾਰੇ ਮਾਰ, ਮਾਰਨਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਤੇਜ ਕਟਾਰ, ਤਿਖੀ ਧਾਰ ਵਿਚ ਸੰਸਾਰ, ਏਕੰਕਾਰ ਨਿਰਗੁਣ ਧਾਰ ਆਪਣੀ ਆਪ ਚਲਾਈਆ । ਨਿਰਗੁਣ ਖੰਡਾ ਤੀਰ ਕਮਾਨ, ਸ਼ਬਦ ਸ਼ਬਦੀ ਹੱਥ ਉਠਾਇੰਦਾ । ਪਾਵੇ ਸਾਰ ਦੋ ਜਹਾਨ, ਆਪ ਆਪਣਾ ਖੇਲ ਖਲਾਇੰਦਾ । ਮੇਟ ਮਿਟਾਏ ਸ਼ਾਹ ਸੁਲਤਾਨ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਜਨ ਭਗਤਾਂ ਦੇਵੇ ਸਾਚਾ ਧਨ ਨਾਮ, ਭੰਡਾਰਾ ਝੋਲੀ ਪਾਇੰਦਾ । ਰਸਨਾ ਜਿਹਵਾ ਦੰਦ ਬਤੀਸ ਝੂਠਾ ਗਾਣ, ਕਰ ਕਿਰਪਾ ਮੇਲ ਮਿਲਾਇੰਦਾ । ਅਜਪਾ ਜਾਪ ਕਰੇ ਪਰਵਾਨ, ਸੁਨ ਸਮਾਧ ਵੇਖ ਵਖਾਇੰਦਾ । ਜੋਗ ਅਭਿਆਸ ਕਰੇ ਪਛਾਣ, ਰਾਗ ਨਾਦ ਫੋਲ ਫੁਲਾਇੰਦਾ । ਪਤਿਤ ਪਾਵਣ ਏਕਾ ਏਕ ਸ੍ਰੀ ਭਗਵਾਨ, ਇਕ ਟੇਕ ਰਘੁਨਾਥ ਧਰਾਇੰਦਾ । ਚਾਰ ਵਰਨ ਵਖਾਏ ਇਕ ਨਿਸ਼ਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਗੋਦ ਬਿਠਾਇੰਦਾ । ਵਰਨ ਬਰਨ ਸਰਬ ਮਿਟ ਜਾਣ, ਜਿਸ ਜਨ ਆਤਮ ਬ੍ਰਹਮ ਜਣਾਇੰਦਾ । ਨਿਜਾਨੰਦ ਨੰਦ ਕਰ ਪਰਵਾਨ, ਪਰਮਾਨੰਦ ਵਖਾਇੰਦਾ । ਦਰਸ ਵਖਾਏ ਗੋਪੀ ਕਾਹਨ, ਮੰਡਲ ਰਾਸ ਆਪ ਨਚਾਇੰਦਾ । ਸੀਤਾ ਰਾਮ ਵੇਖੇ ਬੀਆਬਾਨ, ਰਾਵਨ ਲੰਕਾ ਗੜ੍ਹ ਆਪ ਤੁੜਾਇੰਦਾ । ਨਾਨਕ ਗੋਬਿੰਦ ਕਰ ਪਰਵਾਨ, ਨਾਮ ਸਤਿ ਸਤਿ ਨਾਮ ਦ੍ਰਿੜਾਇੰਦਾ । ਭਗਤ ਭਗਵੰਤ ਵਸਣ ਇਕ ਮਕਾਨ, ਏਕਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗਤ ਜਗਤ ਭਗਤ ਆਪਣੇ ਹੱਥ ਰਖਾਇੰਦਾ ।



## ✪ ਪਹਿਲੀ ਕੱਤਕ ੨੦੧੬ ਬਿਕ੍ਰਮੀ ੧੫ ਕੱਤਕ ਦੇ ਨਵਿਤ ਦਰਬਾਰ ਵਿਚ ਜੇਠੂਵਾਲ ✪

ਹਰਿ ਬੇਅੰਤ ਬੇਪਰਵਾਹ, ਆਦਿ ਨਿਰੰਜਣ ਜੋਤ ਅਕਾਲਿਆ । ਅਬਿਨਾਸ਼ੀ ਕਰਤਾ ਸਚ ਮਲਾਹ, ਪਾਰਬ੍ਰਹਮ ਪੁਰਖ ਸੁਲਤਾਨਿਆ । ਦੇਵਣਹਾਰਾ ਸਚ ਸਲਾਹ, ਸ਼ਬਦ ਸੁਣਾਏ ਰਾਗ ਤਰਾਨਿਆ । ਜਪਾਵਣਹਾਰਾ ਏਕਾ ਨਾਂ, ਨਾਉਂ ਨਿਰੰਕਾਰ ਆਪ ਧਰਾਨਿਆ । ਦੇਵਣਹਾਰਾ ਸਾਚਾ ਥਾਂ, ਥਾਨ ਥਨੰਤਰ ਇਕ ਸੁਹਾਨਿਆ । ਪਕੜਨਹਾਰਾ ਸਾਚੀ ਬਾਂਹ, ਨਿਰਗੁਣ ਰੂਪ ਸ੍ਰੀ ਭਗਵਾਨਿਆ । ਬਣਨਹਾਰਾ ਪਿਤਾ ਮਾਂ, ਏਕ ਏਕੰਕਾਰਾ ਵੇਸ ਵਟਾਨਿਆ । ਦੇਵਣਹਾਰਾ ਠੰਡੀ ਛਾਂ, ਵਡ ਦਾਤਾ ਹਰਿ ਮਿਹਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਖੇਲ ਮਹਾਨਿਆ । ਆਦਿ ਜੁਗਾਦੀ ਹਰਿ ਭਗਵਾਨਾ, ਹਰਿ ਹਰਿ ਰੂਪ ਸਮਾਈਆ । ਦਾਤਾ ਦਾਨੀ ਵਡ ਬਲਵਾਨਾ, ਏਕੰਕਾਰਾ ਨਾਉਂ ਧਰਾਈਆ । ਸਚ ਤਖ਼ਤ ਸਚ ਸੁਲਤਾਨਾ, ਸਚਖੰਡ ਬੈਠਾ ਆਸਣ ਲਾਈਆ । ਜੋਧਾ ਸੂਰ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਏਕਾ ਨੂਰ ਨੂਰ ਨੁਰਾਨਾ, ਮੂਰਤ ਅਕਾਲ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਪਾਰਬ੍ਰਹਮ ਵੱਡੀ ਵਡਿਆਈਆ । ਵਡ ਵਡਿਆਈ ਹਰਿ ਸ਼ਹਿਨਸ਼ਾਹ, ਸਤਿ ਪੁਰਖ ਅਖਵਾਇੰਦਾ । ਆਪਣੇ ਭਾਣੇ ਰਿਹਾ ਸਮਾ, ਭੇਵ ਕੋਈ ਨਾ ਪਾਇੰਦਾ । ਸਚ ਸਿੰਘਾਸਣ ਆਸਣ ਲਾ, ਸਾਚਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਖੰਡ ਬਣਤ ਬਣਾਇੰਦਾ । ਰਵ ਸਸ ਸੇਵਾ ਲਾ, ਮੰਡਲ ਮੰਡਪ ਆਪ ਸੁਹਾਇੰਦਾ । ਜੋਤੀ ਨੂਰ ਡਗਮਗਾ, ਅਕਾਸ਼ ਪਰਕਾਸ਼ ਵਖਾਇੰਦਾ । ਹਰਿ ਸੁਲਤਾਨਾ ਬੇਪਰਵਾਹ, ਘਰ ਸਾਚੇ ਸਗਨ ਮਨਾਇੰਦਾ । ਆਪੇ ਪਿਤਾ

ਆਪੇ ਮਾਂ, ਆਪ ਆਪਣੀ ਗੋਦ ਸੁਹਾਇੰਦਾ । ਸੁੱਤ ਦੁਲਾਰਾ ਆਪ ਉਪਜਾ, ਸ਼ਬਦੀ ਹੁਕਮ ਜਣਾਇੰਦਾ । ਆਪਣੀ ਸੇਵਾ ਆਪੇ ਲਾ, ਆਪੇ ਕਾਰ ਕਰਾਇੰਦਾ । ਆਪਣਾ ਦਰ ਆਪ ਸੁਹਾ, ਆਪੇ ਵੇਖ ਵਖਾਇੰਦਾ । ਆਪਣਾ ਮੰਦਰ ਆਪ ਬਣਾ, ਆਪੇ ਸੇਜ ਵਿਛਾਇੰਦਾ । ਆਪਣੀ ਨਾਰੀ ਆਪ ਅਖਵਾ, ਆਪੇ ਕੰਤ ਹੰਢਾਇੰਦਾ । ਆਪਣਾ ਰੰਗ ਆਪ ਰੰਗਾ, ਰੰਗ ਰੰਗੀਲਾ ਆਪੇ ਵੇਖ ਵਖਾਇੰਦਾ । ਆਪਣਾ ਸੰਗ ਆਪ ਨਿਭਾ, ਸਗਲਾ ਸੰਗੀ ਆਪ ਹੋ ਜਾਇੰਦਾ । ਆਪਣਾ ਤੁਰੰਗ ਆਪ ਦੁੜਾ, ਆਪੇ ਫੇਰਾ ਪਾਇੰਦਾ । ਆਪਣੀ ਮੰਗਣ ਆਪ ਮੰਗਾ, ਆਪੇ ਭਿਛਿਆ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕੰਕਾਰ ਅਕਲ ਕਲ ਆਪੇ ਧਾਰ, ਕੁਲਵੰਤਾ ਆਪ ਅਖਵਾਇੰਦਾ । ਅਕਲ ਕਲਾ ਕਲ ਹਰਿ ਨਿਰੰਕਾਰ, ਪਾਰਬ੍ਰਹਮ ਸੁਲਤਾਨਿਆ । ਆਦਿ ਜੁਗਾਦੀ ਖੇਲ ਅਪਾਰ, ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨਿਆ । ਜੋਤੀ ਨੂਰ ਨੂਰ ਉਜਿਆਰ, ਘਰ ਦੀਪਕ ਇਕ ਪਰਧਾਨਿਆ । ਸਾਚਾ ਸੋਹੇ ਇਕ ਦਵਾਰ, ਸਚਖੰਡ ਵਾਸੀ ਵਸੇ ਏਕ ਸਚ ਟਿਕਾਨਿਆ । ਥਿਰ ਘਰ ਮੇਲਾ ਇਕ ਨਿਰੰਕਾਰ, ਮੀਤ ਮੁਰਾਰਾ ਦਰ ਪਰਵਾਨਿਆ । ਸਰਬ ਘਟ ਵਾਸੀ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਨਿਆ । ਵੇਸ ਅਵਲਾ ਇਕ ਅਕੱਲਾ, ਹਰਿ ਹਰਿ ਆਪ ਕਰਾਇੰਦਾ । ਆਪਣਾ ਆਸਣ ਆਪੇ ਮੱਲਾ, ਆਪੇ ਵੇਖ ਵਖਾਇੰਦਾ । ਆਪਣੀ ਜੋਤੀ ਆਪੇ ਰਲਾ, ਆਪੇ ਸ਼ਬਦ ਉਪਜਾਇੰਦਾ । ਆਪਣੇ ਦੀਪਕ ਆਪੇ ਬਲਾ, ਆਪੇ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਸਤਿ ਸਰੂਪ ਆਪੇ ਆਪ ਉਪਾਇੰਦਾ । ਸਤਿ ਸਰੂਪ ਹਰਿ ਪਰਕਾਸ਼, ਅਨੁਭਵ ਰੂਪ ਵਟਾਇਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਨੇਤਰ ਨੈਣ ਨਾ ਕੋਈ ਵਖਾਇਆ । ਨਾ ਕੋਈ ਪ੍ਰਿਥਮੀ ਨਾ ਅਕਾਸ਼, ਗਗਨ ਮੰਡਲ ਨਾ ਕੋਈ ਧਰਾਇਆ । ਰਵ ਸਸ ਨਾ ਦਾਸੀ ਦਾਸ, ਸੂਰਜ ਚੰਨ ਨਾ ਕੋਈ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਇਆ । ਆਪਣੀ ਬਣਤ ਆਪ ਬਣਾਏ, ਪਾਰਬ੍ਰਹਮ ਵੱਡੀ ਵਡਿਆਈਆ । ਆਪਣਾ ਹੁਕਮ ਆਪ ਸੁਣਾਏ, ਹੁਕਮੀ ਹੁਕਮ ਸੁਣਾਈਆ । ਆਪ ਆਪਣਾ ਅੰਗ ਲਗਾਏ, ਅੰਗੀਕਾਰ ਆਪ ਹੋ ਜਾਈਆ । ਆਪ ਆਪਣਾ ਮਰਦੰਗ ਵਜਾਏ, ਸਚ ਮਰਦੰਗ ਹੱਥ ਉਠਾਈਆ । ਆਪਣੇ ਦਰ ਆਪਣੀ ਮੰਗ ਆਪ ਮੰਗਾਏ, ਆਪੇ ਭਿਛਿਆ ਝੋਲੀ ਪਾਈਆ । ਆਪਣਾ ਸੰਗ ਆਪ ਨਿਭਾਏ, ਘਰ ਸਾਚੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਆਪਣੇ ਅਲਖ ਜਗਾਈਆ । ਅਲਖ ਨਿਰੰਜਣ ਅਲਖ ਜਗਾ, ਏਕਾ ਮੰਗ ਮੰਗਾਇੰਦਾ । ਧੁਰਦਰਗਾਹੀ ਝੋਲੀ ਆਪਣੀ ਆਪੇ ਅੱਗੇ ਰਿਹਾ ਡਾਹ, ਆਪੇ ਵੇਖ ਵਖਾਇੰਦਾ । ਆਪੇ ਦੱਸਣਹਾਰਾ ਰਾਹ, ਆਪਣਾ ਮਾਰਗ ਆਪੇ ਲਾਇੰਦਾ । ਆਪੇ ਹੁਕਮ ਦਏ ਸੁਣਾ, ਆਪੇ ਸੇਵ ਕਮਾਇੰਦਾ । ਆਪੇ ਆਪਣਾ ਨਾਉਂ ਲਏ ਵਟਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਆਪੇ ਸਰਗੁਣ ਮੇਲਾ ਸਹਿਜ ਸੁਭਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਏਕੰਕਾਰਿਆ । ਜਗੇ ਜੋਤ ਆਦਿ ਨਿਰੰਜਣਾ, ਨੂਰ ਨੂਰ ਉਜਿਆਰਿਆ । ਪਾਰਬ੍ਰਹਮ ਦਰਦ ਦੁੱਖ ਭੈ ਭੰਜਣਾ, ਪਰਮ ਪੁਰਖ ਇਕ ਅਖਵਾ ਰਿਹਾ । ਦੋ ਜਹਾਨੀ ਸਾਚਾ ਸੱਜਣਾ, ਧੁਰ ਦਰਗਾਹੀ ਆਸਣ ਲਾ ਰਿਹਾ । ਆਪ ਚਲਾਏ ਆਪਣਾ ਜਹਾਜਣਾ, ਆਪਣਾ ਬੇੜਾ ਆਪ ਭਰਾ ਰਿਹਾ । ਆਪੇ ਕਰੇ ਆਪਣਾ ਕਾਜਣਾ, ਕਰਤਾ ਪੁਰਖ ਆਪ ਅਖਵਾ ਰਿਹਾ । ਆਪੇ ਮਾਰੇ

੧੦੮੪ ੦੮

ਆਪਣੀ ਵਾਜਣਾ, ਆਪੇ ਆਪਣਾ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾ ਰਿਹਾ । ਰੂਪ ਵਟਾਏ ਹਰਿ ਕਰਤਾਰ, ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਨਿਰਾਕਾਰ ਆਪ ਹੋ ਜਾਇੰਦਾ । ਆਪਣੀ ਕਵਰੀ ਭਵਰੀ ਹੋਇਆ ਪਾਰ, ਆਪੇ ਖੇਲ ਖਿਲਾਇੰਦਾ । ਆਪੇ ਜੋਤ ਉਜਿਆਰੀ ਕਰੇ ਉਜਿਆਰ, ਸਚ ਸਮਗਰੀ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਸ ਏਕਾ ਬੰਸ ਆਪੇ ਆਪ ਉਪਾਇੰਦਾ । ਆਪਣੀ ਅੰਸ ਆਪ ਉਪਾ, ਆਪਣੇ ਹੱਥ ਰੱਖੇ ਵਡਿਆਈਆ । ਵਿਸ਼ਨੂੰ ਰੂਪ ਆਪ ਵਟਾ, ਵਿਸ਼ਵ ਨਾਉਂ ਧਰਾਈਆ । ਚਤੁਰਭੁਜ ਆਪ ਅਖਵਾ, ਆਪ ਆਪਣਾ ਖੇਲ ਖਿਲਾਈਆ । ਆਦਿ ਸ਼ਕਤ ਜੋਤ ਜਗਾ, ਜੋਤੀ ਜੋਤ ਜੋਤ ਟਿਕਾਈਆ । ਆਪਣਾ ਮਰਦੰਗ ਆਪ ਵਜਾ, ਆਪੇ ਮੰਗਲ ਗਾਈਆ । ਆਪਣਾ ਦਰ ਆਪ ਸੁਹਾ, ਆਪੇ ਵੇਖਣ ਆਈਆ । ਆਪਣਾ ਬੂਟਾ ਆਪੇ ਦਏ ਲਗਾ, ਆਪੇ ਹਰਿਆ ਸਿੰਚ ਕਰਾਈਆ । ਆਪਣੇ ਚਰਨ ਚਰਨੋਦਕ ਦਏ ਪਿਆ, ਏਕਾ ਜਾਮ ਵਖਾਈਆ । ਸਚ ਪਿਆਲਾ ਦਏ ਭਰਾ, ਘਰ ਸਾਚੇ ਦਏ ਟਿਕਾਈਆ । ਆਪਣੀ ਦ੍ਰਿਸ਼ਟ ਆਪੇ ਦਏ ਪਾ, ਪਾਰਬ੍ਰਹਮ ਹਰਿ ਵੱਡੀ ਵਡਿਆਈਆ । ਨਾਭੀ ਵੇਖੇ ਸੱਚਾ ਥਾਂ, ਸਾਚੀ ਧਰਮਸਾਲ ਇਕ ਰਖਾਈਆ । ਆਪਣੀ ਇਛਿਆ ਵਿਚ ਭਰਾ, ਆਪਣੇ ਰੰਗ ਰੰਗਾਈਆ । ਭਿਛਿਆ ਪਾਵੇ ਬੇਪਰਵਾਹ, ਵਿਸ਼ਨ ਝੋਲੀ ਡਾਹੀਆ । ਏਕਾ ਫੁਲ ਦਏ ਖਿਲਾ, ਕਵਲ ਕਵਲਾ ਨਾਉਂ ਧਰਾਈਆ । ਸਤਾਈ ਯੁਗ ਸੇਵਾ ਲਾ, ਨੌਂ ਨੌਂ ਕਰੇ ਕੁੜਮਾਈਆ । ਨੌਂ ਨੌਂ ਵੇਖ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਵਿਸ਼ਨੂੰ ਵੰਸੀ ਹਰਿ ਹਰਿ ਮੀਤਾ, ਪਾਰਬ੍ਰਹਮ ਅਖਵਾਇੰਦਾ । ਏਕੰਕਾਰ ਇਕ ਅਤੀਤਾ, ਆਦਿ ਜੁਗਾਦਿ ਸਮਾਇੰਦਾ । ਸਚਖੰਡ ਬੈਠ ਬਣਾਏ ਆਪਣੀ ਰੀਤਾ, ਦੂਸਰ ਧਾਮ ਨਾ ਕੋਈ ਜਣਾਇੰਦਾ । ਅਬਿਨਾਸ਼ੀ ਕਰਤਾ ਪਤਿਤ ਪੁਨੀਤਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਤਿ ਸੰਤੋਖੀ ਠੰਡਾ ਸੀਤਾ, ਸਤਿ ਸਤਿਵਾਦਿ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਦਇਆ ਨਿਧ ਗਹਿਰ ਗੁਣ ਸਾਗਰ, ਹਰਿ ਹਰਿ ਆਪ ਅਖਵਾਇੰਦਾ । ਵਿਸ਼ਨੂੰ ਵੇਖੇ ਸਾਚੀ ਗਾਗਰ, ਅਮ੍ਰਿਤ ਜਲ ਭਰਾਇੰਦਾ । ਨਿਹਕਰਮੀ ਕਰੇ ਕਰਮ ਉਜਾਗਰ, ਕਵਲ ਕਵਲਾ ਫੁੱਲ ਖਿਲਾਇੰਦਾ । ਸਾਚਾ ਵਣਜ ਕਰਾਏ ਸਚ ਸੌਦਾਗਰ, ਸਾਚਾ ਹੱਟ ਵਖਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਆਦਰ, ਵਿਸ਼ਨੂੰ ਮਾਣ ਧਰਾਇੰਦਾ । ਬ੍ਰਹਮਾ ਮੇਲਾ ਕਰਤਾ ਕਾਦਰ, ਰੂਪ ਅਨੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇਛਿਆ ਵੇਖ ਵਖਾਇੰਦਾ । ਆਪਣੀ ਇਛਿਆ ਹਰਿ ਹਰਿ ਰੰਗ, ਪਾਰਬ੍ਰਹਮ ਰੰਗਾਈਆ । ਆਪੇ ਬੈਠ ਸਚ ਪਲੰਘ, ਆਪੇ ਆਸਣ ਲਾਈਆ । ਆਪ ਵਜਾਏ ਸਚ ਮਰਦੰਗ, ਆਪੇ ਹੁਕਮ ਸੁਣਾਈਆ । ਆਪੇ ਲਾਏ ਆਪਣੇ ਅੰਗ, ਆਪੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਬ੍ਰਹਮਾ ਵੇਤਾ ਪਾਰਬ੍ਰਹਮ ਕੁਲ, ਬ੍ਰਹਮ ਬ੍ਰਹਮ ਬ੍ਰਹਮ ਅੰਸ ਜਣਾਈਆ । ਵਿਸ਼ਨੂੰ ਖਿੜਿਆ ਸਾਚਾ ਫੁੱਲ, ਖਿਲਾਵਣਹਾਰਾ ਬੇਪਰਵਾਹੀਆ । ਏਕੰਕਾਰਾ ਪਾਏ ਮੁਲ, ਕਰਤਾ ਕੀਮਤ ਆਪਣੇ ਹੱਥ ਰਖਾਈਆ । ਆਪਣੇ ਕੰਡੇ ਦੇਵੇ ਤੋਲ, ਤੋਲਣਹਾਰਾ ਆਪ ਅਖਵਾਈਆ । ਆਪੇ ਦੇਵੇ ਨਾਮ ਅਨਮੁਲ, ਆਪਣਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਵੱਜੇ ਵਧਾਈਆ । ਵੱਜੀ ਵਧਾਈ ਸਚ

ਘਰ, ਹਰਿ ਸਾਚੇ ਸਗਨ ਮਨਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਪਣਾ ਦਰ ਸੁਹਾਇਆ । ਵਿਸ਼ਨੂੰ ਅੰਦਰ ਆਪੇ ਵੜ, ਆਪਣਾ ਬੀਜ ਆਪ ਟਿਕਾਇਆ । ਨਾ ਕੋਈ ਸੀਸ ਨਾ ਕੋਈ ਧੜ, ਰਕਤ ਬੂੰਦ ਨਾ ਕੋਈ ਰਖਾਇਆ । ਆਪਣੇ ਪੌੜੇ ਆਪੇ ਚੜ੍ਹ, ਏਕਾ ਮੰਦਰ ਆਪ ਸੁਹਾਇਆ । ਆਪਣਾ ਫੜ ਆਪੇ ਲੜ, ਆਪੇ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇਆ । ਆਪਣਾ ਵੇਸ ਆਪ ਕਰ, ਆਪੇ ਖੇਲ ਖਿਲਾਇੰਦਾ । ਵਿਸ਼ਨੂੰ ਵੰਸੀ ਵਸੇ ਦਰ, ਨਿਉਂ ਨਿਉਂ ਸੀਸ ਝੁਕਾਇੰਦਾ । ਬ੍ਰਹਮ ਸਰਨ ਸਰਨਾਈ ਗਿਆ ਪੜ, ਸਰਨਗਤ ਇਕ ਵਖਾਇੰਦਾ । ਪੁਰਖ ਅਬਿਨਾਸ਼ੀ ਘਾੜਨ ਘੜ, ਘੜਨਹਾਰ ਭੇਵ ਕੋਈ ਨਾ ਪਾਇੰਦਾ । ਆਪਣੀ ਲਾਏ ਆਪੇ ਜੜ੍ਹ, ਆਪੇ ਬਣਤ ਬਣਾਇੰਦਾ । ਧੂੰਆਂਧਾਰ ਆਪੇ ਖੜ, ਪਰਕਾਸ਼ ਪਰਕਾਸ਼ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਗ ਕਟਾਇੰਦਾ । ਆਪਣਾ ਅੰਗ ਆਪ ਕੱਟ, ਆਪੇ ਵੇਖ ਵਖਾਈਆ । ਏਕਾ ਰੂਪ ਸਾਚਾ ਕੱਟ, ਵਿਸ਼ਨੂੰ ਵੇਲ ਵਧਾਈਆ । ਆਪੇ ਬ੍ਰਹਮ ਕਰ ਪਰਗਟ, ਆਪੇ ਦਏ ਵਡਿਆਈਆ । ਆਪੇ ਸ਼ੰਕਰ ਖੇਲ ਬਾਜ਼ੀਗਾਰ ਨਟ, ਭੋਲੇ ਨਾਥ ਲਏ ਉਠਾਈਆ । ਆਪੇ ਵਸੇ ਘਟ ਘਟ, ਲਿਵ ਅੰਤਰ ਆਪ ਟਿਕਾਈਆ । ਆਪ ਜਣਾਏ ਆਪਣਾ ਹੱਟ, ਸਾਚਾ ਦਵਾਰਾ ਇਕ ਖੁਲ੍ਹਾਈਆ । ਦੋਹਾਂ ਮਾਰੇ ਏਕਾ ਸੱਟ, ਤੀਜੇ ਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨਾਂ ਵਿਚੋਲਾ ਆਪੇ ਬਣ, ਆਪ ਆਪਣਾ ਮੇਲ ਮਿਲਾਈਆ । ਹਰਿ ਵਿਚੋਲਾ ਬੇਅੰਤ, ਭੇਦ ਕੋਇ ਨਾ ਪਾਇੰਦਾ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਪੁਰਖ ਅਬਿਨਾਸ਼ੀ ਸਾਚਾ ਕੰਤ, ਕੰਤ ਕੰਤੂਹਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਸੁਹਾਇੰਦਾ । ਵਿਸ਼ਨੂੰ ਬ੍ਰਹਮਾ ਸ਼ੰਕਰ ਮੇਲਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸ਼ਬਦ ਬਣਾਏ ਗੁਰੂ ਗੁਰ ਚੇਲਾ, ਦਰ ਸਾਚੇ ਸੋਭਾ ਪਾਇੰਦਾ । ਆਪੇ ਬਣੇ ਸੱਜਣ ਸੁਹੇਲਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਦਰ ਘਰ ਸਾਚੇ ਚਾੜ੍ਹੇ ਤੇਲਾ, ਆਦਿ ਨਿਰੰਜਣ ਸਗਨ ਮਨਾਇੰਦਾ । ਆਪਣਾ ਖੇਲ ਪਾਰਬ੍ਰਹਮ ਪ੍ਰਭ ਆਪੇ ਖੇਲਾ, ਦੂਸਰ ਨਾ ਕੋਈ ਵੇਖ ਵਖਾਇੰਦਾ । ਆਪੇ ਵਸੇ ਰੰਗ ਨਵੇਲਾ, ਧਾਮ ਅਵੱਲੜਾ ਅਗੰਮ ਅਗੰਮੜਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਹਰਿ ਕਰਤਾਰ, ਵਿਸ਼ਨੂੰ ਬ੍ਰਹਮਾ ਸ਼ਿਵ ਸੁਣਾਈਆ । ਆਪ ਉਠਾਇਆ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਈ ਰਖਾਈਆ । ਸਚਖੰਡ ਵਸਿਆ ਨਿਰਗੁਣ ਧਾਰ, ਨਿਰਗੁਣ ਦਾਤਾ ਬੇਪਰਵਾਹੀਆ । ਸ਼ਬਦ ਸੁਰਤ ਕਰ ਪਿਆਰ, ਬ੍ਰਹਿਮੰਡ ਖੰਡ ਰਚਨ ਰਚਾਈਆ । ਲੋਆਂ ਪੁਰੀਆਂ ਕਰ ਅਕਾਰ, ਬੈਠਾ ਆਸਣ ਲਾਈਆ । ਆਪਣੀ ਇਛਿਆ ਭਰੇ ਭੰਡਾਰ, ਸਾਚੀ ਵਸਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਸਾਚਾ ਆਪ ਜਣਾਇੰਦਾ । ਤਿੰਨਾਂ ਵਖਾਏ ਇਕ ਮਕਾਨ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚਾ ਆਪ ਸੁਣਾਈਆ । ਮੇਰਾ ਹੁਕਮ ਤੇਰਾ ਫ਼ਰਮਾਣ, ਤੇਰੀ ਧਾਰ ਬੰਧਾਈਆ । ਮੇਰਾ ਅਹਾਰ ਤੇਰਾ ਪੀਣ ਖਾਣ, ਮੇਰਾ ਦਰਸ ਤੇਰੀ ਵਡਿਆਈਆ । ਮੇਰਾ ਅਸਥਾਨ ਤੇਰਾ ਮਕਾਨ, ਤੇਰਾ ਧਿਆਨ ਚਰਨ ਟਿਕਾਈਆ । ਮੇਰਾ ਨਿਸ਼ਾਨ ਤੇਰਾ

੧੦੮੬ ੦੮

ਗਾਣ, ਅੰਤਰ ਤੇਰੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਵਿਸ਼ਨੂੰ ਸੁਣ ਸ਼ਬਦ ਜੈਕਾਰਾ, ਆਪਣੀ ਲਏ ਅੰਗੜਾਈਆ । ਦੋਏ ਜੋੜ ਕਰੇ ਨਿਮਸਕਾਰਾ, ਪਾਰਬ੍ਰਹਮ ਤੇਰੀ ਵਡ ਵਡਿਆਈਆ । ਤੇਰੇ ਘਰ ਸਚ ਭੰਡਾਰਾ, ਹਉਂ ਸੇਵਕ ਰਘੁਰਾਈਆ । ਤੂੰ ਦਾਤਾ ਬਖ਼ਸ਼ਣਹਾਰਾ, ਹਉਂ ਭਿਖਕ ਆਪਣੀ ਝੋਲੀ ਅੱਗੇ ਡਾਹੀਆ । ਤੂੰ ਵਣਜ ਕਰਾਏ ਸਚ ਵਣਜਾਰਾ, ਤੇਰਾ ਵਣਜ ਤੇਰੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਨੀ ਤੇਰੀ ਗਿਆ ਪੜ, ਏਕਾ ਅੱਖਰ ਦਏ ਬੁਝਾਈਆ । ਵਿਸ਼ਨੂੰ ਰੋਵੇ ਕਰੇ ਪੁਕਾਰ, ਅੱਗੇ ਸੀਸ ਝੁਕਾਇੰਦਾ । ਤੇਰੇ ਅੰਦਰੋਂ ਮੈਂ ਆਇਆ ਬਾਹਰ, ਤੇਰੀ ਜੋਤ ਡਗਮਗਾਇੰਦਾ । ਤੇਰਾ ਸ਼ਬਦ ਮੇਰਾ ਪਿਆਰ, ਤੇਰਾ ਘਰ ਵਸਾਇੰਦਾ । ਤੇਰਾ ਚਰਨ ਮੇਰਾ ਦਵਾਰ, ਸਾਚਾ ਰੂਪ ਵਟਾਇੰਦਾ । ਤੇਰਾ ਪ੍ਰੇਮ ਮੇਰਾ ਅਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਸੀਸ ਝੁਕਾਇੰਦਾ । ਵਿਸ਼ਨੂੰ ਦੋਵੇਂ ਜੋੜ ਕਰੇ ਅਰਦਾਸ, ਪ੍ਰਭ ਸਾਚੇ ਸੁਣ ਬੇਨੰਤੀਆ । ਸਦਾ ਵਸਦਾ ਰਹਾਂ ਤੇਰੇ ਪਾਸ, ਹਉਂ ਨਾਰੀ ਤੂੰ ਸਾਚਾ ਕੰਤੀਆ । ਤੇਰਾ ਦੀਪਕ ਹੋਏ ਮੇਰੇ ਘਰ ਪਰਕਾਸ਼, ਤੇਰਾ ਨਾਮ ਸਾਚ ਸੋਗੰਤੀਆ । ਤੇਰਾ ਰੂਪ ਮੇਰੇ ਅੰਦਰ ਰੱਖੇ ਵਾਸ, ਧੀਰਜ ਧੀਰ ਇਕ ਬਧੰਤੀਆ । ਆਦਿ ਜੁਗਾਦਿ ਰਹਿਵਾਂ ਮੈਂ ਦਾਸ, ਦੂਸਰ ਦਰ ਨਾ ਕੋਇ ਸੁਹੰਤੀਆ । ਹਰਿ ਨਿਰੰਕਾਰ ਨਾ ਕਰੀ ਨਿਰਾਸ, ਸੁਣ ਸਾਹਿਬ ਬੇਨੰਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਦਰ ਸੋਹੇ ਤੇਰੀ ਧੰਨ ਧੰਨ ਹੋਏ ਸੋਭਾਵੰਤੀਆ । ਸੋਭਾਵੰਤੀ ਨਾਰ ਸੁਹਾਗਣ, ਵਿਸ਼ਨੂੰ ਕੰਤ ਕਰੇ ਕੁੜਮਾਈਆ । ਪਾਰਬ੍ਰਹਮ ਤੇਰਾ ਵੈਰਾਗਣ, ਮੇਰੇ ਘਰ ਵੱਜੇ ਵਧਾਈਆ । ਬ੍ਰਹਮਾ ਬਣ ਜਾਏ ਨਾਲ ਲਾਗੀ ਲਾਗਨ, ਸਾਚਾ ਸਗਨ ਮਨਾਈਆ । ਭੋਲੇ ਨਾਥ ਉਠ ਉਠ ਜਾਗਨ, ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕੌਣ ਦਵਾਰ ਹੋਏ ਕੁੜਮਾਈਆ । ਵਿਸ਼ਨੂੰ ਮੰਗੇ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹਿੰਦਾ । ਨਿਰਗੁਣ ਤੇਰਾ ਕਰਿਆ ਆਕਾਰ, ਸਰਗੁਣ ਵੇਸ ਵਟਾਇੰਦਾ । ਕੌਣ ਰੂਪ ਹੋਏ ਉਜਿਆਰ, ਕੌਣ ਰੂਪ ਵੇਖ ਵਖਾਇੰਦਾ । ਆਦਿ ਅੰਤ ਕੋਇ ਨਾ ਜਾਣੇ ਤੇਰੀ ਧਾਰ, ਤੇਰਾ ਭੇਵ ਕੋਇ ਨਾ ਪਾਇੰਦਾ । ਤੂੰ ਦਾਤਾ ਦਾਤਾਰ ਵਡ ਸੁਨਣੇਹਾਰ, ਹਉਂ ਸੇਵਕ ਇਕ ਸੁਣਾਇੰਦਾ । ਨਾ ਕੋਈ ਦੂਸਰ ਦਿਸੇ ਪਸਾਰ, ਤੁਧ ਬਿਨ ਅਵਰ ਨਾ ਕੋਇ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣ ਆਇਆ ਤੇਰਾ ਦਰ ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਨਿਰਗੁਣ ਵਿਸ਼ਨੂੰ ਦਾਤਾ ਹੋੜ, ਸਾਚੀ ਸਿਖਿਆ ਇਕ ਸਮਝਾਇੰਦਾ । ਨਿਰਗੁਣ ਸਰਗੁਣ ਜੋੜਾ ਜੋੜ, ਸਾਚਾ ਖੇਲ ਆਪ ਖਿਲਾਇੰਦਾ । ਸਚਖੰਡ ਦਵਾਰੇ ਤੈਨੂੰ ਗਿਆ ਬੌਹੜ, ਤੇਰਾ ਰੂਪ ਆਪ ਵਟਾਇੰਦਾ । ਤੇਰੇ ਮੰਦਰ ਲਾਇਆ ਪੌੜ, ਉਪਰ ਚੜ੍ਹ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਲੈਣੀ ਸਿਖ, ਹਰਿ ਸਾਚਾ ਸਚ ਸਮਝਾਈਆ । ਵਿਸ਼ਨੂੰ ਤੇਰੀ ਝੋਲੀ ਪਾਵੇ ਭਿਖ, ਦਾਤਾ ਦਾਨੀ ਆਪ ਅਖਵਾਈਆ । ਤੇਰਾ ਲੇਖਾ ਆਪਣੇ ਦਵਾਰੇ ਪਹਿਲੋਂ ਦੇਵੇ ਲਿਖ, ਦੂਜੀ ਰਚਨ ਫੇਰ ਰਚਾਈਆ । ਤੇਰਾ ਨੇਤਰ ਨੈਣ ਆਪੇ ਲਏ ਪੇਖ, ਘਰ ਆਪਣੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਵਿਸ਼ਨੂੰ ਸੁਣ ਉਠ ਬਲ ਧਾਰ, ਹਰਿ ਸਾਚਾ ਕਰੇ ਜਣਾਈਆ । ਨਾਲ ਉਠਾ ਬ੍ਰਹਮਾ ਯਾਰ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਕਿਰਪਾ

ਕਰੇ ਅਪਰ ਅਪਾਰ, ਦੇਵੇ ਬ੍ਰਹਮੇ ਵਡ ਵਡਿਆਈਆ । ਸ਼ਬਦ ਧੁਨ ਅਨਾਦੀ ਸਚ ਧੁਨਕਾਰ, ਸੁੱਤ ਦੁਲਾਰੇ ਸੇਵਾ ਲਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਆਪਣਾ ਹੁਕਮ ਸੁਣਾਈਆ । ਉਤਪਤ ਕਰੇ ਸਰਬ ਸੰਸਾਰ, ਲੱਖ ਚੁਰਾਸੀ ਬਣਤ ਬਣਾਈਆ । ਸ਼ੰਕਰ ਸੋਇਆ ਲਏ ਉਠਾਲ, ਏਕਾ ਹੁਕਮ ਜਣਾਈਆ । ਪੁਰਖ ਅਬਿਨਾਸ਼ੀ ਬਣ ਦਲਾਲ, ਆਪਣੀ ਰਚਨਾ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਖੇਲਣਹਾਰਾ ਪੁਰਖ ਸਮਰਥ, ਭੇਵ ਕੋਈ ਨਾ ਪਾਇੰਦਾ । ਬ੍ਰਹਮਾ ਚਰਨ ਗਿਆ ਢੱਠ, ਨੇਤਰ ਨੀਰ ਨੈਣ ਵਹਾਇੰਦਾ । ਪਾਰਬ੍ਰਹਮ ਦੇ ਸਮਝਾਵੇ ਮੱਤ, ਕਵਣ ਰੂਪ ਰੰਗ ਰੰਗਾਇੰਦਾ । ਪੁਰਖ ਅਬਿਨਾਸ਼ੀ ਜਾਏ ਤੁਠ, ਆਪ ਆਪਣਾ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਕਰ ਉਤਪਤ, ਬ੍ਰਹਮੇ ਝੋਲੀ ਪਾਇੰਦਾ । ਬੀਜ ਬੀਜਿਆ ਸਾਚੇ ਵਤ, ਸਾਚੀ ਸਿਖਿਆ ਇਕ ਸਿਖਾਇੰਦਾ । ਆਪੇ ਬੂੰਦ ਆਪੇ ਰਤ, ਆਪੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਰਚਨ ਰਚਾਇੰਦਾ । ਲੱਖ ਚੁਰਾਸੀ ਹਰਿ ਹਰਿ ਖੇਲ, ਵਡ ਵੱਡਾ ਵਡਿਆਈਆ । ਆਪ ਆਪਣਾ ਕਰਿਆ ਮੇਲ, ਆਪੇ ਮੁਖ ਛੁਪਾਈਆ । ਆਪੇ ਪੰਜ ਤੱਤ ਚਾੜ੍ਹਿਆ ਤੇਲ, ਆਪ ਆਪਣਾ ਦਰ ਸੁਹਾਈਆ । ਆਪੇ ਵਸੇ ਰੰਗ ਨਵੇਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਾ ਰਿਹਾ ਸਮਝਾਈਆ । ਵਿਸ਼ਨੂੰ ਸੇਵਾ ਸਾਚੀ ਲਾ, ਹਰਿ ਹਰਿ ਹੁਕਮ ਸੁਣਾਇੰਦਾ । ਦੇਵਣਹਾਰਾ ਰਿਜਕ ਸਬਾ, ਸਾਚੀ ਭਿਛਿਆ ਝੋਲੀ ਪਾਇੰਦਾ । ਬ੍ਰਹਮਾ ਬ੍ਰਹਮ ਰੂਪ ਜਾਏ ਸਮਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਸ਼ੰਕਰ ਬਣਿਆ ਮੰਦਰ ਦੇਵੇ ਢਾਹ, ਪੰਜ ਤੱਤ ਰਹਿਣ ਨਾ ਪਾਇੰਦਾ । ਖੇਲੇ ਖੇਲ ਬੇਪਰਵਾਹ, ਆਪਣੀ ਕਲ ਵਰਤਾਇੰਦਾ । ਸ਼ਬਦ ਸਰੂਪੀ ਸ਼ਬਦ ਜਣਾ, ਸ਼ਬਦੀ ਸ਼ਬਦ ਪੜ੍ਹਾਇੰਦਾ । ਬ੍ਰਹਮਾ ਲੇਖਾ ਰਿਹਾ ਮਣਾ, ਆਪਣੇ ਮੁਖ ਸਲਾਹਿੰਦਾ । ਚਾਰੇ ਵੇਦਾਂ ਆਪ ਜਣਾ, ਚਾਰੇ ਕੂਟਾਂ ਵੇਖ ਵਖਾਇੰਦਾ । ਦਹਿ ਦਿਸ਼ਾ ਫੇਰੀ ਪਾ, ਲੋਆਂ ਪੁਰੀਆਂ ਜੋਤ ਜਗਾਇੰਦਾ । ਆਪਣੀ ਵੰਡ ਆਪ ਵੰਡਾ, ਆਪੇ ਹਿੱਸਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚਨ ਰਚਾ, ਸਾਚਾ ਗੇੜ ਬਣਾਇੰਦਾ । ਲੱਖ ਚੁਰਾਸੀ ਆਪ ਭਵਾ, ਆਪੇ ਵੇਖ ਵਖਾਇੰਦਾ । ਆਪਣੇ ਭਾਣੇ ਰਿਹਾ ਸਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਪ੍ਰਭ ਬੇਅੰਤ, ਖੇਲੇ ਖੇਲ ਜੁਗਾਂ ਜੁਗੰਤ ਆਦਿ ਅਨਾਦਿ ਏਕਾ ਏਕ ਅਖਵਾਇੰਦਾ । ਏਕਾ ਏਕ ਏਕੰਕਾਰਾ, ਚਾਰੇ ਯੁਗ ਗੇੜ ਭੁਵਾਈਆ । ਲੱਖ ਚੁਰਾਸੀ ਪਸਰ ਪਸਾਰ, ਬ੍ਰਹਮ ਬ੍ਰਹਮ ਬ੍ਰਹਮ ਵੱਜੇ ਵਧਾਈਆ । ਪਾਰਬ੍ਰਹਮ ਰੂਪ ਅਪਾਰ, ਦਿਸ ਕਿਸੇ ਨਾ ਆਈਆ । ਛੱਤੀ ਯੁਗ ਏਕਾ ਧਾਰ, ਏਕਾ ਕੂਟ ਸੁਹਾਈਆ । ਬ੍ਰਹਮਾ ਮਨਵੰਤਰ ਹੋਏ ਉਜਿਆਰ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸੁਣਾਈਆ । ਲੇਖਾ ਲਿਖਣਹਾਰ ਗੋਪਾਲ, ਕਾਗਦ ਕਲਮ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਸੰਗ ਰਖਾਏ ਕਾਲ ਮਹਾਂਕਾਲ, ਸਾਚੀ ਸੇਵਾ ਲਾਇੰਦਾ । ਲੱਖ ਚੁਰਾਸੀ ਤ੍ਰੈਗੁਣ ਜੰਜਾਲ, ਜਗਤ ਜੰਜਾਲਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਥ ਆਪ ਚਲਾਇੰਦਾ । ਰਥ ਰਥਵਾਹੀ ਵਡ ਬਲਵਾਨ, ਏਕਾ ਏਕਉਂਕਾਰਿਆ । ਆਪੇ ਵੇਖੇ ਮਾਰ ਧਿਆਨ, ਆਪ ਆਪਣਾ ਰੂਪ ਵਟਾ ਰਿਹਾ । ਆਪੇ ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਹੁਕਮ ਆਪ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੦੮੮
੦੮

ਕਿਰਪਾ ਕਰ, ਆਪਣਾ ਲੇਖਾ ਆਪ ਜਣਾ ਰਿਹਾ । ਵਿਸ਼ਨੂੰ ਦਾਤਾ ਜੀਆ ਦਾਨ, ਦੇਵੇ ਰਿਜ਼ਕ ਸਬਾਈਆ । ਦਰ ਘਰ ਸਾਚੇ ਮੰਗੇ ਬਣ ਨਾਦਾਨ, ਅੱਗੇ ਆਪਣੀ ਝੋਲੀ ਡਾਹੀਆ । ਅੱਠੇ ਪਹਿਰ ਹਰਿ ਚਰਨ ਧਿਆਨ, ਨੇਤਰ ਨੈਣ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖ ਵਖਾਈਆ । ਵਿਸ਼ਨੂੰ ਮੰਗ ਸਚਖੰਡ, ਆਪਣੀ ਮੰਗ ਮੰਗਾਇੰਦਾ । ਵਸਣਹਾਰਾ ਵਿਚ ਬ੍ਰਹਿਮੰਡ ਖੰਡ, ਭੇਵ ਅਭੇਦ ਖੁਲ੍ਹਾਇੰਦਾ । ਤੂੰ ਸੁਹਾਗੀ ਕੰਤ ਤੇਰਾ ਵਿਛੋੜਾ ਬਣਾਏ ਦੁਹਾਗਣ ਨਾਰ ਰੰਡ, ਸਾਚੀ ਸੇਜਾ ਨਾ ਕੋਇ ਹੰਢਾਇੰਦਾ । ਤੇਰੀ ਕਰਵਟ ਨਾ ਵੇਖਾਂ ਤੇਰੀ ਕੰਡ, ਤੇਰਾ ਵਰ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਸਾਚਾ ਵਰ, ਕੌਣ ਘਰ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵਿਸ਼ਨੂੰ ਵੰਸੀ ਦਏ ਸਮਝਾਈਆ । ਤੇਰਾ ਮੇਰਾ ਸਚ ਪਿਆਰ, ਦਰ ਘਰ ਸਾਚਾ ਇਕ ਸੁਹਾਈਆ । ਭੇਵ ਨਾ ਪਾਏ ਲੱਖ ਚੁਰਾਸੀ ਜੀਵ ਜੰਤ ਕੋਈ ਸਾਰ, ਸਨਮੁਖ ਬੈਠ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਏਕਾ ਸਾਚਾ ਵਰ, ਤੇਰੀ ਕਰੇ ਸਚ ਕੁੜਮਾਈਆ । ਵਿਸ਼ਨੂੰ ਤੇਰਾ ਮੇਲ ਮਿਲੌਣਾ, ਲੱਖ ਚੁਰਾਸੀ ਹੋ ਪਰਧਾਨਿਆ । ਨੌਂ ਨੌਂ ਚਾਰ ਪਾਰ ਕਰੌਣਾ, ਬ੍ਰਹਮਾ ਵੇਦ ਨਾ ਭੇਵ ਖੁਲ੍ਹਾਨਿਆ । ਅਕਾਲ ਮੂਰਤ ਰੂਪ ਵਖੌਣਾ, ਨਿਰਗੁਣ ਜੋਤ ਜਗੇ ਮਹਾਨਿਆ । ਜੂਨੀ ਰਹਿਤ ਨਾਉਂ ਧਰੌਣਾ, ਸਤਿ ਪੁਰਖ ਨਿਰੰਜਣ ਵਡ ਸੁਲਤਾਨਿਆ । ਆਦਿ ਨਿਰੰਜਣ ਸੇਵਾ ਲਾਉਣਾ, ਜੋਤੀ ਨੂਰ ਡਗਮਗਾਨਿਆ । ਬ੍ਰਹਮ ਬ੍ਰਹਮ ਬ੍ਰਹਮ ਵੇਖ ਵਖੌਣਾ, ਦਰ ਸਾਚਾ ਇਕ ਸੁਹਾਨਿਆ । ਤੇਰਾ ਡੰਕਾ ਤੇਰੇ ਨਾਮ ਲੋਕਮਾਤ ਵਜੌਣਾ, ਪਰਗਟ ਹੋ ਸ੍ਰੀ ਭਗਵਾਨਿਆ । ਸੋ ਪੁਰਖ ਨਿਰੰਜਣ ਆਪ ਅਖਵੌਣਾ, ਹੰਸ ਤੇਰਾ ਰੂਪ ਪਛਾਨਿਆ । ਸੋਹੰ ਸ਼ਬਦ ਸਚ ਚਲੌਣਾ, ਨਿਰਗੁਣ ਆਪਣੀ ਕਲ ਵਰਤਾਨਿਆ । ਕਲਜੁਗ ਵੇਲਾ ਅੰਤਮ ਆਉਣਾ, ਨਿਹਕਲੰਕ ਨਿਰਗੁਣ ਰੂਪ ਪਰਗਟ ਹੋਏ ਵਾਲੀ ਦੋ ਜਹਾਨਿਆ । ਤੇਰਾ ਮੇਰਾ ਡੰਕ ਵਜਾਉਣਾ, ਤੇਰਾ ਮਰਦੰਗ ਮੰਗ ਤਰਾਨਿਆ । ਤੇਰਾ ਬੰਕ ਆਪ ਸੁਹਾਉਣਾ, ਤੇਰਾ ਰਾਗ ਮੇਰਾ ਗਾਣਿਆ । ਤੇਰਾ ਬੰਕ ਆਪ ਸੁਹੌਣਾ, ਤੇਰੇ ਦਰ ਬਣੇ ਦਰਬਾਨਿਆ । ਤੇਰਾ ਧਾਮ ਆਪ ਵਸੌਣਾ, ਮਹੱਲ ਅਟੱਲ ਵੇਖ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਦਿਤਾ ਸਾਚਾ ਵਰ, ਵੇਲੇ ਅੰਤ ਕਰੇ ਪਰਵਾਨਿਆ । ਕਲਜੁਗ ਵੇਲਾ ਅੰਤ ਸੁਹਾਏ, ਹਰਿ ਜੋਤ ਕਰੇ ਰੁਸ਼ਨਾਈਆ । ਏਕਾ ਵਿਸ਼ਨੂੰ ਰੂਪ ਵਟਾਏ, ਪੰਜ ਤੱਤ ਸ੍ਰੀ ਭਗਵਾਨਿਆ । ਤੇਰਾ ਲਹਿਣਾ ਦਏ ਚੁਕਾਏ, ਨੌਂ ਸੌ ਚੁਰਾਨਵੇ ਜੁਗ ਚੌਕੜੀ ਰੱਖਣਾ ਇਕ ਧਿਆਨਿਆ । ਤੇਰਾ ਗਹਿਣਾ ਤੇਰੇ ਤਨ ਪਹਿਨਾਏ, ਚਰਨ ਧੂੜ ਕਰਾਏ ਅਸ਼ਨਾਨਿਆ । ਸਤਿਜੁਗ ਕੋਟਨ ਕੋਟ ਵਾਰ ਵੇਖ ਵਖਾਏ, ਰਾਮ ਰਾਮ ਰੂਪ ਵਟਾਨਿਆ । ਕੋਟਨ ਕੋਟ ਗੋਤਮ ਸੇਵਾ ਲਾਏ, ਕੋਟਨ ਕੋਟ ਅਹੱਲਿਆ ਸਿਲਾ ਚਰਨ ਛੁਹਾਨਿਆ । ਕੋਟਨ ਕੋਟ ਰਾਵਨ ਦਏ ਖਪਾਏ, ਲੰਕਾ ਗੜ੍ਹ ਆਪ ਤੁੜਾਨਿਆ । ਕੋਟਨ ਕੋਟ ਭੀਲਣੀ ਬਣ ਬਣ ਤਰਾਏ, ਮੰਗੇ ਆਏ ਦਰ ਦਰਬਾਨਿਆ । ਕੋਟਨ ਕੋਟ ਸੀਤਾ ਲਏ ਪ੍ਰਨਾਏ, ਸਾਂਤਕ ਸਤਿ ਸ੍ਰੀ ਭਗਵਾਨਿਆ । ਹਰਿ ਕਾ ਭੇਵ ਕੋਈ ਨਾ ਪਾਏ, ਬਲ ਬਾਵਨ ਰਾਹ ਤਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਨਿਆ । ਕੋਟਨ ਕੋਟ ਕ੍ਰਿਸ਼ਨ ਆਤਮ ਦੇਵ, ਕਾਹਨਾ ਆਪਣਾ ਰੂਪ ਵਟਾਈਆ । ਕੋਟਨ ਕੋਟ ਰਾਧਾ ਕਰੇ ਸੇਵ, ਚਰਨ ਕਵਲ ਧਿਆਨ ਲਗਾਈਆ । ਕੋਟਨ ਕੋਟ ਯੁਧਿਸ਼ਟਰ ਮੰਗੇ ਮੇਵ, ਕੋਟਨ ਕੋਟ ਅਰਜਨ ਬਾਣ ਉਠਾਈਆ । ਕੋਟਨ

੧੦੮੯ ੦੮

ਕੋਟ ਕਰੇ ਖੇਲ ਅਲਖ ਅਭੇਵ, ਕੋਟਨ ਕੋਟ ਦ੍ਰੋਪਦ ਸੁੱਤ ਦ੍ਰੋਪਦੀ ਲਾਜ ਰਖਾਈਆ । ਕੋਟਨ ਕੋਟ ਬਿਪਰ ਸੁਦਾਮਾ ਗਾਏ ਰਸਨਾ ਜੇਹਵ, ਕੋਟਨ ਕੋਟ ਬਿਦਰ ਬੈਠੇ ਰਾਹ ਤਕਾਈਆ । ਕੋਟਨ ਕੋਟ ਹੰਕਾਰੀ ਦਰਯੋਧਨ ਨਾ ਪਾਇਣ ਭੇਵ, ਜੂਠਾ ਝੂਠਾ ਬੈਠੇ ਗੜ੍ਹ ਬਣਾਈਆ । ਕੋਟਨ ਕੋਟ ਰਥ ਰਥਵਾਹੀ ਬਣ ਬਣ ਕਰਨ ਸੇਵ, ਤ੍ਰਿਲੋਕੀ ਨਾਥ ਕੋਟ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਪੁਰਖ ਏਕਉਂਕਾਰ ਅਜੂਨੀ ਰਹਿਤ ਇਕ ਵਡਿਆਈਆ । ਕੋਟਨ ਕੋਟ ਬੁਧ ਗਿਆਨ, ਕੋਟਨ ਕੋਟ ਅੰਤਰ ਲਿਵ ਲਾਈਆ । ਕੋਟਨ ਕੋਟ ਮੰਗਣ ਦਾਨ, ਅੱਗੇ ਬੈਠੀਆਂ ਝੋਲੀਆਂ ਡਾਹੀਆ । ਕੋਟਨ ਕੋਟ ਕਰਨ ਅਸ਼ਨਾਨ, ਚਰਨ ਧੂੜੀ ਖ਼ਾਕ ਰਮਾਈਆ । ਕੋਟਨ ਕੋਟ ਵੇਖੇ ਰਵ ਸਸ ਸੂਰਜ ਚੰਨ ਭਾਨ, ਸਿਤਾਰ ਮੰਡਲ ਮੰਡਪ ਰਹੇ ਸੁਹਾਈਆ । ਕੋਟਨ ਕੋਟ ਪਵਣ ਪਾਣੀ ਕੱਢਣ ਵਗਾਰ, ਕੋਟਨ ਕੋਟ ਧਰਤ ਧਵਲ ਉਪਰ ਡੇਰਾ ਲਾਈਆ । ਕੋਟਨ ਕੋਟ ਝੁਲਾਏ ਨਿਸ਼ਾਨ, ਕੋਟਨ ਕੋਟ ਖ਼ਾਕ ਸਮਾਈਆ । ਕੋਟਨ ਕੋਟ ਈਸਾ ਮੂਸਾ ਕਰੇ ਪਰਧਾਨ, ਕੋਟਨ ਕੋਟ ਕਲਮਾ ਰਹੇ ਪੜ੍ਹਾਈਆ । ਕੋਟਨ ਕੋਟ ਮੁਹੰਮਦ ਰਾਹ ਤਕਾਣ, ਨਿਗਹਬਾਨ ਮਿਹਬਾਨ ਬੀਦੋ ਨਜ਼ਰ ਨਾ ਆਈਆ । ਕੋਟਨ ਕੋਟ ਨਾਨਕ ਦਰ ਪਰਵਾਨ, ਸਚਖੰਡ ਬੈਠੇ ਆਸਣ ਲਾਈਆ । ਕੋਟਨ ਕੋਟ ਦਰ ਦਰਬਾਨ, ਧਰੂ ਪ੍ਰਹਿਲਾਦ ਆਪ ਸਹਾਈਆ । ਕੋਟਨ ਕੋਟ ਗੋਬਿੰਦ ਝੁਲਾਇਣ ਨਿਸ਼ਾਨ, ਪੂਤ ਸਪੂਤਾ ਦਏ ਵਡਿਆਈਆ । ਕੋਟਨ ਕੋਟ ਵੇਦ ਪੁਰਾਨ, ਬ੍ਰਹਮਾ ਵੇਦ ਵਿਆਸਾ ਗਏ ਲਿਖਾਈਆ । ਕੋਟਨ ਕੋਟ ਸ਼ਾਸਤਰ ਸਿਮਰਤ ਖੋਲ੍ਹ ਦੁਕਾਨ, ਲੋਕਮਾਤ ਵੇਖ ਵਖਾਈਆ । ਕੋਟਨ ਕੋਟ ਅੰਜੀਲ ਕੁਰਾਨ, ਤੀਸ ਬਤੀਸਾ ਗਏ ਗਾਈਆ । ਕੋਟਨ ਕੋਟ ਖਾਣੀ ਬਾਣੀ ਹੋ ਪਰਧਾਨ, ਏਕਾ ਨਾਅਰਾ ਰਹੇ ਲਗਾਈਆ । ਕੋਟਨ ਕੋਟ ਕਬੀਰਾ ਦਰ ਘਰ ਮਿਲੇ ਮਾਣ, ਜੋ ਆਏ ਚਲ ਸਰਨਾਈਆ । ਕੋਟਨ ਕੋਟ ਜੁਗਾ ਜੁਗੰਤਰ ਆਦਿ ਅੰਤ ਪਾਰਬ੍ਰਹਮ ਅਬਿਨਾਸ਼ੀ ਕਰਤੇ ਤੇਰਾ ਮੰਗਣ ਚਰਨ ਧਿਆਨ, ਏਕਾ ਆਪਣਾ ਰਾਹ ਤਕਾਈਆ । ਕੋਟਨ ਕੋਟ ਤੇਰਾ ਸੁਣਨ ਧੁਰ ਫ਼ਰਮਾਣ, ਗੁਰ ਅਰਜਨ ਦਏ ਗਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਮਹਾਨ, ਕਲਜੁਗ ਅੰਤਮ ਵੇਖ ਵਖਾਈਆ । ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਦੂਸਰ ਓਟ ਨਾ ਕੋਇ ਰਖਾਈਆ । ਆਪਣੇ ਹੱਥ ਰੱਖੀ ਤ੍ਰਿਲੋਕੀ ਕਲਿਆਣ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸ ਸੁਰਪਤ ਰਾਜਾ ਇੰਦ ਆਪਣੇ ਹੁਕਮ ਫਿਰਾਈਆ । ਰਵ ਸਸ ਸਾਚਾ ਸ਼ਬਦ ਸੁਣਨ ਲਾ ਲਾ ਕਾਨ, ਪੁਰਖ ਅਗੰਮੜਾ ਆਪ ਸੁਣਾਈਆ । ਚੌਦਾਂ ਤਬਕਾਂ ਪਾਵਣਹਾਰਾ ਆਣ, ਏਕਾ ਨਰ ਆਪ ਖ਼ੁਦਾਈਆ । ਕਾਇਨਾਤ ਹੋ ਪਰਧਾਨ, ਸਚ ਅਮਾਮ ਰੂਪ ਵਟਾਈਆ । ਐਨਲਹੱਕ ਤੇਰਾ ਵੇਖੇ ਹੱਕ ਨਿਸ਼ਾਨ, ਸਚ ਹਕੀਕਤ ਨਾਲ ਰਲਾਈਆ । ਮੁਕਾਮੇ ਹੱਕ ਹੋ ਪਰਧਾਨ, ਆਸ਼ਕ ਮਾਸ਼ੂਕਾ ਲਏ ਜਗਾਈਆ । ਬਣਿਆ ਮਸ਼ੂਕ ਗੁਣ ਨਿਧਾਨ, ਆਸ਼ਕ ਵੇਖੇ ਖ਼ਲਕ ਖ਼ੁਦਾਈਆ । ਕਾਇਆ ਕਾਅਬਾ ਹਰਿ ਮਿਹਰਵਾਨ, ਏਕਾ ਮੱਕਾ ਦਏ ਸਮਝਾਈਆ । ਦੁਲਦੁਲ ਐਲੀ ਸਾਚਾ ਰਾਕਾ ਚੜ੍ਹਿਆ ਨੌਜਵਾਨ, ਵਾਗ ਆਪਣੇ ਹੱਥ ਰਖਾਈਆ । ਕਰਨ ਆਇਆ ਸਚ ਪਛਾਨ, ਉਮਤ ਉਮਤੀ ਵੇਖ ਵਖਾਈਆ । ਨਬੀ ਰਸੂਲਾਂ ਪਾਏ ਆਣ, ਮੁੱਲਾਂ ਸ਼ੇਖ਼ ਮੁਸਾਇਕ ਪੀਰ ਸ਼ਬਦ ਜ਼ੰਜੀਰ ਆਪ ਬੰਧਾਈਆ । ਇਕ ਤੌਫੀਕ ਨਿਗਹਬਾਨ, ਲਾਸ਼ਰੀਕ ਇਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੰਗ ਆਪ ਰੰਗਾਈਆ । ਆਪਣਾ ਰੰਗ ਆਪੇ ਰੰਗ, ਹਰਿ ਸਾਚਾ ਵੇਖ ਵਖਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਇੰਦਾ । ਕਲਜੁਗ ਚਾਰ ਕੁੰਟ

ਭਾਜੀ ਫੇਰੀ ਝੂਠੀ ਗੰਢ, ਝੂਠਾ ਨਾਤਾ ਜੋੜ ਜੁੜਾਇੰਦਾ । ਦਰ ਦਰ ਘਰ ਘਰ ਦਿਸੇ ਭੇਖ ਪਾਖੰਡ, ਹਰਿ ਕਾ ਇਸ਼ਟ ਨਾ ਕੋਇ ਮਨਾਇੰਦਾ । ਜੀਵ ਜੰਤ ਸਾਧ ਸੰਤ ਨਾਰ ਦੁਹਾਗਣ ਹੋਈ ਰੰਡ, ਸਾਚਾ ਕੰਤ ਨਾ ਕੋਇ ਮਨਾਇੰਦਾ । ਗੁਰਦਰ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਨਿਰਗੁਣ ਜੋਤ ਨਾ ਚੜ੍ਹਿਆ ਚੰਦ, ਪਰਕਾਸ਼ ਪਰਕਾਸ਼ ਨਾ ਕੋਇ ਉਪਾਇੰਦਾ । ਕਲਜੁਗ ਜੀਵ ਭਾਗਾਂ ਮੰਦ, ਮਾਇਆ ਮਮਤਾ ਸੰਗ ਪਰਨਾਇੰਦਾ । ਹਉਮੇ ਹੰਗਤਾ ਹੋਈ ਕੰਧ, ਕੂੜਾ ਗੜ੍ਹ ਨਾ ਕੋਈ ਤੁੜਾਇੰਦਾ । ਸਾਧਾਂ ਛੱਡਿਆ ਪਰਮਾਨੰਦ, ਨਿਜਾ ਨੰਦ ਨਾ ਕੋਈ ਦਰਸਾਇੰਦਾ । ਰਸਨਾ ਅਹਾਰ ਮਦਿਰਾ ਮਾਸ ਗੰਦ, ਨਾਨਕ ਗੋਬਿੰਦ ਦਰ ਦੁਰਕਾਇੰਦਾ । ਰਾਮ ਕ੍ਰਿਸ਼ਨ ਨਾ ਦੇਵੇ ਕਿਸੇ ਸੰਗ, ਦੁਰਗਾ ਇਸ਼ਟ ਨਾ ਕੋਈ ਵਖਾਇੰਦਾ । ਵਿਸ਼ਨੂੰ ਮੰਗੀ ਆਪਣੀ ਮੰਗ, ਕਲਜੁਗ ਵੇਲਾ ਅੰਤਮ ਆਇੰਦਾ । ਪਾਰਬ੍ਰਹਮ ਲੈ ਚੜ੍ਹਿਆ ਨਾਮ ਮਰਦੰਗ, ਲੋਆਂ ਪੁਰੀਆਂ ਆਪ ਸੁਣਾਇੰਦਾ । ਕਰਨਹਾਰਾ ਖੰਡ ਖੰਡ, ਏਕਾ ਖੰਡਾ ਆਪ ਚਮਕਾਇੰਦਾ । ਸਾਚੀ ਵਸਤ ਆਤਮ ਹਰਿ ਸੰਗਤ ਸਾਚੀ ਦਏ ਵੰਡ, ਨਿਹਕਲੰਕ ਹਰਿ ਸੇਵ ਕਮਾਇੰਦਾ । ਅਬਿਨਾਸ਼ੀ ਕਰਤਾ ਲਾਏ ਰੰਗ, ਕੋਟਨ ਕੋਟ ਜੁਗ ਜੁਗ ਵਿਛੜੇ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਚਾੜ੍ਹੇ ਚੋਟੀ ਸਿਖਰੇ, ਸਚਖੰਡ ਦਵਾਰੇ ਆਪ ਬਹਾਇੰਦਾ । ਨੌਂ ਖੰਡ ਸਤ ਦੀਪ ਲੱਖ ਚੁਰਾਸੀ ਵਿਚੋਂ ਗੁਰਮੁਖ ਸਾਚੇ ਥੋੜੇ ਨਿਖਰੇ, ਜੋ ਸਰਸਾ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪ ਅਖਵਾਇੰਦਾ । ਨਿਹਕਲੰਕ ਹਰਿ ਬਲਵਾਨ, ਕਲਜੁਗ ਅੰਤਮ ਆਇਆ । ਸਾਧ ਸੰਤ ਗੁਰ ਪੀਰ ਅਵਤਾਰ ਮੰਗਦੇ ਰਹੇ ਦਾਨ, ਪ੍ਰਭ ਅੱਗੇ ਝੋਲੀ ਡਾਹਿਆ । ਨਿਉਂ ਨਿਉਂ ਸਜਦਾ ਕਰ ਕਰ ਮੰਨਦੇ ਰਹੇ ਆਣ, ਆਪਣਾ ਸੀਸ ਨਾ ਕਿਸੇ ਉਠਾਇਆ । ਭਾਣਾ ਮੰਨਣ ਵਿਚ ਜਹਾਨ, ਹਰਿ ਭਾਣੇ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪੇ ਖੇਲ ਖਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਅਵਤਾਰ, ਹਰਿ ਸਾਚਾ ਆਪ ਘਲਾਇੰਦਾ । ਲੋਕਮਾਤ ਕਰ ਉਜਿਆਰ, ਸਾਚਾ ਮਾਰਗ ਲਾਇੰਦਾ । ਸ਼ਬਦ ਤੇਰਾ ਖੰਡਾ ਸਚ ਕਟਾਰ, ਤੀਰ ਕਮਾਨ ਹੱਥ ਫੜਾਇੰਦਾ । ਰਥ ਰਥਵਾਹੀ ਬੰਨੇ ਧਾਰ, ਗੀਤਾ ਗਿਆਨ ਦ੍ਰਿੜਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਕਲਮਾ ਆਪ ਪੜ੍ਹਾਇੰਦਾ । ਨਾਨਕ ਗੋਬਿੰਦ ਰੰਗ ਕਰਤਾਰ, ਨਾਮ ਸਤਿ ਰੰਗ ਰੰਗਾਇੰਦਾ । ਚਾਰ ਵਰਨ ਕਰ ਪਿਆਰ, ਏਕਾ ਮਤ ਸਮਝਾਇੰਦਾ । ਬਿਨ ਹਰਿ ਦੂਸਰ ਨਾ ਕੋਈ ਦਵਾਰ, ਪੁਰਖ ਅਕਾਲ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਨਰਾਇਣ ਨਰ, ਆਪਣੀ ਕਲ ਆਪ ਵਰਤਾਇੰਦਾ । ਨਿਹਕਲੰਕ ਸੂਰ ਸੁਲਤਾਨਾ, ਸਤਿ ਪੁਰਖ ਨਿਰੰਜਣ ਆਪ ਅਖਵਾਇਆ । ਵੀਹ ਸੌ ਬਿਕ੍ਰਮੀ ਹੋ ਪਰਧਾਨਾ, ਲੋਕਮਾਤ ਜੋਤ ਜਗਾਇਆ । ਵੀਹ ਸੌ ਇਕ ਵਾਲੀ ਦੋ ਜਹਾਨਾ, ਏਕਾ ਮੰਤਰ ਨਾਮ ਦ੍ਰਿੜਾਇਆ । ਵੀਹ ਸੌ ਦੋ ਦਰ ਦਰਬਾਨਾ, ਦਰ ਦਰਵੇਸ਼ ਵੇਸ ਵਟਾਇਆ । ਵੀਹ ਸੌ ਤਿੰਨ ਚਤੁਰ ਸੁਜਾਨਾ, ਗੁਰਮੁਖ ਸਾਚੇ ਲਏ ਉਠਾਇਆ । ਵੀਹ ਸੌ ਚਾਰ ਬੱਧਾ ਗਾਨਾ, ਆਪ ਆਪਣਾ ਹੁਕਮ ਮਨਾਇਆ । ਵੀਹ ਸੌ ਪੰਜ ਬਿਕ੍ਰਮੀ ਹੋ ਪਰਧਾਨਾ, ਪ੍ਰਭ ਲਹਿਣਾ ਲਹਿਣੇ ਪਾਇਆ । ਵੀਹ ਸੌ ਛੇ ਤੇਰਾ ਨਿਸ਼ਾਨਾ, ਸੋਹੰ ਸ਼ਬਦ ਉਪਾਇਆ । ਵੀਹ ਸੌ ਸੱਤ ਗੋਪੀ ਕਾਹਨਾ, ਗੁਰਮੁਖ ਸੁਰਤੀ ਨਾਚ ਨਚਾਇਆ । ਵੀਹ ਸੌ ਅੱਠ ਖੇਲ ਮਹਾਨਾ, ਸੰਤ ਮਨੀ ਸਿੰਘ ਲੇਖੇ ਲਾਇਆ । ਵੀਹ ਸੌ ਨੌਂ ਨੌਜਵਾਨਾ, ਨੌਂ ਦਰ ਵੇਖੇ ਖੋਜ ਖੁਜਾਇਆ । ਵੀਹ ਦਸ ਦਰ ਪਰਵਾਨਾ, ਦਰ ਸਾਚਾ

ਦਏ ਸੁਹਾਇਆ । ਸੋਲਾਂ ਮੱਘਰ ਖੇਲ ਮਹਾਨਾ, ਬਾਲ ਬਾਲਾ ਲੇਖੇ ਲਾਇਆ । ਸਿੰਘ ਮਨਜੀਤਾ ਇਕ ਤਰਾਨਾ, ਸੁਰਪਤ ਰਾਜੇ ਇੰਦ ਰਿਹਾ ਸੁਣਾਇਆ । ਸਿੰਘ ਪਾਲ ਦੇਵੇ ਇਕ ਗਿਆਨਾ, ਬਾਲਮੀਕ ਆਪ ਉਠਾਇਆ । ਦੇਵਣਹਾਰਾ ਧੁਰ ਫ਼ਰਮਾਣਾ, ਸਾਚੀ ਸੇਵਾ ਲਾਇਆ । ਵੀਹ ਸੌ ਗਿਆਰਾਂ ਖੇਲ ਅਪਾਰਾ, ਸਾਢੇ ਤਿੰਨ ਹੱਥ ਮੰਦਰ ਆਪ ਉਪਾਇਆ । ਗੁਰਸਿਖਾਂ ਮੇਲਾ ਡੂੰਘੀ ਕੁੰਦਰ ਗੁਰ ਦਰ ਮੰਦਰ ਮਸਜਿਦ ਡੇਰਾ ਢਾਇਆ । ਵੀਹ ਸਦ ਬਾਰਾਂ ਸਚ ਅਖਾੜਾ, ਸਤਾਰਾਂ ਹਾੜਾ ਲੋਕਮਾਤ ਆਪ ਲਗਾਇਆ । ਗੁਰਮੁਖਾਂ ਅੱਗ ਬੁਝਾਈ ਲੱਗੀ ਬਹੱਤਰ ਨਾੜਾ, ਅੰਮ੍ਰਿਤ ਸਾਚਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਦਸ ਹੋਇਆ ਵਸ, ਹਰਿਜਨ ਮੇਲੇ ਨੱਸ ਨੱਸ, ਸੋਇਆ ਕੋਈ ਰਹਿਣ ਨਾ ਪਾਇਆ । ਵੀਹ ਸਦ ਬਾਰਾਂ ਰੰਗ ਅਨਮੋਲਾ, ਹਰਿ ਸੰਗਤ ਆਪ ਚੜ੍ਹਾਈਆ । ਪਾਰਬ੍ਰਹਮ ਪ੍ਰਭ ਬਣਿਆ ਤੋਲਾ, ਏਕਾ ਕੰਡਾ ਹੱਥ ਉਠਾਇਆ । ਹਰਿ ਮੰਦਰ ਅੰਦਰ ਪਿਆ ਰੌਲਾ, ਉਨੀਂ ਹਾੜ ਵੱਜੀ ਵਧਾਈਆ । ਸੇਵਕ ਸੇਵ ਕਮਾਏ ਬਦਲਿਆ ਚੋਲਾ, ਅੱਲਾ ਰਾਣੀ ਮੁਖ ਸ਼ਰਮਾਈਆ । ਪਰਗਟ ਹੋਇਆ ਉਪਰ ਧਵਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਅੰਮ੍ਰਿਤ ਭਰਿਆ ਕਵਲਾ, ਆਪਣੀ ਹੱਥੀਂ ਬੰਦ ਕਰਾਈਆ । ਇਕ ਪਿਆਈ ਸਾਚੀ ਬੂੰਦ ਨਾਮ ਖੰਡਾ ਵਿਚ ਫਿਰਾਈਆ । ਪੰਜ ਤੱਤ ਨਾ ਪਾਏ ਕੋਈ ਰੌਲਾ, ਜਗਤ ਵਾਸਨਾ ਨਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਬਣਿਆ ਆਲਾ ਭੋਲਾ, ਭਰਮ ਭੁਲੇਖੇ ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਜੋਤ ਕਰੇ ਰੁਸ਼ਨਾਈਆ । ਵੀਹ ਸਦ ਤੇਰਾਂ ਹੋ ਉਜਿਆਰ, ਹਰਿ ਸਾਚਾ ਜੋਤ ਜਗਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸਾਧਾਂ ਸੰਤਾਂ ਆਪ ਉਠਾਇੰਦਾ । ਸ਼ਬਦ ਅਗੰਮੀ

ੴ ੧੦੯੨

ਮਾਰੇ ਮਾਰ, ਨਾਮ ਡੰਡਾ ਹੱਥ ਉਠਾਇੰਦਾ । ਸਚ ਵਸਤ ਨਾ ਕਰੇ ਕੋਈ ਪਿਆਰ, ਝੂਠਾ ਵਣਜ ਸਰਬ ਵਖਾਇੰਦਾ । ਰਸਨਾ ਗਾ ਗਾ ਗਏ ਹਾਰ, ਹਰਿ ਕਾ ਦਰਸ ਕੋਇ ਨਾ ਪਾਇੰਦਾ । ਪੜ੍ਹ ਪੜ੍ਹ ਰਾਗ ਰਹੇ ਉਚਾਰ, ਸਾਚਾ ਰਾਗੀ ਦਿਸ ਨਾ ਆਇੰਦਾ । ਵਜਾਣ ਨਾਦ ਸੁਣਾਇਣ ਸੰਸਾਰ, ਆਤਮ ਨਾਦ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਦਸ ਤਿੰਨ ਤੇਰਾਂ ਸਚ ਵਿਹਾਰਾ, ਹਰਿ ਸਾਚੇ ਆਪ ਕਰਾਇਆ । ਇਕ ਨਰੇਲ ਕਰ ਤਿਆਰਾ, ਸਾਚਾ ਸਗਨ ਹੱਥ ਉਠਾਇਆ । ਕੋਈ ਮਿਲੇ ਜਗ ਗੁਰਮੁਖ ਪਿਆਰਾ, ਜਿਸ ਅੱਗੇ ਭੇਟ ਚੜ੍ਹਾਇਆ । ਸਾਧਾਂ ਸੰਤਾਂ ਅੰਦਰ ਵੇਖਿਆ ਕਾਮ ਕਰੋਧ ਲੋਭ ਮੋਹ ਹੰਕਾਰਾ, ਪ੍ਰਭ ਆਇਆ ਮੁਖ ਭੁਵਾਇਆ । ਸ਼ਾਹ ਸੁਲਤਾਨਾ ਦਿਤਾ ਇਕ ਹੁਲਾਰਾ, ਸੀਸ ਦਸਤਾਰ ਇਕ ਬੰਧਾਇਆ । ਗੁਰਮੁਖਾਂ ਕਰਿਆ ਸਚ ਪਿਆਰਾ, ਹਰਿ ਸੰਗਤ ਨਾਮ ਧਰਾਇਆ । ਨੌਂ ਦਵਾਰੇ ਪਾਰ ਕਿਨਾਰਾ, ਦਸਵੇਂ ਆਪਣਾ ਦਰਸ ਵਖਾਇਆ । ਨਾਤਾ ਤੁਟਾ ਸਰਬ ਸੰਸਾਰਾ, ਜੋ ਜਨ ਸਰਨਾਈ ਆਈਆ । ਅੰਦਰ ਵੜ ਕੇ ਵੇਖੇ ਜੀਵ ਵਿਚਾਰਾ, ਹਾਜ਼ਰ ਹਜ਼ੂਰ ਬੈਠਾ ਆਸਣ ਲਾਇਆ । ਜੋਗ ਅਭਿਆਸ ਨਾ ਕੋਈ ਕਰਾਏ ਜਗਤ ਕਿਨਾਰਾ, ਨੇਤਰ ਬੰਦ ਨਾ ਕੋਇ ਵਖਾਇਆ । ਪੁਰਖ ਅਬਿਨਾਸ਼ੀ ਤੁਠੇ, ਗੁਰਮੁਖਾਂ ਦੇਵੇ ਅੰਮ੍ਰਿਤ ਘੁੱਟੇ, ਆਵਣ ਜਾਵਣ ਲੱਖ ਚੁਰਾਸੀ ਛੁੱਟੇ, ਪਾਇਆ ਪੁਰਖ ਨਰ ਨਿਰੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੇਲਾ ਕੰਤ ਭਤਾਰਾ । ਨੌਂ ਦਵਾਰੇ ਤੁਟਾ ਨਾਤਾ, ਹਰਿ ਸਤਿਗੁਰ ਆਪ ਤੁੜਾਇੰਦਾ । ਹਰਿ ਸੰਗਤ ਤੇਰੀ ਮੁੱਕੀ ਵਾਟਾ, ਸੰਮਤ ਤੇਰਾਂ ਚੇਤਰ ਦਸ ਰੁੱਤ ਸੁਹਾਇੰਦਾ । ਆਪਣੀ ਹੱਥੀਂ ਪੂਰਾ ਕੀਤਾ ਘਾਟਾ, ਆਪਣੇ ਕੰਡੇ ਤੋਲ ਤੁਲਾਇੰਦਾ । ਗੁਰਸਿਖ ਤੇਰੀ ਆਤਮ ਸੁੱਤਾ ਸਾਚੀ

ਖਾਟਾ, ਤੇਰੇ ਅੰਦਰ ਡੇਰਾ ਲਾਇੰਦਾ । ਤੇਰਾ ਬਜਰ ਕਪਾਟੀ ਪੜਦਾ ਪਾਟਾ, ਆਪਣਾ ਗਿਆਨ ਚਰਨ ਧਿਆਨ ਤੇਰੇ ਵਿਚ ਵਖਾਇੰਦਾ । ਗੁਰਮੁਖ ਨਾ ਵਿਕੇ ਕਿਸੇ ਹਾਟਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਗੁਰਸਿਖ ਤੇਰੇ ਅੰਦਰ ਆਦਿ ਸ਼ਕਤ ਜੋਤ ਲਲਾਟਾ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੇਵ ਕਮਾਇੰਦਾ । ਗੁਰ ਗੋਬਿੰਦ ਤੇਰੇ ਅੰਦਰ ਧਰਿਆ ਅੰਮ੍ਰਿਤ ਬਾਟਾ, ਨਾਨਕ ਨਾਮ ਸਤਿ ਖੰਡਾ ਵਿਚ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੁਖ ਸਲਾਹਿੰਦਾ । ਸੰਗਤ ਸਦ ਸਦ ਹਰਿ ਸਲਾਹਣ ਜੋਗ, ਦੂਸਰ ਹੱਥ ਨਾ ਕੋਇ ਵਡਿਆਈਆ । ਗੁਰ ਸੰਗਤ ਤੇਰਾ ਹੋਇਆ ਧੁਰ ਸੰਜੋਗ, ਗੁਰ ਗੋਬਿੰਦ ਕਰੀ ਕੁੜਮਾਈਆ । ਪ੍ਰਭ ਅਬਿਨਾਸ਼ੀ ਤੇਰੀ ਸੇਜਾ ਭੋਗੇ ਭੋਗ, ਰਸ ਬਲਾਸਾ ਇਕ ਵਖਾਈਆ । ਤੇਰਾ ਚੁਕਿਆ ਦੂਜਾ ਰੋਗ, ਤੇਰਾ ਨੇਤਰ ਦੂਸਰ ਰਾਹ ਨਾ ਕੋਇ ਤਕਾਈਆ । ਤੇਰਾ ਵਾਸਾ ਲੋਕ ਪਰਲੋਕ, ਪ੍ਰਭ ਆਪਣੇ ਚਰਨ ਰਖਾਈਆ । ਹਰਿ ਸੰਗਤ ਤੇਰਾ ਪੂਰਨ ਹੋਇਆ ਜੋਗ, ਪਾਰਬ੍ਰਹਮ ਸਿਰ ਆਪਣਾ ਹੱਥ ਟਿਕਾਈਆ । ਤੇਰੀ ਚਰਨ ਧੂੜੀ ਮੰਗੇ ਮੰਗਤ ਮੋਖ, ਜਿਸ ਮਿਲਿਆ ਬੇਪਰਵਾਹੀਆ । ਰਾਹ ਤੱਕਣ ਗੁਰਸਿਖ ਤੇਰਾ ਚੌਦਾਂ ਲੋਕ, ਬੈਠੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਤੇਰਾ ਦਿਤਾ ਵਰ, ਹਰਿ ਸੰਗਤ ਸਾਚੀ ਭੇਟ ਚੜ੍ਹਾਈਆ । ਸਚ ਨਰੇਲ ਸੰਗਤ ਭੇਟਾ, ਹਰਿ ਸਾਚਾ ਆਪ ਚੜ੍ਹਾਇੰਦਾ । ਆਪੇ ਮਾਤ ਪਿਤਾ ਬਣਿਆ ਬੇਟਾ, ਆਪੇ ਖੇਲ ਖਿਲਾਇੰਦਾ । ਆਪੇ ਹੋਇ ਖੇਵਟ ਖੇਟਾ, ਸਚ ਮਲਾਹ ਆਪ ਹੋ ਜਾਇੰਦਾ । ਆਪੇ ਮਿਠਾ ਕਰੇ ਕੌੜਾ ਰੀਠਾ, ਅੰਮ੍ਰਿਤ ਰਸ ਆਪ ਭਰਾਇੰਦਾ । ਆਪੇ ਸੋਹਰਾ ਪੇਈਆ ਬਣੇ ਮੇਕਾ, ਆਪੇ ਸਗਨ ਮਨਾਇੰਦਾ । ਆਪੇ ਨਾਰੀ ਕੰਤ ਜਾਣੇ ਲੇਖਾ, ਆਪੇ ਲੇਖ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ,



ਆਪ ਆਪਣੀ ਕਿਰਪਾ ਕਰ, ਗਿਆਰਾਂ ਬਾਰਾਂ ਤੇਰਾਂ ਅੱਗੇ ਆਪਣੇ ਧਰ, ਆਪ ਆਪਣਾ ਖੇਲ ਖਿਲਾਇੰਦਾ । ਸੰਮਤ ਚੌਦਾਂ ਚੌਦਾਂ ਲੋਕ, ਹਰਿ ਹਰਿ ਵੇਖ ਵਖਾਇੰਦਾ । ਇਕੀ ਸਿਖਾਂ ਦੇਵੇ ਮੋਖ, ਮੋਖ ਮੁਕਤ ਦਾਸੀ ਦਾਸ ਬਣਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ, ਸਾਚਾ ਹੁਕਮ ਸੁਣਾਇੰਦਾ । ਏਕਾ ਹਰਿ ਹਰਿ ਨਾਮ ਚੁਗਣ ਚੋਗ, ਦੂਸਰ ਰਸ ਨਾ ਕੋਇ ਉਪਾਇੰਦਾ । ਕੱਟਣਹਾਰਾ ਹਉਮੇ ਰੋਗ, ਦੂਈ ਦਵੈਤੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਕਰ, ਊਚ ਨੀਚ ਰਾਓ ਰੰਕ ਏਕਾ ਧਾਮ ਸੁਹਾਇੰਦਾ । ਚੌਦਾਂ ਹੱਟਾਂ ਵੇਖ ਪਸਾਰਾ, ਹਰਿ ਹਰਿ ਖੇਲ ਖਿਲਾਈਆ । ਚੌਦਾਂ ਤਬਕਾਂ ਖੇਲ ਨਿਆਰਾ, ਆਪਣੇ ਰੰਗ ਰੰਗੇ ਰਘੁਰਾਈਆ । ਗੁਰਮੁਖਾਂ ਕਰੇ ਸਚ ਪਿਆਰਾ, ਦਰ ਘਰ ਸਾਚੇ ਮੇਲ ਮਿਲਾਈਆ । ਏਕਾ ਤਾਲ ਇਕ ਤਲਵਾੜਾ, ਏਕਾ ਰਾਗ ਰਾਗ ਅਲਾਈਆ । ਏਕਾ ਮਜਲਸ ਇਕ ਅਖਾੜਾ, ਏਕਾ ਬੰਕ ਵਖਾਈਆ । ਲੇਖਾ ਚੁੱਕੇ ਪੰਚਮ ਧਾੜਾ, ਵਾਹ ਵਾਹ ਗੁਰ ਪੂਰਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਆਪੇ ਕਰ ਸਰਗੁਣ ਮੇਲਾ ਸਹਿਜ ਸੁਭਾਈਆ । ਵੀਹ ਸਦ ਪੰਦਰਾਂ ਹੋ ਤਿਆਰ, ਆਪ ਆਪਣੀ ਰਚਨ ਰਚਾਇੰਦਾ । ਨੌ ਤੀਸ ਖੇਲ ਅਪਾਰ, ਛੇ ਛੇ ਵੇਖ ਵਖਾਇੰਦਾ । ਦੋ ਸਤ ਹੋ ਉਜਿਆਰ, ਏਕਾ ਛੀਕਾ ਬੰਧਨ ਪਾਇੰਦਾ । ਤੀਰਥ ਤੱਟਾਂ ਪਾਵੇ ਸਾਰ, ਅਠਸਠ ਫੋਲ ਫੁਲਾਇੰਦਾ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲਾ ਮਠ ਵੇਖੇ ਤਟ ਕਿਨਾਰ, ਆਪ ਆਪਣਾ ਚਰਨ ਛੁਹਾਇੰਦਾ । ਗੰਗਾ ਗੋਦਾਵਰੀ ਸੁਰਸਤੀ ਰੋਵਣ ਜ਼ਾਰੋ ਜ਼ਾਰ, ਤ੍ਰਿਬੈਣੀ ਨੈਣੀ ਧੀਰ ਨਾ ਕੋਇ ਧਰਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਵੇਲਾ ਅੰਤਮ ਆਇੰਦਾ । ਸਾਧਾਂ ਸੰਤਾਂ ਜੀਆਂ ਜੰਤਾਂ ਜਤ ਹਠ ਗਿਆ

੧੦੬੩
੦ਟ

ਹਾਰ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਧੀਆਂ ਭੈਣਾਂ ਕਰਨ ਖ਼ਵਾਰ, ਵਿਭਚਾਰ ਹੋਇਆ ਨਰ ਨਾਰ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਇਕੀ ਸਿਖਾਂ ਕਰ ਤਿਆਰ, ਸਾਚਾ ਦਰ ਸੁਹਾਇੰਦਾ । ਤਿੰਨ ਖਿਚੇ ਵਾਰੋ ਵਾਰ, ਗੁਰਮੁਖ ਬਣੇ ਸੇਵਾਦਾਰ, ਲੇਖਾ ਲਿਖੇ ਆਪ ਨਿਰੰਕਾਰ, ਲਿਖਿਆ ਲੇਖ ਪੂਰ ਕਰਾਇੰਦਾ । ਚਰਨ ਕਵਲ ਜਲ ਪਾਇਣ ਵਾਰੋ ਵਾਰ, ਆਪਣੀ ਖਿਚੀ ਸਤਿਆ ਆਪ ਨਿਰੰਕਾਰ, ਗੁਰਮੁਖਾਂ ਅੰਦਰ ਭਰੇ ਭੰਡਾਰ, ਅੰਮ੍ਰਿਤ ਜਲ ਇਕ ਵਖਾਇੰਦਾ । ਠਾਂਡੀ ਨਗਰੀ ਠਾਂਡਾ ਦਰਬਾਰ, ਗੁਰ ਚਰਨ ਕਵਲ ਇਕ ਪਿਆਰ, ਸਾਚਾ ਮਾਰਗ ਆਪੇ ਲਾਇੰਦਾ । ਬਵੰਜਾ ਅੱਖਰ ਕਰ ਵਿਚਾਰ, ਬਾਵਨ ਰੂਪ ਵਿਚ ਸੰਸਾਰ, ਬਵੰਜਾ ਦਿਵਸ ਖੇਲ ਅਪਾਰ, ਤੀਰਥ ਤਟਾਂ ਫੋਲ ਫੋਲਾਇੰਦਾ । ਸੋਲਾਂ ਦਿਵਸ ਕਰ ਸ਼ਿੰਗਾਰ, ਜਨ ਭਗਤਾਂ ਕਰੇ ਮਾਤ ਪਿਆਰ, ਘਰ ਘਰ ਵੇਖੇ ਦਰ ਦਵਾਰ, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਖੇਲ ਆਪ ਖਿਲਾਇੰਦਾ । ਵੀਹ ਸਦ ਪੰਦਰਾਂ ਹੋ ਉਜਿਆਰਾ, ਆਪਣਾ ਪੜਦਾ ਦੇਵੇ ਲਾਹੀਆ । ਮੁਖ ਨਕਾਬ ਨਾ ਕੋਇ ਸਹਾਰਾ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਸਾਚਾ ਬੋਲ ਇਕ ਜੈਕਾਰਾ, ਸ੍ਰਿਸ਼ਟ ਸਬਾਈ ਦਏ ਸੁਣਾਈਆ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰਾ, ਭੁੱਲ ਰਹੇ ਨਾ ਰਾਈਆ । ਗੁਰ ਗੋਬਿੰਦ ਕਰਿਆ ਆਪ ਪਿਆਰਾ, ਆਪ ਆਪਣੇ ਸੰਗ ਰਖਾਈਆ । ਸੰਬਲ ਨਗਰੀ ਧਾਮ ਨਿਆਰਾ, ਬੈਠਾ ਆਸਣ ਲਾਈਆ । ਲੱਖ ਚੁਰਾਸੀ ਲੁੱਟੀ ਜਾਏ ਦਿਨ ਦਿਹਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਝੂਠੀ ਧਾੜ ਨਾਲ ਰਖਾਈਆ । ਗੁਰਮੁਖਾਂ ਅੰਦਰ ਕਰ ਉਜਿਆਰਾ, ਆਪਣਾ ਦੀਪਕ ਆਪ ਟਿਕਾਈਆ । ਆਪੇ ਖਿਚ ਲਿਆਏ ਚਰਨ ਦਵਾਰਾ, ਨਾਮ ਡੋਰੀ ਏਕਾ ਪਾਈਆ । ਦੂਸਰ ਵਸਤ ਨਾ ਹੋਰ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਹਰਿ ਹਰਿ ਲਾਇਆ, ਚਾਰ ਵਰਨਾਂ ਮੇਲ ਮਿਲਾਇੰਦਾ । ਸੰਮਤ ਸੋਲਾਂ ਰਾਹ ਤਕਾਇਆ, ਸਾਚਾ ਰਾਹ ਇਕ ਵਖਾਇੰਦਾ । ਗੁਰਮੁਖਾਂ ਬੇੜਾ ਬੰਨ ਵਖਾਇਆ, ਭਾਰ ਆਪਣੇ ਕੰਧ ਉਠਾਇੰਦਾ । ਆਵਣ ਜਾਵਣ ਗੇੜ ਚੁਕਾਇਆ, ਰਾਏ ਧਰਮ ਮੁਖ ਭਵਾਇੰਦਾ । ਚਿਤਰ ਗੁਪਤ ਨਾ ਲੇਖ ਵਖਾਇਆ, ਲਾੜੀ ਮੌਤ ਦਰ ਦੁਰਕਾਇੰਦਾ । ਆਪਣਾ ਮੰਗਲ ਆਪੇ ਗਾਇਆ, ਛੋਟਾ ਬਾਲਾ ਅੱਗੇ ਲਾਇੰਦਾ । ਸਿੰਘ ਮਨਜੀਤਾ ਨਾਉਂ ਧਰਾਇਆ, ਇੰਦਰ ਇੰਦਰਾਸਣ ਆਪ ਤਜਾਇੰਦਾ । ਨੌਂ ਦਰਵਾਜ਼ੇ ਖੋਲ੍ਹ ਖੁਲ੍ਹਾਇਆ, ਜਗਤ ਜਗਦੀਸਾ ਸੇਵ ਕਮਾਇੰਦਾ । ਸੰਮਤ ਸੋਲਾਂ ਕਰ ਰੁਸ਼ਨਾਇਆ, ਗੁਰਮੁਖਾਂ ਇਹ ਸਮਝਾਇੰਦਾ । ਗੁਰਸਿਖ ਹਿਰਖ਼ ਸੋਗ ਵਿਚ ਕਦੇ ਨਾ ਆਇਆ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਗੁਰ ਪੀਰ ਅਵਤਾਰ ਸਾਧ ਸੰਤ ਕੋਈ ਥਿਰ ਰਹਿਣ ਨਾ ਪਾਇਆ, ਜੋ ਘੜਿਆ ਸੋ ਭੰਨ ਵਖਾਇੰਦਾ । ਆਵਣ ਜਾਵਣ ਪਾਰਬ੍ਰਹਮ ਪ੍ਰਭ ਆਪਣਾ ਖੇਲ ਰਚਾਇਆ, ਕਾਇਆ ਚੋਲਾ ਆਪ ਬਦਲਾਇੰਦਾ । ਲੱਖ ਚੁਰਾਸੀ ਅੰਦਰ ਡੇਰਾ ਲਾਇਆ, ਵਿਸ਼ਟਾ ਕੀਟ ਆਪ ਹੋ ਜਾਇੰਦਾ । ਨੀਚੋ ਨੀਚ ਆਪ ਰਘੁਰਾਇਆ, ਨਾਨਕ ਗੁਰ ਇਹ ਸਮਝਾਇੰਦਾ । ਕਲਜੁਗ ਅੰਤਮ ਪੰਜ ਤੱਤ ਨਾ ਕੋਇ ਰਖਾਇਆ, ਹਿਰਖ਼ ਸੋਗ ਨਾ ਕੋਇ ਵਖਾਇੰਦਾ । ਗੁਰਮੁਖਾਂ ਅੰਦਰ ਡੇਰਾ ਲਾਇਆ, ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਸਿਖਿਆ ਸਚ ਸਮਝਾਈ, ਹਰਿ ਸੰਗਤ ਕਰ ਪਿਆਰ । ਬਿਰਧ ਬਾਲ ਜਵਾਨ ਪ੍ਰਭ ਏਕਾ ਰੰਗ ਰੰਗਾਈ,

ਜਿਸ ਜਨ ਬਖ਼ਸ਼ੇ ਚਰਨ ਪਿਆਰ । ਘਰ ਸਾਚੇ ਵੱਜੀ ਵਧਾਈ, ਸੁਣਿਆ ਨਾਦ ਸੱਚੀ ਧੁਨਕਾਰ । ਸੁਰਤ ਸਵਾਣੀ ਕੰਤ ਰਹੀ ਪਰਨਾਈ, ਜੋ ਜਨ ਗਾਏ ਸੋਹੰ ਰਸਨ ਜੈਕਾਰ । ਆਤਮ ਪਾਰਬ੍ਰਹਮ ਮਿਲਾਈ, ਬ੍ਰਹਮ ਮੇਲਾ ਕੰਤ ਭਤਾਰ । ਸਾਧ ਸੰਤ ਕਲਜੁਗ ਚਾਰੋਂ ਕੁੰਟ ਵਹਿਣ ਵਹਾਈ, ਏਕਾ ਵਿਛੜਿਆ ਮੀਤ ਮੁਰਾਰ । ਅੰਦਰ ਵੜ ਵੜ ਕਰਨ ਪੜ੍ਹਾਈ, ਸਰਵਨ ਕੂਕਨ ਕਰਨ ਪੁਕਾਰ । ਨੇਤਰ ਨੈਣ ਬੰਦ ਰਖਾਈ, ਅੱਗੇ ਦਿਸਣ ਪੰਜ ਧਾੜ । ਵੀਹ ਸੌ ਦਸ ਬਿਕ੍ਰਮੀ ਪ੍ਰਭ ਸਾਚੇ ਸਾਚੀ ਜੋਤ ਕਰੀ ਰੁਸ਼ਨਾਈ, ਗੁਰਮੁਖ ਸਾਚੇ ਸਾਚੇ ਪੌੜੇ ਦੇਵੇ ਚਾੜ੍ਹ । ਸਾਧਾਂ ਸੰਤਾਂ ਉਲਟਾ ਗੇੜ ਭਵਾਈ, ਚੜ੍ਹੀ ਸੁਰਤੀ ਦਿਤੀ ਉਤਾਰ । ਸਾਮ੍ਹਣੇ ਹੋ ਕੋਈ ਕਹਿ ਨਾ ਸਕੇ ਮਿਲਿਆ ਸ਼ਹਿਨਸ਼ਾਹੀ, ਅੰਦਰੇ ਅੰਦਰ ਰੌਂਦੇ ਧਾਹਾਂ ਮਾਰ । ਘਰ ਪੁਛਣ ਜਾਏ ਜਗਤ ਸਲਾਹੀ, ਕੌਣ ਦਵਾਰ ਡੁੱਬਾ ਬੇੜਾ ਕੌਣ ਸਾਗਰ ਦਿਸੇ ਮੰਝਧਾਰ । ਅੱਗੇ ਬੈਠੇ ਮੁਖ ਛੁਪਾਈ, ਘਰ ਮੰਦਰ ਹੋਇਆ ਬੰਦ ਕਿਵਾੜ । ਨਾ ਘਰ ਧੀ ਨਾ ਜਵਾਈ, ਨਾ ਨਾਰੀ ਕੰਤ ਭਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੋਲਾਂ ਦਿਤਾ ਵਰ, ਗੁਰਮੁਖ ਸਾਚੇ ਲਾਏ ਪਾਰ । ਹਰਿ ਸੰਗਤ ਹਰਿ ਵਡਿਆਈ, ਦਰਗਹਿ ਸਾਚੀ ਆਪ ਸੁਹਾਇੰਦਾ । ਹਾੜ ਸਤਾਰਾਂ ਲੇਖ ਲਿਖਾਈ, ਪਹਿਲੀ ਚੇਤਰ ਸਗਨ ਮਨਾਇੰਦਾ । ਭਰਮ ਭੁਲੇਖੇ ਭੁੱਲਣਾ ਨਾਹੀ, ਘਰ ਘਰ ਬੈਠਾ ਆਸਣ ਲਾਇੰਦਾ । ਲੋਕਮਾਤ ਫੇਰਾ ਚਾਈਂ ਚਾਈਂ, ਧਰਮ ਰਾਏ ਨੇੜ ਨਾ ਆਇੰਦਾ । ਉਚੀ ਕੂਕੋ ਕਰ ਕਰ ਬਾਂਹੀ, ਹਰਿ ਸਾਚਾ ਦਰਸ ਵਖਾਇੰਦਾ । ਨਿਥਾਵਿਆਂ ਦੇਵੇ ਸਾਚੀ ਥਾਈਂ, ਚਰਨ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਕੱਤਕ ਕਰਮ ਜਣਾਇੰਦਾ । ਕੱਤਕ ਕਰਮ ਕਮਾਇਆ ਪੂਰਨ ਯੋਗ, ਹਰਿ ਸਾਚਾ ਲੇਖੇ ਲਾਈਆ । ਹਰਿ ਸੰਗਤ ਹੋਇਆ ਧੁਰ ਸੰਜੋਗ, ਗੁਰ ਗੋਬਿੰਦ ਮੇਲ ਮਿਲਾਈਆ । ਪਹਿਲਾ ਕੱਟੇ ਚੁਰਾਸੀ ਰੋਗ, ਦੂਜਾ ਦਰਸ਼ਨ ਆਪ ਵਖਾਈਆ । ਤੀਜੇ ਆਤਮ ਸੇਜਾ ਭੋਗੇ ਭੋਗ, ਚੌਥੇ ਸਨਮੁਖ ਸ਼ਬਦ ਸੁਣਾਈਆ । ਪੰਜਵੇਂ ਮੇਟੇ ਜਗਤ ਵਿਜੋਗ, ਕੱਟਣ ਆਇਆ ਝੂਠੀ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਤਕ ਕਰਮ ਆਪ ਜਣਾਈਆ । ਕੱਕਾ ਕਰਮ ਵਿਚਾਰ, ਟਿੱਕਾ ਲਾਹਿੰਦਾ । ਤਿੰਨ ਤੱਤਵ ਸਧਾਰ, ਤਾਲਬ ਤਲਬ ਇਕ ਕਰਾਇੰਦਾ । ਕੱਕਾ ਕੋਟ ਗੜ੍ਹ ਤੋੜ ਹੰਕਾਰ, ਆਪਣੇ ਰੰਗ ਰੰਗਾਇੰਦਾ । ਵੀਹ ਸੌ ਸੋਲਾਂ ਬਿਕ੍ਰਮੀ ਕਰ ਪਿਆਰ, ਸਾਚਾ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਆਪ ਜਗਾਇੰਦਾ । ਪਹਿਲੀ ਕੱਤਕ ਕਰਮ ਵਿਚਾਰ, ਹਰਿ ਸੰਗਤ ਚਰਨ ਲਗਾਈਆ । ਜਿਸ ਜਨ ਬਖ਼ਸ਼ਿਆ ਚਰਨ ਪਿਆਰ, ਆਪ ਆਪਣੀ ਗੋਦ ਬਠਾਈਆ । ਲੇਖਾ ਲਿਖੇ ਸਚ ਦਰਬਾਰ, ਸਚ ਤਖ਼ਤ ਨਿਵਾਸੀ ਆਸਣ ਲਾਈਆ । ਦੂਰ ਨੇੜੇ ਪਾਵੇ ਸਾਰ, ਵਡ ਦਾਤਾ ਬੇਪਰਵਾਹੀਆ । ਜੋ ਗੁਰਮੁਖ ਘਰ ਘਰ ਸੁੱਤੇ ਪੈਰ ਪਸਾਰ, ਸਿਰ ਰੱਖੇ ਠੰਡੀਆਂ ਛਾਈਆ । ਜੋ ਜਨ ਆਏ ਚਲ ਦਵਾਰ, ਬਾਂਹੋਂ ਪਕੜ ਗਲੇ ਲਗਾਈਆ । ਆਪਣਾ ਆਪ ਉਤੋਂ ਵਾਰ, ਹਰਿ ਸੰਗਤ ਸੇਵ ਕਮਾਈਆ । ਹਰਿ ਸੰਗਤ ਤੇਰਾ ਕਰ ਕਰ ਦਰਸ ਦਿਦਾਰ, ਪ੍ਰਭ ਆਪਣੀ ਖ਼ੁਸ਼ੀ ਮਨਾਈਆ । ਵਿਸ਼ਨੂੰ ਖਾਲੀ ਹੋਇਆ ਭੰਡਾਰ, ਤੇਰੀ ਝੋਲੀ ਰਿਹਾ ਭਰਾਈਆ । ਕਰਨ ਆਇਆ ਸਚ ਵਿਹਾਰ, ਲਜਪਤ ਨਾ ਕੋਇ ਰਖਾਈਆ । ਗ਼ਰੀਬ ਨਿਮਾਣੇ ਬਣਾਏ ਗਲ ਦਾ ਹਾਰ, ਗੁਰਸਿਖ ਆਪਣੇ ਸੀਸ ਉਠਾਈਆ । ਜਨ ਭਗਤਾਂ ਆਪਣੇ ਹੱਥਾਂ ਉਤੇ ਚੁੱਕੇ ਭਾਰ, ਦਿਵਸ ਰੈਣ ਪੰਧ ਮੁਕਾਈਆ । ਕਰਿਆ ਖੇਲ ਵਿਚ ਸੰਸਾਰ, ਕਲਜੁਗ ਅੰਤਮ ਵੇਸ ਵਟਾਈਆ ।

ਗੁਰਮੁਖ ਆਇਆ ਚਲ ਦਵਾਰ, ਪਾਰਬ੍ਰਹਮ ਵੱਡੀ ਵਡਿਆਈਆ । ਹਰਿ ਸੰਗਤ ਮਿਲਿਆ ਮੀਤ ਮੁਰਾਰ, ਜਿਉਂ ਧੰਨੇ ਜਟ ਗੋਸਾਈਆ । ਅੰਦਰ ਮੰਦਰ ਖੂਹੇ ਗੇੜੇ ਆਪਣੀ ਵਾਰ, ਅੰਮ੍ਰਿਤ ਜਲ ਬਾਹਰ ਕਢਾਈਆ । ਸਾਚਾ ਗਊਆਂ ਚਾਰੇ ਬਣ ਗਵਾਲ, ਏਕਾ ਸੁਰਤੀ ਗਊ ਬਣਾਈਆ । ਕਿਆਰੇ ਮੋੜੇ ਬਣ ਰਖਵਾਲ, ਜਗਤ ਨਾਲੋਂ ਤੋੜੇ ਆਪਣੇ ਚਰਨਾਂ ਨਾਲ ਬੰਧਾਈਆ । ਵਾਹੇ ਹਲ ਸੱਚਾ ਕਿਰਸਾਣ, ਸਾਚੇ ਬੈਲ ਆਪੇ ਜੋੜ ਜੁੜਾਈਆ । ਲੱਗਾ ਫਲ ਵਿਚ ਜਹਾਨ, ਅੰਮ੍ਰਿਤ ਮੇਵਾ ਮੁਖ ਖਵਾਈਆ । ਸੰਮਤ ਸੋਲਾਂ ਹਰਿ ਸੰਗਤ ਉਠਾਏ ਤੇਰਾ ਆਪਣੇ ਹੱਥ ਨਿਸ਼ਾਨ, ਲੋਆਂ ਪੁਰੀਆਂ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਹਿਲੀ ਕੱਤਕ ਰੁੱਤ ਸੁਹਾਈਆ । ਪਹਿਲੀ ਕੱਤਕ ਸੁਹੌਣਾ ਦਿਵਸ, ਹਰਿ ਸਾਚਾ ਆਪ ਸੁਹਾਇੰਦਾ । ਕਲਜੁਗ ਰੈਣ ਅੰਧੇਰੀ ਅਮਾਵਸ, ਹਰਿ ਸੰਗਤ ਸਾਚਾ ਚੰਦ ਚੜ੍ਹਾਇੰਦਾ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਗਾਇੰਦਾ । ਸਤਿਗੁਰ ਪੂਰਾ ਸਦਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਗੁਰਸਿਖ ਅੰਤ ਨਾ ਹੋਏ ਨਿਰਾਸ, ਗੁਰ ਗੋਬਿੰਦ ਮੇਲ ਕਰਾਇੰਦਾ । ਪੂਰਨ ਕਰਨ ਆਇਆ ਆਸ, ਜੋਤੀ ਜਾਮਾ ਭੇਖ ਵਖਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਧਰਾਇੰਦਾ । ਪਹਿਲੀ ਕੱਤਕ ਸੰਗਤ ਹਰਿ ਹਰਿ, ਆਪਣੇ ਚਰਨ ਬੰਧਨ ਪਾਈਆ । ਆਪ ਉਠ ਉਠ ਜਾਏ ਮੰਗਤ ਦਰ ਦਰ, ਘਰ ਘਰ ਫੇਰਾ ਪਾਈਆ । ਆਪੇ ਬੰਨੇ ਫੜ ਫੜ ਲੜ ਲੜ, ਆਪਣਾ ਪੱਲੂ ਆਪ ਬੰਧਾਇੰਦਾ । ਆਪੇ ਮੇਲੇ ਅੰਦਰ ਚੜ੍ਹ ਚੜ੍ਹ, ਆਪਣਾ ਪੈਂਡਾ ਆਪ ਮੁਕਾਇੰਦਾ । ਆਪੇ ਦਰਸ ਦਿਖਾਏ ਖੜ ਖੜ, ਸਵੱਛ ਸਰੂਪੀ ਰੂਪ ਵਟਾਈਆ । ਆਪੇ ਅੱਖਰ ਸੁਣਾਏ ਪੜ੍ਹ ਪੜ੍ਹ, ਸੋਹੰ ਸ਼ਬਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੀ ਸੁਰਤੀ ਬੰਨ, ਸ਼ਬਦ ਡੋਰੀ ਹੱਥ ਉਠਾਈਆ । ਗੁਰਮੁਖ ਸੁਰਤੀ ਦੇਵੇ ਬੰਨ, ਗੁਰ ਸਤਿਗੁਰ ਦਇਆ ਕਮਾਇੰਦਾ । ਪਹਿਲੀ ਕੱਤਕ ਹਰਿ ਸੰਗਤ ਚੜ੍ਹਿਆ ਚੰਨ, ਲੋਕਮਾਤ ਆਪ ਚੜ੍ਹਾਇੰਦਾ । ਜਨਨੀ ਜਨਿਆ ਸਾਚਾ ਜਨ, ਜੋ ਜਨ ਸਰਨਾਈ ਆਇੰਦਾ । ਲੇਖੇ ਲੱਗਾ ਪੰਜ ਤੱਤ ਤਨ, ਤਨ ਮਨ ਧਨ ਆਪ ਆਪਣੀ ਭੇਟ ਵਖਾਇੰਦਾ । ਦੂਸਰ ਕੋਈ ਨਾ ਦੇਵੇ ਡੰਨ, ਵੇਲੇ ਅੰਤਮ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਹਿਲੀ ਕੱਤਕ ਰੁੱਤ ਸੁਹਾਇੰਦਾ । ਪਹਿਲੀ ਕੱਤਕ ਹੋ ਪਰਧਾਨ, ਬਿਰਧ ਬਾਲ ਜਵਾਨ ਵੇਖ ਵਖਾਈਆ । ਮਾਤ ਗਰਭ ਵੇਖੇ ਮਾਰ ਧਿਆਨ, ਦਸ ਦਸ ਮੇਲ ਮਿਲਾਈਆ । ਜੋ ਜਨ ਰਸਨ ਸੋਹੰ ਗਾਨ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵ ਰਿਹਾ ਕਮਾਈਆ । ਆਪਣੀ ਸੇਵ ਕਮਾਵਣ ਆਇਆ, ਪਾਰਬ੍ਰਹਮ ਕਰਤਾਰਾ । ਗੁਰਮੁਖ ਸਾਚੇ ਮੇਲ ਮਿਲਾਵਣ ਆਇਆ, ਪਰਗਟ ਨਿਹਕਲੰਕ ਨਰਾਇਣ ਨਰ ਅਵਤਾਰਾ । ਸੁਰਤ ਸਵਾਣੀ ਵੇਖ ਵਖਾਲਣ ਆਇਆ, ਸ਼ਬਦ ਜਣਾਈ ਸੱਚੀ ਧੁਨਕਾਰਾ । ਆਪ ਆਪਣੀ ਗੋਦ ਉਠਾਵਣ ਆਇਆ, ਇਕ ਵਸਾਇਆ ਸਚ ਦਰਬਾਰਾ । ਜਗਤ ਵਿਛੋੜਾ ਪੰਧ ਮੁਕਾਵਣ ਆਇਆ, ਬਖ਼ਸ਼ੇ ਚਰਨ ਪਿਆਰਾ । ਪਹਿਲੀ ਕੱਤਕ ਰੁੱਤ ਸੁਹਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਲਾਇਆ ਨਾਅਰਾ । ਹਰਿ ਸੰਗਤ ਤੇਰੀ ਹਰਿ ਹਰਿ ਆਸ, ਸਤਿਗੁਰ ਪੂਰਾ ਪੂਰੀ ਦਏ ਕਰਾਈਆ । ਘਰ ਘਰ ਬੈਠਿਆਂ ਬੁਝਾਏ ਲੱਗੀ ਪਿਆਸ, ਕਲਜੁਗ

੧੦੯੬ ੦੮

੧੦੬੭
੦੮

ਅਗਨ ਨਾ ਕੋਈ ਸਤਾਈਆ । ਸਾਚੇ ਮੰਦਰ ਵਖਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਆਪਣਿਆਂ ਚਰਨਾਂ ਰੱਖੇ ਸਦਾ ਨਿਵਾਸ, ਵਾਸ ਨਿਵਾਸ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸਹਾਈ ਵਿਚ ਪਰਭਾਸ, ਜੰਗਲ ਜੂਹ ਵੇਖ ਵਖਾਈਆ । ਹੋਏ ਸਹਾਈ ਹਰ ਘਟ ਅੰਤਰ, ਪਾਰਬ੍ਰਹਮ ਪੁਰਖ ਸੁਲਤਾਨਾ । ਪਹਿਲੀ ਕੱਤਕ ਬਣਾਏ ਬਣਤਰ, ਹਰਿ ਸੰਗਤ ਸ਼ਬਦ ਸਰੂਪੀ ਬੰਨੇ ਗਾਨਾ । ਸਰਬ ਜੀਆਂ ਦਾ ਏਕਾ ਮੰਤਰ, ਸੋਹੰ ਸ਼ਬਦ ਧੁਰ ਫ਼ਰਮਾਣਾ । ਸਤਿਜੁਗ ਬਣਾਵਣ ਆਇਆ ਸਾਚੀ ਬਣਤਰ, ਸੂਰਬੀਰ ਬਲੀ ਬਲਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਨਾ । ਦੇਵਣਹਾਰਾ ਧੁਰ ਫ਼ਰਮਾਣ, ਹਰਿ ਸੰਗਤ ਕਰੇ ਜਣਾਈਆ । ਵੀਹ ਸੌ ਸੋਲਾਂ ਧਰਮ ਨਿਸ਼ਾਨ, ਪ੍ਰਭ ਸਾਚਾ ਹੱਥ ਉਠਾਈਆ । ਮਸਤੂਆਣਾ ਖੇਲ ਮਹਾਨ, ਖੇਲੇ ਖੇਲ ਬੇਪਰਵਾਹੀਆ । ਪੰਦਰਾਂ ਕੱਤਕ ਸਾਰੇ ਗਾਣ, ਸਤਿਜੁਗ ਤ੍ਰੇਤਾ ਦੁਆਪਰ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਚੇ ਘਰ ਵੱਜੇ ਵਧਾਈਆ । ਪੰਦਰਾਂ ਕੱਤਕ ਦਿਵਸ ਸੁਹਾਵਣਾ, ਸਤਿਜੁਗ ਸਾਚੇ ਆਪ ਵਡਿਆਇਆ । ਬਲ ਬਾਵਨ ਭੇਖ ਕਰਾਵਣਾ, ਬਾਵਨ ਰੂਪ ਅਨੂਪ ਵਟਾਇਆ । ਧਰੂ ਬਾਲਕ ਪਾਰ ਕਰਾਵਣਾ, ਨਰ ਨਰਾਇਣ ਨਾਉਂ ਧਰਾਇਆ । ਪ੍ਰਹਿਲਾਦ ਲੇਖਾ ਆਪ ਚੁਕਾਵਣਾ, ਰਾਮ ਨਾਮ ਗਿਆ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਦਰਾਂ ਕੱਤਕ ਲੇਖ ਲਿਖਾਇਆ । ਪੰਦਰਾਂ ਕੱਤਕ ਵਡ ਵਡ ਭਾਗਾ, ਤ੍ਰੇਤੇ ਵੱਜੀ ਵਧਾਈਆ । ਪੰਦਰਾਂ ਕੱਤਕ ਰਾਵਣ ਜਾਗਾ, ਪੰਦਰਾਂ ਕੱਤਕ ਲਏ ਅੰਗੜਾਈਆ । ਲੋਕਮਾਤ ਮਿਟਿਆ ਦਾਗ਼ਾ, ਆਪ ਆਪਣੀ ਪਤ ਰਖਾਈਆ । ਪੰਦਰਾਂ ਕੱਤਕ ਵੱਜਿਆ ਵਾਜਾ, ਰਘੁਪਤ ਰਘੁਨਾਥ ਆਪਣਾ ਬੰਸ ਦਏ ਸੁਹਾਈਆ । ਦੀਪਕ ਜੋਤ ਜਗੇ ਚਿਰਾਗਾ, ਘਰ ਘਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਦਰਾਂ ਕੱਤਕ ਹੋ ਉਜਿਆਰ, ਹਰਿ ਸਾਚਾ ਖੇਲ ਖਿਲਾਇੰਦਾ । ਵੇਦ ਵਿਆਸਾ ਕਵਾਰੀ ਕੰਨਿਆ ਜੰਮਿਆ ਬਾਲ, ਆਪ ਆਪਣਾ ਮੁਖ ਛੁਪਾਇੰਦਾ । ਜਲਵਾ ਨੂਰੀ ਦੇਵੇ ਜਲਾਲ, ਜੋਤੀ ਨੂਰੀ ਡਗਮਗਾਇੰਦਾ । ਨਾਰਦ ਬ੍ਰਹਮਾ ਕਰ ਪਿਆਰ, ਸਾਚਾ ਸੰਗ ਰਖਾਇੰਦਾ । ਚਾਰ ਵੇਦਾਂ ਭੇਵ ਨਿਆਰ, ਪੁਰਾਨ ਅਠਾਰਾਂ ਆਪ ਜਣਾਇੰਦਾ । ਪੰਦਰਾਂ ਕੱਤਕ ਕਰ ਤਿਆਰ, ਜਗਤ ਲੇਖਾ ਲੇਖ ਮੁਕਾਇੰਦਾ । ਪੰਦਰਾਂ ਕੱਤਕ ਛੱਡਿਆ ਸੰਸਾਰ, ਸਾਚੇ ਪ੍ਰਵਿਸ਼ਟੇ ਮੇਲ ਮਿਲਾਇੰਦਾ । ਵਦੀ ਸੁਦੀ ਨਾ ਕੋਈ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਖਿਲਾਇੰਦਾ । ਪੰਦਰਾਂ ਕੱਤਕ ਵਡ ਵਡ ਭਾਗ, ਬਿਪਰ ਸੁਦਾਮਾ ਚਰਨ ਲਗਾਈਆ । ਦਲਿੱਦਰੀ ਕਿਸਮਤ ਗਈ ਜਾਗ, ਕਰਤਾ ਕੀਮਤ ਆਪੇ ਪਾਈਆ । ਪੰਦਰਾਂ ਕੱਤਕ ਦ੍ਰੋਪਦੀ ਰੱਖੀ ਲਾਜ, ਉਪਰ ਬਸਤਰ ਭੂਸ਼ਨ ਆਪਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪੰਦਰਾਂ ਕੱਤਕ ਖਾਦਾ ਅਲੂਣਾ ਸਾਗ, ਬਿਦਰ ਵੱਜੇ ਵਧਾਈਆ । ਨਾ ਸੁੱਤਾ ਨਾ ਰਿਹਾ ਜਾਗ, ਮਰਨ ਜੀਵਣ ਨਾ ਕੋਈ ਸਮਝਾਈਆ । ਚਰਨ ਧੂੜੀ ਮਜਨ ਕਰ ਕਰ ਮਾਘ, ਦੁਰਮਤ ਮੈਲ ਰਿਹਾ ਗਵਾਈਆ । ਜਗਤ ਤ੍ਰਿਸਨਾ ਬੁਝੀ ਆਗ, ਘਰ ਪਾਇਆ ਸਹਿਜ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਸਚ ਭੰਡਾਰਾ, ਬਿਦਰ ਝੋਲੀ ਆਪੇ ਪਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਆਪਣਾ ਆਪ ਕਰਾਇੰਦਾ ।

ਆਪੇ ਜਾਣੇ ਆਪਣਾ ਸਤਿ ਵਿਹਾਰਾ, ਵੇਦ ਪੁਰਾਣ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸਿਖ ਸਿਖ ਸਮਝਾਇੰਦਾ । ਸਾਚੀ ਵਸਤ ਨਾਮ ਅਨਮੁਲ, ਹਰਿ ਸਤਿਗੁਰ ਝੋਲੀ ਪਾਈਆ । ਬਿਦਰ ਨਿਮਾਣਾ ਚਰਨ ਪ੍ਰੀਤੀ ਘੋਲੀ ਗਿਆ ਘੋਲ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭ ਕਵਣ ਕੰਡੇ ਤੋਲਿਆ ਤੋਲ, ਤੇਰੀ ਧਾਰ ਮੇਰੇ ਕੰਨ ਸੁਣਨ ਨਾ ਪਾਈਆ । ਕਵਣ ਵਾਕ ਦਿਤਾ ਬੋਲ, ਕਵਣ ਮੁਖ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਬਿਦਰ ਮੀਤ ਮੁਰਾਰ, ਤੇਰੀ ਸਾਚੀ ਵੰਡ ਵੰਡਾਈਆ । ਤੇਰਾ ਭਰਿਆ ਹਰਿ ਭੰਡਾਰ, ਤੇਰੀ ਸੇਵਾ ਆਪ ਕਮਾਈਆ । ਤੇਰਾ ਰੂਪ ਪਰਗਟ ਹੋਏ ਵਿਚ ਸੰਸਾਰ, ਸੰਗਤ ਤੇਰੀ ਡੋਰ ਬੰਧਾਈਆ । ਕਲਜੁਗ ਅੰਤਮ ਪਾਵੇ ਸਾਰ, ਤੇਰਾ ਖ਼ਜਾਨਾ ਆਪਣੀ ਹੱਥੀਂ ਆਪ ਲੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਦ ਖੁਲ੍ਹਾਈਆ । ਬਿਦਰ ਸੁਦਾਮੇ ਕੀਤੀ ਵੰਡ, ਹਰਿ ਦੁਆਪਰ ਵੇਖ ਵਖਾਇੰਦਾ । ਗ਼ਰੀਬ ਨਿਮਾਣੇ ਪੰਦਰਾਂ ਕੱਤਕ ਬੰਨੀ ਗੰਢ, ਬਿਨ ਸਤਿਗੁਰ ਨਾ ਕੋਈ ਖੁਲ੍ਹਾਇੰਦਾ । ਦੁਆਪਰ ਜਵਾਨੀ ਗਈ ਹੰਢ, ਵੇਲਾ ਅੰਤ ਮੁਕਾਇੰਦਾ । ਕਲਜੁਗ ਵੇਖਿਆ ਭੇਖ ਪਾਖੰਡ, ਸਾਚਾ ਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਦੁਆਪਰ ਸਚ ਭੰਡਾਰ, ਹਰਿ ਸਾਚੇ ਆਪ ਵਰਤਾਇਆ । ਕਲਜੁਗ ਅੰਤਮ ਖੇਲ ਅਪਾਰ, ਹਰਿ ਸੰਗਤ ਝੋਲੀ ਪਾਇਆ । ਹਰਿ ਸੰਗਤ ਅੱਗੇ ਕਰੇ ਪੁਕਾਰ, ਪ੍ਰਭ ਸਾਚਾ ਸੀਸ ਝੁਕਾਇਆ । ਆਪਣੀ ਪੰਜੀ ਉਤੋਂ ਵਾਰ, ਪੰਜੀ ਪਰਕਿਰਤੀ ਮੇਟ ਮਿਟਾਇਆ । ਪੰਜ ਰੋਕ ਨਾ ਕੋਈ ਉਧਾਰ, ਆਪਣੀ ਝੋਲੀ ਰਿਹਾ ਭਰਾਇਆ । ਹਰਿ ਸੰਗਤ ਤੇਰਾ ਲੰਗਰ ਵਰਤੇ ਵਿਚ ਸੰਸਾਰ, ਤੋਟ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਵਸ ਇਕ ਸੁਹਾਇਆ । ਕਲਜੁਗ ਅੰਤਮ ਸਚ ਤਿਉਹਾਰ, ਹਰਿ ਸਾਚਾ ਆਪ ਕਰਾਈਆ । ਪੰਦਰਾਂ ਕੱਤਕ ਦਿਵਸ ਵਿਚਾਰ, ਸਾਚਾ ਰੰਗ ਚੜ੍ਹਾਈਆ । ਸੰਤ ਮਨੀ ਸਿੰਘ ਖੇਲ ਅਪਾਰ, ਰਸਨਾ ਜੇਹਵਾ ਗਿਆ ਗਾਈਆ । ਪੁਰਖ ਅਬਿਨਾਸ਼ੀ ਆਵੇ ਏਕਾ ਵਾਰ, ਏਕਾ ਭਿੰਨੜੀ ਰੈਣ ਸੁਹਾਈਆ । ਸਾਚਾ ਮਸਤੂਆਨਾ ਕਰ ਤਿਆਰ, ਗੁਰਮੁਖਾਂ ਦਏ ਸਮਝਾਈਆ । ਪੰਜ ਤੱਤ ਸਚ ਪਿਆਰ, ਗੁਰ ਦਰ ਅੰਦਰ ਇਕ ਵਖਾਈਆ । ਸਾਹ ਸੁਲਤਾਨਾ ਮਾਰੇ ਮਾਰ, ਸ਼ਬਦੀ ਸ਼ਬਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਦਰਾਂ ਕੱਤਕ ਰੁੱਤ ਸੁਹਾਈਆ । ਪੰਦਰਾਂ ਕੱਤਕ ਦਿਵਸ ਸੁਹਾਵਣਾ, ਵੀਹ ਸਦ ਸੋਲਾਂ ਬਿਕ੍ਰਮੀ ਜੋਤ ਜਗਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਦੂਰ ਦੁਰਾਡਾ ਲੇਖੇ ਲੌਣਾ, ਜੋ ਜਨ ਬੈਠੇ ਚਰਨ ਧਿਆਨ ਲਗਾਈਆ । ਸਾਚਾ ਮਾਰਗ ਇਕ ਸਮਝਾਵਣਾ, ਦੇ ਮਤ ਆਪ ਸਮਝਾਈਆ । ਪੁੱਤਰ ਧੀ ਮਾਤ ਪਿਤਾ ਭੈਣ ਭਰਾ ਜੋ ਪਰਾਣੀ ਪ੍ਰਾਣ ਹਾਰੇ, ਨੇਤਰ ਨੀਰ ਨਾ ਕਿਸੇ ਵਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੂਆਨਾ ਇਕ ਵਖਾਵਣਾ । ਮਸਤੂਆਨਾ ਜਿਸ ਜਨ ਪੇਖਣਾ, ਗੁਰ ਚਰਨ ਧਿਆਨ ਲਗਾਏ । ਪ੍ਰਭ ਮੇਟੇ ਬਿਧਨਾ ਲਿਖੀ ਰੇਖਨਾ, ਆਪਣੀ ਰੇਖਾ ਫੇਰ ਲਿਖਾਏ । ਧੁਰ ਮਸਤਕ ਲਾਏ ਸਾਚੀ ਮੇਖਨਾ, ਨਾ ਸਕੇ ਕੋਈ ਉਖੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਪੁਰਸ਼ ਆਪ ਸਮਝਾਏ । ਨਾਰੀ ਪੁਰਸ਼ ਸੁਣਨਾ ਹਰਿ ਸੰਗਤ, ਹਰਿ ਸਾਚਾ ਆਪ ਸੁਣਾਇੰਦਾ । ਮਸਤੂਆਣੇ ਚੜ੍ਹੇ ਰੰਗਤ, ਕਾਇਆ ਮੰਦਰ ਆਪ ਡਗਮਗਾਇੰਦਾ । ਹਰਿਜਨ ਲੇਖਾ ਜਾਣੇ ਨਾਨਕ ਅੰਗਦ, ਅੰਗੀਕਾਰ ਆਪ ਕਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਪੰਦਰਾਂ ਕੱਤਕ ਲੇਖ ਲਿਖਾਈਆ । ਸੰਤ ਮਨੀ ਸਿੰਘ ਆਸਾ ਪੂਰ ਕਰੌਣਾ, ਲੋਕਮਾਤ ਦਏ ਵਡਿਆਈਆ । ਚਾਰ ਵਰਨਾਂ ਏਕਾ ਸ਼ਬਦ ਜਣੌਣਾ, ਏਕਾ ਬੂਝ ਬੁਝਾਈਆ । ਬਿਰਧ ਬਾਲ ਜਵਾਨ ਗੋਰ ਵਿਚ ਨਾ ਕਿਸੇ ਦਬੌਣਾ, ਖ਼ਾਕੀ ਢੇਰ ਨਾ ਕੋਇ ਰਖਾਈਆ । ਏਕਾ ਅਗਨੀ ਭੇਟ ਚੜ੍ਹੌਣਾ, ਮਾਤ ਗਰਭ ਬਾਹਰ ਜੋ ਆਈਆ । ਨੇਤਰ ਨੀਰ ਨਾ ਕਿਸੇ ਵਹੌਣਾ, ਘਰ ਵੱਜਦੀ ਰਹੇ ਵਧਾਈਆ । ਸੋਹੰ ਸ਼ਬਦ ਚਾਈਂ ਚਾਈਂ ਗੌਣਾ, ਜੁਗ ਵਿਛੜੇ ਪ੍ਰਭ ਅੰਤਮ ਰਿਹਾ ਮਿਲਾਈਆ । ਜੂਠਾ ਝੂਠਾ ਨਾਤਾ ਜਗਤ ਰਖੌਣਾ, ਮਾਇਆ ਮਮਤਾ ਬੰਧਨ ਕੋਇ ਨਾ ਪਾਈਆ । ਮਾਂਵਾਂ ਪੁੱਤਰਾਂ ਗਲ ਹਾਰ ਪੌਣਾ, ਪਿਤਾ ਫੜੇ ਸੀੜੀ ਦਏ ਟਿਕਾਈਆ । ਭੈਣ ਭਰਾਵਾਂ ਸਾਚਾ ਮੰਗਲ ਗਾਉਣਾ, ਪ੍ਰਭ ਦੇਵੇ ਵਡ ਵਡਿਆਈਆ । ਨਾਰੀ ਕੰਤ ਵਿਛੋੜਾ ਨਾ ਕੋਇ ਜਣੌਣਾ, ਗਲ ਪੱਲੂ ਕੋਇ ਨਾ ਪਾਈਆ । ਦੋ ਹੱਥ ਨਾ ਅੰਗ ਲਗੌਣਾ, ਦੋਇ ਜੋੜ ਸੀਸ ਹਰਿ ਚਰਨ ਕਵਲ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਰਿਹਾ ਸਮਝਾਈਆ । ਪੰਜ ਤੱਤ ਅਗਨੀ ਜਾਏ ਸੜ, ਬ੍ਰਹਮ ਪਾਰਬ੍ਰਹਮ ਸਮਾਈਆ । ਹਰਿਜਨ ਹਰਿ ਹਰਿ ਵਿਦਿਆ ਲਏ ਪੜ੍ਹ, ਪ੍ਰਭ ਸਾਚਾ ਸ਼ਬਦ ਜਣਾਈਆ । ਪੰਜ ਤੱਤ ਖ਼ਾਕ ਕਰਨਾ ਢੇਰ, ਹੱਡੀ ਹੱਡ ਨਾ ਕੋਇ ਉਠਾਈਆ । ਜੋ ਜਨ ਕਰੇ ਹੇਰ ਫੇਰ, ਪ੍ਰਭ ਜੂਨੀ ਦਏ ਫਿਰਾਈਆ । ਜੋ ਜਨ ਮੰਗੇ ਦਰ ਘਰ ਸੱਚੇ ਮਿਹਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਲਹਿਣਾ ਦੇਣਾ ਚੁਕਾਏ ਅੰਡਜ ਜੇਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਰੰਗ ਰੰਗਾਏ ਹਰਿ ਚਲੂਲ, ਜੁਗ ਜੁਗ ਬਣਤ ਬਣਾਇੰਦਾ । ਹਰਿ ਸੰਗਤ ਨਾ ਜਾਣਾ ਭੂਲ, ਹਰਿ ਸਾਚਾ ਆਪ ਅਲਾਇੰਦਾ । ਦਰ ਘਰ ਸਾਚੇ ਰਸਨਾ ਬੋਲ, ਮਸਤੂਆਣਾ ਇਕ ਵਖਾਇੰਦਾ । ਸ਼ਬਦ ਪੰਘੂੜਾ ਲੈਣਾ ਝੂਲ, ਪ੍ਰਭ ਸਾਚਾ ਆਪ ਝੁਲਾਇੰਦਾ । ਆਪ ਚੁਕਾਏ ਤੇਰਾ ਪਿਛਲਾ ਮੂਲ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚੀ ਧਾਰ ਵਖਾਇੰਦਾ । ਸਾਚੀ ਧਾਰ ਧੁਰ ਦਰਬਾਰ, ਦਰਗਹਿ ਸਾਚੀ ਆਪ ਸੁਹਾਈਆ । ਪੰਦਰਾਂ ਕੱਤਕ ਕਰੇ ਵਿਚਾਰ, ਸਾਚੀ ਸੰਗਤ ਪਾਰ ਕਰਾਈਆ । ਪੰਜ ਗਜ ਨੇੜ ਨਾ ਆਏ ਕੋਈ ਚਰਨ ਦਵਾਰ, ਦੂਰ ਦੁਰਾਡੇ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਪੰਦਰਾਂ ਕੱਤਕ ਖੇਲ ਖਿਲਾਉਣਾ, ਹਰਿ ਸੰਗਤ ਮੇਲ ਮਿਲਾਇੰਦਾ । ਸੰਗਤ ਰੂਪ ਪਾਰਬ੍ਰਹਮ ਦਰਸੌਣਾ, ਰੂਪ ਅਨੂਪ ਆਪ ਉਪਜਾਇੰਦਾ । ਜਾਗਰਤ ਜੋਤ ਜੋਤ ਡਗਮਗੌਣਾ, ਅੰਧ ਅੰਧੇਰ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਮਾਣ ਦਿਵਾਇੰਦਾ । ਪਹਿਲੇ ਦਿਵਸ ਹਰਿ ਸੰਗਤ ਮਾਣ, ਸਾਚੇ ਦਰ ਰਖਾਈਆ । ਦੂਜੇ ਦਿਵਸ ਹੋ ਪਰਧਾਨ, ਗੁਰਮੁਖ ਸਾਚੇ ਲਏ ਤਰਾਈਆ । ਗਿਆਰਾਂ ਦਿਵਸ ਇਕ ਗਿਆਨ, ਇਕ ਇਕ ਨਾਲ ਕਰੇ ਲੜਾਈਆ । ਸਤਿਗੁਰ ਪੁਰਖ ਨੌਜਵਾਨ, ਆਪੇ ਵੇਖੇ ਵੇਖ ਵਖਾਈਆ । ਸ਼ਬਦ ਨਿਰਾਲਾ ਮਾਰੇ ਬਾਣ, ਤਿਖੀ ਮੁਖੀ ਮੁਖ ਰਖਾਈਆ । ਏਕਾ ਚਿੱਲਾ ਤੀਰ ਕਮਾਨ, ਏਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗਿਆਰਾਂ ਦਿਵਸ ਕਰੇ ਰੁਸ਼ਨਾਈਆ । ਇਕ ਗਿਆਰਾਂ ਜੋੜ ਬਾਰਾਂ, ਪੰਦਰਾਂ ਕੱਤਕ ਵਡ ਵਡਿਆਇੰਦਾ । ਛੱਬੀ ਕੱਤਕ ਕਰ ਵਿਹਾਰਾ, ਲੋਕਮਾਤ ਤਜਾਇੰਦਾ । ਸਤਾਈ ਕੱਤਕ ਸਚਖੰਡ ਦਵਾਰਾ, ਆਪਣਾ

ਆਸਣ ਲਾਇੰਦਾ । ਅਠਾਈ ਕੱਤਕ ਬ੍ਰਹਮ ਪਸਾਰਾ, ਹਰਿ ਹਰਿ ਵੇਖ ਵਖਾਇੰਦਾ । ਉਨੱਤੀ ਕੱਤਕ ਖ਼ਬਰਦਾਰਾ, ਸ਼ਿਵ ਸ਼ੰਕਰ ਆਪ ਜਗਾਇੰਦਾ । ਤੀਸ ਕੱਤਕ ਮਾਰੇ ਮਾਰਾ, ਕਰੋੜ ਤੇਤੀਸਾ ਰਾਜਾ ਇੰਦ ਨਾਲ ਰਲਾਇੰਦਾ । ਚਾਰ ਦਿਵਸ ਨਿਰਗੁਣ ਧਾਰਾ, ਆਪਣਾ ਵੇਸ ਵਟਾਇੰਦਾ । ਪਹਿਲੀ ਮੱਘਰ ਹੋ ਉਜਿਆਰਾ, ਲੋਕਮਾਤ ਉਠ ਧਾਇੰਦਾ । ਨਵਾਂ ਖੰਡਾਂ ਪਾਵੇ ਸਾਰਾ, ਭਾਰਤ ਵੰਡ ਵੰਡਾਇੰਦਾ । ਜੋਤ ਸਰੂਪੀ ਜੋਤ ਉਜਿਆਰਾ, ਸ਼ਬਦੀ ਡੰਕ ਵਜਾਇੰਦਾ । ਨੌ ਬਸਤਰ ਜੇ ਰੱਖੇ ਕਰ ਤਿਆਰਾ, ਨੌ ਜੋੜੇ ਨਾਲ ਰਲਾਇੰਦਾ । ਨੌ ਸਿਖ ਜੋ ਖੜੇ ਨੌ ਦਵਾਰਾ, ਨੌਵਾਂ ਹੁਕਮ ਸੁਣਾਇੰਦਾ । ਸਵਾ ਪਹਿਰ ਘਰ ਘਰ ਬੈਠ ਕਰਨ ਨਿਮਸਕਾਰਾ, ਪ੍ਰਭ ਸਾਚਾ ਦਰਸ ਦਿਖਾਇੰਦਾ । ਨੌ ਮੱਘਰ ਖੇਲ ਅਪਾਰਾ, ਨੌ ਖੰਡ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਦਿਨ ਲੰਘਾਏ ਗਿਣ ਗਿਣ, ਮੁਖ ਨਕਾਬ ਆਪਣੇ ਪੜਦਾ ਪਾਇੰਦਾ । ਪਹਿਲੀ ਮੱਘਰ ਲਾਲ ਵੇਸ, ਹਰਿ ਆਪਣਾ ਆਪ ਕਰਾਈਆ । ਦੂਸਰੀ ਮੱਘਰ ਕੰਚਨ ਭੇਸ, ਕੰਚਨ ਰੰਗ ਚੜ੍ਹਾਈਆ । ਤੀਜੇ ਮੱਘਰ ਸੂਹੇ ਰੰਗ ਆਪੇ ਵੇਖ, ਆਪਣੀ ਚੋਲੀ ਰੰਗ ਰੰਗਾਈਆ । ਚੌਥੇ ਮੱਘਰ ਨਰ ਨਰੇਸ਼, ਚਿੱਟੇ ਬਸਤਰ ਭੂਸਣ ਆਪ ਸਜਾਈਆ । ਪੰਚਮ ਮੱਘਰ ਇਕ ਅਦੇਸ, ਪੀਲੇ ਬਸਤਰ ਸੋਭਾ ਪਾਈਆ । ਛੇ ਮੱਘਰ ਕਿਸੇ ਨਾ ਚਲੇ ਕੋਈ ਪੇਸ, ਨੀਲਾ ਬਾਣਾ ਆਪ ਹੰਢਾਈਆ । ਸੱਤ ਮੱਘਰ ਦਰ ਦਰਵੇਸ, ਕਾਲਾ ਸੂਸਾ ਆਪ ਹੰਢਾਈਆ । ਅਠ ਮੱਘਰ ਧਰ ਧਰ ਭੇਖ, ਗੁਰਸਿਖਾਂ ਦਵਾਰੇ ਜਾਏ ਫੇਰੀਆਂ ਪਾਈਆ । ਨੌ ਮੱਘਰ ਨੌ ਦਵਾਰੇ ਲਿਖੇ ਲੇਖ, ਨੌ ਬਸਤਰ ਨੌ ਜੋੜੇ ਗੁਰਮੁਖ ਰਹੇ ਹਮੇਸ਼, ਨੌ ਨਾਥ ਰਹਿਣ ਨਾ ਪਾਈਆ । ਆਪਣਾ ਖੇਲ ਆਪੇ ਰਿਹਾ ਵੇਖ, ਪਿਛਲੀ ਕੀਤੀ ਭੁੱਲ ਨਾ ਜਾਈਆ । ਨਾਵੇਂ ਗੁਰ ਤੇਗ ਬਹਾਦਰ ਤੇਰੀ ਟੁੱਟੇ ਨਾ ਅੱਜੇ ਰੇਖ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਦੁਲਾਰਾ ਦਸ ਦਸਮੇਸ, ਕਲਜੁਗ ਦਹਿਸਰ ਦੇਵੇ ਘਾਈਆ । ਤੇਰਾ ਸ਼ਬਦ ਰਿਖੀ ਕੇਸ, ਕੂੜਾ ਗਵਰਧਨ ਦਏ ਉਠਾਈਆ । ਪਾਰਬ੍ਰਹਮ ਅੱਗੇ ਕਿਸੇ ਦੀ ਨਾ ਚਲੇ ਪੇਸ਼, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਨੌ ਨੌ ਕਰੇ ਆਦੇਸ, ਪੁਰਖ ਅਕਾਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਨੌ ਮੱਘਰ ਨੌ ਖੰਡ, ਜੋਤੀ ਜੋਤ ਉਜਾਲਿਆ । ਦਸ ਮੱਘਰ ਵੰਡੇ ਵੰਡ, ਸੱਤਾਂ ਦੀਪਾਂ ਖੇਲ ਨਿਰਾਲਿਆ । ਨਾਮ ਖੰਡਾ ਚੰਡ ਪਰਚੰਡ, ਪ੍ਰਭ ਸਾਚੇ ਹੱਥ ਉਠਾ ਲਿਆ । ਵੇਖਣ ਆਇਆ ਭੇਖ ਪਾਖੰਡ, ਆਪ ਆਪਣਾ ਰੂਪ ਵਟਾ ਲਿਆ । ਕਰੇ ਕਰਾਏ ਖੰਡ ਖੰਡ, ਕਲਜੁਗ ਹਿੱਸਾ ਇਕ ਵੰਡਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਿਵਸ ਸੱਤ ਸੱਤ ਧਾਰ ਸੱਚੀ ਸਰਕਾਰ, ਸੋਹੰ ਢੋਲਾ ਏਕਾ ਗਾ ਲਿਆ । ਸੋਹੰ ਢੋਲਾ ਸਤ ਦੀਪ, ਸਤਿ ਸਤਿਵਾਦੀ ਆਪੇ ਗਾਇੰਦਾ । ਆਪ ਚਲਾਏ ਆਪਣੀ ਰੀਤ, ਆਪਣਾ ਮਾਰਗ ਆਪੇ ਲਾਇੰਦਾ । ਆਪੇ ਮੰਦਰ ਗੁਰਦਰ ਮਸੀਤ, ਆਪੇ ਮੱਠ ਵਖਾਇੰਦਾ । ਆਪੇ ਗਾਏ ਸਾਚਾ ਗੀਤ, ਆਪੇ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੋਲਾਂ ਮੱਘਰ ਆਪ ਵਡਿਆਇੰਦਾ । ਸੋਲਾਂ ਮੱਘਰ ਚੜ੍ਹਿਆ ਚਾ, ਸਾਚੇ ਦਿਵਸ ਵੱਜੀ ਵਧਾਈਆ । ਛੋਟਾ ਬਾਲਾ ਬਣਿਆ ਜਗਤ ਮਲਾਹ, ਮਾਵਾਂ ਪੁੱਤਰਾਂ ਰਿਹਾ ਸਮਝਾਈਆ । ਅੱਗੇ ਮਿਲੇ ਸੱਚਾ ਥਾਂ, ਦਰਗਹਿ ਸਾਚੀ ਵਡ ਵਡਿਆਈਆ । ਪ੍ਰਭ ਕਰਨ ਆਇਆ ਸਚ ਨਿਆ, ਪਹਿਲੋਂ ਛੋਟੇ ਅੱਗੇ ਲਾਈਆ । ਜਵਾਨ ਬਿਰਧ ਕਲਜੁਗ ਡਰਨ ਨਾ, ਮੌਤ ਲਾੜੀ ਨਾ ਭੈ ਵਖਾਈਆ । ਪ੍ਰਭ ਆਇਆ ਅੱਗੋਂ ਪਕੜੇ ਬਾਂਹ,


੧੧੦੦ ੦੮

ਜੋ ਜਾਂਦੇ ਚਾਈਂ ਚਾਈਂਆ । ਹਰਿ ਸੰਗਤ ਪੁਤਰ ਧੀਆਂ ਭੈਣ ਭਰਾ ਖ਼ੁਸ਼ੀ ਨਾਲ ਵਿਦਾ ਦਏ ਕਰਾ, ਨੀਰ ਨੀਰ ਨਾ ਕੋਇ ਵਹਾਈਆ । ਸੋਹੰ ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਵੇਰ ਜੈਕਾਰਾ ਦੇਣਾ ਲਾ, ਲੱਖ ਚੁਰਾਸੀ ਰਹਿਣ ਨਾ ਪਾਈਆ । ਆਪਣੀ ਵਸਤ ਆਪਣੇ ਘਰ ਲਏ ਟਿਕਾ, ਥਾਉਂ
ਵਸਤ ਲੁੱਟ ਕੋਇ ਲੈ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋਲਾਂ ਮੱਘਰ ਵੱਜੇ ਵਧਾਈਆ ।
ਸੋਲਾਂ ਮੱਘਰ ਦਿਵਸ ਸੁਹਾਉਣਾ, ਹਰਿ ਸਾਚਾ ਆਪ ਸਮਝਾਇੰਦਾ । ਘਰ ਘਰ ਬੈਠ ਸਵਾ ਪਹਿਰ ਸਭ ਨੇ ਗਾਉਣਾ, ਸੋਹੰ ਸੋ ਜਾਪ ਅਲਾਇੰਦਾ ।
ਆਪਣਾ ਚਰਨ ਗੁਰ ਧਿਆਨ ਰਖਾਉਣਾ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਜਮ ਕਾ ਜੇੜਾ ਫੰਦ ਕਟਾਉਣਾ, ਧਰਮ ਧਰਮ ਰਾਏ ਸੰਗਲ ਕੋਇ
ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਲਾਂ ਮੱਘਰ ਦਿਵਸ ਸੁਹਾਇੰਦਾ । ਸੋਲਾਂ ਮੱਘਰ ਹਰਿ ਸ਼ਬਦ ਜਵਾਨ,
ਉਠੇ ਉਠ ਉਠ ਕਰੇ ਧਾਈਆ । ਗੁਰਮੁਖ ਵੇਖੇ ਚਤੁਰ ਸੁਜਾਨ, ਜੋ ਬੈਠੇ ਹਰਿ ਲਿਵ ਲਾਈਆ । ਕਾਇਆ ਮੰਦਰ ਵਖਾਏ ਸਚ ਮਕਾਨ, ਸਤਿ
ਰੂਪ ਆਪ ਖ਼ੁਦਾਈਆ । ਹਰਿ ਸੰਗਤ ਪਾਏ ਸਾਚੀ ਆਣ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਆਪਣਾ ਖੇਲ ਖਿਲਾਈਆ । ਸੋਲਾਂ ਮੱਘਰ ਹੋ ਪਰਤੱਖ, ਆਪਣਾ ਦਰਸ ਵਖਾਇੰਦਾ । ਸਤਾਰਾਂ ਮੱਘਰ ਚੌਥੇ ਯੁਗ ਭਾਂਡੇ ਕਰੇ ਸੱਖ, ਭਰਿਆ ਕੋਇ
ਨਾ ਮਾਤ ਜਣਾਇੰਦਾ । ਕੂੜੀ ਕਿਰਿਆ ਮੇਟੇ ਪੱਖ, ਜੂਠ ਝੂਠ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਲਜੁਗ ਤੇਰੀ ਅੰਤਮ ਵਰ, ਤੇਰੀ ਧਾਰ ਚਲਾਇੰਦਾ । ਕਲਜੁਗ ਤੇਰੀ ਧਾਰ, ਚਾਰੇ ਬਾਣੀ ਵੇਖ ਵਖਾਈਆ । ਸਤਾਰਾਂ ਮੱਘਰ ਖੇਲ ਅਪਾਰ,
ਬੈਖਰੀ ਕਰੇ ਕੁੜਮਾਈਆ । ਅਠਾਰਾਂ ਖੇਲ ਧਾਮ ਨਿਆਰ, ਮਧਮ ਫੋਲ ਫੁਲਾਈਆ । ਉਨੀ ਪਸੰਤੀ ਪਾਵੇ ਸਾਰ, ਆਪ ਆਪਣੀ ਦਇਆ ਕਮਾਈਆ ।
ਪਰਾ ਵੇਖੇ ਕੌਣ ਪਿਆਰ, ਕੌਣ ਤੁਰੀਆ ਨਾਦ ਵਜਾਈਆ । ਚਾਰੇ ਬਾਣੀ ਪਾਵੇ ਸਾਰ, ਚਾਰੇ ਖਾਣੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ, ਬੀਸ ਮੱਘਰ ਰੂਪ ਵਟਾਈਆ । ਇਕੀ ਮੱਘਰ ਏਕਾ ਇਕ, ਇਕੀ ਸਿਖਾਂ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ
ਜੋ ਲੇਖਾ ਦਿਤਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਅਠਸਠ ਤੀਰਥ ਗੁਰਮੁਖਾਂ ਕੋਲੋਂ ਮੰਗੇ ਭਿਖ, ਅੱਗੇ ਆਪਣੀ ਝੋਲੀ ਡਾਹੀਆ । ਗੁਰਮੁਖ
ਤੇਰੀ ਸਾਚੀ ਟੇਕ, ਖਾਣੀ ਬਾਣੀ ਰਿਹਾ ਜਣਾਈਆ । ਗੁਰਮੁਖ ਤੇਰੀ ਬੁਧ ਬਿਬੇਕ, ਤੇਰੇ ਨਾਮ ਵਡ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਇਕੀ ਮੱਘਰ ਵੱਜੇ ਵਧਾਈਆ । ਇਕੀ ਮੱਘਰ ਦਿਵਸ ਸੁਹਾਉਣਾ, ਇਕੀ ਸਿਖਾਂ ਆਪ ਉਠਾਇੰਦਾ । ਚਿੱਟੇ ਬਸਤਰ
ਤਨ ਪਹਿਨਾਉਣਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਵਾ ਪਹਿਰ ਨੇਤਰ ਬੰਦ ਰਖਾਉਣਾ, ਜਗਤ ਅੱਖ ਨਾ ਕੋਇ ਖੁਲ੍ਹਾਇੰਦਾ । ਰਸਨਾ ਜਿਹਵਾ
ਨਾ ਕੋਇ ਹਿਲਾਉਣਾ, ਉਚੀ ਬੋਲ ਨਾ ਕਿਸੇ ਸੁਣਾਇੰਦਾ । ਅੰਦਰੇ ਅੰਦਰ ਸੋਹੰ ਸ਼ਬਦ ਨਾਮ ਗਾਉਣਾ, ਪ੍ਰਭ ਸਾਚਾ ਮੇਲ ਮਿਲਾਇੰਦਾ । ਪਵਣ
ਸਵਾਸੀ ਸੇਵਾ ਲਾਉਣਾ, ਸਾਚਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਵੇਖ ਵਖਾਇੰਦਾ । ਇਕੀ
ਸਿਖਾਂ ਸਚ ਵਿਹਾਰ, ਹਰਿ ਸਾਚਾ ਆਪ ਦ੍ਰਿੜਾਈਆ । ਮਸਤੂਆਣਾ ਧਾਮ ਨਿਆਰ, ਆਪ ਵਖਾਏ ਬੇਪਰਵਾਹੀਆ । ਸਚ ਤਖ਼ਤ ਬੈਠ ਸੱਚੀ ਸਰਕਾਰ,
ਦਰ ਘਰ ਸਾਚੇ ਸੋਭਾ ਪਾਈਆ । ਏਕਾ ਭਰੇ ਨਾਮ ਭੰਡਾਰ, ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਇਕੀ ਦਏ ਵਡਿਆਈਆ ।

ਏਕਾ ਇਕੀ ਇਕੀ ਜੇਠ, ਹਰਿ ਸਾਚਾ ਸਗਨ ਮਨਾਇਆ । ਤ੍ਰੈਗੁਣ ਰੱਖੀ ਗੁਰਸਿਖਾਂ ਚਰਨਾ ਹੇਠ, ਆਪਣੀ ਜੋਤੀ ਲੰਬੂ ਅਗਨੀ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਰਿਹਾ ਵੰਡਾਇਆ । ਵੰਡੇ ਵੰਡ ਹਰਿ ਕਰਤਾਰ, ਹਰਿ ਸਾਚੇ ਵਡ ਵਡਿਆਈਆ । ਤੇਰਾ ਮਿਠਾ ਰਸ ਸੱਚਾ ਪਿਆਰ, ਅੰਮ੍ਰਿਤ ਰਸ ਵਖਾਈਆ । ਹੱਸ ਹੱਸ ਮੇਲਾ ਵਿਚ ਸੰਸਾਰ, ਰੋ ਰੋ ਬਿਰਹੋਂ ਪੀੜ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੋਕਮਾਤ ਹੋਏ ਸਹਾਈਆ । ਲਾਲੋ ਤੇਰਾ ਸਚ ਪਿਆਰ, ਹਰਿ ਸਾਚਾ ਭੁੱਲ ਨਾ ਜਾਇੰਦਾ । ਨਾਨਕ ਬਖ਼ਸ਼ਿਆ ਏਕਾ ਹਾਰ, ਸਾਚਾ ਸਿਹਰਾ ਗਲੇ ਪਾਇੰਦਾ । ਤੇਰਾ ਬੰਨ੍ਹੇ ਤੇਰੀ ਧਾਰ, ਤੇਰਾ ਦਰ ਸੁਹਾਇੰਦਾ । ਇਕੀ ਮੱਘਰ ਹੋ ਤਿਆਰ, ਅੱਲੜਪਿੰਡੀ ਚਰਨ ਟਿਕਾਇੰਦਾ । ਆਪਣੇ ਸਿਰ ਤੇ ਚੁੱਕ ਕੇ ਜਾਏ ਸਵਾ ਸੇਰ ਭਾਰ, ਜੋ ਹਰਿ ਮੰਦਰ ਸਗਨ ਮਨਾਇੰਦਾ । ਜਗਤ ਦਵਾਰੇ ਆਏ ਹਾਰ, ਗੁਰਮੁਖਾਂ ਘਰ ਭਰਾਇੰਦਾ । ਗੁਰਸਿਖ ਜੋ ਕਰੇ ਪਿਆਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾ ਸੇਰ ਸਭ ਦੀ ਸੇਵਾ ਲਾਇੰਦਾ । ਇਕੀ ਮੱਘਰ ਸਚ ਵਿਹਾਰਾ, ਹਰਿ ਸਾਚੇ ਆਪ ਕਰਾਵਣਾ । ਬਾਈਸ ਮੱਘਰ ਖੇਲ ਅਪਾਰਾ, ਨਾਥੇ ਵਾਲੇ ਚਰਨ ਟਿਕਾਵਣਾ । ਤੇਈਸ ਮੱਘਰ ਦਏ ਹੁਲਾਰਾ, ਪੂਰਬ ਲਹਿਣਾ ਝੋਲੀ ਪਾਵਣਾ । ਡੱਲੇ ਤੇਰੀ ਖਿੜੀ ਗੁਲਜ਼ਾਰਾ, ਹਰਿ ਸਾਚੇ ਵੇਖ ਵਖਾਵਣਾ । ਜੋ ਜਨ ਆਏ ਚਲ ਦਵਾਰਾ, ਪ੍ਰਭ ਸਾਚੇ ਮੇਲ ਮਿਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੧੦੨ ਕਰ, ਸਵਾ ਸੇਰ ਸਾਚਾ ਭਾਰ ਸਭ ਦੇ ਨਾਲ ਰਖਾਵਣਾ । ਸਵਾ ਸੇਰ ਸਚ ਭੰਡਾਰ, ਹਰਿ ਸੰਗਤ ਦਏ ਲਗਾਈਆ । ਸਤਿਗੁਰ ਪੂਰਾ ਬਣੇ ਆਪ ੧੧੦੨

ਵਰਤਾਰ, ਨੰਗੀ ਪੈਰੀਂ ਸੇਵ ਕਮਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਰਖਾਈਆ । ਸੱਥਰ ਸੇਜ ਨਾ ਭੁੱਲਿਆ ਵਿਚ ਸੰਸਾਰ, ਜੋ ਸੂਲਾਂ ਆਪ ਹੰਢਾਈਆ । ਨਿਹਕਲੰਕ ਮਿਲਿਆ ਮੀਤ ਮੁਰਾਰ, ਜੋੜਾ ਜੁੜਿਆ ਸਹਿਜ ਸੁਖਦਾਈਆ । ਘੋੜੇ ਚੜ੍ਹਿਆ ਸ਼ਾਹ ਅਸਵਾਰ, ਆਪਣਾ ਅਸਵ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਆਬਾ ਮਾਲਵਾ ਦਏ ਤਰਾਈਆ । ਚੌਬੀਸ ਮੱਘਰ ਧਾਮ ਅਵੱਲਾ, ਹਰਿ ਸਾਚੇ ਆਪ ਸੁਹਾਵਣਾ । ਵਸਣਹਾਰਾ ਜਲਾ ਥਲਾ, ਘਰ ਮੰਦਰ ਡੇਰਾ ਲਾਵਣਾ । ਆਪਣਾ ਕਰ ਕਰ ਆਪੇ ਹੱਲਾ, ਆਪਣਾ ਪੰਧ ਮੁਕਾਵਣਾ । ਆਪੇ ਬਣ ਬਣ ਅਛਲ ਅਛੱਲਾ, ਵਲ ਛਲ ਧਾਰੀ ਖੇਲ ਖਿਲਾਵਣਾ । ਹਰਿ ਸੰਗਤ ਤੇਰਾ ਮੇਟੇ ਸੱਲਾ, ਰਵਦਾਸ ਚਮਾਰਾ ਵੇਖ ਵਖਾਵਣਾ । ਬਾਲਮੀਕ ਕੱਢਿਆ ਡੂੰਘੀ ਡੱਲਾ, ਆਪ ਆਪਣੇ ਗਲੇ ਲਗਾਵਣਾ । ਆਪੇ ਅੰਦਰ ਵੜ ਵੜ ਦੀਪਕ ਬੱਲਾ, ਗਿਆਨ ਜੋਤ ਆਪ ਜਗਾਵਣਾ । ਸਿੰਘ ਤਾਰਾ ਨਾਲ ਰੱਲਾ, ਚੰਬਲ ਜੱਟ ਵਕਤ ਸੁਹਾਵਣਾ । ਸਿੰਘ ਸਵਰਨ ਨਾ ਮਾਰੇ ਤੀਰ ਨਿਰਾਲਾ, ਤਿਖੀ ਮੁਖੀ ਨਾ ਕੋਇ ਰਖਾਵਣਾ । ਬੁਢਿਆਂ ਕਰੇ ਆਪ ਪ੍ਰਿਤਪਾਲਾ, ਨੌਜਵਾਨਾ ਗੋਦ ਬਹਾਵਣਾ । ਬਾਲਾ ਦੱਸੇ ਰਾਹ ਸੁਖਾਲਾ, ਪਹਿਲੋਂ ਸਚਖੰਡ ਆਪ ਵਸਾਵਣਾ । ਆਪੇ ਬਣਿਆ ਜਗਤ ਕੰਗਾਲਾ, ਗੁਰਮੁਖਾਂ ਅੱਗੇ ਝੋਲੀ ਡਾਵਣਾ । ਦਰ ਦਰ ਘਰ ਘਰ ਕਰੇ ਸਵਾਲਾ, ਚਰਨ ਪ੍ਰੀਤੀ ਮੰਗ ਭੇਖ ਬਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਫੜਾਵਣ ਆਇਆ ਏਕਾ ਦਾਮਨਾ ।

ਦਾਮਨਗੀਰ ਫੜਾਏ ਦਾਮਨ, ਹਰਿ ਵੱਡਾ ਵਡ ਵਡਿਆਈਆ । ਏਥੇ ਓਥੇ ਹੋਵੇ ਜਾਮਨ, ਆਪ ਆਪਣਾ ਲੜ ਫੜਾਈਆ । ਮੇਟ ਮਿਟਾਏ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਹਰਿ ਸੰਗਤ ਤੇਰੀ ਮੇਟਣ ਆਇਆ ਅੰਧੇਰੀ ਸ਼ਾਮਨ, ਅੰਧ ਅੰਧੇਰ ਰਿਹਾ ਗਵਾਈਆ । ਨਾ ਕੋਈ ਤ੍ਰਿਸ਼ਨ ਨਾ ਕੋਈ ਤਾਮਨ, ਆਲਸ ਨਿੰਦਰਾ ਨਾ ਕੋਇ ਰਖਾਈਆ । ਨਾ ਕੋਈ ਨਗਰ ਨਾ ਗਰਾਮਨ, ਗੁਰਸਿਖਾਂ ਅੰਦਰ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬੁੱਢੇ ਨੱਢੇ ਏਕਾ ਰੰਗ ਰੰਗਾਈਆ । ਆਪੇ ਬੁੱਢਾ ਬਵੰਜਾ ਸਾਲ ਨਾਤਾ ਗਿਆ ਤੋੜ, ਝੂਠਾ ਸੰਗ ਨਾ ਕੋਇ ਰਖਾਇੰਦਾ । ਛੈਲ ਛਬੀਲਾ ਸਾਲ ਸੋਲਵੇਂ ਨੌਜਵਾਨ ਬਣਕੇ ਚੜ੍ਹਿਆ ਘੋੜ, ਸੋਲਾਂ ਕਲੀਆਂ ਆਸਣ ਲਾਇੰਦਾ । ਸਿੰਘ ਸਵਰਨ ਏਕਉਂਕਾਰਾ ਰਿਹਾ ਦੌੜ, ਬੁੱਢਾ ਬਾਲ ਦੋਵੇ ਰੂਪ ਦਿਸ ਨਾ ਆਇੰਦਾ । ਸਿੰਘ ਭਗਵਾਨ ਅੰਦਰ ਮੰਗੇ ਲੱਗਾ ਪੌੜ, ਪੌੜੇ ਵਾਲਾ ਅੱਗੇ ਹੋ ਹੋ ਦਰਸ ਦਿਖਾਇੰਦਾ । ਹਰਿ ਸੰਗਤ ਸਾਖਿਆਤ ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਕੰਾਰਾ ਨਿਰਾਕਾਰ ਨਿਰਾਧਾਰ ਸਵੱਛ ਸਰੂਪੀ ਸਚ ਸਿੰਘਾਸਣ ਗਿਆ ਬੌਹੜ, ਪੜਦਾ ਓਹਲਾ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਫਲ ਵੇਖਿਆ ਕੌੜ, ਆਪਣੀ ਸੇਵਾ ਆਪਣੇ ਹੱਥ ਉਠਾਇੰਦਾ । ਗੁਰਮੁਖ ਹਰਿ ਸੰਗਤ ਜੋੜਿਆ ਜੋੜ, ਆਪਣੀ ਪ੍ਰੀਤ ਸਾਚੀ ਗੰਢ ਪੁਵਾਇੰਦਾ । ਸਤਿਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਗੁਰਸਿਖ ਬਿਨ ਸਤਿਗੁਰ ਨਾ ਕੋਈ ਅਖਵਾਇੰਦਾ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਅੱਗੇ ਪਿੱਛੇ ਘਰ ਅੰਦਰ ਬਾਹਰ ਰਿਹਾ ਦੌੜ, ਦੌੜਨਹਾਰਾ ਦਿਸ ਨਾ ਆਇੰਦਾ । ਪੰਡਤ ਪਾਂਧੇ ਲੱਭਦੇ ਫਿਰਦੇ ਬ੍ਰਹਿਮਣ ਗੌੜ, ਉਚਾ ਟਿੱਲਾ ਪਰਬਤ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਵੀ ਮੱਘਰ ਵੇਖ ਵਖਾਇੰਦਾ । ਚੌਵੀ ਮੱਘਰ ਜੋਤ ਨਿਰੰਕਾਰ, ਆਪ ਆਪਣਾ ਬਲ ਧਰਾਈਆ । ਪਹਿਲੋਂ ਹਰਿ ਸੰਗਤ ਕਰੇ ਪਿਆਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਦੂਸਰ ਮੰਗੇ ਗੁਰਮੁਖਾਂ ਧੁਰ ਆਪ ਕਰਤਾਰ, ਆਪਣੀ ਝੋਲੀ ਅੱਗੇ ਡਾਹੀਆ । ਤੀਜੇ ਦਰ ਦਰਵੇਸ ਕਰੇ ਪੁਕਾਰ, ਊਚੀ ਕੂਕੇ ਦਏ ਸੁਣਾਈਆ । ਚੌਥੇ ਕਲਜੁਗ ਕਾਲੀ ਧਾਰ, ਰੈਣ ਅੰਧੇਰੀ ਛਾਈਆ । ਪੰਜਵੇਂ ਪਰਗਟ ਹੋਇਆ ਮੀਤ ਮੁਰਾਰ, ਨਿਹਕਲੰਕ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਚੌਵੀ ਮੱਘਰ ਚਾਰ ਬੀਸ ਵੇਖ ਵਖਾਈਆ । ਚਾਰ ਬੀਸ ਹਰਿ ਹਰਿ ਮੇਲਾ, ਚੌਵੀ ਹੱਥ ਵੇਖ ਵਖਾਇੰਦਾ । ਆਪੇ ਗੁਰ ਆਪੇ ਚੇਲਾ, ਆਪੇ ਗੋਬਿੰਦ ਨਾਉਂ ਧਰਾਇੰਦਾ । ਆਪੇ ਪੁਰਖ ਅਕਾਲ ਸੱਜਣ ਸੁਹੇਲਾ, ਆਪੇ ਸਗਲਾ ਸੰਗ ਰਖਾਇੰਦਾ । ਆਪੇ ਵਸੇ ਰੰਗ ਨਵੇਲਾ, ਆਪੇ ਲੱਖ ਚੁਰਾਸੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬਿਆਸ ਕਿਨਾਰਾ ਇਕ ਸੁਹਾਇੰਦਾ । ਚੌਵੀ ਮੱਘਰ ਬਿਆਸ ਕਿਨਾਰਾ, ਪੁਰ ਭਲਾਈ ਵੱਜੇ ਵਧਾਈਆ । ਹਰਿ ਸੰਗਤ ਤੇਰਾ ਉਤਰੇ ਭਾਰਾ, ਪ੍ਰਭ ਆਪਣੇ ਸੀਸ ਰਖਾਈਆ । ਲੇਖਾ ਜਾਣੇ ਰਵਦਾਸ ਚਮਾਰਾ, ਗੰਗਾ ਧਾਰ ਇਕ ਵਹਾਈਆ । ਪੰਡਤ ਪਾਂਧੇ ਰੋ ਰੋ ਕਰੇ ਪੁਕਾਰਾ, ਉਚੀ ਕੂਕੇ ਦਏ ਦੁਹਾਈਆ । ਇਕ ਕਸੀਰਾ ਕੀਮਤ ਪਾਏ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਕਾਲਖ ਟਿੱਕਾ ਸ਼ਾਹੀ ਦੇਵੇ ਲਾਹੀਆ । ਰਵਦਾਸ ਤੇਰੇ ਚਰਨ ਦਵਾਰ, ਹਰਿ ਗੰਗਾ ਆਪ ਵਹਾਵਣੀ । ਨਾਮ ਕਸੀਰਾ ਕੱਢੇ ਕਰ ਪਿਆਰ, ਪ੍ਰਭ ਸਾਚੀ ਖੇਲ ਖਿਲਾਵਣੀ । ਪੰਡਤ ਦੇਵੇ ਕਰ ਵਿਚਾਰ, ਏਕਾ ਸਿਖਿਆ ਸਿਖ ਸਮਝਾਵਣੀ । ਭੇਟਾ ਦੇਣੀ ਜਲ ਜਲ ਧਾਰ, ਗੰਗਾ ਮਾਤਾ ਮੰਗ

ਮੰਗਾਵਣੀ । ਉਤਰ ਲਿਆਉਣਾ ਆਉਂਦੀ ਵਾਰ, ਪੂਰ ਕਰਾਏ ਮਾਤਾ ਭਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਵਣੀ । ਗੰਗਾ ਨੀਰ ਚਰਨ ਦਵਾਰ, ਹਰਿ ਸਾਚਾ ਦਏ ਵਹਾਈਆ । ਇਕ ਕਸੀਰਾ ਸਚ ਵਿਹਾਰ, ਦਰ ਸਾਚੇ ਦਏ ਸਟਾਈਆ । ਅੱਗੋਂ ਬਾਂਹ ਦਏ ਹੁਲਾਰ, ਹੱਥ ਕੰਗਣ ਇਕ ਵਖਾਈਆ । ਰਵਦਾਸੇ ਭੇਟਾ ਦੇਣਾ ਚਾੜ੍ਹ, ਏਕਾ ਸ਼ਬਦ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਚੌਵੀ ਮੱਘਰ ਚੌਥੇ ਜੁਗ, ਜੋਗ ਜੁਗਤ ਇਕ ਸਖਾਈਆ । ਗੁਰਸਿਖ ਨਾ ਬੈਠੇ ਕੋਈ ਲੁੱਕ, ਪ੍ਰਭ ਸਾਚਾ ਲਏ ਮਿਲਾਈਆ । ਹਰਿ ਸੰਗਤ ਸੁਫਲ ਕਰਾਏ ਮਾਤ ਕੁੱਖ, ਜੋ ਜਨ ਬੈਠੀ ਗੋਦ ਉਠਾਈਆ । ਉਲਟਾ ਗਰਭ ਨਾ ਹੋਏ ਰੁੱਖ, ਦਸ ਦਸ ਮਾਸ ਨਾ ਕੋਇ ਭਵਾਈਆ । ਉਜਲ ਕਰੇ ਮਾਤ ਕੁੱਖ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਜੁਗ ਸੁੱਖਣਾ ਰਿਹਾ ਸੁੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਲੇਖ ਸਮਝਾਈਆ । ਚੌਵੀ ਕੱਤਕ ਚਰਨ ਪਿਆਰ, ਚਰਨੋਦਕ ਮੁਖ ਚੁਆਇੰਦਾ । ਗੁਰਮੁਖਾਂ ਬਖ਼ਸ਼ੇ ਇਕੀ ਹਾਰ, ਸਾਚੀ ਸਿਖੀ ਸਿਖ ਸਮਝਾਇੰਦਾ । ਵਾਲੋਂ ਨਿਕੀ ਤਿਖੀ ਧਾਰ, ਨੀਕਨ ਨੀਕੀ ਆਪ ਜਣਾਇੰਦਾ । ਮੁਨੀ ਰਿਖੀ ਨਾ ਪਾਵਣ ਸਾਰ, ਵੇਦ ਪੁਰਾਨ ਨਾ ਲੇਖ ਲਿਖਾਇੰਦਾ । ਨੇਕੀ ਬਦੀ ਜਾਣੇ ਕਰਤਾਰ, ਪੁੰਨ ਪਾਪ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਲੀ ਦਿਵਸ ਰੈਣ ਏਕਾ ਜੋਤ ਡਗਮਗਾਇੰਦਾ ।

 ੧੧੦੪ ੦੮

ਚਾਲੀ ਦਿਵਸ ਸਾਚੀ ਸੇਜ, ਗੁਰਮੁਖਾਂ ਆਪ ਹੰਢਾਈਆ । ਸ਼ਬਦ ਸੁਨੇਹੜਾ ਘਰ ਘਰ ਭੇਜ, ਲਹਿਣਾ ਲਹਿਣੇ ਝੋਲੀ ਪਾਈਆ । ਜੋਤੀ ਬਖ਼ਸ਼ੇ ਨੌ ਨੌ ਤੇਜ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਦਰਾਂ ਕੱਤਕ ਏਕਾ ਰੰਗ ਰੰਗਾਈਆ । ਰੰਗ ਰੰਗਾਵਣਹਾਰ ਹਰਿ ਗੋਬਿੰਦੜਾ, ਗਹਿਰ ਗੰਭੀਰ ਸਮਾਇਆ । ਪਤਿਤ ਪਾਵਣ ਸਦ ਬਖ਼ਸ਼ੰਦੜਾ, ਆਦਿ ਜੁਗਾਦੀ ਨਾਉਂ ਧਰਾਇਆ । ਹਰਿਜਨ ਮੇਟੇ ਸਗਲੀ ਚਿੰਦੜਾ, ਚਿੰਤਾ ਚਿਖਾ ਰਹੇ ਨਾ ਰਾਇਆ । ਪਹਿਲਾ ਦਿਵਸ ਹਰਿ ਸੰਗਤ ਤੇਰੀ ਭੇਟ ਚੜ੍ਹੰਦੜਾ, ਗਿਆਰਾਂ ਗੁਰਸਿਖਾਂ ਵੰਡ ਵੰਡਾਇਆ । ਚਾਰ ਦਿਵਸ ਨਿਰਗੁਣ ਜੋਤ ਜਗੰਦੜਾ, ਨਿਰਗੁਣ ਖੇਲ ਕਰੇ ਰਘੁਰਾਇਆ । ਨੌ ਦਿਵਸ ਨੌ ਖੰਡ ਵੇਖ ਵਖੰਦੜਾ, ਨੌ ਸਿਖ ਲਏ ਉਠਾਇਆ । ਸਤ ਦਿਵਸ ਸਾਚੀ ਧਾਰ ਚਲੰਦੜਾ, ਚਾਰ ਕੁੰਟ ਫੇਰੀ ਪਾਇਆ । ਚਾਰ ਦਿਵਸ ਚਾਰੇ ਖਾਣੀ ਚਾਰੇ ਬਾਣੀ ਚਾਰੇ ਜੁਗ ਵੇਖ ਵਖੰਦੜਾ, ਆਪ ਆਪਣਾ ਜੋਗ ਕਮਾਇਆ । ਇਕੀ ਜੇਠ ਵੇਸ ਵਟੰਦੜਾ, ਇਕੀ ਸਿਖਾਂ ਨਾਲ ਰਲਾਇਆ । ਚਿੱਟਾ ਬਸਤਰ ਇਕ ਸੁਹੰਦੜਾ, ਸਦਾ ਸੁਹੇਲਾ ਧਿਆਨ ਵਖਾਇਆ । ਏਕਾ ਗੁਰਮੁਖ ਲਾਲਨ ਲਾਲ ਰਗੰਦੜਾ, ਲਾਲ ਅਨਮੁਲਾ ਸਾਚੇ ਹੱਟ ਵਿਕਾਇਆ । ਦੂਜਾ ਪਿਛਲਾ ਲੇਖ ਚੁਕੰਦੜਾ, ਗੁਰ ਗੋਬਿੰਦ ਵੇਸ ਵਟਾਇਆ । ਤੀਜੇ ਨਿਉਂ ਆਪ ਸਖੰਦੜਾ, ਹਰਿ ਸੰਗਤ ਬੇੜਾ ਰਿਹਾ ਤਰਾਇਆ । ਚੌਥਾ ਦਿਵਸ ਆਪ ਸੁਹੰਦੜਾ, ਚੌਵੀ ਮੱਘਰ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਦੇਵੇ ਦਾਨ, ਗੁਰਸਿਖਾਂ ਘਰ ਘਰ ਭਿਛਿਆ ਝੋਲੀ ਪਾਇਆ ।

ਚੌਵੀ ਮੱਘਰ ਇਕੀ ਸਿਖ, ਹਰਿ ਸਾਚਾ ਸੇਵਾ ਲਾਈਆ । ਸੰਗਤ ਪੰਗਤ ਲੇਖਾ ਲਿਖ, ਇਕੀ ਇਕੀ ਦਏ ਬਹਾਈਆ । ਪੰਜੀ ਪੰਜੀ ਮੰਗਣ ਭਿਖ, ਹਾੜ ਸਤਾਰਾਂ ਵਡ ਵਡਿਆਈਆ । ਜਗਤ ਤ੍ਰਿਸਨਾ ਮੇਟੇ ਤ੍ਰਿਖ, ਆਤਮ ਅੰਤਰ ਜਾਮ ਪਿਆਈਆ । ਕੂੜੀ ਕਿਰਿਆ ਮੇਟੇ ਵਿਖ, ਪਾਰਬ੍ਰਹਮ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਹਾਰ ਸਿਖ ਸ਼ਿੰਗਾਰ ਸਾਚੀ ਸੰਗਤ ਸਾਚੀ ਪੰਗਤ ਆਪਣੇ ਰੰਗ ਰੰਗਾਈਆ । ਇਕੀ ਹਾਰ ਗੁਰਸਿਖ ਸੇਵਾ, ਸਿੰਘ ਪ੍ਰੀਤਮ ਆਪ ਲਗਾਈਆ । ਪਰਗਟ ਹੋਇਆ ਵਡ ਦੇਵੀ ਦੇਵਾ, ਗੁਰਸਿਖ ਬਾਲ ਅੰਞਾਣੇ ਦੇਵਤ ਰੂਪ ਆਪ ਬਣਾਈਆ । ਅੰਮ੍ਰਿਤ ਫਲ ਖੁਆਏ ਸਾਚਾ ਮੇਵਾ, ਰਵਦਾਸ ਚਮਾਰਾ ਨਾਲ ਰਲਾਈਆ । ਬਟਵਾਰਾ ਗਾਏ ਆਪਣੀ ਜੇਹਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਦਰਾਂ ਕੱਤਕ ਘਰ ਘਰ ਬੈਠੀ ਸੰਗਤ ਆਪਣੇ ਲੇਖੇ ਲਏ ਲਗਾਈਆ ।

## ✪ ੧੫ ਕੱਤਕ ੨੦੧੯ ਬਿਕ੍ਰਮੀ ਮਸਤੂਆਣਾ ✪

ਏਕੰਕਾਰ ਅਕਲ ਕਲ ਧਾਰੀ, ਆਦਿ ਜੁਗਾਦਿ ਸਮਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਖੇਲ ਨਿਆਰੀ, ਜੁਗ ਜੁਗ ਆਪਣੀ ਖੇਲ ਖਿਲਾਇਆ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰੀ, ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਭੇਵ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਰ ਨਿਰੰਕਾਰਾ ਵੇਸ ਵਟਾਇਆ । ਨਰ ਨਿਰੰਕਾਰ ਨਿਰਗੁਣ ਧਾਰ, ਹਰਿ ਹਰਿ ਆਪ ਚਲਾਈਆ । ਖੇਲੇ ਖੇਲ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਈਆ । ਵੇਦ ਕਤੇਬ ਨਾ ਪਾਇਣ ਸਾਰ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਸੰਤਨ ਮੀਤਾ ਹਰਿ ਗਿਰਵਰ ਗਿਰਧਾਰ, ਜੋਗ ਜੁਗਤ ਜਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਜੋਤ ਉਜਾਲਾ ਹਰਿ ਗੋਪਾਲਾ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਦਰਸੀ ਦਰਸ ਕਾਲ ਮਹਾਂਕਾਲਾ, ਖੇਲੇ ਖੇਲ ਸ਼ਾਹੋ ਸ਼ਬਾਸਿਆ । ਜੁਗਾ ਜੁਗੰਤਰ ਸ਼ਬਦ ਅਨਾਦੀ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਵਜਾਏ ਆਪਣਾ ਤਾਲਾ, ਸਾਚਾ ਢੋਲਾ ਆਪੇ ਗਾ ਲਿਆ । ਜੀਵ ਜੰਤ ਸਾਧ ਸੰਤ ਹਰਿ ਭਗਵੰਤ ਸੰਤ ਤੋੜਨਹਾਰਾ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਕਾਰ ਨਿਰਵੈਰ ਆਪ ਅਖਵਾ ਲਿਆ । ਨਿਰਗੁਣ ਰੂਪ ਆਦਿ ਨਿਰੰਜਣ, ਆਦਿ ਪੁਰਖ ਅਖਵਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਹਰਿਜਨ ਸਾਚੇ ਵੇਖ ਵਖਾਇੰਦਾ । ਨੇਤਰ ਨਾਮ ਨਿਧਾਨ ਪਾਏ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਹਰਿ ਸੰਤਨ ਬਖ਼ਸ਼ੇ ਚਰਨ ਧੂੜੀ ਮਜਨ, ਮਾਇਆ ਮਮਤਾ ਮੋਹ ਚੁਕਾਇੰਦਾ । ਦੋ ਜਹਾਨਾਂ ਸਾਚਾ ਸੱਜਣ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਰੱਖੀ ਲੱਜਣ, ਰੂਪ ਅਨੂਪ ਆਪ ਵਟਾਇੰਦਾ । ਕਲਜੁਗ ਅੰਤਮ ਨੌ ਖੰਡ ਸੱਤ ਦੀਪ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਗਗਨ ਪਾਤਾਲਾ ਆਪੇ ਹੋਏ ਪੜਦੇ ਕੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਪੁਰਖ ਕਰਤਾਰ, ਕਰਤਾ

ਆਪ ਕਮਾਇੰਦਾ । ਨਾਨਕ ਗੁਰ ਗੋਬਿੰਦ ਬੰਨ੍ਹੇ ਧਾਰ, ਸਤਿ ਸਤਿ ਸਤਿ ਰੂਪ ਵਟਾਇੰਦਾ । ਨਾਮ ਖੰਡਾ ਤੇਜ਼ ਕਟਾਰ, ਸਚ ਗਾਤਰੇ ਆਪ ਲਟਕਾਇੰਦਾ । ਪੰਚਮ ਮੀਤਾ ਪੰਜ ਪਿਆਰ, ਪੰਚਮ ਮੋਹ ਚੁਕਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਅਜੂਨੀ ਰਹਿਤ ਭੇਵ ਨਾ ਆਇੰਦਾ । ਅਕਾਲ ਮੂਰਤ ਖੇਲ ਅਪਾਰ, ਆਪਣੀ ਕਲ ਆਪ ਵਰਤਾਇੰਦਾ । ਕਲਜੁਗ ਲੇਖਾ ਚਾਰ ਲੱਖ ਬੱਤੀ ਹਜ਼ਾਰ, ਜਗਤ ਪਰਾਨੀ ਆਪੇ ਗਾਇੰਦਾ । ਪੁਰਖ ਅਬਿਨਾਸ਼ੀ ਪਾਵਣਹਾਰਾ ਸਾਰ, ਆਪ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਕਾਤੀ ਵੇਖ ਵਖਾਇੰਦਾ । ਕਲਜੁਗ ਅੰਤਮ ਵਕਤ ਸੁਹਾਉਣਾ, ਹਰਿ ਸਾਚੀ ਵਡ ਵਡਿਆਈਆ । ਸੰਬਲ ਨਗਰੀ ਧਾਮ ਸੁਹਾਉਣਾ, ਗੁਰ ਗੋਬਿੰਦ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਮੇਲ ਮਿਲਾਉਣਾ, ਵਿਛੜ ਕਦੇ ਨਾ ਜਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਖ਼ਾਕ ਰੁਲਾਉਣਾ, ਗਰੀਬ ਨਿਮਾਣੇ ਲਏ ਉਠਾਈਆ । ਸੰਤ ਸੁਹੇਲੇ ਦਰਸ ਵਖਾਉਣਾ, ਗੁਰੂ ਗੁਰ ਚੇਲੇ ਵੇਖ ਵਖਾਈਆ । ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਉਣਾ, ਪਾਰਬ੍ਰਹਮ ਵੱਡੀ ਵਡਿਆਈਆ । ਚਾਰ ਵਰਨਾਂ ਏਕਾ ਮਾਰਗ ਲਾਉਣਾ, ਊਚ ਨੀਚ ਰਾਓ ਰੰਕ ਕੋਇ ਰਹਿਣ ਨਾ ਪਾਈਆ । ਸੰਤਨ ਮੀਤਾ ਲਹਿਣਾ ਦੇਣਾ ਝੋਲੀ ਪਾਉਣਾ, ਪਿਛਲਾ ਮੂਲ ਚੁਕਾਈਆ । ਸਤਿਜੁਗ ਸਾਚਾ ਧਾਮ ਸੁਹਾਉਣਾ, ਧਰਨੀ ਧਰਤ ਧਵਲ ਦੇਵੇ ਵਡਿਆਈਆ । ਮਸਤੂਆਣਾ ਰੰਗ ਰੰਗਾਉਣਾ, ਰੰਗ ਰਤੜਾ ਬੇਪਰਵਾਹੀਆ । ਪੰਦਰਾਂ ਕੱਤਕ ਦਿਵਸ ਸੁਹਾਉਣਾ, ਦਿਵਸ ਰੈਣ ਕਰੇ ਰੁਸ਼ਨਾਈਆ । ਹਰਿ ਸੰਗਤ ਸਾਚਾ ਮੇਲ ਮਿਲਾਉਣਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਬਜਰ ਕਪਾਟੀ ਪੜਦਾ ਲਾਹੁਣਾ, ਦੂਈ ਦਵੈਤੀ ਰਹਿਣ ਨਾ ਪਾਈਆ । ਅੰਮ੍ਰਿਤ ਆਤਮ ਠਾਂਡਾ ਸੀਰ ਪਿਆਉਣਾ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਪੰਜ ਵਿਕਾਰਾ ਖ਼ਾਕ ਮਿਲਾਉਣਾ, ਪਾਕੀ ਪਾਕ ਇਕ ਅਖਵਾਈਆ । ਸੱਜਣ ਸੈਣ ਸਾਕ ਹਰਿ ਸਤਿਗੁਰ ਸਾਚੇ ਆਪ ਅਖਵਾਉਣਾ, ਕਲਜੁਗ ਝੂਠਾ ਨਾਤਾ ਤੋੜ ਤੁੜਾਈਆ । ਭਵਿਖਤ ਵਾਕ ਪੂਰ ਕਰਾਉਣਾ, ਸੰਤ ਮਨੀ ਸਿੰਘ ਗਿਆ ਲਿਖਾਈਆ । ਵਾਲੀ ਹਿੰਦ ਆਪ ਉਠਾਉਣਾ, ਸ਼ਬਦ ਨਿਸ਼ਾਨਾ ਤੀਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਵੇਖੇ ਸਹਿਜ ਸੁਭਾਈਆ । ਸਾਚਾ ਘਰ ਸਚ ਮਹੱਲਾ, ਹਰਿ ਸੰਤਨ ਵਡ ਵਡਿਆਈਆ । ਪੁਰਖ ਅਬਿਨਾਸ਼ੀ ਖੇਲੇ ਖੇਲ ਇਕ ਅਕੱਲਾ, ਖੇਲਣਹਾਰ ਦਿਸ ਨਾ ਆਈਆ । ਪਾਵੇ ਸਾਰ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਸਚ ਸਿੰਘਾਸਣ ਏਕਾ ਮੱਲਾ, ਨਿਰਗੁਣ ਬੈਠਾ ਕਰ ਰੁਸ਼ਨਾਈਆ । ਜੀਵ ਜੰਤ ਭੁਲਾਏ ਕਰ ਕਰ ਵਲ ਛੱਲਾ, ਕਲਜੁਗ ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਪੰਜ ਵਿਕਾਰਾ ਕਰੇ ਹੱਲਾ, ਮਨ ਮਤ ਰਹੀ ਕੁਰਲਾਈਆ । ਗੋਬਿੰਦ ਫੜਿਆ ਤਿੱਖਾ ਭੱਲਾ, ਏਕਾ ਖੰਡਾ ਨਾਮ ਚਮਕਾਈਆ । ਸ਼ਬਦ ਅਗੰਮੀ ਚੜ੍ਹਿਆ ਦਲਾ, ਨੌਂ ਖੰਡ ਪ੍ਰਿਥਮੀ ਢੇਰੀ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨੂਰ ਕਰੇ ਰੁਸ਼ਨਾਈਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਹਰਿ ਵੇਖ ਵਖਾਇੰਦਾ । ਦੀਵਾ ਬਾਤੀ ਕਰ ਉਜਿਆਰ, ਕਮਲਾਪਾਤੀ ਡਗਮਗਾਇੰਦਾ । ਔਖੀ ਘਾਟੀ ਵੇਖ ਸੰਸਾਰ, ਸ਼ਬਦ ਅਗੰਮੀ ਆਪ ਦੌੜਾਇੰਦਾ । ਸਾਚਾ ਸਾਕੀ ਕਰ ਪਿਆਰ, ਨਾਮ ਪਿਆਲਾ ਹੱਥ ਉਠਾਇੰਦਾ । ਗੁਰਮੁਖਾਂ ਦੇਵੇ ਠੰਡੀ ਠਾਰ, ਸਾਂਤਕ ਸਤਿ ਸਤਿ ਵਰਤਾਇੰਦਾ । ਮਸਤੂਆਣਾ ਧਾਮ ਨਿਆਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਕਾਇਆ ਗੜ੍ਹ ਤੋੜੇ ਹੰਕਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਵਡ ਵੱਡਾ ਵਡਿਆਈਆ । ਜੁਗਾ ਜੁਗੰਤ ਚਲਾਏ ਰਥ, ਰਥ ਰਥਵਾਹੀ ਭੇਵ ਨਾ ਰਾਈਆ । ਸ਼ਬਦ ਜਣਾਈ ਮਹਿਮਾ ਅਕੱਥ, ਅਕਥ ਕਥਾ ਆਪ ਸੁਣਾਈਆ । ਜੂਠਾ ਝੂਠਾ ਬੁਰਜ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁੱਕੇ ਤੀਰਥ ਅਠਸਠ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਰਗਟ ਹੋਵੇ ਸ਼ਾਹੋ ਸ਼ਬਾਸ਼ੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਬ੍ਰਹਿਮੰਡਾਂ ਖੰਡਾ ਮਾਰੇ ਏਕਾ ਸੱਟ, ਦਿਸ ਕਿਸੇ ਨਾ ਆਈਆ । ਚੌਦਾਂ ਲੋਕ ਵੇਖੇ ਹੱਟ, ਚੌਦਾਂ ਤਬਕਾਂ ਫੋਲ ਫੁਲਾਈਆ । ਹਰਿ ਸੰਗਤ ਤੇਰਾ ਸਚ ਇਕੱਠ, ਮਸਤੂਆਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਸਿਖ ਸਮਝਾਈਆ । ਸਾਚੀ ਸਿਖਿਆ ਸਿਖ ਵਿਚਾਰ, ਗੁਰਮੰਤਰ ਨਾਮ ਦ੍ਰਿੜਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਦੂਸਰ ਸੰਗ ਨਾ ਕੋਇ ਨਿਭਾਇੰਦਾ । ਏਥੇ ਓਥੇ ਪਾਵੇ ਸਾਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਸਚਖੰਡ ਦਵਾਰਾ ਕਰੇ ਸ਼ਬਦ ਸ਼ਿੰਗਾਰ, ਆਪ ਆਪਣੀ ਦਇਆ ਕਮਾਇੰਦਾ । ਜੁਗਾ ਜੁਗੰਤ ਸਾਚੇ ਸੰਤ ਫੜ ਫੜ ਬਾਂਹੋਂ ਜਾਏ ਤਾਰ, ਸੰਤ ਸੁਹੇਲੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕੰਕਾਰ ਨਿਰਾਕਾਰ ਨਿਰਗੁਣ ਆਪਣਾ ਨਾਉਂ ਰਖਾਇੰਦਾ । ਨਿਹਕਲੰਕ ਹਰਿ ਭਗਵਾਨ, ਦੂਸਰ ਕੋਇ ਦਿਸ ਨਾ ਆਈਆ । ਪੰਜ ਤੱਤ ਨਾ ਕੋਇ ਨਿਸ਼ਾਨ, ਮਨ ਮਤ ਬੁਧ ਨਾ ਕੋਇ ਰਖਾਈਆ । ਨਾ ਕੋਈ ਰੱਖੇ ਪੀਣ ਖਾਣ, ਆਲਸ ਨਿੰਦਰਾ ਵਿਚ ਨਾ ਆਈਆ । ਨਾ ਕੋਈ ਮੰਦਰ ਨਾ ਮਕਾਨ, ਚਾਰ ਦੀਵਾਰ ਨਾ ਕੋਇ ਬਣਾਈਆ । ਸਚਖੰਡ ਵਸੇ ਸੱਚੀ ਭੂਮਕਾ ਅਸਥਾਨ, ਥਿਰ ਘਰ ਬੈਠਾ ਆਸਣ ਲਾਈਆ । ਰਵ ਸਸ ਨਾ ਕੋਇ ਪਰਕਾਸ਼ ਤੇਜ਼ ਭਾਨ, ਮੰਡਲ ਮੰਡਪ ਨਾ ਕੋਇ ਸੁਹਾਈਆ । ਨਾ ਕੋਈ ਜ਼ਮੀਨ ਨਾ ਅਸਮਾਨ, ਸਿੰਧ ਸਾਗਰ ਧਰਤ ਧਵਲ ਨਾ ਕੋਇ ਉਪਜਾਈਆ । ਨਾ ਕੋਈ ਨਗਰ ਖੇੜਾ ਵਸੇ ਗਰਾਮ, ਜੀਵ ਜੰਤ ਨਾ ਰਚਨ ਰਚਾਈਆ । ਨਾ ਕੋਈ ਸੁਬਹ ਨਾ ਕੋਈ ਸ਼ਾਮ, ਘੜੀ ਪਲ ਨਾ ਕੋਇ ਵਖਾਈਆ । ਨਿਹਕਲੰਕਾ ਆਪੇ ਜਾਣੇ ਆਪਣਾ ਕਾਮ, ਜੁਗ ਜੁਗ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਵੇਖ ਵਖਾਈਆ । ਵੀਹ ਸਦ ਸੋਲਾਂ ਹਰਿ ਬਲਵਾਨ, ਸ਼ਬਦ ਨਗਾਰੇ ਚੋਟ ਲਗਾਇੰਦਾ । ਅਗੰਮ ਅਗੰਮੜਾ ਨੌਜਵਾਨ, ਬਾਲ ਬਿਰਧ ਅਵਸਥਾ ਨਾ ਕੋਇ ਰਖਾਇੰਦਾ । ਏਕਾ ਸਾਚਾ ਕਾਹਨ, ਸਾਚੇ ਮੰਡਲ ਗੋਪੀ ਆਪ ਨਚਾਇੰਦਾ । ਆਦਿ ਜੁਗਾਦੀ ਦੇਵਣਹਾਰਾ ਦਾਨ, ਦਾਤਾ ਦਾਨੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਹਰਿਜਨ ਮੀਤਾ, ਹਰਿ ਹਰਿ ਆਪਣੇ ਰੰਗ ਰੰਗਾਈਆ । ਬੈਠਾ ਆਪੇ ਇਕ ਅਤੀਤਾ, ਤ੍ਰੈਗੁਣ ਮਾਇਆ ਨੇੜ ਨਾ ਆਈਆ । ਸਖਾ ਸਹੇਲਾ ਠਾਂਡਾ ਸੀਤਾ, ਸਤਿਗੁਰ ਨਾਉਂ ਧਰਾਈਆ । ਗੁਰਸਿਖ ਗੁਰਮੁਖ ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਣ ਹੱਥ ਵਡਿਆਈਆ । ਕਲਜੁਗ ਅੰਤਮ ਵੇਲਾ ਬੀਤਾ, ਪੁਰਖ ਅਬਿਨਾਸ਼ੀ ਖੇਲ ਖਿਲਾਈਆ । ਜੀਵਾਂ ਜੰਤਾਂ ਪਰਖੇ ਨੀਤਾ, ਘਟ ਘਟ ਬੈਠਾ ਆਸਣ ਲਾਈਆ । ਪਾਵੇ ਸਾਰ ਹਸਤ ਕੀਟਾ, ਊਚਾਂ ਨੀਚਾਂ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ

ਅੰਤਮ ਵਰ, ਪੰਦਰਾਂ ਕੱਤਕ ਦੇਵੇ ਵਰ, ਵੀਹ ਸਦ ਸੋਲਾਂ ਬਿਕ੍ਰਮੀ ਵੱਜੇ ਵਧਾਈਆ । ਵੀਹ ਸਦ ਸੋਲਾਂ ਸੋਲਾਂ ਸ਼ਿੰਗਾਰ, ਗੁਰਮੁਖਾਂ ਤਨ ਕਰਾਈਆ । ਹਰਿ ਹਰਿ ਨਾਮ ਭਰ ਭੰਡਾਰ, ਕਾਇਆ ਮੰਦਰ ਆਪ ਸੁਹਾਈਆ । ਨਿਰਗੁਣ ਬਾਤੀ ਕਰ ਉਜਿਆਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਨਿਝਰ ਝਿਰਨਾ ਝਿਰੇ ਅਪਾਰ, ਅੰਮ੍ਰਿਤ ਮੇਘ ਆਪ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤਖ਼ਤ ਸਚ ਸੁਲਤਾਨ, ਆਦਿ ਜੁਗਾਦੀ ਸਦ ਨਿਗਹਬਾਨ, ਸੰਤ ਸਾਜਣ ਦੇਵੇ ਮਾਣ, ਜਗਤ ਨਿਮਾਣਿਆਂ ਗਲੇ ਲਗਾਈਆ ।

ਆਦਿ ਜੁਗਾਦੀ ਏਕੰਕਾਰ, ਪੁਰਖ ਅਕਾਲ ਇਕ ਅਖਵਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਅਜੂਨੀ ਰਹਿਤ ਨੂਰ ਉਜਿਆਰ, ਅਨੁਭਵ ਪਰਕਾਸ਼ ਸਮਾਇੰਦਾ । ਵਸਣਹਾਰਾ ਸਚਖੰਡ ਦਵਾਰ, ਥਿਰ ਘਰ ਸਾਚੇ ਆਸਣ ਲਾਇੰਦਾ । ਆਪੇ ਪੁਰਖ ਆਪੇ ਨਾਰ, ਆਪ ਆਪਣੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਏਕੰਕਾਰ, ਅਕਲ ਕਲਾ ਕਲ ਆਪਣੀ ਧਾਰ, ਨਿਰਗੁਣ ਜੋਤ ਡਗਮਗਾਇੰਦਾ । ਨਿਰਗੁਣ ਜੋਤ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇਆ । ਘਰ ਮੰਦਰ ਦੀਪਕ ਕਰ ਉਜਿਆਰ, ਆਪ ਆਪਣਾ ਥਾਨ ਸੁਹਾਇਆ । ਨਾ ਕੋਈ ਦੂਸਰ ਮੀਤ ਮੁਰਾਰ, ਨਾ ਕੋਈ ਸੰਗ ਰਖਾਇਆ । ਨਾ ਕੋਈ ਮੰਦਰ ਦਿਸੇ ਚਾਰ ਦੀਵਾਰ, ਮਹੱਲ ਅਟੱਲ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨੂਰ ਨੂਰ ਨੂਰ ਉਪਜਾਇਆ । ਨੂਰ ਉਜਾਲਾ ਹਰਿ ਗੋਪਾਲਾ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਜੁਗਾ ਜੁਗੰਤਰ ਚਲੇ ਆਪਣੀ ਚਾਲਾ, ਚਾਲ ਨਿਰਾਲੀ ਭੇਵ ਨਾ ਆਈਆ । ਆਪੇ ਕਾਲ ਆਪ ਮਹਾਂਕਾਲਾ, ਦੇਵ ਇਸ਼ਟ ਆਪ ਅਖਵਾਈਆ । ਆਪੇ ਤੋੜਨਹਾਰ ਜੰਜਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਅਬਿਨਾਸ਼ੀ ਕਰਤਾ ਪੁਰਖ ਸੁਲਤਾਨ, ਏਕਾ ਰੰਗ ਸਮਾਇਆ । ਵਸਣਹਾਰਾ ਸਚ ਮਕਾਨ, ਸਚਖੰਡ ਬੈਠਾ ਆਸਣ ਲਾਇਆ । ਜੋਧਾ ਸੂਰ ਬਲੀ ਬਲਵਾਨ, ਇਕ ਅਕੱਲਾ ਆਪ ਅਖਵਾਇਆ । ਸਾਚਾ ਚਿੱਲਾ ਤੀਰ ਕਮਾਨ, ਆਪ ਆਪਣੇ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਆਪਣੀ ਰਚਨਾ ਆਪੇ ਰਚ, ਹਰਿ ਆਪੇ ਵੇਖ ਵਖਾਇੰਦਾ । ਆਪੇ ਖੇਲ ਖਿਲਾਰੀ ਹੋਏ ਸਚ, ਸੁੱਚ ਆਪ ਵਰਤਾਇੰਦਾ । ਆਪੇ ਹੋਏ ਭਾਂਡਾ ਕੱਚ, ਆਪੇ ਭੰਨ ਵਖਾਇੰਦਾ । ਆਪੇ ਤ੍ਰੈਗੁਣ ਅਗਨ ਜਾਏ ਮੱਚ, ਏਕਾ ਲੰਬੂ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਬ੍ਰਹਿਮਾਦੀ ਪਾਰਬ੍ਰਹਮ ਖੇਲ ਖਿਲਾਇੰਦਾ । ਪਾਰਬ੍ਰਹਮ ਹਰਿ ਮਿਹਰਵਾਨਾ, ਏਕਾ ਰੰਗ ਸਮਾਇਆ । ਜੁਗ ਜੁਗ ਖੇਲੇ ਖੇਲ ਵਾਲੀ ਦੋ ਜਹਾਨਾ, ਲੋਕਮਾਤ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਨਾਦ ਤਰਾਨਾ, ਸ਼ਬਦ ਅਨਾਦੀ ਇਕ ਸੁਣਾਇਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਏਕਾ ਹੁਕਮੀ ਬੰਧਨ ਪਾਇਆ । ਸੰਤਾਂ ਸਾਧਾਂ ਦੇਵੇ ਧੁਰ ਫ਼ਰਮਾਨਾ, ਆਤਮ ਅੰਤਰ ਬ੍ਰਹਮ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਰਖਾਇਆ । ਜੁਗ ਕਰਤਾ ਹਰਿ ਕਰਨੇ ਜੋਗ, ਆਪਣੀ ਕਰਨੀ ਕਿਰਤ ਕਮਾਇੰਦਾ । ਆਪੇ

ਰਸੀਆ ਰਸ ਰਸ ਭੋਗੇ ਆਪਣਾ ਭੋਗ, ਭੋਗ ਬਿਲਾਸ ਆਪ ਵਖਾਇੰਦਾ । ਆਪ ਚੁਗਾਏ ਸਾਚੀ ਚੋਗ, ਏਕਾ ਚੋਗ ਆਪਣੇ ਹੱਥ ਰਖਾਇੰਦਾ । ਆਪੇ ਪਾਵੇ ਸਾਰ ਚੌਦਾਂ ਲੋਕ, ਚੌਦਾਂ ਹੱਟਾਂ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਏਕੰਕਾਰ ਬੋਲ ਜੈਕਾਰ, ਆਪਣਾ ਪਹਿਰਾ ਆਪੇ ਲਾਇੰਦਾ । ਸ਼ਬਦ ਜੈਕਾਰ ਹਰਿ ਭਗਵਾਨ, ਆਪਣਾ ਆਪ ਅਲ੍ਹਾਈਆ । ਦੂਸਰ ਸੁਣੇ ਨਾ ਕਿਸੇ ਕਾਨ, ਰਸਨਾ ਜੇਹਵਾ ਨਾ ਕੋਈ ਹਿਲਾਈਆ । ਬ੍ਰਹਮਾ ਵੇਤਾ ਪਾਵੇ ਆਣ, ਏਕਾ ਹੁਕਮ ਫਿਰਾਈਆ । ਵਿਸ਼ਨੂੰ ਦੇਵੇ ਸਾਚਾ ਦਾਨ, ਪ੍ਰਭ ਸਾਚੇ ਹੱਥ ਵਡਿਆਈਆ । ਸ਼ੰਕਰ ਦਾਤਾ ਗੁਣ ਨਿਧਾਨ, ਗੁਣਵੰਤਾ ਆਪ ਅਖਵਾਈਆ । ਤਿੰਨਾਂ ਮੇਲਾ ਵਿਚ ਜਹਾਨ, ਲੋਕਮਾਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਖ ਨਰ ਨਰੇਸ਼ ਆਪੇ ਆਪ ਵਟਾਈਆ । ਭੇਖ ਅਵੱਲਾ ਇਕ ਅਕੱਲਾ, ਆਪਣਾ ਆਪ ਵਟਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਵੇਖ ਵਖਾਇੰਦਾ । ਜਨ ਭਗਤਾਂ ਅੰਦਰ ਆਪੇ ਰੱਲਾ, ਜੁਗ ਜੁਗ ਜੋਤ ਜਗਾਇੰਦਾ । ਨਿਝ ਘਰ ਆਸਣ ਸਾਚਾ ਮੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਰੱਖ, ਆਪਣੀ ਕਲ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਹੋ ਪਰਤੱਖ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਕੂੜਾ ਵੇਖੇ ਰੇਠ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਲੱਖ ਚੁਰਾਸੀ ਭਾਂਡੇ ਸਖ, ਹਰਿ ਕਾ ਨਾਮ ਸਾਚੀ ਵਸਤ ਕੋਈ ਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਸਤਿਜੁਗ ਤੇਰੀ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਵਾਰ ਅਠਾਰਾਂ ਲਏ ਅਵਤਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਬੇਪਰਵਾਹ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਪਹਿਰੇ ਬਾਣਾ, ਪੰਜ ਤੱਤ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਬੰਨੇ ਸਾਚਾ ਗਾਨਾ, ਸਾਚਾ ਸਗਨ ਮਨਾਇੰਦਾ । ਸ਼ਬਦ ਅਨਾਦੀ ਧੁਨ ਤਰਾਨਾ, ਰਾਗੀ ਰਾਗ ਅਲਾਇੰਦਾ । ਆਪੇ ਜਾਣੇ ਆਪਣਾ ਆਣਾ ਜਾਣਾ, ਵੇਦ ਕਤੇਬ ਭੇਵ ਨਾ ਪਾਇੰਦਾ । ਆਪੇ ਦੇਵੇ ਧੁਰ ਫ਼ਰਮਾਨਾ, ਆਪਣਾ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਜੁਗ ਸਾਚਾ ਉਤਰਿਆ ਪਾਰ, ਘਰ ਸਾਚੇ ਵੱਜੀ ਵਧਾਈਆ । ਤ੍ਰੇਤਾ ਢਹਿ ਢਹਿ ਪਏ ਦਵਾਰ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਵਰ ਸਹਿਜ ਸੁਖਦਾਈਆ । ਧਰਤ ਮਾਤ ਦਰ ਕਰ ਪਿਆਰ, ਘਰ ਸਾਚਾ ਇਕ ਵਸਾਈਆ । ਸਾਚੀ ਸਿਖਿਆ ਗੁਣ ਵਿਚਾਰ, ਘਰ ਘਰ ਬੂਝ ਬੁਝਾਈਆ । ਰਾਮ ਨਾਮ ਮੰਤਰ ਵਿਚ ਸੰਸਾਰ, ਦੋਏ ਦੋਏ ਜੋੜ ਜੁੜਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਹੰ ਬ੍ਰਹਮ ਮੋਖ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਬੋਧ ਅਗਾਧ ਵੱਡੀ ਵਡਿਆਈਆ । ਤ੍ਰੇਤੇ ਵੇਸ ਹਰਿ ਹਰਿ ਕਰ, ਆਪਣਾ ਖੇਲ ਖਿਲਾਇਆ । ਰਾਮ ਰੂਪ ਮਾਤ ਧਰ, ਧਰ ਧਰਨੀ ਲੇਖੇ ਲਾਇਆ । ਆਪਣਾ ਭਾਣਾ ਆਪਣੇ ਸਿਰ ਜਰ ਜਰ, ਲੋਕਮਾਤ ਵੇਖ ਵਖਾਇਆ । ਰਾਵਣ ਹੰਕਾਰੀ ਤੋੜ ਗੜ੍ਹ, ਗੜ੍ਹ ਹੰਕਾਰੀ ਆਪ ਮਿਟਾਇਆ । ਗ਼ਰੀਬ ਨਿਮਾਣਿਆਂ ਆਪਣੀ ਹੱਥੀਂ ਫੜ ਫੜ, ਆਪਣੇ ਗਲੇ ਲਗਾਇਆ । ਭਗਤਾਂ ਅੰਦਰ ਆਪੇ ਚੜ੍ਹ ਚੜ੍ਹ, ਨਿਰਗੁਣ ਨਿਰਗੁਣ ਦਰਸ ਦਖਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਇਆ । ਸਾਚੀ ਸਿਖਿਆ ਹਰਿ ਸੁਲਤਾਨ, ਜੁਗ ਜੁਗ ਆਪ ਸਮਝਾਇੰਦਾ । ਜਨ ਭਗਤਾਂ ਹੋਏ ਨਿਗਹਬਾਨ, ਲੋਕਮਾਤ ਆਪ ਉਠਾਇੰਦਾ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਰਾਗ ਸੁਣਾਏ ਕਾਨ, ਧੁੰਨ ਅਨਾਦੀ ਨਾਦ ਵਜਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਇੰਦਾ । ਗੁਰ ਸ਼ਬਦ ਏਕਾ ਆਪ ਸ੍ਰੀ ਭਗਵਾਨ, ਸਾਚਾ ਇਸ਼ਟ ਵਖਾਇੰਦਾ । ਦੂਸਰ ਨਾ ਦਿਸੇ ਕੋਈ ਦੁਕਾਨ, ਗੁਰਮੁਖ ਹੱਟ ਨਾ ਕਿਸੇ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਨਾਮ ਅੰਮ੍ਰਿਤ ਜਾਮ, ਸ੍ਰਿਸ਼ਟ ਸਬਾਈ ਆਪ ਪਿਆਇੰਦਾ । ਆਪ ਉਪਜਾਏ ਆਪਣੀ ਯਦ, ਆਪਣਾ ਵੰਸ ਵਖਾਇੰਦਾ । ਆਪ ਵਜਾਏ ਆਪਣਾ ਨਦ, ਆਪੇ ਰਾਗ ਅਲਾਇੰਦਾ । ਆਪੇ ਖੇਲੇ ਖੇਲ ਵਿਚ ਬ੍ਰਿਮਿਦ, ਬ੍ਰਿਮਾਦੀ ਨਾਉਂ ਧਰਾਇੰਦਾ । ਆਪੇ ਲੋਆਂ ਪੁਰੀਆਂ ਲੰਘੇ ਪਾਰ ਹੱਦ, ਸਚਖੰਡ ਦਵਾਰੇ ਆਸਣ ਲਾਇੰਦਾ । ਸੰਤ ਸੁਹੇਲੇ ਭਗਤਨ ਚੇਲੇ ਆਪ ਆਪਣੇ ਦਰ ਸਦ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਤ੍ਰੇਤਾ ਤ੍ਰੀਆ ਕਰ ਕਰ ਵੇਸ, ਹਰਿ ਆਪਣਾ ਲੇਖ ਲਿਖਾਇਆ । ਪੁਰਖ ਅਬਿਨਾਸ਼ੀ ਸਦਾ ਅਦੇਸ, ਭੇਵ ਕੋਈ ਨਾ ਰਾਇਆ । ਲੇਖਾ ਜਾਣੇ ਗਣਪਤ ਗਣੇਸ਼, ਸ਼ਿਵ ਸ਼ੰਕਰ ਫੋਲ ਫੁਲਾਇਆ । ਪਾਵੇ ਸਾਰ ਬਾਸ਼ਕ ਸੇਜ, ਸਾਂਗੋ ਪਾਂਗ ਕਵਣ ਹੰਢਾਇਆ । ਬ੍ਰਹਮਾ ਵੇਖੇ ਇਕ ਨਰੇਸ਼, ਨਰ ਨਰਾਇਣ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇਆ । ਬਣਤ ਬਣਾਏ ਹਰਿ ਬਨਵਾਰੀ, ਹਰਿ ਸਾਚਾ ਖੇਲ ਖਿਲਾਇੰਦਾ । ਦੁਆਪਰ ਤੇਰੀ ਆਈ ਵਾਰੀ, ਤੇਰਾ ਰੰਗ ਰੰਗਾਇੰਦਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰੀ, ਨਾਮ ਬੰਸਰੀ ਇਕ ਵਜਾਇੰਦਾ । ਖੇਲੇ ਖੇਲ ਵਡ ਬਲਕਾਰੀ, ਆਪ ਆਪਣਾ ਬਲ ਧਰਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰੀ, ਬਿਪਰ ਸੁਦਾਮਾ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਦਿ ਜੁਗਾਦਿ ਆਪਣਾ ਨਾਉਂ ਧਰਾਇੰਦਾ । ਕਾਹਨਾ ਕ੍ਰਿਸ਼ਨਾ ਹਰਿ ਹਰਿ ਖੇਲ, ਅਚਰਜ ਖੇਲ ਖਿਲਾਈਆ । ਪੰਚਮ ਮੀਤਾ ਪੰਚਮ ਮੇਲ, ਪੰਚਮ ਰੰਗ ਚੜ੍ਹਾਈਆ । ਪੰਚਮ ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਵੇਖ ਵਖਾਈਆ । ਪੰਚਮ ਕੱਟਣਹਾਰਾ ਧਰਮ ਰਾਏ ਦੀ ਜੇਲ, ਪੰਚਮ ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਖੇਲ ਹਰਿ ਅਵੱਲਾ, ਹਰਿ ਆਪਣਾ ਆਪ ਕਰਾਇੰਦਾ । ਦੁਆਪਰ ਤੇਰਾ ਵੇਖ ਮਹੱਲਾ, ਹਰਿ ਸਾਚਾ ਵੇਸ ਵਟਾਇੰਦਾ । ਕਲਜੁਗ ਰੂਪ ਰਾਣੀ ਅੱਲਾ, ਐਨਲਹੱਕ ਨਾਅਰਾ ਲਾਇੰਦਾ । ਬਿਸਮਲ ਹੋਏ ਵਿਚ ਮਿਲਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਸੰਸਾਰ ਸਾਗਰ ਫੋਲ ਫੁਲਾਇੰਦਾ । ਸੰਸਾਰ ਸਾਗਰ ਡੂੰਘੀ ਡੱਲਾ, ਹਰਿ ਸਾਚਾ ਫੋਲ ਫੁਲਾਈਆ । ਨਿਰਗੁਣ ਸਰਗੁਣ ਫੜਾਏ ਆਪਣਾ ਪੱਲਾ, ਈਸਾ ਮੂਸਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰੇ ਆਪ ਪੜ੍ਹਾਈਆ । ਆਪਣੀ ਵਿਦਿਆ ਆਪ ਪੜ੍ਹਾਏ, ਹਰਿ ਸਾਚੇ ਵਡ ਵਡਿਆਈਆ । ਕਲਮਾ ਅਮਾਮ ਆਪ ਅਖਵਾਏ, ਆਪਣਾ ਨਾਮ ਦਏ ਸੁਣਾਈਆ । ਕਾਇਨਾਤ ਫੇਰਾ ਪਾਏ, ਚਾਰੋਂ ਕੁੰਟ ਵੇਖ ਵਖਾਈਆ । ਦਹਿ ਦਿਸ਼ਾ ਮਰਦੰਗ ਵਜਾਏ, ਸੋਇਆ ਕੋਈ ਰਹਿਣ ਨਾ ਪਾਈਆ । ਆਪਣਾ ਅੰਕ ਆਪ ਵਖਾਏ,

ਏਕਾ ਲੇਖਾ ਦਏ ਲਿਖਾਈਆ । ਸਾਚਾ ਬੰਕ ਆਪ ਸੁਹਾਏ, ਮੁਹੰਮਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੂਪ ਆਪ ਵਟਾਈਆ । ਏਕਾ ਰੂਪ ਏਕੰਕਾਰ, ਆਪਣਾ ਆਪ ਵਟਾਇੰਦਾ । ਈਸਾ ਮੂਸਾ ਕਰ ਪਿਆਰ, ਕਲਜੁਗ ਸੰਗ ਨਿਭਾਇੰਦਾ । ਤਿਖੀ ਰੱਖੇ ਆਪੇ ਧਾਰ, ਨਾ ਕੋਈ ਮੇਟ ਮਿਟਾਇੰਦਾ । ਪਾਵੇ ਸਾਰ ਚਾਰ ਯਾਰ, ਚਾਰ ਯਾਰੀ ਤੋੜ ਨਿਭਾਇੰਦਾ । ਹੱਕ ਹਕੀਕਤ ਮਾਰੇ ਨਾਅਰ, ਤੌਫੀਕ ਇਕ ਖ਼ੁਦਾਏ ਆਪ ਅਖਵਾਇੰਦਾ । ਮਿਹਬਾਨ ਬੀਦੋ ਕਰ ਪਿਆਰ, ਨੂਰ ਅਲਾਹੀ ਡਗਮਗਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਭੇਵ ਕੋਈ ਨਾ ਪਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪਣੀ ਕਰਨੀ ਰਿਹਾ ਕਰਾਈਆ । ਖੋਲ੍ਹਣਹਾਰਾ ਬੰਦ ਕਿਵਾੜ, ਆਪ ਆਪਣੀ ਬੂਝ ਬੁਝਾਈਆ । ਅੰਦਰ ਵੜ ਦਏ ਸਹਾਰ, ਏਕਾ ਰੰਗ ਰੰਗਾਈਆ । ਮੇਟਣਹਾਰ ਪੰਚਮ ਧਾੜ, ਬਹੱਤਰ ਨਾੜ ਕਰੇ ਰੁਸ਼ਨਾਈਆ । ਅਗਨੀ ਬੁਝਾਏ ਲੱਗੀ ਹਾੜ, ਤਤਵ ਤਤ ਮਿਟਾਈਆ । ਸਚ ਵਖਾਏ ਇਕ ਅਖਾੜ, ਚੌਦਾਂ ਤਬਕਾਂ ਕੁੰਡਾ ਲਾਹੀਆ । ਨਿਰਗੁਣ ਜੋਤ ਨੂਰ ਉਜਿਆਰ, ਘਰ ਘਰ ਵਸੇ ਬੇਪਰਵਾਹੀਆ । ਖ਼ਾਲਕ ਖ਼ਲਕ ਕਰੇ ਪਿਆਰ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੇਵੇ ਸਾਚਾ ਵਰ, ਸਾਚਾ ਮੇਲਾ ਲਏ ਮਿਲਾਈਆ । ਕਲਜੁਗ ਜੁੜਿਆ ਸਾਚਾ ਜੋੜਾ, ਮੁਹੰਮਦ ਸੰਗ ਨਿਭਾਇੰਦਾ । ਜੂਠਾ ਝੂਠਾ ਮਿਲਿਆ ਘੋੜਾ, ਚਾਰੋਂ ਕੁੰਟ ਆਪ ਦੌੜਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਲਾਇਆ ਪੌੜਾ, ਉਚਾ ਗੜ੍ਹ ਸੁਹਾਇੰਦਾ । ਚਾਰੋਂ
੧੧੧੧
੦੮
ਕੁੰਟ ਪਿਆ ਰੌਲਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਸੰਗ ਮੁਹੰਮਦ ਚਾਰ ਯਾਰ, ਆਪਣਾ ਨਾਅਰਾ ਆਪੇ ਲਗਾਈਆ । ਦੀਨ ਇਲਾਹੀ ਕਰ ਤਿਆਰ, ਏਕਾ ਇਸਮ ਦਏ ਵਖਾਈਆ । ਦੂਸਰ ਨਾ ਕੋਈ ਮੀਤ ਮੁਰਾਰ, ਨਾ ਕੋਈ ਸੰਗ ਨਿਭਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਵੇਖਣਹਾਰ ਦਿਸ ਨਾ ਆਈਆ । ਧਰਨੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਖੁਲ੍ਹੜੇ ਕੇਸ ਕਰੇ ਪੁਕਾਰ, ਦਰ ਦਰਵੇਸ਼ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਆਪਣਾ ਵਰ, ਸਾਚੀ ਸਖੀਆਂ ਸਿਖ ਸਮਝਾਈਆ । ਧਰਨੀ ਦੇਵੇ ਹਰਿ ਦਿਲਾਸਾ, ਏਕਾ ਮਤ ਸਮਝਾਇੰਦਾ । ਪੁਰਖ ਅਬਿਨਾਸ਼ੀ ਚਰਨ ਕਵਲ ਭਰਵਾਸਾ, ਸਤਿ ਸਤਿ ਆਪ ਵਰਤਾਇੰਦਾ । ਪੰਜ ਤੱਤ ਵੇਖੇ ਜਗਤ ਤਮਾਸ਼ਾ, ਨਾਨਕ ਨਾਉਂ ਧਰਾਇੰਦਾ । ਸਚਖੰਡ ਦਵਾਰੇ ਪਾਵੇ ਰਾਸਾ, ਮੰਡਲ ਮੰਡਪ ਚਰਨਾਂ ਹੇਠ ਦਬਾਇੰਦਾ । ਰਾਮ ਨਾਮ ਸਤਿ ਕਿਸੇ ਕੰਡੇ ਨਾ ਤੁਲੇ ਤੋਲਾ ਮਾਸ਼ਾ, ਅਤੋਲ ਅਤੁਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੇਵੇ ਸਾਚਾ ਵਰ, ਗੁਰ ਨਾਨਕ ਮੇਲ ਮਿਲਾਇੰਦਾ । ਗੁਰ ਨਾਨਕ ਸਤਿਗੁਰ ਹਰਿ ਮਿਹਰਵਾਨ, ਪੰਜ ਤੱਤ ਜੋੜ ਜੁੜਾਇਆ । ਸ਼ਬਦ ਅਗੰਮੀ ਇਕ ਬਿਬਾਨ, ਹਰਿ ਸਾਚੇ ਹੱਥ ਰਖਾਇਆ । ਲੋਆਂ ਪੁਰੀਆਂ ਪਾਵੇ ਆਣ, ਨੌਂ ਖੰਡ ਵੇਖ ਵਖਾਇਆ । ਚਾਰ ਵਰਨਾਂ ਦੇਵੇ ਇਕ ਗਿਆਨ, ਊਚਾਂ ਨੀਚਾਂ ਮੇਟ ਮਿਟਾਇਆ । ਪਾਰਬ੍ਰਹਮ ਇਕ ਵਖਾਣ, ਏਕਾ ਰੂਪ ਦਰਸਾਇਆ । ਨਾਮ ਸਤਿ ਕਰ ਪਰਧਾਨ, ਸਾਚਾ ਮੰਤਰ ਨਾਮ ਦ੍ਰਿੜ੍ਹਾਇਆ । ਸਰਬ ਜੀਆਂ ਦਾ ਇਕ ਭਗਵਾਨ, ਆਦਿ ਜੁਗਾਦਿ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੧੧੨
੦ੲ

ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਮੇਲ ਮਿਲਾਇਆ । ਨਿਰਗੁਣ ਸਰਗੁਣ ਹਰਿ ਹਰਿ ਧਾਰ, ਆਪਣੀ ਆਪ ਚਲਾਈਆ । ਨਾਮ ਸਤਿ ਸਤਿ ਜੈਕਾਰ, ਏਕਾ ਆਪਣਾ ਨਾਅਰਾ ਲਾਈਆ । ਏਕਾ ਬੋਲੇ ਬੋਲਣਹਾਰ, ਏਕਾ ਹੁਕਮ ਜਣਾਈਆ । ਕਲਜੁਗ ਅੰਤਮ ਖੇਲੇ ਖੇਲ ਪੁਰਖ ਅਬਿਨਾਸ਼ੀ ਘਨਕ ਪੁਰ ਵਾਸੀ ਸ਼ਾਹੋ ਸ਼ਾਬਾਸੀ ਬੇਐਬ ਪਰਵਰਦਿਗਾਰ, ਆਪ ਆਪਣਾ ਖੇਲ ਖਿਲਾਈਆ । ਪਰਗਟ ਹੋਏ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਨਾਨਕ ਅੰਗਦ ਅੰਗ ਲਗਾ, ਆਪਣਾ ਬਿਰਧ ਰਖਾਇਆ । ਸੂਰਾ ਸਰਬੰਗ ਸਿਰ ਹੱਥ ਰਖਾ, ਸਾਚੇ ਮਾਰਗ ਆਪੇ ਲਾਇਆ । ਅਨਹਦ ਤਾਲ ਮਰਦੰਗ ਵਜਾ, ਅਨਭਵ ਪਰਕਾਸ਼ ਕਰਾਇਆ । ਸਰ ਸਰੋਵਰ ਸਾਚੀ ਗੰਗ ਸੁਹਾ, ਅੰਮ੍ਰਿਤ ਤਾਲ ਆਪ ਭਰਾਇਆ । ਜਗਤ ਦਵਾਰੇ ਬੰਦ ਕਰਵਾ, ਗੁਰੂ ਦਵਾਰ ਇਕ ਸੁਹਾਇਆ । ਏਕਾ ਦਰਸ ਆਪ ਦਿਖਾ, ਜਗਤ ਤ੍ਰਿਸਨਾ ਹਰਸ ਮਿਟਾਇਆ । ਸਾਚੇ ਪੌੜੇ ਆਪੇ ਚੜ੍ਹਾ, ਉਚਾ ਡੰਡਾ ਹੱਥ ਉਠਾਇਆ । ਸਚਖੰਡ ਨਿਵਾਸੀ ਨਿਵਾਸ ਕਰਾ, ਨਿਝ ਆਤਮ ਮੇਲ ਮਿਲਾਇਆ । ਜੋਤ ਪਰਕਾਸ਼ ਦੀਪਕ ਦੀਆ ਜਗਾ, ਨਾ ਸਕੇ ਕੋਈ ਬੁਝਾਇਆ । ਸ੍ਰਿਸ਼ਟ ਸਬਾਈ ਗਿਆ ਸਮਝਾ, ਹਰਿ ਕਾ ਸ਼ਬਦ ਗੁਰ ਅਖਵਾਇਆ । ਅੰਗਦ ਗੁਰ ਵੇਸ ਵਟਾ, ਆਪਣੀ ਲਏ ਅੰਗੜਾਈਆ । ਅਮਰਦਾਸ ਗਲੇ ਲਗਾ, ਅਮਰਾਪਦ ਵਖਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਵੱਜੀ ਵਧਾਈਆ । ਆਪੇ ਪਕੜਨਹਾਰਾ ਬਾਂਹ, ਸਤਿਗੁਰ ਪੂਰਾ ਨਾਉਂ ਧਰਾਈਆ । ਆਪੇ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਆਪੇ ਦੇਵਣਹਾਰਾ ਠੰਡੀ ਛਾਂ, ਸਿਰ ਸਮਰਥ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਅੰਦਰ ਆਪੇ ਵੜ, ਘਰ ਘਰ ਵਿਚ ਦਏ ਸੁਹਾਈਆ । ਘਰ ਵਿਚ ਘਰ ਦਏ ਸੁਹਾਇਆ, ਸਤਿਗੁਰ ਪੂਰੇ ਵਡ ਵਡਿਆਈਆ । ਅਗਿਆਨ ਅੰਧੇਰਾ ਸਰਬ ਮਿਟਾਇਆ, ਜੋਤੀ ਜੋਤ ਹੋਏ ਰੁਸ਼ਨਾਈਆ । ਬਿਰਧ ਅਵਸਥਾ ਲੇਖੇ ਲਾਇਆ, ਬਾਲ ਜਵਾਨੀ ਭੇਵ ਨਾ ਰਾਈਆ । ਆਪਣੇ ਮਾਰਗ ਆਪੇ ਲਾਇਆ, ਸਾਚਾ ਮਾਰਗ ਇਕ ਵਖਾਈਆ । ਸਚ ਸਰੋਵਰ ਸੇਵ ਕਮਾਇਆ, ਅੰਮ੍ਰਿਤ ਬਰਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡ ਆਪ ਵੰਡਾਈਆ । ਪਹਿਲੀ ਵੰਡ ਹਰਿ ਨਿਰੰਕਾਰ, ਨਾਨਕ ਆਪ ਵੰਡਾਇੰਦਾ । ਦੂਜੀ ਮੰਗ ਵਿਚ ਸੰਸਾਰ, ਅੰਗਦ ਅੰਗ ਲਗਾਇੰਦਾ । ਤੀਜਾ ਨੇਤਰ ਖੋਲ੍ਹ ਕਿਵਾੜ, ਅਮਰ ਅਮਰ ਕਹਾਇੰਦਾ । ਚੌਥੇ ਪਦ ਸੇਵਾਦਾਰ, ਰਾਮਦਾਸ ਗੁਰ ਸੇਵ ਕਮਾਇੰਦਾ । ਸਰ ਅੰਮ੍ਰਿਤ ਅੰਮ੍ਰਿਤ ਭਰ ਭੰਡਾਰ, ਏਕਾ ਮੰਗ ਮੰਗਾਇੰਦਾ । ਸ਼ਬਦ ਨਾਦ ਨਾਦ ਜੈਕਾਰ, ਆਪਣਾ ਨਾਅਰਾ ਲਾਇੰਦਾ । ਅਰਜਨ ਅਰਜਨ ਕਰ ਪਿਆਰ, ਆਪ ਆਪਣਾ ਹੁਕਮ ਸੁਣਾਇੰਦਾ । ਚਾਰੇ ਅੱਖਰ ਦਏ ਅਧਾਰ, ਜਗਤ ਵੱਖਰ ਚਾਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਸਮਝਾਇੰਦਾ । ਗੁਰ ਅਰਜਨ ਹਰਿ ਹਰਿ ਚੀਤਾ, ਗੁਰ ਹਰਿ ਗੋਬਿੰਦ ਰੰਗ ਚੜ੍ਹਾਇਆ । ਮਿਲਿਆ ਮੇਲ ਇਕ ਅਤੀਤਾ, ਵਿਛੜ ਕਦੇ ਨਾ ਜਾਇਆ । ਪੁਰਖ ਅਬਿਨਾਸ਼ੀ ਠੰਡਾ ਸੀਤਾ, ਹਰਿ ਮੰਦਰ ਆਸਣ ਲਾਇਆ । ਲੱਖ ਚੁਰਾਸੀ ਪਰਖੇ ਨੀਤਾ, ਹਰਿ ਕਾ ਨਾਮ ਨਜ਼ਰ ਨਾ ਆਇਆ । ਪਾਵੇ ਸਾਰ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਅੰਜੀਲ ਕੁਰਾਨਾਂ ਫੋਲ ਫੁਲਾਇਆ । ਵਸਣਹਾਰਾ ਸ਼ਿਵਦਵਾਲੇ ਮੰਦਰ ਮੱਠ ਮਸੀਤਾ, ਆਪ ਆਪਣਾ ਰੂਪ ਵਟਾਇਆ । ਪਾਵੇ ਸਾਰ ਰਾਮ ਸੀਤਾ, ਰਾਧਾ

ਕ੍ਰਿਸ਼ਨ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲ੍ਹਾਇਆ । ਕਲਜੁਗ ਤੇਰੀ ਅੰਤਮ ਵਾਰ, ਗੁਰ ਸਤਿਗੁਰ ਵੇਖ ਵਖਾਇੰਦਾ । ਪੰਚਮ ਗੁਰ ਹੋ ਤਿਆਰ, ਸਾਚੀ ਸੇਵ ਕਮਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪ ਆਪਣੀ ਦਇਆ ਕਮਾਇੰਦਾ । ਦੇਵੇ ਨਾਮ ਵਡ ਭੰਡਾਰ, ਏਕਾ ਸ਼ਬਦ ਜਣਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇੰਦਾ । ਸ਼ਿਵ ਸ਼ੰਕਰ ਗਲੋਂ ਲਾਹੇ ਹਾਰ, ਬਾਸ਼ਕ ਤਸ਼ਕਾ ਗਲੋਂ ਹਟਾਇੰਦਾ । ਵਿਸ਼ਨੂੰ ਦਰ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਕਰੋੜ ਤੇਤੀਸਾ ਹਾਹਾਕਾਰ, ਸੁਰਪਤ ਇੰਦ ਨਾ ਸੰਗ ਨਿਭਾਇੰਦਾ । ਗੁਰ ਅਰਜਨ ਗੁਰ ਮਾਰੇ ਬਾਣ, ਅਗਾਧ ਬੋਧ ਸ਼ਬਦ ਲਿਖਾਇੰਦਾ । ਸੰਤ ਭਗਵੰਤ ਏਕਾ ਧਾਰ, ਏਕਾ ਦਰ ਵਖਾਇੰਦਾ । ਗੁਰੂ ਗ੍ਰੰਥ ਗੁਰ ਕਰ ਤਿਆਰ, ਚਾਰ ਵਰਨਾਂ ਆਪ ਸਮਝਾਇੰਦਾ । ਸ਼ਬਦ ਗੁਰ ਪਰਗਟ ਹੋਏ ਵਿਚ ਸੰਸਾਰ, ਪੰਜ ਤੱਤ ਗੁਰੂ ਨਾ ਕੋਈ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਿਰੰਕਾਰ ਆਪੇ ਵੇਖ ਵਖਾਇੰਦਾ । ਪੰਚਮ ਜੋਤ ਹਰਿ ਉਜਾਗਰ, ਆਪਣਾ ਬਿਰਧ ਰਖਾਇਆ । ਛੇਵੇਂ ਗੁਰ ਬਣ ਸੌਦਾਗਰ, ਸਾਚਾ ਵਣਜ ਕਰਾਇਆ । ਨਿਰਮਲ ਕਰਮ ਕਰੇ ਉਜਾਗਰ, ਦੋਏ ਦੋਏ ਧਾਰ ਬੰਧਾਇਆ । ਸਾਚਾ ਅੰਮ੍ਰਿਤ ਜਲ ਭਰਿਆ ਗਾਗਰ, ਇਕ ਉਛਾਲਾ ਆਪ ਵਖਾਇਆ । ਏਕਾ ਨਾਮ ਰਤੀ ਰਤਨਾਗਰ, ਏਕਾ ਰੰਗਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਧਾਰ ਪੰਜ ਤੱਤ ਪਿਆਰ, ਸ਼ਬਦੀ ਆਪਣੀ ਵੰਡ ਵੰਡਾਇਆ । ਸ਼ਬਦ ਗੁਰ ਵੰਡੀ ਵੰਡ, ਗੁਰੂ ਗ੍ਰੰਥ ਬਣਾਈਆ । ਪੰਜ ਤੱਤ ਖੇਲ ਵਰਭੰਡ, ਜੋਤੀ ਜੋਤ ਰੁਸ਼ਨਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਪਾਵੇ ਸਾਰ ਵਿਚ ਬ੍ਰਹਿਮੰਡ, ਲੋਆਂ ਪੁਰੀਆਂ ਡੇਰਾ ਢਾਈਆ । ਲੱਖ ਚੁਰਾਸੀ ਵੇਖੇ ਨਾਰ ਦੁਹਾਗਣ ਰੰਡ, ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਰਾਏ ਹਰਿ ਦਇਆ ਕਮਾਏ, ਆਪ ਆਪਣੇ ਰੰਗ ਰੰਗਾਈਆ । ਹਰਿਰਾਏ ਹਰਿ ਹਰਿ ਪਾਇਆ, ਹਰਿ ਘਰ ਵੱਜੀ ਵਧਾਈਆ । ਦਰ ਘਰ ਸਾਚੇ ਮੰਗਲ ਗਾਇਆ, ਏਕਾ ਸ਼ਬਦ ਅਲਾਈਆ । ਰੂਪ ਰੰਗ ਨਾ ਕੋਇ ਜਣਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਏਕਾ ਲੇਖਾ ਦਏ ਜਣਾਇਆ, ਆਪਣੇ ਲੇਖੇ ਲਏ ਲਗਾਈਆ । ਰੂਪ ਅਨੂਪ ਆਪ ਵਟਾਇਆ, ਬਾਲ ਬਾਲਾ ਆਪ ਉਪਜਾਈਆ । ਹਰਿਕ੍ਰਿਸ਼ਨ ਹਰਿ ਆਪ ਅਖਵਾਇਆ, ਦੂਸਰ ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਿਚ ਸੰਸਾਰ, ਧਰਨੀ ਧਰਤ ਧਵਲ ਸੁਹਾਈਆ । ਧਰਨੀ ਦੁੱਖ ਕਾਇਆ ਅੰਗ, ਦਿਵਸ ਰੈਣ ਕੁਰਲਾਇਆ । ਦਰ ਘਰ ਸਾਚੇ ਮੰਗੇ ਮੰਗ, ਹਰਿਜਨ ਕੋਇ ਨਾ ਹੋਏ ਸਹਾਇਆ । ਕਲਜੁਗ ਨੱਯਾ ਵਗੇ ਝੂਠੀ ਗੰਗ, ਸਾਚਾ ਸਰ ਨਾ ਕੋਈ ਉਪਾਇਆ । ਚਾਰੋਂ ਕੁੰਟ ਵੱਜੇ ਮਰਦੰਗ, ਕਾਮ ਕਰੋਧ ਰਿਹਾ ਵਜਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਹੋਏ ਨੰਗ, ਸਾਚਾ ਪੜਦਾ ਨਾ ਕੋਇ ਵਖਾਇਆ । ਪਾਰਬ੍ਰਹਮ ਸੂਰਾ ਸਰਬੰਗ, ਏਕਾ ਸ਼ਬਦ ਰਿਹਾ ਸੁਣਾਇਆ । ਗੁਰ ਤੇਗ ਬਹਾਦਰ ਤੇਰਾ ਦੇਵੇ ਸੰਗ, ਆਪ ਆਪਣਾ ਭੇਟ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਲਿਖਾਇਆ । ਤੇਗ ਬਹਾਦਰ ਸਾਚੀ ਧਾਰ, ਕਲਜੁਗ ਅੰਤਮ ਆਪ ਚਲਾਈਆ । ਅੰਤਮ ਮੰਗੀ ਮੰਗ ਦਿਲੀ ਦਰਬਾਰ, ਪ੍ਰਭ ਅਬਿਨਾਸ਼ੀ ਅੱਗੇ ਝੋਲੀ ਡਾਹੀਆ । ਤੇਰਾ ਤੇਰੇ ਉਤੋਂ ਦਿਤਾ ਵਾਰ, ਤੇਰਾ

੧੧੧੩ ੦੮

ਤੇਰੀ ਝੋਲੀ ਪਾਈਆ । ਤੇਰਾ ਰੂਪ ਸਰਬ ਸੰਸਾਰ, ਤੇਰੀ ਸਿਖਿਆ ਇਕ ਸਮਝਾਈਆ । ਤੇਰਾ ਸ਼ਬਦ ਤੇਰਾ ਜੈਕਾਰ, ਤੇਰਾ ਨਾਅਰਾ ਏਕਾ ਲਾਈਆ । ਤੇਰਾ ਨਾਮ ਤੇਰਾ ਭੰਡਾਰ, ਤੇਰਾ ਤੇਰਾ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਤੇਗ ਬਹਾਦਰ ਦੇਵੇ ਵਰ, ਤੇਰਾ ਲੇਖਾ ਦਏ ਲਗਾਈਆ । ਗੁਰ ਤੇਗ ਬਹਾਦਰ ਹਰਿ ਹਰਿ ਲੇਖ, ਸ਼ਬਦੀ ਸ਼ਬਦ ਜਣਾਈਆ । ਪਾਰਬ੍ਰਹਮ ਪ੍ਰਭ ਧਾਰੇ ਭੇਖ, ਕਲਜੁਗ ਵੇਲਾ ਅੰਤਮ ਆਈਆ । ਸ਼ਾਹ ਸੁਲਤਾਨਾ ਮਿਟੇ ਰੇਖ, ਰਾਜ ਰਾਜਾਨ ਰਹਿਣ ਨਾ ਪਾਈਆ । ਤੇਰਾ ਰੂਪ ਦਸ ਦਸਮੇਸ, ਲਏ ਉਪਜਾਈਆ । ਤੇਰਾ ਨਾਮ ਰਹੇ ਹਮੇਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁੱਚ ਆਪ ਵਰਤਾਈਆ । ਗੋਬਿੰਦ ਸੂਰਾ ਵਡ ਬਲਵਾਨ, ਪੁਰਖ ਅਕਾਲ ਆਪ ਉਪਜਾਇੰਦਾ । ਸੁੱਤ ਦੁਲਾਰਾ ਕਰ ਪਰਧਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਧਰਮ ਝੁਲੌਣਾ ਇਕ ਨਿਸ਼ਾਨ, ਸਚ ਨਿਸ਼ਾਨਾ ਹੱਥ ਫੜਾਇੰਦਾ । ਏਕਾ ਚਿੱਲਾ ਤੀਰ ਕਮਾਨ, ਸਾਚੇ ਗਾਤਰੇ ਆਪ ਲਟਕਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਜਗਤ ਤ੍ਰਿਸਨਾ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਦਸ ਅਵਤਾਰ, ਵਰਨ ਗੋਤ ਤੇ ਵਸੇ ਬਾਹਰ, ਚਾਰ ਵਰਨਾਂ ਕਰੇ ਪਿਆਰ, ਊਚਾਂ ਨੀਚਾਂ ਮੇਲ ਮਿਲਾਇੰਦਾ । ਊਚਾਂ ਨੀਚਾਂ ਮਿਲਿਆ ਮੇਲਾ, ਗੁਰ ਗੋਬਿੰਦ ਆਪ ਸਲਾਹੀਆ । ਏਕਾ ਦਵਾਰ ਸੋਹੇ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ ਪੁਰਖ ਅਕਾਲ ਬਣਿਆ ਸੱਜਣ ਸੁਹੇਲਾ, ਦੂਜਾ ਇਸ਼ਟ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਗੁਰ ਗੋਬਿੰਦ ਮੇਲਾ ਹਰਿ ਨਿਰੰਕਾਰ, ਏਕਾ ਘਰ ਸੁਹਾਇੰਦਾ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਸਾਚਾ ਸੰਗ ਨਿਭਾਇੰਦਾ । ਖੇਲੇ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਸੁੱਤ ਦੁਲਾਰਾ ਕਰ ਤਿਆਰ, ਸ਼ਬਦੀ ਹੁਕਮ ਜਣਾਇੰਦਾ । ਏਕਾ ਅੱਖਰ ਬੋਲ ਜੈਕਾਰ, ਸਾਚਾ ਡੰਕਾ ਫਤਿਹ ਮਾਤ ਵਜਾਇੰਦਾ । ਰਾਓ ਰੰਕਾਂ ਕਰ ਖ਼ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਸਾਚੀ ਸਿਖਿਆ ਇਕ ਸਮਝਾਈਆ । ਗੋਬਿੰਦ ਗੁਰ ਤਿਖੀ ਧਾਰ, ਲੋਕਮਾਤ ਰਖਾਈਆ । ਸਾਚੀ ਸਿਖੀ ਕਰ ਤਿਆਰ, ਚਾਰ ਵਰਨਾਂ ਇਕ ਸਮਝਾਈਆ । ਵਾਲੋਂ ਨਿਕੀ ਅਪਰ ਅਪਾਰ, ਨੇਤਰ ਨੈਣ ਦਿਸ ਨਾ ਆਈਆ । ਮੁਨੀ ਰਿਖੀ ਨਾ ਪਾਇਣ ਸਾਰ, ਪੰਡਤ ਪਾਂਧੇ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਦਰ ਘਰ ਸਾਚਾ ਆਪ ਸੁਹਾਈਆ । ਗੁਰ ਗੋਬਿੰਦ ਗੁਰ ਮਿਹਰਵਾਨਾ, ਹਰਿ ਸੱਜਣ ਮੀਤ ਮੁਰਾਰੜਾ । ਸ਼ਬਦ ਅਗੰਮੀ ਬੰਨ੍ਹੇ ਗਾਨਾ, ਸਾਚਾ ਦੇਵੇ ਮਾਤ ਸਹਾਰੜਾ । ਏਕੰਕਾਰਾ ਧੁਰ ਫ਼ਰਮਾਣਾ, ਆਪ ਸੁਣਾਏ ਏਕੰਕਾਰਾ, ਲੇਖਾ ਜਾਣੇ ਸੂਲਾਂ ਸੱਥਰ ਯਾਰੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕ ਮੇਲਾ ਏਕਾ ਦਰ, ਏਕਾ ਘਰ ਸੁਹਾਇੰਦਾ । ਘਰ ਸੁਹੰਜਣਾ ਪੁਰਖ ਅਬਿਨਾਸ਼ਾ, ਏਕਾ ਰੰਗ ਰੰਗਾਇਆ । ਗੁਰ ਗੋਬਿੰਦ ਵੇਖਿਆ ਜਗਤ ਤਮਾਸ਼ਾ, ਹਰਿ ਸਾਚਾ ਹੁਕਮ ਸੁਣਾਇਆ । ਸਾਚੇ ਮੰਡਲ ਪਾਵੇ ਰਾਸਾ, ਆਪ ਆਪਣਾ ਖੇਲ ਖਿਲਾਇਆ । ਗੁਰਮੁਖਾਂ ਅੰਦਰ ਕਰੇ ਵਾਸਾ, ਅੰਮ੍ਰਿਤ ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਆਪਣਾ ਭੇਵ ਆਪ ਖੁਲ੍ਹਾਏ, ਏਕਾ ਏਕ ਪੁਰਖ ਅਕਾਲ । ਸ਼ਬਦ ਅਗੰਮੀ ਆਪ ਸੁਣਾਏ, ਦੇਵੇ ਧੁਰ ਫ਼ਰਮਾਣ । ਗੁਰ ਗੋਬਿੰਦ

ਤੇਰੀ ਘਾਲ ਪਾਰਬ੍ਰਹਮ ਪ੍ਰਭ ਲੇਖੇ ਲਾਏ, ਹਰਿਜਨ ਤੋੜੇ ਜਗਤ ਜੰਜਾਲ । ਤੇਰਾ ਡੰਕਾ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਵਜਾਏ, ਆਪੇ ਚਲੇ ਅਵੱਲੜੀ ਚਾਲ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਕੜ ਉਠਾਏ, ਖੇਲੇ ਖੇਲ ਸ਼ਾਹ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਬਣੇ ਦਲਾਲ । ਹਰਿ ਦਲਾਲ ਗੋਬਿੰਦ ਪਿਆਰਾ, ਸਤਿਗੁਰ ਪੁਰਖ ਅਖਵਾਇੰਦਾ । ਤੇਰਾ ਸੋਹੇ ਬੰਕ ਦਵਾਰਾ, ਤੇਰੀ ਨਗਰੀ ਡੇਰਾ ਲਾਇੰਦਾ । ਸੰਬਲ ਨਗਰ ਕਰ ਉਜਿਆਰਾ, ਸਾਢੇ ਤਿੰਨ ਹੱਥ ਵੇਖ ਵਖਾਇੰਦਾ । ਜੋਤੀ ਨੂਰ ਸਾਚਾ ਦੀਪ ਹੋਏ ਉਜਿਆਰਾ, ਲੋਕਮਾਤ ਨਾ ਕੋਈ ਬੁਝਾਇੰਦਾ । ਖੜਗ ਖੰਡਾ ਪਕੜੇ ਤੇਜ਼ ਕਟਾਰਾ, ਬ੍ਰਹਿਮੰਡਾਂ ਖੰਡਾਂ ਫੋਲ ਫੁਲਾਇੰਦਾ । ਭੇਖ ਪਖੰਡਾ ਕਰੇ ਪਾਰ ਕਿਨਾਰਾ, ਜੂਠ ਝੂਠ ਦਿਸ ਨਾ ਆਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਮੇਲ ਮਿਲਾਇੰਦਾ । ਗੁਰ ਗੋਬਿੰਦ ਹਰਿਜਨ ਵਧਾਈ, ਘਰ ਸਾਚੇ ਮੰਗਲ ਗਾਇਆ । ਵਾਰ ਥਿਤ ਕੋਈ ਜਾਣੇ ਨਾਹੀਂ, ਤੇਰਾ ਭੇਵ ਕਿਸੇ ਨਾ ਆਇਆ । ਤੂੰ ਦਾਤਾ ਬੇਪਰਵਾਹੀ, ਬੇਅੰਤ ਬੇਅੰਤ ਆਪ ਅਖਵਾਇਆ । ਗੁਰਸਿਖ ਗੁਰਮੁਖ ਸੰਤ ਸੁਹੇਲੇ ਗੁਰੂ ਗੁਰ ਚੇਲੇ ਫੜ ਬਾਂਹੀ, ਆਪਣਾ ਮੇਲ ਆਪ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵੇਲਾ ਵਕਤ ਦਏ ਸੁਹਾਇਆ । ਚਾਰ ਯੁਗ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਸਤਿਜੁਗ ਹਰਿ ਹਰਿ ਨਿਭਿਆ ਸੰਗ, ਸੋ ਪੁਰਖ ਵੱਡੀ ਵਡਿਆਈਆ । ਤ੍ਰੇਤੇ ਵੇਖੇ ਤੇਰਾ ਮਰਦੰਗ, ਤੁਰੀਆ ਵੇਸ ਵਟਾਈਆ । ਦੁਆਪਰ ਦਵਾਰ ਆਪੇ ਲੰਘ, ਦੋਏ ਦੋਏ ਜੋੜ ਜੁੜਾਈਆ । ਕਲਜੁਗ ਕੂੜ ਕੁੜਿਆਰਾ, ਚਾਰੋਂ ਕੁੰਟ ਵਜਾਏ ਮਰਦੰਗ, ਸਚ ਸੁੱਚ ਬੈਠੀ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਖੇਲ ਖਿਲਾਈਆ । ਹਰਿ ਹਰਿ ਸਾਚੀ ਖੇਲ ਖਿਲਾਵਣ ਆਇਆ, ਪਾਰਬ੍ਰਹਮ ਕਰਤਾਰ । ਨਿਰਗੁਣ ਜੋਤੀ ਜੋਤ ਡਗਮਗਾਵਣ ਆਇਆ, ਪਰਗਟ ਹੋ ਵਿਚ ਸੰਸਾਰ । ਨਿਹਕਲੰਕ ਆਪਣਾ ਨਾਉਂ ਰਖਾਵਣ ਆਇਆ, ਪੰਜ ਤੱਤ ਨਾ ਕੋਈ ਪਸਾਰ । ਜਨ ਭਗਤਾਂ ਸਾਚਾ ਸੰਗ ਨਿਭਾਵਣ ਆਇਆ, ਨਾਤਾ ਤੋੜ ਸਰਬ ਸੰਸਾਰ । ਚਾਰੇ ਵਰਨਾਂ ਏਕਾ ਰੰਗ ਚੜ੍ਹਾਵਣ ਆਇਆ, ਊਚਾਂ ਨੀਚਾਂ ਕਰੇ ਪਾਰ ਕਿਨਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾ, ਤਖ਼ਤੋਂ ਲਾਹਵਣ ਆਇਆ, ਜੋਧਾ ਸੂਰਬੀਰ ਬਲੀ ਬਲਕਾਰ । ਗੁਰ ਗੁਰ ਨਾਉਂ ਪਰਗਟਾਵਣ ਆਇਆ, ਜੋਤੀ ਨੂਰ ਕਰ ਉਜਿਆਰ । ਸਾਚਾ ਖੰਡਾ ਫੜ ਚਮਕਾਵਣ ਆਇਆ, ਤਿਖੀ ਰੱਖੀ ਆਪੇ ਧਾਰ । ਚਾਰੋਂ ਕੁੰਟਾਂ ਮੇਟ ਮਿਟਾਵਣ ਆਇਆ, ਦਹਿ ਦਿਸ਼ਾ ਖੇਲ ਅਪਾਰ । ਨੌ ਖੰਡ ਪ੍ਰਿਥਮੀ ਵੇਖ ਵਖਾਵਣ ਆਇਆ, ਸੱਤਾਂ ਦੀਪਾਂ ਦਏ ਹੁਲਾਰ । ਲੱਖ ਚੁਰਾਸੀ ਪਾਰ ਕਰਾਵਣ ਆਇਆ, ਬੇੜਾ ਵੇਖੇ ਵਿਚ ਮੰਝਧਾਰ । ਕੂੜੀ ਕਿਰਿਆ ਦਾਗ਼ ਮਿਟਾਵਣ ਆਇਆ, ਕਰੇ ਖੇਲ ਅਗੰਮ ਅਪਾਰ । ਸਾਚੀ ਸਿਖਿਆ ਇਕ ਸਮਝਾਵਣ ਆਇਆ, ਚਾਰ ਵਰਨ ਸੋਹੇ ਇਕ ਦਵਾਰ । ਸੰਤ ਸੁਹੇਲੇ ਆਪ ਉਠਾਵਣ ਆਇਆ, ਦੂਸਰ ਕੋਈ ਨਾ ਮੀਤ ਮੁਰਾਰ । ਆਦਿ ਨਿਰੰਜਣ ਜੋਤ ਜਗਾਵਣ ਆਇਆ, ਪੁਰਖ ਅਕਾਲ ਖੇਲ ਨਿਆਰ । ਸਤਿ ਸਰੂਪ ਰੂਪ ਵਟਾਵਣ ਆਇਆ, ਸਾਂਤਕ ਸਤਿ ਸਤਿ ਵਰਤੇ ਵਰਤਾਰ । ਕਲਜੁਗ ਕਾਲੀ ਰੈਣ ਅੰਧੇਰੀ ਮਿਟਾਵਣ ਆਇਆ, ਸਾਚਾ ਚੰਨ ਕਰੇ ਉਜਿਆਰ । ਘਰ ਮੰਦਰ ਇਕ ਸੁਹਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ

ਵੇਸ ਵਟਾਇਆ । ਸਤਿਜੁਗ ਮੰਗੇ ਮੰਗ ਅਪਾਰ, ਪ੍ਰਭ ਅੱਗੇ ਝੋਲੀ ਡਾਹੀਆ । ਤ੍ਰੇਤਾ ਨਿਉਂ ਨਿਉਂ ਕਰੇ ਨਿਮਸਕਾਰ, ਚਰਨ ਧਿਆਨ ਲਗਾਈਆ । ਦੁਆਪਰ ਦਰ ਬਣੇ ਭਿਖਾਰ, ਭਿਖਕ ਭਿਛਿਆ ਝੋਲੀ ਪਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਉਚੀ ਕੂਕੇ ਦਏ ਦੁਹਾਈਆ । ਨਾਨਕ ਗੋਬਿੰਦ ਲੇਖਾ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵੇਦ ਵਿਆਸਾ ਰਿਹਾ ਲਲਕਾਰ, ਪੁਰਾਨ ਅਠਾਰਾਂ ਰਸਨਾ ਗਾਈਆ । ਰਾਹ ਤੱਕੇ ਸੰਗ ਮੁਹੰਮਦ ਚਾਰ ਯਾਰ, ਸਦੀ ਚੌਧਵੀਂ ਵੇਖ ਵਖਾਈਆ । ਚੌਦਾਂ ਤਬਕ ਨੇਤਰ ਰਹੇ ਉਘਾੜ, ਆਪ ਆਪਣੀ ਅੱਖ ਖੁਲ੍ਹਾਈਆ । ਬ੍ਰਹਮਾ ਹੋਇਆ ਅੰਤ ਬੇਜ਼ਾਰ, ਧੀਰਜ ਧੀਰ ਨਾ ਕੋਈ ਧਰਾਈਆ । ਵਿਸ਼ਨੂੰ ਤੇਰਾ ਕੌਲ ਕਰਾਰ, ਨਾ ਕੋਈ ਸੰਗ ਨਿਭਾਈਆ । ਸ਼ੰਕਰ ਵੇਖੇ ਜਗਤ ਉਜਾੜ, ਧੂੰਆਂਧਾਰ ਸਰਬ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸੰਤ ਦਏ ਵਡਿਆਈਆ । ਸਾਚਾ ਸੰਤ ਹਰਿ ਦੁਲਾਰਾ, ਹਰਿ ਸਤਿਗੁਰ ਆਪ ਉਠਾਇੰਦਾ । ਲੋਕਮਾਤ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਮੇਟੇ ਅੰਧ ਅੰਧੇਰ ਅੰਧ ਅੰਧਿਆਰਾ, ਸਚ ਗਿਆਨ ਇਕ ਦ੍ਰਿੜਾਇੰਦਾ । ਭਾਂਡਾ ਭਰਮ ਭੌ ਭੰਨ ਤੋੜੇ ਗੜ੍ਹ ਹੰਕਾਰਾ, ਅੰਦਰ ਵੜ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਜੋਤ ਪਰਗਟਾਇੰਦਾ । ਜੋਤ ਪਰਗਟਾਏ ਹਰਿ ਨਿਰੰਕਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਪੁਰੀ ਘਨਕ ਹੋ ਉਜਿਆਰ, ਵਾਸੀ ਪੁਰੀ ਘਨਕ ਆਪ ਅਖਵਾਈਆ । ਨਿਰਗੁਣ ਸਰਗੁਣ ਖੇਲ ਸੰਸਾਰ, ਹਰਿ ਸਾਚਾ ਆਪ ਕਰਾਈਆ । ਏਕਾ ਸ਼ਬਦ ਦਏ ਹੁਲਾਰ, ਸੰਤ ਮਨੀ ਸਿੰਘ ਆਪ ਉਠਾਈਆ । ਗ਼ਰੀਬ ਨਿਮਾਣੇ ਪਾਵੇ ਸਾਰ, ਬੁਧ ਮਤ ਮਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਹੁਲਾਰਾ ਨਿਰਗੁਣ ਧਾਰਾ ਆਪ ਧਰਾਈਆ । ਸ਼ਬਦ ਹੁਲਾਰਾ ਨਾਮ ਅਨਮੋਲ, ਹਰਿ ਸਤਿਗੁਰ ਆਪ ਰਖਾਇੰਦਾ । ਪੰਜ ਤੱਤ ਤੋਲੇ ਆਪਣੇ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਅੰਦਰੇ ਅੰਦਰ ਕੂਕੇ ਆਪ ਸੁਣਾਏ ਆਪਣਾ ਬੋਲ, ਹਕੀਕੀ ਰਾਗ ਭੇਵ ਨਾ ਪਾਇੰਦਾ । ਆਪੇ ਬਦਲਿਆ ਆਪਣਾ ਚੋਲ, ਕਾਇਆ ਚੋਲਾ ਵੇਸ ਵਟਾਇੰਦਾ । ਆਪੇ ਖੇਲੇ ਆਪਣਾ ਹੋਲ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਸੰਤ ਮਨੀ ਸਿੰਘ ਕਰ ਵਣਜਾਰਾ, ਹਰਿ ਸਾਚੇ ਵਣਜ ਕਰਾਇਆ । ਮੂਰਖ ਮੂੜ੍ਹ ਲਗਾਇਆ ਸਾਚੀ ਸੇਵਾ ਸੇਵਾਦਾਰ, ਸਾਚੀ ਸੇਵਾ ਆਪ ਕਮਾਇਆ । ਹਰਿ ਮੰਦਰ ਗਿਆ ਹੋਇਆ ਖ਼ਬਰਦਾਰ, ਊਚੀ ਕੂਕੇ ਦਏ ਦੁਹਾਇਆ । ਪੁਰੀ ਅਨੰਦ ਕਰੇ ਪੁਕਾਰ, ਨੀਲਾ ਬਸਤਰ ਤਨ ਛੁਹਾਇਆ । ਰਕਾਬ ਗੰਜ ਏਕਾ ਧਾਰ, ਏਕਾ ਹੁਕਮ ਫਿਰਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਭੇਵ ਅਭੇਦਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਕਰਤਾਰ, ਜਗਤ ਵਿਚੋਲਾ ਨਾ ਕੋਈ ਬਣਾਇਆ । ਸੰਤ ਮਨੀ ਸਿੰਘ ਸਾਚੀ ਸੇਵ, ਹਰਿ ਸਾਚਾ ਆਪ ਲਗਾਇੰਦਾ । ਪੁਰਖ ਅਬਿਨਾਸ਼ੀ ਅਲਖ ਅਭੇਵ, ਅਗੰਮ ਅਗੋਚਰ ਭੇਵ ਨਾ ਆਇੰਦਾ । ਨਾ ਕੋਈ ਗਾਏ ਰਸਨਾ ਜੇਹਵ, ਬੱਤੀ ਦੰਦ ਨਾ ਕੋਈ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦਏ ਸਹਾਰਾ, ਅੰਦਰੇ ਅੰਦਰ ਸ਼ਬਦ ਅਪਾਰਾ, ਨਿਰਗੁਣ ਨਾਦ ਇਕ ਵਜਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਹਰਿ ਸਾਚਾ ਆਪ ਸੁਣਾਇੰਦਾ । ਸੰਤ ਮਨੀ ਸਿੰਘ ਸੇਵਾਦਾਰ, ਸਾਚੀ

ਸੇਵ ਕਮਾਇੰਦਾ । ਮਸਤੂਆਣਾ ਧਾਮ ਨਿਆਰ, ਦਰ ਦਰ ਆਏ ਸੀਸ ਝੁਕਾਇੰਦਾ । ਸਾਚੇ ਸੰਤ ਸੰਤ ਪਿਆਰ, ਸਾਚਾ ਹੁਕਮ ਸੁਣਾਇੰਦਾ । ਪਰਗਟ ਹੋਇਆ ਵਿਚ ਸੰਸਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਮਾਰੇ ਮਾਰ, ਜੂਠ ਝੂਠ ਮੇਟ ਮਿਟਾਇੰਦਾ । ਸਤਿਜੁਗ ਵਰਤੇ ਵਿਚ ਸੰਸਾਰ, ਸਤਿਗੁਰ ਸਾਚਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸੰਤ ਸੰਤ ਸੰਤ ਜਣਾਈ, ਹਰਿ ਸਾਚਾ ਆਪ ਜਣਾਇੰਦਾ । ਸੰਤ ਸੰਤ ਸੰਤ ਕੁੜਮਾਈ, ਹਰਿ ਸਾਚਾ ਸਗਨ ਮਨਾਇੰਦਾ । ਸੰਤ ਸੰਤ ਸੰਤ ਘਰ ਵੱਜੀ ਵਧਾਈ, ਹਰਿ ਸਾਚਾ ਵੇਖ ਵਖਾਇੰਦਾ । ਸੰਤ ਸੰਤ ਸੰਤ ਸਰਨਾਈ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਹਰਿ ਖੁਲ੍ਹਾਏ, ਸੰਤ ਮਨੀ ਸਿੰਘ ਲੇਖ ਲਿਖਾਇੰਦਾ । ਮਸਤੂਆਣੇ ਫੇਰਾ ਪਾਏ, ਮਸਤ ਰੂਪ ਆਪ ਵਖਾਇੰਦਾ । ਆਪੇ ਲਿਖੇ ਆਪੇ ਦਏ ਮਿਟਾਏ, ਆਪੇ ਰੰਗ ਰੰਗਾਇੰਦਾ । ਆਪੇ ਰਾਜ ਰਾਜਾਨਾ ਵੇਖ ਵਖਾਏ, ਪੜਦਾ ਉਹਲਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲਿਖਿਆ ਸਾਚਾ ਲੇਖ, ਆਪ ਉਠਾਏ ਨਰ ਨਰੇਸ਼, ਪਰਗਟ ਹੋਏ ਦਰ ਦਰਵੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਸੰਤ ਮਨੀ ਸਿੰਘ ਲੇਖ ਲਿਖਾਇਆ, ਸ਼ਾਹ ਸੰਗਰੂਰ ਜਣਾਈਆ । ਨਿਹਕਲੰਕ ਕਲ ਜਾਮਾ ਪਾਇਆ, ਪੁਰੀ ਘਨਕ ਵੱਜੇ ਵਧਾਈਆ । ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਇਆ, ਜੋ ਬੈਠੇ ਮੁਖ ਭੁਵਾਈਆ । ਲਹਿਣਾ ਦੇਣਾ ਦਏ ਚੁਕਾਇਆ, ਫੂਲ ਬੰਸ ਵੇਖ ਵਖਾਈਆ । ਸ਼ਾਹ ਫਰੰਗੀ ਮੁਖ ਭੁਵਾਇਆ, ਉਲਟਾ ਮੁਖ ਰਖਾਈਆ । ਕਲਜੁਗ ਵੈਂਹਦੀ ਧਾਰ ਕੰਢੀ ਡੇਰਾ ਰਹੇ ਰੁੜ੍ਹਾਇਆ, ਨਾ ਸਕੇ ਕੋਈ ਬਚਾਈਆ । ਪਾਰਬ੍ਰਹਮ ਪ੍ਰਭ ਖੇਲ ਖਿਲਾਇਆ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦੇਵੇ ਆਪ ਵਡਿਆਈਆ । ਸੰਤ ਮਨੀ ਸਿੰਘ ਸਚ ਸੰਦੇਸ਼, ਰਾਜ ਰਾਜਾਨਾ ਆਪ ਸੁਣਾਇੰਦਾ । ਕਲਜੁਗ ਅੰਤਮ ਦਰ ਦਰ ਫਿਰਨਾ ਬਣ ਦਰਵੇਸ਼, ਦਰ ਦਰਬਾਰ ਨਾ ਕੋਇ ਸੁਹਾਇੰਦਾ । ਆਪਣੇ ਨੇਤਰ ਆਪੇ ਵੇਖ, ਬੀਸ ਬੀਸਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਇੰਦਾ । ਮਸਤੂਆਣਾ ਧਾਮ ਨਿਆਰ, ਸਾਚੇ ਸੰਤ ਮਿਲੇ ਵਡਿਆਈਆ । ਸੇਵ ਕਮਾਈ ਅਪਰ ਅਪਾਰ, ਪੁਰਖ ਅਬਿਨਾਸ਼ੀ ਬੂਝ ਬੁਝਾਈਆ । ਅੰਦਰ ਖੁਲ੍ਹਿਆ ਇਕ ਕਿਵਾੜ, ਦੂਈ ਕੰਧ ਰਹਿਣ ਨਾ ਪਾਈਆ । ਨਾਤਾ ਤੁਟਿਆ ਪੰਜ ਧਾੜ, ਹਉਮੇ ਰੋਗ ਰਹੇ ਨਾ ਰਾਈਆ । ਜਗੀ ਜੋਤ ਬਹੱਤਰ ਨਾੜ, ਘਰ ਸਾਚੇ ਵੱਜੀ ਵਧਾਈਆ । ਧਰਮ ਵੇਖਿਆ ਇਕ ਅਖਾੜ, ਚਾਰ ਕੁੰਟ ਰੁਸ਼ਨਾਈਆ । ਡੇਰਾ ਲਾਇਆ ਵਿਚ ਉਜਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਦੇਵੇ ਕਰ ਕਰ ਤਰਸ ਅੰਦਰ ਮੰਦਰ ਬੂਝ ਬੁਝਾਈਆ । ਆਪਣਾ ਦਰਸ ਹਰਿ ਵਖਾਏ, ਦਿਸ ਕਿਸੇ ਨਾ ਆਇੰਦਾ । ਦੂਜੀ ਧਾਰ ਆਪ ਵਟਾਏ, ਸੰਤ ਮਨੀ ਸਿੰਘ ਹੁਕਮ ਸੁਣਾਇੰਦਾ । ਸੰਤ ਮਨੀ ਸਿੰਘ ਰਿਹਾ ਕੁਰਲਾਏ, ਦਿਵਸ ਰੈਣ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰੇ ਅੰਦਰ ਆਪੇ ਵੜ, ਆਪਣੀ ਸਿਖਿਆ ਆਪ ਸਮਝਾਇੰਦਾ । ਪਾਰਬ੍ਰਹਮ ਪ੍ਰਭ ਅੰਦਰ ਵੜਿਆ, ਦਿਤੀ ਵਡ ਵਡਿਆਈਆ । ਸਾਚੇ ਸੰਤ ਬਾਂਹੋਂ ਫੜਿਆ, ਵਿਛੜ ਕਦੇ ਨਾ ਜਾਈਆ । ਅਤਰ ਸਿੰਘ ਬੰਨ੍ਹਾਇਆ ਆਪੇ ਲੜਿਆ, ਲੜ ਪੱਲੂ ਗੰਢ ਰਖਾਈਆ । ਸਤਿਜੁਗ ਲੱਗੇ ਸਾਚੀ

ਜੜਿਆ, ਹਰਿ ਸਾਚਾ ਦਏ ਲਗਾਈਆ । ਅੱਗੇ ਹੋ ਹੋ ਦਰਸ ਕਰਿਆ, ਨੇਤਰ ਨੈਣ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਉਤਮ ਵਰ, ਆਪਣੀ ਭਿਛਿਆ ਝੋਲੀ ਪਾਈਆ । ਸਾਚੀ ਭਿਛਿਆ ਹਰਿ ਨਿਰੰਕਾਰ, ਸੰਤਨ ਝੋਲੀ ਪਾਇੰਦਾ । ਅਗਲਾ ਲੇਖਾ ਜਾਣੇ ਵਿਚ ਸੰਸਾਰ, ਵੇਦ ਕਤੇਬ ਨਾ ਕੋਇ ਲਿਖਾਇੰਦਾ । ਪਰਗਟ ਹੋਵੇ ਹਰਿ ਨਿਰੰਕਾਰ, ਨਿਹਕਲੰਕਾ ਨਾਉਂ ਰਖਾਇੰਦਾ । ਚਾਰੋਂ ਕੁੰਟ ਧੂੰਆਂਧਾਰ, ਸਚ ਪਰਕਾਸ਼ ਨਾ ਕੋਇ ਕਰਾਇੰਦਾ । ਸ੍ਰਿਸ਼ਟ ਸਬਾਈ ਮਾਰੇ ਮਾਰ, ਨਾਮ ਖੰਡਾ ਇਕ ਚਮਕਾਇੰਦਾ । ਸੰਤ ਸੁਹੇਲੇ ਲਾਏ ਪਾਰ, ਸਚ ਮਲਾਹ ਆਪ ਹੋ ਜਾਇੰਦਾ । ਗੁਰਮੁਖ ਸਾਜਨ ਲਏ ਉਭਾਰ, ਆਪ ਆਪਣੀ ਦਇਆ ਕਮਾਇੰਦਾ । ਪੁਰਖ ਪੁਰਖੋਤਮ ਹੋ ਤਿਆਰ, ਕਲਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਦਿਤਾ ਵਰ, ਤੇਰੀ ਆਸਾ ਹਰਿ ਭਰਵਾਸਾ, ਪੂਰੀ ਦਏ ਕਰਾਈਆ । ਸ਼ਬਦ ਜਣਾਈ ਸ਼ਬਦ ਘਨਘੋਰ, ਅੰਧ ਅੰਧੇਰ ਮਿਟਾਇਆ । ਪੁਰਖ ਅਬਿਨਾਸ਼ ਹੱਥ ਪਕੜੇ ਡੋਰ, ਕਲਜੁਗ ਵੇਲਾ ਅੰਤਮ ਆਇਆ । ਜਨ ਭਗਤਾਂ ਨਾਤਾ ਤੋੜੇ ਪੰਚਮ ਚੋਰ, ਮਨ ਮਤ ਦਏ ਦੁਰਕਾਇਆ । ਦੂਈ ਦਵੈਤੀ ਦੇਵੇ ਹੋੜ, ਸਾਚੇ ਦਰ ਰਹਿਣ ਨਾ ਪਾਇਆ । ਚਰਨ ਪ੍ਰੀਤੀ ਲੱਗੀ ਨਿਭੇ ਤੋੜ, ਅਧਵਿਚਕਾਰ ਨਾ ਕੋਇ ਰੁੜਾਇਆ । ਪੁਰਖ ਅਗੰਮਾ ਚੜਿਆ ਸਾਚੇ ਘੋੜ, ਲੋਕਮਾਤ ਵੇਸ ਵਟਾਇਆ । ਸਚ ਦਵਾਰੇ ਆਇਆ ਦੌੜ, ਮਸਤੂਆਣਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਲਿਖਾਇਆ । ਸਤਿਜੁਗ ਤੇਰਾ ਸਾਚਾ ਰੂਪ, ਸਚ ਸਚ ਵਰਤਾਇੰਦਾ । ਤ੍ਰੇਤਾ ਲੇਖਾ ਜਾਣੇ ਚਾਰੇ ਕੂੰਟ, ਆਪ ਆਪਣੀ ਕਲ ਵਰਤਾਇੰਦਾ । ਦੁਆਪਰ ਹਰਿ ਹਰਿ ਗਿਆ ਤੁਠ, ਬਿਦਰ ਨਿਮਾਣਾ ਗਲੇ ਲਗਾਇੰਦਾ । ਅੰਮ੍ਰਿਤ ਪੀਤਾ ਏਕਾ ਘੁੱਟ, ਸਾਗ ਅਲੂਣਾ ਭੋਗ ਲਗਾਇੰਦਾ । ਤੇਰਾ ਭੰਡਾਰ ਵਰਤੇ ਅਤੁਟ, ਕਲਜੁਗ ਅੰਤਮ ਰਾਹ ਤਕਾਇੰਦਾ । ਤੀਰ ਨਿਰਾਲਾ ਰਿਹਾ ਛੁੱਟ, ਨਾ ਮੁਖੀ ਕੋਇ ਭੁਵਾਇੰਦਾ । ਸਦਾ ਭੰਡਾਰਾ ਵਰਤੇ ਅਤੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸੁੱਤ ਅਗੰਮੀ ਸ਼ਬਦ ਸਿਕਦਾਰ, ਹਰਿ ਸਾਚਾ ਆਪ ਵਰਤਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਲੋਕਮਾਤ ਵੇਸ ਧਰਾਇੰਦਾ । ਮਸਤੂਆਣਾ ਵੇਖੇ ਸਚ ਦਰਬਾਰ, ਚਾਰ ਵਰਨਾਂ ਆਪ ਸਮਝਾਇੰਦਾ । ਸੰਮਤ ਸੋਲਾਂ ਖੇਲ ਅਪਾਰ, ਪੰਦਰਾਂ ਕੱਤਕ ਦਰਸ ਵਖਾਇੰਦਾ । ਸੰਤ ਮਨੀ ਸਿੰਘ ਬੰਨੇ ਧਾਰ, ਤਿਖੀ ਧਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੀਤਾ ਭੁੱਲ ਨਾ ਜਾਇੰਦਾ । ਮਸਤੂਆਣਾ ਧਾਮ ਧਾਮਾ, ਧਰਨੀ ਧਰਤ ਸੁਹਾਈਆ । ਲੇਖਾ ਜਾਣੇ ਕ੍ਰਿਸ਼ਨਾ ਰਾਮਾ, ਰਾਮ ਰੂਪ ਆਪ ਵਟਾਈਆ । ਦੇਵਣਹਾਰਾ ਸਚ ਪੈਗਾਮਾ, ਅਜਰਾਈਲ ਮੇਕਾਈਲ ਅਸਰਾਈਲ ਸੇਵਾ ਲਾਈਆ । ਪੂਰਨ ਕਰੇ ਆਪਣਾ ਕਾਮਾ, ਹਰਿ ਕਾ ਸੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦਿਤਾ ਸਾਚਾ ਵਰ, ਅੰਤਮ ਲੇਖਾ ਲੇਖੇ ਲਾਈਆ । ਸੰਤ ਮਨੀ ਸਿੰਘ ਸਤਿ ਸਤਿਵਾਦ, ਸਾਚੀ ਸੇਵ ਕਮਾਇੰਦਾ । ਨਗਰ ਬੜੂੰਖੇ ਮਿਲੀ ਦਾਦ, ਦਰ ਸਾਚਾ ਇਕ ਵਖਾਇੰਦਾ । ਇਕ ਲਗਾਇਆ ਸਾਚਾ ਨਾਦ, ਸ਼ਾਹ ਸੁਲਤਾਨਾ ਆਪ ਸੁਣਾਇੰਦਾ । ਜੀਵ ਜੰਤ ਕਰਨ ਫ਼ਰਯਾਦ, ਜੂਠੇ ਝੂਠੇ ਮੁਖ ਹਲਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੁਕਮ ਆਪ ਫਿਰਾਇੰਦਾ । ਸੰਤ ਮਨੀ ਸਿੰਘ ਦਰ ਦਰ ਫੜਿਆ, ਦੋਏ ਹੱਥ ਜੋੜ ਜੁੜਾਈਆ । ਪੁਰਖ ਅਬਿਨਾਸ਼ੀ

੧੧੧੮
੦੮

ਖੇਲ ਕਰਿਆ, ਭੇਵ ਕੋਇ ਨਾ ਪਾਈਆ । ਆਪਣਾ ਲੇਖਾ ਸ਼ਾਹ ਸੁਲਤਾਨਾ ਅੱਗੇ ਧਰਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਬੇਪਰਵਾਹੀਆ । ਸੰਤ ਮਨੀ ਸਿੰਘ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਜੂਠਾ ਝੂਠਾ ਨਾਤਾ ਵਿਚ ਸੰਸਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਬਿਨ ਹਰਿ ਤੇਰੇ ਨਾ ਕੋਇ ਸਹਾਰ, ਨਾ ਕੋਈ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸੰਤ ਮਨੀ ਸਿੰਘ ਸੁਣ ਕਰ ਧਿਆਨ, ਹਰਿ ਸਾਚਾ ਸ਼ਬਦ ਜਣਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਵਡ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਤੇਰੀ ਕੀਮਤ ਪਾਏ ਆਣ, ਲੱਖ ਕਰੋੜੀ ਨਾ ਕੋਇ ਚੁਕਾਈਆ । ਰਾਜ ਰਾਜਾਨ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਈਆ । ਪਰਗਟ ਹੋਏ ਵਾਲੀ ਦੋ ਜਹਾਨ, ਵੀਹ ਸਦ ਬਿਕ੍ਰਮੀ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਈਆ । ਸੱਤਾਂ ਦੀਪਾਂ ਪਾਵੇ ਆਣ, ਬਚਿਆ ਕੋਇ ਰਹਿਣ ਨਾ ਪਾਈਆ । ਮਸਤੂਆਣੇ ਕਰ ਪਛਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾਈਆ । ਮੰਮਾ: ਮਸਤ ਅਪਾਰ, ਮਾਇਆ ਮਮਤਾ ਮੋਹ ਤਜਾਇੰਦਾ । ਮੰਮਾ: ਮੋਖ ਦਵਾਰ, ਦਰ ਘਰ ਸਾਚਾ ਇਕ ਵਖਾਇੰਦਾ । ਮੰਮਾ: ਮੇਲ ਨਿਰਗੁਣ ਧਾਰ, ਦਰ ਘਰ ਸਾਚਾ ਇਕ ਸੁਹਾਇੰਦਾ । ਮੰਮਾ: ਮਿਲਿਆ ਮੀਤ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਆਪ ਸੁਹਾਇੰਦਾ । ਤੱਤਾ ਤਿਖੀ ਧਾਰ, ਤ੍ਰੈਲੋਕ ਆਪ ਜਣਾਈਆ । ਤਿੰਨਾਂ ਗੁਣਾਂ ਪਾਵੇ ਸਾਰ, ਰਜੋ ਤਮੋ ਸਤੋ ਵੇਖ ਵਖਾਈਆ ।

੧੧੧੯ ੦੮

ਤ੍ਰੈ ਤ੍ਰੈ ਦੇਸ਼ਾ ਖੇਲ ਨਿਆਰ, ਮਨ ਮਤ ਬੁਧ ਕਰੇ ਲੜਾਈਆ । ਤ੍ਰੈ ਤ੍ਰੈ ਲੋਕਾਂ ਹੋ ਉਜਿਆਰ, ਏਕਾ ਨਾਅਰਾ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੱਤਾ ਤਾਲਬ ਇਕ ਰਖਾਈਆ । ਸੱਸਾ ਸਤਿਗੁਰ ਰੂਪ, ਸਤਿ ਸਤਿਵਾਦ ਸਮਾਇੰਦਾ । ਆਦਿ ਜੁਗਾਦਿ ਸ਼ਾਹੋ ਭੂਪ, ਸਤਿਗੁਰ ਨਾਉਂ ਧਰਾਇੰਦਾ । ਲੇਖਾ ਜਾਣੇ ਚਾਰੇ ਕੂਟ, ਜੂਠ ਝੂਠ ਮੇਟ ਮਿਟਾਇੰਦਾ । ਕਲਜੁਗ ਅੰਤਮ ਗਿਆ ਤੁਠ, ਨਿਹਕਲੰਕ ਨਾਉਂ ਰਖਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਘੁੱਟ, ਸਾਚਾ ਜਾਮ ਪਿਆਇੰਦਾ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਨੇਤਰ ਲੋਚਣ ਨੈਣ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਕ਼ਤ ਆਪ ਸੁਹਾਇੰਦਾ । ਸੰਤ ਮਨੀ ਸਿੰਘ ਬਣ ਭਿਖਾਰ, ਏਕਾ ਮੰਗ ਮੰਗਾਇੰਦਾ । ਤੇਰਾ ਦਰ ਤੇਰਾ ਦਵਾਰ, ਹਰਿ ਸਾਚੇ ਤੋਹੇ ਭਾਇੰਦਾ । ਤੇਰਾ ਰੰਗ ਸਰਬ ਸੰਸਾਰ, ਤੇਰੀ ਰੰਗਣ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਸੰਤ ਮਨੀ ਸਿੰਘ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਮੇਰਾ ਤੇਰਾ ਪੰਜ ਤੱਤ ਨਾਤਾ ਤੁੱਟੇ ਸੰਗ, ਸ਼ਬਦ ਸ਼ਬਦ ਹੋਏ ਕੁੜਮਾਈਆ । ਬਹੱਤਰ ਨਾੜ ਨਾ ਉਬਲੇ ਰਤ, ਤਿੰਨ ਸੌ ਸੱਠ ਹਾਡੀ ਨਾ ਕੋਇ ਵਖਾਈਆ । ਤੂੰ ਪਾਰਬ੍ਰਹਮ ਪੁਰਖ ਸਮਰਥ, ਤੇਰੀ ਸਰਨ ਇਕ ਸਰਨਾਈਆ । ਜੁਗਾ ਜੁਗੰਤਰ ਚਲਾਏ ਆਪਣਾ ਰਥ, ਰਥ ਰਥਵਾਹੀ ਫੇਰਾ ਪਾਈਆ । ਲੱਖ ਚੁਰਾਸੀ ਦੇਵਣ ਮਥ, ਨਾਮ ਨਿਧਾਨਾ ਇਕ ਜਣਾਈਆ । ਸ਼ਬਦ ਜਣਾਈ ਇਕ ਅਕੱਥ, ਸ਼ਬਦੀ ਸ਼ਬਦ ਕਥ ਨਾ ਸਕੇ ਰਾਈਆ । ਕਲਜੁਗ ਬੁਰਜ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਨਿਹਕਲੰਕਾ ਗੇੜੇ ਆਪਣੀ ਲੱਠ, ਆਪਣਾ ਗੇੜਾ ਆਪ ਦਵਾਈਆ । ਲਹਿਣਾ ਦੇਣਾ ਚੁਕਾਉਣਾ

ਤੀਰਥ ਅਠਸਠ, ਗੰਗਾ ਗੋਦਾਵਰੀ ਸੁਰਸਤੀ ਨਹਾਵਣ ਕੋਇ ਨਾ ਜਾਈਆ । ਏਕਾ ਪੂਜਾ ਏਕਾ ਪਾਠ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਪਿਤਾ ਏਕਾ ਮਾਤ, ਏਕਾ ਗੋਦ ਸੁਹਾਈਆ । ਏਕਾ ਵਰਨ ਏਕਾ ਜ਼ਾਤ, ਏਕਾ ਗੋਤ ਜਣਾਈਆ । ਏਕਾ ਦੇਵੇ ਸਾਚੀ ਦਾਤ, ਏਕਾ ਝੋਲੀ ਪਾਈਆ । ਪੁਰਖ ਅਕਾਲ ਦੀਨ ਦਿਆਲ ਚਰਨ ਕਵਲ ਬੰਧਾਏ ਸਾਚਾ ਨਾਤ, ਗੁਰ ਗੋਬਿੰਦ ਦਏ ਗਵਾਹੀਆ । ਸੰਤ ਮਨੀ ਸਿੰਘ ਲਿਖਿਆ ਲੇਖ, ਮਸਤੂਆਣੇ ਬੰਦ ਕਰਾਇਆ । ਪੁਰਖ ਅਬਿਨਾਸ਼ੀ ਧਾਰੇ ਭੇਸ, ਨਿਹਕਲੰਕੀ ਜਾਮਾ ਪਾਇਆ । ਨਾ ਕੋਈ ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡੇ ਮੂੰਡ ਮੁੰਡਾਇਆ । ਅਲੱਖ ਨਿਰੰਜਣ ਹੋ ਪਰਵੇਸ, ਜੋਤੀ ਨੂਰ ਡਗਮਗਾਇਆ । ਸਤਿ ਪੁਰਖ ਸਦਾ ਆਦੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਲਹਿਣੇ ਝੋਲੀ ਪਾਇਆ । ਸੰਤ ਮਨੀ ਸਿੰਘ ਕਰੇ ਪੁਕਾਰ, ਨੀਰ ਰੋ ਰੋ ਦਏ ਦੁਹਾਈਆ । ਨਾਤਾ ਤੁੱਟਾ ਜੀਵ ਗਵਾਰ, ਜੀਵ ਜੰਤ ਨਾ ਸੰਗ ਰਖਾਈਆ । ਪਾਇਆ ਹਰਿ ਭਗਵੰਤ ਇਕ ਕਰਤਾਰ, ਮੀਤ ਮੁਰਾਰਾ ਮੇਲ ਮਿਲਾਈਆ । ਸੋ ਮਿਲਿਆ ਸੰਗ ਸੰਗ ਦਵਾਰ, ਦਰ ਦਰਵਾਜ਼ਾ ਖੋਲ੍ਹ ਖੁਲ੍ਹਾਈਆ । ਵੱਜਿਆ ਡੰਕ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਵੇਖ ਵਖਾਈਆ । ਦਰ ਘਰ ਸਾਚਾ ਹਰਿ ਹਰਿ ਪੇਖਿਆ, ਪਰਮ ਪੁਰਖ ਕਰਤਾਰ । ਪਿਛਲਾ ਲੇਖਾ ਆਪੇ ਵੇਖਿਆ, ਆਪਣਾ ਪੜਦਾ ਆਪ ਉਤਾਰ । ਨਾ ਕੋਈ ਭੁੱਲੇ ਭਰਮ ਭੁਲੇਖਿਆ, ਪਰਗਟ ਨਿਹਕਲੰਕ ਨਰਾਇਣ ਨਰ ਅਵਤਾਰ । ਡੰਕ ਵਜਾਏ ਦੇਸ ਪਰਦੇਸਿਆ, ਸੰਮਤ ਵੀਹ ਸੌ ਸੋਲਾਂ ਹੋਏ ਉਜਿਆਰ । ਨੌ ਖੰਡ ਪ੍ਰਿਥਮੀ ਕਿਸੇ ਦੀ ਨਾ ਚਲੇ ਪੇਸ਼ਿਆ, ਪ੍ਰਭ ਮਾਰਨਹਾਰਾ ਸ਼ਬਦ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ । ਵਡ ਸੰਸਾਰਾ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਡੰਕ ਵਜਾਏ ਵਿਚ ਸੰਸਾਰ, ਲੱਖ ਚੁਰਾਸੀ ਜੀਵ ਜੰਤ ਸੋਏ ਆਪ ਉਠਾਇੰਦਾ । ਬ੍ਰਹਮਾ ਵੇਤਾ ਦਏ ਹੁਲਾਰ, ਨੇਤਰ ਅੱਖ ਖੁਲ੍ਹਾਇੰਦਾ । ਵਿਸ਼ਨੂੰ ਸੇਜਾ ਪਾਵੇ ਸਾਰ, ਬਾਸ਼ਕ ਤਸ਼ਕਾ ਫੋਲ ਫੁਲਾਇੰਦਾ । ਮਸਤੂਆਣਾ ਤੇਰਾ ਵੇਖੇ ਨਾਤਾ ਜਗਤ ਸੰਸਾਰ, ਕਵਣ ਸੰਘਾਰੀ ਨਾਮ ਧਰਾਇੰਦਾ । ਅੰਧੇਰੀ ਰਾਤੀ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇੰਦਾ । ਨਿਹਕਲੰਕ ਕਲ ਜਾਮਾ ਧਾਰ, ਆਪਣੇ ਹੱਥ ਰੱਖੇ ਵਡਿਆਈਆ । ਸੰਮਤ ਸੋਲਾਂ ਹੋ ਉਜਿਆਰ, ਮਸਤੂਆਣਾ ਧਾਮ ਸੁਹਾਈਆ । ਸੰਤ ਅਤਰ ਸਿੰਘ ਕਰ ਪਿਆਰ, ਉਤਮ ਵੇਖੇ ਸਹਿਜ ਸੁਭਾਈਆ । ਵਰਤੇ ਭੰਡਾਰਾ ਹਰਿ ਨਿਰੰਕਾਰ, ਸਾਚੀ ਦੇਗਾ ਆਪ ਚੜ੍ਹਾਈਆ । ਪਹਿਲਾ ਕਰਿਆ ਇਕ ਵਿਹਾਰ, ਪੜਦਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੱਜੇ ਵਧਾਈਆ । ਪੰਦਰਾਂ ਸਾਲ ਮੁਖ ਛੁਪਾਇਆ, ਦਿਸ ਕਿਸੇ ਨਾ ਆਈਆ । ਛੈਲ ਛਬੀਲਾ ਰੰਗ ਰੰਗੀਲਾ ਮੋਹਣ ਮਾਧਵ ਬਣ ਕੇ ਆਇਆ, ਆਪ ਆਪਣੀ ਕਲ ਵਰਤਾਈਆ । ਗੁਰਸਿਖ ਹਰਿ ਸੰਗਤ ਹਰਿ ਭਗਤ ਕਬੀਲਾ ਇਕ ਬਣਾਇਆ, ਦੂਜਾ ਦਰ ਨਾ ਕੋਇ ਸੁਹਾਈਆ । ਚਾਰੋਂ ਕੁੰਟ ਅਗਨੀ ਜੋਤੀ ਤੀਲਾ ਆਪੇ ਲਾਇਆ, ਨਾ ਸਕੇ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨੂਰ ਕਰੇ ਰੁਸ਼ਨਾਈਆ । ਮਸਤੂਆਣੇ ਹਰਿ ਹਰਿ ਜਾਗਿਆ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਸੰਤ ਸੁਹੇਲਾ ਉਠ ਉਠ ਭਾਗਿਆ,

੧੧੨੦ ੦੮

ਹਰਿ ਸ਼ਬਦੀ ਮੇਲ ਮਿਲਾਇਆ । ਨੌ ਖੰਡ ਪ੍ਰਿਥਮੀ ਮਾਰੇ ਵਾਜਿਆ, ਸੱਤਾਂ ਦੀਪਾਂ ਬੋਲ ਸੁਣਾਇਆ । ਚੌਦਾਂ ਲੋਕ ਪਰਗਟ ਹੋਇਆ ਗਰੀਬ ਨਿਵਾਜਿਆ, ਚੌਦਾਂ ਲੋਕਾਂ ਵੇਖ ਵਖਾਇਆ । ਤ੍ਰਿਲੋਕੀ ਨੰਦਨ ਸਾਜਣ ਸਾਜਿਆ, ਸਾਜਣਹਾਰਾ ਆਪ ਹੋ ਆਇਆ । ਵਡ ਭੂਪ ਸ਼ਾਹ ਰਾਜਨ ਰਾਜਿਆ, ਏਕੰਕਾਰ ਆਪ ਅਖਵਾਇਆ । ਅਸਵ ਘੋੜੇ ਚੜ੍ਹੇ ਤਾਜਿਆ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਪਰਗਟ ਹੋਏ ਦੇਸ ਮਾਝਿਆ, ਸੰਬਲ ਨਗਰੀ ਧਾਮ ਸੁਹਾਇਆ । ਕਲਜੁਗ ਸਤਿਜੁਗ ਰਚਿਆ ਕਾਜਿਆ, ਦੋਹਾਂ ਵਿਚੋਲਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਰਿਹਾ ਜਣਾਇਆ । ਆਪਣਾ ਭੇਵ ਹਰਿ ਖੁਲ੍ਹਾਏ, ਹਰਿ ਸੰਗਤ ਦਏ ਸਮਝਾਈਆ । ਮਸਤੂਆਣੇ ਲੇਖ ਲਿਖਾਏ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਮਤ ਸਤਾਰਾਂ ਚਾਰੋਂ ਕੁੰਟ ਹਿਲਾਏ, ਸਿਆਸਤ ਵਿਰਾਸਤ ਕੋਈ ਰਹਿਣ ਨਾ ਪਾਈਆ । ਅਠ ਅਠਾਰਾਂ ਢੇਰ ਢਾਹੇ, ਆਪ ਆਪਣਾ ਵਣਜ ਕਰਾਈਆ । ਉਨੀ ਉਨੀਸਾ ਤੇਲ ਚੜ੍ਹਾਏ, ਅੱਲਾ ਰਾਣੀ ਮੁਖ ਸ਼ਰਮਾਈਆ । ਬੀਸ ਬੀਸਾ ਹਰਿ ਰਘੁਰਾਏ, ਦਿਲੀ ਤਖ਼ਤ ਚਰਨ ਛੁਹਾਈਆ । ਸਾਚਾ ਹੁਕਮ ਆਪ ਜਣਾਏ, ਨੌ ਖੰਡ ਪ੍ਰਿਥਮੀ ਬੰਧਨ ਪਾਈਆ । ਸਤ ਰੰਗ ਨਿਸ਼ਾਨਾ ਇਕ ਝੁਲਾਏ, ਸੱਤਾਂ ਦੀਪਾਂ ਦਏ ਵਖਾਈਆ । ਵਾਲੀ ਹਿੰਦ ਰਿਹਾ ਸਮਝਾਏ, ਹਰਿ ਸਾਚਾ ਦੇ ਮਤ ਆਪ ਸਮਝਾਈਆ । ਸੀਸ ਤਾਜ ਨਾ ਕੋਈ ਟਿਕਾਏ, ਪ੍ਰਭ ਖ਼ਾਕੀ ਖ਼ਾਕ ਮਿਲਾਈਆ । ਗੋਬਿੰਦ ਜੋਧਾ ਸੂਰਬੀਰ ਏਕਾ ਖੰਡਾ ਨਾਮ ਚਮਕਾਏ, ਸ਼ਬਦ ਅਗੰਮੀ ਫ਼ੌਜ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ
੧੧੨੧ ਨਰਾਇਣ ਨਰ, ਆਪਣਾ ਲੇਖਾ ਦਏ ਬੁਝਾਈਆ । ਹਰਿ ਲੇਖਾ ਆਪ ਬੁਝਾਇੰਦਾ, ਦੂਸਰ ਨਾਹੀ ਕੋਇ । ਦੂਜਾ ਪੜਦਾ ਆਪੇ ਲਾਹਿੰਦਾ, ਪਰਗਟ ੧੧੨੧
੦੮ ਹੋਏ ਤਿੰਨਾਂ ਲੋਏ । ਤੀਜਾ ਨੇਤਰ ਆਪ ਖੁਲ੍ਹਾਇੰਦਾ, ਹਰਿ ਭਗਤੀ ਭਗਤ ਕਰੇ ਰਸੋਏ । ਚੌਥੇ ਪਦ ਆਪ ਸਮਾਇੰਦਾ, ਘਰ ਸਾਚੇ ਆਪੇ ਸੋਹੇ । ੦੮
ਪੰਚਵੇ ਪੰਚਮ ਮੇਲ ਮਿਲਾਇੰਦਾ, ਦੇਵੇ ਨਾਮ ਸਾਚੇ ਢੋਏ । ਛੇਵੇ ਛੱਪਰ ਛੰਨ ਨਾ ਕੋਈ ਵਖਾਇੰਦਾ, ਆਪਣੀ ਸੇਜਾ ਆਪੇ ਸੋਏ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾਇੰਦਾ, ਨਿਹਕਲੰਕ ਆਪੇ ਹੋਏ । ਅੱਠਵੇਂ ਅੱਠਾਂ ਤੱਤਾਂ ਆਪ ਉਠਾਇੰਦਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਲੇਖਾ ਰਹੇ ਨਾ ਕੋਇ । ਨਾਵੇ ਨੌ ਦਰਵਾਜੇ ਵੇਖ ਵਖਾਇੰਦਾ, ਕਲਜੁਗ ਕਵਰੀ ਚਾਰੇ ਕੁੰਟ ਸਾਚੀ ਸੇਜ ਨਾ ਦਿਸੇ ਕੋਇ । ਦਸਵੇਂ ਦਰ ਘਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੀਜ ਆਪੇ ਬੋਏ । ਦਸਵੇਂ ਦਰ ਦਵਾਰ, ਹਰਿ ਸਾਚਾ ਹਰਿ ਸੁਹਾਈਆ । ਮਸਤੂਆਣਾ ਧਾਮ ਨਿਆਰ, ਹਰਿ ਮੰਦਰ ਆਪ ਵਖਾਈਆ । ਨਿਰਗੁਣ ਬਾਤੀ ਜੋਤ ਉਜਿਆਰ, ਦਿਵਸ ਰੈਣ ਡਗਮਗਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰ, ਅਨਹਦ ਸਾਚਾ ਰਾਗ ਅਲਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਭਰ ਪਿਆਲਾ ਜਾਮ ਪਿਆਈਆ । ਸ਼ਬਦ ਸੁਹੇਲਾ ਮੀਤ ਮੁਰਾਰ, ਇਕ ਅਕੇਲਾ ਵੇਸ ਵਟਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਸਤੂਆਣਾ ਲੇਖ ਲਿਖਾਈਆ । ਮਸਤੂਆਣਾ ਹਰਿ ਭਗਵੰਤ, ਆਪਣੇ ਲੇਖੇ ਲੇਖ ਲਿਖਾਇੰਦਾ । ਮੇਲ ਮਿਲਾਵਾ ਸਾਚੇ ਸੰਤ, ਸਤਿ ਸਤਿਵਾਦੀ ਆਪ ਅਖਵਾਇੰਦਾ । ਹਰਿਜਨ ਮੇਲਾ ਨਾਰੀ ਕੰਤ, ਨਰ ਨਰਾਇਣ ਵੇਸ ਵਟਾਇੰਦਾ । ਭਰਮ ਭੁਲੇਖਾ ਜੀਵ ਜੰਤ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਖੇਲੇ ਖੇਲ ਆਦਿ ਅੰਤ, ਜੁਗਾ ਜੁਗੰਤ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਸਤੂਆਣਾ ਸਾਚਾ ਧਾਮ ਸੁਹਾਇੰਦਾ । ਮਸਤੂਆਣਾ ਧਾਮ ਸੁਹੰਜਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖੇਲੇ ਖੇਲੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਵੇਖ ਵਖਾਈਆ । ਜਨ ਭਗਤਾਂ ਨੇਤਰ ਨੈਣ ਪਾਏ ਅੰਜਣਾ, ਅਗਿਆਨ ਅੰਧੇਰ ਮਿਟਾਈਆ । ਸਚ ਦਵਾਰੇ ਕਰਾਏ ਸਾਚਾ ਮਜਨਾ, ਧੂੜੀ ਟਿੱਕਾ ਏਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਮਸਤੂਆਣਾ ਧਾਮ ਸੁਹਾਵਣਾ, ਵੀਹ ਸੌ ਇਕੀ ਲੇਖ ਲਿਖਾਇੰਦਾ । ਪੁਰਖ ਅਬਿਨਾਸ਼ੀ ਫੇਰਾ ਪਾਵਣਾ, ਪੰਦਰਾਂ ਕੱਤਕ ਰੁੱਤ ਸੁਹਾਇੰਦਾ । ਚਾਰ ਵਰਨਾਂ ਸਾਚਾ ਧਾਮ ਉਪਜਾਵਣਾ, ਨੌ ਖੰਡ ਪ੍ਰਿਥਮੀ ਵੰਡ ਵੰਡਾਇੰਦਾ । ਨੌ ਸੌ ਨੜਿਨਵੇ ਰਾਜ ਰਾਜਨ ਪਹਿਲੀ ਵਾਰ ਚਲ ਕੇ ਆਵਣਾ, ਸਾਚਾ ਸਗਨ ਮਨਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਏਕਾ ਦਰ ਦਰਸਾਵਣਾ, ਰਾਮ ਰੂਪ ਆਪ ਵਟਾਇੰਦਾ । ਕਾਹਨਾ ਕ੍ਰਿਸ਼ਨਾ ਨਜ਼ਰੀ ਆਵਣਾ, ਗੋਪੀ ਕਾਹਨ ਮੰਡਲ ਰਾਸ ਆਪ ਨਚਾਇੰਦਾ । ਕਲਮਾ ਅਮਾਮ ਆਪ ਪੜ੍ਹਾਵਣਾ, ਮੁਕਾਮੇ ਹੱਕ ਵੇਖ ਵਖਾਇੰਦਾ । ਨੂਰ ਅਲਾਹੀ ਨਜ਼ਰੀ ਆਵਣਾ, ਈਸਾ ਮੂਸਾ ਭੇਵ ਚੁਕਾਇੰਦਾ । ਸੰਗ ਮੁਹੰਮਦ ਸੰਗ ਨਿਭਾਵਣਾ, ਆਪਣਾ ਮਰਦੰਗ ਆਪ ਵਜਾਇੰਦਾ । ਨਾਨਕ ਡੰਕਾ ਇਕ ਸੁਣਾਵਣਾ, ਨਾਮ ਸਤਿ ਸਤਿ ਸਰਬ ਪੜ੍ਹਾਇੰਦਾ । ਵਾਹਿਗੁਰੂ ਫਤਿਹ ਇਕ ਗਜਾਵਣਾ, ਗੁਰ ਗੋਬਿੰਦ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਖੇਲ ਖਿਲਾਵਣਾ, ਦੂਸਰ ਦਿਸ ਕਿਸੇ ਨਾ ਆਇੰਦਾ । ਹੰ ਬ੍ਰਹਮ ਪਾਰਬ੍ਰਹਮ ਸਮਾਵਣਾ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਨੌ ਚਾਰ ਪਾਏ ਸਾਰ, ਨੌ ਚਾਰ ਵੇਖ ਵਖਾਇੰਦਾ । ਨੌ ਚਾਰ ਏਕਾ ਧਾਰ, ਹਰਿ ਸਤਿਗੁਰ ਆਪ ਦਏ ਬੰਧਾਈਆ । ਵੀਹ ਸੌ ਇਕੀ ਬਿਕ੍ਰਮੀ ਖੇਲ ਅਪਾਰ, ਮਸਤੂਆਣਾ ਵਡ ਵਡਿਆਈਆ । ਦਰ ਦਵਾਰੇ ਖੁਲ੍ਹੇ ਕਿਵਾੜ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਹਰਿ ਸੰਗਤ ਜੋੜ ਹੋਏ ਸਤਾਰਾਂ ਹਾੜ, ਅਗਨੀ ਤੱਤ ਦਏ ਬੁਝਾਈਆ । ਦਰਗਹਿ ਸਾਚੀ ਦੇਵੇ ਵਾੜ, ਧਾਮ ਅਵੱਲਾ ਇਕ ਅਖਵਾਈਆ । ਸਦਾ ਸੁਹੇਲਾ ਇਕ ਅਕੇਲਾ ਆਪੇ ਫਿਰੇ ਪਿਛੇ ਅਗਾੜ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾ ਏਕਾ ਘਰ ਵਖਾਈਆ । ਚਾਰ ਵਰਨਾਂ ਇਕ ਦਰਵਾਜ਼ਾ, ਹਰਿ ਸਾਚੇ ਆਪ ਖੁਲ੍ਹਾਵਣਾ । ਲੇਖਾ ਜਾਣੇ ਗ਼ਰੀਬ ਨਿਵਾਜਾ, ਆਪਣਾ ਲਿਖਿਆ ਲੇਖੇ ਪਾਵਣਾ । ਸਤਿਜੁਗ ਸਾਚਾ ਸਾਜਣ ਸਾਜਾ, ਸਾਚਾ ਮਾਰਗ ਇਕ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੂਆਣਾ ਮਸਤ ਦਵਾਰ, ਸੰਤ ਭਗਵੰਤ ਏਕਾ ਧਾਰ, ਏਕਾ ਰੰਗ ਰੰਗਾਵਣਾ । ਰੰਗ ਰੰਗੀਲਾ ਹਰਿ ਹਰਿ ਮੀਤਾ, ਏਕਾ ਰੰਗ ਰੰਗਾਈਆ । ਪਰਗਟ ਹੋਏ ਧਾਮ ਅਨਡੀਠਾ, ਲੋਚਣ ਕੋਈ ਨਾ ਵੇਖਣ ਪਾਈਆ । ਮਿਠਾ ਕਰੇ ਕੌੜਾ ਰੀਠਾ, ਅੰਮ੍ਰਿਤ ਏਕਾ ਜਾਮ ਪਿਆਈਆ । ਚਾਰ ਵਰਨਾਂ ਠੰਡਾ ਸੀਤਾ, ਗੁਰਮਤ ਇਕ ਸਮਝਾਈਆ । ਆਪੇ ਰਾਮ ਆਪੇ ਸੀਤਾ, ਰਾਧਾ ਕ੍ਰਿਸ਼ਨ ਆਪ ਅਖਵਾਈਆ । ਆਪੇ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਅੰਜੀਲ ਕੁਰਾਨ ਤੀਸ ਬਤੀਸਾ ਆਪੇ ਗਾਈਆ । ਆਪੇ ਗੁਰੂ ਦਰ ਮੰਦਰ ਮਸੀਤਾ, ਮੱਠ ਸ਼ਿਵਦਵਾਲਾ ਆਪੇ ਆਸਣ ਲਾਈਆ । ਆਪੇ ਹਰਿਜਨ ਵਸੇ ਚੀਤਾ, ਚਿਤਵਤ ਠਗੌਰੀ ਕੋਈ ਨਾ ਪਾਈਆ । ਆਪੇ ਰੰਗ ਰੰਗਾਏ ਹਸਤ ਕੀਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵੇਲਾ ਖੇਲੇ ਖੇਲ ਬੇਪਰਵਾਹੀਆ । ਆਪੇ ਬੇਪਰਵਾਹੀ ਨੂਰ ਅਲਾਹੀ, ਨੂਰੋ ਨੂਰ ਡਗਮਗਾਇੰਦਾ । ਦੇਵਣਹਾਰਾ ਸਚ ਸਲਾਹੀ,

ਸਾਚਾ ਮਾਰਗ ਏਕਾ ਲਾਇੰਦਾ । ਚਾਰ ਵਰਨਾਂ ਬਣੇ ਮਲਾਹੀ, ਸਾਚੀ ਨੱਯਾ ਇਕ ਚਲਾਇੰਦਾ । ਜਨ ਭਗਤਾਂ ਮੇਲੇ ਥਾਉਂ ਥਾਈਂ, ਨਿਰਗੁਣ ਸਰਗੁਣ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਰੰਗਣ ਆਪ ਰੰਗਾਇੰਦਾ । ਸੰਤ ਮਨੀ ਸਿੰਘ ਵਿਛੜਿਆ ਜਗ, ਹਰਿ ਸਾਚੇ ਨਾਤਾ ਤੋੜ ਤੁੜਾਇਆ । ਪਰਮ ਪੁਰਖ ਸਰਨ ਸਰਨਾਈ ਏਕਾ ਗਿਆ ਲੱਗ, ਸਰਨਗਤ ਇਕ ਜਣਾਇਆ । ਨਾਮ ਨਿਧਾਨਾ ਬੰਨਿਆ ਤਗ, ਸਾਚਾ ਸਗਨ ਮਨਾਇਆ । ਨਜ਼ਰੀ ਆਏ ਉਪਰ ਸ਼ਾਹ ਰਗ, ਘਰ ਸਾਚਾ ਵੇਖ ਵਖਾਇਆ । ਦੀਪਕ ਦੀਵਾ ਗਿਆ ਜਗ, ਨਾ ਸਕੇ ਕੋਈ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਿਖਿਆ ਲੇਖ ਲਿਖਾਇਆ । ਸੰਤ ਮਨੀ ਸਿੰਘ ਬੰਦੀਖਾਨਾ, ਸਾਢੇ ਤਿੰਨ ਸਾਲ ਆਪ ਬੰਧਾਇਆ । ਲੇਖਾ ਜਾਣੇ ਗੁਣ ਨਿਧਾਨਾ, ਸ਼ਾਹ ਸੁਲਤਾਨਾ ਦਿਸ ਨਾ ਆਇਆ । ਸ਼ਬਦ ਜੈਕਾਰਾ ਹਰਿ ਭਗਵਾਨਾ, ਏਕਾ ਏਕ ਰਿਹਾ ਸੁਣਾਇਆ । ਸੰਤ ਮਨੀ ਸਿੰਘ ਲਾਏ ਤਾਅਨਾ, ਤੂੰ ਵਲ ਛਲ ਧਾਰੀ ਭੇਖ ਪਖੰਡੀ ਤੇਰਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਛੁਪਾਇਆ । ਸੰਤ ਮਨੀ ਸਿੰਘ ਲਾਈ ਚੋਟ, ਸ਼ਾਹ ਸੰਗਰੂਰ ਦਰ ਦਰਬਾਨਿਆ । ਹਉਂ ਤਉਂ ਸਤਿਗੁਰ ਹਉਂ ਰੱਖੀ ਓਟ, ਤੇਰਾ ਬਿਰਧ ਆਪ ਪਛਾਨਿਆ । ਤੂੰ ਜੀਵ ਜੰਤ ਉਧਾਰੀ ਕੋਟੀ ਕੋਟ, ਹਉਂ ਸੇਵਕ ਬਾਲ ਅੰਞਾਣਿਆ । ਤੇਰੀ ਮਹਿਮਾ ਸੁਣ ਸੁਣ ਆਦਿ ਜੁਗਾਦਿ ਭਰੇ ਨਾ ਪੇਟ, ਕੋਟਨ ਕੋਟੀ ਗਾਇਣ ਰਾਗ ਤਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਚ ਗਿਆਨਿਆ । ਸੰਤ ਮਨੀ ਸਿੰਘ ਸੁਨਣਾ ਕੰਨ, ਹਰਿ ਸਾਚਾ ਆਪ ਸੁਣਾਈਆ । ਤੇਰਾ ਨਾਤਾ ਪੰਜ ਤੱਤ ਤਨ, ਮੇਰਾ ਨਾਤਾ ਨਿਰਗੁਣ ਰੂਪ ਵਟਾਈਆ । ਤੇਰਾ ਨੇਤਰ ਜਗਤ ਚੰਨ, ਮੇਰਾ ਚੰਨ ਜਗਤ ਬ੍ਰਹਿਮੰਡ ਕਰੇ ਰੁਸ਼ਨਾਈਆ । ਪਹਿਲਾਂ ਭਾਂਡਾ ਤੇਰਾ ਦੇਵੇ ਭੰਨ, ਫਿਰ ਸ਼ਾਹ ਸੁਲਤਾਨ ਖ਼ਾਕ ਮਿਲਾਈਆ । ਦੋ ਜਹਾਨਾਂ ਬੇੜਾ ਆਪੇ ਬੰਨ, ਕਲਜੁਗ ਅੰਤਮ ਬਣੇ ਮਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਸਤ ਸੰਸਾਰਾ ਫੋਲ ਫੁਲਾਈਆ । ਸੰਤ ਮਨੀ ਸਿੰਘ ਮੁਖ ਭਵਾਇਆ, ਤੇਰੀ ਓਟ ਰਹੀ ਨਾ ਰਾਈਆ । ਦਰ ਦਰਬਾਰੇ ਨਾ ਹੋਇਓਂ ਸਹਾਇਆ, ਜੂਠ ਝੂਠ ਕਰੀ ਕੁੜਮਾਈਆ । ਤੇਰਾ ਤਨ ਰਹਿਣ ਨਾ ਪਾਇਆ, ਤੇਰਾ ਨਿਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹੀਆ । ਸੰਤ ਮਨੀ ਸਿੰਘ ਲੱਗੀ ਬਿਰਹੋਂ ਅੱਗ, ਪ੍ਰਭ ਸਾਚੇ ਆਪ ਲਗਾਈਆ । ਅੰਦਰੇ ਅੰਦਰ ਬੱਧਾ ਤੱਗ, ਦਿਸ ਕਿਸੇ ਨਾ ਆਈਆ । ਫੜ ਫੜ ਹੰਸ ਬਣਾਇਆ ਕੱਗ, ਏਕਾ ਮਾਣਕ ਮੋਤੀ ਚੋਗ ਚੁਗਾਈਆ । ਸਚ ਸਰਨਾਈ ਜਾਣਾ ਲੱਗ, ਵੇਲੇ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਨਿਰਗੁਣ ਧਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਸਾਢੇ ਤਿੰਨ ਸਾਲ ਗੁਪਤ ਜ਼ਾਹਿਰ, ਅੰਦਰ ਬਾਹਰ ਖੇਲ ਖਿਲਾਇੰਦਾ । ਨੇਤਰ ਦਰਸ ਨਾ ਦਰਸ ਦਾਤਾਰ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਕਰੇ ਪਿਆਰ, ਕਮਲਾਪਤ ਸਚ ਸੁਗੰਧ ਆਪਣੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਹਰਿ ਨਿਰੰਕਾਰ, ਜੋਤ ਉਜਿਆਰਾ ਆਪ ਕਰਾਇੰਦਾ । ਜੋਤ ਉਜਿਆਰ, ਵੀਹ ਸਦ ਬਿਕ੍ਰਮੀ ਹਰਿ ਸਾਚਾ ਕਰੇ ਰੁਸ਼ਨਾਈਆ । ਵੀਹ ਸੌ ਇਕ ਖੇਲ ਅਪਾਰ, ਏਕੰਕਾਰ

ਅਕਲ ਖ਼ੁਦਾਈਆ । ਦੂਜੇ ਤੀਜੇ ਹੋ ਉਜਿਆਰ, ਚੌਥੇ ਕਰੇ ਸ਼ਬਦ ਕੁੜਮਾਈਆ । ਪੰਚਮ ਮੀਤਾ ਠੰਡਾ ਠਾਰ, ਛੇਵੇਂ ਦਰ ਵੱਜੇ ਵਧਾਈਆ । ਸੱਤਵੇਂ ਖੇਲ ਵਿਚ ਸੰਸਾਰ, ਅੱਠਵੇ ਬਿਆਸ ਕਿਨਾਰਾ ਪਾਰ ਕਰਾਈਆ । ਨੌਵੇਂ ਨੌ ਦਰ ਪਾਵੇ ਸਾਰ, ਸਾਧਾਂ ਸੰਤਾਂ ਖੋਜ ਖੁਜਾਈਆ । ਦਸਵੇਂ ਮੇਲਾ ਹਰਿ ਗਿਰਧਾਰ, ਗੁਰਮੁਖ ਸਾਚੇ ਲਏ ਜਗਾਈਆ । ਇਕ ਗਿਆਰਾਂ ਹੋ ਤਿਆਰ, ਸਾਢੇ ਤਿੰਨ ਹੱਥ ਬਣਤ ਬਣਾਈਆ । ਦੋ ਦਸ ਬਾਰਾਂ ਸੰਗਤ ਵਿਹਾਰ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਤ੍ਰੈ ਦਸ ਤੇਰੀ ਕਰ ਕਰ ਮਿਹਰ, ਰਾਜ ਰਾਜਾਨਾਂ ਸੀਸ ਦਸਤਾਰ ਗਿਆ ਬੰਧਾਈਆ । ਸਾਧਾਂ ਸੰਤਾਂ ਆਈ ਹਾਰ, ਸਾਚਾ ਰਾਹ ਨਾ ਕੋਇ ਵਖਾਈਆ । ਵੀਹ ਸੌ ਚੌਦਾਂ ਹੋ ਉਜਿਆਰ, ਏਕਾ ਇਕੀ ਵੰਡ ਵੰਡਾਈਆ । ਸੰਤ ਮਨੀ ਸਿੰਘ ਕਰਿਆ ਬੰਦ ਕਿਵਾੜ, ਸਾਚਾ ਹੁਕਮ ਸੁਣਾਈਆ । ਸਾਢੇ ਤਿੰਨ ਸਾਲ ਤੇਰਾ ਨਾਮ ਨਾ ਉਪਜੇ ਵਿਚ ਸੰਸਾਰ, ਤੇਰਾ ਲੇਖਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਖੇਲ, ਖੇਲਣਹਾਰ ਦਿਸ ਨਾ ਆਈਆ । ਸੰਤ ਮਨੀ ਸਿੰਘ ਕਰਿਆ ਬੰਦ, ਸਾਢੇ ਤਿੰਨ ਸਾਲ ਵਕਤ ਵਿਹਾਇਆ । ਸੰਤ ਮਨੀ ਸਿੰਘ ਚੜ੍ਹਿਆ ਚੰਦ, ਸਾਢੇ ਤਿੰਨ ਸਾਲ ਮੁਖ ਛੁਪਾਇਆ । ਸੰਤ ਮਨੀ ਸਿੰਘ ਮੇਲ ਮਿਲਾਏ ਦਇਆ ਕਮਾਏ ਖ਼ੁਸ਼ੀ ਕਰਾਏ ਬੰਦ ਬੰਦ, ਵੀਹ ਸੌ ਸੋਲਾਂ ਬਿਕ੍ਰਮੀ ਪੰਦਰਾਂ ਕੱਤਕ ਰੁੱਤ ਸੁਹਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹੋ ਸ਼ਬਾਸੀ ਆਪੇ ਗਾਏ ਸਾਚਾ ਛੰਦ, ਸੋਹੰ ਢੋਲਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲੇਖੇ ਲਾਇਆ । ਸੰਤ ਮਨੀ ਸਿੰਘ ਸਦ ਦਵਾਰ, ਆਪਣੇ ਚਰਨ ਆਪ ਟਿਕਾਈਆ । ਵੀਹ ਸੌ ਸੋਲਾਂ ਬਿਕ੍ਰਮੀ ਪੰਦਰਾਂ ਕੱਤਕ ਦਿਵਸ ਵਿਚਾਰ, ਮਸਤੂਆਣਾ ਧਾਮ ਸੁਹਾਈਆ । ਵੇਲਾ ਵਕ਼ਤ ਵੇਖਿਆ ਸਵਾ ਚਾਰ, ਰੰਗ ਰੰਗੇ ਬੇਪਰਵਾਹੀਆ । ਸਾਚੀ ਸਖੀਆਂ ਕਰੇ ਪਿਆਰ, ਸਾਚਾ ਮੰਗਲ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਵੱਜੀ ਵਧਾਈਆ । ਨਿਹਕਲੰਕ ਵੱਜਾ ਡੰਕ, ਚਾਰ ਕੁੰਟ ਜੈਕਾਰ । ਆਪ ਸੁਣਾਏ ਰਾਓ ਰੰਕ, ਖੇਲੇ ਖੇਲ ਬੇਐਬ ਪਰਵਰਦਿਗਾਰ । ਪਰਗਟ ਹੋਇਆ ਵਾਸੀ ਪੁਰੀ ਘਨਕ, ਅਕਲ ਕਲਾ ਕਲ ਆਪੇ ਧਾਰ । ਹਰਿਜਨ ਲੇਖਾ ਜਾਣੇ ਜਿਉਂ ਜਨ ਜਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਹੋਏ ਉਜਿਆਰ । ਏਕਾ ਏਕ ਏਕੰਕਾਰ, ਏਕਾ ਏਕ ਅਖਵਾਈਆ । ਏਕਾ ਜੋਤ ਨੂਰ ਉਜਿਆਰ, ਏਕਾ ਨੂਰ ਡਗਮਗਾਈਆ । ਏਕਾ ਸ਼ਬਦ ਸ਼ਬਦ ਜੈਕਾਰ, ਏਕਾ ਨਾਅਰਾ ਹਰਿ ਹਰਿ ਲਾਈਆ । ਏਕਾ ਨਾਮ ਰਾਮ ਭੰਡਾਰ, ਸਚ ਭੰਡਾਰ ਦਏ ਵਰਤਾਈਆ । ਸਚ ਵਣਜਾਰਾ ਇਕ ਅਖਵਾਈਆ । ਏਕਾ ਗੁਰ ਗੁਰ ਕਰਤਾਰ, ਦੂਸਰ ਇਸ਼ਟ ਨਾ ਕੋਇ ਮਨਾਈਆ । ਏਕਾ ਪ੍ਰਭ ਪੁਰਖ ਅਕਾਲ, ਦੀਨ ਦਿਆਲ ਇਕ ਅਖਵਾਈਆ । ਏਕਾ ਤੋੜਨਹਾਰਾ ਜਗਤ ਜੰਜਾਲ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਦੇਵਣਹਾਰਾ ਨਾਮ ਸੱਚਾ ਧਨ ਮਾਲ, ਸਚ ਖ਼ਜ਼ਾਨਾ ਇਕ ਵਖਾਈਆ । ਏਕਾ ਸਦ ਕਰੇ ਪਰਵਾਨ, ਦਰ ਦਵਾਰੇ ਲੇਖੇ ਲਾਈਆ । ਏਕਾ ਦੇਵਣਹਾਰਾ ਧੁਰ ਫ਼ਰਮਾਣ, ਆਪਣਾ ਨਾਮ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਸਤੂਆਣੇ ਦਏ ਵਡਿਆਈਆ । ਏਕਾ ਪੁਰਖ ਅਕਾਲ, ਦਇਆ ਕਮਾਇੰਦਾ । ਏਕਾ ਕਰੇ ਸਰਬ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਰਖਾਇੰਦਾ । ਏਕਾ ਕਾਲ ਕਾਲ ਮਹਾਂਕਾਲ, ਕਾਲ ਮਹਾਂਕਾਲਾ ਆਪ ਹੋ ਜਾਇੰਦਾ । ਏਕਾ ਸ਼ਬਦੀ ਸ਼ਬਦ

ਵਜਾਏ ਤਾਲ, ਤਾਲ ਤਲਵਾੜਾ ਇਕ ਵਜਾਇੰਦਾ । ਏਕਾ ਲੱਖ ਚੁਰਾਸੀ ਫਲ ਲਗਾਏ ਡਾਲ੍ਹ, ਏਕਾ ਏਕ ਏਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਖੇਲ ਖਿਲਾਇੰਦਾ । ਖੇਲ ਖਿਲੰਦੜਾ ਪੁਰਖ ਸੁਲਤਾਨ, ਪਰਮ ਪੁਰਖ ਅਖਵਾਇਆ । ਹਰਿਜਨ ਮੇਲ ਮਿਲੰਦੜਾ ਵਿਚ ਜਹਾਨ, ਸੰਤ ਸੁਹੇਲੇ ਲਏ ਉਪਜਾਇਆ । ਗੁਰਮੁਖ ਚੋਲੀ ਰੰਗ ਰੰਗੰਦੜਾ, ਆਦਿ ਜੁਗਾਦੀ ਨਿਗਹਬਾਨ ਘਰ ਸਾਚਾ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਰਿਹਾ ਮੁਕਾਇਆ । ਮਸਤੂਆਣਾ ਸਚ ਵਿਹਾਰਾ, ਹਰਿ ਸਾਚਾ ਆਪ ਕਰਾਇੰਦਾ । ਹਰਿ ਸੰਗਤ ਵਰਤੇ ਤੇਰਾ ਭੰਡਾਰਾ, ਤੇਰੀ ਧਾਰਾ ਮਾਤ ਚਲਾਇੰਦਾ । ਗੁਰ ਪੀਰ ਸਾਧ ਸੰਤ ਅਵਤਾਰ ਆਵਣ ਵਾਰੋ ਵਾਰਾ, ਜੁਗ ਜੁਗ ਸਾਚੀ ਸੇਵਾ ਲਾਇੰਦਾ । ਕਲਜੁਗ ਅੰਤਮ ਖੇਲੇ ਖੇਲ ਸਿਰਜਣਹਾਰਾ, ਸ੍ਰਿਸ਼ਟ ਸਬਾਈ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਭੰਡਾਰੀ ਨਾਮ ਭੰਡਾਰ, ਕਰ ਪਿਆਰ ਆਪਣੀ ਝੋਲੀ ਪਾਇੰਦਾ । ਹਰਿ ਸੰਗਤ ਤੇਰਾ ਸਚ ਭੰਡਾਰ, ਪ੍ਰਭ ਆਪਣੀ ਝੋਲੀ ਪਾਈਆ । ਗੁਰਸਿਖਾਂ ਦਰ ਬਣੇ ਭਿਖਾਰ, ਏਕਾ ਮੰਗੇ ਮੰਗ ਨਿਉਂ ਨਿਉਂ ਸੀਸ ਝੁਕਾਈਆ । ਸਾਚੇ ਮੰਦਰ ਹੋ ਉਜਿਆਰ, ਨਿਰਮਲ ਦੀਪਕ ਬਾਤੀ ਦਏ ਜਗਾਈਆ । ਕਮਲਾਪਾਤੀ ਖੇਲ ਅਪਾਰ, ਕਵਲ ਨੈਣ ਡਗਮਗਾਈਆ । ਸਾਚਾ ਸਾਕੀ ਹੋ ਤਿਆਰ, ਅੰਮ੍ਰਿਤ ਜਾਮ ਪਿਆਲਾ ਆਪ ਪਿਆਈਆ । ਲਹਿਣਾ ਦੇਣਾ ਬਾਕੀ ਚੁੱਕੇ ਵਿਚ ਸੰਸਾਰ, ਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਈਆ । ਨਰ ਨਰਾਇਣ ਨਿਰਾਕਾਰ, ਨਿਰਗੁਣ ਆਪ ਅਖਵਾਇੰਦਾ । ਕਲਜੁਗ ਅੰਤਮ ਕਰੇ ਖੁਆਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਵਰਤਾਵੇ ਵਿਚ ਸੰਸਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਦੂਈ ਦਵੈਤੀ ਦਏ ਨਿਵਾਰ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਸਤੂਆਣਾ ਵੇਖ ਵਖਾਇੰਦਾ । ਮਸਤੂਆਣਾ ਮਸਤ ਗੜ੍ਹ, ਮਸਤਕ ਲੇਖ ਲਿਖਾਇਆ । ਸੰਤ ਸੁਹੇਲਾ ਆਪੇ ਫੜ, ਹਰਿ ਸਾਚੇ ਸੇਵ ਕਮਾਇਆ । ਆਪ ਲਗਾਏ ਲੋਕਮਾਤ ਜੜ੍ਹ, ਨਾ ਸਕੇ ਕੋਇ ਉਖੜਾਇਆ । ਰਾਜ ਰਾਜਾਨਾ ਲਿਆਏ ਫੜ, ਵੇਲਾ ਅੰਤਮ ਦਏ ਦੁਹਾਇਆ । ਏਕਾ ਅੱਖਰ ਜਾਇਣ ਪੜ੍ਹ, ਸੋ ਪੁਰਖ ਨਿਰੰਜਣ ਆਪ ਪੜ੍ਹਾਇਆ । ਹੰ ਬ੍ਰਹਮ ਵੇਖੇ ਖੜ, ਪਾਰਬ੍ਰਹਮ ਇਕ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਸਾਚਾ ਲੇਖ ਲਿਖਾਇਆ । ਹਰਿ ਸੰਗਤ ਵਡ ਵਡਿਆਈ ਹਰਿ ਪਾਇਆ ਸੱਜਣ ਸ਼ਹਿਨਸ਼ਾਹ, ਨਿਜ ਘਰ ਆਤਮ ਵੱਜੇ ਵਧਾਈਆ । ਗੁਰ ਮਿਲਿਆ ਜਗਤ ਮਲਾਹ, ਡੂੰਘੇ ਸਾਗਰ ਬੇੜਾ ਪਾਰ ਕਰਾਈਆ । ਅੰਤਮ ਬੰਨੇ ਦੇਵੇ ਲਾ, ਲੱਖ ਚੁਰਾਸੀ ਫੰਦ ਕਟਾਈਆ । ਦਸ ਦਸ ਮਾਸ ਵਕ਼ਤ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿ ਸੰਗਤ ਤੇਰਾ ਸਚ ਦਵਾਰਾ, ਹਰਿ ਸਾਚੇ ਆਪ ਸੁਹਾਇਆ । ਤੇਰਾ ਰੂਪ ਚੜ੍ਹੇ ਸਰਬ ਸੰਸਾਰਾ, ਪੁਰਖ ਅਬਿਨਾਸ਼ੀ ਦਏ ਚੜ੍ਹਾਇਆ । ਤੇਰਾ ਨਾਮ ਹੋਏ ਜੈਕਾਰਾ, ਏਕਾ ਨਾਅਰਾ ਦਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਪਿਛਲਾ ਲੇਖਾ ਮੂਲ ਚੁਕਾਇਆ, ਅਗਲਾ ਲੇਖਾ ਆਪਣੇ ਹੱਥ ਰਖਾਈਆ ।

ਦਰ ਦਰ ਘਰ ਘਰ ਦਰਸ ਵਖਾਇਆ, ਦੀਨਾਂ ਨਾਥਾਂ ਦਰਦ ਵੰਡਾਈਆ । ਸਵੱਛ ਸਰੂਪੀ ਸ਼ਾਹੋ ਭੂਪੀ ਪਰਗਟ ਹੋ ਆਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਨਿਧਾਨਾ ਹਰਿ ਮਿਹਰਵਾਨਾ, ਅੰਮ੍ਰਿਤ ਆਤਮ ਸਚ ਚੁਆਇਆ, ਨਿਝਰ ਧਾਰਾ ਇਕ ਵਹਾਈਆ । ਗੁਰਸਿਖ ਸੱਜਣ ਕਦੇ ਨਾ ਸੋਇਆ, ਸੁਰਤੀ ਸ਼ਬਦੀ ਸ਼ਬਦ ਸੁਰਤ ਮੇਲ ਮਿਲਾਈਆ । ਪੰਦਰਾਂ ਕੱਤਕ ਬੀਜ ਸਾਚਾ ਬੋਇਆ, ਅੰਮ੍ਰਿਤ ਮੇਵਾ ਦਏ ਖਵਾਈਆ । ਹਰਿ ਕਾ ਸੰਚਾ ਨਾ ਜਾਣੇ ਕੋਆ, ਨਾ ਕੋਈ ਬੂਝੇ ਬੂਝ ਬੁਝਾਈਆ । ਹਰਿ ਸੰਗਤ ਤੇਰੇ ਅੱਗੇ ਲੈ ਕੇ ਆਇਆ, ਢੋਆ ਇਕ ਨਰੇਲ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਮਾਣ ਵੱਡੀ ਵਡਿਆਈਆ । ਇਕ ਨਰੇਲ ਹਰਿ ਸੰਗਤ ਭੇਟ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਪੁਰਖ ਅਬਿਨਸ਼ੀ ਬਣਿਆ ਖੇਵਟ ਖੇਟ, ਕਲਜੁਗ ਬੇੜਾ ਆਪ ਚਲਾਇੰਦਾ । ਆਪੇ ਮਾਤ ਪਿਤ ਗੁਰਸਿਖ ਬਣਾਏ ਸਾਚੇ ਬੇਟ, ਪਿਤਾ ਪੂਤ ਮੇਲ ਮਿਲਾਇੰਦਾ । ਆਪੇ ਨਾਮ ਦੁਸ਼ਾਲੇ ਲਏ ਲਪੇਟ, ਸਾਚਾ ਬਸਤਰ ਹੱਥ ਉਠਾਇੰਦਾ । ਕਲਜੁਗ ਲੱਗੀ ਅੱਗ ਮਹੀਨਾ ਜੇਠ, ਚਾਰੋਂ ਕੁੰਟ ਨਾ ਕੋਇ ਬੁਝਾਇੰਦਾ । ਕੋਇ ਨਾ ਰੱਖੇ ਸਾਇਆ ਹੇਠ, ਸਾਧ ਸੰਤ ਸਰਬ ਕੁਰਲਾਇੰਦਾ । ਹਰਿ ਸਰਨਾਈ ਰੁੱਤ ਬਸੰਤੀ ਚੇਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਗੁਰ ਗੋਬਿੰਦ ਸਲਾਹੇ ਗੁਰਸਿਖ ਤੇਰੇ ਖੇਤ, ਸਾਚੀ ਸੇਵਾ ਆਪ ਕਮਾਇੰਦਾ । ਦਰਸ ਵਖਾਏ ਨੇਤਨ ਨੇਤ, ਨਿਤ ਨਵਿਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੀ ਭੇਟ, ਆਪਣਾ ਹੀਆ ਵਖਾਇੰਦਾ । ਸਚ ਨਰੇਲ ਗੁਰ ਸੰਗਤ ਅੱਗੇ ਧਰ, ਹਰਿ ਸਾਚਾ ਸਗਨ ਮਨਾਇੰਦਾ । ਸਤਿਜੁਗ ਮਿਲਿਆ ਸਾਚਾ ਵਰ, ਗੁਰ ਪੀਰ ਅਵਤਾਰ ਨਾ ਕੋਇ ਅਖਵਾਇੰਦਾ । ਸਰਬ ਜੀਆਂ ਦਾ ਚੁੱਕੇ ਡਰ, ਵਰਨ ਬਰਨ ਨਾ ਕੋਇ ਡਰਾਇੰਦਾ । ਲਹਿਣਾ ਦੇਣਾ ਚੁਕਾਏ ਜੀਵਣ ਮਰਨ, ਮਰਨ ਜੀਵਣ ਏਕਾ ਰੰਗ ਰੰਗਾਇੰਦਾ । ਗੁਰਸਿਖ ਸੱਜਣ ਸਾਚੀ ਤਰਨੀ ਤਰਨ, ਤਾਰਨਹਾਰਾ ਆਪ ਤਰਾਇੰਦਾ । ਆਪਣੀ ਕਰਨੀ ਆਇਆ ਕਰਨ, ਕਰਤਾ ਪੁਰਖ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਰਖਾਇੰਦਾ । ਨਿਹਕਲੰਕ ਹਰਿ ਜੋਤ ਜਗਾ, ਮਸਤੂਆਣਾ ਧਾਮ ਸੁਹਾਇੰਦਾ । ਹਰਿ ਸੰਗਤ ਸਾਚੀ ਗੋਦ ਉਠਾ, ਗੁਰ ਗੋਬਿੰਦ ਵੇਖ ਵਖਾਇੰਦਾ । ਸਾਚਾ ਦੀਪਕ ਗੁਰਸਿਖਾਂ ਅੰਦਰ ਦਏ ਜਗਾ, ਜਗਤ ਦੀਪਕ ਆਪ ਬੁਝਾਇੰਦਾ । ਆਪਣੀ ਸਰਨ ਆਪ ਲਗਾ, ਸਗਲਾ ਸੰਗ ਆਪ ਰਖਾਇੰਦਾ । ਕੋਟਨ ਕੋਟ ਬੈਠੇ ਤੱਕਣ ਰਾਹ, ਦਿਸ ਕਿਸੇ ਨਾ ਆਇੰਦਾ । ਬ੍ਰਹਮਾ ਨੇਤਰ ਨੀਰ ਰਿਹਾ ਵਹਾ, ਅੱਠੇ ਨੈਣ ਚਾਰੇ ਕੁੰਟ ਭੁਵਾਇੰਦਾ । ਵਿਸ਼ਨੂੰ ਪਕੜੇ ਕੌਣ ਬਾਂਹ, ਆਪਣਾ ਵੰਸ ਕੌਣ ਸੁਹਾਇੰਦਾ । ਸ਼ੰਕਰ ਤ੍ਰਿਸੂਲ ਕੌਣ ਦੇਵੇ ਫੜਾ, ਕੌਣ ਸਗਨ ਮਨਾਇੰਦਾ । ਤਿੰਨਾਂ ਨਾ ਮਿਲਿਆ ਬੇਪਰਵਾਹ, ਆਪਣਾ ਰੂਪ ਆਪ ਛੁਪਾਇੰਦਾ । ਪਰਗਟ ਹੋਇਆ ਵਾਲੀ ਦੋ ਜਹਾਂ, ਲੋਕਮਾਤ ਜੋਤ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸੰਗਤ ਤੇਰੇ ਚਰਨਾਂ ਵਿਚ ਰਿਹਾ ਬਹਾ, ਆਪ ਆਪਣਾ ਹੁਕਮ ਸੁਣਾਇੰਦਾ । ਪ੍ਰਭ ਕਾ ਲੇਖਾ ਨਾ ਕੋਈ ਸਕੇ ਮਿਟਾ, ਮੇਟਣਹਾਰ ਆਪ ਹੋ ਜਾਇੰਦਾ । ਲੱਖ ਚੁਰਾਸੀ ਰਚਨ ਰਚਾ, ਬ੍ਰਹਮ ਪਾਰਬ੍ਰਹਮ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਸਾਚਾ ਦਰ, ਹਰਿ ਸਾਚਾ ਆਪ ਸੁਹਾਇੰਦਾ । ਸੰਗਤ ਤੇਰਾ ਦਰ ਦਰਵਾਜ਼ਾ ਖੋਲ੍ਹ, ਹਰਿ ਸਾਚੀ ਕਰੇ ਜਣਾਈਆ । ਤੇਰੇ ਮੰਦਰ ਤੇਰਾ ਰੂਪ ਹੋ ਕੇ ਪਏ ਬੋਲ, ਆਪਣਾ ਰੂਪ ਆਪ ਵਟਾਈਆ । ਤੇਰੀ ਰਸਨਾ ਤੇਰਾ ਨਾਮ

ਤੇਰੇ ਕੰਡੇ ਤੋਲੇ ਤੇਰਾ ਤੋਲ, ਏਕਾ ਤੋਲਾ ਆਪ ਅਖਵਾਈਆ । ਤੇਰੀ ਕਾਇਆ ਤੇਰਾ ਬਦਲੇ ਚੋਲ, ਆਪਣੇ ਕਾਇਆ ਵਿਚ ਮਿਲਾਈਆ । ਨੌ ਖੰਡ ਪ੍ਰਿਥਮੀ ਜੀਵ ਜੰਤ ਸਾਧ ਸੰਤ ਨਾ ਸੁੱਤੇ ਰਹਿਣਾ ਅਨਭੋਲ, ਹਰਿ ਸਾਚੇ ਜੋਤ ਪਰਗਟਾਈਆ । ਮਸਤੂਆਣਾ ਕੂਕੇ ਵਜਾਏ ਢੋਲ, ਚਾਰ ਦੀਵਾਰੀ ਰਹੀ ਕੁਰਲਾਈਆ । ਹਰਿ ਸੰਗਤ ਦੇਵੇ ਨਾਮ ਅਨਮੋਲ, ਆਪਣੀ ਭਿਛਿਆ ਆਪੇ ਝੋਲੀ ਰਿਹਾ ਭਰਾਈਆ । ਸਦਾ ਸੁਹੇਲੇ ਵਸੇ ਕੋਲ, ਸਾਖਿਆਤ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਏਕ ਅਖਵਾਈਆ । ਨਿਹਕਲੰਕ ਹਰਿ ਹਰਿ ਆਇਆ, ਦੂਸਰ ਨਾਹੀਂ ਕੋਇ । ਹਰਿ ਸੰਗਤ ਸਾਚੀ ਲਏ ਤਰਾਇਆ, ਦੇਵੇ ਸ਼ਬਦ ਸਾਚਾ ਢੋਏ । ਅੰਮ੍ਰਿਤ ਆਤਮ ਸਾਚਾ ਜਲ ਸਿੰਚ ਵਖਾਇਆ, ਏਕਾ ਬੀਜ ਨਿਰਗੁਣ ਬੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਗਤ ਆਸਾ ਗੁਰਸਿਖ ਭਰਵਾਸਾ, ਸ਼ਬਦ ਧਰਵਾਸਾ ਏਕਾ ਏਕ ਵਖਾਏ । ਸ਼ਬਦ ਧਰਵਾਸਾ ਧੁਰ ਦਰਬਾਰ, ਹਰਿ ਸੰਗਤ ਪੂਰੀ ਆਸ ਕਰਾਈਆ । ਸੰਤ ਮਨੀ ਸਿੰਘ ਮੰਗੀ ਭਿਖ ਬਣ ਭਿਖਾਰ, ਸਾਲ ਬਵੰਜਾ ਪਹਿਲੇ ਆਪਣੀ ਝੋਲੀ ਡਾਹੀਆ । ਬਵੰਜਾ ਸਾਲ ਸੁੱਤਾ ਰਿਹਾ ਪੈਰ ਪਸਾਰ, ਆਪਣੀ ਅੱਖ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਨਾਤਾ ਤੋੜ ਸੰਸਾਰ, ਪੁਰਖ ਬਿਧਾਤਾ ਵੇਸ ਵਟਾਈਆ । ਸ਼ਬਦ ਗਾਥਾ ਚਲਾਏ ਅਪਰ ਅਪਾਰ, ਸੋਹੰ ਸ਼ਬਦ ਕਰੇ ਪੜ੍ਹਾਈਆ । ਮਸਤਕ ਮਾਥਾ ਲੇਖੇ ਲਾਏ ਨਿਰੰਕਾਰ, ਪਿਛਲਾ ਲੇਖਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰਾ ਸਾਚਾ ਵਰ, ਕੋਟਨ ਕੋਟ ਕੋਟ ਜਨਮ ਦੇ ਵਿਛੜੇ ਕਲਜੁਗ ਅੰਤਮ ਲਏ ਮਿਲਾਈਆ । ਕਲਜੁਗ ਅੰਤਮ ਮੇਲ ਮਿਲਾਇਆ, ਹਰਿ ਸੰਗਤ ਵੱਜੀ ਵਧਾਈਆ । ਪੰਦਰਾਂ ਕੱਤਕ ਦਿਵਸ ਸੁਹਾਇਆ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਸਾਚੀ ਸਖੀਆਂ ਮਿਲ ਮਿਲ ਸਾਚਾ ਮੰਗਲ ਗਾਇਆ, ਘਰ ਸਾਚੇ ਸੋਭਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਹਰਿ ਸੰਗਤ ਤੇਰੇ ਦਵਾਰ ਚਲ ਕੇ ਆਇਆ, ਬਿਨ ਹਰਿ ਦੂਸਰ ਦਿਸ ਕਿਸੇ ਨਾ ਆਈਆ । ਚਰਨਾਂ ਹੇਠ ਏਕਾ ਸੀਸ ਰਹੇ ਦਬਾਇਆ, ਹਰਿ ਸੰਗਤ ਤੇਰੀ ਧੂੜੀ ਖਾਕ ਮੰਗਣ, ਏਕਾ ਏਕ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਵਰ, ਦੇ ਮਤ ਰਿਹਾ ਸਮਝਾਈਆ । ਸ਼ਿਵ ਸੁਣ ਕਰ ਧਿਆਨ, ਹਰਿ ਸਾਚਾ ਆਪ ਸੁਣਾਇੰਦਾ । ਤੇਰਾ ਵੇਖੇ ਆਪ ਮਕਾਨ, ਗੁਰਸਿਖ ਤੇਰਾ ਦਰ ਸੁਹਾਇੰਦਾ । ਬ੍ਰਹਮਾ ਤੇਰੀ ਚੁੱਕੇ ਕਾਣ, ਮਨਵੰਤਰ ਡੇਰਾ ਢਾਇੰਦਾ । ਵਿਸ਼ਨ ਦਰ ਹੋਇਆ ਪਰਵਾਨ, ਪ੍ਰਭ ਸਾਚਾ ਮੇਲ ਮਿਲਾਇੰਦਾ । ਜੋਤੀ ਨੂਰ ਸ੍ਰੀ ਭਗਵਾਨ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਸਗਲਾ ਸੰਗ ਆਪ ਰਖਾਇੰਦਾ । ਸਗਲਾ ਸੰਗ ਆਪ ਰਖਾਉਣਾ, ਹਰਿ ਸੰਗਤ ਬੂਝ ਬੁਝਾਇੰਦਾ । ਪਰਗਟ ਹੋ ਹੋ ਦਰਸ ਦਿਖਾਉਣਾ, ਨੈਣ ਨਿਧਾਨਾ ਆਪ ਖੁਲ੍ਹਾਇੰਦਾ । ਘਟ ਘਟ ਅੰਦਰ ਡੇਰਾ ਲਾਉਣਾ, ਜੋ ਜਨ ਚਰਨ ਧਿਆਨ ਰਖਾਇੰਦਾ । ਗੁਰਮੁਖ ਆਪਣੇ ਲੇਖੇ ਪਾਉਣਾ, ਰਾਏ ਧਰਮ ਨੇੜ ਨਾ ਆਇੰਦਾ । ਚਿਤਰ ਗੁਪਤ ਦਾ ਪੰਧ ਮੁਕਾਉਣਾ, ਅੰਤ ਹਿਸਾਬ ਨਾ ਕੋਈ ਵਖਾਇੰਦਾ । ਪਰਮਾਨੰਦ ਇਕ ਵਖਾਉਣਾ, ਨਿਜਾ ਨੰਦ ਦਰ ਸੁਹਾਇੰਦਾ । ਹਰਿ ਕਾ ਪਰਸਾਦਿ ਜਿਸ ਜਨ ਰਸਨਾ ਲਾਉਣਾ, ਆਤਮ ਰਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮਾਣ ਦਵਾਇੰਦਾ । ਚਾਰ ਵਰਨ ਤੇਰਾ ਜਸ ਗਾਣ, ਸ਼ੱਤਰੀ ਬ੍ਰਹਿਮਣ ਸ਼ੂਦਰ

੧੧੨੭
੦੮

ਵੈਸ਼ ਆਪਣੀ ਰਸਨਾ ਆਪ ਚਲਾਈਆ । ਚਾਰ ਯੁਗ ਮੰਗਣ ਦਾਤਾ ਦਾਨ, ਗੁਰਮੁਖ ਭਿਛਿਆ ਝੋਲੀ ਪਾਈਆ । ਚਾਰ ਵਰਨ ਮੰਗਣ ਚਰਨ ਧੂੜ ਅਸ਼ਨਾਨ, ਜੋ ਜਨ ਆਏ ਚਲ ਸਰਨਾਈਆ । ਕਲਜੁਗ ਜੀਵ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਸਚ ਭੰਡਾਰਾ ਝੋਲੀ ਪਾਈਆ । ਹਰਿ ਸੰਗਤ ਭੰਡਾਰੇ ਸਦਾ ਭਰਪੂਰ, ਹਰਿ ਸਾਚੇ ਆਪ ਰਖਾਵਣਾ । ਅਗਲਾ ਪੰਧ ਨਾ ਦਿਸੇ ਦੂਰ, ਕਲਜੁਗ ਪੈਂਡਾ ਆਪ ਮੁਕਾਵਣਾ । ਨਾਤਾ ਤੋੜੇ ਕੂੜੋ ਕੂੜ, ਸਾਚਾ ਮਾਰਗ ਇਕ ਵਖਾਵਣਾ । ਚਰਨ ਸਰਨ ਬਖ਼ਸ਼ੇ ਸਾਚੀ ਧੂੜ, ਮਸਤੂਆਣਾ ਆਪ ਸੁਹਾਵਣਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਆਪ ਆਪਣੀ ਗੋਦ ਉਠਾਵਣਾ । ਰਾਜ ਰਾਜਾਨਾਂ ਪਾਵੇ ਜੂੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੋਰੀ ਆਪ ਬੰਧਾਵਣਾ । ਸ਼ਬਦ ਡੋਰੀ ਹੱਥ ਕਰਤਾਰ, ਚਾਰ ਕੁੰਟ ਫਿਰਾਈਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਨੌ ਨੌ ਰੂਪ ਵਟਾਈਆ । ਕਲਜੁਗ ਜੀਆਂ ਆਈ ਹਾਰ, ਬੇੜਾ ਪਾਰ ਨਾ ਕੋਈ ਕਰਾਈਆ । ਗੁਰਮੁਖ ਵਿਰਲੇ ਉਤਰੇ ਪਾਰ, ਜਿਸ ਸਮਰਥ ਹੱਥ ਟਿਕਾਈਆ । ਜਿਸ ਜਨ ਦਰਸ਼ਨ ਕਰਿਆ ਆਏ ਚਲ ਦਵਾਰ, ਇਕੀ ਕੁਲਾਂ ਦਏ ਤਰਾਈਆ । ਨਾ ਕੋਈ ਖਾਲਸਾ ਕੱਢੇ ਬਾਹਰ, ਦੋ ਸੌ ਸੱਠ ਬਰਸ ਵਿਚਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਲਹਿਣਾ ਰਿਹਾ ਚੁਕਾਈਆ । ਇਕੀ ਕੁਲਾਂ ਹਰਿ ਦੇਵੇ ਤਾਰ, ਜੋ ਜਨ ਆਇਆ ਸਰਨਾਇਆ । ਦੂਜੀ ਬਖ਼ਸ਼ੇ ਅੰਮ੍ਰਿਤ ਧਾਰ, ਠਾਂਡਾ ਜਲ ਪਿਆਇਆ । ਤੀਜਾ ਨੈਣ ਦਏ ਉਘਾੜ, ਆਪ ਆਪਣਾ ਦਰਸ ਦਿਖਾਇਆ । ਚੌਥੇ ਪਦ ਦੇਵੇ ਵਾੜ, ਚੌਥਾ ਘਰ ਇਕ ਸੁਹਾਇਆ । ਪੰਚਮ ਮੇਟੇ ਪੰਚਮ ਧਾੜ, ਪੰਚਮ ਮੇਲਾ ਸਹਿਜ ਸੁਭਾਇਆ । ਹਰਿ ਸੰਗਤ ਫਿਰੇ ਪਿੱਛੇ ਅਗਾੜ, ਦਿਵਸ ਰੈਣ ਸੇਵ ਕਮਾਇਆ । ਆਪਣੇ ਪੌੜੇ ਫੜ ਫੜ ਦੇਵੇ ਚਾੜ੍ਹ, ਆਪ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਤੇਰਾ ਸਚ ਭੰਡਾਰ, ਵਰਤੇ ਵਰਤਾਵੇ ਵਿਚ ਸੰਸਾਰ, ਗੁਰ ਪੀਰ ਅਵਤਾਰ ਤੇਰੀ ਸੇਵਾ ਲਾਇਆ । ਹਰਿ ਸੰਗਤ ਤੇਰਾ ਸਚ ਮੁਨਾਰਾ, ਸਚ ਤਖ਼ਤ ਸੁਲਤਾਨਿਆ । ਲੋਆਂ ਪੁਰੀਆਂ ਵਸੇ ਬਾਹਰਾ, ਤੇਰਾ ਮਹੱਲ ਅਟੱਲ ਉਚ ਮਕਾਨਿਆ । ਤੇਰਾ ਘਰ ਖੁਲ੍ਹੇ ਕਿਵਾੜਾ, ਸਚਖੰਡ ਹੋਏ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਏ ਦਰ ਕਰੇ ਪਰਵਾਨਿਆ । ਆਏ ਦਰ ਦਾਸੀ ਦਾਸ, ਦਾਸੀ ਦਾਸਾ ਸੇਵ ਕਮਾਈਆ । ਨਿਝ ਘਰ ਅੰਦਰ ਰੱਖੇ ਵਾਸ, ਘਰ ਘਰ ਵਿਚ ਮੇਲ ਮਿਲਾਈਆ । ਨਿਝ ਆਤਮ ਜੋਤ ਕਰੇ ਪਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਲੇਖਾ ਜਾਣੇ ਸਵਾਸ ਸਵਾਸ, ਜੋ ਜਨ ਰਸਨਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੁਲਤਾਨ ਆਪ ਅਖਵਾਈਆ । ਸਚ ਸੁਲਤਾਨ ਹਰਿ ਮਿਹਰਵਾਨਾ, ਏਕਾ ਏਕੰਕਾਰਿਆ । ਜਨ ਭਗਤਾਂ ਬੰਨ੍ਹੇ ਭਗਤੀ ਗਾਨਾ, ਦੇਵੇ ਨਾਮ ਸ਼ਬਦ ਅਧਾਰਿਆ । ਸਤਿ ਸੰਤੋਖੀ ਧੁਰ ਫ਼ਰਮਾਣਾ, ਜਪ ਤਪ ਏਕਾ ਵੇਖ ਵਖਾ ਰਿਹਾ । ਬ੍ਰਹਮ ਮਤ ਕਰ ਪਰਧਾਨਾ, ਗੁਰਮਤ ਨਾਉਂ ਧਰਾ ਰਿਹਾ । ਮਨਮਤ ਤੇਰੀ ਚੁੱਕੀ ਕਾਨਾ, ਹਰਿ ਸੰਗਤ ਦਵਾਰੇ ਹਰਿ ਦੁਰਕਾ ਰਿਹਾ । ਗੁਰਮੁਖਾਂ ਬੰਨ੍ਹੇ ਆਪਣੀ ਹੱਥੀਂ ਗਾਨਾ, ਪੰਦਰਾਂ ਕੱਤਕ ਦਿਵਸ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾ ਲਿਆ । ਮਿਲਿਆ ਮੇਲ ਹਰਿ ਭਗਵਾਨ, ਗੁਰਮੁਖ ਵੱਡਾ ਵਡ ਵਡਿਆਈਆ ।

੧੧੨੮
੦੮

ਵਰ ਘਰ ਪਾਇਆ ਇਕ ਮਕਾਨ, ਸਾਚਾ ਮੰਦਰ ਇਕ ਸੁਹਾਈਆ । ਸਦਾ ਸੁਹੇਲਾ ਨਿਗਹਬਾਨ, ਜੁਗਾਂ ਜੁਗੰਤਰ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਹਰਿ ਸੰਗਤ ਸਾਚਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਾਨ ਬੇਪਰਵਾਹੀਆ । ਜੀਆ ਦਾਨ ਹਰਿ ਹਰਿ ਦੀਆ, ਦੀਪਕ ਦੀਪ ਜਗਾਇਆ । ਗੁਰਸਿਖ ਮੇਲੇ ਕਰ ਕਰ ਹੀਆ, ਹਰਿ ਆਪਣਾ ਰੰਗ ਰੰਗਾਇਆ । ਅੰਮ੍ਰਿਤ ਮੇਘ ਬਰਸੇ ਮੀਹਾਂ, ਸਾਚਾ ਝਿਰਨਾ ਆਪ ਝਿਰਾਇਆ । ਨਾਤਾ ਤੋੜੇ ਸਾਢੇ ਤਿੰਨ ਹੱਥ ਸੀਆਂ, ਰਵਦਾਸ ਚੁਮਾਰਾ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਨਾਉਂ ਧਰਾਇਆ । ਗੁਰਮੁਖ ਸਾਚੇ ਉਤਰੇ ਪਾਰ, ਹਰਿ ਸਤਿਗੁਰ ਪਾਰ ਕਰਾਇੰਦਾ । ਸ਼ਬਦ ਵਿਚੋਲਾ ਬਣ ਕਰਤਾਰ, ਲੋਕਮਾਤ ਮੇਲ ਮਿਲਾਇੰਦਾ । ਬਣਿਆ ਗੋਲਾ ਹਰਿ ਸੰਗਤ ਦਵਾਰ, ਨਿਰਗੁਣ ਆਪਣੀ ਸੇਵ ਕਮਾਇੰਦਾ । ਬਦਲਿਆ ਚੋਲਾ ਅਪਰ ਅਪਾਰ, ਪਾਰਬ੍ਰਹਮ ਵੇਸ ਵਟਾਇੰਦਾ । ਗੋਬਿੰਦ ਚੇਲਾ ਕਰ ਤਿਆਰ, ਸਾਚਾ ਸੰਗ ਰਖਾਇੰਦਾ । ਸੰਬਲ ਨਗਰੀ ਹੋ ਉਜਿਆਰ, ਆਪਣਾ ਦੀਪਕ ਆਪ ਜਗਾਇੰਦਾ । ਉਠੋ ਸੰਤੋ ਹੋਵੋ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇੰਦਾ । ਚਾਰੇ ਕੁੰਟ ਕੂਕੇ ਕਰੇ ਪਿਆਰ, ਪੁਰਖ ਅਬਿਨਾਸ਼ੀ ਜਾਮਾ ਪਾਇੰਦਾ । ਸ਼ਾਹ ਸੁਲਤਾਨ ਕਰੇ ਖ਼ਬਰਦਾਰ, ਵਾਲੀ ਦੋ ਜਹਾਨਾਂ ਖੇਲ ਖਿਲਾਇੰਦਾ । ਮਸਤੂਆਣਾ ਵਖਾਏ ਇਕ ਦਰਬਾਰ, ਚਰਨ ਕਵਲ ਨਾਤਾ ਬੰਧ ਬੰਧਾਇੰਦਾ । ਉਤਮ ਜਾਤਾ ਵਿਚ ਸੰਸਾਰ, ਗੁਰਮੁਖ ਤੇਰੀ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਲੋਕ ਆਪ ਸੁਣਾਇੰਦਾ । ਸਚ ਸਲੋਕ ਸਚ ਜੈਕਾਰਾ, ਪੁਰਖ ਨਿਰੰਜਣ ਆਪ ਲਗਾਇੰਦਾ । ਪਰਗਟ ਹੋਏ ਆਇਆ ਵਿਚ ਸੰਸਾਰਾ, ਆਪ ਆਪਣਾ ਮੇਲ ਧਰਾਇੰਦਾ । ਨਾ ਕੋਈ ਦੂਸਰ ਤੱਕੇ ਸਹਾਰਾ, ਇਸ਼ਟ ਦੇਵ ਨਾ ਕੋਈ ਰਖਾਇੰਦਾ । ਬਿਨ ਹਰਿ ਸੰਗਤ ਦੂਸਰ ਕਰੇ ਨਾ ਕਿਸੇ ਨਿਮਸਕਾਰਾ, ਹਰਿ ਸੰਗਤ ਅੰਦਰ ਗੁਰੂਦਵਾਰ ਆਪ ਬਣਾਇੰਦਾ । ਗੁਰ ਅਰਜਨ ਬਣਿਆ ਸਚ ਲਿਖਾਰਾ, ਰਾਮਦਾਸ ਅੰਮ੍ਰਿਤ ਤਾਲ ਸੁਹਾਇੰਦਾ । ਅਮਰਦਾਸ ਨੁਹਾਏ ਸਰ ਸਰੋਵਰ ਠੰਡੀ ਠਾਰਾ, ਕਾਇਆ ਅੰਦਰ ਵੜ ਆਪਣਾ ਪੜਦਾ ਆਪੇ ਲਾਹਿੰਦਾ । ਗੁਰਮੁਖ ਏਕਾ ਅੱਖਰ ਗਿਆ ਪੜ੍ਹ, ਸਤਿਗੁਰ ਸਾਚੀ ਵਿਦਿਆ ਆਪ ਪੜ੍ਹਾਇੰਦਾ । ਨਾਨਕ ਨਿਰਗੁਣ ਫੜਿਆ ਲੜ, ਦੂਸਰ ਓਟ ਨਾ ਕੋਈ ਜਣਾਇੰਦਾ । ਪੁਰਖ ਅਬਿਨਾਸ਼ੀ ਕਰਤਾ ਨਾ ਕੋਈ ਸੀਸ ਨਾ ਕੋਈ ਧੜ, ਸਚਖੰਡ ਦਵਾਰੇ ਬੈਠ ਡਗਮਗਾਇੰਦਾ । ਗੁਰ ਗੋਬਿੰਦ ਪੌੜੇ ਆਪੇ ਚੜ੍ਹ, ਤਖ਼ਤ ਤਾਜ ਆਪ ਸੁਹਾਇੰਦਾ । ਕਲਗੀ ਤੋੜਾ ਸੀਸ ਧਰ, ਜੋਤੀ ਜੋੜਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪ ਅਖਵਾਇੰਦਾ । ਨਿਹਕਲੰਕ ਸੂਰਬੀਰ, ਹਰਿ ਸੱਚਾ ਸ਼ਹਿਨਸ਼ਾਹ । ਪਾਰਬ੍ਰਹਮ ਵਡ ਪੀਰਨ ਪੀਰ, ਦੋ ਜਹਾਨੀ ਬਣਿਆ ਆਪ ਮਲਾਹ । ਸ਼ਬਦ ਨਿਰਾਲਾ ਮਾਰੇ ਤੀਰ, ਕਲਜੁਗ ਅੰਤਮ ਕਰੇ ਸਚ ਨਿਆਂ । ਚਾਰੋਂ ਕੁੰਟ ਪਏ ਵਹੀਰ, ਕਿਸੇ ਨਾ ਮਿਲੇ ਕੋਈ ਥਾਂ । ਨੇਤਰ ਨੀਰ ਵਹਾਇਣ ਪੀਰ, ਫਕੀਰ ਦਸਤਗੀਰ ਮੁੱਲਾਂ ਸ਼ੇਖ਼ ਮੁਸਾਇਕ ਕਰ ਜਾਇਣ ਨਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਬੇਪਰਵਾਹ । ਬੇਪਰਵਾਹ ਹਰਿ ਬੇਅੰਤ ਬੇਐਬ ਪਰਵਰਦਿਗਾਰ, ਏਕਾ ਏਕ ਏਕੰਕਾਰਿਆ । ਪੰਡਤ ਪਾਂਧੇ ਪੱਤਰੀ ਰਹੇ ਵਿਚਾਰ, ਗੌੜ ਬ੍ਰਹਿਮਣ ਪੂਤ ਸਪੂਤਾ ਦਿਸ ਨਾ ਆਇਆ । ਜੋਤ ਲਿਲਾਟੀ ਤਿਲਕ ਰਹੇ ਲਗਾ, ਜੋਤ ਨੂਰ ਨਾ ਕੋਇ ਚਮਕਾਇਆ । ਆਪਣਾ ਗ੍ਰੈਹ ਨਾ

ਸਕੇ ਕੋਈ ਕਟਾ, ਜਗਤ ਗਰੈਹ ਸਰਬ ਵਖਾ ਰਿਹਾ । ਹਰਿ ਕਾ ਭੇਵ ਨਾ ਸਕੇ ਕੋਈ ਪਾ, ਬ੍ਰਹਮਾ ਚਾਰੇ ਮੁਖ ਸਲਾਹ ਰਿਹਾ । ਚਾਰੇ ਵੇਦ ਗਏ ਗਾ, ਬੇਅੰਤ ਬੇਅੰਤ ਹਰਿ ਆਪਣਾ ਨਾਮ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਸ਼ਬਦ ਵਜਾ ਲਿਆ । ਸ਼ਬਦ ਡੰਕਾ ਹਰਿ ਹਰਿ ਨਾਦਿ, ਆਦਿ ਜੁਗਾਦਿ ਵਜਾਇੰਦਾ । ਆਪ ਸੁਣਾਏ ਵਿਚ ਬ੍ਰਹਿਮਾਦਿ, ਪਾਰਬ੍ਰਹਮ ਆਪ ਅਲ੍ਹਾਇੰਦਾ । ਸ਼ਬਦ ਜਣਾਈ ਬੋਧ ਅਗਾਧ, ਬੋਧ ਅਗਾਧ ਭੇਵ ਖੁਲ੍ਹਾਇੰਦਾ । ਗੁਰਮੁਖ ਬਣਾਏ ਸਾਚੇ ਸੰਤ ਸਾਧ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਧੁਰਦਰਗਾਹੀ ਦੇਵੇ ਸਾਚੀ ਦਾਦ, ਏਕਾ ਵਸਤ ਝੋਲੀ ਪਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਆਪ ਸੁਹਾਇਆ, ਘਰ ਸਾਚੇ ਸੋਭਾ ਪਾਈਆ । ਅਠ ਸਠ ਸਾਲ ਮੁਖ ਛੁਪਾਇਆ, ਆਪਣਾ ਘੁੰਘਟ ਨਾ ਕੋਈ ਉਠਾਈਆ । ਅਠਸਠ ਤੀਰਥ ਡੇਰਾ ਢਾਹਿਆ, ਆਪਣੀ ਵਸਤ ਆਪਣੇ ਵਿਚ ਟਿਕਾਈਆ । ਆਪਣਾ ਢੋਲਾ ਆਪੇ ਗਾਇਆ, ਸੋਹੰ ਬੋਲਾ ਇਕ ਕੁੜਮਾਈਆ । ਬਣ ਕੇ ਤੋਲਾ ਹਰਿ ਜੀ ਆਇਆ, ਵਡ ਦਾਤਾ ਬੇਪਰਵਾਹੀਆ । ਕਲਾ ਸੋਲਾਂ ਨਾ ਕੋਈ ਅਖਵਾਇਆ, ਅਕਲ ਕਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਅਠਸਠ ਸਾਲ ਹੋ ਦਿਆਲ, ਮਸਤੂਆਣੇ ਚਰਨ ਛੁਹਾਈਆ । ਅਠਸਠ ਸਾਲ ਰੱਖਿਆ ਉਹਲਾ, ਆਪਣਾ ਪੜਦਾ ਆਪੇ ਪਾਇਆ । ਸੰਤ ਮਨੀ ਸਿੰਘ ਪਾਵੇ ਰੌਲਾ, ਜੀਵ ਜੰਤ ਸੁਣਨ ਕੋਇ ਨਾ ਪਾਇਆ । ਪਾਰਬ੍ਰਹਮ ਪ੍ਰਭ ਪਰਗਟ ਹੋਇਆ ਉਪਰ ਧਵਲਾ, ਧਰਨੀ ਧਰਤ ਧਵਲ ਰਿਹਾ ਸੁਹਾਇਆ । ਜਨ ਭਗਤਾਂ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਧਾਰਾ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਵਡਿਆਇਆ । ਨਾਮ ਵਡਿਆਈ ਹਰਿ ਕਰਤਾਰ, ਦੂਸਰ ਕੋਈ ਰਹਿਣ ਨਾ ਪਾਈਆ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਆਏ ਵਾਰੋ ਵਾਰ, ਪ੍ਰਭ ਸਾਚਾ ਸੇਵਾ ਲਾਈਆ । ਕੋਟਨ ਕੋਟ ਸਨਕ ਸਨੰਦਨ ਸਨਾਤਨ ਸੰਤ ਕੁਮਾਰ, ਬਰਾਹ ਰੂਪ ਕੋਟ ਵਟਾਈਆ । ਕੋਟ ਯਗਯ ਪੁਰਖ ਹਾਵ ਗਰੀਵ ਕਰੇ ਪਿਆਰ, ਕੋਟਨ ਕੋਟ ਨਰ ਨਰਾਇਣ ਖੇਲ ਖਿਲਾਈਆ । ਕੋਟਨ ਕੋਟ ਦੱਤਾ ਤ੍ਰੈ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਜਾਈਆ । ਕੋਟਨ ਕੋਟ ਕੋਟੀ ਜੁਗ, ਜੁਗ ਜੁਗ ਆਪ ਉਪਜਾਇੰਦਾ । ਕੋਟਨ ਕੋਟ ਰੂਪ ਖੇਲੇ ਖੇਲ ਲੁਕ ਲੁਕ, ਆਪ ਆਪਣਾ ਮੁਖ ਲੋਕਾਇੰਦਾ । ਕੋਟਨ ਕੋਟ ਦਤਾ ਤ੍ਰੈ ਜਨ ਭਗਤ ਮੇਲੇ ਝੁਕ ਝੁਕ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟਨ ਕੋਟ ਕਪਲ ਮੁਨ ਨਾਉਂ ਧਰਾਇੰਦਾ । ਕੋਟਨ ਕੋਟ ਰਿਖਭ ਦੇਵ, ਕੋਟਨ ਕੋਟ ਪ੍ਰਿਥੁ ਰੂਪ ਵਟਾਈਆ । ਕੋਟਨ ਕੋਟ ਮਤਸ ਕਰਨ ਸੇਵ, ਕੋਟਨ ਕੋਟ ਕਛਪ ਬੈਠੇ ਮਿੰਦਰਾ ਪਿਠ ਉਠਾਈਆ । ਕੋਟਨ ਕੋਟ ਬਣ ਧਨਵੰਤਰ, ਆਪਣੀ ਕਿਸਮਤ ਗਏ ਜਣਾਈਆ । ਕੋਟਨ ਕੋਟ ਬਲ ਬਾਵਨ ਆਪਣਾ ਭੇਖ ਧਾਰ, ਆਪਣਾ ਰੂਪ ਵਟਾਈਆ । ਕੋਟਨ ਕੋਟ ਹੰਸਾ ਡਾਰ, ਰਲ ਸਹੰਸ ਸਹੰਸਾ ਮੁਖ ਸਲਾਹੀਆ । ਕੋਟਨ ਕੋਟ ਪ੍ਰਹਿਲਾਦਿ ਪਾਰ ਕਰ, ਨਰ ਸਿੰਘ ਵੱਜੇ ਵਧਾਈਆ । ਕੋਟਨ ਕੋਟ ਧਰੂ ਲਾਏ ਲੜ, ਨਰ ਨਰਾਇਣ ਵੱਡੀ ਵਡਿਆਈਆ । ਕੋਟਨ ਕੋਟ ਗਜ ਲਏ ਫੜ, ਕੋਟਨ ਕੋਟ ਤੰਦ ਕਟਾਈਆ ।

੧੧੩੦ ੦੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਈਆ । ਕੋਟਨ ਕੋਟ ਪਰਸਰਾਮ, ਆਪਣੀ ਕੁਲ ਉਪਜਾਇੰਦਾ । ਕੋਟਨ ਕੋਟ ਸ਼ੱਤਰੀ ਵੇਖੇ ਨਗਰ ਗਰਾਮ, ਕੋਟਨ ਕੋਟ ਬ੍ਰਹਮ ਮਿਲਾਇੰਦਾ । ਕੋਟਨ ਕੋਟ ਵੈਸ਼ ਸ਼ੂਦਰ ਲਾਏ ਤਨ ਜਾਮ, ਕੋਟਨ ਕੋਟ ਖੇਲ ਖਿਲਾਇੰਦਾ । ਕੋਟਨ ਕੋਟ ਰਾਮ ਨਾਮ ਕਰ ਪਰਨਾਮ, ਆਪ ਆਪਣਾ ਨਾਉਂ ਉਪਜਾਇੰਦਾ । ਕੋਟਨ ਕੋਟ ਸੀਤਾ ਸੁਰਤੀ ਬਣੇ ਗਿਆਨ, ਕੋਟਨ ਕੋਟ ਜਨਕ ਸਪੁੱਤਰੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇੰਦਾ । ਕੋਟਨ ਕੋਟ ਵੇਦ ਵਿਆਸ, ਪੁਰਾਨ ਅਠਾਰਾਂ ਰਹੇ ਗਾਈਆ । ਕੋਟਨ ਕੋਟ ਨਾਰਦ ਮੁਨ ਕਰ ਪਰਧਾਨ, ਸਗਲਾ ਸੰਗ ਨਿਭਾਈਆ । ਕੋਟਨ ਕੋਟ ਬ੍ਰਹਮਾ ਦੇਵੇ ਦਾਨ, ਆਪ ਆਪਣੀ ਦਇਆ ਕਮਾਈਆ । ਕੋਟਨ ਕੋਟ ਖੇਲੇ ਖੇਲ ਕ੍ਰਿਸ਼ਨ ਕਾਹਨ, ਨਾਮ ਬੰਸਰੀ ਆਪ ਵਜਾਈਆ । ਕੋਟਨ ਕੋਟ ਬੁਧ ਬਿਬੇਕੀ ਹਰਿ ਪਰਧਾਨ, ਅੰਧ ਅੰਧੇਰ ਮਿਟਾਈਆ । ਕੋਟਨ ਕੋਟ ਈਸਾ ਮੂਸਾ ਕਾਲਾ ਸੂਸਾ ਦਏ ਨਿਸ਼ਾਨ, ਏਕਾ ਨਾਅਰਾ ਦਏ ਸੁਣਾਈਆ । ਕੋਟਨ ਕੋਟ ਮੁਹੰਮਦ ਅਧਵਿਚਕਾਰੇ ਬੈਠੇ ਮੰਗਣ ਦਾਨ, ਕੋਟਨ ਕੋਟ ਨੈਨਣ ਨੈਣ ਰਹੇ ਉਠਾਈਆ । ਕੋਟਨ ਕੋਟ ਨਿਰਗੁਣ ਰੂਪ ਸ੍ਰੀ ਭਗਵਾਨ, ਨਾਨਕ ਪੰਜ ਤੱਤ ਚੋਲਾ ਰਹੇ ਹੰਢਾਈਆ । ਕੋਟਨ ਕੋਟ ਨਾਮ ਸਤਿ ਸੁਨਣ ਕਾਨ, ਕੋਟਨ ਕੋਟ ਰਸਨਾ ਜੇਹਵਾ ਰਹੇ ਗਾਈਆ । ਕੋਟਨ ਕੋਟ ਖਾਣੀ ਬਾਣੀ ਵਖਾਨ ਪਦ ਨਿਰਬਾਨ, ਕੋਟਨ ਕੋਟ ਹੁਕਮੀ ਹੁਕਮ ਸ਼ਬਦ ਜਣਾਈਆ । ਕੋਟਨ ਕੋਟ ਖੜਗ ਖੰਡਾ ਤੇਜ਼ ਕਿਰਪਾਨ, ਗੋਬਿੰਦ ਨਾਮ ਵੱਜੇ ਵਧਾਈਆ । ਕੋਟਨ ਕੋਟ ਜੀਵ ਜੰਤ ਦੇਵੇ ਜੀਆ ਦਾਨ, ਆਦਿ ਜੁਗਾਦਿ ਬੇਪਰਵਾਹੀਆ । ਸਰਬ ਜੀਆਂ ਦਾ ਇਕ ਭਗਵਾਨ, ਦੂਸਰ ਹੋਰ ਨਾ ਕੋਈ ਦਿਸਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨੌਂ ਖੰਡ ਫੋਲ ਫੁਲਾਈਆ । ਚਾਰੋਂ ਕੁੰਟ ਸੁੰਞ ਮਸਾਣ, ਸਾਚਾ ਛਤਰ ਨਾ ਕੋਈ ਝੁਲਾਈਆ । ਸਾਧ ਸੰਤ ਦਰ ਦਰ ਘਰ ਘਰ ਵੱਢੀ ਖਾਣ, ਹਰਿ ਕਾ ਨਾਮ ਵੇਚਣ ਥਾਉਂ ਥਾਈਂਆ । ਬਰਨ ਵਰਨ ਬੈਠੇ ਖੋਲ੍ਹ ਦੁਕਾਨ, ਗੁਰ ਦਰ ਮੰਦਰ ਮਸਜਿਦ ਨਾ ਕੋਈ ਸਹਾਈਆ । ਏਕਾ ਭੁੱਲਿਆ ਹਰਿ ਭਗਵਾਨ, ਦੂਈ ਦਵੈਤੀ ਵੰਡ ਵੰਡਾਈਆ । ਸਤਿਗੁਰ ਨਾਨਕ ਇਕ ਮਿਹਰਵਾਨ, ਏਕਾ ਸਿਖਿਆ ਗਿਆ ਸਮਝਾਈਆ । ਚਾਰ ਵਰਨ ਏਕਾ ਰੰਗ ਸਮਾਨ, ਦੂਜਾ ਰੰਗ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਬਖ਼ਸ਼ੇ ਸਚ ਸੱਚੀ ਸਰਨਾਈਆ । ਹਰਿ ਸੰਗਤ ਸਚ ਸਰਨਾਇਆ, ਚਾਰ ਵਰਨ ਵੱਜੇ ਵਧਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਇਆ, ਹਿੰਦੂ ਮੁਸਲਮ ਸਿਖ ਈਸਾਈ ਏਕਾ ਧਾਮ ਸੁਹਾਈਆ । ਏਕਾ ਮੰਤਰ ਨਾਮ ਦ੍ਰਿੜਾਇਆ, ਏਕਾ ਕਲਮਾ ਆਪ ਪੜ੍ਹਾਈਆ । ਏਕਾ ਸਾਚਾ ਮਾਰਗ ਲਾਇਆ, ਏਕਾ ਪੰਥ ਵਖਾਈਆ । ਏਕਾ ਇਸ਼ਟ ਹਰਿ ਮਨਾਇਆ, ਗੁਰੂ ਗ੍ਰੰਥ ਦਏ ਗਵਾਹੀਆ । ਸਾਚਾ ਸਾਲਸ ਆਪ ਅਖਵਾਇਆ, ਸ਼ਬਦ ਵਿਚੋਲਾ ਬੇਪਰਵਾਹੀਆ । ਚਾਰ ਵਰਨ ਖਾਲਸ ਖਾਲਸਾ ਦਏ ਜਣਾਇਆ, ਵੀਹ ਸੌ ਵੀਹ ਬਿਕ੍ਰਮੀ ਰਾਹ ਤਕਾਈਆ । ਜਗਤ ਤ੍ਰਿਸਨਾ ਰੋਗ ਦਏ ਗਵਾਇਆ, ਹਉਮੇ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਸਾਚੇ ਸੋਭਾ ਪਾਈਆ । ਘਰ ਸੁਭਾਗਾ ਸੋਹਿਆ ਦਰ, ਹਰਿ ਸੰਗਤ ਵਡ ਵਡਿਆਇੰਦਾ । ਲੇਖੇ ਲੱਗਾ ਨਾਰੀ ਨਰ ਜੋ ਜਨ ਸਰਨਾਈ ਆਇੰਦਾ । ਪੂਰਬ ਕਰਮ ਗਏ ਹਰ ਪਿਛਲਾ ਲੇਖਾ ਆਪ ਚੁਕਾਇੰਦਾ । ਧਰਮ ਰਾਏ ਦਾ ਚੁੱਕਿਆ ਡਰ, ਲੱਖ ਚੁਰਾਸੀ ਪੰਧ ਕਟਾਇੰਦਾ । ਆਪ ਬੰਨ੍ਹਾਏ ਆਪਣੇ ਲੜ,

ਆਪਣਾ ਸਗਨ ਮਨਾਇੰਦਾ । ਏਕਾ ਅੱਖਰ ਲੈਣਾ ਪੜ੍ਹ, ਸਤਿਗੁਰ ਸਾਚਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਾਚੀ ਦਿਤਾ ਵਰ, ਇਕ ਨਰੇਲ ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਭੇਟ ਚੜ੍ਹਾਇੰਦਾ । ਇਕ ਨਰੇਲ ਨਰੇਲ ਨਾਰੀਅਲ, ਨਰ ਹਰਿ ਆਪ ਉਪਾਇਆ । ਹਰਿ ਸੰਗਤ ਸਾਚੀ ਭਾਲੀਅਨ, ਗੁਰਮੁਖ ਸਾਚੇ ਮੇਲ ਮਿਲਾਇਆ । ਦਰ ਘਰ ਸਾਚੇ ਚੜ੍ਹੇ ਲਾਲੀਅਨ, ਲਾਲ ਲਾਲਨ ਰੰਗ ਰੰਗਾਇਆ । ਧੁਰ ਦਰਗਾਹੀ ਸਾਚਾ ਮਾਲੀਅਨ, ਏਕਾ ਮਾਲਕ ਬਣਕੇ ਆਇਆ । ਜਗੀ ਜੋਤ ਇਕ ਅਕਾਲੀਅਨ, ਅਕਲ ਕਲਾ ਆਪ ਅਖਵਾਇਆ । ਸਾਚਾ ਮੰਦਰ ਧਰਮ ਸਾਲੀਅਨ, ਧਰਮ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਫੜਾਏ ਸਾਚਾ ਲੜ, ਨਾਮ ਪੱਲੂ ਇਕ ਫੜਾਇਆ । ਨਾਮ ਪੱਲੂ ਸਾਚੀ ਡੋਰ, ਹਰਿ ਸੰਗਤ ਹੱਥ ਫੜਾਈਆ । ਸੰਮਤ ਸੰਮਤੀ ਰਿਹਾ ਤੋਰ, ਤੋਰ ਮੋਰ ਚੁਕਾਈਆ । ਦਰਸ ਦਿਖਾਏ ਵਿਚ ਅੰਧ ਘੋਰ, ਅੰਧ ਅੰਧੇਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਭੰਡਾਰਾ ਗੁਰ ਕਰਤਾਰਾ, ਹਰਿ ਨਿਰੰਕਾਰਾ ਨਿਰਗੁਣ ਆਪਣਾ ਆਪ ਵਰਤਾਈਆ । ਨਾਮ ਭੰਡਾਰ ਨਿਰਗੁਣ ਧਾਰ, ਗੁਰਸਿਖਾਂ ਆਪ ਵਰਤਾਈਆ । ਗੁਰਮੁਖ ਮੇਲਾ ਮੀਤ ਮੁਰਾਰ, ਘਰ ਸਾਚੇ ਵੱਜੇ ਵਧਾਈਆ । ਹਰਿ ਸੰਗਤ ਸੁਹਾਇਆ ਬੰਕ ਦਵਾਰ, ਟੇਢੀ ਬੰਕ ਪਾਰ ਕਰਾਈਆ । ਘਾੜਨ ਘੜਿਆ ਵਿਚ ਸੰਸਾਰ, ਕੰਚਨ ਗੜ੍ਹ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਪੰਦਰਾਂ ਕੱਤਕ ਸੁਹਾਏ ਦਰ, ਮਸਤੂਆਣੇ ਚਰਨ ਛੁਹਾਈਆ । ਚਰਨ ਛੁਹਾਇਆ ਗੁਰ ਗੋਪਾਲ, ਗੋਬਿੰਦ ਰੰਗ ਰੰਗਾਇਆ । ਸ਼ਬਦ ਸਰੂਪੀ ਬਣ ਦਲਾਲ, ਹਰਿ ਸਤਿਗੁਰ ਰੂਪ ਵਟਾਇਆ । ਜੁਗਾਂ ਜੁਗਾਂ ਦੇ ਵਿਛੜੇ ਲਏ ਉਠਾਲ, ਆਪ ਆਪਣਾ ਮੇਲ ਮਿਲਾਇਆ । ਸੁਹਾਇਆ ਦਰ ਸੱਚੀ ਧਰਮਸਾਲ, ਦਰ ਮੰਦਰ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਤ ਪਰਸਾਦਿ ਦਏ ਵਰਤਾਇਆ । ਸੀਤ ਪਰਸਾਦਿ ਪੁਰਖ ਅਕਾਲ, ਆਪਣਾ ਆਪ ਵਖਾਈਆ । ਗੁਰਮੁਖ ਬਣਾਏ ਸਾਚੇ ਲਾਲ, ਬਾਲ ਨਿਮਾਣੇ ਗੋਦ ਉਠਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਸੰਤ ਮਨੀ ਸਿੰਘ ਘਾਲੀ ਘਾਲ, ਹਰਿ ਸੰਗਤ ਫਲ ਖੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਢੇ ਤਿੰਨ ਸਾਲ ਬੰਦੀਖਾਨੇ ਕੀਤਾ ਬੰਦ, ਦਰ ਗੁਰਸਿਖਾਂ ਸਾਢੇ ਤਿੰਨ ਹੱਥ ਮੂਲ ਚੁਕਾਈਆ । ਸਾਢੇ ਤਿੰਨ ਹੱਥ ਚੁਕਿਆ ਮੂਲ, ਹਰਿ ਸਾਚਾ ਆਪ ਚੁਕਾਇੰਦਾ । ਪੁਰਖ ਅਬਿਨਾਸ਼ੀ ਹਰਿ ਸੰਗਤ ਉਤੇ ਬਰਸਾਉਣ ਆਇਆ ਫੂਲ, ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਇੰਦਾ । ਆਪੇ ਤੁੱਠਾ ਕੰਤ ਕੰਤੂਹਲ, ਗੁਰਸਿਖ ਕਵਾਰੀ ਕੰਨਿਆ ਆਪ ਪਰਨਾਇੰਦਾ । ਕਲਜੁਗ ਤ੍ਰੇਤਾ ਦੁਆਪਰ ਸਤਿਜੁਗ ਨਾ ਜਾਏ ਭੁਲ, ਭਰਮ ਭੁਲੇਖਾ ਸ੍ਰਿਸ਼ਟ ਸਬਾਈ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਤੇਰਾ ਗੁਰ ਪਰਸਾਦਿ ਹਰਿ ਸਾਚਾ ਆਪ ਵਰਤਾਇੰਦਾ । ਗੁਰ ਪਰਸਾਦੀ ਗੁਰ ਗੁਰ ਭਿਛਿਆ, ਗੁਰ ਕਿਰਪਾ ਕਰੀ ਅਪਾਰ । ਗੁਰ ਕਿਰਪਾ ਹਰਿ ਦਰ ਲੁਝਿਆ, ਪਾਇਆ ਪੁਰਖ ਅਗੰਮ ਅਪਾਰ । ਹਰਿ ਕਿਰਪਾ ਭੇਵ ਖੁਲ੍ਹਾਇਆ ਗੁਝਿਆ, ਡੂੰਘੀ ਕੰਦਰ ਹੋ ਉਜਿਆਰ । ਹਰਿ ਸੰਗਤ ਕਲਜੁਗ ਅੰਤਮ ਸਚ ਦਰਬਾਰਾ ਏਕਾ ਬੁਝਿਆ, ਨਾਤਾ ਜੁੜਿਆ ਨਿਹਕਲੰਕ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਜਾਣੇ ਸਰਬ ਸੰਸਾਰ । ਸੀਤ ਪਰਸਾਦਿ ਲਾਵਣਾ ਮੁੱਖ, ਮੁਖੀ ਮੁੱਖ ਸਲਾਹਿੰਦਾ । ਸੁਫ਼ਲ ਕਰਾਏ ਮਾਤ ਕੁੱਖ, ਉਲਟਾ ਗੇੜ ਕਟਾਇੰਦਾ । ਹਰਿਆ ਬੂਟਾ ਨਾ ਜਾਏ ਸੁੱਕ, ਆਪੇ ਹਰਾ ਵਖਾਇੰਦਾ । ਉਜਲ ਕਰੇ ਮਾਤ ਮੁੱਖ, ਸਿਰ ਆਪਣਾ ਹੱਥ ਰਖਾਇੰਦਾ । ਜਗਤ ਤ੍ਰਿਸਨਾ ਮੇਟੇ ਦੁੱਖ, ਸਾਚਾ ਸੁਖ ਇਕ ਉਪਜਾਇੰਦਾ । ਪੁਰਖ ਅਬਿਨਾਸ਼ੀ ਨਾ ਮਾਨੁਸ ਨਾ ਮਨੁੱਖ, ਹਰ ਘਟ ਅੰਦਰ ਡੇਰਾ ਲਾਇੰਦਾ । ਪੰਦਰਾਂ ਸਾਲ ਕਰਿਆ ਖੇਲ ਲੁਕ ਲੁਕ, ਸਾਲ ਸੋਲਵੇਂ ਜੋਤ ਜਗਾਇੰਦਾ । ਹਰਿ ਸੰਗਤ ਅੱਗੇ ਗਿਆ ਝੁਕ, ਆਪ ਆਪਣਾ ਸੀਸ ਝੁਕਾਇੰਦਾ । ਕਲਜੁਗ ਵਿਦਿਆ ਲੇਖਾ ਰਿਹਾ ਮੁੱਕ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਆਪਣੀ ਬੁਝਾਏ ਤ੍ਰਿਸਨਾ ਭੁੱਖ, ਗੁਰ ਸੰਗਤ ਤੇਰਾ ਭੰਡਾਰਾ ਆਪਣੀ ਝੋਲੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਕੰਤ ਜੁਗਾਂ ਜੁਗੰਤ, ਆਦਿ ਅੰਤ ਏਕਾ ਰੰਗ ਰੰਗਾਇੰਦਾ ।

### ✪ ੧੬ ਕੱਤਕ ੨੦੧੬ ਬਿਕ੍ਰਮੀ ਤ੍ਰਲੋਕ ਸਿੰਘ ਦੇ ਘਰ ਸਨਾਮ ਸ਼ਹਿਰ ✪

ਸਤਿਗੁਰ ਪੂਰਾ ਹਰਿ ਮਿਹਰਵਾਨ, ਏਕਾ ਏਕ ਏਕੰਕਾਰਿਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਨਿਰਗੁਣ ਜੋਤ ਨੂਰ ਉਜਿਆਰਿਆ । ਸਤਿਗੁਰ ਪੂਰਾ ਖੇਲ ਮਹਾਨ, ਆਪ ਆਪਣਾ ਵੇਸ ਵਟਾ ਰਿਹਾ । ਸਤਿਗੁਰ ਪੂਰਾ ਹੋ ਪਰਧਾਨ, ਆਪ ਆਪਣਾ ਨਾਉਂ ਉਪਾ ਰਿਹਾ । ਸਤਿਗੁਰ ਪੂਰਾ ਸਚ ਨਿਸ਼ਾਨ, ਸ਼ਬਦ ਨਿਸ਼ਾਨਾ ਹੱਥ ਉਠਾ ਰਿਹਾ । ਸਤਿਗੁਰ ਪੂਰਾ ਵਾਲੀ ਦੋ ਜਹਾਨ, ਲੋਆਂ ਪੁਰੀਆਂ ਵੇਖ ਵਖਾ ਰਿਹਾ । ਸਤਿਗੁਰ ਪੂਰਾ ਸਾਚਾ ਰਾਮ, ਰਾਮ ਨਾਮ ਆਪ ਜਪਾ ਰਿਹਾ । ਸਤਿਗੁਰ ਪੂਰਾ ਸਾਚਾ ਕਾਹਨ, ਸਾਚੀ ਬੰਸਰੀ ਨਾਮ ਵਜਾ ਰਿਹਾ । ਸਤਿਗੁਰ ਪੂਰਾ ਬੋਧ ਗਿਆਨ, ਅੰਤਰ ਧਿਆਨ ਆਪ ਲਗਾ ਰਿਹਾ । ਸਤਿਗੁਰ ਪੂਰਾ ਸਾਚੀ ਮਾਨ, ਕਲਮਾ ਨਬੀ ਆਪ ਪੜ੍ਹਾ ਰਿਹਾ । ਸਤਿਗੁਰ ਪੂਰਾ ਗੁਣ ਨਿਧਾਨ, ਨੂਰ ਅਲਾਹੀ ਸੰਗ ਨਿਭਾ ਰਿਹਾ । ਸਤਿਗੁਰ ਪੂਰਾ ਵਡ ਬਲਵਾਨ, ਸਾਚਾ ਡੰਕਾ ਆਪ ਵਜਾ ਰਿਹਾ । ਸਤਿਗੁਰ ਪੂਰਾ ਜਾਣੀ ਜਾਣ, ਨਿਰਗੁਣ ਧਾਰਾ ਨਾਨਕ ਗੁਰ ਆਪ ਚਲਾ ਰਿਹਾ । ਸਤਿਗੁਰ ਪੂਰਾ ਸ਼ਬਦ ਬਬਾਨ, ਆਪ ਆਪਣਾ ਆਪ ਉਡਾ ਰਿਹਾ । ਸਤਿਗੁਰ ਪੂਰਾ ਖੇਲ ਮਹਾਨ, ਜੋਤੀ ਨੂਰ ਨੂਰ ਡਗਮਗਾ ਰਿਹਾ । ਸਤਿਗੁਰ ਪੂਰਾ ਪਾਏ ਸਾਚੀ ਆਣ, ਗੁਰ ਗੋਬਿੰਦ ਸੇਵਾ ਲਾ ਰਿਹਾ । ਸਤਿਗੁਰ ਪੂਰਾ ਵਸੇ ਸਚ ਮਕਾਨ, ਥਿਰ ਘਰ ਸਾਚੇ ਆਸਣ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾ ਰਿਹਾ । ਸਤਿਗੁਰ ਪੂਰਾ ਏਕੰਕਾਰ, ਅਕਲ ਕਲਾ ਅਖਵਾਈਆ । ਸਤਿਗੁਰ ਪੂਰਾ ਨਿਰਗੁਣ ਧਾਰ, ਜੋਤੀ ਨੂਰ ਨੂਰ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਸ਼ਬਦ ਭੰਡਾਰ, ਸ਼ਬਦ ਭੰਡਾਰਾ ਇਕ ਰਖਾਈਆ । ਸਤਿਗੁਰ ਪੂਰਾ ਮੀਤ ਮੁਰਾਰ, ਸਗਲਾ ਸੰਗ ਨਿਭਾਈਆ । ਸਤਿਗੁਰ ਪੂਰਾ ਖੇਲੇ ਖੇਲ ਵਿਚ ਸੰਸਾਰ, ਬ੍ਰਹਿਮੰਡ ਖੰਡ ਫੇਰਾ ਪਾਈਆ । ਸਤਿਗੁਰ ਪੂਰਾ ਨਿਰਾਕਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਤਿਗੁਰ ਪੂਰਾ ਕਰੇ ਬ੍ਰਹਮ ਵਿਚਾਰ, ਪਾਰਬ੍ਰਹਮ ਆਪ ਅਖਵਾਈਆ । ਸਤਿਗੁਰ ਪੂਰਾ ਵਰਨ ਬਰਨ ਤੇ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਜਣਾਈਆ । ਸਤਿਗੁਰ ਪੂਰਾ ਕਰਨੀ ਕਰਨ ਆਪ ਕਰਤਾਰ, ਕਰਤਾ ਪੁਰਖ ਨਾਉਂ

ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਦੀਨ ਦਿਆਲ, ਪੁਰਖ ਅਬਿਨਾਸ਼ੀ ਖੇਲ ਅਪਾਰਿਆ । ਸਤਿਗੁਰ ਪੂਰਾ ਕਰੇ ਪ੍ਰਿਤਪਾਲ, ਖੇਲੇ ਖੇਲ ਪ੍ਰਿਥਮੀ ਅਕਾਸਿਆ । ਸਤਿਗੁਰ ਪੂਰਾ ਦੇਵੇ ਨਾਮ ਸੱਚਾ ਧਨ ਮਾਲ, ਨਿਰਗੁਣ ਦੀਪਕ ਜੋਤ ਕਰੇ ਪ੍ਰਕਾਸਿਆ । ਸਤਿਗੁਰ ਪੂਰਾ ਹਰਿ ਸੰਤ ਸੁਹੇਲੇ ਆਪ ਉਠਾਏ ਸਾਚੇ ਲਾਲ, ਚਰਨ ਕਵਲ ਬਖ਼ਸ਼ੇ ਸਚ ਭਰਵਾਸਿਆ । ਸਤਿਗੁਰ ਪੂਰਾ ਬਣੇ ਦਲਾਲ, ਹਰਿਜਨ ਕਰੇ ਬੰਦ ਖਲਾਸਿਆ । ਸਤਿਗੁਰ ਪੂਰਾ ਸਾਚੀ ਘਾਲਣ ਰਿਹਾ ਘਾਲ, ਮੰਡਲ ਮੰਡਪ ਪਾਵੇ ਰਾਸਿਆ । ਸਤਿਗੁਰ ਪੂਰਾ ਆਦਿ ਜੁਗਾਦੀ ਇਕ ਅਵਤਾਰ, ਰੂਪ ਅਨੂਪ ਸ਼ਾਹੋ ਸ਼ਬਾਸਿਆ । ਸਤਿਗੁਰ ਪੂਰਾ ਜੋਤ ਨਿਰੰਕਾਰ, ਸਚਖੰਡ ਸਾਚਾ ਰੱਖੇ ਵਾਸਿਆ । ਸਤਿਗੁਰ ਪੂਰਾ ਖੇਲ ਅਪਾਰ, ਖੇਲੇ ਖੇਲ ਬਹੁ ਬਿਧ ਭਾਤਿਆ । ਸਤਿਗੁਰ ਪੂਰਾ ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਖੇਲੇ ਖੇਲ ਤਮਾਸਿਆ । ਸਤਿਗੁਰ ਪੂਰਾ ਹਰਿ ਦਾਤਾਰ, ਆਦਿ ਜੁਗਾਦਿ ਨਾ ਕਦੇ ਵਨਾਸਿਆ । ਸਤਿਗੁਰ ਪੂਰਾ ਵਡ ਬਲਕਾਰ, ਆਪ ਆਪਣਾ ਬਲ ਧਰਾਸਿਆ । ਸਤਿਗੁਰ ਪੂਰਾ ਨਾਮ ਖੰਡਾ ਫੜੇ ਤੇਜ਼ ਕਟਾਰ, ਚੰਡ ਪਰਚੰਡ ਇਕ ਚਮਕਾਸਿਆ । ਸਤਿਗੁਰ ਪੂਰਾ ਬ੍ਰਹਮਾ ਵਿਸ਼ਨ ਸ਼ਿਵ ਲਏ ਉਭਾਰ, ਸੇਵਾ ਲਾਏ ਸੇਵਕ ਦਾਰ, ਆਪ ਆਪਣੀ ਰਚਨ ਰਚਾਸਿਆ । ਸਤਿਗੁਰ ਪੂਰਾ ਤ੍ਰੈਗੁਣ ਮਾਇਆ ਦਏ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰ ਘਟ ਵਾਸਿਆ । ਸਤਿਗੁਰ ਪੂਰਾ ਸ਼ਾਹ ਸੁਲਤਾਨ, ਹਰਿ ਸੱਜਣ ਵਡ ਵਡਿਆਈਆ । ਸਤਿਗੁਰ ਪੂਰਾ ਗੁਣ ਨਿਧਾਨ, ਗੁਰਮੁਖ ਦੇਵੇ ਵਡ ਵਡਿਆਈਆ । ਸਤਿਗੁਰ ਪੂਰਾ ਚਤੁਰ ਸੁਜਾਨ, ਗੁਰਸਿਖ ਸਾਚੇ ਲਏ ਤਰਾਈਆ । ਸਤਿਗੁਰ ਪੂਰਾ ਨਿਗਹਬਾਨ, ਸੰਤ ਸਾਜਣ ਮੇਲ ਮਿਲਾਈਆ । ਸਤਿਗੁਰ ਪੂਰਾ ਚੁਕਾਏ ਕਾਨ, ਭਗਤਨ ਭਗਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਸਤਿਗੁਰ ਦਾਤਾ ਗਹਿਰ ਗੰਭੀਰ, ਏਕਾ ਰੰਗ ਸਮਾਇਆ । ਸਤਿਗੁਰ ਪੂਰਾ ਠਾਂਡਾ ਸੀਰ, ਤੱਤਵ ਤੱਤ ਨਾ ਕੋਇ ਜਣਾਇਆ । ਸਤਿਗੁਰ ਪੂਰਾ ਨਿਰਮਲ ਨੀਰ, ਅੰਮ੍ਰਿਤ ਆਤਮ ਜਾਮ ਪਿਆਇਆ । ਸਤਿਗੁਰ ਪੂਰਾ ਬਖ਼ਸ਼ੇ ਧੀਰ, ਸਤਿ ਸੰਤੋਖੀ ਗਿਆਨ ਦ੍ਰਿੜਾਇਆ । ਸਤਿਗੁਰ ਪੂਰਾ ਮਾਰੇ ਤੀਰ, ਤੀਰ ਅਣਿਆਲਾ ਇਕ ਚਲਾਇਆ । ਸਤਿਗੁਰ ਪੂਰਾ ਬਜਰ ਕਪਾਟੀ ਦੇਵੇ ਚੀਰ, ਹਉਮੇ ਹੰਗਤਾ ਗੜ੍ਹ ਤੁੜਾਇਆ । ਸਤਿਗੁਰ ਪੂਰਾ ਦੂਈ ਦਵੈਤੀ ਕੱਢੇ ਪੀੜ, ਮਾਇਆ ਮਮਤਾ ਮੇਟ ਮਿਟਾਇਆ । ਸਤਿਗੁਰ ਪੂਰਾ ਲੱਖ ਚੁਰਾਸੀ ਕੱਟੇ ਜ਼ੰਜੀਰ, ਰਾਏ ਧਰਮ ਫੰਦ ਕਟਾਇਆ । ਸਤਿਗੁਰ ਪੂਰਾ ਚੋਟੀ ਚਾੜ੍ਹੇ ਇਕ ਅਖ਼ੀਰ, ਦਰਗਹਿ ਸਾਚੀ ਧਾਮ ਸੁਹਾਇਆ । ਸਤਿਗੁਰ ਪੂਰਾ ਲੇਖਾ ਜਾਣੇ ਸਾਧ ਸੰਤ ਫਕੀਰ, ਔਲੀਆ ਮੁੱਲਾਂ ਸ਼ੇਖ਼ ਮੁਸਾਇਕ ਆਪੇ ਵੇਖ ਵਖਾਇਆ । ਸਤਿਗੁਰ ਪੂਰਾ ਸ਼ਾਹ ਫਕੀਰ, ਨੀਚੋ ਨੀਚ ਨੀਚਾਂ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਇਕ ਅਖਵਾਇਆ । ਸਤਿਗੁਰ ਪੂਰਾ ਸਤਿ ਸਰੂਪ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿਗੁਰ ਸਾਚਾ ਸੱਚਾ ਸਵਲ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਗੁਰ ਪੂਰਾ ਵੇਖੇ ਸਾਚੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਸਤਿਗੁਰ ਸੱਚਾ ਆਪੇ ਜਾਏ ਤੁਠ, ਆਪ ਆਪਣੀ ਕਿਰਪਾ ਧਾਰਿਆ । ਸਤਿਗੁਰ ਸੱਚਾ ਜਾਮ ਪਿਆਏ ਏਕਾ ਘੁੱਟ, ਅੰਮ੍ਰਿਤ ਭਰੇ ਨਾਮ ਭੰਡਾਰਿਆ । ਸਤਿਗੁਰ ਪੂਰਾ ਜਗਤ ਕੁਕਰਮਾਂ ਜੜ੍ਹ ਦੇਵੇ ਪੁੱਟ, ਹਰਿਜਨ ਸਾਚੇ ਲਾਏ ਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਖੇਲ ਖਿਲਾ

ਰਿਹਾ । ਸਤਿਗੁਰ ਪੂਰਾ ਅਗੰਮ ਅਥਾਹ, ਬੇਪਰਵਾਹ ਅਖਵਾਇੰਦਾ । ਸਤਿਗੁਰ ਪੂਰਾ ਬਣ ਮਲਾਹ, ਜੁਗ ਜੁਗ ਵੇਸ ਵਟਾਇੰਦਾ । ਸਤਿਗੁਰ ਪੂਰਾ ਜਨ ਭਗਤਾਂ ਦੇਵੇ ਨਾਮ ਸਲਾਹ, ਸਾਚੇ ਮਾਰਗ ਆਪੇ ਲਾਇੰਦਾ । ਸਤਿਗੁਰ ਪੂਰਾ ਗੁਰਮੁਖਾਂ ਪਕੜੇ ਆਪੇ ਬਾਂਹ, ਆਪਣਾ ਪੱਲਾ ਆਪ ਫੜਾਇੰਦਾ । ਸਤਿਗੁਰ ਪੂਰਾ ਗੁਰਸਿਖਾਂ ਦੇਵੇ ਸਦਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਪੂਰਾ ਦੋ ਜਹਾਨਾਂ ਕਰੇ ਸਚ ਨਿਆਂ, ਦਰ ਘਰ ਸਾਚਾ ਇਕ ਸੁਹਾਇੰਦਾ । ਸਤਿਗੁਰ ਪੂਰਾ ਫੜ ਫੜ ਹੰਸ ਬਣਾਏ ਕਾਂ, ਸੋਹੰ ਸਾਚੀ ਚੋਗ ਚੁਗਾਇੰਦਾ । ਸਤਿਗੁਰ ਪੂਰਾ ਆਪੇ ਬਣੇ ਪਿਤਾ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠਾਇੰਦਾ । ਸਤਿਗੁਰ ਪੂਰਾ ਆਪ ਵਖਾਏ ਸਾਚਾ ਨਗਰ ਗਰਾਂ, ਥਿਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਸਤਿਗੁਰ ਪੂਰਾ ਚਾੜ੍ਹੇ ਰੰਗ, ਹਰਿ ਸਤਿਗੁਰ ਵਡ ਵਡਿਆਈਆ । ਸਤਿਗੁਰ ਦਾਤਾ ਸੂਰਾ ਸਰਬੰਗ, ਬੇਅੰਤ ਬੇਅੰਤ ਬੇਅੰਤ ਆਪ ਅਖਵਾਈਆ । ਸਤਿਗੁਰ ਪੂਰਾ ਹਰਿਜਨ ਸਾਚੇ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਸਤਿਗੁਰ ਪੂਰਾ ਸਾਚੀ ਸੇਜ ਸਚ ਪਲੰਘ, ਹਰਿਜਨ ਆਤਮ ਡੇਰਾ ਲਾਈਆ । ਸਤਿਗੁਰ ਪੂਰਾ ਸਾਚਾ ਨਾਮ ਤਨ ਪਹਿਨਾਏ ਸਾਚੀ ਵੰਗ, ਕੰਚਣ ਗੜ੍ਹ ਆਪ ਸੁਹਾਈਆ । ਸਤਿਗੁਰ ਪੂਰਾ ਸ਼ਬਦ ਡੋਰੀ ਬੰਨ੍ਹੇ ਤੰਦ, ਨਾ ਕੋਈ ਤੋੜੇ ਤੋੜ ਤੁੜਾਈਆ । ਸਤਿਗੁਰ ਪੂਰਾ ਆਪ ਸੁਣਾਏ ਸੁਹਾਗੀ ਛੰਦ, ਅਨਹਦ ਸਾਚਾ ਰਾਗ ਉਪਜਾਈਆ । ਸਤਿਗੁਰ ਪੂਰਾ ਇਕ ਵਖਾਏ ਸਾਚਾ ਚੰਦ, ਅਗਿਆਨ ਅੰਧੇਰ ਦਏ ਮਿਟਾਈਆ । ਸਤਿਗੁਰ ਪੂਰਾ ਆਪ ਸਮਾਏ ਪਰਮਾਨੰਦ, ਨਿਜਾਨੰਦ ਆਪ ਵਖਾਈਆ । ਸਤਿਗੁਰ ਪੂਰਾ ਗੁਰਸਿਖਾਂ ਕਰੇ ਖ਼ੁਸ਼ੀ ਬੰਦ ਬੰਦ, ਚਿੰਤਾ ਰੋਗ ਸੋਗ ਰਹਿਣ ਨਾ ਪਾਈਆ । ਸਤਿਗੁਰ ਪੂਰਾ ਵੇਖਣਹਾਰਾ ਭਰਮਾਂ ਕੰਧ, ਹਉਮੇ ਗੜ੍ਹ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਹਰਿ ਨਰ ਦਾਤਾ, ਦੂਸਰ ਕੋਇ ਨਜ਼ਰ ਨਾ ਆਇੰਦਾ । ਸਤਿਗੁਰ ਪੂਰਾ ਸਰਬ ਕਲਾ ਸਮਰਾਥਾ, ਨਿਰਗੁਣ ਨੂਰ ਡਗਮਗਾਇੰਦਾ । ਸਤਿਗੁਰ ਪੂਰਾ ਜੁਗਾ ਜੁਗੰਤਰ ਜਾਣੇ ਆਪਣੀ ਗਾਥਾ, ਆਪ ਆਪਣਾ ਨਾਉਂ ਚਲਾਇੰਦਾ । ਸਤਿਗੁਰ ਪੂਰਾ ਲੱਖ ਚੁਰਾਸੀ ਆਪ ਚਲਾਏ ਆਪਣਾ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਸਤਿਗੁਰ ਪੂਰਾ ਆਪ ਜਾਣੇ ਪੂਜਾ ਪਾਠਾ, ਏਕਾ ਮੰਤਰ ਨਾਮ ਆਪ ਦ੍ਰਿੜਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਤੀਰਥ ਸਰੋਵਰ ਅਠਸਾਠਾ, ਆਪ ਆਪਣੀ ਰਚਨ ਰਚਾਇੰਦਾ । ਸਤਿਗੁਰ ਪੂਰਾ ਜਨ ਭਗਤ ਦਵਾਰੇ ਫਿਰੇ ਨਾਠਾ, ਨਿਤ ਨਵਿਤ ਵੇਸ ਵਟਾਇੰਦਾ । ਸਤਿਗੁਰ ਪੂਰਾ ਇਕ ਖੁਲ੍ਹਾਏ ਸਾਚਾ ਹਾਟਾ, ਏਕਾ ਨਾਮ ਵਿਕਾਇੰਦਾ । ਸਤਿਗੁਰ ਪੂਰਾ ਅੰਮ੍ਰਿਤ ਦੇਵੇ ਸਾਚਾ ਬਾਟਾ, ਨਿਝਰ ਧਾਰਾ ਮੁਖ ਚੁਆਇੰਦਾ । ਸਤਿਗੁਰ ਪੂਰਾ ਆਪ ਸੁਹਾਏ ਸਾਚੀ ਖਾਟਾ, ਸਚ ਸਿੰਘਾਸਣ ਆਪ ਵਿਛਾਇੰਦਾ । ਸਤਿਗੁਰ ਪੂਰਾ ਨਿਰਗੁਣ ਜੋਤ ਜਗਾਏ ਲਲਾਟਾ, ਪਰਕਾਸ਼ ਪਰਕਾਸ਼ ਧਰਾਇੰਦਾ । ਸਤਿਗੁਰ ਪੂਰਾ ਨੇੜੇ ਕਰੇ ਵਾਟਾ, ਅਗਲਾ ਪੰਧ ਮੁਕਾਇੰਦਾ । ਸਤਿਗੁਰ ਪੂਰਾ ਪਿਛਲਾ ਪੂਰਾ ਕਰੇ ਘਾਟਾ, ਲੇਖਾ ਲੇਖੇ ਵਿਚ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਸਤਿਗੁਰ ਪੂਰਾ ਲੇਖਾ ਜਾਣੇ ਸਾਧ ਸੰਤ, ਆਦਿ ਜੁਗਾਦੀ ਵੇਖ ਵਖਾਈਆ । ਸਤਿਗੁਰ ਪੂਰਾ ਸਾਚਾ ਕੰਤ, ਨਰ ਨਰਾਇਣ ਇਕ ਅਖਵਾਈਆ । ਸਤਿਗੁਰ ਪੂਰਾ ਬਣਾਏ ਬਣਤ, ਜੋ ਜਨ ਰਸਨਾ ਰਹੇ ਗਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਗੁਰ ਪੂਰਾ ਵੇਸ ਵਟਾਏ, ਅਕਲ ਕਲਾ ਕਲ ਧਾਰਿਆ । ਜੋਤੀ ਨੂਰ ਡਗਮਗਾਏ, ਰੂਪ ਅਨੂਪ ਸੱਚੀ ਸਰਕਾਰਿਆ । ਸਚ ਤਖ਼ਤ ਸੁਲਤਾਨ ਆਸਣ ਲਾਏ, ਘਰ ਸੋਹੇ ਬੰਕ ਦਵਾਰਿਆ । ਸ਼ਬਦ ਅਗੰਮੀ ਹੁਕਮ ਜਣਾਏ, ਖੇਲੇ ਖੇਲ ਬੇਐਬ ਪਰਵਰਦਿਗਾਰਿਆ । ਸਾਚਾ ਨਾਅਰਾ ਆਪ ਲਗਾਏ, ਆਪੇ ਹੋਏ ਸੁਨਣੇਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰਿਆ । ਸਤਿਗੁਰ ਪੂਰਾ ਪੁਰਖ ਅਗੰਮ, ਏਕਾ ਏਕ ਸਮਾਇੰਦਾ । ਸਤਿਗੁਰ ਪੂਰਾ ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਵਿਚ ਨਾ ਆਇੰਦਾ । ਸਤਿਗੁਰ ਪੂਰਾ ਨਾ ਤ੍ਰਿਸਨਾ ਨਾ ਕੋਇ ਤੰਮ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਸਤਿਗੁਰ ਪੂਰਾ ਹਡ ਮਾਸ ਨਾੜੀ ਨਾ ਦਿਸੇ ਚੰਮ, ਪੰਜ ਤੱਤ ਨਾ ਕੋਇ ਉਪਾਇੰਦਾ । ਸਤਿਗੁਰ ਪੂਰਾ ਨਾ ਖ਼ੁਸ਼ੀ ਨਾ ਕੋਈ ਗ਼ਮ, ਹਰਖ਼ ਸੋਗ ਨਾ ਕੋਇ ਰਖਾਇੰਦਾ । ਸਤਿਗੁਰ ਪੂਰਾ ਆਪਣਾ ਬੇੜਾ ਆਪੇ ਰਿਹਾ ਬੰਨ, ਸਚ ਮਲਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਸਤਿਗੁਰ ਪੂਰਾ ਇਕ ਅਕੱਲਾ, ਏਕਾ ਰੰਗ ਸਮਾਈਆ । ਸਤਿਗੁਰ ਪੂਰਾ ਵਸੇ ਸਚ ਮਹੱਲਾ, ਸਚਖੰਡ ਸੋਭਾ ਪਾਈਆ । ਸਤਿਗੁਰ ਪੂਰਾ ਪੁਰੀਆਂ ਲੋਆਂ ਆਪੇ ਰੱਲਾ, ਆਪ ਆਪਣੀ ਜੋਤ ਕਰ ਰੁਸ਼ਨਾਈਆ । ਸਤਿਗੁਰ ਪੂਰਾ ਖੇਲੇ ਖੇਲ ਕਰ ਕਰ ਵਲ ਛਲਾ, ਅਛਲ ਛਲਧਾਰੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਈਆ । ਸਤਿਗੁਰ ਪੂਰਾ ਹਰਿ ਸਾਖਿਆਤ, ਭੇਵ ਕੋਇ ਨਾ ਪਾਇੰਦਾ । ਸਤਿਗੁਰ ਪੂਰਾ ਜੁਗ ਜੁਗ ਮੇਟੇ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਸਤਿਜੁਗ ਵਾਟ, ਤ੍ਰੇਤਾ ਪਾਰ ਕਰਾਇੰਦਾ । ਸਤਿਗੁਰ ਪੂਰਾ ਦੁਆਪਰ ਸੁਹਾਏ ਆਪਣੀ ਖਾਟ, ਦੂਸਰ ਹੋਰ ਨਾ ਕੋਇ ਜਗਾਇੰਦਾ । ਸਤਿਗੁਰ ਪੂਰਾ ਕਲਜੁਗ ਵੇਖੇ ਨੇੜੇ ਵਾਟ, ਲੋਕਮਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਏਕੰਕਾਰ, ਸਰਬ ਘਟਾਂ ਘਟ ਵਾਸਿਆ । ਸਤਿਗੁਰ ਪੂਰਾ ਸ਼ਬਦ ਭੰਡਾਰ, ਭਗਤ ਭਗਵੰਤ ਪਾਵੇ ਸਾਚੀ ਰਾਸਿਆ । ਸਤਿਗੁਰ ਪੂਰਾ ਖੇਲ ਅਪਾਰ, ਖੇਲੇ ਖੇਲ ਪੁਰਖ ਅਬਿਨਾਸ਼ਿਆ । ਸਤਿਗੁਰ ਪੂਰਾ ਜੋਤ ਆਧਾਰ, ਪਰਗਟ ਹੋਏ ਪ੍ਰਿਥਮੀ ਆਕਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਖੇਲ ਤਮਾਸਿਆ । ਸਤਿਗੁਰ ਪੂਰਾ ਆਦਿ ਨਿਰੰਜਣ, ਆਦਿ ਜੁਗਾਦੀ ਵਡ ਵਡਿਆਈਆ । ਸਤਿਗੁਰ ਪੂਰਾ ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਭਵਸਾਗਰ ਪਾਰ ਕਰਾਈਆ । ਸਤਿਗੁਰ ਪੂਰਾ ਨੇਤਰ ਗਿਆਨ ਪਾਏ ਨਾਮ ਅੰਜਣ, ਅੰਧ ਅੰਧੇਰ ਮਿਟਾਈਆ । ਸਤਿਗੁਰ ਪੂਰਾ ਸੱਚਾ ਸੱਜਣ, ਘਰ ਮੇਲੇ ਸਹਿਜ ਸੁਭਾਈਆ । ਸਤਿਗੁਰ ਪੂਰਾ ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਦਏ ਗਵਾਈਆ । ਸਤਿਗੁਰ ਪੂਰਾ ਜੁਗ ਜੁਗ ਆਏ ਜਨ ਭਗਤਾਂ ਆਪੇ ਪੜਦੇ ਕੱਜਣ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਖੇਲ ਖਿਲਾਈਆ । ਸਤਿਗੁਰ ਪੂਰਾ ਵਿਸ਼ਵ ਦੇਵ, ਵਾਸਤਕ ਰੂਪ ਸਮਾਇੰਦਾ । ਸਤਿਗੁਰ ਪੂਰਾ ਅਲਖ ਅਭੇਵ, ਅਗੰਮ ਅਥਾਹ ਆਪ ਹੋ ਜਾਇੰਦਾ । ਸਤਿਗੁਰ ਪੂਰਾ ਸਦਾ ਨਿਹਕੇਵ, ਨਿਹਕਰਮੀ ਕਰਮ ਕਮਾਇੰਦਾ । ਸਤਿਗੁਰ ਪੂਰਾ ਜੁਗ ਜੁਗ ਜਨ ਭਗਤਾਂ ਕਰੇ ਸਾਚੀ ਸੇਵ, ਸਾਚਾ ਨਾਮ ਝੋਲੀ ਪਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਰਸਨਾ ਜੇਹਵ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ


੧੧੩੯
੦੮

ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਸਤਿਗੁਰ ਪੂਰਾ ਬਨ ਬਨਵਾਰੀ, ਬਾਵਨ ਭੇਖ ਵਟਾਈਆ । ਸਤਿਗੁਰ ਪੂਰਾ ਰਾਮ ਅਵਤਾਰੀ, ਨਾਨਾ ਰੂਪ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਕ੍ਰਿਸ਼ਨ ਮੁਰਾਰੀ, ਗੋਪੀ ਕਾਹਨ ਆਪ ਨਚਾਈਆ । ਸਤਿਗੁਰ ਪੂਰਾ ਬੋਧ ਜੈਕਾਰੀ, ਬ੍ਰਹਮ ਗਿਆਨ ਦ੍ਰਿੜਾਈਆ । ਸਤਿਗੁਰ ਪੂਰਾ ਈਸਾ ਮੂਸਾ ਦਏ ਸਹਾਰੀ, ਏਕਾ ਕਲਮਾ ਅਮਾਮ ਬਣਾਈਆ । ਸਤਿਗੁਰ ਪੂਰਾ ਸੰਗ ਮੁਹੰਮਦ ਮੇਲ ਮਿਲਾਏ ਜਗਤ ਯਾਰੀ, ਸਾਚਾ ਨਾਤਾ ਜੋੜ ਜੁੜਾਈਆ । ਸਤਿਗੁਰ ਪੂਰਾ ਨਿਰਗੁਣ ਜੋਤ ਜਗਾਏ ਨਾਨਕ ਨਿਰੰਕਾਰੀ, ਲੋਕਮਾਤ ਵੇਸ ਵਟਾਈਆ । ਸਤਿਗੁਰ ਪੂਰਾ ਬਖ਼ਸ਼ੇ ਏਕਾ ਦਾਤ ਏਕਾ ਜੋਤ ਦਸ ਅਵਤਾਰੀ, ਗੁਰ ਗੋਬਿੰਦ ਨਾਉਂ ਧਰਾਈਆ । ਸਤਿਗੁਰ ਪੂਰਾ ਬਣੇ ਸ਼ਬਦ ਲਿਖਾਰੀ, ਸਚ ਭੰਡਾਰਾ ਆਪ ਵਰਤਾਈਆ । ਸਤਿਗੁਰ ਪੂਰਾ ਬ੍ਰਹਮਾ ਦੇਵੇ ਇਕ ਸਹਾਰੀ, ਚਾਰੇ ਵੇਦਾਂ ਦਏ ਜਣਾਈਆ । ਸਤਿਗੁਰ ਪੂਰਾ ਵੇਦ ਵਿਆਸੇ ਪਾਵੇ ਸਾਰੀ, ਅਠਾਰਾਂ ਪੁਰਾਨ ਰਿਹਾ ਗਾਈਆ । ਸਤਿਗੁਰ ਪੂਰਾ ਮੁਕੰਦ ਮਨੋਹਰ ਲੱਖਮੀ ਨਰਾਇਣ ਕਾਹਨਾ ਕ੍ਰਿਸ਼ਨਾ ਕਰ ਉਜਿਆਰੀ, ਗੀਤਾ ਗਿਆਨ ਅਠਾਰਾਂ ਧਿਆਏ ਆਪੇ ਰਿਹਾ ਸੁਣਾਈਆ । ਸਤਿਗੁਰ ਪੂਰਾ ਅੰਜੀਲ ਕੁਰਾਨ ਕਰ ਉਜਿਆਰੀ, ਤੀਸ ਬਤੀਸਾ ਸੋਭਾ ਪਾਈਆ । ਸਤਿਗੁਰ ਪੂਰਾ ਨਾਨਕ ਨਾਮ ਦੇਵੇ ਨਿਰਗੁਣ ਸ਼ਬਦ ਭੰਡਾਰੀ, ਸਾਚੀ ਵਸਤ ਝੋਲੀ ਪਾਈਆ । ਸਤਿਗੁਰ ਪੂਰਾ ਗੁਰ ਗੋਬਿੰਦ ਬਣਾਏ ਸੁੱਤ ਦੁਲਾਰੀ, ਸਾਚੀ ਸੇਵਾ ਇਕ ਸਮਝਾਈਆ । ਸਤਿਗੁਰ ਪੂਰਾ ਜੋਧਾ ਸੂਰਬੀਰ ਬਲਕਾਰੀ, ਸ਼ਸਤਰ ਬਸਤਰ ਆਪ ਵਖਾਈਆ । ਸਤਿਗੁਰ ਪੂਰਾ ਨੰਗੀ ਕਰੇ ਤੇਜ਼ ਕਟਾਰੀ, ਬ੍ਰਹਿਮੰਡਾਂ ਖੰਡਾਂ ਆਪ ਚਮਕਾਈਆ । ਸਤਿਗੁਰ ਪੂਰਾ ਦੇਵੇ ਸ਼ਬਦ ਹੁਲਾਰੀ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਇਸ਼ਟ ਗੁਰਦੇਵ, ਅਲੱਖ ਨਿਰੰਜਣ ਆਪ ਅਖਵਾਇੰਦਾ । ਜੁਗਾਂ ਜੁਗੰਤਰ ਕਰੇ ਸਾਚੀ ਸੇਵ, ਸਾਖਿਆਤ ਰੂਪ ਵਟਾਇੰਦਾ । ਸਤਿਗੁਰ ਪੂਰਾ ਬਖ਼ਸ਼ਣਹਾਰਾ ਸਾਚਾ ਮੇਵ, ਅੰਮ੍ਰਿਤ ਫਲ ਇਕ ਖੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਇੰਦਾ । ਸਤਿਗੁਰ ਪੂਰਾ ਅਕਲ ਕਲਧਾਰੀ, ਏਕਾ ਏਕ ਅਖਵਾਇਆ । ਸਤਿਗੁਰ ਪੂਰਾ ਜੋਤ ਨਿਰੰਕਾਰੀ, ਨਿਰਗੁਣ ਆਪਣਾ ਵੇਸ ਵਟਾਇਆ । ਸਤਿਗੁਰ ਪੂਰਾ ਕੰਤ ਮੁਰਾਰੀ, ਸਗਲਾ ਸੰਗ ਨਿਭਾਇਆ । ਸਤਿਗੁਰ ਪੂਰਾ ਨਾ ਪੁਰਖ ਨਾ ਦਿਸੇ ਨਾਰੀ, ਨਾ ਕੋਈ ਅੰਗ ਉਪਾਇਆ । ਸਤਿਗੁਰ ਪੂਰਾ ਆਪਣੀ ਇਛਿਆ ਬ੍ਰਹਮਾ ਵਿਸ਼ਨ ਸ਼ਿਵ ਕਰ ਪਸਾਰੀ, ਤ੍ਰੈ ਤ੍ਰੈ ਜੋੜ ਜੁੜਾਇਆ । ਸਤਿਗੁਰ ਪੂਰਾ ਆਪਣੀ ਭਿਛਿਆ ਲੱਖ ਚੁਰਾਸੀ ਭਰੇ ਭੰਡਾਰੀ, ਸਚ ਭੰਡਾਰਾ ਆਪ ਵਰਤਾਇਆ । ਸਤਿਗੁਰ ਪੂਰਾ ਹਰਿ ਭਗਤਾਂ ਦੇਵੇ ਨਾਮ ਖੁਮਾਰੀ, ਏਕਾ ਰੰਗਣ ਰੰਗ ਰੰਗਾਇਆ । ਸਤਿਗੁਰ ਪੂਰਾ ਸਾਚੇ ਸੰਤਾਂ ਲਾਵੇ ਸਾਚੀ ਯਾਰੀ, ਸਗਲਾ ਸੰਗ ਆਪ ਹੋ ਜਾਇਆ । ਸਤਿਗੁਰ ਪੂਰਾ ਗੁਰਮੁਖਾਂ ਦੇਵੇ ਇਕ ਅਧਾਰੀ, ਚਰਨ ਨਾਤਾ ਜੋੜ ਜੁੜਾਇਆ । ਸਤਿਗੁਰ ਪੂਰਾ ਗੁਰਸਿਖਾਂ ਸੁਰਤੀ ਰਹਿਣ ਨਾ ਦੇਵੇ ਮਾਤ ਕੁਆਰੀ, ਆਪ ਆਪਣੇ ਲੜ ਲਏ ਲਗਾਇਆ । ਕਲਜੁਗ ਅੰਤਮ ਆਈ ਵਾਰੀ, ਨਿਹਕਲੰਕੀ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਬਲ ਧਰਾਇਆ । ਸਤਿਗੁਰ ਪੂਰਾ ਨਿਹਕਲੰਕ, ਹਰਿ ਹਰਿ ਆਪ ਅਖਵਾਇੰਦਾ । ਸਤਿਗੁਰ ਪੂਰਾ ਵਜਾਏ ਡੰਕ, ਰਾਮ ਨਾਮ ਨਗਾਰੇ ਚੋਟ ਆਪ ਲਗਾਇੰਦਾ । ਸਤਿਗੁਰ ਪੂਰਾ ਇਕ ਵਖਾਏ ਆਪਣਾ ਅੰਕ, ਏਕਾ ਦੂਆ ਆਪ ਪੜ੍ਹਾਇੰਦਾ । ਸਤਿਗੁਰ ਪੂਰਾ ਇਕ ਸੁਹਾਏ ਬੰਕ, ਬੰਕ ਦਵਾਰੀ ਦਇਆ ਕਮਾਇੰਦਾ । ਸਤਿਗੁਰ

੧੧੩੭
੦੮

ਪੂਰਾ ਗੁਰਸਿਖ ਤਰਾਏ ਜਿਉਂ ਜਨ ਜਨਕ, ਜਨ ਜਨਨੀ ਲੇਖੇ ਲਾਇੰਦਾ । ਜੋਤੀ ਸ਼ਬਦੀ ਲਾਏ ਤਨਕ, ਸੋਏ ਪੂਤ ਮਾਤ ਉਠਾਇੰਦਾ । ਸਤਿਗੁਰ ਪੂਰਾ ਪਰਗਟ ਹੋਏ ਵਾਸੀ ਪੁਰੀ ਘਨਕ, ਅਕਲ ਕਲ ਧਾਰੀ ਵੇਸ ਵਟਾਇੰਦਾ । ਸਤਿਗੁਰ ਪੂਰਾ ਕਲਜੁਗ ਮਾਇਆ ਪਾਏ ਬੇਅੰਤ, ਲੱਖ ਚੁਰਾਸੀ ਪੜਦਾ ਕੋਈ ਨਾ ਲਾਹਿੰਦਾ । ਸਤਿਗੁਰ ਪੂਰਾ ਵੇਖੇ ਪਰਖੇ ਸਾਧ ਸੰਤ, ਅੰਦਰ ਮੰਦਰ ਫੋਲ ਫੁਲਾਇੰਦਾ । ਸਤਿਗੁਰ ਪੂਰਾ ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਤੋੜੇ ਗੜ੍ਹ ਹਉਮੇ ਹੰਗਤ, ਹਰਿ ਕੀ ਪੌੜੀ ਇਕ ਚੜ੍ਹਾਇੰਦਾ । ਸਤਿਗੁਰ ਪੂਰਾ ਦੂਜੇ ਦਰ ਨਾ ਜਾਏ ਮੰਗਤ, ਆਪਣਾ ਇਸ਼ਟ ਨਾ ਹੋਰ ਕੋਈ ਵਖਾਇੰਦਾ । ਸਤਿਗੁਰ ਪੂਰਾ ਨਾਤਾ ਜੋੜੇ ਨਾਲ ਸੰਗਤ, ਆਪ ਆਪਣੇ ਅੰਗ ਲਗਾਇੰਦਾ । ਸਤਿਗੁਰ ਪੂਰਾ ਗੁਰਮੁਖਾਂ ਦਵਾਰੇ ਹੋਏ ਮੰਗਤ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਨਾਨਕ ਅੰਗਦ, ਅੰਗੀਕਾਰ ਆਪ ਕਰਾਇੰਦਾ । ਸਤਿਗੁਰ ਪੂਰਾ ਲਹਿਣਾ ਦੇਣਾ ਚੁਕਾਏ ਭੁੱਖ ਨੰਗਤ, ਭੁੱਖੇ ਨੰਗੇ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਸ਼ਬਦ ਬਲਵਾਨਾ, ਨਿਹਕਲੰਕ ਅਖਵਾਈਆ । ਸਤਿਗੁਰ ਪੂਰਾ ਨੌਜਵਾਨਾ, ਨਾ ਮਰੇ ਨਾ ਜਾਈਆ । ਸਤਿਗੁਰ ਪੂਰਾ ਪੁਰਖ ਸੁਲਤਾਨਾ, ਸਚਖੰਡ ਬੈਠਾ ਜੋਤ ਜਗਾਈਆ । ਸਤਿਗੁਰ ਪੂਰਾ ਨਾਮ ਵਜਾਏ ਨਾਦ ਤਰਾਨਾ, ਆਪਣਾ ਰਾਗ ਅਲਾਈਆ । ਸਤਿਗੁਰ ਪੂਰਾ ਰਵ ਸਸ ਉਪਜਾਏ ਕੋਟਨ ਕੋਟ ਭਾਨਾ, ਦੇਵਣਹਾਰ ਵਡ ਵਡਿਆਈਆ । ਸਤਿਗੁਰ ਪੂਰਾ ਪਾਵੇ ਸਾਰ ਜ਼ਿਮੀ ਅਸਮਾਨਾ, ਗਗਨ ਪਾਤਾਲਾ ਵੇਖ ਵਖਾਈਆ । ਸਤਿਗੁਰ ਪੂਰਾ ਵਾਲੀ ਦੋ ਜਹਾਨਾ, ਬ੍ਰਹਿਮੰਡ ਖੰਡ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਈਆ । ਸਤਿਗੁਰ ਪੂਰਾ ਆਪਣਾ ਨਾਉਂ ਰੱਖ, ਨਿਹਕਲੰਕ ਡੰਕ ਵਜਾਇੰਦਾ । ਸਤਿਗੁਰ ਪੂਰਾ ਹੋ ਪਰਤੱਖ, ਨਿਰਗੁਣ ਸਰਗੁਣ ਜੋਤ ਜਗਾਇੰਦਾ । ਸਤਿਗੁਰ ਪੂਰਾ ਕਰਨਹਾਰਾ ਕੱਖੋਂ ਲੱਖ, ਕਰਤਾ ਕੀਮਤ ਆਪੇ ਪਾਇੰਦਾ । ਸਤਿਗੁਰ ਪੂਰਾ ਗੁਰਸਿਖ ਲੱਖ ਚੁਰਾਸੀ ਨਾਲੋਂ ਕਰੇ ਵੱਖ, ਆਪ ਆਪਣੇ ਚਰਨ ਬਹਾਇੰਦਾ । ਸਤਿਗੁਰ ਪੂਰਾ ਕਿਸ਼ਨਾ ਸੁਖਲਾ ਜਾਣੇ ਪੱਖ, ਵਦੀ ਸੁਦੀ ਫੋਲ ਫੋਲਾਇੰਦਾ । ਸਤਿਗੁਰ ਪੂਰਾ ਹਰਿ ਸੰਤ ਸੁਹੇਲੇ ਲਏ ਰੱਖ, ਭਗਤਾਂ ਭਗਤੀ ਲੇਖੇ ਲਾਇੰਦਾ । ਸਤਿਗੁਰ ਪੂਰਾ ਜਗਤ ਵਿਕਾਰਾ ਦੇਵੇ ਮੱਥ, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਸਤਿਗੁਰ ਪੂਰਾ ਸੱਤਾਂ ਦੀਪਾਂ ਵੇਖੇ ਤਪਿਆ ਮੱਠ, ਚਾਰੇ ਕੁੰਟਾਂ ਆਪ ਤਪਾਇੰਦਾ । ਸਤਿਗੁਰ ਪੂਰਾ ਜੁਗ ਜੁਗ ਗੇੜਨਹਾਰਾ ਉਲਟੀ ਲੱਠ, ਗੇੜਾ ਆਪਣੇ ਹੱਥ ਰਖਾਇੰਦਾ । ਸਤਿਗੁਰ ਪੂਰਾ ਵਸਣਹਾਰਾ ਘਟ ਘਟ, ਨਿਝ ਘਰ ਆਤਮ ਜੋਤ ਜਗਾਇੰਦਾ । ਸਤਿਗੁਰ ਪੂਰਾ ਮੇਟਣਹਾਰਾ ਦਵੈਤੀ ਫਟ, ਨਾਮ ਪੱਟੀ ਏਕਾ ਲਾਇੰਦਾ । ਸਤਿਗੁਰ ਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਧਰਾਇੰਦਾ । ਸਤਿਗੁਰ ਪੂਰਾ ਨਰ ਨਰਾਇਣ, ਨਿਰਗੁਣ ਜੋਤ ਨੂਰ ਨੁਰਾਨਿਆ । ਸਤਿਗੁਰ ਪੂਰਾ ਸਾਕ ਸੱਜਣ ਸੈਣ, ਮੀਤ ਮੁਰਾਰ ਆਪ ਅਖਵਾ ਲਿਆ । ਸਤਿਗੁਰ ਪੂਰਾ ਚੁਕਾਏ ਲਹਿਣ ਦੇਣ, ਪੂਰਬ ਲਹਿਣਾ ਵੇਖ ਵਖਾ ਲਿਆ । ਸਤਿਗੁਰ ਪੂਰਾ ਮਾਤ ਪਿਤ ਬਣੇ ਭਾਈ ਭੈਣ, ਪੁੱਤਰ ਧੀਆਂ ਰੂਪ ਵਟਾ ਲਿਆ । ਸਤਿਗੁਰ ਪੂਰਾ ਵੇਖੇ ਆਪਣੇ ਨੈਣ, ਨੇਤਰ ਗਿਆਨ ਇਕ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾ ਲਿਆ । ਸਤਿਗੁਰ ਪੂਰਾ ਹਰਿ

੧੧੩੮
੦੮

ਸੱਜਣ ਮੀਤ, ਪਾਰਬ੍ਰਹਮ ਅਖਵਾਇੰਦਾ । ਸਤਿਗੁਰ ਪੂਰਾ ਪਤਿਤ ਪਾਪੀ ਕਰੇ ਪੁਨੀਤ, ਪਤਿਤ ਪਾਵਣ ਨਾਉਂ ਧਰਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦੀ ਠੰਡਾ ਸੀਤ, ਅਗਨੀ ਅਗਨ ਨਾ ਕੋਈ ਤਪਾਇੰਦਾ । ਸਤਿਗੁਰ ਪੂਰਾ ਜੁਗਾ ਜੁਗੰਤਰ ਚਲਾਏ ਆਪਣੀ ਰੀਤ, ਦੂਜਾ ਸੰਗ ਨਾ ਕੋਈ ਰਖਾਇੰਦਾ । ਸਤਿਗੁਰ ਪੂਰਾ ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਈ ਰਖਾਇੰਦਾ । ਸਤਿਗੁਰ ਪੂਰਾ ਦੇਵੇ ਨਾਮ ਸ਼ਬਦ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਇੰਦਾ । ਸਤਿਗੁਰ ਪੂਰਾ ਬੀਠਲੋ ਬੀਠ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਵਡਿਆਇੰਦਾ । ਸਤਿਗੁਰ ਪੂਰਾ ਸਾਗਰ ਸਿੰਧ, ਭੇਵ ਕੋਇ ਨਾ ਪਾਇੰਦਾ । ਸਤਿਗੁਰ ਪੂਰਾ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਇੰਦਾ । ਸਤਿਗੁਰ ਪੂਰਾ ਹਰਿ ਭਗਤ ਉਪਜਾਏ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਇੰਦਾ । ਸਤਿਗੁਰ ਪੂਰਾ ਸਦ ਬਖ਼ਸ਼ਿੰਦ, ਦਰ ਆਏ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਜਾਮਾ ਹਰਿ ਹਰਿ ਰਾਮਾ ਆਪਣਾ ਰੂਪ ਵਟਾਇੰਦਾ । ਸਤਿਗੁਰ ਪੂਰਾ ਜੋਬਨ ਧਾਰ, ਬਾਲ ਬਿਰਧ ਨਾ ਕੋਈ ਰਖਾਈਆ । ਸਤਿਗੁਰ ਪੂਰਾ ਖੇਲ ਅਪਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਸਤਿਗੁਰ ਪੂਰਾ ਵਸੇ ਉਚ ਮਿਨਾਰ, ਮਹੱਲ ਅਟੱਲ ਇਕ ਸੁਹਾਈਆ । ਸਤਿਗੁਰ ਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਸ੍ਰਿਸ਼ਟ ਧਾਰ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਸਤਿਗੁਰ ਪੂਰਾ ਲੱਖ ਚੁਰਾਸੀ ਪਾਵੇ ਸਾਰ, ਕਰਨੀ ਕਰਤਾ ਕਿਰਤ ਕਮਾਇੰਦਾ । ਸਤਿਗੁਰ ਪੂਰਾ ਸਰਗੁਣ ਰੂਪ ਹੋ ਉਜਿਆਰ, ਨਿਰਗੁਣ ਖੇਲ ਖਿਲਾਇੰਦਾ । ਸਤਿਗੁਰ ਪੂਰਾ ਗੁਰਮੁਖਾਂ ਕਰੇ ਪਿਆਰ, ਜਾਗਰਤ ਜੋਤ ਇਕ ਜਗਾਇੰਦਾ । ਸਤਿਗੁਰ ਪੂਰਾ ਹਰਿ ਸੰਗਤ ਵਖਾਏ ਸਚ ਦਰਬਾਰ, ਸਚ ਭੂਮਕਾ ਅਸਥਾਨ ਆਪ ਸੁਹਾਇੰਦਾ । ਸਤਿਗੁਰ ਪੂਰਾ ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਜਗਾਇੰਦਾ । ਸਤਿਗੁਰ ਪੂਰਾ ਸਦਾ ਸਦ ਜਾਗੇ, ਆਲਸ ਨਿੰਦਰਾ ਵਿਚ ਨਾ ਆਈਆ । ਸਤਿਗੁਰ ਪੂਰਾ ਜਨ ਭਗਤਾਂ ਆਪਣੀ ਹੱਥੀਂ ਪਕੜੇ ਵਾਗੇ, ਬਣੇ ਰਥ ਰਥਵਾਹੀਆ । ਸਤਿਗੁਰ ਪੂਰਾ ਦੁਰਮਤ ਮੈਲ ਧੋਵੇ ਦਾਗੇ, ਕੂੜੀ ਕਿਰਿਆ ਦਏ ਮਿਟਾਈਆ । ਸਤਿਗੁਰ ਪੂਰਾ ਮੇਲ ਮਿਲਾਵਾ ਕੰਤ ਸੁਹਾਗੇ, ਘਰ ਸਾਚੇ ਸੋਭਾ ਪਾਈਆ । ਸਤਿਗੁਰ ਪੂਰਾ ਕਲਜੁਗ ਅੰਤਮ ਨਿਰਗੁਣ ਜੋਤ ਕਰੇ ਪਰਕਾਸ਼ ਦੇਸ ਮਾਝੇ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਪੂਰਾ ਜੁਗਾ ਜੁਗੰਤਰ ਸਾਜਣ ਸਾਜੇ, ਜੁਗ ਜੁਗ ਵੇਖ ਵਖਾਈਆ । ਸਤਿਗੁਰ ਪੂਰਾ ਲੋਕਮਾਤ ਆਏ ਭਾਜੇ, ਆਪਣਾ ਕੀਤਾ ਭੁੱਲ ਨਾ ਜਾਈਆ । ਸਤਿਗੁਰ ਪੂਰਾ ਨਾਉਂ ਧਰਾਏ ਗ਼ਰੀਬ ਨਿਵਾਜੇ, ਗ਼ਰੀਬ ਨਿਮਾਣੇ ਲਏ ਉਠਾਈਆ । ਸਤਿਗੁਰ ਪੂਰਾ ਅਸਵ ਘੋੜੇ ਚੜ੍ਹੇ ਤਾਜੇ, ਸ਼ਬਦ ਘੋੜਾ ਇਕ ਦੌੜਾਈਆ । ਸਤਿਗੁਰ ਪੂਰਾ ਘਰ ਘਰ ਗੁਰਸਿਖਾਂ ਸੁਤਿਆਂ ਮਾਰੇ ਵਾਜੇ, ਸ਼ਬਦ ਸਰੂਪੀ ਸੇਵ ਕਮਾਈਆ । ਸਤਿਗੁਰ ਪੂਰਾ ਹਰਿਜਨ ਸਾਚੇ ਰੱਖੇ ਲਾਜੇ, ਜੰਗਲ ਜੂਹ ਉਜਾੜ ਪਹਾੜ ਭਵ ਸਾਗਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਵਡ ਵਡਿਆਈਆ । ਸਤਿਗੁਰ ਸਦ ਮਿਹਰਵਾਨਾ, ਸਤਿ ਪੁਰਖ ਅਖਵਾਇੰਦਾ । ਸਤਿਗੁਰ ਪੂਰਾ ਸਾਚਾ ਦੱਸੇ ਧਾਮ ਨਿਸ਼ਾਨਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਸਤਿਗੁਰ ਪੂਰਾ ਵਖਾਏ ਏਕਾ ਮਸਤੂਆਣਾ, ਚਰਨ ਕਵਲ ਕਵਲ ਚਰਨ

ਇਕ ਸੁਹਾਇੰਦਾ । ਸਤਿਗੁਰ ਪੂਰਾ ਡਰਨ ਮਰਨ ਦੀ ਚੁਕਾਏ ਕਾਨਾ, ਆਵਣ ਜਾਵਣ ਫੰਦ ਕਟਾਇੰਦਾ । ਸਤਿਗੁਰ ਪੂਰਾ ਗੁਰਸਿਖਾਂ ਦੇਵੇ ਇਕ ਬਿਬਾਨਾ, ਆਪਣੀ ਹੱਥੀ ਆਪ ਚੜ੍ਹਾਇੰਦਾ । ਸਤਿਗੁਰ ਪੂਰਾ ਕਿਸੇ ਹੱਥ ਨਾ ਆਏ ਰਾਜੇ ਰਾਣਾ, ਕੋਟਨ ਕੋਟੀ ਰਾਹ ਤਕਾਇੰਦਾ । ਸਤਿਗੁਰ ਪੂਰਾ ਆਪੇ ਵਰਤੇ ਆਪਣਾ ਭਾਣਾ, ਦੂਸਰ ਭਾਣਾ ਨਾ ਕੋਈ ਵਖਾਇੰਦਾ । ਸਤਿਗੁਰ ਪੂਰਾ ਸ਼ਾਹ ਸੁਲਤਾਨਾ, ਗੁਰਸਿਖਾਂ ਮੇਲ ਮਿਲਾਇੰਦਾ । ਸਤਿਗੁਰ ਪੂਰਾ ਏਕਾ ਆਪਣੀ ਹੱਥੀਂ ਬੰਨ੍ਹੇ ਗਾਨਾ, ਸੰਮਤ ਸੋਲਾਂ ਸਗਨ ਮਨਾਇੰਦਾ । ਸਤਿਗੁਰ ਪੂਰਾ ਪੂਰਬ ਕਰਮਾਂ ਹੋਇਆ ਜਾਣੀ ਜਾਣਾ, ਜਨਮ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਸਤਿਗੁਰ ਪੂਰਾ ਆਪ ਵਖਾਏ ਆਪਣਾ ਪਦ ਨਿਰਬਾਨਾ, ਜਿਸ ਜਨ ਆਪਣਾ ਦਰਸ ਵਖਾਇੰਦਾ । ਬਿਨ ਹਰਿ ਦਵਾਰ ਨਾ ਦੂਸਰ ਕੋਇ ਮਸਤੂਆਣਾ, ਦਰ ਸਾਚਾ ਏਕਾ ਸੋਭਾ ਪਾਇੰਦਾ । ਸਾਧਾਂ ਸੰਤਾਂ ਦਿਸੇ ਸਚ ਟਿਕਾਨਾ, ਸਾਚੇ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਓਹਲਾ ਬਣ ਵਿਚੋਲਾ ਸ਼ਬਦ ਪੜਦਾ ਲਾਇੰਦਾ । ਸਤਿਗੁਰ ਪੂਰਾ ਬਣੇ ਵਿਚੋਲਾ, ਕਲਜੁਗ ਅੰਤਮ ਵੱਜੇ ਵਧਾਈਆ । ਸਤਿਗੁਰ ਪੂਰਾ ਗਾਏ ਢੋਲਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਤਿਗੁਰ ਪੂਰਾ ਬਣਿਆ ਤੋਲਾ, ਹੰ ਬ੍ਰਹਮ ਤੋਲ ਤੁਲਾਈਆ । ਸਤਿਗੁਰ ਪੂਰਾ ਆਪੇ ਵੇਖੇ ਆਪਣਾ ਡੋਲਾ, ਲੱਖ ਚੁਰਾਸੀ ਡੋਲੀ ਅੰਦਰ ਪਾਈਆ । ਸਤਿਗੁਰ ਪੂਰਾ ਖੇਲਣਹਾਰਾ ਆਪਣਾ ਹੋਲਾ, ਆਪ ਆਪਣਾ ਰੰਗ ਚੜ੍ਹਾਈਆ । ਸਤਿਗੁਰ ਪੂਰਾ ਆਪੇ ਬਦਲੇ ਆਪਣਾ ਚੋਲਾ, ਜੋਤੀ ਜਾਮਾ ਭੇਖ ਵਟਾਈਆ । ਮਸਤੂਆਣਾ ਜਗਤ ਦਵਾਰ, ਕਲਜੁਗ ਜੀਵ ਪਾਇਣ ਰੌਲਾ, ਹਰਿ ਕਾ ਦਰ ਨਜ਼ਰ ਨਾ ਆਈਆ । ਪੁਰਖ ਅਬਿਨਾਸ਼ੀ ਬਣਿਆ ਆਲਾ ਭੋਲਾ, ਆਪਣੀ ਮਾਇਆ ਨਾਲ ਰਲਾਈਆ । ਗੁਰਸਿਖਾਂ

੧੧੫੦ ਅੰਦਰ ਆਪੇ ਮੌਲਾ, ਫੁਲ ਫੁਲਵਾੜੀ ਆਪ ਮਹਿਕਾਈਆ । ਦੇਵੇ ਵਡਿਆਈ ਉਪਰ ਧਵਲਾ, ਜੋ ਜਨ ਲੇਖੇ ਲਏ ਲਗਾਈਆ । ਪਾਵੇ ਸਾਰ ਸਾਵਲ ਸਵਲਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਸਤਿਗੁਰ ਪੂਰਾ ਗੁਰ ਗੋਬਿੰਦ, ਗੁਣ ਗੁਣਵੰਤ ਅਖਵਾਇੰਦਾ । ਸਤਿਗੁਰ ਪੂਰਾ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਮੇਟ ਮਿਟਾਇੰਦਾ । ਸਤਿਗੁਰ ਪੂਰਾ ਲੇਖਾ ਜਾਣੇ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਵੇਖ ਵਖਾਇੰਦਾ । ਸਤਿਗੁਰ ਪੂਰਾ ਆਪ ਉਠਾਏ ਸ਼ਿਵ ਸ਼ੰਕਰ ਗੁਣੀ ਗਹਿੰਦ, ਆਪ ਆਪਣਾ ਹੁਕਮ ਸੁਣਾਇੰਦਾ । ਸਤਿਗੁਰ ਪੂਰਾ ਬ੍ਰਹਮਾ ਦੇਵੇ ਏਕਾ ਦਾਨ ਬਣ ਬਖ਼ਸ਼ਿੰਦ, ਆਪਣੀ ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਸਤਿਗੁਰ ਪੂਰਾ ਵਿਸ਼ਨੂੰ ਉਪਜਾਏ ਆਪਣੀ ਬਿੰਦ, ਵਿਸ਼ਨੂੰ ਰੂਪ ਵੇਸ ਵਟਾਇੰਦਾ । ਸਤਿਗੁਰ ਪੂਰਾ ਅੰਤਮ ਆਪੇ ਸਭ ਦੀ ਖਿਚੇ ਜਿੰਦ, ਲੱਖ ਚੁਰਾਸੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ਼ਕਤੀ ਗੁਰਸਿਖਾਂ ਬਣਾਏ ਭਗਤੀ, ਤਪ ਹਠ ਅਭਿਆਸ ਨਾ ਕੋਇ ਕਰਾਇੰਦਾ । ਸਤਿਗੁਰ ਪੂਰਾ ਬਖ਼ਸ਼ੇ ਬਖ਼ਸ਼ਣਹਾਰ, ਗੁਣ ਅਵਗੁਣ ਨਾ ਕੋਇ ਜਣਾਈਆ । ਫੜ ਫੜ ਬਾਂਹੋਂ ਜਾਏ ਤਾਰ, ਤਾਰਨਹਾਰ ਵੇਸ ਵਟਾਈਆ । ਗੁਰਸਿਖਾਂ ਕਰੇ ਸਚ ਸ਼ਿੰਗਾਰ, ਸੋਲਾਂ ਕਲੀਆਂ ਤੰਦ ਬੰਧਾਈਆ । ਬਸਤਰ ਪਾਏ ਅਪਰ ਅਪਾਰ, ਆਪਣੀ ਹੱਥੀਂ ਕਰੇ ਸਫਾਈਆ । ਨੇਤਰ ਕਜਲਾ ਤਿਖੀ ਧਾਰ, ਨਾਮ ਨਿਰੰਤਰ ਇਕ ਵਖਾਈਆ । ਮੇਢੀ ਗੁੰਦੀ ਵਿਚ ਸੰਸਾਰ, ਤ੍ਰਿਲੋਕੀ ਵਿਚ ਬੰਦ ਕਰਾਈਆ । ਆਪਣੇ ਹੱਥੀਂ ਦੇ ਪਿਆਰ, ਸੀਸ ਜਗਦੀਸ ਹੱਥ ਟਿਕਾਈਆ । ਸਾਚੀ ਡੋਲੀ ਕਰ ਤਿਆਰ, ਬਣੇ ਕਹਾਰ ਬੇਪਰਵਾਹੀਆ । ਵਿਆਉਵਣ ਆਏ ਪੁਰਖ ਨਿਰੰਕਾਰ, ਨਿਰਗੁਣ ਜੋਤ

ਕਰੇ ਰੁਸ਼ਨਾਈਆ । ਸਾਚਾ ਲਾੜਾ ਚੜ੍ਹੇ ਘੋੜ ਅਸਵਾਰ, ਵੇਦ ਪੁਰਾਨ ਭੇਵ ਨਾ ਪਾਈਆ । ਆਦਿ ਜੁਗਾਦੀ ਏਕੰਕਾਰ, ਸਾਚੀ ਸਖੀ ਲਏ ਪਰਨਾਈਆ । ਲੋਕਮਾਤ ਹੋ ਉਜਿਆਰ, ਆਪ ਆਪਣਾ ਲਏ ਵਟਾਈਆ । ਗੁਰਸਿਖ ਕਵਾਰੀ ਕੰਨਿਆ ਕਰ ਸ਼ਿੰਗਾਰ, ਨੇਤਰ ਨੈਣ ਰਹੀ ਉਠਾਈਆ । ਮਿਲੇ ਮੀਤ ਹਰਿ ਕੰਤ ਭਤਾਰ, ਵਿਛੜ ਕਦੇ ਨਾ ਜਾਈਆ । ਸ਼ਬਦ ਵਿਚੋਲਾ ਫਿਰੇ ਮਾਰੇ ਮਾਰ, ਵਾਰੋ ਵਾਰ ਦੋ ਜਹਾਨੀ ਫੇਰਾ ਪਾਈਆ । ਨੌਜਵਾਨ ਹੋਏ ਇਕ ਤਿਆਰ, ਆਪਣੀ ਆਪ ਲਏ ਅੰਗੜਾਈਆ । ਸਾਚੀ ਜੰਞ ਕਰ ਤਿਆਰ, ਘਰ ਸਾਚੇ ਵੱਜੇ ਵਧਾਈਆ । ਸਾਚੀ ਸਖੀਆਂ ਕਰਨ ਮੰਗਲਾਚਾਰ, ਪੰਚਮ ਆਪਣਾ ਗੀਤ ਅਲਾਈਆ । ਹਰਿ ਮੰਦਰ ਮੇਲਾ ਵਿਚ ਸੰਸਾਰ, ਕਾਇਆ ਅੰਦਰੇ ਅੰਦਰ ਕਰਾਈਆ । ਆਪੇ ਬੇੜੇ ਫੜ ਫੜ ਦੇਵੇ ਚਾੜ੍ਹ, ਚਾਰ ਚਾਰ ਜੁਗ ਰਹਿਣ ਨਾ ਪਾਈਆ । ਗੁਰਮੁਖ ਤੇਰਾ ਨਾਮ ਹੋਏ ਉਜਿਆਰ, ਨਾ ਕੋਈ ਮੇਟੇ ਮੇਟ ਮਿਟਾਈਆ । ਮਸਤੂਆਣਾ ਧਾਮ ਨਿਆਰ, ਦਿਵਸ ਰੈਣ ਅੱਠੇ ਪਹਿਰ ਬੈਠਾ ਬੇਪਰਵਾਹੀਆ । ਗੁਰਮੁਖਾਂ ਬਣਿਆ ਮੀਤ ਮੁਰਾਰ, ਹਰਿ ਸੰਗਤ ਕਰੀ ਕੁੜਮਾਈਆ । ਆਪਣੇ ਘਰ ਆਪੇ ਧੀ ਜਵਾਈ ਕਰੇ ਪਿਆਰ, ਸੌਹਰੇ ਪੇਈਏ ਆਪ ਵਡਿਆਈਆ । ਆਪੇ ਭਰੇ ਸਚ ਭੰਡਾਰ, ਸਾਚਾ ਰਾਜ ਇਕ ਵਖਾਈਆ । ਲੁੱਟ ਨਾ ਸਕੇ ਕੋਈ ਯਾਰ, ਠੱਗੀ ਠੱਗ ਨਾ ਕੋਇ ਲੈ ਜਾਈਆ । ਸੋਹੇ ਘਰ ਘਰ ਬੰਕ ਦਵਾਰ, ਦਰ ਘਰ ਸਾਚੇ ਵੱਜੇ ਵਧਾਈਆ । ਜੋਤੀ ਮਾਤਾ ਪਾਣੀ ਉਤੋਂ ਦੇਵੇ ਵਾਰ, ਅੰਮ੍ਰਿਤ ਧਾਰ ਇਕ ਵਖਾਈਆ । ਸ਼ਬਦ ਰੰਗੀਲਾ ਸਾਚਾ ਪੇਂਢਾ ਗੁਰਸਿਖ ਸਵਾਣੀ ਲਏ ਉਭਾਰ, ਸ਼ਬਦ ਝੂਲਾ ਦਏ ਝੁਲਾਈਆ । ਏਕਾ ਸਈਆ ਸਚ ਪਿਆਰ, ਸਚ ਸੁਹੰਜਣੀ ਰੈਣ ਸੁਹਾਈਆ । ਪਹਿਲਾ ਦਰਸ ਮਿਲਿਆ ਮੇਲ ਹਰਿ ਕੰਤ ਭਤਾਰ, ਸੁਹਾਗਣ ਨਾਰ ਖ਼ੁਸ਼ੀ ਮਨਾਈਆ । ਸੋਏ ਜਾਗਨ ਮਨ ਵੈਰਾਗਣ ਕਲਜੁਗ ਮਾਇਆ ਤਿਆਗਨ ਘਰ ਪਾਇਆ ਬੇਪਰਵਾਹੀਆ । ਬੁਝਾਏ ਅਗਨ ਚਰਨ ਧੂੜ ਕਰਾਏ ਮਜਣ ਮਾਘਨ, ਜਨਮ ਜਨਮ ਦਾ ਧੋਵੇ ਦਾਗਨ, ਆਪ ਆਪਣੇ ਰੰਗ ਰੰਗਾਈਆ । ਕਲਜੁਗ ਅੰਤਮ ਆਇਆ ਸਤਿਗੁਰ ਪੂਰਾ ਸਾਜਣ, ਦੋ ਜਹਾਨਾਂ ਸ਼ਾਹੋ ਭੂਪ ਵਡ ਰਾਜ ਰਾਜਨ, ਜਨ ਭਗਤਾਂ ਸਵਾਰੇ ਆਪੇ ਕਾਜਨ, ਹਰਿ ਸੰਗਤ ਸੇਵ ਕਮਾਈਆ । ਅੰਤ ਕੰਤ ਭਗਵੰਤ ਰੱਖੇ ਲਾਜਨ, ਜੀਵ ਜੰਤ ਗ਼ਰੀਬ ਨਿਵਾਜੇ ਧਰਿਆ ਭੇਖ ਅਵੱਲੜਾ ਮਾਝਨ, ਕਲਜੁਗ ਨੇਤਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਪਹਿਲਾ ਦਿਵਸ ਦਿਵਸ ਵਿਚਾਰ, ਹਰਿ ਸੰਗਤ ਕਰੇ ਸਚ ਪਿਆਰ, ਦੂਜੇ ਦਿਵਸ ਪਾਵੇ ਸਾਰ, ਤੀਜੇ ਦਿਵਸ ਨੈਣ ਉਘਾੜ, ਚੌਥੇ ਦਿਵਸ ਚੌਥੇ ਪਦ ਮਿਲਾਈਆ । ਪੰਚਮ ਦਰਸ ਪੰਚਮ ਪਿਆਰ, ਛੇਵੇਂ ਲੇਖਾ ਜਾਣੇ ਗੁਪਤ ਜ਼ਾਹਰ, ਸੱਤਵੇ ਸਤਿ ਸਤਿਵਾਦ ਆਪਣਾ ਨਾਦ ਦਏ ਵਜਾਈਆ । ਅੱਠਵੇਂ ਮੇਲਾ ਮਾਧਵ ਮਾਧ, ਨੌਵੇਂ ਨੌਂ ਦਰ ਨਾ ਕੋਇ ਸਵਾਦ ਦਸਵੇਂ ਆਪਣਾ ਮੇਲ ਮਿਲਾਈਆ । ਇਕ ਗਿਆਰਾਂ ਪਤ ਲਏ ਰੱਖ ਲੇਖਾ ਚੁਕਾਏ ਮਸਤਕ ਮਾਥ, ਸੰਗ ਨਿਭਾਏ ਹਰਿ ਰਘੁਨਾਥ, ਸ਼ਬਦ ਜਣਾਈ ਏਕਾ ਪਾਠ, ਸੋਹੰ ਢੋਲਾ ਘਰ ਘਰ ਦਏ ਸੁਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ ।

## ੧੭ ਕੱਤਕ ੨੦੧੬ ਬਿਕ੍ਰਮੀ ਸੰਤ ਤੇਜਾ ਸਿੰਘ ਦੇ ਨਾਲ ਬਚਨ ਪਿੰਡ ਚੀਮੇ ਜ਼ਿਲਾ ਸੰਗਰੂਰ

ਅੰਮ੍ਰਿਤ ਜਲ ਠੰਡਾ ਠਾਰ, ਹਰਿ ਸੰਤਨ ਹੱਥ ਰਖਾਇਆ । ਸੰਤ ਦੇਵਣ ਕਰ ਪਿਆਰ, ਜੋ ਜਨ ਸਰਨਾਈ ਆਇਆ । ਜਗਤ ਤ੍ਰਿਸਨਾ ਭੁੱਖ ਦਏ ਨਿਵਾਰ, ਆਸਾ ਤ੍ਰਿਸਨਾ ਰਹੇ ਨਾ ਰਾਇਆ । ਪੰਜ ਤੱਤ ਮੇਟੇ ਕਾਮ ਕਰੋਧ ਲੋਭ ਮੋਹ ਹੰਕਾਰ, ਮਨ ਮਤ ਦੂਰ ਕਰਾਇਆ । ਦੀਪਕ ਜੋਤ ਕਰੇ ਉਜਿਆਰ, ਅੰਧ ਅੰਧੇਰ ਮਿਟਾਇਆ । ਅਨਹਦ ਸ਼ਬਦ ਸੁਣਾਏ ਸੱਚੀ ਧੁਨਕਾਰ, ਕਾਇਆ ਮੰਦਰ ਅੰਦਰ ਤਾਲ ਵਜਾਇਆ । ਅੰਮ੍ਰਿਤ ਬਰਸੇ ਮੇਘਲਾ ਧਾਰ, ਨਿਝ ਝਿਰਨਾ ਇਕ ਝਿਰਾਇਆ । ਬਜਰ ਕਪਾਟੀ ਪੜਦਾ ਦੇਵੇ ਪਾੜ, ਦੂਈ ਦਵੈਤੀ ਮੇਟ ਮਿਟਾਇਆ । ਤ੍ਰਿਬੈਣੀ ਨੈਣੀ ਪਾਰ ਕਿਨਾਰ, ਟੇਢੀ ਬੰਕ ਵੇਖ ਵਖਾਇਆ । ਆਤਮ ਸੇਜਾ ਕਰ ਪਿਆਰ, ਦੇਵੇ ਦਰਸ ਦਇਆ ਕਮਾਇਆ । ਸੁਹਾਏ ਦਰ ਸੱਚਾ ਘਰ ਬਾਰ, ਬੰਕ ਦਵਾਰੀ ਬੰਕ ਵੇਖ ਵਖਾਇਆ । ਬਖ਼ਸ਼ੇ ਨਾਮ ਨਾਮ ਭੰਡਾਰ, ਚੋਰ ਯਾਰ ਲੁੱਟ ਕੋਇ ਨਾ ਲੈ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਦਿਤਾ ਏਕਾ ਵਰ, ਅੰਮ੍ਰਿਤ ਜਲ ਸਚ ਕਟੋਰਾ ਏਕਾ ਹੱਥ ਫੜਾਇਆ । ਸੰਤਨ ਦਰ ਉਚ ਮਹੱਲਾ, ਪਾਰਬ੍ਰਹਮ ਆਪ ਵਸਾਇੰਦਾ । ਵੇਖਣਹਾਰਾ ਇਕ ਅਕੱਲਾ, ਏਕੰਕਾਰ ਨਾਉਂ ਧਰਾਇੰਦਾ । ਪਾਵੇ ਸਾਰ ਜਲਾ ਥਲਾ, ਜੂਹ ਜੰਗਲ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਇੰਦਾ । ਸਚ ਸਿੰਘਾਸਣ ਹਰਿ ਸੰਤਨ ਮੱਲਾ, ਦੂਸਰ ਹੱਥ ਕਿਸੇ ਨਾ ਆਇੰਦਾ । ਨਿਰਗੁਣ ਜੋਤੀ ਦੀਪਕ ਬਾਤੀ ਏਕਾ ਬਲਾ, ਪਰਕਾਸ਼ ਪਰਕਾਸ਼ ਉਪਾਇੰਦਾ । ਅੰਮ੍ਰਿਤ ਭਰ ਕਟੋਰਾ ਅੱਗੇ ਖਲਾ, ਦਿਵਸ ਰੈਣ ਸੇਵ ਕਮਾਇੰਦਾ । ਜੋ ਜਨ ਦਰ ਦਵਾਰ, ਮੂਰਖ ਮੁਗਧ ਆਏ ਝੱਲਾ, ਕਰ ਕਿਰਪਾ ਬ੍ਰਹਮ ਗਿਆਨ ਦ੍ਰਿੜਾਇੰਦਾ । ਫਲ ਲਗਾਏ ਕਾਇਆ ਡਾਲ੍ਹਾ, ਪਤ ਡਾਲੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਦਿਤਾ ਏਕਾ ਵਰ, ਨਾਮ ਭੰਡਾਰ ਇਕ ਵਖਾਇੰਦਾ । ਨਾਮ ਭੰਡਾਰਾ ਅੰਮ੍ਰਿਤ ਧਾਰ, ਹਰਿ ਸੰਤਨ ਹੱਥ ਰਖਾਈਆ । ਸੰਤਾਂ ਜੀਵਣ ਇਕ ਸੰਸਾਰ, ਜੁਗ ਜੁਗ ਸੇਵ ਕਮਾਈਆ । ਗ਼ਰੀਬ ਨਿਮਾਣੇ ਜਾਏ ਤਾਰ, ਨਾਨਕ ਗੁਰ ਗੁਰ ਸਮਝਾਈਆ । ਫੜ ਫੜ ਬਾਂਹੋਂ ਲਏ ਉਭਾਰ, ਜੋ ਮੰਗਣ ਮੰਗ ਢਹਿ ਢਹਿ ਸਰਨਾਈਆ । ਨਾਮ ਪਿਆਲਾ ਚੜ੍ਹੇ ਖੁਮਾਰ, ਉਤਰ ਕਦੇ ਨਾ ਜਾਈਆ । ਲੱਖ ਚੁਰਾਸੀ ਆਰ ਪਾਰ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਦੇਵੇ ਏਕਾ ਵਰ, ਏਕਾ ਨਾਮ ਨਾਮ ਅਨਮੁੱਲਾ, ਚੌਦਾਂ ਲੋਕ ਕੰਡੇ ਕਿਸੇ ਨਾ ਤੁਲਾ, ਬਿਨ ਹਰਿ ਸੰਤ ਪਾਏ ਕੋਈ ਨਾ ਮੁੱਲਾ, ਦੂਸਰ ਹੱਟ ਨਾ ਕਿਸੇ ਵਿਕਾਈਆ । ਸੰਤਨ ਹੱਟ ਅੰਮ੍ਰਿਤ ਨਾਮ ਅਪਾਰਾ, ਹਰਿ ਸਤਿਗੁਰ ਆਪ ਉਠਾਇਆ । ਜੁਗਾ ਜੁਗੰਤਰ ਵਰਤੇ ਵਰਤਾਵੇ ਵਰਤਨਹਾਰਾ, ਸੇਵਕ ਸੇਵਾ ਰਿਹਾ ਕਮਾਇਆ । ਭਗਤਾਂ ਦੇਵੇ ਭਗਤੀ ਭੰਡਾਰਾ, ਆਪ ਆਪਣੇ ਮਾਰਗ ਲਾਇਆ । ਆਪਣੀ ਦ੍ਰਿਸ਼ਟੀ ਦਏ ਸਹਾਰਾ, ਇਸ਼ਟ ਦੇਵ ਇਕ ਸਮਝਾਇਆ । ਏਥੇ ਓਥੇ ਵਖਾਏ ਪਾਰ ਕਿਨਾਰਾ, ਮੰਝਧਾਰ ਨਾ ਕੋਈ ਰੁੜਾਇਆ । ਸੰਤਨ ਘਰ ਡੂੰਘਾ ਸਾਗਰ ਕੋਇ ਨਾ ਪਾਵੇ ਸਾਰਾ, ਸਰ ਸਰੋਵਰ ਧਾਰ ਅੰਮ੍ਰਿਤ ਜਲ ਉਛਾਲ ਲਗਾਇਆ । ਮੰਗੇ ਮੰਗ ਬਣ ਭਿਖਾਰਾ, ਏਕਾ ਅੰਮ੍ਰਿਤ ਠੰਡੀ ਠਾਰ, ਜਗਤ ਤ੍ਰਿਸਨਾ ਦਏ ਤਜਾਇਆ । ਅੰਮ੍ਰਿਤ ਜਲ ਅੰਮਿਉਂ ਰਸ, ਸੰਤਨ ਘਰ ਵਸੰਦੜਾ । ਸੰਤ ਸਾਜਣ ਗੁਰਮੁਖਾਂ ਦੇਣ ਹੱਸ ਹੱਸ, ਚਾਰ ਕੁੰਟ ਸੇਵ ਕਮੰਦੜਾ । ਏਕਾ ਮੰਦਰ ਏਕਾ ਦਰ ਏਕਾ ਘਰ ਏਕਾ ਰਸ, ਏਕਾ ਮਦਿ ਪਿਆਲਾ ਜਾਮ ਪਿਅੰਦੜਾ ।

ਸੰਤ ਸੁਹੇਲਾ ਸਾਚਾ ਮੇਲਾ, ਹਿਰਦੇ ਅੰਦਰ ਜਾਏ ਵਸ, ਨੇਤਰ ਗਿਆਨ ਇਕ ਖੁਲੰਦੜਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਪੂਰਬ ਲੇਖਾ ਵੇਖ ਵਖੰਦੜਾ । ਨਾਮ ਵਡਿਆਈ ਸਾਚਾ ਜਸ, ਦਰ ਸਾਚਾ ਇਕ ਸੁਹੰਦੜਾ । ਸੰਤਨ ਪ੍ਰੇਮ ਪਿਆਲਾ ਅੰਮ੍ਰਿਤ ਪਿਆਵਣ ਨੱਸ ਨੱਸ, ਜਗਤ ਜੰਜਾਲ ਤੋੜ ਤੁੜਾਇੰਦਾ ।

## ੧੭ ਕੱਤਕ ੨੦੧੬ ਬਿਕ੍ਰਮੀ ਸਰਦੂਲ ਸਿੰਘ ਦੇ ਘਰ ਪਿੰਡ ਕਹੇਰੂ ਜ਼ਿਲਾ ਸੰਗਰੂਰ

ਏਕੰਕਾਰ ਰੂਪ ਨਿਰਾਕਾਰ, ਆਦਿ ਜੁਗਾਦਿ ਸਮਾਈਆ । ਆਦਿ ਪੁਰਖ ਨਿਰੰਜਣ ਖੇਲ ਅਪਾਰ, ਅਲਖ ਅਗੋਚਰ ਭੇਵ ਨਾ ਰਾਈਆ । ਨਿਰਗੁਣ ਜੋਤ ਨੂਰ ਉਜਿਆਰ, ਨੂਰੋ ਨੂਰ ਡਗਮਗਾਈਆ । ਪਾਰਬ੍ਰਹਮ ਪੁਰਖ ਪੁਰਖ ਕਰਤਾਰ, ਕਰਨੀ ਕਰਤਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਏਕੰਕਾਰ ਅਕਲ ਕਲ ਧਾਰਾ, ਏਕਾ ਏਕ ਏਕ ਅਖਵਾਇੰਦਾ । ਖੇਲੇ ਖੇਲ ਅਪਰ ਅਪਾਰਾ, ਭੇਵ ਅਭੇਦਾ ਭੇਵ ਰਖਾਇੰਦਾ । ਵਰਤੇ ਵਰਤਾਵੇ ਆਪਣੀ ਧਾਰਾ, ਧਾਰ ਨਿਰਾਲੀ ਆਪ ਚਲਾਇੰਦਾ । ਸੁਹਾਏ ਬੰਕ ਸੱਚਾ ਦਰਬਾਰਾ, ਸਚਖੰਡ ਸਾਚਾ ਆਸਣ ਲਾਇੰਦਾ । ਥਿਰ ਘਰ ਵਸੇ ਇਕ ਮੁਨਾਰਾ, ਨਿਰਗੁਣ ਆਪਣਾ ਆਪ ਉਪਾਇੰਦਾ । ਪੁਰਖ ਅਬਿਨਾਸ਼ੀ ਬੈਠ ਸੱਚੀ ਸਰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਗੁਣ ਦੀਪਕ ਕਰ ਉਜਿਆਰਾ, ਆਦਿ ਜੁਗਾਦੀ ਡਗਮਗਾਇੰਦਾ । ਨਾ ਕੋਈ ਦੂਸਰ ਮੀਤ ਮੁਰਾਰਾ, ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਰਵ ਸਸ ਸੂਰਜ ਚੰਦ ਸਿਤਾਰਾ, ਮੰਡਲ ਮੰਡਪ ਨਾ ਕੋਇ ਉਪਾਇੰਦਾ । ਨਾ ਕੋਈ ਬ੍ਰਹਮਾ ਵਿਸ਼ਨ ਸ਼ਿਵ ਲਾਏ ਨਾਅਰਾ, ਤ੍ਰੈਗੁਣ ਰੂਪ ਨਾ ਕੋਇ ਪਰਗਟਾਇੰਦਾ । ਨਾ ਕੋਈ ਲੱਖ ਚੁਰਾਸੀ ਕਰੇ ਪਸਾਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਤੱਤਵ ਤੱਤ ਨਾ ਕੋਇ ਬਣਾਇੰਦਾ । ਨਾ ਕੋਈ ਜੰਗਲ ਜੂਹ ਉਜਾੜ ਪਹਾੜਾ, ਬ੍ਰਹਿਮੰਡ ਖੰਡ ਨਾ ਕੋਇ ਰਖਾਇੰਦਾ । ਰਵ ਸਸ ਸੂਰਜ ਚੰਨ ਨਾ ਕੋਈ ਸਤਾਰਾ, ਮੰਡਲ ਮੰਡਪ ਨਾ ਕੋਈ ਵਖਾਇੰਦਾ । ਅਪ ਤੇਜ਼ ਵਾਏ ਖੰਡ ਨਾ ਕੋਇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਏਕੰਕਾਰ ਏਕ ਏਕ ਨਾਉਂ ਧਰਾਇੰਦਾ । ਏਕੰਕਾਰਾ ਇਕ ਅਕੱਲਾ, ਏਕ ਰੰਗ ਸਮਾਇੰਦਾ । ਵਸਣਹਾਰਾ ਉਚ ਅਟੱਲ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਪਾਵੇ ਸਾਰ ਜਲਾਂ ਥਲਾਂ, ਆਪ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਕਰ ਪਸਾਰ, ਨਿਰਗੁਣ ਖੇਲ ਅਪਰ ਅਪਾਰ, ਆਪ ਆਪਣੀ ਖੇਲ ਖਿਲਾਇੰਦਾ । ਨਿਰਗੁਣ ਪੁਰਖ ਹਰਿ ਅਬਿਨਾਸ਼ਾ, ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਖੇਲੇ ਖੇਲ ਤਮਾਸ਼ਾ, ਆਪ ਆਪਣੀ ਰਚਨ ਰਚਾਇੰਦਾ । ਪਾਵੇ ਸਾਰ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਫੋਲ ਫੁਲਾਇੰਦਾ । ਮੰਡਲ ਮੰਡਪ ਪਾਵੇ ਰਾਸਾ, ਆਪ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਅਬਿਨਾਸ਼ੀ ਪੁਰਸ਼ ਨਾਉਂ ਧਰਾਇੰਦਾ । ਨਾ ਕੋਈ ਰਸਨਾ ਜੇਹਵਾ ਪਵਣ ਸਵਾਸਾ, ਬੱਤੀ ਦੰਦ ਨਾ ਕੋਇ ਹਿਲਾਇੰਦਾ । ਪੰਜ ਤੱਤ ਨਾ ਕਾਇਆ ਕਾਸਾ, ਕੰਚਣ ਗੜ੍ਹ ਨਾ ਕੋਇ ਸੁਹਾਇੰਦਾ । ਨਾ ਕੋਈ ਇਸ਼ਟ ਦੇਵ ਰੱਖੇ ਭਰਵਾਸਾ, ਗੁਰ ਦੇਵ ਨਾ ਕੋਇ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਏਕ ਸ਼ਾਹੋ ਸ਼ਬਾਸ਼ਾ, ਸ਼ਾਹ ਸੁਲਤਾਨਾਂ ਇਕ ਅਖਵਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ ਆਪਣੀ ਆਪ ਚਲਾਇੰਦਾ । ਏਕੰਕਾਰ ਏਕਾ ਧਾਰ, ਏਕੰਕਾਰ ਆਪਣੀ ਆਪ ਚਲਾਈਆ । ਅਗੰਮ ਅਗੰਮੜਾ ਅਗੰਮੜੀ ਕਰੇ ਕਾਰ, ਅਗੰਮੜੇ ਧਾਮ ਸੁਹਾਈਆ । ਇਕ ਸੁਹਾਏ ਸਚਖੰਡ ਸਚ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਥਿਰ ਘਰ ਮੇਲਾ ਏਕ ਨਿਰੰਕਾਰ, ਆਪ ਆਪਣਾ ਲਏ ਮਿਲਾਈਆ । ਏਕਾ ਸਚ ਕਰੇ ਪਿਆਰ, ਸਚ ਸੁਹੰਜਣੀ ਸੇਜ ਹੰਢਾਈਆ । ਆਪੇ ਪੁਰਖ ਆਪੇ ਬਣੇ ਨਾਰ, ਆਪ ਆਪਣਾ ਜੋੜ ਜੁੜਾਈਆ । ਆਪਣੇ ਮੰਦਰ ਆਪਣਾ ਕਰੇ ਸ਼ਿੰਗਾਰ, ਆਪ ਆਪਣਾ ਰੰਗ ਰੰਗਾਈਆ । ਆਪਣੇ ਘਰ ਹੋ ਤਿਆਰ, ਆਪ ਆਪਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸਚਖੰਡ ਦਵਾਰਾ ਏਕੰਕਾਰਾ ਇਕ ਅਕੱਲਾ ਬੈਠਾ ਆਸਣ ਲਾਈਆ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਇੰਦਾ । ਏਕਾ ਏਕ ਰਹੇ ਭਗਵੰਤ, ਦੂਸਰ ਕੋਇ ਨਾ ਸੰਗ ਰਖਾਇੰਦਾ । ਨਾ ਕੋਈ ਜੀਵ ਨਾ ਕੋਈ ਜੰਤ, ਨਾ ਕੋਈ ਬਣਤ ਬਣਾਇੰਦਾ । ਨਾ ਕੋਈ ਸ਼ਬਦੀ ਇਸ਼ਟ ਨਾ ਕੋਈ ਮੰਤ, ਨਾ ਕੋਈ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਇਛਿਆ ਪਾਏ ਭਿਛਿਆ, ਆਪਣਾ ਭੰਡਾਰਾ ਆਪ ਵਰਤਾਇੰਦਾ । ਸਚਖੰਡ ਦਵਾਰ ਹਰਿ ਭਗਵਾਨ, ਆਪਣੀ ਇਛਿਆ ਪੂਰ ਕਰਾਈਆ । ਦੇਵਣਹਾਰਾ ਦਾਤਾ ਦਾਨੀ ਦਾਨ, ਆਪਣੇ ਹੱਥ ਰੱਖੇ ਵਡਿਆਈਆ । ਖੇਲੇ ਖੇਲ ਵਾਲੀ ਦੋ ਜਹਾਨ, ਜੁਗਤ ਆਪਣੇ ਹੱਥ ਰਖਾਈਆ । ਆਪਣੇ ਮੰਦਰ ਹੋ ਪਰਧਾਨ, ਆਪਣੀ ਕਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਾਸਾ ਪੁਰਖ ਅਬਿਨਾਸ਼ਾ ਇਕ ਅਕੱਲਾ ਆਪਣਾ ਆਪ ਰਖਾਈਆ । ਸਚਖੰਡ ਦਵਾਰ ਆਪ ਸੁਹਾਏ, ਹਰਿ ਸਤਿਗੁਰ ਵਡ ਵਡਿਆਈਆ । ਆਪਣੀ ਭਿਛਿਆ ਭਗਤੀ ਆਪ ਪਾਏ, ਪਾਰਬ੍ਰਹਮ ਭੇਵ ਨਾ ਰਾਈਆ । ਆਪਣੀ ਝੋਲੀ ਅੱਗੇ ਡਾਹੇ, ਆਦਿ ਨਿਰੰਜਣ ਦਰ ਦਰਵੇਸ਼ ਆਪ ਹੋ ਜਾਈਆ । ਆਪਣਾ ਭੰਡਾਰਾ ਆਪ ਵਰਤਾਏ, ਵਡ ਭੰਡਾਰੀ ਬੇਪਰਵਾਹੀਆ । ਸਚ ਦਵਾਰਾ ਸੋਭਾ ਪਾਏ, ਘਰ ਸਾਚਾ ਇਕ ਸੁਹਾਈਆ । ਦਰਸ ਆਪਣਾ ਏਕਾ ਰੰਗ ਰੰਗਾਏ, ਰੰਗ ਰੰਗੀਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਈਆ । ਸਚਖੰਡ ਦਵਾਰ ਪੁਰਖ ਕਰਤਾਰ, ਆਪਣੀ ਬਣਤ ਆਪ ਬਣਾਇੰਦਾ । ਆਪੇ ਬੈਠਾ ਬਣ ਪੁਰਖ ਨਾਰ, ਆਪ ਆਪਣਾ ਸੰਗ ਨਿਭਾਇੰਦਾ । ਆਪੇ ਭੋਗੀ ਭੋਗ ਕਰੇ ਨਿਰਗੁਣ ਧਾਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਗੁਣ ਆਪ ਰਖਾਇੰਦਾ । ਨਿਰਗੁਣ ਨਿਰਗੁਣ ਪਾਵਣਹਾਰਾ ਸਾਰ, ਨਿਰਗੁਣ ਸੇਵ ਕਮਾਇੰਦਾ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਨਿੰਮਿਆ ਨਿਰਗੁਣ ਜੰਮਿਆ ਨਿਰਗੁਣ ਨਾਉਂ ਰੱਖਿਆ ਆਪ ਕਰਤਾਰ, ਦੂਸਰ ਕੋਇ ਨਾ ਵੇਖ ਵਖਾਇੰਦਾ । ਸ਼ਬਦ ਸੁੱਤ ਦੁਲਾਰਾ ਕਰ ਤਿਆਰ, ਪ੍ਰਭ ਆਪਣੀ ਗੋਦ ਉਠਾਇੰਦਾ । ਸਾਚੇ ਬਾਲ ਕਰੇ ਪਿਆਰ, ਏਕਾ ਸਿਖਿਆ ਸਚ ਸਮਝਾਇੰਦਾ । ਲੋਆਂ ਪੁਰੀਆਂ ਕਰ ਤਿਆਰ, ਬ੍ਰਹਿਮੰਡ ਖੰਡ ਤੇਰੀ ਰਚਨ ਰਚਾਇੰਦਾ । ਮੇਰੀ ਇਛਿਆ ਤੇਰੀ ਧਾਰ, ਤੇਰਾ ਰੂਪ ਆਪ ਨਿਰੰਕਾਰ, ਆਪ ਆਪਣੀ ਕਲ ਵਰਤਾਇੰਦਾ । ਤੇਰਾ ਨਾਮ ਬੋਲ ਜੈਕਾਰ, ਸਚਖੰਡ ਵਖਾਏ ਸੱਚੀ ਧੁਨਕਾਰ, ਆਪਣਾ ਮੰਗਲ ਆਪੇ ਗਾਇੰਦਾ । ਤੇਰਾ ਰਾਗ ਸੁਨਣੇਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੧੪੪ ੦੮

ਸਾਚਾ ਵਰ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨਾ, ਹਰਿ ਸ਼ਬਦੀ ਸੁੱਤ ਸੁਣਾਇੰਦਾ । ਤਖ਼ਤ ਤਾਜ ਬੈਠ ਹਰਿ ਸਾਚਾ ਦਾਨਾ, ਸਾਚਾ ਅਦਲ ਕਮਾਇੰਦਾ । ਆਦਿ ਜੁਗਾਦੀ ਏਕੰਕਾਰਾ ਆਪੇ ਵਰਤੇ ਆਪਣਾ ਭਾਣਾ, ਆਪਣਾ ਭਾਣਾ ਆਪ ਰਖਾਇੰਦਾ । ਤੇਰਾ ਪਿਆਰ ਮੇਰਾ ਮਾਣਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁੱਤ ਦਿਤਾ ਵਰ, ਸਾਚੀ ਸੇਵਾ ਸੇਵ ਲਗਾਇੰਦਾ । ਸ਼ਬਦ ਸੁੱਤ ਉਠ ਜਵਾਨ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸਦਾ ਹੋਣਾ ਨਿਗਹਬਾਨ, ਵਿਛੋੜਾ ਵਿਚ ਨਾ ਕੋਇ ਰਖਾਈਆ । ਆਪਣਾ ਦੇਣਾ ਆਪਣਾ ਧੁਰ ਫ਼ਰਮਾਣ, ਭੁੱਲ ਕਦੇ ਨਾ ਜਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਚੌਦਾਂ ਲੋਕ ਬਣਾਵਾਂ ਇਕ ਦੁਕਾਨ, ਤੇਰੀ ਇਛਿਆ ਭਿਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਤੋਟ ਅਤੁਟ ਇਕ ਰਖਾਈਆ । ਹਰਿ ਭਗਵਾਨਾ ਹੋ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਸ਼ਬਦ ਅਨਾਦੀ ਦੇਵੇ ਇਕ ਤਰਾਨਾ, ਸਾਚਾ ਹੁਕਮ ਜਣਾਇੰਦਾ । ਤੇਰਾ ਰੂਪ ਤੇਰਾ ਰੰਗ ਤੇਰਾ ਸੁੱਤ ਵਾਲੀ ਦੋ ਜਹਾਨਾਂ, ਸਗਲਾ ਸੰਗ ਰਖਾਇੰਦਾ । ਤੇਰਾ ਨਾਮ ਪਾਏ ਆਣਾ, ਆਪ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਘਰ ਸਾਚੇ ਆਪ ਸੁਹਾਇੰਦਾ । ਸ਼ਬਦ ਸੁੱਤ ਵਰ ਘਰ ਪਾ, ਆਪਣੀ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਤੂੰ ਦਾਤਾ ਕੋਈ ਨਾ ਜਾਣੇ ਤੇਰਾ ਭੇਦ ਅਥਾਹ, ਨਾ ਕੋਈ ਵੇਖ ਵਖਾਇੰਦਾ । ਨਾ ਕੋਈ ਦੇਵਣਹਾਰਾ ਹੋਰ ਸਲਾਹ, ਨਾ ਕੋਈ ਸੰਗ ਨਿਭਾਇੰਦਾ । ਨਾ ਕੋਈ ਪਕੜਨਹਾਰਾ ਬਾਂਹ, ਨਾ ਕੋਈ ਮੇਲ ਮਿਲਾਇੰਦਾ । ਤੂੰ ਕਰਤਾ ਪੁਰਖ ਕਰਨੇਹਾਰਾ ਸਚ ਨਿਆਂ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤ ਦੁਲਾਰੇ ਦੇਵੇ ਵਰ, ਆਪ ਆਪਣੀ ਬੂਝ ਬੁਝਾਇੰਦਾ । ਸੁੱਤ ਦੁਲਾਰਾ ਹਰਿ ਜਣਾਈ, ਏਕਾ ਬੂਝ ਬੁਝਾਇੰਦਾ । ਆਪਣੀ ਕਰੇ ਆਪ ਕੁੜਮਾਈ, ਆਪੇ ਸਗਨ ਮਨਾਇੰਦਾ । ਆਪਣੇ ਦਰ ਵੱਜੇ ਵਧਾਈ, ਆਪੇ ਵੇਖ ਵਖਾਇੰਦਾ । ਆਪੇ ਧੀ ਆਪ ਜਵਾਈ, ਸੌਹਰਾ ਪੇਈਆ ਆਪ ਬਣ ਜਾਇੰਦਾ । ਆਪਣੀ ਸੇਜ ਆਪ ਵਿਛਾਈ, ਆਪੇ ਸੋਭਾ ਪਾਇੰਦਾ । ਆਪਣੇ ਰੰਗ ਰਿਹਾ ਰੰਗਾਈ, ਰੰਗਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸ਼ਬਦ ਸੁੱਤ ਹੋ ਤਿਆਰ, ਪ੍ਰਭ ਸਾਚਾ ਰਚਨ ਰਚਾਇੰਦਾ । ਆਪ ਆਪਣਾ ਕਰ ਪਿਆਰ, ਆਪ ਆਪਣਾ ਰੂਪ ਵਟਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ, ਵਿਸ਼ਨੂੰ ਨਾਉਂ ਧਰਾਇੰਦਾ । ਨਿਰਗੁਣ ਖੇਲ ਅਪਰ ਅਪਾਰ, ਆਪ ਆਪਣਾ ਵੇਸ ਵਟਾਇੰਦਾ । ਅੰਦਰ ਭਰ ਅੰਮ੍ਰਿਤ ਧਾਰ, ਕਵਲ ਕਵਲਾ ਫੁੱਲ ਖਿਲਾਇੰਦਾ । ਉਪਜਿਆ ਫੂਲ ਇਕ ਅਪਾਰ, ਹਰਿ ਸਾਚਾ ਆਪ ਉਪਜਾਇੰਦਾ । ਨਾਭੀ ਫਟੀ ਆਇਆ ਬਾਹਰ, ਹਰਿ ਸਾਚਾ ਰੰਗ ਵਖਾਇੰਦਾ । ਪ੍ਰਭ ਅਬਿਨਾਸ਼ੀ ਕਰੇ ਖੇਲ ਅਗੰਮ ਅਪਾਰ, ਵੇਦ ਕਤੇਬ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚਖੰਡ ਦਵਾਰ, ਏਕੰਕਾਰਾ ਹਰਿ ਗਿਰਧਾਰਾ ਜੋਤ ਉਜਿਆਰਾ, ਆਦਿ ਜੁਗਾਦੀ ਡਗਮਗਾਇੰਦਾ । ਸ਼ਬਦ ਸੁੱਤ ਉਠ ਉਠ ਪੇਖ, ਹਰਿ ਸਾਚੇ ਦਇਆ ਕਮਾਈਆ । ਕਵਲ ਫੁਲ ਲੈਣਾ ਵੇਖ, ਸਤਿਗੁਰ ਪੂਰਾ ਆਪ ਖਿਲਾਈਆ । ਆਪਣੇ ਹੱਥੀਂ ਲਿਖੀ ਰੇਖ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੧੪੫ ੦੮

ਕਰ, ਏਕਾ ਦੇਵੇ ਆਪਣਾ ਵਰ, ਆਪ ਆਪਣਾ ਅੰਗ ਕਟਾਈਆ । ਆਪਣਾ ਅੰਗ ਕੱਟ ਕੱਟ ਕੀਤਾ ਵੱਖ, ਪਾਰਬ੍ਰਹਮ ਵੱਡੀ ਵਡਿਆਈਆ । ਬ੍ਰਹਮ ਬ੍ਰਹਮ ਬ੍ਰਹਮ ਹੋ ਪਰਤੱਖ, ਏਕਾ ਰੰਗ ਰੰਗਾਈਆ । ਆਪਣੀ ਇਛਿਆ ਆਪਣੀ ਭਿਛਿਆ ਆਪਣੀ ਵਸਤ ਆਪੇ ਲਏ ਰੱਖ, ਆਪੇ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵਣਹਾਰਾ ਵਰ, ਆਪ ਆਪਣਾ ਸ਼ਬਦ ਜਣਾਈਆ । ਪਾਰਬ੍ਰਹਮ ਬ੍ਰਹਮ ਰੂਪ ਉਪਾਇਆ , ਅਕਲ ਕਲਾ ਕਲ ਧਾਰਿਆ । ਮਾਤ ਗਰਭ ਨਾ ਜਾਇਆ ਜੰਮ, ਖੇਲੇ ਖੇਲ ਵਡ ਸੰਸਾਰਿਆ । ਏਕੰਕਾਰਾ ਆਪੇ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪਣੀ ਆਪ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾ ਲਿਆ । ਪਾਰਬ੍ਰਹਮ ਬ੍ਰਹਮ ਆਪ ਉਪਾਇਆ, ਦਰ ਘਰ ਸਾਚੇ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਖੇਲ ਖਿਲਾ ਰਿਹਾ, ਆਪਣੀ ਰਚਨਾ ਆਪ ਰਚਾਈਆ । ਵਿਸ਼ਨੂੰ ਵਿਸ਼ਵ ਨਾਉਂ ਧਰਾਇਆ, ਆਪ ਆਪਣਾ ਬੰਸ ਸੁਹਾਈਆ । ਸੁੱਤ ਦੁਲਾਰਾ ਨਾਲ ਰਲਾਇਆ, ਦੇ ਸਿਖਿਆ ਇਕ ਸਮਝਾਈਆ । ਆਪਣਾ ਨਾਦ ਆਪ ਅਲ੍ਹਾਇਆ, ਆਪੇ ਰਿਹਾ ਸੁਣਾਈਆ । ਆਪਣੇ ਮੰਦਰ ਆਪ ਵਸਾਇਆ, ਆਪੇ ਰਿਹਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਹੋ ਜਾਈਆ । ਬ੍ਰਹਮਾ ਵੇਤਾ ਰਹੇ ਅਤੀਤਾ, ਹਰਿ ਸਾਚਾ ਰੰਗ ਰੰਗਾਇੰਦਾ । ਆਪ ਵਖਾਏ ਧਾਮ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਆਪ ਆਪਣਾ ਮੰਨੇ ਭਾਣਾ ਮੀਠਾ, ਹਰਿ ਭਾਣਾ ਵਡ ਵਡਿਆਇੰਦਾ । ਰੂਪ ਵਖਾਏ ਠਾਂਡਾ ਸੀਤਾ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਆਪ ਚਲਾਏ ਆਪਣੀ ਰੀਤਾ, ਆਪਣਾ ਖੇਲ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਮੇਲਾ ਸਾਚੇ ਘਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਏਕਾ ਖੋਲ੍ਹ, ਹਰਿ ਸਾਚਾ ਬੂਝ ਬੁਝਾਇੰਦਾ । ਸ਼ਬਦ ਅਨਾਦੀ ਏਕਾ ਢੋਲ, ਦਰ ਮੰਦਰ ਆਪ ਵਜਾਇੰਦਾ । ਏਕੰਕਾਰਾ ਆਪਣੇ ਕੰਡੇ ਆਪ ਤੋਲ, ਆਪੇ ਵੇਖ ਵਖਾਇੰਦਾ । ਆਪਣਾ ਪੜਦਾ ਆਪੇ ਫੋਲ, ਆਪੇ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚੇ ਸੋਭਾ ਪਾਇੰਦਾ । ਬ੍ਰਹਮ ਰੂਪ ਆਪ ਨਿਰੰਕਾਰ, ਪਾਰਬ੍ਰਹਮ ਰੂਪ ਵਟਾਇੰਦਾ । ਦੇਵੇ ਨਾਦ ਸੱਚੀ ਧੁਨਕਾਰ, ਸ਼ਬਦ ਤਰਾਨਾ ਏਕਾ ਗਾਇੰਦਾ । ਸਾਚੀ ਸੇਵਾ ਕਰੇ ਸੇਵਾਦਾਰ, ਸੇਵਕ ਸੇਵਾ ਇਕ ਵਖਾਇੰਦਾ । ਏਕਾ ਘਰ ਭਰ ਭੰਡਾਰ, ਏਕਾ ਵਸਤ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਰੰਗਲਾ ਕਿਸੇ ਤੋਲ ਨਾ ਤੁਲਾ, ਘਰ ਸਾਚੇ ਆਪ ਸੁਹਾਇੰਦਾ । ਸ਼ਬਦ ਭੰਡਾਰ ਨਾਮ ਭਰਪੂਰ, ਬ੍ਰਹਮੇ ਅੰਦਰ ਆਪ ਟਿਕਾਈਆ । ਖੇਲੇ ਖੇਲ ਹਾਜ਼ਰ ਹਜ਼ੂਰ, ਜ਼ਾਹਰ ਜ਼ਰੂਰ ਵੱਡੀ ਵਡਿਆਈਆ । ਅਨਾਦੀ ਵੱਜੇ ਏਕਾ ਤੂਰ, ਏਕਾ ਰੰਗ ਸੁਣਾਈਆ । ਏਕਾ ਬਖ਼ਸ਼ੇ ਨੁਰਾਨੀ ਨੂਰ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਧੂੰਆਂਧਾਰ ਵੇਖ ਵਖਾਈਆ । ਧੂੰਆਂਧਾਰ ਧੁੰਧੂਕਾਰਾ, ਹਰਿ ਸਾਚਾ ਵੇਖ ਵਖਾਇੰਦਾ । ਬ੍ਰਹਮਾ ਇਛਿਆ ਭਰੇ ਭੰਡਾਰਾ, ਮਸਤਕ ਲੇਖ ਲਿਖਾਇੰਦਾ । ਸਪਤਮ ਰੂਪ ਹੋਏ ਉਜਿਆਰਾ, ਆਪ ਆਪਣਾ ਰੰਗ ਰੰਗਾਇੰਦਾ । ਸ਼ੰਕਰ ਮੇਲਾ ਅਗੰਮ ਅਪਾਰਾ, ਆਪੇ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਹਰਿ ਨਿਰੰਕਾਰ ਏਕੰਕਾਰਾ ਰਚਨ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਹਰਿ ਸਾਚੇ ਸ਼ਬਦ ਜਣਾਈਆ । ਸੁੱਤ ਦੁਲਾਰਾ ਕਰੇ

ਪਿਆਰ, ਤਿੰਨਾ ਇਹ ਸਮਝਾਈਆ । ਤ੍ਰੈਗੁਣ ਖੇਲ ਅਗੰਮ ਅਪਾਰ, ਆਪ ਆਪਣਾ ਦਏ ਵਖਾਈਆ । ਰਜੋ ਤਮੋ ਸਤੋ ਕਰ ਤਿਆਰ, ਏਕਾ ਕੰਨੀ ਰਿਹਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਵਿਸ਼ਨੂੰ ਵੰਸੀ ਪ੍ਰਭ ਆਪਣੀ ਆਪ ਸਮਝਾਇੰਦਾ । ਹੋਇਆ ਖੇਲ ਏਕਾ ਦਸ, ਏਕਾ ਮਾਰਗ ਲਾਇੰਦਾ । ਸ਼ੰਕਰ ਮੇਲਾ ਸ਼ਾਹੋ ਸ਼ਬਾਸ, ਘਰ ਸਾਚਾ ਆਪ ਸੁਹਾਇੰਦਾ । ਤਿੰਨਾ ਦੇਵੇ ਚਰਨ ਦਰਸ, ਸਿਰ ਆਪਣਾ ਹੱਥ ਟਿਕਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਜ ਤੱਤ ਆਪਣੀ ਰੁਤ ਕਰ ਉਤਪਤ, ਬ੍ਰਹਮਾ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਜੋੜ ਜੁੜਾਇੰਦਾ । ਆਪ ਆਪਣੀ ਕਿਰਪਾ ਧਾਰ, ਰਕਤ ਬੂੰਦ ਮੇਲ ਮਿਲਾਇੰਦਾ । ਹੱਡ ਮਾਸ ਨਾੜੀ ਰਕਤ ਪਾਵੇ ਸਾਰ, ਆਪ ਆਪਣਾ ਸੰਗ ਨਿਭਾਇੰਦਾ । ਸਰਗੁਣ ਰੂਪ ਕਰ ਤਿਆਰ, ਸਾਚਾ ਵੇਸ ਧਰਾਇੰਦਾ । ਸਰਗੁਣ ਅੰਦਰ ਨਿਰਗੁਣ ਵਾੜ, ਆਪ ਆਪਣੀ ਵੰਡ ਵੰਡਾਇੰਦਾ । ਮਨ ਮਤ ਬੁਧ ਦਏ ਅਧਾਰ, ਆਪਣੀ ਖੇਲ ਖਿਲਾਇੰਦਾ । ਮੰਦਰ ਅੰਦਰ ਕਰ ਤਿਆਰ, ਆਪਣਾ ਮੰਦਰ ਆਪ ਉਪਜਾਇੰਦਾ । ਬ੍ਰਹਮਾ ਰੂਪ ਹਰਿ ਕਰਤਾਰ, ਘਟ ਘਟ ਆਪਣਾ ਆਸਣ ਲਾਇੰਦਾ । ਜੀਵ ਆਤਮ ਖ਼ਬਰਦਾਰ, ਪਰਮ ਆਤਮਾ ਵੇਖ ਵਖਾਇੰਦਾ । ਆਪਣੀ ਹੱਥੀਂ ਕਰ ਕਰ ਬੰਦ ਕਿਵਾੜ, ਘਟ ਘਟ ਆਪੇ ਮੁਖ ਛੁਪਾਇੰਦਾ । ਲੱਖ ਚੁਰਾਸੀ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਕਾਲਾ ਦੀਨ ਦਿਆਲਾ ਅਕਲ ਕਲ ਧਾਰੀ ਏਕੰਕਾਰੀ ਆਪ ਆਪਣੀ ਕਲ ਵਰਤਾਇੰਦਾ । ਏਕੰਕਾਰ ਖੇਲ ਅਪਾਰ, ਲੱਖ ਚੁਰਾਸੀ ਬਣਤ ਬਣਾਈਆ । ਬ੍ਰਹਮਾ ਵੇਤਾ ਪਾਵੇ ਸਾਰ, ਉਤਪਤ ਆਪਣੇ ਹੱਥ ਰਖਾਈਆ । ਵਿਸ਼ਨੂੰ ਦੇਵੇ ਸਚ ਭੰਡਾਰ, ਸਾਚੀ ਸੇਵਾ ਰਿਹਾ ਕਮਾਈਆ । ਸ਼ੰਕਰ ਕਰੇ ਅੰਤ ਸੰਘਾਰ, ਭੁੱਲ ਰਹੇ ਨਾ ਰਾਈਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਲੋਕਮਾਤ ਵੇਖ ਵਖਾਈਆ । ਮਨ ਮਤ ਬੁਧ ਪਾਵੇ ਸਾਰ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣੀ ਰਚਨ ਰਚਾਈਆ । ਆਦਿ ਜੁਗਾਦਿ ਸਾਚਾ ਹਰਿ, ਸਾਚਾ ਆਪਣਾ ਖੇਲ ਖਿਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਧਰਤ ਧਵਲ ਜਲ ਬਿੰਬ ਆਪ ਟਿਕਾਇੰਦਾ । ਕਰੇ ਪਰਕਾਸ਼ ਰਵ ਸਸ ਸੂਰਜ ਚੰਦ ਸਿਤਾਰ, ਮੰਡਲ ਮੰਡਪ ਆਪ ਸੁਹਾਇੰਦਾ । ਆਪੇ ਜ਼ਮੀਨ ਅਸਮਾਨਾਂ ਵੇਖੇ ਪਾੜ, ਆਪ ਆਪਣਾ ਪੰਧ ਮੁਕਾਇੰਦਾ । ਆਪੇ ਸ੍ਰਿਸ਼ਟ ਸਬਾਈ ਲਾਏ ਅਖਾੜ, ਆਪਣਾ ਨਾਚ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਕਰ, ਆਪ ਆਪਣਾ ਕਰਮ ਕਮਾਇੰਦਾ । ਲੱਖ ਚੁਰਾਸੀ ਵੰਡ ਵੰਡਾ, ਹਰਿ ਸਾਚਾ ਖੇਲ ਖਿਲਾਇੰਦਾ । ਨੌਂ ਦਸ ਗਿਆਰਾਂ ਬੀਸ ਤੀਸ ਚਾਰ ਨਾਲ ਰਲਾ, ਆਪੇ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਬੰਧਨ ਪਾ, ਏਕਾ ਡੋਰੀ ਨਾਲ ਬੰਧਾਇੰਦਾ । ਪੰਜ ਤੱਤ ਜੋਤ ਜਗਾ, ਆਪ ਆਪਣਾ ਡਗਮਗਾਇੰਦਾ । ਪੰਚ ਵਿਕਾਰਾ ਨਾਲ ਰਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਉਂ ਧਰਾਇੰਦਾ । ਪੰਚਮ ਸਖੀਆਂ ਮੰਗਲ ਗਾ, ਪੰਚ ਸ਼ਬਦ ਅਨਾਦੀ ਢੋਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਉਤਮ ਜ਼ਾਤ, ਮਾਨਸ ਮਾਨੁਖ ਆਪ ਕਰਾਈਆ । ਪੁਰਖ ਅਬਿਨਾਸ਼ੀ ਦੇਵੇ ਦਾਤ, ਆਤਮ ਬ੍ਰਹਮ ਵੱਡੀ ਵਡਿਆਈਆ । ਵੇਖੇ ਮਾਰ ਝਾਤ ਕਾਇਨਾਤ,

ਨਰ ਨਰਾਇਣ ਅੱਖ ਖੁਲ੍ਹਾਈਆ । ਆਪੇ ਹੋਏ ਅੰਧੇਰੀ ਰਾਤ, ਸਾਚਾ ਚੰਨ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਬੇਪਰਵਾਹ ਆਪ ਅਖਵਾਈਆ । ਬੇਪਰਵਾਹ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਆਪੇ ਜਾਣੇ ਆਪਣੀ ਬਣਤ, ਆਪ ਆਪਣਾ ਨਾਉਂ ਧਰਾਇੰਦਾ । ਆਪੇ ਰੂਪ ਵਟਾਏ ਸਾਧ ਸੰਤ, ਗੁਰ ਪੀਰ ਅਵਤਾਰ ਹਰਿ ਆਪ ਅਖਵਾਇੰਦਾ । ਆਪੇ ਲੇਖਾ ਜਾਣੇ ਜੀਵ ਜੰਤ, ਲਿਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇੰਦਾ । ਵੇਸ ਅਵੱਲਾ ਆਪੇ ਕਰ, ਆਪਣਾ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਵੰਡੀ ਵੰਡ, ਵੰਡਣਹਾਰਾ ਬੇਪਰਵਾਹੀਆ । ਖੇਲੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਫੇਰਾ ਪਾਈਆ । ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਆਪ ਅਖਵਾਈਆ । ਜੁਗ ਕਰਤਾ ਹਰਿ ਏਕੰਕਾਰ, ਏਕਾ ਏਕ ਅਖਵਾਇੰਦਾ । ਸਤਿਜੁਗ ਪਾਵੇ ਸਾਰ, ਸ਼ਬਦ ਸੁੱਤ ਵੇਖ ਵਖਾਇੰਦਾ । ਤ੍ਰੇਤਾ ਦੁਆਪਰ ਲਾਏ ਪਾਰ, ਆਪਣਾ ਬੇੜਾ ਆਪ ਚਲਾਇੰਦਾ । ਕਲਜੁਗ ਅੰਤਮ ਆਈ ਵਾਰ, ਹਰਿ ਸਾਚਾ ਖੇਲ ਖਿਲਾਇੰਦਾ । ਬੋਧ ਗਿਆਨ ਕਰ ਉਜਿਆਰ, ਏਕਾ ਮਤ ਸਮਝਾਇੰਦਾ । ਏਕਾ ਕਲਮਾ ਭਰ ਭੰਡਾਰ, ਨਬੀ ਰਸੂਲਾਂ ਆਪ ਸਿਖਾਇੰਦਾ । ਈਸਾ ਮੂਸਾ ਸਿਰਜਣਹਾਰ, ਸਿਰ ਸਿਰ ਰਿਜ਼ਕ ਸਬਾਇੰਦਾ । ਰਾਜ਼ਕ ਰਹੀਮ ਬੇਐਬ ਪਰਵਰਦਿਗਾਰ, ਲਾਸ਼ਰੀਕ ਇਕ ਅਖਵਾਇੰਦਾ । ਸੰਗ ਮੁਹੰਮਦ ਚਾਰ ਯਾਰ, ਸਚ ਸ਼ਰੀਅਤ ਆਪ ਜਣਾਇੰਦਾ । ਹੱਕ ਹਕੀਕਤ ਪਾਵੇ ਸਾਰ, ਭੇਵ ਅਭੇਦ ਭੇਵ ਖੁਲਾਇੰਦਾ । ਅੰਜੀਲ ਕੁਰਾਨ ਕਰ ਤਿਆਰ, ਤੀਸ ਬਤੀਸਾ ਆਪੇ ਗਾਇੰਦਾ । ਖ਼ਲਕ ਖ਼ੁਦਾਈ ਵੇਖ ਵਿਚਾਰ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਾਲਸ ਬਣੇ ਅੰਤਮ ਵਾਰ, ਚੌਦਾਂ ਲੋਕਾਂ ਫੋਲ ਫੁਲਾਇੰਦਾ । ਏਕਾ ਨਾਅਰਾ ਬੋਲ ਜੈਕਾਰ, ਐਨਲਹੱਕ ਸੁਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਘਰ ਸਾਚੇ ਆਸਣ ਲਾਇੰਦਾ । ਹੱਕ ਹੱਕ ਹੱਕ ਮੁਕਾਮੇ ਹੋ ਤਿਆਰ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਰੰਗ ਅਵੱਲਾ, ਹਰਿ ਸਾਚਾ ਆਪ ਰੰਗਾਇੰਦਾ । ਆਪੇ ਰੂਪ ਵਟਾਇਆ ਰਾਣੀ ਅੱਲਾ, ਨੂਰੋ ਨੂਰ ਡਗਮਗਾਇੰਦਾ । ਆਪੇ ਨਾਉਂ ਧਰਾਇਆ ਹਰਿ ਬਿਸਮਿਲਾ, ਬਿਸਮਲ ਰੂਪ ਆਪ ਹੋ ਜਾਇੰਦਾ । ਆਪ ਕੱਟੇ ਆਪਣਾ ਛਿਲਾ, ਆਪ ਆਪਣਾ ਮੁਖ ਛੁਪਾਇੰਦਾ । ਆਪੇ ਰੂਪ ਵਟਾਏ ਕੱਕਾ ਬੂਰਾ ਬਿਲਾ, ਆਪ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਾਚਾ ਵੇਖ ਵਖਾਇੰਦਾ । ਕਲਜੁਗ ਸੂਰਾ ਸੂਰਬੀਰ ਬਲਵਾਨ, ਲੋਕਮਾਤ ਲਏ ਅੰਗੜਾਈਆ । ਚਾਰੋਂ ਕੁੰਟ ਵੇਖੇ ਮਾਰ ਧਿਆਨ, ਆਪ ਆਪਣਾ ਬਲ ਧਰਾਈਆ । ਨਾਲ ਰਲਾਏ ਪੰਜ ਸ਼ੈਤਾਨ, ਘਰ ਸਾਚੇ ਵੱਜੀ ਵਧਾਈਆ । ਜੂਠ ਝੂਠ ਰਸਨਾ ਚਿਲੇ ਚੜ੍ਹੇ ਕਮਾਨ, ਮਾਇਆ ਮਮਤਾ ਲੋਭ ਮੋਹ ਹੰਕਾਰ ਇਕ ਨਿਸ਼ਾਨ ਬਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਤਿ ਧਰਮ ਸਰਬ ਦਾ ਹੁੱਲੇ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਸਾਚਾ ਹੋ ਤਿਆਰ, ਲੋਕਮਾਤ ਵੇਸ ਵਟਾਇੰਦਾ । ਅੱਲਾ ਰਾਣੀ ਕਰੇ ਪਿਆਰ, ਸਾਚਾ ਸੰਗ ਨਿਭਾਇੰਦਾ । ਮਿਲਿਆ ਮੀਤ ਮੁਹੰਮਦ ਯਾਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਈਸਾ ਮੂਸਾ ਦਏ ਸਹਾਰ, ਆਪ ਆਪਣਾ ਰੰਗ ਰੰਗਾਇੰਦਾ ।

ਚਾਰੋਂ ਕੁੰਟ ਗੜ੍ਹ ਹੰਕਾਰ, ਝੂਠਾ ਬੁਰਜ ਬਣਾਇੰਦਾ । ਉਚਾ ਕੂਕੇ ਕਰੇ ਪੁਕਾਰ, ਆਪਣਾ ਨਾਅਰਾ ਲਾਇੰਦਾ । ਪਾਰਬ੍ਰਹਮ ਪ੍ਰਭ ਸੁਨਣੇਹਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਲੋਕਮਾਤ ਪਾਵੇ ਸਾਰ, ਜੀਵ ਜੰਤ ਸਰਬ ਕੁਰਲਾਇੰਦਾ । ਧਰਨੀ ਧਰਤ ਧਵਲ ਕਰੇ ਪੁਕਾਰ, ਨੇਤਰ ਨੀਰ ਸਰਬ ਵਹਾਇੰਦਾ । ਸਾਧ ਸੰਤ ਰੋ ਰੋ ਧਾਈ ਰਹੇ ਮਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਪੰਡਤ ਪਾਂਧੇ ਹੋਏ ਖ਼ਵਾਰ, ਤਿਲਕ ਲਲਾਟ ਨਾ ਕੋਇ ਜਗਾਇੰਦਾ । ਸਾਚਾ ਬ੍ਰਹਮ ਨਾ ਕਰੇ ਵਿਚਾਰ, ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਆਪਣੀ ਵੰਡ ਵੰਡਾਇੰਦਾ । ਖਾਲੀ ਹੋਏ ਭਰੇ ਭੰਡਾਰ, ਹਰਿ ਕਾ ਨਾਮ ਨਾ ਕੋਇ ਵਰਤਾਇੰਦਾ । ਚਾਰੋਂ ਕੁੰਟ ਦਹਿ ਦਿਸ਼ਾ ਕਾਮ ਕਰੋਧ ਲੋਭ ਮੋਹ ਹੰਕਾਰ, ਕਾਲੀ ਚੋਲੀ ਰੰਗ ਰੰਗਾਇੰਦਾ । ਕਾਲਾ ਸੂਸਾ ਤਨ ਸ਼ਿੰਗਾਰ, ਈਸਾ ਮੂਸਾ ਜੋਬਨ ਹੰਢਾਇੰਦਾ । ਪੁਰਖ ਅਬਿਨਾਸ਼ੀ ਵੇਖੇ ਜਗਤ ਤਮਾਸ਼ਾ, ਆਪ ਆਪਣਾ ਪੜਦਾ ਲਾਹਿੰਦਾ । ਸਚਖੰਡ ਦਵਾਰੇ ਪਾਏ ਸਾਚੀ ਰਾਸਾ, ਸੋਭਾਵੰਤ ਨਾਉਂ ਧਰਾਇੰਦਾ । ਸਾਧਾਂ ਸੰਤਾਂ ਜੀਆਂ ਜੰਤਾਂ ਦੇਵੇ ਇਕ ਭਰਵਾਸਾ, ਏਕਾ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਕਰ ਆਕਾਰ, ਸਰਗੁਣ ਰੂਪ ਕਰ ਪਸਾਰ, ਲੋਕਮਾਤ ਫੇਰਾ ਪਾਇੰਦਾ । ਨਿਰਗੁਣ ਸਰਗੁਣ ਭੇਵ ਅਪਾਰਾ, ਹਰਿ ਸਾਚਾ ਆਪ ਰਖਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਪੰਜ ਤੱਤ ਮੇਲ ਮਿਲਾਈਆ । ਨਿਰਗੁਣ ਨੂਰ ਸਰਗੁਣ ਜੋਤ ਉਜਿਆਰਾ, ਨਾਨਕ ਨਾਮ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਖਿਚ ਬਹਾਏ ਚਰਨ ਦਵਾਰਾ, ਅੰਤਰ ਆਤਮ ਇਕ ਲਿਵ ਲਾਈਆ । ਦੋ ਜਹਾਨਾਂ ਏਕਾ ਧਾਰਾ, ਸਚਖੰਡ ਦਵਾਰ ਧਰਨੀ ਧਰਤ ਵਖਾਈਆ । ਆਵੇ ਜਾਵੇ ਵਾਰੋ ਵਾਰ, ਦਿਸ ਕਿਸੇ ਨਾ ਆਈਆ । ਗੁਰ ਨਾਨਕ ਮਿਲਿਆ ਮੀਤ ਮੁਰਾਰ, ਘਰ ਸਾਚੇ ਵੱਜੇ ਵਧਾਈਆ । ਪਾਇਆ ਪੁਰਖ ਅਗੰਮ ਅਪਾਰ, ਵਿਛੜ ਕਦੇ ਨਾ ਜਾਈਆ । ਮੰਗੇ ਮੰਗ ਬਣ ਭਿਖਾਰ, ਪ੍ਰਭ ਭਿਛਿਆ ਝੋਲੀ ਪਾਈਆ । ਦੇਵੇ ਨਾਮ ਸਤਿ ਸਤਿ ਸਤਿ ਭੰਡਾਰ, ਲੋਕਮਾਤ ਆਵੇ ਚਾਈਂ ਚਾਈਂਆ । ਚਾਰ ਵਰਨਾਂ ਬਣ ਵਣਜਾਰ, ਏਕਾ ਵਣਜ ਰਿਹਾ ਕਰਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਪਿਆਰ, ਹਸਤ ਕੀਟ ਏਕਾ ਰੰਗ ਰੰਗਾਈਆ । ਏਕਾ ਲਾਏ ਸਚ ਜੈਕਾਰ, ਨਾਮ ਸਤਿ ਕਰੇ ਪੜ੍ਹਾਈਆ । ਸ਼ੱਤਰੀ ਸ਼ੂਦਰ ਬ੍ਰਹਿਮਣ ਵੈਸ਼ ਸੋਹਿਣ ਇਕ ਦਵਾਰ, ਹਿੰਦੂ ਮੁਸਲਮ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਸਤਿਗੁਰ ਨਾਨਕ ਸਚ ਗਿਆਨ ਚਾਰ ਵਰਨਾਂ ਆਪ ਜਣਾਇੰਦਾ । ਏਕਾ ਬਖ਼ਸ਼ੇ ਪੁਰਖ ਅਬਿਨਾਸ਼ੀ ਚਰਨ ਕਵਲ ਧਿਆਨ, ਦੂਸਰ ਇਸ਼ਟ ਨਾ ਕੋਇ ਵਖਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਆਪ ਨਚਾਇੰਦਾ । ਸਰਬ ਜੀਆਂ ਦਾ ਸਾਚਾ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਸਰਬ ਜੀਆਂ ਦਾ ਨਾਮ ਸਤਿ ਸਤਿ ਨਾਮ, ਨਾਮ ਸਤਿ ਮੰਤਰ ਆਪ ਦ੍ਰਿੜਾਇੰਦਾ । ਸਰਬ ਜੀਆਂ ਦਾ ਸਾਚਾ ਜਾਮ, ਅੰਮ੍ਰਿਤ ਪਿਆਲਾ ਜਾਮ ਪਿਆਇੰਦਾ । ਸਰਬ ਜੀਆਂ ਦਾ ਸਾਚਾ ਗਰਾਮ, ਨਗਰ ਖੇੜਾ ਸਚਖੰਡ ਦਵਾਰ ਆਪ ਵਖਾਇੰਦਾ । ਸਰਬ ਜੀਆਂ ਦਾ ਸਾਚਾ ਨਾਮ, ਨਾਮ ਅਧਾਰੀ ਦਇਆ ਕਮਾਇੰਦਾ । ਸਰਬ ਜੀਆਂ ਦਾ ਸਾਚਾ ਕਾਮ, ਰਸਨਾ ਜੇਹਵਾ ਹਰਿ ਗੁਣ ਗਾਇੰਦਾ । ਸਰਬ ਜੀਆਂ ਦਾ ਸਾਚਾ ਮਾਣ, ਨਾਮ ਨਿਸ਼ਾਨਾ ਏਕਾ ਲਾਇੰਦਾ । ਸਰਬ ਜੀਆਂ ਦਾ ਮਾਣ ਤਾਣ, ਹਰਿ ਸਤਿਗੁਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਖ ਆਪੇ ਧਰ, ਜੋਤੀ ਜੋਤ ਡਗਮਗਾਇੰਦਾ । ਜੋਤੀ ਨੂਰ ਜੋਤ ਉਜਾਲਾ, ਹਰਿ

ਸ਼ਬਦ ਵੱਜੇ ਵਧਾਈਆ । ਆਪੇ ਸ਼ਾਹ ਆਪੇ ਕੰਗਾਲਾ, ਆਪੇ ਭਿੱਖਕ ਭਿਛਿਆ ਮੰਗਣ ਆਈਆ । ਆਪੇ ਸ਼ਬਦ ਸਰੂਪੀ ਬਣ ਦਲਾਲਾ, ਗੁਰਮੁਖ ਸਾਚੇ ਲਏ ਜਗਾਈਆ । ਆਪੇ ਸ਼ਬਦ ਅਨਾਦ ਵਜਾਏ ਤਾਲਾ, ਕਾਇਆ ਮੰਦਰ ਅੰਦਰ ਆਪਣੀ ਤਾਰ ਹਿਲਾਈਆ । ਆਪੇ ਦਰਸ ਆਪੇ ਬਣੇ ਰਖਵਾਲਾ, ਆਪਣੀ ਸੇਵਾ ਆਪ ਕਮਾਈਆ । ਆਪੇ ਨਿਵਾਸ ਲੱਖ ਚੁਰਾਸੀ ਜਗਤ ਜੰਜਾਲਾ, ਮਾਤ ਗਰਭ ਫੇਰ ਨਾ ਆਈਆ । ਗੁਰਮੁਖਾਂ ਦੇਵੇ ਨਾਮ ਸੱਚਾ ਧਨ ਮਾਲਾ, ਠਗ ਚੋਰ ਯਾਰ ਲੁੱਟ ਕੋਇ ਲੈ ਨਾ ਜਾਈਆ । ਆਪਣੀ ਚਲੇ ਅਵੱਲੜੀ ਚਾਲਾ, ਆਪਣਾ ਮਾਰਗ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਮੇਲਾ ਸਾਚੇ ਘਰ, ਘਰ ਸਾਚੇ ਵੱਜੀ ਵਧਾਈਆ । ਨਾਨਕ ਹਰਿ ਹਰਿ ਸਾਚਾ ਪਾਇਆ, ਵਿਛੜ ਕਦੇ ਨਾ ਜਾਈਆ । ਪੰਜ ਤੱਤ ਚੋਲਾ ਜਗਤ ਹੰਢਾਇਆ, ਅੰਤਮ ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਕਲਜੁਗ ਲੇਖਾ ਰਹੇ ਬਕਾਇਆ, ਸਾਚੀ ਵੰਡ ਵੰਡਾਈਆ । ਅੰਤਮ ਵੇਲਾ ਰਾਹ ਤਕਾਇਆ, ਏਕਾ ਨੈਣ ਉਠਾਈਆ । ਪੁਰਖ ਅਬਿਨਾਸ਼ੀ ਆਵੇ ਵਾਹੋ ਦਾਹਿਆ, ਨਿਰਗੁਣ ਜੋਤ ਕਰ ਰੁਸ਼ਨਾਈਆ । ਨਿਹਕਲੰਕ ਹਰਿ ਨਾਉਂ ਰਖਾਇਆ, ਮਾਤ ਗਰਭ ਨਾ ਫੇਰਾ ਪਾਈਆ । ਭੈਣ ਭਾਈ ਨਾ ਕੋਇ ਬਣਾਇਆ, ਪਿਤਾ ਪੂਤ ਨਾ ਕੋਇ ਅਖਵਾਈਆ । ਧੀ ਜਵਾਈ ਨਾ ਸੰਗ ਰਲਾਇਆ, ਘਰ ਬੈਠ ਨਾ ਕਰੇ ਸੰਭਾਲ, ਘਰ ਬੈਠ ਨਾ ਸੇਜ ਨਾ ਸੀਸ ਸਿਹਰਾ ਕੋਇ ਬੰਧਾਈਆ । ਜਗਤ ਖਜੂਰੇ ਨਾ ਕੋਈ ਚੜ੍ਹਾਇਆ, ਵਾਗ ਗੁੰਦਣ ਭੈਣ ਕੋਇ ਨਾ ਆਈਆ । ਨਾਈ ਨੈਣ ਨਾ ਕੋਇ ਰਖਾਇਆ, ਨਾ ਕੋਈ ਮੰਗੇ ਅੱਗੇ ਝੋਲੀ ਡਾਹੀਆ । ਚਾਰ ਕਹਾਰ ਲਾੜੀ ਡੋਲੀ ਨਾ ਕੋਈ ਉਠਾਇਆ, ਨਾ ਕੋਈ ਪੱਲੂ ਗੰਢ ਬੰਧਾਈਆ । ਕਲਜੁਗ ਵੇਲਾ ਪਾਰਬ੍ਰਹਮ ਏਕੰਕਾਰਾ ਆਪਣਾ ਆਪ ਦਏ ਸੁਹਾਇਆ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਏਕਾ ਦਏ ਵਜਾਇਆ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਦੇਵਤ ਸੁਰ ਸੁਰਪਤ ਰਾਜਾ ਇੰਦ ਜਾਏ ਬੌਹੜ, ਗਣ ਗੰਧਰਬ ਕਿੰਨਰ ਯੱਛਪ ਆਪ ਉਠਾਈਆ । ਲੱਖ ਚੁਰਾਸੀ ਵੇਖੇ ਖੇਲ ਤਮਾਸ਼, ਪਾਰਬ੍ਰਹਮ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਮੂਰਤ ਅਕਾਲ ਨਿਰਗੁਣ ਰੂਪ ਦੀਨ ਦਿਆਲ, ਨਿਰਭੈ ਰੂਪ ਆਪ ਵਟਾਈਆ । ਸਤਿਗੁਰ ਨਾਨਕ ਸਾਚੀ ਧਾਰ, ਲੋਕਮਾਤ ਇਹ ਸਮਝਾਇੰਦਾ । ਏਕਾ ਜੋਤ ਦਸ ਅਵਤਾਰ, ਗੁਰ ਗੋਬਿੰਦ ਖੇਲ ਖਿਲਾਇੰਦਾ । ਗੋਬਿੰਦ ਸਤਿ ਪੁਰਖ ਅਕਾਲ, ਘਰ ਸਾਚੇ ਸੋਭਾ ਪਾਇੰਦਾ । ਫਲ ਲਗਾਏ ਚਾਰ ਵਰਨ ਡਾਲ੍ਹ, ਪੰਚਮ ਮੇਲ ਮਿਲਾਇੰਦਾ । ਆਪ ਬਣਾਏ ਆਪਣੇ ਲਾਲ, ਅੰਮ੍ਰਿਤ ਸਾਚਾ ਜਾਮ ਪਿਆਇੰਦਾ । ਸਤਿ ਸਤਿਵਾਦੀ ਬੰਨ੍ਹੇ ਸੀਸ ਦਸਤਾਰ, ਸਾਚਾ ਰੰਗ ਰੰਗਾਇੰਦਾ । ਸ਼ਬਦ ਤਨ ਗਾਤਰੇ ਇਕ ਕਟਾਰ, ਧੀਰਜ ਜਤ ਆਪ ਬੰਧਾਇੰਦਾ । ਕੰਗਣ ਪਾਏ ਅਪਰ ਅਪਾਰ, ਨਾਮ ਬੰਧਨ ਬੰਧ ਬੰਧਾਇੰਦਾ । ਆਪ ਆਪਣਾ ਉਤੋਂ ਵਾਰ, ਆਪ ਆਪਣੀ ਮੰਗ ਮੰਗਾਇੰਦਾ । ਗੁਰਮੁਖਾਂ ਅੱਗੇ ਬਣੇ ਭਿਖਾਰ, ਆਪ ਆਪਣੀ ਇਛਿਆ ਪੂਰ ਕਰਾਇੰਦਾ । ਆਪੇ ਨਾਤਾ ਤੋੜ ਸੰਸਾਰ, ਪੁਰਖ ਅਕਾਲ ਏਕ ਮਨਾਇੰਦਾ । ਆਪੇ ਸੱਥਰ ਸੇਜ ਕੰਤ ਪਸਾਰ, ਆਪ ਆਪਣਾ ਰਾਹ ਤਕਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪ ਆਪਣਾ ਮੇਲ ਮਿਲਾਇੰਦਾ । ਦੋਹਾਂ ਵਿਚੋਲਾ ਨਿਰਗੁਣ ਧਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਵੜ, ਘਰ ਸਾਚਾ ਆਪ ਸੁਹਾਇੰਦਾ । ਪੁਰਖ ਅਕਾਲ ਗੋਬਿੰਦ ਮੇਲਾ, ਹਰਿ ਸਤਿਗੁਰ ਆਪ ਕਰਾਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੁਰ ਚੇਲਾ ਨਾਉਂ ਧਰਾਈਆ ।

੧੧੫੦
੦੮

ਸਤਿ ਪੁਰਖ ਨਿਰੰਜਣ ਸੱਜਣ ਸੁਹੇਲਾ, ਦਰ ਘਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਆਪਣਾ ਘਰ, ਆਪੇ ਬੰਦ ਕਰਾਈਆ । ਪਾਰਬ੍ਰਹਮ ਬ੍ਰਹਮ ਰੂਪ ਹਰਿ ਸੱਜਣ ਵਡ ਵਡਿਆਈਆ । ਆਦਿ ਜੁਗਾਦੀ ਠੰਡਾ ਸੀਤ, ਸਤਿ ਰੂਪ ਆਪ ਹੋ ਜਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਵਣ ਵਡ ਵਡਿਆਈਆ । ਸ਼ਬਦ ਜਣਾਏ ਸੁਹਾਗੀ ਗੀਤ, ਵਾਹਵਾ ਵਾਹਿਗੁਰੂ ਫਤਿਹ ਗਜਾਈਆ । ਸਾਚਾ ਦੇਹੁਰਾ ਮੰਦਰ ਮਸੀਤ, ਗੁਰਸਿਖ ਤੇਰਾ ਕਾਇਆ ਹੱਟ ਵਖਾਈਆ । ਅੱਠੇ ਪਹਿਰ ਪਰਖਣਹਾਰਾ ਨੀਤ, ਘਰ ਬੈਠਾ ਆਸਣ ਲਾਈਆ । ਦਿਵਸ ਰੈਣ ਵਸੇ ਚੀਤ, ਵਿਛੜ ਕਦੇ ਨਾ ਜਾਈਆ । ਸੁਣਾਉਂਦਾ ਅੰਦਰ ਰਹੇ ਸੁਹਾਗੀ ਗੀਤ, ਅਨਹਦ ਤਾਲ ਤਲਵਾੜਾ ਰਿਹਾ ਵਜਾਈਆ । ਜੋਤੀ ਜਗੇ ਪਤਿਤ ਪੁਨੀਤ, ਸਤਿਗੁਰ ਪੂਰਾ ਆਪ ਜਗਾਈਆ । ਗੁਰਸਿਖ ਤੇਰੀ ਕੋਇ ਨਾ ਕਰੇ ਰੀਸ, ਤੇਰੇ ਅੰਦਰ ਵੜਿਆ ਸਾਚਾ ਮਾਹੀਆ । ਤੇਰਾ ਰੂਪ ਹਰਿ ਹਰਿ ਧਰਿਆ ਹਸਤ ਕੀਟ, ਊਚ ਨੀਚ ਨਾ ਕੋਈ ਵਡਿਆਈਆ । ਲੱਖ ਚੁਰਾਸੀ ਸੁੱਤਾ ਦੇ ਕਰ ਪੀਠ, ਪੰਜ ਪਿਆਰੇ ਅੰਦਰ ਬੈਠਾ ਜੋਤ ਜਗਾਈਆ । ਕਲਜੁਗ ਅੰਤ ਚਲਾਈ ਸਾਚੀ ਰੀਤ, ਸਾਚਾ ਪੰਥ ਇਕ ਸਜਾਈਆ । ਏਕਾ ਗ੍ਰੰਥ ਗੁਰੂ ਇਸ਼ਟ ਚਰਨ ਪ੍ਰੀਤ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨ ਆਪ ਰਚਾਈਆ । ਸਤਿਗੁਰ ਗੋਬਿੰਦ ਹੋ ਮਿਹਰਵਾਨ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਸਭਨਾ ਦੇਵੇ ਸਿਖੀ ਦਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰਸਿਖ ਤੇਰੇ ਕਾਇਆ ਮੰਦਰ ਹੋਵੇ ਪਰਕਾਸ਼, ਜੋਤ ਨਿਰੰਜਣ ਸਹਾਏ ਰਵ ਸਸ ਚੰਦ ਸ਼ਰਮਾਇੰਦਾ । ਤੇਰਾ ਰਾਹ ਤੱਕਣ ਗੋਪੀ ਕਾਹਨ, ਦਿਵਸ ਰੈਣ ਨੈਣ ਉਠਾਇੰਦਾ । ਤੇਰੇ ਚਰਨ ਧਿਆਨ ਲਗਾਇਣ ਬ੍ਰਹਮਾ ਵਿਸ਼ਨ ਸ਼ਿਵ ਕਰ ਧਿਆਨ, ਦਰ ਤੇਰਾ ਉਚ ਸੁਹਾਇੰਦਾ । ਮੇਰਾ ਮੰਦਰ ਤੇਰਾ ਮਕਾਨ, ਸਚਖੰਡ ਦਵਾਰਾ ਸੋਭਾ ਪਾਇੰਦਾ । ਭੁੱਲ ਨਾ ਜਾਏ ਸਚ ਨਿਸ਼ਾਨ, ਸੀਸ ਦਸਤਾਰ ਇਕ ਬੰਨਾਇੰਦਾ । ਏਕਾ ਢਈਆ ਆਪੇ ਵੇਖੇ ਵਿਚ ਜਹਾਨ, ਕਲਜੁਗ ਰੇਖਾ ਅੰਤ ਮੁਕਾਇੰਦਾ । ਪਰਗਟ ਹੋਵੇ ਵਾਲੀ ਦੋ ਜਹਾਨ, ਨਿਹਕਲੰਕਾ ਨਾਉਂ ਰਖਾਇੰਦਾ । ਗੁਰ ਗੋਬਿੰਦ ਸੂਰਬੀਰ ਸੁਲਤਾਨ, ਗੁਰ ਸਤਿਗੁਰ ਸਾਚਾ ਨਾਲ ਰਖਾਇੰਦਾ । ਪੰਜ ਤੱਤ ਨਾ ਵੇਖੇ ਕੋਇ ਕਰ ਧਿਆਨ, ਹੱਡ ਮਾਸ ਨਾੜੀ ਰਤ ਨਾ ਰਚਨ ਰਚਾਇੰਦਾ । ਏਕਾ ਚਿੱਲਾ ਤੀਰ ਕਮਾਨ, ਹਰਿ ਸ਼ਬਦੀ ਰੰਗ ਰੰਗਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਾਰੇ ਏਕਾ ਬਾਣ, ਲੱਖ ਚੁਰਾਸੀ ਬਚਿਆ ਕੋਇ ਰਹਿਣ ਨਾ ਪਾਇੰਦਾ । ਨਿਮਾਣਿਆਂ ਦੇਵੇ ਏਕਾ ਮਾਣ, ਗਰੀਬ ਨਿਮਾਣਿਆਂ ਗਲੇ ਲਗਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮੇਟੇ ਜਗਤ ਨਿਸ਼ਾਨ, ਸੀਸ ਤਾਜ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਦੇਵੇ ਇਕ ਗਿਆਨ, ਪੁਰਖ ਅਕਾਲ ਏਕਾ ਇਸ਼ਟ ਵਖਾਇੰਦਾ । ਪਾਰਬ੍ਰਹਮ ਸਰਨਾਈ ਚਾਰ ਵਰਨ ਡਿਗਣ ਆਣ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਧਿਆਇੰਦਾ । ਲੇਖਾ ਚੁਕਾਏ ਵੇਦ ਪੁਰਾਨ, ਅੰਜੀਲ ਕੁਰਾਨ ਨਾ ਕੋਇ ਪੜ੍ਹਾਇੰਦਾ । ਸ਼ਾਸਤਰ ਸਿਮਰਤ ਨਾ ਕਰੇ ਕੋਇ ਧਿਆਨ, ਤਿਲਕ ਲਲਾਟ ਨਾ ਕੋਇ ਵਖਾਇੰਦਾ । ਸ਼ਬਦ ਅਨਾਦੀ ਕਰ ਪਰਵਾਨ, ਘਰ ਘਰ ਮੰਗਲ ਸਾਚਾ ਗਾਇੰਦਾ । ਪੰਜ ਤੱਤ ਨਾ ਪੂਜਾ ਕਰੇ ਕੋਇ ਜਹਾਨ, ਨਿਰਗੁਣ ਸਤਿਗੁਰ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਵਡ ਵੱਡਾ ਵਡਿਆਈਆ । ਖੇਲੇ ਖੇਲ ਸਰਬ ਜਹਾਨ, ਘਟ ਘਟ ਬੈਠਾ ਆਸਣ ਲਾਈਆ । ਚੌਥੇ ਜੁਗ ਚਾਰ ਕੁੰਟ ਚਾਰ ਯਾਰੀ ਹੋਈ ਪਰਧਾਨ,

ਜਗ ਪੂਜਾ ਰਹੀ ਕਰਾਈਆ । ਪੰਚਮ ਭੁੱਲਿਆ ਹਰਿ ਭਗਵਾਨ, ਪੰਚ ਵਿਕਾਰ ਕਰੀ ਕੁੜਮਾਈਆ । ਭੈਣਾਂ ਭਈਆ ਨਾ ਕੋਇ ਪਿਆਰ, ਪਿਤਾ ਪੂਤ ਪੁੱਤਰ ਧੀ ਨਾ ਕੋਇ ਅਖਵਾਈਆ । ਨਾਰੀ ਕੰਤ ਨਾ ਕਰੇ ਧਿਆਨ, ਵਿਭਚਾਰ ਕਰੇ ਸਰਬ ਲੋਕਾਈਆ । ਪਾਏ ਦਰਸ ਨਾ ਹਰਿ ਭਗਵਾਨ, ਆਤਮ ਹਿਰਸ ਨਾ ਕੋਇ ਮਿਟਾਈਆ । ਅੰਮ੍ਰਿਤ ਆਤਮ ਮਿਲੇ ਨਾ ਪੀਣ ਖਾਣ, ਮਦਿਰਾ ਜਾਮ ਪਿਆਲਾ ਮੁਖ ਲਗਾਈਆ । ਮਨੂਆ ਮਨ ਭੁੰਨ ਕਬਾਬ ਕੋਇ ਨਾ ਖਾਣ, ਜੀਵਾਂ ਹੱਤਿਆ ਸਰਬ ਕਮਾਈਆ । ਨਾ ਹੋਏ ਸਹਾਈ ਕ੍ਰਿਸ਼ਨਾ ਰਾਮ, ਜੋ ਜਨ ਬੈਠੇ ਹਰਿ ਭੁਲਾਈਆ । ਈਸਾ ਮੂਸਾ ਨਾ ਕਰੇ ਕਲਿਆਣ, ਜੋ ਜਨ ਬੈਠਾ ਮੁਖ ਭੁਵਾਈਆ । ਨਾਨਕ ਗੋਬਿੰਦ ਨਾ ਮਾਰੇ ਬਾਣ, ਤੀਰ ਜੋ ਗੁਰਮਤ ਰਹੇ ਗਵਾਈਆ । ਬਿਨ ਹਿਰਦੇ ਨਾ ਕੋਈ ਹੋਰ ਨਿਸ਼ਾਨ, ਨਾ ਕੋਈ ਬੇੜਾ ਬੰਨੇ ਲਾਈਆ । ਜੁਗਾ ਜੁਗੰਤਰ ਜੁਗ ਜੁਗ ਆਪ ਚੁਕਾਏ ਪਿਛਲੀ ਕਾਣ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਬੇਪਰਵਾਹੀਆ । ਆਪੇ ਹਰਿ ਦਵਾਰ ਹਰਿ ਖੇਲ ਖਿਲਾਉਣਾ, ਪਰਬ੍ਰਹਮ ਪ੍ਰਭ ਬੇਅੰਤਿਆ । ਕਲਜੁਗ ਕੂੜਾ ਮੇਟ ਮਿਟਾਉਣਾ, ਮਿਥਿਆ ਜਾਣੇ ਸਾਧ ਸੰਤਿਆ । ਜੂਠ ਝੂਠ ਰਹਿਣ ਨਾ ਪਾਉਣਾ, ਮਾਇਆ ਮਮਤਾ ਮੋਹ ਚੁਕੰਤਿਆ । ਗੜ੍ਹ ਹੰਕਾਰੀ ਆਪੇ ਢਾਉਣਾ, ਘਰ ਸਾਚਾ ਇਕ ਸੁਹੰਤਿਆ । ਚਾਰ ਵਰਨਾਂ ਰੰਗ ਇਕ ਰੰਗਾਉਣਾ, ਭਰਮ ਭੁਲੇਖਾ ਦੂਰ ਕਢੰਤਿਆ । ਏਕਾ ਜੋਤੀ ਲੱਖ ਚੁਰਾਸੀ ਦੀਪਕ ਆਪ ਜਗਾਉਣਾ, ਆਪੇ ਜੋਤ ਪਰਕਾਸ਼ ਕਰੰਤਿਆ । ਨੌ ਖੰਡ ਪ੍ਰਿਥਮੀ ਇਕ ਗਿਆਨ ਦ੍ਰਿੜਾਉਣਾ, ਏਕਾ ਢੋਲਾ ਇਕ ਸੁਣੰਤਿਆ । ਸੱਤਾਂ ਦੀਪਾਂ ਏਕਾ ਮਾਰਗ ਲਾਉਣਾ, ਸੱਤ ਰੰਗ ਨਿਸ਼ਾਨਾ ਆਪ ਚੜ੍ਹੰਤਿਆ । ਸ੍ਰਿਸ਼ਟ ਸਬਾਈ ਏਕਾ ਸ਼ਾਹ ਅਖਵਾਉਣਾ, ਦੂਸਰ ਕੋਏ ਨਾ ਬਣਤ ਬਣੰਤਿਆ । ਰਾਜ ਜੋਗ ਏਕਾ ਰੰਗ ਰੰਗਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟੰਤਿਆ । ਕਲਜੁਗ ਤੇਰਾ ਰੰਗ ਚਲੂਲ, ਹਰਿ ਸਾਚਾ ਵੇਖ ਵਖਾਈਆ । ਸ਼ੰਕਰ ਵੇਖੇ ਹੱਥ ਤ੍ਰਿਸੂਲ, ਬਾਸ਼ਕ ਤਸ਼ਕਾ ਗਲ ਲਟਕਾਈਆ । ਬ੍ਰਹਮਾ ਵੇਤਾ ਆਪਣਾ ਮਨਮੰਤਰ ਰਿਹਾ ਭੂਲ, ਆਪਣੇ ਦਰ ਕਰੇ ਪੜ੍ਹਾਈਆ । ਵਿਸ਼ਨੂੰ ਚੁੱਕੇ ਆਪਣਾ ਮੂਲ, ਲਹਿਣਾ ਲਹਿਣੇ ਝੋਲੀ ਪਾਈਆ । ਖੇਲੇ ਖੇਲ ਕੰਤ ਕੰਤੂਹਲ, ਹਰਿ ਸਾਚਾ ਬੇਪਰਵਾਹੀਆ । ਆਪਣੀ ਰਚਨਾ ਆਦਿ ਜੁਗਾਦੀ ਕਦੇ ਨਾ ਜਾਏ ਭੂਲ, ਅਭੁੱਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੋਲਣਹਾਰਾ ਸਾਚਾ ਤੋਲ, ਨਾਮ ਕੰਡੇ ਲਏ ਤੁਲਾਈਆ । ਕਲਜੁਗ ਅੰਤਮ ਤੋਲਣ ਆਇਆ, ਨਿਰਗੁਣ ਨੂਰ ਨੂਰ ਉਜਾਲਿਆ । ਏਕਾ ਧਾਰ ਬੋਲਣ ਆਇਆ, ਸੋ ਪੁਰਖ ਨਿਰੰਜਣ ਖੇਲ ਨਿਰਾਲਿਆ । ਏਕਾ ਚੋਲਾ ਬਦਲਣ ਆਇਆ, ਆਪੇ ਚਲੇ ਅਵੱਲੜੀ ਚਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਆਦਿ ਸ਼ਕਤ ਜੋਤ ਜਵਾਲਿਆ । ਆਦਿ ਸ਼ਕਤ ਜੋਤ ਭਵਾਨੀ, ਅਸ਼ਟਭੁਜ ਉਠਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਇਕ ਸੁਣਾਏ ਆਪਣੀ ਬਾਣੀ, ਆਪਣਾ ਰਾਗ ਅਨਹਦ ਸ਼ਬਦ ਆਪੇ ਜਾਣੇ ਅਕਥ ਕਹਾਣੀ ਆਪੇ ਆਪਣੀ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇੰਦਾ । ਆਪੇ ਵਿਸ਼ਵ ਵਾਸਦੇਵ, ਵਾਸਤਕ ਰੂਪ ਅਨਭਵ ਰੂਪ ਵਟਾਇੰਦਾ । ਆਪੇ ਅਬਿਨਾਸ਼ੀ ਕਰਤਾ ਅਲਖ ਨਿਰੰਜਣ ਅਲਖ ਅਭੇਵ, ਵੇਸ ਅਨੇਕਾ ਰੂਪ ਧਰਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਹੋਏ ਨਿਹਕੇਵ, ਨਿਰਗੁਣ ਸਰਗੁਣ ਖੇਲ ਖਿਲਾਇੰਦਾ ।

ਆਪੇ ਰੰਗ ਰਲੀਆਂ ਮਾਣੇ ਰਸਨਾ ਜੇਹਵ, ਬੱਤੀ ਦੰਦ ਆਪ ਹਿਲਾਇੰਦਾ । ਆਪੇ ਅੰਮ੍ਰਿਤ ਫਲ ਬਣੇ ਸਾਚਾ ਮੇਵ, ਆਪੇ ਕੌੜਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਖੰਦੜਾ ਹਰਿ ਮਿਹਰਵਾਨ, ਆਪਣੀ ਕਲ ਵਰਤਾਈਆ । ਜੋਤ ਜਗੰਦੜਾ ਸ੍ਰੀ ਭਗਵਾਨ, ਨਿਰਗੁਣ ਨਾਉਂ ਧਰਾਈਆ । ਸ੍ਰਿਸ਼ਟ ਸਬਾਈ ਸਾਚਾ ਮਾਰਗ ਇਕ ਵਖੰਦੜਾ, ਏਕਾ ਪੰਥ ਬਣਾਈਆ । ਰਾਗ ਅਨਾਦੀ ਇਕ ਸੁਨੰਦੜਾ, ਏਕਾ ਢੋਲਾ ਗਾਈਆ । ਦੀਪਕ ਜੋਤੀ ਗਿਆਨ ਦ੍ਰਿੜ੍ਹੰਦੜਾ, ਦਿਭ ਦ੍ਰਿਸ਼ਟੀ ਇਕ ਖੁਲ੍ਹਾਈਆ । ਨੇਤਰ ਨੈਣ ਮੇਲ ਮਿਲੰਦੜਾ, ਲੋਚਨ ਕਰੇ ਸਰਬ ਰੁਸ਼ਨਾਈਆ । ਕਾਇਆ ਕਵਰੀ ਭਵਰੀ ਫੋਲ ਫੋਲੰਦੜਾ, ਡੂੰਘੀ ਕਵਰੀ ਵੇਖ ਵਖਾਈਆ । ਟੇਢੀ ਬੰਕ ਪਾਰ ਕਰਿੰਦੜਾ, ਸੁਖਮਨ ਪੰਧ ਮੁਕਾਈਆ । ਪੰਚਮ ਧਾੜ ਮੇਟ ਮਿਟੰਦੜਾ, ਆਸਾ ਤ੍ਰਿਸਨਾ ਰਿਹਾ ਗਵਾਈਆ । ਅੰਮ੍ਰਿਤ ਸਾਚਾ ਜਾਮ ਪਿਅੰਦੜਾ, ਕਾਗੋਂ ਹੰਸ ਬਣਾਈਆ । ਸ਼ਬਦ ਗੁਰ ਨਾਉਂ ਰਖੰਦੜਾ, ਪੰਜ ਤੱਤ ਨਾ ਮੇਲ ਮਿਲਾਈਆ । ਅੰਦਰ ਮੰਦਰ ਰਾਗ ਸੁਨੰਦੜਾ, ਅਨਹਦ ਸੇਵਾ ਲਾਈਆ । ਤਾਲ ਤਲਵਾੜਾ ਆਪ ਵਜੰਦੜਾ, ਗਹਿਰ ਗੰਭੀਰ ਵੱਡੀ ਵਡਿਆਈਆ । ਸੁਰਤ ਸਵਾਣੀ ਮੇਲ ਮਿਲੰਦੜਾ, ਆਪ ਆਪਣਾ ਬੰਧਨ ਪਾਈਆ । ਬਜਰ ਕਪਾਟੀ ਤੋੜ ਤੜਿੰਦੜਾ, ਦੂਈ ਦਵੈਤੀ ਪੜਦਾ ਲਾਹੀਆ । ਆਤਮ ਸੇਜਾ ਇਕ ਸੁਹਿੰਦੜਾ, ਫੂਲਨ ਬਰਖਾ ਲਾਈਆ । ਦਸਮ ਦਵਾਰੀ ਘਰ ਵਸੰਦੜਾ, ਘਰ ਸਾਚੇ ਸੋਭਾ ਪਾਈਆ । ਸ਼ਬਦ ਕੰਤ ਹਰਿ ਮੇਲ ਮਿਲੰਦੜਾ, ਗੁਰਮੁਖ ਨਾਰੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਵੇਖ ਵਖਾਈਆ । ਸਿਰਜਣਹਾਰ ਹਰਿ ਜਹਾਨਿਆ, ਪਾਰਬ੍ਰਹਮ ਬ੍ਰਹਮ ਗੁਰ ਕਰਤਾਰ । ਦੇਵੇ ਦਰਸ ਸ੍ਰੀ ਭਗਵਾਨਿਆ, ਆਪ ਆਪਣੀ ਕਿਰਪਾ ਧਾਰ । ਆਵਣ ਜਾਵਣ ਚੁੱਕੇ ਕਾਨਿਆ, ਨਾਤਾ ਤੁਟੇ ਸਰਬ ਸੰਸਾਰ । ਪਾਇਆ ਪੁਰਖ ਇਕ ਸੁਲਤਾਨਿਆ, ਦਰ ਘਰ ਸਾਚੇ ਮੇਲਾ ਕੰਤ ਭਤਾਰ । ਪਾਇਆ ਪਦ ਇਕ ਨਿਰਬਾਨਿਆ, ਘਰ ਚੌਥੇ ਮੀਤ ਮੁਰਾਰ । ਪੰਚਮ ਰਾਗ ਬਹਿ ਬਹਿ ਗਾਇਆ ਗਾਨਿਆ, ਘਰ ਸਖੀਆਂ ਮੰਗਲਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲਾ ਲਾਏ ਪਾਰ । ਸੰਤ ਸੁਹੇਲੇ ਹਰਿ ਹਰਿ ਬੂਝਿਆ, ਆਪਣੀ ਬੂਝ ਬੁਝਾਇੰਦਾ । ਸਤਿਗੁਰ ਪੂਰਾ ਭੇਵ ਕੋਇ ਨਾ ਗੂਝਿਆ, ਆਪ ਆਪਣਾ ਰਾਗ ਅਲਾਇੰਦਾ । ਲੇਖ ਚੁਕਾਏ ਏਕਾ ਦੂਜਿਆ, ਤੀਜਾ ਨੇਤਰ ਇਕ ਦਰਸਾਇੰਦਾ । ਚੌਥੇ ਪਦ ਜੋ ਜਨ ਝੂਜਿਆ, ਆਵਣ ਜਾਵਣ ਨਾ ਕੋਇ ਗਣਾਇੰਦਾ । ਸਰਨ ਸਰਨਾਈ ਜੋ ਜਨ ਲੂਝਿਆ, ਦਰ ਪੰਚਮ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਸਚ ਗਿਆਨ ਬ੍ਰਹਮ ਧਿਆਨ ਪਾਰਬ੍ਰਹਮ ਸਲਾਹਿੰਦਾ । ਆਤਮ ਬ੍ਰਹਮ ਬ੍ਰਹਮ ਗਿਆਨਾ, ਹਰਿਜਨ ਵੱਡੀ ਵਡਿਆਈਆ । ਆਤਮ ਅੰਤਰ ਇਕ ਧਿਆਨਾ, ਏਕਾ ਹਰਿ ਹਰਿ ਹਰਿ ਲਿਵ ਲਾਈਆ । ਆਤਮ ਅੰਤਰ ਸ਼ਬਦ ਬਬਾਨਾ, ਹਰਿ ਸਾਚਾ ਆਪ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਨਾਉਂ ਰਖਾਈਆ । ਨਿਰਗੁਣ ਦਾਤਾ ਬੇਪਰਵਾਹ, ਸ਼ਾਹੋ ਭੂਪ ਵਡ ਸੁਲਤਾਨਿਆ । ਕਲਜੁਗ ਅੰਤਮ ਬਣੇ ਜਗਤ ਮਲਾਹ, ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਦੇਵੇ ਧੁਰ ਫ਼ਰਮਾਨਿਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਘਰ ਘਰ ਉਡਨੇ ਕਾਂ, ਦੀਵਾ ਬੱਤੀ ਨਾ ਕੋਇ ਜਗਾਨਿਆ ।


੧੧੫੩ ੦੮

ਮਾਂਵਾਂ ਪੁੱਤਰਾਂ ਨਾ ਪਕੜੇ ਕੋਈ ਬਾਂਹ, ਸਗਲਾ ਸੰਗ ਨਾ ਕੋਇ ਵਖਾਇੰਦਾ । ਕਲਜੁਗ ਜੂਠੇ ਝੂਠੇ ਜੀਵ ਜੰਤ ਸਾਧ ਸੰਤ ਕਰ ਜਾਣ ਨਾਂਹ, ਵੇਲੇ ਅੰਤ ਬਿਨ ਸਤਿਗੁਰ ਪੂਰੇ ਕੋਇ ਨਾ ਪਾਰ ਕਰਾਨਿਆ । ਨਿਥਾਵਿਆਂ ਦੇਵੇ ਨਾ ਕੋਈ ਥਾਂ, ਚਾਰੋਂ ਕੁੰਟ ਸਰਬ ਕੁਰਲਾਨਿਆ । ਏਕੰਕਾਰਾ ਹਰਿ ਨਿਰੰਕਾਰਾ ਨਿਰਗੁਣ ਧਾਰਾ ਜੁਗ ਜੁਗ ਆਵੇ ਕਰਨ ਨਿਆਂ, ਨਿਰਗੁਣ ਸਰਗੁਣ ਰੂਪ ਵਟਾਨਿਆ । ਗੁਰਮੁਖਾਂ ਲੱਖ ਚੁਰਾਸੀ ਨਿਵਾਏ ਲਿਆ, ਆਪਣੇ ਦਰ ਕਰੇ ਪਰਵਾਨਿਆ । ਜੋ ਜਨ ਰਸਨਾ ਜੇਹਵਾ ਹਰਿ ਹਰਿ ਰਹੇ ਗਾ, ਅੰਤਮ ਸੌਣਾ ਦੇ ਬਾਂਹ ਸਰਹਾਨਿਆ । ਜਗਤ ਸ਼ਕਤੀ ਨਾ ਸਕੇ ਕੋਈ ਮਿਟਾ, ਰੱਖੇ ਲਾਜ ਜੀਵਾਂ ਹਰਿ ਬਾਲ ਅੰਞਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮੜਾ ਸ੍ਰਿਸ਼ਟ ਸਬਾਈ ਭੁੱਜੇ ਵਾਂਗਰ ਦਾਣਿਆਂ । ਕਲਜੁਗ ਅੰਤਮ ਹਰਿ ਨਿਰੰਕਾਰ ਆਪਣੀ ਖੇਲ ਖਿਲਾਇੰਦਾ । ਗੋਬਿੰਦ ਗੁਰ ਸੂਰਬੀਰ ਕਰ ਤਿਆਰ, ਸ਼ਬਦ ਅਗੰਮੀ ਧਾਰ ਨਾਲ ਵਖਾਇੰਦਾ । ਲੋਆਂ ਪੁਰੀਆਂ ਕਰੇ ਪਾਰ ਕਿਨਾਰ, ਨੀਲੀ ਧਾਰੋਂ ਨੀਲਾ ਪਾਰ ਕਰਾਇੰਦਾ । ਛੈਲ ਛਬੀਲਾ ਹੋ ਤਿਆਰ, ਗੁਰਸਿਖ ਕਬੀਲਾ ਵੇਖ ਵਖਾਇੰਦਾ । ਬਸਤਰ ਪੀਲਾ ਤਨ ਸ਼ਿੰਗਾਰ, ਆਪਣਾ ਹੀਲਾ ਆਪ ਕਰਾਇੰਦਾ । ਨਾਮ ਖੰਡਾ ਤੇਜ਼ ਕਟਾਰ, ਬਹੱਤਰ ਨਾੜੀ ਖੋਜ ਖੁਜਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਨਿਤ ਨਵਿਤ ਫੇਰਾ ਪਾਇੰਦਾ । ਸ਼ਾਹ ਸੁਲਤਾਨਾ ਕਰੇ ਖਵਾਰ, ਸੀਸ ਤਾਜ ਨਾ ਕੋਇ ਬੰਧਾਇੰਦਾ । ਬੀਸ ਬੀਸਾ ਮੰਗੇ ਮੰਗ ਬਣ ਭਿਖਾਰ, ਕਲਜੁਗ ਅੰਤਮ ਰਾਹ ਤਕਾਇੰਦਾ । ਜਗਤ ਜਗਦੀਸਾ ਹੋਏ ਸੱਚਾ ਸਿਕਦਾਰ, ਸਿਰ ਆਪਣੇ ਛਤਰ ਝੁਲਾਇੰਦਾ । ਨੌ ਖੰਡ ਪ੍ਰਿਥਮੀ ਬੋਲੇ ਇਕ ਜੈਕਾਰ, ਖ਼ਾਲਸ ਖ਼ਾਲਸਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਜ਼ਾਤਾ ਏਕਾ ਏਕ ਵਖਾਇੰਦਾ । ਉਤਮ ਜ਼ਾਤ ਚਾਰ ਵਰਨ, ਹਰਿ ਸਾਚਾ ਸਚ ਸਮਝਾਈਆ । ਉਤਮ ਜ਼ਾਤ ਸਤਿਗੁਰ ਸਰਨ, ਜਗਤ ਵਰਨ ਨਾ ਕੋਇ ਵਡਿਆਈਆ । ਉਤਮ ਜ਼ਾਤ ਖੁਲ੍ਹੇ ਹਰਨ ਫਰਨ, ਪ੍ਰਭ ਮਿਲੇ ਬੇਪਰਵਾਹੀਆ । ਉਤਮ ਜ਼ਾਤ ਚੁਕੇ ਮਰਨ ਡਰਨ, ਆਵਣ ਜਾਵਣ ਰਹਿਣ ਨਾ ਪਾਈਆ । ਉਤਮ ਜ਼ਾਤ ਮਿਲੇ ਮੇਲ ਹਰਿ ਕਰਨੀ ਕਰਨ, ਕਰਤਾ ਪੁਰਖ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਸਰੂਪੀ ਆਇਆ ਕਰਨ ਲੜਾਈਆ । ਸ਼ਬਦ ਸਰੂਪੀ ਸਚ ਮਰਦੰਗ, ਨੌ ਖੰਡ ਆਪ ਵਜਾਇੰਦਾ । ਸੰਮਤ ਵੀਹ ਸਦ ਸੋਲਾਂ ਬਿਕ੍ਰਮੀ ਵੰਡੇ ਵੰਡ, ਵਰਭੰਡੀ ਜੋਤ ਡਗਮਗਾਇੰਦਾ । ਵਰਨਾਂ ਬਰਨਾਂ ਕਰੇ ਖੰਡ ਖੰਡ, ਸਾਚਾ ਖੰਡਾ ਨਾਮ ਚਮਕਾਇੰਦਾ । ਲੱਖ ਚੁਰਾਸੀ ਨਾਰ ਦੋਹਾਗਣ ਰੰਡ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਦਰ ਦਰ ਵੇਖੇ ਭੇਖ ਪਾਖੰਡ, ਭੇਖ ਪਾਖੰਡੀ ਡੌਰੂ ਵਾਹਿੰਦਾ । ਪਾਵੇ ਸਾਰ ਵਿਚ ਬ੍ਰਹਿਮੰਡ, ਹਰਿ ਸਾਚੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕੰਕਾਰਾ ਇਕ ਅਖਵਾਇੰਦਾ । ਨਿਹਕਲੰਕ ਧਾਮ ਅਵੱਲਾ, ਨਗਰ ਗਰਾਮ ਆਪਣਾ ਆਪ ਵਸਾਈਆ । ਸਾਢੇ ਤਿੰਨ ਹੱਥ ਅੰਦਰ ਕਰੇ ਬਿਸਰਾਮ, ਸੰਬਲ ਨਗਰੀ ਆਪ ਉਪਜਾਈਆ । ਆਪਣਾ ਫੜਿਆ ਨਿਰਗੁਣ ਬਾਣ, ਨਿਰਗੁਣ ਚਿੱਲੇ ਰਿਹਾ ਚੜ੍ਹਾਈਆ । ਨਿਰਗੁਣ ਬਣਿਆ ਲੋਹਾਰ ਤਰਖਾਣ, ਸ਼ਸਤਰ ਸ਼ਸਤਰ ਜੋੜ ਜੁੜਾਈਆ । ਨਿਰਗੁਣ ਚਾੜ੍ਹੀ ਆਪਣੀ ਪਾਣ, ਏਕਾ ਜੋਤੀ ਭੱਠੀ ਰਿਹਾ ਤਪਾਈਆ । ਨਿਰਗੁਣ ਪਾਣੀ ਠੰਡਾ ਪਾਏ ਆਣ, ਸਰ ਸਰੋਵਰ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ ਖੇਲ ਅਪਾਰ, ਨਾਮ ਖੰਡਾ ਕਰੇ ਤਿਆਰ, ਸੰਮਤ ਸੋਲਾਂ ਵੇਖ ਵਿਚਾਰ, ਪੰਦਰਾਂ ਕੱਤਕ ਹੋ ਖ਼ਬਰਦਾਰ, ਏਕਾ ਦੂਜਾ ਵੰਡ ਵੰਡਾਈਆ । ਸਾਚਾ ਖੰਡਾ ਕਰੇ ਤਿਆਰ, ਹਰਿ ਸਾਚੀ ਬਣਤ ਬਣਾਇੰਦਾ । ਤਿਖੀਆਂ ਰੱਖੇ ਦੋਵੇਂ ਧਾਰ, ਦੋਵੇਂ ਮੁਖ ਸਲਾਹਿੰਦਾ । ਚਾਰੋਂ ਕੁੰਟ ਮਾਰੇ ਮਾਰ, ਬ੍ਰਹਮਾ ਚਾਰੇ ਮੁਖ ਭਵਾਇੰਦਾ । ਦਹਿ ਦਿਸ਼ਾ ਕਰੇ ਖ਼ਵਾਰ, ਚਾਰ ਦੀਵਾਰੀ ਵੇਖ ਵਖਾਇੰਦਾ । ਪਾਏ ਹਿੱਸਾ ਹਰਿ ਗਿਰਧਾਰ, ਗ੍ਰਿਹ ਗ੍ਰਿਹ ਵੰਡ ਵੰਡਾਇੰਦਾ । ਕਿਸੇ ਨਾ ਦਿਸਾ ਵਿਚ ਸੰਸਾਰ, ਕੋਟਨ ਕੋਟੀ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਦਿਵਸ ਦਿਤਾ ਵਰ, ਦੂਜੇ ਦਿਵਸ ਘਾੜਨ ਦਏ ਘੜ, ਗੁਰਸਿਖ ਸਾਚੀ ਬਣਤ ਬਣਾਇੰਦਾ । ਗੁਰਸਿਖ ਕਾਇਆ ਘਾੜਨ ਘੜਿਆ, ਗੁਰ ਸਤਿਗੁਰ ਵਡ ਵਡਿਆਈਆ । ਗੁਰਮੁਖ ਗੁਰ ਗੁਰ ਆਪੇ ਫੜਿਆ, ਆਪ ਆਪਣਾ ਮੇਲ ਮਿਲਾਈਆ । ਗੁਰਸਿਖ ਅੰਦਰ ਗੁਰ ਗੁਰ ਆਪੇ ਵੜਿਆ, ਆਪ ਆਪਣਾ ਰੂਪ ਵਟਾਈਆ । ਗੁਰਸਿਖ ਮੰਦਰ ਗੁਰ ਗੁਰ ਆਪੇ ਚੜ੍ਹਿਆ, ਆਪਣਾ ਕੁੰਡਾ ਲਾਹੀਆ । ਗੁਰਸਿਖ ਅੰਦਰ ਗੁਰ ਗੁਰ ਆਪਣਾ ਅੱਖਰ ਆਪੇ ਪੜ੍ਹਿਆ, ਛੱਤੀ ਰਾਗ ਭੇਵ ਨਾ ਰਾਈਆ । ਗੁਰਸਿਖ ਅੰਦਰ ਗੁਰ ਗੁਰ ਆਪੇ ਖੜਿਆ, ਸਵੱਛ ਸਰੂਪੀ ਰੂਪ ਵਟਾਈਆ । ਗੁਰਸਿਖ ਸਾਚੀ ਤਰਨੀ ਜਗਤ ਤਰਿਆ, ਜੋ ਸਤਿਗੁਰ ਸਰਨਾਈ ਆਈਆ । ਕਲਜੁਗ ਮਰਨੀ ਕਦੇ ਨਾ ਮਰਿਆ, ਰਾਏ ਧਰਮ ਨਾ ਦਏ ਸਜਾਈਆ । ਚਿਤਰ ਗੁਪਤ ਕਿਸੇ ਨਾ ਫੜਿਆ, ਲਾੜੀ ਮੌਤ ਨਾ ਸਗਨ ਮਨਾਈਆ । ਦਰ ਘਰ ਸਾਚੇ ਦਰਗਹਿ ਸਾਚੀ ਚੜ੍ਹਿਆ, ਸਚਖੰਡ ਦਵਾਰੇ ਸੋਭਾ ਪਾਈਆ । ਸੰਤ ਭਗਵੰਤ ਕੰਤ ਗੁਰਮੁਖ ਨਾਰੀ ਆਪੇ ਖੜਿਆ, ਆਪਣੀ ਡੋਲੀ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸਾਚੇ ਰਿਹਾ ਤਰਾਈਆ । ਤਾਰਨਹਾਰਾ ਪੁਰਖ ਸਮਰਥ, ਹਰਿ ਸਤਿਗੁਰ ਗੁਰ ਅਖਵਾਇੰਦਾ । ਸਦਾ ਸੁਹੇਲਾ ਰੱਖੇ ਦੇ ਕਰ ਹੱਥ, ਆਪ ਆਪਣੀ ਦਇਆ ਕਮਾਇੰਦਾ । ਪੰਚ ਵਿਕਾਰਾ ਦੇਵੇ ਮਥ, ਪੰਚ ਸ਼ਬਦ ਧੁਨ ਉਪਜਾਇੰਦਾ । ਪੰਚ ਜਣਾਏ ਸਾਚੀ ਗਾਥ, ਬੋਧ ਅਗਾਧ ਅਲ੍ਹਾਇੰਦਾ । ਪੰਚ ਚੁਕਾਏ ਲਹਿਣਾ ਦੇਣਾ ਮਸਤਕ ਮਾਥ, ਪੂਰਬ ਲਹਿਣਾ ਵੇਖ ਵਖਾਇੰਦਾ । ਸਤਿਗੁਰ ਪੂਰਾ ਇਕ ਕਰਾਏ ਪੂਜਾ ਪਾਠ, ਏਕਾ ਮੰਤਰ ਨਾਮ ਸੁਣਾਇੰਦਾ । ਏਕਾ ਤੀਰਥ ਏਕਾ ਤਾਟ, ਅਠਸਠ ਪੰਧ ਮੁਕਾਇੰਦਾ । ਚੌਦਾਂ ਲੋਕ ਵਖਾਏ ਏਕਾ ਹਾਟ, ਚਰਨ ਦਵਾਰਾ ਜਨ ਦਰਸਾਇੰਦਾ । ਜੁਗ ਜੁਗ ਵਿਛੜੇ ਜਨਮ ਜਨਮ ਦਾ ਪੂਰਾ ਕਰੇ ਘਾਟ, ਘਾਟਾ ਕੋਇ ਰਹਿਣ ਨਾ ਪਾਇੰਦਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਆਪ ਆਪਣੇ ਲੇਖੇ ਲਾਇੰਦਾ । ਗੁਰਸਿਖ ਪੰਜ ਤੱਤ ਸੜੇ ਅਗਨੀ ਕਾਠ, ਆਤਮ ਬ੍ਰਹਮ ਨਾ ਕੋਇ ਜਲਾਇੰਦਾ । ਜੇਹਵਾ ਯਸ ਹਿਲਾ ਰਘੁਨਾਥ, ਰਘੁਪਤ ਆਪੇ ਵੇਖ ਵਖਾਇੰਦਾ । ਥਿਰ ਘਰ ਸਾਚੇ ਸਚ ਨਿਵਾਸ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਵੇਲੇ ਅੰਤਮ ਦਰਸ ਵਖਾਇੰਦਾ । ਹਰਿ ਸੰਤਾਂ ਸਚ ਘਰ ਕਰੇ ਵਾਸ, ਦਰਗਹਿ ਸਾਚੀ ਸੋਭਾ ਪਾਇੰਦਾ । ਗੁਰਮੁਖਾਂ ਬੁਝਾਏ ਲੱਗੀ ਪਿਆਸ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਗੁਰਸਿਖਾਂ ਦਵਾਰੇ ਦਾਸੀ ਦਾਸ, ਗੁਰ ਸਤਿਗੁਰ ਸੇਵ ਕਮਾਇੰਦਾ । ਅੰਤਮ ਕਰੇ ਬੰਦ ਖਲਾਸ, ਬੰਦੀ ਛੋੜ ਨਾਮ ਧਰਾਇੰਦਾ । ਸਦ ਬਲਿਹਾਰੀ ਬਲ ਬਲ ਜਾਸ, ਜੋ ਗੁਰ ਕਾ ਹੁਕਮ ਕਮਾਇੰਦਾ । ਆਦਿ ਜੁਗਾਦਿ ਨਾ ਹੋਏ ਵਿਨਾਸ, ਹਰਿ ਸਾਚਾ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ

ਗੋਬਿੰਦ ਮੇਲ ਮਿਲਾਇੰਦਾ । ਗੋਬਿੰਦ ਮੇਲਾ ਹਰਿ ਦਵਾਰ, ਹਰਿ ਸੰਤਨ ਆਪ ਕਰਾਈਆ । ਜੋ ਜਨ ਮੰਗਣ ਬਣ ਭਿਖਾਰ, ਪ੍ਰਭ ਸਾਚੀ ਭਿਛਿਆ ਝੋਲੀ ਦਏ ਭਰਾਈਆ । ਦਰਸ ਵਖਾਏ ਖੋਲ੍ਹ ਕਿਵਾੜ, ਅੰਦਰ ਮੰਦਰ ਨਿਰਗੁਣ ਜੋਤ ਕਰ ਰੁਸ਼ਨਾਈਆ । ਕਲਜੁਗ ਅਗਨੀ ਤਪੇ ਨਾ ਤੱਤੀ ਹਾੜ, ਰੁੱਤ ਬਸੰਤ ਇਕ ਸੁਹਾਈਆ । ਹੋਏ ਪਰਕਾਸ਼ ਬਹੱਤਰ ਨਾੜ, ਨਾੜੀ ਨਾੜ ਕਰੇ ਰੁਸ਼ਨਾਈਆ । ਸਾਚੇ ਮੰਦਰ ਵਖਾਏ ਇਕ ਅਖਾੜ, ਪ੍ਰਭ ਲਾਇਆ ਬੇਪਰਵਾਹੀਆ । ਮੂਰਛਾਗਤ ਹੋਈ ਪੰਚਮ ਧਾੜ, ਮੂਧੇ ਭਾਰ ਸੁਟਾਈਆ । ਗੁਰ ਕਾ ਸ਼ਬਦ ਦਏ ਲਤਾੜ, ਤ੍ਰਿਲੋਕੀ ਭਾਰ ਉਪਰ ਰਖਾਈਆ । ਗੁਰਮੁਖਾਂ ਫਿਰੇ ਅੱਗੇ ਪਿੱਛੇ ਅਗਾੜ, ਸਤਿਗੁਰ ਪੂਰੇ ਹੱਥ ਵਡਿਆਈਆ । ਆਪੇ ਪੌੜੇ ਦੇਵੇ ਚਾੜ, ਅਧ ਵਿਚਕਾਰ ਨਾ ਕੋਇ ਲਟਕਾਈਆ । ਗੁਰਸਿਖ ਬਣਾਏ ਸਾਚੇ ਲਾੜ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਖੇਲੇ ਖੇਲ ਅਗੰਮ ਅਪਾਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸੱਜਣ ਉਠਾਵਣ ਆਇਆ, ਵਡ ਦਾਤਾ ਬੇਅੰਤ । ਕਲਜੁਗ ਜੀਵ ਗੂੜ੍ਹੀ ਨੀਂਦ ਸਵਾਵਣ ਆਇਆ, ਮਾਇਆ ਪੜਦਾ ਪਾਏ ਸਾਧ ਸੰਤ । ਤ੍ਰੈਗੁਣ ਵੇਸ ਵਟਾਵਣ ਆਇਆ, ਆਦਿ ਜੁਗਾਦੀ ਮਹਿਮਾ ਅਗਣਤ । ਪੰਜ ਵਿਕਾਰਾ ਵੇਖ ਵਖਾਵਣ ਆਇਆ, ਵੇਖਣਹਾਰ ਹਉਮੇ ਹੰਗਤ । ਲੱਖ ਚੁਰਾਸੀ ਮਨਮੁਖ ਜੀਵ ਮਿਟਾਵਣ ਆਇਆ, ਆਪ ਬਣਾਈ ਆਪਣੀ ਬਣਤ । ਗੁਰਸਿਖ ਸੱਚੇ ਆਪ ਤਰਾਵਣ ਆਇਆ, ਨਾਉਂ ਰਖਾਇਆ ਹਰਿ ਸੰਗਤ । ਕਾਂਗੋਂ ਹੰਸ ਬਣਾਵਣ ਆਇਆ, ਜਿਉਂ ਨਾਨਕ ਅੰਗੀਕਾਰ ਲਾਇਆ ਅੰਗਦ । ਏਕਾ ਬਸਤਰ ਭੂਸ਼ਣ ਤਨ ਪਹਿਨਾਵਣ ਆਇਆ, ਦੂਸਰ ਦਰ ਨਾ ਹੋਏ ਮੰਗਤ । ਕਾਇਆ ਚੋਲੀ ਰੰਗ ਚੜ੍ਹਾਵਣ ਆਇਆ, ਲੇਖ ਮੁਕਾਏ ਭੁੱਖ ਨੰਗਤ । ਨਾਮ ਕੰਗਣ ਇਕ ਵਖਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰੰਗਤ । ਆਪਣਾ ਅੰਕ ਆਪੇ ਜਾਣ, ਆਪਣਾ ਮੂਲ ਵੇਖ ਵਖਾਈਆ । ਆਪਣਾ ਅੰਕ ਆਪ ਪਛਾਨ, ਆਪੇ ਨਿਵ ਨਿਵ ਸੀਸ ਝੁਕਾਈਆ । ਆਪਣਾ ਜਨਕ ਕਰ ਪਰਧਾਨ, ਗੁਰਮੁਖ ਸਾਚੇ ਦਏ ਵਡਿਆਈਆ । ਆਪਣਾ ਡੰਕ ਦੋ ਜਹਾਨ, ਨੌਜਵਾਨ ਦਏ ਵਜਾਈਆ । ਸਾਲ ਸੋਲ੍ਹਵੇਂ ਹੋ ਪਰਧਾਨ, ਆਪਣਾ ਪੜਦਾ ਰਿਹਾ ਉਠਾਈਆ । ਸਾਲ ਸਤਾਰਵੇਂ ਫੜੇ ਤੀਰ ਕਮਾਨ, ਏਕਾ ਚਿਲਾ ਦਏ ਚੜ੍ਹਾਈਆ । ਸਾਲ ਅਠਾਰਵੇਂ ਮਾਰੇ ਬਾਨ, ਜਲ ਬਿੰਬ ਵੇਖ ਵਖਾਈਆ । ਸਾਲ ਉਨੀਵੇਂ ਕਲਜੁਗ ਤੇਰੀ ਲਾਹੇ ਮਕਾਣ, ਈਸਾ ਮੂਸਾ ਰਹਿਣ ਨਾ ਪਾਈਆ । ਸਾਲ ਬੀਸਵੇ ਝੁਲਾਏ ਨਿਸ਼ਾਨ, ਸੱਤ ਰੰਗ ਨਿਸ਼ਾਨਾ ਦਏ ਚੜ੍ਹਾਈਆ । ਤਖ਼ਤ ਤਾਜ ਸੋਹੇ ਸੁਲਤਾਨ, ਪੁਰਖ ਅਕਾਲ ਵੱਜੇ ਵਧਾਈਆ । ਚਾਰੋਂ ਕੁੰਟ ਪੰਥ ਪਰਧਾਨ, ਵਡ ਪਰਵਾਨਗੀ ਆਪ ਸਖਾਈਆ । ਰਸਨਾ ਗੂੰਜੇ ਇਕ ਅਕਾਲ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਹੰ ਬ੍ਰਹਮ ਬਣੇ ਵਿਧਾਨ, ਸਤਿਗੁਰ ਪੂਰਾ ਦਏ ਜਣਾਈਆ । ਸੋਹੰ ਰੂਪ ਚਤੁਰ ਸੁਜਾਨ, ਚਾਰ ਜੁਗ ਨਾ ਮਰੇ ਨਾ ਜਾਈਆ । ਆਦਿ ਅੰਤ ਰਹੇ ਵਿਚ ਜਹਾਨ, ਏਕਾ ਕੁਦਰਤ ਦੂਜਾ ਰੂਪ ਹਰਿ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਇਕੀਸਾ ਹਰਿ ਜਗਦੀਸਾ ਏਕਾ ਛਤਰ ਸੀਸ ਝੁਲਾਈਆ । ਛੱਤਰ ਝੁਲਾਨਾ ਹਰਿ ਮਿਹਰਵਾਨ, ਹਰਿ ਆਪਣਾ ਆਪ ਝੁਲਾਈਆ । ਸ੍ਰਿਸ਼ਟ ਸਬਾਈ ਪਾਵੇ ਆਣ, ਚਾਰ ਵਰਨ ਆਏ ਸਰਨਾਈਆ । ਸ਼ਾਹ ਸੁਲਤਾਨ ਰਾਜ ਰਾਜਾਨ, ਨਿਉਂ ਨਿਉਂ ਸੀਸ ਰਹੇ ਝੁਕਾਈਆ । ਗਰੀਬ ਨਿਮਾਣਿਆਂ ਦੇਵੇ ਮਾਣ, ਦਰ ਘਰ ਸਾਚੇ ਸੋਭਾ ਪਾਈਆ । ਹਿੰਦੂ ਮੁਸਲਮ ਸਿਖ ਈਸਾਈ ਚੁੱਕੇ ਕਾਨ, ਸ਼ੱਤਰੀ ਬ੍ਰਹਿਮਣ

ਸ਼ੂਦਰ ਵੈਸ਼ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਦਏ ਵਜਾਈਆ । ਡੰਕਾ ਵੱਜਣਾ ਚਾਰ ਕੁੰਟ, ਹਰਿ ਸਾਚੇ ਆਪ ਵਜਾਵਣਾ । ਲੋਕਮਾਤ ਬਨਾਵਣਾ ਧਾਮ ਬੈਕੁੰਠ, ਸਾਚਾ ਮਾਰਗ ਏਕਾ ਲਾਵਣਾ । ਨਾ ਕੋਈ ਲਿੰਗ ਕਟਾਏ ਨਾ ਕਰੇ ਸੁੰਨਤ, ਨਾ ਕੋਇ ਮੂੰਡ ਮੁੰਡਾਵਣਾ । ਪ੍ਰਭ ਆਪ ਬਣਾਏ ਆਪਣੀ ਬਣਤ, ਏਕਾ ਰੂਪ ਸਚ ਦਰਸਾਵਣਾ । ਏਕਾ ਰੰਗ ਸਾਧ ਸੰਤ, ਦੂਜਾ ਰੰਗ ਨਾ ਕੋਇ ਵਟਾਵਣਾ । ਨਾ ਕੋਈ ਗੜ੍ਹ ਦਿਸੇ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਦਰ ਨਚਾਵਣਾ । ਨਾ ਕੋਈ ਬ੍ਰਹਮਾ ਵਿਸ਼ਨ ਸ਼ਿਵ ਗਣਪਤ ਗਣੇਸ਼ ਹੋਏ ਮੰਗਤ, ਦੂਜੇ ਦਰ ਨਾ ਪੱਲੂ ਡਾਹਵਣਾ । ਉਚੇ ਦਰ ਨਾ ਬਹੇ ਕੋਇ ਪੰਗਤ, ਵੰਡੀ ਵੰਡ ਨਾ ਕੋਇ ਵੰਡਾਵਣਾ । ਨੌ ਖੰਡ ਬਣਾਏ ਸਾਚੀ ਸੰਗਤ, ਹਰਿ ਸੰਗਤ ਨਾਮ ਧਰਾਵਣਾ । ਪ੍ਰਭ ਕਾਇਆ ਮਜੀਠੀ ਚਾੜ੍ਹੇ ਰੰਗਤ, ਚੋਲਾ ਚੋਲੀ ਆਪ ਰੰਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੀਸਾ ਆਪ ਅਖਵਾਵਣਾ । ਇਕ ਇਕੀਸਾ ਖੇਲ ਅਪਾਰਾ, ਹਰਿ ਸਾਚਾ ਆਪ ਕਰਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਆਪਣਾ ਸੰਮਤ ਦਏ ਚਲਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਆਪਣੀ ਵਿਦਿਆ ਕਰੇ ਪੜ੍ਹਾਈਆ । ਵੇਦ ਕਤੇਬਾਂ ਵਸੇ ਬਾਹਰਾ, ਖਾਣੀ ਬਾਣੀ ਭੇਵ ਨਾ ਰਾਈਆ । ਗੁਰ ਪੀਰ ਅਵਤਾਰ ਸਾਧਾਂ ਸੰਤਾਂ ਚਲੌਣਹਾਰਾ, ਸਹਾਰ ਏਕੰਕਾਰਾ ਅਖਵਾਈਆ । ਪੁਰਖ ਅਕਾਲ ਬੋਲ ਜੈਕਾਰਾ, ਨਿਰਗੁਣ ਸਰਗੁਣ ਨਾਮ ਧਰਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪੇ ਨਜ਼ਰੀ ਆਏ ਰਾਮ ਅਵਤਾਰਾ, ਆਪੇ ਕ੍ਰਿਸ਼ਨਾ ਰੂਪ ਵਟਾਈਆ । ਆਪੇ ਈਸਾ ਮੂਸਾ ਹੋ ਉਜਿਆਰਾ, ਆਪਣਾ ਕਲਮਾ ਆਪ ਸੁਣਾਈਆ । ਆਪੇ ਆਬੇਹਯਾਤ ਕਰੇ ਤਿਆਰਾ, ਭਰ ਪਿਆਲਾ ਜਾਮ ਪਿਆਈਆ । ਆਪੇ ਮੁਖ ਨਕਾਬ ਪੜਦਾ ਲਾਏ ਭਾਰਾ, ਅਗਲਾ ਲੇਖਾ ਵੇਖ ਵਖਾਈਆ । ਆਪੇ ਦੋ ਦੋ ਆਬਾ ਦੇਵੇ ਧਾਰਾ, ਆਪਣਾ ਮੇਲ ਮਿਲਾਈਆ । ਆਪੇ ਲੇਖਾ ਜਾਣੇ ਮੁਹੰਮਦੀ ਯਾਰਾ, ਚਾਰ ਯਾਰੀ ਰੂਪ ਵਟਾਈਆ । ਆਪੇ ਨਿਰਗੁਣ ਨਾਨਕ ਖੇਲ ਅਪਾਰਾ, ਜੋਤ ਨਿਰੰਕਾਰਾ ਡਗਮਗਾਈਆ । ਆਪੇ ਸਤਿਨਾਮ ਭਰੇ ਭੰਡਾਰਾ, ਵਡ ਭੰਡਾਰੀ ਬੇਪਰਵਾਹੀਆ । ਆਪੇ ਵਾਹਿਗੁਰੂ ਬੋਲ ਜੈਕਾਰਾ, ਵਾਹ ਵਾਹ ਗੁਰੂ ਆਪ ਅਖਵਾਈਆ । ਆਪੇ ਫਤਿਹ ਵੱਜੇ ਨਗਾਰ, ਆਪੇ ਡੰਕਾ ਰਿਹਾ ਲਾਈਆ । ਆਪੇ ਖਾਲਸ ਖਾਲਸਾ ਕਰ ਤਿਆਰਾ, ਚਾਰ ਵਰਨਾਂ ਰੰਗ ਚੜ੍ਹਾਈਆ । ਚੌਹੁ ਜੁਗਾਂ ਤੋਂ ਪੰਥ ਚਲਾਏ ਆਪਣਾ ਨਿਆਰਾ, ਪੁਰਖ ਅਕਾਲ ਵੱਡੀ ਵਡਿਆਈਆ । ਕਰੋੜ ਛਿਆਨਵੇ ਅਗੰਮੀ ਧਾੜਾ, ਆਪਣੀ ਆਪ ਲਏ ਉਪਜਾਈਆ । ਲੋਕਮਾਤ ਬਣਾਏ ਸਚ ਅਖਾੜਾ, ਮਾਨਸ ਜਨਮ ਰੂਪ ਵਟਾਈਆ । ਵਿਚ ਸੋਹੇ ਹਰਿ ਹਰਿ ਲਾੜਾ, ਆਪ ਆਪਣਾ ਜੋਬਨ ਰਿਹਾ ਵਖਾਈਆ । ਸੰਮਤ ਲਗਾਏ ਸਤਾਰਾਂ ਹਾੜਾ, ਅਗਲਾ ਲੇਖਾ ਬੰਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗ ਆਪਣੇ ਗਾਏ ਆਪੇ ਛੰਦ, ਦੂਸਰ ਹੱਥ ਨਾ ਰੱਖੀ ਕਿਸੇ ਵਡਿਆਈਆ ।

ਸੋਲਾਂ ਕਲ ਅਕਲ ਕਲਧਾਰ, ਸੋਲਾਂ ਇਛਿਆ ਬੰਦ ਕਰਾਈਆ । ਸੋਲਾਂ ਕਲ ਆਪ ਨਿਰੰਕਾਰ, ਆਪਣੀ ਵੰਡ ਵੰਡਾਈਆ । ਸੋਲਾਂ ਕਲਾਂ ਭਰ ਭੰਡਾਰ, ਲੋਕਮਾਤ ਵੇਖ ਵਖਾਈਆ । ਸੋਲਾਂ ਕਲਾਂ ਦਏ ਅਧਾਰ, ਆਪ ਆਪਣੀ ਜੋਤ ਜਗਾਈਆ । ਸੋਲਾਂ ਕਲ ਕਲ ਉਜਿਆਰ, ਲੱਖ

ਚੁਰਾਸੀ ਰਚਨ ਰਚਾਈਆ । ਸੋਲਾਂ ਕਲ ਬੰਨੇ ਧਾਰ, ਬ੍ਰਹਮਾ ਵਿਸ਼ਨੂੰ ਸ਼ਿਵ ਸੇਵ ਕਮਾਈਆ । ਸੋਲਾਂ ਕਲ ਖੇਲ ਅਪਾਰ, ਤ੍ਰਿਲੋਕੀ ਆਪਣੇ ਵੇਸ ਵਖਾਈਆ । ਸੋਲਾਂ ਕਲਾਂ ਦਏ ਅਧਾਰ, ਨੌਂ ਖੰਡ ਰਚਨ ਰਚਾਈਆ । ਸੋਲਾਂ ਕਲਾਂ ਕਲ ਕਰ ਪਸਾਰ, ਸੱਤ ਦੀਪ ਨਾਲ ਰਲਾਈਆ । ਸੱਤਾਂ ਦੀਪਾਂ ਨਵਾਂ ਖੰਡਾਂ ਤਿੰਨਾਂ ਲੋਕਾਂ ਕਰੇ ਆਰ ਪਾਰ, ਸੋਲਾਂ ਕਲ ਸੋ ਅਖਵਾਈਆ । ਕ੍ਰਿਸ਼ਨ ਬਣਿਆ ਮਾਤ ਅਵਤਾਰ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਆਪਣੀ ਸ਼ਕਤੀ ਭਰ ਭੰਡਾਰ, ਆਪੇ ਵੇਖ ਵਖਾਈਆ । ਆਪ ਕਰੇ ਆਪਣਾ ਮੰਗਲਾਚਾਰ, ਆਪੇ ਦਏ ਸੁਣਾਈਆ । ਆਪ ਆਪਣਾ ਗਿਆਨ ਦਏ ਭੰਡਾਰ, ਆਪੇ ਰਿਹਾ ਸੁਣਾਈਆ । ਏਕਾ ਸਾਜਨ ਮੀਤ ਮੁਰਾਰ, ਸਿਖਿਆ ਸਿਖ ਸਮਝਾਈਆ । ਸੋਲਾਂ ਇਛਿਆ ਰਿਹਾ ਵਿਚਾਰ, ਸਤਾਰਾਂ ਦਰਸੀ ਸੋਲਾਂ ਮੁਖ ਸਤਾਰਵਾਂ ਦਿਵਸ ਦੁਆਪਰ ਵੇਲਾ ਅੰਤ ਅਕਲ ਅਠਾਰਾਂ ਦਿਵਸ ਬੋਲ ਜੈਕਾਰ, ਤ੍ਰਿਲੋਕੀ ਨਾਥ ਆਪਣੀ ਖੇਲ ਖਿਲਾਈਆ । ਸੋਲਾਂ ਕਲੀਆਂ ਤਨ ਸ਼ਿੰਗਾਰ, ਤ੍ਰੈਗੁਣ ਵਿਚ ਦਿਸ ਨਾ ਆਈਆ । ਨਿਰਗੁਣ ਸਰਗੁਣ ਖੇਲ ਅਪਾਰ, ਪਾਰਬ੍ਰਹਮ ਆਪ ਅਖਵਾਈਆ । ਲੇਖਾ ਲੇਖ ਨਾ ਸਕੇ ਕੋਇ ਵਿਚਾਰ, ਵੇਦ ਪੁਰਾਨ ਸਿਮਰਤ ਸ਼ਾਸਤਰ ਭੇਵ ਨਾ ਰਾਈਆ । ਜਿਸ ਜਨ ਆਤਮ ਅੰਤਰ ਬਖ਼ਸ਼ੇ ਬ੍ਰਹਮ ਗਿਆਨ, ਸੋ ਜਨ ਬੂਝ ਬੂਝ ਬੁਝਾਈਆ । ਚੌਦਾਂ ਲੋਕ ਵੇਖੇ ਮਾਰ ਧਿਆਨ, ਚੌਦਾਂ ਲੋਕ ਆਪਣਾ ਰੰਗ ਵਖਾਈਆ । ਸੱਤ ਦੀਪ ਹੋ ਪਰਧਾਨ, ਆਪਣੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਲ ਕਲ ਧਾਰ ਹਰਿ ਨਿਰੰਕਾਰ, ਸੋਲਾਂ ਕਲ ਵੇਖ ਸੰਸਾਰ, ਨੌਂ ਸੱਤ ਸੱਤ ਨੌਂ ਸੋਲਾਂ ਚੋਲਾ ਇਕ ਬਦਲਾਈਆ ।



## ੧੮ ਕੱਤਕ ੨੦੧੬ ਬਿਕ੍ਰਮੀ ਬੱਗਾ ਸਿੰਘ ਦੇ ਘਰ ਨੱਤ ਜ਼ਿਲਾ ਲੁਧਿਆਣਾ

ਹਰਿ ਪੁਰਖ ਅਗੰਮ ਅਗੰਮੜੀ ਕਾਰ, ਆਦਿ ਅਨਾਦਿ ਚਲਾਈਆ । ਹਰਿ ਪੁਰਖ ਆਪ ਨਿਰੰਕਾਰ, ਦੂਸਰ ਹੋਰ ਨਾ ਕੋਇ ਅਖਵਾਈਆ । ਹਰਿ ਪੁਰਖ ਨਿਰੰਜਣ ਜੋਤ ਉਜਿਆਰ, ਏਕਾ ਏਕ ਡਗਮਗਾਈਆ । ਹਰਿ ਪੁਰਖ ਆਦਿ ਨਿਰੰਜਣ ਖੇਲ ਅਪਾਰ, ਆਪ ਆਪਣੇ ਰੰਗ ਸਮਾਈਆ । ਹਰਿ ਪੁਰਖ ਅਬਿਨਾਸ਼ੀ ਕਰਤਾ ਸਿਰਜਣਹਾਰ, ਸਚ ਸਚ ਆਪ ਅਖਵਾਈਆ । ਹਰਿ ਪੁਰਖ ਪਾਰਬ੍ਰਹਮ ਹੋ ਉਜਿਆਰ, ਰੂਪ ਅਨੂਪ ਆਪ ਵਟਾਈਆ । ਹਰਿ ਪੁਰਖ ਆਪ ਆਪਣਾ ਕਰ ਪਸਾਰ, ਆਪ ਆਪਣਾ ਵੇਖ ਵਖਾਈਆ । ਹਰਿ ਪੁਰਖ ਨਿਰਾਕਾਰ, ਨਿਰਵੈਰ ਨਾਉਂ ਧਰਾਈਆ । ਹਰਿ ਪੁਰਖ ਪੁਰਖ ਅਕਾਲ, ਅਕਲ ਕਲਾ ਧਰਾਈਆ । ਹਰਿ ਪੁਰਖ ਅਜੂਨੀ ਰਹਿਤ ਵਡ ਸਿਕਦਾਰ, ਸਚ ਸੁਲਤਾਨ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਈਆ । ਹਰਿ ਹਰਿ ਪੁਰਖ ਕਰਤਾ ਅਬਿਨਾਸ਼, ਏਕਾ ਰੰਗ ਸਮਾਇੰਦਾ । ਹਰਿ ਪੁਰਖ ਸਰਬ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਹਰਿ ਪੁਰਖ ਆਪਣੇ ਅੰਦਰ ਕਰੇ ਆਪਣਾ ਵਾਸ, ਆਪ ਆਪਣਾ ਮੇਲ ਮਿਲਾਇੰਦਾ । ਹਰਿ ਪੁਰਖ ਏਕਾ ਬਣੇ ਆਪ ਦਾਸ, ਆਪ ਆਪਣੀ ਸੇਵ ਕਮਾਇੰਦਾ । ਹਰਿ ਪੁਰਖ ਆਪਣੀ ਵੇਖੇ ਆਪੇ ਰਾਸ, ਆਪੇ ਨਾਚ ਨਚਾਇੰਦਾ । ਹਰਿ ਪੁਰਖ ਆਪੇ ਵਸਿਆ ਆਪਣੇ ਪਾਸ, ਆਪ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਪੁਰਖ ਅਲਖ ਅਭੇਵ ਏਕਾ ਏਕ ਏਕਾ ਨਾਉਂ ਉਪਜਾਇੰਦਾ । ਹਰਿ ਪੁਰਖ ਸਰਬ ਗੁਣਵੰਤ, ਏਕਾ ਏਕੰਕਾਰਿਆ । ਹਰਿ ਪੁਰਖ ਪੂਰਨ ਭਗਵੰਤ, ਪਾਰਬ੍ਰਹਮ ਜੋਤ ਨਿਰਾਕਾਰਿਆ ।

ਹਰਿ ਪੁਰਖ ਆਦਿ ਅੰਤ, ਆਪ ਆਪਣਾ ਵੇਸ ਵਟਾ ਲਿਆ । ਹਰਿ ਪੁਰਖ ਬਣਾਏ ਆਪਣੀ ਬਣਤ, ਆਪ ਆਪਣਾ ਰੂਪ ਧਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾ ਲਿਆ । ਹਰਿ ਪੁਰਖ ਜੋਤ ਉਜਾਲਾ, ਨਿਰਗੁਣ ਨੂਰ ਸਮਾਇੰਦਾ । ਹਰਿ ਪੁਰਖ ਦੀਨ ਦਿਆਲਾ, ਦਇਆਨਿਧ ਨਾਉਂ ਵਖਾਇੰਦਾ । ਹਰਿ ਪੁਰਖ ਕਰੇ ਆਪ ਆਪਣੀ ਪ੍ਰਿਤਪਾਲਾ, ਪ੍ਰਿਤਪਾਲਕ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨੂਰ ਡਗਮਗਾਇੰਦਾ । ਹਰਿ ਪੁਰਖ ਜੋਤ ਉਜਿਆਰ, ਆਪਣੀ ਖੇਲ ਖਿਲਾਈਆ । ਹਰਿ ਪੁਰਖ ਆਪਣੀ ਇਛਿਆ ਆਪੇ ਧਾਰ, ਆਪਣਾ ਹੁਕਮ ਆਪ ਜਣਾਈਆ । ਹਰਿ ਪੁਰਖ ਸੱਚੀ ਸਰਕਾਰ, ਰਾਜ ਰਾਜਾਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਹਰਿ ਪੁਰਖ ਹਰਿ ਮਲਾਹ, ਹਰਿ ਹਰਿ ਵੇਖ ਵਖਾਇੰਦਾ । ਹਰਿ ਪੁਰਖ ਹਰਿ ਸਲਾਹ, ਹਰਿ ਹਰਿ ਹੁਕਮ ਜਣਾਇੰਦਾ । ਹਰਿ ਪੁਰਖ ਹਰਿ ਹਰਿ ਨਾਂ, ਆਪਣਾ ਆਪ ਧਰਾਇੰਦਾ । ਹਰਿ ਪੁਰਖ ਕਰੇ ਸਚ ਨਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਨਿਰੰਕਾਰ ਏਕਾ ਵੇਸ ਵੇਸ ਵਟਾਇੰਦਾ । ਹਰਿ ਪੁਰਖ ਹਰਿ ਨਿਸ਼ਾਨਾ, ਅਵਰ ਨਾ ਦੂਜਾ ਕੋਇ । ਹਰਿ ਪੁਰਖ ਸ੍ਰੀ ਭਗਵਾਨ, ਆਪਣਾ ਨਾਮ ਆਪ ਬਲੋਏ । ਹਰਿ ਪੁਰਖ ਗੁਣ ਨਿਧਾਨ, ਗੁਣ ਕਹਿ ਨਾ ਸਕੇ ਕੋਇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣੀ ਲੋਇ । ਹਰਿ ਪੁਰਖ ਇਛਿਆ ਧਾਰ, ਆਪਣੀ ਦਇਆ ਕਮਾਈਆ । ਆਪਣਾ ਮੰਦਰ ਕਰੇ ਤਿਆਰ, ਚਾਰ ਦੀਵਾਰ ਨਾ ਕੋਇ ਬਣਾਈਆ । ਆਪੇ ਹੋਏ ਸੇਵਾਦਾਰ, ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਹਰਿ ਪੁਰਖ ਕਿਰਪਾ ਧਾਰ, ਆਪਣੀ ਬਣਤ ਬਣਾਇੰਦਾ । ਆਪਣਾ ਬਣਾਏ ਆਪ ਦਵਾਰ, ਲੇਖਾ ਆਪਣੇ ਹੱਥ ਰਖਾਇੰਦਾ । ਲੰਬਾ ਚੌੜਾ ਕਦੇ ਨਾ ਕਰੇ ਵਿਚਾਰ, ਲੇਖਾ ਗਿਣਤ ਨਾ ਕੋਇ ਗਿਣਾਇੰਦਾ । ਸੰਸਾਰ ਵਿਚ ਨਾ ਪਾਵੇ ਕੋਈ ਸਾਰ, ਅਗੰਮ ਅਥਾਹ ਆਪ ਧਰਾਇੰਦਾ । ਆਪਣਾ ਮੰਦਰ ਕਰ ਤਿਆਰ, ਆਪੇ ਬਾਡੀ ਵੇਖ ਵਖਾਇੰਦਾ । ਆਪੇ ਅੰਦਰ ਵੜ ਹੋਏ ਉਜਿਆਰ, ਆਪਣਾ ਦੀਪਕ ਆਪ ਜਗਾਇੰਦਾ । ਆਪੇ ਵੇਖੇ ਆਪਣੇ ਦਵਾਰ, ਦਰ ਦਵਾਰ ਖੋਲ੍ਹ ਖੁਲ੍ਹਾਇੰਦਾ । ਆਪੇ ਹੋਏ ਗੁਪਤ ਜ਼ਾਹਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਉਪਜਾਇੰਦਾ । ਆਪਣਾ ਮੰਦਰ ਕਰ ਤਿਆਰ, ਹਰਿ ਸਾਚੀ ਖ਼ੁਸ਼ੀ ਮਨਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਹਰਿ ਪੁਰਖ ਨਿਰੰਜਣ ਕਿਰਪਾ ਧਾਰ, ਸੋ ਪੁਰਖ ਨਿਰੰਜਣ ਸਿਫ਼ਤ ਸਲਾਹਿੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਪੁਰਖ ਨਿਰੰਜਣ ਡਗਮਗਾਇੰਦਾ । ਹਰਿ ਪੁਰਖ ਨਿਰੰਜਣ ਕਰੇ ਸਚ ਪਿਆਰ, ਸੋ ਪੁਰਖ ਨਿਰੰਜਣ ਅੰਗ ਲਗਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰ, ਹਰਿ ਪੁਰਖ ਨਿਰੰਜਣ ਵਿਚ ਸਮਾਇੰਦਾ । ਹਰਿ ਪੁਰਖ ਨਿਰੰਜਣ ਬਣੇ ਕੰਤ ਭਤਾਰ, ਸੋ ਪੁਰਖ ਨਿਰੰਜਣ ਨਾਦੀ ਨਾਉਂ ਧਰਾਇੰਦਾ । ਅੰਦਰ ਵੜ ਕਰੇ ਪਿਆਰ, ਆਪ ਆਪਣਾ ਬੰਕ ਸੁਹਾਇੰਦਾ । ਸਾਚੇ ਮੰਦਰ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਿਸੇ ਨਾ ਪਾਈ ਸਾਰ, ਹਰਿ ਕਾ ਭੇਵ ਨਾ ਕੋਇ ਖੁਲ੍ਹਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਲਿਖਿਆ ਲੇਖ ਨਾ ਕੋਇ ਲਿਖਾਇੰਦਾ । ਬਿਨ ਹਰਿ ਆਪਣੀ ਬੰਨ੍ਹੇ ਨਾ ਕੋਈ ਧਾਰ, ਆਦਿ ਅੰਤ ਨਾ

ਕੋਇ ਜਣਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਆਪਣੀ ਰਚਨਾ ਆਪ ਰਚਾਇੰਦਾ । ਆਪਣੇ ਮੰਦਰ ਹੋ ਉਜਿਆਰ, ਆਪ ਆਪਣਾ ਵੇਖ ਵਖਾਇੰਦਾ । ਸਾਚੇ ਮੰਦਰ ਧਰੇ ਨਾਉਂ ਅਪਰ ਅਪਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਸਚਖੰਡ ਦਵਾਰ ਹੱਟ ਅਬਿਨਾਸ਼ ਖੁਲ੍ਹਾ, ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਡੇਰਾ ਲਾ, ਘਰ ਆਪਣੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਸੇਜ ਵਛਾ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਸੋ ਪੁਰਖ ਨਿਰੰਜਣ ਅੰਗ ਲਗਾ, ਹਰਿ ਪੁਰਖ ਨਿਰੰਜਣ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰ ਵੇਖ ਵਖਾਇੰਦਾ । ਸਚਖੰਡ ਦਵਾਰ ਰੱਖਿਆ ਨਾਉਂ, ਹਰਿ ਸਾਚੇ ਦਇਆ ਕਮਾਈਆ । ਸੋ ਪੁਰਖ ਨਿਰੰਜਣ ਰਚਿਆ ਗਾਉਂ, ਆਪਣਾ ਖੇੜਾ ਦਏ ਵਸਾਈਆ । ਹਰਿ ਪੁਰਖ ਨਿਰੰਜਣ ਵੇਖੇ ਆਪਣਾ ਨਾਉਂ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਸੋ ਪੁਰਖ ਨਿਰੰਜਣ ਪਕੜੇ ਬਾਂਹ, ਹਰਿ ਪੁਰਖ ਨਿਰੰਜਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਘਰ ਸਾਚੇ ਸੋਭਾ ਪਾਈਆ । ਸਾਚਾ ਘਰ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਉਪਾਇਆ । ਹਰਿ ਪੁਰਖ ਨਿਰੰਜਣ ਬੈਠਾ ਇਕ ਅਕੱਲਾ, ਸਚਖੰਡ ਦਵਾਰਾ ਇਕ ਵਸਾਇਆ । ਹਰਿ ਪੁਰਖ ਨਿਰੰਜਣ ਆਪਣਾ ਆਸਣ ਆਪੇ ਮੱਲਾ, ਆਪ ਆਪਣਾ ਡੇਰਾ ਲਾਇਆ । ਹਰਿ ਪੁਰਖ ਨਿਰੰਜਣ ਨਿਹਚਲ ਵੇਖੇ ਇਕ ਅਟੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਦਰ ਕਰ ਤਿਆਰ, ਪਾਵੇ ਸਾਰ ਹਰਿ ਨਿਰੰਕਾਰ, ਨਿਰਾਧਾਰ ਵੇਖ ਵਖਾਇਆ । ਸਚ ਮਹੱਲਾ ਸਚਖੰਡ, ਹਰਿ ਪੁਰਖ ਨਿਰੰਜਣ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਕਰੇ ਵੰਡ, ਲਿਖਿਆ ਲੇਖ ਨਾ ਕੋਇ ਜਣਾਇੰਦਾ । ਹਰਿ ਪੁਰਖ ਨਿਰੰਜਣ ਮੰਗੇ ਆਪਣੀ ਮੰਗ, ਆਪੇ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ, ਦੀਪਕ ਬਾਤੀ ਕਰ ਉਜਿਆਰ, ਸਤਿ ਸਰੂਪੀ ਡਗਮਗਾਇੰਦਾ । ਸੋ ਪੁਰਖ ਨਿਰੰਜਣ ਸਤਿ ਸਰੂਪ, ਹਰਿ ਹਰਿ ਨਾਉਂ ਉਪਾਈਆ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਕੂਟ, ਦਹਿ ਦਿਸ਼ਾ ਨਾ ਕੋਇ ਵਖਾਈਆ । ਸੋ ਪੁਰਖ ਨਿਰੰਜਣ ਜਾਏ ਤੁਠ, ਆਪ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਆਪਣਾ ਜਾਮ ਆਪੇ ਪੀਵੇ ਘੁੱਟ, ਆਪਣੇ ਅੰਦਰ ਆਪ ਟਿਕਾਈਆ । ਹਰਿ ਪੁਰਖ ਨਿਰੰਜਣ ਆਪਣਾ ਰਸ ਆਪੇ ਲਏ ਲੁੱਟ, ਆਪ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਘਰ ਸਾਚੇ ਵਡ ਵਡਿਆਈਆ । ਵਡ ਵਡਿਆਈ ਸਚਖੰਡ ਦਵਾਰ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਨੂਰ ਕਰ ਉਜਿਆਰ, ਪੁਰਖ ਅਕਾਲਾ ਡਗਮਗਾਇੰਦਾ । ਸਚ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਣ ਆਸਣ ਲਾਇੰਦਾ । ਸ਼ਾਹੋ ਭੂਪ ਵਡ ਸਿਕਦਾਰ, ਰਾਜਣ ਰਾਜ ਅਨਾਦਿ ਧਰਾਇੰਦਾ । ਛਤਰ ਸੀਸ ਬੇਐਬ ਪਰਵਰਦਿਗਾਰ, ਆਪਣਾ ਰੂਪ ਦਰਸਾਇੰਦਾ । ਕਾਗਜ ਕਲਮ ਨਾ ਪਾਵੇ ਸਾਰ, ਲੇਖਾ ਲੇਖ ਨਾ ਕੋਇ ਜਣਾਇੰਦਾ । ਸੋ ਪੁਰਖ ਨਿਰੰਜਣ ਆਪਣੀ ਕਰਨੀ ਕਰਤਾ ਕਰੇ ਕਰਤਾਰ, ਕਰਨਹਾਰ ਇਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇੰਦਾ । ਵਸਣਹਾਰਾ ਇਕ ਘਰ ਬਾਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਵੰਡਾਇੰਦਾ । ਸਚਖੰਡ ਵਸਿਆ ਸੋ ਪੁਰਖ ਨਿਰੰਜਣ,

ਏਕਾ ਏਕ ਜੋਤ ਅਕਾਲਿਆ । ਥਿਰ ਘਰ ਵਾਸੀ ਹਰਿ ਪੁਰਖ ਨਿਰੰਜਣ, ਖੇਲੇ ਖੇਲ ਹਰਿ ਗੋਪਾਲਿਆ । ਦੋਹਾਂ ਮੇਲਾ ਏਕਾ ਸੱਜਣ, ਦੂਸਰ ਜਤ ਨਾ ਕੋਇ ਰਖਾ ਲਿਆ । ਇਕ ਦਵਾਰੇ ਏਕਾ ਮਜਨ, ਸਰੋਵਰ ਸੱਚਾ ਇਕ ਵਖਾ ਲਿਆ । ਇਕ ਦੂਜੇ ਗਲ ਆਪੇ ਲੱਗਣ, ਪ੍ਰੇਮ ਪਿਆਰ ਇਕ ਵਖਾ ਲਿਆ । ਨਿਰਗੁਣ ਧਾਰ ਸਾਚੇ ਨੇਤਰ ਨੀਰ ਵਗਣ, ਹਰਿ ਅੰਮ੍ਰਿਤ ਨਾਮ ਰਖਾ ਲਿਆ । ਸਚਖੰਡ ਦਵਾਰੇ ਮਨਾਇਆ ਸਾਚਾ ਸਗਨ, ਸੋ ਪੁਰਖ ਨਿਰੰਜਨ ਹਰਿ ਪੁਰਖ ਨਿਰੰਜਣ ਇਕ ਦੂਜੇ ਪਾਵਣ ਮਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ, ਨਾਰੀ ਕੰਤ ਕੰਤ ਭਤਾਰ, ਸਚਖੰਡ ਦਵਾਰੇ ਆਪ ਬਹਾ ਲਿਆ । ਆਪੇ ਨਾਰੀ ਆਪੇ ਕੰਤ, ਸਚਖੰਡ ਸੋਭਾ ਪਾਈਆ । ਸੋ ਪੁਰਖ ਨਿਰੰਜਨ ਖੇਲ ਬੇਅੰਤ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਆਪ ਬਣਾਈ ਆਪਣੀ ਬਣਤ, ਆਪਣੀ ਰਚਨਾ ਰਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵੇਖਣਹਾਰਾ ਥਾਉਂ ਥਾਈਆ । ਹਰਿ ਪੁਰਖ ਨਿਰੰਜਣ ਵਸੇ ਥਿਰ ਘਰ, ਕੰਤੀ ਨਾਉਂ ਉਪਾਇੰਦਾ । ਸੋ ਪੁਰਖ ਨਿਰੰਜਣ ਸਚਖੰਡ ਵਸਿਆ ਏਕਾ ਦਰ, ਆਪ ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਆਪ ਆਪਣਾ ਰੂਪ ਧਰ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜੋਤ ਵਿਚ ਟਿਕਾਇੰਦਾ । ਜੋਤ ਅੰਦਰ ਜੋਤ ਧਰ, ਸਚਖੰਡ ਖੇਲ ਖਿਲਾਇਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਮੇਲ ਮਿਲਾਇਆ । ਸੋ ਪੁਰਖ ਨਿਰੰਜਣ ਪੌੜੇ ਚੜ੍ਹ, ਹਰਿ ਪੁਰਖ ਨਿਰੰਜਣ ਵੇਖ ਵਖਾਇਆ । ਹਰਿ ਪੁਰਖ ਨਿਰੰਜਣ ਸਾਚਾ ਘਾੜਨ ਘੜ, ਸੋ ਪੁਰਖ ਨਿਰੰਜਣ ਦਏ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਉਪਾਇਆ । ਸੋ ਪੁਰਖ ਨਿਰੰਜਣ ਘਾੜਨ ਘੜਿਆ, ਸਚ ਟਕਸਾਲ ਹੱਥ ਉਠਾਈਆ । ਹਰਿ ਪੁਰਖ ਨਿਰੰਜਣ ਨਾਲ ਰਲਿਆ, ਉਪਰ ਆਪਣੀ ਮੋਹਰ ਲਗਾਈਆ । ਆਪਣਾ ਵਿਚੋਲਾ ਆਪੇ ਬਣਿਆ, ਨਾ ਦੂਸਰ ਕੋਇ ਵਖਾਈਆ । ਆਪਣਾ ਤੋਲਾ ਆਪੇ ਬਣਿਆ, ਆਪਣਾ ਕੰਡਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਸੋ ਪੁਰਖ ਨਿਰੰਜਣ ਥਿਰ ਘਰ ਵਾਸ, ਹਰਿ ਆਪਣਾ ਆਪ ਰਖਾਇਆ । ਸਚਖੰਡ ਦਵਾਰ ਪੁਰਖ ਅਬਿਨਾਸ਼, ਹਰਿ ਪੁਰਖ ਨਿਰੰਜਣ ਡੇਰਾ ਲਾਇਆ । ਹਰਿ ਪੁਰਖ ਨਿਰੰਜਣ ਸੋ ਪੁਰਖ ਨਿਰੰਜਣ ਅੰਦਰ ਕਰਿਆ ਵਾਸ, ਆਪ ਆਪਣਾ ਬੀਜ ਬਜਾਇਆ । ਆਪੇ ਉਤਪਤ ਜੋਤ ਕਰੇ ਪਰਕਾਸ਼, ਆਪ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇਆ । ਸੁਹਾਏ ਘਰ ਸਚ ਦਰਬਾਰ, ਹਰਿ ਸੱਚਾ ਸ਼ਾਹ ਸੁਲਤਾਨਿਆ । ਏਕਾ ਮੰਦਰ ਇਕ ਦਵਾਰ, ਏਕਾ ਵੇਖੇ ਸ੍ਰੀ ਭਗਵਾਨਿਆ । ਏਕਾ ਖੇਲ ਨਿਰਗੁਣ ਧਾਰ, ਏਕਾ ਜੋਤ ਜੋਤ ਜਗੇ ਮਹਾਨਿਆ । ਏਕਾ ਸੱਜਣ ਮੀਤ ਮੁਰਾਰ, ਏਕਾ ਰੂਪ ਅਨੂਪ ਦਰਸਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਨਿਆ । ਸਚਖੰਡ ਸੋਭਾਵੰਤ ਸੁਭਾਗਣ, ਹਰਿ ਸਾਚਾ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਏਕਾ ਰੰਗ ਰੰਗ ਬੈਰਾਗਣ, ਆਪ ਆਪਣਾ ਤਾਲ ਵਜਾਇੰਦਾ । ਨਾਰੀ ਕੰਤ ਹੋਈ ਸੁਹਾਗਣ, ਸੋਭਾਵੰਤੀ ਵੇਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵਣਹਾਰਾ ਵਰ, ਆਪੇ ਬੂਝ ਬੁਝਾਇੰਦਾ । ਦੇਵਣਹਾਰਾ ਵਰ ਕਰਤਾਰ, ਆਪਣੀ ਭਿਛਿਆ ਝੋਲੀ ਪਾਈਆ । ਸੋ ਪੁਰਖ ਨਿਰੰਜਣ ਹੋ ਤਿਆਰ, ਬੈਠਾ ਰਾਹ

੧੧੬੧ ੦੮

ਤਕਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਆਪੇ ਵੇਖ ਵਖਾਈਆ । ਸਚਖੰਡ ਸੋਹੇ ਬੰਕ ਦਵਾਰ, ਥਿਰ ਘਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਅੰਦਰ ਆਪਣੇ ਸੋਭਾ ਪਾਈਆ । ਸੋਭਾ ਪਾਏ ਹਰਿ ਭਗਵਾਨ, ਸੋਹੇ ਦਰ ਦਰਬਾਰਾ । ਮੰਦਰ ਵਸੇ ਸਚ ਮਕਾਨ, ਉਚ ਅਟੱਲ ਮਨਾਰਾ । ਨਿਰਗੁਣ ਦੀਪ ਹੋਏ ਉਜਿਆਰ, ਵੇਖਣਹਾਰਾ ਕਮਲਾਪਾਤੀ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਵੇਖੇ ਇਕ ਦਵਾਰਾ । ਸਚਖੰਡ ਵਸਿਆ ਹਰਿ ਨਿਰੰਕਾਰਾ, ਨਿਰਗੁਣ ਰੂਪ ਵਟਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਆਪੇ ਸੁੱਤਾ ਕਰ ਉਜਿਆਰਾ, ਸ਼ਬਦੀ ਨਾਉਂ ਧਰਾਇੰਦਾ । ਖੇਲੇ ਖੇਲ ਅਪਰ ਅਪਾਰਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਇੰਦਾ । ਆਪ ਉਪਜਾਏ ਰਵ ਸਸ ਸੂਰਜ ਚੰਦ ਸਤਾਰਾ, ਗਗਨ ਮੰਡਲ ਆਪ ਸੁਹਾਇੰਦਾ । ਪ੍ਰਿਥਮੀ ਅਕਾਸ਼ ਦਏ ਸਹਾਰਾ, ਜਲ ਧਾਰਾ ਰੂਪ ਵਟਾਇੰਦਾ । ਆਪਣਾ ਰੰਗ ਕਰ ਉਜਿਆਰਾ, ਵਿਸ਼ਨੂੰ ਨਾਉਂ ਵਟਾਇੰਦਾ । ਨਾਭੀ ਕਵਲੀ ਭਰ ਭੰਡਾਰਾ, ਅੰਮ੍ਰਿਤ ਧਾਰ ਚਲਾਇੰਦਾ । ਉਪਜਿਆ ਫੁੱਲ ਆਇਆ ਬਾਹਰਾ, ਆਪਣੀ ਪੰਖੜੀ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਰੂਪ ਨਿਆਰਾ, ਬ੍ਰਹਮ ਰੂਪ ਵਟਾਇੰਦਾ । ਵਸਣਹਾਰਾ ਧੂੰਆਂਧਾਰ, ਸਤਿਗੁਰ ਨਾਉਂ ਉਪਜਾਇੰਦਾ । ਤਿੰਨਾਂ ਮੇਲਾ ਇਕ ਦਵਾਰਾ, ਏਕਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਤਤ ਮੇਲ ਮਿਲਾਇੰਦਾ । ਪੰਜੀ ਪ੍ਰਕਿਰਤੀ ਦਏ ਅਧਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਮਨ ਮਤ ਬੁਧ ਕਰ ਸ਼ਿੰਗਾਰਾ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਚ ਘਰ, ਸਚਖੰਡ ਵਾਸੀ ਪੁਰਖ ਅਬਿਨਾਸ਼ੀ ਆਪ ਆਪਣੀ ਖੇਲ ਖਿਲਾਇੰਦਾ । ਸੇਵਾਦਾਰ ਸੇਵਕ ਲਾ, ਸਾਚਾ ਹੁਕਮ ਸੁਣਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਲਏ ਉਠਾ, ਆਪ ਆਪਣੀ ਬਣਤ ਬਣਾਈਆ । ਲੱਖ ਚੁਰਾਸੀ ਰਚਨ ਰਚਾ, ਰਿਜ਼ਕ ਸਬਾਈ ਆਪ ਪੁਚਾਈਆ । ਆਪੇ ਦੇਵੇ ਅੰਤਮ ਢਾਹ, ਸਤਿਗੁਰ ਰੰਗ ਰੰਗਾਈਆ । ਲੋਕਮਾਤ ਹਰਿ ਖੇਲ ਖਿਲਾ, ਵਰਭੰਡੀ ਨਾਉਂ ਧਰਾਈਆ । ਬ੍ਰਹਿਮੰਡੀ ਡੇਰਾ ਆਪੇ ਲਾ, ਜੇਰਜ ਅੰਡ ਦਏ ਵਡਿਆਈਆ । ਉਤਭੁਜ ਸੇਤਜ ਖੇਲ ਖਿਲਾ, ਨਿਰਗੁਣ ਸਰਗੁਣ ਵੇਖ ਵਖਾਈਆ । ਅਜੂਨੀ ਰਹਿਤ ਲੱਖ ਚੁਰਾਸੀ ਅੰਦਰ ਡੇਰਾ ਲਾ, ਜੂਨੀ ਜੂਨ ਅਨੇਕਾ ਆਪ ਭਵਾਈਆ । ਪਾਰਬ੍ਰਹਮ ਬ੍ਰਹਮ ਲਏ ਉਪਜਾ, ਯਸ਼ ਜੇਵ ਆਪ ਅਖਵਾਈਆ । ਆਤਮ ਪਰਮਾਤਮ ਵੇਖ ਵਖਾ, ਪਰਮ ਪੁਰਖ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਏਕੰਕਾਰਾ ਆਪ ਆਪਣਾ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਵਸਿਆ ਸਭਨੀ ਥਾਂ, ਘਟ ਘਟ ਬੈਠਾ ਆਸਣ ਲਾਈਆ । ਆਪਣੀ ਵੰਡ ਆਪ ਵੰਡਾ, ਆਪੇ ਹੁਕਮ ਸੁਣਾਈਆ । ਚਾਰੇ ਵੇਦਾਂ ਲਏ ਲਿਖਾ, ਚਾਰੇ ਯੁਗ ਰਚਨ ਰਚਾਈਆ । ਸਤਿਜੁਗ ਸਾਚਾ ਮਾਤ ਧਰਾ, ਸਤਿ ਸਤਿ ਕਰੇ ਪੜ੍ਹਾਈਆ । ਤ੍ਰੇਤਾ ਆਏ ਵੇਖਿਆ , ਆਪ ਆਪਣੀ ਕਲ ਵਰਤਾਈਆ । ਦੁਆਪਰ ਤੇਰਾ ਪੰਧ ਮੁਕਾ, ਪ੍ਰਭ ਬਣਿਆ ਪਾਂਧੀ ਰਾਹੀਆ । ਕਲਜੁਗ ਤੇਰਾ ਕਰੇ ਨਿਆਂ, ਭੁੱਲ ਰਹੇ ਨਾ ਰਾਈਆ । ਗੁਰ ਪੀਰ ਸਾਧ ਬਣਨ ਗਵਾਹ, ਜੋ ਹਰਿ ਕਾ ਲੇਖਾ ਗਏ ਲਿਖਾਈਆ । ਬਿਨ ਹਰਿ ਗੋਬਿੰਦ ਨਾ ਦਿਸੇ ਕੋਇ ਮਲਾਹ, ਨਾ ਬੇੜਾ ਬੰਨੇ ਲਾਈਆ । ਚਾਰੋਂ ਕੁੰਟ ਅੰਧੇਰਾ ਰਿਹਾ ਛਾ, ਭੁਲ ਰਹੇ ਨਾ ਰਾਈਆ । ਮੰਝਧਾਰ ਬੇੜਾ ਕਲਜੁਗ ਕੂੜਾ ਰਿਹਾ ਰੁੜਾ, ਬੰਨੇ ਨਾ ਕੋਈ ਪਾਰ ਵਖਾਈਆ । ਸੋ ਪੁਰਖ ਨਿਰੰਜਣ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਹਰਿ ਪੁਰਖ ਨਿਰੰਜਣ

ਗੁਰਸਿਖਾਂ ਅੰਦਰ ਡੇਰਾ ਲਾ, ਆਪ ਆਪਣੀ ਬੂਝ ਬੁਝਾਈਆ । ਬਾਲ ਅੰਵਾਣੇ ਲਏ ਉਠਾ, ਬਿਰਧ ਜਵਾਨ ਨਾ ਕੋਇ ਵਖਾਈਆ । ਕਾਲਖ ਟਿੱਕਾ ਮਸਤਕ ਦੇਵੇ ਲਾਹ, ਜੋ ਜਨ ਆਏ ਸਰਨਾਈਆ । ਨਿਥਾਵਿਆਂ ਦੇਵਣਹਾਰਾ ਸਾਚਾ ਥਾਂ, ਦਰਗਹਿ ਸਾਚੀ ਧਾਮ ਸੁਹਾਈਆ । ਸਚਖੰਡ ਬੈਠਾ ਆਸਣ ਲਾ, ਥਿਰ ਘਰ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਦੇਵੇ ਵਰ, ਹਰਿ ਪੁਰਖ ਨਿਰੰਜਣ ਰਿਹਾ ਸਲਾਹੀਆ । ਸੋ ਪੁਰਖ ਵਰ ਵਰ ਦਾਤਾ, ਆਪਣੀ ਝੋਲੀ ਆਪ ਭਰਾਇੰਦਾ । ਹਰਿ ਪੁਰਖ ਨਿਰੰਜਣ ਸਰਬ ਗਿਆਤਾ, ਅੰਤਰਜਾਮੀ ਨਾਉਂ ਧਰਾਇੰਦਾ । ਜੁਗਾ ਜੁਗੰਤਰ ਆਪੇ ਜਾਣੇ ਆਪਣੀ ਗਾਥਾ, ਆਪ ਆਪਣਾ ਨਾਉਂ ਸੁਣਾਇੰਦਾ । ਆਦਿ ਜੁਗਾਦੀ ਚਲਾਏ ਰਾਥਾ, ਰਥ ਰਥਵਾਹੀ ਦਿਸ ਨਾ ਆਇੰਦਾ । ਸਦਾ ਸੁਹੇਲਾ ਵਸੇ ਸਾਥਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਬਾਨ, ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਫੜ ਨਿਸ਼ਾਨ, ਥਿਰ ਘਰ ਬੈਠਾ ਆਪ ਉਠਾਈਆ । ਕਲਜੁਗ ਵੇਖੇ ਮਾਰ ਧਿਆਨ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸਚ ਨਾ ਦਿਸੇ ਕੋਇ ਦੁਕਾਨ, ਚੌਦਾਂ ਲੋਕ ਹੋਏ ਹਲਕਾਈਆ । ਚੌਦਾਂ ਤਬਕ ਹੋਏ ਵੈਰਾਨ, ਸਾਚਾ ਕਲਮਾ ਨਾ ਕੋਇ ਪੜ੍ਹਾਈਆ । ਸਾਧਾਂ ਸੰਤਾਂ ਅੰਦਰ ਬੀਆਬਾਨ, ਸਿੰਬਲ ਰੁਖ ਰਹੇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਇਆ ਨਿਗਹਬਾਨ ਆਪੇ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਮਾਰ ਝਾਤ, ਲੋਕਮਾਤ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਇਕ ਅਕਾਂਤ, ਏਕਾ ਰੰਗ ਸਮਾਇੰਦਾ । ਸੋ ਪੁਰਖ ਨਿਰੰਜਣ ਮੇਟਣਹਾਰਾ ਅੰਧੇਰੀ ਰਾਤ, ਹਰਿ ਪੁਰਖ ਨਿਰੰਜਣ
੧੧੬੩ ਸਾਚਾ ਚੰਦ ਚੜ੍ਹਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤ, ਏਕਾ ਵੰਡਣ ਨਾਮ ਵੰਡਾਇੰਦਾ । ਆਪਣੀ ਜਣਾਏ ਆਪੇ ਗਾਥ, ਆਪਣਾ ਮੰਤਰ ਆਪ ੧੧੬੩
੦੮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵਾਨਾ, ੦੮
ਆਪਣੀ ਕਲ ਵਰਤਾਇੰਦਾ । ਹਰਿ ਪੁਰਖ ਨਿਰੰਜਣ ਜੋਧਾ ਸੂਰ ਬਲੀ ਬਲਵਾਨਾ, ਆਪਣਾ ਬਲ ਧਰਾਇੰਦਾ । ਪਰਗਟ ਹੋਵੇ ਵਾਲੀ ਦੋ ਜਹਾਨਾਂ, ਲੋਕਮਾਤ ਵੇਸ ਵਟਾਇੰਦਾ । ਹਰਿ ਕਾ ਰੂਪ ਨਾ ਕਿਸੇ ਪਛਾਣਾ, ਨੇਤਰ ਨੈਣ ਦਿਸ ਨਾ ਆਇੰਦਾ । ਰਖਿਆ ਨਾਉਂ ਸ੍ਰੀ ਭਗਵਾਨਾ, ਨਿਹਕਲੰਕ ਆਪ ਹੋ ਜਾਇੰਦਾ । ਸਾਚਾ ਚਿੱਲਾ ਤੀਰ ਕਮਾਨਾ, ਗੋਬਿੰਦ ਹੱਥ ਰਖਾਇੰਦਾ । ਤ੍ਰੈ ਲੋਕਾਂ ਮਾਰੇ ਇਕ ਨਿਸ਼ਾਨਾ, ਚੌਦਾਂ ਲੋਕਾਂ ਜੜ ਉਖੜਾਇੰਦਾ । ਰਵ ਸਸ ਹੋਇਣ ਹੈਰਾਨਾ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਧੀਰ ਨਾ ਕੋਇ ਧਰਾਇੰਦਾ । ਵੇਖਣਹਾਰਾ ਜੁਗ ਜੁਗ ਨਿਸ਼ਾਨਾ, ਆਪ ਆਪਣਾ ਖੇਲ ਖਿਲਾਇੰਦਾ । ਜਨ ਭਗਤਾਂ ਉਪਰ ਹੋਏ ਮਿਹਰਵਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਦਵਾਰ ਬਖ਼ਸ਼ੇ ਸਾਚਾ ਮਾਨਾ, ਸਚਖੰਡ ਦਵਾਰਾ ਇਕ ਸੁਹਾਇੰਦਾ । ਬਿਨ ਗੁਰਸਿਖ ਨਾ ਜਾਣੇ ਕੋਇ ਹਰਿ ਕਾ ਭਾਣਾ, ਭਰਮ ਭੁਲੇਖੇ ਸਗਲ ਸ੍ਰਿਸ਼ਟ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਨਰ ਹਰਿ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਨਾ ਦਿਸੇ ਕੋਈ ਪੰਜ ਤੱਤ ਨਿਸ਼ਾਨ, ਨਿਰਗੁਣ ਦੇਵੇ ਨਿਰਗੁਣ ਦਾਨ, ਸਰਗੁਣ ਮੇਲ ਜਗਤ ਜਹਾਨ, ਆਉਂਦਾ ਜਾਂਦਾ ਪਾਂਧੀ ਰਾਹੀ ਪੰਥ ਮਾਰਗ ਦਿਸ ਕਿਸੇ ਨਾ ਆਇੰਦਾ ।

੧੧੬੪
੦੮

## ੧੯ ਕੱਤਕ ੨੦੧੬ ਬਿਕ੍ਰਮੀ ਗੱਜਣ ਸਿੰਘ ਦੇ ਘਰ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ

ਆਦਿ ਪੁਰਖ ਨਿਰੰਜਣ ਹਰਿ ਭਗਵਾਨ, ਪਾਰਬ੍ਰਹਮ ਪੁਰਖ ਸੁਲਤਾਨਿਆ । ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਜੋਤ ਨੂਰ ਮਹਾਨਿਆ । ਵਸਣਹਾਰਾ ਸਚਖੰਡ ਸਚ ਮਕਾਨ, ਥਿਰ ਘਰ ਸਾਚਾ ਇਕ ਸੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਘਰ ਹੋਏ ਪਰਧਾਨਿਆ । ਸਤਿ ਪੁਰਖ ਨਿਰੰਜਣ ਏਕੰਕਾਰ, ਆਦਿ ਜੁਗਾਦਿ ਸਮਾਈਆ । ਪੁਰਖ ਨਿਰੰਜਣ ਹੋ ਤਿਆਰ, ਭੇਵ ਕੋਇ ਨਾ ਪਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਦਿਸ ਨਾ ਆਈਆ । ਨਿਰਗੁਣ ਜੋਤ ਕਮਲਾਪਾਤੀ ਕਰ ਉਜਿਆਰ, ਆਪ ਆਪਣਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਖੇਲ ਖਿਲੰਤਾ, ਏਕਾ ਰੰਗ ਸਮਾਇੰਦਾ । ਸੋ ਪੁਰਖ ਨਿਰੰਜਣ ਦੀਪ ਜਗੰਤਾ, ਸਚ ਘਰ ਪਰਕਾਸ਼ ਕਰਾਇੰਦਾ । ਹਰਿ ਪੁਰਖ ਨਿਰੰਜਣ ਵੇਖ ਵਖੰਤਾ, ਆਪ ਆਪਣਾ ਨੈਣ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਸੋਭਾਵੰਤਾ, ਹਰਿ ਭਗਵੰਤਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੇਲ ਮਿਲਾਇੰਦਾ । ਹਰਿ ਪੁਰਖ ਨਿਰੰਜਣ ਏਕੰਕਾਰ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਜੋਤ ਉਜਿਆਰ, ਅਜੂਨੀ ਰਹਿਤ ਭੇਵ ਨਾ ਰਾਇਆ । ਹਰਿ ਪੁਰਖ ਨਿਰੰਜਣ ਆਪ ਆਪਣਾ ਬਣੇ ਮੀਤ ਮੁਰਾਰ, ਦੂਸਰ ਸੰਗ ਨਾ ਕੋਇ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਇਆ । ਹਰਿ ਪੁਰਖ ਨਿਰੰਜਣ ਹਰਿ ਮੰਦਰ ਵਸਿਆ, ਪਾਰਬ੍ਰਹਮ ਕਰਤਾਰ । ਸੋ ਪੁਰਖ ਨਿਰੰਜਣ ਮਾਰਗ ਆਪਣਾ ਆਪ ਦੱਸਿਆ, ਆਪ ਆਪਣੀ ਕਿਰਪਾ ਧਾਰ । ਹਰਿ ਪੁਰਖ ਨਿਰੰਜਣ ਦਰ ਘਰ ਸਾਚੇ ਬਹਿ ਬਹਿ ਆਪੇ ਹੱਸਿਆ, ਖੇਲੇ ਖੇਲ ਖੇਲਣਹਾਰ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਨਿਰਾਕਾਰ ਆਪੇ ਫਿਰੇ ਨੱਸਿਆ, ਸੇਵਕ ਹੋਏ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ, ਖੇਲੇ ਖੇਲ ਗੁਰ ਗੋਪਾਲਾ, ਹਰਿ ਪੁਰਖ ਨਿਰੰਜਣ ਨਾਉਂ ਰਖਾਇੰਦਾ । ਹਰਿ ਪੁਰਖ ਨਿਰੰਜਣ ਇਕ, ਏਕਾ ਏਕ ਅਖਵਾਈਆ । ਸੋ ਪੁਰਖ ਨਿਰੰਜਣ ਨਾ ਮਰੇ ਨਾ ਪਏ ਜੰਮ, ਜੂਨੀ ਜੂਨ ਨਾ ਕੋਇ ਭਵਾਈਆ । ਹਰਿ ਪੁਰਖ ਨਿਰੰਜਣ ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜੇਹਵਾ ਨਾ ਕੋਇ ਹਿਲਾਈਆ । ਹਰਿ ਪੁਰਖ ਨਿਰੰਜਣ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਚਿੰਤਾ ਸੋਗ ਨਾ ਕੋਇ ਰਖਾਈਆ । ਸੋ ਪੁਰਖ ਨਿਰੰਜਣ ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਆਪਣਾ ਬੇੜਾ ਆਪੇ ਬੰਨ, ਆਪੇ ਰਿਹਾ ਚਲਾਈਆ । ਹਰਿ ਪੁਰਖ ਨਿਰੰਜਣ ਆਪੇ ਜਣਨੀ ਜਣੇ ਜਨ, ਆਪਣੀ ਗੋਦ ਸੁਹਾਈਆ । ਸੋ ਪੁਰਖ ਨਿਰੰਜਣ ਦਰ ਘਰ ਸਾਚੇ ਜਾਏ ਮੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਦਰ ਘਰ ਹਰਿ ਸੁਹੰਜਣਾ, ਏਕਾ ਰੰਗ ਰੰਗਾਇਆ । ਜਗੇ ਜੋਤ ਆਦਿ ਨਿਰੰਜਣਾ, ਦੀਪਕ ਬਾਤੀ ਡਗਮਗਾਇਆ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਅਬਿਨਾਸ਼ੀ ਕਰਤਾ ਬੈਠਾ ਆਸਣ ਲਾਇਆ । ਆਦਿ ਜੁਗਾਦੀ ਸਾਚਾ ਸੱਜਣਾ, ਵਿਛੜ ਕਦੇ ਨਾ ਜਾਇਆ । ਨਾ ਘੜਿਆ ਨਾ ਭੱਜਣਾ, ਨਾ ਕੋਈ ਰੂਪ ਵਟਾਇਆ । ਆਪੇ ਰੱਖੇ ਆਪਣੀ ਲੱਜਣਾ, ਸਮਰਥ ਪੁਰਖ ਵਡ ਵਡਿਆਇਆ । ਹਰਿ ਪੁਰਖ ਨਿਰੰਜਣ ਆਪਣੇ ਮੰਦਰ ਸਾਚੇ ਘਰ ਬਹਿ ਬਹਿ ਆਪੇ ਗੱਜਣਾ, ਆਪ ਆਪਣਾ ਨਾਅਰਾ ਲਾਇਆ । ਸੋ

ਪੁਰਖ ਨਿਰੰਜਣ ਸ਼ਾਹੋ ਭੂਪ ਵਡ ਰਾਜਨ ਰਾਜਣਾ, ਸ਼ਾਹ ਸੁਲਤਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸੁਹੰਜਣਾ ਇਕ ਵਖਾਇਆ । ਸਚ ਘਰ ਸੁਹੰਜਣਾ ਹਰਿ ਨਿਰੰਕਾਰ, ਆਪਣਾ ਆਪ ਉਪਾਈਆ । ਨਿਰਗੁਣ ਦੀਪਕ ਕਰ ਉਜਿਆਰ, ਸਚਖੰਡ ਬੈਠਾ ਜੋਤ ਜਗਾਈਆ । ਨਿਰਾਕਾਰ ਨਿਰਾਧਾਰ ਨਿਰਵੈਰ ਰੂਪ ਅਪਰ ਅਪਾਰ, ਸਤਿ ਸਰੂਪ ਆਪ ਅਖਵਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪੇ ਬੈਠਾ ਹੋ ਤਿਆਰ, ਚੋਬਦਾਰ ਨਾ ਕੋਇ ਜਣਾਈਆ । ਨਾ ਕੋਈ ਮੰਦਰ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਇ ਖੰਡਾ ਨਾ ਕੋਇ ਕਟਾਰ, ਸ਼ਮਸੀਰ ਨਾ ਕੋਇ ਖਿਚਾਈਆ । ਰਾਜ ਮੰਤਰੀ ਨਾ ਪਾਵੇ ਸਾਰ, ਬਿਰਧ ਬਾਲ ਨਾ ਕੋਇ ਰਖਾਈਆ । ਸ਼ਾਹ ਕੰਗਾਲ ਨਾ ਕੋਇ ਸਿਕਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਸੋ ਪੁਰਖ ਨਿਰੰਜਣ ਦੇਵੇ ਦਾਨ, ਘਰ ਸਾਚੇ ਵੱਜੇ ਵਧਾਈਆ । ਘਰ ਸਾਚਾ ਹਰਿ ਉਪਾਇਆ, ਪਾਰਬ੍ਰਹਮ ਕਰਤਾਰ । ਆਪਣੀ ਰੁਤੜੀ ਆਪ ਸੁਹਾਇਆ, ਆਪੇ ਵੇਖਣਹਾਰ । ਆਪਣਾ ਰੰਗ ਆਪ ਰੰਗਾਇਆ, ਰੰਗ ਰੰਗੀਲਾ ਅਪਰ ਅਪਾਰ । ਛੈਲ ਛਬੀਲਾ ਆਪੇ ਬਣ ਕੇ ਆਇਆ, ਨਿਰਗੁਣ ਜੋਤ ਕਰ ਉਜਿਆਰ । ਸਚ ਵਸੀਲਾ ਇਕ ਵਖਾਇਆ, ਹਰਿ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਕਰੇ ਪਸਾਰ । ਘਰ ਵਿਚ ਘਰ ਘਰ ਤਿਆਰ, ਹਰਿ ਪੁਰਖ ਨਿਰੰਜਣ ਆਪ ਉਪਜਾਇੰਦਾ । ਘਰ ਘਰ ਵਿਚ ਮੰਦਰ ਕਰ ਤਿਆਰ, ਸੋ ਪੁਰਖ ਨਿਰੰਜਣ ਆਪ ਵਸਾਇੰਦਾ । ਘਰ ਵਿਚ ਘਰ ਖੇਲ ਅਪਾਰ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਘਰ ਵਿਚ ਘਰ ਸੋਹੇ ਬੰਕ ਦਵਾਰ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਬਣ ਵਿਚੋਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਘਰ ਵਿਚ ਘਰ ਸਚਖੰਡ ਦਰਬਾਰਾ, ਹਰਿ ਸਾਚਾ ਆਪ ਸੁਹਾਈਆ । ਘਰ ਵਿਚ ਘਰ ਘਰ ਥਿਰ ਘਰ ਕਰ ਉਜਿਆਰਾ, ਦੀਪਕ ਜੋਤ ਕਰੇ ਰੁਸ਼ਨਾਈਆ । ਘਰ ਵਿਚ ਘਰ ਸੋਹੇ ਸਾਚਾ ਲਾੜਾ, ਸੋ ਪੁਰਖ ਨਿਰੰਜਣ ਹਰਿ ਪੁਰਖ ਬੇਪਰਵਾਹੀਅ । ਘਰ ਵਿਚ ਘਰ ਸਖੀਆਂ ਲਾਇਆ ਅਖਾੜਾ, ਹਰਿ ਪੁਰਖ ਨਿਰੰਜਣ ਸਗਨ ਮਨਾਈਆ । ਏਕੰਕਾਰਾ ਖੇਲ ਅਪਾਰਾ, ਨਿਰਾਕਾਰ ਆਪ ਕਰਾਈਆ । ਆਪਣੇ ਮੰਦਰ ਪਾਵੇ ਸਾਰਾ, ਦੂਸਰ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਗੰਮੜਾ ਹਡ ਮਾਸ ਨਾੜੀ ਨਾ ਦਿਸੇ ਚਮੜਾ, ਘਰ ਬੈਠਾ ਜੋਤ ਜਗਾਈਆ । ਜੋਤ ਉਜਾਲਾ ਹਰਿ ਗੋਪਾਲਾ, ਦੀਨ ਦਿਆਲਾ ਵਡ ਵਡਿਆਇਆ । ਖੇਲ ਨਿਰਾਲਾ ਅਵੱਲੜੀ ਚਾਲਾ, ਭੇਵ ਕਿਸੇ ਨਾ ਆਇਆ । ਬਣ ਦਲਾਲਾ ਹੋਏ ਰਖਵਾਲਾ, ਆਪ ਆਪਣਾ ਵੇਸ ਧਰਾਇਆ । ਆਪਣਾ ਮੰਦਰ ਆਪੇ ਭਾਲਾ, ਆਪੇ ਦਸੇ ਰਾਹ ਸੁਖਾਲਾ, ਆਪਣਾ ਡੰਡਾ ਆਪੇ ਲਾਇਆ । ਆਪੇ ਫਲ ਫੁਲ ਹੋਏ ਫੁਲ ਡਾਲ੍ਹਾ, ਫੁਲ ਫੁਲਵਾੜੀ ਆਪ ਮਹਿਕਾਇਆ । ਆਪੇ ਹੋਏ ਸਰ ਸਰੋਵਰ ਤਾਲਾ, ਅੰਮ੍ਰਿਤ ਜਾਮ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਸਗਨ ਮਨਾਇਆ । ਸਚਖੰਡ ਨਿਵਾਸੀ ਹਰਿ ਪੁਰਖ, ਹਰਿ ਹਰਿ ਆਪ ਕਰਾਇੰਦਾ । ਥਿਰ ਘਰ ਵਾਸੀ ਸੋ ਪੁਰਖ, ਘਰ ਸਾਚੇ ਸੋਭਾ ਪਾਇੰਦਾ । ਆਪਣਾ ਆਪ ਆਪੇ ਲਏ ਪਰਖ, ਆਪਣੀ ਘਸਵਟੀ ਆਪੇ ਲਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਈ ਜਣਾਇੰਦਾ । ਆਪਣੇ ਉਪਰ ਆਪੇ ਖਾਦਾ ਤਰਸ, ਆਪ ਆਪਣੀ ਦਇਆ ਕਮਾਇੰਦਾ ।



੧੧੬੫
੦੮

ਆਪਣੀ ਮੇਟੇ ਆਪੇ ਹਰਸ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਗੁਣ ਨਿਰਗੁਣ ਨਾਉਂ ਰਖਾਇੰਦਾ । ਨਿਰਗੁਣ ਸੋ ਪੁਰਖ ਨਿਰੰਜਣ ਦਾਤਾ, ਹਰਿ ਪੁਰਖ ਨਿਰੰਜਣ ਨਿਰਗੁਣ ਰੂਪ ਵਟਾਈਆ । ਆਪੇ ਜਾਣੇ ਆਪਣੀ ਗਾਥਾ, ਆਪਣੀ ਰਚਨਾ ਆਪ ਰਚਾਈਆ । ਸਰਬ ਕਲਾ ਹਰਿਜਨ ਸਮਰਾਥਾ, ਸਮਰਥ ਪੁਰਖ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੇਲਾ ਸਹਿਜ ਸੁਭਾਈਆ । ਦਰ ਘਰ ਮੇਲਾ ਪਰਮ ਪੁਰਖ, ਆਪਣਾ ਆਪ ਕਰਾਇਆ । ਆਪਣਾ ਮੇਘ ਆਪੇ ਬਰਸ, ਆਪੇ ਤ੍ਰਿਖਾ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਉਪਜਾਇਆ । ਸੋ ਪੁਰਖ ਨਿਰੰਜਣ ਕਰਨੇਹਾਰਾ, ਕਰਨੀ ਕਿਰਤ ਕਮਾਇੰਦਾ । ਹਰਿ ਪੁਰਖ ਨਿਰੰਜਣ ਪਾਵਣਹਾਰਾ ਸਾਰਾ, ਆਪ ਆਪਣਾ ਬਿਰਧ ਧਰਾਇੰਦਾ । ਏਕੰਕਾਰਾ ਨਿਰਾਧਾਰਾ, ਜੋਤੀ ਜੋਤ ਡਗਮਗਾਇੰਦਾ । ਪਾਰਬ੍ਰਹਮ ਰੂਪ ਅਪਰ ਅਪਾਰਾ, ਆਪ ਆਪਣਾ ਵੇਸ ਵਟਾਇੰਦਾ । ਆਦਿ ਨਿਰੰਜਣ ਖੇਲ ਨਿਆਰਾ, ਆਦਿ ਜੁਗਾਦੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਸੋ ਪੁਰਖ ਨਿਰੰਜਣ ਰਚਨ ਰਚਾਏ, ਵਿਸ਼ਨ ਬ੍ਰਹਮਾ ਸ਼ਿਵ ਉਪਜਾਈਆ । ਹਰਿ ਪੁਰਖ ਨਿਰੰਜਣ ਸੇਵ ਕਮਾਏ, ਵਡ ਦਾਤਾ ਬੇਪਰਵਾਹੀਆ । ਏਕੰਕਾਰਾ ਹੁਕਮ ਚਲਾਏ, ਥਿਰ ਘਰ ਬੈਠਾ ਆਸਣ ਲਾਈਆ । ਆਦਿ ਨਿਰੰਜਣ ਜੋਤ ਜਗਾਏ, ਜੋਤ ਨਿਰੰਜਣ ਵੰਡ ਵੰਡਾਈਆ । ਸ੍ਰੀ ਭਗਵਾਨ ਅੰਮ੍ਰਿਤ ਜਾਮ ਪਿਆਏ, ਸਚ ਪਿਆਲਾ ਹੱਥ ਉਠਾਈਆ । ਪਾਰਬ੍ਰਹਮ ਰੂਪ ਵਟਾਏ, ਘਟ ਘਟ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਸਾਚਾ ਮੀਤਾ, ਬ੍ਰਹਮਾ ਵਿਸ਼ਨ ਸ਼ਿਵ ਰਹੇ ਧਿਆਈਆ । ਹਰਿ ਪੁਰਖ ਨਿਰੰਜਣ ਬੈਠਾ ਰਹੇ ਇਕ ਅਤੀਤਾ, ਦਰ ਘਰ ਸਾਚੇ ਜੋਤ ਜਗਾਈਆ । ਏਕੰਕਾਰਾ ਆਪ ਚਲਾਏ ਆਪਣੀ ਰੀਤਾ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਨਿਰੰਜਣ ਠਾਂਡਾ ਸੀਤਾ, ਸਾਂਤਕ ਸਤਿ ਸਤਿ ਕਰਾਈਆ । ਸ੍ਰੀ ਭਗਵਾਨ ਵਸਿਆ ਚੀਤਾ, ਘਰ ਮੰਦਰ ਸੋਭਾ ਪਾਈਆ । ਪਾਰਬ੍ਰਹਮ ਹੋਏ ਪੁਨੀਤਾ, ਨਾ ਪਤਿਤ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੀ ਵਡਿਆਈਆ । ਸੋ ਪੁਰਖ ਨਿਰੰਜਣ ਸਰਬ ਜੀਆਂ ਦਾਤਾ, ਏਕਾ ਏਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਇਕ ਅਕਾਂਤਾ, ਦਰ ਘਰ ਸੋਭਾ ਪਾਇੰਦਾ । ਏਕੰਕਾਰਾ ਚਲਾਏ ਆਪ ਆਪਣੀ ਗਾਥਾ, ਆਪਣਾ ਸ਼ਬਦ ਉਪਾਇੰਦਾ । ਆਦਿ ਨਿਰੰਜਣ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਵੇਖੇ ਖੇਲ ਤਮਾਸ਼ਾ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਪਾਰਬ੍ਰਹਮ ਬ੍ਰਹਮ ਕਰ ਨਿਵਾਸਾ, ਨਿਝ ਆਤਮ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਏਕਾ ਰੰਗ ਸਮਾਈਆ । ਹਰਿ ਪੁਰਖ ਨਿਰੰਜਣ ਬੈਠਾ ਚੋਟੀ ਚੜ੍ਹ ਅਖ਼ੀਰ, ਦਿਸ ਕਿਸੇ ਨਾ ਆਈਆ । ਏਕੰਕਾਰਾ ਵਡ ਪੀਰਨ ਪੀਰ, ਸਤਿਗੁਰ ਸਾਚਾ ਨਾਉਂ ਧਰਾਈਆ । ਆਦਿ ਨਿਰੰਜਣ ਕੱਟਣਹਾਰਾ ਭੀੜ, ਹਰਿਜਨ ਸਾਚੇ ਲਏ ਉਠਾਈਆ । ਅਬਿਨਾਸ਼ੀ ਕਰਤਾ ਬਸਤਰ ਪਹਿਨਾਏ ਸਾਚੇ ਚੀਰ, ਸ਼ਬਦ ਗਹਿਣਾ ਤਨ ਪਹਿਨਾਈਆ । ਪਾਰਬ੍ਰਹਮ ਪ੍ਰਭ ਬਖ਼ਸ਼ੇ ਸਾਚਾ ਸੀਰ, ਏਕਾ ਜਾਮ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸਿਖਿਆ ਆਪ ਸਮਝਾਈਆ । ਸੋ ਪੁਰਖ ਨਿਰੰਜਣ ਦਾਨੀ ਦਾਨਾ, ਦੇਵਣਹਾਰ ਅਖਵਾਇਆ । ਹਰਿ ਪੁਰਖ

੧੧੬੭ ੦੮

ਨਿਰੰਜਣ ਹਰਿ ਮਿਹਰਬਾਨਾ, ਆਪ ਆਪਣੇ ਰੰਗ ਰੰਗਾਇਆ । ਏਕੰਕਾਰਾ ਵਡ ਬਲਵਾਨਾ, ਬਲ ਧਾਰੀ ਭੇਵ ਨਾ ਰਾਇਆ । ਆਦਿ ਨਿਰੰਜਣ ਸਚ ਨਿਸ਼ਾਨਾ, ਦੋ ਜਹਾਨਾਂ ਆਪ ਚਲਾਇਆ । ਅਬਿਨਾਸ਼ੀ ਕਰਤਾ ਰੱਖੇ ਮਾਣਾ, ਮਾਣ ਨਿਮਾਣਿਆਂ ਗਲੇ ਲਗਾਇਆ । ਪਾਰਬ੍ਰਹਮ ਹੋ ਪਰਧਾਨਾ, ਪੰਜ ਤੱਤ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਸੋ ਪੁਰਖ ਨਿਰੰਜਣ ਸਾਚੀ ਧਾਰ, ਲੱਖ ਚੁਰਾਸੀ ਆਪ ਟਿਕਾਈਆ । ਹਰਿ ਪੁਰਖ ਨਿਰੰਜਣ ਕਰੇ ਜੋਤ ਉਜਿਆਰ, ਦੀਵਾ ਬਾਤੀ ਇਕ ਜਗਾਈਆ । ਏਕੰਕਾਰਾ ਦਏ ਅਧਾਰ, ਸ਼ਬਦ ਅਗੰਮੀ ਆਪ ਸੁਣਾਈਆ । ਆਦਿ ਨਿਰੰਜਣ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਖ਼ਬਰਦਾਰ, ਸਗਲਾ ਸੰਗ ਨਿਭਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਆਪਣੀ ਸੋਭਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਈਆ । ਸੋ ਪੁਰਖ ਨਿਰੰਜਣ ਤ੍ਰੈਗੁਣ ਦਾਤਾ, ਲੋਕਮਾਤ ਵੰਡ ਵੰਡਾਈਆ । ਹਰਿ ਪੁਰਖ ਨਿਰੰਜਣ ਪੰਚਮ ਬੰਨੇ ਸਾਚਾ ਨਾਤਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾਲ ਰਲਾਈਆ । ਏਕੰਕਾਰਾ ਚਲਾਏ ਸਾਚਾ ਰਾਥਾ, ਰਥ ਰਥਵਾਹੀ ਦਿਸ ਨਾ ਆਈਆ । ਆਦਿ ਨਿਰੰਜਣ ਪੂਜਾ ਪਾਠਾ, ਆਪਣੀ ਕਰੇ ਪੜ੍ਹਾਈਆ । ਸ੍ਰੀ ਭਗਵਾਨ ਤੀਰਥ ਤਾਟਾ, ਸਰ ਸਰੋਵਰ ਇਕ ਨੁਹਾਈਆ । ਪਾਰਬ੍ਰਹਮ ਬ੍ਰਹਮ ਇਕ ਪਛਾਤਾ, ਬ੍ਰਹਮ ਰੂਪ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤਾਈਆ । ਸੋ ਪੁਰਖ ਨਿਰੰਜਣ ਸਦਾ ਉਰਧਾਰੀ, ਊਰਧ ਕਵਲ ਪਰਕਾਸ਼ਿਆ । ਹਰਿ ਪੁਰਖ ਨਿਰੰਜਣ ਕਿਰਪਾ ਧਾਰੀ, ਦੇਵੇ ਨਾਮ ਸ਼ਬਦ ਧਰਵਾਸਿਆ । ਏਕੰਕਾਰਾ ਪਾਵੇ ਸਾਰੀ, ਹਰਿ ਸੱਜਣ ਸ਼ਾਹੋ ਸ਼ਬਾਸਿਆ । ਆਦਿ ਨਿਰੰਜਣ ਚੜ੍ਹੇ ਖੁਮਾਰੀ, ਸਗਲਾ ਭੌ ਨਿਵਾਸਿਆ । ਪੁਰਖ ਅਬਿਨਾਸ਼ੀ ਦਏ ਅਧਾਰੀ, ਚਰਨ ਕਵਲ ਇਕ ਭਰਵਾਸਿਆ । ਪਾਰਬ੍ਰਹਮ ਪ੍ਰਭ ਬ੍ਰਹਮ ਵੇਖ ਵਿਚਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਵੇ ਆਪਣੀ ਰਾਸਿਆ । ਸੋ ਪੁਰਖ ਨਿਰੰਜਣ ਤ੍ਰੈਗੁਣ ਤੱਤ ਪੰਚ, ਹਰਿ ਪੁਰਖ ਨਿਰੰਜਣ ਮੇਲ ਮਿਲਾਇਆ । ਏਕੰਕਾਰਾ ਜਾਣੇ ਗਥ, ਆਦਿ ਨਿਰੰਜਣ ਰਾਗ ਅਲਾਇਆ । ਅਬਿਨਾਸ਼ੀ ਕਰਤਾ ਹੋ ਪਰਤੱਖ, ਪਾਰਬ੍ਰਹਮ ਬ੍ਰਹਮ ਦਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਸੋ ਪੁਰਖ ਨਿਰੰਜਣ ਵਿਸ਼ਨ ਅਕਾਰ, ਨਿਰਾਕਾਰ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਬ੍ਰਹਮਾ ਧਾਰ, ਕਵਲਾ ਕਵਲਾ ਫੁਲ ਖਿਲਾਇੰਦਾ । ਏਕੰਕਾਰਾ ਵੇਖਣਹਾਰ ਧੂੰਆਂਧਾਰ, ਸ਼ੰਕਰ ਸ਼ਾਹ ਬਣਾਇੰਦਾ । ਆਦਿ ਨਿਰੰਜਣ ਦਏ ਸਹਾਰ, ਘਰ ਘਰ ਜੋਤ ਟਿਕਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰ, ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਜਣਾਇੰਦਾ । ਸੋ ਪੁਰਖ ਨਿਰੰਜਣ ਸ਼ਬਦ ਜਣਾਈ, ਵਿਸ਼ਨੂੰ ਵਿਸ਼ਵ ਉਠਾਇਆ । ਹਰਿ ਪੁਰਖ ਨਿਰੰਜਣ ਕਰ ਕੁੜਮਾਈ, ਬ੍ਰਹਮਾ ਮੇਲ ਮਿਲਾਇਆ । ਏਕੰਕਾਰਾ ਦਏ ਵਧਾਈ, ਸਚਖੰਡ ਬੈਠਾ ਆਸਣ ਲਾਇਆ । ਆਦਿ ਨਿਰੰਜਣ ਮੰਗੇ ਚਾਈਂ ਚਾਈਂ, ਘਰ ਸਾਚਾ ਇਕ ਸੁਹਾਇਆ । ਸ੍ਰੀ ਭਗਵਾਨ ਪਕੜ ਉਠਾਏ ਫੜ ਫੜ ਬਾਂਹੀਂ, ਸ਼ੰਕਰ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਿਰ ਘਰ ਵਾਸੀ ਆਪਣਾ ਖੇਲ ਖਿਲਾਇਆ । ਖਿਰ ਘਰ ਵਸੇਰਾ ਸੋ ਪੁਰਖ ਅਨਾਦੀ, ਨਾਦੀ ਤਾਲ ਵਜਾਇੰਦਾ । ਸਚਖੰਡ ਡੇਰਾ ਹਰਿ ਪੁਰਖ ਨਿਰੰਜਣ ਬਣਿਆ ਬਾਢੀ, ਆਪਣੀ ਰਚਨਾ ਆਪ ਰਚਾਇੰਦਾ ।

ਏਕੰਕਾਰਾ ਸਾਚਾ ਗਾਡੀ, ਸਾਚਾ ਹੁਕਮ ਸੁਣਾਇੰਦਾ । ਆਦਿ ਨਿਰੰਜਣ ਲਡਾਏ ਲਾਡੀ, ਦਿਸ ਕਿਸੇ ਨਾ ਆਇੰਦਾ । ਸ੍ਰੀ ਭਗਵਾਨ ਨਾ ਭੁੱਲੇ ਆਪਣੀ ਵਾਦੀ, ਆਪਣੀ ਰਚਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸਾਂਗ ਵਰਤਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵੰਤ, ਅੰਤ ਆਦਿ ਨਾ ਕੋਇ ਜਣਾਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਈਆ । ਏਕੰਕਾਰਾ ਨਾ ਕੋਈ ਬਣਾਏ ਬਣਤ, ਨਾ ਕੋਇ ਵੇਸ ਵਟਾਈਆ । ਆਦਿ ਨਿਰੰਜਣ ਬਣ ਬਣ ਕੰਤ, ਆਪਣੀ ਸੇਜ ਆਪ ਹੰਢਾਈਆ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਮੰਤ, ਆਪੇ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਈਆ । ਸੋ ਪੁਰਖ ਨਿਰੰਜਣ ਲਏ ਅੰਗੜਾਈ, ਆਪਣਾ ਬਿਰਧ ਧਰਾਇੰਦਾ । ਹਰਿ ਪੁਰਖ ਨਿਰੰਜਣ ਕਰ ਕੁੜਮਾਈ, ਸਾਚਾ ਸਗਨ ਮਨਾਇੰਦਾ । ਏਕੰਕਾਰ ਲੇਖ ਲਖਾਈ, ਸਚ ਮਹੱਲਾ ਸੋਭਾ ਪਾਇੰਦਾ । ਆਦਿ ਨਿਰੰਜਣ ਗਾਏ ਸ਼ਨਵਾਈ, ਆਪਣਾ ਢੋਲਾ ਆਪ ਅਲ੍ਹਾਇੰਦਾ । ਸ੍ਰੀ ਭਗਵਾਨ ਵੇਖੇ ਚਾਈਂ ਚਾਈਂ, ਆਪ ਆਪਣਾ ਨੈਣ ਖੁਲ੍ਹਾਇੰਦਾ । ਦੂਸਰ ਕੋਇ ਦਿਸੇ ਨਾਹੀ, ਨਾ ਕੋਈ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਆਪਣਾ ਰੰਗ ਰੰਗਾਇਆ । ਹਰਿ ਪੁਰਖ ਨਿਰੰਜਣ ਕਰ ਪਸਾਰ, ਥਿਰ ਘਰ ਸਾਚੇ ਮੇਲ ਮਿਲਾਇਆ । ਆਦਿ ਨਿਰੰਜਣ ਉਠ ਉਠ ਕਰੇ ਪਿਆਰ, ਆਪਣੇ ਗਲੇ ਲਗਾਇਆ । ਅਬਿਨਾਸ਼ੀ ਕਰਤਾ ਅਧ ਵਿਚਕਾਰ, ਬੈਠਾ ਦੀਪ ਜਗਾਇਆ । ਸ੍ਰੀ ਭਗਵਾਨ ਪਾਵੇ ਸਾਰ, ਆਪ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਇਆ । ਸੋ ਪੁਰਖ ਨਿਰੰਜਣ ਵੰਡੇ ਵੰਡ, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਆਦਿ ਨਿਰੰਜਣ ਖੋਲ੍ਹੇ ਗੰਢ, ਸ੍ਰੀ ਭਗਵਾਨ ਆਪ ਖੁਲ੍ਹਾਈਆ । ਪਾਰਬ੍ਰਹਮ ਆਪਣੀ ਰਚਨਾ ਰਚ ਬ੍ਰਹਿਮੰਡ, ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਸਚ ਦਰਵਾਜ਼ਾ ਖੋਲ੍ਹ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਅੰਦਰ ਪਏ ਬੋਲ, ਆਪਣਾ ਜੈਕਾਰਾ ਆਪੇ ਲਾਇੰਦਾ । ਆਦਿ ਨਿਰੰਜਣ ਬੈਠਾ ਕੋਲ, ਆਪਣਾ ਧਿਆਨ ਲਗਾਇੰਦਾ । ਅਬਿਨਾਸ਼ੀ ਕਰਤਾ ਰਿਹਾ ਮੌਲ, ਰੂਪ ਰੰਗ ਨਾ ਕੋਇ ਵਖਾਇੰਦਾ । ਪਾਰਬ੍ਰਹਮ ਬੈਠ ਅਡੋਲ, ਆਪਣਾ ਧਿਆਨ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇਰਾ ਬਿਨ ਹਰਿ ਅਵਰ ਨਾ ਦਿਸੇ ਕੋਇ, ਘਰ ਸਾਚਾ ਇਕ ਸੁਹਾਇੰਦਾ । ਸਚਖੰਡ ਪਰਕਾਸ਼ ਪੁਰਖ ਅਬਿਨਾਸ਼, ਸੋ ਪੁਰਖ ਨਿਰੰਜਣ ਜੋਤ ਜਗਾਈਆ । ਹਰਿ ਪੁਰਖ ਨਿਰੰਜਣ ਨਾ ਜਾਏ ਵਿਨਾਸ, ਆਦਿ ਅੰਤ ਵੱਡੀ ਵਡਿਆਈਆ । ਏਕੰਕਾਰਾ ਪਾਵੇ ਰਾਸ, ਆਪਣੀ ਮਹਿਮਾ ਆਪ ਗਣਾਈਆ । ਆਦਿ ਨਿਰੰਜਣ ਕਰ ਨਿਵਾਸ, ਬੈਠਾ ਡੇਰਾ ਲਾਈਆ । ਸ੍ਰੀ ਭਗਵਾਨ ਸ਼ਾਹੋ ਸਾਬਾਸ, ਤਖ਼ਤ ਤਾਜ ਇਕ ਸੁਹਾਈਆ । ਪਾਰਬ੍ਰਹਮ ਆਪਣੀ ਪੂਰੀ ਕਰੇ ਆਪੇ ਆਸ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਪਾਰਬ੍ਰਹਮ ਪ੍ਰਭ ਮੰਗੇ ਭਿਛਿਆ, ਆਪਣੇ ਅੱਗੇ ਆਪਣੀ ਝੋਲੀ ਡਾਹੀਆ । ਸ੍ਰੀ ਭਗਵਾਨ ਕਰੇ ਰਛਿਆ, ਆਪ ਆਪਣੀ ਦਇਆ ਕਮਾਈਆ । ਆਦਿ ਨਿਰੰਜਣ ਲੇਖਾ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਏਕੰਕਾਰਾ ਕਿਸੇ ਨਾ ਦਿਸਿਆ, ਨਾ ਕੋਈ ਲੋਚਣ ਦਰਸ਼ਨ ਪਾਈਆ । ਹਰਿ ਪੁਰਖ ਨਿਰੰਜਣ ਵੰਡਾਇਆ ਹਿਸਿਆ,

੧੧੬੮
੦੮

ਆਪ ਆਪਣੀ ਵੰਡ ਕਰਾਈਆ । ਸੋ ਪੁਰਖ ਨਿਰੰਜਣ ਦੇਵੇ ਸਾਚੀ ਸਿਖਿਆ, ਭੁੱਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਆਪੇ ਵਰ, ਆਪੇ ਹੁਕਮ ਚਲਾਈਆ । ਸੋ ਪੁਰਖ ਨਿਰੰਜਣ ਹੁਕਮ ਚਲਾਇਆ, ਏਕਾ ਏਕ ਸੁਣਾਇੰਦਾ । ਹਰਿ ਪੁਰਖ ਨਿਰੰਜਣ ਸੀਸ ਨਿਵਾਇਆ, ਘਰ ਸਾਚੇ ਖ਼ੁਸ਼ੀ ਵਖਾਇੰਦਾ । ਏਕੰਕਾਰਾ ਵੇਖਣ ਆਇਆ, ਆਪ ਆਪਣਾ ਦਰ ਸੁਹਾਇੰਦਾ । ਆਦਿ ਨਿਰੰਜਣ ਨੈਣ ਸ਼ਰਮਾਇਆ, ਅੱਖ ਨਾ ਕੋਇ ਉਠਾਇੰਦਾ । ਅਬਿਨਾਸ਼ੀ ਕਰਤਾ ਇਕ ਧਿਆਨ ਲਗਾਇਆ, ਸ੍ਰੀ ਭਗਵਾਨ ਸੰਗ ਰਲਾਇੰਦਾ । ਪਾਰਬ੍ਰਹਮ ਤੇਰੀ ਮਨਸਾ ਪੂਰੀ ਦਏ ਕਰਾਇਆ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਸਚ ਵਸਤ ਤੇਰੀ ਝੋਲੀ ਪਾਇਆ, ਸੁੱਤ ਦੁਲਾਰਾ ਇਕ ਉਪਜਾਇੰਦਾ । ਹਰਿ ਪੁਰਖ ਨਿਰੰਜਣ ਗੋਦ ਉਠਾਇਆ, ਏਕੰਕਾਰਾ ਸੀਰ ਪਿਆਇੰਦਾ । ਆਦਿ ਨਿਰੰਜਣ ਆਪਣੀ ਭੁੱਜਾਂ ਚੁਕ ਉਠਾਇਆ, ਅਬਿਨਾਸ਼ੀ ਕਰਤਾ ਖੇਲ ਖਲਾਇੰਦਾ । ਸ੍ਰੀ ਭਗਵਾਨ ਬਾਂਹੋਂ ਪਕੜ ਉਂਗਲੀ ਲਾਇਆ, ਪਾਰਬ੍ਰਹਮ ਤੇਰੇ ਅੱਗੇ ਆਪ ਫਿਰਾਇੰਦਾ । ਤੇਰੀ ਇਛਿਆ ਰਹੇ ਨਾ ਰਾਇਆ, ਤੇਰੀ ਆਸਾ ਸਰਬ ਮਿਟਾਇੰਦਾ । ਤੇਰਾ ਪੂਤ ਸਪੂਤਾ ਆਪ ਉਪਜਾਇਆ, ਸ਼ਬਦੀ ਨਾਉਂ ਧਰਾਇੰਦਾ । ਸ਼ਬਦ ਸੁੱਤ ਉਠ ਉਠ ਦਰਸ਼ਨ ਪਾਇਆ, ਪਾਰਬ੍ਰਹਮ ਨਜ਼ਰੀ ਆਇੰਦਾ । ਪਾਰਬ੍ਰਹਮ ਸਚ ਰਾਹ ਵਖਾਇਆ, ਸ੍ਰੀ ਭਗਵਾਨ ਵੇਖ ਵਖਾਇੰਦਾ । ਸ੍ਰੀ ਭਗਵਾਨ ਦਏ ਜਣਾਇਆ, ਆਦਿ ਨਿਰੰਜਣ ਮੇਲ ਮਿਲਾਇੰਦਾ । ਆਦਿ ਨਿਰੰਜਣ ਏਕਾ ਧਾਮ ਵਖਾਇਆ, ਏਕੰਕਾਰਾ ਸੋਭਾ ਪਾਇੰਦਾ । ਏਕੰਕਾਰਾ ਦੇ ਮਤ ਰਿਹਾ ਸਮਝਾਇਆ ਸਾਚੇ ਸੁੱਤ ਦੁਲਾਰ, ਬਿਨ ਹਰਿ ਪੁਰਖ ਤੇਰਾ ਕੋਇ ਨਾ ਹੋਏ ਸਹਾਇਆ । ਹਰਿ ਪੁਰਖ ਬੋਲ ਜੈਕਾਰ, ਸੋ ਪੁਰਖ ਨਿਰੰਜਣ ਅੱਗੇ ਸੀਸ ਨਿਵਾਇਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਬਾਲ ਅੰਞਾਣੇ ਆਪਣੀ ਗੋਦ ਬਿਠਾਇਆ । ਸਾਚੇ ਸੁੱਤ ਕਰੇ ਪਿਆਰ, ਸ਼ਬਦ ਸ਼ਬਦੀ ਗਲੇ ਲਗਾਇਆ । ਬਾਂਹੋਂ ਫੜ ਦਏ ਹੁਲਾਰ, ਹਰਿ ਪੁਰਖ ਨਿਰੰਜਣ ਨਾਲ ਮਿਲਾਇਆ । ਹਰਿ ਪੁਰਖ ਨਿਰੰਜਣ ਏਕੰਕਾਰ, ਸਰਨ ਸਰਨਾਈ ਦੇਵੇ ਵਾੜ, ਸਿਰ ਆਪਣਾ ਹੱਥ ਟਿਕਾਇਆ । ਏਕੰਕਾਰ ਏਕੰਕਾਰਾ ਆਦਿ ਨਿਰੰਜਣ ਮਿਲਾਏ ਮੀਤ ਮੁਰਾਰ, ਦਿਵਸ ਰੈਣ ਕਰੇ ਰੁਸ਼ਨਾਇਆ । ਆਦਿ ਨਿਰੰਜਣ ਹੋਇਆ ਖ਼ਬਰਦਾਰ, ਆਪ ਆਪਣਾ ਭੇਵ ਖੁਲ੍ਹਾਇਆ । ਅਬਿਨਾਸ਼ੀ ਕਰਤਾ ਬੰਨੇ ਧਾਰ, ਦੂਸਰ ਕੋਇ ਨਾ ਸੰਗ ਰਲਾਇਆ । ਅਬਿਨਾਸ਼ੀ ਕਰਤਾ ਹੋਇਆ ਖ਼ਬਰਦਾਰ, ਸੁੱਤ ਦੁਲਾਰੇ ਕਰੇ ਪਿਆਰ, ਸ੍ਰੀ ਭਗਵਾਨ ਝੋਲੀ ਪਾਇਆ । ਸ੍ਰੀ ਭਗਵਾਨ ਦੇਵੇ ਦਾਨ, ਪਾਰਬ੍ਰਹਮ ਬਖ਼ਸ਼ੀ ਸੱਚੀ ਸਰਨਾਇਆ । ਪਾਰਬ੍ਰਹਮ ਪ੍ਰਭ ਖੇਲ ਅਪਾਰ, ਸ਼ਬਦੀ ਰਿਹਾ ਹੁਕਮ ਸੁਣਾਇਆ । ਤੇਰਾ ਕਰੇ ਤੇਰੀ ਕਾਰ, ਤੇਰਾ ਤੇਰੇ ਰੰਗ ਸਮਾਇਆ । ਤੇਰਾ ਖੇਲ ਅਗੰਮ ਅਪਾਰ, ਭੇਵ ਕੋਇ ਨਾ ਪਾਇਆ । ਤੂੰ ਜੋਧਾ ਸੂਰਬੀਰ ਬਲਕਾਰ, ਸਿਰ ਤੇਰੇ ਹੱਥ ਟਿਕਾਇਆ । ਤੇਰੀ ਰਚਨਾ ਵੇਖੇ ਆਪ ਕਰਤਾਰ, ਰਚਨਹਾਰ ਆਪ ਹੋ ਜਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਬ੍ਰਹਿਮੰਡ ਖੰਡ ਬਣਤ ਬਣਾਇਆ । ਗਗਨ ਮੰਡਲ ਦਏ ਆਧਾਰ, ਆਪ ਆਪਣੀ ਧਾਰ ਬੰਧਾਇਆ । ਰਵ ਸਸ ਕਰ ਤਿਆਰ, ਪਾਰਬ੍ਰਹਮ ਹੁਕਮ ਸੁਣਾਇਆ । ਸ੍ਰੀ ਭਗਵਾਨ ਹੋਏ ਉਜਿਆਰ, ਆਦਿ ਨਿਰੰਜਣ ਦੇਵੇ ਜੋਤ ਜਗਾਇਆ । ਏਕੰਕਾਰਾ ਕਰੇ ਕਾਰ, ਆਪ ਆਪਣੀ ਕੁਦਰਤ ਵੇਖ ਵਖਾਇਆ । ਹਰਿ ਪੁਰਖ ਨਿਰੰਜਣ ਸੇਵਾਦਾਰ, ਘਰ ਸਾਚੇ ਸਾਚੀ ਸੇਵ ਕਮਾਇਆ । ਸੋ ਪੁਰਖ ਨਿਰੰਜਣ ਅਗੰਮ ਅਪਾਰ, ਊਚੋ ਊਚ ਨਾਮ ਧਰਾਇਆ । ਤੇਰਾ ਨਾਤਾ ਜੋੜੇ ਆਪ ਨਿਰੰਕਾਰ, ਨਾ ਕੋਈ ਤੋੜੇ ਤੋੜ ਤੁੜਾਇਆ । ਤੇਰਾ ਰੂਪ ਧਰੇ ਵਿਚ ਸੰਸਾਰ, ਬ੍ਰਹਮਾ ਵੇਤਾ

ਲਏ ਉਠਾਇਆ । ਪਾਰਬ੍ਰਹਮ ਬਿੰਦ ਆਪਣੇ ਵਿਚੋਂ ਉਪਜੇ ਬਾਹਰ, ਮਾਤ ਪਿਤ ਨਾ ਕੋਇ ਬਣਾਇਆ । ਗੁਣੀ ਗਹਿੰਦ ਖੇਲ ਨਿਆਰ, ਸਾਗਰ ਸਿੰਧ ਇਕ ਵਖਾਇਆ । ਵਿਸ਼ਨੂੰ ਵੰਸੀ ਕਰ ਪਿਆਰ, ਆਪਣਾ ਵੰਸ ਸੁਹਾਇਆ । ਨਾਭੀ ਕਵਲਾ ਖਿਲ ਗੁਲਜ਼ਾਰ, ਫੁਲ ਫਲਵਾੜੀ ਆਪ ਮਹਿਕਾਇਆ । ਆਪਣੀ ਵੰਡ ਵੰਡੇ ਗਿਰਧਾਰ, ਪਾਰਬ੍ਰਹਮ ਬ੍ਰਹਮ ਅੰਗ ਕਟਾਇਆ । ਬ੍ਰਹਮਾ ਉਪਜਿਆ ਵਿਚ ਸੰਸਾਰ, ਹਰਿ ਪੁਰਖ ਨਿਰੰਜਣ ਲੇਖ ਲਿਖਾਇਆ । ਸ਼ਬਦ ਸੁੱਤ ਤੇਰੀ ਸਾਚੀ ਧਾਰ, ਬ੍ਰਹਮੇ ਅੰਦਰ ਦਏ ਵਖਾਇਆ । ਤੇਰਾ ਰੂਪ ਕਰ ਪਰਧਾਨ, ਸਚ ਨਿਸ਼ਾਨ ਦਏ ਗਡਾਇਆ । ਹੰ ਬ੍ਰਹਮ ਗੁਣ ਨਿਧਾਨ, ਗੁਣਵੰਤਾ ਇਕ ਵਖਾਇਆ । ਸੋ ਪੁਰਖ ਨਿਰੰਜਣ ਦਿਤਾ ਦਾਨ, ਜੀਆ ਦਾਨ ਝੋਲੀ ਪਾਇਆ । ਸੋਹੰ ਸ਼ਬਦ ਨਾ ਸਕੇ ਕੋਈ ਪਛਾਨ, ਇਕ ਅਕਾਲ ਦੀਨ ਦਿਆਲ ਏਕੰਕਾਰ ਨਿਰਾਧਾਰ, ਸਤਿ ਸਰੂਪ ਸ਼ਾਹੋ ਭੂਪ ਅਨ ਰੰਗ ਰੂਪ ਹੰ ਬ੍ਰਹਮ ਪਾਰਬ੍ਰਹਮ ਘਰ ਗਿਆ ਜੰਮ, ਨਾ ਕੋਈ ਤ੍ਰਿਸਨਾ ਨਾ ਕੋਈ ਤਮ, ਨਾ ਕੋਈ ਪਵਣ ਸਵਾਸੀ ਨਾ ਕੋਈ ਦਮ, ਨਾ ਕੋਈ ਨੇਤਰ ਨੀਰ ਨਾ ਰੋਵੇ ਛੰਮ ਛੰਮ, ਨਿਰਗੁਣ ਧਾਰਾ ਹੋ ਉਜਿਆਰ, ਹਰਿ ਨਿਰੰਕਾਰ ਆਪਣਾ ਨਾਉਂ ਰਖਾਇਆ । ਸੋ ਪੁਰਖ ਨਿਰੰਜਣ ਵਡ ਬਲਕਾਰ, ਏਕਾ ਏਕ ਏਕ ਪੁਰਖ ਅਬਿਨਾਸਿਆ । ਪਾਰਬ੍ਰਹਮ ਪ੍ਰਭ ਬੋਲ ਜੈਕਾਰ, ਆਪਣੇ ਮੰਡਲ ਪਾਏ ਰਾਸਿਆ । ਨਿਰਗੁਣ ਅੰਦਰ ਨਿਰਗੁਣ ਬਾਹਰ, ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਖੇਲੇ ਖੇਲ ਤਮਾਸਿਆ । ਨਿਰਗੁਣ ਕੰਤ ਨਿਰਗੁਣ ਭਤਾਰ, ਨਿਰਗੁਣ ਨਾਰੀ ਸਤਾ ਕਰੇ ਪਿਆਰ, ਨਿਰਗੁਣ ਭੋਗੀ ਭੋਗ ਭੋਗੰਤਿਆ । ਨਿਰਗੁਣ ਮਹੱਲ ਨਿਰਗੁਣ ਅਟਾਰ, ਨਿਰਗੁਣ ਦੀਵਾ ਨਿਰਗੁਣ ਬਾਤੀ, ਨਿਰਗੁਣ ਕਮਲਾ ਵਸੇ ਪਾਤੀ, ਨਿਰਗੁਣ ਕਰੇ ਉਜਿਆਰ, ਨਿਰਗੁਣ ਸੇਵ ਕਮੰਤਿਆ । ਨਿਰਗੁਣ ਮੰਦਰ ਨਿਰਗੁਣ ਅੰਦਰ ਨਿਰਗੁਣ ਕੰਦਰ, ਨਿਰਗੁਣ ਆਪੇ ਖੋਜ ਖੁਜੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ ਆਦਿ ਜੁਗਾਦਿ ਖੇਲ ਅਪਾਰ, ਆਪ ਆਪਣਾ ਖੇਲ ਖਿਲੰਤਿਆ । ਸੋ ਪੁਰਖ ਨਿਰੰਜਣ ਹਰਿ ਭਗਵਾਨਾ, ਏਕਾ ਰੰਗ ਸਮਾਇੰਦਾ । ਆਪਣਾ ਦੇਵੇ ਆਪਣਾ ਦਾਨ, ਦਾਤਾ ਦਾਨੀ ਨਾਉਂ ਧਰਾਇੰਦਾ । ਸਚਖੰਡ ਨਿਵਾਸੀ ਹੋ ਪਰਧਾਨਾ, ਆਪ ਆਪਣਾ ਹੁਕਮ ਚਲਾਇੰਦਾ । ਥਿਰ ਘਰ ਝੁਲਾਏ ਇਕ ਨਿਸ਼ਾਨਾ, ਸਤਿ ਸਤਿਵਾਦੀ ਆਪਣੇ ਹੱਥ ਉਠਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਆਪ ਆਪਣਾ ਬਲ ਧਰਾਇੰਦਾ । ਸ਼ਾਹੋ ਭੂਪ ਸਚ ਸੁਲਤਾਨਾ, ਤਖ਼ਤ ਨਿਵਾਸੀ ਡੇਰਾ ਲਾਇੰਦਾ । ਆਪਣਾ ਵੇਸ ਆਪ ਵਟਾਨਾ, ਆਪ ਆਪਣਾ ਖੇਲ ਖਿਲਾਇੰਦਾ । ਵਿਸ਼ਨ ਬ੍ਰਹਮਾ ਕਰ ਪਰਧਾਨਾ, ਸਾਚਾ ਹੁਕਮ ਸੁਣਾਇੰਦਾ । ਆਪਣਾ ਬੱਧਾ ਆਪੇ ਗਾਨਾ, ਆਪੇ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵੰਤ, ਆਪਣੀ ਦਇਆ ਕਮਾਇੰਦਾ । ਆਪ ਬਣਾਈ ਆਪਣੀ ਬਣਤ, ਪਾਰਬ੍ਰਹਮ ਵੰਡ ਵੰਡਾਇੰਦਾ । ਥਿਰ ਘਰ ਹੋਏ ਸੋਭਾਵੰਤ, ਘਰ ਸਾਚੇ ਆਪ ਸੁਹਾਇੰਦਾ । ਏਕਾ ਦੇਵੇ ਸਾਚਾ ਮੰਤ, ਸਾਚਾ ਸ਼ਬਦ ਸੁਣਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਦਰ ਘਰ ਸਾਚੇ ਬਣੀ ਬਣਤ, ਆਪ ਆਪਣਾ ਅੰਗ ਕਟਾਇੰਦਾ । ਲੱਖ ਚੁਰਾਸੀ ਉਪਾਏ ਜੀਵ ਜੰਤ, ਜੀਵ ਆਤਮ ਆਪ ਅਖਵਾਇੰਦਾ । ਆਪੇ ਹੰ ਬ੍ਰਹਮ ਹੋਏ ਸਾਧ ਸੰਤ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਆਪਣਾ ਨਾਮ ਧਰਾਇੰਦਾ । ਸੋ ਪੁਰਖ ਨਿਰੰਜਣ ਏਕੰਕਾਰ, ਆਦਿ ਜੁਗਾਦਿ ਸਮਾਇਆ । ਸ੍ਰਿਸ਼ਟ ਸਬਾਈ ਕਰ ਤਿਆਰ, ਹੰ ਬ੍ਰਹਮ ਵੰਡ ਵੰਡਾਇਆ ।

੧੧੮੦ ੦੮

ਸੋ ਪੁਰਖ ਨਿਰੰਜਣ ਹੋ ਉਜਿਆਰ, ਘਰ ਘਰ ਦੀਪਕ ਰਿਹਾ ਜਗਾਇਆ । ਹੰ ਬ੍ਰਹਮ ਕਰੇ ਪਿਆਰ, ਸ਼ਬਦ ਅਨਾਦੀ ਰਾਗ ਸੁਣਾਇਆ । ਮੰਦਰ ਅੰਦਰ ਕਰ ਪਿਆਰ, ਘਰ ਘਰ ਵਿਚ ਦਏ ਟਿਕਾਇਆ । ਭੁੱਲ ਨਾ ਜਾਏ ਵਿਚ ਸੰਸਾਰ, ਬੰਸ ਬੰਸਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸ਼ਬਦ ਦਏ ਵਡਿਆਇਆ । ਸੋਹੰ ਸ਼ਬਦ ਹਰਿ ਭੰਡਾਰਾ, ਸੋ ਪੁਰਖ ਨਿਰੰਜਣ ਆਪ ਵਰਤਾਇਆ । ਹਰਿ ਪੁਰਖ ਨਿਰੰਜਨ ਬਣਿਆ ਸੇਵਾਦਾਰਾ, ਸਾਚੀ ਸੇਵ ਕਮਾਇਆ । ਏਕੰਕਾਰਾ ਭੇਵ ਨਿਆਰਾ, ਨਿਰਗੁਣ ਆਪੇ ਵੇਖ ਵਖਾਇਆ । ਆਦਿ ਨਿਰੰਜਣ ਘੜਨ ਭੰਨਣਹਾਰਾ, ਆਪੇ ਭੰਨ ਵਖਾਇਆ । ਪੁਰਖ ਅਬਿਨਾਸ਼ੀ ਨਿਰਾਕਾਰਾ, ਨਿਰਧਨ ਆਪਣਾ ਨਾਉਂ ਧਰਾਇਆ । ਸ੍ਰੀ ਭਗਵਾਨ ਸਾਂਝਾ ਯਾਰਾ, ਸਚ ਕੁਦਰਤ ਵਿਚ ਟਿਕਾਇਆ । ਪਾਰਬ੍ਰਹਮ ਖੋਲ੍ਹੇ ਬੰਦ ਕਿਵਾੜਾ, ਆਪਣਾ ਕੁੰਡਾ ਆਪੇ ਲਾਹਿਆ । ਏਕਾ ਨਾਮ ਸਚ ਭੰਡਾਰਾ, ਸ੍ਰਿਸ਼ਟ ਸਬਾਈ ਆਪ ਵਰਤਾਇਆ । ਸੋ ਪੁਰਖ ਨਿਰੰਜਣ ਏਕਾ ਰੂਪ ਮੀਤ ਮੁਰਾਰਾ, ਦੂਜੀ ਕੁਦਰਤ ਹੰ ਸਾਚਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਾੜਨ ਆਪੇ ਘੜ, ਆਪਣੇ ਮੰਦਰ ਆਪੇ ਚੜ੍ਹ, ਆਪੇ ਵੇਖ ਵਖਾਇਆ । ਸੋ ਪੁਰਖ ਨਿਰੰਜਣ ਤੇਰੀ ਸਾਰ, ਤੇਰਾ ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਤੇਰੇ ਅੱਗੇ ਬਣੇ ਭਿਖਾਰ, ਵਿਸ਼ਨੂੰ ਨਿਉਂ ਨਿਉਂ ਸੀਸ ਝੁਕਾਇੰਦਾ । ਏਕੰਕਾਰਾ ਤੇਰਾ ਵਡ ਭੰਡਾਰ, ਆਦਿ ਜੁਗਾਦਿ ਵਰਤਾਇੰਦਾ । ਆਦਿ ਨਿਰੰਜਣ ਖੇਲ ਨਿਆਰ, ਬ੍ਰਹਮਾ ਵੇਤਾ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਨਿਰਾਕਾਰ, ਘਰ ਘਰ ਦੀਵਾ ਬਾਤੀ ਆਪ ਜਗਾਇੰਦਾ । ਸ੍ਰੀ ਭਗਵਾਨ ਠੰਡਾ ਠਾਰ, ਠਾਕਰ ਅਬਿਨਾਸ਼ੀ ਆਪ ਅਖਵਾਇੰਦਾ । ਪਾਰਬ੍ਰਹਮ ਕਰ ਵਿਚਾਰ, ਬ੍ਰਹਮ ਮੇਲਾ ਮੇਲ ਮਿਲਾਇੰਦਾ । ਹੰ ਰੂਪ ਸਰਬ ਸੰਸਾਰ, ਗੁਰ ਪੀਰ ਅਵਤਾਰ ਪੰਜ ਤੱਤ ਜੋ ਰਖਾਇੰਦਾ । ਸੋ ਪੁਰਖ ਨਿਰੰਜਣ ਸਭ ਤੋਂ ਵਸਿਆ ਬਾਹਰ, ਆਪਣੀ ਕਲਾ ਆਪ ਜਣਾਇੰਦਾ । ਨਿਰਗੁਣ ਜੋਤ ਦਏ ਆਧਾਰ, ਆਦਿ ਨਿਰੰਜਣ ਨਾਲ ਰਲਾਇੰਦਾ । ਜੋਤ ਨਿਰੰਜਣ ਤੇਰੀ ਸੁਣ ਪੁਕਾਰ, ਤੇਰਾ ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਅਗੰਮ ਅਪਾਰ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ, ਆਦਿ ਜੁਗਾਦਿ ਨਾ ਸਕੇ ਕੋਈ ਫੜ, ਹੱਥ ਕਿਸੇ ਨਾ ਆਇੰਦਾ । ਪਾਰਬ੍ਰਹਮ ਕਿਸੇ ਨਾ ਫੜਿਆ, ਹੱਥੋ ਹੱਥ ਨਾ ਕੋਇ ਵਖਾਈਆ । ਸ੍ਰੀ ਭਗਵਾਨ ਆਪਣੇ ਪੌੜੇ ਆਪੇ ਚੜ੍ਹਿਆ, ਆਪਣਾ ਮਾਰਗ ਆਪੇ ਲਾਈਆ । ਅਬਿਨਾਸ਼ੀ ਕਰਤਾ ਰਾਹ ਵਿਚ ਨਾ ਕਿਤੇ ਅੜਿਆ, ਨਾ ਕੋਈ ਦੇਵੇ ਬੰਦ ਕਰਾਈਆ । ਆਦਿ ਨਿਰੰਜਣ ਅਗਨੀ ਹਵਨ ਕਦੇ ਨਾ ਸੜਿਆ, ਨਿਰਗੁਣ ਜੋਤ ਡਗਮਗਾਈਆ । ਏਕੰਕਾਰ ਨਾ ਭੰਨਿਆ ਨਾ ਕਿਸੇ ਘੜਿਆ, ਸਮਰਥ ਹੱਥ ਵਡ ਵਡਿਆਈਆ । ਪੁਰਖ ਨਿਰੰਜਣ ਆਪਣੇ ਦਰ ਦਵਾਰੇ ਅੱਗੇ ਖੜਿਆ, ਥਿਰ ਘਰ ਸਾਚੇ ਸੋਭਾ ਪਾਈਆ । ਸੋ ਪੁਰਖ ਨਿਰੰਜਣ ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਆਪਣਾ ਅੱਖਰ ਆਪੇ ਪੜ੍ਹਿਆ, ਨਾ ਦੂਸਰ ਕਰੇ ਪੜ੍ਹਾਈਆ । ਹੰ ਬ੍ਰਹਮ ਲੱਖ ਚੁਰਾਸੀ ਜੀਵ ਆਤਮ ਬੰਨ੍ਹਾਏ ਆਪਣੇ ਲੜਿਆ, ਈਸ਼ ਰੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵਜਾਏ ਸਚ ਵਧਾਈਆ । ਨਿਰਗੁਣ ਢੋਲ ਮਰਦੰਗ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਹਰਿ ਪੁਰਖ ਨਿਰੰਜਣ ਚੜ੍ਹਿਆ ਰੰਗ, ਇਕਉਂਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਮੰਗੇ ਮੰਗ, ਅਬਿਨਾਸ਼ੀ ਕਰਤਾ ਝੋਲੀ ਡਾਹਿੰਦਾ । ਸ੍ਰੀ ਭਗਵਾਨ ਸੂਰਾ ਸਰਬੰਗ, ਆਪਣਾ ਖੇਲ ਖਿਲਾਇੰਦਾ । ਪਾਰਬ੍ਰਹਮ ਪਰਗਟ ਹੋ

ਵਿਚ ਬ੍ਰਹਿਮੰਡ, ਆਪਣੀ ਰਚਨਾ ਆਪ ਰਚਾਇੰਦਾ । ਹੰ ਬ੍ਰਹਮ ਨਵ ਖੰਡ, ਸੱਤ ਦੀਪ ਗਗਨ ਪਾਤਾਲ ਪ੍ਰਿਥਮੀ ਆਕਾਸ਼ ਮੰਡਲ ਮੰਡਪ ਜ਼ਿਮੀ ਅਸਮਾਨ ਹੋ ਮਿਹਰਵਾਨ ਦੇਵੇ ਵੰਡ, ਆਪਣੀ ਦਇਆ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਡਲ ਆਪਣੀ ਰਾਸ ਆਪੇ ਹਰਿ ਰਚਾਇੰਦਾ । ਰਾਸ ਮੰਡਲ ਹਰਿ ਭਗਵਾਨ, ਘਰ ਸਾਚੇ ਆਪ ਰਚਾਈਆ । ਸੋ ਪੁਰਖ ਨਿਰੰਜਣ ਬਣ ਬਣ ਕਾਹਨ, ਹਰਿ ਪੁਰਖ ਨਿਰੰਜਣ ਸਾਚਾ ਤਿਲਕ ਸੀਸ ਲਗਾਈਆ । ਏਕੰਕਾਰਾ ਅਗੰਮ ਅਗੰਮੜਾ ਨੌਜਵਾਨ, ਆਪਣੀਆਂ ਸਖੀਆਂ ਵੇਖ ਵਖਾਈਆ । ਆਦਿ ਨਿਰੰਜਣ ਗਾਏ ਗਾਣ, ਪੁਰਖ ਅਬਿਨਾਸ਼ੀ ਤਾਲ ਵਜਾਈਆ । ਸ੍ਰੀ ਭਗਵਾਨ ਹੱਥ ਫੜ ਮਸਾਲ, ਪਾਰਬ੍ਰਹਮ ਰਿਹਾ ਨਚਾਈਆ । ਹੰ ਬ੍ਰਹਮ ਚਰਨੀ ਡਿਗਣ ਆਣ, ਦੋਏ ਜੋੜ ਪੜਨ ਸਰਨਾਈਆ । ਸੋਹੰ ਸ਼ਬਦ ਨੌਜਵਾਨ, ਨਾ ਮਰੇ ਨਾ ਜਾਈਆ । ਭੇਵ ਨਾ ਪਾਏ ਕੋਇ ਜੀਵ ਜਹਾਨ, ਲੱਭਿਆਂ ਹੱਥ ਕਿਸੇ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਣ, ਨੇਤਰ ਨੈਣ ਰਹੇ ਉਠਾਈਆ । ਉਚ ਮਹੱਲ ਅਟੱਲ ਮੁਨਾਰਾ, ਹਰਿ ਭਗਵਾਨ ਸਚਖੰਡ ਨਿਵਾਸੀਆ । ਪੁਰਖ ਅਬਿਨਾਸ਼ੀ ਸ਼ਾਹੋ ਸਬਾਸਾ, ਬੈਠਾ ਆਸਣ ਲਾਈਆ । ਵੇਖਣਹਾਰਾ ਖੇਲ ਤਮਾਸ਼ਾ, ਬ੍ਰਹਿਮੰਡ ਖੰਡ ਰਵ ਸਸ ਪਾਵੇ ਰਾਸਾ, ਆਪ ਆਪਣੀ ਰਚਨ ਰਚਾਈਆ । ਹੰ ਬ੍ਰਹਮ ਦੇਵੇ ਇਕ ਭਰਵਾਸਾ, ਸੋ ਪੁਰਖ ਨਿਰੰਜਣ ਵਡ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਏ ਰੂਪ ਆਪ ਹੋ ਜਾਈਆ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਹਰਿ ਪੁਰਖ ਨਿਰੰਜਣ ਆਪ ਰਖਾਈਆ । ਸੋ ਪੁਰਖ ਨਿਰੰਜਣ ਨਿਰਗੁਣ ਰੂਪ, ਹਰਿ ਪੁਰਖ ਨਿਰੰਜਣ ਆਪ ਰਖਾਈਆ । ਏਕੰਕਾਰਾ ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰੀ ਪਾਈਆ । ਆਦਿ ਨਿਰੰਜਣ ਜਾਏ ਤੁਠ, ਆਪ ਆਪਣੇ ਰੰਗ ਰੰਗਾਈਆ । ਅਬਿਨਾਸ਼ੀ ਕਰਤਾ ਅੰਮ੍ਰਿਤ ਜਾਮ ਦੇਵੇ ਘੁੱਟ, ਭਰ ਪਿਆਲਾ ਆਪ ਪਿਆਈਆ । ਸ੍ਰੀ ਭਗਵਾਨ ਬਖ਼ਸ਼ੇ ਏਕਾ ਨਾਮ ਮਿਠ, ਸਚ ਵਸਤ ਝੋਲੀ ਪਾਈਆ । ਪਾਰਬ੍ਰਹਮ ਘਰ ਪਏ ਲੁੱਟ, ਬ੍ਰਹਮ ਬ੍ਰਹਮ ਬ੍ਰਹਮ ਆਪ ਲੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਈਆ । ਸੋ ਪੁਰਖ ਨਿਰੰਜਣ ਨਿਰਗੁਣ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਸਰਗੁਣ ਮੰਗੇ ਆਪਣੀ ਮੰਗ, ਹੰ ਬ੍ਰਹਮ ਨਾਉਂ ਧਰਾਇੰਦਾ । ਲੱਖ ਚੁਰਾਸੀ ਕਾਚੀ ਵੰਗ, ਭਾਂਡੇ ਆਪ ਘੜਾਇੰਦਾ । ਸ਼ਬਦ ਘੋੜਾ ਲਏ ਤੁਰੰਗ, ਹਰਿ ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਪੰਜ ਤੱਤ ਅਕਾਰ ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਰਕਤ ਬੂੰਦ ਕਰ ਪਿਆਰ, ਹੱਡ ਮਾਸ ਨਾੜੀ ਵੇਖ ਵਖਾਇੰਦਾ । ਨੱਕ ਮੂੰਹ ਹੱਥ ਕਰ ਤਿਆਰ, ਨੇਤਰ ਨੈਣ ਡਗਮਗਾਇੰਦਾ । ਗੁਦਾ ਲਿੰਗ ਬੰਨ੍ਹੇ ਧਾਰ, ਦੋਏ ਦੋਏ ਪਾਉਂ ਆਪ ਚਲਾਇੰਦਾ । ਅੰਗ ਅੰਗ ਅੰਗੀ ਕਰੇ ਕਾਰ, ਰਸਨਾ ਜੇਹਵਾ ਆਪ ਚਲਾਇੰਦਾ । ਬੱਤੀ ਦੰਦ ਕਰ ਸ਼ਿੰਗਾਰ, ਸਾਚਾ ਗਰਾਮ ਵਸਾਇੰਦਾ । ਸਰਵਣ ਸੁਣੇ ਆਪਣੀ ਕਾਰ, ਆਪੇ ਖੇਲ ਖਿਲਾਇੰਦਾ । ਆਪਣੀਆਂ ਭੁਜਾਂ ਵੇਖ ਵਿਚਾਰ, ਚਤੁਰਭੁਜ ਵੇਸ ਵਟਾਇੰਦਾ । ਪੰਜ ਦਸ ਬੀਸ ਕਰ ਪਿਆਰ, ਪੈਰ ਹੱਥ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਬਣਾਏ ਤੇਰਾ ਦਰ, ਨੌਂ ਦਵਾਰੇ ਖੋਲ੍ਹ ਖੁਲ੍ਹਾਇੰਦਾ । ਨੌਂ ਦਵਾਰੇ ਦਰਵਾਜਾ ਆਪੇ ਖੋਲ੍ਹ, ਸਾਚੀ ਬਣਤ ਬਣਾਇੰਦਾ । ਸੋ ਪੁਰਖ ਨਿਰੰਜਣ ਖਾਲੀ ਰੱਖਿਆ ਕਾਇਆ ਢੋਲ, ਹਰਿਜਨ ਅਵਰ ਨਾ ਕੋਇ ਵਜਾਇੰਦਾ । ਪੰਜ ਤੱਤ ਬ੍ਰਹਮੇ ਤੋਲਿਆ ਆਪਣਾ ਤੋਲ, ਆਪਣਾ ਕੰਡਾ ਆਪ ਉਠਾਇੰਦਾ । ਸਚ ਵਸਤ ਨਾ ਦਿਸੀ ਕੋਲ,



੧੧੮੨ ੦੮

ਪ੍ਰਭ ਅੱਗੇ ਸੀਸ ਨਿਵਾਇੰਦਾ । ਵੁਹ ਵਸਤ ਹਰਿ ਨਾਮ ਅਨਮੋਲ, ਤੁਧ ਬਿਨ ਕੋਇ ਨਾ ਖੇਲ ਖਿਲਾਇੰਦਾ । ਪੁਰਖ ਅਬਿਨਾਸ਼ੀ ਅੱਗੋਂ ਸ਼ਬਦ ਅਗੰਮੀ ਕਹਿੰਦਾ ਬੋਲ, ਮੇਰਾ ਭਾਣਾ ਭੇਵ ਕੋਇ ਨਾ ਪਾਇੰਦਾ । ਏਕਾ ਵਸਤ ਦੇਵਾਂ ਅਡੋਲ, ਤੇਰੇ ਹੱਥ ਫੜਾਇੰਦਾ । ਮਨ ਮਤ ਬੁਧ ਪਹਿਲੇ ਵਸਾਉਣੀ ਕਾਇਆ ਚੋਲ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਸਾਢੇ ਤਿੰਨ ਹੱਥ ਅੰਤਮ ਰਹਿਣਾ ਪੋਲ, ਪ੍ਰਿਥਮੀ ਆਕਾਸ਼ ਆਪ ਸੁਹਾਇੰਦਾ । ਆਪਣੀ ਕਿਰਤੀ ਪ੍ਰਕਿਰਤੀ ਆਪੇ ਜਾਏ ਮੌਲ, ਆਪ ਆਪਣਾ ਵੇਖ ਵਖਾਇੰਦਾ । ਪਹਿਲੇ ਅੰਦਰ ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਆਪਣਾ ਆਪ ਭਰਾਇੰਦਾ । ਘਰ ਵਿਚ ਘਰ ਰਚਾਏ ਸਾਚਾ ਧਵਲ, ਧਵਲ ਰੂਪ ਦਿਸ ਨਾ ਆਇੰਦਾ । ਆਤਮ ਰੂਪ ਹੋ ਜਾਏ ਮਵਲ, ਬ੍ਰਹਮਾ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਅੰਸ ਉਪਜਾਇੰਦਾ । ਪਾਰਬ੍ਰਹਮ ਬ੍ਰਹਮ ਸਾਚੀ ਅੰਸ, ਆਪਣੀ ਆਪ ਉਪਜਾਈਆ । ਵਿਸ਼ਨੂੰ ਰਾਖਾ ਬਣਿਆ ਸਰਬ ਸਰਬੰਸ, ਦੇਵੇ ਰਿਜ਼ਕ ਸਬਾਈਆ । ਬ੍ਰਹਮਾ ਵੇਤਾ ਬਣਿਆ ਮੰਗਤ, ਮੰਗੇ ਭਿਛਿਆ ਝੋਲੀ ਡਾਹੀਆ । ਸ਼ਿਵ ਸ਼ੰਕਰ ਅੰਤਮ ਚਾੜ੍ਹੇ ਰੰਗਤ, ਨਿਤ ਚੋਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦਿਤਾ ਸਾਚਾ ਵਰ, ਮਨ ਮਤ ਬੁਧ ਜੀਵ ਆਤਮ ਨਾਲ ਰਲਾਈਆ । ਨਿਰਗੁਣ ਵਸਤ ਅੰਦਰ ਧਰ, ਹਰਿ ਸਾਚਾ ਵੇਖ ਵਖਾਇੰਦਾ । ਬ੍ਰਹਮਾ ਸਰਨੀ ਗਿਆ ਪੜ, ਪ੍ਰਭ ਅੱਗੇ ਸੀਸ ਝੁਕਾਇੰਦਾ । ਦੋਏ ਜੋੜ ਨਿਮਸਕਾਰ ਕਰ, ਨੇਤਰ ਨੈਣਾਂ ਨੀਰ ਵਹਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਸ੍ਰਿਸ਼ਟ ਸਬਾਈ ਦਿਤੀ ਕਰ, ਲੱਖ ਚੁਰਾਸੀ ਗੇੜਾ ਤੋਲ ਤੁਲਾਇੰਦਾ । ਤੇਰੇ ਅੰਦਰੋਂ ਨਿਕਲੇ ਤੇਰੇ ਅੰਦਰ ਜਾਣ ਵੜ, ਮੇਰਾ ਕਾਰਜ ਸਿਧ ਨਾ ਆਇੰਦਾ । ਕੌਣ ਗੁਣ ਲਿਆਵਾਂ ਫੜ, ਸਾਚੀ ਹਿਕਮਤ ਕੌਣ ਸਲਾਹਿੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਬ੍ਰਹਮੇ ਮੂਲ ਨਾ ਡਰ, ਸਾਚੀ ਬਿਧ ਆਪ ਅਖਵਾਇੰਦਾ । ਪੰਚ ਵਕਾਰਾ ਬੰਨ੍ਹਾਵਾਂ ਤੇਰੇ ਲੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ । ਆਸਾ ਤ੍ਰਿਸਨਾ ਫੜਾਏ ਲੜ, ਪੱਲੂ ਫੇਰ ਨਾ ਕੋਇ ਛੁਡਾਇੰਦਾ । ਹਉਮੇ ਹੰਗਤ ਬਣੇ ਗੜ੍ਹ, ਦਿਸ ਕਿਸੇ ਨਾ ਆਇੰਦਾ । ਜੂਠ ਝੂਠ ਵੇਖੇ ਖੜ, ਹਰਿ ਸਾਚਾ ਹੁਕਮ ਸੁਣਾਇੰਦਾ । ਭਾਗ ਲਗਾਏ ਕਾਇਆ ਧੜ, ਪੰਜ ਤੱਤ ਵਿਚ ਮਿਲਾਇੰਦਾ । ਨਾ ਕੋਈ ਪੁਰਖ ਨਾ ਨਾਰੀ ਨਰ, ਨਰ ਰੂਪ ਰੰਗ ਨਾ ਕੋਇ ਜਣਾਇੰਦਾ । ਰੱਤੀ ਰੱਤ ਰੱਤ ਵਿਚ ਜਾਇਣ ਰਲ, ਰਕਤ ਬੂੰਦ ਵਿਚ ਸਮਾਇੰਦਾ । ਬਿਨ ਹਰਿ ਕੋਇ ਨਾ ਸਕੇ ਫੜ, ਆਪਣੀ ਰਚਨਾ ਤੋਹੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਇੰਦਾ । ਬ੍ਰਹਮਾ ਵੇਤਾ ਸੁਣ ਸ਼ਬਦ ਜੈਕਾਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਤੇਰਾ ਪਰਵਾਰ, ਹਉਂ ਸੇਵਕ ਸੇਵ ਕਮਾਇੰਦਾ । ਤੇਰਾ ਘਰ ਤੇਰਾ ਦਰਬਾਰ, ਤੂੰ ਮਾਲਕ ਸਰਬ ਅਖਵਾਇੰਦਾ । ਤੂੰ ਖ਼ਾਲਕ ਤੇਰੀ ਖ਼ਲਕ ਕਰਾਂ ਤਿਆਰ, ਮਖਲੂਕ, ਤੇਰੇ ਰੰਗ ਰੰਗਾਇੰਦਾ । ਤੂੰ ਆਸ਼ਕ ਤੇਰੀ ਮਾਸ਼ੂਕ ਕਰੇ ਤੇਰਾ ਪਿਆਰ, ਤੇਰਾ ਤੇਰਾ ਰਾਹ ਤਕਾਇੰਦਾ । ਤੂੰ ਕਾਹਨ ਬਣ ਵਣਜਾਰ, ਜਗਤ ਹੱਟ ਜੀਵ ਖੁਲ੍ਹਾਇੰਦਾ । ਤੇਰਾ ਭਾਂਡਾ ਮੈਂ ਘੁਮਿਆਰ, ਕਾਚੀ ਮਾਟੀ ਆਪ ਲਗਾਇੰਦਾ । ਸੋ ਪੁਰਖ ਨਿਰੰਜਣ ਬਣਿਆ ਤੂੰ ਠਠਿਆਰ, ਆਪਣੀ ਹੱਥੀਂ ਵੇਖ ਵਖਾਇੰਦਾ । ਤਨ ਬਸਤਰ ਕਰੇ ਸਚ ਸ਼ਿੰਗਾਰ, ਮਾਟੀ ਚਾਮ ਗਹਿਣਾ ਇਕ ਹੰਢਾਇੰਦਾ । ਨਾ ਕੋਈ ਘੜੇ ਹੋਰ ਸੰਸਾਰ, ਕਿਸੇ ਹੱਟ ਨਾ ਕੋਇ ਵਿਕਾਇੰਦਾ । ਆਪਣੀ ਵਿਦਿਆ ਕਰ ਉਜਿਆਰ, ਤੇਰਾ ਨਾਉਂ ਪੜ੍ਹਾਇੰਦਾ । ਤੇਰਾ ਸ਼ਬਦ

੧੧੮੩
੦੮

ਮੇਰਾ ਪਿਆਰ, ਤੇਰਾ ਹੰ ਮੇਰਾ ਸੰਗ ਰਖਾਇੰਦਾ । ਤੇਰਾ ਮਰਦੰਗ ਮੇਰੀ ਕਿੰਗ ਸਿਤਾਰ, ਜੀਵ ਜੰਤ ਅੰਦਰ ਮੰਦਰ ਆਪ ਸੁਣਾਇੰਦਾ । ਤੇਰਾ ਛੰਦ ਮੈਂ ਸਾਰੰਗ ਧਾਰ, ਆਪਣਾ ਗੀਤ ਆਪ ਅਲ੍ਹਾਇੰਦਾ । ਤੂੰ ਦਾਤਾ ਦਾਤਾਰ ਕੋਇ ਕਰੇ ਵਿਚਾਰ, ਤੇਰਾ ਰੰਗ ਮੋਹੇ ਭਾਇੰਦਾ । ਤੂੰ ਸਾਹਿਬ ਸੁਲਤਾਨ ਸੱਚੀ ਸਰਕਾਰ, ਦਰ ਦਰਬਾਨ ਮੈਂ ਅਖਵਾਇੰਦਾ । ਤੇਰਾ ਹੁਕਮ ਧੁਰ ਫ਼ਰਮਾਨ, ਲੱਖ ਚੁਰਾਸੀ ਮੈਂ ਸੁਣਾਇੰਦਾ । ਪਾਰਬ੍ਰਹਮ ਤੇਰੀ ਏਕਾ ਆਣ, ਹਉਂ ਨਿਉਂ ਨਿਉਂ ਸੀਸ ਝੁਕਾਇੰਦਾ । ਲੋਆਂ ਪੁਰੀਆਂ ਬਿਨ ਤੇਰੇ ਚੁੱਕੇ ਨਾ ਕਿਸੇ ਕਾਨ, ਬ੍ਰਹਮਾ ਵਿਸ਼ਨ ਸ਼ਿਵ ਤੇਰੇ ਚਰਨ ਧਿਆਨ ਰਖਾਇੰਦਾ । ਤੇਰੀ ਓਟ ਰੱਖਣ ਰਵ ਸਸ ਸੂਰਜ ਚੰਨ ਭਾਨ, ਮੰਡਲ ਮੰਡਪ ਵੇਖ ਵਖਾਇੰਦਾ । ਤੇਰਾ ਮੰਦਰ ਜਗਤ ਮਕਾਨ, ਫਨਾਹ ਰੂਪ ਮੈਂ ਜਣਾਇੰਦਾ । ਤੇਰਾ ਹੁਕਮ ਸਚ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਵੇਤਾ ਮੁਖ ਸਲਾਹਿੰਦਾ । ਪੁਰਖ ਅਬਿਨਾਸ਼ੀ ਦਏ ਸਹਾਰ, ਬ੍ਰਹਮੇ ਆਖ ਸੁਣਾਇਆ । ਤੇਰਾ ਬੰਕ ਤੇਰਾ ਦਵਾਰ, ਲੱਖ ਚੁਰਾਸੀ ਗੜ੍ਹ ਬਣਾਇਆ । ਤੇਰੀ ਵੰਡ ਬ੍ਰਹਿਮੰਡ ਸਰਬ ਸੰਸਾਰ, ਨੌਂ ਖੰਡ ਤੇਰੀ ਝੋਲੀ ਪਾਇਆ । ਜੇਰਜ ਅੰਡ ਤੇਰਾ ਭੰਡਾਰ, ਉਤਭੁਜ ਸੇਤਜ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਸਤ ਅਨਮੋਲ ਪੁਰਖ ਅਬਿਨਾਸ਼ੀ ਆਪਣੇ ਕੰਡੇ ਤੋਲ, ਸੋ ਪੁਰਖ ਨਿਰੰਜਣ ਇਕ ਜੈਕਾਰਾ ਬੋਲ, ਹੰ ਰੂਪ ਏਕਾ ਦਰਸਾਇਆ । ਸੋ ਪੁਰਖ ਨਿਰੰਜਣ ਹਰਿ ਭਗਵੰਤ, ਪਰਮ ਪੁਰਖ ਅਖਵਾਇੰਦਾ । ਹੰ ਰੂਪ ਜੀਵ ਜੰਤ, ਲੋਕਮਾਤ ਆਪ ਉਪਜਾਇੰਦਾ । ਨੌਂ ਦਸ ਗਿਆਰਾਂ ਬੀਸ ਤੀਸ, ਲੱਖ ਚਾਰ ਜੂਨੀ ਨਾਲ ਰਲਾਇੰਦਾ । ਸ੍ਰਿਸ਼ਟ ਸਬਾਈ ਇਕ ਹਦੀਸ, ਪੁਰੀਆਂ ਲੋਆਂ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ ਅਕਲ ਕਲਾ ਕਲ ਪਸਾਰ, ਆਪੇ ਵੇਖ ਵਖਾਇੰਦਾ । ਵੇਖਣਹਾਰ ਪੁਰਖ ਸਮਰਥ, ਵਡ ਵੱਡੀ ਵਡਿਆਈਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਭੇਵ ਨਾ ਰਾਈਆ । ਜੁਗਾ ਜੁਗੰਤਰ ਪਾਵੇ ਨੱਥ, ਜੁਗ ਕਰਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਸ੍ਰਿਸ਼ਟ ਸਬਾਈਆ ।

ਨਿਰਗੁਣ ਸਰਗੁਣ ਜੋਤ ਜਗਾਏ, ਭਗਤਾਂ ਦੇਵੇ ਬ੍ਰਹਮ ਗਿਆਨਾ । ਹੰਕਾਰੀ ਦੁਸ਼ਟਾਂ ਮੇਟ ਮਿਟਾਏ, ਮਾਰੇ ਤੀਰ ਨਿਸ਼ਾਨਾ । ਗ਼ਰੀਬ ਨਿਮਾਣੇ ਗਲੇ ਲਗਾਏ, ਦੇਵੇ ਮਾਣ ਨਿਮਾਣਾ । ਫੜ ਫੜ ਕਾਗੋਂ ਹੰਸ ਬਣਾਏ, ਜੋ ਜਨ ਰੱਖੇ ਚਰਨ ਧਿਆਨਾ । ਅੰਮ੍ਰਿਤ ਸਾਚਾ ਜਾਮ ਪਿਆਏ, ਹਉਮੇ ਰੋਗ ਮਿਟਾਨਾ । ਘਰ ਵਿਚ ਦੀਪਕ ਇਕ ਜਗਾਏ, ਅੰਧ ਅੰਧੇਰ ਰਹਿਣ ਨਾ ਪਾਨਾ । ਬਜਰ ਕਪਾਟੀ ਤੋੜ ਤੁੜਾਏ, ਦੂਈ ਦਵੈਤੀ ਪੜਦਾ ਲਾਹਣਾ । ਆਤਮ ਸੇਜਾ ਆਪ ਵਛਾਏ, ਫੂਲਨ ਬਰਖਾ ਲਾਨਾ । ਗੁਰਮੁਖ ਨਾਰੀ ਹਰਿ ਸ਼ਬਦ ਕੰਤ ਪਰਨਾਏ, ਅੰਗੀਕਾਰ ਕਰੇ ਪਰਵਾਨਾ । ਧੁਨ ਅਨਾਦੀ ਰਾਗ ਸੁਣਾਏ, ਅਨਹਦ ਤਾਲ ਮਹਾਨਾ । ਕੂੜਾ ਕਪੜ ਤਨੋ ਲਾਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਾਲੀ ਦੋ ਜਹਾਨਾਂ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਨਾ, ਰਾਮਾ ਕ੍ਰਿਸ਼ਨਾ ਵੇਖ ਵਖਾਈਆ । ਲੱਖ ਚੁਰਾਸੀ ਬੱਧਾ ਗਾਨਾ, ਨਾ ਕੋਈ ਤੋੜੇ ਤੋੜ ਤੁੜਾਈਆ । ਖੇਲੇ ਖੇਲ ਵਿਚ ਜਹਾਨਾ, ਵਰਭੰਡੀ ਵੇਖੇ ਖੇਲ ਜੇਰਜ ਅੰਡੀ ਮਾਰੇ ਇਕ ਨਿਸ਼ਾਨਾ, ਨਾਮ ਤੀਰ ਇਕ ਚਲਾਈਆ । ਲੇਖਾ ਜਾਣੇ ਗੋਪੀ ਕਾਹਨਾ,

ਨਾਮ ਬੰਸਰੀ ਇਕ ਸੁਣਾਈਆ । ਕਲਜੁਗ ਅੰਤਮ ਖੇਲ ਮਹਾਨਾ, ਈਸਾ ਮੂਸਾ ਕਰੀ ਕੁੜਮਾਈਆ । ਚਾਰ ਯਾਰੀ ਵੇਖ ਵਖਾਨਾ, ਸੰਗ ਮੁਹੰਮਦ ਵੱਜੇ ਵਧਾਈਆ । ਅੱਲਾ ਰਾਣੀ ਗਾਏ ਤਰਾਨਾ, ਏਕਾ ਨਾਅਰਾ ਲਾਈਆ । ਏਕਾ ਕਲਮਾ ਨਬੀ ਆਪ ਪੜ੍ਹਾਨਾ, ਏਕਾ ਰਾਗ ਸੁਣਾਈਆ । ਅੰਜੀਲ ਕੁਰਾਨਾ ਖੇਲ ਮਹਾਨਾ, ਤੀਸ ਬਤੀਸਾ ਇਕ ਸੁਣਾਈਆ । ਮੁਕਾਮੇ ਹੱਕ ਨੌਜਵਾਨਾ, ਜਲਵਾ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਖੇਲ ਮਹਾਨਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਜੋਤ ਨਾਨਕ ਨਿਰੰਕਾਰ, ਆਪਣੀ ਆਪ ਜਣਾਈਆ । ਸਚਖੰਡ ਮੇਲਾ ਸਚ ਦਵਾਰ, ਦੂਸਰ ਦਰ ਨਾ ਕੋਇ ਵਖਾਈਆ । ਨਾਮ ਸਤਿ ਭਰ ਭੰਡਾਰ, ਲੋਕਮਾਤ ਸੇਵ ਲਗਾਈਆ । ਚਾਰ ਵਰਨਾਂ ਇਕ ਪਿਆਰ, ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਜਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗੇ ਏਕਾ ਧਾਰ, ਰੰਗਣਹਾਰ ਇਕ ਅਖਵਾਈਆ । ਚਾਰੋਂ ਕੁੰਟ ਦਹਿ ਦਿਸ਼ਾ ਪਾਵੇ ਸਾਰ, ਆਪ ਆਪਣਾ ਵੇਸ ਵਟਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਗਊ ਗ਼ਰੀਬ ਨਿਮਾਣੇ ਗਲੇ ਲਗਾਈਆ । ਅੰਗਦ ਕੀਆ ਅੰਗੀਕਾਰ, ਅਮਰਦਾਸ ਰਾਮ ਮਿਲਾਈਆ । ਰਾਮਦਾਸ ਹੋ ਉਜਿਆਰ, ਸਰ ਅੰਮ੍ਰਿਤ ਦਏ ਭਰਾਈਆ । ਗੁਰ ਅਰਜਨ ਸਾਚਾ ਮੀਤ ਮੁਰਾਰ, ਏਕਾ ਸ਼ਬਦ ਕਰੇ ਕੁੜਮਾਈਆ । ਗੁਰੂ ਗ੍ਰੰਥ ਗੁਰ ਕਰ ਤਿਆਰ, ਚਾਰ ਵਰਨਾਂ ਗਿਆ ਸਮਝਾਈਆ । ਨਿਰਗੁਣ ਜੋਤ ਨੂਰ ਉਜਿਆਰ, ਹਰਿ ਗੋਬਿੰਦ ਕਰੇ ਰੁਸ਼ਨਾਈਆ । ਹਰਿਰਾਏ ਮੇਲਾ ਵਿਚ ਸੰਸਾਰ, ਹਰਿਕ੍ਰਿਸ਼ਨ ਵੱਜੀ ਵਧਾਈਆ । ਗੁਰ ਤੇਗ ਬਹਾਦਰ ਸਾਂਝਾ ਯਾਰ, ਆਪਣਾ ਭੇਟਾ ਸੀਸ ਚੜ੍ਹਾਈਆ । ਦਸ ਦਸਮੇਸਾ ਖ਼ਬਰਦਾਰ, ਪੁਰਖ਼ ਅਕਾਲ ਆਪ ਕਰਾਈਆ । ਸੁੱਤ ਦੁਲਾਰਾ ਕਰ ਤਿਆਰ, ਦੇ ਮਤ ਰਿਹਾ ਸਮਝਾਈਆ ।

੧੧੮੫ ਕੂੜ ਕੁੜਿਆਰਾ ਕਰ ਖੁਵਾਰ, ਏਕਾ ਸਾਚਾ ਡੰਕ ਵਜਾਈਆ । ਜੋਧਾ ਸੂਰ ਬਲੀ ਬਲਕਾਰ, ਲੋਕਮਾਤ ਲਏ ਅੰਗੜਾਈਆ । ਪੰਚ ਪਿਆਰ ਕਰ ਤਿਆਰ, ਅੰਮ੍ਰਿਤ ਏਕਾ ਜਾਮ ਪਿਆਈਆ । ਸਾਚਾ ਖੰਡਾ ਖਿਚ ਕਟਾਰ, ਤਨ ਗਾਤਰੇ ਆਪ ਲਟਕਾਈਆ । ਆਪ ਆਪਣਾ ਉਤੋਂ ਵਾਰ, ਗੁਰਸਿਖਾਂ ਨੀਂਹ ਧਰਾਈਆ । ਸਾਚਾ ਖੇਲ ਕਰ ਵਿਚ ਸੰਸਾਰ, ਸਾਚੀ ਗਿਆ ਸਿਖ ਸਮਝਾਈਆ । ਅੰਤਮ ਆਉਂਣਾ ਦੂਜੀ ਵਾਰ, ਭੇਵ ਅਭੇਦਾ ਭੇਵ ਛੁਪਾਈਆ । ਨਾਲ ਰਲਾਏ ਹਰਿ ਕਰਤਾਰ, ਕਰਤਾ ਪੁਰਖ ਸੰਗ ਨਿਭਾਈਆ । ਸੰਬਲ ਨਗਰੀ ਧਾਮ ਨਿਆਰ, ਬੈਠੇ ਆਸਣ ਲਾਈਆ । ਖੜਗ ਖੰਡਾ ਤੇਜ਼ ਪਰਚੰਡਾ ਨਾਮ ਕਟਾਰ, ਬ੍ਰਹਿਮੰਡਾਂ ਆਪ ਚਮਕਾਈਆ । ਭੇਖ ਪਾਖੰਡਾ ਦਏ ਨਿਵਾਰ, ਕੂੜੀ ਕਿਰਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੇ ਹੱਥ ਰੱਖੀ ਵਡਿਆਈਆ । ਕਲਜੁਗ ਅੰਤਮ ਵਕ਼ਤ ਸੁਹਾਉਣਾ, ਭੇਵ ਕੋਇ ਨਾ ਪਾਇੰਦਾ । ਅਬਿਨਾਸ਼ੀ ਕਰਤੇ ਆਪਣਾ ਭੇਵ ਖੁਲ੍ਹਾਉਣਾ, ਆਪਣਾ ਪੜਦਾ ਆਪੇ ਲਾਹਿੰਦਾ । ਨਿਰਗੁਣ ਰੂਪ ਡਗਮਗਾਉਣਾ, ਜੋਤੀ ਜਾਮਾ ਵੇਸ ਵਟਾਇੰਦਾ । ਸ਼ਬਦ ਅਨਾਦੀ ਡੰਕ ਵਜਾਉਣਾ, ਸ਼ਾਹ ਸੁਲਤਾਨਾ ਰਾਜ ਰਾਜਾਨਾ ਆਪ ਉਠਾਇੰਦਾ । ਨੌ ਖੰਡ ਪ੍ਰਿਥਮੀ ਆਪ ਹਿਲਾਉਣਾ, ਸੱਤਾਂ ਦੀਪਾਂ ਆਪ ਭੁਵਾਇੰਦਾ । ਗੁਰਮੁਖ ਸੋਇਆ ਆਪ ਜਗੌਣਾ, ਘਰ ਘਰ ਦਰ ਦਰ ਜਾ ਜਾ ਦਰਸ ਦਿਖਾਇੰਦਾ । ਕਲਜੁਗ ਜੀਵ ਫੜ ਫੜ ਕਾਗੋਂ ਹੰਸ ਬਣਾਉਣਾ, ਸੋਹੰ ਹੰਸਾ ਚੋਗ ਚੁਗਾਉਣਾ, ਮਾਨਕ ਮੋਤੀ ਹੱਥ ਉਠਾਇੰਦਾ । ਹੀਰਾ ਰਤਨ ਜਵਾਹਰ ਅਮੋਲਕ, ਲਾਲ ਰੱਤੀ ਜੜਤ ਜੜਾਇੰਦਾ । ਪਾਰਬ੍ਰਹਮ ਸਚਖੰਡ ਦਵਾਰ ਤੇਰੀ ਸਾਚੀ ਗੋਲਕ ਵਿਚ ਆਪ ਪਾਉਣਾ, ਦੂਜੀ ਵਾਰ ਬਾਹਰ ਨਾ ਕੋਇ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਧਰਾਇੰਦਾ । ਨਾਉਂ ਧਰਾਏ ਨਿਹਕਲੰਕ, ਹਰਿ ਸਤਿਗੁਰ ਵਡ ਵਡਿਆਈਆ । ਸ਼ਬਦ ਅਗੰਮੀ ਵੱਜੇ ਡੰਕ, ਪੁਰਖ ਅਬਿਨਾਸ਼ੀ ਆਪ ਸੁਣਾਈਆ । ਗੁਰਸਿਖ ਉਧਾਰੇ ਜਿਉਂ ਜਨ ਜਨਕ, ਜਨ ਜਨਣੀ ਲੇਖੇ ਲਾਈਆ । ਸੁਹਾਏ ਦਵਾਰ ਸਾਚਾ ਬੰਕ, ਜਿਸ ਦਵਾਰੇ ਆਏ ਦਰਸ ਦਿਖਾਈਆ । ਖੇਲੇ ਖੇਲੇ ਜੁਗਾਂ ਜੁਗੰਤ, ਜੁਗ ਜੁਗ ਆਪਣਾ ਨਾਉਂ ਧਰਾਈਆ । ਹਰਿਜਨ ਬਣਾਏ ਤੇਰੀ ਬਣਤ, ਤੇਰੇ ਨਾਮ ਵੱਜੇ ਵਧਾਈਆ । ਪ੍ਰਭ ਦਰਸ਼ਨ ਕੋ ਲੋਚਨ ਸੰਤ, ਮਨਮੁਖ ਸੁੱਤੇ ਗੂੜ੍ਹੀ ਨੀਂਦ ਆਪਣੀ ਅੱਖ ਨਾ ਕਿਸੇ ਖੁਲ੍ਹਾਈਆ । ਹੋਇਆ ਵਿਛੋੜਾ ਨਾਰ ਦੁਹਾਗਣ ਸਾਚੇ ਕੰਤ, ਵਿਭਚਾਰ ਕਰੀ ਕੁੜਮਾਈਆ । ਮਾਇਆ ਭਰਮੇ ਭੁਲਾ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਈਆ । ਬਣਿਆ ਗੜ੍ਹ ਹਉਮੇ ਹੰਗਤ, ਸਾਚੀ ਸੰਗਤ ਨਾ ਮਿਲੀ ਸਰਨਾਈਆ । ਨੌ ਦਵਾਰੇ ਫਿਰਦਾ ਨੰਗਤ, ਦਸਵਾਂ ਰਾਹ ਨਾ ਕੋਇ ਵਖਾਈਆ । ਤਨ ਮਾਇਆ ਕੱਪੜ ਭੁੱਖਾ ਨੰਗਤ, ਨਾਮ ਦੋਸ਼ਾਲਾ ਉਪਰ ਕੋਇ ਨਾ ਪਾਈਆ । ਜੂਠ ਝੂਠ ਚੜ੍ਹੀ ਰੰਗਤ, ਮਜੀਠੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੇ ਅੰਗ ਲਗਾਈਆ । ਅੰਗੀਕਾਰ ਕਰੇ ਗੁਰਦੇਵ, ਗੁਰਮੁਖ ਸਦਾ ਸਲਾਹਿਆ । ਬਿਰਥਾ ਜਾਏ ਨਾ ਹਰਿਜਨ ਸੇਵ, ਸਤਿਗੁਰ ਪੂਰਾ ਲਹਿਣਾ ਦਏ ਚੁਕਾਇਆ । ਲੇਖੇ ਲਾਏ ਰਸਨਾ ਗਾਇਆ ਜੇਹਵ, ਲੱਖ ਚੁਰਾਸੀ ਫੰਦ ਕਟਾਇਆ । ਮੇਲ ਮਿਲਾਏ ਅਲੱਖ ਅਭੇਵ, ਵਿਛੜ ਕਦੇ ਨਾ ਜਾਇਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਵਡ ਦੇਵੀ ਦੇਵ, ਏਕਉਂਕਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਧਾਰਾ ਆਪ ਚਲਾਇਆ । ਨਿਰਗੁਣ ਧਾਰ ਗੁਰਸਿਖ ਅੰਦਰ, ਹਰਿ ਸਤਿਗੁਰ ਆਪ ਚਲਾਇੰਦਾ । ਭਾਗ ਲਗਾਏ ਪੰਜ ਤੱਤ ਮੰਦਰ, ਦੀਪਕ ਨੂਰ ਡਗਮਗਾਇੰਦਾ । ਵੇਖਣਹਾਰਾ ਡੂੰਘੀ ਕੰਦਰ, ਡੂੰਘੀ ਭਵਰੀ ਫੋਲ ਫੋਲਾਇੰਦਾ । ਢਾਏ ਡੇਰਾ ਭਰਮਾਂ ਕੰਧਰ, ਹੰਕਾਰੀ ਗੜ੍ਹ ਤੁੜਾਇੰਦਾ । ਸ਼ਬਦ ਸੁਣਾਏ ਸੁਹਾਗੀ ਛੰਦਰ, ਸਾਚਾ ਢੋਲਾ ਆਪ ਅਲਾਇੰਦਾ । ਮਨਮੁਖ ਜੀਵ ਭਾਗਾਂ ਮੰਦੜ, ਘਰ ਅੰਦਰ ਹਰਿ ਕਾ ਰੂਪ ਨਾ ਕੋਇ ਪਾਇੰਦਾ । ਮਦਿਰਾ ਮਾਸੀ ਪਾਪੀ ਗੰਦੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਪ ਆਪਣੇ ਦਰ ਸੁਹਾਇੰਦਾ । ਗੁਰਮੁਖ ਤੇਰਾ ਸਚ ਮਹੱਲਾ, ਹਰਿ ਸਤਿਗੁਰ ਆਪ ਵਸਾਇਆ । ਸ਼ਬਦ ਫੜਾਇਆ ਏਕਾ ਪੱਲਾ ਕਲਜੁਗ ਨੇਤਰ ਦਿਸ ਕਿਸੇ ਨਾ ਆਇਆ । ਤੇਰਾ ਮੰਦਰ ਸਾਚਾ ਅੰਦਰ, ਹਰਿ ਸਾਚੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗਿਆਨ ਅੰਧੇਰਾ ਆਪ ਮਿਟਾਇਆ । ਮਿਟਿਆ ਅਗਿਆਨ ਚੁੱਕੇ ਅੰਧੇਰ, ਗੁਰ ਸਤਿਗੁਰ ਦਇਆ ਕਮਾਈਆ । ਮਿਲੇ ਮਾਣ ਦਿਸੇ ਸੰਝ ਸਵੇਰ, ਬਿਨ ਰਵ ਸਸ ਹੋਏ ਰੁਸ਼ਨਾਈਆ । ਚੁਕੇ ਕਾਣ ਵਸੇ ਕਾਇਆ ਖੇੜ, ਖੇਵਟ ਖੇਟਾ ਮਿਲਿਆ ਬੇਪਰਵਾਹੀਆ । ਪਾਇਆ ਗੁਣ ਨਿਧਾਨ ਸ੍ਰੀ ਭਗਵਾਨ, ਆਵਣ ਜਾਵਣ ਲੱਖ ਚੁਰਾਸੀ ਤੁੱਟੀ ਫਾਹੀਆ । ਅੰਤਮ ਦੇਵੇ ਨਾਮ ਬਿਬਾਨ, ਆਪਣੀ ਹੱਥੀਂ ਲਏ ਚੜ੍ਹਾਈਆ । ਦਰਗਹਿ ਸਾਚੀ ਕਰੇ ਪਰਵਾਨ, ਜੋਤੀ ਜੋਤ ਮੇਲ ਮਿਲਾਈਆ । ਝੁਲਦਾ ਜਾਏ ਇਕ ਨਿਸ਼ਾਨ, ਹਰਿ ਸਤਿਗੁਰ ਆਪ ਝੁਲਾਈਆ । ਪਵਣ ਪਾਣੀ ਤੇਰੀ ਸੇਵ ਕਮਾਣ, ਬ੍ਰਹਮਾ ਵਿਸ਼ਨ ਸ਼ਿਵ ਰਾਹ ਤਕਾਈਆ । ਗਣ ਗੰਧਰਬ ਗੀਤ ਸੁਹਾਗੀ ਗਾਣ, ਕਿੰਨਰ ਯੱਛਪ ਤਾਲ ਵਜਾਈਆ । ਜਿਸ ਜਨ ਸਤਿਗੁਰ ਪੂਰਾ ਹੋਇਆ ਆਪ ਮਿਹਰਵਾਨ, ਭੁੱਲੀ ਸਰਬ ਲੋਕਾਈਆ । ਜਗਤ ਨਾਤਾ ਜਾਏ ਤੁੱਟ, ਜਿਸ

ਪਾਇਆ ਸਤਿਗੁਰ ਦੀਨ ਦਿਆਲ । ਅੰਮ੍ਰਿਤ ਪੀਵੇ ਸਾਚਾ ਘੁੱਟ, ਮਾਤਾ ਕੁੱਖ ਉਪਜੇ ਸਾਚਾ ਲਾਲ । ਆਵਣ ਜਾਵਣ ਜਾਏ ਛੁੱਟ, ਫਲ ਲੱਗੇ ਕਾਇਆ ਡਾਲ੍ਹ । ਸਤਿਗੁਰ ਪੂਰਾ ਦੇਵੇ ਨਾਮ ਖ਼ਜ਼ਾਨਾ ਅਤੁਟ, ਲੋਕਮਾਤ ਸੱਚਾ ਧਨ ਮਾਲ । ਹਰਿ ਦਰਸ਼ਨ ਨੈਣ ਲੱਭਦੇ ਫਿਰਦੇ ਕੋਟੀ ਕੋਟ, ਪਾਤਸ਼ਾਹ ਬਣ ਕੰਗਾਲ । ਬਿਨ ਹਰਿ ਕਿਰਪਾ ਕੋਈ ਨਾ ਚੜ੍ਹੇ ਸਾਚੀ ਚੋਟ, ਬਿਨ ਸਤਿਗੁਰ ਦਿਸੇ ਨਾ ਕੋਇ ਦਲਾਲ । ਕਲਜੁਗ ਜੀਵਾਂ ਮਾਇਆ ਮਮਤਾ ਤ੍ਰਿਸਨਾ ਭਰੀ ਨਾ ਪੋਟ, ਮਾਇਆਧਾਰੀ ਹੋਏ ਕੰਗਾਲ । ਪੁਰਖ ਅਬਿਨਾਸ਼ੀ ਘਟ ਘਟ ਅੰਤਮ ਵੇਖਣ ਆਇਆ ਖੋਟ, ਨਿਰਗੁਣ ਚਲੀ ਅਵੱਲੜੀ ਚਾਲ । ਗੁਰਸਿਖਾਂ ਬਖ਼ਸ਼ੇ ਚਰਨ ਪ੍ਰੀਤੀ ਏਕਾ ਓਟ, ਲੱਖ ਚੁਰਾਸੀ ਵਿਚੋਂ ਆਪੇ ਭਾਲ । ਆਪਣੀ ਗੋਦ ਉਠਾਏ ਆਲਣਿਉਂ ਡਿਗੇ ਬੋਟ, ਨੇੜ ਨਾ ਆਏ ਕਾਲ ਮਹਾਂਕਾਲ । ਨਿਰਗੁਣ ਚੇਲਾ ਨਿਰਗੁਣ ਮੇਲਾ ਨਿਰਗੁਣ ਗੁਰ ਨਿਰਗੁਣ ਸੁਰ ਨਿਰਗੁਣ ਸ਼ਬਦ ਨਿਰਗੁਣ ਤਾਲ ਨਿਰਗੁਣ ਹਰਿ ਨਿਰਗੁਣ ਨੂਰ ਜਲਵਾ ਜਲਾਲ, ਨਿਰਗੁਣ ਜੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਰੇ ਸਦਾ ਪ੍ਰਿਤਪਾਲ । ਪ੍ਰਿਤਪਾਲਕ ਹਰਿ ਭਗਵਾਨਾ, ਅੰਗ ਸੰਗ ਸਮਾਇਆ । ਗੁਰਸਿਖਾਂ ਬੱਧੇ ਸਾਚਾ ਗਾਨਾ, ਏਕਾ ਤੰਦਨ ਬੰਧ ਬੰਧਾਇਆ । ਤੋੜੇ ਮਾਣ ਜਗਤ ਅਭਿਮਾਨਾ, ਮਾਇਆ ਮਮਤਾ ਰਹੇ ਨਾ ਰਾਇਆ । ਦੇਵੇ ਦਰਸ ਗੁਣ ਨਿਧਾਨਾ, ਨਿਰਗੁਣ ਆਪਣਾ ਵੇਸ ਵਟਾਇਆ । ਦਰਗਹਿ ਸਾਚੀ ਸਾਚੇ ਦਰ ਕਰੇ ਪਰਵਾਨਾ, ਸਚਖੰਡ ਦਵਾਰਾ ਇਕ ਸੁਹਾਇਆ । ਕਲਜੁਗ ਜੀਵ ਮਾਰਨ ਤਾਨਾ, ਗੁਰਸਿਖ ਪੱਥਰ ਹਿਰਦਾ ਅੱਗੇ ਡਾਹਿਆ । ਪੁਰਖ ਅਬਿਨਾਸ਼ੀ ਵਰਤੇ ਆਪਣਾ ਭਾਣਾ, ਹਰਿ ਭਾਣੇ ਸਰਬ ਰਖਾਇਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇਆ । ਗੁਰਮੁਖ ਹੋਏ ਮਾਤ ਪਰਧਾਨਾ, ਸਤਿਜੁਗ ਸਾਚੀ ਵੰਡ ਵੰਡਾਇਆ । ਮਨਮੁਖ ਜੀਵਾਂ ਨੈਣ ਸ਼ਰਮਾਣਾ, ਰਾਏ ਧਰਮ ਦਏ ਸਜ਼ਾਇਆ । ਲਾੜੀ ਮੌਤ ਕਰੇ ਪਛਾਨਾ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਏ ਧਰਮ ਰਿਹਾ ਜਗਾਇਆ ।

ਰਾਏ ਧਾਰਮ ਉਠ ਬਲ ਧਾਰ, ਹਰਿ ਸਤਿਗੁਰ ਪੁਰਖ ਸੁਣਾਇੰਦਾ । ਕਲਜੁਗ ਅੰਤਮ ਆਈ ਤੇਰੀ ਵਾਰ, ਤੇਰਾ ਲਹਿਣਾ ਮੂਲ ਚੁਕਾਇੰਦਾ । ਲੱਖ ਚੁਰਾਸੀ ਕਰ ਵਿਚਾਰ, ਪਸੂ ਪੰਖੀ ਪੰਛੀ ਤੇਰੇ ਦਰ ਸੁਹਾਇੰਦਾ । ਚਾਰੇ ਖਾਣੀ ਖੇਲ ਅਪਾਰ, ਚੌਥੇ ਜੁਗ ਵੇਸ ਵਟਾਇੰਦਾ । ਹਾਣੀਆਂ ਹਾਣੀ ਵਿਛੜੇ ਯਾਰ, ਨਾਰ ਕੰਤ ਨਾ ਕੋਇ ਹੰਢਾਇੰਦਾ । ਭੈਣ ਭੱਯਾ ਨਾ ਕੋਇ ਪਿਆਰ, ਸਾਚਾ ਸੱਯਾ ਨਾ ਕੋਇ ਜਣਾਇੰਦਾ । ਪਿਤਾ ਪੂਤ ਹੋਏ ਖ਼ੁਆਰ, ਸ਼ਾਹ ਸੁਲਤਾਨ ਲਜ ਪਤ ਨਾ ਕੋਇ ਰਖਾਇੰਦਾ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਨ ਨਾ ਕੋਇ ਚੜ੍ਹਾਇੰਦਾ । ਪਰਮਾਨੰਦ ਨਾ ਦਿਸੇ ਵਿਚ ਸੰਸਾਰ, ਨਿਜਾਨੰਦ ਨਾ ਕੋਇ ਸਮਾਇੰਦਾ । ਕੂੜ ਕੁੜਿਆਰਾ ਕਰੇ ਹਾਹਾਕਾਰ, ਸਤਿ ਨਾਮ ਭੋਜਨ ਕੋਇ ਨਾ ਖਾਇੰਦਾ । ਹਰਿ ਹਰਿ ਨਾਤਾ ਤੋੜ ਜੀਵ ਗਵਾਰ, ਹਰਿ ਕਾ ਪੌੜਾ ਨਾ ਹੱਥ ਰਖਾਇੰਦਾ । ਪੰਜ ਤੱਤ ਵਿਕਾਰਾ ਵਾਸਨਾ ਵੜ ਖੇਲੇ ਖੇਲ ਬਣ ਹੰਕਾਰ, ਨਰ ਨਰਾਇਣ ਸਰਬ ਭੁਲਾਇੰਦਾ । ਮਿਲਿਆ ਮੇਲ ਨਾ ਮੀਤ ਮੁਰਾਰ, ਜੋ ਤਨ ਮਨ ਧਨ ਆਪਣੀ ਵਸਤ ਜਣਾਇੰਦਾ । ਅੰਤਮ ਬਾਜ਼ੀ ਜਾਣੀ ਹਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਲਸ਼ਕਰ ਘੋੜਾ ਦਿਸੇ ਨਾ ਕੋਇ ਸਵਾਰ, ਸੀਸ ਛੱਤਰ ਨਾ ਕੋਇ ਝੁਲਾਇੰਦਾ । ਕੰਠ ਮਾਲਾ ਨਾ ਦਿਸੇ ਹਾਰ, ਸਾਚੀ ਮੇਂਢੀ ਨਾ ਕੋਇ ਗੁੰਦਾਇੰਦਾ । ਨੇਤਰ

ਨੈਣਾਂ ਜਗਤ ਕੱਜਲ ਧਾਰ, ਰਾਮ ਨਾਮ ਨਾ ਕੋਇ ਪਾਇੰਦਾ । ਕਾਮਨੀ ਕਾਮ ਰੰਗ ਰਲੀਆਂ ਮਾਣੇ ਵਿਚ ਸੰਸਾਰ, ਸਾਚੀ ਸੇਜ ਨਾ ਕੋਇ ਸੁਹਾਇੰਦਾ । ਰੋਗ ਸੋਗ ਚਿੰਤਾ ਦੁੱਖ ਭਰਿਆ ਭੰਡਾਰ, ਕਲਜੁਗ ਜੀਵ ਆਪਣੀ ਕਾਇਆ ਗਠੜੀ ਬੰਧ ਰਖਾਇੰਦਾ । ਦੂਈ ਦਵੈਤੀ ਚੁਕਿਆ ਭਾਰ, ਦਿਵਸ ਰੈਣ ਰੈਣ ਦਿਵਸ ਸਰਬ ਕੁਰਲਾਇੰਦਾ । ਪਾਪਾਂ ਮਤੀ ਜਗਤ ਗਈ ਹਾਰ, ਮਾਇਆ ਮੋਹ ਨਾ ਕੋਇ ਤੁੜਾਇੰਦਾ । ਵਾ ਤੱਤੀ ਰਹੀ ਸਾੜ, ਠੰਡਾ ਠਾਰ ਨਾ ਕੋਇ ਬਣਾਇੰਦਾ । ਪੰਚ ਵਿਕਾਰਾ ਲਗਾ ਅਖਾੜ, ਜੂਠ ਝੂਠ ਵਿਚ ਨਚਾਇੰਦਾ । ਸਾਚਾ ਮੰਦਰ ਹੋਇਆ ਉਜਾੜ, ਪਰਭਾਸ ਡੇਰਾ ਸਰਬ ਵਖਾਇੰਦਾ । ਜਗਤ ਦੁਹਾਗਣ ਨਾਰ ਵਿਭਚਾਰ, ਕੁੜਿਆਰ ਵੇਸ ਸਰਬ ਕਰਾਇੰਦਾ । ਮਿਲਿਆ ਮੀਤ ਨਾ ਹਰਿ ਨਿਰੰਕਾਰ, ਪੰਜ ਤੱਤ ਲੇਖੇ ਕਿਸੇ ਨਾ ਆਇੰਦਾ । ਖ਼ਾਕੀ ਖ਼ਾਕ ਉਡੇ ਜਗ ਛਾਰ, ਖ਼ਾਕੀ ਖ਼ਾਕ ਮਿਲਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਸਤਿਗੁਰ ਨਾਨਕ ਇਹ ਸਮਝਾਇੰਦਾ । ਗੁਰ ਗੋਬਿੰਦ ਬੇੜਾ ਕਰੇ ਪਾਰ, ਸਚ ਮਲਾਹ ਆਪ ਅਖਵਾਇੰਦਾ । ਗੁਰਮੁਖਾਂ ਉਪਰ ਲਏ ਚਾੜ੍ਹ, ਜੋ ਜਨ ਹਰਿ ਹਰਿ ਨਾਮ ਧਿਆਇੰਦਾ । ਵਰਨ ਬਰਨ ਨਾ ਕਰੇ ਵਿਚਾਰ, ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਰੰਗਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਹਰਿ ਸਤਿਗੁਰ ਆਪ ਅਖਵਾਇੰਦਾ । ਖੇਵਟ ਖੇਟਾ ਹੋ ਤਿਆਰ, ਵੰਝ ਮੁਹਾਣਾਂ ਹੱਥ ਉਠਾਇੰਦਾ । ਸੋ ਪੁਰਖ ਨਿਰੰਜਣ ਚੱਪੂ ਕਰ ਤਿਆਰ, ਹੰ ਬੇੜਾ ਆਪ ਤਰਾਇੰਦਾ । ਆਪੇ ਬ੍ਰਹਮ ਪਾਰਬ੍ਰਹਮ ਕਰਤਾਰ, ਆਪ ਆਪਣੇ ਰੰਗ ਰੰਗਾਇੰਦਾ । ਗੁਰਸਿਖ ਤੇਰਾ ਹੌਲਾ ਕਰਿਆ ਭਾਰ, ਸਤਿਗੁਰ ਪੂਰਾ ਆਪਣੇ ਕੰਧ ਉਠਾਇੰਦਾ । ਛੋਟੇ ਬਾਲੇ ਨੀਹਾਂ ਹੇਠਾਂ ਦਏ ਉਸਾਰ, ਗੁਰਸਿਖ ਤੇਰਾ ਮੰਦਰ ਆਪ ਸੁਹਾਇੰਦਾ । ਤੇਰੇ ਅੰਦਰ ਜੋਤ ਕਰ ਉਜਿਆਰ, ਆਪਣੇ ਦੀਪਕ ਆਪ ਜਗਾਇੰਦਾ । ਨੌਂ ਦਵਾਰੇ ਮੇਟੇ ਪੰਚਮ ਧਾੜ, ਦਸਵੇਂ ਆਪਣਾ ਦਰਸ ਦਿਖਾਇੰਦਾ । ਵਾ ਨਾ ਲੱਗੇ ਕਲਜੁਗ ਤੱਤੀ ਹਾੜ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਲੇਖਾ ਚੁੱਕੇ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਆਪਣੇ ਲੇਖੇ ਲਾਇੰਦਾ । ਜਨ ਭਗਤਾਂ ਫਿਰੇ ਪਿਛੇ ਅਗਾੜ, ਜੁਗ ਜੁਗ ਸਾਚੀ ਸੇਵ ਕਮਾਇੰਦਾ । ਫੜ ਫੜ ਬਾਂਹੋਂ ਜਾਏ ਤਾਰ, ਜੋ ਜਨ ਸਰਨਾਈ ਆਇੰਦਾ । ਲੇਖਾ ਜਾਣੇ ਨਰ ਨਾਰ, ਨਰ ਨਰਾਇਣ ਰੂਪ ਵਟਾਇੰਦਾ । ਹਰਿਜਨ ਨਾ ਡੁੱਬੇ ਵਿਚ ਮੰਝਧਾਰ, ਸ਼ੌਹ ਦਰਯਾਏ ਨਾ ਕੋਇ ਡੁਬਾਇੰਦਾ । ਹਰਿ ਸੰਗਤ ਬਣਾਏ ਸਚ ਪਿਆਰ, ਭੈਣਾਂ ਭੱਯਾ ਨਾਤਾ ਜੋੜ ਜੁੜਾਇੰਦਾ । ਕੋਈ ਨੇਤਰ ਨੈਣ ਨਾ ਤੱਕੇ ਧੀ ਮੁਟਿਆਰ, ਪੁੱਤਰ ਧੀਆਂ ਏਕਾ ਸੰਗ ਨਿਭਾਇੰਦਾ । ਬਿਨ ਨਾਰ ਨਾ ਕਰੇ ਕੋਇ ਪਿਆਰ, ਦੂਸਰ ਸੇਜ ਨਾ ਕੋਇ ਵਖਾਇੰਦਾ । ਜੋ ਜਨ ਭੁੱਲੇ ਹਰਿ ਕੀ ਧਾਰ, ਲੱਖ ਚੁਰਾਸੀ ਜੂਨੀ ਆਪ ਫਿਰਾਇੰਦਾ । ਬਣ ਵਿਚੋਲਾ ਕੋਇ ਨਾ ਕਰੇ ਪਾਰ, ਹਰਿ ਭਾਣੇ ਸਰਬ ਰਹਾਇੰਦਾ । ਗੁਰ ਚਰਨ ਪ੍ਰੀਤੀ ਏਕਾ ਘਰ ਬਾਰ, ਹਰਿ ਮੰਦਰ ਇਕ ਵਖਾਇੰਦਾ । ਨਰਬਦਾ ਕੰਢੇ ਜੋ ਕਰੇ ਪੁਕਾਰ, ਪ੍ਰਭ ਸਾਚਾ ਦਰਸ ਦਿਖਾਇੰਦਾ । ਉਨੀ ਕੱਤਕ ਬਾਰਾਂ ਵੇਖੇ ਸਾਚੀ ਧਾਰ, ਆਪ ਆਪਣਾ ਰੂਪ ਵਟਾਇੰਦਾ । ਬਣਿਆ ਪੱਥਰ ਦੇਵੇ ਤਾਰ, ਸਰਬੰਗ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਨੀ ਬੀਸ ਬੀਸ ਉਨੀਸ ਅੱਧੀ ਰਾਤ ਜਾਏ ਇਕਾਂਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸੰਗ ਆਪ ਨਿਭਾਇੰਦਾ ।

੧੧੭੮
੦੮

## ੨੦ ਕੱਤਕ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਘਰ ਝੰਡੇਰ ਜ਼ਿਲਾ ਜਲੰਧਰ

ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਅਕਲ ਕਲਾ ਅਖਵਾਈਆ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਭੇਵ ਕੋਇ ਨਾ ਪਾਈਆ । ਏਕੰਕਾਰਾ ਖੇਲ ਮਹਾਨ, ਆਪਣੀ ਖੇਲ ਖਿਲਾਈਆ । ਆਦਿ ਨਿਰੰਜਣ ਜੋਤ ਮਹਾਨ, ਆਦਿ ਜੁਗਾਦੀ ਡਗਮਗਾਈਆ । ਪੁਰਖ ਅਬਿਨਾਸ਼ੀ ਇਕ ਵਖਾਏ ਸਚ ਨਿਸ਼ਾਨ, ਸਾਚਾ ਆਪ ਝੁਲਾਈਆ । ਸ੍ਰੀ ਭਗਵਾਨ, ਦੇਵੇ ਦਾਨ, ਆਪਣੇ ਹੱਥ ਰੱਖੇ ਵਡਿਆਈਆ । ਪਾਰਬ੍ਰਹਮ ਗੁਣ ਨਿਧਾਨ, ਗੁਣਵੰਤਾ ਇਕ ਅਖਵਾਈਆ । ਬ੍ਰਹਮ ਰੂਪ ਹੋ ਪਰਧਾਨ, ਆਪ ਆਪਣੀ ਰਚਨ ਰਚਾਈਆ । ਵਿਸ਼ਨੂੰ ਵੰਸਾ ਦੇਵੇ ਮਾਣ, ਆਪਣਾ ਰੂਪ ਵਟਾਈਆ । ਬ੍ਰਹਮਾ ਵੇਤਾ ਇਕ ਧਿਆਨ, ਏਕਾ ਸਚ ਸਰਨਾਈਆ । ਸ਼ੰਕਰ ਮੇਲਾ ਦੋ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ਼ੰਕਰ ਮੇਲਾ ਸੋ ਪੁਰਖ ਨਿਰੰਜਣ, ਹਰਿ ਸਾਚਾ ਆਪ ਕਰਾਇੰਦਾ । ਬ੍ਰਹਮਾ ਭਿਖਕ ਹਰਿ ਪੁਰਖ ਨਿਰੰਜਣ, ਸਾਚੀ ਭਿਛਿਆ ਝੋਲੀ ਪਾਇੰਦਾ । ਵਿਸ਼ਨੂੰ ਚੇਲਾ ਏਕੰਕਾਰਾ ਹਾਰਾ ਰੱਖਣ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਨਿਰੰਜਣ ਬ੍ਰਹਮ ਪਾਰਬ੍ਰਹਮ ਧਾਮ ਏਕਾ ਵਸਣ, ਸਚ ਮਹੱਲਾ ਇਕ ਸੁਹਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੇ ਲੱਛਣ, ਪੁਰਖ ਅਬਿਨਾਸ਼ੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨ, ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਏਕਾ ਮਾਣ, ਏਕਾ ਦਰ ਸੁਹਾਇੰਦਾ । ਏਕੰਕਾਰਾ ਕਰ ਪਛਾਨ, ਆਪ ਆਪਣਾ ਮੇਲ ਮਿਲਾਇੰਦਾ । ਆਦਿ ਨਿਰੰਜਣ ਨਿਗਹਬਾਨ, ਆਪਣਾ ਨੈਣ ਉਠਾਇੰਦਾ । ਪ੍ਰਭ ਅਬਿਨਾਸ਼ੀ ਖੇਲ ਮਹਾਨ, ਸ੍ਰੀ ਭਗਵਾਨ ਆਪ ਕਰਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਦਾਨ, ਜੀਆ ਦਾਤਾ ਆਪ ਅਖਵਾਇੰਦਾ । ਵਿਸ਼ਨੂੰ ਬਖ਼ਸ਼ੇ ਚਰਨ ਧਿਆਨ, ਬ੍ਰਹਮਾ ਨਿਉਂ ਨਿਉਂ ਸੀਸ ਝੁਕਾਇੰਦਾ । ਸ਼ੰਕਰ ਪਾਏ ਏਕਾ ਆਣ, ਏਕਾ ਕਲਮਾ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਧਾਮ ਸੁਹਾਇੰਦਾ । ਸੋ ਪੁਰਖ ਨਿਰੰਜਣ ਵਸਣਹਾਰਾ ਉਚ ਮਨਾਰ, ਏਕਾ ਰੰਗ ਸਮਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਦੀਪਕ ਜੋਤ ਕਰੇ ਰੁਸ਼ਨਾਈਆ । ਏਕੰਕਾਰਾ ਆਪ ਆਪਣਾ ਵੇਖ ਪਸਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਮੇਟਣਹਾਰਾ ਧੁੰਆਂਧਾਰ, ਘਰ ਸਾਚੇ ਸੋਭਾ ਪਾਈਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਈਆ । ਸ੍ਰੀ ਭਗਵਾਨ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਪਰਬ੍ਰਹਮ ਖੋਲ੍ਹ ਕਿਵਾੜ, ਦਰ ਦਰਵਾਜਾ ਆਪ ਖੁਲ੍ਹਾਈਆ । ਬ੍ਰਹਮ ਰੂਪ ਕਰ ਪਸਾਰ, ਆਪਣੀ ਵੰਡ ਵੰਡਾਈਆ । ਵਿਸ਼ਨੂੰ ਮੰਗੇ ਬਣ ਭਿਖਾਰ, ਅੱਗੇ ਝੋਲੀ ਡਾਹੀਆ । ਬ੍ਰਹਮਾ ਵੇਤਾ ਨਿਉਂ ਨਿਉਂ ਕਰੇ ਨਿਮਸਕਾਰ, ਅੱਠੇ ਨੇਤਰ ਰਹੇ ਸ਼ਰਮਾਈਆ । ਸ਼ੰਕਰ ਵੇਖੇ ਇਕ ਅਖਾੜ, ਹਰਿ ਸਾਚਾ ਆਪ ਲਗਾਈਆ । ਆਪੇ ਵਸੇ ਸਭ ਤੋਂ ਬਾਹਰ, ਸਤਿ ਪੁਰਖ ਨਿਰੰਜਣ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਆਸਣ ਲਾਈਆ । ਸੋ ਪੁਰਖ ਨਿਰੰਜਣ ਸਚ ਅਟਾਰੀ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਜੋਤ ਨਿਰੰਕਾਰੀ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਏਕੰਕਾਰਾ ਮੀਤ ਮੁਰਾਰੀ, ਸਗਲਾ ਸੰਗ ਵਖਾਇੰਦਾ । ਆਦਿ ਨਿਰੰਜਣ ਆਪੇ ਜਾਣੇ ਆਪਣੀ ਕਾਰੀ, ਕਰਨੀ ਕਰਤਾ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ

ਭੇਵ ਨਿਆਰੀ, ਅਜੂਨੀ ਰਹਿਤ ਵੇਸ ਵਟਾਇੰਦਾ । ਸ੍ਰੀ ਭਗਵਾਨ ਸਾਚੀ ਯਾਰੀ, ਘਰ ਸਾਚੇ ਆਪ ਨਿਭਾਇੰਦਾ । ਪਾਰਬ੍ਰਹਮ ਮੇਲਾ ਪਰਵਰਦਿਗਾਰੀ, ਆਪ ਆਪਣਾ ਖੇਲ ਖਿਲਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰ ਉਜਿਆਰੀ, ਸਾਚਾ ਸਗਨ ਮਨਾਇੰਦਾ । ਵਿਸ਼ਨੂੰ ਸੇਵਾ ਵਡ ਸੰਸਾਰੀ, ਹਰਿ ਸਾਚਾ ਆਪ ਲਗਾਇੰਦਾ । ਬ੍ਰਹਮਾ ਦੇਵੇ ਬ੍ਰਹਮ ਭੰਡਾਰੀ, ਲੱਖ ਚੁਰਾਸੀ ਝੋਲੀ ਪਾਇੰਦਾ । ਸ਼ੰਕਰ ਸੇਵਾ ਰਿਹਾ ਸੰਘਾਰੀ, ਸਾਚਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਖੇਲੇ ਖੇਲ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਚਾੜ੍ਹੇ ਤੇਲ, ਆਦਿ ਨਿਰੰਜਣ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਕਰੇ ਮੇਲ, ਸ੍ਰੀ ਭਗਵਾਨ ਕਰੇ ਕੁੜਮਾਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲ, ਬ੍ਰਹਮ ਵੇਖੇ ਥਾਉਂ ਥਾਈਆ । ਵਿਸ਼ਨੂੰ ਵਸੇ ਧਾਮ ਨਵੇਲ, ਬ੍ਰਹਮਾ ਪੁਰੀ ਬ੍ਰਹਮ ਸੁਹਾਈਆ । ਸ਼ੰਕਰ ਨੱਕ ਪਾਏ ਨਕੇਲ, ਹਰਿ ਸਾਚਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਧਾਮ ਉਪਜਾਈਆ । ਸੋ ਪੁਰਖ ਨਿਰੰਜਣ ਧਾਮ ਅਵੱਲਾ, ਏਕਾ ਏਕ ਉਪਜਾਇੰਦਾ । ਹਰਿ ਪੁਰਖ ਨਿਰੰਜਣ ਸਚ ਮਹੱਲਾ, ਹੰ ਘਰ ਸਾਚਾ ਆਪ ਵਸਾਇੰਦਾ । ਏਕੰਕਾਰਾ ਨਿਰਾਧਾਰ ਨਿਰਗੁਣ ਰੂਪ ਆਪੇ ਰੱਲਾ, ਦਿਸ ਕਿਸੇ ਨਾ ਆਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਪਰਕਾਸ਼ ਪਰਕਾਸ਼ ਵਖਾਇੰਦਾ । ਪੁਰਖ ਅਬਿਨਾਸ਼ੀ ਅਛਲ ਅਛੱਲਾ, ਵਲ ਛਲ ਧਾਰੀ ਨਾਉਂ ਰਖਾਇੰਦਾ । ਸ੍ਰੀ ਭਗਵਾਨ ਆਪਣੇ ਅੱਗੇ ਆਪੇ ਖਲਾ, ਸਵੱਛ ਸਰੂਪੀ ਰੂਪ ਵਟਾਇੰਦਾ । ਪਾਰਬ੍ਰਹਮ ਸਚ ਸਿੰਘਾਸਣ ਏਕਾ ਮੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਪ੍ਰਭ ਆਪੇ ਰੱਲਾ, ਆਪੇ ਸੇਵ ਕਮਾਇੰਦਾ । ਵਿਸ਼ਨੂੰ ਫੜਾਇਆ ਹਰਿ ਹਰਿ ਪੱਲਾ, ਆਪਣੇ ਲੜ ਬੰਧਾਇੰਦਾ । ਬ੍ਰਹਮੇ ਸੁਨੇਹੜਾ ਏਕਾ ਘੱਲਾ, ਸਾਚਾ ਸ਼ਬਦ ਸੁਣਾਇੰਦਾ । ਸ਼ੰਕਰ ਲਾਇਆ ਕਾਇਆ ਫਲ ਡੱਲਾ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਧਾਰ ਏਕੰਕਾਰ, ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਸੋਭਾਵੰਤ, ਘਰ ਸਾਚਾ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਬਣੇ ਬਣਤ, ਨਿਰਗੁਣ ਜੋਤੀ ਡਗਮਗਾਇੰਦਾ । ਏਕੰਕਾਰਾ ਮਹਿਮਾ ਅਗਣਤ, ਲਿਖਿਆ ਲੇਖ ਨਾ ਕੋਇ ਲਿਖਾਇੰਦਾ । ਆਦਿ ਨਿਰੰਜਣ ਆਦਿ ਅੰਤ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਵੇਖੇ ਰੁੱਤ ਬਸੰਤ, ਘਰ ਸਾਚੇ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣੀ ਮਹਿਮਾ ਅਗਣਤ, ਲੇਖਾ ਲਿਖਣਹਾਰ ਆਪ ਅਖਵਾਇੰਦਾ । ਪਾਰਬ੍ਰਹਮ ਏਕਾ ਰੰਗਤ, ਨਿਰਗੁਣ ਨਿਰਗੁਣ ਆਪ ਚੜ੍ਹਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਹੋਏ ਮੰਗਤ, ਹਰਿ ਸਾਚੀ ਝੋਲੀ ਪਾਇੰਦਾ । ਵਿਸ਼ਨੂੰ ਮੇਲਾ ਹਰੀ ਸੰਗਤ, ਸ਼ੰਕਰ ਭੰਗਤ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸ਼ੰਕਰ ਬ੍ਰਹਮਾ ਵਿਸ਼ਨ ਧਾਰ, ਤ੍ਰੈ ਤ੍ਰੈ ਮੇਲ ਮਿਲਾਇਆ । ਬ੍ਰਹਮ ਪਾਰਬ੍ਰਹਮ ਕਰ ਆਕਾਰ, ਸ੍ਰੀ ਭਗਵਾਨ ਵੇਸ ਵਟਾਇਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਆਦਿ ਨਿਰੰਜਣ ਸੇਵ ਕਮਾਇਆ । ਹਰਿ ਪੁਰਖ ਨਿਰੰਜਣ ਸਾਂਝਾ ਯਾਰ, ਸੋ ਪੁਰਖ ਨਿਰੰਜਣ ਦਏ ਸਲਾਹਿਆ । ਏਕੰਕਾਰਾ ਕਰ ਪਸਾਰ, ਦਰ ਘਰ ਸਾਚੇ ਬੈਠਾ ਆਸਣ ਲਾਇਆ । ਸਚ ਸਿੰਘਾਸਣ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲਾਇਆ । ਸਚ ਸਿੰਘਾਸਣ ਹਰਿ ਨਿਰੰਕਾਰ, ਆਪਣਾ ਆਪ ਸੁਹਾਈਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਅਗੰਮੜੇ

੧੧੮੦ ੦੮

ਧਾਮ ਵਹਾਈਆ । ਅਲੱਖ ਅਗੋਚਰ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਇਲਾਹੀਆ । ਸਾਚੇ ਮੰਦਰ ਪਾਵੇ ਸਾਰ, ਆਪਣੀ ਰਚਨਾ ਆਪ ਰਚਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਸਚਖੰਡ ਬੈਠਾ ਆਸਣ ਲਾਈਆ । ਸੋ ਪੁਰਖ ਨਿਰੰਜਣ ਵੇਖ ਵਿਚਾਰ, ਹਰਿ ਪੁਰਖ ਨਿਰੰਜਣ ਆਪਣੇ ਰੰਗ ਰੰਗਾਈਆ । ਆਦਿ ਨਿਰੰਜਣ ਦੀਵਾ ਬੱਤੀ ਕਰ ਤਿਆਰ, ਕਮਲਾਪਾਤੀ ਆਪ ਅਖਵਾਈਆ । ਪੁਰਖ ਅਬਿਨਾਸ਼ੀ ਵੇਖਣਹਾਰ, ਸ੍ਰੀ ਭਗਵਾਨ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਕਰ ਪਿਆਰ, ਆਪਣੀ ਵਸਤ ਝੋਲੀ ਪਾਈਆ । ਵਿਸ਼ਨੂੰ ਤੇਰਾ ਭਰੇ ਭੰਡਾਰ, ਤੋਟ ਰਹੇ ਨਾ ਰਾਈਆ । ਬ੍ਰਹਮਾ ਦੇਵੇ ਨਾਮ ਧੁਨਕਾਰ, ਏਕਾ ਸ਼ਬਦ ਸੁਣਾਈਆ । ਸ਼ੰਕਰ ਮੇਲਾ ਹਰਿ ਕਰਤਾਰ, ਹੱਥ ਤ੍ਰਿਸੂਲ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਏਕੰਕਾਰਾ ਸਤਿ ਪੁਰਖ ਅਬਿਨਾਸ਼ਾ, ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਵੇਖ ਤਮਾਸ਼ਾ, ਹਰਿ ਪੁਰਖ ਨਿਰੰਜਣ ਡੰਕ ਵਜਾਇੰਦਾ । ਆਦਿ ਨਿਰੰਜਣ ਪਾਵੇ ਰਾਸਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਇਕ ਭਰਵਾਸਾ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਪਾਰਬ੍ਰਹਮ ਪੂਰੀ ਕਰੇ ਆਸਾ, ਬ੍ਰਹਮ ਇਛਿਆ ਪੂਰ ਕਰਾਇੰਦਾ । ਸ਼ੰਕਰ ਦੇਵੇ ਇਕ ਦਿਲਾਸਾ, ਸ੍ਰਿਸ਼ਟ ਸਬਾਈ ਰਿਜ਼ਕ ਪੁਚਾਇੰਦਾ । ਬ੍ਰਹਮਾ ਤੇਰੀ ਬੁਝੇ ਪਿਆਸਾ, ਚਰਨ ਚਰਨੋਦਕ ਮੁਖ ਚੁਆਇੰਦਾ । ਸ਼ੰਕਰ ਵੇਖੇ ਕਾਇਆ ਕਾਸਾ, ਕੰਚਨ ਗੜ੍ਹ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਵਡ ਗਹਿਰ ਗੰਭੀਰ, ਏਕਾ ਏਕ ਅਖਵਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਸੀਰ, ਸਤਿ ਸਤਿ ਸਮਾਇੰਦਾ । ਏਕੰਕਾਰਾ ਦੇਵੇ ਧੀਰ, ਸਾਚਾ ਹੁਕਮ ਚਲਾਇੰਦਾ । ਆਦਿ ਨਿਰੰਜਣ ਸ਼ਾਹ ਹਕੀਰ, ਏਕਾ ਰੂਪ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕੱਟ ਜ਼ੰਜੀਰ, ਆਪਣਾ ਬੰਧਨ ਆਪ ਤੁੜਾਇੰਦਾ । ਸ੍ਰੀ ਭਗਵਾਨ ਚੋਟੀ ਚੜ੍ਹੇ ਅਖ਼ੀਰ, ਘਰ ਸਾਚਾ ਇਕ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਘੱਤੀ ਆਏ ਵਹੀਰ, ਆਪਣਾ ਮਾਰਗ ਆਪ ਵਖਾਇੰਦਾ । ਵਿਸ਼ਨੂੰ ਵੱਜਾ ਏਕਾ ਤੀਰ, ਤੀਰ ਸ਼ਬਦ ਅਣਿਆਲਾ ਆਪ ਲਗਾਇੰਦਾ । ਬ੍ਰਹਮਾ ਬਖ਼ਸ਼ੇ ਏਕਾ ਧੀਰ, ਏਕਾ ਮੰਤਰ ਗਿਆਨ ਦ੍ਰਿੜ੍ਹਾਇੰਦਾ । ਸ਼ੰਕਰ ਕੱਢੇ ਹਉਮੇ ਪੀੜ, ਏਕਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਕਮਲਾਪਾਤੀ, ਹਰਿ ਪੁਰਖ ਨਿਰੰਜਣ ਸੋਭਾਵੰਤ ਨਾਰ ਸੁਹਾਈਆ । ਏਕਉਂਕਾਰਾ ਦੇਵੇ ਦਾਤੀ, ਆਪਣੀ ਇਛਿਆ ਆਪੇ ਝੋਲੀ ਪਾਈਆ । ਆਦਿ ਨਿਰੰਜਣ ਕਰ ਪਰਕਾਸੀ ਵਖਾਏ ਇਕ ਘਰ ਪਰਭਾਤੀ, ਏਕਾ ਰੰਗ ਰੰਗਾਈਆ । ਸ੍ਰੀ ਭਗਵਾਨ ਉਤਮ ਜ਼ਾਤੀ, ਜ਼ਾਤ ਅਜ਼ਾਤੀ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਪਿਤਾ ਮਾਤੀ, ਆਪ ਆਪਣਾ ਨਾਉਂ ਉਪਜਾਈਆ । ਪਾਰਬ੍ਰਹਮ ਪ੍ਰਭ ਕੁਲ ਪਛਾਤੀ, ਆਪਣੀ ਅੰਸ ਦਏ ਉਪਜਾਈਆ । ਬ੍ਰਹਮ ਬ੍ਰਹਮ ਬ੍ਰਹਮ ਪ੍ਰਭ ਦੇਵੇ ਦਾਤੀ, ਆਪਣਾ ਅੰਗ ਆਪ ਕਟਾਈਆ । ਵਿਸ਼ਨੂੰ ਸੁਣਾਏ ਸਾਚੀ ਗਾਥੀ, ਆਪਣਾ ਭੇਵ ਖੁਲ੍ਹਾਈਆ । ਬ੍ਰਹਮਾ ਮਿਲਿਆ ਸਾਚਾ ਸਾਥੀ, ਚਾਰੇ ਵੇਦਾਂ ਕਰੇ ਪੜ੍ਹਾਈਆ । ਸ਼ੰਕਰ ਖੋਲ੍ਹੇ ਏਕਾ ਤਾਕੀ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਈਆ । ਸੋ ਪੁਰਖ ਨਿਰੰਜਣ ਕੰਤ ਸੁਭਾਗਾ, ਹਰਿ ਪੁਰਖ ਨਿਰੰਜਣ ਨਰ ਨਰਾਇਣ ਵਿਹਾਈਆ । ਏਕਉਂਕਾਰਾ ਪਕੜੇ ਵਾਗਾਂ, ਘਰ ਸਾਚੇ ਸੋਭਾ ਪਾਈਆ । ਆਦਿ ਨਿਰੰਜਣ ਗਾਏ ਰਾਗਾ, ਪੁਰਖ ਅਬਿਨਾਸ਼ੀ ਨਾਲ ਰਲਾਈਆ । ਸ੍ਰੀ ਭਗਵਾਨ ਆਪਣਾ ਮੰਗੇ ਲਾਗਾ, ਆਪਣਾ ਦੋਹਰਾ


੧੧੯੧
੦੮

ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਆਇਆ ਭਾਜਾ, ਮੂੰਹ ਵੇਖੇ ਧੀ ਜਵਾਈਆ । ਬ੍ਰਹਮ ਬ੍ਰਹਮ ਤੇਰੀ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨੂੰ ਤੇਰਾ ਰਚਿਆ ਕਾਜਾ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਪ੍ਰਭ ਸਾਜਣ ਸਾਜਾ, ਤ੍ਰੈਗੁਣ ਬਣਤ ਬਣਾਈਆ । ਸ਼ੰਕਰ ਬਹਿ ਬਹਿ ਮਾਰ ਵਾਜਾ, ਭੋਲਾ ਨਾਥ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਆ । ਹਰਿ ਪੁਰਖ ਨਿਰੰਜਣ ਸੋ ਪੁਰਖ ਨਿਰੰਜਣ ਵਰਿਆ, ਘਰ ਸਾਚੇ ਵੱਜੀ ਵਧਾਈਆ । ਏਕਉਂਕਾਰਾ ਅੱਗੇ ਖੜਿਆ, ਆਪਣੇ ਫੇਰੇ ਆਪ ਦਵਾਈਆ । ਆਦਿ ਨਿਰੰਜਣ ਚਾਰੋਂ ਕੁੰਟ ਫੜ ਫੜ ਲੜਿਆ, ਪੱਲੂ ਨਾਲ ਬੰਧਾਈਆ । ਸ੍ਰੀ ਭਗਵਾਨ ਏਕਾ ਅੱਖਰ ਪੜ੍ਹਿਆ, ਲਿਖਣ ਪੜ੍ਹਨ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਲਾਈ ਜੜਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਪਾਰਬ੍ਰਹਮ ਆਪਣੀ ਨਾਰੀ ਲੈ ਆਪਣੇ ਅੰਦਰ ਵੜਿਆ, ਘਰ ਸਾਚੇ ਖ਼ੁਸ਼ੀ ਮਨਾਈਆ । ਬ੍ਰਹਮ ਬ੍ਰਹਮ ਬ੍ਰਹਮ ਘਾੜਨ ਘੜਿਆ, ਘੜਨਹਾਰਾ ਦਿਸ ਨਾ ਆਈਆ । ਵਿਸ਼ਨੂੰ ਹਰਿ ਹਰਿ ਅੱਗੇ ਕਰਿਆ, ਦੇ ਮਤ ਰਿਹਾ ਸਮਝਾਈਆ । ਬ੍ਰਹਮਾ ਤੇਰਾ ਚੁੱਕੇ ਡਰਿਆ, ਭੈ ਭਿਆਨਕ ਰੂਪ ਵਟਾਈਆ । ਸ਼ੰਕਰ ਢਹਿ ਢਹਿ ਸਰਨਾਈ ਪੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਈਆ । ਸੋ ਪੁਰਖ ਨਿਰੰਜਣ ਸਾਚਾ ਮੀਤ, ਹਰਿ ਪੁਰਖ ਨਿਰੰਜਣ ਸੋਭਾਵੰਤੀ ਖ਼ੁਸ਼ੀ ਮਨਾਈਆ । ਏਕਉਂਕਾਰਾ ਵਸਿਆ ਚੀਤ, ਘਰ ਮੇਲਾ ਸਹਿਜ ਸੁਭਾਈਆ । ਆਦਿ ਨਿਰੰਜਣ ਗਾਇਆ ਗੀਤ, ਸ੍ਰੀ ਭਗਵਾਨ ਵੇਖ ਵਖਾਈਆ । ਅਬਿਨਾਸ਼ੀ ਕਰਤਾ ਬੈਠਾ ਧਾਮ ਅਨਡੀਠ, ਥਿਰ ਘਰ ਬੈਠਾ ਸੋਭਾ ਪਾਈਆ । ਪਾਰਬ੍ਰਹਮ ਸਚਖੰਡ ਨਿਵਾਸੀ ਆਪੇ ਹੋਇਆ ਠੰਡਾ ਸੀਤ, ਸਾਂਤਕ ਸਤਿ ਸਤਿ ਵਰਤਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪੁਨੀਤ, ਆਪ ਆਪਣੀ ਦਇਆ ਕਮਾਈਆ । ਵਿਸ਼ਨੂੰ ਵੰਸੀ ਸਾਚੀ ਰੀਤ, ਤ੍ਰੈਗੁਣ ਬੰਧਨ ਬੰਧ ਬੰਧਾਈਆ । ਬ੍ਰਹਮਾ ਏਕਾ ਰੰਗ ਰੰਗਾਵੇ ਹਸਤ ਕੀਟ, ਜੀਵ ਆਤਮ ਵੰਡ ਵੰਡਾਈਆ । ਸ਼ੰਕਰ ਅੰਤਮ ਦੇਣੀ ਪੀਠ, ਚਾਕਰ ਚਾਕਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਉਪਜਾਈਆ । ਸੋ ਪੁਰਖ ਨਿਰੰਜਣ ਸਾਚੀ ਸੇਜ, ਹਰਿ ਪੁਰਖ ਨਿਰੰਜਣ ਸੰਗ ਹੰਢਾਇੰਦਾ । ਏਕੰਕਾਰਾ ਰਿਹਾ ਵੇਖ, ਆਪਣਾ ਨੈਣ ਉਠਾਇੰਦਾ । ਆਦਿ ਨਿਰੰਜਣ ਧਰ ਧਰ ਭੇਖ, ਅੰਦਰ ਬਾਹਰ ਫੇਰਾ ਪਾਇੰਦਾ । ਪੁਰਖ ਅਬਿਨਾਸ਼ੀ ਦਰ ਦਰਵੇਸ, ਆਪਣੀ ਅਲਖ ਜਗਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਲੇਖ, ਸਾਚਾ ਲੇਖਾ ਆਪ ਗਣਾਇੰਦਾ । ਪਾਰਬ੍ਰਹਮ ਕਰ ਸਾਚ ਆਦੇਸ਼, ਸਾਚਾ ਹੁਕਮ ਸੁਣਾਇੰਦਾ । ਬ੍ਰਹਮ ਬ੍ਰਹਮ ਬਹ੍ਮ ਹੋ ਪਰਵੇਸ਼, ਆਪਣਾ ਰੰਗ ਰੰਗਾਇੰਦਾ । ਵਿਸ਼ਨੂੰ ਤੇਰਾ ਅਵੱਲੜਾ ਲੇਖ, ਹਰਿ ਸਾਚਾ ਆਪ ਲਿਖਾਇੰਦਾ । ਬ੍ਰਹਮੇ ਬ੍ਰਹਮ ਨਾ ਚਲੇ ਪੇਸ਼, ਹਰਿ ਸਾਚੀ ਕਲ ਵਰਤਾਇੰਦਾ । ਸ਼ੰਕਰ ਹੁਕਮੀ ਨਰ ਨਰੇਸ਼, ਹੁਕਮੀ ਹੁਕਮ ਫਿਰਾਇੰਦਾ । ਵਿਸ਼ਨੂੰ ਤੇਰੀ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਇੰਦਾ । ਬ੍ਰਹਮਾ ਤੇਰੇ ਨੇਤਰ ਵੇਖ, ਆਪਣਾ ਨੈਣ ਚਮਕਾਇੰਦਾ । ਸ਼ੰਕਰ ਤੇਰਾ ਸਾਚਾ ਭੇਸ, ਹਰਿ ਸਾਚਾ ਆਪ ਵਟਾਇੰਦਾ । ਤਿੰਨਾਂ ਦੇਵੇ ਇਕ ਆਦੇਸ਼, ਸਾਚਾ ਹੁਕਮ ਸੁਣਾਇੰਦਾ । ਹੰ ਰੂਪ ਸਰਬ ਪਰਵੇਸ਼, ਨਿਰਗੁਣ ਆਪਣਾ ਅੰਗ ਕਟਾਇੰਦਾ । ਵਿਸ਼ਨ ਬ੍ਰਹਮਾ ਸ਼ੰਕਰ ਆਪ ਵਸਾਏ ਆਪਣਾ ਦੇਸ, ਸਚ ਮਹੱਲਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਆਪੇ ਲਏ ਵੇਖ, ਆਪਣੀ ਰਚਨਾ ਆਪ ਰਚਾਇੰਦਾ । ਨੌ ਨੌ ਚਾਰ ਨਾ ਮੇਟੇ ਕੋਇ ਰੇਖ, ਸਾਚਾ ਬੀਜ ਬ੍ਰਹਮ ਜਣਾਇੰਦਾ । ਨੌ ਨੌ ਚਾਰ ਬਣ ਦਰਵੇਸ਼, ਛੱਤੀ

ਯੁਗ ਖੇਲ ਖਿਲਾਇੰਦਾ । ਤ੍ਰੈਗੁਣ ਮਾਇਆ ਨਾ ਚਲੇ ਕੋਈ ਪੇਸ਼, ਰਜੋ ਤਮੋ ਸਤੋ ਸਾਚਾ ਵੇਸ ਧਰਾਇੰਦਾ । ਸੋ ਪੁਰਖ ਨਿਰੰਜਣ ਬਣੇ ਨਰ ਨਰੇਸ਼, ਆਪਣਾ ਲਹਿਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਉਪਜਾਇੰਦਾ । ਸੋ ਪੁਰਖ ਨਿਰੰਜਣ ਨਾਮ ਰੱਖ, ਹਰਿ ਆਪਣਾ ਰੰਗ ਰੰਗਾਈਆ । ਹੰ ਬ੍ਰਹਮ ਹੋ ਪਰਤੱਖ, ਲੱਖ ਚੁਰਾਸੀ ਗਿਆ ਸਮਾਈਆ । ਹਰਿ ਪੁਰਖ ਨਿਰੰਜਣ ਵੇਖੇ ਪੱਖ, ਘਰ ਸਾਚਾ ਇਕ ਵਸਾਈਆ । ਏਕੰਕਾਰਾ ਲਏ ਰੱਖ, ਆਦਿ ਅੰਤ ਵੱਡੀ ਵਡਿਆਈਆ । ਆਦਿ ਨਿਰੰਜਣ ਮਾਰਗ ਦੱਸ, ਸਾਚਾ ਪੰਥ ਚਲਾਈਆ । ਸ੍ਰੀ ਭਗਵਾਨ ਅਲੱਖਣਾ ਅਲੱਖ, ਅਲਖ ਅਗੋਚਰ ਭੇਵ ਨਾ ਰਾਈਆ । ਪੁਰਖ ਅਬਿਨਾਸ਼ੀ ਘਟ ਘਟ ਰਿਹਾ ਵਸ, ਦਿਸ ਕਿਸੇ ਨਾ ਆਈਆ । ਪਾਰਬ੍ਰਹਮ ਪ੍ਰਭ ਨੱਸ ਨੱਸ, ਬ੍ਰਹਮ ਮੇਲਾ ਸਹਿਜ ਸੁਭਾਈਆ । ਵਿਸ਼ਨੂੰ ਚਰਨ ਦਵਾਰੇ ਰਿਹਾ ਹੱਸ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬ੍ਰਹਮਾ ਆਪਣੇ ਹੱਥ ਰਿਹਾ ਮਸ, ਹੱਥੀਂ ਸਾਚੀ ਸੇਵ ਕਮਾਈਆ । ਸ਼ੰਕਰ ਤਲੀਆਂ ਹੇਠ ਰਿਹਾ ਝੱਸ, ਆਪਣੀ ਜੇਹਵਾ ਸੇਵਾ ਲਾਈਆ । ਸੋ ਪੁਰਖ ਨਿਰੰਜਣ ਆਦਿ ਜੁਗਾਦਿ ਆਪੇ ਹੋਏ ਵਖ, ਅੰਤਮ ਆਪੇ ਮੇਲ ਮਿਲਾਈਆ । ਸੋਹੰ ਰੂਪ ਨਾ ਕੋਈ ਜਾਣੇ ਕਿਸਨਾ ਸੁਕਲਾ ਪੱਖ, ਰਵ ਸਸ ਭੇਵ ਨਾ ਪਾਈਆ । ਚਾਰ ਵੇਦ ਨਾ ਸਕੇ ਪਰਖ, ਬ੍ਰਹਮਾ ਰਸਨਾ ਜੇਹਵਾ ਏਕਾ ਗਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਹੰ ਬ੍ਰਹਮ ਆਪ ਰਘੁਰਾਈਆ । ਸੋ ਪੁਰਖ ਨਿਰੰਜਣ ਨੌਂ ਨੌਂ ਚਾਰ ਕਰ ਪਾਰ ਖਾਦਾ ਤਰਸ, ਦੋਹਾਂ ਮੇਲਾ ਦਏ ਮਿਲਾਈਆ । ਅੰਮ੍ਰਿਤ ਧਾਰ ਅੰਦਰੇ ਅੰਦਰ ਬਰਸ, ਆਪ ਆਪਣਾ ਮੇਘ ਬਰਸਾਈਆ । ਹੰ ਤੇਰੀ ਮੇਟੇ ਹਰਸ, ਸੋ ਪੁਰਖ ਵੱਡੀ ਵਡਿਆਈਆ । ਆਪੇ ਅਰਸ਼ ਆਪੇ ਫਰਸ਼, ਉਚ ਅਗੰਮ ਅਥਾਹ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸ਼ਬਦ ਤੇਰੀ ਰਚਨ ਰਚਾਈਆ । ਸੋਹੰ ਸ਼ਬਦ ਤੇਰਾ ਸਚ ਪਸਾਰਾ, ਹਰਿ ਆਪਣਾ ਰੂਪ ਵਟਾਇਆ । ਦੂਜੀ ਕੁਦਰਤ ਕਰੇ ਪਿਆਰਾ, ਹਰਿ ਹਰਿ ਮੰਦਰ ਇਕ ਸੁਹਾਇਆ । ਬ੍ਰਹਮਾ ਵਿਸ਼ਨ ਸੇਵਾਦਾਰਾ, ਸਾਚੀ ਸੇਵਾ ਰਹੇ ਕਮਾਇਆ । ਤ੍ਰੈਗੁਣ ਤੇਰਾ ਭਰ ਭੰਡਾਰਾ, ਪੰਜ ਤੱਤ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਹਰਿ ਬ੍ਰਹਿਮਾਦਿ ਸ਼ਬਦ ਨਾਦ ਇਕ ਵਜਾਇਆ । ਸ਼ਬਦ ਅਨਾਦਿ ਸੱਚਾ ਹਰਿ ਢੋਲਾ, ਆਦਿ ਜੁਗਾਦਿ ਸੁਣਾਇੰਦਾ । ਸੋ ਪੁਰਖ ਨਿਰੰਜਣ ਆਪੇ ਬੋਲਾ, ਹਰਿ ਪੁਰਖ ਨਿਰੰਜਣ ਗਾਇੰਦਾ । ਏਕੰਕਾਰਾ ਬਣਿਆ ਤੋਲਾ, ਪੁਰਖ ਅਬਿਨਾਸ਼ੀ ਧਾਰ ਸੁਣਾਇੰਦਾ । ਸ੍ਰੀ ਭਗਵਾਨ ਨਾ ਪਾਵੇ ਕੋਇ ਰੌਲਾ, ਆਪ ਆਪਣਾ ਬੋਝ ਉਠਾਇੰਦਾ । ਪਾਰਬ੍ਰਹਮ ਚੁੱਕਿਆ ਡੋਲਾ, ਆਪਣੀ ਡੋਲੀ ਆਪ ਸੁਹਾਇੰਦਾ । ਵਿਸ਼ਨੂੰ ਵੰਸੀ ਹੋਇਆ ਗੋਲਾ, ਦਰ ਸਾਚਾ ਵੇਖ ਵਖਾਇੰਦਾ । ਸ਼ਬਦ ਧਾਰ ਬ੍ਰਹਮ ਬ੍ਰਹਮ ਬਦਲਿਆ ਚੋਲਾ, ਲੱਖ ਚੁਰਾਸੀ ਚੋਲੀ ਸੰਗ ਨਿਭਾਇੰਦਾ । ਸ਼ੰਕਰ ਅੰਤਮ ਖੇਲੇ ਹੋਲਾ, ਜੋ ਘੜਿਆ ਸੋ ਭੰਨ ਵਖਾਇੰਦਾ । ਸੋਹੰ ਸ਼ਬਦ ਜੈਕਾਰਾ ਹਰਿ ਜੀ ਬੋਲਾ, ਲੱਖ ਚੁਰਾਸੀ ਤੇਰੀ ਆਤਮ ਆਪਣੇ ਵਿਚ ਸਮਾਇੰਦਾ । ਆਪ ਉਪਜਾਏ ਆਪ ਮਿਟਾਏ, ਆਪਣੇ ਹੱਥ ਰੱਖੀ ਵਡਿਆਈਆ । ਆਪ ਬ੍ਰਹਮਾ ਵਿਸ਼ਨ ਸ਼ਿਵ ਅਖਵਾਏ, ਆਪੇ ਤ੍ਰੈਗੁਣ ਰੂਪ ਵਟਾਈਆ । ਆਪੇ ਪੰਜ ਤੱਤ ਰਚਨ ਰਚਾਏ, ਆਪੇ ਪੰਜੀ ਮੇਲ ਮਿਲਾਈਆ । ਆਪੇ ਆਪਣਾ ਰੂਪ ਵਟਾਏ, ਆਪੇ ਨਿਰਗੁਣ ਸਰਗੁਣ ਵੇਖ ਵਖਾਈਆ । ਆਪੇ ਲੱਖ ਚੁਰਾਸੀ ਫੁੱਲ ਖਿਲਾਏ, ਆਪੇ ਬੈਠਾ ਮੁਖ ਛੁਪਾਈਆ । ਆਪੇ ਧਰਤ ਧਵਲ ਵਡਿਆਏ, ਜਲ ਬਿੰਬ ਆਪ ਉਪਜਾਈਆ । ਆਪੇ ਮੰਡਲ ਮੰਡਪ ਡੇਰਾ ਲਾਏ, ਰਵ ਸਸ ਆਪ ਚਮਕਾਈਆ । ਆਕਾਸ਼ ਪਰਕਾਸ਼

ਆਪ ਕਰਾਏ, ਧੂੰਆਂਧਾਰ ਆਪ ਸਮਾਈਆ । ਜੰਗਲ ਜੂਹ ਉਜਾੜ ਪਹਾੜ ਵੇਖ ਵਖਾਏ, ਆਪੇ ਉਚੇ ਟਿੱਲੇ ਪਰਬਤ ਬੈਠਾ ਆਸਣ ਲਾਈਆ । ਆਪੇ ਸਮੁੰਦ ਸਾਗਰ ਫੋਲ ਫੁਲਾਏ, ਆਪ ਆਪਣੀ ਸੇਵ ਕਮਾਈਆ । ਆਪੇ ਨਿਰਮਲ ਕਾਇਆ ਗਾਗਰ ਜੋਤ ਜਗਾਏ, ਘਟ ਘਟ ਆਪਣੀ ਕਰ ਰੁਸ਼ਨਾਈਆ । ਆਪੇ ਮਨ ਮਤ ਬੁਧ ਵੰਡ ਵੰਡਾਏ, ਆਪਣਾ ਹਿੱਸਾ ਆਪ ਰਖਾਈਆ । ਆਪੇ ਪਾਰਬ੍ਰਹਮ ਬ੍ਰਹਮ ਰੂਪ ਧਰਾਏ, ਈਸ਼ ਜੀਵ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਦਿ ਭਗਵੰਤ ਸੋ ਪੁਰਖ ਨਿਰੰਜਣ ਕੰਤ, ਹਰਿ ਪੁਰਖ ਨਿਰੰਜਣ ਨਾਰ ਭਤਾਰ, ਸਚ ਵਿਚੋਲਾ ਏਕੰਕਾਰ, ਆਦਿ ਨਿਰੰਜਣ ਸੇਵਾਦਾਰ, ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਸੋਹੇ ਦਵਾਰ, ਪਾਰਬ੍ਰਹਮ ਖੇਲ ਅਪਾਰ, ਬ੍ਰਹਮ ਰੂਪ ਪ੍ਰਗਟੇ ਵਿਚ ਸੰਸਾਰ, ਲੱਖ ਚੁਰਾਸੀ ਦਏ ਆਧਾਰ, ਊਚ ਨੀਚ ਨਾ ਕੋਇ ਵਿਚਾਰ, ਵਰਨ ਗੋਤ ਤੇ ਵਸਿਆ ਬਾਹਰ, ਨਿਰਗੁਣ ਜੋਤ ਆਪ ਨਿਰੰਕਾਰ, ਹੰ ਰੂਪ ਨਿਰਾਕਾਰ, ਬਿਨ ਹਰਿ ਪਾਵੇ ਨਾ ਕੋਈ ਸਾਰ, ਸੋ ਪੁਰਖ ਨਿਰੰਜਣ ਬੰਨ੍ਹੇ ਧਾਰ, ਸੋਹੰ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਵਸਣਹਾਰਾ ਸਚ ਘਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਰਬ ਗੁਣਤਾਸਨ, ਏਕੰਕਾਰ ਨਿਰਾਕਾਰ ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸਚਖੰਡ ਦਵਾਰਾ, ਹਰਿ ਸਾਚਾ ਆਪ ਸੁਹਾਈਆ । ਨਿਰਗੁਣ ਦੀਵਾ ਬਾਤੀ ਕਰ ਉਜਿਆਰਾ, ਬੈਠਾ ਆਸਣ ਲਾਈਆ । ਸ਼ਾਹੋ ਭੂਪ ਰਾਜ ਰਾਜਾਨ ਵਡ ਸਿਕਦਾਰਾ, ਧੁਰ ਫਰਮਾਣ ਆਪ ਜਣਾਈਆ । ਹੁਕਮੀ ਹੁਕਮ ਫਿਰਾਏ ਸਰਬ ਸੰਸਾਰਾ, ਨਿਰਭੈ ਆਪਣਾ ਭੈ ਵਖਾਈਆ । ਅਕਾਲ ਮੂਰਤ ਖੇਲ ਅਪਾਰਾ, ਅਜੂਨੀ ਰਹਿਤ ਭੇਵ ਨਾ ਆਈਆ । ਕਰਤਾ ਪੁਰਖ ਧੁਰ ਬਲਕਾਰਾ, ਨਾਮ ਸਤਿ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਬੋਲ ਜੈਕਾਰਾ, ਹੰ ਬੇੜਾ ਰਿਹਾ ਤਰਾਈਆ । ਹਰਿਜਨ ਵੇਖੇ ਵਿਚ ਸੰਸਾਰਾ, ਕਲਜੁਗ ਅੰਤਮ ਫੇਰਾ ਪਾਈਆ । ਲੱਖ ਚੁਰਾਸੀ ਵਹਿਣ ਵਹੇ ਪੰਜ ਧਾਰਾ, ਨਾ ਸਕੇ ਕੋਈ ਬਚਾਈਆ । ਨੌਂ ਖੰਡ ਪ੍ਰਿਥਮੀ ਲੱਗਾ ਅਖਾੜਾ, ਕਲਜੁਗ ਕੂਕ ਰਿਹਾ ਨਚਾਈਆ । ਘਰ ਘਰ ਫਿਰੇ ਪੰਚਮ ਧਾੜਾ, ਪੰਚਮ ਤੱਤ ਰਹੀ ਜਲਾਈਆ । ਗੁਰਮੁਖ ਵਿਰਲੇ ਪਾਇਆ ਹਰਿ ਕਰਤਾਰਾ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਕਾਇਆ ਮੰਦਰ ਮੀਤ ਮੁਰਾਰਾ, ਘਰ ਬੈਠਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਹਰਿ ਮੰਦਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਨਾਦ ਵਜਾਏ ਡੂੰਘੀ ਕੰਦਰ, ਅੰਧ ਅੰਧੇਰ ਗੁਵਾਇੰਦਾ । ਮਨ ਪੰਖੀ ਦਹਿ ਦਿਸ਼ਾ ਨਾ ਭਵੇ ਬੰਦਰ, ਸ਼ਬਦੀ ਡੋਰੀ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸ਼ਬਦ ਡੋਰੀ ਬੰਨ੍ਹੇ ਮਨ, ਗੁਰ ਸਤਿਗੁਰ ਵਡ ਵਡਿਆਈਆ । ਜੋਤ ਨਿਰੰਜਣ ਚਾੜ੍ਹੇ ਚੰਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੜ੍ਹ ਹੰਕਾਰੀ ਭਾਂਡਾ ਦੇਵੇ ਭੰਨ, ਮਾਇਆ ਮਮਤਾ ਮੋਹ ਚੁਕਾਈਆ । ਲੇਖੇ ਲਾਏ ਜਨਨੀ ਜਣਿਆ ਜਨ, ਜੋ ਜਨ ਰਸਨਾ ਹਰਿ ਹਰਿ ਗਾਈਆ । ਏਕਾ ਰਾਗ ਸੁਣਾਏ ਕੰਨ, ਅਨਹਦ ਸਾਚਾ ਤਾਲ ਵਜਾਈਆ । ਦੋ ਜਹਾਨੀ ਬੇੜਾ ਦੇਵੇ ਬੰਨ੍ਹ, ਭਵ ਸਾਗਰ ਪਾਰ ਕਰਾਈਆ । ਸਚਖੰਡ ਦਵਾਰ ਵਸਾਏ ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦੀਵਾਰ ਨਾ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਗੋਦ ਉਠਾਈਆ ।

੧੧੮੪
੦੮

## ੨੧ ਕੱਤਕ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਘਰ ਪਿੰਡ ਦੁਸ਼ਾਂਝ ਖ਼ੁਰਦ ਜ਼ਿਲਾ ਜਲੰਧਰ

ਸੋ ਪੁਰਖ ਨਿਰੰਜਣ ਗੁਣ ਨਿਧਾਨ, ਹਰਿ ਪੁਰਖ ਨਿਰੰਜਣ ਵਡ ਵਡਿਆਇਆ । ਏਕੰਕਾਰਾ ਖੇਲ ਮਹਾਨ, ਸ੍ਰੀ ਭਗਵਾਨ ਵੇਸ ਵਟਾਈਆ । ਆਦਿ ਨਿਰੰਜਣ ਜੋਤੀ ਨੂਰ ਡਗਮਗਾਨ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨ, ਬ੍ਰਹਮ ਆਪਣੀ ਅੰਸ ਉਪਾਈਆ । ਵਿਸ਼ਨੂੰ ਦੇਵੇ ਸਾਚਾ ਦਾਨ, ਆਪਣੇ ਅੰਗ ਲਗਾਈਆ । ਬ੍ਰਹਮਾ ਵੇਤਾ ਇਕ ਨਿਸ਼ਾਨ, ਸਾਚੀ ਵਿਦਿਆ ਕਰੇ ਪੜ੍ਹਾਈਆ । ਸ਼ੰਕਰ ਦੇਵੇ ਧੁਰ ਫਰਮਾਣ, ਏਕਾ ਹੁਕਮ ਸੁਣਾਈਆ । ਤ੍ਰੈਗੁਣ ਮਾਇਆ ਕਰ ਪ੍ਰਧਾਨ, ਪੱਲੇ ਗੰਢ ਬੰਧਾਈਆ । ਪੰਜ ਤੱਤ ਆਪ ਉਪਜਾਏ ਆਪ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾਲ ਰਲਾਈਆ । ਮਨ ਮਤ ਬੁੱਧ ਦੇਵੇ ਮਾਣ, ਨਿਰਗੁਣ ਆਪਣੀ ਖੇਲ ਖਲਾਈਆ । ਕਾਇਆ ਮੰਦਰ ਸਚ ਮਕਾਨ, ਨੌਂ ਦਰ ਆਪ ਖੁਲ੍ਹਾਈਆ । ਖੇਲੇ ਖੇਲ ਗੁਣ ਨਿਧਾਨ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪਣੀ ਰਚਨਾ ਵੇਖ ਵਖਾਈਆ । ਸੋ ਪੁਰਖ ਨਿਰੰਜਣ ਸ਼ਾਹੋ ਭੂਪ, ਹਰਿ ਪੁਰਖ ਨਿਰੰਜਣ ਸਤਿ ਸਰੂਪ ਅਖਵਾਇੰਦਾ । ਏਕੰਕਾਰਾ ਜਾਏ ਤੁਠ, ਆਦਿ ਨਿਰੰਜਣ ਵੇਖ ਵਖਾਇੰਦਾ । ਸ੍ਰੀ ਭਗਵਾਨ ਅਬਿਨਾਸ਼ੀ ਅਚੁੱਤ, ਪੁਰਖ ਅਬਿਨਾਸ਼ਾ ਮੇਲ ਮਿਲਾਇੰਦਾ । ਪਾਰਬ੍ਰਹਮ ਸੁਹਾਏ ਆਪਣੀ ਰੁੱਤ, ਬ੍ਰਹਮ ਫੁਲਵਾੜੀ ਆਪ ਲਗਾਇੰਦਾ । ਵਿਸ਼ਨੂੰ ਵੰਸੀ ਸਾਚਾ ਸੁੱਤ, ਬ੍ਰਹਮਾ ਸੰਗ ਨਿਭਾਇੰਦਾ । ਸ਼ੰਕਰ ਮੇਲਾ ਵੇਖੇ ਲੁਕ, ਭੇਵ ਅਭੇਦ ਛੁਪਾਇੰਦਾ । ਤ੍ਰੈਗੁਣ ਮਾਇਆ ਲਾਇਆ ਬੂਟਾ, ਪੰਜ ਤੱਤ ਡਾਲ ਵਖਾਇੰਦਾ । ਮਨ ਮਤ ਬੁੱਧ ਦੇਵੇ ਝੂਟਾ, ਸਚ ਹੁਲਾਰਾ ਆਪਣੇ ਹੱਥ ਰਖਾਇੰਦਾ । ਨੌਂ ਦਰ ਵੇਖੇ ਖਾਲੀ ਠੂਠਾ, ਸਾਚੀ ਵਸਤ ਨਾ ਕੋਇ ਭਰਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਦਿ ਅਨਾਦੀ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਆਪਣਾ ਗੀਤਾ, ਹਰਿ ਪੁਰਖ ਨਿਰੰਜਣ ਸੰਗ ਨਿਭਾਇਆ । ਏਕੰਕਾਰਾ ਇਕ ਅਤੀਤਾ, ਆਦਿ ਨਿਰੰਜਣ ਨਿਰਗੁਣ ਜੋਤ ਕਰੇ ਰੁਸ਼ਨਾਇਆ । ਸ੍ਰੀ ਭਗਵਾਨ ਠੰਡਾ ਸੀਤਾ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਪਾਰਬ੍ਰਹਮ ਚਲਾਏ ਆਪਣੀ ਰੀਤਾ, ਬ੍ਰਹਮ ਆਪਣਾ ਵੇਸ ਵਟਾਇਆ । ਵਿਸ਼ਨੂੰ ਵੰਸੀ ਪਤਿਤ ਪੁਨੀਤਾ, ਬ੍ਰਹਮਾ ਬ੍ਰਹਮ ਬ੍ਰਹਮ ਦਰਸਾਇਆ । ਸ਼ੰਕਰ ਤਨ ਮਨ ਆਪੇ ਜੀਤਾ, ਤ੍ਰੈਗੁਣ ਨਾਤਾ ਤੋੜ ਤੁੜਾਇਆ । ਪੰਜ ਤੱਤ ਵਿਕਾਰ ਨਾ ਡੀਠਾ, ਨਿਰਗੁਣ ਸਰਗੁਣ ਨਾਉਂ ਧਰਾਇਆ । ਆਪਣਾ ਨਾਉਂ ਨਿਧਾਨਾ ਆਪੇ ਪੀਤਾ, ਆਪਣਾ ਪਿਆਲਾ ਮੁਖ ਲਗਾਇਆ । ਆਪੇ ਠੰਡਾ ਆਪ ਸੀਤਾ, ਆਪੇ ਅਗਨੀ ਤੱਤ ਜਲਾਇਆ । ਆਪੇ ਵਸਿਆ ਆਪਣੇ ਚੀਤਾ, ਘਰ ਮੰਦਰ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਰੁਸ਼ਨਾਇਆ । ਸੋ ਪੁਰਖ ਨਿਰੰਜਣ ਜੋਤ ਉਜਾਲਾ, ਹਰਿ ਪੁਰਖ ਨਿਰੰਜਣ ਏਕਾ ਰੂਪ ਵਟਾਈਆ । ਏਕੰਕਾਰਾ ਖੇਲ ਨਿਰਾਲਾ, ਆਦਿ ਨਿਰੰਜਣ ਭੇਵ ਨਾ ਰਾਈਆ । ਪੁਰਖ ਅਬਿਨਾਸ਼ੀ ਚਲੇ ਆਪਣੀ ਚਾਲਾ, ਸ੍ਰੀ ਭਗਵਾਨ ਵੇਸ ਧਰਾਈਆ । ਪਾਰਬ੍ਰਹਮ ਵਸੇ ਵਸਾਏ ਸੱਚੀ ਧਰਮਸਾਲਾ, ਦਰ ਘਰ ਸਾਚੇ ਸੋਭਾ ਪਾਈਆ । ਬ੍ਰਹਮ ਬ੍ਰਹਮ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਦਲਾਲਾ, ਤ੍ਰੈਗੁਣ ਜੋਤ ਕਰੇ ਰੁਸ਼ਨਾਈਆ । ਪੰਜ ਤੱਤ ਗੜ੍ਹ ਆਪ ਸੰਭਾਲਾ, ਸਾਚਾ ਰੰਗ ਰੰਗਾਈਆ । ਅੰਦਰ ਵਸਿਆ ਦੀਨ ਦਿਆਲਾ, ਆਪਣਾ ਮੁਖ ਛੁਪਾਈਆ । ਇਕ ਸੁਹਾਏ ਸੱਚੀ ਧਰਮਸਾਲਾ, ਘਰ ਮੰਦਰ ਸੋਭਾ ਪਾਈਆ । ਜੋਤ ਨਿਰੰਜਣ ਦੀਪਕ ਬਾਲਾ, ਕਮਲਾਪਾਤੀ ਵੇਖ ਵਖਾਈਆ ।

ਆਪ ਜਿਵਾਏ ਆਪ ਸੁਵਾਏ ਆਪਣੀ ਮਾਲਾ, ਆਪਣੇ ਧਾਗੇ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ ਆਪਣੀ ਆਪ ਉਪਜਾਈਆ । ਸੋ ਪੁਰਖ ਨਿਰੰਜਣ ਆਦਿ ਅੰਤ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰ ਸ੍ਰੀ ਭਗਵੰਤ, ਪੁਰਖ ਅਬਿਨਾਸ਼ੀ ਨਾਉਂ ਧਰਾਇੰਦਾ । ਪਾਰਬ੍ਰਹਮ ਜਾਣੇ ਆਪਣੀ ਬਣਤ, ਬ੍ਰਹਮ ਬ੍ਰਹਮ ਆਪ ਉਪਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਮੰਨਾਇਣ ਏਕਾ ਕੰਤ, ਕੰਤ ਸੁਹਾਗੀ ਇਕ ਅਖਵਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਲੱਖ ਚੁਰਾਸੀ ਜੀਵ ਜੰਤ, ਲੋਕਮਾਤ ਆਪ ਧਰਾਇੰਦਾ । ਨਾਲ ਰਲਾਇਆ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਸਗਲਾ ਸੰਗ ਰਖਾਇੰਦਾ । ਆਸ਼ਾ ਤ੍ਰਿਸ਼ਨਾ ਭਰ ਭੰਡਾਰ, ਜੀਉ ਪੁਰਾਨੀ ਖੇਲ ਖਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ, ਭੇਵ ਅਭੇਦਾ ਭੇਵ ਛੁਪਾਇੰਦਾ । ਰੰਗ ਰੰਗੀਲਾ ਰੰਗ ਮਾਣੇ ਵਿਚ ਸੰਸਾਰ, ਆਪ ਆਪਣੀ ਕਲ ਵਰਤਾਇੰਦਾ । ਸੰਤ ਸਾਜਣ ਲਏ ਉਭਾਰ, ਆਪ ਆਪਣੀ ਬੂਝ ਬੁਝਾਇੰਦਾ । ਬੰਦ ਕਿਵਾੜੀ ਖੋਲ੍ਹ ਕਿਵਾੜ, ਦਰ ਘਰ ਸਾਚਾ ਆਪ ਵਖਾਇੰਦਾ । ਨਾਤਾ ਤੋੜੇ ਪੰਚਮ ਧਾੜ, ਪੰਚਮ ਨਾਦ ਧੁਨ ਸੁਣਾਇੰਦਾ । ਸਾਚੇ ਮੰਦਰ ਦੇਵੇ ਵਾੜ, ਆਪ ਆਪਣਾ ਘਰ ਵਖਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰ, ਧੁਨ ਅਨਾਦੀ ਆਪ ਅਲਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਚ ਸਰੋਵਰ ਆਪ ਨੁਹਾਇੰਦਾ । ਆਤਮ ਸੇਜਾ ਹੋ ਤਿਆਰ, ਸਤਿ ਸਰੂਪੀ ਆਸਣ ਲਾਇੰਦਾ । ਕਮਲਾਪਾਤੀ ਮੀਤ ਮੁਰਾਰ, ਸੰਤ ਸੁਹੇਲੇ ਮੇਲ ਮਿਲਾਇੰਦਾ । ਮੇਟੇ ਰੈਣ ਅੰਧੇਰੀ ਰਾਤੀ ਵਿਚ ਸੰਸਾਰ, ਜੂਠਾ ਝੂਠਾ ਮੋਹ ਚੁਕਾਇੰਦਾ । ਘਰ ਮਹੱਲਾ ਸੋਹੇ ਇਕ ਦਵਾਰ, ਘਰ ਘਰ ਵਿਚ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਨਿਰੰਜਣ ਨਿਰੰਕਾਰ, ਹਰਿ ਪੁਰਖ ਨਿਰੰਜਣ ਵੇਖ ਵਖਾਇਆ । ਏਕੰਕਾਰ ਕਿਰਪਾ ਧਾਰ, ਆਦਿ ਨਿਰੰਜਣ ਡਗਮਗਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਸ੍ਰੀ ਭਗਵਾਨ ਭੇਵ ਨਾ ਰਾਇਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਬ੍ਰਹਮਾ ਵੇਤਾ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਦਏ ਆਧਾਰ, ਤ੍ਰੈਗੁਣ ਸਾਚਾ ਸੰਗ ਨਿਭਾਇਆ । ਪੰਚਮ ਬੰਨ੍ਹੇ ਆਪਣੀ ਧਾਰ, ਮਨ ਮਤ ਬੁਧ ਪੱਲਾ ਨਾਲ ਬੰਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਤਿਆਰ, ਆਸਾ ਤ੍ਰਿਸਨਾ ਜੋੜ ਜੁੜਾਇਆ । ਲੱਖ ਚੁਰਾਸੀ ਖੇਲ ਅਪਾਰ, ਹਰਿ ਸਾਚਾ ਰਿਹਾ ਖਿਲਾਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਕਾਰ, ਆਪਣੀ ਰਿਹਾ ਕਰਾਇਆ । ਸ਼ਬਦ ਅਗੰਮੀ ਬੋਲ ਜੈਕਾਰ, ਘਰ ਘਰ ਮਰਦੰਗਾ ਦਏ ਵਜਾਇਆ । ਸਾਰਿੰਗ ਕਿੰਗ ਨਾ ਕੋਇ ਸਤਾਰ, ਸਿੰਗੀ ਨਾਦ ਨਾ ਹੱਥ ਉਠਾਇਆ । ਆਪਣਾ ਰਾਗ ਗਾਏ ਆਪਣੀ ਵਾਰ, ਰਸਨਾ ਜੇਹਵਾ ਨਾ ਕੋਇ ਹਿਲਾਇਆ । ਸੰਤ ਸੁਹੇਲੇ ਕਰ ਪਿਆਰ, ਆਪ ਆਪਣਾ ਦਰ ਖੁਲ੍ਹਾਇਆ । ਇਕ ਕਰਾਏ ਵਣਜ ਵਾਪਾਰ, ਆਪਣਾ ਨਾਮ ਹੱਟ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਆਪ ਅਖਵਾਇਆ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਐਬ ਪਰਵਰਦਿਗਾਰਿਆ । ਹਰਿ ਪੁਰਖ ਨਿਰੰਜਣ ਦੇਵੇ ਸਚ ਸਲਾਹ, ਮੇਲ ਮਿਲਾਵਾ ਏਕਉਂਕਾਰਿਆ । ਆਦਿ ਨਿਰੰਜਣ ਆਪ ਜਗਾ, ਪੁਰਖ ਅਬਿਨਾਸ਼ੀ ਡਗਮਗਾ ਰਿਹਾ । ਸ੍ਰੀ ਭਗਵਾਨ ਸਗਲਾ ਸੰਗ ਰਿਹਾ ਨਿਭਾ, ਪਾਰਬ੍ਰਹਮ ਪਾਰ ਕਰਾ ਰਿਹਾ । ਬ੍ਰਹਮਾ ਬ੍ਰਹਮ ਕਰੇ ਸਚ ਨਿਆਂ, ਸਚ ਵਿਚੋਲਾ ਆਪ ਅਖਵਾ ਰਿਹਾ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਸਾਚਾ ਹੁਕਮ ਸੁਣਾ ਰਿਹਾ । ਤ੍ਰੈਗੁਣ ਬੰਧਨ ਆਪੇ ਪਾ, ਪੰਚਮ ਜੋੜ ਜੁੜਾ ਲਿਆ । ਲੱਖ ਚੁਰਾਸੀ ਡੇਰਾ ਲਾ, ਆਪਣਾ ਮੁਖ ਛੁਪਾ ਲਿਆ । ਨਿਰਗੁਣ

੧੧੮੬
੦੮

ਬਾਤੀ ਜੋਤ ਟਿਕਾ, ਕਮਲਾਪਾਤੀ ਵੇਖ ਵਖਾ ਰਿਹਾ । ਬੂੰਦ ਸਵਾਂਤੀ ਆਪ ਚੁਆ, ਨਿਝਰ ਝਿਰਨਾ ਇਕ ਝਿਰਾ ਰਿਹਾ । ਇਕ ਅਕਾਂਤੀ ਡੇਰਾ
ਲਾ, ਘਰ ਘਰ ਵਿਚ ਸੋਭਾ ਪਾ ਰਿਹਾ । ਕੰਤ ਸੁਹਾਗੀ ਇਕ ਮਨਾ, ਅਨਹਦ ਰਾਗ ਅਲਾ ਰਿਹਾ । ਉਤਮ ਜਾਤੀ ਆਪ ਅਖਵਾ, ਬ੍ਰਹਮ
ਆਪਣਾ ਨਾਉਂ ਧਰਾ ਰਿਹਾ । ਸਤਿ ਪਰਕਾਸ਼ ਰਿਹਾ ਕਰਾ, ਨਿਰਲੇਪ ਰੂਪ ਵਟਾ ਰਿਹਾ । ਆਲਸ ਨਿੰਦਰਾ ਵਿਚ ਨਾ ਜਾਏ ਆ, ਆਪਣਾ ਨੈਣ
ਨਾ ਆਪ ਵਖਾ ਲਿਆ । ਤ੍ਰਿਸਨਾ ਭੁੱਖ ਨਾ ਜਾਏ ਸਤਾ ਹਉਮੇ ਰੋਗ ਨਾ ਕੋਇ ਵਖਾ ਲਿਆ । ਹਰਿ ਸੰਤਨ ਵੇਖ ਕਰੇ ਸਹਿਜ ਸਭਾ, ਆਪ ਆਪਣਾ
ਨਾਮ ਵਡਿਆ ਲਿਆ । ਫੜ ਫੜ ਹੰਸ ਬਣਾਏ ਕਾਂ, ਜਿਸ ਜਨ ਉਪਰ ਦਇਆ ਕਮਾ ਲਿਆ । ਆਪੇ ਜਾਣੇ ਆਪਣਾ ਸਚ ਨਿਆਂ, ਦੂਸਰ
ਲੇਖ ਨਾ ਕਿਸੇ ਲਿਖਾ ਲਿਆ । ਕੋਟਨ ਕੋਟ ਕੋਟ ਕੋਟੀ ਵੇਸ ਵਟਾ, ਰਵ ਸਸ ਸੇਵਾ ਲਾ ਲਿਆ । ਮੰਡਲ ਮੰਡਪ ਡਗਮਗਾ, ਆਕਾਸ਼ ਪਰਕਾਸ਼
ਟਿਕਾ ਲਿਆ । ਗਗਨ ਗਗਨੰਤਰ ਫੇਰਾ ਪਾ, ਆਪਣਾ ਡੰਕ ਵਜਾ ਲਿਆ । ਜ਼ਿਮੀਂ ਅਸਮਾਨਾ ਵੇਖੇ ਥਾਂ, ਆਪ ਆਪਣਾ ਰੰਗ ਰੰਗਾ ਲਿਆ ।
ਜਲ ਜਲ ਧਾਰਾ ਰਿਹਾ ਸਮਾ, ਆਪਣੀ ਬੂੰਦ ਆਪ ਟਪਕਾ ਰਿਹਾ । ਨਿਰਗੁਣ ਆਪਣਾ ਨਾਉਂ ਧਰਾ, ਸੋ ਪੁਰਖ ਨਿਰੰਜਣ ਵੇਸ ਵਟਾ ਰਿਹਾ ।
ਹਰਿ ਪੁਰਖ ਨਿਰੰਜਣ ਗੇੜਾ ਦਏ ਦੁਆ, ਏਕੰਕਾਰਾ ਆਪ ਭਵਾ ਰਿਹਾ । ਆਦਿ ਨਿਰੰਜਣ ਖੇਲ ਖਿਲਾ, ਪੁਰਖ ਅਬਿਨਾਸ਼ੀ ਸੰਗ ਨਿਭਾ ਲਿਆ ।
ਸ੍ਰੀ ਭਗਵਾਨ ਧਾਮ ਅਵੱਲਾ ਇਕ ਵਖਾ, ਪਾਰਬ੍ਰਹਮ ਪੱਲਾ ਆਪ ਫੜਾ ਲਿਆ । ਬ੍ਰਹਮਾ ਜੋਤੀ ਜੋਤ ਉਪਾ, ਦੀਪਕ ਜੋਤੀ ਜੋਤ ਡਗਮਗਾ ਲਿਆ ।
ਵਿਸ਼ਨ ਸ਼ਿਵ ਬ੍ਰਹਮਾ ਮੰਗਣ ਏਕਾ ਨਾਂ, ਏਕਾ ਮੁਖ ਸਲਾਹ ਲਿਆ । ਤ੍ਰੈਗੁਣ ਮਾਇਆ ਪੰਜ ਤੱਤ ਤੱਕਣ ਤੇਰਾ ਰਾਹ, ਕੌਣ ਦਵਾਰਾ ਰੂਪ ਵਟਾ
ਲਿਆ । ਮਨ ਮਤ ਬੁਧ ਰਹੀ ਸ਼ਰਮਾ, ਤੇਰਾ ਭੇਵ ਕਿਸੇ ਨਾ ਪਾ ਲਿਆ । ਸੰਤ ਸੁਹੇਲੇ ਆਪ ਉਠਾ, ਆਪਣਾ ਮਾਰਗ ਆਪ ਸਖਾ ਲਿਆ ।
ਏਕਾ ਮੰਤਰ ਨਾਮ ਦ੍ਰਿੜ੍ਹਾ, ਏਕਾ ਰਾਗ ਸੁਣਾ ਲਿਆ । ਕਾਮ ਕਰੋਧ ਮੇਟ ਮਿਟਾ, ਸਚ ਸੁੱਚ ਵਰਤਾ ਲਿਆ । ਤ੍ਰਿਸਨਾ ਤ੍ਰਿਖਾ ਆਪ ਬੁਝਾ, ਅੰਮਿਉਂ
ਰਸ ਜਾਮ ਪਿਆ ਲਿਆ । ਸਾਰਿੰਗ ਧਰ ਭਗਵਾਨ ਬੀਠਲੋ ਨਾਮ ਧਰਾ, ਸਾਰਿੰਗ ਆਪਣੇ ਲੇਖੇ ਲਾ ਲਿਆ । ਕਾਗਜ ਕਲਮ ਨਾ ਲੇਖਾ ਸਕੇ
ਕੋਇ ਲਿਖਾ, ਬਣਤ ਨਾ ਕੋਇ ਬਣਾ ਲਿਆ । ਸ਼ੰਕਰ ਬਾਸ਼ਕ ਤਸ਼ਕਾ ਗਲ ਲਟਕਾ, ਕੰਠ ਵਿਸ਼ ਕਢਾ ਲਿਆ । ਵਿਸ਼ਨੂੰ ਵੰਸੀ ਰਾਹ ਤਕਾ,
ਨੇਤਰ ਨੈਣ ਉਘਾੜਿਆ । ਪਾਰ੍ਬਹਮ ਬੇਪਰਵਾਹ, ਆਪ ਆਪਣੇ ਘਰ ਸੁਹਾ ਲਿਆ । ਸ੍ਰੀ ਭਗਵਾਨ ਵਸੇ ਹਰ ਘਟ ਥਾਂ, ਆਪ ਆਪਣਾ ਆਸਣ
ਲਾ ਰਿਹਾ । ਅਬਿਨਾਸ਼ੀ ਕਰਤਾ ਆਪ ਅਖਵਾ, ਆਦਿ ਜੁਗਾਦੀ ਡੰਕ ਵਜਾ ਲਿਆ । ਆਦਿ ਨਿਰੰਜਣ ਨੂਰ ਨੁਰਾਨਾ ਨੂਰ ਉਪਾ, ਏਕਾ ਰੰਗ
ਰੰਗਾ ਲਿਆ । ਏਕੰਕਾਰ ਨਾਉਂ ਧਰਾ, ਨਿਰਗੁਣ ਆਪਣਾ ਭੇਵ ਛੁਪਾ ਲਿਆ । ਹਰਿ ਪੁਰਖ ਨਿਰੰਜਣ ਸੇਵਾ ਲਾ, ਸਾਚਾ ਹੁਕਮ ਸੁਣਾ ਲਿਆ ।
ਸੋ ਪੁਰਖ ਨਿਰੰਜਣ ਦਇਆ ਕਮਾ, ਸਾਚਾ ਮਾਰਗ ਆਪ ਜਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਾਲਾ ਹਰਿ
ਗੋਪਾਲਾ ਦੀਨ ਦਿਆਲਾ, ਪੁਰਖ ਅਬਿਨਾਸ਼ਾ ਖੇਲ ਤਮਾਸ਼ਾ ਮੰਡਲ ਰਾਸਾ, ਨਿਰਗੁਣ ਧਾਰ ਖੇਲ ਅਪਾਰ ਆਪਣੀ ਆਪ ਕਰਾ ਰਿਹਾ । ਸੋ ਪੁਰਖ
ਨਿਰੰਜਣ ਅਗੰਮ ਅਥਾਹ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਸਚ ਮਲਾਹ, ਸਚ ਬੇੜਾ ਆਪ ਚਲਾਇੰਦਾ । ਏਕੰਕਾਰਾ ਵਸੇ ਆਪਣੇ
ਥਾਂ, ਥਾਨ ਥਨੰਤਰ ਇਕ ਵਖਾਇੰਦਾ । ਆਦਿ ਨਿਰੰਜਣ ਆਪਣਾ ਪੜਦਾ ਆਪ ਲਾਹ, ਆਪਣਾ ਰੂਪ ਆਪ ਚਮਕਾਇੰਦਾ । ਅਬਿਨਾਸ਼ੀ ਕਰਤਾ

ਅਕਲ ਕਲ ਅਖਵਾ, ਸ੍ਰੀ ਭਗਵਾਨ ਸਗਲਾ ਸੰਗ ਵਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾ, ਆਪ ਆਪਣਾ ਭੇਵ ਛੁਪਾਇੰਦਾ । ਹੰਸਾ ਬੰਸਾ ਆਪ ਅਖਵਾ, ਆਪਣਾ ਅੰਗ ਕਟਾਇੰਦਾ । ਬ੍ਰਹਮ ਜੋਤ ਜੋਤ ਧਰਾ, ਜੋਤੀ ਨੂਰ ਵਖਾਇੰਦਾ । ਵਿਸ਼ਨੂੰ ਵੇਖੇ ਏਕਾ ਥਾਂ, ਏਕਾ ਰੰਗ ਰੰਗਾਇੰਦਾ । ਬ੍ਰਹਮਾ ਵੇਤਾ ਬਣ ਮਲਾਹ, ਲੱਖ ਚੁਰਾਸੀ ਰਚਨ ਰਚਾਇੰਦਾ । ਸ਼ੰਕਰ ਅੰਤਮ ਦਏ ਮਿਟਾ, ਹੁਕਮੀ ਹੁਕਮ ਫਿਰਾਇੰਦਾ । ਤ੍ਰੈਗੁਣ ਮਿਲੇ ਨਾ ਕੋਇ ਥਾਂ, ਪੰਜ ਤੱਤ ਡੇਰਾ ਢਾਇੰਦਾ । ਆਤਮ ਬ੍ਰਹਮ ਬ੍ਰਹਮ ਵੇਖ ਵਖਾ, ਹਰਿਜਨ ਸਾਚੇ ਆਪ ਜਗਾਇੰਦਾ । ਸ਼ਬਦ ਅਗੰਮੀ ਪਕੜੇ ਬਾਂਹ, ਸਾਚਾ ਪੱਲੂ ਇਕ ਵਖਾਇੰਦਾ । ਸਖਾ ਸੁਹੇਲਾ ਇਕ ਅਕੇਲਾ ਗੁਰੂ ਗੁਰ ਚੇਲਾ ਸਿਰ ਰੱਖੇ ਠੰਡੀ ਛਾਂ, ਸਮਰਥ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਏਕਉਂਕਾਰ, ਏਕੰਕਾਰ ਆਪਣੀ ਖੇਲ ਖਿਲਾਈਆ । ਆਦਿ ਜੁਗਾਦੀ ਜੁਗਾ ਜੁਗੰਤਰ ਕਰਨੇਹਾਰ, ਕਰਤਾ ਪੁਰਖ ਵਡ ਵਡਿਆਈਆ । ਮੂਰਤ ਅਕਾਲ ਨਿਰਾਕਾਰ ਹੋ ਤਿਆਰ, ਨੂਰੋ ਨੂਰ ਡਗਮਗਾਈਆ । ਅਜੂਨੀ ਰਹਿਤ ਸੋਹੇ ਬੰਕ ਦਵਾਰ, ਸਚਖੰਡ ਦਵਾਰੇ ਸੋਭਾ ਪਾਈਆ । ਨਿਰਭੈ ਏਕਾ ਧਾਰ, ਏਕੰਕਾਰਾ ਆਪ ਚਲਾਈਆ । ਪਰਗਟ ਹੋ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਆਪੇ ਗੁਰ ਪੀਰ ਬਣ ਅਵਤਾਰ, ਸਾਧ ਸੰਤ ਕਰੇ ਰੁਸ਼ਨਾਈਆ । ਕਮਲਾਪਾਤੀ ਦੇਵੇ ਦਾਤੀ ਅਗੰਮ ਅਪਾਰ, ਸਾਚੀ ਹਾਟੀ ਇਕ ਖੁਲ੍ਹਾਈਆ । ਚੌਦਾਂ ਹੱਟਾਂ ਤਾਕੀ ਖੋਲ੍ਹ ਕਿਵਾੜ, ਲਹਿਣਾ ਦੇਣਾ ਬਾਕੀ ਆਪ ਮੁਕਾਈਆ । ਸਾਚਾ ਸਾਕੀ ਭਰ ਪਿਆਲਾ ਅੰਮ੍ਰਿਤ ਜਾਏ ਪਿਆਏ ਪਿਲਾਵਣਹਾਰ, ਸ਼ਬਦ ਘੋੜੇ ਰਾਕੀ ਆਪ ਚੜ੍ਹਾਈਆ । ਖ਼ਾਕੀ ਖ਼ਾਕ ਦਏ ਆਧਾਰ, ਪਾਕੀ ਪਾਕ ਪਾਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਨਾਉਂ ਧਰਾਈਆ । ਜੁਗ ਕਰਤਾ ਹਰਿ ਨਾਮ ਰੱਖ, ਆਪਣਾ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਹੋ ਪਰਤੱਖ, ਗੁਰ ਸਤਿਗੁਰ ਨਾਉਂ ਧਰਾਇੰਦਾ । ਸੰਤ ਸਾਜਨ ਕਰੇ ਵੱਖ, ਆਪਣੇ ਮਾਰਗ ਆਪੇ ਲਾਇੰਦਾ । ਜਗਤ ਜੀਵ ਜਹਾਨ ਦੇਵੇ ਮੱਥ, ਸਮਰਥ ਵੇਸ ਵਟਾਇੰਦਾ । ਜੁਗਾ ਜੁਗੰਤਰ ਮਹਿਮਾ ਕਥਨੀ ਅਕੱਥ, ਕਥ ਕਥਾ ਨਾ ਕੋਇ ਸੁਣਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਫਿਰਾਇੰਦਾ । ਆਪੇ ਜਾਣੇ ਪੂਜਾ ਪਾਠ, ਆਪਣਾ ਨਾਮ ਆਪ ਦ੍ਰਿੜਾਇੰਦਾ । ਆਪੇ ਵੇਖੇ ਜਗਤ ਘਾਟ, ਤੀਰਥ ਤਟ ਕਿਨਾਰਾ ਫੋਲ ਫੁਲਾਇੰਦਾ । ਲੇਖਾ ਜਾਣੇ ਆਣ ਬਾਟ, ਮਾਤ ਗਰਭ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਮਾਰਗ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਲਾਇਆ, ਚਾਰ ਕੁੰਟ ਵੱਜੀ ਵਧਾਈਆ । ਚਾਰ ਵਰਨ ਚਾਰ ਕੁੰਟ ਚੌਥੇ ਜੁਗ ਖੇਲ ਰਚਾਇਆ, ਕਾਲ ਕਲੰਦਰ ਰਿਹਾ ਨਚਾਈਆ । ਅੰਦਰੇ ਅੰਦਰ ਗੇੜ ਦਵਾਇਆ, ਦਿਸ ਕਿਸੇ ਨਾ ਆਈਆ । ਮਨ ਬੰਦਰ ਦਹਿ ਦਿਸ਼ਾ ਫਰਾਇਆ, ਬਨ ਪੰਛੀ ਖੋਜਨ ਜਾਈਆ । ਸਤਿ ਸਰੂਪ ਨਜ਼ਰ ਨਾ ਆਇਆ, ਜੰਗਲ ਜੂਹ ਉਜਾੜ ਭਰਵਾਸ ਢੂੰਡੇ ਸਰਬ ਲੋਕਾਈਆ । ਬੰਦ ਖਲਾਸ ਨਾ ਕੋਇ ਕਰਾਇਆ, ਸੰਤ ਮਹੰਤ ਚਾਰ ਕੁੰਟ ਬੈਠੇ ਧੂਣੀਆਂ ਤਾਈਆ । ਨਿਰਗੁਣ ਜੋਤ ਨਾ ਹੋਏ ਰੁਸ਼ਨਾਇਆ, ਘਰ ਘਰ ਦੀਪਕ ਰਹੇ ਜਗਾਈਆ । ਹਰਿ ਕੰਤ ਸੁਹੇਲਾ ਨਾ ਕਿਸੇ ਮਨਾਇਆ, ਬਣ ਸਖੀ ਨਾ ਮੰਗਲ ਗਾਈਆ । ਕਾਇਆ ਚੋਲੀ ਰੰਗ ਬਸੰਤ ਨਾ ਕਿਸੇ ਚੜ੍ਹਾਇਆ, ਕਪੜੇ ਰੰਗ ਰੰਗ ਰਹੇ ਵਖਾਈਆ । ਸਾਚਾ ਮੰਤਰ ਨਾ ਕਿਸੇ ਦ੍ਰਿੜਾਇਆ, ਮਨ ਸੰਸਾ ਨਾ ਕੋਇ ਚੁਕਾਈਆ । ਸੁਹਾਗੀ ਛੰਦ



੧੧੯੮ ੦੮

ਕਿਸੇ ਨਾ ਗਾਇਆ, ਸ਼ਾਸਤਰ ਸਿਮਰਤ ਜਗਤ ਪੜ੍ਹਾਈਆ । ਪਰਮਾਨੰਦ ਨਾ ਕੋਇ ਚਖਾਇਆ, ਰਸਨਾ ਜੇਹਵਾ ਹੋਈ ਹਲਕਾਈਆ । ਗਿਆਨ ਨੇਤਰ ਨਾ ਕੋਇ ਖੁਲ੍ਹਾਇਆ, ਜਗਤ ਨੇਤਰ ਰਹੇ ਤਕਾਈਆ । ਸਾਚਾ ਜਾਮ ਨਾ ਕਿਸੇ ਪਿਆਇਆ, ਅਠਸਠ ਤੀਰਥ ਰਹੇ ਨੁਹਾਈਆ । ਆਤਮ ਦੇਵ ਇਸ਼ਟ ਨਾ ਕਿਸੇ ਮਨਾਇਆ, ਗੁਰ ਪੀਰਾਂ ਰਹੇ ਸੀਸ ਝੁਕਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਸੇਵ ਲਗਾਇਆ, ਸੇਵਾ ਕਰ ਕਰ ਥੱਕੇ ਘਾਲ ਪੂਰੀ ਨਾ ਕੋਇ ਕਰਾਈਆ । ਪਾਰਬ੍ਰਹਮ ਨਾ ਨਜ਼ਰੀ ਆਇਆ, ਨਿਰਗੁਣ ਮਿਲੇ ਨਾ ਸਾਚਾ ਮਾਹੀਆ । ਜਗਤ ਗਿਆਨ ਰਹੇ ਦ੍ਰਿੜਾਇਆ, ਸਚ ਗਿਆਨ ਨਾ ਕੋਇ ਸੁਣਾਈਆ । ਸੰਸਕਿਰਤ ਹਿੰਦੀ ਸ਼ਾਸਤਰੀ ਉਰਦੂ ਫਾਰਸੀ ਰਹੇ ਸੁਣਾਇਆ, ਨਿਸ਼ਅੱਖਰ ਵੱਖਰ ਕਰੇ ਨਾ ਕੋਇ ਪੜ੍ਹਾਈਆ । ਹਰਿ ਕਾ ਸ਼ਬਦ ਲਿਖਣ ਪੜ੍ਹਨ ਵਿਚ ਕਦੇ ਨਾ ਆਈਆ, ਰਸਨਾ ਜੇਹਵਾ ਕੋਇ ਨਾ ਗਾਈਆ । ਦੋਏ ਕੰਨ ਨਾ ਕੋਇ ਸੁਣਾਇਆ, ਬੱਤੀ ਦੰਦ ਨਾ ਬੋਲ ਬੁਲਾਈਆ । ਢੋਲਕ ਛੈਣਾ ਨਾ ਕੋਇ ਵਜਾਇਆ, ਸੀਸ ਧੜ ਨਾ ਕੋਇ ਹਿਲਾਈਆ । ਗੁਰਮੁਖ ਵਿਰਲੇ ਅੰਦਰ ਚੜ੍ਹ ਸਾਚੇ ਮੰਦਰ ਵੜ ਨਿਜ ਆਤਮ ਜਿਨ ਦਰਸ਼ਨ ਪਾਇਆ, ਭੁੱਲੀ ਸਰਬ ਲੋਕਾਈਆ । ਆਪਾ ਪਰਕਾ ਭੇਵ ਚੁਕਾਇਆ, ਹਉਮੇ ਰਹੀ ਨਾ ਰਾਈਆ । ਨੌ ਦਰ ਦਾ ਪੰਧ ਮੁਕਾਇਆ, ਘਰ ਦਸਵੇਂ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਹਰਿ ਪੁਰਖ ਨਿਰੰਜਣ ਕਰੇ ਸਤਿ ਸਰੀਰ, ਏਕਉਂਕਾਰ ਦੇਵੇ ਧੀਰ ਆਦਿ ਨਿਰੰਜਣ ਚੋਟੀ ਚੜ੍ਹ ਅਖੀਰ, ਅਬਿਨਾਸ਼ੀ ਕਰਤਾ ਕੱਟੇ ਹਉਮੇ ਪੀੜ, ਸ੍ਰੀ ਭਗਵਾਨ ਲੱਖ ਚੁਰਾਸੀ ਤੋੜ ਜ਼ੰਜੀਰ, ਪਾਰਬ੍ਰਹਮ ਬਖ਼ਸ਼ੇ ਸਾਚਾ ਸੀਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਬ੍ਰਹਮ ਮੇਲਾ ਘਰ ਮੰਦਰ ਅੰਦਰ, ਹਰਿ ਸਾਚਾ ਸਗਨ ਮਨਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਟੇਢੀ ਬੰਕ ਆਪ ਭਵਾਇੰਦਾ । ਤਿੰਨ ਮੇਲਾ ਤੁਟੇ ਜਿੰਦਰ, ਸਾਚਾ ਰਾਹ ਆਪ ਸੁਹਾਇੰਦਾ । ਦੂਈ ਦਵੈਤੀ ਢੱਠੇ ਕੰਧ, ਮਾਇਆ ਮਮਤਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਹਰਿ ਪੁਰਖ ਨਿਰੰਜਣ ਦੇਵੇ ਦਾਨ, ਏਕੰਕਾਰ ਕਰੇ ਧਿਆਨ, ਆਦਿ ਨਿਰੰਜਣ ਵਾਲੀ ਦੋ ਜਹਾਨ, ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਸ੍ਰੀ ਭਗਵਾਨ ਦੇਵੇ ਮਾਣ, ਪਾਰਬ੍ਰਹਮ ਬ੍ਰਹਮ ਕਰ ਪਛਾਣ, ਆਪ ਆਪਣੇ ਅੰਗ ਲਗਾਈਆ । ਅੰਗੀਕਾਰ ਕਰੇ ਸਮਰਥ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਚਲਾਏ ਆਪਣਾ ਰਥ, ਏਕੰਕਾਰਾ ਹੁਕਮ ਸੁਣਾਈਆ । ਆਦਿ ਨਿਰੰਜਣ ਜੋਤ ਜਗਾਏ ਲਟ ਲਟ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਸ੍ਰੀ ਭਗਵਾਨ ਵਸਣਹਾਰਾ ਘਟ ਘਟ, ਪਾਰਬ੍ਰਹਮ ਦਏ ਵਡਿਆਈਆ । ਬ੍ਰਹਮ ਵਖਾਏ ਏਕਾ ਹੱਟ, ਏਕਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰ ਨਿਰਾਕਾਰ ਨਿਰਗੁਣ ਸਰਗੁਣ ਖੇਲ ਅਪਾਰ, ਗੁਰਮੁਖ ਸਾਜਣ ਜਾਏ ਤਾਰ, ਜੁਗਾ ਜੁਗੰਤਰ ਲਏ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਦਏ ਅਧਾਰ, ਕਲਜੁਗ ਵੇਲਾ ਅੰਤਮ ਆਈਆ । ਕਲਜੁਗ ਵੇਲਾ ਅੰਤਮ ਆਇਆ, ਚਾਰ ਕੁੰਟ ਕੁਰਲਾਇੰਦਾ । ਵਰਨਾਂ ਬਰਨਾਂ ਰੌਲਾ ਪਾਇਆ, ਸਾਚੀ ਸਰਨ ਨਾ ਕੋਇ ਵਖਾਇੰਦਾ । ਊਚਾਂ ਨੀਚਾਂ ਡੰਕ ਬਜਾਇਆ, ਏਕਾ ਰੰਗ ਨਾ ਕੋਇ ਰੰਗਾਇੰਦਾ । ਰਾਓ ਰੰਕਾਂ ਨਾ ਕੋਈ ਅੰਗ ਲਗਾਇਆ, ਸਗਲਾ ਸੰਗ ਨਾ ਕੋਇ ਰਖਾਇੰਦਾ । ਭੁੱਖ ਨੰਗਾ ਸਰਬ ਕੁਰਲਾਇਆ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਇਆ, ਚਾਰੋਂ ਕੁੰਟ ਨਾਚ ਕਰਾਇੰਦਾ । ਜੂਠ ਝੂਠ ਡੌਰੂ ਵਾਹਿਆ, ਕਲਜੁਗ ਕਲੰਦਰ ਦਹਿ ਦਿਸ਼ਾ

੧੧੮੯
੦੮

ਫੇਰੀ ਪਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਇਸ਼ਟ ਦੇਵ ਨਾ ਕੋਇ ਮਨਾਇਆ, ਘਰ ਘਰ ਆਪਣਾ ਰਾਹ ਵਖਾਇੰਦਾ । ਸਾਧਾਂ ਸੰਤਾਂ ਅੰਦਰ ਕਾਇਆ ਹਉਮੇ ਗੜ੍ਹ ਬਣਾਇਆ, ਜਗਤ ਗਿਆਨ ਸਰਬ ਵਡਿਆਇੰਦਾ । ਵੇਦ ਚਾਰ ਪੜ੍ਹ ਪੜ੍ਹ ਵਿਵਾਦ ਵਧਾਇਆ, ਪੁਰਾਨ ਅਠਾਰਾਂ ਗਾ ਗਾ ਭਰਮ ਭੁਲਾਇਆ, ਸ਼ਾਸਤਰ ਸਿਮਰਤ ਤੋੜ ਨਾ ਕੋਇ ਨਿਭਾਇੰਦਾ । ਗੀਤਾ ਗਿਆਨ ਰਹੇ ਸੁਣਾਇਆ, ਕਾਹਨਾ ਕ੍ਰਿਸ਼ਨਾ ਨਜ਼ਰ ਨਾ ਆਇੰਦਾ । ਅੰਜੀਲ ਕੁਰਾਨ ਵਾਹਣ ਵਾਹਿਆ, ਮੁੱਲਾਂ ਸ਼ੇਖ਼ ਮੁਸਾਇਕ ਦਸਤਗੀਰ ਔਲੀਆ ਪੀਰ ਸ਼ੇਖ਼ ਮੁਸਾਇਕ ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਨੂਰ ਅਲਾਹੀ ਨਾ ਧੀਰ ਧਰਾਇੰਦਾ । ਹੱਕ ਹਕੀਕਤ ਨਾ ਫੜਿਆ ਪੱਲਾ, ਲਾਸ਼ਰੀਕ ਨਾ ਵੇਖ ਵਖਾਇੰਦਾ । ਚਾਰ ਵਰਨ ਦੂਈ ਦਵੈਤੀ ਲੱਗਾ ਸਲਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਚਾ ਕਰਮ ਨਾ ਕੋਇ ਕਮਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਹੋਇਆ ਝੱਲਾ, ਧੀਰਜ ਜਤ ਸਤਿ ਸੰਤੋਖ ਗਿਆਨ ਨਾ ਕੋਇ ਦ੍ਰਿੜਾਇੰਦਾ । ਰਾਣੀ ਅੱਲਾ ਨਾ ਫੜੇ ਪੱਲਾ, ਕਲਜੁਗ ਵੇਲਾ ਅੰਤਮ ਆਇੰਦਾ । ਨਾਨਕ ਨਿਰਗੁਣ ਸਚ ਸੰਦੇਸਾ ਏਕਾ ਘੱਲਾ, ਨਾਮ ਸਤਿ ਦ੍ਰਿੜਾਇੰਦਾ । ਦੀਪਕ ਜੋਤ ਗਿਆਨ ਏਕਾ ਬਲਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਘਟ ਘਟ ਅੰਦਰ ਆਪੇ ਰੱਲਾ, ਆਤਮ ਬ੍ਰਹਮ ਨਾਉਂ ਧਰਾਇੰਦਾ । ਈਸ਼ ਜੀਵ ਫੜਾਇਆ ਪੱਲਾ, ਸਗਲਾ ਸੰਗ ਨਿਭਾਇੰਦਾ । ਆਪੇ ਚੇਤਨ ਰਿਹਾ ਅਕੱਲਾ, ਵਿਸਮਾਦੀ ਨਾਮ ਧਰਾਇੰਦਾ । ਆਪੇ ਪੰਚ ਵਿਕਾਰਾ ਬੋਲੇ ਹੱਲਾ, ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਆਪਣੀ ਧਾਰ ਬੰਧਾਇੰਦਾ । ਆਪੇ ਨਾਨਕ ਗੋਬਿੰਦ ਧਾਰ, ਸਾਚੀ ਸ਼ਬਦ ਪੜ੍ਹਾਈਆ । ਆਪੇ ਰੂਪ ਨਾਦ ਅਨਾਦੀ ਵੇਖੇ ਵੇਖਣਹਾਰ, ਆਦਿ ਜੁਗਾਦੀ ਵਡ ਵਡਿਆਈਆ । ਸ਼ਬਦ ਧੁਨ ਬੋਲ ਜੈਕਾਰ, ਲੋਆਂ ਪੁਰੀਆਂ ਆਪ ਸੁਣਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਿਆ ਖ਼ਬਰਦਾਰ, ਕਰੋੜ ਤੇਤੀਸੇ ਦਏ ਅੰਗੜਾਈਆ । ਸੁਰਪਤ ਰਾਜੇ ਇੰਦ ਦਏ ਹੁਲਾਰ, ਆਪ ਆਪਣਾ ਡੰਕ ਵਜਾਈਆ । ਉਚੇ ਟਿੱਲੇ ਪਾਵੇ ਸਾਰ, ਨੈਣਾਂ ਦੇਵੀ ਏਕਾ ਹਵਨ ਵਖਾਈਆ । ਏਕਾ ਸਿਮਰੇ ਪੁਰਖ ਅਕਾਲ, ਸਾਚੀ ਚੰਡੀ ਆਪ ਮਨਾਈਆ । ਇਸ਼ਟ ਦੇਵ ਗੁਰ ਕਰਤਾਰ, ਨਿਰਭੈ ਰੂਪ ਨਾਲ ਮਿਲਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਏਕੰਕਾਰ ਕਰ ਪਸਾਰ, ਆਦਿ ਨਿਰੰਜਣ ਦਏ ਸਲਾਹੀਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਸ੍ਰੀ ਭਗਵਾਨ ਕਰੀ ਕੁੜਮਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣਾ ਖੰਡਾ ਹੱਥ ਉਠਾਈਆ । ਗੋਬਿੰਦ ਮੀਤਾ ਵਿਚ ਸੰਸਾਰ, ਆਪਣੇ ਕੰਠ ਲਗਾਈਆ । ਆਪਣਾ ਬਖ਼ਸ਼ੇ ਚਰਨ ਪਿਆਰ, ਸਿੰਘ ਰੂਪ ਆਪ ਵਟਾਈਆ । ਲੇਖਾ ਲਿਖਿਆ ਨਾ ਜਾਣੇ ਕੋਇ ਸੰਸਾਰ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਨਿਰਭੈ ਵਰਤੇ ਏਕਉਂਕਾਰ, ਸਿੰਘ ਪਹਿਲਾ ਮੋਖ ਧਰਾਈਆ । ਵਰਨ ਗੋਤ ਤੋਂ ਵਸੇ ਬਾਹਰ, ਆਪਣਾ ਗੌੜ ਆਪ ਜਣਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਸੋ ਸਿੰਘ ਵਡ ਵਡਿਆਈਆ । ਜਿਸ ਸਿੰਘ ਖਾਏ ਜੰਮ ਕਾਲ, ਸੋ ਸਿੰਘ ਨਾ ਮਾਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰਾ ਹਰਿ ਨਿਰੰਕਾਰਾ, ਨਿਰਗੁਣ ਰੱਖੇ ਆਪਣੀ ਧਾਰਾ, ਲੱਖ ਚੁਰਾਸੀ ਕਰ ਪਸਾਰਾ, ਸਾਧਾਂ ਸੰਤਾਂ ਦੇਵੇ ਨਾਮ ਅਧਾਰਾ, ਨਿਰਗੁਣ ਜੋਤੀ ਦੀਪ ਉਜਿਆਰਾ, ਕਮਲਾਪਾਤੀ ਵੇਖਣਹਾਰਾ, ਬੂੰਦ ਸਵਾਂਤੀ ਠੰਡੀ ਠਾਰਾ, ਘਰ ਮੰਦਰ ਅੰਦਰ ਮਿਲੇ ਮੇਲ ਹਰਿ ਮੀਤ ਮੁਰਾਰਾ, ਬ੍ਰਹਮ ਪਾਰਬ੍ਰਹਮ ਸਮਾਈਆ । ਸਾਚਾ ਮੇਲਾ ਪੁਰਖ ਸੁਲਤਾਨ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਏਕੰਕਾਰਾ

ਰੰਗ ਚੜ੍ਹਾਇੰਦਾ । ਆਦਿ ਨਿਰੰਜਣ ਜਾਣੀ ਜਾਣ, ਘਰ ਮੰਦਰ ਸੋਭਾ ਪਾਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣਾ ਮਾਣ, ਤਖ਼ਤ ਤਾਜ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਹੋ ਪਰਧਾਨ, ਦਰ ਦਰਬਾਨ ਸੇਵ ਕਮਾਇੰਦਾ । ਪਾਰਬ੍ਰਹਮ ਸੁਣ ਫ਼ਰਮਾਣ, ਹੁਕਮੀ ਹੁਕਮ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਵੇਖੇ ਮਾਰ ਧਿਆਨ, ਬ੍ਰਹਮ ਆਪਣੀ ਧਾਰ ਬੰਧਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨ, ਏਕਾ ਸਿਖਿਆ ਸਿਖ ਸਮਝਾਇੰਦਾ । ਲੱਖ ਚੁਰਾਸੀ ਜੀਵ ਜੰਤ ਆਦਿ ਅੰਤ ਸ੍ਰੀ ਭਗਵੰਤ ਦੇਵਣਹਾਰਾ ਜੀਆ ਦਾਨ, ਆਤਮ ਬ੍ਰਹਮ ਵਸਤ ਟਿਕਾਇੰਦਾ । ਨਿਰਲੇਪ ਸਦਾ ਸੰਖੇਪ ਭੇਵ ਅਭੇਦਾ ਅਭੇਵ ਅਲਖ ਅਗੋਚਰ ਅਗੰਮ ਅਥਾਹ ਆਪਣਾ ਖੇਲ ਖਿਲਾਇੰਦਾ । ਜੁਗਾ ਜੁਗੰਤਰ ਨਾਦ ਅਨਾਦੀ ਕਰੇ ਸਚ ਨਿਆਂ, ਸ਼ਬਦ ਵਿਚੋਲਾ ਇਕ ਰਖਾਇੰਦਾ । ਸਾਚਾ ਬੋਲ ਸੁਣਾਏ ਥਾਉਂ ਥਾਂ, ਨਾਮ ਜੈਕਾਰਾ ਏਕਾ ਲਾਇੰਦਾ । ਨਿਰਗੁਣ ਤੋਲਾ ਬਣ ਮਲਾਹ, ਲੱਖ ਚੁਰਾਸੀ ਆਪਣੇ ਕੰਡੇ ਪਾਇੰਦਾ । ਜਨ ਭਗਤਾਂ ਹੌਲਾ ਭਾਰ ਦਏ ਕਰਾ, ਮਨਮੁਖਾਂ ਪਾਪਾਂ ਭਾਰ ਸਿਰ ਰਖਾਇੰਦਾ । ਦੋਵੇਂ ਮਾਰਗ ਲਏ ਚਲਾ, ਆਪਣੀ ਰਚਨਾ ਆਪ ਰਚਾਇੰਦਾ । ਰਾਏ ਧਰਮ ਸੰਗ ਰਲਾ, ਦਰ ਸਾਚੇ ਆਪ ਸੁਹਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਫੜ ਫੜ ਬਾਂਹ, ਲੱਖ ਚੁਰਾਸੀ ਪਾਰ ਕਰਾਇੰਦਾ । ਮਨਮੁਖ ਜੀਵ ਕਾਗ ਦੁਸ਼ਟ ਦੁਰਾਚਾਰ ਏਕਾ ਧੱਕਾ ਦੇਵੇ ਲਾ, ਸ਼ੌਹ ਦਰਯਾ ਆਪ ਰੁੜ੍ਹਾਇੰਦਾ । ਰਾਏ ਧਰਮ ਫੜ ਫੜ ਦਏ ਸਜ਼ਾ, ਕੁੰਭੀ ਨਰਕ ਪਵਾਇੰਦਾ । ਚਿਤਰ ਗੁਪਤ ਹਿਸਾਬ ਨਾ ਦਏ ਮੁਕਾ, ਕਰਮਾਂ ਲੇਖ ਨਾ ਕੋਇ ਮਿਟਾਇੰਦਾ । ਲਾੜੀ
੧੧੯੧ ਮੌਤ ਲਏ ਪਰਨਾ, ਕਾਲ ਆਪਣਾ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਬੋਧ ੧੧੯੧
੦੮ ਅਗਾਧ ਅਗਾਧ ਬੋਧ ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਹੱਥ ਕਰਤਾਰ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਲੈ ਅਵਤਾਰ, ਆਪਣੀ ੦੮
ਕਰਨੀ ਕਿਰਤ ਕਮਾਇੰਦਾ । ਸੰਤ ਸੁਹੇਲੇ ਲਏ ਉਭਾਰ, ਮਨਮੁਖ ਵਹਿੰਦੀ ਧਾਰ ਬਹਾਇੰਦਾ । ਲਹਿਣਾ ਦੇਣ ਚੁਕਾਏ ਚਾਰ ਯਾਰ, ਪੰਚਮ ਜੋਤੀ ਜੋਤ ਡਗਮਗਾਇੰਦਾ । ਨਾਮ ਖੰਡਾ ਤੇਜ਼ ਕਟਾਰ, ਨਿਰਗੁਣ ਆਪਣੇ ਹੱਥ ਰਖਾਇੰਦਾ । ਸ਼ਬਦ ਅਗੰਮੀ ਮਾਰੇ ਮਾਰ, ਜਗਤ ਨੇਤਰ ਦਿਸ ਨਾ ਆਇੰਦਾ । ਮਨ ਮਤ ਬੁਧ ਕੀ ਕਰੇ ਵਿਚਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜਿਸ ਸਿਰ ਹੱਥ ਧਰੇ ਆਪ ਨਿਰੰਕਾਰ, ਸੋ ਜਨ ਸਾਚੀ ਬੂਝ ਬੁਝਾਇੰਦਾ । ਕਲਜੁਗ ਡੂੰਘਾ ਸਾਗਰ ਵਹਿੰਦੀ ਗਾਰ, ਨਾ ਕੋਈ ਬੇੜਾ ਪਾਰ ਕਰਾਇੰਦਾ । ਮਾਇਆ ਮਮਤਾ ਲੱਦਿਆ ਭਾਰ, ਜੂਠ ਝੂਠ ਨਾ ਕੋਇ ਉਠਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਲਲਕਾਰ, ਆਸਾ ਤ੍ਰਿਸਨਾ ਅੰਗ ਲਗਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਉਤਰੇ ਪਾਰ, ਲੱਖ ਚੁਰਾਸੀ ਜਮ ਕੀ ਫਾਸੀ ਰਾਏ ਧਰਮ ਫੰਦ ਨਾ ਕੋਇ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਰਾਇਣ ਹਰਿ ਨਿਰੰਕਾਰਾ, ਨਿਹਕਲੰਕ ਵੱਜੇ ਵਧਾਈਆ । ਪੁਰਖ ਅਗੰਮ ਅਗੰਮੜੀ ਕਾਰਾ, ਅਲਖ ਅਗੋਚਰ ਦਏ ਕਰਾਈਆ । ਹੱਡ ਮਾਸ ਨਾੜੀ ਚਮੜੇ ਵਸਿਆ ਬਾਹਰਾ, ਪੰਚ ਤੱਤ ਨਾ ਕੋਇ ਰਖਾਈਆ । ਦੀਵਾ ਬਾਤੀ ਕਰ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਗਲਾ ਸਾਥੀ ਸਾਂਝਾ ਯਾਰਾ, ਸਾਚਾ ਸੰਗ ਨਿਭਾਈਆ । ਗੋਬਿੰਦ ਮੇਲਾ ਸੁੱਤ ਦੁਲਾਰਾ, ਸ਼ਬਦ ਵੱਜੀ ਵਧਾਈਆ । ਸੰਬਲ ਨਗਰੀ ਧਾਮ ਨਿਆਰਾ, ਬੈਠਾ ਆਸਣ ਲਾਈਆ । ਵੇਦ ਵਿਆਸਾ ਬਣ ਲਿਖਾਰਾ,

ਪੂਤ ਸਪੂਤਾ ਬ੍ਰਾਹਮਣ ਗੌੜਾ, ਉਚਾ ਟਿੱਲਾ ਪਰਬਤ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ, ਬ੍ਰਹਮ ਪਾਰਬ੍ਰਹਮ ਸਮਾਈਆ । ਆਪੇ ਜਾਣੇ ਆਪਣੀ ਗਾਥਾ, ਜੁਗ ਜੁਗ ਕਰੇ ਨਾਮ ਪੜ੍ਹਾਈਆ । ਹਰਿਜਨ ਨਿਭਾਏ ਤੇਰਾ ਸਾਥਾ, ਤੇਰੀ ਸੇਵਾ ਆਪ ਕਮਾਈਆ । ਲੇਖੇ ਲੱਗੇ ਪੂਜਾ ਪਾਠਾ, ਜੋ ਜਨ ਹਰਿ ਹਰਿ ਰਸਨਾ ਗਾਈਆ । ਪੂਰਬ ਜਨਮਾ ਕਰੇ ਪੂਰਾ ਘਾਟਾ, ਅੱਗੇ ਲੇਖਾ ਆਪ ਲਿਖਾਈਆ । ਮਸਤਕ ਦੀਪਕ ਜੋਤ ਜਗੇ ਲਲਾਟਾ, ਅੰਧ ਅੰਧੇਰ ਰਹਿਣ ਨਾ ਪਾਈਆ । ਆਤਮ ਸੇਜਾ ਵੇਖੇ ਖਾਟਾ, ਨਾਮ ਬਬਾਣੇ ਆਪ ਚੜ੍ਹਾਈਆ । ਲਹਿਣਾ ਦੇਣ ਚੁਕਾਏ ਆਣ ਬਾਟਾ, ਮਾਤ ਗਰਭ ਫੇਰ ਨਾ ਆਈਆ । ਅਗੇ ਰੱਖੀ ਨੇੜੇ ਵਾਟਾ, ਪਿਛਲਾ ਪੰਧ ਰਹਿਣ ਨਾ ਪਾਈਆ । ਲਹਿਣਾ ਦੇਣਾ ਮੁਕਾਏ ਤੀਰਥ ਤਾਟਾ, ਅਠਸਠ ਨਹਾਵਣ ਕੋਇ ਨਾ ਜਾਈਆ । ਬਜਰ ਕਪਾਟੀ ਜਿਸ ਜਨ ਪੜਦਾ ਪਾਟਾ, ਗੰਗਾ ਗੋਦਾਵਰੀ ਸੁਰਸਤੀ ਜਮਨਾ ਵਗਣ ਵਾਹੋ ਦਾਹੀਆ । ਪਾਰਬ੍ਰਹਮ ਪ੍ਰਭ ਮਿਲਿਆ ਮੀਤਾ, ਗੋਬਿੰਦ ਆਪਣੀ ਗੋਦ ਉਠਾਈਆ । ਹਰਿ ਚਰਨ ਕਵਲ ਬੰਧਾਇਆ ਸਾਚਾ ਨਾਤਾ, ਨਾ ਕੋਈ ਤੋੜੇ ਤੋੜ ਤੁੜਾਈਆ । ਮੇਟੇ ਰੈਣ ਅੰਧੇਰੀ ਰਾਤਾ, ਸਾਚਾ ਚੰਦ ਇਕ ਚੜ੍ਹਾਈਆ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥਾ, ਕਾਇਆ ਮਾਟੀ ਲੇਖੇ ਲਾਈਆ । ਅੰਤਮ ਵੇਲੇ ਪੁੱਛੇ ਵਾਤਾ, ਸਤਿਗੁਰ ਪੂਰੇ ਹੱਥ ਵਡਿਆਈਆ । ਦੋ ਜਹਾਨਾਂ ਹੋਵੇ ਰਾਖਾ, ਆਪਣੀ ਸੇਵਾ ਆਪ ਕਮਾਈਆ । ਸਰਬ ਕਲਾ ਆਪੇ ਸਮਰਾਥਾ, ਹਰਿਜਨ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਜੋਤੀ ਜੋਤ ਲਏ ਮਲਾਈਆ ।

## ੨੨ ਕੱਤਕ ੨੦੧੯ ਬਿਕ੍ਰਮੀ ਮਲ ਸਿੰਘ ਦੇ ਗ੍ਰਿਹਿ ਪਿੰਡ ਲੱਲੀਆਂ ਕਲਾ ਜ਼ਿਲਾ ਜਲੰਧਰ

ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਹਰਿ ਪੁਰਖ ਨਿਰੰਜਣ ਆਪ ਉਪਾਈਆ । ਏਕੰਕਾਰਾ ਰੂਪ ਨਿਰਾਕਾਰ, ਰੂਪ ਰੰਗ ਨਾ ਕੋਇ ਜਣਾਈਆ । ਆਦਿ ਨਿਰੰਜਣ ਹੋ ਉਜਿਆਰ, ਜੋਤੀ ਨੂਰ ਡਗਮਗਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਸ੍ਰੀ ਭਗਵਾਨ ਵੱਡੀ ਵਡਿਆਈਆ । ਪਾਰਬ੍ਰਹਮ ਪ੍ਰਭ ਖੋਲ੍ਹ ਕਿਵਾੜ, ਦਰ ਦਰਵਾਜਾ ਆਪ ਖੁਲ੍ਹਾਈਆ । ਸੁੱਤ ਦੁਲਾਰਾ ਕਰ ਪਿਆਰ, ਸਾਚੇ ਸ਼ਬਦ ਵੱਜੇ ਵਧਾਈਆ । ਬ੍ਰਹਮ ਰੂਪ ਪਰਗਟ ਵਿਚ ਸੰਸਾਰ, ਆਪ ਆਪਣਾ ਵੇਸ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰ, ਆਪ ਆਪਣੀ ਬੂਝ ਬੁਝਾਈਆ । ਤ੍ਰੈਗੁਣ ਮਾਇਆ ਰੰਗ ਕਰਤਾਰ, ਪੰਚਮ ਨਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਕਰਨੀ ਕਰੇ ਕਾਰ, ਕਰਤਾ ਪੁਰਖ ਵਡ ਵਡਿਆਈਆ । ਅਜੂਨੀ ਰਹਿਤ ਹੋ ਤਿਆਰ, ਲੱਖ ਚੁਰਾਸੀ ਡੇਰਾ ਲਾਈਆ । ਅੰਦਰ ਬਾਹਰ ਗੁਪਤ ਜ਼ਾਹਰ, ਭੇਵ ਅਭੇਦਾ ਭੇਵ ਛੁਪਾਈਆ । ਕਮਲਾਪਾਤੀ ਮੀਤ ਮੁਰਾਰ, ਦੀਪਕ ਬਾਤੀ ਇਕ ਜਗਾਈਆ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਧਾਰ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਵੇਸ ਵਟਾਈਆ । ਆਦਿ ਜੁਗਾਦੀ ਇਕ ਇਕੱਲਾ, ਏਕਾ ਰੰਗ ਸਮਾਇੰਦਾ । ਸੋ ਪੁਰਖ ਨਿਰੰਜਣ ਵਸੇ ਸਚ ਮਹੱਲਾ, ਸਚਖੰਡ ਦਵਾਰ ਸੋਭਾ ਪਾਇੰਦਾ ।

ਹਰਿ ਪੁਰਖ ਨਿਰੰਜਣ ਸਚ ਸਿੰਘਾਸਣ ਏਕਾ ਮੱਲਾ, ਥਿਰ ਘਰ ਆਪਣਾ ਆਪ ਉਪਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਜੋਤੀ ਨੂਰ ਡਗਮਗਾਇੰਦਾ । ਵਸੇ ਨਿਹਚਲ ਧਾਮ ਅਟੱਲਾ, ਉਚ ਅਗੰਮ ਅਥਾਹ, ਬੇਪਰਵਾਹ ਭੇਵ ਨਾ ਆਇੰਦਾ । ਪਾਰਬ੍ਰਹਮ ਆਪ ਉਪਾਏ ਆਪਣਾ ਨਾਂ, ਆਪ ਏਕਾ ਨਾਅਰਾ ਲਾਇੰਦਾ । ਸਾਚਾ ਨਾਉਂ ਨਿਰੰਕਾਰ ਰਖਾ, ਹਰ ਘਟ ਨਾਮ ਨਾਮਾ ਸ਼ਬਦ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਆਕਾਸ਼ ਪਰਕਾਸ਼ ਵੇਖ ਵਖਾਇੰਦਾ । ਰਵ ਸਸ ਤਾਰਾ ਮੰਡਲ ਦਏ ਲਟਕਾ, ਆਪ ਆਪਣਾ ਬੰਧਨ ਪਾਇੰਦਾ । ਧਰਤ ਧਵਲ ਜਲ ਬਿੰਬ ਰਖਾ, ਅਗਨੀ ਜਲ ਮੇਲ ਮਿਲਾਇੰਦਾ । ਪਵਣ ਪਵਣੀ ਰਿਹਾ ਸਮਾ, ਦਿਸ ਕਿਸੇ ਨਾ ਆਇੰਦਾ । ਆਪਣੀ ਬਖ਼ਸ਼ੇ ਆਪ ਸਲਾਹ, ਆਪਣਾ ਮਤਾ ਆਪ ਪਕਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਨਿਰਗੁਣ ਬੇੜਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਭੇਵ ਖੁਲ੍ਹਾਇੰਦਾ । ਆਪਣਾ ਭੇਵ ਆਪੇ ਖੋਲ੍ਹ, ਹਰਿ ਸਾਚੇ ਸ਼ਬਦ ਜਣਾਈਆ । ਸਚ ਦਵਾਰੇ ਵੱਜੇ ਢੋਲ, ਆਪਣਾ ਨਾਅਰਾ ਆਪ ਲਗਾਈਆ । ਆਪਣੇ ਕੰਡੇ ਆਪੇ ਤੋਲ, ਏਕਾ ਤੋਲਾ ਬਣੇ ਬੇਪਰਵਾਹੀਆ । ਲੱਖ ਚੁਰਾਸੀ ਜਾਏ ਮੌਲ, ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਈਆ । ਅੰਮ੍ਰਿਤ ਭਰੇ ਸਾਚੇ ਕਵਲ, ਨਾਭੀ ਮੁਖੀ ਆਪ ਭੁਆਈਆ । ਲੇਖਾ ਜਾਣੇ ਧਰਤ ਧਵਲ ਧੌਲ, ਧਰਤ ਧਰਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਹਰਿ ਨਿਰੰਕਾਰ, ਹਰਿ ਪੁਰਖ ਨਿਰੰਜਣ ਸੇਵਾਦਾਰ, ਏਕੰਕਾਰ ਕਰ ਪਸਾਰ, ਆਦਿ ਨਿਰੰਜਣ ਜੋਤ ਉਜਿਆਰ, ਅਬਿਨਾਸ਼ੀ ਕਰਤਾ ਭਰ ਭੰਡਾਰ, ਸ੍ਰੀ ਭਗਵਾਨ ਦਏ ਆਧਾਰ, ਪਾਰਬ੍ਰਹਮ ਵਰਤੇ ਵਰਤਾਵੇ ਵਿਚ ਸੰਸਾਰ, ਬ੍ਰਹਮਾ ਬ੍ਰਹਮ ਬ੍ਰਹਮ ਦਏ ਹੁਲਾਰ, ਸਚ ਹੁਲਾਰਾ ਆਪ ਵਖਾਈਆ । ਬ੍ਰਹਮਾ ਉਪੰਨਿਆ ਹਰਿ ਨਿਰੰਕਾਰ, ਬ੍ਰਹਮ ਵੇਤਾ ਵੇਸ ਵਟਾਇੰਦਾ । ਚੜ੍ਹਿਆ ਚੰਨਿਆ ਵਿਚ ਸੰਸਾਰ, ਸਾਚਾ ਮਾਰਗ ਆਪੇ ਲਾਇੰਦਾ । ਦੋ ਜਹਾਨੀ ਭਰੇ ਭੰਡਾਰ, ਏਕੰਕਾਰਾ ਨਿਰਗੁਣ ਸਰਗੁਣ ਵੇਸ ਵਟਾਇੰਦਾ । ਛੱਪਰ ਛੰਨਿਆਂ ਵਸਿਆ ਨਾ ਕਿਸੇ ਮਹੱਲ ਮਨਾਰ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਘਰ ਮੰਦਰ ਸੋਹੇ ਇਕ ਘਰ ਬਾਰ, ਸਚਖੰਡ ਬੈਠਾ ਆਸਣ ਲਾਇੰਦਾ । ਥਿਰ ਘਰ ਬੈਠਾ ਮੀਤ ਮੁਰਾਰ, ਗੁਰ ਚੇਲਾ ਨਾ ਕੋਇ ਸੁਹਾਇੰਦਾ । ਆਪ ਆਪਣੀ ਜਾਣ ਕਾਰ, ਆਪਣੀ ਕਲ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਬ੍ਰਹਿਮਾਦਿ ਪਾਰਬ੍ਰਹਮ ਆਪ ਖਿਲਾਇੰਦਾ । ਖੇਲੇ ਖੇਲਣਹਾਰ ਅਗੰਮ ਅਪਾਰ, ਪੁਰਖ ਅਗੰਮਾ ਵੱਡੀ ਵਡਿਆਈਆ । ਆਪੇ ਜਾਣੇ ਆਪਣਾ ਕੰਮਾ, ਜੁਗ ਜੁਗ ਆਪਣੀ ਰਚਨ ਰਚਾਈਆ । ਆਪੇ ਸੇਵਾ ਲਾਵੇ ਸੂਰਜ ਚੰਨਾ, ਹੁਕਮੀ ਹੁਕਮ ਸਰਬ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲ ਏਕਾ ਏਕ ਏਕ ਅਖਵਾਈਆ । ਏਕਾ ਏਕ ਏਕ ਪਸਾਰਾ, ਆਦਿ ਜੁਗਾਦਿ ਕਰਾਇੰਦਾ । ਏਕਾ ਰੂਪ ਅਨੂਪ ਨਿਰਾਕਾਰਾ, ਨਿਰਗੁਣ ਨਾਉਂ ਧਰਾਇੰਦਾ । ਏਕਾ ਜੋਤ ਜੋਤ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਏਕਾ ਬ੍ਰਹਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਆਪ ਹੋ ਜਾਇੰਦਾ । ਏਕਾ ਵਣਜ ਵਣਜ ਵਣਜਾਰਾ, ਚੌਦਾਂ ਲੋਕਾਂ ਏਕਾ ਹੱਟ ਖੁਲ੍ਹਾਇੰਦਾ । ਏਕਾ ਮੰਦਰ ਇਕ ਦਵਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਆਪ ਪਸਾਰਾ, ਏਕਾ ਵੇਖ ਵਖਾਇੰਦਾ । ਏਕਾ ਸ਼ਬਦ ਇਕ ਧੁਨਕਾਰਾ, ਅਨਹਦ ਸ਼ਬਦ ਤਾਲ ਵਜਾਇੰਦਾ । ਏਕਾ ਰਾਗ ਰਾਗਨੀ ਪਾਵੇ ਸਾਰਾ, ਘਰ ਮੰਗਲ ਏਕਾ ਗਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਨਾਉਂ ਧਰਾਇੰਦਾ । ਅਬਿਨਾਸ਼ੀ ਕਰਤਾ ਏਕਾ ਮੀਤਾ, ਏਕਾ ਰੰਗ ਸਮਾਇਆ । ਸਚਖੰਡ ਵਸੇ ਇਕ ਅਤੀਤਾ, ਦਿਸ ਕਿਸੇ ਨਾ ਆਇਆ । ਥਿਰ ਘਰ ਨਿਵਾਸੀ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਇਆ । ਆਦਿ ਜੁਗਾਦੀ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਦਿਸਾਇਆ । ਜੁਗਾ ਜੁਗੰਤਰ ਜਾਣੇ ਆਪਣੀ ਰੀਤਾ, ਦੂਸਰ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਇਆ । ਜੁਗਾ ਜੁਗੰਤਰ ਸਾਚੀ ਕਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਖੇਲੇ ਖੇਲ ਅਪਾਰ, ਏਕੰਕਾਰਾ ਵੇਖ ਵਖਾਈਆ । ਜੋਤ ਨਿਰੰਜਣ ਹੋ ਉਜਿਆਰ, ਆਦਿ ਨਿਰੰਜਣ ਦਏ ਸਲਾਹੀਆ । ਸ੍ਰੀ ਭਗਵਾਨ ਪਾਏ ਸਾਰ, ਪੁਰਖ ਅਬਿਨਾਸ਼ ਵੱਡੀ ਵਡਿਆਈਆ । ਪਾਰਬ੍ਰਹਮ ਬ੍ਰਹਮ ਭਰ ਭੰਡਾਰ, ਬ੍ਰਹਮਾ ਵਿਸ਼ਨ ਸ਼ਿਵ ਲੇਖ ਲਿਖਾਈਆ । ਸਾਚੇ ਮੰਦਰ ਖੇਲ ਨਿਰਾਕਾਰ, ਸਚਖੰਡ ਦਵਾਰ ਵੱਜੇ ਵਧਾਈਆ । ਗੁਣਵੰਤਾ ਗਾਏ ਆਪਣੀ ਵਾਰ, ਆਪਣਾ ਢੋਲਾ ਆਪ ਅਲਾਈਆ । ਆਪੇ ਹੋਏ ਸੁਣਨੇਹਾਰ, ਰਸ ਰਸੀਆ ਸਾਚਾ ਮਾਹੀਆ । ਕੋਟਨ ਕੋਟ ਬ੍ਰਹਿਮੰਡ ਖੰਡ ਮਹੱਲ ਉਸਾਰ, ਵੇਖਣਹਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪਰਕਾਸ਼ ਪ੍ਰਿਥਮੀ ਆਕਾਸ਼ ਆਪ ਕਰਾਈਆ । ਪ੍ਰਿਥਮੀ ਆਕਾਸ਼ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਆਪਣਾ ਦਰ ਆਪੇ ਮੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਪਵਣੀ ਪਵਣ ਸਮਾਇੰਦਾ । ਨਾਮ ਸੁਨੇਹੜਾ ਏਕਾ ਘੱਲਾ, ਜੁਗ ਜੁਗ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅਨਾਦੀ ਏਕਾ ਨਾਦ ਵਜਾਇੰਦਾ । ਸਾਚਾ ਨਾਦ ਸ਼ਬਦ ਧੁੰਨਕਾਰ, ਸੋ ਪੁਰਖ ਨਿਰੰਜਣ ਆਪ ਵਜਾਈਆ । ਹਰਿ ਪੁਰਖ ਨਿਰੰਜਣ ਸੇਵਾਦਾਰ, ਏਕੰਕਾਰਾ ਵੇਖ ਵਖਾਈਆ । ਆਦਿ ਨਿਰੰਜਣ ਹੋਏ ਖ਼ਬਰਦਾਰ, ਸ੍ਰੀ ਭਗਵਾਨ ਆਪ ਉਠਾਈਆ । ਪੁਰਖ ਅਬਿਨਾਸ਼ੀ ਵਖਾਏ ਇਕ ਨਿਸ਼ਾਨ, ਪਾਰਬ੍ਰਹਮ ਰਿਹਾ ਝੁਲਾਈਆ । ਸਚਖੰਡ ਦਵਾਰ ਬੋਲ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਥਿਰ ਘਰ ਵਾਸੀ ਮੀਤ ਮੁਰਾਰ, ਗੀਤ ਸੁਹਾਗੀ ਏਕਾ ਗਾਈਆ । ਬ੍ਰਹਮ ਬ੍ਰਹਮ ਬ੍ਰਹਮ ਤੇਰੀ ਧਾਰ, ਹਰਿ ਆਪਣੀ ਬਿੰਦ ਉਪਜਾਈਆ । ਵਿਸ਼ਨੂੰ ਕਰਿਆ ਸੇਵਾਦਾਰ, ਦੇਵੇ ਰਿਜ਼ਕ ਸਬਾਈਆ । ਬ੍ਰਹਮਾ ਮੰਗੇ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਰਤਾ ਧਾਰ, ਦੇ ਮਤ ਰਿਹਾ ਸਮਝਾਈਆ । ਲੱਖ ਚੁਰਾਸੀ ਕਰ ਤਿਆਰ, ਆਪਣੀ ਵੰਡ ਆਪ ਵੰਡਾਈਆ । ਉਤਭੁਜ ਸੇਤਜ ਭਰੇ ਭੰਡਾਰ, ਜੇਰਜ ਅੰਡ ਵੇਖ ਵਖਾਈਆ । ਮਨ ਮਤ ਬੁਧ ਕਰ ਪਿਆਰ, ਚਤੁਰਭੁਜ ਮੇਲ ਮਿਲਾਈਆ । ਭੇਵ ਗੁਝ ਕਾਇਆ ਵਿਚ ਸੰਸਾਰ, ਹਰਿ ਸਾਚਾ ਆਪ ਰਖਾਈਆ । ਨੌਂ ਦਵਾਰੇ ਜਗਤ ਕਿਵਾੜ, ਜਗਤ ਕਾਇਆ ਗੜ੍ਹ ਸੁਹਾਈਆ । ਘਰ ਵਿਚ ਘਰ ਕਰ ਤਿਆਰ, ਆਪਣਾ ਤਾਕ ਬੰਦ ਵਖਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਵੇਦ ਕਤੇਬ ਭੇਵ ਨਾ ਪਾਈਆ । ਸੰਤ ਸੁਹੇਲੇ ਲਏ ਉਭਾਰ, ਹਰਿ ਭਗਤ ਦਏ ਵਡਿਆਈਆ । ਏਕਾ ਰਾਗ ਸੁਣਾਏ ਸੁਨਾਵਣਹਾਰ, ਗੀਤ ਸੁਹਾਗੀ ਆਪੇ ਗਾਈਆ । ਅੰਦਰ ਮੰਦਰ ਖੋਲ੍ਹ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਾਂਤਕ ਸਤਿ ਸਤਿ ਵਰਤਾਈਆ । ਨਿਰਭੈ ਰੂਪ ਹਰਿ ਵਰਤੇ ਵਿਚ ਸੰਸਾਰ, ਪੁਰਖ ਅਕਾਲ ਵੱਡੀ ਵਡਿਆਈਆ । ਆਤਮ ਸੇਜਾ ਕਰ ਪਿਆਰ, ਗੁਰਮੁਖ ਸਾਜਣ ਲਏ ਮਿਲਾਈਆ । ਪੰਚਮ ਸਖੀਆਂ ਮੇਲਾ ਅਗੰਮ ਅਪਾਰ, ਘਰ ਸਾਚੇ ਵੱਜੇ ਵਧਾਈਆ । ਸੁਹੰਜਣੀ ਸੇਜਾ

੧੧੯੪
੦੮

੧੧੯੫
੦੮

ਵੇਖੇ ਆਪ ਨਿਰੰਕਾਰ, ਫੁਲ ਫੁਲਵਾੜੀ ਆਪ ਮਹਿਕਾਈਆ । ਅੰਗਣ ਲਾਏ ਸਾਚੀ ਨਾਰ, ਕੰਤ ਕੰਤੂਹਲ ਹੋਏ ਸਹਾਈਆ । ਨਾਮ ਝੂਲਾ ਅਪਰ ਅਪਾਰ, ਹਰਿਜਨ ਸਾਚੇ ਦਏ ਝੁਲਾਈਆ । ਆਪੇ ਸਭ ਤੋਂ ਵਸਿਆ ਬਾਹਰ, ਸ਼ੰਕਰ ਇਹ ਸਮਝਾਈਆ । ਬਾਲ ਨਿਦਾਨੇ ਹੋਣਾ ਖ਼ਬਰਦਾਰ, ਤੇਰੀ ਸੇਵਕ ਸੇਵਾ ਵੇਖ ਵਖਾਈਆ । ਜੋ ਉਪਜੇ ਸੋ ਦਏ ਸੰਘਾਰ, ਥਿਰ ਕੋਇ ਰਹਿਣ ਨਾ ਪਾਈਆ । ਤੇਰਾ ਲੇਖਾ ਹੱਥ ਕਰਤਾਰ, ਦੂਸਰ ਹੱਥ ਨਾ ਕਿਸੇ ਫੜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਚਲਦਾ ਰਹੇ ਭੰਡਾਰ, ਤੇਰੀ ਕੀਤੀ ਨਾ ਕੋਇ ਉਲਟਾਈਆ । ਅੰਤਮ ਵੇਖੇ ਵੇਖਣਹਾਰ, ਪੁਰਖ ਅਬਿਨਾਸ਼ੀ ਨਿਰਗੁਣ ਆਪਣਾ ਦੀਪ ਜਗਾਈਆ । ਪਹਿਲਾ ਵਿਸ਼ਨੂੰ ਕਰੇ ਪਿਆਰ, ਆਪ ਆਪਣੇ ਅੰਗ ਲਗਾਈਆ । ਦੂਜੇ ਬ੍ਰਹਮੇ ਦਏ ਹੁਲਾਰ, ਇਕੱਤਰ ਮਨਵੰਤਰ ਮੂਲ ਚੁਕਾਈਆ । ਸ਼ੰਕਰ ਤੇਰਾ ਬੇੜਾ ਪਾਰ, ਹਰਿ ਸਤਿਗੁਰ ਆਪ ਕਰਾਈਆ । ਇੰਦਰ ਰੋਵੇ ਜ਼ਾਰੋ ਜ਼ਾਰ, ਤਖ਼ਤ ਤਾਜ ਸੀਸ ਨਾ ਪਾਈਆ । ਕਰੋੜ ਤੇਤੀਸਾ ਹਾਹਾਕਾਰ, ਨੇਤਰ ਨੈਣ ਨੀਰ ਰਹੇ ਵਹਾਈਆ । ਪੁਰਖ ਅਬਿਨਾਸ਼ੀ ਮਾਰਨਹਾਰਾ ਆਪਣੀ ਮਾਰ, ਸ਼ਬਦ ਖੰਡਾ ਹੱਥ ਉਠਾਈਆ । ਭੋਗ ਬਲਾਸ ਨਾ ਕਰੇ ਕੋਈ ਵਿਹਾਰ, ਸਾਚੀ ਰਾਸ ਨਾ ਕੋਇ ਰਚਾਈਆ । ਅਬਿਨਾਸ਼ੀ ਕਰਤਾ ਕਰੇ ਖੇਲ ਆਪੇ ਆਦਿ ਜੁਗਾਦਿ, ਭੇਵ ਕੋਇ ਨਾ ਪਾਈਆ । ਸਾਧ ਸੰਤ ਬੇਅੰਤ ਕਹਿ ਕਹਿ ਗਏ ਹਾਰ, ਲੇਖਾ ਲੇਖ ਨਾ ਕੋਇ ਲਿਖਾਈਆ । ਚਾਰੇ ਵੇਦ ਕਰਨ ਪੁਕਾਰ, ਪੁਰਾਨ ਅਠਾਰਾਂ ਰਹੇ ਗਾਈਆ । ਸ਼ਾਸਤਰ ਸਿਮਰਤ ਨਾ ਕਰ ਸਕੇ ਵਿਚਾਰ, ਲੇਖਾ ਲੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੋਧ ਅਗਾਧਾ ਹਰਿ ਬ੍ਰਹਿਮਾਦਾ ਸ਼ਬਦ ਅਨਾਦਾ, ਆਦਿ ਅਨਾਦਿ ਜੁਗ ਜੁਗ ਆਪਣਾ ਤਾਲ ਵਜਾਇੰਦਾ । ਸ਼ਬਦ ਨਾਦ ਹਰਿ ਸੱਚਾ ਨਾਦ, ਏਕਾ ਆਪ ਵਜਾਇੰਦਾ । ਜੁਗਾ ਜੁਗੰਤਰ ਸੰਤ ਸੁਹੇਲੇ ਆਪੇ ਲਾਧ, ਆਪ ਆਪਣਾ ਮੇਲ ਮਿਲਾਇੰਦਾ । ਆਪੇ ਰਾਮਾ ਮੋਹਨ ਰੂਪ ਵਟਾਏ ਮਾਧਵ ਮਾਧ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਅਖਵਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਆਪਣਾ ਸਾਜਣ ਸਾਜ, ਨਾਮ ਬੰਸਰੀ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਕਰ ਪਸਾਰਾ, ਖੇਲੇ ਖੇਲ ਅਗੰਮ ਅਪਾਰਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜੁਗਾ ਜੁਗੰਤਰ ਭੇਵ ਖੁਲ੍ਹਾਇਆ, ਹਰਿ ਵੱਡਾ ਵਡ ਵਡਿਆਈਆ । ਸਤਿਜੁਗ ਸਾਚਾ ਮਾਤ ਧਰਾਇਆ, ਆਦਿ ਪੁਰਖ ਸੇਵ ਕਮਾਈਆ । ਸਤਿ ਪੁਰਖ ਨਿਰੰਜਣ ਜੋਤ ਜਗਾਇਆ, ਘਰ ਸਾਚੇ ਸੋਭਾ ਪਾਈਆ । ਸਾਰ ਸ਼ਬਦ ਕਰੇ ਕੁੜਮਾਇਆ, ਏਕਾ ਰੰਗ ਰੰਗਾਈਆ । ਸਚਖੰਡ ਦਵਾਰਾ ਇਕ ਸੁਹਾਏ, ਸਚ ਸਿੰਘਾਸਣ ਆਸਣ ਲਾਈਆ । ਸ਼ਾਹੋ ਭੂਪ ਵਡ ਰਾਜਨ ਰਾਜ ਨਾਉਂ ਧਰਾਏ, ਆਪ ਆਪਣੀ ਦਇਆ ਕਮਾਈਆ । ਦਰ ਦਰਬਾਨ ਹਰਿ ਭਗਵਾਨ ਚੋਬਦਾਰ ਨਾ ਕੋਈ ਰਖਾਏ, ਸੀਸ ਜਗਦੀਸ ਨਾ ਕੋਇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਖੇਲ ਖਿਲਾਏ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਖੇਲ ਤਮਾਸ਼ਾ ਮੰਡਲ ਰਾਸਾ, ਜੁਗ ਜੁਗ ਆਪਣੀ ਰਚਨ ਰਚਾਇੰਦਾ । ਪ੍ਰਿਥਮੀ ਆਕਾਸ਼ਾ ਘਟ ਘਟ ਵਾਸਾ, ਪਵਣ ਸਵਾਸਾ ਲੱਖ ਚੁਰਾਸੀ ਆਪ ਚਲਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸਾ, ਜਨ ਭਗਤਾਂ ਹੋਏ ਦਾਸੀ ਦਾਸਾ, ਲੇਖਾ ਜਾਣੇ ਦਸ ਦਸ ਮਾਸਾ, ਮਾਤ ਗਰਭ ਵੇਖ ਵਖਾਇੰਦਾ । ਰਵ ਸਸ ਜੋਤ ਪਰਕਾਸ਼ਾ, ਬ੍ਰਹਮਾ ਵਿਸ਼ਨ ਸ਼ਿਵ ਰੱਖਣ ਆਸਾ, ਕਰੋੜ ਤੇਤੀਸਾ ਖਾਲੀ ਕਾਸਾ, ਅੰਮ੍ਰਿਤ ਆਪਣਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਰ ਸਾਚਾ ਹਰਿ ਕਿਰਪਾ ਕਰ,

ਆਪੇ ਆਪ ਸੁਹਾਇੰਦਾ । ਕਿਰਪਾ ਨਿਧ ਗਹਿਰ ਗੁਣ ਸਾਗਰ, ਸਤਿਗੁਰ ਪੁਰਖ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਨਿਰਮਲ ਕਰਮ ਕਰੇ ਉਜਾਗਰ, ਕਲਜੁਗ ਵੇਲਾ ਅੰਤਮ ਆਇੰਦਾ । ਗੁਰਮੁਖਾਂ ਦੇਵੇ ਨਾਮ ਰੱਤੀ ਰਤਨਾਗਰ, ਸਾਚੇ ਕੰਡੇ ਤੋਲ ਤੁਲਾਇੰਦਾ । ਲੱਖ ਚੁਰਾਸੀ ਜੂਠ ਝੂਠ ਕਰਿਆ ਵਣਜ ਸੌਦਾਗਰ, ਸਾਚਾ ਵਣਜ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਨਾਮ ਵਜਾਇੰਦਾ । ਸਾਚਾ ਡੰਕਾ ਹਰਿ ਭਗਵਾਨ, ਏਕਾ ਏਕ ਵਜਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਫੇਰਾ ਪਾਈਆ । ਆਦਿ ਜੁਗਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਨਵ ਸਤ ਖੇਲ ਸ੍ਰੀ ਭਗਵਾਨ, ਜੇਰਜ ਅੰਡ ਫੋਲ ਫੁਲਾਈਆ । ਹਰਿਜਨ ਸਾਚੇ ਦੇਵੇ ਮਾਣ, ਘਰ ਮੇਲਾ ਸਹਿਜ ਸੁਭਾਈਆ । ਸਖੀਆਂ ਮੇਲਾ ਗੋਪੀ ਕਾਹਨ, ਮੰਡਲ ਰਾਸ ਇਕ ਰਚਾਈਆ । ਮਨਮੁਖਾਂ ਮਾਰੇ ਏਕਾ ਬਾਣ, ਤਿਖੀ ਧਾਰ ਆਪ ਰਖਾਈਆ । ਜੋ ਜਨ ਹਿਰਦੇ ਹਰਿ ਹਰਿ ਗਾਣ, ਅੰਤਰ ਮੇਲਾ ਮੇਲ ਮਿਲਾਈਆ । ਏਕਾ ਬਖ਼ਸ਼ੇ ਪਦ ਨਿਰਬਾਨ, ਘਰ ਚੌਥਾ ਆਪ ਸੁਹਾਈਆ । ਤੀਜੇ ਨੇਤਰ ਇਕ ਗਿਆਨ, ਦਿਬ ਨੇਤਰ ਵੇਖ ਵਖਾਈਆ । ਏਕਾ ਦੂਜਾ ਚੁੱਕੇ ਕਾਣ, ਹਉਮੇ ਹੰਗਤਾ ਰਹਿਣ ਨਾ ਪਾਈਆ । ਸਤਿ ਸਤਿਵਾਦੀ ਦੇਵੇ ਮਾਣ, ਦਰ ਸਾਚਾ ਇਕ ਵਖਾਈਆ । ਹੋਏ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚੇ ਸ਼ਬਦ ਵਿਚੋਲਾ, ਗੁਰ ਸਤਿਗੁਰ ਨਾਉਂ ਧਰਾਇਆ । ਏਕੰਕਾਰ ਏਕਾ ਅੱਖਰ ਆਪੇ ਬੋਲਾ, ਸੋ ਪੁਰਖ ਨਿਰੰਜਣ ਤਾਲ ਵਜਾਇਆ । ਹੰ ਬ੍ਰਹਮ ਸਾਚੇ ਕੰਡੇ ਤੋਲਾ, ਤੋਲਣਹਾਰਾ ਦਿਸ ਨਾ ਆਇਆ । ਘਟ ਘਟ ਅੰਦਰ ਆਪੇ ਮੌਲਾ, ਰੂਪ ਅਨੂਪਾ ਆਪ ਵਟਾਇਆ । ਲੇਖਾ ਜਾਣੇ ਧਰਨੀ ਧਰਤ ਧਵਲਾ, ਜ਼ਿਮੀ ਅਸਮਾਨਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਅਵੱਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪਾਵੇ ਸਾਰ ਰਾਣੀ ਅੱਲਾ, ਚੌਦਾਂ ਤਬਕਾਂ ਵੇਖ ਵਖਾਈਆ । ਸੰਗ ਮੁਹੰਮਦ ਚਾਰ ਯਾਰ ਗਿਆ ਛੱਲਾ, ਅਛਲ ਛਲ ਆਪਣਾ ਖੇਲ ਖਿਲਾਈਆ । ਈਸਾ ਮੂਸਾ ਹੋਇਆ ਝੱਲਾ, ਚਾਰੋਂ ਕੁੰਟ ਦਏ ਦੁਹਾਈਆ । ਬਿਸਮਲ ਰੂਪ ਬਿਸਮਿੱਲਾ, ਹਰਿ ਸਾਚਾ ਵੇਖ ਵਖਾਈਆ । ਤਨ ਛੁਹਾਏ ਬਸਤਰ ਨੀਲਾ, ਨੀਲੇ ਵਾਲਾ ਬੇਪਰਵਾਹੀਆ । ਰਸਨਾ ਪਕੜੇ ਸਾਚਾ ਚਿੱਲਾ, ਸਚ ਕਮਾਨ ਖਿਚਾਈਆ । ਨਵ ਖੰਡ ਸੱਤ ਦੀਪ ਡੇਰਾ ਮੱਲਾ, ਧੀਰਜ ਧੀਰ ਨਾ ਕੋਇ ਧਰਾਈਆ । ਕੋਈ ਨਾ ਦਿਸੇ ਕਿਲਾ ਕੋਟ ਉਚਾ ਮੰਦਰ ਟਿੱਲਾ, ਚਾਰ ਦੀਵਾਰੀ ਦਿਸ ਨਾ ਆਈਆ । ਪਾਵੇ ਸਾਰ ਕੱਕਾ ਬਿੱਲਾ, ਪਾਰਬ੍ਰਹਮ ਵੇਸ ਵਟਾਈਆ । ਜਨ ਭਗਤਾਂ ਅੰਦਰੇ ਅੰਦਰ ਮਿਲਾ, ਜੋਤੀ ਜੋਤ ਜੋਤ ਰੁਸ਼ਨਾਈਆ । ਕਵਲ ਨਾਭੀ ਫੁਲ ਖਿਲਾ, ਫੁਲ ਫੁਲਵਾੜੀ ਆਪ ਮਹਿਕਾਈਆ । ਬਜਰ ਕਪਾਟੀ ਤੋੜੇ ਸਿਲਾ, ਸ਼ਬਦ ਅਗੰਮੀ ਚੋਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਹਰਖ ਸੋਗ ਨਾ ਕੋਇ ਜਣਾਈਆ । ਹਰਖ ਸੋਗ ਤੁਟੇ ਨਾਤਾ, ਜਿਸ ਜਨ ਸਤਿਗੁਰ ਸੱਚਾ ਪਾਇਆ । ਚਰਨ ਕਵਲ ਬੰਧਾਏ ਸਾਚਾ ਨਾਤਾ, ਵਿਛੜ ਕਦੇ ਨਾ ਜਾਇਆ । ਆਪ ਸੁਣਾਏ ਸਾਚੀ ਗਾਥਾ, ਏਕਾ ਮੰਤਰ ਨਾਮ ਦ੍ਰਿੜਾਇਆ । ਲਹਿਣਾ ਦੇਣਾ ਚੁੱਕੇ ਤੀਰਥ ਤਾਟਾ, ਸਰ ਸਰੋਵਰ ਇਕ ਨਹਾਇਆ । ਪੂਰਬ ਜਨਮਾਂ ਕਰੇ ਪੂਰਾ ਘਾਟਾ, ਅਗਲਾ ਲੇਖਾ ਲੇਖ ਬਣਾਇਆ । ਇਕ ਜਣਾਈ ਪੂਜਾ ਪਾਠਾ, ਇਸ਼ਟ ਦੇਵ ਇਕ ਵਖਾਇਆ ।


੧੧੯੬
੦੮

ਏਕਾ ਜੋਤ ਨਿਰਗੁਣ ਜਗੇ ਲਲਾਟਾ, ਅਗਿਆਨ ਅੰਧੇਰ ਗਵਾਇਆ । ਏਕਾ ਪੀਣਾ ਏਕਾ ਖਾਣਾ, ਏਕਾ ਰੂਪ ਨਜ਼ਰੀ ਆਇਆ । ਏਕਾ ਅੰਮ੍ਰਿਤ ਏਕਾ ਬਾਟਾ, ਏਕਾ ਜਾਮ ਪਿਆਇਆ । ਏਕਾ ਪੁਰਖ ਪੁਰਖ ਅਬਿਨਾਸ਼ਾ, ਏਕਾ ਸਾਚੇ ਮੇਲ ਮਿਲਾਇਆ । ਜਨ ਭਗਤਾਂ ਹੋਏ ਦਾਸੀ ਦਾਸਾ, ਜੁਗ ਜੁਗ ਆਪਣਾ ਬਿਰਧ ਧਰਾਇਆ । ਨਿਜ ਆਤਮ ਰਖੇ ਸਦਾ ਵਾਸਾ, ਨਿਰਗੁਣ ਸਰਗੁਣ ਵੇਖ ਵਖਾਇਆ । ਜੋ ਜਨ ਗਾਏ ਸਵਾਸ ਸਵਾਸਾ, ਸੋਹੰ ਰੂਪ ਆਪ ਬਣ ਜਾਇਆ । ਹੰ ਬ੍ਰਹਮ ਹਰਿ ਖੇਲ ਤਮਾਸ਼ਾ, ਸੋ ਪੁਰਖ ਨਿਰੰਜਣ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ । ਨਰ ਨਰਾਇਣ ਪੁਰਖ ਅਕਾਲ, ਏਕਾ ਏਕ ਅਖਵਾਇੰਦਾ । ਪਰਗਟ ਹੋਇਆ ਦੀਨ ਦਿਆਲ, ਲੋਕਮਾਤ ਵੇਸ ਵਟਾਇੰਦਾ । ਚਰਨ ਦਵਾਰ ਕਾਲ ਮਹਾਂਕਾਲ, ਹੁਕਮੀ ਹੁਕਮ ਫਿਰਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਹਰਿਜਨ ਸਾਚੇ ਆਪ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੋ ਜਨ ਘਾਲਨ ਗਏ ਘਾਲ, ਕਲਜੁਗ ਅੰਤਮ ਮੇਲ ਮਿਲਾਇੰਦਾ । ਕਾਇਆ ਮੰਦਰ ਵੇਖੇ ਸਾਚੀ ਧਰਮਸਾਲ, ਸ਼ਬਦ ਅਨਾਦੀ ਸੰਗ ਰਲਾਇੰਦਾ । ਆਪਣਾ ਦੀਪਕ ਆਪੇ ਬਾਲ, ਜੋਤੀ ਨੂਰ ਡਗਮਗਾਇੰਦਾ । ਸੁਰਤ ਸਵਾਣੀ ਕਰੇ ਸੰਭਾਲ, ਸ਼ਬਦੀ ਲੜ ਬੰਧਾਇੰਦਾ । ਉਚੇ ਮੰਦਰ ਮਾਰ ਛਾਲ, ਆਪਣਾ ਪੰਧ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲੇਖ ਲਿਖਾਇੰਦਾ । ਹਰਿਜਨ ਸਾਚੇ ਪਾਇਆ, ਹਰਿ ਸੱਜਣ ਮੀਤ ਮੁਰਾਰ । ਏਕਾ ਦੂਜਾ ਭੌ ਗਵਾਇਆ, ਵਿਸਰਿਆ ਸੰਸਾਰ । ਤੀਜਾ ਨੇਤਰ ਇਕ ਖੁਲ੍ਹਾਇਆ, ਖੁਲ੍ਹਿਆ ਬੰਦ ਕਿਵਾੜ । ਚੌਥੇ ਪਦ ਡੇਰਾ ਲਾਇਆ, ਵਾ ਨਾ ਲਗੇ ਤੱਤੀ ਹਾੜ । ਪੰਚਮ ਮੇਲਾ ਸਹਿਜ ਸੁਭਾਇਆ, ਪਾਇਆ ਪੁਰਖ ਪੁਰਖ ਕਰਤਾਰ । ਛੇਵੇਂ ਮੰਦਰ ਇਕ ਸੁਹਾਇਆ, ਛੱਪਰ ਛੰਨ ਨਾ ਕੋਇ ਦੀਵਾਰ । ਸੱਤਵੇਂ ਸਤਿ ਸਤਿਵਾਦੀ ਨਜ਼ਰੀ ਆਇਆ, ਨਿਰਗੁਣ ਰੂਪ ਆਪ ਨਿਰੰਕਾਰ । ਅੱਠਾਂ ਤੱਤਾਂ ਜੋੜ ਜੁੜਾਇਆ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦਏ ਆਧਾਰ । ਨੌ ਦਰ ਲੱਖ ਚੁਰਾਸੀ ਖੋਜ ਖੁਜਾਇਆ, ਬਿਨ ਸਤਿਗੁਰ ਕੋਇ ਨਾ ਉਤਰੇ ਪਾਰ । ਦਸਮ ਦਵਾਰੀ ਡੇਰਾ ਲਾਇਆ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਸੰਤ ਸੁਹੇਲੇ ਲਏ ਮਿਲਾਇਆ, ਫੜ ਫੜ ਬਾਂਹੋਂ ਜਾਏ ਤਾਰ । ਗੁਰ ਚੇਲੇ ਵੇਖ ਵਖਾਇਆ, ਅੰਦਰ ਮੰਦਰ ਪਾਵੇ ਸਾਰ ਗੁਪਤ ਜ਼ਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਕਰ ਉਜਿਆਰ । ਨਿਰਗੁਣ ਜੋਤ ਨੂਰ ਉਜਿਆਰ, ਹਰਿ ਸਾਚਾ ਆਪ ਕਰਾਇੰਦਾ । ਪਰਗਟ ਹੋ ਵਿਚ ਸੰਸਾਰ, ਸਵੈਮ ਆਪਣਾ ਰੂਪ ਵਟਾਇੰਦਾ । ਹੰ ਬ੍ਰਹਮ ਪਾਵੇ ਸਾਰ, ਪਾਰਬ੍ਰਹਮ ਵੇਖ ਵਖਾਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰ, ਹੱਡ ਮਾਸ ਨਾੜੀ ਚਮੜਾ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੰਡਾ ਵਿਚ ਬ੍ਰਹਿਮੰਡਾਂ ਆਪਣਾ ਆਪ ਚਮਕਾਇੰਦਾ । ਸਾਚਾ ਖੰਡਾ ਨਾਮ ਕਟਾਰ, ਸੋ ਪੁਰਖ ਨਿਰੰਜਣ ਹੱਥ ਉਠਾਈਆ । ਹਰਿ ਪੁਰਖ ਨਿਰੰਜਣ ਰੱਖੇ ਤਿਖੀ ਧਾਰ, ਦੋ ਜਹਾਨਾਂ ਵੇਖ ਵਖਾਈਆ । ਏਕੰਕਾਰਾ ਰਿਹਾ ਲਲਕਾਰ, ਆਪਣਾ ਹੁਕਮ ਸੁਣਾਈਆ । ਆਦਿ ਨਿਰੰਜਣ ਹੋ ਤਿਆਰ, ਦੀਵਾ ਬਾਤੀ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਖ਼ਬਰਦਾਰ, ਸਾਲਸ ਸਾਲਸੀ ਰਿਹਾ ਕਮਾਈਆ । ਪੁਰਖ ਅਬਿਨਾਸ਼ੀ ਤੋੜੇ ਗੜ੍ਹ ਹੰਕਾਰ, ਹੰਕਾਰੀ ਗੜ੍ਹ ਰਹਿਣ ਨਾ ਪਾਈਆ । ਪਾਰਬ੍ਰਹਮ ਕਰੇ ਵਿਚਾਰ, ਘਟ ਘਟ ਬੈਠਾ ਆਸਣ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ ।

ਚਾਰੋਂ ਕੁੰਟ ਧੂੰਆਂਧਾਰ, ਕਿੰਨਰ ਯੱਸ਼ਪ ਦਏ ਦੁਹਾਈਆ । ਗਣ ਗੰਧਰਬ ਨਾ ਗਾਇਣ ਆਪਣੀ ਵਾਰ, ਰਾਗ ਨਾਦ ਨਾ ਕੋਇ ਸੁਣਾਈਆ । ਤ੍ਰੈਗੁਣ ਮਾਇਆ ਜਗਤ ਅਧਾਰ, ਪੰਚਮ ਮੋਹ ਕਰੇ ਲੜਾਈਆ । ਘਰ ਘਰ ਅੰਦਰ ਖੇਲ ਅਪਾਰ, ਕਲਜੁਗ ਕੂੜਾ ਰਿਹਾ ਕਰਾਈਆ । ਸਤਿਨਾਮ ਨਾ ਕੋਇ ਜੈਕਾਰ, ਸਾਚੀ ਸਿਖਿਆ ਨਾ ਸਿਖ ਸਮਝਾਈਆ । ਗਾ ਗਾ ਥੱਕਾ ਸਰਬ ਸੰਸਾਰ, ਗੀਤ ਗੋਬਿੰਦ ਨਾ ਕੋਇ ਅਲਾਈਆ । ਨੌ ਖੰਡ ਪ੍ਰਿਥਮੀ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਝੂਠੀ ਰੈਣ ਸੁੱਤੀ ਪੈਰ ਪਸਾਰ, ਲੋਕਮਾਤ ਨਾ ਲਏ ਅੰਗੜਾਈਆ । ਕਰਵਟ ਬਦਲੇ ਨਾ ਪੁਰਖ ਕਰਤਾਰ, ਨਾ ਦੇਵੇ ਸਚ ਸਲਾਹੀਆ । ਝੂਠਾ ਹੱਟ ਕਰੇ ਵਣਜਾਰ, ਮਾਇਆ ਮਮਤਾ ਮੋਹ ਤੁਲਾਈਆ । ਕਾਮ ਕਰੋਧ ਕਰ ਪਿਆਰ, ਸ਼ਾਹ ਸੁਲਤਾਨ ਗੂੜ੍ਹੀ ਨੀਂਦ ਸਵਾਈਆ । ਸਾਧਾਂ ਸੰਤਾਂ ਆਈ ਹਾਰ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਤੀਰਥ ਤਟ ਹੋਇਣ ਖਵਾਰ, ਗੰਗਾ ਗੋਦਾਵਰੀ ਸੁਰਸਤੀ ਰਹੀ ਨੈਣ ਸ਼ਰਮਾਈਆ । ਅਠਸਠ ਰੋਵੇ ਜ਼ਾਰੋ ਜ਼ਾਰ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਸਤਿ ਸੰਤੋਖ ਗਿਆ ਪੁਰਸ਼ ਨਾਰ, ਜੀਵ ਜੰਤ ਨੰਗੇ ਤਾਰੀਆਂ ਰਹੇ ਲਾਈਆ । ਅੰਗੀ ਅੰਗ ਕੋਇ ਨਾ ਕਰੇ ਅੰਗੀਕਾਰ, ਅੰਗ ਅੰਗ ਰਹੇ ਕਟਾਈਆ । ਮੰਗਣ ਮੰਗ ਹਰਿ ਦਵਾਰ, ਰਿਖੀ ਕੇਸ਼ ਵੇਖ ਵਖਾਈਆ । ਦਰ ਦਰਵੇਸ਼ ਆਪ ਨਰ ਨਿਰੰਕਾਰ, ਆਪ ਆਪਣਾ ਵੇਸ ਧਰਾਈਆ । ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ ਗਣੇਸ਼ ਗਣਪਤ ਤੇਰੀ ਸੁਣ ਪੁਕਾਰ, ਅਸ਼ਟਭੁਜ ਤੇਰਾ ਹੋਏ ਆਪ ਸਹਾਈਆ । ਰਵ ਸਸ ਦਏ ਅਧਾਰ, ਜੋ ਬੈਠੇ ਰਾਹ ਤਕਾਈਆ । ਸੰਤ ਸੁਹੇਲੇ ਲਾਏ ਪਾਰ, ਜੋ ਦਿਵਸ ਰੈਣ ਰਹੇ ਧਿਆਈਆ । ਆਪੇ ਮੇਲੇ ਆਪਣੀ ਵਾਰ, ਮੇਲਣਹਾਰਾ ਆਪ ਅਖਵਾਈਆ । ਸੱਜਣ ਸੁਹੇਲੇ ਕਰ ਉਜਿਆਰ, ਗੁਰ ਚੇਲੇ ਨਾਉਂ ਧਰਾਈਆ । ਭਗਤਾਂ ਭਰੇ ਭਗਤੀ ਨਾਮ ਭੰਡਾਰ, ਸਾਚੀ ਵਸਤ ਝੋਲੀ ਪਾਈਆ । ਆਦਿ ਸ਼ਕਤ ਰੂਪ ਕਰਤਾਰ, ਜੋਤ ਜਵਾਲਾ ਵੇਖ ਵਖਾਈਆ । ਪੁਰਖ ਅਕਾਲਾ ਸਾਂਝਾ ਯਾਰ, ਅਜੂਨੀ ਰਹਿਤ ਭੇਵ ਨਾ ਆਈਆ । ਨਿਰਭੈ ਵਰਤੇ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਵੱਜੇ ਡੰਕਾ ਦੋਹਰੀ ਧਾਰ, ਨੌ ਖੰਡ ਆਪ ਸੁਣਾਈਆ । ਭੇਖ ਪਾਖੰਡਾ ਦਏ ਨਵਾਰ, ਕੂੜੀ ਕਿਰਿਆ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਾਗਰਤ ਜੋਤ ਜੋਤ ਉਜਾਲਾ, ਹਰਿ ਸਾਚਾ ਆਪ ਕਰਾਇੰਦਾ । ਜਨ ਭਗਤਾਂ ਬਣੇ ਸਦ ਰਖਵਾਲਾ, ਜੁਗ ਜੁਗ ਸੇਵ ਕਮਾਇੰਦਾ । ਏਕਾ ਸ਼ਬਦ ਪਹਿਨਾਏ ਤਨ ਸਾਚੀ ਮਾਲਾ, ਤਨ ਬਸਤਰ ਆਪ ਸੁਹਾਇੰਦਾ । ਕੋਟਨ ਕੋਟ ਵਿਚੋਂ ਗੁਰਮੁਖ ਇਕੋ ਭਾਲਾ, ਸਿੰਘ ਪਾਲਾ ਨਾਮ ਧਰਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਬਣਿਆ ਮਾਤ ਦਲਾਲਾ, ਆਪ ਆਪਣੀ ਸੇਵ ਕਮਾਇੰਦਾ । ਪੂਰਾ ਕਰਣਹਾਰਾ ਪਿਛਲਾ ਹਾਲਾ, ਲਹਿਣਾ ਦੇਣਾ ਝੋਲੀ ਪਾਇੰਦਾ । ਜਗਤ ਜੀਵਾਂ ਦਿਸੇ ਜਗਤ ਕੰਗਾਲਾ, ਨਾਮ ਧੰਨ ਕਿਸੇ ਦਿਸ ਨਾ ਆਇੰਦਾ । ਫੁਲ ਲਗਾਇਆ ਸਾਚਾ ਡਾਲ੍ਹਾ, ਤ੍ਰੈ ਤ੍ਰੈ ਵੇਖ ਵਖਾਇੰਦਾ । ਤ੍ਰੈ ਸੁੱਤ ਬਣਾਈ ਆਪਣੀ ਮਾਲਾ, ਮਨ ਕਾ ਮਣਕਾ ਨਾਲ ਫਿਰਾਇੰਦਾ । ਤੋੜਨਹਾਰਾ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਆਪ ਸੁਹਾਇੰਦਾ । ਦਰ ਘਰ ਸਾਚੇ ਸੋਭਾਵੰਤ, ਹਰਿ ਪੁਰਖ ਨਿਰੰਜਣ ਵੱਜੀ ਵਧਾਈਆ । ਘਰ ਘਰ ਮੇਲਾ ਸਾਚੇ ਕੰਤ, ਗੁਰਮੁਖ ਨਾਰੀ ਖ਼ੁਸ਼ੀ ਮਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਬ੍ਰਹਮਾ ਵੇਦ ਭੇਵ ਨਾ ਰਾਈਆ । ਲੇਖਾ ਜਾਣੇ ਸਾਚੇ ਸੰਤ, ਸਤਿ ਸਤਿਵਾਦੀ

ਆਪ ਲਿਖਾਈਆ । ਜਿਸ ਜਨ ਤੋੜੇ ਗੜ੍ਹ ਹਉਮੇ ਹੰਗਤ, ਸਾਚੀ ਸੰਗਤ ਮੇਲ ਮਿਲਾਈਆ । ਜਿਉਂ ਨਾਨਕ ਲੇਖਾ ਜਾਣੇ ਅੰਗਦ, ਅੰਗੀਕਾਰ ਕਰੇ ਰਘੁਰਾਈਆ । ਗੁਰਮੁਖ ਗੁਰਸਿਖ ਦੂਜੇ ਦਰ ਨਾ ਹੋਏ ਮੰਗਤ, ਜਿਸ ਸਿਰ ਸਮਰਥ ਹੱਥ ਟਿਕਾਈਆ । ਆਪੇ ਕੱਟੇ ਭੁੱਖ ਨੰਗਤ, ਜਗਤ ਤ੍ਰਿਸਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਾਕਾਰ ਸਰਗੁਣ ਧਾਰ, ਨਿਰਗੁਣ ਰੂਪ ਆਪ ਵਟਾਈਆ । ਨਿਰਗੁਣ ਸਰਗੁਣ ਸਾਚਾ ਖੇਲ, ਹਰਿ ਸਤਿਗੁਰ ਆਪ ਕਰਾਇੰਦਾ । ਜੁਗਾਂ ਜੁਗਾਂ ਵਿਛੜੇ ਮੇਲ, ਹਰਿ ਸਾਚੇ ਆਪ ਮਿਲਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲ, ਸਾਚੀ ਸਖੀਆਂ ਮੰਗਲ ਗਾਇੰਦਾ । ਵਸਣਹਾਰਾ ਰੰਗ ਨਵੇਲ, ਨਿਝ ਆਤਮ ਡੇਰਾ ਲਾਇੰਦਾ । ਧਰਮ ਰਾਏ ਦੀ ਕੱਟੇ ਜੇਲ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਰਿਹਾ ਖੇਲ, ਕਲਜੁਗ ਜੀਵਾਂ ਨੇਤਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਚਾ ਖੇਲ ਏਕਾ ਗੁਰ, ਏਕਾ ਸ਼ਬਦ ਜਣਾਈਆ । ਲੇਖਾ ਜਾਣੇ ਲਿਖਿਆ ਧੁਰ, ਧੁਰ ਸੰਜੋਗੀ ਵਡ ਵਡਿਆਈਆ । ਸ਼ਬਦ ਚੜ੍ਹਾਏ ਸਾਚੇ ਘੋੜ, ਨਾਮ ਘੋੜਾ ਇਕ ਦੌੜਾਈਆ । ਦੋ ਜਹਾਨਾਂ ਲਾਏ ਏਕਾ ਪੌੜ, ਅਧਵਿਚਕਾਰ ਨਾ ਕੋਇ ਅਟਕਾਈਆ । ਗੁਰਮੁਖਾਂ ਆਪੇ ਜਾਏ ਬੌਹੜ, ਹਰਿ ਭਗਤਾਂ ਹੋਏ ਸਹਾਈਆ । ਜਗਤ ਤ੍ਰਿਸਨਾ ਬੁਝਾਏ ਅੱਗ ਲਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਜਣ ਪਹਿਲੋਂ ਪਾਰ ਉਤਾਰ, ਲੱਖ ਚੁਰਾਸੀ ਕਰੇ ਫਿਰ ਖਵਾਰ, ਚਾਰੋਂ ਕੁੰਟ ਪਏ ਦੁਹਾਈਆ । ਚਾਰੋਂ ਕੁੰਟ ਹਾਹਾਕਾਰ, ਹਰਿ ਹਰਿ ਆਪ ਕਰਾਇੰਦਾ । ਹਰੀ ਹਰਿ ਹਰਿ ਭੇਵ ਨਿਆਰ, ਹਰਿ ਹਰੀ ਭੇਵ ਕੋਇ ਨਾ ਪਾਇੰਦਾ । ਹਰੀ ਹਰਿ ਲਿਖੇ ਲੇਖ ਵਿਚ ਸੰਸਾਰ, ਹਰਿ ਹਰੀ ਦਿਸ ਨਾ ਆਇੰਦਾ । ਹਰੀ ਹਰਿ ਜੋਤ ਉਜਿਆਰ, ਹਰਿ ਹਰੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਮੰਡਲ ਰਾਸ ਰਚਾਇੰਦਾ । ਮੰਡਲ ਰਾਸ ਸ਼ਾਹੋ ਸ਼ਬਾਸ਼, ਸਾਚੇ ਤਖ਼ਤ ਰਚਾਈਆ । ਸਚਖੰਡ ਦਵਾਰੇ ਪੁਰਖ ਅਬਿਨਾਸ਼, ਨਿਰਗੁਣ ਆਪਣਾ ਨਾਚ ਨਚਾਈਆ । ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਗੁਣ ਕਹਿਣ ਨਾ ਜਾਈਆ । ਜੁਗ ਜੁਗ ਜਨ ਭਗਤਾਂ ਕਰੇ ਪੂਰੀ ਆਸ, ਆਸ ਨਿਰਾਸਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪ ਅਖਵਾਈਆ । ਨਰ ਹਰਿ ਨਰਾਇਣ ਏਕਾ ਏਕਉਂਕਾਰਿਆ । ਹਰਿਜਨ ਦਰਸ਼ਨ ਕਰਾਏ ਏਕਾ ਨੈਣ, ਏਕਾ ਨੂਰ ਕਰ ਉਜਿਆਰਿਆ । ਸੰਤ ਕੰਤ ਭਗਤ ਭਗਵੰਤ ਏਕਾ ਧਾਮ ਇਕੱਠੇ ਬਹਿਣ, ਏਕਾ ਮੰਦਰ ਰਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਧਰ, ਜੋਤੀ ਜਾਮਾ ਭੇਖ ਅਪਾਰਿਆ । ਜੋਤੀ ਜਾਮਾ ਭੇਖ ਕਰਤਾਰ, ਕਲਜੁਗ ਅੰਤਮ ਆਪ ਵਰਤਾਇਆ । ਖੜਗ ਖੰਡਾ ਤੇਜ਼ ਕਟਾਰ, ਸ਼ਬਦ ਚੰਡ ਪਰਚੰਡ ਉਠਾਇਆ । ਪਾਏ ਵੰਡ ਸਰਬ ਸੰਸਾਰ, ਸੰਮਤ ਸੋਲਾਂ ਵੇਸ ਵਟਾਇਆ । ਭੇਖ ਪਾਖੰਡਾਂ ਕਰੇ ਖੁਆਰ, ਜੂਠ ਝੂਠ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਮੁਖ ਗੁਰਮੁਖ ਲੇਖੇ ਲਾਇਆ ।

੧੧੯੯ ੦੮

## ✪ ੨੨ ਕੱਤਕ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਘਰ ਲਲੀਆਂ ਕਲਾਂ ਜ਼ਿਲਾ ਜਲੰਧਰ ✪

ਜੈ ਜੈ ਜੈਕਾਰ ਸਰਬ ਜੀਅ ਅੰਤਰ, ਹਰਿ ਜੈ ਜੈਕਾਰ ਕਰਾਈਆ । ਜੈ ਜੈ ਜੈਕਾਰ ਸਰਬ ਗੁਰ ਮੰਤਰ, ਹਰਿ ਮੰਤਰ ਵਡ ਵਡਿਆਈਆ । ਜੈ ਜੈ ਜੈਕਾਰ ਸਰਬ ਬਸੰਤਰ, ਜੈ ਜੈਕਾਰ ਅਗਨੀ ਗੁਣ ਗਾਈਆ । ਜੈ ਜੈ ਜੈਕਾਰ ਗਗਨ ਗਗਨੰਤਰ, ਮੰਡਲ ਮੰਡਪ ਜੈ ਜੈਕਾਰ ਅਲਾਈਆ । ਜੈ ਜੈ ਜੈਕਾਰ ਜੁਗਾ ਜੁਗੰਤਰ, ਜੁਗ ਜੁਗ ਜੈ ਜੈਕਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਆਪੇ ਵੇਖ ਵਖਾਈਆ । ਜੈ ਜੈ ਜੈਕਾਰ ਸਰਬ ਗੁਣਵੰਤ, ਜੈ ਜੈਕਾਰ ਆਪ ਕਰਾਇੰਦਾ । ਜੈ ਜੈ ਜੈਕਾਰ ਮਹਿਮਾ ਅਗਣਤ, ਜੈ ਜੈਕਾਰ ਭੇਵ ਕੋਇ ਨਾ ਪਾਇੰਦਾ । ਜੈ ਜੈ ਜੈਕਾਰ ਆਦਿ ਅੰਤ, ਜੈ ਜੈਕਾਰ ਜੁਗਾ ਜੁਗੰਤਰ ਰਖਾਇੰਦਾ । ਜੈ ਜੈ ਜੈਕਾਰ ਸਾਧ ਸੰਤ, ਜੈ ਜੈਕਾਰ ਸਾਂਤਕ ਸਤਿ ਵਰਤਾਇੰਦਾ । ਜੈ ਜੈ ਜੈਕਾਰ ਭਗਤ ਭਗਵੰਤ, ਜੈ ਜੈ ਆਪਣਾ ਰੰਗ ਰੰਗਾਇੰਦਾ । ਜੈ ਜੈ ਜੈਕਾਰ ਮਣੀਆਂ ਮੰਤ, ਜੈ ਜੈ ਆਪਣਾ ਨਾਉਂ ਧਰਾਇੰਦਾ । ਜੈ ਜੈ ਜੈਕਾਰ ਸਾਚਾ ਸੰਤ, ਜੈ ਜੈਕਾਰ ਘਰ ਸਾਚੇ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕ ਅਖਵਾਇੰਦਾ । ਜੈ ਜੈ ਜੈਕਾਰ ਹਰਿ ਭਗਵਾਨ, ਜੈ ਜੈ ਇਸ਼ਟ ਗੁਰਦੇਵ ਸੁਣਾਈਆ । ਜੈ ਜੈ ਜੈਕਾਰ ਧੁਰ ਫ਼ਰਮਾਣ, ਜੈ ਜੈਕਾਰ ਸਰਬ ਸੁਣਾਈਆ । ਜੈ ਜੈ ਜੈਕਾਰ ਗੁਣ ਨਿਧਾਨ, ਗੁਣਵੰਤਾ ਗਹਿਰ ਗੰਭੀਰ ਆਪਣਾ ਗੁਣ ਆਪੇ ਗਾਈਆ । ਜੈ ਜੈ ਜੈਕਾਰ ਸੁਣਨਾ ਏਕਾ ਕਾਨ, ਏਕਾ ਰਾਗ ਹਰਿ ਅਲਾਈਆ । ਜੈ ਜੈ ਜੈਕਾਰ ਵਿਚ ਸਮਾਏ ਪਵਣ ਮਸਾਨ, ਜੈ ਜੈਕਾਰ ਜਲ ਬਿੰਬ ਆਪ ਟਿਕਾਈਆ । ਜੈ ਜੈਕਾਰ ਲੋਆਂ ਪੁਰੀਆਂ ਕਰ ਪਰਧਾਨ, ਜੈ ਜੈਕਾਰ ਬ੍ਰਹਿਮੰਡ ਖੰਡ ਵੇਖ ਵਖਾਈਆ । ਜੈ ਜੈ ਜੈਕਾਰ ਕਰੇ ਸਰਬ ਕਲਿਆਣ, ਬ੍ਰਹਮਾ ਵਿਸ਼ਨ ਸ਼ਿਵ ਜੈ ਜੈ ਏਕਾ ਨਾਅਰਾ ਲਾਈਆ । ਜੈ ਜੈਕਾਰ ਗੁਰ ਪੀਰ ਦੇਵੇ ਮਾਣ, ਜੈ ਜੈਕਾਰ ਸਾਧ ਸੰਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਵੇਸ ਵਟਾਈਆ । ਜੈ ਜੈਕਾਰ ਪਾਰਬ੍ਰਹਮ, ਪਾਰਬ੍ਰਹਮ ਵੱਡੀ ਵਡਿਆਈਆ । ਜੈ ਜੈਕਾਰ ਸ੍ਰੀ ਭਗਵੰਤ, ਭਗਤਨ ਮੇਲਾ ਸਹਿਜ ਸੁਭਾਈਆ । ਜੈ ਜੈਕਾਰ ਰਵ ਸਸ ਕੋਟਨ ਭਾਨ, ਆਪਣਾ ਗੁਣ ਏਕਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤ, ਆਪਣੀ ਸਿਖਿਆ ਆਪਣੇ ਹੱਥ ਰਖਾਈਆ । ਜੈ ਜੈਕਾਰ ਇਸ਼ਟ ਗੁਰਦੇਵ, ਜੈ ਜੈਕਾਰ ਸਰਬ ਪਰਕਾਸਿਆ । ਜੈ ਜੈ ਜੈਕਾਰ ਅਲਖ ਅਭੇਵ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਜੈ ਜੈਕਾਰ, ਲੱਗਾ ਹਰਿਜਨ ਸੱਚਾ ਨੇਂਹੁ, ਘਰ ਮੇਲਾ ਸ਼ਾਹੋ ਸ਼ਬਾਸਿਆ । ਜੈ ਜੈਕਾਰ ਅੰਮ੍ਰਿਤ ਬਰਸੇ ਮੇਹ, ਮੇਘਲਾ ਧਾਰ ਆਪ ਵਖਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈ ਰਾਮ ਨਾਮ ਰਸਨ ਸਵਾਸਿਆ । ਜੈ ਜੈ ਰਾਮ ਨਾਮ, ਰਾਮ ਰਾਮ ਰੂਪ ਸਮਾਈਆ । ਜੈ ਜੈਕਾਰ ਪੂਰਨ ਸਰਬ ਕਾਮ, ਕਾਦਰ ਕਰਤਾ ਆਪ ਕਰਾਈਆ । ਜੈ ਜੈਕਾਰ ਹੋਏ ਨਗਰ ਖੇੜਾ ਸਚ ਗਰਾਮ, ਘਰ ਮੰਦਰ ਏਕਾ ਰਾਗ ਸੁਣਾਈਆ । ਜੈ ਜੈ ਜੈਕਾਰ ਮੇਟੇ ਤ੍ਰਿਸਨਾ ਤਾਮ, ਹਿਰਸ ਹਵਸ ਨਾ ਕੋਇ ਵਖਾਈਆ । ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚੇ ਘਰ, ਆਦਿ ਅੰਤ ਵੱਡੀ ਵਡਿਆਈਆ । ਜੈ ਜੈਕਾਰ ਦਰ ਨਿਰੰਕਾਰ, ਸਚਖੰਡ ਸਚ ਸਮਾਇਆ । ਜੈ ਜੈਕਾਰ ਭਰ ਭੰਡਾਰ, ਹਰਿ ਭੰਡਾਰਾ ਆਪਣਾ ਆਪ ਰਖਾਇਆ । ਜੈ ਜੈ ਜੈਕਾਰ ਕਰ ਤਿਆਰ, ਸੇਵਕ ਸੇਵਾ ਰਿਹਾ ਕਮਾਇਆ । ਜੈ ਜੈ ਜੈਕਾਰ

ਕਰ ਵਰਤਾਰ, ਆਪ ਆਪਣੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਲੇਖਾ ਆਪ ਜਣਾਇਆ । ਲੇਖਾ ਲਿਖਣਹਾਰ ਗੋਪਾਲ, ਆਦਿ ਅੰਤ ਅਖਵਾਇਆ । ਜਨ ਭਗਤਾਂ ਬਣੇ ਸਦ ਰਖਵਾਲ, ਹਰਿਜਨ ਸਾਚੇ ਲਏ ਤਰਾਇਆ । ਲਾਲ ਅਨਮੁਲੇ ਉਠਾਏ ਆਪਣੇ ਬਾਲ, ਆਪਣੀ ਗੋਦੀ ਆਪ ਬਹਾਇਆ । ਅੰਮ੍ਰਿਤ ਨੁਹਾਏ ਸਾਚੇ ਤਾਲ, ਦੁਰਮਤ ਮੈਲ ਰਹਿਣ ਨਾ ਪਾਇਆ । ਦਿਵਸ ਰੈਣ ਕਰੇ ਪ੍ਰਿਤਪਾਲ, ਸੰਝ ਸਵੇਰ ਨਾ ਕੋਈ ਜਣਾਇਆ । ਸਤਿ ਪੁਰਖ ਨਿਰੰਜਣ ਆਪਣੀ ਘਾਲੇ ਘਾਲ, ਗੁਰਮੁਖ ਸਾਚਾ ਮਾਰਗ ਲਾਇਆ । ਸ਼ਬਦ ਅਗੰਮੀ ਬਣ ਦਲਾਲ, ਲੋਕਮਾਤ ਵੇਖ ਵਖਾਇਆ । ਚਲੇ ਚਲਾਏ ਅਵੱਲੜੀ ਚਾਲ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਮੁਕਾਇਆ । ਲੇਖ ਮੁਕਾਏ ਹਰਿ ਨਿਰੰਕਾਰ, ਪੂਰਬ ਲੇਖਾ ਰਹਿਣ ਨਾ ਪਾਈਆ । ਸਾਚਾ ਗਹਿਣਾ ਕਰ ਤਿਆਰ, ਤਨ ਬਸਤਰ ਰਿਹਾ ਵਖਾਈਆ । ਨੇਤਰ ਨੈਣਾਂ ਕੱਜਲ ਧਾਰ, ਏਕਾ ਰੰਗ ਰੰਗਾਈਆ । ਸਾਜਣ ਮੀਤਾ ਮੀਤ ਮੁਰਾਰ, ਘਰ ਮੇਲਾ ਸਹਿਜ ਸਭਾਈਆ । ਸਾਚੀ ਸਖੀਆਂ ਕਰ ਤਿਆਰ, ਦਰ ਵੇਖਣ ਆਇਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਪੂਰਬ ਲਹਿਣਾ ਲੇਖ ਮੁਕਾਵਣਾ, ਹਰਿ ਸਤਿਗੁਰ ਵੇਖ ਵਖਾਇੰਦਾ । ਭੇਵ ਅਭੇਦਾ ਭੇਵ ਖੁਲ੍ਹਾਵਣਾ, ਵੇਦ ਕਤੇਬ ਨਾ ਕੋਇ ਜਣਾਇੰਦਾ । ਸ਼ਾਸਤਰ ਸਿਮਰਤ ਕਿਸੇ ਨਾ ਗਾਉਣਾ, ਨਾ ਕੋਈ ਅੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪ ਤਰਾਇੰਦਾ । ਹਰਿਜਨ ਸਾਚਾ ਸੱਜਣ ਸ਼ਾਹ, ਜੁਗ ਜੁਗ ਆਪ ਰਖਾਇਆ । ਪੁਰਖ ਅਬਿਨਾਸ਼ੀ ਸੇਵਾ ਰਿਹਾ ਕਮਾ, ਚਾਕਰ ਚਾਕ ਆਪ ਬਣ ਜਾਇਆ । ਖੇਲੇ ਖੇਲ ਬਣ ਮਲਾਹ, ਬੇੜਾ ਆਪਣਾ ਕੰਧ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਜੈ ਦੇਵ ਜਗਤ ਉਧਾਰ, ਸਿੰਘ ਪਾਲਾ ਪਾਲ ਉਠਾਇਆ । ਅੱਖਰ ਪੜ੍ਹ ਨਾ ਕਰੇ ਵਿਚਾਰ, ਜਗਤ ਵਿਦਿਆ ਨਾ ਕੋਇ ਸੁਣਾਇਆ । ਪੰਡਤ ਪਾਂਧੇ ਕਰਨ ਖ਼ਵਾਰ, ਗਿਆਨ ਧਿਆਨ ਨਾ ਕੋਇ ਦ੍ਰਿੜਾਇਆ । ਪੁਸਤਕ ਪੜ੍ਹੇ ਨਾ ਕਰੇ ਵਿਚਾਰ, ਇਸ਼ਟ ਦੇਵ ਨਾ ਕੋਇ ਜਣਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਆਤਮ ਅੰਤਰ ਬੂਝ ਬੁਝਾਇਆ । ਬਨ ਖੰਡ ਤੇਰਾ ਸਚ ਦਵਾਰ, ਸਚ ਸਿੰਘਾਸਣ ਹਰਿ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਇਆ । ਜੈ ਦੇਵ ਉਠ ਕਰ ਤਿਆਰੀ, ਸ਼ਬਦੀ ਸ਼ਬਦ ਜਣਾਈਆ । ਪਾਰਬ੍ਰਹਮ ਤੇਰੀ ਰਿਹਾ ਪੈਜ ਸਵਾਰੀ, ਤੇਰਾ ਲੇਖਾ ਆਪ ਲਿਖਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜੀ, ਸਚ ਸਿੰਘਾਸਣ ਸੋਭਾ ਪਾਈਆ । ਫੜ ਫੜ ਬਾਂਹੋਂ ਜਾਏ ਤਾਰੀ, ਜਿਸ ਜਨ ਆਪਣੀ ਦਇਆ ਕਮਾਈਆ । ਲੋਕਮਾਤ ਆਈ ਤੇਰੀ ਵਾਰੀ, ਤੇਰਾ ਤੇਰੇ ਸੰਗ ਨਿਭਾਈਆ । ਸਾਚਾ ਆਸਣ ਵੇਖ ਵਿਚਾਰੀ, ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਸੁਣਿਆ ਨਾਦ ਧੁਨ ਧੁਨਕਾਰ, ਜੈ ਦੇਵ ਭੇਵ ਨਾ ਆਇਆ । ਕਵਣ ਸੱਜਣ ਮੀਤ ਮੁਰਾਰ, ਫੜ ਫੜ ਰਿਹਾ ਹਿਲਾਇਆ । ਚਾਰੋਂ ਕੁੰਟ ਉਠ ਉਠ ਵੇਖੇ ਜਗਤ ਦਵਾਰ, ਹਰਿ ਸੱਜਣ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਜੈ ਦੇਵ ਸੁੱਤਾ ਪੈਰ ਪਸਾਰ, ਅੰਧੇਰੀ ਰਾਤ ਨਾ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਭਗਤਨ

੧੨੦੧
੦੮

ਮੀਤਾ ਆਇਆ ਚਲ ਦਵਾਰ, ਦੇਵੇ ਦਰਸ ਬੇਪਰਵਾਹੀਆ । ਤੇਰੀ ਗੀਤਾ ਲਿਖੀ ਅਪਰ ਅਪਾਰ, ਪ੍ਰਭ ਸਾਚਾ ਵੇਖ ਵਖਾਈਆ । ਨਾਮ ਸ਼ਬਦ ਭਰ ਭੰਡਾਰ, ਬੇੜਾ ਪਾਰ ਕਰਾਈਆ । ਠਾਂਡਾ ਸੀਤਾ ਹਰਿ ਨਿਰੰਕਾਰ, ਦਰ ਦਰਵਾਜਾ ਆਪ ਖੁਲ੍ਹਾਈਆ । ਨਿਰਗੁਣ ਦੀਪਕ ਕਰ ਉਜਿਆਰ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਨਿਰਗੁਣ ਨਿਰਗੁਣ ਵੇਖੀ ਧਾਰ, ਜੈ ਦੇਵ ਨੇਤਰ ਖੋਲ੍ਹਿਆ । ਪਾਇਆ ਪੁਰਖ ਅਗੰਮ ਅਪਾਰ, ਨਿਉਂ ਚਰਨੀ ਸੀਸ ਝੁਕਾਏ ਬੋਲਿਆ । ਕਵਣ ਦਰ ਤੇਰਾ ਦਰਬਾਰ, ਕਵਣ ਦਵਾਰੇ ਬੈਠਾ ਸਾਚਾ ਤੋਲਿਆ । ਕਵਣ ਤੇਰਾ ਵਣਜ ਵਾਪਾਰ, ਹਉਂ ਘੋਲੀ ਘੋਲ ਘੋਲਿਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਸੇਜ ਸੁਹਾਏ ਆਪਣਾ ਪਰਦਾ ਖੋਲ੍ਹਿਆ । ਤੇਰਾ ਮੰਦਰ ਮੇਰਾ ਦਵਾਰ, ਦੂਜਾ ਦਰ ਨਾ ਕੋਇ ਟੋਲਿਆ । ਤੂੰ ਸੱਜਣ ਹਉਂ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਬੋਲਿਆ । ਸ਼ਬਦ ਬੁਲਾਰਾ ਨਾਮ ਜੈਕਾਰਾ, ਹਰਿ ਜੈ ਦੇਵ ਆਪ ਸੁਣਾਈਆ । ਉਠ ਪਿਆਰਾ ਕਰ ਤਿਆਰਾ, ਨਰ ਨਿਰੰਕਾਰਾ ਮੇਲ ਮਿਲਾਈਆ । ਨਾਤਾ ਤੁੱਟਾ ਸਰਬ ਸੰਸਾਰਾ, ਇਸਤਰੀ ਪੁਰਸ਼ ਨਾ ਵੇਖ ਵਖਾਈਆ । ਪੁੱਤਰ ਧੀਆਂ ਨਾ ਕੋਇ ਸਹਾਰਾ, ਵੇਲੇ ਅੰਤ ਨਾ ਕੋਇ ਛੁਡਾਈਆ । ਲੱਖ ਚੁਰਾਸੀ ਡੂੰਘੀ ਗਾਰਾ, ਬਿਨ ਸਤਿਗੁਰ ਨਾ ਕੋਇ ਪਾਰ ਕਰਾਈਆ । ਤੇਰੇ ਦਵਾਰੇ ਆਇਆ ਨਿਰਗੁਣ ਧਾਰਾ, ਨਿਰਗੁਣ ਆਪਣਾ ਵੇਸ ਵਟਾਈਆ । ਕਰੇ ਵਿਹਾਰ ਵਿਚ ਸੰਸਾਰਾ, ਜਗਤ ਵਿਦਿਆ ਮਾਣ ਗਵਾਈਆ । ਭਗਤਾਂ ਭਗਤੀ ਭਰੇ ਭੰਡਾਰਾ, ਤੋਟ ਰਹੇ ਨਾ ਰਾਈਆ । ਲੇਖਾ ਲਿਖਣਹਾਰ ਕਰਤਾਰਾ, ਕਾਗਜ ਕਲਮ ਨਾ ਰੱਖੇ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਆਪ ਵਡਿਆਈਆ । ਉਠ ਭਗਤ ਹਰਿ ਆਪ ਉਠਾਏ, ਸੇਵਕ ਸੇਵਾ ਆਪ ਕਮਾਈਆ । ਆਪੇ ਤੇਰਾ ਪੰਧ ਮੁਕਾਏ, ਖਿਚੀ ਆਏ ਵਾਹੋ ਦਾਹੀਆ । ਵਿਚ ਪਰਭਾਸ ਡੇਰਾ ਲਾਏ, ਏਕਾ ਬਿਰਛ ਸੁਹਾਈਆ । ਆਪਣਾ ਨੈਣ ਹਰਿ ਆਪ ਉਠਾਏ, ਆਪ ਆਪਣੀ ਦਇਆ ਕਮਾਈਆ । ਇਕ ਬਿਰਛ ਤਿੰਨ ਡਾਲ੍ਹ, ਉਤਰ ਪੂਰਬ ਪੱਛਮ ਆਪ ਵਖਾਈਆ । ਦੱਖਣ ਦਿਸ਼ਾ ਨਾ ਕਰੇ ਵਿਚਾਰ, ਏਕਾ ਬੈਠਾ ਖੇਲ ਖਿਲਾਈਆ । ਇਕ ਇਕ ਡਾਲ੍ਹ ਸਾਢੇ ਤਿੰਨ ਕਰੋੜ ਪਤ ਕਰ ਪਸਾਰ, ਆਪ ਆਪਣਾ ਅੰਗ ਵਖਾਈਆ । ਲਿਖਿਆ ਲੇਖ ਉਪਰ ਕਰਤਾਰ, ਸੋਹੰ ਅੱਖਰ ਇਕ ਪੜ੍ਹਾਈਆ । ਏਕਾ ਨੇਤਰ ਦਸ ਪਚਾਸ ਕਰਨ ਪਾਰ, ਘੜੀ ਪਲ ਵਿਸਰ ਨਾ ਜਾਈਆ । ਸਾਢੇ ਦਸ ਕਰੋੜ ਦਏ ਅਧਾਰ, ਏਕਾ ਅੱਖਰ ਏਕਾ ਵਿਦਿਆ ਏਕਾ ਰਾਮ ਏਕਾ ਵੇਰ ਦਏ ਪੜ੍ਹਾਈਆ । ਕੋਟਨ ਕੋਟ ਜਨਮ ਦਾ ਉਤਰਿਆ ਭਾਰ, ਸਤਿਗੁਰ ਪੂਰੇ ਦਇਆ ਕਮਾਈਆ । ਨਿਰਗੁਣ ਸਤਿਗੁਰ ਸਰਗੁਣ ਜਾਏ ਤਾਰ, ਗੁਰ ਮਿਲਿਆ ਸਹਿਜ ਸੁਭਾਈਆ । ਜੈ ਦੇਵ ਵੇਖੇ ਆਪਣਾ ਦਵਾਰ, ਪ੍ਰਭ ਤੇਰੀ ਵਡ ਵਡਿਆਈਆ । ਤੇਰਾ ਕਰਜ ਨਾ ਸਕਾਂ ਮੈਂ ਉਤਾਰ, ਕੀਮਤ ਕੋਇ ਨਾ ਤੇਰੀ ਚੁਕਾਈਆ । ਪੁਰਖ ਅਬਿਨਾਸ਼ੀ ਫੜ ਫੜ ਬਾਂਹੋਂ ਦਏ ਪਿਆਰ, ਹਰਿ ਭਗਤ ਤੇਰੀ ਵਡ ਵਡਿਆਈਆ । ਮੈਂ ਭਗਤ ਤੂੰ ਸ਼ਾਹ ਸਿਕਦਾਰ, ਤੇਰਾ ਭੰਡਾਰਾ ਮੁੱਕ ਕਦੇ ਨਾ ਜਾਈਆ । ਜੁਗ ਜੁਗ ਆਵਾਂ ਚਲ ਦਵਾਰ, ਭਗਤਨ ਮੀਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਜੈ ਦੇਵ ਹਰਿ ਦਰਸ਼ਨ ਪਾਇਆ, ਆਤਮ ਸਾਂਤ ਕਰਾਈਆ । ਏਕਾ ਅੱਖਰ ਨਜ਼ਰੀ ਆਇਆ, ਬ੍ਰਹਮ ਪਾਰਬ੍ਰਹਮ ਸਮਾਈਆ । ਤ੍ਰੈ ਤ੍ਰੈ ਡਾਲ੍ਹ ਪਤ ਡਾਲ੍ਹੀ ਆਪ ਮਹਿਕਾਇਆ, ਆਪਣੇ

੧੨੦੨
੦੮

ਰੰਗ ਰੰਗਾਈਆ । ਜੜ ਚੇਤਨ ਨਾ ਕੋਇ ਜਣਾਇਆ, ਸਾਚੀ ਜੜ ਆਪ ਲਗਾਈਆ । ਅੱਗੇ ਖੜ ਪ੍ਰਭ ਦਰਸ ਦਿਖਾਇਆ, ਦੇਵਣਹਾਰ ਵਡ ਵਡਿਆਈਆ । ਸਾਚਾ ਨਾਤਾ ਜੋੜ ਜੁੜਾਇਆ, ਆਪ ਆਪਣੀ ਗੰਢ ਪੁਵਾਈਆ । ਨਾ ਕੋਇ ਤੋੜੇ ਤੋੜ ਤੁੜਾਇਆ, ਅਧ ਵਿਚਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਜੈ ਦੇਵ ਦਰਸ਼ਨ ਹਰਿ ਹਰਿ, ਘਰ ਆਪਣੇ ਮੰਗਲ ਗਾਇੰਦਾ । ਕਾਇਆ ਮੰਦਰ ਗਿਆ ਵੜ, ਆਪਣਾ ਕੁੰਡਾ ਆਪੇ ਲਾਹਿੰਦਾ । ਆਪਣੇ ਪੌੜੇ ਵੇਖੇ ਚੜ੍ਹ, ਨਿਰਗੁਣ ਨਜ਼ਰੀ ਆਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਹੱਥ ਮੂੰਹ ਨੱਕ ਪੈਰ ਨਾ ਕੋਇ ਵਖਾਇੰਦਾ । ਆਪਣੀ ਧਾਰ ਲਏ ਫੜ, ਆਪਣੇ ਅੰਗ ਲਗਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਹਰਿ ਭਗਤਾਂ ਆਪ ਪੜ੍ਹਾਇੰਦਾ । ਸਰਨ ਸਰਨਾਈ ਗਿਆ ਪੜ੍ਹ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਖੇੜਾ ਆਪੇ ਵੇਖ ਵਖਾਇੰਦਾ । ਜੈ ਦੇਵ ਹਰਿ ਹਰਿ ਮੀਤਾ, ਹਰਿ ਹਰਿ ਸੰਗ ਨਿਭਾਇਆ । ਪਾਇਆ ਪੁਰਖ ਪ੍ਰਭ ਅਨਡੀਠਾ, ਘਰ ਸਾਚੇ ਵੇਖ ਵਖਾਇਆ । ਅਬਿਨਾਸ਼ੀ ਕਰਤਾ ਵਸਿਆ ਚੀਤਾ, ਜਗਤ ਵਿਛੋੜਾ ਆਪ ਕਟਾਇਆ । ਆਦਿ ਜੁਗਾਦੀ ਠੰਡਾ ਸੀਤਾ, ਰੰਗ ਰੰਗੀਲਾ ਮੋਹਨ ਮਾਧਵ ਏਕਾ ਰੰਗ ਰੰਗਾਇਆ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਵਨ ਵਡ ਵਡਿਆਇਆ । ਏਕਾ ਰੁੱਤ ਸੁਹਾਇਆ ਸਾਚਾ ਗੀਤਾ, ਰਾਮ ਸ਼ਾਮ ਨਾਮ ਰਾਮ ਏਕਾ ਨਜ਼ਰੀ ਆਇਆ । ਨਾਮ ਨਿਧਾਨਾ ਏਕਾ ਪੀਤਾ, ਅੰਮਿਉਂ ਰਸ ਅੰਮ੍ਰਿਤ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਚ ਵਸਾਇਆ ਦਰ, ਜੁਗ ਜੁਗ ਆਪਣਾ ਖੇਲ ਖਿਲਾਇਆ । ਜੈ ਦੇਵ ਦਰਸ਼ਨ ਪਾ, ਹਰਿ ਸਾਚੇ ਆਖ ਸੁਣਾਇੰਦਾ । ਤੂੰ ਦਾਤਾ ਹਰਿ ਬੇਪਰਵਾਹ, ਦਰ ਤੇਰਾ ਮੋਹੇ ਭਾਇੰਦਾ । ਤੂੰ ਨਿਰਗੁਣ ਬੈਠਾ ਜੋਤ ਜਗਾ, ਹਉਂ ਸਰਗੁਣ ਪੰਜ ਤੱਤ ਕਾਇਆ ਚੋਲਾ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ, ਜੈ ਦੇਵ ਆਖ ਸੁਣਾਈਆ । ਮਾਨਸ ਜਨਮ ਕਰੇ ਤੇਰੀ ਕਲਿਆਣ, ਅੰਤਮ ਆਪਣਾ ਮੇਲ ਮਿਲਾਈਆ । ਕਲਜੁਗ ਅੰਤਮ ਕਰ ਪਰਧਾਨ, ਤੇਰਾ ਤੱਤ ਦਏ ਉਪਜਾਈਆ । ਤੇਰੀ ਰੱਤ ਵਖਾਏ ਇਕ ਨਿਸ਼ਾਨ, ਸਾਚਾ ਬੂਟਾ ਮਾਤ ਲਗਾਈਆ । ਤਿੰਨੇ ਡਾਲ੍ਹ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤ ਡਾਲ੍ਹੀ ਲੇਖੇ ਲਾਈਆ । ਤ੍ਰੈ ਡਾਲ੍ਹ ਉਪਜਾਏ ਸਾਚੇ ਸੁੱਤ, ਇਸ਼ਟ ਦ੍ਰਿਸ਼ਟ ਏਕਾ ਪਾਈਆ । ਆਪੇ ਗੁਰਦਾਸ ਦਾਸ ਕਰੇ ਖ਼ਿਆਲ, ਆਪਣੀ ਭਾਲ ਆਪ ਕਰਾਈਆ । ਆਪੇ ਸਾਸ ਗਰਾਸ ਕਰੇ ਪ੍ਰਿਤਪਾਲ, ਨਿਜ ਨਿਵਾਸ ਆਪ ਧਰਾਈਆ । ਆਪੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਅਖਵਾਈਆ । ਆਪੇ ਵੇਖਣਹਾਰਾ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪ ਸੁਹਾਈਆ । ਆਪੇ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਆਪੇ ਕਲਜੁਗ ਵੇਖੇ ਪਰਭਾਸ, ਸਾਚਾ ਬੂਟਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਤ੍ਰੈ ਡਾਹਨ ਮੌਲਿਆ ਫੁੱਲ, ਫੁਲ ਫੁਲਵਾੜੀ ਆਪ ਲਗਾਈਆ । ਪੁਰਖ ਅਬਿਨਾਸ਼ੀ ਖਿਲਾਇਆ ਗੁਲ, ਆਪਣੀ ਪੰਖੜੀ ਵੇਖ ਵਖਾਈਆ । ਆਪੇ ਮਾਲਣ ਬਣ ਬਣ ਰਿਹਾ ਮੌਲ, ਆਪਣੀ ਇਛਿਆ ਵਿਚ ਭਰਾਈਆ । ਆਪੇ ਤੋਲੇ ਆਪਣੇ ਤੋਲ, ਆਪਣਾ ਕੰਡਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲਹਿਣਾ

ਝੋਲੀ ਪਾਈਆ । ਤ੍ਰੈ ਡਾਲ੍ਹ ਕਰਨ ਪੁਕਾਰ, ਜੈ ਦੇਵ ਅੱਗੇ ਸੀਸ ਝੁਕਾਈਆ । ਤੇਰੀ ਕਿਰਪਾ ਹੋਏ ਪਾਰ, ਪੁਰਖ ਅਬਿਨਾਸ਼ੀ ਅੱਖਰ ਲਿਖਿਆ ਬੇਪਰਵਾਹੀਆ । ਸਾਢੇ ਤਿੰਨ ਤਿੰਨ ਕਰੋੜ ਪਤ ਹੋਇਆ ਉਜਿਆਰ, ਸੋ ਪੁਰਖ ਨਿਰੰਜਣ ਵੱਜੀ ਵਧਾਈਆ । ਤੇਰਾ ਮੇਰਾ ਇਕ ਪਿਆਰ, ਹਉਂ ਆਏ ਚਲ ਸਰਨਾਈਆ । ਜੈ ਦੇਵ ਕਰੇ ਵਿਚਾਰ, ਨੇਤਰ ਏਕਾ ਨੈਣ ਉਠਾਈਆ । ਦੋਹਾਂ ਵਿਚੋਲਾ ਬਣੇ ਆਪ ਕਰਤਾਰ, ਕਰੇ ਬੇਨੰਤੀ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸੁਨਣੇਹਾਰ, ਘਰ ਬੈਠਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਖਾਣੀ ਆਪ ਚਲਾਈਆ । ਜੇਰਜ ਖਾਣੀ ਉਤਭੁਜ ਧਾਰ, ਦੋਹਾਂ ਮੇਲ ਮਿਲਾਇੰਦਾ । ਪੁਰਖ ਪੁਰਖੋਤਮ ਕਰ ਤਿਆਰ, ਆਪ ਆਪਣੇ ਰੰਗ ਰੰਗਾਇੰਦਾ । ਕਲਜੁਗ ਆਇਆ ਵਿਚ ਸੰਸਾਰ, ਹਰਿ ਸਾਚਾ ਵੇਸ ਵਟਾਇੰਦਾ । ਸਿੰਘ ਪਾਲਾ ਕਰ ਵਿਚਾਰ, ਸ਼ਬਦ ਦਲਾਲਾ ਨਾਲ ਰਲਾਇੰਦਾ । ਫਲ ਡਾਲ੍ਹਾ ਅਪਰ ਅਪਾਰ, ਗੁਰ ਕਰਤਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਇੰਦਾ । ਪੂਰਬ ਲਹਿਣਾ ਝੋਲੀ ਪਾਇਆ, ਹਰਿ ਸਾਚਾ ਭੁੱਲ ਨਾ ਜਾਈਆ । ਕਲਜੁਗ ਫੁਲ ਅੰਤ ਆਪ ਖਿਲਾਇਆ, ਚਾਰੋਂ ਕੁੰਟ ਆਪ ਮਹਿਕਾਈਆ । ਆਪਣੀ ਕੀਮਤ ਆਪਣਾ ਮੁਲ ਆਪ ਪਵਾਇਆ, ਦੂਸਰ ਹੱਟ ਨਾ ਕਿਸੇ ਵਕਾਈਆ । ਸਾਚੀ ਕੁਲ ਭਾਗ ਲਗਾਇਆ, ਪੂਤ ਸਪੂਤਾ ਲਏ ਉਪਜਾਈਆ । ਸਿੰਘ ਲਛਮਣ ਨਾਮ ਧਰਾਇਆ, ਦਰਸ਼ਨ ਮੇਲਾ ਹਰਿ ਰਘੁਰਾਈਆ । ਪਰਗਟ ਹੋ ਪਰਗਟ ਨਾਮ ਧਰਾਇਆ, ਭੁੱਲ ਰਹੇ ਨਾ ਰਾਈਆ । ਚੌਥਾ ਅੰਕ ਨਾ ਨਾਲ ਰਲਾਇਆ, ਤਿੰਨਾਂ ਲੇਖਾ ਸਹਿਜ ਸਭਾਈਆ । ਦਰ ਬੈਠਾ ਪੰਛੀ ਜੋ ਸੁਣ ਸੁਣ ਰਿਹਾ ਧਿਆਨ ਲਗਾਇਆ, ਮਨ ਇਛਿਆ ਇਕ ਵਖਾਈਆ । ਚੌਥੇ ਸੁੱਤ ਜਨਮ ਦਵਾਇਆ, ਪ੍ਰਭ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਕਰੋੜ ਡਾਲ੍ਹੀ ਪਤ, ਇਕ ਇਕ ਡਾਲ੍ਹੇ ਲਏ ਰੱਖ, ਆਪ ਆਪਣੀ ਅੱਖ ਖੁਲ੍ਹਾਈਆ । ਸਾਢੇ ਤਿੰਨ ਕਰੋੜ ਪਤ ਡਾਲ੍ਹੀ, ਪੰਜ ਤੱਤ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਖੇਲ ਨਿਰਾਲੀ, ਭੇਵ ਕਿਸੇ ਨਾ ਪਾਇਆ । ਜੁਗ ਜੁਗ ਚਲੇ ਅਵੱਲੜੀ ਚਾਲੀ, ਜਨ ਭਗਤਾਂ ਸੰਗ ਨਿਭਾਇਆ । ਆਪਣੇ ਹੱਥ ਰੱਖੇ ਖਾਲੀ, ਹਰਿ ਭਗਤਾਂ ਭਗਤ ਭੰਡਾਰ ਵਖਾਇਆ । ਨਿਰਗੁਣ ਜੋਤ ਅਕਾਲ ਅਕਾਲੀ, ਅਕਲ ਕਲਾ ਵਡਿਆਇਆ । ਦੋ ਜਹਾਨਾਂ ਸਾਚਾ ਮਾਲੀ, ਲੱਖ ਚੁਰਾਸੀ ਬੂਟਾ ਆਪ ਲਗਾਇਆ । ਜੁਗਾ ਜੁਗੰਤ ਕਰੇ ਪ੍ਰਿਤਪਾਲੀ, ਪ੍ਰਿਤਪਾਲਕ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਢੇ ਤਿੰਨ ਕਰੋੜ ਵਸਿਆ ਰੋਮ ਰੋਮ, ਆਪ ਆਪਣਾ ਰੂਪ ਵਟਾਇਆ । ਸਾਢੇ ਤਿੰਨ ਕਰੋੜ ਰਹੇ ਪੁਕਾਰ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਹੰ ਹੰਗਤਾ ਮਿਟੀ ਸੰਸਾਰ, ਹੰ ਬ੍ਰਹਮ ਇਕ ਜਣਾਈਆ । ਸੋਹੰ ਸ਼ਬਦ ਜੈ ਜੈ ਜੈਕਾਰ, ਜਨ ਸਾਚੇ ਰਹੇ ਗਾਈਆ । ਸਿੰਘ ਪਾਲਾ ਨਾ ਕੋਈ ਵਿਚਾਰ, ਭੋਲੇ ਭਾਓ ਮੇਲ ਮਿਲਾਈਆ । ਸੁਰਤ ਸ਼ਬਦ ਨਾ ਕੋਈ ਧਾਰ, ਸੁਰਤੀ ਸਤਿਗੁਰ ਹੱਥ ਉਠਾਈਆ । ਜੋਗ ਅਭਿਆਸ ਨਾ ਕੋਇ ਸੰਸਾਰ, ਸਰਬ ਗੁਣ ਤਾਸ ਮੇਲ ਮਿਲਾਈਆ । ਆਸ ਨਿਰਾਸ ਭਰੇ ਭੰਡਾਰ, ਸਵਾਸ ਸਵਾਸ ਲੇਖੇ ਲਾਈਆ । ਤੇਰਾ ਨਾਮ ਸੱਚੀ ਦਸਤਾਰ, ਹਰਿ ਨਿਰੰਕਾਰ ਸੀਸ ਬੰਧਾਈਆ । ਤੇਰਾ ਸਤਿ ਹਰੀ ਪਿਆਰ, ਹਰਿ ਹਰਿ ਹਰੀ ਗੁਣ ਗਾਈਆ । ਤੇਰਾ ਰੰਗ ਚੜ੍ਹੇ ਸੰਸਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਪੂਰਬ ਲਹਿਣਾ ਦਿਤਾ ਉਤਾਰ, ਅਗਲਾ ਕਰਜ਼ਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਦੇ ਮਤ ਰਿਹਾ ਸਮਝਾਈਆ । ਵੱਡਾ ਮੀਤ ਵਡ ਬਲਵਾਨਾ, ਵੱਡਾ ਵਡ ਵਡਿਆਇੰਦਾ । ਭੁੱਲਿਆ ਨਾਮ ਇਕ ਛਿੰਨ ਗੁਣ ਨਿਧਾਨਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਸ਼ਬਦ ਅਗੰਮੀ ਮਾਰੇ ਤੀਰ ਨਿਸ਼ਾਨਾ, ਤੀਰ ਨਿਰਾਲਾ ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਵੇਖ ਵਖਾਇੰਦਾ । ਸਾਚੇ ਘਰ ਹਰਿ ਵਿਚੋਲਾ, ਏਕਾ ਏਕ ਬਣਾਇੰਦਾ । ਸਿੰਘ ਬਿਸ਼ਨ ਸੁਣਾਏ ਸਾਚਾ ਢੋਲਾ, ਆਪਣਾ ਭੇਵ ਖੁਲ੍ਹਾਇੰਦਾ । ਜੈ ਦਿਓ ਤੇਰਾ ਸੱਚਾ ਬੋਲਾ, ਹਰਿ ਸਾਚਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭੁਲੇਖਾ ਆਪ ਕਢਾਇੰਦਾ । ਜਗਤ ਭੁਲੇਖਾ ਹਰਿ ਕਢੌਣਾ, ਹਰਿ ਸਤਿਗੁਰ ਵਡ ਵਡਿਆਈਆ । ਤੇਰਾ ਲਿਖਿਆ ਲੇਖ ਮਿਟੌਣਾ, ਤੇਰੀ ਤ੍ਰਿਸਨਾ ਜਗਤ ਬੁਝਾਈਆ । ਪਿਛਲਾ ਵੇਲਾ ਯਾਦ ਕਰੌਣਾ, ਨਾ ਲੇਖਾ ਕੋਇ ਲਿਖ ਸਕੇ ਜੀਵ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਕਾਇਆ ਗਠੜੀ ਫੋਲ ਫੁਲਾਈਆ । ਪੂਰਬ ਲਹਿਣਾ ਹਰਿ ਕਿਰਪਾ ਧਾਰੀ, ਪਿਛਲੇ ਜਨਮ ਵੱਜੇ ਵਧਾਈਆ । ਘਰ ਆਇਆ ਚਲ ਆਪ ਨਿਰੰਕਾਰੀ, ਫੜ ਬਾਂਹੋਂ ਲਏ ਉਠਾਈਆ । ਭਰਿਆ ਨਾਮ ਸ਼ਬਦ ਭੰਡਾਰੀ, ਤੋਟ ਰਹੇ ਨਾ ਰਾਈਆ । ਘਰ ਮਾਇਆ ਦੱਬੀ ਕਰ ਵਿਚਾਰੀ, ਆਪਣਾ ਪੱਲਾ ਇਕ ਵਖਾਈਆ । ਦੋ ਸਦ ਪਚਾਸ ਡੂੰਘੀ ਗਾਰੀ, ਬਰਤਨ ਏਕਾ ਏਕ ਪਾਈਆ । ਜਾਂਦੀ ਵਾਰ ਆਈ ਹੰਕਾਰੀ, ਮਨ ਫੁਰਨਾ ਵਾਸ਼ਨਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਦਏ ਚੁਕਾਈਆ । ਪਿਛਲੀ ਵਾਸ਼ਨਾ ਪੂਰਾ ਘਾਟਾ, ਕਲਜੁਗ ਅੰਤਮ ਆਪ ਕਰਾਇੰਦਾ । ਸੰਮਤ ਸੋਲਾਂ ਵੀਹ ਸੌ ਬਿਕ੍ਰਮੀ ਤੇਰੀ ਮਾਇਆ ਹਰਿ ਸੰਗਤ ਆਟਾ, ਛੱਬੀ ਪੋਹ ਲੇਖੇ ਲਾਇੰਦਾ । ਸਾਧ ਸੰਗਤ ਲੇਖਾ ਚੁੱਕੇ ਦੂਰ ਵਾਟਾ, ਅਗਲਾ ਪੰਧ ਨਾ ਕੋਇ ਵਖਾਇੰਦਾ । ਪੱਤ ਡਾਲ੍ਹੀ ਜਗੇ ਜੋਤ ਜੋਤ ਲਲਾਟਾ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਿੰਘ ਬਿਸ਼ਨ ਫੜਾਇਆ ਆਪਣਾ ਲੜ, ਪੱਲੂ ਏਕਾ ਏਕ ਬੰਧਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤਰ ਵੇਖੇ ਮਾਰ ਧਿਆਨ, ਆਪ ਆਪਣਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਇੰਦਾ ।

### ੨੩ ਕੱਤਕ ੨੦੧੬ ਬਿਕ੍ਰਮੀ ਨਸੀਬ ਸਿੰਘ ਦੇ ਘਰ ਬੋਪਾ ਰਾਏ ਜ਼ਿਲਾ ਜਲੰਧਰ

ਸੋ ਪੁਰਖ ਨਿਰੰਜਣ ਆਦਿ ਅੰਤ, ਹਰਿ ਹਰਿ ਆਪਣੇ ਰੰਗ ਰੰਗਾਇੰਦਾ । ਹਰਿ ਪੁਰਖ ਨਿਰੰਜਣ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਏਕੰਕਾਰਾ ਬਣਾਏ ਸਾਚੀ ਬਣਤ, ਦਰ ਘਰ ਸਾਚਾ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਬਣ ਬਣ ਕੰਤ, ਸਾਚੀ ਸੇਜ ਹੰਢਾਇੰਦਾ । ਸ੍ਰੀ ਭਗਵਾਨ ਆਪ ਉਪਾਏ ਆਪਣਾ ਮੰਤ, ਆਪੇ ਨਾਉਂ ਧਰਾਇੰਦਾ । ਪਾਰਬ੍ਰਹਮ ਮਹਿਮਾ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਵਿਸ਼ਨੂੰ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਰੰਗੀਲਾ ਇਕ ਅਖਵਾਇੰਦਾ । ਬ੍ਰਹਮਾ ਦੇਵੇ ਏਕਾ ਵਸਤ, ਬ੍ਰਹਮ ਬ੍ਰਹਮ ਬ੍ਰਹਮ ਝੋਲੀ ਪਾਇੰਦਾ । ਸ਼ੰਕਰ ਲਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਇਕਓਅੰਕਾਰਾ, ਆਦਿ

ਜੁਗਾਦੀ ਕਰ ਪਸਾਰਾ, ਤ੍ਰੈਗੁਣ ਸਾਚੀ ਰਚਨ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਧਾਰ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਜੋਤ ਨਿਰੰਜਣ ਦਏ ਸਲਾਹੀਆ । ਇਕਉਂਕਾਰਾ ਖੇਲ ਨਿਆਰ, ਸ੍ਰੀ ਭਗਵਾਨ ਆਪ ਖਿਲਾਈਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਪਾਰਬ੍ਰਹਮ ਪ੍ਰਭ ਸੰਗ ਨਿਭਾਈਆ । ਬ੍ਰਹਮ ਬ੍ਰਹਮ ਬ੍ਰਹਮ ਕਰ ਪਸਾਰ, ਵਿਸ਼ਨੂੰ ਲੇਖਾ ਇਕ ਸਮਝਾਈਆ । ਬ੍ਰਹਮਾ ਬਖ਼ਸ਼ੇ ਏਕਾ ਧਾਰ, ਸਿਰ ਆਪਣਾ ਹੱਥ ਟਿਕਾਈਆ । ਸ਼ੰਕਰ ਬਖ਼ਸ਼ੇ ਇਕ ਪਿਆਰ, ਅੰਤਰ ਆਤਮ ਇਕ ਲਿਵ ਲਾਈਆ । ਤ੍ਰੈਗੁਣ ਦਿਸੇ ਆਰ ਪਾਰ, ਤ੍ਰੈਗੁਣ ਦਾਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਈਆ । ਤ੍ਰੈਗੁਣ ਰਹਿਤ ਪੁਰਖ ਅਕਾਲ, ਏਕਾ ਰੰਗ ਸਮਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੁਰਤ ਰਿਹਾ ਸੰਭਾਲ, ਆਪ ਆਪਣਾ ਸੰਗ ਰਖਾਇੰਦਾ । ਪਾਰਬ੍ਰਹਮ ਪ੍ਰਭ ਹੋ ਦਿਆਲ, ਦੀਨ ਦਿਆਲਾ ਨਾਉਂ ਧਰਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਇਕਉਂਕਾਰਾ ਹੋ ਪਰਧਾਨ, ਆਪ ਆਪਣੀ ਰਚਨ ਰਚਾਇੰਦਾ । ਪੁਰਖ ਨਿਰੰਜਣ ਜਾਣੀ ਜਾਣ, ਜਾਨਣਹਾਰਾ ਭੇਵ ਛੁਪਾਇੰਦਾ । ਸੋ ਪੁਰਖ ਨਿਰੰਜਣ ਸਚ ਨਿਸ਼ਾਨ, ਸਚ ਸਾਚਾ ਹੱਥ ਉਠਾਇੰਦਾ । ਸਚਖੰਡ ਦਵਾਰੇ ਹੋ ਪਰਧਾਨ, ਸਚ ਤਖ਼ਤ ਸੁਲਤਾਨ ਆਪਣਾ ਆਸਣ ਲਾਇੰਦਾ । ਅਗੰਮ ਅਗੰਮੜਾ ਖੇਲ ਮਹਾਨ, ਅਲਖ ਅਲਖਣਾ ਆਪ ਕਰਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਮੰਦਰ ਸੁਹਾਏ ਇਕ ਮਕਾਨ, ਥਿਰ ਘਰ ਵਾਸੀ ਥਿਰ ਦਰਬਾਰਾ ਵੇਖ ਵਖਾਇੰਦਾ । ਜੋਤ ਪਰਕਾਸ਼ ਗੁਣ ਨਿਧਾਨ, ਦੀਵਾ ਬਾਤੀ ਕਮਲਾਪਾਤੀ ਘਰ ਆਪਣੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪਰਕਾਸ਼ਾ ਪੁਰਖ ਅਬਿਨਾਸ਼ਾ ਖੇਲ ਤਮਾਸ਼ਾ ਮੰਡਲ ਰਾਸਾ ਦਰ ਆਪਣੇ ਆਪ ਸੁਹਾਇੰਦਾ । ਦਰ ਸੁਹੰਜਣਾ ਪੁਰਖ ਕਰਤਾਰ, ਏਕਾ ਰੰਗ ਰੰਗਾਈਆ । ਆਦਿ ਨਿਰੰਜਣ ਜੋਤ ਉਜਿਆਰ, ਜੋਤ ਸਰੂਪੀ ਡਗਮਗਾਈਆ । ਸੋ ਪੁਰਖ ਨਿਰੰਜਣ ਭਰ ਭੰਡਾਰ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਏਕੰਕਾਰਾ ਦਏ ਅਧਾਰ, ਸ੍ਰੀ ਭਗਵਾਨ ਕਰੇ ਕੁੜਮਾਈਆ । ਪੁਰਖ ਅਬਿਨਾਸ਼ੀ ਮੀਤ ਮੁਰਾਰ, ਪਾਰਬ੍ਰਹਮ ਪ੍ਰਭ ਸਗਲਾ ਸੰਗ ਨਿਭਾਈਆ । ਬ੍ਰਹਮ ਬ੍ਰਹਮ ਬ੍ਰਹਮ ਦਏ ਆਧਾਰ, ਵਿਸ਼ਨੂੰ ਆਪਣਾ ਵੰਸ ਸੁਹਾਈਆ । ਸ਼ੰਕਰ ਮੇਲਾ ਇਕ ਦਵਾਰ, ਘਰ ਸਾਚਾ ਇਕ ਬੁਝਾਈਆ । ਬ੍ਰਹਮਾ ਹਰਿ ਹਰਿ ਭਰੇ ਭੰਡਾਰ, ਪਾਰਬ੍ਰਹਮ ਵੱਡੀ ਵਡਿਆਈਆ । ਤ੍ਰੈਗੁਣ ਲੇਖਾ ਅਪਰ ਅਪਾਰ, ਰਜੋ ਤਮੋ ਸਤੋ ਨਾਲ ਰਲਾਈਆ । ਰਾਜਸ ਤਾਮਸ ਸਾਂਤਕ ਏਕਾ ਧਾਰ, ਹਰਿ ਸਾਚਾ ਵੇਖ ਵਖਾਈਆ । ਬ੍ਰਹਮ ਕਰ ਤਿਆਰ, ਹਰਿ ਲੇਖਾ ਦਏ ਜਣਾਈਆ । ਆਪ ਆਪਣੀ ਕਿਰਪਾ ਕਰ ਨਿਰਾਕਾਰ, ਸਾਕਾਰ ਰੂਪ ਵਟਾਈਆ । ਨਿਰਗੁਣ ਖੇਲ ਅਪਰ ਅਪਾਰ, ਸਰਗੁਣ ਮੇਲਾ ਸਹਿਜ ਸਭਾਈਆ । ਲੱਖ ਚੁਰਾਸੀ ਕਰ ਤਿਆਰ, ਨਿਜ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤ ਉਜਾਲਾ ਹਰਿ ਗੋਪਾਲਾ ਨਿਰਗੁਣ ਦਾਤਾ ਬੇਪਰਵਾਹੀਆ । ਆਦਿ ਸ਼ਕਤ ਖੇਲ ਮਹਾਨਾ, ਦੇਵ ਦੇਵਾ ਰੂਪ ਵਟਾਈਆ । ਪੁਰਖ ਅਗੰਮੜਾ ਅਵੱਲੜੀ ਚਾਲਾ, ਪੁਰਖ ਅਕਾਲਾ ਆਪ ਰਖਾਈਆ । ਸਾਚੇ ਮੰਦਰ ਦੀਪਕ ਬਾਲਾ, ਘਟ ਘਟ ਕਰੇ ਰੁਸ਼ਨਾਈਆ । ਅੰਮ੍ਰਿਤ ਸਰ ਸਰੋਵਰ ਭਰਿਆ ਤਾਲਾ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਕਰਤਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਲੱਖ

੧੨੦੭
੦੮

ਚੁਰਾਸੀ ਪਾਵੇ ਸਾਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਸੰਤ ਸੁਹੇਲੇ ਕਰ ਤਿਆਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਏਕਾ ਨਾਮ ਸ਼ਬਦ ਜੈਕਾਰ, ਸਾਚਾ ਨਾਅਰਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਵਡਿਆਇੰਦਾ । ਜੁਗ ਜੁਗ ਵੱਡਾ ਨਾਉਂ ਹਰਿ ਕਰਤਾਰ, ਸੋ ਪੁਰਖ ਨਿਰੰਜਣ ਆਪ ਉਪਾਇਆ । ਹਰਿ ਪੁਰਖ ਨਿਰੰਜਣ ਬੋਲ ਜੈਕਾਰ, ਏਕੰਕਾਰਾ ਡੰਕ ਵਜਾਇਆ । ਆਦਿ ਨਿਰੰਜਣ ਬੰਨ੍ਹੇ ਧਾਰ, ਸ੍ਰੀ ਭਗਵਾਨ ਹੋਏ ਸਹਾਇਆ । ਪੁਰਖ ਅਬਿਨਾਸ਼ੀ ਨੌਜਵਾਨ, ਨਾ ਮਰੇ ਨਾ ਜਾਇਆ । ਪਾਰਬ੍ਰਹਮ ਵਾਲੀ ਦੋ ਜਹਾਨ, ਬ੍ਰਹਮਾ ਮੇਲਾ ਸਹਿਜ ਸਭਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਇਕ ਗਿਆਨ, ਏਕਾ ਭਿਛਿਆ ਝੋਲੀ ਪਾਇਆ । ਆਪਣਾ ਮੰਤਰ ਨਾਮ ਕਰ ਪਰਧਾਨ, ਲੱਖ ਚੁਰਾਸੀ ਦਏ ਸੁਣਾਇਆ । ਭਗਤ ਭਗਵੰਤ ਇਕ ਨਿਸ਼ਾਨ, ਲੋਕਮਾਤ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਭਗਤ ਭਗਵੰਤ ਸਾਚੀ ਧਾਰ, ਆਦਿ ਜੁਗਾਦਿ ਰਖਾਈਆ । ਸੰਤਨ ਮੀਤਾ ਆਪ ਨਿਰੰਕਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਦੇਵੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਗੁਰਸਿਖਾਂ ਵਖਾਏ ਸਚ ਦਵਾਰ, ਦਰ ਦਰਵਾਜਾ ਆਪ ਖੁਲ੍ਹਾਈਆ । ਆਪੇ ਵਸੇ ਸਭ ਤੋਂ ਬਾਹਰ, ਹਰ ਘਟ ਆਪੇ ਆਸਣ ਲਾਈਆ । ਕਮਲਾਪਾਤੀ ਮੀਤ ਮੁਰਾਰ, ਆਤਮ ਤਾਕੀ ਖੋਲ੍ਹ ਖੁਲ੍ਹਾਈਆ । ਸਾਚਾ ਸਾਕੀ ਹੋ ਤਿਆਰ, ਭਰ ਪਿਆਲਾ ਅੰਮ੍ਰਿਤ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੇ ਨਾਮ ਕਰੇ ਵਡਿਆਈਆ । ਹਰਿ ਭਗਤ ਹਰੀ ਗੁਣ ਗਾਂਵਦੇ, ਦਿਵਸ ਰੈਣ ਪਰਭਾਤ । ਹਰਿ ਸੰਤਨ ਨੈਣ ਰਾਹ ਤਕਾਂਵਦੇ, ਮੇਟ ਮਿਟਾਇਣ ਅੰਧੇਰੀ ਰਾਤ । ਗੁਰਮੁਖ ਏਕਾ ਰੰਗ ਰੰਗਾਂਵਦੇ, ਉਤਮ ਹੋਈ ਏਕਾ ਜ਼ਾਤ । ਗੁਰਸਿਖ ਨਿਉਂ ਨਿਉਂ ਸੀਸ ਨਿਵਾਵਦੇ, ਲੇਖਾ ਜਾਣੇ ਪਿਤਾ ਮਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਸਗਲਾ ਸਾਥ । ਹਰਿ ਭਗਤ ਵਡਿਆਈ ਧੰਨ, ਸਤਿਗੁਰ ਪੁਰਖ ਮਨਾਇਆ । ਹਰਿ ਸੰਤ ਵਡਿਆਈ ਧੰਨ, ਘਰ ਮੰਦਰ ਦੀਪ ਜਗਾਇਆ । ਗੁਰਮੁਖ ਵਡਿਆਈ ਧੰਨ, ਅਗਿਆਨ ਅੰਧੇਰ ਚੁਕਾਇਆ । ਗੁਰਸਿਖ ਵਡਿਆਈ ਧੰਨ, ਗੁਰ ਸਤਿਗੁਰ ਦਰਸ਼ਨ ਪਾਇਆ । ਸਤਿਗੁਰ ਪੂਰਾ ਬੇੜਾ ਦੇਵੇ ਬੰਨ੍ਹ, ਲੱਖ ਚੁਰਾਸੀ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇਆ । ਹਰਿ ਭਗਤਨ ਮੀਤਾ ਇਕ ਭਗਵਾਨ, ਦੂਸਰ ਸੰਗ ਨਾ ਕੋਇ ਰਖਾਈਆ । ਸੰਤਨ ਦੇਵੇ ਧੁਰ ਫ਼ਰਮਾਣ, ਧੁਨ ਅਨਾਦੀ ਸ਼ਬਦ ਜਣਾਈਆ । ਗੁਰਮੁਖ ਮੇਲਾ ਵਾਲੀ ਦੋ ਜਹਾਨ, ਘਰ ਵੱਜਦੀ ਰਹੇ ਵਧਾਈਆ । ਗੁਰਸਿਖ ਮੀਤਾ ਚਤੁਰ ਸੁਜਾਨ, ਦੇਵੇ ਦਰਸ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਭਗਤ ਭਗਵੰਤ, ਗੁਰਮੁਖ ਗੁਰਸਿਖ ਮੇਲਾ ਨਾਰੀ ਕੰਤ, ਸਚ ਸੁਹੰਜਣੀ ਸੇਜ ਹੰਢਾਈਆ । ਭਗਤਨ ਅੰਦਰ ਵਸਿਆ, ਪਾਰਬ੍ਰਹਮ ਗੁਰ ਕਰਤਾਰ । ਹਰਿ ਸੰਤਨ ਮਾਰਗ ਏਕਾ ਦੱਸਿਆ, ਬਜਰ ਕਪਾਟੀ ਖੋਲ੍ਹ ਕਿਵਾੜ । ਗੁਰਮੁਖਾਂ ਪਿਛੇ ਫਿਰੇ ਨੱਸਿਆ, ਆਦਿ ਜੁਗਾਦੀ ਲੈ ਅਵਤਾਰ । ਗੁਰਸਿਖ ਕਰੇ ਪਰਕਾਸ਼ ਕੋਟਨ ਰਵ ਸਸਿਆ, ਲਹਿਣਾ ਦੇਣ ਚੁਕਾਏ ਧੂੰਆਂਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ ਧੁਨ ਅਨਾਦਿ ਵਜਾਏ ਸੱਚਾ ਜੈਕਾਰ । ਜੈ ਜੈਕਾਰਾ ਹਰਿ ਭਗਵੰਤ, ਜੈ ਜੈ ਦੇਵ ਇਸ਼ਟ ਦੇਵ ਮਨਾਈਆ । ਪੂਰਨ ਜੋਤ ਸ੍ਰੀ ਭਗਵੰਤ, ਹਰਿ ਭਗਤਨ ਵੇਖੇ ਥਾਉਂ ਥਾਈਆ । ਲੇਖਾ ਜਾਣੇ

ਸਾਧ ਸੰਤ, ਲੱਖ ਚੁਰਾਸੀ ਫੋਲ ਫੁਲਾਈਆ । ਗੁਰਮੁਖਾਂ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਵਡ ਵਡਿਆਈਆ । ਗੁਰਸਿਖ ਉਪਜਾਏ ਵਿਚੋਂ ਜੰਤ, ਜਨ ਜਨਣੀ ਲੇਖੇ ਲਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਕਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰ ਚੇਲੇ ਪਾਰ ਕਰਾਈਆ । ਹਰਿ ਭਗਵੰਤ ਭਗਤਨ ਮੀਤਾ, ਆਦਿ ਪੁਰਖ ਏਕਉਂਕਾਰਿਆ । ਸੰਤ ਸੁਹੇਲਾ ਠੰਡਾ ਸੀਤਾ, ਅਗਨੀ ਤੱਤ ਨਾ ਕੋਇ ਜਲਾ ਰਿਹਾ । ਗੁਰਮੁਖਾਂ ਜਣਾਏ ਆਪਣੀ ਰੀਤਾ, ਸਾਚੀ ਸਿਖਿਆ ਸਿਖ ਸਮਝਾ ਰਿਹਾ । ਗੁਰਸਿਖਾਂ ਦੇਵੇ ਨਾਮ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆ ਰਿਹਾ । ਮਿਠਾ ਕਰੇ ਕਾਇਆ ਕੌੜਾ ਰੀਠਾ, ਜਿਸ ਜਨ ਆਪਣਾ ਦਰਸ ਦਿਖਾ ਰਿਹਾ । ਸੁਰਤ ਸਵਾਣੀ ਰਾਮ ਪਰਨਾਏ ਸਾਚੀ ਸੀਤਾ, ਸ਼ਬਦ ਹਾਣੀ ਮੇਲ ਮਿਲਾ ਰਿਹਾ । ਏਕਾ ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਏਕਾ ਬੰਸਰੀ ਆਪ ਸੁਣਾ ਰਿਹਾ । ਸਾਚਾ ਮੰਦਰ ਗੁਰੂਦਵਾਰ ਵਖਾਏ ਮਸੀਤਾ, ਕਾਇਆ ਕਾਅਬਾ ਹੱਟ ਖੁਲ੍ਹਾ ਰਿਹਾ । ਕਰੇ ਕਰਾਏ ਪਤਿਤ ਪੁਨੀਤਾ, ਪਤਿਤ ਪਾਪੀ ਆਪ ਤਰਾ ਰਿਹਾ । ਜਨ ਭਗਤਾਂ ਵਸਿਆ ਸਦ ਸਦ ਚੀਤਾ, ਘਰ ਮੰਦਰ ਸੋਭਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾ ਰਿਹਾ । ਜੁਗ ਜੁਗ ਖੇਲੇ ਖੇਲ ਕਰਤਾਰ, ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡਾਈਆ । ਚੌਥੇ ਯੁਗ ਪਾਵੇ ਸਾਰ, ਕਲਜੁਗ ਵੇਖੇ ਕੂੜੀ ਸ਼ਾਹੀਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸ਼ਾਹ ਸੁਲਤਾਨ ਗਏ ਹਾਰ, ਰਾਜ ਰਾਜਾਨ ਨਾ ਵਡ ਵਡਿਆਈਆ । ਵੇਦ ਕਤੇਬ ਰਹੇ ਪੁਕਾਰ, ਸ਼ਾਸਤਰ ਸਿਮਰਤ ਦੇਣ ਦੁਹਾਈਆ । ਅੰਜੀਲ ਕੁਰਾਨਾ ਕੂਕਾਂ ਰਹੇ ਮਾਰ, ਅੱਲਾ ਹੂ ਹੂ ਨਾਅਰਾ ਲਾਈਆ । ਕੋਇ ਨਾ ਸੁਣੇ ਕਿਸੇ ਪੁਕਾਰ, ਚੌਦਾਂ ਤਬਕ ਰਾਹ ਤਕਾਈਆ । ਪੰਚ ਵਿਕਾਰਾ ਮਾਰੇ ਮਾਰ, ਨੌਂ ਦਰ ਘਰ ਘਰ ਪਈ ਲੜਾਈਆ । ਨਾ ਕੋਈ ਦਿਸੇ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਨੈਣ ਸ਼ਰਮਾਈਆ । ਨਾ ਕੋਈ ਸਹਾਈ ਬੇਐਬ ਪਰਵਰਦਿਗਾਰ, ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਦੇਣ ਗਵਾਹੀਆ । ਉਚ ਮਹਿਰਾਬ ਨਾ ਹੁਜਰਾ ਨਾ ਕੋਈ ਕੂਕੇ ਕੂਕ ਸੁਣਾਏ ਪੁਕਾਰ, ਬਾਂਗ ਆਜਾਨ ਨਾ ਕੋਇ ਵਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੋ ਪੁਰਖ ਨਿਰੰਜਣ ਪਾਵਣਹਾਰਾ ਸਾਰ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਖੇਲ ਖਿਲਾਈਆ । ਕਲਜੁਗ ਅੰਤਮ ਖੇਲ ਕਰਤਾਰਾ, ਕਰਨੀ ਕਰਤਾ ਆਪ ਕਰਾਇੰਦਾ । ਜਨ ਭਗਤਾਂ ਭਰੇ ਨਾਮ ਭੰਡਾਰਾ, ਹਰਿ ਸੰਤਨ ਸੇਵਾ ਲਾਇੰਦਾ । ਗੁਰਮੁਖਾਂ ਦੇਵੇ ਇਕ ਅਧਾਰਾ, ਏਕਾ ਬੂਝ ਬੁਝਾਇੰਦਾ । ਗੁਰਸਿਖਾਂ ਕਰਾਏ ਸਾਚਾ ਵਣਜ ਵਣਜਾਰਾ, ਸਾਚੇ ਹੱਟ ਵਿਕਾਇੰਦਾ । ਕਲਜੁਗ ਜੀਵ ਕੂੜ ਕੁੜਿਆਰਾ, ਚਾਰੋਂ ਕੁੰਟ ਕੂੜੇ ਧੰਦੇ ਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸਨਾ ਮੇਲ ਮਿਲਾਇੰਦਾ । ਨਾਤਾ ਤੁਟਾ ਮੀਤ ਮੁਰਾਰਾ, ਭੈਣਾ ਭਈਆ ਸੰਗ ਛੁਡਾਇੰਦਾ । ਮਾਤ ਪਿਤ ਨਾ ਕਰੇ ਪਿਆਰਾ, ਸਾਚਾ ਹਿਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਨਾਉਂ ਉਪਜਾਇੰਦਾ । ਕਲਜੁਗ ਕੂੜੀ ਧਾਰ, ਚਾਰ ਕੁੰਟ ਰਹੀ ਕੁਰਲਾਈਆ । ਨੌ ਖੰਡ ਪ੍ਰਿਥਮੀ ਏਕਾ ਅਖਾੜ, ਕੂੜੀ ਕਿਰਿਆ ਆਪਣਾ ਨਾਚ ਰਹੀ ਵਖਾਈਆ । ਜਗਤ ਤ੍ਰਿਸਨਾ ਰਹੀ ਸਾੜ, ਸਾਂਤਕ ਸਤਿ ਨਾ ਕੋਇ ਵਰਤਾਈਆ । ਮਗਰ ਲੱਗੀ

ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਲੱਗੀ ਅੱਗ ਬਹੱਤਰ ਨਾੜ, ਦਿਵਸ ਰੈਣ ਰਹੀ ਤਪਾਈਆ । ਸਾਚੇ ਪੌੜੇ ਕੋਈ ਨਾ ਦੇਵੇ ਚਾੜ੍ਹ, ਵਰਨਾਂ ਬਰਨਾਂ ਪਈ ਲੜਾਈਆ । ਅੰਮ੍ਰਿਤ ਮਿਲੇ ਨਾ ਠੰਡੀ ਠਾਰ, ਅਠਸਠ ਤੀਰਥ ਬੈਠੇ ਮੁਖ ਭੁਵਾਈਆ । ਗੁਰ ਦਰ ਮੰਦਰ ਮਸਜਿਦ ਧੀਆਂ ਭੈਣਾਂ ਕਰਨ ਵਪਾਰ, ਇਸ਼ਟ ਦੇਵ ਨਾ ਕੋਇ ਜਣਾਈਆ । ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ, ਜੁਗ ਜੁਗ ਪਾਵਣਹਾਰਾ ਸਾਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪੇ ਵੇਖ ਵਖਾਈਆ । ਪਰਗਟ ਹੋਵੇ ਵਡ ਬਲਕਾਰ, ਸੂਰਬੀਰਾ ਨਾਉਂ ਧਰਾਈਆ । ਖੜਗ ਖੰਡਾ ਤੇਜ਼ ਕਟਾਰ, ਚੰਡ ਪਰਚੰਡ ਹੱਥ ਉਠਾਈਆ । ਬ੍ਰਹਿਮੰਡ ਖੰਡ ਕਰੇ ਵਿਚਾਰ, ਜੇਰਜ ਅੰਡ ਉਤਭੁਜ ਸੇਤਜ ਫੋਲ ਫੋਲਾਈਆ । ਭੇਖ ਪਾਖੰਡ ਦਏ ਨਵਾਰ, ਜੂਠ ਝੂਠ ਰਹਿਣ ਨਾ ਪਾਈਆ । ਮਨਮੁਖ ਜੀਵ ਵਹਾਏ ਵਹਿੰਦੀ ਧਾਰ, ਸ਼ੌਹ ਦਰਯਾਏ ਆਪ ਰੁੜ੍ਹਾਈਆ । ਗੁਰਸਿਖ ਸਾਚੇ ਲਾਏ ਪਾਰ, ਏਕਾ ਨਈਆ ਨਾਮ ਚੜ੍ਹਾਈਆ । ਗੁਰਮੁਖਾਂ ਦੇਵੇ ਸ਼ਬਦ ਅਧਾਰ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹਰਿ ਸੰਤਨ ਪਾਏ ਆਦਿ ਜੁਗਾਦੀ ਸਾਰ, ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਈਆ । ਭਗਤ ਭਗਵੰਤ ਕਰ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਕੂੜਾ ਕਰ ਖੁਆਰ, ਅੰਤਮ ਲੇਖਾ ਦਏ ਮੁਕਾਈਆ । ਨਾ ਕੋਈ ਦੀਸੇ ਨਾਰ ਵਿਭਚਾਰ, ਸਾਚੀ ਸਖੀਆਂ ਮੇਲ ਮਿਲਾਈਆ । ਮੰਗਲਾਚਾਰ ਗਾਇਣ ਆਪਣੀ ਵਾਰ, ਘਰ ਵੱਜਦੀ ਰਹੇ ਵਧਾਈਆ । ਪਾਇਆ ਕੰਤ ਹਰਿ ਹਰਿ ਭਤਾਰ, ਵਿਛੜ ਕਦੇ ਨਾ ਜਾਈਆ । ਗੁਰਮੁਖ ਨਾਰੀ ਕਰ ਸ਼ਿੰਗਾਰ, ਨੇਤਰ ਨੈਣ ਰਹੀ ਮਟਕਾਈਆ । ਆਤਮ ਸੇਜਾ ਖ਼ਬਰਦਾਰ, ਆਲਸ ਨਿੰਦਰਾ ਰਹੀ ਮਿਟਾਈਆ । ਸਾਚਾ ਮੀਤਾ ਭੁਜਾਂ ਰਿਹਾ ਪਸਾਰ, ਚਤੁਰਭੁਜ ਵਡ ਵਡਿਆਈਆ । ਠਾਂਡਾ ਸੀਤਾ ਬਖ਼ਸ਼ੇ ਅੰਮ੍ਰਿਤ ਧਾਰ, ਆਤਮ ਰਸ ਆਪ ਚਖਾਈਆ । ਏਕਾ ਸੇਜ ਸੁਹਾਏ ਹਰਿ ਕਰਤਾਰ, ਕਰਨੀ ਕਰਤਾ ਆਪਣੀ ਕਿਰਤ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਮੇਲਾ ਏਕਾ ਘਰ ਹਰਿ ਸੰਤ ਵੇਖੇ ਆਪੇ ਖੜ, ਗੁਰਮੁਖ ਘੋੜੇ ਜਾਇਣ ਚੜ੍ਹ, ਗੁਰਸਿਖ ਬੰਧਾਏ ਆਪਣੇ ਲੜ, ਆਪ ਆਪਣੇ ਅੰਗ ਲਗਾਈਆ । ਗੁਰਸਿਖ ਸਾਚੇ ਪੌੜੇ ਚੜ੍ਹਿਆ, ਹਰਿ ਸਾਚੇ ਆਪ ਚੜ੍ਹਾਇਆ । ਗੁਰਮੁਖ ਆਪਣੇ ਅੰਦਰ ਵੜਿਆ, ਦੂਸਰ ਸੰਗ ਨਾ ਨਾਲ ਲਿਆਇਆ । ਸੰਤਨ ਸਾਚਾ ਘਾੜਨ ਘੜਿਆ, ਨਿਰਗੁਣ ਸਰਗੁਣ ਮੇਲ ਮਿਲਾਇਆ । ਹਰਿ ਭਗਤ ਭਗਵੰਤ ਨਾ ਕੋਈ ਸੀਸ ਨਾ ਕੋਈ ਧੜਿਆ, ਨਿਰਗੁਣ ਜੋਤ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸੰਗ ਆਪ ਨਿਭਾਇਆ । ਸਾਚਾ ਸੰਗ ਭਗਤ ਭਗਵਾਨ, ਆਦਿ ਜੁਗਾਦਿ ਨਿਭਾਇੰਦਾ । ਸੰਤਨ ਮੇਲਾ ਵਾਲੀ ਦੋ ਜਹਾਨ, ਸਚਖੰਡ ਦਵਾਰਾ ਆਪ ਸੁਹਾਇੰਦਾ । ਥਿਰ ਘਰ ਵਾਸੀ ਗੁਣ ਨਿਧਾਨ, ਗੁਰਮੁਖ ਆਪਣੇ ਅੰਗ ਲਗਾਇੰਦਾ । ਗੁਰਸਿਖ ਬਣਾਏ ਚਤੁਰ ਸੁਜਾਨ, ਮੂਰਖ ਮੂੜ੍ਹੇ ਆਪਣੇ ਧੰਦੇ ਲਾਇੰਦਾ । ਆਤਮ ਅੰਤਰ ਦੇਵੇ ਇਕ ਗਿਆਨ, ਦ੍ਰਿਸ਼ਟ ਇਸ਼ਟ ਇਕ ਵਖਾਇੰਦਾ । ਏਕਾ ਰਾਗ ਸੁਣਾਏ ਕਾਨ, ਧੁਨ ਅਨਾਦੀ ਅਨਹਦ ਤਾਲ ਵਜਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਪਵਣ ਪਾਣੀ ਸਭ ਸੇਵ ਕਮਾਣ, ਜੋ ਜਨ ਹਰਿ ਸਰਨਾਈ ਆਇੰਦਾ । ਜੋਤ ਨਿਰੰਜਣ ਕਰੇ ਪਰਕਾਸ਼ ਕੋਟਨ ਭਾਨ, ਦੀਵਾ ਬਾਤੀ ਨਾ ਕੋਇ ਜਗਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਬੋਧ ਅਗਾਧ ਆਪ ਸੁਣਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਮਾਣ ਨਿਮਾਣਿਆਂ ਗਲੇ ਲਗਾਇੰਦਾ । ਲੱਖ ਚੁਰਾਸੀ ਚੁੱਕੇ ਕਾਣ, ਜੋ ਜਨ ਸਤਿਗੁਰ ਪੂਰੇ ਦਰਸ਼ਨ ਪਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਆਪਣੇ ਅੰਗ ਲਗਾਇੰਦਾ । ਅੰਗੀਕਾਰ ਕਰ ਸਮਰਥ, ਆਪਣੇ ਅੰਗ ਰਖਾਇੰਦਾ । ਸਦਾ ਸੁਹੇਲਾ ਰੱਖੇ ਦੇ ਕਰ ਹੱਥ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਨਾਮ ਵਸਤ ਅਨਮੋਲ ਵੱਥ, ਸਚ ਸਮਗਰੀ ਝੋਲੀ ਪਾਇੰਦਾ । ਆਪ ਚਲਾਏ ਕਾਇਆ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣੇ ਸੀਆਂ ਸਾਢੇ ਤਿੰਨ ਤਿੰਨ ਹੱਥ, ਹੱਥੋ ਹੱਥ ਵੰਡ ਵੰਡਾਇੰਦਾ । ਹਰਿ ਕਾ ਮੰਦਰ ਨਾ ਜਾਏ ਢੱਠ, ਦੂਸਰ ਕੋਇ ਥਿਰ ਰਹਿਣ ਨਾ ਪਾਇੰਦਾ । ਲੇਖਾ ਜਾਣੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੀ ਸੇਵਾ ਆਪੇ ਲਾਇੰਦਾ । ਆਪੇ ਖੇਲੇ ਖੇਲ ਮੰਦਰ ਮਸਜਿਦ ਸ਼ਿਵਦਵਾਲਾ ਮੱਠ, ਗੁਰੂਦਵਾਰਾ ਗੁਰ ਗੁਰ ਨਾਉਂ ਧਰਾਇੰਦਾ । ਆਪੇ ਗੇੜਨਹਾਰਾ ਉਲਟੀ ਲੱਠ, ਲੱਖ ਚੁਰਾਸੀ ਆਪ ਭਵਾਇੰਦਾ । ਆਪੇ ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਆਪੇ ਵਸਣਹਾਰਾ ਘਟ ਘਟ, ਘਟ ਮੰਦਰ ਸੋਭਾ ਪਾਇੰਦਾ । ਗੁਰਮੁਖਾਂ ਗੁਰਸਿਖਾਂ ਦੁਰਮਤ ਮੈਲ ਦੇਵੇ ਕੱਟ, ਸਚ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਹਰੀ ਹਰਿ ਆਪ ਹੋ ਆਇੰਦਾ । ਨਰ ਹਰਿ ਹਰੀ ਨਰਾਇਣ, ਨਿਰਗੁਣ ਰੂਪ ਉਪਾਇਆ । ਗੁਰਮੁਖਾਂ ਦਰਸ ਵਖਾਏ ਆਪਣੇ ਨੈਣ, ਜਗਤ ਲੋਚਨ ਬੰਦ ਕਰਾਇਆ । ਪੂਰਬ ਜਨਮ ਚੁਕਾਏ ਲਹਿਣ ਦੇਣ, ਪਿਛਲਾ ਲਹਿਣਾ ਰਹੇ ਨਾ ਰਾਇਆ । ਗੋਬਿੰਦ ਗੀਤ ਦਰ ਦਰ ਘਰ ਘਰ ਜੀਵ ਜੰਤ ਸਾਰੇ ਗਾਇਣ, ਨੇਤਰ ਲੋਚਨ ਦਰਸ ਕਿਸੇ ਨਾ ਪਾਇਆ । ਨਾਤਾ ਬਣਿਆ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਨਾਰੀ ਕੰਤ ਮੇਲ ਮਿਲਾਇਆ । ਗੁਰਮੁਖ ਵਿਰਲੇ ਹਰਿ ਸਰਨਾਈ ਢਹਿ ਢਹਿ ਪੈਣ, ਝੂਠਾ ਨਾਤਾ ਤੋੜ ਤੁੜਾਇਆ । ਵੇਲੇ ਅੰਤ ਨੇੜ ਨਾ ਆਏ ਲਾੜੀ ਮੌਤ ਡਾਇਣ, ਰਾਏ ਧਰਮ ਨਾ ਦਏ ਸਜ਼ਾਇਆ । ਸਤਿਗੁਰ ਪੂਰਾ ਆਪਣੇ ਆਏ ਲੈਣ, ਆਪਣੀ ਗੋਦੀ ਲਏ ਉਠਾਇਆ । ਮਨਮੁਖ ਵਹਿਣ ਵਹਿੰਦੇ ਵਹਿਣ, ਬੇੜਾ ਬੰਨੇ ਨਾ ਕੋਇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਭਗਤ ਹਰਿ ਸੰਤ, ਗੁਰਮੁਖ ਗੁਰਸਿਖ ਗੋਬਿੰਦ ਧਾਰ ਸ਼ਬਦ ਪਿਆਰ, ਜੋਤ ਨਿਰਾਕਾਰ ਨਿਰਗੁਣ ਆਪਣੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤ, ਸੋ ਪੁਰਖ ਨਿਰੰਜਣ ਬਣਾਏ ਬਣਤ, ਹਰਿ ਪੁਰਖ ਨਿਰੰਜਣ ਮਣੀਆ ਮੰਤ, ਏਕੰਕਾਰਾ ਮਹਿਮਾ ਅਗਣਤ, ਆਦਿ ਨਿਰੰਜਣ ਸ੍ਰੀ ਭਗਵੰਤ, ਪੁਰਖ ਅਬਿਨਾਸ਼ੀ ਖੇਲ ਖਿਲੰਤ, ਪਾਰਬ੍ਰਹਮ ਵੇਸ ਵਟੰਤ, ਬ੍ਰਹਮ ਬ੍ਰਹਮ ਲੱਖ ਚੁਰਾਸੀ ਜੀਵ ਜੰਤ, ਵਿਸ਼ਨ ਸ਼ਿਵ ਸੇਵਕ ਸੇਵਾ ਆਪ ਲਗਾਈਆ ।

### ✪ ੨੪ ਕੱਤਕ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਘਰ ਪਿੰਡ ਹੇਰ ਦਇਆ ਹੋਈ ✪

ਹਰਿ ਸਤਿਗੁਰ ਪੁਰਖ ਸੁਜਾਨ, ਪਾਰਬ੍ਰਹਮ ਗੁਰ ਅਵਤਾਰਿਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਹਰਿ ਪੁਰਖ ਨਿਰੰਜਣ ਮੀਤ ਮੁਰਾਰਿਆ । ਏਕੰਕਾਰਾ ਨਿਗਹਬਾਨ, ਖੇਲੇ ਖੇਲ ਅਗੰਮ ਅਪਾਰਿਆ । ਆਦਿ ਨਿਰੰਜਣ ਜੋਤ ਮਹਾਨ, ਨੂਰੋ ਨੂਰ ਡਗਮਗਾ ਰਿਹਾ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ, ਘਰ ਸਾਚੇ ਸੋਭਾ ਪਾ ਰਿਹਾ । ਪਾਰਬ੍ਰਹਮ ਪ੍ਰਭ ਨੌਜਵਾਨ, ਆਪ ਆਪਣਾ ਖੇਲ ਖਿਲਾ ਰਿਹਾ । ਵਿਸ਼ਨ ਸ਼ਿਵ ਬ੍ਰਹਮਾ ਕਰ ਪਰਧਾਨ,

ਸਾਚੀ ਸੇਵਾ ਸੇਵ ਲਗਾ ਰਿਹਾ । ਦੇਵਣਹਾਰਾ ਸਾਚਾ ਦਾਨ, ਏਕਾ ਬ੍ਰਹਮ ਬ੍ਰਹਮ ਬ੍ਰਹਮ ਝੋਲੀ ਪਾ ਰਿਹਾ । ਤ੍ਰੈਗੁਣ ਮਾਇਆ ਕਰ ਨਿਸ਼ਾਨ, ਆਪ ਆਪਣਾ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਖੇਲ ਖਿਲਾ ਲਿਆ । ਸਤਿਗੁਰ ਪੂਰਾ ਸਤਿ ਕਰਤਾਰ, ਸਤਿ ਸਤਿਵਾਦ ਵੱਡੀ ਵਡਿਆਈਆ । ਸੋ ਪੁਰਖ ਨਿਰੰਜਣ ਏਕੰਕਾਰ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਆਦਿ ਨਿਰੰਜਣ ਕਰੇ ਵਿਚਾਰ, ਸ੍ਰੀ ਭਗਵਾਨ ਸਿਫ਼ਤ ਸਲਾਹੀਆ । ਅਬਿਨਾਸ਼ੀ ਕਰਤਾ ਨੌਜਵਾਨ, ਨਾ ਮਰੇ ਨਾ ਜਾਈਆ । ਪਾਰਬ੍ਰਹਮ ਪ੍ਰਭ ਜਾਣੀ ਜਾਣ, ਆਦਿ ਜੁਗਾਦਿ ਇਕ ਅਖਵਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਮਾਣ, ਚਰਨ ਕਵਲ ਧਿਆਨ ਰਖਾਈਆ । ਤ੍ਰੈਗੁਣ ਮਾਇਆ ਗੁਣ ਨਿਧਾਨ, ਗੁਣਵੰਤਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਵੇਸ ਵਟਾਈਆ । ਸਤਿਗੁਰ ਪੂਰਾ ਹਰਿ ਭਗਵੰਤ, ਏਕਾ ਏਕ ਏਕੰਕਾਰਿਆ । ਸੋ ਪੁਰਖ ਨਿਰੰਜਣ ਜੁਗਾ ਜੁਗੰਤ, ਹਰਿ ਪੁਰਖ ਨਿਰੰਜਣ ਕਰੇ ਆਪ ਪਸਾਰਿਆ । ਆਦਿ ਨਿਰੰਜਣ ਮਹਿਮਾ ਅਗਣਤ, ਸ੍ਰੀ ਭਗਵਾਨ ਭੇਵ ਨਾ ਆ ਰਿਹਾ । ਪੁਰਖ ਅਬਿਨਾਸ਼ੀ ਸਾਚਾ ਕੰਤ, ਪਾਰਬ੍ਰਹਮ ਨਾਉਂ ਪਰਗਟਾ ਰਿਹਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਨਿਰਗੁਣ ਆਪਣਾ ਅੰਗ ਕਟਾ ਰਿਹਾ । ਲੱਖ ਚੁਰਾਸੀ ਜੀਵ ਜੰਤ, ਤ੍ਰੈਗੁਣ ਸਾਚਾ ਸੰਗ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾ ਲਿਆ । ਸਤਿਗੁਰ ਪੂਰਾ ਕਰਤਾ ਅਬਿਨਾਸ਼, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਖੇਲੇ ਖੇਲ ਤਮਾਸ਼, ਹਰਿ ਪੁਰਖ ਨਿਰੰਜਣ ਰਾਸ ਰਚਾਇਆ । ਆਦਿ ਨਿਰੰਜਣ ਨਿਰਗੁਣ ਜੋਤ ਕਰ ਪਰਕਾਸ਼, ਥਿਰ ਘਰ ਸਾਚਾ ਆਪ ਸੁਹਾਇਆ । ਪੁਰਖ ਅਬਿਨਾਸ਼ੀ ਸਚਖੰਡ ਦਵਾਰੇ ਕਰ ਨਿਵਾਸ, ਨਿਰਗੁਣ ਆਪਣਾ ਧਾਮ ਸੁਹਾਇਆ । ਸ੍ਰੀ ਭਗਵਾਨ ਆਪ ਆਪਣਾ ਹੋਇਆ ਦਾਸ, ਆਪਣੀ ਸੇਵਾ ਆਪ ਕਮਾਇਆ । ਪੁਰਖ ਅਬਿਨਾਸ਼ੀ ਕਰ ਅਰਦਾਸ, ਆਪਣੀ ਝੋਲੀ ਆਪਣੇ ਅੱਗੇ ਡਾਹਿਆ । ਪਾਰਬ੍ਰਹਮ ਪ੍ਰਭ ਸਗਲਾ ਸਾਥ, ਥਿਰ ਘਰ ਵਾਸੀ ਆਪ ਨਿਭਾਇਆ । ਬ੍ਰਹਮਾ ਵਿਸ਼ਨ ਸ਼ਿਵ ਗਾਇਣ ਸਵਾਸ ਸਵਾਸ, ਸੇਵਕ ਸਾਚੀ ਸੇਵ ਲਗਾਇਆ । ਲੱਖ ਚੁਰਾਸੀ ਦਾਸੀ ਦਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰ ਏਕੰਕਾਰ, ਅਕਲ ਕਲ ਆਪਣਾ ਨਾਉਂ ਉਪਾਇਆ । ਸਤਿਗੁਰ ਪੂਰਾ ਅਕਲ ਕਲ ਧਾਰ, ਆਦਿ ਜੁਗਾਦਿ ਸਮਾਇੰਦਾ । ਏਕੰਕਾਰਾ ਕਰ ਪਸਾਰ, ਆਪ ਆਪਣਾ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਬੰਨ੍ਹੇ ਧਾਰ, ਜੋਤੀ ਜੋਤ ਜੋਤ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਅੰਦਰ ਬਾਹਰ, ਮਹੱਲ ਅਟੱਲ ਸੋਭਾ ਪਾਇੰਦਾ । ਆਦਿ ਨਿਰੰਜਣ ਖੇਲ ਅਪਾਰ, ਦੀਵਾ ਬਾਤੀ ਕਮਲਾਪਾਤੀ ਆਪਣਾ ਆਪ ਜਗਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਸਗਲਾ ਸੰਗ ਰਖਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਅਮਰਾਪਦ ਇਕ ਵਖਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣੀ ਵੰਡ ਆਪ ਵੰਡਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਆਧਾਰ, ਅੰਤਰ ਆਤਮ ਬੂਝ ਬੁਝਾਇੰਦਾ । ਤ੍ਰੈਗੁਣ ਮਾਇਆ ਕਰ ਪਿਆਰ, ਰਾਜਸ ਤਾਮਸ ਸਤਿ ਸਤਿ ਸਤਿ ਵਰਤਾਇੰਦਾ । ਲੱਖ ਚੁਰਾਸੀ ਭਰ ਭੰਡਾਰ, ਆਤਮ ਬ੍ਰਹਮ ਵਿਚ ਟਿਕਾਇੰਦਾ । ਈਸ਼ ਜੀਵ ਕਰਮ ਵਿਚਾਰ, ਨਿਹਕਰਮੀ ਕਰਮ ਵਖਾਇੰਦਾ । ਕਾਇਆ ਖੇੜਾ ਨਗਰ ਗਰਾਮ, ਹੱਡ ਮਾਸ ਨਾੜੀ ਰੱਤ ਜੋੜ ਜੁੜਾਇੰਦਾ । ਪਵਣ ਸਵਾਸੀ ਪੱਲੇ ਬੰਨ੍ਹੇ ਦਾਮ, ਸਚ ਖ਼ਜ਼ਾਨਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਖੇਲ ਅਪਾਰਾ, ਵਸਣਹਾਰਾ ਸਚ ਮਹੱਲਾ ਉਚ ਮਨਾਰਾ,

੧੨੨੧ ੦੮

ਦਿਸ ਕਿਸੇ ਨਾ ਆਇੰਦਾ । ਸਤਿਗੁਰ ਪੂਰਾ ਹਰਿ ਮਿਹਰਵਾਨ, ਦਰ ਸਾਚਾ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਜਾਣੀ ਜਾਣ, ਘਟ ਘਟ ਆਪਣਾ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਨਿਗਹਬਾਨ, ਜੁਗਾ ਜੁਗੰਤਰ ਵੇਖ ਵਖਾਇੰਦਾ । ਆਦਿ ਨਿਰੰਜਣ ਸਚ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਇੰਦਾ । ਪੁਰਖ ਅਬਿਨਾਸ਼ੀ ਕਰੇ ਧਿਆਨ, ਦਰ ਦਵਾਰਾ ਵੇਖ ਵਖਾਇੰਦਾ । ਸ੍ਰੀ ਭਗਵਾਨ ਪਾਏ ਆਣ, ਆਪਣਾ ਹੁਕਮ ਆਪ ਚਲਾਇੰਦਾ । ਪਾਰਬ੍ਰਹਮ ਦੇਵੇ ਮਾਣ, ਬ੍ਰਹਮ ਆਪਣਾ ਸੰਗ ਰਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਪਾਏ ਮਾਣ, ਦੂਸਰ ਹੁਕਮ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਲੋਕਮਾਤੀ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਘਰ ਮੰਦਰ ਸੋਭਾ ਪਾਇੰਦਾ । ਮੰਦਰ ਅੰਦਰ ਸਚ ਮਕਾਨ, ਘਰ ਘਰ ਵਿਚ ਆਪ ਉਪਾਇੰਦਾ । ਜੋਤ ਨਿਰੰਜਣ ਜਗਤ ਨਿਸ਼ਾਨ, ਦੀਵਾ ਬਾਤੀ ਇਕ ਟਿਕਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਨ, ਰਾਗ ਅਨਾਦੀ ਆਪ ਅਲਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਕੋਇ ਨਾ ਪਾਇੰਦਾ । ਅਲਖ ਅਗੋਚਰ ਅਗੰਮ ਅਥਾਹ ਪਾਰਬ੍ਰਹਮ ਅਖਵਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਜੁਗ ਜੁਗ ਆਪਣਾ ਮਾਰਗ ਲਾਇੰਦਾ । ਲੱਖ ਚੁਰਾਸੀ ਰਚਨ ਰਚਾ, ਘਰ ਘਰ ਵਿਚ ਡੇਰਾ ਵਖਾਇੰਦਾ । ਨਿਰਗੁਣ ਆਪਣਾ ਨਾਉਂ ਧਰਾ, ਨਾਉਂ ਨਿਰੰਕਾਰਾ ਆਪ ਉਪਜਾਇੰਦਾ । ਲੋਆਂ ਪੁਰੀਆਂ ਵੇਖ ਵਖਾ, ਰਵ ਸਸ ਸ਼ਬਦ ਜਣਾਇੰਦਾ । ਬ੍ਰਹਿਮੰਡ ਖੰਡ ਆਪਣੀ ਜੋਤ ਜਗਾ, ਨੂਰੋ ਨੂਰ ਡਗਮਗਾਇੰਦਾ । ਵਰਭੰਡੀ ਹਰਿ ਰਚਨ ਰਚਾ, ਜੀਵ ਜੰਤ ਵੇਖ ਵਖਾਇੰਦਾ । ਲੱਖ ਚੁਰਾਸੀ ਸੰਗ ਨਿਭਾ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵਸੇ ਏਕਾ ਘਰ, ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਪੁਰਖ ਅਕਾਲ, ਸਮਰਥ ਪੁਰਖ ਵੱਡੀ ਵਡਿਆਈਆ । ਸਰਗੁਣ ਦਾਤਾ ਦੀਨ ਦਿਆਲ, ਪੰਜ ਤੱਤ ਡੇਰਾ ਆਪੇ ਲਾਈਆ । ਨਿਰਗੁਣ ਰੂਪ ਸ਼ਾਹ ਸੁਲਤਾਨ, ਸਚਖੰਡ ਨਿਵਾਸੀ ਸਚਖੰਡ ਬੈਠਾ ਸੋਭਾ ਪਾਈਆ । ਸਰਗੁਣ ਰੂਪ ਸ੍ਰੀ ਭਗਵਾਨ, ਪੰਜ ਤੱਤ ਮੇਲਾ ਸਹਿਜ ਸੁਭਾਈਆ । ਨਿਰਗੁਣ ਨੂਰ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸਰਗੁਣ ਮੇਲਾ ਵਿਚ ਜਹਾਨ, ਕਮਲਾਪਾਤੀ ਵੇਖ ਵਖਾਈਆ । ਨਿਰਗੁਣ ਦਾਤਾ ਦਾਨੀ ਵਡ ਮਿਹਰਵਾਨ, ਸਾਚੀ ਵਸਤ ਇਕ ਰਖਾਈਆ । ਸਰਗੁਣ ਮੰਗੇ ਧੁਰ ਦਰਬਾਰ, ਆਪਣੀ ਝੋਲੀ ਅੱਗੇ ਡਾਹੀਆ । ਬਣ ਵਿਚੋਲਾ ਗੁਣ ਨਿਧਾਨ, ਆਪਣਾ ਮੇਲਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਜੋਤੀ ਮੇਲਾ ਸ਼ਬਦੀ ਚੇਲਾ, ਗੁਰ ਸਤਿਗੁਰ ਰੂਪ ਵਟਾਇੰਦਾ । ਪਾਰਬ੍ਰਹਮ ਬ੍ਰਹਮ ਸੱਜਣ ਸੁਹੇਲਾ, ਸਗਲਾ ਸੰਗ ਰਖਾਇੰਦਾ । ਵਸਣਹਾਰਾ ਧਾਮ ਨਵੇਲਾ, ਪੰਜ ਤੱਤ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਹਰਿ ਨਿਰੰਕਾਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਆਦਿ ਨਿਰੰਜਣ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਕਰ ਪਿਆਰ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਬ੍ਰਹਮ ਮੀਤਾ ਦਏ ਅਧਾਰ, ਲੋਕਮਾਤ ਵੇਖ ਵਖਾਈਆ । ਠਾਂਡਾ ਸੀਤਾ ਨਿਝਰ ਧਾਰ, ਅੰਮ੍ਰਿਤ ਅੰਮਿਉਂ ਰਸ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਵੇਖੇ ਸਹਿਜ ਸਭਾਈਆ । ਪੰਜ ਤੱਤ ਮੇਲਾ ਗੁਣ ਨਿਧਾਨ, ਨਿਰਗੁਣ ਸਰਗੁਣ ਜੋੜ

ਜੁੜਾਇੰਦਾ । ਕਾਇਆ ਮੰਦਰ ਸਚ ਮਕਾਨ, ਥਿਰ ਘਰ ਵਾਸੀ ਆਸਣ ਲਾਇੰਦਾ । ਸਾਚਾ ਰਾਗ ਸ਼ਬਦ ਧੁਨਕਾਨ, ਅਨਹਦ ਏਕਾ ਰਾਗ ਅਲਾਇੰਦਾ । ਚੌਦਾਂ ਹੱਟ ਵਖਾਏ ਇਕ ਦੁਕਾਨ, ਲੋਆਂ ਪੁਰੀਆਂ ਵੇਖ ਵਖਾਇੰਦਾ । ਸਚ ਵਖਾਏ ਪਦ ਨਿਰਬਾਨ, ਪਰਮਾਨੰਦ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬੂਝ ਆਪ ਬੁਝਾਇੰਦਾ । ਨਿਰਗੁਣ ਸਰਗੁਣ ਬੂਝ ਬੁਝਾਏ, ਆਪ ਆਪਣਾ ਪੜਦਾ ਲਾਹੀਆ । ਕਾਇਆ ਚੋਲੀ ਰੰਗ ਚੜ੍ਹਾਏ, ਉਤਰ ਕਦੇ ਨਾ ਜਾਈਆ । ਦਰ ਦਰਵਾਜਾ ਇਕ ਖੁਲ੍ਹਾਏ, ਆਪ ਆਪਣੀ ਦਇਆ ਕਮਾਈਆ । ਗ਼ਰੀਬ ਨਿਵਾਜਾ ਭੇਵ ਚੁਕਾਏ, ਹਉਮੇ ਰੋਗ ਰਹੇ ਨਾ ਰਾਈਆ । ਅਨਹਦ ਵਾਜਾ ਇਕ ਵਜਾਏ, ਰਾਗ ਅਨਾਦੀ ਏਕਾ ਗਾਈਆ । ਅਸਵ ਘੋੜਾ ਤਾਜਾ ਇਕ ਵਖਾਏ, ਸ਼ਬਦ ਅਗੰਮੀ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਝੋਲੀ ਪਾਈਆ । ਸਚ ਵਸਤ ਹਰਿ ਨਾਮ ਅਨਮੋਲ, ਨਿਰਗੁਣ ਸਰਗੁਣ ਝੋਲੀ ਪਾਇੰਦਾ । ਪਾਰਬ੍ਰਹਮ ਪ੍ਰਭ ਆਪਣੇ ਕੰਡੇ ਤੋਲ, ਤੋਲਣਹਾਰਾ ਏਕਾ ਤੋਲ ਤੁਲਾਇੰਦਾ । ਸ੍ਰੀ ਭਗਵਾਨ ਪੜਦਾ ਖੋਲ੍ਹ, ਬਜਰ ਕਪਾਟੀ ਤੋੜ ਤੁੜਾਇੰਦਾ । ਪੁਰਖ ਅਬਿਨਾਸ਼ੀ ਵਜਾਏ ਢੋਲ, ਕਾਇਆ ਮੰਦਰ ਅੰਦਰ ਮਰਦੰਗਾ ਇਕ ਵਜਾਇੰਦਾ । ਸੋ ਪੁਰਖ ਨਿਰੰਜਣ ਅੰਮ੍ਰਿਤ ਆਤਮ ਬਖ਼ਸ਼ੇ ਪੌਲ, ਭਰ ਪਿਆਲਾ ਜਾਮ ਪਿਆਇੰਦਾ । ਹਰਿ ਪੁਰਖ ਨਿਰੰਜਣ ਵਸੇ ਸਦਾ ਕੋਲ, ਵਿਛੜ ਕਦੇ ਨਾ ਜਾਇੰਦਾ । ਏਕੰਕਾਰਾ ਆਦਿ ਅੰਤ ਰਹੇ ਅਡੋਲ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦਏ ਵਰ, ਵਰ ਦਾਤਾ ਨਾਉਂ ਧਰਾਇੰਦਾ । ਵਰ ਦਾਤਾ ਹਰਿ ਮਿਹਰਵਾਨਾ, ਗਹਿਰ ਗੰਭੀਰ ਸਮਾਇਆ । ਜਨ ਭਗਤਾਂ ਦੇਵੇ ਸਾਚਾ ਦਾਨਾ, ਨਾਮ ਖਜ਼ਾਨਾ ਝੋਲੀ ਪਾਇਆ । ਦੋ ਜਹਾਨਾਂ ਬੀਨਾ ਦਾਨਾ, ਦਰ ਦਰਵੇਸਾ ਵੇਸ ਵਟਾਇਆ । ਅੰਮ੍ਰਿਤ ਆਤਮ ਪੀਣਾ ਖਾਣਾ, ਸਚ ਭੰਡਾਰਾ ਆਪ ਭਰਾਇਆ । ਏਕਾ ਰੰਗ ਰੰਗਾਏ ਮਰਨਾ ਜੀਣਾ, ਜੀਵਣ ਮਰਨ ਨਿਰਭੈ ਵਖਾਇਆ । ਲੇਖਾ ਜਾਣੇ ਲੋਕਾਂ ਤੀਨਾਂ, ਮਾਤ ਪਤਾਲ ਅਕਾਸ਼ ਹੋਏ ਸਹਾਇਆ । ਜਨ ਭਗਤਾਂ ਕਰੇ ਠਾਂਡਾ ਸੀਨਾ, ਨਿਰਗੁਣ ਆਪਣਾ ਦਰਸ ਦਿਖਾਇਆ । ਬੁਝਾਏ ਪਿਆਸ ਜਿਉਂ ਜਲ ਮੀਨਾ, ਸਾਂਤਕ ਸਤਿ ਕਰਾਇਆ । ਹਰਿ ਭਗਤ ਲੱਖ ਚੁਰਾਸੀ ਵਿਚੋਂ ਵੱਖ ਕੀਨਾ, ਆਪਣੀ ਭਗਤੀ ਆਪੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲਾ ਸਾਚੇ ਘਰ, ਸਰਗੁਣ ਸਾਚਾ ਵੇਖ ਵਖਾਇਆ । ਨਿਰਗੁਣ ਦਾਤਾ ਹਰਿ ਬੇਅੰਤ, ਪਾਰਬ੍ਰਹਮ ਵੱਡੀ ਵਡਿਆਈਆ । ਲੇਖਾ ਜਾਣੇ ਸਾਚੇ ਸੰਤ, ਸਾਚੀ ਸਿਖਿਆ ਸਤਿ ਸਮਝਾਈਆ । ਮੇਲ ਮਿਲਾਵਾ ਨਾਰੀ ਕੰਤ, ਘਰ ਵੱਜਦੀ ਰਹੇ ਵਧਾਈਆ । ਨਾਮ ਚੜ੍ਹਾਏ ਚੋਲੀ ਰੰਗ ਬਸੰਤ, ਸਾਚੀ ਕਲੀਆ ਆਪ ਰੰਗਾਈਆ । ਜਗਤ ਜਹਾਨ ਬਣਾਏ ਬਣਤ, ਬਣ ਬਨਵਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੰਤਨ ਡੇਰਾ ਲਾਈਆ । ਸੰਤਨ ਅੰਦਰ ਨਿਰਗੁਣ ਵਸਿਆ, ਬੇਅੰਤ ਬੇਪਰਵਾਹ । ਆਦਿ ਜੁਗਾਦੀ ਮਾਰਗ ਸਾਚਾ ਦੱਸਿਆ, ਪਕੜ ਉਠਾਏ ਹਰਿ ਹਰਿ ਬਾਂਹ । ਦੋ ਜਹਾਨਾਂ ਫਿਰੇ ਨੱਸਿਆ, ਸਤਿਗੁਰ ਪੂਰਾ ਬਣ ਮਲਾਹ । ਤੀਰ ਨਿਰਾਲਾ ਏਕਾ ਕਸਿਆ, ਸ਼ਬਦ ਨਿਸ਼ਾਨਾ ਦੇਵੇ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤ ਜਪਾਏ ਏਕਾ ਨਾਂ । ਸੰਤਨ ਬੇੜਾ ਪਾਰ ਕਰ, ਗੁਰਮੁਖ ਸੰਗ ਨਿਭਾਇੰਦਾ । ਗੁਰਮੁਖ ਮੀਤ ਮੁਰਾਰ ਕਰ, ਘਰ ਸੁਹੰਜਣਾ ਸੋਭਾ ਪਾਇੰਦਾ । ਦਾਸੀ ਦਾਸ ਕਰਤਾਰ ਹਰਿ, ਹਰਿ

ਸੱਜਣ ਵੇਖ ਵਖਾਇੰਦਾ । ਆਪਣੀ ਕਿਰਪਾ ਆਪੇ ਕਰ, ਆਪ ਆਪਣੇ ਅੰਗ ਲਗਾਇੰਦਾ । ਆਵਣ ਜਾਵਣ ਚੁੱਕੇ ਡਰ, ਜਿਸ ਜਨ ਸਿਰ ਆਪਣਾ ਹੱਥ ਰਖਾਇੰਦਾ । ਆਪਣੇ ਘਾੜਨ ਲਏ ਘੜ, ਭੰਨਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਆਪ ਸਮਝਾਇੰਦਾ । ਗੁਰਮੁਖ ਲੇਖਾ ਲੇਖ ਅਪਾਰ, ਵੇਦ ਕਤੇਬ ਭੇਵ ਨਾ ਰਾਈਆ । ਬ੍ਰਹਮਾ ਅੱਠੇ ਨੇਤਰ ਚਾਰੇ ਮੁੱਖ ਕੂਕੇ ਕਰੇ ਪੁਕਾਰ, ਦਿਵਸ ਰੈਣ ਰਿਹਾ ਗਾਈਆ । ਸ਼ਾਸਤਰ ਸਿਮਰਤ ਵਾਜਾਂ ਰਹੇ ਮਾਰ, ਪੁਰਾਨ ਅਠਾਰਾਂ ਦੇਣ ਗਵਾਹੀਆ । ਗੁਰਮੁਖ ਤੇਰਾ ਰੂਪ ਅਪਾਰ, ਲਿਖਤ ਲੇਖ ਵਿਚ ਨਾ ਕੋਇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਸੰਸਾਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਸਿਖ ਹਰਿ ਆਪ ਜਗਾਏ, ਪਰਮ ਪੁਰਖ ਵੱਡੀ ਵਡਿਆਈਆ । ਆਪਣਾ ਵੇਸ ਆਪ ਵਟਾਏ, ਦਰ ਦਰਵੇਸ ਫੇਰੀ ਪਾਈਆ । ਨਰ ਨਰੇਸ਼ ਭੇਵ ਨਾ ਰਾਏ, ਗਣਪਤ ਗਣੇਸ਼ ਬੈਠੇ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਰਹੇ ਧਿਆਏ, ਦਿਵਸ ਰੈਣ ਏਕਾ ਗੁਣ ਗਾਈਆ । ਗੁਰਮੁਖਾਂ ਦਵਾਰੇ ਫੇਰੀ ਪਾਏ, ਗੁਰਸਿਖ ਸਾਚੇ ਵੇਖ ਵਖਾਈਆ । ਗੁਰਸਿਖ ਤੇਰੀ ਵਡ ਵਡਿਆਏ, ਤੇਰਾ ਲਹਿਣਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਉਜਿਆਲਾ ਹਰਿ ਗੋਪਾਲਾ ਦੀਨ ਦਿਆਲਾ ਦਇਆਨਿਧ ਠਾਕਰ ਅਬਿਨਾਸ਼ੀ ਕਰਤਾ ਨਾਉਂ ਰਖਾਈਆ । ਗੁਰਮੁਖ ਸੂਰਾ ਵਡ ਬਲਵਾਨ, ਹਰਿ ਸਤਿਗੁਰ ਆਪ ਉਪਾਇੰਦਾ । ਗੁਰਸਿਖ ਸਾਚਾ ਚਤੁਰ ਸੁਜਾਨ, ਦਰ ਘਰ ਸਾਚਾ ਵੇਖ ਵਖਾਇੰਦਾ । ਸ਼ਬਦ ਸਰੂਪੀ ਸਤਿ ਗਿਆਨ, ਸਤਿ ਸਤਿਵਾਦੀ ਆਪ ਦ੍ਰਿੜਾਇੰਦਾ । ਕਾਇਆ ਤੋੜ ਮਾਣ ਅਭਿਮਾਨ, ਮਾਇਆ ਮਮਤਾ ਮੋਹ ਚੁਕਾਇੰਦਾ । ਸ਼ਬਦ ਅਨਾਦੀ ਧੁਰ ਫ਼ਰਮਾਣ, ਹਰਿ ਸਾਚਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਪੇਖਤ ਹਰਿ ਨਿਰੰਕਾਰ, ਦਰ ਸਾਚਾ ਆਪ ਸੁਹਾਈਆ । ਗੁਰਸਿਖ ਭਰੇ ਨਾਮ ਭੰਡਾਰ, ਦੇਵਣਹਾਰ ਤੋਟ ਨਾ ਰਾਈਆ । ਆਦਿ ਜੁਗਾਦੀ ਬਣ ਵਰਤਾਰ, ਲੋਕਮਾਤ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰ, ਭਗਤ ਵਛਲ ਵੱਡੀ ਵਡਿਆਈਆ । ਧਰੂ ਪ੍ਰਹਿਲਾਦ ਕਰਿਆ ਪਾਰ, ਬਲ ਬਾਵਨ ਰੰਗ ਚੜ੍ਹਾਈਆ । ਅਮਰੀਕ ਦੁਰਬਾਸ਼ਾ ਕਰ ਖ਼ਵਾਰ, ਜਨਕ ਵੱਜੀ ਵਧਾਈਆ । ਹਰੀ ਚੰਦ ਦਏ ਆਧਾਰ, ਆਪ ਆਪਣੀ ਬੂਝ ਬੁਝਾਈਆ । ਬਿਦਰ ਸੁਦਾਮਾ ਕਰ ਕਰ ਪਾਰ, ਘਰ ਸਾਚੇ ਵੇਖ ਵਖਾਈਆ । ਦਰੋਪਦ ਸੁੱਤ ਕਰ ਪਿਆਰ, ਲੱਜਿਆ ਰੱਖੇ ਬੇਪਰਵਾਹੀਆ । ਨਾਮਾ ਜੈ ਦੇਵ ਵਿਚ ਸੰਸਾਰ, ਸਾਰੰਗ ਧਰ ਭਗਵਾਨ ਬੀਠਲਾ ਨੇਤਰ ਨੈਣ ਦਰਸ਼ਨ ਗਏ ਪਾਈਆ । ਕਬੀਰ ਸੈਣ ਕਰ ਪੁਕਾਰ, ਦਿਵਸ ਰੈਣ ਰਹੇ ਧਿਆਈਆ । ਬੇਣੀ ਨੈਣੀ ਖੇਲ ਅਪਾਰ, ਘਰ ਮੇਲਾ ਸਹਿਜ ਸੁਭਾਈਆ । ਰਵਦਾਸ ਚੁਮਾਰਾ ਤਨ ਸ਼ਿੰਗਾਰ, ਕਾਇਆ ਅਲਫ਼ੀ ਏਕਾ ਪਾਈਆ । ਪਾਪਨ ਪੂਤਨਾ ਲਾਈ ਪਾਰ, ਬੱਧਕ ਆਪਣੇ ਅੰਗ ਸਮਾਈਆ । ਗਨਕਾ ਪਾਪਣ ਦਏ ਆਧਾਰ, ਅਜਾਮਲ ਤਾਰੇ ਵੇਖੇ ਥਾਉਂ ਥਾਈਆ । ਜੁਗਾ ਜੁਗੰਤਰ ਪਾਵੇ ਸਾਰ, ਨਰ ਨਰਾਇਣ ਆਪਣਾ ਰੂਪ ਵਟਾਈਆ । ਕਲਜੁਗ ਅੰਤਮ ਹੋ ਤਿਆਰ, ਨਿਹਕਲੰਕਾ ਨਾਉਂ ਧਰਾਈਆ । ਗੁਰਮੁਖ ਸਾਚੇ ਲਏ ਉਭਾਰ, ਲੱਖ ਚੁਰਾਸੀ ਫੋਲ ਫੋਲਾਈਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਮਾਇਆ ਪੜਦਾ ਰਿਹਾ ਪਾਈਆ । ਬਿਨ ਸਤਿਗੁਰ ਕੋਇ ਨਾ ਉਤਰੇ ਪਾਰ, ਨਾਨਕ ਗੋਬਿੰਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ

ਖੇਲ ਹਰਿ ਰਘੁਰਾਈਆ । ਗੁਰਸਿਖ ਸਾਚਾ ਮੀਤੜਾ, ਹਰਿ ਸੱਜਣ ਵੇਖ ਵਖਾਇਆ । ਪਾਏ ਧਾਮ ਇਕ ਅਨਡੀਠੜਾ, ਸਚਖੰਡ ਨਿਵਾਸੀ ਡੇਰਾ ਆਪਣਾ ਲਾਇਆ । ਕਾਇਆ ਚੋਲੀ ਰੰਗੇ ਚੀਥੜਾ, ਪੰਜ ਤੱਤ ਦੁਰਮਤ ਮੈਲ ਗਵਾਇਆ । ਆਪ ਆਪਣੇ ਜੇਹਾ ਕੀਤੜਾ, ਏਕਾ ਦੂਜਾ ਭੌ ਮਿਟਾਇਆ । ਮਿਠਾ ਕਰਿਆ ਕੌੜਾ ਰੀਠੜਾ, ਆਤਮ ਦਰਸੀ ਦਰਸ ਦਿਖਾਇਆ । ਗੁਰਸਿਖ ਸਦਾ ਸਦ ਠੰਡਾ ਸੀਤੜਾ, ਅਗਨੀ ਤੱਤ ਨਾ ਲੱਗੇ ਰਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਦਾਸੀ ਨਿਰਗੁਣ ਆਪ ਮੀਤੜਾ, ਚਿਤ ਵਿਤ ਠਗੌਰੀ ਕੋਇ ਨਾ ਪਾਇਆ । ਕੋਟਨ ਕੋਟ ਜਨਮ ਦੇ ਵਿਛੜੇ ਕਰ ਕਰ ਮੇਲੇ ਕਰੇ ਪਤਿਤ ਪੁਨੀਤੜਾ, ਪਤਿਤ ਪਾਵਨ ਆਪਣਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦੇਵੇ ਵਰ, ਵਰ ਘਰ ਸਾਚਾ ਇਕ ਵਖਾਇਆ । ਵਰ ਘਰ ਸਾਚਾ ਕੰਤ ਭਤਾਰ, ਗੁਰਮੁਖ ਸਚ ਕਰੇ ਕੁੜਮਾਈਆ । ਸਤਿ ਸੰਤੋਖੀ ਸਚ ਪਿਆਰ, ਸਤਿ ਸਤਿਵਾਦੀ ਆਪ ਵਖਾਈਆ । ਬਸਤਰ ਭੂਸ਼ਨ ਕਰ ਤਿਆਰ, ਸ਼ਬਦ ਗਹਿਣਾ ਤਨ ਪਹਿਨਾਈਆ । ਨਾਮ ਨਿਧਾਨਾ ਕੱਜਲ ਧਾਰ, ਨੇਤਰ ਨੈਣ ਆਪ ਮਟਕਾਈਆ । ਮੇਂਢੀ ਗੁੰਦੇ ਵਿਚ ਸੰਸਾਰ, ਹਰਿ ਸਾਚੀ ਸੇਵ ਕਮਾਈਆ । ਲਾਲ ਗੁਲਾਲਾ ਰੰਗ ਚਾੜ੍ਹੇ ਅਪਰ ਅਪਾਰ, ਲਾਲ ਮਹਿੰਦੀ ਰਹੀ ਸ਼ਰਮਾਈਆ । ਸਾਚੀ ਧਰਮਸਾਲਾ ਕਾਇਆ ਮੰਦਰ ਕਰ ਤਿਆਰ, ਸੀਸ ਜਗਦੀਸ ਦਏ ਨਿਵਾਈਆ । ਜੋਤੀ ਮਾਤਾ ਹੋ ਤਿਆਰ, ਸਾਚਾ ਸਗਨ ਲਏ ਮਨਾਈਆ । ਅੰਮ੍ਰਿਤ ਵਾਰੇ ਠੰਡਾ ਠਾਰ, ਮੁਖ ਪਿਆਲਾ ਇਕ ਲਗਾਈਆ । ਸਖੀਆਂ ਮੰਗਲ ਗਾਇਣ ਵਾਰੋ ਵਾਰ, ਗੀਤ ਗੋਬਿੰਦ ਇਕ ਅਲਾਈਆ । ਵੱਜੇ ਤਾਲ ਹਰਿ ਨਿਰੰਕਾਰ, ਬਹੱਤਰ ਨਾੜਾ ਤਾਲ ਤਲਵਾੜਾ ਅਨਹਦ ਆਪ ਵਜਾਈਆ । ਸਾਚੇ ਘੋੜੇ ਦੇਵੇ ਚਾੜ੍ਹ, ਮੌਲੀ ਮਹਿੰਦੀ ਆਪਣੇ ਹੱਥ ਵਖਾਈਆ । ਗੁਰਮਤ ਭਾਬੀ ਕਜਲਾ ਪਾਏ ਆਪਣੀ ਵਾਰ, ਘਰ ਸਾਚੇ ਸੋਭਾ ਪਾਈਆ । ਸਾਚੀ ਸੰਗਤ ਭੈਣਾਂ ਭੱਯਾ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਵਰ, ਆਪ ਆਪਣੇ ਅੰਗ ਲਗਾਈਆ । ਗੁਰਮੁਖ ਸਾਚਾ ਅੰਗ ਲਗਾਇਆ, ਹਰਿ ਸਤਿਗੁਰ ਦਇਆ ਕਮਾਇੰਦਾ । ਸਾਚਾ ਮੰਦਰ ਇਕ ਸੁਹਾਇਆ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਛੱਪਰ ਛੰਨ ਨਾ ਕੋਇ ਉਪਾਇਆ, ਨਾ ਕੋਈ ਬਾਢੀ ਬਣਤ ਬਣਾਇੰਦਾ । ਉਤਰ ਪੂਰਬ ਪੱਛਮ ਦੱਖਣ ਚਾਰੋਂ ਦਿਸ਼ਾ ਦਰਵਾਜਾ ਕਿਸੇ ਦਿਸ ਨਾ ਆਇਆ, ਬਿਨ ਸਤਿਗੁਰ ਨਾ ਕੋਇ ਖੁਲ੍ਹਾਇੰਦਾ । ਸਾਚਾ ਪੌੜਾ ਇਕ ਚੜ੍ਹਾਇਆ, ਆਪਣੀ ਹੱਥੀਂ ਡੰਡਾ ਲਾਇੰਦਾ । ਦੂਈ ਦਵੈਤੀ ਪੜਦਾ ਜਗਤ ਘੁੰਗਟ ਆਪ ਚੁਕਾਇਆ, ਆਪਣਾ ਦਰਸ ਆਪ ਦਿਖਾਇੰਦਾ । ਉਚ ਮਹੱਲ ਅਟਾਰੀ ਰਿਹਾ ਸੁਹਾਇਆ, ਨਿਜ ਆਤਮ ਖੇਲ ਖਿਲਾਇੰਦਾ । ਸਾਚੀ ਸੇਜਾ ਸੋਭਾ ਪਾਇਆ, ਫੂਲਨ ਬਰਖਾ ਆਪ ਲਗਾਇੰਦਾ । ਗੁਰਮੁਖ ਸੁਰਤ ਸਵਾਣੀ ਸ਼ਬਦ ਮਿਲਿਆ ਸਾਚਾ ਹਾਣੀ, ਵਾਹ ਵਾਹ ਮੰਗਲ ਏਕਾ ਗਾਇੰਦਾ । ਦਰ ਘਰ ਮਿਲਿਆ ਠੰਡਾ ਪਾਣੀ, ਜੁਗਾਂ ਜੁਗਾਂ ਦੀ ਲੱਗੀ ਪਿਆਸ ਸਤਿਗੁਰ ਪੂਰਾ ਆਪ ਬੁਝਾਇੰਦਾ । ਆਵਣ ਜਾਵਣ ਚੁੱਕੀ ਕਾਣੀ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਪੜ੍ਹੇ ਏਕਾ ਬਾਣੀ, ਪ੍ਰਭ ਸਾਚਾ ਆਪ ਸੁਣਾਇੰਦਾ । ਲੱਖ ਚੁਰਾਸੀ ਦਿਸੇ ਫਾਨੀ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜਾ ਆਪ ਸੁਹਾਇੰਦਾ । ਦਰ ਦਵਾਰਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਇਆ । ਗੁਰਮੁਖ ਵਿਰਲਾ ਵੇਖੇ ਸੰਤ, ਦੂਸਰ ਹੱਥ ਕਿਸੇ ਨਾ ਆਇਆ । ਲੱਖ ਚੁਰਾਸੀ ਜੀਵ ਜੰਤ, ਜੂਨੀ ਜੂਨ

ਰਿਹਾ ਫਿਰਾਇਆ । ਗੁਰਸਿਖ ਤੇਰੀ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਵਰ ਘਰ ਪਾਇਆ ਹਰਿ ਹਰਿ ਕੰਤ, ਘਰ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇਆ । ਸਾਚਾ ਮੰਦਰ ਸਚਖੰਡ ਦਵਾਰ, ਹਰਿ ਸਾਚਾ ਆਪ ਸੁਹਾਈਆ । ਭਗਤਾਂ ਮੇਲੇ ਕਰ ਪਿਆਰ, ਸੁੰਨ ਅਗੰਮੀ ਪਾਰ ਕਰਾਈਆ । ਸੰਤਾ ਬਖ਼ਸ਼ੇ ਇਕ ਅਧਾਰ, ਚਰਨ ਕਵਲ ਸੱਚੀ ਸਰਨਾਈਆ । ਗੁਰਮੁਖ ਫੜ ਫੜ ਬਾਂਹੋਂ ਜਾਏ ਤਾਰ, ਨਿਤ ਨਵਿਤ ਸੇਵ ਕਮਾਈਆ । ਗੁਰਸਿਖਾਂ ਕਰੇ ਸਚ ਸ਼ਿੰਗਾਰ, ਸਾਚੀ ਸੇਵਾ ਆਪ ਕਮਾਈਆ । ਲੇਖਾ ਲਿਖ ਲਿਖ ਜਾਣੇ ਧੁਰ ਦਰਬਾਰ, ਧੁਰ ਮਸਤਕ ਵੇਖ ਵਖਾਈਆ । ਕੋਟਨ ਕੋਟੀ ਕੋਟ ਰਹੇ ਪੁਕਾਰ, ਪ੍ਰਭ ਕਾ ਦਰਸ ਕੋਇ ਨਾ ਪਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਗੁਰਮੁਖ ਸਾਚੇ ਲਏ ਉਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਗੋਦ ਉਠਾਈਆ । ਗੁਰਸਿਖ ਬਾਲ ਅੰਵਾਣਾ ਬਾਲੀ ਬੁਧ, ਹਰਿ ਵੱਡਾ ਵਡ ਵਡਿਆਈਆ । ਜਨ ਭਗਤਾਂ ਕਰੇ ਕਾਰਜ ਸੁਧ, ਅਕਲ ਕਲ ਰੂਪ ਵਟਾਈਆ । ਹਰਿ ਸੰਤਾਂ ਭੇਵ ਖੁਲ੍ਹਾਏ ਗੁਝ, ਆਪ ਆਪਣੀ ਬੂਝ ਬੁਝਾਈਆ । ਗੁਰਮੁਖਾਂ ਸਚ ਦਵਾਰਾ ਜਾਏ ਸੁਝ, ਮਨਮੁਖ ਬੈਠਣ ਮੁਖ ਭਵਾਈਆ । ਗੁਰਮੁਖ ਚਰਨ ਪ੍ਰੀਤੀ ਜਾਇਣ ਲੁੱਝ, ਲੰਕਾ ਹਉਮੇ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਵੇਖ ਵਖਾਈਆ । ਵੇਖਣਹਾਰ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਜਨ ਭਗਤਾਂ ਦੇਵੇ ਸਾਚੀ ਵੱਥ, ਨਾਮ ਰਤਨ ਅਮੋਲਕ ਹੀਰਾ ਝੋਲੀ ਪਾਇਆ । ਸੰਤਨ ਜਣਾਈ ਸਾਚੀ ਗਥ, ਮੰਤਰ ਅੰਤਰ ਨਾਮ ਦ੍ਰਿੜਾਇਆ । ਗੁਰਸਿਖਾਂ ਸਗਲ ਵਿਸੂਰੇ ਜਾਇਣ ਲੱਥ, ਸਵੱਛ ਸਰੂਪੀ ਦਰਸ਼ਨ ਪਾਇਆ । ਗੁਰਮੁਖ ਮੇਲਾ ਦਰ ਘਰ ਸਾਚੇ ਇਕ ਇਕੱਠ, ਚਰਨ ਦਵਾਰਾ ਇਕ ਵਖਾਇਆ । ਮੇਲ ਮਿਲਾਵਾ ਨੱਠ ਨੱਠ, ਦੋ ਜਹਾਨੀ ਫੇਰਾ ਪਾਇਆ । ਕਲਜੁਗ ਬੁਰਜ ਰਿਹਾ ਢੱਠ, ਨਦੀ ਕਿਨਾਰੇ ਰੁਖੜਾ ਆਪ ਵਖਾਇਆ । ਲਹਿਣਾ ਚੁੱਕੇ ਅਠਸਠ, ਅੰਮ੍ਰਿਤ ਜਲ ਨੀਰ ਨਾ ਕੋਇ ਵਹਾਇਆ । ਗੁਰਮੁਖਾਂ ਗੁਰਸਿਖਾਂ ਜਨ ਭਗਤਾਂ ਹਰਿ ਸੰਤਾਂ ਸਾਚਾ ਮਾਰਗ ਦੇਵੇ ਦੱਸ, ਵਰਨਾਂ ਬਰਨਾਂ ਭੇਵ ਚੁਕਾਇਆ । ਊਚਾਂ ਨੀਚਾਂ ਰੱਖੇ ਦੇ ਕਰ ਹੱਥ, ਸੋ ਪੁਰਖ ਨਿਰੰਜਣ ਵੇਸ ਵਟਾਇਆ । ਹਰਿ ਪੁਰਖ ਨਿਰੰਜਣ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਆਦਿ ਨਿਰੰਜਣ ਹੋ ਪਰਗਟ, ਜੋਤ ਨਿਰੰਜਣ ਰਿਹਾ ਜਗਾਇਆ । ਪੁਰਖ ਅਬਿਨਾਸ਼ੀ ਵਸਣਹਾਰਾ ਘਟ ਘਟ, ਘਟ ਮੰਦਰ ਵੇਖ ਵਖਾਇਆ । ਸ੍ਰੀ ਭਗਵਾਨ ਖੁਲ੍ਹਾਏ ਸਾਚਾ ਹੱਟ, ਚੌਦਾਂ ਲੋਕ ਚੌਦਾਂ ਤਬਕ ਤ੍ਰੈਭਵਣ ਧਨੀ ਆਪਣਾ ਨਾਉਂ ਉਪਾਇਆ । ਪਾਰਬ੍ਰਹਮ ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਚਤੁਰਭੁਜ ਗੇੜ ਉਲਟੀ ਲੱਠ, ਚਾਰੇ ਕੁੰਟਾਂ ਵੇਖ ਵਖਾਇਆ । ਚੌਥਾ ਯੁਗ ਰਿਹਾ ਨੱਠ, ਵੇਲੇ ਅੰਤ ਨਾ ਕੋਇ ਸਹਾਇਆ । ਵਿਸ਼ਨੂੰ ਪੂਰਾ ਕਰੇ ਨਾ ਕੋਈ ਘਾਟ, ਪ੍ਰਭ ਵੇਖੇ ਰਿਜ਼ਕ ਸਬਾਇਆ । ਬ੍ਰਹਮਾ ਲੇਖਾ ਜਾਣੇ ਆਣ ਬਾਟ, ਲੱਖ ਚੁਰਾਸੀ ਮਾਤ ਗਰਭ ਫੇਰਾ ਪਾਇਆ । ਸ਼ੰਕਰ ਉਤਾਰੇ ਆਪਣੇ ਘਾਟ, ਸ਼ਿਵ ਸਾਚੀ ਸੇਵ ਕਮਾਇਆ । ਤ੍ਰੈਗੁਣ ਮਾਇਆ ਬਸਤਰ ਰਿਹਾ ਪਾਟ, ਸਾਚੀ ਗੰਢ ਨਾ ਕੋਇ ਬੰਧਾਇਆ । ਪੰਜ ਤੱਤ ਨਾ ਵਿਕਣਾ ਕਿਸੇ ਹਾਟ, ਕਰਤਾ ਕੀਮਤ ਕੋਇ ਨਾ ਪਾਇਆ । ਹਰਿ ਭਗਤਾਂ ਮੇਲਾ ਸਗਲਾ ਸਾਥ, ਸਾਚੇ ਸੰਤਨ ਲਏ ਤਰਾਇਆ । ਗੁਰਮੁਖ ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਬ ਵੇਖਣ ਆਪੇ ਆਇਆ । ਗੁਰਸਿਖ

੧੨੧੬ ੦੮

ਚੜ੍ਹਾਏ ਸਾਚੇ ਰਾਥ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਹਰੀ ਨਰਾਇਣ ਆਪ ਅਖਵਾਇਆ । ਹਰਿ ਨਰਾਇਣ ਬੇਐਬ ਪਰਵਰਦਿਗਾਰ, ਨੂਰ ਨੂਰ ਨੂਰ ਅਲਾਹੀਆ । ਹੱਕ ਹਕੀਕਤ ਪਾਵੇ ਸਾਰ, ਲਾਸ਼ਰੀਕ ਇਕ ਖੁਦਾਈਆ । ਖ਼ਾਲਕ ਖ਼ਲਕ ਕਰ ਪਸਾਰ, ਖ਼ਲਕ ਖ਼ਾਲਕ ਵੇਖ ਵਖਾਈਆ । ਸਾਲਸ ਬਣ ਵਿਚ ਸੰਸਾਰ, ਸਚ ਸਾਲਸੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਹਰੀ ਹਰਿ ਵੱਡੀ ਵਡਿਆਈਆ । ਹਰੀ ਹਰਿ ਨਿਰਗੁਣ ਸਰਗੁਣ, ਵਿਸ਼ਨੂੰ ਭਗਵਾਨ ਨਾਉਂ ਧਰਾਇਆ । ਗੁਰਸਿਖ ਮੇਲੇ ਚੁਣ ਚੁਣ, ਆਪ ਆਪਣੀ ਦਇਆ ਕਮਾਇਆ । ਗੁਰਮੁਖਾਂ ਪੁਕਾਰ ਸੁਣ ਸੁਣ, ਸਿਰ ਆਪਣਾ ਹੱਥ ਰਖਾਇਆ । ਸੰਤਾਂ ਜਾਣੇ ਸਾਚਾ ਗੁਣ, ਗੁਣ ਅਵਗੁਣ ਗੁਣਵੰਤਾ ਵਡ ਵਡਿਆਇਆ । ਭਗਤਾਂ ਸੁਣੇ ਨਾਦ ਧੁਨ, ਧੁਨ ਆਤਮਕ ਆਪ ਵਜਾਇਆ । ਲੱਖ ਚੁਰਾਸੀ ਛਾਣ ਪੁਣ, ਚੌਥੇ ਯੁਗ ਚਾਰੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸੰਤੋਖ ਇਕ ਗਿਆਨ, ਪੁਰਖ ਅਬਿਨਾਸ਼ੀ ਚਰਨ ਧਿਆਨ, ਦੋ ਜਹਾਨੀ ਦੇਵੇ ਮਾਣ, ਆਵਣ ਜਾਵਣ ਚੁੱਕੇ ਕਾਣ, ਰਾਏ ਧਰਮ ਨਾ ਦਏ ਸਜ਼ਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪਣੇ ਦਰ ਕਰੇ ਪਰਵਾਨ, ਦਰਗਹਿ ਸਾਚੀ ਦੇਵੇ ਮਾਣ, ਸਚਖੰਡ ਦਵਾਰੇ ਸਚ ਨਿਸ਼ਾਨ, ਹਰਿਜਨ ਜਨ ਹਰਿ ਸਾਚੇ ਆਪ ਝੁਲਾਇਆ ।


੧੨੨੭
੦੮

## ✪ ੨੫ ਕੱਤਕ ੨੦੧੬ ਬਿਕ੍ਰਮੀ ਰਤਨ ਸਿੰਘ ਦੇ ਘਰ ਪਿੰਡ ਨੂਰ ਪੁਰ ਜ਼ਿਲਾ ਜਲੰਧਰ ✪

ਏਕੰਕਾਰ ਪੁਰਖ ਅਗੰਮੜਾ, ਆਦਿ ਜੁਗਾਦੀ ਗੁਰ ਅਵਤਾਰ । ਸੋ ਪੁਰਖ ਨਿਰੰਜਣ ਵੇਸ ਵਟੰਦੜਾ, ਅਜੂਨੀ ਰਹਿਤ ਖੇਲ ਅਪਾਰ । ਹਰਿ ਪੁਰਖ ਨਿਰੰਜਣ ਆਪਣਾ ਨਾਉਂ ਉਪਜੰਦੜਾ, ਨਾਉਂ ਨਿਰੰਕਾਰਾ ਧਰ ਨਿਰੰਕਾਰ । ਆਦਿ ਜੁਗਾਦਿ ਜੋਤ ਜਗੰਦੜਾ, ਨੂਰੋ ਨੂਰ ਉਜਿਆਰ । ਅਬਿਨਾਸ਼ੀ ਕਰਤਾ ਧਾਮ ਸੁਹੰਦੜਾ, ਸਚਖੰਡ ਵਸੇ ਇਕ ਦਵਾਰ । ਸ੍ਰੀ ਭਗਵਾਨ ਭੇਖ ਵਟੰਦੜਾ, ਥਿਰ ਘਰ ਵਾਸੀ ਏਕਾ ਧਾਰ । ਪਾਰਬ੍ਰਹਮ ਭੇਵ ਖੁਲੰਦੜਾ, ਆਪ ਆਪਣੀ ਕਰ ਵਿਚਾਰ । ਵਿਸ਼ਨੂੰ ਆਪਣਾ ਅੰਕ ਸੁਹੰਦੜਾ, ਅੰਗੀਕਾਰ ਕਰ ਕਰਤਾਰ । ਬ੍ਰਹਮਾ ਬ੍ਰਹਮ ਵੇਸ ਵਖੰਦੜਾ, ਨਿਰਗੁਣ ਨਿਰਗੁਣ ਬੰਨ੍ਹੇ ਧਾਰ । ਸ਼ੰਕਰ ਦੀਪਕ ਇਕ ਜਗੰਦੜਾ, ਕਰ ਕਰ ਆਪਣਾ ਸਚ ਪਿਆਰ । ਤ੍ਰੈਗੁਣ ਮਾਇਆ ਮੇਲ ਮਿਲੰਦੜਾ, ਪੰਜ ਤੱਤ ਭਰੇ ਭੰਡਾਰ । ਲੱਖ ਚੁਰਾਸੀ ਬਣਤ ਬਣੰਦੜਾ, ਵੇਖੇ ਵਿਗਸੇ ਕਰ ਵਿਚਾਰ । ਘਰ ਘਰ ਵਿਚ ਮੰਡਲ ਰਾਸ ਰਚੰਦੜਾ, ਜੋਤ ਨਿਰੰਜਣ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਏਕੰਕਾਰ ਪੁਰਖ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਦੂਸਰ ਸੰਗ ਨਾ ਕੋਇ ਰਖਾਈਆ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਸਤਿ ਭੰਡਾਰਾ ਆਪ ਵਰਤਾਈਆ । ਆਦਿ ਨਿਰੰਜਣ ਖੇਲ ਮਹਾਨ, ਜੁਗਾ ਜੁਗੰਤਰ ਡਗਮਗਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਖੇਲਣਹਾਰਾ ਦਿਸ ਨਾ ਆਈਆ । ਪਾਰਬ੍ਰਹਮ ਵਾਲੀ ਦੋ ਜਹਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਬ੍ਰਹਮ ਬ੍ਰਹਮ ਬ੍ਰਹਮ

ਕਰ ਪਰਧਾਨ, ਆਪਣੀ ਕਲ ਆਪ ਵਰਤਾਈਆ । ਬ੍ਰਹਮਾ ਵਿਸ਼ਨ ਸ਼ਿਵ ਪਾਏ ਆਪਣੀ ਆਣ, ਏਕਾ ਹੁਕਮ ਸੁਣਾਈਆ । ਤ੍ਰੈ ਤ੍ਰੈ ਮੀਤਾ ਖੋਲ੍ਹ ਦੁਕਾਨ, ਚੌਦਾਂ ਹੱਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਏਕੰਕਾਰਾ ਅਲੱਖ ਅਲੱਖਣਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਸੋ ਪੁਰਖ ਨਿਰੰਜਣ ਹੋ ਪਰਤੱਖਣਾ, ਆਪ ਆਪਣਾ ਨਾਉਂ ਉਪਜਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਕਥ ਅਕੱਥਣਾ, ਕਥਨੀ ਕਥ ਨਾ ਕੋਇ ਸੁਣਾਇੰਦਾ । ਆਦਿ ਨਿਰੰਜਣ ਸਰਬ ਕਲ ਸਮਰਥਣਾ, ਸਮਰਥ ਪੁਰਖ ਨਾਉਂ ਧਰਾਇੰਦਾ । ਸ੍ਰੀ ਭਗਵਾਨ ਚਲਾਏ ਰਥਨਾ, ਰਥ ਰਥਵਾਹੀ ਦਿਸ ਨਾ ਆਇੰਦਾ । ਅਬਿਨਾਸ਼ੀ ਕਰਤਾ ਸਗਲਾ ਸਥਨਾ, ਸਗਲਾ ਸੰਗ ਆਪ ਨਿਭਾਇੰਦਾ । ਪਾਰਬ੍ਰਹਮ ਆਪੇ ਭਾਂਡੇ ਭਰੇ ਆਪੇ ਕਰੇ ਸਖਣਾ, ਬ੍ਰਹਮ ਜੋਤ ਆਪ ਜਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਨਿਉਂ ਨਿਉਂ ਝੁਕਾਇਣ ਮਥਨਾ, ਤਿਲਕ ਲਲਾਟੀ ਚਰਨ ਧੂੜੀ ਮਸਤਕ ਟਿੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਘਰ ਸੁਹਾਇੰਦਾ । ਏਕੰਕਾਰਾ ਸੋਹੇ ਘਰ ਘਰ ਸੁਹੰਜਣਾ, ਨਿਰਗੁਣ ਆਪਣਾ ਆਪ ਉਪਾਇਆ । ਸੋ ਪੁਰਖ ਨਿਰੰਜਣ ਮੀਤ ਮੁਰਾਰਾ ਸੱਜਣਾ, ਘਰ ਸਾਚੇ ਮੇਲ ਮਿਲਾਇਆ । ਹਰਿ ਪੁਰਖ ਨਿਰੰਜਣ ਦਰ ਦਵਾਰੇ ਆਪਣੇ ਬਹਿ ਬਹਿ ਆਪੇ ਸਜਣਾ, ਇਕ ਮਹੱਲ ਅਟੱਲ ਆਪ ਰਖਾਇਆ । ਆਦਿ ਨਿਰੰਜਣ ਆਪਣੇ ਨੇਤਰ ਪਾਏ ਆਪਣਾ ਕਜਲਾ, ਆਪਣਾ ਨੈਣ ਆਪ ਖੁਲ੍ਹਾਇਆ । ਪੁਰਖ ਅਬਿਨਾਸ਼ੀ ਦਰ ਆਪਣੇ ਕਰੇ ਆਪਣਾ ਮਜਨਾ, ਆਪਣਾ ਤੀਰਥ ਆਪੇ ਨਾਹਿਆ । ਸ੍ਰੀ ਭਗਵਾਨ ਰੱਖੇ ਲੱਜਨਾ, ਲਾਜਾਵੰਤ ਬੇਪਰਵਾਹਿਆ । ਪਾਰਬ੍ਰਹਮ ਇਕ ਵਜਾਏ ਸਾਚਾ ਸਾਜਣਾ, ਤਾਲ ਤਲਵਾੜਾ ਆਪਣੇ ਹੱਥ ਰਖਾਇਆ । ਬ੍ਰਹਮਾ ਵਿਸ਼ਨ ਸ਼ਿਵ ਰਚਾਇਆ ਕਾਜਣਾ, ਆਪ ਆਪਣਾ ਬੰਧਨ ਪਾਇਆ । ਤ੍ਰੈਗੁਣ ਮਾਇਆ ਦਿਤਾ ਦਾਜਣਾ, ਏਕਾ ਪੱਲੇ ਗੰਢ ਬੰਧਾਇਆ । ਪੰਜ ਤੱਤ ਮਾਰੇ ਵਾਜਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਸਗਲਾ ਸੰਗ ਰਖਾਇਆ । ਲੱਖ ਚੁਰਾਸੀ ਭਾਂਡਾ ਸਾਜਣਾ, ਆਪਣਾ ਆਵਾ ਆਪ ਤਪਾਇਆ । ਖੇਲੇ ਖੇਲ ਵਿਚ ਬ੍ਰਹਮਾਦਨਾ, ਬ੍ਰਹਿਮੰਡ ਖੰਡ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਏਕੰਉਂਕਾਰ, ਆਦਿ ਜੁਗਾਦੀ ਖੇਲ ਅਪਾਰ, ਭੇਵ ਕਿਸੇ ਨਾ ਪਾਇਆ । ਏਕੰਕਾਰਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਇਕ ਅਕੱਲਾ, ਆਦਿ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਫੜਾਏ ਪੱਲਾ, ਅਬਿਨਾਸ਼ੀ ਕਰਤਾ ਮੇਲ ਮਿਲਾਇੰਦਾ । ਪਾਰਬ੍ਰਹਮ ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਆਸਣ ਲਾਇੰਦਾ । ਸਚ ਸੁਨੇਹੜਾ ਬ੍ਰਹਮਾ ਵਿਸ਼ਨ ਸ਼ਿਵ ਆਪਣਾ ਘੱਲਾ, ਹੁਕਮੀ ਹੁਕਮ ਆਪ ਫਿਰਾਇੰਦਾ । ਤ੍ਰੈਗੁਣ ਮਾਇਆ ਆਪੇ ਰੱਲਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਕਿਰਤ ਕਮਾਇੰਦਾ । ਏਕਉਂਕਾਰ ਅਕਲ ਕਲ ਧਾਰਾ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹਰਿ ਪੁਰਖ ਨਿਰੰਜਣ ਵੇਖ ਵਖਾਇਆ । ਆਦਿ ਨਿਰੰਜਣ ਕੰਤ ਭਤਾਰਾ, ਘਰ ਸਾਚੇ ਸੋਭਾ ਪਾਇਆ । ਸ੍ਰੀ ਭਗਵਾਨ ਕਰੇ ਪਿਆਰਾ, ਪੁਰਖ ਅਬਿਨਾਸ਼ੀ ਨਾਲ ਰਲਾਇਆ । ਪਾਰਬ੍ਰਹਮ ਬ੍ਰਹਮ ਹੋ ਉਜਿਆਰਾ, ਲੋਕਮਾਤ ਵੇਖ ਵਖਾਇਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰਾ, ਆਦਿ ਜੁਗਾਦਿ ਰਹੇ ਸੇਵ ਕਮਾਇਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਭੈ ਆਪਣਾ ਨਾਮ ਧਰਾਇਆ । ਏਕਉਂਕਾਰ

ਮੂਰਤ ਅਕਾਲ, ਏਕਾ ਏਕ ਅਖਵਾਇੰਦਾ । ਸੋ ਪੁਰਖ ਨਿਰੰਜਣ ਦੀਨ ਦਿਆਲ, ਦਇਆਨਿਧ ਭੇਵ ਨਾ ਆਇੰਦਾ । ਹਰਿ ਪੁਰਖ ਨਿਰੰਜਣ ਆਪਣਾ ਬਣੇ ਆਪ ਦਲਾਲ, ਆਪ ਆਪਣਾ ਵਣਜ ਕਰਾਇੰਦਾ । ਆਦਿ ਨਿਰੰਜਣ ਦੀਪਕ ਬਾਲ, ਥਿਰ ਘਰ ਸਾਚਾ ਆਪ ਸੁਹਾਇੰਦਾ । ਸ੍ਰੀ ਭਗਵਾਨ ਚਲੇ ਨਾਲ ਨਾਲ, ਨਿਰਗੁਣ ਰੂਪ ਅਨੂਪ ਦਰਸਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਘਰ ਸਾਚੇ ਆਪ ਖਿਲਾਇੰਦਾ । ਪਾਰਬ੍ਰਹਮ ਦਾਸੀ ਦਾਸ ਕਰਾਏ ਕਾਲ ਮਹਾਂਕਾਲ, ਆਪ ਆਪਣਾ ਹੁਕਮ ਚਲਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸ਼ਬਦ ਅਗੰਮੀ ਪਾਇਆ ਜਾਲ, ਸਤਿ ਡੋਰੀ ਨਾਮ ਬੰਧਾਇੰਦਾ । ਤ੍ਰੈਗੁਣ ਮਾਇਆ ਜਗਤ ਜੰਜਾਲ, ਲੱਖ ਚੁਰਾਸੀ ਕੋਟ ਵਖਾਇੰਦਾ । ਜੁਗ ਜੁਗ ਆਪਣੀ ਘਾਲਾ ਰਹੇ ਘਾਲ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਰੰਗ ਰੰਗਾਇੰਦਾ । ਬਿਨ ਹਰਿ ਜੀ ਹਲ ਨਾ ਹੋਇਆ ਕਿਸੇ ਦਾ ਸਵਾਲ, ਅੰਤ ਲੇਖਾ ਨਾ ਕੋਇ ਮੁਕਾਇੰਦਾ । ਪਾਰਬ੍ਰਹਮ ਚਲੇ ਅਵੱਲੜੀ ਆਪਣੀ ਚਾਲ, ਚਾਲ ਨਿਰਾਲੀ ਆਪ ਜਣਾਇੰਦਾ । ਸ੍ਰੀ ਭਗਵਾਨ ਹੋ ਨਿਹਾਲ, ਨਿਰਗੁਣ ਨਿਰਗੁਣ ਨਿਰਗੁਣ ਆਪਣਾ ਆਪ ਉਪਜਾਇੰਦਾ । ਪੁਰਖ ਅਬਿਨਾਸ਼ੀ ਵੇਖੇ ਸੱਚਾ ਧਨ ਮਾਲ, ਸਚ ਖ਼ਜ਼ੀਨਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਪੰਜ ਤੱਤ ਹਰਿ ਕਰ ਪਿਆਰਾ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਸਰਗੁਣ ਮੇਲਾ ਵਿਚ ਸੰਸਾਰਾ, ਗੁਰ ਪੀਰ ਅਵਤਾਰ ਨਾਉਂ ਧਰਾਈਆ । ਸਾਧ ਸੰਤ ਬੋਲ ਜੈਕਾਰਾ, ਏਕਾ ਨਾਮ ਰਹੇ ਗਾਈਆ । ਭਗਤਾਂ ਦੇਵੇ ਚਰਨ ਪਿਆਰਾ, ਸਾਚੀ ਭਿਛਿਆ ਝੋਲੀ ਪਾਈਆ । ਗੁਰਮੁਖਾਂ ਸੁਹਾਏ ਬੰਕ ਦਵਾਰਾ, ਦਰ ਘਰ ਸਾਚਾ ਵੇਖ ਵਖਾਈਆ । ਗੁਰਸਿਖਾਂ ਕਰੇ ਪਾਰ ਕਿਨਾਰਾ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਦੋ ਜਹਾਨ ਦਏ ਸਹਾਰਾ, ਵਡ ਦਾਤਾ ਬੇਪਰਵਾਹੀਆ । ਰਾਏ ਧਰਮ ਨਾ ਕਰੇ ਖ਼ਵਾਰਾ, ਚਿਤਰ ਗੁਪਤ ਨਾ ਲੇਖ ਲਿਖਾਈਆ । ਲਾੜ੍ਹੀ ਮੌਤ ਨਾ ਕਰੇ ਸੰਘਾਰਾ, ਦਰ ਘਰ ਉਤੇ ਨਾ ਫੇਰੀ ਪਾਈਆ । ਸਤਿਗੁਰ ਪੂਰਾ ਵਡ ਬਲਕਾਰਾ, ਵੇਲੇ ਅੰਤ ਹੋਏ ਸਹਾਈਆ । ਨਿਰਗੁਣ ਸਰਗੁਣ ਰੱਖੇ ਧਾਰਾ, ਆਪ ਆਪਣੀ ਕਲ ਵਰਤਾਈਆ । ਖੜਗ ਖੰਡਾ ਤੇਜ਼ ਕਟਾਰਾ, ਏਕਾ ਨਾਮ ਹੱਥ ਚਮਕਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰਾ, ਉਤਭੁਜ ਸੇਤਜ ਜੇਰਜ ਅੰਡ ਵੇਖ ਵਖਾਈਆ । ਲੱਖ ਚੁਰਾਸੀ ਸਿਰ ਵੱਜੇ ਕਾਲ ਨਗਾਰਾ, ਕਲਜੁਗ ਡੌਰੂ ਰਿਹਾ ਵਜਾਈਆ । ਚਾਰ ਵਰਨ ਨਾ ਕੋਇ ਪਿਆਰਾ, ਸਾਚੀ ਸਰਨ ਨਾ ਕੋਇ ਵਖਾਈਆ । ਭਰਮੇ ਭੁੱਲਾ ਜੀਵ ਗਵਾਰਾ, ਜਾਗਰਤ ਜੋਤ ਨਾ ਕਿਸੇ ਜਗਾਈਆ । ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ਵਾਰਾ, ਘਰ ਮਿਲਿਆ ਨਾ ਸਾਚਾ ਮਾਹੀਆ । ਨੌ ਦਰ ਫਿਰ ਫਿਰ ਮਾਨਸ ਜਨਮ ਹਾਰਾ, ਘਰ ਦਸਵਾਂ ਨਾ ਬੂਝ ਬੁਝਾਈਆ । ਬਜਰ ਕਪਾਟੀ ਨਾ ਪੜਦਾ ਪਾੜਾ, ਉਤਮ ਸੇਜ ਨਾ ਕੋਇ ਸੁਹਾਈਆ । ਅਗਨੀ ਬੁਝੀ ਨਾ ਤੱਤੀ ਹਾੜਾ, ਸੀਤਲ ਧਾਰਾ ਅੰਮਿਉਂ ਰਸ ਅੰਮ੍ਰਿਤ ਨਿਝਰ ਝਿਰਨਾ ਨਾ ਕੋਇ ਝਿਰਾਈਆ । ਪੰਜ ਤੱਤ ਲੱਗਾ ਘਰ ਅਖਾੜਾ, ਸਾਚਾ ਮੰਗਲ ਨਾ ਕੋਇ ਗਾਈਆ । ਹਰਿ ਸ਼ਬਦ ਨਾ ਮਿਲਿਆ ਧੁਰ ਦਰਗਾਹੀ ਸਾਚਾ ਲਾੜਾ, ਨਾਰੀ ਕੰਤ ਨਾ ਖ਼ੁਸ਼ੀ ਮਨਾਈਆ । ਜੀਵ ਜੰਤ ਲੱਖ ਚੁਰਾਸੀ ਧੁੰਧੂਕਾਰਾ, ਰੈਣ ਅੰਧੇਰੀ ਛਾਈਆ । ਰਵ ਸਸ ਰੋ ਰੋ ਪੁਕਾਰੇ ਚੰਦ ਤਾਰਾ, ਚਾਂਦ ਚਾਂਦਨੀ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਏਕੰਕਾਰਾ

ਵਡ ਬਲਵਾਨ, ਸੂਰਬੀਰ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਨੌਜਵਾਨ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਹਰਿ ਪੁਰਖ ਨਿਰੰਜਣ ਮਾਰੇ ਇਕ ਨਿਸ਼ਾਨ, ਤੀਰ ਅਣਿਆਲਾ ਇਕ ਚਲਾਇੰਦਾ । ਆਦਿ ਨਿਰੰਜਣ ਚੁਕਾਏ ਕਾਣ, ਮਾਣ ਅਭਿਮਾਨ ਸਰਬ ਤੁੜਾਇੰਦਾ । ਸ੍ਰੀ ਭਗਵਾਨ ਹੋ ਪਰਧਾਨ, ਆਪ ਆਪਣਾ ਡੰਕ ਵਜਾਇੰਦਾ । ਪੁਰਖ ਅਬਿਨਾਸ਼ੀ ਪਾਏ ਆਣ, ਸ਼ਬਦੀ ਸ਼ਬਦੀ ਹੁਕਮ ਸੁਣਾਇੰਦਾ । ਪਾਰਬ੍ਰਹਮ ਕਰ ਪਛਾਨ, ਬ੍ਰਹਮ ਬ੍ਰਹਮ ਬ੍ਰਹਮ ਵੇਖ ਵਖਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸਾਰੇ ਗਾਣ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸਤਿਗੁਰ ਮੀਤਾ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਇਕ ਅਤੀਤਾ ਵਸੇ ਕਾਇਆ ਵਿਚ ਮਕਾਨ, ਪੰਜ ਤੱਤ ਡੇਰਾ ਆਪੇ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਬੋਧ ਅਗਾਧੀ ਸ਼ਬਦ ਸੁਣਾਇੰਦਾ । ਰਾਗ ਅਨਾਦੀ ਇਕ ਧੁਨਕਾਨ, ਅਨਹਦ ਤਾਲ ਵਜਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਭਰ ਪਿਆਲਾ ਜਾਮ ਪਿਆਇੰਦਾ । ਭਗਤ ਭਗਵੰਤ ਕਰ ਪਰਵਾਨ, ਆਪਣੇ ਲੇਖੇ ਆਪੇ ਲਾਇੰਦਾ । ਸੰਤਾਂ ਮੇਲਾ ਗੁਣ ਨਿਧਾਨ, ਗੁਣਵੰਤਾ ਦਰਸ ਦਿਖਾਇੰਦਾ । ਗੁਰਮੁਖ ਵੇਖੇ ਬਾਲ ਅੰਞਾਣ, ਆਪ ਆਪਣੀ ਗੋਦ ਉਠਾਇੰਦਾ । ਗੁਰਸਿਖ ਬਣਾਏ ਚਤੁਰ ਸੁਜਾਨ, ਸਾਚੀ ਸਿਖਿਆ ਸਿਖ ਸਮਝਾਇੰਦਾ । ਮੂਰਖ ਮੂੜ੍ਹ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਇੰਦਾ । ਨਿਰਗੁਣ ਜੋਤ ਸ੍ਰੀ ਭਗਵਾਨ, ਜੋਤੀ ਨੂਰ ਡਗਮਗਾਇੰਦਾ । ਜਗਤ ਨੇਤਰ ਨਾ ਦਿਸੇ ਕੋਇ ਨਿਸ਼ਾਨ, ਰੂਪ ਰੰਗ ਨਾ ਕੋਇ ਵਖਾਇੰਦਾ । ਨੱਕ ਮੂੰਹ ਹੱਥ ਨਾ ਦਿਸੇ ਕੋਈ ਕਾਨ, ਸੀਸ ਧੜ ਨਾ ਰਚਨ ਰਚਾਇੰਦਾ । ਨੌ ਦਰ ਨਾ ਖੋਲ੍ਹ ਦੁਕਾਨ, ਆਪਣਾ ਹੱਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਏਕਾ ਰੰਗ ਸਮਾਇੰਦਾ । ਏਕੰਕਾਰਾ ਪੁਰਖ ਬਿਧਾਤਾ, ਸਰਬ ਘਟਾਂ ਘਟ ਵਾਸੀਆ । ਸੋ ਪੁਰਖ ਨਿਰੰਜਣ ਪਿਤਾ ਮਾਤਾ, ਆਪ ਆਪਣਾ ਨਾਉਂ ਉਪਜਾਸੀਆ । ਹਰਿ ਪੁਰਖ ਨਿਰੰਜਣ ਦੇਵੇ ਸਾਚੀ ਦਾਤਾ, ਦਾਤਾ ਦਾਨੀ ਦਰ ਸਾਚਾ ਇਕ ਸੁਹਾਸੀਆ । ਸ੍ਰੀ ਭਗਵਾਨ ਰਖਾਏ ਉਤਮ ਜ਼ਾਤਾ, ਵਰਨ ਗੋਤ ਨਾ ਦਿਸੇ ਜ਼ਾਤੀਆ । ਪੁਰਖ ਅਬਿਨਾਸ਼ੀ ਮੇਟੇ ਰੈਣ ਅੰਧੇਰੀ ਰਾਤਾ, ਏਕਾ ਨੂਰ ਕਰੇ ਪਰਕਾਸ਼ੀਆ । ਪਾਰਬ੍ਰਹਮ ਸੁਣਾਏ ਆਪਣੀ ਗਾਥਾ, ਸ਼ਬਦ ਰਾਗ ਧੁਨ ਇਕ ਅਲਾਸੀਆ । ਸਰਬ ਕਲ ਆਪੇ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਤਮਾਸੀਆ । ਖੇਲ ਤਮਾਸ਼ਾ ਹਰਿ ਭਗਵੰਤ, ਜੁਗ ਜੁਗ ਖੇਲ ਖਿਲਾਇੰਦਾ । ਲੇਖਾ ਜਾਣੇ ਆਦਿ ਅੰਤ, ਬ੍ਰਹਮਾ ਵੇਦ ਭੇਵ ਨਾ ਪਾਇੰਦਾ । ਜੁਗਾ ਜੁਗੰਤਰ ਮਹਿਮਾ ਅਗਣਤ, ਕਥਨੀ ਕਥ ਨਾ ਕੋਇ ਸੁਣਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਗੁਰਮੁਖਾਂ ਦੇਵੇ ਨਾਮ ਰਸਨਾ ਜਿਹਵਾ ਮਣੀਆ ਮੰਤ, ਮਨ ਮਨਕਾ ਆਪ ਫਿਰਾਇੰਦਾ । ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਇੰਦਾ । ਸੋ ਪੁਰਖ ਨਿਰੰਜਣ ਦੂਸਰ ਦਰ ਨਾ ਹੋਏ ਮੰਗਤ, ਵਡ ਭੰਡਾਰੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਸਾਚੇ ਪਾਰ ਕਰਾਇੰਦਾ । ਜੁਗ ਜੁਗ ਖੇਲ ਅਗੰਮ ਅਥਾਹ, ਹਰਿ ਭਗਤਨ ਦਏ ਵਡਿਆਈਆ । ਜਨ ਭਗਤਾਂ ਬਣੇ ਜਗਤ ਮਲਾਹ, ਸਾਚਾ ਬੇੜਾ ਆਪ ਚਲਾਈਆ । ਸੰਤਨ ਪਕੜੇ ਆਪੇ ਬਾਂਹ, ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਹੰਸ ਬਣਾਏ ਕਾਂ, ਦੁਰਮਤ ਮੈਲ ਧੁਵਾਈਆ । ਸਖਾ ਸਖਾਈ ਬਣੇ ਪਿਤਾ ਮਾਂ, ਪਾਰਬ੍ਰਹਮ ਵੱਡੀ ਵਡਿਆਈਆ । ਜੁਗਾ

੧੨੨੦ ੦੮

ਜੁਗੰਤਰ ਕਰੇ ਸਚ ਨਿਆ, ਲੇਖਾ ਆਪਣਾ ਪੂਰ ਕਰਾਈਆ । ਕਲਜੁਗ ਅੰਤਮ ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਖੇਲ ਕਰ, ਸੋ ਪੁਰਖ ਨਿਰੰਜਣ ਵਸੇ ਘਰ, ਆਦਿ ਨਿਰੰਜਣ ਖੋਲ੍ਹੇ ਦਰ, ਹਰਿ ਪੁਰਖ ਨਿਰੰਜਣ ਅੰਦਰ ਵੜ, ਪੁਰਖ ਅਬਿਨਾਸ਼ੀ ਲਏ ਫੜ, ਸ੍ਰੀ ਭਗਵਾਨ ਆਪਣੇ ਪੌੜੇ ਆਪੇ ਚੜ੍ਹ, ਪਾਰਬ੍ਰਹਮ ਨਾ ਕੋਈ ਸੀਸ ਨਾ ਕੋਈ ਧੜ, ਬ੍ਰਹਮ ਬ੍ਰਹਮ ਤੇਰੀ ਲਾਏ ਜੜ, ਭਗਤ ਭਗਵੰਤ ਦਰਸ਼ਨ ਦੇਵੇ ਅੱਗੇ ਖੜ, ਹਰਿ ਸੰਤ ਬੰਨ੍ਹਾਏ ਆਪਣੇ ਲੜ, ਗੁਰਮੁਖ ਏਕਾ ਵਿਦਿਆ ਜਾਇਣ ਪੜ੍ਹ, ਗੁਰਸਿਖਾਂ ਸਾਚਾ ਘਾੜਨ ਘੜ, ਸਾਚੀ ਭੱਠੀ ਨਾਮ ਚੜ੍ਹਾਇੰਦਾ । ਗੁਰਸਿਖ ਸਾਚਾ ਸਚ ਸੁਲਤਾਨ, ਹਰਿ ਸਤਿਗੁਰ ਮੇਲ ਮਿਲਾਇਆ । ਗੁਰਮੁਖ ਮੇਲਾ ਸਾਚੇ ਕਾਹਨ, ਘਰ ਸਾਚੇ ਸੋਭਾ ਪਾਇਆ । ਸੰਤਨ ਨੈਣ ਨੇਤਰ ਇਕ ਗਿਆਨ, ਏਕਾ ਰੰਗ ਰੰਗਾਇਆ । ਭਗਤ ਭਗਵੰਤ ਵਸਣ ਇਕ ਮਕਾਨ, ਸਚ ਦਵਾਰਾ ਆਪ ਉਪਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੁਗ ਜੁਗ ਲੋਕਮਾਤ ਵੇਖੇ ਮਾਰ ਧਿਆਨ, ਨਿਰਗੁਣ ਸਰਗੁਣ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਕਲਜੁਗ ਅੰਤਮ ਹਰਿ ਨਿਰੰਕਾਰ, ਆਪਣਾ ਨਾਉਂ ਆਪ ਉਪਜਾਈਆ । ਈਸਾ ਮੂਸਾ ਪਾਵੇ ਸਾਰ, ਸ਼ਾਹ ਸੁਲਤਾਨ ਵੱਡੀ ਵਡਿਆਈਆ । ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ, ਨੂਰ ਅਲਾਹੀ ਡਗਮਗਾਈਆ । ਅੱਲਾ ਰਾਣੀ ਕਰ ਵਿਚਾਰ, ਆਪ ਆਪਣਾ ਭੇਵ ਖੁਲ੍ਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਸਾਖਿਆਤ ਰੂਪ ਵਟਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਏਕਾ ਡੰਕਾ ਆਪ ਵਜਾਈਆ । ਚਾਰ ਵਰਨਾਂ ਕਰਿਆ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਕਲਜੁਗ ਕੂੜਾ ਦਿਸੇ ਕੂੜ ਪਸਾਰ, ਨੌ ਖੰਡ ਹੋਈ ਹਲਕਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਨਾ ਕੋਇ ਅਖਵਾਈਆ । ਨਾਤਾ ਤੁੱਟਾ ਕੰਤ ਭਤਾਰ, ਮਾਤ ਪਿਤ ਭੈਣ ਭਾਈ ਸਗਲਾ ਸੰਗ ਨਾ ਕੋਇ ਨਿਭਾਈਆ । ਧਰਤ ਧਵਲ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਖੁਲ੍ਹੜੇ ਕੇਸ ਧਾਹਾਂ ਰਹੀ ਮਾਰ, ਨੇਤਰ ਰੋ ਰੋ ਨੀਰ ਵਹਾਈਆ । ਚੁੱਕਿਆ ਨਾ ਜਾਏ ਝੂਠਾ ਭਾਰ, ਸੀਸ ਪੈਰ ਸੀਸ ਧੀਰ ਨਾ ਕੋਇ ਧਰਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਵੱਜੇ ਵਿਚ ਸੰਸਾਰ, ਸ੍ਰਿਸ਼ਟ ਸਬਾਈ ਦਏ ਉਠਾਈਆ । ਰਾਜ ਰਾਜਾਨ ਗੜ੍ਹ ਤੋੜੇ ਲੰਕਾ ਹੰਕਾਰ, ਰਾਮ ਰਾਮਾ ਰੂਪ ਵਟਾਈਆ । ਕਲਜੁਗ ਕੰਸਾ ਕਰੇ ਖੁਆਰ, ਕਾਹਨਾ ਕ੍ਰਿਸ਼ਨਾ ਜੋਤ ਜਗਾਈਆ । ਮਾਇਆ ਮਮਤਾ ਦੇਵੇ ਮਾਰ, ਨਾਮ ਸਤਿ ਕਰੇ ਪੜ੍ਹਾਈਆ । ਪੰਜ ਤੱਤ ਵਿਕਾਰਾ ਕਰੇ ਖੁਆਰ, ਸ਼ਬਦ ਖੰਡਾ ਤੀਰ ਚਲਾਈਆ । ਪਰਗਟ ਹੋ ਵਿਚ ਸੰਸਾਰ, ਰੂਪ ਅਨੂਪ ਇਕ ਦਰਸਾਈਆ । ਚਾਰ ਵਰਨਾਂ ਇਕ ਪਿਆਰ, ਊਚਾਂ ਨੀਚਾਂ ਮੇਲ ਮਿਲਾਈਆ । ਇਕ ਵਖਾਏ ਸਚ ਦਵਾਰ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਏਕਾ ਰੰਗ ਰੰਗਾਈਆ । ਏਕਾ ਇਸ਼ਟ ਦੇਵ ਹਰਿ ਕਰਤਾਰ, ਪੁਰਖ ਅਕਾਲ ਇਕ ਵਖਾਈਆ । ਏਕਾ ਸ਼ਬਦ ਸਚ ਜੈਕਾਰ, ਏਕਾ ਨਾਅਰਾ ਦਏ ਲੁਆਈਆ । ਏਕਾ ਸਰ ਸਰੋਵਰ ਭਰ ਭੰਡਾਰ, ਅੰਮ੍ਰਿਤ ਜਾਮ ਦਏ ਪਿਆਈਆ । ਜਨ ਭਗਤਾਂ ਹਰਿ ਜੂ ਪੈਜ ਸਵਾਰ, ਆਪ ਆਪਣੇ ਰੰਗ ਰੰਗਾਈਆ । ਸੰਤਨ ਖੋਲ੍ਹੇ ਬੰਦ ਕਿਵਾੜ, ਮਾਇਆ ਪੜਦਾ ਪਰੇ ਹਟਾਈਆ । ਗੁਰਮੁਖਾਂ ਮੇਟੇ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਇ ਹਲਕਾਈਆ । ਗੁਰਸਿਖਾਂ ਆਪਣੇ ਮੰਦਰ ਦੇਵੇ ਵਾੜ, ਫੜ ਬਾਂਹੋਂ ਪਾਰ

ਕਰਾਈਆ । ਹੋਏ ਸਹਾਈ ਜੰਗਲ ਜੂਹ ਵਿਚ ਉਜਾੜ, ਉਚੇ ਟਿੱਲੇ ਪਰਬਤ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚਾ ਸੰਗ ਰਖਾਈਆ । ਸਗਲਾ ਸੰਗੀ ਹਰਿ ਕਰਤਾਰ, ਸਤਿਪੁਰਖ ਅਖਵਾਇੰਦਾ । ਗੁਰਸਿਖ ਸਾਚੇ ਕਰੇ ਤਿਆਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਦੇਵੇ ਦਰਸ ਅਗੰਮ ਅਪਾਰ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਰ, ਆਪ ਆਪਣਾ ਖੇਲ ਖਿਲਾਇੰਦਾ । ਧੰਨ ਸੁਹੰਜਣੀ ਰੈਣ ਮਿਲਿਆ ਹਰਿ ਮੀਤ ਮੁਰਾਰ, ਘਰ ਸਾਚਾ ਵੇਖ ਵਖਾਇੰਦਾ । ਭਿੰਨੜੀ ਰੈਣ ਗਾਏ ਆਪਣੀ ਵਾਰ, ਸਾਚਾ ਸੋਹਲਾ ਹਰਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਿੰਨੀ ਰੈਣੜੀਏ ਉਠ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਗੁਰਸਿਖ ਮੰਦਰ ਲੱਗਾ ਭਾਗ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਸਤਿਗੁਰ ਪੂਰਾ ਪਕੜਨਹਾਰਾ ਵਾਗ, ਆਪਣੀ ਹੱਥੀਂ ਡੋਰ ਬੰਧਾਇੰਦਾ । ਕਰਾਵਣ ਆਇਆ ਚਰਨ ਧੂੜੀ ਸਾਚਾ ਮਜਨ ਮਾਘ, ਕੋਟ ਜਨਮ ਦੇ ਲੱਗੇ ਦਾਗ਼ ਪ੍ਰਭ ਸਾਚਾ ਆਪ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਵੇਖੇ ਨੈਣ, ਦੋਵਾਂ ਚੁਕਾਵੇ ਲਹਿਣ ਦੇਣ, ਸਾਚੀ ਝੋਲੀ ਆਪ ਭਰਾਇੰਦਾ । ਗੁਰਸਿਖ ਸਾਚੇ ਚੜ੍ਹਿਆ ਚਾ, ਹਰਿ ਦਰਸ਼ਨ ਨੇਤਰ ਪਾਇਆ । ਭਿੰਨੜੀ ਰੈਣ ਪਕੜੇ ਬਾਂਹ, ਸਾਚਾ ਨਾਤਾ ਜੋੜ ਜੁੜਾਇਆ । ਹਰਿ ਸੰਗਤ ਕਰੇ ਸਚ ਨਿਆਂ, ਸ਼ਬਦ ਵਿਚੋਲਾ ਵਿਚ ਰਖਾਇਆ । ਸਾਚਾ ਢੋਲਾ ਆਪੇ ਗਾ, ਆਪ ਆਪਣਾ ਡੰਕ ਵਜਾਇਆ । ਪੁਰਖ ਅਬਿਨਾਸ਼ੀ ਚੋਲਾ ਲਿਆ ਬਦਲਾ, ਗੁਰਮੁਖਾਂ ਚੋਲਾ ਆਪਣਾ ਤਨ ਬਣਾਇਆ । ਸਾਚਾ ਸੋਹਲਾ ਦਏ ਸੁਣਾ, ਸਚਖੰਡ ਨਿਵਾਸੀ ਗੁਰਮੁਖ ਧਿਆ, ਦਵਾਰੇ ਬਹਿ ਬਹਿ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਿੰਨੜੀ ਰੈਣ ਰਿਹਾ ਸੁਹਾਇਆ । ਭਿੰਨੜੀ ਰੈਣ ਨੇਤਰ ਖੋਲ੍ਹ, ਚਾਰੋਂ ਕੁੰਟ ਰਾਹ ਤਕਾਈਆ । ਕਵਣ ਕੂਟੇ ਪਾਰਬ੍ਰਹਮ ਪ੍ਰਭ ਰਿਹਾ ਬੋਲ, ਦਹਿ ਦਿਸ਼ਾ ਨਜ਼ਰ ਨਾ ਆਈਆ । ਗੁਰਸਿਖਾਂ ਤੋਲਣ ਆਇਆ ਆਪਣੇ ਤੋਲ, ਏਕਾ ਕੰਡਾ ਨਾਮ ਹੱਥ ਉਠਾਈਆ । ਧਾਰ ਅਗੰਮੜੀ ਰਿਹਾ ਬੋਲ, ਤ੍ਰੈ ਤ੍ਰੈ ਦੇਸ਼ਾ ਸਾਰ ਨਾ ਰਾਈਆ । ਆਪਣੀ ਵਸਤ ਰੱਖੇ ਆਪਣੇ ਕੋਲ, ਦੂਸਰ ਹੱਥ ਨਾ ਕਿਸੇ ਫੜਾਈਆ । ਜੁਗ ਜੁਗ ਜੀਵ ਜੰਤ ਰਹਿਣ ਅਣਭੋਲ, ਬਿਨ ਹਰਿ ਭਗਤਾਂ ਹੱਥ ਕਿਸੇ ਨਾ ਆਈਆ । ਹਰਿ ਸੰਤਾਂ ਪੜਦਾ ਆਪੇ ਫੋਲ, ਆਪਣੀ ਗੰਢ ਲਏ ਖੁਲ੍ਹਾਈਆ । ਗੁਰਮੁਖਾਂ ਆਤਮ ਅੰਤਰ ਆਪੇ ਮੌਲ, ਕਵਲ ਕਵਲਾ ਫੁੱਲ ਖਿਲਾਈਆ । ਗੁਰਸਿਖਾਂ ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਸੀਸ ਰਹੀ ਝੁਕਾਈਆ । ਗੁਰ ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਪੂਰਾ ਪੂਰਨ ਕਰਨ ਆਇਆ ਆਪਣਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਲੇਖਾ ਲੇਖ ਨਾ ਮੇਟੇ ਰੱਤੀ ਚੌਲ, ਨਾ ਕੋਇ ਮੇਟੇ ਮੇਟ ਮਿਟਾਈਆ । ਹਰਿ ਸੰਗਤ ਬਖ਼ਸ਼ੀ ਅੰਮ੍ਰਿਤ ਆਤਮ ਏਕਾ ਪੌਲ, ਨਾਮ ਖੰਡਾ ਵਿਚ ਫਿਰਾਈਆ । ਪੰਚਮ ਧੁਨ ਨਾਦ ਸ਼ਬਦ ਚੌਹ ਅੱਖਰ ਆਪੇ ਬੋਲ, ਦੋ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਭਿੰਨੜੀ ਰੈਣ ਵੱਜੀ ਵਧਾਈਆ । ਭਿੰਨੜੀ ਰੈਣ ਮੰਗਲਾਚਾਰ, ਗੁਰਮੁਖ ਸੰਗ ਰਲਾਈਆ । ਗੁਰਸਿਖਾਂ ਬਖ਼ਸ਼ੇ ਇਕ ਪਿਆਰ, ਏਕਾ ਰੂਪ ਦਰਸਾਈਆ । ਸੰਤਨ ਮੇਲਾ ਵਿਚ ਸੰਸਾਰ, ਭਵ ਸਾਗਰ ਪਾਰ ਕਰਾਈਆ । ਭਗਤ ਵਛਲ ਆਪ ਗਿਰਧਾਰ, ਗਿਰਵਰ ਆਪਣਾ ਰੂਪ ਵਟਾਈਆ । ਨਿਰਗੁਣ ਨੂਰ ਨੂਰ ਉਜਿਆਰ, ਨਿਰਗੁਣ ਆਪਣਾ ਵੇਸ ਧਰਾਈਆ । ਸਾਚੇ ਮੰਦਰ ਖੇਲ ਅਪਾਰ,

੧੨੨੨ ੦੮

ਪੁਰਖ ਅਬਿਨਾਸ਼ੀ ਰਿਹਾ ਖਿਲਾਈਆ । ਲੋਕਮਾਤ ਹੋਇਆ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸਾਚਾ ਉਠਿਆ ਹਰਿ ਸਤਿਗੁਰ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਏਕਾ ਤੁਠਿਆ, ਦੇ ਮਤ ਸਚ ਸਮਝਾਇੰਦਾ । ਅੰਮ੍ਰਿਤ ਬਖ਼ਸ਼ੇ ਸਾਚਾ ਘੁੱਟਿਆ, ਤਨ ਖੁਮਾਰੀ ਇਕ ਰਖਾਇੰਦਾ । ਪੰਚ ਵਿਕਾਰਾ ਜੜੋਂ ਪੁੱਟਿਆ, ਤੀਰ ਨਿਸ਼ਾਨਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਲਾਇੰਦਾ । ਹਰਿਜਨ ਸਾਚਾ ਮੇਲਿਆ, ਘਰ ਮੰਦਰ ਕਰ ਪਿਆਰ । ਜੋਤ ਨਿਰੰਜਣ ਚਾੜ੍ਹੇ ਤੇਲਿਆ, ਦਿਵਸ ਰੈਣ ਰਹੀ ਵਿਚਾਰ । ਭਿੰਨੜੀ ਰੈਣ ਮੇਲ ਮੇਲ ਖੇਲ ਖੇਲਿਆ, ਸਖੀਆਂ ਗੁੰਦਿਆ ਸਾਚਾ ਹਾਰ । ਪੁਰਖ ਅਬਿਨਾਸ਼ੀ ਵਸੇ ਧਾਮ ਨਵੇਲਿਆ, ਨਿਰਾਕਾਰ ਰੂਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਗੁਰੂ ਗੁਰ ਚੇਲਿਆ, ਗੁਰ ਸੱਜਣ ਮੀਤ ਮੁਰਾਰ । ਗੁਰ ਸੱਜਣ ਸੱਚਾ ਸ਼ਾਹ, ਬੇਐਬ ਪਰਵਰਦਿਗਾਰ । ਵੇਲੇ ਅੰਤਮ ਪਕੜੇ ਬਾਂਹ, ਕਰ ਕਿਰਪਾ ਜਾਏ ਤਾਰ । ਜੁਗ ਜੁਗ ਕਰੇ ਸਚ ਨਿਆਉਂ, ਨਿਵਣ ਸੋ ਅੱਖਰ ਕਰ ਵਿਚਾਰ । ਆਪੇ ਪਿਤਾ ਆਪੇ ਮਾਉਂ, ਆਪਣੇ ਰੰਗ ਰਵੇ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਰਤਨ ਅਮੋਲਕ ਹੀਰਾ ਲਾਲ, ਲੱਖ ਚੁਰਾਸੀ ਵਿਚੋਂ ਲਏ ਭਾਲ, ਸ਼ਬਦ ਸਰੂਪੀ ਬਣ ਦਲਾਲ, ਕਾਇਆ ਮਾਟੀ ਵੇਖ ਖਾਲ, ਫਲ ਲਗਾਏ ਸਾਚੇ ਡਾਲ੍ਹ, ਫੁਲ ਫੁਲਵਾੜੀ ਮਾਤ ਆਪ ਮਹਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਆ ਦਾਨ, ਲੱਖ ਚੁਰਾਸੀ ਫੰਦਨ ਫੰਦ ਮਾਤ ਗਰਭ ਗੇੜ ਕਟਾਈਆ ।



## ੨੬ ਕੱਤਕ ੨੦੧੬ ਬਿਕ੍ਰਮੀ ਜਸਵੰਤ ਸਿੰਘ ਦੇ ਘਰ ਕਰਤਾਰ ਪੁਰ ਜ਼ਿਲਾ ਜਲੰਧਰ

ਏਕੰਕਾਰਾ ਨਿਰਾਕਾਰ, ਅਕਲ ਕਲਾ ਅਖਵਾਈਆ । ਸੋ ਪੁਰਖ ਨਿਰੰਜਣ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਕਰ ਪਸਾਰ, ਆਪ ਆਪਣਾ ਭੇਵ ਖੁਲ੍ਹਾਈਆ । ਆਦਿ ਨਿਰੰਜਣ ਜੋਤ ਉਜਿਆਰ, ਨੂਰੋ ਨੂਰ ਡਗਮਗਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਸਚਖੰਡ ਦਵਾਰਾ ਆਪ ਸੁਹਾਈਆ । ਸ੍ਰੀ ਭਗਵਾਨ ਏਕਾ ਧਾਰ, ਥਿਰ ਘਰ ਨਿਵਾਸੀ ਆਪਣੀ ਆਪ ਚਲਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣੀ ਵੰਡ ਆਪ ਵੰਡਾਈਆ । ਆਪੇ ਅੰਦਰ ਆਪੇ ਬਾਹਰ, ਆਪਣਾ ਮੇਲ ਆਪ ਮਿਲਾਈਆ । ਆਪੇ ਕੰਤ ਆਪ ਭਤਾਰ, ਨਾਰੀ ਨਰ ਆਪ ਅਖਵਾਈਆ । ਆਪੇ ਸੁੱਤਾ ਸੇਜਾ ਪੈਰ ਪਸਾਰ, ਨਿਰਗੁਣ ਵੱਡਾ ਵਡ ਵਡਿਆਈਆ । ਆਪੇ ਮਾਤ ਪਿਤਾ ਹੋ ਉਜਿਆਰ, ਸੁੱਤ ਦੁਲਾਰ ਆਪ ਉਪਜਾਈਆ । ਸ਼ਬਦ ਅਨਡੀਠਾ ਕਰ ਤਿਆਰ, ਘਰ ਸਾਚੇ ਆਪ ਸੁਹਾਈਆ । ਆਪਣੀ ਰੀਤਾ ਕਰ ਤਿਆਰ, ਪਤਿਤ ਪੁਨੀਤਾ ਵੇਖ ਵਖਾਈਆ । ਸੁਹਾਗੀ ਗੀਤਾ ਏਕੰਕਾਰ, ਆਪਣਾ ਆਪੇ ਗਾਈਆ । ਸੋ ਪੁਰਖ ਨਿਰੰਜਣ ਸੁਨਣੇਹਾਰ, ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਈਆ । ਸ੍ਰੀ ਭਗਵਾਨ ਪਾਵੇ ਸਾਰ, ਪੁਰਖ ਅਬਿਨਾਸ਼ੀ ਵੱਡੀ ਵਡਿਆਈਆ । ਪਾਰਬ੍ਰਹਮ ਬੋਲ ਜੈਕਾਰ, ਸ਼ਬਦੀ ਨਾਅਰਾ ਏਕਾ ਲਾਈਆ । ਆਪ ਸੁਹਾਏ

ਸਚ ਦਵਾਰ, ਸਚਖੰਡ ਬੈਠਾ ਬੇਪਰਵਾਹੀਆ । ਤਖ਼ਤ ਤਾਜ ਰਾਜ ਰਾਜਾਨ ਸ਼ਾਹ ਸੁਲਤਾਨ ਕਰ ਅਕਾਰ, ਰੂਪ ਅਨੂਪ ਆਪ ਵਟਾਈਆ । ਦੇਵਣਹਾਰਾ ਧੁਰ ਫ਼ਰਮਾਣ, ਹੁਕਮੇ ਆਪਣਾ ਹੁਕਮ ਚਲਾਈਆ । ਪਾਰਬ੍ਰਹਮ ਕਰ ਪਰਵਾਨ, ਆਪਣੀ ਝੋਲੀ ਲਏ ਭਰਾਈਆ । ਸ਼ਬਦ ਉਠਾਇਆ ਸੁੱਤ ਜਵਾਨ, ਦੇ ਮਤ ਆਪ ਸਮਝਾਈਆ । ਏਕਾ ਇਛਿਆ ਹਰਿ ਭਗਵਾਨ, ਬ੍ਰਹਿਮੰਡ ਖੰਡ ਰਚਨ ਰਚਾਈਆ । ਲੋਆਂ ਪੁਰੀਆਂ ਗੁਣ ਨਿਧਾਨ, ਆਪਣਾ ਮਕਾਨਾ ਰਿਹਾ ਸੁਹਾਈਆ । ਵੰਡੀ ਵੰਡ ਹੋ ਮਿਹਰਵਾਨ, ਰਵ ਸਸ ਕਰੇ ਰੁਸ਼ਨਾਈਆ । ਮੰਡਲ ਮੰਡਪ ਖੋਲ੍ਹ ਦੁਕਾਨ, ਤਾਰ ਸਤਾਰ ਆਪ ਲਟਕਾਈਆ । ਆਪਣਾ ਦੇਵੇ ਸਾਚਾ ਦਾਨ, ਇਛਿਆ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਵੇਸ ਵਟਾਈਆ । ਵੇਸ ਵਟਾਏ ਹਰਿ ਨਿਰੰਕਾਰ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਜੂਨੀ ਰਹਿਤ ਵਡ ਸਿਕਦਾਰ, ਸਾਚੇ ਤਖ਼ਤ ਆਪ ਸੁਹਾਇੰਦਾ । ਵਸਣਹਾਰਾ ਉਚ ਮਹੱਲ ਅਟੱਲ ਮੁਨਾਰ, ਸਚ ਸਿੰਘਾਸਣ ਆਸਣ ਲਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਥਿਰ ਘਰ ਆਪਣੀ ਬਣਤ ਬਣਾਇੰਦਾ । ਰਾਓ ਰੰਕ ਬਣ ਸਿਕਦਾਰ, ਆਪ ਆਪਣਾ ਹੁਕਮ ਸੁਣਾਇੰਦਾ । ਨਿਰਗੁਣ ਨਿਰਗੁਣ ਖੇਲ ਅਪਾਰ, ਰੂਪ ਰੰਗ ਨਾ ਕੋਇ ਵਖਾਇੰਦਾ । ਜੋਧਾ ਸੂਰ ਬਲੀ ਬਲਕਾਰ, ਮਰਦ ਮਰਦਾਨਾ ਭੇਵ ਕੋਇ ਨਾ ਆਇੰਦਾ । ਨਾ ਕੋਈ ਖੰਡਾ ਤੇਜ਼ ਕਟਾਰ, ਤੀਰ ਕਮਾਨ ਨਾ ਹੱਥ ਉਠਾਇੰਦਾ । ਨਾ ਕੋਈ ਦੂਸਰ ਦਿਸੇ ਸੱਚਾ ਯਾਰ, ਲਾਸ਼ਰੀਕ ਨਾਉਂ ਧਰਾਇੰਦਾ । ਨੂਰੋ ਨੂਰ ਜਲਵਾ ਅਪਾਰ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਭੈ ਆਪਣਾ ਨਾਉਂ ਧਰਾਇੰਦਾ । ਨਿਰਭੈ ਰੂਪ ਪੁਰਖ ਅਕਾਲ, ਏਕੰਕਾਰਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਦੀਨ ਦਿਆਲ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਆਦਿ ਨਿਰੰਜਣ ਦੀਪਕ ਬਾਲ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਪੁਰਖ ਅਬਿਨਾਸ਼ੀ ਵਸਣਹਾਰਾ ਸੱਚੀ ਧਰਮਸਾਲ, ਸਚਖੰਡ ਬੈਠਾ ਆਸਣ ਲਾਈਆ । ਸ੍ਰੀ ਭਗਵਾਨ ਬਣ ਦਲਾਲ, ਸਾਚਾ ਵਣਜ ਇਕ ਕਰਾਈਆ । ਪਾਰਬ੍ਰਹਮ ਖੇਲ ਨਿਰਾਲ, ਭੇਵ ਅਭੇਦਾ ਭੇਵ ਖੁਲ੍ਹਾਈਆ । ਸੁੱਤ ਦੁਲਾਰਾ ਸਾਚਾ ਬਾਲ, ਸ਼ਬਦੀ ਨਾਉਂ ਧਰਾਈਆ । ਆਪਣੇ ਫਲ ਲਾਏ ਡਾਲ੍ਹ, ਫੁਲ ਫੁਲਵਾੜੀ ਆਪ ਮਹਿਕਾਈਆ । ਚਲੇ ਚਲਾਏ ਅਵੱਲੜੀ ਚਾਲ, ਦਿਸ ਕਿਸੇ ਨਾ ਆਈਆ । ਆਪਣੀ ਘਾਲੇ ਆਪੇ ਘਾਲ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਪੁਰਖ ਨਾਉਂ ਧਰਾਈਆ । ਕਰਤਾ ਪੁਰਖ ਪੁਰਖ ਸਮਰਥ, ਏਕਾ ਰੰਗ ਸਮਾਇਆ । ਸੋ ਪੁਰਖ ਨਿਰੰਜਣ ਹੋ ਪਰਤੱਖ, ਹਰਿ ਪੁਰਖ ਨਿਰੰਜਣ ਰਥ ਚਲਾਇਆ । ਆਦਿ ਨਿਰੰਜਣ ਦੇਵੇ ਸਾਚੀ ਵੱਥ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਸ੍ਰੀ ਭਗਵਾਨ ਮਹਿਮਾ ਕਥਨਾ ਅਕੱਥ, ਕਥ ਨਾ ਸਕੇ ਕੋਈ ਰਾਇਆ । ਪਾਰਬ੍ਰਹਮ ਦੇਵੇ ਸਾਚੀ ਵੱਥ, ਸੁੱਤ ਦੁਲਾਰਾ ਸੇਵਾ ਲਾਇਆ । ਸ਼ਬਦ ਦੁਲਾਰਾ ਰਿਹਾ ਤੁਠ, ਆਪ ਆਪਣੀ ਸੇਵ ਕਮਾਇਆ । ਅਬਿਨਾਸ਼ੀ ਕਰਤਾ ਆਪ ਆਪਣਾ ਕਰੇ ਵੱਖ, ਨਿਰਾਕਾਰ ਸਾਕਾਰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬੰਸ ਸੁਹਾਇਆ । ਵਿਸ਼ਨੂੰ ਬੰਸ ਹਰਿ ਨਿਰੰਕਾਰ, ਆਪਣਾ ਆਪ ਉਪਾਈਆ । ਅੰਮ੍ਰਿਤ ਭਰ ਸਚ ਭੰਡਾਰ, ਕਵਲ ਨਾਭੀ ਫੁਲ ਖਿਲਾਈਆ । ਪਾਰਬ੍ਰਹਮ ਬ੍ਰਹਮ ਕਰ ਤਿਆਰ, ਆਪ ਆਪਣਾ ਰੂਪ ਵਟਾਈਆ । ਸ਼ੰਕਰ ਮੇਲਾ ਧੂੰਆਂਧਾਰ, ਸੁੰਨ ਅਗੰਮ ਵੇਖ ਵਖਾਈਆ । ਆਪਣੀ ਬਿੰਦ ਆਪੇ ਪਏ ਜੰਮ, ਮਾਤ ਪਿਤ ਨਾ ਕੋਇ

੧੨੨੪ ੦੮

ਵਖਾਈਆ । ਆਪ ਜਣਾਏ ਆਪਣਾ ਕੰਮ, ਆਪਣੀ ਰਚਨਾ ਆਪ ਰਚਾਈਆ । ਗਗਨ ਪਾਤਾਲ ਰਹਾਏ ਬਿਨ ਬਿਨ ਥੰਮ, ਜਲ ਬਿੰਬ ਹੋਏ ਸਹਾਈਆ । ਪੁਰਖ ਅਬਿਨਾਸ਼ੀ ਬੇੜਾ ਬੰਨ੍ਹ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਰਿਹਾ ਚਲਾਈਆ । ਤ੍ਰੈਗੁਣ ਮਾਇਆ ਸਾਚਾ ਧੰਨ, ਤ੍ਰੈ ਤ੍ਰੈ ਝੋਲੀ ਪਾਈਆ । ਏਕਾ ਰਾਗ ਸੁਣਾਇਆ ਕੰਨ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਗਿਆ ਮੰਨ, ਨਿਉਂ ਨਿਉਂ ਸੀਸ ਝੁਕਾਈਆ । ਪੰਜ ਤੱਤ ਬਣਾਏ ਸਾਚਾ ਤਨ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾਲ ਰਲਾਈਆ । ਲੱਖ ਚੁਰਾਸੀ ਚੜ੍ਹਿਆ ਚੰਨ, ਨਿਰਗੁਣ ਦੀਵਾ ਬਾਤੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਖੇਲ ਰਿਹਾ ਖਿਲਾਈਆ । ਏਕੰਕਾਰਾ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਆਦਿ ਨਿਰੰਜਣ ਸੰਗ ਨਿਭਾਇੰਦਾ । ਪੁਰਖ ਅਬਿਨਾਸ਼ੀ ਸਾਂਝਾ ਯਾਰਾ, ਸ੍ਰੀ ਭਗਵਾਨ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਜ ਤੱਤ ਝੋਲੀ ਪਾਇੰਦਾ । ਮਨ ਮਤ ਬੁਧ ਦਏ ਸਹਾਰਾ, ਨਿਰਗੁਣ ਆਪਣਾ ਅੰਗ ਕਟਾਇੰਦਾ । ਘਰ ਵਿਚ ਘਰ ਕਰ ਤਿਆਰਾ, ਘਰ ਸਾਚੇ ਸੋਭਾ ਪਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਸ਼ਬਦ ਅਨਾਦਿ ਸੱਚੀ ਧੁਨਕਾਰਾ, ਅਨਹਦ ਤਾਲ ਵਜਾਇੰਦਾ । ਸਰ ਸਰੋਵਰ ਠੰਡੀ ਠਾਰਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਪੜਦਾ ਲਾਹਿੰਦਾ । ਦੇਵੇ ਦਰਸ਼ ਅਗੰਮ ਅਪਾਰਾ, ਨੇਤਰ ਲੋਚਣ ਨੈਣ ਇਕ ਵਖਾਇੰਦਾ । ਆਤਮ ਸੇਜਾ ਹੋ ਉਜਿਆਰਾ, ਨਿਰਗੁਣ ਨੂਰੋ ਨੂਰ ਡਗਮਗਾਇੰਦਾ । ਸ਼ਬਦ ਅਗੰਮੀ ਕੰਤ ਭਤਾਰਾ, ਘਰ ਸਾਚੇ ਸੋਭਾ ਪਾਇੰਦਾ । ਦਸਮ ਦਵਾਰੀ ਸਚ ਦਵਾਰਾ, ਦਰ ਘਰ ਸਾਚਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦਿ, ਸੋ ਪੁਰਖ ਨਿਰੰਜਣ ਵਜਾਏ ਨਾਦ, ਹੰ ਬ੍ਰਹਮ ਆਪ ਉਠਾਇੰਦਾ । ਏਕੰਕਾਰਾ ਖੇਲ ਅਵੱਲਾ, ਲੇਖਾ ਲੇਖ ਨਾ ਕੋਇ ਜਣਾਈਆ । ਸੋ ਪੁਰਖ ਨਿਰੰਜਣ ਇਕ ਅਕੱਲਾ, ਆਦਿ ਜੁਗਾਦਿ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਨੇਹਚਲ ਧਾਮ ਅਟੱਲਾ, ਘਰ ਸਾਚੇ ਬੈਠਾ ਆਸਣ ਲਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਤੇਲ ਬਾਤੀ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਹੋਏ ਅਛਲ ਅਛੱਲਾ, ਅਛਲ ਛਲ ਧਾਰੀ ਭੇਵ ਨਾ ਰਾਈਆ । ਸ੍ਰੀ ਭਗਵਾਨ ਆਪਣੀ ਜੋਤ ਆਪੇ ਰੱਲਾ, ਦੂਸਰ ਸੰਗ ਨਾ ਕੋਇ ਵਖਾਈਆ । ਪਾਰਬ੍ਰਹਮ ਸਚ ਸਿੰਘਾਸਣ ਆਪਣਾ ਮੱਲਾ, ਦਰ ਆਪਣੇ ਸੋਭਾ ਪਾਈਆ । ਸੁੱਤ ਦੁਲਾਰਾ ਸ਼ਬਦ ਸ਼ਬਦੀ ਸਚ ਸੁਨੇਹੜਾ ਏਕਾ ਘੱਲਾ, ਬ੍ਰਹਮਾ ਵਿਸ਼ਨ ਸ਼ਿਵ ਉਠਾਈਆ । ਤ੍ਰੈਗੁਣ ਫੜਾਇਆ ਆਪਣਾ ਪੱਲਾ, ਪੰਜ ਤੱਤ ਲੜ ਬੰਧਾਈਆ । ਪੰਚ ਵਿਕਾਰਾ ਮਾਰੇ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਦੂਈ ਦਵੈਤੀ ਦੇਵੇ ਸੱਲਾ, ਆਸਾ ਤ੍ਰਿਸਨਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਅਲਖ ਨਿਰੰਜਣ ਵਡ ਵਡਿਆਈਆ । ਏਕੰਕਾਰਾ ਕਰ ਪਸਾਰਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਨਿਰਗੁਣ ਧਾਰਾ, ਆਦਿ ਨਿਰੰਜਣ ਰੰਗ ਰੰਗਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ, ਸ੍ਰੀ ਭਗਵਾਨ ਰਾਹ ਤਕਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਬ੍ਰਹਮ ਏਕਾ ਵਣਜ ਕਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਏ ਹੁਲਾਰਾ, ਸਾਚਾ ਮਾਰਗ ਇਕ ਜਣਾਇੰਦਾ । ਰਾਜ਼ਕ ਰਿਜ਼ਕ ਰਹੀਮ

ਕਰ ਪਿਆਰਾ, ਹੁਕਮੀ ਹੁਕਮ ਫਿਰਾਇੰਦਾ । ਉਤਪਤ ਕਰੇ ਆਪ ਸੰਸਾਰਾ, ਬ੍ਰਹਮਾ ਵੇਤਾ ਮੁਖ ਸਲਾਹਿੰਦਾ । ਸ਼ੰਕਰ ਅੰਤਮ ਕਰ ਸੰਘਾਰਾ, ਸਗਲਾ ਪੰਧ ਮੁਕਾਇੰਦਾ । ਨਿਰਗੁਣ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਵੰਡੇ ਵੰਡ ਵਿਚ ਸੰਸਾਰਾ, ਆਪਣਾ ਲੇਖਾ ਲੇਖ ਲਿਖਾਇੰਦਾ । ਚਾਰੇ ਵੇਦਾਂ ਏਕਾ ਧਾਰਾ, ਏਕਾ ਬੂਝ ਬੁਝਾਇੰਦਾ । ਚਾਰੇ ਯੁਗ ਖੇਲ ਅਪਾਰਾ, ਆਪਣਾ ਹਿੱਸਾ ਆਪ ਕਰਾਇੰਦਾ । ਸਤਿਜੁਗ ਸਾਚਾ ਕਰ ਪਿਆਰਾ, ਲੋਕਮਾਤ ਧਰਾਇੰਦਾ । ਲੱਖ ਚੁਰਾਸੀ ਦਏ ਹੁਲਾਰਾ, ਏਕਾ ਰੂਪ ਵਖਾਇੰਦਾ । ਵਰਨ ਬਰਨ ਨਾ ਕੋਈ ਕਿਨਾਰਾ, ਨਾ ਕੋਈ ਭੇਖ ਵਟਾਇੰਦਾ । ਭਗਤ ਭਗਵੰਤ ਖੇਲ ਨਿਆਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਨਿਰਗੁਣ ਰੂਪ ਪੰਜ ਤੱਤ ਅਵਤਾਰਾ, ਗੁਰ ਗੁਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਆਪਣੀ ਕਲ ਵਰਤਾਇੰਦਾ । ਆਪਣੀ ਕਲ ਵਰਤੰਤਾ ਹਰਿ ਭਗਵੰਤਾ, ਏਕੰਕਾਰਾ ਰਚਨ ਰਚਾਇੰਦਾ । ਸੋ ਪੁਰਖ ਨਿਰੰਜਣ ਖੇਲ ਖਿਲੰਤਾ ਜੁਗਾਂ ਜੁਗੰਤਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਆਦਿ ਨਿਰੰਜਣ ਦੀਪ ਜਗੰਤਾ ਥਾਨ ਸੁਹੰਤਾ, ਪੁਰਖ ਅਬਿਨਾਸ਼ੀ ਸਚਖੰਡ ਦਵਾਰਾ ਸੋਭਾ ਪਾਇੰਦਾ । ਸ੍ਰੀ ਭਗਵਾਨ ਵੇਸ ਵਟੰਤਾ ਭੇਵ ਖੁਲ੍ਹੰਤਾ, ਪਾਰਬ੍ਰਹਮ ਸਾਚਾ ਡੰਕ ਵਜਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮੰਤਾ, ਏਕਾ ਇਸ਼ਟ ਕਰੇ ਮੰਤਾ, ਪਾਰਬ੍ਰਹਮ ਸਰਬ ਸਮਝਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਹਰਿ ਰੰਗ ਰਗੰਤਾ ਰੂਪ ਚੜ੍ਹੰਤਾ, ਸਾਚੀ ਭੱਠੀ ਇਕ ਤਪਾਇੰਦਾ । ਹਰਿਜਨ ਮੇਲੇ ਸਾਚੇ ਸੰਤਾ, ਆਦਿਨ ਅੰਤਾ ਸ੍ਰੀ ਭਗਵੰਤਾ ਦਇਆ ਕਮਾਇੰਦਾ । ਸਤਿਜੁਗ ਬਣਾਈ ਆਪਣੀ ਬਣਤਾ, ਗੁਰਮੁਖ ਸਾਚੇ ਪਾਰ ਕਰਾਇੰਦਾ । ਤੋੜਨਹਾਰਾ ਗੜ੍ਹ ਹਉਮੇ ਹੰਗਤਾ, ਜੁਗ ਤ੍ਰੇਤਾ ਵੇਖ ਵਖਾਇੰਦਾ । ਆਪੇ ਹੋਏ ਭੁੱਖਾ ਨੰਗਤਾ ਦਰ ਦਰ ਮੰਗਤਾ, ਜਨ ਭਗਤ ਭੰਡਾਰ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ ਕਰ ਪਸਾਰਾ, ਨਿਰਗੁਣ ਧਾਰਾ ਹੋ ਉਜਿਆਰਾ, ਆਪਣਾ ਖੇਲ ਖਿਲਾਇੰਦਾ । ਖੇਲ ਖਲਾਵਣਹਾਰ ਹਰਿ ਹਰਿ, ਹਰਿ ਵੱਡਾ ਵਡ ਵਡਿਆਈਆ । ਜੁਗਾ ਜੁਗੰਤਰ ਜੋਤ ਧਰ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਸੰਤ ਸੁਹੇਲੇ ਵੇਖੇ ਘਰ ਘਰ, ਦਰ ਦਰਵੇਸ਼ਾ ਫੇਰੀ ਪਾਈਆ । ਭਗਤ ਭਗਵੰਤ ਆਪੇ ਫੜ ਫੜ, ਆਪੇ ਆਪਣੀ ਬੂਝ ਬੁਝਾਈਆ । ਗੁਰਮੁਖ ਲਗਾਏ ਆਪਣੇ ਲੜ ਲੜ, ਏਕਾ ਪੱਲੂ ਨਾਮ ਗੰਢ ਬੰਧਾਈਆ । ਗੁਰਸਿਖਾਂ ਅੰਦਰ ਆਪੇ ਚੜ੍ਹ ਚੜ੍ਹ, ਆਪਣਾ ਕੁੰਡਾ ਦੇਵੇ ਲਾਹੀਆ । ਅੰਮ੍ਰਿਤ ਜਾਮ ਪਿਆਲਾ ਪਿਆਏ ਭਰ ਭਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਕਿਰਪਾ ਆਪਣੀ ਆਪੇ ਕਰ ਕਰ, ਹਰਿਜਨ ਸਾਚੇ ਲਏ ਮਿਲਾਈਆ । ਆਦਿ ਨਿਰੰਜਣ ਜੋਤ ਨਿਰੰਜਣ ਅੰਦਰ ਧਰ ਧਰ, ਅਗਿਆਨ ਅੰਧੇਰ ਮਿਟਾਈਆ । ਪੁਰਖ ਅਬਿਨਾਸ਼ੀ ਆਪੇ ਦਰ ਦਰ, ਆਪ ਆਪਣਾ ਸਗਨ ਮਨਾਈਆ । ਸ੍ਰੀ ਭਗਵਾਨ ਬਣ ਨਰ ਨਰ, ਨਰ ਨਰਾਇਣ ਰੂਪ ਵਟਾਈਆ । ਪਾਰਬ੍ਰਹਮ ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਏਕਾ ਅੱਖਰ ਰਹੇ ਪੜ੍ਹ, ਪ੍ਰਭ ਸਾਚਾ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਰਹੀ ਸੜ, ਪੰਜ ਤੱਤ ਕਰੇ ਲੜਾਈਆ । ਦੁਆਪਰ ਅੰਤਮ ਗਿਆ ਹਰ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਕੂੜਾ ਘਾੜਨ ਘੜ, ਹਰਿ ਸਾਚਾ ਖੇਲ ਖਿਲਾਈਆ । ਧਰਤ ਮਾਤ ਦੀ ਗੋਦੀ ਬੈਠਾ ਵੜ, ਆਪ ਆਪਣਾ ਰੂਪ ਵਟਾਈਆ । ਚਾਰੋਂ ਕੁੰਟ ਵੇਖੇ ਖੜ, ਆਪ ਆਪਣਾ ਬਲ ਧਰਾਈਆ । ਜੀਵ ਜੰਤ ਅੱਗ ਲਗਾਈ ਬਹੱਤਰ ਨੜ, ਨਾ ਸਕੇ ਕੋਇ ਬੁਝਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰਹੇ ਸੜ, ਧੀਰਜ ਧੀਰ ਨਾ ਕੋਇ ਧਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਤਿ ਸਰੂਪ ਸ਼ਾਹੋ ਭੂਪ ਇਕ ਅਖਵਾਈਆ । ਸ਼ਾਹੋ ਭੂਪ ਸਚ ਸੁਲਤਾਨਾ, ਏਕੰਕਾਰਾ ਇਕ ਅਖਵਾਇੰਦਾ । ਸੋ ਪੁਰਖ ਨਿਰੰਜਣ ਮਰਦ ਮਰਦਾਨਾ, ਹਰਿ ਪੁਰਖ ਨਿਰੰਜਣ ਬਲ ਧਰਾਇੰਦਾ । ਆਦਿ ਨਿਰੰਜਣ ਖੇਲ ਮਹਾਨਾ, ਪੁਰਖ ਅਬਿਨਾਸ਼ੀ ਖੇਲ ਖਿਲਾਇੰਦਾ । ਸ੍ਰੀ ਭਗਵਾਨ ਬੰਨ੍ਹੇ ਗਾਨਾ, ਪਾਰਬ੍ਰਹਮ ਸਗਨ ਮਨਾਇੰਦਾ । ਸ਼ਬਦ ਅਨਾਦੀ ਧੁਨ ਤਰਾਨਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸੁਣਨ ਲਾ ਲਾ ਕਾਨਾ, ਆਲਸ ਨਿੰਦਰਾ ਵਿਚ ਨਾ ਕੋਇ ਆਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਹੋ ਪਰਧਾਨਾ, ਕਾਇਆ ਮੰਦਰ ਅੰਦਰ ਆਪ ਅਲਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਜਿਸ ਜਨ ਆਪਦੀ ਬੂਝ ਬੁਝਾਇੰਦਾ । ਦੇਵਣਹਾਰਾ ਧੁਰ ਫ਼ਰਮਾਣਾ, ਬੋਧ ਅਗਾਧੀ ਸ਼ਬਦ ਸੁਣਾਇੰਦਾ । ਸੰਤ ਭਗਵੰਤ ਕਰ ਪਰਵਾਨਾ, ਆਪ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਦਿਸੇ ਫਨਾਹ ਮਕਾਨਾ, ਵੇਲੇ ਅੰਤ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਰੂਪ ਅਪਾਰਾ, ਵਰਤੇ ਵਰਤਾਵੇ ਵਿਚ ਸੰਸਾਰਾ, ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਨ ਨਾ ਕੋਇ ਚੜ੍ਹਾਇੰਦਾ । ਚਾਰੋਂ ਕੁੰਟ ਕਲਜੁਗ ਧਾਰ, ਆਪਣੀ ਆਪ ਵਹਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਮੱਦਦ ਬੇਪਰਵਾਹੀਆ । ਈਸਾ ਮੂਸਾ ਕਰ ਤਿਆਰ, ਕਲਮਾ ਨਬੀ ਗਵਾਹ ਬਣਾਈਆ । ਸੰਗ ਮੁਹੰਮਦ ਕਰਿਆ ਖ਼ਬਰਦਾਰ, ਚਾਰ ਯਾਰ ਕਰੀ ਕੁੜਮਾਈਆ । ਅੱਲਾ ਰਾਣੀ ਬੋਲ ਜੈਕਾਰ, ਆਪਣਾ ਨਾਅਰਾ ਰਹੀ ਸੁਣਾਈਆ । ਸ੍ਰਿਸ਼ਟ ਸਬਾਈ ਵੇਖ ਵਿਚਾਰ, ਇਕ ਸ਼ਰੀਅਤ ਬੰਧਨ ਪਾਈਆ । ਕਾਇਨਾਤ ਕਰ ਵਿਚਾਰ, ਆਪਣੀ ਜ਼ਾਤ ਇਕ ਵਖਾਈਆ । ਦੇਵੇ ਨਿਜ਼ਾਤ ਪਰਵਰਦਿਗਾਰ, ਸਗਲਾ ਸਾਥ ਨਿਭਾਈਆ । ਰਾਮ ਕ੍ਰਿਸ਼ਨ ਨਾ ਲਾਏ ਪਾਰ, ਉਚੀ ਕੂਕੇ ਦਏ ਦੁਹਾਈਆ । ਜੀਵ ਜੰਤ ਨੇਤਰ ਨੀਰ ਵਹਾਇਣ ਵਾਰੋ ਵਾਰ, ਸਾਧ ਸੰਤ ਰਹੇ ਕੁਰਲਾਈਆ । ਧਰਨੀ ਦੱਬੀ ਪਾਪਾਂ ਭਾਰ, ਹੌਲਾ ਭਾਰ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਦਇਆ ਕਮਾਈਆ । ਨਿਰਗੁਣ ਜੋਤੀ ਕਰ ਉਜਿਆਰ, ਨਾਨਕ ਪੰਜ ਤੱਤ ਡੇਰਾ ਲਾਈਆ । ਸ਼ਬਦ ਖੰਡਾ ਤੇਜ਼ ਕਟਾਰ, ਨਾਮ ਸਤਿ ਆਪ ਚਲਾਈਆ । ਦੂਈ ਦਵੈਤੀ ਕਰ ਖੁਆਰ, ਏਕਾ ਰੰਗਨ ਸਚ ਰੰਗਾਈਆ । ਚਾਰ ਵਰਨਾਂ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਹਿੰਦੂ ਮੁਸਲਿਮ ਦਏ ਆਧਾਰ, ਸਾਚੀ ਸਿਖਿਆ ਸਿਖ ਸਮਝਾਈਆ । ਏਕਾ ਸ਼ਬਦ ਬੋਲ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਜੋਤੀ ਦਸ ਅਵਤਾਰ, ਅਧਵਿਚਕਾਰ ਆਪਣੀ ਵੰਡ ਵੰਡਾਈਆ । ਸ਼ਬਦ ਗੁਰ ਗੁਰ ਕਰ ਤਿਆਰ, ਗੁਰੂ ਗ੍ਰੰਥ ਸਮਝਾਈਆ । ਖੇਲੇ ਖੇਲ ਅਗੰਮ ਅਪਾਰ, ਪੁਰਖ ਅਕਾਲ ਭੇਵ ਨਾ ਪਾਈਆ । ਸੁੱਤ ਦੁਲਾਰਾ ਕਰ ਤਿਆਰ, ਗੁਰ ਗੋਬਿੰਦ ਜੋਤ ਜਗਾਈਆ । ਨਾਮ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਈਆ । ਕਲਗ਼ੀ ਤੋੜਾ ਸੀਸ ਦਸਤਾਰ, ਸ਼ਬਦੀ ਜੋੜਾ ਜੋਤੀ ਮੇਲ ਮਿਲਾਈਆ । ਸਾਚਾ ਘੋੜਾ ਸਿਰਜਣਹਾਰ, ਬਾਂਕੀ ਚਾਲ ਰਖਾਈਆ । ਸੋਲਾਂ ਕਲੀਆਂ ਕਰ ਤਿਆਰ, ਆਸਣ ਸਿੰਘਾਸਣ ਇਕ ਵਛਾਈਆ । ਭਰਮ ਭੁਲਾਇਆ ਸਰਬ ਸੰਸਾਰ, ਆਪਣੀ ਮਾਇਆ ਪੜਦਾ ਪਾਈਆ । ਏਕਾ ਜੋਤੀ ਦਸ ਅਵਤਾਰ, ਘਰ ਦਸਵੇਂ ਵੱਜੀ ਵਧਾਈਆ । ਸਾਚਾ ਖੇਲ ਕਰ ਸੰਸਾਰ, ਦੇ ਮਤ ਗਿਆ ਸਮਝਾਈਆ । ਏਕਾ ਗੁਰ ਇਕ ਅਵਤਾਰ, ਏਕਾ ਬੂਝ ਬੁਝਾਈਆ । ਗੁਰਸਿਖ ਮੇਰਾ ਰੂਪ ਅਪਾਰ, ਬਿਨ ਗੁਰਸਿਖ ਦੂਸਰ ਘਰ ਨਾ ਗੋਬਿੰਦ ਦਰਸ ਵਖਾਈਆ । ਮੇਰਾ ਨਾਉਂ ਹੋਵੇ ਜੈਕਾਰ, ਗੁਰਮੁਖ ਫਤਿਹ ਡੰਕ ਵਜਾਈਆ ।

੧੨੨੭
੦੮

ਤੇਰਾ ਸ਼ਬਦ ਸਚ ਜੈਕਾਰ, ਗੁਰੂ ਗੁਰ ਨਾਉਂ ਧਰਾਈਆ । ਨਿਰਗੁਣ ਜੋਤ ਹੋਏ ਉਜਿਆਰ, ਘਰ ਘਰ ਦੀਵਾ ਬਾਤੀ ਆਪ ਜਗਾਈਆ । ਸਤਿਗੁਰ ਪੂਰਾ ਬਣ ਸਿਕਦਾਰ, ਸਾਚੇ ਤਖ਼ਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਵੰਡਣਹਾਰਾ ਪੁਰਖ ਸਮਰਥ, ਦੂਸਰ ਕੋਇ ਨਾ ਸੰਗ ਰਖਾਇੰਦਾ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਵੇਸ ਵਟਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਜ਼ਿਮੀ ਅਸਮਾਨਾਂ ਦੋ ਜਹਾਨਾਂ ਪਾਏ ਨੱਥ, ਨਾਮ ਡੋਰੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਰਚਨ ਰਚਾਇੰਦਾ । ਗੋਬਿੰਦ ਗੁਰ ਸਚ ਲਿਖਾਰਾ, ਹਰਿ ਲੇਖਾ ਆਪ ਲਿਖਾਈਆ । ਏਕਾ ਜੋਤੀ ਜੋਤ ਉਜਿਆਰਾ, ਦੀਪਕ ਦੀਪਕ ਵੇਖ ਵਖਾਈਆ । ਏਕਾ ਮੰਦਰ ਏਕਾ ਘਰ ਬਾਰਾ, ਸਚਖੰਡ ਦਵਾਰਾ ਨਾਉਂ ਧਰਾਈਆ । ਏਕਾ ਸੋਹੇ ਸਿਰਜਣਹਾਰਾ, ਸਿਰ ਸਿਰ ਰਿਜ਼ਕ ਸਬਾਈਆ । ਗਾਵਤ ਗਾਏ ਸਰਬ ਸੰਸਾਰਾ, ਆਦਿ ਜੁਗਾਦੀ ਸੇਵਾ ਲਾਈਆ । ਪੁਰਖ ਅਗੰਮੀ ਧਾਮ ਨਿਆਰਾ, ਪੁਰਖ ਅਗੰਮੜਾ ਆਪ ਉਪਾਈਆ । ਆਪੇ ਜਾਣੇ ਆਪਣਾ ਵਣਜ ਵਾਪਾਰਾ, ਲੇਖਾ ਆਪਣੇ ਹੱਥ ਰਖਾਈਆ । ਗੋਬਿੰਦ ਮੀਤਾ ਸੁੱਤ ਦੁਲਾਰਾ, ਨਿਉਂ ਨਿਉਂ ਰਿਹਾ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਦਏ ਸਹਾਰਾ, ਅੱਖਰ ਵੱਖਰ ਕਰੇ ਪੜ੍ਹਾਈਆ । ਚਾਰੇ ਅੱਖਰ ਏਕਾ ਧਾਰਾ, ਨਾਨਕ ਗੋਬਿੰਦ ਕਰੇ ਰੁਸ਼ਨਾਈਆ । ਚੌਥੇ ਯੁਗ ਪਾਰ ਕਿਨਾਰਾ, ਲੱਖ ਚੁਰਾਸੀ ਆਪ ਕਰਾਈਆ । ਤੇਰਾ ਰੂਪ ਹਰਿ ਕਰਤਾਰਾ, ਮੇਰਾ ਤੇਰਾ ਰੰਗ ਰੰਗਾਈਆ । ਤੂੰ ਸੁੱਤ ਹਉਂ ਪਿਤਾ ਤੁਮਾਰਾ, ਬਾਲਕ ਆਪਣੀ ਗੋਦ ਉਠਾਈਆ । ਤੇਰਾ ਨਾਮ ਮੇਰਾ ਜੈਕਾਰਾ, ਚਾਰ ਕੁੰਟ ਕਰੇ ਰੁਸ਼ਨਾਈਆ । ਤੇਰਾ ਖੰਡਾ ਤੇਜ਼ ਕਟਾਰਾ, ਹਰਿ ਸ਼ਬਦੀ ਨਾਉਂ ਉਪਜਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹੰ ਬ੍ਰਹਮ ਵੇਖ ਵਖਾਈਆ । ਕਲਜੁਗ ਅੰਤਮ ਦਏ ਸਹਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਸਦ ਕਰੇ ਰੁਸ਼ਨਾਈਆ । ਬੀਸ ਸਦ ਖੇਲ ਅਪਾਰਾ, ਹਰਿ ਸਾਚੇ ਸਚ ਵਰਤਾਇਆ । ਬੀਸ ਇਕ ਏਕੰਕਾਰਾ, ਏਕਾ ਰੂਪ ਆਪ ਵਟਾਇਆ । ਦੂਜੀ ਕੁਦਰਤ ਕਰ ਪਿਆਰਾ, ਤੀਜਾ ਨੈਣ ਇਕ ਦਰਸਾਇਆ । ਚੌਥੇ ਪਦ ਹੋ ਉਜਿਆਰਾ, ਜਨ ਭਗਤਾਂ ਵੇਖ ਵਖਾਇਆ । ਪੰਚਮ ਮੀਤਾ ਪੰਚ ਆਧਾਰਾ, ਪੰਚਮ ਰਾਗ ਧੁਨ ਅਲ੍ਹਾਇਆ । ਛੇਵੇਂ ਛੱਪਰ ਛੰਨ ਵਸਿਆ ਬਾਹਰਾ, ਚਾਰ ਦੀਵਾਰ ਨਾ ਕੋਇ ਉਪਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਨਿਰਾਕਾਰਾ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਅੱਠਵੇਂ ਅੱਠਾਂ ਤੱਤਾਂ ਪਾਰ ਕਿਨਾਰਾ, ਰਕਤ ਬੂੰਦ ਨਾ ਮੇਲ ਮਿਲਾਇਆ । ਨਾਵੇਂ ਨੌਂ ਦਰ ਛੁੱਟਾ ਸੰਸਾਰਾ, ਨਵ ਖੰਡ ਵੇਖ ਵਖਾਇਆ । ਦਸਵੇਂ ਨਿਰਗੁਣ ਜੋਤ ਕਰ ਉਜਿਆਰਾ, ਗੁਰਮੁਖ ਸਾਚੇ ਲਏ ਜਗਾਇਆ । ਛੋਟਾ ਬਾਲਾ ਬੰਨ੍ਹੇ ਧਾਰਾ, ਸ੍ਰਿਸ਼ਟ ਸਬਾਈ ਰਿਹਾ ਸਮਝਾਇਆ । ਅੱਗੇ ਲਾਇਆ ਹਰਿ ਹਰਿ ਲਾੜਾ, ਆਪ ਆਪਣਾ ਸਗਨ ਮਨਾਇਆ । ਦਸ ਇਕ ਗਿਆਰਾ, ਜਗਤ ਅਖਾੜਾ, ਸਾਢੇ ਤਿੰਨ ਹੱਥ ਰਚਨ ਰਚਾਇਆ । ਜਗਤ ਜਗਦੀਸਾ ਖੇਲ ਅਪਾਰਾ, ਨਵ ਨਵ ਆਪਣਾ ਰੂਪ ਵਟਾਇਆ । ਦਸ ਦੋ ਬਾਰਾਂ ਹੋ ਉਜਿਆਰਾ, ਹਰਿ ਸੰਗਤ ਮੇਲ ਮਿਲਾਇਆ । ਦਸ ਤਿੰਨ ਤੇਰਾ ਨੇਰਨ ਨੇਰਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਭੁਲਾਇਆ । ਸੰਮਤ ਚੌਦਾਂ ਚੌਦਾਂ ਲੋਕ ਹੱਟ ਪਸਾਰਾ, ਏਕੰਕਾਰਾ ਚੌਦਾਂ ਤਬਕਾਂ ਵੇਖ ਵਖਾਇਆ । ਇਕੀ ਸਿਖਾਂ ਖੋਲ੍ਹ ਕਿਵਾੜਾ, ਏਕਾ ਘਰ

ਬਹਾਇਆ । ਦਸ ਪੰਜ ਪੰਦਰਾਂ ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰਾਂ ਮੰਦਰ ਮਸਜਿਦ ਮੱਠ ਸ਼ਿਵਦਵਾਲਾ ਤੀਰਥ ਅਠਸਠ ਗੰਗਾ ਗੋਦਾਵਰੀ ਸੁਰਸਤੀ ਜਮਨਾ ਆਪਣੇ ਚਰਨਾਂ ਵਿਚ ਬਹਾਇਆ । ਸੰਮਤ ਸੋਲਾਂ ਹੋ ਪਰਗਟ, ਵਸਣਹਾਰਾ ਘਟ ਘਟ, ਜੋਤ ਜਗਾਏ ਲਟ ਲਟ, ਨਾਮ ਡੰਕਾ ਇਕ ਵਜਾਇਆ । ਗੁਰਮੁਖਾਂ ਪੂਰਾ ਕਰੇ ਘਾਟ, ਲਹਿਣਾ ਦੇਣ ਚੁਕਾਏ ਹੱਥੋ ਹਾਥ, ਸਰਬ ਕਲਾ ਆਪੇ ਸਮਰਾਥ, ਦੂਸਰ ਓਟ ਨਾ ਕੋਇ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਭਗਵਾਨਾ, ਆਪਣਾ ਰੂਪ ਵਟਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨਾ, ਦਿਸ ਕਿਸੇ ਨਾ ਆਇੰਦਾ । ਸ਼ਬਦ ਅਨਾਦੀ ਧੁਨ ਤਰਾਨਾ, ਗੁਰਮੁਖਾਂ ਆਪ ਸੁਣਾਇੰਦਾ । ਸਤਿ ਸੰਤੋਖੀ ਬੰਨ੍ਹੇ ਗਾਨਾ, ਏਕਾ ਨਾਮ ਤੰਦਨ ਤੰਦ ਬੰਧਾਇੰਦਾ । ਆਤਮ ਮਾਰੇ ਤੀਰ ਨਿਸ਼ਾਨਾ, ਤੀਰ ਅਣਿਆਲਾ ਇਕ ਚਲਾਇੰਦਾ । ਹੋਏ ਸਹਾਈ ਦੋ ਜਹਾਨਾਂ, ਏਥੇ ਓਥੇ ਸਗਲਾ ਸੰਗ ਨਿਭਾਇੰਦਾ । ਸੰਮਤ ਸੋਲਾਂ ਗੁਣ ਨਿਧਾਨਾ, ਗੁਣਵੰਤਾ ਆਪਣਾ ਨਾਉਂ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹਿੱਸਾ ਆਪ ਰਖਾਇੰਦਾ । ਕਲਜੁਗ ਅੰਤਮ ਪਾਇਆ ਹਿੱਸਾ, ਵੀਹ ਸਦ ਸੋਲਾਂ ਵਡ ਵਡਿਆਈਆ । ਬਿਨ ਗੁਰਮੁਖ ਕਿਸੇ ਨਾ ਦਿਸ਼ਾ, ਜਗਤ ਗਿਆਨੀ ਰਹੇ ਰਾਹ ਤਕਾਈਆ । ਮੰਦਰ ਮਸਜਿਦ ਰਸਨਾ ਜੇਹਵਾ ਪੜ੍ਹਦੇ ਕਿੱਸਾ, ਹਰਿ ਕਾ ਰੂਪ ਦਿਸ ਨਾ ਆਈਆ । ਗੁਰਸਿਖ ਚੋਬਦਾਰ ਤੇਰਾ ਗੁਰ ਗੋਬਿੰਦ ਫੜ ਫੜ ਉਠਾਏ ਸਾਚੇ ਸਿਖਾਂ, ਸੋਇਆ ਕੋਇ ਰਹਿਣ ਨਾ ਪਾਈਆ । ਸਾਚਾ ਲੇਖਾ ਜਿਸ ਜਨ ਘਰ ਸਾਚੇ ਲਿਖਾ, ਨੇਤਰ ਲੋਚਣ ਦਏ ਵਖਾਈਆ । ਪਾਰਬ੍ਰਹਮ ਪ੍ਰਭ ਧਰਿਆ ਭੇਖਾ, ਬਲ ਬਾਵਨ ਰੂਪ ਵਟਾਈਆ । ਪਾਵੇ ਸਾਰ ਧਾਰੀ ਕੇਸਾ, ਮੂੰਡ ਮੂੰਡਾਏ ਗਲੇ ਲਗਾਈਆ । ਨਿਰਗੁਣ ਰੂਪ ਦਸ ਦਸਮੇਸਾ, ਦਹਿ ਦਿਸ਼ਾ ਆਪੇ ਵੇਖ ਵਖਾਈਆ । ਰਾਹ ਤੱਕਣ ਬ੍ਰਹਮਾ ਵਿਸ਼ਨ ਮਹੇਸ਼ਾ, ਨੇਤਰ ਨੈਣ ਰਹੇ ਉਠਾਈਆ । ਸਤਿ ਪੁਰਖ ਨਿਰੰਜਣ ਸਦ ਆਦੇਸ਼ਾ, ਸਾਰ ਸ਼ਬਦ ਕਰੇ ਕੁੜਮਾਈਆ । ਗੋਵਰਧਨ ਧਾਰੀ ਰਿਖੀ ਕੇਸ਼ਾ, ਕਲਜੁਗ ਖੇਲੇ ਖੇਲ ਬੇਪਰਵਾਹੀਆ । ਵਿਸ਼ਨੂੰ ਉਠਾਇਆ ਬਾਸ਼ਕ ਸੇਜਾ, ਸਾਂਗੋ ਪਾਂਗ ਆਪ ਹਿਲਾਈਆ । ਬ੍ਰਹਮੇ ਦੇਵੇ ਸਚ ਸੰਦੇਸਾ, ਕਲਜੁਗ ਅੰਤਮ ਕੂਕੇ ਦਏ ਦੁਹਾਈਆ । ਸ਼ੰਕਰ ਚਲੇ ਨਾ ਕੋਈ ਪੇਸ਼ਾ, ਹੱਥ ਤ੍ਰਿਸੂਲ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੀ ਰੁੱਤ ਆਪ ਸੁਹਾਈਆ । ਬਰਖ਼ ਮਾਸ ਦਿਵਸ ਰੁੱਤ, ਹਰਿ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਹਰਿਜਨ ਉਠਾਏ ਆਪਣੇ ਸੁੱਤ, ਆਪ ਆਪਣੀ ਬੂਝ ਬੁਝਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਅੰਮ੍ਰਿਤ ਸੋਮਾਂ ਜਾਏ ਫੁੱਟ, ਨਿਝਰ ਧਾਰਾ ਆਪ ਵਹਾਇੰਦਾ । ਲੱਭਦੇ ਫਿਰਦੇ ਕੋਟਨ ਕੋਟ, ਬਿਨ ਹਰਿ ਕਿਰਪਾ ਦਰਸ ਕੋਇ ਨਾ ਪਾਇੰਦਾ । ਜਨ ਭਗਤਾਂ ਬਖ਼ਸ਼ੇ ਏਕਾ ਓਟ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਸੰਮਤ ਸੋਲਾਂ ਸਾਚਾ ਬਰਖ਼, ਹਰਿ ਸਾਚੀ ਰੁਤ ਸੁਹਾਈਆ । ਮਹੀਨਾ ਚੇਤਰ ਨਾ ਕੋਈ ਸੋਗ ਨਾ ਕੋਈ ਹਰਖ਼, ਗੁਰਮੁਖਾਂ ਦਏ ਵਡਿਆਈਆ । ਜਗਤ ਵਿਸਾਖ ਸ੍ਰਿਸ਼ਟ ਸਬਾਈ ਲਏ ਪਰਖ, ਨਾਮ ਕਸਵਟੀ ਹੱਥ ਉਠਾਈਆ । ਮਹੀਨਾ ਜੇਠ ਗੁਰਸਿਖਾਂ ਦੇਵੇ ਦਰਸ, ਨਿਰਗੁਣ ਆਪਣਾ ਰੂਪ ਵਟਾਈਆ । ਹਾੜ ਮਹੀਨਾ ਕਰ ਕਰ ਤਰਸ, ਜੁਗ ਜੁਗ ਦੀ

੧੨੩੦
੦੮

ਲੱਗੀ ਪਿਆਸ ਬੁਝਾਈਆ । ਸਾਵਨ ਵੇਖੇ ਅਰਸ਼ ਫਰਸ਼, ਅੰਮ੍ਰਿਤ ਰਸ ਮੁਖ ਚੁਆਈਆ । ਭਾਦਰੋਂ ਮੇਟੇ ਜਗਤ ਹਿਰਸ, ਆਪਣਾ ਭਾਉ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਅੱਸੂ ਆਸ ਪੂਰੀ ਕਰ, ਗੁਰਸਿਖ ਆਪ ਤਰਾਈਂਦਾ । ਪਿਛਲਾ ਲਹਿਣਾ ਅੱਗੇ ਧਰ, ਪੂਰਬ ਮੂਲ ਚੁਕਾਈਂਦਾ । ਧਰਮ ਰਾਏ ਦਾ ਚੁੱਕੇ ਡਰ, ਦੇ ਮਤ ਆਪ ਸਮਝਾਈਂਦਾ । ਰਾਜ ਰਾਜਾਨਾਂ ਲਏ ਫੜ ਸ਼ਬਦ ਖੰਡਾ ਹੱਥ ਉਠਾਈਂਦਾ । ਕਿਲਾ ਕੋਟ ਵੇਖੇ ਚੜ੍ਹ, ਉਚੇ ਟਿੱਲੇ ਪਰਬਤ ਆਸਣ ਲਾਈਂਦਾ । ਸਾਗਰ ਵਰੋਲੇ ਅੰਦਰ ਵੜ, ਨਾਮ ਮਧਾਣਾ ਏਕਾ ਪਾਈਂਦਾ । ਚੌਦਾਂ ਲੋਕ ਉਖੇੜੇ ਜੜ, ਚੌਦਾਂ ਤਬਕ ਆਪ ਹਿਲਾਈਂਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਆਪਣਾ ਘਾੜਨ ਆਪੇ ਲਿਆ ਘੜ, ਆਪੇ ਭੰਨ ਵਖਾਈਂਦਾ । ਗੁਰਸਿਖ ਲਗਾਏ ਆਪਣੇ ਲੜ, ਆਪ ਆਪਣੀ ਦਇਆ ਕਮਾਈਂਦਾ । ਦਰਸ ਦਿਖਾਏ ਘਰ ਘਰ, ਘਰ ਘਰ ਵਿਚ ਜੋਤ ਜਗਾਈਂਦਾ । ਨਾ ਹਰਿ ਪੁਰਖ ਨਾਰੀ ਨਰ, ਨਰ ਨਰਾਇਣ ਵੇਸ ਵਟਾਈਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਦੇਵੇ ਵਰ, ਪਹਿਲੀ ਕੱਤਕ ਰੁੱਤ ਸੁਹਾਈਂਦਾ । ਪਹਿਲੀ ਕੱਤਕ ਰੁੱਤ ਸੁਹਾਣੀ, ਹਰਿ ਸਤਿ ਪੁਰਖ ਨਿਰੰਜਣ ਏਕੰਕਾਰਿਆ । ਹਰਿ ਸ਼ਬਦ ਹੋਈ ਕੁੜਮਾਈ, ਨਾਤਾ ਤੁੱਟਾ ਸਰਬ ਸੰਸਾਰਿਆ । ਦਿਵਸ ਰੈਣ ਵੱਜਦੀ ਰਹੇ ਵਧਾਈ, ਮੰਗਲਾਚਾਰ ਇਕ ਵਖਾ ਰਿਹਾ । ਨਿਰਗੁਣ ਜੋਤ ਕਰੇ ਰੁਸ਼ਨਾਈ, ਪੁਰਖ ਅਬਿਨਾਸ਼ੀ ਦੀਪਕ ਏਕਾ ਬਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾ ਲਿਆ । ਸਾਚਾ ਮਾਰਗ ਸਤਿ ਸਤਿਵਾਦ, ਹਰਿ ਸਤਿ ਪੁਰਖ ਨਿਰੰਜਣ ਆਪ ਜਣਾਈਆ । ਏਕਾ ਵਸਤ ਹਰਿ ਨਾਮ ਲੈਣੀ ਲਾਧ, ਦੂਜਾ ਵਣਜ ਨਾ ਕੋਈ ਕਰਾਈਆ । ਗੁਰਮੁਖ ਸੱਚਾ ਸੰਤ ਸਾਧ, ਜਿਸ ਜਨ ਆਪਣੇ ਚਰਨ ਲਗਾਈਆ । ਮੇਟ ਮਿਟਾਏ ਵਾਦ ਵਿਵਾਦ, ਦੁਰਮਤ ਮੈਲ ਆਪ ਧੁਵਾਈਆ । ਸ਼ਬਦ ਵਜਾਏ ਸਾਚਾ ਨਾਦ, ਅਨਹਦ ਆਪਣਾ ਰਾਗ ਸੁਣਾਈਆ । ਭੇਵ ਖੁਲ੍ਹਾਏ ਹਰਿ ਹਰਿ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਮੇਲ ਮਿਲਾਈਆ । ਏਕੰਕਾਰਾ ਆਦਿ ਜੁਗਾਦਿ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਪੰਦਰਾਂ ਕੱਤਕ ਰੁੱਤ ਸੁਹਾਈਆ । ਪੰਦਰਾਂ ਕੱਤਕ ਦਿਵਸ ਸੁਭਾਗਾ, ਹਰਿ ਸੰਗਤ ਮੇਲ ਮਿਲਾਇਆ । ਨੌਂ ਸੌ ਚੁਰਾਨਵੇ ਚੌਕੜੀ ਬਾਅਦ ਨਿਰਗੁਣ ਜਾਗਾ, ਰੂਪ ਰੰਗ ਨਾ ਕੋਇ ਵਖਾਇਆ । ਜੁਗਾਂ ਜੁਗਾਂ ਦਾ ਲਾਹਿਆ ਦਾਗ਼ਾ, ਨਿਰਮਲ ਨਿਰਮਲ ਆਪ ਕਰਾਇਆ । ਦਰ ਪਾਇਆ ਪੁਰਖ ਅਬਿਨਾਸ਼ਾ ਕੰਤ ਸੁਹਾਗਾ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਇਕ ਵਖਾਇਆ । ਮਸਤੂਆਣਾ ਸਾਚਾ ਮੰਦਰ, ਪੰਜ ਤੱਤ ਆਪ ਸੁਹਾਈਂਦਾ । ਪੁਰਖ ਅਬਿਨਾਸ਼ੀ ਵਸੇ ਅੰਦਰ, ਦਿਵਸ ਰੈਣ ਜੋਤ ਜਗਾਈਂਦਾ । ਹੋਏ ਦਿਆਲ ਕਿਰਪਾਲ ਡੂੰਘੀ ਕੰਦਰ, ਕਾਲ ਮਹਾਂਕਾਲ ਨੇੜ ਨਾ ਆਈਂਦਾ । ਨੇਤਰ ਤਰਸ਼ਨ ਸੂਰਯ ਚੰਦਰ, ਕੋਟਨ ਕੋਟ ਭਾਨ ਰਾਹ ਤਕਾਈਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਈਂਦਾ । ਸਾਚਾ ਧਾਮ ਹਰਿ ਨਿਰੰਕਾਰਾ, ਘਰ ਸਾਚਾ ਆਪ ਸੁਹਾਈਂਦਾ । ਨਿਰਗੁਣ ਦੀਵਾ ਕਰ ਉਜਿਆਰਾ, ਨਿਰਗੁਣ ਵੇਖ ਵਖਾਈਂਦਾ । ਹਰਿ ਸੰਗਤ ਵਖਾਏ ਚਰਨ ਦਵਾਰਾ, ਸਚ ਘਰ ਬਾਰਾ ਇਕ ਸੁਹਾਈਂਦਾ । ਆਵਣ ਜਾਵਣ ਪਾਰ ਕਿਨਾਰਾ, ਲੱਖ ਚੁਰਾਸੀ ਪੰਧ ਮੁਕਾਈਂਦਾ । ਨਾ ਕੋਈ ਮੰਦਰ ਬਣਾਇਆ ਇੱਟਾਂ ਗਾਰਾ, ਛੱਪਰ

ਛੰਨ ਨਾ ਕੋਇ ਛੁਹਾਇੰਦਾ । ਗੁਰਮੁਖਾਂ ਦਰਸ ਦਿਖਾਏ ਅਗੰਮ ਅਪਾਰਾ, ਬ੍ਰਹਿਮੰਡ ਖੰਡ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲਾ ਦਿਵਸ ਆਪ ਰੰਗਾਇੰਦਾ । ਪਹਿਲਾ ਦਿਵਸ ਹਰਿ ਸੰਗਤ ਧਾਰ, ਸਤਿਜੁਗ ਸਾਚੀ ਨੀਂਹ ਰਖਾਈਆ । ਵੀਹ ਸੌ ਬੀਸ ਖੇਲ ਅਪਾਰ, ਇਕ ਇਕੀਸਾ ਦਏ ਕਰਾਈਆ । ਜਗਤ ਜਗਦੀਸਾ ਸਾਂਝਾ ਯਾਰ, ਸਾਲਸ ਆਪਣਾ ਨਾਉਂ ਧਰਾਈਆ । ਖ਼ਾਲਸ ਖ਼ਾਲਸਾ ਕਰ ਤਿਆਰ, ਚਾਰ ਵਰਨ ਕਰੇ ਕੁੜਮਾਈਆ । ਏਕਾ ਰੰਗ ਰੰਗੇ ਸਰਬ ਸੰਸਾਰ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਬਸਤਰ ਕਰ ਤਿਆਰ, ਸ੍ਰਿਸ਼ਟ ਸਬਾਈ ਦਏ ਪਹਿਨਾਈਆ । ਏਕਾ ਵਰਤੇ ਸਰਬ ਭੰਡਾਰ, ਸ਼ਾਹ ਸੁਲਤਾਨ ਨਾ ਕੋਇ ਅਖਵਾਈਆ । ਚਾਰ ਵਰਨ ਏਕਾ ਇਕ ਕਰੇ ਪਿਆਰ, ਦੂਸਰ ਰਾਹ ਨਾ ਕੋਇ ਵਖਾਈਆ । ਦੇਵਣਹਾਰਾ ਸਿਰਜਣਹਾਰ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਸੋਲਾਂ ਕੱਤਕ ਖੇਲ ਅਪਾਰਾ, ਗੁਰਮੁਖਾਂ ਦਇਆ ਕਮਾਇੰਦਾ । ਦੂਜੇ ਦਿਵਸ ਕਰ ਵਿਹਾਰਾ, ਤੀਜੇ ਦਰ ਸੁਹਾਇੰਦਾ । ਚੌਥਾ ਮੇਲਾ ਧੁਰ ਦਰਬਾਰਾ, ਪੰਚਮ ਵੇਖ ਵਖਾਇੰਦਾ । ਛੇਵੇਂ ਰੰਗੇ ਰੰਗ ਅਪਾਰਾ, ਸੱਤਵੇਂ ਆਪਣੀ ਸੇਵ ਕਮਾਇੰਦਾ । ਅੱਠਵੇਂ ਅੱਠਾਂ ਤੱਤਾਂ ਪਾਰ ਕਿਨਾਰਾ, ਨੌਂ ਦਰ ਲੇਖਾ ਆਪ ਚੁਕਾਇੰਦਾ । ਦਸਵੇਂ ਦਿਨ ਹੋ ਉਜਿਆਰਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਏਕਾ ਜੋਤ ਦਸ ਅਵਤਾਰਾ, ਗੋਬਿੰਦ ਸ਼ਬਦ ਨਾਉਂ ਉਪਜਾਇੰਦਾ । ਸ਼ਬਦ ਗੁਰ ਦਸ ਇਕ ਗਿਆਰਾਂ ਗੁਰਸਿਖਾਂ ਅੰਦਰ ਕਰ ਪਸਾਰਾ, ਆਪ ਆਪਣਾ ਆਸਣ ਲਾਇੰਦਾ । ਕਰੇ ਖੇਲ ਗੁਪਤ ਜ਼ਾਹਰਾ, ਭੇਵ ਅਭੇਦ ਅਭੇਵ ਰਖਾਇੰਦਾ । ਛੱਬੀ ਕੱਤਕ ਦਏ ਸਹਾਰਾ, ਸੰਮਤ ਸੋਲਾਂ ਰੁੱਤ ਸੁਹਾਇੰਦਾ । ਨੌਂ ਖੰਡ ਸੱਤ ਦੀਪ ਛੱਡ ਦਵਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ । ਸਚ ਸਿੰਘਾਸਣ ਆਸਣ ਲਾਏ ਆਪ ਕਰਤਾਰਾ, ਸਚਖੰਡ ਵਾਸੀ ਸੋਭਾ ਪਾਇੰਦਾ । ਨਿਰਗੁਣ ਜੋਤ ਨੂਰ ਕਰ ਉਜਿਆਰਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਮਿਲ ਮਿਲ ਗਲੇ ਲਗਾਇੰਦਾ । ਪਾਰਬ੍ਰਹਮ ਖੇਲ ਨਿਰਾਧਾਰਾ, ਨਿਰਵੈਰ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਬੋਲ ਜੈਕਾਰਾ, ਸ੍ਰੀ ਭਗਵਾਨ ਆਪ ਸੁਣਾਇੰਦਾ । ਪਾਰਬ੍ਰਹਮ ਤੇਰਾ ਵਡ ਦਵਾਰਾ, ਹਰਿ ਨਿਰੰਕਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਿਆਰਾਂ ਦਿਵਸ ਗੁਰਮੁਖ ਧਾਰ, ਅੰਮ੍ਰਿਤ ਨਾਮ ਭਰ ਭੰਡਾਰ, ਭਵਜਲ ਸਾਗਰ ਕਰ ਕਰ ਪਾਰ, ਆਪ ਵਸੇ ਸਚਖੰਡ ਦਵਾਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਸਣ ਸਿੰਘਾਸਣ ਆਪਣਾ ਆਪ ਸੁਹਾਇੰਦਾ ।

## ✪ ਪਹਿਲੀ ਮੱਘਰ ੨੦੧੬ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ✪

ਏਕੰਕਾਰ ਨਿਰਾਕਾਰ, ਨਿਰਗੁਣ ਨੂਰ ਨੂਰ ਉਜਾਲਿਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਆਦਿ ਅੰਤ ਵੇਸ ਵਟਾ ਲਿਆ । ਹਰਿ ਪੁਰਖ ਨਿਰੰਜਣ ਹੋ ਉਜਿਆਰ, ਆਪ ਆਪਣਾ ਵੇਖ ਵਖਾ ਲਿਆ । ਆਦਿ ਨਿਰੰਜਣ ਪਾਵੇ ਸਾਰ, ਦੀਪਕ ਦੀਪ ਇਕ ਵਖਾ ਲਿਆ । ਅਬਿਨਾਸ਼ੀ ਕਰਤਾ ਜਾਣੇ ਆਪਣੀ ਕਾਰ, ਕਰਨੀ ਕਿਰਤ ਨਾਮ ਧਰਾ ਲਿਆ । ਸ੍ਰੀ ਭਗਵਾਨ ਮਹਿਮਾ ਅਪਾਰ, ਭੇਵ ਅਭੇਦ ਆਪ ਛੁਪਾ ਲਿਆ । ਪਾਰਬ੍ਰਹਮ ਪ੍ਰਭ

ਹੋ ਤਿਆਰ, ਆਪ ਆਪਣਾ ਖੇਲ ਖਲਾ ਲਿਆ । ਆਦਿ ਸ਼ਕਤ ਮੀਤ ਮੁਰਾਰ, ਸਾਚਾ ਸੰਗ ਨਿਭਾ ਲਿਆ । ਸਾਰ ਸ਼ਬਦ ਕਰ ਤਿਆਰ, ਆਪਣਾ ਹੁਕਮ ਸੁਣਾ ਲਿਆ । ਸਾਚਾ ਮੰਦਰ ਦਏ ਉਸਾਰ, ਸਚਖੰਡ ਦਵਾਰਾ ਨਾਉਂ ਉਪਾ ਲਿਆ । ਥਿਰ ਘਰ ਵਾਸੀ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾ ਲਿਆ । ਕਮਲਾਪਾਤੀ ਮੀਤ ਮੁਰਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਧਾਮ ਸੁਹਾ ਲਿਆ । ਏਕਾ ਰਾਜਨ ਸ਼ਾਹ ਸੁਲਤਾਨ ਸਚ ਸਿਕਦਾਰ ਆਪ ਅਖਵਾ, ਆਪਣਾ ਹੁਕਮ ਆਪ ਸੁਣਾ ਲਿਆ । ਧੁਰ ਫ਼ਰਮਾਨਾ ਦਏ ਜਣਾ, ਆਪਣਾ ਪੜਦਾ ਆਪੇ ਲਾਹ ਲਿਆ । ਸੁੱਤ ਦੁਲਾਰਾ ਸ਼ਬਦ ਉਠਾ, ਸਾਰ ਸ਼ਬਦ ਵਿਚ ਲਗਾ ਲਿਆ । ਏਕਾ ਮਾਰਗ ਦਏ ਦਿਖਾ, ਲੋਆਂ ਪੁਰੀਆਂ ਬਣਤ ਬਣਾ ਲਿਆ । ਬ੍ਰਹਿਮੰਡ ਖੰਡ ਰਚਨ ਰਚਾ, ਰਵ ਸਸ ਰੰਗ ਰੰਗਾ ਲਿਆ । ਮੰਡਲ ਮੰਡਪ ਵੇਖ ਵਖਾ, ਆਪ ਆਪਣੀ ਜੋਤ ਟਿਕਾ ਲਿਆ । ਆਪਣੀ ਰਚਨਾ ਆਪ ਰਚਾ, ਵਿਸ਼ਨ ਬ੍ਰਹਮਾ ਸ਼ਿਵ ਸਾਚੇ ਦਰ ਬਹਾ ਲਿਆ । ਬਾਸ਼ਕ ਸੇਜਾ ਆਪ ਸੁਹਾ, ਸਾਂਗੋਂ ਪਾਂਗ ਵੇਸ ਵਟਾ ਲਿਆ । ਏਕਾ ਗਿਆਨ ਦਏ ਦ੍ਰਿੜਾ, ਏਕਾ ਬ੍ਰਹਮ ਵਖਾ ਲਿਆ । ਏਕਾ ਨੇਤਰ ਦਏ ਖੁਲ੍ਹਾ, ਭੋਲਾ ਨਾਥ ਮੇਲ ਮਿਲਾ ਲਿਆ । ਦਾਤਾ ਦਾਨੀ ਬੇਪਰਵਾਹ, ਬੈਐਬ ਪਰਵਰਦਿਗਾਰ ਭੇਵ ਨਾ ਆ ਲਿਆ । ਤ੍ਰੈਗੁਣ ਮਾਇਆ ਵੇਖ ਵਖਾ, ਆਪ ਆਪਣੀ ਅੰਸ ਉਪਾ ਰਿਹਾ । ਪੰਜ ਤੱਤ ਮੇਲਾ ਸਹਿਜ ਸੁਭਾ, ਆਪ ਆਪਣੀ ਕਿਰਪਾ ਕਰ, ਆਪਣਾ ਅੰਗ ਕਟਾ ਲਿਆ । ਤੱਤਵ ਤੱਤ ਵੱਖ ਕਰਾ, ਮਨ ਮਤ ਬੁਧ ਸੰਗ ਨਿਭਾ ਲਿਆ । ਬੂੰਦ ਰਕਤ ਮੇਲ ਮਿਲਾ, ਸਾਚੀ ਸ਼ਕਤ ਵਿਚ ਟਿਕਾ ਲਿਆ । ਹੱਡ ਮਾਸ ਨਾੜੀ ਜੋੜ ਜੁੜਾ, ਏਕਾ ਬੰਧਨ ਹਰਿ ਹਰਿ ਪਾ ਲਿਆ । ਦਰ ਦਵਾਰਾ ਆਪ ਖੁਲ੍ਹਾ, ਨੌਂ ਦਰ ਵੇਸ ਵਟਾ ਲਿਆ । ਘਰ ਵਿਚ ਘਰ ਦਏ ਬਣਾ, ਘਰ ਮੰਦਰ ਆਪ ਉਪਾ ਲਿਆ । ਸ਼ਬਦ ਅਨਾਦੀ ਦਏ ਸੁਣਾ, ਅਨਹਦ ਸਾਚਾ ਨਾਦ ਵਜਾ ਲਿਆ । ਆਪਣੀ ਸੋਭਾ ਆਪੇ ਰਿਹਾ ਪਾ, ਆਪੇ ਵੇਖ ਵਖਾ ਰਿਹਾ । ਆਪਣੀ ਧੁਨ ਆਪ ਜਣਾ, ਏਕਾ ਦੂਆ ਤੀਜਾ ਚੌਥਾ ਪੰਚਮ ਸੰਗ ਰਖਾ ਲਿਆ । ਸਰ ਸਰੋਵਰ ਇਕ ਬਣਾ, ਘਰ ਸਾਚੇ ਆਪ ਟਿਕਾ ਲਿਆ । ਆਪਣਾ ਅੰਦਰ ਬੰਦ ਕਰਾ, ਆਪਣਾ ਪੜਦਾ ਆਪ ਸੁਟਾ ਲਿਆ । ਆਪਣੀ ਜੋਤ ਆਪ ਜਗਾ, ਨਿਰਗੁਣ ਦੀਵਾ ਬਾਤੀ ਆਪਣੇ ਹੱਥ ਰਖਾ ਲਿਆ । ਦਸਮ ਦਵਾਰੀ ਸੋਭਾ ਪਾ, ਦਰ ਘਰ ਸਾਚਾ ਸਾਚੇ ਰੰਗ ਰੰਗਾ ਲਿਆ । ਲੱਖ ਚੁਰਾਸੀ ਭੇਵ ਖੁਲ੍ਹਾ, ਆਪ ਆਪਣਾ ਡੰਕ ਵਜਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾ, ਦੇ ਮਤ ਆਪ ਸਮਝਾ ਲਿਆ । ਆਪਣੀ ਸਿਖਿਆ ਆਪ ਪੜ੍ਹਾ, ਏਕਾ ਰਾਗ ਧੁਨ ਗਾ ਲਿਆ । ਬ੍ਰਹਿਮਾਦੀ ਬ੍ਰਹਮ ਖੋਜ ਖੋਜਾ, ਨਾਦੀ ਸੁੱਤ ਨਾਉਂ ਧਰਾ ਲਿਆ । ਆਦਿ ਜੁਗਾਦੀ ਵੇਸ ਵਟਾ, ਆਪ ਆਪਣਾ ਕਰਮ ਕਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਦੀਨ ਦਿਆਲ ਜੂਨੀ ਰਹਿਤ ਦਿਸ ਕਿਸੇ ਨਾ ਆ ਰਿਹਾ । ਏਕੰਕਾਰਾ ਹਰਿ ਨਿਰੰਕਾਰਾ, ਏਕਾ ਰੰਗ ਸਮਾਇੰਦਾ । ਸੋ ਪੁਰਖ ਨਿਰੰਜਣ ਮੀਤ ਮੁਰਾਰਾ, ਸਗਲਾ ਸੰਗ ਨਿਭਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਲੇਖਾ ਲੇਖ ਨਾ ਕੋਇ ਜਣਾਇੰਦਾ । ਆਦਿ ਨਿਰੰਜਣ ਜੋਤ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਪੁਰਖ ਅਬਿਨਾਸ਼ੀ ਵਡ ਸਿਕਦਾਰਾ, ਸਾਚਾ ਤਖ਼ਤ ਆਪ ਸੁਹਾਇੰਦਾ । ਸ੍ਰੀ ਭਗਵਾਨ ਬੰਨ੍ਹੇ ਧਾਰਾ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਬਣ ਵਣਜਾਰਾ, ਸਾਚਾ ਵਣਜ ਕਰਾਇੰਦਾ । ਆਦਿ ਸ਼ਕਤ ਦਏ ਹੁਲਾਰਾ, ਸਚ ਹੁਲਾਰਾ ਆਪ ਲਗਾਇੰਦਾ । ਰੂਪ ਅਨੂਪ ਸੱਚੀ ਸਰਕਾਰਾ, ਚੱਕਰ ਚਿਹਨ ਨਾ ਕੋਇ ਜਣਾਇੰਦਾ ।

ਵਸਣਹਾਰਾ ਉਚ ਮਹੱਲ ਅਟੱਲ ਉਚ ਮੁਨਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਠਾਂਡਾ ਦਰਬਾਰਾ ਇਕ ਰਖਾਇੰਦਾ । ਸ਼ਬਦ ਅਗੰਮੀ ਇਕ ਅਖਾੜਾ, ਘਰ ਸਾਚੇ ਤਾਲ ਵਜਾਇੰਦਾ । ਸਾਰ ਸ਼ਬਦ ਨਾ ਕੋਈ ਪੁਰਖ ਨਾ ਕੋਈ ਨਾਰਾ, ਨਰ ਨਰਾਇਣ ਆਪਣਾ ਨਾਉਂ ਧਰਾਇੰਦਾ । ਸਾਚਾ ਮੰਦਰ ਕਰ ਤਿਆਰਾ, ਇੱਟਾਂ ਗਾਰਾ ਨਾ ਕੋਇ ਲਗਾਇੰਦਾ । ਆਪੇ ਅੰਦਰ ਆਪੇ ਬਾਹਰਾ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਸ਼ਬਦ ਅਗੰਮੀ ਕਰ ਤਿਆਰਾ, ਧੂੰਆਂਧਾਰ ਆਪ ਹੋ ਆਇੰਦਾ । ਆਪੇ ਬ੍ਰਹਮਾ ਵਿਸ਼ਨ ਕਰ ਉਜਿਆਰਾ, ਆਪ ਆਪਣਾ ਰੰਗ ਚੜ੍ਹਾਇੰਦਾ । ਆਪੇ ਭਰ ਤ੍ਰੈਗੁਣ ਸਚ ਭੰਡਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਪੰਜ ਤੱਤ ਕਰੇ ਵਣਜਾਰਾ, ਏਕਾ ਹੱਟ ਵਖਾਇੰਦਾ । ਆਪੇ ਲੋਆਂ ਪੁਰੀਆਂ ਦਏ ਸਹਾਰਾ, ਬ੍ਰਹਿਮੰਡ ਖੰਡ ਆਪਣੀ ਡੋਰੀ ਆਪ ਬੰਧਾਇੰਦਾ । ਆਪੇ ਲੇਖਾ ਜਾਣੇ ਰਵ ਸਸ ਸੂਰਜ ਚੰਨ ਸਤਾਰਾ, ਮੰਡਲ ਮੰਡਪ ਆਪਣਾ ਰੰਗ ਰੰਗਾਇੰਦਾ । ਆਪੇ ਜਲ ਬਿੰਬ ਹੋ ਉਜਿਆਰਾ, ਧਰਤ ਧਵਲ ਆਪ ਟਿਕਾਇੰਦਾ । ਆਪੇ ਲੱਖ ਚੁਰਾਸੀ ਕਰ ਪਸਾਰਾ, ਨਿਜ ਆਤਮ ਡੇਰਾ ਲਾਇੰਦਾ । ਮਾਨਸ ਮਾਨੁਖ ਕਰੇ ਵਿਚਾਰਾ, ਆਤਮ ਤੱਤ ਰਖਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਆਪਣਾ ਰਾਗ ਸੁਣਾਇੰਦਾ । ਮਨ ਮਤ ਬੁਧ ਬੰਨ੍ਹੇ ਧਾਰਾ, ਸਾਚੀ ਸੇਵਕ ਸੇਵਾ ਆਪ ਕਰਾਇੰਦਾ । ਮਨ ਪੰਖੀ ਉਡਾਏ ਦਹਿ ਦਿਸ਼ ਦਵਾਰਾ, ਮਤ ਮਤਵਾਲੀ ਵੇਖ ਵਖਾਇੰਦਾ । ਬੁਧ ਬਿਬੇਕ ਕਰੇ ਸਿਕਦਾਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰਾ, ਆਪ ਆਪਣਾ ਡੰਕ ਵਜਾਇੰਦਾ । ਪੁਰਖ ਅਬਿਨਾਸ਼ੀ ਸਚ ਸਤਾਰਾ, ਨਿਰਗੁਣ ਆਪਣੀ ਤਾਰ ਹਿਲਾਇੰਦਾ । ਗਾਵਤ ਗਾਏ ਗਾਵਣਹਾਰਾ, ਗਾਵਣਹਾਰਾ ਦਿਸ ਨਾ ਆਇੰਦਾ । ਨਾਚ ਨਚਾਏ ਸਰਬ ਸੰਸਾਰਾ, ਲੱਖ ਚੁਰਾਸੀ ਸਖੀਆਂ ਏਕਾ ਮੰਡਲ ਰਾਸ ਵਖਾਇੰਦਾ । ਆਦਿ ਜੁਗਾਦੀ ਖੇਲ ਅਪਾਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਪਣੀ ਵੰਡ ਵੰਡੇ ਕਰਤਾਰਾ, ਕਰਨੀ ਕਰਤਾ ਆਪਣੀ ਕਿਰਤ ਕਮਾਇੰਦਾ । ਸਤਿਜੁਗ ਸਾਚਾ ਕਰ ਤਿਆਰਾ, ਲੋਕਮਾਤ ਧਰਾਇੰਦਾ । ਸ਼ਬਦ ਅਗੰਮੀ ਇਕ ਭੰਡਾਰਾ, ਏਕੰਕਾਰਾ ਆਪ ਵਰਤਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰਾ, ਸਾਖਿਆਤ ਜੋਤ ਜਗਾਇੰਦਾ । ਜਾਗਰਤ ਜੋਤ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਰਾਗ ਸੁਣਾਏ ਗਾਵਣਹਾਰਾ, ਸੁਰਤ ਸਵਾਣੀ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਏਕੰਕਾਰਾ, ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਨਾ ਆਇੰਦਾ । ਏਕੰਕਾਰਾ ਨਾਨਾ ਰੂਪ, ਨਿਰਗੁਣ ਨੂਰ ਨੂਰ ਉਪਾਇਆ । ਹਰਿ ਪੁਰਖ ਨਿਰੰਜਣ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਸੋ ਪੁਰਖ ਨਿਰੰਜਣ ਜਾਏ ਤੂਠ, ਦੀਨ ਦਿਆਲ ਦਇਆ ਕਮਾਇਆ । ਆਦਿ ਨਿਰੰਜਣ ਨਿਰਗੁਣ ਜੋਤ, ਨੂਰੋ ਨੂਰ ਡਗਮਗਾਇਆ । ਪੁਰਖ ਅਬਿਨਾਸ਼ੀ ਨਾ ਕੋਈ ਵਰਨ ਨਾ ਕੋਈ ਗੋਤ, ਬੰਧਨ ਬੰਧ ਨਾ ਕੋਇ ਬੰਧਾਇਆ । ਸ੍ਰੀ ਭਗਵਾਨ ਇਕ ਅਕੱਲਾ ਧਰੇ ਵੇਸ ਕੋਟਨ ਕੋਟ, ਕੋਟ ਕੋਟੀ ਆਪਣਾ ਨਾਉਂ ਉਪਾਇਆ । ਪਾਰਬ੍ਰਹਮ ਵਸਣਹਾਰਾ ਸਚ ਮਹੱਲਾ ਸ਼ਬਦ ਨਗਾਰੇ ਲਾਏ ਚੋਟ, ਏਕਾ ਧੌਂਸਾ ਸਚ ਵਜਾਇਆ । ਸਚਖੰਡ ਦਵਾਰਾ ਨਾ ਕੋਈ ਦੀਸੇ ਚਾਰ ਦੀਵਾਰਾ ਨਾ ਕੋਈ ਜਾਣੇ ਕਿਲਾ ਕੋਟ, ਹਰਿ ਮੰਦਰ ਹਰਿ ਸਾਚਾ ਆਪ ਬਣਾਇਆ । ਸਾਰ ਸ਼ਬਦ ਬਣਾਇਆ ਓਤ ਪੋਤ, ਬ੍ਰਹਮਾ ਵਿਸ਼ਨ ਸ਼ਿਵ ਆਪਣਾ ਬੰਸ ਵਖਾਇਆ । ਆਦਿ ਸ਼ਕਤ ਅੰਮ੍ਰਿਤ ਪਿਆਲਾ ਪਿਆਏ ਘੋਟ, ਸਾਚਾ ਜਾਮ ਹੱਥ ਉਠਾਇਆ । ਤ੍ਰੈਗੁਣ ਮਾਇਆ ਭਰੇ ਨਾ ਪੇਟ, ਪ੍ਰਭ ਸਾਚੇ ਹੁਕਮ ਸੁਣਾਇਆ । ਪੰਜ

ਤੱਤ ਵਿਕਾਰਾ ਭਰਿਆ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਨਿਭਾਇਆ । ਆਸਾ ਤ੍ਰਿਸਨਾ ਚੜ੍ਹੀ ਚੋਟ, ਉਚੀ ਕੂਕੇ ਦਏ ਦੁਹਾਇਆ । ਜੂਠ ਝੂਠ ਫੜਿਆ ਠੂਠ, ਖਾਲੀ ਹੱਥ ਵਖਾਇਆ । ਸਤਿਜੁਗ ਤ੍ਰੇਤਾ ਪਾਈ ਲੂਟ, ਆਪ ਆਪਣਾ ਨਾਮ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਰਤ ਅਕਾਲਾ ਦੀਨ ਦਿਆਲਾ ਦਰਦ ਦੁੱਖ ਭੈ ਭੰਜਨ ਆਪ ਆਪਣਾ ਵੇਸ ਵਟਾਇਆ । ਏਕੰਕਾਰਾ ਵੇਸ ਅਵੱਲਾ, ਏਕਾ ਨੂਰ ਇਲਾਹੀਆ । ਸੋ ਪੁਰਖ ਨਿਰੰਜਣ ਵਸੇ ਸਚ ਮਹੱਲਾ, ਹਰਿ ਪੁਰਖ ਨਿਰੰਜਣ ਵੇਖ ਵਖਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬੱਲਾ, ਸ੍ਰੀ ਭਗਵਾਨ ਡਗਮਗਾਈਆ । ਪੁਰਖ ਅਬਿਨਾਸ਼ੀ ਦਰ ਦਵਾਰੇ ਸਾਚੇ ਖੱਲਾ, ਸਚਖੰਡ ਬੈਠਾ ਆਸਣ ਲਾਈਆ । ਪਾਰਬ੍ਰਹਮ ਆਪਣੀ ਜੋਤੀ ਆਪੇ ਰਲਾ, ਆਪ ਆਪਣਾ ਵੇਖ ਵਖਾਈਆ । ਸ਼ਬਦ ਸਾਰ ਸਚ ਸੁਨੇਹੜਾ ਏਕਾ ਘੱਲਾ, ਬ੍ਰਹਮਾ ਵਿਸ਼ਨ ਸ਼ਿਵ ਸਮਝਾਈਆ । ਵਿਸ਼ਨ ਫੜਾਇਆ ਆਪਣਾ ਪੱਲਾ, ਦੇਵੇ ਰਿਜ਼ਕ ਸਬਾਈਆ । ਬ੍ਰਹਮੇ ਜੋਤੀ ਬ੍ਰਹਮ ਬ੍ਰਹਮ ਹੋ ਰਲਾ, ਬ੍ਰਹਮ ਬ੍ਰਹਮ ਕਰੇ ਕੁੜਮਾਈਆ । ਸ਼ੰਕਰ ਅੰਤਮ ਹੋਏ ਝੱਲਾ, ਲੇਖਾ ਦਏ ਚੁਕਾਈਆ । ਤ੍ਰੈਗੁਣ ਮਾਇਆ ਮਾਰੇ ਹੱਲਾ, ਪੰਜ ਤੱਤ ਡੇਰਾ ਢਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲਾ, ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲੇ ਖੇਲ ਆਪ ਆਪਣਾ ਖੇਲ ਖਿਲਾਈਆ । ਨਿਰਗੁਣ ਦਾਤਾ ਹਰਿ ਨਿਰੰਕਾਰ, ਸਤਿ ਪੁਰਖ ਨਾਉਂ ਧਰਾਇੰਦਾ । ਸਰਗੁਣ ਪਰਗਟ ਹੋ ਵਿਚ ਸੰਸਾਰ, ਪੰਜ ਤੱਤ ਸਾਚਾ ਮੇਲ ਮਿਲਾਇੰਦਾ । ਨਿਰਗੁਣ ਕਮਲਾਪਾਤੀ ਮੀਤ ਮੁਰਾਰ, ਆਪ ਆਪਣਾ ਮੇਲ ਮਿਲਾਇੰਦਾ । ਸਰਗੁਣ ਬਖ਼ਸ਼ੇ ਸਾਚੀ ਦਾਤੀ ਸਿਰਜਣਹਾਰ, ਸਾਚੀ ਵਸਤ ਝੋਲੀ ਪਾਇੰਦਾ । ਤੱਕੇ ਰੈਣ ਅੰਧੇਰੀ ਰਾਤੀ ਵਿਚ

੧੨੩੪ ਸੰਸਾਰ, ਦੀਵਾ ਬਾਤੀ ਇਕ ਜਗਾਇੰਦਾ । ਬੋਧ ਅਗਾਧੀ ਸਾਚੀ ਗਾਥੀ, ਸ਼ਬਦ ਅਨਾਦੀ ਨਾਦ ਵਜਾਇੰਦਾ । ਜੋਤ ਜੋਤੀ ਜੋਤ ਪਰਕਾਸੀ, ਪਰਮ ੧੨੩੪

੦ਟ

ਪੁਰਖ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧਰੇ ਨਾਉਂ ਅਬਿਨਾਸ਼ੀ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਅਬਿਨਾਸ਼ੀ ਹਰਿ ਹਰਿ ਨਾਉਂ ਰੱਖ, ਆਪਣੀ ਕਲ ਵਰਤਾਇੰਦਾ । ਸਰਗੁਣ ਰੂਪ ਹੋ ਪਰਤੱਖ, ਲੋਕਮਾਤ ਵੇਸ ਵਟਾਇੰਦਾ । ਭਗਤ ਭਗਵੰਤ ਲਏ ਰੱਖ, ਆਪ ਆਪਣੀ ਗੋਦ ਉਠਾਇੰਦਾ । ਸੰਤ ਸੁਹੇਲੇ ਕਰੇ ਵੱਖ, ਲੱਖ ਚੁਰਾਸੀ ਫੋਲ ਫੋਲਾਇੰਦਾ । ਗੁਰਮੁਖਾਂ ਮਾਰਗ ਸਾਚਾ ਦੱਸ, ਆਪ ਆਪਣੀ ਬੂਝ ਬੁਝਾਇੰਦਾ । ਗੁਰਸਿਖਾਂ ਮੇਲਾ ਨੱਸ ਨੱਸ, ਘਰ ਸਾਚਾ ਵੇਖ ਵਖਾਇੰਦਾ । ਸ਼ਬਦ ਅਗੰਮੀ ਤੀਰ ਮਾਰੇ ਕਸ, ਪੰਚ ਵਿਕਾਰਾ ਬੁਰਜ ਢਾਇੰਦਾ । ਕੋਟਨ ਕੋਟ ਕਰੇ ਪਰਕਾਸ਼, ਰਵ ਸਸ, ਅੰਧ ਅੰਧੇਰ ਗਵਾਇੰਦਾ । ਦਰ ਘਰ ਮੇਲਾ ਹੱਸ ਹੱਸ, ਹਰਿ ਸਾਚਾ ਆਪ ਕਰਾਇੰਦਾ । ਜਨ ਭਗਤਾਂ ਹੋਇਆ ਰਹੇ ਵਸ, ਦੂਸਰ ਹੱਥ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਪੂਰੀ ਕਰੇ ਆਸ, ਨਿਰਾਸਾ ਗੁਰਮੁਖ ਨਾ ਕੋਇ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਵਸੇ ਪਾਸ, ਜਗਤ ਵਿਛੋੜਾ ਫੰਦ ਕਟਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਪਾਤਾਲਾਂ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਹਰਿਜਨ ਸਾਚੇ ਆਪ ਤਰਾਇੰਦਾ । ਮਾਤ ਗਰਭ ਨਾ ਹੋਏ ਵਾਸ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਲੇਖੇ ਲਾਏ ਸਾਸ ਗਰਾਸ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਆਦਿ ਅੰਤ ਨਾ ਹੋਏ ਵਿਨਾਸ, ਸੋ ਪੁਰਖ ਨਿਰੰਜਣ ਆਪਣਾ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ਼, ਸ਼ਾਹ

ਸੁਲਤਾਨਾ ਵੇਸ ਵਟਾਇੰਦਾ । ਆਦਿ ਨਿਰੰਜਣ ਜੋਤ ਪਰਕਾਸ਼, ਜੋਤ ਨਿਰੰਜਣ ਸਰਬ ਟਿਕਾਇੰਦਾ । ਸ੍ਰੀ ਭਗਵਾਨ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਪੁਰਖ ਅਬਿਨਾਸ਼ੀ ਵਸੇ ਨਗਰ ਗਰਾਮ, ਸਾਚਾ ਖੇੜਾ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਮੇਲਾ ਹੱਡ ਮਾਸ ਨਾੜੀ ਚਾਮ, ਬ੍ਰਹਮ ਬ੍ਰਹਮ ਬ੍ਰਹਮ ਵੇਖ ਵਖਾਇੰਦਾ । ਸਾਰ ਸ਼ਬਦ ਹੋਏ ਜਾਣੀ ਜਾਣ, ਆਦਿ ਜੁਗਾਦਿ ਖੇਲ ਖਿਲਾਇੰਦਾ । ਅਨਹਦ ਸ਼ਬਦ ਚਲਾਏ ਬਾਣ, ਤੀਰ ਅਣਿਆਲਾ ਹੱਥ ਉਠਾਇੰਦਾ । ਭਗਤਾਂ ਬਖ਼ਸ਼ੇ ਸਾਚਾ ਮਾਣ, ਚਰਨ ਦਵਾਰਾ ਇਕ ਵਖਾਇੰਦਾ । ਸੰਤਾਂ ਦੇਵੇ ਆਪਣੀ ਆਪ ਪਛਾਨ, ਨੇਤਰ ਗਿਆਨ ਇਕ ਖੁਲ੍ਹਾਇੰਦਾ । ਗੁਰਮੁਖਾਂ ਦੇਵੇ ਸਚ ਧਿਆਨ, ਸਾਚੀ ਸਿਖਿਆ ਸਿਖ ਸਮਝਾਇੰਦਾ । ਦੋ ਜਹਾਨੀ ਸਾਚਾ ਮਾਣ, ਮਾਣ ਨਿਮਾਣਿਆਂ ਆਪ ਰਖਾਇੰਦਾ । ਗੁਰਮੁਖਾਂ ਝੁਲਦਾ ਰਹੇ ਸਦਾ ਨਿਸ਼ਾਨ, ਹਰਿ ਸਾਚਾ ਆਪ ਝੁਲਾਇੰਦਾ । ਸੋ ਪੁਰਖ ਨਿਰੰਜਣ ਹੋ ਨਿਗਹਬਾਨ, ਦਿਵਸ ਰੈਣ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਧੁਰ ਫ਼ਰਮਾਣ, ਸ਼ਬਦ ਜਣਾਈ ਆਪ ਕਰਾਇੰਦਾ । ਆਦਿ ਨਿਰੰਜਣ ਦੇਵੇ ਦਾਨ, ਦੀਪਕ ਦੀਪਕ ਆਪ ਟਿਕਾਇੰਦਾ । ਸ੍ਰੀ ਭਗਵਾਨ ਰਾਗ ਸੁਣਾਏ ਸਾਚਾ ਕਾਨ, ਰਸਨਾ ਜੇਹਵਾ ਨਾ ਕੋਇ ਹਿਲਾਇੰਦਾ । ਪੁਰਖ ਅਬਿਨਾਸ਼ੀ ਧੁਰ ਫ਼ਰਮਾਣ, ਆਪ ਆਪਣਾ ਆਪ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਕਰੇ ਪਛਾਨ, ਘਟ ਅੰਦਰ ਬ੍ਰਹਮ ਜਣਾਇੰਦਾ । ਵਿਸ਼ਨੂੰ ਖੇਲੇ ਖੇਲ ਮਹਾਨ, ਦਿਵਸ ਰੈਣ ਰਾਹ ਤਕਾਇੰਦਾ । ਬ੍ਰਹਮਾ ਲੇਖਾ ਹੋ ਪਰਧਾਨ, ਚਾਰ ਵੇਦਾਂ ਆਪ ਸੁਣਾਇੰਦਾ । ਸ਼ੰਕਰ ਬਾਸ਼ਕ ਤਸ਼ਕਾ ਗਲ ਲਟਕਾਨ, ਹੱਥ ਤ੍ਰਿਸੂਲ ਰਖਾਇੰਦਾ । ਤ੍ਰੈਗੁਣ ਮਾਇਆ ਹੋਏ ਪਰਧਾਨ, ਪੰਜ ਤੱਤ ਮੇਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਏਕਾ ਆਣ, ਚੁਰਾਸੀ ਗੇੜਾ ਆਪ ਚਲਾਇੰਦਾ । ਧਰਮ ਰਾਏ ਗਾਏ ਸਵਾਸ ਸਵਾਸ, ਪ੍ਰਭ ਅੱਗੇ ਸੀਸ ਝੁਕਾਇੰਦਾ । ਚਿਤਰ ਗੁਪਤ ਨੇਤਰ ਨੈਣ ਉਠਾਏ ਦਿਵਸ ਰੈਣ ਰਹੇ ਉਦਾਸ, ਏਕਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤ ਜੋਤ ਗੋਪਾਲਾ, ਆਪੇ ਚਲੇ ਅਵੱਲੜੀ ਚਾਲਾ, ਸਚਖੰਡ ਵਸਿਆ ਸੱਚੀ ਧਰਮਸਾਲਾ, ਦੂਸਰ ਘਰ ਨਾ ਕੋਇ ਵਖਾਇੰਦਾ । ਏਕੰਕਾਰਾ ਸਚ ਟਿਕਾਣਾ, ਹਰਿ ਸਾਚਾ ਆਪ ਜਣਾਈਆ । ਸੋ ਪੁਰਖ ਨਿਰੰਜਣ ਨਿਗਹਬਾਨਾ, ਆਪੇ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਸਚ ਬਬਾਣਾ, ਆਪਣਾ ਆਪ ਉਡਾਈਆ । ਪੁਰਖ ਅਬਿਨਾਸ਼ੀ ਏਕਾ ਵਸੇ ਸਚ ਮਕਾਨਾ, ਸਚਖੰਡ ਸਾਚੇ ਸੋਭਾ ਪਾਈਆ । ਸ੍ਰੀ ਭਗਵਾਨ ਗੁਣ ਨਿਧਾਨਾ, ਗੁਣਵੰਤਾ ਭੇਵ ਨਾ ਰਾਈਆ । ਪਾਰਬ੍ਰਹਮ ਖੇਲ ਮਹਾਨਾ, ਆਪ ਆਪਣਾ ਖੇਲ ਖਿਲਾਈਆ । ਆਦਿ ਸ਼ਕਤ ਸੰਗ ਰਲਾਨਾ, ਨਾਰੀ ਕੰਤਾ ਵੇਸ ਵਟਾਈਆ । ਸਾਰ ਸ਼ਬਦ ਬੱਧਾ ਗਾਨਾ, ਘਰ ਸਾਚੇ ਵੱਜੀ ਵਧਾਈਆ । ਬ੍ਰਹਮਾ ਵਿਸ਼ਨ ਸ਼ਿਵ ਗਾਇਣ ਇਕ ਤਰਾਨਾ, ਤ੍ਰੈਗੁਣ ਕਰੇ ਕੁੜਮਾਈਆ । ਪੰਜ ਤੱਤ ਮੇਲਾ ਇਕ ਵਖਾਣਾ, ਘਰ ਸਖੀਆਂ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਲੱਖ ਚੁਰਾਸੀ ਕਰ ਪਸਾਰਾ, ਆਪਣਾ ਰੂਪ ਵਟਾਇਆ । ਬ੍ਰਹਮਾ ਵਿਸ਼ਨ ਸ਼ਿਵ ਅਧਾਰਾ, ਸਾਚੇ ਦਰ ਵਖਾਇਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਏਕਾ ਹੁਕਮ ਸੁਣਾਇਆ । ਪੰਜ ਤੱਤ ਤਨ ਕਰ ਪਸਾਰਾ, ਪੰਜੀ ਜੋੜ ਜੁੜਾਇਆ । ਪੰਜ ਦਸ ਮੇਲਾ ਅਪਰ ਅਪਾਰਾ, ਦਿਸ ਕਿਸੇ ਨਾ ਆਇਆ । ਦਸ ਪੰਜ ਬੋਲੇ ਇਕ ਜੈਕਾਰਾ, ਆਪਣਾ ਰਾਗ ਸੁਣਾਇਆ । ਨੌ ਦਰ ਖੋਲ੍ਹੇ ਆਪ ਕਿਵਾੜਾ, ਦਸਵਾਂ ਗੁਪਤ ਰਖਾਇਆ । ਸੁਖਮਨ ਨਾੜੀ ਟੇਢੀ ਗਾਰਾ, ਆਪੇ ਵੇਖ ਵਖਾਇਆ । ਮਾਰੂ ਡੰਡ ਬੰਨ੍ਹੇ ਧਾਰਾ, ਆਪ ਆਪਣਾ ਹੁਕਮ ਜਣਾਇਆ । ਤ੍ਰਿਕੁਟੀ ਖੋਲ੍ਹੇ ਖੋਲ੍ਹ ਕਿਵਾੜਾ,

੧੨੩੫
੦੮

ਆਪਣਾ ਅੰਗਨ ਵੇਖ ਵਖਾਇਆ । ਸਰ ਸਰੋਵਰ ਠੰਡੀ ਠਾਰਾ, ਆਪਣਾ ਜਲ ਭਰਾਇਆ । ਘਰ ਵਿਚ ਘਰ ਕਰ ਤਿਆਰਾ, ਹਰਿ ਮੰਦਰ ਆਪ ਸੁਹਾਇਆ । ਨਿਰਗੁਣ ਦੀਪਕ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਦਿਸ ਕਿਸੇ ਨਾ ਆਇਆ । ਸੁਰਤ ਸਵਾਣੀ ਦੇਵੇ ਹੁਲਾਰਾ, ਸ਼ਬਦ ਹਾਣੀ ਮੇਲ ਮਿਲਾਇਆ । ਆਤਮ ਸੇਜਾ ਕਰੇ ਪਿਆਰਾ, ਸਾਚਾ ਬੰਕ ਵਖਾਇਆ । ਏਕਾ ਸੇਜਾ ਸੁੱਤੇ ਪੈਰ ਪਸਾਰਾ, ਨਾਰੀ ਕੰਤਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇਆ । ਹਰਿ ਭਗਤਨ ਪੜਦਾ ਖੋਲ੍ਹਿਆ, ਪ੍ਰਭ ਆਪਣੀ ਕਿਰਪਾ ਧਾਰ । ਘਟ ਅੰਦਰ ਆਪੇ ਬੋਲਿਆ, ਧੁਨ ਨਾਮ ਸ਼ਬਦ ਜੈਕਾਰ । ਸਾਚੇ ਕੰਡੇ ਆਪੇ ਤੋਲਿਆ, ਆਪੇ ਜਾਣੇ ਆਪਣੀ ਧਾਰ । ਆਦਿ ਅੰਤ ਕਦੇ ਨਾ ਡੋਲਿਆ, ਜੁਗ ਜੁਗ ਖੇਲ ਅਪਰ ਅਪਾਰ । ਸ਼ਬਦੀ ਸੁਰਤੀ ਆਪੇ ਮੌਲਿਆ, ਨੇਤਰ ਦਿਸ ਨਾ ਆਏ ਵਿਚ ਸੰਸਾਰ । ਆਪੇ ਉਲਟਾ ਕਰੇ ਨਾਭ ਕੌਲਿਆ, ਖਿੜੀ ਰਹੇ ਸਦਾ ਗੁਲਜਾਰ । ਦੇਵੇ ਮਾਣ ਉਪਰ ਧੌਲਿਆ, ਧਰਤੀ ਧਰਤ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਉਜਿਆਰ । ਜੋਤੀ ਨੂਰ ਉਜਾਲਾ ਹਰਿ ਗੋਪਾਲਾ, ਭੇਵ ਕਿਸੇ ਨਾ ਆਇਆ । ਚਤੁਰਭੁਜ ਖੇਲ ਨਿਰਾਲਾ, ਜੋਤ ਜਵਾਲਾ ਆਦਿ ਸ਼ਕਤ ਨਾਉਂ ਧਰਾਇਆ । ਦਾਸੀ ਦਾਸਾ ਕਾਲ ਮਹਾਂਕਾਲਾ, ਮਹਾਂਕਾਲ ਆਪਣਾ ਰੂਪ ਵਟਾਇਆ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲਾ, ਚਾਲ ਬੇਹੰਗਮ ਇਕ ਰਖਾਇਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਨਾਉਂ ਵਡਿਆਇਆ । ਹਰਿਜਨ ਬਖ਼ਸ਼ੇ ਆਪਣੀ ਮਾਲਾ, ਏਕਾ ਮੰਤਰ ਨਾਮ ਦ੍ਰਿੜਾਇਆ । ਆਦਿ ਜੁਗਾਦੀ ਸ਼ਾਹ ਕੰਗਾਲਾ, ਖਾਲੀ ਹੱਥ ਰਿਹਾ ਵਖਾਇਆ । ਸ਼ਬਦ ਸਰੂਪੀ ਬਣ ਦਲਾਲਾ, ਗੁਰਮੁਖ ਸਾਚੇ ਲਏ ਉਠਾਇਆ । ਭਾਗ ਲਗਾਇਆ ਪੰਜ ਤੱਤ ਮਾਟੀ ਕਾਇਆ ਖਾਲਾ, ਬ੍ਰਹਮ ਪਾਰਬ੍ਰਹਮ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਵੇਖਣਹਾਰਾ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਅਬਿਨਾਸ਼ੀ ਕਰਤਾ ਮਹਿਮਾ ਅਕੱਥ, ਭੇਵ ਕਿਸੇ ਨਾ ਆਇਆ । ਲੱਖ ਚੁਰਾਸੀ ਪਾਈ ਨੱਥ, ਸ਼ਬਦ ਡੋਰ ਆਪਣੇ ਹੱਥ ਰਖਾਇਆ । ਜੁਗਾ ਜੁਗੰਤ ਜਾਏ ਮਥ, ਨਾਮ ਮਧਾਨਾ ਹੱਥ ਉਠਾਇਆ । ਆਪ ਉਪਜਾਏ ਪੂਜਾ ਪਾਠ, ਆਪਣਾ ਮਾਰਗ ਆਪ ਵਖਾਇਆ । ਆਪੇ ਸਰ ਸਰੋਵਰ ਤੀਰਥ ਮਾਰੇ ਠਾਠ, ਨਿਰਮਲ ਨੀਰ ਆਪ ਭਰਾਇਆ । ਆਪੇ ਇਸ਼ਟ ਦੇਵ ਆਪੇ ਮੂਰਤੀ ਬਣੇ ਕਾਠ, ਘੜਨ ਭੰਨਣਹਾਰ ਆਪਣਾ ਨਾਉਂ ਧਰਾਇਆ । ਆਪੇ ਜਾਣੇ ਜੋਗ ਅਭਿਆਸ, ਹੱਠ ਨੇਮ ਸੰਜਮ ਆਪੇ ਵੇਖ ਵਖਾਇਆ । ਆਪੇ ਹੋਏ ਕਿਨਾਰਾ ਤੀਰਥ ਤਾਟ, ਆਪੇ ਹੱਟੋ ਹੱਟ ਵਿਕਾਇਆ । ਆਪੇ ਵਸਣਹਾਰਾ ਘਟ ਘਟ, ਘਰ ਮੰਦਰ ਡੇਰਾ ਲਾਇਆ । ਆਪੇ ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਆਪੇ ਸੁੱਤਾ ਸਾਚੀ ਖਾਟ, ਜਨ ਭਗਤਾਂ ਅੰਦਰ ਡੇਰਾ ਲਾਇਆ । ਨੇੜੇ ਵਖਾਏ ਆਪਣੀ ਵਾਟ, ਆਪਣਾ ਪੜਦਾ ਦਏ ਚੁਕਾਇਆ । ਨਿਰਗੁਣ ਜੋਤ ਜਗੇ ਲਲਾਟ, ਅੰਧ ਅੰਧੇਰ ਰਹਿਣ ਨਾ ਪਾਇਆ । ਲੇਖਾ ਚੁਕਾਏ ਤੀਰਥ ਤਾਟ, ਜਿਸ ਜਨ ਆਪਣਾ ਦਰਸ ਦਿਖਾਇਆ । ਹਰਿਜਨ ਚੜ੍ਹਾਏ ਔਖੇ ਘਾਟ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇਆ । ਲਹਿਣਾ ਦੇਣਾ ਚੁਕਾਏ ਪੂਜਾ ਪਾਠ, ਜਿਸ ਦਵਾਰੇ ਹਰਿ ਹਰਿ ਆਇਆ । ਨਾਤਾ ਤੁੱਟੇ ਆਣ ਬਾਟ, ਲੱਖ ਚੁਰਾਸੀ ਫੰਦ ਕਟਾਇਆ । ਨਾ ਕੋਈ ਵਰਨ ਗੋਤ ਨਾ ਜ਼ਾਤ ਪਾਤ, ਊਚ ਨੀਚ ਨਾ ਕੋਇ ਵਖਾਇਆ । ਮੇਟਣਹਾਰਾ ਅੰਧੇਰੀ ਰਾਤ, ਜੁਗ ਜੁਗ ਸਾਚਾ ਆਪਣਾ ਨਾਮ ਚੰਦ


੧੨੩੬ ੦੮

ਚੜ੍ਹਾਇਆ । ਸਰਬ ਕਲਾ ਆਪੇ ਸਮਰਾਥ, ਸਮਰਥ ਪੁਰਖ ਵਡ ਵਡਿਆਇਆ । ਸਤਿਜੁਗ ਤ੍ਰੇਤਾ ਤੇਰੀ ਮੁੱਕੀ ਵਾਟ, ਰਾਮ ਰਾਮਾ ਰੂਪ ਵਟਾਇਆ । ਰਾਵਨ ਵਿਕਿਆ ਆਪਣੇ ਹਾਟ, ਕਰਤਾ ਕੀਮਤ ਆਪੇ ਪਾਇਆ । ਆਪੇ ਹੋ ਤ੍ਰਿਲੋਕੀ ਨਾਥ, ਸਾਚੀ ਸਖੀਆਂ ਮੰਗਲ ਗਾਇਆ । ਗ਼ਰੀਬ ਨਿਮਾਣਿਆਂ ਦੇਵੇ ਸਾਥ, ਬਿਦਰ ਸੁਦਾਮਾ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਨਾਉਂ ਵਟਾਇਆ । ਨਾਉਂ ਵਟਾਏ ਹਰਿ ਨਿਰੰਕਾਰਾ, ਵੇਦ ਕਤੇਬ ਭੇਵ ਨਾ ਪਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਲੋਕਮਾਤ ਕਰੇ ਰੁਸ਼ਨਾਈਆ । ਸ਼ਾਸਤਰ ਸਿਮਰਤ ਰਹੇ ਪੁਕਾਰਾ, ਵੇਦ ਪੁਰਾਨ ਦੇਣ ਦੁਹਾਈਆ । ਪੜ੍ਹ ਪੜ੍ਹ ਥੱਕਾ ਸਰਬ ਸੰਸਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਗਿਆ ਸਮਝਾਈਆ । ਕਲਜੁਗ ਅੰਤਮ ਪਾਰ ਕਿਨਾਰਾ, ਨਿਹਕਲੰਕ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚਾ ਮੰਦਰ ਸੋਹੇ ਇਕ ਚਬਾਰਾ, ਧਾਮ ਅਵੱਲੇ ਡੇਰਾ ਲਾਈਆ । ਉਚਾ ਟਿੱਲਾ ਪਰਬਤ ਨਾ ਕੋਈ ਕਰੇ ਵਿਚਾਰਾ, ਹਰਿ ਬੈਠਾ ਸੇਜ ਵਛਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਮੀਤ ਮੁਰਾਰਾ, ਮਾਇਆ ਮਮਤਾ ਮੋਹ ਚੁਕਾਈਆ । ਤੋੜਨਹਾਰਾ ਗੜ੍ਹ ਹੰਕਾਰਾ, ਏਕਾ ਚੰਡੀ ਨਾਮ ਚਮਕਾਈਆ । ਅਸ਼ਟਭੁਜ ਦਏ ਸਹਾਰਾ, ਏਕਾ ਆਪਣਾ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਆਪੇ ਵੇਖ ਵਖਾਈਆ । ਵੇਖਣਹਾਰਾ ਹਰਿ ਨਿਰੰਕਾਰ, ਦਿਸ ਕਿਸੇ ਨਾ ਆਇਆ । ਨਿਰਗੁਣ ਰੂਪ ਨਿਰਾਕਾਰ, ਰੂਪ ਰੰਗ ਨਾ ਕੋਇ ਵਖਾਇਆ । ਕਰਤਾ ਪੁਰਖ ਖੇਲ ਅਪਾਰ, ਆਪਣੀ ਕਰਨੀ ਰਿਹਾ ਕਰਾਇਆ । ਏਕਾ ਨਾਮ ਕਰ ਜੈਕਾਰ, ਸਤਿ ਸਤਿ ਆਪਣਾ ਨਾਅਰਾ ਲਾਇਆ । ਨਿਰਭੈ ਵਰਤੇ ਵਰਤਾਵੇ ਆਪ ਕਰਤਾਰ, ਨਿਰਵੈਰ ਆਪਣਾ ਨਾਉਂ ਰਖਾਇਆ । ਜੂਨੀ ਰਹਿਤ ਏਕਾ ਕਾਰ, ਆਪਣੀ ਰਿਹਾ ਕਮਾਇਆ । ਅਕਾਲ ਮੂਰਤ ਹੋ ਤਿਆਰ, ਆਪ ਆਪਣਾ ਵੇਸ ਵਟਾਇਆ । ਕਲਜੁਗ ਖੇਲੇ ਖੇਲ ਅਪਾਰ, ਬੁਧ ਮਤ ਗਿਆਨ ਇਕ ਦ੍ਰਿੜਾਇਆ । ਈਸਾ ਮੂਸਾ ਸੰਗ ਮੁਹੰਮਦ ਦੀਨਾ ਚਾਰ ਯਾਰ, ਅੱਲਾ ਰਾਣੀ ਮੇਲ ਮਿਲਾਇਆ । ਅਜਮਤੇ ਕਸਮਤੇ ਬੇਐਬ ਪਰਵਰਦਿਗਾਰ, ਮਹਿਬੂਬ ਮਿਹਬਾਨ ਵੇਖ ਵਖਾਇਆ । ਚੌਦਾਂ ਹੱਟ ਖੋਲ੍ਹ ਦੁਕਾਨ, ਚੌਦਾਂ ਤਬਕਾਂ ਭੇਵ ਖੁਲ੍ਹਾਇਆ । ਏਕਾ ਜੋਤ ਕਰ ਪਰਧਾਨ, ਆਪ ਆਪਣਾ ਆਸਣ ਲਾਇਆ । ਨਿਰਗੁਣ ਹਰਿ ਸ਼ਬਦ ਨਿਸ਼ਾਨ, ਨਾਨਕ ਡੰਕਾ ਇਕ ਵਜਾਇਆ । ਦਰ ਘਰ ਕਰੇ ਆਪ ਪਰਵਾਨ, ਆਪਣਾ ਮੇਲਾ ਮੇਲ ਮਿਲਾਇਆ । ਸਤਿਨਾਮ ਸਤਿ ਨਿਸ਼ਾਨ, ਚਾਰ ਵਰਨਾਂ ਆਪ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਨਾਨਕ ਨਿਰਗੁਣ ਕਰੇ ਮਿਹਰ, ਕਲਜੁਗ ਲੇਖਾ ਦਏ ਲਿਖਾਇਆ । ਚਾਰ ਕੁੰਟ ਵਰਤੇ ਕਹਿਰ, ਜੀਵ ਜੰਤ ਹੋਏ ਹਲਕਾਈਆ । ਪੁਰਖ ਅਬਿਨਾਸ਼ੀ ਗੰਭੀਰ ਗਹਿਰ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਨਾਨਕ ਮੇਲਾ ਹਰਿ ਨਿਰੰਕਾਰ, ਘਰ ਸਾਚੇ ਵੱਜੀ ਵਧਾਈਆ । ਏਕਾ ਸੋਹੇ ਬੰਕ ਦਵਾਰ, ਸਚਖੰਡ ਸਾਚਾ ਸੋਭਾ ਪਾਈਆ । ਨਾਨਕ ਨਿਰਗੁਣ ਬਣੇ ਭਿਖਾਰ, ਨਿਰਗੁਣ ਨਿਰੰਕਾਰ ਸਾਚੀ ਵਸਤ ਝੋਲੀ ਪਾਈਆ । ਸਾਚਾ ਸ਼ਬਦ ਸਚ ਭੰਡਾਰ, ਸਾਚੇ ਹੱਥ ਫੜਾਈਆ । ਏਕਾ ਏਕ ਖੇਲ ਕਰੇ ਕਰਤਾਰ, ਏਕਾ ਸ਼ਬਦ ਕਰੇ ਜਣਾਈਆ । ਕਲਜੁਗ ਕੂੜੀ ਰੈਣ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਮਾਤ ਪਿਤ ਕੁੱਖ ਨਾ ਕੋਇ ਉਠਾਈਆ । ਏਕਾ ਜੋਤੀ ਦਸ ਅਵਤਾਰ, ਗੁਰ

ਗੋਬਿੰਦ ਦਏ ਗਵਾਹੀਆ । ਪੁਰਖ ਅਕਾਲ ਬੋਲੇ ਜੈਕਾਰ, ਸ੍ਰਿਸ਼ਟ ਸਬਾਈ ਏਕਾ ਇਸ਼ਟ ਮਨਾਈਆ । ਪਰਗਟ ਹੋਵੇ ਆਪ ਨਿਰੰਕਾਰ, ਗੁਰ ਸ਼ਬਦ ਕਰੇ ਕੁੜਮਾਈਆ । ਗੋਬਿੰਦ ਗੁਰ ਕਰੇ ਪਿਆਰ, ਚਾਰ ਵਰਨਾਂ ਵੇਖ ਵਖਾਈਆ । ਸਾਚੀ ਸਰਨ ਸੱਚੀ ਸਰਕਾਰ, ਦਰ ਘਰ ਸਾਚੇ ਮਿਲੇ ਵਧਾਈਆ । ਅੰਜੀਲ ਕੁਰਾਨਾਂ ਪਾਵੇ ਸਾਰ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਵੇਦ ਪੁਰਾਨਾਂ ਦਏ ਅਧਾਰ, ਸ਼ਾਸਤਰ ਸਿਮਰਤ ਵੇਖ ਵਖਾਈਆ । ਖਾਣੀ ਬਾਣੀ ਪਾਵੇ ਸਾਰ, ਜਗਤ ਰਾਣੀ ਪੜਦਾ ਦੇਵੇ ਲਾਹੀਆ । ਅੱਲਾ ਰਾਣੀ ਮਾਰੇ ਨਾਅਰ, ਏਕਾ ਨਾਅਰਾ ਕੂਕ ਸੁਣਾਈਆ । ਐਨਲਹੱਕ ਕਰੇ ਖੁਆਰ, ਉਚੀ ਕੂਕੇ ਦਏ ਦੁਹਾਈਆ । ਸੰਗ ਮੁਹੰਮਦ ਰਾਹ ਤੱਕਣ ਯਾਰ ਪਿਆਰ, ਨੇਤਰ ਨੈਣ ਰਹੇ ਉਠਾਈਆ । ਸਦੀ ਚੌਧਵੀਂ ਬੇੜਾ ਕਰ ਤਿਆਰ, ਆਪਣਾ ਕੰਢਾ ਰਿਹਾ ਵਖਾਈਆ । ਪਰਗਟ ਹੋਵੇ ਮੌਲਾ ਬੇਐਬ ਪਰਵਰਦਿਗਾਰ, ਨੂਰ ਨੂਰ ਨੂਰ ਅਲਾਹੀਆ । ਸਾਚਾ ਅਮਾਮ ਹੋਵੇ ਤਿਆਰ, ਕਾਇਨਾਤ ਵੇਖ ਵਖਾਈਆ । ਸਾਚੇ ਅਸਵ ਚੜ੍ਹ ਕੇ ਆਏ ਸ਼ਾਹ ਅਸਵਾਰ, ਆਪ ਆਪਣਾ ਭੇਖ ਵਟਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਦਏ ਲਤਾੜ, ਲੱਖ ਚੁਰਾਸੀ ਭਾਂਡੇ ਆਪੇ ਭੰਨ ਵਖਾਈਆ । ਸਾਚੀ ਸਖੀਆਂ ਕਰੇ ਪਿਆਰ, ਘਰ ਸਾਚੇ ਸਾਚਾ ਮਾਹੀਆ । ਏਕਾ ਕਲਮਾ ਪੜ੍ਹੇ ਸਰਬ ਸੰਸਾਰ, ਏਕਾ ਇਸ਼ਟ ਆਪ ਵਖਾਈਆ । ਜਲਵਾ ਨੂਰੀ ਨੂਰ ਜਲਾਲ, ਨੂਰੋ ਨੂਰ ਡਗਮਗਾਈਆ । ਲੇਖਾ ਜਾਣੇ ਹੱਕ ਹਲਾਲ, ਹੱਕ ਹਕੀਕਤ ਵੇਖ ਵਖਾਈਆ । ਅਜਰਾਈਲ ਜਬਰਾਈਲ ਅਸਰਾਈਲ ਮੇਕਾਈਲ ਕੱਠੇ ਹੋਏ ਮਾਰਨ ਛਾਲ, ਵੇਲਾ ਅੰਤ ਵੱਡੀ ਵਡਿਆਈਆ । ਪੀਰ ਦਸਤਗੀਰ ਸ਼ਾਹ ਹਕੀਰ ਕੁਤਬ ਗੌਂਸ ਮੁਸਾਇਕ ਆਪੇ ਲਏ ਭਾਲ, ਤੌਫੀਕ ਇਕ ਖ਼ੁਦਾਈਆ । ਅਹਿਬਾਬ ਰਬਾਬ ਵਜਾਏ ਸਤਾਰ, ਆਬੇਹਯਾਤ ਪਿਆਲਾ ਮਧ ਪਿਆਈਆ । ਕਾਇਆ ਕਾਅਬਾ ਪਾਵੇ ਸਾਰ, ਦੋ ਦੋਆਬਾ ਵੱਜੇ ਵਧਾਈਆ । ਸ਼ਾਹ ਨਵਾਬਾ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਵੇਖੇ ਇਕ ਖੁਦਾਈਆ । ਖ਼ਾਲਕ ਖ਼ਲਕ ਕਰੇ ਪਿਆਰ, ਖ਼ਲਕ ਖ਼ਾਲਕ ਮੇਲ ਮਿਲਾਈਆ । ਸਾਚਾ ਸਾਲਸ ਬਣ ਸੰਸਾਰ, ਏਕਾ ਅਦਲੀ ਅਦਲ ਕਮਾਈਆ । ਮੁਖ ਨਕਾਬੀ ਤਨ ਸ਼ਿੰਗਾਰ, ਸ਼ਰਅ ਸ਼ਰੀਅਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਹਰਿ ਨਿਰੰਕਾਰਾ ਏਕੰਕਾਰਾ ਓਂਕਾਰਾ ਆਪਣਾ ਰੂਪ ਵਟਾਈਆ । ਨਿਰੰਕਾਰਾ ਓਂਕਾਰ, ਊੜਾ ਆਪਣਾ ਮੁਖ ਖੁਲ੍ਹਾਇੰਦਾ । ਐੜਾ ਅੱਖਰ ਕਰ ਤਿਆਰ, ਕੁਦਰਤ ਸਾਚੀ ਵਿਚ ਟਿਕਾਇੰਦਾ । ਈੜੀ ਇਸ਼ਟ ਇਕ ਅਪਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਸਤਿਗੁਰ ਪੂਰਾ ਹੋ ਤਿਆਰ, ਸੱਸਾ ਕਿਲਾ ਇਕ ਬਣਾਇੰਦਾ । ਹੰ ਬ੍ਰਹਮ ਅੰਦਰ ਦੇਵੇ ਵਾੜ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਏਕਾ ਅਲਫ਼ ਪਾਵੇ ਸਾਰ, ਆਪ ਆਪਣਾ ਡੰਡਾ ਸ਼ਬਦ ਵਖਾਇੰਦਾ । ਬੇ ਬਸਤਾ ਬੇਐਬ ਪਰਵਰਦਿਗਾਰ, ਚੌਦਾਂ ਲੋਕਾਂ ਬੰਨ੍ਹ ਵਖਾਇੰਦਾ । ਸੀਨ ਸਿਦਕ ਨਾ ਕੋਈ ਕਰੇ ਵਿਚਾਰ, ਸਾਚੀ ਸਿਖਿਆ ਨਾ ਕੋਇ ਸਮਝਾਇੰਦਾ । ਤੇ ਤਿਖੀ ਰੱਖੇ ਆਪਣੀ ਧਾਰ, ਕਲਮਾ ਨਬੀ ਹੱਥ ਕਿਸੇ ਨਾ ਆਇੰਦਾ । ਏਕਾ ਟੇਕ ਦੋ ਜਹਾਨ ਦਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਏਕਾ ਚੇਲਾ ਆਪੇ ਗੁਰੂ ਆਪੇ ਚੇਲਾ, ਆਪ ਆਪਣਾ ਨਾਉਂ ਵਟਾਇੰਦਾ । ਆਪੇ ਗੁਰ ਹਰਿ ਨਿਰੰਕਾਰ, ਸਤਿਗੁਰ ਵੱਡੀ ਵਡਿਆਈਆ । ਸ਼ਬਦ ਚੇਲਾ ਕਰ ਤਿਆਰ, ਬ੍ਰਹਿਮੰਡਾਂ ਵਿਚ ਟਿਕਾਈਆ । ਸੰਤ ਭਗਤ ਕਰੇ ਖ਼ਬਰਦਾਰ, ਲੋਕ ਮਾਤ ਰਿਹਾ ਉਠਾਈਆ । ਜਾਗਰਤ ਜੋਤ ਜਗੇ ਅਗੰਮ ਅਪਾਰ, ਨਿਰਗੁਣ ਨੂਰ ਹੋਏ ਰੁਸ਼ਨਾਈਆ । ਸਾਕਤ ਨਿੰਦਕ ਦੁਸ਼ਟ ਨਾ ਕਰੇ ਵਿਚਾਰ, ਗੁਰਮੁਖ ਵਿਰਲੇ ਬੂਝ ਬੁਝਾਈਆ । ਪੰਡਤ ਕਾਸ਼ੀ ਗਏ

੧੨੩੮
ot

ਹਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਚਾਰੇ ਕੂਟਾਂ ਦਿਸ ਨਾ ਆਈਆ । ਮੁੱਲਾਂ ਸ਼ੇਖ਼ ਗਲ ਪਾ ਪਾ ਬੱਕੇ ਤਸਬੀ ਹਾਰ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਪੰਥੀ ਗ੍ਰੰਥੀ ਕਰਨ ਵਿਚਾਰ, ਤੱਕਣ ਰਾਹ ਸਾਚੇ ਮਾਹੀਆ । ਜਗਤ ਨੇਤਰ ਦਿਸ ਨਾ ਆਏ ਸਿਰਜਣਹਾਰ, ਦੋਏ ਲੋਚਣ ਵੇਖ ਵਖਾਈਆ । ਅਰਸ਼ ਫਰਸ਼ ਏਕਾ ਧਾਰ, ਫਰਸ਼ ਫਰਸ਼ ਵੱਡੀ ਵਡਿਆਈਆ । ਨਿਰਗੁਣ ਸਰਗੁਣ ਸਾਚੀ ਧਾਰ, ਸੁਰਤ ਸੁਰਤ ਕਰੇ ਕੁੜਮਾਈਆ । ਸ਼ਬਦ ਅਗੰਮੀ ਅਗੰਮੜੀ ਕਾਰ, ਪੁਰਖ ਅਗੰਮੜਾ ਆਪ ਕਰਾਈਆ । ਹੱਡ ਮਾਸ ਨਾੜੀ ਚਮੜਾ ਵਸਿਆ ਬਾਹਰ, ਦਮ ਕੌਡੀ ਹੱਥ ਨਾ ਕੋਇ ਰਖਾਈਆ । ਮਾਤ ਪਿਤ ਅੰਮੀ ਅੰਮੜਾ ਨਾ ਕੋਇ ਪਿਆਰ, ਬਾਲਕ ਗੋਦ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਬੈਠਾ ਬੇਪਰਵਾਹੀਆ । ਦਰ ਘਰ ਸਾਚਾ ਸਚ ਮਹੱਲਾ, ਸਿਰਜਣਹਾਰ ਆਪ ਉਪਾਇਆ । ਏਕੰਕਾਰਾ ਬੈਠਾ ਇਕ ਅਕੱਲਾ, ਸੋ ਪੁਰਖ ਨਿਰੰਜਣ ਸੇਵ ਕਮਾਇਆ । ਹਰਿ ਪੁਰਖ ਨਿਰੰਜਣ ਦਏ ਸਹਾਰਾ, ਆਦਿ ਨਿਰੰਜਣ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਬੰਨੇ ਧਾਰਾ, ਸ੍ਰੀ ਭਗਵਾਨ ਸਾਚਾ ਸੰਗ ਰਖਾਇਆ । ਪਾਰਬ੍ਰਹਮ ਪ੍ਰਭ ਖੇਲ ਅਪਾਰਾ, ਆਪ ਆਪਣਾ ਵੇਸ ਧਰਾਇਆ । ਬ੍ਰਹਮ ਬ੍ਰਹਮ ਬ੍ਰਹਮ ਦਏ ਅਧਾਰਾ, ਪਾਰਬ੍ਰਹਮ ਮੇਲ ਮਿਲਾਇਆ । ਏਕਾ ਜੋਤੀ ਦਸ ਅਵਤਾਰਾ, ਗੁਰ ਗੁਰ ਆਪਣਾ ਨਾਉਂ ਵਟਾਇਆ । ਸ਼ਬਦ ਗੁਰ ਹੋ ਉਜਿਆਰਾ, ਲੋਕਮਾਤ ਡੰਕ ਵਜਾਇਆ । ਪੰਜ ਤੱਤ ਨਾ ਕੋਇ ਪਿਆਰਾ, ਥਿਰ ਕੋਇ ਰਹਿਣ ਨਾ ਪਾਇਆ । ਪੁਰਖ ਅਕਾਲ ਏਕੰਕਾਰਾ, ਆਦਿ ਜੁਗਾਦੀ ਇਕ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਖੇਲੇ ਖੇਲ ਸ੍ਰਿਸ਼ਟ ਸਬਾਇਆ । ਆਪਣਾ ਨਾਉਂ ਧਰੇ ਨਰ ਨਿਰੰਕਾਰਾ, ਨਿਹਕਲੰਕਾ ਵੇਸ ਵਟਾਇਆ । ਗੋਬਿੰਦ ਗੁਰ ਬਣ ਲਿਖਾਰਾ, ਦੋ ਜਹਾਨਾਂ ਦਏ ਗਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਆਪ ਜਣਾਇਆ । ਨਾਉਂ ਧਰਾਇਆ ਨਿਹਕਲੰਕ, ਨਿਰਗੁਣ ਰੂਪ ਪੁਰਖ ਅਕਾਲਿਆ । ਸ਼ਬਦ ਵਜਾਇਆ ਸਾਚਾ ਡੰਕ, ਪਰਗਟ ਹੋਇਆ ਵਾਲੀ ਦੋ ਜਹਾਨਿਆ । ਭਰਮ ਕਢਾਏ ਰਾਓ ਰੰਕ, ਸ਼ਬਦ ਅਗੰਮੀ ਆਪੇ ਜਾਣੇ ਆਪਣੀ ਬਾਣੀਆ । ਗੁਰਮੁਖ ਲਾਏ ਆਪਣੇ ਅੰਕ, ਮੇਲ ਮਿਲਾਇਆ ਸਾਚੇ ਹਾਣੀਆ । ਲਹਿਣਾ ਦੇਣ ਚੁਕਾਏ ਜਿਉ ਜਨ ਜਨਕ, ਗਾਵਣਹਾਰਾ ਗਾਏ ਅਕਥ ਕਹਾਣੀਆ । ਪਰਗਟ ਹੋਇਆ ਵਾਸੀ ਪੂਰੀ ਘਨਕ, ਕਲਕੀ ਅਵਤਾਰ ਜੋਧਾ ਸੂਰਬੀਰ ਬਲੀ ਬਲਵਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਧਾਰਾ ਏਕੰਕਾਰਾ, ਆਦਿ ਜੁਗਾਦੀ ਏਕਾ ਗੁਰ ਇਕ ਅਵਤਾਰਾ, ਏਕਾ ਰੂਪ ਵਟਾਨੀਆ । ਏਕਾ ਗੁਰ ਇਕ ਅਵਤਾਰਾ, ਏਕਾ ਨਾਉਂ ਧਰਾਇੰਦਾ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾਇੰਦਾ । ਏਕਾ ਸ਼ਬਦ ਇਕ ਭੰਡਾਰਾ, ਏਕਾ ਇਕ ਵਰਤਾਇੰਦਾ । ਏਕਾ ਮੀਤ ਮੀਤ ਮੁਰਾਰਾ, ਏਕਾ ਸਗਲਾ ਸੰਗ ਨਿਭਾਇੰਦਾ । ਏਕਾ ਵਸਿਆ ਚੀਤ ਸਿਰਜਣਹਾਰਾ, ਵਿਛੜ ਕਦੇ ਨਾ ਜਾਇੰਦਾ । ਏਕਾ ਕੰਤ ਸੁਹਾਗੀ ਦਰ ਮਿਲਿਆ ਸਾਚੀ ਨਾਰਾ, ਜਗਤ ਰੰਡੇਪਾ ਆਪ ਕਟਾਇੰਦਾ । ਏਕਾ ਨਾਦ ਸੱਚੀ ਧੁਨਕਾਰਾ, ਧੁਨ ਆਤਮਕ ਆਪ ਅਲ੍ਹਾਇੰਦਾ । ਏਕਾ ਸ਼ਾਹੋ ਭੂਪ ਸਿਕਦਾਰਾ, ਰਾਜ ਰਾਜਾਨ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਏਕਾ ਸਤਿਗੁਰ ਸੱਚਾ ਸੱਜਣ, ਏਕਾ ਘਰ ਸੁਹਾਇੰਦਾ । ਏਕਾ ਸਰ ਸਰੋਵਰ ਕਰਾਏ ਮਜਣ, ਏਕਾ ਦੁਰਮਤ ਮੈਲ ਗਵਾਇੰਦਾ । ਏਕਾ ਆਏ ਪੜਦਾ ਕੱਜਣ, ਜੁਗ ਜੁਗ ਆਪਣਾ


੧੨੩੯
੦੮

ਵੇਸ ਵਟਾਇੰਦਾ । ਏਕਾ ਰੱਖਣਹਾਰਾ ਲੱਜਣ, ਲੋਕਮਾਤ ਆਪਣੀ ਲੋਕ ਲਾਜ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਆਪ ਆਪਣੀ ਕਲ ਵਰਤਾਇੰਦਾ । ਏਕਾ ਕਲ ਕਲ ਕੁਲਵੰਤਾ, ਅਕਲ ਕਲਾ ਕਲ ਧਾਰੀਆ । ਏਕਾ ਪੂਰਨ ਪੁਰਖ ਪੁਰਖ ਭਗਵੰਤਾ, ਪਾਰਬ੍ਰਹਮ
ਵਡ ਸਿਕਦਾਰੀਆ । ਏਕਾ ਮੇਲ ਸਾਧਨ ਸੰਤਾ, ਘਰ ਸੋਹੇ ਬੰਕ ਅਟਾਰੀਆ । ਏਕਾ ਜੋਤੀ ਜੋਤ ਜਗੰਤਾ, ਨਿਰਮਲ ਜੋਤ ਕਰੇ ਉਜਿਆਰੀਆ ।
ਏਕਾ ਬਣਾਏ ਸਾਚੀ ਬਣਤਾ, ਆਪ ਆਪਣੀ ਖੇਲ ਖਿਲਾਰੀਆ । ਏਕਾ ਤੋੜੇ ਗੜ੍ਹ ਹਉਮੇ ਹੰਗਤਾ, ਹਉਮੇ ਗੜ੍ਹ ਮਿਟਾ ਰਿਹਾ । ਏਕਾ ਮੇਲ
ਮਿਲਾਏ ਸਾਚੀ ਸੰਗਤਾ, ਦਰ ਘਰ ਸਾਚਾ ਇਕ ਵਖਾ ਰਿਹਾ । ਏਕਾ ਗਲੇ ਲਗਾਏ ਭੁੱਖਾ ਨੰਗਤਾ, ਗ਼ਰੀਬ ਨਿਮਾਣੇ ਆਪਣੀ ਗੋਦ ਉਠਾ ਰਿਹਾ ।
ਏਕਾ ਗੁਰਮੁਖਾਂ ਦਵਾਰੇ ਹੋਏ ਮੰਗਤਾ, ਜੁਗ ਜੁਗ ਆਪਣਾ ਵੇਸ ਵਟਾ ਲਿਆ । ਏਕਾ ਗੁਰਸਿਖ ਕਾਇਆ ਚੋਲੀ ਰੰਗਦਾ, ਰੰਗ ਮਜੀਠੀ ਆਪ
ਚੜ੍ਹਾ ਲਿਆ । ਏਕਾ ਗੁਰਮੁਖਾਂ ਅੰਦਰ ਆਪੇ ਲੰਘਦਾ, ਆਪਣਾ ਰਾਹ ਆਪ ਬਣਾ ਲਿਆ । ਏਕਾ ਮਾਣੇ ਰਸ ਗੁਰਸਿਖ ਤੇਰੀ ਆਤਮ ਸਚ ਪਲੰਘ
ਦਾ, ਵਾਹ ਵਾ ਘਰ ਸਾਚੇ ਆਸਣ ਲਾ ਲਿਆ । ਏਕਾ ਖੇਲ ਸੂਰੇ ਸਰਬੰਗ ਦਾ, ਅਲਪਗ ਜੀਵ ਆਪ ਤਰਾ ਲਿਆ । ਲਹਿਣਾ ਦੇਣਾ ਚੁਕਾਏ
ਅਗਲੇ ਪੰਧ ਦਾ, ਆਪਣੀ ਗੋਦੀ ਆਪ ਬਿਠਾ ਲਿਆ । ਨਾਤਾ ਤੋੜੇ ਮਦਿਰਾ ਮਾਸ ਗੰਦ ਦਾ, ਅੰਮ੍ਰਿਤ ਜਾਮ ਪਿਆਲਾ ਆਪ ਪਿਆ ਲਿਆ ।
ਛੁਪੇ ਪਰਕਾਸ਼ ਸੂਰਜ ਚੰਦ ਦਾ, ਜਿਥੇ ਗੁਰਸਿਖ ਆਪ ਟਿਕਾ ਲਿਆ । ਰਸ ਵਖਾਏ ਨਿਜਾਨੰਦ ਦਾ, ਪਰਮਾਨੰਦ ਆਪ ਵਖਾ ਲਿਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਆਪਣਾ ਵੇਸ ਧਰਾ ਲਿਆ । ਇਕ ਅਕੱਲਾ ਹਰਿ ਬਨਵਾਰੀ, ਪਾਰਬ੍ਰਹਮ ਵੱਡੀ ਵਡਿਆਈਆ ।
੧੨੪੦ ੦੮ ਏਕਾ ਜੋਤ ਜੋਤ ਨਿਰੰਕਾਰੀ, ਏਕਾ ਨੂਰ ਕਰੇ ਰੁਸ਼ਨਾਈਆ । ਏਕਾ ਸ਼ਬਦ ਸ਼ਬਦ ਜੈਕਾਰੀ, ਏਕਾ ਮੰਤਰ ਨਾਮ ਦ੍ਰਿੜਾਈਆ । ਏਕਾ ਖੜਗ ਖੰਡਾ ੧੨੪੦ ੦੮
ਤੇਜ਼ ਕਟਾਰੀ, ਏਕਾ ਬ੍ਰਹਿਮੰਡਾਂ ਰਿਹਾ ਚਮਕਾਈਆ । ਏਕਾ ਜੇਰਜ ਅੰਡਾਂ ਪਾਵੇ ਸਾਰੀ, ਉਤਭੁਜ ਸੇਤਜ ਏਕਾ ਵੇਖ ਵਖਾਈਆ । ਏਕਾ ਚਾਰ ਕੁੰਟ
ਕਰੇ ਖੁਆਰੀ, ਦਹਿ ਦਿਸ਼ਾਂ ਫੋਲ ਫੋਲਾਈਆ । ਏਕਾ ਤੋੜੇ ਸੰਗ ਮੁਹੰਮਦ ਚਾਰ ਯਾਰੀ, ਪੰਚਮ ਨਾਤਾ ਜੋੜ ਜੁੜਾਈਆ । ਪਰਗਟ ਹੋਇਆ ਨਿਹਕਲੰਕ
ਨਰਾਇਣ ਨਰ ਅਵਤਾਰੀ, ਨਿਰਗੁਣ ਆਪਣਾ ਨਾਉਂ ਧਰਾਈਆ । ਗੋਬਿੰਦ ਗੁਰ ਬਣ ਲਿਖਾਰੀ, ਅੰਤਮ ਲੇਖਾ ਗਿਆ ਸਮਝਾਈਆ । ਸੰਬਲ
ਨਗਰੀ ਹੋਏ ਉਜਿਆਰੀ, ਪੁਰਖ ਅਕਾਲ ਕਰੇ ਰੁਸ਼ਨਾਈਆ । ਗੋਬਿੰਦ ਬੋਲੇ ਸਚ ਜੈਕਾਰੀ, ਸਾਚਾ ਨਾਅਰਾ ਏਕਾ ਲਾਈਆ । ਪੁਰਖ ਅਕਾਲ
ਸੱਚੀ ਸਿਕਦਾਰੀ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਕਮਾਈਆ । ਨੌ ਚੰਡ ਪ੍ਰਿਥਮੀ ਕਰੇ ਪਨਹਾਰੀ, ਦੀਪ ਸੱਤ ਸੇਵਕ ਸੇਵ ਕਮਾਈਆ । ਲੱਖ
ਚੁਰਾਸੀ ਪਾਸਾ ਜਾਏ ਹਾਰੀ, ਸਿਧੀ ਨਰਦ ਨਾ ਕੋਇ ਕਰਾਈਆ । ਕਲਜੁਗ ਕੂਕੇ ਆਪਣੀ ਵਾਰੀ, ਉਚੇ ਟਿੱਲੇ ਪਰਬਤ ਚੜ੍ਹ ਸਮੇਰੂ ਦਏ ਦੁਹਾਈਆ ।
ਰਾਏ ਧਰਮ ਖੋਲ੍ਹ ਕਿਵਾੜੀ, ਬੈਠਾ ਰਾਹ ਤਕਾਈਆ । ਚਿਤਰ ਗੁਪਤ ਮੰਗੇ ਆਪਣੀ ਵਾੜੀ, ਆਪਣਾ ਲੇਖਾ ਰਿਹਾ ਸਮਝਾਈਆ । ਕਰੇ ਸ਼ਿੰਗਾਰ
ਮੌਤ ਲਾੜੀ, ਨੈਣ ਕੱਜਲ ਰਹੀ ਪਾਈਆ । ਧਰਮ ਰਾਏ ਦੀ ਸਚ ਦੁਲਾਰੀ, ਬਸਤਰ ਭੂਸ਼ਣ ਆਪਣੇ ਵੇਖ ਵਖਾਈਆ । ਲਾਲ ਮਹਿੰਦੀ ਰੰਗੇ
ਰੰਗ ਧੀ ਕਵਾਰੀ, ਲੱਖ ਚੁਰਾਸੀ ਆਪਣਾ ਦੂਲ੍ਹਾ ਵੇਖੇ ਥਾਉਂ ਥਾਈਂਆ । ਧਰਤ ਮਾਤਾ ਵਾਜਾਂ ਮਾਰੇ ਮਾਂ ਪਿਆਰੀ, ਆਪ ਆਪਣਾ ਰਾਹ ਵਖਾਈਆ ।
ਕਲਜੁਗ ਜੀਵ ਹੋਏ ਵਿਭਚਾਰੀ, ਘਰ ਘਰ ਪੰਚ ਵਿਕਾਰ ਹੋਈ ਹਲਕਾਈਆ । ਮਾਵਾਂ ਪੁੱਤਰਾਂ ਲੱਗੀ ਯਾਰੀ, ਧੀ ਭੈਣ ਨਾ ਕੋਇ ਵਖਾਈਆ ।

ਨਾਰ ਕੰਤ ਨਾ ਕੋਇ ਹਦਾਰੀ, ਸਾਚਾ ਸੰਗ ਨਾ ਕੋਇ ਰਖਾਈਆ । ਜੰਮੇ ਸੁੱਤ ਕੰਨਿਆ ਕਵਾਰੀ, ਵੇਲਾ ਅੰਤਮ ਦੇਵੇ ਜਗਤ ਗਵਾਹੀਆ । ਪੰਡਤ ਪਾਂਧੇ ਝੂਠੀ ਪੱਤਰੀ ਰਹੇ ਵਿਚਾਰੀ, ਬਾਰਾਂ ਰਾਸ ਨਾ ਕੋਇ ਵੇਖ ਵਖਾਈਆ । ਮਸਤਕ ਰੇਖਾ ਨਾ ਕਿਸੇ ਉਘਾੜੀ, ਕਾਗਦ ਕਲਮ ਸ਼ਾਹੀ ਤਿੰਨੇ ਦੇਣ ਗਵਾਹੀਆ । ਪੁੱਤਰ ਪੁੱਟੇ ਪਿਉ ਦੀ ਦਾੜ੍ਹੀ, ਕਲਜੁਗ ਆਪਣਾ ਰੰਗ ਵਖਾਈਆ । ਘਰ ਘਰ ਰਲੀਆਂ ਮਾਣੇ ਨਾਰ ਭਤਾਰੀ, ਆਪਣਾ ਕੰਤ ਨਾ ਕੋਇ ਸੁਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਚ ਧਰਮ ਗਏ ਹਾਰੀ, ਧੀਰਜ ਧੀਰ ਨਾ ਕੋਇ ਧਰਾਈਆ । ਗ਼ਰੀਬ ਨਿਮਾਣਿਆਂ ਕਰਨ ਖੁਆਰੀ, ਫੜ ਬਾਂਹੋਂ ਗਲੇ ਨਾ ਕੋਇ ਲਗਾਈਆ । ਸਾਧ ਸੰਤ ਰੋਵਣ ਜ਼ਾਰੋ ਜ਼ਾਰੀ, ਅੰਦਰ ਮੰਦਰ ਰਹੇ ਧਿਆਈਆ । ਪੁਰਖ ਅਬਿਨਾਸ਼ੀ ਪਾਵੇ ਸਾਰੀ, ਆਪ ਆਪਣੀ ਲਏ ਅੰਗੜਾਈਆ । ਕਲਜੁਗ ਅੰਤਮ ਆਈ ਵਾਰੀ, ਭੁੱਲ ਰਹੇ ਨਾ ਰਾਈਆ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰੀ, ਜੂਠੀ ਝੂਠੀ ਕਿਰਿਆ ਦਏ ਮਿਟਾਈਆ । ਕਲਜੁਗ ਝੂਠਾ ਮੇਟ ਮਿਟੌਣਾ, ਹਰਿ ਸਾਚਾ ਦਇਆ ਕਮਾਇੰਦਾ । ਭੇਖ ਪਖੰਡਾ ਰਹਿਣ ਨਾ ਪੌਣਾ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਫੋਲ ਫੋਲਾਇੰਦਾ । ਸਰ ਸਰੋਵਰ ਫੇਰਾ ਪੌਣਾ, ਤੀਰਥ ਤਟ ਕਿਨਾਰਾ ਆਪੇ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਏਕਾ ਮਾਰਗ ਲੌਣਾ, ਹੰ ਬ੍ਰਹਮ ਆਪ ਸਮਝਾਇੰਦਾ । ਚਾਰ ਵਰਨਾਂ ਏਕਾ ਰੰਗ ਰੰਗੌਣਾ, ਰੰਗ ਚਲੂਲ ਆਪ ਚੜ੍ਹਾਇੰਦਾ । ਸਾਚੀ ਭੱਠੀ ਨਾਮ ਤਪੌਣਾ, ਜੋਤੀ ਅਗਨੀ ਲੰਬੂ ਲਾਇੰਦਾ । ਜਗਤ ਵਿਕਾਰਾ ਭਸਮ ਕਰੌਣਾ, ਕਲਜੁਗ ਛਾਰ ਆਪ ਉਡਾਇੰਦਾ । ਸਾਖਿਆਤ ਹਰਿ ਰੂਪ ਵਟੌਣਾ, ਗੁਰਸਿਖ ਪਾਰਜ਼ਾਤ ਆਪ ਬਣਾਇੰਦਾ । ਕਾਇਨਾਤ ਹਰਿ ਵੇਖ ਵਖੌਣਾ, ਆਤਮ ਤਾਕ ਖੁਲ੍ਹਾਇੰਦਾ । ਸੱਜਣ ਸਾਕ ਗੁਰਸਿਖ ਬਣੌਣਾ, ਦੂਸਰ ਨਾਤਾ ਨਾ ਕੋਇ ਉਪਾਇੰਦਾ । ਸੋਹੰ ਸਾਚੀ ਗਾਥ ਚਾਰ ਵਰਨ ਪੜ੍ਹੌਣਾ, ਦਰ ਮੰਦਰ ਇਕ ਵਖਾਇੰਦਾ । ਪੂਜਾ ਪਾਠ ਇਕ ਕਰੌਣਾ, ਇਸ਼ਟ ਦੇਵ ਇਕ ਮਨਾਇੰਦਾ । ਹਰਿ ਕਾ ਨਾਮ ਹੱਟੋ ਹੱਟ ਨਾ ਕਿਸੇ ਵਿਕੌਣਾ, ਕਲਜੁਗ ਮਾਇਆ ਕੀਮਤ ਨਾ ਕੋਇ ਰਖਾਇੰਦਾ । ਸਗਲਾ ਸਾਥ ਪ੍ਰਭ ਆਪ ਨਿਭੌਣਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜ਼ਾਤ ਪਾਤ ਦਾ ਭੇਵ ਚੁਕੌਣਾ, ਮਾਤ ਪਿਤ ਆਪ ਹੋ ਜਾਇੰਦਾ । ਸਾਚਾ ਨਾਤਾ ਚਰਨ ਆਪ ਰਖੌਣਾ, ਚਰਨ ਕਵਲ ਉਪਰ ਧਵਲ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਅਵਤਾਰੀ ਖੇਲ ਖਿਲਾਇੰਦਾ । ਖੇਲ ਖਲੰਦੜਾ ਹਰਿ ਭਗਵੰਤਾ, ਭਗਵਨ ਭਗਤਨ ਮੇਲ ਮਿਲਾਈਆ । ਨਿਰਗੁਣ ਜੋਤੀ ਜੋਤ ਜਗੰਦੜਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਾਚਾ ਧਾਮ ਇਕ ਸੁਹੰਦੜਾ, ਦੀਵਾ ਬਾਤੀ ਇਕ ਜਗਾਈਆ । ਸੋ ਪੁਰਖ ਨਿਰੰਜਣ ਖੇਲ ਖਿਲੰਦੜਾ, ਹੰ ਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਾਰੀ ਵੇਖ ਵਖਾਈਆ । ਨਰ ਨਾਰੀ ਹਰਿ ਵੇਖ ਵਿਚਾਰ, ਘਟ ਘਟ ਫੋਲ ਫੋਲਾਇੰਦਾ । ਪਸੂ ਪੰਖੀ ਪੰਛੀ ਪਾਵੇ ਸਾਰ, ਤਰਵਰ ਸਰਵਰ ਫੋਲ ਵਖਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਅਠਾਰਾਂ ਭਾਰ ਬਨਾਸਪਤ ਆਪ ਤੁਲਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਸ਼ਿਵ ਹਿਲਾਇੰਦਾ । ਕਰੋੜ ਤੇਤੀਸਾ ਦਏ ਹੁਲਾਰ, ਸੁਰਪਤ ਰਾਜਾ ਇੰਦ ਆਪ ਜਗਾਇੰਦਾ । ਨੌ ਖੰਡ ਪ੍ਰਿਥਮੀ ਖੇਲ ਅਪਾਰ, ਸੱਤਾਂ ਦੀਪਾਂ ਆਪ ਉਠਾਇੰਦਾ । ਵੀਹ ਸਦ ਸੋਲਾਂ ਬਿਕ੍ਰਮੀ ਹੋ ਉਜਿਆਰ, ਆਪ ਆਪਣਾ ਡੰਕ ਵਜਾਇੰਦਾ । ਕਰੇ ਕਰਾਏ ਕਰਨੇਹਾਰ, ਸ਼ਾਹ ਸੁਲਤਾਨ ਰਾਜ ਰਾਜਾਨ ਖ਼ਾਕੀ ਖ਼ਾਕ ਮਿਲਾਇੰਦਾ । ਜੋਧਾ ਸੂਰਬੀਰ ਬਲਵਾਨ, ਏਕਾ


੧੨੪੧ ੦੮

ਚਿੱਲਾ ਤੀਰ ਕਮਾਨ ਨੌਜਵਾਨ ਆਪ ਉਠਾਇੰਦਾ । ਮਾਰੇ ਸੱਚਾ ਸਚ ਨਿਸ਼ਾਨ, ਲੱਖ ਚੁਰਾਸੀ ਲਾਹੇ ਘਾਣ, ਸ੍ਰਿਸ਼ਟ ਸਬਾਈ ਸੁੰਞ ਮਸਾਣ, ਮਹੱਲ ਅਟੱਲ ਨਾ ਕੋਇ ਸੁਹਾਇੰਦਾ । ਕਲਜੁਗ ਜੀਵ ਸਰਬ ਪਛਤਾਣ, ਵੇਲੇ ਅੰਤ ਜੰਤ ਕੁਰਲਾਣ, ਨਾ ਕੋਈ ਦਿਸੇ ਨਿਗਹਬਾਨ, ਧੂੰਆਂਧਾਰ ਸਰਬ ਵਖਾਇੰਦਾ । ਗੁਰਸਿਖ ਗੀਤ ਗੋਬਿੰਦ ਦੇ ਗਾਣ, ਮਿਲਿਆ ਮੇਲ ਸ੍ਰੀ ਭਗਵਾਨ, ਦਰਗਹਿ ਸਾਚੀ ਝੁਲਦਾ ਜਾਏ ਨਿਸ਼ਾਨ, ਸਚਖੰਡ ਵੱਜੇ ਵਧਾਈਆ । ਸਤਿਗੁਰ ਪੂਰਾ ਕਰੇ ਆਪ ਪਰਵਾਨ, ਜੋ ਜਨ ਚਰਨੀ ਡਿਗੇ ਆਣ, ਦੇਵੇ ਨਾਮ ਗੁਣ ਨਿਧਾਨ, ਲੇਖਾ ਜਾਣੇ ਪਵਣ ਪਾਣੀ ਮਸਾਣ, ਤੱਤ ਰੱਤ ਬ੍ਰਹਮ ਮਤ ਆਪਣੇ ਲੇਖੇ ਆਪ ਲਗਾਈਆ । ਕਰਨ ਆਇਆ ਪੁਣ ਛਾਣ, ਸੋਹੰ ਸ਼ਬਦ ਫੜ ਮਧਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਚੁਕਾਏ ਅੰਤਮ ਕਾਣ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਵੱਡੀ ਵਡਿਆਈਆ । ਉਠਿਆ ਜੋਧਾ ਸੂਰਬੀਰ, ਹਰਿ ਸੱਚਾ ਸ਼ਾਹ ਸੁਲਤਾਨ । ਨਾਮ ਚਲਾਏ ਇਕ ਤੀਰ, ਚੀਰੀ ਜਾਏ ਦੋ ਜਹਾਨ । ਚੋਟੀ ਚੜ੍ਹ ਵੇਖੇ ਅਖ਼ੀਰ, ਵਸਣਹਾਰਾ ਸਚ ਮਕਾਨ । ਪਰਗਟ ਹੋਇਆ ਵਡ ਪੀਰਨ ਪੀਰ, ਅਬਿਨਾਸ਼ੀ ਕਰਤਾ ਆਪ ਮਿਹਰਵਾਨ । ਚਾਰ ਕੁੰਟ ਵਹਾਏ ਵਹੀਰ, ਆਪ ਆਪਣੀ ਪਾਏ ਆਣ । ਜਨ ਭਗਤਾਂ ਅੰਮ੍ਰਿਤ ਬਖ਼ਸ਼ੇ ਠੰਡਾ ਸੀਰ, ਦੇਵਣਹਾਰਾ ਚਰਨ ਧਿਆਨ । ਏਕਾ ਰੰਗ ਰੰਗਾਏ ਹਸਤ ਕੀਟ, ਆਤਮ ਅੰਤਰ ਇਕ ਗਿਆਨ । ਦੇਵੇ ਨਾਮ ਸ਼ਬਦ ਅਨਡੀਠ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਹਰਿ ਨਾਮ ਕੀ ਮਹਿਮਾ ਸਾਰੇ ਗਾਣ । ਜਿਸ ਜਨ ਵਸਿਆ ਆਪੇ ਚੀਤ, ਸੋ ਜਨ ਹੋਏ ਪਰਧਾਨ । ਸਾਚਾ ਗੁਰੂਦਵਾਰਾ ਦੇਹੁਰਾ ਰਖਾਏ ਮੰਦਰ ਮਸੀਤ, ਪੰਜ ਤੱਤ ਕਾਇਆ ਗੜ੍ਹ ਘਰ ਘਰ ਵਿਚ ਖੇਲ ਮਹਾਨ ।

ਸਤਿਜੁਗ ਚਲਾਈ ਸਾਚੀ ਰੀਤ, ਝੂਠੀ ਦਿਸੇ ਨਾ ਕੋਇ ਦੁਕਾਨ । ਗੁਰਮੁਖ ਗੌਣ ਸੁਹਾਗੀ ਗੀਤ, ਮਿਲੇ ਮੇਲ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਨਿਗਹਬਾਨ । ਕਲਜੁਗ ਜੀਵ ਉਠ ਸੁੱਤਿਆ, ਸੁੱਤਿਆਂ ਰੈਣ ਵਹਾਈਆ । ਪਰਗਟ ਹੋਇਆ ਪਾਰਬ੍ਰਹਮ ਅਬਿਨਾਸ਼ੀ ਅਚੁੱਤਿਆ, ਚਾਰ ਵਰਨ ਕਰੇ ਕੁੜਮਾਈਆ । ਸਤਿਜੁਗ ਸੁਹਾਈ ਸਾਚੀ ਰੁੱਤਿਆ, ਗੁਰਸਿਖ ਫੁਲਵਾੜੀ ਲਾਈਆ । ਕਲਜੁਗ ਕੂੜਾ ਫੜ ਫੜ ਕੁਠਿਆ, ਗੁਰਸਿਖਾਂ ਨੇੜ ਰਹਿਣ ਨਾ ਪਾਈਆ । ਸਤਿ ਪੁਰਖ ਨਿਰੰਜਣ ਆਪੇ ਤੁੱਠਿਆ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਬਿਨ ਗੁਰਸਿਖ ਲਾਹਾ ਕਿਸੇ ਨਾ ਲੁੱਟਿਆ, ਲੱਖ ਚੁਰਾਸੀ ਕਲਜੁਗ ਮਾਇਆ ਗੂੜ੍ਹੀ ਨੀਂਦ ਸੁਵਾਈਆ । ਅੰਤਮ ਦਾਣਾ ਪਾਣੀ ਸਭ ਦਾ ਮੁੱਕਿਆ, ਦਾਨਾ ਬੀਨਾ ਆਪ ਮੁਕਾਈਆ । ਕਿਸੇ ਪਾਣੀ ਨਾ ਰਹਿਣਾ ਹੁੱਕਿਆ, ਵੁਜ਼ੂ ਹੱਥ ਫੜ ਲੋਟਾ ਨਾ ਕੋਇ ਕਰਾਈਆ । ਜਗਤ ਮਸੱਲੇ ਹੇਠ ਨਾ ਰਹਿਣਾ ਵਿਛਿਆ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਪ੍ਰਭ ਚਾਰ ਵਰਨਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿੱਖ ਈਸਾਈ ਇਕ ਰਖਾਏ ਸਾਚੀ ਸਰਨ, ਸਿੱਖ ਇਕ ਮਤ ਸਮਝਾਈਆ । ਖੋਲ੍ਹਣਹਾਰਾ ਹਰਨਾ ਫਰਨਾ, ਨੇਤਰ ਨੈਣ ਦਏ ਖੁਲ੍ਹਾਈਆ । ਗੁਰਸਿਖਾਂ ਭੌ ਚੁਕਾਏ ਮਰਨਾ ਡਰਨਾ, ਭੈ ਭਿਆਨਕ ਹੋਏ ਸਹਾਈਆ । ਹਰਿ ਕੇ ਭਾਣੇ ਅੱਗੇ ਕਿਸੇ ਨਾ ਅੜਨਾ, ਜੋ ਅੜੇ ਸੋਈ ਝੜ੍ਹ ਜਾਈਆ । ਸ਼ਾਹ ਸੁਲਤਾਨਾ ਆਪੇ ਫੜਨਾ, ਪ੍ਰਭ ਫੜ ਫੜ ਦਏ ਸਜ਼ਾਈਆ । ਗੁਰਮੁਖ ਦਰਗਹਿ ਸਾਚੀ ਸਾਚੇ ਘਰ ਵੜਨਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬੈਠਾ ਰਾਹ ਤਕਾਈਆ । ਲੇਖਾ ਜਾਣੇ ਰਸਨ ਸਵਾਸੀ ਗੁਣਵੰਤਾ, ਗੁਣ ਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ,

ਕਲਜੁਗ ਤੇਰੀ ਅੰਤਮ ਵਰ, ਸੰਮਤ ਸੋਲਾਂ ਵੇਖੇ ਖੜ, ਵੀਹ ਸੌ ਬਿਕ੍ਰਮੀ ਬੰਨ੍ਹਾਇਆ ਲੜ, ਆਪਣੇ ਪੌੜੇ ਆਪੇ ਚੜ੍ਹ, ਆਪਣੀ ਵਿਦਿਆ ਆਪੇ ਪੜ੍ਹ, ਆਪੇ ਕਰੇ ਪੜ੍ਹਾਈਆ । ਪਹਿਲੀ ਮੱਘਰ ਖੇਲ ਹਰਿ, ਭਾਰਤ ਖੰਡ ਖੋਲ੍ਹਿਆ ਦਰ, ਗੁਰਸਿਖ ਸਾਜਣ ਲਏ ਫੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਈਆ । ਨਿਹਕਲੰਕ ਹਰਿ ਖੇਲ ਖਿਲੰਦੜਾ, ਨਿਰਗੁਣ ਜੋਤ ਉਜਾਲਿਆ । ਵੀਹ ਸੌ ਸੋਲਾਂ ਬਿਕ੍ਰਮੀ ਭੇਵ ਖੁਲੰਦੜਾ, ਚਲੇ ਕਲ ਅਵੱਲੜੀ ਚਾਲਾ । ਨੌ ਖੰਡ ਪ੍ਰਿਥਮੀ ਆਪ ਉਠੰਦੜਾ, ਮੁਖ ਨਕਾਬ ਪੜਦਾ ਰੱਖੇ ਕਾਲਾ । ਗੁਰਮੁਖਾਂ ਘਰ ਘਰ ਜੋਤ ਜਗੰਦੜਾ, ਮਨਮੁਖਾਂ ਕੱਢੇ ਦਿਵਾਲਾ । ਹਰਿਜਨ ਸਾਚੇ ਮੇਲ ਮਿਲੰਦੜਾ, ਏਕਾ ਦੱਸੇ ਰਾਹ ਸੁਖਾਲਾ । ਪ੍ਰਭ ਖੋਲ੍ਹਣ ਆਇਆ ਜਿੰਦਰਾ, ਤ੍ਰੈਗੁਣ ਮਾਇਆ ਤੇਰਾ ਤੋੜੇ ਆਪਣੀ ਹੱਥੀਂ ਤਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵੇਤਾ ਲਏ ਫੜ, ਦੇਵੇ ਮਾਣ ਸਿੰਘ ਪਾਲਾ । ਬ੍ਰਹਮੇ ਤੇਰੀ ਬ੍ਰਹਮ ਵਡਿਆਈ, ਪਾਰਬ੍ਰਹਮ ਵੇਖ ਵਖਾਇੰਦਾ । ਕਲਜੁਗ ਅੰਤ ਹੋਏ ਕੁੜਮਾਈ, ਹਰਿ ਸਾਚਾ ਸਗਨ ਮਨਾਇੰਦਾ । ਏਕਾ ਘਰ ਉਤਪੁਤ ਹੋਏ ਧੀ ਜਵਾਈ, ਸਸ ਸੌਹਰਾ ਨਾ ਕੋਇ ਅਖਵਾਇੰਦਾ । ਪ੍ਰਭ ਕਰਨਹਾਰਾ ਆਪ ਕੁੜਮਾਈ, ਆਪਣਾ ਸਗਨ ਆਪ ਮਨਾਇੰਦਾ । ਅਗਲਾ ਭੇਵ ਦਏ ਖੁਲ੍ਹਾਈ, ਇਕੀ ਮੱਘਰ ਰਾਹ ਤਕਾਇੰਦਾ । ਬ੍ਰਹਮ ਲੋਕ ਦਾ ਪੜਦਾ ਦਏ ਚੁਕਾਈ, ਸ਼ਿਵ ਲੋਕ ਵੇਖ ਵਖਾਇੰਦਾ । ਇੰਦ ਲੋਕ ਵੱਜਣ ਧਾਈ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਨਾਲ ਰਲਾਇੰਦਾ । ਗੁਰਮੁਖ ਦਰ ਘਰ ਵੇਖਣ ਚਾਈਂ ਚਾਈਂ, ਪ੍ਰਭ ਸਾਚਾ ਆਪ ਵਖਾਇੰਦਾ । ਚਾਰ ਦਿਵਸ ਚਾਰ ਯੁਗ ਚਾਰ ਵਰਨ ਚਾਰ ਖਾਣੀ ਚਾਰ ਬਾਣੀ ਚੌਥਾ ਪਦ ਸਾਚੀ ਹੱਦ ਵਿਚ ਬ੍ਰਹਿਮਾਦ ਵੱਜੇ ਨਦ, ਬੋਧ ਅਗਾਧ ਹਰਿ ਸਾਚਾ ਆਪ ਵਜਾਇੰਦਾ । ਚੌਵੀ ਮੱਘਰ ਸੰਤ ਭਗਤ ਭਗਵੰਤ ਲਏ ਲਾਧ, ਗਿਣ ਗਿਣ ਲੇਖਾ ਝੋਲੀ ਪਾਈਆ । ਗੰਗਾ ਸੁਰਸਤੀ ਜਮਨਾ ਰਹੀ ਅਰਾਧ, ਦਿਵਸ ਰੈਣ ਰਾਹ ਤਕਾਈਆ । ਰਵਦਾਸ ਚੁਮਾਰਾ ਹਰਿ ਭੇਵ ਜਾਣੇ ਬੋਧ ਅਗਾਧ, ਪੰਡਤ ਪਾਂਧਾ ਨਾਲ ਰਲਾਈਆ । ਜਗਤ ਕਸੀਰਾ ਝੂਠੀ ਦਾਦ, ਬਿਨ ਹਰਿ ਨਾਮ ਨਾ ਕੋਇ ਵਡਿਆਈਆ । ਵੇਲੇ ਅੰਤ ਕੀਤਾ ਯਾਦ, ਨੇਤਰ ਰੋ ਰੋ ਨੀਰ ਵਹਾਈਆ । ਨਿਰਗੁਣ ਸੁਣਨਹਾਰਾ ਫਰਯਾਦ, ਬ੍ਰਹਮ ਬ੍ਰਹਮ ਦਏ ਸਮਝਾਈਆ । ਤੇਰੀ ਭੁਲਾਂ ਕਦੇ ਨਾ ਯਾਦ, ਤੇਰਾ ਵਿਛੋੜਾ ਦਵਾਂ ਕਟਾਈਆ । ਕਲਜੁਗ ਅੰਤਮ ਰੱਖੀ ਹੱਦ, ਪੈਂਡਾ ਮੁੱਕੇ ਵਾਹੋ ਦਾਹੀਆ । ਚਰਨ ਦਵਾਰੇ ਲਵਾਂ ਸਦ, ਤੇਰੀ ਦੁਰਮਤ ਮੈਲ ਧਵਾਈਆ । ਤੇਰਾ ਬੇੜਾ ਪਾਰ ਕਰਾਏ ਜਿਉਂ ਬੱਧਕ ਬਧ, ਤੇਰੀ ਰਸਨਾ ਤੀਰ ਆਪਣੇ ਵਿਚ ਲਗਾਈਆ । ਸੰਗ ਰਲਾਏ ਵਿਸ਼ਨੂੰ ਯੱਦ, ਯੱਦ ਬੰਸ ਵਡ ਵਡਿਆਈਆ । ਲੱਖ ਚੁਰਾਸੀ ਵਿਚੋਂ ਦੇਵੇ ਕੱਢ, ਪੂਰਬ ਲਹਿਣਾ ਵੇਖ ਵਖਾਈਆ । ਘਰ ਰਵਦਾਸ ਗਿਆ ਦਰਸ਼ਨ ਪਿਆਲਾ ਪੀਤਾ ਮਧ, ਨਾਮ ਖੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਛਲਾ ਲਹਿਣਾ ਆਪ ਚੁਕਾਈਆ । ਪਿਛਲਾ ਲਹਿਣਾ ਹਰਿ ਚੁਕੌਣਾ, ਹਰਿ ਜੁਗ ਜੁਗ ਵੇਖ ਵਖਾਇੰਦਾ । ਸਿੰਘ ਜਰਨੈਲ ਵਿਚੋਲਾ ਵਿਚ ਬਣੌਣਾ, ਪਿਛਲਾ ਲੇਖਾ ਆਪ ਖੁਲ੍ਹਾਇੰਦਾ । ਜਗਤ ਸ਼ਾਹ ਜਨਮ ਦਵੌਣਾ, ਪਹਿਲਾ ਕੰਗਣ ਮੋੜ ਮੁੜਾਇੰਦਾ । ਚਾਰ ਬਰਸ ਪਹਿਲੇ ਸ਼ਬਦ ਜਣੌਣਾ, ਸਾਚਾ ਮੁੰਦਰਾ ਹੱਥ ਘੜਾਇੰਦਾ । ਰੱਖਣਾ ਸਾਂਭ ਇਹ ਹੁਕਮ ਸੁਣੌਣਾ, ਸਿੰਘ ਦਰਸ਼ਨ ਝੋਲੀ ਪਾਇੰਦਾ । ਸੰਮਤ ਵੀਹ ਸੌ ਸੋਲਾਂ ਰਾਹ ਤਕੌਣਾ, ਪੰਦਰਾਂ ਕੱਤਕ ਵੇਖ ਵਖਾਇੰਦਾ । ਛੱਤੀ ਯੁਗ ਲੇਖਾ ਆਪ ਲਖੌਣਾ, ਚਾਰ ਚਾਰ ਮੇਲ ਮਿਲਾਇੰਦਾ । ਚਾਲੀ ਦਿਵਸ


੧੨੪੩ ੦੮

ਹਰਿ ਦਿਸ ਨਾ ਆਉਣਾ, ਕਲਜੁਗ ਜੀਵਾਂ ਭਰਮ ਭੁਲਾਇੰਦਾ । ਗਿਆਰਾਂ ਦਿਵਸ ਗੁਰਮੁਖ ਯੁਧ ਮਚੌਣਾ, ਗੁਰਮਤ ਮਨਮਤ ਆਪ ਲੜਾਇੰਦਾ । ਪਹਿਲੀ ਮੱਘਰ ਦਿਵਸ ਸਹੌਣਾ, ਹਰਿ ਸੰਗਤ ਰੰਗ ਚੜ੍ਹਾਇੰਦਾ । ਨੌ ਦਿਵਸ ਮੁਖ ਛੁਪੌਣਾ, ਨੌ ਖੰਡ ਫੇਰਾ ਪਾਇੰਦਾ । ਸੱਤ ਦਿਵਸ ਦਰਦ ਵੰਡੌਣਾ, ਸੱਤਾਂ ਦੀਪਾਂ ਜੋ ਜਨ ਰਸਨਾ ਗਾਇੰਦਾ । ਚਾਰ ਦਿਵਸ ਚਾਰ ਚਾਰ ਖੇਲ ਖਿਲੌਣਾ, ਚਾਰ ਚਾਰ ਮੇਲ ਮਿਲਾਇੰਦਾ । ਚਾਰ ਦਿਨ ਗੁਰਸਿਖ ਉਪਜੌਣਾ, ਚਾਰ ਯਾਰੀ ਭੇਟ ਚੜ੍ਹਾਇੰਦਾ । ਚੌਵੀ ਮੱਘਰ ਸਾਚਾ ਮੰਗਲ ਗੌਣਾ, ਰਵਦਾਸ ਚੁਮਾਰਾ ਵੇਖ ਵਖਾਇੰਦਾ । ਗੰਗਾ ਗੋਦਾਵਰੀ ਸੁਰਸਤੀ ਜਮਨਾ ਚਰਨਾਂ ਹੇਠ ਵਹੌਣਾ, ਤ੍ਰਿਬੈਣੀ ਨੈਣੀ ਇਕ ਸੁਹਾਇੰਦਾ । ਸਚ ਕਸੀਰਾ ਬ੍ਰਹਿਮਣ ਹੱਥ ਫੜੌਣਾ, ਬ੍ਰਹਿਮਣ ਰਵਦਾਸੇ ਭੇਟ ਚੜ੍ਹਾਇੰਦਾ । ਰਵਦਾਸੇ ਸਤਿ ਸਤਿ ਸ਼ੁਕਰ ਮਨੌਣਾ, ਪ੍ਰਭ ਅੱਗੇ ਸੀਸ ਨਿਵਾਇੰਦਾ । ਪ੍ਰਭ ਤੇਰਾ ਰੰਗਨ ਤੇਰਾ ਰੰਗਨ ਤੇਰਾ ਕੰਗਨ ਤੁਝੇ ਹੋਏ ਸੁਹੌਣਾ, ਤੇਰਾ ਤੇਰੀ ਝੋਲੀ ਪਾਇੰਦਾ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਸਾਚੀ ਸੌਗੰਧ ਏਕਾ ਪੌਣਾ, ਆਪ ਆਪਣਾ ਹੁਕਮ ਸੁਣਾਇੰਦਾ । ਹਰਿ ਸੰਗਤ ਸਾਚੀ ਮਾਤ ਵਡਿਆਉਣਾ, ਸੇਵਾਦਾਰ ਆਪ ਹੋ ਆਇੰਦਾ । ਆਪਣਾ ਕਸੀਰਾ ਆਪਣੀ ਝੋਲੀ ਪੌਣਾ, ਇਕੀ ਸਿਖ ਗਵਾਹ ਬਣਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਨੇ ਰਸਨਾ ਗੌਣਾ, ਉਚਾ ਕੂਕੇ ਆਪ ਰਖਾਏ ਆਪਣਾ ਹੱਥ, ਪੁਰਖ ਸਮਰਥ ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਸੁਤੇ ਪਰਕਾਸ਼ ਪੁਰਖ ਅਬਿਨਾਸ਼, ਪਰਮ ਪੁਰਖ ਆਪ ਕਰਾਇਆ । ਸਚ ਘਰ ਵਾਸੀ ਸਾਚੀ ਰਾਸ, ਸਚ ਸੁਲਤਾਨ ਵੇਖ ਵਖਾਇਆ । ਖੇਲ ਤਮਾਸ਼ ਲੱਖ ਚੁਰਾਸੀ ਵਾਸ, ਪ੍ਰਿਥਮੀ ਅਕਾਸ਼ ਆਪਣੇ ਰੰਗ ਰੰਗਾਇਆ । ਸਖਾ ਸੁਹੇਲਾ ਇਕ ਅਕੇਲਾ ਜਨ ਭਗਤਾਂ ਵਸੇ ਸਦਾ ਪਾਸ, ਜੁਗ ਜੁਗ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਤੇਰਾ ਸਚ ਪਿਆਰ, ਚੋਲੀ ਚੜ੍ਹਿਆ ਰੰਗ ਅਪਾਰ, ਲਾਲ ਗੁਲਾਲਾ ਹਰਿ ਹਰਿ ਆਪ ਰੰਗਾਇਆ । ਮਹਾਰਾਜ ਸ਼ੇਰ ਸਿੰਘ ਆਦਿ ਜੁਗਾਦਿ ਹੋਏ ਰਖਵਾਲਾ, ਜੁਗ ਜੁਗ ਜਨ ਭਗਤਾਂ ਪੈਜ ਰਖਾਇਆ । ਰੱਖਣ ਆਇਆ ਹਰਿ ਜੀ ਪੈਜ, ਲਾਲ ਰੰਗੀਲਾ ਮੋਹਣ ਮਾਧੋ ਸਾਚਾ ਮਾਹੀਆ । ਕਰੇ ਖੇਲ ਸਹਿਜ ਸਹਿਜ, ਸਹਿਜ ਸੁਖਦਾਤਾ ਵਡ ਵੱਡਾ ਬੇਪਰਵਾਹੀਆ । ਏਕਾ ਏਕ ਸ਼ਬਦ ਸੁਨੇਹੜਾ ਰਿਹਾ ਭੇਜ, ਦੂਸਰ ਵਿਚੋਲਾ ਨਾ ਕੋਇ ਬਣਾਈਆ । ਮੇਲ ਮਿਲਾਏ ਆਤਮ ਸੇਜ, ਹਰਿਜਨ ਸਾਚੇ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗਾ ਜੁਗੰਤਰ, ਜਨ ਭਗਤਾਂ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਆਤਮ ਜਾਮ ਪਿਆਈਆ ।

### ✪ ੨੧ ਮੱਘਰ ੨੦੧੬ ਬਿਕ੍ਰਮੀ ਜਮਾਂਦਾਰ ਕਿਸ਼ਨ ਸਿੰਘ ਦੇ ਘਰ ਅੱਲੜਪਿੰਡੀ ✪

ਸੋ ਪੁਰਖ ਨਿਰੰਜਣ ਹਰਿ ਸਮਰਥ, ਆਦਿ ਜੁਗਾਦਿ ਸਮਾਇਆ । ਹਰਿ ਪੁਰਖ ਨਿਰੰਜਣ ਮਹਿਮਾ ਅਕੱਥ, ਭੇਵ ਕੋਇ ਨਾ ਪਾਇਆ । ਏਕੰਕਾਰਾ ਚਲਾਏ ਰਥ, ਰਥ ਰਥਵਾਹੀ ਨਾਉਂ ਧਰਾਇਆ । ਆਦਿ ਨਿਰੰਜਣ ਜੋਤ ਉਜਾਲਾ ਲਟ ਲਟ, ਨੂਰੋ ਨੂਰ ਡਗਮਗਾਇਆ । ਪੁਰਖ ਅਬਿਨਾਸ਼ੀ ਵਸਣਹਾਰਾ ਘਟ ਘਟ, ਰੂਪ ਰੰਗ ਨਾ ਕੋਈ ਵਖਾਇਆ । ਸ੍ਰੀ ਭਗਵਾਨ ਜਾਣੇ ਗਥ, ਆਪਣੀ ਮਹਿਮਾ ਆਪ ਸੁਣਾਇਆ । ਪਾਰਬ੍ਰਹਮ ਨਿਰਗੁਣ ਨੈਣ ਖੋਲ੍ਹੇ

ਅੱਖ, ਆਪ ਆਪਣਾ ਪੜਦਾ ਲਾਹਿਆ । ਸਤਿ ਸਰੂਪ ਹੋ ਪਰਤੱਖ, ਅਗੰਮ ਅਗੰਮੜੀ ਧਾਰ ਚਲਾਇਆ । ਸ਼ਬਦ ਨਾਦ ਉਪਜਾਏ ਨਦ, ਆਪ ਆਪਣਾ ਨਾਉਂ ਸੁਣਾਇਆ । ਆਪਣਾ ਆਪ ਕਰਿਆ ਵੱਖ, ਨਿਰੰਕਾਰ ਨਿਰਗੁਣ ਖੇਲ ਖਿਲਾਇਆ । ਵਿਸ਼ਨੂੰ ਵਿਸ਼ਵ ਹੋ ਪਰਗਟ, ਰੰਗ ਰੰਗੀਲਾ ਰੰਗ ਰੰਗਾਇਆ । ਆਪਣੀ ਨਾਭੀ ਕਵਲੀ ਹੋ ਪਰਗਟ, ਆਪਣਾ ਫੁੱਲ ਖਿਲਾਇਆ । ਆਪਣਾ ਰਸ ਆਪਣਾ ਅੰਮ੍ਰਿਤ ਆਪਣੇ ਨਿਝਰ ਆਪੇ ਝੱਟ, ਆਪੇ ਧਾਰ ਵਹਾਇਆ । ਆਪਣੀ ਸੇਜ ਆਪਣੀ ਖਾਟ, ਆਪਣਾ ਆਸਣ ਆਪ ਸੁਹਾਇਆ । ਆਪਣੀ ਜੋਤੀ ਆਪ ਲਿਲਾਟ, ਆਪਣਾ ਦੀਪ ਆਪ ਟਿਕਾਇਆ । ਆਪਣਾ ਮੰਦਰ ਆਪਣਾ ਹਾਟ, ਆਪਣਾ ਵਣਜ ਆਪ ਵਖਾਇਆ । ਆਪਣਾ ਖੇਲੇ ਖੇਲ ਬਾਜੀਗਰ ਨਾਟ, ਨਟ ਨਟੂਆ ਸਾਂਗ ਵਰਤਾਇਆ । ਆਪਣਾ ਪਾੜੇ ਆਣ ਬਾਟ, ਆਪਣਾ ਮੁਖ ਆਪ ਵਖਾਇਆ । ਬ੍ਰਹਮ ਰੂਪ ਹੋ ਸਾਖਿਯਾਤ, ਬ੍ਰਹਮ ਆਪਣਾ ਨਾਉਂ ਧਰਾਇਆ । ਉਤਮ ਰੱਖੀ ਆਪਣੀ ਜ਼ਾਤ, ਲੇਖਾ ਲੇਖ ਨਾ ਕੋਈ ਵਖਾਇਆ । ਇਕ ਅਕੱਲਾ ਬੈਠ ਇਕਾਂਤ, ਆਪ ਆਪਣਾ ਮਤਾ ਪਕਾਇਆ । ਆਪੇ ਵੇਖੇ ਮਾਰ ਝਾਤ, ਸਚ ਦਵਾਰਾ ਆਪ ਸੁਹਾਇਆ । ਆਪਣੀ ਪੁੱਛੇ ਆਪੇ ਵਾਤ, ਆਪ ਆਪਣਾ ਸਗਨ ਮਨਾਇਆ । ਆਪੇ ਪਿਤਾ ਆਪੇ ਮਾਤ, ਬਾਲ ਨਿਧਾਨਾ ਆਪ ਉਪਾਇਆ । ਆਪੇ ਸ਼ੰਕਰ ਦੇਵੇ ਦਾਤ, ਸੁੰਨ ਸਮਾਧ ਆਪ ਸਮਾਇਆ । ਆਪੇ ਪੂਰਾ ਕਰੇ ਘਾਟ, ਆਪਣਾ ਲਹਿਣਾ ਆਪੇ ਮੂਲ ਚੁਕਾਇਆ । ਆਪੇ ਤ੍ਰੈਗੁਣ ਦੇਵੇ ਸਾਚਾ ਸਾਥ, ਸਗਲਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ

੧੨੪੫ ਖੇਲ ਖਿਲਾਇਆ । ਤ੍ਰੈਗੁਣ ਮਾਇਆ ਹਰਿ ਉਪਾਏ, ਹਰਿ ਵੱਡਾ ਵਡ ਵਡਿਆਈਆ । ਸਾਂਤਕ ਸਤਿ ਵਿਸ਼ਨੂੰ ਝੋਲੀ ਪਾਏ, ਨਾ ਦੂਸਰ ਹੱਥ ਫੜਾਈਆ । ੧੨੪੫

੦੮ ਰਾਜਸ ਬ੍ਰਹਮਾ ਅੰਗ ਲਗਾਏ, ਅੰਗੀਕਾਰ ਆਪ ਕਰਾਈਆ । ਤਾਮਸ਼ ਸ਼ੰਕਰ ਜੋੜ ਜੁੜਾਏ, ਨਾ ਕੋਈ ਤੋੜੇ ਤੋੜ ਤੁੜਾਈਆ । ਤਿੰਨਾਂ ਵਿਚੋਲਾ ੦੮

ਆਪ ਹੋ ਜਾਏ, ਦਿਸ ਕਿਸੇ ਨਾ ਆਈਆ । ਨਿਰਗੁਣ ਆਪਣਾ ਖੇਲ ਖਿਲਾਏ, ਖੇਲਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਆਪ ਅਖਵਾਈਆ । ਸੋ ਪੁਰਖ ਨਿਰੰਜਣ ਹਰਿ ਅਗੰਮ, ਆਦਿ ਜੁਗਾਦਿ ਸਮਾਈਆ । ਏਕੰਕਾਰਾ ਇਕ ਅਗੰਮ, ਨਾ ਮਰੇ ਨਾ ਜਾਈਆ । ਵਸਣਹਾਰਾ ਸਾਚੀ ਛੱਪਰੀ ਛੰਨ, ਮਹੱਲ ਅਟੱਲ ਨਾ ਕੋਈ ਵਖਾਈਆ । ਆਪਣਾ ਬੇੜਾ ਆਪੇ ਬੰਨ, ਆਪੇ ਬੈਠਾ ਆਸਣ ਲਾਈਆ । ਸਚਖੰਡ ਦਵਾਰ ਏਕੰਕਾਰ ਇਕ ਅਕੱਲਾ ਸਚ ਮਹੱਲਾ ਆਪੇ ਕਹੇ ਧੰਨ ਧੰਨ, ਆਪਣੀ ਸੋਭਾ ਆਪ ਜਣਾਈਆ । ਅਬਿਨਾਸ਼ੀ ਕਰਤਾ ਆਪਣਾ ਬੇੜਾ ਆਪੇ ਬੰਨ, ਆਪੇ ਰਿਹਾ ਚਲਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਗੁਣ ਨਿਧਾਨ ਸੁੱਤ ਦੁਲਾਰ ਨਿਰਾਕਾਰ ਏਕਾ ਏਕ ਲਏ ਜੰਮ, ਆਪ ਆਪਣਾ ਅੰਗ ਕਟਾਈਆ । ਪਾਰਬ੍ਰਹਮ ਜਾਏ ਮੰਨ ਨਾ ਕੋਈ ਵਸੇ ਤਨ, ਏਕਾ ਰਾਗ ਕੰਨ ਸੁਣਾਈਆ । ਬ੍ਰਹਮ ਬ੍ਰਹਮ ਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਈਆ । ਪਾਰਬ੍ਰਹਮ ਬ੍ਰਹਮ ਉਤਪਤ, ਆਪਣੀ ਦਇਆ ਕਮਾਇੰਦਾ । ਸ਼ਿਵ ਵਿਸ਼ਨ ਖੇਲ ਖਿਲੰਤ, ਆਪ ਆਪਣਾ ਖੇਲ ਖਿਲਾਇੰਦਾ । ਸ਼ੰਕਰ ਮੇਲਾ ਜੁਗਾ ਜੁਗੰਤ, ਜੁਗ ਜੁਗ ਧਾਰ ਬੰਧਾਇੰਦਾ । ਤ੍ਰੈਗੁਣ ਮਾਇਆ ਰੰਗ ਰੰਗਤ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਰਚਨ ਆਪ ਰਚਾਇੰਦਾ । ਤ੍ਰੈਗੁਣ ਮਾਇਆ ਤੱਤ ਪਸਾਰਾ, ਪੰਚਮ ਜੋੜ ਜੁੜਾਇੰਦਾ । ਵਿਸ਼ਨੂੰ ਦੇਵੇ ਇਕ ਹੁਲਾਰਾ, ਬ੍ਰਹਮ ਬ੍ਰਹਮ ਸਮਾਇੰਦਾ । ਸ਼ੰਕਰ ਬੋਲ

ਅੰਤ ਜੈਕਾਰਾ, ਅੰਤਮ ਲੇਖ ਲਿਖਾਇੰਦਾ। ਆਪੇ ਵਸੇ ਸਭ ਤੋਂ ਨਿਆਰਾ, ਆਪ ਆਪਣਾ ਥਾਨ ਸੁਹਾਇੰਦਾ। ਹੁਕਮੀ ਹੁਕਮ ਵਰਤੇ ਵਰਤਾਰਾ, ਸਚ ਸੁਲਤਾਨ ਹਰਿ ਮਿਹਰਵਾਨ, ਧੁਰ ਫ਼ਰਮਾਣ ਆਪ ਜਣਾਇੰਦਾ। ਸ਼ਬਦ ਅਗੰਮੀ ਇਕ ਜੈਕਾਰਾ, ਅੰਦਰ ਬਾਹਰ ਗੁਪਤ ਜ਼ਾਹਰਾ, ਇਕ ਅਕੱਲਾ ਦੇਵਣਹਾਰਾ, ਬ੍ਰਹਮੇ ਬ੍ਰਹਮ ਮਤ ਇਕ ਸਮਝਾਇੰਦਾ। ਚਾਰੇ ਵੇਦਾਂ ਵੇਦ ਲਿਖਾਰਾ, ਚਾਰੇ ਜੁਗ ਵੰਡਾਇੰਦਾ। ਲੱਖ ਚੁਰਾਸੀ ਭਰ ਭੰਡਾਰਾ, ਘਟ ਘਟ ਅੰਦਰ ਆਪ ਉਜਿਆਰਾ, ਬਾਤੀ ਬਾਤੀ ਆਪ ਜਗਾਇੰਦਾ। ਘਰ ਅੰਮ੍ਰਿਤ ਬੂੰਦ ਠੰਡੀ ਠਾਰਾ, ਘਰ ਅਗਨੀ ਤੱਤ ਤੱਤੀ ਹਾੜਾ, ਘਰ ਪੰਚਮ ਸਖੀਆਂ ਸਚ ਅਖਾੜਾ, ਘਰ ਮੰਦਰ ਦਿਸੇ ਝੂਠੀ ਧਾੜਾ, ਘਰ ਬੰਕ ਸੁਹਾਇੰਦਾ। ਨੌ ਦਵਾਰ ਘਰ ਗੁਪਤ ਰਖਾਏ ਦਸਮ ਦਵਾਰਾ, ਘਰ ਸਾਚਾ ਇਕ ਸੁਹਾਇੰਦਾ। ਘਰ ਮੀਤਾ ਹਰਿ ਨਿਰੰਕਾਰ, ਘਰ ਦੀਪਕ ਜੋਤ ਉਜਿਆਰ, ਘਰ ਵਸੇ ਧੂੰਆਂਧਾਰ, ਘਰ ਮੰਦਰ ਰਹੇ ਖੁਵਾਰ, ਘਰ ਮੇਲਾ ਕੰਤ ਭਤਾਰ, ਘਰ ਹੋਏ ਦੁਹਾਗਣ ਨਾਰ, ਘਰ ਵਿਚੋਲਾ ਫੇਰੇ ਰਿਹਾ ਮਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ। ਘਰ ਰੁੱਤੜੀ ਘਰ ਬਸੰਤ, ਘਰ ਸ਼ਬਦ ਅਗੰਮੀ ਮਣਤ, ਘਰ ਜੋਤ ਨਿਰੰਜਣ ਆਦਿ ਅੰਤ, ਘਰ ਮੇਲ ਸ੍ਰੀ ਭਗਵੰਤ, ਘਰ ਸਾਚਾ ਆਪ ਸੁਹਾਇੰਦਾ। ਘਰ ਪੁਰਖਾ ਨਾਰੀ ਨਰ ਨਰਾਇਣ, ਘਰ ਕੰਤ ਸ਼ਿੰਗਾਰੀ ਆਪਣੀ ਨੈਣ, ਘਰ ਧੀ ਕੁਆਰੀ ਬੈਠੀ ਡੈਣ, ਘਰ ਨਾਲ ਰਲਾਏ ਸਾਕ ਸੈਣ, ਘਰ ਕਵਣ ਚੁਕਾਏ ਲਹਿਣ ਦੇਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਤੇਰਾ ਘਰ, ਪੁਰਖ ਅਬਿਨਾਸ਼ੀ ਅੰਦਰ ਵੜ, ਵੇਖਣਹਾਰਾ ਦਰ ਦਰ, ਦਰ ਦਰਵਾਜਾ ਆਪ ਖੁਲ੍ਹਾਇੰਦਾ। ਘਰ ਸ਼ਾਹੋ ਘਰ ਸੁਲਤਾਨ, ਘਰ ਮੰਗਣਹਾਰਾ ਦਾਨ, ਘਰ ਗੋਪੀ ਵੇਖੇ ਕਾਹਨ, ਘਰ ਨਿਉਂ ਨਿਉਂ ਵੇਖੇ ਮਾਰ ਧਿਆਨ, ਘਰ ਰਾਗ ਸੁਣਾਏ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਤੇਰਾ ਘਰ, ਨਿਰਗੁਣ ਅੰਦਰ ਆਪੇ ਵੜ, ਆਪਣਾ ਦਰ ਆਪ ਸੁਹਾਇੰਦਾ। ਘਰ ਚੋਰ ਯਾਰ ਠੱਗ, ਘਰ ਵਸੇ ਉਪਰ ਸ਼ਾਹ ਰਗ, ਘਰ ਤ੍ਰੈਗੁਣ ਮਾਇਆ ਲਗੀ ਅੱਗ, ਘਰ ਦੀਪਕ ਜੋਤ ਅਗੰਮੀ ਰਹੀ ਜਗ, ਘਰ ਪਵਣ ਠੰਡੀ ਰਹੀ ਵਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਘਰ ਅੰਦਰ ਆਪੇ ਵੜ, ਘਰ ਆਪਣਾ ਆਪ ਸੁਹਾਇਆ। ਦਰ ਘਰ ਮੰਦਰ ਹਰਿ ਦਵਾਰ, ਘਰ ਬੈਠਾ ਹਰਿ ਨਿਰੰਕਾਰ, ਘਰ ਖੇਲੇ ਖੇਲ ਅਪਾਰ, ਘਰ ਵੇਸ ਅਨੇਕ ਸੱਚੀ ਸਰਕਾਰਾ, ਘਰ ਮੇਲਾ ਕੰਤ ਭਤਾਰਾ, ਘਰ ਚੇਲਾ ਚੇਲਾ ਗੁਰੂ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਅੰਦਰ ਵੜ, ਆਪੇ ਖੋਲ੍ਹੇ ਆਪਣਾ ਘਰ, ਘਰ ਮੰਦਰ ਆਪ ਸੁਹਾਈਆ। ਘਰ ਤ੍ਰੈਗੁਣ ਦਾਤ, ਘਰ ਸ਼ਬਦ ਕਰਾਮਾਤ, ਘਰ ਕਮਲਾਪਾਤ, ਘਰ ਅੰਧੇਰੀ ਰਾਤ, ਘਰ ਔਖਾ ਘਾਟ, ਘਰ ਅੰਮ੍ਰਿਤ ਰਸ ਚਾਟ, ਘਰ ਨੇੜੇ ਵਾਟ, ਘਰ ਚੌਦਾਂ ਹਾਟ, ਘਰ ਤੀਰਥ ਤਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਤੇਰਾ ਦਰ, ਆਪੇ ਵੇਖੇ ਨਰ ਹਰਿ, ਹਰਿ ਨਰ ਆਪ ਅਖਵਾਇੰਦਾ। ਘਰ ਡੂੰਘੀ ਕੰਦਰ ਸੁੰਞ ਮਸਾਣਾ, ਘਰ ਅਨਹਦ ਰਾਗ ਸੱਚੀ ਧੁਨਕਾਨਾ, ਘਰ ਸਖੀਆਂ ਮਿਲ ਮਿਲ ਪੰਚਮ ਗਾਣਾ, ਘਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਨਾ, ਘਰ ਬੈਠੇ ਪੰਜ ਸ਼ੈਤਾਨਾ, ਘਰ ਦੇਵੇ ਬ੍ਰਹਮ ਗਿਆਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਅੰਦਰ ਆਪੇ ਵੜ, ਨਾ ਕੋਈ ਸੀਸ ਨਾ ਕੋਈ ਧੜ, ਆਪ ਆਪਣਾ ਖੇਲ ਖਿਲਾਇੰਦਾ। ਘਰ ਮੰਦਰ ਹਰਿ ਨਿਰੰਕਾਰਾ, ਘਰ ਕਰਿਆ ਬੰਦ ਕਿਵਾੜਾ ਘਰ ਵੇਖੇ ਪੰਚਮ ਧਾੜਾ, ਘਰ ਮੇਲਾ ਸੱਜਣ ਯਾਰਾ,

ਘਰ ਬੋਲੇ ਇਕ ਜੈਕਾਰਾ, ਘਰ ਘਰ ਘਰ ਸੋ ਪੁਰਖ ਨਿਰੰਜਣ ਹਰਿ ਪੁਰਖ ਨਿਰੰਜਣ ਲਏ ਅਵਤਾਰਾ, ਘਰ ਮੰਦਰ ਏਕੰਕਾਰਾ, ਕਰੇ ਖੇਲ ਅਗੰਮ ਅਪਾਰਾ, ਘਰ ਅਬਿਨਾਸ਼ੀ ਕਰਤਾ ਆਪਣਾ ਰੰਗ ਰੰਗੇ ਸੰਸਾਰਾ, ਘਰ ਸ੍ਰੀ ਭਗਵਾਨ ਹਰਖ਼ ਸੋਗ ਰੋਗ ਦੋਖ ਸਰਨਾ ਇਕ ਵਖਾਇੰਦਾ । ਚਰਨ ਦਵਾਰਾ ਘਰ ਪਾਰਬ੍ਰਹਮ ਨਾ ਜਨਮੇ ਨਾ ਕਦੇ ਮਰਦਾ, ਆਦਿ ਜੁਗਾਦਿ ਖੇਲ ਅਪਾਰਾ । ਘਰ ਬ੍ਰਹਮ ਬ੍ਰਹਮ ਨੂਰੀ ਨੂਰ ਧਰਦਾ, ਨੂਰੋ ਨੂਰ ਹੋਏ ਉਜਿਆਰਾ । ਘਰ ਵਿਸ਼ਨੂੰ ਬਹਿ ਬਹਿ ਪਾਣੀ ਭਰਦਾ, ਦਿਵਸ ਰੈਣ ਰਹੇ ਪਨਹਾਰਾ । ਘਰ ਸ਼ੰਕਰ ਬਹਿ ਬਹਿ ਹਾੜੇ ਕੱਢਦਾ, ਬੈਠਾ ਸੇਵਾਦਾਰਾ । ਸੋ ਪੁਰਖ ਨਿਰੰਜਣ ਆਪਣਾ ਖੇਲ ਆਪੇ ਕਰਦਾ, ਹਰਿ ਪੁਰਖ ਨਿਰੰਜਣ ਖੇਲਣਹਾਰਾ । ਘਰ ਬ੍ਰਹਮ ਚਾਰੇ ਵੇਦ ਪੜ੍ਹਦਾ, ਚਾਰੇ ਜੁਗਾਂ ਦਏ ਹੁਲਾਰਾ । ਘਰ ਤ੍ਰੈਗੁਣ ਮਾਇਆ ਅੰਦਰ ਧਰਦਾ, ਦਿਸ ਨਾ ਆਏ ਵਿਚ ਸੰਸਾਰਾ । ਘਰ ਪੰਜ ਤੱਤ ਬਹਿ ਬਹਿ ਤਰਦਾ, ਦਿਵਸ ਰੈਣ ਰਿਹਾ ਉਠਾਇਆ । ਘਰ ਬਣਾਇਆ ਕਿਲਾ ਕੋਟ ਹੰਕਾਰ ਗੜ ਦਾ, ਵਿਚ ਵਸਾਇਆ ਠਗ ਚੋਰ ਯਾਰਾ । ਘਰ ਉਪਾਇਆ ਸੱਚੇ ਨਰ ਹਰਿ ਦਾ, ਹਰੀ ਹਰਿ ਕਰ ਪਸਾਰਾ । ਆਦਿ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਸੋ ਪੁਰਖ ਹਰਿ ਪੁਰਖ ਨਿਰੰਜਣ ਆਦਿ ਸ਼ਕਤ ਪਰਵਰਦਿਗਾਰ ਏਕਾ ਅੱਖਰ ਸੋਹੰ ਪੜ੍ਹਦਾ, ਦੂਸਰ ਹੋਰ ਨਾ ਕੋਈ ਪੜ੍ਹਾਈਆ । ਸੋਹੰ ਅੱਖਰ ਹਰਿ ਹਰਿ ਪੜ੍ਹ, ਆਪਣੀ ਬਣਤ ਆਪ ਬਣਾਈਆ । ਆਪਣੇ ਪੌੜੇ ਆਪੇ ਚੜ੍ਹ, ਸਚਖੰਡ ਦਵਾਰ ਸੁਹਾਈਆ । ਆਪ ਲਗਾਏ ਆਪਣੀ ਜੜ, ਆਪਣਾ ਬੂਟਾ ਆਪ ਉਪਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਕਾਦਰ ਆਪ ਅਖਵਾਈਆ । ਬ੍ਰਹਮਾ ਵਿਸ਼ਨ ਸ਼ਿਵ ਤ੍ਰੈਗੁਣ ਮਾਇਆ ਵਰ, ਪੰਜ ਤੱਤ ਕਰੇ ਕੁੜਮਾਈਆ । ਲੱਖ ਚੁਰਾਸੀ ਘਾੜਨ ਘੜ, ਜੂਨੀ ਜੂਨ ਧਰਾਈਆ । ਅੰਡਜ ਜੇਰਜ ਅੰਦਰ ਵੜ, ਉਤਭੁਜ ਸੇਤਜ ਰੰਗ ਰੰਗਾਈਆ । ਹਸਤ ਕੀਟ ਆਪੇ ਕਰ, ਆਪਣਾ ਲੇਖਾ ਆਪ ਸਮਝਾਈਆ । ਨਾਰੀ ਨਰ ਆਪੇ ਬਣ, ਨਰ ਨਰਾਇਣ ਵੇਸ ਵਟਾਈਆ । ਨਾਰ ਭਤਾਰ ਵੇਸ ਕਰ, ਸਾਚੀ ਸੇਜ ਹੰਢਾਈਆ । ਪੂਤ ਸਪੂਤਾ ਅੱਗੇ ਕਰ, ਆਪਣੀ ਗੋਦ ਬਹਾਈਆ । ਆਦਿ ਜੁਗਾਦਿ ਨਾ ਕੋਈ ਡਰ, ਨਿਰਭੈ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪੇ ਰਿਹਾ ਖੁਲ੍ਹਾਈਆ । ਸੋ ਪੁਰਖ ਨਿਰੰਜਣ ਬੋਲ ਜੈਕਾਰਾ, ਸੋਹੰ ਕੁਦਰਤ ਆਪ ਬਣਾਇੰਦਾ । ਕੁਦਰਤ ਕਾਦਰ ਇਕ ਪਿਆਰਾ, ਆਪਣਾ ਕਲਮਾ ਆਪ ਅਲਾਇੰਦਾ । ਆਪ ਵਿਚੋਲਾ ਬਣ ਨਿਰੰਕਾਰਾ, ਸਾਚਾ ਮੇਲ ਮਿਲਾਇੰਦਾ । ਆਪਣਾ ਢੋਲਾ ਗਾਏ ਅਪਰ ਅਪਾਰਾ, ਆਪਣਾ ਬੋਲਾ ਆਪ ਅਲਾਇੰਦਾ । ਆਪਣਾ ਤੋਲਾ ਨਿਰਗੁਣ ਧਾਰਾ, ਸਰਗੁਣ ਆਪ ਤੁਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਬ੍ਰਹਮ ਬ੍ਰਹਮ ਬ੍ਰਹਮ ਵੇਸ ਵਟਾਇੰਦਾ । ਸੋਹੰ ਸ਼ਬਦ ਏਕੰਕਾਰਾ, ਆਪਣੇ ਵਿਚ ਰਖਾਇੰਦਾ । ਦੂਸਰ ਕਿਸੇ ਹੱਥ ਨਾ ਦੇਵੇ ਵਿਚ ਸੰਸਾਰਾ, ਗੁਰ ਪੀਰ ਨਾ ਕੋਈ ਵਰਤਾਇੰਦਾ । ਮਾਤ ਗਰਭ ਵਿਚੋਂ ਜੋ ਆਏ ਬਾਹਰਾ, ਹੰ ਹੰ ਸਰਬ ਅਖਵਾਇੰਦਾ । ਨਾੜੀ ਚੰਮ ਤੇ ਵਸਿਆ ਬਾਹਰਾ, ਸੋ ਪੁਰਖ ਹਰਿ ਹੋ ਆਇੰਦਾ । ਨੌਂ ਨੌਂ ਚਾਰ ਨਾ ਲਏ ਅਵਤਾਰਾ, ਛੱਤੀ ਜੁਗ ਨਾ ਮੁਖ ਵਖਾਇੰਦਾ । ਸਾਧ ਸੰਤ ਜੁਗਾਂ ਜੁਗੰਤ ਰਹੇ ਪੁਕਾਰਾ, ਦਿਵਸ ਰੈਣ ਧਿਆਨ ਵਖਾਇੰਦਾ । ਗਾਵਤ ਗਾ ਗਾ ਥੱਕਾ ਸਰਬ ਸੰਸਾਰਾ, ਰਸਨਾ ਜੇਹਵਾ ਸਰਬ ਹਿਲਾਇੰਦਾ । ਸਤਿਜੁਗ ਚਲਾਈ ਆਪਣੀ ਧਾਰਾ, ਤ੍ਰੇਤੇ ਭੇਵ ਨਾ ਕੋਈ ਖੁਲ੍ਹਾਇੰਦਾ । ਰਿਖ ਮੁਨ ਜਪ ਤਪ ਹਠ ਅਭਿਆਸ ਜੋਗ ਕਰ ਕਰ ਥੱਕ ਗਏ ਹਾਰਾ, ਹਰਿ ਕਾ ਹਾਰ ਨਾ ਕੋਈ ਗਲੇ ਪਹਿਨਾਇੰਦਾ । ਕਿਰਪਾ ਕਰ ਪੁਰਖ ਕਰਤਾਰਾ, ਕੋਟਾਂ ਵਿਚੋਂ ਇਕ ਤਰਾਇੰਦਾ ।

ਧਰੂ ਪ੍ਰਹਿਲਾਦ ਪਾਰ ਕਰਾਏ ਆਪਣੀ ਵਾਰਾ, ਆਪ ਆਪਣੀ ਗੋਦ ਬਹਾਇੰਦਾ । ਦੁਆਪਰ ਤੇਰਾ ਕਰ ਪਸਾਰਾ, ਆਪ ਆਪਣਾ ਹੁਕਮ ਚਲਾਇੰਦਾ । ਤ੍ਰਿਲੋਕੀ ਨਾਥ ਸਖੀਆਂ ਗਾਏ ਮੰਗਲਾਚਾਰਾ, ਮੰਡਲ ਰਾਸ ਆਪ ਨਚਾਇੰਦਾ । ਭਗਤ ਭਗਵੰਤ ਮੇਲ ਮਿਲਾਏ ਵਿਚ ਸੰਸਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਕੋਈ ਨਾ ਗਾਏ ਸੋਹੰ ਸ਼ਬਦ ਜੈਕਾਰਾ, ਬੱਤੀ ਦੰਦ ਨਾ ਮੁਖ ਵਖਾਇੰਦਾ । ਕਲਜੁਗ ਕਰਿਆ ਖੇਲ ਅਪਾਰਾ, ਆਪ ਆਪਣੀ ਕਲ ਵਰਤਾਇੰਦਾ । ਰੰਗਿਆ ਰੰਗ ਵਿਚ ਸੰਸਾਰਾ, ਜਗਤ ਸੂਸਾ ਆਪ ਰੰਗਾਇੰਦਾ । ਈਸਾ ਮੂਸਾ ਦੇਵੇ ਹੁਲਾਰ, ਏਕਾ ਹੁਕਮ ਜਣਾਇੰਦਾ । ਕਲਮਾ ਅਮਾਮ ਸੱਚੀ ਸਰਕਾਰਾ, ਸ਼ਾਹ ਸੁਲਤਾਨਾ ਆਪ ਸੁਣਾਇੰਦਾ । ਮੁਹੰਮਦ ਮੁਹੰਮਦੀ ਇਕ ਦਵਾਰਾ, ਅਧਵਿਚਕਾਰਾ ਮੇਲ ਮਿਲਾਇੰਦਾ । ਨਾਲ ਰਲਾਇਆ ਚਾਰ ਯਾਰਾ, ਚੌਥਾ ਜੁਗ ਵੇਖ ਵਖਾਇੰਦਾ । ਤੂੰ ਹੀ ਤੂੰ ਤੂੰ ਕਰ ਪੁਕਾਰਾ, ਤੇਰਾ ਤੇਰੇ ਵਿਚ ਸਮਾਇੰਦਾ । ਐਨਲਹੱਕ ਜਿਸ ਬੋਲਿਆ ਨਾਅਰਾ, ਗਲ ਫਾਸੀ ਫਾਸ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਆਪਣਾ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਇਕ ਅਕੱਲਾ, ਏਕਾ ਰੰਗ ਸਮਾਇਆ । ਹੰ ਬ੍ਰਹਮ ਜਗਤ ਮਹੱਲਾ, ਨੌ ਖੰਡ ਡੇਰਾ ਲਾਇਆ । ਆਦਿ ਨਿਰੰਜਣ ਜੋਤ ਨਿਰੰਜਣ ਦੀਪਕ ਆਪੇ ਬੱਲਾ, ਤੇਲ ਬਾਤੀ ਨਾ ਕੋਇ ਟਿਕਾਇਆ । ਸ਼ਬਦ ਅਗੰਮੀ ਸਚ ਸੁਨੇਹੜਾ ਏਕਾ ਘੱਲਾ, ਤਾਰ ਸਤਾਰ ਨਾ ਕੋਈ ਹਿਲਾਇਆ । ਵਸਣਹਾਰਾ ਨੇਹਚਲ ਧਾਮ ਅਟੱਲਾ, ਘਰ ਘਰ ਬੈਠਾ ਅਲਖ ਜਗਾਇਆ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ਨ ਆਸਣ ਲਾਇਆ । ਜੀਵ ਜੰਤ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪ ਕਰਾਇਆ । ਨਾਨਕ ਮੇਟਿਆ ਦੂਈ ਦਵੈਤੀ ਸੱਲਾ, ਏਕਾ ਸੋਹੰ ਸ਼ਬਦ ਪੜ੍ਹਾਇਆ । ਪੁਰਖ ਅਕਾਲ ਫੜਾਇਆ ਆਪਣਾ ਪੱਲਾ, ਅੰਤਮ ਆਪਣੇ ਵਿਚ ਮਿਲਾਇਆ । ਗ਼ਰੀਬ ਨਿਮਾਣਿਆਂ ਅੰਦਰ ਆਪੇ ਰੱਲਾ, ਖਿਮਾ ਗ਼ਰੀਬੀ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇਆ । ਨਾਨਕ ਨਿਰਗੁਣ ਧਾਰ, ਨਿਰਾਧਾਰ ਖੇਲ ਖਿਲਾਇੰਦਾ । ਸੋ ਪੁਰਖ ਨਿਰੰਜਣ ਬੋਲ ਜੈਕਾਰ, ਹੰ ਬ੍ਰਹਮ ਮੇਲ ਮਿਲਾਇੰਦਾ । ਦੋਏ ਅੱਖਰ ਵਿਚ ਸੰਸਾਰ, ਆਪ ਆਪਣਾ ਖੇਲ ਖਿਲਾਇੰਦਾ । ੳ : ਓਅੰਕਾਰ, ਓਅੰਕਾਰ ਮੇਲ ਮਿਲਾਇੰਦਾ । ਅ : ਅੱਖ ਲਏ ਉਘਾੜ, ਸਚਖੰਡ ਦਵਾਰਾ ਆਪ ਸੁਹਾਇੰਦਾ । ੲ : ਇਸ਼ਟ ਸਰਬ ਸੰਸਾਰ, ਭੇਵ ਕੋਈ ਨਾ ਪਾਇੰਦਾ । ਸ : ਸਾਚਾ ਕਿਲਾ ਸੋ ਪੁਰਖ ਨਿਰੰਜਣ ਕਰ ਤਿਆਰ, ਉਪਰ ਹੋੜਾ ਇਕ ਲਗਾਇੰਦਾ । ਨਿਰਗੁਣ ਸਰਗੁਣ ਬਣੇ ਧਾਰ, ਲੋਕਮਾਤ ਰਾਹ ਤਕਾਇੰਦਾ । ਲੱਖ ਚੁਰਾਸੀ ਬ੍ਰਹਮ ਪਸਾਰ, ਆਪ ਆਪਣਾ ਰੂਪ ਵਟਾਇੰਦਾ । ਪੰਚਮ ਅੱਖਰ ਲੇਖ ਅਪਾਰ, ਹ : ਹਰੀ ਹਰਿ ਨਾਉਂ ਧਰਾਇੰਦਾ । ਹੰ ਬ੍ਰਹਮ ਏਕਾ ਧਾਰ, ਵਰਨ ਗੋਤ ਨਾ ਕੋਈ ਰਖਾਇੰਦਾ । ਪੰਚਮ ਅੰਦਰ ਵਸਿਆ ਕਰਤਾਰ, ਪੰਚਮ ਸ਼ਬਦ ਅੰਦਰ ਅਲ੍ਹਾਇੰਦਾ । ਬਿਨ ਹਰਿ ਸਾਚੇ ਨਾ ਪਾਵੇ ਸਾਰ, ਅਵਰ ਨਾ ਕੋਈ ਕੋਟਨ ਕੋਟ ਧਿਆਨ ਲਗਾਇੰਦਾ । ਨਾਨਕ ਪਾਇਆ ਇਕ ਦਰਬਾਰ, ਠਾਂਡਾ ਘਰ ਹਰਿ ਸੁਹਾਇੰਦਾ । ਦਿਵਸ ਰੈਣ ਮੰਗਲਾਚਾਰ, ਸਾਚੀ ਆਰਤੀ ਹਵਨ ਵਖਾਇੰਦਾ । ਨਿਰਗੁਣ ਨੂਰ ਨੂਰ ਉਜਿਆਰ, ਸਾਚੇ ਤਖ਼ਤ ਸੋਭਾ ਪਾਇੰਦਾ । ਸ਼ਾਹ ਸੁਲਤਾਨ ਭੂਪ ਸੱਚੀ ਸਰਕਾਰ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਲੋਕਮਾਤ ਵੇਸ ਕਰ ਆਪੇ ਜਾਣੀ ਆਪਣੀ ਕਾਰ, ਆਪਣੀ ਸੇਵਾ ਆਪ ਕਮਾਇੰਦਾ । ਏਕਾ ਗੁਰ ਇਕ ਅਵਤਾਰ, ਏਕਾ ਗੋਬਿੰਦ ਨਾਉਂ ਧਰਾਇੰਦਾ । ਏਕਾ ਸਾਗਰ ਸਿੰਧ ਕਰੇ ਪਿਆਰ, ਸਗਲਾ ਬੇੜਾ ਆਪ ਤਰਾਇੰਦਾ । ਏਕਾ ਗੁਣੀ

ਗਹਿੰਦ ਹੋ ਉਜਿਆਰ, ਜਗਤ ਅੰਧੇਰਾ ਆਪ ਮਿਟਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਪਾਰਬ੍ਰਹਮ ਪ੍ਰਭ ਆਪਣਾ ਨਾਉਂ ਵਟਾਇੰਦਾ । ਪਾਰਬ੍ਰਹਮ ਪ੍ਰਭ ਨਾਉਂ ਵਟਾਇਆ, ਅਕਲ ਕਲਾ ਅਖਵਾਈਆ । ਪੰਜ ਤੱਤ ਨਾ ਕੋਈ ਰਖਾਇਆ, ਸੀਸ ਧੜ ਨਾ ਕੋਈ ਜਣਾਈਆ । ਨਿਰਗੁਣ ਜੋਤੀ ਜੋਤ ਜਗਾਇਆ, ਜੋਤੀ ਜੋਤ ਕਰੇ ਰੁਸ਼ਨਾਈਆ । ਸਾਚੇ ਮੰਦਰ ਡੇਰਾ ਲਾਇਆ, ਸਚਖੰਡ ਨਿਵਾਸੀ ਬੇਪਰਵਾਹੀਆ । ਔਂਦਾਂ ਜਾਂਦਾ ਦਿਸ ਨਾ ਆਇਆ, ਦਿਵਸ ਰੈਣ ਨਾ ਕੋਈ ਬਣਾਈਆ । ਏਕਾ ਬੰਸਰੀ ਨਾਮ ਵਜਾਇਆ, ਸਾਚੀ ਸਖੀਆਂ ਮੇਲ ਮਿਲਾਈਆ । ਕੋਟਨ ਕੋਟੀ ਕੋਟ ਰਿਹਾ ਤਰਾਇਆ, ਤਾਰਨਹਾਰਾ ਵਡ ਵਡਿਆਈਆ । ਘਰ ਮੰਦਰ ਸਾਚਾ ਇਕ ਸੁਹਾਇਆ, ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਰਿਹਾ ਚੁਕਾਈਆ । ਕਲਜੁਗ ਅੰਤਮ ਲੇਖ ਚੁਕਾਵਣਾ, ਹਰਿ ਸਾਚਾ ਸਚ ਵਰਤਾਇੰਦਾ । ਨੌ ਨੌ ਚਾਰ ਤੇਰਾ ਕਰਜ਼ਾ ਲਾਹਵਣਾ, ਛੱਤੀ ਜੁਗ ਨਾ ਭਾਰ ਉਠਾਇੰਦਾ । ਧਰਤ ਧਵਲ ਹੌਲੇ ਭਾਰ ਕਰਾਵਣਾ, ਆਪ ਆਪਣੀ ਵੰਡ ਵੰਡਾਇੰਦਾ । ਗੁਰਮੁਖਾਂ ਨੇਤਰ ਦਰਸ ਦਿਖਾਵਣਾ, ਕਲਜੁਗ ਨੇਤਰ ਬੰਦ ਕਰਾਇੰਦਾ । ਸਾਚਾ ਬੰਕ ਇਕ ਸੁਹਾਵਣਾ, ਕੌਰੂ ਕੁਸ਼ੇਤਰ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਲੋਕਮਾਤ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਭਿਖਾਰ, ਦਰ ਦਰਵੇਸ਼ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਮੰਗਣਹਾਰ, ਆਪਣੀ ਮੰਗ ਮੰਗਾਇੰਦਾ । ਏਕੰਕਾਰਾ ਫਿਰੇ ਦਰ ਦਵਾਰ, ਦਰ ਦਰ ਅਲਖ ਜਗਾਇੰਦਾ । ਆਦਿ ਨਿਰੰਜਣ ਜੋਤ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਨਿਰਗੁਣ ਆਪਣਾ ਨਾਉਂ ਵਟਾਇੰਦਾ । ਅਬਿਨਾਸ਼ੀ ਕਰਤਾ ਖੇਲ ਅਪਾਰ, ਖ਼ਾਲਕ ਖ਼ਲਕ ਰੂਪ ਸਮਾਇੰਦਾ । ਪਾਰਬ੍ਰਹਮ ਪ੍ਰਭ ਭਰ ਭੰਡਾਰ, ਬ੍ਰਹਮ ਬ੍ਰਹਮ ਬ੍ਰਹਮ ਵਰਤਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਵਰਤੇ ਵਿਚ ਸੰਸਾਰ, ਸਾਚੀ ਰੀਤੀ ਆਪ ਚਲਾਇੰਦਾ । ਵਿਸ਼ਨੂੰ ਵੰਸੀ ਸੇਵਾਦਾਰ, ਸਾਚਾ ਰਿਜ਼ਕ ਸੁਹਾਇੰਦਾ । ਤ੍ਰੈਗੁਣ ਮਾਇਆ ਦਏ ਅਧਾਰ, ਸਾਚੀ ਝੋਲੀ ਜਗਤ ਭਰਾਇੰਦਾ । ਕਲਜੁਗ ਵੇਖੇ ਕੂੜ ਸ਼ਿੰਗਾਰ, ਕੂੜੀ ਕਾਇਆ ਸਰਬ ਹੰਢਾਇੰਦਾ । ਸਾਚੇ ਦਰ ਨਾ ਕੋਈ ਪਿਆਰ, ਦਰ ਦਵਾਰ ਨਾ ਕੋਈ ਸੁਹਾਇੰਦਾ । ਪਾਰਬ੍ਰਹਮ ਪ੍ਰਭ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਮੰਗਣ ਆਏ ਭਗਤ ਦਵਾਰ, ਭਗਤ ਭਗਤੀ ਲੇਖੇ ਲਾਇੰਦਾ । ਆਪਣੇ ਸੀਸ ਚੁਕਿਆ ਭਾਰ, ਸਵਾ ਸੇਰ ਨਾਉਂ ਧਰਾਇੰਦਾ । ਸਵਾ ਸੇਰ ਦੱਸੇ ਵਿਸਥਾਰ, ਲਿਖਿਆ ਆਪਣਾ ਲੇਖ ਜਣਾਇੰਦਾ । ਇਕ ਸੇਰ ਏਕੰਕਾਰ, ਏਕਾ ਏਕ ਏਕ ਆਪ ਹੋ ਜਾਇੰਦਾ । ਏਕਾ ਚੌਕਾ ਕਰ ਤਿਆਰ, ਏਕਾ ਉਪਰ ਨਾਲ ਰਲਾਇੰਦਾ । ਆਦੀ ਵੰਡ ਵੰਡੇ ਸੰਸਾਰ, ਆਪਣਾ ਕੰਡਾ ਹੱਥ ਉਠਾਇੰਦਾ । ਚਾਰੇ ਕੂਟਾ ਬ੍ਰਹਿਮੰਡ ਖੰਡ ਦਏ ਹੁਲਾਰ, ਜੇਰਜ ਅੰਡ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਖਿਲਾਇੰਦਾ । ਇਕ ਸੇਰ ਏਕੰਕਾਰਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਲਏ ਮਾਤ ਅਵਤਾਰਾ, ਹਰਿ ਭਗਤ ਹਰਿਜਨ ਸਾਚੇ ਨਾਲ ਰਲਾਇਆ । ਕਰੇ ਕਰਾਏ ਵਰਤੇ ਵਰਤਾਏ ਵਿਚ ਸੰਸਾਰਾ, ਸਰਗੁਣ ਨਿਰਗੁਣ ਵੇਸ ਵਟਾਇਆ । ਏਕਾ ਪਾਓ ਸਰਬ ਭੰਡਾਰਾ, ਲੱਖ ਚੁਰਾਸੀ ਵੰਡ ਵੰਡਾਇਆ । ਇਕੀ ਮੱਘਰ ਸੁਹਾਇਆ ਸਚ ਦਿਹਾੜਾ, ਸੰਮਤ ਸੋਲਾਂ ਨਾਲ ਰਲਾਇਆ । ਆਪੇ ਕਰਿਆ ਸਚ ਵਿਹਾਰਾ, ਹਰਿ ਸਾਚੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ ਅਲਖ ਅਗੋਚਰ ਭੇਵ ਨਾ ਰਾਇਆ ।

੧੨੪੯ ੦੮

ਸਚ ਦਵਾਰ ਸਚਖੰਡ, ਹਰਿ ਸੰਗਤ ਵਡ ਵਡਿਆਈਆ । ਏਕਾ ਹਰਿ ਹੋਇਆ ਹਰੀ ਹਰਿ, ਏਕਾ ਹੋੜਾ ਸੰਗ ਰਲਾਈਆ । ਸਵਾ ਸੇਰ ਲੱਖ ਚੁਰਾਸੀ ਨੌ ਖੰਡ ਸੱਤ ਦੀਪ ਬ੍ਰਹਿਮੰਡ ਖੰਡ ਰਵ ਸਸ ਮੰਡਲ ਸਤਾਰ, ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸ ਨਾਲ ਅਧਾਰ, ਆਪਣੇ ਕੰਡੇ ਆਪ ਤੁਲਾਈਆ । ਕੁਮੇਰ ਭਿਖਾਰੀ ਦਰ ਦਵਾਰ ਆਇਆ ਨੇਤਰ ਰੋ ਰੋ ਪਾਵੇ ਡੰਡ, ਖਾਲੀ ਹੱਥ ਰਿਹਾ ਵਖਾਈਆ । ਧਰਨੀ ਰੋਵੇ ਵਾਲ ਸਿਰ ਦੇ ਖੋਹਵੇ ਪ੍ਰਭ ਚਰਨੀ ਨੀਰ ਚਰਨ ਧੋਵੇ, ਆਪਣੀ ਝੋਲੀ ਅੱਗੇ ਡਾਹੀਆ । ਵਿਸ਼ਨੂੰ ਕਰੇ ਪੁਕਾਰ, ਦੋਏ ਜੋੜ ਨਿਮਸਕਾਰ, ਪੁਰਖ ਅਬਿਨਾਸ਼ੀ ਕਿਰਪਾ ਧਾਰ, ਤੁਧ ਬਿਨ ਨਾ ਕੋਇ ਸਹਾਈਆ । ਬ੍ਰਹਮਾ ਅੱਠੇ ਨੇਤਰ ਰਿਹਾ ਉਘਾੜ, ਚਰਨ ਦਵਾਰੇ ਚਾਰ ਕੁੰਟ ਲੱਗਾ ਸਚ ਅਖਾੜ, ਨੇੜੇ ਦਿਸੇ ਨਾ ਕੋਈ ਚੋਰ ਯਾਰ, ਜੂਠ ਝੂਠ ਨਜ਼ਰ ਨਾ ਆਈਆ । ਸ਼ੰਕਰ ਢਹਿ ਢਹਿ ਪਏ ਦਵਾਰ, ਖੁਲੜੇ ਕੇਸ ਕਰੇ ਪੁਕਾਰ, ਦਰ ਦਰਵੇਸ਼ ਬਣੇ ਭਿਖਾਰ, ਹੱਥ ਤ੍ਰਿਸੂਲ ਸੁਟਾਈਆ । ਸੁਰਪਤ ਰਾਜਾ ਇੰਦ ਆਪਣੀ ਬਾਜੀ ਰਿਹਾ ਹਾਰ । ਕਰੋੜ ਤੇਤੀਸਾ ਨਾ ਮੀਤ ਮੁਰਾਰ, ਕਰਿਆ ਖੇਲ ਆਪ ਨਿਰੰਕਾਰ, ਵੇਲੇ ਅੰਤ ਨਾ ਕੋਈ ਸਹਾਈਆ । ਰਵ ਸਸ ਹੋਏ ਉਦਾਸ, ਸਾਚੀ ਜੋਤ ਨਾ ਰਹੀ ਕਿਸੇ ਪਾਸ, ਕਲਜੁਗ ਅੰਤਮ ਹੋਣਾ ਸਰਬ ਵਿਨਾਸ, ਮੰਡਲ ਮੰਡਪ ਨਾ ਕੋਈ ਸਹਾਈਆ । ਪਰਗਟ ਹੋਇਆ ਸ਼ਾਹੋ ਸ਼ਾਬਾਸ਼, ਜਨ ਭਗਤਾਂ ਪੂਰੀ ਕਰੇ ਆਸ, ਹਰਿ ਸੰਗਤ ਹੋਏ ਦਾਸੀ ਦਾਸ, ਸਾਚੀ ਵਸਤ ਗੁਰਮੁਖਾਂ ਝੋਲੀ ਪਾਈਆ । ਚਾਰ ਯੁਗ ਨਾ ਹੋਏ ਕੋਈ ਨਿਰਾਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਹਰਿ ਜੀ ਵਸਿਆ ਪਾਸ, ਨਰ ਹਰਿ ਆਪਣਾ ਰੂਪ ਵਟਾਈਆ । ਚਰਨ ਚੁੰਮੇ ਪ੍ਰਿਥਮੀ ਅਕਾਸ਼, ਗੁਰਸਿਖ ਤੇਰੀ ਵਡ ਵਡਿਆਈਆ । ਪਾਰਬ੍ਰਹਮ ਜਨ ਤੇਰਾ ਸੇਵਕ ਦਾਸ, ਤੇਰੀ ਧੂੜੀ ਖ਼ਾਕ ਰਮਾਈਆ । ਤੇਰੇ ਅੰਦਰ ਕਰਿਆ ਵਾਸ, ਦੂਸਰ ਹੱਥ ਕਿਸੇ ਨਾ ਆਈਆ । ਸਵਾ ਸੇਰ ਸਾਚੀ ਵਸਤ ਛੱਤੀ ਯੁਗ ਕਿਸੇ ਨਾ ਰੱਖੀ ਪਾਸ, ਨਾ ਕੋਈ ਲੇਖਾ ਗਿਆ ਲਿਖਾਈਆ । ਪ੍ਰਭ ਮਿਲਣ ਦੀ ਰੱਖਦੇ ਗਏ ਜੋ ਜਨ ਲੋਕਮਾਤ ਆਸ, ਜੁਗ ਜੁਗ ਗੁਰ ਪੀਰ ਅਵਤਾਰ ਅਖਵਾਈਆ । ਕੋਟਨ ਕੋਟੀ ਬੈਠੇ ਜੰਗਲ ਜੂਹ ਵਿਚ ਪਰਭਾਸ, ਨੇਤਰ ਮੂੰਦ ਤਾੜੀ ਲਾਈਆ । ਇਕੀ ਮੱਘਰ ਇਕੀ ਸਿਖਾਂ ਅੰਦਰ ਕਰਕੇ ਵਾਸ, ਗੁਰਮੁਖ ਤੇਰਾ ਜੋਗ ਅਭਿਆਸ ਹੱਠ ਤਪ ਤੇਰਾ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਇਕ ਅਖਵਾਈਆ ।

ਇਕ ਸੇਰ ਪੁਰਖ ਅਕਾਲ, ਸਚਖੰਡ ਦਵਾਰਾ ਇਕ ਵਸਾਇਆ । ਇਕ ਪਾਓ ਰੂਪ ਹੋ ਦਿਆਲ, ਲੋਕਮਾਤ ਵੇਖ ਵਖਾਇਆ । ਵਰਭੰਡੀ ਦੇਵੇ ਨੂਰ ਜਲਾਲ, ਘਟ ਘਟ ਅੰਦਰ ਜੋਤ ਜਗਾਇਆ । ਨਾਲ ਤੋਲੇ ਕਾਲ ਮਹਾਂਕਾਲ, ਰਾਏ ਧਰਮ ਪਿਛੇ ਰਹਿ ਨਾ ਜਾਇਆ । ਚਿਤਰ ਗੁਪਤ ਨਾਲ ਦੇਵੇ ਡਾਲ੍ਹ, ਲਾੜੀ ਮੌਤ ਪਾਸਕੂ ਨਾਲ ਬੰਧਾਇਆ । ਸਾਚੇ ਕੰਡੇ ਪਾਵੇ ਸ਼ਾਹ ਕੰਗਾਲ, ਸਾਚਾ ਤੋਲਾ ਇਕ ਅਖਵਾਇਆ । ਹਰਿ ਸੰਗਤ ਤੇਰਾ ਬਣ ਕੇ ਆਇਆ ਆਪ ਦਲਾਲ, ਸਾਚਾ ਵਣਜ ਰਿਹਾ ਵਖਾਇਆ । ਰੱਤੀ ਰੱਤ ਵਿਚੋਂ ਰਤਨ ਅਮੋਲਕ ਲਏ ਭਾਲ, ਹੀਰਾ ਹਰਿ ਕਾ ਨਾਮ ਜੜਾਇਆ । ਕਲਜੁਗ ਅੰਤਮ ਕਰੇ ਸੰਭਾਲ, ਸਤਿਗੁਰ ਪੂਰਾ ਨਾਉਂ ਧਰਾਇਆ । ਵੇਲੇ ਅੰਤ ਨਾ ਹੋਣਾ ਵਿੰਗਾ ਵਾਲ, ਪਾਰਬ੍ਰਹਮ ਪ੍ਰਭ ਬਖ਼ਸ਼ੀ ਸਚ ਸਰਨਾਇਆ । ਫਲ ਲੱਗੇ ਸਾਚੇ ਡਾਲ੍ਹ, ਪਤ ਡਾਲ੍ਹੀ ਆਪ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੰਡਾਰ ਆਪ ਭਰਾਇਆ । ਇਕ ਸੇਰ ਪਾਰਬ੍ਰਹਮੇ, ਇਕ ਪਾਉ ਬ੍ਰਹਮ ਰਖਾਈਆ । ਸਵਾ ਸੇਰ ਲੱਖ ਚੁਰਾਸੀ ਮਰੇ ਮਰ ਮਰ ਜੰਮੇ, ਜੀਵਣ ਮਰਨ

ਖੇਲ ਖਿਲਾਈਆ । ਪੰਜ ਤੱਤ ਮਾਟੀ ਕਿਸੇ ਨਾ ਆਏ ਕੰਮੇ, ਅੰਤ ਖਾਕੀ ਖ਼ਾਕ ਰਲਾਈਆ । ਲੇਖਾ ਜਾਣੇ ਦਮ ਦਮੇ, ਸਵਾਸ ਸਵਾਸਾਂ ਵਿਚ ਟਿਕਾਈਆ । ਇਕੀ ਸਿਖ ਕਲਜੁਗ ਅੰਤਮ ਆਪਣੀ ਸ਼ਬਦ ਕੁੱਖੋਂ ਆਪੇ ਜੰਮੇ, ਆਪੇ ਬਣਿਆ ਪਿਤਾ ਮਾਈਆ । ਸੋਹੰ ਪਾਇਆ ਸਾਚੇ ਮੁੰਮੇ, ਏਕਾ ਅੰਮ੍ਰਿਤ ਸੀਰ ਪਿਆਈਆ । ਅੰਤਮ ਬੇੜਾ ਲਾਵੇ ਬੰਨੇ, ਅਧਵਿਚਕਾਰ ਨਾ ਦਏ ਡੁਬਾਈਆ । ਜੋ ਘੜਿਆ ਸੋ ਹਰਿ ਜੀ ਭੰਨੇ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖਿਚੇ ਜੋਤ ਰਵ ਸਸ ਸੂਰਜ ਚੰਨੇ, ਜੁਗ ਜੁਗ ਆਪਣਾ ਵੇਸ ਵਟਾਈਆ । ਵੇਸ ਅਵੱਲਾ ਪੁਰਖ ਸੁਲਤਾਨ, ਇਕ ਅਕੱਲਾ ਆਪ ਕਰਾਇੰਦਾ । ਆਦਿ ਜੁਗਾਦੀ ਨੌਜਵਾਨ, ਆਪਣਾ ਭਾਰ ਆਪ ਉਠਾਇੰਦਾ । ਲੋਕਮਾਤ ਵੇਖੇ ਮਾਰ ਧਿਆਨ, ਕਲਜੁਗ ਵੇਲਾ ਅੰਤਮ ਆਇੰਦਾ । ਚਾਰੋਂ ਕੁੰਟ ਝੂਠ ਦੁਕਾਨ, ਸਾਚੀ ਵਸਤ ਨਾ ਕੋਇ ਵਿਕਾਇੰਦਾ । ਚਾਰੋਂ ਦਿਸ਼ਾ ਹੋਏ ਬੇਈਮਾਨ ਆਤਮ ਬ੍ਰਹਮ ਨਾ ਕੋਈ ਜਣਾਇੰਦਾ । ਦੋਏ ਕੰਨ ਹੋਏ ਸ਼ੈਤਾਨ, ਨਿੰਦਕ ਨਿੰਦਿਆ ਵਿਚ ਸਮਾਇੰਦਾ । ਦੋਏ ਲੋਚਣ ਹੋਏ ਨਿਧਾਨ, ਹਰਿ ਕਾ ਦਰਸ ਨਾ ਕੋਈ ਪਾਇੰਦਾ । ਬੱਤੀ ਦੰਦ ਝੂਠਾ ਪੀਣ ਖਾਣ, ਅੰਮ੍ਰਿਤ ਰਸ ਨਾ ਕੋਈ ਚਖਾਇੰਦਾ । ਰਸਨਾ ਗਾਏ ਨਾ ਸਾਚਾ ਗਾਣ, ਅਨਹਦ ਤਾਲ ਨਾ ਕੋਈ ਵਜਾਇੰਦਾ । ਚਰਨ ਨਾ ਚਲ ਕੇ ਕਰੇ ਧੂੜੀ ਅਸ਼ਨਾਨ, ਸਤਿਗੁਰ ਧੂੜ ਨਾ ਮਸਤਕ ਲਾਇੰਦਾ । ਹੱਥ ਨਾ ਕਰਿਆ ਸਾਚਾ ਦਾਨ, ਹਰਿ ਸੰਗਤ ਨਾ ਸੇਵ ਕਮਾਇੰਦਾ । ਪੁਰਖ ਅਬਿਨਾਸ਼ੀ ਨਿਗਹਬਾਨ, ਜੁਗ ਜੁਗ ਵੇਖ ਵਖਾਇੰਦਾ । ਸਵਾ ਸੇਰ ਪੱਕੇ ਪਕਵਾਨ, ਹਰਿ ਸਾਚਾ ਆਪ ਪਕਾਇੰਦਾ । ਨਿਰਗੁਣ ਸਰਗੁਣ ਇਕ ਸਮਾਨ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਸਵਾ ਸੇਰ ਸਚ ਭੰਡਾਰਾ, ਹਰਿ ਸੰਗਤ ਆਪ ਭਰਾਇੰਦਾ । ਨਿਰਗੁਣ ਬਣਿਆ ਨਾਲ ਵਰਤਾਰਾ, ਸਰਗੁਣ ਸੇਵ ਕਮਾਇੰਦਾ । ਪਾਣੀ ਦੇਵੇ ਠੰਡਾ ਠਾਰਾ, ਅੰਮ੍ਰਿਤ ਜਲ ਪਿਆਇੰਦਾ । ਕਾਇਆ ਕੂੜਾ ਰੋਗ ਨਿਵਾਰਾ, ਹਉਮੇ ਗੜ੍ਹ ਤੁੜਾਇੰਦਾ । ਏਕਾ ਸ਼ਬਦ ਸਚ ਜੈਕਾਰਾ, ਸਾਚਾ ਰਾਗ ਸੁਣਾਇੰਦਾ । ਹਰਿ ਸੰਗਤ ਮੇਲਾ ਹਰਿ ਦਵਾਰਾ, ਹਰਿ ਏਕਾ ਬੰਦ ਵਖਾਇੰਦਾ । ਊਚਾਂ ਨੀਚਾਂ ਪਾਰ ਕਿਨਾਰਾ, ਜ਼ਾਤ ਪਾਤ ਨਾ ਕੋਈ ਬਣਾਇੰਦਾ । ਪੁਰਖ ਅਕਾਲ ਇਸ਼ਟ ਸੰਸਾਰਾ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਰਾਓ ਰੰਕ ਸੋਹਿਣ ਇਕ ਦਵਾਰਾ, ਸ਼ਾਹ ਸੁਲਤਾਨ ਏਕਾ ਦਰ ਸੁਹਾਇੰਦਾ । ਏਕਾ ਵਰਤੇ ਮਾਤ ਵਰਤਾਰਾ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖੀ ਸਿਖ ਬਣਾਇੰਦਾ । ਸਾਚੀ ਸਿਖਿਆ ਸਿਖ ਸਮਝਾ, ਹਰਿ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਮਾਰਗ ਲਾ, ਸਾਚਾ ਮਾਰਗ ਆਪ ਲਗਾਇੰਦਾ । ਚਾਰ ਵਰਨਾਂ ਰੰਗ ਰੰਗਾ, ਏਕਾ ਰੰਗ ਚੜ੍ਹਾਇੰਦਾ । ਸ਼ਬਦ ਗੁਰ ਇਕ ਸਮਝਾ, ਏਕਾ ਇਸ਼ਟ ਵਖਾਇੰਦਾ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਸੰਗ ਮੁਹੰਮਦ ਆਪ ਰਖਾ, ਆਪਣੇ ਵਿਚ ਟਿਕਾਇੰਦਾ । ਸਭ ਦਾ ਬੇੜਾ ਦਏ ਤਰਾ, ਜੋ ਜਨ ਧਿਆਨ ਧਰਾਇੰਦਾ । ਆਪਣੀ ਨੱਯਾ ਦਏ ਚਲਾ, ਏਕਾ ਚੱਪੂ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਤੇਰੀ ਸਾਚੀ ਰੀਤੀ ਆਪੇ ਆਪ ਚਲਾਇੰਦਾ । ਤਾਰਨਹਾਰਾ ਸਾਚੀ ਕੁਲ, ਇਕੀ ਕੁਲਾਂ ਆਪ ਤਰਾਈਆ । ਹਰਿ ਸੰਗਤ ਤੇਰਾ ਪਾਇਆ ਮੁੱਲ, ਕੀਮਤ ਕਰਤਾ ਆਪ ਮੁਕਾਈਆ । ਆਪਣਾ ਪੜਦਾ ਆਪੇ ਖੋਲ੍ਹ, ਆਪਣੀ ਬੂਝ ਬੁਝਾਈਆ । ਆਪਣੇ ਕੰਡੇ ਆਪੇ ਤੋਲ, ਪੂਰਾ

ਤੋਲ ਆਪ ਕਰਾਈਆ । ਆਪਣਾ ਅੱਖਰ ਆਪੇ ਬੋਲ, ਆਪਣੀ ਕਲ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਨੌਂ ਦਵਾਰੇ ਨੌਂ ਕੁਲਾਂ, ਤਨ ਦਵਾਰੇ ਆਪ ਵਸਾਇੰਦਾ । ਸ੍ਰਿਸ਼ਟ ਸਬਾਈ ਰਹੀ ਅਨਭੋਲ, ਹਰਿ ਕਾ ਭੇਦ ਕੋਈ ਨਾ ਪਾਇੰਦਾ । ਪੰਜ ਵਿਕਾਰਾ ਵੇਖੇ ਫੋਲ, ਪੰਚਮ ਨਾਲ ਰਲਾਇੰਦਾ । ਚੌਦਾਂ ਕੁਲਾਂ ਹੋਇਆ ਅਡੋਲ, ਹਰਿ ਸਾਚਾ ਆਪ ਡੁਲਾਇੰਦਾ । ਆਸਾ ਤ੍ਰਿਸਨਾ ਕਰੇ ਚੋਲ੍ਹ, ਸਾਚਾ ਰੰਗ ਰੰਗਾਇੰਦਾ । ਸੋਲਾਂ ਕੁਲਾਂ ਆਪੇ ਮੌਲ, ਕਵਲਾ ਕਵਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਦਇਆ ਕਮਾਇੰਦਾ । ਸੋਲਾਂ ਕੁਲਾਂ ਕਰੇ ਖੰਡ ਖੰਡ, ਹਰਿ ਸਾਚ ਸੱਚੀ ਵਡਿਆਈਆ । ਜੂਠ ਝੂਠ ਕਰੇ ਰੰਡ, ਮਾਇਆ ਮਮਤਾ ਮੋਹ ਚੁਕਾਈਆ । ਹਉਮੇ ਹੰਗਤਾ ਭੇਖ ਪਾਖੰਡ, ਦੂਈ ਦਵੈਤੀ ਦਏ ਮਿਟਾਈਆ । ਇਕ ਸੁਣਾਏ ਸੁਹਾਗੀ ਛੰਦ, ਏਕਾ ਨਾਮ ਕਰੇ ਪੜ੍ਹਾਈਆ । ਸੋਲਾਂ ਕੁਲਾਂ ਕਰੇ ਦਵਾਰ ਬੰਦ, ਆਪਣੀ ਹੱਥੀਂ ਕੁੰਡਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੀ ਕਾਇਆ ਅੰਦਰ ਤੇਰੀ ਕੁਲ ਦਏ ਸਮਝਾਈਆ । ਸੋਲਾਂ ਕੁਲਾਂ ਕਾਇਆ ਅੰਦਰ, ਪੰਜ ਤੱਤ ਰੰਗ ਰੰਗਾਈਆ । ਤ੍ਰੈਗੁਣ ਮਾਇਆ ਬਣਿਆ ਮੰਦਰ, ਰਾਜਸ ਤਾਮਸ ਸਾਂਤਕ ਖੇਲ ਖਿਲਾਈਆ । ਵੇਖਣਹਾਰਾ ਅੰਧੇਰੀ ਕੁੰਦਰ, ਡੂੰਘੀ ਭਵਰੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਈਆ । ਸੋਲਾਂ ਕੁਲਾਂ ਪਾਰ ਕਰ, ਤਨ ਮੰਦਰ ਆਪ ਸੁਹਾਇਆ । ਨੌਂ ਦਵਾਰੇ ਛੁੱਟਿਆ ਲੜ, ਘਰ ਸਾਚਾ ਇਕ ਵਖਾਇਆ । ਪੰਜ ਵਿਕਾਰਾ ਉਖੜੀ ਜੜ, ਚੌਦਾਂ ਜੋੜ ਜੁੜਾਇਆ । ਆਸਾ ਤ੍ਰਿਸਨਾ ਗਈ ਮਰ, ਗੁਰ ਪੂਰੇ ਦਰਸ਼ਨ ਪਾਇਆ । ਸੋਲਾਂ ਮੱਘਰ ਵਿਹਾਰ ਕਰ, ਸੋਹੰ ਸੋ ਸਾਚਾ ਜਾਪ ਜਪਾਇਆ । ਹਰਿ ਸੰਗਤ ਲਾਈ ਜੜ, ਨਾ ਸਕੇ ਕੋਈ ਉਖੜਾਇਆ । ਸਤਾਰਾਂ ਮੱਘਰ ਵਿਹਾਰ ਕਰ, ਚਾਰੇ ਜੁਗ ਵੇਖ ਵਖਾਇਆ । ਅਠਾਰਾਂ ਮੱਘਰ ਖੋਲ੍ਹ ਦਰ, ਚਾਰ ਵਰਨਾਂ ਰੰਗ ਰੰਗਾਇਆ । ਉਨੀ ਮੱਘਰ ਉਪਰ ਚੜ੍ਹ, ਚਾਰੇ ਬਾਣੀ ਫੋਲ ਫੁਲਾਇਆ । ਵੀਹ ਮੱਘਰ ਦੋ ਜਹਾਨਾਂ ਖੜ, ਲੱਖ ਚੁਰਾਸੀ ਚਾਰ ਵਰਨ ਵੇਖ ਵਖਾਇਆ । ਇਕੀ ਮੱਘਰ ਵੇਲਾ ਅੰਮ੍ਰਿਤ ਵਕ਼ਤ ਤਿੰਨ, ਇਕੀ ਸਿਖਾਂ ਫੜ ਹਿਲਾਇਆ । ਲੇਖਾ ਚੁਕਾਇਆ ਗਿਣ ਗਿਣ, ਪਿਛਲਾ ਮੂਲ ਰਹੇ ਨਾ ਰਾਇਆ । ਸਤਾਰਾਂ ਮੱਘਰ ਏਕਾ ਸ਼ਬਦ ਪੜ੍ਹ, ਵੀਹ ਮੱਘਰ ਚੌਥੇ ਘਰ ਸੋਹੰ ਸ਼ਬਦ ਚਲਾਇਆ । ਇਕੀ ਮੱਘਰ ਕਿਰਪਾ ਕਰ, ਇਕੀ ਸਿਖਾਂ ਮੇਲ ਮਿਲਾਇਆ । ਸੋਹੰ ਅੱਖਰ ਏਕਾ ਰੂਪ ਕਰ, ਆਪ ਆਪਣਾ ਵਿਚ ਟਿਕਾਇਆ । ਹਰਿ ਸੰਗਤ ਤੇਰਾ ਭਾਣਾ ਆਪਣੇ ਸਿਰ ਤੇ ਜਰ, ਆਪਣਾ ਸੀਸ ਭੇਟ ਪਹਿਲੋਂ ਚੜ੍ਹਾਇਆ । ਲਾੜੀ ਮੌਤ ਚੁਕਾਇਆ ਤੇਰਾ ਡਰ, ਰਾਏ ਧਰਮ ਨਾ ਦਏ ਸਜ਼ਾਇਆ । ਸਚਖੰਡ ਦਵਾਰ ਖੋਲ੍ਹ ਕਿਵਾੜ, ਲੋਕਮਾਤ ਵਿਚ ਫੇਰ ਆਇਆ । ਲੱਖ ਚੁਰਾਸੀ ਟੋਹੇ ਨਾੜ ਨਾੜ, ਲੇਖਾ ਕੋਈ ਰਹਿਣ ਨਾ ਪਾਇਆ । ਵਸਣਹਾਰਾ ਜਲ ਥਲ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਇਆ । ਇਕੀ ਕੁਲਾਂ ਕਾਇਆ ਅੰਦਰ ਦੇਵੇ ਤਾਰ, ਗੋਬਿੰਦ ਵੇਖ ਵਖਾਇਆ । ਤਾਰਨਹਾਰਾ ਹਰਿ ਗੋਬਿੰਦ, ਸਤਿਗੁਰ ਸਾਚਾ ਵਡ ਵਡਿਆਈਆ । ਇਕੀ ਮੱਘਰ ਮੇਟੇ ਚਿੰਦ, ਕਲਜੁਗ ਚਿੰਤਾ ਰਹੇ ਨਾ ਰਾਈਆ । ਦਾਤਾ ਦਾਨੀ ਗੁਣੀ ਗਹਿੰਦ, ਗੁਰਸਿਖ ਸਾਚੇ ਲਏ ਤਰਾਈਆ । ਸ਼ਬਦ ਬਣਾਏ ਨਾਰੀ ਕੰਤ, ਮਾਤ ਪਿਤ ਪਿਛਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰਾ ਜਨਮ ਦਏ ਸਮਝਾਈਆ । ਗੁਰ ਸੰਗਤ ਤੇਰਾ ਜਨਮ ਦਿਹਾੜਾ, ਹਰਿ ਸਾਚਾ ਆਪ ਸਮਝਾਇੰਦਾ ।

੧੨੫੨
੦੮

ਏਕਾ ਦਿਵਸ ਸਤਾਰਾ ਹਾੜਾ, ਸ਼ਬਦੀ ਸ਼ਬਦ ਉਪਜਾਇੰਦਾ । ਏਕਾ ਮੰਗਲ ਇਕ ਅਖਾੜਾ, ਏਕਾ ਸਖੀਆਂ ਮੇਲ ਮਿਲਾਇੰਦਾ । ਏਕਾ ਪੁਰਖ ਏਕਾ ਨਾਰਾ, ਏਕਾ ਗੋਬਿੰਦ ਨਾਉਂ ਧਰਾਇੰਦਾ । ਏਕਾ ਮੀਤ ਇਕ ਮੁਰਾਰਾ, ਏਕਾ ਨਾਮ ਜੈਕਾਰਾ ਲਾਇੰਦਾ । ਇਕ ਬਸੰਤ ਇਕ ਬਹਾਰਾ, ਫੁਲ ਫੁਲਵਾੜੀ ਇਕ ਮਹਿਕਾਇੰਦਾ । ਏਕਾ ਘਰ ਇਕ ਭੰਡਾਰਾ, ਏਕਾ ਇਕ ਵਰਤਾਇੰਦਾ । ਏਕਾ ਦਰ ਖੁਲ੍ਹਾ ਸੰਸਾਰਾ, ਜਗਤ ਦਰ ਬੰਦ ਕਰਾਇੰਦਾ । ਨਾ ਕੋਈ ਲਾਇਆ ਇੱਟਾਂ ਗਾਰਾ, ਗੁਰ ਸੰਗਤ ਤੇਰਾ ਪ੍ਰੇਮ ਪਿਆਰ ਚਾਰ ਦਿਵਾਰ ਬਣਾਇੰਦਾ । ਤੇਰੇ ਦਰ ਬਣ ਭਿਖਾਰਾ, ਆਪਣੀ ਭਿਛਿਆ ਆਪਣੀ ਝੋਲੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਜਨਮ ਦਵਾਇੰਦਾ । ਗੁਰਮੁਖ ਉਪਜਿਆ ਸਾਚਾ ਪੂਤ, ਹਰਿ ਸਾਚੇ ਜਨਮ ਦਵਾਇਆ । ਤਨ ਕਾਇਆ ਨਾ ਲੱਗੇ ਸੂਤ, ਕਲਜੁਗ ਸੂਤਕ ਰਹਿਣ ਨਾ ਪਾਇਆ । ਵੱਜੇ ਵਧਾਈ ਚਾਰੇ ਕੂਟ, ਚਾਰੋਂ ਕੁੰਟ ਜੈਕਾਰਾ ਲਾਇਆ । ਨਾਤਾ ਤੋੜ ਜੂਠ ਝੂਠ, ਸਾਚਾ ਮਾਰਗ ਇਕ ਰਖਾਇਆ । ਅਬਿਨਾਸ਼ੀ ਕਰਤਾ ਆਪੇ ਤੁਠ, ਦੇ ਮਤ ਰਿਹਾ ਸਮਝਾਇਆ । ਸਦਾ ਸੰਗ ਰਹਿਣਾ ਏਕਾ ਮੁਠ, ਦੂਈ ਦਵੈਤੀ ਨੇੜ ਨਾ ਆਇਆ । ਚਰਨ ਚਰਨੋਦਕ ਪੀਣਾ ਘੁੱਟ, ਦੂਸਰ ਹੱਥ ਨਾ ਕਿਸੇ ਆਇਆ । ਹਰਿ ਸੰਗਤ ਵਿਚ ਨਾ ਦਿਸੇ ਫੁੱਟ, ਸਤਿਗੁਰ ਅੰਦਰ ਡੇਰਾ ਲਾਇਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਸਾਚਾ ਬਚਨ ਕਮਾਇਆ । ਮਨਮੁਖਾਂ ਜੀਵਾਂ ਦਰ ਦਵਾਰਿਉਂ ਕੱਢੇ ਕੁੱਟ, ਵੇਲੇ ਅੰਤ ਦਏ ਸਜ਼ਾਇਆ । ਸੋਹੰ ਮੁੰਮਾ ਸਾਚਾ ਸੀਰ ਅੰਮ੍ਰਿਤ ਰਸਨ ਪਿਆਇਆ ਘੁੱਟ, ਇਕੀ ਮੱਘਰ ਦਿਵਸ ਸੁਹਾਇਆ । ਹਰਿ ਸੰਗਤ ਤੇਰਾ ਭਾਗ ਨਾ ਜਾਏ ਨਿਖੁੱਟ, ਤੇਰੀ ਕਾਇਆ ਜੋਤ ਇਕ ਟਿਕਾਇਆ । ਤੇਰੀ ਨਾ ਕੋਈ ਵਰਨ ਨਾ ਕੋਈ ਗੋਤ, ਤੇਰਾ ਰੂਪ ਬ੍ਰਹਮ ਜਣਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਵਿਸ਼ਨੂੰ ਵੰਸੀ ਬਣਾਏ ਓਤਪੋਤ, ਦੋਹਤਰਵਾਨ ਨਾ ਕੋਈ ਜਣਾਇਆ । ਇਕ ਅਕੱਲਾ ਕਰੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਵੇਖ ਵਖਾਇਆ । ਹਰਿ ਸੰਗਤ ਵੇਖਣਹਾਰਾ ਹਰਿ, ਹਰਿ ਵੱਡਾ ਸਿਫ਼ਤ ਸਲਾਹੀਆ । ਸਚ ਭੰਡਾਰਾ ਰਿਹਾ ਭਰ, ਏਕਾ ਵਸਤ ਝੋਲੀ ਪਾਈਆ । ਸਤਿਜੁਗ ਚਲੇ ਸਾਚੀ ਧਾਰ, ਸਾਚੀ ਰੀਤੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਾਚੀ ਸੇਵਾ ਆਪ ਲਗਾਈਆ । ਹਰਿ ਸੰਗਤ ਤੇਰਾ ਸਾਚਾ ਆਟਾ, ਹਰਿ ਸੱਜਣ ਲੇਖੇ ਲਾਇੰਦਾ । ਚਾਰ ਜੁਗ ਦਾ ਪਿਛਲਾ ਘਾਟਾ, ਪੂਰਾ ਪੂਰ ਆਪ ਕਰਾਇੰਦਾ । ਅੱਗੇ ਨੇੜੇ ਰੱਖੀ ਵਾਟਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਅੰਮ੍ਰਿਤ ਪੀਤਾ ਏਕਾ ਬਾਟਾ, ਏਕਾ ਵਰਨ ਜਣਾਇੰਦਾ । ਦੂਸਰ ਕਿਸੇ ਨਾ ਵਿਕਿਆ ਹਾਟਾ, ਗੁਰ ਗੋਬਿੰਦ ਇਹ ਸਮਝਾਇੰਦਾ । ਅਬਿਨਾਸ਼ੀ ਕਰਤੇ ਵਿਛਾਈ ਖਾਟਾ, ਏਕਾ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਵੇਖ ਵਖਾਇੰਦਾ । ਹਰਿ ਸੰਗਤ ਤੇਰਾ ਸਚ ਭੰਡਾਰ, ਹਰਿ ਸਾਚਾ ਸੰਗ ਚਲਾਇੰਦਾ । ਤ੍ਰੈਗੁਣ ਮਾਇਆ ਕਰ ਤਿਆਰ, ਆਪਣੇ ਸੰਗ ਰਖਾਇੰਦਾ । ਪੰਚਮ ਤੱਤ ਖ਼ਬਰਦਾਰ, ਆਲਸ ਨਿੰਦਰਾ ਨਾ ਕੋਈ ਵਖਾਇੰਦਾ । ਕੂੜੀ ਕਿਰਿਆ ਮੀਤ ਮੁਰਾਰ, ਮੇਲ ਮਿਲਾਵਾ ਮੇਲ ਮਿਲਾਇੰਦਾ । ਇਕੀ ਮੱਘਰ ਦਿਵਸ ਵਿਚਾਰ, ਸਾਚਾ ਦਰ ਸੁਹਾਇੰਦਾ । ਧੁਰ ਫ਼ਰਮਾਣਾ ਧੁਰ ਦਰਬਾਰ, ਸਾਚਾ ਰਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਲੇਖਾ ਲੇਖੇ ਲਾਇੰਦਾ । ਤ੍ਰੈਗੁਣ ਮਾਇਆ ਤੇਰਾ ਬਾਲਣ, ਹਰਿ ਸਾਚੇ ਆਪ ਬਣਾਇਆ । ਹਰਿ ਸੰਗਤ ਨਾਲ ਆਈ

੧੨੫੩
੦੮

ਉਠਾਲਣ, ਪ੍ਰਭ ਸਾਚੇ ਸੰਗ ਰਖਾਇਆ । ਖੇਲੇ ਖੇਲ ਜੋਤ ਅਕਾਲਣ, ਅਕਲ ਕਲਾ ਰਘੁਰਾਇਆ । ਕਰਿਆ ਵੇਸ ਸ਼ਬਦ ਦਲਾਲਣ, ਸ਼ਬਦ ਸ਼ਬਦੀ ਰੂਪ ਵਟਾਇਆ । ਸੰਤ ਸੁਹੇਲਾ ਆਇਆ ਭਾਲਣ, ਚਾਰ ਵਰਨਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਇਕੋ ਲਾਲਨ, ਲਾਲ ਲਾਲ ਇਕ ਉਪਜਾਇਆ । ਲਾਲ ਲਾਲਣ ਲਾਲੋ ਲਾਲ, ਹਰਿ ਸਾਚਾ ਰੰਗ ਰੰਗਾਈਆ । ਨਾਮ ਗ਼ਰੀਬੀ ਸੱਚਾ ਧਨ ਮਾਲ, ਸਚ ਖ਼ਜਾਨਾ ਆਪ ਭਰਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਜੁਗ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਖੇਲ ਕਰਾਈਆ । ਖੇਲ ਕਰਾਇਆ ਹਰਿ ਕਰਤਾਰ, ਅਕਲ ਕਲਾ ਕਲ ਧਾਰਿਆ । ਹਰਿ ਸੰਗਤ ਤੇਰਾ ਸਚ ਵਿਹਾਰ, ਵਰਤੇ ਵਿਚ ਸੰਸਾਰਿਆ । ਸਵਾ ਸੇਰ ਖੰਡ ਬ੍ਰਹਿਮੰਡ ਸੱਚਾ ਭਾਰ, ਹਰਿ ਸਾਚਾ ਆਪ ਉਠਾਈਆ । ਬੰਕ ਸੁਹਾਏ ਇਕ ਦਵਾਰ, ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪ ਕਮਾਈਆ । ਆਪਣੀ ਸੇਵਾ ਆਪ ਕਮੰਦੜਾ, ਕਰਮ ਕਾਂਡ ਨਾ ਕੋਇ । ਹਰਿ ਸੱਜਣ ਮੇਲ ਮਿਲੰਦੜਾ, ਘਰ ਸਾਚੇ ਕਰੇ ਰਸੋਏ । ਸਾਚਾ ਭੋਜਨ ਆਪ ਖਵੰਦੜਾ, ਡਿਗਣ ਦੇਵੇ ਨਾ ਕੋਈ ਭੋਏ । ਜੁਗਾਂ ਜੁਗਾਂ ਦੇ ਸੁੱਤੇ ਆਪ ਉਠੰਦੜਾ, ਆਲਸ ਨਿੰਦਰਾ ਰੱਖੀ ਨਾ ਕੋਇ । ਦਰ ਸਾਚਾ ਇਕ ਸੁਹੰਦੜਾ, ਦੇਵੇ ਸੱਚਾ ਨਾਮ ਢੋਏ । ਮਾਨਸ ਜਨਮ ਲੇਖ ਲਿਖੰਦੜਾ, ਅੱਗੇ ਲੇਖਾ ਲਵੇ ਨਾ ਕੋਇ । ਸਤਿਜੁਗ ਤੇਰੀ ਧਾਰ ਚਲੰਦੜਾ, ਚਾਰ ਵਰਨ ਏਕਾ ਰੰਗ ਬਲੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਿਆ ਸਾਚੇ ਘਰ, ਗ਼ਰੀਬ ਨਿਮਾਣਾ ਬਾਂਹੋਂ
੧੨੫੪ ਫੜ, ਦਿਵਸ ਰੈਣ ਕਦੇ ਨਾ ਸੋਏ । ਨਾ ਸੁੱਤਾ ਨਾ ਜਾਗਿਆ, ਨਾ ਬਸਤਰ ਨਾ ਖਾਟ । ਨਾ ਅੱਗੇ ਖੜਾ ਨਾ ਦਿਸਿਆ ਭਾਗਿਆ, ਨਾ ਨੇੜੇ ੧੨੫੪
੦੮ ੦੮
ਨਾ ਦੂਰ ਕੋਈ ਵਾਟ । ਨਾ ਹੰਸ ਨਾ ਕਾਗਿਆ, ਵਿਸ਼ਟਾ ਨਾ ਮਾਣਕ ਮੋਤੀ ਰਸ ਰਿਹਾ ਚਾਟ । ਗੁਰਮੁਖਾਂ ਗੁਰਮੁਖਾਂ ਹਰਿ ਭਗਤਾਂ ਹਰਿ ਸੰਗਤ ਕੋਲੋਂ ਆਦਿ ਜੁਗਾਦਿ ਮੰਗਦਾ ਰਿਹਾ ਆਗਿਆ, ਏਕਾ ਵਿਕਿਆ ਹਰਿ ਸੰਗਤ ਤੇਰੇ ਹਾਟ । ਨਾ ਨਾਰੀ ਨਾ ਸੁੱਤ ਸੁਭਾਗਿਆ, ਨਾ ਬਸਤਰ ਨਾ ਭੂਸ਼ਨ ਤਨ ਕਾਇਆ ਪਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਜਾਣੇ ਆਪੇ ਦਿਵਸ ਰਾਤ । ਇਕੀ ਮੱਘਰ ਇਕੀ ਕੁਲ ਏਕਾ ਇਕ, ਇਕ ਸਿਖ ਤਰਾਈਆ । ਲਾਲੋ ਮੰਗੀ ਨਾਮ ਭਿਖ, ਸਿੰਘ ਕਿਸ਼ਨ ਝੋਲੀ ਪਾਈਆ । ਬਿਨ ਹਰਿ ਸੰਗਤ ਕਿਸੇ ਨਾ ਰਿਹਾ ਦਿਸ, ਭਰਮ ਭੁਲਾਈ ਸਰਬ ਲੋਕਾਈਆ । ਹਰਿ ਸੰਗਤ ਹਰਿ ਤੇਰਾ ਬੰਨਿਆ ਸਿਰ, ਤੇਰੀ ਸਿਖਿਆ ਆਪਣੀ ਝੋਲੀ ਪਾਈਆ । ਤੇਰਾ ਲਿਖਿਆ ਆਪਣੀ ਹੱਥੀਂ ਲੇਖ, ਆਪਣੀ ਸੇਵ ਕਮਾਈਆ । ਸ੍ਰਿਸ਼ਟ ਸਬਾਈ ਦਿਸੇ ਮਿਥ, ਗੁਰ ਅਵਤਾਰ ਰਹਿਣ ਨਾ ਪਾਈਆ । ਜਿਸ ਜਨ ਹਰਿ ਜੂ ਮੰਦਰ ਅੰਦਰ ਬਹਿ ਬਹਿ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਆਦਿ ਜੁਗਾਦਿ ਜੁਗਾ ਜੁਗੰਤ ਧਾਰੇ ਭੇਖ, ਭੇਖਾਧਾਰੀ ਵੇਸ ਵਟਾਈਆ । ਦਰ ਮੰਗਦੇ ਰਹਿਣ ਬ੍ਰਹਮਾ ਵਿਸ਼ਨ ਮਹੇਸ਼, ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨ ਇਕ ਝੁਲਾਈਆ ।

## ✪ ੨੨ ਮੱਘਰ ੨੦੧੬ ਬਿਕ੍ਰਮੀ ਨਾਜਰ ਸਿੰਘ ਦੇ ਘਰ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✪

ਸੋ ਪੁਰਖ ਨਿਰੰਜਣ ਹਰਿ ਮਿਹਰਵਾਨ, ਆਦਿ ਜੁਗਾਦਿ ਖੇਲ ਅਪਾਰਿਆ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਨਿਰਗੁਣ ਰੂਪ ਅਨੂਪ ਨਿਰਾਕਾਰਿਆ । ਏਕੰਕਾਰਾ ਖੇਲ ਮਹਾਨ, ਅਕਲ ਕਲਾ ਧਾਰੀ ਨਾਉਂ ਧਰਾ ਲਿਆ । ਆਦਿ ਨਿਰੰਜਣ ਜੋਤ ਮਹਾਨ, ਦੀਪਕ ਦੀਆ ਆਪ ਜਗਾ ਲਿਆ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾ ਲਿਆ । ਸ੍ਰੀ ਭਗਵਾਨ ਸਚ ਨਿਸ਼ਾਨ, ਏਕਾ ਏਕ ਹੱਥ ਉਠਾ ਲਿਆ । ਮਹੱਲ ਅਟੱਲ ਉਚ ਮਕਾਨ, ਥਿਰ ਘਰ ਸਾਚਾ ਇਕ ਸੁਹਾ ਲਿਆ । ਸੁਹਾਏ ਬੰਕ ਗੁਣ ਨਿਧਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਡੇਰਾ ਲਾ ਲਿਆ । ਪਾਰਬ੍ਰਹਮ ਪ੍ਰਭ ਦੇਵੇ ਦਾਨ, ਆਪਣੀ ਭਿਛਿਆ ਆਪੇ ਝੋਲੀ ਪਾ ਲਿਆ । ਖੇਲੇ ਖੇਲ ਦੋ ਜਹਾਨ, ਮੂਰਤ ਅਕਾਲ ਰੂਪ ਵਟਾ ਲਿਆ । ਅਜੂਨੀ ਰਹਿਤ ਇਕ ਧਿਆਨ, ਏਕਾ ਏਕ ਟਿਕਾ ਲਿਆ । ਆਪਣੀ ਉਤਪਤ ਕਰੇ ਆਪ ਸੰਤਾਨ, ਸ਼ਬਦ ਅਨਾਦੀ ਆਪ ਉਪਾ ਲਿਆ । ਅੰਸ ਬੰਸਾ ਖੇਲ ਮਹਾਨ, ਵਿਸ਼ਨ ਬ੍ਰਹਮਾ ਸ਼ਿਵ ਸੰਗ ਰਲਾ ਲਿਆ । ਤ੍ਰੈਗੁਣ ਮਾਇਆ ਕਰ ਪਰਧਾਨ, ਤ੍ਰੈ ਤ੍ਰੈ ਲੇਖਾ ਆਪ ਲਿਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ, ਆਦਿ ਜੁਗਾਦੀ ਕਰ ਪਸਾਰਾ, ਨਿਰਗੁਣ ਖੇਲੇ ਖੇਲ ਅਪਾਰਾ, ਅਲਖ ਅਗੋਚਰ ਬੇਪਰਵਾਹ, ਆਪਣਾ ਨਾਉਂ ਧਰਾ ਲਿਆ । ਬੇਪਰਵਾਹ ਹਰਿ ਭਗਵਾਨਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਖੇਲ ਮਹਾਨਾ, ਜੁਗ ਜੁਗ ਵੇਸ ਵਟਾਇੰਦਾ । ਸ਼ਬਦ ਅਨਾਦੀ ਇਕ ਤਰਾਨਾ, ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪੇ ਗਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਸਚ ਸਿੰਘਾਸਣ ਆਪਣਾ ਹੁਕਮ ਸੁਣਾਇੰਦਾ । ਦੋ ਜਹਾਨਾਂ ਚੌਦਾਂ ਲੋਕ ਤ੍ਰੈਭਵਣ ਪਾਏ ਆਨਾ ਸਚ ਸੁਲਤਾਨਾ, ਸ਼ਾਹੋ ਭੂਪ ਆਪ ਅਖਵਾਇਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਨਿਗਹਬਾਨਾ, ਨੇਤਰ ਲੋਚਣ ਨੈਣ ਆਪਣਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਆਪ ਕਰਾਇੰਦਾ । ਖੇਲਣਹਾਰਾ ਇਕ ਅਕੱਲਾ ਏਕੰਕਾਰਾ, ਵਡ ਵੱਡੀ ਵਡਿਆਈਆ । ਜੁਗਾ ਜੁਗੰਤਰ ਕਰ ਪਸਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਪੰਜ ਤੱਤ ਦਿਸੇ ਅਧਾਰਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਸੰਗ ਮਿਲਾਈਆ । ਘਟ ਘਟ ਅੰਦਰ ਦੀਪ ਉਜਿਆਰਾ, ਲੱਖ ਚੁਰਾਸੀ ਬੈਠਾ ਆਸਣ ਲਾਈਆ । ਮਨ ਮਤ ਬੁਧ ਦਏ ਸਹਾਰਾ, ਏਕਾ ਤੱਤਵ ਸਤਿ ਸਮਝਾਈਆ । ਹੱਡ ਮਾਸ ਨਾੜੀ ਰਤ ਖੇਲ ਅਪਾਰਾ, ਰਕਤ ਬੂੰਦੀ ਬੂੰਦ ਉਪਾਈਆ । ਜਾਗਰਤ ਜੋਤ ਜਗਤ ਉਜਿਆਰਾ, ਸਰਗੁਣ ਅਤੀਤ ਆਪ ਅਖਵਾਈਆ । ਖੇਲ ਖਿਲਾਏ ਨੌ ਦਵਾਰਾ, ਨੌ ਖੰਡ ਖੋਜ ਖੁਜਾਈਆ । ਬ੍ਰਹਿਮੰਡ ਖੰਡ ਵੇਖੇ ਵੇਖਣਹਾਰਾ, ਆਪ ਆਪਣਾ ਨੈਣ ਉਠਾਈਆ । ਲੇਖਾ ਜਾਣੇ ਰਵ ਸਸ ਸਤਾਰਾ, ਸੂਰਜ ਚੰਨ ਆਪਣਾ ਲੇਖ ਵਖਾਈਆ । ਗਣ ਗੰਧਰਬ ਦਏ ਹੁਲਾਰਾ, ਕਰੋੜ ਤੇਤੀਸਾ ਆਪ ਹਲਾਈਆ । ਜੁਗਾ ਜੁਗੰਤਰ ਖੇਲ ਅਪਾਰਾ, ਲੋਕਮਾਤ ਵੇਸ ਵਟਾਈਆ । ਤ੍ਰੈਗੁਣ ਮਾਇਆ ਵਸਿਆ ਬਾਹਰਾ, ਰੂਪ ਰੰਗ ਨਾ ਕੋਈ ਵਖਾਈਆ । ਨਿਰਭੈ ਰੂਪ ਆਪ ਕਰਤਾਰਾ, ਦੂਸਰ ਭੈ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ, ਆਪ ਆਪਣਾ ਕਰ ਪਸਾਰਾ, ਵੇਖੇ ਵਿਗਸੇ ਕਰੇ ਵਿਚਾਰਾ, ਦਿਸ ਕਿਸੇ ਨਾ ਆਈਆ । ਵੇਖਣਹਾਰਾ ਪੁਰਖ ਸੁਲਤਾਨਾ, ਏਕਾ ਰੰਗ ਸਮਾਇਆ । ਆਦਿ ਜੁਗਾਦੀ ਖੇਲ ਮਹਾਨਾ, ਜੁਗ ਜੁਗ ਰਚਨ ਰਚਾਇਆ । ਤ੍ਰੈ ਤ੍ਰੈ ਮੇਲਾ ਇਕ ਇਕੇਲਾ, ਗੁਰੂ ਗੁਰ

ਚੇਲਾ ਨਾਉਂ ਧਰਾਇਆ । ਹਰਿਜਨ ਹਰਿ ਹਰਿ ਸੱਜਣ ਸੁਹੇਲਾ, ਸਾਕ ਸੈਣ ਆਪ ਅਖਵਾਇਆ । ਆਪੇ ਜਾਣੇ ਆਪਣਾ ਵਕ਼ਤ ਵੇਲਾ, ਵਾਰ ਥਿਤ ਨਾ ਕੋਇ ਜਣਾਇਆ । ਆਪਣਾ ਖੇਲ ਆਪੇ ਖੇਲਾ, ਦੂਸਰ ਨਾ ਕੋਈ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਹਰਿ ਹਰਿ ਵੱਡਾ ਵਡ, ਵੱਡੀ ਵਡਿਆਈਆ । ਆਪ ਖੁਲ੍ਹਾਇਆ ਆਪਣਾ ਦਰ, ਦਰ ਦਰਵਾਜਾ ਆਪ ਖੁਲ੍ਹਾਈਆ । ਆਪੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਬੰਧਨ ਬੰਧ ਬੰਧਾਈਆ । ਆਪਣੀ ਚੋਟੀ ਆਪੇ ਚੜ੍ਹ, ਆਪ ਆਪਣਾ ਬੰਕ ਸੁਹਾਈਆ । ਆਪਣੀ ਵਿਦਿਆ ਆਪੇ ਪੜ੍ਹ, ਆਪਣਾ ਅੱਖਰ ਆਪ ਉਪਾਈਆ । ਆਪਣੇ ਅੱਗੇ ਆਪੇ ਖੜ੍ਹ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਸੂਰਾ ਸਰਬੰਗ, ਏਕਾ ਏਕ ਚੜ੍ਹਾਈਆ । ਸੂਰਾ ਸਰਬੰਗ ਹਰਿ ਮਿਹਰਵਾਨਾ, ਦੂਸਰ ਦੋਏ ਕੋਇ ਨਜ਼ਰ ਨਾ ਆਇੰਦਾ । ਆਪੇ ਜਾਣੇ ਆਪਣਾ ਸਚ ਨਿਸ਼ਾਨਾ, ਸਚਖੰਡ ਦਵਾਰੇ ਆਪ ਝੁਲਾਇੰਦਾ । ਸਚਖੰਡ ਬੈਠ ਮਿਹਰਵਾਨਾ, ਆਪ ਆਪਣਾ ਅਦਲ ਕਮਾਇੰਦਾ । ਚੋਬਦਾਰ ਨਾ ਕੋਈ ਦਰ ਦਰਬਾਨਾ, ਨਾ ਕੋਈ ਸੀਸ ਝੁਕਾਇੰਦਾ । ਇਕ ਅਕੱਲਾ ਸ੍ਰੀ ਭਗਵਾਨਾ, ਆਪਣਾ ਸਾਲਸ ਆਪ ਬਣ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਅਵੱਲੜਾ ਹਰਿ ਕਰਤਾਰ, ਆਪਣਾ ਆਪ ਕਰਾਈਆ । ਰਾਹ ਸੁਖਲੜਾ ਵਿਚ ਸੰਸਾਰ, ਜੁਗ ਜੁਗ ਮਾਤ ਚਲਾਈਆ । ਕਾਇਆ ਮਾਟੀ ਪੰਚ ਤੱਤ ਪਾਵੇ ਸਾਰ, ਖ਼ਲਕ ਖ਼ਾਲਕ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਏਕਾ ਘਰ ਸੁਹਾਈਆ । ਨਿਰਗੁਣ ਸਰਗੁਣ ਹਰਿ ਗੋਬਿੰਦ, ਪਾਰਬ੍ਰਹਮ ਵੱਡੀ ਵਡਿਆਈਆ । ਸਰਗੁਣ ਮੇਟੇ ਸਗਲੀ ਚਿੰਦ, ਆਪ ਆਪਣਾ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਗੁਣੀ ਗਹਿੰਦ, ਬ੍ਰਹਮ ਵੇਖੇ ਸਹਿਜ ਸੁਭਾਈਆ । ਏਕੰਕਾਰਾ ਇਕ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਵੇਖ ਵਖਾਈਆ । ਆਪਣੀ ਰਚਨਾ ਆਪੇ ਰਚ, ਆਪੇ ਵੇਖ ਵਖਾਇੰਦਾ । ਆਪੇ ਨੌਂ ਦਵਾਰੇ ਰਿਹਾ ਨਚ, ਪੰਜ ਵਿਕਾਰਾ ਨਾਲ ਰਲਾਇੰਦਾ । ਆਪੇ ਦਸਮ ਦਵਾਰੀ ਬੈਠਾ ਸਚ, ਸਚ ਸਿੰਘਾਸਣ ਆਸਣ ਲਾਇੰਦਾ । ਆਪ ਉਪਾਏ ਕਾਇਆ ਮਾਟੀ ਭਾਂਡਾ ਕੱਚ, ਆਪੇ ਭੰਨ ਵਖਾਇੰਦਾ । ਆਪੇ ਪੂਤ ਸਪੂਤਾ ਸੁੱਤ ਦੁਲਾਰ ਜੰਮੇ ਮਾਤਾ ਬਣੇ ਜਚ, ਜਨ ਜਨਣੀ ਆਪ ਅਖਵਾਇੰਦਾ । ਆਪੇ ਘਟ ਘਟ ਅੰਦਰ ਜਾਏ ਰਚ, ਰੂਪ ਆਪਣਾ ਆਪ ਛੁਪਾਇੰਦਾ । ਆਪੇ ਤ੍ਰੈਗੁਣ ਮਾਇਆ ਰਿਹਾ ਮਚ, ਆਪੇ ਪੰਜ ਤੱਤ ਅਗਨੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਵਾ ਬਾਤੀ ਕਮਲਾਪਾਤੀ ਆਪਣਾ ਆਪ ਜਗਾਇੰਦਾ । ਦੀਵਾ ਬਾਤੀ ਜੋਤ ਉਜਾਲਾ, ਨਿਰਗੁਣ ਨੂਰ ਨੂਰ ਉਪਜਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਵਰਭੰਡੀ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲਾ, ਰਾਜ ਰਾਜਾਨਾ ਭੇਵ ਖੁਲ੍ਹਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਮੰਦਰ ਅੰਦਰ ਡੂੰਘੀ ਕੰਦਰ, ਸਾਚੇ ਪੌੜੇ ਆਪ ਚੜ੍ਹਾਇੰਦਾ । ਸੋ ਪੁਰਖ ਨਿਰੰਜਣ ਅਬਿਨਾਸ਼ੀ ਕਰਤਾ ਏਕੰਕਾਰਾ ਏਕਾ ਗਲ ਪਾਏ ਸਾਚੀ ਮਾਲਾ, ਹੰ ਬ੍ਰਹਮ ਮੇਲ ਮਿਲਾਇੰਦਾ । ਸੋਹੰ ਸ਼ਬਦ ਵੱਜੇ ਤਾਲਾ, ਬਹੱਤਰ ਨਾੜਾ ਤਾਲ ਤਲਵਾੜਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਭੇਵ ਖੁਲ੍ਹਾਇੰਦਾ । ਏਕਾ ਅੱਖਰ ਹਰਿ

੧੨੫੬ ੦੮

ਕਰਤਾਰ, ਆਪਣਾ ਆਪ ਉਪਾਇਆ । ਨਿਰਗੁਣ ਨੂਰ ਨੂਰ ਉਜਿਆਰ, ਨੂਰੋ ਨੂਰ ਡਗਮਗਾਇਆ । ਅਜੂਨੀ ਰਹਿਤ ਖੇਲ ਅਪਾਰ, ਮਾਤ ਪਿਤਾ ਨਾ ਕੋਈ ਵਖਾਇਆ । ਭੈਣ ਭਾਈ ਨਾ ਸੁੱਤ ਦੁਲਾਰ, ਸੱਜਣ ਮੀਤ ਨਾ ਕੋਈ ਜਣਾਇਆ । ਮਹੱਲ ਅਟੱਲ ਨਾ ਕੋਈ ਮੁਨਾਰ, ਚਾਰ ਦੀਵਾਰ ਨਾ ਕੋਈ ਰਖਾਇਆ । ਜਲ ਬਿੰਬ ਨਾ ਕੋਈ ਧਾਰ, ਧਰਨੀ ਧਵਲ ਨਾ ਚਰਨ ਟਿਕਾਇਆ । ਰਤ ਤੱਤ ਨਾ ਕੋਈ ਪਸਾਰ, ਬ੍ਰਹਮ ਮਤ ਨਾ ਕੋਇ ਧਰਾਇਆ । ਜੇਰਜ ਅੰਡ ਉਤਭੁਜ ਸੇਤਜ ਨਾ ਕੋਈ ਉਤਪਤ, ਪਤ ਡਾਲ੍ਹੀ ਨਾ ਕੋਈ ਵਖਾਇਆ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਨਾਉਂ ਧਰਾਇਆ । ਆਪਣੀ ਝੋਲੀ ਪਾਏ ਆਪਣੀ ਵਥ, ਸਾਚੀ ਵਸਤ ਆਪ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇਆ । ਸੋ ਪੁਰਖ ਨਿਰੰਜਣ ਹਰਿ ਮਿਹਰਵਾਨਾ, ਹਰਿ ਵੱਡਾ ਵਡ ਵਡਿਆਈਆ । ਪੁਰਖ ਨਿਰੰਜਣ ਦੇਵੇ ਦਾਨਾ, ਦਾਤਾ ਦਾਨੀ ਆਪ ਹੋ ਜਾਈਆ । ਏਕੰਕਾਰਾ ਬੰਨ੍ਹੇ ਗਾਨਾ, ਸਾਚਾ ਸਗਨ ਮਨਾਈਆ । ਜੋਤ ਨਿਰੰਜਣ ਖੇਲ ਮਹਾਨਾ, ਆਦਿ ਨਿਰੰਜਣ ਵਡ ਡਗਮਗਾਈਆ । ਪੁਰਖ ਅਬਿਨਾਸ਼ੀ ਗਾਏ ਗਾਣਾ, ਸ਼ਬਦ ਅਨਾਦੀ ਢੋਲਾ ਇਕ ਸੁਣਾਈਆ । ਸ੍ਰੀ ਭਗਵਾਨ ਵੇਖੇ ਸਚ ਮਕਾਨਾ, ਸਚਖੰਡ ਨਿਵਾਸੀ ਥਿਰ ਘਰ ਬੈਠਾ ਆਸਣ ਲਾਈਆ । ਪਾਰਬ੍ਰਹਮ ਕਰ ਧਿਆਨਾ, ਆਪਣੀ ਇਛਿਆ ਆਪੇ ਪੂਰ ਕਰਾਈਆ । ਵੰਡੇ ਵੰਡ ਹਰਿ ਸੁਲਤਾਨਾ, ਆਪ ਆਪਣਾ ਅੰਗ ਕਟਾਈਆ । ਏਕਾ ਬ੍ਰਹਮ ਕਰ ਪਰਧਾਨਾ, ਦੋਏ ਰੂਪ ਇਕ ਹੋ ਜਾਈਆ । ਸੋ ਪੁਰਖ ਨਿਰੰਜਣ ਸਚ ਨਿਸ਼ਾਨਾ, ਹੰ ਬ੍ਰਹਮ ਆਪ ਉਪਜਾਈਆ । ਸੋਹੰ ਸ਼ਬਦ ਕਰ ਪਰਵਾਨਾ, ਆਪ ਆਪਣਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਈਆ । ਸੋ ਪੁਰਖ ਸੁਲਤਾਨ, ਹਰਿ ਹਰਿ ਹਰਿ ਅਖਵਾਇੰਦਾ । ਹੰ ਬ੍ਰਹਮ ਇਕ ਨਿਸ਼ਾਨ, ਏਕਾ ਘਰ ਵਸਾਇੰਦਾ । ਦੋਹਾਂ ਵਿਚੋਲਾ ਆਪ ਭਗਵਾਨ, ਦੋ ਜਹਾਨਾਂ ਵੇਖ ਵਖਾਇੰਦਾ । ਨੌ ਨੌ ਚਾਰ ਨਾ ਚੁੱਕੇ ਕਾਨ, ਛੱਤੀ ਜੁਗ ਨਾ ਕੋਇ ਹਿਲਾਇੰਦਾ । ਸਤਿਜੁਗ ਵੇਖੇ ਸਤਿ ਦੁਕਾਨ, ਤ੍ਰੇਤਾ ਫੋਲ ਫੁਲਾਇੰਦਾ । ਰਾਮ ਨਾਮ ਕਰ ਪਰਧਾਨ, ਦੁਆਪਰ ਰੰਗ ਰੰਗਾਇੰਦਾ । ਸਾਚਾ ਮੇਲਾ ਸਖੀਆਂ ਕਾਹਨ, ਏਕਾ ਬੰਸਰੀ ਨਾਮ ਵਜਾਇੰਦਾ । ਕਲਜੁਗ ਝੂਲੇ ਝੂਠ ਨਿਸ਼ਾਨ, ਦਹਿ ਦਿਸ਼ਾ ਆਪ ਝੁਲਾਇੰਦਾ । ਮਾਇਆ ਮਮਤਾ ਪਾਈ ਆਣ, ਪੰਚ ਵਿਕਾਰਾ ਨਾਲ ਰਲਾਇੰਦਾ । ਜੋਧਾ ਬਣਿਆ ਪੰਜ ਸ਼ੈਤਾਨ, ਝੂਠ ਝੂਠ ਤ੍ਰਿਸੂਲ ਹੱਥ ਉਠਾਇੰਦਾ । ਹਉਮੇ ਹੰਗਤਾ ਤੀਰ ਕਮਾਨ, ਮਾਇਆ ਮਮਤਾ ਚਿੱਲਾ ਇਕ ਚੜ੍ਹਾਇੰਦਾ । ਹੰ ਹੰਗਤਾ ਸ਼ਾਹ ਸੁਲਤਾਨ, ਘਰ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਕਲਜੁਗ ਕੂੜਾ ਪਸਰ ਪਸਾਰਾ, ਆਪਣਾ ਆਪ ਕਰਾਇੰਦਾ । ਈਸਾ ਮੂਸਾ ਖੇਲ ਨਿਆਰਾ, ਖ਼ਾਲਕ ਆਪਣੀ ਖੇਲ ਖਿਲਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਏਕਾ ਨਾਅਰਾ ਹੱਕ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਪਰਨਾਇੰਦਾ । ਮੇਲ ਮਿਲਾਏ ਅਧਵਿਚਕਾਰਾ, ਅੱਗੇ ਰਾਹ ਨਾ ਕੋਈ ਵਖਾਇੰਦਾ । ਨਿਰਗੁਣ ਦੀਪ ਕਰ ਉਜਿਆਰਾ, ਚੌਦਾਂ ਤਬਕਾਂ ਆਪ ਜਗਾਇੰਦਾ । ਘਰ ਘਰ ਅੰਦਰ ਕਰ ਪਸਾਰਾ, ਆਪ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਚੌਦਾਂ ਲੋਕ ਵੇਖੇ ਹੱਟ, ਹਰਿ ਵੱਡਾ ਏਕਾ ਏਕ ਅਖਵਾਈਆ । ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਵੇਖਣਹਾਰਾ ਕਾਇਆ ਮਟ, ਅੰਦਰ ਮੰਦਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਏਕਾ ਸੰਗ ਰਖਾਈਆ । ਏਕਾ ਸੰਗ ਸਗਲਾ ਸਾਥਾ, ਹਰਿ ਹਰਿ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਗਾਏ ਗਾਥਾ, ਹੰ ਬ੍ਰਹਮ ਆਪ ਸੁਣਾਇੰਦਾ । ਪਾਵੇ ਆਣ ਤ੍ਰਿਲੋਕੀ ਨਾਥਾ, ਹੁਕਮੀ ਹੁਕਮ ਸਰਬ ਫਿਰਾਇੰਦਾ । ਆਪ ਜਣਾਏ ਪੂਜਾ ਪਾਠਾ, ਆਪ ਆਪਣਾ ਭੇਦ ਖੁਲ੍ਹਾਇੰਦਾ । ਆਪੇ ਸਰ ਸਰੋਵਰ ਵੇਖੇ ਤੀਰਥ ਤਾਟਾ, ਜਲ ਧਾਰ ਆਪ ਨੁਹਾਇੰਦਾ । ਆਪੇ ਪਾਵੇ ਸਾਰ ਹਰਿ ਕਰਤਾਰ ਆਣ ਬਾਟਾ, ਮਾਤ ਗਰਭ ਵੇਖ ਵਖਾਇੰਦਾ । ਆਪੇ ਪੂਰਨ ਕਰਨਹਾਰਾ ਘਾਟਾ, ਪੂਰਬ ਲੇਖ ਚੁਕਾਇੰਦਾ । ਆਪੇ ਅੱਗੇ ਨੇੜੇ ਰੱਖੇ ਵਾਟਾ, ਪਿਛਲਾ ਪੰਧ ਮੁਕਾਇੰਦਾ । ਆਪੇ ਜੋਤ ਜਵਾਲਾ ਹੋਏ ਲਲਾਟਾ, ਸਿੰਘ ਅਸਵਾਰ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਖੇਲ ਬ੍ਰਹਿਮਾਦੀ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਬ੍ਰਹਮ ਵੇਖੇ ਹਰਿ ਪਾਰਬ੍ਰਹਮ, ਹਰਿ ਸਤਿਗੁਰ ਵਡ ਵਡਿਆਈਆ । ਆਪਣੇ ਘਰ ਆਪੇ ਜੰਮ, ਆਪ ਆਪਣਾ ਸਗਨ ਮਨਾਈਆ । ਪਵਣ ਸਵਾਸ ਨਾ ਕੋਈ ਦਮ, ਰਸਨਾ ਜੇਹਵਾ ਨਾ ਕੋਈ ਹਿਲਾਈਆ । ਆਪ ਸਵਾਰੇ ਆਪਣਾ ਕੰਮ, ਕਰਨੀ ਕਰਤਾ ਨਾਉਂ ਧਰਾਈਆ । ਨਾ ਖ਼ੁਸ਼ੀ ਹਰਖ਼ ਸੋਗ ਨਾ ਕੋਈ ਗ਼ਮ, ਆਲਸ ਨਿੰਦਰਾ ਵਿਚ ਨਾ ਆਈਆ । ਨਾ ਕੋਈ ਭੁੱਖ ਤ੍ਰਿਸਨਾ ਦਿਸੇ ਤਮ, ਨਾ ਕੋਈ ਸੇਜ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਿਰਨ ਆਪੇ ਧਰ, ਲੱਖ ਚੁਰਾਸੀ ਦੇਵੇ ਵਰ, ਚੌਥੇ ਜੁਗ ਭੰਡਾਰ ਭਰ, ਨਾਮ ਅੱਗੇ ਸਤਿ ਧਰ, ਨਾਮ ਸਤਿ ਕਰੇ ਕੁੜਮਾਈਆ । ਇਕ ਇਕ ਇਕ ਨਾਮ ਸਤਿ, ਹਰਿ ਸਾਚੀ ਵੰਡ ਵੰਡਾਇੰਦਾ । ਨਾਨਕ ਬੁਝਾਇਆ ਏਕਾ ਤੱਤ, ਏਕਾ ਰੂਪ ਦਰਸਾਇੰਦਾ । ਬੀਜ ਬੀਜੇ ਸਾਚੇ ਵਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਬ੍ਰਹਮ ਪਾਈ ਸਾਚੀ ਰਿਤ, ਨਾਮ ਬੀਜ ਆਪ ਵਖਾਇੰਦਾ । ਜਗਤ ਮੈਲ ਆਪੇ ਕੱਟ, ਏਕਾ ਰੰਗ ਰੰਗਾਇੰਦਾ । ਇਕ ਵਖਾਏ ਸਾਚਾ ਹੱਟ, ਸਚਖੰਡ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਆਪ ਖੁਲ੍ਹਾਇੰਦਾ । ਨਾਨਕ ਨਿਰਗੁਣ ਨਿਰਗੁਣ ਮੇਲਿਆ, ਹਰਿ ਸਾਚਾ ਮੇਲ ਮਿਲਾਇੰਦਾ । ਨਿਰਗੁਣ ਗੁਰੂ ਨਿਰਗੁਣ ਚੇਲਿਆ, ਨਿਰਗੁਣ ਵੇਖ ਵੇਖ ਵਖਾਇੰਦਾ । ਨਿਰਗੁਣ ਸਾਕ ਸੱਜਣ ਸੁਹੇਲਿਆ, ਨਿਰਗੁਣ ਸਾਚਾ ਸੰਗ ਨਿਭਾਇੰਦਾ । ਨਿਰਗੁਣ ਜਾਣੇ ਵਕ਼ਤ ਵੇਲਿਆ, ਨਿਰਗੁਣ ਆਪਣਾ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਇੰਦਾ । ਨਾਨਕ ਮੇਲਾ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਉਪਾਈਆ । ਨਿਰਗੁਣ ਵਜਾਏ ਸਚ ਸਤਾਰ, ਸਾਚੀ ਸਾਰੰਗੀ ਹੱਥ ਉਠਾਈਆ । ਚਾਰ ਵੇਦ ਨਾ ਪਾਵਨ ਸਾਰ, ਬ੍ਰਹਮਾ ਚਾਰੇ ਮੁਖ ਸਲਾਹੀਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਗਿਆ ਜਣਾਈਆ । ਅਠਾਰਾਂ ਧਿਆਏ ਗੀਤਾ ਕਰੇ ਗਿਆਨ, ਹਰਿ ਕਾ ਰੂਪ ਦਿਸ ਨਾ ਆਈਆ । ਅੰਜੀਲ ਕੁਰਾਨ ਬਹਿ ਬਹਿ ਗਾਣ, ਕਲਮਾ ਕਲਮੀ ਆਪ ਉਪਜਾਈਆ । ਕਾਇਨਾਤ ਹੋਈ ਪਰਧਾਨ, ਏਕਾ ਨਾਅਰਾ ਰਹੀ ਸੁਣਾਈਆ । ਪੁਰਖ ਅਬਿਨਾਸ਼ੀ ਖੇਲ ਮਹਾਨ, ਆਪਣੇ ਹੱਥ ਰੱਖੇ ਵਡਿਆਈਆ । ਦੇਵਣਹਾਰਾ ਧੁਰ ਫ਼ਰਮਾਣ, ਏਕਾ ਸ਼ਬਦੀ ਸ਼ਬਦ ਸੁਣਾਈਆ । ਨਿਰਗੁਣ ਨਿਰਗੁਣ ਹੋਇਆ ਜਾਣੀ ਜਾਣ, ਆਪ ਆਪਣੀ ਬੂਝ ਬੁਝਾਈਆ । ਆਪੇ ਦਾਤਾ ਦਾਨੀ ਦੇਵੇ ਦਾਨ, ਆਪੇ ਝੋਲੀ ਅੱਗੇ ਡਾਹੀਆ । ਆਪੇ ਜੋਤੀ ਜੋਤ ਹੋਏ ਸ੍ਰੀ ਭਗਵਾਨ, ਆਪੇ ਭਗਵਨ ਰੂਪ ਵਟਾਈਆ । ਆਪੇ ਸਖੀਆਂ ਮੰਗਲ ਗਾਏ ਬਣ ਬਣ ਕਾਹਨ, ਆਪੇ

ਸੀਤਾ ਸੁਰਤੀ ਰਾਮ ਪਰਨਾਈਆ । ਆਪੇ ਈਸਾ ਮੂਸਾ ਵੇਖੇ ਮਾਰ ਧਿਆਨ, ਕਾਇਆ ਕਾਅਬਾ ਆਪ ਵਡਿਆਈਆ । ਆਪੇ ਸੰਗ ਮੁਹੰਮਦ ਗਾਏ ਆਪਣਾ ਗਾਣ, ਸਚ ਹਦੀਸਾ ਇਕ ਪੜ੍ਹਾਈਆ । ਆਪਣੀ ਕਿਰਨ ਇਕ ਨਿਸ਼ਾਨ, ਇਕ ਇਕ ਇਕ ਵੰਡ ਵੰਡਾਈਆ । ਲੱਖ ਚੁਰਾਸੀ ਕਰ ਪਰਧਾਨ, ਆਪ ਆਪਣਾ ਬੰਸ ਸੁਹਾਈਆ । ਨਾਨਕ ਮੇਲਾ ਗੁਣ ਨਿਧਾਨ, ਗੁਣਵੰਤਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਦਰਸਾਈਆ । ਨਿਰਗੁਣ ਰੂਪ ਹਰਿ ਦਰਸਾਇਆ, ਸਰਗੁਣ ਵੇਖ ਵਖਾਇੰਦਾ । ਸਰਗੁਣ ਨਿਰਗੁਣ ਵਿਚ ਮਿਲਾਇਆ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਨਿਰਗੁਣ ਰੰਗ ਨਜ਼ਰ ਨਾ ਆਇਆ, ਸਰਗੁਣ ਨੈਣ ਖੁਲ੍ਹਾਇੰਦਾ । ਸਰਗੁਣ ਦਰਸ ਆਪ ਦਿਖਾਇਆ, ਨਿਰਗੁਣ ਆਪਣਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਿਰਨ ਆਪਣੇ ਅੱਗੇ ਧਰ, ਆਪਣੀ ਵੰਡ ਵੰਡਾਇੰਦਾ । ਏਕਾ ਕਿਰਨ ਨਾਮ ਵੰਡ, ਵੰਡਣਹਾਰਾ ਵੰਡ ਵੰਡਾਇੰਦਾ । ਏਕਾ ਕਿਰਨ ਉਪਜਿਆ ਕੋਟਨ ਕੋਟ ਬ੍ਰਹਿਮੰਡ, ਰਵ ਸਸ ਸੂਰਜ ਚੰਨ ਸਤਾਰ, ਆਪ ਚਮਕਾਇੰਦਾ । ਏਕਾ ਕਿਰਨ ਲੱਖ ਚੁਰਾਸੀ ਜੇਰਜ ਅੰਡ, ਉਤਭੁਜ ਸੇਤਜ ਆਪ ਰਖਾਇੰਦਾ । ਏਕਾ ਕਿਰਨ ਬ੍ਰਹਮਾ ਵਿਸ਼ਨ ਸ਼ਿਵ ਕਰੇ ਖੰਡ ਖੰਡ, ਕਰੋੜ ਤੇਤੀਸਾ ਏਕਾ ਕਿਰਨ ਮੇਟ ਮਿਟਾਇੰਦਾ । ਏਕਾ ਕਿਰਨ ਵੇਖੇ ਨਾਰ ਦੁਹਾਗਣ ਰੰਡ, ਘਟ ਮੰਦਰ ਫੋਲ ਫੁਲਾਇੰਦਾ । ਏਕਾ ਕਿਰਨ ਸੁਣਾਏ ਸੁਹਾਗੀ ਛੰਦ, ਸਾਚਾ ਸੋਹਲਾ ਆਪਣਾ ਗਾਇੰਦਾ । ਨਾਮ ਸਤਿ ਗਾਇਆ ਏਕਾ ਬੰਦ, ਬੱਤੀ ਦੰਦ ਨਾ ਕੋਈ ਸਲਾਹਿੰਦਾ । ਨਿਰਗੁਣ ਚੜ੍ਹਾਇਆ ਸਰਗੁਣ ਚੰਦ, ਨਿਰਗੁਣ ਜੋਤ ਜੋਤੀ ਜੋਤ ਜਗਾਇੰਦਾ । ਨਿਰਗੁਣ ਸਮਾਇਆ ਪਰਮਾਨੰਦ, ਨਿਜਾਨੰਦ ਆਪ ਹੋ ਜਾਇੰਦਾ । ਨਿਰਗੁਣ ਮਿਟਾਏ ਦੂਈ ਦਵੈਤੀ ਕੰਧ, ਮਾਇਆ ਮਮਤਾ ਪੜਦਾ ਆਪ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਗੰਮ ਅਪਾਰ, ਆਪਣੀ ਸਿਖਿਆ ਆਪ ਸਮਝਾਇੰਦਾ । ਨਿਰਗੁਣ ਵੇਸ ਹਰਿ ਕਰਤਾਰ, ਜੋਤੀ ਜੋਤ ਡਗਮਗਾਇੰਦਾ । ਨਾਨਕ ਸਰਗੁਣ ਦਰ ਦਰਬਾਰ, ਸਚਖੰਡ ਦਵਾਰਾ ਆਪ ਵਖਾਇੰਦਾ । ਏਕਾ ਦੂਜਾ ਭੇਵ ਨਿਵਾਰ, ਤੀਜਾ ਦਰ ਖੁਲ੍ਹਾਇੰਦਾ । ਚੌਥੇ ਪਦ ਪਾਵੇ ਸਾਰ, ਬ੍ਰਹਮ ਨਦ ਇਕ ਵਜਾਇੰਦਾ । ਪੰਚਮ ਮੇਲਾ ਹਰਿ ਗਿਰਧਾਰ, ਸਾਚਾ ਥਾਨ ਥਨੰਤਰ ਇਕ ਵਖਾਇੰਦਾ । ਛੇਵੇਂ ਛੱਪਰ ਛੰਨ ਨਾ ਕੋਈ ਮੁਨਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਮੀਤ ਮੁਰਾਰ, ਸਤਿ ਸਤਿਵਾਦੀ ਨਜ਼ਰੀ ਆਇੰਦਾ । ਅੱਠਾਂ ਤੱਤਾਂ ਵਸਿਆ ਬਾਹਰ, ਨਿਰੰਕਾਰਾ ਖੇਲ ਖਿਲਾਇੰਦਾ । ਨੌ ਦਰ ਨਾ ਕੋਈ ਦੁਆਰ, ਰਸਨਾ ਜੇਹਵਾ ਮੁਖ ਨੱਕ ਕੰਨ ਨਾ ਕੋਈ ਵਖਾਇੰਦਾ । ਦਸਮ ਦਵਾਰੀ ਨਾ ਕੋਈ ਦਵਾਰ, ਨਿਝਰ ਝਿਰਨਾ ਨਾ ਕੋਈ ਝਿਰਾਇੰਦਾ । ਸਚਖੰਡ ਨਿਵਾਸੀ ਸੱਚੀ ਸਰਕਾਰ, ਘਰ ਸਾਚਾ ਇਕ ਸੁਹਾਇੰਦਾ । ਸੋ ਪੁਰਖ ਨਿਰੰਜਣ ਨਜ਼ਰੀ ਆਏ ਇਕ ਕਰਤਾਰ, ਨਾਨਕ ਨਿਰਗੁਣ ਵੇਖ ਵਖਾਇੰਦਾ । ਹੰ ਬ੍ਰਹਮ ਵੇਖ ਸਰਬ ਸੰਸਾਰ, ਆਪ ਆਪਣਾ ਨਾਲ ਰਲਾਇੰਦਾ । ਨਾੜੀ ਮਾਸ ਚਮੜੇ ਵਸਿਆ ਬਾਹਰ, ਨੇਤਰ ਨੈਣ ਦਿਸ ਕਿਸੇ ਨਾ ਆਇੰਦਾ । ਤ੍ਰੈਗੁਣ ਮਾਇਆ ਨਾ ਕੋਈ ਅਧਾਰ, ਬ੍ਰਹਮਾ ਵਿਸ਼ਨ ਸ਼ਿਵ ਨਾ ਸੇਵ ਕਮਾਇੰਦਾ । ਸੋ ਪੁਰਖ ਨਿਰੰਜਣ ਪਾਇਆ ਸਾਚਾ ਹਰਿ ਨਿਰੰਕਾਰ, ਸੋ ਅੱਖਰ ਆਪ ਪੜ੍ਹਾਇੰਦਾ । ਹੰ ਕਰ ਪਿਆਰ ਬ੍ਰਹਮ ਵੇਖ ਸੰਸਾਰ, ਨਾਨਕ ਮੇਲਾ ਮੇਲ ਮਿਲਾਇੰਦਾ । ਸੋਹੰ ਸ਼ਬਦ ਕਰ ਤਿਆਰ, ਕਾਇਆ ਚੋਲਾ ਬੰਦ ਰਖਾਇੰਦਾ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸ੍ਰਿਸ਼ਟ ਸਬਾਈ ਲੇਖਾ ਲੇਖ ਚੁਕਾਇੰਦਾ । ਸਤਿਜੁਗ

੧੨੫੯
੦੮

ਢੋਲਾ ਗਾਏ ਪਹਿਲੀ ਵਾਰ, ਨੌ ਸੌ ਚੁਰਾਨਵੇ ਚੌਕੜੀ ਜੁਗ ਨਾ ਮੁਖ ਵਖਾਇੰਦਾ । ਛੱਤੀ ਜੁਗ ਰਹੇ ਪੁਕਾਰ, ਨੌ ਚਾਰ ਸਰਬ ਕੁਰਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਆਈ ਹਾਰ, ਕਲਜੁਗ ਅੰਤਮ ਕੂਕ ਸੁਣਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੈਣਾ ਨੀਰ ਵਹਾਇੰਦਾ । ਵਿਸ਼ਨੂੰ ਕੋਲ ਸੁਣੇ ਪੁਕਾਰ, ਉਚੀ ਕੂਕੇ ਕੂਕ ਸੁਣਾਇੰਦਾ । ਸ਼ੰਕਰ ਗਲੋਂ ਲਾਹੇ ਹਾਰ, ਹੱਥ ਤ੍ਰਿਸੂਲ ਨਾ ਕੋਈ ਉਠਾਇੰਦਾ । ਕਰੋੜ ਤੇਤੀਸਾ ਛੱਡ ਦਵਾਰ, ਸੁਰਪਤ ਰਾਜਾ ਮੁਖ ਭੁਵਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਚਾਰੇ ਖਾਣੀ ਵੇਖ ਵਖਾਇੰਦਾ । ਚਾਰੇ ਬਾਣੀ ਪਾਵੇ ਸਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਫੋਲ ਫੋਲਾਇੰਦਾ । ਸਾਚੇ ਹਾਣੀ ਕਰ ਤਿਆਰ, ਸਾਚੀ ਸਿਖਿਆ ਸਿਖ ਸਮਝਾਇੰਦਾ । ਸਾਚੀ ਰਾਣੀ ਤਨ ਸ਼ਿੰਗਾਰ, ਕਲਜੁਗ ਮਾਇਆ ਆਪ ਪਰਨਾਇੰਦਾ । ਇਕੀ ਜੇਠ ਦਿਵਸ ਵਿਚਾਰ, ਦਾਈ ਦਾਇਆ ਖੇਲ ਖਿਲਾਇੰਦਾ । ਪਰਗਟ ਹੋਇਆ ਵਿਚ ਸੰਸਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਹੰ ਬ੍ਰਹਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਲੇਖਾ, ਲਿਖਿਆ ਲੇਖ ਚੁਕਾਇੰਦਾ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਗਣਪਤ ਗਣੇਸ਼ ਆਦਿ ਸ਼ਕਤੀ ਆਦਿ ਭਵਾਨੀ ਦੇਵਣਹਾਰਾ ਸਚ ਨਿਸ਼ਾਨੀ, ਅਸ਼ਟਭੁਜ ਭੇਵ ਖੁਲ੍ਹਾਏ ਗੁਝ, ਸ਼ਾਹ ਅਸਵਾਰ ਆਪ ਹੋ ਜਾਇੰਦਾ । ਸ਼ਾਹ ਅਸਵਾਰ ਹਰਿ ਕਰਤਾਰ, ਜੋਧਾ ਸੂਰਬੀਰ ਬਲੀ ਬਲਵਾਨਿਆ । ਜੁਗਾ ਜੁਗੰਤਰ ਲਏ ਅਵਤਾਰਾ, ਖੇਲ ਅਪਾਰਾ ਵਿਚ ਸੰਸਾਰਾ, ਕਰੇ ਕਰਾਏ ਵਾਲੀ ਦੋ ਜਹਾਨਿਆ । ਨਾਮ ਖੰਡਾ ਤੇਜ਼ ਕਟਾਰਾ ਬ੍ਰਹਿਮੰਡਾਂ ਮਾਰੇ ਆਪਣੀ ਵਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਹਕਲੰਕ ਨਰਾਇਣ ਨਰ, ਲੋਕਮਾਤ ਆਏ ਨਾ ਕਿਸੇ ਪਰਨਾਇੰਦਾ । ਜੁਗ ਜੁਗ ਭਗਤਾਂ ਪਾਵੇ ਸਾਰਾ, ਧਰੂ ਪ੍ਰਹਿਲਾਦ ਆਪ ਤਰਾਇੰਦਾ । ਅਠਾਰਾਂ ਅਠਾਰਾਂ ਲੇਖਾ ਏਕਾ ਵਾਰ, ਇਕਵੰਜਾ ਬਵੰਜਾ ਰੰਗ ਰੰਗਾਇੰਦਾ । ਬਾਵਨ ਅੱਖਰੀ ਕਰ ਪਸਾਰਾ, ਈਸ਼ਵਰ ਈਸ਼ ਜੀਵ ਉਪਜਾਇੰਦਾ । ਤ੍ਰੈਗੁਣ ਤੱਤ ਤੱਤ ਅੰਗਿਆਰ, ਆਪਣੀ ਅਗਨੀ ਆਪ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਹਰਿ ਕਰਤਾਰ, ਹਰਿ ਸਾਚਾ ਸਚ ਸੁਲਤਾਨਿਆ । ਚੌਥੇ ਜੁਗ ਖੇਲ ਅਪਾਰ, ਖੇਲੇ ਖੇਲ ਆਪ ਮਹਾਨਿਆ । ਰਥ ਰਥਵਾਹੀ ਬਣ ਸੰਸਾਰ, ਉਠਾਏ ਚਿੱਲਾ ਤੀਰ ਕਮਾਨਿਆ । ਮਹਿਮਾ ਅਕਥ ਅਕਥਨੀ ਕਥੇ ਨਾ ਜੀਵ ਗਵਾਰ, ਵੇਦ ਕਤੇਬ ਭੇਵ ਨਾ ਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰਾ ਗਹਿਣਾ ਤੇਰੇ ਨੈਣਾਂ, ਤੇਰਾ ਬਸ਼ਤਰ ਭੂਸ਼ਨ ਤ੍ਰੈਗੁਣ ਪਹਿਨਾਨਿਆ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਸੱਜਣ ਵੇਖ ਵਖਾਇੰਦਾ । ਨਾਨਕ ਗੋਬਿੰਦ ਹਰਿ ਹਰਿ ਚੇਲਾ, ਸਾਚੇ ਰੰਗ ਰੰਗਾਇੰਦਾ । ਆਦਿ ਜੁਗਾਦੀ ਚਾੜ੍ਹੇ ਤੇਲਾ, ਘਰ ਸਖੀਆਂ ਮੰਗਲ ਗਾਇੰਦਾ । ਪੰਚਮ ਬਹਿ ਬਹਿ ਪਾਇਣ ਵੇਲਾ, ਵੇਲਾ ਵਕ਼ਤ ਸੁਹਾਇੰਦਾ । ਵਸਣਹਾਰਾ ਧਾਮ ਨਵੇਲਾ, ਧਾਮ ਅਵੱਲਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਪਾਰਬ੍ਰਹਮ ਅਬਿਨਾਸ਼ਿਆ । ਜੁਗ ਜੁਗ ਲਹਿਣਾ ਦੇਵਣ ਆਇਆ, ਹਰਿਜਨ ਸ਼ਾਹੋ ਸ਼ਬਾਸ਼ਿਆ । ਨੇਤਰ ਨੈਣਾਂ ਦਰਸ ਦਿਖਾਇਆ, ਵਾਸੀ ਵਾਸ ਘਨਕ ਪੁਰ ਵਾਸਿਆ । ਪ੍ਰਿਥਮੀ ਅਕਾਸ਼ੀ ਫੋਲ ਫੋਲਾਇਆ, ਗਗਨ ਮੰਡਲ ਪਾਵੇ ਰਾਸਿਆ । ਸ਼ਬਦ ਸਵਾਸੀ ਲਏ ਤਰਾਇਆ, ਏਕਾ

ਮਾਰਗ ਸਾਚਾ ਲਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਵਾਸ ਨਿਵਾਸਿਆ । ਵਾਸ ਨਿਵਾਸਾ ਆਦਿ ਅੰਤ, ਨਿਰਗੁਣ ਸਰਗੁਣ ਆਪ ਧਰਾਇੰਦਾ । ਲੇਖਾ ਜਾਣੇ ਸਾਧ ਸੰਤ, ਭਗਤ ਭਗਵੰਤ ਵੇਖ ਵਖਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਘਰ ਸਾਚਾ ਇਕ ਸੁਹਾਇੰਦਾ । ਲੇਖਾ ਜਾਣੇ ਜੀਵ ਜੰਤ, ਲਿਖਣਹਾਰਾ ਦਿਸ ਨਾ ਆਇੰਦਾ । ਵੇਖੇ ਰੁੱਤ ਰੁੱਤ ਬਸੰਤ, ਫਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਭਿਛਿਆ ਆਪੇ ਪਾਇੰਦਾ । ਆਪਣੀ ਭਿਛਿਆ ਦੇਵੇ ਦਾਨ, ਹਰਿ ਭਗਤਨ ਵੰਡ ਵੰਡਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਚਾਰ ਕੁੰਟ ਫੇਰੀ ਪਾਈਆ । ਦਹਿ ਦਿਸ਼ਾ ਦੇਵੇ ਆਪ ਗਿਆਨ, ਪੂਰਬ ਕਰਮਾਂ ਵੇਖ ਵਖਾਈਆ । ਸਤਿ ਸਰੂਪੀ ਇਕ ਗਿਆਨ, ਸੋਹੰ ਸ਼ਬਦ ਨਾਮ ਪੜ੍ਹਾਈਆ । ਸੰਮਤ ਸੋਲਾਂ ਹੋ ਪਰਧਾਨ, ਸੋਲਾਂ ਇਛਿਆ ਵੇਖ ਵਖਾਈਆ । ਸੋਲਾਂ ਬਰਸ ਬਣਿਆ ਰਿਹਾ ਨਾਦਾਨ, ਮੁਖ ਆਪਣਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਖੇਲ ਖਿਲਾਈਆ । ਸੰਮਤ ਸੋਲਾਂ ਪੜਦਾ ਲਾਹਿਆ, ਹਰਿ ਸਾਚਾ ਖੇਲ ਖਿਲਾਇੰਦਾ । ਹਰਿ ਕਲਕੀ ਕਲ ਆਇਆ, ਨਿਹਕਲੰਕਾ ਨਾਉਂ ਧਰਾਇੰਦਾ । ਗੁਰ ਗੋਬਿੰਦ ਸੰਗ ਰਖਾਇਆ, ਗੁਰ ਗੋਬਿੰਦ ਵੇਖ ਵਖਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਦੂਈ ਦਵੈਤੀ ਪੜਦਾ ਢਾਹਿਆ, ਏਕਾ ਸਾਚਾ ਚੰਦ ਚੜ੍ਹਾਇੰਦਾ । ਗੁਰਸਿਖ ਤ੍ਰੈਗੁਣ ਮਾਇਆ ਅਗਨੀ ਸੜਦਾ ਆਣ ਬਚਾਇਆ, ਏਕਾ ਮੇਘ ਬਰਸਾਇੰਦਾ । ਲੱਖ ਚੁਰਾਸੀ ਲੁਕ ਲੁਕ ਆਪੇ ਫੜਦਾ, ਦਿਸ ਕਿਸੇ ਨਾ ਆਇੰਦਾ । ਆਪਣੇ ਅਸਵ ਘੋੜੇ ਆਪੇ ਚੜ੍ਹਦਾ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਸੋਲਾਂ ਕਲੀਆਂ ਆਸਣ ਗੁਰਮੁਖਾਂ ਸਾਚਾ ਘਾੜਨ ਘੜਦਾ, ਸੋਲਾਂ ਇਛਿਆ ਝੋਲੀ ਪਾਇੰਦਾ । ਜਗਤ ਵਿਕਾਰਾ ਆਪੇ ਲੜਦਾ, ਨਾਮ ਖੰਡਾ ਹੱਥ ਉਠਾਇੰਦਾ । ਸੋਹੰ ਅੱਖਰ ਜੋ ਜਨ ਪੜਦਾ, ਬ੍ਰਹਮਾ ਵਿਸ਼ਨ ਸ਼ਿਵ ਫੜ ਫੜ ਚਰਨਾਂ ਹੇਠ ਦਬਾਇੰਦਾ । ਪੁਰਖ ਅਬਿਨਾਸ਼ੀ ਬਾਂਹੋਂ ਫੜ ਸਚਖੰਡ ਦਵਾਰੇ ਆਪੇ ਵੜਦਾ, ਆਪਣਾ ਕੁੰਡਾ ਆਪੇ ਲਾਹਿੰਦਾ । ਗੁਰਸਿਖ ਤੇਰੇ ਘਾੜਨ ਘੜਦਾ, ਘੜਣ ਭੰਨਣਹਾਰ ਆਪ ਅਖਵਾਇੰਦਾ । ਲੇਖਾ ਜਾਣੇ ਚੋਟੀ ਜੜ ਦਾ, ਡੂੰਘੀ ਗਾਰ ਨਾ ਕੋਈ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਇੰਦਾ । ਪਾਇਆ ਘਰ ਘਰ ਕਰਤਾਰਾ, ਘਰ ਸਾਚੇ ਵੱਜੀ ਵਧਾਈਆ । ਆਇਆ ਦਰ ਦਰ ਦਰਬਾਰਾ, ਦਰ ਦਰਵੇਸ ਰੂਪ ਵਟਾਇਆ । ਨਾਲ ਰਲਾਇਆ ਗੁਰਮੁਖ ਸਾਚਾ ਲਾੜਾ, ਸਿਰ ਸਿਹਰਾ ਸੀਸ ਨਾਮ ਬੰਧਾਈਆ । ਗੁਰਮੁਖ ਸਖੀਆਂ ਲਾਇਆ ਅਖਾੜਾ, ਏਕਾ ਮੰਗਲ ਸੋਹਣਾ ਗਾਈਆ । ਪੁਰਖ ਅਬਿਨਾਸ਼ੀ ਮੰਗਣ ਆਇਆ ਵਾੜਾ, ਅੱਗੇ ਆਪਣੀ ਝੋਲੀ ਡਾਹੀਆ । ਜੋਤ ਨਿਰੰਜਣ ਮੇਲ ਮਿਲਾਏ ਸਾਚਾ ਲਾੜਾ, ਸਚ ਸਵਾਣੀ ਘਰ ਬੈਠੀ ਕਰੇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਮਤ ਸੋਲਾਂ ਦਏ ਵਡਿਆਈਆ । ਵੀਹ ਸੌ ਸੋਲਾਂ ਸੰਮਤ ਆਇਆ, ਸੰਮਤ ਸੰਮਤੀ ਲੇਖਾ ਲਿਖਾਇੰਦਾ । ਨਿਹਕਲੰਕ ਹਰਿ ਜਾਮਾ ਪਾਇਆ, ਚਾਰ ਵਰਨਾਂ ਕੂਕ ਸੁਣਾਇੰਦਾ । ਪੰਡਤ ਪਾਂਧਾ ਭੁੱਲਾ ਰਹੇ ਨਾ ਰਾਇਆ, ਸ਼ਾਹ ਸੁਲਤਾਨਾਂ ਆਪ ਉਠਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਕੁਤਬ ਗੌਂਸ ਸ਼ਾਹ ਹਕੀਰ ਰਿਹਾ ਜਗਾਇਆ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਗ੍ਰੰਥੀ ਪੰਥੀ ਦਏ ਉਠਾਇਆ, ਨਾਮ ਧੱਕਾ ਏਕਾ ਲਾਇੰਦਾ । ਗੁਰਮੁਖਾਂ ਰਾਹ ਆਪਣੇ ਪਾਇਆ, ਆਪਣਾ ਮਾਰਗ ਆਪੇ

੧੨੬੧ ੦੮

ਲਾਇੰਦਾ । ਸਵੱਛ ਸਰੂਪੀ ਦਰਸ ਦਿਖਾਇਆ, ਰਾਤੀ ਸੁੱਤਿਆਂ ਆਪ ਉਠਾਇੰਦਾ । ਅੰਮ੍ਰਿਤ ਫੜ ਫੜ ਮੁਖ ਚੁਆਇਆ, ਕਾਇਆ ਕਾਸਾ ਆਪ ਫੜਾਇੰਦਾ । ਸਚ ਦਲਾਸਾ ਦਏ ਦਵਾਇਆ, ਰਾਏ ਧਰਮ ਨਾ ਅੰਤ ਸਤਾਇੰਦਾ । ਚਿਤਰ ਗੁਪਤ ਦਰ ਲੇਖ ਮੁਕਾਇਆ, ਲਾੜੀ ਮੌਤ ਮੂੰਹ ਭਵਾਇੰਦਾ । ਆਪਣੇ ਅੰਗ ਲਏ ਲਗਾਇਆ, ਜੋ ਜਨ ਰਸਨਾ ਗਾਇੰਦਾ । ਨਾਨਕ ਮੇਲਾ ਦਏ ਮਿਲਾਇਆ, ਸਚਖੰਡ ਦਵਾਰਾ ਇਕ ਵਖਾਇੰਦਾ । ਹੰ ਬ੍ਰਹਮ ਰਹੇ ਨਾ ਰਾਇਆ, ਪਾਰਬ੍ਰਹਮ ਵਿਚ ਸਮਾਇੰਦਾ । ਸੋਲਾਂ ਮੱਘਰ ਸਚ ਵਿਚਾਰ ਕਰਾਇਆ, ਪਿਛਲਾ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਾਚੀ ਨੀਂਹ ਰੱਖ, ਸੰਮਤ ਸੋਲਾਂ ਰੂਪ ਵਟਾਇੰਦਾ । ਤੇਈ ਮੱਘਰ ਖੇਲ ਕਰੇ ਸਮਰਥ, ਚਾਰ ਵਰਨਾਂ ਵਰਨ ਮਿਟਾਇੰਦਾ । ਹਰਿ ਸੰਗਤ ਕਰਿਆ ਇਕ ਅਕੱਠ, ਏਕਾ ਰਥ ਚੜ੍ਹਾਇੰਦਾ । ਲੇਖਾ ਚੁਕਾਏ ਤੀਰਥ ਅਠਸਠ, ਗੁਰਸਿਖ ਗੰਗਾ ਗੋਦਾਵਰੀ ਸੁਰਸਤੀ ਜਮਨਾ ਨਹਾਵਣ ਕੋਈ ਨਾ ਜਾਇੰਦਾ । ਕਾਇਆ ਮੰਦਰ ਅੰਦਰ ਵਖਾਏ ਸਾਚਾ ਗੁਰੂਦਵਾਰ ਸ਼ਿਵਦਵਾਲਾ ਮਠ, ਆਪ ਆਪਣੀ ਜੋਤ ਜਗਾਇੰਦਾ । ਅਨਹਦ ਮਾਰੇ ਸ਼ਬਦ ਸੱਟ, ਤਾਲ ਤਲਵਾੜਾ ਆਪ ਵਜਾਇੰਦਾ । ਸਾਚਾ ਅੰਮ੍ਰਿਤ ਦੇਵੇ ਝੱਟ, ਨਾਮ ਖੰਡਾ ਵਿਚ ਫਿਰਾਇੰਦਾ । ਤਨ ਪਹਿਨਾਏ ਬਸਤਰ ਪਟ, ਸਚ ਦੋਸ਼ਾਲਾ ਹੱਥ ਉਠਾਇੰਦਾ । ਗੁਰਮੁਖਾਂ ਦੁਰਮਤ ਮੈਲ ਦੇਵੇ ਕੱਟ, ਆਪਣੀ ਹੱਥੀਂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਸਰ ਹੱਥ ਨਾ ਵਾਗ ਰਖਾਇੰਦਾ । ਛੱਤੀ ਜੁਗ ਪੈਂਡਾ ਦੂਰ, ਅੰਤਮ ਪੰਧ ਮੁਕਾਇਆ । ਪਾਰਬ੍ਰਹਮ ਪ੍ਰਭ ਹਾਜ਼ਰ ਹਜ਼ੂਰ, ਹਰਿ ਹਰਿ ਜੂ ਰੂਪ ਵਟਾਇਆ । ਚਾਰ ਜੁਗ ਦੇ ਬਖ਼ਸ਼ੇ ਕਸੂਰ, ਜੋ ਜਨ ਸਰਨਾਈ ਆਇਆ । ਮਸਤਕ ਦੇਵੇ ਸਾਚੀ ਧੂੜ, ਮੂੜ੍ਹ ਮੂੜ੍ਹ ਚਤੁਰ ਸੁਘੜ ਬਣਾਇਆ । ਨਾਤਾ ਤੋੜੇ ਕੂੜੋ ਕੂੜ, ਏਕਾ ਅੱਖਰ ਨਾਮ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਜਰ ਕਪਾਟੀ ਪਾੜੇ ਪੱਥਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਦਰਸ ਦਿਖਾਇਆ । ਸਾਚਾ ਮਾਰਗ ਸਚ ਵਰਤਾਵਣਾ, ਹਰਿ ਸਾਚਾ ਖੇਲ ਖਿਲਾਇੰਦਾ । ਨਾਨਕ ਅੱਖਰ ਇਕ ਪੜ੍ਹਾਵਣਾ, ਸੋਹੰ ਜਾਪ ਜਪਾਇੰਦਾ । ਗੋਬਿੰਦ ਮਾਰਗ ਜਗਤ ਵਖਾਵਣਾ, ਆਪਣਾ ਮਾਰਗ ਆਪੇ ਲਾਇੰਦਾ । ਹਰਖ਼ ਸੋਗ ਵਿਚੋਂ ਗੁਰਮੁਖ ਬਾਹਰ ਕਢਾਵਣਾ, ਨੇਤਰ ਨੀਰ ਨਾ ਕੋਈ ਵਖਾਇੰਦਾ । ਮਾਵਾਂ ਪੁੱਤਰਾਂ ਨਾਤਾ ਤੋੜ ਤੁੜਾਵਣਾ, ਬਿਨ ਹਰਿ ਜੀ ਦੂਸਰ ਕੋਈ ਨਜ਼ਰ ਨਾ ਆਇੰਦਾ । ਸਤਿਜੁਗ ਪੂਰਾ ਇਕ ਅਖਵਾਵਣਾ, ਸਾਚਾ ਸਾਲਸ ਆਪ ਹੋ ਜਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਵਣਾ, ਨਾਮ ਲਿਲਾਰੀ ਇਕ ਅਖਵਾਈਆ । ਸੰਮਤ ਸੰਮਤੀ ਲੇਖ ਚੁਕਾਵਣਾ, ਏਕਾ ਸੰਮਤ ਆਪ ਚਲਾਈਆ । ਊਚ ਨੀਚ ਦਾ ਭੇਵ ਮਿਟਾਵਣਾ, ਚਾਰ ਵਰਨ ਕਰੇ ਕੁੜਮਾਈਆ । ਰਾਮ ਨਾਮ ਕ੍ਰਿਸ਼ਨ ਕਾਹਨ ਅੰਜੀਲ ਕੁਰਾਨ ਈਸਾ ਮੂਸਾ ਮੁਹੰਮਦੀ ਯਾਰ ਨੂਰ ਅਲਾਹੀ ਬੇਐਬ ਪਰਵਰਦਿਗਾਰ ਕਲਮਾ ਅਮਾਮ ਆਪ ਪੜ੍ਹਾਵਣਾ, ਕਾਇਨਾਤ ਕਰੇ ਜਣਾਈਆ । ਅਹਿਬਾਬ ਰਬਾਬ ਆਪ ਵਜਾਵਣਾ, ਪੁੰਨ ਸਵਾਬ ਇਕ ਕਰਾਈਆ । ਮੱਕਾ ਕਾਅਬਾ ਹੱਜ ਵਖਾਵਣਾ, ਉਮਤ ਉਮਤੀ ਵੇਖ ਵਖਾਈਆ । ਪੰਡਤ ਪਾਂਧਾ ਆਪ ਪੜ੍ਹਾਵਣਾ, ਸਚ ਜੰਞੂ ਨਾਮ ਪਾਈਆ । ਜੋਤ ਲਿਲਾਟੀ ਤਿਲਕ ਲਗਾਵਣਾ, ਦੂਸਰ ਤਿਲਕ ਨਾ ਕੋਈ ਵਖਾਈਆ । ਸੀਸ ਦਸਤਾਰ ਇਕ ਬੰਧਾਵਣਾ, ਮਸਤਕ ਚੀਰ ਵੇਖ ਵਿਖਾਈਆ । ਕਾਲੀ ਖਿਚੇ ਚਿੱਟੇ ਉਪਰ ਲਕੀਰ ਨਾ ਕੋਈ ਮੇਟੇ ਮੇਟ ਮਿਟਾਵਣਾ, ਮੇਟਣਹਾਰਾ ਆਪ ਰਘੁਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਖੁਲ੍ਹਾਏ ਸਾਚਾ ਦਰ, ਦਰ ਦਰਵਾਜਾ ਇਕ ਖੁਲ੍ਹਾਈਆ । ਦਰ ਦਰਵਾਜਾ ਆਪੇ ਖੋਲ੍ਹ, ਆਪਣਾ ਬੰਕ ਸੁਹਾਵਣਾ । ਚਾਰ ਵਰਨਾਂ ਆਪ ਆਪੇ ਬੋਲ, ਆਪਣਾ ਜਾਪ ਜਪਾਵਣਾ । ਆਪਣੇ ਕੰਡੇ ਆਪੇ ਤੋਲ, ਆਪੇ ਵਣਜ ਵਖਾਵਣਾ । ਆਪ ਵਜਾਏ ਆਪਣਾ ਢੋਲ, ਆਪਣੇ ਕੰਨ ਸੁਣਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਤੇਰੀ ਰੀਤ, ਨਾ ਕੋਈ ਦੇਹੁਰਾ ਮੰਦਰ ਮਸੀਤ, ਨਾ ਕੋਈ ਊਚ ਨੀਚ, ਹਸਤ ਕੀਟ ਰਾਓ ਰੰਕ ਨਾ ਕੋਈ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਰਚਨ ਆਪ ਰਚਾਇੰਦਾ । ਰਚਨਾ ਰਚ ਸਚ ਕਰਤਾਰ, ਸਾਚਾ ਖੇਲ ਖਿਲਾਈਆ । ਲੇਖਾ ਚੁਕਾਏ ਨੱਸ ਨੱਸ, ਵਿਚ ਸੰਸਾਰ, ਹਰਿਜਨ ਸਚੇ ਆਪ ਤਰਾਈਆ । ਹਿਰਦੇ ਅੰਦਰ ਵਸ ਵਸ ਖਿਚ ਲਿਆਏ ਚਰਨ ਦਵਾਰ, ਆਪਣੀ ਡੋਰੀ ਨਾਮ ਬੰਧਨ ਪਾਈਆ । ਫੜ ਫੜ ਬਾਂਹੋਂ ਜਾਏ ਤਾਰ, ਡੁੱਬਦੇ ਪੱਥਰ ਲਏ ਤਰਾਈਆ । ਕਾਗ ਰਲਾਏ ਹੰਸਾ ਡਾਰ, ਸੋਹੰ ਹੰਸਾ ਚੋਗ ਚੁਗਾਈਆ । ਲੇਖਾ ਜਾਣੇ ਆਰ ਪਾਰ ਕਿਨਾਰ, ਮੰਝਧਾਰ ਨਾ ਕੋਈ ਰੁੜ੍ਹਾਈਆ । ਕਲਜੁਗ ਅੰਤਮ ਆਈ ਹਾਰ, ਊਚੀ ਕੂਕੇ ਦਏ ਦੁਹਾਈਆ । ਸਾਧ ਸੰਤ ਹੋਏ ਵਿਭਚਾਰ, ਸਾਚਾ ਕੰਤ ਨਾ ਕੋਈ ਹੰਢਾਈਆ । ਗੁਰਦਰ ਮੰਦਰ ਮਸਜਿਦ ਧੀਆਂ ਭੈਣਾਂ ਕਰਨ ਵਪਾਰ, ਏਕਾ ਭੁੱਲਿਆ ਹਰਿ ਰਘੁਰਾਈਆ । ਤੀਰਥ ਤੱਟਾਂ ਨਾਰੀ ਨਰ, ਹੋਏ ਖੁਵਾਰ, ਨਰ ਨਰਾਇਣ ਵੇਖ ਵਖਾਈਆ । ਕੂੜੀ ਕਿਰਿਆ ਮਾਰੇ ਮਾਰ, ਮਾਰਨਹਾਰ ਬੇਪਰਵਾਹੀਆ । ਜ਼ਰ ਜੋਬਨ ਕਲਜੁਗ ਗਿਆ ਹਾਰ, ਜ਼ੋਰੂ ਜ਼ਰ ਰਹੇ ਨਾ ਰਾਈਆ । ਬੇੜਾ ਡੁੱਬਣਾ ਅੰਤ ਵਿਚ ਮੰਝਧਾਰ, ਸਾਚਾ ਚੱਪੂ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਅੰਨ ਦਾਤਾ ਦੇਵੇ ਮਾਤ ਜਗਾਈਆ । ਕਲਜੁਗ ਅੰਨ ਦਾਤਾ ਆਪ ਜਗਾਵਣਾ, ਹਰਿ ਸਾਚਾ ਖੇਲ ਖਿਲਾਇੰਦਾ । ਤੇਈ ਮੱਘਰ ਦਿਵਸ ਸੁਹਾਵਣਾ, ਹਰਿ ਸੰਗਤ ਮੇਲ ਮਿਲਾਇੰਦਾ । ਸਵਾ ਸੇਰ ਲੇਖੇ ਲਾਵਣਾ, ਇਕ ਸਵਾਇਆ ਨਾਲ ਉਪਜਾਇੰਦਾ । ਪਾਰਬ੍ਰਹਮ ਪ੍ਰਭ ਸਗਨ ਮਨਾਵਣਾ, ਥਿਤ ਵਾਰ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਕਲਜੁਗ ਚੁੱਕਣਾ ਤੇਰਾ ਮੂਲ, ਹਰਿ ਸਾਚਾ ਆਪ ਚੁਕਾਈਆ । ਕੀਤੀ ਬਖ਼ਸ਼ੇ ਤੇਰੀ ਭੁੱਲ, ਭੁੱਲਾ ਮਾਰਗ ਕੋਈ ਨਾ ਪਾਈਆ । ਤੇਰੀ ਵੇਖੇ ਹਰਿ ਜੀ ਕੁਲ, ਕੁਲ ਘਾਤੀ ਤੇਰੀ ਵਡਿਆਈਆ । ਤੇਰਾ ਕੋਈ ਨਾ ਪੈਣਾ ਅੰਤਮ ਮੁੱਲ, ਤੇਰੀ ਖ਼ਾਕ ਬੇਮੁਖਾਂ ਸਿਰ ਪਾਈਆ । ਤੇਰੀ ਪੁੱਟੇ ਆਪਣੀ ਹੱਥੀਂ ਚੁਲ, ਤ੍ਰੈਗੁਣ ਮਾਇਆ ਅਗਨੀ ਵਿਚ ਡਾਹੀਆ । ਤੇਰਾ ਰੂਪ ਤੇਰਾ ਜੋਬਨ ਮਾਤਲੋਕ ਜਾਣਾ ਰੁਲ, ਨਾ ਦਿਸੇ ਕੋਈ ਸਹਾਈਆ । ਸਤਿਜੁਗ ਦਵਾਰਾ ਸਾਚਾ ਗਿਆ ਖੁੱਲ, ਸਚ ਭੰਡਾਰੀ ਹਰਿ ਰਘੁਰਾਈਆ । ਹਰਿ ਸੰਗਤ ਉਤੋਂ ਆਪਣਾ ਆਪ ਗਿਆ ਘੁਲ, ਆਪਣਾ ਸੀਸ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰੀ ਰੀਤੀ ਵਿਚ ਸੰਸਾਰ ਜਣਾਈਆ । ਤੇਈ ਮੱਘਰ ਦਿਵਸ ਸੁਹਾਵਣਾ, ਹਰਿ ਸਾਚਾ ਆਪ ਸੁਹਾਇੰਦਾ । ਹਰਿ ਸੰਗਤ ਸਗਨ ਮਨਾਵਣਾ, ਨੌਂ ਸੌ ਚੁਰਾਨਵੇ ਜੁਗ ਚੌਕੜੀ ਰਾਹ ਤਕਾਇੰਦਾ । ਚਾਰ ਜੁਗਾਂ ਦੇ ਵਿਛੜੇ ਮੇਲ ਮਿਲਾਵਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਸਾਚਾ ਮਾਰਗ ਇਕ ਚਲਾਵਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ

ਨਰਾਇਣ ਨਰ, ਹਰਿ ਸਾਚਾ ਆਪ ਅਖਵਾਇੰਦਾ । ਨਰ ਹਰਿ ਨਰਾਇਣ ਬਨ ਬਨਵਾਰੀ, ਪਾਰਬ੍ਰਹਮ ਅਖਵਾਇਆ । ਨਿਹਕਲੰਕ ਕਲ ਲਏ ਅਵਤਾਰੀ, ਕਲਜੁਗ ਆਪਣਾ ਵੇਸ ਵਟਾਇਆ । ਹਰਿ ਭਗਤਾਂ ਲਾਏ ਸਾਚੀ ਯਾਰੀ, ਸਾਚਾ ਮੇਲਾ ਮੇਲ ਮਿਲਾਈਆ । ਦਿਵਸ ਰੈਣ ਫਿਰੇ ਪਿਛੇ ਅਗਾੜੀ, ਆਪ ਆਪਣੀ ਸੇਵ ਕਮਾਇਆ । ਲਹਿਣਾ ਚੁਕਾਏ ਚਰਨ ਛੁਹਾਈ ਦਾੜ੍ਹੀ, ਕੇਸਾਂ ਚਵਰ ਆਪ ਕਰਾਇਆ । ਹਰਿ ਸੰਗਤ ਤੇਰਾ ਲੇਖਾ ਚੁਕਿਆ ਸਤਾਰਾਂ ਹਾੜੀ, ਅੰਤਮ ਕੀਮਤ ਕਰਤਾ ਆਪੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਪੰਜ ਪਿਆਰੇ ਰਿਹਾ ਉਠਾਇਆ । ਪੰਜ ਪਿਆਰੇ ਪੰਚਮ ਮੀਤ, ਪੰਚਮ ਮੇਲ ਮਿਲੰਨਿਆ । ਪੰਚਮ ਗਾਵਣਾ ਸੁਹਾਗੀ ਗੀਤ, ਪੰਚਮ ਕਰੇ ਪਤਿਤ ਪੁਨੀਤ, ਪੰਚਮ ਚਾੜ੍ਹੇ ਸਾਚੇ ਚੰਨਿਆ । ਪੰਚਮ ਠਾਂਡਾ ਪੰਚਮ ਸੀਤ, ਪੰਚਮ ਬੇੜਾ ਆਪੇ ਬੰਨਿਆ । ਪੰਚਮ ਕਲਜੁਗ ਲੈਣਾ ਜੀਤ, ਪੰਚਮ ਦੇਵੇ ਆਪੇ ਡੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਆਪੇ ਆਪਣਾ ਘੱਲਿਆ । ਸਚ ਸੁਨੇਹੜਾ ਸ਼ਬਦ ਸੰਦੇਸ਼, ਹਰਿ ਸੱਜਣ ਆਪ ਸੁਣਾਈਆ । ਲਾ ਲਾ ਕੰਨ ਸੁਣਨ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਨਾਲ ਰਲਾਈਆ । ਬਾਸ਼ਕ ਮੁਖ ਸਹੰਸਰ ਖੋਲ੍ਹੇ ਸ਼ੇਸ਼, ਦੋਏ ਸਹੰਸਰ ਜੇਹਵਾ ਨਾਲ ਰਲਾਈਆ । ਰਾਹ ਤੱਕੇ ਗਵਰਧਨ ਧਾਰੀ ਰਿਖੀ ਕੇਸ਼, ਮੁਕੰਦ ਮਨੋਹਰ ਲੱਖਮੀ ਨਰਾਇਣ ਰੂਪ ਵਟਾਈਆ । ਦਸ ਦਸਮੇਸ, ਕਲਜੁਗ ਰਾਵਨ ਦਹਿਸਰ ਦੇਵੇ ਘਾਈਆ । ਗੁਰਮੁਖ ਵੇਖਣ ਆਇਆ ਨਾਨਕ ਧਰ ਧਰ ਖੂੰਡੀ ਮੋਢੇ ਭੂਰੀ ਖੇਸ, ਪਾਲੀ ਆਪਣਾ ਨਾਉਂ ਧਰਾਈਆ । ਪਰਗਟ ਹੋਇਆ ਜੋਧਾ ਸੂਰਬੀਰ ਨਰ ਨਰੇਸ਼, ਨਿਹਕਲੰਕ ਵਡ ਵਡਿਆਈਆ । ਪੰਚਮ ਦੇਵੇ ਸਦਾ ਅਦੇਸ਼, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜਗਤ ਅਵੱਲੜਾ ਕਰਿਆ ਵੇਸ, ਚਾਰੇ ਖਾਣੀ ਚਾਰੇ ਬਾਣੀ ਵੇਦ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਬਾਈਬਲ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਧੁਰ ਫ਼ਰਮਾਨਾ, ਏਕਾ ਹੁਕਮ ਸੁਣਾਈਆ । ਪੰਚ ਪਿਆਰੇ ਸਚ ਦੁਲਾਰੇ, ਸਾਚੇ ਤਖ਼ਤ ਸੁਹਾਇੰਦਾ । ਹਰਿ ਸੰਗਤ ਤੇਰਾ ਮੇਲ ਕੰਤ ਭਤਾਰੇ, ਨਰ ਅਵਤਾਰੇ ਵੇਸ ਵਟਾਇੰਦਾ । ਗਰੀਬਾਂ ਨਿਮਾਣਿਆਂ ਖਾਲੀ ਭਰਨ ਆਇਆ ਭੰਡਾਰੇ, ਵਡ ਭੰਡਾਰੀ ਨਾਉਂ ਧਰਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦਰ ਬਹਿ ਬਹਿ ਕੱਢਣ ਹਾੜੇ, ਨੇਤਰ ਨੀਰ ਰੋ ਰੋ ਸਰਬ ਕੁਰਲਾਇੰਦਾ । ਪੁਰਖ ਅਬਿਨਾਸ਼ੀ ਕਰਿਆ ਖੇਲ ਅਪਰ ਅਪਾਰੇ, ਨਿਰਗੁਣ ਰੂਪ ਨਿਰਾਕਾਰ ਆਉਂਦਾ ਜਾਂਦਾ ਦਿਸ ਨਾ ਆਇੰਦਾ । ਸੰਬਲ ਨਗਰੀ ਵਸਿਆ ਧਾਮ ਨਿਆਰੇ, ਗੁਰ ਗੋਬਿੰਦ ਮੇਲ ਮਿਲਾਇੰਦਾ । ਇਕੋ ਇਕੀ ਕੁਲਾਂ ਰਿਹਾ ਤਾਰੇ, ਕੁਲ ਕੁਲਵੰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਅਵਤਾਰ, ਆਪ ਅਖਵਾਇੰਦਾ । ਪੰਜ ਪਿਆਰਿਆਂ ਪੁਟਣੀ ਲੋਹ, ਹਰਿ ਸਾਚਾ ਹੁਕਮ ਸੁਣਾਈਆ । ਜਗਤ ਨਾਤਾ ਤੋੜਨਾ ਮੋਹ, ਗੁਰ ਚਰਨ ਧਿਆਨ ਲਗਾਈਆ । ਪਹਿਲਾਂ ਚਰਨ ਕਵਲ ਸਤਿਗੁਰ ਲੈਣੇ ਸੱਚੇ ਛੋਹ, ਫੇਰ ਕਾਰ ਯਾਰ ਕਮਾਈਆ । ਸੁੱਚੇ ਜਲ ਮੁਖੜਾ ਲੈਣਾ ਧੋਹ, ਅੰਮ੍ਰਿਤ ਜਲ ਆਪ ਭਰਾਈਆ । ਚੜ੍ਹਦੀ ਦਿਸ਼ਾ ਪੰਜ ਟੱਪ ਲਾ ਲੈਣੇ ਭੌਂ, ਭੈ ਭਿਆਨਕ ਵੇਖ ਵਖਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਆਪਣੀ ਕਰਨੀ ਆਪ ਕਰਾਈਆ । ਚਾਰ ਦੁਲਾਰੇ ਆਟਾ ਆਪਣੀ ਹੱਥੀਂ ਗੋਹ, ਸਾਚੀ ਸੇਵਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਧਰਾਈਆ । ਸਿੰਘ

ਦਰਸ਼ਨ ਪੁਟਣੀ ਚੁਰ, ਏਕਾ ਢਈਆ ਨਾਉਂ ਰਖਾਇੰਦਾ । ਕਲਜੁਗ ਢਏ ਹੰਕਾਰੀ ਗੜ੍ਹ, ਹਰਿ ਸਾਚਾ ਆਪ ਸੁਣਾਇੰਦਾ । ਸ਼ਾਹ ਸੁਲਤਾਨਾ ਰਾਜ ਰਾਜਾਨਾ ਲਏ ਫੜ, ਕਲ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਅਲਖ ਜਗਾਇੰਦਾ । ਨੌਂ ਨਾਰੀ ਕੰਤ ਪਿਆਰੀ, ਹਰਿ ਸਾਚਾ ਸਚ ਸਮਝਾਈਆ । ਸੇਵਾ ਕਰੇ ਅਪਰ ਅਪਾਰੀ, ਸੇਵਾ ਸਾਚੀ ਇਕ ਜਣਾਈਆ । ਕੋਈ ਹੱਥ ਨਾ ਲਾਵੇ ਧੀ ਕੁਆਰੀ, ਕੁਆਰੀ ਕੰਨਿਆ ਛੋਹਣ ਨਾ ਪਾਈਆ । ਫੁਲਕਾ ਪਕਾਏ ਅਪਰ ਅਪਾਰੀ, ਪਾਰਬ੍ਰਹਮ ਵੇਖ ਵਖਾਈਆ । ਹਰਿ ਸੰਗਤ ਤੇਰੀ ਜਾਏ ਪੈਜ ਸਵਾਰੀ, ਪਿਛਲਾ ਲੇਖਾ ਦਏ ਸਮਝਾਈਆ । ਆਪਣੇ ਸੀਸ ਚੁੱਕ ਚੁੱਕ ਖਾਰੀ, ਗੁਰਸਿਖਾਂ ਹੱਥੋ ਹੱਥ ਦਏ ਵਰਤਾਈਆ । ਪਾਰ ਕਰਾਏ ਪੁਰਸ਼ ਨਾਰੀ, ਬਿਰਧ ਬਾਲ ਨੌਜਵਾਨ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਲੇਖਾ ਚੁਕੇ ਗੁਰ ਗੋਬਿੰਦ, ਸੂਰਬੀਰ ਸੁਲਤਾਨ । ਡੱਲੇ ਤੇਰੀ ਮਿਟੇ ਚਿੰਦ, ਘਰ ਮਿਲਿਆ ਹਰਿ ਭਗਵਾਨ । ਸ੍ਰਿਸ਼ਟ ਸਬਾਈ ਤੇਰੀ ਕਰੇ ਨਿੰਦ, ਤੇਰਾ ਝੁੱਲਦਾ ਰਹੇ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਲੇਖੇ ਲਾਏ ਪਕਵਾਨ । ਸਵਾ ਸੇਰ ਪੱਕੇ ਪਕਵਾਨ, ਸੁਣੇ ਪੁਕਾਰ ਦਾਤਾਰਾ । ਗੁਰਮੁਖਾਂ ਲੇਖਾ ਧੁਰ ਦਰਬਾਰ, ਘਰ ਸਾਚੇ ਸਚ ਵਰਤਾਰਾ । ਕਾਲ ਮਹਾਂਕਾਲ ਮੁਖ ਸ਼ਰਮਾਣ, ਨੇਤਰ ਨੈਣ ਨਾ ਸਕੇ ਕੋਈ ਉਘਾਰਾ । ਮੰਗਣ ਦਰਸ਼ਨ ਕੋਟਨ ਰਵ ਸਸ ਸੂਰਜ ਚੰਨ ਭਾਨ, ਦਰ ਦਰ ਬਣ ਭਿਖਾਰਾ । ਦੇਵਣਹਾਰਾ ਦਰਗਹਿ ਸਾਚੀ ਮਾਣ, ਦਰ ਦਰਵੇਸ਼ ਆਪ ਨਿਰੰਕਾਰਾ । ਹਰਿਜਨ ਹੋਏ ਚਤੁਰ ਸੁਜਾਨ, ਪਾਇਆ ਪੁਰਖ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਆਪਣਾ ਸਚ ਭੰਡਾਰਾ ।

## ੨੩ ਮੱਘਰ ੨੦੧੬ ਬਿਕ੍ਰਮੀ ਲੰਗਰ ਵਾਸਤੇ ਲੋਹ ਅਤੇ ਚੁਰ ਪੁੱਟਣ ਸਮੇਂ ਨਾਜ਼ਰ ਸਿੰਘ ਦੇ ਘਰ

ਦਿਆਲ ਕਾਲ ਹਰਿ ਨਿਰੰਕਾਰ, ਮੂਰਤ ਅਕਾਲ ਅਨਭਵ ਪਰਕਾਸ਼ਿਆ । ਦੇਵਣਹਾਰਾ ਸਾਚਾ ਧਨ ਮਾਲ, ਸ੍ਰਿਸ਼ਟ ਸਬਾਈ ਪ੍ਰਿਥਮੀ ਅਕਾਸ਼ਿਆ । ਗਗਨ ਮੰਡਲ ਵੇਖ ਦੀਪਕ ਥਾਲ, ਰਵ ਸਸ ਜੋਤ ਪੁਰਖ ਅਬਿਨਾਸਿਆ । ਸਾਧ ਸੰਤ ਗੁਰ ਪੀਰ ਅਵਤਾਰ ਕਰੇ ਪ੍ਰਿਤਪਾਲ, ਭਗਤ ਭਗਵੰਤ ਸੰਤ ਦਾਸਨ ਦਾਸ ਦਾਸਿਆ । ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਾਹ ਕੰਗਾਲ, ਸਤਿ ਸਰੂਪ ਅਕਾਸ਼ਿਆ । ਜੁਗਾ ਜੁਗੰਤਰ ਘਾਲਣ ਘਾਲ, ਖੇਲੇ ਖੇਲ ਜਲ ਥਲ ਮਹੀਅਲ ਹਰਿ ਭਰਵਾਸਿਆ । ਨੌਂ ਨੌਂ ਚਾਰ ਅਵੱਲੜੀ ਚਾਲ, ਛੇ ਤੀਸ ਖੇਲ ਤਮਾਸਿਆ । ਚਾਰ ਜੁਗ ਤੋੜ ਜੰਜਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਰਾਸਿਆ । ਹਰਿ ਸੰਗਤ ਕਰੇ ਸਦਾ ਪ੍ਰਿਤਪਾਲ, ਪਤ ਡਾਲ੍ਹ ਸ਼ਾਹੋ ਸ਼ਬਾਸਿਆ । ਲੱਖ ਚੁਰਾਸੀ ਵਿਚੋਂ ਭਾਲ, ਅੰਮ੍ਰਿਤ ਆਤਮ ਦੇਵੇ ਜਲ ਪੂਰੀ ਕਰੇ ਆਸ ਨਿਰਾਸਿਆ । ਗੋਬਿੰਦ ਮੇਲਾ ਸਾਚੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਸਿਆ । ਸਤਿਜੁਗ ਦੱਸੇ ਰਾਹ ਸੁਖਾਲ, ਸਤਿ ਪੁਰਖ ਨਿਰੰਜਣ ਸਚਖੰਡ ਵਾਸੀ ਵਾਸ ਨਿਵਾਸਿਆ । ਪੰਚਮ ਮੀਤਾ ਪੰਚਮ ਲਏ ਉਠਾਲ, ਪੰਚਮ ਪਵੇ ਸਾਚੀ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨੂਰ ਕਰੇ ਪਰਕਾਸ਼ਿਆ । ਪੰਚਮ ਪੰਚਮ ਨੌਜਵਾਨ, ਅੰਦਰ ਮੰਦਰ

ਹਰਿ ਸਮਾਈਆ । ਪੰਚਮ ਵੇਖੇ ਮਾਰ ਧਿਆਨ, ਜਗਤ ਕੁੰਦਰ ਫੋਲ ਫੁਲਾਈਆ । ਪੰਚਮ ਉਪਜੇ ਬ੍ਰਹਮ ਗਿਆਨ, ਪਾਰਬ੍ਰਹਮ ਸੱਚੀ ਸਰਨਾਈਆ । ਪੰਚਮ ਦੇਵੇ ਸਾਚਾ ਦਾਨ, ਆਪਣੀ ਭਿਛਿਆ ਝੋਲੀ ਪਾਈਆ । ਪੰਚਮ ਬਖ਼ਸ਼ੇ ਚਰਨ ਧੂੜ ਅਸ਼ਨਾਨ, ਦੁਰਮਤ ਮੈਲ ਗਵਾਈਆ । ਪੰਚਮ ਮੇਲਾ ਸਾਚੇ ਕਾਹਨ, ਸਾਚਾ ਮੰਗਲ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰੀਤ ਪਤਿਤ ਪੁਨੀਤ ਆਪੇ ਰਿਹਾ ਚਲਾਈਆ । ਸਾਚੀ ਰੀਤੀ ਸਚ ਮਹੱਲਾ ਹਰਿ ਸਤਿਗੁਰ ਪੁਰਖ ਸੁਹਾਇੰਦਾ । ਕਰੇ ਖੇਲ ਇਕ ਅਕੱਲਾ, ਦਿਸ ਕਿਸੇ ਨਾ ਆਇੰਦਾ । ਗੁਰਮੁਖਾਂ ਹਿਰਦੇ ਅੰਦਰ ਰਲਾ, ਵਲ ਛਲ ਧਾਰੀ ਭੇਖ ਵਟਾਇੰਦਾ । ਅੰਮ੍ਰਿਤ ਭਰਿਆ ਨੀਰ ਸਾਚਾ ਜਲਾ, ਘਰ ਘਰ ਜਾਮ ਪਿਆਇੰਦਾ । ਸ਼ਬਦ ਖੰਡਾ ਤਿਖਾ ਭੱਲਾ, ਆਪਣੇ ਹੱਥ ਉਠਾਇੰਦਾ । ਉਜੜਿਆ ਬਾਗ ਹਰਿਆ ਕੀਤਾ ਜੱਟ ਡੱਲਾ, ਲਹਿਣਾ ਲਹਿਣਾ ਝੋਲੀ ਪਾਇੰਦਾ । ਆਪ ਫੜਾਇਆ ਆਪਣਾ ਪੱਲਾ, ਦੋ ਜਹਾਨ ਨਾ ਕੋਈ ਛੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਦੇਵੇ ਸਾਚਾ ਵਰ, ਸਾਚੀ ਧਾਰ ਬੰਧਾਇੰਦਾ । ਪੰਚ ਪਿਆਰੇ ਟੱਪ ਲਗਾਇਣ ਪੰਚ, ਪੰਚਾਂ ਪੰਚ ਵਡਿਆਈਆ । ਕਲਜੁਗ ਮਾਇਆ ਲੇਖਾ ਚੁੱਕਿਆ ਕਾਰੂ ਗੰਜ, ਮਾਇਆ ਮਮਤਾ ਹੋਏ ਹਲਕਾਈਆ । ਹਰਿ ਸੰਗਤ ਕਰਾਏ ਸਾਚਾ ਵਣਜ, ਵਣਜ ਵਾਪਾਰੀ ਆਪ ਅਖਵਾਈਆ । ਧਾਰ ਚਲਾਏ ਬਾਵਨ ਬਵੰਜ, ਬਾਵਨ ਕਰੇ ਆਪ ਪੜ੍ਹਾਈਆ । ਲੇਖਾ ਜਾਣੇ ਸਵੇਰ ਸੰਝ, ਅੱਠ ਪਹਿਰ ਹਰਿ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਰਿਹਾ ਵਖਾਈਆ । ਕਰਿਆ ਖੇਲ ਪੁਰਖ ਅਗੰਮ, ਪਾਰਬ੍ਰਹਮ ਅਬਿਨਾਸਿਆ । ਹਰਿ ਸੰਗਤ ਸਵਾਰੇ ਤੇਰਾ ਕੰਮ, ਦਰ ਤੇਰੇ ਪਾਏ ਸਾਚੀ ਰਾਸਿਆ । ਨਾ ਮਰੇ ਨਾ ਪਏ ਜੰਮ, ਗੋਬਿੰਦ ਖੇਲੇ ਖੇਲ ਤਮਾਸਿਆ । ਹਰਿ ਮੰਦਰ ਬਣਾਇਆ ਹੱਡ ਮਾਸ ਨਾੜੀ ਚੰਮ, ਲੇਖੇ ਚੁੱਕੇ ਪ੍ਰਿਥਮੀ ਅਕਾਸਿਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਹਰਖ਼ ਸੋਗ ਨਾ ਕੋਈ ਰਖਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਪੁਰਖ ਅਬਿਨਾਸਿਆ । ਕਲਜੁਗ ਤੇਰੀ ਉਖੜੇ ਜੜ੍ਹ, ਹਰਿ ਹਰਿ ਹਰਿ ਹਰੀ ਹਰੀ ਹਰੀ ਰਿਹਾ ਉਖੜਾਈਆ । ਚਾਰ ਕੁੰਟਾਂ ਦਹਿ ਦਿਸ਼ਾ ਤੇਰਾ ਆਕਾਰ ਵੇਖੇ ਸੀਸ ਧੜ, ਪੰਜ ਤੱਤ ਤ੍ਰੈਗੁਣ ਵੰਡ ਵੰਡਾਈਆ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਖੜ, ਪੂਰਬ ਕਰਮਾਂ ਫੋਲ ਫੋਲਾਈਆ । ਆਪਣੀ ਹੱਥੀਂ ਢਾਏ ਹੰਕਾਰੀ ਗੜ੍ਹ, ਢਾਵਣਹਾਰਾ ਮੁਖ ਛੁਪਾਈਆ । ਤੇਰੀ ਤ੍ਰਿਸਨਾ ਜਾਏ ਸੜ, ਜੋਤੀ ਲੰਬੂ ਏਕਾ ਲਾਈਆ । ਵੇਲੇ ਅੰਤ ਹਰਿ ਸੰਗਤ ਏਕਾ ਅੱਖਰ ਜਾਏ ਪੜ੍ਹ, ਸੋਹੰ ਸ਼ਬਦ ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰਾ ਸਤਿ ਦਵਾਰਾ, ਨਾਥੇ ਵਾਲਾ ਭਰ ਭੰਡਾਰਾ, ਬਣਿਆ ਰਹੇ ਆਪ ਰਖਵਾਲਾ, ਹਰਿ ਗੋਬਿੰਦ ਸੇਵਾਦਾਰਾ, ਗੁਰ ਗੋਬਿੰਦ ਮੀਤ ਮੁਰਾਰਾ, ਨਾਨਕ ਚਾਕਰੀ ਚਾਕਰ ਕਰੇ ਵਿਚ ਸੰਸਾਰਾ, ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰਾ, ਲੇਖਾ ਲੇਖ ਨਾ ਕੋਈ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਚਾਰ ਵਰਨ ਚਾਰ ਜੁਗ ਦੇਵੇ ਵਰ, ਲੋਕਮਾਤ ਥਿਰ ਘਰ ਸਚਖੰਡ ਵੱਡੀ ਵਡਿਆਈਆ ।

ਬਲ ਬਾਵਨ ਭੇਖ ਅਪਾਰ, ਹਰਿ ਵਲ ਛਲ ਖੇਲ ਖਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਏਕਾ ਜੋਤੀ ਦਸ ਅਵਤਾਰ, ਪੁਰਖ ਅਕਾਲ ਮਨਾਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਨਾਮ ਸਤਿ ਜਗਤ



੧੨੬੬
੦੮

ਵਣਜਾਰ, ਸਚ ਭੰਡਾਰਾ ਇਕ ਵਰਤਾਇੰਦਾ । ਸਾਚੀ ਫਤਿਹ ਬੋਲ ਜੈਕਾਰ, ਵਾਹਿਗੁਰੂ ਇਕ ਸਮਝਾਇੰਦਾ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਇੰਦਾ । ਬਸਤਰ ਭੂਸ਼ਨ ਸਚ ਸ਼ਿੰਗਾਰ, ਸਾਚਾ ਬਸਤਰ ਤਨ ਸਜਾਇੰਦਾ । ਪੰਚਮ ਮੀਤਾ ਖ਼ਬਰਦਾਰ, ਪੰਚਮ ਮੇਲ ਮਿਲਾਇੰਦਾ । ਗੁਰਮੁਖ ਸਾਜਣ ਲਾਏ ਪਾਰ, ਸਿੰਘ ਰੂਪ ਵਟਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡੀ ਠਾਰ, ਸਾਚਾ ਜਲ ਪਿਆਇੰਦਾ । ਨਾਮ ਖੰਡਾ ਤੇਜ਼ ਕਟਾਰ, ਕਾਇਆ ਤਨ ਲਟਕਾਇੰਦਾ । ਸਾਚਾ ਕੰਗਣ ਕਰ ਤਿਆਰ, ਹੱਥੋ ਹੱਥ ਫੜਾਇੰਦਾ । ਧੀਰਜ ਜਤ ਅਪਰ ਅਪਾਰ, ਸਚ ਸਤਿ ਸਤਿ ਵਰਤਾਇੰਦਾ । ਸੀਸ ਜਗਦੀਸ ਕਰ ਤਿਆਰ, ਨਰ ਨਰੇਸ਼ ਵੇਸ ਵਟਾਇੰਦਾ । ਦਏ ਸੁਨੇਹੜਾ ਸਾਂਝੇ ਯਾਰ, ਸ਼ਬਦੀ ਅਗੰਮੀ ਪਵਣ ਅਲਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਤਾਰ ਸਤਾਰ ਆਪ ਵਜਾਇੰਦਾ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਆਦਿ ਸ਼ਕਤੀ ਅਧਵਿਚਕਾਰ, ਸਾਚਾ ਰਾਹ ਆਪ ਸੁਹਾਇੰਦਾ । ਨਿਰਭੈ ਰੂਪ ਵਰਤੇ ਵਿਚ ਸੰਸਾਰ, ਭੈ ਭਿਆਨਕ ਖੇਲ ਖਿਲਾਇੰਦਾ । ਆਪਣਾ ਦਵਾਰਾ ਆਪਣਾ ਘਰ ਆਪੇ ਜਾਣੇ ਸਿਰਜਣਹਾਰ, ਆਪਣੀ ਨਗਰੀ ਆਪ ਸੁਹਾਇੰਦਾ । ਕੰਚਨ ਕਾਇਆ ਗੜ੍ਹ ਕਰ ਤਿਆਰ, ਉਚ ਮਹੱਲ ਅਟੱਲ ਮੁਨਾਰ ਥਿਰ ਘਰ ਵਾਸੀ ਆਪੇ ਸੋਭਾ ਪਾਇੰਦਾ । ਖੜਗ ਖੰਡਾ ਤੇਜ਼ ਕਟਾਰ, ਬ੍ਰਹਿਮੰਡ ਖੰਡ ਵੇਖ ਖੇਲੇ ਖੇਲ ਅਪਰ ਅਪਾਰ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਆਵਣ ਜਾਵਣ ਜਾਵਣ ਆਵਣ ਏਕਾ ਰੰਗ ਰੰਗੇ ਕਰਤਾਰ, ਕੁਦਰਤ ਕਾਦਰ ਕਰਤਾ ਸ੍ਰਿਸ਼ਟ ਸਬਾਈ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਲ ਬਾਵਨ ਆਪਣਾ ਨਾਉਂ ਧਰਾਇੰਦਾ । ਬਲ ਬਾਵਨ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਆਦਿ ਜੁਗਾਦਿ ਗੁਰ ਅਵਤਾਰਾ, ਆਪਣਾ ਰੂਪ ਵਟਾਇਆ । ਜਨ ਭਗਤਾਂ ਦੇਵੇ ਭਗਤ ਭੰਡਾਰਾ, ਸਚ ਵਸਤ ਝੋਲੀ ਪਾਇਆ । ਹਰਿਜਨ ਸੰਤਨ ਦੇਵੇ ਸਤਿ ਸਤਿ ਸਤਿ ਨਿਰਾਕਾਰਾ, ਨਿਰਗੁਣ ਆਪਣਾ ਦਰਸ ਦਿਖਾਇਆ । ਗੁਰਮੁਖ ਦੇਵੇ ਇਕ ਅਧਾਰਾ, ਜਗਤ ਤ੍ਰਿਸਨਾ ਮੇਟ ਮਿਟਾਇਆ । ਗੁਰਸਿਖਾਂ ਦਰ ਦਰ ਬਣੇ ਆਪ ਵਰਤਾਰਾ, ਅੰਮ੍ਰਿਤ ਆਤਮ ਜਾਮ ਸੁਹਾਇਆ । ਹਰਿ ਸੰਗਤ ਮੇਲਾ ਵਿਚ ਸੰਸਾਰਾ, ਪੁਰਖ ਨਿਰੰਜਣ ਦਏ ਕਰਾਇਆ । ਮੂਰਤ ਅਕਾਲ ਖੇਲ ਅਪਾਰਾ, ਅਜੂਨੀ ਰਹਿਤ ਵੇਸ ਧਰਾਇਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਧਰਾਇਆ । ਨਾਲ ਰਲਾਇਆ ਰਵਦਾਸ ਚੁਮਿਆਰਾ, ਬਾਲਮੀਕ ਬਜਵਾੜਾ ਲੇਖਾ ਵੇਖ ਵਖਾਇਆ । ਸਾਚਾ ਮੀਤਾ ਸੁੱਤ ਦੁਲਾਰਾ, ਇੰਦਰ ਇੰਦਰ ਇੰਦਰ ਆਪਣੀ ਬਿੰਦ ਉਪਜਾਇਆ । ਜਗਤ ਸੁਦਾਮਾ ਏਕਾ ਧਾਰਾ, ਗ਼ਰੀਬ ਨਿਮਾਣੇ ਗਲੇ ਲਗਾਇਆ । ਸਿੰਘ ਦਇਆ ਬੋਲ ਜੈਕਾਰਾ, ਵਾਹਿਗੁਰੂ ਅੱਖਰ ਇਕ ਪੜ੍ਹਾਇਆ । ਸੋ ਪੁਰਖ ਨਿਰੰਜਣ ਸਭ ਤੋਂ ਬਾਹਰਾ, ਹੰ ਬ੍ਰਹਮ ਰੂਪ ਵਟਾਇਆ । ਸੋਹੰ ਸ਼ਬਦ ਸਾਚਾ ਨਾਅਰਾ, ਨਾਨਕ ਨਿਰਗੁਣ ਆਪਣੀ ਰਸਨਾ ਲਾਇਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਲੇਖਾ ਲੇਖ ਦਏ ਮੁਕਾਇਆ । ਭਾਗ ਲਗਾਏ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਗੁਰਦਾਸ ਬਣਿਆ ਨਾਲ ਲਿਖਾਰਾ, ਏਕਾ ਢਈਆ ਮੇਲ ਮਿਲਾਇਆ । ਹਰਿ ਸੰਗਤ ਤੇਰਾ ਪਾਰ ਕਿਨਾਰਾ, ਪੁਰਖ ਅਬਿਨਾਸ਼ੀ ਆਪਣੇ ਬੇੜੇ ਆਪ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚੁਰ ਪੁੱਟੇ ਭੱਠੀ, ਗੁਰਮੁਖ ਗੁਰਸਿਖ ਹਰਿਜਨ ਬਿਰਧ ਬਾਲ ਨੌਜਵਾਨ, ਲੇਖਾ ਪੂਰ ਕਰਾਏ ਜਪ ਤਪ ਹਠ ਸਤੀ, ਸਤਿਵਾਦ ਆਪਣੇ ਪੇਟੇ ਪਾਇਆ । ਹਰਿ ਸੰਗਤ ਹਰਿ ਜੂ ਹਰਿ ਹਰਿ ਮੰਦਰ ਕਰ ਅਕੱਠੀ, ਆਪਣਾ

ਦਰਸ਼ਨ ਆਪੇ ਪਾਈਆ । ਕਲਜੁਗ ਅੰਤਮ ਰਾਏ ਧਰਮ ਦੀ ਕੋਈ ਨਾ ਭਰੇ ਚੱਟੀ, ਜਿਸ ਜਨ ਮਿਲਿਆ ਹਰਿ ਦਾਤਾ ਬੇਪਰਵਾਹੀਆ । ਆਪ ਚੜ੍ਹਾਵਣ ਆਇਆ ਫੜ ਫੜ ਔਖੀ ਘਾਟੀ, ਸੇਵਕ ਸੇਵਾ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਹੱਡੀਆਂ ਬਣਾਏ ਬਾਲਣ, ਸਾਚੀ ਭੱਠੀ ਦੇਵੇ ਡਾਹੀਆ ।

ਹਰੀ ਹਰਿ ਹਰਿ ਭੇਖ ਪੁਰਖ ਅਬਿਨਾਸ਼, ਪਰਮ ਪੁਰਖ ਵੱਡੀ ਵਡਿਆਈਆ । ਗਗਨ ਮੰਡਲ ਖੇਲ ਪ੍ਰਿਥਮੀ ਅਕਾਸ਼, ਜੁਗਾਂ ਜੁਗੰਤਰ ਰਚਨ ਰਚਾਈਆ । ਜਨ ਭਗਤਾਂ ਪੂਰੀ ਕਰਦਾ ਆਇਆ ਆਸ, ਨਿਜ ਘਰ ਆਪਣਾ ਰੂਪ ਵਟਾਈਆ । ਲੇਖਾ ਗਿਣਦਾ ਆਇਆ ਸਵਾਸ ਸਵਾਸ, ਜੋ ਜਨ ਜੇਹਵਾ ਰਿਹਾ ਧਿਆਈਆ । ਘਟ ਘਟ ਅੰਦਰ ਕਰ ਕਰ ਵਾਸ, ਆਪਣਾ ਬੈਠਾ ਮੁਖ ਛੁਪਾਈਆ । ਦਾਤਾ ਦਾਨੀ ਸ਼ਾਹੋ ਸ਼ਬਾਸ, ਗਹਿਰ ਗੰਭੀਰ ਇਕ ਅਖਵਾਈਆ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਈ ਰਾਸ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਸਰਗੁਣ ਸ਼ਬਦ ਅਗੰਮੀ ਕਰਿਆ ਤਿਆਰ ਖਰਾਸ, ਕਲਜੁਗ ਸਤਿਜੁਗ ਦੋਵੇਂ ਪੁੜ ਬਣਾਈਆ । ਮਾਇਆ ਰਾਣੀ ਹੋਈ ਦਾਸ, ਤ੍ਰੈਗੁਣ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਵ ਕਮਾਈਆ ।

ਕਲਜੁਗ ਸਤਿਜੁਗ ਦੋਵੇਂ ਪੁੜ, ਸਾਚਾ ਖੇਲ ਖਿਲਾਇੰਦਾ । ਇਕ ਦੂਜੇ ਨਾਲ ਗਏ ਜੁੜ, ਜੋੜਨਹਾਰਾ ਦਿਸ ਨਾ ਆਇੰਦਾ । ਸਚ ਸਵਾਣੀ ਦੀ ਪਈ ਲੋੜ, ਆਦਿ ਸ਼ਕਤ ਆਦਿ ਭਵਾਨੀ ਜੋਤ ਨੂਰਾਨੀ ਆਦਿ ਨਿਰੰਜਣ ਸੇਵਾ ਲਾਇੰਦਾ । ਪੁਰਖ ਅਕਾਲ ਦੀਨ ਦਿਆਲ ਸ਼ਬਦ ਅਗੰਮੀ ਚੜ੍ਹ ਚੜ੍ਹ ਘੋੜ, ਆਪ ਆਪਣਾ ਵੇਖ ਵਖਾਇੰਦਾ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਰਿਹਾ ਦੌੜ, ਮਾਤ ਪਾਤਾਲ ਅਕਾਸ਼ ਗਗਨ ਮੰਡਲ ਫੋਲ ਫੋਲਾਇੰਦਾ । ਲੱਖ ਚੁਰਾਸੀ ਵੇਖੇ ਬੀਜ ਮਿਠਾ ਕੌੜ, ਪਤ ਡਾਲ੍ਹੀ ਫੁਲ ਵੇਖ ਵਖਾਇੰਦਾ । ਜਨ ਭਗਤਾਂ ਅੰਤਮ ਜਾਏ ਬੌੜ੍ਹ, ਆਪ ਆਪਣਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਮਾਰਗ ਦਿਸੇ ਏਕਾ ਸੌੜ, ਵੇਲੇ ਅੰਤ ਨਾ ਕੋਈ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਹਰਿ ਵਰਤਾਏ, ਹਰਿ ਸੱਜਣ ਖੇਲ ਅਪਾਰਿਆ । ਜੂਠ ਝੂਠ ਦੋ ਬੈਲ ਬਣਾਏ, ਜੋੜੀ ਮੇਲ ਮਿਲਾ ਰਿਹਾ । ਪੰਚ ਵਿਕਾਰਾ ਹਿੱਕਣ ਡਾਹੇ, ਏਕਾ ਡੰਡਾ ਹੱਥ ਫੜਾ ਲਿਆ । ਕਲਜੁਗ ਕੰਢਾ ਨੇੜੇ ਆਏ, ਲੇਖਾ ਲੇਖ ਨਾ ਕਿਸੇ ਜਣਾ ਲਿਆ । ਚਾਰ ਕੁੰਟ ਭੇਖ ਪਖੰਡਾ ਪੁਰਖ ਅਬਿਨਾਸ਼ੀ ਕਰੇ ਰੰਡਾ, ਆਪਣੀ ਹੱਥੀਂ ਬੰਧਨ ਪਾ ਲਿਆ । ਤੀਰਥ ਤੱਟਾਂ ਫੇਰਾ ਪਾਏ, ਸਮੁੰਦ ਸਾਗਰ ਵਰੋਲ ਵਖਾਏ, ਨਾਮ ਤੰਦਨ ਇਕ ਰਖਾ ਲਿਆ । ਬਾਸ਼ਕ ਤਸ਼ਕਾ ਖੇਲ ਖਿਲਾਏ, ਦੋਏ ਸਹੰਸਰ ਗਾਏ, ਰਸਨਾ ਜੇਹਵਾ ਆਪੇ ਗਾ ਲਿਆ । ਵਿਸ਼ਨੂੰ ਉਠ ਉਠ ਫੇਰੇ ਪਾਏ, ਬ੍ਰਹਮਾ ਨੀਰ ਉਠ ਉਠਾਏ, ਭੋਲਾ ਨਾਥ ਰਿਹਾ ਕੁਰਲਾਏ, ਕਰੋੜ ਤੇਤੀਸਾ ਆਸਣ ਸਿੰਘਾਸਣ ਆਪਣਾ ਆਪ ਤਜਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਵਸਤ ਦੇਵਣਹਾਰਾ ਦਸਤ ਬਦਸਤ, ਦੂਸਰ ਹੱਥ ਨਾ ਕਿਸੇ ਟਿਕਾਇੰਦਾ । ਕਲਜੁਗ ਜੋੜ ਹਰਿ ਜੁੜਾਇਆ, ਸਤਿਜੁਗ ਸੰਗ ਮਿਲਾਇੰਦਾ । ਹੇਠਾ ਉਪਰ ਰੱਖ ਵਖਾਇਆ, ਨਾਮ ਕਿਲੀ ਵਿਚ

ਟਿਕਾਇੰਦਾ । ਸੰਮਤ ਸੋਲਾਂ ਗੇੜਾ ਰਿਹਾ ਦਵਾਇਆ, ਉਲਟਾ ਗੇੜਾ ਆਪ ਦੁਆਇੰਦਾ । ਨੌ ਖੰਡ ਪ੍ਰਿਥਮੀ ਭੇੜ ਭੜਾਇਆ, ਦੋਹਾਂ ਪੁੜਾਂ ਵਿਚ ਦਬਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਆਪਣਾ ਪੀਸਣ ਆਪਣੀ ਹੱਥੀਂ ਪੀਸ ਪਿਸਾਇਆ, ਕਲਜੁਗ ਅੰਤਮ ਗੁਰਸਿਖਾਂ ਆਪ ਖੁਆਇੰਦਾ । ਸਵਾ ਸੇਰ ਆਟਾ ਨਾਲ ਧਰਾਇਆ, ਇਕ ਸੇਰ ਹਰਿ ਨਿਰੰਕਾਰ ਚੌਥਾ ਹਿੱਸਾ ਸਰਬ ਸੰਸਾਰ ਗੁਰ ਪੀਰ ਅਵਤਾਰ ਨਾਲ ਰਲਾਇੰਦਾ । ਸੇਵਾ ਕਰੇ ਆਪ ਨਿਰੰਕਾਰ, ਨਿਰਗੁਣ ਅਤੀਤਾ ਖੇਲ ਖਿਲਾਇੰਦਾ । ਡੱਲੇ ਮਿਲਿਆ ਝੱਲਾ ਯਾਰ, ਡੱਲਾ ਭੁੱਲਾ ਯਾਰ ਭੁੱਲ ਵਿਚ ਨਾ ਆਇੰਦਾ । ਹਰਿ ਸੰਗਤ ਸਾਚੀ ਕਰ ਤਿਆਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਉਜੜਿਆ ਹਰਾ ਕਰੇ ਬਗੀਚਾ ਆਪ ਕਰਤਾਰ, ਪਤ ਡਾਲ੍ਹੀ ਫੁਲ ਪੰਖੜੀਆਂ ਆਪ ਮਹਿਕਾਇੰਦਾ । ਹੋਏ ਭਵਰਾ ਉਪਰ ਗੁੰਜੇ ਵਾਰੋ ਵਾਰ, ਸਚ ਸੁਗੰਧੀ ਆਪਣੀ ਵੰਡ ਵੰਡਾਇੰਦਾ । ਰਚਿਆ ਕਾਜ ਹਰਿ ਕਰਤਾਰ, ਵੇਲਾ ਅੰਤਮ ਵੇਖ ਵਖਾਇੰਦਾ । ਸੇਵਾ ਲਾਏ ਸੇਵਕ ਚਾਰ, ਚਾਰ ਯਾਰੀ ਮੁਖ ਭਵਾਇੰਦਾ । ਨੌ ਖੰਡ ਪ੍ਰਿਥਮੀ ਬੰਨ੍ਹੇ ਧਾਰ, ਨੌ ਦਰ ਖੋਜ ਖੁਜਾਇੰਦਾ । ਨੌ ਦਰ ਵਾਸ਼ਨਾ ਕਰੇ ਖੁਆਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਸਤਿਜੁਗ ਤੇਰਾ ਸਤੋ ਗੁਣ ਵਿਚਾਰ, ਵਿਸ਼ਨੂੰ ਵਿਸ਼ਨੂੰ ਨਾਲ ਮਿਲਾਇੰਦਾ । ਬ੍ਰਹਮਾ ਰਜੋ ਗੁਣ ਭਰ ਭੰਡਾਰ, ਰਾਜਸ ਆਪਣਾ ਰੰਗ ਰੰਗਾਇੰਦਾ । ਸ਼ੰਕਰ ਤਮੋ ਗੁਣ ਵੇਖ ਸੰਸਾਰ, ਅੰਤਮ ਵਸਦਾ ਨਗਰ ਆਪੇ ਢਾਇੰਦਾ । ਪਾਰਬ੍ਰਹਮ ਪ੍ਰਭ ਭੇਵ ਅਪਾਰ, ਭੇਵ ਕੋਇ ਨਾ ਪਾਇੰਦਾ । ਸਚ ਸਵਾਣੀ ਕਰ ਤਿਆਰ, ਨੌ ਨੌ ਸੇਵ ਕਮਾਇੰਦਾ । ਖਾਣੀ ਬਾਣੀ ਰਹੀ ਪੁਕਾਰ, ਬੋਧ ਅਗਾਧ ਆਪ ਹੋ ਜਾਇੰਦਾ । ਧੁਰ ਦਰਗਾਹੀ ਠੰਡਾ ਪਾਣੀ ਨਿਝ ਘਰ ਆਤਮ ਪਰਮ ਪੁਰਖ ਪਰਮਾਤਮ ਹਰਿ ਸੰਗਤ ਉਤੋਂ ਦੇਵੇ ਵਾਰ, ਗੰਗਾ ਗੋਦਾਵਰੀ ਅਠਸਠ ਤੀਰਥ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦਾ ਚੁੱਕਿਆ ਭਾਰ, ਆਪਣੇ ਸਿਰੋਂ ਦਏ ਉਤਾਰ, ਗੁਰਮੁਖਾਂ ਲੈਣਾ ਦੇਣਾ ਝੋਲੀ ਪਾਇੰਦਾ ।

✪ ੨੩ ਮੱਘਰ ੨੦੧੯ ਬਿਕ੍ਰਮੀ ਲੰਗਰ ਵਰਤੌਣ ਸਮੇਂ ਸ਼ਬਦ ਜੋਤ ਪਰਵੇਸ਼ਤਾ ਨਾਲ ਨਿਰਗੁਣ ਸਰਗੁਣ ਧਾਰ ਚਲੀ ਪੂਰਨ ਸਿੰਘ ਨੇ ਨੰਗੀ ਪੈਰੀਂ ਲੰਗਰ ਵਰਤਾਇਆ ਅਤੇ ਹਰਿ ਸੰਗਤ ਦੀ ਸੇਵਾ ਕੀਤੀ ਪਿੰਡ ਨਾਥੇਵਾਲ ✪

ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਸੇਵਕ ਸੇਵਾ ਸਚ ਕਮਾਇੰਦਾ । ਏਕੰਕਾਰਾ ਜੋਤ ਨਿਰੰਕਾਰ, ਆਪ ਆਪਣਾ ਵੇਸ ਵਟਾਇੰਦਾ । ਆਦਿ ਨਿਰੰਜਣ ਵੇਖੇ ਵਿਗਸੇ ਪਾਵੇ ਸਾਰ, ਆਪਣੀ ਧਾਰਾ ਆਪ ਬੰਧਾਇੰਦਾ । ਅਬਿਨਾਸ਼ੀ ਕਰਤਾ ਰੂਪ ਅਪਾਰ, ਦਿਸ ਕਿਸੇ ਨਾ ਆਇੰਦਾ । ਸ੍ਰੀ ਭਗਵਾਨ ਹੋ ਤਿਆਰ, ਆਪ ਆਪਣਾ ਰੂਪ ਵਟਾਇੰਦਾ । ਪਾਰਬ੍ਰਹਮ ਬੋਲ ਜੈਕਾਰ, ਸਾਚਾ ਨਾਅਰਾ ਏਕਾ ਲਾਇੰਦਾ । ਸ਼ਬਦ ਅਗੰਮੀ ਕਰ ਤਿਆਰ, ਸਚਖੰਡ ਦਵਾਰੇ ਸੋਭਾ ਪਾਇੰਦਾ । ਥਿਰ ਘਰ ਵਾਸੀ ਸਾਂਝਾ ਯਾਰ, ਆਪਣਾ ਸੰਗ ਆਪ ਨਿਭਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਾਚੀ ਭਿਛਿਆ ਇਕ ਵਖਾਇੰਦਾ । ਏਕਾ ਰੂਪ ਆਪਣੇ ਅੰਗ ਕਰੇ ਅੰਗੀਕਾਰ, ਆਪਣਾ ਜੋਬਨ ਆਪ ਹੰਢਾਇੰਦਾ । ਅਪਣੀ ਮੰਗੇ ਮੰਗ ਆਪੇ ਢਹਿ ਢਹਿ ਪਏ ਦਵਾਰ, ਆਪਣਾ ਸੀਸ ਆਪ ਝੁਕਾਇੰਦਾ । ਆਪੇ ਵਰਤੇ ਵਰਤਾਵੇ ਵਰਤਣਹਾਰ,

ਆਪਣੀ ਕਲ ਆਪ ਵਰਤਾਇੰਦਾ । ਆਪੇ ਵਿਸ਼ਨੂੰ ਕਰ ਤਿਆਰ, ਨਿਰਾਕਾਰ ਸਾਕਾਰ ਆਪ ਹੋ ਆਇੰਦਾ । ਆਪੇ ਪਾਰਬ੍ਰਹਮ ਕਰੇ ਖੇਲ ਵਿਚ ਸੰਸਾਰ, ਬ੍ਰਹਮ ਆਪਣੀ ਅੰਸ ਉਪਾਇੰਦਾ । ਆਪੇ ਸ਼ੰਕਰ ਕਰ ਪਿਆਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਆਪੇ ਤ੍ਰੈਗੁਣ ਮਾਇਆ ਕਰ ਵਿਚਾਰ, ਏਕਾ ਘਰ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਦਿ ਅਨਾਦੀ ਪੁਰਖ ਆਪ ਅਖਵਾਇੰਦਾ । ਆਦਿ ਆਦੀ ਪੁਰਖ ਭਗਵਾਨਾ, ਏਕਾ ਰੰਗ ਸਮਾਇਆ । ਸ਼ਬਦ ਸਰੂਪੀ ਸਤਿ ਤਰਾਨਾ, ਘਰ ਘਰ ਸੱਚੇ ਮੰਦਰ ਬਹਿ ਬਹਿ ਗਾਇਆ । ਸਚਖੰਡ ਸੁਹਾਏ ਇਕ ਮਕਾਨਾ, ਬੰਕ ਦਵਾਰੀ ਨਾਉਂ ਰਖਾਇਆ । ਲੋਆਂ ਪੁਰੀਆਂ ਇਕ ਨਿਸ਼ਾਨਾ, ਬ੍ਰਹਿਮੰਡ ਖੰਡ ਬਣਤ ਬਣਾਇਆ । ਰਵ ਸਸ ਕਰ ਪਰਧਾਨਾ, ਮੰਡਲ ਮੰਡਪ ਡੇਰਾ ਲਾਇਆ । ਜਲ ਥਲ ਮਹੀਅਲ ਖੇਲ ਮਹਾਨਾ, ਅਕਾਸ਼ ਪਰਕਾਸ਼ ਆਪ ਸਮਾਇਆ । ਪੰਜ ਤੱਤ ਤ੍ਰੈਗੁਣ ਮਾਇਆ ਬੱਧਾ ਗਾਨਾ, ਲੱਖ ਚੁਰਾਸੀ ਵੇਸ ਵਟਾਇਆ । ਮਾਨਸ ਮਾਨੁਖ ਕਰ ਪਰਧਾਨਾ, ਆਪ ਆਪਣੀ ਬੂਝ ਬੁਝਾਇਆ । ਖੇਲੇ ਖੇਲ ਦੋ ਜਹਾਨਾ, ਲੋਕਮਾਤ ਰਚਨ ਰਚਾਇਆ । ਵਰਭੰਡੀ ਵੇਖੇ ਇਕ ਮੈਦਾਨਾ, ਏਕਾ ਗੜ੍ਹ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰਾਇਆ । ਵੇਸ ਅਵੱਲਾ ਇਕ ਅਕੱਲਾ, ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਉਚ ਮਹੱਲਾ ਇਕ ਸੁਹਾਇੰਦਾ । ਆਪਣੀ ਜੋਤੀ ਆਪੇ ਰੱਲਾ, ਆਪੇ ਸ਼ਬਦੀ ਸ਼ਬਦ ਅਲਾਇੰਦਾ । ਆਪਣਾ ਫੜਿਆ ਆਪੇ ਪੱਲਾ, ਆਪੇ ਸੰਗ ਨਿਭਾਇੰਦਾ । ਆਪੇ ਲੱਖ ਚੁਰਾਸੀ ਅੰਦਰ ਘਟ ਘਟ ਆਪਣਾ ਆਸਣ ਮੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭਾਣਾ ਸਾਚਾ ਰਾਣਾ, ਆਪੇ ਆਪ ਵਰਤਾਇੰਦਾ । ਹਰਿ ਭਾਣਾ ਬਲਵਾਨ, ਹਰਿ ਸੱਚੇ ਆਪ ਰਖਾਇਆ । ਸਚਖੰਡ ਝੁਲਾਏ ਇਕ ਨਿਸ਼ਾਨ, ਥਿਰ ਘਰ ਵਾਸੀ ਡੇਰਾ ਲਾਇਆ । ਪਰਮ ਪੁਰਖ ਸ਼ਾਹ ਸੁਲਤਾਨ, ਰਾਜ ਰਾਜਾਨ ਆਪ ਹੋ ਜਾਇਆ । ਨਾ ਕੋਈ ਦਿਸੇ ਦਰ ਦਰਬਾਨ, ਚੋਬਦਾਰ ਨਾ ਕੋਈ ਜਣਾਇਆ । ਪੂਤ ਸਪੂਤਾ ਨੌਜਵਾਨ, ਸੁੱਤ ਦੁਲਾਰਾ ਏਕਾ ਜਾਇਆ । ਦੇਵਣਹਾਰਾ ਧੁਰ ਫ਼ਰਮਾਨ, ਲੋਆਂ ਪੁਰੀਆਂ ਰਚਨ ਰਚਾਇਆ । ਆਪੇ ਜਾਣੇ ਆਪਣੀ ਆਣ, ਸਿਰ ਆਪਣਾ ਹੱਥ ਰਖਾਇਆ । ਤ੍ਰੈ ਤ੍ਰੈ ਦੇਵੇ ਸਾਚਾ ਮਾਣ, ਸਾਚੀ ਸੇਵ ਵਖਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਲਿਵ ਅੰਤਰ ਬੂਝ ਬੁਝਾਇਆ । ਏਕਾ ਅੱਖਰ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਸਰੂਪ ਸ੍ਰੀ ਭਗਵਾਨ, ਜੋਤ ਸਰੂਪੀ ਨਜ਼ਰੀ ਆਇਆ । ਸਾਚੀ ਸਖੀਆਂ ਏਕਾ ਕਾਹਨ, ਏਕਾ ਮੰਡਲ ਰਾਸ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਤਖ਼ਤ ਸੁਹਾਇਆ । ਸਚ ਤਖ਼ਤ ਸੁਲਤਾਨ, ਹਰਿ ਭਗਵਾਨਿਆ । ਵਿਸ਼ਨੂੰ ਵੇਖੇ ਮਾਰ ਧਿਆਨ, ਨਿਉਂ ਨਿਉਂ ਆਪਣਾ ਸੀਸ ਝੁਕਾਨਿਆ । ਬ੍ਰਹਮਾ ਲਾ ਲਾ ਸੁਣੇ ਕਾਨ, ਹਰਿ ਦੇਵੇ ਧੁਰ ਫ਼ਰਮਾਨਿਆ । ਸ਼ੰਕਰ ਪਾਈ ਏਕਾ ਆਣ, ਏਕਾ ਬੰਧਨ ਬੰਧ ਬੰਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਦੋ ਜਹਾਨਿਆ । ਸਚ ਸੁਨੇਹੜਾ ਹਰਿ ਭਗਵਾਨ, ਵਿਸ਼ਨੂੰ ਵੰਸੀ ਆਪ ਜਣਾਈਆ । ਦੇਵਣਹਾਰਾ ਏਕਾ ਦਾਨ, ਲੱਖ ਚੁਰਾਸੀ ਰਿਜ਼ਕ ਸਬਾਈਆ । ਬ੍ਰਹਮਾ ਉਤਪਤ ਕਰੇ ਸਰਬ ਜਹਾਨ, ਤ੍ਰੈਗੁਣ ਪੰਜ ਤੱਤ ਮੇਲ ਮਿਲਾਈਆ । ਮਨ ਮਤ ਬੁਧ ਕਰ ਪਰਧਾਨ, ਨੌ ਦਰ ਖੋਜ ਖੁਜਾਈਆ । ਸਚ ਮਹੱਲੇ ਖੇਲ ਮਹਾਨ, ਆਪਣੀ ਆਪ ਕਰਾਈਆ । ਸ਼ੰਕਰ ਦੇਵੇ ਏਕਾ ਦਾਨ, ਇਕ ਤ੍ਰਿਸੂਲ ਹੱਥ ਫੜਾਈਆ ।

ਅੰਤਮ ਮੇਟੇ ਸਰਬ ਨਿਸ਼ਾਨ, ਜੋ ਉਪਜੇ ਰਹਿਣ ਨਾ ਪਾਈਆ । ਤਿੰਨਾਂ ਵਿਚੋਲਾ ਬਣ ਮਿਹਰਵਾਨ, ਆਪਣੀ ਕਲ ਰਿਹਾ ਵਰਤਾਈਆ । ਨੌ ਨੌ ਚਾਰ ਜੁਗ ਨਾ ਦਿਸਿਆ ਕੋਈ ਨਿਸ਼ਾਨ, ਨੇਤਰ ਨੈਣ ਨਾ ਕੋਈ ਵਖਾਈਆ । ਛੱਤੀ ਜੁਗ ਨਾ ਹੋਇਆ ਪਰਧਾਨ, ਆਪ ਆਪਣਾ ਬਲ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖ ਮਕਾਨ, ਗੁਰਸਿਖ ਸੰਤ ਭਗਵੰਤ ਆਪਣੇ ਹੁਕਮ ਰਿਹਾ ਚਲਾਈਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਨਾਨਕ ਗੋਬਿੰਦ ਦਏ ਗਵਾਹੀਆ । ਪਰਗਟ ਹੋਏ ਜੋਧਾ ਸੂਰਬੀਰ ਬਲੀ ਬਲਵਾਨ, ਨਿਹਕਲੰਕਾ ਨਾਉਂ ਰਖਾਈਆ । ਖੰਡ ਮੰਡਲ ਬ੍ਰਹਿਮੰਡ ਹੋਏ ਸਰਬ ਹੈਰਾਨ, ਲੋਆਂ ਪੁਰੀਆਂ ਦੇਣ ਦੁਹਾਈਆ । ਰਵ ਸਸ ਮੁਖ ਸ਼ਰਮਾਨ, ਤੇਜ਼ ਤਪ ਨਾ ਕੋਈ ਵਖਾਈਆ । ਤੀਰਥ ਤੱਟਾਂ ਵੇਖੇ ਨਿਸ਼ਾਨ, ਸਚ ਦਵਾਰ ਨਾ ਕੋਈ ਵਖਾਈਆ । ਪਰਗਟ ਹੋ ਹਰਿ ਮਿਹਰਵਾਨ, ਨਿਹਕਲੰਕਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਪਿਰਭੂ ਤੇਰਾ ਰੱਖੇ ਮਾਣ, ਹਰਿ ਪੁਰਖ ਵੱਡੀ ਵਡਿਆਈਆ । ਅੰਨ ਦਾਤਾ ਸ੍ਰੀ ਭਗਵਾਨ, ਵਿਸ਼ਨੂੰ ਸੇਵਾ ਆਪ ਕਮਾਈਆ । ਜੁਗਾ ਜੁਗੰਤਰ ਵੇਖੇ ਮਾਰ ਧਿਆਨ, ਵਡ ਸਾਲਸ ਬੇਪਰਵਾਹੀਆ । ਇਕ ਅਕੱਲਾ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਈਆ । ਆਦਿ ਜੁਗਾਦੀ ਹਰਿ ਭਗਵੰਤ, ਪਰਮ ਪੁਰਖ ਅਖਵਾਇਆ । ਜੁਗਾ ਜੁਗੰਤਰ ਮਹਿਮਾ ਅਗਣਤ, ਵੇਦ ਕਤੇਬ ਭੇਵ ਨਾ ਰਾਇਆ । ਗਾ ਗਾ ਥੱਕੇ ਸਾਧ ਸੰਤ, ਕੋਟਨ ਕੋਟ ਹਰਿ ਸੇਵ ਕਮਾਇਆ । ਭਾਣਾ ਜਾਣੇ ਗੁਰਮੁਖ ਵਿਰਲਾ ਸੰਤ, ਜਿਸ ਜਨ ਆਪਣਾ ਮੇਲ ਮਿਲਾਇਆ । ਲੇਖ ਜਾਣੇ ਨਾਰੀ ਕੰਤ, ਨਿਰਗੁਣ ਏਕਾ ਰੰਗ ਸਮਾਇਆ । ਨੌ ਖੰਡ ਪ੍ਰਿਥਮੀ ਵੇਖ ਰੁੱਤ ਬਸੰਤ, ਆਪ ਆਪਣਾ ਵੇਸ ਵਟਾਇਆ । ਕਲਜੁਗ ਅੰਤਮ ਬਣਿਆ ਗੜ੍ਹ ਹਉਮੇ ਹੰਗਤ, ਸਾਚੀ ਸੰਗਤ ਨਾ ਕੋਈ ਜਣਾਇਆ । ਦਰ ਦਰ ਘਰ ਘਰ ਮੰਗਦੇ ਫਿਰਦੇ ਮੰਗਤ, ਹਰਿ ਕਾ ਨਾਮ ਕਿਸੇ ਹੱਥ ਨਾ ਆਇਆ । ਚਾਰ ਕੁੰਟ ਦਹਿ ਦਿਸ਼ਾ ਜੀਵ ਜੰਤ ਹੋਇਆ ਨੰਗਤ, ਨਾਮ ਦੋਸ਼ਾਲਾ ਸਾਚਾ ਪੜਦਾ ਉਪਰ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇਆ । ਧਰਿਆ ਵੇਸ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਹਰਿਜਨ ਭਗਤਾਂ ਆਪਣੇ ਸਿਰ ਚੁੱਕਿਆ ਭਾਰ, ਜਗਤ ਲਹਿਣਾ ਦੇਣਾ ਦਏ ਮੁਕਾਈਆ । ਗੋਬਿੰਦ ਮੀਤਾ ਬਣ ਲਿਖਾਰ, ਏਕਾ ਲੇਖਾ ਗਿਆ ਸਮਝਾਈਆ । ਨਾਨਕ ਮੇਲਾ ਨਿਰਗੁਣ ਯਾਰ, ਦਰਗਹਿ ਸਾਚੀ ਵੱਜੇ ਵਧਾਈਆ । ਸਚਖੰਡ ਨਿਵਾਸੀ ਬੇਐਬ ਪਰਵਰਦਿਗਾਰ, ਨੂਰੋ ਨੂਰ ਨੂਰ ਅਲਾਹੀਆ । ਪਰਗਟ ਹੋ ਵਿਚ ਸੰਸਾਰ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਨਾਦ ਸ਼ਬਦ ਧੁਨਕਾਰ, ਸਤਿ ਸਤਿਵਾਦੀ ਦਏ ਵਜਾਈਆ । ਦੋ ਜਹਾਨਾਂ ਸੁਨਣੇਹਾਰ, ਘਟ ਘਟ ਬੈਠਾ ਡੇਰਾ ਲਾਈਆ । ਵਰਨਾਂ ਬਰਨਾਂ ਪਾਵੇ ਸਾਰ, ਹਿੰਦੂ ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਈਸਾਈ ਆਪੇ ਵੇਖ ਵਖਾਈਆ । ਏਕਾ ਵਸਤ ਨਾਮ ਭੰਡਾਰ, ਹਰਿ ਆਪਣੇ ਹੱਥ ਰਖਾਈਆ । ਜੁਗ ਜੁਗ ਬਣ ਵਰਤਾਰ, ਜਨ ਭਗਤਾਂ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਲੇਖ ਲਿਖਿਆ ਦਏ ਮਿਟਾਈਆ । ਕਲਜੁਗ ਆਇਆ ਚੌਥਾ ਜੁਗ, ਨਰ ਹਰਿ ਵੰਡ ਵੰਡਾਇੰਦਾ । ਕਾਇਆ ਔਧ ਗਈ ਪੁਗ, ਨਾ ਕੋਈ ਧੀਰ ਧਰਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਵੇਖਣਹਾਰਾ ਲੁਕ ਲੁਕ, ਸਾਖਿਆਤ ਰੂਪ ਵਟਾਇੰਦਾ । ਸੰਤ ਸੁਹੇਲੇ ਗੁਰੂ ਗੁਰ

ਚੇਲੇ ਹਰਿਜਨ ਆਪਣੀ ਗੋਦੀ ਲਏ ਚੁੱਕ, ਆਪ ਆਪਣਾ ਭਾਰ ਉਠਾਇੰਦਾ । ਹਰਿਜਨ ਬੂਟਾ ਜਾਏ ਨਾ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਵਿਹਾਰ ਹਰਿ ਨਿਰੰਕਾਰ, ਏਕੰਕਾਰਾ ਨਿਰੰਕਾਰਾ ਨਿਰਾਧਾਰ ਆਪ ਕਰਾਇੰਦਾ । ਸਚ ਵਿਹਾਰਾ ਸਾਚੀ ਕਾਰ, ਹਰਿ ਸਾਚੇ ਸਚ ਕਮਾਈਆ । ਤੇਈ ਮੱਘਰ ਦਿਵਸ ਵਿਚਾਰ, ਵੀਹ ਸੌ ਸੋਲਾਂ ਬਿਕ੍ਰਮੀ ਨਾਲ ਰਲਾਈਆ । ਹਰਿ ਸੰਗਤ ਸਾਚੀ ਕਰ ਤਿਆਰ, ਹਰਿਜਨ ਵਿਛੜੇ ਮੇਲ ਮਿਲਾਈਆ । ਅੰਮ੍ਰਿਤ ਭਰੇ ਸਚ ਭੰਡਾਰ, ਦਰ ਘਰ ਸਾਚੇ ਆਪ ਭਰਾਈਆ । ਦਿਵਸ ਰੈਣ ਕਰੇ ਪਿਆਰ, ਆਲਸ ਨਿੰਦਰਾ ਨਾ ਕੋਈ ਰਖਾਈਆ । ਦੇਵੇ ਨਾਮ ਸ਼ਬਦ ਧੁਨਕਾਰ, ਧੁੰਨ ਆਤਮਕ ਆਪ ਜਣਾਈਆ । ਸਾਰ ਸ਼ਬਦ ਖ਼ਬਰਦਾਰ, ਏਕਾ ਏਕ ਵੱਜੇ ਵਧਾਈਆ । ਤੋੜਨਹਾਰਾ ਗੜ੍ਹ ਹੰਕਾਰ, ਭਾਂਡਾ ਭਰਮ ਭਓ ਭੰਨਾਈਆ । ਲੇਖਾ ਜਾਣੇ ਪੁਰਖ ਨਾਰ, ਨਰ ਨਰਾਇਣ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਬਣਤ ਆਪ ਬਣਾਈਆ । ਸਾਚੀ ਬਣਤ ਆਪ ਬਣਾਏ, ਭੇਵ ਅਭੇਦ ਛੁਪਾਇਆ । ਖਾਣੀ ਬਾਣੀ ਭੇਵ ਨਾ ਰਾਏ, ਨੇਤਰ ਲੋਚਣ ਨੈਣਾਂ ਦਿਸ ਨਾ ਆਇਆ । ਅੰਜੀਲ ਕੁਰਾਨ ਰਹੇ ਗਾਏ, ਵੇਦ ਪੁਰਾਨ ਆਪਣਾ ਸੋਹਲਾ ਏਕਾ ਢੋਲਾ ਗਾਇਆ । ਸਾਧ ਸੰਤ ਰਹੇ ਕੁਰਲਾਏ, ਦਿਵਸ ਰੈਣ ਰਾਹ ਤਕਾਇਆ । ਲੱਖ ਚੁਰਾਸੀ ਜੀਵ ਜੰਤ ਸਰਬ ਬਿਲਲਾਏ, ਅੰਮ੍ਰਿਤ ਮੇਘ ਨਾ ਕੋਈ ਬਰਸਾਇਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨੇਤਰ ਨੈਣਾਂ ਨੀਰ ਵਹਾਏ, ਸਾਂਤਕ ਸਤਿ ਨਾ ਕੋਈ ਵਰਤਾਇਆ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹੇ, ਜਟਾ ਜੂਟ ਆਪਣਾ ਵੇਸ ਵਟਾਇਆ । ਬ੍ਰਹਮਾ ਨਿਉਂ ਨਿਉਂ ਸੀਸ ਝੁਕਾਏ, ਦੋਏ ਜੋੜ ਪਿਆ ਸਰਨਾਇਆ । ਵਿਸ਼ਨੂੰ ਏਕਾ ਮੰਗ ਮੰਗਾਏ, ਦਰ ਤੇਰਾ ਇਕ ਸੁਹਾਇਆ । ਅਬਿਨਾਸ਼ੀ ਕਰਤਾ ਦਇਆ ਕਮਾਏ, ਆਪ ਆਪਣੇ ਅੰਗ ਲਗਾਇਆ । ਦੋਹਾਂ ਵਿਚੋਲਾ ਆਪ ਬਣ ਜਾਏ, ਆਪ ਆਪਣਾ ਵੇਸ ਵਟਾਇਆ । ਲੋਕਮਾਤ ਹਰਿ ਫੇਰਾ ਪਾਏ, ਨਿਹਕਲੰਕਾ ਨਾਉਂ ਰਖਾਇਆ । ਕਲਜੁਗ ਤੇਰੀ ਜੜ ਉਖੜਾਏ, ਪੰਜ ਪਿਆਰੇ ਹੁਕਮ ਜਣਾਇਆ । ਸਾਚੀ ਸੰਗਤ ਨਾਲ ਰਲਾਏ, ਘਰ ਮੰਦਰ ਡੇਰਾ ਲਾਇਆ । ਤੇਰੀ ਭੱਠੀ ਇਕ ਤਪਾਏ, ਤ੍ਰੈਗੁਣ ਬਾਲਣ ਆਪੇ ਡਾਹਿਆ । ਪੰਜ ਵਿਕਾਰਾ ਲੰਬੂ ਲਾਏ, ਧੂੰਆਂਧਾਰ ਸਰਬ ਵਖਾਇਆ । ਜੁਗ ਜੁਗ ਆਪਣਾ ਪੀਸਣ ਪੀਸ ਕਮਾਏ, ਸਾਚੀ ਚੱਕੀ ਨਾਮ ਚਲਾਇਆ । ਸਚ ਸਵਾਣੀ ਸੇਵ ਕਮਾਏ, ਸੋਹੰ ਹੱਥਾ ਹੱਥ ਰਖਾਇਆ । ਆਪਣਾ ਗੇੜਾ ਆਪ ਦਵਾਏ, ਆਪਣੀ ਭੁਜਾਂ ਫਲਾਇਆ । ਲੱਖ ਚੁਰਾਸੀ ਪੀਸ ਵਖਾਏ, ਕਲਜੁਗ ਸਤਿਜੁਗ ਧੱਕਾ ਲਾਇਆ । ਗੁਰਮੁਖ ਸਾਚੇ ਲਏ ਤਰਾਏ, ਜਿਸ ਜਨ ਬਖ਼ਸ਼ੇ ਸਚ ਸਰਨਾਇਆ । ਆਪਣੀ ਬੂਝ ਆਪ ਬੁਝਾਏ, ਦੂਈ ਦਵੈਤੀ ਪੜਦਾ ਲਾਹਿਆ । ਨੂਰੀ ਦਰਸ ਦਰਸ ਦਿਖਾਏ, ਜਗਤ ਤ੍ਰਿਸਨਾ ਭੁੱਖ ਮਿਟਾਇਆ । ਅੰਮ੍ਰਿਤ ਮੇਘ ਬਰਸ ਵਖਾਏ, ਨਿਝਰ ਝਿਰਨਾ ਆਪ ਝਿਰਾਇਆ । ਫੜ ਫੜ ਕਾਗੋਂ ਹੰਸ ਬਣਾਏ, ਹਰਿਜਨ ਸਾਚੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਵੇਲਾ ਆਪ ਸੁਹਾਇਆ । ਕਲਜੁਗ ਵੇਲਾ ਸਾਚਾ ਵਕਤ, ਹਰਿ ਸੱਜਣ ਆਪ ਸੁਹਾਈਆ । ਸੇਵਾ ਲਾਈ ਆਦਿ ਸ਼ਕਤ, ਸਾਚੀ ਸੇਵ ਰਹੀ ਕਮਾਈਆ । ਲੇਖਾ ਦੇਵੇ ਗਿਣ ਗਿਣ ਭਗਤ, ਭਗਤਨ ਭਗਤੀ ਮੂਲ ਚੁਕਾਈਆ । ਦੇਣਾ ਦੇਵੇ ਬੂੰਦ ਰਕਤ, ਆਪਣੇ ਹੱਥ ਰੱਖੇ ਵਡਿਆਈਆ । ਭਰਮ ਭੁਲੇਖਾ ਸਰਬ ਜਗਤ, ਸੰਸਾਰ ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਰੀਤ ਚਲਾਈਆ । ਕਲਜੁਗ ਅੰਤਮ ਅੰਤ ਕਿਨਾਰਾ, ਹਰਿ ਸਤਿਗੁਰ ਪੁਰਖ ਸੁਣਾਇੰਦਾ । ਭਗਤਾਂ ਭਰੇ ਨਾਮ ਭੰਡਾਰਾ, ਸਾਚੀ ਵਸਤ ਇਕ ਵਖਾਇੰਦਾ । ਮਨਮੁਖਾਂ ਕਰੇ ਅੰਤ ਖ਼ਵਾਰਾ, ਚਾਰੋਂ ਕੁੰਟ ਫਿਰਾਇੰਦਾ । ਸ਼ਾਹ ਸੁਲਤਾਨਾਂ ਕਿਸੇ ਨਾ ਦਿਸੇ ਦਰ ਦਰਬਾਰਾ, ਦਰ ਦਰਬਾਨ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਵੰਡਨ ਆਪ ਵੰਡਾਇੰਦਾ । ਕਲਜੁਗ ਅੰਤਮ ਵੰਡਾਈ ਵੰਡ, ਹਰਿਜਨ ਸਾਚੇ ਲਏ ਤਰਾਈਆ । ਵੇਖਣਹਾਰਾ ਭੇਖ ਪਾਖੰਡ, ਕੂੜੀ ਕਿਰਿਆ ਦਏ ਖਪਾਈਆ । ਜਨ ਭਗਤਾਂ ਟੁੱਟੀ ਦੇਵੇ ਗੰਢ, ਗੰਢਣਹਾਰ ਆਪ ਅਖਵਾਈਆ । ਗੁਰਸਿਖ ਨਾਰ ਦੁਹਾਗਣ ਨਾ ਹੋਏ ਰੰਡ, ਸਾਚਾ ਕੰਤ ਆਪ ਹੰਢਾਈਆ । ਪੰਜ ਵਿਕਾਰਾ ਕਰੇ ਖੰਡ ਖੰਡ, ਸਾਚਾ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਦਏ ਸਮਝਾਈਆ । ਬਲ ਬਾਵਨ ਮੀਤਾ ਹਰਿ ਨਿਰੰਕਾਰਾ, ਹਰਿ ਸੱਜਣ ਬੇਪਰਵਾਹੀਆ । ਸਤਿਜੁਗ ਆਇਆ ਚਲ ਦਵਾਰਾ, ਸਾਚੀ ਭੂਮਿਕਾ ਬਲ ਰਾਜਾ ਆਪ ਸੁਹਾਈਆ । ਕਰੇ ਅਰਦਾਸ ਅਰਜੋਈ ਨਿਉਂ ਨਿਉਂ ਨਿਮਸਕਾਰਾ, ਇਕ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਕਰਨਾ ਵਿਹਾਰ ਸਤਿਜੁਗ ਬਣਨਾ ਆਪ ਵਰਤਾਰਾ, ਤੇਰੀ ਓਟ ਇਕ ਰਖਾਈਆ । ਇਕ ਅਕੱਲਾ ਆਇਆ ਸ਼ਾਹ ਅਸਵਾਰਾ, ਦੂਸਰ ਕੋਈ ਨਾ ਸੰਗ ਰਲਾਈਆ । ਪੁਰਖ ਅਬਿਨਾਸ਼ੀ ਬਖ਼ਸ਼ੇ ਬਖ਼ਸ਼ਣਹਾਰਾ, ਦੇਵੇ ਮਾਣ ਵੱਡੀ ਵਡਿਆਈਆ । ਆਪੇ ਆਏ ਤੇਰੇ ਚਲ ਦਵਾਰਾ, ਆਪ ਆਪਣਾ ਰੂਪ ਵਟਾਈਆ । ਦਿਸ ਨਾ ਆਏ ਵਿਚ ਸੰਸਾਰਾ, ਸ੍ਰਿਸ਼ਟ ਸਗਲੀ ਲਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬੂਝ ਬੁਝਾਈਆ । ਬਲ ਰਾਜਨ ਦੋਏ ਜੋੜ ਜੋੜ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰਾ ਰੂਪ ਅਗੰਮ ਅਪਾਰ, ਤੇਰਾ ਭੇਵ ਕੋਈ ਨਾ ਪਾਇੰਦਾ । ਨਾ ਮਰੇ ਨਾ ਪਏ ਜੰਮ ਵਿਚ ਸੰਸਾਰ, ਮਾਤ ਗਰਭ ਨਾ ਕੋਈ ਵਖਾਇੰਦਾ । ਜੁਗ ਜੁਗ ਆਪਣਾ ਕੰਮ ਕਰੇ ਸੱਚੀ ਸਰਕਾਰ, ਸਾਚਾ ਹੁਕਮੀ ਹੁਕਮ ਸੁਣਾਇੰਦਾ । ਜੋ ਘੜੇ ਲਏ ਭੰਨ ਅੰਤਮ ਵਾਰ, ਥਿਰ ਕੋਈ ਰਹਿਣ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੋੜ ਤੇਤੀਸਾ ਗਣ ਗੰਧਰਬ ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਆਦਿ ਜੁਗਾਦੀ ਦੇਂਦਾ ਰਹੇ ਦਾਨ, ਆਪ ਆਪਣਾ ਖੇਲ ਖਿਲਾਇੰਦਾ । ਗੁਰਮੁਖ ਵਿਰਲਾ ਸੁਣੇ ਤੇਰਾ ਲਾ ਲਾ ਸ਼ਬਦ ਕਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਵਣ ਵਕਤ ਕਵਣ ਵੇਲਾ ਕਵਣ ਰੁੱਤੀ ਜਾਇਣ ਮੰਨ, ਸਚ ਦਵਾਰੇ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਕਰੀ ਪੁਕਾਰ ਬਲ ਬਾਵਨ ਮੀਤ, ਨਿਰਗੁਣ ਦਰ ਦਵਾਰਿਆ । ਪੁਰਖ ਅਬਿਨਾਸ਼ੀ ਠਾਂਡਾ ਸੀਤ, ਦੇਵੇ ਸ਼ਬਦ ਨਾਮ ਜੈਕਾਰਿਆ । ਸਤਿਜੁਗ ਤ੍ਰੇਤਾ ਦੁਆਪਰ ਜਾਏ ਬੀਤ, ਅੰਤਮ ਆਏ ਕਲਜੁਗ ਵਾਰਿਆ । ਤੇਰੀ ਭੂਮਿਕਾ ਕਰਾ ਠੰਡੀ ਸੀਤ, ਨਿਹਕਲੰਕ ਲਏ ਅਵਤਾਰਿਆ । ਹਰਿ ਸੰਗਤ ਗਾਏ ਸੁਹਾਗੀ ਗੀਤ, ਸੋਹੰ ਅੱਖਰ ਇਕ ਪੜ੍ਹਾ ਲਿਆ । ਨਾ ਕੋਈ ਗੁਰਦਵਾਰਾ ਮਸਜਿਦ ਸ਼ਿਵਦਵਾਲਾ ਮੱਠ ਦਿਸੇ ਮਸੀਤ, ਆਪ ਆਪਣਾ ਰੂਪ ਪਰਗਟਾ ਲਿਆ । ਏਕਾ ਰੰਗ ਰੰਗਾਏ ਹਸਤ ਕੀਟ, ਕਲਜੁਗ ਸਤਿਜੁਗ ਵਿਚ ਟਿਕਾ ਲਿਆ । ਬਲ ਬਲ ਰੱਖਣਾ ਹਰਿ ਹਰਿ ਚੀਤ, ਅਛਲ ਅਛੱਲ ਖੇਲ ਖਿਲਾ ਲਿਆ । ਫੇਰ ਚਲਾਏ ਸਤਿਜੁਗ ਰੀਤ, ਪਤਿਤ ਪੁਨੀਤ ਭੇਵ ਖੁਲ੍ਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਾਨ ਭੂਮਿਕਾ ਵੇਖ ਵਖਾ ਲਿਆ । ਸਚ ਭੂਮਕਾ ਸਚ ਅਸਥਾਨ, ਹਰਿ ਸਾਚਾ ਵੇਖ ਵਖਾਇੰਦਾ ।

੧੨੭੩ ੦੮

ਚੌਥੇ ਜੁਗ ਸ੍ਰੀ ਭਗਵਾਨ, ਆਪਣਾ ਰੂਪ ਵਟਾਇੰਦਾ । ਪੰਜ ਪਿਆਰੇ ਪੰਜ ਲਗਾਇਣ ਨਿਸ਼ਾਨ, ਗੁਰ ਗੋਬਿੰਦ ਮੇਲ ਮਿਲਾਇੰਦਾ । ਧਰਨੀ ਧਰਤ ਧਵਲ ਹੋਈ ਪਰਧਾਨ, ਜਿਸ ਦਰ ਆਪਣਾ ਚਰਨ ਟਿਕਾਇੰਦਾ । ਦੂਜਾ ਦਰ ਵੇਖ ਮਕਾਨ, ਆਪਣੇ ਮੁਖ ਸਲਾਹਿੰਦਾ । ਚਾਰੋਂ ਕੁੰਟ ਇਕ ਗਿਆਨ, ਏਕਾ ਰਾਗ ਅਲਾਇੰਦਾ । ਭਗਤ ਲਿਖਾਰੀ ਭਗਤ ਭਗਵਾਨ, ਭਗਤਾਂ ਭਗਤੀ ਵਿਚ ਟਿਕਾਇੰਦਾ । ਚਿੱਟੇ ਉਪਰ ਕਾਲਾ ਲਿਖੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਬਲ ਤੇਰਾ ਬਲ ਭੰਡਾਰਾ, ਬਾਵਨ ਵੇਖ ਵਖਾਵਣਾ । ਖੇਲੇ ਖੇਲ ਪੁਰਖ ਕਰਤਾਰਾ, ਆਪਣਾ ਭੇਵ ਆਪ ਛੁਪਾਵਣਾ । ਚੌਥੇ ਜੁਗ ਪਾਵੇ ਸਾਰਾ, ਨਿਰਗੁਣ ਆਪਣਾ ਨਾਉਂ ਧਰਾਵਣਾ । ਸਰਗੁਣ ਜੋਤ ਕਰੇ ਉਜਿਆਰਾ, ਸਚ ਮਹੱਲੇ ਦੀਪ ਟਿਕਾਵਣਾ । ਆਪੇ ਆਏ ਚਲ ਦਵਾਰਾ, ਬੰਕ ਬੰਕਾ ਹਰਿ ਸੁਹਾਵਣਾ । ਹੁਣ ਮੰਗਣ ਆਏ ਬਣ ਭਿਖਾਰਾ, ਫੇਰ ਆਪਣੀ ਹੱਥੀਂ ਆਪ ਵਰਤਾਵਣਾ । ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਮਾਰਗ ਫੇਰ ਚਲਾਵਣਾ । ਸਵਾ ਸੇਰ ਆਟਾ ਕਰ ਤਿਆਰਾ, ਪਿਛਲਾ ਘਾਟਾ ਪੂਰ ਕਰਾਵਣਾ । ਗੁਰਸਿਖ ਕੱਢੇ ਵਿਚੋਂ ਆਣ ਬਾਟਾ, ਮਾਤ ਗਰਭ ਫੇਰ ਨਾ ਆਵਣਾ । ਹਰਿਜਨ ਵਿਕੇ ਨਾ ਹਾਟੋ ਹਾਟਾ, ਚੌਦਾਂ ਹੱਟਾਂ ਮੁਖ ਭਵਾਵਣਾ । ਲਹਿਣਾ ਦੇਣ ਚੁਕਾਏ ਤੀਰਥ ਤਾਟਾ, ਅਠਸਠ ਪੰਧ ਮੁਕਾਵਣਾ । ਨਾ ਕੋਈ ਪੂਜੇ ਜੋਤ ਲਲਾਟਾ, ਨਿਉਂ ਨਿਉਂ ਸੀਸ ਨਾ ਕਿਸੇ ਝੁਕਾਵਣਾ । ਜਨ ਭਗਤ ਤੋੜੇ ਬਜਰ ਕਪਾਟਾ, ਦਸਮ ਦਵਾਰੀ ਕੁੰਡਾ ਲਾਹਵਣਾ । ਦਰਸ ਦਿਖਾਏ ਆਤਮ ਸੇਜਾ ਸਾਚਾ ਖਾਟਾ, ਸਵੱਛ ਸਰੂਪੀ ਰੂਪ ਵਟਾਵਣਾ । ਕਾਇਆ ਤੇਰਾ ਮੇਰਾ ਖੇਲ ਬਾਜ਼ੀਗਰ ਨਾਟਾ, ਦੂਸਰ ਭੇਵ ਕਿਸੇ ਨਾ ਪਾਵਣਾ । ਇਕ ਸਰੋਵਰ ਮਾਰੇ ਠਾਠਾ, ਆਤਮ ਬ੍ਰਹਮ ਜਾਮ ਪਿਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਵਣਾ । ਕਲਜੁਗ ਅੰਤਮ ਲੋਕਮਾਤ ਆਵਣਾ, ਬਲ ਬਾਵਨ ਹਰਿ ਸਮਝਾਈਆ । ਪੁਰਖ ਅਬਿਨਾਸ਼ੀ ਵੇਸ ਵਟਾਵਣਾ, ਨੇਤਰ ਨੈਣ ਦਿਸ ਕਿਸੇ ਨਾ ਆਈਆ । ਤੇਰਾ ਧਾਮ ਫੇਰ ਪਰਗਟਾਵਣਾ, ਦਰ ਸਾਚਾ ਦਏ ਖੁਲ੍ਹਾਈਆ । ਚਾਰ ਵਰਨਾਂ ਏਕਾ ਰੰਗ ਰੰਗਾਵਣਾ, ਊਚ ਨੀਚ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਪੰਜ ਤੱਤ ਵਿਕਾਰਾ ਹਉਮੇ ਹੰਗਤਾ ਕਲਜੁਗ ਤੇਰੀ ਭੱਠੀ ਡਾਵਣਾ, ਆਪਣੀ ਹੱਥੀਂ ਦਏ ਜਲਾਈਆ । ਸਤਿ ਸੰਤੋਖੀ ਸਤਿ ਸਤਿਵਾਦੀ ਹਰਿ ਬ੍ਰਹਿਮਾਦੀ ਆਪਣਾ ਪਕਵਾਨ ਆਪ ਪਕਾਵਣਾ, ਪੰਜ ਚਾਰ ਨੌਂ ਨੌਂ ਆਪਣੀ ਵੰਡ ਵੰਡਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾਲ ਰਲਾਵਣਾ, ਕਬੀਰ ਨਿਉਂ ਨਿਉਂ ਸੀਸ ਝੁਕਾਈਆ । ਨਿਰਗੁਣ ਸਰਗੁਣ ਬਣ ਕੇ ਆਵਣਾ, ਸਰਗੁਣ ਨਿਰਗੁਣ ਵਿਚ ਟਿਕਾਈਆ । ਗੋਬਿੰਦ ਲੇਖਾ ਪੂਰ ਕਰਾਵਣਾ, ਪੁਰਖ ਅਕਾਲ ਵੱਡੀ ਵਡਿਆਈਆ । ਸਚ ਦਵਾਰਾ ਆਪ ਸੁਹਾਵਣਾ, ਝੱਲਾ ਡੱਲਾ ਲਏ ਤਰਾਈਆ । ਕਾਗ ਹੰਸ ਡਾਰ ਮਿਲਾਵਣਾ, ਸੋਹੰ ਮੋਤੀ ਚੋਗ ਚੁਗਾਈਆ । ਸਾਚੀ ਚੋਟੀ ਇਕ ਚੜ੍ਹਾਵਣਾ, ਅਮਰ ਅਮਰਾਪਦ ਇਕ ਵਖਾਈਆ । ਕੋਟਨ ਕੋਟ ਕੋਟਾਂ ਵਿਚੋਂ ਇਕ ਤਰਾਵਣਾ, ਗੁਰਸਿਖ ਤੇਰੀ ਵਡ ਵਡਿਆਈਆ । ਕਲਜੁਗ ਮਾਇਆ ਖੋਟ ਕਢਾਵਣਾ, ਏਕਾ ਅੰਮ੍ਰਿਤ ਜਾਮ ਪਿਆਈਆ । ਸਚ ਭੰਡਾਰਾ ਆਪ ਵਰਤਾਵਣਾ, ਤੋਟ ਰਹੇ ਨਾ ਰਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਹਰਿ ਸੰਗਤ ਤੇਰੇ ਦਵਾਰੇ ਚਲ ਕੇ ਆਵਣਾ, ਪ੍ਰਭ ਦੇਵੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰਨੀ ਕਰਤਾ ਆਪ ਅਖਵਾਈਆ । ਕਰਨੀ ਕਰਤਾ ਕਰਨੇਹਾਰਾ, ਏਕਾ ਰੰਗ ਸਮਾਈਆ । ਆਦਿ ਜੁਗਾਦੀ ਲਏ

੧੨੭੪ ੦੮

ਅਵਤਾਰਾ, ਗੁਰ ਅਵਤਾਰ ਆਪ ਅਖਵਾਈਆ । ਸ਼ਬਦੀ ਨਾਮ ਬੋਲ ਜੈਕਾਰਾ, ਅਨਹਦ ਸਾਚਾ ਰਾਗ ਅਲਾਈਆ । ਦਰ ਦਰ ਘਰ ਘਰ ਅੰਦਰ ਮੰਦਰ ਡੂੰਘੀ ਕੰਦਰ ਪਾਵੇ ਸਾਰਾ, ਉਚੇ ਟਿੱਲੇ ਪਰਬਤ ਜਲ ਥਲ ਮਹੀਅਲ ਫੋਲ ਫੁਲਾਈਆ । ਹਰਿ ਸੰਗਤ ਬਣਿਆ ਮੀਤ ਮੁਰਾਰਾ, ਭਵ ਸਾਗਰ ਵੇਖ ਵਖਾਈਆ । ਚਾਰ ਕੁੰਟ ਧੁੰਧੂਕਾਰਾ, ਦਹਿ ਦਿਸ਼ਾ ਅੰਧੇਰਾ ਛਾਈਆ । ਨਾਰੀ ਨਰ ਹੋਇਆ ਵਿਭਚਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਜਤ ਸਤਿ ਟੁੱਟਾ ਸਰਬ ਸੰਸਾਰਾ, ਧੀਰਜ ਧੀਰ ਨਾ ਕੋਈ ਧਰਾਈਆ । ਬ੍ਰਹਮ ਮਤ ਨਾ ਕੋਈ ਪਸਾਰਾ, ਮਨ ਮਤ ਕਰੇ ਕੁੜਮਾਈਆ । ਰੱਤੀ ਰੱਤ ਨਾ ਵੇਖੇ ਜਗਤ ਭੰਡਾਰਾ, ਅਗਨੀ ਤੱਤ ਸਰਬ ਰਖਾਈਆ । ਪੁਰਖ ਸਮਰਥ ਖੇਲ ਅਪਾਰਾ, ਆਪ ਆਪਣਾ ਖੇਲ ਖਿਲਾਈਆ । ਲੱਖ ਚੁਰਾਸੀ ਚਲਾਏ ਰਥ ਅਪਰ ਅਪਾਰਾ, ਚਾਰੇ ਕੂਟਾਂ ਆਪ ਭਵਾਈਆ । ਹਉਮੇ ਹੰਗਤਾ ਮੰਦਰ ਜਾਏ ਢੱਠ ਕੂੜ ਪਸਾਰਾ, ਅੰਤਮ ਏਕਾ ਢਾਹ ਲਗਾਈਆ । ਹਰਿ ਸੰਗਤ ਤੇਰਾ ਇਕੱਠ ਕਰ ਇਕ ਦਵਾਰਾ, ਨਾਂ ਥੇਹ ਵਾਲਾ ਆਪਣੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਸੇਵਾ ਆਪ ਕਮਾਈਆ । ਸੇਵਾ ਕਰੇ ਕਰਨਹਾਰਾ, ਜੁਗ ਜੁਗ ਕਰਦਾ ਆਇਆ । ਸਚ ਪਕਵਾਨ ਭਰੇ ਭੰਡਾਰਾ, ਵਰਭੰਡੀ ਨਾਉਂ ਧਰਾਇਆ । ਨਿਰਗੁਣ ਸਰਗੁਣ ਬਣ ਵਰਤਾਰਾ, ਸਰਗੁਣ ਨਿਰਗੁਣ ਦਏ ਮਿਲਾਈਆ । ਅੰਮ੍ਰਿਤ ਦੇਵੇ ਠੰਡੀ ਠਾਰਾ, ਨਿਝਰ ਧਾਰਾ ਮੁਖ ਚੁਆਇਆ । ਸਚ ਮਹੱਲਾ ਆਪ ਉਸਾਰਾ, ਚਾਰ ਦੀਵਾਰ ਨਾ ਕੋਈ ਬਣਾਇਆ । ਨਾ ਕੋਈ ਲਾਇਆ ਇੱਟਾਂ ਗਾਰਾ, ਘਰ ਘਰ ਵਿਚ ਦਏ ਟਿਕਾਇਆ । ਏਕਾ ਰੰਗ ਰੰਗਾਏ ਪੁਰਖ ਨਾਰਾ, ਨਾਰੀ ਪੁਰਖ ਭੇਵ ਨਾ ਰਾਇਆ । ਹਰਖ਼ ਸੋਗ ਤੇ ਵਸੇ ਬਾਹਰਾ, ਚਿੰਤਾ ਦੁੱਖ ਨਾ ਕੋਇ ਸਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੰਗਤ ਦਏ ਤਰਾਇਆ । ਸਾਚੀ ਸੰਗਤ ਹਰਿ ਨਾਮ ਵਡਿਆਈ, ਹਰਿ ਸਤਿ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਹਰਿ ਮੰਤਰ ਨਾਮ ਕਰੀ ਕੁੜਮਾਈ, ਸਾਚਾ ਸਗਨ ਮਨਾਇੰਦਾ । ਏਕਾ ਘਰ ਵਸੇ ਧੀ ਜਵਾਈ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂ, ਦਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੂੜ ਸਿੰਘ ਆਪ ਸਮਝਾਇੰਦਾ । ਗੁਰਸਿਖ ਸੁਣਨਾ ਲਾ ਕਰ ਕਾਨ, ਕਾਦਰ ਕੁਦਰਤ ਵਿਚ ਸਜਾਇਆ । ਸਚ ਮਹੱਲਾ ਇਕ ਮਕਾਨ, ਬਿਸਮਲ ਆਪਣਾ ਰੂਪ ਵਟਾਇਆ । ਸ਼ਰਅ ਸ਼ਰੀਅਤ ਸਚ ਕੁਰਾਨ, ਕਲਮਾ ਕਾਅਬ ਕਰੇ ਪੜ੍ਹਾਈਆ । ਨੂਰ ਅਲਾਹੀ ਦੀਨ ਅਮਾਨ, ਸਚ ਅਮਾਮ ਵੇਖ ਵਖਾਈਆ । ਚੌਦਾਂ ਲੋਕ ਭੱਠ ਵਖਾਨ, ਚੌਦਾਂ ਤਬਕ ਸੰਗ ਰਲਾਈਆ । ਚਾਰ ਯਾਰ ਅੰਤ ਮਿਟ ਜਾਣ, ਪੰਚਮ ਦੇਵੇ ਮਾਤ ਵਡਿਆਈਆ । ਨੌ ਦਰ ਮੇਟੇ ਜੂਠ ਨਿਸ਼ਾਨ, ਘਰ ਸਾਚੇ ਵੱਜੀ ਵਧਾਈਆ । ਗੁਰ ਸੰਗਤ ਮੇਲਾ ਵਿਚ ਜਹਾਨ, ਹਰਿ ਸੰਗਤ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣੇ ਹੱਥ ਰਖਾਈਆ । ਪਹਿਲਾ ਘਰ ਹਰਿ ਸੰਗਤ ਦਰਵਾਜ਼ਾ, ਹਰਿ ਸਾਚੇ ਆਪ ਖੁਲ੍ਹਾਇਆ । ਚਾਕਰ ਹੋਇਆ ਗ਼ਰੀਬ ਨਿਵਾਜਾ, ਗਲ ਅਲਫੀ ਏਕਾ ਪਾਇਆ । ਸਾਜ ਵਜਾਏ ਅਨਹਦ ਵਾਜਾ, ਤੁਰੀਆ ਪਦ ਆਪ ਰਖਾਇਆ । ਜਨ ਭਗਤਾਂ ਰੱਖਣ ਆਇਆ ਲੱਜ, ਲੋਕਮਾਤ ਫੇਰਾ ਪਾਇਆ । ਪਤਿਤ ਪਾਪੀਆਂ ਗ਼ਰੀਬ ਨਿਮਾਣਿਆਂ ਪੜਦਾ ਦੇਵੇ ਕੱਜ, ਜੋ ਜਨ ਸਰਨਾਈ ਆਇਆ । ਅੰਮ੍ਰਿਤ ਜਾਮ ਪਿਆਏ ਰੱਜ ਰੱਜ, ਸਚ ਪਿਆਲਾ ਹੱਥ ਉਠਾਇਆ । ਕਲਜੁਗ ਕੂੜ ਨਗਾਰਾ ਰਿਹਾ ਵੱਜ, ਸ੍ਰਿਸ਼ਟ ਸਬਾਈ ਦਏ ਦੁਹਾਇਆ । ਹਰਿਜਨ

ਗੁਰਮੁਖ ਗੁਰਸਿਖ ਹਰਿ ਸੰਗਤ ਬੈਠੇ ਸਜ, ਹਰਿ ਸੰਗਤ ਨਾਮ ਧਰਾਇਆ । ਹਰਿ ਸੰਗਤ ਬਣੀ ਸਚਖੰਡ, ਲੋਕਮਾਤ ਵੱਜੀ ਵਧਾਇਆ । ਪ੍ਰਭ ਪਹਿਲੋਂ ਤੁੱਟੀ ਆਪਣੇ ਨਾਲ ਗੰਢ, ਤੰਦਨ ਤੰਦ ਬੰਧਾਇਆ । ਘਰ ਘਰ ਅੰਦਰ ਚੜ੍ਹਿਆ ਚੰਦ, ਪੂਰਬ ਲਹਿਣਾ ਝੋਲੀ ਪਾਇਆ । ਕਰਨ ਖ਼ੁਸ਼ੀ ਬੰਦ ਬੰਦ, ਤਾਰ ਸਤਾਰ ਇਕ ਹਿਲਾਇਆ । ਹਰਿ ਸੰਗਤ ਰਸਨਾ ਤਜਾਓਣ ਮਦਿਰਾ ਮਾਸ ਗੰਦ, ਸਾਚੀ ਸਿਖਿਆ ਸਿਖ ਸਮਝਾਇਆ । ਅੱਠੇ ਪਹਿਰ ਪਰਮਾਨੰਦ, ਆਪ ਆਪਣਾ ਵਿਚ ਟਿਕਾਇਆ । ਤੋੜਨਹਾਰਾ ਹੰਕਾਰੀ ਜੰਦ, ਦੂਈ ਦਵੈਤੀ ਪੜਦਾ ਦੇਵੇ ਲਾਹਿਆ । ਸੰਗ ਗਾਵਣਾ ਸੁਹਾਗੀ ਛੰਦ, ਪਾਰਬ੍ਰਹਮ ਬ੍ਰਹਮ ਲਏ ਮਿਲਾਇਆ । ਜਗਤ ਔਧ ਗਈ ਹੰਢ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਵੇਖ ਵਖਾਇਆ । ਹਰਿ ਸੰਗਤ ਵਿਚ ਗੁਰਮੁਖ ਸਾਚੇ ਬਹਿਣਾ, ਦੂਸਰ ਕੋਈ ਬਹਿਣ ਨਾ ਪਾਈਆ । ਦਰਸ ਕਰਨਾ ਨੇਤਰ ਨੈਣਾਂ, ਨਿਝ ਆਤਮ ਤ੍ਰਿਖਾ ਬੁਝਾਈਆ । ਹਰਿ ਕਾ ਸ਼ਬਦ ਗੁਰ ਕਹਿਣਾ, ਜਗ ਮੰਤਰ ਨਾਮ ਦ੍ਰਿੜਾਈਆ । ਨਾਤਾ ਤੁਟਾ ਮਾਤ ਪਿਤ ਭਾਈ ਭੈਣਾਂ, ਧੀ ਪੁੱਤਰ ਨਾ ਬੰਧਨ ਪਾਈਆ । ਹਰਿ ਕਾ ਭਾਣਾ ਸਿਰ ਪਰ ਸਹਿਣਾ, ਨੇਤਰ ਨੀਰ ਨਾ ਕੋਈ ਵਹਾਈਆ । ਗੁਰਮੁਖਾਂ ਅੰਤਮ ਅੰਤ ਪ੍ਰਭ ਸਤਿ ਸਰੂਪੀ ਪਾਏ ਗਹਿਣਾ, ਆਪਣਾ ਬਸਤਰ ਹੱਥ ਉਠਾਈਆ । ਕੂੜੀ ਧਾਰ ਵਿਚ ਨਾ ਬਹਿਣਾ, ਸਤਿਜੁਗ ਸਾਚਾ ਰਾਹ ਵਖਾਇਆ । ਸਚਖੰਡ ਦਵਾਰੇ ਦਰ ਘਰ ਬਹਿਣਾ, ਹਰਿ ਸਤਿਗੁਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਸਲਾਹੀਆ । ਸੰਗਤ ਪੰਗਤ ਏਕਾ ਰੰਗ, ਹਰਿ ਸਾਚਾ ਨਾਮ ਦ੍ਰਿੜਾਇੰਦਾ । ਸਤਿਗੁਰ ਪੂਰਾ ਵਸੇ ਸੰਗ, ਵਿਛੜ ਕਦੇ ਨਾ ਜਾਇੰਦਾ । ਅੱਠੇ ਪਹਿਰ ਅੰਮ੍ਰਿਤ ਧਾਰ ਰੰਗ, ਆਪਣੀ ਧਾਰ ਆਪ ਚਲਾਇੰਦਾ । ਮੇਲ ਮਿਲਾਏ ਆਤਮ ਸੇਜਾ ਸਚ ਪਲੰਘ, ਦਰ ਘਰ ਸਾਚਾ ਆਪ ਸੁਹਾਇੰਦਾ । ਨਾਮ ਕੰਗਣਾ ਪਾਏ ਵੰਗ, ਲਾਲ ਚੂੜ੍ਹਾ ਆਪ ਰੰਗਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਸੰਗਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸੰਗਤ ਮੇਲਾ ਹਰਿ ਨਿਰੰਕਾਰ, ਹਰਿ ਸੰਗਤ ਵੇਖ ਵਖਾਇੰਦਾ । ਪੰਗਤ ਦਰ ਹੋਈ ਪਰਵਾਨ, ਹਰਿ ਸੰਗਤ ਮੁਖ ਸਲਾਹਿੰਦਾ । ਹਰਿ ਸੰਗਤ ਤੇਰਾ ਧਰਮ ਨਿਸ਼ਾਨ, ਹਰਿ ਪੰਗਤ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਪੰਗਤ ਏਕਾ ਰੂਪ ਵਖਾਇੰਦਾ । ਹਰਿ ਸੰਗਤ ਵਖਾਏ ਨਾਮ ਰਸ, ਹਰਿ ਸਾਚਾ ਆਪ ਖੁਵਾਇੰਦਾ । ਹਰਿ ਹਿਰਦੇ ਅੰਦਰ ਜਾਏ ਵਸ, ਆਪ ਆਪਣੀ ਦਇਆ ਕਮਾਇੰਦਾ । ਤੀਰ ਅਣਿਆਲਾ ਮਾਰੇ ਕਸ, ਤਿਖੀ ਮੁਖੀ ਹੱਥ ਉਠਾਇੰਦਾ । ਦਰਸ ਦਿਖਾਏ ਨੱਸ ਨੱਸ, ਆਪ ਆਪਣਾ ਰੂਪ ਧਰਾਇੰਦਾ । ਕਰੇ ਪਰਕਾਸ਼ ਕੋਟਨ ਰਵ ਸਸ, ਨੂਰੋ ਨੂਰ ਡਗਮਗਾਇੰਦਾ । ਜੁਗਾ ਜੁਗੰਤਰ ਆਪਣਾ ਮਾਰਗ ਦੱਸ, ਲੋਕਮਾਤੀ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਪੰਗਤ ਖਾਏ ਅੰਨ ਭੰਡਾਰ, ਦੇਵਣਹਾਰ ਆਪ ਅਖਵਾਇੰਦਾ । ਖਾਏ ਭੁੰਚੇ ਸਰਬ ਸੰਸਾਰ, ਸਾਂਤਕ ਸਤਿ ਨਾ ਕੋਈ ਕਰਾਇੰਦਾ । ਸੁੰਞੇ ਮੰਦਰ ਉਚ ਮਹੱਲ ਮਿਨਾਰ, ਹਰਿ ਕਾ ਨਾਮ ਨਾ ਕੋਈ ਵਖਾਇੰਦਾ । ਸੰਗਤ ਪੰਗਤ ਮੇਲਾ ਇਕ ਦਰਬਾਰ, ਧੁਰ ਦਰਬਾਰ ਧੁਰ ਦਰਗਾਹੀ ਵੇਖ ਵਖਾਇੰਦਾ । ਪੁਰਖ ਅਕਾਲਾ ਮੀਤ ਮੁਰਾਰ, ਦੀਨ ਦਿਆਲਾ ਸੰਗ ਨਿਭਾਇੰਦਾ । ਕਾਲ ਮਹਾਂਕਾਲਾ ਬਣੇ ਭਿਖਾਰ, ਦਰ ਮੰਗਣ ਭਿਖ ਨਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰ,

੧੨੭੬
੦੮

ਦੋਏ ਜੋੜ ਸਰਬ ਕੁਰਲਾਇੰਦਾ । ਕਲਜੁਗ ਅੰਤਮ ਆਈ ਹਾਰ, ਪਾਸਾ ਸਚ ਨਾ ਕੋਈ ਵਖਾਇੰਦਾ । ਪਾਰਬ੍ਰਹਮ ਪਾਏ ਸਾਰ, ਸਾਰੰਗ ਧਰ ਭਗਵਾਨ ਬੀਠਲਾ ਆਪਣਾ ਰੂਪ ਵਟਾਇੰਦਾ । ਸੰਤ ਸੁਹੇਲੇ ਕਰ ਤਿਆਰ, ਆਪ ਆਪਣੇ ਰੰਗ ਰੰਗਾਇੰਦਾ । ਪਹਿਲਾਂ ਆਪਣਾ ਆਪ ਦੇਵੇ ਵਾਰ, ਸਿਖੀ ਸਿਖਿਆ ਸਿਖ ਫੇਰ ਸਮਝਾਇੰਦਾ । ਵਾਲੋਂ ਨਿੱਕੀ ਧਾਰੋਂ ਤਿਖੀ ਕਰ ਤਿਆਰ, ਨਾਮ ਮਸਾਣ ਉਪਰ ਆਪ ਚੜ੍ਹਾਇੰਦਾ । ਦਸ ਦਸਮੇਸਾ ਮੀਤ ਮੁਰਾਰ, ਦਰ ਦਰਵੇਸ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵਿਕਿਆ ਤੇਰੇ ਹੱਟ, ਦੂਸਰ ਦਰ ਨਾ ਕੋਈ ਵਖਾਇੰਦਾ । ਸਾਚੀ ਧਾਰ ਸਾਚੀ ਸਿਖੀ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਆਪਣੇ ਨੇਤਰ ਆਪੇ ਪੇਖੀ, ਆਪੇ ਵੇਖ ਵਖਾਈਆ । ਭੇਵ ਖੁਲਾਏ ਦਸ ਦਸਮੇਸੀ, ਦਹਿ ਦਿਸ਼ਾ ਫੇਰਾ ਪਾਈਆ । ਨਰ ਨਰਾਇਣ ਨਰ ਨਰੇਸ਼ੀ, ਨਿਰਗੁਣ ਆਪਣਾ ਰੂਪ ਵਟਾਈਆ । ਲੇਖਾ ਜਾਣੇ ਧਾਰੀ ਕੇਸੀ, ਮੂੰਡ ਮੁੰਡਾਏ ਲਏ ਤਰਾਈਆ । ਚਰਨ ਬਹਾਏ ਬ੍ਰਹਮ ਬ੍ਰਹਮਾ ਵਿਸ਼ਨ ਮਹੇਸ਼ੀ, ਸ਼ਬਦ ਡੋਰੀ ਬੰਧਨ ਪਾਈਆ । ਕਲਜੁਗ ਅੰਤਮ ਤੇਰੀ ਭੁਗਤੇ ਇਕੋ ਪੇਸ਼ੀ, ਹਰਿ ਸੰਗਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਗਤ ਪੰਗਤ ਏਕਾ ਰੰਗ ਰੰਗਾਈਆ । ਪੰਗਤ ਸਚ ਭੰਡਾਰ, ਅੰਨ ਦਾਤਾ ਆਪ ਵਰਤਾਈਆ । ਸ੍ਰਿਸ਼ਟ ਸਬਾਈ ਆਏ ਹਾਰ, ਚਾਰੇ ਕੁੰਟ ਕੂਕੇ ਦਏ ਦੁਹਾਈਆ । ਸਿੰਘ ਆਤਮਾ ਬਿਰਧ ਅਵਸਥਾ ਬਾਲ ਜਵਾਨੀ ਦੇਵੇ ਤਾਰ, ਤਾਰਨਹਾਰ ਆਪ ਅਖਵਾਈਆ । ਹਰਿ ਸੰਗਤ ਸੇਵਾ ਕਰੇ ਸਚ ਦਰਬਾਰ, ਨੰਗੀਂ ਪੈਰੀਂ ਫੇਰਾ ਪਾਈਆ । ਮੰਗੇ ਭਿਛਿਆ ਬਣ ਭਿਖਾਰ, ਆਪਣੀ ਝੋਲੀ ਅੱਗੇ ਡਾਹੀਆ । ਤੇਈ ਮੱਘਰ ਹਰਿ ਸੰਗਤ ਤੇਰਾ ਨਾਤਾ ਛੁਟਾ ਸਰਬ ਸੰਸਾਰ, ਹਰਿ ਚਰਨਾਂ ਨਾਲ ਬੰਧਾਈਆ । ਮਾਂ ਪੁੱਤਰ ਨਾ ਕੋਈ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣ ਨਾ ਕੋਇ ਵਹਾਈਆ । ਆਪਣੀ ਹੱਥੀਂ ਕਰੌਣਾ ਸਾਚੇ ਘੋੜੇ ਅਸਵਾਰ, ਸ਼ਬਦ ਘੋੜਾ ਪ੍ਰਭ ਸਾਚਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਸਾਚਾ ਵਰ, ਸਾਚਾ ਸਿਦਕ ਆਪ ਰਖਾਈਆ । ਸਚ ਭੰਡਾਰਾ ਹਰਿ ਵਰਤਾਵਣਾ, ਗੁਰਮੁਖ ਸਾਂਤਕ ਸਤਿ ਕਰਾਇੰਦਾ । ਹਰਖ਼ ਸੋਗ ਤੇ ਬਾਹਰ ਕਰਾਵਣਾ, ਏਕਾ ਚੋਗ ਨਾਮ ਚੁਗਾਇੰਦਾ । ਮਾਇਆ ਮਮਤਾ ਮੋਹ ਚੁਕਾਵਣਾ, ਸੋਹੰ ਜਾਪ ਸੁਣਾਇੰਦਾ । ਫੜ ਫੜ ਕਾਗੋਂ ਹੰਸ ਬਣਾਵਣਾ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਭੰਡਾਰਾ ਹਰਿ ਨਿਰੰਕਾਰਾ, ਕਲਜੁਗ ਤੇਰੀ ਅੰਤਮ ਵਾਰਾ, ਲੋਕਮਾਤ ਪਹਿਲੀ ਵਾਰ, ਹਰਿ ਸੰਗਤ ਰੂਪ ਵਟਾਇੰਦਾ । ਸਚ ਭੰਡਾਰ ਤ੍ਰੈਗੁਣ ਭਿੰਨ, ਛਿੰਨ ਛਨ ਖੇਲ ਖਿਲਾਇਆ । ਆਪੇ ਲੇਖਾ ਰਿਹਾ ਗਿਣ, ਗਿਣ ਗਿਣ ਲੇਖਾ ਆਪ ਚੁਕਾਇਆ । ਆਪੇ ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਰਿਹਾ ਮਿਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾ ਹੇਠ ਦਬਾਇਆ । ਆਪੇ ਸਤਿਜੁਗ ਵਖਾਏ ਸਾਚਾ ਚਿੰਨ, ਹਰਿਜਨ ਸਾਚੇ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭਿਛਿਆ ਹਰਿ ਸੰਗਤ ਝੋਲੀ ਪਾਇਆ । ਸਚ ਭੰਡਾਰ ਹਰਿ ਵਰਤਾਏ, ਹਰਿਜਨ ਸੰਗ ਰਲਾਈਆ । ਬਿਰਧ ਬਾਲ ਨੌਜਵਾਨ ਬਹਿ ਬਹਿ ਖਾਏ, ਮਾਤ ਗਰਭ ਹੋਏ ਸਹਾਈਆ । ਪਿਛਲਾ ਕੀਤਾ ਲਏ ਬਖ਼ਸ਼ਾਏ, ਅੱਗੇ ਮਾਰਗ ਆਪਣੇ ਲਾਈਆ । ਧੁਰ ਸੰਜੋਗੀ ਮੇਲ ਮਿਲਾਏ, ਜਗਤ ਵਿਜੋਗੀ ਫੰਦ ਕਟਾਈਆ । ਜਨਮ ਜਨਮ ਦੇ ਰੋਗੀ ਲਏ ਤਰਾਏ, ਸਾਚਾ ਦਾਰੂ ਨਾਮ ਪਿਆਈਆ । ਵੇਦੀ ਸੋਢੀ ਬੰਸ ਆਪ ਅਖਵਾਏ, ਕੋਟੀ ਕੋਟ ਸਹੰਸਰ ਮੁਖ ਆਪਣੀ ਜੇਹਵਾ

ਆਪ ਹਿਲਾਈਆ । ਆਪੇ ਕਾਹਨਾ ਕੰਸ ਮੇਟ ਮਿਟਾਏ, ਆਪੇ ਰਾਮ ਰਾਵਨ ਲੰਕਾ ਗੜ੍ਹ ਤੁੜਾਈਆ । ਆਪੇ ਬਲ ਬਾਵਨ ਭੇਖ ਧਰਾਏ, ਆਪਣੇ ਹੱਥ ਰੱਖੀ ਵਡਿਆਈਆ । ਆਪੇ ਅੰਤ ਕੰਤ ਭਗਵੰਤ ਸੰਤ ਲਏ ਜਗਾਏ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਪੂਰ ਕਰਾਈਆ । ਆਰ ਪਾਰ ਨਾ ਕੋਈ ਕਿਨਾਰਾ, ਭੇਵ ਕੋਈ ਨਾ ਪਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰਾ, ਅਧਵਿਚਕਾਰੇ ਡੇਰਾ ਲਾਇੰਦਾ । ਸ੍ਰਿਸ਼ਟ ਸਬਾਈ ਨੌ ਖੰਡ ਭੇਵ ਨਿਆਰਾ, ਬ੍ਰਹਿਮੰਡ ਭੇਖ ਵਟਾਇੰਦਾ । ਜੇਰਜ ਅੰਡ ਉਤਰੇ ਪਾਰਾ, ਉਤਭੁਜ ਸੇਤਜ ਨਾਲ ਤਰਾਇੰਦਾ । ਰਾਗ ਰਾਗਨੀ ਗਾਏ ਵਜਾਏ ਇਕ ਸਤਾਰਾ, ਛੱਤੀ ਰਾਗ ਮੁਖ ਸ਼ਰਮਾਇੰਦਾ । ਕਾਗ ਰਲਾਏ ਹੰਸਾ ਡਾਰਾ, ਆਪਣੀ ਚੋਗ ਆਪ ਚੁਗਾਇੰਦਾ । ਸਤਿ ਸੰਤੋਖੀ ਸਤਿ ਭੰਡਾਰਾ, ਸਤਿ ਪੁਰਖ ਨਿਰੰਜਣ ਆਪ ਵਰਤਾਇੰਦਾ । ਵੇਖਣ ਨਾ ਜਾਏ ਵਿਚ ਸੰਸਾਰਾ, ਚਾਰ ਜੁਗ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਉਤਮ ਜਾਤਾ ਇਕ ਬਣਾਇੰਦਾ । ਉਤਮ ਜ਼ਾਤ ਹਰਿਜਨ ਤੇਰੀ, ਦੂਸਰ ਹੋਰ ਨਾ ਕੋਈ ਜਣਾਈਆ । ਕਲਜੁਗ ਅੰਤਮ ਰੈਣ ਅੰਧੇਰੀ, ਚਾਰੋਂ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਅੰਨ ਦਾਤਾ ਕਿਸੇ ਨਾ ਮਿਲੇ ਧੜੀ ਸੇਰ ਪਸੇਰੀ, ਵੱਟਾ ਨਾ ਕੋਈ ਪਾਈਆ । ਨਾ ਕੋਈ ਦਿਸੇ ਨਗਰ ਖੇੜੀ, ਸ਼ਹਿਰ ਗਰਾਂ ਨਾ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਵੇਖੇ ਦਰ, ਪੰਗਤ ਮੇਲ ਮਿਲਾਈਆ । ਨੌ ਖੰਡ ਤੇਰਾ ਪਾਰ ਕਿਨਾਰਾ, ਹਰਿ ਸੰਗਤ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਬਣ ਵਰਤਾਰਾ, ਨਿਰਗੁਣ ਝੋਲੀ ਪਾਇੰਦਾ । ਜੁਗਾਂ ਜੁਗਾਂ ਦਾ ਭਾਰ ਸਿਰੋਂ ਉਤਾਰਾ, ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਪੰਗਤ ਆਪ ਲਗਾਏ ਆਪਣੇ ਅੰਗਤ, ਅੰਗੀਕਾਰ ਨਾਨਕ ਅੰਗ ਸਮਾਇੰਦਾ ।



ਏਥੇ ਓਥੇ ਦੋ ਜਹਾਨ, ਗੁਰ ਸਤਿਗੁਰ ਆਪ ਸਹਾਈਆ । ਦਰ ਆਇਆਂ ਬਖ਼ਸ਼ੇ ਸਾਚਾ ਮਾਣ, ਦਰਗਹਿ ਦੇਵੇ ਵਡ ਵਡਿਆਈਆ । ਲੱਖ ਚੁਰਾਸੀ ਛੁੱਟੇ ਕਾਣ, ਆਵਣ ਜਾਵਣ ਫੰਦ ਕਟਾਈਆ । ਸਚਖੰਡ ਵਖਾਏ ਇਕ ਮਕਾਨ, ਹਰਿ ਬੈਠਾ ਆਸਣ ਲਾਈਆ । ਹਰਿ ਸੰਗਤ ਤੇਰਾ ਸਚ ਪਕਵਾਨ, ਆਪਣੇ ਹੱਥੀਂ ਰਿਹਾ ਵਰਤਾਈਆ । ਫੜ ਫੜ ਵਰਤਾਏ ਨਿਗਹਬਾਨ, ਜਗਤ ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤੇਰਾ ਦਿਤਾ ਆਦਿ ਜੁਗਾਦਿ ਆਪੇ ਰਿਹਾ ਖਾਈਆ । ਗੁਰਸਿਖ ਤੇਰਾ ਨਾਮ ਭੰਡਾਰਾ, ਹਰਿ ਸੱਚਾ ਵਡ ਵਡਿਆਇੰਦਾ । ਹਰਿ ਸੰਗਤ ਵਸਦਾ ਰਹੇ ਦਵਾਰਾ, ਚਾਰ ਵਰਨਾਂ ਮੇਲ ਮਿਲਾਇੰਦਾ । ਆਪੇ ਸ਼ਾਹ ਆਪੇ ਸਿਕਦਾਰਾ, ਸਚ ਸੁਲਤਾਨ ਨਾਉਂ ਧਰਾਇੰਦਾ । ਆਪੇ ਦਰਵੇਸ ਬਣੇ ਭਿਖਾਰਾ, ਦਰ ਦਰ ਆਪਣੀ ਅਲਖ ਜਗਾਇੰਦਾ । ਸੰਗਤ ਪੰਗਤ ਇਕ ਪਿਆਰਾ, ਘਰ ਏਕਾ ਵੇਖ ਵਖਾਇੰਦਾ । ਵੀਹ ਸੌ ਵੀਹ ਬਿਕ੍ਰਮੀ ਵੱਜਣਾ ਸਚ ਨਗਾਰਾ, ਪ੍ਰਭ ਸਾਚਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਸਰਗੁਣ ਨਿਰਗੁਣ ਸਰਗੁਣ ਵੇਖ ਵਖਾਇੰਦਾ । ਹਰਿ ਸੰਗਤ ਪਹਿਲੀ ਤੋੜ ਗਿਰਾਹੀ, ਸੱਜਾ ਹੱਥ ਤੇਰੇ ਨਾਲ

ਰਲਾਈਆ । ਤ੍ਰੈਗੁਣ ਤੇਰੀ ਮਿਟੇ ਢਾਈ, ਚੌਥੇ ਜੁਗ ਆਪ ਮਿਟਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਣ ਆਏ ਚਲ ਗਵਾਹੀ, ਪ੍ਰਭ ਚਰਨਾਂ ਹੇਠ ਰਖਾਈਆ । ਗੁਰ ਗੋਬਿੰਦ ਬੂਟਾ ਪੁਟਿਆ ਏਕਾ ਕਾਈ, ਕੂੜੀ ਕਿਰਿਆ ਜੜ ਉਖੜਾਈਆ । ਅੰਤ ਵੇਲਾ ਗਿਆ ਆਈ, ਨਿਹਕਲੰਕ ਕਰੇ ਸਫਾਈਆ । ਨਾਤਾ ਤੋੜੇ ਭੈਣਾਂ ਭਾਈ, ਮਿਲਣੇ ਆਏ ਨਾ ਧੀ ਜਵਾਈ, ਚਾਰ ਜੁਗ ਦੇ ਭੁੱਲੇ ਰਾਹੀ, ਗੁਰਸਿਖ ਆਪਣੇ ਨਾਲ ਰਲਾਈਆ । ਇਕੱਠੇ ਕੀਤੇ ਫੜ ਫੜ ਬਾਂਹੀ, ਅੰਦਰ ਵੜ ਵੜ ਸੇਵ ਕਮਾਈਆ । ਸਦਾ ਸੁਹੇਲਾ ਇਕ ਅਕੇਲਾ ਨਿਰਗੁਣ ਦਾਤਾ ਪੁਰਖ ਬਿਧਾਤਾ ਸਿਰ ਰੱਖੇ ਠੰਡੀਆਂ ਛਾਂਈ, ਸਮਰਥ ਪੁਰਖ ਆਪ ਅਖਵਾਈਆ । ਹਰਿ ਸੰਗਤ ਬਣਿਆ ਪਿਤਾ ਮਾਈ, ਮਾਤ ਪਿਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਨਾਲ ਰਲਾਈਆ । ਅੰਨ ਅੰਨ ਅੰਨ ਪਕਾਵਣਾ, ਹਰਿ ਸਾਚੇ ਆਪ ਪਕਵਾਇਆ । ਖੇਲੇ ਖੇਲ ਸ੍ਰੀ ਭਗਵਾਨਾ, ਭਗਤਨ ਭਗਤੀ ਵੇਖ ਵਖਾਇਆ । ਜੋਤ ਸਰੂਪੀ ਧਰਿਆ ਬਾਣਾ, ਨਿਰਭੈ ਆਪਣਾ ਨਾਮ ਧਰਾਇਆ । ਰਾਗ ਅਨਾਦੀ ਸਚ ਤਰਾਨਾ, ਧੁਨੀ ਨਾਦ ਆਪ ਵਜਾਇਆ । ਬ੍ਰਹਮ ਬ੍ਰਹਿਮਾਦੀ ਇਕ ਪਛਾਨਾ, ਪਾਰਬ੍ਰਹਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇਆ । ਰੋਟੀ ਨਾਲ ਰੱਖੇ ਦਾਲ, ਦਇਆਵਾਨ ਦਇਆ ਕਮਾਇੰਦਾ । ਚਾਰ ਜੁਗ ਦੇ ਸ਼ਾਹ ਕਰੇ ਕੰਗਾਲ, ਕੰਗਾਲੋਂ ਸ਼ਾਹ ਆਪ ਬਣਾਇੰਦਾ । ਹਰਿ ਸੰਗਤ ਤੇਰਾ ਬਣ ਦਲਾਲ, ਲੋਕਮਾਤ ਫੇਰਾ ਪਾਇੰਦਾ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲ, ਦੂਸਰ ਦਿਸ ਕਿਸੇ ਨਾ ਆਇੰਦਾ । ਹਰਿ ਸੰਗਤ ਤੇਰਾ ਵਿੰਗਾ ਹੋਏ ਨਾ ਵਾਲ, ਰਾਏ ਧਰਮ ਦੋਏ ਜੋੜ ਜੋੜ ਸੀਸ ਝੁਕਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣਾ ਮੇਲ ਮਿਲਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਅੱਠੇ ਪਹਿਰ ਵੇਖ ਵਖਾਇੰਦਾ । ਤੋੜਨ ਆਇਆ ਜਗਤ ਜੰਜਾਲ, ਨਾਮ ਜੰਜੀਰੀ ਇਕ ਉਠਾਇੰਦਾ । ਸਚਖੰਡ ਦਵਾਰੇ ਮਾਰੇ ਇਕੋ ਛਾਲ, ਲੋਆਂ ਪੁਰੀਆਂ ਗੁਰਸਿਖਾਂ ਚਰਨਾਂ ਹੇਠ ਰਖਾਇੰਦਾ । ਗੁਰ ਗੋਬਿੰਦ ਉਠਾਏ ਸਾਚੇ ਲਾਲ, ਹੀਰੇ ਮਾਣਕ ਮੋਤੀ ਆਪਣੇ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਸੁਹਾਇੰਦਾ । ਦਾਲ ਰੋਟੀ ਨਾਲ ਭਾਜੀ, ਹਰਿ ਸਾਚੇ ਰਚਨ ਰਚਾਈਆ । ਲਹਿਣਾ ਦੇਣ ਚੁਕਾਏ ਮੁੱਲਾਂ ਸ਼ੇਖ਼ ਕਾਜ਼ੀ, ਪੀਰ ਦਸਤਗੀਰ ਰਹਿਣ ਨਾ ਪਾਈਆ । ਨਾ ਕੋਈ ਹਾਜ ਹਾਜੀ, ਨਿਉਂ ਨਿਉਂ ਸਜਦਾ ਕੋਈ ਨਾ ਕਰਾਈਆ । ਫੜ ਫੜ ਮਾਰੇ ਵਡ ਗਾਜੀ, ਸ਼ਬਦ ਤ੍ਰਿਸੂਲ ਹੱਥ ਉਠਾਈਆ । ਨੌ ਖੰਡ ਪ੍ਰਿਥਮੀ ਬਣਾਏ ਸਾਂਝੀ, ਜ਼ਾਤ ਪਾਤ ਰਹਿਣ ਨਾ ਪਾਈਆ । ਪਹਿਲੋਂ ਸ਼ਬਦ ਸਰੂਪ ਚਲਾਏ ਏਕਾ ਆਂਧੀ, ਉਚੇ ਟਾਹਣੇ ਭੰਨ ਵਖਾਈਆ । ਧਰਤ ਮਾਤ ਦਿਵਸ ਰੈਣ ਸੁਖਾਂ ਏ ਸੁਖਾਦੀ, ਦੇ ਦਰਸ ਹਰਿ ਰਘੁਰਾਈਆ । ਕਲਜੁਗ ਰੈਣ ਥੱਕੀ ਮਾਂਦੀ, ਨੇਤਰ ਨੀਰ ਰਹੇ ਵਹਾਈਆ । ਅੱਲਾ ਰਾਣੀ ਦਰ ਖਲੋਤੀ ਥੱਕੀ ਮਾਂਦੀ, ਮੰਗੇ ਵਰ ਸੀਸ ਝੁਕਾਈਆ । ਆਪਣਾ ਦਰਸ ਦੇਹੁ ਵਾਰ ਜਾਂਦੀ, ਸਚ ਅਮਾਮ ਤੇਰੀ ਸਰਨਾਈਆ । ਹਰਿ ਸੰਗਤ ਰਹੇ ਪੀਂਦੀ ਖਾਂਦੀ, ਸ੍ਰਿਸ਼ਟ ਸਬਾਈ ਮਰੇ ਭੁੱਖੀ ਧਿਆਈਆ । ਕਿਸੇ ਕੰਮ ਨਾ ਔਣਾ ਸੋਨਾ ਰੁਪਾ ਚਾਂਦੀ, ਹੀਰੇ ਜੜਤ ਨਾ ਕੋਇ ਜੜਾਈਆ । ਪ੍ਰਭ ਪਿਛਲਾ ਮੂਲ ਚੁਕਾਇਆ ਕਰਮ ਕਾਂਡੀ, ਕਰਮ ਕੁਕਰਮ ਮੇਟ ਮਿਟਾਈਆ । ਡੱਲੇ ਤੇਰੇ ਤਾਰ ਜਾਏ ਆਂਢੀ ਗੁਆਂਢੀ, ਜੋ ਨੈਣ ਦਰਸ਼ਨ ਹਰਿ ਹਰਿ ਪਾਈਆ । ਹਰਿ ਸੰਗਤ ਤੇਰੀ ਕਾਇਆ ਮਾਟੀ ਸੋਲਾਂ ਸਾਲ ਆਪ ਮਾਂਜੀ, ਨਿਰਗੁਣ ਆਪਣਾ ਮੁਖ ਛੁਪਾਈਆ । ਕਲਜੁਗ ਜਾਗ ਨਾ ਲਾਏ ਕਾਂਜੀ, ਦੁੱਧ ਸਾਚਾ ਸੀਰ ਪਿਆਈਆ । ਜੋਤੀ

੧੨੭੯ ੦੮

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਭੰਡਾਰਾ ਇਕ ਵਖਾਈਆ । ਸਚ ਭੰਡਾਰਾ ਹਰਿ ਬਣਾਇਆ ਆਪਣੀ ਦ੍ਰਿਸ਼ਟੀ ਵਿਚ ਟਿਕਾਇੰਦਾ । ਸਿੰਘ ਪਾਲ ਵੇਖਣ ਆਇਆ, ਬ੍ਰਹਮਾ ਵੇਤਾ ਨਾਲ ਰਲਾਇੰਦਾ । ਦੂਜਾ ਲੇਖਾ ਲਏ ਲਿਖਾਇਆ, ਸਿੰਘ ਆਤਮਾ ਇਹ ਸਮਝਾਇੰਦਾ । ਪਰਮ ਆਤਮ ਸੰਗ ਨਿਭਾਇਆ, ਸਾਚਾ ਘਰ ਸੁਹਾਇੰਦਾ । ਪੰਚਮ ਮੰਗੀ ਮੰਗ ਮੰਗਣ ਆਇਆ, ਆਪਣੀ ਝੋਲੀ ਅੱਗੇ ਡਾਹਿੰਦਾ । ਹਰਿ ਸੰਗਤ ਸਾਚੀ ਦਏ ਵਰਤਾਇਆ, ਜਨਮ ਜਨਮ ਦੀ ਲੱਗੀ ਭੁੱਖ ਪਿਆਸ ਆਪ ਬੁਝਾਇੰਦਾ । ਠੰਡਾ ਜਲ ਨਾਲ ਭਰਾਇਆ, ਭਰ ਭਰ ਪਿਆਲੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤ੍ਰਿਪਤ ਕਰਾਇੰਦਾ । ਹਰਿ ਸੰਗਤ ਹੋਏ ਤ੍ਰਿਸਨਾ ਦੂਰ, ਆਸਾ ਆਸਾ ਵਿਚ ਸਮਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰ, ਜਲਵਾ ਨੂਰੋ ਨੂਰ ਉਪਜਾਈਆ । ਲੇਖਾ ਜਾਣੇ ਨੇੜਾ ਦੂਰ, ਦੂਰ ਨੇੜੇ ਪੰਧ ਮੁਕਾਈਆ । ਨਾਤਾ ਤੋੜੇ ਕੂੜੇ ਕੂੜ, ਸਚ ਸੁੱਚ ਕਰੇ ਕੁੜਮਾਈਆ । ਹਰਿ ਸੰਗਤ ਤੇਰੀ ਸਾਚੀ ਧੂੜ, ਆਪਣੇ ਮਸਤਕ ਟਿੱਕਾ ਲਾਈਆ । ਆਪ ਬਣਿਆ ਮੂਰਖ ਮੂੜ, ਗੁਰਸਿਖਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਸੀਰ ਭੰਡਾਰ ਜਲ ਰਿਹਾ ਭਰਾਈਆ । ਗੁਰ ਸੰਗਤ ਤੇਰਾ ਸਚ ਭੰਡਾਰਾ, ਹਰਿ ਪੰਗਤ ਆਪ ਵਰਤਾਇੰਦਾ । ਮੇਰਾ ਮੰਗੇ ਫਿਰ ਦਵਾਰਾ, ਆਪਣੀ ਇਛਿਆ ਆਪ ਸਮਝਾਇੰਦਾ । ਦਰ ਦਵਾਰਾ ਬਣੇ ਭਿਖਾਰਾ, ਭੇਖ ਭੇਖੀ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਤ੍ਰਿਸਨਾ ਆਪਣੀ ਭੁੱਖ ਹਰਿ ਸੰਗਤ ਤੇਰੇ ਦਰ ਬੁਝਾਇੰਦਾ । ਹਰਿ ਸੰਗਤ ਤੇਰਾ ਡਿਗਾ ਢੱਠਾ ਭੋਰਾ, ਹਰਿ ਆਪਣੇ ਮੁਖ ਲਗਾਈਆ । ਨੇਤਰ ਖੋਲ੍ਹੇ ਤੋਰ ਮੋਰਾ, ਮੋਰਾ ਮੋਰਾ ਤੇਰਾ ਦਏ ਚੁਕਾਈਆ । ਦਰਸ ਦਿਖਾਏ ਵਿਚ ਅੰਧ ਘੋਰਾ, ਅੰਧੇਰ ਦਏ ਮਿਟਾਈਆ । ਅਨਹਦ ਸ਼ਬਦ ਮਚਾਵੇ ਸ਼ੋਰਾ, ਦਿਵਸ ਰੈਣ ਆਪ ਸੁਣਾਈਆ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਦਏ ਵਡਿਆਈਆ । ਹੰ ਬ੍ਰਹਮ ਆਪੇ ਬੌਹੜਾ, ਪੰਚਮ ਅੱਖਰ ਵੇਖ ਵਖਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਸ਼ਬਦ ਸ਼ਬਦੀ ਰੰਗ ਚੜ੍ਹਾਈਆ । ਸੰਬਲ ਨਗਰੀ ਸਾਚਾ ਧਾਮ ਨਾ ਕੋਈ ਜਾਣੇ ਲੰਮਾ ਚੌੜਾ, ਗੁਰ ਗੋਬਿੰਦ ਗਿਆ ਲਿਖਾਈਆ । ਹਰਿ ਸੰਗਤ ਜੁਗ ਜੁਗ ਦੀ ਲੱਗੀ ਔੜਾ, ਕਲਜੁਗ ਅੰਤਮ ਤੇਈ ਮੱਘਰ ਵੀਹ ਸੌ ਸੋਲਾਂ ਬਿਕ੍ਰਮੀ ਆਪ ਦਏ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੋਜਨ ਲਹਿਜ ਫੇਹਜ ਭਖ ਭੋਜ ਚਾਰ ਸਾਰ ਹਰਿ ਨਿਰੰਕਾਰ ਦਰ ਦਵਾਰਾ ਏਕਾ ਰੂਪ ਵਖਾਈਆ ।

ਊਚ ਅਗੰਮ ਬੇਅੰਤ ਅਥਾਹ, ਨਿਰਗੁਣ ਰੂਪ ਹਰਿ ਨਿਰੰਕਾਰਿਆ । ਏਕੰਕਾਰਾ ਨਿਰੰਕਾਰਾ ਬੇਪਰਵਾਹ, ਆਦਿ ਜੁਗਾਦਿ ਸਮਾ ਰਿਹਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਸਾਚੇ ਥਾਂ, ਥਿਰ ਘਰ ਸਾਚੇ ਡੇਰਾ ਲਾ ਰਿਹਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਰੂਪ ਅਨੂਪ ਆਪ ਵਖਾ ਰਿਹਾ । ਸ਼ਬਦ ਅਨਾਦੀ ਆਪ ਉਪਜਾ, ਆਪ ਆਪਣਾ ਰਾਗ ਅਲ੍ਹਾ ਲਿਆ । ਸ੍ਰਿਸ਼ਟ ਸਬਾਈ ਰਚਨ ਰਚਾ, ਲੱਖ ਚੁਰਾਸੀ ਬੰਕ ਸੁਹਾ ਲਿਆ । ਘਟ ਘਟ ਅੰਦਰ ਡੇਰਾ ਲਾ, ਆਪਣਾ ਪੜਦਾ ਆਪੇ ਪਾ ਲਿਆ । ਨਿਰਗੁਣ ਸਰਗੁਣ ਵੇਸ ਧਰਾ, ਆਪ ਆਪਣਾ ਜਗਤ ਉਪਾ ਲਿਆ । ਸੰਤ ਗੁਰ

੧੨੮੦
੦੮

ਅਵਤਾਰ ਅਖਵਾ, ਭਗਤ ਨਾਮ ਦ੍ਰਿੜਾ ਲਿਆ । ਜਗਤ ਜੋਗ ਇਕ ਉਪਾ, ਸਚ ਸਲੋਕ ਹਰਿ ਸੁਣਾ ਲਿਆ । ਮੋਖ ਮੁਕਤ ਵੇਖ ਵਖਾ, ਲੇਖਾ ਲੇਖ ਸਰਬ ਚੁਕਾ ਲਿਆ । ਚਿੰਤਾ ਹਰਖ਼ ਸੋਗ ਮਿਟਾ, ਹਰਿਜਨ ਸਾਚੇ ਆਪ ਉਠਾ ਲਿਆ । ਦੋ ਜਹਾਨਾਂ ਬਣ ਮਲਾਹ, ਸਾਚਾ ਬੇੜਾ ਆਪ ਚਲਾ ਲਿਆ । ਏਕਾ ਚੱਪੂ ਦੇਵੇ ਲਾ, ਨਾਮ ਵੰਞ ਮੁਹਾਣਾ ਹੱਥ ਉਠਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੋ ਨੂਰ ਡਗਮਗਾ ਲਿਆ । ਨੂਰ ਉਜਾਲਾ ਹਰਿ ਗੋਪਾਲਾ, ਪਰਮ ਪੁਰਖ ਵਡਿਆਈਆ । ਪਾਰਬ੍ਰਹਮ ਖੇਲ ਨਿਰਾਲਾ, ਅਨੁਭਵ ਪਰਕਾਸ਼ ਕਰਾਈਆ । ਆਪੇ ਚਲੇ ਚਲਾਏ ਅਵਲੱੜੀ ਚਾਲਾ, ਆਦਿ ਜੁਗਾਦਿ ਵੇਸ ਵਟਾਈਆ । ਪੁਰੀਆਂ ਲੋਆਂ ਵਜਾਏ ਆਪਣਾ ਤਾਲਾ, ਆਪ ਆਪਣਾ ਰਾਗ ਅਲਾਈਆ । ਸਚਖੰਡ ਸੁਹਾਏ ਸੱਚੀ ਧਰਮਸਾਲਾ, ਏਕਾ ਬੈਠਾ ਆਸਣ ਲਾਈਆ । ਆਪੇ ਸ਼ਾਹ ਆਪੇ ਕੰਗਾਲਾ, ਧੰਨ ਖਜ਼ਾਨਾ ਮਾਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੂਨੀ ਰਹਿਤ ਵਡ ਵਡਿਆਈਆ । ਜੂਨੀ ਰਹਿਤ ਨਿਰਗੁਣ ਰੂਪਾ, ਹਰਿ ਆਪ ਅਖਵਾਇੰਦਾ । ਵਸਣਹਾਰ ਚਾਰੇ ਕੂਟਾਂ, ਦਹਿ ਦਿਸ਼ਾ ਵੇਖ ਵਖਾਇੰਦਾ । ਆਪੇ ਲਾਏ ਆਪਣਾ ਬੂਟਾ, ਫੁਲ ਫੁਲਵਾੜੀ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਦ ਖੁਲ੍ਹਾਇੰਦਾ । ਜੁਗ ਜੁਗ ਭੇਦ ਹਰਿ ਨਿਰੰਕਾਰਾ, ਵੇਦ ਕਤੇਬ ਨਾ ਕੋਈ ਸੁਣਾਈਆ । ਵਸਣਹਾਰਾ ਧਾਮ ਨਿਆਰਾ, ਅਗੰਮ ਅਗੰਮੜੀ ਖੇਲ ਕਰਾਈਆ । ਹੱਡ ਮਾਸ ਨਾੜੀ ਚਮੜੀ ਨਾ ਕਰੇ ਪਿਆਰਾ, ਜਗਤ ਹੱਟ ਨਾ ਕੋਈ ਵਿਕਾਈਆ । ਥਿਰ ਘਰ ਸਾਚੇ ਵਸਣਹਾਰਾ, ਹਰਿਜਨ ਮੰਦਰ ਆਪ ਸੁਹਾਈਆ । ਘਰ ਵਿਚ ਦੀਪਕ ਘਰ ਉਜਿਆਰਾ, ਅੰਧ ਅੰਧੇਰ ਮਿਟਾਈਆ । ਏਕਾ ਰੂਪ ਸਾਚੀ ਸਰਕਾਰਾ, ਸਵੱਛ ਸਰੂਪੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰਾਗ ਅਲਾਈਆ । ਜੁਗ ਜੁਗ ਰਾਗ ਹਰਿ ਕਰਤਾਰ, ਆਪਣਾ ਆਪ ਅਲਾਇੰਦਾ । ਬ੍ਰਹਮਾ ਸੁਰਸਤੀ ਨਾ ਪਾਵੇ ਸਾਰ, ਨਾਨਕ ਮਨ ਨਾ ਮੁਖ ਸਲਾਇੰਦਾ । ਤਾਰ ਸਤਾਰ ਨਾ ਗਾਏ ਕੋਈ ਵਾਰ, ਆਪਣਾ ਭੇਦ ਨਾ ਕੋਈ ਜਣਾਇੰਦਾ । ਏਕਾ ਮੰਦਰ ਖੇਲ ਅਪਾਰ, ਹਰਿ ਮੰਦਰ ਸੋਭਾ ਪਾਇੰਦਾ । ਦੀਪਕ ਜੋਤੀ ਜਗੇ ਅਪਾਰ, ਤੇਲ ਬਾਤੀ ਨਾ ਕੋਈ ਟਿਕਾਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰ, ਪੁਰਖ ਅਬਿਨਾਸ਼ਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਆਪ ਉਪਾਏ ਆਪਣਾ ਆਪ, ਹਰਿ ਵੱਡਾ ਸਤਿ ਪੁਰਖ ਸੁਲਤਾਨਾ । ਆਪ ਉਪਾਏ ਆਪਣਾ ਜਾਪ, ਪਾਰਬ੍ਰਹਮ ਸ੍ਰੀ ਭਗਵਾਨਾ । ਆਪ ਉਪਾਏ ਆਪਣਾ ਵਡ ਪਰਤਾਪ, ਆਪੇ ਵੇਖੇ ਖੇਲ ਮਹਾਨਾ । ਆਪ ਆਪਣਾ ਬਣੇ ਮਾਈ ਬਾਪ, ਪੂਤ ਸਪੂਤਾ ਨਾਉਂ ਧਰਾਨਾ । ਆਪ ਆਪਣੀ ਜਾਣੇ ਜਾਤ, ਆਪ ਆਪਣੀ ਕੁਲ ਵਖਾਨਾ । ਆਪ ਆਪਣੀ ਸੋਏ ਖਾਟ, ਆਪਣਾ ਪਲੰਘ ਆਪ ਵਖਾਣਾ । ਆਪ ਨੁਹਾਏ ਆਪਣੇ ਘਾਟ, ਆਪਣਾ ਤੀਰਥ ਕਰੀ ਪਰਧਾਨਾ । ਆਪ ਆਪਣਾ ਅੰਮ੍ਰਿਤ ਰਸ ਲਏ ਚਾਟ, ਜੋਤੀ ਨੂਰ ਸ੍ਰੀ ਭਗਵਾਨਾ । ਆਪ ਆਪਣਾ ਖੋਲ੍ਹ ਹਾਟ, ਸਾਚੀ ਵਸਤ ਵਿਚ ਟਿਕਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਾਣੀ ਜਾਣਾ । ਜਾਨਣਹਾਰ ਪੁਰਖ ਸਮਰਥ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤ ਚਲਾਏ ਰਥ, ਰਥ ਰਥਵਾਹੀ ਭੇਦ ਨਾ ਆਇੰਦਾ । ਆਪ ਉਪਜਾਏ ਆਪਣੀ ਵਥ, ਤ੍ਰੈਗੁਣ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰੇ ਅਕੱਠ, ਏਕਾ ਭੱਠ ਤਪਾਇੰਦਾ । ਭਾਂਡੇ ਘੜੇ ਵੱਖ ਵੱਖ, ਆਪ ਆਪਣਾ ਬਿਰਧ ਰਖਾਇੰਦਾ ।

੧੨੮੧
੦੮

ਲੇਖਾ ਜਾਣੇ ਨੱਠ ਨੱਠ, ਦੋ ਜਹਾਨਾਂ ਪੰਧ ਮੁਕਾਇੰਦਾ । ਆਸਣ ਲਾਏ ਘਟ ਘਟ, ਮੁਖੜਾ ਆਪਣਾ ਆਪ ਛੁਪਾਇੰਦਾ । ਆਪ ਆਪਣਾ ਕਰ ਪਰਗਟ, ਹਰਿਜਨ ਸਾਚੇ ਮੇਲ ਮਿਲਾਇੰਦਾ । ਤਨ ਨਗਾਰੇ ਲਾਏ ਸੱਟ, ਅਨਹਦ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਪੁਰਖ ਨਿਰੰਜਣ ਸਾਚਾ ਸਗਨ ਮਨਾਇੰਦਾ । ਹਰਿ ਪੁਰਖ ਨਿਰੰਜਣ ਸਾਚਾ ਸੱਜਣ, ਸਾਚੇ ਵੱਜੀ ਵਧਾਈਆ । ਸੋ ਪੁਰਖ ਨਿਰੰਜਣ ਕਰਾਇਆ ਸਾਚਾ ਮਜਣ, ਸਰ ਸਰੋਵਰ ਇਕ ਕਹਾਈਆ । ਏਕਾ ਆਇਆ ਪੜਦੇ ਕੱਜਣ, ਅਕਲ ਕਲ ਧਾਰੀ ਵੇਸ ਵਟਾਈਆ । ਅਬਿਨਾਸ਼ੀ ਕਰਤਾ ਸਾਚਾ ਸੱਜਣ, ਏਕਾ ਰੰਗਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਸਾਚਾ ਵੇਲਾ, ਹਰਿ ਸਤਿਗੁਰ ਵੇਖ ਵਖਾਇੰਦਾ । ਗੋਬਿੰਦ ਮਿਲਿਆ ਸਾਚਾ ਚੇਲਾ, ਚੇਲਾ ਗੋਬਿੰਦ ਨਾਉਂ ਧਰਾਇੰਦਾ । ਪਾਇਆ ਭੇਵ ਇਕ ਅਕੇਲਾ, ਏਕਾ ਇਸ਼ਟ ਜਣਾਇੰਦਾ । ਅਚਰਜ ਖੇਲ ਪ੍ਰਭ ਆਪਣਾ ਖੇਲਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਨੂਰ ਉਪਜਾਇੰਦਾ । ਨੂਰ ਉਜਿਆਰਾ ਹਰਿ ਕਰਤਾਰਾ, ਸਹਿਜ ਸਹਿਜ ਸੁਖਦਾਇਆ । ਜੁਗ ਜੁਗੰਤਰ ਹੋਏ ਸਿਕਦਾਰਾ, ਸ਼ਾਹ ਸੁਲਤਾਨ ਆਪ ਅਖਵਾਇਆ । ਦੇਵਣਹਾਰਾ ਸਰਬ ਭੰਡਾਰਾ, ਵਡ ਭੰਡਾਰੀ ਵੇਸ ਵਟਾਇਆ । ਲੱਖ ਚੁਰਾਸੀ ਪਾਵੇ ਸਾਰਾ, ਲੁਕਿਆ ਕੋਈ ਰਹਿਣ ਨਾ ਪਾਇਆ । ਭਗਤਾਂ ਮੇਲਾ ਅਪਰ ਅਪਾਰਾ, ਆਪਣਾ ਮੇਲ ਮਿਲਾਇਆ । ਏਕਾ ਖੋਲ੍ਹੇ ਸਚ ਦਵਾਰਾ, ਦਰ ਦਰਵਾਜਾ ਆਪ ਖੁਲ੍ਹਾਇਆ । ਏਕਾ ਪੁਰਖ ਏਕਾ ਨਾਰਾ, ਨਾਰੀ ਨਰ ਆਪ ਹੋ ਜਾਇਆ । ਏਕਾ ਅੰਦਰ ਏਕਾ ਗੁਪਤ ਏਕਾ ਬਾਹਰ ਏਕਾ ਜਾਹਰਾ, ਏਕ ਏਕਾ ਵੇਖ ਵਖਾਇਆ । ਏਕਾ ਸ਼ਬਦ ਏਕਾ ਨਾਦ ਏਕਾ ਧੁਨ ਇਕ ਜੈਕਾਰਾ, ਏਕਾ ਤਾਲ ਤਲਵਾੜਾ ਆਪ ਵਜਾਇਆ । ਏਕਾ ਗੋਪੀ ਏਕਾ ਸਖੀ ਏਕਾ ਕਾਹਨ ਲਾਇਆ ਅਖਾੜਾ, ਏਕਾ ਸਾਚਾ ਨਾਚ ਨਚਾਇਆ । ਏਕਾ ਮੇਟਣਹਾਰਾ ਪੰਚਮ ਧਾੜਾ, ਏਕਾ ਜੋਤ ਜਗਾਏ ਬਹੱਤਰ ਨਾੜਾ, ਏਕਾ ਨੂਰੋ ਨੂਰ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ ਵੇਸ ਕਰ, ਹਰਿ ਸਾਚਾ ਵੇਖਣ ਆਇਆ । ਹਰਿ ਸਾਚਾ ਵੇਖੇ ਨੇਤਰ ਖੋਲ੍ਹ, ਆਤਮ ਅੰਤਰ ਆਪ ਖੁਲ੍ਹਾਈਆ । ਸ਼ਬਦ ਅਗੰਮੀ ਰਿਹਾ ਬੋਲ, ਆਪਣਾ ਹੁਕਮ ਸੁਣਾਈਆ । ਨਾਮ ਜੈਕਾਰਾ ਵੱਜੇ ਢੋਲ, ਅਨਹਦ ਰਿਹਾ ਵਜਾਈਆ । ਜਨ ਭਗਤਾਂ ਪੜਦੇ ਦੇਵੇ ਖੋਲ੍ਹ, ਬਜਰ ਕਪਾਟੀ ਤੋੜ ਤੁੜਾਈਆ । ਹੌਲੀ ਹੌਲੀ ਅੰਦਰ ਬੋਲ, ਅਨਭਵ ਰੂਪ ਆਪ ਦਰਸਾਈਆ । ਚਰਨ ਪ੍ਰੀਤੀ ਮਾਰਗ ਦੱਸੇ ਘੋਲੀ ਘੋਲ, ਘੋਲੀ ਘੋਲ ਆਪ ਅਖਵਾਈਆ । ਨਾਮ ਕੰਡੇ ਤੋਲੇ ਤੋਲ, ਸਚ ਤਰਾਜੂ ਹੱਥ ਉਠਾਈਆ । ਨੌਂ ਨੌਂ ਲਏ ਆਪੇ ਫੋਲ, ਸਤਿ ਸਤਿ ਵੇਖ ਵਖਾਈਆ । ਲੱਖ ਚੁਰਾਸੀ ਰਹੀ ਅਨਭੋਲ, ਹਰਿ ਕਾ ਭੇਵ ਕੋਈ ਨਾ ਪਾਈਆ । ਗੁਰਸਿਖਾਂ ਵਸੇ ਸਦ ਕੋਲ, ਦਿਵਸ ਰੈਣ ਸੇਵ ਕਮਾਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਡੋਲੇ ਨਾ ਕੋਈ ਡੁਲਾਈਆ । ਘਟ ਘਟ ਅੰਦਰ ਗਿਆ ਮੌਲ, ਮੌਲਾ ਆਪਣਾ ਨਾਉਂ ਰਖਾਈਆ । ਜਨ ਭਗਤਾਂ ਉਲਟਾ ਕਰ ਨਾਭ ਕਵਲ, ਅੰਮ੍ਰਿਤ ਝਿਰਨਾ ਸਾਚਾ ਆਪ ਝਿਰਾਈਆ । ਲੇਖਾ ਜਾਣੇ ਧਰਤ ਧਵਲ ਧੌਲ, ਧਰ ਧਰਨੀ ਵੇਖ ਵਖਾਈਆ । ਭੇਸ ਵਟੰਦੜਾ ਪੁਰਖ ਸੁਲਤਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤ ਜਗੰਦੜਾ ਹਰਿ ਮਿਹਰਵਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਭਗਤਨ ਮੇਲ ਮਿਲੰਦੜਾ ਦੋ ਜਹਾਨ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੱਜਣ ਲਏ ਮਿਲਾਈਆ । ਹਰਿਜਨ ਉਠ ਉਠ ਸੁਤਿਆ, ਹਰਿ ਸਾਚਾ ਆਪ ਜਗਾਇੰਦਾ । ਆਪ ਸੁਹਾਈ ਸਾਚੀ ਰੁਤਿਆ, ਰੁੱਤ ਰੁੱਤੜੀ ਵੇਖ ਵਖਾਇੰਦਾ । ਵੇਸ ਵਟਾਇਆ ਅਬਿਨਾਸ਼ੀ ਅਚੁਤਿਆ, ਚੇਤਨ ਰੂਪ ਆਪ ਅਖਵਾਇੰਦਾ । ਕਿਸੇ ਵਸੇ ਨਾ ਪੰਚ ਤੱਤ ਬੁੱਤਿਆ, ਮੰਦਰ ਅੰਦਰ ਨਾ ਕੋਇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਉਠ ਉਠ ਬਲ ਧਾਰ, ਹਰਿ ਸਾਚਾ ਆਪ ਜਗਾਇੰਦਾ । ਜਗੀ ਜੋਤ ਵਿਚ ਸੰਸਾਰ, ਨਿਰਗੁਣ ਰੂਪ ਅਨੂਪ ਵਟਾਇੰਦਾ । ਪਰਗਟ ਹੋਇਆ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਧਰਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਰਾਜ ਰਾਜਾਨਾਂ ਮੇਟ ਮਿਟਾਇੰਦਾ । ਸੰਤ ਸੁਹੇਲੇ ਲਾਏ ਪਾਰ, ਫੜ ਫੜ ਬਾਂਹੋਂ ਆਪ ਤਰਾਇੰਦਾ । ਮੇਲਾ ਮੇਲੇ ਵਿਚ ਸੰਸਾਰ, ਗੁਰ ਚੇਲਾ ਏਕਾ ਰੰਗ ਰੰਗਾਇੰਦਾ । ਚਾਰ ਵਰਨਾਂ ਖੋਲ੍ਹ ਕਿਵਾੜ, ਸਾਚੀ ਸਰਨਾ ਇਕ ਤਕਾਇੰਦਾ । ਹਰਨ ਫਰਨਾ ਨੇਤਰ ਕਰ ਤਿਆਰ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਸਾਚੀ ਬੂਝ ਆਪ ਬੁਝਾਇੰਦਾ । ਉਠ ਸਿਖ ਸਚ ਦੁਲਾਰੇ, ਹਰਿ ਸਾਚਾ ਆਪ ਜਗਾਈਆ । ਦਰ ਦਰ ਘਰ ਘਰ ਸ਼ਬਦ ਸਰੂਪ ਵਾਜਾ ਮਾਰੇ, ਉਚੀ ਕੂਕੇ ਦਏ ਦੁਹਾਈਆ । ਗੁਰਸਿਖ ਗੂੜ੍ਹੀ ਨੀਂਦ ਸੁੱਤੇ ਪੈਰ ਪਸਾਰੇ, ਜਨਮ ਕਰਮ ਨਾ ਵੇਖ ਵਖਾਈਆ । ਜੁਗ ਜੁਗ ਵਿਛੜੇ ਆਪੇ ਮੇਲੇ ਕੰਤ ਭਤਾਰੇ, ਕੰਤ ਕੰਤੂਹਲ ਵੱਡੀ ਵਡਿਆਈਆ । ਹਰਿਜਨ ਸੁਲੱਖਣੀ ਬਣੇ ਨਾਰੇ, ਘਰ ਸਾਚੇ ਸੋਭਾ ਪਾਈਆ । ਅਸਥਲ ਵਖਾਏ ਇਕ ਚੁਬਾਰੇ, ਸਚਖੰਡ ਮਹੱਲਾ ਉਚ ਅਟੱਲਾ ਆਪ ਜਣਾਈਆ । ਚੌਥਾ ਪਦ ਸੱਚੀ ਸਰਕਾਰੇ,
੧੨੮੩ ੦੮ ਬ੍ਰਹਮ ਨਦ ਇਕ ਵਜਾਈਆ । ਗੁਰਮੁਖ ਤੇਰੀ ਸਾਚੀ ਹੱਦ, ਹਰਿ ਸਾਚਾ ਆਪ ਵੰਡਾਈਆ । ਰਾਏ ਧਰਮ ਨਾ ਲਏ ਸੱਦ, ਵੇਲੇ ਅੰਤ ਨਾ ਦਏ ਸਜਾਈਆ । ਵਿਸ਼ਨੂੰ ਉਪਜਾਈ ਆਪਣੀ ਯੱਦ, ਵਿਸ਼ਵ ਰੂਪ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਦਰ ਮੰਦਰ ਸਾਚਾ ਵੇਖ ਵਖਾਈਆ । ਸਾਚਾ ਮੰਦਰ ਕਾਇਆ ਗੜ੍ਹ, ਹਰਿਜਨ ਹਰਿ ਹਰਿ ਆਪ ਸੁਹਾਇੰਦਾ । ਸਤਿਗੁਰ ਪੂਰਾ ਅੰਦਰ ਵੜ, ਆਪ ਆਪਣਾ ਆਸਣ ਲਾਇੰਦਾ । ਪੰਚ ਵਿਕਾਰਾ ਲਏ ਫੜ, ਜਗਤ ਤ੍ਰਿਸਨਾ ਮੇਟ ਮਿਟਾਇੰਦਾ । ਤੋੜਨਹਾਰਾ ਹੰਕਾਰੀ ਗੜ੍ਹ, ਨਾਮ ਖੰਡਾ ਇਕ ਚਮਕਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਨੇਤਰ ਨੈਣ ਨਜ਼ਰ ਨਾ ਆਇੰਦਾ । ਹਰਿਜਨ ਲਗਾਏ ਆਪਣੇ ਲੜ, ਏਕਾ ਪੱਲੂ ਹੱਥ ਰਖਾਇੰਦਾ । ਅਗਨੀ ਹਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਾਲਸ ਨਾਉਂ ਧਰਾਇੰਦਾ । ਕਲਜੁਗ ਸਾਲਸ ਆਪ ਪ੍ਰਭ, ਆਪਣੀ ਦਇਆ ਕਮਾਇੰਦਾ । ਸੰਤ ਸੁਹੇਲੇ ਸਾਚੇ ਲੱਭ, ਦਰ ਘਰ ਸਾਚੇ ਮੇਲ ਮਿਲਾਇੰਦਾ । ਅੰਮ੍ਰਿਤ ਧਾਰਾ ਕਵਲ ਨੱਭ, ਬੂੰਦ ਸਵਾਂਤੀ ਆਪ ਚੁਆਇੰਦਾ । ਜਗਤ ਵਿਕਾਰਾ ਦੇਵੇ ਦੱਬ, ਤ੍ਰੈਗੁਣ ਮਾਇਆ ਭਾਰ ਉਠਾਇੰਦਾ । ਦਰਸ ਦਿਖਾਏ ਪਰਗਟ ਹੋ ਹੋ ਝੱਬ, ਜਿਸ ਜਨ ਆਪਣੀ ਦਇਆ ਕਮਾਇੰਦਾ । ਨਾਮ ਪਿਆਲਾ ਪਿਆਏ ਮਦਿ, ਦਿਵਸ ਰੈਣ ਖੁਮਾਰ ਰਖਾਇੰਦਾ । ਇਕ ਵਖਾਏ ਸਾਚਾ ਪਦ, ਅਮਰਾਪਦ ਮੇਲ ਮਿਲਾਇੰਦਾ । ਗੁਰਸਿਖਾਂ ਭਾਰ ਆਪਣੇ ਉਪਰ ਲੱਦ, ਸੀਸ ਜਗਦੀਸ ਆਪ ਉਠਾਇੰਦਾ । ਸੰਤ ਸੁਹੇਲੇ ਦਰ ਘਰ ਸਾਚੇ ਸਾਜਣ ਸੱਦ, ਸਾਚੀ ਸਿਖਿਆ ਸਿਖ ਸਮਝਾਇੰਦਾ । ਕਾਇਆ ਮਾਟੀ ੧੨੮੩ ੦੮

ਲਹਿਣਾ ਦੇਣਾ ਚੁੱਕੇ ਕਲ ਕੇ ਅੱਜ, ਥਿਰ ਕੋਈ ਰਹਿਣ ਨਾ ਪਾਇੰਦਾ । ਜੋ ਘੜਿਆ ਸੋ ਰਿਹਾ ਭੱਜ, ਘੜਨ ਭੰਨਣਹਾਰ ਆਪੇ ਵੇਸ ਵਟਾਇੰਦਾ । ਸਗਲਾ ਸੰਗ ਸ੍ਰਿਸ਼ਟ ਸਬਾਈ ਜਾਣਾ ਤਜ, ਜਗਤ ਕੁਟੰਬ ਨਾ ਕੋਈ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਦੇਵੇ ਸਾਚਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਵਰ ਦਾਤਾ ਭਗਵੰਤ, ਹਰਿ ਸੱਜਣ ਮੀਤ ਮੁਰਾਰਾ । ਹਰਿ ਸੱਜਣ ਵੇਖੇ ਸਾਚੇ ਸੰਤ, ਦੇਵੇ ਨਾਮ ਅਧਾਰਾ । ਲੋਕਮਾਤ ਬਣਾਏ ਸਾਚੀ ਬਣਤ, ਆਪੇ ਵਰਤੇ ਵਰਤਾਵੇ ਸਚ ਵਰਤਾਰਾ । ਲੇਖਾ ਜਾਣੇ ਜੀਵ ਜੰਤ, ਜੁਗ ਜੁਗ ਖੇਲ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਾਣੇ ਆਪਣੀ ਧਾਰਾ । ਆਪਣੀ ਧਾਰ ਸਾਚੀ ਰੀਤੀ, ਹਰਿ ਸਾਚਾ ਆਪ ਚਲਾਇੰਦਾ । ਹਰਿ ਸੰਗਤ ਸਾਚੀ ਅਕੱਠੀ ਕੀਤੀ, ਇਕ ਅਕੱਠ ਵਖਾਇੰਦਾ । ਜੁਗ ਜੁਗ ਰਹੇ ਠੰਡੀ ਸੀਤੀ, ਸਾਂਤਕ ਸਤਿ ਵਰਤਾਇੰਦਾ । ਪਤਿਤ ਪਾਵਨ ਕਰੇ ਪਤਿਤ ਪੁਨੀਤੀ, ਸਿਰ ਆਪਣਾ ਹੱਥ ਰਖਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟੀ, ਏਕਾ ਰੂਪ ਜਣਾਇੰਦਾ । ਦੇਵੇ ਵਸਤ ਨਾਮ ਅਨਡੀਠੀ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਤ੍ਰੈਗੁਣ ਮਾਇਆ ਪੀਸਣ ਪੀਸੀ, ਪੀਸਣ ਪੀਸ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਸੰਗਤ ਏਕਾ ਰੰਗ ਰੰਗਾਇੰਦਾ । ਹਰਿ ਸੰਗਤ ਰੰਗ ਚਾੜ੍ਹੇ ਅਨਮੋਲ, ਲਾਲ ਰੰਗੀਲਾ ਰੰਗ ਰੰਗਾਈਆ । ਅੰਮ੍ਰਿਤ ਜਾਮ ਪਿਆਲਾ ਪਿਆਏ ਘੋਲ, ਗੁਰਮੁਖ ਮੁਖ ਆਪ ਪਿਆਈਆ । ਸੋ ਪੁਰਖ ਨਿਰੰਜਣ ਏਕਾ ਅੱਖਰ ਬੋਲ, ਹੰ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਹਰਿ ਸੰਗਤ ਹਰਿ ਹਰਿ ਲੇਖ ਵਖਾਇਆ, ਕਲਜੁਗ ਮਾਇਆ ਪੜਦਾ ਲਾਹਿੰਦਾ । ਦਰ ਘਰ ਸਾਚੇ ਸਾਚਾ ਰੰਗ ਚੜ੍ਹਾਇਆ, ਉਤਰ ਕਦੇ ਨਾ ਜਾਇੰਦਾ । ਇਕ ਤ੍ਰਿਸਨਾ ਮੇਟ ਮਿਟਾਇਆ, ਸਚ ਭੰਡਾਰਾ ਆਪ ਵਰਤਾਇੰਦਾ । ਭਗਤ ਵਛਲ ਹਰਿ ਨਾਉਂ ਧਰਾਇਆ, ਨਿਹਕਰਮੀ ਕਰਮ ਕਮਾਇੰਦਾ । ਭੋਜਨ ਇਛਿਆ ਸਾਚੀ ਪਾਇਆ, ਲੋਕ ਪਰਲੋਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਵੀ ਮੱਘਰ ਰਾਹ ਤਕਾਇੰਦਾ । ਚਵੀ ਮੱਘਰ ਸਚ ਸੁਹਾਵਣਾ, ਹਰਿ ਸਾਚਾ ਖੇਲ ਖਿਲਾਈਆ । ਇਕੀ ਸਿਖਾਂ ਸਿਖ ਸਮਝਾਵਣਾ, ਗੁਰਮਤ ਇਕ ਦ੍ਰਿੜਾਈਆ । ਆਪਣੀ ਹੱਥੀਂ ਹਾਰ ਗੁੰਦਾਵਣਾ, ਕਲੀ ਕਲੀ ਆਪ ਮਹਿਕਾਈਆ । ਗਲ ਸਾਚੇ ਆਪ ਲਟਕਾਵਣਾ, ਗੁਰਮੁਖਾਂ ਮੇਲ ਮਿਲਾਈਆ । ਏਕਾ ਇਕੀ ਇਕ ਪਾਵਣਾ, ਸਾਚੀ ਸਿਖੀ ਵੇਸ ਵਟਾਈਆ । ਧੁਰ ਦੀ ਲਿਖੀ ਰੇਖ ਮਿਟਾਵਣਾ, ਆਪਣੀ ਰੇਖਾ ਆਪ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਵਦਾਸ ਚੁਮਾਰ ਮਿਟੇ ਲੇਖਾ, ਗੰਗ ਚਰਨ ਧੂੜ ਸਰਨਾਈਆ । ਸ਼ਿਵ ਜੀ ਵੇਖੇ ਜਟਾ ਜੂਟ, ਦਰ ਦਰਵੇਸਾ ਫੇਰਾ ਪਾਈਆ । ਪਾਰਬ੍ਰਹਮ ਪ੍ਰਭ ਕਰਿਆ ਵੇਸ, ਵੇਸ ਅਨੇਕਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅਠ ਦਸ ਦਸ ਅੱਠ ਅੱਠ ਦਸ ਕਰੇ ਖੇਲ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਇਕੀ ਏਕਾ ਸਿਖੀ ਏਕਾ ਸੇਵ ਕਮਾਈਆ ।